✱ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ✱



# ਨਿਹਕਲੰਕ ਹਰਿਸ਼ਬਦ ਭੰਡਾਰ





# ਇਕੀਵਾਂ ਭਾਗ









http://nehklankharshabad.com/

## ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | ਪੰਨਾ ਨੰ: |
|---|---|---|---|
| ੧ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੪ | ਹਰਿ ਭਗਤ ਦਵਾਰ ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੧ |
| ੫ ਚੇਤ ਸ਼ਹਿਨਸ਼ਾਹੀ ਸੰਮਤ ੪ | ਹਰਿ ਭਗਤ ਦੁਵਾਰ ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੧੫ |
| ੫ ਚੇਤ ਸ਼ਹਿਨਸ਼ਾਹੀ ਸੰਮਤ ੪ | ਗਿਆਨੀ ਗੁਰਮੁਖ ਸਿੰਘ ਦੇ ਘਰ ਤੋਂ ਬਾਹਰ | ਭਲਾਈ ਪੁਰ | ੨੦ |
| ੫ ਚੇਤ ਸ਼ਹਿਨਸ਼ਾਹੀ ਸੰਮਤ ੪ | ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ | ਪਿੰਡ ਭਲਾਈ ਪੁਰ | ੨੧ |
| ੬ ਚੇਤ ਸ਼ਹਿਨਸ਼ਾਹੀ ਸੰਮਤ ੪ | ਸੁਖਦੇਵ ਸਿੰਘ ਦੇ ਗ੍ਰਿਹ | ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ | ੪੧ |
| ੭ ਚੇਤ ਸ਼ਹਿਨਸ਼ਾਹੀ ਸੰਮਤ ੪ | ਗੁਰਬਚਨ ਸਿੰਘ ਦੇ ਗ੍ਰਿਹ | ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ | ੪੫ |
| ੮ ਚੇਤ ਸ਼ਹਿਨਸ਼ਾਹੀ ਸੰਮਤ ੪ | ਸੂਬੇਦਾਰ ਰਾਮ ਸਿੰਘ ਦੇ ਗ੍ਰਿਹ | ਫ਼ਿਰੋਜ਼ਪੁਰ ਛਾਉਣੀ | ੪੯ |
| ੯ ਚੇਤ ਸ਼ਹਿਨਸ਼ਾਹੀ ਸੰਮਤ ੪ | ਸੂਬੇਦਾਰ ਰਾਮ ਸਿੰਘ ਦੇ ਗ੍ਰਿਹ | ਫ਼ਿਰੋਜ਼ਪੁਰ ਛਾਉਣੀ | ੫੫ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੪ | ਸੁਦਾਗਰ ਸਿੰਘ ਦੇ ਗ੍ਰਿਹ | ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ | ੬੧ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੪ | ਬੂੜ ਸਿੰਘ ਦੇ ਗ੍ਰਿਹ | ਪਿੰਡ ਨੱਥੇਵਾਲ ਹਰਿ ਸੰਗਤ | ੬੬ |
| ੧੨ ਚੇਤ ਸ਼ਹਿਨਸ਼ਾਹੀ ਸੰਮਤ ੪ | ਨਿਰੰਜਣ ਸਿੰਘ ਦੇ ਗ੍ਰਿਹ | ਹਰਿ ਸੰਗਤ ਲੁਧਿਆਣਾ | ੭੧ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੪ | ਪਿੰਡ ਸੁਧਾਰ ਜ਼ਿਲਾ ਲੁਧਿਆਣਾ | ਮਿਲਖਾ ਸਿੰਘ ਦੇ ਗ੍ਰਿਹ | ੭੫ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੪ | ਨਿਰੰਜਣ ਸਿੰਘ ਦੇ ਗ੍ਰਿਹ | ਲੁਧਿਆਣਾ | ੮੪ |
| ੧੪ ਚੇਤ ਸ਼ਹਿਨਸ਼ਾਹੀ ਸੰਮਤ ੪ | ਲਛਮਣ ਸਿੰਘ ਗੁਰਮੇਜ਼ ਸਿੰਘ ਦੇ ਗ੍ਰਿਹ | ਪਿੰਡ ਰੁੜਕਾ ਕਲਾਂ | ੮੯ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੪ | ਲਛਮਣ ਸਿੰਘ ਦੇ ਗ੍ਰਿਹ | ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ | ੯੮ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੪ | ਲਾਲ ਸਿੰਘ ਦੇ ਗ੍ਰਿਹ | ਪਿੰਡ ਹੇਰ ਜ਼ਿਲਾ ਜਲੰਧਰ | ੯੯ |
| ੧੬ ਚੇਤ ਸ਼ਹਿਨਸ਼ਾਹੀ ਸੰਮਤ ੪ | ਕਰਤਾਰ ਸਿੰਘ ਦੇ ਗ੍ਰਿਹ | ਮਹੱਲਾ ਜਟ ਪੁਰਾ ਕਪੂਰਥਲਾ | ੧੦੩ |
| ੧੭ ਚੇਤ ਸ਼ਹਿਨਸ਼ਾਹੀ ਸੰਮਤ ੪ | ਡਾ੦ ਪਾਲ ਸਿੰਘ ਦੇ ਗ੍ਰਿਹ | ਪਿੰਡ ਦਾਉਦਪੁਰ | ੧੦੬ |
| ੧੮ ਚੇਤ ਸ਼ਹਿਨਸ਼ਾਹੀ ਸੰਮਤ ੪ | ਪਿੰਡ ਬਲੋ ਵਾਲੀ | ਗਿਰਧਾਰਾ ਸਿੰਘ ਦੇ ਗ੍ਰਿਹ | ੧੧੦ |
| ੧੯ ਚੇਤ ਸ਼ਹਿਨਸ਼ਾਹੀ ਸੰਮਤ ੪ | ਅਜੀਤ ਸਿੰਘ ਦੇ ਗ੍ਰਿਹ | ਬਟਾਲਾ | ੧੧੪ |

੨੦ ਚੇਤ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਿਹਿ ਜੰਮੂ ੧੨੧
੨੧ ਚੇਤ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਿਹਿ ਜੰਮੂ ੧੨੫
੨੨ ਚੇਤ ਸ਼ਹਿਨਸ਼ਾਹੀ ਸੰਮਤ ੪ੂ ਹਰਸੱਜਣ ਸਿੰਘ ਦੇ ਗ੍ਰਿਹਿ ਗਾਂਧੀ ਨਗਰ ਜੰਮੂ ੧੩੬
੨੨ ਚੇਤ ਸ਼ਹਿਨਸ਼ਾਹੀ ਸੰਮਤ ੪ ਗੁਰਦਿਤ ਸਿੰਘ ਦੇ ਘਰ ਛੰਬ ਜੰਮੂ ੧੩੮
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਙੁੰਮਣ ਸਿੰਘ ਭਾਗ ਕੌਰ ਦੇ ਗ੍ਰਿਹਿ ਛੰਬ ਜੰਮੂ ੧੩੯
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਛੰਬ ਜੰਮੂ ਸ਼ਾਹਣੀ ਦੇਵੀ ਦੇ ਗ੍ਰਿਹਿ ਛੰਬ ਜੰਮੂ ੧੪੨
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਗਿਆਨ ਚੰਦ ਦੇ ਗ੍ਰਿਹਿ ਕੈਂਪ ਖੈਰੋਵਾਲੀ ਜੰਮੂ ੧੪੩
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਖੋਜੂ ਰਾਮ ਦੇ ਗ੍ਰਿਹਿ ਪਿੰਡ ਖੈਰੋਵਾਲੀ ਜੰਮੂ ੧੪੪
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਰਸਾਲ ਸਿੰਘ ਦੇ ਗ੍ਰਿਹਿ ਕੈਂਪ ਮਨਾਵਰ ਜੰਮੂ ੧੪੫
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਹੰਸਰਾਜ ਦੇ ਘਰ ਪਿੰਡ ਨਗਿਆਲ ਜੰਮੂ ੧੪੭
੨੩ ਚੇਤ ਸ਼ਹਿਨਸ਼ਹੀ ਸੰਮਤ ੪ ਇੰਦਰੋ ਦੇਵੀ ਦੇ ਘਰ ਪਿੰਡ ਨਗਿਆਲ ਜੰਮੂ ੧੪੮
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਪ੍ਰਕਾਸ਼ੋ ਦੇਵੀ ਦੇ ਗ੍ਰਿਹਿ ਪਿੰਡ ਨਗਿਆਲ ਜੰਮੂ ੧੪੯
੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਭਾਗ ਸਿੰਘ ਦੇ ਗ੍ਰਿਹਿ ਮਲਕ ਕੈਂਪ ਜੰਮੂ ੧੫੦
੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਪੂਰਨ ਸਿੰਘ ਦੇ ਗ੍ਰਿਹਿ ਮਲਕ ਕੈਂਪ ਜੰਮੂ ੧੫੧
੨੪ ਚੇਤ ਸ਼ਹਨਸ਼ਾਹੀ ਸੰਮਤ ੪ ਪ੍ਰਕਾਸ਼ ਸਿੰਘ ਦੇ ਗ੍ਰਿਹਿ ਪਿੰਡ ਦੜ ਜੰਮੂ ੧੫੩
੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਈਸ਼ਰ ਸਿੰਘ ਦੇ ਗ੍ਰਿਹਿ ਪਿੰਡ ਦੜ ਜੰਮੂ ੧੫੪
੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਪ੍ਰਤਾਪ ਸਿੰਘ ਦੇ ਗ੍ਰਿਹਿ ਪਿੰਡ ਦੜ ਜੰਮੂ ੧੫੫
੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਸ਼ਿਵ ਸਿੰਘ ਦੇ ਗ੍ਰਿਹਿ ਬਖ਼ਸ਼ੀ ਨਗਰ ਜੰਮੂ ੧੫੫
੨੫ ਚੇਤ ਸ਼ਹਿਨਸ਼ਾਹੀ ਸੰਮਤ ੪ ਤੇਜ ਭਾਨ ਦੇ ਗ੍ਰਿਹਿ ਬਖ਼ਸ਼ੀ ਨਗਰ ਜੰਮੂ ੧੫੭
੨੫ ਚੇਤ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਹੁਸ਼ਿਆਰਪੁਰ ੧੫੮
੨੬ ਚੇਤ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਹੁਸ਼ਿਆਰਪੁਰ ੧੬੦
੨੬ ਚੇਤ ਸ਼ਹਿਨਸ਼ਾਹੀ ਸੰਮਤ ੪ ਰਾਮ ਸਿੰਘ ਦੇ ਗ੍ਰਿਹਿ ਪਿੰਡ ਗਾਲ੍ਹੜੀ ਜ਼ਿਲਾ ਹੁਸ਼ਿਆਰਪੁਰ ੧੬੧


2 ੨੧

੨੬ ਚੇਤ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਬੱਗਾ ਦੇ ਗ੍ਰਹਿ ਤਲਵਾੜਾ ੧੬੨
੨੭ ਚੇਤ ਸ਼ਹਿਨਸ਼ਾਹੀ ਸੰਮਤ ੪ ਨਰਾਇਣ ਸਿੰਘ ਦੇ ਗ੍ਰਹਿ ਤਲਵਾੜਾ ੧੬੫
੨੭ ਚੇਤ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੬੬
੧ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਮੈਣੀਆਂ ੧੬੮
੧ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੬੯
੨ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੭੯
੨੯ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਬਾਬੂ ਪੁਰ ਜ਼ਿਲਾ ਗੁਰਦਾਸਪੁਰ ੧੮੪
੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ ਅੱਲੜ ਪਿੰਡੀ ੧੯੦
੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ੧੯੨
੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ੧੯੩
੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਜਾਗੀਰ ਸਿੰਘ ਦੇ ਗ੍ਰਹਿ ਪਿੰਡ ਸੋਹਲ ਜ਼ਿਲਾ ਗੁਰਦਾਸਪੁਰ ੧੯੫
3
੨੧
3
੨੧
੧ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੯੮
੨ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੨੦੯
੫ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੨੧੦
੯ ਜੇਠ ਸ਼ਹਿਨਸ਼ਾਹੀ ਸੰਮਤ ੪ ਗੁਰਸ਼ਰਨ ਸਿੰਘ ਸੁਰਜੀਤ ਸਿੰਘ ਦੇ ਗ੍ਰਹਿ ਨੰਗਲ ੨੧੩
੧੦ ਜੇਠ ਸ਼ਹਿਨਸ਼ਾਹੀ ਸੰਮਤ ੪ ਜਾਗੀਰ ਸਿੰਘ ਦੇ ਗ੍ਰਹਿ ਰੰਗੀਲ ਪੁਰ ਜ਼ਿਲਾ ਅੰਬਾਲਾ ੨੧੫
੧੧ ਜੇਠ ਸ਼ਹਿਨਸ਼ਾਹੀ ਸੰਮਤ ੪ ਤਾਰਾ ਸਿੰਘ ਦੇ ਗ੍ਰਹਿ ਜਗਾਧਰੀ ੨੧੬
੧੨ ਜੇਠ ਸ਼ਹਿਨਸ਼ਾਹੀ ਸੰਮਤ ੪ ਸਰਮੈਲ ਸਿੰਘ ਜਗਜੀਤ ਸਿੰਘ ਦੇ ਗ੍ਰਹਿ ਮੇਰਠ ਕੈਂਟ ੨੧੮
੧੩ ਜੇਠ ਸ਼ਹਿਨਸ਼ਾਹੀ ਸੰਮਤ ੪ ਬਿਸ਼ਨ ਸਿੰਘ ਦੇ ਗ੍ਰਹਿ ਗੁੜਗਾਉਂ ੨੨੧
੧੪ ਜੇਠ ਸ਼ਹਿਨਸ਼ਾਹੀ ਸੰਮਤ ੪ ਕੈਪਟਨ ਮਹਿੰਦਰ ਸਿੰਘ ਦੇ ਗ੍ਰਹਿ ਦਿੱਲੀ ਕੈਂਟ ੨੨੨
੧੪ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਦਿੱਲੀ ੨੨੫
੧੬ ਜੇਠ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਦੇ ਗ੍ਰਹਿ ਭੂਪਾਲ ਸ਼ਹਿਰ ਮੱਧ ਪ੍ਰਦੇਸ਼ ੨੨੬




| | | | |
|---|---|---|---|
| ੧੮ ਜੇਠ ਸ਼ਹਿਨਸ਼ਾਹੀ ਸੰਮਤ ੪ ਭਗਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੨੮ |
| ੧੯ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਦਿਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੨੯ |
| ੨੦ ਜੇਠ ਸ਼ਹਿਨਸ਼ਾਹੀ ਸੰਮਤ ੪ ਕੌੜਾ ਮਲ ਸਦਨ ਮਲ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੦ |
| ੨੦ ਜੇਠ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੨ |
| ੨੧ ਜੇਠ ਸ਼ਹਿਨਸ਼ਾਹੀ ਸੰਮਤ ੪ ਸੁਰਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੩ |
| ੨੨ ਜੇਠ ਸ਼ਹਿਨਸ਼ਾਹੀ ਸੰਮਤ ੪ ਟੋਪਨ ਰਾਮ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੪ |
| ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਸੰਤ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੮ |
| ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੩੯ |
| ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਤਿਵਾਰੀ ਲਾਲ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੪੧ |
| ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹਿ | ਇਟਾਰਸੀ | ਮੱਧ ਪ੍ਰਦੇਸ਼ | ੨੪੩ |
| ੨੪ ਜੇਠ ਸ਼ਹਿਨਸ਼ਾਹੀ ਸੰਮਤ ੪ ਕਿਰਪਾਲ ਸਿੰਘ ਦੇ ਗ੍ਰਿਹਿ | ਆਗਰਾ | ਉਤਰ ਪ੍ਰਦੇਸ਼ | ੨੪੩ |
| ੨੫ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਦਿੱਲੀ | | ੨੪੫ |
| ੨੬ ਜੇਠ ਸ਼ਹਿਨਸ਼ਾਹੀ ਸੰਮਤ ੪ ਗੁਰਮੇਜ ਸਿੰਘ ਦੇ ਗ੍ਰਿਹਿ | ਕਰਨਾਲ | | ੨੪੬ |
| ੨੭ ਜੇਠ ਸ਼ਹਿਨਸ਼ਾਹੀ ਸੰਮਤ ੪ ਅਰਜਨ ਸਿੰਘ ਦੇ ਗ੍ਰਿਹਿ | ਬਲੋਚਪੁਰਾ | | ੨੪੮ |
| ੨੮ ਜੇਠ ਸ਼ਹਿਨਸ਼ਾਹੀ ਸੰਮਤ ੪ ਸ੍ਰੀ ਰਾਮ ਦੇ ਗ੍ਰਿਹਿ | ਪਿੰਡ ਮਕਸੂਦੜਾ | | ੨੫੧ |
| ੨੯ ਜੇਠ ਸ਼ਹਿਨਸ਼ਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ ਜ਼ਿਲਾ ਜਲੰਧਰ | | ੨੫੨ |
| ੩੦ ਜੇਠ ਸ਼ਹਿਨਸ਼ਾਹੀ ਸੰਮਤ ੪ ਬੰਨਾ ਸਿੰਘ ਦੇ ਗ੍ਰਿਹਿ | ਕਰਤਾਰ ਪੁਰ ਜ਼ਿਲਾ ਜਲੰਧਰ | | ੨੫੩ |
| ੩੦ ਜੇਠ ਸ਼ਹਿਨਸ਼ਾਹੀ ਸੰਮਤ ੪ | ਕਰਤਾਰ ਪੁਰ ਜ਼ਿਲਾ ਜਲੰਧਰ | | ੨੫੪ |
| ੧ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ ਜ਼ਿਲਾ ਅੰਮ੍ਰਿਤਸਰ | | ੨੫੫ |
| ੨ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ ਜ਼ਿਲਾ ਅੰਮ੍ਰਿਤਸਰ | | ੨੬੪ |
| ੨ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ ਜ਼ਿਲਾ ਅੰਮ੍ਰਿਤਸਰ | | ੨੬੬ |
| ੧੭ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ ਜ਼ਿਲਾ ਅੰਮ੍ਰਿਤਸਰ | | ੨੬੭ |




4
੨੧
4
੨੧

੧੮ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੨੯੩

੧੯ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੨੯੮

੧ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੦੬

੭ ਸਾਵਣ ਸ਼ਹਿਨਸ਼ਾਹੀ ਸੰਮਤ ੪ ਦੀਦਾਰ ਸਿੰਘ ਦੇ ਗ੍ਰਿਹ ਸ਼ਫੀ ਪੁਰ ਜ਼ਿਲਾ ਅੰਮ੍ਰਿਤਸਰ ੩੧੭

੧੭ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੧੯

੧੮ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਲ ਜ਼ਿਲਾ ਅੰਮ੍ਰਿਤਸਰ ੩੨੪

੨੧ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੨੮

੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੩੦

੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੪੭

੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੪੭

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਦੀਪ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੪੯

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕੁੰਦਨ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੦

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੦

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸਰਮੁੱਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੧

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੨

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੩

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸੁਖਦੇਵ ਰਾਜ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੫੩

੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸੋਹਣ ਸਿੰਘ ਦੇ ਘਰ ਤਰਨਤਾਰਨ ਜ਼ਿਲਾ ਅੰਮ੍ਰਿਤਸਰ ੩੫੫

੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਮੱਖਣ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ੩੫੬

੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ੩੬੦

੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਦਾਰਾ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ੩੬੩

੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ੩੬੪

5
੨੧

5
੨੧

੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੩੬੫
੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੬੬
੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਦਿੱਲੀ-੬ ੩੬੭
੧ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੭੩
੨ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੮੫
੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੮੮
੭ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੩੯੧
੧੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਸਿੰਘ ਦੇ ਗ੍ਰਹਿ ਪਿੰਡ ਫੈਜ਼ਪੁਰ ਬਟਾਲਾ ੩੯੪
੧੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਬਟਾਲਾ ਮੌਲਾਨਾ ਖਲੀਲਉਲ ਰਹਿਮਾਨ ਲੁਧਿਆਣਵੀ,
ਜਾਮਾ ਮਸਜਿਦ ਫਗਵਾੜਾਕੂਚਾ ਰਹਿਮਾਨ ਚਾਂਦਨੀ ਚੌਕ ਮਕਾਨ ਨੰ੦ ੫੨੯੬ ੩੯੮
੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਸਿੰਘ ਦੇ ਗ੍ਰਹਿ ਫੈਜਪੁਰ ਬਟਾਲਾ ਜ਼ਿਲਾ ਗੁਦਾਸਪੁਰ ੪੦੦
੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਹਿ ਬਟਾਲਾ ਜ਼ਿਲਾ ਗੁਦਾਸਪੁਰ ੪੦੧
੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਸਰਬ ਹਿੰਦ ਅਕਾਲੀ ਕਾਨਫਰੰਸ ਬਟਾਲਾ ਜ਼ਿਲਾ ਗੁਦਾਸਪੁਰ ੪੦੨
੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਯੱਗਯਾਦੱਤ ਐਮ੦ ਪੀ੦ ਨਾਲ ਬਟਾਲਾ ਜ਼ਿਲਾ ਗੁਦਾਸਪੁਰ ੪੦੨
੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਮੱਸਾ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸਪੁਰ ੪੦੬
੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਮਰਾਉ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸਪੁਰ ੪੦੮
੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸਪੁਰ ੪੧੦
੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ੪੧੩
੧੬ ਅੱਸੂ ਸ਼ਹਿਨਸ਼ਾਹੀ ਸੰਮਤ ੪ ਚੰਨਣ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ੪੧੪
੧੬ ਅੱਸੂ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਹਿ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ੪੧੫
੧੬ ਅੱਸੂ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ੪੨੦
੧੬ ਅੱਸੂ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ੪੨੨


6
੨੧

ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੪੨੯
੨ ਕੱਤਕ ਸ਼ਹਿਨਸ਼ਾਹੀ ਸੰਮਤ ੪ ਗਰਧਾਰਾ ਸਿੰਘ ਦੇ ਨਵਿਤ ਹਰਿ ਭਗਤ ਦੁਵਾਰ ਜੇਠੂਵਾਲ ੪੫੩
੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਸਾਧੂ ਸਿੰਘ ਸੂਫ਼ੀ ਕੋਟ ਮੁਹੰਮਦ ਖਾਂ ਵਾਲੇ ਨਾਲ
ਵੇਦਾਂਤ ਸਮੇਲਨ ਅੰਮ੍ਰਿਤਸਰ ੪੫੪
੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਵੇਦਾਂਤ ਸਮੇਲਨ ਸਵਾਮੀ ਹਰੀ ਗਿਰੀ ਬਕਲੋ ਵਾਲੇ
ਵੇਦਾਂਤ ਸਮੇਲਨ ਨਾਲ ਅੰਮ੍ਰਿਤਸਰ ੪੫੭
੫ ਕੱਤਕ ਸ਼ਹਿਨਸ਼ਾਹੀ ਸੰਮਤ ੪ ਮਹਾਂ ਰਿਸ਼ੀ ਮਹੇਸ਼ ਜੋਗੀ ਦੇ ਨਾਲ ਬਚਨ ਅੰਮ੍ਰਿਤਸਰ ੪੫੯
੫ ਕੱਤਕ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਸੁਵਾਮੀ ਦੇਵ ਮੂਰਤੀ,
ਜਰਮਨ ਵਾਲੇ ਨਾਲ ਬਚਨ ਹੋਏ ੪੬੦
੧੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਸ਼ਬਦ ਸਿੰਘਾਸਣ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯ ੪੬੫
੧ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੪੬੯
੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੪੮੨
੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ੪੮੫
੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ੪੯੧
੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਸੁਰੈਣ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ੪੯੩
੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਨਰਾਇਣ ਸਿੰਘ ਦੇ ਗ੍ਰਿਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ੪੯੪
੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਨਾਮ ਸਿੰਘ ਦੇ ਗ੍ਰਿਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ੪੯੯
੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਮਾਲ ਚਕ ਜ਼ਿਲਾ ਅੰਮ੍ਰਿਤਸਰ ੫੦੦
੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਬੁੱਧ ਸਿੰਘ ਦੇ ਗ੍ਰਿਹਿ ਡੀਣੇ ਵਾਲ ਜ਼ਿਲਾ ਅੰਮ੍ਰਿਤਸਰ ੫੦੪
੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਸੁਖਦੇਵ ਰਾਜ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ੫੦੫
੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਤੇਜ ਕੌਰ ਦੇ ਨਵਿਤ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ੫੦੬
੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਜਲਾਲਾਬਾਦ ੫੦੮

7
੨੧

੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਊਧਮ ਸਿੰਘ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ੫੧੨
੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਸਿੰਘ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ੫੧੩
੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਕੌਰ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ੫੧੪
੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ਡੋਗਰਾ ੫੧੬
੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਤਰਿਪਤ ਕੌਰ ਦੇ ਗ੍ਰਿਹਿ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ੫੧੮
੭ ਮੱਘਰ ਸ਼ਹਿਨਸ਼ਹਾਹੀ ਸੰਮਤ ੪ ਸੋਹਣ ਸਿੰਘ ਦੇ ਗ੍ਰਿਹਿ ਰਾਮ ਪੁਰ ਜ਼ਿਲਾ ਅੰਮ੍ਰਿਤਸਰ ੫੩੦
੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਅਮੀਰ ਚੰਦ ਗੁਲਾਟੀ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ੫੩੨
੧੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਾਧੂ ਸਿੰਘ ਦੇ ਗ੍ਰਿਹਿ ਤੇਗਾ ਸਿੰਘ ਵਾਲੀ ਬਸਤੀ ੫੩੪
੧੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਕੌਰ ਦੇ ਗ੍ਰਿਹਿ ਹੀਰਾ ਮੰਡੀ ਫ਼ਿਰੋਜ਼ਪੁਰ ੫੩੭
੧੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਜਰਨੈਲ ਸਿੰਘ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ੫੪੦


8

੨੧

੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਦਾਸ ਸਿੰਘ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ੫੪੨
੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ੫੪੩
੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਕੌਰ ਦੇ ਗ੍ਰਿਹਿ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ੫੪੫
੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਮਨਾਵਾਂ ੫੪੬
੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਜੰਡਿਆਲਾ ਜ਼ਿਲਾ ਜਲੰਧਰ ੫੪੭
੧੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਮਾਂ ਕੌਰ ਦੇ ਗ੍ਰਿਹਿ ਪਿੰਡ ਸੁੰਨੜਾ ਜ਼ਿਲਾ ਜਲੰਧਰ ੫੪੮
੧੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ੫੫੦
੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਲਛਮਣ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ੫੫੩
੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਆਤਮਾ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ੫੫੪
੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਕੇਹਰ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ੫੫੫
੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਮੇਜ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ੫੫੫

8

੨੧

| | | | |
|---|---|---|---|
| ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ | ਲਾਲ ਸਿੰਘ ਦੇ ਗ੍ਰਹਿ | ਪਿੰਡ ਡੱਲੇ ਵਾਲ | ੫੫੭ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ | ਗੁਰਦੇਵ ਸਿੰਘ ਦੇ ਗ੍ਰਹਿ | ਨਵਾਂ ਪਿੰਡ | ੫੬੦ |
| ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ | ਹਜੂਰਾ ਸਿੰਘ ਦੇ ਗ੍ਰਹਿ | ਪਿੰਡ ਗੁਰਾਇਆ | ੫੬੧ |
| ੨੦ ਮੱਘਰ ਸ਼ਹਿਨਸ਼ਾਹੀ ਸੰਮਤ ੪ | ਨਛੱਤਰ ਕੌਰ ਦੇ ਗ੍ਰਹਿ | ਗੁਰਾਇਆ | ੫੬੪ |
| ੨੦ ਮੱਘਰ ਸ਼ਹਿਸ਼ਾਹੀ ਸੰਮਤ ੪ | ਨਸੀਬ ਕੌਰ ਦੇ ਗ੍ਰਹਿ | ਪਿੰਡ ਡਵਿਡਾ ਹਰਿਆਣਾ | ੫੬੫ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੪ | ਸੇਵਾ ਸਿੰਘ ਦੇ ਗ੍ਰਹਿ | ਪਿੰਡ ਭਾਣਾ | ੫੬੮ |
| ੨੧ ਮੱਘਰ ਸ਼ਹਿਨਸ਼ਾਹੀ ਸੰਮਤ ੪ | ਜਸਵੰਤ ਸਿੰਘ ਦੇ ਗ੍ਰਹਿ | ਪਿੰਡ ਭਾਮ | ੫੭੦ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ | ਧਰਮ ਜੀਤ ਦੇ ਗ੍ਰਹਿ | ਮੌਜੂ ਮੁਜਾਰਾ | ੫੭੨ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ | ਹਰਭਜਨ ਸਿੰਘ ਦੇ ਗ੍ਰਹਿ | ਡਾਂਡੀਆਂ | ੫੭੪ |
| ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ | ਪ੍ਰੀਤਮ ਸਿੰਘ ਦੇ ਗ੍ਰਹਿ | ਗੋਬਿੰਦ ਪੁਰਾ ਫਗਵਾੜਾ | ੫੭੬ |
| ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ | ਮਹਿਲ ਸਿੰਘ ਦੇ ਗ੍ਰਹਿ | ਫਗਵਾੜਾ | ੫੭੭ |
| ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ | ਸਾਧੂ ਸਿੰਘ ਦੇ ਗ੍ਰਹਿ | ਫਗਵਾੜਾ | ੫੮੩ |
| ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ | ਗੁਰਮੀਤ ਸਿੰਘ ਦੇ ਗ੍ਰਹਿ | ਫਰਾਲਾ ਜ਼ਿਲਾ ਜਲੰਧਰ | ੫੮੩ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ | ਮਨਸਾ ਸਿੰਘ ਦੇ ਗ੍ਰਹਿ | ਫਰਾਲਾ ਜ਼ਿਲਾ ਜਲੰਧਰ | ੫੮੭ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ | ਚਰਨ ਕੌਰ ਦੇ ਗ੍ਰਹਿ | ਫਰਾਲਾ ਜ਼ਿਲਾ ਜਲੰਧਰ | ੫੮੯ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ | ਬੀਬੀ ਹਰਭਜਨ ਕੌਰ ਦੇ ਗ੍ਰਹਿ | ਕੋਟਲੀ ਥਾਨ ਸਿੰਘ | ੫੯੦ |
| ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ | ਨਗੀਨਾ ਸਿੰਘ ਦੇ ਗ੍ਰਹਿ | ਮਾਡਲ ਹਾਉਸ ਜਲੰਧਰ | ੫੯੨ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੪ | ਹਰਦਿਆਲ ਸਿੰਘ ਦੇ ਗ੍ਰਹਿ | ਜਲੰਧਰ | ੫੯੫ |
| ੨੫ ਮੱਘਰ ਸ਼ਹਿਨਸ਼ਾਹੀ ਸੰਮਤ ੪ | ਮਹਿੰਗਾ ਸਿੰਘ ਦੇ ਗ੍ਰਹਿ | ਹਰੀਪੁਰ | ੫੯੮ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੪ | ਹਰਭਜਨ ਕੌਰ ਦੇ ਗ੍ਰਹਿ | ਹਰੀਪੁਰ | ੬੦੦ |
| ੨੬ ਮੱਘਰ ਸ਼ਹਿਨਸ਼ਾਹੀ ਸੰਮਤ ੪ | ਗੁਰਬਚਨ ਸਿੰਘ ਦੇ ਗ੍ਰਹਿ | ਅਹਿਮਦਪੁਰ ਜ਼ਿਲਾ ਕਪੂਰਥਲਾ | ੬੦੨ |
| ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ | ਜੁਗਿੰਦਰ ਸਿੰਘ ਦੇ ਗ੍ਰਹਿ | ਅਹਿਮਦਪੁਰ ਜ਼ਿਲਾ ਕਪੂਰਥਲਾ | ੬੦੫ |


9
੨੧

੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਤਰਸੇਮ ਸਿੰਘ ਦੇ ਗ੍ਰਿਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ੬੦੫
੨੭ ਮੱਘਰ ਸ਼ਹਿਨਸ਼ਾਹ ਸੰਮਤ ੪ ਫੁੰਮਣ ਸਿੰਘ ਦੇ ਗ੍ਰਿਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ੬੦੭
੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਿਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ੬੦੮
੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹਿ ਕਪੂਰਥਲਾ ੬੧੦
੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਨਜੀਤ ਕੌਰ ਦੇ ਗ੍ਰਿਹਿ ਪਿੰਡ ਮੰਗੂਪੁਰ ੬੧੫
੨੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਫਕੀਰ ਸਿੰਘ ਮਜੀਦ ਪੁਰ ਮਹਿੰਦਰ ਸਿੰਘ ਹਰਨਾਮ ਪੁਰ ੬੧੮
੨੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਸ਼ਿਕਾਰ ਪੁਰ ਜ਼ਿਲਾ ਕਪੂਰਥਲਾ ੬੨੦
੨੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਗਿਆਨ ਸਿੰਘ ਦੇ ਗ੍ਰਿਹਿ ਪਿੰਡ ਸੁਰਖਪੁਰ ਜ਼ਿਲਾ ਕਪੂਰਥਲਾ ੬੨੩
ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੬੨੭
੬ ਪੋਹ ਸ਼ਹਿਨਸ਼ਾਹੀ ਸੰਮਤ ੪ ਠੇਕੇਦਾਰ ਠਾਕਰ ਸਿੰਘ ਦੇ ਗ੍ਰਿਹਿ ਪਿੰਡ ਜੇਠੂਵਾਲ ੬੩੨
੭ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੬੩੫

10
੨੧
੮ ਪੋਹ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਿਹਿ ਵਜ਼ਾਰਤ ਰੋਡ ਜੰਮੂ ੬੩੬
੯ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਭਜਨ ਸਿੰਘ ਈਸ਼ਰ ਸਿੰਘ ਦੇ ਗ੍ਰਿਹਿ ਊਧਮ ਪੁਰ ੬੩੯
੯ ਪੋਹ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਿਹਿ ਵਜ਼ਾਰਤ ਰੋਡ ਜੰਮੂ ੬੪੧
੯ ਪੋਹ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਿਹਿ ਜੰਮੂ ੬੪੨
੯ ਪੋਹ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹਿ ਜੰਮੂ ੬੪੨
੯ ਪੋਹ ਸ਼ਹਿਨਸ਼ਾਹੀ ਸੰਮਤ ੪ ਪਰਕਾਸ਼ ਚੰਦ ਦੇ ਗ੍ਰਿਹਿ ਜੰਮੂ ੬੪੩
੯ ਪੋਹ ਸ਼ਹਿਨਸ਼ਾਹੀ ਸੰਮਤ ੪ ਲਾਲ ਚੰਦ ਦੇ ਗ੍ਰਿਹਿ ਜੰਮੂ ੬੪੪
੯ ਪੋਹ ਸ਼ਹਿਨਸ਼ਾਹੀ ਸੰਮਤ ੪ ਲੀਲਾਵਤੀ ਦੇ ਗ੍ਰਿਹਿ ਜੰਮੂ ੬੪੫
੯ ਪੋਹ ਸ਼ਹਨਸ਼ਾਹੀ ਸੰਮਤ ੪ ਗੁਰਦਿਤ ਸਿੰਘ ਦੇ ਗ੍ਰਿਹਿ ਛੰਬ ਜੰਮੂ ੬੪੬
੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਸੰਸਾਰ ਸਿੰਘ ਦੇ ਗ੍ਰਿਹਿ ਪਿੰਡ ਛੰਬ ਜੰਮੂ ੬੪੭
੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਗਿਆਨ ਚੰਦ, ਫੁੰਮਣ ਸਿੰਘ, ਭਾਗ ਸਿੰਘ, ਪੂਰਨ ਚੰਦ,

| | | | |
|---|---|---|---|
| ਸ਼ੰਕਰ ਦਾਸ, ਗਿਆਨ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੬੫੧ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਕੌਰ ਦੇ ਗ੍ਰਿਹਿ | ਛੰਬ | ਜੰਮੂ | ੬੫੨ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਪ੍ਰਤਾਪ ਸਿੰਘ ਦੇ ਗ੍ਰਿਹਿ ਪਿੰਡ | ਦੜ | ਜੰਮੂ | ੬੫੩ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਈਸ਼ਰ ਸਿੰਘ ਦੇ ਗ੍ਰਿਹਿ ਪਿੰਡ | ਦੜ | ਜੰਮੂ | ੬੫੫ |
| ੧੦ ਪੋਹ ਸ਼ਹਿਨਸ਼ਾਹ ਸੰਮਤ ੪ ਪਰਕਾਸ਼ ਸਿੰਘ ਦੇ ਗ੍ਰਿਹਿ ਪਿੰਡ | ਦੜ | ਜੰਮੂ | ੬੫੫ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਝੰਡੂ ਰਾਮ ਦੇ ਗ੍ਰਿਹਿ | ਪਿੰਡ ਜੌੜੀਆਂ | ਜੰਮੂ | ੬੫੬ |
| ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਸੂਬੇਦਾਰ ਤੇਜਭਾਨ ਦੇ ਗ੍ਰਿਹਿ | ਬਖ਼ਸ਼ੀ ਨਗਰ | ਜੰਮੂ | ੬੫੮ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਅਜਮੇਰ ਸਿੰਘ ਦੇ ਗ੍ਰਿਹਿ | ਗਾਂਧੀ ਨਗਰ | ਜੰਮੂ | ੬੬੧ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਕੇਸਰੀ ਦੇਵੀ | ਸਤਵਾਰੀ | ਜੰਮੂ | ੬੬੨ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਕੌਰ ਦੇ ਗ੍ਰਿਹਿ | ਕੋਠਾ ਨਿਹਾਲ ਸਿੰਬਲ | ਜੰਮੂ | ੬੬੫ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਭਗਤ ਸਿੰਘ ਦੇ ਗ੍ਰਿਹਿ | ਪਿੰਡ ਕੀਰ | ਜੰਮੂ | ੬੬੬ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਸੇਵਾ ਸਿੰਘ ਦੇ ਗ੍ਰਿਹਿ | ਪਿੰਡ ਕੀਰ | ਜੰਮੂ | ੬੬੮ |
| ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਸ਼ਿਵ ਸਿੰਘ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੬੯ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਤੇਜ ਭਾਨ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੭੦ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਗੁੜ੍ਹਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੭੨ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਨੰਦੂ ਸ਼ਾਹ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੭੨ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਰੰਗੀਲਾ ਰਾਮ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੭੪ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਨਾਨਕ ਚੰਦ ਦੇ ਗ੍ਰਿਹਿ | ਸਈ ਕੈਂਪ | ਜੰਮੂ | ੬੭੫ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਅਮਰੋ ਦੇਵੀ ਦੇ ਗ੍ਰਿਹਿ | ਸਈ ਖੁਰਦ ਕੈਂਪ | ਜੰਮੂ | ੬੭੬ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਰਾਮ ਚੰਦ ਦੇ ਗ੍ਰਿਹਿ | ਨਿਕੋਵਾਲ | ਜੰਮੂ | ੬੭੭ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਸ਼ਾਂਤੀ ਦੇਵੀ ਦੇ ਗ੍ਰਿਹਿ | ਸਈ ਖੁਰਦ ਕੈਂਪ | ਜੰਮੂ | ੬੭੮ |
| ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਬੰਸੋ ਦੇਵੀ ਦੇ ਗ੍ਰਿਹਿ | ਸਈ ਖੁਰਦ ਕੈਂਪ | ਜੰਮੂ | ੬੭੯ |


11
੨੧

| | | | | | | |
|---|---|---|---|---|---|---|
| ੧੨ ਪੋਹ | ਸ਼ਹਿਨਸ਼ਾਹੀ ਸੰਮਤ ੪ | ਲਛਮਣ ਸਿੰਘ ਦੇ ਗ੍ਰਹਿ | ਕੈਂਪ ਸਈ ਕਲਾਂ | ਜੰਮੂ | ੬੮੦ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਬਚਨ ਸਿੰਘ ਦੇ ਗ੍ਰਹਿ | ਕੈਂਪ ਸਈ ਕਲਾਂ | ਜੰਮੂ | ੬੮੨ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਖੇਮ ਕੌਰ ਦੇ ਗ੍ਰਹਿ | ਕੈਂਪ ਸਈ ਕਲਾਂ | ਜੰਮੂ | ੬੮੩ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਕੁਲਵੰਤ ਸਿੰਘ ਦੇ ਗ੍ਰਹਿ | ਕੈਂਪ ਸਈ ਕਲਾਂ | ਜੰਮੂ | ੬੮੪ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਇੰਦਰੋ ਦੇਵੀ ਦੇ ਗ੍ਰਹਿ | ਕੈਂਪ ਸੇਈ ਕਲਾਂ | ਜੰਮੂ | ੬੮੪ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਸ਼ਾਹਣੀ ਦੇਵੀ ਦੇ ਗ੍ਰਹਿ | ਪਿੰਡ ਮਾਜ਼ਰਾ | ਜੰਮੂ | ੬੮੫ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਕਿਰਪਾਲ ਸਿੰਘ ਦੇ ਗ੍ਰਹਿ | ਕੈਂਪ ਸੇਈ ਕਲਾਂ | ਜੰਮੂ | ੬੮੫ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਫਰੰਗੀ ਰਾਮ ਦੇ ਗ੍ਰਹਿ | ਪਿੰਡ ਤਰੇਵਾ | ਜੰਮੂ | ੬੮੬ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਸਾਈਂ ਦਾਸ ਦੇ ਗ੍ਰਹਿ | ਪਿੰਡ ਤਰੇਵਾ | ਜੰਮੂ | ੬੮੮ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਪਰੇਮੀ ਦੇਵੀ ਦੇ ਗ੍ਰਹਿ | ਪਿੰਡ ਤਰੇਵਾ | ਜੰਮੂ | ੬੮੯ |
| ੧੩ ਪੋਹ | ਸ਼ਹਿਨਸ਼ਾਹੀ ਸੰਮਤ ੪ | ਦੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੮੯ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਰਾਜੋ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੯੧ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਪੂਰਨ ਸਿੰਘ ਰਾਜਾ ਸਿੰਘ ਦੇ ਗ੍ਰਹਿ | ਸੇਈ ਕਲਾ | ਜੰਮੂ | ੬੯੨ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਇੰਦਰ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੯੪ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਬੇਲਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੯੫ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਸੋਭਾ ਸਿੰਘ ਦੇ ਗ੍ਰਹਿ | ਸੇਈ | ਜੰਮੂ | ੬੯੬ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਥੇੜੂ ਰਾਮ ਦੇ ਗ੍ਰਹਿ | ਸੇਈ | ਜੰਮੂ | ੬੯੮ |
| ੧੪ ਪੋਹ | ਸ਼ਹਿਨਸ਼ਾਹੀ ਸੰਮਤ ੪ | ਅੰਗਰੇਜ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੭੦੦ |
| ੧੫ ਪੋਹ | ਸ਼ਹਿਨਸ਼ਾਹੀ ਸੰਮਤ ੪ | ਮੰਗਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੭੦੨ |
| ੧੫ ਪੋਹ | ਸ਼ਹਿਨਸ਼ਾਹੀ ਸੰਮਤ ੪ | ਵਕੀਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੭੦੨ |
| ੧੫ ਪੋਹ | ਸ਼ਹਿਨਸ਼ਾਹੀ ਸੰਮਤ ੪ | ਦੌਲਤ ਸਿੰਘ ਦੇ ਗ੍ਰਹਿ | ਕੋਟਲੀ | ਜੰਮੂ | ੭੦੪ |
| ੧੫ ਪੋਹ | ਸ਼ਹਿਨਸ਼ਾਹੀ ਸੰਮਤ ੪ | ਦੇਵੀ ਸਿੰਘ ਦੇ ਗ੍ਰਹਿ | ਮਘੋ ਵਾਲੀ | ਜੰਮੂ | ੭੦੫ |


12
੨੧

| | | | |
|---|---|---|---|
| ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਮਾਇਆ ਦੇਵੀ ਦੇ ਗ੍ਰਿਹ | ਮਘੋ ਵਾਲੀ | ਜੰਮੂ | ੭੦੬ |
| ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਪਰਕਾਸ਼ ਚੰਦ ਦੇ ਗ੍ਰਿਹ | ਮਘੋ ਵਾਲੀ | ਜੰਮੂ | ੭੦੭ |
| ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਪ੍ਰੀਤੋ ਦੇਵੀ ਦੇ ਗ੍ਰਿਹ | ਪਿੰਡ ਜਿੰਦੜ ਮੇਲੂ | ਜੰਮੂ | ੭੦੮ |
| ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਸਰਦਾਰ ਸਿੰਘ ਦੇ ਗ੍ਰਿਹ | ਪਿੰਡ ਸੀੜ | ਜੰਮੂ | ੭੦੯ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਮਾਨ ਕੌਰ ਦੇ ਗ੍ਰਿਹ | ਪਿੰਡ ਸੀੜ | ਜੰਮੂ | ੭੧੧ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਬੰਤੀ ਦੇਵੀ ਦੇ ਗ੍ਰਿਹ | ਪਿੰਡ ਖੌੜ ਸਲਾਰੀਆਂ | ਜੰਮੂ | ੭੧੨ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਲਛਮੀ ਦੇਵੀ ਦੇ ਗ੍ਰਿਹ | ਪਿੰਡ ਸੀੜ | ਜੰਮੂ | ੭੧੩ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਗੁਰਨਾਮ ਸਿੰਘ ਦੇ ਗ੍ਰਿਹ | ਪਿੰਡ ਸੀੜ | ਜੰਮੂ | ੭੧੪ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਖਜ਼ਾਨ ਸਿੰਘ ਦੇ ਗ੍ਰਿਹ ਰਣਬੀਰ ਸਿੰਘ ਪੁਰਾ | | ਜੰਮੂ | ੭੧੫ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਰਣੀਆ ਰਾਮ ਦੇ ਗ੍ਰਿਹ | ਕਲੋਏ | ਜੰਮੂ | ੭੧੮ |
| ੧੭ ਪੋਹ ਸ਼ਹਿਨਸ਼ਾਹ ਸੰਮਤ ੪ ਪਿਆਰਾ ਰਾਮ ਦੇ ਗ੍ਰਿਹ | ਕਲੋਏ | ਜੰਮੂ | ੭੧੯ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਸੇਵਾ ਰਾਮ ਦੇ ਗ੍ਰਿਹ | ਕਲੋਏ | ਜੰਮੂ | ੭੨੦ |
| ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਵਕੀਲ ਸਿਘ ਦੇ ਗ੍ਰਿਹ | ਪਿੰਡ ਹੰਸਾ | ਜੰਮੂ | ੭੨੧ |
| ੧੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਚੌਥੀ ਮੰਜ਼ਲ ਜੇਠੂਵਾਲ | | | ੭੨੨ |
| ੧੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੨੩ |
| ੨੦ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੨੪ |
| ੨੨ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੨੭ |
| ੨੪ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੩੧ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੩੪ |
| ੨੬ ਪੋਹ ਸ਼ਹਿਨਸ਼ਾਹੀ ਸੰਮਤ ੪ ਇਸ਼ਨਾਨ ਕਰਨ ਸਮੇਂ | | | ੭੩੬ |
| ੨੭ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੬੫ |
| ੨੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ | ਜੇਠੂਵਾਲ | ਜ਼ਿਲਾ ਅੰਮ੍ਰਿਤਸਰ | ੭੮੦ |


13
੨੧

੨੯ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੭੮੪
ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੭੮੫
੯ ਮਾਘ ਸ਼ਹਿਨਸ਼ਾਹੀ ਸੰਮਤ ੪ ਕੇਹਰ ਸਿੰਘ ਦੇ ਗ੍ਰਹਿ ਰਜੀ ਵਾਲਾ ਜ਼ਿਲਾ ਫ਼ਿਰੋਜ਼ਪੁਰ ੭੮੮
੧੦ ਮਾਘ ਸ਼ਹਿਨਸ਼ਾਹੀ ਸੰਮਤ ੪ ਮਲ ਸਿੰਘ ਦੇ ਗ੍ਰਹਿ ਰਜੀ ਵਾਲਾ ਜ਼ਿਲਾ ਫ਼ਿਰੋਜ਼ਪੁਰ ੭੯੩
੧੦ ਮਾਘ ਸ਼ਹਿਨਸ਼ਾਹੀ ਸੰਮਤ ੪ ਕਪੂਰ ਸਿੰਘ ਦੇ ਗ੍ਰਹਿ ਮੋਗਾ ਜ਼ਿਲਾ ਫ਼ਿਰੋਜ਼ਪੁਰ ੭੯੫
੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਧਨੀ ੮੦੦
੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਖਰਾਮ ਦੇ ਗ੍ਰਹਿ ਪਿੰਡ ਚੱਕਰ ੮੦੨
੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਦਰਬਾਰੀ ਦਾਸ ਦੇ ਨਾਲ ਪਿੰਡ ਲੋਪੋ ੮੦੪
੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਦਿਆਲ ਸਿੰਘ ਦੇ ਗ੍ਰਹਿ ਰਾਮੂਵਾਲਾ ੮੦੬
੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਦਿਆਲ ਸਿੰਘ ਦੇ ਗ੍ਰਹਿ ਰਾਮੂਵਾਲਾ ੮੦੭
੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਬਲਵਿੰਦਰ ਸਿੰਘ ਦੇ ਗ੍ਰਹਿ ਚੜਿਕ ਜ਼ਿਲਾ ਫਿਰੋਜ਼ਪੁਰ ੮੦੯
੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਹਿ ਚੜਿਕ ਜ਼ਿਲਾ ਫਿਰੋਜ਼ਪੁਰ ੮੧੧
੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਨਾਜ਼ਰ ਸਿੰਘ ਜਾਗੀਰ ਸਿੰਘ ਦੇ ਗ੍ਰਹਿ ਮਾੜੀ ਮੁਸਤਫਾ ੮੧੨
੧੩ ਮਾਘ ਸ਼ਹਿਨਸ਼ਾਹੀ ਸੰਮਤ ੪ ਭਾਗ ਸਿੰਘ ਕੁਲਵੰਤ ਸਿੰਘ ਦੇ ਗ੍ਰਹਿ ਪਿੰਡ ਮਾੜੀ ਮੁਸਤਫਾ ੮੧੪
੧੩ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਦਾਗਰ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫਿਰੋਜ਼ਪੁਰ ੮੧੫
੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਗ੍ਰਹਿ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ੮੧੮
੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਹਿ ਪਿੰਡ ਰਾਜੇਆਣਾ ਜ਼ਿਲਾ ਫਿਰੋਜ਼ਪੁਰ ੮੨੦
੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਬਸੰਤ ਕੌਰ ਦੇ ਗ੍ਰਹਿ ਪਿੰਡ ਸਮਾਲਸਰ ਜ਼ਿਲਾ ਫਿਰੋਜ਼ਪੁਰ ੮੨੧
੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਹਾਵਾ ਸਿੰਘ ਦੇ ਗ੍ਰਹਿ ਪੰਜ ਗਰਾਈਆ ਜ਼ਿਲਾ ਫਿਰੋਜ਼ਪੁਰ ੮੨੩
੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਬਿਸ਼ਨ ਸਿੰਘ ਦੇ ਗ੍ਰਹਿ ਪਿੰਡ ਪੰਜ ਗਰਾਈਆ ੮੨੪
੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਚੰਨਣ ਸਿੰਘ ਦੇ ਗ੍ਰਹਿ ਪਿੰਡ ਵਾਂਦਰ ੮੨੫
੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਖੇਮ ਸਿੰਘ ਦੇ ਗ੍ਰਹਿ ਕੋਟਕਪੂਰਾ ੮੨੭


14
੨੧

੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਉਸ਼ਾ ਰਾਣੀ ਦੇ ਗ੍ਰਿਹਿ ਪੁਰਾਣਾ ਮਹੱਲਾ ਕੋਟਕਪੂਰਾ ੮੨੯
੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਮੁਖਤਿਆਰ ਕੌਰ ਦੇ ਗ੍ਰਿਹਿ ਡੋਗਰ ਬਸਤੀ ਫਰੀਦ ਕੋਟ ੮੩੨
੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਚਰਨਜੀਤ ਕੌਰ ਦੇ ਗ੍ਰਿਹਿ ਫ਼ਰੀਦਕੋਟ ੮੩੪
੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਸ਼ਿਵ ਇੰਦਰ ਸਿੰਘ ਦੇ ਗ੍ਰਿਹਿ ਫਰੀਦਕੋਟ ੮੩੬
੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਕਿਰਪਾਲ ਸਿੰਘ ਦੇ ਗ੍ਰਿਹਿ ਗੋਲੇ ਵਾਲ ਜ਼ਿਲਾ ਫਿਰੋਜ਼ਪੁਰ ੮੩੭
੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਿਹਿ ਪਿੰਡ ਗੋਲੇਵਾਲ ਜ਼ਿਲਾ ਫਿਰੋਜ਼ਪੁਰ ੮੩੯
੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਨਿਹਾਲ ਕੌਰ ਦੇ ਗ੍ਰਿਹਿ ਪਿੰਡ ਗੋਲੇਵਾਲ ਜ਼ਿਲਾ ਫਿਰੋਜ਼ਪੁਰ ੮੪੧
੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਹਜੂਰਾ ਸਿੰਘ ਦੇ ਗ੍ਰਿਹਿ ਪਿੰਡ ਗੋਲੇਵਾਲ ਜ਼ਿਲਾ ਫਿਰੋਜ਼ਪੁਰ ੮੪੨
੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਲੱਖਣ ਸਿੰਘ ਦੇ ਗ੍ਰਿਹਿ ਪਿੰਡ ਮੂੰਗਲਾ ਜ਼ਿਲਾ ਫਿਰੋਜ਼ਪੁਰ ੮੪੪
੧੮ ਮਾਘ ਸ਼ਹਿਨਸ਼ਾਹੀ ਸੰਮਤ ੪ ਰਾਮ ਸਿੰਘ ਦੇ ਗ੍ਰਿਹਿ ਫਿਰੋਜ਼ਪੁਰ ਛਾਉਣੀ ੮੪੫
੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਜੋਗਿੰਦਰ ਕੌਰ ਦੇ ਗ੍ਰਿਹਿ ਫਿਰੋਜ਼ਪੁਰ ਛਾਉਣੀ ੮੫੦
੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਸੋਭਾ ਸਿੰਘ ਦੇ ਗ੍ਰਿਹਿ ਪਿੰਡ ਵਲੂਰ ਜ਼ਿਲਾ ਫਿਰੋਜ਼ਪੁਰ ੮੫੩
੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਕੁਲਵੰਤ ਕੌਰ ਦੇ ਗ੍ਰਿਹਿ ਬਸਤੀ ਖਲੀਲ ਜ਼ਿਲਾ ਫਿਰੋਜ਼ਪੁਰ ੮੫੫
੨੦ ਮਾਘ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਿਹਿ ਬਸਤੀ ਖਲੀਲ ਜ਼ਿਲਾ ਫਿਰੋਜ਼ਪੁਰ ੮੫੬
੨੦ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਲੱਖਣ ਸਿੰਘ ਦੇ ਗ੍ਰਿਹਿ ਪਿੰਡ ਫਿਰੋਜ਼ਸ਼ਾਹ ਜ਼ਿਲਾ ਫਿਰੋਜ਼ਪੁਰ ੮੫੯
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੰਪੂਰਨ ਸਿੰਘ ਦੇ ਗ੍ਰਿਹਿ ਪਿੰਡ ਫਿਰੋਜ਼ਸ਼ਾਹ ਜ਼ਿਲਾ ਫਿਰੋਜ਼ਪੁਰ ੮੬੧
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੀਤਲ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ੮੬੩
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਧੰਨਾ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ੮੬੪
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਮੇਲਾ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ੮੬੪
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਜਗੀਰ ਦਾਸ ਦੇ ਗ੍ਰਿਹਿ ਪਿੰਡ ਡਗਰ ਜ਼ਿਲਾ ਫਿਰੋਜ਼ਪੁਰੂ ੮੬੫
੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਸਦਾ ਸਿੰਘ ਵਾਲਾ ੮੬੬
੨੨ ਮਾਘ ਸ਼ਹਿਨਸ਼ਾਹ ਸੰਮਤ ੪ ਗੁਰਦਿਆਲ ਸਿੰਘ ਦੇ ਘਰ ਪਿੰਡ ਸਦਾ ਸਿੰਘ ਵਾਲਾ ੮੬੭


15
੨੧

| | |
|---|---|
| ੨੨ ਮਾਘ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਘਰ ਪਿੰਡ ਮਨਾਵਾਂ ਜ਼ਿਲਾ ਫਿਰੋਜ਼ਪੁਰ | ੮੬੯ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਕੌਰ ਦੇ ਗ੍ਰਹਿ ਪਿੰਡ ਮਨਾਵਾ ਜ਼ਿਲਾ ਫਿਰੋਜ਼ਪੁਰ | ੮੭੦ |
| ੨੩ ਮਾਘ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਸਿੰਘ ਦੇ ਘਰ ਪਿੰਡ ਤਲਵੰਡੀ ਜ਼ਿਲਾ ਫਿਰੋਜ਼ਪੁਰ | ੮੭੩ |
| ੨੩ ਮਾਘ ਸ਼ਹਿਨਸ਼ਾਹ ਸੰਮਤ ੪ ਸੋਹਣ ਸਿੰਘ ਦੇ ਗ੍ਰਹਿ ਪਿੰਡ ਸ਼ਾਹ ਬੁਕਰ ਜ਼ਿਲਾ ਫਿਰੋਜ਼ਪੁਰ | ੮੭੫ |
| ੨੪ ਮਾਘ ਸ਼ਹਿਨਸ਼ਾਹੀ ਸੰਮਤ ੪ ਕੈਪਟਨ ਤਾਰੂ ਸਿੰਘ ਦੇ ਗ੍ਰਹਿ ਪਿੰਡ ਜੰਡੀਰੇ | ੮੭੭ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਪਿਆਰਾ ਸਿੰਘ ਦੇ ਘਰ ਭੋਗਪੁਰ ਸ਼ੂਗਰ ਮਿਲ | ੮੮੦ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਕੌਰ ਦੇ ਗ੍ਰਹਿ ਪਿੰਡ ਸੁਸਾਣਾ | ੮੮੩ |
| ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਰਾਮ ਸਿੰਘ ਦੇ ਗ੍ਰਹਿ ਪਿੰਡ ਫਤੋਵਾਲ ਜ਼ਿਲਾ ਹੁਸ਼ਿਆਰਪੁਰ | ੮੮੫ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਦੇ ਘਰ ਪਿੰਡ ਫਤੂਵਾਲ ਜ਼ਿਲਾ ਹੁਸ਼ਿਆਪੁਰ | ੮੮੭ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਬੰਸ ਸਿੰਘ ਦੇ ਘਰ ਪਿੰਡ ਫਤੂਵਾਲ ਜ਼ਿਲਾ ਹੁਸ਼ਿਆਪੁਰ | ੮੮੯ |
| ੨੬ ਮਾਘ ਸ਼ਹਿਨਸ਼ਾਹੀ ਸੰਮਤ ੪ ਅਮਰੀਕ ਸਿੰਘ ਦੇ ਘਰ ਪਿੰਡ ਸਰਾਈਂ ਜ਼ਿਲਾ ਹੁਸ਼ਿਆਰਪੁਰ | ੮੯੧ |
| ੨੭ ਮਾਘ ਸ਼ਹਿਨਸ਼ਾਹੀ ਸੰਮਤ ੪ ਮੁਨਸ਼ੀ ਰਾਮ ਦੇ ਗ੍ਰਹਿ ਬੇਗੋਵਾਲ ਜ਼ਿਲਾ ਹੁਸ਼ਿਆਰਪੁਰ | ੮੯੩ |
| ੨੭ ਮਾਘ ਸ਼ਹਿਨਸ਼ਾਹੀ ਸੰਮਤ ੪ ਅਰਜਨ ਸਿੰਘ ਦੇ ਗ੍ਰਹਿ ਸਲੀਮਪੁਰ ਜ਼ਿਲਾ ਹੁਸ਼ਿਆਰਪੁਰ | ੮੯੫ |
| ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਨਸੀਬ ਕੌਰ ਦੇ ਗ੍ਰਹਿ ਪਿੰਡ ਸਰੀਂਪੁਰ ਜ਼ਿਲਾ ਹੁਸ਼ਿਆਰ ਪੁਰ | ੮੯੭ |
| ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਦਿਆਲ ਸਿੰਘ ਦੇ ਗ੍ਰਹਿ ਪਿੰਡ ਡੱਡ ਜ਼ਿਲਾ ਹੁਸ਼ਿਆਰਪੁਰ | ੮੯੯ |
| ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦੇ ਗ੍ਰਹਿਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ | ੯੦੦ |
| ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ | ੯੦੧ |
| ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਹਿ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ | ੯੦੨ |
| ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਦਰਬਾਰਾ ਸਿੰਘ ਦੇ ਗ੍ਰਹਿ ਪਿੰਡ ਗਾਲੜੀ | ੯੦੫ |
| ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਤਲਵਾੜਾ | ੯੦੬ |
| ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਗਿਆਨ ਚੰਦ ਦੇ ਗ੍ਰਹਿ ਤਲਵਾੜਾ | ੯੦੭ |
| ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਜੀਆ ਲਾਲ ਦੇ ਗ੍ਰਹਿ ਤਲਵਾੜਾ | ੯੦੮ |


16
੨੧

17

੨੧

੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਪ੍ਰਮੇਸ਼ਵਰੀ ਰਾਣੀ ਦੇ ਗ੍ਰਹਿ ਤਲਵਾੜਾ ੯੦੯
੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੯੧੦
ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੯੧੦
੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੯੧੯
੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਹਿ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ੯੨੦
੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਹਿ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ੯੨੪
੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਨਾਮ ਸਿੰਘ ਦੇ ਗ੍ਰਹਿ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ੯੨੬
੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੯੨੯
੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੯੩੦
੧੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਦਈਆ ਜ਼ਿਲਾ ਗੁਰਦਾਸਪੁਰ ੯੩੧
੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੰਤਾ ਸਿੰਘ ਦੇ ਗ੍ਰਹਿ ਪੰਜ ਗਰਾਈਆਂ ਜ਼ਿਲਾ ਗੁਰਦਾਸਪੁਰ ੯੩੩
੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਕੌਰ ਦੇ ਗ੍ਰਹਿ ਪਿੰਡ ਠੀਕਰੀ ਜ਼ਿਲਾ ਗੁਰਦਾਸਪੁਰ ੯੩੫
੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਹਿ ਪਿੰਡ ਭੂਮਲੀ ਜ਼ਿਲਾ ਗੁਰਦਾਸਪੁਰ ੯੩੬
੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਜੋਗਿੰਦਰ ਸਿੰਘ ਦੇ ਗ੍ਰਹਿ ਪਿੰਡ ਡਡਵਾਂ ੯੩੮
੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਜਗੀਰ ਸਿੰਘ ਦੇ ਘਰ ਪਿੰਡ ਸੋਹਲ ੯੪੦
੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਸ਼ੰਭੂ ਨਾਥ ਦੇ ਨਾਲ ਗੁਰਦਾਸ ਪੁਰ ੯੪੨
੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਹਿ ਪਿੰਡ ਹੇਮਰਾਜਪੁਰ ੯੪੪
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਜ ਸਿੰਘ ਦੇ ਘਰ ਪਿੰਡ ਹੇਮਰਾਜ ਪੁਰਾ ੯੪੮
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਕੌਰ ਦੇ ਗ੍ਰਹਿ ਕਾਲਾ ਨੰਗਲ ੯੪੯
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਹਿ ਨਿਆਸ਼ਾਲਾ ੯੫੧
੧੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਹਿ ਪਿੰਡ ਕੱਤੋਵਾਲ ੯੫੨
੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਹਿ ਕੱਤੋਵਾਲ ਜ਼ਿਲਾ ਗੁਰਦਾਸਪੁਰ ੯੫੭

17

੨੧

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਜਵੰਦ ਸਿੰਘ ਦੇ ਗ੍ਰਿਹਿ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ੯੫੯

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹਿ ਨਵਾਂ ਪਿੰਡ ੯੬੧

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਦੁਰਗੀ ਦੇ ਗ੍ਰਿਹਿ ਨਵਾਂ ਪਿੰਡ ੯੬੨

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਸ਼ਹਿਨਸ਼ਾਹ ਜੀ ਦੇ ਨਾਲ ਪਿੰਡ ਕਲੀਚ ਪੁਰ ੯੬੩

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਬਲਦੇਵ ਰਾਜ ਦੇ ਗ੍ਰਿਹਿ ਪਿੰਡ ਕੋਠੀ ਭੀਮ ਪੁਰ ੯੬੩

੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਿਹਿ ਪਿੰਡ ਗੁਜਰਾਤ ੯੬੪

੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਕੰਸ ਰਾਜ ਗ੍ਰਿਹਿ ਪਿੰਡ ਗੁਜਰਾਤ ਜ਼ਿਲਾ ਗਰਦਾਸਪੁਰ ੯੭੨

੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਰਸ਼ਨ ਲਾਲ ਦੇ ਗ੍ਰਿਹਿ ਪਿੰਡ ਗੁਜ਼ਰਾਤ ੯੭੨

੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹਿ ਪਿੰਡ ਅੰਤੋਰ ਜ਼ਿਲਾ ਗੁਰਦਾਸਪੁਰ ੯੭੨

੧੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹਿ ਪਿੰਡ ਅੰਤੋਰ ੯੭੪

੧੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਵੀ ਕੰਢੇ ੯੭੮

੧੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਬਚਨ ਸਿੰਘ ਦੇ ਗ੍ਰਿਹਿ ਪਿੰਡ ਸਿੰਮਲ ਸਕੋਰ ਗੁਰਦਾਸਪੁਰ ੯੮੨

੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਤੋਖ ਸਿੰਘ ਦੇ ਘਰ ਪਿੰਡ ਸਿੰਮਲ ਸਕੋਰ ਗੁਰਦਾਸਪੁਰ ੯੮੩

੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੋਹਣ ਸਿੰਘ ਦੇ ਘਰ ਪਿੰਡ ਸਿੰਮਲ ਸਕੋਰ ਗੁਰਦਾਸਪੁਰ ੯੮੬

੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਸਾਰ ਸਿੰਘ ਦੇ ਗ੍ਰਿਹਿ ਪਿੰਡ ਮਰ੍ਹਾਜਪੁਰ ੯੮੯

੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੀਬੀ ਗਿਆਨੋ ਦੇ ਗ੍ਰਿਹਿ ਪਿੰਡ ਸਿੰਮਲ ਸਕੋਰ ੯੯੧

੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹਿ ਪਿੰਡ ਸਿੰਮਲ ਸਕੋਰ ਗੁਰਦਾਸਪੁਰ ੯੯੧

੧੮ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਵੀ ਦਾ ਕੰਢਾ ਸ਼ਬਦੀ ਧਾਰ ਗੁਰ ਅਵਤਾਰ ਪੈਗ਼ੰਬਰਾਂ ਦਾ ਪੁੱਜਣਾ ਸ਼ਬਦ ਰੂਪ ਗੁਰ ਅਵਤਾਰ ਪੈਗ਼ੰਬਰਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਾ ਇਕੱਠਿਆਂ ਹੋਣਾ, ਨਾਰਦ ਦਾ ਪੁੱਜਣਾ, ਭਗਤ ਭਗਵਾਨ ਦਾ ਇਕੱਠ ਹੋਣਾ, ਸਭ ਦਾ ਪੂਰਬ ਲੇਖਾ ਚੁਕੌਣਾ ਸ਼ਬਦ ਦੀ ਧਾਰ ਵਿਚ ਧਰਮ ਧਾਰ ਦੀ ਗੋਲੀ ਜੁਗਿੰਦਰ ਕੌਰ ਲਾਲ ਸੂਟ ਪਾ ਕੇ ਵਿਹਾਰ ਕਾਰਨ ਸਾਥ ਸੀ ੯੯੬

੧੮ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਤਰ ਸਿੰਘ ਅਤਰ ਸਿੰਘ ਦੇ ਗ੍ਰਿਹਿ ਪਿੰਡ ਓਗਰਾ ੧੦੧੬

18 ੨੧

੧੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਦੀਪ ਸਿੰਘ ਦੇ ਗ੍ਰਹਿ ਪਿੰਡ ਓਗਰਾ ੧੦੨੧
੧੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਗਿਆਨ ਸਿੰਘ ਦੇ ਘਰ ਪਿੰਡ ਉਂਗਰਾ ੧੦੨੩
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਫਤਿਹ ਨੰਗਲ ਜ਼ਿਲਾ ਗੁਰਦਾਸਪੁਰ ੧੦੨੭
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਗਾ ਸਿੰਘ ਦੇ ਘਰ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ੧੦੩੦
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਘਰ ਕਾਕਾ ਜਗੀਰ ਸਿੰਘ ਦੇ ਨਵਿਤ
(ਸਰੀਰ ਛੱਡਣ ਸਮੇਂ) ਪਿੰਡ ਸੱਦਾ ੧੦੩੨
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਗੁਰਬਖ਼ਸ਼ ਸਿੰਘ ਦੇ ਘਰ ਪਿੰਡ ਨੁਸ਼ਹਿਰਾ ੧੦੩੩
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਘਰ ਪਿੰਡ ਵਜ਼ੀਰ ਪੁਰ ੧੦੩੫
੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੇਲਾ ਸਿੰਘ ਦੇ ਘਰ ਪਿੰਡ ਬਾਬੂਪੁਰ ੧੦੩੭
੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਤਾ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ੧੦੪੨
੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਵੇਲ ਕੌਰ ਦੇ ਗ੍ਰਹਿ ਪਿੰਡ ਬਾਬੂਪੁਰ ੧੦੪੪
੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ੧੦੪੬
੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਵਿਰਸਾ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ੧੦੪੮
੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੀਬੀ ਕਰਤਾਰ ਕੌਰ ਦਰਸ਼ਨ ਕੌਰ ਦੇ ਘਰ ਪਿੰਡ ਬਾਬੂਪੁਰ ੧੦੫੧
੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੁਣਸ਼ਾ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ੧੦੫੨
੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦਲੀਪ ਸਿੰਘ ਦੇ ਘਰ ਪਿੰਡ ਬਾਊਪੁਰ ੧੦੫੪
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਪਿਆਰਾ ਸਿੰਘ ਤੇ ਹਜ਼ਾਰਾ ਸਿੰਘ ਦੇ ਘਰ ਪਿੰਡ ਬਾਊਪੁਰ ੧੦੫੬
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਭਾਗ ਸਿੰਘ ਦੇ ਘਰ ਪਿੰਡ ਬਾਊਪੁਰ ੧੦੬੧
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਵਰਖਾ ਸਿੰਘ ਦੇ ਗ੍ਰਹਿ ਪਿੰਡ ਬਾਊਪੁਰ ੧੦੬੩
੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਆਸਾ ਸਿੰਘ ਬਲਾਕਾ ਸਿੰਘ ਦੇ ਘਰ ਪਿੰਡ ਬਾਊਪੁਰ ੧੦੬੫
੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੱਖਣ ਸਿੰਘ ਦੇ ਘਰ ਪਿੰਡ ਬਾਬੂਪੁਰ ੧੦੬੭
੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਦੀਦਾਰ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ੧੦੭੧


19
੨੧

20
੨੧

| | | | |
|---|---|---|---|
| ੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ | ਜਮਾਦਾਰ ਕਿਸ਼ਨ ਸਿੰਘ ਦੇ ਗ੍ਰਹਿ | ਪਿੰਡ ਅਲੁੜ ਪਿੰਡੀ | ੧੦੭੩ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਆਸਾ ਸਿੰਘ ਦੇ ਗ੍ਰਹਿ | ਪਿੰਡ ਅਲੜ੍ਹਪਿੰਡੀ | ੧੦੮੨ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਦਾਰਾ ਸਿੰਘ ਦੇ ਗ੍ਰਹਿ | ਪਿੰਡ ਅਲੜ੍ਹਪਿੰਡੀ | ੧੦੮੩ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਸਰੂਪ ਸਿੰਘ ਦੇ ਗ੍ਰਹਿ | ਪਿੰਡ ਅਲੜ੍ਹਪਿੰਡੀ | ੧੦੮੪ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਹਜ਼ਾਰਾ ਸਿੰਘ ਦੇ ਗ੍ਰਹਿ | ਪਿੰਡ ਅਲੜ੍ਹਪਿੰਡੀ | ੧੦੮੬ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਅੱਛਰ ਸਿੰਘ ਦੇ ਗ੍ਰਹਿ | ਪਿੰਡ ਅੱਲੜਪਿੰਡੀ | ੧੦੮੭ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਵਕੀਲ ਸਿੰਘ ਦੇ ਗ੍ਰਹਿ | ਪਿੰਡ ਅੱਲੜਪਿੰਡੀ | ੧੦੮੮ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਭਜਨ ਸਿੰਘ ਦੇ ਗ੍ਰਹਿ | ਪਿੰਡ ਦੋਸਤਪੁਰਾ | ੧੦੯੩ |
| ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ | ਧਿਰਤਾ ਸਿੰਘ ਦੇ ਗ੍ਰਹਿ | ਪਿੰਡ ਕਲਾਨੌਰ | ੧੦੯੪ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਮੰਗਲ ਸਿੰਘ ਜੁਗਿੰਦਰ ਸਿੰਘ ਦੇ ਗ੍ਰਹਿ | ਡੇਢ ਗੁਵਾੜ | ੧੦੯੬ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਗੁਲਜਾਰ ਸਿੰਘ ਦੇ ਗ੍ਰਹਿ | ਪਿੰਡ ਡੇਢ ਗੁਵਾੜ | ੧੦੯੯ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਸਮਾਂ ਸਿੰਘ ਦੇ ਗ੍ਰਹਿ | ਪਿੰਡ ਡੇਢ | ੧੧੦੧ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਦਿਆਲ ਸਿੰਘ ਦੇ ਗ੍ਰਹਿ | ਪਿੰਡ ਗਵਾੜ | ੧੧੦੧ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਜੁਗਿੰਦਰ ਸਿੰਘ ਦੇ ਗ੍ਰਹਿ | ਪਿੰਡ ਗਵਾੜ | ੧੧੦੩ |
| ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ | ਕਾਸ਼ੀ ਰਾਮ ਦੇ ਗ੍ਰਹਿ | ਪਿੰਡ ਸਨੱਯੀਆ | ੧੧੦੪ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੪ | ਬੀਬੀ ਭਜਨੋ ਦੇ ਗ੍ਰਹਿ | | ੧੧੦੫ |
| ੨੭ ਫੱਗਣ ਸ਼ਹਿਨਸ਼ਾਹੀ ਸੰਮਤ ੪ | ਅਜੀਤ ਸਿੰਘ ਦੇ ਗ੍ਰਹਿ | ਬਟਾਲਾ | ੧੧੦੬ |
| ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੫ | ਹਰਿ ਭਗਤ ਦੁਵਾਰ | ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ | ੧੧੦੬ |
| ੨ ਚੇਤ ਸ਼ਹਿਨਸ਼ਾਹੀ ਸੰਮਤ ੫ | ਹਰਿ ਭਗਤ ਦੁਵਾਰ | ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ | ੧੧੦੬ |
| ੩ ਚੇਤ ਸ਼ਹਿਨਸ਼ਾਹੀ ਸੰਮਤ ੫ | ਅਮਰ ਸਿੰਘ ਦੇ ਗ੍ਰਹਿ | ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ | ੧੧੩੦ |
| ੩ ਚੇਤਰ ਸ਼ਹਿਨਸ਼ਾਹੀ ਸੰਮਤ ੫ | ਸੰਤੋਖ ਸਿੰਘ ਦੇ ਗ੍ਰਹਿ | ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ | ੧੧੩੧ |
| ੪ ਚੇਤ ਸ਼ਹਿਨਸ਼ਾਹੀ ਸੰਮਤ ੫ | ਪ੍ਰੀਤਮ ਸਿੰਘ ਦੇ ਗ੍ਰਹਿ | ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ | ੧੧੩੨ |

| | | |
|---|---|---|
| ੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਜਨ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੪ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੫ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰੰਜਣ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੬ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਖਵੰਤ ਕੌਰ ਦੇ ਗ੍ਰਿਹ | ਲੁਧਿਆਣਾ | ੧੧੩੬ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰਵੈਰ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੭ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦੇਵ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੮ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਮਦਨ ਲਾਲ ਦੇ ਗ੍ਰਿਹ | ਲੁਧਿਆਣਾ | ੧੧੩੮ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਮੀਤ ਸਿੰਘ ਦੇ ਗ੍ਰਿਹ | ਲੁਧਿਆਣਾ | ੧੧੩੯ |
| ੬ ਚੇਤ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੩੯ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਾਧੂ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੧ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਵਣ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੩ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੫ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਿਹ | ਪਿੰਡ ਆਂਡਲੂ | ੧੧੪੬ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਭਾਗ ਸਿੰਘ ਬਸਰਾਵਾਂ ਵਾਲੇ ਦੇ ਗ੍ਰਿਹ | ਪਿੰਡ ਪਖੋਵਾਲ | ੧੧੪੭ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਵਾਨ ਕੌਰ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੮ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਮੰਗਲ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੮ |
| ੭ ਚੇਤ ਸ਼ਹਿਨਸਾਹੀ ਸੰਮਤ ੫ ਨਾਜ਼ਰ ਸਿੰਘ ਦੇ ਗ੍ਰਿਹ | ਪਿੰਡ ਪਖੋਵਾਲ ਜ਼ਿਲਾ ਲੁਧਿਆਣਾ | ੧੧੪੯ |
| ੭ ਚੇਤ ਸ਼ਹਿਨਸ਼ਾਹੀ ਸੰਮਤ ੫ ਧੰਨਾ ਸਿੰਘ ਦੇ ਗ੍ਰਿਹ | ਪਿੰਡ ਢੈ ਪਈ ਜ਼ਿਲਾ ਲੁਧਿਆਣਾ | ੧੧੫੦ |
| ੮ ਚੇਤ ਸ਼ਹਿਨਸ਼ਾਹੀ ਸੰਮਤ ੫ ਹਰੀ ਸਿੰਘ ਦੇ ਗ੍ਰਿਹ | ਪਿੰਡ ਮਹਿੰਮਾ ਸਿੰਘ ਵਾਲਾ | ੧੧੫੨ |
| ੮ ਚੇਤ ਸ਼ਹਿਨਸ਼ਾਹੀ ਸੰਮਤ ੫ ਨਛੱਤਰ ਸਿੰਘ ਦੇ ਗ੍ਰਿਹ | ਦੁਰਾਹਾ | ੧੧੫੪ |
| ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੱਜਣ ਸਿੰਘ ਦੇ ਗ੍ਰਿਹ | ਦੁਰਾਹਾ | ੧੧੫੭ |
| ੯ ਚੇਤ ਸ਼ਹਿਨਸ਼ਾਹੀ ਸੰਮਤ ੫ ਜਸਵੰਤ ਕੌਰ ਦੇ ਗ੍ਰਿਹ | ਦੁਰਾਹਾ ਮੰਡੀ | ੧੧੫੯ |


21
੨੧

| | | |
|---|---|---|
| ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਕੌਰ ਦੇ ਗ੍ਰਿਹਿ | ਦੁਰਾਹਾ ਮੰਡੀ | ੧੧੬੦ |
| ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਿਹਿ | ਪਿੰਡ ਹਰਬੰਸ ਪੁਰਾ | ੧੧੬੧ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਦੇ ਗ੍ਰਿਹਿ | ਪਿੰਡ ਹਰਬੰਸ ਪੁਰਾ | ੧੧੬੫ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹਿ | ਪਿੰਡ ਰੌਣੀ | ੧੧੬੭ |
| ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਆਸਾ ਸਿੰਘ ਦੇ ਗ੍ਰਿਹਿ | ਪਿੰਡ ਕਲਸਾਣੀ | ੧੧੬੯ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰੈਣ ਸਿੰਘ ਦੇ ਗ੍ਰਿਹਿ | ਪਿੰਡ ਕਲਸਾਣੀ | ੧੧੭੧ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੫ ਬੰਤਾ ਸਿੰਘ ਦੇ ਗ੍ਰਿਹਿ | ਪਿੰਡ ਮੁਗ਼ਲ ਮਾਜਰਾ | ੧੧੭੩ |
| ੧੧ ਚੇਤ ਸ਼ਹਿਨਸ਼ਾਹੀ ਸੰਮਤ ੫ ਬੰਤਾ ਸਿੰਘ ਦੇ ਗ੍ਰਿਹਿ | ਪਿੰਡ ਮੁਗ਼ਲ ਮਾਜਰਾ | ੧੧੭੬ |
| ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਮੇਜ਼ ਸਿੰਘ ਦੇ ਗ੍ਰਿਹਿ | ਥਾਨੇਸਰ | ੧੧੭੯ |
| ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰੰਜਣ ਸਿੰਘ ਦੇ ਘਰ | ਗੁਰੂਕੁਲ ਖਾਨ | ੧੧੮੧ |
| ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਠਾਕਰ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ੧੧੮੪ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੫ ਸੋਹਣ ਸਿੰਘ ਦੇ ਗ੍ਰਿਹਿ | ਨਾਨਕ ਪੁਰਾ | ੧੧੮੮ |
| ੧੩ ਚੇਤ ਸ਼ਹਿਨਸ਼ਾਹੀ ਸੰਮਤ ੫ ਅਰਜਨ ਸਿੰਘ ਦੇ ਗ੍ਰਿਹਿ | ਬਲੋਚ ਪੁਰ | ੧੧੯੦ |
| ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਰਣਧੀਰ ਸਿੰਘ ਦੇ ਗ੍ਰਿਹਿ | ਪਹੇਵਾ | ੧੧੯੩ |
| ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਆਤਮਾ ਸਿੰਘ ਦੇ ਗ੍ਰਿਹਿ | ਪਹੇਵਾ | ੧੧੯੮ |
| ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਮੰਦਰ ਵਿਚ ਪੰਡਤ ਦੇ ਨਾਲ | ਪਹੇਵਾ | ੧੨੦੧ |
| ੧੪ ਚੇਤ ਸ਼ਹਿਨਸ਼ਾਹੀ ੫ ਸੁਦਾਗਰ ਸਿੰਘ ਦੇ ਗ੍ਰਿਹਿ | ਭੱਠਾ ਮਾਜਰਾ | ੧੨੦੫ |
| ੧੪ ਸੰਮਤ ਸ਼ਹਿਨਸ਼ਾਹੀ ਸੰਮਤ ੫ ਹਰਬੰਸ ਸਿੰਘ ਦੇ ਗ੍ਰਿਹਿ | ਠੀਕਰੀ | ੧੨੦੭ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਪੂਰਨ ਸਿੰਘ ਦੇ ਗ੍ਰਿਹਿ | ਠੀਕਰੀ ਛੰਨਾ | ੧੨੦੯ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਮੋਹਨ ਸਿੰਘ ਦੇ ਗ੍ਰਿਹਿ | ਗੜ੍ਹੀ ਲਾਂਗਰੀ | ੧੨੧੧ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਰਣ ਸਿੰਘ ਦੇ ਗ੍ਰਿਹਿ | ਅਜੀਤ ਨਗਰ | ੧੨੧੩ |
| ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਕਰਤਾਰ ਸਿੰਘ ਦੇ ਗ੍ਰਿਹਿ | ਕੌਮੀ ਫਾਰਮ | ੧੨੧੬ |

੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਗੜ੍ਹੀ ਲਾਂਗਰੀ ੧੨੧੮
੧੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਤ ਕਿਰਪਾਲ ਸਿੰਘ ਸਾਵਣ ਆਸ਼ਰਮ ਗੁੜ ਮੰਡੀ ਦਿੱਲੀ ੧੨੧੯
੧੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਕੌਰ ਦੇ ਨਵਿਤ ਹਰਿ ਭਗਤ ਦੁਵਾਰ ਦਿੱਲੀ ੧੨੨੧
੧੭ ਚੇਤ ਸ਼ਹਿਨਸ਼ਾਹੀ ਸੰਮਤ ੫ ਰਤਨ ਸਿੰਘ ਦੇ ਪ੍ਰਸ਼ਾਦ ਕਰਾਉਣ ਤੇ ਧੀਰ ਪੁਰ ਦਿੱਲੀ ੧੨੨੨
੧੮ ਚੇਤ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਹਿ ੨੫੭-੯ ਸ਼ਾਸਤਰੀ ਨਗਰ ਕਾਨਪੁਰ ੧੨੨੬
੧੯ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੨੨੯
੧੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦਿਤ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੨੩੧
੨੦ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਗੁਰਬਚਨ ਸਿੰਘ ਦੇ ਗ੍ਰਹਿ ਲਾਲ ਬੰਗਲਾ ਕਾਨਪੁਰ ੧੨੩੩
੨੦ ਚੇਤ ਸ਼ਹਿਨਸ਼ਾਹੀ ਸੰਮਤ ੫ ਸਤਵੰਤ ਕੌਰ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੨੩੬
੨੧ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿਲ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨਪੁਰ ੧੨੩੭
੨੧ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਬਖ਼ਸ਼ ਸਿੰਘ ਮਹੂ ਨਿਵਾਸੀ ਦੇ ਨਵਿਤ ੧੨੪੧
੨੨ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਤ ਸਿੰਘ ਦੇ ਗ੍ਰਹਿ ਇਟਾਰਸੀ ੧੨੪੪
੨੩ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਤ ਸਿੰਘ ਦੇ ਗ੍ਰਹਿ ਇਟਾਰਸੀ ੧੨੪੬
੨੩ ਚੇਤ ਸ਼ਹਿਨਸ਼ਾਹੀ ਸੰਮਤ ੫ ਟੋਪਨ ਰਾਮ ਦੇ ਗ੍ਰਹਿ ਇਟਾਰਸੀ ੧੨੫੦
੨੪ ਚੇਤ ਸ਼ਹਿਨਸ਼ਾਹੀ ਸੰਮਤ ੫ ਹਰਦਿਤ ਸਿੰਘ ਦੇ ਗ੍ਰਹਿ ਇਟਾਰਸੀ ੧੨੫੧
੨੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਵਾਮੀ ਅੰਮ੍ਰਿਤਾ ਨੰਦ ਜੀ ਦੇ ਨਾਲ ਨਰਬਦਾ ਘਾਟ ੧੨੫੬
੨੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਸਿੰਘ ਦੇ ਗ੍ਰਹਿ ਇਟਾਰਸੀ ੧੨੫੮
੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਸਿੰਘ ਦੇ ਗ੍ਰਹਿ ਇਟਾਰਸੀ ੧੨੫੯
੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਕੌੜਾ ਮਲ ਸਦਨ ਮਲ ਦੇ ਗ੍ਰਹਿ ਇਟਾਰਸੀ ੧੨੬੪
੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਇਟਾਰਸੀ ੧੨੬੭
੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਜਸਵੰਤ ਸਿੰਘ ਦੇ ਗ੍ਰਹਿ ਇਟਾਰਸੀ ੧੨੬੯
੨੭ ਚੇਤ ਸ਼ਹਿਨਸ਼ਾਹੀ ਸੰਮਤ ੫ ਕਰਿਸ਼ਨ ਕਾਂਤ ਦੇ ਗ੍ਰਹਿ ਇਟਾਰਸੀ ੧੨੭੧


23
੨੧

੨੮ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਹਿ ਦਿੱਲੀ ੧੨੭੪

੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਬਲਵਿੰਦਰ ਸਿੰਘ ਦੇ ਗ੍ਰਹਿ ਦਿੱਲੀ ੧੨੭੬

੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦਿਆਲ ਕੌਰ ਦੇ ਗ੍ਰਹਿ ਦਿੱਲੀ ੧੨੭੮

੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਸੇਵਾ ਸਿੰਘ ਦੇ ਗ੍ਰਹਿ ਗੁੜਗਾਉਂ ੧੨੭੮

੩੦ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਤਾ ਸਿੰਘ ਦੇ ਗ੍ਰਹਿ ਦਿੱਲੀ ੧੨੮੦

੩੦ ਚੇਤ ਸ਼ਹਿਨਸ਼ਾਹੀ ਸੰਮਤ ੫ ਗੋਰਾਇਆ ਹਜ਼ੂਰਾ ਸਿੰਘ ਦੇ ਗ੍ਰਹਿ ਦੁਆਬਾ ਸੰਗਤ ੧੨੮੪

ਪਹਿਲੀ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ੧੨੮੫

੨ ਵਸਾਖ ਸ਼ਹਿਨਸ਼ਾਹੀ ਸੰਮਤ ੫ ਰਜਨੀਸ਼ ਜੀ ਨਾਲ ਅੰਮ੍ਰਿਤਸਰ ੧੨੯੩

੧੦ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਮਾਝਾ ਸੰਗਤ ੧੨੯੪

੨੧ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੨੯੬

੨੨ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੨੯੯

24

੨੧

੨੩ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੦੦

੨੩ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੦੨

੨੯ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੦੪

ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੦੫

੫ ਜੇਠ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਹਿ ਪਿੰਡ ਹੇਰ ੧੩੧੭

੫ ਜੇਠ ਸ਼ਹਿਨਸ਼ਾਹੀ ਸੰਮਤ ੫ ਸਰਵਣ ਸਿੰਘ ਦੇ ਗ੍ਰਹਿ ਪਿੰਡ ਹੇਰ ੧੩੨੪

੭ ਜੇਠ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਭਲਾਈ ਪੁਰ ਡੋਗਰਾ ੧੩੨੭

੧੪ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੩੧

੧੬ ਜੇਠ ਸ਼ਹਿਨਸ਼ਾਹੀ ਸੰਮਤ ੫ ਗੁਰਮੁਖ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ੧੩੪੦

੧੮ ਜੇਠ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਘਰ ਪਿੰਡ ਬਾਉਪੁਰ ਜ਼ਿਲਾ ਗੁਰਦਾਸਪੁਰ ੧੩੪੩

੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਮੇਲਾ ਸਿੰਘ ਸਰਪੰਚ ਦੇ ਗ੍ਰਹਿ ਪਿੰਡ ਬਾਬੂਪੁਰ ੧੩੪੬

24

੨੧

੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਗ੍ਰਹਿ ਬਾਬੂਪੁਰ ਜ਼ਿਲਾ ਗੁਰਦਾਸਪੁਰ ੧੩੫੧
੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਬੀਬੀ ਚੰਨੀ ਦੇ ਗ੍ਰਹਿ ਅੱਲੜ ਪਿੰਡੀ ਗੁਰਦਾਸਪੁਰ ੧੩੫੩
੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਹਿ ਅੱਲੜਪਿੰਡੀ ਗੁਰਦਾਸਪੁਰ ੧੩੫੩
੨੦ ਜੇਠ ਸ਼ਹਿਨਸ਼ਾਹੀ ਸੰਮਤ ੫ ਆਸਾ ਸਿੰਘ ਦੇ ਗ੍ਰਹਿ ਅੱਲੜਪਿੰਡੀ ਗੁਰਦਾਸਪੁਰ ੧੩੬੦
੨੩ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੬੨
੧ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੬੪
੨ ਹਾੜ ਸ਼ਹਿਨਸ਼ਾਹੀ ਸੰਮਤ ੫ ਮੋਤਾ ਸਿੰਘ ਦੇ ਗ੍ਰਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ੧੩੭੦
੫ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਭਜਨ ਕੌਰ ਸੁਪਤਨੀ ਪਿਸ਼ੌਰਾ ਸਿੰਘ ਵੇਰਕਾ ਦੇ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ੧੩੭੪
੧੧ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੭੫
੧੨ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੮੪
੧੩ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੮੫
੧੪ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੮੬
੧੫ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੮੯
੧੬ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੯੧
੧੭ ਹਾੜ ਸ਼ਹਿਨਸ਼ਾਹੀ ਸੰਮਤ ੫ ਸਵੇਰੇ ਢਾਈ ਵਜੇ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੯੩
੧੭ ਹਾੜ ਸ਼ਹਿਨਸ਼ਾਹੀ ਸੰਮਤ ੫ ਸਾਢੇ ਨੌ ਵਜੇ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੩੯੭
੧੮ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੪੨੦
੧੮ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੪੨੯
੧੯ ਹਾੜ ਸ਼ਹਿਨਸ਼ਾਹੀ ਸੰਮਤ ੫ ਫਿਰੋਜ਼ਪੁਰ ਵਾਲੇ ਰਣਜੀਤ ਸਿੰਘ ਦੇ ਸਗਣ ਪੈਣ ਸਮੇਂ
ਹਰਿ ਭਗਤ ਦੁਵਾਰ ਜੇਠੂਵਾਲ ੧੪੩੨
੧੯ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੪੩੨

25
੨੧

੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੪੩੩
੨ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਤਾਰ ਸਿੰਘ ਤੇ ਸਰਬਜੀਤ ਦੇ ਵਿਆਹ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ੧੪੪੦
੨ ਸਾਵਣ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੩
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਬੀਬੀ ਚਰਨੋ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੫
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਦਰਸ਼ਨ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੫
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਸੁਰਜਨ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੬
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੭
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਬਚਨ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੭
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ੧੪੪੮
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਗੀਰ ਸਿੰਘ ਦੇ ਗ੍ਰਹਿ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ੧੪੪੯


26
੨੧

੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਮੁਖਤਿਆਰ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੫੨
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੫੩
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਗੀਰ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੫੪
੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਗੁਰਬਖ਼ਸ਼ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੫੬
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਚੰਨਣ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੫੭
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੬੦
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ੧੪੬੨
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਹਿ ਵੇਰਕਾ ਜ਼ਿਲਾ ਅੰਮ੍ਰਿਤਸਰ ੧੪੬੩
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਹਿ ਵੇਰਕਾ ਜ਼ਿਲਾ ਅੰਮ੍ਰਿਤਸਰ ੧੪੬੪
੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਡਾਕਟਰ ਬਲਵੰਤ ਸਿੰਘ ਦੇ ਗ੍ਰਹਿ ਵੇਰਕਾ ਜ਼ਿਲਾ ਅੰਮ੍ਰਿਤਸਰ ੧੪੬੫
੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕ੍ਰਿਸ਼ਨ ਸਿੰਘ ਦੇ ਨਵਿਤ ਹਰਿ ਭਗਤ ਦੁਵਾਰ ਜੇਠੂਵਾਲ ੧੪੬੮

੧੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ
ਤਰਿਪਤ ਕੌਰ ਜੁਗਿੰਦਰ ਕੌਰ ਦੇ ਪ੍ਰਸ਼ਾਦ ਕਰਾਉਣ ਤੇ ੧੪੭੦
੨੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੪੭੬
੨੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ
ਫਰੀਦ ਕੋਟ ਬੀਬੀ ਚਰਨਜੀਤ ਕੌਰ ਦੇ (ਪ੍ਰਸ਼ਾਦ ਕਰਾਉਣ ਤੇ) ੧੪੮੦
੩੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ
ਲੈਫਟੀਨੈਂਟ ਚੇਲਾ ਸਿੰਘ ਤੇ ਤੇਜਭਾਨ ਜੰਮੂ ਦੇ ਨਵਿਤ ੧੪੮੧
੩੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਰਾਤ ਦੇ ਸਮੇਂ ੧੪੮੭
੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤ ਵੇਲੇ ਸਵਾ ਪੰਜ ਵਜੇ ੧੪੯੦
੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਰਾਤ ਦੇ ਸਮੇਂ ੧੪੯੪
੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦੁਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ੧੫੦੩
੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਜ਼ਾਰਾ ਸਿੰਘ ਦੇ ਗ੍ਰਿਹਿ ਅੰਮ੍ਰਿਤਸਰ ੧੫੦੬
੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਨਵਿਤ ਅੰਮ੍ਰਿਤਸਰ ਸ਼ਹਿਰ ੧੫੧੧
੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹਿ ਅੰਮ੍ਰਿਤਸਰ ਛਾਉਣੀ ੧੫੧੧
੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਭਾਗ ਸਿੰਘ ਦੇ ਗ੍ਰਿਹਿ ਪਿੰਡ ਮਾਹਲਾਂ ਜ਼ਿਲਾ ਅੰਮ੍ਰਿਤਸਰ ੧੫੧੪
੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਬੰਸ ਸਿੰਘ ਦੇ ਗ੍ਰਿਹਿ ਪਿੰਡ ਮਾਹਲਾਂ ੧੫੧੭
੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ੧੫੧੭
੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਪਨੂਆਂ ੧੫੨੪
੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਜੁਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਪਨੂਆਂ ੧੫੨੭
੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਵਿਰਸਾ ਸਿੰਘ ਦੇ ਗ੍ਰਿਹਿ ਪਿੰਡ ਸ੍ਰੀ ਹਰਿ ਗੋਬਿੰਦ ਪੁਰਾ ੧੫੨੯
੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ਪਿੰਡ ਕਾਦਰਾਬਾਦ ੧੫੩੨


27
੨੧



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ❊ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸਚਖੰਡ ਨਿਵਾਸੀ ਸਚਖੰਡ ਦਰਬਾਰ, ਦਰਗਾਹ ਸਾਚੀ ਸਚ ਲਗਾਇੰਦਾ । ਤਖ਼ਤ ਨਿਵਾਸੀ ਨਰ ਨਿਰੰਕਾਰ, ਨਿਰਗੁਣ ਜੋਤ ਡਗਮਗਾਇੰਦਾ । ਸ਼ਾਹੋ ਭੂਪੀ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਧਾਰ ਗੁਰੂ ਅਵਤਾਰ, ਪੈਗ਼ੰਬਰ ਭੇਵ ਖੁਲ੍ਹਾਇੰਦਾ । ਨੇਤਰ ਵੇਖੋ ਨੈਣ ਉਘਾੜ, ਪੜਦਾ ਓਹਲਾ ਆਪ ਚੁਕਾਇੰਦਾ । ਚਾਰ ਜੁਗ ਦੇ ਮਿਤ੍ਰ ਪਿਆਰ, ਪ੍ਰੇਮ ਪ੍ਰੀਤੀ ਵਿਚ ਸਮਾਇੰਦਾ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਅਪਰ ਅਪਾਰ, ਅਪਰੰਪਰ ਸਵਾਮੀ ਆਪ ਜਣਾਇੰਦਾ । ਜੋ ਸੰਦੇਸ਼ਾ ਦੇ ਕੇ ਆਏ ਵਾਰੋ ਵਾਰ, ਨਾਮ ਸੁਨੇਹੜਾ ਇਕ ਪ੍ਰਗਟਾਇੰਦਾ । ਲੇਖਾ ਲਿਖ ਕੇ ਆਏ ਆਪਣੀ ਧਾਰ, ਧੁਰ ਦਾ ਧਰਮ ਆਪ ਜਣਾਇੰਦਾ । ਸੋ ਵੇਲਾ ਵਕ਼ਤ ਪਹੁੰਚਿਆ ਆਣ, ਆਨਣ ਫ਼ਾਨਣ ਪੜਦਾ ਲਾਹਿੰਦਾ । ਪੁਰਖ ਅਬਿਨਾਸ਼ੀ ਘਟ ਨਿਵਾਸੀ ਨੌਜੁਆਨਾ ਮਰਦ ਮਰਦਾਨਾ ਇਕੋ ਹੋਇਆ ਨਿਗਾਹਬਾਨ, ਨਿਗਾਹ ਨਿਗਾਹ ਵਿਚੋਂ ਬਦਲਾਇੰਦਾ । ਲੇਖਾ ਚੁੱਕੇ ਜ਼ਿਮੀਂ ਅਸਮਾਨ, ਜੋਧਾ ਸੂਰਬੀਰ ਮਰਦ ਮਰਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਵੱਡਾ ਵਡ ਵਡਿਆਈਆ । ਲੇਖਾ ਜਾਣ ਸਚ ਦਰਬਾਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਲਹਿਣਾ ਦੇਣਾ ਗੁਰੂ ਅਵਤਾਰ, ਪੈਗ਼ੰਬਰ ਝੋਲੀ ਡਾਹੀਆ । ਸੁਣੇ ਸ਼ਬਦ ਅਗੰਮੀ ਆਵਾਜ਼, ਰਾਜ਼ ਪਿਛਲਾ ਦਏ ਖੁਲ੍ਹਾਈਆ । ਜਿਸ ਦੇ ਕਾਰਨ ਨਾਮ ਕਲਮੇ ਪੜ੍ਹਦੇ ਆਏ ਨਿਮਾਜ਼, ਨਿਵਾਜ਼ਸ਼ ਵਿਚ ਲੋਕਾਈਆ । ਉਹ ਖੋਲ੍ਹੇ ਨਾਮ ਆਗ਼ਾਜ਼, ਉਹ ਭੇਵ ਦਏ ਚੁਕਾਈਆ । ਸ਼ਾਹੋ ਭੂਪ ਵਡ ਸੁਲਤਾਨ ਦੋ ਜਹਾਨਾਂ ਦੱਸੇ ਇਕੋ ਰਾਜ਼, ਰਹਿਮਤ ਆਪਣੀ ਆਪ ਕਮਾਈਆ । ਪ੍ਰੇਮ ਪ੍ਰੀਤੀ ਸਾਚੀ ਨੀਤੀ ਅੰਦਰ ਹੋਏ ਮੁਹਤਾਜ, ਲਾਸ਼ਰੀਕ ਸਾਂਝਾ ਯਾਰ ਪਰਵਰਦਿਗਾਰ ਧੁਰ ਦਾ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੁਆਰਾ ਇਕ ਵਖਾਈਆ । ਗੁਰੂ ਅਵਤਾਰ ਪੈਗ਼ੰਬਰ ਮਾਰੋ ਝਾਕੀ, ਹਰਿ ਕਰਤਾ ਆਪ ਜਣਾਈਆ । ਤੁਹਾਡਾ ਜਿਸਮ ਰਿਹਾ ਨਾ ਖ਼ਾਕੀ, ਤਨ ਵਜੂਦ ਨਾ ਕੋਇ ਵਡਿਆਈਆ । ਤੁਹਾਡਾ ਨਜ਼ਰ ਨਾ ਆਵੇ ਕੋਇ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਤੁਹਾਡੀ ਮੰਨੇ ਕੋਇ ਨਾ ਆਖੀ, ਆਖ਼ਰ ਮੰਜ਼ਲ ਚੜ੍ਹ ਕੇ ਦਰਸ ਕੋਇ ਨਾ ਪਾਈਆ । ਜੀਵਣ ਵਿਚੋਂ ਬਦਲੇ ਨਾ ਕੋਇ ਹਯਾਤੀ, ਆਬੇ ਹਯਾਤ ਮੁਖ ਨਾ ਕੋਇ ਚਵਾਈਆ । ਸਾਚਾ ਦਿਸੇ ਕੋਇ

ਨਾ ਸਾਕੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮਨੂਆ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੋਂ ਹੋਇਆ ਆਕੀ, ਅਕਲ ਬੁੱਧੀ ਵੰਡ ਨਾ ਕੋਇ ਵੰਡਾਈਆ । ਧਰਮ ਦਾ ਬਣਿਆ ਕੋਇ ਨਾ ਪਾਠੀ, ਰਸਨਾ ਜਿਹਵਾ ਸਰਬ ਹਿਲਾਈਆ । ਝਗੜਾ ਵੇਖੇ ਕਾਗ਼ਜ਼ਾਤੀ, ਜ਼ਾਤ ਸਫ਼ਾਤੀ ਪੜਦਾ ਨਾ ਕੋਇ ਉਠਾਈਆ । ਜਗਤ ਦਾ ਝਗੜਾ ਰਹਿਣ ਨਾ ਦੇਵੇ ਸਮਾਜੀ, ਸਮਝ ਸਭ ਦੀ ਦਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨੂੰ ਕਰਨ ਇਸ਼ਾਰਾ, ਸਚਖੰਡ ਸਾਚੇ ਸੀਸ ਨਿਵਾਈਆ । ਕੀ ਹੁਕਮ ਦੇਵੇ ਨਿਰੰਕਾਰਾ, ਪਰਵਰਦਿਗਾਰਾ ਆਪ ਜਣਾਈਆ । ਵੇਖੇ ਦੀਨ ਦੁਨੀ ਕਿਨਾਰਾ, ਚਾਰ ਕੁੰਟ ਅੱਖ ਖੁਲ੍ਹਾਈਆ । ਧਰਮ ਦਾ ਰਿਹਾ ਨਾ ਕੋਇ ਜੈਕਾਰਾ, ਸਤਿ ਸਚ ਨਾ ਕੋਇ ਵਡਿਆਈਆ । ਭੈ ਰਿਹਾ ਨਾ ਗੁਰ ਅਵਤਾਰਾ, ਪੈਗ਼ੰਬਰ ਸੀਸ ਨਾ ਕੋਇ ਝੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਏ ਖ਼ੁਆਰਾ, ਇਸ਼ਟੀ ਨੂਰ ਨਾ ਕੋਇ ਚਮਕਾਈਆ । ਭਾਗ ਲੱਗੇ ਨਾ ਡੂੰਘੀ ਗਾਰਾ, ਕਾਇਆ ਕਾਅਬਾ ਨਾ ਕੋਇ ਵਖਾਈਆ । ਮੰਦਰ ਮਿਲੇ ਨਾ ਕਿਸੇ ਗੁਰੂਦੁਆਰਾ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਨਾ ਕੋਇ ਧੁਨਕਾਰਾ, ਆਤਮਕ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਰਸ ਮਿਲੇ ਨਾ ਠੰਡਾ ਠਾਰਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਵਿਚ ਸੰਸਾਰਾ, ਪੜਦਾ ਅੰਤਰ ਨਿਰੰਤਰ ਨਾ ਕੋਇ ਉਠਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਰਸਨਾ ਜਿਹਵਾ ਬੱਤੀ ਦੰਦ ਵਡਿਆਈਆ । ਘਰ ਸੁਆਮੀ ਠਾਕਰ ਮਿਲੇ ਨਾ ਕਿਸੇ ਪ੍ਰੀਤਮ ਪਿਆਰਾ, ਪ੍ਰੀਤੀ ਸਚ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਲਹਿਣਾ ਦੇਣਾ ਚੁਕਿਆ ਵਿਚ ਸੰਸਾਰਾ, ਅੱਗੇ ਅਵਰ ਰਿਹਾ ਨਾ ਰਾਈਆ । ਅਗਲਾ ਹੁਕਮ ਇਕ ਕਰਤਾਰਾ, ਕੁਦਰਤ ਦਾ ਮਾਲਕ ਆਪ ਵਰਤਾਈਆ । ਜਿਸ ਨੂੰ ਕਹਿੰਦੇ ਆਏ ਚੌਵੀਆਂ ਅਵਤਾਰਾ, ਨਿਰਗੁਣ ਜੋਤ ਜਨਮੇ ਕੋਇ ਨਾ ਮਾਈਆ । ਜਿਸ ਦਾ ਖੇਲ ਸਭ ਤੋਂ ਬਾਹਰਾ, ਅਪਰੰਪਰ ਆਪ ਵਖਾਈਆ । ਕਾਗਦ ਕ਼ਲਮ ਦਾ ਲਿਖਣਹਾਰਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਇਕੋ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਖੇਲ ਹੋਵੇ ਕਰਤਾਰ, ਕਰਤਾ ਕੀ ਵਡਿਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਸਾਰੇ ਸੇਵਾਦਾਰ, ਯਾਚਕ ਰੂਪ ਵਖਾਈਆ । ਝੁਕ ਝੁਕ ਕਰਦੇ ਰਹੇ ਨਿਮਸਕਾਰ, ਸੱਜਦਿਆਂ ਵਿਚ ਸੀਸ ਝੁਕਾਈਆ । ਲਿਖ ਲਿਖ ਕਰਦੇ ਰਹੇ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਸ਼ਬਦ ਅਨਾਦੀ ਸੁਣ ਗੁਫ਼ਤਾਰ, ਗੁਫ਼ਤ ਸ਼ਨੀਦ ਕਰੀ ਰੁਸ਼ਨਾਈਆ । ਅੰਤਮ ਆਈ ਓਸੇ ਦੀ ਵਾਰ, ਜੋ ਵਾਰਸ ਖ਼ਲਕ ਖ਼ੁਦਾਈਆ । ਕਲਜੁਗ ਅੰਦਰ ਬਦਲੇ ਸਤਿਜੁਗ ਧਾਰ, ਧਰਨੀ ਧਰਤ ਧੌਲ ਦਏ ਵਡਿਆਈਆ । ਜਿਸ ਦਾ ਲਹਿਣਾ ਦੇਣਾ ਲੇਖਾ ਦਿਸੇ ਨਾਲ ਰਵਦਾਸ ਚਮਾਰ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਉਹ ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਦੋ ਜਹਾਨਾਂ ਨੌਜੁਆਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਏਕੰਕਾਰ, ਇਕ ਇਕੱਲਾ ਪਰਵਰਦਿਗਾਰ ਸਾਂਝਾ ਯਾਰ ਪਾਵੇ ਸਾਰ, ਦੂਜਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਸੱਜਣ ਮੀਤ, ਮਿਤ੍ਰ ਪਿਆਰਾ ਦਈਏ ਜਣਾਈਆ । ਜੋ ਸਭ ਦੀ ਬਦਲਣ ਵਾਲਾ ਰੀਤ, ਰੀਤੀਵਾਨ ਦਈਏ ਜਣਾਈਆ । ਜਿਸ ਨੇ ਬਣਾਏ ਮੰਦਰ ਮਸੀਤ, ਸ਼ਿਵਦਵਾਲੇ ਵੰਡ ਵੰਡਾਈਆ । ਸੋ ਖੇਲ ਕਰੇ ਅਨਡੀਠ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਧੁਰ ਫ਼ਰਮਾਨਾ


੨ ੨੧

ਦੇ ਕੇ ਇਕ ਅਤੀਤ, ਤ੍ਰੈਗੁਣ ਝਗੜਾ ਰਿਹਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਗੀਤ, ਗਹਿਰ ਗੰਭੀਰ ਮੇਲ ਮਿਲਾਈਆ । ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤ, ਅਗਨੀ ਅੱਗ ਬੁਝਾਈਆ । ਸਭ ਨੂੰ ਕਰਨੀ ਪਏ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਸਭ ਦਾ ਸਮਾਂ ਗਿਆ ਬੀਤ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਰਹਿਮਤ ਵਿਚ ਨਾਮ ਦਿਤਾ ਬਖ਼ਸ਼ੀਸ਼, ਸੋ ਲੇਖਾ ਆਪਣੇ ਨਾਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਠੋ ਚਲੀਏ ਲੋਕਮਾਤ, ਧਰਨੀ ਧਰਤ ਧਵਲ ਵੇਖ ਵਖਾਈਆ । ਸਮਾਂ ਵੇਖ ਸੁਹੰਜਣੀ ਰਾਤ, ਭਿੰਨੜੀ ਰੈਣ ਵਡ ਵਡਿਆਈਆ । ਸਾਡੀ ਸਾਂਝੀ ਹੋਈ ਜਮਾਤ, ਦਰਗਾਹ ਵੰਡ ਨਾ ਕੋਇ ਵੰਡਾਈਆ । ਪ੍ਰੇਮ ਦੀ ਤੱਕੀਏ ਪ੍ਰਭਾਤ, ਅੰਮ੍ਰਿਤ ਰਸ ਚਖਾਈਆ । ਦੀਨ ਮਜ਼੍ਹਬ ਦੇ ਪ੍ਰਭ ਦੇ ਕੋਲੋਂ ਪੜਵਾਈਏ ਕਾਗ਼ਜ਼ਾਤ, ਝਗੜਾ ਸ਼ਰਅ ਰਹੇ ਨਾ ਰਾਈਆ । ਸਤਿ ਸਤਿ ਦਾ ਮੰਗੀਏ ਪ੍ਰਸਾਦਿ, ਅਵਰ ਰਸ ਨਾ ਕੋਇ ਚਖਾਈਆ । ਇਕੋ ਨੂਰ ਉਸੇ ਦੀ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਨਾਮ ਕਲਮਾ ਦੱਸੇ ਬਹੁਭਾਂਤ, ਉਸੇ ਦੀ ਸਿਫ਼ਤ ਸਾਲਾਹੀਆ । ਅੱਜ ਪੱਕੀ ਕਰ ਲਓ ਬਾਤ, ਬਾਤਨ ਪੜਦਾ ਲਾਹੀਆ । ਸਭ ਦਾ ਇਕੋ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਵਾਹਿਦ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਹੁਕਮ ਹੋਣਾ ਰਾਇਜ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਡਾ ਚਾਰ ਜੁਗ ਦਾ ਵੇਖ ਲਿਆ ਨਤਾਇਜ, ਨਤੀਜਾ ਸਭ ਨੂੰ ਦਿਤਾ ਸਮਝਾਈਆ । ਅਸਾਂ ਜੋ ਕੀਤਾ ਸੋ ਜਾਇਜ਼, ਸਾਨੂੰ ਮੰਨਣ ਵਾਲੇ ਨਜਾਇਜ਼ ਵਿਚ ਦਿਤੇ ਫਸਾਈਆ । ਗੁਰ ਅਵਤਾਰ ਪੈਗ਼ੰਬਰੋ ਮਸ਼ਵਰੇ ਵਿਚ ਕਹੋ ਅਸੀਂ ਕਿਸੇ ਦੀ ਕਰਨੀ ਨਹੀਂ ਹਿਮਾਇਤ, ਹਮਸਾਜਣ ਨਜ਼ਰ ਕੋਇ ਨਾ ਆਈਆ । ਸ਼ਰਅ ਵਿਚ ਰਹਿਣ ਨਹੀਂ ਦੇਣੀ ਕੋਈ ਕਫ਼ਾਇਤ, ਧੁਰ ਦਾ ਹੁਕਮ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਿਹਾ ਦ੍ਰਿੜਾਈਆ । ਤੇਈ ਅਵਤਾਰ ਕਹਿਣ ਇਕੱਠੇ ਕਰੀਏ ਸਲਾਹ, ਮਤਾ ਸਚ ਪਕਾਈਆ । ਈਸਾ ਮੂਸਾ ਮੁਹੰਮਦ ਕਹੇ ਵੇਖੋ ਬੇਪ੍ਰਵਾਹ, ਬੇਪਰਵਾਹੀ ਵਿਚ ਸਮਾਈਆ । ਨਾਨਕ ਗੋਬਿੰਦ ਕਹੇ ਅੱਗੇ ਸੀਸ ਦਿਉ ਝੁਕਾ, ਦੂਜੀ ਲੋੜ ਰਹੇ ਨਾ ਰਾਈਆ । ਜੋ ਸਭ ਦਾ ਮਾਲਕ ਇਕ ਖ਼ੁਦਾ, ਖ਼ੁਦੀ ਤਕੱਬਰ ਦਏ ਮਿਟਾਈਆ । ਉਸੇ ਦੀ ਮੰਨੋ ਹੱਕ ਰਜ਼ਾ, ਜੋ ਰਹਿਮਤ ਵਿਚ ਸਮਾਈਆ । ਬਿਨਾ ਸੀਸ ਜਗਦੀਸ਼ ਆਪਣਾ ਆਪ ਦਿਓ ਝੁਕਾ, ਨਿਉਂ ਨਿਉਂ ਲਾਗਾਂ ਪਾਈਆ । ਦੀਨ ਦੁਨੀ ਤੋਂ ਖਹਿੜਾ ਲਓ ਛੁਡਾ, ਛੁੱਟੇ ਕੂੜ ਲੋਕਾਈਆ । ਦੀਨ ਮਜ਼੍ਹਬ ਤੋਂ ਪੱਲੂ ਲਓ ਛੁਡਾ, ਵਾਲੀ ਰਹਿਣ ਕੋਇ ਨਾ ਪਾਈਆ । ਸਾਂਝੇ ਘਰ ਕਰੋ ਦੁਆ, ਦੋਏ ਜੋੜ ਵਾਸਤਾ ਪਾਈਆ । ਵੇਖੋ ਖੇਲ ਬੇਪਰਵਾਹ, ਕੀ ਕਰਨੀ ਕਾਰ ਕਮਾਈਆ । ਕਿਸ ਬਿਧ ਕਲਜੁਗ ਵਿਚ ਸਤਿਜੁਗ ਦੇਵੇ ਲਾ, ਲਹਿਰ ਲਹਿਰ ਵਿਚੋਂ ਬਦਲਾਈਆ । ਸਾਡੇ ਹੁਕਮ ਕਰੇ ਰਫ਼ਾ, ਰਫ਼ਾਕਤ ਪਿਛਲੀ ਤੋੜ ਵਖਾਈਆ । ਅੱਗੇ ਦੇ ਕੇ ਨਾਮ ਨਵਾਂ, ਨਰ ਨਰਾਇਣ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ਼ਬਦ ਅਗੰਮੀ ਧੁਰ ਦੀ ਸਾਖੀ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਚਾਰ ਜੁਗ ਦੀ ਕਥਾ ਕਹਾਣੀ ਆਖੀ, ਭਵਿਖਤਾਂ ਵਿਚ ਸੁਣਾਈਆ । ਸੋ ਸਾਹਿਬ ਕਰੇ ਪ੍ਰਭ ਸਾਚੀ, ਸਤਿ ਸਤਿਵਾਦੀ ਦਇਆ ਕਮਾਈਆ । ਜਿਸ ਕਾਇਆ ਮਾਟੀ ਵੇਖਣੀ ਕਾਚੀ, ਲੱਖ ਚੁਰਾਸੀ ਫੋਲ ਫੁਲਾਈਆ । ਜਨ ਭਗਤ ਸੁਹੇਲੇ ਲੱਭਣੇ ਸਾਥੀ, ਗੁਰਮੁਖ ਧੁਰ ਦੇ ਮੇਲ ਮਿਲਾਈਆ । ਜਿਨ੍ਹਾਂ

ਦੇ ਅੰਤਰ ਬਣ ਕੇ ਪਾਠੀ, ਪਾਠਸ਼ਾਲਾ ਕਾਇਆ ਦਿਤੀ ਜਣਾਈਆ । ਦੂਜਾ ਕੋਈ ਰਹੇ ਨਾ ਭਾਟੀ, ਭਟਨਾਗਰ ਰਹਿਣ ਕੋਇ ਨਾ ਪਾਈਆ । ਮੰਜ਼ਲ ਕੂੜੀ ਮੇਟ ਕੇ ਵਾਟੀ, ਰਸਤਾ ਇਕੋ ਦਏ ਵਖਾਈਆ । ਜਿਥੇ ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤੀ, ਆਤਮ ਪਰਮਾਤਮ ਵੱਜੇ ਵਧਾਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਨਾ ਕੋਈ ਰਵ ਸਸ ਰੁਸ਼ਨਾਈਆ । ਨਾ ਕੋਈ ਪੂਜਾ ਨਾ ਕੋਈ ਪਾਠੀ, ਸਿਮਰਨ ਜੋਗ ਅਭਿਆਸ ਨਾ ਕੋਇ ਬਣਾਈਆ । ਨਾ ਕੋਈ ਗੰਗਾ ਗੋਦਾਵਰੀ ਜਮਨਾ ਸੁਰਸਤੀ ਤਾਟੀ, ਸਰੋਵਰ ਲਹਿਰ ਨਾ ਕੋਇ ਲਹਿਰਾਈਆ । ਨਾ ਕੋਈ ਸ਼ਿਵਦਵਾਲਾ ਮੰਦਰ ਮਸਜਿਦ ਮਾਠੀ, ਗੁਰੂਦੁਆਰ ਵੰਡ ਨਾ ਕੋਈ ਵੰਡਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਝਗੜਾ ਕਾਗ਼ਜ਼ਾਤੀ, ਅੱਖਰਾਂ ਵਿਚ ਸੱਥਰ ਨਾ ਕੋਈ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਨਿਰਗੁਣ ਧਾਰ ਜੋਤ ਚਮਕਾਵੇਗਾ । ਸ਼ਬਦ ਡੰਕਾ ਇਕ ਵਜਾਵੇਗਾ । ਰਾਓ ਰੰਕਾਂ ਆਪ ਉਠਾਵੇਗਾ । ਦੁਆਰ ਬੰਕਾ ਇਕ ਸੁਹਾਵੇਗਾ । ਸਾਚੇ ਸੰਤਾਂ ਵੇਖ ਵਖਾਵੇਗਾ । ਨਾਰੀ ਕੰਤਾ ਜੋੜ ਜੁੜਾਵੇਗਾ । ਰੁਤ ਬਸੰਤਾ ਆਪ ਸੁਹਾਵੇਗਾ । ਅਬਿਨਾਸ਼ੀ ਕਰਤਾ ਆਪਣਾ ਭੇਵ ਖੁਲ੍ਹਾਵੇਗਾ । ਗੁਰਮੁਖਾਂ ਉਜਲ ਕਰ ਕੇ ਮੁਖ, ਦੁਰਮਤ ਮੈਲ ਧੁਆਵੇਗਾ । ਪੰਚ ਵਿਕਾਰਾ ਅੰਦਰੋਂ ਕੱਢੇ ਕੁੱਟ, ਮਾਇਆ ਮਮਤਾ ਮੋਹ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਵੇਗਾ । ਸਾਚੀ ਖੇਲ ਕਰੇ ਗੋਬਿੰਦ, ਪਰਮ ਪੁਰਖ ਸਰਨਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਹਿੰਦ, ਹਰ ਹਿਰਦਾ ਫੋਲ ਫੁਲਾਈਆ । ਜਨ ਭਗਤ ਬਣਾ ਕੇ ਧੁਰ ਦੀ ਬਿੰਦ, ਬੰਦਨਾ ਇਕ ਸਮਝਾਈਆ । ਤ੍ਰਿਸ਼ਨਾ ਮੇਟ ਕੇ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਅੰਮ੍ਰਿਤ ਧਾਰ ਵਹਾ ਕੇ ਸਾਗਰ ਸਿੰਧ, ਦੁਰਮਤ ਮੈਲ ਧੁਆਈਆ । ਪੜਦਾ ਲਾਹ ਕੇ ਜੀਓ ਪਿੰਡ, ਬ੍ਰਹਿਮੰਡ ਖੰਡ ਵੇਖ ਵਖਾਈਆ । ਜਿਥੇ ਵਸੇ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਧੁਰਦਰਗਾਹੀਆ । ਸਾਚੇ ਨਾਮ ਦੀ ਵੱਜੇ ਕਿੰਗ, ਤੰਦ ਸਿਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਧਰਨੀ ਧਰਤ ਧਵਲ, ਆਪਣਾ ਧਿਆਨ ਲਗਾਈਆ । ਜਿਥੇ ਨੂਰ ਇਲਾਹੀ ਅਵਲ, ਆਲਮੀਨ ਬੇਪਰਵਾਹੀਆ । ਜਿਸ ਦਾ ਜ਼ਹੂਰ ਸਾਵਲ ਸਵਲ, ਸ਼ਹਿਨਸ਼ਾਹ ਅਖਵਾਈਆ । ਜੋ ਲੱਖ ਚੁਰਾਸੀ ਅੰਮ੍ਰਿਤ ਧਾਰ ਦੇਵੇ ਕਵਲ, ਨਵਾਬੀ ਸਵਾਬੀ ਵੇਖ ਵਖਾਈਆ । ਜੋ ਹਰ ਘਟ ਆਤਮ ਪਰਮਾਤਮ ਜਾਵੇ ਮਵਲ, ਮੌਲਾ ਨੂਰ ਇਲਾਹੀਆ । ਉਸ ਦਾ ਲੇਖਾ ਜਾਣੇ ਕਵਣ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜਿਸ ਦੀ ਸ਼ਬਦੀ ਧਾਰ ਕੋਈ ਨਾ ਜਾਣੇ ਪਵਣ, ਅਵਣ ਗਵਣ ਡੇਰਾ ਢਾਹੀਆ । ਉਹ ਸਭ ਨੂੰ ਆਪਣੇ ਵਿਚ ਕਰੇ ਦਮਨ, ਦਮਾਂ ਵਾਲੇ ਗੁਰੂਆਂ ਦਾ ਲੇਖਾ ਰਿਹਾ ਮੁਕਾਈਆ । ਬਾਕੀ ਦੇ ਕੱਢਕੇ ਸਾਰੇ ਸੰਮਣ, ਸਮੇਂ ਦੇ ਧੋਖੇਬਾਜ਼ਾਂ ਫੜ ਵਖਾਈਆ । ਅੱਗੇ ਨੂੰ ਕੂੜੇ ਸੰਤ ਮੂਲ ਨਾ ਜੰਮਣ, ਜੋ ਧੋਖਾ ਦੇਣ ਲੋਕਾਈਆ । ਇਕੋ ਸਤਿਗੁਰ ਸ਼ਬਦ ਸਭ ਦਾ ਥੰਮਣ, ਜੋ ਦੋ ਜਹਾਨਾਂ ਕੰਧ ਉਠਾਈਆ । ਜਿਸ ਤੋਂ ਗੁਰ ਅਵਤਾਰ ਪੈਗ਼ੰਬਰ ਸਾਰੇ ਥਰ ਥਰ ਕੰਬਣ, ਸਿਰ ਸਕੇ ਨਾ ਕੋਇ ਉਠਾਈਆ । ਓਸ ਝਗੜਾ ਚੁਕਾਣਾ ਮਾਟੀ ਚੰਮਣ, ਚੰਮ ਦ੍ਰਿਸ਼ਟੀ ਕੂੜੀ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਈਆ ।

ਗੁਰ ਅਵਤਾਰ ਪੈਗ਼ੰਬਰ ਕਹਿਣ ਚਲੋ ਵੇਖੀਏ ਸ਼ਬਦ ਗੁਰੂ ਦਾ ਹਿਸਾਬ, ਲੇਖਾ ਕਵਣ ਬਿਧ ਚੁਕਾਈਆ । ਜਿਸ ਨੇ ਚਾਰ ਜੁਗ ਦੇ ਅੱਖਰ ਲਿਖਾਏ ਉਪਰ ਕਿਤਾਬ, ਕੁਤਬਖ਼ਾਨਿਆਂ ਵੰਡ ਵੰਡਾਈਆ । ਹਿੱਸਿਆਂ ਵਾਲੇ ਬਣਾਏ ਬਾਬ, ਬਾਬਤ ਆਪਣੀ ਹੁਕਮ ਜਣਾਈਆ । ਜਿਸ ਦਾ ਲੈਂਦੇ ਆਏ ਖ਼ੁਆਬ, ਖ਼ਾਲਸ ਆਪਣੀ ਖੇਲ ਵਖਾਈਆ । ਓਸ ਦੀ ਵਜਦੀ ਵੇਖੀਏ ਰਬਾਬ, ਜੋ ਬਿਨਾ ਤੰਦ ਸਿਤਾਰ ਹਿਲਾਈਆ । ਜੋ ਸਭ ਦਾ ਬਣੇ ਅਹਿਬਾਬ, ਮਿਤ੍ਰ ਪਿਆਰਾ ਨੂਰ ਇਲਾਹੀਆ । ਜਿਸ ਨੇ ਸਾਥੋਂ ਮੰਗਣਾ ਜੁਆਬ, ਜੁਆਬ ਤਲਬੀ ਲਈ ਕਰਾਈਆ । ਗੁਰ ਅਵਤਾਰ ਪੈਗ਼ੰਬਰੋ ਸਾਂਝੀ ਕਰ ਲਓ ਇਕ ਆਵਾਜ਼, ਦੂਤੀਆ ਭਓ ਰਹੇ ਨਾ ਰਾਈਆ । ਨਾ ਕੋਈ ਮਸਤਕ ਤਿਲਕ ਲਲਾਟੀ ਨਾ ਪੜ੍ਹਨੀ ਪਏ ਨਿਮਾਜ਼, ਰੋਜ਼ਾ ਬਾਂਗ ਨਾ ਕੋਇ ਜਣਾਈਆ । ਨਾ ਕੋਈ ਖੜਕੌਣਾ ਪਏ ਸਾਜ, ਨਾ ਢੋਲਕ ਛੈਣਾ ਆਵਾਜ਼, ਸਭ ਦੇ ਅੰਦਰ ਆਤਮ ਪਰਮਾਤਮ ਖੁਲੌਣਾ ਰਾਜ਼, ਸ਼ਬਦ ਧੁਰ ਦੀ ਧਾਰ ਜਣਾਈਆ । ਨਿਰਗੁਣ ਸਰਗੁਣ ਕਰਨਾ ਕਾਜ, ਇਹੋ ਖੇਲ ਪ੍ਰਭੂ ਮਹਾਰਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧਾਨ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਪਹਿਲੀ ਚੇਤ ਦੀ ਰੁਤ, ਰੁਤੜੀ ਕਵਣ ਮਹਿਕਾਈਆ । ਕੀ ਖੇਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੀਆ । ਕੀ ਹੁਕਮ ਦੁਲਾਰੇ ਸੁਤ, ਸਤਿ ਸਤਿਵਾਦੀ ਆਪ ਸੁਣਾਈਆ । ਕਿਸ ਬਿਧ ਬਦਲੇ ਰੁਖ਼, ਰੁਖ਼ਸਤ ਸਾਨੂੰ ਦਏ ਕਰਾਈਆ । ਕਿਹੜੀ ਨਾਮ ਦੀ ਦੇ ਕੇ ਤੁਕ, ਤੁਖ਼ਮ ਤਾਅਸੀਰ ਦਏ ਬਦਲਾਈਆ । ਕਵਣ ਧਾਰ ਕਰੇ ਸੁੱਚ, ਸੰਜਮ ਦਏ ਬਦਲਾਈਆ । ਕੂੜੀ ਕਿਰਿਆ ਦੇਵੇ ਪੁੱਟ, ਸਤਿ ਧਰਮ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਪਹਿਲੀ ਚੇਤ ਕਹੇ ਦਰ ਆਓ ਗੁਰੂ ਅਵਤਾਰ, ਪੈਗ਼ੰਬਰ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਲਿਆਓ ਨਾਲ, ਬਚਿਆ ਰਹਿਣ ਕੋਇ ਨਾ ਪਾਈਆ । ਕਰੋੜ ਤੇਤੀਸਾ ਸੁਰਪਤ ਇੰਦ ਲਓ ਉਠਾਲ, ਆਲਸ ਨਿੰਦਰਾ ਦੂਰ ਕਰਾਈਆ । ਦਰ ਠਾਂਡੇ ਆਇਓ ਬਣ ਕੰਗਾਲ, ਜਗਤ ਮਾਣ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਦਾ ਰਿਹੋ ਨਾ ਕੋਇ ਦਲਾਲ, ਦਲਾਲੀ ਛਡਣੀ ਕੂੜ ਲੋਕਾਈਆ । ਧੰਨ ਦੌਲਤ ਸਮਝਿਓ ਕੁਛ ਨਾ ਆਪਣਾ ਮਾਲ, ਕੂੜ ਖ਼ਜ਼ਾਨਾ ਕੰਮ ਕੋਇ ਨਾ ਆਈਆ । ਦੀਨ ਮਜ਼੍ਹਬ ਦਾ ਤੋੜ ਜੰਜਾਲ, ਜਾਗਰਤ ਜੋਤ ਤੱਕੋ ਨੂਰ ਰੁਸ਼ਨਾਈਆ । ਪ੍ਰਭ ਦਾ ਚਰਨ ਦੁਆਰਾ ਵੇਖੋ ਸੱਚੀ ਧਰਮਸਾਲ, ਦੂਜੇ ਦਰ ਨਾ ਕੋਇ ਵਡਿਆਈਆ । ਜਿਥੇ ਵਸਦੇ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹੀਆ । ਜਨਮ ਕਰਮ ਦੀ ਪੂਰੀ ਹੋਵੇ ਘਾਲ, ਕੀਤੀ ਘਾਲ ਲੇਖੇ ਲਾਈਆ । ਕੋਈ ਬੇਨੰਤੀ ਆਪਣੀ ਦੱਸੋ ਸੁਆਲ, ਆਸ਼ਾ ਇਕ ਪ੍ਰਗਟਾਈਆ । ਆਪਣੀ ਸ੍ਰਿਸ਼ਟੀ ਵੇਖੋ ਹਾਲ, ਹਾਲਤ ਕੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਪਹਿਲੀ ਚੇਤ ਕਹੇ ਮੈਂ ਸਦਕੇ ਵਾਰੀ ਘੋਲੀ, ਆਪਣਾ ਆਪ ਘੋਲ ਘੁਮਾਈਆ । ਗੁਰ ਅਵਤਾਰ ਪੈਗ਼ੰਬਰੋ ਪ੍ਰਭ ਦੇ ਦੁਆਰੇ ਆਪਣੀ ਬਦਲ ਲਓ ਬੋਲੀ, ਅਨਬੋਲਤ ਵਿਚ ਸਮਾਈਆ । ਤੁਹਾਡੀ ਦਿਸਦੀ ਨਹੀਂ ਪੰਜਾਂ ਤੱਤਾਂ ਵਾਲੀ ਚੋਲੀ, ਜੋ ਚੋਲਿਆਂ ਰੰਗ ਚੜ੍ਹਾਈਆ । ਤੁਸੀਂ ਓਸ ਦਵਾਰੇ ਦੀ ਗੋਲੀ, ਜੋ ਗੋਲਕ ਬੇਪਰਵਾਹੀਆ । ਅੱਗੇ ਦੀਨ ਮਜ਼੍ਹਬ ਦੀ ਪਾਵੇ ਕੋਈ ਨਾ ਰੌਲੀ, ਮਾਨਵ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਸਭ ਦੀ ਪੱਕਣੀ ਹਾੜ੍ਹੀ ਸੌਣੀ, ਲੇਖਾ ਸਭ ਦਾ ਝੋਲੀ ਪਾਈਆ । ਤੁਹਾਡੀ ਉਮਤ ਚਾਰ ਦਿਨ ਦੀ ਪ੍ਰਹੌਣੀ, ਮਹਿਮਾਨੀ ਇਕੋ ਵਾਰ ਖਵਾਈਆ । ਅੱਗੇ ਸਤਿ ਦੀ ਕਲਾ ਵਰਤੌਣੀ, ਕੁਦਰਤ ਕਲਾ ਕਲਾ ਕੁਦਰਤ

ਵਿਚ ਟਿਕਾਈਆ । ਪੁਰਖ ਅਬਿਨਾਸ਼ੀ ਆਪਣੀ ਧਾਰ ਚਲੌਣੀ, ਧਰਮ ਦੀ ਧਾਰ ਪ੍ਰਗਟਾਈਆ । ਇਕੋ ਨਾਮ ਦੀ ਤੁਕ ਪੜ੍ਹੌਣੀ, ਦੂਜੀ ਅਵਰ ਨਾ ਕੋਇ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਘਰ ਦਸਾਉਣੀ, ਵਾਸਤਾ ਇਕੋ ਘਰ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਪਹਿਲੀ ਚੇਤ ਕਹੇ ਪ੍ਰਭ ਬਦਲ ਦੇਣਾ ਸਮਾਜ, ਪਿਛਲਾ ਲੇਖਾ ਸਰਬ ਮੁਕਾਈਆ । ਇਕੋ ਸੀਸ ਜਗਦੀਸ ਸੋਹੇ ਤਾਜ, ਤਖ਼ਤ ਨਿਵਾਸੀ ਹੁਕਮ ਵਰਤਾਈਆ । ਸਤਿ ਸਚ ਚਲਾਉਣਾ ਕਾਜ, ਕਰਨੀ ਕਰਤਾ ਕਾਰ ਕਮਾਈਆ । ਕੂੜੀ ਕਿਰਿਆ ਡੋਬ ਜਹਾਜ਼, ਨਈਆ ਨੌਕਾ ਸ਼ੌਹ ਦਰਿਆ ਰੁੜ੍ਹਾਈਆ । ਸਭ ਦੀ ਦ੍ਰਿਸ਼ਟੀ ਖੋਲ੍ਹ ਜਾਗ, ਨੇਤਰ ਲੋਚਨ ਨੈਣ ਕਰੇ ਰੁਸ਼ਨਾਈਆ । ਹੰਸ ਬੁੱਧੀ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸ਼ਬਦ ਅਗੰਮੀ ਵਖਾ ਕੇ ਬਾਜ਼, ਬਾਜ਼ਾਂ ਵਾਲਾ ਦਏ ਜਣਾਈਆ । ਦੁਰਮਤ ਮੈਲ ਧੋ ਕੇ ਦਾਗ਼, ਦੁਰਮਤ ਮੈਲ ਧੁਆਈਆ । ਲੇਖਾ ਜਾਣੇ ਮੋਹਨ ਮਾਧਵ ਮਾਧ, ਮੁਕੰਦ ਮਨੋਹਰ ਲਖ਼ਮੀ ਨਰਾਇਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਰਾਮ ਰਾਮਾ ਹੋ ਵਿਸਮਾਦ, ਬਿਸਮਿਲ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਸੁਣਾ ਕੇ ਇਕ ਆਵਾਜ਼, ਰੋਜ਼ਾ ਬਾਂਗ ਦਾ ਲੇਖਾ ਦਏ ਚੁਕਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਤਾਂਘ, ਸੋ ਸਾਹਿਬ ਸੁਆਮੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਪ੍ਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚੇਤ ਕੀ ਖੇਲ ਹੋਣਾ ਜਲਦੀ, ਸਚ ਦੇ ਜਣਾਈਆ । ਚੇਤ ਕਹੇ ਚਾਰ ਕੁੰਟ ਅੱਗ ਵੇਖੋ ਬਲਦੀ, ਦਹਿ ਦਿਸ਼ਾ ਰਹੀ ਜਲਾਈਆ । ਇਹ ਖੇਲ ਕਲਜੁਗ ਕਲ ਦੀ, ਜਿਸ ਕਲਮੇ ਦਿਤੇ ਭੁਲਾਈਆ । ਮਾਇਆ ਮਮਤਾ ਮੋਹ ਵਿਕਾਰ ਵਿਚ ਸ੍ਰਿਸ਼ਟੀ ਰਹੇ ਸਲਦੀ, ਸਲਲ ਨਜ਼ਰ ਕੋਇ ਨਾ ਆਈਆ । ਵਡਿਆਈ ਰਹੀ ਨਾ ਕਿਸੇ ਤੀਰਥ ਤਟ ਜਲ ਦੀ, ਅੰਮ੍ਰਿਤ ਰੂਪ ਨਾ ਕੋਇ ਬਦਲਾਈਆ । ਦਰੋਹੀ ਵੇਖੋ ਮਈਅਲ ਜਲ ਥਲ ਦੀ, ਪਰਬਤ ਟਿੱਲੇ ਅਸਗਾਹ ਦੇਣ ਦੁਹਾਈਆ । ਵਡਿਆਈ ਰਹੀ ਨਾ ਕਿਸੇ ਕਾਇਆ ਮਾਟੀ ਖੱਲ ਦੀ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਕੋਟਨ ਕੋਟ ਸਾਧੂ ਸਮਾਧੀਆਂ ਵਿਚ ਬੈਠੇ ਡੇਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਪਹਿਲੀ ਚੇਤ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਸੇ ਦਾ ਰਹੇ ਨਾ ਮਾਲਾ ਮਣਕਾ ਤਸਬੀ, ਪੁਸਤਕ ਹੱਥ ਨਾ ਕੋਇ ਉਠਾਈਆ । ਪੁਰਖ ਅਕਾਲ ਦਾ ਇਕੋ ਨਾਮ ਸਭ ਤੋਂ ਵੱਡਾ ਕਸਬੀ, ਜੋ ਕਰਤਵ ਆਪਣਾ ਦਏ ਵਖਾਈਆ । ਮਨ ਕਲਪਣਾ ਦੀ ਚਲਣ ਨਾ ਦੇਵੇ ਮਰਜ਼ੀ, ਕੂੜੀ ਕਿਰਿਆ ਦੇ ਮਰੀਜ਼ਾਂ ਦੀ ਕਰੇ ਸਫ਼ਾਈਆ । ਪੁਰਖ ਅਕਾਲ ਦੇ ਨਾਮ ਦੀ ਹੋਣ ਨਾ ਦੇਵੇ ਬੇਅਦਬੀ, ਅਦਬ ਸਭ ਨੂੰ ਦਏ ਸਿਖਾਈਆ । ਮਨੁੱਸ਼ਾਂ ਵਿਚ ਵੰਡ ਰਹੇ ਕੋਇ ਨਾ ਮਜ਼੍ਹਬੀ, ਆਤਮਾ ਪਰਮਾਤਮਾ ਦਾ ਮੇਲਾ ਦਏ ਕਰਾਈਆ । ਕੋਈ ਜਗਤ ਛੁਰੀ ਸ਼ਰਅ ਹਲਾਲ ਨਾ ਕਰੇ ਕਰਦੀ, ਕ਼ਤਲਗਾਹ ਨਾ ਕੋਇ ਵਖਾਈਆ । ਇਕੋ ਦੀਨ ਦਿਆਲ ਪੁਰਖ ਅਕਾਲ ਸਭ ਦਾ ਬਣੇ ਦਰਦੀ, ਦੀਨਾਂ ਅਨਾਥਾਂ ਦਰਦ ਵੰਡਾਈਆ । ਪਹਿਲੀ ਚੇਤ ਕਹੇ ਜਿਸ ਦੀ ਕਲਾ ਹੋਣੀ ਚੜ੍ਹਦੀ, ਚਾਰੋਂ ਕੁੰਟ ਵੱਜੇ ਵਧਾਈਆ । ਮੈਂ ਸੰਦੇਸ਼ਾ ਦੇਵਾਂ ਓਸੇ ਦੀ ਤੁਕ ਸਾਰੀ ਸ੍ਰਿਸ਼ਟੀ ਹੋਵੇ ਪੜ੍ਹਦੀ, ਤੂੰ ਮੇਰਾ ਮੈਂ ਤੇਰਾ ਦੂਜਾ ਢੋਲਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਸਾਚੇ ਹੁਕਮ ਦਾ ਸੁਣੋ ਸੰਦੇਸ਼, ਪਾਤਰ ਪਤ੍ਰਕਾ ਇਕ ਦ੍ਰਿੜਾਈਆ ।

ਜਿਹੜਾ ਨਾਮ ਰਹੇ ਹਮੇਸ਼, ਨਾਮ ਨਾਮ ਵਿਚ ਸਮਾਈਆ । ਉਸ ਦੇ ਅੱਗੇ ਗੁਰ ਅਵਤਾਰ ਪੈਗ਼ੰਬਰ ਹੋਣ ਪੇਸ਼, ਪੇਸ਼ੀਨਗੋਈ ਸਭ ਨੂੰ ਦਏ ਸੁਣਾਈਆ । ਸੋ ਲੇਖਾ ਜਾਣੇ ਦੇਸ ਪ੍ਰਦੇਸ, ਦੋ ਜਹਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਾਚਾ ਰੰਗ ਕਹੇ ਮੇਰੀ ਵੇਖੋ ਰੰਗਤ, ਰੰਗ ਅਗੰਮਾ ਦਿਆਂ ਚੜ੍ਹਾਈਆ । ਮੈਨੂੰ ਸਮਝੇ ਕੋਇ ਨਾ ਪੰਡਤ, ਵਿਦਿਆ ਵਿਚ ਨਾ ਕੋਇ ਵਡਿਆਈਆ । ਮੇਰਾ ਲੇਖਾ ਨਹੀਂ ਕੋਈ ਬਹਿਸ਼ਤ ਜੱਨਤ, ਸਵਰਗਾਂ ਵਿਚ ਨਾ ਕੋਇ ਰੁਸ਼ਨਾਈਆ । ਮੈਂ ਫਿਰਦਾ ਨਹੀਂ ਵਿਚ ਕਿਸੇ ਸਿੰਮਤ, ਦਹਿ ਦਿਸ਼ਾ ਨਾ ਭੱਜਾਂ ਵਾਹੋ ਦਾਹੀਆ । ਮੇਰੀ ਆਸ਼ਾ ਵਾਲੀ ਨਹੀਂ ਹਿੰਮਤ, ਆਪਣਾ ਬਲ ਧਰਾਈਆ । ਮੇਰੀ ਇਕ ਦੇ ਅੱਗੇ ਮਿੰਨਤ, ਪੁਰਖ ਅਕਾਲ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਮਿਟੀ ਚਿੰਤ, ਚਿੰਤਾ ਜਗ ਨਾ ਕੋਇ ਵਖਾਈਆ । ਕਦੀ ਮੇਲ ਨਾ ਹੋਵੇ ਤੇਰੇ ਨਿੰਦਕ, ਗੁਰਮੁਖਾਂ ਨਾਲ ਮਿਲ ਕੇ ਵੱਜੇ ਵਧਾਈਆ । ਸਚ ਪ੍ਰੇਮ ਦਾ ਦੇਵੀਂ ਸਿਦਕ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਰੰਗ ਕਹੇ ਮੈਂ ਅਜਬ ਰੰਗੀਲਾ, ਰੰਗਤ ਬੇਪ੍ਰਵਾਹੀਆ । ਪੁਰਖ ਅਕਾਲ ਆਦਿ ਜੁਗਾਦੀ ਇਕ ਵਸੀਲਾ, ਵਸਲੇ ਯਾਰ ਨੂਰ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਭਗਤਾਂ ਵਾਲਾ ਕ਼ਬੀਲਾ, ਗ੍ਰਿਹ ਮੰਦਰ ਇਕ ਵਡਿਆਈਆ । ਅੱਜ ਉਸ ਦਾ ਖ਼ੁਸ਼ੀਆਂ ਵਾਲਾ ਮਹੀਨਾ, ਰੁਤ ਅਗੰਮੀ ਦਏ ਵਖਾਈਆ । ਸ਼ਾਹ ਸੁਲਤਾਨਾ ਔਣਾ ਪਸੀਨਾ, ਪਸੀਨਾ ਸਾਫ਼ ਨਾ ਕੋਇ ਕਰਾਈਆ । ਨੇਤਰ ਰੋਵੇ ਮਾਇਆ ਤੀਨਾ, ਰਜੋ ਤਮੋ ਸਤੋ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖੇਲ ਕਿਸ ਕੀਨਾ, ਕਵਣ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਕਵਣ ਭਗਤਾਂ ਚਾੜ੍ਹੇ ਰੰਗ ਭੀਨਾ, ਭਿੰਨੜੀ ਰੈਣ ਵਡਿਆਈਆ । ਜਿਸ ਦੇ ਅੱਗੇ ਸਾਰੇ ਹੋਏ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਲੇਖੇ ਲੌਣਾ ਸ਼ਾਹ ਕੰਗਾਲ ਕਮੀਨਾ, ਕੋਝੇ ਕਮਲਿਆਂ ਗੋਦ ਉਠਾਈਆ । ਸੋ ਸੁਆਮੀ ਅੰਤਰਜਾਮੀ ਵਡ ਪਰਬੀਨਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਸੰਤ ਸੁਹੇਲੇ ਆਪ ਬਣਾਏ ਸਚ ਨਗੀਨਾ, ਨਿਗਾਹ ਆਪਣੀ ਨਾਲ ਬਦਲਾਈਆ । ਧਰਮ ਦਾ ਧਰਮ ਵਖਾਏ ਜੀਣਾ, ਜੀਵਣ ਜੁਗਤ ਜਗਤ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪਹਿਲੀ ਚੇਤ ਕਹੇ ਸੁਣੋ ਹੁਕਮ ਰੱਬੀ, ਰਹਿਮਤ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰ ਪੰਜ ਚੇਤ ਨੂੰ ਸਾਰੇ ਆਇਓ ਸਭੀ, ਸਭਾ ਸਚ ਦੀ ਇਕ ਵਖਾਈਆ । ਹੁਕਮੇ ਅੰਦਰ ਸ੍ਰਿਸ਼ਟੀ ਹੋਣੀ ਬੱਧੀ, ਬੰਦਨਾ ਇਕ ਜਣਾਈਆ । ਹੁਕਮ ਨਾਲ ਅੱਗੇ ਤੋਂ ਸਭ ਦੀ ਸਾਫ਼ ਕਰਨੀ ਗੱਦੀ, ਹੁਕਮਰਾਨ ਰਹਿਣ ਕੋਇ ਨਾ ਪਾਈਆ । ਨਾ ਕੋਈ ਪੈਗ਼ੰਬਰ ਰਹੇ ਨਾ ਨਬੀ, ਰਸੂਲਾਂ ਦਾ ਰਿਸ਼ਤਾ ਦੇਣਾ ਗਵਾਈਆ । ਨਾ ਕੋਈ ਕਾਇਆ ਅੰਦਰ ਹਕੀਮ ਰਹੇ ਨਾ ਤਬੀ, ਤਬੀਅਤ ਸਭ ਦੀ ਦੇਣੀ ਬਦਲਾਈਆ । ਸ੍ਰਿਸ਼ਟੀ ਵਿਚੋਂ ਤੁਹਾਡੇ ਦੱਸਣੇ ਕਿਤਨੇ ਕਰਦੇ ਬਦੀ, ਬੰਦਨਾ ਵਿਚ ਨਾ ਕੋਇ ਸਮਾਈਆ । ਤੁਹਾਡੀ ਜੋਤ ਮੇਰੀ ਧਾਰ ਵਿਚੋਂ ਜਗੀ, ਜਗਤ ਜੋਤ ਕਰੀ ਰੁਸ਼ਨਾਈਆ । ਖੋਜਿਆਂ ਮਾਤ ਕਿਸੇ ਨਾ ਲੱਭੀ, ਭਰਮੇ ਭੁੱਲੀ ਕੂੜ ਲੋਕਾਈਆ । ਸਿਫ਼ਤ ਸਦੀਆਂ ਦੀ ਗਠੜੀ ਸਭ ਨੇ ਬੱਧੀ, ਘਰ ਘਰ ਭਾਰ ਉਠਾਈਆ । ਅੱਖਰਾਂ ਵਾਲੀ ਵਖਾਈ ਡੱਗੀ, ਅੰਦਰ ਢੌਂਕਾ ਨਾ ਕੋਇ ਲਗਾਈਆ । ਸ੍ਰਿਸ਼ਟੀ ਭਵਾਈ ਉਤੇ ਪਾਣੀ ਵਾਲੀ ਨਦੀ, ਅੰਤਰ ਆਤਮ ਰਸ ਨਾ ਕੋਇ ਚਖਾਈਆ । ਭਰਮ ਭੁਲਾ ਕੇ ਸੁਦੀ ਵਦੀ, ਕਿਸ਼ਨਾ ਸ਼ੁਕਲਾ ਪੱਖ ਦਰਸਾਈਆ । ਕਿਸੇ

ਨੂੰ ਹੱਠ ਜਣਾਇਆ ਕਿਸੇ ਦਾ ਤਨ ਸੜਾਇਆ ਅੱਗੀ, ਕਿਸੇ ਨੂੰ ਜਲ ਧਾਰ ਵਹਾਈਆ । ਕਿਸੇ ਨੂੰ ਕਿਹਾ ਤੂੰ ਘਰ ਬਾਹਰ ਛੱਡੀਂ, ਕਿਸੇ ਨੂੰ ਜੰਗਲਾਂ ਵਿਚ ਰੁਲਾਈਆ । ਕਿਸੇ ਦੀ ਤਨ ਸੁਕਾਈ ਹੱਡੀ, ਕਿਸੇ ਨੂੰ ਜਲ ਮੀਨ ਖਵਾਈ ਮੱਛੀ, ਕਿਸੇ ਦੇ ਮੁਖ ਸੂਰ ਗਾਂ ਕਿਸੇ ਦੇ ਵੱਛੀ, ਰਸਨਾ ਜਿਹਵਾ ਮਾਤ ਹਲਕਾਈਆ । ਬਿਨ ਭਗਤਾਂ ਤੋਂ ਪ੍ਰਭ ਨੇ ਸਾਚੀ ਰਮਜ਼ ਕਿਸੇ ਨਾ ਦੱਸੀ, ਦਸਤਗੀਰ ਨਜ਼ਰ ਨਾ ਆਈਆ । ਏਸੇ ਕਰ ਕੇ ਕਾਇਆ ਮਾਟੀ ਕੱਲਰ ਕੰਧ ਕੱਚੀ, ਕੰਚਨ ਰੂਪ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਜੋ ਕੀਤੀ ਪੱਕੀ, ਸ਼ਬਦੀ ਹੁਕਮ ਸੁਣਾਈਆ । ਸੋ ਦੁਆਰ ਭਗਤ ਆਪਣਾ ਪੰਧ ਮੁਕਾ ਕੇ ਆ ਗਏ ਨੱਠੀ, ਲੋਕਮਾਤ ਡੇਰਾ ਲਾਈਆ । ਅੱਗੇ ਕਿਸੇ ਦੀ ਨਿੱਕੀ ਨਿੱਕੀ ਚਲਣੀ ਨਹੀਂ ਹੱਟੀ, ਜਗਤ ਵਣਜਾਰਾ ਵਣਜ ਨਾ ਕੋਇ ਕਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਮਾਰਗ ਰਿਹਾ ਦੱਸੀ, ਦਹਿ ਦਿਸ਼ਾ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਪੜ੍ਹਨਾ ਪੱਟੀ, ਪਟਨੇ ਵਾਲਾ ਦਏ ਗਵਾਹੀਆ । ਜਮਾਂ ਦੀ ਭਰਨੀ ਪਏ ਨਾ ਚੱਟੀ, ਰਾਏ ਧਰਮ ਨਾ ਦਏ ਸਜ਼ਾਈਆ । ਗੁਰ ਅਵਤਾਰ ਪੈਗ਼ੰਬਰੋ ਪੰਜ ਚੇਤ ਨੂੰ ਵੇਖਿਓ ਕਿਸ ਬਿਧ ਭਗਤਾਂ ਦੀ ਹੁੰਦੀ ਗਤੀ, ਨਾਮ ਲੱਭਣਾ ਪਏ ਨਾ ਰਤੀ, ਕਿਸੇ ਨੂੰ ਸਿਖਣੀ ਪਏ ਨਾ ਮਤੀ, ਖੋਜਣਾ ਪਏ ਨਾ ਕਮਲਾਪਤੀ, ਘਰ ਪਰਮੇਸ਼ਵਰ ਨਜ਼ਰੀ ਆਈਆ । ਜਿਹੜੀ ਮੰਜ਼ਲ ਅੱਗੇ ਕਿਸੇ ਨਹੀਂ ਟੱਪੀ, ਓਸ ਦੀ ਪੋਥੀ ਰਹੀ ਠੱਪੀ, ਅੱਖਰਾਂ ਵਿਚੋਂ ਕਿਸੇ ਨਾ ਲੱਭੀ, ਪੱਥਰਾਂ ਵਿਚ ਰਹੀ ਦੱਬੀ, ਰੋਂਦੇ ਗਏ ਔਲੀਏ ਨਬੀ, ਹਾਹਾਕਾਰ ਕਰ ਸੁਣਾਈਆ । ਜਨ ਭਗਤਾਂ ਨੂੰ ਭਗਵਾਨ ਮਿਲਦਾ ਕਦੀ ਕਦੀ, ਕ਼ਦੀਮ ਦੀ ਰੀਤੀ ਚਲੀ ਆਈਆ । ਹੁਣ ਸਭ ਦੀ ਮਿਟਦੀ ਜਾਏ ਸਦੀ, ਸਦਮੇ ਵਿਚ ਵੇਖੋ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਚੇਤ ਕਹੇ ਮੇਰਾ ਹੁਕਮ ਆਅਲਾ, ਅਲਾਹੀ ਇਕ ਸੁਣਾਈਆ । ਜਿਸ ਨੂੰ ਕਹਿੰਦੇ ਖ਼ੁਦਾ ਤੁਆਲਾ, ਸੋ ਤਾਲੇ ਭਗਤਾਂ ਦਏ ਖੁਲ੍ਹਾਈਆ । ਜਿਸ ਦੀ ਫਿਰਦੀ ਤਸਬੀ ਮਾਲਾ, ਸੋ ਮਨ ਦਾ ਮਣਕਾ ਦਏ ਭੁਆਈਆ । ਸਾਚਾ ਦੱਸ ਕੇ ਰਾਹ ਸੁਖਾਲਾ, ਮਾਰਗ ਇਕੋ ਇਕ ਜਣਾਈਆ । ਜਿਥੇ ਰਹੇ ਨਾ ਕੋਈ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਝਗੜਾ ਮੁਕੇ ਸ਼ਾਹ ਕੰਗਾਲਾ, ਕੋਝੇ ਕਮਲਿਆਂ ਵੇਖ ਵਖਾਈਆ । ਇਹ ਖੇਲ ਮਾਜ਼ੀ ਨਹੀਂ ਸਭ ਨੇ ਵੇਖਣਾ ਹਾਲਾ, ਹਾਲਤ ਦਏ ਬਦਲਾਈਆ । ਚਾਰ ਜੁਗ ਦਾ ਕੱਢਕੇ ਅੰਤਮ ਦਵਾਲਾ, ਲੇਖਾ ਸਭ ਦਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਚੇਤ ਕਹੇ ਗੁਰ ਅਵਤਾਰ ਪੈਗ਼ੰਬਰੋ ਵਕ਼ਤ ਸੋਹਣਾ ਹੋਏ ਸੁਹੰਵਣਾ, ਸਤਿ ਸਚ ਵਡਿਆਈਆ । ਖੇਲ ਖੇਲੇ ਆਦਿ ਨਿਰੰਜਣਾ, ਆਦਿ ਪੁਰਖ ਬੇਪਰਵਾਹੀਆ । ਜਿਸ ਨੂੰ ਕਹਿੰਦੇ ਗਏ ਦਰਦ ਦੁੱਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਮਿਹਰ ਪਿਆਰ ਮੁਹੱਬਤ ਵਿਚ ਨੇਤਰ ਨਾਮ ਪਾਵੇ ਅੰਜਣਾ, ਅਗਿਆਨ ਅੰਧੇਰਾ ਦਏ ਚੁਕਾਈਆ । ਆਤਮ ਪਰਮਾਤਮ ਬਣ ਕੇ ਸਾਕ ਸੱਜਣਾ, ਧੁਰ ਦਾ ਸਾਚਾ ਸੰਗ ਨਿਭਾਈਆ । ਕੂੜੀ ਕਿਰਿਆ ਗੜ੍ਹ ਹੰਕਾਰੀ ਭਾਂਡਾ ਭੱਜਣਾ, ਭੈ ਭਉ ਦਏ ਮਿਟਾਈਆ । ਲੇਖੇ ਲਾ ਕੇ ਆਅਲਾ ਅਦਨਾ, ਇਕੋ ਰੰਗ ਦਏ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਦਰ ਤੇ ਸੱਦਣਾ, ਸੱਦਾ ਸ਼ਬਦ ਹੁਕਮ ਸੁਣਾਈਆ । ਓਥੇ ਇਕ ਨਗਾਰਾ ਵੱਜਣਾ, ਨੌਬਤ ਹੱਕ ਖ਼ੁਦਾਈਆ । ਸਭ ਨੂੰ ਪਿਛਲਾ ਝਗੜਾ ਪੈਣਾ ਛੱਡਣਾ, ਜਗਤ ਦੂਨੀ ਨਾ ਕੋਇ ਲੜਾਈਆ । ਇਕੋ ਹੁਕਮ ਪਏ ਮੰਨਣਾ, ਹੱਡ ਮਾਸ ਨਾ ਕੋਇ ਵਡਿਆਈਆ ।

ਸਚ ਦਵਾਰੇ ਪਏ ਲੰਘਣਾ, ਸੀਸ ਜਗਦੀਸ਼ ਇਕ ਨਿਵਾਈਆ । ਨੇਤਰਹੀਣ ਰਹੇ ਕੋਈ ਨਾ ਅੰਧਨਾ, ਨਿਜ ਲੋਚਨ ਕਰੇ ਰੁਸ਼ਨਾਈਆ । ਜਨ ਭਗਤਾਂ ਮੁੜ ਕੇ ਫੇਰ ਪਏ ਨਾ ਜੰਮਣਾ, ਲੱਖ ਚੁਰਾਸੀ ਗੇੜ ਕਟਾਈਆ । ਦੀਨ ਦਿਆਲ ਹੋ ਕੇ ਬੇੜਾ ਬੰਨ੍ਹਣਾ, ਸੰਸਾਰ ਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਚ ਸੰਦੇਸ਼ਾ ਸੁਣੇ ਭਗਤ, ਭਗਵਨ ਇਕ ਦ੍ਰਿੜਾਈਆ । ਸਭ ਦੇ ਨਾਲ ਪੂਰੀ ਕਰਨੀ ਸ਼ਰਤ, ਸ਼ਰਤੀਆ ਆਪਣੀ ਕਾਰ ਕਮਾਈਆ । ਜਿਨ੍ਹਾਂ ਦੇ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜੋਤੀ ਜਾਮਾ ਧਰ ਕੇ ਧਰਤ, ਧਰਨੀ ਧਵਲ ਧੌਲ ਵੇਖ ਵਖਾਈਆ । ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਦਏ ਗਵਾਈਆ । ਆਤਮ ਉਤੇ ਕਰ ਕੇ ਤਰਸ, ਰਹਿਮਤ ਸਚ ਕਮਾਈਆ । ਘਰ ਵਖਾ ਕੇ ਅਗੰਮਾ ਉਤੇ ਅਰਸ਼, ਅਰਸ਼ੀ ਪ੍ਰੀਤਮ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਸੁਣੇ ਹਰਿਸੰਗਤ, ਸਚ ਸਚ ਸਮਝਾਈਆ । ਅੱਗੇ ਵੇਖਣਾ ਨਹੀਂ ਕੋਈ ਪੰਡਤ, ਕਿਸਮਤ ਹੱਥ ਨਾ ਕਿਸੇ ਫੜਾਈਆ । ਸੀਸ ਨਿਵਾਉਣਾ ਨਹੀਂ ਕਿਸੇ ਸੰਤ, ਜੋ ਵਿਦਿਆ ਢੋਲੇ ਗਾਈਆ । ਆਸਾ ਰੱਖਣੀ ਨਹੀਂ ਸਵਰਗ ਜੱਨਤ, ਬਹਿਸ਼ਤ ਕੰਮ ਕਿਸੇ ਨਾ ਆਈਆ । ਪਿਛਲਾ ਢੋਲਾ ਨਹੀਂ ਗਾਉਣਾ ਮੰਤ, ਪੂਜਾ ਪਾਠ ਨਾ ਕੋਇ ਜਣਾਈਆ । ਪੁਰਖ ਅਕਾਲ ਮਨਾਉਣਾ ਇਕੋ ਕੰਤ, ਜੋ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਪਰਨਾਈਆ । ਜਿਸ ਦੀ ਮਹਿੰਮਾ ਸਦਾ ਅਨੰਤ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਸੋ ਸਭ ਦੀ ਮੇਟੇ ਚਿੰਤ, ਦੁੱਖਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਵੇਖੋ ਖੁਲ੍ਹਦਾ, ਪੜਦਾ ਦਏ ਚੁਕਾਈਆ । ਜਨ ਭਗਤੋ ਪੰਜ ਚੇਤ ਨੂੰ ਘਿਰਤ ਪਾਇਓ ਨਾ ਕੋਈ ਮੁੱਲ ਦਾ, ਦੂਜੇ ਦਰ ਨਾ ਕੋਇ ਮੰਗਣ ਜਾਈਆ । ਅੰਨ ਪੱਕੇ ਨਾ ਦੂਜੀ ਕਿਸੇ ਚੁਲ੍ਹ ਦਾ, ਜਨ ਭਗਤ ਗ੍ਰਿਹਿ ਮਿਲੇ ਵਡਿਆਈਆ । ਰਾਗ ਗਾਉਣਾ ਨਹੀਂ ਕਿਸੇ ਬੁੱਲ੍ਹ ਦਾ, ਅੰਦਰੇ ਅੰਦਰ ਧਿਆਨ ਲਗਾਈਆ । ਨਜ਼ਾਰਾ ਵੇਖਣਾ ਪ੍ਰਭੂ ਦੀ ਕੁਲ ਦਾ, ਜੋ ਕੁਲ ਮਾਲਕ ਦਏ ਵਖਾਈਆ । ਜਿਹੜਾ ਗੁਰਮੁਖ ਪਿਛੇ ਰਿਹਾ ਰੁਲਦਾ, ਚੁਰਾਸੀ ਗੇੜ ਨਾ ਕੋਇ ਕਟਾਈਆ । ਓਹ ਅੰਤਮ ਓਸ ਕੰਡੇ ਤੁਲਦਾ, ਜਿਸ ਦਾ ਤਰਾਜ਼ੂ ਨਜ਼ਰ ਨਾ ਕੋਇ ਪਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਸਿੰਮਲ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਈਆ । ਜਨ ਭਗਤੋ ਜਿਸ ਵੇਲੇ ਆਓ ਭਲਾਈ ਪੁਰ, ਪੁਰੀਆਂ ਲੋਆਂ ਤੁਹਾਡੇ ਚਰਨਾਂ ਹੇਠ ਰਖਾਈਆ । ਇਹ ਲਹਿਣਾ ਪਿਛਲਾ ਧੁਰ, ਮਸਤਕ ਰੇਖਾ ਦਏ ਬਦਲਾਈਆ । ਅੰਤਰ ਆਤਮਾ ਜਾਏ ਜੁੜ, ਬਾਹਰੋਂ ਕਰਨੀ ਨਾ ਪਏ ਪੜ੍ਹਾਈਆ । ਅੱਗੇ ਰਹਿਣ ਨਾ ਦਏ ਥੁੜ, ਭੁੱਖੇ ਨੰਗਿਆਂ ਦਏ ਰਜਾਈਆ । ਅੰਦਰੋਂ ਕੱਢਕੇ ਕੂੜੇ ਚੋਰ, ਚੁਰਾਹੇ ਵਿਚ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਮੋਰ ਤੋਰ, ਤੁਰਤ ਆਪਣਾ ਰੰਗ ਰੰਗਾਈਆ । ਮਨੂਆ ਪਾਏ ਕੋਈ ਨਾ ਸ਼ੋਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਕਰ ਪ੍ਰਕਾਸ਼ ਅੰਧੇਰੇ ਘੋਰ, ਲੋਚਣ ਨਿਜ ਦਏ ਰੁਸ਼ਨਾਈਆ । ਆਤਮ ਪਰਮਾਤਮ ਪਾ ਕੇ ਡੋਰ, ਸੁਰਤੀ ਸ਼ਬਦ ਨਾਲ ਜੁੜਾਈਆ । ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਸਾਲਸ ਹੋ ਕੇ ਜਾਏ ਬਹੁੜ, ਬਹੁੜੀ ਬਹੁੜੀ ਕਰਨੀ ਨਾ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਰੰਗ ਰੰਗਾਈਆ । ਸਾਚੀ ਰੰਗਣ ਚਾੜ੍ਹੇ ਰੰਗ ਅਨੋਖਾ, ਹਰਿ ਕਰਤਾ ਆਪ ਰੰਗਾਈਆ ।


੯
੨੧

ਸ੍ਰਿਸ਼ਟ ਸਬਾਈ ਨਾਲ ਕਰ ਕੇ ਧੋਖਾ, ਭਰਮੀਆਂ ਭਰਮ ਵਿਚ ਭੁਲਾਈਆ । ਜਨ ਭਗਤਾਂ ਦੇ ਕੇ ਆਪਣਾ ਮੌਕਾ, ਮੁਕੰਮਲ ਰਸਤਾ ਦਏ ਵਖਾਈਆ । ਅਗਲੀ ਮੰਜ਼ਲ ਚੜ੍ਹਨਾ ਹੋਏ ਸੌਖਾ, ਅੱਗੇ ਹੋ ਨਾ ਕੋਇ ਅਟਕਾਈਆ । ਚਰਨਾਂ ਹੇਠ ਦਬਾ ਕੇ ਚੌਦਾਂ ਲੋਕਾ, ਚੌਦਾਂ ਤਬਕ ਡੇਰਾ ਢਾਹੀਆ । ਇਕੋ ਸੁਣਾ ਸਚ ਸਲੋਕਾ, ਸੋ ਪੁਰਖ ਨਿਰੰਜਣ ਆਪਣਾ ਮੇਲ ਮਿਲਾਈਆ । ਜਿਥੇ ਜਗੇ ਅਗੰਮੀ ਜੋਤਾ, ਤੇਲ ਬਾਤੀ ਲੋੜ ਰਹੇ ਨਾ ਰਾਈਆ । ਛੱਪਰ ਛੰਨ ਦਿਸੇ ਨਾ ਕੋਠਾ, ਚਾਰ ਦੀਵਾਰ ਨਾ ਕੋਇ ਵਡਿਆਈਆ । ਇਕੋ ਪੁਰਖ ਅਕਾਲ ਦੀਨ ਦਿਆਲ ਜੋ ਸਭ ਦੀ ਆਸਾ ਮਨਸਾ ਪੂਰੀ ਕਰੇ ਲੋਚਾ, ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੰਜ ਚੇਤ ਕਹੇ ਮੇਰਾ ਵੇਲਾ ਹੋਏ ਸਵਾ ਪੰਜ, ਪੰਝੀ ਪੰਝੀ ਗੁਰਮੁਖ ਲਾਈਨ ਲੈਣ ਬਣਾਈਆ । ਕਿਸੇ ਦੇ ਅੰਦਰ ਹੋਵੇ ਨਾ ਰੰਝ, ਗ਼ਮੀ ਲਹਿਰ ਨਾ ਕੋਇ ਦ੍ਰਿੜਾਈਆ । ਸਭ ਦੀ ਉਂਗਲਾਂ ਉਪਰ ਹੋਣ ਪੰਜ, ਬਾਹਾਂ ਉਪਰ ਉਠਾਈਆ । ਉਸ ਤੋਂ ਪਹਿਲੋਂ ਸਭ ਨੇ ਪੁੱਜ ਜਾਣਾ ਮਾਰ ਕੇ ਪੰਧ, ਭੱਜਣਾ ਵਾਹੋ ਦਾਹੀਆ । ਭਰਮਾਂ ਦੀ ਢਾਹ ਕੇ ਆਉਣਾ ਕੰਧ, ਵਿਚ ਦਵੈਤ ਨਾ ਕੋਇ ਰਖਾਈਆ । ਕਰਮਾਂ ਦੀ ਲੰਘ ਕੇ ਆਉਣਾ ਹੱਦ, ਹੱਦ ਇਕੋ ਇਕ ਰਖਾਈਆ । ਸਭ ਨੂੰ ਬਣਾਉਣਾ ਧੁਰ ਦੀ ਯਦ, ਯਦੀ ਆਪਣਾ ਹੁਕਮ ਮਨਾਈਆ । ਸਭ ਦੀ ਮੰਜ਼ਲ ਇਕੋ ਪਦ, ਘਰਾਨਾ ਇਕੋ ਦੇਣਾ ਵਖਾਈਆ । ਵੱਡੇ ਛੋਟਿਆਂ ਸਾਰਿਆਂ ਦਾ ਸਾਂਝਾ ਰਿਸ਼ਤਾ ਕਰੇ ਜਗ, ਜਗਜੀਵਣ ਦਾਤਾ ਬੇਪ੍ਰਵਾਹੀਆ । ਜਿਸ ਵੇਲੇ ਲੋਹ ਥੱਲੇ ਡਾਹੁਣੀ ਹੋਵੇ ਅੱਗ, ਪਾਲ ਸਿੰਘ ਮਾਚਸ ਦੇਣੀ ਲਗਾਈਆ । ਕੋਲ ਪਾਣੀ ਭਰ ਕੇ ਰਖਣਾ ਜਗ, ਸਵਾ ਸੇਰ ਤੋਂ ਘਟ ਨਾ ਤੋਲ ਤੁਲਾਈਆ । ਇਕ ਮੁੱਠੀ ਰਾਖ ਕੋਲ ਦੇਣੀ ਦੱਬ, ਜਿਹੜੀ ਮਕਬਰਿਆਂ ਦਏ ਫੁਲਾਈਆ । ਨਾਲ ਕੱਪੜਾ ਰਖਣਾ ਸਵਾ ਗਜ਼, ਜੋ ਕਬੀਰ ਜੁਲਾਹਾ ਹੇਠ ਵਿਛਾਈਆ । ਇਕ ਪਾਟੇ ਕਪੜੇ ਦੀ ਰਖਣੀ ਜੇਬ ਜਿਸ ਨੂੰ ਕੋਈ ਕਹਿੰਦੇ ਡੱਬ, ਰਵਦਾਸ ਚਮਾਰਾ ਰਾਹ ਤਕਾਈਆ । ਇਕ ਪਾਟੀ ਪੁਰਾਣੀ ਰਖਣੀ ਪੱਗ, ਬੈਣੀ ਬੈਠਾ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਜਿਸ ਵੇਲੇ ਪੱਕਣ ਲੱਗੇ ਰੋਟੀ, ਲੰਗਰ ਬੇਪ੍ਰਵਾਹੀਆ । ਓਸ ਵੇਲੇ ਕਿਸੇ ਦੇ ਗਲ ਕਮੀਜ਼ ਉਤੇ ਨਾ ਹੋਵੇ ਕੋਟੀ, ਦੂਸਰਾ ਕੱਪੜਾ ਨਾ ਕੋਇ ਵਖਾਈਆ । ਸਿਰ ਤੋਂ ਨੰਗੀ ਹੋਵੇ ਨਾ ਚੋਟੀ, ਪੜਦਾ ਸੀਸ ਜਗਦੀਸ਼ ਸੁਹਾਈਆ । ਅੰਦਰ ਵਾਸਨਾ ਹੋਵੇ ਨਾ ਖੋਟੀ, ਮਮਤਾ ਮਨ ਨਾ ਕੋਇ ਵਧਾਈਆ । ਜਿਸ ਨੇ ਮਾਸ ਦੀ ਖਾਧੀ ਹੋਵੇ ਬੋਟੀ, ਅੱਗੇ ਹੋ ਨਾ ਸੇਵ ਕਮਾਈਆ । ਕੋਲ ਕੋਰੀ ਰਖਣੀ ਧੋਤੀ, ਲੰਬੀ ਢਾਈ ਗਜ਼ ਜਣਾਈਆ । ਦੀਵੇ ਵਿਚ ਜਗਦੀ ਹੋਵੇ ਜੋਤੀ, ਘਿਰਤ ਨਾਲ ਸੁਹਾਈਆ । ਵਿੰਗੀ ਟੇਢੀ ਕੋਲ ਹੋਵੇ ਸੋਟੀ, ਸਾਢੇ ਤਿੰਨ ਹੱਥ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਪੰਜ ਚੇਤ ਕਹੇ ਸਭ ਨੇ ਪਾ ਕੇ ਆਉਣਾ ਬਸਤਰ ਚਿੱਟੇ, ਚੰਦ ਨੂਰ ਚਮਕਾਈਆ । ਆਪਣੇ ਜੀਵਣ ਦੇ ਨਿਕਲਦੇ ਵੇਖਿਓ ਸਿੱਟੇ, ਮਿਹਰਵਾਨ ਦਇਆ ਕਮਾਈਆ । ਸਭ ਨੇ ਮੌਲੀ ਤੰਦ ਬੰਨ੍ਹਣੇ ਖੱਬੇ ਗਿਟੇ, ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ ।

ਬਚਿਆ ਰਹਿਣ ਨਾ ਕੋਇ ਪਾਈਆ । ਕੋਇ ਧਿਆਨ ਨਾ ਕਰਿਓ ਪਿਛੇ, ਭਾਵੇਂ ਪਿਛੋਂ ਮਰ ਜਾਏ ਪਿਤਾ ਮਾਈਆ । ਜਿਧਰ ਵੇਖੋ ਉਧਰ ਸਾਹਿਬ ਸਵਾਮੀ ਇਕੋ ਦਿਸੇ, ਜਿਸ ਦੇ ਹੱਥ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ

ਕਰਨੀ ਕਾਰ ਕਮਾਈਆ । ਰੋਟੀ ਕਹੇ ਜਿਸ ਵੇਲੇ ਗੁੰਨ੍ਹੋ ਆਟਾ, ਪਾਣੀ ਵਿਚ ਮਿਲਾਈਆ । ਕਿਸੇ ਦਾ ਖੁਲ੍ਹਾ ਨਾ ਹੋਵੇ ਝਾਟਾ, ਮੇਂਢੀ ਸੀਸ ਸੀਸ ਗੁੰਦਾਈਆ । ਕਿਸੇ ਦਾ ਬਸਤਰ ਨਾ ਹੋਵੇ ਪਾਟਾ, ਕੱਪੜ ਕੂੜ ਨਾ ਕੋਇ ਵਡਿਆਈਆ । ਨਾਲ ਇਕ ਖੁੱਲ੍ਹੇ ਜਲ ਦਾ ਰਖਣਾ ਬਾਟਾ, ਉਂਗਲ ਵਿਚ ਨਾ ਕੋਇ ਛੁਹਾਈਆ । ਅੱਗੇ ਆਵੇ ਨਾ ਫੇਰ ਘਾਟਾ, ਇਹ ਬਣਤ ਦੇਣੀ ਬਣਾਈਆ । ਓਸ ਵੇਲੇ ਸੇਵਾ ਕਰੇ ਜ਼ਰੂਰ ਅਸ਼ਟਭੁਜ ਜਵਾਲਾ ਜਿਸ ਨੂੰ ਦੇਵੀ ਕਹਿੰਦੇ ਵਾਲੀ ਲਾਟਾ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਰੋਟੀ ਕਹੇ ਜਿਹੜੀ ਮੇਰੇ ਨਾਲ ਬਣਨੀ ਦਾਲ, ਦਲਿਦ੍ਰੀ ਕੋਈ ਨਾ ਉਹਨੂੰ ਪਕਾਈਆ । ਓਸ ਦੀ ਸੇਵਾ ਸਿੰਘ ਬਖ਼ਸ਼ੀਸ਼ ਲੈਣੀ ਸੰਭਾਲ, ਕਾਸ਼ੀ ਰਾਮ ਨਾਲ ਲਗਾਈਆ । ਗਿਰਧਾਰਾ ਸਿੰਘ ਪਾਣੀ ਦੇਵੇ ਡਾਲ, ਅੱਗ ਸੁਰਿੰਦਰ ਸਿੰਘ ਡਾਹੀਆ । ਉਹਨੂੰ ਢਕਣਾ ਨਹੀਂ ਉਤੋਂ ਕਿਸੇ ਨਾਲ ਥਾਲ, ਪੜਦਾ ਨਾ ਕੋਇ ਪਾਈਆ । ਉਹਦੇ ਵਿਚ ਪਾਉਣੀ ਨਹੀਂ ਮਿਰਚ ਲਾਲ, ਕਲਜੁਗ ਕਾਲੀ ਵਿਚ ਦੇਣੀ ਸੁਟਾਈਆ । ਇਸ ਤੋਂ ਅੱਗੇ ਦਾ ਬਹੁਤਾ ਹਾਲ, ਗੁਰਮੁਖਾਂ ਦੇ ਖਾਣ ਪਿਛੋਂ ਦਏ ਲਿਖਾਈਆ । ਕੁਛ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਇਸਦੀ ਬਾਬਤ ਪੁਛਦੇ ਗਏ ਸਵਾਲ, ਸਵਾਲ ਦਾ ਜਵਾਬ ਨਾ ਕਿਸੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਾਲ ਕਹੇ ਮੇਰੇ ਵਿਚ ਫੇਰਿਓ ਨਾ ਕੜਛੀ, ਹੁਕਮ ਧੁਰ ਦਾ ਦਿਆਂ ਸੁਣਾਈਆ । ਮੇਰੇ ਲਾਗੇ ਪੁੱਠੀ ਟੰਗਿਓ ਇਕ ਬਰਛੀ, ਜਿਹੜੀ ਗੋਬਿੰਦ ਲੋਹ ਗੜ੍ਹ ਵਿਚ ਗਿਆ ਦਬਾਈਆ । ਫੇਰ ਮੈਂ ਦੱਸਾਂ ਓਸ ਉਤੇ ਲਿਖੀ ਕਿਹੜੀ ਪਰਚੀ, ਪਰਚੀ ਦਾ ਪਰਚਾ ਜਗਤ ਰਿਹਾ ਵਖਾਈਆ । ਓਸ ਵਿਚ ਲੇਖਾ ਜਿਸ ਵੇਲੇ ਪ੍ਰੀਤਮ ਆਵੇ ਅਰਸ਼ੀ, ਹਰਿ ਕਰਤਾ ਬੇਪ੍ਰਵਾਹੀਆ । ਉਹ ਦੀਨ ਦੁਨੀ ਦੀ ਧਾਰ ਮੇਟੇ ਫ਼ਰਜ਼ੀ, ਫ਼ਰਜ਼ ਜ਼ੁਲਮ ਸਭ ਤੇ ਦਏ ਲਗਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਕਰ ਮਨਜ਼ੂਰ ਅਰਜ਼ੀ, ਆਰਜ਼ੂ ਸਭ ਦੀ ਵੇਖ ਵਖਾਈਆ । ਕੂੜੀ ਕਿਰਿਆ ਮੇਟੇ ਕਲਜੁਗ ਕਲ ਦੀ, ਸਤਿਜੁਗ ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਪੜਦਾ ਲਾਹੀਆ । ਦਾਲ ਕਹੇ ਮੇਰੀ ਖੁਲ੍ਹਦੀ ਜਾਂਦੀ ਅੱਖ, ਅੱਖਾਂ ਵਾਲਿਓ ਦਿਆਂ ਜਣਾਈਆ । ਤੁਹਾਨੂੰ ਨਹੀਂ ਪਤਾ ਬਲ ਦੁਆਰੇ ਕਿਉਂ ਨਾ ਬਾਵਨ ਨੇ ਲਿਆ ਚੱਖ, ਰਸਨਾ ਰਸ ਨਾ ਕੋਇ ਜਣਾਈਆ । ਰਿਸ਼ੀ ਮੁਨੀ ਤਪੀਸ਼ਰ ਤਪੀਆਂ ਦਾ ਤੋੜ ਕੇ ਹੱਠ, ਤੱਤ ਅੱਠ ਦਾ ਡੇਰਾ ਢਾਹੀਆ । ਸੰਦੇਸ਼ਾ ਦੇ ਕੇ ਇਕ ਸਤਿ, ਸਚ ਗਿਆ ਸਮਝਾਈਆ । ਇਹ ਖੇਲ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਆਪ ਕਰਾਈਆ । ਜਿਸ ਵੇਲੇ ਸਤਿਜੁਗ ਤਰੇਤਾ ਦੁਆਪਰ ਪੈਂਡਾ ਮੁਕਿਆ ਨਠ ਨਠ, ਸਦੀ ਚੌਧਵੀਂ ਵੱਜੀ ਵਧਾਈਆ । ਨਿਰਗੁਣ ਨਿਰਾਕਾਰ ਨਿਰਵੈਰ ਨਿਰੰਕਾਰ ਹੋਵੇ ਪ੍ਰਗਟ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਇਲਾਹੀਆ । ਸਚ ਪ੍ਰੇਮ ਪਿਆਰ ਦਾ ਜਨ ਭਗਤਾਂ ਦੇਵੇ ਰਸ, ਰਸਤਾ ਇਕੋ ਦਏ ਵਖਾਈਆ । ਜਿਨ੍ਹਾਂ ਦੀ ਦਾਲ ਨੂੰ ਖਾਂਦਿਆਂ ਅੰਦਰੋਂ ਖੁਲ੍ਹ ਜਾਏ ਅੱਖ, ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਅੰਦਰ ਬਾਹਰ ਗੁਪਤ ਜ਼ਾਹਰ ਜੋਤ ਨਿਰੰਕਾਰ ਦਿਸੇ ਸਚ, ਸਚ ਸਤਿ ਵਿਚ ਸਮਾਈਆ । ਜਨ ਭਗਤੋ ਇਹ ਤੁਹਾਡਾ ਪਿਛਲਾ ਹੱਕ, ਹਕੀਕਤ ਵਿਚੋਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਪੰਜ ਚੇਤ ਕਹੇ ਗੁਰਮੁਖੋ ਸਭ ਨੇ ਦੋ ਦੋ ਹੋ ਕੇ ਪਾਉਣੀ ਗਲਵੱਕੜੀ, ਗੋਬਿੰਦ ਰੰਗ ਰੰਗਾਈਆ । ਜਿਹੜੀ

ਗੁਰ ਨਾਨਕ ਨੇ ਤੋਲੀ ਤੱਕੜੀ, ਉਸ ਦਾ ਛਾਬਾ ਦੁਆਬੇ ਵਾਲਾ ਲੈ ਕੇ ਆਈਆ । ਕਿਹਰ ਸਿੰਘ ਉਸ ਵੇਲੇ ਗੁਆਂਢੀ ਹੁੰਦਾ ਸੀ ਖੱਤਰੀ, ਕਛਤਰੀ ਕਹਿ ਕੇ ਉਸ ਨੂੰ ਰਹੇ ਗਾਈਆ । ਇਹ ਕਿਸੇ ਬ੍ਰਹਿਮਣ ਦੀ ਵਾਚੀ ਨਹੀਂ ਪੱਤਰੀ, ਗ੍ਰਹਿ ਨਛੱਤਰ ਨਾ ਵੇਖ ਵਖਾਈਆ । ਇਹ ਓਹ ਧਾਰ ਜਿਹੜੀ ਲਿਖੀ ਗਈ ਬਿਨਾ ਅੱਖਰੀਂ, ਅੱਖਰਾਂ ਵਾਲਿਆਂ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦਿਆਂ ਸੁਣਾਈਆ । ਪੰਜ ਚੇਤ ਕਹੇ ਮੈਂ ਆਇਆ ਦੇਸ ਜੰਬੂ, ਜੋ ਵੇਦ ਵਿਆਸ ਧਿਆਨ ਲਗਾਈਆ । ਜਾਂ ਨਿਗਾਹ ਮਾਰੀ ਤਾਂ ਗੋਬਿੰਦ ਨਜ਼ਰੀ ਆਵੇ ਵਿਚ ਤੰਬੂ, ਜੋ ਪੰਜ ਪਿਆਰੇ ਰਿਹਾ ਬਣਾਈਆ । ਜੇ ਉਪਰ ਤੱਕਾਂ ਤੇ ਕੈਲਾਸ਼ ਉਪਰ ਦਿਸੇ ਸ਼ੰਭੂ, ਸ਼ੰਕਰ ਕਹਿ ਕੇ ਜਿਸ ਨੂੰ ਗਾਈਆ । ਜੇ ਗੋਬਿੰਦ ਦਾ ਸਾਥੀ ਤੱਕਾਂ ਜਿਸ ਨੂੰ ਜ਼ਾਲਮ ਕਹਿੰਦੇ ਔਰੰਗਾ ਨਹੀਂ ਔਰੰਗੂ ਪਿਛਲਾ ਕੰਗੂ, ਜਿਸ ਕਾਗ ਦਾ ਲਹਿਣਾ ਦਿਤਾ ਚੁਕਾਈਆ । ਓਥੇ ਹੋਰ ਦੱਸਣਾ ਕਿਉਂ ਅਰਜਨ ਨੂੰ ਤੱਤੀ ਲੋਹ ਬਹਾਇਆ ਚੰਦੂ, ਤ੍ਰੇਤੇ ਦਾ ਲਹਿਣਾ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੰਜ ਚੇਤ ਕਹੇ ਜਨ ਭਗਤੋ ਸਭ ਨੇ ਦੇਣੀ ਆਪਣੀ ਜ਼ਮਾਨਤ, ਜ਼ਾਮਨ ਪਹਿਲੋਂ ਲੈਣਾ ਬਣਾਈਆ । ਸਭ ਦੇ ਅੰਦਰੋਂ ਸ਼ਬਦ ਦੇ ਨਾਲ ਪਿਛਲੀ ਦੱਸਣੀ ਅਮਾਨਤ, ਜੋ ਚਾਰ ਜੁਗ ਰੱਖੀ ਟਿਕਾਈਆ । ਅੱਗੇ ਕਿਸੇ ਤਰਾ ਤੁਸੀਂ ਰਹਿਣਾ ਸਹੀ ਸਲਾਮਤ, ਇਹ ਵੀ ਪੜਦਾ ਦਿਆਂ ਉਠਾਈਆ । ਅੰਮ੍ਰਿਤ ਰਸ ਦੇਣਾ ਓਹ ਨਿਆਮਤ, ਜਿਹੜਾ ਤੀਰਥ ਤਟਾਂ ਹੱਥ ਨਾ ਕੋਇ ਫੜਾਈਆ । ਮਨੂਆ ਕਰੇ ਨਾ ਕੋਇ ਬਗ਼ਾਵਤ, ਝਗੜਾ ਦਵੈਤ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਈਆ । ਪੰਜ ਚੇਤ ਕਹੇ ਮੈਂ ਅਜੇ ਕੁਝ ਨਹੀਂ ਦੱਸਿਆ, ਚਾਰ ਜੁਗ ਦਾ ਲੇਖਾ ਆਪਣੇ ਵਿਚ ਛੁਪਾਈਆ । ਜਿਸ ਵਕਤ ਪ੍ਰਭ ਭਗਤਾਂ ਦੇ ਅੰਦਰ ਵਸਿਆ, ਮੈਂ ਪੜਦਾ ਦੇਣਾ ਖੁਲ੍ਹਾਈਆ । ਮੈਂ ਪਹਿਲਾ ਬਸਤਾ ਅਜੇ ਠੱਪਿਆ, ਗੰਢ ਨਾ ਕੋਇ ਖੁਲ੍ਹਾਈਆ । ਜਿਸ ਵੇਲੇ ਭਗਤ ਭਗਵਾਨ ਦਵਾਰੇ ਟੱਪਿਆ, ਟੱਪਾ ਅਗਲਾ ਦੇਣਾ ਪੜ੍ਹਾਈਆ । ਓਸ ਟੱਪੇ ਨਾਲ ਪਿਛਲਾ ਲੇਖਾ ਜਾਵੇ ਕੱਟਿਆ, ਦੁਰਮਤ ਮੈਲ ਨਾ ਰਹੇ ਰਾਈਆ । ਗੁਰਮੁਖ ਰੁਲਣਾ ਪਏ ਨਾ ਵਿਚ ਘੱਟਿਆ, ਧੂੜੀ ਟਿੱਕਾ ਮਸਤਕ ਦੇਣਾ ਰਮਾਈਆ । ਕਿਸੇ ਨੂੰ ਪੂਜਣਾ ਪਏ ਨਾ ਵੱਟਿਆ, ਵੱਟਿਆਂ ਦੇ ਪਿੱਛੇ ਵੱਟਾ ਸਭ ਨੂੰ ਦਿਤਾ ਲਾਈਆ । ਜਨ ਭਗਤ ਅਣਿਆਲੇ ਤੀਰ ਨਾਲ ਜਾਏ ਫੱਟਿਆ, ਸੁਰਤੀ ਸੁਰਤ ਆਪ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਗੁਰਮੁਖੋ ਬਣਨਾ ਸੁਘੜ ਸੁਚੱਜੀ ਸਵਾਣੀ, ਸਤਿ ਸਰੂਪ ਸਮਾਈਆ । ਆਤਮ ਪਰਮਾਤਮ ਪ੍ਰਭ ਮਿਲੇ ਇਕੋ ਹਾਣੀ, ਰੂਪ ਅਨੂਪ ਇਕ ਦਰਸਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਜਿਸ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਸਭ ਦੀ ਲੇਖੇ ਲਾਵੇ ਤਰਲ ਜਵਾਨੀ, ਜੋਬਨ ਇਕੋ ਦਏ ਚੜ੍ਹਾਈਆ । ਪ੍ਰੇਮ ਪਿਆਰ ਅੰਦਰ ਸਭ ਨੂੰ ਸਾਹਿਬ ਪਿਆਉਣਾ ਪਾਣੀ, ਸੇਵਾ ਸਚ ਕਮਾਈਆ । ਇਹ ਖੇਲ ਦੋ ਜਹਾਨੀ, ਜਹਾਂ ਤਹਾਂ ਵੇਖ ਵਖਾਈਆ । ਸਚ ਨਾਮ ਦੀ ਦਏ ਨਿਸ਼ਾਨੀ, ਵਸਤ ਇਕ ਦ੍ਰਿੜਾਈਆ । ਜਨ ਭਗਤੋ ਤੁਹਾਡੀ ਆਸਾ ਨਾ ਰਹੇ ਬੇਗਾਨੀ, ਧੁਰ ਦੇ ਦਰ ਦਏ ਬਹਾਈਆ । ਸਭ ਤੋਂ ਅਖ਼ੀਰੀ ਮੰਜ਼ਲ ਇਕ ਰੁਹਾਨੀ, ਪਰਮਾਤਮਾ ਆਤਮਾ ਆਪਣੇ ਨਾਲ ਮਿਲਾਈਆ । ਕਿਸੇ ਨੂੰ ਦੇਣੀ ਪਏ ਨਾ ਕੋਇ ਕੁਰਬਾਨੀ, ਕਰਬਲਿਆਂ ਵਿਚ ਨਾ ਕੋਇ ਦੁਹਾਈਆ । ਲੱਭਣੀ ਪਏ ਨਾ ਜੋਤ ਵਿਚੋਂ ਪੇਸ਼ਾਨੀ, ਅੱਖਾਂ

ਮੀਟ ਨਾ ਕੋਇ ਧਿਆਨ ਲਗਾਈਆ । ਦੇਣੀ ਪਏ ਨਾ ਕੋਇ ਦਵਾਨੀ, ਮਸਤਾਨੀ ਮਸਤੀ ਆਪਣੀ ਦਏ ਜਣਾਈਆ । ਤੁਹਾਡਾ ਪ੍ਰਾਣਪਤ ਆਪਣੀ ਕਰੇ ਮਿਹਰਵਾਨੀ, ਪ੍ਰਾਣੀ ਆਪਣੇ ਵਿਚ ਲਏ ਮਿਲਾਈਆ । ਲੇਖ ਮੁਕਾ ਕੇ ਦੋ ਜਹਾਨੀ, ਦੋਹਰਾ ਆਪਣਾ ਰੰਗ ਰੰਗਾਈਆ । ਜਿਸ ਨੂੰ ਤੱਕਦੇ ਉਪਰ ਅਸਮਾਨੀ, ਓਹ ਸਾਖਿਆਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੈਨੂੰ ਕੁਛ ਵਹਿੰਗੀ ਰਹੀ ਦੱਸ, ਕਹਿ ਕਹਿ ਸੁਣਾਈਆ । ਮੇਰੇ ਵਲ ਵੇਖ ਅੱਖ, ਆਪਣਾ ਨੈਣ ਉਠਾਈਆ । ਮੇਰਾ ਲਹਿਣਾ ਕੀ ਹੱਕ, ਮੈਨੂੰ ਦਏ ਜਣਾਈਆ । ਮੇਰਾ ਦੂਰ ਹੋਵੇ ਸ਼ੱਕ, ਸਹਿੰਸਾ ਰਹੇ ਨਾ ਰਾਈਆ । ਮੈਂ ਚਾਰ ਜੁਗ ਰਹੀ ਨੱਠ, ਭੱਜੀ ਵਾਹੋ ਦਾਹੀਆ । ਕਲਜੁਗ ਅੰਤ ਅਖ਼ੀਰੀ ਮੇਰਾ ਬਾਕੀ ਰਿਹਾ ਨਾ ਕੋਈ ਹੱਜ, ਕਾਅਬੇ ਵਾਲੇ ਪਲੂ ਗਏ ਛੁਡਾਈਆ । ਮੈਂ ਰੋਂਦੀ ਫਿਰਾਂ ਜਗ, ਚਾਰ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਕੀ ਸਮਝਾਈਆ । ਚੇਤ ਕਹੇ ਮੈਨੂੰ ਪੁਛ ਲੈਣ ਦਿਓ ਕੋਲੋਂ ਗਹਿਰ ਗੰਭੀਰ ਕੀ ਹੁਕਮ ਦੇਵੇ ਅਖ਼ੀਰ, ਆਖ਼ਰ ਦਿਆਂ ਸੁਣਾਈਆ । ਸ਼ਬਦ ਸੰਦੇਸ਼ ਦਿਤਾ ਧੁਰ ਦੇ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦਿਤਾ ਜਣਾਈਆ । ਇਹ ਵਹਿੰਗੀ ਨਜ਼ਰ ਆਈ ਸੀ ਇਕ ਕਬੀਰ, ਜੋ ਚੋਟੀ ਚੜ੍ਹ ਕੇ ਧਿਆਨ ਲਗਾਈਆ । ਇਸ ਦੇ ਵਿਚ ਸਭ ਦੀ ਰੱਖੀ ਤਕ਼ਦੀਰ, ਤਦਬੀਰ ਆਪਣੇ ਨਾਲ ਮਿਲਾਈਆ । ਇਸ ਦੇ ਵਿਚ ਸ਼ਰਅ ਦੀ ਕਟੇ ਜ਼ੰਜੀਰ, ਜੋ ਗੁਰ ਅਵਤਾਰ ਪੈਗ਼ੰਬਰਾਂ ਦਏ ਫੜਾਈਆ । ਇਸ ਦੇ ਵਿਚ ਦੂਈ ਦਵੈਤੀ ਦਾ ਲਾਹ ਖ਼ਮੀਰ, ਜੋ ਦੀਨਾਂ ਮਜ਼੍ਹਬਾਂ ਦਏ ਚਖਾਈਆ । ਇਸ ਦੇ ਵਿਚ ਝਗੜਾ ਰੱਖਿਆ ਅਮੀਰ ਗ਼ਰੀਬ, ਮਾਨਵ ਮਾਨਵ ਵੰਡ ਵੰਡਾਈਆ । ਇਸ ਦੇ ਵਿਚ ਜੁਗ ਬਦਲਣ ਦੀ ਰੱਖੀ ਤਦਬੀਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਇਸ ਦੇ ਵਿਚ ਰੱਖੀ ਓਹ ਤਮਹੀਦ, ਜੋ ਲੇਖਾ ਦਏ ਸਮਝਾਈਆ । ਇਸ ਦੇ ਵਿਚ ਰੱਖੀ ਓਹ ਪਾਟੀ ਕ਼ਮੀਜ਼, ਜਿਸ ਦੇ ਵਿਚ ਰਵਦਾਸ ਨੂੰ ਦਰਸ ਦਿਖਾਈਆ । ਏਸ ਵਿਚ ਪਿਆਰੇ ਰੱਖੇ ਓਹ ਅਜ਼ੀਜ਼, ਜਿਹੜੇ ਆਜਿਜ਼ ਲਏ ਬਣਾਈਆ । ਏਸ ਵਿਚ ਰੱਖੀ ਓਹ ਤਮੀਜ਼, ਜੋ ਭਗਤਾਂ ਦੀ ਝੋਲੀ ਪਾਈਆ । ਇਸ ਵਹਿੰਗੀ ਨੂੰ ਲੱਭਦਾ ਗਿਆ ਫ਼ਰੀਦ, ਪੁੱਠੇ ਲਟਕਿਆਂ ਹੱਥ ਕਿਸੇ ਨਾ ਆਈਆ । ਏਸੇ ਨੂੰ ਮਨਸੂਰ ਤੱਕਦਾ ਰਿਹਾ ਨਾਲ ਦੀਦ, ਬਿਨਾ ਅੱਖਾਂ ਅੱਖ ਖੁਲ੍ਹਾਈਆ । ਏਸੇ ਵਿਚ ਈਦ ਬਕਰੀਦ, ਜੋ ਪੈਗ਼ੰਬਰਾਂ ਛੁਰੀ ਰਿਹਾ ਚਲਾਈਆ । ਏਸੇ ਵਿਚ ਬੱਤੀ ਸਪਾਰਾ ਜੋ ਲਹਿਣਾ ਦੱਸੇ ਕ਼ੁਰਾਨ ਮਜ਼ੀਦ, ਮਸਲਾ ਪੁੱਠਾ ਇਕ ਬਣਾਈਆ । ਏਸ ਦੇ ਵਿਚ ਓਹ ਅਸ਼ੀਸ਼, ਜੋ ਮਿਹਰ ਨਜ਼ਰ ਟਿਕਾਈਆ । ਏਸ ਵਹਿੰਗੀ ਵਿਚ ਓਹ ਬਖ਼ਸ਼ੀਸ਼, ਜੋ ਬਿਨ ਕ਼ੀਮਤ ਦਏ ਵਰਤਾਈਆ । ਜਿਨ੍ਹਾਂ ਗੁਰਮੁਖਾਂ ਨੇ ਅਜੇ ਤਕ ਕਿਹੜੀ ਮੰਗਣੀ ਭੀਖ, ਭਿਛਿਆ ਕੀ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਹਿੰਗੀ ਕਹੇ ਮੈਂ ਜਗਤ ਵਾਲਾ ਨਹੀਂ ਵਹਿੰਗਾ, ਝੀਵਰ ਕੰਧ ਨਾ ਕੋਇ ਉਠਾਈਆ । ਮੇਰੇ ਵਿਚੋਂ ਪ੍ਰਭ ਸਭ ਨੂੰ ਵਸਤੂ ਦੇਂਦਾ, ਆਦਿ ਜੁਗਾਦਿ ਰਿਹਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਲੈਂਦਾ, ਨਿਰਗੁਣ ਹੋ ਨਿਰਗੁਣ ਅੱਗੇ ਝੋਲੀ ਡਾਹੀਆ । ਏਸ ਦੇ ਵਿਚ ਸਤਿ ਸਚ ਸਦਾ ਬਹਿੰਦਾ, ਜੋ ਨਿਰਗੁਣ ਨਿਰਗੁਣ ਨਿਰਗੁਣ ਆਸਣ ਲਾਈਆ । ਮੈਂ ਇਕ ਖੇਲ ਦੱਸਣੀ ਕੀ ਖੇਲ ਹੋਣੀ ਦਿਸ਼ਾ ਲਹਿੰਦਾ, ਲਹਿੰਦੀ ਦਿਸ਼ਾ ਪਏ ਦੁਹਾਈਆ । ਮੂਸਾ ਮੁਹੰਮਦ ਕਿਵੇਂ ਖਹਿੰਦਾ, ਈਸਾ ਵਿਚ ਕਰੇ ਲੜਾਈਆ । ਬੁਰਜ ਹੰਕਾਰੀ ਕਿਵੇਂ ਢਹਿੰਦਾ, ਜੜ੍ਹ ਕੌਣ ਉਖੜਾਈਆ ।

ਕਿਉਂ ਸਭ ਦਾ ਮੁੱਕਣ ਵਾਲਾ ਪੈਂਡਾ, ਪਾਂਧੀ ਮੰਜ਼ਲ ਬਣ ਕੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਵਹਿੰਗੀ ਕਹੇ ਮੈਨੂੰ ਚੁਕਣਾ ਸਿੰਘ ਸੁਰਜੀਤ, ਸਰਜੂ ਨਦੀ ਦਏ ਗਵਾਹੀਆ । ਜਿਥੇ ਰਾਮ ਨੇ ਗਾਇਆ ਇਕ ਗੀਤ, ਧੁਰ ਦਾ ਰਾਗ ਇਕ ਸੁਣਾਈਆ । ਰਾਮ ਰਾਮ ਨਾਲ ਮਿਲ ਕੇ ਜਾਂ ਤੱਕਿਆ ਬੀਸ ਬੀਸ, ਕਲਜੁਗ ਅੰਤ ਵੇਖ ਵਖਾਈਆ । ਓਸ ਵੇਲੇ ਝਗੜਾ ਪਿਆ ਮੰਦਰ ਮਸੀਤ, ਗੁਰਦੁਆਰ ਜਗਤ ਦੁਹਾਈਆ । ਓਸ ਨੂੰ ਯਾਦ ਆਏ ਬੇਰ ਭੀਲਣੀ ਵਾਲੇ ਨੀਚ, ਨੀਚੋਂ ਊਚ ਬਣਾਈਆ । ਸਤਿ ਧਰਮ ਦੀ ਨਿਕਲੀ ਚੀਕ, ਕੂਕ ਕੂਕ ਸੁਣਾਈਆ । ਰਾਮ ਨੇ ਪਾਣੀ ਤੇ ਮਾਰੀ ਲੀਕ, ਉਂਗਲੀ ਸੱਜਾ ਹੱਥ ਟਿਕਾਈਆ । ਇਕ ਓਸ ਰਾਮ ਦੀ ਕਰੋ ਉਡੀਕ, ਜੋ ਘਟ ਘਟ ਰਿਹਾ ਸਮਾਈਆ । ਜਿਸ ਨੇ ਗੋਬਿੰਦ ਨਾਲ ਲਾਉਣੀ ਪ੍ਰੀਤ, ਪ੍ਰੀਤਮ ਧੁਰਦਰਗਾਹੀਆ । ਸਚ ਚਲਾਉਣੀ ਇਕ ਰੀਤ, ਬੱਚਿਆਂ ਭੇਟ ਚੜ੍ਹਾਈਆ । ਅੱਗੇ ਆਪ ਕਰੇ ਤਸਦੀਕ, ਸ਼ਹਾਦਤ ਅਵਰ ਨਾ ਕੋਇ ਰਖਾਈਆ । ਦੂਰ ਦੁਰਾਡਾ ਆ ਨਜ਼ਦੀਕ, ਪਿਛਲਾ ਅਗਲਾ ਪੰਧ ਚੁਕਾਈਆ । ਸਤਿ ਸਚ ਨੂੰ ਕਰ ਠੀਕ, ਠਾਕਰ ਹੋ ਕੇ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਵਹਿੰਗੀ ਕਹੇ ਮੈਨੂੰ ਚੁੱਕਣ ਵਾਲਾ ਓਹ ਜਵਾਨ, ਜੋਬਨਵੰਤਾ ਨਜ਼ਰੀ ਆਈਆ । ਜਿਸ ਨੇ ਹੁਕਮ ਕੀਤਾ ਪ੍ਰਵਾਨ, ਸੀਸ ਸਾਹਿਬ ਝੁਕਾਈਆ । ਖੇਲ ਕਰੇ ਸ੍ਰੀ ਭਗਵਾਨ, ਵਸਤ ਅਮੋਲਕ ਦੇ ਕੇ ਦਾਨ, ਦਇਆਵਾਨ ਦਇਆ ਕਮਾਈਆ । ਸੇਵਾਦਾਰ ਬਣਾ ਦੇਵੇ ਆਪ ਫ਼ਰਮਾਨ, ਫੁਰਨਿਉਂ ਬਾਹਰ ਜਣਾਈਆ । ਸੰਤ ਸੁਹੇਲੇ ਗੁਰਮੁਖ ਹਰਿਭਗਤ ਦੇਣਾ ਇਕ ਨਿਸ਼ਾਨ, ਨਿਸ਼ਾਨਾ ਕੂੜ ਮਿਟਾਈਆ । ਸਭ ਦੇ ਅੰਦਰੋਂ ਗੇੜਾ ਖਿਚਣਾ ਕੂੜ ਅਭਿਮਾਨ, ਏਸੇ ਵਿਚ ਟਿਕਾਈਆ । ਜਨ ਭਗਤੋ ਝੂਝਣਾ ਪਏ ਨਾ ਕਿਸੇ ਨੂੰ ਵਿਚ ਮੈਦਾਨ, ਜਗਤ ਭਗਤ ਨਾ ਕੋਇ ਲੜਾਈਆ । ਗੋਬਿੰਦ ਗੋਬਿੰਦ ਗੋਬਿੰਦ ਕਰੇ ਨਾ ਕੋਇ ਅਹਿਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਤੁਹਾਡਾ ਪਿਛਲਾ ਕਰਜ਼ਾ ਆਇਆ ਚੁਕਾਉਣ, ਲਹਿਣਾ ਪਿਛਲਾ ਝੋਲੀ ਪਾਈਆ । ਇਹ ਕੋਈ ਭੜਭੂੰਜਿਆਂ ਵਾਲੀ ਨਹੀਂ ਦੁਕਾਨ, ਚਨੇ ਭੁੰਨ ਨਾ ਵਿਚ ਟਿਕਾਈਆ । ਇਹ ਵਹਿੰਗੀ ਨਹੀਂ ਅਬਿਨਾਸ਼ੀ ਕਰਤੇ ਦਾ ਓਹ ਨਿਸ਼ਾਨ, ਜਿਸ ਨਾਲ ਸਾਚਾ ਤੋਲ ਤੁਲਾਈਆ । ਏਸ ਦਾ ਲੇਖਾ ਪੂਰਾ ਦੱਸਣਾ ਜਿਸ ਵੇਲੇ ਪੰਝੀ ਇੱਕੀ ਦਾ ਆਇਆ ਵਿਚ ਦਰਮਿਆਨ, ਦਰਦੀ ਹੋ ਕੇ ਦਰਦ ਵੰਡਾਈਆ । ਏਸ ਵਹਿੰਗੀ ਨੇ ਕਹਿਣਾ ਕਿਸ ਤਰਹ ਸ੍ਰਿਸ਼ਟੀ ਵਿਚ ਹੋਵੇ ਘਮਸਾਣ, ਘੁੰਮਣ ਘੇਰ ਵਿਚ ਲੋਕਾਈਆ । ਝੁਕੇ ਜ਼ਿਮੀਂ ਅਸਮਾਨ, ਸੁਣੇ ਧੁਰ ਫ਼ਰਮਾਨ, ਸੰਦੇਸੇ ਸਧਰਾਂ ਵਾਲੇ ਸੁਣਾਈਆ । ਪੰਜ ਚੇਤ ਕਹੇ ਜਨ ਭਗਤੋ ਤੁਹਾਡੇ ਉਤੇ ਇਕ ਦਾ ਮਾਲਕ ਇਕ ਹੋਏ ਮਿਹਰਵਾਨ, ਪੰਜ ਦਸ ਪੰਝੀ ਤ੍ਰੈ ਦਾ ਤ੍ਰੈਗੁਣ ਅਤੀਤਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਪੰਜ ਚੇਤ ਕਹੇ ਭਗਤ ਦਵਾਰਿਉਂ ਇਕੱਠੇ ਤੁਰਨੇ ਇੱਕੀ, ਏਕੰਕਾਰ ਸਭ ਨੂੰ ਨਜ਼ਰੀ ਆਈਆ । ਤੁਰਨ ਲੱਗਿਆਂ ਇਕ ਸ਼ਬਦ ਲਿਖਾਉਣੀ ਚਿੱਠੀ, ਜਿਹੜੀ ਗੀਤਾ ਲਿਖਦਿਆਂ ਕ੍ਰਿਸ਼ਨ ਅਰਜਨ ਤੋਂ ਲਈ ਛੁਪਾਈਆ । ਓਸ ਦੀ ਰਸ ਧਾਰ ਢਾਈ ਅੱਖਰਾਂ ਵਿਚ ਲਿੱਖੀ, ਬਾਰਾਂ ਅੱਖਰ ਸਿਫ਼ਤ ਨਾ ਕੋਇ ਸਾਲਾਹੀਆ । ਜਿਸ ਵਿਚ ਸ੍ਰਿਸ਼ਟੀ ਜਾਏ ਜਿੱਤੀ, ਸਮਝ ਆ ਜਾਵੇ ਮਿਤੀ, ਮਿਤ੍ਰ ਪਿਆਰਾ ਨਜ਼ਰੀ ਆਈਆ । ਜਿਹੜੀ ਧਾਰ ਅੱਜੇ ਨਹੀਂ ਲਿਖੀ, ਅਲਿਫ਼ ਵੰਡ ਨਾ ਕੋਇ ਵੰਡਾਈਆ । ਕਿਸੇ ਮੰਜ਼ਲ ਉਤੇ ਦਿਸਦੀ ਨਹੀਂ ਟਿਕੀ, ਟਿਕਟਿਕੀ ਲਾ ਕੇ ਵੇਖੇ ਲੋਕਾਈਆ । ਓਹ ਉਸ ਦੁਆਰੇ

ਸੁੱਟੀ, ਜਿਥੋਂ ਸਕੇ ਨਾ ਕੋਇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਸਤ ਅਮੋਲਕ
ਝੋਲੀ ਪਾਈਆ । ਪੰਜ ਚੇਤ ਕਹੇ ਧੁਰ ਦਾ ਹੁਕਮ ਹੋਣਾ ਅਣਹੋਣਾ, ਚਾਰ ਵੇਦ ਸਮਝ ਨਾ ਆਈਆ । ਇਕ ਕਲਮਾ ਦੱਸਣਾ ਅਗੰਮੀ ਸੋਹਣਾ,
ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਇਕ ਦੱਸਣਾ ਓਹ ਲੋਇਣਾ, ਜੋ ਲੋਇਣਾ ਤੀਜੇ ਨੇਤਰ ਤੋਂ ਪਰੇ ਪਰੇ ਦਰਸਾਈਆ । ਇਕ ਦੱਸਣਾ ਓਹ ਵਛਾਉਣਾ,
ਜਿਸ ਸੇਜ ਉਤੇ ਸੋਭਾਵੰਤ ਸੋਭਾ ਪਾਈਆ । ਇਕ ਸਮਝਾਉਣਾ ਅਗੰਮੀ ਗਾਉਣਾ, ਜਿਹੜਾ ਰਾਗ ਗੁਰ ਅਵਤਾਰ ਪੈਗ਼ੰਬਰਾਂ ਸਚਖੰਡ ਆਉਣ ਤੋਂ
ਪਹਿਲਾਂ ਸਚਖੰਡ ਦੁਆਰੇ ਗੁਰ ਅਵਤਾਰ ਪੈਗ਼ੰਬਰਾਂ ਦਏ ਸੁਣਾਈਆ । ਓਸੇ ਰਾਗ ਦਾ ਸੁਹਾਗ ਵੈਰਾਗ ਵਿਚ ਲੋਕਮਾਤ ਵਿਚ ਗਾਉਣਾ, ਜਿਸ
ਨੂੰ ਸ਼ਬਦ ਨਾਦ ਬਾਣੀ ਕਹਿ ਕੇ ਦੁਨੀ ਰਹੇ ਸੁਣਾਈਆ । ਇਹ ਅੱਖਰਾਂ ਵਾਲੀ ਬਾਣੀ ਬੱਚਿਆਂ ਨੂੰ ਪਰਚਾਉਣਾ, ਪ੍ਰਭ ਦਾ ਭੇਦ ਇਸ ਤੋਂ ਪਰੇ ਜਿਥੇ
ਜੋਤ ਇਕੋ ਹਰੇ, ਨਿਰਗੁਣ ਨਿਰਾਕਾਰ ਨਿੰਰਕਾਰ ਸੋਭਾ ਪਾਈਆ । ਜਿਹੜਾ ਅੱਖਰਾਂ ਦੀ ਵਿਦਿਆ ਪੜ੍ਹੇ, ਓਹ ਸੰਤ ਸਚਖੰਡ ਕਦੇ ਨਾ ਵੜੇ, ਓਹ
ਥੱਲੇ ਦਾ ਥੱਲੇ ਅੜੇ, ਮੰਜ਼ਲ ਹਕੀਕੀ ਮੂਲ ਨਾ ਚੜ੍ਹੇ ਸਚ ਦੁਆਰ ਵੜੇ ਨਾ ਘਰੇ, ਘਰਾਨਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਨੂੰ ਆਪ ਆਪੇ
ਘੱਲੇ, ਉਹਨਾਂ ਦੇ ਨਾਮ ਬੰਨ੍ਹੇ ਪੱਲੇ, ਕਿਸੇ ਦੇ ਹੁਕਮ ਦੇ ਰਹਿੰਦੇ ਨਹੀਂ ਥੱਲੇ, ਜੋ ਆਇਆ ਸੋ ਆਪਣਾ ਨਾਮ ਸੁਣਾਈਆ । ਜਦ ਗੁਰ ਅਵਤਾਰ
ਪੈਗ਼ੰਬਰ ਆਵੇ ਤਾਂ ਪ੍ਰਭ ਭੇਜੇ ਇਕੱਲੇ ਇਕੱਲੇ, ਸਾਧਾਂ ਵਾਂਗੂੰ ਮੰਡਲੀਆਂ ਨਾ ਦਏ ਲਗਾਈਆ । ਕੋਟਾਂ ਵਿਚੋਂ ਜਿਨ੍ਹਾਂ ਨੂੰ ਨਾਮ ਖ਼ੁਮਾਰੀ ਦੇ ਕੇ ਕਰ
੧੫ ਲਏ ਝੱਲੇ, ਝਲਕ ਆਪਣੀ ਅੰਦਰ ਦਏ ਵਖਾਈਆ । ਉਹਨਾਂ ਨੇ ਓਸ ਪ੍ਰਭੂ ਦੇ ਚਰਨ ਕਵਲ ਸਿੰਘਾਸਣ ਮੱਲੇ, ਤੱਕੀ ਓਟ ਬੇਪਰਵਾਹੀਆ । ਜਨ ੧੫
੨੧ ਭਗਤੋਂ ਸਦੀ ਚੌਧਵੀਂ ਜਿਹੜਾ ਬਚ ਗਿਆ ਕਲਜੁਗ ਦੇ ਕੂੜੇ ਹੱਲੇ, ਓਸ ਦਾ ਲੇਖਾ ਧੁਰ ਦਾ ਨਜ਼ਰੀ ਆਈਆ । ਕੂੜ ਕ਼ਜ਼ਾ ਕਿਸੇ ਤੋਂ ਨਾ ਟਲੇ, ੨੧
ਟਿਲਿਆਂ ਵਾਲੇ ਦੇਣ ਗਵਾਹੀਆ । ਬਿਨ ਭਗਤਾਂ ਦੀਪਕ ਜੋਤ ਕਿਸੇ ਨਾ ਬਲੇ, ਬਲਧਾਰੀ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਾਕਾਰ ਨਿਰੰਕਾਰ ਆਪੇ ਉਪਰ
ਆਪੇ ਥੱਲੇ, ਆਪੇ ਲੱਖ ਚੁਰਾਸੀ ਕਾਇਆ ਵਸੇ ਮਹੱਲੇ, ਆਪੇ ਲੇਖਾ ਜਾਣੇ ਜਲੇ ਥਲੇ, ਮਹਿਬੂਬ ਮੁਹੱਬਤ ਵਿਚ ਆਪਣੀ ਕਾਰ ਕਮਾਈਆ ।

### ❋ ੫ ਚੇਤ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਆਰ ਜੇਠੂਵਾਲ ❋

ਮੁਕੱਦਸੇ ਜਿਵਲ ਇਲਹਾ ਅਜੂਨੇ ਨਬੋ ਨਾਜ਼ਿਜ਼ਤੇ ਹਜ਼ੀ ਉਲਜ਼ਵਾਨੋ ਕਨਜ਼ਜੀਕੇ ਨੂਰੇ ਤਨਹਾ ਪੈਗ਼ੰਬਰੋ ਵਸੀਕੇ ਰਸੂਲੇ ਦੁਆ ਮੁਹੰਮਦੇ ਅਕ਼ੀਦੇ ਵਾਹਦੇ ਖ਼ੁਦਾ ਕ਼ਦਮ ਬੋਸੀ ਦਰੇ ਮੁਖਦ ਲੇਜ਼ੀਹਾ ਜਾਨਿਸਤੋ ਦਾਨਿਸਤੋ ਕਾਬੂਲੇ ਕ਼ਜ਼ਾ ਹਜ਼ਰਤੇ ਹਾਜ਼ਰ ਵਜ਼ਰਤੇ ਕਾਸਰ ਨਜ਼ਰਤੇ ਅਨਾਸਰ ਕਲੁਜਤੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਇਲੇ ਸਵਾ ਅਹਿਲੇ ਦੁਆ ਮੁਹਲੇ ਮਬਾ ਜ਼ਾਹਿਲੇ ਨਵਾ ਕਾਇਲੇ ਅਕ਼ੀਦਾ ਦੀਵਾਨੇ ਦਰਸ ਦੀਦਾ ਅਮਾਮੇ ਈਦਾ ਪੈਗ਼ਾਮੇ ਤਮਹੀਦਾ ਸਦਰੇ ਪੇਚੀਦਾ ਚੇ ਜ਼ਿਕਵਨ ਤਾਅਨਾ ਕੁਰਸੇ ਅਰਸ਼ੇ ਆਅਲਾ ਫ਼ਰਸ਼ੇ ਘਾਲਾ ਦਰਸੇ ਆਮਾਲਾ ਕਾਇਨਾਤੇ ਨਵਾਲਾ ਨਬੀਉਲ ਨਬਾ ਰਬੀਉਲ ਅਜ਼ਾ ਮਨਸਫ਼ੇ ਖ਼ੁਦਾ ਅਨਹਰਫ਼ੇ ਦੁਆ ਯਕਤਰਫ਼ੇ ਯੂਯਾ ਪੈਗ਼ੰਬਰੇ ਪਿਸਤ ਨੂਰੇ ਇਸਤ ਜ਼ਹੂਰੇ ਚਿਸਤ ਰਸੂਲੇ ਫ਼ਰਿਸਤ ਖ਼ੁਦਾਏ ਗ੍ਰਹਿਸਤ

ਤੋਬਾ ਬਹਿਸ਼ਤ ਕਿਸ਼ਰਤੇ ਮਸ਼ਰੂਤੇ ਤਾਨੇ ਮਿਸਤਤ ਮੁਹੰਮਦੇ ਨਵਾਨੇ ਕੁਰਾਨੇ ਅਫ਼ਸਾਨੇ ਜਿਸਮੇ ਕੁਰਬਾਨੇ ਇਸਮੇ ਨਹਾਨੇ ਨੈਗੁਲਜ਼ੀ ਨਾਖਿਲਜ਼ੀ ਖ਼ਤਾਬੇ ਨਸਜ਼ਦਾ ਅਦਾਬੇ ਨਾਮਸਯਦੇ ਮਹਿਰਾਬੇ ਨਾਸਹਿਰਾ ਸਹਿਰਾਬੇ ਨਾਕਿਨਜ਼ਨੇ ਨਾਆਬੇ ਨਾ ਦਸਤੇ ਰਬਾਬੇ ਨਾ ਗੋਸ਼ੇ ਨਾ ਕਾਅਬੇ ਗਦਾਗਰ ਗੋਜ਼ਿਸ਼ਤਾ ਨਾ ਪੈਗ਼ੰਬਰਾਂ ਕਲਮਾ ਨਾ ਪੈਗ਼ਾਮੇ ਫ਼ਰਿਸ਼ਤਾ ਹੁਕਮੇ ਹਜ਼ੂਰ ਦੀਦਾ ਦਾਨਿਸਤਾ ਮੁਹੰਮਦੇ ਕ਼ਬੂਲ ਲੇਖਾ ਗੁਜ਼ਿਸ਼ਤਾ ਅਗਲਾ ਲੇਖਾ ਫ਼ਜ਼ੂਲ ਹੁਕਮੀ ਫ਼ਾਸ਼ਿਸਤਾ ਅਲਾਹੀ ਅਸੂਲ ਮਾਅਕੂਲ ਆਹਿਸਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕ਼ੁਦਰਤੇ ਕ਼ਾਦਰ ਕ਼ਾਦਰੇ ਪੈਗ਼ੰਬਰ ਪੈਗ਼ੰਬਰਾਂ ਰਸੂਲ ਰਸੂ ਇਲਇਲਾ ਨਬੀ ਨਬੀਉਲ ਨਵਾਹ ਵਾਹਦੇ ਖ਼ੁਦਾ ਮੁਹੰਮਦੇ ਸਦਾ ਆਖ਼ਰੇ ਦੁਆ ਕਾਸਰੇ ਨਵਾ ਨਾਕਦਮੋ ਕਾਜ਼ਿਸਤ ਤਲਾਕੇ ਬਹਿਸ਼ਤ ਨਾ ਖ਼ਾਕੇ ਇਸ਼ਕ ਨਾ ਇਤਫ਼ਾਕੇ ਅਲਜ਼ੀ ਮਹਿਜ਼ੂਕੇ ਇਸ਼ਟ ਨਾ ਏਕ ਏਕ ਏਕ ਬੇਪਰਵਾਹੀਆ । ਮੁਹੰਮਦ ਕਹੇ ਤੇਰੀ ਪਿਛਲੀ ਖੇਲ ਪੁਰਾਣੀ, ਪ੍ਰਭ ਪੂਰਨ ਨਜ਼ਰੀ ਆਈਆ । ਤੇਰੀ ਅੱਖਰਾਂ ਵਾਲੀ ਬਾਣੀ, ਕਲਮਿਆਂ ਵਾਲੀ ਪੜ੍ਹਾਈਆ । ਤੇਰੀ ਰੂਹ ਵਾਲੀ ਰੁਹਾਨੀ, ਰਹਿਮਤ ਬੇਪਰਵਾਹੀਆ । ਤੇਰੀ ਨਜ਼ਰੇ ਨਜ਼ਰ ਰਹਿਮਾਨੀ, ਕਰਮੇ ਕਰਮ ਕਮਾਈਆ । ਤੇਰੀ ਮਕ਼ਬਰਿਆਂ ਵਾਲੀ ਨਿਸ਼ਾਨੀ, ਹੌਕਿਆਂ ਵਿਚ ਅਜ਼ਾਂਈਆ । ਤੇਰੀ ਕਰਬਲਿਆਂ ਵਾਲੀ ਕੁਰਬਾਨੀ, ਦਰਦਾਂ ਵਾਲੀ ਵਡਿਆਈਆ । ਐ ਮੇਰੇ ਖ਼ੁਦਾ ਮੈਂ ਮਾਂਗਾਂ ਦੁਆ ਬਿਨ ਤੇਰੇ ਮੁਹੰਮਦ ਅਹਿਮਦ ਸਾਰੇ ਦਿਸਨ ਫ਼ਾਨੀ, ਜਿਸਮਾਨੀ ਨਜ਼ਰ ਕੋਇ ਨਾ ਆਈਆ । ਮੇਰੀ ਹਰਫ਼ਾਂ ਵਾਲੀ ਬਿਆਨੀ, ਸਦੀ ਚੌਧਵੀਂ ਤੁਗ਼ਿਆਨੀ, ਕਾਇਨਾਤ ਦਿਸੇ ਬੇਗਾਨੀ, ਦਰ ਦਵਾਰ ਨਾ ਕੋਇ ਸਹਾਈਆ । ਮੇਰਾ ਲਹਿਣਾ ਚੁਕਾ ਜੋ ਕਿਸੇ ਲੇਖਾ ਨਹੀਂ ਕ਼ਲਮ ਕਾਨੀ, ਕਰਬਲੇ ਦਾ ਲੇਖਾ ਆਬੇ ਦਾ ਪਾਣੀ, ਅਲੀ ਦਾ ਲਹਿਣਾ ਜ਼ੋਰੂ ਜੁਆਨੀ, ਕਲਮੇ ਦਾ ਕਹਿਣਾ ਤੇਰੀ ਮਿਹਰਵਾਨੀ, ਸਦੀਆਂ ਦਾ ਦੇਣਾ ਅਗਲੀ ਨਿਸ਼ਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਇਕ ਵਖਾਈਆ । ਮੁਹੰਮਦ ਕਹੇ ਜਲਵਾਗਰ ਤੇਰਾ ਤਾਬਿਆਦਾਰ, ਤਬੀਬ ਨਜ਼ਰ ਕੋਇ ਨਾ ਆਈਆ । ਹਜ਼ੂਰ ਹਾਜ਼ਰ ਹੋਇਆ ਦਰਬਾਰ, ਦਰ ਇਕੋ ਨਜ਼ਰੀ ਆਈਆ । ਗੁਜ਼ਿਸ਼ਤਾ ਅਰਜ਼ ਦਿਆਂ ਗੁਜ਼ਾਰ, ਗੋਸ਼ੇ ਨੋਸ਼ੇ ਖ਼ਾਨਾ ਬਦੋਸ਼ੇ ਸੀਸ ਨਿਵਾਈਆ । ਤੇਰਾ ਤਲਬੇ ਇਕ਼ਰਾਰ, ਵਾਅਦਾ ਵਹਿਦ ਪੂਰ ਕਰਾਈਆ । ਮਕਰੂਜ਼ ਦਾ ਮਕਰੂਜ਼ ਕ਼ਰਜ਼ਦਾਰ, ਕ਼ਰਜ਼ੇ ਦਾ ਕ਼ਰਜ਼ਾ ਦੇਣਾ ਚੁਕਾਈਆ । ਕਲਮੇ ਦਾ ਕਲਮਾ ਉਹ ਦੇਣਾ ਸਿਖਾਲ, ਜਿਸ ਦਾ ਲੇਖ ਨਾ ਕੋਇ ਬਣਾਈਆ । ਜਿਸ ਨਾਲ ਬਦਲ ਜਾਏ ਜ਼ਮਾਨਾ ਹਾਲ, ਮੁਸਤਕਬਿਲ ਆਪਣਾ ਰੂਪ ਵਟਾਈਆ । ਇਕੋ ਵਾਰ ਦੱਸ ਆਪ ਅਹਿਵਾਲ, ਦੀਨ ਦਿਆਲ ਹੋਣਾ ਆਪ ਸਹਾਈਆ । ਅੱਜ ਦੀ ਰਾਤ ਮੇਰਾ ਮੰਨੀ ਇਕ ਸਵਾਲ, ਜੋ ਫ਼ਿਕਰਿਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਮੁਹੰਮਦ ਕਹੇ ਤੇਰੇ ਨੂਰੀ ਜਲਵੇ ਦਾ ਇਜਲਾਸ, ਮੁਸ਼ਤਰੀ ਚਾਰੋਂ ਤਬਕ ਦਿਆਂ ਕਰਾਈਆ । ਤੇਰਾ ਹੁਕਮ ਖੇਲ ਖ਼ਾਸ, ਖ਼ਾਹਿਸ਼ ਪੈਗ਼ੰਬਰਾਂ ਪੂਰ ਕਰਾਈਆ । ਤੇਰੇ ਦਰੇ ਦਰਬਾਰ ਸਾਨੂੰ ਪੂਰਾ ਵਿਸ਼ਵਾਸ, ਕਿਉਂ ਤੇਰਾ ਵਿਸ਼ਾ ਇਕੋ ਨਜ਼ਰੀ ਆਈਆ । ਇਕ ਰਾਤ ਨੂੰ ਜ਼ਰੂਰ ਪਾਣੀ ਦਾ ਮੰਗਾਂ ਗਲਾਸ, ਮੁਹੰਮਦ ਸਾਹ ਸਾਹ ਰਿਹਾ ਸੁਣਾਈਆ । ਓਸ ਵਕ਼ਤ ਈਸਾ ਨੂੰ ਖ਼ਬਰ ਕਰਨੀ ਵਕ਼ਤ ਯਾਰਾਂ ਦਾ ਪੂਰਾ ਉਤੇ ਹੋਣਾ ਕਲਾਕ, ਕਲਾ ਇਕੋ ਦੇਣੀ ਵਖਾਈਆ । ਵਾਅਦੇ ਨਾਲ ਉਮਤ ਨੂੰ ਲਿਖ ਕੇ ਦੇ ਦਈਏ ਤਲਾਕ, ਕਿਤਾਬ ਉਤੇ ਹਰਫ਼ ਲਿਖਾਈਆ । ਚੌਦਾਂ ਸਦੀਆਂ ਬਣੇ ਰਹੇ ਚਲਾਕ, ਸ਼ਰਅ ਹੁਕਮ ਵਰਤਾਈਆ । ਸਾਥੋਂ ਹੋਇਆ ਕੋਈ ਨਾ ਪਾਕ, ਪਾਕੀਜ਼ਾ ਨਜ਼ਰ ਕੋਇ ਨਾ ਆਈਆ । ਚਾਰੋਂ

ਕੁੰਟ ਉਡੀ ਖ਼ਾਕ, ਕਾਇਨਾਤ ਰਹੀ ਕੁਰਲਾਈਆ । ਧੁਰ ਦੀ ਸਮਝੇ ਕੋਈ ਨਾ ਬਾਤ, ਬਾਤਨ ਪੜਦਾ ਕੋਇ ਨਾ ਲਾਹੀਆ । ਅੰਤ ਅਖ਼ੀਰੀ ਤੈਨੂੰ ਦੇਣਾ ਆਖ, ਆਖ਼ਰ ਦੇਣਾ ਜਣਾਈਆ । ਤੇਰੀ ਸ੍ਰਿਸ਼ਟੀ ਤੇਰੀ ਕਾਇਨਾਤ, ਤੇਰੀ ਤੇਰੇ ਹੱਥ ਫੜਾਈਆ । ਅਸੀਂ ਹੋ ਜਾਣਾ ਆਜ਼ਾਦ, ਪੱਲੂ ਲੈਣਾ ਛੁਡਾਈਆ । ਸਭ ਨੂੰ ਸਾਫ਼ ਦੇ ਦੇਣਾ ਜਵਾਬ, ਹੁਕਮ ਧੁਰ ਦੀ ਧਾਰ ਅਲਾਹੀਆ । ਬਿਨਾ ਤੇਰੇ ਦੂਜਾ ਰਹੇ ਨਾ ਕੋਈ ਅਹਿਬਾਬ, ਮਿਤਰ ਪਿਆਰਾ ਨਾ ਕੋਇ ਅਖਵਾਈਆ । ਐ ਖ਼ੁਦਾ ਜਿਹੜੇ ਭੁੰਨ ਕੇ ਖਾਂਦੇ ਕਬਾਬ, ਕ਼ਬਰਾਂ ਵਿਚ ਦੇਣੀ ਸਜ਼ਾਈਆ । ਤੇਰੇ ਕ਼ਦਮਾਂ ਵਿਚ ਇਕ ਅਦਾਬ, ਸੀਸ ਜਗਦੀਸ਼ ਇਕ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਮੁਹੰਮਦ ਕਹੇ ਮੇਰੇ ਖ਼ੁਦਾ ਕੁਛ ਯਾਦ ਕਰ ਕੌਲ, ਕਵਲ ਦਿਆਂ ਜਣਾਈਆ । ਤੇਰਾ ਵਾਅਦਾ ਜਿਸ ਵੇਲੇ ਆਵਾਂ ਉਪਰ ਧੌਲ, ਧਰਨੀ ਉਤੇ ਫੇਰਾ ਪਾਈਆ । ਸ੍ਰਿਸ਼ਟੀ ਨਾਲ ਮਾਰਾਂ ਰੋਲ, ਭੁਲੇਖੇ ਵਿਚ ਖ਼ੁਦਾਈਆ । ਉਨ੍ਹਾਂ ਵਸਾਂ ਕੋਲ, ਜੋ ਅੰਤਰ ਮੇਰਾ ਕਲਮਾ ਗਾਈਆ । ਮੁਹੰਮਦ ਕਹੇ ਯਾਦ ਕਰ ਮੈਂ ਓਸ ਵੇਲੇ ਮਹਿੰਦੀ ਦਿਤੀ ਸੀ ਘੋਲ, ਮਖ਼ੌਲ ਨਾਲ ਤੇਰੇ ਹੱਥਾਂ ਦਿਤੀ ਲਗਾਈਆ । ਤੂੰ ਓਸੇ ਵੇਲੇ ਮੇਰੇ ਅੰਦਰ ਵਜਾ ਦਿਤਾ ਢੋਲ, ਡੰਕਾ ਇਕ ਖੜਕਾਈਆ । ਅੰਦਰ ਵੜ ਕੇ ਪਿਉਂ ਬੋਲ, ਹੋਕਾ ਹੱਕ ਸੁਣਾਈਆ । ਸੰਦੇਸ਼ਾ ਦਿਤਾ ਅਨਮੋਲ, ਫ਼ਰਮਾਨਾ ਧੁਰਦਰਗਾਹੀਆ । ਮੁਹੰਮਦ ਜਿਸ ਵੇਲੇ ਭਗਤਾਂ ਸੂਫ਼ੀਆਂ ਦੇ ਆਇਆ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਸਤਿ ਸਚ ਦਾ ਤੋਲਾਂ ਤੋਲ, ਕੰਡਾ ਆਪਣੇ ਹੱਥ ਉਠਾਈਆ । ਧਰਮ ਦਵਾਰਾ ਦੇਵਾਂ ਖੋਲ੍ਹ, ਖ਼ਾਲਕ ਖ਼ਲਕ ਇਕ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਖ਼ੁਦਾ ਕਹੇ ਮੁਹੰਮਦ ਤੇਰੀ ਮਹਿੰਦੀ ਸੋਹਣਾ ਰੰਗ, ਰੰਗ ਰਤੜੀ ਸੋਭਾ ਪਾਈਆ । ਜਾਹ ਕਲਮੇ ਵਾਲਿਓ ਸਾਰੇ ਕਰੋਗੇ ਜੰਗ, ਝਗੜਿਆਂ ਵਿਚ ਦੁਹਾਈਆ । ਘੋੜਿਆਂ ਦੇ ਕਸੋ ਤੰਗ, ਭੱਜੋ ਵਾਹੋ ਦਾਹੀਆ । ਖਾਣਾ ਪੀਣਾ ਮਿਲੇ ਲੰਙੇ ਡੰਗ, ਸੁਖ ਦੀ ਸੇਜ ਨਾ ਕੋਇ ਹੰਢਾਈਆ । ਮੇਰੇ ਕੋਲ ਅਨੋਖਾ ਵੱਖਰਾ ਢੰਗ, ਪੈਗ਼ੰਬਰਾਂ ਤੋਂ ਬਾਦ ਗੁਰੂ ਦੇਵਾਂ ਪ੍ਰਗਟਾਈਆ । ਸਭ ਨੂੰ ਕਰ ਕੇ ਖੰਡ ਖੰਡ, ਖੰਡਾ ਦਿਆਂ ਚਮਕਾਈਆ । ਫਿਰ ਸਭ ਨੂੰ ਦੇ ਕੇ ਕੰਡ, ਕਰਵਟ ਦਿਆਂ ਬਦਲਾਈਆ । ਭਗਤਾਂ ਦੇ ਹੋ ਕੇ ਸੰਗ, ਸਾਚਾ ਸੰਗ ਨਿਭਾਈਆ । ਪ੍ਰਕਾਸ਼ ਦੇ ਕੇ ਨੂਰੀ ਚੰਦ, ਚੰਦ ਦਿਆਂ ਚਮਕਾਈਆ । ਆਸਾ ਮਨਸਾ ਪੂਰੀ ਕਰਕੇ ਉਮੰਗ, ਤ੍ਰਿਸ਼ਨਾ ਦਿਆਂ ਮਿਟਾਈਆ । ਗੁਰਮੁਖਾਂ ਚਾੜ੍ਹਾਂ ਉਹ ਰੰਗ, ਮੁਹੰਮਦ ਜਿਹੜਾ ਰੰਗ ਮੇਰੀ ਭੇਟ ਕਰਾਈਆ । ਏਸ ਦੇ ਨਾਲ ਇਕ ਮੌਲੀ ਦਾ ਹੋਵੇ ਤੰਦ, ਜੋ ਖ਼ੁਦ ਖ਼ੁਦਾ ਨਬੀਆਂ ਨੂੰ ਮੁਸ਼ਰਫ਼ ਹੋ ਕੇ ਦਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਖ਼ੁਦਾ ਕਹੇ ਇਹ ਮਹਿੰਦੀ ਘੋਲ ਘੋਲੀ, ਰੰਗ ਸੋਹਣਾ ਰਹੀ ਵਖਾਈਆ । ਮੁਹੰਮਦਾ ਜਿਸ ਵੇਲੇ ਮੈਂ ਚਾਰ ਜੁਗ ਦੇ ਕਲਮਿਆਂ ਦੀ ਬਦਲ ਦਿੱਤੀ ਬੋਲੀ, ਅਨਬੋਲਤ ਰਾਗ ਸੁਣਾਈਆ । ਓਸ ਵੇਲੇ ਖੇਲ ਕਰਨਾ ਆਪਣਾ ਉਪਰ ਧੌਲੀ, ਧਰਨੀ ਧਰਤ ਧਵਲ ਵਡਿਆਈਆ । ਗੁਰਮੁਖਾਂ ਕੋਲੋਂ ਕਰੌਣੀ ਇਹਦੀ ਬੌਹਣੀ, ਗੁਰਮੁਖ ਗੁਰਮੁਖ ਆਪਣੇ ਰੰਗ ਰੰਗਾਈਆ । ਓਥੇ ਉਡ ਕੇ ਆ ਗਈ ਇਕ ਕਾਂ ਕੌਣੀ, ਕਾਂਏ ਕਾਂਏ ਕਰ ਸੁਣਾਈਆ । ਐ ਖ਼ੁਦਾ, ਸਾਡੀ ਆਸ਼ਾ ਏਸ ਮਹਿੰਦੀ ਦੇ ਵਿਚ ਪੌਣੀ, ਬਿਨਾ ਮਹਿੰਦੀ ਅਮਾਮ ਤੋਂ ਲੇਖਾ ਸਕੇ ਨਾ ਕੋਇ ਮੁਕਾਈਆ । ਕਿਉਂ ਏਸੇ ਤਰਾ ਦੁਨੀਆ ਦੀ ਅੰਤਰ ਵਾਸ਼ਨਾ ਅਸਾਂ ਰਵੌਣੀ, ਕੂੜ ਵਿਸ਼ਟਾ ਮੁਖ ਸਭ ਦੇ ਦੇਣਾ ਧਰਾਈਆ । ਤੇਰੀ

ਤੁਕ ਕਿਸੇ ਨਾ ਗੌਣੀ, ਕਲਮਿਆਂ ਵਾਲੇ ਕਰਨ ਲੜਾਈਆ । ਖ਼ੁਦਾ ਕਿਹਾ ਇਹ ਵੀ ਖੇਲ ਚਾਰ ਜੁਗ ਦੀ ਪ੍ਰਹੌਣੀ, ਫਿਰ ਨਜ਼ਰ ਕੋਇ ਨਾ ਆਈਆ । ਮੈਂ ਨਵੀਂ ਧਾਰ ਚਲੌਣੀ, ਚਲਤ ਕਰਾਂ ਲੋਕਾਈਆ । ਸਚ ਆਵਾਜ਼ ਇਕ ਸੁਣੌਣੀ, ਸੁਤਿਆਂ ਲੈਣਾ ਉਠਾਈਆ । ਸਾਚੀ ਨਗਰੀ ਇਕ ਵਖੌਣੀ, ਭਗਤ ਦੁਆਰ ਵੱਜੇ ਵਧਾਈਆ । ਜਿਥੇ ਸਚ ਪਿਆਰਿਆਂ ਦੀ ਮਜਲਸ ਬਹੌਣੀ, ਦੂਜਾ ਨਜ਼ਰ ਕੋਇ ਨਾ ਆਈਆ । ਓਥੇ ਏਸ ਮਹਿੰਦੀ ਨਾਲ ਓਸ ਗੁਰਮੁਖ ਆਪਣੀ ਆਸਾ ਛੁਹੌਣੀ, ਜਿਸ ਨੂੰ ਸ਼ਹਿਨਸ਼ਾਹ ਦੇਵੇ ਵਡਿਆਈਆ । ਪੰਜਾਂ ਕਲਮਿਆਂ ਨਾਲ ਜਿਸ ਨੇ ਕਲਮੇ ਵਾਲਿਆਂ ਦੀ ਖੇਲ ਮਿਟੌਣੀ, ਪਿਛਲਾ ਲੇਖ ਮੁਕਾਈਆ । ਉਸ ਦੇ ਪੰਜੇ ਉਤੇ ਪੰਜ ਧਾਰ ਲਗੌਣੀ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਮੁਹੰਮਦ ਕਿਹਾ ਕਵਣ ਵੇਲਾ ਹੋਏ ਕਾਇਨਾਤ, ਕ਼ਾਦਰ ਕ਼ੁਦਰਤ ਦੇ ਜਣਾਈਆ । ਪੁਰਖ ਅਕਾਲ ਵੇਖ ਆਪਣੀ ਲੁਗਾਤ, ਬਿਨ ਅੱਖਰਾਂ ਤੋਂ ਲਿਖੀ ਹੋਈ ਅਬਾਦਤ ਵਿਚੋਂ ਦਿੱਤਾ ਸੁਣਾਈਆ । ਮੁਹੰਮਦ ਸੰਮਤ ਸ਼ਹਿਨਸ਼ਾਹੀ ਚਾਰ, ਚੌਥੇ ਜੁਗ ਦੀ ਪੰਚਮ ਚੇਤ ਰਾਤ, ਰੁਤੜੀ ਆਪਣਾ ਰੰਗ ਰੰਗਾਈਆ । ਉਸ ਦਿਨ ਤੋਂ ਸਭ ਦੀ ਹੋ ਜਾਣੀ ਵਫ਼ਾਤ, ਫ਼ਾਤਿਆ ਪੜ੍ਹ ਕੇ ਲੇਖਾ ਦਏ ਮੁਕਾਈਆ । ਮੁਹੰਮਦ ਓਸੇ ਵੇਲੇ ਇਕ ਕੁੰਨੀ ਲੈ ਆਇਆ ਜਿਸ ਨੂੰ ਕਹਿੰਦੇ ਪਰਾਤ, ਪੁਰਾਤਨ ਹਾਲ ਸੁਣਾਈਆ । ਕੁਛ ਇਸ ਵਿਚ ਦੇ ਦਾਤ, ਦਾਤੇ ਤੇਰੀ ਵਡ ਵਡਿਆਈਆ । ਪਰਵਰਦਿਗਾਰ ਇਕ ਉਂਗਲ ਨਾਲ ਧਰਤੀ ਉਤੋਂ ਛੁਹਾਈ ਖ਼ਾਕ, ਉਹ ਖ਼ਾਕ ਸਵਾ ਸੇਰ ਵਜ਼ਨ ਬਣਾਈਆ । ਪਰਵਰਦਿਗਾਰ ਮਾਰ ਕੇ ਚਾਂਟ, ਮੁਹੰਮਦ ਦਿਤਾ ਦ੍ਰਿੜਾਈਆ । ਓਹ ਵੇਖ ਸਦੀ ਚੌਧਵੀਂ ਦੀ ਵਾਟ, ਪੀਰਾਂ ਦਾ ਪੀਰ ਪੈਗ਼ੰਬਰਾਂ ਦਾ ਪੈਗ਼ੰਬਰ ਆਪਣਾ ਵੇਸ ਵਟਾਈਆ । ਮੁਹੰਮਦ ਤੱਕਿਆ ਹੈਰਾਨ ਹੋਇਆ ਇਹ ਕੀ ਵੇਖੀ ਬਾਤ, ਕੀ ਪੜਦਾ ਦਿਤਾ ਉਠਾਈਆ । ਜਾਂ ਸਮਝਿਆ ਭਗਤਾਂ ਦੀ ਨਜ਼ਰੀ ਆਈ ਜਮਾਤ, ਧੁਰ ਦੇ ਪ੍ਰੇਮੀ ਬੈਠੇ ਸੋਭਾ ਪਾਈਆ । ਜਿਨ੍ਹਾਂ ਦੇ ਕੋਲ ਉਹ ਖਾਜ, ਜਿਹਨੂੰ ਖਾ ਖਾ ਸ਼ੁਕਰ ਮਨਾਈਆ । ਜਗਤ ਤ੍ਰਿਸ਼ਨਾ ਮੇਟ ਕੇ ਕੂੜਾ ਰਾਜ, ਰਾਜਾ ਇਕੋ ਵੇਖ ਵਖਾਈਆ । ਜਿਸ ਦੇ ਸੀਸ ਸੋਹੇ ਤਾਜ, ਤਖ਼ਤ ਨਿਵਾਸੀ ਧੁਰਦਰਗਾਹੀਆ । ਓਸ ਸਵਾ ਸੇਰ ਦਾ ਭੇਵ ਖੁਲੌਣਾ ਆਜ, ਅੱਜ ਦੀ ਰਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਛੇਤੀ ਨਾਲ ਕਰ ਅਦਾਬ, ਸਰ ਦਿਤਾ ਝੁਕਾਈਆ । ਤੇਰਾ ਲੇਖਾ ਲਿਖਾਂ ਵਿਚ ਕਿਸ ਕਿਤਾਬ, ਅੱਖਰ ਕਵਣ ਬਣਾਈਆ । ਅੱਗੋਂ ਕੋਰਾ ਮਿਲਿਆ ਜਵਾਬ, ਧੁਰ ਦਾ ਹੁਕਮ ਇਕ ਸੁਣਾਈਆ । ਮੁਹੰਮਦ ਇਹ ਲੇਖਾ ਫੇਰ ਦੱਸਾਂ ਜਿਸ ਵੇਲੇ ਸਦੀ ਚੌਧਵੀਂ ਭਗਤ ਦਵਾਰਿਉਂ ਭਗਤਾਂ ਦੀ ਨਾਲ ਲੈ ਕੇ ਨਿਕਲਾਂ ਬਰਾਤ, ਸੋਹਣੀ ਆਪਣੀ ਖੇਲ ਖਿਲਾਈਆ । ਇਕੋ ਇਸ਼ਟ ਤੇ ਇਕੋ ਹੋਏ ਜਮਾਤ, ਇਸਮ ਇਕੋ ਨਜ਼ਰੀ ਆਈਆ । ਜਿਨ੍ਹਾਂ ਦਾ ਝਗੜਾ ਨਹੀਂ ਕੋਈ ਮਾਟੀ ਖ਼ਾਕੀ ਲਾਸ਼, ਲਛਮਣ ਸੀਤਾ ਰਾਮ ਨਾ ਕੋਇ ਦੁਹਾਈਆ । ਓਸ ਵੇਲੇ ਲੇਖਾ ਦੱਸਾਂ ਆਪ, ਆਪਣਾ ਭੇਵ ਚੁਕਾਈਆ । ਮੁਹੰਮਦ ਨਿਗਾਹ ਮਾਰੀ ਦੋ ਇਕ ਦਾ ਸਾਥ, ਇੱਕੀ ਇੱਕੀ ਇੱਕੀ ਸੋਭਾ ਪਾਈਆ । ਮੁਹੰਮਦ ਜੋੜ ਕੇ ਹਾਥ, ਕ਼ਦਮ ਸੀਸ ਟਿਕਾਈਆ । ਪਰਵਰਦਿਗਾਰ ਕਿਹਾ ਓਹ ਵੇਖ ਆਪਣੀ ਮੁਕੀ ਵਾਟ, ਪੈਂਡਾ ਰਿਹਾ ਨਾ ਰਾਈਆ । ਅੱਗੇ ਹੁਕਮ ਇਕੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਭਗਤਨ ਬਰਾਤ ਕਿਸ ਬਿਧ ਹੋਏ ਰਵਾਨਾ, ਰਵਾਨਗੀ ਕਵਣ ਰਖਾਈਆ । ਪਰਵਰਦਿਗਾਰ

ਕਿਹਾ ਤੂੰ ਖ਼ਬਰ ਕਰੀਂ ਜ਼ਿਮੀਂ ਅਸਮਾਨਾਂ, ਚੌਦਾਂ ਤਬਕ ਡੰਕ ਵਜਾਈਆ । ਮੈਂ ਸਾਰੀ ਦੁਨੀਆ ਨੂੰ ਕਰ ਬੇਗਾਨਾ, ਆਪਣਾ ਪਾਸਾ ਲੈਣਾ ਬਦਲਾਈਆ । ਸਾਚੇ ਭਗਤਾਂ ਕਰ ਪ੍ਰਵਾਨਾ, ਅੱਗੇ ਆਪਣਾ ਸੰਗ ਰਖਾਈਆ । ਹਰਿਜਨ ਰਹੇ ਨਾ ਕੋਇ ਬੇਗਾਨਾ, ਬਗ਼ਲਗੀਰ ਲਵਾਂ ਬਣਾਈਆ । ਗੁਰਮੁਖ ਦੇ ਹੱਥ ਨੂੰ ਪੰਜ ਪੰਜ ਦਾ ਹੋਵੇ ਨਿਸ਼ਾਨਾ, ਨਿਸ਼ਾਨੇ ਪਿਛਲੇ ਦਿਆਂ ਮਿਟਾਈਆ । ਫੇਰ ਨਿੱਕਲਾਂ ਬਣ ਮਸਤਾਨਾ, ਮਸਤੀ ਆਪਣੀ ਇਕ ਵਖਾਈਆ । ਸਚ ਪ੍ਰੇਮ ਦਾ ਪੀ ਪੈਮਾਨਾ, ਲਬਰੇਜ਼ ਨਾ ਕੋਇ ਰਖਾਈਆ । ਸਭ ਦਾ ਪਿਛਲਾ ਮੇਟ ਕੇ ਖ਼ਾਨਾ, ਖ਼ਾਨਾਬਦੋਸ਼ ਦੇਣੇ ਕਰਾਈਆ । ਇਹ ਪ੍ਰਭ ਦਾ ਵੇਖਿਓ ਬਹਾਨਾ, ਕਿਸ ਬਿਧ ਆਪਣੀ ਕਾਰ ਕਮਾਈਆ । ਪਿਛਲਿਆਂ ਨਾਲੋਂ ਤੋੜ ਯਾਰਾਨਾ, ਅੱਗੇ ਆਪਣੇ ਲਏ ਉਪਜਾਈਆ । ਇਹ ਕੋਈ ਦੀਨਾਂ ਵਾਲਾ ਨਹੀਂ ਅਫ਼ਸਾਨਾ, ਕ਼ੁਰਾਨਾਂ ਵਾਲੀ ਨਾ ਕੋਇ ਪੜ੍ਹਾਈਆ । ਉਹ ਮਰਦਾਂ ਦਾ ਇਕ ਮਰਦਾਨਾ, ਮੁਦਤਾਂ ਦਾ ਮਾਲਕ ਵੇਖ ਵਖਾਈਆ । ਜਿਸ ਨੂੰ ਝੁਕਣ ਜ਼ਿਮੀਂ ਅਸਮਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਓਹ ਵੇਖੋ ਸੂਫ਼ੀ ਮਸਤ ਫ਼ਕੀਰ, ਫਿਕਰੇ ਰਿਹਾ ਸੁਣਾਈਆ । ਕਵਣ ਸ਼ਰਅ ਦੇ ਪਾਏ ਜ਼ੰਜੀਰ, ਸ਼ਰੀਅਤ ਝਗੜਾ ਕਵਣ ਗਵਾਈਆ । ਭੱਜਾ ਆਇਉਂ ਕਿਉਂ ਕਬੀਰ, ਮੈਨੂੰ ਦੇ ਸਮਝਾਈਆ । ਕਬੀਰ ਕਹੇ ਮੈਂ ਹੋ ਗਿਆ ਉਤੇ ਦਿਲਗੀਰ, ਮੇਰੀ ਧੀਰ ਨਾ ਕੋਇ ਧਰਾਈਆ । ਜਾਂ ਮੈਂ ਤੱਕਿਆ ਅਮਾਮਾਂ ਦਾ ਅਮਾਮ, ਜਿਸ ਦੀ ਵੱਖਰੀ ਸਭ ਤੋਂ ਤਸਵੀਰ, ਤਸਬੀ ਮਾਲਾ ਲੋੜ ਰਹੇ ਨਾ ਰਾਈਆ । ਜਿਸ ਦਾ ਲੇਖਾ ਸ਼ਾਹ ਹਕੀਰ, ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੈਗ਼ੰਬਰ ਕਹਿਣ ਕਿਥੇ ਬਣ ਗਿਆ ਮਸਤ ਦੀਵਾਨਾ, ਆਪਣਾ ਖੇਲ ਖਿਲਾਈਆ । ਜਿਸ ਨੇ ਸਭ ਨੂੰ ਕੀਤਾ ਬੇਗਾਨਾ, ਬੇਪ੍ਰਵਾਹ ਬੇਪਰਵਾਹੀਆ । ਪੁੱਠਾ ਸਿੱਧਾ ਕਰੇ ਦੋ ਜਹਾਨਾਂ, ਆਪਣਾ ਹੁਕਮ ਵਰਤਾਈਆ । ਜਿਸ ਦਾ ਸ਼ਬਦੀ ਰਾਗ ਤਰਾਨਾ, ਚੌਤਰਫ਼ ਆਪਣਾ ਖੇਲ ਖਿਲਾਈਆ । ਜਿਸ ਦਾ ਮਹਲ ਅਟਲ ਆਲੀਸ਼ਾਨਾ, ਆਲੀਸ਼ਾਨ ਦਰਗਾਹ ਸਾਚੀ ਸੋਭਾ ਪਾਈਆ । ਓਸ ਦੇ ਕ਼ਦਮ ਕ਼ਦਮ ਕ਼ੁਰਬਾਨਾ, ਸੀਸ ਸੀਸ ਭੇਟ ਕਰਾਈਆ । ਰਹਿਮਤ ਦਾ ਰਹਿਮਾਨਾ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ, ਮਹਿਬੂਬ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਪੈਗ਼ੰਬਰ ਕਹਿਣ ਵੇਖੋ ਹੋ ਗਿਆ ਝੱਲਾ, ਸੁਧ ਰਹੀ ਨਾ ਰਾਈਆ । ਜਿਸ ਨੂੰ ਕਹਿੰਦੇ ਨੂਰੀ ਅੱਲਾ, ਆਲਮ ਦਾ ਮਾਲਕ ਬੇਪ੍ਰਵਾਹੀਆ । ਸਭ ਦਾ ਛੋੜ ਕੇ ਪੱਲਾ, ਭੱਜਿਆ ਵਾਹੋ ਦਾਹੀਆ । ਜਾਂ ਤੱਕੀਏ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਫਿਰ ਵੇਖਿਆ ਭਗਤਾਂ ਦੇ ਵਿਚ ਰਲਾ, ਰਲ ਮਿਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪ੍ਰਵਾਹੀਆ । ਪੈਗ਼ੰਬਰ ਕਹਿਣ ਸੱਜਦਾ ਕਰੀਏ ਝੁਕ, ਸੀਸ ਨਾ ਕੋਇ ਉਠਾਈਆ । ਜੇ ਸਾਡੀ ਸਮਝ ਆ ਗਈ ਇਕ ਤੁਕ, ਤੁਰਤ ਲਏ ਮਿਲਾਈਆ । ਸਾਡਾ ਲੇਖਾ ਰਿਹਾ ਮੁੱਕ, ਮੁਕੰਮਲ ਹੁਕਮ ਸੁਣਾਈਆ । ਭਗਤਾਂ ਨੂੰ ਦੇ ਕੇ ਸਭ ਕੁਛ, ਖ਼ਾਲੀ ਸਭ ਨੂੰ ਦਿਤਾ ਕਰਾਈਆ । ਮੁਹੰਮਦ ਕਹੇ ਮੈਂ ਹੈਰਾਨ ਹੋ ਗਿਆ ਜਿਸ ਨੇ ਵਾਰੇ ਆਪਣੇ ਸੁਤ, ਓਸ ਨੂੰ ਆਪਣੇ ਨਾਲ ਮਿਲਾਈਆ । ਲੁਕੀਏ ਕਿਹੜੀ ਗੁੱਠ, ਰਾਹ ਨਜ਼ਰ ਕੋਇ ਨਾ ਆਈਆ । ਅੱਜ ਤੋਂ ਸਾਡਾ ਦੀਨ ਦੁਨੀ ਦਾ ਲਹਿਣਾ ਦੇਣਾ ਗਿਆ ਛੁਟ, ਛੁੱਟੀ ਦੋ ਜਹਾਨ ਕਰਾਈਆ । ਅੱਗੇ ਵਾਸਤੇ ਇਕ ਪਵਰਦਿਗਾਰ ਦਾ ਧੁਰ ਹੁਕਮ ਸਭ ਨੇ ਲੈਣਾ ਪੁਛ, ਆਪਣੀ ਪੁਛ ਨਾ ਕੋਇ ਪੁਆਈਆ । ਸ਼ਾਸਤਰ

ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਕਰ ਨਹੀਂ ਸਕੇ ਕੁਛ, ਬਲਹੀਣ ਰਹੇ ਕੁਰਲਾਈਆ । ਹੁਣ ਇਕ ਆਪ ਰਹਿਣਾ ਤੇ ਇਕ ਓਸ ਦਾ ਸ਼ਬਦ ਦੁਲਾਰਾ ਰਹਿਣਾ ਸੁਤ, ਦੂਜਾ ਨਜ਼ਰ ਕੋਇ ਨਾ ਆਈਆ । ਸਭ ਦੇ ਨਾਲ ਸ਼ਬਦੀ ਧਾਰ ਜਾਣਾ ਜੁਟ, ਧਰਮ ਦੀ ਧਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰਨ ਚਲਿਆ ਖ਼ੁਸ਼, ਖ਼ੁਸ਼ੀਆਂ ਵਿਚ ਆਪਣਾ ਭੇਵ ਖੁਲ੍ਹਾਈਆ ।

❋ ੫ ਚੇਤ ਸ਼ਹਿਨਸ਼ਾਹੀ ਸੰਮਤ ਚਾਰ ਗਿਆਨੀ ਗੁਰਮੁਖ ਸਿੰਘ ਦੇ ਘਰ ਤੋਂ ਬਾਹਰ ਲਿਖਤ ਹੋਈ ਭਲਾਈਪੁਰ ❋

ਦੋਵੇਂ ਹੱਥ ਕਹਿਣ ਸਾਡੀ ਦੁਹਾਈ, ਦੋ ਜਹਾਨ ਕੂਕ ਸੁਣਾਈਆ । ਤੇਰਾ ਖੇਲ ਬੇਪ੍ਰਵਾਹੀ, ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਚਾਈਂ ਚਾਈਆ । ਨਾਮ ਸੰਦੇਸ਼ਾ ਮਿਲੇ ਥਾਉਂ ਥਾਈਂ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਤੂੰ ਪਰਵਰਦਿਗਾਰ ਕਰਨਹਾਰ ਹੱਕ ਨਿਆਈਂ, ਅਦਲ ਅਦਾਲਤ ਇਕ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਕਰਨਾ ਚਾਈਂ ਚਾਈਂ, ਗਲਵਕੜੀ ਦੋਹਾਂ ਇਕੋ ਰੂਪ ਬਣਾਈਆ । ਤੱਤਾਂ ਵਾਲੀ ਛਡ ਜਾਏ ਲੋਕਾਈ, ਮੁਹੱਬਤ ਤੇਰੀ ਇਕ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਦੋਵੇਂ ਹੱਥ ਕਹਿਣ ਆਤਮਾ ਪਰਮਾਤਮਾ ਸਾਂਝੀ ਪਾ ਲੈ ਜੱਫੀ, ਜਫ਼ਾਕਸ਼ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਨਫ਼ੀ, ਨਫ਼ਾ ਆਪਣੇ ਨਾਮ ਦਾ ਦੇ ਵਰਤਾਈਆ । ਕੂੜੀ ਕਲਪਨਾ ਰਹੇ ਨਾ ਕੱਫ਼ੀ, ਕੱਫ਼ਨ ਦਾ ਝਗੜਾ ਦੇਣਾ ਚੁਕਾਈਆ । ਜਿਹੜੀ ਤੇਰੀ ਸਚ ਦਵਾਰੇ ਬਸਤੀ ਬਸੀ, ਘਰ ਓਹੋ ਦੇਣਾ ਸਮਝਾਈਆ । ਜਿਸ ਵਿਚ ਲੱਖ ਚੁਰਾਸੀ ਫਸੀ, ਜਗਤ ਜ਼ੰਜੀਰ ਨਾ ਕੋਇ ਕਟਾਈਆ । ਨਸਣਾ ਨਹੀਂ ਦੇਣਾ ਹੱਥੋ ਹੱਥੀ, ਮਿਹਰ ਨਜ਼ਰ

੨੦

੨੧

ਉਠਾਈਆ । ਜਿਹੜੀ ਕਲਮੇ ਤੋਂ ਪਹਿਲਾਂ ਮੁਹੰਮਦ ਨੇ ਪੜ੍ਹੀ ਪੱਟੀ, ਬਿਨਾ ਅਲਿਫ਼ ਯੇ ਸਮਝਾਈਆ । ਤੇਰੇ ਪ੍ਰੇਮ ਦੀ ਧਾਰ ਮੌਲੀ ਅੱਟੀ, ਇੱਟਾਂ ਪੱਥਰਾਂ ਦਾ ਖਹਿੜਾ ਦਿਤਾ ਛੁਡਾਈਆ । ਉਸ ਦਾ ਲੇਖਾ ਕਰਦੇ ਨਟੀ, ਨਟੂਏ ਨਾਮ ਹੁਕਮ ਵਰਤਾਈਆ । ਅੱਗੇ ਦੋ ਜਹਾਨ ਤੇਰੀ ਕਥਾ ਕਹਾਣੀ ਮਿਲੇ ਸਚੀ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਬਦਲਾਈਆ । ਤੇਰੀ ਰੀਤੀ ਸਤਿ ਸਤਿਵਾਦੀ ਸਭ ਤੋਂ ਅੱਛੀ, ਅੱਛੀ ਤਰਹ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਵਖਾਈਆ । ਹੱਥ ਕਹਿਣ ਇਹ ਨਾਤਾ ਜੁੜਿਆ ਪੰਝੀ, ਪ੍ਰਕਿਰਤੀਆਂ ਦੇਣ ਦੁਹਾਈਆ । ਪੁਰਖ ਅਕਾਲ ਦੀਨ ਦਿਆਲ ਭਗਤਾਂ ਦੀ ਆਤਮ ਸੇਜ ਸੁਹੰਣੀ ਧੁਰ ਦੀ ਮੰਜੀ, ਸਿੰਘਾਸਣ ਇਕੋ ਇਕ ਵਡਿਆਈਆ । ਜਿਥੇ ਨਾ ਕੋਈ ਰੋਗ ਸੋਗ ਚਿੰਤਾ ਗ਼ਮ ਰੰਜੀ, ਰੰਜਸ਼ ਅੰਦਰੋਂ ਦੇਣੀ ਕਢਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਸ਼ਰਅ ਵਿਚ ਬੰਧਨ ਨਾ ਕੋਇ ਰਖਾਈਆ । ਗੁਰਮੁਖਾਂ ਨਿਜ ਨੇਤਰ ਅੱਖ ਮੂਲ ਰਹੇ ਨਾ ਅੰਧੀ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਗੋਬਿੰਦ ਦੀ ਲਿਖਤ ਪੁਰਖ ਅਕਾਲ ਦੀ ਸੰਧੀ, ਸੰਧਿਆ ਤੋਂ ਦੇਣਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੱਥ ਕਹਿਣ ਸਾਡੀ ਸਿੱਧੀ ਵੇਖ ਉਂਗਲ, ਇਸ਼ਾਰਾ ਧੁਰ ਦਾ ਨਜ਼ਰੀ ਆਈਆ । ਘਟ ਨਿਵਾਸੀ ਰਹੇ ਕੋਈ ਨਾ ਗੁੰਝਲ, ਪੜਦਾ ਭੇਵ ਦੇਣਾ ਮਿਟਾਈਆ । ਤੈਨੂੰ ਰਹਿਣ ਨਹੀਂ ਦੇਣਾ ਨੈਣ ਮੁਦਨ, ਲੁਕ ਲੁਕ ਕੇ ਵਕਤ ਲੰਘਾਈਆ । ਤੇਰੇ ਭਗਤ ਸੁਹੇਲੇ ਚਾਰੋਂ ਕੁੰਟ ਤੈਨੂੰ ਪੂਜਣ, ਮਿਲ ਮਿਲ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕੋ ਇਕ ਸੁਹਾਈਆ ।

## ❊ ੫ ਚੇਤ ਸ਼ਹਿਨਸ਼ਾਹੀ ਸੰਮਤ ੪ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ❊

ਗੁਰਮੁਖ ਦਵਾਰਿਉਂ ਬਣ ਕੇ ਜਾਣਾ ਗੁਰਮੁਖ, ਗੁਰ ਸਤਿਗੁਰ ਦਇਆ ਕਮਾਈਆ । ਹਰਿਸੰਗਤ ਵਿਚ ਰਹੇ ਕੋਈ ਨਾ ਦੁੱਖ, ਦਵੈਤ ਅੰਦਰੋਂ ਦੇਣੀ ਕਢਾਈਆ । ਪ੍ਰੇਮ ਪਿਆਰ ਦੀ ਲੈ ਕੇ ਜਾਣਾ ਸੁੱਚ, ਸੰਜਮ ਇਕੋ ਇਕ ਦਰਸਾਈਆ । ਬਿਨਾ ਧਰਮ ਤੋਂ ਪੱਲੇ ਨਹੀਂ ਕਿਸੇ ਦੇ ਕੁਛ, ਖ਼ਾਲੀ ਦਿਸੇ ਜਗਤ ਲੋਕਾਈਆ । ਪੁਰਖ ਅਕਾਲ ਦੇ ਜਨ ਭਗਤ ਸੁਹੇਲੇ ਬਣਿਉਂ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਲੇਖੇ ਲਾ ਕੇ ਜਾਣੇ ਕਾਇਆ ਬੁਤ, ਬੁਤਖ਼ਾਨੇ ਕਰ ਸਫ਼ਾਈਆ । ਤੁਹਾਡੀ ਪ੍ਰੀਤ ਜਾਵੇ ਨਾ ਟੁੱਟ, ਟੁਟਿਆਂ ਗੰਢ ਪੁਆਈਆ । ਸਭ ਦਾ ਆਵਣ ਜਾਵਣ ਜਾਏ ਛੁਟ, ਲੱਖ ਚੁਰਾਸੀ ਗੇੜ ਰਹੇ ਨਾ ਰਾਈਆ । ਅੰਤਰ ਆਤਮ ਪਰਮਾਤਮ ਉਪਜਾਵੇ ਸਾਚਾ ਸੁਖ, ਪਾਰਬ੍ਰਹਮ ਬ੍ਰਹਮ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਗੁਰਮੁਖ ਦਵਾਰੇ ਬਣ ਕੇ ਜਾਣਾ ਸੱਜਣ ਮੀਤ, ਹਰਿਸੰਗਤ ਵੈਰੀ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਂਝੀ ਕਰ ਪ੍ਰੀਤ, ਪ੍ਰੀਤਮ ਇਕੋ ਰਾਹ ਰਿਹਾ ਵਖਾਈਆ । ਸਭ ਨੇ ਅੰਦਰੋਂ ਨਿਰਮਲ ਕਰਨੀ ਮਨ ਕਲਪਣਾ ਨੀਤ, ਬੁਧ ਬਬੇਕ ਲੈਣੀ ਕਰਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਵਸੇ ਸਭ ਦੇ ਚੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗੌਣਾ ਗੀਤ, ਗਹਿਰ ਗੰਭੀਰ ਬੇਨਜ਼ੀਰ ਦਏ ਸਮਝਾਈਆ । ਲੇਖਾ ਚੁਕ ਜਾਏ ਮੰਦਰ ਮਸੀਤ, ਕਾਇਆ ਕਾਅਬੇ ਵੱਜੇ ਵਧਾਈਆ । ਤੁਹਾਡੇ ਅੰਤਰ ਨਿਰੰਤਰ ਹਰਿ ਕਰਤਾ ਵਸੇ ਵੀਚ, ਭੇਵ ਅਭੇਦਾ ਦਏ ਖੁਲ੍ਹਾਈਆ । ਹਉਮੇ ਰਹੇ ਊਚ ਨਾ ਨੀਚ, ਰਾਓ ਰੰਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਗੁਰਮੁਖ ਦਵਾਰੇ ਬਣ ਕੇ ਜਾਣਾ ਧੁਰ ਦੇ ਸੱਜਣ, ਹਰਿ ਸਾਜਣ ਇਕ ਪ੍ਰਨਾਈਆ । ਸਚ ਪ੍ਰੀਤੀ ਧੂੜੀ ਲੈ ਕੇ ਜਾਣਾ ਮਜਨ, ਦੁਰਮਤ ਮੈਲ ਧੁਆਈਆ । ਨਿਜ ਨੇਤਰ ਨਾਮ ਨਿਧਾਨਾ ਪਾ ਕੇ ਜਾਣਾ ਅੰਜੰਨ, ਨੇਤਰ ਅੱਖ ਪ੍ਰਤੱਖ ਕਰ ਰੁਸ਼ਨਾਈਆ । ਜੋ ਸਾਹਿਬ ਸਤਿਗੁਰ ਸੰਤ ਸੁਹੇਲੇ ਆਇਆ ਲੱਭਣ, ਲੱਖ ਚੁਰਾਸੀ ਖੋਜ ਖੁਜਾਈਆ । ਸੋ ਤੁਹਾਡਾ ਧਰਮ ਦਾ ਵੇਖਣ ਲੱਗਾ ਲਗਨ, ਲਗ ਮਾਤਰ ਰਹਿਣ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਬੁਝਾਵਣ ਆਇਆ ਅਗਨ, ਅਗਨੀ ਤੱਤ ਨਾ ਕੋਇ ਤਪਾਈਆ । ਸਚ ਦਵਾਰੇ ਕਰ ਕੇ ਮਗਨ, ਮਗਰਲਾ ਲੇਖਾ ਦਏ ਮੁਕਾਈਆ । ਜਿਸ ਦਾ ਗੁਰ ਅਵਤਾਰ ਪੈਗੰਬਰ ਕਰਦੇ ਗਏ ਯਤਨ, ਜੁਗ ਚੌਕੜੀ ਆਪਣੀ ਸੇਵ ਕਮਾਈਆ । ਉਹ ਵਖਾਵਣਹਾਰਾ ਇਕੋ ਪਤਣ, ਪਤਰਕਾ ਸਭ ਦੀ ਫੋਲ ਫੁਲਾਈਆ । ਜਨ ਭਗਤੋ ਤੁਹਾਡੀ ਲੱਜਿਆ ਆਇਆ ਰੱਖਣ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਗੁਰਮੁਖ ਦੁਆਰ ਕਿਉਂ ਹੋਇਆ ਇਕੱਠ, ਸਹਿਜ ਨਾਲ ਸਮਝਾਈਆ । ਗੁਰ ਅਵਤਾਰ ਪੈਗੰਬਰ ਜਿਸ ਵੇਲੇ ਆਵਣ ਨਠ, ਬਣ ਕੇ ਪਾਂਧੀ ਰਾਹੀਆ । ਉਹ ਆਪਣੀ ਵਸਤ ਨਾਲ ਲਿਆ ਕੇ ਸਭ ਕੁਛ ਮਿਲੌਣ ਹੱਥ, ਹੱਥੋ ਹੱਥ ਫੜਾਈਆ । ਇਹ ਕਥਾ ਕਹਾਣੀ ਅਕਥ, ਰਸਨਾ ਕਹਿ ਸਕੇ ਨਾ ਰਾਈਆ । ਸਭ ਦਾ ਲੇਖਾ ਪੂਰਾ ਕਰਨਾ ਜਿਸ ਵੇਲੇ ਹੋਏ ਸਵਾ ਅੱਠ, ਅੱਠ ਦਸ ਵੰਡ ਨਾ ਕੋਇ ਵੰਡਾਈਆ । ਸਭ ਨੇ ਪਿਛਲਾ ਖ਼ਿਆਲ ਘਰ ਦਾ ਦੇਣਾ ਛੱਡ, ਅੱਜ ਦੀ ਰਾਤ ਨਿਗਾਹ ਨਾ ਕੋਇ ਬਦਲਾਈਆ । ਇਕੋ ਅੰਤਰ ਢੋਲਾ ਲੈਣਾ ਰਟ, ਚਲਦਿਆਂ

੨੨
੨੧

ਫਿਰਦਿਆਂ ਆਪਣਾ ਰਾਗ ਸੁਣਾਈਆ । ਪਿਛਲਾ ਝਗੜਾ ਦਵੈਤ ਦੀ ਢੌਣੀ ਹੰਗਤਾ ਵਾਲੀ ਵੱਟ, ਵਟਨਾ ਨਾਮ ਦਾ ਦਏ ਲਗਾਈਆ । ਇਕ ਸੰਦੇਸ਼ਾ ਨਰ ਨਰੇਸ਼ਾ ਚਾਰ ਜੁਗ ਦਾ ਸਾਂਝਾ ਦਏ ਦੱਸ, ਦਹਿ ਦਿਸ਼ਾ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਗੁਰਮੁਖ ਧਾਰ ਕਹੇ ਸੁਣ ਲਓ ਸਾਚੀ ਸਿਖਿਆ, ਸਾਹਿਬ ਸਚ ਦ੍ਰਿੜਾਈਆ । ਜਿਹੜਾ ਲੇਖ ਸਦਾ ਅਨਲਿਖਿਆ, ਉਸ ਦਾ ਪੜਦਾ ਦਏ ਉਠਾਈਆ । ਜਿਹੜੀ ਸ੍ਰਿਸ਼ਟੀ ਸਮਝਦੇ ਮਿਥਿਆ, ਮਿਥਿਆ ਜਗਤ ਲੋਕਾਈਆ । ਉਨ੍ਹਾਂ ਗੁਰ ਅਵਤਾਰ ਪੈਗ਼ੰਬਰਾਂ ਦੀ ਦੱਸਣੀ ਪਿਛਲੀ ਇਛਿਆ, ਨਿਰਇਛਤ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਗੁਰਮੁਖ ਕਹੇ ਇਕ ਬੇਨੰਤੀ ਕਰੇ ਕਬੀਰ, ਕਾਅਬੇ ਤੋਂ ਪਰੇ ਦੁਹਾਈਆ । ਜਨ ਭਗਤੋ ਅੱਜ ਦੀ ਰਾਤ ਕੋਈ ਨਾ ਸਮਝਿਓ ਆਪਣਾ ਸਰੀਰ, ਸਰੀਰ ਤੱਤ ਨਾ ਕੋਇ ਵਡਿਆਈਆ । ਆਤਮਾ ਬੰਨ੍ਹਣੀ ਨਾਲ ਓਸ ਜ਼ੰਜੀਰ, ਜਿਥੋਂ ਸ਼ਰਅ ਨਾ ਕੋਇ ਤੁੜਾਈਆ । ਜ਼ਾਤ ਪਾਤ ਦੀਨ ਮਜ਼੍ਹਬ ਦਾ ਕੱਢਕੇ ਜਾਣਾ ਖ਼ਮੀਰ, ਖ਼ਾਲਸ ਆਪਣਾ ਆਪ ਬਣਾਈਆ । ਅੱਗੇ ਭਗਤਾਂ ਦਾ ਕਾਇਆ ਮੰਦਰ ਕਰਨਾ ਤਾਅਮੀਰ, ਆਪਣੀ ਹੱਥੀਂ ਨੀਂਹ ਰਖਾਈਆ । ਜਿਸ ਨੂੰ ਦੁਨੀਆ ਕਹੇ ਤਕ਼ਦੀਰ, ਉਸ ਦੀ ਤਦਬੀਰ ਦੇਣੀ ਦ੍ਰਿੜਾਈਆ । ਜਿਸ ਦੇ ਨਾਲ ਬਦਲੇ ਜ਼ਮੀਰ, ਜ਼ੱਰੇ ਜ਼ੱਰੇ ਕਰੇ ਰੁਸ਼ਨਾਈਆ । ਉਹ ਇਕੋ ਨੁਕਤਾ ਦੱਸਣਾ ਅਖ਼ੀਰ, ਆਖਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਕਬੀਰ ਕਹੇ ਰਾਤ ਨੂੰ ਬੈਠਣ ਲੱਗੇ ਚਾਰੇ ਇਕੱਠੇ ਕਰਿਓ ਅੰਗੂਠੇ, ਅੰਗੂਠਾ ਅੰਗੂਠੇ ਉਤੇ ਟਿਕਾਈਆ । ਫਿਰ ਖ਼ੈਰ ਪਏ ਤੁਹਾਡੇ ਠੂਠੇ, ਠੁਮਰੀ ਦਏ ਸੁਣਾਈਆ । ਜਿਸ ਸਾਰੇ ਕਰ ਦਿਤੇ ਝੂਠੇ, ਬਚਿਆ ਰਹਿਣ ਕੋਇ ਨਾ ਪਾਈਆ । ਤਤ ਰਹਿਣ ਨਹੀਂ ਦਿਤੇ ਪੰਜ ਭੂਤੇ, ਖ਼ਾਕੀ ਖ਼ਾਕ ਵਿਚ ਮਿਲਾਈਆ । ਡੰਕੇ ਵਜਦੇ ਰਹਿਣ ਨਾ ਦੇਵੇ ਗਲੀ ਕੂਚੇ, ਕੋਨਾ ਕੋਨਾ ਫੋਲ ਫੁਲਾਈਆ । ਜਨ ਭਗਤੋ ਤੁਸੀਂ ਓਸ ਪ੍ਰਭੂ ਦੇ ਬੂਟੇ, ਜੋ ਮਾਲਕ ਮਾਲੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਣ ਦਏ ਵਡਿਆਈਆ । ਚਾਰੇ ਅੰਗੂਠੇ ਇਕ ਦੂਜੇ ਨੂੰ ਲੱਗਣ, ਸੋਹਣਾ ਵਕ਼ਤ ਸੁਹਾਈਆ । ਨੇਤਰਮੀਟ ਹੋਵਨ ਮਗਨ, ਇੱਕੀ ਮਿੰਟ ਅੱਖ ਨਾ ਕੋਇ ਖੁਲ੍ਹਾਈਆ । ਜੋ ਤੁਹਾਨੂੰ ਆਇਆ ਸੱਦਣ, ਸੱਦੇ ਘਰ ਘਰ ਦਏ ਸੁਣਾਈਆ । ਇੱਕੀ ਮਿੰਟਾਂ ਵਿਚ ਕੋਈ ਹਿਸਾਬ ਕਿਤਾਬ ਲੇਖਾ ਕਰ ਕੇ ਆਵੇ ਵਿਚ ਅਦਨ, ਅੱਧੋ ਅੱਧ ਵਖਾਈਆ । ਜਿਸ ਨੇ ਗੁਰ ਅਵਤਾਰਾਂ ਪੈਗ਼ੰਬਰਾਂ ਨੂੰ ਦਿਤਾ ਬਦਨ, ਉਹ ਬਦਲੀ ਸਭ ਦੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਮਹੂਰਤ ਵੇਖ ਲਗਨ, ਸੂਰਤ ਸਚ ਦੀ ਦਏ ਜਣਾਈਆ ।

ਪੰਜ ਚੇਤ ਕਹੇ ਚਾਰ ਜੁਗ ਦੀ ਮਿਟਣ ਲੱਗੀ ਸਮਾਧੀ, ਸਮਾਂ ਪ੍ਰਭ ਰਿਹਾ ਬਦਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਖੀਆਂ ਮੁਨੀਆਂ ਵਾਲੀ ਵਾਦੀ, ਵਾਅਦੇ ਨਾਲ ਪੂਰ ਕਰਾਈਆ । ਸਚ ਸੰਦੇਸ਼ਾ ਦੇਵੇ ਧੁਰ ਦਾ ਨਾਦੀ, ਹਰਿ ਕਰਤਾ ਬੇਪ੍ਰਵਾਹੀਆ । ਨਾਮ ਨਿਧਾਨ ਸੁਣਾਏ ਸ਼ਬਦ ਅਨਰਾਗੀ, ਤਾਲ ਤਲਵਾੜਾ ਇਕ ਵਜਾਈਆ । ਕਲਜੁਗ ਕੂੜੀ ਕਿਰਿਆ ਖ਼ਤਮ ਕਰੇ ਬਾਜ਼ੀ, ਬਾਜ਼ਾਂ ਵਾਲਾ ਦਏ ਗਵਾਹੀਆ । ਮੁਹੰਮਦ ਦਾ

ਦੁਲਦੁਲ ਸ਼ਬਦ ਅਗੰਮਾ ਤਾਜੀ, ਤਾਜਨਾ ਵੇਖੇ ਥਾਉਂ ਥਾਈਆ । ਝਗੜਾ ਰਹੇ ਨਾ ਕਿਸੇ ਨਿਮਾਜ਼ੀ, ਨਿਵਾਜ਼ਸ਼ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਪੰਜ ਚੇਤ ਕਹੇ ਪਿਛਲੀ ਵੇਖੇ ਸਾਧਨਾ ਸਾਧ, ਹਰਿ ਕਰਤਾ ਬੇਪ੍ਰਵਾਹੀਆ । ਕਿਸ ਬਿਧ ਭਗਤ ਸੁਹੇਲੇ ਹੋਣ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਕਿਸ ਬਿਧ ਹਰਿ ਕਰਤਾ ਦੇਵੇ ਆਪਣੀ ਦਾਤ, ਦਾਤਾ ਦਾਨੀ ਦਇਆ ਕਮਾਈਆ । ਸਤਿ ਧਰਮ ਦੀ ਲੇਖੇ ਲਾਵੇ ਰਾਤ, ਭਿੰਨੜੀ ਰੈਣ ਵੱਜੇ ਵਧਾਈਆ । ਗੁਰਮੁਖਾਂ ਪੂਰੀ ਕਰੇ ਖ਼ਾਹਿਸ਼, ਤ੍ਰਿਸ਼ਨਾ ਤ੍ਰਿਪਤ ਕਰਾਈਆ । ਸਚ ਦੁਆਰੇ ਵਖਾ ਰਾਸ, ਗੋਪੀ ਕਾਹਨ ਇਕ ਦਰਸਾਈਆ । ਜੋ ਰਚਨਾ ਰਚੇ ਆਦਿ, ਜੁਗ ਜੁਗ ਵੇਸ ਵਟਾਈਆ । ਸੋ ਕਲਜੁਗ ਕੂੜੀ ਕਿਰਿਆ ਕਰੇ ਬਰਬਾਦ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਸਾਚੀ ਸਾਜਨਾ ਸਾਜ, ਸੰਤ ਸੁਹੇਲੇ ਲਏ ਉਠਾਈਆ । ਆਤਮ ਪਰਮਾਤਮ ਰਚ ਕੇ ਕਾਜ, ਨਾਤਾ ਨਿਰਗੁਣ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਾਧੀ ਇਕ ਸਮਝਾਈਆ । ਸਚ ਸਮਾਧੀ ਵੇਖੋ ਆ ਕੇ ਗੁਰ ਅਵਤਾਰ ਪੈਗ਼ੰਬਰ ਪੀਰ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਾਲ ਮਿਲਾਈਆ । ਭਗਤ ਸੁਹੇਲਾ ਦਿਸੇ ਨਾ ਕੋਈ ਦਿਲਗੀਰ, ਕਾਇਆ ਮੰਦਰ ਅੰਦਰ ਵੱਜਦੀ ਦਿਸੇ ਵਧਾਈਆ । ਚਾਰੋਂ ਕੁੰਟ ਭੱਜਾ ਫਿਰੇ ਕਬੀਰ, ਸੇਵਕ ਹੋ ਕੇ ਵਾਹੋ ਦਾਹੀਆ । ਧੰਨ ਵਡਿਆਈ ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਨੇ ਸਭ ਦੇ ਕੱਟੇ ਸ਼ਰਅ ਜ਼ੰਜੀਰ, ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਇਕੋ ਪੜ੍ਹ ਹੱਕ ਤਕਬੀਰ, ਤਦਬੀਰ ਦਿਤੀ ਸੁਣਾਈਆ । ਜਨ ਭਗਤ ਮੰਜ਼ਲ ਚੋਟੀ ਚਾੜ੍ਹ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਆਅਲਾ ਅਦਨਾ ਹੋਏ ਸਹਾਈਆ । ਨਿਰਗੁਣ ਧਾਰ ਦੱਸ ਤਸਵੀਰ, ਤਸਬੀ ਮਾਲਾ ਮਣਕੇ ਤੋਂ ਝਗੜਾ ਦਿਤਾ ਮੁਕਾਈਆ । ਅੰਦਰ ਵੜ ਬਦਲ ਜ਼ਮੀਰ, ਜ਼ਾਹਰ ਜ਼ਹੂਰ ਕਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਚੇਤ ਕਹੇ ਗੁਰ ਅਵਤਾਰ ਪੈਗ਼ੰਬਰ ਆ ਗਏ ਨੇੜੇ, ਆਪਣਾ ਪੰਧ ਮੁਕਾਈਆ । ਭਗਤ ਦਵਾਰ ਸੁਹਾ ਕੇ ਖੇੜੇ, ਖਿੜਕੀ ਅੰਦਰੋਂ ਦਏ ਖੁਲ੍ਹਾਈਆ । ਜੁਗ ਚੌਕੜੀ ਵਿਛੜੇ ਜਿਹੜੇ, ਸਾਰੇ ਬੈਠੇ ਧਿਆਨ ਲਗਾਈਆ । ਪਰਮ ਪੁਰਖ ਦੇ ਚੜ੍ਹ ਗਏ ਬੇੜੇ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਇਕੋ ਰੰਗ ਰੰਗਾ ਕੇ ਰੁਤ ਸੁਹਾਏ ਸੰਝ ਸਵੇਰੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰੇ, ਨਿਗਾਹਬਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਰੰਗਣ ਰੰਗ ਰੰਗਾਈਆ । ਪੰਜ ਚੇਤ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਪਿਛਲਾ ਵਰਕਾ ਵਰਕਾ, ਬਿਨ ਅੱਖਰ ਵੇਖ ਵਖਾਈਆ । ਓਸ ਦੀ ਖ਼ੈਰ ਓਸੇ ਦਾ ਸਦਕਾ, ਬੀਖ਼ੈਰ ਇਕੋ ਨੂਰ ਅਲਾਹੀਆ । ਜੋ ਨਿਰਗੁਣ ਧਾਰ ਹੋ ਕੇ ਪਰਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਲੇਖਾ ਉਤੇ ਅਰਸ਼ਾ, ਅਰਸ਼ੀ ਪ੍ਰੀਤਮ ਵੇਸ ਵਟਾਈਆ । ਸੋ ਭਾਗ ਲਗਾਏ ਧਰਨੀ ਧਰਤ ਧੌਲ ਫ਼ਰਸ਼ਾ, ਨਿਰਵੈਰ ਖੇਲ ਖਿਲਾਈਆ । ਜਨ ਭਗਤਾਂ ਦਾ ਦੇਵਣ ਆਇਆ ਕ਼ਰਜ਼ਾ, ਮਕਰੂਜ਼ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਸਾਂਝੀ ਕਰ ਕੇ ਗ਼ਰਜ਼ਾ, ਆਸ਼ਾ ਮਨਸਾ ਮਨਸਾ ਆਸ਼ਾ ਆਪਣੇ ਵਿਚ ਸਮਾਈਆ । ਸੰਤ ਸੁਹੇਲਾ ਬਣ ਕੇ ਬਰਦਾ, ਦਰ ਦਰਵੇਸ਼ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ



੨੩ ੨੧

ਭਗਤ ਜਨ ਹੋ ਗਏ ਸੁਨ ਮੁਨ, ਮਨ ਕਾ ਮੋਹ ਮਿਟਾਈਆ । ਅੰਤਰ ਇਕ ਪ੍ਰੇਮ ਦੀ ਧੁਨ, ਧੁਨ ਆਤਮਕ ਵੱਜੇ ਵਧਾਈਆ । ਬਾਕੀ ਰਿਹਾ ਕੋਇ ਨਾ ਮੁਨ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਚੁਰਾਸੀ ਵਿਚੋਂ ਪੁਰਖ ਅਕਾਲ ਦੀਨ ਦਿਆਲ ਲਏ ਚੁਣ, ਚਾਰ ਕੁੰਟ ਖੋਜ ਖੁਜਾਈਆ । ਨਾਮ ਸੰਦੇਸ਼ਾ ਦੇ ਕੇ ਫੁਨ, ਫੁਰਨਿਆਂ ਵਿਚੋਂ ਬਾਹਰ ਕਢਾਈਆ । ਸਚ ਦੁਆਰ ਦੇ ਕੇ ਗੁਣ, ਔਗੁਣ ਡੇਰਾ ਦਿਤਾ ਢਾਹੀਆ । ਏਕੰਕਾਰ ਬਣਾ ਕੇ ਆਪਣੀ ਕੁਲ, ਕੁਲ ਮਾਲਕ ਹੋਏ ਸਹਾਈਆ । ਨਾਮ ਭੰਡਾਰਾ ਦੇ ਅਨਮੁਲ, ਕ਼ੀਮਤ ਕਰਤਾ ਕੋਇ ਨਾ ਲਾਈਆ । ਗੁਰ ਅਵਤਾਰ ਪੈਗ਼ੰਬਰੋ ਭਗਤ ਦੁਵਾਰ ਦੀ ਵੇਖ ਲਉ ਚੁਲ੍ਹ, ਚਾਰ ਜੁਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਫਿਰਨ ਚਾਰ ਚੁਫੇਰੇ, ਚਾਰੋਂ ਕੁੰਟ ਚਾਈਂ ਚਾਈਂਆ । ਵੇਖੋ ਪੁਰਖ ਅਕਾਲ ਕਰੇ ਮਿਹਰੇ, ਮਿਹਰਵਾਨ ਦਇਆ ਕਮਾਈਆ । ਚਾਰ ਵਰਨ ਚੜ੍ਹਨ ਬੇੜੇ, ਨਈਆ ਨੌਕਾ ਇਕ ਸੁਹਾਈਆ । ਸਾਚੇ ਭਗਤ ਦੇ ਆ ਗਏ ਖੇੜੇ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜਿਥੇ ਦੀਨ ਮਜ੍ਹਬ ਦੇ ਰਹਿਣੇ ਨਹੀਂ ਝੇੜੇ, ਜ਼ਾਤ ਪਾਤ ਨਾ ਕੋਇ ਲੜਾਈਆ । ਗੁਰ ਗੋਬਿੰਦ ਲੌਣੇ ਡੇਰੇ, ਡੰਡਾਵਤ ਇਕੋ ਰਿਹਾ ਸਮਝਾਈਆ । ਸ਼ਬਦ ਧਾਰ ਸਿੰਘ ਸ਼ੇਰੇ, ਭਬਕ ਪੁਰਖ ਅਕਾਲ ਸਮਝਾਈਆ । ਲੱਖ ਚੁਰਾਸੀ ਗੇੜ ਗੇੜੇ, ਜੁਗ ਚੌਕੜੀ ਆਪ ਭੁਆਈਆ । ਸਤਿਜੁਗ ਔਂਦਾ ਅੱਗੇ ਨੇੜੇ, ਕਲਜੁਗ ਕੂੜਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜ ਚੇਤ ਕੀ ਦੱਸੀ ਕਥਾ, ਕਹਾਣੀ ਸਮਝ ਕੋਇ ਨਾ ਆਈਆ । ਅਸੀਂ ਜਾਣੀਏ ਸਚ ਯਥਾਰਥ ਯਥਾ, ਯਦੀ ਆਪਣੀ ਅੱਖ ਖੁਲ੍ਹਾਈਆ । ਸਾਡੇ ਕੋਲ ਅਗੰਮੀ ਅੱਖਾ, ਬਿਨ ਨੈਣਾਂ ਨੈਣ ਰੁਸ਼ਨਾਈਆ । ਇਹ ਖੇਲ ਪ੍ਰਭੂ ਦਾ ਸੱਚਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਲੇਖਾ ਦਿਸਦਾ ਕੱਚਾ, ਕੱਲਰ ਕੰਧ ਦੁਹਾਈਆ । ਏਥੇ ਭਗਤ ਭਗਵਾਨ ਦਾ ਜੁੜਿਆ ਮੱਥਾ, ਮਸਤਕ ਨੂਰ ਹੋਵੇ ਰੁਸ਼ਨਾਈਆ । ਸ਼ਬਦੀ ਧਾਰ ਗੋਬਿੰਦ ਭੱਥਾ, ਕੰਧੇ ਕੰਧ ਉਠਾਈਆ । ਲੇਖਾ ਜਾਣ ਕੇ ਤੱਤ ਅੱਠਾ, ਤ੍ਰੈ ਪੰਜ ਖੋਜ ਖੁਜਾਈਆ । ਸਚ ਦੁਆਰ ਖੋਲ੍ਹ ਕੇ ਹੱਟਾ, ਵਸਤ ਅਮੋਲਕ ਆਪ ਵਰਤਾਈਆ । ਦੂਈ ਦਵੈਤ ਮੇਟ ਕੇ ਫੱਟਾ, ਨਾਮ ਪੱਟੀ ਇਕ ਬੰਧਾਈਆ । ਇਹ ਖੇਲ ਪੁਰਖ ਸਮਰਥਾ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਦੇ ਇਕੱਠੇ ਹੋਏ ਅੰਗੂਠੇ ਚਾਰ, ਚਾਰ ਜੁਗ ਦਾ ਪੰਧ ਮੁਕਾਈਆ । ਸਾਡਾ ਰਿਹਾ ਨਾ ਕੋਈ ਅਖ਼ਤਿਆਰ, ਬੇਅਖ਼ਤਿਆਰ ਦਿਸੀ ਲੋਕਾਈਆ । ਪੈਰਾਂ ਨਾਲ ਛੁਹਣ ਵਾਲੇ ਛੂਹ ਗਏ ਆਪਣੀ ਧਾਰ, ਧਾਰ ਧਰਮ ਬਦਲਾਈਆ । ਦੋਹਾਂ ਤੋਂ ਹੋ ਗਏ ਚਾਰ, ਚਾਰ ਕੁੰਟ ਦੁਹਾਈਆ । ਇਹ ਲੇਖਾ ਅਸੀਂ ਸਮਝਾ ਨਾ ਸਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਭੇਵ ਕੋਇ ਨਾ ਪਾਈਆ । ਖੇਲ ਕਰਦੇ ਗਏ ਵਾਰੋ ਵਾਰ, ਵਾਰਤਾ ਜਗਤ ਵਿਚ ਵਡਿਆਈਆ । ਇਹ ਸਭ ਤੋਂ ਵੱਖਰਾ ਵਿਵਹਾਰ, ਰਿਸ਼ੀ ਮੁਨੀ ਸਮਝ ਕਿਸੇ ਨਾ ਆਈਆ । ਇਹ ਮੰਜ਼ਲ ਉਹ ਦੁਸ਼ਵਾਰ, ਜੋ ਬਿਨਾ ਪੁਰਖ ਅਕਾਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਮਾਧੀ ਇਹੋ ਸੁਧ, ਜੋ ਵਿਸ਼ਨ ਬ੍ਰਹਮਾ ਸ਼ਿਵ ਲਗਾਈਆ । ਏਸੇ ਦੀ ਨਕਲ ਕੀਤੀ ਬੁੱਧ, ਬੁੱਧੀ ਆਪਣੀ ਲਈ ਬਦਲਾਈਆ । ਇਹੋ ਨਾਨਕ

ਭੇਵ ਰੱਖਿਆ ਗੁਝ, ਪੜਦਾ ਨਾ ਕਿਸੇ ਉਠਾਈਆ । ਇਹੋ ਖੇਲ ਕੀਤੀ ਹੇਮ ਕੁੰਟ, ਦੁਸ਼ਟ ਦਮਨ ਧਿਆਨ ਲਗਾਈਆ । ਇਹੋ ਧਾਰ ਨੈਣਾਂ ਦੇਵੀ ਕੀਤੀ ਲੁਕ, ਗੋਬਿੰਦ ਆਪਣੀ ਕਾਰ ਕਮਾਈਆ । ਏਸੇ ਧਾਰ ਵਿਚੋਂ ਨਿਕਲੇ ਓਹ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜਨਮ ਦਾ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਸਮਾਧੀ ਕਿਸੇ ਨਾ ਲੱਭੀ, ਸਾਰੇ ਸ਼ਾਸਤਰ ਦੇਣ ਦੁਹਾਈਆ । ਹੱਥ ਨਾ ਆਵੇ ਕਵਲ ਨਭੀ, ਕਵਲ ਕਵਲਾ ਮੁਖ ਭੁਆਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਨਾ ਬੱਧੀ, ਬੰਦਨਾ ਸਿਖਿਆ ਨਾ ਕੋਇ ਦ੍ਰਿੜਾਈਆ । ਹੱਥ ਨਾ ਆਵੇ ਪੈਗ਼ੰਬਰਾਂ ਵਾਲੀ ਗੱਦੀ, ਵਦੀ ਸੁਦੀ ਨਾ ਕੋਇ ਸਮਝਾਈਆ । ਕਲਜੁਗ ਅੰਤ ਅਖ਼ੀਰੀ ਸਦੀ, ਸੱਦਾ ਧੁਰ ਦਾ ਰਹੀ ਸੁਣਾਈਆ । ਚਾਰੋਂ ਕੁੰਟ ਹੋਈ ਬਦੀ, ਬਦ ਸਕੇ ਨਾ ਕੋਇ ਲੁਕਾਈਆ । ਮੋਹ ਵਿਕਾਰ ਦੀ ਵਹੇ ਨਦੀ, ਕਲਜੁਗ ਜੀਵਾਂ ਰਹੀ ਰੁੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਬੱਧੀ ਡੱਗੀ, ਡੱਗਾ ਕਾਇਆ ਅੰਦਰ ਖੜਕਾਈਆ । ਮਮਤਾ ਮੋਹ ਮਾਰ ਕੇ ਅੱਡੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਖੇਲ ਵੇਖਣਾ ਪ੍ਰਭ ਨੇ ਆਪਣੀ ਸਦੀ, ਸੱਦੇ ਸਭ ਨੂੰ ਦਏ ਸੁਣਾਈਆ । ਇਹ ਵਕ਼ਤ ਸੁਹੰਜਣਾ ਹੁੰਦਾ ਕਦੀ, ਨੌ ਸੌ ਚੁਰਾਨਵੇ ਚੌਕੜੀ ਹੱਥ ਕਦੇ ਨਾ ਆਈਆ । ਜਿਸ ਵੇਲੇ ਜੋਤ ਅਕਾਲਣ ਧਾਰ ਆਵੇ ਰੱਬੀ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਮਾਧੀ ਸਚ ਸਮੂਹ, ਸਾਹਿਬ ਤੇਰੀ ਸਰਨਾਈਆ । ਅਸੀਂ ਖੇਲ ਵੇਖਿਆ ਹੂਬਹੂ, ਹੂਬਹੂ ਨਾਅਰਾ ਲਗਾਈਆ । ਤੇਰੇ ਭਗਤਾਂ ਦਾ ਪਵਿਤ੍ਰ ਹੋਇਆ ਬੁਤ ਰੂਹ, ਦੁਰਮਤ ਮੈਲ ਰਹੀ ਨਾ ਰਾਈਆ । ਸਭ ਦਾ ਸ਼ਬਦ ਅਗੰਮਾ ਗੁਰੂ, ਤੱਤਾਂ ਵਾਲੀ ਨਾ ਕੋਇ ਵਡਿਆਈਆ । ਜੋ ਆਤਮ ਪਰਮਾਤਮ ਨਾਲ ਜੁੜੂ, ਜੋੜੀ ਧੁਰ ਦੀ ਰਿਹਾ ਬਣਾਈਆ । ਚਾਰ ਜੁਗ ਦਾ ਕਲਮਾ ਪਿਛੇ ਮੁੜੂ, ਅੱਗੇ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਭਗਤਾਂ ਅੰਦਰ ਧਰਿਆ ਧਿਆਨ, ਧਿਆਨੀ ਹੋ ਕੇ ਧਿਆਨ ਲਗਾਈਆ । ਕਿਉਂ ਸਾਂਝਾ ਹੋਇਆ ਗਿਆਨ, ਅਗਿਆਨ ਅੰਧੇਰ ਮਿਟਾਈਆ । ਕਿਉਂ ਹੁਕਮ ਹੋਇਆ ਪ੍ਰਵਾਨ, ਪ੍ਰਵਾਨੇ ਰਿਹਾ ਸੁਣਾਈਆ । ਖੜਗ ਖਿਚ ਕੇ ਵਿਚੋਂ ਮਿਆਨ, ਖੰਡਾ ਰਿਹਾ ਚਮਕਾਈਆ । ਜੋ ਸਭ ਦੀ ਕਰੇ ਕਲਿਆਣ, ਉਹ ਕਲਮਾ ਇਕ ਪੜ੍ਹਾਈਆ । ਸਾਰੇ ਆਪਣਾ ਪਿਛਲਾ ਵੇਖੋ ਗਿਆਨ, ਜੋ ਸੰਦੇਸ਼ਿਆਂ ਵਿਚ ਸੁਣਾਈਆ । ਮੈਂ ਦੱਸਾਂ ਇਕ ਫ਼ਰਮਾਨ, ਫੁਰਨਿਆਂ ਵਿਚੋਂ ਪ੍ਰਗਟਾਈਆ । ਅੱਜ ਉਹ ਦਿਵਸ ਮਹਾਨ, ਜਿਸ ਦੀ ਮਹਿੰਮਾ ਸ਼ਾਸਤਰ ਸਿਮਰਤ ਨਾ ਕੋਇ ਗਾਈਆ । ਵਿਸ਼ਨੂੰ ਨੇਤਰ ਨੀਰ ਲੱਗਾ ਵਹਾਣ, ਹੰਝੂਆ ਹਾਰ ਬਣਾਈਆ । ਬ੍ਰਹਮਾ ਹੱਥ ਮਲ ਲੱਗਾ ਪਛਤਾਨ, ਪੱਛਮ ਦੱਖਣ ਵੇਖ ਵਖਾਈਆ । ਸ਼ੰਕਰ ਕੂਕ ਲੱਗਾ ਸੁਣਾਨ, ਟਿੱਲੇ ਪਰਬਤ ਦੇਣ ਦੁਹਾਈਆ । ਤੇਈ ਅਵਤਾਰ ਵੇਖਣ ਲੱਗੇ ਨਿਸ਼ਾਨ, ਨਿਸ਼ਾਨਾ ਇਹੋ ਆਪਣਾ ਹੱਥ ਰਖਾਈਆ । ਈਸਾ ਮੂਸਾ ਮੁਹੰਮਦ ਕਰਨ ਲੱਗੇ ਪਹਿਚਾਨ, ਬੇਪਹਿਚਾਨ ਰਾਹ ਤਕਾਈਆ । ਨਾਨਕ ਗੋਬਿੰਦ ਖੇਲ ਮਹਾਨ, ਹਰਿ ਕਰਤਾ ਆਪ ਸਮਝਾਈਆ । ਗੋਬਿਦ ਕਿਹਾ ਅੱਜ ਭਗਤਾਂ ਚਾਰ ਅੰਗੂਠੇ ਕਿਉਂ ਇਕੱਠੇ ਕੀਤੇ ਆਣ, ਚੌਹੁ ਜੁਗਾਂ ਵਿਚ ਸਮਝ ਕਿਸੇ ਨਾ ਆਈਆ । ਗੋਬਿੰਦ ਕਹੇ ਮੈਂ ਲੋਹਗੜ੍ਹ ਕਿਲ੍ਹੇ ਵਿਚ ਰੀਤੀ ਦੱਸੀ ਸੀ ਪਕਵਾਨ, ਪੱਕੀ ਇਕੋ ਗੱਲ ਸੁਣਾਈਆ । ਜਿਸ

ਵੇਲੇ ਆਵੇ ਜੋਧਾ ਸੂਰਬੀਰ ਬਲੀ ਬਲਵਾਨ, ਹਰਿ ਕਰਤਾ ਧੁਰਦਰਗਾਹੀਆ । ਓਹ ਪਿਛਲਾ ਸਭ ਦਾ ਲੇਖਾ ਮੁਕਾਵੇ ਵਿਚ ਜਹਾਨ, ਜਹਾਲਤ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਕੀ ਕੁਛ ਪੱਕਾ, ਪਕਵਾਨ ਦੇ ਦ੍ਰਿੜਾਈਆ । ਕਿਉਂ ਚਾਰ ਜੁਗ ਤੋਂ ਮਿਲਿਆ ਧੱਕਾ, ਚਾਰ ਕੁੰਟ ਦੁਹਾਈਆ । ਦੀਨ ਮਜ਼੍ਹਬ ਰਿਹਾ ਨਾ ਸਕਾ, ਜ਼ਾਤ ਪਾਤ ਲੜਾਈਆ । ਝਗੜਾ ਪਿਆ ਮਦੀਨਾ ਮੱਕਾ, ਮੰਦਰ ਮਠ ਗੁਰੂਦੁਆਰ ਰਹੇ ਕੁਰਲਾਈਆ । ਕਿਉਂ ਪੈਗ਼ੰਬਰਾਂ ਬਦਲੀਆਂ ਅੱਖਾਂ, ਗੁਰ ਗੁਰ ਗੋਦ ਨਾ ਕੋਇ ਉਠਾਈਆ । ਇਕ ਬਚਨ ਦੱਸ ਦੇ ਸੱਚਾ, ਸਚ ਤੇਰੀ ਵਡਿਆਈਆ । ਗੋਬਿੰਦ ਕਿਹਾ ਮੈਂ ਇਕੋ ਪੁਰਖ ਅਕਾਲ ਦਾ ਬੱਚਾ, ਅੰਤ ਅਖ਼ੀਰੀ ਸੋਭਾ ਪਾਈਆ । ਬਾਕੀ ਸਭ ਦਾ ਲੇਖਾ ਓਸ ਦੇ ਹੱਥਾ, ਜੋ ਸਮਰਥ ਧੁਰਦਰਗਾਹੀਆ । ਇਹ ਵਕਤ ਸੁਹੰਜਣਾ ਸਭ ਨੂੰ ਕੀਤਾ ਇਕੱਠਾ, ਇਕੋ ਦਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਗੋਬਿੰਦ ਕਿਹਾ ਇਹ ਉਹ ਪੱਕਾ ਰਿਧਾ, ਰਿਧੀ ਸਿਧੀ ਰਹਿਣ ਕੋਇ ਨਾ ਪਾਈਆ । ਸਤਿਜੁਗ ਸਚ ਧਰਮ ਦੀ ਬਿਧਾ, ਰਿਸ਼ਤਾ ਇਕੋ ਇਕ ਦ੍ਰਿੜਾਈਆ । ਮਾਰਗ ਕਰ ਕੇ ਸਿੱਧਾ, ਆਤਮ ਪਰਮਾਤਮ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਇਕ ਬੰਧਾਈਆ । ਗੁਰ ਅਵਤਾਰ ਪੈਗ਼ੰਬਰੋ ਇਹ ਵਿਵਹਾਰ ਨਹੀਂ ਹੁੰਦਾ ਜਲਦੀ, ਚਾਰ ਜੁਗ ਨਾ ਕੋਇ ਵਡਿਆਈਆ । ਇਹ ਖੇਲ ਅਛਲ ਅਛੱਲ ਦੀ, ਹਰਿ ਕਰਤਾ ਆਪ ਕਰਾਈਆ । ਜਿਸ ਵੇਲੇ ਨੌ ਸੌ ਚੁਰਾਨਵੇ ਚੌਕੜੀ ਜੁਗ ਜਵਾਨੀ ਢਲਦੀ, ਕਲਜੁਗ ਅੰਤਮ ਫੇਰਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਅੱਗ ਹੋਵੇ ਬਲਦੀ, ਬਿਨ ਪੁਰਖ ਅਕਾਲ ਨਾ ਕੋਇ ਬੁਝਾਈਆ । ਹੋਣੀ ਕ਼ਜ਼ਾ ਕਿਸੇ ਤੋਂ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਪਲਕ ਦੇ ਅੰਦਰ ਕੀ ਕਰਾਈਆ । ਓਸ ਵੇਲੇ ਧਾਰ ਪ੍ਰਗਟੇ ਭਗਤਾਂ ਦੇ ਦਲ ਦੀ, ਦਲਿਦ੍ਰੀਆਂ ਦਲਿਦ੍ਰ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਗਰੀ ਇਕ ਉਪਜਾਈਆ । ਗੋਬਿੰਦ ਕਹੇ ਇਹ ਲੰਗਰ ਨਹੀਂ ਲਗ ਮਾਤਰ, ਲਗਨ ਇਕ ਲਗਾਈਆ । ਸਭ ਦਾ ਸੁਨੇਹੜਾ ਧੁਰ ਦਾ ਪਾਤਰ, ਪਤ੍ਰਕਾ ਵਿਚ ਲਿਖਾਈਆ । ਜਿਸ ਵੇਲੇ ਦੀਨ ਦੁਨੀ ਹੋਵੇ ਆਤਰ, ਅਦਲ ਇਨਸਾਫ਼ ਆਪ ਕਰਾਈਆ । ਓਸ ਵੇਲੇ ਪ੍ਰਭ ਭਗਤਾਂ ਕਰੇ ਖ਼ਾਤਰ, ਸੇਵਕ ਸੇਵਾਦਾਰ ਰੂਪ ਪ੍ਰਗਟਾਈਆ । ਕੋਝੇ ਕਮਲੇ ਬਣਾ ਕੇ ਚਾਤਰ, ਚਾਤਰਕ ਆਪਣੇ ਦਏ ਵਖਾਈਆ । ਮਨੂਆ ਮਨ ਕਰੇ ਸਾਂਤਕ, ਸਤਿ ਸਰੂਪ ਵਿਚ ਸਮਾਈਆ । ਕਲਜੁਗ ਕੂੜੀ ਬੁਝਾ ਕੇ ਆਤਸ਼, ਅੰਤਸ਼ਕਰਨ ਦਏ ਬਦਲਾਈਆ । ਜਿਨ੍ਹਾਂ ਦੇ ਪਿਛੇ ਜਾ ਕੇ ਆਵੇ ਵਾਪਸ, ਵਿਚ ਆਪਸ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰ ਇਕ ਵਖਾਈਆ । ਜਨ ਭਗਤਾਂ ਲੰਗਰ ਮੇਲ ਘਿਰਤ ਘਿਓ, ਘਿਰਨਾ ਵਿਚ ਨਾ ਕੋਇ ਰਖਾਈਆ । ਗੁਰਮੁਖੋ ਪੁਰਖ ਅਕਾਲ ਤੁਹਾਡਾ ਇਕੋ ਸਾਂਝਾ ਪਿਓ, ਗੋਬਿੰਦ ਗੁਰ ਲਿਆ ਮਨਾਈਆ । ਸਚ ਪ੍ਰੀਤੀ ਓਸ ਨੂੰ ਦਿਓ, ਸੀਸ ਜਗਦੀਸ਼ ਭੇਟ ਕਰਾਈਆ । ਦੂਸਰ ਜਗਤ ਕਿਸੇ ਨਾ ਨਿਉਂ, ਇਸ਼ਟ ਅਵਰ ਨਾ ਕੋਇ ਰਖਾਈਆ । ਤੁਹਾਡੇ ਅੰਮ੍ਰਿਤ ਬਰਖੇ ਮਿਹੋਂ, ਮੇਘਲਾ ਇਕੋ ਧਾਰ ਬਰਸਾਈਆ । ਅੱਜ ਪੱਕਾ ਕਰ ਲਿਓ ਨਿਹੋਂ, ਅੱਗੇ ਨਾ ਕੋਇ ਤੁੜਾਈਆ । ਰਹਿਣਾ ਸਚਖੰਡ ਦਵਾਰੇ ਦੂਜਾ ਨਾ ਕੋਇ ਥਾਉਂ ਨਾ ਕੋਈ ਥਿਉਂ, ਦਵਾਰਾ ਦਰ ਨਾ ਕੋਇ ਵਡਿਆਈਆ ।

ਭਰਮ ਭੁਲੇਖੇ ਵਿਚ ਨਾ ਰਿਹੋ, ਰਹਿਬਰ ਬੇਪ੍ਰਵਾਹੀਆ । ਵਸਤ ਅਮੋਲਕ ਇਕ ਲਿਓ, ਜੋ ਦੋ ਜਹਾਨਾਂ ਪਾਰ ਕਰਾਈਆ । ਸਚ ਦਵਾਰੇ ਧੁਰ ਦੇ ਬਿਹੋ, ਦਰਗਾਹ ਸਾਚੀ ਵੱਜੇ ਵਧਾਈਆ । ਭੁੱਲਕੇ ਕਦੀ ਨਾ ਕਿਹੋ, ਕਿਉਂ ਕਾਮਲ ਮੁਰਸ਼ਦ ਵੇਖ ਵਖਾਈਆ । ਸਭ ਦੇ ਅੰਦਰ ਤੀਰ ਨਿਰਾਲਾ ਲਾਣਾ ਬਿਰਹੋਂ, ਵਿਛੋੜੇ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਿਆਰ ਦਾ ਸਾਂਝਾ ਘਿਰਤ, ਖੋਲ੍ਹਣਹਾਰਾ ਸੁਰਤ ਨਿਰਤ, ਦੋ ਜਹਾਨਾਂ ਆਵੇ ਫਿਰਤ, ਫਿਰਤ ਭਗਤਾਂ ਨਾਲ ਕਮਾਈਆ । ਪੰਜ ਚੇਤ ਕਹੇ ਜਨ ਭਗਤੋ ਦੂਜੀ ਚੁਲ੍ਹ ਕੋਈ ਨਾ ਰੋਟੀ, ਅੰਨ ਪਕਵਾਨ ਨਾ ਕੋਇ ਵਡਿਆਈਆ । ਜਿਨ੍ਹਾਂ ਦੇ ਅੰਦਰ ਵਾਸਨਾ ਖੋਟੀ, ਦੁਰਮਤ ਮੈਲ ਨਾ ਕੋਇ ਧੁਆਈਆ । ਜਿਨ੍ਹਾਂ ਰਸਨਾ ਲਾਈ ਬੋਟੀ, ਗੋਬਿੰਦ ਗੁਰੂ ਨਾ ਦਏ ਗਵਾਹੀਆ । ਓਹ ਰੋਂਦੇ ਕੋਟਨ ਕੋਟੀ, ਰਾਏ ਧਰਮ ਦਏ ਸਜ਼ਾਈਆ । ਨਾ ਸਨਿਆਸੀ ਨਾ ਉਹ ਜੋਗੀ, ਵੈਰਾਗੀ ਤਿਆਗੀ ਸਰਬ ਸਜਾਈਆ । ਸਹਾਰਾ ਮਿਲੇ ਨਾ ਲੋਕ ਪ੍ਰਲੋਕੀ, ਚਰਨ ਕਵਲ ਨਾ ਕੋਇ ਵਡਿਆਈਆ । ਕਿਸੇ ਕੰਮ ਨਾ ਆਵੇ ਪੜ੍ਹੀ ਪੋਥੀ, ਪੁਸਤਕ ਬਗ਼ਲਾਂ ਵਿਚ ਟਿਕਾਈਆ । ਜਿਨ੍ਹਾਂ ਨੇ ਪ੍ਰਭ ਦੀ ਮੰਜ਼ਲ ਸੋਚੀ, ਸੋਚ ਸਮਝ ਦਏ ਗਵਾਹੀਆ । ਉਨ੍ਹਾਂ ਦਾ ਵਿਚੋਲਾ ਬਣਦਾ ਦੇਖੋ ਰਵਦਾਸ ਚਮਾਰਾ ਮੋਚੀ, ਗੁਰਮੁਖ ਨਾਮ ਬਦਲਾਈਆ । ਜੋ ਸੁੱਕੀ ਖਾ ਕੇ ਰੋਟੀ, ਆਪਣਾ ਝਟ ਲੰਘਾਈਆ । ਹੁਣ ਭਗਤਾਂ ਦੇ ਭੰਡਾਰੇ ਭਰੌਣ ਲੱਗਾ ਕਿਸੇ ਦੀ ਖ਼ਾਲੀ ਹੋਵੇ ਤਨ ਨਾ ਕੋਠੀ, ਆਕਾ ਨਜ਼ਰ ਕੋਇ ਨਾ ਆਈਆ । ਲਓ ਇਕ ਅਕਾਲ ਦੀ ਓਟੀ, ਓੜਕ ਓਹੋ ਹੋਏ ਸਹਾਈਆ । ਅੰਨ ਖਾਧਿਆਂ ਮੰਜ਼ਲ ਚੜ੍ਹ ਗਏ ਚੋਟੀ, ਛਡ ਕੂੜ ਲੋਕਾਈਆ । ਦੂਜੀ ਚੁਲ੍ਹ ਸਦਾ ਥੋਥੀ, ਬਿਨਾ ਕਾਇਆ ਚੁਲ੍ਹ ਤੋਂ ਬਾਕੀ ਵਸਤ ਸਰਬ ਪਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਸਵਾ ਪੰਜ ਦਾ ਆਇਆ ਵਕ਼ਤ, ਪੰਜ ਚੇਤ ਦਏ ਵਡਿਆਈਆ । ਮੈਂ ਇਕੱਠੇ ਹੁੰਦੇ ਵੇਖੇ ਭਗਤ, ਭਗਵਾਨ ਮਿਲ ਮਿਲ ਵੱਜੀ ਵਧਾਈਆ । ਇਸ ਨੂੰ ਸਮਝੇ ਕੋਈ ਨਾ ਜਗਤ, ਜੀਵਨ ਜੁਗਤ ਨਾ ਕੋਇ ਦ੍ਰਿੜਾਈਆ । ਇਹ ਖੇਲ ਓਸ ਸ਼ਕਤ, ਜੋ ਸ਼ਖ਼ਸੀਅਤ ਸਭ ਦੀ ਦਏ ਬਦਲਾਈਆ । ਜਿਸ ਵੇਲੇ ਰਾਮ ਦੁਹਾਈ ਪਾਈ ਸੀ ਭਰਤ, ਬਾਹਵਾਂ ਸਖਣੀਆਂ ਸੰਗ ਉਠਾਈਆ । ਓਸ ਵੇਲੇ ਰਾਮ ਇੱਕੀ ਮਿੰਟ ਗਿਆ ਸੀ ਅਟਕ, ਰਾਮ ਰਾਮ ਵਿਚ ਧਿਆਨ ਲਗਾਈਆ । ਪੁਰਖ ਅਕਾਲ ਨੇ ਨਿਗਾਹ ਮਾਰੀ ਉਪਰ ਧਰਤ, ਅਯੁਧਿਆ ਵਾਸੀ ਦੇਣ ਦੁਹਾਈਆ । ਓਸ ਵੇਲੇ ਲਾਈ ਸ਼ਰਤ, ਹੁਕਮ ਹੁਕਮ ਵਿਚੋਂ ਸੁਣਾਈਆ । ਜਿਸ ਵੇਲੇ ਆਵਾਂ ਉਪਰ ਧਰਤ, ਆਪਣਾ ਵੇਸ ਵਟਾਈਆ । ਜਿਹੜੇ ਰਾਮ ਤੇਰੇ ਦਰਸ ਨੂੰ ਰਹੇ ਤਰਸ, ਤੇਰਾ ਰਾਮ ਹੋ ਕੇ ਉਨ੍ਹਾਂ ਲਵਾਂ ਮਿਲਾਈਆ । ਇਹ ਪੂਰਬ ਦਾ ਲੇਖਾ ਪਿਛਲਾ ਕ਼ਰਜ਼, ਕ਼ਰਜ਼ਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਵੇਖ ਵਖਾਈਆ । ਪੰਝੀ ਪੰਝੀ ਹੋਇਆ ਜੋੜ, ਜੋੜੀ ਧੁਰਦਰਗਾਹੀਆ । ਜਿਸ ਵੇਲੇ ਬੁੱਧ ਨੂੰ ਗਿਆਨ ਹੋਇਆ ਹੇਠਾਂ ਬੋਹੜ, ਪੀਪਲ ਪੀਤਲ ਰੂਪ ਵਖਾਈਆ । ਓਸ ਨੇ ਵੇਖਿਆ ਤੱਕ ਕੇ ਗ਼ੌਰ, ਬਿਨ ਅੱਖਾਂ ਅੱਖ ਉਠਾਈਆ । ਕਲਜੁਗ ਵੀਹਵੀਂ ਸਦੀ ਮਚਿਆ ਸ਼ੋਰ, ਚਾਰੋਂ ਕੁੰਟ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਛੱਡਕੇ ਡੋਰ, ਪੱਲੂ ਆਪਣਾ ਗਏ ਛੁਡਾਈਆ । ਕਿਸੇ ਦੀ ਰਹੀ ਕਿਸੇ ਨਾ ਲੋੜ, ਆਸਾ ਪੂਰ ਨਾ ਕੋਇ ਕਰਾਈਆ । ਓਸ ਵੇਲੇ ਪੁਰਖ ਅਕਾਲਾ ਰਿਹਾ ਬਹੁੜ, ਨਿਰਗੁਣ ਨਿਰਵੈਰ ਦਇਆ ਕਮਾਈਆ । ਕਲਜੁਗ ਦਿਸੇ ਅੰਧੇਰਾ ਘੋਰ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਪੰਜ ਚੋਰ, ਗ੍ਰਿਹ ਮੰਦਰ ਰਹੇ ਲੁਟਾਈਆ । ਉਸ ਨੂੰ ਨਜ਼ਰੀ

ਆਇਆ ਭਗਤਾਂ ਦੀ ਪ੍ਰਭ ਨੇ ਆਪਣੇ ਹੱਥ ਰੱਖੀ ਡੋਰ, ਸ਼ਬਦੀ ਤੰਦ ਬੰਧਾਈਆ । ਪੰਝੀ ਪੰਝੀ ਇਕ ਦੂਜੇ ਦੇ ਵਸਣ ਕੋਲ, ਪੰਝੀ ਪੰਝੀ ਜੋੜ ਜੁੜਾਈਆ । ਉਨ੍ਹਾਂ ਦੇ ਅੰਤਰ ਨਾਮ ਅਨਮੋਲ, ਤੂੰ ਮੇਰਾ ਮੈਂ ਤੇਰਾ ਦਿਤਾ ਟਿਕਾਈਆ । ਗਲਵਕੜੀ ਪਾ ਕੇ ਆਪਣਾ ਆਪ ਲੈਣਾ ਤੋਲ, ਤਰਾਜ਼ੂ ਨਜ਼ਰ ਕੋਇ ਨਾ ਆਈਆ । ਬੁੱਧ ਨੇ ਖੇਲ ਵੇਖਿਆ ਉਪਰ ਧੌਲ, ਬੀਸ ਬੀਸਾ ਧਿਆਨ ਲਗਾਈਆ । ਏਸੇ ਕਾਰਨ ਕਿਸੇ ਨਾਲ ਨਹੀਂ ਮਾਰਿਆ ਰੋਲ, ਲਹਿਣਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਪੰਜ ਉਂਗਲੀਆਂ ਨੀਚੇ ਦੇਣ ਸ਼ਹਾਦਤ, ਸ਼ਬੇ ਰੋਜ਼ ਸ਼ਨਵਾਈਆ । ਉਹ ਗੁਰੂਆਂ ਦੀ ਇਬਾਦਤ, ਜਗਤ ਤੋਂ ਉਹਲੇ ਸੇਵ ਕਮਾਈਆ । ਏਸੇ ਵਿਚ ਪਰਮ ਪੁਰਖ ਕਰਦਾ ਰਿਹਾ ਸਖ਼ਾਵਤ, ਰਹਿਮਤ ਆਪ ਕਮਾਈਆ । ਬਖ਼ਸ਼ਦਾ ਰਿਹਾ ਨਾਮ ਅਮਾਨਤ, ਅਮਲਾਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੰਜਾਂ ਉਂਗਲੀਆਂ ਦੇ ਅਗਲੇ ਪੋਟੇ ਪੁਰਖ ਅਕਾਲ ਦੇ ਦੀਨਾਂ ਮਜ਼੍ਹਬਾਂ ਵਾਲੇ ਟੋਟੇ, ਟੁਕੜਿਆਂ ਦੇ ਇਸ਼ਾਰੇ ਸ਼ਰਅ ਵਿਚ ਵਖਾਈਆ । ਕਿਉਂ ਪਾਲ ਸਿੰਘ ਨੇ ਡਾਹੀ ਅੱਗ, ਅਗਨੀ ਅੱਗ ਤਪਾਈਆ । ਇਹ ਮਰਯਾਦਾ ਜਗ, ਬਿਨਾ ਭਗਤ ਭਗਵਾਨ ਦੇ ਦੂਜਾ ਯੱਗ ਕੰਮ ਕਿਸੇ ਨਾ ਆਈਆ । ਭਾਵੇਂ ਕੋਟਨ ਕੋਟ ਸਾਧੂ ਲਓ ਸੱਦ, ਸਾਧਨਾ ਵਿਚ ਨਾ ਕੋਇ ਸਫ਼ਾਈਆ । ਜਿਹੜੇ ਆਪ ਮੰਜ਼ਲ ਚੜ੍ਹ ਨਾ ਸਕੇ ਅੱਧ, ਅਗਲਾ ਭੇਵ ਕੀ ਖੁਲ੍ਹਾਈਆ । ਜਿਨ੍ਹਾਂ ਸੂਰ ਗਾਂ ਖਾਧੀ ਵੱਢ, ਮੱਛੀਆਂ ਮਾਸ ਵਟਾਈਆ । ਉਹ ਸ੍ਰੀ ਭਗਵਾਨ ਤੋਂ ਸਦਾ ਲਈ ਹੋ ਗਏ ਅੱਡ, ਰਾਏ ਧਰਮ ਦਏ ਸਜ਼ਾਈਆ । ਜਿਸ ਨੇ ਧਰਮ ਨਿਸ਼ਾਨਾ ਦੇਣਾ ਗੱਡ, ਸਤਿਜੁਗ ਸਾਚੀ ਧਾਰ ਪ੍ਰਗਟਾਈਆ । ਓਹ ਸਭ ਤੋਂ ਖੇਲ ਕਰੇ ਅਲਗ, ਵਖਰੀ ਨੀਤੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਈਆ । ਕਿਉਂ ਪਾਣੀ ਦਾ ਜਗ ਰੱਖਿਆ ਨੇੜੇ, ਸਵਾ ਸੇਰ ਭਰਾਈਆ । ਜਿਸ ਵੇਲੇ ਗੋਬਿੰਦ ਨੇ ਸਰਸਾ ਵਿਚ ਰੋੜ੍ਹੇ ਸੀ ਬੇੜੇ, ਤੁਲਹਾ ਹੱਥ ਨਾ ਕੋਇ ਰਖਾਈਆ । ਉਸ ਨੇ ਪੰਜ ਬੁੱਕ ਭਰੇ ਇਹੋ ਮੈਨੂੰ ਬਥੇਰੇ, ਤੋਲ ਸਵਾ ਸੇਰ ਵਖਾਈਆ । ਜਿਹੜੇ ਆ ਗਏ ਮੇਰੇ ਘੇਰੇ, ਉਨ੍ਹਾਂ ਨੂੰ ਤ੍ਰਿਖਾ ਰਹੇ ਨਾ ਰਾਈਆ । ਓਹੋ ਜਲ ਅੰਤ ਨਾਲ ਲੈ ਗਿਆ ਵਿਚ ਨੰਦੇੜੇ, ਗੋਦਾਵਰੀ ਵਿਚ ਸੁਟਾਈਆ । ਫਿਰ ਫੜ ਕੇ ਖੰਡਾ ਫੇਰੇ, ਦੋ ਜਹਾਨ ਦਏ ਹਿਲਾਈਆ । ਇਕੋ ਘਰ ਵਖਾ ਕੇ ਗੁਰੂ ਗੁਰ ਚੇਰੇ, ਚੇਲਾ ਗੁਰ ਵਡਿਆਈਆ । ਜਿਨ੍ਹਾਂ ਉਤੇ ਪੁਰਖ ਅਕਾਲ ਕਰੇ ਮਿਹਰੇ, ਮੇਰਾ ਅੰਮ੍ਰਿਤ ਉਨ੍ਹਾਂ ਅੰਦਰ ਦਏ ਟਿਕਾਈਆ । ਉਨ੍ਹਾਂ ਮਾਰਨਾ ਨਾ ਪਏ ਚੁਰਾਸੀ ਵਾਲਾ ਗੇੜੇ, ਜਮ ਕੀ ਫਾਸੀ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਸਭ ਦੇ ਅੰਤਰ ਅੰਮ੍ਰਿਤ ਦਏ ਟਿਕਾਈਆ । ਕਿਉਂ ਰਾਖ ਮੁੱਠੀ ਦੱਬੀ, ਸਵਾਹ ਖ਼ਾਕ ਰੂਪ ਸਮਝਾਈਆ । ਇਹ ਖੇਲ ਇਲਾਹੀ ਰੱਬੀ, ਨੂਰੋ ਨੂਰ ਰੁਸ਼ਨਾਈਆ । ਜਿਸ ਦਾ ਭੇਵ ਦੱਸੇ ਕੋਈ ਨਾ ਗੱਦੀ, ਸਦੀਆਂ ਦਾ ਰਾਹ ਤਕਾਈਆ । ਪਰਦਿਆਂ ਵਿਚੋਂ ਕਿਸੇ ਨਾ ਲੱਭੀ, ਖੋਜਿਆਂ ਹੱਥ ਨਾ ਕੋਇ ਫੜਾਈਆ । ਜਿਸ ਵੇਲੇ ਗੋਬਿੰਦ ਪਾਰ ਕਰਨੀ ਸੀ ਸਰਸਾ ਨਦੀ, ਮੁੱਠੀ ਖ਼ਾਕ ਚਰਨ ਜੋੜੇ ਵਿਚ ਛੁਪਾਈਆ । ਉਤੋਂ ਜ਼ੋਰ ਨਾਲ ਦੱਬੀ ਅੱਡੀ, ਭਾਰ ਦਿਤਾ ਪਾਈਆ । ਜਿਸ ਵੇਲੇ ਆਵੇ ਵੀਹਵੀਂ ਸਦੀ, ਸਦਮਾ ਪਏ ਲੋਕਾਈਆ । ਹੰਸ ਬੁੱਧੀ ਹੋਈ ਕੱਗੀ, ਕਾਗ ਵਾਂਗ ਕੁਰਲਾਈਆ । ਚਾਰੋਂ ਕੁੰਟ ਲੱਗਣੀ ਅੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਓਸ ਵੇਲੇ ਪਰਮ ਪੁਰਖ ਦੀਨ ਦਿਆਲ ਜੋਤ ਇਕੋ

ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਪ੍ਰੇਮ ਵਿਚ ਜਾਏ ਬੱਝੀ, ਨਾਤਾ ਧਰਮ ਦਾ ਧਰਮ ਬਣਾਈਆ । ਹਰਿਸੰਗਤ ਸਚ ਪਕਵਾਨ ਵਾਸਤੇ ਜਾਏ ਸੱਦੀ, ਹੋਕਾ ਧੁਰ ਦਾ ਇਕ ਸੁਣਾਈਆ । ਜਿਹੜੀ ਮਨ ਕਲਪਣਾ ਕਿਸੇ ਦੁਆਰਿਉਂ ਨਹੀਂ ਰੱਜੀ, ਉਸ ਦੀ ਤ੍ਰਿਸ਼ਨਾ ਪੂਰ ਕਰਾਈਆ । ਖ਼ਾਕ ਕਹੇ ਮੈਂ ਲੁਕ ਕੇ ਵਿਚ ਡੱਬੀ, ਆਪਣਾ ਝਟ ਰਹੀ ਲੰਘਾਈਆ । ਮੈਨੂੰ ਸਾਰੇ ਕਹਿੰਦੇ ਰਹੇ ਵੱਡੀ, ਰਿਸ਼ਵਤ ਖੋਰ ਜਗਤ ਲੋਕਾਈਆ । ਜਿਸ ਵੇਲੇ ਮੈਂ ਧਾਰ ਵੇਖੀ ਬੱਗੀ, ਸਤਿ ਸਫ਼ੈਦੀ ਸੋਭਾ ਪਾਈਆ । ਮੈਂ ਕੁੱਦੀ ਨੱਚੀ ਟੱਪੀ, ਆਪਣੀ ਖ਼ੁਸ਼ੀ ਲਈ ਬਣਾਈਆ । ਗੋਬਿੰਦ ਨਾਲ ਕਰ ਕੇ ਪੱਕੀ, ਅਗਲੀ ਗੰਢ ਰਖਾਈਆ । ਓਸ ਕਥਾ ਕਹਾਣੀ ਦੱਸੀ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਸਤਿ ਧਰਮ ਦੀ ਧਾਰ ਦੋ ਜਹਾਨੋਂ ਨੱਸੀ, ਚਾਰੋਂ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਰੰਗ ਇਕ ਵਖਾਈਆ । ਸਵਾ ਗਜ਼ ਕੱਪੜਾ ਗੁਰ ਅਰਜਨ ਦੀ ਧਾਰ, ਰਾਵੀ ਕੰਢਾ ਦਏ ਦੁਹਾਈਆ । ਥੱਲੇ ਰੱਖੀ ਨਾ ਕੋਇ ਦੁਸ਼ਾਲ, ਮਿਰਗਸ਼ਾਲਾ ਨਾ ਕੋਇ ਵਡਿਆਈਆ । ਇਸ ਦੀ ਬਣ ਕੇ ਸੱਚੀ ਧਰਮਸਾਲ, ਬੈਠਾ ਧਿਆਨ ਲਗਾਈਆ । ਨਿਗਾਹ ਕਰ ਕੇ ਪਰੇ ਦੋ ਜਹਾਨ, ਪੁਰਖ ਅਕਾਲ ਵਿਚ ਸਮਾਈਆ । ਸਚ ਸੰਦੇਸ਼ਾ ਦੇ ਸ੍ਰੀ ਭਗਵਾਨ, ਹੁਕਮੀ ਹੁਕਮ ਦ੍ਰਿੜਾਈਆ । ਕਲਜੁਗ ਕੂੜਾ ਕੂੜ ਦਿਸੇ ਨਿਸ਼ਾਨ, ਚਾਰੋਂ ਕੁਟ ਦੁਹਾਈਆ । ਪੁਰਖ ਅਕਾਲਾ ਦੇਵੇ ਧੁਰ ਫ਼ਰਮਾਨ, ਨਾਮ ਸੰਦੇਸਾ ਇਕ ਸੁਣਾਈਆ । ਸਦੀ ਬੀਸਵੀਂ ਚਾਰੋਂ ਕੁੰਟ ਹੋਏ ਹੈਰਾਨ, ਹੈਰਾਨੀ ਸਭ ਦੇ ਅੰਦਰ ਆਈਆ ।
੨੯ ਸੰਤ ਰਹੇ ਨਾ ਕੋਇ ਜਿਸ ਨੂੰ ਹੋਵੇ ਬ੍ਰਹਮ ਗਿਆਨ, ਜਗਤ ਵਿਦਿਆ ਵਿਚ ਵਡਿਆਈਆ । ਓਸ ਵੇਲੇ ਲੇਖਾ ਹੋਵੇ ਭਗਤ ਭਗਵਾਨ, ਭਗਵਨ ਭਗਤਾਂ ਮੇਲ ਮਿਲਾਈਆ । ਸਵਾ ਗਜ਼ ਦਾ ਦੇ ਕੇ ਇਕੱਠਾ ਦਾਨ, ਸਭ ਦੇ ਅੰਦਰੋਂ ਆਸਣ ਦਏ ਬਦਲਾਈਆ । ਉਨ੍ਹਾਂ ਨੂੰ ਲੱਭਣਾ ਪਏ ਨਾ ੨੯
੨੧ ਵਿਚੋਂ ਬੀਆਬਾਨ, ਕਾਇਆ ਮੰਦਰ ਕਰੇ ਰੁਸ਼ਨਾਈਆ । ਗੁਰ ਅਰਜਨ ਖ਼ੁਸ਼ੀ ਨਾਲ ਕਿਹਾ ਵਾਹ ਵਾਹ ਤੇਰੀ ਖੇਲ ਮਹਾਨ, ਬੇਅੰਤ ਤੇਰੀ ਬੇਪਰਵਾਹੀਆ । ੨੧
ਸੋ ਵੇਲਾ ਵਕਤ ਪਹੁੰਚਿਆ ਆਣ, ਸਵਾ ਗਜ਼ ਦਾ ਗਜ਼ ਸਵਾ ਸਵਾਰਥ ਸਭ ਦਾ ਪੂਰ ਕਰਾਈਆ । ਇਹ ਪੁਰਾਣੇ ਕਪੜੇ ਦੀ ਜੇਬ, ਜਿਸ ਨੂੰ ਜੇਬਕੁਤਰਾ ਨਾ ਕੋਇ ਚੁਰਾਈਆ । ਜਿਸ ਵੇਲੇ ਭੀਲਨੀ ਨਾਲ ਰਾਮ ਕੀਤਾ ਫ਼ਰੇਬ, ਚਰਨ ਧੋ ਕੇ ਖ਼ੁਸ਼ੀ ਬਣਾਈਆ । ਓਸ ਨੇ ਕਿਹਾ ਬੇਰ, ਰਾਮ ਨਾ ਕਿਹਾ ਸੇਬ, ਮੁਖ ਨਾਲ ਮੁਫ਼ਤ ਸਾਲਾਹੀਆ । ਭੀਲਣੀ ਕਿਹਾ ਕੁਛ ਲਿਖ ਦੇ ਉਤੇ ਕਤੇਬ, ਅੱਖਰਾਂ ਨਾਲ ਵਡਿਆਈਆ । ਰਾਮ ਕਿਹਾ ਭੀਲਨੀ ਭਗਤ ਭਗਵਾਨ ਦੀ ਖੇਲ ਜਾਣਦੇ ਨਹੀਂ ਚਾਰ ਵੇਦ, ਸ਼ਾਸਤਰਾਂ ਵਿਚੋਂ ਹੱਥ ਕਿਸੇ ਨਾ ਆਈਆ । ਇਹ ਲੱਭਦਾ ਨਹੀਂ ਭੇਵ, ਭਾਂਡਾ ਭਰਮ ਨਾ ਕੋਇ ਭੰਨਾਈਆ । ਜਿਸ ਦਾ ਨਿਸ਼ਾਨਾ ਇਕੋ ਸੇਧ, ਮੰਜ਼ਲ ਧੁਰਦਰਗਾਹੀਆ । ਉਹ ਆਪੇ ਖੇਲੇ ਆਪਣੀ ਖੇਡ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤ ਜਿਸ ਵੇਲੇ ਭਗਤਾਂ ਦੇ ਪਕਵਾਨ ਦੀ ਬਣੌਣ ਦੇਗ, ਰਿੱਧਾ ਪੱਕਾ ਆਪ ਸੁਹਾਈਆ । ਓਸ ਵੇਲੇ ਗ਼ਰੀਬ ਨਿਮਾਣਿਆਂ ਦੀ ਆਪਣੇ ਨਾਮ ਨਾਲ ਭਰ ਦੇਵੇ ਜੇਬ, ਖ਼ਾਲੀ ਰਹਿਣ ਕੋਇ ਨਾ ਪਾਈਆ । ਸਚ ਭੰਡਾਰਾ ਧੁਰ ਦਰਗਾਹੋਂ ਦੇਵੇ ਭੇਜ, ਭਜਨ ਬੰਦਗੀ ਦਾ ਝਗੜਾ ਦੇਵੇ ਚੁਕਾਈਆ । ਕਮਲੀਏ ਅੰਦਰ ਵੜ ਕੇ ਦੇਵੇ ਜੋਤੀ ਤੇਜ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਦਾ ਆਤਮਾ ਦੀ ਮਾਣੇ ਸੇਜ, ਸਚ ਸਿੰਘਾਸਣ ਸੋਭਾ ਪਾਈਆ । ਭੀਲਣੀਏਂ ਇਹ ਪੁਰਾਣੀ ਇਸ ਕਰ ਕੇ ਰੱਖੀ ਸ਼ਾਇਦ ਕੋਈ ਗੁਰਸਿੱਖ ਭੁੱਲ ਕੇ ਇਹਨੂੰ ਨਾ ਆਵੇ ਵੇਚ, ਲਾਲਚ ਟੱਕਿਆਂ ਵਾਲਾ

ਰਖਾਈਆ । ਕਿਉਂ ਕਲਜੁਗ ਨੇ ਅਮੀਰਾਂ ਗ਼ਰੀਬਾਂ ਨੂੰ ਧੋਖੇ ਫ਼ਰੇਬ ਦੀ ਪਾ ਦਿਤੀ ਗੇੜ, ਸ਼ਾਹ ਕੰਗਾਲ ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਰਿਹਾ ਮੁਕਾਈਆ । ਪਾਟੀ ਪੁਰਾਣੀ ਪਗੜੀ ਕਹੇ ਓ ਬਾਵਨ, ਬਲ ਦੁਆਰੇ ਧਿਆਨ ਲਗਾਈਆ । ਤੇਰਾ ਬਣਿਆ ਕੋਈ ਨਾ ਜ਼ਾਮਨ, ਜ਼ੁਮੇਵਾਰੀ ਨਾ ਕੋਇ ਰਖਾਈਆ । ਜਗਤ ਤ੍ਰਿਸ਼ਨਾ ਕੂੜੀ ਕਾਮਨ, ਕਾਮਨਾ ਕੂੜ ਲੋਕਾਈਆ । ਪ੍ਰਭ ਦਾ ਖੇਲ ਆਹਮਣੇ ਸਾਹਮਣ, ਸਮਾਂ ਸਮੇਂ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪਗੜੀ ਕਹੇ ਮੈਨੂੰ ਬਾਹਮਣ ਬਾਵਨ ਆਇਆ ਬੰਨ੍ਹ ਕੇ, ਵੇਸ ਗ਼ਰੀਬਾਂ ਵਾਲਾ ਵਟਾਈਆ । ਇਕ ਈਨ ਆਇਆ ਮੰਨ ਕੇ, ਹੁਕਮ ਧੁਰਦਰਗਾਹੀਆ । ਪੈਂਡਾ ਮਾਰਿਆ ਚਲ ਕੇ, ਭੱਜਿਆ ਵਾਹੋ ਦਾਹੀਆ । ਇਕ ਆਵਾਜ਼ ਆਈ ਖਲ ਕੇ, ਤੂੰ ਮੇਰਾ ਮੈਂ ਤੇਰਾ ਢੋਲਾ ਦਿਤਾ ਗਾਈਆ । ਫੇਰ ਦਵਾਰਾ ਬਹਿ ਗਿਆ ਮੱਲ ਕੇ, ਆਪਣੀ ਸੁਰਤ ਰਹੀ ਨਾ ਰਾਈਆ । ਢਾਈ ਕਰਮਾਂ ਵਿਚ ਛਲ ਕੇ, ਮਾਣ ਦਿੱਤਾ ਮਿਟਾਈਆ । ਓਸ ਵੇਲੇ ਬਲ ਨੇ ਆਪਣੀ ਪਗੜੀ ਉਤੇ ਧਰ ਕੇ, ਧਰਨੀ ਦਾਨ ਕਰਾਈਆ । ਅੱਗੋਂ ਬਾਵਨ ਕਿਹਾ ਹੱਸ ਕੇ, ਬਲ ਖ਼ਾਲੀ ਹੱਥ ਦੇ ਵਖਾਈਆ । ਉਹ ਆਇਆ ਕੋਲ ਨੱਸ ਕੇ, ਨੇਤਰ ਨੈਣਾਂ ਨੀਰ ਵਹਾਈਆ । ਕੁਛ ਮੈਨੂੰ ਜਾ ਦੱਸ ਕੇ, ਕੀ ਵੇਸ ਲਿਆ ਵਟਾਈਆ । ਬਾਵਨ ਕਿਹਾ ਫਿਰ ਵੇਖ ਅੱਖ ਪੱਟ ਕੇ, ਹੁਕਮ ਦਿਤਾ ਜਣਾਈਆ । ਜਾਂ ਅੱਖ ਪੱਟੀ ਤੇ ਵੇਖੇ ਖੇਲ ਓਸ ਸਮਰਥ ਦੇ, ਜੋ ਹਰ ਘਟ ਰਿਹਾ ਸਮਾਈਆ । ਫਿਰ ਕਿਹਾ ਕੁਛ ਦਾਨ ਭਗਤ ਦੀ ਝੋਲੀ ਘੱਤ ਦੇ, ਮੇਰੀ ਤੇਰੇ ਅੱਗੇ ਅਰਜ਼ੋਈਆ । ਬਾਵਨ ਕਿਹਾ ਤੁਸੀਂ ਭਗਤ ਪ੍ਰਭੂ ਦੇ ਸਚ ਦੇ, ਆਹ ਪਾਟੀ ਪਗੜੀ ਤੇਰੇ ਸਿਰ ਟਿਕਾਈਆ । ਜੇ ਤੂੰ ਨਹੀਂ ਸਾਂਭਣੀ ਫਿਰ ਰਵਦਾਸ ਦੇ ਹੱਥ ਦੇ, ਜੋ ਚਮਰੇਟਾ ਧੁਰ ਦਾ ਨਜ਼ਰੀ ਆਈਆ । ਚਮਰੇਟੇ ਕੋਲੋਂ ਜਾਣੀ ਕੋਲ ਓਸ ਜੱਟ ਦੇ, ਜੋ ਜਟਾ ਜੂਟ ਸਾਰੇ ਦਏ ਵਿਕਾਈਆ । ਜਿਸ ਨੇ ਭੰਡਾਰੇ ਖੋਲ੍ਹਣੇ ਧੁਰ ਦੇ ਹੱਟ ਦੇ, ਹਟਵਾਣਾ ਰਹਿਣ ਕੋਇ ਨਾ ਪਾਈਆ । ਓਸ ਦੇ ਭਗਤ ਪ੍ਰੇਮ ਵਿਚ ਹੋਣੇ ਸਚ ਦੇ, ਗੁਰਮੁਖ ਗੁਰਸਿਖ ਸੋਭਾ ਪਾਈਆ । ਪਾਟੀਆਂ ਲੀਰਾਂ ਇਹ ਤੰਦ ਓਸ ਪੱਟ ਦੇ, ਜੋ ਭਗਤ ਭਗਵਾਨ ਦੀ ਧਾਰ ਵਿਚੋਂ ਖਿਚਾਈਆ । ਇਹੋ ਜਿਹੇ ਬਸਤਰ ਸੰਸਾਰ ਵਿਚ ਕਿਤੇ ਨਹੀਂ ਲੱਭਦੇ, ਖੋਜ ਖੋਜ ਥੱਕੀ ਲੋਕਾਈਆ । ਇਹੋ ਖੇਲ ਪੁਰਖ ਸਮਰਥ ਦੇ, ਜੁਗ ਜਨਮ ਦੇ ਲਹਿਣੇ ਰਿਹਾ ਮੁਕਾਈਆ । ਲੰਗਰ ਪਕੌਣ ਲੱਗਿਆਂ ਕਿਸੇ ਗਲ ਨਾ ਹੋਵੇ ਹੋਰ ਕੋਟੀ, ਕੋਟੀ ਨਹੀਂ ਕੋਟ ਜਨਮ ਦਾ ਧਿਆਨ ਲਗਾਈਆ । ਜਿਸ ਤਰਾ ਤਨ ਦਾ ਇਕੋ ਬਸਤਰ ਤੇ ਇਕੋ ਪਕਵਾਨ ਤੇ ਪ੍ਰੇਮ ਦੀ ਰੋਟੀ, ਰੱਟਾ ਜਗਤ ਨਾ ਕੋਇ ਵਖਾਈਆ । ਕ਼ਮੀਜ਼ ਨਾਲੋਂ ਇਹ ਹੁੰਦੀ ਸਦਾ ਉਤੇ ਛੋਟੀ, ਛੋਟੀ ਨਹੀਂ ਛੋਟਿਆਂ ਤੋਂ ਵੱਡੇ ਦੇਣਾ ਬਣਾਈਆ । ਇਹ ਵਿਚਾਰ ਫ਼ਰੀਦ ਨੇ ਸੀ ਸੋਚੀ, ਜਿਸ ਵੇਲੇ ਰੋਟੀ ਕਾਠ ਖਾ ਕੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਜਿਸ ਵੇਲੇ ਸੀਤਾ ਰਾਮ ਦਾ ਹੁੰਦਾ ਸੀ ਵਿਆਹ, ਚਿੱਲਾ ਧਨੁਸ਼ ਤੀਰ ਚਲਾਈਆ । ਓਸ ਵੇਲੇ ਮਹਾਂਰਿਸ਼ੀ ਮਲ ਕੇ ਆਏ ਸੁਆਹ, ਤਨ ਭਬੂਤ ਰਮਾਈਆ । ਇਕੱਠਿਆਂ ਕੀਤੀ ਸਲਾਹ, ਆਪਣੀ ਆਸ ਦ੍ਰਿੜਾਈਆ । ਜੇ ਕੋਈ ਕੁਛ ਸਾਨੂੰ ਦਏ ਖੁਵਾ, ਆਸਾ ਤ੍ਰਿਪਤ ਕਰਾਈਆ । ਓਧਰੋਂ ਸੀਤਾ ਦੀ ਸਹੇਲੀ ਗਈ ਆ, ਨੰਚਣੀ ਜਿਸ ਦਾ ਨਾਮ ਸੁਣਾਈਆ । ਓਹਨੇ ਹੱਸ ਕੇ ਕਿਹਾ ਤੁਹਾਡੇ ਮੁਖ ਮਿੱਠਾ ਦੇਵਾਂ ਪਾ, ਖ਼ੁਸ਼ੀ ਦਿਆਂ ਬਣਾਈਆ । ਉਨ੍ਹਾਂ ਨੈਣ

ਲਏ ਉਠਾ, ਅੱਖ ਇਕੋ ਵਾਰ ਟਿਕਾਈਆ । ਉਧਰੋਂ ਤੇਜ਼ ਆਈ ਹਵਾ, ਓਢਣ ਦਿਤਾ ਉਡਾਈਆ । ਬਿਖੜੇ ਵਾਲ ਹਵਾ ਨੇ ਦਿਤੇ ਫੈਲਾ, ਇਧਰ ਓਧਰ ਭੱਜਣ ਵਾਹੋ ਦਾਹੀਆ । ਓਧਰੋ ਜਨਕ ਗਿਆ ਆ, ਰਾਜ ਮੰਤਰੀ ਪੰਜ ਨਾਲ ਸਲਾਹੀਆ । ਸਭ ਦੇ ਨੈਣ ਗਏ ਸ਼ਰਮਾ, ਸਾਧੂ ਸਿਰ ਨਾ ਕੋਇ ਉਠਾਈਆ । ਕੀ ਖਾਣਾ ਖਾਓ ਗ਼ਿਜ਼ਾ, ਮੈਨੂੰ ਦਿਓ ਸਮਝਾਈਆ । ਓਸ ਸਹੇਲੀ ਕਿਹਾ ਰਾਜਨ ਇਨ੍ਹਾਂ ਨੂੰ ਹੋਇਆ ਸ਼ੁਦਾ, ਬਦੀ ਲਈ ਬਦਲਾਈਆ । ਮੇਰੇ ਵਾਲ ਖੁਲ੍ਹੇ ਵੇਖ ਕੇ ਹੰਸੀ ਦਿਤੀ ਉਡਾ, ਤਾਲੀ ਦਿਤੀ ਵਜਾਈਆ । ਮੇਰੇ ਨੈਣ ਦਿਤੇ ਰਵਾ, ਹੰਝੂਆਂ ਧਾਰ ਵਹਾਈਆ । ਜਨਕ ਕਿਹਾ ਇਹਨਾ ਦਾ ਇਹੋ ਜਿਹਾ ਸੁਭਾ, ਕੀ ਸਜ਼ਾ ਦੇਵਾਂ ਭੁਗਤਾਈਆ । ਮੈਨੂੰ ਐਂ ਦਿਸਦਾ ਜਿਸ ਵੇਲੇ ਕਲਜੁਗ ਅੰਤ ਅਖ਼ੀਰੀ ਗਿਆ ਆ, ਚਾਰੋਂ ਕੁੰਟ ਅੰਧੇਰਾ ਛਾਈਆ । ਜਗਤ ਸੰਤ ਸਾਰੇ ਹੋਣ ਰਫ਼ਾ, ਰਫ਼ਾਕਤ ਸਚ ਨਾ ਕੋਇ ਕਮਾਈਆ । ਕਲਜੁਗ ਕੂੜੀ ਕਿਰਿਆ ਇਹਨਾਂ ਨੂੰ ਤੂੰ ਖੁਲ੍ਹਾ ਝਾਟਾ ਦੇ ਵਖਾ, ਬਾਟਾ ਹੱਥ ਨਾ ਕੋਇ ਫੜਾਈਆ । ਓਸ ਵੇਲੇ ਕਿਰਪਾ ਕਰੇ ਬੇਪ੍ਰਵਾਹ, ਨਿਰਗੁਣ ਆਪਣੀ ਦਇਆ ਕਮਾਈਆ । ਸਾਚੇ ਭਗਤਾਂ ਲਏ ਮਿਲਾ, ਮੇਲਾ ਹਰਿ ਜਗਦੀਸ਼ ਕਰਾਈਆ । ਸਤਿਜੁਗ ਦੀ ਸਾਚੀ ਮਰਿਯਾਦਾ ਲਏ ਚਲਾ, ਤਰੇਤਾ ਦੁਆਪਰ ਕਲਜੁਗ ਪੈਂਡਾ ਦਏ ਮੁਕਾਈਆ । ਸਾਚਾ ਪਕਵਾਨ ਲਏ ਪਕਾ, ਪੱਕੀ ਸਭ ਨੂੰ ਦਏ ਕਰਾਈਆ । ਪ੍ਰਭ ਨੂੰ ਮਿਲਿਆਂ ਰੰਡੀਆਂ ਤੋਂ ਦੁਹਾਗਣ ਰੂਪ ਨਾ ਲਏ ਵਟਾ, ਬਿਨਾ ਦੁਹਾਗਣਾਂ ਤੋਂ ਖੁਲ੍ਹਾ ਸਿਰ ਨਜ਼ਰ ਕਿਸੇ ਨਾ ਆਈਆ । ਏਸੇ ਕਾਰਨ ਇਹ ਹੁਕਮ ਦਿਤਾ ਵਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਸਭ ਦਾ ਪੂਰ ਕਰਾਈਆ । ਜਿਸ ਨੇ ਜੀਵਾਂ ਦਾ ਖਾਧਾ ਹੋਵੇ ਮਾਸ, ਰਸਨਾ ਰਸ ਵਖਾਈਆ । ਉਹ ਭਗਤਾਂ ਦੀ ਪੂਰੀ ਕਰ ਨਾ ਸਕੇ ਆਸ, ਜਿਸ ਦੀ ਆਸ਼ਾ ਮਨ ਵਿਚ ਹਲਕਾਈਆ । ਜੁਗ ਜੁਗ ਜਨ ਭਗਤਾਂ ਦੀ ਭਗਵਨ ਕਰੇ ਤਲਾਸ਼, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਉਨ੍ਹਾਂ ਨੂੰ ਜਨਮ ਤੋਂ ਪਹਿਲੋਂ ਦੀ ਮਿਲੀ ਸ਼ਾਬਾਸ਼, ਜੋ ਰਸਨਾ ਜਿਹਵਾ ਮੁਖ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਖਿਆਤ, ਸਾਹਿਬ ਸਵਾਮੀ ਦਇਆ ਕਮਾਈਆ । ਢਾਈ ਗਜ਼ ਲੰਮੀ ਕੋਰੀ ਧੋਤੀ, ਧੋਬੀ ਖੁੰਬ ਨਾ ਕੋਇ ਚੜ੍ਹਾਈਆ । ਇਹ ਰਾਧਾ ਦੀ ਆਸਾ ਲੋਚੀ, ਕ੍ਰਿਸ਼ਨ ਓਢਣ ਦਿਤਾ ਟਿਕਾਈਆ । ਇਕ ਦਿਨ ਵੇਖ ਕੇ ਚਮਕਦੀ ਜੋਤੀ, ਉਤੇ ਪੜਦਾ ਦਿਤਾ ਪਾਈਆ । ਆਪ ਆਪਣੀ ਉਂਗਲ ਰੱਖ ਕੇ ਉਤੇ ਠੋਡੀ, ਸੋਚ ਸੋਚਾਂ ਵਿਚ ਡੁਬਾਈਆ । ਕੀ ਮੈਂ ਹੋ ਗਈ ਇਹਦੇ ਜੋਗੀ, ਜੋਗਣਾਂ ਵਾਲਾ ਵੇਸ ਵਟਾਈਆ । ਕੀ ਇਹ ਰਸੀਆ ਕੀ ਇਹ ਭੋਗੀ, ਕੀ ਇਹ ਅਨਰਸ ਵਿਚ ਸਮਾਈਆ । ਕੀ ਇਹ ਸੰਜੋਗੀ ਕੀ ਇਹ ਵਿਜੋਗੀ, ਕੀ ਇਹ ਨਾਥ ਤ੍ਰੈਲੋਕੀ, ਕੀ ਸਲੋਕੀ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਧੋਤੀ ਕਹੇ ਮੈਂ ਸਾਫ਼ ਸੁਥਰੀ ਕੋਰੀ, ਕੋਰਾਪਨ ਦਿਆਂ ਸਮਝਾਈਆ । ਰਾਧਾ ਬਾਂਕੀ ਨੱਢੀ ਛੋਹਰੀ, ਸ਼ੌਹਰ ਆਪਣਾ ਵੇਖ ਵਖਾਈਆ । ਮੈਂ ਬਣ ਕੇ ਡੂੰਘੀ ਘੋਰੀ, ਘੋਰ ਅੰਧੇਰਾ ਰਾਹ ਤਕਾਈਆ । ਜਾਂ ਤੱਕਿਆ ਪ੍ਰਭ ਸਭ ਦੇ ਅੰਦਰ ਵੜਿਆ ਚੋਰੀ ਚੋਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਕੀਤੀ ਬਹੁੜੀ ਬਹੁੜੀ, ਦਿਤੀ ਹੱਕ ਦੁਹਾਈਆ । ਮੈਨੂੰ ਆਵਾਜ਼ ਆਈ ਓਸ ਸਮਝ ਵਿਚ ਕੁਛ ਅਗਲੀ ਗੱਲ ਔੜੀ, ਪੜਦਾ ਦਿਤਾ ਉਠਾਈਆ । ਓਹ ਵੇਖ ਕਲਜੁਗ ਚੌਧਵੀਂ ਸਦੀ ਆਈ ਦੌੜੀ, ਮੁਹੰਮਦ ਦਏ ਗਵਾਹੀਆ । ਚਾਰੋਂ ਕੁੰਟ ਉਮਤ ਵੇਲ ਹੋਣੀ ਕੌੜੀ, ਅੰਮ੍ਰਿਤ ਰਸ ਨਾ ਕੋਇ

ਭਰਾਈਆ । ਤੇਰੇ ਤੰਦ ਤੰਦ ਦੀ ਡੋਰੀ, ਡੌਰੂ ਸਭ ਦਾ ਦਏ ਵਜਾਈਆ । ਓਸ ਵੇਲੇ ਇਕ ਪੁਰਖ ਅਕਾਲਾ ਦੀਨ ਦਿਆਲਾ ਸ਼ਬਦ ਅਗੰਮੇ ਚੜ੍ਹਨਾ ਘੋੜੀ, ਅਸਵ ਆਸਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਲੇਖਾ ਵੇਖ ਵਖਾਈਆ । ਦੀਪਕ ਕਹੇ ਮੈਂ ਜਗਦਾ ਚਿਰਾਗ਼, ਚਰਾਗਾਹਾਂ ਵਿਚ ਰੁਸ਼ਨਾਈਆ । ਬਿਨਾ ਭਗਤਾਂ ਤੋਂ ਰਿਹਾ ਕੋਈ ਨਾ ਜਾਗ, ਸੁੱਤੀ ਜਗਤ ਲੋਕਾਈਆ । ਅਬਿਨਾਸ਼ੀ ਕਰਤਾ ਬਦਲ ਰਿਹਾ ਸਮਾਜ, ਸਮਗਰੀ ਮੇਰੇ ਵਿਚ ਟਿਕਾਈਆ । ਮੈਨੂੰ ਖ਼ੁਸ਼ੀ ਹੋਈ ਆਜ, ਆਪਣਾ ਰੂਪ ਬਦਲਾਈਆ । ਸਤਿ ਧਰਮ ਦਾ ਸਚ ਰਿਵਾਜ, ਰਵਾਦਾਰ ਨਾ ਕੋਇ ਬਣਾਈਆ । ਜਨ ਭਗਤੋ ਆਪਣੇ ਕਾਇਆ ਮੰਦਰ ਸਾਚਾ ਨੂਰ ਵੇਖਿਓ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਪਰਮ ਪੁਰਖ ਤੇ ਕਰਨਾ ਇਕ ਵਿਸ਼ਵਾਸ, ਵਿਸ਼ਾ ਇਕੋ ਇਕ ਸਮਝਾਈਆ । ਦੀਪਕ ਕਹੇ ਮੇਰੀ ਜੁਗਾਂ ਜੁਗਾਂ ਦੀ ਪੂਰੀ ਕਰ ਕੇ ਆਸ, ਭਗਤਾਂ ਨਾਲ ਦਿਤੀ ਵਡਿਆਈਆ । ਮੈਂ ਜਾ ਕੇ ਸਭ ਨੂੰ ਕੀਤਾ ਤਲਾਸ਼, ਬਾਹਰੋਂ ਅੰਦਰ ਵੇਖ ਵਖਾਈਆ । ਭਗਤ ਭਗਵਾਨ ਇਕ ਦੂਜੇ ਦੇ ਦਾਸ, ਸੇਵਕ ਵਿਚ ਸੇਵਕ ਸੇਵਾ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਢੇ ਤਿੰਨ ਹੱਥ ਦੀ ਵਿੰਗੀ ਟੇਢੀ ਸੋਟੀ, ਸੁਤਿਆਂ ਰਹੀ ਉਠਾਈਆ । ਜਿਸ ਵਿਚ ਫਸੇ ਦੀਨ ਦੁਨੀ ਲੋਕੀ, ਅਲੋਕਕ ਭੇਵ ਨਾ ਕੋਇ ਖੁਲ੍ਹਾਈਆ । ਸਮਝ ਨਾ ਆਏ ਅਗੰਮੀ ਪੋਥੀ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਮਨ ਬੁੱਧੀ ਹੋਈ ਥੋਥੀ, ਬਬੇਕੀ ਰੂਪ ਨਾ ਕੋਇ ਵਟਾਈਆ । ਮੰਜ਼ਲ ਚੜ੍ਹਿਆ ਕੋਇ ਨਾ ਚੋਟੀ, ਅੱਧਵਿਚਕਾਰੇ ਡੇਰਾ ਲਾਈਆ । ਧੁਰ ਦੀ ਸੋਚ ਕਿਸੇ ਨਾ ਸੋਚੀ, ਸਮਝ ਸਮਝ ਨਾ ਕੋਇ ਬਦਲਾਈਆ । ਇਹ ਖੇਲ ਖੇਲਣੀ ਨਾਲ ਰਵਦਾਸ ਚਮਾਰੇ ਮੋਚੀ, ਨਿਰਗੁਣ ਆਪਣੀ ਕਾਰ ਕਮਾਈਆ । ਇਕ ਦਿਨ ਅੰਦਰੋਂ ਬੁਝਾ ਕੇ ਜੋਤੀ, ਅੰਧ ਅੰਧੇਰਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਇਕ ਪ੍ਰਗਟਾਈਆ । ਰਵਦਾਸ ਵੇਖੇ ਚਾਰ ਚੁਫੇਰਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਧਰ ਤੱਕੇ ਉਧਰ ਅੰਧੇਰਾ, ਸੁਖਮਨ ਟੇਢੀ ਬੰਕ ਰਹੀ ਕੁਰਲਾਈਆ । ਕੋਈ ਨਾ ਬੰਨ੍ਹੇ ਬੇੜਾ, ਪਾਰ ਕਿਨਾਰਾ ਨਾ ਕੋਇ ਸਮਝਾਈਆ । ਅੰਦਰ ਕੂੜਾ ਮੱਚ ਗਿਆ ਝੇੜਾ, ਪਲਕ ਪਲਕ ਲੜਾਈਆ । ਓਸ ਜ਼ੋਰ ਲਾਇਆ ਬਥੇਰਾ, ਨੂਰ ਨਜ਼ਰ ਕੋਇ ਨਾ ਆਈਆ । ਫੇਰ ਰੋ ਕੇ ਕਿਹਾ ਪ੍ਰਭੂ ਤੂੰ ਮੇਰਾ ਮੈਂ ਤੇਰਾ, ਦੂਜਾ ਝਗੜਾ ਦਿਤਾ ਮੁਕਾਈਆ । ਭਗਤਾਂ ਨਾਲ ਟੇਢੀ ਬੰਕ ਦਾ ਕਦੀ ਨਾ ਕਰੀਂ ਬਖੇੜਾ, ਇਸ ਦੇ ਵਿਚ ਭੁਆਈਆ । ਇਸ ਤੋਂ ਅੱਗੇ ਦੁਆਰਾ ਤੇਰਾ, ਬਿਨਾ ਤੁਧ ਦੂਜਾ ਨਜ਼ਰ ਕੋਇ ਨਾ ਆਈਆ । ਅੱਜ ਤੋਂ ਇਹ ਵੀ ਛੁਟ ਗਿਆ ਖਹਿੜਾ, ਪੈਂਡਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿੰਗੇ ਟੇਡੇ ਰਸਤੇ ਰਾਹ, ਪੁਰਖ ਅਬਿਨਾਸ਼ੀ ਬਣ ਮਲਾਹ, ਸ਼ਬਦੀ ਸਤਿਗੁਰ ਦੇ ਸਲਾਹ, ਸਿੱਧੇ ਇਕੋ ਵਾਰ ਕਰਾਈਆ । ਸਭ ਨੇ ਬਸਤਰ ਪਹਿਨਣੇ ਚਿੱਟੇ, ਚਿੱਟੀ ਧਾਰ ਸਮਾਈਆ । ਕਿਸੇ ਨੇ ਪੂਜਣੇ ਨਹੀਂ ਪੱਥਰ ਵੱਟੇ, ਇੱਟਾਂ ਸੀਸ ਨਿਵਾਈਆ । ਕਿਸੇ ਚੜੌਣੇ ਨਹੀਂ ਟਕੇ, ਭੇਟਾ ਵਿਚ ਵਡਿਆਈਆ । ਤੁਹਾਡੀ ਆਤਮਾ ਪਰਮਾਤਮਾ ਦੇ ਨਾਤੇ ਸਕੇ, ਸੱਜਣ ਇਕੋ ਦਿਤਾ ਸਮਝਾਈਆ । ਬਾਕੀ ਚੁੱਕ ਗਏ ਦੀਨ ਦੁਨੀ ਦੇ ਰੱਟੇ, ਰੱਟਣ ਇਕੋ ਲੈਣੀ ਲਗਾਈਆ । ਮਾਣਕ ਹੋ ਕੇ ਰੁਲਣਾ ਨਹੀਂ ਵਿਚ ਘੱਟੇ, ਮਾਟੀ ਖ਼ਾਕ ਸੀਸ ਪੁਆਈਆ । ਜਨ ਭਗਤੋ ਤੁਸੀਂ ਓਸ ਦਵਾਰੇ ਵਸੇ, ਜਿਥੇ ਵਸੇ ਧੁਰਦਰਗਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਵੇ ਹੱਕੇ, ਹਕ਼ੀਕ਼ਤ ਦਾ ਮਾਲਕ ਖ਼ਲਕ ਦਾ ਖ਼ਾਲਕ ਇਕੋ ਬੇਪ੍ਰਵਾਹੀਆ । ਜਨ ਭਗਤਾਂ ਮੌਲੀ ਤੰਦ ਬੱਧਾ ਖੱਬੇ ਗਿਟੇ, ਮੁਹੰਮਦ ਖ਼ੁਸ਼ੀ ਮਨਾਈਆ । ਚੌਦਾਂ ਤਬਕ ਦੁਹੱਥੜ ਮਾਰ ਕੇ ਪਿੱਟੇ, ਦਰੋਹੀ ਦਰੋਹੀ ਨੂਰ ਖ਼ੁਦਾਈਆ । ਸਾਨੂੰ ਕਿਹੜੇ ਖਾਤੇ ਸੁੱਟੇਂ, ਜਗਹ ਦੇ ਸਮਝਾਈਆ । ਸਾਡੇ ਦਵਾਰੇ ਜਾਣੇ ਲੁੱਟੇ, ਮੱਚੇ ਲੁੱਟ ਲੋਕਾਈਆ । ਭਗਤ ਭਗਵਾਨ ਦੀ ਧਾਰੋਂ ਫੁੱਟੇ, ਜੋਤੀ ਜੋਤ ਡਗਮਗਾਈਆ । ਓਸੇ ਦੇ ਕਲਮੇ ਵਿਚ ਜੁਟੇ, ਗੁਰ ਅਵਤਾਰ ਪੈਗ਼ੰਬਰਾਂ ਦੀ ਛਡ ਗਏ ਪੜ੍ਹਾਈਆ । ਸਾਡੇ ਕਿਸੇ ਕੰਮ ਨਹੀਂ ਔਣੇ ਕੀਤੇ ਗ਼ੁੱਸੇ, ਤਾਅਨੇ ਨਾਲ ਸੁਣਾਈਆ । ਅਬਿਨਾਸ਼ੀ ਕਰਤੇ ਭਾਗ ਲਗਾਇਆ ਉਨ੍ਹਾਂ ਦੇ ਜੁਸੇ, ਜਿਸਮ ਜ਼ਮੀਰ ਦਿਤੀ ਬਦਲਾਈਆ । ਨਿਰਗੁਣ ਹੋ ਕੇ ਉਨ੍ਹਾਂ ਪੁਛੇ, ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਸਚਖੰਡ ਦੀ ਸਾਚੀ ਧਾਰ, ਦਰਗਾਹ ਸਾਚੀ ਦਾ ਦਰਦ ਪਿਆਰ, ਮੁਰਸ਼ਦਾਂ ਦਾ ਮੁਰਸ਼ਦ ਮੁਰੀਦਾਂ ਦਾ ਮੁਰੀਦ ਮਦਦਾਂ ਦਾ ਮਦਦਗਾਰ, ਮੁਦਤਾਂ ਦਾ ਮੂਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੌਲੀ ਦਾ ਤੰਦ ਮੁਹੰਮਦ ਦੀ ਮੰਗ, ਸੂਰਾ ਸਰਬੰਗ ਅਨੰਦ ਦਾ ਅਨੰਦ ਚੰਦ ਦਾ ਚੰਦ ਕਰੇ ਰੁਸ਼ਨਾਈਆ । ਆਟਾ ਗੁੰਨ੍ਹਣਾ ਨਹੀਂ ਖੁਲ੍ਹੇ ਝਾਟੇ, ਸ਼ਿਵ ਪਾਰਬਤੀ ਸਮਝਾਈਆ । ਇਹ ਵਸਤ ਲੱਭਣੀ ਨਹੀਂ ਕਿਸੇ ਹਾਟੇ, ਵਣਜਾਰਾ ਵਣਜ ਨਾ ਕੋਇ ਕਰਾਈਆ । ਚਾਰ ਜੁਗ ਪ੍ਰਭ ਨੇ ਵੇਖਣੇ ਖੇਲ ਤਮਾਸ਼ੇ, ਗੁਰ ਅਵਤਾਰ ਪੈਗ਼ੰਬਰਾਂ ਕਾਰ ਭੁਗਤਾਈਆ । ਅੰਤਮ ਲੇਖਾ ਜਾਣੇ ਪ੍ਰਿਥਮੀ ਆਕਾਸ਼ੇ, ਗਗਨ ਗਗਨੰਤਰ ਫੋਲ ਫੁਲਾਈਆ । ਦੀਨ ਦੁਨੀ ਜਿਸ ਵੇਲੇ ਹੋਵੇ ਵਿਚ ਘਾਟੇ, ਸਾਚਾ ਵਣਜ ਨਾ ਕੋਇ ਕਰਾਈਆ । ਗੋਬਿੰਦ ਦਾ ਭੁੱਲ ਜਾਣ ਅੰਮ੍ਰਿਤ ਪੀਤਾ ਬਾਟੇ, ਮਨ ਵਿਕਾਰ ਹੰਕਾਰ ਕੁਰਲਾਈਆ । ਓਸ ਵੇਲੇ ਕਰੇ ਖੇਲ ਪੁਰਖ ਸਮਰਾਥੇ, ਹਰਿ ਕਰਤਾ ਧੁਰਦਰਗਾਹੀਆ । ਮਾਰਗ ਲਾਵੇ ਸਾਚੇ, ਸਤਿ ਸਚ ਇਕ ਸਮਝਾਈਆ । ਸਤਿਜੁਗ ਸਾਚੇ ਆਖੇ, ਧੁਰ ਫ਼ਰਮਾਨਾ ਇਕ ਸੁਣਾਈਆ । ਜੋ ਉੱਤਮ ਪਕਵਾਨ ਪ੍ਰਭ ਰਸ ਚਾਖੇ, ਤਿਸ ਦਾ ਦਵੈਤ ਦਲਿਦ੍ਰ ਰਹੇ ਨਾ ਰਾਈਆ । ਓਸ ਅੰਨ ਨੂੰ ਬਣਾਏ ਨਾ ਕੋਇ ਖੁੱਲ੍ਹੇ ਝਾਟੇ, ਵੇਸਵਾ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਜਨ ਭਗਤੋ ਕਿਸੇ ਦਾ ਬਸਤਰ ਪਾਟਾ ਨਾ ਹੋਵੇ ਪੁਰਾਣਾ, ਪਰਾਨੀਆਂ ਪ੍ਰਾਨ ਦਏ ਵਡਿਆਈਆ । ਪ੍ਰਭੂ ਦਾ ਪਿਆਰ ਨਾ ਹੋਵੇ ਬੇਗਾਨਾ, ਬੇਗਾਨੀ ਧਾਰ ਨਾ ਕੋਇ ਵਖਾਈਆ । ਤੁਹਾਡੇ ਸਾਹਮਣੇ ਬਦਲ ਜਾਣਾ ਜ਼ਮਾਨਾ, ਜ਼ੁਮੇਵਾਰ ਰਹਿਣ ਕੋਇ ਨਾ ਪਾਈਆ । ਝਗੜਾ ਪੈਣਾ ਜ਼ਿਮੀਂ ਅਸਮਾਨਾ, ਅਫ਼ਗਾਨਾਂ ਵਿਚ ਦੁਹਾਈਆ । ਪੁਰਖ ਅਕਾਲ ਨੇ ਕਰਨੀ ਇਕ ਕਮਾਨਾ, ਧੁਰ ਦਾ ਹੁਕਮ ਇਕ ਸੁਣਾਈਆ । ਜਿਸ ਕਾਰਨ ਬਣਿਆ ਅੱਜ ਦੀਵਾਨਾ, ਦੀਵਾਨੇ ਸਾਰੇ ਦੇਣੇ ਵਖਾਈਆ । ਇਕੋ ਨੂਰ ਇਲਾਹੀ ਪ੍ਰਗਟ ਹੋਵੇ ਅਮਾਮਾ, ਅਮਲ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਵੱਜਣਾ ਹੱਕ ਦਮਾਮਾ, ਸ਼ਬਦ ਡੰਕੇ ਨਾਲ ਸ਼ਨਵਾਈਆ । ਓਸ ਨੂੰ ਝੁਕਣੇ ਕ੍ਰਿਸ਼ਨਾ ਰਾਮਾ, ਸਿਰ ਸਕੇ ਨਾ ਕੋਇ ਉਠਾਈਆ । ਇਹ ਖੇਲ ਕਰੇ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਆਪਣਾ ਪੜਦਾ ਦਏ ਉਠਾਈਆ । ਖੁਲ੍ਹੇ ਜਲ ਦਾ ਬਾਟਾ ਕਹੇ ਮੈਂ ਦਰੋਪਤੀ ਦੀ ਦੱਸਾਂ ਪੁਕਾਰ, ਜੋ ਨਿਉਂ ਨਿਉਂ ਸੀਸ ਨਿਵਾਈਆ । ਜਿਸ ਵੇਲੇ ਦੋਸਾਸਣ ਬਸਤਰ ਰਿਹਾ ਸੀ ਉਤਾਰ,

ਦਰਯੋਧਨ ਅੱਖ ਉਠਾਈਆ । ਨੇਤਰ ਰੋ ਪਈ ਜ਼ਾਰੋ ਜ਼ਾਰ, ਨੈਣਾਂ ਨੀਰ ਵਹਾਈਆ । ਪਾਂਡੋ ਹੋਇਆ ਨਾ ਕੋਈ ਖ਼ਬਰਦਾਰ, ਬਲ ਬਾਹੂ ਨਾ ਕੋਇ ਧਰਾਈਆ । ਅੰਤਰ ਕੀਤੀ ਇਕ ਪੁਕਾਰ, ਵਾਹ ਵਾਹ ਤੇਰੀ ਬੇਪ੍ਰਵਾਹੀਆ । ਜੇ ਤੂੰ ਕਾਹਨਾ ਕ੍ਰਿਸ਼ਨ ਮੁਰਾਰ, ਸਖ਼ੀਆਂ ਦਾ ਹੋ ਸਹਾਈਆ । ਮੈਂ ਤੇਰੇ ਚਰਨ ਕਵਲ ਬਲਿਹਾਰ, ਹਉਂ ਵਾਰੀ ਘੋਲ ਘੁਮਾਈਆ । ਇਕ ਵਾਰੀ ਦਰਸ ਵਿਖਾਲ, ਮੁਕੰਦ ਮਨੋਹਰ ਤੇਰੀ ਸਰਨਾਈਆ । ਸ਼ਬਦ ਅਗੰਮੀ ਆਵਾਜ਼ ਆਈ ਕੁਛ ਸੁਣਾਨ, ਸਹਿਜ ਦਿਤਾ ਦ੍ਰਿੜਾਈਆ । ਪਿਛੇ ਮਾਰ ਧਿਆਨ, ਜਲ ਬਾਟਾ ਪਾਣੀ ਭਰਿਆ ਸੋਭਾ ਪਾਈਆ । ਓਸ ਵਿਚੋਂ ਮੂਰਤੀ ਨਜ਼ਰ ਆਈ ਭਗਵਾਨ, ਨੂਰੀ ਨੂਰ ਨੂਰ ਰੁਸ਼ਨਾਈਆ । ਆਹ ਕਿਸੇ ਪ੍ਰੇਮ ਦਾ ਦਾਨ, ਤੇਰੀ ਝੋਲੀ ਪਾਈਆ । ਤੇਰੀ ਲਜਪਤ ਰੱਖ ਵਿਚ ਜਹਾਨ, ਪੜਦਾ ਸਕੇ ਨਾ ਕੋਇ ਉਠਾਈਆ । ਦਰੋਪਤ ਰੋ ਕੇ ਕਿਹਾ ਸ੍ਰੀ ਭਗਵਾਨ, ਬੇਨੰਤੀ ਇਕ ਸੁਣਾਈਆ । ਫੇਰ ਕਦ ਹੋਵੇਂ ਮਿਹਰਵਾਨ, ਮੈਨੂੰ ਦੇ ਦ੍ਰਿੜਾਈਆ । ਅਬਿਨਾਸ਼ੀ ਕਰਤੇ ਕਿਹਾ ਹੁਣ ਬੰਸਰੀ ਵਾਲਾ ਸ਼ਾਮ, ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਸ਼ਾਮ, ਓਸ ਵੇਲੇ ਸ਼ਾਮ ਵਿਚ ਸ਼ਮਅ ਨਾ ਕੋਇ ਜਗਾਈਆ । ਰਾਮ ਕ੍ਰਿਸ਼ਨ ਹੋ ਜਾਣੇ ਬਦਨਾਮ, ਬਦੀਆਂ ਦਾ ਝਗੜਾ ਨਾ ਕੋਇ ਮੁਕਾਈਆ । ਕਲਮਿਆਂ ਵਾਲੀ ਨਾ ਰਹੇ ਕਲਾਮ, ਮੰਤਰਾਂ ਵਾਲੀ ਨਾ ਕੋਇ ਸ਼ਨਵਾਈਆ । ਓਸ ਵੇਲੇ ਖੇਲ ਕਰਾਂ ਮਹਾਨ, ਮਿਹਰ ਨਜ਼ਰ ਉਠਾਈਆ । ਦਰੋਪਤ ਆਪਣਿਆਂ ਭਗਤਾਂ ਦੇ ਅੰਦਰ ਇਹ ਜਲ ਕਰਾਂ ਪ੍ਰਵਾਨ, ਜਿਸ ਵਿਚੋਂ ਕਾਹਨਾਂ ਦਾ ਕਾਹਨ ਤੈਨੂੰ ਨਜ਼ਰੀ ਆਈਆ । ਓਸ ਹੋ ਕੇ ਕਿਹਾ ਹੈਰਾਨ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭੂ ਕੀ ਇਹ ਠੀਕ ਤੇਰਾ ਬਿਆਨ, ਹੁਕਮ ਨਾਲ ਵਡਿਆਈਆ । ਸ੍ਰੀ ਭਗਵਾਨ ਕਿਹਾ ਜਿਸ ਵੇਲੇ ਮਨ ਕਲਪਣਾ ਹੋਵੇ ਸ਼ੈਤਾਨ, ਚਾਰ ਕੁੰਟ ਕੁਰਲਾਈਆ । ਓਸ ਵੇਲੇ ਜ਼ਰੂਰ ਭਗਤਾਂ ਦੀ ਸਹਾਇਤਾ ਕਰਾਂ ਆਣ, ਇਹੋ ਮੇਰੀ ਵਡਿਆਈਆ । ਚੁਰਾਸੀ ਵਿਚੋਂ ਕਰ ਪਹਿਚਾਣ, ਬੇਪਹਿਚਾਣ ਲਵਾਂ ਮਿਲਾਈਆ । ਓਸ ਦਾ ਲੇਖਾ ਚੁਕਾਇਆ ਆਣ, ਬਾਟਾ ਨਹੀਂ ਇਹ ਪਿਛਲਾ ਘਾਟਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਕਾਸ਼ੀ ਰਾਮ ਬਖ਼ਸ਼ੀਸ਼ ਨੇ ਸਾਂਝੀ ਰਿਧੀ ਦਾਲ, ਦਲਿਦ੍ਰ ਦਿਤਾ ਗੁਆਈਆ । ਗੋਬਿੰਦ ਦੀ ਲੇਖੇ ਲੱਗੇ ਘਾਲ, ਜਿਸ ਘਾਇਲ ਹੋ ਕੇ ਸੇਵ ਕਮਾਈਆ । ਮਾਛੂਵਾੜੇ ਦਾ ਸੁਆਲ, ਬੇਨੰਤੀ ਪੁਰਖ ਅਕਾਲ ਜਣਾਈਆ । ਜਿਸ ਵੇਲੇ ਕਲਜੁਗ ਕੂੜ ਨਗਾਰਾ ਵੱਜਾ ਕਾਲ, ਚਾਰੋਂ ਕੁੰਟ ਦੁਹਾਈਆ । ਓਸ ਵੇਲੇ ਕਵਣ ਕਰੇ ਸੰਭਾਲ, ਅਵਤਾਰ ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਗੋਬਿੰਦ, ਸ਼ਬਦ ਗੁਰੂ ਸਭ ਦੀ ਕਰੇ ਭਾਲ, ਗੁਰਮੁਖ ਗੁਰਸਿਖ ਵੇਖ ਵਖਾਈਆ । ਉਨ੍ਹਾਂ ਨੂੰ ਫੜ ਕੇ ਮੇਲੇ ਮੇਰੇ ਨਾਲ, ਜਗਤ ਵਿਛੋੜਾ ਪੰਧ ਕਟਾਈਆ । ਉਨ੍ਹਾਂ ਦੀ ਸੇਵਾ ਇਕ ਮਹਾਨ, ਮਹਿੰਮਾ ਬੇਪ੍ਰਵਾਹੀਆ । ਭਗਤਾਂ ਦਾ ਪੱਕਣਾ ਇਕ ਪਕਵਾਨ, ਸ੍ਰੀ ਭਗਵਾਨ ਵੇਖ ਵਖਾਈਆ । ਇਹ ਜੋਧੇ ਸੂਰਬੀਰ ਉਹ ਬਲਵਾਨ, ਜੋ ਬਲ ਦੁਆਰੇ ਦੁਆਰਪਾਲ ਸੋਭਾ ਪਾਈਆ । ਜਿਨ੍ਹਾਂ ਨੂੰ ਬਾਵਨ ਪਹਿਲੋਂ ਮਿਲਿਆ ਆਣ, ਡੰਡਾਵਤ ਕਰ ਕੇ ਬਣ ਗਿਆ ਅਨਜਾਣ, ਸਮਝ ਵਿਚ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਰਿਹਾ ਵਖਾਈਆ । ਕਿਉਂ ਪਾਣੀ ਪਾਏ ਗਿਰਧਾਰਾ, ਗੋਦਾਵਰੀ ਦਏ ਗਵਾਹੀਆ । ਜਿਸ ਦਾ ਗੋਤਮ ਸੁਹਾਇਆ ਕਿਨਾਰਾ, ਅੰਤ ਬੈਠਾ ਡੇਰਾ ਲਾਈਆ । ਜਿਥੇ ਗੁਜ਼ਰੀ ਦਾ ਗਿਆ ਦੁਲਾਰਾ, ਗੋਬਿੰਦ ਗੁਰ ਸ਼ਹਿਨਸ਼ਾਹੀਆ । ਓਸ ਦਾ ਸ਼ਬਦ ਦਾ ਇਸ਼ਾਰਾ, ਧੁਰ ਫ਼ਰਮਾਨਾ

੩੪ ੨੧

ਇਕ ਸੁਣਾਈਆ । ਜਿਸ ਵੇਲੇ ਆਵੇ ਕਲ ਕਲਕੀ ਅਵਤਾਰਾ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਸਾਚੇ ਭਗਤਾਂ ਪਾਵੇ ਸਾਰਾ, ਗੁਰਮੁਖ ਆਪਣੀ ਗੋਦ ਉਠਾਈਆ । ਸਚ ਪ੍ਰੇਮ ਦਾ ਬਣ ਪਨਿਹਾਰਾ, ਸੇਵਾ ਧੁਰ ਦੀ ਆਪ ਕਮਾਈਆ । ਭਗਤਾਂ ਦਾ ਭਗਤ ਬਣਿਆ ਸਹਾਰਾ, ਨਾਤਾ ਦੁਨੀਆ ਨਾਲੋਂ ਤੁੜਾਈਆ । ਸਭ ਦਾ ਸਾਂਝਾ ਕਰ ਪਿਆਰਾ, ਪ੍ਰੀਤੀ ਪ੍ਰੇਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਰਧਾਰੇ ਦਾ ਦੱਸ ਕੇ ਇਕ ਇਸ਼ਾਰਾ, ਗੁਰਮੁਖ ਸਾਰੇ ਸੋਹੇ ਸਚ ਦੁਆਰਾ, ਜਿਸ ਦੁਆਰੇ ਦਾ ਵਰਤਾਰਾ ਬੇਪ੍ਰਵਾਹੀਆ । ਕਿਉਂ ਸੁਰਿੰਦਰ ਸਿੰਘ ਦਿਤੀ ਅੱਗ ਡਾਹ, ਪੱਤ ਟਹਿਣੀ ਫੂਕ ਫੁਕਾਈਆ । ਇਸ ਨੇ ਸਾਢੇ ਤਿੰਨ ਦਿਨ ਰਾਮ ਦੀ ਸੇਵ ਲਈ ਕਮਾ, ਪੰਚਬਟੀ ਵਿਚ ਆਪਣੀ ਧੂਣੀ ਤਾਈਆ । ਇਕ ਦਿਨ ਮੱਥੇ ਉਤੇ ਤਰਸੂਲ ਨਿਸ਼ਾਨ ਲਗਾ, ਜੰਞੂ ਕੰਨਾਂ ਨਾਲ ਲਟਕਾਈਆ । ਜਲ ਪਾਣੀ ਗੜਵੀ ਹੱਥ ਉਠਾ, ਧੋਤੀ ਤੇੜ ਲਈ ਸੁਹਾਈਆ । ਹਰੀਅੰ ਹਰੀਅੰ ਕਹਿੰਦਾ ਗੋਦਾਵਰੀ ਕੰਢੇ ਗਿਆ ਆ, ਆਪਣੀ ਖ਼ੁਸ਼ੀ ਮਨਾਈਆ । ਓਧਰੋਂ ਰਾਮ ਨੇ ਫੜ ਕੇ ਬਾਂਹ, ਹਲੂਣਾ ਦਿਤਾ ਲਗਾਈਆ । ਅੱਜ ਤੇ ਕੁਛ ਖੁਵਾ, ਭੁੱਖ ਰਹੀ ਸਤਾਈਆ । ਇਧਰ ਉਧਰ ਮਾਰਿਆ ਇਸ ਧਿਆਂ, ਅੱਖ ਪ੍ਰਤੱਖ ਆਪ ਉਠਾਈਆ । ਕੋਈ ਈਂਧਨ ਮਾਚਸ ਲਕੜੀ ਹੱਥ ਗਿਆ ਨਾ ਆ, ਰੋ ਕੇ ਦਿਤਾ ਸੁਣਾਈਆ । ਗਲ ਪੱਲੂ ਵਾਸਤਾ ਪਾ, ਰਾਮ ਤੇਰੇ ਨਾਮ ਦੁਹਾਈਆ । ਮੈਨੂੰ ਸੇਵਾ ਹੋਰ ਸਮਝਾ, ਜਿਹੜੀ ਹੱਥਾਂ ਨਾਲ ਕਮਾਈਆ । ਰਾਮ ਨੇ ਕਿਹਾ ਓਹ ਵੇਖ ਬੇਪ੍ਰਵਾਹ ਗਿਆ ਆ, ਰਾਮ ਦਾ ਮਾਲਕ ਰਾਮ ਫੇਰਾ ਪਾਈਆ । ਕੁਛ ਹੌਲੀ ਹੌਲੀ ਰਿਹਾ ਸੁਣਾ, ਗੀਤ ਅਗੰਮ ਦ੍ਰਿੜਾਈਆ । ਰਾਮ ਤੇਰਾ ਤਰੇਤਾ ਦੁਆਪਰ ਕਲਜੁਗ ਜਾਏ ਵਿਹਾ, ਵਹਿੰਦਾ ਵਹਿਣ ਵਗਾਈਆ । ਚਾਰੋਂ ਕੁੰਟ ਅੰਧੇਰਾ ਜਾਏ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਗੁਰ ਅਵਤਾਰ ਪੈਗੰਬਰ ਕੋਈ ਨਾ ਹੋਵੇ ਸਹਾ, ਸਿਰ ਹੱਥ ਨਾ ਕੋਇ ਟਿਕਾਈਆ । ਬਿਨਾ ਭਗਵਨ ਤੋਂ ਭਗਤਾਂ ਨੂੰ ਸਾਚੀ ਵਸਤੂ ਸਕੇ ਨਾ ਕੋਈ ਖੁਵਾ, ਬਨਾਵਣ ਵਾਲਾ ਨਜ਼ਰ ਕੋਇ ਨਾ ਆਈਆ । ਰਾਮ ਨੇ ਕਿਹਾ ਪ੍ਰਭੂ ਇਹਨੂੰ ਬਣਾ ਲੈ ਵਿਚ ਗਵਾਹ, ਸ਼ਹਾਦਤ ਦਏ ਭੁਗਤਾਈਆ । ਅੱਜ ਏਸ ਦੇ ਕੋਲ ਨਾ ਕੋਈ ਮਾਚਸ ਨਾ ਸਵਾਹ, ਨਾ ਧੂਣੀ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਜੇ ਤੇਰੀ ਰਾਮ ਇਹੋ ਆਸ਼ਾ ਤੇ ਫੇਰ ਏਸੇ ਤੋਂ ਅਗਨੀ ਦੇਵਾਂ ਬਲਾ, ਸੇਵਾ ਸਚ ਕਮਾਈਆ । ਜਿਥੇ ਭਗਤ ਭਗਵਾਨ ਇਕੱਠੇ ਹੋਵਣ ਆ, ਮਿਲ ਕੇ ਵੱਜੇ ਵਧਾਈਆ । ਏਸੇ ਕਾਰਨ ਇਹ ਖੇਲ ਦਿਤਾ ਖਿਲਾ, ਕਿਉਂ ਰਾਮ ਦਾ ਰਾਮ ਵਿਚੋਲਾ, ਭਗਤ ਦਾ ਭਗਤ ਗੋਲਾ, ਦੋਹਾਂ ਦਾ ਸਾਂਝਾ ਬੋਲਾ, ਰੌਲਾ ਵਿਚ ਰਿਹਾ ਨਾ ਰਾਈਆ । ਉਤੋਂ ਦਾਲ ਮੂਲ ਨਹੀਂ ਢਕਣਾ, ਪੜਦਾ ਜਗਤ ਵਾਲਾ ਪਾਈਆ । ਜਿਸ ਪ੍ਰਭੂ ਨੇ ਤੁਹਾਡਾ ਪੜਦਾ ਕੱਜਣਾ, ਓਹ ਵੇਖੇ ਚਾਈਂ ਚਾਈਂਆ । ਓਸ ਦੇ ਦਵਾਰਿਉਂ ਖਾ ਕੇ ਜਾਏ ਕੋਈ ਨਾ ਸਖਣਾ, ਭੁੱਖਿਆਂ ਭੁੱਖ ਮਿਟਾਈਆ । ਇਹ ਮਿੱਠਾ ਰਸ ਨਾਲੋਂ ਮੱਖਣਾ, ਜੇ ਕਾਹਨ ਨੂੰ ਪੁਛੋ ਉਹ ਵੀ ਤੁਹਾਡੀ ਦਏ ਸਫ਼ਾਈਆ । ਕਿਉਂ ਜਿਸ ਪਕਵਾਨ ਦਾ ਪ੍ਰਭ ਨੇ ਰਸ ਚਖਣਾ, ਓਸ ਨੂੰ ਚਕਸ਼ੂ ਦਿੱਬ ਨੇਤਰ ਗਿਆਨ ਨੇਤਰ ਨਿਜ ਨੇਤਰ ਵੇਖ ਨਾ ਸਕੇ ਰਾਈਆ । ਜਿਸ ਨੇ ਸਭ ਦੇ ਭੰਡਾਰੇ ਕੀਤੇ ਸੱਖਣਾ, ਖ਼ਾਲੀ ਦੇਣ ਦੁਹਾਈਆ । ਸੋ ਭਗਤੋ ਤੁਹਾਡਾ ਪੂਰਾ ਕਰਨ ਆਇਆ ਬਚਨਾ, ਲੇਖਾ ਪਿਛਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕਹੇ ਮੇਰੀ ਕਾਲੀ ਧਾਰ, ਜਨ ਭਗਤੋ ਕਾਲਖ ਦਿਓ ਮਿਟਾਈਆ । ਮੈਨੂੰ ਸੁੱਟ ਕੇ ਵਿਚ ਦਾਲ,

ਮੇਰਾ ਦਲਿਦ੍ਰ ਦਿਓ ਗਵਾਈਆ । ਮੇਰੀ ਲੇਖੇ ਲੱਗੇ ਕੀਤੀ ਘਾਲ, ਮੈਂ ਘਾਇਲ ਕੀਤੀ ਖ਼ਲਕ ਖ਼ੁਦਾਈਆ । ਬੇਨੰਤੀ ਵਿਚ ਕਰਾਂ ਸੁਆਲ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਸਮਝਦਾ ਤੁਸੀਂ ਓਸ ਪ੍ਰਭੂ ਦੇ ਲਾਲ, ਜੋ ਲਾਲਨ ਆਪਣਾ ਰੰਗ ਚੜ੍ਹਾਈਆ । ਤੁਸੀਂ ਬੈਠੇ ਓਸ ਸੱਚੀ ਧਰਮਸਾਲ, ਜੋ ਧਰਮ ਦਵਾਰਾ ਇਕੋ ਸੋਭਾ ਪਾਈਆ । ਮੇਰਾ ਓਸ ਨੂੰ ਦੱਸਿਓ ਹਾਲ, ਹਾਲਤ ਦੇਣੀ ਜਣਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕ ਰਿਹਾ ਵਜਾਈਆ । ਜਨ ਭਗਤੋ ਤੁਹਾਡੇ ਨੇੜ ਨਾ ਆਵੇ ਕੀ ਉਹਦੀ ਮਜਾਲ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਬਰਛੀ ਕਹੇ ਮੇਰਾ ਗੋਬਿੰਦ ਵਾਲਾ ਨਿਸ਼ਾਨਾ, ਨਿਸ਼ਾਨੇ ਦੇਣੇ ਬਦਲਾਈਆ । ਕੜਛੀ ਕਹੇ ਮੈਂ ਵੇਖਾਂ ਕੱਚਾ ਪੱਕਾ ਦਾਣਾ, ਦਾਣਾ ਦਾਣਾ ਫੋਲ ਫੁਲਾਈਆ । ਬਰਛੀ ਕਹੇ ਮੈਂ ਵੇਖਣਾ ਓਹ ਜਵਾਨਾ, ਜੋ ਸੂਰਬੀਰ ਬੇਪ੍ਰਵਾਹੀਆ । ਕੜਛੀ ਕਹੇ ਮੈਂ ਸੁਣਨਾ ਓਹ ਗਾਣਾ, ਜੋ ਨਿਰਗੁਣ ਨਿਰਗੁਣ ਪੜਦਾ ਲਾਹੀਆ । ਬਰਛੀ ਕਹੇ ਮੈਂ ਗੋਬਿੰਦ ਨਾਲੋਂ ਗੁਰਮੁਖ ਰਹਿਣ ਨਹੀਂ ਦੇਣਾ ਬੇਗਾਨਾ, ਸ਼ਬਦ ਸ਼ਬਦੀ ਜੋੜ ਜੁੜਾਈਆ । ਕੜਛੀ ਕਹੇ ਮੈਂ ਖੁਵਾਣਾ ਓਹ ਖਾਣਾ, ਜੋ ਖਾਨੇ ਦਏ ਬਦਲਾਈਆ । ਬਰਛੀ ਕਹੇ ਲੋਹ ਗੜ੍ਹ ਦਾ ਮਾਲਕ ਹੁਣ ਗਿਆ ਵਿਚ ਸ੍ਰੀ ਭਗਵਾਨਾ, ਜਿਸ ਨੂੰ ਸਮਝੇ ਨਾ ਕੋਇ ਜ਼ਮਾਨਾ, ਜਿਸ ਦਾ ਚਿੱਲਾ ਤੀਰ ਕਮਾਨਾ, ਨਿਸ਼ਾਨਾ ਰੱਖੇ ਦੋ ਜਹਾਨਾਂ, ਅਣਿਆਲਾ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਹੁਕਮ ਵਰਤਾਈਆ । ਸਭ ਨੇ ਦੋ ਦੋ ਹੋ ਕੇ ਪਾਈ ਗਲਵਕੜੀ, ਪ੍ਰੇਮ ਪ੍ਰੀਤ ਬਣਾਈਆ । ਇਕੱਠੇ ਹੋ ਗਏ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਖ਼ਤਰਾ ਦੀਨ ਮਜ਼੍ਹਬ ਰਿਹਾ ਨਾ ਰਾਈਆ । ਤੋਲ ਤੁਲ ਗਏ ਇਕੋ ਤੱਕੜੀ, ਧਰਮ ਦਵਾਰ ਵੱਜੇ ਵਧਾਈਆ । ਬ੍ਰਾਹਮਣਾਂ ਕੋਲੋਂ ਫਲੌਣੀ ਨਹੀਂ ਪੱਤਰੀ, ਨਛੱਤਰ ਗ੍ਰਹਿ ਨੇੜ ਕੋਇ ਨਾ ਆਈਆ । ਨਾਨਕ ਧਾਰ ਨਿਰਗੁਣ ਪੈਂਤੀ ਅੱਖਰੀ, ਬਾਵਨ ਅੱਖਰੀ ਗੋਬਿੰਦ ਵਿਚ ਸਮਾਈਆ । ਜਿਸ ਦੀ ਖੇਲ ਸਦਾ ਵੱਖਰੀ, ਜੁਗ ਰੀਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਗ੍ਰਹਿ ਸਾਚਾ ਇਕ ਸਮਝਾਈਆ । ਕੇਹਰ ਸਿੰਘ ਦੁਆਬਿਉਂ ਲਿਆਇਆ ਤੱਕੜੀ ਦਾ ਛਾਬਾ, ਆਪਣਾ ਪੰਧ ਮੁਕਾਈਆ । ਨਾਨਕ ਦਾ ਧੜਵਾਈ ਸੀ ਇਹਦਾ ਬਾਬਾ, ਜੋ ਨਿਤ ਉਠ ਕੇ ਸੇਵ ਕਮਾਈਆ । ਓਹ ਮੁਸਲਮੀਨ ਨਾਨਕ ਦੇ ਚਰਨ ਮੰਨਦਾ ਸੀ ਕਾਅਬਾ, ਇਸ ਤੋਂ ਪਰੇ ਨਾ ਕੋਇ ਖ਼ੁਦਾਈਆ । ਇਕ ਦਿਨ ਕੇਹਰ ਸਿੰਘ ਨਾਂ ਨੂਰਾ ਸੱਤ ਸਾਲ ਦਾ ਕੋਲ ਆ ਕੇ ਮਾਰੇ ਆਵਾਜ਼ਾ, ਅੱਬਾ ਅੱਬਾ ਕਹਿ ਕੇ ਸੁਣਾਈਆ । ਓਸ ਕਿਹਾ ਅੱਗੇ ਨੇੜੇ ਆ ਜਾ, ਕੁਛ ਤੈਨੂੰ ਦਿਆਂ ਖੁਵਾਈਆ । ਬਾਲਕ ਕੋਲ ਆ ਕੇ ਗ਼ੁੱਸੇ ਵਿਚ ਮਾਰਿਆ ਦਾਬਾ, ਕੀ ਮੇਰੇ ਹੱਥ ਫੜਾਈਆ । ਝਟ ਨਾਨਕ ਕਿਹਾ ਸ਼ਾਬਾ, ਹੱਥ ਫੜ ਉਤੇ ਟਿਕਾਈਆ । ਓਨ ਕਿਹਾ ਤੂੰ ਮੇਰੇ ਅੱਬਾ ਦਾ ਰਾਜਾ, ਸ਼ਹਿਨਸ਼ਾਹ ਧੁਰਦਰਗਾਹੀਆ । ਤੇਰੀ ਤੱਕੜੀ ਵਿਚ ਕੀ ਖਾਜਾ, ਕੁਛ ਮੈਨੂੰ ਦੇ ਖਵਾਈਆ । ਨਾਨਕ ਕਿਹਾ ਇਸ ਦਾ ਸਭ ਤੋਂ ਵੱਖਰਾ ਸਵਾਦਾ, ਰਸਨਾ ਚਖ ਸਮਝ ਨਾ ਆਈਆ । ਓਹ ਬੱਚਾ ਕਹੇ ਤੇਰੇ ਸ਼ਬਦ ਨਾਲ ਮੈਂ ਜਾਗਾ, ਮੇਰੇ ਅੰਦਰ ਹੋਈ ਰੁਸ਼ਨਾਈਆ । ਮੈਨੂੰ ਐਂ ਦਿਸਦਾ ਤੂੰ ਤੋਲਣ ਵਾਲਾ ਡਾਹਢਾ, ਘਾਟਾ ਰਹਿਣ ਕੋਇ ਨਾ ਪਾਈਆ । ਮੈਂ ਵੀ ਵਸਤ ਲੈਣੀ ਰੋ ਪਿਆ ਮਾਰ ਕੇ ਡਾਡਾਂ, ਕੂਕ ਕੂਕ ਦੁਹਾਈਆ । ਨਾਨਕ ਗੋਦੀ ਚੁਕਿਆ ਨਾਲ ਲਾਡਾਂ, ਉਂਗਲੀ ਨਾਲ ਦਿਤਾ ਵਖਾਈਆ । ਓਹ ਵੇਖ ਜਿਸ ਵੇਲੇ ਗੋਬਿੰਦ ਪਿਤਾ ਤੇ ਪੁਰਖ ਅਕਾਲ


੩੬
੨੧

ਆਵੇ ਤੇਰਾ ਦਾਦਾ, ਨਿਰਗੁਣ ਆਪਣਾ ਫੇਰਾ ਪਾਈਆ । ਭਗਤਾਂ ਦਾ ਰਚੇ ਕਾਜਾ, ਸੋਹਣੀ ਵੰਡ ਵੰਡਾਈਆ । ਭਾਗ ਲਗਾਵੇ ਦੇਸ ਮਾਝਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਬੱਚੂ ਆਹ ਲੈ ਤੱਕੜੀ ਤੇ ਓਸ ਦੇ ਅੱਗੇ ਡਾਹਵੀਂ ਛਾਬਾ, ਜੋ ਭਗਤਾਂ ਝੋਲੀ ਦਏ ਭਰਾਈਆ । ਮੈਂ ਤੇਰਾ ਬਾਬਾ ਓਹ ਮੇਰਾ ਬਾਬਾ, ਬਾਬੇ ਦਾ ਬਾਬਾ ਇਕੋ ਰੂਪ ਸਮਾਈਆ । ਓਸੇ ਦਾ ਖੇਲ ਓਸੇ ਦਾ ਕਾਜਾ, ਓਹ ਆਪੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਵਿਚੋਂ ਲਹਿਣੇ ਰਿਹਾ ਚੁਕਾਈਆ । ਨੌਂ ਦਿਨ ਦਾ ਵੱਖਰਾ ਹੋਣਾ ਵਿਹਾਰ, ਨੌ ਖੰਡ ਸੰਦੇਸ਼ਾ ਦਏ ਸੁਣਾਈਆ । ਪੰਜ ਚੇਤ ਦੀ ਰਾਤ ਨੂੰ ਜਗਤ ਦੇ ਸੁੱਤਿਆਂ ਉਨ੍ਹਾਂ ਨੂੰ ਕਰੇ ਖ਼ਬਰਦਾਰ, ਜਿਨ੍ਹਾਂ ਸੁਰਤੀ ਸ਼ਬਦ ਮਿਲਾਈਆ । ਨੌਵਾਂ ਖੰਡਾਂ ਦੀ ਅੱਜ ਤੋਂ ਬੱਝ ਗਈ ਵਾਰ, ਵਾਰੋ ਵਾਰੀ ਥਾਂ ਥਾਂ ਫੇਰਾ ਪਾਈਆ । ਕਿਧਰੇ ਜੋਤ ਨੂਰ ਉਜਿਆਰ, ਕਿਧਰੇ ਸ਼ਬਦ ਬੋਲ ਜੈਕਾਰ, ਕਿਧਰੇ ਸ਼ਹਿਨਸ਼ਾਹ ਸਿਕਦਾਰ, ਕਿਧਰੇ ਧਰਮ ਦੀ ਧਾਰ ਪਿਆਰ, ਕਿਧਰੇ ਜਲਵਾਗਰ ਉਜਿਆਰ, ਕਿਧਰੇ ਗਦਾਗਰ ਫਿਰੇ ਦਰ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਪ੍ਰਿਥਮੀ ਦੇਵੇ ਵਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੰਜ ਚੇਤ ਦੀ ਰਾਤ ਲੇਖਾ ਪੰਜ ਸਤ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਵਖਾਵੇ ਉਹ ਮਤ, ਜੋ ਬ੍ਰਹਮਮਤ ਦੀ ਅਗਲੀ ਧਾਰ ਪ੍ਰਗਟਾਈਆ । ਜਿਥੇ ਸੰਤ ਸੁਹੇਲੇ ਰਹੇ ਵਸ, ਵਾਸਤਾ ਓਸੇ ਘਰ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਆਪੇ ਨੱਸ, ਦੋ ਜਹਾਨਾਂ ਪੰਧ ਮੁਕਾਈਆ । ਜਨ ਭਗਤਾਂ ਖੋਲ੍ਹ ਕੇ ਆਪਣੀ ਅੱਖ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਧੁਰ ਦਾ ਸਾਥੀ ਬਣ ਕੇ ਦੇਣਾ ਸਾਥ, ਸੰਗੀ ਸੰਗ ਨਿਭਾਈਆ । ਪੰਜ ਸਤ ਦੀ ਸਾਂਝੀ ਕਰ ਬਰਾਤ, ਨਵ ਨੌ ਚਾਰ ਦਏ ਵਖਾਈਆ । ਇਹ ਲੇਖਾ ਹੋ ਜਾਣਾ ਅੱਜ ਦੀ ਪ੍ਰਭਾਤ, ਪ੍ਰਭਾਤੀ ਆਪਣੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਰ ਵਖਾਈਆ । ਗੁਰਮੁਖ ਦੇ ਹੱਥ ਨੂੰ ਲਾਈ ਮਹਿੰਦੀ, ਪੰਜ ਪੰਜ ਨਿਸ਼ਾਨ ਲਗਾਈਆ । ਇਹ ਖੇਲ ਵਖੌਣੀ ਦਿਸ਼ਾ ਲਹਿੰਦੀ, ਮਤਾ ਮੁਹੰਮਦ ਨਾਲ ਪਕਾਈਆ । ਜਿਸ ਦੀ ਕਲਾ ਚੜ੍ਹਦੀ ਓਸੇ ਦੀ ਅੰਤਮ ਢਹਿੰਦੀ, ਪ੍ਰਭ ਢਾਹ ਢਾਹ ਖ਼ਾਕ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਭਾਣਾ ਸਹਿੰਦੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਰੰਗ ਰੰਗਾਈਆ । ਹੱਥ ਹਥੇਲੀ ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਕਰੇ ਵਿਹਲੀ, ਵਿਹਲਾ ਹੋ ਕੇ ਆਪਣੀ ਕਾਰ ਕਮਾਈਆ । ਸੁਰਜੀਤ ਸਿੰਘ ਨੇ ਚੁੱਕੀ ਵਹਿੰਗੀ ਉਤੇ ਕੰਧੇ, ਮੋਢੇ ਉਤੇ ਟਿਕਾਈਆ । ਜਿਹਨੂੰ ਸਮਝਣ ਬੁਧੀ ਵਾਲੇ ਮੂਲ ਨਾ ਬੰਦੇ, ਬੰਦਗੀ ਵਾਲਿਆਂ ਭੇਵ ਖੁਲ੍ਹਾਈਆ । ਜਿਨ੍ਹਾਂ ਦੇ ਅੰਦਰੋਂ ਤੋੜੇ ਜਿੰਦੇ, ਜ਼ਿੰਦਗੀ ਦਿਤੀ ਬਦਲਾਈਆ । ਕਰਮਹੀਣ ਰਹੇ ਨਾ ਗੰਦੇ, ਕੂੜੀ ਕਿਰਿਆ ਬਾਹਰ ਕਢਾਈਆ । ਮੰਜ਼ਲ ਚਾੜ੍ਹ ਅਖ਼ੀਰੀ ਡੰਡੇ, ਡੰਡਾਵਤ ਇਕੋ ਦਿਤੀ ਸਮਝਾਈਆ । ਉਹ ਦਵਾਰਾ ਲੰਘੇ, ਜਿਥੇ ਬੈਠਾ ਧੁਰਦਰਗਾਹੀਆ । ਗੋਬਿੰਦ ਸ਼ਬਦ ਜਿਥੇ ਵਰ ਮੰਗੇ, ਆਪਣੀ ਝੋਲੀ ਡਾਹੀਆ । ਪੁਰਖ ਅਕਾਲ ਇਕੋ ਵੰਡੇ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਇਸ ਵਹਿੰਗੀ ਦੀ ਵਹਿੰਦੀ ਧਾਰ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਇਸ ਦੇ ਵਿਚ ਵਸਤ ਅਪਾਰ, ਜੋ ਨਿਰਗੁਣ ਸਰਗੁਣ ਝੋਲੀ ਪਾਈਆ । ਇਸ ਦੇ ਵਿਚ ਅਗੰਮ ਭੰਡਾਰ, ਜੋ ਖੋਜਿਆਂ ਹੱਥ ਕਿਸੇ ਨਾ ਆਈਆ । ਏਸੇ ਨੂੰ ਲੱਭਦੇ ਗਏ ਗੁਰ ਅਵਤਾਰ, ਪੈਗ਼ੰਬਰ

ਅੱਖ ਖੁਲ੍ਹਾਈਆ । ਏਸੇ ਦਾ ਰਾਹ ਤਕਦੇ ਗਏ ਸੂਫ਼ੀ ਸੂਲੀ ਚੜ੍ਹ ਹੋਏ ਖ਼ੁਆਰ, ਪੁੱਠੀ ਖੱਲ ਲੁਹਾਈਆ । ਬਿਨਾ ਗੋਬਿੰਦ ਦੇ ਹੱਥ ਨਾ ਫੜਾਈ ਕਿਸੇ ਕਰਤਾਰ, ਕ਼ੁਦਰਤ ਵੰਡ ਨਾ ਕਿਸੇ ਵੰਡਾਈਆ । ਇਹ ਲੇਖਾ ਓਸ ਵੇਲੇ ਜਿਸ ਵੇਲੇ ਝੂਜਣ ਲੱਗਾ ਸੀ ਜੁਝਾਰ, ਗੜ੍ਹੀ ਚਮਕੌਰ ਦਏ ਦੁਹਾਈਆ । ਵਹਿੰਗੀ ਨਜ਼ਰ ਆਈ ਜਿਸ ਨੇ ਸਭ ਦਾ ਚੁੱਕਣਾ ਭਾਰ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਤੇਰੇ ਉਤੋਂ ਬਲਿਹਾਰ, ਜੋ ਸੁਤ ਦੁਲਾਰੇ ਰਿਹਾ ਵਾਰ, ਗੁਰਮੁਖ ਪਿਆਰੇ ਕਰ ਸੰਸਾਰ, ਗੁਰਸਿੱਖ ਆਪਣੇ ਰੰਗ ਰੰਗਾਈਆ । ਗੋਬਿੰਦ ਕਿਹਾ ਜਿਸ ਵੇਲੇ ਆਵਾਂ ਦੂਜੀ ਵਾਰ, ਜੋਤ ਸਰੂਪੀ ਖੇਲ ਕਰਤਾਰ, ਸ਼ਬਦ ਡੰਕਾ ਵਜਾਵਾਂ ਧੁਰ ਦੀ ਧਾਰ, ਧਰਨੀ ਧਰਤ ਧਵਲ ਸੁਹਾਈਆ । ਓਸ ਵੇਲੇ ਗੁਰਮੁਖਾਂ ਭਾਰ ਲਵਾਂ ਉਠਾਲ, ਨਾਤਾ ਤੋੜ ਕੇ ਸ਼ਾਹ ਕੰਗਾਲ, ਸੇਵਾ ਲਾ ਕੇ ਆਪਣੇ ਲਾਲ, ਲਾਲਨ ਧੁਰ ਦਾ ਰੰਗ ਰੰਗਾਈਆ । ਚੁਰਾਸੀ ਵਿਚੋਂ ਕਰ ਬਹਾਲ, ਬਹਾਵਾਂ ਕੋਲ ਸਿੰਘ ਪਾਲ, ਜਿਥੇ ਦੀਪਕ ਜੋਤ ਬੇਮਿਸਾਲ, ਨਾਤਾ ਰਹੇ ਨਾ ਮਾਟੀ ਖਾਲ, ਸਚਖੰਡ ਦੁਆਰਾ ਸੱਚੀ ਧਰਮਸਾਲ, ਦੂਜਾ ਦਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਲਹਿੰਦੇ ਪਾਸੇ ਪੁਰਖ ਅਕਾਲ ਦਾ ਖਾੜਾ, ਗੋਬਿੰਦ ਕਲਾ ਦਿਤੀ ਬਦਲਾਈਆ । ਦੂਲ੍ਹਾ ਬਣ ਕੇ ਧੁਰ ਦਾ ਲਾੜਾ, ਆਪਣਾ ਬਲ ਪ੍ਰਗਟਾਈਆ । ਪਿਤਾ ਪੂਤ ਦਾ ਇਕ ਅਖਾੜਾ, ਡੰਕਾ ਧੁਰਦਰਗਾਹੀਆ । ਬੋਲ ਕੇ ਇਕ ਲਲਕਾਰਾ, ਸ਼ਬਦ ਦਿਤਾ ਸੁਣਾਈਆ । ਭਗਤਾਂ ਦਾ ਵਿਵਹਾਰਾ, ਤੇਰੇ ਨਾਲ ਵਡਿਆਈਆ । ਲਹਿੰਦੇ ਤੋਂ ਚੜ੍ਹਦੇ ਦਾ ਵੇਖ ਨਜ਼ਾਰਾ, ਨਜ਼ਰੀਆ ਦਿਤਾ ਬਦਲਾਈਆ । ਕਿਉਂ ਏਥੇ ਗੁਰਮੁਖ ਦਾ ਦੁਆਰਾ, ਜਿਸ ਨੂੰ ਪਿਛੇ ਕਹਿੰਦੇ ਰਵਦਾਸ ਚਮਾਰਾ, ਸਤਿਜੁਗ ਦਾ ਸਾਚਾ ਬਣਨਾ ਸਹਾਰਾ, ਇਸ਼ਾਰਾ ਅਗਲੇ ਸਾਲ ਕਰਾਈਆ । ਨਵਾਂ ਹੋਣਾ ਇਕ ਵਿਹਾਰਾ, ਕੁਛ ਲੇਖਾ ਰਹਿ ਗਿਆ ਇੱਟਾਂ ਗਾਰਾ, ਭੇਵ ਅਭੇਦਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਵਾ ਪੰਜ ਸੇਰ ਇਹ ਜੋਤੀ ਧਾਰ ਘਿਰਤ, ਅਸ਼ਟਭੁਜ ਮੰਗ ਮੰਗਾਈਆ । ਓਹ ਵੀ ਅੱਜ ਪੂਰੀ ਕਰ ਕੇ ਜਾਏ ਆਪਣੀ ਹਿਰਸ, ਸਿੰਘ ਅਸਵਾਰ ਫੇਰਾ ਪਾਈਆ । ਓਹ ਬੈਠੀ ਵੇਖੇ ਕੋਲ ਬਿਰਖ, ਅੱਠੇ ਭੁਜਾਂ ਸੀਸ ਨਿਵਾਈਆ । ਨਾਲੇ ਕਹੇ ਪ੍ਰਭੂ ਬੜਾ ਬੇਕਿਰਕ, ਰਹਿਮਤ ਤਰਸ ਨਾ ਕੋਇ ਕਮਾਈਆ । ਸ੍ਰੀ ਭਗਵਾਨ ਕਹੇ ਮੈਂ ਉਨ੍ਹਾਂ ਮਿਲਾਂ ਬਿਛਰਤ, ਜੋ ਵਿਛੋੜੇ ਵਿਚ ਕੁਰਲਾਈਆ । ਜਿਹੜੇ ਆਪਣੇ ਇਸ਼ਟ ਦੀ ਕਰਨ ਐਸ਼ੋ ਇਸ਼ਰਤ, ਉਨ੍ਹਾਂ ਦੀ ਕਰਨ ਆਇਆ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਗੋਬਿੰਦ ਗੋਬਿੰਦੇ ਉਪਦੇਸਾ, ਬ੍ਰਹਮਾ ਮਹੇਸਾ ਵਿਸ਼ਨੂੰ ਸ਼ੇਸ਼ਾ, ਗਣਪਤ ਗਣੇਸ਼ਾ ਸੁਣੌਂਣਾ ਆਦੇਸਾ, ਪੁਰਖ ਅਕਾਲੇ ਸੰਦੇਸ਼ਾ, ਨਿਰਗੁਣ ਧਾਰੇ ਵੇਸਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੋਬਿੰਦੇ ਕਲਾਮ ਕਹਿੰਦੇ ਅਮਾਮ, ਨਾਛਿੰਦੇ ਅਸਲਾਮ, ਬਖ਼ਸ਼ਿੰਦੇ ਤਮਾਮ ਜ਼ਾਹਿਰਾ ਜ਼ਹੂਰ ਨਜ਼ਰੀ ਆਈਆ । ਗੋਸ਼ੇ ਕੁਨਿੰਨ ਰਹਿਮਾਨੇ ਨਵਿੰਨ ਮੁਫ਼ਲਿਸਾਨੇ ਬਖ਼ਸ਼ਿੰਦ ਮਜ਼ਜਹਾਨੇ ਚਿੰਦ ਇਵਜ਼ਾਨੇ ਹਿੰਦ ਅਜ਼ੀਮੁਲਸ਼ਾਨ ਬੇਪ੍ਰਵਾਹੀਆ । ਦਰਗਾਹ ਦਾਈਜ਼ੇ ਰਹਿਬਰੇ ਅਜ਼ੀਜ਼ੇ ਜ਼ੇਬਾਨੇ ਜ਼ਮੀਜ਼ੇ ਕ਼ੁਰਾਨੇ ਤਮੀਜ਼ੇ ਸ਼ਲੀਉਲ ਯੁਜ਼ਾਹ ਰਬੀਉਲਰਬਾ ਹਜ਼ਰਤੇ ਦੁਆ ਖ਼ੁਦਾਏ ਨਵਾ ਰਹਿਮਤੇ ਰਹਿਮਾਨ ਰਹੀਮ ਇਕ ਅਖਵਾਈਆ । ਬਜ਼ਾਤੇ ਬਾਈਦ ਨਿਜ਼ਾਤੇ ਨਜ਼ੀਦ ਖੁਮਾਤੇ ਈਦ ਦੀਵਾਨੇ ਦੀਦ ਦੀਦਾ ਦਾਨਿਸਤਾ ਦਰੇ ਦਰਬਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦੇ ਖੁਰੇ ਈਦ ਸਾਹਿਬੇ ਜ਼ਮੀਦ ਉਲਜ਼ਨੀ ਜ਼ਕੀਦ ਜ਼ਾਜ਼ੇ

ਜ਼ੂਰ ਜ਼ੱਰਾ ਜ਼ੱਰਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਾਮੇ ਗੋਬਿੰਦ ਗੋਬਿੰਦੇ ਕਲਾਮ, ਕਲਮਾ ਕਾਇਨਾਤ ਸੋਭਾ ਪਾਈਆ । ਗੁਰਮੁਖ ਸਿੰਘ ਟਕੇ ਕੋਲ ਰੱਖੇ ਨੌਂ, ਨੌ ਖੰਡ ਮਾਇਆ ਦਏ ਰੁਲਾਈਆ । ਇਕ ਨਾਲ ਪ੍ਰਭ ਦਾ ਪੂਰਾ ਕੀਤਾ ਗਉਂ, ਗਹਿਰ ਗੰਭੀਰ ਦੀ ਖ਼ੁਸ਼ੀ ਦਿਤੀ ਬਣਾਈਆ । ਜਿਹੜੇ ਮਾਇਆ ਵਿਚ ਵੜ ਕੇ ਰਹੇ ਸੌਂ, ਕਲਜੁਗ ਮਾਇਆ ਚਾਰ ਕੁੰਟ ਵਹਾਈਆ । ਓਸ ਨੂੰ ਭਗਤਾਂ ਨਾਲ ਨਹੀਂ ਕੋਈ ਗਉਂ, ਲੁਕ ਕੇ ਆਪਣਾ ਝਟ ਲੰਘਾਈਆ । ਗੋਬਿੰਦ ਨੌ ਖੰਡ ਪ੍ਰਿਥਮੀ ਸ਼ਬਦੀ ਧਾਰ ਆਇਆ ਭਉਂ, ਭਾਂਡਾ ਭਰਮ ਭੰਨਾਈਆ । ਪ੍ਰਭੂ ਹੁਣ ਭੁੱਖਿਆਂ ਵਲ ਕਰ ਲੈ ਰਉਂ, ਦਰਦੀਆਂ ਦਰਦ ਗੁਆਈਆ । ਜਿਹੜੇ ਮਿੱਟੀ ਖ਼ਾਕ ਉਤੇ ਰਹੇ ਸੌਂ, ਜਾਗਤ ਸੋਵਤ ਤੇਰਾ ਧਿਆਨ ਲਗਾਈਆ । ਅੱਗੇ ਉਨ੍ਹਾਂ ਜੋਗਾ ਹੋ, ਕਲਜੁਗ ਕੂੜੀ ਕਿਰਿਆ ਕਰ ਸਫ਼ਾਈਆ । ਮਾਇਆਧਾਰੀ ਦੁਬਧਾ ਵਿਚ ਦੇ, ਏਕਾ ਰੂਪ ਨਾ ਕੋਇ ਸਮਾਈਆ । ਝੂਠੀ ਵਸਤ ਸਭ ਦੇ ਕੋਲੋਂ ਲੈਣੀ ਖੋਹ, ਖ਼ਾਲੀ ਦਏ ਕਰਾਈਆ । ਸਾਚੇ ਸੰਤਾਂ ਕਰੇ ਨਿਰਮੋਹ, ਗੁਰਮੁਖ ਆਪਣੀ ਗੋਦ ਉਠਾਈਆ । ਨਾਤਾ ਪੱਕਾ ਕਰ ਲੈ ਮੋਹ, ਮੁਹੱਬਤ ਇਕ ਬਣਾਈਆ । ਬਿਨਾ ਟਕਿਆਂ ਤੋਂ ਜੋ ਤੇਰੇ ਨਾਲ ਜਾਵਣ ਛੋਹ, ਉਨ੍ਹਾਂ ਦਾ ਲੋਇਣ ਦੇਣਾ ਖੁਲ੍ਹਾਈਆ । ਪਿਛਲੇ ਤੈਨੂੰ ਕਹਿੰਦੇ ਆਏ ਸਾਰੇ ਨਿਰਮੋਹ, ਮੁਹੱਬਤ ਹੱਕ ਨਾ ਕੋਇ ਕਮਾਈਆ । ਹੁਣ ਅਸੀਂ ਇਕੱਠੇ ਬਣ ਕੇ ਆਏ ਗ੍ਰੋਹ, ਮਜਲਸ ਧੁਰ ਦੀ ਇਕ ਕਮਾਈਆ । ਸਭ ਦੇ ਅੰਦਰ ਆਪਣਾ ਰਸ ਚੋ, ਅੰਮ੍ਰਿਤ ਬੂੰਦ ਚੁਆਈਆ । ਝਗੜਾ ਰਹੇ ਨਾ ਏਕਾ ਦੋ, ਦੂਆ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਚੜ੍ਹਾਈਆ । ਪੰਜ ਚੇਤ ਦੀ ਕਹੇ ਰਾਤ, ਰੁਤੜੀ ਇਕ ਮਹਿਕਾਈਆ । ਇਹ ਗੋਬਿੰਦ ਵਾਲੀ ਦਾਤ, ਜੋ ਨੰਗੇ ਤਨ ਛੁਹਾਈਆ । ਜਿਸ ਦਾ ਲੇਖਾ ਲਿਖੇ ਨਾ ਕੋਈ ਕ਼ਲਮ ਦਵਾਤ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਬਦਲ ਦੇਣਾ ਸਮਾਜ, ਦੀਨ ਦੁਨੀ ਉਲਟਾਈਆ । ਇਕ ਪੁਰਖ ਅਕਾਲ ਦਾ ਕਰਨਾ ਰਾਜ, ਰਈਅਤ ਦੋ ਜਹਾਨ ਵਖਾਈਆ । ਚਾਰ ਵਰਨ ਸੁਹੌਣਾ ਕਾਜ, ਕਰਨੀ ਕਰਤਾ ਹੁਕਮ ਵਰਤਾਈਆ । ਇਕ ਦੇ ਸੀਸ ਤੇ ਹੋਣਾ ਤਾਜ, ਤਾਜਾਂ ਵਾਲੇ ਦੇਣੇ ਮਿਟਾਈਆ । ਨੌ ਖੰਡ ਪ੍ਰਿਥਮੀ ਵਿਚ ਸ਼ਬਦ ਅਗੰਮੀ ਸੁਣੌਣੀ ਆਵਾਜ਼, ਬਚਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਿਰਪਾਨ ਕਹੇ ਮੈਂ ਕੋਈ ਕਰਨ ਨਹੀਂ ਆਈ ਕਿਰਪਾ, ਕਿਰਪਨਾਂ ਦਿਆਂ ਵਡਿਆਈਆ । ਬਿਨਾ ਪੁਰਖ ਅਕਾਲ ਕੱਟੇ ਕੋਈ ਨਾ ਬਿਪਤਾ, ਜੁਗ ਜੁਗ ਨਾ ਹੋਏ ਸਹਾਈਆ । ਮਾਣ ਹੋਣਾ ਧੁਰ ਦੇ ਪਿਤ ਦਾ, ਪਤਿਪਰਮੇਸ਼ਵਰ ਦਏ ਵਡਿਆਈਆ । ਜੋ ਦੋ ਜਹਾਨਾਂ ਜਿੱਤਦਾ, ਬਿਨ ਸ਼ਸਤਰ ਕਰੇ ਲੜਾਈਆ । ਉਸ ਨੇ ਹੁਕਮ ਵਰਤੌਣਾ ਇਕ ਦਾ, ਗੋਬਿੰਦ ਨਾਲ ਚਤੁਰਾਈਆ । ਜੋ ਲਹਿਣੇ ਦੇਣੇ ਪੁਛਦਾ, ਲੱਖ ਚੁਰਾਸੀ ਖੋਜ ਖੁਜਾਈਆ । ਕਿਸੇ ਦੁਆਰੇ ਕਦੇ ਨਹੀਂ ਵਿਕਦਾ, ਕ਼ੀਮਤ ਨਾ ਕੋਇ ਚੁਕਾਈਆ । ਪੰਧ ਮੁਕਾ ਕੇ ਊਚ ਨੀਚ ਦਾ, ਇਕੋ ਘਰ ਦੇਣਾ ਵਸਾਈਆ । ਝਗੜਾ ਰਹਿਣ ਨਹੀਂ ਦੇਣਾ ਬੀਚ ਦਾ, ਵਿਚਲਾ ਪੜਦਾ ਦਏ ਉਠਾਈਆ । ਕਰਨਾ ਖੇਲ ਓਸ ਜਗਦੀਸ਼ ਦਾ, ਜਿਸ ਜਗਤ ਦ੍ਰਿਸ਼ਟੀ ਦੇਣੀ ਬਦਲਾਈਆ । ਕਲਜੁਗ ਕੂੜ ਕੁੜਿਆਰ ਵੇਖਿਓ ਪੀਸਦਾ, ਪਸਚਾਤਾਪ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਨੌ ਛੁਹਾਰੇ ਨੌ ਬਦਾਮ, ਸੌਗੀ ਨੌ ਵੰਡ ਵੰਡਾਈਆ । ਇਹ ਵਸ਼ਿਸ਼ਟ ਨੇ ਸਗਣ

ਦਿਤਾ ਸੀ ਰਾਮ, ਝੋਲੀ ਆਤਮ ਵਾਲੀ ਭਰਾਈਆ । ਇਹੋ ਸਗਣ ਮੁਹੰਮਦ ਨੇ ਦਿਤਾ ਜਦੋਂ ਸੁਣੀ ਅਗੰਮੀ ਕਲਾਮ, ਕਲਮਾ ਧੁਰਦਰਗਾਹੀਆ । ਸੱਯਦੇ ਵਿਚ ਕਰ ਸਲਾਮ, ਸੀਸ ਜਗਦੀਸ਼ ਦਿਤਾ ਨਿਵਾਈਆ । ਇਹ ਖੇਲ ਬੜਾ ਮਹਾਨ, ਵਸ਼ਿਸ਼ਟ ਰਾਮ ਰਿਹਾ ਦ੍ਰਿੜਾਈਆ । ਬਿਨਾ ਸਤਿਗੁਰ ਤੋਂ ਜੀਉਣਾ ਨਹੀਂ ਵਿਚ ਜਹਾਨ, ਮਨੁਸ਼ਾ ਜਨਮ ਕੰਮ ਕਿਸੇ ਨਾ ਆਈਆ । ਭਾਵੇਂ ਵਿਦਿਆ ਪੜ੍ਹ ਲਓ ਤੇ ਚੜ੍ਹ ਜਾਓ ਉਤੇ ਅਸਮਾਨ, ਅਭਿਮਾਨ ਵਿਚ ਨਾ ਕੋਇ ਚਤੁਰਾਈਆ । ਸਤਿਗੁਰੂ ਤੋਂ ਅੱਗੇ ਜਿੰਨਾਂ ਚਿਰ ਨਾ ਮਿਲੇ ਭਗਵਾਨ, ਜੋਤ ਵਿਚ ਜੋਤ ਨਾ ਕੋਇ ਸਮਾਈਆ । ਇਹੋ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਦਏ ਗਿਆਨ, ਹਰਫ਼ ਹਰੂਫ਼ਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਪੈਗ਼ਾਮੇ ਮੁਹੰਮਦ ਵਾਹਿਦੇ ਖ਼ੁਦਾ ਅਲਾਹੀ ਹਮਦ ਜੁਦਾਈ ਜ਼ੁਜ਼ਾ ਜਿਹਨਾਈ ਜ਼ਨਾਂ ਬੇਨਾਈ ਅਜਾਂ ਖ਼ੁਦਾਈ ਸਹਮ ਖ਼ੁਦਾਈ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਹਜ਼ੂ ਹਜ਼ੀਅਲ ਵਜ਼ੂ ਵਜ਼ਿਮਤੇ ਵਜ਼ੀਨੇ ਵਨਿਜ਼ ਵਾਜ਼ਿਆ ਦਿਤਾ ਕਰਾਈਆ । ਹੁਕਮੇ ਰੱਬੀ ਅਲਾਹੀ ਕਲਾਮ ਕਲਮਾ ਕੁਜ਼ਿੱਤੇ ਕਵਿਜ਼ਨੇ ਕਰਾਂ ਜ਼ਾਗਿਜ਼ਨੇ ਜ਼ਵਾ ਜ਼ਾਤੁਲ ਜ਼ਮਾਂ ਆਜ਼ਮਾ ਆਜ਼ਮਾ ਆਜ਼ਮਾ ਅਜ਼ੀਜ਼ੇ ਜਣਾ ਅਮਾਮੇ ਨਵਾਂ ਜ਼ਾਖੋਨੇ ਗੁਨਾਹ ਬਾਜ਼ੀਤੇ ਬਜ਼ੁਲਬ ਨਾਮਾਤੇ ਨਮਲਦ ਨਾਜ਼ਮਾਤੇ ਜ਼ਵਲਦ ਜ਼ੁਕਰੇ ਬਜ਼ੀਉਲ ਜ਼ਵਿਦ ਜ਼ਵੂ ਜ਼ਾਹ ਜ਼ੂਆ ਜ਼ਾਹਰਾ ਜ਼ਹੂਰ ਨਜ਼ਰੀ ਆਈਆ । ਸਵਾ ਗਿਠ ਇਹ ਗੋਬਿੰਦ ਦੀ ਨੀਲੀ ਟਾਕੀ, ਜਿਨ੍ਹ ਜੋਗੀਆਂ ਅਭਿਆਸੀਆਂ ਦਾ ਲੇਖਾ ਦਿਤਾ ਮੁਕਾਈਆ । ਬਿਨਾ ਪੁਰਖ ਅਕਾਲ ਤੋਂ ਦੂਜਾ ਰਹਿਣ ਨਹੀਂ ਦਿਤਾ ਸਾਕੀ, ਸਭ ਦੇ ਪਿਆਲੇ ਦਿਤੇ ਰੁੜ੍ਹਾਈਆ । ਬਿਨਾ ਸਤਿਗੁਰ ਸ਼ਬਦ ਤੋਂ ਗੁਰੂ ਰਹੇ ਨਾ ਕੋਇ ਤਨ ਖ਼ਾਕੀ, ਗੁਰੂ ਗ੍ਰੰਥ ਦਏ ਗਵਾਹੀਆ । ਬਿਨਾ ਪਰਮ ਪੁਰਖ ਪਰਮਾਤਮਾ ਤੋਂ ਲਹਿਣਾ ਦੇਣਾ ਚੁਕਾਏ ਕੋਈ ਨਾ ਬਾਕੀ, ਬਾਕ਼ਾਇਦਾ ਦਿਤਾ ਸੁਣਾਈਆ । ਬਿਨਾ ਗੋਬਿੰਦ ਦੇ ਅੰਮ੍ਰਿਤ ਜਾਮ ਤੋਂ ਬਦਲੇ ਨਾ ਕਿਸੇ ਦੀ ਹਯਾਤੀ, ਜੀਵਣ ਵਿਚ ਜੀਵਣ ਨਾ ਕੋਇ ਬਦਲਾਈਆ । ਸਭ ਨੂੰ ਮੰਨਣੀ ਪੈਣੀ ਪਰਮ ਪੁਰਖ ਦੀ ਆਖੀ, ਜਿਸ ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਇਹ ਨੀਲੀ ਸਭ ਦੀ ਪਿਠ ਉਤੇ ਉਹ ਟਾਕੀ, ਜਿਹੜੀ ਟਕਿਆਂ ਨਾਲ ਹੱਥ ਕਿਤੋਂ ਨਾ ਆਈਆ । ਇਸ ਵਿਚ ਨਾ ਕੋਈ ਮਜ਼੍ਹਬ ਤੇ ਨਾ ਕੋਈ ਜ਼ਾਤੀ, ਚਾਰ ਵਰਨਾਂ ਦੀ ਸਾਂਝੀ ਸਾਖੀ, ਜੋ ਨਾਨਕ ਨਿਰਗੁਣ ਸਰਗੁਣ ਸ੍ਰਿਸ਼ਟੀ ਗਿਆ ਸਮਝਾਈਆ । ਬਿਨਾ ਅਬਿਨਾਸ਼ੀ ਕਰਤੇ ਦਿਸੇ ਕੋਈ ਨਾ ਮੰਜ਼ਲ ਸਾਚੀ, ਜੋ ਘਾਟੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਧੁਰਦਰਗਾਹੀਆ । ਇੱਟ ਕਹੇ ਮੇਰੀ ਰਵਦਾਸ ਦੇ ਨਾਲ ਪ੍ਰੀਤੀ, ਜੋ ਘੁਟਨੇ ਹੇਠ ਦਬਾਈਆ । ਮੈਂ ਵੇਖਾਂ ਜੁਗ ਜੁਗ ਰੀਤੀ, ਨਿਤ ਨਿਤ ਧਿਆਨ ਲਗਾਈਆ । ਅੱਜ ਖ਼ੁਸ਼ੀ ਹੋਈ ਭਗਤਾਂ ਦੀ ਬਗ਼ੀਚੀ, ਸ੍ਰੀ ਭਗਵਾਨ ਦਿਤੀ ਸੁਹਾਈਆ । ਮੈਂ ਵੀ ਸੀਸ ਝੁਕਾਵਾਂ ਜਗਦੀਸ਼ ਆਪਣਾ ਸੀਸੀ, ਸਰਨ ਇਕ ਸਮਝਾਈਆ । ਮੈਂ ਨਿੱਕੀ ਜਿਹੀ ਗੱਲ ਪਿੱਛੇ ਰਵਦਾਸ ਨਾਲ ਕੀਤੀ, ਉਸ ਦੀ ਸਮਝ ਨਾ ਕੋਇ ਸਮਝਾਈਆ । ਹੱਸ ਕੇ ਕਿਹਾ ਓਏ ਭੁੱਖਿਆ ਜਿਸ ਵੇਲੇ ਸਦੀ ਚੌਧਵੀਂ ਬੀਤੀ, ਕਲਜੁਗ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਧੁਰ ਦੀ ਖੇਲ ਕੀਤੀ, ਖ਼ਾਲਕ ਖ਼ਲਕ ਵੇਖ ਵਖਾਈਆ । ਓਸ ਵੇਲੇ ਸਭ ਦੀ ਬਦਲ ਜਾਣੀ ਨੀਤੀ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਮੇਰੀ ਇਕ ਯਾਦ ਕਰ ਲੈ ਚਿੱਠੀ, ਬਿਨਾ ਹੱਥਾਂ ਤੇਰੇ ਹੱਥ ਫੜਾਈਆ । ਪ੍ਰਭੂ ਦੀ ਧਾਰ ਹੋਣੀ ਭਗਤਾਂ ਦੀ ਇੱਕੀ, ਗੋਬਿੰਦ ਦੀ


੪੦
੨੧

ਇੱਕੀ ਸਿੱਖੀ ਸਿਖਿਆ ਵਿਚ ਵਡਿਆਈਆ । ਫੇਰ ਮੈਂ ਇਕ ਕੁੱਲੀ ਬਣਾਣੀ ਨਿੱਕੀ, ਆਪਣੀ ਵੰਡ ਇੱਕੀ ਹਜ਼ਾਰ ਰਖਾਈਆ । ਜਿਥੇ ਚਾਰ ਜੁਗ ਦੇ ਭਗਤਾਂ ਨੇ ਸਿਖਿਆ ਸਿੱਖੀ, ਸਿਖਿਆ ਲੈ ਕੇ ਪ੍ਰਭ ਦਾ ਸ਼ੁਕਰ ਮਨਾਈਆ । ਸ਼ਹਿਨਸ਼ਾਹੀ ਸੰਮਤ ਪੰਜ ਵਿਚ ਪੂਰੀ ਕਰਾਂ ਇਹੋ ਮੇਰੀ ਇਛੀ, ਇਛਿਆ ਲੈ ਕੇ ਇਥੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧਾਰ ਰੱਖੇ ਸਿੱਧੀ, ਭਗਤ ਭਗਵਾਨ ਦੇ ਮਿਲਣ ਦੀ ਰਹੀ ਬਿਧੀ, ਬਿਦਨਾ ਦਾ ਲੇਖਾ ਰਹੇ ਨਾ ਰਾਈਆ ।

❋ ੬ ਚੇਤ ਸ਼ਹਿਨਸ਼ਾਹੀ ਸੰਮਤ ੪ ਸੁਖਦੇਵ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਚੌਂਕੀ ਕਹੇ ਮੇਰਾ ਅਗੰਮੀ ਤੂਲ ਅਰਜ਼, ਇਕ ਸੱਤ ਸਤਾਰਾਂ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਮਮਤਾ ਮੋਹ ਵਿਕਾਰਾ ਲੱਗੀ ਮਰਜ਼, ਨਵ ਨੌ ਚਾਰ ਚਾਰ ਕੁੰਟ ਕੁਰਲਾਈਆ । ਧਰਨੀ ਧਰਤ ਧਵਲ ਕਰੇ ਅਰਜ਼, ਦਰਗਾਹ ਸਾਚੀ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਭਗਤ ਉਧਾਰਨਾ ਤੇਰਾ ਫ਼ਰਜ਼, ਜੁਗ ਚੌਕੜੀ ਵੇਖ ਵਖਾਈਆ । ਸਦੀ ਚੌਧਵੀਂ ਸਭ ਦੀ ਪੂਰੀ ਕਰ ਗ਼ਰਜ਼, ਨਿਰਵੈਰ ਨਿਰਾਕਾਰ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖ ਫ਼ਰਦ, ਭੇਵ ਅਭੇਦਾ ਦੇ ਖੁਲ੍ਹਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਗਤ ਜਗਿਆਸੂਆਂ ਵੰਡ ਦਰਦ, ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚੌਂਕੀ ਕਹੇ ਮੈਂ ਦੱਸਾਂ ਪਿਛਲਾ ਲੇਖਾ, ਪਾਰਬ੍ਰਹਮ ਭੇਵ ਰਿਹਾ ਜਣਾਈਆ । ਜਿਸ ਵੇਲੇ ਸਭ ਦਾ ਹੋਵੇ ਲੇਖਾ, ਏਕੰਕਾਰ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਖੁਲ੍ਹੇ ਭੇਤਾ, ਪੜਦਾ ਸਰਬ ਉਠਾਈਆ । ਸਾਰੇ ਮੰਨਣ ਇਕੋ ਨੇਤਾ, ਨਰ ਨਿਰੰਕਾਰ ਧੁਰਦਰਗਾਹੀਆ । ਭਾਗ ਲੱਗੇ ਸਾਚੇ ਦੇਸਾ, ਸਚਖੰਡ ਸਾਚੇ ਵੱਜੇ ਵਧਾਈਆ । ਲੋਕਮਾਤ ਮਿਲੇ ਸੰਦੇਸ਼ਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਨਜ਼ਰੀ ਆਵੇ ਨਰ ਨਰੇਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚੌਂਕੀ ਕਹੇ ਜਿਸ ਵੇਲੇ ਲੇਖਾ ਮੁਕੇ ਚਾਰ ਜੁਗ, ਚੌਕੜੀ ਆਪਣਾ ਪੰਧ ਮੁਕਾਈਆ । ਦੋ ਜਹਾਨ ਪੜ੍ਹਨ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰੋਂ ਪਏ ਉਠ, ਜੋਤੀ ਜਾਤਾ ਕਰ ਰੁਸ਼ਨਾਈਆ । ਜਨ ਭਗਤ ਸੁਹੇਲੇ ਬਣਾਏ ਆਪਣੇ ਸੁਤ, ਸਤਿ ਸਤਿਵਾਦੀ ਦਇਆ ਕਮਾਈਆ । ਪੜਦਾ ਰਹੇ ਨਾ ਓਹਲਾ ਲੁਕ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਚੌਂਕੀ ਕਹੇ ਮੇਰੇ ਅੰਤਰ ਚੜ੍ਹਿਆ ਚਾਅ, ਚਾਉ ਘਨੇਰਾ ਇਕ ਜਣਾਈਆ । ਹੁਕਮ ਦੇਵੇ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਨੂਰ ਨੁਰਾਨਾ ਡਗਮਗਾਈਆ । ਜੋ ਲਹਿਣਾ ਦੇਣਾ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜਿਸ ਵੇਲੇ ਮੁਹੰਮਦ ਨੂੰ ਨੂਰੀ ਧਾਰ ਪਹਿਲੀ ਵਾਰ ਪਕੜਿਆ ਬਾਂਹ, ਬਿਨ ਕਲਮਿਉਂ ਕਲਮਾ ਦ੍ਰਿੜਾਈਆ । ਪਹਿਲੋਂ ਚਰਨ ਕਵਲ ਵਖਾਇਆ ਥਾਂ, ਥਨੰਤਰ ਇਕ ਸਮਝਾਈਆ । ਫਿਰ ਰਚਨਾ ਅਗੰਮ ਰਚਾ, ਇਕ ਸੱਤ ਦੀ ਵੰਡ ਵੰਡਾਈਆ । ਚਾਰ ਕੁੰਟ ਕਰ ਰੁਸ਼ਨਾ, ਅੰਧ

ਅੰਧੇਰ ਗੁਆਈਆ । ਸਹਿਜੇ ਨਾਲ ਉਪਰ ਟਿਕਾ, ਆਸਣ ਦਿਤਾ ਸਮਝਾਈਆ । ਧੂੜੀ ਚਰਨ ਮਸਤਕ ਲਾ, ਖ਼ਾਕੀ ਖ਼ਾਕ ਭੇਵ ਖੁਲ੍ਹਾਈਆ । ਮੁਹੰਮਦ ਨੇਤਰ ਰੋ ਕੇ ਮਾਰੇ ਆਹ, ਹਉਕਿਆਂ ਵਿਚ ਸੁਣਾਈਆ । ਤੇਰਾ ਖੇਲ ਬੇਪ੍ਰਵਾਹ, ਪਰਵਰਦਿਗਾਰ ਤੇਰੀ ਵਡਿਆਈਆ । ਚੌਦਾਂ ਤਬਕ ਦੱਸਿਆ ਰਾਹ, ਰਹਿਬਰ ਨੂਰ ਖ਼ੁਦਾਈਆ । ਪੁਰਖ ਅਕਾਲ ਮਸਤਕ ਉਂਗਲੀ ਦਿਤੀ ਲਾ, ਬਿਨ ਹੱਥਾਂ ਹੱਥ ਉਠਾਈਆ । ਮੁਹੰਮਦ ਅੱਗੇ ਕਰ ਧਿਆਂ, ਪੈਂਡਾ ਪੰਧ ਸਮਝਾਈਆ । ਸਦੀ ਚੌਧਵੀਂ ਹੁੰਦਾ ਵੇਖ ਨਿਆਂ, ਅਦਲ ਇਨਸਾਫ਼ ਇਕ ਕਮਾਈਆ । ਕਰੇ ਖੇਲ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਵਡੀ ਵਡਿਆਈਆ । ਜਿਨ੍ਹਾਂ ਨੇ ਸੂਰ ਖਾਧੀ ਗਾਂ, ਦੋਹਾਂ ਦਏ ਸਜ਼ਾਈਆ । ਸਾਚੀ ਕਰੇ ਕੋਈ ਨਾ ਹਾਂ, ਪੈਗ਼ੰਬਰ ਹੋਵੇ ਨਾ ਕੋਇ ਸਹਾਈਆ । ਮੁਹੰਮਦ ਚੁੱਕ ਕੇ ਕ਼ਦਮ ਬੋਸੀ ਕਰ ਕੇ ਕਿਹਾ ਤੂੰਹੀ ਵਾਹਦ ਅੱਲ੍ਹਾ ਖ਼ੁਦਾ, ਖ਼ੁਦੀ ਨਜ਼ਰ ਕੋਇ ਨਾ ਆਈਆ । ਤੇਰਾ ਲੇਖਾ ਦੋ ਜਹਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਚੌਂਕੀ ਕਹੇ ਮੈਂ ਦੇਵਾਂ ਇਕ ਸ਼ਹਾਦਤ, ਗਵਾਹੀ ਇਕ ਭੁਗਤਾਈਆ । ਜਿਸ ਵੇਲੇ ਖ਼ੁਦਾ ਨੇ ਮੁਹੰਮਦ ਨੂੰ ਦੱਸੀ ਇਬਾਦਤ, ਮੇਰੇ ਉਪਰ ਬਹਾਈਆ । ਮਨ ਬੁਧੀ ਦੀ ਦੂਰ ਕਰ ਲਿਆਕਤ, ਧੁਰ ਦਾ ਕਲਮਾ ਇਕ ਸਮਝਾਈਆ । ਨਿਰਗੁਣ ਨੂਰ ਤੇਰੀ ਰਫ਼ਾਕ਼ਤ, ਸਵਾਗਤ ਬੇਪਰਵਾਹੀਆ । ਫੇਰ ਵੇਖ ਅਗੰਮੀ ਆਫ਼ਤ, ਆਫ਼ਤਾਬ ਨਾ ਕੋਇ ਰੁਸ਼ਨਾਈਆ । ਸਦੀ ਸਦੀਵੀ ਕਰੇ ਬਗ਼ਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਕਲਮਾ ਨਾਮ ਹੋਵੇ ਅਦਾਵਤ, ਝਗੜਾ ਕੂੜ ਲੋਕਾਈਆ । ਸਾਚਾ ਨਾਮ ਕਰੇ ਨਾ ਕੋਇ ਸਖ਼ਾਵਤ, ਰਹਿਮਤ ਹੱਕ ਨਾ ਕੋਇ ਕਮਾਈਆ । ਕੂੜੀ ਕਿਰਿਆ ਦਿਸੇ ਬਨਾਵਟ, ਅੰਤਰ ਨਿਰੰਤਰ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਸੱਤ ਦੀ ਧਾਰ ਸਤਾਰਾਂ ਇੰਚ ਬਿਨ ਹਰਿ ਕਿਰਪਾ ਆਬੇਹਯਾਤ ਅੰਮ੍ਰਿਤ ਮੇਘ ਦੇਵੇ ਕੋਈ ਨਾ ਸਿੰਚ, ਅਗਨੀ ਤਤ ਤਤਵ ਸਕੇ ਨਾ ਕੋਇ ਬੁਝਾਈਆ । ਚੌਂਕੀ ਕਹੇ ਮੁਹੰਮਦ ਨੇ ਚਾਰ ਕੁੰਟ ਲਾਇਆ ਚੱਕਰ, ਆਪਣਿਆਂ ਕ਼ਦਮਾਂ ਕ਼ਦਮ ਉਠਾਈਆ । ਸਾਚਾ ਦਿਸਿਆ ਕੋਈ ਨਾ ਫ਼ੱਕਰ, ਜੋ ਫ਼ਿਕਰਾ ਇਕ ਸੁਣਾਈਆ । ਦੀਨ ਮਜ਼੍ਹਬ ਦੀ ਲੱਗੀ ਵੇਖ ਟੱਕਰ, ਟੁਕੜੇ ਜਗਤ ਲੋਕਾਈਆ । ਸਤਿ ਧਰਮ ਹੋਇਆ ਫੱਟੜ, ਸੂਫ਼ੀ ਰੰਗ ਨਾ ਕੋਇ ਰੰਗਾਈਆ । ਕੰਡਾ ਤੋਲ ਨਾ ਤੋਲੇ ਕੋਈ ਤੱਕੜ, ਤਰਾਜ਼ੂ ਮਿਹਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਲਹਿਣੇ ਵਿਚੋਂ ਲਹਿਣਾ ਦੇਣੇ ਵਿਚੋਂ ਦੇਣਾ ਦੇਵਣਹਾਰ ਵੇਖ ਵਖਾਈਆ । ਧੁਰ ਦਾ ਸ਼ਬਦ ਕਹੇ ਮੇਰੀ ਧਾਰ ਸਚ ਪੈਮਾਨਾ, ਪੈਮਾਇਸ਼ ਦੋ ਜਹਾਨ ਕਰਾਈਆ । ਮੇਰਾ ਖੇਲ ਜੁਗ ਚੌਕੜੀ ਦੋ ਜਹਾਨਾਂ, ਬ੍ਰਹਿਮੰਡ ਖੰਡ ਵੇਖ ਵਖਾਈਆ । ਮੈਨੂੰ ਸਮਝੇ ਬੁਧੀਵਾਨ ਨਾ ਕੋਇ ਇਨਸਾਨਾ, ਅਕਲ ਆਕਲ ਨਾ ਕੋਇ ਵਡਿਆਈਆ । ਮੇਰਾ ਲੇਖਾ ਜ਼ਿਮੀਂ ਅਸਮਾਨਾਂ, ਲੋਕ ਪ੍ਰਲੋਕ ਖੋਜ ਖੁਜਾਈਆ । ਜੁਗ ਚੌਕੜੀ ਬਦਲਦਾ ਰਿਹਾ ਜ਼ਮਾਨਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੈਮਾਨਾ ਕਹੇ ਮੇਰਾ ਨਾਪ ਨਹੀਂ ਕੋਈ ਫੁਟ, ਲੰਮਾ ਚੌੜਾ ਸਮਝ ਕਿਸੇ ਨਾ ਆਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਪਾਵੇ ਲੁੱਟ, ਲੁੱਟੀ ਜਾਏ ਜਗਤ ਲੋਕਾਈਆ । ਅੰਤਰ ਲਿਵ ਸਭ ਦੀ ਜਾਵੇ ਛੁਟ, ਹਿਰਦੇ ਹਰਿ ਨਾ ਕੋਇ ਵਸਾਈਆ । ਆਤਮ ਪਰਮਾਤਮ

ਨਾਤਾ ਜਾਏ ਤੁਟ, ਤੁੱਟੀ ਗੰਢ ਨਾ ਕੋਇ ਵਖਾਈਆ । ਸਚ ਨਾਮ ਦੀ ਪੜ੍ਹੇ ਕੋਈ ਨਾ ਤੁਕ, ਸੋਹਲਾ ਢੋਲਾ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਧਾਰ ਜਾਏ ਮੁਕ, ਨੀਰ ਸੀਰ ਨਾ ਕੋਇ ਪਿਆਈਆ । ਖ਼ਾਲੀ ਭਾਂਡੇ ਹੋਵਣ ਠੁੱਠ, ਵਸਤ ਅਮੋਲਕ ਮੁਖ ਛੁਪਾਈਆ । ਸਾਚਾ ਰਹੇ ਕੋਈ ਨਾ ਸੁਤ, ਅਪਰਾਧੀ ਰੂਪ ਵਖਾਈਆ । ਝਗੜਾ ਪਏ ਕਾਇਆ ਮਾਟੀ ਬੁਤ, ਬ੍ਰਹਮ ਧਾਰ ਨਾ ਕੋਇ ਦਰਸਾਈਆ । ਸਾਚੇ ਮਾਰਗ ਚਲਦਿਆਂ ਦੀਨ ਦੁਨੀ ਜਾਏ ਰੁਕ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਪੈਮਾਨਾ ਕਹੇ ਮੈਂ ਵੇਖਿਆ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਡੰਡਾਵਤ ਸੱਯਦਾ ਸੀਸ ਝੁਕਾਈਆ । ਹੁਕਮੇ ਵਿਚ ਸੰਦੇਸ਼ੇ ਦੇਣ ਸੰਸਾਰ, ਕਲਮੇ ਕਾਇਨਾਤ ਦ੍ਰਿੜ੍ਹਾਈਆ । ਮਾਰਗ ਦੱਸ ਆਪਣੀ ਧਾਰ, ਧਰਨੀ ਧਰਤ ਧਵਲ ਸੁਹਾਈਆ । ਸ਼ਬਦ ਸੰਦੇਸ਼ਾ ਬੋਲ ਇਕ ਜੈਕਾਰ, ਜੈ ਜੈਕਾਰ ਜਣਾਈਆ । ਲੇਖਾ ਸਮਝ ਧੁਰ ਦਰਬਾਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਜਿਸ ਨੇ ਰਚਨਾ ਰਚੀ ਖੇਲੇ ਖੇਲ ਜੁਗ ਚਾਰ, ਚੌਕੜੀ ਆਪਣਾ ਹੁਕਮ ਵਰਤਾਈਆ । ਉਸ ਦੀ ਪਾਵੇ ਕੋਈ ਨਾ ਸਾਰ, ਅੰਤ ਕਹਿਣ ਕੋਇ ਨਾ ਆਈਆ । ਸੋ ਸ੍ਰਿਸ਼ਟੀ ਦ੍ਰਿਸ਼ਟੀ ਵੇਖਣਹਾਰ, ਇਸ਼ਟੀ ਇਸ਼ਟ ਦੇਵ ਵਡਿਆਈਆ । ਸਤਿ ਸਰੂਪੀ ਦੋ ਜਹਾਨ, ਆਤਮ ਪਰਮਾਤਮ ਸੇਜ ਹੰਢਾਈਆ । ਨਿਰਗੁਣ ਨੂਰ ਜੋਤ ਮਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਕ ਇਕੇਲਾ ਨੌਜਵਾਨ, ਮਰਦ ਮਰਦਾਨ ਆਪ ਅਖਵਾਈਆ । ਸੂਰਬੀਰ ਵਡ ਬਲਵਾਨ, ਬਲਧਾਰੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੈਮਾਨਾ ਕਹੇ ਮੇਰਾ ਲੇਖਾ ਸ਼ਬਦ ਗੁਰੂ ਦੇ ਨਾਲ, ਨਾਪ ਓਸੇ ਹੱਥ ਫੜਾਈਆ । ਜੋ ਥਿਰ ਘਰ ਵਸੇ ਸੱਚੀ ਧਰਮਸਾਲ, ਸਚਖੰਡ ਪ੍ਰਭ ਦਾ ਦਰਸ਼ਨ ਪਾਈਆ । ਜੁਗ ਚੌਕੜੀ ਘਾਲੇ ਘਾਲ, ਨਿਤ ਨਵਿਤ ਵੇਸ ਵਟਾਈਆ । ਜੋ ਸ੍ਰਿਸ਼ਟੀ ਦਾ ਹਲ ਕਰੇ ਸਵਾਲ, ਬਾਕੀ ਰਹਿਣ ਕੋਇ ਨਾ ਪਾਈਆ । ਜਿਸ ਦਾ ਹੁਕਮ ਇਕ ਕਮਾਲ, ਲਾਈਨ ਸਿੱਧੀ ਦਏ ਲਗਾਈਆ । ਦੂਜਾ ਵੱਜੇ ਨਾ ਕੋਈ ਤਾਲ, ਤਾਲਬ ਇਲਮ ਗੁਰ ਅਵਤਾਰ ਪੈਗ਼ੰਬਰ ਲਏ ਬਣਾਈਆ । ਸਾਚੀ ਸਿਖਿਆ ਇਕ ਸਿਖਾਲ, ਨਿਰਅੱਖਰ ਵਿਚੋਂ ਅੱਖਰ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੈਮਾਨਾ ਕਹੇ ਮੈਨੂੰ ਜਾਣੇ ਇਕ ਜਗਦੀਸ਼, ਜਗਦੀਸ਼ਰ ਵਡ ਵਡਿਆਈਆ । ਜਿਸ ਦੇ ਛਤਰ ਝੁੱਲੇ ਸੀਸ, ਸਚਖੰਡ ਸਾਚੇ ਸੋਭਾ ਪਾਈਆ । ਜੋ ਨਿਤ ਨਵਿਤ ਬਦਲੇ ਰੀਤ, ਰੀਤੀਵਾਨ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦੀ ਗੀਤ, ਆਤਮ ਪਰਮਾਤਮ ਵੱਜੇ ਵਧਾਈਆ । ਸੋ ਬੈਠਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਪੈਮਾਨਾ ਕਹੇ ਜੁਗਾਂ ਦੀ ਵੰਡ ਵਾਸਤੇ ਮੇਰੇ ਨਾਲ ਮਾਰਦਾ ਲੀਕ, ਦੂਜੀ ਵਸਤ ਹੱਥ ਨਾ ਕੋਇ ਉਠਾਈਆ । ਜਿਸ ਦੀ ਸ਼ਬਦ ਗੁਰੂ ਕਰੇ ਤਸਦੀਕ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਕਲਜੁਗ ਵੇਲਾ ਰਿਹਾ ਬੀਤ, ਸਦੀ ਚੌਦਵੀਂ ਖੋਜ ਖੁਜਾਈਆ । ਜਿਸ ਦੀ ਸਾਰੇ ਕਰਨ ਉਡੀਕ, ਨੇਤਰ ਨੈਣ ਰਾਹ ਤਕਾਈਆ । ਓਹ ਕਰੇ ਖੇਲ ਲਾਸ਼ਰੀਕ, ਧੁਰ ਕਰਤਾ ਸ਼ਹਿਨਸ਼ਾਹੀਆ । ਜਿਸ ਦਾ ਮਾਰਗ ਸਦਾ ਬਾਰੀਕ, ਬੇਪ੍ਰਵਾਹ ਵੇਖ ਵਖਾਈਆ । ਹੱਕ ਹੱਕ ਦੀ ਰਖ ਤੌਫ਼ੀਕ, ਹੁਕਮ ਇਕੋ ਇਕ ਸੁਣਾਈਆ । ਪੈਮਾਨਾ ਕਹੇ ਮੇਰੀ ਆਸਾ ਮਨਸਾ ਪੂਰੀ ਹੋਏ ਉਮੀਦ, ਆਮਦ ਵਿਚ ਅੱਖ ਖੁਲ੍ਹਾਈਆ । ਜਿਸ ਨੇ ਝਗੜਾ ਮਿਟੌਣਾ ਹਸਤ ਕੀਟ, ਊਚਾਂ ਨੀਚਾਂ

ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਧਾਮ ਸੁਹੰਜਣਾ ਕਰੇ ਖੇਲ ਆਦਿ ਨਿਰੰਜਣਾ, ਦੀਵਾ ਬਾਤੀ ਕਮਲਾਪਾਤੀ ਦੂਜਾ ਅਵਰ ਨਾ ਕੋਇ ਵਖਾਈਆ । ਭਗਤ ਦੁਆਰਿਉਂ ਪੁੱਠੇ ਪੈਰ, ਕ਼ਦਮ ਕ਼ਦਮ ਬਦਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਕਹਿਰ, ਕਿਆਮਤ ਵਿਚ ਦੁਹਾਈਆ । ਕੋਈ ਨਾ ਲੇਖਾ ਜਾਣੇ ਗੰਭੀਰ ਗਹਿਰ, ਪੜਦਾ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲ ਦੀ ਅਗੰਮੀ ਲਹਿਰ, ਜੋਤ ਸ਼ਬਦ ਧਾਰ ਚਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵੈਰ, ਵੈਰੀ ਸ਼ਤਰੂ ਵੇਖ ਵਖਾਈਆ । ਸਤਿ ਦਵਾਰੇ ਰਹੇ ਕੋਈ ਨਾ ਗ਼ੈਰ, ਧਰਮ ਦੀ ਧਾਰ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਭਗਤ ਦੁਆਰਿਉਂ ਪੁੱਠਾ ਤੁਰਦਾ, ਪੁਰਖ ਅਕਾਲਾ ਨਜ਼ਰੀ ਆਈਆ । ਜੋ ਕਲਜੁਗ ਕੂੜ ਕੁੜਿਆਰਾ ਕਰੇ ਮੁਰਦਾ, ਮੁਰਸ਼ਦ ਹੋ ਕੇ ਮੁਰੀਦਾਂ ਵੇਖ ਵਖਾਈਆ । ਭੇਵ ਖੁਲ੍ਹਾਵੇ ਇਕੋ ਸਤਿਗੁਰ ਦਾ, ਜੋ ਸਤਿਗੁਰ ਸਚ ਦਵਾਰੇ ਸੋਭਾ ਪਾਈਆ । ਜੁਗ ਚੌਕੜੀ ਆਪਣੀ ਕਰਨੀ ਕਰਨ ਤੋਂ ਕਦੇ ਨਾ ਮੁੜਦਾ, ਨਾ ਕੋਈ ਰੋਕੇ ਰੋਕ ਰੁਕਾਈਆ । ਨਾਮ ਸੰਦੇਸ਼ਾ ਦੇਵੇ ਸਦਾ ਧੁਰ ਦਾ, ਨਾਦ ਅਨਾਦਾ ਨਾਦ ਵਜਾਈਆ । ਝਗੜਾ ਮੁਕਾਵੇ ਠਗ ਚੋਰ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਜਨ ਭਗਤਾਂ ਸੱਜਣ ਮਿਲਾਵੇ ਲੋੜ ਦਾ, ਲੋੜੀਂਦਾ ਜੋੜ ਜੁੜਾਈਆ । ਅਗਲਾ ਸੰਗ ਨਿਭਾਵੇ ਤੋੜ ਦਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਜਿਥੇ ਪ੍ਰਕਾਸ਼ ਅਗੰਮੀ ਜੋਤ ਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਓਥੇ ਪੁਰਖ ਅਕਾਲ ਦੀਨ ਦਿਆਲ ਇਕੋ ਭਗਤਾਂ ਲੋਚਦਾ, ਦੂਜੀ ਯਾਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸਾਵਣਹਾਰਾ ਸਚ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਪੁੱਠੀ ਪੈਰੀਂ ਚਲਿਆ ਪਾਂਧੀ, ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਥੱਕੀ ਮਾਂਦੀ, ਮੁਹੰਮਦ ਆਸਾ ਦਏ ਦੁਹਾਈਆ । ਵਡਿਆਈ ਰਹੀ ਕਿਸੇ ਨਾ ਥਾਂ ਦੀ, ਧਰਨੀ ਧਰਤ ਧਵਲ ਕੁਰਲਾਈਆ । ਅਦਾਲਤ ਰਹੀ ਨਾ ਸਚ ਨਿਆਂ ਦੀ, ਕੂੜ ਕੁੜਿਆਰ ਵੱਜੀ ਵਧਾਈਆ । ਸ਼ਰਅ ਰਹੀ ਨਾ ਸੂਰ ਗਾਂ ਦੀ, ਸਤਿ ਧਰਮ ਨਾ ਕੋਇ ਕਮਾਈਆ । ਲੱਜਿਆ ਕਰੇ ਨਾ ਕੋਇ ਪਿਤਾ ਮਾਂ ਦੀ, ਪੂਤ ਸਪੂਤ ਨਾ ਕੋਇ ਵਖਾਈਆ । ਕਲਜੁਗ ਬੁਧੀ ਹੋਈ ਕਾਂ ਦੀ, ਕਾਗ ਵਾਂਗ ਕੁਰਲਾਈਆ । ਵਡਿਆਈ ਰਹੀ ਨਾ ਕਿਸੇ ਨਾਂ ਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਠੰਢਕ ਰਹੀ ਨਾ ਕਿਸੇ ਛਾਂ ਦੀ, ਕਲਜੁਗ ਅਗਨੀ ਅੱਗ ਤਪਾਈਆ । ਲਾਜ ਰਹੀ ਨਾ ਪਕੜੀ ਬਾਂਹ ਦੀ, ਸੱਜਣ ਸਾਥੀ ਸਾਥ ਗਏ ਛੁਡਾਈਆ । ਜੋੜੀ ਜੁੜੀ ਨਾ ਆਤਮਾ ਪਰਮਾਤਮਾ ਵਾਲੇ ਸਚ ਵਿਆਹ ਦੀ, ਧੁਰ ਦਾ ਕੰਤ ਨਾ ਕੋਇ ਹੰਡਾਈਆ । ਸਫ਼ਾ ਵੇਖੋ ਕੂੜ ਗਰਾਂ ਦੀ, ਚਾਰ ਕੁੰਟ ਰਹੇ ਕੁਰਲਾਈਆ । ਬੁੱਧ ਬਿਬੇਕ ਰਹੀ ਨਾ ਕਿਸੇ ਦਨਾ ਦੀ, ਦਾਨਸ਼ਮੰਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੁੱਠੀ ਮਤਿ ਸਰਬ ਕਰਾਈਆ । ਪੁੱਠੀ ਕਰੇ ਜਗਤ ਮਤਿ, ਹਰਿ ਵੱਡਾ ਵੱਡ ਵਡਿਆਈਆ । ਅੰਤਰ ਮਿਲੇ ਨਾ ਕੋਈ ਬ੍ਰਹਮ ਮਤਿ, ਬ੍ਰਹਮ ਵਿਦਿਆ ਨਾ ਕੋਇ ਸਮਝਾਈਆ । ਨਾੜ ਬਹੱਤਰ ਉਬਲੇ ਰੱਤ, ਅਗਨੀ ਤਤ ਤਪਾਈਆ । ਧੀਰਜ ਰਹੇ ਕੋਈ ਨਾ ਜਤਿ, ਸਤਿ ਸਰੂਪ ਨਾ ਕੋਇ ਸਮਾਈਆ । ਕਲਜੁਗ ਕੂੜ ਬਦਲ ਜਾਏ ਅੱਖ, ਨੇਤਰਹੀਣ ਲੋਕਾਈਆ । ਮਿਲੇ ਮੇਲ ਨਾ ਪੁਰਖ ਸਮਰਥ, ਸਾਹਿਬ ਸਵਾਮੀ ਦਰਸ ਕੋਇ ਨਾ ਪਾਈਆ । ਸਚ ਪ੍ਰੀਤੀ ਕਰੇ ਨਾ ਕੋਈ ਹੱਠ, ਕੂੜ ਕਲਪਨਾ ਰਾਗ ਅਲਾਈਆ । ਸਚ ਸਰੋਵਰ

ਨੁਹਾਏ ਕੋਈ ਨਾ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਮਝ ਕੋਇ ਨਾ ਆਈਆ । ਵਸਤ ਅਮੋਲਕ ਮਿਲੇ ਨਾ ਕਿਸੇ ਹੱਟ, ਹਟਵਾਣੇ ਮੁਖ ਭੁਆਈਆ । ਸਾਚਾ ਰਾਗ ਸੁਣਾਏ ਕੋਈ ਨਾ ਭੱਟ, ਤਾਲ ਤਲਵਾੜਾ ਨਾ ਕੋਇ ਵਜਾਈਆ । ਗੁਰ ਚੇਲਾ ਇਕ ਦੂਜੇ ਦਾ ਸਾਥ ਜਾਣ ਛਡ, ਸੰਗੀ ਸੰਗ ਨਾ ਕੋਇ ਨਿਭਾਈਆ । ਬਿਨ ਹਰਿ ਨਾਮੇ ਸਭ ਦੇ ਖ਼ਾਲੀ ਹੋਵਣ ਹੱਡ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਸਤਿਆ ਰਹੇ ਨਾ ਹੋਮ ਯੱਗ, ਹਵਨ ਵਿਚ ਨਾ ਕੋਇ ਵਡਿਆਈਆ । ਪੂਜਾ ਪਾਠ ਜੋ ਢੋਲੇ ਗਾਵਣ ਸਦ, ਛੰਦਾਂ ਵਿਚ ਜਣਾਈਆ । ਉਹ ਸਾਰੇ ਬੈਠੇ ਅੱਧ, ਮੰਜ਼ਲ ਪੰਧ ਨਾ ਕੋਇ ਚੁਕਾਈਆ । ਜਿਸ ਕਾਰਨ ਪੁੱਠੀਂ ਪੈਰੀਂ ਪਿਆ ਭੱਜ, ਭਾਜੜ ਪਾਵੇ ਜਗਤ ਲੋਕਾਈਆ । ਭਗਤ ਸੁਹੇਲੇ ਲਏ ਲੱਭ, ਗੁਰ ਚੇਲੇ ਖੋਜ ਖੁਜਾਈਆ । ਸਦੀ ਚੌਧਵੀਂ ਵੇਖ ਕੇ ਹੱਦ, ਹਦੂਦ ਅਗਲੀ ਦਏ ਸਮਝਾਈਆ । ਵੇਖੋ ਖੇਲ ਪ੍ਰਭੂ ਦਾ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਮਝ ਨਾ ਔਣ ਦੇਵੇ ਕਿਸੇ ਦਰ, ਕ਼ਦੀਮ ਦਾ ਕ਼ਾਦਰ ਕ਼ੁਦਰਤ ਦਾ ਮਾਲਕ ਖ਼ਲਕ ਦਾ ਖ਼ਾਲਕ ਭਗਤ ਦਾ ਸਾਲਸ ਕਲਜੁਗ ਕੂੜੀ ਕਿਰਿਆ ਘਰ ਘਰ ਵੇਖੇ ਆਲਸ, ਨਿੰਦਰਾ ਗ਼ਫ਼ਲਤ ਵਿਚੋਂ ਗੁਰਮੁਖ ਗੁਰ ਗੁਰ ਸੰਤ ਸੁਹੇਲੇ ਜਨ ਭਗਤ ਧੁਰ ਦੇ ਵਕਤ ਨਾਲ ਜਗਾਈਆ ।



### ✻ ੭ ਚੇਤ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਗ੍ਰਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਸ਼ਬਦ ਧਾਰ ਕਹੇ ਧੁਰਦਰਗਾਹੀ ਇਕ ਸਟਿਕ, ਲਕੜੀ ਬਨਾਸਪਤ ਰੂਪ ਵਟਾਈਆ । ਜੋ ਧੁਰ ਸੰਦੇਸ਼ਾ ਦੇਵੇ ਪੁਰਖ ਅਬਿਨਾਸ਼ੀ ਕਰਤਾ ਵੇਖੋ ਇਕ, ਏਕੰਕਾਰ ਪਰਵਰਦਿਗਰ ਧੁਰਦਰਗਾਹੀਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਲਹਿਣਾ ਦੇਣਾ ਆਏ ਲਿਖ, ਜੁਗ ਚੌਕੜੀ ਸੇਵਕ ਚਾਕਰ ਹੋ ਕੇ ਸੇਵ ਕਮਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੋ ਜਹਾਨਾਂ ਲੱਖ ਚੁਰਾਸੀ ਪਿਤ, ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਜੋ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਵਣਹਾਰਾ ਸਿਖਿਆ ਸਿੱਖ, ਸਤਿ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਜਣਾਈਆ । ਪ੍ਰੇਮ ਪ੍ਰੀਤੀ ਧੁਰ ਦੀ ਨੀਤੀ ਆਤਮ ਪਰਮਾਤਮ ਏਕਾ ਹਿਤ, ਦੁਤੀਆ ਭਉ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਚਾਰ ਕੁੰਟ ਦਹਿ ਦਿਸ਼ਾ ਨੈਣ ਲੋਚਨ ਨੇਤਰ ਆਵੇ ਕਿਸੇ ਨਾ ਦਿਸ, ਸਤਿ ਸਰੂਪ ਸ਼ਾਹੋ ਭੂਪ ਦਰਸ ਕੋਇ ਨਾ ਪਾਈਆ । ਬੀਸ ਬੀਸਾ ਹਰਿ ਜਗਦੀਸ਼ਾ ਸਭ ਦੀ ਨੰਗੀ ਵੇਖੇ ਪਿੱਠ, ਪੁਸ਼ਤ ਪਨਾਹ ਦੋ ਜਹਾਨ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਟਿਕ ਕਹੇ ਮੈਨੂੰ ਪੰਜਾਬੀ ਬੋਲੀ ਕਹਿੰਦੇ ਸੋਟੀ, ਸੁਤਿਆਂ ਦਿਆਂ ਉਠਾਈਆ । ਪ੍ਰਭ ਨੂੰ ਲਭਦੇ ਕੋਟਨ ਕੋਟੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪ੍ਰਬਤ ਫੋਲ ਫੁਲਾਈਆ । ਸਾਚੀ ਮੰਜ਼ਲ ਚੜ੍ਹਿਆ ਕੋਈ ਨਾ ਚੋਟੀ, ਅੱਧਵਾਟੇ ਰੋਂਦੀ ਵੇਖੀ ਲੋਕਾਈਆ । ਸਾਚਾ ਨਾਮ ਸ਼ਬਦ ਸੁਣੇ ਨਾ ਕੋਇ ਹੱਕ ਸਲੋਕੀ, ਸੋਹਲਾ ਢੋਲਾ ਅਨਰਾਗੀ ਰਾਗ ਨਾ ਕੋਇ ਜਣਾਈਆ । ਨੇਤਰ ਰੋਂਦੇ ਅਭਿਆਸੀ ਵੈਰਾਗੀ ਤਿਆਗੀ ਜੋਗੀ, ਜੁਗੀਸ਼ਰ ਤਪੀਸ਼ਰ ਸਾਰ ਕੋਇ ਨਾ ਪਾਈਆ । ਚਾਰ

ਕੁੰਟ ਦਹਿ ਦਿਸ਼ਾ ਮਨ ਕਲਪਣਾ ਸਾਰੇ ਵੇਖੇ ਰੋਗੀ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸਾਚਾ ਮੇਲਾ ਮੇਲ ਕਰੇ ਨਾ ਧੁਰ ਸੰਜੋਗੀ, ਸੱਜਣ ਸੰਗ ਨਾ ਕੋਇ ਨਿਭਾਈਆ । ਪਰਮ ਪੁਰਖ ਦੀ ਬਹੇ ਕੋਈ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਧੁਰ ਫ਼ਰਮਾਨਾ ਇਕ ਸੁਣਾਈਆ । ਅੰਤਮ ਲੇਖਾ ਕੋਈ ਨਾ ਜਾਣੇ ਵੇਦੀ ਸੋਢੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸੋਟੀ ਕਹੇ ਮੈਨੂੰ ਕਹਿੰਦੇ ਡੰਡਾ, ਦੋ ਜਹਾਨਾਂ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਵੇਖਣਹਾਰਾ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ, ਗਗਨ ਗਗਨੰਤਰ ਫੋਲ ਫੁਲਾਈਆ । ਤਨ ਵਜੂਦ ਮਾਟੀ ਖ਼ਾਕ ਨਹੀਂ ਕੋਈ ਬੰਦਾ, ਮਾਇਆ ਮਮਤਾ ਮੋਹ ਵਿਕਾਰ ਨਾ ਕੋਇ ਹਲਕਾਈਆ । ਸ਼ਾਹ ਸੁਲਤਾਨ ਧੁਰ ਦਾ ਮਾਲਕ ਨੇਤਰਹੀਣ ਕਦੇ ਨਾ ਅੰਧਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖੇ ਚਾਈਂ ਚਾਈਂਆ । ਕਲਜੁਗ ਕੂੜੀ ਕਿਰਿਆ ਹੁਕਮੇ ਨਾਲ ਮੇਟੇ ਗੰਦਾ, ਸਤਿ ਧਰਮ ਦਾ ਮਾਰਗ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਧਰਮ ਸ਼ਹਾਦਤ ਇਕੋ ਦਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਸੋਟੀ ਕਹੇ ਮੇਰਾ ਵੇਖੋ ਤਨ ਸਰੀਰ, ਨੰਨ੍ਹਾ ਨਜ਼ਰੀ ਆਈਆ । ਮੇਰੀ ਸ਼ਹਾਦਤ ਦੇਵੇ ਕਬੀਰ, ਕਾਮਲ ਮੁਰਸ਼ਦ ਮਿਲ ਕੇ ਖ਼ੁਸ਼ੀ ਮਨਾਈਆ । ਜਿਸ ਦੇ ਹੱਥ ਜਗਤ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਮੰਜ਼ਲ ਚਾੜ੍ਹ ਅਖ਼ੀਰ, ਆਖ਼ਰ ਪੜਦਾ ਦਏ ਉਠਾਈਆ । ਭੇਵ ਮਿਟਾ ਕੇ ਸ਼ਾਹ ਹਕੀਰ, ਇਕੋ ਰੰਗ ਦਏ ਚੜ੍ਹਾਈਆ । ਜਲਵਾ ਦੱਸ ਕੇ ਬੇਨਜ਼ੀਰ, ਨੂਰੋ ਨਜ਼ਰ ਕਰ ਰੁਸ਼ਨਾਈਆ । ਸਤਿਜੁਗ ਸਾਚੀ ਕਰ ਤਾਅਮੀਰ, ਕਲਜੁਗ ਕੂੜੀ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਟਿਕ ਕਹੇ ਮੈਂ ਸੁਣਾਵਾਂ ਧੁਰ ਸੰਦੇਸ਼ਾ, ਦੀਨ ਦੁਨੀ ਜਣਾਈਆ । ਪਰਮ ਪੁਰਖ ਪ੍ਰਭ ਇਕ ਨਰੇਸ਼ਾ, ਨਰ ਨਰਾਇਣ ਨਜ਼ਰੀ ਆਈਆ । ਜੋ ਜੁਗ ਚੌਕੜੀ ਧਾਰੇ ਵੇਸਾ, ਨਿਰਗੁਣ ਸਰਗੁਣ ਸੋਭਾ ਪਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜਿਸ ਦੀ ਰਖਦੇ ਸਾਰੇ ਟੇਕਾ, ਟਿਕਟਿਕੀ ਇਕੋ ਨਾਲ ਲਗਾਈਆ । ਜਿਸ ਦਾ ਸ਼ਬਦ ਦੁਲਾਰਾ ਬੇਟਾ, ਜਨਮੇ ਜਗਤ ਨਾ ਕੋਇ ਮਾਈਆ । ਓਹ ਵਸੇ ਥਿਰ ਘਰ ਸਾਚੇ ਦੇਸਾ, ਸਚਖੰਡ ਪ੍ਰਭ ਦਾ ਦਰਸ਼ਨ ਪਾਈਆ । ਆਦਿ ਜੁਗਾਦੀ ਰਖਦਾ ਚੇਤਾ, ਭੇਵ ਅਭੇਦਾ ਦਏ ਖੁਲ੍ਹਾਈਆ । ਇਕੋ ਮਾਲਕ ਹੋ ਕੇ ਆਏ ਨੇਤਾ, ਨਿਆਉਂ ਆਪਣੇ ਹੱਥ ਰਖਾਈਆ । ਚਾਰ ਜੁਗ ਦਾ ਸਭ ਨੂੰ ਕਰਾਏ ਚੇਤਾ, ਪੂਰਬ ਪੜਦਾ ਆਪ ਉਠਾਈਆ । ਲਹਿਣਾ ਦੇਣਾ ਵੇਖੋ ਵੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੋਟੀ ਕਹੇ ਮੈਂ ਦੱਸਾਂ ਸਚ ਸਬੂਤ, ਸੋਹਬਤ ਨਾਲ ਦ੍ਰਿੜ੍ਹਾਈਆ । ਸਭ ਦਾ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਜਿਸ ਦਾ ਖੇਲ ਅਰਸ਼ ਅਰੂਜ, ਫ਼ਰਸ਼ ਵੱਜੇ ਵਧਾਈਆ । ਹੱਦ ਵਿਚ ਨਾ ਹੋਏ ਮਹਿਦੂਦ, ਬੰਧਨ ਬੰਦ ਨਾ ਕੋਇ ਕਰਾਈਆ । ਝਗੜਾ ਮਿਟੇ ਤਨ ਵਜੂਦ, ਖ਼ਾਕੀ ਖ਼ਾਕ ਕਰੇ ਸਫ਼ਾਈਆ । ਪੜਦਾ ਲਾਹੇ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਝਗੜਾ ਮਿਟੇ ਜੂਠ ਝੂਠ, ਸਤਿ ਧਰਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੋਟੀ ਕਹੇ ਪ੍ਰਭ ਚਾੜ੍ਹੇ ਸਾਚਾ ਰੰਗ, ਰੰਗ ਰੰਗੀਲਾ ਧੁਰਦਰਗਾਹੀਆ । ਆਤਮ ਸੇਜ ਵੇਖ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਨਾਮ ਨਿਧਾਨ ਵਜਾ ਮਰਦੰਗ,

ਸੋਈ ਸੁਰਤ ਦਏ ਉਠਾਈਆ । ਜਗਤ ਦਵਾਰਾ ਕੂੜਾ ਲੰਘ, ਭਗਤ ਦਵਾਰਾ ਵੇਖ ਵਖਾਈਆ । ਜਿਥੇ ਇਕੋ ਸਚ ਅਨੰਦ, ਪੁਰੀ ਅਨੰਦ ਮਿਲ ਕੇ ਵੱਜੇ ਵਧਾਈਆ । ਹੋਏ ਪ੍ਰਕਾਸ਼ ਬਿਨ ਸੂਰਜ ਚੰਦ, ਮੰਡਲ ਮੰਡਪ ਨਾ ਕੋਇ ਵਖਾਈਆ । ਲੋੜ ਰਹੇ ਨਾ ਧਾਰਾ ਗੰਗ, ਅੰਮ੍ਰਿਤ ਲਹਿਰ ਇਕ ਵਹਾਈਆ । ਸਾਚੇ ਹੁਕਮ ਦਾ ਕਰ ਪਾਬੰਦ, ਗ੍ਰਿਹਿ ਇਕੋ ਇਕ ਸਮਝਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਛੰਦ, ਢੋਲਾ ਅਵਰ ਨਾ ਕੋਇ ਸੁਣਾਈਆ । ਜਗਤ ਜਨਮ ਦਿਆਂ ਵਿਛੜਿਆਂ ਪਵੇ ਗੰਢ, ਨਾਤਾ ਤੁੱਟੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਸੋਟੀ ਕਹੇ ਮੈਂ ਸਭ ਨੂੰ ਮਾਰਦੀ ਸੱਟਾਂ, ਅਪਨਾ ਬਲ ਧਰਾਈਆ । ਲਹਿਣਾ ਦੇਣਾ ਮੁਕਾਵਾਂ ਚੌਦਾਂ ਲੋਕ ਚੌਦਾਂ ਤਬਕ ਹੱਟਾਂ, ਹਟਵਾਣੇ ਵੇਖਾਂ ਥਾਉਂ ਥਾਈਆ । ਨਿਰਗੁਣ ਧਾਰ ਹੋ ਕੇ ਸੇਵਾਦਾਰ ਬਣ ਕੇ ਨੱਠਾਂ, ਭੱਜਾਂ ਵਾਹੋ ਦਾਹੀਆ । ਜਨ ਭਗਤਾਂ ਸਚ ਸੰਦੇਸਾ ਦੱਸਾਂ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਗੁਰਮੁਖੋ ਆਪਣੀਆਂ ਖੋਲ੍ਹੋ ਅੱਖਾਂ, ਘਰ ਮਿਲੇ ਬੇਪ੍ਰਵਾਹੀਆ । ਜਿਸ ਦੀਆਂ ਨਾ ਬਾਹਵਾਂ ਨਾ ਲੱਤਾਂ, ਪੰਜ ਤੱਤ ਨਾ ਕੋਇ ਜਣਾਈਆ । ਸਭ ਦੇ ਅੰਦਰ ਵੜ ਕੇ ਬਦਲ ਜਾਵੇ ਮੱਤਾਂ, ਮਨਮਤ ਦੂਰ ਕਰਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਨਾਮ ਭੋਰੀ ਦੇ ਜਾਵੇ ਰਤਾ, ਰਤਨ ਅਮੋਲਕ ਗੁਰਮੁਖ ਲਏ ਬਣਾਈਆ । ਭੇਵ ਖੁਲ੍ਹਾ ਕੇ ਆਪਣੀ ਚੇਤਨ ਸੱਤਾ, ਸਤਿ ਸਤਿਵਾਦ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਇਲਾਹੀਆ । ਸੋਟੀ ਕਹੇ ਮੈਂ ਗੁਰਮੁਖ ਉਠੌਣੇ ਸਚ, ਸਚ ਦਿਆਂ ਸਮਝਾਈਆ । ਭਾਗ ਲਗੌਣਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਵਡਿਆਈਆ । ਭਗਤ ਭਗਵਾਨ ਮਿਲ ਕੇ ਪਇਓ ਹੱਸ, ਹਸਤੀ ਹਸਤੀ ਵਿਚੋਂ ਬਦਲਾਈਆ । ਜਿਹੜਾ ਬਾਹਰੋਂ ਲੱਭਿਆ ਕਿਤੋਂ ਨਹੀਂ ਰਸ, ਸੋ ਅੰਤਰ ਦੇਣਾ ਚਖਾਈਆ । ਸਾਂਝਾ ਕਰ ਕੇ ਆਤਮ ਪਰਮਾਤਮ ਜਸ, ਵੇਦ ਪੁਰਾਨਾਂ ਦਾ ਖਹਿੜਾ ਦੇਣਾ ਛੁਡਾਈਆ । ਜਨ ਭਗਤ ਪੂਜਾ ਪਾਠ ਦੀ ਮੰਜ਼ਲ ਜਾਣ ਟਪ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਇਕੋ ਕਲਮਾ ਲੈਣ ਰਟ, ਜਿਸ ਨਾਲ ਰੱਟਾ ਮੁਕੇ ਕੂੜ ਲੋਕਾਈਆ । ਘਰ ਸਵਾਮੀ ਮਿਲੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੋਟੀ ਕਹੇ ਮੈਂ ਭਗਤਾਂ ਕਰਨਾ ਖ਼ਬਰਦਾਰ, ਗ਼ਫ਼ਲਤ ਵਿਚੋਂ ਬਾਹਰ ਕਢਾਈਆ । ਝਗੜਾ ਮੁਕੌਣਾ ਨੌਂ ਦਵਾਰ, ਸੁਖਮਨ ਟੇਢੀ ਬੰਕ ਨਾ ਕੋਇ ਭੁਆਈਆ । ਈੜਾ ਪਿੰਗਲ ਮਾਰ ਕੇ ਮਾਰ, ਪੈਂਡਾ ਦੇਣਾ ਮੁਕਾਈਆ । ਅੰਮ੍ਰਿਤ ਰਸ ਠੰਡਾ ਪਿਆਲ, ਅਗਨੀ ਤਤ ਬੁਝਾਈਆ । ਸ਼ਬਦ ਨਾਦ ਦੇ ਸੱਚੀ ਧੁਨਕਾਨ, ਅਨਰਾਗੀ ਰਾਗ ਸੁਣਾਈਆ । ਦੀਆ ਬਾਤੀ ਕਮਲਾਪਾਤੀ ਘਰ ਸਵਾਮੀ ਦੇਵੇ ਬਾਲ, ਅੰਧ ਅੰਧੇਰ ਰਹਿਣ ਨਾ ਪਾਈਆ । ਕਾਇਆ ਕਾਅਬਾ ਦੋ ਦੁਆਬਾ ਵਖੌਣੀ ਸਚ ਸਚੀ ਧਰਮਸਾਲ, ਜਿਥੇ ਏਕਾ ਨੂਰ ਹੋਵੇ ਰੁਸ਼ਨਾਈਆ । ਹਰਿ ਸੰਤ ਸੁਹੇਲੇ ਬਣਾ ਕੇ ਧੁਰ ਦੇ ਲਾਲ, ਲਾਲ ਗੁਲਾਲਾ ਰੰਗ ਚੜ੍ਹਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇਣੀ ਚਾਲ, ਚਾਲ ਨਿਰਾਲੀ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸੋਟੀ ਕਹੇ ਮੈਂ ਵਖਾਵਾਂ ਕਲਜੁਗ ਅੰਤ ਅਖ਼ੀਰੀ ਕੰਢਾ, ਕੰਢੀ ਵਾਲਾ ਨਾਲ ਮਿਲਾਈਆ । ਜਿਸ ਦਾ ਸ਼ਬਦੀ ਧਾਰ ਅਗੰਮੀ ਖੰਡਾ, ਦੋ ਜਹਾਨਾਂ ਰਿਹਾ ਡਰਾਈਆ । ਜੇ ਕੋਈ ਹੁਣ ਕਹੇ ਉਹ ਤੱਤਾਂ ਵਾਲਾ ਗੁਜ਼ਰੀ ਦਾ ਚੰਦਾ, ਤਤ ਨਹੀਂ ਓਹ ਜੋਤ ਸ਼ਬਦ ਰੁਸ਼ਨਾਈਆ । ਖਾਣ ਪੀਣ ਵਾਲਾ ਨਹੀਂ

ਕੋਈ ਬੰਦਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੂਪ ਬਦਲਾਈਆ । ਉਸ ਨੂੰ ਸਮਝੇ ਕੋਈ ਨਾ ਪੰਡਾ, ਸ਼ਾਸਤਰ ਸਿਮਰਤ ਕੁਛ ਕਹਿ ਨਾ ਸਕੇ ਰਾਈਆ । ਜਿਸ ਨੇ ਖੇਲ ਖਿਲਾਇਆ ਪੂਰੀ ਅਨੰਦਾ, ਅਨੰਦ ਸਾਗਰ ਵਿਚ ਸਮਾਈਆ । ਸੋ ਕਲਜੁਗ ਅੰਤ ਜਨ ਭਗਤਾਂ ਟੁਟਿਆਂ ਪਾਵੇ ਗੰਢਾਂ, ਗੰਢਣਹਾਰ ਇਕ ਅਖਵਾਈਆ । ਜਿਸ ਦਾ ਪਾਠ ਕਦੇ ਨਾ ਹੋਇਆ ਨਾਲ ਦੰਦਾ, ਸਦ ਅਜਪਾ ਜਾਪ ਵਿਚ ਸਮਾਈਆ । ਓਹ ਗ਼ਰੀਬ ਨਿਮਾਣਾ ਕੋਝਾ ਕਮਲਾ ਗੁਰਸਿਖ ਬਣਾਏ ਸਭ ਤੋਂ ਚੰਗਾ, ਜੋ ਓਸੇ ਦਾ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਮੇਟੇ ਧੰਦਾ, ਧੁੰਦੂਕਾਰ ਦਏ ਗੁਆਈਆ । ਲਹਿਣਾ ਦੇਣਾ ਮੁਕਾ ਕੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸੋਟੀ ਕਹੇ ਮੈਨੂੰ ਆਈ ਇਕ ਵਿਚਾਰ, ਵਿਚਰਕੇ ਦਿਆਂ ਜਣਾਈਆ । ਜਿਸ ਵੇਲੇ ਇਹ ਰੀਤ ਚਲੀ ਅਵਤਾਰ, ਆਦਿ ਪੁਰਖ ਪ੍ਰਗਟਾਈਆ । ਸਾਚੇ ਹੁਕਮ ਨੂੰ ਕਰ ਕੇ ਖ਼ਬਰਦਾਰ, ਬਲਧਾਰ ਆਪ ਜਣਾਈਆ । ਵੇਖਣਾ ਜਗਤ ਸੰਸਾਰ, ਸੰਸਾਰੀ ਭੰਡਾਰੀ ਨਿਉਂ ਨਿਉਂ ਸੀਸ ਨਿਵਾਈਆ । ਹੁਕਮ ਸਦਾ ਚਲੇ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਡੰਡਾ ਸਰਬ ਸਰਦਾਰ, ਜਗਤ ਦਾ ਮਾਲਕ ਇਕ ਬਣਾਈਆ । ਜਿਸ ਦਾ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪ ਕਰਾਈਆ । ਸੋ ਜਾਨਣਹਾਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਟਿਕ ਕਹੇ ਮੈਂ ਵੰਡਾਂ ਦਰਦ, ਦੀਨ ਦੁਨੀ ਧਿਆਨ ਲਗਾਈਆ । ਕਰਾਂ ਬੇਨੰਤੀ ਅੱਗੇ ਪ੍ਰਭ ਸਵਾਮੀ ਮਰਦਾਨੇ ਮਰਦ, ਮਦਦ ਇਕੋ ਮੰਗ ਮੰਗਾਈਆ ।

੪੮ ਪੁਰਖ ਅਕਾਲ ਦੀਨ ਦਿਆਲ ਛੁਰੀ ਸ਼ਰਅ ਮੇਟ ਕਰਦ, ਕ਼ਾਤਲ ਮਕ਼ਤੂਲ ਕ਼ਤਲਗਾਹ ਨਾ ਕੋਇ ਵਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ੪੮

੨੧ ਮਨਜ਼ੂਰ ਕਰ ਅਰਜ਼, ਆਰਜ਼ੂ ਦਿਤੀ ਸੁਣਾਈਆ । ਸਦੀ ਚੌਧਵੀਂ ਸਾਚੇ ਨਾਮ ਦੀ ਬਦਲ ਤਰਜ਼, ਤਰਾਜ਼ੂ ਅਪਣੇ ਹੱਥ ਰਖਾਈਆ । ਸ੍ਰਿਸ਼ਟੀ ੨੧

ਕਾਇਨਾਤ ਖ਼ਾਲਕ ਖ਼ਲਕ ਤੈਨੂੰ ਗ਼ਰਜ਼, ਬੇਗ਼ਰਜ਼ ਰਹਿਣ ਨਾ ਪਾਈਆ । ਮਨ ਮਮਤਾ ਸਭ ਦੀ ਵਰਜ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਤੇਰਾ ਖੇਲ ਵੇਖੀਏ ਅਸਚਰਜ, ਅਚਰਜ ਲੀਲਾ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਦੇ ਚੜ੍ਹਾਈਆ । ਧੁਰ ਦਾ ਰੰਗ ਚਾੜ੍ਹ ਦੇ ਏਕ, ਏਕੰਕਾਰ ਤੇਰੀ ਸਰਨਾਈਆ । ਸਭ ਨੂੰ ਬਖ਼ਸ਼ ਆਪਣੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਚਾਰ ਵਰਨ ਅਠਾਰਾਂ ਬਰਨ ਬੁਧ ਕਰ ਬਿਬੇਕ, ਦੁਰਮਤ ਮੈਲ ਦੇ ਧੁਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਆਤਮ ਪਰਮਾਤਮ ਕਰ ਹੇਤ, ਨਿਰਗੁਣ ਨਿਰਵੈਰ ਦਇਆ ਕਮਾਈਆ । ਸਟਿਕ ਕਹੇ ਮੈਂ ਵੇਖਣੀ ਤੇਰੀ ਖੇਡ, ਖਿਲਾੜੀ ਹੋ ਕੇ ਦੇਣੀ ਵਖਾਈਆ । ਜਿਸ ਕਾਰਨ ਭਗਤ ਸੁਹੇਲੇ ਦਿਤੇ ਮਾਤ ਭੇਜ, ਭਜਨ ਬੰਦਗੀ ਵਿਚ ਵਡਿਆਈਆ । ਉਨ੍ਹਾਂ ਬਖ਼ਸ਼ ਆਪਣਾ ਤੇਜ, ਨੂਰੀ ਜੋਤ ਕਰ ਰੁਸ਼ਨਾਈਆ । ਸਚ ਸੁਹੰਜਣੀ ਕਰ ਸੇਜ, ਸਿੰਘਾਸਣ ਇਕ ਵਖਾਈਆ । ਪਰਦਿਆਂ ਵਿਚੋਂ ਖੋਲ੍ਹ ਦੇ ਭੇਦ, ਅਭੇਦ ਆਪ ਸਮਝਾਈਆ । ਝਗੜਾ ਰਹੇ ਨਾ ਚਾਰ ਵੇਦ, ਵਿਦਿਆ ਦੀ ਵਿੱਦਤ ਆਪਣੀ ਝੋਲੀ ਪਾਈਆ । ਪੜ੍ਹ ਪੜ੍ਹ ਭਰਿਆ ਕਿਸੇ ਨਾ ਪੇਟ, ਪਤਤ ਪੁਨੀਤ ਨਾ ਕੋਇ ਬਣਾਈਆ । ਤੂੰ ਸਭ ਦਾ ਬਣ ਖੇਵਟ ਖੇਟ, ਜਗਤ ਜਹਾਨ ਪਾਰ ਕਰਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੇਖ, ਰਿਖੀ ਮੁਨੀ ਨਜ਼ਰ ਕੋਇ ਨਾ ਆਈਆ । ਝਗੜਾ

ਮੁਕਾ ਦੇ ਮੁੱਲਾ ਸ਼ੇਖ਼, ਮੁਸਾਇਕ ਦੇਣ ਦੁਹਾਈਆ । ਆਤਮ ਪਰਮਾਤਮ ਖੋਲ੍ਹ ਦੇ ਭੇਤ, ਭਾਂਡਾ ਭਰਮ ਭਉ ਭੰਨਾਈਆ । ਲੇਖੇ ਲਾ ਲੈ ਪ੍ਰਭੂ ਗੁਰੂ ਅਰਜਨ ਦੇ ਸੀਸ ਵਿਚ ਪਈ ਰੇਤ, ਤੱਤੀ ਲੋਹ ਦਏ ਦੁਹਾਈਆ । ਸੰਤ ਸੁਹੇਲੇ ਲੈ ਜਾ ਆਪਣੇ ਦੇਸ, ਗੁਰ ਚੇਲੇ ਜੋੜ ਜੁੜਾਈਆ । ਤੂੰ ਆਦਿ ਜੁਗਾਦਿ ਸਦਾ ਰਹੇਂ ਹਮੇਸ਼, ਮਰ ਜੀਵਤ ਰੂਪ ਵਟਾਈਆ । ਤੇਰੇ ਕ਼ਦਮਾਂ ਇਕ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਅਗੰਮੀ ਦੇ ਦਾਨ, ਸ੍ਰਿਸ਼ਟੀ ਦ੍ਰਿਸ਼ਟੀ ਕਰ ਕਲਿਆਣ ਕਾਇਨਾਤ ਕਲਮਾ ਮਹਿਬੂਬ ਮੁਹੱਬਤ ਵਾਲਾ ਇਕ ਸਮਝਾਈਆ ।

### ❋ ੮ ਚੇਤ ਸ਼ਹਿਨਸ਼ਾਹੀ ਸੰਮਤ ੪ ਸੂਬੇਦਾਰ ਰਾਮ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ ਛਾਉਣੀ ❋

ਕਾਨਾ ਕਹੇ ਮੈਂ ਸਾਢੇ ਤਿੰਨ ਹੱਥ, ਰਵਦਾਸ ਚਮਾਰਾ ਦਏ ਗਵਾਹੀਆ । ਜਿਸ ਦਾ ਲੇਖਾ ਨਾਲ ਪੁਰਖ ਸਮਰਥ, ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਮੈਂ ਭੇਵ ਅਭੇਦਾ ਦੱਸਾਂ ਸਚ, ਪੜਦਾ ਅੰਤਰ ਨਿਰੰਤਰ ਇਕ ਉਠਾਈਆ । ਲੇਖਾ ਵੇਖ ਕੇ ਕਾਇਆ ਮਾਟੀ ਕੱਚ, ਤਤਵ ਤਤ ਖੋਜ ਖੁਜਾਈਆ । ਮੇਰੀ ਅੰਦਰੋਂ ਖੁਲ੍ਹੀ ਅੱਖ, ਤਕਿਆ ਧੁਰਦਰਗਾਹੀਆ । ਜਿਸ ਦੀ ਆਦਿ ਜੁਗਾਦਿ ਹਕ਼ੀਕ਼ਤ ਹੱਕ, ਕਲਮਾ ਹੱਕ ਨਾਮ ਸਮਝਾਈਆ । ਜੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਸੰਦੇਸ਼ਾ ਗਿਆ ਦੱਸ, ਬਿਨ ਅੱਖਰਾਂ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਕਾਨਾ ਕਹੇ ਮੈਂ ਵਸਾਂ ਜੰਗਲ ਵਿਚ ਪ੍ਰਭਾਸ, ਟਿਲਿਆਂ ਸੋਭਾ ਪਾਈਆ । ਮੇਰੀ ਜੁਗ ਚੌਕੜੀ ਆਸ, ਤ੍ਰਿਸ਼ਨਾ ਇਕ ਵਧਾਈਆ । ਮੇਰਾ ਲਹਿਣਾ ਦੇਣਾ ਧੁਰ ਦਾ ਖ਼ਾਸ, ਖ਼ੁਸੂਸੀਅਤ ਆਪਣੀ ਦਿਆਂ ਦ੍ਰਿੜਾਈਆ । ਮੇਰੇ ਨਾਲ ਸਾਰੇ ਦਿੰਦੇ ਰਹੇ ਸਾਥ, ਆਦਿ ਜੁਗਾਦਿ ਸੰਗ ਨਿਭਾਈਆ । ਜੁਗ ਚੌਕੜੀ ਲਿਖਦੇ ਰਹੇ ਗਾਥ, ਕ਼ਲਮ ਕਾਲਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਾਨਾ ਕਹੇ ਮੈਂ ਦੱਸਾਂ ਕਾਇਨਾਤ, ਭੇਵ ਅਭੇਦਾ ਇਕ ਖੁਲ੍ਹਾਈਆ । ਸਾਰੇ ਵੇਖੇ ਮਾਰ ਕੇ ਝਾਤ, ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੇ ਧਿਆਨ ਲਗਾਈਆ । ਜਿਸ ਦਾ ਸਮਝੇ ਨਾ ਕੋਇ ਹਾਲਾਤ, ਪੜਦਾ ਸਕੇ ਨਾ ਕੋਇ ਉਠਾਈਆ । ਮੈਂ ਓਸ ਦੀ ਦੱਸਾਂ ਬਾਤ, ਜੋ ਬਾਤਨ ਭੇਵ ਖੁਲ੍ਹਾਈਆ । ਜਿਸ ਦੀ ਨਜ਼ਰ ਨਾ ਆਵੇ ਜ਼ਾਤ, ਅਜ਼ਾਤੀ ਧੁਰਦਰਗਾਹੀਆ । ਸਚ ਸੰਦੇਸ਼ਾ ਅਗੰਮੀ ਆਖ, ਆਖ਼ਰ ਦਿਆਂ ਦ੍ਰਿੜਾਈਆ । ਜੋ ਮੈਨੂੰ ਰਿਹਾ ਭਾਖ, ਸੋ ਸੰਦਸ਼ਾ ਹੱਕ ਸੁਣਾਈਆ । ਮੈਨੂੰ ਇਕ ਦੇ ਉਤੇ ਵਿਸ਼ਵਾਸ, ਵਿਸ਼ਿਆਂ ਵਾਲਾ ਗੁਰੂ ਨਾ ਕੋਇ ਮਨਾਈਆ । ਮੈਂ ਗੋਪੀ ਕਾਹਨ ਵਾਲੀ ਵੇਖਾਂ ਕਦੇ ਨਾ ਰਾਸ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਮੈਂ ਕਲਮੇ ਪੜ੍ਹਾਂ ਨਾ ਕਦੀ ਲਿਖਿਆ ਨਾਲ ਕ਼ਲਮ ਦਵਾਤ, ਅੱਖਰਾਂ ਵਿਚ ਗੁਣ ਵਖਾਈਆ । ਮੈਂ ਖੇਲ ਵੇਖਿਆ ਰਵਦਾਸ ਨਾਲ ਪਰਮ ਪੁਰਖ ਦੀ ਮਿਲੀ ਜ਼ਾਤ, ਨਿਰਗੁਣ ਨੂਰ ਨੂਰ ਵਿਚ ਸਮਾਈਆ । ਦੋਹਾਂ ਦਾ ਇਕੋ ਪਤਣ ਇਕੋ ਘਾਟ, ਇਕੋ ਦਰ ਵੱਜੇ ਵਧਾਈਆ । ਇਕੋ ਸੇਜਾ ਇਕੋ ਬਸਤਰ ਇਕੋ ਸੋਹੇ ਖਾਟ, ਸਿੰਘਾਸਣ ਆਸਣ ਇਕ ਵਡਿਆਈਆ । ਇਕੋ ਨਾਮ ਗੀਤ ਇਕੋ ਕਲਮਾ ਹੱਕ ਇਕੋ ਅਗੰਮੀ ਆਵਾਜ਼, ਰਾਜ਼ ਰਹਿਣ

ਕੋਇ ਨਾ ਪਾਈਆ । ਇਕੋ ਸੀਸ ਇਕੋ ਜਗਦੀਸ਼ ਇਕੋ ਸੱਯਦਾ ਇਕ ਅਦਾਬ, ਇਕੋ ਨਮਸਤੇ ਇਕੋ ਇਕ ਜਣਾਈਆ । ਜਾਂ ਤਕਿਆ ਨੂਰ ਨੂਰ ਵਿਚ ਵਾਹਿਦ, ਵਾਹਵਾ ਵਜਦੀ ਵੇਖੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਾਨਾ ਕਹੇ ਮੈਂ ਕੀ ਦੱਸਾਂ ਭੇਵ ਅਨੋਖਾ, ਪੜਦਾ ਸਚ ਉਠਾਈਆ । ਚਾਰ ਜੁਗ ਮੇਰਾ ਵੇਲਾ ਲੰਘ ਗਿਆ ਵਿਚ ਸੋਚਾ, ਸੋਚਦਿਆਂ ਸਮਝ ਚਲੀ ਨਾ ਕੋਈ ਚਤੁਰਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਮੈਂ ਲਿਖ ਲਿਖ ਥੱਕਿਆ ਸਲੋਕਾ, ਰਾਗਾਂ ਨਾਦਾਂ ਸੋਹਲਿਆਂ ਵਿਚ ਵਡਿਆਈਆ । ਕਾਗ਼ਜ਼ ਪਕੜ ਬਣਾਇਆ ਪੋਥਾ, ਪੁਸਤਕ ਵੰਡ ਵੰਡਾਈਆ । ਭੇਵ ਖੁਲ੍ਹਾਇਆ ਚੌਦਾਂ ਲੋਕਾ, ਚਾਰ ਕੁੰਟ ਦਹਿ ਦਿਸ਼ਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਕਾਨਾ ਕਹੇ ਸਾਢੇ ਤਿੰਨ ਹੱਥ ਮੇਰਾ ਵੇਖੋ ਸਰੀਰ, ਜਗ ਨੇਤਰ ਅੱਖ ਉਠਾਈਆ । ਮੇਰੇ ਅੰਦਰ ਸ਼ਰਅ ਜ਼ੰਜੀਰ, ਜੋ ਸਕੇ ਨਾ ਕੋਇ ਤੁੜਾਈਆ । ਮੈਨੂੰ ਤਿੰਨ ਵਾਰ ਹੱਥ ਫੜਿਆ ਕਬੀਰ, ਕ਼ਬਰਾਂ ਉਤੇ ਫਿਰਾਈਆ । ਅੰਤ ਮਾਰ ਕੇ ਇਕ ਲਕੀਰ, ਲਾਈਨ ਦਿਤੀ ਲਗਾਈਆ । ਜਿਸ ਵਿਚੋਂ ਮੈਨੂੰ ਨਜ਼ਰ ਆਈ ਉਹ ਤਸਵੀਰ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਵਖਾਈਆ । ਉਹ ਜਲਵਾ ਬੇਨਜ਼ੀਰ, ਨੂਰੇ ਨਜ਼ਰ ਨੂਰ ਅਲਾਹੀਆ । ਜਿਥੇ ਝਗੜਾ ਨਹੀਂ ਸ਼ਰਅ ਜ਼ੰਜੀਰ, ਜ਼ੱਰਾ ਜ਼ੱਰਾ ਵਿਚ ਸਮਾਈਆ । ਸਤਿ ਸਚ ਦੱਸੇ ਤਦਬੀਰ, ਤਰੀਕਾ ਇਕੋ ਇਕ ਜਣਾਈਆ । ਜਿਸ ਨੇ ਮੰਜ਼ਲ ਚੋਟੀ ਚੜ੍ਹਨਾ ਅਖ਼ੀਰ, ਆਖ਼ਰ ਪੰਧ ਮੁਕਾਈਆ । ਉਹ ਪਰਮ ਪੁਰਖ ਪਰਮਾਤਮ ਪਰਵਦਿਗਾਰ ਮੰਨੋ ਧੁਰ ਦਾ ਪੀਰ, ਜੋ ਪੈਗ਼ੰਬਰਾਂ ਕਰੇ ਪੜ੍ਹਾਈਆ । ੫੦
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਕਾਨਾ ਕਹੇ ਮੈਨੂੰ ਆਇਆ ਅਗੰਮ ਖ਼ਿਆਲ, ਇਖ਼ਲਾਕ ਦਿਆਂ ਦ੍ਰਿੜਾਈਆ । ਮੇਰਾ ਮਾਲਕ ਇਕ ਦਿਆਲ, ਦੀਨਾਂ ਹੋਏ ਸਹਾਈਆ । ਮੈਂ ਰਵਦਾਸ ਅੱਗੇ ਕੀਤਾ ਇਕ ਸੁਆਲ, ਬੇਨੰਤੀ ਸਚ ਸੁਣਾਈਆ । ਤੂੰ ਕਿਉਂ ਹੋਇਆ ਜਗਤ ਕੰਗਾਲ, ਭੁੱਖਾ ਰਹਿ ਕੇ ਝਟ ਲੰਘਾਈਆ । ਤੇਰਾ ਮਾਲਕ ਸਦਾ ਪ੍ਰਿਤਪਾਲ, ਧੁਰ ਦਾ ਦਾਤਾ ਨਜ਼ਰੀ ਆਈਆ । ਕਿਉਂ ਨਾ ਪੁਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਇਕ ਸਮਝਾਈਆ । ਕਾਨਾ ਕਹੇ ਮੈਨੂੰ ਰਵੀ ਨੇ ਦਿਤਾ ਜਵਾਬ, ਪ੍ਰੇਮ ਨਾਲ ਦ੍ਰਿੜਾਈਆ । ਮੇਰੇ ਮੁਖ ਛੁਹਾ ਕੇ ਪਾਹਣੇ ਵਾਲਾ ਆਬ, ਆਬਰੂ ਦਿਤੀ ਬਣਾਈਆ । ਮੈਨੂੰ ਵਖਾ ਕੇ ਮੰਜ਼ਲ ਉਹ ਮਹਿਰਾਬ, ਮਹਿਬੂਬ ਦਿਤਾ ਸਮਝਾਈਆ । ਬਿਨ ਅੱਖਰਾਂ ਤੋਂ ਦੱਸ ਕਿਤਾਬ, ਨਿਰਅੱਖਰ ਦਿਤਾ ਦ੍ਰਿੜਾਈਆ । ਕਲਜੁਗ ਅਖ਼ੀਰੀ ਜਣਾ ਹਿਸਾਬ, ਅੰਕੜੇ ਦਿਤੇ ਬਦਲਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਹੋਏ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਓਸ ਵੇਲੇ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਵੇ ਆਪ, ਜੋਤੀ ਜਾਤਾ ਫੇਰਾ ਪਾਈਆ । ਦੋ ਜਹਾਨਾਂ ਬਣ ਕੇ ਧੁਰ ਦਾ ਬਾਪ, ਭਗਤ ਸੁਹੇਲੇ ਸੁਤ ਦੁਲਾਰੇ ਗੋਦ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਜਾਪ, ਜੀਵਣ ਜੁਗਤ ਇਕ ਦ੍ਰਿੜਾਈਆ । ਸਤਿਜੁਗ ਸਾਚੀ ਥਾਪਣ ਦੇਵੇ ਥਾਪ, ਕਲਜੁਗ ਕੂੜੀ ਕਿਰਿਆ ਕੂੜ ਮਿਟਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਤ ਪੁਨੀਤ ਦਏ ਬਣਾਈਆ । ਲੇਖੇ ਲਾ ਕੇ ਕਾਇਆ ਮਾਟੀ ਖ਼ਾਕ, ਖ਼ਾਲਸ ਗੁਰਮੁਖ ਰੰਗ ਰੰਗਾਈਆ । ਨਿਰਗੁਣ ਧਾਰ ਦਰਸ ਦਿਖਾਵੇ ਸਾਖਿਆਤ, ਭੇਵ

ਅਭੇਦਾ ਆਪ ਖੁਲ੍ਹਾਈਆ । ਓਸ ਵੇਲੇ ਤੇਰੀ ਵੇਖੇ ਜ਼ਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਭੇਵ ਅਭੇਦਾ ਆਪ ਜਣਾਈਆ । ਕਾਨਾ ਕਹੇ ਮੈਨੂੰ ਰਵਦਾਸ ਨੇ ਲਾਇਆ ਅੰਗ, ਅੰਗੀਕਾਰ ਅਖਵਾਈਆ । ਮੇਰਾ ਬਣਾ ਕੇ ਸੰਗ, ਸਗਲਾ
ਸੰਗ ਤੁੜਾਈਆ । ਦੇ ਕੇ ਸਚ ਅਨੰਦ, ਅਨੰਦ ਦਿਤਾ ਵਖਾਈਆ । ਕਰ ਕੇ ਇਕ ਪਾਬੰਦ, ਹੁਕਮ ਦਿਤਾ ਸਮਝਾਈਆ । ਤੇਰਾ ਲਹਿਣਾ ਦੇਣਾ
ਨਾਲ ਗੁਜਰੀ ਚੰਦ, ਨਾਤਾ ਗੋਬਿੰਦ ਨਾਲ ਰਖਾਈਆ । ਫਿਰ ਸਾਢੇ ਤਿੰਨ ਹੱਥ ਆਪਣੇ ਸਰੀਰ ਦੀ ਵੰਡ ਕੇ ਵੰਡ, ਧੁਰ ਸੰਦੇਸ਼ਾ ਇਕ ਉਪਜਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪਰਦਾ ਆਪ ਉਠਾਈਆ । ਕਾਨਾ ਕਹੇ ਮੇਰਾ ਗੋਬਿੰਦ ਨਾਲ ਪ੍ਰੇਮ, ਸਚ ਦਿਆਂ
ਸਮਝਾਈਆ । ਜਿਸ ਵੇਲੇ ਦੁਸ਼ਟ ਦਮਨ ਗਿਆ ਸੀ ਉਤੇ ਹੇਮ, ਹੇਮ ਕੁੰਡ ਕੁੰਡ ਆਪਣੀ ਧਾਰ ਚਲਾਈਆ । ਉਸ ਵੇਲੇ ਪ੍ਰਭ ਦੇ ਨਾਲ ਕੀਤਾ
ਨੇਮ, ਕੌਲ ਇਕ਼ਰਾਰ ਇਕ ਬਣਾਈਆ । ਪ੍ਰਭੂ ਜਿੰਨਾਂ ਚਿਰ ਸਾਢੇ ਤਿੰਨ ਹੱਥ ਵਿਚ ਨਾ ਆਵੇਂ ਮੈਨੂੰ ਕਦੀ ਨਾ ਆਵੇ ਚੈਨ, ਸਾਂਤਕ ਸਤਿ ਨਾ ਕੋਇ
ਸਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇਂ ਨਾ ਇਕੋ ਨੈਣ, ਏਕੰਕਾਰ ਆਪਣਾ ਵੇਸ ਵਟਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏਂ ਨਾ ਭਾਈ ਭੈਣ,
ਸਾਕ ਸੱਜਣ ਇਕ ਹੋ ਜਾਈਆ । ਆਪਣਾ ਨਾਮ ਨਾ ਦੇਵੇਂ ਅਗੰਮ ਰਸਾਇਣ, ਰਸੀਆ ਹੋ ਕੇ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਮਿਲਾਈਆ । ਕਾਨਾ ਕਹੇ ਪੁਰਖ ਅਕਾਲ ਨੇ ਕੀਤਾ ਵਾਅਦਾ, ਇਕ਼ਰਾਰ ਇਕ ਜਣਾਈਆ । ਸਾਢੇ
ਤਿੰਨ ਹੱਥ ਹੋਇਆ ਮੁਆਇਦਾ, ਭਰਮ ਰਿਹਾ ਨਾ ਰਾਈਆ । ਇਕ ਸੰਦੇਸ਼ਾ ਦਿਤਾ ਪਹਿਲੋਂ ਜਨ ਭਗਤਾਂ ਕਰਾਂ ਫ਼ਾਇਦਾ, ਮਿਹਰਵਾਨ ਮਿਹਰ ਨਜ਼ਰ
੫੧ ਉਠਾਈਆ । ਫਿਰ ਕਲਜੁਗ ਕੂੜੀ ਕਿਰਿਆ ਬਦਲ ਕੇ ਕ਼ਾਇਦਾ, ਕ਼ਾਨੂੰਨ ਅਗਲਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੫੧
੨੧ ਕਿਰਪਾ ਕਰ, ਪੂਰਬ ਲੇਖਾ ਦਏ ਸਮਝਾਈਆ । ਕਾਨਾ ਕਹੇ ਕੀ ਹੋਇਆ ਕੌਲ, ਦੁਸ਼ਟ ਦਮਨ ਵਡਿਆਈਆ । ਜਿਸ ਵੇਲੇ ਝਗੜਾ ਹੋਵੇ ਉਪਰ ੨੧
ਧੌਲ, ਧਰਮ ਦੀ ਧਾਰ ਨਾ ਕੋਇ ਸਮਝਾਈਆ । ਲੇਖਾ ਸਮਝੇ ਨਾ ਕੋਈ ਪੰਡਤ ਰੌਲ, ਪੁਸਤਕ ਚਲੇ ਨਾ ਕੋਇ ਵਡਿਆਈਆ । ਆਤਮਾ ਜਾਏ
ਨਾ ਕੋਈ ਮੌਲ, ਪਰਮਾਤਮਾ ਵਿਚ ਸਮਾਈਆ । ਓਸ ਵੇਲੇ ਸਭ ਦੇ ਲੇਖੇ ਲਵਾਂ ਫੋਲ, ਜੁਗ ਚੌਕੜੀ ਖੋਜ ਖੁਜਾਈਆ । ਕਿਸੇ ਨਾਲ ਨਾ ਮਾਰਾਂ
ਰੋਲ, ਧੁਰ ਦੀ ਸਾਚੀ ਕਾਰ ਕਮਾਈਆ । ਸਚਖੰਡ ਦਵਾਰੇ ਬੈਠ ਅਡੋਲ, ਲੱਖ ਚੁਰਾਸੀ ਦਿਆਂ ਡੁਲਾਈਆ । ਦੀਨ ਮਜ਼੍ਹਬ ਦਾ ਪਾ ਕੇ ਘੋਲ,
ਜ਼ਾਤ ਪਾਤ ਦਿਆਂ ਲੜਾਈਆ । ਕਲਜੁਗ ਕੂੜੀ ਕਿਰਿਆ ਵਜਾ ਕੇ ਢੋਲ, ਡੰਕਾ ਜੂਠ ਝੂਠ ਦਏ ਸ਼ਨਵਾਈਆ । ਆਪ ਰਹਿਵਾਂ ਨਾ ਕਿਸੇ ਦੇ
ਕੋਲ, ਅੰਦਰ ਵੜਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਖੇਲ ਰਿਹਾ ਵਖਾਈਆ ।
ਕਾਨਾ ਕਹੇ ਮੈਂ ਓਸ ਵੇਲੇ ਪਿਆ ਹੱਸ, ਆਪਣੀ ਖ਼ੁਸ਼ੀ ਬਣਾਈਆ । ਪੁੱਠੀ ਪੈਰੀਂ ਪਿਆ ਨੱਸ, ਭੱਜਿਆ ਵਾਹੋ ਦਾਹੀਆ । ਸਾਢੇ ਤਿੰਨ ਕ਼ਦਮ
ਤੇ ਗਿਆ ਢਠ, ਆਪਣੀ ਬੁਧ ਭੁਲਾਈਆ । ਮੈਨੂੰ ਸੋਝੀ ਆਈ ਝਟ, ਅੰਤਰ ਅੱਖ ਖੁਲ੍ਹਾਈਆ । ਮੈਂ ਵੀ ਵਸਤ ਮੰਗਾਂ ਜੇ ਸੌਦਾ ਮਿਲੇ ਧੁਰ
ਦੇ ਹੱਟ, ਹਟਵਾਣਾ ਬੇਪ੍ਰਵਾਹੀਆ । ਜਿਸ ਦੇ ਕ਼ਦਮ ਦੁਸ਼ਟ ਦਮਨ ਰਿਹਾ ਢਠ, ਨਿਉਂ ਨਿਉਂ ਲਾਗੇ ਪਾਈਆ । ਓਹ ਮੇਰੀ ਜਾਣੇ ਮਿਤ ਗਤ,
ਪੜਦਾ ਦਏ ਖੁਲ੍ਹਾਈਆ । ਮੈਂ ਨਿਉਂ ਕੇ ਟੇਕਿਆ ਮੱਥ, ਸੀਸ ਦਿਤਾ ਝੁਕਾਈਆ । ਪੁਰਖ ਅਕਾਲ ਦੀਨ ਦਿਆਲ ਮੇਰੀ ਪਿੱਠ ਤੇ ਰਖ ਕੇ ਹੱਥ,

ਠੋਕਰ ਦਿਤੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਭਉ ਦਿਤਾ ਭੰਨਾਈਆ । ਕਾਨਾ ਕਹੇ ਠੋਕਰ ਨਾਲ ਮੈਂ ਪਿਆ ਜਾਗ, ਪ੍ਰਭ ਸੁਰਤੀ ਸੁਰਤ ਖੁਲ੍ਹਾਈਆ । ਮੇਰੇ ਅੰਤਰ ਆਇਆ ਇਕ ਵੈਰਾਗ, ਬਿਰਹੋਂ ਵਿਚ ਦੁਹਾਈਆ । ਪ੍ਰਭ ਤੇਰੇ ਚਰਨ ਗਿਆ ਲਾਗ, ਤੱਕੀ ਇਕ ਸਰਨਾਈਆ । ਮੇਰਾ ਲਹਿਣਾ ਮੁਕਾ ਦੇ ਆਜ, ਅਜ਼ਲ ਤੋਂ ਲੈ ਛੁਡਾਈਆ । ਤੇਰੀ ਜੋਤ ਦਾ ਵੇਖਾਂ ਚਿਰਾਗ਼, ਨਿਰਗੁਣ ਨੂਰ ਵਿਚ ਰੁਸ਼ਨਾਈਆ । ਰਸਨਾ ਜਾਮ ਪਿਆ ਦੇ ਆਬ, ਹਯਾਤੀ ਹਯਾਤੀ ਵਿਚੋਂ ਬਦਲਾਈਆ । ਤੇਰੇ ਕ਼ਦਮਾਂ ਇਕ ਅਦਾਬ, ਸੱਯਦਾ ਸੀਸ ਨਿਵਾਈਆ । ਧੁਰ ਦਾ ਬਖ਼ਸ਼ ਇਕ ਖ਼ਿਤਾਬ, ਖ਼ਤਾ ਰਹਿਣ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਰੱਖਾਂ ਤੈਨੂੰ ਯਾਦ, ਯਾਦਦਾਸ਼ਤ ਆਪਣੇ ਵਿਚ ਛੁਪਾਈਆ । ਜਿਸ ਵੇਲੇ ਕਲਜੁਗ ਵਿਚ ਸਤਿਜੁਗ ਕਰਾਂ ਰਾਇਜ, ਧੁਰ ਦਾ ਹੁਕਮ ਵਰਤਾਈਆ । ਜਨ ਭਗਤਾਂ ਦੁਰਮਤ ਮੈਲ ਧੋਵਾਂ ਦਾਗ਼, ਪਤਤ ਪੁਨੀਤ ਬਣਾਈਆ । ਤੇਰਾ ਲੇਖਾ ਵੇਖਾਂ ਵਿਚ ਸਮਾਜ, ਸਮਗਰੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਪੁਰਖ ਅਕਾਲ ਕਿਹਾ ਸੁਣ ਗੰਢਾਂ ਵਾਲੇ ਕਾਨੇ, ਕਾਹਨ ਧੁਰ ਦਾ ਦਏ ਜਣਾਈਆ । ਕਲਜੁਗ ਅੰਤਮ ਖੇਲ ਮਹਾਨੇ, ਭੇਵ ਅਭੇਦ ਕਿਸੇ ਨਾ ਆਈਆ । ਕਰੇ ਖੇਲ ਸ੍ਰੀ ਭਗਵਾਨੇ, ਹਰਿ ਕਰਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਹੋਵਣ ਬੇਗਾਨੇ, ਸਾਚਾ ਸੰਗ ਨਾ ਕੋਇ ਨਿਭਾਈਆ । ਕਲਜੁਗ ਕੂੜੀ ਕਿਰਿਆ ਹੋਣੇ ਯਾਰਾਨੇ, ਨਾਤਾ ਜੂਠ ਝੂਠ ਵਖਾਈਆ । ਲੋਭ ਵਿਕਾਰ ਹੋਵੇ ਪ੍ਰਧਾਨੇ, ਮਾਇਆ ਮਮਤਾ ਨਾਚ ਨਚਾਈਆ । ਵਿਸ਼ੇ ਵਿਕਾਰੀ ਬਣਨ ਸੁਘੜ ਸਿਆਣੇ, ਸਾਧ ਸੰਤ ਨਾ ਕੋਇ ਚਤੁਰਾਈਆ । ਝਗੜਾ ਪਏ ਰਾਜੇ ਰਾਣੇ, ਨੌਂ ਖੰਡ ਪ੍ਰਿਥਮੀ ਕੂਕ ਸੁਣਾਈਆ । ਸਚ ਨਾਮ ਦੇ ਭੁਲਣੇ ਗਾਣੇ, ਕਲਮੇ ਹੱਕ ਨਾ ਕੋਇ ਸੁਣਾਈਆ । ਮਾਣ ਰਹੇ ਕਿਸੇ ਨਾ ਥਾਣੇ, ਥਾਨ ਥਨੰਤਰ ਸਮਝ ਕੋਇ ਨਾ ਪਾਈਆ । ਸੱਜਣ ਮੀਤ ਹੋਣ ਬੇਗਾਨੇ, ਪਿਤਾ ਪੂਤ ਨਾ ਸੋਭਾ ਪਾਈਆ । ਓਸ ਵੇਲੇ ਕਰੇ ਖੇਲ ਸ੍ਰੀ ਭਗਵਾਨੇ, ਹਰਿ ਕਰਤਾ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਧੁਰ ਦੇ ਭਗਤ ਪਹਿਚਾਨੇ, ਕਾਇਆ ਮੰਦਰ ਫੋਲ ਫੁਲਾਈਆ । ਨਿਰਗੁਣ ਧਾਰ ਜੋਤ ਸਰੂਪ ਪਹਿਰ ਕੇ ਬਾਣੇ, ਸ਼ਬਦੀ ਆਪਣਾ ਡੰਕ ਵਜਾਈਆ । ਲੱਖ ਚੁਰਾਸੀ ਵਿਚ ਫਿਰੇ ਚਾਰ ਕੁੰਟ ਕਰ ਬਹਾਨੇ, ਪੜਦਾ ਤੱਤ ਵਜੂਦ ਛੁਪਾਈਆ । ਲੇਖਾ ਜਾਣ ਜ਼ਿਮੀਂ ਅਸਮਾਨੇ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਤੇਰਾ ਲੇਖਾ ਭਗਤਾਂ ਨਾਲ ਸਦਾ ਕਾਨੇ, ਕਦਮਾਂ ਦਾ ਗੇੜ ਕਟਾਈਆ । ਸਾਢੇ ਤਿੰਨ ਹੱਥ ਦੇ ਬਦਲ ਦੇਵੇ ਜ਼ਮਾਨੇ, ਜ਼ਾਮਨ ਤੈਨੂੰ ਵਿਚ ਰਖਾਈਆ । ਆਤਮ ਪਰਮਾਤਮ ਦੀ ਆਪਣੇ ਹੱਥ ਲੈ ਕੇ ਕਮਾਨੇ, ਕਾਮਲ ਮੁਰਸ਼ਦ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਾਨਾ ਕਹੇ ਮੈਂ ਹੋ ਗਿਆ ਖ਼ੁਸ਼, ਆਪਣੀ ਖ਼ੁਸ਼ੀ ਪ੍ਰਗਟਾਈਆ । ਧੰਨ ਭਾਗ ਜੇ ਪ੍ਰਭ ਨੇ ਲਿਆ ਪੁਛ, ਜਨ ਭਗਤਾਂ ਮੇਲ ਮਿਲਾਈਆ । ਮੇਰੇ ਪੱਲੂ ਨਹੀਂ ਕੁਛ, ਵਸਤ ਹੱਥ ਨਾ ਕੋਇ ਰਖਾਈਆ । ਮੈਨੂੰ ਇਕੋ ਸੁਣਾਈ ਅਗੰਮੀ ਤੁਕ, ਢੋਲਾ ਧੁਰ ਦਾ ਇਕ ਦ੍ਰਿੜਾਈਆ । ਮੇਰਾ ਆਵਣ ਜਾਵਣ ਲੱਖ ਚੁਰਾਸੀ ਪੈਂਡਾ ਗਿਆ ਮੁਕ, ਮੁਕੀ ਖ਼ਲਕ ਖ਼ੁਦਾਈਆ । ਮੈਂ ਸਵਾਧਾਨ ਹੋ ਕੇ ਗਿਆ ਉਠ, ਆਪਣਾ ਬਲ ਪ੍ਰਗਟਾਈਆ । ਜੋ ਭਗਤਾਂ ਉਪਰ ਰਿਹਾ ਤੁਠ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਓਸ ਦੇ ਕ਼ਦਮਾਂ ਜਾਵਾਂ ਝੁਕ, ਨਿਉਂ ਨਿਉਂ ਲਾਗਾਂ ਪਾਈਆ । ਮੇਰਾ ਰਹੇ ਕੋਈ ਨਾ ਦੁੱਖ, ਦਰਦੀਆਂ ਦਰਦ ਗੁਆਈਆ । ਘਰ ਠਾਂਡੇ ਦੇਵੇ ਸੁਖ,

ਸਤਿ ਸਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਕਾਨਾ ਕਹੇ ਮੈਂ ਦੱਸਾਂ ਸੁਹਾਗੀ ਗੀਤ, ਜਨ ਭਗਤੇ ਇਕ ਦ੍ਰਿੜਾਈਆ । ਪ੍ਰਭ ਦੀ ਵੇਖੋ ਅਗੰਮੀ ਰੀਤ, ਰੀਤੀਵਾਨ ਆਪ ਸਮਝਾਈਆ । ਤੁਹਾਡਾ ਝਗੜਾ ਮੁਕ ਗਿਆ ਮੰਦਰ ਮਸੀਤ, ਕਾਇਆ ਕਾਅਬਾ ਸੋਭਾ ਪਾਈਆ । ਜਿਥੇ ਵਸੇ ਤ੍ਰੈਗੁਣ ਅਤੀਤ, ਤ੍ਰੈ ਭਵਨ ਧਨੀ ਸੋਭਾ ਪਾਈਆ । ਆਦਿ ਜੁਗਾਦੀ ਧੁਰ ਦਾ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਝਗੜਾ ਮੁਕਾ ਕੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਸਵਾਮੀ ਹੋ ਕੇ ਵਸੇ ਚੀਤ, ਮਨ ਠਗੌਰੀ ਰਹੇ ਨਾ ਰਾਈਆ । ਲਹਿਣਾ ਦੇਣਾ ਚੁਕਾ ਕੇ ਬੀਸ ਇਕੀਸ, ਹਰਿ ਜਗਦੀਸ਼ ਕਰੇ ਰੁਸ਼ਨਾਈਆ । ਜਿਸ ਦੇ ਛਤਰ ਝੁਲਣਾ ਸੀਸ, ਵਜਣੀ ਨਾਮ ਵਧਾਈਆ । ਓਸੇ ਦੀ ਸਦੀ ਰਹੀ ਬੀਤ, ਜੋ ਬੀਤੀ ਕਹਾਣੀ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਕਾਨਾ ਕਹੇ ਕਲਮਾ ਪੜ੍ਹਨਾ ਏਕ, ਏਕੰਕਾਰ ਜਣਾਈਆ । ਸਭ ਨੂੰ ਦੱਸਾਂ ਟੇਕ, ਟਿੱਕੇ ਮਸਤਕ ਧੂੜੀ ਲਾਈਆ । ਜਨ ਭਗਤੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਇਹ ਮਹੀਨਾ ਚੇਤ, ਸੰਮਤ ਚਾਰ ਨਾਲ ਵਡਿਆਈਆ । ਸਭ ਦੇ ਅੰਦਰ ਖੋਲ੍ਹ ਦੇਣਾ ਭੇਤ, ਪੜਦਾ ਰਹਿਣ ਕੋਇ ਨਾ ਪਾਈਆ । ਪੂਰਬ ਜਨਮ ਦਾ ਬਦਲ ਦੇਣਾ ਲੇਖ, ਰੇਖ ਦੇਣੀ ਮਿਟਾਈਆ । ਸਚ ਵਖੌਣਾ ਅਗੰਮੜਾ ਦੇਸ, ਜਿਥੇ ਵਸੇ ਸ਼ਹਿਨਸ਼ਾਹੀਆ । ਤੁਹਾਡਾ ਨਾਤਾ ਜੁੜੇ ਹਮੇਸ਼, ਹਮ ਸਾਜਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਦਰਗਾਹ ਸਾਚੀ ਧਾਮ ਸੁਹੰਜਣਾ, ਸੋਭਾਵੰਤ ਸੁਹਾਈਆ । ਜਿਸ ਦਾ ਭਾਂਡਾ ਓਸੇ ਦਰ ਤੇ ਭੱਜਣਾ, ਭੇਵ ਅਭੇਦ ਦਏ ਖੁਲ੍ਹਾਈਆ । ਜਿਸ ਨੇ ਹੁਕਮ ਸੰਦੇਸੇ ਨਾਲ ਸੱਦਣਾ, ਸੁਨੇਹੜਾ ਇਕ ਜਣਾਈਆ । ਚਰਨ ਧੂੜੀ ਕਰਾ ਕੇ ਮਜਨਾ, ਦੁਰਮਤ ਮੈਲ ਧੁਆਈਆ । ਲੇਖੇ ਲਾ ਕੇ ਮਾਟੀ ਬਦਨਾ, ਬਦਲੀ ਅੰਦਰੋਂ ਕਰ ਵਖਾਈਆ । ਸਦੀ ਚੌਧਵੀਂ ਜਿਸ ਨੇ ਕਰਨਾ ਅਦਲਾ, ਇਨਸਾਫ਼ ਇਕੋ ਇਕ ਦ੍ਰਿੜਾਈਆ । ਸੋ ਲੇਖਾ ਜਾਣੇ ਚਾਰ ਕੁੰਟ ਕੋਟੀ ਮੰਜ਼ਲਾ, ਮੰਜ਼ਲ ਆਪਣੀ ਇਕ ਸਮਝਾਈਆ । ਜਨ ਭਗਤੋ ਫਿਰਨਾ ਪਏ ਨਾ ਤੁਹਾਨੂੰ ਵਿਚ ਜੰਗਲਾ, ਬਨ ਖੰਡ ਖੋਜਣ ਨਾ ਜਾਈਆ । ਇਕੋ ਦਰ ਦਵਾਰਾ ਪਏ ਲੰਘਣਾ, ਜਿਥੇ ਵੱਜੇ ਨਾਮ ਵਧਾਈਆ । ਦੂਜਾ ਦਰ ਕਿਸੇ ਨਾ ਮੰਗਣਾ, ਭਿਖਾਰੀ ਰੂਪ ਨਾ ਕੋਇ ਵਟਾਈਆ । ਤੁਹਾਡਾ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਾਨਾ ਕਹੇ ਸਾਢੇ ਤਿੰਨ ਹੱਥ ਕਾਇਆ ਮਾਟੀ ਸਭ ਦਾ ਭੰਨਣਾ, ਥਿਰ ਰਹਿਣ ਕੋਇ ਨਾ ਪਾਈਆ । ਸੁਣੋ ਸੰਦੇਸ਼ਾ ਆਪਣੇ ਕੰਨਨਾ, ਸਰਵਣ ਸਚ ਦ੍ਰਿੜਾਈਆ । ਪੁਰਖ ਅਕਾਲ ਦਾ ਹੁਕਮ ਸਭ ਨੂੰ ਪੈਣਾ ਮੰਨਣਾ, ਸਿਰ ਸਕੇ ਨਾ ਕੋਇ ਉਠਾਈਆ । ਬਿਨਾ ਭਗਤਾਂ ਤੋਂ ਸਭ ਨੂੰ ਪੈਣਾ ਜੰਮਣਾ, ਲੱਖ ਚੁਰਾਸੀ ਵਿਚ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਕਾਨਾ ਕਹੇ ਮੈਂ ਸੰਦੇਸ਼ਾ ਦੇਵਾਂ ਮੁਫ਼ਤ, ਕ਼ੀਮਤ ਨਾ ਕੋਇ ਲਗਾਈਆ । ਪ੍ਰਭ ਨੇ ਕਰਨਾ ਖੇਲ ਦਰੁਸਤ, ਦੁਤੀਆ ਭਾਉ ਦੇਣਾ ਮਿਟਾਈਆ । ਭੇਵ ਚੁਕੌਣਾ ਇਕ ਅੰਗੁਸ਼ਤ, ਪੜਦਾ ਰਹੇ ਨਾ ਰਾਈਆ । ਹੱਥ ਟਿਕੌਣਾ ਭਗਤਾਂ ਪੁਸ਼ਤ, ਪਨਾਹ ਇਕੋ ਇਕ ਸਮਝਾਈਆ । ਗੁਰਮੁਖੋ ਹੋ ਜਾਓ ਚੁਸਤ, ਆਲਸ ਨਿੰਦਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਆਪ ਬਣਾਈਆ । ਕਾਨਾ ਕਹੇ ਮੈਂ ਕਰਦਾ ਨਹੀਂ ਲਿਹਾਜ਼, ਤਨ ਮਾਟੀ

ਵੰਡ ਵੰਡਾਈਆ । ਮੇਰੀ ਵਾਰੀ ਆਈ ਆਜ, ਅੱਠ ਚੇਤ ਸੰਗ ਨਿਭਾਈਆ । ਮੈਂ ਸਦਾ ਰਿਹਾ ਜਾਗ, ਨੇਤਰ ਨੈਣ ਅੱਖ ਖੁਲ੍ਹਾਈਆ । ਮੈਨੂੰ ਇਕੋ ਇਕ ਵੈਰਾਗ, ਬਿਰਹੋਂ ਰੋਗ ਸਤਾਈਆ । ਜਿੰਨਾਂ ਚਿਰ ਪ੍ਰਭ ਨਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜਨ ਭਗਤੋ ਓਨਾਂ ਚਿਰ ਕਿਸੇ ਕੰਮ ਨਹੀਂ ਔਂਦਾ ਪੂਜਾ ਪਾਠ, ਜੋਗ ਅਭਿਆਸ ਨਾ ਕੋਇ ਸਲਾਹੀਆ । ਜਿਨ੍ਹਾਂ ਦੇ ਅੰਤਰ ਆਤਮ ਪ੍ਰਭ ਮਿਲੇ ਆਪ, ਆਪਣਾ ਮੇਲ ਮਿਲਾਈਆ । ਉਨ੍ਹਾਂ ਨੇ ਫੇਰ ਕਾਅਦਾ ਕਰਨਾ ਜਾਪ, ਕਿਸ ਦੀ ਕਰਨ ਪੜ੍ਹਾਈਆ । ਜਿਨ੍ਹਾਂ ਦਾ ਸਦਾ ਲਈ ਖੁਲ੍ਹ ਗਿਆ ਅੰਦਰੋਂ ਤਾਕ, ਬਾਹਰੋਂ ਕੁੰਡੇ ਕਾਅਦੇ ਲਈ ਖੜਕਾਈਆ । ਉਹ ਆਤਮ ਪਰਮਾਤਮ ਰੂਪ ਹੋ ਗਈ ਸਾਚ, ਸਚ ਸਚ ਵਿਚ ਸਮਾਈਆ । ਕਾਨਾ ਕਹੇ ਪੁਰਖ ਅਕਾਲ ਇਕੋ ਮੰਨੋ ਬਾਪ, ਜੋ ਧੁਰ ਦਾ ਪਿਤਾ ਮਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਪਿਛਲੇ ਚਾਚੇ ਅੱਗੇ ਤੁੱਟ ਜਾਏ ਸਾਥ, ਸਾਥੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਕਾਨਾ ਕਹੇ ਮੈਂ ਦੱਸਣਾ ਅੰਤ ਅਖ਼ੀਰੀ, ਬੀਖ਼ੈਰ ਅਲਾਹ ਇਕ ਜਣਾਈਆ । ਸਾਢੇ ਤਿੰਨ ਹੱਥ ਸ਼ਰਅ ਦੀ ਰਹੇ ਨਾ ਕੋਇ ਜ਼ੰਜੀਰੀ, ਕੜੀ ਕੜੀ ਦੇਣੀ ਬਦਲਾਈਆ । ਸਦੀ ਚੌਧਵੀਂ ਤੋਂ ਬਾਦ ਕਿਸੇ ਦੀ ਰਹਿਣੀ ਨਹੀਂ ਪੀਰੀ, ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਏਸੇ ਸਾਲ ਵਿਚ ਪਾ ਦੇਣੀ ਦਿਲਗੀਰੀ, ਹੁਕਮ ਧੁਰ ਦਾ ਇਕ ਸੁਣਾਈਆ । ਕਿਸੇ ਹੱਥ ਨਾ ਔਣੀ ਸਚ ਫ਼ਕੀਰੀ, ਫ਼ਿਕਰਾ ਹੱਕ ਨਾ ਕੋਇ ਦ੍ਰਿੜਾਈਆ । ਇਹ ਖੇਲ ਹੋਣਾ ਤਕਦੀਰੀ, ਅਗੰਮ ਅਗੰਮ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਪ੍ਰਭ ਨੇ ਆਪਣੇ ਵਿਚ ਸਮੌਣੀ ਪੀਹੜੀ, ਅੱਗੇ ਇਕੋ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸ਼ਬਦੀ ਧਾਰ ਬ੍ਰਹਿਮੰਡ ਖੰਡ ਕਰੇ ਆਪ ਸਫ਼ੀਰੀ, ਦੂਜਾ ਨਜ਼ਰ ਕੋਇ ਨਾ ਆਈਆ । ਕਾਨਾ ਕਹੇ ਮੇਰੀ ਅੰਤ ਇਕ ਅਰਦਾਸ, ਬੇਨੰਤੀ ਸਚ ਸਮਝਾਈਆ । ਪਰਮ ਪੁਰਖ ਤੇ ਰਖਣਾ ਵਿਸ਼ਵਾਸ, ਜਗਤ ਵਿਚਾਰ ਨਾ ਕੋਇ ਵਡਿਆਈਆ । ਜਿਸ ਦੇ ਹੁਕਮੇ ਅੰਦਰ ਗੋਪੀ ਕਾਹਨ ਪੌਂਦੇ ਰਾਸ, ਸੀਤਾ ਰਾਮ ਜੰਗਲਾਂ ਖੇਲ ਖਿਲਾਈਆ । ਪੈਗ਼ੰਬਰ ਢੋਲੇ ਕਲਮੇ ਗੌਂਦੇ ਗਾਥ, ਗੁਰੂ ਗੁਰਦੇਵ ਸਵਾਮੀ ਇਕ ਮਨਾਈਆ । ਉਸ ਦਾ ਵੇਖਣਾ ਖੇਲ ਤਮਾਸ਼, ਕੀ ਕਲਜੁਗ ਕਲ ਵਰਤਾਈਆ । ਕਾਨਾ ਕਹੇ ਰਵੀਦਾਸ ਤੇਰਾ ਵੇਖਣਾ ਉਹ ਬਾਪ, ਜੋ ਬਪੜੇ ਦਏ ਬਦਲਾਈਆ । ਪੂਰਬ ਰਹੇ ਕੋਈ ਨਾ ਪਾਪ, ਪੱਤਤ ਪੁਨੀਤ ਕਰਾਈਆ । ਲੇਖਾ ਮੁਕਾਵੇ ਇਕੇ ਦਿਨ ਇਕੇ ਰਾਤ, ਇਕੇ ਵਾਰ ਹੋਏ ਸਹਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਆਪਣੇ ਨਾਲ ਰਖਾਈਆ । ਜਨ ਭਗਤੋ ਧੁਰ ਦੀ ਯਾਦ ਰਖਣੀ ਬਾਤ, ਬਾਤਨ ਰਿਹਾ ਸੁਣਾਈਆ । ਸਭ ਦਾ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਦਰਸ਼ਨ ਦੇਵੇ ਸਾਖਿਆਤ, ਸਵੱਛ ਸਰੂਪੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਵੇਖਣਹਾਰ ਹਾਲਾਤ, ਹਾਲਤ ਵਿਚ ਅਦਾਲਤ ਆਪਣਾ ਨਾਮ ਜਣਾਈਆ ।

## ੯ ਚੇਤ ਸ਼ਹਿਨਸ਼ਾਹੀ ਸੰਮਤ ੪ ਸੂਬੇਦਾਰ ਰਾਮ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ

ਕਾਲੇ ਬਸਤਰ ਬਾਣਾ ਦਰਵੇਸ਼, ਹਰਿ ਕਰਤਾ ਵੇਸ ਵਟਾਈਆ । ਸਚਖੰਡ ਨਿਵਾਸੀ ਕਰੇ ਖੇਲ ਮਾਤਲੋਕ ਅਗੰਮੜੇ ਦੇਸ, ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ । ਹੁਕਮ ਸੰਦੇਸ਼ਾ ਦੇਵੇ ਨਰ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਜਿਸ ਦੇ ਗੁਰ ਅਵਤਾਰ ਪੈਗੰਬਰ ਹੋਏ ਪੇਸ਼, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਚਾਰ ਜੁਗ ਦਾ ਪਿਛਲਾ ਵੇਖੇ ਲੇਖ, ਜੋ ਲਿਖਿਆ ਨਾਲ ਕ਼ਲਮ ਸ਼ਾਹੀਆ । ਰਮਜ਼ ਇਸ਼ਾਰੇ ਖੋਲ੍ਹੇ ਭੇਦ, ਅਭੇਦ ਇਕ ਜਣਾਈਆ । ਕੀ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਕੀਤੀ ਸੇਵ, ਸਾਚੀ ਕਰਨੀ ਕਾਰ ਕਮਾਈਆ । ਕੀ ਫਲ ਪ੍ਰਾਪਤ ਹੋਇਆ ਮੇਵ, ਅਹਿਮੇਵ ਦਿਓ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਇਕ ਪ੍ਰਗਟਾਈਆ । ਕਾਲਾ ਕੱਪੜਾ ਤਨ ਵਜੂਦ, ਪੰਚਮ ਚੇਤ ਵੱਜੀ ਵਧਾਈਆ । ਕਰੇ ਖੇਲ ਧੁਰ ਮਹਿਬੂਬ, ਬੇਅੰਤ ਬੇਪ੍ਰਵਾਹੀਆ । ਜਿਸ ਦਾ ਸਦੀ ਸਦੀਵੀ ਦੇਵੇ ਸਬੂਤ, ਸਾਹਿਬ ਸਵਾਮੀ ਆਪ ਅਖਵਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਲੇਖਾ ਕਰੇ ਕੂਚ, ਕੂਚਾ ਗਲੀ ਫੋਲ ਫੋਲਾਈਆ । ਪੜਦਾ ਲਾਹੇ ਲੱਖ ਚੁਰਾਸੀ ਤਾਣਾ ਪੇਟਾ ਸੂਤ, ਸੋਈ ਸੁਰਤੀ ਆਪ ਉਠਾਈਆ । ਪੜਦਾ ਰਹੇ ਨਾ ਕਾਇਆ ਕਲਬੂਤ, ਕਲਮਾ ਕਾਇਨਾਤ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਹੋ ਮੌਜੂਦ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਕਾਲਾ ਬਾਣਾ ਲਿਬਾਸ ਧੁਰ ਦਾ ਅਲਫ਼ੀ, ਅਲਿਫ਼ ਯੇ ਸਮਝ ਨਾ ਆਈਆ । ਕਰੇ ਖੇਲ ਸਦਾ ਯਕਤਰਫ਼ੀ, ਦੂਜੀ ਵੰਡ ਨਾ ਕੋਇ ਵੰਡਾਈਆ । ਅਬਾਦਤ ਕਰੇ ਅਗੰਮੀ ਹਰਫ਼ੀ, ਹਰੂਫ਼ਾਂ ਵੰਡ ਨਾ ਕੋਇ ਵੰਡਾਈਆ । ਸਤਿ ਪੁਰਖ ਦੀ ਚੌਥੇ ਜੁਗ ਦੀ ਚੌਥੀ ਬਰਸੀ, ਬਾਰਸ਼ ਮੇਘ ਇਕ ਬਰਸਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਨਿਵਾਸੀ ਜੋਤੀ ਜਾਤਾ ਆਇਆ ਬਣ ਕੇ ਨਿਧਪ੍ਰਤੀ, ਪ੍ਰੀਤਮ ਪਿਆਰਾ ਆਪਣੀ ਦਇਆ ਕਮਾਈਆ । ਲੇਖਾ ਜਾਣੇ ਚਾਰ ਕੁੰਟ ਦਹਿ ਦਿਸ਼ਾ ਧਵਲ ਧੌਲ ਉਪਰ ਧਰਤੀ, ਅੰਦਰ ਬਾਹਰ ਖੋਜ ਖੁਜਾਈਆ । ਸ਼ਾਹੋ ਭੂਪ ਵਡ ਸੁਲਤਾਨ ਨੌਜੁਆਨ ਮੇਟਣਹਾਰਾ ਕੂੜ ਗਰਦੀ, ਗਿਰਦੋਨਵਾ ਵੇਖਣਹਾਰਾ ਥਾਉਂ ਥਾਈਂਆ । ਨੌ ਚੇਤ ਚਾਰ ਜੁਗ ਦੀ ਸਭ ਦੀ ਪਿਛਲੀ ਵੇਖੇ ਅਰਜ਼ੀ, ਜੋ ਆਰਜ਼ੂ ਗੁਰ ਅਵਤਾਰ ਪੈਗੰਬਰ ਗਏ ਰਖਾਈਆ । ਪਰਮ ਪੁਰਖ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਕਦੇ ਨਾ ਬਣੇ ਖ਼ੁਦਗ਼ਰਜ਼ੀ, ਗ਼ਰਜ਼ ਸਭ ਦੀ ਪੂਰ ਕਰਾਈਆ । ਇਹ ਖੇਲ ਅਗੰਮੇ ਹਰਿ ਦੀ, ਜੋ ਹਰ ਹਿਰਦਾ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਜਲਦੀ, ਚਾਰੋਂ ਕੁੰਟ ਅਗਨ ਤਪਾਈਆ । ਕੁਛ ਆਸਾ ਮਨਸਾ ਬਲ ਦਵਾਰੇ ਭਗਵਨ ਦੀ, ਧੁਰ ਫ਼ਰਮਾਨ ਅਲਾਈਆ । ਜਿਸ ਵੇਲੇ ਕਲਜੁਗ ਕਲਪਣਾ ਵਧਣੀ ਮਨ ਦੀ, ਮਮਤਾ ਮੋਹ ਹੋਵੇ ਹਲਕਾਈਆ । ਸੀਤਲ ਧਾਰਾ ਕਿਸੇ ਨਾ ਚੰਨ ਦੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਭਗਤ ਸੁਹੇਲਾ ਜਣਨੀ ਹੋਵੇ ਨਾ ਕੋਇ ਜਣਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਾਲੇ ਕਪੜੇ ਕਹਿਣ ਮੁਹੰਮਦ ਦੀ ਅੰਤ ਅੰਤ ਖ਼ਾਹਿਸ਼, ਆਸਾ ਇਕ ਰਖਾਈਆ ਜਿਸ ਵੇਲੇ ਅਖ਼ੀਰੀ ਨਿਕਲਿਆ ਸਵਾਸ, ਸਾਹ ਸਾਹ ਵਡਿਆਈਆ । ਬਿਨ ਅੱਖਾਂ ਲਿਆ ਝਾਕ, ਬਿਨ ਨੈਣ ਨੈਣ ਖੁਲ੍ਹਾਈਆ । ਸੁਣੀ ਅਗੰਮੀ ਆਵਾਜ਼, ਢੋਲਾ ਧੁਰਦਰਗਾਹੀਆ । ਇਕ ਕਰ ਲੈ ਬਿਨਾ ਹੱਥਾਂ ਅਦਾਬ, ਬਿਨਾ ਸੀਸ ਸੀਸ ਝੁਕਾਈਆ । ਗ੍ਰਿਹ ਵੇਖ ਅਗੰਮ ਮਹਿਰਾਬ,

ਮਹਿਬੂਬ ਨੂਰ ਅਲਾਹੀਆ । ਮੁਖ਼ਾਤਬ ਹੋ ਕੇ ਦੇ ਜਵਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸੰਦੇਸ਼ਾ ਸੁਣ ਮੁਹੰਮਦੇ ਜ਼ਨੂ ਨਾਗਿਜ਼ਲਤੇ ਜ਼ਵਿਸਤਾ ਜੋ ਜ਼ਮੀਨਨ ਨਵਿੱਜ਼ੁਲ ਜ਼ਕਾਤੁਲ ਜ਼ਨਨ ਜ਼ਾਹਦੇ ਜ਼ਬੀ ਜ਼ਨਾਮੇ ਮਜ਼ੀ ਮੁਆਇਦਾ ਫ਼ਰੀ ਬੀਦੋ ਅਜ਼ੀਂ ਮਹਿਬਾਨੇ ਨਜ਼ੀਂ ਮਿਹਰਬਾਨ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਾਲਾ ਕੱਪੜ ਕਹੇ ਮੈਂ ਵੇਖਣਾ ਉਹ ਵਤਨ, ਜਿਥੇ ਬੇਵਤਨ ਹੋਈ ਲੋਕਾਈਆ । ਤਕਣਾ ਉਹ ਪਤਣ, ਜਿਥੇ ਨੌਕਾ ਨਜ਼ਰ ਕੋਇ ਨਾ ਆਈਆ । ਭਾਲਣਾ ਉਹ ਸੱਜਣ, ਜਿਸ ਨੂੰ ਖੋਜੇ ਸ੍ਰਿਸ਼ਟ ਲੋਕਾਈਆ । ਕਰੌਣਾ ਉਹ ਮੱਜਨ, ਜੋ ਮਜਲਸਾਂ ਕਰੇ ਸਫ਼ਾਈਆ । ਭਾਲਣਾ ਉਹ ਬਦਨ, ਜੋ ਬੰਦੀਖ਼ਾਨਾ ਦਏ ਤੁੜਾਈਆ । ਕਰੌਣਾ ਉਹ ਅਦਲ, ਜੋ ਅਦਾਲਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਕਾਲੇ ਬਸਤਰ ਕਿਉਂ ਪਹਿਨਿਆ ਭਗਤ ਦਵਾਰੇ, ਭਗਵਨ ਰੰਗ ਰੰਗਾਈਆ । ਜਿਸ ਨੂੰ ਵੇਖਣ ਤੇਈ ਅਵਤਾਰੇ, ਦਰ ਠਾਂਡੇ ਫੇਰਾ ਪਾਈਆ । ਮੂਸਾ ਈਸਾ ਮੁਹੰਮਦ ਨੈਣ ਉਘਾੜੇ, ਲੋਚਨ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਤੱਕਣ ਇਹ ਨਜ਼ਾਰੇ, ਨਜ਼ਰੀਆ ਨਰ ਨਰਾਇਣ ਬਦਲਾਈਆ । ਕਲਜੁਗ ਕੂੜ ਆਇਆ ਕਿਨਾਰੇ, ਲਹਿਰ ਨਾਲ ਲਹਿਰ ਟਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਕੱਢਣ ਹਾੜੇ, ਨਿਉਂ ਨਿਉਂ ਲਾਗਣ ਪਾਈਆ । ਇਹ ਖੇਲ ਅਗੰਮ ਅਪਾਰੇ, ਅਲਖ ਅਗੋਚਰ ਆਪ ਕਰਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਇ ਵਿਚਾਰੇ, ਗ੍ਰੰਥਾਂ ਪੰਥਾਂ ਵਿਚੋਂ ਹੱਥ ਕਿਸੇ ਨਾ ਆਈਆ । ਜੁਗ ਚੌਕੜੀ ਜਿਸ ਦੇ ਦਿੰਦਾ ਆਇਆ ਲਾਰੇ, ਸ਼ਬਦ ਸੁਨੇਹੜਾ ਹੁਕਮ ਸੁਣਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਅਪਾਰੇ, ਅਪਰੰਪਰ ਸੁਆਮੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਨੀ ਧਰਤ ਧੌਲ ਧਵਲ ਵੇਖ ਵਖਾਈਆ । ਬਸਤਰ ਕਹਿਣ ਅਸੀਂ ਉਚੀ ਦਈਏ ਹੋਕਾ, ਹੁਕਮ ਧੁਰਦਰਗਾਹੀਆ । ਪੀਰ ਪੈਗ਼ੰਬਰਾਂ ਅੰਤਮ ਹੋਇਆ ਮੌਕਾ, ਮੁਕੰਮਲ ਇਕ ਦ੍ਰਿੜਾਈਆ । ਝਗੜਾ ਰਹੇ ਨਾ ਤਬਕਾਂ ਚੌਦਾਂ ਲੋਕਾ, ਸਚ ਸਲੋਕਾ ਇਕ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋ ਮਾਲਕ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਸ ਦੇ ਅੱਗੇ ਚਲੇ ਕੋਈ ਨਾ ਸੋਚਾ, ਬੁੱਧੀ ਕੰਮ ਕੋਇ ਨਾ ਆਈਆ । ਜੋ ਲਹਿਣਾ ਦੇਣਾ ਜਾਣੇ ਸਾਢੇ ਤਿੰਨ ਹੱਥ ਮਾਟੀ ਕੋਠਾ, ਕੁਟੀਆ ਕਾਇਆ ਕੱਪੜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੋ ਜਹਾਨਾਂ ਵੇਖ ਵਖਾਈਆ । ਕਾਲਾ ਕੱਪੜਾ ਕਲਜੁਗ ਧਾਰ, ਧਰਮ ਦਵਾਰ ਜਣਾਈਆ । ਖੇਲ ਕਰੇ ਆਪ ਕਰਤਾਰ, ਕ਼ੁਦਰਤ ਕਰਤਾ ਬੇਪ੍ਰਵਾਹੀਆ । ਨਿਰਗੁਣ ਨਿਰਵੈਰ ਲੈ ਅਵਤਾਰ, ਨਿਰਾਕਾਰ ਕਰੇ ਰੁਸ਼ਨਾਈਆ । ਚਾਰ ਕੁੰਟ ਕੁੰਟ ਉਜਿਆਰ, ਦਹਿ ਦਿਸ਼ਾ ਡਗਮਗਾਈਆ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਪੁਰੀ ਲੋਅ ਆਕਾਸ਼ ਪਾਤਾਲ, ਗਗਨ ਗਗਨੰਤਰ ਲਏ ਉਠਾਈਆ । ਦੋ ਜਹਾਨਾਂ ਪਾਵੇ ਸਾਰ, ਮਹਾਂਸਾਰਥੀ ਆਪਣੇ ਹੱਥ ਰਖੇ ਵਡਿਆਈਆ । ਧੁਰ ਸੰਦੇਸ਼ਾ ਦੇਵੇ ਆਪਣੀ ਧਾਰ, ਨਰ ਨਿਰੰਕਾਰ ਆਪ ਜਣਾਈਆ । ਵੇਖੇ ਖੇਲ ਗੁਰੂ ਅਵਤਾਰ, ਪੈਗ਼ੰਬਰ ਧਿਆਨ ਲਗਾਈਆ । ਸਾਚਾ ਰਿਹਾ ਨਾ ਕੋਇ ਸਿਕਦਾਰ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਖ਼ੁਦੀ ਤਕੱਬਰ ਵਿਚ ਸੰਸਾਰ, ਮੁਹੱਬਤ ਹੱਕ ਨਾ ਕੋਇ ਕਮਾਈਆ । ਘਟ ਘਟ ਅੰਦਰ ਧੂੰਆਂਧਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਤੁਹਾਡਾ

ਰਿਹਾ ਨਾ ਕੋਇ ਕੁਛ ਅਖ਼ਤਿਆਰ, ਮੁਖ਼ਤਿਆਰਨਾਮੇ ਸਭ ਦੇ ਮਨਸੂਖ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਵੇਸ ਇਕ ਵਖਾਈਆ । ਤਨ ਵੇਸ ਅਨੋਖਾ, ਧੁਰ ਦਾ ਸੰਦੇਸ਼ਾ ਸੁਣੋ ਪੱਕਾ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਖ਼ਿਦਮਤਗਾਰੋ ਤੁਹਾਡੇ ਨਾਲ ਕਰੇ ਕੋਈ ਨਾ ਧੱਕਾ, ਪੂਰਬ ਲੇਖਾ ਪੂਰ ਕਰਾਈਆ । ਅੱਗੇ ਛਡਣਾ ਪਏ ਮਦੀਨਾ ਮੱਕਾ, ਕਾਅਬਿਆਂ ਵਿਚ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਧਾਰ ਫਿਰੇ ਨੱਠਾ, ਸ਼ਿਵਦਵਾਲੇ ਮੱਠਾਂ ਪੰਧ ਮੁਕਾਈਆ । ਝਗੜਾ ਰਹਿਣ ਨਾ ਦੇਵੇ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਦੇਵਤ ਸੁਰ ਨੇਤਰ ਰੋਵਣ ਹੱਥ ਮਾਰ ਕੇ ਉਤੇ ਪੱਟਾਂ, ਪਟਨੇ ਵਾਲਾ ਕਰੇ ਸਰਬ ਸਫ਼ਾਈਆ । ਇਸ਼ਟ ਰਹਿਣ ਨਹੀਂ ਦੇਣਾ ਕੋਈ ਪੱਥਰ ਇੱਟਾਂ, ਸਿਲ ਪੂਜਸ ਨਜ਼ਰ ਕੋਇ ਨਾ ਆਈਆ । ਸਭ ਦਾ ਲਹਿਣਾ ਕਰਨਾ ਚਿੱਟਾ, ਚੇਟਕ ਦੇਣਾ ਗੁਆਈਆ । ਸ਼ਬਦ ਗੁਰੂ ਗੁਰਦੇਵ ਸਵਾਮੀ ਮਸਤਕ ਲਾ ਕੇ ਟਿੱਕਾ, ਦੋ ਜਹਾਨ ਦੇਣੀ ਵਡਿਆਈਆ । ਜਿਸ ਦਾ ਪੁਰਖ ਅਕਾਲ ਇਕੋ ਪਿਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਸੋ ਭਗਤਾਂ ਕਰੇ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਖੇਲ ਨਿਤ ਨਵਿਤਾ, ਜੁਗ ਚੌਕੜੀ ਫੇਰਾ ਪਾਈਆ । ਓਹ ਕਰਵਟ ਵਿਚ ਬਦਲੇ ਆਪਣੀ ਪਿੱਠਾ, ਸਨਮੁਖ ਹੋ ਕੇ ਸੋਭਾ ਪਾਈਆ । ਸਚ ਪ੍ਰੀਤੀ ਬਿਨਾ ਕਿਸੇ ਦੁਆਰ ਕਦੇ ਨਾ ਵਿਕਾ, ਕ਼ੀਮਤ ਸਕੇ ਨਾ ਕੋਇ ਚੁਕਾਈਆ । ਧੁਰ ਦੇ ਪ੍ਰੇਮ ਅੰਦਰ ਨਿੱਕਾ, ਨਿੱਕਿਉਂ ਨਿੱਕਾ ਆਪ ਦਰਸਾਈਆ । ਜਿਹੜਾ ਚਾਰ ਕੁੰਟ ਨਹੀਂ ਦਿਸਾ, ਜਗ ਨੈਣ ਨਾ ਕੋਇ ਰੁਸ਼ਨਾਈਆ । ਉਹ ਭਗਤਾਂ ਦਾ ਪੂਰਾ ਕਰੇ ਪਿਛਾ, ਲੇਖਾ ਪੂਰਬ ਝੋਲੀ ਪਾਈਆ । ਸਭ ਦੀ ਮਨਸਾ ਦੇ ਕੇ ਇੱਛਾ, ਨਿਰਇਛਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਰੰਗ ਰੰਗਾਈਆ । ਕਾਲੇ ਬਸਤਰ ਕਹਿਣ ਇਹ ਗੋਬਿੰਦ ਦੀ ਮੰਗ, ਉਚ ਪੀਰ ਵਡਿਆਈਆ । ਨੀਲੀ ਧਾਰ ਚੋਂ ਧਾਰ ਲੰਘ, ਨੰਗੀ ਪੈਰ ਸੇਵ ਕਮਾਈਆ । ਸਚ ਸਿੰਘਾਸਣ ਛਡ ਪਲੰਘ, ਮਾਛੂਵਾੜਾ ਸੇਜ ਸੁਹਾਈਆ । ਇਕ ਇਕ ਦਾ ਲੈ ਅਨੰਦ, ਅਨੰਦ ਅਨੰਦ ਵਿਚ ਜਣਾਈਆ । ਨਿਰਗੁਣ ਨਿਰਵੈਰ ਭਗਤਾਂ ਸੰਗ, ਸਗਲਾ ਸੰਗ ਨਿਭਾਈਆ । ਓਸ ਵੇਲੇ ਸ਼ਬਦ ਅਗੰਮੀ ਪੁਰਖ ਅਕਾਲ ਸੁਣਾਇਆ ਬਿਨਾ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਗੋਬਿੰਦ ਤੇਰਾ ਮੇਰਾ ਲੇਖਾ ਬਾਹਰ ਚਾਰ ਖਾਣੀ ਸੇਤਜ ਉਤਭੁਜ ਜੇਰਜ ਅੰਡ, ਤੱਤਾਂ ਵਿਚ ਬੰਦ ਨਾ ਕੋਇ ਕਰਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਢੌਣੀ ਕੰਧ, ਭਾਂਡਾ ਭਰਮ ਦੇਣਾ ਭੰਨਾਈਆ । ਸਭ ਦਾ ਸਾਂਝਾ ਕਰਨਾ ਛੰਦ, ਸੋਹਲਾ ਧੁਰਦਰਗਾਹੀਆ । ਓਸ ਵੇਲੇ ਇਕ ਦਵਾਰਾ ਲੰਘ, ਸਾਚਾ ਦਰ ਦੇਣਾ ਸੁਹਾਈਆ । ਜਨ ਭਗਤਾਂ ਚਾੜ੍ਹ ਕੇ ਰੰਗ, ਰੰਗਤ ਪਿਛਲੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਾਲੇ ਕਪੜੇ ਕਹਿਣ ਅਸੀਂ ਜਗਤ ਦੇ ਕਾਲੇ ਬਸਤਰ, ਬਸਤੀ ਵੇਖੀਏ ਕੂੜ ਲੋਕਾਈਆ । ਜਿਸ ਵੇਲੇ ਗੋਬਿੰਦ ਨੇ ਖੋਲ੍ਹੇ ਸੀ ਸ਼ਸਤਰ, ਭੱਥਾ ਜ਼ਿਮੀਂ ਉਤੇ ਟਿਕਾਈਆ । ਇਕ ਪ੍ਰੇਮ ਚਲਾਇਆ ਅਸਤਰ, ਹਸਤ ਹਸਤ ਨਾਲ ਛੁਹਾਈਆ । ਓਸ ਵੇਲੇ ਹਾਜ਼ਰ ਹੋਇਆ ਬੇਟਾ ਰਾਮ ਦਸਰਥ, ਆਪਣੀ ਆਸ ਪੁਚਾਈਆ । ਗੋਬਿੰਦ ਅੱਗੇ ਲਹਿਣਾ ਲੇਖਾ ਕਿਸ ਦਵਾਰੇ ਕਰਨਾ ਬਸਰਤ, ਬਿਛਰਤ ਕਵਣ ਮਿਲਾਈਆ । ਇਹ ਮੇਰੀ ਤਰੇਤੇ ਜੁਗ ਦੀ ਹਸਰਤ, ਸਹਿਜ ਦੇਣਾ ਸਮਝਾਈਆ । ਤੂੰ ਜੋਧਾ ਸੂਰਬੀਰ ਬਹਾਦਰ ਕਿਹੜੀ ਕਰਦਾ ਕਸਰਤ, ਕਵਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਭੇਵ ਅਭੇਦਾ ਰਿਹਾ ਦ੍ਰਿੜਾਈਆ । ਗੋਬਿੰਦ ਕਹੇ ਸੁਣ ਰਾਮ ਪਿਆਰੇ, ਰਾਮ ਦੇ ਰਾਮ ਵਡਿਆਈਆ । ਮੇਰੇ ਪ੍ਰਭ ਦੇ ਖੇਲ ਨਿਆਰੇ, ਜੁਗ ਚੌਕੜੀ ਆਪ ਵਖਾਈਆ । ਮੈਂ ਆਦਿ ਓਸ ਦੇ ਸਹਾਰੇ, ਅੰਤ ਓਸੇ ਵਿਚ ਸਮਾਈਆ । ਓਹ ਵੇਖ ਮੇਰੇ ਜਗਤ ਵਾਲੇ ਦੁਲਾਰੇ, ਜੋ ਨਾਤਾ ਗਏ ਤੁੜਾਈਆ । ਆਹ ਵੇਖ ਸ਼ਬਦ ਨਾਲ ਇਸ਼ਾਰੇ, ਗੁਰਮੁਖ ਦਿਆਂ ਜਣਾਈਆ । ਜਿਨ੍ਹਾਂ ਦੇ ਕਾਇਆ ਮੰਦਰ ਅੰਦਰ ਮੇਰੇ ਉਹ ਚੁਬਾਰੇ, ਜਿਸ ਦੀ ਇੱਟ ਨਜ਼ਰ ਕੋਇ ਨਾ ਆਈਆ । ਜੋ ਮੇਰਾ ਮੈਂ ਉਸ ਦੇ ਸਦਾ ਦੁਆਰੇ, ਦੂਰ ਦੁਰਾਡੇ ਪੰਧ ਮੁਕਾਈਆ । ਇਹੋ ਹੁਕਮ ਸੱਚੀ ਸਰਕਾਰੇ, ਪੁਰਖ ਅਕਾਲ ਦਿਤਾ ਸਮਝਾਈਆ । ਰਾਮ ਕਿਹਾ ਮੈਂ ਤੈਥੋਂ ਬਲਿਹਾਰੇ, ਸਦਕੇ ਘੋਲ ਘੁਮਾਈਆ । ਗੋਬਿੰਦ ਕਿਹਾ ਓਹ ਵੇਖ ਜੋਤ ਨਿਰੰਕਾਰੇ, ਜੋਤੀ ਨੂਰ ਕਰੇ ਰੁਸ਼ਨਾਈਆ । ਕੁਛ ਸ਼ਬਦੀ ਬੋਲ ਸੁਣਾਏ ਜੈਕਾਰੇ, ਕਰੇ ਅਗੰਮ ਪੜ੍ਹਾਈਆ । ਜਿਸ ਵੇਲੇ ਚੌਥਾ ਜੁਗ ਆਵੇ ਕਿਨਾਰੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਪੂਰੇ ਕਰੇ ਲਾਰੇ, ਲਹਿਣਾ ਮੂਲ ਚੁਕਾਈਆ । ਨਿਰਗੁਣ ਨਿਰਵੈਰ ਆਪ ਆਵੇ ਵਿਚ ਸੰਸਾਰੇ, ਜੋਤੀ ਜਾਮਾ ਵੇਸ ਵਟਾਈਆ । ਗੋਬਿੰਦ ਕਿਹਾ ਮੈਂ ਕਲਗ਼ੀ ਵਾਲਾ ਉਹ ਕਲਕੀ ਅਵਤਾਰੇ, ਜਿਸ ਦੀ ਕਲਾ ਸਮਝ ਕਿਸੇ ਨਾ ਆਈਆ । ਓਹ ਵਸੇ ਸਦਾ ਭਗਤਾਂ ਦੁਆਰੇ, ਦੂਜੇ ਦਰ ਨਜ਼ਰ ਨਾ ਆਈਆ । ਅਸਾਂ ਸਾਰਿਆਂ ਓਸ ਦੇ ਹੋਣਾ ਪਨਿਹਾਰੇ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਇਕ ਸਮਝਾਈਆ । ਰਾਮ ਕਿਹਾ ਗੋਬਿੰਦ ਇਹ ਖੇਲ ਨਿਰਾਲਾ, ਹਰਿ ਕਰਤਾ ਆਪ ਕਰਾਈਆ । ਗੋਬਿੰਦ ਕਿਹਾ ਜੁਗ ਚੌਕੜੀ ਬਦਲੇ ਚਾਲਾ, ਰਾਮ ਕ੍ਰਿਸ਼ਨ ਰਹਿਣ ਕੋਇ ਨਾ ਪਾਈਆ । ਰਾਮ ਕਿਹਾ ਮੈਂ ਵੇਖਾਂ ਖੇਲ ਸਚੀ ਧਰਮਸਾਲਾ, ਧਰਮ ਦਵਾਰਿਉਂ ਨਜ਼ਰੀ ਆਈਆ । ਗੋਬਿੰਦ ਕਿਹਾ ਮੈਂ ਓਸ ਦਾ ਨੱਢਾ ਬਾਲਾ, ਨਨ੍ਹਾ ਸੋਭਾ ਪਾਈਆ । ਜਿਸ ਕਲਜੁਗ ਅੰਤ ਸਭ ਦਾ ਕੱਢਣਾ ਦਵਾਲਾ, ਲੇਖਾ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਬਸਤਰ ਤੱਕੇ ਉਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਦੁਨੀਆ ਭਾਰ ਮਿਟੌਣਾ ਦੋ, ਦੂਆ ਏਕੇ ਵਿਚ ਸਮਾਈਆ । ਸਤਿਜੁਗ ਸਾਚੀ ਕਰਨੀ ਲੋ, ਲੋਆਂ ਪੂਰੀਆਂ ਪੜਦਾ ਲਾਹੀਆ । ਜਨ ਭਗਤਾਂ ਕੂੜੀ ਕਿਰਿਆ ਵਿਚੋਂ ਕਰ ਨਿਰਮੋਹ, ਮੁਹੱਬਤ ਇਕੋ ਨਾਲ ਜੁੜਾਈਆ । ਪਰਮਾਤਮ ਹੋ ਕੇ ਆਤਮ ਜਾਵੇ ਛੋਹ, ਸੁਰਤੀ ਸ਼ਬਦ ਨਾਲ ਮਿਲਾਈਆ । ਕਿਸੇ ਨਾਲ ਨਾ ਕਰੇ ਧਰੋਹ, ਜ਼ੁਲਮ ਸਿਤਮ ਨਾ ਕੋਇ ਢਾਹੀਆ । ਗੁਰਮੁਖਾਂ ਦੇ ਅੰਦਰੋਂ ਕੂੜੀ ਕਿਰਿਆ ਦੇ ਕੱਢੇ ਗ੍ਰੋਹ, ਪਤਤ ਪੁਨੀਤ ਬਣਾਈਆ । ਨਿਝਰ ਰਸ ਅੰਮ੍ਰਿਤ ਬੂੰਦ ਸਵਾਂਤੀ ਦੇਵੇ ਚੋ, ਲੋਚਣ ਨੈਣ ਇਕ ਖੁਲ੍ਹਾਈਆ । ਭਗਤ ਭਗਵਾਨ ਇਕ ਰੂਪ ਜਾਵਣ ਹੋ, ਇਕੋ ਰੰਗ ਰੰਗਾਈਆ । ਦੁਰਮਤ ਮੈਲ ਦੇਵੇ ਧੋ, ਪਤਤ ਪੁਨੀਤ ਬਣਾਈਆ । ਧੁਰ ਦੀ ਵਸਤ ਨਾਮ ਨਿਧਾਨਾ ਢੋਆ ਦੇਵੇ ਢੋਅ, ਹਰਿ ਕਰਤਾ ਆਪ ਵਰਤਾਈਆ । ਜਿਸ ਦਾ ਭੇਤ ਨਾ ਜਾਣੇ ਕੋ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਕੁੜਿਆਰਾ ਦਏ ਮਿਟਾਈਆ । ਕਾਲੇ ਕਪੜੇ ਕਹਿਣ ਅਸੀਂ ਕਾਲੀ ਧਾਰ ਰਹਿਣ ਨਹੀਂ ਦੇਣੀ ਨਿੰਦਕ, ਨਾਤਾ ਕੂੜ ਦੇਣਾ ਤੁੜਾਈਆ । ਸਤਿ ਧਰਮ ਦਾ ਦੇ ਕੇ ਸਿਦਕ, ਸਬੂਰੀ ਸਬਰ ਦੇਣੀ ਜਣਾਈਆ । ਪ੍ਰੇਮ ਪਿਆਰ ਦੀ ਦੱਸ ਕੇ ਮਿਲਤ, ਮਿਲਣੀ ਹਰਿ ਜਗਦੀਸ਼ ਕਰਾਈਆ । ਮਨ ਕਲਪਣਾ ਰਹਿਣ ਨਹੀਂ ਦੇਣੀ ਇੱਲਤ, ਇਲਮ ਆਲਮ ਨਾ ਕੋਇ ਲੜਾਈਆ । ਸਚ ਧਰਮ ਦੀ ਦੇਣੀ


੫੮
੨੧

ਹਿੰਮਤ, ਬੁੱਧ ਬਬੇਕ ਜਣਾਈਆ । ਜਨ ਭਗਤਾਂ ਦੱਸਣੀ ਪ੍ਰਭੂ ਦੀ ਸਿੰਮਤ, ਮਾਰਗ ਇਕ ਉਪਜਾਈਆ । ਜਿਸ ਦੀ ਮਹਿੰਮਾ ਚਾਰ ਜੁਗ ਦੇ ਗ੍ਰੰਥ ਲਿਖਤ, ਭਵਿਖਤ ਵਿਚ ਵਡਿਆਈਆ । ਉਹ ਦੀਨ ਦਿਆਲਾ ਆਦਿ ਜੁਗਾਦੀ ਇਸ਼ਟ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਸੋ ਮਹਿਬੂਬ ਮੁਹੱਬਤ ਵਿਚ ਗੁਰਮੁਖਾਂ ਖੋਲ੍ਹੇ ਦ੍ਰਿਸ਼ਟ, ਦ੍ਰਿਸ਼ਟੀ ਆਪਣੀ ਉਤੇ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੱਸ ਕੇ ਸਾਚਾ ਗ੍ਰਹਿਸਤ, ਗਹਿਰ ਗੰਭੀਰ ਦਏ ਸਰਨਾਈਆ । ਜਿਸ ਦੇ ਕੋਲ ਜੁਗ ਚੌਕੜੀ ਸਭ ਦੀ ਸਦਾ ਫ਼ਰਿਸਤ, ਅਭੁਲ ਭੁਲ ਕਦੇ ਨਾ ਜਾਈਆ । ਗੁਰਮੁਖੋ ਤੁਹਾਡੇ ਚਰਨਾਂ ਹੇਠ ਰੋਲ ਕੇ ਸਵਰਗ ਬਹਿਸ਼ਤ, ਸਚ ਦਵਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਧਰਮ ਇਕ ਜਣਾਈਆ । ਕਾਲੇ ਕਪੜੇ ਕਹਿਣ ਕਾਲਾ ਰੰਗ ਅਪਾਰ, ਅਪਰੰਪਰ ਸਵਾਮੀ ਦਏ ਜਣਾਈਆ । ਜਿਸ ਦਾ ਲਹਿਣਾ ਸਦਾ ਜੁਗ ਚਾਰ, ਚੌਕੜੀ ਵੰਡ ਵੰਡਾਈਆ । ਓਹ ਵੇਖਣਹਾਰ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਨਿਰਗੁਣ ਨਿਰਵੈਰ ਹੋ ਕੇ ਉਜਿਆਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਖੇਲ ਕਰੇ ਵਿਚ ਸੰਸਾਰ, ਸਾਹਿਬ ਅੰਤਰਜਾਮੀ ਪੜਦਾ ਆਪ ਉਠਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਦਰ ਠਾਂਡੇ ਪਾਵੇ ਸਾਰ, ਅਗਨੀ ਤਤ ਬੁਝਾਈਆ । ਸੋਈ ਸੁਰਤੀ ਅਕਾਲ ਮੂਰਤੀ ਸ਼ਬਦ ਧੁਨ ਲਏ ਉਠਾਲ, ਸੁੰਨ ਮੁੰਨ ਡੇਰਾ ਢਾਹੀਆ । ਘਰ ਸਵਾਮੀ ਮੁਰੀਦਾਂ ਪੁਛੇ ਹਾਲ, ਮੁਰਸ਼ਦ ਹੋ ਕੇ ਧੁਰਦਰਗਾਹੀਆ । ਉਨ੍ਹਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਜਿਨ੍ਹਾਂ ਦੀ ਲੇਖੇ ਲਾਏ ਘਾਲ, ਕੀਤੀ ਘਾਲ ਝੋਲੀ ਪਾਈਆ । ਗੁਰਮੁਖਾਂ ਬਣਾ ਕੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਕਾਇਆ ਸੁਹਾ ਕੇ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਖਾਈਆ । ਜਿਥੇ ਸਤਿਗੁਰ ਵਸੇ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਕਾਲੇ ਬਸਤਰ ਕਹਿਣ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਨੂਰ ਇਲਾਹੀਆ । ਕਲਜੁਗ ਅੰਤ ਅਵੱਲੜੀ ਚਲ ਕੇ ਚਾਲ, ਚਾਲ ਨਿਰਾਲੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਦਾਤਾ ਬੇਪ੍ਰਵਾਹ, ਬੇਅੰਤ ਇਕ ਅਖਵਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦਏ ਸਲਾਹ, ਹੁਕਮੇ ਹੁਕਮ ਸੁਣਾਈਆ । ਸੋ ਕਲਜੁਗ ਅੰਤਮ ਬਣੇ ਮਲਾਹ, ਖੇਵਟ ਖੇਟਾ ਨੂਰ ਖ਼ੁਦਾਈਆ । ਸਤਿ ਬੇੜਾ ਲਏ ਚਲਾ, ਨਈਆ ਨੌਕਾ ਨਾਮ ਪ੍ਰਗਟਾਈਆ । ਵਾਹਦ ਜਲਵਾ ਕਰ ਰੁਸ਼ਨਾ, ਖ਼ੁਦਾ ਖ਼ੁਦੀ ਦਏ ਗਵਾਈਆ । ਵਾਹਦ ਕਲਮਾ ਦਏ ਪੜ੍ਹਾ, ਅਬਾਦਤ ਇਕੋ ਦਏ ਸਮਝਾਈਆ । ਵਾਹਦ ਮੰਜ਼ਲ ਦਏ ਵਖਾ, ਅਰਸ਼ ਕੁਰਸ਼ ਡੇਰਾ ਢਾਹੀਆ । ਵਾਹਦ ਮਹਿਬੂਬ ਦਏ ਮਿਲਾ, ਮੇਲਾ ਇਕੋ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਕਾਲਾ ਬਸਤਰ ਕਹੇ ਜਿਸ ਵੇਲੇ ਮੁਹੰਮਦ ਰਖਿਆ ਵਿਚ ਕ਼ਬਰ, ਮਕ਼ਬਰਾ ਦਏ ਦੁਹਾਈਆ । ਜਾਮ ਹਕੀਕੀ ਪੀਤਾ ਮਲਕੁਲ ਮੌਤ ਸਬਰ, ਸਾਬਰ ਸਬਰ ਵਡਿਆਈਆ । ਛਡ ਉਮਤੀ ਕੂੜ ਕੁੜਿਆਰਾਂ ਵਾਲੇ ਟੱਬਰ, ਸੁਨਤ ਵਾਲੇ ਤਜਾਈਆ । ਵੇਖਿਆ ਜਲਵਾ ਇਕੋ ਨੂਰ ਸ਼ੇਰ ਬੱਬਰ, ਚੌਦਸ ਚੌਦਸ ਚੌਦਸ ਰੁਸ਼ਨਾਈਆ । ਮੁਹੰਮਦ ਚੁੰਮੇ ਏਕਾ ਕ਼ਦਮ, ਕ਼ਦਮ ਬੋਸੀ ਵਿਚ ਸੀਸ ਨਿਵਾਈਆ । ਸਚ ਦੁਆਰਾ ਲੱਗਾ ਲੱਭਣ, ਜਿਥੇ ਨੂਰ ਇਕ ਰੁਸ਼ਨਾਈਆ । ਇਕ ਮੁਹੱਬਤ ਵਿਚ ਹੋ ਕੇ ਮਗਨ, ਨਾਅਰਾ ਦਿਤਾ ਲਾਈਆ । ਪਰਵਰਦਿਗਰ ਸਾਂਝੇ ਯਾਰ ਕਿਸ ਵੇਲੇ ਕਰੇਂ ਆਪਣਾ ਅਦਲ, ਇਨਸਾਫ਼ ਸਚ ਕਮਾਈਆ ।

ਨੂਰੀ ਅੱਲ੍ਹਾ ਕਹੇ ਜਿਸ ਵੇਲੇ ਸਦੀ ਚੌਧਵੀਂ ਦੇਵਾਂ ਬਦਲ, ਬਦਲਾਂ ਖ਼ਲਕ ਖ਼ੁਦਾਈਆ । ਕੂੜੀ ਕਿਰਿਆ ਕਰ ਕੇ ਕ਼ਤਲ, ਕ਼ਾਤਲ ਮਕ਼ਤੂਲ ਵੇਖ ਵਖਾਈਆ । ਸੂਫ਼ੀ ਫ਼ਕੀਰ ਉਠਾ ਕੇ ਰਤਨ, ਅਮੋਲਕ ਆਪ ਉਪਜਾਈਆ । ਸਾਚੇ ਬਹਿ ਕੇ ਪਤਣ, ਵੇਖਾਂ ਥਾਉਂ ਥਾਈਂਆ । ਮੁਹੰਮਦਾ ਤੈਨੂੰ ਫੇਰ ਵਖਾਵਾਂ ਕਾਅਬਿਆਂ ਵਾਲਾ ਵਤਨ, ਆਪਣਾ ਹੁਕਮ ਜਣਾਈਆ । ਜਿਥੇ ਤੇਰਾ ਕਲਮਾ ਦੱਸਿਆ ਹੋਇਆ ਜਪਣ, ਹੋਕਾ ਹੱਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਜਣਾਈਆ । ਧੁਰ ਦਾ ਲੇਖਾ ਲੈਣਾ ਸਮਝ, ਬਿਨ ਸਮਝ ਸਮਝ ਸਮਝਾਈਆ । ਬਿਨ ਕਲਮਿਉਂ ਬਿਨ ਨਾਮ ਨਿਧਾਨ ਬਿਨ ਨਾਦ ਧੁਨ ਬਿਨ ਆਵਾਜ਼ ਰਮਜ਼, ਰਹੀਮ ਰਹਿਮਾਨ ਲਗਾਈਆ । ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਜੰਮਣ, ਤਨ ਵਜੂਦ ਹੰਢਾਈਆ । ਅੰਤ ਪੁਰਖ ਅਕਾਲਾ ਦੀਨ ਦਿਆਲਾ ਕੱਢਕੇ ਸਭ ਦੇ ਸੰਮਣ, ਹੁਕਮ ਨਾਲ ਆਪਣੇ ਦਰ ਬਹਾਈਆ । ਦਰਵੇਸ਼ ਹੋ ਕੇ ਹਮੇਸ਼ ਮੰਗਣ, ਗਲ ਪੱਲੂ ਵਾਸਤਾ ਪਾਈਆ । ਕ਼ਦਮਾਂ ਉਤੇ ਝੁਕ ਝੁਕ ਡਿੱਗਣ, ਸਿਰ ਸਕੇ ਨਾ ਕੋਇ ਉਠਾਈਆ । ਜੁਗ ਚੌਕੜੀ ਜਿਸ ਵੇਲੇ ਚਾਹਵਾਂ ਲੋਕਮਾਤ ਚਾੜ੍ਹ ਦੇਵਾਂ ਰੰਗਣ, ਤਤ ਵਜੂਦ ਵਡਿਆਈਆ । ਜਿਸ ਵੇਲੇ ਹੁਕਮ ਕਰਾਂ ਮੰਗਾ ਕੇ ਆਪਣੇ ਅੰਗਣ, ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਮੇਰੀ ਤੋਬਾ ਅਮੀਨ, ਆਲਮੀਨ ਸਰਨਾਈਆ । ਮੋਹੇ ਤੋਹੇ ਯੱਕ ਯਕੀਨ, ਨਿਉਂ ਨਿਉਂ ਲਾਗਾਂ ਪਾਈਆ । ਤੇਰੇ ਹੁਕਮ ਦੀ ਸਚ ਤਾਲੀਮ, ਤੁਲਬੇ ਗੁਰ ਅਵਤਾਰ ਪੈਗ਼ੰਬਰ ਅਖਵਾਈਆ । ਤੇਰਾ ਘਰਾਨਾ ਉਚ ਅਜ਼ੀਮ, ਆਲੀਸ਼ਾਨ ਸੋਭਾ ਪਾਈਆ । ਤੂੰ ਮਾਲਕ ਸਦ ਕ਼ਦੀਮ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਅਸੀਂ ਸਦਾ ਤੇਰੇ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਤੇਰੀ ਸਿਫ਼ਤਾਂ ਰਹੇ ਚੀਨ, ਚਿੰਤਾ ਗ਼ਮ ਗੁਆਈਆ । ਤੈਨੂੰ ਕਹਿ ਕੇ ਇਕ ਮੋਬੀਨ, ਵਾਹ ਵਾਹ ਤੇਰੀ ਸਿਫ਼ਤ ਸਾਲਾਹੀਆ । ਤੇਰਾ ਖੇਲ ਉਤੇ ਜ਼ਮੀਨ, ਅਸਮਾਨ ਜਮਾਨ ਖੇਲ ਖਿਲਾਈਆ । ਤੂੰ ਸਾਹਿਬ ਸਦਾ ਪ੍ਰਬੀਨ, ਪਾਰਬ੍ਰਹਮ ਵਡਿਆਈਆ । ਤੇਰਾ ਲੇਖਾ ਨਹੀਂ ਨਰ ਮਦੀਨ, ਆਤਮ ਨੂਰ ਤੇਰੀ ਰੁਸ਼ਨਾਈਆ । ਤੂੰ ਸਾਹਿਬ ਨਹੀਂ ਮਸਕੀਨ, ਦੇਵਣਹਾਰ ਅਖਵਾਈਆ । ਜਿਸ ਵੇਲੇ ਕਲਜੁਗ ਅੰਤ ਪੈਗ਼ੰਬਰੋ ਤੁਹਾਡੀ ਹੋਈ ਤੌਹੀਨ, ਆਬਰੂ ਰਹਿਣ ਕੋਇ ਨਾ ਪਾਈਆ । ਫੇਰ ਮੈਂ ਲੇਖਾ ਮੁਕਾਵਾਂ ਪ੍ਰਾਚੀਨ, ਪਿਛਲਾ ਝਗੜਾ ਦਿਆਂ ਮੁਕਾਈਆ । ਨਵਾਂ ਨੂਰ ਵਖਾ ਕੇ ਸੀਨ, ਅਲਿਫ਼ ਯੇ ਦਾ ਡੇਰਾ ਢਾਹੀਆ । ਸ਼ਰਅ ਵਿਚ ਰਹਿਣ ਨਾ ਦੇਵਾਂ ਕੋਈ ਗ਼ਮਗੀਨ, ਗ਼ਮੀ ਵਿਚੋਂ ਖ਼ੁਸ਼ੀ ਦਿਆਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਜਿਸ ਗ੍ਰਿਹ ਬੈਠਾ ਆਸਣ ਲਾਈਆ । ਕਾਲੇ ਕਪੜੇ ਵੇਖੋ ਕਾਲੀ ਧਾਰ, ਕਲਮਿਆਂ ਬਾਹਰ ਪੜ੍ਹਾਈਆ । ਮਜ਼ੀਉਲ ਮਜਾ ਰਵੀਉਲ ਅਜ਼ਾ ਨਬੀਉਲ ਜਹਾਂ ਸ਼ਾਮੇ ਨਮਾਂ ਰੋਸ਼ੇ ਅਵਾਂ ਸ਼ਾਇਰੇ ਸ਼ੁਰੂ ਨਵਜ਼ਲਕੇ ਰੁਹਿੰਦਗੀ ਨਾ ਆਫ਼ਤਾਬੇ ਤਲੂਹ ਜ਼ਾਹਰੇ ਨਗਾਂ ਅਜ਼ੀਨੇ ਅਸਮਾਂ ਸ਼ਾਨੇ ਸਜ਼ਗ ਲਹਿਜ਼ਤੇ ਜ਼ਵੱਗ ਸੂਰਾ ਸਰਬੱਗ ਪੁਰਖ ਸਮਰਥ ਮਹਿੰਮਾ ਅਕਥ ਕਥਨੀ ਕਥ ਨਾ ਸਕੇ ਰਾਈਆ । ਜਾਹੀਨੇ ਦਹਿੰਦ ਗੁਜ਼ੀਨੇ ਬਖ਼ਸ਼ਿੰਦ ਨਜ਼ੀਨੇ ਚਿੰਦ ਮਜ਼ੀਨੇ ਗੋਬਿੰਦ ਪੋਜ਼ੀਨੇ ਸ਼ਹਿੰਦ ਨਾਜ਼ੂਨੇ ਜ਼ਮੀਂ ਆਸਮਾਨੇ ਅਮਾਮ ਪੈਗ਼ੰਬਰੇ ਅਯਾਮ ਖ਼ਾਨਾ ਤਮਾਮ ਖ਼ੁਦਾਏ ਸਲਾਮ ਰਹਿਮਤੇ ਨਜ਼ਾਮ ਜ਼ਾਗੁਰਤੇ ਕਲਾਮ ਮੁਹੰਮਦੇ ਬੇਜ਼ਬਾਨ ਜ਼ਵੀਚਿਸਤ ਨਾਚੂਜ਼ੇ ਨਜ਼ਾਂ ਰਹੀਮ ਰਿਹਾ ਮਹਿਬਾਨ ਬੀਦੋ ਬੀ ਖੈਰੀਯਾ ਅਲਾਹ ਅਲਾਹੀ ਨੂਰ ਨਜ਼ਰੀ ਆਈਆ । ਕਾਲੇ ਬਸਤਰ ਕਹਿਣ ਇਹ ਖੇਲ ਪ੍ਰਭੂ ਦਾ ਨਵਾਂ, ਜਿਸ



੬੦
੨੧

ਨੇ ਬਦਲ ਦੇਣਾ ਸਮਾਂ, ਪੈਗ਼ੰਬਰਾਂ ਦੀ ਪੂਰੀ ਕਰਨੀ ਤਮਾਂ, ਸਭ ਦਾ ਲੇਖਾ ਹੋਣਾ ਜਮ੍ਹਾਂ, ਬਿਨਾ ਪਰਵਰਦਿਗਾਰ ਸਾਂਝੇ ਯਾਰ ਸਭ ਦੀ ਗੁਲ ਹੋਣੀ ਸ਼ਮਾ, ਸ਼ਮਾਦਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ਹੋਣ ਲੱਗਾ ਰਵਾਂ, ਰਵਾਨਗੀ ਵਿਚ ਪ੍ਰਵਾਨਗੀ ਅਹਿਸਾਨਗੀ ਬੇਪਹਿਚਾਨਗੀ ਮਰਦ ਮਰਦਾਨਗੀ ਮਦਦ ਅਦਦ ਅਦਾਲਤ ਵਿਚ ਇਨਸਾਫ਼, ਕੂੜਾ ਰਹਿਣ ਨਾ ਦੇਵੇ ਕੋਈ ਗੁਸਤਾਖ਼, ਜਨ ਭਗਤਾਂ ਕਰ ਕੇ ਮੁਆਫ਼, ਅਗਲੇ ਪਿਛਲੇ ਲਹਿਣੇ ਦੇਣੇ ਲੇਖੇ ਕਰ ਕੇ ਸਾਫ਼, ਸਾਬਤ ਸਬੂਤ ਤਨ ਵਜੂਦ ਕਲਬੂਤ ਮਹਿਦੂਦ ਮੁਹੱਬਤ ਵਿਚ ਆਪਣੀ ਹੱਦ ਲਏ ਲੰਘਾਈਆ ।

### ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੪ ਸੁਦਾਗਰ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ✻

ਸਿਆਹੀ ਕਹੇ ਮੈਂ ਦੱਸਾਂ ਭੇਵ ਸ਼ਹਿਨਸ਼ਾਹ, ਹਰਿ ਕਰਤਾ ਵਡ ਵਡਿਆਈਆ । ਆਦਿ ਜੁਗਾਦੀ ਬੇਪ੍ਰਵਾਹ, ਬੇਅੰਤ ਬੇਅੰਤ ਸਾਰੇ ਗਾਈਆ । ਸੋ ਪੁਰਖ ਨਿਰੰਜਣ ਆਪਣੀ ਖੇਲ ਰਿਹਾ ਖਿਲਾ, ਹਰਿ ਕਰਤਾ ਧੁਰਦਰਗਾਹੀਆ । ਏਕੰਕਾਰਾ ਹੁਕਮ ਵਰਤਾ, ਆਦਿ ਨਿਰੰਜਣ ਵੇਖ ਵਖਾਈਆ । ਅਬਿਨਾਸ਼ੀ ਕਰਤਾ ਹੋ ਸਹਾ, ਸ੍ਰੀ ਭਗਵਾਨ ਸੋਭਾ ਪਾਈਆ । ਪਾਰਬ੍ਰਹਮ ਪੜਦਾ ਲਾਹ, ਭੇਵ ਅਭੇਦ ਦਏ ਖੁਲ੍ਹਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਜਲਵਾਗਰ ਇਕ ਅਖਵਾਈਆ । ਸਚ ਸਿੰਘਾਸਣ ਸੋਭਾ ਪਾ, ਦਰ ਠਾਂਡੇ ਡੇਰਾ ਲਾਈਆ । ਸ਼ਬਦੀ ਸੁਤ ਦੁਲਾਰਾ ਜਾ, ਬਣੇ ਧੰਨ ਜਣੇਂਦੀ ਮਾਈਆ । ਵਿਸ਼ਨ ਬ੍ਰਹਮਾ ਸ਼ਿਵ ਉਪਜਾ, ਭੇਵ ਅਭੇਦਾ ਆਪ ਖੁਲ੍ਹਾਈਆ । ਧੁਰ ਸੰਦੇਸ਼ਾ ਇਕ ਸੁਣਾ, ਬ੍ਰਹਮੇ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਿਤਾ ਚੁਕਾਈਆ । ਸਚ ਸੰਦੇਸ਼ਾ ਬ੍ਰਹਮੇ ਦਿਤਾ ਦੱਸ, ਬਿਨ ਅੱਖਰਾਂ ਅੱਖਰ ਜਣਾਈਆ । ਇਕ ਬਣੌਣੀ ਅਗੰਮੀ ਮਸ, ਲੇਖਾ ਤੇਰੇ ਨਾਲ ਪ੍ਰਗਟਾਈਆ । ਵੇਖ ਆਪਣੀ ਓਸ ਅੱਖ, ਜਿਸ ਅੱਖ ਮੇਰੀ ਰੁਸ਼ਨਾਈਆ । ਲੱਭੇ ਇਕ ਹਕ਼ੀਕਤ ਹੱਕ, ਦੂਜੀ ਵੰਡ ਨਾ ਕੋਇ ਵੰਡਾਈਆ । ਮਿਲੇ ਕਿਸੇ ਦੁਆਰੇ ਨਾ ਹੱਟ, ਖੋਜਿਆਂ ਹੱਥ ਕੋਇ ਨਾ ਆਈਆ । ਬ੍ਰਹਮਾ ਚਰਨ ਗਿਆ ਢੱਠ, ਸੀਸ ਜਗਦੀਸ਼ ਝੁਕਾਈਆ । ਪੁਰਖ ਅਕਾਲੇ ਆਪੇ ਦੇ ਦੱਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਸੁਣ ਮੇਰੇ ਸੁਤ ਦੁਲਾਰੇ, ਸ਼ਬਦੀ ਧਾਰ ਧਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਿਆਰੇ, ਤਿੰਨਾਂ ਮੇਲਾ ਸਹਿਜ ਸੁਭਾਈਆ । ਵੇਖੇ ਨੇਤਰ ਇਕ ਉਘਾੜੇ, ਅੱਖ ਪ੍ਰਤੱਖ ਗੁਸਾਈਆ । ਲੇਖਾ ਜਾਣ ਧੁਰ ਦਰਬਾਰੇ, ਭੇਵ ਅਭੇਦਾ ਦਏ ਖੁਲ੍ਹਾਈਆ । ਨਿਵਣ ਨਿਵਣ ਨਿਵਣ ਕਰ ਨਿਮਸਕਾਰੇ, ਨਮੋ ਨਮੋ ਡੰਡਾਵਤ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਵੇ ਇਕੱਠੇ, ਆਪਣਾ ਬਲ ਧਰਾਈਆ । ਹਰਿ ਸਰਨਾਈ ਢੱਠੇ, ਢਹਿ ਢਹਿ ਖ਼ੁਸ਼ੀ ਬਣਾਈਆ । ਦੀਨ ਦਿਆਲਾ ਹਰਿ ਕਿਰਪਾਲਾ ਸਚ ਸੰਦੇਸ਼ਾ ਦੱਸੇ ਹੱਕੇ, ਹਕ਼ੀਕਤ ਇਕ ਜਣਾਈਆ । ਪ੍ਰੇਮ ਪ੍ਰੀਤੀ ਵਿਚ ਜਾਓ ਮੱਤੇ, ਵਿਸਮਾਦੀ ਹੋ ਕੇ ਬਿਸਮਿਲ ਆਪਣਾ ਆਪ ਕਰਾਈਆ । ਕੌਲ ਇਕਰਾਰ ਕਰੋ ਪੱਕੇ, ਅੱਗੇ ਸਕੇ ਨਾ ਕੋਇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਬ੍ਰਹਮ, ਹਰਿ ਕਰਤਾ ਵਡ ਵਡਿਆਈਆ । ਧੁਰ ਦਾ ਹੁਕਮ ਅਗੰਮੀ ਕਰਮ, ਨਿਹਕਰਮੀ ਆਪ ਜਣਾਈਆ । ਸਚ ਦੁਆਰੇ ਕਰ ਪ੍ਰਨ, ਪ੍ਰਮਾਨੰਦ ਵਿਚ ਸਮਾਈਆ । ਕਿਸ ਕਾਰਨ ਮਸ ਨੂੰ ਦੇਣਾ ਜਰਮ, ਜਨਣੀ ਬਣੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਪੁਰਖ ਅਕਾਲ ਕਿਹਾ ਤਿੰਨੇ ਝੁਕ ਜਾਓ ਵਾਰ ਏਕ, ਏਕੰਕਾਰ ਇਕ ਦ੍ਰਿੜਾਈਆ । ਇਕੋ ਨੂਰ ਅਗੰਮੀ ਟੇਕ, ਟਿੱਕੇ ਮਸਤਕ ਲਾਈਆ । ਇਕਾ ਨਿਗਾਹ ਲਓ ਵੇਖ, ਅੱਖ ਅੱਖ ਨਾ ਕੋਇ ਬਦਲਾਈਆ । ਇਕੋ ਤੱਕੋ ਸੱਚਾ ਦੇਸ, ਜਿਥੇ ਬੈਠਾ ਬੇਪ੍ਰਵਾਹੀਆ । ਇਕੋ ਸਦਾ ਰਹੇ ਹਮੇਸ਼, ਜੋਤੀ ਜਾਤਾ ਇਕ ਅਖਵਾਈਆ । ਜਿਸ ਦੇ ਅੱਗੇ ਹੋਏ ਪੇਸ਼, ਪੇਸ਼ੀਨਗੋਈ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਆਪ ਚੁਕਾਈਆ । ਪੁਰਖ ਅਕਾਲ ਕਿਹਾ ਚਰਨ ਕਵਲ ਜਾਓ ਲੱਗ, ਆਪਣਾ ਆਪ ਮਿਟਾਈਆ । ਵੇਖੇ ਖੇਲ ਸੂਰਾ ਸਰਬਗ, ਹਰਿ ਕਰਤਾ ਦਏ ਦ੍ਰਿੜਾਈਆ । ਜਿਹੜੀ ਰਚਨਾ ਰਚੌਣੀ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਉਸ ਦਾ ਲਹਿਣਾ ਦੇਵਾਂ ਅੱਜ, ਆਜਜ਼ ਹੋ ਕੇ ਝੋਲੀ ਡਾਹੀਆ । ਜਿਸ ਕਾਰਨ ਲਿਆ ਸੱਦ, ਸ਼ਬਦੀ ਧਾਰ ਪ੍ਰਗਟਾਈਆ । ਵਖਾਈ ਆਪਣੀ ਹੱਦ, ਪੜਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧੁਰ ਦਾ ਹੁਕਮ ਦੇਵੇ ਹਜ਼ੂਰ, ਹਰਿ ਕਰਤਾ ਦਇਆ ਕਮਾਈਆ । ਬ੍ਰਹਮੇ ਕਰੇ ਆਸਾ ਪੂਰ, ਮਨਸਾ ਪੂਰ ਕਰਾਈਆ । ਆਹ ਲੈ ਚਰਨ ਕਵਲ ਧੂਲ, ਧੂੜ ਨਾ ਕੋਇ ਵਖਾਈਆ । ਜਿਸ ਦੇ ਨਾਲ ਸਭ ਦਾ ਬਣੇ ਮੂਲ, ਅਮੁੱਲ ਮੁੱਲ ਨਾ ਕੋਇ ਵਖਾਈਆ ।





ਫ਼ਰਮਾਨਾ ਦੱਸ ਅਸੂਲ, ਹੁਕਮ ਇਕ ਵਰਤਾਈਆ । ਦਰ ਠਾਂਡੇ ਕਰੋ ਕ਼ਬੂਲ, ਕਿਵਲ ਆਪ ਜਣਾਈਆ । ਕਰਨੀ ਦਾ ਕਰਤਾ ਕਾਰ ਕਰੇ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੀ ਵਸਤ ਹੋਈ ਵਸੂਲ, ਬ੍ਰਹਮੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਵਖਾਈਆ । ਬ੍ਰਹਮੇ ਮਿਲੀ ਧੂਲ ਚਰਨ, ਚਰਨ ਕਵਲ ਸਰਨਾਈਆ । ਅੰਤਰ ਅੰਤਰ ਲੱਗਾ ਪੜ੍ਹਨ, ਨਾਦ ਅਗੰਮੀ ਢੋਲੇ ਗਾਈਆ । ਨਿਰਗੁਣ ਦਰਸ਼ਨ ਲੱਗਾ ਕਰਨ, ਜੋਤ ਨੂਰ ਰੁਸ਼ਨਾਈਆ । ਸਚ ਦੁਆਰੇ ਲੱਗਾ ਖੜਨ, ਸਨਮੁਖ ਸੋਭਾ ਪਾਈਆ । ਭੈ ਵਿਚ ਲੱਗਾ ਡਰਨ, ਨਿਉਂ ਨਿਉਂ ਸੀਸ ਨਿਵਾਈਆ । ਤੂੰ ਕਰਤਾ ਕਰਨੀ ਕਰਨ, ਸਭ ਕੁਛ ਤੇਰੇ ਹੱਥ ਵਡਿਆਈਆ । ਨੇਤਰ ਹੰਝੂ ਲੱਗਾ ਕਿਰਨ, ਜਲ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਰਾਗ ਸੁਣਾਈਆ । ਬ੍ਰਹਮੇ ਤੁਸੀਂ ਤਿੰਨੇ ਵਹਾਓ ਨੀਰ, ਨੈਣਾਂ ਛਹਿਬਰ ਲਾਈਆ । ਇਕ ਖਿੱਚ ਕੇ ਅਗੰਮ ਲਕੀਰ, ਪੁਰਖ ਅਕਾਲ ਦਿਤੀ ਲਾਈਆ । ਤੁਹਾਡੇ ਅੰਤਰ ਮੇਰੀ ਤਦਬੀਰ, ਤਰੀਕਾ ਇਕ ਸਮਝਾਈਆ । ਜਿਸ ਦੇ ਨਾਲ ਬਦਲਾਂ ਤਾਮੀਰ, ਭੇਵ ਅਭੇਦ ਖੁਲ੍ਹਾਈਆ । ਜਿਹੜੀ ਮੇਰੀ ਸੁਣੋ ਤਕਰੀਰ, ਇਹ ਤਹਿਰੀਰ ਦੇਣੀ ਬਣਾਈਆ । ਮੈਂ ਪਾਤਸ਼ਾਹ ਤੁਸੀਂ ਮੇਰੇ ਵਜ਼ੀਰ, ਧੁਰ ਦਾ ਹੁਕਮ ਰਿਹਾ ਦ੍ਰਿੜਾਈਆ । ਆਦਿ ਜੁਗਾਦਿ ਰਹਿਣਾ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਸਤਿ ਭਰੋਸਾ ਸਤਿ ਯਕੀਨ, ਇਕ ਇਕੱਲਾ ਆਪ ਰਖਾਈਆ । ਵੇਖਿਓ ਕਦੇ ਨਾ ਹੋਇਓ ਗ਼ਮਗੀਨ, ਅੰਤਰ ਰੰਗ ਚੜ੍ਹਾਈਆ । ਜਿਸ ਵੇਲੇ ਖੇਲ ਕਰਾਂ ਅਸਮਾਨ ਜ਼ਮੀਨ, ਬ੍ਰਹਿਮੰਡ ਖੰਡ ਪ੍ਰਗਟਾਈਆ । ਤਿੰਨਾਂ ਦੇ ਕੇ ਇਕ ਤਾਲੀਮ, ਸਿਖਿਆ ਸਾਚੀ ਇਕ ਸਮਝਾਈਆ । ਦਵਾਰਾ ਦੱਸ

ਅਗੰਮ ਅਜ਼ੀਮ, ਆਲੀਸ਼ਾਨ ਸੁਹਾਈਆ । ਥੋੜ੍ਹੀ ਥੋੜ੍ਹੀ ਕਰ ਤਕਸੀਮ, ਹੁਕਮ ਹੁਕਮ ਵਿਚ ਜਣਾਈਆ । ਮੇਰਾ ਖੇਲ ਸਦਾ ਕਦੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਪੁਰਖ ਅਕਾਲ ਕਿਹਾ ਬ੍ਰਹਮੇ ਚਰਨ ਧੂਲ ਦੀ ਮਸ, ਮਸਤੀ ਵਿਚ ਵਡਿਆਈਆ । ਇਹ ਤੇਰੇ ਫੜੌਣੀ ਹੱਥ, ਹਥੇਲੀ ਉਤੇ ਟਿਕਾਈਆ । ਓਧਰੋਂ ਵੈਰਾਗ ਦਿਤਾ ਝਟ, ਅੰਦਰੋਂ ਕਲ ਬਦਲਾਈਆ । ਵਿਸ਼ਨ ਬ੍ਰਹਮਾ ਸ਼ਿਵ ਗਏ ਢੱਠ, ਚਰਨਾਂ ਸੀਸ ਨਿਵਾਈਆ । ਕਰ ਪ੍ਰਕਾਸ਼ ਜੋਤ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਵਹਿੰਦੀ ਧਾਰ ਖੋਲ੍ਹ ਕੇ ਹੱਟ, ਵਸਤ ਅਗੰਮੀ ਇਕ ਵਰਤਾਈਆ । ਬ੍ਰਿਹੋਂ ਵੈਰਾਗ ਲਗਾਇਆ ਫੱਟ, ਨੇਤਰ ਰੋਵਣ ਨੈਣਾਂ ਨੀਰ ਵਹਾਈਆ । ਦੀਨ ਦਿਆਲ ਨੇ ਬ੍ਰਹਮੇ ਦੇ ਅੱਖਾਂ ਹੇਠਾਂ ਡਾਹਿਆ ਹੱਥ, ਮਸ ਜਿਸ ਉਤੇ ਟਿਕਾਈਆ । ਫੇਰ ਬਚਨ ਕੀਤਾ ਹੱਸ, ਖ਼ੁਸ਼ੀਆਂ ਨਾਲ ਜਣਾਈਆ । ਤੁਹਾਡਾ ਨੇਤਰ ਪਾਣੀ ਮੇਰੀ ਧੂੜ ਦਾ ਰਸ, ਰਸਤਾ ਅਗਲਾ ਦਏ ਬਣਾਈਆ । ਦੋਹਾਂ ਦਾ ਮੇਲ ਕਰੋ ਇਕੱਠ, ਵੱਖਰਾ ਰਹਿਣ ਕੋਇ ਨਾ ਪਾਈਆ । ਫਿਰ ਦੋਵੇਂ ਜੋੜ ਕੇ ਹੱਥ, ਸੀਸ ਦਿਓ ਝੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲਓ ਰਟ, ਨਿਰਗੁਣ ਨਿਰਗੁਣ ਧਾਰ ਚਲਾਈਆ । ਇਹ ਧੂਲ ਨੀਰ ਨੂੰ ਸਾਂਭ ਕੇ ਲੈਣਾ ਰਖ, ਮਿਲਿਆ ਮੇਲ ਨਾ ਕੋਇ ਤੁੜਾਈਆ । ਜਿਸ ਵੇਲੇ ਬ੍ਰਹਮਾ ਸ਼ਬਦ ਸੁਨੇਹੜਾ ਦੇਵਾਂ ਸਚ, ਹੁਕਮ ਇਕ ਸੁਣਾਈਆ । ਓਸ ਵੇਲੇ ਇਸ ਨੂੰ ਸੱਜੇ ਪੱਟ ਉਤੇ ਲਈਂ ਰਖ, ਸਹਿਜ ਸਹਿਜ ਨਾਲ ਟਿਕਾਈਆ । ਵਿਚੋਂ ਪ੍ਰਕਾਸ਼ ਹੋਵੇ ਝਟ, ਨੂਰ ਨੂਰ ਡਗਮਗਾਈਆ । ਤੇਰੀ ਰਾਣ ਤੇ ਲੱਗੇ ਫੱਟ, ਮੁਕਾਮ ਨਜ਼ਰ ਕੋਇ ਨਾ ਆਈਆ । ਜੋ ਤੇਰੀ ਮਿਲਾਵੇ ਵਿਚ ਰੱਤ, ਰੱਤੀ ਰੱਤ ਵਿਚ ਛੁਪਾਈਆ । ਫੇਰ ਮੇਰਾ ਫ਼ਰਮਾਨਾ ਲਿਖਣਾ ਖ਼ੁਸ਼ਖ਼ਤ, ਖਤੋ ਕਤਾਬਤ ਜਗਤ ਵਲ ਕਰਾਈਆ । ਇਹ ਖੇਲ ਪੁਰਖ ਸਮਰਥ, ਸਚ ਸਵਾਮੀ ਦਿਤੀ ਦ੍ਰਿੜਾਈਆ । ਸਾਚਾ ਦੇ ਕੇ ਹੱਕ, ਹਕ਼ੀਕਤ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਧੂੜ ਨੂਰ ਦਾ ਬਣਿਆ ਅਗੰਮ ਮਿਲਾਪ, ਮਿਲਣੀ ਹਰਿ ਕਰਾਈਆ । ਦੋਹਾਂ ਦਾ ਰਿਹਾ ਨਾ ਆਪਾ ਆਪ, ਆਪਾ ਆਪਣੇ ਵਿਚ ਮਿਲਾਈਆ । ਪੁਰਖ ਅਕਾਲ ਮੰਨ ਕੇ ਬਾਪ, ਸੀਸ ਦਿਤਾ ਝੁਕਾਈਆ । ਤੇਰਾ ਖੇਲ ਤੇਰਾ ਪ੍ਰਤਾਪ, ਤੇਰੀ ਬੇਪ੍ਰਵਾਹੀਆ । ਧੂਲ ਨੀਰ ਨੇ ਜਪਿਆ ਸੋਹੰ ਜਾਪ, ਬਿਨ ਰਸਨਾ ਜਿਹਵਾ ਗਾਈਆ । ਪੁਰਖ ਅਕਾਲ ਅਗੰਮੀ ਦੱਸ ਬਾਤ, ਬਾਤਨ ਦਿਤਾ ਦ੍ਰਿੜਾਈਆ । ਤੁਹਾਨੂੰ ਹੁਣ ਪੌਣਾ ਵਿਚ ਦਵਾਤ, ਹਿਸਿਆਂ ਵਿਚ ਵੰਡ ਵੰਡਾਈਆ । ਤੁਹਾਡੀ ਮਿਟ ਗਈ ਆਪਣੀ ਜ਼ਾਤ, ਦੀਨ ਦੁਨੀ ਦੀ ਜ਼ਾਤ ਦੇਣੀ ਪ੍ਰਗਟਾਈਆ । ਤੁਹਾਡਾ ਲੇਖਾ ਕਾਗ਼ਜ਼ਾਤ, ਕ਼ਲਮ ਨਾਲ ਬਣਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਭੇਜਾਂ ਦਾਸ, ਸੇਵਕ ਸੇਵਾ ਰੂਪ ਵਟਾਈਆ । ਓਹ ਕਾਤਬ ਬਣ ਕੇ ਮੇਰਾ ਲੇਖਾ ਲਿਖਣ ਹਿਸਾਬ, ਜਗਤ ਜੁਗਤ ਦ੍ਰਿੜਾਈਆ । ਵਿਦਿਆ ਵਾਲੀ ਨਹੀਂ ਕਿਤਾਬ, ਕਰਤਬ ਧੁਰ ਦਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਮਸ ਕਹੇ ਪ੍ਰਭ ਬੇਪ੍ਰਵਾਹੀ, ਤੇਰੀ ਵਡ ਵਡਿਆਈਆ । ਦਰ ਬੇਨੰਤੀ ਇਕ ਸੁਣਾਈ, ਨਿਉਂ ਨਿਉਂ ਸੀਸ ਝੁਕਾਈਆ । ਸੰਦੇਸ਼ਾ ਪੁਛਾਂ ਚਾਈਂ ਚਾਈਂ, ਪੜਦਾ ਦੇਣਾ ਉਠਾਈਆ । ਕਿਸ ਕਾਰਨ ਮੈਨੂੰ ਰਿਹਾ ਉਪਜਾਈ, ਕਿਉਂ ਇਹ ਬਣਤ ਬਣਾਈਆ । ਪੁਰਖ ਅਕਾਲ ਕਹੇ ਮੈਂ ਦਿਆਂ ਵਧਾਈ, ਸਿਰ ਤੇਰੇ ਹੱਥ ਟਿਕਾਈਆ । ਬਿਨ ਤੇਰੇ ਮੇਰੀ ਚਲੇ ਕੋਈ ਨਾ ਸ਼ਾਹੀ, ਸ਼ਹਿਨਸ਼ਾਹ ਸਕੇ ਨਾ ਕੋਇ ਪ੍ਰਗਟਾਈਆ । ਚਾਰ

ਜੁਗ ਦੀ ਤੇਰੀ ਸੇਵਾ ਲਾਈ, ਸਿਰ ਆਪਣਾ ਹੱਥ ਰਖਾਈਆ । ਬਿਨਾ ਤੇਰੇ ਮੇਰੀ ਯਾਦ ਨਾ ਕੋਇ ਜਣਾਈ, ਹਰਿ ਕਾ ਨਾਮ ਨਾ ਕੋਇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਔਣੇ ਵਾਹੋ ਦਾਹੀ, ਯਕੇ ਬਾਦ ਦੀਗਰੇ ਪੰਧ ਮੁਕਾਈਆ । ਜਿਨ੍ਹਾਂ ਤੇਰੇ ਨਾਲ ਕਰਨੀ ਇਕ ਵਡਿਆਈ, ਧੁਰ ਦਾ ਢੋਲਾ ਸਿਫ਼ਤ ਸਾਲਾਹੀਆ । ਤੇਰੀ ਸ਼ਹਾਦਤ ਜਗਤ ਗ੍ਰੰਥ ਗਵਾਹੀ, ਗਵਾਹ ਸ਼ੁਦ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਰਿਹਾ ਬਣਾਈਆ । ਸ਼ਾਹੀ ਕਹੇ ਕੀ ਮੈਂ ਮੇਟਾਂ ਜੁਗ ਜੁਗ ਸ਼ਾਹੀ, ਸ਼ਾਹ ਪਾਤਸ਼ਾਹ ਰਹਿਣ ਕੋਇ ਨਾ ਪਾਈਆ । ਕੀ ਮੈਂ ਭੱਜਾਂ ਵਾਹੋ ਦਾਹੀ, ਨਿਤ ਨਿਤ ਪੰਧ ਮੁਕਾਈਆ । ਕੀ ਮੈਂ ਗੁਰ ਅਵਤਾਰ ਪੈਗ਼ੰਬਰ ਤਕਾਂ ਰਾਹੀ, ਰਹਿਬਰ ਹੋ ਕੇ ਸੇਵ ਕਮਾਈਆ । ਕੀ ਮੈਂ ਤੇਰਾ ਨਾਮ ਸੰਦੇਸ਼ਾ ਦੇਵਾਂ ਜਣਾਈ, ਜਗ ਜੀਵਣ ਦਾਤੇ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦੇਣਾ ਉਠਾਈਆ । ਪੁਰਖ ਅਕਾਲ ਕਹੇ ਤੇਰੀ ਮੇਰੇ ਨਾਲ ਜ਼ਾਤ, ਅਜ਼ਾਤੀ ਦਿਆਂ ਜਣਾਈਆ । ਤੇਰਾ ਰਹਿਣਾ ਵਿਚ ਦਵਾਤ, ਸਚ ਘਰਾਨਾ ਇਕ ਦਸਾਈਆ । ਜੁਗ ਚੌਕੜੀ ਧੁਰ ਦੀ ਦੱਸਾਂ ਗਾਥ, ਬੋਧ ਅਗਾਧ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਾਂ ਸਾਥ, ਸਗਲਾ ਸੰਗ ਬਣਾਈਆ । ਗੁਰ ਅਵਤਾਰ ਪੈਗ਼ੰਬਰ ਜੋ ਜਾਇਣ ਆਖ, ਅੱਖਰਾਂ ਵਿਚ ਵਡਿਆਈਆ । ਲਹਿਣਾ ਦੇਣਾ ਵੇਖੀਂ ਸਾਖਿਆਤ, ਬਿਨ ਸ਼ਾਹੀ ਨੈਣਾਂ ਅੱਖ ਉਠਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸਤਿ ਧਰਮ ਦਾ ਤੁੱਟੇ ਨਾਤ, ਕੂੜ ਕੁੜਿਆਰਾ ਡੰਕ ਵਜਾਈਆ । ਸਤਿਗੁਰ ਦਿਸੇ ਕੋਈ ਨਾ ਮਾਤ, ਧਰਨੀ ਧਰਤ ਧਵਲ ਦੁਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਗੜੇ ਹਲਾਤ, ਹੱਲ ਸੁਆਲ ਨਾ ਕੋਇ ਕਰਾਈਆ । ਮਨ ਮਨੂਆ ਹੋਏ ਬਦਮਾਸ਼, ਬਦੀ ਨਾਲ ਚਤੁਰਾਈਆ । ਪਰਮ ਪੁਰਖ ਹੱਥ ਨਾ ਆਵੇ ਕੀਤਿਆਂ ਤਲਾਸ਼, ਖੋਜੀ ਖੋਜ ਨਾ ਕੋਇ ਖੁਜਾਈਆ । ਤੇਰੀ ਸੇਵਾ ਇਕ ਖ਼ਾਸ, ਹਰਿ ਖ਼ਾਲਸ ਦਏ ਵਡਿਆਈਆ । ਸ਼ਬਦ ਅਗੰਮੀ ਹੁਕਮ ਸੰਦੇਸ਼ਾ ਦੇਵੇ ਆਪ, ਹਰਿ ਕਰਤਾ ਧੁਰਦਰਗਾਹੀਆ । ਤੂੰ ਨਿਰਗੁਣ ਸਰਗੁਣ ਦੇਣਾ ਸਾਥ, ਸਗਲਾ ਸੰਗ ਬਣਾਈਆ । ਤੂੰ ਝਗੜਾ ਮੁਕੌਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਸਚ ਦੁਆਰੇ ਬਣ ਕੇ ਦਾਸ, ਧੁਰ ਦੀ ਸੇਵ ਦੇਣੀ ਕਮਾਈਆ । ਜੋ ਗੋਬਿੰਦ ਜਾਏ ਆਖ, ਸੂਲਾਂ ਸੱਥਰ ਸੇਜ ਹੰਢਾਈਆ । ਓਹ ਲਹਿਣਾ ਕਾਗ਼ਜ਼ਾਤ, ਕਲਮਿਆਂ ਤੋਂ ਬਾਹਰ ਦੇਣਾ ਸਮਝਾਈਆ । ਸਾਚਾ ਸੱਜਦਾ ਕਰ ਅਦਾਬ, ਨਮੋ ਸੀਸ ਝੁਕਾਈਆ । ਧੁਰ ਦਾ ਹੁਕਮ ਲਿਖਣਾ ਭਾਗ, ਭਗਵਨ ਇਕੋ ਇਕ ਸਮਝਾਈਆ । ਇਕੋ ਨੂਰ ਜੋਤ ਚਰਾਗ਼, ਅੰਧ ਅੰਧੇਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਸ਼ਾਹੀ ਕਹੇ ਤੇਰਾ ਲੇਖਾ ਅਗੰਮ ਅਪਾਰ, ਅਪਰੰਪਰ ਬੇਪਰਵਾਹੀਆ । ਲਿਖਦੇ ਰਹੇ ਗੁਰੂ ਅਵਤਾਰ, ਪੈਗ਼ੰਬਰ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਹਾਰ, ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਕਿਸੇ ਦਾ ਰਿਹਾ ਨਾ ਕੋਈ ਅਖ਼ਤਿਆਰ, ਮੁਖ਼ਤਾਰਨਾਮੇ ਸਭ ਦੇ ਮਨਸੂਖ਼ ਕਰਾਈਆ । ਤੇਰਾ ਲੇਖਾ ਵੇਖਣਾ ਤੇਰੀ ਧਾਰ, ਧਰਨੀ ਧਰਤ ਧੌਲ ਨਾ ਕੋਈ ਵਡਿਆਈਆ । ਕੀ ਕਰਨੀ ਕਰਤੇ ਕਰਨੀ ਕਾਰ, ਕੁਦਰਤ ਦੇ ਮਾਲਕ ਦੇ ਵਡਿਆਈਆ । ਕੀ ਹੁਕਮ ਲਿਖੌਣਾ ਆਪਣੀ ਵਾਰ, ਵਾਰਤਾ ਪਿਛਲੀ ਮੇਟ ਮਿਟਾਈਆ । ਦਰ ਖੜ੍ਹੀ ਤੇਰੇ ਦਰਬਾਰ, ਦਰਗਾਹ ਸਾਚੀ ਸੀਸ ਨਿਵਾਈਆ । ਮੇਰਾ ਪੂਰਾ ਕਰ ਕੌਲ ਇਕਰਾਰ, ਵੇਲਾ ਵਕਤ ਦਏ ਗਵਾਹੀਆ । ਕਲਜੁਗ

ਕੂੜੀ ਕਿਰਿਆ ਕਰਾਂ ਖ਼ੁਆਰ, ਤੇਰਾ ਨਾਮ ਸ਼ਬਦ ਸ਼ਨਵਾਈਆ । ਸਤਿਜੁਗ ਸਾਚੇ ਕਰਾਂ ਪਿਆਰ, ਮੈਂ ਲਿਖ ਲਿਖ ਲੇਖ ਦਿਆਂ ਬਣਾਈਆ । ਜਨ ਭਗਤ ਸੁਹੇਲੇ ਭਗਤ ਪਕੜ ਉਠਾਵਾਂ ਦੁਲਾਰ, ਦੂਲ੍ਹੇ ਧੁਰ ਦੇ ਮੇਲ ਮਿਲਾਈਆ । ਸਦਾ ਸਦਾ ਸਦ ਜਾਵਾਂ ਬਲਿਹਾਰ, ਬਲਹਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਾਹੀ ਕਹੇ ਮੈਂ ਲਿਖ ਕੇ ਦਿਆਂ ਸ਼ਹਾਦਤ, ਚਾਰ ਜੁਗ ਦੇ ਸ਼ਬਦਾਂ ਨਾਲ ਮਿਲਾਈਆ । ਪਰਮ ਪੁਰਖ ਪ੍ਰਭ ਬਦਲ ਦੇ ਆਪਣੀ ਅਬਾਦਤ, ਅਦਲ ਇਨਸਾਫ਼ ਇਕ ਕਮਾਈਆ । ਸਭ ਦੇ ਅੰਦਰ ਦੇ ਲਿਆਕਤ, ਬੁਧ ਬਬੇਕ ਕਰਾਈਆ । ਸਚ ਦੁਆਰੇ ਬਖ਼ਸ਼ ਸਦਾਕਤ, ਮਿਹਰ ਨਜ਼ਰ ਇਕ ਉਠਾਈਆ । ਮੁਹੱਬਤ ਵਿਚ ਕਰ ਰਫ਼ਾਕਤ, ਫ਼ਿਰਕਾ ਰਹਿਣ ਕੋਇ ਨਾ ਪਾਈਆ । ਮਨੂਆ ਮਨ ਨਾ ਕਰੇ ਅਦਾਵਤ, ਝਗੜਾ ਦੀਨ ਨਾ ਕੋਇ ਲੜਾਈਆ । ਤੇਰੇ ਨਾਮ ਦੀ ਹੋਏ ਸਖ਼ਾਵਤ, ਰਹਿਮਤ ਆਪ ਕਮਾਈਆ । ਮੇਰੇ ਨਾਲ ਲਿਖ ਕੇ ਬਿਨਾ ਮਚਲਕਿਉਂ ਲੈ ਲਾ ਜ਼ਮਾਨਤ, ਬਰੀਖ਼ਾਨਾ ਆਪ ਵਖਾਈਆ । ਜੀਵ ਜੰਤ ਤੇਰੀ ਅਮਾਨਤ, ਗੁਰ ਅਵਤਾਰ ਪੈਗ਼ੰਬਰ ਤੇਰੀ ਝੋਲੀ ਪਾਈਆ । ਤੂੰ ਸਾਹਿਬ ਸਹੀ ਸਲਾਮਤ, ਜਨਮ ਮਰਨ ਵਿਚ ਨਾ ਆਈਆ । ਤੇਰੇ ਹੁਕਮੇ ਅੰਦਰ ਕਿਆਮਤ, ਕਲਮੇ ਵਾਲੇ ਦੇਣ ਦੁਹਾਈਆ । ਸਦੀ ਚੌਧਵੀਂ ਸਾਰੇ ਹੋਏ ਅਨਜਾਨਤ, ਸੋਚ ਸਮਝ ਨਾ ਕੋਈ ਵਖਾਈਆ । ਸ਼ਾਹੀ ਕਹੇ ਮੈਂ ਤੈਨੂੰ ਭੁਲਿਆਂ ਸਭ ਨੂੰ ਦਿਆਂ ਲਾਅਨਤ, ਲਮਹਾ ਲਮਹਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇਣਾ ਚੁਕਾਈਆ । ਸ਼ਾਹੀ ਕਹੇ ਮੈਂ ਲੇਖਾ ਲਿਖਾਂ ਅਨੋਖਾ, ਨਿਰਗੁਣ ਨਿਰਵੈਰ ਨਿਰੰਕਾਰ ਦੇਣਾ ਦ੍ਰਿੜਾਈਆ । ਕਿਸੇ ਨਾਲ ਕਰੀਂ ਕਦੇ ਨਾ ਧੋਖਾ, ਅਛਲ ਛਲ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਤੇਰਾ ਨੂਰ ਜੋਤਾ, ਘਟ ਘਟ ਨਜ਼ਰੀ ਆਈਆ । ਮਿਹਰਵਾਨ ਹੋ ਕੇ ਸਭ ਨੂੰ ਆਪਣੇ ਮਿਲਣ ਦਾ ਦੇ ਮੌਕਾ, ਲੱਖ ਚੁਰਾਸੀ ਵਿਚੋਂ ਮਾਨਸ ਲੈ ਤਰਾਈਆ । ਆਤਮਾ ਪਰਮਾਤਮਾ ਬਖ਼ਸ਼ ਓਟਾ, ਓੜਕ ਆਪਣਾ ਪੜਦਾ ਲਾਹੀਆ । ਸਭ ਜੀਵ ਜੰਤ ਤੇਰਾ ਖਰਾ ਖੋਟਾ, ਖੋਟੇ ਖਰੇ ਲੈ ਬਣਾਈਆ । ਤੇਰੇ ਕੋਲ ਕਿਹੜਾ ਨਾਮ ਦਾ ਟੋਟਾ, ਅਤੁੱਟ ਭੰਡਾਰ ਦੇ ਭਰਾਈਆ । ਕਿਉਂ ਇਹ ਲਿਖ ਕੇ ਗਿਆ ਗੁਰੂ ਗੋਬਿੰਦ ਸਭ ਤੋਂ ਅੰਤ ਅਖ਼ੀਰੀ ਗੁਰੂ ਆਯੂ ਵਿਚ ਛੋਟਾ, ਮੁਹੱਬਤ ਵਿਚ ਵੱਡਾ ਨਜ਼ਰੀ ਆਈਆ । ਜੋ ਸਿੱਧਾ ਹੋ ਗਿਆ ਗੁਰਮੁਖਾਂ ਜੋਗਾ, ਬੱਚਿਆਂ ਨੀਹਾਂ ਹੇਠ ਦਬਾਈਆ । ਸਾਚੇ ਅੰਮ੍ਰਿਤ ਦਾ ਦੇ ਕੇ ਚੋਗਾ, ਚੁਗਲੀ ਨਿੰਦਿਆ ਤੋਂ ਗਿਆ ਬਚਾਈਆ । ਹਉਮੇ ਰਹੇ ਕੋਈ ਨਾ ਰੋਗਾ, ਜਗਤ ਸੰਤਾਪ ਨਾ ਕੋਇ ਸਤਾਈਆ । ਓਹਨਾ ਦਾ ਲੇਖਾ ਪਾਰ ਕਰ ਦੇ ਚੌਦਾਂ ਲੋਕਾ, ਚੌਦਾਂ ਤਬਕਾਂ ਪੰਧ ਮੁਕਾਈਆ । ਜਿਨ੍ਹਾਂ ਤੇਰੇ ਨਾਮ ਦਾ ਗਾਇਆ ਇਕ ਸਲੋਕਾ, ਸੋਹਲਾ ਧੁਰਦਰਗਾਹੀਆ । ਓਹਨਾਂ ਨਾਲ ਕਰੀਂ ਨਾ ਰੋਸਾ, ਜੁਗ ਜਨਮ ਦਿਆਂ ਰੁਸਿਆਂ ਲਈਂ ਮਨਾਈਆ । ਤੇਰਾ ਇਕੋ ਲੇਖ ਲਿਖਿਆ ਪ੍ਰਭ ਜੀ ਬਹੁਤਾ, ਬਹੁਤਾ ਲਿਖਣ ਦੀ ਲੋੜ ਰਹੇ ਨਾ ਰਾਈਆ । ਕਿਉਂ ਗੁਰਮੁਖਾਂ ਦਾ ਗੋਬਿੰਦ ਗੁਰੂ ਪਿਤਾ ਪੁਰਖ ਅਕਾਲ ਗੁਰਸਿਖ ਤੇਰਾ ਪੋਤਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਉਨ੍ਹਾਂ ਨਾਲ ਕਾਹਦਾ ਰੋਸਾ, ਜਿਨ੍ਹਾਂ ਨੂੰ ਆਪੇ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸ਼ਾਹੀ ਕਹੇ ਮੈਂ ਮਾਟੀ ਖ਼ਾਕ, ਪ੍ਰਭ ਧੂਲ ਤੇਰੀ ਸਰਨਾਈਆ । ਤਿੰਨਾਂ ਨੀਰ ਕੀਤਾ ਪਾਕ, ਪੁਨੀਤ ਦਿਤਾ ਬਣਾਈਆ । ਮੈਂ ਪੈ ਕੇ ਵਿਚ ਦਵਾਤ, ਕਾਨਾ ਕ਼ਲਮ ਕਟਾਈਆ । ਤੇਰੀ ਸਿਫ਼ਤਾਂ ਦੀ ਲਿਖ ਕਿਤਾਬ, ਕੁਤਬਖ਼ਾਨੇ ਦਿਤੇ ਭਰਾਈਆ । ਤੇਰਾ ਬਦਲਦੀ ਰਹੀ ਰਿਵਾਜ਼,

੯੬ ੨੧

ਜੁਗ ਜੁਗ ਸੇਵ ਕਮਾਈਆ । ਬਖ਼ਸ਼ਦੀ ਰਹੀ ਤਾਜ, ਰਾਜ ਰਾਜਾਨਾਂ ਵਡ ਵਡਿਆਈਆ । ਲਗੌਂਦੀ ਰਹੀ ਆਗ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਤਪਾਈਆ । ਮਿਲੌਂਦੀ ਰਹੀ ਕੰਤ ਸੁਹਾਗ, ਹਰਿ ਕਰਤਾ ਧੁਰਦਰਗਾਹੀਆ । ਲਿਖ ਲਿਖ ਦੀਨ ਦੁਨੀ ਦਾ ਬਦਲਦੀ ਰਹੀ ਸਮਾਜ, ਸਮੇਂ ਨਾਲ ਟਕਰਾਈਆ । ਅਗਲਾ ਲੇਖਾ ਦੱਸ ਆਜ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਨਈਆ ਨੌਕਾ ਡੋਬੇ ਜਹਾਜ਼, ਕੂੜੀ ਜਹਾਲਤ ਬਾਹਰ ਕਢਾਈਆ । ਆਪਣੇ ਸ਼ਬਦ ਦੀ ਦੇ ਆਵਾਜ਼, ਮੈਂ ਲਿਖਾਂ ਨਾਲ ਸਫ਼ਾਈਆ । ਜਿਸ ਦੀ ਝੱਲੇ ਕੋਈ ਨਾ ਤਾਬ, ਨੇਤਰ ਅੱਖ ਨਾ ਕੋਇ ਉਠਾਈਆ । ਮੈਂ ਓਸ ਦੇ ਹੱਥ ਫੜੌਣੀ ਵਾਗ, ਜੋ ਵਾਗ ਸਭ ਦੀ ਰਿਹਾ ਭੁਆਈਆ । ਜਿਸ ਦੇ ਹੱਥ ਉਤੇ ਉਡਦਾ ਰਿਹਾ ਬਾਜ਼, ਕਲਗੀ ਸੀਸ ਸੁਹਾਈਆ । ਓਸੇ ਨੇ ਇਕ ਬਣੌਣਾ ਸਮਾਜ, ਜੋ ਪੁਰਖ ਅਕਾਲ ਤੇਰਾ ਇਸ਼ਟ ਮਨਾਈਆ । ਫਲ ਫੁਲਵਾੜੀ ਮਹਿਕਣਾ ਬਾਗ਼, ਗੁਰਮੁਖ ਬੂਟੇ ਸੋਹਣੇ ਲਾਈਆ । ਜਿਸ ਨੂੰ ਸਮਝੇ ਨਾ ਕੋਈ ਦਿਮਾਗ਼, ਬੁਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਾਹੀ ਕਹੇ ਮੈਂ ਹੋਈ ਮੰਗਤੀ, ਦਰਵੇਸ਼ੀ ਰੂਪ ਵਟਾਈਆ । ਮੈਂ ਲਿਖਾਂ ਇਕੋ ਪੰਗਤੀ, ਪੰਡਤ ਪਾਂਧੇ ਦੀ ਲੋੜ ਰਹੇ ਨਾ ਰਾਈਆ । ਮੈਂ ਤੇਰਾ ਭਾਣਾ ਰਹੀ ਮੰਨਦੀ, ਜੁਗ ਜੁਗ ਸੀਸ ਨਿਵਾਈਆ । ਵੇਂਹਦੀ ਰਹੀ ਤਨ ਦੀ, ਝਗੜਾ ਜਗਤ ਲੋਕਾਈਆ । ਮੈਂ ਤੱਕੀ ਖੇਲ ਗੁਜ਼ਰੀ ਚੰਨ ਦੀ, ਜੋ ਚੰਦ ਚਾਂਦਨੀ ਇਕ ਚਮਕਾਈਆ । ਉਹਦੇ ਅੰਦਰੋਂ ਆਵਾਜ਼ ਸੁਣੀ ਧੰਨ ਧੰਨ ਦੀ, ਧੰਨ ਵਿਚ ਤੇਰਾ ਸ਼ੁਕਰ ਮਨਾਈਆ । ਓਹੋ ਜਿਹਾ ਸੁਤ ਦੁਲਾਰਾ ਜਨਣੀ ਹੋਰ ਕੋਇ ਨਾ ਜਣਦੀ, ਗੋਦੀ ਗੋਦ ਨਾ ਕੋਇ ਸੁਹਾਈਆ । ਜਿਸ ਨੇ ਕੂੜੀ ਕਿਰਿਆ ਮੇਟਣੀ ਕਲਜੁਗ ਕਲ ਦੀ, ਓਹ ਸ਼ਬਦੀ ਸ਼ਬਦ ਸ਼ਬਦ ਆਪਣੀ ਖੇਲ ਖਿਲਾਈਆ । ਮੇਰੀ ਸੇਵਾ ਲੇਖੇ ਲਾਏ ਵਿਸ਼ਨ ਬ੍ਰਹਮਾ ਨੀਰ ਜਲ ਦੀ, ਜੋ ਰੋ ਰੋ ਦਿਤਾ ਵਹਾਈਆ । ਮੈਂ ਤੇਰਾ ਵਿਛੋੜਾ ਮੂਲ ਨਾ ਝਲਦੀ, ਵਖਰਾ ਰਹਿਣ ਕਦੇ ਨਾ ਪਾਈਆ । ਮੈਂ ਕਥਾ ਕਹਾਣੀ ਪਾ ਜਲ ਦੀ, ਕੀ ਬਾਵਨ ਆਇਆ ਦ੍ਰਿੜਾਈਆ । ਕਿਸੇ ਨੂੰ ਖ਼ਬਰ ਨਹੀਂ ਅੱਗੇ ਪਲ ਦੀ, ਪਲਕਾਂ ਦੇ ਪਿਛੇ ਬੈਠਾ ਕੀ ਕੀ ਹੁਕਮ ਵਰਤਾਈਆ । ਸ੍ਰਿਸ਼ਟੀ ਭੁੱਖੀ ਦਿਸੇ ਅੰਨ ਦੀ, ਭੁੱਖਿਆਂ ਅੱਖ ਨਾ ਕੋਇ ਖੁਲ੍ਹਾਈਆ । ਦੁਨੀਆ ਸੁਵਾਦੀ ਹੋ ਗਈ ਕੰਨ ਦੀ, ਅਨਾਦੀ ਨਾਦ ਨਾ ਕੋਇ ਵਜਾਈਆ । ਪੁਜਾਰਨ ਹੋ ਗਈ ਕਾਇਆ ਮਾਟੀ ਤਨ ਦੀ, ਤੱਤਵ ਤੱਤ ਨਾ ਕੋਇ ਦ੍ਰਿੜਾਈਆ । ਸ਼ਾਹੀ ਕਹੇ ਮੈਂ ਪਿਛਲੇ ਲੇਖੇ ਭੰਨਦੀ, ਘੜਨ ਭੰਨਣਹਾਰ ਤੇਰੇ ਨਾਲ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਧਾਰ ਪ੍ਰਗਟਾ ਅਗੰਮੀ ਆਪਣੇ ਨਾਮ ਦੀ, ਨਾਉਂ ਨਿਰੰਕਾਰ ਇਕ ਜਣਾਈਆ ।

### ✽ ੧੧ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ਬੂੜ ਸਿੰਘ ਦੇ ਗ੍ਰਿਹ ਹਰਿ ਸੰਗਤ ✽

ਰੋਟੀ ਕਹੇ ਮੈਂ ਸਵਾ ਸੇਰ, ਜੁਗ ਚੌਕੜੀ ਸੇਵ ਕਮਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਮਿਹਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੁਗ ਚੌਕੜੀ ਵੇਖਦੀ ਰਹੀ ਫੇਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਉਠਾਈਆ । ਧਰਮ ਦੁਆਰਾ ਤਕਦੀ ਰਹੀ

ਗੇੜ, ਚਾਰੋਂ ਕੁੰਟ ਧਿਆਨ ਲਗਾਈਆ । ਗੁਰ ਅਵਤਾਰ ਪੈਗੰਬਰਾਂ ਵੇਖਦੀ ਰਹੀ ਖੇਡ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਮੈਂ ਦੱਸਾਂ ਆਪਣੀ ਆਸਾ, ਆਸ਼ਾ ਇਕ ਪ੍ਰਗਟਾਈਆ । ਇਹੋ ਖੇਲ ਪੁਰਖ ਅਬਿਨਾਸ਼ਾ, ਹਰਿ ਕਰਤਾ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਦਾਸਾ, ਸੇਵਕ ਸੇਵਾ ਇਕ ਸਮਝਾਈਆ । ਸਦਾ ਮੰਨਣਾ ਅਗੰਮੀ ਆਖਾ, ਸ਼ਬਦ ਸੁਨੇਹੜਾ ਇਕ ਸੁਣਾਈਆ । ਨੂਰ ਇਲਾਹੀ ਦੇ ਕੇ ਦਾਤਾਂ, ਵਡ ਭੰਡਾਰੀ ਭੰਡਾਰਾ ਦਿਤਾ ਭਰਾਈਆ । ਪ੍ਰਭ ਦੀ ਚਰਨ ਧੂੜ ਦਾ ਆਟਾ, ਪੀਸਣ ਪੀਸ ਸੇਵ ਨਾ ਕੋਇ ਕਮਾਈਆ । ਜਿਸ ਦਾ ਸਚਖੰਡ ਦੁਆਰ ਖਾਤਾ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਰੋਟੀ ਕਹੇ ਮੈਂ ਦੱਸਾਂ ਬਾਤ, ਬਾਤਨ ਦਿਆਂ ਜਣਾਈਆ । ਜਿਸ ਵੇਲੇ ਵਿਸ਼ਨੂੰ ਮਿਲੀ ਦਾਤ, ਹਰਿ ਕਰਤੇ ਦਇਆ ਕਮਾਈਆ । ਓਸ ਨੇ ਚਰਨ ਕਵਲ ਕੀਤੇ ਸਾਫ਼, ਸੇਵਕ ਹੋ ਕੇ ਸੇਵ ਕਮਾਈਆ । ਜਿਹੜੀ ਪ੍ਰੇਮ ਦੀ ਉਤੋਂ ਲੱਭੀ ਰਾਖ, ਧੂੜ ਧੂਲ ਨਜ਼ਰ ਕਿਸੇ ਨਾ ਆਈਆ । ਓਹ ਰੱਖੀ ਗਈ ਨਾ ਵਿਚ ਕਿਸੇ ਪਰਾਤ, ਬਰਤਨ ਹੱਥ ਨਾ ਕੋਇ ਉਠਾਈਆ । ਲੇਖਾ ਲਿਖਿਆ ਨਾ ਕਾਗ਼ਜ਼ਾਤ, ਕ਼ਲਮ ਸ਼ਾਹੀ ਨਾ ਵੰਡ ਵੰਡਾਈਆ । ਨਜ਼ਰ ਆਈ ਨਾ ਕਿਸੇ ਜ਼ਾਤ, ਰੂਪ ਅਨੂਪ ਨਾ ਕੋਇ ਦਰਸਾਈਆ । ਇਹ ਅਗੰਮਾ ਖੇਲ ਤਮਾਸ਼, ਹਰਿ ਕਰਤਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੯੭ ਕਰ, ਧੁਰ ਫ਼ਰਮਾਨਾ ਹੁਕਮ ਦ੍ਰਿੜਾਈਆ । ਪ੍ਰਭ ਚਰਨਾਂ ਦੀ ਸਚ ਪ੍ਰੇਮ ਦੀ ਧੂੜ, ਧੂਲ ਨਾਲ ਵਡਿਆਈਆ । ਜਿਸ ਦਾ ਖੇਲ ਅਗੰਮ ਜ਼ਰੂਰ, ੯੭

੨੧ ਜ਼ਰੂਰਤ ਆਪਣੀ ਨਾਲ ਕਰਾਈਆ । ਸਤਿ ਸਤਿਵਾਦੀ ਕਰ ਭਰਪੂਰ, ਆਪਣਾ ਦਰ ਭਰਾਈਆ । ਜਲਵਾ ਦੇ ਕੇ ਧੁਰ ਦਾ ਨੂਰ, ਜ਼ਹੂਰ ਇਕ ੨੧

ਵਖਾਈਆ । ਵਸਤ ਅਮੋਲਕ ਕਰ ਮਨਜ਼ੂਰ, ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਾਚੀ ਧੂੜ ਅਮੋਲਕ ਵਸਤ ਅਗੰਮ, ਹਰਿ ਕਰਤਾ ਆਪ ਪ੍ਰਗਟਾਈਆ । ਜਿਹੜੀ ਲੱਭੀ ਨਹੀਂ ਉਤੋਂ ਕਿਸੇ ਚੰਮ, ਹੱਡ ਮਾਸ ਨਾੜੀ ਨਾ ਕੋਇ ਰਗੜਾਈਆ । ਜਿਸ ਦੀ ਸੇਵਾ ਕੀਤੀ ਨਹੀਂ ਕਿਸੇ ਪਵਣ ਸਵਾਸ ਦਮ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਕਰਨੀ ਦੇ ਕਰਤੇ ਆਪੇ ਕਰ ਕੇ ਆਪਣੇ ਕੰਮ, ਕਾਮਨਾ ਆਪਣੇ ਨਾਲ ਰਖਾਈਆ । ਆਪੇ ਸੇਵਕ ਸਾਜਣ ਬਣ ਕੇ ਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਰਤਾਈਆ । ਧੂੜ ਕਹੇ ਜਦ ਹੋਈ ਮਿਹਰ, ਚਰਨ ਕਵਲ ਸਰਨਾਈਆ । ਪ੍ਰਭ ਦਾ ਵਜ਼ਨ ਆਦਿ ਤੋਂ ਸਵਾ ਸੇਰ, ਜੁਗਾਦਿ ਵਿਚ ਰਖਾਈਆ । ਜਿਸ ਦਾ ਲਹਿਣਾ ਸਕੇ ਨਾ ਕੋਇ ਨਬੇੜ, ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਸਵਾ ਸੇਰ ਚਰਨ ਧੂੜ ਅਪਾਰ, ਹਰਿ ਕਰਤੇ ਆਪ ਪ੍ਰਗਟਾਈਆ । ਹੁਕਮ ਦਿਤਾ ਧੁਰ ਦਰਬਾਰ, ਧੁਰ ਦਰਬਾਰੀ ਆਪ ਸੁਣਾਈਆ । ਸ਼ਬਦ ਦੁਲਾਰਾ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਉਠਾਈਆ । ਇਹਦਾ ਚਲਣਾ ਇਕ ਵਿਵਹਾਰ, ਵਿਵਹਾਰੀ ਹੋ ਕੇ ਆਪ ਜਣਾਈਆ । ਇਸ ਨੂੰ ਕਰ ਤਿਆਰ, ਅੰਮ੍ਰਿਤ ਜਲ ਵਿਚ ਛੁਹਾਈਆ । ਦੋਹਾਂ ਦਾ ਵਿਹਾਰ, ਨਿਰਗੁਣ ਸਰਗੁਣ ਵੰਡ ਵੰਡਾਈਆ । ਜੋਤੀ ਜੋਤ ਅਗੰਮੀ ਬਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ ।

ਸ਼ਬਦ ਗੁਰ ਸੁਣ ਸੰਦੇਸ਼ਾ ਹੱਕ, ਹਰਿ ਕਰਤਾ ਆਪ ਜਣਾਈਆ । ਬਿਨਾ ਨਿਗਾਹ ਨੈਣ ਤੱਕ, ਤੈਨੂੰ ਦਿਆਂ ਵਖਾਈਆ । ਫ਼ਰਮਾਨਾ ਹੋਵੇ ਯੱਕ, ਇਕੋ ਏਕ ਦ੍ਰਿੜਾਈਆ । ਇਹ ਪਕਵਾਨ ਜਾਏ ਪੱਕ, ਜਿਸ ਦੀ ਸਮਝ ਕਿਸੇ ਨਾ ਆਈਆ । ਪਹਿਲੋਂ ਸ਼ਬਦ ਧਾਰ ਲੈਣਾ ਛਕ, ਫਿਰ ਵਿਸ਼ਨ ਬ੍ਰਹਮਾ ਸ਼ਿਵ ਭੋਰਾ ਦੇਣਾ ਚਖਾਈਆ । ਮੇਰੇ ਚਰਨ ਕਵਲ ਸਚਖੰਡ ਦੁਆਰੇ ਦੇਣਾ ਰਖ, ਜਿਥੇ ਨਜ਼ਰ ਕੋਇ ਨਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਦੇਣਾ ਢਕ, ਓਢਨ ਉਪਰ ਨਾ ਕੋਇ ਟਿਕਾਈਆ । ਮੈਂ ਕਰਨਾ ਖੇਲ ਹੋ ਕੇ ਪੁਰਖ ਸਮਰਥ, ਮਹਿੰਮਾ ਅਕਥ ਕਥ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਦੇ ਕੇ ਵੱਖ ਵੱਖ, ਹੁਕਮਰਾਨ ਦੇਣੇ ਉਪਜਾਈਆ । ਤ੍ਰੈਗੁਣ ਮਾਇਆ ਝੋਲੀ ਘੱਤ, ਪੰਚਮ ਤਤ ਮਾਇਆ ਜੋੜ ਜੁੜਾਈਆ । ਵੰਡ ਵੰਡੌਣ ਚੁਰਾਸੀ ਲੱਖ, ਚਾਰੇ ਖਾਣੀ ਖੇਲ ਖਿਲਾਈਆ । ਚਾਰੇ ਬਾਣੀ ਕਰ ਪ੍ਰਗਟ, ਨਾਮ ਡੰਕਾ ਦੇਣਾ ਵਜਾਈਆ । ਪੰਜਾਂ ਤੱਤਾਂ ਖੋਲ੍ਹ ਕੇ ਹੱਟ, ਕਾਇਆ ਮਾਟੀ ਸੋਭਾ ਪਾਈਆ । ਆਪਣੀ ਨੂਰ ਜੋਤ ਕਰ ਪ੍ਰਤੱਖ, ਲੋਕਮਾਤ ਸੋਭਾ ਪਾਈਆ । ਅਵਤਾਰ ਪੈਗ਼ੰਬਰ ਆਪਣਾ ਨਾਮ ਦੱਸ, ਕਰਾਂ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਰੋਟੀ ਪੱਕੀ ਤੇਰੀ ਜੋਤੀ ਅੱਗ, ਦੂਜੀ ਅਗਨ ਨਾ ਕੋਇ ਤਪਾਈਆ । ਤੂੰ ਵੇਖ ਸੂਰੇ ਸਰਬਗ, ਬੇਪ੍ਰਵਾਹ ਤੇਰੀ ਵਡਿਆਈਆ । ਮੈਂ ਸਭ ਤੋਂ ਰੱਖਾਂ ਅਲਗ, ਹੱਥ ਨਾ ਕਿਸੇ ਫੜਾਈਆ । ਤੇਰੇ ਚਰਨ ਕਵਲ ਦੇਵਾਂ ਢਕ, ਰਹਿਮਤ ਤੇਰੀ ਵਿਚ ਛੁਪਾਈਆ । ਕੁਛ ਆਪਣਾ ਭੇਵ ਦੱਸ, ਪੁਰਖ ਅਕਾਲ ਪੜਦਾ ਲਾਹੀਆ । ਅਬਿਨਾਸ਼ੀ ਕਰਤਾ ਪਿਆ ਹੱਸ, ਸੋਹਣਾ ਰਾਗ ਸੁਣਾਈਆ । ਮੇਰੇ ਵਲ ਖੋਲ੍ਹ ਕੇ ਅੱਖ, ਨੈਣਾਂ ਨੈਣ ਲੈਣਾ ਤਕਾਈਆ । ਮੈਂ ਕਰਨਾ ਖੇਲ ਅਗੰਮੀ ਜਗ, ਜਾਗਰਤ ਜੋਤ ਡਗਮਗਾਈਆ । ਚੁਰਾਸੀ ਅੰਦਰ ਜਾਣਾ ਵੱਸ, ਆਤਮ ਪਰਮਾਤਮ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਆਪ ਚੁਕਾਈਆ । ਸ਼ਬਦ ਕਹੇ ਰੋਟੀ ਸੋਹਣੀ ਹਰਿ ਜੂ ਵੇਖ, ਤੇਰੇ ਦਰ ਟਿਕਾਈਆ । ਸਾਂਭ ਕੇ ਰੱਖੀਂ ਆਪਣੇ ਦੇਸ, ਸੁਹੰਜਣੇ ਘਰ ਵਡਿਆਈਆ । ਜਿਸ ਦਾ ਕੋਈ ਨਾ ਸਮਝੇ ਭੇਤ, ਪੜਦਾ ਨਾ ਕੋਇ ਚੁਕਾਈਆ । ਮੈਂ ਮੰਗਾਂ ਵਰ ਏਕ, ਏਕੰਕਾਰਾ ਝੋਲੀ ਡਾਹੀਆ । ਤੂੰ ਬਖ਼ਸ਼ੀਂ ਸਾਚੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਕਿਸ ਬਿਧ ਧਾਰੇਂ ਲੋਕਮਾਤ ਭੇਸ, ਆਪਣਾ ਆਪ ਬਦਲਾਈਆ । ਪੁਰਖ ਅਕਾਲ ਕਿਹਾ ਮੈਂ ਧੁਰ ਦਾ ਬਣ ਨਰੇਸ਼, ਨਰ ਨਰਾਇਣ ਅਖਵਾਈਆ । ਸ਼ਬਦੀ ਸੁਤ ਲੋਕਮਾਤ ਤੈਨੂੰ ਦੇਵਾਂ ਭੇਜ, ਭਜਨ ਬੰਦਗੀ ਤੇਰੀ ਝੋਲੀ ਪਾਈਆ । ਜੋਤੀ ਜਲਵਾ ਦੇ ਕੇ ਤੇਜ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਸਦਾ ਤੇਰੀ ਮਾਣਾਂ ਸੇਜ, ਘਰ ਸਾਚੇ ਵੱਜੇ ਵਧਾਈਆ । ਮੇਰਾ ਰੂਪ ਰੰਗ ਨਾ ਕੋਈ ਰੇਖ, ਚੱਕਰ ਚਿੰਨ੍ਹ ਨਜ਼ਰ ਨਾ ਆਈਆ । ਤੇਰੀ ਸਦਾ ਬਾਲ ਜਵਾਨੀ ਅਲ੍ਹੜ ਰੱਖਾਂ ਵਰੇਸ, ਬਿਰਧ ਰੂਪ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਇਹ ਰੋਟੀ ਸੋਹਣੀ ਸੁਹੰਜਣੀ, ਸੋਭਾਵੰਤ ਵਡਿਆਈਆ । ਇਹ ਕਿਸ ਦਵਾਰੇ ਰਖਣੀ, ਕਵਣ ਬਿਧ ਖੁਆਈਆ । ਪੁਰਖ ਅਕਾਲ ਕਹੇ ਪਹਿਲੋਂ ਤੂੰ ਮੈਂ ਚੱਖਣੀ, ਰਸੀਆ ਰਸ ਨਾ ਕੋਇ ਬਣਾਈਆ । ਫੇਰ ਅਗੰਮ ਦਵਾਰੇ ਟੰਗਣੀ, ਜਿਥੋਂ ਸਕੇ ਨਾ ਕੋਇ ਉਠਾਈਆ । ਜਿਸ ਵੇਲੇ ਮੈਂ ਨਿਰਗੁਣ ਧਾਰ ਸਰਗੁਣ ਨਾਲ ਆਤਮ ਸ਼ਬਦ ਜੋਤ ਕਰਾਂ ਮੰਗਣੀ, ਗੁਰ ਅਵਤਾਰ ਪੈਗ਼ੰਬਰ ਰੂਪ ਬਣਾਈਆ । ਉਨ੍ਹਾਂ ਜਾਣ ਤੋਂ ਪਹਿਲੋਂ ਸਚਖੰਡ ਦਵਾਰੇ ਮੇਰੇ ਕੋਲੋਂ ਮੰਗਣੀ, ਭੋਰਾ

ਭੇਰਾ ਚਾਰ ਜੁਗ ਖੁਆਈਆ । ਜਿਸ ਦਾ ਖੇਲ ਹੋਣਾ ਵਿਚ ਵਰਭੰਡਣੀ, ਬ੍ਰਹਿਮੰਡ ਫੋਲ ਫੁਲਾਈਆ । ਉਹ ਦੇਵੇ ਸਚ ਅਨੰਦਨੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਬਿਨਾਸ਼ੀ ਦਇਆ ਕਮੌਂਦਾ ਏ । ਸੁਤ ਦੁਲਾਰੇ ਸਚ ਦ੍ਰਿੜ੍ਹੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਉਠੌਂਦਾ ਏ । ਭੇਰਾ ਭੇਰਾ ਸਰਬ ਚਖੌਂਦਾ ਏ । ਅਗਲੀ ਲੋੜ ਆਪ ਦ੍ਰਿੜ੍ਹੌਂਦਾ ਏ । ਗੁਰ ਅਵਤਾਰ ਪੈਗ਼ੰਬਰ ਨਾਲ ਮਿਲੌਂਦਾ ਏ । ਸਚ ਸੁਅੰਬਰ ਮਾਤ ਰਚੌਂਦਾ ਏ । ਜੁਗ ਚੌਕੜੀ ਮੇਟ ਕੇ ਅਡੰਬਰ, ਕੂੜੀ ਕਿਰਿਆ ਦੂਰ ਕਰੌਂਦਾ ਏ । ਸਰਬ ਕਲਾ ਭਰਤੰਬਰ, ਭਰਪੂਰ ਆਪ ਅਖਵੌਂਦਾ ਏ । ਜਿਸ ਵੇਲੇ ਕਲਜੁਗ ਅੰਤਮ ਕੂੜੀ ਵਾਸਨਾ ਹੋਵੇ ਮਨ ਬੰਦਰ, ਦਹਿ ਦਿਸ਼ਾ ਆਪ ਭਟਕੌਂਦਾ ਏ । ਅੰਦਰੋਂ ਖੁਲ੍ਹੇ ਕਿਸੇ ਨਾ ਜੰਦਰ, ਜੀਵਨ ਜੁਗਤ ਨਾ ਕੋਇ ਜਣੌਂਦਾ ਏ । ਹਰਿ ਕਾ ਮੰਦਰ ਦਿਸੇ ਖੰਡਰ, ਖੰਡਾ ਖੜਗ ਨਾ ਕੋਇ ਚਮਕੌਂਦਾ ਏ । ਲੇਖਾ ਮੁਕੇ ਨਾ ਜੇਰਜ ਅੰਡਜ, ਉਤਭੁਜ ਸੇਤਜ ਪੰਧ ਨਾ ਕੋਇ ਮੁਕੌਂਦਾ ਏ । ਨਜ਼ਰੀ ਆਏ ਨਾ ਕੋਈ ਪੰਡਤ, ਬ੍ਰਹਮ ਵਿਦਿਆ ਨਾ ਕੋਇ ਪੜ੍ਹੌਂਦਾ ਏ । ਮੁੱਲਾ ਸ਼ੇਖ਼ ਦਿਸਣ ਨੰਗਤ, ਓਢਣ ਸੀਸ ਨਾ ਕੋਇ ਟਿਕੌਂਦਾ ਏ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਮਿਲੌਂਦਾ ਏ । ਗੁਰ ਅਵਤਾਰ ਪੈਗ਼ੰਬਰ ਓਸ ਵੇਲੇ ਪ੍ਰਭ ਦਰ ਤੇ ਕਰਨ ਮਿੰਨਤ, ਸੀਸ ਜਗਦੀਸ਼ ਸਰਬ ਨਿਵੌਂਦਾ ਏ । ਅਖ਼ੀਰੀ ਰਹੇ ਕੋਈ ਨਾ ਹਿੰਮਤ, ਹੌਸਲੇ ਸਰਬ ਢੌਂਦਾ ਏ । ਮਨ ਮਨੂਆ ਕਰੇ ਇੱਲਤ, ਧੀਰਜ ਧੀਰ ਨਾ ਕੋਇ ਧਰੌਂਦਾ ਏ । ਗੁਰ ਅਵਤਾਰ ਪੈਗ਼ੰਬਰਾਂ ਦੇ ਸਾਰੇ ਹੋਵਣ ਨਿੰਦਕ, ਇਕ ਦੂਜੇ ਨੂੰ ਸਿਫ਼ਤ ਨਾ ਕੋਇ ਸਲੌਂਹਦਾ ਏ । ਓਸ ਵੇਲੇ ਪੁਰਖ ਅਕਾਲਾ ਵਖਾਵੇ ਆਪਣੀ ਸਿੰਮਤ, ਰਹਿਬਰ ਇਕੋ ਰਾਹ ਜਣੌਂਦਾ ਏ । ਜਨ ਭਗਤਾਂ ਮੇਟੇ ਚਿੰਤ, ਦੁਖੜਾ ਦਰਦ ਵੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣੌਂਦਾ ਏ । ਧੁਰ ਫ਼ਰਮਾਨਾ ਇਕ ਸੁਣਾਵਾਂਗਾ । ਦਰਗਾਹ ਸਾਚੀ ਸਚ ਕਮਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵਾਂਗਾ । ਗੁਰ ਅਵਤਾਰ ਪੈਗ਼ੰਬਰ ਖੇਲ ਖਿਲਾਵਾਂਗਾ । ਸ੍ਰਿਸ਼ਟ ਸਬਾਈ ਰਚ ਸਵੰਬਰ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਜੁਗ ਚੌਕੜੀ ਮੇਟ ਅਡੰਬਰ, ਕਲਜੁਗ ਕੂੜੀ ਕਿਰਿਆ ਵੇਖ ਵਖਾਵਾਂਗਾ । ਲੱਖ ਚੁਰਾਸੀ ਵੇਖਾਂ ਅੰਦਰ, ਕਾਇਆ ਮਾਟੀ ਪੜਦਾ ਲਾਹਵਾਂਗਾ । ਮਨੂਆ ਦਹਿ ਦਿਸ਼ਾ ਜੋ ਭੱਜੇ ਬੰਦਰ, ਮਨ ਕਲਪਣਾ ਖੋਜ ਖੁਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਵਾਂਗਾ । ਧੁਰ ਦੀ ਕਰਨੀ ਕਾਰ ਕਮਾਏਗਾ । ਪੁਰਖ ਅਬਿਨਾਸ਼ੀ ਵੇਖ ਵਖਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰ ਕਰਾਏਗਾ । ਕਲਜੁਗ ਕੂੜ ਕੁੜਿਆਰ ਚਾਰੋਂ ਕੁੰਟ ਡੰਕ ਵਜਾਏਗਾ । ਲੇਖਾ ਲਿਖਣ ਗੁਰੂ ਅਵਤਾਰ, ਭਵਿਖਤਾਂ ਵੰਡ ਵੰਡਾਏਗਾ । ਧੁਰ ਦੀ ਰੋਟੀ ਦਾ ਸਾਰੇ ਕਰਨ ਸਵਾਲ, ਸਵਾਲੀ ਬਚਿਆ ਰਹਿਣ ਕੋਇ ਨਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਏਗਾ । ਧੁਰ ਦਾ ਹੁਕਮ ਸੁਣਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਘਟ ਨਿਵਾਸੀ ਵੇਖ ਵਖਾਵੇਗਾ । ਸ਼ਾਹੋ ਸ਼ਾਬਾਸ਼ੀ ਫੇਰਾ ਪਾਵੇਗਾ । ਧੁਰ ਦਾ ਸਾਥੀ ਰੰਗ ਰੰਗਾਵੇਗਾ । ਜੋ ਆਦਿ ਕਥਾ ਆਖੀ, ਅੰਤ ਓਸੇ ਪੂਰ ਕਰਾਵੇਗਾ । ਜਿਹੜੀ ਗੁਰ ਅਵਤਾਰ ਪੈਗ਼ੰਬਰਾਂ ਰੋਟੀ ਖਾਧੀ, ਖਾਣ ਤੋਂ ਪਹਿਲੋਂ ਓਨ੍ਹਾਂ ਆਪਣਾ ਨੂਰ ਚਮਕਾਵੇਗਾ । ਇਹ ਵਸਤ ਅਮੋਲਕ ਕਿਸੇ ਨਾ ਲਾਧੀ, ਜਗਤ ਜਹਾਨ ਨਾ ਕੋਇ ਵਰਤਾਵੇਗਾ । ਇਕ ਵਾਰ ਨਜ਼ਰੀ ਆਏ ਜੋ ਗੋਬਿੰਦ ਦੇ ਬੱਚਿਆਂ ਦੀ ਦਾਦੀ, ਗੁਜਰੀ ਅੱਖ

ਦਰਸਾਈਆ । ਜਿਸ ਦੇ ਨਾਲ ਪੱਕੀ ਨਹੀਂ ਕੋਈ ਹਾਂਡੀ, ਰਸਨਾ ਰਸ ਨਾ ਕੋਇ ਚਖਾਈਆ । ਉਹ ਓਸੇ ਵੇਲੇ ਬੁਰਜ ਅੰਦਰ ਗਾਂਦੀ, ਸਰਹੰਦ ਦਏ ਦੁਹਾਈਆ । ਕਿਸੇ ਕੰਮ ਨਹੀਂ ਔਣਾ ਸੋਨਾ ਚਾਂਦੀ, ਜਗਤ ਮਾਇਆ ਨਾ ਕੋਇ ਵਡਿਆਈਆ । ਤਿੰਨ ਵੇਰਾਂ ਉਠ ਕੇ ਸਰਹਾਣਿਉਂ ਹੋਈ ਪਵਾਂਦੀ, ਪਵਾਂਦਿਉਂ ਸਰਹਾਣਾ ਆਪ ਬਦਲਾਈਆ । ਤੂੰ ਹੀ ਤੂੰ ਹੀ ਢੋਲਾ ਗਾਂਦੀ, ਪੁਰਖ ਅਕਾਲ ਇਕ ਮਨਾਈਆ । ਹੱਥ ਜੋੜ ਕੇ ਹੋਈ ਬਾਂਦੀ, ਬੰਦਨਾ ਸੀਸ ਨਿਵਾਈਆ । ਪ੍ਰਭੂ ਤੇਰੀ ਖੇਲ ਕਿਸ ਤਰਾ ਦੀ, ਮੈਨੂੰ ਅੱਗੇ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਜਰੀ ਸੁਣ ਪੁਕਾਰ, ਪੁਰਖ ਅਕਾਲ ਦਿਤੀ ਵਡਿਆਈਆ । ਉਠ ਵੇਖ ਆਪਣਾ ਲਾਲ, ਜੋ ਲਾਲਾਂ ਘੋਲ ਘੁਮਾਈਆ । ਅੰਤ ਆਪਣੀ ਬਦਲ ਕੇ ਚਾਲ, ਗੋਦਾਵਰੀ ਕੰਢਾ ਸੁਹਾਈਆ । ਜੋਤੀ ਮਿਲ ਕੇ ਪੁਰਖ ਅਕਾਲ, ਸ਼ਬਦੀ ਰੂਪ ਵਟਾਈਆ । ਜਿਸ ਵੇਲੇ ਮੁਰਸ਼ਦ ਹੋ ਕੇ ਮੁਰੀਦਾਂ ਪੁਛੇ ਹਾਲ, ਨਿਰਗੁਣ ਵੇਸ ਵਟਾਈਆ । ਆਪਣੀ ਪਿਛਲੀ ਲੇਖੇ ਲਾਵੇ ਘਾਲ, ਅੱਗੇ ਚਲੇ ਹੱਕ ਰਜ਼ਾਈਆ । ਇਹ ਵਸਤ ਅਮੋਲਕ ਰੱਖੇ ਨਾਲ, ਧੁਰ ਦੀ ਧਾਰ ਵਿਚੋਂ ਵਖਾਈਆ । ਭਗਤ ਸੁਹੇਲੇ ਹੋਵਣ ਬਾਲ, ਗੁਰਮੁਖ ਰੰਗ ਰੰਗਾਈਆ । ਜਿਸ ਵੇਲੇ ਗੁਰਮੁਖਾਂ ਨੂੰ ਰੋਟੀ ਖਾਣ ਨਾ ਦੇਵੇ ਵਿਚ ਕਿਸੇ ਥਾਲ, ਖ਼ਾਲੀ ਹੱਥ ਫੜਾਈਆ । ਇਹੋ ਖੇਲ ਸਚਖੰਡ ਸੱਚੀ ਧਰਮਸਾਲ, ਜਿਸ ਧਾਰ ਵਿਚ ਗੁਰ ਅਵਤਾਰ ਪੈਗ਼ੰਬਰ ਚਖ ਕੇ ਆਪਣੀ ਖ਼ੁਸ਼ੀ ਬਣਾਈਆ । ਓਥੇ ਖਾਣਾ ਢਕਿਆ ਨਹੀਂ ਜਾਂਦਾ ਨਾਲ ਕਿਸੇ ਰੁਮਾਲ, ਪ੍ਰਭ ਦੀ ਕਿਰਪਾ ਸਚ ਪ੍ਰਸ਼ਾਦ ਅਖਵਾਈਆ । ਸਦਾ ਨਿੱਕੇ ਨਿੱਕੇ ਗੁਰ ਅਵਤਾਰ ਪੈਗ਼ੰਬਰ ਖਾਂਦੇ ਰਹਿੰਦੇ ਬਾਲ, ਬਿਨ ਰਸਨਾ ਜਿਹਵਾ ਮੁਖ ਮੁਖ ਲਗਾਈਆ । ਜਿਸ ਨੂੰ ਖਾ ਕੇ ਕਦੀ ਨਾ ਹੁੰਦੇ ਕੰਗਾਲ, ਕੰਗਾਲੀ ਨਜ਼ਰ ਕੋਇ ਨਾ ਆਈਆ । ਜਿਸ ਨੇ ਖਾਧਾ ਓਹ ਦੋ ਜਹਾਨਾਂ ਬਣਿਆ ਦਲਾਲ, ਦਲਾਲੀ ਸ਼ਬਦ ਧਾਰ ਕਮਾਈਆ । ਇਹ ਖੇਲ ਸਚਖੰਡ ਸੱਚੀ ਧਰਮਸਾਲ, ਜੋ ਲੋਕਮਾਤ ਦਿਤਾ ਵਖਾਈਆ । ਸਵਾ ਸੇਰ ਕਹੇ ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਘਾਲੀ ਘਾਲ, ਜੁਗ ਜੁਗ ਰਾਹ ਤਕਾਈਆ । ਕਵਣ ਵੇਲਾ ਆਵੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸਾਚੇ ਭਗਤਾਂ ਕਰੇ ਸੰਭਾਲ, ਸੰਬਲ ਵਿਚ ਆਪਣਾ ਡੇਰਾ ਲਾਈਆ । ਲੇਖੇ ਲਾ ਕੇ ਸ਼ਾਹ ਕੰਗਾਲ, ਇਕੋ ਰੰਗ ਰੰਗਾਈਆ । ਸਚ ਭੰਡਾਰਾ ਦਏ ਖਵਾਲ, ਭੁੱਖਿਆਂ ਭੁੱਖ ਮਿਟਾਈਆ । ਮੁਹੱਬਤ ਵਿਚ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਤਿ ਧਰਮ ਦਾ ਸਚ ਲਗਾਵੇ ਨਿਸ਼ਾਨ, ਨਿਸ਼ਾਨਾ ਇਕੋ ਇਕ ਝੁਲਾਈਆ । ਧੁਰ ਸੰਦੇਸ਼ਾ ਦੇਵੇ ਆਣ, ਅਨਕ ਕਲ ਧਾਰੀ ਆਪ ਦ੍ਰਿੜਾਈਆ । ਜਨ ਭਗਤਾਂ ਦਾ ਲੇਖੇ ਲਾਏ ਪਕਵਾਨ, ਪਰਮ ਪੁਰਖ ਪ੍ਰਭ ਬੇਪਰਵਾਹੀਆ । ਸਵਾ ਸੇਰ ਦੀ ਰੋਟੀ ਕਹੇ ਮੈਂ ਜਗਤ ਵਾਲਾ ਨਹੀਂ ਅੰਨ, ਉਤਭੁਜ ਰੂਪ ਨਾ ਕੋਇ ਵਟਾਈਆ । ਮੈਂ ਪ੍ਰਭ ਦੀ ਚਰਨ ਧੂੜ ਦਾ ਦਾਨ, ਜੋ ਵਿਸ਼ਨੂੰ ਝੋਲੀ ਪਾਈਆ । ਮੈਂ ਢਕਿਆ ਓਸ ਮਕਾਨ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਿਰਫ਼ ਮਾਤਲੋਕ ਆਈ ਭਗਤਾਂ ਨੂੰ ਸਮਝਾਣ, ਆਪਣਾ ਰੂਪ ਬਦਲਾਈਆ । ਗੁਰਮੁਖੋ ਕਿਸੇ ਕੰਮ ਨਹੀਂ ਔਂਦਾ ਪੀਣ ਖਾਣ, ਜਿੰਨਾਂ ਚਿਰ ਮਿਲੇ ਨਾ ਧੁਰਦਰਗਾਹੀਆ । ਨੇਤਰ ਖੋਲ੍ਹ ਕੇ ਵੇਖੋ ਮਾਰ ਧਿਆਨ, ਧਰਨੀ ਧਰਤ ਧਵਲ ਵੇਖ ਵਖਾਈਆ । ਜੋ ਭਗਤਾਂ ਦੀ ਲੌਣ ਆਇਆ ਮੀਜ਼ਾਨ, ਜੁਗ ਵਿਛੜੇ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਮੇਟੇ ਤਮਾਮ, ਤਮਾਂ ਦੀ ਤਮੰਨਾ ਦਏ ਗਵਾਈਆ । ਸਚ ਦਵਾਰੇ ਬਖ਼ਸ਼ੇ ਇਕ ਬਿਸਰਾਮ, ਬਿਸਤਰ ਅਵਰ ਨਾ ਕੋਇ ਰਖਾਈਆ । ਜਿਥੇ ਆਤਮਾ

ਪਰਮਾਤਮਾ ਮਿਲ ਕੇ ਖ਼ੁਸ਼ੀ ਮਨਾਣ, ਨੂਰ ਨੂਰ ਵਿਚ ਸਮਾਈਆ । ਗੁਰਮੁਖੋ ਅੰਤ ਅਖ਼ੀਰੀ ਤੁਹਾਡਾ ਉਹ ਮਕਾਨ, ਜਿਥੇ ਦੀਆ ਬਾਤੀ ਕਮਲਾਪਾਤੀ ਇਕ ਰੁਸ਼ਨਾਈਆ । ਓਹ ਸਾਹਿਬ ਸੁਹੇਲਾ ਇਕ ਇਕੇਲਾ ਦੁਹੇਲਾ ਕਰੇ ਜਗਤ ਜਹਾਨ, ਵੇਲਾ ਵਕਤ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਦੇਵਣਹਾਰਾ ਧੁਰ ਦਾ ਦਾਨ, ਦਾਤਾ ਦਾਨੀ ਦਇਆਵਾਨ ਦਇਆਨਿਧ ਠਾਕਰ ਸਵਾਮੀ ਅੰਤਰਜਾਮੀ ਅਬਿਨਾਸ਼ੀ ਕਰਤਾ ਦੁੱਖ ਦਰਦ ਹਰਤਾ ਮਰਦਾਨਾ ਮਰਦਾ ਵੰਡੇ ਦਰਦਾ ਦੀਨਾਂ ਨਾਥ ਦਇਆਨਿਧ ਇਕ ਅਖਵਾਈਆ ।

### ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੪ ਨਿਰੰਜਣ ਸਿੰਘ ਦੇ ਗ੍ਰਿਹ ਹਰਿ ਸੰਗਤ ਲੁਧਿਆਣਾ ✻

ਚਿੱਟਾ ਪੋਣਾ ਕਹੇ ਮੈਂ ਸਭ ਦਾ ਪੜਦਾ ਢਕਦਾ, ਓਢਣ ਜਗਤ ਜਗਦੀਸ਼ ਜਣਾਈਆ । ਲਹਿਣਾ ਦੇਣਾ ਆਦਿ ਜੁਗਾਦਿ ਸੁਣਾਵਾਂ ਹੱਕ ਦਾ, ਹਕ਼ੀਕਤ ਵਿਚੋਂ ਨਿਰਗੁਣ ਸਰਗੁਣ ਫੋਲ ਫੁਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਆਇਆ ਤਕਦਾ, ਬਿਨ ਅੱਖਾਂ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਪਰਮ ਪੁਰਖ ਪਰਮਾਤਮ ਚਾਰ ਕੁੰਟ ਦਹਿ ਦਿਸ਼ਾ ਆਇਆ ਲੱਭਦਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਨਾਮ ਸੰਦੇਸ਼ਾ ਦੋ ਜਹਾਨਾਂ ਮਰਦ ਮਰਦਾਨਾ ਦੇਂਦਾ ਆਇਆ ਸਚ ਦਾ, ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਇਕ ਦ੍ਰਿੜਾਈਆ । ਨਿਤ ਨਵਿਤ ਬਣ ਕੇ ਪਾਂਧੀ ਆਇਆ ਨਚਦਾ, ਆਪ ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਵਖਾਵੇ ਪੁਰਖ ਸਮਰਥ ਦਾ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਲ ਵਰਤਾਈਆ । ਝਗੜਾ ਮੁਕੇ ਕੂੜ ਕੁੜਿਆਰੇ ਰਬ ਦਾ, ਅਗਨੀ ਤੱਤ ਅਗਨੀ ਅੱਗ ਜਲਾਈਆ । ਇਕੋ ਢੋਲਾ ਗੀਤ ਸੰਗੀਤ ਦੋ ਜਹਾਨ ਸ੍ਰਿਸ਼ਟ ਸਬਾਈ ਅੰਤਰ ਆਤਮ ਹੋਵੇ ਜਪਦਾ, ਜਗ ਜੀਵਣ ਦਾਤਾ ਧਿਆਈਆ । ਸਚਖੰਡ ਦਵਾਰਾ ਭਗਤ ਸੁਹੇਲਾ ਸਦ ਰਹੇ ਵਸਦਾ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਣਾ ਕਹੇ ਮੈਂ ਸਭ ਦਾ ਢਕਣਾ ਪੜਦਾ, ਲਿਖਣ ਪੜ੍ਹਣ ਦੀ ਲੋੜ ਰਹੇ ਨਾ ਰਾਈਆ । ਮੈਂ ਸਚ ਦਵਾਰੇ ਮੰਜ਼ਲ ਇਕੋ ਚੜ੍ਹਦਾ, ਜਿਸ ਦੀ ਪੌੜੀ ਡੰਡਾ ਨਜ਼ਰ ਕਿਸੇ ਨਾ ਆਈਆ । ਬਿਨ ਨੇਤਰ ਲੋਚਣ ਨੈਣ ਮੈਂ ਦਰਸ ਇਕੋ ਦਾ ਕਰਦਾ, ਜੋ ਨਿਰਾਕਾਰ ਸਾਕਾਰ ਆਪਣੀ ਖੇਲ ਖਿਲਾਈਆ । ਸਤਿ ਦਵਾਰੇ ਸੀਸ ਜਗਦੀਸ਼ ਚਰਨ ਕਵਲ ਧਰਦਾ, ਧਰਨੀ ਧਰਤ ਧਵਲ ਧਰਮ ਦਵਾਰਾ ਵੇਖ ਵਖਾਈਆ । ਨਾ ਜੰਮਦਾ ਨਾ ਕਦੇ ਮਰਦਾ, ਜੀਵਣ ਮਰਨ ਵਿਚ ਕਦੇ ਨਾ ਆਈਆ । ਅੰਤਮ ਖੇਲ ਵੇਖਾਂ ਕਲਜੁਗ ਕਲ ਦਾ, ਕੂੜੀ ਕਿਰਿਆ ਫੋਲ ਫੁਲਾਈਆ । ਜਗਤ ਸੰਸਾਰ ਮਾਇਆ ਮਮਤਾ ਅਗਨੀ ਵਿਚ ਜਲਦਾ, ਤਤਵ ਤਤ ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਦ੍ਰਿੜਾਈਆ । ਪੋਣਾ ਕਹੇ ਮੇਰੀ ਪ੍ਰਨਾਮ, ਨਮੋ ਨਮੋ ਸੀਸ ਝੁਕਾਈਆ । ਸਚਖੰਡ ਨਿਵਾਸੀ ਸ੍ਰੀ ਭਗਵਾਨ, ਭਗਵਨ ਤੇਰਾ ਰਾਹ ਤਕਾਈਆ । ਥਿਰ ਘਰ ਨਿਵਾਸੀ ਵਡ ਬਲਵਾਨ, ਸ਼ਬਦੀ ਦਾਤੇ ਲੈ ਅੰਗੜਾਈਆ । ਸੋ

੭੨
੨੧

ਪੁਰਖ ਨਿਰੰਜਣ ਹੋ ਪ੍ਰਧਾਨ, ਹਰਿ ਪੁਰਖ ਨਿਰੰਜਣ ਫੇਰਾ ਪਾਈਆ । ਏਕੰਕਾਰੇ ਧੁਰ ਦੇ ਕਾਹਨ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਖੇਲ ਮਹਾਨ, ਸ੍ਰੀ ਭਗਵਾਨ ਪੜਦਾ ਉਹਲਾ ਦੇ ਉਠਾਈਆ । ਪਾਰਬ੍ਰਹਮ ਬ੍ਰਹਮ ਲੇਖਾ ਵੇਖ ਜਹਾਨ, ਲੱਖ ਚੁਰਾਸੀ ਫੋਲ ਫੁਲਾਈਆ । ਧੁਰ ਦਾ ਹੁਕਮ ਸੰਦੇਸਾ ਦੇ ਆਣ, ਆਨਨ ਫ਼ਾਨਨ ਆਪਣੀ ਕਾਰ ਕਮਾਈਆ । ਚਾਰ ਜੁਗ ਦਾ ਝਗੜਾ ਮੁਕੇ ਤਮਾਮ, ਤਮਾਂ ਤਮੰਨਾ ਕੂੜੀ ਦੇ ਗੁਆਈਆ । ਸਾਚਾ ਮਾਰਗ ਦੱਸ ਆਸਾਨ, ਅਹਿਸਾਨ ਸਿਰ ਨਾ ਕੋਇ ਰਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰਾ ਨਾਮ ਗਾਣ, ਇਕੋ ਢੋਲਾ ਬਣ ਵਿਚੋਲਾ ਦੇ ਸਮਝਾਈਆ । ਤੂੰ ਆਤਮ ਪਰਮਾਤਮ ਧੁਰ ਦਾ ਕਾਹਨ, ਸੀਤਾ ਸੁਰਤੀ ਆਪ ਪ੍ਰਨਾਈਆ । ਮਨੂਆ ਮਨ ਨਾ ਰਹੇ ਸ਼ੈਤਾਨ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਕਾਇਆ ਮੰਦਰ ਭਾਗ ਲਗੌਣਾ ਮਕਾਨ, ਕਾਅਬਾ ਇਕੋ ਇਕ ਵਖਾਈਆ । ਜਿਥੇ ਦੀਵਾ ਬਾਤੀ ਜਗੇ ਮਹਾਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਆਤਮ ਪਰਮਾਤਮ ਰਸ ਦੇ ਪੀਣ ਖਾਣ, ਜਗਤ ਤ੍ਰਿਸ਼ਨਾ ਲੇਖ ਰਹੇ ਨਾ ਰਾਈਆ । ਦਰਗਾਹ ਸਾਚੀ ਠਾਂਡੇ ਦਰ ਕਰ ਪ੍ਰਵਾਨ, ਪਰਮ ਪੁਰਖ ਪ੍ਰਤੱਖ ਤੇਰੀ ਓਟ ਤਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋਵੇ ਗਾਨ, ਦੂਜੀ ਵਿਦਿਆ ਅਵਰ ਨਾ ਕੋਇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸੱਯਦਿਆਂ ਵਿਚ ਸਾਰੇ ਸੀਸ ਝੁਕਾਣ, ਨਮੋ ਨਮੋ ਨਮਸਤੇ ਡੰਡਾਵਤ ਵਿਚ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਪੌਣਾ ਕਹੇ ਮੈਂ ਪਰਮ ਪੁਰਖ ਦੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਮੈਂ ਸਚ ਸੰਦੇਸ਼ਾ ਦੇਵਾਂ ਆਖ, ਆਖ਼ਰ ਇਕੋ ਹੁਕਮ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਜਲਵਾ ਨੂਰ ਕਰ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਆਪਣਾ ਖੇਲੇ ਖੇਲ ਤਮਾਸ਼, ਖ਼ਾਲਕ ਖ਼ਲਕ ਫ਼ਲਕ ਅਰਸ਼ ਕੁਰਸ਼ ਸਾਰੇ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਣਹਾਰਾ ਗੋਪੀ ਕਾਹਨ ਰਾਸ, ਮੰਡਲ ਮੰਡਪ ਪੜਦਾ ਦਏ ਉਠਾਈਆ । ਸਰ ਸਰੋਵਰ ਅੰਤਰ ਆਤਮ ਨਿਰੰਤਰ ਹੋ ਕੇ ਵੇਖੇ ਤੀਰਥ ਤਾਟ, ਘਾਟ ਕਿਨਾਰਾ ਇਕੋ ਸੋਭਾ ਪਾਈਆ । ਜਨ ਭਗਤਾਂ ਜੁਗ ਚੌਕੜੀ ਜਨਮ ਕਰਮ ਦੇ ਵਿਛੜਿਆਂ ਪੂਰੀ ਕਰੇ ਆਸ, ਆਸਾ ਮਨਸਾ ਆਪਣੇ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਸਚ ਦਵਾਰੇ ਸਦਾ ਵਸੇ ਪਾਸ, ਜਗਤ ਵਿਛੋੜਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਸਤਿ ਸਤਿਵਾਦੀ ਇਕ ਸੁਣਾਈਆ । ਸਵਾ ਗਜ਼ ਕਹੇ ਮੈਨੂੰ ਕਹਿਣ ਸਵਾਇਆ, ਸਦ ਸਦ ਢੋਲਾ ਗਾਈਆ । ਇਕ ਇਕ ਮੇਰਾ ਖੇਲ ਵਖਾਇਆ, ਭੇਵ ਅਭੇਦਾ ਆਪ ਜਣਾਈਆ । ਇਕ ਦਾ ਸਵਾ ਨਿਰਗੁਣ ਸਰਗੁਣ ਵੰਡ ਵੰਡਾਇਆ, ਦੂਜੀ ਧਾਰ ਨਾ ਕੋਇ ਬਣਾਈਆ । ਜਿਸ ਵਿਚ ਗੁਰ ਅਵਤਾਰ ਪੈਗ਼ੰਬਰ ਆਪ ਟਿਕਾਇਆ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਏਸੇ ਵਿਚ ਸਮਾਈਆ । ਜਿਸ ਲੱਖ ਚੁਰਾਸੀ ਵੰਡ ਵੰਡਾਇਆ, ਤ੍ਰੈਗੁਣ ਮਾਇਆ ਪੰਜ ਤੱਤ ਅਗੰਮੀ ਘਾੜਤ ਲਏ ਘੜਾਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਆਪ ਅਖਵਾਇਆ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਪੜਦਾ ਆਪ ਚੁਕਾਈਆ । ਸਵਾ ਗਜ਼ ਕਹੇ ਮੈਂ ਅਗੰਮ ਦੁਪੱਟਾ, ਤਾਣਾ ਪੇਟਾ ਨਜ਼ਰ ਕੋਇ ਨਾ ਆਈਆ । ਕਿਸੇ ਹੱਥ ਨਾ ਆਵਾਂ ਚੌਦਾਂ ਤਬਕਾਂ ਚੌਦਾਂ ਲੋਕਾਂ ਹੱਟਾਂ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ ।

ਮੈਂ ਓਸ ਦਵਾਰੇ ਵਸਾਂ, ਜਿਥੇ ਵਸਲ ਮਿਲੇ ਨੂਰ ਅਲਾਹੀਆ । ਸਭ ਕੁਛ ਨਜ਼ਰ ਆਵੇ ਬਿਨਾ ਅੱਖਾਂ, ਚਾਰੋਂ ਕੁੰਟ ਖੋਜ ਖੁਜਾਈਆ । ਵੇਖਾਂ ਖੇਲ ਪੁਰਖ ਸਮਰਥਾ, ਜੋ ਕਰਨੀ ਦਾ ਕਰਤਾ ਆਪ ਕਰਾਈਆ । ਕਿਸ ਬਿਧ ਕਲਜੁਗ ਅੰਤਮ ਜਨ ਭਗਤਾਂ ਲਹਿਣਾ ਦੇਣਾ ਦੇਵੇ ਹੱਥੋ ਹੱਥਾ, ਪੂਰਬ ਪੂਰਬ ਖੋਜ ਖੁਜਾਈਆ । ਜਿਨ੍ਹਾਂ ਦਾ ਭਾਗ ਬਦਲੇ ਮਸਤਕ ਮੱਥਾ, ਧੂੜੀ ਖ਼ਾਕ ਰੇਣ ਚਰਨ ਕਵਲ ਛੁਹਾਈਆ । ਨਿਜ ਆਤਮ ਪਰਮਾਤਮ ਦੇਵੇ ਆਪਣਾ ਰਸਾ, ਰਸੀਆ ਹੋ ਕੇ ਆਪ ਚਖਾਈਆ । ਭਗਤਾਂ ਦੇ ਅੰਦਰ ਪ੍ਰੇਮ ਪ੍ਰੀਤੀ ਅੰਦਰ ਵਸਾ, ਘਟ ਘਟ ਬੈਠਾ ਸੋਭਾ ਪਾਈਆ । ਨਿਰਗੁਣ ਧਾਰ ਨਿਰਵੈਰ ਹੋ ਕੇ ਸਦੀ ਚੌਧਵੀਂ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਵਾ ਗਜ਼ ਕਹੇ ਮੇਰੀ ਵਖਰੀ ਧਾਰ, ਧਰਨੀ ਧਵਲ ਸਮਝ ਕੋਇ ਨਾ ਪਾਈਆ । ਮੇਰੀ ਆਸਾ ਰੱਖਕੇ ਗਏ ਤੇਈ ਅਵਤਾਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣੀ ਕਾਰ ਕਮਾਈਆ । ਜਗ ਨੇਤਰ ਨਜ਼ਰ ਨਾ ਆਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਬੈਠੇ ਸੀਸ ਨਿਵਾਈਆ । ਸੋ ਖੇਲ ਕਰੇ ਆਪ ਕਰਤਾਰ, ਕੁਦਰਤ ਦਾ ਕਰਤਾ ਕਾਰ ਕਮਾਈਆ । ਜਿਸ ਨੂੰ ਲੱਭਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਨੇਤਰ ਅੱਖ ਖੁਲ੍ਹਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਸਤਿ ਸਵਾਮੀ ਅੰਤਰਜਾਮੀ ਹੋ ਉਜਿਆਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਪਾਵੇ ਸਾਰ, ਮਹਾਂਸਾਰਥੀ ਆਪਣੀ ਸੇਵ ਕਮਾਈਆ । ਜਿਸ ਦਾ ਲੇਖਾ ਲਿਖਿਆ ਨਾ ਜਾਏ ਜਗਤ ਇਬਾਰਤੀ, ਉਤਾਰੀ ਜਾਏ ਨਾ ਕਿਸੇ ਤੋਂ ਆਰਤੀ, ਖੇਲ ਕਰੇ ਨਾ ਪੁਰਖ ਨਾਰ ਦੀ, ਤੱਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਇਹ ਰਮਜ਼ ਸੱਚੀ ਸਰਕਾਰ ਦੀ, ਜੋ ਜੁਗ ਚੌਕੜੀ ਲੱਖ ਚੁਰਾਸੀ ਜਨਮ ਕਰਮ ਵਿਚਾਰਦੀ, ਭਰਮਾਂ ਦਾ ਭਰਮ ਦਏ ਮਿਟਾਈਆ । ਓਹ ਵਾਟ ਤੱਕੇ ਖ਼ੁਸ਼ੀਆਂ ਵਾਲੇ ਸਤਾਰਾਂ ਹਾੜ ਦੀ, ਹਰ ਹਿਰਦਾ ਵੇਖ ਵਖਾਈਆ । ਜਨ ਭਗਤਾਂ ਮੁਹੱਬਤ ਦੇਵੇ ਅਗੰਮੇ ਯਾਰ ਦੀ, ਜਿਸ ਦਾ ਯਾਰਾਨਾ ਨਾ ਕੋਇ ਤੁੜਾਈਆ । ਜਗਤ ਸ੍ਰਿਸ਼ਟੀ ਵੇਖਣੀ ਹਾਰਦੀ, ਲਹਿਣਾ ਦੇਣਾ ਅੰਤ ਮੁਕਾਈਆ । ਠੋਕਰ ਵੇਖਣੀ ਅਗੰਮੇ ਠਠਿਆਰ ਦੀ, ਜੋ ਸਾਢੇ ਤਿੰਨ ਹੱਥ ਕਾਇਆ ਮਾਟੀ ਭਾਂਡੇ ਲਏ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਵਾ ਗਜ਼ ਕਹੇ ਮੇਰੀ ਪਿਛਲੀ ਵੇਖੋ ਮਿਣਤੀ, ਮਿੰਨਤਾਂ ਵਿਚ ਜਣਾਈਆ । ਮੇਰਾ ਵਕਤ ਲੰਘਿਆ ਕਰ ਕਰ ਗਿਣਤੀ, ਸਦੀ ਚੌਧਵੀਂ ਫੇਰਾ ਪਾਈਆ । ਮੈਂ ਝਗੜਾ ਛੱਡਾਂ ਸਿੰਮਤੀ, ਸਮੇਂ ਨੂੰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਕੋਈ ਨਾ ਹਿੰਮਤੀ, ਬਲਹੀਣ ਜਗਤ ਲੋਕਾਈਆ । ਸਾਚੇ ਧਰਮ ਦੀ ਕਰੇ ਕੋਈ ਨਾ ਮਿਣਤੀ, ਪੈਮਾਨਾ ਹੱਥ ਨਾ ਕੋਇ ਰਖਾਈਆ । ਸ਼ਰਅ ਵਿਚ ਸਭ ਦਾ ਮਨ ਹੋਇਆ ਇਲਤੀ, ਇਲਮ ਇਲਮ ਨਾਲ ਕਰੇ ਲੜਾਈਆ । ਰਮਜ਼ ਸਮਝੇ ਨਾ ਕੋਈ ਸੂਫ਼ੀਆਂ ਵਾਲੇ ਦਿਲ ਦੀ, ਦਿਲਬਰ ਦਿਲਦਾਰ ਨਾ ਕੋਇ ਮਿਲਾਈਆ । ਹੁਣ ਪ੍ਰਭ ਨੇ ਖੇਲ ਨਹੀਂ ਰਹਿਣ ਦੇਣੀ ਢਿਲ ਦੀ, ਧੁਰ ਦੀ ਕਰਨੀ ਕਾਰ ਭੁਗਤਾਈਆ । ਵੇਖਣੀ ਖੇਲ ਅੰਬਰ ਨੀਲ ਦੀ, ਨੀਲੇ ਵਾਲਾ ਆਪਣਾ ਹੁਕਮ ਵਰਤਾਈਆ । ਗੁੰਜਾਇਸ਼ ਰਹਿਣ ਨਹੀਂ ਦੇਣੀ ਕਿਸੇ ਅਪੀਲ ਦੀ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਖ਼ਾਹਿਸ਼ ਬਦਲੇ ਨਾ ਕੋਇ ਦਲੀਲ ਦੀ, ਬੁਧੀ ਚਲੇ ਨਾ ਕੋਇ ਚਤੁਰਾਈਆ । ਦੁਨੀਆ ਉਤੇ ਘੜੀ ਔਣੀ ਜ਼ਲੀਲ ਦੀ, ਜ਼ਿੱਲਤ ਵਿਚ ਲੋਕਾਈਆ । ਇਹ ਖੇਲ ਓਹੋ ਅਰਜਨ ਭੀਲ ਦੀ, ਮਿਲੇ

ਮਾਣ ਵਡਿਆਈਆ । ਧਾਰ ਪ੍ਰਗਟਣੀ ਛੈਲ ਛਬੀਲ ਦੀ, ਬਾਂਕਾ ਇਕੋ ਨਜ਼ਰੀ ਆਈਆ । ਕੁਛ ਆਸਾ ਕਹੇ ਕਬੀਰ ਦੀ, ਕ਼ਬਰਾਂ ਤੋਂ ਬਾਹਰ ਦਏ ਦੁਹਾਈਆ । ਸਦੀ ਚੌਧਵੀਂ ਮੰਜ਼ਲ ਰਹੀ ਨਾ ਕਿਸੇ ਫ਼ਕੀਰ ਦੀ, ਫ਼ਿਕਰਾ ਸਚ ਨਾ ਕੋਇ ਸੁਣਾਈਆ । ਪੁਰਖ ਅਕਾਲ ਨੂੰ ਲੋੜ ਪਈ ਸਤਿਜੁਗ ਵਾਲੀ ਤਾਮੀਰ ਦੀ, ਕਲਜੁਗ ਕੂੜੀ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਸਵਾ ਗਜ਼ ਕਹੇ ਮੈਂ ਲੰਮਾ ਚੌੜਾ, ਜੁਗ ਚੌਕੜੀ ਖੇਲ ਵਖਾਈਆ । ਮੇਰਾ ਸਮਝੇ ਕੋਈ ਨਾ ਪੌੜਾ, ਡੰਡਾ ਹੱਥ ਕਿਸੇ ਨਾ ਆਈਆ । ਜਗਤ ਵਾਸਨਾ ਦੋ ਜਹਾਨ ਫਿਰੇ ਦੌੜਾ, ਭੱਜੇ ਵਾਹੋ ਦਾਹੀਆ । ਕਾਇਆ ਅੰਮ੍ਰਿਤ ਰਸ ਸਭ ਦਾ ਹੋਇਆ ਕੌੜਾ, ਮਿੱਠਾ ਰਸ ਨਾ ਕੋਇ ਚਖਾਈਆ । ਗ੍ਰਿਹਿ ਮੰਦਰ ਹੋਇਆ ਅੰਧਘੋਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪਾਇਆ ਪੰਜਾਂ ਚੋਰਾਂ, ਚੋਰੀ ਚੋਰੀ ਲੁਕਣ ਥਾਉਂ ਥਾਈਆ । ਮਾਇਆ ਮਮਤਾ ਪਾਇਆ ਲੋਹੜਾ, ਬਹੁੜੀ ਬਹੁੜੀ ਕਰੇ ਖ਼ਲਕ ਖ਼ੁਦਾਈਆ । ਕਿਸੇ ਸਮਝ ਨਾ ਆਈ ਕਿਉਂ ਸੱਸੇ ਉੱਪਰ ਲੱਗਾ ਹੋੜਾ, ਨਿਰਗੁਣ ਆਪਣੀ ਕਾਰ ਕਮਾਈਆ । ਕਿਉਂ ਹੰ ਬ੍ਰਹਮ ਭੇਵ ਚੁਕਾਏ ਤੇਰਾ ਮੇਰਾ, ਤੁਰਤ ਦਏ ਦ੍ਰਿੜਾਈਆ । ਕੂੜ ਕੁੜਿਆਰਾ ਜਵਾਬ ਦੇ ਕੇ ਕੋਰਾ, ਕਾਇਆ ਕੁਰ੍ਹਾ ਦਏ ਬਦਲਾਈਆ । ਸਤਿਜੁਗ ਸਚ ਸੁਣਾ ਕੇ ਦੋਹਰਾ, ਦੋਵੇਂ ਰੂਪ ਦਏ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਵਾ ਗਜ਼ ਕਹੇ ਮੇਰਾ ਨਜ਼ਰ ਨਾ ਆਇਆ ਕਿਸੇ ਰੰਗ, ਰੰਗਤ ਸਚ ਨਾ ਕੋਇ ਜਣਾਈਆ । ਮੇਰੀ ਵਿਸ਼ਨੂੰ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਮੇਰਾ ਬ੍ਰਹਮੇ ਮੰਗਿਆ ਸੰਗ, ਸਗਲਾ ਸੰਗ ਬਣਾਈਆ । ਮੇਰੇ ਨਾਲ ਸ਼ੰਕਰ ਢਕਿਆ ਨੰਗ, ਓਢਣ ਤਨ ਟਿਕਾਈਆ । ਤੇਈ ਅਵਤਾਰਾਂ ਵੰਡੀ ਵੰਡ, ਧੁਰ ਦੀ ਆਸ ਰਖਾਈਆ । ਮੈਨੂੰ ਮੂਸੇ ਚੁਕਿਆ ਕੰਧ, ਆਪਣਾ ਭਾਰ ਬਣਾਈਆ । ਮੇਰੇ ਉਤੋਂ ਦੀ ਈਸਾ ਗਿਆ ਲੰਘ, ਕ਼ਦਮ ਕ਼ਦਮ ਨਾਲ ਬਦਲਾਈਆ । ਮੈਨੂੰ ਮੁਹੰਮਦ ਨੇ ਬੰਨ੍ਹਿਆ ਘੋੜੇ ਦੀ ਤੰਗ, ਰਾਸਾਂ ਨਾਲ ਛੁਹਾਈਆ । ਮੇਰੀ ਨਾਨਕ ਦਿੱਤੀ ਗੰਢ, ਬਗ਼ਦਾਦ ਦਏ ਗਵਾਹੀਆ । ਮੈਨੂੰ ਅਰਜਨ ਪਾਈ ਠੰਡ, ਰਾਵੀ ਕੰਢੇ ਡੇਰਾ ਲਾਈਆ । ਮੈਨੂੰ ਤੇਗ਼ ਬਹਾਦਰ ਕੀਤਾ ਬੰਦ, ਗਠੜੀ ਕਰਮਾਂ ਵਾਲੀ ਟਿਕਾਈਆ । ਮੇਰਾ ਗੋਬਿੰਦ ਢਕਿਆ ਨੰਗ, ਆਸਣ ਪਲਾਣੇ ਉਤੇ ਛੁਹਾਈਆ । ਉਤੇ ਬੈਠਾ ਸੂਰਾ ਸਰਬੰਗ, ਖੰਡਾ ਖੜਗ ਇਕ ਖੜਕਾਈਆ । ਪੁਰਖ ਅਕਾਲ ਦੀ ਮੰਗੀ ਮੰਗ, ਵਡ ਤੇਰੀ ਬੇਪ੍ਰਵਾਹੀਆ ।ਜਿਸ ਵੇਲੇ ਸਦੀ ਸਦੀਵੀਂ ਗਈ ਲੰਘ, ਕਲਜੁਗ ਅੰਤਮ ਵੇਲਾ ਆਈਆ । ਦੀਨ ਦੁਨੀ ਹੋਈ ਨੰਗ, ਸਿਰ ਹੱਥ ਨਾ ਕੋਇ ਟਿਕਾਈਆ । ਨਾਮ ਝਗੜਾ ਪਏ ਵਿਚ ਵਰਭੰਡ, ਵਰਭੰਡੀ ਕੂੜ ਲੋਕਾਈਆ । ਮਨ ਕਲਪਣਾ ਵਧੇ ਗੰਦ, ਰਸਨਾ ਜਿਹਵਾ ਹਲਕਾਈਆ । ਸਾਚਾ ਗਾਵੇ ਕੋਈ ਨਾ ਛੰਦ, ਸਹਿੰਸਾ ਕੂੜ ਨਾ ਕੋਇ ਮਿਟਾਈਆ । ਆਤਮ ਮਿਲੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਸਮਾਈਆ । ਨਿਰਗੁਣ ਜੋਤ ਚੜ੍ਹੇ ਨਾ ਚੰਦ, ਘਰ ਵਿਚ ਘਰ ਨਾ ਕੋਇ ਰੁਸ਼ਨਾਈਆ । ਝਗੜਾ ਮਿਟੇ ਨਾ ਜਗਤ ਖੰਡ, ਨਵ ਨੌ ਚਾਰ ਨਾ ਡੇਰਾ ਢਾਹੀਆ । ਪੈਂਡਾ ਮੁਕੇ ਨਾ ਜੇਰਜ ਅੰਡ, ਉਤਭੁਜ ਸੇਤਜ ਲੇਖਾ ਨਾ ਕੋਇ ਮੁਕਾਈਆ । ਨੇਤਰ ਰੋਵੇ ਗੋਦਾਵਰੀ ਗੰਗ, ਜਮਨਾ ਸੁਰਸਤੀ ਦਏ ਦੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਵਣ ਰੰਡ, ਗੁਰੂਦੁਆਰ ਹਾਹਾਕਾਰ ਸੁਣਾਈਆ । ਸਚ ਦੁਆਰ ਜਾਏ ਕੋਈ ਨਾ ਲੰਘ, ਮੰਜ਼ਲ ਹੱਕ ਨਾ ਕੋਇ ਵਖਾਈਆ । ਗੋਬਿੰਦ ਕਿਹਾ ਪੁਰਖ ਅਕਾਲ ਦੀਨ ਦਿਆਲ ਓਸ ਵੇਲੇ ਮੈਂ ਮੰਗਾਂ ਇਹੋ ਮੰਗ, ਮਾਂਗਤ ਹੋ ਕੇ

ਝੋਲੀ ਡਾਹੀਆ । ਸਵਾ ਗਜ਼ ਦੀ ਤੇਰੀ ਧਾਰ ਜਨ ਭਗਤਾਂ ਦੀ ਆਤਮ ਸੇਜ ਵਿਛਾ ਪਲੰਘ, ਜਗਤ ਸਿੰਘਾਸਣ ਦੀ ਲੋੜ ਰਹੇ ਨਾ ਰਾਈਆ । ਓਹ ਸਦਾ ਗਾਵਣ ਤੂੰ ਮੇਰਾ ਮੈਂ ਤੇਰਾ ਛੰਦ, ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਇਕ ਦ੍ਰਿੜਾਈਆ । ਤੇਰੇ ਨਾਲ ਜਾਵਾਂ ਹੰਢ, ਝਗੜਾ ਛਡ ਖੰਡ ਬ੍ਰਹਿਮੰਡ, ਸਚਖੰਡ ਦਵਾਰ ਜਾਵਾਂ ਲੰਘ, ਜਿਥੇ ਤੇਰਾ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਵਾ ਗਜ਼ ਕਹੇ ਮੈਂ ਭਗਤਾਂ ਬਣਾਂ ਅਗੰਮੀ ਸੇਜ, ਸੁਹੰਜਣਾ ਵਕ਼ਤ ਸੁਹਾਈਆ । ਸਚਖੰਡ ਨਿਵਾਸੀ ਹੁਕਮੇ ਅੰਦਰ ਮੈਨੂੰ ਦਿਤਾ ਭੇਜ, ਭਜਨ ਬੰਦਗੀ ਇਕ ਦ੍ਰਿੜਾਈਆ । ਸੰਤ ਸੁਹੇਲੇ ਜਾ ਕੇ ਵੇਖ, ਗੁਰਮੁਖ ਧਿਆਨ ਲਗਾਈਆ । ਜਿਨ੍ਹਾਂ ਦੇ ਅੰਦਰੋਂ ਬਦਲਦੀ ਰੇਖ, ਬਾਹਰੋਂ ਕਰਨੀ ਨਾ ਪਏ ਪੜ੍ਹਾਈਆ । ਕਾਇਆ ਮੰਦਰ ਚੁਕਾਵਾਂ ਭੇਤ, ਪੜਦਾ ਆਪ ਉਠਾਈਆ । ਨਜ਼ਰੀ ਆਵਾਂ ਨੇਤਨ ਨੇਤ, ਨਿਜ ਨੈਣ ਕਰਾਂ ਰੁਸ਼ਨਾਈਆ । ਸਾਚਾ ਕਰਾਂ ਹੇਤ, ਮਿਲ ਮਿਲ ਵੱਜੇ ਵਧਾਈਆ । ਸਵਾਮੀ ਰਹਾਂ ਹਮੇਸ਼, ਵਿਛੜ ਕਦੇ ਨਾ ਜਾਈਆ । ਵਖਾਵਾਂ ਆਪਣਾ ਦੇਸ, ਸਚਖੰਡ ਦੁਆਰਾ ਸੋਭਾ ਪਾਈਆ । ਜਿਥੇ ਬੈਠਾ ਇਕ ਨਰੇਸ਼, ਨਰ ਨਰਾਇਣ ਨਜ਼ਰੀ ਆਈਆ । ਨਾ ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਈਆ । ਜੋ ਖੇਲ ਕਰੇ ਹਮੇਸ਼, ਜੁਗ ਜੁਗ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਸਵਾ ਗਜ਼ ਭਗਤਾਂ ਅੰਤਰ ਵਿਛੌਣਾ, ਵਿਸ਼ਿਆਂ ਤੋਂ ਬਾਹਰ ਰਖਾਈਆ । ਨਿਰਗੁਣ ਆਪਣਾ ਰੰਗ ਰੰਗੌਣਾ, ਅਗੰਮ ਅਥਾਹ ਵਡਿਆਈਆ । ਸਾਚੀ ਸੇਵ ਲਗੌਣਾ, ਲਗ ਮਾਤਰ ਨਾ ਕੋਇ ਸਮਝਾਈਆ । ਘਰ ਸੁਹੰਵਣਾ ਇਕ ਸੁਹੌਣਾ, ਘਰ ਘਰ ਵਿਚ ਸੋਭਾ ਪਾਈਆ । ਧੁਰ ਦਾ ਦੀਪਕ ਇਕ ਜਗੌਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਭਗਤ ਸੁਹੇਲਾ ਉਪਰ ਬਹੌਣਾ, ਫੜ ਬਾਹੋਂ ਆਪ ਟਿਕਾਈਆ । ਸਤਿਜੁਗ ਸਾਚਾ ਧਰਮ ਚਲੌਣਾ, ਕਲਜੁਗ ਕੂੜਾ ਚਲਿੱਤ੍ਰ ਗੁਵਾਈਆ । ਆਤਮ ਪਰਮਾਤਮ ਇਕੋ ਨਜ਼ਰੀ ਔਣਾ, ਦੂਜਾ ਰੰਗ ਨਾ ਕੋਇ ਵਖਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗੌਣਾ, ਗਾਵਣ ਗਾ ਗਾ ਖ਼ੁਸ਼ੀ ਬਣਾਈਆ । ਧਰਮ ਦਵਾਰਾ ਇਕ ਵਸੌਣਾ, ਵਾਹਵਾ ਵਜਦੀ ਰਹੇ ਵਧਾਈਆ । ਜਿਥੇ ਲੇਖਾ ਮੁਕੇ ਉਨੰਜਾ ਪੌਣਾ, ਬਿਨ ਪਵਣਾਂ ਚਵਰ ਝੁਲਾਈਆ । ਧੁਰ ਦੇ ਗੁਰਮੁਖਾਂ ਰੰਗ ਰੰਗੌਣਾ, ਭਗਤਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਧੁਰ ਦਾ ਦਾਨ, ਆਤਮ ਪਰਮਾਤਮ ਕਰ ਪ੍ਰਵਾਨ, ਸਚ ਸਿੰਘਾਸਣ ਸੁਹਾਏ ਸ੍ਰੀ ਭਗਵਾਨ, ਅਬਿਨਾਸ਼ੀ ਕਰਤਾ ਕਰਨੀ ਦਾ ਮਾਲਕ, ਖ਼ਲਕ ਦਾ ਖ਼ਾਲਕ, ਹਰਿਜਨ ਸਾਚੇ ਜਿਉ ਪਿੰਡ ਤਨ ਕਾਚੇ, ਲਹਿਣੇ ਦੇਣੇ ਚੁਕਾਏ ਮਸਤਕ ਮਾਥੇ, ਮਸਤ ਖ਼ੁਮਾਰੀ ਨਾਮ ਇਕ ਰਖਾਈਆ ।

### ✻ ੧੩ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਸੁਧਾਰ ਜ਼ਿਲਾ ਲੁਧਿਆਣਾ ਮਿਲਖਾ ਸਿੰਘ ਦੇ ਗ੍ਰਿਹ ✻

ਤੇਰਾਂ ਚੇਤ ਕਹੇ ਸਭ ਨੇ ਕਰਨਾ ਸੁਧਾਰ, ਸੁਧਾਰ ਨਿਵਾਸੀਆਂ ਸਿਧ ਸੁਣਾਈਆ । ਏਕਾ ਸਤਿਗੁਰ ਸ਼ਬਦ ਕਰਨਾ ਪਿਆਰ, ਜੋ ਆਦਿ ਜੁਗਾਦਿ ਜੁਗ ਚੌਕੜੀ ਸੇਵ ਕਮਾਈਆ । ਜਿਸ ਦਾ ਖੇਲ ਪੈਗ਼ੰਬਰ ਗੁਰ ਅਵਤਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਸ ਵਟਾਈਆ । ਸੋ ਸਚ

ਸੰਦੇਸਾ ਦੇਵਾਂ ਆਪਣੀ ਧਾਰ, ਧੁਰ ਫ਼ਰਮਾਨਾ ਇਕ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰੇ ਖ਼ਬਰਦਾਰ, ਗਗਨ ਗਗਨੰਤਰ ਆਪ ਜਗਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਰਾਓ ਰੰਕ ਝਗੜਾ ਜਗਤ ਖ਼ੁਆਰ, ਸਾਚਾ ਰੰਗ ਦਏ ਰੰਗਾਈਆ । ਕਾਇਆ ਮੰਦਰ ਅੰਦਰ ਕਾਇਆ ਮਾਟੀ ਖੋਲ੍ਹ ਕੇ ਵੇਖੇ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਗੋਬਿੰਦ ਅੰਮ੍ਰਿਤ ਰਸ ਨਿਝਰ ਝਿਰਨਾ ਪੀਓ ਠੰਡਾ ਠਾਰ, ਅਗਨੀ ਤਤ ਰਹਿਣ ਨਾ ਪਾਈਆ । ਅਨਹਦ ਨਾਦੀ ਸ਼ਬਦ ਸੁਣੇ ਧੁਨਕਾਰ, ਆਤਮਕ ਰਾਗ ਸੁਣਾਈਆ । ਘਰ ਦੀਆ ਬਾਤੀ ਜੋਤ ਵੇਖੇ ਨਿਰੰਕਾਰ, ਗ੍ਰਹਿ ਮੰਦਰ ਕਰੇ ਰੁਸ਼ਨਾਈਆ । ਦਰ ਦਵਾਰਾ ਏਕੰਕਾਰਾ ਇਕੋ ਦਏ ਵਖਾਲ, ਜਿਸ ਘਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਏਕ, ਜੁਗ ਚੌਕੜੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਟੇਕ, ਟਿੱਕੇ ਮਸਤਕ ਧੂੜੀ ਆਪ ਲਗਾਈਆ । ਧੁਰ ਫ਼ਰਮਾਨਾ ਦੇਂਦਾ ਰਹੇ ਹਮੇਸ਼, ਸਤਿ ਸਤਿਵਾਦੀ ਹੋ ਕੇ ਇਕ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਲਿਖੌਂਦਾ ਰਿਹਾ ਲੇਖ, ਅੱਖਰ ਅੱਖਰਾਂ ਨਾਲ ਜੁੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵਖੌਂਦਾ ਰਹਵਾਂ ਭੇਖ, ਰੂਪ ਰੰਗ ਰੇਖ ਆਪਣੇ ਵਿਚ ਸਮਾਈਆ । ਚਾਰ ਕੁੰਟ ਦਹਿ ਦਿਸ਼ਾ ਬਿਨ ਅੱਖਾਂ ਲਵਾਂ ਵੇਖ, ਨੂਰੋ ਨੂਰ ਨੂਰ ਕਰ ਰੁਸ਼ਨਾਈਆ । ਜਿਸ ਕਾਰਨ ਖੇਲ ਹੋਣਾ ਜਗਤ ਵਾਲੇ ਚੇਤ, ਚੇਤਨ ਸੁਰਤੀ ਸਭ ਦੀ ਦਿਆਂ ਕਰਾਈਆ । ਜੋ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਦੱਸ ਕੇ ਗਏ ਭੇਤ, ਪੜਦਾ ਉਹਲਾ ਆਪ ਚੁਕਾਈਆ । ਮਨ ਕਲਪਣਾ ਬੁੱਧੀ ਕਰੋ ਬਬੇਕ, ਸਵੱਛ ਸਰੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸਾਚਾ ਰੰਗ ਚਾੜ੍ਹੇ ਤਨ ਵਜੂਦ, ਮਾਟੀ ਖ਼ਾਕ ਮਿਲੇ ਵਡਿਆਈਆ । ਸਤਿਗੁਰ ਸ਼ਬਦ ਦੇਵੇ ਆਪਣਾ ਹੱਕ ਸਬੂਤ, ਜੋਤੀ ਜਾਤਾ ਭੇਵ ਖੁਲ੍ਹਾਈਆ । ਜਿਧਰ ਤੱਕੋ ਸਦਾ ਮੌਜੂਦ, ਹਰ ਘਟ ਰਿਹਾ ਸਮਾਈਆ । ਕੂੜੀ ਕਿਰਿਆ ਅੰਦਰੋਂ ਕੱਢੇ ਦੂਜ, ਦਵੈਤ ਰਹਿਣ ਕੋਇ ਨਾ ਪਾਈਆ । ਏਕੰਕਾਰ ਇਕੋ ਸਭ ਨੂੰ ਜਾਏ ਸੂਝ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਕਲਜੁਗ ਰਾਜ, ਸਦੀ ਚੌਧਵੀਂ ਖੋਜ ਖੁਜਾਈਆ । ਚਾਰੋਂ ਕੁੰਟ ਜਗਤ ਅਪਾਹਜ, ਧੁਰ ਦਾ ਭੇਵ ਨਾ ਕੋਇ ਖੁਲ੍ਹਾਈਆ । ਭਰਮੇ ਭੁੱਲਾ ਤ੍ਰੈਗੁਣ ਮਾਇਆ ਸਾਧ, ਪੰਜ ਤੱਤ ਲੜਾਈਆ । ਨਿਰਗੁਣ ਧਾਰ ਸਮਝੇ ਨਾ ਆਦਿ, ਨਿਰੰਤਰ ਅੰਤਰ ਪੜਦਾ ਨਾ ਕੋਇ ਲਾਹੀਆ । ਗੁਰ ਅਵਤਾਰ ਪੈਗ਼ੰਬਰ ਜੋ ਬਣਾ ਕੇ ਗਏ ਸਮਾਜ, ਰੀਤੀ ਨੀਤੀ ਮਾਤ ਰਖਾਈਆ । ਓਹ ਅਗੰਮੀ ਸਮਝੇ ਨਾ ਕੋਈ ਬਾਤ, ਬਾਤਨ ਭੇਵ ਨਾ ਕੋਇ ਚੁਕਾਈਆ । ਅੰਮ੍ਰਿਤ ਰਸ ਲਏ ਨਾ ਕੋਇ ਸੁਆਦ, ਜਿਹਵਾ ਜਗਤ ਹਲਕਾਈਆ । ਧੁਨ ਆਤਮਕ ਸੁਣੇ ਕੋਈ ਨਾ ਨਾਦ, ਸਾਜ ਬਾਹਰੋਂ ਰਹੇ ਖੜਕਾਈਆ । ਗੋਬਿੰਦ ਧਾਰ ਹੋਏ ਨਾ ਕੋਇ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਮਨ ਕਲਪਣਾ ਸਭ ਦੀ ਪਕੜੀ ਵਾਗ, ਦਹਿ ਦਿਸ਼ਾ ਰਹੀ ਭੁਆਈਆ । ਬਿਨ ਸਤਿਗੁਰ ਸ਼ਬਦ ਨਿਰਮਲ ਜੋਤ ਜਗਾਏ ਨਾ ਕੋਇ ਚਰਾਗ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਹੰਸ ਬੁੱਧੀ ਹੋਈ ਕਾਗ, ਮਾਣਕ ਮੋਤੀ ਚੋਗ ਨਾਮ ਨਾ ਕੋਇ ਚੁਗਾਈਆ । ਮਾਇਆ

੭੬
੨੧

ਕਾਰਨ ਕਰਨ ਵੈਰਾਗ, ਹਿਰਦੇ ਹਰਿ ਨਾ ਕੋਇ ਵਸਾਈਆ ਦੁਰਮਤ ਮੈਲ ਧੋਵੇ ਨਾ ਕੋਈ ਦਾਗ਼, ਪਤਤ ਪੁਨੀਤ ਨਾ ਕੋਇ ਜਣਾਈਆ । ਕਲਜੁਗ ਮਾਨਵ ਜਾਣਾ ਜਾਗ, ਆਲਸ ਨਿੰਦਰਾ ਦੇਣਾ ਗਵਾਈਆ । ਤੇਰਾ ਆਦਿ ਜੁਗਾਦੀ ਆਤਮ ਪਰਮਾਤਮ ਸਾਥ, ਸਗਲਾ ਸੰਗ ਲੈਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਮੀਤ, ਮਿਤ੍ਰ ਪਿਆਰਾ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਬਦਲਦਾ ਆਇਆ ਰੀਤ, ਕਲਜੁਗ ਅੰਤਮ ਲੇਖਾ ਦਿਆਂ ਚੁਕਾਈਆ । ਖੇਲ ਅਗੰਮਾ ਦੱਸਾਂ ਅਨਡੀਠ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਕਹਿਣ ਕੋਇ ਨਾ ਪਾਈਆ । ਪੜਦਾ ਲਾਹਵਾਂ ਬਿਨ ਮੰਦਰ ਮਸੀਤ, ਕਾਇਆ ਕਾਅਬਾ ਇਕ ਜਣਾਈਆ । ਜਿਥੇ ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਦੀਨ ਮਜ਼੍ਹਬ ਦੀ ਨਹੀਂ ਕੋਈ ਲੀਕ, ਜ਼ਾਤ ਪਾਤ ਨਾ ਵੰਡ ਵਡਾਈਆ । ਓਥੇ ਨਾਨਕ ਗੋਬਿੰਦ ਕਰੇ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਪਰਵਰਦਿਗਾਰਾ ਲਾਸ਼ਰੀਕ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦੇ ਵਿਚ ਹੱਕ ਤੌਫ਼ੀਕ਼, ਦੇਵਣਹਾਰ ਧੁਰਦਰਗਾਹੀਆ । ਸਭ ਦੀ ਆਸਾ ਮਨਸਾ ਕਰੇ ਪੂਰੀ ਉਮੀਦ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਤਿਗੁਰ ਸ਼ਬਦ ਕਹੇ ਸੁਣਿਉਂ ਧੁਰ ਫ਼ਰਮਾਨਾ, ਬ੍ਰਹਿਮੰਡਾਂ ਖੰਡਾਂ ਬਾਹਰ ਜਣਾਈਆ । ਕਰੇ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਇਕੋ ਸੁਤ ਦੁਲਾਰਾ ਸ਼ਬਦੀ ਗੋਬਿੰਦ ਨੌਜਵਾਨਾ, ਬਿਰਧ
੧੧ ਬਾਲ ਨਾ ਰੂਪ ਵਟਾਈਆ । ਲੇਖਾ ਜਾਣੇ ਜੀਵ ਜਹਾਨਾ, ਲੱਖ ਚੁਰਾਸੀ ਖੋਜ ਖੁਜਾਈਆ । ਸਚਖੰਡ ਦਵਾਰੇ ਹੋ ਪਰਧਾਨਾ, ਦਰਗਾਹ ਸਾਚੀ ਡੰਕ ੧੧
ਵਜਾਈਆ । ਸੰਦੇਸ਼ਾ ਦੇਵੇ ਤੇਈ ਅਵਤਾਰ ਨਿਗਾਹ ਮਾਰੇ ਜਗਤ ਜਹਾਨਾ, ਵੀਹਵੀਂ ਸਦੀ ਅੱਖ ਖੁਲ੍ਹਾਈਆ । ਈਸਾ ਮੂਸਾ ਮੁਹੰਮਦ ਹੋਵੇ ਨਿਗਾਹਬਾਨਾ, ਨੈਣ ਨੈਣ ਨਾਲ ਮਿਲਾਈਆ । ਨਾਨਕ ਗੋਬਿੰਦ ਜੋ ਦੇ ਕੇ ਆਇਆ ਪਰਵਾਨਾ, ਪਰਮ ਪੁਰਖ ਨਾਲ ਮਿਲਾਈਆ । ਸੋ ਨਾਤਾ ਤੁਟਿਆ ਕੂੜ ਜਹਾਨਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮਾਣ ਰਿਹਾ ਨਾ ਸ਼ਾਸਤਰ ਸਿਮਰਤ ਵੇਦ ਪੁਰਾਨਾ, ਖਾਣੀ ਬਾਣੀ ਸੀਸ ਨਾ ਕੋਇ ਨਿਵਾਈਆ । ਮਨ ਮਨੂਆ ਬਣ ਕੇ ਸਭ ਦਾ ਰਾਣਾ, ਹੁਕਮ ਆਪਣਾ ਇਕ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਮਝੇ ਕੋਈ ਨਾ ਗਾਣਾ, ਨਿਰਗੁਣ ਨਿਰਗੁਣ ਮੇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਆਪ, ਹਰਿ ਕਰਤਾ ਵਡ ਵਡਿਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਭੁੱਲਾ ਜਾਪ, ਗੁਰ ਅਵਤਾਰ ਪੈਗ਼ੰਬਰਾਂ ਸਿਖਿਆ ਗਏ ਭੁਲਾਈਆ । ਰੂਹ ਬੁਤ ਰਿਹਾ ਕੋਈ ਨਾ ਪਾਕ, ਪਤਤ ਪੁਨੀਤ ਨਾ ਕੋਇ ਬਣਾਈਆ । ਝਗੜਾ ਪਿਆ ਤਨ ਮਾਟੀ ਖ਼ਾਕ, ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਕਰੇ ਲੜਾਈਆ । ਆਤਮ ਪਰਮਾਤਮ ਖੋਲ੍ਹ ਕੇ ਵੇਖੇ ਕੋਈ ਨਾ ਤਾਕ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਆਖ, ਸੰਦੇਸ਼ਾ ਧੁਰ ਦ੍ਰਿੜਾਈਆ । ਸੋ ਪੂਰਾ ਪ੍ਰਭ ਕਰਨਾ ਵਾਕ, ਵਾਕਿਆ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਵਾਂ ਧੁਰ ਦਾ ਹੁਕਮ, ਹਰਿ ਕਰਤਾ ਆਪ ਜਣਾਈਆ । ਕਲਜੁਗ

ਰਹੀ ਧਰਮ ਨਾ ਸੁੱਚਮ, ਸੰਜਮ ਸੰਗ ਨਾ ਕੋਇ ਨਿਭਾਈਆ । ਨਿਰਮਲ ਆਤਮ ਦਿਸੇ ਕੋਈ ਨਾ ਉਤਮ, ਬੁਧ ਬਬੇਕ ਨਾ ਕੋਇ ਬਣਾਈਆ । ਜੀਵ ਜੰਤ ਸਾਧ ਸੰਤ ਇਕ ਦੂਜੇ ਨੂੰ ਲੁੱਟਣ, ਘਰ ਘਰ ਪਈ ਲੜਾਈਆ । ਸਦੀ ਚੌਧਵੀਂ ਮੁਹੰਮਦ ਦਾ ਵੇਲਾ ਆਇਆ ਮੁੱਕਣ, ਅੱਗੇ ਅਵਰ ਨਾ ਕੋਇ ਵਧਾਈਆ । ਮੂਸਾ ਈਸਾ ਧੁਰਦਰਗਾਹੇ ਝੁਕਣ, ਨਿਉਂ ਨਿਉਂ ਸੀਸ ਨਿਵਾਈਆ । ਤੇਈ ਅਵਤਾਰ ਆਪਣੀ ਅੰਗੜਾਈ ਲੈ ਕੇ ਉਠਣ, ਵੇਦ ਵਿਆਸਾ ਦਏ ਗਵਾਹੀਆ । ਨਾਨਕ ਗੋਬਿੰਦ ਧਾਰ ਸ਼ਬਦੀ ਰੂਪ ਸਭ ਨੂੰ ਆਏ ਪੁੱਛਣ, ਘਟ ਘਟ ਅੰਦਰ ਵੇਖ ਵਖਾਈਆ । ਕਿਸ ਬਿਧ ਜਗਿਆਸੂ ਪ੍ਰਭ ਤੋਂ ਰੁੱਸਣ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਮਨ ਕਲਪਣਾ ਦੀਨ ਦੁਨੀ ਵਿਚ ਜੁੱਟਣ, ਝਗੜਾ ਕੂੜ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਜਗਤ ਵੇਖਾਂ ਥੱਕਾ ਮਾਂਦਾ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਕੂੜੀ ਕਿਰਿਆ ਅੰਦਰ ਬਾਂਧਾ, ਬੰਦਗੀ ਸਚ ਨਾ ਕੋਇ ਕਮਾਈਆ । ਮਨ ਵਿਕਾਰੀ ਤੀਰਥ ਨਹਾਂਦਾ, ਦੁਰਮਤ ਮੈਲ ਨਾ ਕੋਇ ਧੁਆਈਆ । ਬੇਸ਼ਕ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਜਾਂਦਾ, ਕਾਇਆ ਕਾਅਬਾ ਦਰਸ ਕੋਇ ਨਾ ਪਾਈਆ । ਸਾਚਾ ਦਰ ਪ੍ਰਭ ਚਰਨ ਮਿਲੇ ਕਿਸੇ ਨਾ ਠਾਂਡਾ, ਅਗਨੀ ਅੱਗ ਨਾ ਕੋਇ ਬੁਝਾਈਆ । ਪੁਰਖ ਅਕਾਲਾ ਦੀਨ ਦਿਆਲਾ ਲੱਖ ਚੁਰਾਸੀ ਵੇਖਣਹਾਰਾ ਭਾਂਡਾ, ਕਾਇਆ ਮਾਟੀ ਖੋਜ ਖੁਜਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਔਂਦਾ ਜਾਂਦਾ, ਆਵਤ ਜਾਵਤ ਆਪਣੀ ਖੇਲ ਖਿਲਾਈਆ । ਜਿਸ ਦਾ ਲੇਖਾ ਸਮਝੇ ਕੋਈ ਨਾ ਪੰਡਤ ਪਾਂਧਾ, ਮੁੱਲਾ ਸ਼ੇਖ਼ ਭੇਵ ਨਾ ਆਏ ਰਾਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਸਚਖੰਡ ਦਵਾਰ ਧੁਰਾਂ ਦਾ, ਦਰਗਾਹ ਸਾਚੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਰਿਹਾ ਵਖਾਈਆ । ਸਤਿਗੁਰ ਸ਼ਬਦ ਕਹੇ ਸੁਣੋ ਜਗਤ ਜਗ ਸੱਜਣ, ਹਰ ਹਿਰਦੇ ਦਿਆਂ ਸੁਣਾਈਆ । ਕਲਜੁਗ ਠੀਕਰ ਵੇਲਾ ਹੋਇਆ ਭੱਜਣ, ਅੰਤ ਰਹਿਣ ਕੋਇ ਨਾ ਪਾਈਆ । ਪ੍ਰਭ ਪ੍ਰੀਤੀ ਵਿਚ ਹੋਵੋ ਮਗਨ, ਸੁਰਤੀ ਸ਼ਬਦ ਜੁੜਾਈਆ । ਤ੍ਰੈਗੁਣ ਮਾਇਆ ਬੁਝੇ ਅਗਨ, ਤਤਵ ਤਤ ਨਾ ਕੋਇ ਜਲਾਈਆ । ਸਚ ਦਵਾਰਾ ਮਿਲੇ ਇਕੋ ਲੰਘਣ, ਪਾਂਧੀ ਪੰਧ ਗਵਾਈਆ । ਜਿਥੇ ਨਿਰਗੁਣ ਜੋਤ ਦੀਪਕ ਜਗਣ, ਦਿਵਸ ਰੈਣ ਹੋਏ ਰੁਸ਼ਨਾਈਆ । ਨਾਦ ਅਨਾਦੀ ਤਾਲ ਵੱਜਣ, ਢੋਲਕ ਛੈਣਾ ਨਾ ਕੋਇ ਖੜਕਾਈਆ । ਦਰਸ਼ਨ ਹੋਏ ਸੂਰੇ ਸਰਬੰਗਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦਰ ਠਾਂਡੇ ਮੰਗਣ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਧੁਰ ਦਾ ਸ਼ਬਦ ਕਹੇ ਤੇਈ ਅਵਤਾਰ ਵੇਖੋ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਸਚ ਦਵਾਰ ਬਹਿ ਬਹਿ ਮੂਲ ਨਾ ਸੰਗਦੇ, ਨੇਤਰ ਨੈਣ ਚਰਨ ਕਵਲ ਧਿਆਨ ਲਗਾਈਆ । ਜਿਨ੍ਹਾਂ ਦੇ ਖੇਲ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਲੰਘ ਕੇ, ਆਪਣਾ ਪੰਧ ਮੁਕਾਈਆ । ਓਸੇ ਨੇ ਆਪਣੀ ਧਾਰ ਵਿਚੋਂ ਈਸਾ ਮੂਸਾ ਮੁਹੰਮਦ ਘੱਲੇ ਵੰਡ ਕੇ, ਧੁਰ ਦਾ ਕਲਮਾ ਝੋਲੀ ਪਾਈਆ । ਓਸੇ ਦੇ ਨੂਰ ਵਿਚੋਂ ਨਾਨਕ ਨਿਰਗੁਣ ਸਰਗੁਣ ਧੁਰ ਫ਼ਰਮਾਨਾ ਆਇਆ ਮੰਨ ਕੇ, ਮਨਸਾ ਸਭ ਦੀ ਪੂਰ ਕਰਾਈਆ । ਓਸੇ ਦੀ ਜੋਤ ਧਾਰ ਗੋਬਿੰਦ ਤਨ ਵਜੂਦ ਆਇਆ ਚਲ ਕੇ, ਕਾਇਆ ਮਾਟੀ ਸੋਭਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਓਸੇ ਵਿਚ ਰਲ ਕੇ, ਜੋਤੀ ਸ਼ਬਦੀ ਰੂਪ ਸਮਾਈਆ । ਕਲਜੁਗ ਅੰਤਮ ਲੇਖਾ

ਜਾਣੇ ਜਲ ਥਲ ਕੇ, ਮਹੀਅਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਏਕੋ ਮਾਲਕ, ਹਰਿ ਕਰਤਾ ਵਡ ਵਡਿਆਈਆ । ਜੋ ਸ੍ਰਿਸ਼ਟੀ ਦ੍ਰਿਸ਼ਟੀ ਦਾ ਖ਼ਾਲਕ, ਖ਼ਲਕ ਵਿਚ ਸਮਾਈਆ । ਸਦੀ ਚੌਧਵੀਂ ਜਿਸ ਨੇ ਬਣਨਾ ਸਾਲਸ, ਸਾਹਿਬ ਸੁਲਤਾਨਾ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਜਿਸ ਨੇ ਖ਼ਾਲਸਾ ਬਣੌਣਾ ਖ਼ਾਲਸ, ਦੁਰਮਤ ਮੈਲ ਅੰਦਰੋਂ ਦਏ ਧੁਆਈਆ । ਮਨ ਕਲਪਣਾ ਰਹਿਣ ਨਾ ਦੇਵੇ ਨਾਲਸ਼, ਸ਼ਬਦ ਖੰਡਾ ਇਕ ਚਮਕਾਈਆ । ਸੰਤ ਸੁਹੇਲੇ ਬਣਾਏ ਆਜਜ਼, ਗੁਰਮੁਖ ਗੁਰ ਗੁਰ ਬੂਝ ਬੁਝਾਈਆ । ਜੋਤੀ ਨੂਰ ਅਗਨੀ ਲਾ ਕੇ ਆਤਸ਼, ਕੂੜੀ ਕਿਰਿਆ ਦਏ ਜਲਾਈਆ । ਗੁਰਸਿਖ ਬਣਾ ਕੇ ਧੁਰ ਦੇ ਯਾਚਕ, ਗੋਬਿੰਦ ਸ਼ਬਦੀ ਜੋੜ ਜੁੜਾਈਆ । ਸਭ ਦੇ ਅੰਦਰ ਆਪੇ ਹੋਏ ਵਾਚਕ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਲੇਖਾ ਜਾਣੇ ਨਿੰਦਕ ਸਾਕਤ, ਸਾਖ਼ਿਆਤ ਭੇਵ ਦਏ ਖੁਲ੍ਹਾਈਆ । ਸਦੀ ਚੌਧਵੀਂ ਕਲਜੁਗ ਕੂੜੀ ਕਿਰਿਆ ਜ਼ੁਲਮ ਨਾ ਕਰੇ ਬਰਦਾਸ਼ਤ, ਦਰਗਾਹ ਸਾਚੀ ਵੇਖ ਵਖਾਈਆ । ਜਿਸ ਨੇ ਲੱਖ ਚੁਰਾਸੀ ਕੀਤੀ ਕਾਸ਼ਤ, ਅੰਤਮ ਆਪੇ ਕੱਟ ਵਖਾਈਆ । ਸ਼ਬਦ ਗੁਰੂ ਕਹੇ ਪ੍ਰਭ ਮੈਨੂੰ ਦੇਣ ਵਾਲਾ ਇਜਾਜ਼ਤ, ਧੁਰ ਦੀ ਧਾਰ ਹੁਕਮ ਸੁਣਾਈਆ । ਫੇਰ ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਧੁਰ ਦੇ ਹੁਕਮ ਦੀ ਹੋਵੇ ਆਫ਼ਤ, ਆਫ਼ਤਾਬ ਨਾ ਕੋਇ ਰੁਸ਼ਨਾਈਆ । ਮਨੂਆ ਮਨਸਾ ਵਿਚ ਕਰੇ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਉਪਜਾਈਆ । ਸਤਿਗੁਰ ਸ਼ਬਦ ਕਹੇ ਮੈਂ ਝੁਕ ਕੇ ਪ੍ਰਭੂ ਦੇ ਕ਼ਦਮਾ, ਕ਼ਦੀਮ ਦਾ ਲੇਖਾ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਗੌਂਦੇ ਗਏ ਨਜ਼ਮਾਂ, ਢੋਲੇ ਰਾਗਾਂ ਨਾਦਾਂ ਸ਼ਬਦਾਂ ਵਿਚ ਸ਼ਨਵਾਈਆ । ਓਸ ਦਾ ਤਨ ਵਜੂਦ ਮਾਟੀ ਖ਼ਾਕੀ ਨਹੀਂ ਬਦਨਾ, ਮਮਤਾ ਮੋਹ ਨਾ ਕੋਇ ਜਣਾਈਆ । ਆਤਮ ਪਰਮਾਤਮ ਬਣ ਕੇ ਸੱਜਣਾ, ਨਿਰਗੁਣ ਨਿਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦਾ ਦੀਪ ਪ੍ਰਕਾਸ਼ ਜੋਤ ਅਗੰਮੀ ਇਕੋ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ ਜਿਸ ਨੇ ਸੰਤ ਸੁਹੇਲੇ ਗੁਰਮੁਖ ਹਰਿਭਗਤ ਦਵਾਰੇ ਸੱਦਣਾ, ਦਰ ਠਾਂਡਾ ਇਕ ਵਖਾਈਆ । ਜਿਸ ਦਾ ਫ਼ਤਿਹ ਡੰਕਾ ਨਾਮ ਨਗਾਰਾ ਨਵ ਨੌਂ ਚਾਰ ਵੱਜਣਾ, ਅੱਗੇ ਹੋ ਨਾ ਕੋਇ ਅਟਕਾਈਆ । ਸੋ ਖੇਲ ਕਰੇ ਸੂਰਾ ਸਰਬਗਨਾ, ਲੇਖਾ ਜਾਣੇ ਵਿਚ ਅਦਨਾ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਭਾਂਡਾ ਭੱਜਣਾ, ਸਤਿਜੁਗ ਸਾਚਾ ਮਾਤ ਲੱਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕ਼ੁਦਰਤ ਦਾ ਕ਼ਾਦਰ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਕਲਜੁਗ ਕੂੜੀ ਕਿਰਿਆ ਹਟੌਣਾ ਹੱਟ, ਕੂੜ ਵਣਜਾਰਾ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦਾ ਸਾਚਾ ਮਾਰਗ ਦੱਸ, ਚਾਰ ਵਰਨਾਂ ਕਰਨੀ ਇਕ ਪੜ੍ਹਾਈਆ । ਨਿਜ ਨੇਤਰ ਖੋਲ੍ਹ ਕੇ ਅੰਤਰ ਅੱਖ, ਨਿਰੰਤਰ ਪੜਦਾ ਦੇਣਾ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਤਾ ਸਚ, ਤੱਤਾਂ ਵਾਲੀ ਨਾ ਕੋਇ ਲੜਾਈਆ । ਭਾਗ ਲਗੌਣਾ ਕਾਇਆ ਮਾਟੀ ਕੱਚ, ਨਿਰਗੁਣ ਜੋਤ ਕਰ ਰੁਸ਼ਨਾਈਆ । ਜਗਤ ਵਿਕਾਰ ਵਿਭਚਾਰ ਹੰਕਾਰ ਪਾਰ ਕਰਾ ਕੇ ਹੱਦ, ਹਦੂਦ ਧੁਰ ਦੀ ਦੇਣੀ ਵਖਾਈਆ । ਜਿਥੇ ਵੱਜੇ ਅਗੰਮੀ ਨਦ, ਅਨਹਦ ਨਾਦੀ ਨਾਦ ਸ਼ਨਵਾਈਆ । ਝਗੜਾ ਦਿਸੇ ਨਾ ਮਾਇਆ ਜਗ, ਜਾਗਰਤ ਜੋਤ ਡਗਮਗਾਈਆ । ਭਗਤ ਸੁਹੇਲੇ ਗੁਰਮੁਖ ਸੱਜਣ ਸੱਦ, ਸਦਮੇ

ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟੀ ਦ੍ਰਿਸ਼ਟੀ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਸ੍ਰਿਸ਼ਟੀ, ਸਿਰਜਣਹਾਰ ਦਏ ਵਡਿਆਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਵੇਖਾਂ ਇਸ਼ਟੀ, ਇਸ਼ਟ ਦੇਵ ਜੋ ਆਤਮ ਨਾਲ ਕਰਨ ਕੁੜਮਾਈਆ । ਧਰਮ ਦਵਾਰ ਬਣ ਗ੍ਰਿਹਿਸਤੀ, ਸੇਜ ਸੁਹੰਜਣੀ ਰਹੇ ਹੰਢਾਈਆ । ਉਨ੍ਹਾਂ ਦੀ ਧੁਰਦਰਗਾਹੇ ਇਕ ਫ਼ਰਿਸਤੀ, ਬਿਨ ਅੱਖਰਾਂ ਲੇਖ ਬਣਾਈਆ । ਜਗ ਨੇਤਰ ਕਿਸੇ ਨਾ ਦਿਸਦੀ, ਬੁਧੀਵਾਨ ਪੜ੍ਹਨ ਕੋਇ ਨਾ ਪਾਈਆ । ਓਥੇ ਝਗੜਾ ਨਹੀਂ ਸਵਰਗ ਬਹਿਸ਼ਤੀ, ਜੰਨਤ ਲੋੜ ਰਹੇ ਨਾ ਰਾਈਆ । ਸਾਚੀ ਖੇਲ ਨਰ ਨਿਰੰਕਾਰ ਇਕ ਦੀ, ਜੋ ਏਕੰਕਾਰ ਆਪਣੀ ਕਲ ਵਰਤਾਈਆ । ਉਸ ਨੇ ਪਿਠ ਠਕੋਰੀ ਕਲਜੁਗ ਸਿੱਖ ਦੀ, ਸਿਖਿਆ ਸਚ ਸਮਝਾਈਆ । ਬਿਨ ਤੇਰੇ ਮਨ ਕਲਪਨਾ ਕਿਸੇ ਨਾ ਜਿੱਤਦੀ, ਕੂੜਾ ਡੰਕ ਨਾ ਕੋਇ ਸੁਣਾਈਆ । ਟੱਕਰ ਲਵਾ ਦੇ ਪੱਥਰ ਇੱਟ ਦੀ, ਮੰਦਰ ਮਸੀਤਾਂ ਵੰਡ ਵੰਡਾਈਆ । ਕਿਸੇ ਨੂੰ ਸਮਝ ਨਾ ਆਵੇ ਅਗੰਮੀ ਧਾਰ ਓਸ ਚਿਟ ਦੀ, ਜੋ ਗੋਬਿੰਦ ਮਾਛੂਵਾੜੇ ਪੁਰਖ ਅਕਾਲ ਨਾਲ ਆਪਣੀ ਗੰਢ ਪੁਆਈਆ । ਸਦੀ ਚੌਧਵੀਂ ਦੀਨ ਦੁਨੀ ਸਾਰੀ ਪਿਟਦੀ, ਪਟਨੇ ਵਾਲਾ ਨਜ਼ਰ ਕਿਸੇ ਨਾ ਆਈਆ । ਕ਼ਲਮ ਸ਼ਾਹੀ ਲੇਖ ਲਿਖਦੀ, ਲਿਖਿਆ ਲੇਖ ਨਾ ਕੋਇ ਬਦਲਾਈਆ । ਜਿਸ ਨੇ ਖੇਲ ਮੁਕੌਣੀ ਕੂੜੀ ਕਿਰਿਆ ਨਿਤ ਦੀ, ਸਤਿ ਸਤਿ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਗੋਬਿੰਦ ਦਾਤਾ, ਜੋ ਗਹਿਰ ਗੰਭੀਰ ਅਖਵਾਈਆ । ਜਿਸ ਨੇ ਮੇਟਣੀ ਕਲਜੁਗ ਅੰਤਮ ਅੰਧੇਰੀ ਰਾਤਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਉਸ ਨੂੰ ਜਨਮੇ ਕੋਈ ਨਾ ਮਾਤਾ, ਬਿਨਾ ਪਿਤਾ ਪੁਰਖ ਅਕਾਲ ਗੋਦ ਨਾ ਕੋਇ ਸੁਹਾਈਆ । ਉਹ ਗੁਰਮੁਖਾਂ ਦੇ ਅੰਤਰ ਆਤਮ ਰਖੇ ਨਾਤਾ, ਬ੍ਰਹਮ ਮੇਲਾ ਸਹਿਜ ਸੁਭਾਈਆ । ਧੁਰ ਦੀ ਸੁਣਾਏ ਅਨੋਖੀ ਗਾਥਾ, ਜਿਸ ਨੂੰ ਪੜ੍ਹਨ ਕੋਇ ਨਾ ਪਾਈਆ । ਲੱਖ ਚੁਰਾਸੀ ਮੇਟ ਕੇ ਵਾਟਾ, ਪੈਂਡਾ ਅਗਲਾ ਦਏ ਮੁਕਾਈਆ । ਮੇਲ ਮਿਲਾਵੇ ਨਾਲ ਪੁਰਖ ਸਮਰਾਥਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਇਕੋ ਨੂਰ ਇਕੋ ਜੋਤੀ ਇਕੋ ਜਾਤਾ, ਜੋਤੀ ਜੋਤ ਜੋਤ ਸਮਾਈਆ । ਸਦੀ ਚੌਧਵੀਂ ਸਭ ਦਾ ਵੇਖੇ ਖਾਤਾ, ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਖੋਜ ਖੁਜਾਈਆ । ਸਾਚਾ ਦਿਸੇ ਕੋਈ ਨਾ ਆਕਾ, ਅਕਲ ਬੁਧੀ ਕਰੇ ਲੜਾਈਆ । ਅੰਤ ਅਖ਼ੀਰੀ ਚੀਥੜ ਦਿਸੇ ਪਾਟਾ, ਓਢਣ ਸੀਸ ਨਾ ਕੋਇ ਟਿਕਾਈਆ । ਜਿਸ ਨੇ ਚਾਰ ਵਰਨ ਅਠਾਰਾਂ ਬਰਨ ਅੰਮ੍ਰਿਤ ਧਾਰ ਪਿਆਇਆ ਆਪਣੇ ਬਾਟਾ, ਬਾਤਨ ਵੇਖੇ ਚਾਈਂ ਚਾਈਂਆ । ਓਸ ਨੇ ਕਲਜੁਗ ਕਰਨਾ ਖੇਲ ਤਮਾਸ਼ਾ, ਮੰਡਲ ਰਾਸ ਖੋਜ ਖੁਜਾਈਆ । ਜੋਤੀ ਸ਼ਬਦੀ ਧਾਰ ਪ੍ਰਕਾਸ਼ਾ, ਨੂਰ ਨੁਰਾਨਾ ਡਗਮਗਾਈਆ । ਬਿਨ ਸਤਿਗੁਰ ਸ਼ਬਦ ਖੋਲ੍ਹੇ ਨਾ ਕੋਈ ਖ਼ੁਲਾਸਾ, ਪੜਦਾ ਅੱਗੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਦਏ ਵਡਿਆਈਆ । ਸਤਿਗੁਰ ਸ਼ਬਦ ਦਾਤਾ ਸੂਰ, ਸੂਰਬੀਰ ਅਖਵਾਇੰਦਾ । ਜੋ ਸਚਖੰਡ ਵਸੇ ਸਦਾ ਹਜ਼ੂਰ, ਹਰਿ ਚਰਨੀ ਸੀਸ ਨਿਵਾਇੰਦਾ । ਥਿਰ ਘਰ ਦਵਾਰੇ ਹੋ ਮਸ਼ਕੂਰ, ਧੂੜੀ ਟਿੱਕੇ ਖ਼ਾਕ ਰਮਾਇੰਦਾ । ਜੁਗ ਚੌਕੜੀ ਪਾਰ ਕਰਾਵੇ ਪੂਰ, ਨਈਆ ਨੌਕਾ ਨਾਮ ਪ੍ਰਗਟਾਇੰਦਾ । ਸੋ ਕਲਜੁਗ ਅੰਤਮ ਕਿਰਿਆ ਮੇਟੇ ਕੂੜ, ਕੂੜ ਕੁਟੰਬ ਰਹਿਣ ਨਾ ਪਾਇੰਦਾ । ਸਤਿਜੁਗ ਸਚ ਧਰਮ ਕਰੇ ਜ਼ਰੂਰ, ਸਾਚੀ ਕਰਨੀ ਕਾਰ ਕਮਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮੁਖ ਅੰਤਰ ਨਿਰੰਤਰ ਭੇਵ ਖੁਲ੍ਹਾਇੰਦਾ । ਹਉਮੇ ਹੰਗਤਾ ਗੜ੍ਹ ਤੋੜੇ ਗ਼ਰੂਰ, ਗ਼ੁਰਬਤ

ਮੇਟ ਮਿਟਾਇੰਦਾ । ਮਨੂਆ ਮਨ ਨਾ ਪਾਵੇ ਫ਼ਤੂਰ, ਫ਼ਤਵਾ ਦੀਨ ਮਜ਼੍ਹਬ ਸਮਝਾਇੰਦਾ । ਇਕੋ ਪੁਰਖ ਅਕਾਲਾ ਆਪਣਾ ਨਾਮ ਕਰੇ ਮਸ਼ਹੂਰ, ਮਸ਼ਵਰੇ ਗੁਰ ਅਵਤਾਰ ਪੈਗ਼ੰਬਰਾਂ ਨਾਲ ਸੁਣਾਇੰਦਾ । ਸੋ ਸਵਾਮੀ ਸਰਬ ਕਲਾ ਭਰਪੂਰ, ਸਮਰਥ ਆਪਣੀ ਖੇਲ ਖਿਲਾਇੰਦਾ । ਨਾ ਨੇੜੇ ਨਾ ਦਿਸੇ ਦੂਰ, ਘਟ ਘਟ ਅੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਇੰਦਾ । ਸਤਿਗੁਰ ਸ਼ਬਦ ਕਹੇ ਮੇਰਾ ਲਹਿਣਾ ਜਗਤ ਜਹਾਨ, ਜਗ ਜੀਵਣ ਦਾਤਾ ਰਿਹਾ ਜਣਾਈਆ । ਮੈਂ ਵੇਖਣਾ ਸਰਬ ਇਨਸਾਨ, ਕਾਇਆ ਮਾਟੀ ਫੋਲ ਫੁਲਾਈਆ । ਕਿਸ ਦੇ ਅੰਦਰ ਮਿਲਿਆ ਰਸ ਪੀਣ ਖਾਣ, ਵਸਤ ਅਮੋਲਕ ਸੋਭਾ ਪਾਈਆ । ਕਿਸ ਦਾ ਨੂਰ ਜੋਤ ਹੋਵੇ ਨੁਰਾਨ, ਕੌਣ ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਕਵਣ ਸਾਚੀ ਸੇਜਾ ਸੁੱਤਾ ਬਣ ਜਵਾਨ, ਜਗਤ ਵਿਕਾਰਾ ਡੇਰਾ ਢਾਹੀਆ । ਕਿਸ ਨੂੰ ਗੋਬਿੰਦ ਕਰੇ ਪ੍ਰਵਾਨ, ਆਪ ਆਪਣੀ ਗੋਦ ਟਿਕਾਈਆ । ਕਿਸ ਦਾ ਲੇਖਾ ਵੇਖੇ ਸ੍ਰੀ ਭਗਵਾਨ, ਹਰਿ ਕਰਤਾ ਬੇਪ੍ਰਵਾਹੀਆ । ਕਿਸ ਦੇ ਅੰਦਰ ਫਿਰੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਕਵਣ ਮੰਜ਼ਲ ਚੜ੍ਹੇ ਮਹਾਨ, ਮਹਿਬੂਬ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਧੁਰ ਦਾ ਲੇਖਾ ਕਹੇ ਮੇਰੀ ਅਗੰਮੀ ਲਿਖਤ, ਅੱਖਰਾਂ ਵਿਚ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਨਾਲ ਗੁਰ ਅਵਤਾਰ ਪੈਗ਼ੰਬਰਾਂ ਦੱਸਿਆ ਭਵਿਖਤ, ਭਵਿਸ਼ ਦਏ ਜਣਾਈਆ । ਜਿਸ ਦਾ ਅੱਗੇ ਇਕੋ ਸਾਂਝਾ ਹੋਣਾ ਇਸ਼ਟ, ਦੂਜਾ ਨਜ਼ਰ ਕੋਇ ਨਾ ਆਈਆ । ਇਹ ਸੰਦੇਸ਼ਾ ਦਿਤਾ ਤਰੇਤੇ ਰਾਮ ਵਸ਼ਿਸ਼ਟ, ਵਿਸ਼ਿਆਂ ਵਾਲਾ ਗੁਰੂ ਕਲਜੁਗ ਅੰਤਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਸ਼ਬਦ ਧੁਰ ਸਵਾਮੀ, ਸਵੰਬਰ ਲੱਖ ਚੁਰਾਸੀ ਵੇਖ ਵਖਾਈਆ । ਹਰ ਘਟ ਨਿਵਾਸੀ ਅੰਤਰਜਾਮੀ, ਅੰਤਰ ਆਤਮ ਪੜਦਾ ਲਾਹੀਆ । ਬੋਧ ਅਗਾਧ ਅਗੰਮੀ ਬੋਲ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਅੰਮ੍ਰਿਤ ਰਸ ਦੇ ਕੇ ਠਾਂਡਾ ਪਾਣੀ, ਨਿਝਰ ਆਪ ਝਿਰਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਸੇਵਾ ਲਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜਿਸ ਦਾ ਤਨ ਵਜੂਦ ਖੇਲ ਜਗਤ ਦਵਾਰ ਅੰਦਰ ਰੁਹਾਨੀ, ਰਹਿਮਾਨੀ ਅਸਮਾਨੀ ਆਪਣੀ ਕਲ ਵਰਤਾਈਆ । ਸੋ ਪੁਰਖ ਨਿਰੰਜਣ ਸਤਿਜੁਗ ਅੰਦਰ ਕਲਜੁਗ ਮੇਟੇ ਕੂੜ ਨਿਸ਼ਾਨੀ, ਕਾਇਆ ਕੁਟੀਆ ਸਾਫ਼ ਕਰਾਈਆ । ਚਾਰ ਜੁਗ ਦਾ ਝਗੜਾ ਮੇਟ ਦੀਵਾਨੀ, ਧੁਰ ਦਾ ਹੁਕਮ ਇਕ ਉਪਜਾਈਆ । ਇਕੋ ਇਸ਼ਟ ਜੀਵ ਜਹਾਨੀ, ਸਾਹਿਬ ਸੁਲਤਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਧੁਰ ਦਾ ਘਰ, ਧਰਮ ਦੁਆਰਾ ਇਕ ਜਣਾਈਆ । ਸਤਿਗੁਰ ਸ਼ਬਦ ਕਹੇ ਮੈਂ ਖੋਲ੍ਹਾਂ ਭੇਵ ਗੁੱਝਾ, ਰਮਜ਼ ਆਪਣਾ ਨਾਮ ਲਗਾਈਆ । ਦੂਜਾ ਰਹੇ ਕੋਈ ਨਾ ਉਘਾ, ਉਗਣ ਆਥਣ ਵੇਖ ਵਖਾਈਆ । ਜੋ ਧਿਆਨ ਕਰ ਕੇ ਗਿਆ ਬੁੱਧਾ, ਬੁਧੀ ਤੋਂ ਪਰੇ ਪੜਦਾ ਲਾਹੀਆ । ਜੋ ਈਸਾ ਮੂਸਾ ਮੁਹੰਮਦ ਖੇਲ ਵਖਾਇਆ ਲੁਕਾ, ਨੂਰੇ ਨਜ਼ਰ ਨਜ਼ਰ ਰੁਸ਼ਨਾਈਆ । ਸ਼ਬਦੀ ਜੋਤੀ ਧਾਰ ਹਰਿ ਰਸਨਾ ਕਹਿਣਾ ਨਾਨਕ ਜੁੱਸਾ, ਜਿਸਮ ਇਸਮ ਇਕ ਪ੍ਰਗਟਾਈਆ । ਜੋ ਦਸਵੀਂ ਧਾਰ ਉਠਾ, ਗੋਬਿੰਦ ਗੁਰ ਵਡ ਵਡਿਆਈਆ । ਓਹ ਗੁਰਮੁਖਾਂ ਉਪਰ ਤੁਠਾ, ਮਿਹਰ ਨਜ਼ਰ ਉਠਾਈਆ । ਜਿਸ ਨੇ ਚਾਰ ਵਰਨ ਅਠਾਰਾਂ ਬਰਨ ਬਣੌਣੇ ਇਕੋ ਮੁਠਾ, ਅੱਗੇ ਵੰਡ ਰਹੇ ਨਾ ਰਾਈਆ । ਅਗੰਮਾ ਅੰਮ੍ਰਿਤ ਜਾਮ ਦੇਵੇ ਨਿਝਰ ਰਸ ਘੁੱਟਾ, ਸਵਾਂਤ ਸਵਾਂਤੀ ਬੂੰਦ ਟਪਕਾਈਆ ।

ਸਭ ਨੂੰ ਕਹੇ ਆਓ ਮੇਰੇ ਪੁੱਤਾ, ਪਤਿਪਰਮੇਸ਼ਵਰ ਨਾਲ ਜੁੜਾਈਆ । ਜਿਸ ਦਾ ਨਿਸ਼ਾਨਾ ਤੀਰ ਕਦੇ ਨਾ ਉਕਾ, ਦੋ ਜਹਾਨਾਂ ਵੇਖ ਵਖਾਈਆ । ਉਸ ਦਾ ਖੇਲ ਹੋਣਾ ਜਗਤ ਜਹਾਨ ਜਿਸ ਦੀਆਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਦੇਂਦੇ ਆਏ ਪੁਛਾਂ, ਸੰਦੇਸਿਆਂ ਵਿਚ ਸੁਣਾਈਆ । ਜੋ ਸਚ ਪ੍ਰੇਮ ਪਿਆਰ ਭਗਤੀ ਦਾ ਭੁੱਖਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਉਸ ਨੇ ਕਲਜੁਗ ਕੂੜੀ ਕਿਰਿਆ ਰਹਿਣ ਨਹੀਂ ਦੇਣੀ ਲੁੱਟਾ, ਕੂੜ ਲੁਟੇਰੇ ਦੇਣੇ ਮਿਟਾਈਆ । ਜਿਹੜਾ ਆਤਮ ਪਰਮਾਤਮ ਨਾਲੋਂ ਤੁੱਟਾ, ਤੁੱਟੀ ਗੰਢ ਦੇਣੀ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਰਮੀ ਹੋ ਕੇ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਧਰਮ ਗ਼ੁਲਾਮ, ਸੇਵਾ ਸਚ ਕਮਾਈਆ । ਵੇਖਾਂ ਜ਼ਿਮੀ ਅਸਮਾਨ, ਗਗਨ ਗਗਨੰਤਰ ਫੋਲ ਫੁਲਾਈਆ । ਪੈਗ਼ੰਬਰਾਂ ਦੇਵਾਂ ਪੈਗ਼ਾਮ, ਸੁਨੇਹੜਾ ਸਚ ਸੁਣਾਈਆ । ਜਿਸ ਨੂੰ ਕਹਿੰਦੇ ਅਮਾਮ, ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਸਦੀ ਚੌਧਵੀਂ ਓਸੇ ਨੇ ਕਰਨਾ ਇੰਤਜ਼ਾਮ, ਨਵ ਨੌਂ ਚਾਰ ਵੇਖ ਵਖਾਈਆ । ਜਿਨ੍ਹਾਂ ਪਰਮ ਪੁਰਖ ਪਰਮਾਤਮ ਦਾ ਨਾਮ ਕੀਤਾ ਬਦਨਾਮ, ਬਦੀਆਂ ਦਾ ਡੇਰਾ ਢਾਹੀਆ । ਅੱਗੇ ਸਭ ਨੂੰ ਸਾਂਝਾ ਦੱਸਣਾ ਇਸਲਾਮ, ਇਸਮ ਆਜ਼ਮ ਇਕ ਦਰਸਾਈਆ । ਜਿਥੇ ਝੁਕ ਝੁਕ ਸੱਜਦਿਆਂ ਵਿਚ ਆਪਣਾ ਮੇਟਣਾ ਨਿਸ਼ਾਨ, ਨਿਸ਼ਾਨਾ ਕਲਮਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਲੇਖਾ ਦਏ ਵਖਾਈਆ । ਸਤਿਗੁਰ ਸ਼ਬਦ ਕਹੇ ਸੰਦੇਸ਼ਾ ਦੇਣਾ ਈਸਾ ਮੂਸਾ ਮੁਹੰਮਦ ਯਾਰ, ਮੁਸਲਸਲ ਦਿਆਂ ਜਣਾਈਆ । ਆਪਣਾ ਅਗਲਾ ਪਿਛਲਾ ਸੁਣੋ ਇਜ਼ਹਾਰ, ਕਲਮਿਆਂ ਵਾਲੀ ਖੋਜ ਖੁਜਾਈਆ । ਗੁਫ਼ਤ ਸ਼ੁਨੀਦ ਜਾਣੋ ਗੁਫ਼ਤਾਰ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਜਿਸ ਨੇ ਤੁਹਾਨੂੰ ਬਣਾਇਆ ਮੁਖ਼ਤਿਆਰ, ਲੋਕਮਾਤ ਦਿਤੀ ਵਡਿਆਈਆ । ਸੋ ਲਹਿਣਾ ਦੇਣਾ ਲੇਖਾ ਮੰਗੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬਚਿਆ ਰਹਿਣ ਕੋਇ ਨਾ ਪਾਈਆ । ਆਪਣੀ ਉਮਤ ਵੇਖੋ ਵਾਰੋ ਵਾਰ, ਅੰਦਰ ਵੜ ਕੇ ਮੰਦਰ ਚੜ੍ਹ ਕੇ ਕਾਇਆ ਕਾਅਬਾ ਫੋਲ ਫੁਲਾਈਆ । ਕਵਣ ਮਿਲਿਆ ਪਰਵਰਦਿਗਾਰ, ਕੱਟ ਕੇ ਮੰਜ਼ਲ ਜਗਤ ਦੁਸ਼ਵਾਰ, ਜਗਤ ਸ਼ਰੀਅਤ ਹੋ ਕੇ ਸੂਫ਼ੀ ਸਫ਼ਾ ਕੂੜ ਉਠਾਈਆ । ਮੁਹੱਬਤ ਵਿਚ ਬਣ ਕੇ ਖ਼ਿਦਮਤਗਾਰ, ਸੇਵਾ ਕਰਨੀ ਅਪਰ ਅਪਾਰ, ਦਰਸ਼ਨ ਪਾਇਆ ਇਕ ਕਰਤਾਰ, ਕ਼ੁਦਰਤ ਦਾ ਕ਼ਾਦਰ ਜੋ ਅਖਵਾਈਆ । ਆਪਣਾ ਲੇਖਾ ਲਓ ਵਿਚਾਰ, ਸਦੀ ਚੌਧਵੀਂ ਮੁਕਣੀ ਧਾਰ, ਅੱਗੇ ਚਲਣਾ ਅਗੰਮ ਵਿਹਾਰ, ਜਿਸ ਦੀ ਪਾਵੇ ਕੋਈ ਨਾ ਸਾਰ, ਅੱਖਰਾਂ ਵਿਚ ਬਣਿਆ ਨਾ ਕੋਈ ਲਿਖਾਰ, ਕਾਤਬ ਹੋ ਕੇ ਕ਼ਲਮ ਨਾ ਕੋਇ ਚਲਾਈਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਓਹ ਖੇਲ ਕਰੇ ਨਿਰੰਕਾਰ, ਸ਼ਬਦੀ ਸੁਰਤ ਉਠਾਏ ਇਕ ਦਵਾਰ, ਜੋ ਕੂੜੀ ਕਿਰਿਆ ਦਏ ਨਿਵਾਰ, ਸਤਿ ਧਰਮ ਕਰੇ ਉਜਿਆਰ, ਸੰਤ ਸੁਹੇਲੇ ਲਏ ਉਠਾਈਆ । ਗੁਰ ਚੇਲੇ ਵੇਖੇ ਆਣ, ਸੁਰਤੀ ਸ਼ਬਦੀ ਕਰਾਏ ਧਿਆਨ, ਅਕਾਲ ਮੂਰਤੀ ਕਰੇ ਪ੍ਰਵਾਨ, ਨਾਮ ਤੂਰਤੀ ਇਕ ਨਿਧਾਨ, ਸ੍ਰਿਸ਼ਟੀ ਕੂੜੀ ਕਿਰਿਆ ਮੇਟੇ ਮਨੂਆ ਮਨ ਨਾ ਰਹੇ ਸ਼ੈਤਾਨ, ਸ਼ਰਅ ਦੀ ਸ਼ਰੀਅਤ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਲੱਖ ਚੁਰਾਸੀ ਅੰਤਰ ਅੰਤਰ ਨਿਰੰਤਰ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਅਗੰਮੀ ਹਸਤੀ, ਜੋ ਹਸਤ ਕਵਲਾਂ ਵਿਚ ਹੱਥ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਮਾਲਕ ਅਰਸ਼ੀ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਸੋ ਸਚਖੰਡ ਦਵਾਰੇ ਚਾਰ ਜੁਗ ਦੀ ਪਿਛਲੀ ਵੇਖੇ ਅਰਜ਼ੀ, ਜੋ ਗੁਰ ਅਵਤਾਰ


੮੨
੨੧

ਪੈਗ਼ੰਬਰ ਆਏ ਸੁਣਾਈਆ । ਗ਼ਰੀਬ ਨਿਮਾਣਿਆਂ ਬਣੇ ਅੰਤਮ ਦਰਦੀ, ਦਰਦੀਆਂ ਦਰਦ ਵੰਡਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰਗਰਦੀ, ਚਾਰੋਂ ਕੁੰਟ ਰੁਸ਼ਨਾਈਆ । ਜਿਸ ਦੀ ਖੇਲ ਸਦਾ ਅਚਰਜ ਦੀ, ਅਸਚਰਜ ਲੀਲਾ ਆਪ ਵਰਤਾਈਆ । ਓਸੇ ਦੀ ਧਾਰ ਅਗੰਮੇ ਮਰਦ ਦੀ, ਮਰਦ ਮਰਦਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸ੍ਰਿਸ਼ਟੀ ਵਰ, ਦ੍ਰਿਸ਼ਟੀ ਇਸ਼ਟੀ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਸਾਰੇ ਹੋ ਜਾਓ ਸ਼ੁੱਧ, ਸ਼ੁੱਧ ਸਿੱਧ ਸੁਧਾਰ ਜਣਾਈਆ । ਨਰਮ ਕਰ ਲਓ ਬੁੱਧ, ਬਿਬੇਕ ਰੂਪ ਵਟਾਈਆ । ਗੋਬਿੰਦ ਸ਼ਬਦ ਲਓ ਬੁਝ, ਜੋ ਆਦਿ ਜੁਗਾਦਿ ਖੇਲ ਖਿਲਾਈਆ । ਓਸੇ ਦੀ ਯਾਦ ਵਿਚ ਜਾਓ ਰੁਝ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਿਸ ਦੇ ਕੋਲ ਸਭ ਕੁਝ, ਵਸਤ ਅਮੋਲਕ ਝੋਲੀ ਪਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਲੱਖ ਚੁਰਾਸੀ ਰਹੇ ਨਾ ਰਾਈਆ । ਜਿਸ ਦੀ ਇਕੋ ਨਾਮ ਦੀ ਧਾਰ ਤੁਕ, ਤੁਖ਼ਮ ਤਾਸੀਰ ਦਏ ਬਦਲਾਈਆ । ਜਨ ਭਗਤਾਂ ਉਜਲ ਕਰ ਕੇ ਮੁਖ, ਮੁੱਖੀਏ ਦੋ ਜਹਾਨ ਵਖਾਈਆ । ਅੰਮ੍ਰਿਤ ਜਾਮ ਦੇਵੇ ਘੁਟ, ਰਸ ਨਿਝਰ ਇਕ ਝਿਰਾਈਆ । ਸ਼ਬਦੀ ਧਾਰ ਪਏ ਫੁੱਟ, ਆਪਣੀ ਆਪ ਲਏ ਅੰਗੜਾਈਆ । ਕਰੇ ਪ੍ਰਕਾਸ਼ ਅੰਧੇਰੇ ਘੁੱਪ, ਨਿਰਗੁਣ ਨੂਰ ਕਰ ਰੁਸ਼ਨਾਈਆ । ਬਿਨਾ ਰਸਨਾ ਜਿਹਵਾ ਬੋਲਿਆਂ ਰਹੇ ਚੁਪ, ਚੁਪ ਚੁਪੀਤਾ ਸੋਭਾ ਪਾਈਆ । ਸਾਢੇ ਤਿੰਨ ਹੱਥ ਮੰਦਰ ਰਹੇ ਲੁਕ, ਬਾਹਰੋਂ ਨਜ਼ਰ ਕੋਇ ਨਾ ਆਈਆ । ਜੋ ਦੀਨ ਦੁਨੀ ਦਾ ਮੇਟੇ ਦੁੱਖ, ਚਿੰਤਾ ਗ਼ਮ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੰਦਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਸੁਣੋ ਸੁਧਾਰ ਵਾਸੀ, ਗੋਬਿੰਦ ਗੋਬਿੰਦ ਗੋਬਿੰਦ ਸਰਨਾਈਆ । ਸਾਹਿਬ ਸਤਿਗੁਰ ਦੀ ਮੰਨੋ ਆਖੀ, ਜੋ ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋ ਨਾਮ ਪਿਆਲਾ ਦੇਵੇ ਬਣ ਕੇ ਸਾਕੀ, ਰਸ ਅਗੰਮੀ ਇਕ ਚਖਾਈਆ । ਮਨੂਆ ਮਨ ਰਹਿਣ ਨਾ ਦੇਵੇ ਆਕੀ, ਗੜ੍ਹ ਹੰਕਾਰ ਤੁੜਾਈਆ । ਮੰਜ਼ਲ ਚੜ੍ਹ ਅਗੰਮੀ ਘਾਟੀ, ਘਰ ਸਾਚਾ ਇਕ ਵਖਾਈਆ । ਜਿਥੇ ਨਾ ਕੋਈ ਦਿਵਸ ਨਾ ਕੋਈ ਰਾਤੀ, ਘੜੀ ਪਲ ਨਾ ਵੰਡ ਵੰਡਾਈਆ । ਨਾ ਸੰਧਿਆ ਨਾ ਪ੍ਰਭਾਤੀ, ਵੇਲਾ ਵਕ਼ਤ ਨਾ ਕੋਇ ਵਖਾਈਆ । ਇਕੋ ਨੂਰ ਜੋਤ ਪ੍ਰਕਾਸ਼ੀ, ਕਮਲਾਪਾਤੀ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦਾ ਗੋਬਿੰਦ ਸਦਾ ਸਾਥੀ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਤੇਰਾਂ ਚੇਤ ਕਹੇ ਸੁਣੋ ਸਚ ਸੰਦੇਸ਼, ਹਰਿਜਨ ਸਾਚੇ ਰਿਹਾ ਸੁਣਾਈਆ । ਪੁਰਖ ਅਕਾਲ ਕਰੋ ਆਦੇਸ, ਜੋ ਸਭ ਦਾ ਪਿਤਾ ਮਾਈਆ । ਜੋ ਬਦਲ ਦੇਵੇ ਰੇਖ, ਜਨਮ ਮਰਨ ਦਾ ਡੇਰਾ ਢਾਹੀਆ । ਅੰਤਰ ਖੋਲ੍ਹੇ ਭੇਤ, ਪੜਦਾ ਆਪ ਚੁਕਾਈਆ । ਆਤਮ ਪਰਮਾਤਮ ਕਰੇ ਹੇਤ, ਸਾਚਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਖਾਈਆ । ਤੇਰਾਂ ਚੇਤ ਕਹੇ ਵੇਖੋ ਘਰ ਸੁਹੰਜਣਾ, ਕਾਇਆ ਮਾਟੀ ਨਜ਼ਰੀ ਆਈਆ । ਜਿਥੇ ਜਗੇ ਜੋਤ ਆਦਿ ਨਿਰੰਜਣਾ, ਅੱਠੇ ਪਹਿਰ ਹੋਵੇ ਰੁਸ਼ਨਾਈਆ । ਮਿਲੇ ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਨਿਜ ਨੇਤਰ ਪਾਵੇ ਨਾਮ ਅੰਜਨਾ, ਅੰਧ ਅਗਿਆਨ ਮਿਟਾਈਆ । ਸਚ ਡੰਡਾਵਤ ਦੱਸੇ ਬੰਦਨਾ, ਨਮੋ ਨਮੋ ਨਮਸਤੇ ਸੱਯਦਾ ਸੀਸ ਝੁਕਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਭਾਂਡਾ ਭੰਨਣਾ, ਠੋਕਰ ਆਪਣਾ ਨਾਮ ਲਗਾਈਆ । ਜਿਸ ਦਾ ਨੂਰ ਨੁਰਾਨਾ ਗੋਬਿੰਦ ਚੰਦ ਅਰਸ਼ਾਂ ਫ਼ਰਸ਼ਾਂ ਉਤੇ ਸਭ ਨੇ ਮੰਨਣਾ, ਆਖ਼ਰ ਰਹਿਣ ਕੋਇ ਨਾ ਪਾਈਆ । ਓਹ ਖੇਲ ਕਰੇ

ਬ੍ਰਹਿਮੰਡਣਾ, ਵਰਭੰਡਣ ਖੋਜ ਖੁਜਾਈਆ । ਜਿਸ ਦਾ ਨਾਮ ਤੇਜ ਚੰਡ ਪ੍ਰਚੰਡਣਾ, ਚੰਡਕਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦੇ ਦਰ, ਧੁਰ ਦੀ ਧਾਰ ਇਕ ਦਰਸਾਈਆ । ਸਤਿਗੁਰ ਸ਼ਬਦ ਕਹੇ ਸੁਣੋ ਨਗਰ ਨਿਵਾਸੀ, ਨਿਵਾਸ ਅਸਥਾਨ ਇਕ ਵਖਾਈਆ । ਜਿਥੇ ਪਰਮ ਪੁਰਖ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਸੋਭਾ ਪਾਈਆ । ਜਿਸ ਦੀ ਧਾਰ ਨਾ ਕਦੇ ਵਿਨਾਸੀ, ਜਨਮ ਮਰਨ ਨਾ ਵੰਡ ਵੰਡਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਮੰਨਣ ਆਖੀ, ਹੁਕਮੇ ਅੰਦਰ ਭੱਜਣ ਵਾਹੋ ਦਾਹੀਆ । ਸੋ ਭਗਤ ਸੁਹੇਲਾ ਸਭ ਦਾ ਸਾਥੀ, ਸਗਲਾ ਸੰਗ ਨਿਭਾਈਆ । ਕਾਇਆ ਦੇ ਅੰਦਰ ਦਾ ਬਣੇ ਪਾਠੀ, ਸਿਮਰਨ ਇਕੋ ਇਕ ਦ੍ਰਿੜਾਈਆ । ਜਿਸ ਦੀ ਬਿਨ ਅੱਖਰਾਂ ਤੋਂ ਪੋਥੀ ਜਾਏ ਵਾਚੀ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਉਹ ਕਲਜੁਗ ਅੰਤਮ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਚਾਰ ਵਰਨ ਸਾਂਝੀ ਬਣਾ ਕੇ ਜਮਾਤੀ, ਜੁਮਲਾ ਅੱਖਰ ਇਕੋ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣ ਮਾਰ ਕੇ ਵਾਟੀ, ਅਗਲਾ ਪੰਧ ਮੁਕਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤਾ ਆਪ ਕਰਾਈਆ । ਜਿਸ ਦਾ ਮੰਡਲ ਓਸੇ ਦੀ ਰਾਸੀ, ਬਿਨ ਗੋਪੀ ਕਾਹਨ ਨਾਚ ਨਚਾਈਆ । ਜਿਸ ਦੀ ਸ੍ਰਿਸ਼ਟ ਓਸੇ ਦੀ ਪ੍ਰਭਾਸੀ, ਬਿਨ ਸੀਤਾ ਰਾਮ ਲੱਖ ਚੁਰਾਸੀ ਸੁਰਤੀ ਸ਼ਬਦ ਨਾਲ ਵਡਿਆਈਆ । ਜਿਸ ਦਾ ਜੀਵਣ ਓਸੇ ਦੀ ਫਾਸੀ, ਈਸਾ ਦੇ ਕੇ ਗਿਆ ਦੁਹਾਈਆ । ਜਿਸ ਦਾ ਨੂਰ ਓਸੇ ਦੀ ਜ਼ਾਤੀ, ਮੂਸਾ ਮੂੰਹ ਦੇ ਭਾਰ ਸੁਟਾਈਆ । ਜਿਸ ਦਾ ਕਲਮਾ ਓਸੇ ਦੀ ਕਾਇਨਾਤੀ, ਮੁਹੰਮਦ ਹੂ ਹੂ ਨਾਅਰਾ ਲਾਈਆ । ਜਿਸ ਦੀ ਖੇਲ ਅਗੰਮੀ ਸਾਚੀ, ਸੋ ਸਾਜਣ ਸਤਿਗੁਰ ਨਾਨਕ ਗਿਆ ਦ੍ਰਿੜਾਈਆ । ਜਿਸ ਦੀ ਸਭ ਤੋਂ ਔਖੀ ਘਾਟੀ, ਸੋ ਗੋਬਿੰਦ ਪੂਰੀ ਕਰ ਵਖਾਈਆ । ਬੰਸ ਸਰਬੰਸ ਬੱਚਿਆਂ ਦੀ ਪ੍ਰਭ ਚਰਨ ਜੋੜ ਕੇ ਨਾਤੀ, ਨਾਤਾ ਜਗਤ ਨਾਲੋਂ ਤੁੜਾਈਆ । ਗੁਰਸਿੱਖਾਂ ਅੰਤ ਸੰਦੇਸ਼ਾ ਗਿਆ ਆਖੀ, ਸਚ ਸੁਨੇਹੜਾ ਇਕ ਸਮਝਾਈਆ । ਮੇਰਾ ਓਸ ਦੇ ਅੰਦਰ ਵਸੇਰਾ ਮੈਂ ਓਸੇ ਘਰ ਦਾ ਵਾਸੀ, ਜਿਥੇ ਜਨਮ ਮਰਨ ਰਹੇ ਨਾ ਰਾਈਆ । ਲੇਖਾ ਵੇਖਾਂ ਫੇਰ ਕਲਜੁਗ ਅੰਧੇਰੀ ਰਾਤੀ, ਢਈਆ ਢੌਂਕਾ ਇਕ ਲਗਾਈਆ । ਜਿਸ ਦੀ ਸਮਝ ਨਾ ਸਕੇ ਕੋਈ ਵਾਟੀ, ਪੈਂਡਾ ਪੰਧ ਨਾ ਕੋਇ ਦ੍ਰਿੜਾਈਆ । ਉਹ ਖੇਲ ਕਰੇ ਆਪ ਅਬਿਨਾਸ਼ੀ, ਕਰਨੀ ਦਾ ਕਰਤਾ ਮਿਲ ਕੇ ਧੁਰ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਦੇਵੇ ਵਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਹਰ, ਸੰਤ ਸੁਹੇਲੇ ਗੁਰਮੁਖ ਸੱਜਣ ਲੱਖ ਚੁਰਾਸੀ ਵਿਚੋਂ ਲਏ ਫੜ, ਚਰਨ ਧੂੜ ਕਰਾ ਕੇ ਮਜਨ, ਕਾਇਆ ਮੰਦਰ ਅੰਦਰ ਨਿਜ ਸਿੰਘਾਸਣ ਬਹੇ ਵੜ, ਦੂਜਾ ਧਾਮ ਧੁਰ ਦਾ ਰਾਮ ਅਗੰਮੀ ਕਾਹਨ ਹਕ਼ੀਕ਼ੀ ਪੈਗ਼ਾਮ ਸ਼ਬਦੀ ਤਰਾਨ ਵਿਚ ਜਹਾਨ ਨੌਜਵਾਨ ਸ੍ਰੀ ਭਗਵਾਨ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਏਕੰਕਾਰ ਇਕ ਇਕੱਲਾ ਸਚ ਮਹੱਲਾ ਸਚ ਸੰਦੇਸ਼ ਸਤਿ ਸਤਿ ਦ੍ਰਿੜਾਈਆ ।

**❋ ੧੩ ਚੇਤ ਸ਼ਹਿਨਸ਼ਾਹੀ ਸੰਮਤ ੪ ਨਿਰੰਜਣ ਸਿੰਘ ਦੇ ਗ੍ਰਿਹਿ ਲੁਧਿਆਣਾ ❋**

ਲਾਲ ਸੂਹਾ ਕੰਚਨ ਰੰਗ ਤਿੰਨ ਰੰਗ ਦੀ ਮਿੱਟੀ, ਖ਼ਾਕੀ ਖ਼ਾਕ ਖ਼ਾਕ ਬਦਲਾਈਆ । ਜਿਸ ਦੀ ਖੇਲ ਜੁਗ ਚੌਕੜੀ ਸਦਾ ਨਿੱਕੀ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਪ੍ਰਭ ਨਾਮ ਸੰਦੇਸਾ ਦੇਂਦਾ ਰਿਹਾ ਚਿੱਠੀ, ਧੁਰ ਫ਼ਰਮਾਨਾ ਇਕ ਸੁਣਾਈਆ ।

ਓਸ ਵੇਲੇ ਤ੍ਰੈਗੁਣ ਮਾਇਆ ਪ੍ਰਭ ਦਵਾਰੇ ਦੁਹੱਥੜ ਮਾਰ ਕੇ ਪਿੱਟੀ, ਲੋਚਣ ਨੈਣਾਂ ਨੀਰ ਵਹਾਈਆ । ਜਗ ਨੇਤਰ ਦੋ ਜਹਾਨ ਕਿਸੇ ਨਾ ਦਿੱਸੀ, ਰੂਪ ਅਨੂਪ ਨਜ਼ਰ ਕੋਇ ਨਾ ਆਈਆ । ਜਿਸ ਦੀ ਧਾਰ ਕਿਸੇ ਨਾ ਲਿਖੀ, ਸ਼ਾਸਤਰ ਦੇਵੇ ਨਾ ਕੋਇ ਗਵਾਹੀਆ । ਜੁਗ ਚੌਕੜੀ ਸਮਝੇ ਕੋਈ ਨਾ ਮਿਤੀ, ਵਾਰ ਥਿਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸੂਹਾ ਲਾਲ ਕੰਚਨ ਪ੍ਰਭ ਦੀ ਅਗੰਮੀ ਧਾਰ, ਧਰਨੀ ਧਰਤ ਧਵਲ ਸੁਹਾਈਆ । ਜਿਸ ਵੇਲੇ ਹੁਕਮ ਦੇਂਦਾ ਰਿਹਾ ਨਿਰੰਕਾਰ, ਨਿਰਗੁਣ ਨਿਰਵੈਰ ਆਪਣੀ ਕਾਰ ਕਮਾਈਆ । ਸਚਖੰਡ ਦਵਾਰੇ ਮਾਰਦਾ ਰਿਹਾ ਲਕਾਰ, ਤ੍ਰੈਭਵਣ ਧਨੀ ਤ੍ਰਲੋਕੀ ਤੋਂ ਪਾਰ ਦਏ ਸਮਝਾਈਆ । ਆਪਣਾ ਖੇਲ ਦੱਸਦਾ ਰਿਹਾ ਅਪਾਰ, ਅਪਰੰਪਰ ਸਵਾਮੀ ਪੜਦਾ ਲਾਹੀਆ । ਲਾਲ ਰੰਗ ਕਹੇ ਮੈਂ ਵੇਖਾਂ ਓਹ ਯਾਰ, ਜੋ ਯਰਾਨਾ ਧੁਰ ਲਗਾਈਆ । ਕੰਚਨ ਕਹੇ ਮੈਂ ਤਕਿਆ ਓਹ ਘਰ ਬਾਹਰ, ਜਿਥੇ ਨਜ਼ਰ ਨੂਰ ਅਲਾਹੀਆ । ਸੂਹਾ ਕਹੇ ਮੈਂ ਸੁਹਾਵਾਂ ਸਚ ਦਰਬਾਰ, ਜਿਥੇ ਦਰ ਦਰਬਾਨ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਬਣੇ ਭਿਖਾਰ, ਦਰ ਠਾਂਡੇ ਸੀਸ ਨਿਵਾਈਆ । ਜਿਸ ਵੇਲੇ ਤ੍ਰੈਗੁਣ ਮਾਇਆ ਪੁਰਖ ਅਬਿਨਾਸ਼ੀ ਆਪਣੀ ਧਾਰੋਂ ਕੱਢੀ ਬਾਹਰ, ਜਨਮ ਵਾਲੀ ਨਾ ਕੋਇ ਮਾਈਆ । ਉਨ੍ਹਾਂ ਦੇ ਮਸਤਕ ਤਿਲਕ ਲਗਾਇਆ ਇਕ ਇਕੱਲੇ ਏਕਾ ਵਾਰ, ਦੂਜਾ ਸਮਝ ਕੋਇ ਨਾ ਪਾਈਆ । ਤਿੰਨੇ ਰੰਗ ਕਹਿਣ ਅਸੀਂ ਜਗਤ ਦਾ ਸ਼ਿੰਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਤਿੰਨੇ ਰੰਗ ਕਹਿਣ ਸਾਡਾ ਅਵੱਲਾ ਵੇਸ, ਸਚ ਦਈਏ ਜਣਾਈਆ । ਸਚ ਦਵਾਰੇ ਹੋਏ ਪੇਸ਼, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲ ਦਿਤਾ ਸੰਦੇਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਤੁਸੀਂ ਤਿੰਨੇ ਢੋਲਾ ਬੋਲੋ ਏਕ, ਇਕ ਆਵਾਜ਼ ਲਗਾਈਆ । ਦੂਜਾ ਰਹੇ ਨਾ ਕੋਈ ਭੇਖ, ਭਿਕਸ਼ੂ ਸਾਰੇ ਦੇਣੇ ਬਦਲਾਈਆ । ਵਿਸ਼ਨ ਬ੍ਰਹਮਾ ਸ਼ਿਵ ਤੱਕੇ ਨੇਤ, ਨੇਤ ਨੇਤ ਜਣਾਈਆ । ਜਿਸ ਕਾਰਨ ਤੁਹਾਡੇ ਨਾਲ ਕੀਤਾ ਹੇਤ, ਹਿਤਕਾਰੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਮਿੱਟੀ ਕਹੇ ਮੇਰੇ ਤ੍ਰੈ ਰੰਗ, ਰੰਗਤ ਬੇਪ੍ਰਵਾਹੀਆ । ਜਿਸ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਪੂਰੀ ਹੋਈ ਮੰਗ, ਮਾਂਗਤ ਬੈਠੇ ਸੀਸ ਝੁਕਾਈਆ । ਸੁਣਿਆ ਫੇਰ ਅਗੰਮੀ ਮਰਦੰਗ, ਢੋਲਾ ਧੁਰਦਰਗਾਹੀਆ । ਸੁਣਿਆ ਧੁਰ ਦਾ ਛੰਦ, ਵੱਜੀ ਸਚ ਵਧਾਈਆ । ਆਇਆ ਇਕ ਅਨੰਦ, ਅਨੰਦ ਵਿਚ ਸਮਾਈਆ । ਤਕਿਆ ਨੂਰੀ ਚੰਦ, ਚੰਦ ਵਿਚ ਰੁਸ਼ਨਾਈਆ । ਤ੍ਰੈ ਤ੍ਰੈ ਵੇਖ ਕੇ ਪਈ ਠੰਡ, ਸਾਂਤਕ ਸਤਿ ਸਮਾਈਆ । ਓਧਰੋਂ ਹੁਕਮ ਦਿਤਾ ਸੂਰੇ ਸਰਬੰਗ, ਧੁਰ ਫ਼ਰਮਾਨਾ ਇਕ ਜਣਾਈਆ । ਆਪਣਾ ਆਪਣਾ ਅੰਗਣ ਵਖਾਓ ਅੰਗ, ਕੀ ਅੰਗੀਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਮਿੱਟੀ ਕਹੇ ਮੇਰਾ ਰੰਗ ਵੱਖਰਾ, ਵੱਖਰਾ ਨਜ਼ਰੀ ਆਈਆ । ਮੇਰਾ ਲਹਿਣਾ ਨਹੀਂ ਅੱਖਰਾ, ਅੱਖਰਾਂ ਨਾ ਕੋਇ ਪੜ੍ਹਾਈਆ । ਮੇਰਾ ਲੇਖਾ ਨਹੀਂ ਸਤਰਾ, ਲਾਈਨਾਂ ਵਿਚ ਨਾ ਕੋਇ ਸਾਲਾਹੀਆ । ਮੇਰੀ ਵਡਿਆਈ ਨਹੀਂ ਨਾਲ ਪੱਥਰਾ, ਸਿਲ ਪੂਜਸ ਸਿਫ਼ਤ ਨਾ ਕੋਇ ਸਾਲਾਹੀਆ । ਮੈਂ ਵੇਖਣਾ ਨਹੀਂ ਕੋਈ ਪੱਤਰਾ, ਨਾਤਾ ਕਲਮ ਸ਼ਾਹੀਆ । ਮੈਨੂੰ ਨਹੀਂ ਕੋਈ ਖ਼ਤਰਾ, ਬੇਖ਼ਤਰ ਦਿਆਂ ਸੁਣਾਈਆ । ਮੇਰੇ ਵਿਚ ਉਹ ਪ੍ਰੇਮ ਪਿਆਰ ਦਾ ਨਖ਼ਰਾ, ਜਿਸ ਦਾ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਮਿੱਟੀ

ਕਹੇ ਮੈਂ ਦੱਸਾਂ ਸਚ ਪੁਕਾਰ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਕੀਤਾ ਵਿਹਾਰ, ਬਿਵਹਾਰੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਟਿੱਕੇ ਲਾਏ ਆਪਣੀ ਧਾਰ, ਬਿਨਾ ਉਂਗਲ ਉਂਗਲ ਟਿਕਾਈਆ । ਸੁਰਸਤੀ ਲਕਸ਼ਮੀ ਪਾਰਬਤੀ ਉਧਾਰ, ਤਿੰਨਾਂ ਰੰਗਤ ਦਿਤੀ ਚੜ੍ਹਾਈਆ । ਓਨ ਖ਼ੁਸ਼ੀਆਂ ਨਾਲ ਬੋਲ ਜੈਕਾਰ, ਢੋਲਾ ਦਿਤਾ ਸੁਣਾਈਆ । ਤੂੰ ਮੇਰਾ ਮੈਂ ਤੇਰਾ ਆਧਾਰ, ਦੋਹਾਂ ਵਿਚੋਲਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਸਮਝਾਈਆ । ਤਿੰਨੇ ਰੰਗ ਕਹਿਣ ਜਿਸ ਵੇਲੇ ਤ੍ਰੈ ਤ੍ਰੈ ਲੱਗੇ ਮੱਥੇ, ਮਸਤਕ ਨਾਲ ਵਡਿਆਈਆ । ਪੁਰਖ ਅਕਾਲ ਵੇਖ ਆਪਣੀ ਅੱਖੇ, ਨੇਤਰ ਲੋਚਣ ਨੈਣ ਉਠਾਈਆ । ਅਸੀਂ ਤਿੰਨੇ ਖਿੜ ਖਿੜ ਹੱਸੇ, ਖ਼ੁਸ਼ੀਆਂ ਵੱਜੀ ਵਧਾਈਆ । ਫਿਰ ਰੋ ਕੇ ਹਾਲ ਦੱਸੇ, ਨੈਣਾਂ ਨੀਰ ਵਹਾਈਆ । ਪ੍ਰਭੂ ਜਿਸ ਤਰਾ ਵਿਸ਼ਨ ਬ੍ਰਹਮਾ ਸ਼ਿਵ ਫੱਬੇ, ਸੋਹਣਾ ਰੰਗ ਰੰਗਾਈਆ । ਸਾਡੀ ਬੇਨੰਤੀ ਤੇਰੇ ਅੱਗੇ, ਦਰ ਠਾਂਡੇ ਦੇਈਏ ਸੁਣਾਈਆ । ਜਿਸ ਵੇਲੇ ਤੇਰੀ ਜੋਤ ਨਿਰਗੁਣ ਸਰਗੁਣ ਧਾਰ ਜਗੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੰਤ ਸੁਹੇਲੇ ਭਗਤ ਲੱਭੇ, ਖੋਜੇ ਥਾਉਂ ਥਾਈਂਆ । ਸਚ ਪ੍ਰੇਮ ਅੰਦਰ ਬੱਧੇ, ਬੰਦਨਾ ਇਕ ਦ੍ਰਿੜਾਈਆ । ਅੰਮ੍ਰਿਤ ਨਾਮ ਦੇ ਦੇ ਕੇ ਮਜ਼ੇ, ਮਜ਼ਾਕ ਕੂੜਾ ਦਏ ਮਿਟਾਈਆ । ਸਚ ਦਵਾਰੇ ਸੱਦੇ, ਹੋਕਾ ਹੱਕ ਸੁਣਾਈਆ । ਸਾਡੀ ਸੇਵਾ ਓਸ ਵੇਲੇ ਲੱਗੇ, ਖ਼ੁਸ਼ੀਆਂ ਨਾਲ ਆਪਣਾ ਰੰਗ ਚੜ੍ਹਾਈਆ । ਧੁਰ ਫ਼ਰਮਾਨ ਦਿਤਾ ਸੂਰੇ ਸਰਬੱਗੇ, ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਪੁਰਖ ਅਕਾਲ ਕਿਹਾ ਸੁਣੋ ਰੰਗ ਤੀਨ, ਤ੍ਰੈਲੋਕ ਤੋਂ ਬਾਹਰ ਦਿਆਂ ਜਣਾਈਆ । ਤੁਸੀਂ ਸਾਰੇ ਕਹੋ ਆਮੀਨ, ਨਿਉਂ ਨਿਉਂ ਸੀਸ ਝੁਕਾਈਆ । ਸਾਚੀ ਸਿੱਖੋ ਇਕ ਤਾਅਲੀਮ, ਹੁਕਮ ਧੁਰਦਰਗਾਹੀਆ । ਖੇਲ ਵੇਖੋ ਨਰ ਮਦੀਨ, ਲੱਖ ਚੁਰਾਸੀ ਵੰਡ ਵੰਡਾਈਆ । ਧਾਮ ਸੁਹੰਜਣਾ ਰਹੇ ਕ਼ਦੀਮ, ਕ਼ੁਦਰਤ ਦਾ ਮਾਲਕ ਦਇਆ ਕਮਾਈਆ । ਜੁਗ ਚੌਕੜੀ ਖੇਲ ਵੇਖੋ ਨਵੀਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਤੁਸੀਂ ਕਦੇ ਨਹੀਂ ਹੋਣਾ ਗ਼ਮਗੀਨ, ਚਿੰਤਾ ਨੇੜ ਕੋਇ ਨਾ ਆਈਆ । ਤਿੰਨੇ ਮੇਰੇ ਉਤੇ ਕਰੋ ਯਕੀਨ, ਭਰੋਸਾ ਇਕ ਸਮਝਾਈਆ । ਆਪਣਾ ਆਪ ਨਾ ਮੰਨਿਓ ਹੁਸੀਨ, ਗੜ੍ਹ ਹੰਕਾਰ ਨਾ ਕੋਇ ਬਣਾਈਆ । ਸਦਾ ਰਹਿਣਾ ਹੁਕਮ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਤਿੰਨ ਰੰਗ ਸੁਣੋ ਅਗੰਮੀ ਬਾਤ, ਹਰਿ ਬਾਤਨ ਦਏ ਜਣਾਈਆ । ਤੁਹਾਡੀ ਮੇਰੇ ਵਿਚੋਂ ਉਪਜੀ ਜ਼ਾਤ, ਨੂਰ ਨੂਰ ਵਿਚੋਂ ਪ੍ਰਗਟਾਈਆ । ਤੁਹਾਡਾ ਲੇਖਾ ਨਹੀਂ ਕਾਗ਼ਜ਼ਾਤ, ਕ਼ਲਮ ਸ਼ਾਹੀ ਨਾ ਜੋੜ ਜੁੜਾਈਆ । ਤੁਹਾਡਾ ਝਗੜਾ ਨਹੀਂ ਕਿਸੇ ਸਮਾਜ, ਸਚ ਸਮਗਰੀ ਇਕ ਵਰਤਾਈਆ । ਸਤਿ ਸਤਿਵਾਦੀ ਹੋ ਕੇ ਦੇਵਾਂ ਦਾਤ, ਪ੍ਰੇਮ ਪ੍ਰੀਤੀ ਝੋਲੀ ਪਾਈਆ । ਤਿੰਨਾਂ ਮਿਲ ਕੇ ਗੌਣੀ ਧੁਰ ਦੀ ਗਾਥ, ਸੋਹੰ ਸਚ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਮਸਤਕ ਲੌਣਾ ਮਾਥ, ਟਿੱਕੇ ਨਾਮ ਛੁਹਾਈਆ । ਜਿਸ ਵੇਲੇ ਬੋਲਣ ਭਵਿਖਤ ਵਾਕ, ਉਂਗਲਾਂ ਉਤੇ ਉਂਗਲਾਂ ਨਾਲ ਘਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਸੁਣਾਈਆ । ਤਿੰਨ ਰੰਗ ਤੁਸਾਂ ਰਹਿਣਾ ਸਵਾਧਾਨ, ਹਰਿ ਕਰਤਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਣ, ਵਜਦੀ ਰਹੇ ਵਧਾਈਆ । ਜੁਗ ਚੌਕੜੀ ਵੇਖਣਾ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਗੁਰ ਅਵਤਾਰ ਪੈਗ਼ੰਬਰ ਦੇਣ ਗਿਆਨ, ਸ੍ਰਿਸ਼ਟੀ ਦ੍ਰਿਸ਼ਟੀ ਹੁਕਮ ਵਰਤਾਈਆ ।

ਕਲਮਿਆਂ ਵਿਚ ਕਰਨ ਕਲਿਆਣ, ਕਾਅਬਿਆਂ ਸੀਸ ਨਿਵਾਈਆ । ਭੇਵ ਦੱਸਣ ਸ੍ਰੀ ਭਗਵਾਨ, ਪਰਦਾ ਓਹਲਾ ਜਗਤ ਚੁਕਾਈਆ । ਸਚਖੰਡ ਦਵਾਰਿਉਂ ਆਪ ਰਹਿਣਾ ਅੰਜਾਣ, ਪ੍ਰਭ ਦਾ ਭੇਵ ਕੋਇ ਨਾ ਪਾਈਆ । ਸੱਜਦੇ ਝੁਕ ਝੁਕ ਕਰਨ ਸਲਾਮ, ਨਮੋ ਨਮੋ ਸੀਸ ਨਿਵਾਈਆ । ਬਰਦੇ ਬਣ ਗ਼ੁਲਾਮ, ਭੱਜਣ ਵਾਹੋ ਦਾਹੀਆ । ਮੰਗਤੇ ਹੋ ਕੇ ਮੰਗਣ ਦਾਨ, ਆਪਣੀ ਝੋਲੀ ਅੱਗੇ ਡਾਹੀਆ । ਕਿਰਪਾ ਕਰ ਧੁਰ ਅਮਾਮ, ਅਮਲਾਂ ਤੋਂ ਰਹਿਤ ਕਰੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਖਿਲਾਈਆ । ਤਿੰਨ ਰੰਗ ਕਹਿਣ ਪ੍ਰਭ ਹੋਈ ਹੈਰਾਨੀ, ਹੈਰਤ ਵਿਚ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਨਿਸ਼ਾਨੀ, ਨਿਰਗੁਣ ਸਰਗੁਣ ਸੋਭਾ ਪਾਈਆ । ਬਾਕੀ ਸ੍ਰਿਸ਼ਟੀ ਦਿਸੇ ਫ਼ਾਨੀ, ਤਤ ਰਹਿਣ ਕੋਇ ਨਾ ਪਾਈਆ । ਧਨ ਦੌਲਤ ਦਿਸੇ ਬੇਗਾਨੀ, ਹੱਕਦਾਰ ਨਾ ਕੋਇ ਅਖਵਾਈਆ । ਕੀ ਝਗੜਾ ਪਾਵੇਂ ਜਿਸਮਾਨੀ, ਤੱਤਾਂ ਵੰਡ ਵੰਡਾਈਆ । ਕੀ ਮੰਜ਼ਲ ਦੇਵੇਂ ਰੁਹਾਨੀ, ਰੂਹ ਬੁਤ ਜੋੜ ਜੁੜਾਈਆ । ਕੀ ਖੇਲ ਕਰੇਂ ਦਰਮਿਆਨੀ, ਪੜਦਾ ਸਕੇ ਨਾ ਕੋਇ ਉਠਾਈਆ । ਕੀ ਬੁੱਧ ਕਰੇਂ ਨਾਦਾਨੀ, ਦਵੈਤੀ ਰੂਪ ਨਾ ਕੋਇ ਵਟਾਈਆ । ਕੀ ਤੇਰੀ ਹੋਵੇ ਅਲ੍ਹੜ ਜਵਾਨੀ, ਜੋਬਨਵੰਤਾ ਸੋਭਾ ਪਾਈਆ । ਕੀ ਭਗਤਾਂ ਦੇਵੇ ਮਹਿਮਾਨੀ, ਵਸਤ ਅਮੋਲਕ ਕਾਇਆ ਗੋਲਕ ਦੇਵੇਂ ਟਿਕਾਈਆ । ਕੀ ਝਗੜਾ ਮੁਕਾਵੇਂ ਚਾਰੇ ਖਾਣੀ, ਚਾਰੇ ਬਾਣੀ ਰਾਗ ਅਲਾਈਆ । ਕੀ ਲੇਖਾ ਜਾਣੇ ਪੌਣ ਪਾਣੀ, ਬਸੰਤਰ ਫੋਲ ਫੁਲਾਈਆ । ਤਿੰਨ ਰੰਗ ਕਹਿਣ ਇਕ ਤੇਰੇ ਚਰਨ ਧਿਆਨੀ, ਧਰਮ ਦਵਾਰੇ ਸੀਸ ਨਿਵਾਈਆ । ਤੇਰਾ ਹੁਕਮ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਦੇਣਾ ਵਖਾਈਆ ।

੮੭ ੮੭

੨੧ ੨੧

ਤਿੰਨ ਰੰਗ ਕਹਿਣ ਅਸੀਂ ਲਗਦੇ ਰਹੇ ਲਲਾਟ, ਲਾਟਾਂ ਵਾਲੀ ਧਿਆਨ ਲਗਾਈਆ । ਵਿਕਦੇ ਰਹੇ ਤੇਰੇ ਹਾਟ, ਕ਼ੀਮਤ ਅਵਰ ਨਾ ਕੋਇ ਚੁਕਾਈਆ । ਸਾਡੀ ਪੁਛੇ ਕੋਈ ਨਾ ਵਾਤ, ਨਵਾਂ ਰੂਪ ਨਾ ਕੋਇ ਬਦਲਾਈਆ । ਅਸੀਂ ਮੰਗੀਏ ਮੰਗ ਖ਼ਾਸ, ਖ਼ਾਲੀ ਝੋਲੀ ਅੱਗੇ ਡਾਹੀਆ । ਜਿਹੜਾ ਤੇਰਾ ਪ੍ਰੇਮੀ ਤੈਨੂੰ ਗਾਵੇ ਸਵਾਸ ਸਵਾਸ, ਸਾਹ ਸਾਹ ਵਡਿਆਈਆ । ਓਸ ਦੀ ਪੂਰੀ ਕਰਨੀ ਆਸ, ਆਸਾ ਆਸਾ ਵਿਚੋਂ ਲੈਣੀ ਬਦਲਾਈਆ । ਜਗਤ ਜਹਾਨ ਕਰ ਤਲਾਸ਼, ਖੋਜਣਾ ਥਾਉਂ ਥਾਈਂਆ । ਪੁਰਖ ਅਕਾਲ ਕਿਹਾ ਸੁਣੋ ਅਗੰਮੀ ਬਾਤ, ਸਚ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਸਤਿਜੁਗ ਤ੍ਰੇਤਾ ਦੁਆਪਰ ਰਹਿਣ ਕੋਇ ਨਾ ਪਾਈਆ । ਓਸ ਵੇਲੇ ਵੇਖਾਂ ਖੇਲ ਤਮਾਸ਼, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਪ੍ਰਗਟ ਹੋ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੋ ਕੇ ਰਾਹ ਤਕਾਈਆ । ਸਾਚੇ ਮੰਡਲ ਪਾ ਕੇ ਰਾਸ, ਬਣ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤਿੰਨ ਰੰਗ ਕਹਿਣ ਅਸੀਂ ਨਹੀਂ ਕੋਈ ਮਿੱਟੀ ਘੱਟਾ, ਘਟੀਆ ਰੂਪ ਨਾ ਕੋਇ ਵਖਾਈਆ । ਸਾਨੂੰ ਸ਼ੰਕਰ ਸੁੱਟਿਆ ਵਿਚ ਆਪਣੀਆਂ ਜਟਾਂ, ਜਿਸ ਵੇਲੇ ਗੰਗਾ ਧਾਰ ਦਿਤੀ ਵਹਾਈਆ । ਸਾਨੂੰ ਛੁਹਾਇਆ ਅਸ਼ਟਭੁਜ ਸਿੰਘ ਸਵਾਰ ਜਿਸ ਵਧਾਈਆਂ ਲਿਟਾਂ, ਸੀਸ ਜਗਦੀਸ਼ ਗੁੰਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੇਵਾ ਇਕ ਸਮਝਾਈਆ । ਤਿੰਨ ਰੰਗ ਕਹਿਣ ਕੀ ਦੱਸੀਏ ਆਪਣਾ ਹਾਲ, ਪ੍ਰਭ ਤੇਰੇ ਹੱਥ ਵਡਿਆਈਆ । ਜਿਸ ਵੇਲੇ ਪਿਆਰ ਕੀਤਾ ਕਾਲ, ਮਹਾਂਕਾਲ ਦਏ ਵਡਿਆਈਆ । ਤਿੰਨੇ ਰੰਗ ਓਸ ਨੂੰ ਦਿਤੇ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਚੁਕਾਈਆ । ਤਿੰਨ ਰੰਗ ਕਹਿਣ ਅਸੀਂ ਮਿੱਟੀ ਨਹੀਂ ਖ਼ਾਕ, ਖ਼ਾਕੀ ਖ਼ਾਕ ਰੂਪ ਵਟਾਈਆ । ਜਿਸ ਵੇਲੇ ਪੈਗ਼ੰਬਰ ਗੁਰ ਅਵਤਾਰਾਂ ਮਿਲੇ ਦਾਤ, ਦਾਤਾ ਦਾਨੀ ਝੋਲੀ ਪਾਈਆ । ਓਸ ਵੇਲੇ ਸਾਨੂੰ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਹੌਲੀ ਜਿਹੀ ਦੇਵੇ ਆਖ, ਸੁਨੇਹੜੇ ਵਿਚ ਸਮਝਾਈਆ । ਵੇਖਿਓ ਵਿਕਿਓ ਕਿਸੇ ਨਾ ਹਾਟ, ਗੁਰ ਅਵਤਾਰ ਪੈਗ਼ੰਬਰ ਕ਼ੀਮਤ ਨਾ ਕੋਇ ਚੁਕਾਈਆ । ਇਕੋ ਪਰਮ ਪੁਰਖ ਦੀ ਰੱਖਿਓ ਆਸ, ਦੂਜਾ ਸੰਗ ਨਾ ਕੋਇ ਨਿਭਾਈਆ । ਜੁਗ ਚੌਕੜੀ ਰੱਖਕੇ ਪੂਰਾ ਵਿਸ਼ਵਾਸ, ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਤਿੰਨ ਰੰਗ ਕਹਿਣ ਅਸੀਂ ਸੋਹਣੇ ਚੰਗੇ, ਸੁਥਰੇ ਨਜ਼ਰੀ ਆਈਆ । ਇਹ ਲਹਿਣਾ ਦੇਣਾ ਗੋਦਾਵਰੀ ਗੰਗੇ, ਜਮਨਾ ਸੁਰਸਤੀ ਸੀਸ ਨਿਵਾਈਆ । ਜਿਸ ਵੇਲੇ ਪ੍ਰਭ ਨੇ ਉਤਭੁਜ ਸੇਤਜ ਖੇਲ ਖਲੌਣਾ ਜੇਰਜ ਅੰਡੇ, ਤ੍ਰੈਗੁਣ ਨਾਤਾ ਪੰਜ ਤੱਤ ਜੁੜਾਈਆ । ਲੱਖ ਚੁਰਾਸੀ ਵਿਚੋਂ ਮਾਨਸ ਜ਼ਾਤ ਬਣਾਈ ਬੰਦੇ, ਬੰਦਗੀ ਵਿਚ ਸਮਝਾਈਆ । ਸਤਿ ਧਰਮ ਦੇ ਲਾ ਕੇ ਧੰਦੇ, ਧਰਮ ਦਵਾਰਾ ਇਕ ਪ੍ਰਗਟਾਈਆ । ਸਚਖੰਡ ਦਵਾਰੇ ਰੰਗ ਕਹਿਣ ਅਸੀਂ ਪ੍ਰਭ ਚਰਨਾਂ ਵਿਚ ਟੰਗੇ, ਜਿਥੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਰਿਹਾ ਖੁਲ੍ਹਾਈਆ । ਤਿੰਨ ਰੰਗ ਕਹਿਣ ਅਸੀਂ ਕੀਤੀ ਅਰਦਾਸ, ਦਰ ਠਾਂਡੇ ਦਿਤੀ ਸੁਣਾਈਆ । ਪ੍ਰਭ ਤੇਰਾ ਖੇਲ ਤਮਾਸ਼, ਜੁਗ ਚੌਕੜੀ ਵੇਖ ਵਖਾਈਆ । ਕਦ ਸਾਡੀ ਪੂਰੀ ਕਰੇਂ ਆਸ, ਆਹਿਸਤਾ ਆਹਿਸਤਾ ਪੰਧ ਮੁਕਾਈਆ । ਅਸੀਂ ਚਾਹੁੰਦੇ ਤੇਰਾ ਜਗਤ ਵਿਚ ਦਈਏ ਸਾਥ, ਲੋਕਮਾਤ ਵਡਿਆਈਆ । ਚਰਨ ਪ੍ਰੀਤੀ ਬੱਝੇ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਚਾਰ ਵਰਨ ਬਣਾਈਏ ਇਕ ਜ਼ਾਤ, ਦੂਤੀਆ ਭਾਉ ਰਹੇ ਨਾ ਰਾਈਆ । ਜਿਧਰ ਤੱਕੀਏ ਤੇਰਾ ਵਾਸ, ਖ਼ਾਲੀ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਪਿੱਠ ਠੋਕ ਕੇ ਕਹੇ ਸ਼ਾਬਾਸ਼, ਵਾਹਵਾ ਵੱਡੀ ਵਡਿਆਈਆ । ਜਿਸ ਵੇਲੇ ਕਲਜੁਗ ਹੋਈ ਅੰਧੇਰੀ ਰਾਤ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਭੁੱਲੇ ਬਾਤ, ਗਾਥ ਸਚ ਨਾ ਕੋਇ ਦ੍ਰਿੜਾਈਆ । ਓਸ ਵੇਲੇ ਜਨ ਭਗਤਾਂ ਖੋਲ੍ਹਾਂ ਰਾਜ਼, ਪੜਦਾ ਆਪ ਚੁਕਾਈਆ । ਓਸ ਵੇਲੇ ਤੂੰ ਮੇਰਾ ਮੈਂ ਤੇਰਾ ਮਾਰ ਆਵਾਜ਼, ਸੋਏ ਜਗਤ ਉਠਾਈਆ । ਤਿੰਨੇ ਰੰਗ ਕਹਿਣ ਓਸ ਵੇਲੇ ਕੀ ਕਰੀਏ ਅਸੀਂ ਕਾਜ, ਕਰਨੀ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਇਹ ਲੇਖਾ ਵਿਚ ਮਾਤ, ਧਰਨੀ ਧਰਤ ਧਵਲ ਵਡਿਆਈਆ । ਜਿਸ ਵੇਲੇ ਸਤਿਜੁਗ ਚਲੇ ਰਿਵਾਜ, ਧਰਮ ਦੀ ਧਾਰ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਬਦਲ ਦੇਵੇ ਸਮਾਜ, ਸਮਗਰੀ ਧੁਰ ਦੀ ਵੰਡ ਵੰਡਾਈਆ । ਇਕ ਇਕੱਲਾ ਸੀਸ ਸੁਹਾਏ ਤਾਜ, ਤਾਜਾਂ ਵਾਲੇ ਖ਼ਾਕ ਮਿਲਾਈਆ । ਤੁਸਾਂ ਤਿੰਨਾਂ ਆਉਣਾ ਭਾਜ, ਭੱਜਣਾ ਵਾਹੋ ਦਾਹੀਆ । ਆਪਣਾ ਵੱਡਾ ਸਮਝਣਾ ਭਾਗ, ਹਿੱਸਾ ਲੈਣਾ ਝੋਲੀ ਡਾਹੀਆ । ਕਲਜੁਗ ਕੂੜੀ ਕਿਰਿਆ ਵੇਖਣੀ ਆਗ, ਅਗਨੀ ਤੱਤ ਤਪਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗ਼, ਪਤਤ ਪੁਨੀਤ ਨਾ ਕੋਇ ਕਰਾਈਆ । ਆਤਮ ਜੋਤ ਨਾ ਜਗੇ ਚਰਾਗ਼, ਅੰਧ ਅੰਧਿਆਰ ਨਾ ਕੋਇ ਮਿਟਾਈਆ । ਕੰਤ ਮਿਲੇ ਨਾ ਕਿਸੇ ਸੁਹਾਗ, ਜਗਤ ਰੰਡੇਪਾ ਨਾ ਕੋਇ ਕਟਾਈਆ । ਓਸ ਵੇਲੇ ਪ੍ਰਭ ਕਿਰਪਾ ਕਰੇ ਆਪ, ਆਪਣੀ ਦਇਆ ਕਮਾਈਆ । ਜਨ ਭਗਤਾਂ ਦੱਸ ਕੇ ਸੋਹੰ ਜਾਪ, ਤ੍ਰੈਗੁਣ ਨਾਤਾ ਦਏ ਤੁੜਾਈਆ । ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਬਣਾਈਆ । ਤੁਸੀਂ ਤਿੰਨੇ ਰੰਗ ਸੁਣ ਲਓ ਸਾਚ, ਸਚ ਦਿਆਂ ਸਮਝਾਈਆ ।

ਚੌਥੇ ਜੁਗ ਦਾ ਚੌਥਾ ਸੰਮਤ ਜਿਸ ਵੇਲੇ ਮਹੀਨਾ ਚੜ੍ਹਿਆ ਵਿਸਾਖ, ਵਾਹਵਾ ਖ਼ੁਸ਼ੀ ਮਨਾਈਆ । ਤੁਹਾਡਾ ਲਹਿਣਾ ਦੇਣਾ ਕਰਾਂ ਬਿਬਾਕ, ਪਿਛਲਾ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦੇਵਾਂ ਦਾਤ, ਅਨਮੁਲੜੀ ਦਾਤ ਵਰਤਾਈਆ । ਸੋਭਾਵੰਤ ਬਣਾ ਕੇ ਰਾਤ, ਮਸਤਕ ਟਿੱਕੇ ਦਿਆਂ ਛੁਹਾਈਆ । ਓਸ ਵੇਲੇ ਹਾਜ਼ਰ ਹੋਣ ਗੁਰ ਅਵਤਾਰ ਪੈਗ਼ੰਬਰ ਤ੍ਰੈਲੋਕੀ ਨਾਥ, ਨਾਥ ਅਨਾਥਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗਤ ਇਕੋ ਦਏ ਰੰਗਾਈਆ । ਤਿੰਨ ਰੰਗ ਕਹਿਣ ਸਾਨੂੰ ਹੋਈ ਖ਼ੁਸ਼ੀ, ਖ਼ੁਸ਼ ਕਿਸਮਤ ਨਜ਼ਰੀ ਆਈਆ । ਸਾਡੀ ਔਧ ਰਹੀ ਮੁਕੀ, ਪ੍ਰਭ ਦੇਵੇ ਮਾਣ ਵਡਿਆਈਆ । ਅਸਾਂ ਮਿੱਟੀ ਨਹੀਂ ਰਹਿਣਾ ਸੁੱਕੀ, ਸਚ ਦਈਏ ਸਮਝਾਈਆ । ਜਿਥੋਂ ਅੰਮ੍ਰਿਤ ਧਾਰ ਫੁੱਟੀ, ਉਥੋਂ ਅੰਮ੍ਰਿਤ ਰਸ ਦੇਣਾ ਚਖਾਈਆ । ਸਾਡੀ ਪ੍ਰੀਤ ਅਜੇ ਨਾ ਟੁੱਟੀ, ਨੌ ਸੌ ਚੁਰਾਨਵੇ ਚੌਕੜੀ ਜੁਗ ਧਿਆਨ ਲਗਾਈਆ । ਪ੍ਰਭੂ ਤੇਰੇ ਗੁਰ ਅਵਤਾਰ ਪੈਗ਼ੰਬਰ ਕੱਟ ਕੇ ਗਏ ਬੁੱਤੀ, ਬੁਤਖ਼ਾਨੇ ਵਿਚ ਸਮਾਈਆ । ਧੰਨ ਭਾਗ ਮੇਰੀ ਤੇਰੇ ਨਾਲ ਮੌਲੀ ਰੁਤੀ, ਰੁਤ ਰੁਤੜੀ ਵੇਖ ਵਖਾਈਆ । ਸਚ ਤਿਉਹਾਰ ਸਾਥੋਂ ਪੁਛੀਂ, ਪੁਸ਼ਤ ਪਨਾਹ ਹੱਥ ਰਖਾਈਆ । ਅਸਾਂ ਹੁਣ ਬੰਦ ਨਹੀਂ ਰਹਿਣਾ ਵਿਚ ਗੁੱਠੀਂ, ਬਾਹਰ ਨਿਕਲ ਕੇ ਰੰਗ ਦੇਣਾ ਚੜ੍ਹਾਈਆ । ਭਗਤਾਂ ਦੀ ਅੰਤਰ ਮੈਲ ਕਰਨੀ ਸੁੱਚੀ, ਸੰਜਮ ਇਕ ਸਮਝਾਈਆ । ਸਾਚੀ ਵਸਤ ਜਾਏ ਨਾ ਲੁੱਟੀ, ਘਰੋਂ ਲੁਟੇਰੇ ਦੇਣੇ ਕਢਾਈਆ । ਭਾਗ ਲਗਾ ਕੇ ਕਾਇਆ ਕੁੱਟੀ, ਕੋਟ ਜਨਮ ਦਾ ਪੈਂਡਾ ਦੇਣਾ ਮੁਕਾਈਆ । ਜਨ ਭਗਤੋ ਲੱਖ ਚੁਰਾਸੀ ਵਿਚੋਂ ਤੁਹਾਨੂੰ ਛੁੱਟੀ, ਛੁਟਕਾਰਾ ਧੁਰ ਦਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਦੀ ਅੰਤ ਤਕ ਧਾਰ ਰਹਿਣ ਨਾ ਦੇਵੇ ਗੁੱਝੀ, ਗੁੱਝਾ ਭੇਦ ਅਭੇਦ ਅਭੇਵ ਸਾਰਾ ਦਏ ਖੁਲ੍ਹਾਈਆ ।

### * ੧੪ ਚੇਤ ਸ਼ਹਿਨਸ਼ਾਹੀ ਸੰਮਤ ੪ ਲਛਮਣ ਸਿੰਘ ਗੁਰਮੇਜ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ *

ਢਾਈ ਇੰਚ ਲਕੜੀ ਦੀ ਗਿੱਟੀ, ਚਾਰ ਕੁੰਟ ਤੁਲ ਅਰਜ਼ ਨਾ ਵੰਡ ਵੰਡਾਈਆ । ਇਹ ਗੁਰ ਅਵਤਾਰ ਪੈਗ਼ੰਬਰਾਂ ਦੀ ਧਾਰ ਅਨਡਿੱਠੀ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਇਹਦੇ ਉਤੇ ਲਿਖੀ ਜਾਂਦੀ ਓਹ ਚਿੱਠੀ, ਜਿਸ ਦੇ ਹਰਫ਼ ਹਰੂਫ਼ ਨਾ ਕੋਇ ਬਣਾਈਆ । ਇਹਦੀ ਸਮਝ ਨਾ ਆਵੇ ਕੋਈ ਮਿਤੀ, ਸਨਦ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਏਸੇ ਵਿਚੋਂ ਅਗੰਮੀ ਸਿਖਿਆ ਸਿੱਖੀ, ਜੋ ਸਿਖ਼ਰ ਚੋਟੀ ਚੜ੍ਹ ਕੇ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਖਿਲਾਈਆ । ਢਾਈ ਇੰਚ ਦੀ ਗਿੱਟੀ ਕਹੇ ਮੈਂ ਦੱਸਾਂ ਆਪਣੀ ਬਾਤ, ਬਾਤਨ ਦਿਆਂ ਜਣਾਈਆ । ਜਿਥੇ ਨਹੀਂ ਕੋਈ ਕਲਮ ਦਵਾਤ, ਕਾਗ਼ਜ਼ ਨਜ਼ਰ ਕੋਇ ਨਾ ਆਈਆ । ਕਾਤਬ ਲਿਖੇ ਨਾ ਕੋਇ ਕਿਤਾਬ, ਅੱਖਰ ਵੰਡ ਨਾ ਕੋਇ ਵੰਡਾਈਆ । ਲਹਿਣਾ ਜਾਣੇ ਨਾ ਕੋਇ ਹਿਸਾਬ, ਨਿਸਬਤ ਸਮਝ ਕੋਇ ਨਾ ਆਈਆ । ਹਿੱਸਾ ਵੰਡੇ ਨਾ ਕੋਈ ਬਾਬ, ਬਾਬਤ ਪ੍ਰਭ ਦੇ ਭੇਵ ਨਾ ਕੋਇ ਖੁਲ੍ਹਾਈਆ । ਸੱਯਦਾ ਦਿਸੇ ਨਾ ਕੋਈ ਅਦਾਬ, ਡੰਡਾਵਤ ਸੀਸ ਨਾ ਕੋਇ ਝੁਕਾਈਆ । ਮਹਲ ਅਟਲ ਨਾ ਕੋਇ ਮਹਿਰਾਬ, ਮਹਿਬੂਬ ਨਜ਼ਰ ਕੋਇ ਨਾ ਆਈਆ । ਜਿਥੇ ਨਹੀਂ ਨਾਦ ਆਵਾਜ਼, ਰਾਗਨੀ ਰਾਗ ਨਾ ਕੋਇ ਸੁਣਾਈਆ । ਝਗੜਾ ਨਹੀਂ

ਸਵਾਲ ਜਵਾਬ, ਜਵਾਬ ਤਲਬੀ ਨਾ ਕੋਇ ਵਖਾਈਆ । ਓਥੇ ਖੇਲ ਪ੍ਰਭੂ ਮਹਾਰਾਜ, ਰਾਜਨ ਰਾਜ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਦਏ ਖੁਲ੍ਹਾਈਆ । ਢਾਈ ਇੰਚ ਕਹੇ ਮੈਂ ਲੰਮੀ ਚੌੜੀ ਦਿਸਾਂ ਲੱਕੜੀ, ਲੱਕੜਹਾਰਾ ਸਮਝ ਨਾ ਕੋਇ ਪਾਈਆ । ਤੋਲ ਤੁਲੀ ਨਾ ਕਿਸੇ ਤੱਕੜੀ, ਤਰਾਜੂ ਵੰਡ ਨਾ ਕੋਇ ਵੰਡਾਈਆ । ਮੇਰੀ ਸਮਝ ਨਾ ਆਈ ਕਿਸੇ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਛਤਰਧਾਰੀ ਗਏ ਫੇਰੀਆਂ ਪਾਈਆ । ਲੇਖਾ ਜਾਣੇ ਕੋਈ ਨਾ ਪੱਤਰੀ, ਪਤ੍ਰਕਾ ਦੱਸੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਢਾਈ ਇੰਚ ਕਹੇ ਮੇਰੀ ਵੇਖੋ ਅਗੰਮੀ ਗਿੱਟੀ, ਗਿਟੀਆਂ ਗਿਣਨ ਦੀ ਲੋੜ ਰਹੇ ਨਾ ਰਾਈਆ । ਸਾਧ ਸੰਤ ਫ਼ਕੀਰਾਂ ਅੰਦਰ ਇਕ ਅੰਗੁਸ਼ਟ ਧਾਰ ਢਕੀ, ਹੱਦ ਹੱਦ ਵਿਚ ਬੰਧਾਈਆ । ਗੁਰ ਅਵਤਾਰ ਪੈਗ਼ੰਬਰਾਂ ਢਾਈ ਇੰਚ ਇਕ ਪ੍ਰਕਾਸ਼ ਵਾਲੀ ਧਾਰ ਰੱਖੀ, ਜੋ ਕਾਇਆ ਮੰਦਰ ਅੰਦਰ ਕਰੇ ਰੁਸ਼ਨਾਈਆ । ਇਸ ਦੇ ਚਾਰ ਕੁੰਟ ਸ਼ਰਅ ਜ਼ੰਜੀਰ ਦੀ ਰੱਸੀ, ਜੋ ਪੁਰਖ ਅਕਾਲ ਦਿਤੀ ਬੰਧਾਈਆ । ਸ਼ਬਦੀ ਹੁਕਮ ਨਾਲ ਕਸੀ, ਗੰਢ ਉਤੇ ਨਾ ਕੋਇ ਸਮਝਾਈਆ । ਬਿਨਾ ਗੋਬਿੰਦ ਤੋਂ ਹੋਰ ਕਿਸੇ ਨਾ ਦੱਸੀ, ਇਸ਼ਾਰਾ ਸਮਝ ਕੋਇ ਨਾ ਪਾਈਆ । ਜਿਸ ਵੇਲੇ ਬੇਈਮਾਨ ਹੋਵੇ ਜੀਵ ਲੱਖ ਚਾਰ ਅੱਸੀ, ਅਸਲ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਬੇਬਸੀ, ਆਪਣਾ ਬਲ ਨਾ ਕੋਇ ਧਰਾਈਆ । ਸਾਚੀ ਦਿਸੇ ਕੋਈ ਨਾ ਹੱਟੀ, ਸਾਚਾ ਵਣਜ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪਿਛਲੀ ਲੇਖੇ ਲਾਵੇ ਖੱਟੀ, ਖਟਕਾ ਅਗਲਾ ਦਏ ਚੁਕਾਈਆ । ਢਾਈ ਇੰਚ ਦੀ ਥਾਂ ਪੁਰਖ ਅਕਾਲ ਆਪਣੀ ਜੋਤ ਪ੍ਰਗਟਾਵੇ ਸਮਰਥੀ, ਜਿਸ ਦਾ ਅੱਗਾ ਪਿੱਛਾ ਨਜ਼ਰ ਕੋਇ ਨਾ ਆਈਆ । ਦੋ ਜਹਾਨ ਪੜ੍ਹਾਏ ਧੁਰ ਦੀ ਪੱਟੀ, ਪਟਨੇ ਵਾਲਾ ਨਾਲ ਮਿਲਾਈਆ । ਭਗਤਾਂ ਲੋੜ ਰਹੇ ਨਾ ਗਤੀ, ਸਵਰਗ ਬਹਿਸ਼ਤ ਨਾ ਕੋਇ ਸਮਝਾਈਆ । ਕਥਾ ਕਹਾਣੀ ਧੁਰ ਦੀ ਦੱਸ ਕੇ ਸੱਚੀ, ਸੁਚ ਸੰਜਮ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਵਖਾਈਆ । ਗੱਟੀ ਕਹੇ ਮੇਰਾ ਢਾਈ ਇੰਚ ਦਾ ਨੁਕਤਾ, ਦਸਮ ਦੁਆਰੀ ਤੋਂ ਅੱਗੇ ਨਜ਼ਰੀ ਆਈਆ । ਜਿਥੇ ਸੰਤਾਂ ਭਗਤਾਂ ਦਾ ਪੈਂਡਾ ਮੁਕਦਾ, ਅੱਗੇ ਮੰਜ਼ਲ ਬੇਪ੍ਰਵਾਹੀਆ । ਜਿਥੇ ਗੁਰ ਅਵਤਾਰ ਪੈਗ਼ੰਬਰ ਝੁਕਦਾ, ਨਿਉਂ ਨਿਉਂ ਲਾਗਣ ਪਾਈਆ । ਓਥੇ ਜੈਕਾਰਾ ਇਕੋ ਤੁਕ ਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਦੀਨ ਮਜ਼੍ਹਬ ਦਾ ਝਗੜਾ ਹੋਵੇ ਚੁਕਦਾ, ਕਲਮਾ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਦੀਨ ਦਿਆਲਾ ਘਰ ਸੁਹੰਜਣਾ ਸੁਹਾਏ ਸੁਖ ਦਾ, ਧੁਰ ਦਾ ਨੂਰ ਕਰ ਰੁਸ਼ਨਾਈਆ । ਲੇਖਾ ਮੁਕਾ ਕੇ ਕਾਇਆ ਬੁਤ ਦਾ, ਜੋਤੀ ਜੋਤ ਡਗਮਗਾਈਆ । ਚਾਰ ਜੁਗ ਦੀ ਕੂੜੀ ਕਿਰਿਆ ਪੁੱਟਦਾ, ਬੂਟਾ ਕੂੜ ਰਹਿਣ ਨਾ ਪਾਈਆ । ਸਤਿ ਧਰਮ ਦਾ ਬੀਜ ਅਗੰਮੀ ਸੁੱਟਦਾ, ਧਰਨੀ ਧਰਤ ਧਵਲ ਧੌਲ ਉਪਜਾਈਆ । ਲਹਿਣਾ ਜਾਣ ਮਾਨਸ ਮਨੁੱਖ ਦਾ, ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਆਪ ਉਠਾਈਆ । ਗੱਟੀ ਕਹੇ ਮੈਂ ਢਾਈ ਇੰਚ ਚਾਰ ਚੌਂਹ ਤਰਫ਼, ਸੋਹਣਾ ਰੰਗ ਵਖਾਈਆ । ਮੈਂ ਵਿਦਿਆ ਪੜ੍ਹੀ ਨਹੀਂ ਕੋਈ ਹਰਫ਼, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੈਂ ਵੇਖਾਂ ਜੋ ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦੀ ਸਭ ਦੇ ਨਾਲ ਸ਼ਰਤ, ਸ਼ਰਅ ਰਿਹਾ ਬਦਲਾਈਆ । ਭਾਗ ਲਗਾ ਕੇ ਉਤੇ ਫ਼ਰਸ਼, ਫ਼ੈਸਲਾ ਹੱਕ ਸੁਣਾਈਆ । ਲੇਖਾ ਜਾਣ ਅਰਸ਼,

ਅਰਸ਼ੀ ਪ੍ਰੀਤਮ ਦਇਆ ਕਮਾਈਆ । ਸਭ ਦਾ ਲਹਿਣਾ ਦੇਣਾ ਪੂਰ ਕਰ ਕੇ ਕ਼ਰਜ਼, ਆਪਣਾ ਪੰਧ ਚੁਕਾਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰਾਂ ਵੇਖੇ ਫ਼ਰਜ਼, ਨਿਰਗੁਣ ਨਿਰਗੁਣ ਲਏ ਉਠਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਅੰਧੇਰ ਗਰਦ, ਗਰਦਸ਼ ਮੇਟੇ ਜਗਤ ਲੋਕਾਈਆ । ਗਿੱਟੀ ਕਹੇ ਇਹ ਖੇਲ ਅਸਚਰਜ, ਜੋ ਅਚਰਜ ਲੀਲਾ ਰਿਹਾ ਵਰਤਾਈਆ । ਬਣ ਕੇ ਦਾਤਾ ਜੋਧਾ ਸੂਰਬੀਰ ਮਰਦਾਨਾ ਮਰਦ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨ ਕੇ ਅਰਜ਼, ਆਰਜ਼ੂ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗਿੱਟੀ ਕਹੇ ਮੈਂ ਦੱਸਣ ਆਈ ਵਾਕ, ਵਾਕ਼ਫ਼ਕਾਰ ਜਗਤ ਲੋਕਾਈਆ । ਮੈਂ ਵਿਚੋਲਣ ਬਣਨਾ ਜਿਸ ਵੇਲੇ ਮੁਹੰਮਦ ਉਮਤ ਨੂੰ ਦੇਣਾ ਤਲਾਕ, ਨਾਤਾ ਛੁੱਟੇ ਕੂੜ ਲੋਕਾਈਆ । ਖੇਲ ਵੇਖਣੀ ਉਪਰ ਧਰਤੀ ਖ਼ਾਕ, ਖ਼ਾਲਕ ਹੋ ਕੇ ਖੋਜ ਖੁਜਾਈਆ । ਮੈਂ ਸੰਦੇਸਾ ਦੇਵਾਂ ਆਜ, ਧੁਰ ਦੀ ਧਾਰ ਧਰਮ ਦ੍ਰਿੜਾਈਆ । ਪੁਰਖ ਅਕਾਲ ਬਦਲ ਦੇਣਾ ਸਮਾਜ, ਸਮਾਂ ਸਮੇਂ ਵਿਚੋਂ ਬਦਲਾਈਆ । ਜਨ ਭਗਤੋ ਜਾਣਾ ਜਾਗ, ਜਾਗਰਤ ਜੋਤ ਡਗਮਗਾਈਆ । ਤਨ ਕਾਇਆ ਬੁਝੌਣੀ ਆਗ, ਮਮਤਾ ਮੋਹ ਮਿਟਾਈਆ । ਘਰ ਸੁਆਮੀ ਜਗਾਵੇ ਚਰਾਗ਼, ਅੰਧ ਅੰਧੇਰ ਰਹੇ ਨਾ ਰਾਈਆ । ਹੰਸ ਬੁੱਧੀ ਬਣੌਣੀ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਏਕੰਕਾਰਾ ਇਕੋ ਲਓ ਅਰਾਧ, ਸਿਮਰਨ ਸਿਮਰਨ ਵਿਚ ਸਮਾਈਆ । ਜਿਸ ਨੂੰ ਮਾਲਕ ਕਹਿੰਦੇ ਵਾਹਦ, ਪੈਗ਼ੰਬਰ ਨੂਰ ਅਲਾਹੀਆ । ਓਹ ਖੇਲ ਕਰੇ ਸ਼ਾਹਦ, ਸ਼ਹਾਦਤ ਆਪਣੀ ਆਪ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਗਿੱਟੀ ਕਹੇ ਮੈਂ ਵਿਚ ਰਹਿਣ ਦੇਣਾ ਨਹੀਂ ਕੋਈ ਗੱਟਾ, ਅੜਚਨ ਨਜ਼ਰ ਕੋਇ ਨਾ ਆਈਆ । ਗੁਰਮੁਖੋ ਪੂਜਣਾ ਨਹੀਂ ਪੱਥਰ ਵੱਟਾ, ਪੱਥਰਾਂ ਸੀਸ ਨਾ ਕੋਇ ਨਿਵਾਈਆ । ਕਿਧਰੇ ਚੜ੍ਹੌਣਾ ਨਹੀਂ ਪੈਸਾ ਟਕਾ, ਟਿਕਟਿਕੀ ਇਕੋ ਨਾਲ ਲਗਾਈਆ । ਸਭ ਦਾ ਲੇਖਾ ਲਹਿਣਾ ਦੇਣਾ ਇਕੱਠਾ, ਬਚਿਆ ਰਹਿਣ ਕੋਇ ਨਾ ਪਾਈਆ । ਤੁਹਾਡਾ ਝਗੜਾ ਮੁਕਣਾ ਅੱਠਾਂ ਸੱਠਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਹਾਵਣ ਕੋਇ ਨਾ ਜਾਈਆ । ਨਿਜ ਧਾਰ ਨਿਰਾਕਾਰ ਨਰ ਨਰਾਇਣ ਖੋਲ੍ਹੇ ਅੱਖਾਂ, ਆਖ਼ਰ ਪੜਦਾ ਲਾਹੀਆ । ਸਚ ਸੁਨੇਹੜਾ ਧੁਰ ਦਾ ਦੱਸਾਂ, ਦਹਿ ਦਿਸ਼ਾ ਕਰ ਪੜ੍ਹਾਈਆ । ਚਾਵਾਂ ਵਿਚ ਚਾਰ ਕੁੰਟ ਭੱਜਾਂ ਨੱਸਾਂ, ਨੱਸ ਨੱਸ ਆਪਣੀ ਸੇਵ ਕਮਾਈਆ । ਸਾਧਾਂ ਸੰਤਾਂ ਭਗਤਾਂ ਸੂਫ਼ੀ ਫ਼ਕੀਰਾਂ ਕਹਾਂ ਅੱਖਾਂ ਵਾਲਿਓ ਖੋਲ੍ਹ ਲਓ ਅੱਖਾਂ, ਨੇਤਰ ਨੈਣ ਨੈਣ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਆਇਆ ਹੱਕਾ, ਹਕ਼ੀਕ਼ਤ ਦਏ ਜਣਾਈਆ । ਜਿਸ ਨੂੰ ਲੱਭਦੇ ਮਦੀਨਾ ਮੱਕਾ, ਮਕ਼ਬਰਿਆਂ ਉਤੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਗਿੱਟੀ ਕਹੇ ਮੈਂ ਇਕ ਨਿਸ਼ਾਨ ਸਰਬ ਡਿੱਠਾ, ਜਗਤ ਜਹਾਨ ਨਜ਼ਰੀ ਆਈਆ । ਜਿਸ ਦਾ ਨਿਕਲਣ ਵਾਲਾ ਸਿੱਟਾ, ਸਿੱਟੇਬਾਜ਼ੀ ਜਗਤ ਲੋਕਾਈਆ । ਜਨ ਭਗਤੋ ਝਗੜਾ ਰਹਿਣਾ ਨਹੀਂ ਪੱਥਰ ਇੱਟਾਂ, ਪੱਤਨ ਸਭ ਦਾ ਦੇਣਾ ਬਦਲਾਈਆ । ਧੁਰ ਦਾ ਦੱਸ ਅਗੰਮੀ ਚਿੱਠਾ, ਸਚ ਫ਼ਰਮਾਨਾ ਇਕ ਸਮਝਾਈਆ । ਜਿਥੇ ਲਿਖਿਆ ਗੋਬਿੰਦ ਨੇ ਗੁਰਸਿਖ ਆ ਮੇਰਿਆ ਪੁੱਤਾ, ਪਤਿਪਰਮੇਸ਼ਵਰ ਵਿਚ ਸਮਾਈਆ । ਓਥੇ ਭੇਵ ਰਹੇ ਨਾ ਲੁਕਾ, ਓਹਲਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਪਿਛੇ ਤੁਸੀਂ ਪ੍ਰਭ ਤੇ ਸਾਰੇ ਕਰਦੇ ਆਏ ਗ਼ੁੱਸਾ, ਰੁੱਸ ਰੁੱਸ ਵਕ਼ਤ ਲੰਘਾਈਆ । ਦੀਨ ਦਿਆਲ ਦਾ ਭੇਤ ਸਦਾ ਗੁੱਝਾ, ਜੁਗ ਜੁਗ ਵੇਲਾ ਵਕ਼ਤ ਆਪਣੀ ਵੰਡ


੯੧
੨੧

ਵੰਡਾਈਆ । ਜਿਹੜਾ ਸਦਾ ਪ੍ਰੇਮ ਪਿਆਰ ਦਾ ਭੁੱਖਾ, ਪ੍ਰੀਤੀ ਵਿਚ ਸਮਾਈਆ । ਓਹ ਵਸੇ ਅਗੰਮੇ ਤਨ ਵਜੂਦ ਜੁੱਸਾ, ਜਿਸ ਜੁੱਸੇ ਦਾ ਜਿਸਮ ਜ਼ਮੀਰ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗਿੱਟੀ ਕਹੇ ਮੇਰਾ ਜੋਤ ਨੂਰ ਪ੍ਰਕਾਸ਼, ਕਾਇਆ ਮੰਦਰ ਸੋਭਾ ਪਾਈਆ । ਢਾਈ ਇੰਚ ਤੋਂ ਬਹੁਤੀ ਨਹੀਂ ਦਿਤੀ ਦਾਤ, ਪੁਰਖ ਅਕਾਲੇ ਆਪਣੇ ਹੱਥ ਰਖੀ ਵਡਿਆਈਆ । ਇਸ ਤੋਂ ਅੱਗੇ ਮਿਲਾ ਕੇ ਆਪਣੀ ਜ਼ਾਤ, ਜੋਤ ਵਿਚ ਸਮਾਈਆ । ਜਿਥੇ ਨਾ ਕੋਈ ਕਲਮਾ ਨਾ ਕੋਈ ਬਾਤ, ਨਾ ਕੋਈ ਬਾਤਨ ਕਰੇ ਪੜ੍ਹਾਈਆ । ਨਾ ਕੋਈ ਢੋਲਾ ਗੀਤ ਨਾ ਕੋਈ ਸ਼ਬਦ ਧੁਨ ਨਾਦ, ਨਾ ਕੋਈ ਸ਼ਰਅ ਆਵਾਜ਼ ਸੁਣਾਈਆ । ਨਾ ਕੋਈ ਮਮਤਾ ਮੋਹ ਵਿਕਾਰ ਆਗ, ਅੰਮ੍ਰਿਤ ਧਾਰ ਮੇਘ ਨਾ ਕੋਇ ਬਰਸਾਈਆ । ਨਾ ਕੋਈ ਸੇਵਕ ਚੇਲਾ ਗੁਰ ਨਾ ਕੋਈ ਦਿਸੇ ਦਾਸ, ਮੁਰੀਦ ਮੁਰਸ਼ਦ ਵੰਡ ਨਾ ਕੋਇ ਵੰਡਾਈਆ । ਨਾ ਕੋਈ ਪ੍ਰਿਥਮੀ ਨਾ ਕੋਈ ਆਕਾਸ਼, ਨਾ ਕੋਈ ਟੁਕੜਾ ਕਰੇ ਫਾਸ਼, ਨਾ ਕੋਈ ਤਨਾ ਨਾ ਕੋਈ ਸ਼ਾਖ਼, ਨਾ ਕੋਈ ਢੋਲਾ ਨਾ ਕੋਈ ਰਿਹਾ ਆਖ, ਨਾ ਕੋਈ ਵਿਦਿਆ ਨਾ ਕੋਈ ਰਿਹਾ ਭਾਖ, ਜਿਧਰ ਤੱਕਾਂ ਪੁਰਖ ਅਬਿਨਾਸ਼, ਦੂਜਾ ਨਜ਼ਰ ਕੋਇ ਨਾ ਆਈਆ । ਗਿੱਟੀ ਕਹੇ ਮੇਰੀ ਸੁਹੰਜਣੀ ਦਿਸੇ ਰਾਤ, ਚੌਦਾਂ ਤਬਕ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਗਿੱਟੀ ਕਹੇ ਜਿਸ ਵੇਲੇ ਕਿਰਪਾ ਕਰੀ ਭਗਵਾਨ, ਗੋਬਿੰਦ ਦਿਤੀ ਵਡਿਆਈਆ । ਪਹਿਲੋਂ ਵਖਾ ਕੇ ਸਚ ਨਿਸ਼ਾਨ, ਜਲਵਾ ਨੂਰ ਕਰ ਰੁਸ਼ਨਾਈਆ । ਫਿਰ ਸਾਚੇ ਅੰਮ੍ਰਿਤ ਕਰਾ ਇਸ਼ਨਾਨ, ਕਾਇਆ ਕੁੰਭ ਦਿਤਾ ਭਰਾਈਆ । ਸ਼ਬਦ ਸੰਦੇਸ਼ਾ ਦਿਤਾ ਨਾਲ ਜ਼ਬਾਨ, ਬਿਨ ਅੱਖਰਾਂ ਆਪ ਸੁਣਾਈਆ । ਕਲਜੁਗ ਅੰਤਮ ਵੇਖ ਮਾਰ ਧਿਆਨ, ਚਾਰੋਂ ਕੁੰਟ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਰਿਹਾ ਨਾ ਕੋਇ ਗਿਆਨ, ਸਤਿ ਧਰਮ ਨਾ ਕੋਇ ਦ੍ਰਿੜਾਈਆ । ਗੋਬਿੰਦ ਵੇਖ ਕੇ ਹੋਇਆ ਹੈਰਾਨ, ਹੈਰਤ ਵਿਚ ਸਮਾਈਆ । ਫਿਰ ਤੱਕਕੇ ਉਪਰ ਅਸਮਾਨ, ਸਚ ਸੰਦੇਸ਼ਾ ਦਿਤਾ ਸੁਣਾਈਆ । ਸ਼ਾਹ ਪਾਤਸ਼ਾਹ ਧੁਰ ਸੁਲਤਾਨ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗਿੱਟੀ ਕਹੇ ਜਿਸ ਵੇਲੇ ਗੋਬਿੰਦ ਨਹਾਤਾ, ਮਿਲੀ ਮਾਣ ਵਡਿਆਈਆ । ਕਿਰਪਾ ਕਰੇ ਪਰਮ ਪੁਰਖ ਦਾਤਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਚ ਸੰਦੇਸ਼ਾ ਇਕੋ ਆਖਾ, ਆਖ਼ਰ ਇਕ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧੇਰਾ ਛਾਈਆ । ਓਸ ਵੇਲੇ ਗੋਬਿੰਦ ਅੰਮ੍ਰਿਤ ਰਹੇ ਕਿਸੇ ਨਾ ਬਾਟਾ, ਪੰਚਮ ਪੰਚ ਨਾ ਕੋਇ ਵਡਿਆਈਆ । ਕਲਜੁਗ ਕੂੜ ਕੁੜਿਆਰਾ ਮਾਰੇ ਠਾਠਾਂ, ਲਹਿਰ ਲਹਿਰ ਵਿਚੋਂ ਉਠਾਈਆ । ਓਸ ਵੇਲੇ ਆਵਾਂ ਨਾਠਾ, ਭੱਜਾਂ ਵਾਹੋ ਦਾਹੀਆ । ਗੋਬਿੰਦ ਕਿਹਾ ਮੈਨੂੰ ਟੇਕ ਲੈਣ ਦੇ ਮਾਥਾ, ਨਿਉਂ ਨਿਉਂ ਸੀਸ ਨਿਵਾਈਆ । ਮੇਰੀ ਸੁਣ ਲੈ ਇਕੋ ਬਾਤਾ, ਪ੍ਰੇਮ ਨਾਲ ਜਣਾਈਆ । ਤੇਰਾ ਖੇਲ ਪੁਰਖ ਅਬਿਨਾਸ਼ਾ, ਤੇਰੇ ਵਿਚ ਸਮਾਈਆ । ਸਾਚੇ ਸੰਤਾਂ ਦਾ ਪੂਰਾ ਕਰੀਂ ਘਾਟਾ, ਊਣਤਾ ਰਹਿਣ ਕੋਇ ਨਾ ਪਾਈਆ । ਓਨ੍ਹਾਂ ਦਾ ਕਾਇਆ ਮਾਟੀ ਵੇਖੀਂ ਭਾਂਡਾ ਕਾਚਾ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਪ੍ਰਭ ਕਿਉਂ ਮੈਨੂੰ ਰਿਹਾ ਟੁੰਬ, ਹੌਲੀ ਹੌਲੀ ਉਠਾਈਆ । ਮੈਨੂੰ ਯਾਦ ਆ ਗਿਆ ਜਿਸ ਵੇਲੇ ਲਹਿਣਾ ਦੇਣਾ ਮੁਕਾਇਆ ਸੁੰਭ ਨਿਸੁੰਭ, ਦੁਰਗਾ ਧਾਰ ਪ੍ਰਗਟਾਈਆ । ਓਸ ਵੇਲੇ ਅੰਮ੍ਰਿਤ ਧਾਰ ਅਗੰਮੀ

ਸਤਿ ਸਰੂਪੀ ਲਿਆਂਦੀ ਆਪਣੇ ਕੁੰਭ, ਜਗਤ ਮਾਟੀ ਨਜ਼ਰ ਕੋਇ ਨਾ ਆਈਆ । ਤੇਰੀ ਧਾਰ ਨੇ ਤੇਰਾ ਚਰਨ ਲਿਆ ਚੁੰਮ, ਰਸ ਤੇਰੇ ਵਿਚੋਂ ਪ੍ਰਗਟਾਈਆ । ਫੇਰ ਚਾਰ ਕੁੰਟ ਘੁੰਮ, ਪਰਦੱਖਣਾ ਵਿਚ ਸੀਸ ਨਿਵਾਈਆ । ਤੂੰ ਸੰਦੇਸ਼ਾ ਦੱਸਿਆ ਆਪਣਾ ਗੁਣ, ਸਹਿਜ ਨਾਲ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਸ੍ਰਿਸ਼ਟੀ ਦੀ ਦ੍ਰਿਸ਼ਟੀ ਨੂੰ ਮਨ ਕਲਪਣਾ ਦਾ ਖਾ ਗਿਆ ਘੁਣ, ਸਾਬਤ ਰਹਿਣ ਕੋਇ ਨਾ ਪਾਈਆ । ਨਜ਼ਰ ਨਾ ਆਏ ਕੋਈ ਰਿਖ ਮੁਨ, ਮਾਨਵ ਸਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਇਹ ਕੁੰਭ ਨਹੀਂ ਉਹ ਘੜਾ, ਜੋ ਘਾੜਤ ਪ੍ਰਹਿਲਾਦ ਲਈ ਬਣਾਈਆ । ਏਸੇ ਵਿਚ ਪ੍ਰਭੂ ਬਿੱਲੀ ਦਾ ਬੱਚਾ ਹੋ ਕੇ ਵੜਾ, ਭਗਤਾਂ ਹੋਇਆ ਸਹਾਈਆ । ਓਦੋਂ ਦਾ ਕੌਲ ਇਕਰਾਰ ਕੀਤਾ ਕੜਾ, ਚਾਰ ਜੁਗ ਦਿਤੇ ਲੰਘਾਈਆ । ਹੁਣ ਸਮਾਂ ਬੀਤਿਆ ਬੜਾ, ਬਹੁੜੀ ਬਹੁੜੀ ਕਰ ਰਹੇ ਕੁਰਲਾਈਆ । ਜਨ ਭਗਤੋ ਤੁਸਾਂ ਨੇ ਪੂਜਣਾ ਨਹੀਂ ਕੋਈ ਮੜ੍ਹੀ ਥੜਾ, ਸੀਸ ਨਾ ਕੋਇ ਨਿਵਾਈਆ । ਤੁਹਾਡੀ ਸ਼ਹਾਦਤ ਦੇਵੇ ਮਾਟੀ ਭਾਂਡਾ ਸਾਹਮਣੇ ਤੁਹਾਡੇ ਖੜ੍ਹਾ, ਸੰਦੇਸ਼ਾ ਇਕ ਜਣਾਈਆ । ਗੁਰਮੁਖੋ ਮੇਰੇ ਵਿਚ ਬਾਹਰੋਂ ਭਰ ਦਿਓ ਜਲਾ, ਪਾਣੀ ਨਾਲ ਸੁਹਾਈਆ । ਮੈਨੂੰ ਐਂ ਦਿਸਦਾ ਪੁਰਖ ਅਬਿਨਾਸ਼ੀ ਤੁਹਾਡੇ ਅੰਦਰ ਰਲਾ, ਤ੍ਰਿਸ਼ਨਾ ਅਗਨੀ ਦਏ ਮਿਟਾਈਆ । ਇਹੋ ਨਾਨਕ ਜਲ ਕੁੰਭ ਦੀ ਦੱਸੀ ਕਲਾ, ਇਸ਼ਾਰਾ ਕਲਾਧਾਰੀ ਲਗਾਈਆ । ਮੈਂ ਜ਼ਾਮਨ, ਤੁਹਾਡਾ ਓਸ ਨੇ ਫੜਿਆ ਪੱਲਾ, ਜੋ ਪੱਲੂ ਨਾ ਸਕੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੂਰਬ ਲੇਖਾ ਸਭ ਦਾ ਵੇਖ ਵਖਾਈਆ । ਘੜਾ ਕਹੇ ਮੇਰਾ ਹੋਰ ਸਾਥੀ, ਗੁੱਲੀ ਡੰਡਾ ਨਜ਼ਰੀ ਆਈਆ । ਜਿਸ ਵੇਲੇ ਪੁਰਖ ਅਕਾਲ ਤੇ ਸ਼ਬਦ ਦੁਲਾਰਾ ਇਕ ਦੂਜੇ ਦੇ ਬਣੇ ਸਾਥੀ, ਦਰਗਾਹ ਸਾਚੀ ਸਚਖੰਡ ਥਿਰ ਘਰ ਵੱਜੀ ਵਧਾਈਆ । ਦੋਹਾਂ ਨੇ ਆਪਣੀ ਲਾਈ ਬਾਜ਼ੀ, ਖੇਲ ਇਕ ਵਰਤਾਈਆ । ਪੁਰਖ ਅਕਾਲ ਕਿਹਾ ਮੈਂ ਡੰਡਾ ਵੱਡਾ ਸ਼ਾਹ ਤਾਜੀ, ਸ਼ਹਿਨਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਡੰਡਾ ਕਹੇ ਮੈਂ ਪੁਰਖ ਸੁਲਤਾਨ, ਸਚਖੰਡ ਨਿਵਾਸੀ ਨਜ਼ਰੀ ਆਈਆ । ਗੁੱਲੀ ਕਹੇ ਮੈਂ ਬਾਲ ਅੰਞਾਣ, ਸ਼ਬਦੀ ਸੁਤ ਸੋਭਾ ਪਾਈਆ । ਮੇਰੇ ਦੋਵੇਂ ਸਿਰੇ ਤਿੱਖੇ ਸੋਹਣੇ ਆਪਣਾ ਦੱਸਣ ਨਿਸ਼ਾਨ, ਨਿਸ਼ਾਨਾ ਸਚ ਜਣਾਈਆ । ਗੁੱਲੀ ਕਹੇ ਜਿਸ ਵੇਲੇ ਮੈਨੂੰ ਡੰਡਾ ਲੱਗੇ ਸ੍ਰੀ ਭਗਵਾਨ, ਮੈਂ ਭੱਜਾਂ ਵਾਹੋ ਦਾਹੀਆ । ਮੇਰਾ ਨਿਸ਼ਾਨਾ ਸ੍ਰੀ ਭਗਵਾਨ, ਦੋ ਜਹਾਨਾਂ ਫੋਲ ਫੁਲਾਈਆ । ਇਹੋ ਡੰਡਾ ਤੇ ਇਹੋ ਗੁੱਲੀ ਪ੍ਰਭ ਨੇ ਵਿਸ਼ਨੂੰ ਦਿਤਾ ਦਾਨ, ਹੱਥ ਇਕੇ ਵਾਰ ਫੜਾਈਆ । ਓਸ ਤੋਂ ਲੈ ਕੇ ਫੇਰ ਬ੍ਰਹਮੇ ਲੱਗਾ ਪਰਚਾਣ, ਬੱਚਿਆਂ ਵਾਂਗ ਖਿਲਾਈਆ । ਬ੍ਰਹਮੇ ਤੋਂ ਲੈ ਕੇ ਸ਼ੰਕਰ ਦਿਤਾ ਦਾਨ, ਹੱਥਾਂ ਦੋਹਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁੱਲੀ ਕਹੇ ਮੈਂ ਕੀ ਦੱਸਾਂ ਹਾਲ, ਡੰਡਾ ਦਏ ਜਣਾਈਆ । ਜਿਸ ਵੇਲੇ ਪ੍ਰਭ ਨਿਰਗੁਣ ਸਰਗੁਣ ਬਦਲਣ ਲੱਗਾ ਚਾਲ, ਆਪਣੀ ਕਾਰ ਕਮਾਈਆ । ਆਪਣੇ ਵਿਚੋਂ ਧਾਰ ਕੱਢੀ ਜਿਸ ਨੂੰ ਬਣੌਣਾ ਅਵਤਾਰ, ਅਵਤਰੀ ਰੂਪ ਵਟਾਈਆ । ਓਸ ਨੂੰ ਦੂਰੋਂ ਦਿਤਾ ਵਖਾਲ, ਹੱਥ ਨਾ ਕਿਸੇ ਫੜਾਈਆ । ਪੈਗ਼ੰਬਰਾਂ ਵਖਾਇਆ ਆਪਣੇ ਨਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਦਸਾਈ ਚਾਲ, ਚਲਤ ਆਪਣਾ ਭੇਵ ਚੁਕਾਈਆ । ਫੇਰ ਟੰਗ ਕੇ ਸਚਖੰਡ ਸੱਚੀ ਧਰਮਸਾਲ, ਉਪਰ ਨੀਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਖੇਲ ਰਿਹਾ ਵਖਾਈਆ । ਡੰਡਾ ਕਹੇ ਮੈਂ ਸਭ ਨੂੰ ਦੱਸਦਾ ਰਿਹਾ ਡੰਡਾਵਤ, ਧੁਰ ਦਾ ਹੁਕਮ ਸੁਣਾਈਆ । ਗੁੱਲੀ ਕਹੇ ਮੈਂ ਵੇਖਦੀ ਰਹੀ ਬਨਾਵਟ, ਦੋ ਜਹਾਨਾਂ ਭੱਜੀ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਸਖ਼ਾਵਤ, ਵਸਤ ਅਮੋਲਕ ਜਗਤ ਵਰਤਾਈਆ । ਇਕ ਦਿਨ ਗੁੱਲੀ ਕਹੇ ਮੈਂ ਕਿਹਾ ਪ੍ਰਭੂ ਕੁਛ ਮੈਨੂੰ ਦੇ ਨਿਆਮਤ, ਵਸਤ ਅਮੋਲਕ ਝੋਲੀ ਪਾਈਆ । ਓਸ ਹੱਸ ਕੇ ਕਿਹਾ ਕਮਲੀਏ ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਪਾਈ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਧਰਮ ਕਿਸੇ ਦੀ ਦੇਵੇ ਨਾ ਕੋਇ ਜ਼ਮਾਨਤ, ਬਦੀਆਂ ਵਿਚੋਂ ਬਰੀ ਨਾ ਕੋਇ ਕਰਾਈਆ । ਓਸ ਵੇਲੇ ਮੈਂ ਆਵਾਂ ਸਹੀ ਸਲਾਮਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਤੇਰਾ ਖੇਲ ਕਰ ਦੇਵਾਂ ਅਚਾਨਕ, ਚਾਰ ਜੁਗ ਦਾ ਸ਼ਾਸਤਰ ਸਮਝ ਕੋਇ ਨਾ ਪਾਈਆ । ਤੇਰਾ ਪਿਆਰ ਬਣਾ ਕੇ ਭਗਤਾਂ ਦੀ ਅਮਾਨਤ, ਧੁਰ ਦਾ ਸਾਥ ਦਿਆਂ ਵਖਾਈਆ । ਜਿਹੜੇ ਗੁਰਮੁਖ ਹੋਏ ਅਨਜਾਣਤ, ਓਨ੍ਹਾਂ ਦੇਵਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁੱਲੀ ਕਹੇ ਪ੍ਰਭੂ ਮੈਨੂੰ ਜ਼ੋਰ ਨਾਲ ਲਾ ਦੇ ਫ਼ਾਕਾ, ਫ਼ੈਸਲਾ ਦੇ ਮੁਕਾਈਆ । ਮੈਂ ਚਾਰ ਕੁੰਟ ਮਾਰ ਕੇ ਆਵਾਂ ਹਾਕਾ, ਸੁਤਿਆਂ ਦਿਆਂ ਉਠਾਈਆ । ਪੀਰੋ ਫ਼ਕੀਰੋ ਪੈਗ਼ੰਬਰੋ ਉਠੋ ਵੇਖੋ ਆਪਣਾ ਅਗੰਮੀ ਆਕਾ, ਅਕਲਾਂ ਵਾਲਿਓ ਅੱਖ ਖੁਲ੍ਹਾਈਆ । ਸਭ ਦਾ ਖੋਲ੍ਹਾਂ ਤਾਕਾ, ਕਰਾਂ ਹਿਸਾਬ ਬੇਬਾਕਾ, ਤੇਰਾ ਸੰਦੇਸ਼ਾ ਕਮਲਾਪਾਤਾ, ਪਤਿਪਰਮੇਸ਼ਵਰ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁੱਲੀ ਕਹੇ ਇਕ ਵੇਰੀ ਮੇਰੀ ਲਹਿੰਦੇ ਨੂੰ ਦੇ ਦੇ ਰਾਭ, ਗੁੱਲੀ ਡੰਡੇ ਨਾਲ ਉਡਾਈਆ । ਫੇਰ ਮੈਂ ਸਭ ਦਾ ਲੇਖਾ ਵੇਖਾਂ ਹਿਸਾਬ, ਖਾਤੇ ਫੋਲ ਫੁਲਾਈਆ । ਤੇਰੀ ਖ਼ਬਰ ਦੇਵਾਂ ਜਨਾਬ, ਜਨਾਬੇ ਆਲੀ ਦੇਣਾ ਸਮਝਾਈਆ । ਕੂਕ ਸੁਣਾਵਾਂ ਵੇਖੋ ਪੁਰਖ ਅਕਾਲਾ ਆਇਆ ਆਪ, ਆਪ ਆਪਣਾ ਫੇਰਾ ਪਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਕਰਨੀ ਸਾਫ਼, ਸਫ਼ਰ ਸਭ ਦਾ ਪੂਰ ਕਰਾਈਆ । ਬਿਨਾ ਭਗਤਾਂ ਤੋਂ ਕਿਸੇ ਨੂੰ ਕਰੇ ਨਾ ਕਦੇ ਮੁਆਫ਼, ਗੁਸਤਾਖ਼ਾਂ ਨੂੰ ਮਿਲੇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਵਖਾਈਆ । ਗੁੱਲੀ ਕਹੇ ਪ੍ਰਭੂ ਮੇਰੀ ਇਕ ਅਰਜ਼, ਇਹ ਵੀ ਦਿਆਂ ਜਣਾਈਆ । ਜਿਸ ਵੇਲੇ ਤੇਰਾ ਭਗਤ ਭਗਤਾਂ ਦੇ ਘਰ ਜੰਮੇ ਜੋਧਾ ਮਰਦ, ਤਨ ਮਾਟੀ ਮਿਲੇ ਵਡਿਆਈਆ । ਓਸ ਦੀ ਵੰਡਣੀ ਦਰਦ, ਸਹਾਇਤਾ ਵਿਚ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਗੁੱਲੀ ਡੰਡਾ ਕਹੇ ਅਸੀਂ ਵੇਖੇ ਪੰਜ ਜੁੱਟ, ਪੰਜ ਤੱਤ ਨਜ਼ਰੀ ਆਈਆ । ਜਿਹੜੇ ਪ੍ਰਭ ਦੀ ਧਾਰੋਂ ਪਏ ਫੁੱਟ, ਧੁਰ ਦੀ ਲੈ ਅੰਗੜਾਈਆ । ਨਿਰਾਕਾਰ ਨਾਲੋਂ ਛੁੱਟ, ਰਚਨਾ ਵਿਚ ਸਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਰਹੇ ਝੁਕ, ਆਪਣਾ ਹਾਲ ਨਾ ਕੋਇ ਸੁਣਾਈਆ । ਰਹੇ ਅੰਧੇਰੇ ਘੁੱਪ, ਪੜਦਾ ਨਾ ਕੋਇ ਉਠਾਈਆ । ਜਿਸ ਵੇਲੇ ਗੁਜ਼ਰੀ ਘਰ ਗੋਬਿੰਦ ਜੰਮਿਆ ਸੁਤ, ਓਸ ਵੇਲੇ ਪ੍ਰਭੂ ਨੇ ਸਗਣ ਲਿਆ ਮਨਾਈਆ । ਪੰਜਾਂ ਤੱਤਾਂ ਨੂੰ ਪਿਆਰ ਨਾਲ ਲਿਆ ਘੁੱਟ, ਫੇਰ ਗੋਬਿੰਦ ਨੂੰ ਕਿਹਾ ਤੱਤਾਂ ਵਾਲਾ ਮੇਰਾ ਪੁਤ, ਜਿਹਦੇ ਵਿਚ ਅਬਿਨਾਸ਼ੀ ਅਚੁਤ, ਜਿਸ ਦੀ ਦੂਜੀ ਵਾਰ ਮੌਲਣੀ ਰੁਤ, ਰੁਤੜੀ ਜਗਤ ਵਿਚ ਮਹਿਕਾਈਆ । ਮੈਂ ਆਪਣਾ ਆਪ ਉਹਦੇ ਅੰਦਰ ਰਖ ਦੇਣਾ ਸਭ ਕੁਛ, ਕਲਮਿਆਂ ਤੋਂ ਪਰੇ ਕਲਮਾ ਦੇਣਾ ਪੜ੍ਹਾਈਆ । ਸੋ ਵੇਲਾ ਵਕਤ ਪਹੁੰਚਿਆ ਢੁੱਕ, ਪੁਰਖ ਅਕਾਲਾ ਵੇਖ ਵਖਾਈਆ । ਜੋਤ ਨਿਰੰਕਾਰ ਨਿਰਾਕਾਰ ਸਭ ਦੇ

ਵੇਂਹਦਿਆਂ ਪੰਜਾਂ ਤੱਤਾਂ ਵਿਚ ਰਿਹਾ ਛੁਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਜੁੱਟ ਕਹੇ ਸਾਡੇ ਨਾਲ ਬਦਾਮ ਛੁਹਾਰੇ, ਸ਼ਹਿਨਸ਼ਾਹ ਦਿਤੀ ਵਡਿਆਈਆ । ਚਾਰ ਜੁਗ ਜਨ ਭਗਤ ਲੋਕਮਾਤ ਰਹੇ ਕੁਆਰੇ, ਪ੍ਰਗਟ ਹੋ ਕੇ ਕੰਤ ਨਾ ਕੋਇ ਹੰਢਾਈਆ । ਜਿਹਨੂੰ ਦਿਤੇ ਸ਼ਬਦ ਜੋਤ ਵਾਲੇ ਇਸ਼ਾਰੇ, ਸਨਮੁਖ ਹੋ ਕੇ ਸੋਭਾ ਕਦੇ ਨਾ ਪਾਈਆ । ਇਕ ਛਿੰਨ ਵਿਚ ਪ੍ਰਹਿਲਾਦ ਧ੍ਰੂ ਵਰਗੇ ਤਾਰੇ, ਸਦਨਾ ਸੈਣ ਛਿੰਨ ਭੰਗਰ ਪਾਰ ਕਰਾਈਆ । ਉਨ੍ਹਾਂ ਸਾਰਿਆਂ ਦੇ ਅੰਤ ਅਖ਼ੀਰੀ ਹਾੜੇ, ਜੋ ਮਿੰਨਤਾਂ ਕਰ ਕਰ ਗਏ ਸੁਣਾਈਆ । ਜੇ ਪ੍ਰਭੂ ਲੋਕਮਾਤ ਆਵੇਂ ਆਪਣੀ ਵਾਰੇ, ਵਾਰਤਾ ਪਿਛਲੀ ਦੇਣੀ ਬਦਲਾਈਆ । ਜਨ ਭਗਤਾਂ ਨੂੰ ਚੁੱਕੀਂ ਆਪਣੇ ਕੰਧਾੜੇ, ਮੋਢਿਆਂ ਉਤੇ ਲੈਣਾ ਟਿਕਾਈਆ । ਤੂੰ ਉਨ੍ਹਾਂ ਦਾ ਪਿਤਾ ਉਹ ਤੇਰੇ ਦੂਲ੍ਹੇ ਦੁਲਾਰੇ ਲਾੜੇ, ਦਰਗਾਹ ਸਾਚੀ ਸੋਭਾ ਪਾਈਆ । ਉਨ੍ਹਾਂ ਦੇ ਸਗਨ ਗਿਰੀਆਂ ਬਦਾਮ ਛੁਹਾਰੇ, ਜਿਸ ਦਾ ਲੇਖ ਨਾ ਕੋਇ ਵਿਚਾਰੇ, ਵਿਚਰਕੇ ਸਕੇ ਨਾ ਕੋਇ ਸਮਝਾਈਆ । ਬਦਾਮ ਕਹਿਣ ਸਾਡੇ ਨਾਲ ਮੌਲੀ ਦਾ ਤੰਦ, ਤੰਦਨ ਤੰਦ ਜੁੜਾਈਆ । ਜਿਸ ਨੂੰ ਚਰਨ ਛੁਹਾ ਕੇ ਗਿਆ ਗੁਜ਼ਰੀ ਦਾ ਚੰਦ, ਸੱਜੇ ਅੰਗੂਠੇ ਨਾਲ ਵਡਿਆਈਆ । ਜਿਸ ਵੇਲੇ ਪਹਿਲੇ ਦਿਨ ਚੜ੍ਹਿਆ ਸੀ ਜੰਗ, ਕਮਰਕੱਸਾ ਤਨ ਬੰਧਾਈਆ । ਇਹ ਕੌਲ ਇਕਰਾਰ ਕੀਤਾ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਜਣਾਈਆ । ਜਿਸ ਵੇਲੇ ਫੇਰ ਪੁਰਖ ਅਕਾਲ ਨੂੰ ਲੈ ਕੇ ਆਵਾਂ ਸੰਗ, ਧੁਰ ਦਾ ਸਾਥ ਬਣਾਈਆ । ਜਨ ਭਗਤਾਂ ਦੀ ਆਤਮ ਸੇਜ ਮਾਣਾ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਚਿੱਟਾ ਤੇ ਲਾਲ ਦੋਵੇਂ ਚਾੜ੍ਹ ਦੇਵਾਂ ਰੰਗ, ਦਸਮ ਦੁਆਰੀ ਤੋਂ ਅੱਗੇ ਸਚਖੰਡ ਮੰਜ਼ਲ ਇਕ ਬਣਾਈਆ । ਮੁਹੱਬਤ ਵਿਚ ਬੰਨ੍ਹ ਜਾਵਾਂ ਤੰਦ, ਜਿਹੜਾ ਤੰਦ ਤੰਦੂਆ ਕੱਟਕੇ ਗਜ ਦਾ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮੌਲੀ ਤੰਦ ਕਹੇ ਮੇਰਾ ਸਾਥੀ ਹੋਰ ਕੇਸਰ, ਕ਼ਿਸਮਤ ਦਏ ਬਦਲਾਈਆ । ਇਹ ਕੌਲ ਇਕ਼ਰਾਰ ਯੁਧਿਸ਼ਟਰ ਦੇ ਨਾਲ ਕ੍ਰਿਸ਼ਨ ਦਾ ਵਿਚ ਥਾਨੇਸਰ, ਅਸ਼ਵਥਾਮਾ ਨਿਉਂ ਨਿਉਂ ਸੀਸ ਝੁਕਾਈਆ । ਜਿਸ ਵੇਲੇ ਕਲਜੁਗ ਅੰਤ ਕਾਹਨਾ ਦਾ ਕਾਹਨ ਆਵੇ ਸ੍ਰਿਸ਼ਟੀ ਨਾਲੋਂ ਭਗਤ ਉਠਾਵੇ ਪੇਸ਼ਤਰ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਯੁਧਿਸ਼ਟਰ ਕਿਹਾ ਕਿਹੜੀ ਰੁਤ ਮੈਨੂੰ ਲਿਖ ਦੇ ਉਤੇ ਪੇਪਰ, ਅੰਕੜੇ ਦੇ ਬਦਲਾਈਆ । ਕ੍ਰਿਸ਼ਨ ਕਿਹਾ ਪ੍ਰਭ ਦਾ ਸੰਮਤ ਸ਼ਹਿਨਸ਼ਾਹੀ ਚੌਥਾ ਜੁਗ ਚੌਥਾ ਸਾਲ ਮਹੀਨਾ ਹੋਵੇ ਚੇਤਰ, ਤੇ ਕਲਜੁਗ ਦੀ ਚੌਦਸ ਤੇ ਚੌਧਵੀਂ ਵਾਲਾ ਚੰਦ ਕਰੇ ਸਫ਼ਾਈਆ । ਆਪਣਿਆਂ ਭਗਤਾਂ ਆਵੇ ਵੇਖਣ, ਨਿਰਗੁਣ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿਲਕ ਲਲਾਟੀ ਇਕ ਚਮਕਾਈਆ । ਕੇਸਰ ਕਹੇ ਮੈਂ ਜਿਸ ਨੂੰ ਤਿਲਕ ਲਗਾਵਾਂ, ਦਿਆਂ ਮਾਣ ਵਡਿਆਈਆ । ਉਸ ਦੇ ਪੱਲੇ ਬੰਨ੍ਹਾਂ ਧੁਰ ਦਾ ਨਾਵਾਂ, ਇਕ ਜ਼ੀਰੋ ਇਕ ਮਾਇਆ ਵਲੋਂ ਇਕ ਸੌ ਇਕ ਗੰਢ ਦਿਆਂ ਬੰਨ੍ਹਾਈਆ । ਜਿੰਨਾਂ ਚਿਰ ਇਕ ਜ਼ੀਰੋ ਨਾ ਹੋਵੇ ਇਕ, ਓਨਾਂ ਚਿਰ ਗੋਬਿੰਦ ਦਾ ਬਣੇ ਕੋਈ ਨਾ ਸਿੱਖ, ਭਾਵੇਂ ਕੋਟਨ ਕੋਟ ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਲਿਖ, ਲਿਖਿਆਂ ਪੜ੍ਹਿਆਂ ਪ੍ਰਭ ਨੂੰ ਮਿਲਣ ਕੋਇ ਨਾ ਪਾਈਆ । ਜਿਸ ਮਿਲਿਆ ਤਿਸ ਕਰਿਆ ਆਪਣਾ ਹਿਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਸੌਗੀ ਕਹੇ ਮੈਂ ਸੱਗਾਰਿਤੀ, ਕ਼ਬੀਲੇ ਦਿਆਂ ਬਣਾਈਆ । ਮੇਰੇ ਪ੍ਰਭੂ

ਦੀ ਆ ਗਈ ਮਿਤੀ, ਮੈਂ ਮਿਤਰਾਂ ਦਿਆਂ ਜੁੜਾਈਆ । ਮੈਂ ਰਾਮ ਕੋਲੋ ਸਿਖਿਆ ਸਿੱਖੀ, ਜਿਸ ਵੇਲੇ ਬਣ ਵਿਚ ਰਾਮ ਨੇ ਸੀਤਾ ਨੂੰ ਆਪਣੀ ਚੀਚੀ ਦਿਤੀ ਫੜਾਈਆ । ਓਸ ਜ਼ੋਰ ਨਾਲ ਖਿੱਚੀ, ਰਾਮ ਨੇ ਚੀਕ ਮਾਰੀ ਨਿੱਕੀ, ਸੀਤਾ ਨੂੰ ਸਿੱਖੀ ਦਿਸੀ ਇੱਕੀ, ਇੱਕੀਆਂ ਦਾ ਏਕਾ ਰੂਪ ਦਰਸਾਈਆ । ਉਸ ਨੇ ਆਪਣੀ ਧੌਣ ਪੁੱਠੀ ਰਾਮ ਦੇ ਚਰਨਾਂ ਉਤੇ ਸੁੱਟੀ, ਨੇਤਰ ਉਪਰ ਲਏ ਉਠਾਈਆ । ਰਾਮ ਨੇ ਦੋਵੇਂ ਹੱਥ ਥੱਲੇ ਰੱਖਕੇ ਓਸ ਦੀ ਉਪਰ ਗਿੱਚੀ, ਥੋੜਾ ਲਿਆ ਉਠਾਈਆ । ਓਸ ਨੂੰ ਉਹ ਕਲਾ ਦਿਸੀ, ਜੋ ਹਰ ਘਟ ਕਰੇ ਰੁਸ਼ਨਾਈਆ । ਫੇਰ ਰਾਮ ਨੇ ਉਹਦੇ ਮਸਤਕ ਉਤੇ ਲਕੀਰ ਖਿੱਚੀ, ਜ਼ੋਰ ਨਾਲ ਦਬਾਈਆ । ਉਹਨੂੰ ਬਿਨਾ ਅੱਖਰਾਂ ਤੋਂ ਦਿਸੀ ਚਿੱਠੀ, ਜੋ ਸਦੀ ਚੌਧਵੀਂ ਰਹੀ ਸਮਝਾਈਆ । ਓਸ ਵਿਚ ਕੀ ਦਿਸਿਆ ਨਾ ਸੱਸਾ ਨਾ ਹਾਹਾ ਇਕ ਪ੍ਰਭ ਦੇ ਨਾਮ ਦੀ ਟਿੱਪੀ, ਜੋ ਟੱਪੇ ਸਾਰੇ ਰਹੀ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਸੌਗੀ ਕਹੇ ਮੈਂ ਕੀ ਦੱਸਾਂ ਸੁਆਦ, ਰਸੀਆ ਰਸ ਜਣਾਈਆ । ਜਿਸ ਵੇਲੇ ਬਿਦਰ ਦਾ ਅਲੂਣਾ ਖਾਧਾ ਸਾਗ, ਕ੍ਰਿਸ਼ਨ ਨੇ ਕੜਛੀ ਚੱਟ ਕੇ ਖ਼ੁਸ਼ੀ ਬਣਾਈਆ । ਇਕ ਥੋੜ੍ਹਾ ਜਿਹਾ ਵਿਚ ਸੀ ਕਾਲਾ ਦਾਗ਼, ਓਸ ਉਤੇ ਨੱਕ ਦਿਤਾ ਘਸਾਈਆ । ਜਿਸ ਪੰਛੀ ਨੇ ਭਗਤ ਦੇ ਘਰ ਸੇਵਾ ਕੀਤੀ ਆਜ, ਤੱਤੀ ਹਾਂਡੀ ਵਿਚ ਵੜ ਕੇ ਆਪਣਾ ਆਪ ਤਪਾਈਆ । ਇਸ ਨੂੰ ਜ਼ਰੂਰ ਕਰਾਂ ਸਾਫ਼, ਦੁਰਮਤ ਮੈਲ ਧੁਆਈਆ । ਝਟ ਕੜਛੀ ਨੇ ਮੁਖ ਵਿਚੋਂ ਕੱਢਿਆ ਵਾਕ, ਸਹਿਜ ਨਾਲ ਸੁਣਾਈਆ । ਉਹ ਕਾਹਨਾ ਇਕ ਦਾ ਦੇ ਕੇ ਸਾਥ, ਕੀ ਤੇਰੀ ਵਡਿਆਈਆ । ਜ਼ਰਾ ਕਲਜੁਗ ਅੰਤਮ ਝਾਕ, ਦੁਨੀਆ ਵੇਖ ਵਖਾਈਆ । ਰਾਮ ਕ੍ਰਿਸ਼ਨ ਗੁਰ ਅਵਤਾਰ ਪੈਗ਼ੰਬਰਾਂ ਦੇ ਹੁੰਦਿਆਂ ਸਭ ਨੇ ਕਰਨਾ ਪਾਪ, ਬਚਿਆ ਰਹਿਣ ਕੋਇ ਨਾ ਪਾਈਆ । ਪਹਿਲੋਂ ਤੁਹਾਡੀ ਗੀਤਾ ਦਾ ਕਰਨ ਪਾਠ, ਫੇਰ ਤੁਹਾਡੇ ਸਰੋਵਰ ਨਹਾਵਣ ਤਾਟ, ਫੇਰ ਮੂਰਤੀਆਂ ਨੂੰ ਉਪਰ ਵੇਖਣ ਘਾਟ, ਟੱਲਾਂ ਦੀ ਖੜਕਾਵਣ ਆਵਾਜ਼, ਰਾਜ਼ ਸਮਝ ਕੋਇ ਨਾ ਪਾਈਆ । ਗੋਪੀਆਂ ਵਾਲੀ ਵੇਖਣ ਰਾਸ, ਬਣ ਕੇ ਕਾਹਨ ਤੇ ਕਾਹਨ ਹੋਣ ਬਦਮਾਸ਼, ਤੁਸੀਂ ਕੁਝ ਨਾ ਸਕੋ ਆਖ, ਇਹ ਮੇਰਾ ਅਗੰਮੀ ਵਾਕ, ਵਾਕਿਆ ਦਿਆਂ ਸੁਣਾਈਆ । ਮੈਨੂੰ ਦੱਸ ਆਪਣੀ ਕੁਝ ਬਾਤ, ਜਿਸ ਵੇਲੇ ਹੋਈ ਅੰਧੇਰੀ ਰਾਤ, ਕੋਈ ਨਾ ਦੇਵੇ ਸਾਥ, ਕੀ ਖੇਲ ਕਰੇ ਅਬਿਨਾਸ਼, ਕਰਨੀ ਦਾ ਕਰਤਾ ਵਡ ਵਡਿਆਈਆ । ਕ੍ਰਿਸ਼ਨ ਨੇ ਫੜ ਕੇ ਵਿਚ ਹਾਥ, ਲਾ ਕੇ ਨਾਲ ਮਾਥ, ਦੇ ਕੇ ਧੁਰ ਦੀ ਦਾਤ, ਬਚਨ ਦਿਤਾ ਸਾਚ, ਜਿਸ ਵੇਲੇ ਹੋਵੇ ਅੰਧੇਰੀ ਰਾਤ, ਪੁਰਖ ਅਕਾਲ ਆਵੇ ਆਪ, ਆਪਣਿਆਂ ਭਗਤਾਂ ਦਾ ਬਣੇ ਬਾਪ, ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਰੂਹ ਬੁਤ ਦੋਵੇਂ ਕਰ ਕੇ ਪਾਕ, ਜਨਮ ਕਰਮ ਕਰ ਕੇ ਮੁਆਫ਼, ਅਗਲਾ ਲੇਖਾ ਵਖਾ ਕੇ ਸਾਫ਼, ਸੁਹਣੇ ਸੁਥਰੇ ਗੋਦ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਕੜਛੀ ਕਹੇ ਕਾਹਨ ਮੈਨੂੰ ਦੱਸੀਂ ਸਾਚ, ਸਚ ਸਚ ਸਮਝਾਈਆ । ਤੂੰ ਵਲੀਆ ਛਲੀਆ ਬੜਾ ਚਲਾਕ, ਚਲਾਕੀ ਵਿਚ ਨਾ ਦੇਣਾ ਭਰਮਾਈਆ । ਕਾਹਨ ਕਿਹਾ ਨਹੀਂ ਇਹ ਭਵਿਖਤ ਦਾ ਵਾਕ, ਨਾ ਕੋਈ ਮੇਟੇ ਮੇਟ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਪ੍ਰਗਟ ਹੋਵੇ ਸਾਖ਼ਿਆਤ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਚਰਨ ਪ੍ਰੀਤੀ ਜੋੜ ਕੇ ਨਾਤ, ਰੰਗ ਧੁਰ ਦਾ ਦਏ ਬਣਾਈਆ । ਲੇਖ ਬਣਾ ਕੇ ਨਾਲ ਕਲਮ ਦਵਾਤ, ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਧੁਰ ਦਾ ਵੇਖ ਵਖਾਈਆ । ਕੜਛੀ ਕਹੇ ਮੈਨੂੰ ਦਿਸਦੀ ਹੋਰ

ਨਿਸ਼ਾਨੀ, ਨਿਸ਼ਾਨਾ ਦਿਆਂ ਜਣਾਈਆ । ਜਿਹੜੀ ਸ਼ੰਕਰ ਦੀ ਸੁਆਣੀ, ਪਾਰਬਤੀ ਸੋਭਾ ਪਾਈਆ । ਓਹ ਇਕ ਦਿਨ ਬੈਠੀ ਸੀ ਵਿਚ ਮਸਾਣੀ, ਘੁੰਗਟ ਟੇਢੀ ਅੱਖ ਰਖਾਈਆ । ਸ਼ੰਕਰ ਮੇਰੀ ਬਦਲ ਦੇ ਜਵਾਨੀ, ਜੋਬਨ ਵਿਚ ਵਖਾਈਆ । ਓਸ ਨੇ ਮਾਰ ਕੇ ਕਾਨੀ, ਕਾਇਨਾਤ ਦਿਤਾ ਦ੍ਰਿੜਾਈਆ । ਕਮਲੀਏ ਇਹ ਪੰਜ ਤੱਤ ਫ਼ਾਨੀ, ਰਹਿਣ ਕੋਇ ਨਾ ਪਾਈਆ । ਤੂੰ ਅੱਜ ਮੇਰੀ ਤੇ ਫੇਰ ਬੇਗਾਨੀ, ਧੁਰ ਦਾ ਸਾਥ ਨਾ ਕੋਇ ਨਿਭਾਈਆ । ਉਸ ਨੂੰ ਹੋਈ ਹੈਰਾਨੀ, ਨਿਉਂ ਕੇ ਸੀਸ ਝੁਕਾਈਆ । ਸ਼ੰਕਰ ਕਿਹਾ ਤੱਕ ਉਪਰ ਅਸਮਾਨੀ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਪਾਰਬਤੀ ਕਹੇ ਸੋਹਣਾ ਸੁਹੰਜਣਾ ਦੁਪੱਟਾ, ਨੈਣ ਮੁੰਧਾਰੀ ਵੇਖ ਵਖਾਈਆ । ਸ਼ੰਕਰ ਅੱਜ ਖ਼ੁਸ਼ੀ ਨਾਲ ਮੇਰਾ ਮੁਖ ਵੇਖ ਲੈ ਮੇਰੇ ਹੱਥ ਵਿਚ ਦੇਦੇ ਕੁਝ ਟਕਾ, ਮਾਇਆ ਝੋਲੀ ਪਾਈਆ । ਸ਼ੰਕਰ ਮਾਰ ਕੇ ਹੱਥ ਪੱਟਾਂ, ਖ਼ਾਲੀ ਹੱਥ ਵੇਖ ਵਖਾਈਆ । ਉਠ ਵੇਖ ਜੋਤੀ ਨੂਰ ਲਟ ਲਟਾ, ਨਿਰਗੁਣ ਨਿਰਾਕਾਰ ਕਰੇ ਰੁਸ਼ਨਾਈਆ । ਜਿਸ ਨੇ ਚਾਰ ਜੁਗ ਕੂੜ ਮਾਇਆ ਦਾ ਖੇਲ੍ਹਣਾ ਹੱਟਾ, ਜਗਤ ਜੀਵ ਹਲਕਾਈਆ । ਪਾਰਬਤੀ ਜੇ ਤੂੰ ਚਾਹੁੰਦੀ ਪ੍ਰਭੂ ਦੇ ਚਰਨਾ ਇਕੱਠਾ ਕਰ ਲੈ ਘੱਟਾ, ਇਸ ਤੋਂ ਵੱਡੀ ਦੌਲਤ ਨਜ਼ਰ ਕੋਇ ਨਾ ਆਈਆ । ਓਹ ਵੇਖ ਜਿਸ ਧੂੜੀ ਨਾਲ ਚਾਰ ਜੁਗ ਦਾ ਲਿਖਦਾ ਪੱਟਾ, ਪਟੇਦਾਰੀ ਗੁਰ ਅਵਤਾਰ ਪੈਗ਼ੰਬਰਾਂ ਲਈ ਬਣਾਈਆ । ਫੇਰ ਕਿਹਾ ਨਾਲ ਮਖ਼ੌਲ ਠੱਠਾ, ਕੰਨੋਂ ਫੜ ਕੇ ਦਿਤੀ ਹਿਲਾਈਆ । ਪਾਰਬਤੀ ਤੇਰਾ ਸ਼ੰਕਰ ਬਣ ਜਾਣਾ ਵੱਟਾ, ਮੇਰੀ ਕ਼ੀਮਤ ਰਹਿਣੀ ਨਹੀਂ ਕੋਈ ਟਕਾ, ਪਰਬਤਾਂ ਉਤੋਂ ਫੜ ਕੇ ਮੈਨੂੰ ਸੀਸ ਦੇਣ ਨਿਵਾਈਆ । ਜੁਗ ਚੌਕੜੀ ਬਾਦ ਫੇਰ ਕਰਨਾ ਖੇਲ ਸਮਰਥਾ, ਸਭ ਦਾ ਲਹਿਣਾ ਦੇਣਾ ਚੁਕਾਏ ਹੱਥੋ ਹੱਥਾ, ਓਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲ ਕੇ ਸ਼ਰਮੌਣੀ ਅੱਖਾ, ਮੁਖ ਘੁੰਗਟ ਉਠਾ ਕੇ ਕਲਜੁਗ ਕੂੜੀ ਕਿਰਿਆ ਤੋਂ ਨੈਣ ਸ਼ਰਮਾਈਆ । ਪਾਰਬਤੀ ਕਿਹਾ ਭੋਲੇ ਨਾਥ ਕੀ ਇਹ ਬਚਨ ਸੱਚਾ, ਸਚ ਸਚ ਦੇ ਸਮਝਾਈਆ । ਓਸ ਕਿਹਾ ਇਹ ਧੁਰ ਦਾ ਹੁਕਮ ਹੱਕਾ, ਹਕ਼ੀਕ਼ਤ ਵਿਚ ਸੁਣਾਈਆ । ਜ਼ਹੂਰ ਅਬਿਨਾਸ਼ੀ ਕਰਤਾ ਨਵ ਨੌ ਚਾਰ ਪਿਛੋਂ ਆਵੇ ਨੱਠਾ, ਬਣ ਕੇ ਪਾਂਧੀ ਰਾਹੀਆ । ਓਸ ਵੇਲੇ ਸਾਨੂੰ ਸਭ ਨੂੰ ਹੋਵੇ ਠੱਠਾ, ਜਗਤ ਮਜ਼ਾਕ਼ ਵਿਚ ਦੁਹਾਈਆ । ਅਬਿਨਾਸ਼ੀ ਕਰਤੇ ਚਾਰ ਜੁਗ ਦਾ ਵਿਛੜਿਆ ਭਗਤ ਸੁਹੇਲਾ ਕਰਨਾ ਇਕੱਠਾ, ਗੁਰਮੁਖ ਆਪਣੀ ਗੋਦ ਬਹਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਾ ਕੇ ਟੱਪਾ, ਦੋ ਜਹਾਨ ਦੇ ਟਾਪੂਆਂ ਤੋਂ ਬਾਹਰ ਦੇਣਾ ਲੰਘਾਈਆ । ਜਿਥੇ ਸ਼ਰਮ ਵਿਚ ਨਾ ਸ਼ਰਮਾਵਣ ਅੱਖਾਂ, ਜੋਤੀ ਨੂਰ ਲਟ ਲਟਾ, ਜ਼ਹੂਰ ਜ਼ਹੂਰ ਵਿਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਰਿਹਾ ਦ੍ਰਿੜਾਈਆ । ਦੁਪੱਟਾ ਕਹੇ ਮੈਂ ਸਭ ਦੇ ਉਤੇ ਪਾਵਾਂ ਪੜਦਾ, ਸੇਵਾ ਧੁਰ ਦੀ ਮਾਤ ਕਮਾਈਆ । ਜੋ ਪ੍ਰਭ ਦਾ ਹੋਵੇ ਬਰਦਾ, ਉਸ ਦੇ ਨਿਉਂ ਨਿਉਂ ਲਾਗਾਂ ਪਾਈਆ । ਇਹ ਖੇਲ ਓਸ ਦੇ ਘਰ ਦਾ, ਜੋ ਭਗਤ ਘਰਾਨੇ ਰਿਹਾ ਵਸਾਈਆ । ਜਨ ਭਗਤੋ ਨੌ ਦਿਨ ਤੋਂ ਬਾਦ ਇਹ ਵਿਹਾਰ ਵੇਖੋ ਵਖਰਾ ਵਖਰਾ, ਵਖਰੀ ਕਾਰ ਕਮਾਈਆ । ਜੋ ਆਪਣਾ ਆਪ ਆਦਿ ਜੁਗਾਦੀ ਬਦਲਣਹਾਰਾ ਪੱਤਰਾ, ਸ਼ਬਦ ਸ਼ਬਦ ਵਿਚੋ ਉਲਟਾਈਆ । ਜਿਸ ਤੋਂ ਸਭ ਨੂੰ ਬਣਿਆ ਰਹੇ ਖ਼ਤਰਾ, ਖ਼ਾਤਰ ਵਿਚ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੇ ਭਵਿਖਤ ਵਾਕ ਪੂਰੇ ਕਰੇ ਬਚਨਾਂ, ਕੌਲ ਇਕ਼ਰਾਰ ਕੀਤਾ ਭੁੱਲ ਕਦੇ ਨਾ ਜਾਈਆ ।

## ❊ ੧੫ ਚੇਤ ਸ਼ਹਿਨਸ਼ਾਹੀ ਸੰਮਤ ੪ ਲਛਮਣ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ❊

ਸ੍ਰੀ ਭਗਵਾਨ ਕਹੇ ਸੁਣ ਚੇਤ ਚਾਤ੍ਰਿਕ, ਚਾਤ੍ਰਿਕ ਗੁਰਮੁਖ ਦੇ ਬਣਾਈਆ । ਮਨ ਕਲਪਣਾ ਰਹੇ ਨਾ ਕੋਇ ਨਾਸਤਕ, ਕੂੜ ਕੁੜਿਆਰਾ ਦੇਣਾ ਗੁਆਈਆ । ਪ੍ਰੇਮ ਪ੍ਰੀਤੀ ਅੰਤਰ ਕਰ ਆਸਤਕ, ਇਸ਼ਾਰਾ ਧੁਰ ਦਾ ਨਾਮ ਲਗਾਈਆ । ਇਕੋ ਨਾਤਾ ਜੁੜੇ ਪਰਮ ਪੁਰਖ ਵਾਸਤਕ, ਵਾਸਤਾ ਇਕੋ ਨਾਲ ਰਖਾਈਆ । ਵਿਸ਼ਨੂੰ ਲੈ ਅੰਗੜਾਈ ਉਤੇ ਸੇਜਾ ਬਾਸ਼ਕ, ਸਾਂਗੋ ਪਾਂਗ ਭੇਵ ਖੁਲ੍ਹਾਈਆ । ਚਾਰ ਜੁਗ ਦਾ ਲੇਖਾ ਵੇਖਣਾ ਜੋ ਅੱਜ ਤਕ, ਸਤਿਜੁਗ ਤਰੇਤਾ ਦੁਆਪਰ ਕਲਜੁਗ ਫੋਲ ਫੁਲਾਈਆ । ਆਦਿ ਦਾ ਸਗਣ ਜੋ ਸਾਂਭ ਕੇ ਰਖਿਆ ਚੌਦਸ ਦੀ ਰਾਤ, ਚੌਦਾਂ ਲੋਕ ਚੌਦਾਂ ਤਬਕ ਧੁਰ ਦਾ ਭੇਵ ਦ੍ਰਿੜਾਈਆ । ਲੱਖ ਚੁਰਾਸੀ ਅੰਦਰ ਵੇਖਣਾ ਖੇਲ ਹਾਲ ਤਕ ਹਾਲਤ, ਜਹਾਲਤ ਕੀ ਦੀਨ ਦੁਨੀਆ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੇਤਰ ਹੋ ਚੇਤੰਨ, ਚੰਚਲਤਾ ਦੇ ਮਿਟਾਈਆ । ਸ਼ਬਦ ਸੁਨੇਹੜਾ ਸੁਣ ਅਗੰਮੀ ਕੰਨ, ਹਰਿ ਕਰਤਾ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਮਨਸਾ ਮਨ, ਮਨਸਾ ਮੋਹ ਵਿਕਾਰ ਗੁਆਈਆ । ਲਾਲਚ ਝੂਠ ਰਹੇ ਨਾ ਧਨ, ਧਰਮ ਦੁਆਰ ਦਏ ਪ੍ਰਗਟਾਈਆ । ਝਗੜਾ ਮੁਕਾ ਕੇ ਖ਼ੁਸ਼ੀ ਗ਼ਮ, ਇਕੋ ਰੰਗ ਦੇਣਾ ਰੰਗਾਈਆ । ਪੜਦਾ ਰਹੇ ਨਾ ਮਾਟੀ ਤਨ, ਤਤਵ ਤਤ ਦੇਣਾ ਸਮਝਾਈਆ । ਸਚ ਪ੍ਰਕਾਸ਼ ਕਰ ਕੇ ਨੂਰੀ ਚੰਨ, ਅੰਧ ਅੰਧੇਰ ਦੇਣਾ ਮਿਟਾਈਆ । ਭੇਵ ਖੁਲ੍ਹਾ ਕੇ ਬ੍ਰਹਮ
੯੮ ਹੰ, ਪਾਰਬ੍ਰਹਮ ਮੇਲਾ ਲੈਣਾ ਮਿਲਾਈਆ । ਜਨ ਭਗਤ ਸੁਹੇਲਾ ਅਬਿਨਾਸ਼ੀ ਕਰਤੇ ਘਰ ਪਏ ਜੰਮ, ਦੂਜੀ ਅਵਰ ਨਾ ਕੋਈ ਜਣੇਂਦੀ ਮਾਈਆ । ੯੮
੨੧ ਲੇਖੇ ਲਾਵੇ ਸਵਾਸ ਦਮ, ਦਾਮਨਗੀਰ ਇਕੋ ਨਜ਼ਰੀ ਆਈਆ । ਨਿਹਕਰਮੀ ਕਰੇ ਆਪਣਾ ਕੰਮ, ਕਰਮ ਕਾਂਡ ਦਾ ਡੇਰਾ ਢਾਹੀਆ । ਲੇਖਾ ੨੧
ਮੁਕਾ ਕੇ ਵਰਨ ਬਰਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਭ ਦਾ ਇਕੋ ਹੋਵੇ ਧਰਮ, ਧਰਮ ਆਤਮਾ ਪਰਮਾਤਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਸੁਣ ਚੇਤ ਧੁਰ ਦਾ ਲੇਖਾ ਚਿਤਵਿਤ, ਠਗੋਰੀ ਮਨ ਰਹੇ ਨਾ ਰਾਈਆ । ਜੋ ਪੁਰਖ ਅਕਾਲ ਖੇਲ ਕਰੇ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਜਗ ਨੇਤਰ ਕਿਸੇ ਨਾ ਆਵੇ ਦਿਸ, ਲੋਚਨ ਵੇਖਣ ਕੋਇ ਨਾ ਪਾਈਆ । ਕਰਵਟ ਵਿਚ ਬਦਲੇ ਕਦੇ ਨਾ ਪਿਠ, ਸਨਮੁਖ ਰੂਪ ਨਾ ਕੋਈ ਸੁਹਾਈਆ । ਬਿਨ ਸਾਚੇ ਭਗਤਾਂ ਕਦੇ ਨਾ ਕਰੇ ਹਿਤ, ਹਿਤਕਾਰੀ ਵੇਸ ਨਾ ਕੋਇ ਵਟਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਲਿਖ, ਭਵਿਖਤਾਂ ਵਿਚ ਵਡਿਆਈਆ । ਸੋ ਲਹਿਣਾ ਦੇਣਾ ਲਏ ਨਜਿੱਠ, ਦੋ ਜਹਾਨਾਂ ਹੋਏ ਸਹਾਈਆ । ਜਿਸ ਦਾ ਪ੍ਰਕਾਸ਼ ਅੰਤਰ ਨਿਰੰਤਰ ਸਵਾ ਗਿਠ, ਦੂਸਰ ਵੰਡ ਨਾ ਕੋਇ ਵੰਡਾਈਆ । ਖੇਲ ਕਰੇ ਅਗੰਮੀ ਅਨਡਿਠ, ਬਾਤਨ ਆਪਣਾ ਖੇਲ ਖਿਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਬਣ ਕੇ ਧੁਰ ਦਾ ਪਿਤ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਜਿਸ ਦੀ ਮੌਲਣ ਵਾਲੀ ਥਿਤ, ਰੁਤ ਤੇਰੇ ਨਾਲ ਵਡਿਆਈਆ । ਗੁਰਮੁਖਾਂ ਅੰਤਰ ਆਤਮ ਲਾਵੇ ਖਿੱਚ, ਸੁਰਤੀ ਸ਼ਬਦ ਤਾਰ ਹਿਲਾਈਆ । ਮਿਹਰ ਮੁਹੱਬਤ ਕਾਰਨ ਵੜੇ ਵਿਚ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਸੰਤ ਸੁਹੇਲੇ ਬਣਾ ਅਗੰਮੀ ਰਿਖ, ਰਿਖੀਆਂ ਮੁਨੀਆਂ ਪੈਂਡਾ ਦਏ ਮੁਕਾਈਆ । ਜੋ ਪ੍ਰਭ ਦੀ ਸਿਖਿਆ ਲਏ ਸਿਖ, ਸੋ ਸਿਖ ਸਤਿਗੁਰ

ਵਿਚ ਸਮਾਈਆ । ਮਾਨਸ ਜਨਮ ਲਏ ਜਿੱਤ, ਆਵਣ ਜਾਵਣ ਪੰਧ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਅਗੰਮੀ ਦੇਵੇ ਚਿਟ, ਫ਼ਰਮਾਨੇ ਵਿਚੋਂ ਰਾਣਾ ਆਪਣਾ ਹੁਕਮ ਸੁਣਾਈਆ । ਪੁਰਖ ਅਕਾਲ ਕਹੇ ਸੁਣ ਚੇਤਰ ਖੋਲ੍ਹ ਕੇ ਨੈਣ ਅੱਖ, ਬਿਨ ਅੱਖਾਂ ਅੱਖ ਖੁਲ੍ਹਾਈਆ । ਪ੍ਰਭ ਦਾ ਖੇਲ ਵੇਖ ਪ੍ਰਤੱਖ, ਪਾਰਬ੍ਰਹਮ ਰਿਹਾ ਦ੍ਰਿੜਾਈਆ । ਜੁਗ ਚੌਕੜੀ ਜੋ ਕਰ ਕੇ ਬੈਠੇ ਰਹੇ ਹੱਠ, ਸਤਿ ਸੰਤੋਖ ਵਿਚ ਸਮਾਈਆ । ਦਿਵਸ ਰੈਣ ਰਹੇ ਰਟ, ਰੱਟਾ ਮੇਟ ਜਗਤ ਲੋਕਾਈਆ । ਅੰਤਰ ਅੰਤਰ ਵਾਸਤਾ ਰਹੇ ਘੱਤ, ਨਿਉਂ ਨਿਉਂ ਸੀਸ ਝੁਕਾਈਆ । ਬਿਰਹੋਂ ਵੈਰਾਗ ਵਿਚ ਉਬਲਦੀ ਰਹੀ ਰਤ, ਅਗਨੀ ਅੱਗ ਨਾ ਕੋਇ ਲਗਾਈਆ । ਸਦਾ ਬੋਲਦੇ ਰਹੇ ਸਚ, ਤੂੰਹੀ ਤੂੰਹੀ ਰਾਗ ਸੁਣਾਈਆ । ਖੇਲ ਵੇਖਦੇ ਰਹੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਧਿਆਨ ਲਗਾਈਆ । ਜੇ ਪੁਰਖ ਅਕਾਲ ਦੀਨ ਦਿਆਲ ਹਿਰਦੇ ਅੰਦਰ ਜਾਵੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਨਿਝਰ ਝਿਰਨਾ ਅੰਮ੍ਰਿਤ ਦੇਵੇ ਰਸ, ਰਸਨਾ ਰਸ ਦੇਵੇ ਮੁਕਾਈਆ । ਸ਼ਬਦ ਅਨਾਦ ਸੁਣਾ ਅਨਹਦ, ਨਾਦੀ ਧੁਨ ਦਏ ਉਪਜਾਈਆ । ਜੋਤੀ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗਾਥ, ਸੋਹੰ ਆਦਿ ਅੰਤ ਸ਼ਬਦ ਪੜ੍ਹਾਈਆ । ਸੰਤ ਸੁਹੇਲੇ ਬਠਾਏ ਇਕ ਜਮਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਧਰਮ ਬਣਾਏ ਕਾਇਨਾਤ, ਕਲਮਾ ਹੱਕ ਹੱਕ ਸੁਣਾਈਆ । ਇਕੋ ਮਹਿਬੂਬ ਮਿਲੇ ਸਾਚ, ਮਹਿਰਾਬ ਮੁਹੱਬਤ ਵਿਚ ਵਡਿਆਈਆ । ਇਕੋ ਸੰਦੇਸ਼ਾ ਦੇਵੇ ਖ਼ਤਾਬ, ਖ਼ਤੂਤਾਂ ਦੀ ਲੋੜ ਰਹੇ ਨਾ ਰਾਈਆ । ਇਕੋ ਸਯਦਾ ਦੱਸੇ ਆਦਾਬ, ਨਮਸਤੇ ਬੰਦਨਾ ਡੰਡਾਵਤ ਇਕੋ ਦਏ ਸਮਝਾਈਆ । ਇਕੋ ਨਾਮ ਮਧਾਣਾ ਆਵਾਜ਼, ਰਾਜ ਇਕੋ ਦਏ ਹਿਲਾਈਆ । ਇਕੋ ਨੇਤਰ ਸਾਰੇ ਜਾਵਣ ਜਾਗ, ਜਿਨ੍ਹਾਂ ਉਪਰ ਰਹਿਮਤ ਆਪ ਕਮਾਈਆ । ਇਕੋ ਰੋਜ਼ਾ ਨਿਮਾਜ਼ ਦੱਸੇ ਬਾਂਗ, ਅਜ਼ਾਂ ਇਕੋ ਇਕ ਦਏ ਸਮਝਾਈਆ । ਇਕੋ ਉਪਜਾਏ ਆਪਣਾ ਵੈਰਾਗ, ਵੈਰੀ ਅੰਦਰੋਂ ਦਏ ਕਢਾਈਆ । ਇਕੋ ਖੇਲ ਵਖਾਏ ਤ੍ਰਬੈਣੀ ਅਯੁੱਧਿਆ ਪਰਾਗ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਈਆ । ਇਕੋ ਦੀਪਕ ਜੋਤ ਜਗਾਏ ਚਰਾਗ਼, ਚਰਾਗਾਹਾਂ ਵਿਚ ਲੋੜ ਰਹੇ ਨਾ ਰਾਈਆ । ਇਕੋ ਤ੍ਰੈਗੁਣ ਅਤੀਤਾ ਬੁਝਾਏ ਕੂੜ ਦੀ ਆਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਗਵਾਈਆ । ਇਕੋ ਸਾਹਿਬ ਸਤਿਗੁਰ ਦੀਨ ਦੁਨੀ ਦਾ ਬਦਲ ਦੇਵੇ ਸਮਾਜ, ਸਚ ਸਮਗਰੀ ਆਪਣੀ ਆਪ ਵਰਤਾਈਆ । ਸਤਿ ਧਰਮ ਦਾ ਸਤਿ ਸਤਿਵਾਦ ਬਣਾ ਕੇ ਰਾਜ, ਰਈਅਤ ਵੇਖੇ ਚਾਰ ਕੁੰਟ ਦਹਿ ਦਿਸ਼ਾ ਥਾਉਂ ਥਾਈਂਆ । ਗੁਰਮੁਖਾਂ ਹੰਸ ਬੁੱਧੀ ਬਣਾਏ ਕਾਗ, ਵਿਸ਼ਟਾ ਕੂੜ ਨਾ ਕੋਇ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਜੁਗਾਦਿ, ਜੁਗ ਚੌਕੜੀ ਦੇਵਣਹਾਰਾ ਦਾਤ, ਦਾਤਾ ਦਾਨੀ ਗਹਿਰ ਗੰਭੀਰ ਬੇਨਜ਼ੀਰ ਇਕੋ ਨਜ਼ਰੀ ਆਈਆ ।



### * ੧੫ ਚੇਤ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ *

ਧਰਮ ਧਾਰ ਕਹੇ ਮੈਂ ਧੁਰ ਦੀ ਟਿੱਪੀ, ਟੀਕਾ ਟਿਪਣੀ ਵੇਖਾਂ ਜਗਤ ਲੋਕਾਈਆ । ਕਲਜੁਗ ਵਿਚੋਂ ਸਤਿਜੁਗ ਪ੍ਰਭ ਦੇ ਨਾਮ ਦੀ ਬਦਲ

ਦੇਣੀ ਲਿਪੀ, ਧੁਰ ਫ਼ਰਮਾਨਾ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਦੀ ਵੇਖਣੀ ਧਰਮ ਦੀ ਸਿੱਖੀ, ਸਾਖ਼ਿਆਤ ਸੋਭਾ ਪਾਈਆ । ਜਿਹੜੀ ਧਾਰ ਗੁਰ ਅਵਤਾਰ ਪੈਗ਼ੰਬਰ ਲਿਖੀ, ਲੇਖਾ ਬਣਿਆ ਕ਼ਲਮ ਸ਼ਾਹੀਆ । ਗੋਬਿੰਦ ਵਾਲੀ ਖੇਲ੍ਹ ਕੇ ਚਿੱਠੀ, ਬਿਨ ਅੱਖਰਾਂ ਖੋਲ੍ਹ ਕੇ ਦੇਣਾ ਦ੍ਰਿੜਾਈਆ । ਜਿਸ ਦੀ ਧਾਰ ਸਦਾ ਸਦ ਨਿੱਕੀ, ਨਿੱਕਿਉਂ ਵੱਡੇ ਦਏ ਬਣਾਈਆ । ਸਮਝੇ ਕੋਇ ਨਾ ਮੁਨੀ ਰਿਖੀ, ਵਿਦਿਆਵਾਨ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਟਿੱਪੀ ਕਹੇ ਮੇਰੀ ਕ਼ੀਮਤ ਪਾਈ ਰਵਦਾਸ ਟਕਾ, ਪ੍ਰਭ ਦੇ ਹੱਥ ਫੜਾਈਆ । ਮੈਂ ਆਤਮ ਪਰਮਾਤਮ ਬਣਾਵਾਂ ਸਕਾ, ਸੱਜਣ ਸਚ ਮਿਲਾਈਆ । ਜਨ ਭਗਤਾਂ ਖੋਲ੍ਹਾਂ ਅੱਖਾਂ, ਆਖ਼ਰ ਦਿਆਂ ਦ੍ਰਿੜਾਈਆ । ਧੁਰ ਸੰਦੇਸ਼ਾ ਦੇਵਾਂ ਹੱਕਾ, ਸਚ ਸਚ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਤੱਕਾਂ, ਦੋ ਜਹਾਨ ਵੇਖ ਵਖਾਈਆ । ਕਿਸ ਵੇਲੇ ਪੁਰਖ ਅਕਾਲ ਆਵੇ ਨੱਸਾ, ਬਣ ਬਣ ਪਾਂਧੀ ਰਾਹੀਆ । ਜਨ ਭਗਤਾਂ ਗਲੋਂ ਤੁੜਾਵੇ ਫਾਸੀ ਰੱਸਾ, ਚੁਰਾਸੀ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਦੇਵੇ ਗੱਫ਼ਾ, ਅਨਮੁਲੀ ਦਾਤ ਵਰਤਾਈਆ । ਟਿੱਪੀ ਕਹੇ ਜੇ ਕੋਈ ਪਰਮ ਪੁਰਖ ਦਾ ਸਮਝ ਜਾਵੇ ਪੱਪਾ, ਪੰਨੇ ਲਿਖਣ ਦੀ ਲੋੜ ਰਹੇ ਨਾ ਰਾਈਆ । ਇਕੋ ਬਿਨਾ ਨੰਬਰ ਤੋਂ ਲੱਗ ਜਾਏ ਠੱਪਾ, ਠੋਕਰ ਦੋ ਜਹਾਨ ਲਗਾਈਆ । ਕਲਜੁਗ ਕੂੜੀ ਕਿਰਿਆ ਮਿਟ ਜਾਏ ਸਫ਼ਾ, ਮਲੇਛ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦਾ ਹੁਕਮ ਹੋਵੇ ਰਫ਼ਾ, ਸਤਿਜੁਗ ਸਚ ਵੱਜੇ ਵਧਾਈਆ । ਦੀਨ ਮਜ਼੍ਹਬ ਹੋਏ ਕੋਈ ਨਾ ਖ਼ਫ਼ਾ, ਗ਼ੁੱਸਾ ਗ਼ਮ ਨਾ ਕੋਇ ਵਖਾਈਆ । ਬਿਨ ਭਗਤਾਂ ਕਿਸੇ ਹੱਥ ਨਹੀਂ ਔਣਾ ਨਫ਼ਾ, ਘਾਟੇ ਵਿਚ ਜਗਤ ਲੋਕਾਈਆ । ਟਿੱਪੀ ਕਹੇ ਜਿਨ੍ਹਾਂ ਨੇ ਹਾਹਾ ਟਿੱਪੀ ਵਾਲਾ ਸੱਸਾ ਹੋੜੇ ਨਾਲ ਮਿਲਾ ਕੇ ਸੋਹੰ ਜਪਾ, ਰਸਨਾ ਗੀਤ ਅਲਾਈਆ । ਉਨ੍ਹਾਂ ਤਨ ਵਜੂਦ ਕਦੇ ਨਾ ਤਪਾ, ਤ੍ਰੈਗੁਣ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਮਿਲੇ ਸਕਾ, ਹਰਿ ਸੱਜਣ ਧੁਰਦਰਗਾਹੀਆ । ਆਤਮ ਪਰਮਾਤਮ ਨਾਤਾ ਜੋੜੇ ਪੱਕਾ, ਪਾਰਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਕਲਜੁਗ ਕੂੜੀ ਕਿਰਿਆ ਮਮਤਾ ਮੋਹ ਵਿਕਾਰ ਕਰੇ ਇਕੱਠਾ, ਵਹਿੰਦੇ ਵਹਿਣ ਦਏ ਰੁੜ੍ਹਾਈਆ । ਸੋ ਗੁਰਮੁਖ ਸੂਰਾ ਨੌਜਵਾਨ ਸੱਚਾ, ਬੱਚਾ ਪ੍ਰਭ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਟਿੱਪੀ ਕਹੇ ਮੇਰਾ ਆਤਮਾ ਦੇ ਨਾਲ ਨਿਸ਼ਾਨ, ਚੱਕਰ ਆਪਣਾ ਦਿਆਂ ਵਖਾਈਆ । ਜਿਸ ਦੀ ਧਾਰ ਖੇਲ ਮਹਾਨ, ਮਹਿੰਮਾ ਅਕਥ ਨਾ ਕੋਇ ਦ੍ਰਿੜਾਈਆ । ਟਿੱਪੀ ਕਹੇ ਮੇਰਾ ਰੂਪ ਗੋਬਿੰਦ ਦੀ ਕਮਾਨ, ਜੋ ਚਿੱਲਾ ਚੜ੍ਹਾਏ ਸ਼ਹਿਨਸ਼ਾਹੀਆ । ਜਿਸ ਦੀ ਮਹਿੰਮਾ ਕਰੇ ਨਾ ਕੋਇ ਜ਼ਬਾਨ, ਰਸਨਾ ਗੀਤ ਨਾ ਕੋਇ ਸੁਣਾਈਆ । ਮੈਂ ਸਰਬ ਆਤਮਾ ਉਤੇ ਕਰਾਂ ਕਮਾਨ, ਹੁਕਮ ਮੰਨ ਕੇ ਧੁਰਦਰਗਾਹੀਆ । ਇਹੋ ਰੂਪ ਮੁਹੰਮਦ ਨੂੰ ਚੰਦ ਵਖਾਇਆ ਉਤੇ ਅਸਮਾਨ, ਜੋ ਚੰਦ ਚੰਦ ਸਤਾਰ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਟਿੱਪੀ ਕਹੇ ਮੈਨੂੰ ਵੇਖੋ ਹਾਹੇ ਉਤੇ, ਹੰ ਬ੍ਰਹਮ ਰੂਪ ਵਟਾਈਆ । ਮੈਂ ਭਗਤ ਸੁਹੇਲੇ ਉਠਾਵਾਂ ਸੁੱਤੇ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰਮੁਖ ਰਹਿਣ ਨਾ ਦੇਵਾਂ ਲੁਕੇ, ਪੜਦਿਆਂ ਵਿਚੋਂ ਬਾਹਰ ਕਢਾਈਆ । ਜਿਨ੍ਹਾਂ ਦੇ ਜਨਮ ਜਨਮ ਦੇ ਪੈਂਡੇ ਮੁਕੇ, ਉਨ੍ਹਾਂ ਮੇਲਾ ਸਹਿਜ ਸੁਭਾਈਆ । ਜੋ ਜੁਗ ਚੌਕੜੀ ਰੁੱਸੇ, ਤਿਨ੍ਹਾਂ ਲਵਾਂ ਮਿਲਾਈਆ । ਜਿਹੜੇ ਪੁਰਖ ਅਕਾਲ ਝੁਕੇ, ਤਿਨ੍ਹਾਂ ਦਰ ਦਰਵਾਜ਼ਾ ਦਿਆਂ ਸੁਹਾਈਆ । ਜੋ ਸਵਾਧਾਨ ਹੋ ਕੇ ਉਠੇ, ਆਪਣੀ ਲੈ ਅੰਗੜਾਈਆ । ਓਨ੍ਹਾਂ ਦਾ ਪ੍ਰੇਮ

ਕਦੇ ਨਾ ਟੁੱਟੇ, ਟੁਟਿਆਂ ਪ੍ਰਭ ਦੇ ਨਾਲ ਜੁੜਾਈਆ । ਟਿੱਪੀ ਕਹੇ ਜਿਹੜੇ ਗਾਨੇ ਰਾਵੀ ਦੇ ਕੰਢੇ ਬੰਨ੍ਹੇ ਚਿੱਟੇ, ਗੁੱਟਾਂ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਟਿੱਪੀ ਕਹੇ ਮੈਂ ਭਗਤ ਜਨਾਂ ਦੀ ਟੋਪੀ, ਸੀਸ ਤਾਜ ਸੁਹਾਈਆ । ਜਿਸ ਵੇਲੇ ਕ੍ਰਿਸ਼ਨ ਖੇਲ ਕੀਤਾ ਸੀ ਨਾਲ ਰਾਧਾ ਗੋਪੀ, ਪ੍ਰੇਮ ਪਿਆਰ ਜਣਾਈਆ । ਓਸ ਵੇਲੇ ਉਸ ਨੇ ਖੇਲ ਅਗੰਮੀ ਸੋਚੀ, ਆਪਣਾ ਧਿਆਨ ਲਗਾਈਆ । ਕਲਜੁਗ ਵੇਖਿਆ ਔਣਾ ਰਵਦਾਸ ਚਮਾਰਾ ਮੋਚੀ, ਜ਼ਾਤਹੀਣ ਵਡਿਆਈਆ । ਭੁੱਖੇ ਰਹਿਣਾ ਜਿਸ ਦੀ ਕਾਰ ਗੁਜ਼ਾਰੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਵੇਖ ਵਖਾਈਆ । ਉਸ ਸੰਦੇਸ਼ਾ ਦਿਤਾ ਪ੍ਰੀਤਮ ਚੋਜੀ, ਗੋਬਿੰਦ ਗੁਰ ਵਡਿਆਈਆ । ਲੇਖ ਲਿਖੌਣਾ ਪਰੇ ਬੋਧੀ, ਬੁੱਧੀ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਟਿੱਪੀ ਕਹੇ ਮੈਂ ਦੀਨ ਮਜ਼੍ਹਬ ਦੇ ਵੇਖਾਂ ਟਾਪੂ, ਹਿੱਸੇ ਮਾਨਵ ਮਾਨਵ ਪਾਈਆ । ਮੈਂ ਜਗਤ ਵੰਗਾਰ ਕੇ ਅੰਤਮ ਆਖੂੰ, ਦੋ ਜਹਾਨ ਸੁਣਾਈਆ । ਵੇਖੇ ਊੜਾ ਐੜਾ ਈੜੀ ਸੱਸਾ ਅਲਿਫ਼ ਯੇ ਬਣਾਣ ਵਾਲਾ ਇਕੋ ਬਾਪੂ, ਪਿਤਾ ਪੁਰਖ ਅਕਾਲ ਬੇਪਰਵਾਹੀਆ । ਜੋ ਕਲਜੁਗ ਅੰਦਰ ਸਤਿਜੁਗ ਥਾਪਣਾ ਥਾਪੂ, ਥਿਰ ਘਰ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕੋ ਆਖੂ, ਆਖ਼ਰ ਇਕੋ ਕਰ ਪੜ੍ਹਾਈਆ । ਟਿੱਪੀ ਕਹੇ ਮੈਂ ਕਿਉਂ ਅੱਧੀ ਗੋਲ, ਅੱਧਾ ਰੂਪ ਵਟਾਈਆ । ਮੇਰਾ ਤੋਲੇ ਕੋਈ ਨਾ ਤੋਲ, ਤਰਾਜ਼ੂ ਨਾ ਕੋਇ ਟਿਕਾਈਆ । ਮੈਂ ਕੂਕ ਸੁਣਾਵਾਂ ਬੋਲ, ਨਾਅਰਾ ਹੂ ਹੂ ਲਾਈਆ । ਮੇਰਾ ਪੂਰਾ ਹੋਣ ਲੱਗਾ ਕੌਲ, ਇਕਰਾਰ ਗਿਆ ਆਈਆ । ਲੇਖਾ ਚੁੱਕਣ ਲੱਗਾ ਧੌਲ, ਧਰਨੀ ਧਰਤ ਸੁਹਾਈਆ । ਜਿਸ ਦਾ ਲੇਖਾ ਸਮਝੇ ਕੋਈ ਨਾ ਰੌਲ, ਪੰਡਤ ਪਾਂਧਾ ਨਾ ਕੋਇ ਮੁਕਾਈਆ । ਸੋ ਸਵਾਮੀ ਵਸਣ ਲੱਗਾ ਭਗਤਾਂ ਕੋਲ, ਦੂਰ ਨੇੜਾ ਪੰਧ ਮੁਕਾਈਆ । ਸਚ ਦਵਾਰਾ ਏਕਾ ਖੋਲ੍ਹ, ਘਰ ਮੰਦਰ ਇਕ ਪ੍ਰਗਟਾਈਆ । ਧੁਰ ਧਰਮ ਵਜਾ ਕੇ ਢੋਲ, ਡੰਕਾ ਕਰੇ ਸ਼ਨਵਾਈਆ । ਜੋ ਆਤਮ ਪਰਮਾਤਮ ਜਾਏ ਮੌਲ, ਮੌਲਾ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਟਿੱਪੀ ਕਹੇ ਮੈਂ ਬੈਠੀ ਉਤੇ ਟਾਪ, ਮੰਜ਼ਲ ਵੇਖ ਵਖਾਈਆ । ਖੋਲ੍ਹਾਂ ਸਭ ਦੇ ਤਾਕ, ਤਾਕ਼ਤਵਰ ਇਕ ਅਖਵਾਈਆ । ਝਗੜਾ ਮੁਕਾ ਕੇ ਮਾਟੀ ਖ਼ਾਕ, ਖ਼ਾਲਸ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਵੇਖਾਂ ਆਸ, ਆਹਿਸਤਾ ਆਹਿਸਤਾ ਦਿਆਂ ਜਣਾਈਆ । ਪੁਰਖ ਅਕਾਲ ਦਾ ਖੇਲ ਹੋਣਾ ਖ਼ਾਸ, ਖ਼ੁਸੂਸੀਅਤ ਧੁਰ ਦੀ ਦੇਣੀ ਦ੍ਰਿੜਾਈਆ । ਜਨ ਭਗਤਾਂ ਦੇ ਵਿਸ਼ਵਾਸ, ਚਾਰ ਜੁਗ ਦਾ ਲਹਿਣਾ ਦੇਣਾ ਕਰ ਬਰਖ਼ਾਸਤ, ਦਰਖ਼ਾਸਤ ਸਭ ਦੀ ਵੇਖ ਵਖਾਈਆ । ਸੰਤ ਸੁਹੇਲਾ ਰਹੇ ਨਾ ਕੋਇ ਨਿਰਾਸ, ਨਿਰਾਸਤਾ ਸਭ ਦੀ ਦਏ ਮਿਟਾਈਆ । ਜਨ ਭਗਤਾਂ ਦੇਣੀ ਆਪ ਸ਼ਾਬਾਸ਼, ਸਿਰ ਸਭ ਦੇ ਹੱਥ ਟਿਕਾਈਆ । ਗੁਰਮੁਖੋ ਸਦੀ ਚੌਧਵੀਂ ਮਨੂਆ ਹੋਏ ਗੁਸਤਾਖ਼, ਮਨ ਵਿਕਾਰ ਨਾ ਕੋਇ ਦਰਸਾਈਆ । ਦੋ ਜਹਾਨਾਂ ਪ੍ਰਭ ਦੇ ਹੱਥ ਕਰਾਮਾਤ, ਕਰਮਾਂ ਦਾ ਗੇੜਾ ਦਏ ਚੁਕਾਈਆ । ਜਿਸ ਚਾਰ ਵਰਨ ਬਣੌਣੀ ਇਕ ਜਮਾਤ, ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਸਤਿ ਧਰਮ ਪ੍ਰਗਟਾਵੇ ਧੁਰ ਸਮਾਜ, ਬਦਲੀ ਕੂੜ ਲੋਕਾਈਆ । ਟਿੱਪੀ ਕਹੇ ਮੈਂ ਵੇਖਣ ਆਈ ਮਾਤ, ਧਰਨੀ ਧਰਤ ਧੌਲ ਧਿਆਨ ਲਗਾਈਆ । ਜਾਂ ਤਕਿਆ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਰਿਆ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਦਇਆ ਕਮਾਈਆ । ਮੇਰੀ


੧੦੧
੨੧

ਪੂਰੀ ਕੀਤੀ ਆਸ, ਅਸਲ ਆਪਣਾ ਆਪ ਸਮਝਾਈਆ । ਖੇਲ ਵੇਖ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਗੁਰਮੁਖ ਹੋਣ ਨਾ ਦੇਵਾਂ ਕੋਈ ਉਦਾਸ, ਕਲਪਣਾ ਅੰਦਰੋਂ ਦਿਆਂ ਕਢਾਈਆ । ਟਿੱਪੀ ਕਹੇ ਜਨ ਭਗਤੋ ਮੈਂ ਸਭ ਨੂੰ ਕਰਾਵਾਂ ਪਾਸ, ਮਿਸਲ ਦੀ ਫ਼ਾਈਲ ਪ੍ਰਭ ਹੱਥ ਨਾ ਕੋਇ ਉਠਾਈਆ । ਤੁਸੀਂ ਇਕ ਤੇ ਕਰਿਓ ਵਿਸਵਾਸ਼, ਜੋ ਵਿਸ਼ਵ ਰੰਗ ਰੰਗਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼, ਨਿਰਵੈਰ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਜਪਾ ਕੇ ਜਾਪ, ਪ੍ਰਤਾਪ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਟਿੱਪੀ ਕਹੇ ਜਿਸ ਵੇਲੇ ਮੈਨੂੰ ਅੰਗਦ ਨੇ ਉਲੀਕਾ, ਉਂਗਲੀ ਸੱਜਾ ਹੱਥ ਛੁਹਾਈਆ । ਪ੍ਰਭ ਨੇ ਦੱਸਿਆ ਧੁਰ ਤਰੀਕਾ, ਭੇਵ ਦਿਤਾ ਖੁਲ੍ਹਾਈਆ । ਤੇਰਾ ਕਿਸੇ ਦੇ ਨਾਲ ਨਹੀਂ ਸ਼ਰੀਕਾ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਤੂੰ ਇਕ ਦੇ ਨਾਲ ਰੱਖੀਂ ਪ੍ਰੀਤਾ, ਜੋ ਪ੍ਰੀਤਮ ਬੇਪ੍ਰਵਾਹੀਆ । ਜਿਸ ਦਾ ਕਲਮਾ ਹੱਕ ਹਦੀਸਾ, ਹਜ਼ਰਤਾਂ ਕਰੇ ਪੜ੍ਹਾਈਆ । ਤੇਰੀ ਆਸਾ ਮਨਸਾ ਪੂਰੀ ਕਰੇ ਉਮੀਦਾ, ਨਿਰਗੁਣ ਦਾਤਾ ਧੁਰਦਰਗਾਹੀਆ । ਜਿਸ ਵੇਲੇ ਕਲਜੁਗ ਅੰਤ ਗੁਰ ਅਵਤਾਰ ਪੈਗ਼ੰਬਰ ਰਿਹਾ ਨਾ ਕੋਇ ਨਜ਼ਦੀਕਾ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦਏ ਉਠਾਈਆ । ਟਿੱਪੀ ਕਹੇ ਮੈਂ ਟਿੱਪੀ ਨਹੀਂ ਕੋਈ ਚੱਕਰ, ਚਕਰਵਰਤੀ ਦਿਆਂ ਹਿਲਾਈਆ । ਕੂੜ ਫ਼ਕੀਰ ਰਹਿਣ ਨਾ ਦੇਵਾਂ ਕੋਈ ਫ਼ੱਕਰ, ਫ਼ਾਕੇ ਵੇਖਾਂ ਜਗਤ ਲੋਕਾਈਆ । ਜਿਸ ਦੀ ਨਜ਼ਰ ਔਂਦੀ ਨਹੀਂ ਕੋਈ ਸ਼ਕਲ, ਜਲਵਾਗਰ ਧੁਰਦਰਗਾਹੀਆ । ਓਸ ਦੇ ਕੋਲੋਂ ਕਲਜੁਗ ਜੀਵਾਂ ਪੁੱਠੀ ਕਰੌਣੀ ਅਕਲ, ਹੱਕੁਲਯਕੀਨ ਨਾ ਕੋਇ ਕਰਾਈਆ । ਚਾਰੋਂ ਕੁੰਟ ਅੰਧੇਰਾ ਤੱਕਣ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਮਨ ਕਲਪਣਾ ਸਾਰੇ ਨੱਸਣ, ਭੱਜਣ ਵਾਹੋ ਦਾਹੀਆ । ਤ੍ਰੈਗੁਣ ਮਾਇਆ ਸਾਧ ਸੰਤ ਫਸਣ, ਬਚਿਆ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਰਸ ਕੋਈ ਨਾ ਆਵੇ ਚੱਟਣ, ਹਰਿਆ ਸਿੰਚ ਨਾ ਕੋਇ ਕਰਾਈਆ । ਸੱਜਣ ਮੀਤ ਸਾਰੇ ਨੱਠਣ, ਪੱਲੂ ਜਗਤ ਛੁਡਾਈਆ । ਓਸ ਵੇਲੇ ਸਾਹਿਬ ਸਵਾਮੀ ਅੰਤਰਜਾਮੀ ਧੁਰ ਦਾ ਨਾਮ ਆਵੇ ਦੱਸਣ, ਸਚ ਸੁਨੇਹੜਾ ਇਕ ਜਣਾਈਆ । ਜਨ ਭਗਤਾਂ ਦੇ ਕਾਇਆ ਮੰਦਰ ਅੰਦਰ ਆਵੇ ਵੱਸਣ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਟਿੱਪੀ ਕਹੇ ਮੇਰਾ ਕਿਉਂ ਨਹੀਂ ਹੇਠਲਾ ਹਿੱਸਾ ਅੱਧ, ਅੱਧਿਆਂ ਦਿਆਂ ਜਣਾਈਆ । ਉਤੇ ਆਤਮਾ ਥੱਲੇ ਪਰਮਾਤਮਾ ਦੋਹਾਂ ਦੀ ਸਾਂਝੀ ਯਦ, ਦੂਜੀ ਵੰਡ ਨਾ ਕੋਇ ਵੰਡਾਈਆ । ਭਗਤੋ ਟਿੱਪੀ ਕਾਇਆ ਦੇ ਮੰਦਰ ਦੀ ਅਖ਼ੀਰੀ ਹੱਦ, ਇਸ ਦੇ ਅੰਦਰ ਸਾਰੇ ਛੰਦ, ਅੰਤਮ ਏਸੇ ਦੀ ਧਾਰ ਸਾਲਾਹੀਆ । ਜਿਸ ਦਾ ਲੰਮਾ ਚੌੜਾ ਨਹੀਂ ਕੋਈ ਕਦ, ਖੰਡਾ ਖੜਗ ਕਰ ਸਕੇ ਕੋਈ ਨਾ ਬੱਧ, ਧਰਨੀ ਖ਼ਾਕ ਰੱਖੇ ਕੋਈ ਨਾ ਦੱਬ, ਜਿਸ ਦਾ ਲਹਿਣਾ ਦੇਣਾ ਆਤਮ ਧਾਰ ਸਭ, ਸੋ ਸੰਤ ਸੁਹੇਲੇ ਗੁਰਮੁਖ ਭਗਤ ਲਏ ਲੱਭ, ਦੇਵੇ ਵਡਿਆਈ ਮਾਣ ਵਿਚ ਜਗ, ਭਰਮ ਮਿਟਾਏ ਦਰਸ ਦਿਖਾਏ ਉਪਰ ਸ਼ਾਹਰਗ, ਗੁਰਮੁਖ ਉਪਜਾਏ ਧੁਰ ਦੇ ਹੀਰੇ ਅਗੰਮੀ ਨਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਚਾਰ ਯੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਵੇਖ ਬਿਆਨ, ਚਾਰੇ ਖਾਣੀ ਕਰ ਧਿਆਨ, ਸਭ ਦਾ ਲਹਿਣਾ ਦੇਣਾ ਚੁਕਾਏ ਆਣ, ਪਾਵੇ ਸਾਰ ਜ਼ਿਮੀਂ ਅਸਮਾਨ, ਪਵਣ ਪਾਣੀ ਹੋਣ ਹੈਰਾਨ, ਟਿੱਪੀ ਕਹੇ ਮੇਰਾ ਨਿੱਕਾ ਜਿਹਾ ਬਿਆਨ, ਬਿਆਨਾ ਸਤਿਜੁਗ ਰਿਹਾ ਜਣਾਈਆ ।

## ❊ ੧੬ ਚੇਤ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹਿ ਮਹੱਲਾ ਜੱਟ ਪੁਰਾ ਕਪੂਰਥਲਾ ❊

ਨਿਰਗੁਣ ਧਾਰ ਸ਼ਬਦ ਜੋਤ ਅਗੰਮੀ ਅਰਸਾ, ਦਿਵਸ ਰੈਣ ਘੜੀ ਪਲ ਮਾਸ ਬਰਖ ਜਗਤ ਵੰਡ ਨਾ ਕੋਇ ਵੰਡਾਈਆ । ਸਚਖੰਡ ਦਵਾਰ ਏਕੰਕਾਰ ਗੁਰੂਦੁਆਰ ਪੈਗ਼ੰਬਰਾਂ ਨਾਲ ਕਰੇ ਚਰਚਾ, ਭੇਵ ਭਾਓ ਭੌ ਆਪਣਾ ਆਪ ਜਣਾਈਆ । ਅਗਲੇ ਸਾਲ ਸਭ ਤੇ ਪੈ ਜਾਣਾ ਪਰਚਾ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਸਚਖੰਡ ਦਵਾਰਿਉਂ ਚਾਰ ਕੁੰਟ ਦਾ ਲੈਣਾ ਖਰਚਾ, ਵਸਤ ਅਮੋਲਕ ਧੁਰ ਦੀ ਦਾਤ ਹਰਿ ਦਏ ਵਰਤਾਈਆ । ਸਤਿ ਧਰਮ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਨਾਮ ਦਾ ਹੋਣ ਨਾ ਦੇਵੇ ਹਰਜਾ, ਹਰਜਾਨੇ ਪੂਰਬ ਪੂਰ ਕਰਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਕਰਦੇ ਆਏ ਅਰਜ਼ਾਂ, ਬੇਨੰਤੀ ਵਿਚ ਆਪਣੀ ਖ਼ਾਹਿਸ਼ ਦ੍ਰਿੜਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਓਨ੍ਹਾਂ ਵੰਡੇ ਦਰਦਾਂ, ਦਰਦੀ ਹੋ ਕੇ ਦਰਦ ਵੰਡਾਈਆ । ਸਤਿ ਸੁਆਮੀ ਅੰਤਰਜਾਮੀ ਭਗਤ ਸੁਹੇਲਾ ਬਣ ਕੇ ਧੁਰ ਦਾ ਬਰਦਾ, ਮਿਹਰ ਨਜ਼ਰ ਇਕ ਉਠਾਈਆ । ਅਰਸਾ ਕਹੇ ਮੈਂ ਕਰਾਂ ਹੱਕ ਅਰਜ਼ੋਈ, ਸਤਿ ਸਚ ਦ੍ਰਿੜਾਈਆ । ਪੁਰਖ ਅਬਿਨਾਸ਼ੀ ਦੇਵੇ ਢੋਈ, ਦਰ ਠਾਂਡੇ ਮਾਣ ਵਡਿਆਈਆ । ਜਿਸ ਦਾ ਖੇਲ ਨਾ ਜਾਣੇ ਕੋਈ, ਕ਼ਬਰਾਂ ਵਿਚ ਮੁਰਸ਼ਦ ਦੇਣ ਦੁਹਾਈਆ । ਓਸੇ ਦੇ ਨਾਮ ਦੀ ਇਕ ਦਰੋਹੀ, ਤੋਬਾ ਤੋਬਾ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਅਰਸਾ ਕਹੇ ਮੈਂ ਖ਼ਾਦਮ ਹੋ ਅਧੀਨ, ਆਅਲਾ ਅਦਨਾ ਨਜ਼ਰ ਕੋਇ ਨਾ ਆਈਆ । ਦਰ ਠਾਂਡੇ ਬਣ ਮਸਕੀਨ, ਨਿਉਂ ਨਿਉਂ ਲਾਗਾਂ ਪਾਈਆ । ਪੁਰਖ ਅਕਾਲ ਦੇ ਤਾਲੀਮ, ਸਾਚੀ ਸਿਖਿਆ ਇਕ ਪੜ੍ਹਾਈਆ । ੧੦੩ ੨੧ ਕਲਜੁਗ ਅੰਤ ਵੇਖ ਗ਼ਮਗੀਨ, ਗ਼ਮੀ ਖ਼ੁਸ਼ੀ ਨਾ ਕੋਇ ਬਦਲਾਈਆ । ਤੇਰਾ ਨੂਰੇ ਨਜ਼ਰ ਨਾ ਆਏ ਸੀਨ, ਜਲਵਾਗਰ ਜੋਤ ਨਾ ਕੋਇ ਰੁਸ਼ਨਾਈਆ । ਝਗੜਾ ਵੇਖ ਖ਼ਾਕੇ ਜ਼ਮੀਨ, ਖ਼ਾਲਸ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਪ੍ਰਗਟਾਈਆ । ਅਰਸਾ ਕਹੇ ਮੁਹੰਮਦੇ ਜ਼ਲੂ ਜ਼ਵੀਨੇ ਜ਼ਗਜ਼ ਤਜ਼ੀ ਜ਼ੋਤੇ ਮਜਾਜੇ ਨਜ਼ੂ ਜਾਇਜ਼ੇ ਜ਼ਜਾ ਆਸਮਾਨੇ ਰਹਿਮਾਨ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਅਰਸਾ ਕਹੇ ਮੈਂ ਕ਼ਦਮੇ ਕ਼ਦੀਮ ਨਿਵਾਸੇ ਯਕੀਨ ਨਾਜ਼ੋਗਲ ਜ਼ਸੀ ਜ਼ਾਮਿਜ਼ੇ ਮੁਬੀ ਚਾਗ਼ਿਸਤੇ ਗਜ਼ੀ ਭਾਵਿਸਤੇ ਤਬੀ ਦੋ ਜਹਾਨਾ ਦਇਆਵਾਨਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅਰਸਾ ਕਹੇ ਮੈਂ ਦੇਵਾਂ ਸਚ ਰਿਪੋਰਟ, ਧੁਰ ਦਾ ਹੁਕਮ ਇਕ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਸਾਲ ਲੱਗਣੀ ਚੋਟ, ਨਗਾਰਾ ਨਰ ਨਿਰੰਕਾਰ ਵਜਾਈਆ । ਓਸ ਵੇਲੇ ਚਾਰ ਕੁੰਟ ਦਹਿ ਦਿਸ਼ਾ ਧੁਰ ਦੇ ਨਾਮ ਦੀ ਘਰ ਘਰ ਹੋਣੀ ਤੋਟ, ਕਾਇਆ ਮਹਿਬੂਬ ਮਿਲਣ ਕੋਇ ਨਾ ਪਾਈਆ । ਖ਼ਾਲੀ ਹੋਣੇ ਬੰਕ ਦਵਾਰੇ ਕੋਟ, ਕੁਟੀਆ ਅੰਦਰ ਨਾ ਕੋਇ ਸੁਹਾਈਆ । ਨੇਤਰ ਰੋਣੇ ਚੌਦਾਂ ਲੋਕ, ਚੌਦਾਂ ਤਬਕ ਬਿਨ ਸਬਕ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਹੁਕਮੇ ਅੰਦਰ ਫਿਰੇ ਮਲਕੁਲਮੌਤ, ਕਾਲ ਮਹਾਂਕਾਲ ਆਪਣੀ ਖੇਲ ਖਿਲਾਈਆ । ਮੁਹੰਮਦ ਦਾ ਪੂਰਾ ਕਰ ਕੇ ਸ਼ੌਕ, ਸ਼ੱਕ ਸ਼ਕੂਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਅਰਸਾ ਕਹੇ ਮੇਰੀ ਮੁਹੰਮਦ ਨਾਲ ਲੱਗੀ ਆਦਿ ਪ੍ਰੀਤ, ਇਸ਼ਟ ਦੇਵ ਜਣਾਈਆ । ਉਨ੍ਹਾਂ ਦੀ ਫ਼ਿਕਰਿਆਂ ਤੋਂ ਬਾਹਰ ਵਸੀਅਤ,

ਜਿਸ ਵਿਚ ਵਸਲੇ ਯਾਰ ਹੱਕ ਖ਼ੁਦਾਈਆ । ਕਿਸੇ ਹੱਥ ਨਾ ਆਈ ਅਸਲੀਅਤ, ਭੇਵ ਸਕਿਆ ਨਾ ਕੋਇ ਜਣਾਈਆ । ਜਿਸ ਨੇ ਸਭ ਦੀ ਬਦਲ ਦੇਣੀ ਤਬੀਅਤ, ਤਾਬਿਆਦਾਰ ਕਰੇ ਖ਼ਲਕ ਖ਼ੁਦਾਈਆ । ਸਾਚਾ ਸ਼ਬਦ ਪੜ੍ਹ ਕੇ ਓਸ ਨਵੀਅਤ, ਡੰਕਾ ਇਕੋ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਸਦੀ ਚੌਧਵੀਂ ਤੋਂ ਬਾਦ ਪਹਿਲੇ ਸਾਲ ਸਭ ਦੀ ਇਕੋ ਕਰ ਦੇਣੀ ਵਲਦੀਅਤ, ਵਾਲਦ ਵਾਲਦਾ ਹਰਿ ਕਰਤਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਓਸੇ ਤਾਰੀਖ਼ ਨੂੰ ਦੇਣ ਅਹਿਮੀਅਤ, ਜੋ ਤਵਾਰੀਖ਼ ਦਏ ਬਦਲਾਈਆ । ਜਿਸ ਦੀ ਸਭ ਤੋਂ ਵੱਖਰੀ ਕੌਮੀਅਤ, ਸ਼ਖ਼ਸੀਅਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਖਾਈਆ । ਅਰਸਾ ਕਹੇ ਮੈਂ ਕਿਸੇ ਦਾ ਨਹੀਂ ਗ਼ੁਲਾਮ, ਉਚੀ ਕੂਕ ਕੂਕ ਸੁਣਾਈਆ । ਮੈਂ ਹੁਕਮ ਮੰਨਣਾ ਇਕ ਅਮਾਮ, ਜਿਸ ਨੂੰ ਪੈਗ਼ੰਬਰ ਵੇਖਣ ਚਾਈਂ ਚਾਈਆ । ਜਿਸ ਦੇ ਧਰਮ ਦਾ ਹੋਣਾ ਇਸਲਾਮ, ਇਸਮ ਆਜ਼ਮ ਨੂਰ ਅਲਾਹੀਆ । ਹਕੀਕਤ ਦਾ ਦਏ ਪੈਗ਼ਾਮ, ਕਲਮਿਆਂ ਤੋਂ ਬਾਹਰ ਪੜ੍ਹਾਈਆ । ਅੰਮ੍ਰਿਤ ਦਾ ਪਿਲਾਏ ਜਾਮ, ਬਿਨ ਰਸਨਾ ਰਸ ਚਖਾਈਆ । ਚੌਦਾਂ ਲੋਕ ਚੌਦਾਂ ਵਿਦਿਆ ਚੌਦਾਂ ਸਾਲ ਨੂੰ ਸਭ ਦਾ ਕਰ ਲਏ ਇੰਤਜ਼ਾਮ, ਬੇਇੰਤਜ਼ਾਮੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਦਾ ਕਰਤਾ ਸ੍ਰੀ ਭਗਵਾਨ ਭਾਗ ਹਿੱਸਾ ਵੰਡ ਨਾ ਕੋਇ ਵੰਡਾਈਆ । ਚੇਤ ਕਹੇ ਪ੍ਰਭ ਮੇਰੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਹਿਬ ਸੁਲਤਾਨ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸ਼ਰਨਾਈਆ । ਨਾਮ ਨਿਧਾਨਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜੋਤ ਅਕਾਲਣ ਚਾੜ੍ਹ ਚੰਦ, ਕਲਜੁਗ ਕੂੜ ਅੰਧੇਰ ਮਿਟਾਈਆ । ਧਰਮ ਜੈਕਾਰ ਹੋਵੇ ਛੰਦ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਅੰਮ੍ਰਿਤ ਧਾਰ ਵਹੇ ਗੰਗ, ਸਰ ਸਰੋਵਰ ਇਕ ਵਹਾਈਆ । ਕਰ ਪ੍ਰਕਾਸ਼ ਬੰਦ ਬੰਦ, ਬੰਦੀਖ਼ਾਨਾ ਦੇ ਤੁੜਾਈਆ । ਤੇਰਾ ਨੂਰ ਬ੍ਰਹਮ ਹੰ, ਆਤਮ ਪਰਮਾਤਮ ਮੇਲ ਮਿਲਾਈਆ । ਝਗੜਾ ਮੁਕਾ ਦੇ ਕਾਇਆ ਮਾਟੀ ਚੰਮ, ਕੰਚਨ ਗੜ੍ਹ ਇਕ ਸੁਹਾਈਆ । ਲੇਖੇ ਲਾ ਪਵਣ ਸੁਆਸੀ ਦਮ, ਦਾਮਨ ਹੋ ਕੇ ਪਾਰ ਕਰਾਈਆ । ਭਟਕਨਾ ਰਹੇ ਨਾ ਮਨੂਆ ਮਨ, ਮਨਸਾ ਮੋਹ ਦੇ ਗੁਆਈਆ । ਕਰ ਪ੍ਰਕਾਸ਼ ਕਾਇਆ ਮਾਟੀ ਤਨ, ਤਤਵ ਤਤ ਆਪ ਸਮਝਾਈਆ । ਸੁਣਾ ਰਾਗ ਬਿਨਾ ਕੰਨ, ਸੰਦੇਸ਼ਾ ਇਕ ਅਲਾਈਆ । ਕਲਜੁਗ ਅੰਤਮ ਬੇੜਾ ਬੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚੇਤ ਕਹੇ ਪ੍ਰਭ ਧੁਰ ਦੀ ਦੇ ਅਗੰਮੀ ਸ਼ਕਤੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਅਰਸ਼ੀ, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਜਨ ਭਗਤ ਸੁਹੇਲੇ ਵੇਖ ਉਪਰ ਧਰਤੀ, ਧਰਨੀ ਧਵਲ ਧੌਲ ਫੋਲ ਫੁਲਾਈਆ । ਸਭ ਦੀ ਆਸਾ ਮਨਸਾ ਖ਼ਾਹਿਸ਼ ਪੂਰੀ ਕਰ ਮਰਜ਼ੀ, ਮਰੀਜ਼ਾਂ ਤਬੀਬ ਹੋ ਕੇ ਸ਼ਫ਼ਾ ਦੇ ਕਰਾਈਆ । ਗੁਰਮੁਖ ਰਹੇ ਨਾ ਕੋਇ ਖ਼ੁਦਗਰਜ਼ੀ, ਗ਼ਰਜ਼ ਆਪਣੇ ਨਾਲ ਜੁੜਾਈਆ । ਤੇਰੀ ਖੇਲ ਨਰਾਇਣ ਨਰ ਦੀ, ਨਰ ਹਰਿ ਆਪਣਾ ਪੜਦਾ ਉਹਲਾ ਦੇ ਉਠਾਈਆ । ਤੇਰੀ ਆਤਮਾ ਤੇਰਾ ਨਾਮ ਹੋਵੇ ਪੜ੍ਹਦੀ, ਦੂਜੀ ਸਿਖਿਆ ਨਾ ਕੋਈ ਪੜ੍ਹਾਈਆ । ਤੇਰੀ ਮੰਜ਼ਲ ਅਗੰਮ ਅਥਾਹ ਬੇਪ੍ਰਵਾਹ ਹੋਵੇ ਚੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਨਿਰਭੈ ਕਿਸੇ ਕੋਲੋਂ ਨਾ ਹੋਵੇ ਡਰਦੀ, ਮੰਜ਼ਲ ਪੈਂਡਾ ਆਪਣਾ ਪੰਧ ਮੁਕਾਈਆ । ਸਿੱਧੀ ਸਚਖੰਡ ਦਵਾਰੇ ਹੋਵੇ ਵੜਦੀ, ਦਰਗਾਹ ਸਾਚੀ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ

ਅੰਤਰਜਾਮੀ ਘਟ ਨਿਵਾਸੀ ਤੇਰੀ ਬੇਪਰਵਾਹੀਆ । ਜਨ ਭਗਤ ਸੁਹੇਲੇ ਵੇਖ ਆਪਣੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਤੂੰ ਅੰਤਰ ਆਤਮ ਧੁਰ ਦਾ ਬਣ ਸਾਕ, ਸੱਜਣ ਇਕੋ ਨਜ਼ਰੀ ਆਈਆ । ਚਰਨ ਧੂੜੀ ਸਰਨ ਸਰਨਾਈ ਦੇ ਖ਼ਾਕ, ਮਸਤਕ ਧੂੜੀ ਟਿੱਕੇ ਲੈਣ ਰਮਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੂੰ ਸਾਹਿਬ ਸੁਹੇਲਾ ਇਕ ਅਕੇਲਾ ਸਚ ਦਵਾਰੇ ਬਖ਼ਸ਼ ਦਾਤ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਸਾਚੇ ਮੰਡਲ ਵਖਾ ਅਗੰਮੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਲੇਖੇ ਲਾ ਘਟ ਪਵਣ ਸੁਆਸ, ਸਾਹ ਸਾਹ ਤੇਰੀ ਇਕ ਵਡਿਆਈਆ । ਤੇਰੇ ਦਵਾਰੇ ਜਾਏ ਨਾ ਕੋਇ ਨਿਰਾਸ, ਨਿਰਾਸਾ ਵਿਚ ਆਸਾ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰੇ ਠਾਂਡੇ ਦਰਬਾਰ, ਹਰਿ ਕਰਤੇ ਮੰਗ ਮੰਗਾਈਆ । ਚੇਤ ਕਹੇ ਮੈਂ ਮੰਗਾਂ ਡਾਹ ਕੇ ਝੋਲੀ, ਭਿਖਕ ਹੋ ਕੇ ਆਸ ਰਖਾਈਆ । ਜਨ ਭਗਤ ਸੁਹੇਲੇ ਬਣਾ ਆਪਣੇ ਘਰ ਦੀ ਗੋਲੀ, ਸੇਵਾ ਸਚ ਸਚ ਸਮਝਾਈਆ । ਬਿਨ ਰੰਗ ਰੰਗਤ ਚਾੜ੍ਹ ਦੇ ਕਾਇਆ ਚੋਲੀ, ਏਥੇ ਓਥੇ ਉਤਰ ਕਦੇ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਬੋਲੀ, ਧੁਰ ਸੰਦੇਸਾ ਆਪਣਾ ਰਾਗ ਸੁਣਾਈਆ । ਤੂੰ ਸ਼ਬਦ ਗੁਰੂ ਪ੍ਰਭ ਬ੍ਰਹਿਮੰਡਾਂ ਖੰਡਾਂ ਬਣ ਅਗੰਮਾ ਢੋਲੀ, ਡੰਕਾ ਦੇ ਵਜਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੇ ਦਰੋਹੀ ਤੇਰੇ ਨਾਮ ਦੀ ਰੌਲੀ, ਕੂਕ ਕੂਕ ਸਰਬ ਕੁਰਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਚੌਧਵੀਂ ਜਗਤ ਕੁੜਿਆਰ ਖੇਲ ਦੇ ਹੋਲੀ, ਹੌਲੀ ਹੌਲੀ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਚੇਤ ਕਹੇ ਮੈਂ ਜਗਾਵਾਂ ਅਲਖ, ਅਲੱਖ ਅਗੋਚਰ ਅਗੰਮ ਅਥਾਹ ਦਿਆਂ ਜਣਾਈਆ । ਜਨ ਭਗਤਾਂ ਮੇਲਾ ਕਰ ਪ੍ਰਤੱਖ, ਸਾਖਿਆਤ ਜੋੜ ਜੁੜਾਈਆ । ਸਦਾ ਲਈ ਖੋਲ੍ਹ ਦੇ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਨਾਮ ਭੰਡਾਰਾ ਵਖਾ ਦੇ ਹੱਟ, ਹਟਵਾਣਾ ਇਕੋ ਨਜ਼ਰੀ ਆਈਆ । ਗ਼ਰੀਬ ਨਿਮਾਣਿਆਂ ਆਤਮ ਝੋਲੀ ਦੇ ਘੱਤ, ਭੋਰੀ ਭੋਰੀ ਮਜ਼ਾ ਆਪ ਚਖਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਤੇਰਾ ਔਣਾ ਹੋਵੇ ਵਤ, ਬੇਵਤਨਾਂ ਵਤਨ ਦੇ ਸਮਝਾਈਆ । ਜਿਥੇ ਇਕੋ ਤੇਰੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੰਜ਼ਲ ਚਾੜ੍ਹ ਅਗੰਮੇ ਘਾਟ, ਘਾਟਾ ਜਨਮ ਕਰਮ ਪੂਰ ਕਰਾਈਆ । ਮਾਨਸ ਜਨਮ ਅੱਗੇ ਰਹੇ ਕੋਇ ਨਾ ਵਾਟ, ਲੱਖ ਚੁਰਾਸੀ ਨਾ ਕੋਇ ਭੁਆਈਆ । ਤੂੰ ਸ਼ਹਿਨਸ਼ਾਹ ਸੁਲਤਾਨ ਧੁਰ ਦਾ ਕਮਲਾਪਾਤ, ਪਤਿਪਰਮੇਸ਼ਵਰ ਬੇਪਰਵਾਹੀਆ । ਸਭ ਦੀ ਪੂਰੀ ਕਰ ਦੇ ਆਸ, ਮਨਸਾ ਆਪਣੇ ਵਿਚ ਮਿਲਾਈਆ । ਧੀਰਜ ਧਰਮ ਦੇ ਧਰਵਾਸ, ਭਾਂਡਾ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਚੇਤ ਕਰੇ ਮੈਂ ਨਿਉਂ ਨਿਉਂ ਲਾਗਾਂ ਪਗ, ਨਿਉਂ ਨਿਉਂ ਸੀਸ ਝੁਕਾਈਆ । ਕਿਰਪਾ ਕਰ ਸੂਰੇ ਸਰਬਗ, ਸਾਹਿਬ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬੁਝਾ ਅੱਗ, ਚਾਰ ਕੁੰਟ ਨਾ ਕੋਇ ਖਪਾਈਆ । ਹੱਕ ਦਵਾਰ ਦੱਸ ਹੱਜ, ਹਾਜਤ ਸਭ ਦੀ ਵੇਖ ਵਖਾਈਆ । ਤੂੰ ਨੂਰ ਅਲਾਹੀ ਅਗੰਮੀ ਰੱਬ, ਯਾਮਬੀਨ ਤੇਰੀ ਸਰਨਾਈਆ । ਜਗਤ ਜੁਗਤ ਮੇਟ ਦੇ ਹੱਦ, ਗ੍ਰਹਿ ਮੰਦਰ ਵੱਜੇ ਵਧਾਈਆ । ਭਗਤ ਸੁਹੇਲੇ ਉਪਜਾ ਆਪਣੀ ਯੱਦ, ਪੁਸ਼ਤ ਪਨਾਹ ਹੱਥ ਟਿਕਾਈਆ । ਮੈਂ ਉਚੀ ਕੂਕ ਪੁਕਾਰਾਂ ਗੱਜ, ਗਜ ਵਾਂਗ ਹੋ ਸਹਾਈਆ । ਤੇਰੇ ਸੰਤ ਸੁਹੇਲੇ ਤੇਰਾ

ਦਰਸ਼ਨ ਕਰਨ ਰੱਜ, ਰਜੋ ਤਮੋ ਸਤੋ ਸਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਚੇਤ ਕਹੇ ਮੈਂ ਦਰ ਤੇਰੇ ਦਾ ਮੰਗਤਾ, ਭਿਖਾਰੀ ਨਜ਼ਰੀ ਆਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧਾ ਬਣ ਪੰਡਤਾ, ਸਤਿ ਸਤਿਵਾਦੀ ਦੇ ਸਮਝਾਈਆ । ਤੇਰੇ ਦਰ ਤੇ ਕਰਾਂ ਮਿੰਨਤਾ, ਨਿਉਂ ਨਿਉਂ ਸੀਸ ਝੁਕਾਈਆ । ਮਨੂਆ ਕਰੇ ਕੋਈ ਨਾ ਇਲਤਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋ ਜੁਗ ਜੁਗ ਲੇਖਾ ਰਿਹਾ ਲਿਖਦਾ, ਉਹ ਪੂਰਾ ਦੇਣਾ ਕਰਾਈਆ । ਝਗੜਾ ਰਹੇ ਨਾ ਪੱਥਰ ਇੱਟ ਦਾ, ਮਾਟੀ ਖ਼ਾਕ ਨਾ ਕੋਇ ਲੜਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਗਹਿਰ ਗੰਭੀਰ ਆਤਮ ਪਰਮਾਤਮ ਰਹੇਂ ਦਿਸਦਾ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਪਿਆਰ ਪਾ ਕੇ ਧੁਰ ਦੇ ਪਿਤ ਦਾ, ਪਤਿਪਰਮੇਸ਼ਵਰ ਗੋਦ ਉਠਾਈਆ । ਅੱਗੇ ਮਾਰਗ ਦੱਸਣਾ ਇਕ ਦਾ, ਏਕੰਕਾਰ ਜਣਾਈਆ । ਜੋ ਮਾਨਵ ਰੂਪ ਨਿਰਾਲੇ ਸਿਖ ਦਾ, ਸਤਿਗੁਰ ਹੋ ਕੇ ਵਿਚ ਜਾਣਾ ਸਮਾਈਆ । ਉਹਦਾ ਝਗੜਾ ਮਿਟ ਜਾਏ ਨਿਤ ਦਾ, ਆਵਣ ਜਾਵਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਚੇਤ ਕਹੇ ਮੇਰੇ ਦਿਆਲ, ਦੀਨਨ ਵੇਖ ਵਖਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਚ ਪ੍ਰੀਤੀ ਦੇਦੇ ਦਾਨ, ਦਰਦੀ ਹੋ ਕੇ ਝੋਲੀ ਪਾਈਆ । ਸਚ ਦੁਆਰ ਕਰੀਂ ਪ੍ਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਤੇਰੀ ਕਿਰਪਾ ਤੋਂ ਪਰੇ ਨਹੀਂ ਕੋਇ ਗਿਆਨ, ਮਿਲਾਵਣ ਵਾਲਾ ਨਜ਼ਰ ਕੋਇ ਨਾ ਆਈਆ । ਮਿਹਰ ਕਰ ਕੇ ਲੋਕਮਾਤ ਜਨ ਭਗਤਾਂ ਵੇਖੀਂ ਆਣ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਧੁਰ ਦੇ ਕਾਹਨ, ਸਚ ਸਰਨਾਈ ਦੇਣਾ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ ।



### * ੧੭ ਚੇਤ ਸ਼ਹਿਨਸ਼ਾਹ ਸੰਮਤ ੪ ਪਿੰਡ ਦਾਉਦਪੁਰ ਜ਼ਿਲਾ ਕਪੂਰਥਲਾ ਡਾ੦ ਪਾਲ ਸਿੰਘ ਦੇ ਗ੍ਰਹਿ *

ਗੋਬਿੰਦ ਪਿਆਰ ਦੀ ਛੋਟੀ ਕਰਦ, ਕ਼ਦਰ ਗੁਰਮੁਖਾਂ ਰਹੀ ਪਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਜਗ ਦੁਖੀਆਂ ਵੇਖ ਵਖਾਈਆ । ਡੱਲੇ ਦੀ ਅੰਦਰੇ ਅੰਦਰ ਦੀ ਅਰਜ਼, ਬੇਨੰਤੀ ਸਚ ਸੁਣਾਈਆ । ਜਿਸ ਨੂੰ ਹਉਮੇ ਦੀ ਹੋਵੇ ਮਰਜ਼, ਹੰਗਤਾ ਕੂੜ ਲੋਕਾਈਆ । ਗੋਬਿੰਦ ਫੇਰ ਤੇਰਾ ਕੀ ਫ਼ਰਜ਼, ਸਚ ਸਚ ਦੇ ਜਣਾਈਆ । ਗੋਬਿੰਦ ਹੱਸ ਕੇ ਕਿਹਾ ਜਿਸ ਵੇਲੇ ਕਲਜੁਗ ਹੋਵੇ ਅੰਧੇਰਾ ਗਰਦ, ਚਾਰ ਕੁੰਟ ਅੰਧੇਰਾ ਛਾਈਆ । ਮੈਂ ਨਿਰਗੁਣ ਧਾਰ ਪ੍ਰਗਟ ਹੋਵਾਂ ਜੋਧਾ ਸੂਰਬੀਰ ਮਰਦਾਨਾ ਮਰਦ, ਨਿਰਾਕਾਰ ਨਿਰੰਕਾਰ ਆਪਣਾ ਸੰਗ ਬਣਾਈਆ । ਖੇਲ ਵੇਖਾਂ ਫ਼ਰਸ਼ ਅਰਸ਼, ਅਰਸ਼ ਫ਼ਰਸ਼ ਆਪਣੀ ਕਾਰ ਕਮਾਈਆ । ਜਨ ਭਗਤਾਂ ਜਨਮ ਜਨਮ ਦੀ ਮੇਟਾਂ ਹਰਸ, ਪੂਰਬ ਹਵਸ ਪੂਰ ਕਰਾਈਆ । ਜੋਤੀ ਸ਼ਬਦੀ ਧਾਰ ਦੇਵਾਂ ਦਰਸ, ਆਦਰਸ਼ ਆਪਣਾ ਇਕ ਜਣਾਈਆ । ਉਹ ਸੰਮਤ ਸੁਹਾਵਣਾ ਸੰਮਤ ਸ਼ਹਿਨਸ਼ਾਹੀ ਦੇ ਚੌਥੇ ਬਰਸ, ਚੌਥੇ ਜੁਗ ਪੜਦਾ ਲਾਹੀਆ । ਚਾਰ ਕੁੰਟ ਦਹਿ

ਦਿਸ਼ਾ ਚਾਰ ਵਰਨ ਅਠਾਰਾਂ ਬਰਨ ਪੁੱਠੀ ਕਰਾਂ ਨਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਛੋਟੀ ਕਰਦ ਕਹੇ ਮੈਂ ਜੁਗ ਜੁਗ ਵੇਖੀ ਕ਼ਤਲਗਾਹ, ਕ਼ਾਤਲ ਮਕਤੂਲ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਹਿਰਦੇ ਵਿਚ ਰਗ਼, ਰਹਿਬਰ ਬਣ ਕੇ ਭੱਜਣ ਵਾਹੋ ਦਾਹੀਆ । ਸ਼ਬਦੀ ਸ਼ਬਦ ਸੰਦੇਸੇ ਦੇਂਦੇ ਰਹੇ ਸਲਾਹ, ਕਲਮਿਆਂ ਵਿਚ ਵਡਿਆਈਆ । ਨਾਉਂ ਨਿਰੰਕਾਰਾ ਗਏ ਜਣਾ, ਸ਼ਾਹ ਸਿਕਦਾਰਾ ਇਕ ਦਰਸਾਈਆ । ਭਵਿਖਤਾਂ ਵਿਚ ਗਏ ਲਿਖਾ, ਇਸ਼ਟਾਂ ਦਾ ਡੇਰਾ ਢਾਹੀਆ । ਜਿਸ ਵੇਲੇ ਜਲਵਾਗਰ ਆਵੇ ਆਪ ਖ਼ੁਦਾ, ਜਗਤ ਤਕੱਬਰੀ ਦਏ ਮਿਟਾਈਆ । ਲੇਖਾ ਜਾਣੇ ਦੋ ਜਹਾਂ, ਜਹਾਲਤ ਵੇਖੇ ਖ਼ਲਕ ਖ਼ੁਦਾਈਆ । ਸਾਹਿਬ ਸੁਆਮੀ ਫੇਰਾ ਪਾ, ਅੰਤਰਜਾਮੀ ਪੜਦਾ ਲਾਹੀਆ । ਨਾਮ ਖੰਡਾ ਬ੍ਰਹਿਮੰਡਾਂ ਇਕੋ ਦਏ ਚਮਕਾ, ਦੋ ਜਹਾਨਾਂ ਨਜ਼ਰ ਕਿਸੇ ਨਾ ਆਈਆ । ਮਨ ਕਲਪਣਾ ਕੂੜੀ ਕਿਰਿਆ ਦੰਗਾ ਦਏ ਮਿਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਸਮਝਾਈਆ । ਕਰਦ ਕਹੇ ਮੈਂ ਵੇਖਿਆ ਕ਼ਾਦਰ, ਕ਼ੁਦਰਤ ਦਾ ਕਰਤਾ ਨਜ਼ਰੀ ਆਈਆ । ਦੋ ਜਹਾਨਾਂ ਜੋਧਾ ਸੂਰਬੀਰ ਬਹਾਦਰ, ਬਲਧਾਰੀ ਧੁਰਦਰਗਾਹੀਆ । ਜੋ ਗੁਰ ਅਵਤਾਰ ਪੈਗ਼ੰਬਰਾਂ ਬਣੌਂਦਾ ਰਿਹਾ ਸੌਦਾਗਰ, ਜਗਤ ਵਣਜਾਰੇ ਰੂਪ ਵਟਾਈਆ । ਦਰਗਾਹ ਸਾਚੇ ਸਚ ਦੁਆਰੇ ਦੇਂਦਾ ਰਿਹਾ ਆਦਰ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਟਿਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੀਨ ਦੁਨੀ ਸਭ ਦੇ ਕਰਮ ਕਰਦਾ ਰਿਹਾ ਉਜਾਗਰ, ਉਜਰਤ ਅੱਗੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਦਰਸਾਈਆ । ਛੋਟੀ ਕਰਦ ਕਹੇ ਮੈਂ ਦੱਸਾਂ ਹਾਲ ਕ਼ਦੀਮ, ਕ਼ੁਦਰਤ ਦਾ ਮਾਲਕ ਦਇਆ ਕਮਾਈਆ । ਜਿਸ ਦਾ ਵਸੇਰਾ ਮਹਲ ਅਟਲ ਉਚ ਮਕਾਨ ਅਜ਼ੀਮ, ਆਲੀਸ਼ਾਨ ਸੋਭਾ ਪਾਈਆ । ਜੁਗ ਚੌਕੜੀ ਕਰਦਾ ਰਿਹਾ ਤਕ਼ਸੀਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਬਣੌਂਦਾ ਰਿਹਾ ਮੁਨੀਮ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਰਾਹ ਪ੍ਰਗਟਾਈਆ । ਨਿਰਗੁਣ ਸਰਗੁਣ ਦੱਸਦਾ ਰਿਹਾ ਸੀਨ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਪੜਦਾ ਆਪ ਉਠਾਈਆ । ਖੇਲ ਖਲੌਂਦਾ ਰਿਹਾ ਲੱਖ ਚੁਰਾਸੀ ਨਰ ਮਦੀਨ, ਤਨ ਵਜੂਦ ਮਹਿਬੂਬ ਆਪਣਾ ਹੁਕਮ ਵਰਤਾਈਆ । ਹੁਕਮ ਦਿੰਦਾ ਰਿਹਾ ਸ਼ਬਦ ਅਗੰਮੀ ਗੋਈਪੇਸ਼ੀਨ, ਪੇਸ਼ਤਰ ਆਪਣੀ ਕਾਰ ਕਮਾਈਆ । ਮਾਰਗ ਦੱਸਦਾ ਰਿਹਾ ਨਵੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਆਪ ਚੁਕਾਈਆ । ਕਰਦ ਕਹੇ ਮੈਂ ਸਭ ਤੋਂ ਨਿੱਕੀ, ਨਿੱਕਿਉਂ ਵੱਡੇ ਦਏ ਬਣਾਈਆ । ਮੈਂ ਜਾਚ ਸ਼ਬਦ ਖੰਡੇ ਤੋਂ ਸਿਖੀ, ਜੋ ਸਚਖੰਡ ਸੋਭਾ ਪਾਈਆ । ਮੇਰੀ ਵਾਰਤਾ ਚਾਰ ਜੁਗ ਕਿਸੇ ਨਾ ਡਿੱਠੀ, ਕਾਤਬ ਕ਼ਲਮ ਨਾ ਕੋਇ ਉਠਾਈਆ । ਕਲਜੁਗ ਅੰਤਮ ਮਾਰ ਦੁਹੱਥੜ ਪਿੱਟੀ, ਦਰਗਾਹ ਸਾਚੀ ਹਾਲ ਸੁਣਾਈਆ । ਪ੍ਰਭੂ ਮੈਂ ਮਿਲ ਗਈ ਵਿਚ ਮਿੱਟੀ, ਮੈਨੂੰ ਮਿਲੀ ਨਾ ਮਾਣ ਵਡਿਆਈਆ । ਆਹ ਲੈ ਅਸ਼ਟਭੁਜ ਵਾਲੀ ਚਿੱਠੀ, ਜੋ ਤੇਰੀ ਦੇਵਾ ਦੁਰਗਾ ਫੜਾਈਆ । ਜਿਸ ਦੇ ਪਿਛੇ ਬਣੀ ਟਿੱਪੀ, ਟੱਪਾ ਅੱਗੇ ਨਾ ਕੋਇ ਦ੍ਰਿੜਾਈਆ । ਤੇਰੀ ਧਾਰ ਅੱਗੇ ਕੋਇ ਨਾ ਦਿਸੀ, ਦਹਿ ਦਿਸ਼ਾ ਫੋਲ ਫੁਲਾਈਆ । ਸਦੀ ਚੌਧਵੀਂ ਆਈ ਵਿੱਚੀ, ਦੁੱਖਾਂ ਵਿਚ ਕੁਰਲਾਈਆ । ਤੇਰੀ ਬਦਲ ਕੇ ਆ ਗਈ ਮਿਤੀ, ਮਿਤ੍ਰ ਪਿਆਰਾ ਦਏ ਗਵਾਹੀਆ । ਜਨ ਭਗਤਾਂ ਅੰਤਰ ਧਾਰ ਦੇ ਮਿੱਠੀ, ਰਸ ਆਪਣਾ ਆਪ ਚਖਾਈਆ । ਖੇਲ ਵਖਾ ਜਗਤ ਅਨਡਿੱਠੀ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋ ਆਤਮਾ ਤੇਰੇ ਦੁਆਰੇ ਵਿਕੀ, ਕ਼ੀਮਤ

ਉਨ੍ਹਾਂ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਪੜਦਾ ਦੇ ਉਠਾਈਆ । ਕਰਦ ਕਹੇ ਮੈਂ ਸਭ ਦਾ ਕਰਾਂ ਕ਼ਦਰ, ਕ਼ੁਦਰਤ ਤੇਰੀ ਵੇਖ ਵਖਾਈਆ । ਪ੍ਰਭ ਮੇਰੀ ਪੂਰੀ ਕਰ ਦੇ ਸੱਧਰ, ਸਧਨਾ ਸਾਫ਼ ਹੋ ਕੇ ਦਏ ਦੁਹਾਈਆ । ਜਿਹੜਾ ਕਰਦਾ ਸੀ ਬੱਕਰੇ ਕ਼ਤਲ, ਕ਼ਤਲਗਾਹ ਬਣਾਈਆ । ਜਿਸ ਵੇਲੇ ਵਖਾਇਆ ਤੂੰ ਓਸ ਨੂੰ ਆਪਣਾ ਵਤਨ, ਪੜਦਾ ਅੰਤਰ ਉਠਾਈਆ । ਉਸ ਕਰ ਕੇ ਪ੍ਰੇਮ ਦੀ ਬੰਦਨ, ਬੇਨੰਤੀ ਤੇਰੇ ਚਰਨਾਂ ਵਿਚ ਟਿਕਾਈਆ । ਤੂੰ ਖ਼ੁਸ਼ੀਆਂ ਨਾਲ ਲੱਗੋਂ ਹੱਸਣ, ਤਾਲੀ ਦਿਤੀ ਵਜਾਈਆ । ਪ੍ਰੇਮ ਨਾਲ ਕੀਤਾ ਬਚਨ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਸ੍ਰਿਸ਼ਟ ਸਬਾਈ ਲੱਗੀ ਫਸਣ, ਧਰਮ ਧਾਰ ਨਾ ਕੋਇ ਪ੍ਰਗਟਾਈਆ । ਸੰਤ ਸੁਹੇਲੇ ਕੂੜ ਕੁੜਿਆਰੇ ਪ੍ਰਭ ਚਰਨ ਦੁਆਰਿਉਂ ਲੱਗੇ ਨੱਠਣ, ਭੱਜਣ ਵਾਹੋ ਦਾਹੀਆ । ਜਗਤ ਆਸਾ ਕਾਰਨ ਪ੍ਰਭ ਦਾ ਨਾਮ ਸਾਰੇ ਜਪਣ, ਨਿਰਇਛਤ ਨਜ਼ਰ ਕੋਇ ਨਾ ਆਈਆ । ਕਾਇਆ ਮਾਟੀ ਭਾਂਡੇ ਹੋਏ ਸੱਖਣ, ਵਸਤ ਹੱਕ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਅੱਗ ਲੱਗੀ ਮੱਚਣ, ਚਾਰ ਕੁੰਟ ਨਾ ਕੋਇ ਬੁਝਾਈਆ । ਗੁਰ ਅਵਤਾਰ ਪੈਗ਼ੰਬਰ ਪਤ ਨਾ ਰੱਖਣ, ਸਿਰ ਹੱਥ ਨਾ ਕੋਇ ਟਿਕਾਈਆ । ਮਨ ਕਲਪਣਾ ਸਾਰੇ ਟੱਪਣ, ਕੂਕ ਕੂਕ ਦੁਹਾਈਆ । ਕਿਸ ਬਿਧ ਓਸ ਵੇਲੇ ਭਗਤਾਂ ਆਵੇਂ ਪੈਜ ਰੱਖਣ, ਨਿਰਗੁਣ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਧਨੇ ਉਹ ਵੇਖ ਕਰਦ ਛੁਰੀ, ਸਾਚੀ ਸ਼ਰਅ ਦਿਆਂ ਦ੍ਰਿੜਾਈਆ । ਜਿਸ ਵੇਲੇ ਕਲਜੁਗ ਜੀਵਾਂ ਆਸਾ ਹੋਈ ਬੁਰੀ, ਬੁਰਿਆਰ ਦਿਸੇ ਲੋਕਾਈਆ । ਸਭ ਦੀ ਮਨਸਾ ਹੋਈ ਨਿਗੁਰੀ, ਸਤਿਗੁਰ ਸ਼ਬਦ ਨਾ ਕੋਇ ਸ਼ਨਵਾਈਆ । ਮਾਇਆ ਮਮਤਾ ਵਿਚ ਜਾਏ ਰੁੜ੍ਹੀ, ਨਾਮ ਮੁਹਾਣਾ ਵੰਝ ਨਾ ਕੋਇ ਵਖਾਈਆ । ਪਿਤਾ ਤੱਕੇ ਆਪਣੀ ਕੁੜੀ, ਨੇਤਰ ਅੱਖ ਉਠਾਈਆ । ਸੁਰਤੀ ਰਹੇ ਕਿਸੇ ਨਾ ਜੁੜੀ, ਸ਼ਬਦ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਜਾਵੇ ਰੁੜ੍ਹੀ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਸਧਨੇ ਤੱਕ ਲੈ ਆਪਣੀ ਕਰਦ ਓਹੋ ਹਕ਼ੀਕ਼ੀ, ਹੱਕ ਦਿਆਂ ਜਣਾਈਆ । ਜਿਸ ਵਿਚ ਰਹੀ ਨਾ ਕਿਸੇ ਕੋਈ ਤੌਫ਼ੀਕ਼ੀ, ਤੋਹਫ਼ਾ ਦੇਵੇ ਨਾ ਧੁਰ ਖ਼ੁਦਾਈਆ । ਦੀਨ ਮਜ਼੍ਹਬ ਬਣੇ ਸ਼ਰੀਕੀ, ਲਾਸ਼ਰੀਕ ਮੇਲ ਨਾ ਕੋਇ ਮਿਲਾਈਆ । ਓਸ ਵੇਲੇ ਸਦੀ ਚੌਧਵੀਂ ਜਾਣੀ ਬੀਤੀ, ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਸਭ ਦੀ ਬਦਲ ਦੇਵੇ ਰੀਤੀ, ਰੀਤੀਵਾਨ ਵੇਖ ਵਖਾਈਆ । ਝਗੜਾ ਮੁਕਾ ਕੇ ਮੰਦਰ ਮਸੀਤੀ, ਮਸਲਾ ਇਕੋ ਦਏ ਸਮਝਾਈਆ । ਵੇਖੇ ਖੇਲ ਜਗਤ ਅਨਡੀਠੀ, ਅਨਡਿੱਠੜੀ ਕਾਰ ਕਮਾਈਆ । ਜਨ ਭਗਤਾਂ ਲਾ ਇਕ ਬਗ਼ੀਚੀ, ਮਾਲੀ ਹੋ ਕੇ ਸੇਵ ਕਮਾਈਆ । ਜਿਹੜੀ ਗੋਬਿੰਦ ਖ਼ੂਨ ਧਾਰ ਕੱਢੇ ਆਪਣੀ ਵਿਚੋਂ ਚੀਚੀ, ਮਸਤਕ ਟਿੱਕੇ ਧੁਰ ਦਾ ਰੰਗ ਰੰਗਾਈਆ । ਸਾਚਾ ਕਲਮਾ ਦੱਸ ਨਾਮ ਹਕ਼ੀਕ਼ੀ, ਸਚ ਸਚ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਗ੍ਰਿਹਿ ਮੰਦਰ ਅੰਦਰ ਪੜਦਾ ਆਪ ਉਠਾਈਆ । ਸਧਨਾ ਕਹੇ ਮੈਂ ਕਰਦ ਕੀ ਤੱਕਾਂ, ਨੇਤਰ ਅੱਖ ਖੁਲ੍ਹਾਈਆ । ਮੈਂ ਤੇਰਾ ਵਿਕਾਰੀ ਬੱਚਾ, ਵਿਭਚਾਰੀ ਨਜ਼ਰੀ ਆਈਆ । ਤੂੰ ਸਾਹਿਬ ਸੁਆਮੀ ਸੱਚਾ, ਸਚ ਤੇਰੀ ਸਰਨਾਈਆ । ਮੇਰੀਆਂ ਸ਼ਰਮਾਵਣ ਤੈਥੋਂ ਅੱਖਾਂ, ਨੇਤਰ ਨੈਣ ਨਾ ਕੋਇ ਉਠਾਈਆ । ਤੇਰੇ ਚਰਨ ਕਵਲ ਢੱਠਾਂ, ਮੰਗਾਂ ਇਕ ਸਰਨਾਈਆ । ਪ੍ਰਭੂ ਸਦਾ ਗ਼ਲਤੀਆਂ ਹੁੰਦੀਆਂ ਪੰਜਾਂ ਤੱਤਾਂ ਅੱਠਾਂ, ਸਾਫ਼ ਨਜ਼ਰ ਕੋਇ ਨਾ

ਆਈਆ । ਤੇਰੇ ਅੱਗੇ ਵਾਸਤਾ ਘੱਤਾਂ, ਨਿਉਂ ਨਿਉਂ ਲਾਗਾਂ ਪਾਈਆ । ਸਦੀ ਚੌਧਵੀਂ ਸਭ ਦੀਆਂ ਮਾਰੀਆਂ ਜਾਣੀਆਂ ਮੱਤਾਂ, ਬੁੱਧੀ ਬਬੇਕ ਨਾ ਕੋਇ ਰਖਾਈਆ । ਵਾਸਤਾ ਪਾਵਾਂ ਜੋੜ ਕੇ ਹੱਥਾਂ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਸਧਨਾ ਕਹੇ ਮੇਰੇ ਮਿਹਰਵਾਨ, ਮਹਿਬਾਨ ਤੇਰੀ ਸਰਨਾਈਆ । ਮੈਂ ਮੰਗਾਂ ਮੰਗ ਬਣ ਅਨਜਾਣ, ਬੁਧਹੀਣ ਅਖਵਾਈਆ । ਕਲਜੁਗ ਅੰਤਮ ਵੇਖ ਮਾਰ ਧਿਆਨ, ਤੇਰੀ ਬੇਪ੍ਰਵਾਹੀਆ । ਚਾਰੋਂ ਕੁੰਟ ਸ਼ਰਅ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸਤਿ ਧਰਮ ਤੇ ਦਿਸੇ ਨਾ ਕੋਈ ਇਨਸਾਨ, ਇਨਸਾਨੀਅਤ ਨਾਤਾ ਗਈ ਤੁੜਾਈਆ । ਤੇਰੇ ਸੰਤ ਸੁਹੇਲੇ ਜਨ ਭਗਤ ਅੰਤਰ ਅੰਤਰ ਕੁਰਲਾਣ, ਕੂਕ ਕੂਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਣ, ਗਾਵਤ ਗਾ ਗਾ ਵੱਜੇ ਵਧਾਈਆ । ਉਨ੍ਹਾਂ ਕਿਸ ਬਿਧ ਮਿਲਿਆ ਆਣ, ਹਰਿ ਪ੍ਰਭ ਸਾਚੇ ਦੇ ਦ੍ਰਿੜਾਈਆ । ਅਬਿਨਾਸ਼ੀ ਕਰਤਾ ਕਹੇ ਸਧਨੇ ਕਰ ਧਿਆਨ, ਸਦਾ ਇਕ ਸੁਣਾਈਆ । ਮੈਂ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਲੱਖ ਚੁਰਾਸੀ ਫੋਲ ਫੁਲਾਈਆ । ਜਿਸ ਵੇਲੇ ਮੇਰਾ ਵੇਲਾ ਵਕ਼ਤ ਪਹੁੰਚਿਆ ਆਣ, ਘੜੀ ਪਲ ਆਪਣੀ ਵੰਡ ਵਖਾਈਆ । ਉਸ ਵੇਲੇ ਪ੍ਰਗਟ ਹੋਵਾਂ ਨਿਰਗੁਣ ਧਾਰ ਨੌਜਵਾਨ, ਜੋਤੀ ਜਾਤਾ ਫੇਰਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਲਵਾਂ ਪਛਾਣ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਦਰ ਘਰ ਠਾਂਡੇ ਸਵਾਮੀ ਹੋ ਕੇ ਅੰਤਜਾਮੀ ਹੋ ਕੇ ਮਿਲਾਂ ਆਣ, ਆਪ ਅਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪਰਦਾ ਰਿਹਾ ਉਠਾਈਆ । ਪੜਦਾ ਚੁੱਕਕੇ ਮਿਟਾਵਾਂ ਉਹਲਾ, ਭੇਵ ਰਹੇ ਨਾ ਰਾਈਆ । ਕਰ ਪ੍ਰਕਾਸ਼ ਕਾਇਆ ਚੋਲਾ, ਚੋਲਾ ਚੋਲੇ ਵਿਚੋਂ ਬਦਲਾਈਆ । ਪ੍ਰਗਟ ਹੋ ਕੇ ਉਪਰ ਧੌਲਾ, ਧਰਨੀ ਧਰਤ ਧਵਲ ਸੁਹਾਈਆ । ਨਿਰਗੁਣ ਧਾਰ ਹੋ ਕੇ ਮੌਲਾ, ਹਰ ਘਟ ਵੇਖਾਂ ਚਾਈਂ ਚਾਈਆ । ਕਲਜੁਗ ਕੂੜੀ ਕਿਰਿਆ ਤੱਕੋ ਰੌਲਾ, ਦਹਿ ਦਿਸ਼ਾ ਫੋਲ ਫੁਲਾਈਆ । ਜਨ ਭਗਤਾਂ ਭਾਰ ਕਰਾਂ ਹੌਲਾ, ਕਰਮਾਂ ਗੰਢ ਨਾ ਕੋਇ ਉਠਾਈਆ । ਇਕੋ ਦੱਸਾਂ ਧੁਰ ਦਾ ਢੋਲਾ, ਤੂੰ ਮੇਰਾ ਮੈਂ ਤੇਰਾ ਦੂਜੀ ਵੰਡ ਨਾ ਕੋਇ ਵੰਡਾਈਆ । ਤੇਰਾ ਪੂਰਾ ਕਰਾਂ ਇਕ਼ਰਾਰ ਕੌਲਾ, ਕੀਤਾ ਕੌਲ ਭੁਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਸਧਨੇ ਏਸੇ ਤੇਰੀ ਕਰਦ ਨੂੰ ਲਾਵਾਂ ਧੱਕਾ, ਜੋ ਹੱਥੋਂ ਦਿਤੀ ਸੁਟਾਈਆ । ਕਸਾਈ ਕੋਈ ਰਹਿਣ ਨਾ ਦੇਵਾਂ ਮਦੀਨਾ ਮੱਕਾ, ਮਕ਼ਬਰਿਆਂ ਵਾਲੇ ਨਾਲ ਮਿਲਾਈਆ । ਜਨ ਭਗਤਾਂ ਦਾ ਨਾਤਾ ਕਰਾਂ ਪੱਕਾ, ਨਾ ਕੋਈ ਤੋੜੇ ਤੋੜ ਤੁੜਾਈਆ । ਆਤਮ ਪਰਮਾਤਮ ਬਣਾ ਸਕਾ, ਸੱਜਣ ਇਕੋ ਇਕ ਅਖਵਾਈਆ । ਲਹਿਣਾ ਦੇਣਾ ਦੇਵਾਂ ਹੱਥੋ ਹੱਥਾ, ਜਗਤ ਉਧਾਰ ਨਾ ਕੋਇ ਵਖਾਈਆ । ਸਭ ਦੇ ਅੰਤਰ ਨਿਰੰਤਰ ਆਪਣੇ ਨਾਮ ਦੀ ਭਰ ਕੇ ਸੱਤਾ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਨਿਜ ਨੇਤਰ ਖੋਲ੍ਹ ਕੇ ਅੱਖਾਂ, ਘਰ ਘਰ ਕਰਾਂ ਰੁਸ਼ਨਾਈਆ । ਭਗਤਾਂ ਦੇ ਅੰਦਰ ਬਹਿ ਕੇ ਵਸਾਂ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਰੈਣ ਅੰਧੇਰੀ ਮੇਟਾਂ ਮੱਸਾ, ਅਮਾਵਸ ਪੜਦਾ ਆਪ ਉਠਾਈਆ । ਧੁਰ ਦਾ ਮਾਰਗ ਇਕੋ ਦੱਸਾਂ, ਦਹਿ ਦਿਸ਼ਾ ਕਰ ਪੜ੍ਹਾਈਆ । ਜਨ ਭਗਤ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਜਾਪ ਜਪਾ, ਨਾਮ ਇਕੋ ਇਕ ਵਡਿਆਈਆ । ਧੁਰਦਰਗਾਹੀ ਦੇ ਕੇ ਅਗੰਮੀ ਗੱਫ਼ਾ, ਸ਼ਬਦ ਭੰਡਾਰੇ ਨਾਲ ਭਰਾਈਆ । ਪਿਛਲੀ ਕਿਰਿਆ ਕਰ ਕੇ ਰਫ਼ਾ, ਰਫ਼ਾਕਤ ਇਕੋ ਨਾਲ ਜੁੜਾਈਆ । ਤੇਰੀ ਨਿੱਕੀ ਕਰਦ ਦਾ ਨਫ਼ਾ, ਜਨ ਭਗਤਾਂ ਦੀ ਝੋਲੀ ਪਾਈਆ । ਫੇਰ ਉਠ ਜਾਏ

ਮਲੇਛ ਦੀ ਸਫ਼ਾ, ਕੂੜੀ ਕਿਰਿਆ ਕਰੇ ਸਫ਼ਾਈਆ । ਧੁਰ ਦੀ ਧਾਰ ਹੁਕਮ ਲਗਾ ਕੇ ਦਫ਼ਾ, ਜਿਸ ਦੀ ਹਿੰਦਸਾ ਵੰਡ ਨਾ ਕੋਇ ਰਖਾਈਆ । ਪੁਰਖ ਅਕਾਲ ਕਦੇ ਨਾ ਹੋਵੇ ਖ਼ਫ਼ਾ, ਕਰਮਾਂ ਦੀ ਸਜ਼ਾ ਦਏ ਭੁਗਤਾਈਆ । ਓਨਾਂ ਚਿਰ ਲੱਗੇ ਨਾ ਕਿਸੇ ਨੂੰ ਪਤਾ, ਜਿੰਨਾਂ ਚਿਰ ਨਾ ਆਪ ਸਮਝਾਈਆ । ਭੇਵ ਪਾਏ ਨਾ ਕੋਈ ਤਪਾ, ਤਪੀਸ਼ਰ ਅੱਖ ਨਾ ਕੋਇ ਖੁਲ੍ਹਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦਾ ਕਲਜੁਗ ਲਹਿਣੇ ਦਾ ਖ਼ਤਮ ਕੀਤਾ ਟੱਪਾ, ਅੱਗੇ ਮੁਨਿਆਦ ਨਾ ਕੋਇ ਵਧਾਈਆ । ਚਾਰ ਜੁਗ ਦਾ ਲੇਖਾ ਠੱਪਾ, ਮੋਹਰ ਆਪਣੀ ਨਾਮ ਲਗਾਈਆ । ਅੱਗੇ ਭਗਤਾਂ ਮਾਰਗ ਦੱਸ ਕੇ ਸੱਚਾ, ਸਚ ਸਚ ਜਣਾਈਆ । ਕਰ ਪ੍ਰਕਾਸ਼ ਕਾਇਆ ਮਾਟੀ ਕੋਠਾ ਕੱਚਾ, ਕੰਚਨ ਗੜ੍ਹ ਸੁਹਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟਾ, ਇਕੋ ਵਣਜ ਵਖਾਈਆ । ਪ੍ਰਭ ਦੇ ਨਾਮ ਦਾ ਪੂਜਾ ਪਾਠ ਵਿਚ ਅੱਗੇ ਲਏ ਨਾ ਕੋਈ ਪੈਸਾ ਟਕਾ, ਰੀਤੀ ਨੀਤੀ ਦੇਣੀ ਸਮਝਾਈਆ । ਜਿਹੜਾ ਮੁਲਾ ਸ਼ੇਖ਼ ਮੁਸਾਇਕ ਪੰਡਤਾਂ ਪ੍ਰਭ ਦੇ ਨਾਮ ਉਤੇ ਗੱਫ਼ਾ ਛਕਾ, ਸਭ ਨੂੰ ਦੇਣੀ ਸਜ਼ਾਈਆ । ਰਾਏ ਧਰਮ ਉਨ੍ਹਾਂ ਦੀਆਂ ਬੰਨ੍ਹੇ ਨਸਾਂ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਕਰਦ ਕਹੇ ਸੁਣ ਮੇਰੇ ਭਗਵੰਤ, ਹਰਿ ਕਰਤੇ ਦਿਆਂ ਜਣਾਈਆ । ਮੈਂ ਵੀ ਵੇਖਾਂ ਤੇਰਾ ਕਲਜੁਗ ਅੰਤ, ਅੰਤਸ਼ਕਰਨ ਪੜਦਾ ਦਿਆਂ ਉਠਾਈਆ । ਮੈਂ ਪਹਿਲੋਂ ਕੱਟਣੇ ਜਿਹੜੇ ਤੇਰੇ ਨਾਮ ਦੇ ਝੂਠੇ ਸੰਤ, ਸਤਿ ਸਤਿ ਨਾ ਕੋਇ ਸਮਾਈਆ । ਪੜ੍ਹ ਕੇ ਪੁਸਤਕ ਧੋਖੇ ਦਿੰਦੇ ਜੰਤ, ਜੁਗਤ ਸਕੇ ਨਾ ਕੋਇ ਵਖਾਈਆ । ਜਿਨ੍ਹਾਂ ਤਕਿਆ ਨਹੀਂ ਤੂੰ ਸਵਾਮੀ ਕੰਤ, ਮਿਲਾਵਾ ਮੇਲ ਨਾ ਕੋਇ ਮਿਲਾਈਆ । ਓਹ ਰਹਿਣ ਨਹੀਂ ਦੇਣੇ ਪੰਡਤ, ਜਿਹੜੇ ਅੱਖਰਾਂ ਦੀ ਕਰਨ ਪੜ੍ਹਾਈਆ । ਓਹ ਗ੍ਰੰਥੀ ਨਹੀਂ ਰਹਿਣ ਦੇਣੇ ਜਿਹੜੇ ਪਾਠ ਦੇ ਹੋਵਣ ਮੰਗਤ, ਗੁਰਮੁਖਾਂ ਅੱਗੇ ਝੋਲੀਆਂ ਡਾਹੀਆ । ਸਭ ਤੋਂ ਉੱਤਮ ਸ੍ਰੇਸ਼ਟ ਗੁਰਮੁਖਾਂ ਦੀ ਬਣੌਣੀ ਸੰਗਤ, ਚਾਰ ਵਰਨ ਅਠਾਰਾਂ ਬਰਨ ਖੱਤਰੀ ਬ੍ਰਹਿਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਕਰਦ ਕਹੇ ਪ੍ਰਭ ਮੇਰੀ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਕੂੜ ਕਲਪਨਾ ਮੇਟ ਦੇ ਇੱਲਤ, ਸ਼ਰਅ ਨਾ ਕੋਇ ਲੜਾਈਆ । ਧਰਤੀ ਉਤੇ ਰਹੇ ਨਾ ਕੋਈ ਤੇਰਾ ਨਿੰਦਕ, ਦੁਸ਼ਟ ਦੁਰਾਚਾਰ ਦੇ ਖਪਾਈਆ । ਮੈਂ ਸਦਾ ਮੰਗਦੀ ਤੇਰੇ ਭਗਤਾਂ ਦੀ ਮਿੱਲਤ, ਮਿਲ ਮਿਲ ਖ਼ੁਸ਼ੀ ਮਨਾਈਆ । ਧੰਨ ਭਾਗ ਮੈਂ ਤਕੀ ਧੁਰ ਦੀ ਇਕੋ ਸਿੰਮਤ, ਜਿਸ ਦਾ ਰੁਖ਼ ਨਾ ਕੋਇ ਉਲਟਾਈਆ । ਮੇਰਾ ਸੰਸਾ ਮਿਟਿਆ ਦੂਰ ਹੋਈ ਚਿੰਤ, ਗ਼ਮੀ ਗ਼ਮਖ਼ਾਰ ਦਿਤੀ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦ ਤੇਰੇ ਧਰਮ ਦਾ ਹੋਵੇ ਸਿਦਕ, ਸਬਰ ਵਿਚ ਸਾਬਰ ਹੋ ਕੇ ਇਕੋ ਨਜ਼ਰੀ ਆਈਆ ।



### ❊ ੧੮ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਬਲੋ ਵਾਲੀ ਜ਼ਿਲਾ ਅੰਮ੍ਰਿਤਸਰ ਗਿਰਧਾਰਾ ਸਿੰਘ ਦੇ ਗ੍ਰਹਿ ❊

ਚੇਤ ਕਹੇ ਮੈਂ ਫਿਰਦਾ ਚਾਰ ਕੂਟ, ਦਹਿ ਦਿਸ਼ਾ ਭੱਜਾਂ ਵਾਹੋ ਦਾਹੀਆ । ਪਰਮ ਪੁਰਖ ਦਾ ਲੱਭਦਾ ਫਿਰਾਂ ਸਬੂਤ, ਲੱਖ ਚੁਰਾਸੀ ਜੀਵ ਜੰਤ ਫੋਲ ਫੁਲਾਈਆ । ਰਾਹ ਤੱਕਾਂ ਹੱਕ ਮਹਿਬੂਬ, ਪਾਰਬ੍ਰਹਮ ਪਤਿਪਰਮੇਸ਼ਵਰ ਧਿਆਨ ਲਗਾਈਆ । ਨਿਰਗੁਣ ਸਰਗੁਣ ਪਾਰ ਕਰ ਹਦੂਦ, ਘਰ ਇਕੋ ਵੇਖ ਵਖਾਈਆ । ਜਿਥੇ ਨਹੀਂ ਦਵੈਤ ਦੂਜ, ਦੁਤੀਆ ਭਾਉ ਨਾ ਕੋਇ ਬਣਾਈਆ । ਸਚ ਸਵਾਮੀ ਜਾਏ ਸੂਝ, ਅੰਤਰਜਾਮੀ ਸੋਭਾ ਪਾਈਆ ।

ਮੰਜ਼ਲ ਮਿਲੇ ਹੱਕ ਮਕਸੂਦ, ਦਰਗਾਹ ਸਾਚੀ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਕਰਾਵੇ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਭੂਤ, ਅਦਭੁਤ ਆਪਣਾ ਰੂਪ ਵਖਾਈਆ । ਸ਼ਬਦ ਅਗੰਮਾ ਉਠਾਏ ਦੂਤ, ਧੁਰ ਦਾ ਹੁਕਮ ਇਕ ਜਣਾਈਆ । ਨਿਰਵੈਰ ਪੁਰਖ ਹੋਵੇ ਮੌਜੂਦ, ਮਜਲਸ ਭਗਤਾਂ ਨਾਲ ਰਖਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰੇ ਨੇਸਤੋਨਾਬੂਦ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮਾਤ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਚੇਤ ਕਹੇ ਮੈਂ ਉਠ ਉਠ ਨੱਠਾਂ, ਭੱਜਾਂ ਵਾਹੋ ਦਾਹੀਆ । ਚਾਰ ਵਰਨ ਅਠਾਰਾਂ ਬਰਨ ਖੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਦੱਸਾਂ, ਦਹਿ ਦਿਸ਼ਾ ਹੁਕਮ ਵਰਤਾਈਆ । ਸਾਧ ਸੰਤ ਜਗਤ ਫ਼ਕੀਰ ਸ਼ਾਹ ਹਕੀਰ ਨਿਜ ਨੇਤਰ ਖੋਲ੍ਹੋ ਅੱਖਾਂ, ਆਖ਼ਰ ਪੜਦਾ ਦਿਆਂ ਚੁਕਾਈਆ । ਭੇਵ ਖੁਲ੍ਹਾਵਾਂ ਨਿਰਗੁਣ ਧਾਰ ਤੀਰਥ ਤੱਟਾਂ, ਅੱਠ ਸੱਠਾਂ ਪੜਦਾ ਲਾਹੀਆ । ਜਨ ਭਗਤਾਂ ਅੰਤਰ ਨਿਰੰਤਰ ਹੋ ਕੇ ਵਸਾਂ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਸੁਨੇਹੜੇ ਵਿਚ ਨਾਤਾ ਕਰਾਂ ਪੱਕਾ, ਆਤਮ ਪਰਮਾਤਮ ਮੇਲ ਮਿਲਾਈਆ । ਜਗਤ ਵਾਸਨਾ ਰਹੇ ਕੋਈ ਨਾ ਰੱਟਾ, ਝਗੜਾ ਦਿਸੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਅਗੰਮ ਅਪਾਰਾ ਆਪਣਾ ਆਪ ਜਣਾਈਆ । ਚੇਤ ਕਹੇ ਮੈਂ ਚਾਰ ਕੁੰਟ ਰਿਹਾ ਨੱਸ, ਬਣ ਪਾਂਧੀ ਪੰਧ ਮੁਕਾਈਆ । ਹੁਕਮ ਸੰਦੇਸ਼ਾ ਰਿਹਾ ਦੱਸ, ਅਗੰਮ ਨਾਦ ਸ਼ਨਵਾਈਆ । ਪ੍ਰੇਮ ਪ੍ਰੀਤੀ ਮੁਹੱਬਤ ਦੇਵਾਂ ਰਸ, ਰਸਤਾ ਇਕੋ ਇਕ ਪ੍ਰਗਟਾਈਆ । ਵੇਖੇ ਖੇਲ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵੇ ਰਥ, ਬਣ ਰਥਵਾਹੀ ਆਪਣਾ ਹੁਕਮ ਵਰਤਾਈਆ । ਸੋ ਦੀਨ ਦਿਆਲਾ, ਪੁਰਖ ਅਕਾਲਾ ਜੋਤੀ ਜਾਤਾ ਹੋ ਪ੍ਰਗਟ, ਧਰਮ ਦੁਆਰਾ ਹੱਟ ਇਕ ਖੁਲ੍ਹਾਈਆ । ਦੁਰਮਤ ਮੈਲ ਜਗਤ ਜਗਿਆਸੂ ਦੇਵੇ ਕੱਟ, ਕਟਾਕਸ਼ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸਮਝਾਈਆ । ਦਰ ਠਾਂਡਾ ਵੇਖੇ ਅਗੰਮ, ਹਰਿ ਵੱਡਾ ਵਡ ਵਡਿਆਈਆ । ਹਰਖ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਝਗੜਾ ਮੁਕੇ ਪਵਣ ਸੁਆਸੀ ਦਮ, ਦਾਮਨਗੀਰ ਇਕੋ ਬੇਪਰਵਾਹੀਆ । ਸਤਿ ਸਚ ਦਾ ਦੇਵੇ ਅਗੰਮਾ ਧਨ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਹੱਡ ਮਾਸ ਝਗੜਾ ਰਹੇ ਨਾ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਚਾਰ ਵਰਨ ਅਠਾਰਾਂ ਬਰਨ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਧੁਰਦਰਗਾਹੀਆ । ਨੇਤਰ ਨੈਣ ਰਹੇ ਕੋਇ ਨਾ ਅੰਨ੍ਹ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਪ੍ਰਗਟਾਈਆ । ਦਰ ਠਾਂਡਾ ਵੇਖੇ ਹਰਿ ਕਾ ਦੁਆਰ, ਗ੍ਰਿਹਿ ਮੰਦਰ ਵੱਜੇ ਵਧਾਈਆ । ਜਿਸ ਗ੍ਰਿਹਿ ਬੈਠਾ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਾਹੋ ਭੂਪ ਸੋਭਾ ਪਾਈਆ । ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਦਿਤਾ ਨਿਵਾਰ, ਕਲਜੁਗ ਅੰਤਮ ਲਹਿਣਾ ਦਏ ਮੁਕਾਈਆ । ਲੇਖਾ ਲੈ ਗੁਰੂ ਅਵਤਾਰ, ਪੈਗ਼ੰਬਰਾਂ ਆਪਣਾ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਦਰ ਭਿਖਾਰ, ਦਰ ਠਾਂਡੇ ਬੈਠੇ ਅਲਖ ਜਗਾਈਆ । ਹੁਕਮ ਦੇਵੇ ਹਾਕਮ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ ।

ਨਾਮ ਡੰਕਾ ਰਾਓ ਰੰਕਾਂ ਸ੍ਰਿਸ਼ਟ ਸਬਾਈ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਸਵਾਮੀ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਤ੍ਰੈਭਵਨ ਦੇਵੇ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਏਕੰਕਾਰਾ ਵਡ ਭੰਡਾਰੀ ਆਪ ਭਰਾਈਆ । ਚੇਤ ਕਹੇ ਮੈਂ ਰਿਹਾ ਤਕ, ਤਾਕ਼ਤ ਅਵਰ ਰਹੀ ਨਾ ਰਾਈਆ । ਚਾਰ ਜੁਗ ਗਏ ਥੱਕ, ਬਣ ਬਣ ਪਾਂਧੀ ਰਾਹੀਆ । ਕ਼ੀਮਤ ਮਿਲੇ ਕਿਸੇ ਨਾ ਹੱਕ, ਅਸਲੀਅਤ ਅਸਲ ਨਾ ਕੋਇ ਵਡਿਆਈਆ । ਧਰਮ ਦੁਆਰ ਰਿਹਾ ਨਾ ਹੱਟ, ਹਟਵਾਣੇ ਬੈਠੇ ਮੁਖ ਛੁਪਾਈਆ । ਦੁਰਮਤ ਮੈਲ ਸਕੇ ਕੋਈ ਨਾ ਕੱਟ, ਕਟਾਕਸ਼ ਨਿਰਾਲਾ ਤੀਰ ਨਾ ਕੋਇ ਚਲਾਈਆ । ਕਰੇ ਖੇਲ ਪੁਰਖ ਸਮਰੱਥ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਜੋਤ ਕਰ ਪ੍ਰਗਟ, ਊਚੋ ਊਚ ਪੜਦਾ ਦਏ ਉਠਾਈਆ । ਸ਼ਬਦ ਅਗੰਮੀ ਲਾ ਕੇ ਸੱਟ, ਸੋਈ ਸੁਰਤੀ ਲਏ ਜਗਾਈਆ । ਕਰ ਪ੍ਰਕਾਸ਼ ਲਟ ਲਟ, ਅੰਧ ਅੰਧੇਰ ਦਏ ਮਿਟਾਈਆ । ਬਹੱਤਰ ਨਾੜ ਨਾ ਉਬਲੇ ਰਤ, ਗੁਰਮੁਖ ਰਤਨ ਅਮੋਲਕ ਹੀਰੇ ਲਏ ਪ੍ਰਗਟਾਈਆ । ਅੰਤਰ ਨਿਰੰਤਰ ਦੇ ਕੇ ਧੀਰਜ ਸਤਿ, ਸਤਿ ਸੰਤੋਖ ਇਕ ਸਮਝਾਈਆ । ਪ੍ਰੇਮ ਪ੍ਰੀਤੀ ਅੰਦਰ ਬਖ਼ਸ਼ ਬ੍ਰਹਮ ਮਤਿ, ਬ੍ਰਹਮ ਪੜਦਾ ਦਏ ਉਠਾਈਆ । ਸ਼ਬਦ ਅਨਰਾਗ ਸੁਣਾਏ ਅਨਹਦ, ਨਾਦੀ ਧੁਨ ਆਪ ਉਪਜਾਈਆ । ਦਇਆ ਕਮਾਏ ਦਰਸ ਵਖਾਏ ਉਪਰ ਸ਼ਾਹ ਰਗ, ਜਗਤ ਦੁਆਰੇ ਡੇਰਾ ਢਾਹੀਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਗੁਰਮੁਖ ਕੱਢ, ਸੰਤ ਸੁਹੇਲੇ ਆਪਣੇ ਰੰਗ ਰੰਗਾਈਆ । ਲੇਖੇ ਲਾ ਕੇ ਕਾਇਆ ਮਾਟੀ ਹੱਡ, ਕੰਚਨ ਗੜ੍ਹ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਚੇਤ ਕਹੇ ਮੈਂ ਚਾਰ ਕੁੰਟ ਕਰਿਆ ਪੰਧ, ਪਾਂਧੀ ਹੋ ਕੇ ਫੇਰਾ ਪਾਈਆ । ਜਗਤ ਅੰਧੇਰਾ ਦਿਸਿਆ ਧੁੰਦ, ਧੁੰਦੂਕਾਰ ਨਾ ਕੋਇ ਮਿਟਾਈਆ । ਮਨ ਕਲਪਣਾ ਕੂੜੀ ਕਿਰਿਆ ਵੇਖੀ ਗੰਦ, ਸੁਗੰਧ ਰੂਪ ਨਾ ਕੋਇ ਬਣਾਈਆ । ਸਚ ਦੁਆਰ ਚੜ੍ਹਿਆ ਕੋਈ ਨਾ ਚੰਦ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਦੀਨ ਮਜ਼੍ਹਬ ਦੀ ਦੁਨੀ ਹੋਈ ਪਾਬੰਦ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਝਗੜਾ ਪਿਆ ਜੇਰਜ ਅੰਡ, ਉਤਭੁਜ ਸੇਤਜ ਕਰੇ ਲੜਾਈਆ । ਸਚ ਦੁਆਰਾ ਏਕੰਕਾਰਾ ਮੰਜ਼ਲ ਹਕ਼ੀਕ਼ੀ ਲਾਸ਼ਰੀਕੀ ਜਾਏ ਕੋਈ ਨਾ ਲੰਘ, ਦਰਵਾਜ਼ਾ ਬੰਦ ਨਾ ਕੋਇ ਖੁਲ੍ਹਾਈਆ । ਸਾਚਾ ਮਿਲੇ ਨਾ ਕਿਸੇ ਅਨੰਦ, ਨਿਜਾਨੰਦ ਨਾ ਕੋਇ ਰਸਾਈਆ । ਟੁੱਟੀ ਸਕੇ ਕੋਈ ਨਾ ਗੰਢ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹਰਿ ਕਰਤਾ ਆਪ ਦ੍ਰਿੜਾਈਆ । ਚੇਤ ਕਹੇ ਮੈਂ ਦੱਸਾਂ ਅਗੰਮ ਕਹਾਣੀ, ਕਹਾਵਤ ਰਹੇ ਨਾ ਰਾਈਆ । ਕਰੇ ਖੇਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਲਹਿਣਾ ਦੇਣਾ ਵੇਖੇ ਦੋ ਜਹਾਨੀ, ਨਿਰਗੁਣ ਸਰਗੁਣ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਅੰਮ੍ਰਿਤ ਰਸ ਪਾਣੀ, ਗ੍ਰਿਹਿ ਮੰਦਰ ਅੰਦਰ ਪੜਦਾ ਆਪ ਚੁਕਾਈਆ । ਕਵਣ ਗੁਰਮੁਖ ਸੰਤ ਸੁਹੇਲਾ ਮੰਜ਼ਲ ਚੜ੍ਹਿਆ ਰੂਹਾਨੀ, ਅਸਮਾਨੀ ਮਹਿਬਾਨੀ ਪੰਧ ਮੁਕਾਈਆ । ਕਵਣ ਭਗਤ ਸੁਹੇਲਾ ਪ੍ਰਭ ਦੇ ਨਾਲ ਕਰੇ ਬੇਈਮਾਨੀ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਚੇਤ ਕਹੇ ਮੈਂ ਦੱਸਾਂ ਮਿਤ੍ਰ ਮਿਤ੍ਰ ਪਿਆਰੇ ਅਹਿਬਾਬ, ਕਲਕਾਤੀ ਦਰਸਾਈਆ । ਪਰਵਰਦਿਗਾਰ ਧੁਰ ਅਹਿਬਾਬ, ਮਿਤ੍ਰ ਪਿਆਰਾ ਨਜ਼ਰੀ ਆਈਆ ।

ਸਦੀ ਚੌਧਵੀਂ ਲੇਖਾ ਵੇਖੇ ਹਿਸਾਬ, ਅੰਕੜੇ ਫੋਲ ਫੁਲਾਈਆ । ਪੈਗ਼ੰਬਰਾਂ ਕਰ ਲਾਜਵਾਬ, ਨੇਤਰ ਨੈਣ ਅੱਖ ਭੁਆਈਆ । ਧੁਰ ਦਾ ਕਲਮਾ ਬਦਲ ਅਦਾਬ, ਰੂਪ ਆਪਣਾ ਇਕ ਜਣਾਈਆ । ਝਗੜਾ ਚੁਕੇ ਮਜ਼੍ਹਬ ਮਜ਼੍ਹਾਬ, ਮਜਲਸ ਇਕੋ ਹੱਕ ਸੁਣਾਈਆ । ਖ਼ਤਾ ਵਿਚੋਂ ਦੇਵੇ ਖਤਾਬ, ਖਾਤਰ ਆਪਣੀ ਇਕ ਜਣਾਈਆ । ਕੂੜੀ ਕਿਰਿਆ ਬਦਲ ਮਿਜ਼ਾਜ, ਮਿਸਲ ਆਪਣੀ ਇਕ ਸਮਝਾਈਆ । ਮਹਿਬੂਬ ਮੁਹੱਬਤ ਕਰੇ ਆਦਾਬ, ਸੱਯਦਾ ਸਿਰ ਨਿਵਾਈਆ । ਜਿਹੜਾ ਕਦੀ ਨਾ ਹੋਵੇ ਗ਼ਾਇਬ, ਨੂਰ ਨਜ਼ਰ ਨਾ ਕੋਇ ਬਦਲਾਈਆ । ਫਸੇ ਵਿਚ ਨਾ ਕਿਸੇ ਐਬ, ਗੁਨਾਹ ਨਾ ਵੰਡ ਵੰਡਾਈਆ । ਸਦ ਭਗਤਾਂ ਕਰੇ ਹਮਾਇਤ, ਹਮਸਾਜਣ ਨਜ਼ਰੀ ਆਈਆ । ਨਾਮ ਨਿਧਾਨ ਦੇ ਇਨਾਇਤ, ਮਿਹਰ ਨਜ਼ਰ ਉਠਾਈਆ । ਸੋ ਕਲਜੁਗ ਅੰਤਮ ਪੂਰਾ ਕਰੇ ਫ਼ਰਾਇਜ਼, ਫ਼ਰਦ ਜੁਰਮ ਲੱਗੇ ਉਪਰ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨ ਅਰਾਇਜ਼, ਅਰਜ਼ੀ ਪਿਛਲੀ ਵੇਖ ਵਖਾਈਆ । ਜਿਸ ਦਾ ਸਦੀ ਚੌਧਵੀਂ ਅੰਤ ਅਖ਼ੀਰ ਨਿਕਲਣਾ ਨਤਾਇਜ, ਨਤੀਜਾ ਵੇਖੇ ਥਾਉਂ ਥਾਈਂਆ । ਜੋ ਕਰਨਾ ਸੋ ਪ੍ਰਭ ਨੇ ਕਰਨਾ ਜਾਇਜ਼, ਨਾਜਾਇਜ਼ ਵਿਚ ਕਦੇ ਨਾ ਆਈਆ । ਹੁਕਮ ਦੇਣਾ ਇਕੋ ਵਾਹਦ, ਵਾਹਦ ਕਲਮਾ ਇਕ ਪੜ੍ਹਾਈਆ । ਧਰਮ ਦੀ ਧਾਰ ਸਚ ਹਦਾਇਤ, ਹਦੀਸ ਇਕ ਸੁਣਾਈਆ । ਕੂੜੀ ਕਿਰਿਆ ਕਰੇ ਨਾ ਕੋਇ ਰਿਆਇਤ, ਧੁਰ ਦੇ ਹੁਕਮ ਨਾਲ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਗ੍ਰਿਹਿ ਪੜਦਾ ਇਕ ਚੁਕਾਈਆ । ਚੇਤ ਕਹੇ ਕਲ ਵੇਖਾਂ ਪ੍ਰਭ ਦੀ ਰੀਤ, ਰੀਤੀਵਾਨ ਦਇਆ ਕਮਾਈਆ । ਜੋ ਆਤਮ ਪਰਮਾਤਮ ਦੱਸੇ ਗੀਤ, ਗਹਿਰ ਗੰਭੀਰ ਪੜਦਾ ਲਾਹੀਆ । ਜਨ ਭਗਤਾਂ ਕਰੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਵੇਖ ਵਖਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਕਲਜੁਗ ਕੂੜੀ ਅੱਗ ਬੁਝਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਆਤਮ ਬ੍ਰਹਮ ਜਣਾਈਆ । ਲੇਖਾ ਰਹੇ ਨਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗਹਿਰ ਗੰਭੀਰ ਪੜਦਾ ਰਿਹਾ ਉਠਾਈਆ । ਦੀਨ ਮਜ਼੍ਹਬ ਦੇ ਉਤੇ ਫੇਰ ਕੇ ਲੀਕ, ਜਗਤ ਹੱਦ ਰਿਹਾ ਗਵਾਈਆ । ਮੇਲ ਮਿਲਾਵੇ ਨਾਲ ਲਾਸ਼ਰੀਕ, ਸ਼ਰਕਤ ਅੰਦਰੋਂ ਦਏ ਕਢਾਈਆ । ਜਿਸ ਦੇ ਵਿਚ ਹੱਕ ਤੌਫ਼ੀਕ, ਮਹਿਬਾਨ ਬੀਦੋ ਅਖਵਾਈਆ । ਦਰਗਾਹ ਸਾਚੀ ਦਾ ਵਸਨੀਕ, ਸਚਖੰਡ ਦਵਾਰੇ ਬੈਠਾ ਡਗਮਗਾਈਆ । ਜਨ ਭਗਤਾਂ ਕਰੇ ਹੱਕ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਜਿਸ ਦੀ ਸਦੀ ਰਹੀ ਜਗ ਬੀਤ, ਬੀਤਿਆ ਲੇਖਾ ਦਏ ਚੁਕਾਈਆ । ਝਗੜਾ ਮੁਕਾ ਕੇ ਊਚ ਨੀਚ, ਰਾਓ ਰੰਕ ਇਕੋ ਨਜ਼ਰੀ ਆਈਆ । ਜਿਸ ਦੀ ਗੁਰ ਅਵਤਾਰ ਕਰਨ ਤਸਦੀਕ, ਸ਼ਹਾਦਤ ਇਕੋ ਦਰ ਭੁਗਤਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿਠੜਾ ਹੁਕਮ ਵਰਤਾਈਆ । ਜਨ ਭਗਤੋ ਕਰਵਟ ਵਿਚ ਬਦਲ ਕੇ ਪੀਠ, ਸਨਮੁਖ ਹੋ ਕੇ ਨਜ਼ਰੀ ਆਈਆ । ਮਾਨਸ ਜਨਮ ਸਭ ਨੇ ਲੈਣਾ ਜੀਤ, ਜਿਨ੍ਹਾਂ ਮਿਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਇਕ ਸੁਹਾਈਆ । ਚੇਤ ਕਹੇ ਮੈਂ ਵੇਖਾਂ ਖੇਲ ਸੁਹੰਜਣਾ, ਸੋਭਾਵੰਤ ਸੁਹਾਇੰਦਾ । ਭੇਵ ਖੁਲ੍ਹਾਏ ਆਦਿ ਨਿਰੰਜਣਾ, ਨਿਰਵੈਰ ਦਇਆ ਕਮਾਇੰਦਾ । ਭਗਤਾਂ ਵੇਖੇ ਦਰਦ ਦੁੱਖ ਭੈ ਭੰਜਣਾ, ਭਵਸਾਗਰ ਪੰਧ ਚੁਕਾਇੰਦਾ । ਨੇਤਰ ਪਾਏ ਨਾਮ ਅੰਞਣਾ, ਅੰਧ ਅੰਧੇਰਾ ਦੂਰ ਕਰਾਇੰਦਾ । ਸਚ ਦੁਆਰਾ ਦੱਸੇ ਮੰਗਣਾ, ਜਿਥੇ ਪੁਰਖ ਅਕਾਲਾ ਦੀਨ ਦਿਆਲਾ ਸੋਭਾ ਪਾਇੰਦਾ । ਸਚ ਦੁਆਰਾ ਦੱਸੇ ਲੰਘਣਾ, ਜਿਥੇ ਅੱਗੇ ਹੋ ਨਾ ਕੋਇ ਅਟਕਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਨੀ ਧਰਤ ਧਵਲ ਦਇਆ ਕਮਾਇੰਦਾ । ਚੇਤ ਕਹੇ ਜਨ ਭਗਤੋ ਸੰਦੇਸ਼ਾ ਦੇਵਾਂ ਸਤਿ, ਸਚ ਸਚ ਦ੍ਰਿੜਾਈਆ । ਜਿਸ ਭਾਗ ਲਗੌਣਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਧੁਰ ਦਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਸਭ ਦੀ ਪੂਰੀ ਕਰੇ ਆਸ, ਮਨਸਾ ਮਨਸਾ ਵਿਚ ਮਿਲਾਈਆ । ਸਚ ਭੰਡਾਰਾ ਦੇ ਕੇ ਦਾਤ, ਦਾਤਾ ਦਾਨੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਜਨ ਭਗਤ ਸੁਹੇਲਿਆਂ ਪੁਛੇ ਵਾਤ, ਦਾਤਾ ਦਾਨੀ ਵੇਖੇ ਥਾਉਂ ਥਾਈਆ । ਸਤਿ ਸਤਿਵਾਦੀ ਦੱਸ ਅਗੰਮੀ ਗਾਥ, ਅਲਖ ਅਗੋਚਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਅਗਨੀ ਬੁਝਾਏ ਆਂਚ, ਅੰਚਲ ਉਹਲੇ ਹੋ ਕੇ ਪੜਦਾ ਆਪਣਾ ਆਪ ਉਠਾਈਆ ।



✱ ੧੯ ਚੇਤ ਸ਼ਹਿਨਸ਼ਾਹੀ ਸੰਮਤ ੪ ਬਟਾਲਾ ਅਜੀਤ ਸਿੰਘ ਦੇ ਗ੍ਰਿਹ ✱

ਨਿਮਸਕਾਰ ਕਰ ਕੇ ਹਟੇ ਦੋਵੇਂ ਹੱਥ, ਬੰਦਨਾ ਡੰਡਾਵਤ ਜਗਦੀਸ਼ ਸਰਨ ਸਰਨਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸਦਾ ਸਮਰਥ, ਦੋ ਜਹਾਨਾਂ ਮਾਲਕ ਖ਼ਾਲਕ ਧੁਰ ਦਾ ਸ਼ਹਿਨਸ਼ਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਮਹਿੰਮਾ ਸਕੇ ਕੋਈ ਨਾ ਕਥ, ਕਾਤਬ ਲੇਖ ਨਾ ਕੋਇ ਸਮਝਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਲੇਖਾ ਜਾਣੇ ਹਰ ਘਟ, ਘਟ ਨਿਵਾਸੀ ਵੇਖ ਵਖਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਤਮ ਪਰਮਾਤਮ ਚਲਾਵਣਹਾਰਾ ਰਥ, ਧੁਰ ਰਥਵਾਹੀ ਇਕੋ ਨਜ਼ਰੀ ਆਈਆ । ਜਿਸ ਦਾ ਰਸਨਾ ਜਿਹਵਾ ਬੱਤੀ ਦੰਦ ਸੋਹਲੇ ਢੋਲੇ ਰਾਗ ਕਲਮੇ ਗੌਂਦੇ ਜਸ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਓਹ ਨੇਤਰ ਲੋਚਨ ਨੈਣ ਨਿਰਗੁਣ ਧਾਰ ਏਕੰਕਾਰ ਇਕ ਇਕੱਲਾ ਅਗੰਮੀ ਖੋਲ੍ਹੇ ਅੱਖ, ਪ੍ਰਤੱਖ ਆਪਣਾ ਨੂਰ ਕਰੇ ਰੁਸ਼ਨਾਈਆ । ਸਚ ਦਵਾਰਾ ਏਕਕਾਰਾ ਖੋਲ੍ਹ ਆਪਣਾ ਹੱਟ, ਵਸਤ ਅਮੋਲਕ ਏਕਾ ਏਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਚੁਕਾਈਆ । ਹੱਥ ਕਹਿਣ ਅਸੀਂ ਜੁਗ ਜੁਗ ਜੁੜਦੇ, ਆਪਣਾ ਕਰਮ ਕਮਾਈਆ । ਨਿਰਮਾਣਤਾ ਵਿਚ ਸਦਾ ਤੁਰਦੇ, ਭੱਜੀਏ ਚਾਈਂ ਚਾਈਂਆ । ਦਰਸ਼ਨ ਕਰੀਏ ਓਸ ਸਤਿਗੁਰ ਦੇ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਢੋਲੇ ਪੜ੍ਹੀਏ ਉਹਦੇ ਧੁਰ ਦੇ, ਜੋ ਜੁਗ ਜੁਗ ਕਲਮਾ ਦਏ ਦ੍ਰਿੜਾਈਆ । ਜਿਸ ਦੇ ਪ੍ਰੇਮ ਨਾਲ ਜੀਵਤ ਹੋਵਣ ਮੁਰਦੇ, ਤਨ ਮਾਟੀ ਖ਼ਾਕੀ ਵੱਜੇ ਵਧਾਈਆ । ਰਾਗ ਸੁਣਾਏ ਅਗੰਮੀ ਸੁਰ ਦੇ, ਸੁਰਤੀ ਸ਼ਬਦ ਵਿਚ ਮਿਲਾਈਆ । ਪ੍ਰਕਾਸ਼ ਦੇਵੇ ਅਗੰਮੇ ਨੂਰ ਦੇ, ਜੋਤੀ ਜੋਤ ਜੋਤ ਰੁਸ਼ਨਾਈਆ । ਦਰਸ਼ਨ ਤੱਕੀਏ ਓਸ ਹਜ਼ੂਰ ਦੇ, ਜੋ ਹਜ਼ਰਤਾਂ ਕਰੇ ਪੜ੍ਹਾਈਆ । ਜਿਸ ਪੈਂਡੇ ਮੁਕਾਏ ਨੇੜੇ ਦੂਰ ਦੇ, ਨਿਜ ਆਤਮ ਪਰਮਾਤਮ ਮੇਲ ਮਿਲਾਈਆ । ਕਲਜੁਗ ਝਗੜੇ ਮੁਕਾਏ ਕਿਰਿਆ ਕੂੜ ਦੇ, ਜੂਠ ਝੂਠ ਡੇਰਾ ਢਾਹੀਆ । ਹੱਥ ਕਹਿਣ ਅਸੀਂ ਵਣਜਾਰੇ ਪ੍ਰਭ ਚਰਨ ਧੂੜ ਦੇ, ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੱਥ ਕਹਿਣ ਅਸੀਂ ਦੋਵੇਂ ਇਕੱਠੇ, ਮਤਾ

ਧੁਰ ਦਾ ਲਿਆ ਪਕਾਈਆ । ਸਚ ਸਰਨਾਈ ਏਕਾ ਏਕੰਕਾਰ ਢੱਠੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਧੁਰ ਦਰਬਾਰੇ ਕੌਲ ਇਕ਼ਰਾਰ ਕਰਨੇ ਸੱਚੇ, ਸੰਜਮ ਸਚ ਇਕੋ ਨਜ਼ਰੀ ਆਈਆ । ਭਾਗ ਲਗੌਣਾ ਕਾਇਆ ਮਾਟੀ ਕੱਚੇ, ਕੰਚਨ ਗੜ੍ਹ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਮਿੰਨਤਾਂ ਕਰ ਕਰ ਰਹੇ ਸੱਦੇ, ਨਿਉਂ ਨਿਉਂ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕੱਢ ਦੇ ਦਗ਼ੇ, ਮਨ ਠਗੌਰੀ ਰਹਿਣ ਕੋਇ ਨਾ ਪਾਈਆ । ਗੁਰਮੁਖ ਗੁਰਸਿਖ ਦਰ ਦਵਾਰੇ ਆਏ ਤੇਰੇ ਬੱਚੇ, ਬਚਪਨ ਆਪਨਾ ਆਪਣੀ ਝੋਲੀ ਪਾਈਆ । ਪ੍ਰੇਮ ਪਿਆਰ ਦੇ ਨਾਤੇ ਕਰ ਦੇ ਪੱਕੇ, ਏਥੇ ਓਥੇ ਦੋ ਜਹਾਨ ਨਾ ਕੋਇ ਤੁੜਾਈਆ । ਵਸਤ ਅਮੋਲਕ ਕਾਇਆ ਗੋਲਕ ਦੇਦੇ ਆਪਨੇ ਹੱਟੇ, ਸਚ ਭੰਡਾਰਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੱਥ ਕਹਿਣ ਅਸੀਂ ਦੋਵੇਂ ਹਸਤ, ਹਸਤੀ ਤਕਣੀ ਬੇਪ੍ਰਵਾਹੀਆ । ਨਾਮ ਖ਼ੁਮਾਰੀ ਵਿਚ ਹੋਣਾ ਮਸਤ, ਗ਼ਫ਼ਲਤ ਨਿੰਦਰਾ ਰਹੇ ਨਾ ਰਾਈਆ । ਨੂਰ ਨੁਰਾਨਾ ਤਕਣਾ ਉਪਰ ਅਰਸ਼, ਅਰਸ਼ ਦਾ ਮਾਲਕ ਫ਼ਰਸ਼ ਸੋਭਾ ਪਾਈਆ । ਜੋ ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਵੰਡੇ ਦਰਦ, ਦੀਨਾਂ ਅਨਾਥਾਂ ਹੋਏ ਸਹਾਈਆ । ਦੂਈ ਦਵੈਤੀ ਬਜਰ ਕਪਾਟੀ ਅੰਦਰੋਂ ਲਾਹ ਕੇ ਪੜਦ, ਪੜਦਾ ਉਹਲਾ ਨਿਝਰ ਦਏ ਚੁਕਾਈਆ । ਸ਼ਬਦ ਅਨਾਦ ਸੁਣਾਏ ਅਗੰਮੀ ਤਰਜ, ਤੁਰੀਆਂ ਤੋਂ ਪਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਹੱਥ ਕਹਿਣ ਪ੍ਰਭ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਸੁਹਾਵਣ ਆਇਆ ਭਗਤ ਸੁਹੇਲਿਆਂ ਅੱਜ ਦੀ ਰਾਤੀ, ਰੁਤੜੀ ਆਪਣੇ ਨਾਮ ਮਹਿਕਾਈਆ । ਦੇਵਣਹਾਰ ਧੁਰ ਸੰਦੇਸਾ ਅਗੰਮੀ ਬਾਤੀ, ਬੋਧ ਅਗਾਧ ਕਰੇ ਪੜ੍ਹਾਈਆ । ਜਨ ਭਗਤ ਸੁਹੇਲੇ ਗੁਰਮੁਖ ਸੱਜਣ ਮੀਤ ਮੁਰਾਰ ਸਚ ਧਰਮ ਦੇ ਬਣਾ ਕੇ ਇਕ ਜਮਾਤੀ, ਇਕੋ ਵਿਦਿਆ ਅੰਦਰ ਦਏ ਟਿਕਾਈਆ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਰਹੇ ਨਾ ਕੋਇ ਲੋਕਾਈਆ । ਮਨ ਕਲਪਣਾ ਮੋਹ ਵਿਕਾਰ ਦੁਰਮਤ ਮੈਲ ਅੰਦਰੋਂ ਜਾਏ ਲਾਥੀ, ਤਨ ਵਜੂਦ ਰਹਿਣ ਨਾ ਪਾਈਆ । ਜੋ ਸਤਿਗੁਰ ਸ਼ਬਦੀ ਅੰਤਰ ਆਤਮ ਮੰਨਣ ਆਖੀ, ਆਖ਼ਰ ਮੰਜ਼ਲ ਦਏ ਚੜ੍ਹਾਈਆ । ਜਿਥੇ ਮਿਲੇ ਪੁਰਖ ਅਬਿਨਾਸ਼ੀ, ਦਰਗਾਹ ਸਾਚੀ ਸੋਭਾ ਪਾਈਆ । ਆਵਣ ਜਾਵਣ ਲੱਖ ਚੁਰਾਸੀ ਮੇਟੇ ਵਾਟੀ, ਪਾਂਧੀ ਪੰਧ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਵੇਖ ਵਖਾਈਆ । ਹੱਥ ਕਹਿਣ ਹੱਥ ਜੋੜਦੇ ਗੁਰੂ ਪੀਰ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਭਿਖਾਰ, ਦਰ ਠਾਂਡੇ ਝੋਲੀਆਂ ਡਾਹੀਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖੇ ਪਿਆਰ, ਤ੍ਰੈ ਪੰਜ ਚਰਨ ਕਵਲ ਸਰਨਾਈਆ । ਨਾਦ ਸ਼ਬਦ ਧੁਨ ਗਾਵਣ ਵਾਰੋ ਵਾਰ, ਵਾਰਤਾ ਬੇਪ੍ਰਵਾਹੀਆ । ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ੀ ਧੁਰ ਫ਼ਰਮਾਨਾ ਕਰੇ ਉਜਿਆਰ, ਨਾਮ ਸੰਦੇਸ਼ਾ ਇਕ ਦ੍ਰਿੜਾਈਆ । ਮੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰਾਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਹੁਕਮੇ ਵਿਚ ਭੁਆਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਲਹਿਣਾ ਦੇਣਾ ਲੇਖਾ ਜਾਣੇ ਥਾਉਂ ਥਾਈਆ । ਗੁਰਮੁਖ ਸੰਤ ਸੁਹੇਲੇ ਸੋਏ ਲਏ ਉਠਾਲ, ਸ਼ਬਦ ਹਲੂਣਾ ਇਕ ਲਗਾਈਆ । ਉਠੋ ਵੇਖੋ ਸਚ ਸੱਚੀ ਧਰਮਸਾਲ, ਜਿਥੇ ਬੈਠਾ ਬੇਪਰਵਾਹੀਆ । ਨਾਮ ਖ਼ਜ਼ਾਨਾ ਦੇਵੇ ਧੁਰ ਦਾ ਮਾਲ, ਦੌਲਤ ਅਨਮੁਲੀ ਝੋਲੀ ਪਾਈਆ । ਪ੍ਰਭ ਸਰਨਾਈ

ਆ ਰਹੇ ਨਾ ਕੋਈ ਕੰਗਾਲ, ਕੰਗਾਲਾਂ ਸ਼ਾਹ ਦਏ ਬਣਾਈਆ । ਸ਼ਬਦ ਵਿਚੋਲਾ ਦੋ ਜਹਾਨਾਂ ਬਣ ਦਲਾਲ, ਏਥੇ ਓਥੇ ਕਰੇ ਸਫ਼ਾਈਆ । ਮੁਰਸ਼ਦ ਹੋ ਕੇ ਪੁਛੇ ਮੁਰੀਦਾਂ ਹਾਲ, ਮਿਹਰਵਾਨ ਮਹਿਬੂਬ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਦੋਏ ਹੱਥ ਕਹਿਣ ਪ੍ਰੇਮ ਪ੍ਰੀਤੀ ਬਣਿਆ ਰੰਗ, ਰੰਗਤ ਬੇਪ੍ਰਵਾਹੀਆ । ਜਨ ਭਗਤੋ ਆਤਮ ਪਰਮਾਤਮ ਨਿਭਾਉਣਾ ਸੰਗ, ਵਿਛੋੜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਇਕੋ ਗਾਉਣਾ ਛੰਦ, ਸੋਹਲਾ ਰਾਗ ਵੱਜੇ ਵਧਾਈਆ । ਨਿਜ ਘਰ ਆਪਣਾ ਲੈਣਾ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਘਰ ਜੋਤੀ ਨੂਰ ਵੇਖਣਾ ਚੰਦ, ਅੰਧ ਅੰਧੇਰ ਦਏ ਮਿਟਾਈਆ । ਅੰਤਰ ਆਤਮ ਦੇਵੇ ਠੰਡ, ਨਿਝਰ ਝਿਰਨਾ ਰਸ ਝਿਰਾਈਆ । ਸ਼ਬਦ ਨਾਦ ਸੁਣਨਾ ਅਨਹਦ, ਨਾਦੀ ਨਾਦ ਜਣਾਈਆ । ਨੇਤਰ ਖੋਲ੍ਹ ਅਗੰਮੀ ਅੱਖ, ਲੋਚਨ ਲੋਚ ਕਰੇ ਰੁਸ਼ਨਾਈਆ । ਸੰਤ ਸੁਹੇਲੇ ਬਣੋ ਪ੍ਰਭੂ ਦੀ ਯਦ, ਪੁਸ਼ਤ ਪਨਾਹ ਹੱਥ ਟਿਕਾਈਆ । ਮਨ ਕਲਪਣਾ ਕੂੜੀ ਕਿਰਿਆ ਦਿਉ ਛੱਡ, ਜਗਤ ਤ੍ਰਿਸ਼ਨਾ ਨਾ ਕੋਇ ਹਲਕਾਈਆ । ਅਗਨੀ ਤਤ ਬੁਝਾਉਣੀ ਅੱਗ, ਮਮਤਾ ਮੋਹ ਮਿਟਾਈਆ । ਬਿਨ ਮਕਿਉਂ ਬਿਨ ਕਾਅਬਿਉਂ ਕਰਾਏ ਹੱਜ, ਹੁਜਰਾ ਇਕੋ ਹੱਕ ਸੁਹਾਈਆ । ਸਚਖੰਡ ਦਵਾਰੇ ਬਹਿਣਾ ਸਜ, ਚੌਕੜੀ ਸਚ ਸਿੰਘਾਸਣ ਉਪਰ ਲਗਾਈਆ । ਗੁਰਮੁਖੋ ਤੁਹਾਡੀ ਬਦਲੇ ਕਦੇ ਨਾ ਅੱਖ, ਨਿੰਦਰਾ ਵਿਚ ਕਦੇ ਨਾ ਆਈਆ । ਜੋ ਬਾਹਰੋਂ ਅੱਖ ਨੇਤਰ ਨਿਗਾਹ ਰਹੀ ਤੱਕ, ਚਮਕ ਸ਼ੱਕ ਵਾਲੀ ਲੁਕਾਈਆ । ਜਿਹੜੇ ਇਹ ਮੰਜ਼ਲ ਗਏ ਟੱਪ, ਉਨ੍ਹਾਂ ਦੀ ਸੁਰਤੀ ਗ਼ਫ਼ਲਤ ਵਿਚ ਕਦੇ ਨਾ ਆਈਆ । ਜਗਤ ਜਹਾਨੋਂ ਹੋ ਕੇ ਅੱਡ, ਸਚ ਦਵਾਰੇ ਡੇਰਾ ਲਾਈਆ । ਜਿਥੇ ਵਸੇ ਪੁਰਖ ਸਮਰਥ, ਨਿਰਗੁਣ ਦਾਤਾ ਨੂਰ ਇਲਾਹੀਆ । ਓਥੇ ਫੇਰ ਨਹੀਂ ਜੁੜਦੇ ਹੱਥ, ਹੱਥ ਨਜ਼ਰ ਕੋਇ ਨਾ ਆਈਆ । ਸਵਾਦ ਤੋਂ ਪਰੇ ਓਹ ਰਸ, ਜਿਸ ਨੂੰ ਰਸਨਾ ਚਖ ਨਾ ਕੋਇ ਸਮਝਾਈਆ । ਭਗਤ ਭਗਵਾਨ ਇਕੱਠੇ ਹੋ ਕੇ ਜਾਣਾ ਵਸ, ਵਾਸਤਾ ਇਕੋ ਨਾਲ ਰਖਾਈਆ । ਜਗਤ ਜਹਾਨ ਦੀ ਮੰਜ਼ਲ ਜਾਣਾ ਟਪ, ਮੰਜ਼ਲ ਪਿਛਲਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਖਾਈਆ । ਹੱਥ ਕਹਿਣ ਅਸੀਂ ਜੁੜ ਜੁੜ ਥੱਕੇ, ਥਕਾਵਟ ਵਿਚ ਵਖਾਈਆ । ਅਸੀਂ ਲਭਦੇ ਫਿਰੇ ਮਦੀਨੇ ਮੱਕੇ, ਕਾਅਬਿਆਂ ਵਿਚ ਦੁਹਾਈਆ । ਮੰਦਰ ਮਸਜਿਦ ਸ਼ਿਵਦੁਵਾਲੇ ਫਿਰੇ ਨੱਠੇ, ਭੱਜੇ ਵਾਹੋ ਦਾਹੀਆ । ਪੰਧ ਮੁਕਾਏ ਤੀਰਥ ਤੱਟੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾਂ ਵਰਕੇ ਬੜੇ ਉਲੱਟੇ, ਸਫ਼ਿਆਂ ਨੂੰ ਬ੍ਰਿੜਾਈਆ । ਜਗਤ ਸਨਿਆਸੀਆਂ ਵੈਰਾਗੀਆਂ ਤਿਆਗੀਆਂ ਸਾਧੂਆਂ ਦੇ ਕ਼ਦਮ ਬੜੇ ਚੱਟੇ, ਹੱਥਾਂ ਨਾਲ ਕੀਤੀ ਸਫ਼ਾਈਆ । ਦੇਂਦੇ ਰਹੇ ਪੱਥਰ ਵੱਟੇ, ਆਪਣੀ ਅੱਖ ਖੁਲ੍ਹਾਈਆ । ਬਿਨਾ ਸਾਹਿਬ ਸਤਿਗੁਰ ਸੰਗਤ ਹਿੱਤ ਸਾਚਾ ਮਾਰਗ ਕੋਇ ਨਾ ਦੱਸੇ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਸਭ ਦੇ ਧੰਨ ਭਾਗ ਅੱਛੇ, ਜੋ ਆਤਮ ਪਰਮਾਤਮ ਬੂਝ ਬੁਝਾਈਆ । ਧੁਰ ਦੀ ਧਾਰ ਦੇਵੇ ਪਤੇ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਹੱਥ ਕਹਿਣ ਅਸੀਂ ਸਦਾ ਰਹੀਏ ਬੱਧੇ, ਬੰਦਨਾ ਵਿਚ ਸੀਸ ਨਿਵਾਈਆ । ਜੋ ਜਨਮ ਕਰਮ ਦੇ ਸਾਡੇ ਮੇਟੇ ਧੱਬੇ, ਕੂੜ ਵਿਕਾਰਾ ਦਏ ਧੁਆਈਆ । ਜਿਧਰ ਵੇਖੀਏ ਓਧਰ ਲੱਭੇ, ਹਰ ਘਟ ਨਜ਼ਰੀ ਆਈਆ । ਜਾਂ ਵੇਖੀਏ ਆਤਮ ਸੇਜ ਸਿੰਘਾਸਣ ਫੱਬੇ, ਸੋਹਣਾ ਬਾਂਕਾ ਨਜ਼ਰੀ ਆਈਆ । ਸਾਡਾ ਵਿਛੋੜਾ ਹੋਵੇ ਨਾ ਕਦੇ, ਕ਼ਦੀਮ ਦੇ ਵਿਛੜੇ ਲਏ ਮਿਲਾਈਆ । ਸਚ ਪ੍ਰੇਮ ਮੁਹੱਬਤ ਦੇਵੇ ਮਜ਼ੇ, ਮਜ਼ਾਕ ਜਗਤ ਰਹੇ ਨਾ ਰਾਈਆ । ਅੰਤ ਨੇੜ ਨਾ ਆਏ ਕ਼ਜ਼ੇ, ਰਾਏ ਧਰਮ

ਨਾ ਦਏ ਸਜ਼ਾਈਆ । ਜੋ ਸਾਹਿਬ ਸਰਨਾਈ ਲੱਗੇ, ਨਾਤਾ ਕੂੜ ਜਗਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਹੱਥ ਕਹਿਣ ਅਸੀਂ ਜੁੜ ਕਰੀਏ ਅਰਦਾਸ, ਬੇਨੰਤੀ ਇਕ ਸੁਣਾਈਆ । ਨਿਰਗੁਣ ਰੂਪ ਪ੍ਰਭ ਸਦ ਵਸੀਂ ਭਗਤਾਂ ਪਾਸ, ਨਿਰਗੁਣ ਆਤਮਾ ਸਰਗੁਣ ਤਤ ਲੈਣਾ ਮਿਲਾਈਆ । ਗ਼ਰੀਬ ਨਿਮਾਣਿਆਂ ਆਸਾ ਮਨਸਾ ਪੂਰੀ ਕਰੀਂ ਖ਼ਾਹਸ਼, ਖ਼ਾਲਸ ਆਪਣਾ ਪੜਦਾ ਲਾਹੀਆ । ਤੇਰੀ ਕਰਨੀ ਨਾ ਪਏ ਤਲਾਸ਼, ਘਰ ਘਰ ਵਿਚ ਨਜ਼ਰੀ ਆਈਆ । ਤੇਰੀ ਕਿਰਪਾ ਨਾਲ ਜਾਈਏ ਜਾਗ, ਆਲਸ ਨਿੰਦਰਾ ਦੇਣੀ ਮਿਟਾਈਆ । ਮਿਹਰਵਾਨ ਹੋ ਕੇ ਦੇਣਾ ਓਹ ਵੈਰਾਗ, ਜਿਸ ਦੇ ਨਾਲ ਵੈਰੀ ਅੰਦਰੋਂ ਦੇਈਏ ਭਜਾਈਆ । ਕੂੜੀ ਕਿਰਿਆ ਦਾ ਹੋਵੇ ਤਿਆਗ, ਤੇਰਾ ਮੇਲਾ ਕੰਤ ਸੁਹਾਗ, ਘਰ ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਲੈਣਾ ਮਿਲਾਈਆ । ਹੱਥ ਕਹਿਣ ਸਾਡੀ ਧੁਰ ਦੀ ਜੋੜੀ, ਜੋੜੀ ਜਗਤ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਕਿਰਪਾ ਕਰ ਕੇ ਚਾੜ੍ਹੇ ਸ਼ਬਦ ਘੋੜੀ, ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤਾਂ ਦੀ ਜਗਿਆਸੂਆਂ ਨਾਲੋਂ ਚੰਗੀ ਚੋਰੀ, ਚੋਰੀ ਚੋਰੀ ਅੰਦਰੇ ਅੰਦਰ ਪ੍ਰਭ ਨੂੰ ਰਹੇ ਪਾਈਆ । ਇਨ੍ਹਾਂ ਨੂੰ ਸੁੱਟ ਲਓ ਆਪਣੀ ਕਾਇਆ ਵਾਲੀ ਬੋਰੀ, ਸਾਢੇ ਤਿੰਨ ਹੱਥ ਲੰਮੀ ਨਜ਼ਰੀ ਆਈਆ । ਫੇਰ ਝੁਕ ਕੇ ਚੜ੍ਹ ਗਏ ਓਸ ਪੌੜੀ, ਜਿਸ ਦਾ ਪੌੜੀ ਡੰਡਾ ਨਾ ਕੋਇ ਵਖਾਈਆ । ਭਾਰ ਰੱਖ ਲਿਆ ਆਪਣੀ ਮੌਰੀਂ, ਭੱਜਣ ਚਾਈਂ ਚਾਈਂਆ । ਇਨ੍ਹਾਂ ਦਾ ਸਤਿਗੁਰ ਬੜਾ ਘੋਰੀ, ਸ਼ਬਦੀ ਹੋ ਕੇ ਅੰਦਰ ਵੇਖ ਵਖਾਈਆ । ਗੁਰਮੁਖੋ ਕਰਿਓ ਨਾ ਬਹੁੜੀ ਬਹੁੜੀ, ਬਹੁੜ ਲਿਆ ਮਿਲਾਈਆ । ਤੁਹਾਡੀ ਅੰਤਰ ਨਿਰੰਤਰ ਜਗਤ ਧਾਰ ਰਹੇ ਨਾ ਕੌੜੀ, ਅਨਰਸ ਮਿੱਠਾ ਦਿਆਂ ਵਖਾਈਆ । ਪਰਮ ਪੁਰਖ ਪਰਮਾਤਮਾ ਦਾ ਆਤਮਾ ਸਾਚਾ ਜੌਹਰੀ, ਹੀਰੇ ਨਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੱਥ ਕਹਿਣ ਇਹ ਕਲਜੁਗ ਦੀ ਚਲਦੀ ਰੇਲ, ਮੁਸਾਫ਼ਰ ਗੁਰਮੁਖ ਮਨਮੁਖ ਨਜ਼ਰੀ ਆਈਆ । ਜਿਨ੍ਹਾਂ ਦਾ ਜਗਤ ਘਾਟ ਤੇ ਮੇਲ, ਕਿਨਾਰੇ ਇਕਾ ਡੇਰਾ ਲਾਈਆ । ਸਾਰਿਆਂ ਦੇ ਡੱਬਿਆਂ ਵਿਚ ਵਿਹਲ, ਖ਼ਾਲੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਹੱਥ ਕਹਿਣ ਗੁਰਮੁਖ ਵੱਡਾ ਸੇਠ, ਲਾਲ ਆਤਮ ਪ੍ਰਭ ਨੇ ਦਿਤਾ ਟਿਕਾਈਆ । ਮਨਮੁਖ ਵੱਡਾ ਢੀਠ, ਆਪਣੀ ਵਸਤ ਹੱਥ ਨਾ ਆਈਆ । ਦੋਹਾਂ ਦਾ ਸਫ਼ਰ ਰਿਹਾ ਬੀਤ, ਸਦੀ ਚੌਧਵੀਂ ਦਏ ਗਵਾਹੀਆ । ਜਿਸ ਵੇਲੇ ਆਤਮਾ ਦਾ ਪਰਮਾਤਮਾ ਕੋਲ ਬੰਦੇ ਵਾਲਾ ਸਟੇਸ਼ਨ ਆਇਆ ਠੀਕ, ਠਾਕਰ ਹੋ ਕੇ ਵੇਖ ਵਖਾਈਆ । ਓਹ ਨਿਰਗੁਣ ਲਾਲ ਦਿਸੇ ਅਤੀਤ, ਤ੍ਰੈਗੁਣ ਵਿਚ ਨਾ ਕਦੇ ਲੁਟਾਈਆ । ਜਗਤ ਕੁੜਿਆਰਾ ਸਦਾ ਵੇਖੇ ਲਾ ਕੇ ਨੀਝ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਦੀ ਸਤਿ ਸਚ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਮਿਸਲ ਮਿਸਾਲਾਂ ਸਾਰੀਆਂ ਠੀਕ, ਬਿਨਾ ਠਾਕਰ ਦੇ ਤੋੜ ਨਾ ਕੋਇ ਨਿਭਾਈਆ । ਜਨ ਭਗਤੋ ਇਕ ਦੀ ਇਕ ਨਾਲ ਰਹੇ ਪ੍ਰੀਤ, ਇਕ ਵਿਚ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਹੱਥ ਕਹਿਣ ਸਾਡੀ ਡੰਡਾਵਤ, ਪੋਟੇ ਉਂਗਲੀਆਂ ਦੇਣ ਗਵਾਹੀਆ । ਪੁਰਖ ਅਕਾਲੇ ਕਰ ਸਖ਼ਾਵਤ, ਵਸਤ ਅਮੋਲਕ ਇਕ ਵਰਤਾਈਆ । ਮਨੂਆ ਮਨ ਨਾ ਕਰੇ ਬਗ਼ਾਵਤ, ਕਾਇਆ ਗ੍ਰਿਹਿ ਨਾ ਕੋਇ ਲੜਾਈਆ । ਦੂਈ

ਰਹੇ ਨਾ ਕੋਇ ਅਦਾਵਤ, ਝਗੜਾ ਕੂੜ ਦੇਣਾ ਮਿਟਾਈਆ । ਤੇਰੇ ਪ੍ਰੇਮ ਦਾ ਰਸ ਮਿਲੇ ਅਗੰਮੀ ਨਿਆਮਤ, ਧੁਰ ਵਸਤ ਦੇਣੀ ਵਰਤਾਈਆ । ਬੁੱਧੀ ਸਵੱਛ ਕਰਨੀ ਲਿਆਕਤ, ਅਕ਼ਲ ਅਕਲ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੱਥ ਕਹਿਣ ਪ੍ਰਭ ਸਭ ਦੀ ਮੁਕਾ ਦੇ ਵਾਟ, ਆਪਣੀ ਦਇਆ ਕਮਾਈਆ । ਜਿਹੜਾ ਮਨ ਬੈਠਾ ਇੰਦ੍ਰੀਆਂ ਦੇ ਘਾਟ, ਵਿਸ਼ਿਆਂ ਵਿਚ ਵਿਹਾਈਆ । ਰਸਨਾ ਰਸ ਰਿਹਾ ਚਾਟ, ਚੇਟਕ ਕੂੜ ਲੋਕਾਈਆ । ਕਰੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਪਣਾ ਵਾਲੀ ਖ਼ਾਹਸ਼, ਮਮਤਾ ਵਿਚ ਹਲਕਾਈਆ । ਦੀਨ ਦੁਨੀ ਕੀਤੀ ਨਾਸ, ਨਾਸਤਕ ਕਰੇ ਖ਼ਲਕ ਖ਼ੁਦਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੀ ਬੇਪ੍ਰਵਾਹੀਆ । ਬੁੱਧੀ ਕਰੇ ਪ੍ਰਕਾਸ਼, ਪੜਦਾ ਰਹੇ ਨਾ ਰਾਈਆ । ਆਤਮ ਤੇਰੀ ਜ਼ਾਤ, ਜਲਵਾਗਰ ਦਇਆ ਕਮਾਈਆ । ਆਪਣਾ ਵੇਖ ਖੇਲ ਤਮਾਸ਼, ਗ੍ਰਿਹਿ ਮੰਦਰ ਡੇਰਾ ਲਾਈਆ । ਸੇਜ ਸੁਹੰਜਣੀ ਸੋਭਾਵੰਤ ਮਿਲ ਕੇ ਕਰ ਬਾਤ, ਬਾਤਨ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਧੁਰ ਦਾ ਲੈਣਾ ਕਰਾਈਆ । ਹੱਥ ਕਹਿਣ, ਮਨ ਇੰਦ੍ਰੀਆਂ ਦੇ ਘਾਟ ਕਿਉਂ ਹੋਇਆ ਵੱਸ, ਇੰਦ੍ਰੀਆਂ ਮਨ ਦੇ ਵੱਸ ਕਿਉਂ ਕਰਾਈਆ । ਕਿਉਂ ਬੁੱਧੀ ਹੋਈ ਬੱਸ, ਬਸਤਾ ਬੰਨ੍ਹ ਕੇ ਆਪਣਾ ਆਪ ਛੁਪਾਈਆ । ਕਿਉਂ ਆਤਮਾ ਦੂਰ ਦੁਰਾਡਾ ਰਿਹਾ ਨੱਸ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕਿਰਪਾ ਕਰ ਪੁਰਖ ਸਮਰਥ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਅਗੰਮੀ ਇਕੋ ਮਾਰ ਸੱਟ, ਸੋਈ ਸੁਰਤੀ ਦੇ ਜਗਾਈਆ । ਜਗਤ ਵਿਕਾਰ ਜਾਏ ਨੱਠ, ਆਤਮ ਪ੍ਰਕਾਸ਼ ਹੋਵੇ ਝਟ, ਏਕਾ ਨੂਰ ਡਗਮਗਾਈਆ । ਸਾਚਾ ਪਤਣ ਸਾਚਾ ਘਾਟ ਸਾਚਾ ਮਾਰਗ ਉਪਰ ਹੋਏ ਇਕੋ ਬੱਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਹੱਥ ਕਹਿਣ ਅਸੀਂ ਬੋਲ ਕੇ ਕਹੀਏ ਹੱਸ, ਖ਼ੁਸ਼ੀਆਂ ਨਾਲ ਜਣਾਈਆ । ਕੂੜੀ ਕਿਰਿਆ ਮੇਟ ਅੰਧੇਰੀ ਮੱਸ, ਸਤਿ ਸਚ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਉਠਾਈਆ । ਹੱਥ ਕਹਿਣ ਮਨ ਦੀ ਕੀ ਮਨਸਾ, ਮਮਤਾ ਕੀ ਵਡਿਆਈਆ । ਕਿਉਂ ਹੰਕਾਰੀ ਬਣਿਆ ਕੰਸਾ, ਕੂੜ ਬਲ ਪ੍ਰਗਟਾਈਆ । ਅਪਰਾਧ ਉਠਾਇਆ ਧਨੁਸ਼ਾ, ਰਾਵਣ ਰਟ ਸਮਝਾਈਆ । ਗੜ੍ਹ ਬਣਾਇਆ ਹੰਗਤਾ, ਹਉਮੇ ਨਾਲ ਚਤੁਰਾਈਆ । ਕੁਕਰਮ ਕਰਨੋਂ ਮੂਲ ਨਾ ਸੰਗਦਾ, ਭੱਜੇ ਵਾਹੋ ਦਾਹੀਆ । ਵਿਸ਼ਾ ਵਿਕਾਰ ਨਿਤ ਨਵਿਤ ਮੰਗਦਾ, ਮਨਸਾ ਮਨਸਾ ਵਿਚੋਂ ਪ੍ਰਗਟਾਈਆ । ਪ੍ਰਭੂ, ਕਿਉਂ ਨਹੀਂ ਭੇਵ ਖੁਲ੍ਹਾਉਂਦਾ ਹੰ ਬ੍ਰਹਮ ਦਾ, ਪੜਦਾ ਇਕ ਚੁਕਾਈਆ । ਜਿਹੜਾ ਆਤਮਾ ਤੇਰੀ ਧਾਰ ਵਿਚੋਂ ਜੰਮਦਾ, ਜਣਨੀ ਕੁੱਖ ਨਾ ਕੋਇ ਟਿਕਾਈਆ । ਜਿਸ ਨੂੰ ਸਹਾਰਾ ਤੇਰੇ ਪ੍ਰੇਮ ਦਾ, ਪ੍ਰੇਮ ਪ੍ਰੀਤੀ ਲੈਣੀ ਬਣਾਈਆ । ਤੂੰ ਵਣਜਾਰਾ ਇਕ ਨੇਮ ਦਾ, ਹੰ ਵਿਚ ਆਪਣੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਦੇਣਾ ਵਖਾਈਆ । ਹੱਥ ਕਹਿਣ ਅਸੀਂ ਹਸਤ ਕਵਲ, ਹਸਤੀ ਵੇਖੀ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਉਪਰ ਧਵਲ, ਧਰਨੀ ਧੌਲ ਧਰਤ ਦਏ ਦ੍ਰਿੜਾਈਆ । ਜਿਸ ਨੂੰ ਨੂਰ ਖ਼ੁਦਾਈ ਕਹਿੰਦੇ ਅਵਲ, ਆਲਮੀਨ ਬੇਪ੍ਰਵਾਹੀਆ । ਸੋ ਸਭ ਘਟ ਰਿਹਾ ਮਵਲ, ਨੂਰ ਨੁਰਾਨਾ ਡਗਮਗਾਈਆ । ਕਿਰਪਾ ਕਰ ਕੇ ਘਟ ਘਟ ਅੰਤਰ ਨਿਰੰਤਰ ਉਲਟਾ ਕਰ ਦੇ ਨਾਭ ਕਵਲ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਹੇ

ਸੁਣ ਹੱਥ ਪਿਆਰੇ, ਸਚ ਦਿਆਂ ਸੁਣਾਈਆ । ਵੇਖਾਂ ਖੇਲ ਸ੍ਰਿਸ਼ਟ ਦ੍ਰਿਸ਼ਟ ਸੰਸਾਰੇ, ਲੋਕ ਪ੍ਰਲੋਕ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਪਾਵਾਂ ਸਾਰੇ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜੋ ਸੰਤ ਸੁਹੇਲੇ ਭਗਤ ਜਨ ਇਕ ਦੇ ਬੈਠੇ ਸਹਾਰੇ, ਇਸ਼ਟ ਦੇਵ ਇਕ ਮਨਾਈਆ । ਓਨ੍ਹਾਂ ਦੇ ਅੰਦਰ ਵੜ ਕੇ ਮੰਦਰ ਚੜ੍ਹ ਕੇ ਬਜਰ ਕਪਾਟੀ ਖੋਲ੍ਹਾਂ ਤਾਲੇ, ਜਿੰਦਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਰਸ ਦੇ ਦਿਆਂ ਅਗੰਮ ਪਿਆਲੇ, ਤ੍ਰਿਸ਼ਨਾ ਜਗਤ ਜਹਾਨ ਮਿਟਾਈਆ । ਸ਼ਬਦ ਅਨਾਦੀ ਸੁਣਾਵਾਂ ਗਾਣੇ, ਅਨੁਰਾਗੀ ਰਾਗ ਅਲਾਈਆ । ਦੀਆ ਬਾਤੀ ਜੋਤ ਜਗਾਵਾਂ ਮਹਾਨੇ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਤਮਾ ਪਰਮਾਤਮਾ ਨਿਰਗੁਣ ਨਿਰਗੁਣ ਜੋਤ ਜੋਤ ਇਕ ਦੂਜੇ ਦੇ ਆਹਮਣੇ ਸਾਹਮਣੇ, ਸਨਮੁਖ ਮੇਲਾ ਆਪ ਕਰਾਈਆ । ਦੋਹਾਂ ਨੇ ਮਿਲ ਕੇ ਇਕ ਦੂਜੇ ਦੇ ਗੀਤ ਗਾਣੇ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਹੱਥੋ ਉਨ੍ਹਾਂ ਦੇ ਬਣੇ ਆਪ ਜ਼ਾਮਨੇ, ਜ਼ੁੰਮੇਵਾਰੀ ਆਪਣੇ ਉਤੇ ਰਖਾਈਆ । ਕੰਮ ਕਰਨ ਵਾਲੇ ਸਾਰੇ ਕਾਮਨੇ, ਕੰਮ ਕਰ ਕਰ ਥੱਕੀ ਲੋਕਾਈਆ । ਜਿਨ੍ਹਾਂ ਦੀ ਸਾਹਿਬ ਸਤਿਗੁਰ ਪੂਰੀ ਕਰੇ ਆਪ ਭਾਵਨੇ, ਭਾਵੀ ਨੇੜ ਕਦੇ ਨਾ ਆਈਆ । ਦਾਮਨਗੀਰ ਹੋ ਕੇ ਪਕੜੇ ਦਾਮਨੇ, ਪੱਲੂ ਸ਼ਬਦ ਨਾਮ ਫੜਾਈਆ । ਕਲਜੁਗ ਕੂੜੀ ਨੀਂਦ ਗ਼ਫ਼ਲਤ ਵਿਚੋਂ ਭਗਤ ਸੁਹੇਲੇ ਆਪ ਉਠਾਵਨੇ, ਅੰਦਰ ਵੜ ਕੇ ਦਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸਮਝਾਈਆ । ਪੁਰਖ ਅਕਾਲ ਕਹੇ ਹੱਥੋ ਤੁਹਾਡਾ ਜੋੜ ਅਨੋਖਾ, ਮੈਂ ਵੇਖ ਕੇ ਖ਼ੁਸ਼ੀ ਮਨਾਈਆ । ਦੀਨ ਦਿਆਲਾ ਕਦੇ ਕਰੇ ਨਾ ਕੋਇ ਧੋਖਾ, ਵਲ ਛਲ ਨਾ ਕੋਇ ਕਰਾਈਆ । ਭੇਵ ਖੁਲ੍ਹਾ ਕੇ ਚੌਦਾਂ ਲੋਕਾ, ਚੌਦਾਂ ਤਬਕਾਂ ਪੜਦਾ ਦਏ ਉਠਾਈਆ । ਨਾਮ ਜਣਾ ਕੇ ਇਕ ਸਲੋਕਾ, ਸੋਹਲਾ ਧੁਰ ਦਾ ਆਪ ਪੜ੍ਹਾਈਆ । ਜਿਨ੍ਹਾਂ ਨੂੰ ਪ੍ਰੇਮ ਪਿਆਰ ਵਿਚ ਦਰਸ਼ਨ ਕਰਨ ਦਾ ਦਿਤਾ ਮੌਕਾ, ਮੁਕੰਮਲ ਪ੍ਰਭ ਦੇ ਨਾਲ ਮਿਲਾਈਆ । ਓਨ੍ਹਾਂ ਦੇ ਅੰਤਰ ਜਣਾ ਕੇ ਇਕੋ ਓਟਾ, ਚੋਟ ਸ਼ਬਦ ਸ਼ਬਦ ਲਗਾਈਆ । ਭਗਤ ਸੁਹੇਲਾ ਰਹੇ ਨਾ ਕੋਇ ਖੋਟਾ, ਖੋਟਿਉਂ ਖਰੇ ਦਏ ਬਣਾਈਆ । ਜਿਨ੍ਹਾਂ ਦਾ ਦੁਰਮਤ ਮੈਲ ਪਾਪ ਆਪ ਧੋਤਾ, ਪਤਤ ਪੁਨੀਤ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਖ਼ੁਮਾਰੀ ਅੰਦਰ ਕਰੇ ਮਧਹੋਸ਼ਾ, ਮਧੁਰ ਧੁਨ ਅਗੰਮੀ ਸੁੰਨ ਸੁੰਨ ਤੋਂ ਪਰੇ ਆਪ ਬਣਾਈਆ । ਅਬਿਨਾਸ਼ੀ ਕਰਤਾ ਕਹੇ ਹੱਥੋ ਤੁਹਾਥੋਂ ਸਦਾ ਬਲਿਹਾਰੇ ਬਲਹਾਰੀ, ਬਲ ਬਲ ਦਿਆਂ ਵਡਿਆਈਆ । ਜਿਨ੍ਹਾਂ ਮਾਰਗ ਦੱਸਿਆ ਜੀਵ ਸੰਸਾਰੀ, ਨਿਰਮਾਣਤਾ ਨਿਮਰਤਾ ਦਿਤੀ ਜਣਾਈਆ । ਬਿਨਾ ਬੰਦਨਾ ਬੰਦਗੀ ਕੋਈ ਨਾ ਉਤਰੇ ਪਾਰੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਜਿੰਨਾਂ ਚਿਰ ਕਿਰਪਾ ਕਰੇ ਨਾ ਆਪ ਨਿਰੰਕਾਰੀ, ਨਿਰਗੁਣ ਨਿਰਵੈਰ ਦਇਆ ਕਮਾਈਆ । ਓਨਾਂ ਚਿਰ ਸਾਚਾ ਵਣਜ ਕਰੇ ਨਾ ਕੋਇ ਵਪਾਰੀ, ਜਗਤ ਮਾਇਆ ਕੰਮ ਕਿਸੇ ਨਾ ਆਈਆ । ਭਗਤ ਭਗਵਾਨ ਦੋਵੇਂ ਮੁਹੱਬਤ ਦੇ ਖਿਲਾੜੀ, ਬਾਜ਼ੀ ਆਪਣੀ ਆਪਣੀ ਲਾਈਆ । ਕੋਟਾਂ ਵਿਚੋਂ ਸੰਤ ਸੁਹੇਲੇ ਗੁਰਮੁਖ ਵਿਰਲੇ ਆਵੇ ਵਾਰੀ, ਜਿਸ ਦਾ ਮੇਲਾ ਹੋਵੇ ਨਾਲ ਧੁਰਦਰਗਾਹੀਆ । ਹਸਤ ਕਵਲੋ, ਤੁਹਾਡੀ ਸਦਾ ਸਦਾ ਅਰਦਾਸ ਪ੍ਰਭੂ ਨੂੰ ਇਕ ਨਿਮਸਕਾਰੀ, ਜਿਸ ਨੂੰ ਨਮੋ ਨਮੋ ਨਮੋ ਕਰਨ ਪੈਗ਼ੰਬਰ ਗੁਰ ਅਵਤਾਰੀ, ਡੰਡਾਵਤ ਵਿਚ ਸੱਯਦਿਆਂ ਵਿਚ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦੀ ਪਰਮਾਤਮ ਹੋ ਕੇ ਕਰੇ ਸਦਾ ਦਾਰੀ, ਕਰਾਂ ਦਾ ਲੇਖਾ ਕਲ ਕਲਕੀ ਮੇਟ ਮਿਟਾਈਆ ।

ਇਕੱਤੀ ਮਾਰਚ ਨੂੰ ਦੋ ਜਹਾਨਾਂ ਹਿਸਾਬ, ਵਹੀਖਾਤੇ ਸਭ ਦੇ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਦਿਓ ਜਵਾਬ, ਭੇਵ ਅਭੇਦ ਇਕ ਖੁਲ੍ਹਾਈਆ । ਮੁਰਸ਼ਦੋ ਕਿੰਨੇ ਮੁਰੀਦ ਕੀਤੇ ਆਜ਼ਾਦ, ਚੁਰਾਸੀ ਵਿਚੋਂ ਬਾਹਰ ਕਢਾਈਆ । ਗੁਰੂਓ ਕਿੰਨੇ ਘਰਾਨੇ ਕੀਤੇ ਆਬਾਦ, ਕਾਇਆ ਮਾਟੀ ਸੋਭਾ ਪਾਈਆ । ਅਵਤਾਰੋ ਕਿੰਨਿਆਂ ਨੂੰ ਦਿਤੀ ਇਮਦਾਦ, ਮੇਰਾ ਨਾਮ ਭੰਡਾਰ ਵਰਤਾਈਆ । ਕਿਸ ਦਾ ਮਨਜ਼ੂਰ ਕੀਤਾ ਆਦਾਬ, ਕੌਣ ਬੰਦਨਾ ਲੇਖੇ ਲਾਈਆ । ਕਿਸ ਦੀ ਮੰਜ਼ਲ ਚੜ੍ਹਿਆ ਹੱਕ ਜਨਾਬ, ਦਰਗਾਹ ਸਾਚੀ ਸੋਭਾ ਪਾਈਆ । ਕਿਤਨੇ ਪੜ੍ਹ ਕੇ ਪਾਸ ਹੋਏ ਤੁਹਾਡੀ ਅੱਖਰਾਂ ਵਾਲੀ ਕਿਤਾਬ, ਲੇਖਾ ਦੇਣਾ ਜਣਾਈਆ । ਕਿਤਨਿਆਂ ਦਾ ਅੰਦਰੋਂ ਬਦਲਿਆ ਮਜ਼ਾਜ, ਕਿਤਨੀ ਕੀਤੀ ਹੱਕ ਸਫ਼ਾਈਆ । ਕਿਤਨਿਆਂ ਦੇ ਭਾਗ ਲਗਾਇਆ ਮਹਿਰਾਬ, ਕਾਇਆ ਕਾਅਬਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਖੋਲ੍ਹੋ ਆਪਣੇ ਬਸਤੇ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਜੋ ਲੋਕਮਾਤ ਧੁਰ ਸੰਦੇਸ਼ਾ ਰਹੇ ਦੱਸਦੇ, ਹੁਕਮਰਾਨ ਹੋ ਕੇ ਹੁਕਮ ਮਨਾਈਆ । ਧੁਰ ਫ਼ਰਮਾਨਾ ਰਹੇ ਪੜ੍ਹਦੇ, ਕਲਮਿਆਂ ਵਿਚ ਵਡਿਆਈਆ । ਲਿਖ ਲਿਖ ਕਾਗ਼ਜ਼ਾਂ ਉਤੇ ਰਹੇ ਧਰਦੇ, ਧਰਨੀ ਧਰਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਪੱਟੀ, ਇਬਾਰਤ ਕਿਹੜੀ ਨਜ਼ਰੀ ਆਈਆ । ਕਿਹੜੀ ਕਥਾ ਕਹਾਣੀ ਸੱਚੀ, ਸਚ ਦਿਓ ਦ੍ਰਿੜਾਈਆ । ਕਿਉਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਅਗਨੀ ਮੱਚੀ, ਤਾਮਸ ਰਿਹਾ ਤਪਾਈਆ । ਕਿਉਂ ਮਾਇਆ ਮਮਤਾ ਰਹੀ ਨੱਸੀ, ਭੱਜੇ ਵਾਹੋ ਦਾਹੀਆ । ਕਿੱਥੇ ਗਈ ਤੁਹਾਡੇ ਪ੍ਰੇਮ ਵਾਲੀ ਰੱਸੀ, ਬੰਧਨ ਸਕੇ ਨਾ ਕੋਇ ਅਟਕਾਈਆ । ਕਿਧਰ ਗਈ ਤੁਹਾਡੀ ਸ਼ਾਸਤਰਾਂ ਵਾਲੀ ਹੱਟੀ, ਸੌਦਾ ਸਚ ਨਾ ਕੋਇ ਵਖਾਈਆ । ਸਚ ਦੱਸੋ ਤੁਹਾਡੇ ਨਾਮ ਤੋਂ ਕਿਤਨਿਆਂ ਨੇ ਖੱਟੀ ਖੱਟੀ, ਅੰਕੜਿਆਂ ਵਿਚ ਦੇਣਾ ਜਣਾਈਆ । ਨਹੀਂ ਤੇ ਸਭ ਨੂੰ ਭਰਨੀ ਪਏ ਚੱਟੀ, ਬਚਿਆ ਰਹਿਣ ਕੋਇ ਨਾ ਪਾਈਆ । ਨਿੱਕੀ ਨਿੱਕੀ ਜਗਣ ਨਹੀਂ ਦੇਣੀ ਮੋਮਬੱਤੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਮੈਂ ਜੁਗ ਚੌਕੜੀ ਭਵਿਖਤਾਂ ਵਿਚ ਤੁਹਾਡੇ ਨਾਲ ਕਰਦਾ ਆਇਆ ਪੱਕੀ, ਧੁਰ ਸੰਦੇਸ਼ਾ ਹੁਕਮ ਸੁਣਾਈਆ । ਮੈਂ ਲੇਖਾ ਜਾਣਾ ਲੱਖ ਚੁਰਾਸੀ ਜਿਹੜੀ ਮਮਤਾ ਵਿਚ ਫਸੀ, ਫਾਸੀ ਸਭ ਨੂੰ ਦਿਆਂ ਵਖਾਈਆ । ਮੈਂ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਧੁਰ ਦੀ ਕਹਾਣੀ ਰਿਹਾ ਦੱਸੀ, ਸਚ ਸੰਦੇਸ਼ਾ ਰਿਹਾ ਜਣਾਈਆ । ਤੁਹਾਡੀ ਸਿਫ਼ਤਾਂ ਵਾਲੀ ਮਹਿੰਮਾ ਵਾਲੀ ਗਾਥਾ ਜਿਹੜੀ ਛਪੀ, ਕਿਉਂ ਛੁੱਪ ਕੇ ਬੈਠੇ ਝਟ ਲੰਘਾਈਆ । ਦੁਨੀਆ ਆਪਣੀ ਹੱਦ ਤੋਂ ਟੱਪੀ, ਸਭ ਦੀ ਧਾਰ ਦਿਸੇ ਨੱਟੀ, ਸਾਚੀ ਡੋਰ ਗਈ ਕੱਟੀ, ਕਟਾਕਸ਼ ਨਾਮ ਨਾ ਕੋਇ ਲਗਾਈਆ । ਧੀਰਜ ਵਾਲਾ ਰਿਹਾ ਕੋਇ ਨਾ ਜਤੀ, ਨਾਰ ਰਹੀ ਨਾ ਕੋਈ ਵਰਤਾ ਪਤੀ, ਅੰਮ੍ਰਿਤ ਰਸ ਦਾ ਰਿਹਾ ਕੋਈ ਨਾ ਰਸੀ, ਮੰਜ਼ਲ ਚੜ੍ਹੇ ਕੋਈ ਨਾ ਸੱਚੀ, ਰਸਨ ਗਾਥਾ ਦਿਸੇ ਕੱਚੀ, ਮਨ ਕਲਪਣਾ ਰਹੀ ਨੱਚੀ, ਚਾਰ ਕੁੰਟ ਦਹਿ ਦਿਸ਼ਾ ਘਰ ਘਰ ਆਪਣਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਲੇਖਾ ਦਈਏ ਲਿਖ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਸਾਨੂੰ ਥੋੜ੍ਹੇ ਦਿਸਦੇ ਜਿਨ੍ਹਾਂ ਧੁਰ ਦੀ ਸਿਖਿਆ ਲਈ ਸਿਖ, ਸਾਖਿਆਤ ਤੇਰਾ ਦਰਸ਼ਨ ਪਾਈਆ । ਪੁਰਖ ਅਕਾਲ ਦੀਨ ਦਿਆਲ ਮੰਨਣ ਇਕੋ ਪਿਤ, ਪਤਿਪਰਮੇਸ਼ਵਰ ਤੇਰੀ ਗੋਦ ਬਹਿ ਕੇ ਖ਼ੁਸ਼ੀ ਮਨਾਈਆ ।

ਸਚ ਘਰਾਣੇ ਰਹੇ ਟਿਕ, ਟਿਕਟਿਕੀ ਇਕੋ ਨਾਲ ਲਗਾਈਆ । ਬਾਕੀ ਸਭ ਦੀ ਸਾਡੀ ਧਰਮ ਦੀ ਧਾਰ ਗਈ ਫਿਟ, ਕਲਜੁਗ ਕੂੜੀ ਕਿਰਿਆ ਜਾਗ ਦਿਤੀ ਲਗਾਈਆ । ਸਾਚਾ ਰਿਹਾ ਨਾ ਕੋਇ ਮੁਨ ਰਿਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਡੀ ਹੋਈ ਬੱਸ, ਲੇਖਾ ਦੇਣ ਵਾਲਾ ਨਜ਼ਰ ਕੋਇ ਨਾ ਆਈਆ । ਅਸੀਂ ਸਾਰੇ ਤੇਰੇ ਅੱਗੇ ਜੋੜ ਕੇ ਹੱਥ, ਵਾਸਤਾ ਰਹੇ ਪਾਈਆ । ਪਾਰਬ੍ਰਹਮ ਪੁਰਖ ਸਮਰਥ, ਤੇਰੀ ਬੇਪਰਵਾਹੀਆ । ਜਿਉਂ ਭਾਵੇ ਤਿਉਂ ਲੈਣਾ ਰਖ, ਸਦੀ ਚੌਧਵੀਂ ਰਹੀ ਕੁਰਲਾਈਆ । ਅਸੀਂ ਲਹਿਣਾ ਦੇਣਾ ਤੇਰੇ ਉਤੇ ਰਹੇ ਛੱਡ, ਸਾਡੀ ਚਲੀ ਨਾ ਕੋਇ ਚਤੁਰਾਈਆ । ਦੀਨ ਦੁਨੀ ਨਾਲੋਂ ਹੋ ਕੇ ਅੱਡ, ਚਰਨ ਕਵਲ ਤੇਰੇ ਸੀਸ ਨਿਵਾਈਆ । ਸਾਡੇ ਹਿਸਾਬ ਕਿਤਾਬ ਵਾਲੀ ਨਹੀਂ ਕੋਈ ਹੱਦ, ਲੇਖਾ ਸਕੇ ਨਾ ਕੋਇ ਸਮਝਾਈਆ । ਤੇਰੀ ਦੁਨੀਆ ਤੇਰੀ ਸ੍ਰਿਸ਼ਟੀ ਪੁਰਖ ਅਕਾਲ ਰੁਲੇ ਤੇਰਾ ਜਗ, ਜਗਜੀਵਣ ਦਾਤੇ ਤੇਰੀ ਝੋਲੀ ਪਾਈਆ । ਅਸੀਂ ਉਚੀ ਕੂਕ ਪੁਕਾਰ ਕਹੀਏ ਗੱਜ, ਤੇਰਾ ਨਾਮ ਦੁਹਾਈਆ । ਸਚ ਸਰਨਾਈ ਤੇਰੀ ਗਏ ਢੱਠ, ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਲੈਣਾ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਹਿਸਾਬ ਵਿਚੋਂ ਸਮਝਿਆ ਨਹੀਂ ਕੋਈ ਨੁਕ਼ਤਾ, ਭੇਵ ਕਵਣ ਖੁਲ੍ਹਾਈਆ । ਹੱਥ ਜੋੜ ਕੇ ਸਾਡਾ ਪੱਲੂ ਛੁੱਟਦਾ, ਇਹੋ ਦਰ ਮੰਗ ਮੰਗਾਈਆ । ਕਲਜੁਗ ਆਪੇ ਵੇਖ ਜ਼ਮਾਨਾ ਲੁਟਦਾ, ਲੁੱਟੀ ਜਾਏ ਲੋਕਾਈਆ । ਅੰਮ੍ਰਿਤ ਜਾਮ ਮਿਲੇ ਨਾ ਕਿਸੇ ਘੁਟ ਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਨੂੰ ਸਹਾਰਾ ਤੇਰੀ ਓਟ ਦਾ, ਓੜਕ ਸੀਸ ਜਗਦੀਸ਼ ਝੁਕਾਈਆ । ਅਸੀਂ ਸਾਰੇ ਪ੍ਰਕਾਸ਼ ਤਕਣਾ ਚਾਹੁੰਦੇ ਤੇਰੀ ਜੋਤ ਦਾ, ਤੱਤਾਂ ਵਾਲੀ ਨਾ ਕੋਇ ਲੜਾਈਆ । ਖੇਲ ਕਰਦੇ ਸ਼ਬਦ ਗੁਰੂ ਗੁਰ ਮੌਜ ਦਾ, ਮਜਲਸ ਦੋ ਜਹਾਨ ਲਗਾਈਆ । ਸਭ ਦਾ ਝਗੜਾ ਮੁਕ ਜਾਏ ਰੋਜ ਦਾ, ਰੋਜ਼ੀ ਆਪਣਾ ਨਾਮ ਪੁਚਾਈਆ । ਲੇਖਾ ਮੁਕਾ ਦੇ ਕੂੜ ਵਿਯੋਗ ਦਾ, ਧੁਰ ਸੰਜੋਗੀ ਮੇਲ ਮਿਲਾਈਆ । ਪੁਰਖ ਅਕਾਲ ਤੇਰੀ ਧਾਰ ਕੋਈ ਨਾ ਸੋਚਦਾ, ਸੋਚ ਵਿਚ ਸਮਝ ਵਿਚ ਬੁੱਧੀ ਵਿਚ ਅਕਲ ਵਿਚ ਆਕਲ ਭੇਵ ਕੋਇ ਨਾ ਪਾਈਆ । ਵਿਦਵਾਨ ਨਹੀਂ ਕੋਈ ਦਿਸਦਾ ਤੇਰੇ ਕੋਸ਼ ਕੋਚ ਦਾ, ਅੱਖਰਾਂ ਦੀ ਤਫ਼ਸੀਲ ਦਲੀਲ ਨਾਲ ਨਾ ਕੋਇ ਦ੍ਰਿੜਾਈਆ । ਤੂੰ ਮਾਲਕ ਲੱਖ ਚੁਰਾਸੀ ਕਾਇਆ ਕੋਟ ਦਾ, ਘਰ ਘਰ ਬੈਠਾ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝੇ ਯਾਰ ਅੰਤਮ ਲਹਿਣਾ ਦੇਣਾ ਝਗੜਾ ਮੁਕਾ ਦੇ ਹਰਖ ਸੋਗ ਦਾ, ਚਿੰਤਾ ਗ਼ਮ ਗ਼ਮਖ਼ਾਰ ਹੋ ਕੇ ਆਪਣੀ ਝੋਲੀ ਪਾਈਆ ।

### ✳ ੨੦ ਚੇਤ ਸ਼ਹਿਨਸ਼ਾਹੀ ਸੰਮਤ ੪ ਜੰਮੂ ਚੇਲਾ ਸਿੰਘ ਦੇ ਗ੍ਰਿਹਿ ✳

ਵੀਹ ਚੇਤ ਕਹੇ ਦੂਏ ਨਾਲ ਵੇਖੋ ਜ਼ੀਰੋ, ਜ਼ੋਰ ਜ਼ਬਰ ਦੀ ਲੋੜ ਰਹੇ ਨਾ ਰਾਈਆ । ਚਾਰ ਯੁਗ ਦੇ ਗੁਰ ਅਵਤਾਰ ਪੈਗ਼ੰਬਰ ਪੀਰੋ, ਪਰਾ ਪਸੰਤੀ ਮਧਮ ਬੈਖ਼ਰੀ ਪਰੇ ਧਿਆਨ ਲਗਾਈਆ । ਅੱਠ ਸੱਠ ਤੀਰਥ ਤੱਟ ਕਿਨਾਰੇ ਛੱਡ ਨੀਰੋ, ਨਿਰਵੈਰ ਨਿਰਾਕਾਰ ਨਿਰੰਕਾਰ ਵੇਖੋ ਖੇਲ ਖ਼ਲਕ

੧੨੧
੨੧

ਖ਼ੁਦਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸੁਲਤਾਨਾ ਵਾਲੀ ਦੋ ਜਹਾਨਾਂ ਤੱਕੋ ਇਕ ਹੀਰੋ, ਜੋ ਆਦਿ ਜੁਗਾਦਿ ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕੂੜੀ ਕਿਰਿਆ ਛੱਡੋ ਸੂਫ਼ੀ ਸੰਤ ਫ਼ਕੀਰੋ, ਫ਼ਿਕਰਾ ਇਕੋ ਏਕੰਕਾਰ ਲੈਣਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਦ੍ਰਿੜਾਈਆ । ਬੀਸ ਕਹੇ ਮੈਂ ਦੂਆ ਜ਼ੀਰੋ ਸਿਫ਼ਰਾ, ਸਿਫ਼ਤੀ ਸਿਫ਼ਤ ਦਿਆਂ ਸਾਲਾਹੀਆ । ਸਾਚੇ ਨਾਮ ਦਾ ਦੱਸਾਂ ਇਕੋ ਫ਼ਿਕਰਾ, ਫ਼ਿਕਰਾਂ ਵਿਚੋਂ ਬਾਹਰ ਕਢਾਈਆ । ਜਿਸ ਦਾ ਜੁਗ ਚੌਕੜੀ ਕਰਦੇ ਆਏ ਜ਼ਿਕਰਾ, ਢੋਲਿਆਂ ਸੋਹਲਿਆਂ ਵਿਚ ਸੁਣਾਈਆ । ਸੋ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਜੋਤ ਵਿਚੋਂ ਆਪੇ ਨਿਕਲਾ, ਜੰਮਣ ਵਾਲੀ ਦਿਸੇ ਕੋਈ ਨਾ ਮਾਈਆ । ਜਿਸ ਨੇ ਚਾਰ ਵਰਨ ਅਠਾਰਾਂ ਬਰਨ ਇਕੱਠਾ ਕੀਤਾ ਵਿਛੜਾ, ਜਨ ਭਗਤ ਸੁਹੇਲੇ ਬਿਛਰਤ ਆਪ ਮਿਲਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੂਰ ਕਰਨਾ ਦੁਖੜਾ, ਦਰਦਵੰਦ ਹੋ ਕੇ ਦਰਦੀਆਂ ਦਰਦ ਵੰਡਾਈਆ । ਸੰਤ ਸੁਹੇਲਾ ਰਹਿਣ ਨਹੀਂ ਦੇਣਾ ਕੋਈ ਲੁਕਿਆ ਵਿਚ ਨੁਕਰਾ, ਚਾਰ ਕੁੰਟ ਦਹਿ ਦਿਸ਼ਾ ਫੈਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਬੀਸ ਕਹੇ ਮੈਨੂੰ ਸਾਰੇ ਕਹਿੰਦੇ ਬੀਸ ਬੀਸਾ, ਸਰਗੁਣ ਜ਼ੀਰੋ ਰੂਪ ਸਮਾਈਆ । ਲੇਖਾ ਜਾਣੇ ਨਾ ਕੋਇ ਹਰਿ ਜਗਦੀਸ਼ਾ, ਜਗਦੀਸ਼ਰ ਆਪਣੀ ਕੀ ਕੀ ਕਾਰ ਕਮਾਈਆ । ਜੋ ਦੋ ਜਹਾਨਾਂ ਮਰਦ ਮਰਦਾਨਾ ਦੇਵੇ ਇਕ ਹਦੀਸਾ, ਹਜ਼ਰਤਾਂ ਦਾ ਹਜ਼ੂਰ ਹੋ ਕੇ ਕਰੇ ਪੜ੍ਹਾਈਆ । ਲਹਿਣਾ ਦੇਣਾ ਚੁਕਾਵੇ ਹਸਤ ਕੀਟਾ, ਊਚਾਂ ਨੀਚਾਂ ਪੜਦਾ ਲਾਹੀਆ । ਅਗਲਾ ਮਾਰਗ ਦੱਸੇ ਇਕ ਅਨਡੀਠਾ, ਜਿਸ ਨੂੰ ਜਗਤ ਨੈਣ ਨਾ ਕੋਇ ਤਕਾਈਆ । ਲਹਿਣਾ ਦੇਣਾ ਪੂਰ ਕਰਾਏ ਗੋਬਿੰਦ ਵਾਲਾ ਅੰਗੀਠਾ, ਭੇਵ ਅਭੇਦਾ ਅਛਲ ਅਛੇਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਚਲਾ ਕੇ ਅਗੰਮੀ ਰੀਤਾ, ਰੀਤੀਵਾਨ ਏਕਾ ਹੁਕਮ ਦਏ ਸੁਣਾਈਆ । ਬੀਸ ਕਹੇ ਮੈਂ ਵੇਖਾਂ ਹੋ ਕੇ ਵਿਸਮਾਦ, ਬਿਸਮਿਲ ਕੀ ਕੀ ਕਾਰ ਕਮਾਈਆ । ਜਿਸ ਰਚਨਾ ਰਚੀ ਆਦਿ, ਜੁਗ ਚੌਕੜੀ ਖੇਲ ਖਿਲਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਦਾਦ, ਵਸਤ ਅਮੋਲਕ ਝੋਲੀ ਪਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਰਹੇ ਅਰਾਧ, ਨਿਉਂ ਨਿਉਂ ਲਾਗਣ ਪਾਈਂਆ । ਜਿਸ ਨੂੰ ਭਗਤ ਸੁਹੇਲੇ ਜੁਗ ਚੌਕੜੀ ਕਰਨ ਯਾਦ, ਸੋਹਲੇ ਢੋਲਿਆਂ ਵਿਚ ਗਾਈਆ । ਓਹ ਖੇਲੇ ਖੇਲ ਤਮਾਸ਼, ਕਰਨੀ ਦਾ ਕਰਤਾ ਬੇਪ੍ਰਵਾਹੀਆ । ਨਿਰਮਲ ਨੂਰ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦਏ ਚੁਕਾਈਆ । ਜਨ ਭਗਤਾਂ ਦੇਵੇ ਧੁਰ ਦਾ ਸਾਥ, ਸਗਲਾ ਸੰਗ ਨਿਭਾਈਆ । ਜੋ ਨਿਰਗੁਣ ਸਰਗੁਣ ਧਾਰ ਗੁਰ ਅਵਤਾਰ ਗਏ ਆਖ, ਆਖ਼ਰ ਸਭ ਦਾ ਲਹਿਣਾ ਝੋਲੀ ਪਾਈਆ । ਧੁਰ ਦਾ ਹੁਕਮ ਕੋਈ ਨਾ ਸਕੇ ਵਾਚ, ਵਾਚਕ ਗਿਆਨੀ ਵਜ੍ਹਾ ਨਾ ਕੋਇ ਸਮਝਾਈਆ । ਜਿਧਰ ਤੱਕਾਂ ਓਧਰ ਨਫ਼ਾਕ, ਇਤਫ਼ਾਕ ਵੰਡ ਨਾ ਕੋਇ ਵੰਡਾਈਆ । ਸਭ ਦੀ ਉਡਦੀ ਦਿਸੇ ਖ਼ਾਕ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਚੁਕਾਈਆ । ਬੀਸ ਚੇਤ ਕਹੇ ਮੈਂ ਕਹਾਂ ਤੇਈ ਅਵਤਾਰ, ਹੁਕਮ ਇਕ ਸੁਣਾਈਆ । ਮੂਸਾ ਈਸਾ ਮੁਹੰਮਦ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਨਾਨਕ ਨਿਰਗੁਣ ਗੋਬਿੰਦ ਸ਼ਬਦੀ ਧਾਰ ਉਠਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਜਣਾਵਾਂ ਨਾਲ, ਬਚਿਆ ਰਹਿਣ ਕੋਇ ਨਾ ਪਾਈਆ । ਝਗੜਾ ਵੇਖੋ ਸ਼ਾਹ ਕੰਗਾਲ, ਦੀਨ

ਦੁਨੀ ਦਏ ਦੁਹਾਈਆ । ਵਿਸ਼ਨੂੰ ਕਰ ਨਾ ਸਕੇ ਪ੍ਰਿਤਪਾਲ, ਬ੍ਰਹਮਾ ਬ੍ਰਹਮ ਪੜਦਾ ਨਾ ਕੋਇ ਉਠਾਈਆ । ਸ਼ੰਕਰ ਲੇਖੇ ਲਾ ਨਾ ਸਕੇ ਘਾਲ, ਕੂੜ ਚੰਡਾਲ ਨਾ ਮੇਟ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਚੁਰਾਸੀ ਵਿਚੋਂ ਕਰੇ ਨਾ ਕੋਇ ਬਹਾਲ, ਜਮ ਕੀ ਫਾਸੀ ਨਾ ਕੋਇ ਤੁੜਾਈਆ । ਸਾਚਾ ਦੇਵੇ ਨਾ ਕੋਇ ਧਨ ਮਾਲ, ਵਸਤ ਅਮੋਲਕ ਨਾਮ ਨਾ ਕੋਇ ਵਖਾਈਆ । ਚਾਰ ਕੁੰਟ ਸਭ ਦੇ ਸਿਰ ਤੇ ਕੂਕੇ ਕਾਲ, ਕੂੜ ਨਗਾਰਾ ਰਿਹਾ ਵਜਾਈਆ । ਜ਼ਮਾਨਾ ਬਦਲੇ ਕੋਈ ਨਾ ਹਾਲ, ਮਾਜ਼ੀ ਦਾ ਲੇਖਾ ਸਰਬ ਸੁਣਾਈਆ । ਸ਼ਾਸਤਰਾਂ ਦੀ ਦੇਣ ਮਿਸਾਲ, ਮਸਲਾ ਅਗਲਾ ਨਾ ਕੋਇ ਪੜ੍ਹਾਈਆ । ਬੀਸ ਕਹੇ ਮੈਂ ਚਾਰ ਕੁੰਟ ਵੇਖਿਆ ਕੂੜਾ ਵਜਦਾ ਤਾਲ, ਸਾਚੀ ਸਚ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਬੀਸ ਕਹੇ ਮੈਂ ਵਾਰ ਥਿਤ ਨਹੀਂ ਕੋਈ ਚੇਤ, ਚੇਤਨ ਸਭ ਨੂੰ ਦਿਆਂ ਕਰਾਈਆ । ਜਨ ਭਗਤੋ ਪਾਰਬ੍ਰਹਮ ਪਤਿਪਰਮੇਸ਼ਵਰ ਤੱਕੋ ਨੇਤ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋ ਵਸੇ ਤੁਹਾਡੇ ਦੇਸ, ਕਾਇਆ ਮੰਦਰ ਸੋਭਾ ਪਾਈਆ । ਆਤਮਾ ਪਰਮਾਤਮਾ ਕਰੇ ਹੇਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਜਨਮ ਕਰਮ ਦੀ ਬਦਲ ਦੇਵੇ ਰੇਖ, ਲੇਖਾ ਆਪਣੇ ਨਾਲ ਮਿਲਾਈਆ । ਮਿਹਰ ਕਰੇ ਧੁਰ ਦਾ ਨਰੇਸ਼, ਨਰ ਨਰਾਇਣ ਵੱਡੀ ਵਡਿਆਈਆ । ਤੁਸੀਂ ਆਦਿ ਅੰਤ ਦੇ ਏਕ, ਵਿਛੋੜਾ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਸਾਚੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਅੰਦਰ ਵੜ ਕੇ ਤੁਹਾਡੀ ਬੁੱਧੀ ਕਰੇ ਬਿਬੇਕ, ਦੁਰਮਤ ਮੈਲ ਧੁਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਸਾਹਿਬ ਸਮਰਥ ਸਦ ਰੱਖੇ ਆਪਣੀ ਸਾਇਆ ਹੇਠ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਇਕ ਰੰਗਾਈਆ । ਬੀਸ ਕਹੇ ਏਕਾ ਵੇਖੋ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਖ਼ੁਦੀ ਤਕੱਬਰ ਦਏ ਮਿਟਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਦੋ ਜਹਾਂ, ਪੁਰੀ ਲੋਅ ਬ੍ਰਹਿਮੰਡ ਖੰਡ ਖੋਜ ਖੁਜਾਈਆ । ਸੋ ਸ਼ਾਹ ਪਾਤਸ਼ਾਹ, ਦਾਤਾ ਧੁਰਦਰਗਾਹੀਆ । ਕਲਜੁਗ ਅੰਤਮ ਲੇਖਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਰਖ ਗਵਾਹ, ਸ਼ਹਾਦਤ ਸਭ ਦੀ ਦਏ ਭੁਗਤਾਈਆ । ਪੂਰਬ ਲਹਿਣਾ ਦੇਣਾ ਝੋਲੀ ਪਾ, ਪਿਛਲਾ ਲੇਖਾ ਰਹੇ ਨਾ ਰਾਈਆ । ਅੱਗੇ ਸਤਿਜੁਗ ਸਾਚਾ ਮਾਰਗ ਇਕ ਲਗਾ, ਲਗ ਮਾਤਰ ਦਾ ਖਹਿੜਾ ਦਏ ਛੁਡਾਈਆ । ਤਖ਼ਤ ਨਿਵਾਸੀ ਇਕੋ ਹੁਕਮ ਦਏ ਚਲਾ, ਚਾਰ ਕੁੰਟ ਚਾਰ ਵਰਨ ਚਾਰੇ ਖਾਣੀ ਚਾਰੇ ਬਾਣੀ ਸੀਸ ਨਿਵਾਈਆ । ਇਕੋ ਦੱਸੇ ਸਲਾਮ ਦੁਆ, ਸੱਯਦਾ ਇਕੋ ਇਕ ਸਰਨਾਈਆ । ਇਕੋ ਡੰਡਾਵਤ ਬੰਦਨਾ ਦਏ ਦ੍ਰਿੜ੍ਹਾ, ਨਮੋ ਨਮੋ ਇਕ ਸਮਝਾਈਆ । ਇਕੋ ਵਿਦਿਆ ਦਏ ਪੜ੍ਹਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਾਚੀ ਮੰਜ਼ਲ ਦਏ ਚੜ੍ਹਾ, ਅੰਤਰ ਆਤਮ ਵੇਖ ਵਖਾਈਆ । ਸਿਰ ਆਪਣਾ ਹੱਥ ਦਏ ਟਿਕਾ, ਟਿੱਕੇ ਮਸਤਕ ਧੂੜੀ ਨਾਮ ਲਗਾਈਆ । ਰਹਿਮਤ ਵਿਚ ਰਹਿਮ ਦਏ ਕਮਾ, ਮਿਹਰਵਾਨ ਮਿਹਰ ਨਜ਼ਰ ਨਜ਼ਰੀਏ ਵਿਚੋਂ ਬਦਲਾਈਆ । ਸੰਤ ਸੁਹੇਲੇ ਲਏ ਮਿਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਦਰ ਦਰਵਾਜ਼ਾ ਲਏ ਖੁਲ੍ਹਾ, ਮੰਦਰ ਇਕੋ ਵੱਜੇ ਵਧਾਈਆ । ਨਿਰਮਲ ਨੂਰ ਜੋਤ ਕਰ ਰੁਸ਼ਨਾ, ਅੰਧ ਅੰਧੇਰਾ ਦਏ ਗਵਾਈਆ । ਅਨਹਦ ਨਾਦੀ ਧੁਨ ਸੁਣਾ, ਸੁਨ ਅਗੰਮ ਝਗੜਾ ਦਏ ਚੁਕਾਈਆ । ਅੰਮ੍ਰਿਤ ਆਤਮ ਰਸ ਦਏ ਪਿਆ, ਜਾਮ ਹਕੀਕੀ ਇਕ

ਵਖਾਈਆ । ਆਵਣ ਜਾਵਣ ਲੱਖ ਚੁਰਾਸੀ ਗੇੜਾ ਦਏ ਕਟਾ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਸਦਾ ਮਿਹਰਵਾਨ, ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲਾ ਮੇਲੇ ਸਹਿਜ ਸੁਭਾਈਆ । ਬੀਸ ਕਹੇ ਮੈਂ ਦੱਸਣੀ ਇਕੋ ਬਸਤੀ, ਦੂਜਾ ਨਗਰ ਨਜ਼ਰ ਕੋਇ ਨਾ ਆਈਆ । ਜਿਸ ਗ੍ਰਿਹਿ ਵਸੇ ਪਰਮ ਪੁਰਖ ਦੀ ਹਸਤੀ, ਹਸਤ ਕੀਟਾਂ ਆਪਣੀ ਗੋਦ ਉਠਾਈਆ । ਨਾਮ ਖ਼ੁਮਾਰੀ ਦੇਵੇ ਮਸਤੀ, ਦੁਰਮਤ ਮੈਲ ਅੰਦਰੋਂ ਦਏ ਕਢਾਈਆ । ਸੂਝ ਬੂਝ ਦੇਵੇ ਆਪਣੇ ਘਰ ਦੀ, ਗ੍ਰਿਹਿ ਮੰਦਰ ਅੰਦਰ ਕੁੰਡਾ ਦਏ ਖੁਲ੍ਹਾਈਆ । ਆਤਮਾ ਪਰਮਾਤਮਾ ਹੋਵੇ ਵਰਦੀ, ਨਾਰ ਕੰਤ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਹੋਵੇ ਪੜ੍ਹਦੀ, ਤੂੰਹੀ ਤੂੰਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬੀਸ ਚੇਤ ਕਹੇ ਸੁਣੋ ਸਦਾ ਹਉ ਸਦਕੇ ਵਾਰੀ, ਵਾਰਤਾ ਦਿਆਂ ਜਣਾਈਆ । ਖੇਲ ਵੇਖਣ ਪੈਗ਼ੰਬਰ ਗੁਰ ਅਵਤਾਰੀ, ਅਵਤਰ ਆਪਣਾ ਫੇਰਾ ਪਾਈਆ । ਕਲ੍ਹ ਨੂੰ ਇੱਕੀ ਓਸ ਚੇਤ ਦੀ ਵਾਰੀ, ਜਿਸ ਨੇ ਲਾਜ ਰੱਖੀ ਗੋਬਿੰਦ ਦਾੜ੍ਹੀ, ਮੌਤ ਲਾੜੀ ਗੁਰਮੁਖਾਂ ਪ੍ਰਨੌਣ ਕਦੇ ਨਾ ਆਈਆ । ਭੇਦ ਖੋਲ੍ਹਣਾ ਕਿਸ ਬਿਧ ਭਗਤਾਂ ਦੀ ਭਗਵਾਨ ਨਾਲ ਲਗਦੀ ਯਾਰੀ, ਆਤਮਾ ਮਾਤ ਨਾ ਹੋਏ ਕੁਆਰੀ, ਦੂਜੇ ਘਰ ਨਾ ਹੋਵੇ ਖ਼ੁਆਰੀ, ਮੇਲਾ ਮਿਲੇ ਜੋਤ ਨਿਰੰਕਾਰੀ, ਨਿਰਾਕਾਰ ਆਪਣੇ ਵਿਚ ਸਮਾਈਆ । ਲੇਖਾ ਸੋਹਣਾ ਲਿਖੇ ਲਿਖਾਰੀ, ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਦੱਸਣੀ ਤਾਬਿਆਦਾਰੀ, ਦੀਨ ਮਜ਼੍ਹਬ ਦੀ ਰਹੇ ਨਾ ਕੋਇ ਸਿਕਦਾਰੀ, ਸਿਕਦਾਰ ਨਿਰੰਕਾਰ ਇਕੋ ਇਕ ਸੋਭਾ ਪਾਈਆ । ਜਿਹੜੇ ਕਲਜੁਗ ਕੂੜ ਕੁੜਿਆਰੇ ਹੋਏ ਇਸ਼ਤਿਹਾਰੀ, ਉਨ੍ਹਾਂ ਦੇ ਸ਼ਬਦੀ ਵਰੰਟ ਕੱਢੇ ਹੁਕਮ ਨਾਲ ਕਰੇ ਜਾਰੀ, ਜਰਾਇਮ ਵਾਲਾ ਰਹਿਣ ਕੋਇ ਨਾ ਪਾਈਆ । ਦੋ ਜਹਾਨਾਂ ਵੇਖੇ ਮਾਰ ਉਡਾਰੀ, ਚੌਦਾਂ ਤਬਕਾਂ ਪੜਦਾ ਰਿਹਾ ਉਤਾਰੀ, ਚੌਦਾਂ ਲੋਕ ਏਕਾ ਨੂਰ ਕਰ ਉਜਿਆਰੀ, ਉਜਾਲਾ ਗੋਪਾਲਾ ਦਿਆਲਾ ਨਿਰਗੁਣ ਨਿਰਵੈਰ ਨਿਰਾਕਾਰ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਦ੍ਰਿੜਾਈਆ । ਵੀਹ ਚੇਤ ਕਹੇ ਮੈਂ ਦੱਸ ਦੱਸ ਥੱਕਾ, ਥਕਾਵਟ ਮੇਰੇ ਵਿਚ ਆਈਆ । ਮੈਂ ਹੁਕਮ ਸੁਣਾਵਾਂ ਹੱਕਾ, ਹਕੀਕ਼ਤ ਧੁਰਦਰਗਾਹੀਆ । ਝਗੜਾ ਪੈਣ ਲੱਗਾ ਮਦੀਨਾ ਮੱਕਾ, ਕਾਅਬੇ ਕਰਬਲਿਆਂ ਵਾਲੇ ਅੱਖ ਉਠਾਈਆ । ਨਾਤੇ ਤੁੱਟਣ ਮੁਹੰਮਦ ਮੂਸਾ ਰਹੇ ਨਾ ਸਕਾ, ਮਿਤ੍ਰ ਪਿਆਰਾ ਅੰਗ ਨਾ ਕੋਇ ਲਗਾਈਆ । ਕਰੇ ਖੇਲ ਪੁਰਖ ਸਮਰਥਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲਹਿਣਾ ਦੇਣਾ ਸਭ ਦਾ ਮੁਕਾਵੇ ਹੱਥੋ ਹੱਥਾ, ਜੁਗ ਚੌਕੜੀ ਪੂਰਬ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਸਭ ਨੇ ਚਖਣਾ ਮਜ਼ਾ, ਮਜ਼ਾਕ ਕੂੜਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਪ੍ਰਗਟਾਈਆ । ਬੀਸ ਕਹੇ ਮੈਂ ਕੀ ਦੱਸਾਂ ਬੋਲ, ਅਨਬੋਲਤ ਆਪਣਾ ਹੁਕਮ ਵਰਤਾਈਆ । ਜਿਸ ਦਾ ਨਾਦ ਅਗੰਮ ਅਗੰਮਾ ਢੋਲ, ਸ਼ਬਦੀ ਧੁਨ ਕਰੇ ਸ਼ਨਵਾਈਆ । ਸਚ ਦੁਆਰਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਪੜਦਾ ਇਕ ਉਠਾਈਆ । ਭੰਡਾਰਾ ਰਖ ਵਸਤ ਨਾਮ ਅਨਤੋਲ, ਅਨਮੁਲੜੀ ਆਪ ਟਿਕਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖ ਕਹਿ ਕੇ ਬੋਲ, ਕੌਲ ਪਿਛਲਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵੀਹ ਚੇਤ ਕਹੇ ਗੁਰਸਿੱਖੋ ਤੁਹਾਨੂੰ ਦੱਸਾਂ ਇਕ ਅਗੰਮੀ ਬਾਤ, ਬਾਤਨ ਦਿਆਂ ਦ੍ਰਿੜਾਈਆ ।

ਜਿਸ ਵੇਲੇ ਆਵੇ ਇੱਕੀ ਚੇਤ ਦੀ ਰਾਤ, ਰਾਤੀ ਰੁੱਤੀ ਸੋਭਾ ਪਾਈਆ । ਤੁਸਾਂ ਸਭ ਨੇ ਖਾਣੀ ਭਾਤ, ਅੰਨ ਰਸਨ ਨਾ ਕੋਇ ਲਗਾਈਆ । ਸਾਢੇ ਬਾਰਾਂ ਵਜੇ ਤਕ ਜਾਣਾ ਜਾਗ, ਨੇਤਰ ਅੱਖ ਨਾ ਕੋਇ ਬਦਲਾਈਆ । ਸਭ ਦੀ ਜੇਬ ਵਿਚ ਇਕ ਇਕ ਕਾਗ਼ਜ਼ ਦਾ ਹੋਣਾ ਕਾਟ, ਕਾਗ਼ਜ਼ ਰਫ਼ ਵੰਡ ਵੰਡਾਈਆ । ਇਕ ਜਲ ਦੀ ਭਰ ਕੇ ਰਖਣੀ ਪਰਾਤ, ਪ੍ਰਾਤਾਕਾਲ ਵੇਖ ਵਖਾਈਆ । ਇਕ ਅੱਖਰਾਂ ਵਾਲੀ ਕੋਲ ਰਖਣੀ ਲੁਗਾਤ, ਜਿਸ ਦੀ ਤਰਮੀਮ ਨਾ ਕੋਇ ਸਮਝਾਈਆ । ਨਾਲ ਰਵਦਾਸ ਨੇ ਲਿਖਣੀ ਦਰਖ਼ਾਸਤ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਬੇਨੰਤੀ ਕਰਨੀ ਪ੍ਰਭ ਜਨ ਭਗਤ ਰਹੇ ਨਾ ਕੋਇ ਬਦਮਾਸ਼, ਬਦੀ ਸਭ ਦੇ ਅੰਦਰੋਂ ਦੇਣੀ ਕਢਾਈਆ । ਬਜਰ ਕਪਾਟੀ ਖੋਲ੍ਹ ਦੇ ਤਾਕ, ਪੜਦਾ ਉਹਲਾ ਰਹੇ ਨਾ ਰਾਈਆ । ਹਰਿਜਨ ਸੋਇਆ ਜਾਏ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਮੁਹੱਬਤ ਵਿਚ ਦੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਹੰਸ ਬੁੱਧੀ ਨਾ ਰਹੇ ਕਾਗ, ਕਾਗ ਹੰਸ ਦਏ ਬਣਾਈਆ । ਦੁਰਮਤ ਮੈਲ ਧੋ ਕੇ ਦਾਗ਼, ਪੱਤਤ ਪੁਨੀਤ ਕਰ ਵਖਾਈਆ । ਤੇਰੀ ਜੋਤ ਦਾ ਜਗੇ ਸਚ ਚਰਾਗ, ਚਰਾਗਾਹਾਂ ਵਿਚੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਤੇਰੇ ਨਾਮ ਦੀ ਸੁਣਨ ਇਕ ਆਵਾਜ਼, ਢੋਲਾ ਧੁਰਦਰਗਾਹੀਆ । ਸਭ ਨੇ ਹਿਰਦੇ ਅੰਦਰ ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਰਸਨਾ ਜਿਹਵਾ ਬੱਤੀ ਦੰਦ ਬੋਲਣ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣ ਕੇ ਧੁਰ ਦਾ ਸੁਹੇਲਾ ਸਾਥ, ਸਾਕੀ ਹੋ ਕੇ ਆਪਣਾ ਨਾਮ ਜਾਮ ਪਿਆਈਆ ।





## ✳ ੨੧ ਚੇਤ ਸ਼ਹਿਨਸ਼ਾਹੀ ਸੰਮਤ ੪ ਜੰਮੂ ਚੇਲਾ ਸਿੰਘ ਦੇ ਗ੍ਰਿਹਿ ✳

ਪੁਰਖ ਅਕਾਲ ਕਹੇ ਸਤਿਗੁਰ ਸ਼ਬਦ ਕੀ ਵੇਖੀ ਦੀਨ ਦੁਨੀ, ਦੁਨੀਆਦਾਰ ਧਿਆਨ ਲਗਾਈਆ । ਕਵਣ ਤੱਕਿਆ ਰਿਖੀ ਮੁਨੀ, ਮਾਨਵ ਪੜਦਾ ਦੇਣਾ ਉਠਾਈਆ । ਕਿਸ ਕਿਸ ਦੀ ਪੁਕਾਰ ਸੁਣੀ, ਸਹਿਜ ਸਹਿਜ ਦੇਣਾ ਦ੍ਰਿੜਾਈਆ । ਕਿਸ ਦੇ ਅੰਦਰ ਅਗੰਮੀ ਧੁਨੀ, ਨਾਦੀ ਧੁਨ ਹੋਵੇ ਸ਼ਨਵਾਈਆ । ਕਵਣ ਸਤਿ ਧਰਮ ਦਾ ਗੁਣੀ, ਗਹਿਰ ਗੰਭੀਰ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸੁਆਮੀ ਮੈਂ ਰਿਹਾ ਫਿਰਦਾ, ਦਿਵਸ ਰੈਣ ਭੱਜਿਆ ਵਾਹੋ ਦਾਹੀਆ । ਮੈਂ ਲੇਖਾ ਵੇਖਿਆ ਨੌਂ ਸੌ ਚੁਰਾਨਵੇ ਚੌਕੜੀ ਚਿਰ ਦਾ, ਵੇਦ ਸ਼ਾਸਤਰਾਂ ਬਾਹਰ ਧਿਆਨ ਲਗਾਈਆ । ਨਜ਼ਾਰਾ ਤੱਕਿਆ ਤੇਰਾ ਨਿਰ ਦਾ, ਨਿਰਵੈਰ ਨਿਰਾਕਾਰ ਨਿਰੰਕਾਰ ਤੇਰੀ ਵਡ ਵਡਿਆਈਆ । ਭੇਵ ਵੇਖਿਆ ਅਗੰਮੀ ਪਿਰ ਦਾ, ਪਤਿਪਰਮੇਸ਼ਵਰ ਜੋ ਦਿਤਾ ਵਖਾਈਆ । ਚੁਰਾਸੀ ਵਿਚੋਂ ਜਨ ਭਗਤ ਸੁਹੇਲਾ ਰਖੇ ਸਾਫ਼ ਹਿਰਦਾ, ਜੋ ਹਿਰਦੇ ਵਿਚ ਹਰਿ ਹਰਿ ਰਿਹਾ ਵਸਾਈਆ । ਬਾਕੀ ਸਭ ਦੇ ਅੰਦਰ ਇਸ਼ਟ ਦ੍ਰਿਸ਼ਟ ਦਾ ਗੇੜਾ ਗਿੜਦਾ, ਵਸ਼ਿਸ਼ਟ ਰੂਪ ਨਾ ਕੋਇ ਵਟਾਈਆ । ਆਤਮਾ ਪਰਮਾਤਮਾ ਤੱਕਿਆ ਨਹੀਂ ਮਿਲਦਾ, ਸੁਰਤ ਸ਼ਬਦ ਨਾ ਕੋਇ ਕੁੜਮਾਈਆ । ਮਨ ਕਲਪਨਾ ਅੰਤਰ ਜਗਤ ਜਹਾਨ ਹਿਲਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਬਿਨ ਗੁਰਮੁਖਾਂ ਅੰਮ੍ਰਿਤ ਝਿਰਨਾ ਕਿਤੇ ਨਾ

ਝਿਰਦਾ, ਬੂੰਦ ਸਵਾਂਤੀ ਮੇਘ ਨਾ ਕੋਇ ਟਪਕਾਈਆ । ਜਗਤ ਜਹਾਨ ਜੋ ਕਲਪਣਾ ਵਿਚ ਵੇਖਿਆ ਫਿਰਦਾ, ਚਾਰ ਕੁੰਟ ਦੁਹਾਈਆ । ਸਾਚੇ ਸੰਤਾਂ ਨਾਭੀ ਕਵਲ ਫੁੱਲ ਵੇਖਿਆ ਖਿੜਦਾ, ਖਿੜਕੀ ਤਾਕ ਕੁੰਡਾ ਅੰਦਰੋਂ ਦਿਤਾ ਖੁਲ੍ਹਾਈਆ । ਕਲਜੁਗ ਕੂੜ ਕੁੜਿਆਰਾ ਉਲਟਾ ਗੇੜਾ ਵੇਖਿਆ ਗਿੜਦਾ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੁਆਰਾ ਵੇਖ ਵਖਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਦੁਲਾਰੇ ਸੁਤ, ਸਤਿਗੁਰ ਧੁਰ ਦੇ ਦਿਆਂ ਜਣਾਈਆ । ਉਠ ਮੇਰੇ ਲਾਡਲੇ ਪੁਤ, ਪਿਤਾ ਪੂਤ ਵੇਸ ਵਟਾਈਆ । ਭੇਵ ਖੁਲ੍ਹਾ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦੇ ਕਰਾਈਆ । ਸਾਚੀ ਸਦੀ ਦੀ ਮੌਲੇ ਰੁਤ, ਸੱਦੇ ਘਰ ਘਰ ਆਪ ਦ੍ਰਿੜਾਈਆ । ਪੁਰਖ ਅਕਾਲਾ ਰਿਹਾ ਪੁਛ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦੁਆਰੇ ਆਏ ਪੁੱਜ, ਆਪਣਾ ਪੰਧ ਮੁਕਾਈਆ । ਲੇਖਾ ਨਾਲ ਲੈ ਕੇ ਆਏ ਸਭ ਕੁਝ, ਪਿਛੇ ਵੰਡ ਨਾ ਕੋਇ ਵੰਡਾਈਆ । ਜਿਸ ਦੇ ਵਿਚ ਰਖਿਆ ਭੇਵ ਗੁੱਝ, ਅੱਖਰਾਂ ਵਿਚ ਨਾ ਸਿਫ਼ਤ ਸਾਲਾਹੀਆ । ਦੀਨ ਦੁਨੀ ਦਾ ਦੱਸਿਆ ਦੁੱਖ, ਦਰਦਾਂ ਵਿਚ ਦੁਹਾਈਆ । ਜਿਸ ਵਿਚ ਪ੍ਰਭ ਦਾ ਖੇਲ ਬਾਹਰ ਮਾਨਵ ਮਨੁੱਖ, ਨਿਰਗੁਣ ਆਪਣੀ ਕਾਰ ਕਮਾਈਆ । ਨਜ਼ਰੀ ਦਿਸੇ ਨਾ ਸੁਫਲ ਕਿਸੇ ਕੁੱਖ, ਜਨਣੀ ਜਣੇ ਨਾ ਜਣੇਂਦੀ ਮਾਈਆ । ਜੋ ਜੁਗ ਚੌਕੜੀ ਰਿਹਾ ਚੁੱਪ, ਖ਼ਾਮੋਸ਼ੀ ਵਿਚ ਸਮਾਈਆ । ਸੋ ਕਲਜੁਗ ਅੰਧੇਰਾ ਵੇਖ ਕੇ ਘੁਪ, ਪੜਦਾ ਓਹਲਾ ਸਭ ਤੋਂ ਰਿਹਾ ਉਠਾਈਆ । ਮਾਇਆ ਮਮਤਾ ਵੇਖ ਕੇ ਲੁੱਟ, ਸੂਰਬੀਰ ਲਏ ਅੰਗੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਆਤਮ ਪਰਮਾਤਮ ਨਾਲੋਂ ਰਹੀ ਤੁੱਟ, ਟੁੱਟੀ ਗੰਢ ਨਾ ਕੋਇ ਪੁਆਈਆ । ਧਰਮ ਭੰਡਾਰਾ ਰਿਹਾ ਨਿਖੁੱਟ, ਜਗਤ ਵਣਜਾਰਾ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਧੁਰ ਦੇ ਦੁਲਾਰੇ, ਦੂਲ੍ਹੇ ਤੈਨੂੰ ਦਿਆਂ ਵਡਿਆਈਆ । ਵੇਖ ਖੇਲ ਸਚ ਸੱਚੇ ਦਰਬਾਰੇ, ਦਰ ਘਰ ਵੱਜੇ ਇਕ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਲਿਆ ਪਨਿਹਾਰੇ, ਪਨਘਟ ਡੇਰਾ ਇਕ ਦ੍ਰਿੜਾਈਆ । ਇਕੱਠੇ ਹੋਵਣ ਗੁਰ ਅਵਤਾਰੇ, ਪੈਗ਼ੰਬਰਾਂ ਮੇਲ ਮਿਲਾਈਆ । ਸਿਰ ਝੁਕੌਣ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੱਖ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਮਾਇਆ ਪੰਜ ਤੱਤ ਨਿਉਂ ਨਿਉਂ ਕੱਢਣ ਹਾੜੇ, ਹਉਂਕਿਆਂ ਵਿਚ ਦੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਆਪਣੀ ਕਰੇ ਹਾਹਾਕਾਰੇ, ਹਉਕਿਆਂ ਵਿਚ ਸੁਣਾਈਆ । ਚਾਰੇ ਬਾਣੀ ਨੈਣ ਰੋਵੇ ਜ਼ਾਰੋ ਜ਼ਾਰੇ, ਜ਼ਾਹਰ ਜ਼ਹੂਰ ਅੱਖ ਨਾ ਕੋਇ ਖੁਲ੍ਹਾਈਆ । ਚਾਰੇ ਖਾਣੀ ਧਾਹਾਂ ਮਾਰੇ, ਦਰੋਹੀ ਤੇਰਾ ਨਾਮ ਖ਼ੁਦਾਈਆ । ਚਾਰੇ ਵਰਨ ਮੰਗਣ ਦੁਆਰੇ, ਦਰ ਠਾਂਡੇ ਅਲਖ ਜਗਾਈਆ । ਇਹ ਖੇਲ ਵੇਖੇ ਏਕਾ ਏਕ ਏਕੰਕਾਰੇ, ਇਕ ਇਕੱਲਾ; ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਚਾਰ ਜੁਗ ਦੇ ਇਕੱਠੇ ਕਰ ਸ੍ਰਿਸ਼ਟੀ ਕਿਰਦਾਰ, ਕੁਦਰਤ ਦਾ ਮਾਲਕ ਕਾਦਰ ਆਪ ਜਣਾਈਆ । ਕੀ ਖੇਲ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਓ ਜਣਾਈਆ । ਕੀ ਹੁਕਮ ਵਰਤੇ ਗੁਰ ਅਵਤਾਰ, ਪੈਗ਼ੰਬਰ ਪੜਦਾ ਦਿਓ ਉਠਾਈਆ । ਕਵਣ ਹੁਕਮ ਸੰਦੇਸਾ ਦੇਵੇ ਵਾਰੋ ਵਾਰ, ਧੁਰ ਫ਼ਰਮਾਨਾ ਸ਼ਬਦ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਤੂੰ

੧੨੬
੨੧

ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਲ ਕਲਕੀ ਅਵਤਾਰ, ਅਵਤਰ ਤੇਰੀ ਧਾਰ ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਨੇਤਰ ਰੋਂਦੇ ਜ਼ਾਰੋ ਜ਼ਾਰ, ਜ਼ਾਹਰਾ ਜ਼ਹੂਰ ਤੇਰੇ ਹੱਥ ਵਡੀ ਵਡਿਆਈਆ । ਸਮਝੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਪੜਦਾ ਦੇਣਾ ਉਠਾਈਆ । ਜਗਤ ਵਿਦਿਆ ਵਿਚੋਂ ਦੀਨ ਦੁਨੀ ਨੂੰ ਕੱਢ ਦੇ ਬਾਹਰ, ਆਤਮ ਬ੍ਰਹਮ ਪਾਰਬ੍ਰਹਮ ਭੇਵ ਖੁਲ੍ਹਾਈਆ । ਏਥੇ ਬੁੱਧੀ ਦਾ ਨਹੀਂ ਵਿਸਥਾਰ, ਮਨ ਦਾ ਨਹੀਂ ਵਿਚਾਰ, ਸੁਰਤੀ ਸ਼ਬਦ ਅਗੰਮੀ ਧਾਰ, ਧਰਨੀ ਧਰਤ ਧਵਲ ਉਪਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਰ ਵਡ ਦਲੇਰੀ, ਦਿਲਬਰ ਹੋ ਕੇ ਦਿਆਂ ਦ੍ਰਿੜਾਈਆ । ਸਦੀ ਚੌਧਵੀਂ ਇਕ ਪੁਰਖ ਅਕਾਲ ਦੀ ਅਗੰਮੀ ਫੇਰੀ, ਫਿਰਤ ਫਿਰਤ ਵੇਖੇ ਜਗਤ ਲੋਕਾਈਆ । ਜੁਗ ਚੌਕੜੀ ਦੇਰ ਕੀਤੀ ਬਥੇਰੀ, ਸਮਾਂ ਸਮੇਂ ਵਿਚ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਚਲੌਂਦੇ ਰਹੇ ਜਗਤ ਦੀ ਬੇੜੀ, ਮਲਾਹ ਨਈਆ ਨੌਕਾ ਵਾਲੇ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਉਲਟੀ ਲੱਠ ਗੇੜੀ, ਗੇੜਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਰੰਗਣ ਰਿਹਾ ਰੰਗਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਹਾਜ਼ਰ ਹਜ਼ੂਰ, ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰੀ ਇਕ ਸਰਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਿਰਗੁਣ ਧਾਰ ਵੇਖ ਜ਼ਰੂਰ, ਜ਼ਾਹਰ ਜ਼ਹੂਰ ਆਪਣਾ ਜਲਵਾ ਨੂਰ ਕਰ ਰੁਸ਼ਨਾਈਆ । ਸਤਿ ਸੁਆਮੀ ਅੰਤਰਜਾਮੀ ਘਟ ਨਿਵਾਸੀ ਤੇਰਾ ਬੇੜਾ ਭਰਿਆ ਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਲਹਿਣਾ ਦੇਣਾ ਦੇਣਾ ਥਾਉਂ ਥਾਈਂਆ । ਤੇਰੇ ਨੂਰ ਦਾ ਚਮਕੇ ਇਕੋ ਨੂਰ, ਜੋਤੀ ਜੋਤ ਜੋਤ ਹੋਵੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟ ਕੂੜ, ਕਰਮਾਂ ਦਾ ਡੇਰਾ ਦੇ ਢਾਹੀਆ । ਸਾਚੀ ਬਖ਼ਸ਼ ਅਗੰਮੀ ਧੂੜ, ਚਰਨ ਚਰਨੋਧਕ ਦੇ ਪਿਆਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਸਿਰ ਆਪਣਾ ਹੱਥ ਟਿਕਾਈਆ । ਮਨਸਾ ਰਹੇ ਨਾ ਕੋਇ ਗ਼ਰੂਰ, ਗ਼ੁਰਬਤ ਅੰਦਰੋਂ ਦੇ ਕਢਾਈਆ । ਸਾਡੀ ਬੇਨੰਤੀ ਕਰ ਮਨਜ਼ੂਰ, ਆਰਜ਼ੂ ਇਕੋ ਇਕ ਸੁਣਾਈਆ । ਬਖ਼ਸ਼ਣਹਾਰ ਕ਼ਸੂਰ, ਕਸਰ ਇਸ਼ਾਰੀਏ ਨਾਲ ਸਭ ਦੀ ਕਰੇ ਸਫ਼ਾਈਆ । ਭਗਤ ਉਧਾਰਨਾ ਤੇਰਾ ਦਸਤੂਰ, ਦਸਤ ਬਦਸਤ ਦਰ ਤੇਰੇ ਮੰਗ ਮੰਗਾਈਆ । ਮਿਹਰਵਾਨ ਮਿਹਬਾਨ ਕਰ ਮਨਜ਼ੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸ੍ਰੀ ਭਗਵਾਨ ਕਹੇ ਸੁਣ ਸ਼ਬਦ ਦੁਲਾਰੇ ਮੇਰੇ, ਮਿਹਰਵਾਨ ਹੋ ਕੇ ਦਿਆਂ ਸੁਣਾਈਆ । ਜੁਗ ਚੌਕੜੀ ਵੇਖੇ ਬਥੇਰੇ, ਕੋਟਨ ਕੋਟ ਕਾਲ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਝੇੜੇ, ਝੇੜਾ ਜਗਤ ਵਿਚ ਲੋਕਾਈਆ । ਵਸਦੇ ਉਜੜਦੇ ਰਹੇ ਖੇੜੇ, ਜੁਗ ਜੁਗ ਆਪਣੀ ਕਾਰ ਕਮਾਈਆ । ਉਡੀਕਦਿਆਂ ਉਡੀਕਦਿਆਂ ਸਮਾਂ ਕਲਜੁਗ ਅੰਤਮ ਆ ਗਿਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤਾਂ ਦੇ ਅੰਤਰ ਨਿਰੰਤਰ ਵੇਖੇ ਜੇਰੇ, ਸਬਰ ਸਬੂਰੀ ਖੋਜ ਖੁਜਾਈਆ । ਜਿਨ੍ਹਾਂ ਨੇ ਢੋਲੇ ਗਾਏ ਤੇਰੇ ਮੇਰੇ, ਆਤਮ ਪਾਰਮਾਤਮ ਰਾਗ ਅਲਾਈਆ । ਉਨ੍ਹਾਂ ਚਾੜ੍ਹ ਕੇ ਆਪਣੇ ਬੇੜੇ, ਪਤਣ ਧੁਰ ਦਾ ਇਕ ਵਖਾਈਆ । ਜਿਥੇ ਦੀਨ ਮਜ਼੍ਹਬ ਦੇ ਨਹੀਂ ਝੇੜੇ, ਜ਼ਾਤ ਪਾਤ ਨਾ ਵੰਡ ਵੰਡਾਈਆ । ਜਗਤ ਜਗਿਆਸੂਆਂ ਨਹੀਂ ਡੇਰੇ, ਡੰਡਾਵਤ ਵਾਲਾ ਇਕੋ ਨਜ਼ਰੀ ਆਈਆ । ਜੋ ਆਦਿ ਅੰਤ ਜੁਗਾ ਜੁਗੰਤ ਹਕੀਕਤ

ਹੱਕ ਕਰੇ ਨਬੇੜੇ, ਅਦਲ ਇਨਸਾਫ਼ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸੱਚੇ ਸੁਲਤਾਨ, ਹਰਿ ਕਰਤੇ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਦਰਬਾਨ, ਦਰ ਬਰਦੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨਿਉਂ ਨਿਉਂ ਲਾਗਣ ਪਾਈਆ । ਚਰਨ ਚੁੰਮਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਧੂੜੀ ਖ਼ਾਕ ਰਮਾਈਆ । ਚਾਰ ਜੁਗ ਤੇਰੇ ਗ਼ੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਤੇਰੀ ਮਹਿੰਮਾ ਗਾਣ, ਸਿਫ਼ਤ ਸਿਫ਼ਤ ਵਿਚ ਸਾਲਾਹੀਆ । ਤੇਰਾ ਲੇਖਾ ਨੌਜਵਾਨ, ਮਰਦ ਮਰਦਾਨ ਨਾ ਕੋਇ ਦ੍ਰਿੜਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਤਰ ਛਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਨਾ ਕੋਇ ਨੌਜਵਾਨ, ਨੌਬਤ ਡੰਕ ਨਾ ਕੋਇ ਸੁਣਾਈਆ । ਬੇਨੰਤੀ ਕਰਾਂ ਸ੍ਰੀ ਭਗਵਾਨ, ਨਮੋ ਨਮੋ ਸਰਨਾਈਆ । ਉਠ ਵੇਖ ਪ੍ਰਭੂ ਮਿਹਰਵਾਨ, ਮਹਿਬੂਬ ਤੇਰੀ ਵਡਿਆਈਆ । ਹਰਿਜਨ ਤੇਰਾ ਰਾਹ ਤਕਾਣ, ਵੇਖਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਦੇ ਆਪ, ਆਪ ਆਪਣੀ ਦਇਆ ਕਮਾਈਆ । ਤੇਰਾ ਮੇਲਾ ਹੋਵੇ ਨਾਲ ਇਤਫ਼ਾਕ, ਇਤਮੀਨਾਨ ਦੇ ਧਰਾਈਆ । ਹਰਿਜਨ ਰਹੇ ਨਾ ਕੋਇ ਗੁਸਤਾਖ਼, ਗ਼ੁੱਸਾ ਅੰਦਰੋਂ ਦੇ ਕਢਾਈਆ । ਜਨਮ ਕਰਮ ਦਾ ਕ਼ਸੂਰ ਕਰ ਮੁਆਫ਼, ਰਹਿਮਤ ਵਿਚ ਕਰ ਸਫ਼ਾਈਆ । ਤੂੰ ਧੁਰ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਭਵਿਖਤਾਂ ਵਿਚ ਸੁਣਾਈਆ । ਉਸ ਦਾ ਲਹਿਣਾ ਦੇਣਾ ਦੇ ਹਿਸਾਬ, ਲੇਖਾ ਅਵਰ ਰਹੇ ਨਾ ਰਾਈਆ । ਬਿਨ ਅੱਖਰਾਂ ਵਾਲੀ ਖੋਲ੍ਹ ਕਿਤਾਬ, ਜਿਹੜੀ ਕੁਤਬਖ਼ਾਨੇ ਵਿਚੋਂ ਹੱਥ ਕਿਸੇ ਨਾ ਆਈਆ । ਤੇਰਾ ਵੇਖੀਏ ਖੇਲ ਤਮਾਸ਼, ਦੋ ਜਹਾਨ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹ ਸਵਾਮੀ, ਸਮਾਂ ਸੁਹੰਜਣਾ ਦਏ ਗਵਾਹੀਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਘਟ ਭੀਤਰ ਰਿਹਾ ਸਮਾਈਆ । ਤੇਰੀ ਬੋਧ ਅਗਾਧ ਸ਼ਬਦੀ ਬਾਣੀ, ਬਾਣ ਅਣਿਆਲਾ ਤੀਰ ਦੇ ਲਗਾਈਆ । ਝਗੜਾ ਮੁਕਾ ਦੇ ਚਾਰੇ ਖਾਣੀ, ਚਾਰੋਂ ਕੁੰਟ ਕਰ ਸਫ਼ਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਤੇਰੇ ਚਰਨ ਕਵਲ ਵਿਟੋਂ ਕ਼ੁਰਬਾਨੀ, ਨਿਉਂ ਨਿਉਂ ਸੀਸ ਝੁਕਾਈਆ । ਤੇਰੇ ਨਾਮ ਦੀ ਨਰ ਨਿਰੰਕਾਰ ਮੰਗਣ ਇਕ ਨਿਸ਼ਾਨੀ, ਨਿਸ਼ਾਨੇ ਦੋ ਜਹਾਨ ਦੇਣੇ ਬਦਲਾਈਆ । ਆਪਣੀ ਮੰਜ਼ਲ ਦੱਸਣੀ ਇਕ ਆਸਾਨੀ, ਅਸਲ ਪੜਦਾ ਦੇਣਾ ਉਠਾਈਆ । ਸਾਚੀ ਰੰਗਤ ਨਾਮ ਨਿਧਾਨ ਦੇ ਜਵਾਨੀ, ਜੋਬਨਵੰਤੇ ਆਪਣੀ ਅੱਖ ਉਠਾਈਆ । ਸੂਰਬੀਰ ਸ਼ਾਹੋ ਭੂਪ ਕਲਜੁਗ ਲੇਖਾ ਵੇਖ ਵਿਚ ਮੈਦਾਨੀ, ਮਦਦ ਆਪਣੀ ਆਪ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਦਰ ਠੰਡਾ, ਅਗਨੀ ਤਤ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਸਮਝੇ ਕੋਈ ਨਾ ਬੰਦਾ, ਬੰਦਗੀ ਵਾਲੇ ਬੈਠੇ ਮੁਖ ਛੁਪਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਵਧਿਆ ਧੰਦਾ, ਧਰਨੀ ਧਰਤ ਧਵਲ ਧੌਲ ਦਏ ਦੁਹਾਈਆ । ਮਨ ਕਲਪਣਾ ਮਾਨਵ ਹੋਇਆ ਗੰਦਾ, ਸਚ ਸੁਗੰਧ ਨਾ ਕੋਇ ਪ੍ਰਗਟਾਈਆ । ਦੋਏ ਨੈਣ ਹੋਇਆ ਅੰਧਾ, ਨਿਜ ਨੈਣ ਨਾ ਕੋਇ ਰੁਸ਼ਨਾਈਆ । ਸਤਿ ਧਰਮ ਰਿਹਾ ਕੋਈ ਨਾ ਚੰਗਾ, ਚਾਰ ਕੁੰਟ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖ ਦੰਗਾ, ਕਰਮ ਕੁਕਰਮ ਕਰੇ ਲੜਾਈਆ ।

ਸਾਚੀ ਮੰਜ਼ਲ ਪੌੜੀ ਚੜ੍ਹੇ ਕੋਈ ਨਾ ਡੰਡਾ, ਡੰਡਾਵਤ ਆਪਣੀ ਦੇ ਸਮਝਾਈਆ । ਸਚ ਪਿਆਰ ਮੁਹੱਬਤ ਬਖ਼ਸ਼ ਅਗੰਮੀ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੇਰਾ ਨੂਰ ਤੱਕਣਾ ਜ਼ਹੂਰ ਵਾਲਾ ਚੰਦਾ, ਚੰਦ ਚਾਂਦਨੀ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਗਹਿਰ ਗੰਭੀਰ, ਗਵਰ ਤੇਰੀ ਇਕ ਸਰਨਾਈਆ । ਕਿਰਪਾ ਕਰ ਸ਼ਾਹ ਸੁਲਤਾਨ ਸ਼ਰਅ ਕੱਟ ਜ਼ੰਜੀਰ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚੀ ਸਤਿ ਸਤਿਵਾਦੀ ਦੱਸ ਤਦਬੀਰ, ਤਰੀਕਾ ਨੀਕਣ ਨੀਕਾ ਇਕ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ, ਝਗੜਾ ਰਹੇ ਨਾ ਪੈਗ਼ੰਬਰ ਪੀਰ, ਬੇਨਜ਼ੀਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਮੇਰੀ ਅਰਜ਼ੋਈ, ਬੇਨੰਤੀ ਦਿਆਂ ਜਣਾਈਆ । ਤੇਰਾ ਨਾਮ ਦਰੋਹੀ, ਤੋਬਾ ਤੋਬ ਦੁਹਾਈਆ । ਤੇਰਾ ਭਗਤ ਪ੍ਰਭ ਕੋਈ ਕੋਈ, ਚੁਰਾਸੀ ਵਿਚੋਂ ਨਜ਼ਰੀ ਆਈਆ । ਬਾਕੀ ਸਭ ਨੇ ਪਤਿ ਖੋਈ, ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ । ਦਰਗਾਹ ਸਾਚੀ ਮਿਲੇ ਕਿਸੇ ਨਾ ਢੋਈ, ਦਰ ਠਾਂਡਾ ਨਾ ਕੋਇ ਵਖਾਈਆ । ਸਭ ਦੀ ਆਸਾ ਅੰਤਰ ਰਹੀ ਰੋਈ, ਰੁਦਨ ਵਿਚ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਹੁਕਮ ਅਲਾਹੀ ਏਕ, ਏਕਾ ਏਕ ਵਡਿਆਈਆ । ਸਭ ਨੇ ਦੱਸੀ ਤੇਰੀ ਟੇਕ, ਟਿੱਕੇ ਮਸਤਕ ਲਾਈਆ । ਭਾਗ ਲਗਾ ਦੇ ਆਪਣੇ ਦੇਸ, ਦੇਸ ਦੇਸੰਤਰ ਖੋਜ ਖੁਜਾਈਆ । ਤੇਰਾ ਜੋਤ ਸਰੂਪੀ ਵੇਸ, ਜਗ ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਤੇਰਾ ਸ਼ਬਦੀ ਧਾਰ ਦਸਮੇਸ਼, ਭੱਜੇ ਵਾਹੋ ਦਾਹੀਆ । ਤੇਰਾ ਸੰਬਲ ਧਾਮ ਏਕ, ਸਾਢੇ ਤਿੰਨ ਹੱਥ ਵਜਦੀ ਰਹੇ ਵਧਾਈਆ । ਤੇਰਾ ਬੋਧ ਅਗਾਧਾ ਲੇਖ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਤੂੰ ਸਦਾ ਰਹੇਂ ਹਮੇਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵੇਖ ਕਲੇਸ਼, ਰਾਮਾ ਕ੍ਰਿਸ਼ਨਾ ਰਹੇ ਸਮਝਾਈਆ । ਸਾਰੇ ਦਵਾਰੇ ਤੇਰੇ ਹੋਏ ਪੇਸ਼, ਪੇਸ਼ੀਨਗੋਈਆਂ ਹੱਥਾਂ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਓਹ ਵੇਖ ਗੋਈ ਪੇਸ਼ੀਨ, ਪੇਸ਼ਤਰ ਧਿਆਨ ਲਗਾਈਆ । ਹਿਕਮਤ ਰਹੇ ਨਾ ਕਿਸੇ ਮਦੀਨ, ਮੁੱਦਾ ਸਭ ਨੂੰ ਰਿਹਾ ਦ੍ਰਿੜਾਈਆ । ਝਗੜਾ ਵੇਖੇ ਜਗਤ ਜ਼ਮੀਨ, ਜ਼ਾਮਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਤੇਰੀ ਸਮਝੇ ਨਾ ਕੋਇ ਤਾਅਲੀਮ, ਤਾਲਬ ਇਲਮ ਨਾ ਕੋਇ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਗ਼ਮਗੀਨ, ਗ਼ਮੀ ਗ਼ਮਖ਼ਾਰ ਨਾ ਕੋਇ ਬਦਲਾਈਆ । ਤੇਰਾ ਲੇਖਾ ਵਡ ਰਹੀਮ, ਰਹਿਮਤ ਵਿਚ ਨਾ ਕੋਇ ਜਣਾਈਆ । ਤੇਰਾ ਹੁਕਮ ਆਦਿ ਕ਼ਦੀਮ, ਧੁਰ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਤਿਗੁਰ ਭੇਵ ਅਭੇਦਾ ਖੋਲ੍ਹ ਕੇ ਦੱਸ, ਦਹਿ ਦਿਸ਼ਾ ਦੇ ਸਮਝਾਈਆ । ਕੀ ਲਹਿਣਾ ਹੱਥੇ ਹੱਥ, ਜੁਗ ਚੌਕੜੀ ਵੇਖ ਵਖਾਈਆ । ਕੀ ਮਹਿੰਮਾ ਸ਼ਬਦ ਅਕਥ, ਬੋਧ ਅਗਾਧ ਪੜ੍ਹਾਈਆ । ਕੀ ਕਲਜੁਗ ਚਲੇ ਰਥ, ਆਪਣਾ ਪੰਧ ਮੁਕਾਈਆ । ਕੀ ਸ਼ਬਦ ਅਗੰਮੀ ਵੱਜੇ ਸੱਟ, ਸੁਤਿਆਂ ਦਏ ਉਠਾਈਆ । ਕੀ ਨਾਮ ਨਿਧਾਨਾ ਖੋਲ੍ਹਿਆ ਹੱਟ, ਵਣਜਾਰਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ੍ਰੀ ਭਗਵਾਨ ਕਹੇ ਸੁਣ ਸ਼ਬਦ ਅਗੰਮੇ ਆਦੀ, ਅਦਲ

ਨਾਲ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਵਧਾਈ ਅਬਾਦੀ, ਬਹੁ ਗਿਣਤੀ ਵਿਚ ਵਡਿਆਈਆ । ਤਨ ਵਜੂਦ ਕਰੌਂਦੇ ਰਹੇ ਸ਼ਾਦੀ, ਸ਼ਾਦਿਆਨਿਆਂ ਵਿਚ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਏਸੇ ਕਾਰਨ ਹੁੰਦੀ ਬਰਬਾਦੀ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਧਰਮ ਦਾ ਧੁਰ ਸੰਦੇਸ਼ਾ ਦੇਵੇ ਕੋਈ ਨਾ ਰਾਗੀ, ਅਨਰਾਗੀ ਰਾਗ ਸੁਣਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਜਾਗਰਤ ਰੂਪ ਨਾ ਕੋਇ ਵਟਾਈਆ । ਮਾਨਵ ਬਣੇ ਨਾ ਕੋਇ ਤਿਆਗੀ, ਮਮਤਾ ਮੋਹ ਚੁਕਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਵੇਲਾ ਨਾ ਕਿਸੇ ਪ੍ਰਭਾਤੀ, ਪ੍ਰਭ ਮਿਲਣ ਕੋਇ ਨਾ ਆਈਆ । ਨਿਰਗੁਣ ਜੋਤ ਜਗੇ ਨਾ ਬਾਤੀ, ਕਮਲਾਪਾਤੀ ਨਾ ਕੋਇ ਵਡਿਆਈਆ । ਸਾਚੀ ਮੰਨੇ ਕੋਇ ਨਾ ਆਖੀ, ਆਖ਼ਰ ਪ੍ਰਭ ਨੂੰ ਗਏ ਭੁਲਾਈਆ । ਜਿਸ ਦਾ ਖੇਲ ਸਦਾ ਬਹੁਭਾਤੀ, ਭਾਵਨਾ ਵੇਖੇ ਥਾਉਂ ਥਾਈਂਆ । ਭਗਤ ਉਧਾਰਨਾ ਜਿਸ ਦੀ ਵਾਦੀ, ਵਾਇਦੇ ਨਾਲ ਹੋਏ ਸਹਾਈਆ । ਉਸ ਦੀ ਕਲਾ ਅਗੰਮੀ ਡਾਹਢੀ, ਡੰਡਾਵਤ ਸਭ ਨੂੰ ਦਏ ਸਮਝਾਈਆ । ਜਿਸ ਦਾ ਰਾਗ ਗਾਵੇ ਕੋਈ ਨਾ ਢਾਡੀ, ਤਾਲਾਂ ਵਿਚ ਨਾ ਕੋਇ ਸੁਣਾਈਆ । ਓਹ ਸਭ ਦਾ ਬਣ ਕੇ ਬਾਡੀ, ਬਣਤ ਧੁਰ ਦੀ ਇਕ ਦ੍ਰਿੜਾਈਆ । ਮਨੂਆ ਰਹਿਣ ਨਾ ਦੇਵੇ ਬਾਗ਼ੀ, ਗੜ੍ਹ ਹੰਕਾਰ ਤੁੜਾਈਆ । ਜਨ ਭਗਤਾਂ ਆਤਮ ਜਾਵੇ ਸਾਧੀ, ਸਾਧਨਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਪ੍ਰਭ ਤੇਰਾ ਇਕੋ ਦਾਅਵਾ, ਲੇਖਾ ਮੇਰੇ ਨਾਲ ਜਣਾਈਆ । ਜਨ ਭਗਤਾਂ
ੴ ਆਤਮ ਸੇਜ ਰਾਵਾਂ, ਕੰਤ ਕੰਤੂਹਲ ਹੋ ਕੇ ਸੋਭਾ ਪਾਈਆ । ਸਚ ਅਗੰਮੀ ਦੇ ਕੇ ਨਾਵਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਗੁਰਮੁਖ ਰਹਿਣ
ਨਾ ਦੇਵਾਂ ਕੋਈ ਨਿਥਾਵਾਂ, ਦਵਾਰਾ ਇਕੋ ਇਕ ਸੁਹਾਈਆ । ਗ਼ਰੀਬ ਨਿਮਾਣਿਆਂ ਪਕੜ ਕੇ ਬਾਹਵਾਂ, ਫੜ ਬਾਹੋਂ ਗੋਦ ਉਠਾਈਆ । ਧੁਰ ਦੇ ਨਾਮ ਦੀ ਦੇ ਕੇ ਛਾਵਾਂ, ਅਗਨੀ ਤਤ ਗਵਾਈਆ । ਝਗੜਾ ਮੁਕਾ ਕੇ ਧੁਰ ਗਰਾਵਾਂ, ਦਰਗਾਹ ਸਾਚੀ ਘਰ ਸੁਹਾਈਆ । ਜਿਥੇ ਭਗਤ ਭਗਵਾਨ ਦਾ ਤੋਲ ਹੋਵੇ ਸਾਵਾਂ, ਵਜ਼ਨ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਤੇਰਾ ਇਕ ਸਹਾਰਾ, ਓਟ ਓਟ ਤਕਾਈਆ । ਲੇਖਾ ਮੁਕਿਆ ਗੁਰੂ ਅਵਤਾਰਾ, ਪੈਗ਼ੰਬਰ ਪੰਧ ਮੁਕਾਈਆ । ਤੇਰਾ ਭਗਤ ਮੰਗੇ ਤੇਰਾ ਚਰਨ ਦਵਾਰਾ, ਦੂਜੀ ਓਟ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਕਰਦੇ ਗਏ ਇਸ਼ਾਰਾ, ਜੁਗ ਚੌਕੜੀ ਧਿਆਨ ਲਗਾਈਆ । ਤੂੰ ਗੋਬਿੰਦ ਧਾਰ ਸਰਗੁਣ ਤੋਂ ਨਿਰਗੁਣ ਹੋ ਕੇ ਆਇਉਂ ਦੁਬਾਰਾ, ਏਕੰਕਾਰਾ ਨਾਲ ਮਿਲਾਈਆ । ਤੇਰਾ ਧੁਰ ਦਾ ਇਕ ਜੈਕਾਰਾ, ਏਕਾ ਸ਼ਬਦ ਸ਼ਨਵਾਈਆ । ਰਵਦਾਸ ਦਾ ਮੰਨ ਲੈ ਹਾੜਾ, ਦੇਵੇ ਸਚ ਦੁਹਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ ਸਾਂਝਾ ਯਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਕਹੇ ਓਹ ਵੇਖ ਭਗਤ ਦੀ ਦਰਖ਼ਾਸਤ, ਦਰਦਾਂ ਵਿਚ ਦੁਹਾਈਆ । ਕੂੜੀ ਕਿਰਿਆ ਕਰ ਬਰਖ਼ਾਸਤ, ਬਰਖ਼ੁਰਦਾਰ ਆਪਣੇ ਲੈ ਬਣਾਈਆ । ਗੁਰਮੁਖ ਰਹੇ ਨਾ ਕੋਇ ਨਾਸਤਕ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਦੁਆਰੇ ਬਣਾ ਆਸਤਕ, ਆਤਮ ਪਰਮਾਤਮ ਜੋੜ ਜੁੜਾਈਆ । ਤੇਰਾ ਨੂਰ ਅਗੰਮੀ ਵਾਸਤਕ, ਵਾਅਦਾ ਆਪਣੇ ਘਰ ਸਮਝਾਈਆ । ਝਗੜਾ ਰਹੇ ਨਾ ਕਿਸੇ ਸ਼ਾਸਤਰ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਵੇਖ ਖੇਲ ਹਾਲਾ, ਹਾਲਾਤ ਦਿਆਂ ਜਣਾਈਆ । ਬਾਕੀ ਨਿਕਲਿਆ ਅੰਤ ਦਵਾਲਾ, ਹਿਸਾਬ ਬੇਬਾਕ ਨਾ ਕੋਇ ਜਣਾਈਆ । ਸਾਧਾਂ ਸੰਤਾਂ ਅੰਦਰ ਲਾ ਦੇ ਤਾਲਾ, ਬਿਨ ਤੇਰੀ ਕਿਰਪਾ ਕੁੰਜੀ ਹੱਥ ਕਿਸੇ ਨਾ ਆਈਆ । ਦੁਰਮਤ ਮੈਲ ਧੋ ਕੇ ਦਾਗ਼ ਕਾਲਾ, ਪਤਤ ਪੁਨੀਤ ਨਾ ਕੋਇ ਕਰਾਈਆ । ਸਤਿ ਧਰਮ ਰਹੇ ਨਾ ਕਿਸੇ ਧਰਮਸਾਲਾ, ਚਾਰੋਂ ਕੁੰਟ ਦੁਹਾਈਆ । ਫਲ ਫੁੱਲ ਰਹੇ ਨਾ ਡਾਲਾ, ਪੱਤ ਡਾਲੀ ਦਏ ਦੁਹਾਈਆ । ਜੋ ਇਸ਼ਾਰਾ ਕੀਤਾ ਨਾਨਕ ਬਾਲਾ, ਬਾਲੀ ਬੁਧ ਵਖਾਈਆ । ਜਿਸ ਦਾ ਅਵਤਾਰਾਂ ਦਿਤਾ ਅਹਿਵਾਲਾ, ਪੈਗ਼ੰਬਰ ਸਿਫ਼ਤ ਸਾਲਾਹੀਆ । ਜਿਸ ਨੂੰ ਝੁਕੀ ਜੋਤ ਜਵਾਲਾ, ਅਸ਼ਟਭੁਜ ਸਰਨਾਈਆ । ਜਿਸ ਦਾ ਨੂਰ ਨੂਰ ਉਜਾਲਾ, ਨਿਰਗੁਣ ਸਰਗੁਣ ਡਗਮਗਾਈਆ । ਸੋ ਖੇਲੇ ਖੇਲ ਕਮਾਲਾ, ਕਾਮਲ ਮੁਰਸ਼ਦ ਧੁਰਦਰਗਾਹੀਆ । ਖੋਜਿਆਂ ਹੱਥ ਨਾ ਆਵੇ ਭਾਲਾ, ਬ੍ਰਹਿਮੰਡ ਖੰਡ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਤੇਰੀ ਕਰਨੀ ਦਿਸੇ ਸ਼ਦੀਦ, ਸ਼ਿੱਦਤ ਵਿਚ ਲੋਕਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਆਪਣੀ ਦੇ ਦ੍ਰਿੜਾਈਆ । ਮੈਂ ਸਦਾ ਕਰਾਂ ਤਾਈਦ, ਤਾਕੀਦ ਤੇਰੀ ਨਜ਼ਰੀ ਆਈਆ । ਸੰਤ ਸਹੇਲੇ ਵੇਖ ਅਜ਼ੀਜ਼, ਆਲੀਜਾਹ ਖੋਜ ਖੁਜਾਈਆ । ਜਿਨ੍ਹਾਂ ਤੇਰੇ ਮਿਲਣ ਦੀ ਰੀਝ, ਜਗ ਬੈਠੇ ਧਿਆਨ ਲਗਾਈਆ । ਜਗ ਨੇਤਰ ਕਰਨ ਉਡੀਕ, ਅੱਖ ਪ੍ਰੱਤਖ ਤੱਕਣ ਇਕ ਗੁਸਾਈਆ । ਤੂੰ ਓਸ ਦਵਾਰੇ ਬਣ ਵਸਨੀਕ, ਜਿਥੇ ਵਸਲ ਅਸਲ ਦੇਵੇ ਯਾਰ ਖ਼ੁਦਾਈਆ । ਜਨ ਭਗਤਾਂ ਬਦਲ ਦੇ ਤਬੀਅਤ, ਤਬਅ ਕੂੜ ਰਹਿਣ ਨਾ ਪਾਈਆ । ਆਪਣੇ ਘਰ ਵਖਾ ਅਸਲੀਅਤ,

੧੩੧ ਪੜਦਾ ਉਹਲਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਵਦਾਸ ਕਹੇ ਮੈਂ ੧੩੧

੨੧ ਤੇਰੀ ਕਿਰਪਾ ਨਾਲ ਲਿਖਦਾ, ਸ਼ਬਦ ਗੁਰੂ ਸਮਝਾਈਆ । ਪੁਰਖ ਅਕਾਲ ਸਭ ਨੂੰ ਰੂਪ ਦੇ ਦੇ ਸਾਚੇ ਸਿੱਖ ਦਾ, ਸਿਖਿਆ ਇਕ ਸਮਝਾਈਆ । ੨੧

ਲਹਿਣਾ ਚੁਕਾ ਦੇ ਗੋਬਿੰਦ ਵਾਲੀ ਚਿੱਟ ਦਾ, ਜਿਸ ਦਾ ਅੱਖਰ ਵੰਡ ਨਾ ਕੋਇ ਵੰਡਾਈਆ । ਭਾਗ ਪੂਰਾ ਕਰ ਦੇ ਰਵਦਾਸ ਵਾਲੀ ਇੱਟ ਦਾ, ਇੱਟਾਂ ਪੱਥਰਾਂ ਦੀ ਲੋੜ ਰਹੇ ਨਾ ਰਾਈਆ । ਝਗੜਾ ਮੁਕਾ ਦੇ ਕੂੜ ਕੁੜਿਆਰ ਨਿਤ ਦਾ, ਨਵਿਤ ਆਪਣਾ ਫੇਰਾ ਪਾਈਆ । ਤੂੰ ਸਾਹਿਬ ਸੁਲਤਾਨ ਇਕੋ ਦਿਸਦਾ, ਦੋ ਜਹਾਨ ਸੋਭਾ ਪਾਈਆ । ਤੇਰੀ ਹਕੂਮਤ ਕੋਈ ਨਾ ਜਿੱਤਦਾ, ਵੈਰੀ ਸ਼ਤਰੂ ਮੀਤ ਨਿਉਂ ਨਿਉਂ ਸੀਸ ਨਿਵਾਈਆ । ਤੂੰ ਲਹਿਣੇ ਦੇਣੇ ਆਦਿ ਜੁਗਾਦਿ ਨਜਿੱਠਦਾ, ਤੇਰੇ ਹੱਥ ਵਡਿਆਈਆ । ਭੇਵ ਖੋਲ੍ਹ ਦੇ ਆਪਣੇ ਨੂਰ ਅਲਾਹੀ ਇਕ ਦਾ, ਏਕੰਕਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਅਰਜ਼ੀ ਉਤੇ ਕੀ ਤਹਿਰੀਰ, ਤਕਰੀਰ ਨਾਲ ਸੁਣਾਈਆ । ਪ੍ਰਭ ਕਲਜੁਗ ਅੰਤਮ ਵਾਟ ਅਖ਼ੀਰ, ਆਖ਼ਰ ਧਿਆਨ ਲਗਾਈਆ । ਜਨ ਭਗਤਾਂ ਬਦਲ ਦੇ ਤਕਦੀਰ, ਕਰਮਾਂ ਦਾ ਗੇੜ ਆਪ ਕਟਾਈਆ । ਸ਼ਰਅ ਦਾ ਰਹੇ ਨਾ ਕੋਇ ਜ਼ੰਜੀਰ, ਸ਼ਰੀਅਤ ਲੇਖਾ ਦੇਣਾ ਮੁਕਾਈਆ । ਭਰਮ ਰਹੇ ਨਾ ਗ਼ਰੀਬ ਅਮੀਰ, ਊਚ ਨੀਚ ਨਾ ਕੋਇ ਜਣਾਈਆ । ਸਭ ਦੀ ਬਦਲ ਦੇ ਤਦਬੀਰ, ਤਕਦੀਰ ਤੋਂ ਪਰੇ ਤਅਲੀਮ ਆਪਣੀ ਇਕ ਸਮਝਾਈਆ । ਧੁਰ ਦੀ ਫੇਰਦੇ ਆਪ ਲਕੀਰ, ਲਾਈਨ ਨਰਾਇਣ ਹੋ ਕੇ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ

ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੈਨੂੰ ਆਈ ਯਾਦ, ਕਥਾ ਪਿਛਲੀ ਦਿਆਂ ਸੁਣਾਈਆ । ਜਿਸ ਵੇਲੇ ਚੌਥੇ ਜੁਗ ਤੋਂ ਜਗਤ ਹੋਵੇ ਆਜ਼ਾਦ, ਆਜ਼ਾਦੀ ਅੰਦਰ ਦੀਨ ਦੁਨੀ ਵਡਿਆਈਆ । ਜਗਤ ਕਲਪਣਾ ਦਾ ਰਹੇ ਕੋਈ ਨਾ ਸਾਧ, ਵਿਦਿਆ ਵਾਲੀ ਨਾ ਕੋਇ ਚਤੁਰਾਈਆ । ਸੰਖਾਂ ਵਾਲਾ ਵੱਜੇ ਕੋਇ ਨਾ ਨਾਦ, ਧੁਨ ਧਾਰ ਨਾ ਕੋਇ ਵਡਿਆਈਆ । ਅੱਲਾ ਵਾਹਿਗੁਰੂ ਸਤਿਨਾਮ ਓਮ ਵੰਡ ਹੋਵੇ ਕੋਈ ਨਾ ਗਾਡ, ਨਾਅਰਾ ਇਕੋ ਇਕ ਜਣਾਈਆ । ਬੁੱਧੀ ਰਹੇ ਨਾ ਕੋਈ ਡਾਗ, ਕਾਗ ਵਾਂਗ ਕੁਰਲਾਈਆ । ਸ਼ਬਦ ਡੰਡਾ ਅਗੰਮੀ ਰਾਡ, ਧੁਰ ਫ਼ਰਮਾਨਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਸਚ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਸੁਣ ਬੇਨੰਤੀ ਇਕ, ਆਰਜ਼ੂ ਵਡ ਵਡਿਆਈਆ । ਪੁਰਖ ਅਬਿਨਾਸ਼ੀ ਕਰ ਹਿਤ, ਹਿਤਕਾਰੀ ਹੋ ਕੇ ਦਇਆ ਕਮਾਈਆ । ਤੇਰੇ ਭਗਤ ਸੁਹੇਲੇ ਸਦਾ ਨਿਤ, ਜੁਗ ਚੌਕੜੀ ਸੇਵ ਕਮਾਈਆ । ਕਲਜੁਗ ਅੰਤਮ ਲਾ ਖਿੱਚ, ਅੰਦਰੇ ਅੰਦਰ ਮੇਲ ਮਿਲਾਈਆ । ਧਾਮ ਵਖਾ ਇਕ ਅਨਡਿੱਠ, ਅਨਡਿਠੜੀ ਕਾਰ ਕਮਾਈਆ । ਯਾਦ ਕਰ ਲੈ ਪ੍ਰਹਿਲਾਦ ਵਾਲੀ ਚਿੱਟ, ਜੋ ਬਿਨ ਚਿੱਠੀ ਰਸੈਣ ਦਿਤੀ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪ੍ਰਹਿਲਾਦ ਨਾਲ ਕੀਤਾ ਇਕਰਾਰ, ਸਚ ਸਚ ਸਮਝਾਈਆ । ਦੇ ਸ਼ਬਦ ਧੁਨਕਾਰ, ਅਗੰਮ ਆਵਾਜ਼ ਲਗਾਈਆ । ਬੋਲ ਇਕ ਜੈਕਾਰ, ਸੋਹਲਾ ਦਿਤਾ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕੋ ਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਪ੍ਰਭ ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਜੇ ਭਗਤਾਂ ਦਾ ਤੇਰੇ ਵਿਚ ਪਿਆਰ, ਪ੍ਰੇਮੀ ਹੋ ਕੇ ਤੋੜ ਨਿਭਾਈਆ । ਮੇਰੇ ਵਾਂਗ ਨਾ ਕਰੀਂ ਖ਼ੁਆਰ, ਗੇੜਾ ਗੇੜੇ ਵਿਚ ਵਖਾਈਆ । ਆਪ ਬਹੁਰੂਪੀਆ ਹੋ ਕੇ ਆਵੇਂ ਵਿਚ ਸੰਸਾਰ, ਨਰ ਸਿੰਘ ਨਰ ਨਰਾਇਣ ਹੋ ਕੇ ਦੇਹ ਤਜਾਈਆ । ਤੂੰ ਸ਼ਹਿਨਸ਼ਾਹ ਸਿਕਦਾਰ, ਵਾਲੀ ਦੋ ਜਹਾਨ ਅਖਵਾਈਆ । ਜਦ ਆਵੇਂ ਤੇ ਆਵੀਂ ਜੋਤੀ ਜਾਮਾ ਧਾਰ, ਨੂਰ ਨੂਰ ਰੁਸ਼ਨਾਈਆ । ਸਾਚਿਆਂ ਭਗਤਾਂ ਲਈਂ ਉਠਾਲ, ਅੰਦਰ ਵੜ ਕੇ ਆਪ ਜਗਾਈਆ । ਤੇਰੀ ਇਹੋ ਸੱਚੀ ਧਰਮਸਾਲ, ਸਚ ਦੁਆਰੇ ਵੱਜੀ ਵਧਾਈਆ । ਅੱਗੋਂ ਹੱਸ ਕੇ ਕਿਹਾ ਪੁਰਖ ਅਕਾਲ, ਇਸ਼ਾਰੇ ਨਾਲ ਦ੍ਰਿੜਾਈਆ । ਪ੍ਰਹਿਲਾਦ ਕਲਜੁਗ ਅੰਤਮ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਜਾਂ ਤੱਕਿਆ ਤੇ ਹੋਇਆ ਹੈਰਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਚ ਪ੍ਰੇਮ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਿਤਾ ਚੁਕਾਈਆ । ਪ੍ਰਹਿਲਾਦ ਕਹੇ ਪ੍ਰਭ ਵਖਾਇਆ ਕੀ, ਸਚ ਦੇ ਦ੍ਰਿੜਾਈਆ । ਨਿਰਮਲ ਵੇਖਿਆ ਕੋਇ ਨਾ ਜੀਅ, ਕੂੜ ਕਿਰਿਆ ਰਹੀ ਕੁਰਲਾਈਆ । ਅੰਮ੍ਰਿਤ ਰਸ ਕੋਈ ਰਿਹਾ ਨਾ ਪੀ, ਅਗਨੀ ਅੱਗ ਨਾ ਕੋਇ ਬੁਝਾਈਆ । ਸੰਸਾਰ ਕਲਪਣਾ ਪੁੱਤਰ ਧੀ, ਮਾਇਆ ਮਮਤਾ ਵਿਚ ਹਲਕਾਈਆ । ਰਵਦਾਸ ਤੱਕਿਆ ਜਿਸ ਆਸ ਰਖਾਈ ਸਾਢੇ ਤਿੰਨ ਹੱਥ ਸੀਂ, ਜਗਤ ਵਾਸਨਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਪ੍ਰਹਿਲਾਦ ਕਹੇ ਮੈਂ ਕਲਜੁਗ ਵੇਖਿਆ ਕੂੜਾ, ਪ੍ਰਭੂ ਕਾਹਨੂੰ ਦਿਤਾ ਵਖਾਈਆ । ਮੈਂ ਮੰਗਣ ਵਾਲਾ ਤੇਰੀ ਚਰਨ ਧੂੜਾ, ਬਿਨ ਤੇਰੇ ਦਰਸ ਕੋਇ ਨਾ ਪਾਈਆ । ਤੂੰ ਮੈਨੂੰ ਵਖਾ ਦਿਤਾ ਲੋਕੀ ਮੰਨਦੇ ਐੜਾ ਊੜਾ, ਅੱਖਰਾਂ ਪੱਥਰਾਂ ਸੀਸ ਨਿਵਾਈਆ । ਪੁਰਖ ਅਕਾਲ ਤੈਨੂੰ ਬਣਾ ਕੇ ਚੂੜ੍ਹਾ, ਘਰ ਵਿਚੋਂ ਸਭ ਨੇ ਦਿਤਾ ਕਢਾਈਆ । ਤੇਰਾ ਤੱਕਕੇ ਖ਼ੁਸ਼ ਨਹੀਂ ਕੋਈ ਨੂਰਾ, ਪੜ੍ਹ

ਪੜ੍ਹ ਵਿਦਿਆ ਢੋਲੇ ਜਗਤ ਸੁਣਾਈਆ । ਇਕ ਰਵਦਾਸ ਵੇਖਿਆ ਜੋ ਬੈਠਾ ਉਪਰ ਟੁੱਟੀ ਫੂੜ੍ਹਾ, ਪਾਨਹਾ ਗੰਢ ਕੇ ਖ਼ੁਸ਼ੀ ਮਨਾਈਆ । ਪ੍ਰਹਿਲਾਦ ਕਹੇ ਮੈਂ ਜਾਂ ਤਕਿਆ ਮਾਇਆ ਰਾਣੀ ਘਰ ਘਰ ਪਾ ਕੇ ਰੰਗਲਾ ਚੂੜਾ, ਜੋਬਨਵੰਤੀ ਭੱਜੇ ਵਾਹੋ ਦਾਹੀਆ । ਸਾਧ ਸੰਤ ਜਿਸ ਦਾ ਹੋਇਆ ਵੇਖਿਆ ਮਸ਼ਕੂਰਾ, ਸ਼ੁਕਰੀਆ ਕਰ ਕਰ ਸੀਸ ਨਿਵਾਈਆ । ਸਾਚਾ ਰੰਗ ਚੜ੍ਹੇ ਕਿਸੇ ਨਾ ਗੂੜ੍ਹਾ, ਦੁਰਮਤ ਮੈਲ ਨਾ ਕੋਇ ਧੁਆਈਆ । ਮਨ ਕਲਪਨਾ ਝੂਟਦੇ ਸਾਰੇ ਪੰਘੂੜਾ, ਆਤਮ ਸੇਜ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪ੍ਰਹਿਲਾਦ ਕਹੇ ਮੇਰੇ ਅੰਤਰ ਆਈ ਹੈਰਾਨੀ, ਹੈਰਤ ਵਿਚ ਸੁਣਾਈਆ । ਸਚ ਧਰਮ ਦੀ ਦਿਸੀ ਨਾ ਕੋਇ ਨਿਸ਼ਾਨੀ, ਨਿਸ਼ਾਨੇ ਸਾਰੇ ਗਏ ਭੁਲਾਈਆ । ਰੋਂਦੀ ਵੇਖੀ ਚਾਰੇ ਖਾਣੀ, ਖ਼ਾਨੇ ਵਿਚੋਂ ਬਾਹਰ ਨਾ ਕੋਇ ਕਢਾਈਆ । ਝਗੜਾ ਵੇਖਿਆ ਚਾਰੇ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਰਸ ਰਿਹਾ ਨਾ ਕਿਸੇ ਪਾਣੀ, ਸਰੋਵਰ ਸਰ ਨਾ ਕੋਇ ਵਡਿਆਈਆ । ਪੁਰਖ ਅਕਾਲ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਰਨੀ ਵੇਖ ਵਖਾਈਆ । ਸ੍ਰੀ ਭਗਵਾਨ ਕਹੇ ਸੁਣ ਮੇਰੇ ਦੁਲਾਰੇ ਪ੍ਰਹਿਲਾਦ, ਪਰਮ ਪੁਰਖ ਹੋ ਕੇ ਦਿਆਂ ਜਣਾਈਆ । ਤੂੰ ਹਰਨਾਖ਼ਸ਼ ਦੀ ਔਲਾਦ, ਭਗਤਾਂ ਵਿਚੋਂ ਭਗਤ ਦਿਤੀ ਵਡਿਆਈਆ । ਜਿਸ ਵੇਲੇ ਕਲਜੁਗ ਅੰਤ ਕਲ ਧਾਰਾ ਗਈ ਜਾਗ, ਲੋਕਮਾਤ ਲਏ ਅੰਗੜਾਈਆ । ਓਸ ਵੇਲੇ ਸਾਚਾ ਰਹਿਣਾ ਨਹੀਂ ਕੋਈ ਸਾਧ, ਸਾਧਨਾ ਸਚ ਨਾ ਕੋਇ ਕਮਾਈਆ । ਸੁਰਤੀ ਜਾਏ ਕੋਈ ਨਾ ਜਾਗ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਮਨ ਕਲਪਣਾ ਹੋਵੇ ਰਾਜ, ਬੁੱਧੀ ਬਲਹੀਣ ਹੋ ਜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਬਣ ਕੇ ਦਾਮਾਦ, ਦਰ ਦਰ ਡੇਰਾ ਲਾਈਆ । ਸਾਚੀ ਸੁਣੇ ਨਾ ਕੋਇ ਆਵਾਜ਼, ਝੂਠ ਝੂਠ ਕੁਰਲਾਈਆ । ਧਰਮ ਦੀ ਦੇਵੇ ਨਾ ਕੋਇ ਆਵਾਜ਼, ਕਰਮ ਕਾਂਡ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਜਿਸ ਵੇਲੇ ਕਲਜੁਗ ਸ੍ਰਿਸ਼ਟੀ ਦਿਸੀ ਫ਼ਾਨੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਮੰਜ਼ਲ ਰਹੇ ਨਾ ਕੋਇ ਰੁਹਾਨੀ, ਰਹਿਮਤ ਰਾਮ ਨਾ ਕੋਇ ਕਮਾਈਆ । ਦੀਨ ਦੁਨੀ ਹੋਏ ਬੇਗਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਨਿਸ਼ਾਨਾ ਹੱਕ ਨਾ ਕੋਇ ਝੁਲਾਈਆ । ਚਾਰ ਕੁੰਟ ਹੋਏ ਬੇਈਮਾਨੀ, ਬੇਵਾ ਹੋਵੇ ਖ਼ਲਕ ਖ਼ੁਦਾਈਆ । ਮੰਜ਼ਲ ਰਹੇ ਨਾ ਕੋਇ ਰੁਹਾਨੀ, ਨੂਰ ਨੂਰ ਨਾ ਕੋਇ ਰੁਸ਼ਨਾਈਆ । ਸਾਚੀ ਕ਼ਲਮ ਰਹੇ ਨਾ ਕਾਨੀ, ਕਾਤਬ ਕਰੇ ਨਾ ਕੋਇ ਵਡਿਆਈਆ । ਓਸ ਵੇਲੇ ਪ੍ਰਭ ਜਨ ਭਗਤਾਂ ਦਵਾਰੇ ਖਾਵਣ ਆਵੇ ਮਹਿਮਾਨੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਵਸਤ ਅਮੋਲਕ ਦੇਵੇ ਬਣ ਕੇ ਦਾਨੀ, ਧੁਰ ਦੀ ਦਾਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਪ੍ਰਹਿਲਾਦ ਕਹੇ ਕੀ ਦੇਵੇਂ ਦਾਤ, ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਮੈਂ ਦਰਸ਼ਨ ਦੇਵਾਂ ਆਪ, ਆਪਣਾ ਭੇਵ ਚੁਕਾਈਆ । ਪ੍ਰਹਿਲਾਦ ਕਿਹਾ ਕੀ ਦੱਸੇਂ ਜਾਪ, ਵਿਦਿਆ ਕਵਣ ਪੜ੍ਹਾਈਆ । ਪੁਰਖ ਅਕਾਲ ਕਿਹਾ ਮੈਂ ਆਤਮ ਪਰਮਾਤਮ ਬਣਾ ਕੇ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਪ੍ਰਹਿਲਾਦ ਕਿਹਾ ਕੀ ਖੋਲ੍ਹੇਂ ਤਾਕ, ਪੜਦਾ ਕਵਣ ਚੁਕਾਈਆ । ਪੁਰਖ ਅਕਾਲ ਕਿਹਾ ਮੈਂ ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦਿਆਂ ਮਿਟਾਈਆ । ਪ੍ਰਹਿਲਾਦ ਕਿਹਾ

ਕੀ ਬਚਨ ਦੇਵੇਂ ਸਾਫ਼, ਵਲੀਏ ਛਲੀਏ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਮੈਂ ਜਨਮ ਜਨਮ ਦੇ ਕਰਮ ਕਰਮ ਦੇ ਕ਼ਸੂਰ ਕਰ ਕੇ ਮੁਆਫ਼, ਸਾਫ਼ ਸੁਥਰੇ ਦਿਆਂ ਬਣਾਈਆ । ਪ੍ਰਹਿਲਾਦ ਹੱਸ ਕੇ ਕਿਹਾ ਪ੍ਰਭੂ ਲਿਖ ਦੇ ਨਾਲ ਕ਼ਲਮ ਦਵਾਤ, ਪ੍ਰੇਮ ਪ੍ਰੀਤੀ ਜੋੜ ਜੁੜਾਈਆ । ਸ੍ਰੀ ਭਗਵਾਨ ਕਿਹਾ ਆਪਣਾ ਅੱਗੇ ਰੱਖ ਦੇ ਪ੍ਰੇਮ ਭਗਤੀ ਦਾ ਕਾਟ, ਜਿਸ ਨੂੰ ਲਿਖਾਂ ਬਿਨ ਕ਼ਲਮ ਸ਼ਾਹੀਆ । ਪ੍ਰਹਿਲਾਦ ਕਿਹਾ ਇਹ ਪੁਰਾਣਾ ਚੋਲਾ ਖ਼ਰੀਦਿਆ ਨਹੀਂ ਆਜ, ਨਵਾਂ ਨਕੋਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਦ੍ਰਿੜਾਈਆ । ਪ੍ਰਹਿਲਾਦ ਕਿਹਾ ਮੈਨੂੰ ਲਿਖ ਦੇ ਲੇਖ, ਤੇਰਾ ਲੇਖਾ ਬੇਪਰਵਾਹੀਆ । ਜਿਸ ਵੇਲੇ ਕਲਜੁਗ ਅੰਤਮ ਧਾਰੇਂ ਭੇਖ, ਭੇਖਾਧਾਰੀ ਭੇਖ ਵਟਾਈਆ । ਜਨ ਭਗਤਾਂ ਜਾਵੇਂ ਦੇਸ, ਆਪਣਾ ਪੰਧ ਮੁਕਾਈਆ । ਓਨ੍ਹਾਂ ਲਵੇਂ ਵੇਖ, ਬਿਨ ਅੱਖਾਂ ਅੱਖ ਉਠਾਈਆ । ਓਸ ਵੇਲੇ ਜਨਮ ਕਰਮ ਦੀ ਬਦਲ ਦੇਵੇਂ ਰੇਖ, ਮੇਰੀ ਲਿਖਤ ਵਿਚ ਗਵਾਹੀਆ । ਪੁਰਖ ਅਕਾਲ ਕਿਹਾ ਮੈਂ ਨਹੀਂ ਇਹ ਲਹਿਣਾ ਹੱਥ ਦਸ ਦਸਮੇਸ਼, ਗੋਬਿੰਦ ਵਡ ਵਡਿਆਈਆ । ਜਿਸ ਨੇ ਭਗਤ ਸੁਹੇਲੇ ਮੇਰੇ ਕਰਨੇ ਪੇਸ਼, ਪੇਸ਼ਤਰ ਆਪਣਾ ਹੁਕਮ ਸੁਣਾਈਆ । ਨਿਰਗੁਣ ਧਾਰ ਕਰਾਂ ਫਿਰ ਹੇਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਓਹ ਇਹੋ ਮਹੀਨਾ ਤੇ ਇਹੋ ਦਿਵਸ ਇੱਕੀ ਚੇਤ, ਚੇਤਨ ਸਰਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪ੍ਰਹਿਲਾਦ ਕਹੇ ਪ੍ਰਭੂ ਮੇਰੀ ਨਿਸ਼ਾਨੀ ਕਾਟ, ਜਿਸ ਨੂੰ ਕਾਰਡ ਕਹੇ ਲੋਕਾਈਆ । ਜਨ ਭਗਤਾਂ ਦੀ ਅਗਲੀ ਮੇਟ ਦੇ ਵਾਟ, ਪਿਛਲਾ ਲੇਖ ਰਹੇ ਨਾ ਰਾਈਆ । ਕ਼ੀਮਤ ਪਾ ਲੈ ਆਪਣੇ ਹਾਟ, ਦੂਜਾ ਦਰ ਨਾ ਕੋਇ ਵਖਾਈਆ । ਤੇਰਾ ਲਹਿਣਾ ਦੇਣਾ ਬਿਨਾ ਕ਼ਲਮ ਦਵਾਤ, ਬਿਨ ਅੱਖਰਾਂ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਦੇ ਅਭੀ, ਅਬਚਲ ਵਾਸੀ ਦਇਆ ਕਮਾਈਆ । ਤੇਰੀ ਪਰਤ ਕੇ ਆਈ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਭਗਤਾਂ ਦਾ ਕਾਟ ਸੁੱਟੀਂ ਵਿਚ ਕਦੇ ਨਾ ਰੱਦੀ, ਰੱਦੀਖ਼ਾਨੇ ਨਾ ਕੋਇ ਵਡਿਆਈਆ । ਇਸ ਦੇ ਉਤੇ ਤੁਹਾਨੂੰ ਸਚਖੰਡ ਦੀ ਦਿਤੀ ਗੱਦੀ, ਗਦਾਗਰ ਰਹਿਣ ਕੋਇ ਨਾ ਪਾਈਆ । ਤੁਹਾਡੀ ਆਤਮਾ ਪਰਮਾਤਮਾ ਆਪਣੇ ਨਾਲ ਬੱਧੀ, ਬਦੀਆਂ ਤੋਂ ਲਏ ਬਚਾਈਆ । ਤੁਹਾਡੀ ਲੇਖੇ ਲਾ ਕੇ ਜਨਮ ਵਾਲੀ ਸਦੀ, ਸਦੀਆਂ ਦੇ ਵਿਛੜੇ ਜੋੜ ਜੁੜਾਈਆ । ਤੁਹਾਡੀ ਜੋਬਨ ਵਾਲੀ ਜਵਾਨੀ ਮਸਤਾਨੀ ਨਿਰਮਾਣਤਾ ਵਿਚ ਨੱਢੀ, ਨਰ ਨਿਰੰਕਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਕਾਟ ਕਹੇ ਮੇਰੇ ਉਤੇ ਪਾ ਸ਼ਹਾਦਤ, ਸ਼ਹਿਨਸ਼ਾਹ ਤੇਰੀ ਵਡਿਆਈਆ । ਜਿਨ੍ਹਾਂ ਤੇਰੀ ਕੀਤੀ ਅਬਾਦਤ, ਅਮਲਾਂ ਤੋਂ ਰਹਿਤ ਕਰਾਈਆ । ਉਨ੍ਹਾਂ ਦੀ ਕਰੇ ਨਾ ਕੋਈ ਮਜ਼੍ਹਮਤ, ਝਗੜੇ ਵਿਚ ਨਾ ਕੋਇ ਲੋਕਾਈਆ । ਸਾਚੇ ਨਾਮ ਦੀ ਬਖ਼ਸ਼ ਨਿਆਮਤ, ਵਸਤ ਅਗੰਮ ਇਕ ਵਰਤਾਈਆ । ਜਿਨ੍ਹਾਂ ਨੇ ਮੁਹੱਬਤ ਵਿਚ ਕੀਤੀ ਤੇਰੀ ਦਾਅਵਤ, ਮਹਿਮਾਨੀ ਦਿਤੀ ਖੁਆਈਆ । ਉਨ੍ਹਾਂ ਦੀ ਕੂੜੀ ਕਿਰਿਆ ਮੇਟ ਅਲਾਮਤ, ਆਲਮਾਂ ਤੋਂ ਅੱਗੇ ਕਰ ਪੜ੍ਹਾਈਆ । ਏਥੇ ਓਥੇ ਰੱਖ ਸਹੀ ਸਲਾਮਤ, ਸਵਾਲ ਜਵਾਬ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਰਹੀ ਝਾਕ, ਝਾਕੀ ਦੋ ਜਹਾਨ ਲਗਾਈਆ । ਮੈਨੂੰ ਸੁਹੰਜਣੀ ਦਿਸੇ ਅੱਜ ਦੀ ਰਾਤ, ਭਗਤ ਭਗਵਾਨ ਵੱਜੇ ਵਧਾਈਆ । ਜਿਨ੍ਹਾਂ ਦਾ ਲੇਖਾ ਬਣਿਆ ਬਿਨ ਕ਼ਲਮ ਦਵਾਤ, ਕਲਮਿਆਂ

ਤੋਂ ਬਾਹਰ ਪੜ੍ਹਾਈਆ । ਮਿਲੀ ਅਗੰਮ ਸੌਗਾਤ, ਵਸਤ ਧੁਰਦਰਗਾਹੀਆ । ਓਧਰ ਓਹ ਨੇਤਰ ਰੋ ਕੇ ਕਹੇ ਪਰਾਤ, ਜਲਧਾਰਾ ਵਿਚ ਦੁਹਾਈਆ । ਮੇਰਾ ਖੇਲ ਅਗੰਮ ਤਮਾਸ਼, ਸਚ ਦੇਣਾ ਦ੍ਰਿੜਾਈਆ । ਜਿਸ ਦਿਨ ਗੋਬਿੰਦ ਨੇ ਹੱਥ ਉਤੇ ਬਹਾਇਆ ਸੀ ਬਾਜ਼, ਬਾਜ਼ਾਂ ਵਾਲਾ ਨਾਉਂ ਰਖਾਈਆ । ਆਪਣੇ ਅੰਦਰ ਸਤਿ ਬਣਾਇਆ ਰਾਜ, ਰਈਅਤ ਸਚ ਪ੍ਰਗਟਾਈਆ । ਓਸ ਵੇਲੇ ਭਰ ਕੇ ਪਾਣੀ ਦੇ ਇੱਕੀ ਗਲਾਸ, ਇਕ ਪਰਾਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਪਰਾਤ ਕਹੇ ਜਿਸ ਵੇਲੇ ਮੈਨੂੰ ਭਰਿਆ, ਮਿਲੀ ਮਾਣ ਵਡਿਆਈਆ । ਗੋਬਿੰਦ ਦਾ ਬਾਜ਼ ਖ਼ੁਸ਼ੀ ਨਾਲ ਮੇਰੇ ਵਿਚ ਤਰਿਆ, ਕ਼ਦਮ ਤਿੰਨ ਤਿੰਨ ਉਠਾਈਆ । ਮੈਂ ਹੱਸ ਕੇ ਕਿਹਾ ਅੜਿਆ, ਕੀ ਤੇਰੀ ਵਡਿਆਈਆ । ਮੈਨੂੰ ਸਚ ਦੱਸ ਕੀ ਗੋਬਿੰਦ ਕੋਲੋਂ ਅੱਖਰ ਪੜ੍ਹਿਆ, ਜਿਹੜਾ ਵਿਦਿਆ ਦਏ ਬਦਲਾਈਆ । ਉਸ ਰੋ ਕੇ ਕਿਹਾ ਮੈਂ ਤੇ ਇਕੋ ਚਰਨ ਕਵਲ ਸੀਸ ਧਰਿਆ, ਦੂਜੀ ਮੰਗ ਨਾ ਕੋਇ ਮੰਗਾਈਆ । ਮੈਂ ਓਸੇ ਲਈ ਜੀਂਦਾ ਮਰਿਆ, ਆਪਣੀ ਵੰਡ ਨਾ ਕੋਇ ਵੰਡਾਈਆ । ਫੜ ਕੇ ਇਕੋ ਪੱਲੂ ਮੰਜ਼ਲ ਚੜ੍ਹਿਆ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਾਜ਼ ਕਹੇ ਸੁਣ ਜਲ ਵਾਲੀ ਪਰਾਤੇ, ਪ੍ਰਾਤਾਕਾਲ ਦਿਆਂ ਜਣਾਈਆ । ਤੂੰ ਕਮਲੀਏ ਵੇਖੇਂ ਸੁਭਹ ਪ੍ਰਭਾਤੇ, ਸਰਘੀ ਵੇਲੇ ਸਮਝਾਈਆ । ਇਕ ਹੁਕਮ ਦੇਣਾ ਧੁਰ ਦੇ ਦਾਤੇ, ਦਰਗਾਹ ਵਿਚੋਂ ਸੁਣਾਈਆ । ਸਚ ਸੰਦੇਸ਼ਾ ਅਗੰਮੀ ਆਖੇ, ਧਰਮ ਦੀ ਧਾਰ ਪੜ੍ਹਾਈਆ । ਜਿਸ ਵੇਲੇ ਕਲਜੁਗ ਦੀ ਅੰਤਮ ਆਵੇ ਰਾਤੇ, ਚਾਰੋਂ ਕੁੰਟ ਅੰਧੇਰਾ ਛਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਛੁਟਣੇ ਨਾਤੇ, ਸਾਚਾ ਜੋੜ ਨਾ ਕੋਇ ਜੁੜਾਈਆ । ਵਸਤ ਰਹਿਣੀ ਨਾ ਕਿਸੇ ਹਾਟੇ, ਵਣਜਾਰਾ ਵਣਜ ਨਾ ਕੋਇ ਕਰਾਈਆ । ਸਭ ਦੇ ਚੀਥੜ ਹੋਣੇ ਪਾਟੇ, ਓਢਣ ਸੀਸ ਨਾ ਕੋਇ ਟਿਕਾਈਆ । ਪ੍ਰਭ ਦੀ ਜਾਗ ਕੋਈ ਨਾ ਜਾਗੇ, ਆਲਸ ਨਿੰਦਰਾ ਵਿਚ ਲੋਕਾਈਆ । ਝਗੜਾ ਪਏ ਮਜ੍ਹਬ ਸਮਾਜੇ, ਦੀਨ ਦੁਨੀ ਲੜਾਈਆ । ਕਰੇ ਖੇਲ ਪੁਰਖ ਅਬਿਨਾਸ਼ੇ, ਆਪਣਾ ਵੇਸ ਵਟਾਈਆ । ਬਾਜ਼ ਕਿਹਾ ਕਮਲੀਏ ਓਸ ਔਣਾ ਦੇਸ ਮਾਝੇ, ਮਜਲਸ ਭਗਤਾਂ ਨਾਲ ਰਖਾਈਆ । ਓਸ ਨੇ ਪਾਣੀ ਪੀਣਾ ਭਗਤਾਂ ਦੀ ਢਾਬੇ, ਸਮੁੰਦ ਸਾਗਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਪਰਾਤ ਕਹੇ ਵੇ ਮੈਂ ਪਾਣੀ ਭਰੀ, ਸੋਹਣੀ ਨਜ਼ਰੀ ਆਈਆ । ਬਾਜ਼ ਕਿਹਾ ਤੂੰ ਓਸ ਪ੍ਰਭੂ ਤੋਂ ਡਰੀਂ, ਜੋ ਸਾਹਿਬ ਧੁਰਦਰਗਾਹੀਆ । ਪਰਾਤ ਕਿਹਾ ਮੈਂ ਸੇਵਾ ਕਰਨੀ ਬੜੀ, ਅਪਣਾ ਬਲ ਵਧਾਈਆ । ਬਾਜ਼ ਕਿਹਾ ਹੰਕਾਰ ਵਿਚ ਕਰੀਂ ਨਾ ਅੜੀ, ਹੰਗਤਾ ਕੰਮ ਕਿਸੇ ਨਾ ਆਈਆ । ਪਰਾਤ ਕਿਹਾ ਮੈਂ ਵਿਛੋੜੇ ਵਿਚ ਮਰੀ, ਆਪਣਾ ਆਪ ਤਜਾਈਆ । ਬਾਜ਼ ਕਿਹਾ ਉਠ ਨਿਗਾਹ ਮਾਰ ਜ਼ਰੀ, ਜ਼ੱਰੇ ਜ਼ੱਰੇ ਵਿਚ ਸਮਾਈਆ । ਇਕ ਖ਼ਬਰ ਦੇਵਾਂ ਜੋ ਸਭ ਨੂੰ ਕਰੇ ਬਰੀ, ਬਰੀਖ਼ਾਨਾ ਇਕ ਦਰਸਾਈਆ । ਜਾਂ ਵੇਲਾ ਆਵੇ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹੀਂ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲ ਲਏ ਮਿਲਾਈਆ । ਪਰਾਤ ਕਹੇ ਜਨ ਭਗਤੋ ਮੈਂ ਪੜ੍ਹਦੀ ਅਗੰਮੀ ਤੁਕ, ਸੋਹੰ ਢੋਲਾ ਗਾਈਆ । ਸੱਜਦਾ ਕਰਾਂ ਝੁਕ, ਨਿਉਂ ਨਿਉਂ ਲਾਗਾਂ ਪਾਈਆ । ਜੇ ਤੁਸੀਂ ਲੈਣਾ ਚਾਹੁੰਦੇ ਓਸ ਦਾ ਸੁਖ, ਸੁਖਮਨ ਟੇਢੀ ਬੰਕ ਡੇਰਾ ਢਾਹੀਆ । ਸਿੱਧੇ ਬਣ ਜਾਓ ਓਸ ਦੇ ਪੁਤ, ਪਿਤਾ ਪੁਰਖ ਅਕਾਲ ਮਨਾਈਆ । ਆਪੇ ਮੇਟੇ ਅੰਧੇਰਾ ਘੁਪ, ਤੁਹਾਡੇ ਅੰਦਰ ਕਰੇ ਰੁਸ਼ਨਾਈਆ । ਜਗਤ ਵਿਛੜਿਆਂ

ਲਏ ਪੁਛ, ਫੜ ਬਾਹੋਂ ਗੋਦ ਬਹਾਈਆ । ਅਬਿਨਾਸ਼ੀ ਕਰਤਾ ਕਦੇ ਨਾ ਜਾਵੇ ਰੁਸ, ਰੁਸਿਆਂ ਲਏ ਜੁੜਾਈਆ । ਤੁਹਾਡਾ ਵੇਲਾ ਵਕਤ ਗਿਆ ਢੁਕ, ਇੱਕੀ ਚੇਤ ਦਏ ਗਵਾਹੀਆ । ਪੜਦਾ ਉਹਲਾ ਰਹੇ ਨਾ ਲੁਕ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਸਾਚਾ ਰੰਗ ਚਾੜ੍ਹੇ ਅਗੰਮਾ, ਹਰਿ ਕਰਤਾ ਆਪ ਰੰਗਾਈਆ । ਨਾਤਾ ਤੋੜ ਕੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਲੇਖੇ ਲਾ ਕੇ ਪਵਣ ਸੁਆਸ ਦਮਾਂ, ਦਾਮਨਗੀਰ ਆਪ ਹੋ ਜਾਈਆ । ਜਨ ਭਗਤੋ ਤੁਹਾਡਾ ਮਾਰਗ ਜਗਤ ਵਿਚ ਨਵਾਂ, ਸ੍ਰਿਸ਼ਟ ਸਬਾਈ ਕਹੇ ਲੋਕਾਈਆ । ਅੱਗੇ ਬਦਲ ਦੇਣਾ ਸਮਾਂ, ਸਮਝ ਸਮਝ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਚੇਤ ਕਹੇ ਇੱਕੀ ਸਿੱਖਾਂ ਦੀ ਅਰਦਾਸ, ਦੋ ਇਕ ਵੱਜੇ ਵਧਾਈਆ । ਭਗਤ ਸੁਹੇਲਾ ਜਨ ਭਗਤਾਂ ਵਸੇ ਪਾਸ, ਪਾਸਾ ਸਕੇ ਨਾ ਕੋਇ ਬਦਲਾਈਆ । ਚਰਨ ਪ੍ਰੀਤੀ ਦੇ ਧਰਵਾਸ, ਮਨ ਬਦਮਾਸ਼ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਧੁਰ ਸੰਦੇਸ਼ਾ ਇਕ ਸੁਣਾਈਆ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾ ਜਮਾਤ, ਸਿਖਿਆ ਧੁਰ ਦੀ ਇਕ ਪੜ੍ਹਾਈਆ । ਦੀਨਾਂ ਮਜ਼੍ਹਬਾਂ ਵਿਚੋਂ ਕਰ ਆਜ਼ਾਦ, ਆਤਮ ਪਰਮਾਤਮ ਜੋੜ ਜੁੜਾਈਆ । ਪ੍ਰੇਮ ਪ੍ਰੀਤੀ ਅੰਦਰ ਕਰ ਵਿਸਮਾਦ, ਕੂੜੀ ਕਿਰਿਆ ਦਏ ਮਿਟਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਗੁਰਮੁਖੋ ਜਿਸ ਕਾਰਨ ਅੱਜ ਦੀ ਰਾਤ ਗਏ ਜਾਗ, ਜਾਗਰਤ ਜੋਤ ਘਰ ਘਰ ਦਰਸ ਦਿਖਾਈਆ । ਹੰਸ ਰੂਪ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਤੁਹਾਡਾ ਸਚ ਦਾ ਇਕ ਸਮਾਜ, ਘਰ ਸਮਗਰੀ ਬੇਪ੍ਰਵਾਹੀਆ । ਜੋ ਬੇਨੰਤੀ ਕੀਤੀ ਪ੍ਰਹਿਲਾਦ, ਆਦਿ ਅਨਾਦੀ ਮੰਗ ਮੰਗਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰ ਹਿਸਾਬ, ਹਾਸਲ ਜ਼ਰਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੋਕਮਾਤ ਕਰ ਕੇ ਆਬਾਦ, ਮਿਹਰਬਾਨ ਮਹਿਬੂਬ ਮੁਹੱਬਤ ਵਿਚ ਸਿਰ ਆਪਣਾ ਹੱਥ ਟਿਕਾਈਆ ।



## ✲ ੨੨ ਚੇਤ ਸ਼ਹਿਨਸ਼ਾਹੀ ਸੰਮਤ ੪ ਗਾਂਧੀ ਨਗਰ ਜੰਮੂ ਹਰਸੱਜਣ ਸਿੰਘ ਦੇ ਗ੍ਰਹਿ ✲

ਬਖ਼ਸ਼ਿਸ਼ ਕਰੇ ਸਤਿਗੁਰ ਸ਼ਬਦ ਅਗੰਮੀ ਮੀਤਾ, ਥਿਰ ਘਰ ਵਾਸੀ ਦਇਆ ਕਮਾਈਆ । ਜਿਸ ਦਾ ਮਾਲਕ ਪੁਰਖ ਅਕਾਲ ਸਚਖੰਡ ਨਿਵਾਸੀ ਠਾਂਡਾ ਸੀਤਾ, ਦੋ ਜਹਾਨ ਵੇਖ ਵਖਾਈਆ । ਸੋ ਸਾਹਿਬ ਸਮਰਥ ਸਾਚਾ ਦੇਵੇ ਨਾਮ ਅਨਡੀਠਾ, ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਵਸੇ ਕਾਇਆ ਮੰਦਰ ਅੰਦਰ ਚੀਤਾ, ਮਨ ਚੰਚਲ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜਗਤ ਵਾਸਨਾ ਕੂੜੀ ਕਿਰਿਆ ਬਦਲ ਦੇਵੇ ਨੀਤਾ, ਤ੍ਰੈਗੁਣ ਅਤੀਤਾ, ਸਿਰ ਆਪਣਾ ਹੱਥ ਰਖਾਈਆ । ਦੂਰ ਦੁਰਾਡਾ ਜੋਤੀ ਜਾਤਾ ਵਸੇ ਕਾਇਆ ਮੰਦਰ ਅੰਦਰ ਨਜ਼ਦੀਕਾ, ਏਥੇ ਓਥੇ ਦੋ ਜਹਾਨਾਂ ਪੰਧ ਮੁਕਾਈਆ । ਜੁਗ ਚੌਕੜੀ ਨਿਤ ਨਵਿਤ ਗੁਰਮੁਖ ਸੰਤ ਸੁਹੇਲੇ ਹਰਿਜਨ ਆਪਣਾ ਵੇਖੇ ਲੋਕਮਾਤ ਬਗ਼ੀਚਾ, ਫੁੱਲ ਫੁਲਵਾੜੀ ਪੱਤ ਟਹਿਣੀ ਏਕਾ ਏਕ ਮਹਿਕਾਈਆ । ਲਹਿਣਾ ਦੇਣਾ ਲੱਖ ਚੁਰਾਸੀ ਜੀਵ ਜੰਤ ਜਾਣੇ ਜੀ ਕਾ, ਜਾਗਰਤ ਜੋਤ ਬਿਨ

ਵਰਨ ਗੋਤ ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਬਖ਼ਸ਼ਿਸ਼ ਕਰੇ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਭਾਗ ਲਗਾਏ ਕਾਇਆ ਮਾਟੀ ਸੱਚੀ ਧਰਮਸਾਲ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਜਨਮ ਕਰਮ ਦਾ ਪੂਰਬ ਲੇਖਾ ਕਰੇ ਬਹਾਲ, ਰਹਿਮਤ ਵਿਚ ਆਪਣਾ ਤਰਸ ਕਮਾਈਆ । ਜਗਤ ਮੰਗ ਬਖ਼ਸ਼ੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਵਸਤ ਅਮੋਲਕ ਦੇਵੇ ਨਾਮ ਸੱਚਾ ਧਨ ਮਾਲ, ਅਗੰਮ ਅਥਾਹ ਬੇਪ੍ਰਵਾਹੀਆ । ਪੜਦਾ ਉਹਲਾ ਦਏ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਬਖ਼ਸ਼ਿਸ਼ ਕਰੇ ਸਾਹਿਬ ਸਮਰਥ, ਹਰਿ ਵੱਡਾ ਵਡ ਵਡਿਆਈਆ । ਜੋ ਦੇਵਣਹਾਰਾ ਧੁਰ ਦੀ ਵਥ, ਨਾਦ ਅਨਾਦੀ ਦਇਆ ਕਮਾਈਆ । ਮਿਹਰਵਾਨ ਮੁਹੱਬਤ ਵਿਚ ਮਹਿਬੂਬ ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਦਸਤ ਬਦਸਤ ਲੇਖਾ ਦਏ ਚੁਕਾਈਆ । ਸਚ ਪ੍ਰੇਮ ਨਿਜ ਨੇਤਰ ਨੈਣ ਖੋਲ੍ਹ ਕੇ ਅੱਖ, ਪ੍ਰਤੱਖ ਆਪਣਾ ਦਰਸ ਕਰਾਈਆ । ਹਕ਼ੀਕਤ ਵਿਚੋਂ ਦੇਵਣਹਾਰਾ ਹੱਕ, ਲਾਸ਼ਰੀਕ ਸ਼ਿਰਕਤ ਜਗਤ ਦਏ ਮਿਟਾਈਆ । ਸ਼ਤਰੂ ਦੁਸ਼ਮਨ ਮਿਤ੍ਰ ਕਰ ਕੇ ਵੱਸ, ਵਾਸਤਾ ਸਚ ਨਾਲ ਜੁੜਾਈਆ । ਜੀਵਣ ਵਿਚ ਜਗਤ ਪਤਿ ਲਏ ਰੱਖ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਧੀਰਜ ਦੇਵੇ ਸੰਤੋਖ ਧੁਰ ਦਾ ਹੱਠ, ਅਗਨੀ ਤੱਤ ਨਾ ਕੋਇ ਤਪਾਈਆ । ਜਗਤ ਜੰਜਾਲਾ ਦੇਵੇ ਕੱਟ, ਕਟਾਕਸ਼ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਬਖ਼ਸ਼ਿਸ਼ ਕਰੇ ਪਾਰਬ੍ਰਹਮ ਪ੍ਰਭ ਅੰਤਰਜਾਮੀ, ਅੰਤਸ਼ਕਰਨ ਵੇਖ ਵਖਾਈਆ । ਜੋ ਲੱਖ ਚੁਰਾਸੀ ਜੀਵ ਜੰਤ ਹਰ ਘਟ ਜਾਣ ਜਾਣੀ, ਘਟ ਨਿਵਾਸੀ ਅੰਤਰਜਾਮੀ ਭੇਵ ਅਭੇਦਾ ਆਪ ਖੁਲ੍ਹਾਈਆ । ਜਿਸ ਦਾ ਨਾਮ ਨਿਧਾਨ ਅਗੰਮੀ ਬਾਣੀ, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਿਚ ਸਾਲਾਹੀਆ । ਸੋ ਅੰਤਰ ਨਿਰੰਤਰ ਆਤਮ ਪਰਮਾਤਮ ਮੰਜ਼ਲ ਜਣਾਵੇ ਰੂਹਾਨੀ, ਰੂਹ ਬੁਤ ਅਬਿਨਾਸ਼ੀ ਅਚੁਤ ਵੇਖ ਵਖਾਈਆ । ਕਲਜੁਗ ਝਗੜਾ ਕੂੜ ਮੇਟੇ ਜਿਸਮਾਨੀ, ਜਿਸਮ ਇਸਮ ਜ਼ਮੀਰ ਜ਼ਾਹਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਬਖ਼ਸ਼ਿਸ਼ ਕਰੇ ਦੀਨਾ ਬੰਧਪ ਦੀਨਾਨਾਥ, ਦਇਆਨਿਧ ਦਇਆ ਕਮਾਈਆ । ਗੁਰਮੁਖਾਂ ਵਸੇ ਸਦਾ ਸਾਥ, ਹਰਿਜਨ ਸਾਚਾ ਸੰਗ ਨਿਭਾਈਆ । ਭਾਗ ਲਗਾ ਕੇ ਕਾਇਆ ਮਾਟੀ ਕਾਚ, ਪੰਜ ਤਤ ਦੇਵੇ ਮਾਣ ਵਡਿਆਈਆ । ਤ੍ਰੈਗੁਣ ਮਾਇਆ ਪੋਹ ਨਾ ਸਕੇ ਆਂਚ, ਅੰਮ੍ਰਿਤ ਮੇਘ ਇਕ ਬਰਸਾਈਆ । ਮਿਹਰਵਾਨ ਹੋ ਕੇ ਲਵੇ ਰਾਖ, ਸੀਸ ਜਗਦੀਸ਼ ਆਪਣਾ ਹੱਥ ਟਿਕਾਈਆ । ਜਨਮ ਕਰਮ ਦਾ ਪੂਰਾ ਕਰੇ ਵਾਕ, ਵਾਕ਼ਫ਼ਕਾਰ ਪਿਛਲਾ ਪੜਦਾ ਦਏ ਉਠਾਈਆ । ਕੁਛ ਲਹਿਣਾ ਦੇਣਾ ਗੁਜਰੀ ਚੰਦ ਗੋਬਿੰਦ ਸਾਥ, ਗੜ੍ਹੀ ਚਮਕੌਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬਖ਼ਸ਼ਿਸ਼ ਕਰੇ ਗੋਬਿੰਦ ਗੁਰਦੇਵ, ਗੋਬਿੰਦ ਵਡ ਵਡਿਆਈਆ । ਜਿਸ ਦੀ ਤ੍ਰੇਸਠ ਦਿਨ ਕੀਤੀ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਚੌਦਾਂ ਹਜ਼ਾਰ ਦਫ਼ਾ ਰੋਜ਼ ਰਸਨਾ ਗਾਉਂਦੀ ਜਿਹਵ, ਗੁਣਵੰਤ ਗੁਣ ਨਿਧਾਨ ਧਿਆਨ ਲਗਾਈਆ । ਇਹ ਅਗੰਮਾ ਭੇਦ, ਜਗਤ ਬੁੱਧੀ ਨਾ ਕੋਇ ਸਮਝਾਈਆ । ਜਿਸ ਦਾ ਲਹਿਣਾ ਦੇਣਾ ਨਿਹਚਲ ਧਾਮ ਨਾਲ ਨਿਹਕੇਵ, ਨਿਹਕਰਮੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ

ਹੱਥ ਟਿਕਾਈਆ । ਬਖ਼ਸ਼ਿਸ਼ ਕਰੇ ਦਾਤਾ ਸੂਰਬੀਰ, ਸਾਹਿਬ ਸੁਲਤਾਨ ਸੱਚੀ ਸਰਨਾਈਆ । ਸੇਵਾ ਵਿਚ ਚੁਕਦਾ ਰਿਹਾ ਗੋਬਿੰਦ ਦੇ ਤੀਰ, ਭੱਥਾ ਹੱਥਾਂ ਵਿਚ ਉਠਾਈਆ । ਖ਼ੁਸ਼ੀ ਨਾਲ ਪਿਆਉਂਦਾ ਰਿਹਾ ਸੀਰ, ਸੁਰਤ ਸਤਿਗੁਰ ਚਰਨ ਟਿਕਾਈਆ । ਆਸਾ ਰੱਖੀ ਅੰਤ ਅਖ਼ੀਰ, ਬੇਨੰਤੀ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਸਚ ਬੇਨੰਤੀ ਕੀਤੀ ਅਰਦਾਸ, ਬਖ਼ਸ਼ਿਸ਼ ਵਿਚ ਮੰਗ ਮੰਗਾਈਆ । ਗੋਬਿੰਦ ਪੁਰਖ ਅਕਾਲ ਤਕਣਾ ਤੇਰਾ ਬਾਪ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਓਹ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਾਥ, ਸਗਲਾ ਸੰਗ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜਿਸ ਦੀ ਗਾਉਂਦੀ ਗਾਥ, ਅੱਖਰਾਂ ਵਿਚ ਵੰਡ ਵੰਡਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਭੇਜੇ ਤ੍ਰੈਲੋਕੀ ਨਾਥ, ਲੋਕ ਪ੍ਰਲੋਕ ਆਪਣਾ ਹੁਕਮ ਵਰਤਾਈਆ । ਮੈਂ ਵੇਖਣਾ ਓਸ ਦਾ ਖੇਲ ਤਮਾਸ਼, ਜੋ ਖ਼ਾਲਕ ਖ਼ਲਕ ਵਿਚ ਸਮਾਈਆ । ਗੋਬਿੰਦ ਹੱਸ ਕੇ ਪੁਸ਼ਤ ਪਨਾਹ ਲਾਈ ਥਾਪ, ਥਪਕੀ ਇਕ ਥਪਕਾਈਆ । ਜਿਸ ਵੇਲੇ ਨਿਰਗੁਣ ਨੂਰ ਜੋਤ ਹੋਵੇ ਪ੍ਰਕਾਸ਼, ਪਾਰਬ੍ਰਹਮ ਪਤਿਪਰਮੇਸ਼ਵਰ ਵੇਸ ਵਟਾਈਆ । ਮੈਂ ਸ਼ਬਦੀ ਯੋਧਾ ਸਦਾ ਹੋਵਾਂ ਸਾਥ, ਵਿਛੋੜਾ ਰਹਿਣ ਕੋਇ ਨਾ ਪਾਈਆ । ਤੇਰਾ ਲਹਿਣਾ ਦੇਣਾ ਲੇਖਾ ਲਿਖਾਂ ਬਿਨ ਅੱਖਰਾਂ ਵਾਲੀ ਕਿਤਾਬ, ਜਿਸ ਕਾਗ਼ਜ਼ ਦਾ ਪੰਨਾ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤ ਸਦੀ ਚੌਧਵੀਂ ਦੇ ਖ਼ਿਤਾਬ, ਮੁਖ਼ਾਤਬ ਹੋ ਕੇ ਆਪ ਦ੍ਰਿੜਾਈਆ । ਇਸ਼ਾਰੇ ਨਾਲ ਦਿਤਾ ਆਖ, ਆਖ਼ਰ ਇਕੋ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਬਖ਼ਸ਼ਿਸ਼ ਕੀਤੀ ਦਾਤ, ਦੌਲਤ ਧੁਰ ਦੀ ਝੋਲੀ ਪਾਈਆ । ਜਿਸ ਵੇਲੇ ਕਲ ਹੋਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜੂਠ ਝੂਠ ਵਧੇ ਪ੍ਰਤਾਪ, ਸਚ ਸੁਚ ਬੈਠੇ ਮੁਖ ਛੁਪਾਈਆ । ਓਸ ਵੇਲੇ ਗੁਰਮੁਖ ਤੇਰੀ ਖੋਲ੍ਹਾਂ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਦੁਰਮਤ ਮੈਲ ਧੋ ਦਾਗ਼, ਪਤਤ ਪੁਨੀਤ ਦਿਆਂ ਕਰਾਈਆ । ਕਾਇਆ ਮੰਦਰ ਅੰਦਰ ਸ਼ਬਦ ਸੁਰਤੀ ਦੇ ਆਵਾਜ਼, ਆਲਸ ਨਿੰਦਰਾ ਦਿਆਂ ਮਿਟਾਈਆ । ਇਹ ਖੇਲ ਗੋਬਿੰਦ ਦੀ ਧਾਰ ਸ਼ਬਦੀ ਸਤਿਗੁਰ ਕਰੇ ਆਪ, ਆਪਣਾ ਰੰਗ ਵਖਾਈਆ । ਬਖ਼ਸ਼ਿਸ਼ ਵਿਚ ਰਹਿਮਤ ਵਿਚ ਦੀਨ ਦਿਆਲਾ ਅੰਦਰ ਬਾਹਰ ਗੁਪਤ ਜ਼ਾਹਰ ਦੇਵੇ ਸਾਥ, ਸਗਲਾ ਸੰਗ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸੁਰਤ ਸ਼ਬਦ ਇਕੋ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ਿਸ਼ ਵਿਚ ਬਖ਼ਸ਼ੀਸ਼, ਜਗਦੀਸ਼ ਸਚ ਪ੍ਰੀਤੀ ਝੋਲੀ ਪਾਈਆ ।



### ❋ ੨੨ ਚੇਤ ਸ਼ਹਿਨਸ਼ਾਹੀ ਸੰਮਤ ੪ ਛੰਬ ਜੰਮੂ ਗੁਰਦਿਤ ਸਿੰਘ ਦੇ ਘਰ ❋

ਚੇਤ ਕਹੇ ਸੁਣ ਮੇਰੇ ਧੁਰ ਦੇ ਬਾਬਲ, ਪਿਤਾ ਪੁਰਖ ਅਕਾਲ ਦਿਆਂ ਜਣਾਈਆ । ਚੁਰਾਸੀ ਵਿਚੋਂ ਸੰਤ ਸੁਹੇਲੇ ਵੇਖਣੇ ਕਾਬਲ, ਵਲਦੀਅਤ ਵਿਚੋਂ ਅਸਲੀਅਤ ਲੈਣੀ ਪ੍ਰਗਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰਨਾ ਇਕੋ ਆਦਲ, ਇਨਸਾਫ ਵਿਚ ਗੁਸਤਾਖ਼ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਜਗਤ ਅੰਧੇਰ ਦੂਰ ਕਰਨਾ ਬਾਦਲ, ਨੂਰ ਨੁਰਾਨੇ ਸ਼ਾਹ ਸੁਲਤਾਨੇ ਏਕਾ ਜੋਤ ਕਰ ਰੁਸ਼ਨਾਈਆ । ਸ਼ਰਅ ਛੁਰੀ ਨਾ

ਰਹੇ ਕੋਇ ਮਕ਼ਤੂਲ ਕ਼ਾਤਲ, ਕ਼ਤਲਗਾਹ ਵੰਡ ਨਾ ਕੋਇ ਵੰਡਾਈਆ । ਭੇਵ ਅਭੇਦਾ ਖੋਲ੍ਹਣਾ ਬਾਤਨ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਸੰਦੇਸ਼ਾ ਦੇ ਕੇ ਧੁਰ ਅਬਿਨਾਸ਼ਨ, ਅਬਿਨਾਸ਼ੀ ਕਰਤੇ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਦਾਸੀ ਦਾਸਨ, ਦਰ ਠਾਂਡੇ ਸੀਸ ਝੁਕਾਈਆ । ਸੇਵਾ ਵਿਚ ਪ੍ਰਿਥਵੀ ਆਕਾਸ਼ਨ, ਕੋਟਨ ਬ੍ਰਹਿਮੰਡ ਖੰਡ ਭੱਜਣ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦਾ ਕਲਮਾ ਢੋਲਾ ਸੋਹਲਾ ਵਾਚਨ, ਪੜ੍ਹ ਪੜ੍ਹ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਚੇਤ ਕਹੇ ਪ੍ਰਭ ਵੇਖ ਆਪਣੀ ਖੇਲ ਨਿਰਾਲੀ, ਨਿਰਾਕਾਰ ਧਿਆਨ ਲਗਾਈਆ । ਤੇਰਾ ਨਿਰਗੁਣ ਨੂਰ ਜੋਤ ਅਕਾਲੀ, ਅਕਲ ਕਲਧਾਰੀ ਤੇਰੀ ਬੇਪ੍ਰਵਾਹੀਆ । ਤੇਰੇ ਦਰ ਤੇ ਖੜ੍ਹੇ ਅਨਕ ਸਵਾਲੀ, ਝੋਲੀ ਅਪਣੀ ਰਹੇ ਡਾਹੀਆ । ਬਿਨ ਤੇਰੀ ਕਿਰਪਾ ਤੇਰੀ ਕਰੇ ਨਾ ਕੋਇ ਦਲਾਲੀ, ਵਿਚੋਲਾ ਵਿਚਰ ਨਾ ਕੋਇ ਸਮਝਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਭਰ ਦੇ ਭੰਡਾਰੇ ਖ਼ਾਲੀ, ਖ਼ਾਲਕ ਖ਼ਲਕ ਦੇ ਮਾਣ ਵਡਿਆਈਆ । ਤੇਰੇ ਦਵਾਰੇ ਧੁਨਕਾਰ ਵੱਜੇ ਸਾਚੀ ਤਾਲੀ, ਤਾਬਿਆਦਾਰੀ ਸਭ ਨੂੰ ਦੇ ਦ੍ਰਿੜਾਈਆ । ਲਹਿਣਾ ਦੇਣਾ ਹਕ਼ੀਕ਼ਤ ਵੇਖ ਹਾਲੀ, ਹਰ ਘਟ ਵਸਣ ਵਾਲੇ ਧੁਰਦਰਗਾਹੀਆ । ਤੇਰਾ ਜਲਵਾ ਤੱਕੀਏ ਨੂਰ ਜਮਾਲੀ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੋਭਾ ਪਾਈਆ । ਚੇਤ ਕਹੇ ਸਾਹਿਬ ਸੁਲਤਾਨ ਤੇਰਾ ਦਰ ਠੰਡਾ, ਠੰਡਕ ਦੂਜੀ ਨਜ਼ਰ ਕੋਇ ਨਾ ਆਈਆ । ਤੇਰਾ ਆਦਿ ਜੁਗਾਦੀ ਨੂਰੀ ਚੰਦਾ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਤੇਰਾ ਲੇਖਾ ਗਹਿਰ ਗੰਭੀਰ ਜੋਤੀ ਸ਼ਬਦੀ ਧਾਰ ਸੰਦਾ, ਸਨਦ ਸਭ ਦੀ ਵੇਖ ਵਖਾਈਆ । ਸਦੀ ਚੌਧਵੀਂ ਤੱਕ ਅਖ਼ੀਰੀ ਕੰਢਾ, ਕੰਢੀ ਵਾਲੇ ਆਪਣਾ ਰੰਗ ਰੰਗਾਈਆ । ਜਿਸ ਦੀ ਮਹਿੰਮਾ ਹੋ ਨਾ ਸਕੇ ਨਾਲ ਦੰਦਾ, ਰਸਨਾ ਵਿਚ ਰਸ ਨਾ ਕੋਇ ਚਖਾਈਆ । ਸੋ ਸਾਹਿਬ ਸਤਿਗੁਰ ਦੇਵਣਹਾਰਾ ਇਕ ਅਨੰਦਾ, ਅਨੰਦ ਅਨੰਦ ਵਿਚੋ ਪ੍ਰਗਟਾਈਆ । ਮੰਜ਼ਲ ਪੌੜੀ ਚੜ੍ਹਾ ਕੇ ਆਪਣਾ ਡੰਡਾ, ਡੰਡਾਵਤ ਇਕੋ ਦਏ ਸਮਝਾਈਆ । ਸ੍ਰੀ ਭਗਵਾਨ ਤੂੰ ਸਾਹਿਬ ਸਵਾਮੀ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਤੇਰੇ ਵਿਚ ਨਜ਼ਰੀ ਆਈਆ । ਹਰਿ ਸੰਤ ਸੁਹੇਲੇ ਲਗਾ ਆਪਣੇ ਅੰਗਾ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਕੂੜ ਕੁੜਿਆਰ ਮੇਟ ਦੇ ਦੰਗਾ, ਦਗ਼ੇਬਾਜ਼ੀ ਵਿਚ ਦਗ਼ਾ ਨਾ ਕੋਇ ਕਮਾਈਆ ।

### ✻ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਛੰਬ ਜੰਮੂ ਫੁੰਮਣ ਸਿੰਘ ਭਾਗ ਕੌਰ ਦੇ ਗ੍ਰਿਹ ✻

ਵਿਸ਼ਨੂੰ ਕਹੇ ਮੈਂ ਪ੍ਰਭ ਦੀ ਮਹਿੰਮਾ ਦੱਸਣੀ, ਹਰਿ ਵੱਡਾ ਵਡ ਵਡਿਆਈਆ । ਜਿਸ ਵੇਲੇ ਬ੍ਰਹਮੇ ਨੂੰ ਕਿਹਾ ਸ੍ਰਿਸ਼ਟੀ ਵਸਣੀ, ਹੁਕਮ ਅਗੰਮ ਸੁਣਾਈਆ । ਮੈਨੂੰ ਇਸ਼ਾਰਾ ਦਿਤਾ ਸਵਾਧਾਨ ਕਰ ਲਕਸ਼ਮੀ, ਚਰਨ ਕਵਲ ਲੈ ਅੰਗੜਾਈਆ । ਦੋਹਾਂ ਨੇ ਇਕੋ ਤੁੱਕ ਰਟਣੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫਿਰ ਅੱਗੇ ਝੋਲੀ ਡਾਹੁਣੀ ਸਖਣੀ, ਮਿਹਰਵਾਨ ਹੋ ਕੇ ਦੇਣੀ ਭਰਾਈਆ । ਫਿਰ ਅੱਖ ਖੁਲ੍ਹਾਵਾਂ ਆਪਣੀ ਅੱਖਣੀ, ਆਖ਼ਰ

ਪੜਦਾ ਲਾਹੀਆ । ਸ਼ਬਦ ਇਸ਼ਾਰਾ ਰਮਜ਼ ਲਗਾਵਾਂ ਉੱਤਰ ਪੱਛਮ ਪੂਰਬ ਦੱਖਣੀ, ਚਾਰੇ ਕੁੰਟਾਂ ਫੋਲ ਫੁਲਾਈਆ । ਜਲਵਾ ਨੂਰ ਤੇਜ ਦੇ ਕੇ ਸੂਰੀਆ ਅਗਨੀ, ਪ੍ਰਕਾਸ਼ ਅੰਧ ਸੋਭਾ ਪਾਈਆ । ਨਿਰਗੁਣ ਜੋਤ ਕਰ ਬੇਵਤਨੀ, ਵਤਨ ਮਾਤਲੋਕ ਪ੍ਰਗਟਾਈਆ । ਧਾਰ ਬਖ਼ਸ਼ ਅਗੰਮ ਅਲੱਖਣੀ, ਅਲਖ ਅਗੋਚਰ ਦਿਆਂ ਸਮਝਾਈਆ । ਰੋਮ ਰੋਮ ਰਸ ਦੇ ਰਸਨੀ, ਰਸਤਾ ਆਪਣਾ ਇਕ ਵਖਾਈਆ । ਧਰਮ ਦਵਾਰਾ ਦੱਸ ਪੱਤਣੀ, ਪੱਤਰਾ ਪਤ੍ਰਕਾ ਇਕੋ ਇਕ ਪੜ੍ਹਾਈਆ । ਤੇਰੀ ਸੇਵਾ ਇਕੋ ਰੱਖਣੀ, ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਵਿਸ਼ਨੂੰ ਕਹੇ ਜਿਸ ਵੇਲੇ ਪ੍ਰਭ ਰਚਨਾ ਲੱਗਾ ਰਚਣ, ਆਪ ਆਪਣੀ ਦਇਆ ਕਮਾਈਆ । ਮੇਰੇ ਨਾਲ ਕੀਤਾ ਅਗੰਮੀ ਬਚਨ, ਜਿਸ ਨੂੰ ਚਾਰ ਜੁਗ ਨਾ ਕੋਇ ਸਮਝਾਈਆ । ਖ਼ੁਸ਼ੀਆਂ ਵਿਚ ਲੱਗਾ ਹੱਸਣ, ਹਸਤੀ ਮਸਤੀ ਵਿਚੋਂ ਪ੍ਰਗਟਾਈਆ । ਮੈਨੂੰ ਲਾ ਕੇ ਪ੍ਰੇਮ ਦੀ ਲਗਨ, ਲਾਗੇ ਲਿਆ ਬਹਾਈਆ । ਫੇਰ ਅਗਨੀ ਵਾਂਗੂੰ ਲੱਗਾ ਮੱਚਣ, ਜੋਤੀ ਜੋਤ ਜੋਤ ਤਪਾਈਆ । ਮੈਂ ਉਠ ਕੇ ਲੱਗਾ ਭੱਜਣ, ਆਪਣਾ ਪੱਲੂ ਛੁਡਾਈਆ । ਪੁਰਖ ਅਕਾਲ ਕਿਹਾ ਆਹ ਲੈ ਚਰਨ ਧੂੜੀ ਮੱਜਨ, ਮਸਤਕ ਦਿਆਂ ਟਿਕਾਈਆ । ਨਾਲ ਇਸ਼ਾਰਾ ਕੀਤਾ ਬ੍ਰਹਮੇ ਸੱਜਣ, ਦੋਸਤ ਦਿਤਾ ਵਖਾਈਆ । ਸ਼ੰਕਰ ਪੜਦਾ ਲੱਗਾ ਕੱਜਣ, ਸਿਰ ਆਪਣਾ ਹੱਥ ਟਿਕਾਈਆ । ਇਕ ਅਗੰਮੀ ਨਗਾਰਾ ਲੱਗਾ ਵੱਜਣ, ਸ਼ਬਦੀ ਸ਼ਬਦ ਸ਼ਨਵਾਈਆ । ਬ੍ਰਹਿਮੰਡ ਖੰਡ ਲੱਗਾ ਵੱਸਣ, ਅਨਡਿੱਠੀ ਕਾਰ ਕਮਾਈਆ । ਸਾਡੀ ਪਲਕ ਲੱਗਾ ਝਮਕਣ, ਅੱਖ ਅੱਖ ਬਦਲਾਈਆ । ਚਾਰੋਂ ਕੁੰਟ ਤੇਜ ਲੱਗਾ ਚਮਕਣ, ਨੂਰੋ ਨੂਰ ਰੁਸ਼ਨਾਈਆ । ਅੰਮ੍ਰਿਤ ਮੇਘ ਲੱਗਾ ਬਰਸਣ, ਅਗੰਮੀ ਬਰਖਾ ਲਾਈਆ । ਫੇਰ ਸਾਨੂੰ ਪ੍ਰਭ ਦਾ ਨਿਰਗੁਣ ਧਾਰ ਹੋਇਆ ਦਰਸ਼ਨ, ਦੋ ਜਹਾਨ ਵੱਜੀ ਵਧਾਈਆ । ਅਸੀਂ ਤਿੰਨੇ ਲੱਗੇ ਤੜਫਣ, ਬਹੁੜੀ ਬਹੁੜੀ ਕਰ ਕੁਰਲਾਈਆ । ਸਾਡੇ ਅੰਦਰ ਲੱਗੀ ਭਟਕਣ, ਅੰਤਰ ਰਹੀ ਉਠਾਈਆ । ਇਕ ਅਗੰਮੀ ਆਵਾਜ਼ ਲੱਗੀ ਕੜਕਣ, ਜ਼ੋਰਦਾਰ ਜਣਾਈਆ । ਫੇਰ ਸਾਨੂੰ ਕਰ ਕੇ ਮਰਦਨ, ਨੇਤਰ ਅੱਖ ਖੁਲ੍ਹਾਈਆ । ਇਸ਼ਾਰਾ ਕਰ ਕੇ ਸਾਡੀ ਗਰਦਨ, ਗਰਦਸ਼ ਦਿਤੀ ਵਖਾਈਆ । ਫੇਰ ਵਖਾ ਅਗੰਮੀ ਬਰਤਨ, ਸ਼ਬਦ ਪਿਆਲਾ ਦਿਤਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਵਿਸ਼ਨੂੰ ਕਹੇ ਮੈਨੂੰ ਕੋਲ ਬਹਾ ਕੇ ਨੇੜੇ, ਸਹਿਜ ਨਾਲ ਸਮਝਾਈਆ । ਫੇਰ ਪੁਛਿਆ ਕਿਹੜੇ ਕਿਹੜੇ, ਤੇਰਾ ਪੱਲੂ ਗੰਢ ਬੰਧਾਈਆ । ਵਿਸ਼ਨੂੰ ਬ੍ਰਹਮਾ ਸ਼ਿਵ ਢਹਿ ਕੇ ਹੋ ਗਏ ਢੇਰੇ, ਡੇਰਾ ਚਰਨਾਂ ਵਿਚ ਟਿਕਾਈਆ । ਪੁਰਖ ਅਕਾਲ ਅਸੀਂ ਤੇਰੇ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਕਿਹਾ ਮੈਨੂੰ ਤੁਸੀਂ ਤਿੰਨ ਬਥੇਰੇ, ਮੇਰੀ ਚਲਣਾ ਹੁਕਮ ਰਜ਼ਾਈਆ । ਸਤਿਗੁਰ ਸ਼ਬਦ ਦੇ ਰਹਿਣਾ ਘੇਰੇ, ਡੋਰੀ ਤੰਦ ਆਪ ਬੰਧਾਈਆ । ਜ਼ਰਾ ਨਿਗਾਹ ਮਾਰੋ ਅੰਧੇਰੇ, ਅੰਧ ਕੂਪ ਵਖਾਈਆ । ਫੇਰ ਸਭ ਦੇ ਉਤੇ ਉਂਗਲੀ ਫੇਰੇ, ਮਸਤਕ ਵਿਚ ਛੁਹਾਈਆ । ਫੇਰ ਉਲਟਾ ਚੱਕਰ ਫੇਰੇ, ਪਿਛੇ ਦਿਤਾ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਨੂੰ ਆਈ ਆਵਾਜ਼, ਜ਼ੋਰਦਾਰ ਸੁਣਾਈਆ । ਮੇਰਾ ਖੁਲ੍ਹ ਗਿਆ ਰਾਜ਼, ਪੜਦਾ ਰਿਹਾ ਨਾ ਰਾਈਆ । ਸਦਾ ਲਈ ਗਿਆ ਜਾਗ, ਆਲਸ ਨਿੰਦਰਾ ਨਾ ਰੂਪ ਵਟਾਈਆ । ਜਿੱਧਰ ਤੱਕਾਂ ਉਧਰ ਦਿਸੇ ਆਗ, ਅਗਨੀ ਤਤ ਤਪਾਈਆ । ਓਸੇ ਵੇਲੇ ਉਠਿਆ ਭਾਗ, ਭੱਜਿਆ ਵਾਹੋ ਦਾਹੀਆ । ਅੱਗੇ ਪੁਰਖ ਅਕਾਲ ਵਰਤਿਆ ਸ੍ਵਾਂਗ, ਸ੍ਵਾਂਗੀ ਆਪਣਾ ਰੂਪ

ਬਦਲਾਈਆ । ਸ਼ਬਦ ਅਗੰਮੀ ਲੈ ਕੇ ਡਾਂਗ, ਭੈ ਨਾਲ ਡਰਾਈਆ । ਮੇਰੀ ਭੱਜਣੋ ਰਹਿ ਗਈ ਟਾਂਗ, ਬਲ ਨਾ ਕੋਇ ਰਖਾਈਆ । ਮੇਰੀ ਰੋ ਕੇ ਨਿਕਲੀ ਚਾਂਗ, ਹੌਕਿਆਂ ਵਿਚ ਸੁਣਾਈਆ । ਅਬਿਨਾਸ਼ੀ ਕਰਤੇ ਕਿਹਾ ਆਹ ਵੇਖ ਵਖਾਵਾਂ ਤੇਰੀ ਤਾਂਘ, ਆਸਾ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਵਿਸ਼ਨੂੰ ਕਹੇ ਮੈਂ ਹੈਰਾਨੀ ਵਿਚ ਕੀਤੀ ਇੱਛਾ, ਆਸਾ ਸਮਝ ਕੋਇ ਨਾ ਆਈਆ । ਚਾਰ ਕੁੰਟ ਏਕਾ ਨੂਰ ਦਿਸਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜਿਧਰ ਵੇਖਾਂ ਉਧਰ ਪਿਛਾ, ਅੱਗੇ ਪਿਛੇ ਸੋਭਾ ਪਾਈਆ । ਪਿਆਰ ਵਿਚ ਕਰੇ ਹਿਤਾ, ਮੁਹੱਬਤ ਵਿਚ ਵਡਿਆਈਆ । ਖੇਲ ਅਗੰਮੀ ਡਿੱਠਾ, ਅਨਡਿੱਠੜੀ ਕਾਰ ਕਮਾਈਆ । ਫੇਰ ਪਾ ਕੇ ਆਪਣੀ ਭਿੱਛਾ, ਮੇਰੇ ਅੰਤਰ ਦਿਤੀ ਟਿਕਾਈਆ । ਇਕ ਧੁਰ ਦਾ ਦਿਤਾ ਚਿੱਠਾ, ਜਿਸ ਦਾ ਰੂਪ ਰੰਗ ਰੇਖ ਨਜ਼ਰ ਨਾ ਆਈਆ । ਉਸ ਦੇ ਉਤੇ ਤੂੰ ਮੇਰਾ ਮੈਂ ਤੇਰਾ ਨਾਮ ਲਿਖਾ, ਜਿਸ ਦੀ ਆਦਿ ਅੰਤ ਵਜਦੀ ਰਹੇ ਵਧਾਈਆ । ਫੇਰ ਵਖਾ ਕੇ ਲਹਿੰਦੀ ਦਿਸ਼ਾ, ਚਾਰ ਕੁੰਟ ਪੜਦਾ ਦਿਤਾ ਚੁਕਾਈਆ । ਫੇਰ ਰੂਪ ਧਾਰ ਕੇ ਨਿੱਕਾ, ਨਿਰਗੁਣ ਨਿਰਵੈਰ ਕਰੀ ਰੁਸ਼ਨਾਈਆ । ਫੇਰ ਹੁਕਮ ਦਾ ਚਲਾ ਕੇ ਸਿੱਕਾ, ਮੋਹਰ ਆਪਣਾ ਨਾਮ ਛੁਹਾਈਆ । ਫੇਰ ਪ੍ਰੇਮ ਪ੍ਰੀਤੀ ਅੰਦਰ ਵਿਕਾ, ਕ਼ੀਮਤ ਕਰਤਾ ਨਾ ਕੋਇ ਰਖਾਈਆ । ਫੇਰ ਸਾਰਾ ਰਸ ਕਰ ਕੇ ਫਿੱਕਾ, ਨਾਤਾ ਸਭ ਦੇ ਨਾਲੋਂ ਤੁੜਾਈਆ । ਫੇਰ ਸਭ ਦਾ ਵੰਡ ਕੇ ਹਿੱਸਾ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਫੇਰ ਮਹਿੰਮਾ ਦਾ ਦੱਸ ਕੇ ਕਿੱਸਾ, ਸਿਫ਼ਤਾਂ ਵਿਚ ਸਾਲਾਹੀਆ । ਫੇਰ ਬਣਾ ਕੇ ਚਿਖਾ, ਆਪਣਾ ਆਪ ਜਲਾਈਆ । ਫੇਰ ਸਰਬ ਸੁਆਮੀ ਬਣ ਕੇ ਪਿਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਫੇਰ ਕਰਵਟ ਬਦਲ ਕੇ ਦਿਤੀ ਪਿੱਠਾ, ਸਨਮੁਖ ਸੋਭਾ ਕੋਇ ਨਾ ਪਾਈਆ । ਫੇਰ ਲੇਖ ਵਖਾਇਆ ਪੱਥਰ ਇੱਟਾਂ, ਮਾਟੀ ਕੀਚੜ ਵੱਜੀ ਵਧਾਈਆ । ਫੇਰ ਦੁਹੱਥੜ ਮਾਰ ਕੇ ਪਿੱਟਾ, ਉਚੀ ਕੂਕ ਕੂਕ ਸੁਣਾਈਆ । ਫੇਰ ਖ਼ਾਲੀ ਵਖਾਇਆ ਖਿਟਾ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਮੈਨੂੰ ਕੋਲ ਬਹਾ ਕੇ ਮਾਰੀ ਚਪੇੜ, ਸਹਿਜ ਸਹਿਜ ਲਗਾਈਆ । ਮੈਨੂੰ ਆ ਗਏ ਨੌ ਗੇੜ, ਚਿੱਕੜ ਚਿੱਕੜ ਵਿਚ ਭੁਆਈਆ । ਫੇਰ ਮਸਤਕ ਉਂਗਲੀ ਦਿਤੀ ਫੇਰ, ਪ੍ਰੇਮ ਨਾਲ ਛੁਹਾਈਆ । ਮੈਂ ਹੋ ਗਿਆ ਦਲੇਰ, ਸਬਰ ਸੰਤੋਖ ਮੇਰੇ ਵਿਚ ਟਿਕਾਈਆ । ਫੇਰ ਕੱਢਕੇ ਅੰਧੇਰ, ਨਿਰਗੁਣ ਨੂਰ ਦਿਤਾ ਚਮਕਾਈਆ । ਫੇਰ ਬਣਾ ਕੇ ਆਪਣਾ ਚੇਰ, ਧੁਰ ਦਾ ਹੁਕਮ ਦਿਤਾ ਸੁਣਾਈਆ । ਫਿਰ ਬਣ ਕੇ ਨਿਰਵੈਰ ਨਿਰਾਕਾਰ ਕੇਹਰ, ਭੈ ਵਿਚ ਡਰਾਈਆ । ਫਿਰ ਵਸਾ ਕੇ ਆਪਣਾ ਖੇੜ, ਘਰਾਨਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਵਿਸ਼ਨੂੰ ਕਹੇ ਮੈਨੂੰ ਦਿਤਾ ਹਲੂਣਾ, ਸਹਿਜ ਨਾਲ ਹਿਲਾਈਆ । ਫਿਰ ਦੱਸਿਆ ਕੂਣਾ, ਸ਼ਬਦ ਵਿਚ ਸਮਝਾਈਆ । ਫਿਰ ਬਲ ਦਿਤਾ ਦੂਣਾ, ਤਾਕ਼ਤ ਹੋਰ ਪ੍ਰਗਟਾਈਆ । ਫਿਰ ਹੱਸ ਕੇ ਕਿਹਾ ਮਾਸੂਮਾ, ਬੱਚਿਆਂ ਵਾਂਗ ਗੋਦ ਟਿਕਾਈਆ । ਫਿਰ ਹੁਕਮ ਦਿਤਾ ਨਾਮਾਲੂਮਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਫਿਰ ਬਣ ਕੇ ਵੱਡਾ ਸੂਮਾ, ਭੰਡਾਰਾ ਮੇਰੀ ਝੋਲੀ ਪਾਈਆ । ਫਿਰ ਮੰਗਤਾ ਬਣਿਆ ਵਾਂਗ ਡੂੰਮਾਂ, ਗ੍ਰਿਹਿ ਆਪਣੇ ਅਲਖ ਜਗਾਈਆ । ਫਿਰ ਆਪਣਾ ਕ਼ਦਮ ਆਪੇ ਚੂਮਾਂ, ਬਿਨ ਰਸਨਾ ਰਸ ਵਖਾਈਆ । ਫਿਰ ਆਪਣੀ ਜੋਤੀ ਧਾਰ ਆਪਣਾ ਆਪ ਭੂੰਨਾ, ਅਗਨੀ ਤਤ ਤਪਾਈਆ । ਫਿਰ ਆਪਣਾ ਚੋਟੀ ਸੀਸ ਮੁੰਨਾ, ਮੂੰਡ ਮੁੰਡਾਇਆ

ਸੋਭਾ ਪਾਈਆ । ਫਿਰ ਪ੍ਰੇਮੀ ਧਾਰ ਬਣਾ ਕੇ ਖਲ੍ਹਾ, ਕੁਲ ਆਲਮ ਖੇਲ ਬਣਾਈਆ । ਫਿਰ ਬਣ ਕੇ ਸੁਲਹਕੁਲਾ, ਸਿਰ ਮੇਰੇ ਹੱਥ ਟਿਕਾਈਆ । ਫਿਰ ਹੱਸ ਕੇ ਬਿਨਾ ਬੁੱਲਾਂ, ਖ਼ੁਸ਼ੀ ਦਿਤੀ ਪ੍ਰਗਟਾਈਆ । ਫਿਰ ਮੁਹੱਬਤ ਦਾ ਦੇ ਕੇ ਤੁਲਾ, ਬੇੜੇ ਉਤੇ ਚੜ੍ਹਾਈਆ । ਫਿਰ ਬ੍ਰਹਿਮੰਡ ਖੰਡ ਵਿਹੜਾ ਵਖਾ ਕੇ ਖੁਲ੍ਹਾ, ਚਾਰੋਂ ਕੁੰਟ ਦਿਤਾ ਭੁਆਈਆ । ਫਿਰ ਪੌਣ ਦਾ ਦੇ ਕੇ ਬੁੱਲ੍ਹਾ, ਹੁਲਾਰਿਆਂ ਵਿਚ ਭੁਆਈਆ । ਫਿਰ ਸੁਗੰਧੀ ਦੇ ਕੇ ਫੁੱਲਾਂ, ਲੱਖ ਚੁਰਾਸੀ ਕਵਲ ਧਾਰ ਪ੍ਰਗਟਾਈਆ । ਫਿਰ ਬਣ ਆਪ ਅਨਭੁੱਲਾ, ਭੁੱਲ ਸਭ ਦੇ ਅੰਦਰ ਵਖਾਈਆ । ਫਿਰ ਵਸਤ ਦੇ ਅਨਮੁੱਲਾ, ਨਾਮ ਨਿਧਾਨਾ ਇਕ ਵਰਤਾਈਆ । ਫਿਰ ਕਾਇਆ ਮਾਟੀ ਬਣਾ ਕੇ ਚੁੱਲ੍ਹਾ, ਅਗਨੀ ਤਤ ਤਪਾਈਆ । ਫਿਰ ਬਣਕੇ ਧੁਰ ਦਾ ਦੂਲ੍ਹਾ, ਆਪਣੀ ਦੱਸੇ ਮਾਣ ਵਡਿਆਈਆ । ਫਿਰ ਚੁਕਾ ਕੇ ਮੂਲਾ, ਆਦਿ ਦਾ ਪੜਦਾ ਦਿਤਾ ਉਠਾਈਆ । ਹੁਕਮ ਦਿਤਾ ਮਾਕੂਲਾ, ਸਹਿਜ ਨਾਲ ਸਮਝਾਈਆ । ਵਿਸ਼ਨੂੰ ਵੇਖ ਮੇਰਾ ਅਸੂਲਾ, ਅਸਲੀਅਤ ਪੜਦਾ ਦਿਆਂ ਉਠਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਸਭ ਦਾ ਬਣਿਆ ਰਹਾਂ ਕੰਤ ਕੰਤੂਹਲਾ, ਬਿਨਾ ਮੇਰੇ ਮਾਲਕ ਸੇਜ ਦਾ ਦੂਜਾ ਨਜ਼ਰ ਕੋਇ ਨਾ ਆਈਆ ।

## * ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਛੰਬ ਜੰਮੂ ਸ਼ਾਹਣੀ ਦੇਵੀ ਦੇ ਗ੍ਰਿਹ *



ਵਿਸ਼ਨੂੰ ਕਹੇ ਪ੍ਰਭ ਮੇਰੀ ਪਿੱਠ ਠਕੋਰੀ, ਠੋਕਰ ਪ੍ਰੇਮ ਲਗਾਈਆ । ਮੇਰੀ ਸਾਚੀ ਬਣ ਗਈ ਜੋੜੀ, ਆਪਣਾ ਜੋੜ ਜੁੜਾਈਆ । ਮੈਨੂੰ ਵਖਾਈ ਅਗੰਮੀ ਪੌੜੀ, ਜਿਹੜੀ ਮੰਜ਼ਲ ਦਏ ਪਹੁੰਚਾਈਆ । ਫੇਰ ਨਜ਼ਰ ਆਏ ਧੁਰ ਦੀ ਡੋਰੀ, ਜਿਸ ਦਾ ਆਕਾਰ ਨਜ਼ਰ ਕੋਇ ਨਾ ਆਈਆ । ਫਿਰ ਕਿਰਪਾ ਕੀਤੀ ਥੋੜ੍ਹੀ, ਪੜਦਾ ਦਿਤਾ ਚੁਕਾਈਆ । ਮੈਨੂੰ ਆਸਾ ਦਿਸੀ ਮੇਰੀ ਲੋੜੀ, ਖ਼ਾਹਸ਼ ਦਿਤੀ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰਿਹਾ ਰੰਗਾਈਆ । ਵਿਸ਼ਨੂੰ ਕਹੇ ਮੈਨੂੰ ਕੋਲ ਬਹਾ ਕੇ ਥੋੜ੍ਹਾ ਦਿਤਾ ਦੱਬ, ਉਪਰੋਂ ਥੱਲੇ ਰਿਹਾ ਨਪਾਈਆ । ਮੇਰਾ ਨੇਤਰ ਖੁਲ੍ਹਿਆ ਝੱਬ, ਜੋਤੀ ਜੋਤ ਰੁਸ਼ਨਾਈਆ । ਮੈਨੂੰ ਨਜ਼ਰੀ ਆਇਆ ਕੁਛ ਸਭ, ਸਬਬ ਨਾਲ ਦਿਤਾ ਦ੍ਰਿੜਾਈਆ । ਨਿਰਾਕਾਰ ਗਿਆ ਲੱਭ, ਨਿਰਵੈਰ ਕਰ ਰੁਸ਼ਨਾਈਆ । ਜਿਸ ਦਾ ਸਮਝ ਨਾ ਸਕਿਆ ਕਦ, ਵੱਡਾ ਛੋਟਾ ਨਾ ਕੋਇ ਵਡਿਆਈਆ । ਮੈਂ ਵੇਖਿਆ ਮੈਂ ਓਸੇ ਦੀ ਯਦ, ਮਾਲਕ ਇਕੋ ਨਜ਼ਰੀ ਆਈਆ । ਓਸੇ ਦੀ ਵਸਿਆ ਹੱਦ, ਘਰਾਨਾ ਇਕੋ ਸੋਭਾ ਪਾਈਆ । ਓਸੇ ਦਾ ਗਾਵਾਂ ਛੰਦ, ਢੋਲਾ ਅਗੰਮ ਅਥਾਹੀਆ । ਓਸੇ ਦਾ ਸੁਣਾਂ ਨਦ, ਧੁਰ ਸੰਦੇਸ਼ ਸੁਣਾਈਆ । ਓਸੇ ਦੀ ਰਚਨਾ ਵੇਖਾਂ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਓਸੇ ਦਾ ਖੇਲ ਤੱਕਾਂ ਅਲਗ, ਨਿਰਾਲਾ ਬੈਠਾ ਸੋਭਾ ਪਾਈਆ । ਓਸੇ ਦਾ ਰੂਪ ਵੇਖਾਂ ਸਰਬਗ, ਸ਼ਹਿਨਸ਼ਾਹ ਅਖਵਾਈਆ । ਓਹ ਹਰ ਘਟ ਰਿਹਾ ਰਚ, ਰਚਨਾ ਰਿਹਾ ਬਣਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਖੇਲ ਸਚ, ਸਚ ਸਚ ਦਿਆਂ ਦ੍ਰਿੜਾਈਆ । ਜਿਸ ਨੇ ਸਾਥੋਂ ਭਾਂਡੇ ਬਣਾਉਣੇ ਕਾਇਆ ਮਾਟੀ ਕੱਚ, ਸੇਵਾ ਸਤਿ ਕਮਾਈਆ । ਆਪ ਲੂੰ ਲੂੰ ਅੰਦਰ ਜਾਵੇ ਰਚ, ਘਰ ਘਰ ਸੋਭਾ ਪਾਈਆ । ਸਾਡਾ ਇਸ਼ਾਰਾ ਇਕੋ ਅੱਖ, ਨੈਣ ਇਕੋ ਇਕ ਜਣਾਈਆ । ਆਪ ਉਸ ਤੋਂ ਅੱਗੇ ਜਾਏ ਵਸ, ਵਾਸਤਾ ਆਪਣੇ ਨਾਲ ਰਖਾਈਆ । ਫਿਰ ਮਾਰ ਕੇ ਪਿੱਠ ਮੇਰੀ ਉਤੇ ਹੱਥ, ਹਥੇਲੀ ਨਾਲ ਦਬਾਈਆ । ਜਾਂ ਵੇਖਿਆ ਪ੍ਰਕਾਸ਼ ਦੇਵਣ

੧੪੨ ੨੧

ਰਵ ਸਸ, ਨੂਰ ਨੂਰ ਵਿਚੋਂ ਚਮਕਾਈਆ । ਫਿਰ ਕਿਰਪਾ ਕੀਤੀ ਝਟ, ਮੇਰੇ ਅੰਦਰ ਕੀਤੀ ਰੁਸ਼ਨਾਈਆ । ਬ੍ਰਹਿਮੰਡ ਖੰਡ ਖੁਲ੍ਹਿਆ ਵੇਖਿਆ ਹੱਟ, ਵੱਜੇ ਸਚ ਵਧਾਈਆ । ਆਪਣੇ ਚਰਨਾਂ ਦੀ ਧੂੜ ਲਾਹ ਕੇ ਝਟ, ਮੇਰੇ ਉਤੋਂ ਅੱਗੇ ਦਿਤੀ ਸੁਟਾਈਆ । ਧਰਨੀ ਧਰਤ ਧਵਲ ਓਸੇ ਧਾਰ ਵਿਚੋਂ ਗਈ ਵਸ, ਜਿਸ ਦੀ ਬਣਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਵਿਸ਼ਨੂੰ ਕਹੇ ਮੈਨੂੰ ਮਾਰਿਆ ਛੋਟਾ ਜਿਹਾ ਝਟਕਾ, ਸਹਿਜ ਨਾਲ ਹਿਲਾਈਆ । ਮੇਰੇ ਅੰਤਰ ਹੋਇਆ ਖਟਕਾ, ਭੈ ਵਿਚ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਓਸੇ ਵੇਲੇ ਸਿਰ ਤੇ ਬੰਨ੍ਹ ਕੇ ਪਟਕਾ, ਬਹੁਰੂਪੀਆ ਰੂਪ ਵਟਾਈਆ । ਮਾਲਕ ਬਣ ਕੇ ਘਟ ਘਟ ਕਾ, ਆਪਣਾ ਘਟ ਸਮਝਾਈਆ । ਨਜ਼ਾਰਾ ਦੇ ਕੇ ਆਪਣੀ ਸਦ ਦਾ, ਸੁਤਿਆਂ ਲਿਆ ਜਗਾਈਆ । ਫਿਰ ਦੋ ਜਹਾਨ ਆਪਣੇ ਅੰਦਰ ਵੇਖਿਆ ਘਤਦਾ, ਲੱਖ ਚੁਰਾਸੀ ਰਿਹਾ ਛੁਪਾਈਆ । ਫਿਰ ਖੇਲ ਕੀਤਾ ਸਤਿ ਦਾ, ਸਤਿ ਸਤਿਵਾਦੀ ਪ੍ਰਗਟਾਈਆ । ਫਿਰ ਮੈਨੂੰ ਇਸ਼ਾਰਾ ਕੀਤਾ ਹੱਡ ਮਾਸ ਨਾੜੀ ਰੱਤ ਦਾ, ਤਤਵ ਤੱਤਾਂ ਰੰਗ ਚੜ੍ਹਾਈਆ । ਫਿਰ ਮੇਰਾ ਧਿਆਨ ਧਰਾਇਆ ਹੱਥ ਮੂੰਹ ਨੱਕ ਦਾ, ਕੰਨ ਅੱਖਾਂ ਵੰਡ ਵੰਡਾਈਆ । ਫਿਰ ਮੈਨੂੰ ਲੇਖ ਵਖਾਇਆ ਆਪਣੇ ਖ਼ੁਸ਼ਖ਼ਤ ਦਾ, ਜੋ ਬਿਨ ਹਰਫ਼ਾਂ ਹਰਫ਼ ਸਮਝਾਈਆ । ਫਿਰ ਪ੍ਰੇਮ ਦੱਸਿਆ ਸਚ ਦੁਆਰੇ ਚਰਨ ਕਵਲ ਨੱਤ ਦਾ, ਨਾਤਾ ਇਕ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਖੇਲ ਵਖਾਇਆ ਆਪਣੇ ਜਸ ਦਾ, ਸਿਫ਼ਤਾਂ ਵਿਚ ਬੇਸਿਫ਼ਤੀ ਢੋਲੇ ਗਾਈਆ ।





### ❋ ੨੩ ਚੇਤ ਸ਼ਹਿਨਸ਼ਾਹੀ ਸੰਮਤ ਕੈਂਪ ਖ਼ੈਰੋਵਾਲੀ ਜ਼ਿਲਾ ਜੰਮੂ ਗਿਆਨ ਚੰਦ ਦੇ ਗ੍ਰਹਿ ❋

ਵਿਸ਼ਨੂੰ ਕਹੇ ਮੈਨੂੰ ਪ੍ਰਭੂ ਨੇ ਲਿਆ ਚੁਕ, ਚੁਕੰਨਾ ਕਰ ਕੇ ਪ੍ਰਭ ਨੇ ਦਿਤਾ ਵਖਾਈਆ । ਫਿਰ ਸੰਦੇਸ਼ੇ ਵਿਚ ਕਿਹਾ ਝੁਕ, ਹੁਕਮ ਧੁਰਦਰਗਾਹੀਆ । ਫਿਰ ਹੁਕਮ ਕੀਤਾ ਅਗੰਮੇ ਮੁਖ, ਮੁਕੰਮਲ ਆਪਣਾ ਹੁਕਮ ਵਰਤਾਈਆ । ਇਸ਼ਾਰੇ ਵਿਚ ਦੱਸਿਆ ਤੱਤਾਂ ਅੰਦਰ ਕਿਹੜਾ ਦੁੱਖ, ਮਾਇਆ ਵਿਚ ਸਮਾਈਆ । ਕਿਹੜਾ ਅਹਾਰ ਦੇਣਾ ਟੁਕ, ਟੁਕੜਿਆਂ ਝੋਲੀ ਪਾਈਆ । ਕਿਹੜਾ ਅੰਮ੍ਰਿਤ ਦੇਣਾ ਘੁਟ, ਕਵਣ ਰਸ ਜਲ ਵਖਾਈਆ । ਕਿਸ ਬਿਧ ਉਪਜੌਣਾ ਸੁਖ, ਸਾਂਤਕ ਸਤਿ ਕਰਾਈਆ । ਕਿਸ ਵੇਲੇ ਪੈਂਡਾ ਜਾਵੇ ਮੁਕ, ਲੇਖਾ ਜਾਣੇ ਧੁਰਦਰਗਾਹੀਆ । ਕਵਣ ਵੇਲਾ ਪ੍ਰਭੂ ਹੋਵੇ ਖ਼ੁਸ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਵਣ ਵਕਤ ਸਭ ਨੂੰ ਲਏ ਪੁਛ, ਪੂਰਬ ਲਹਿਣਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸ਼ੰਕਰ ਕਹੇ ਮੈਂ ਵੇਖਿਆ ਨਿਰਾਕਾਰ, ਵਿਸ਼ਨੂੰ ਕਿਹਾ ਨਹੀਂ ਨਿਰਾਕਾਰ ਦਾ ਆਕਾਰ ਦਿਆਂ ਜਣਾਈਆ । ਓਸ ਦੀ ਜੋਤ ਓਸ ਦੀ ਧਾਰ, ਧਾਰ ਤੋਂ ਬਿਨਾ ਨਾ ਕੋਇ ਰੁਸ਼ਨਾਈਆ । ਆਪਣਾ ਨੂਰ ਉਹਦਾ ਉਜਿਆਰ, ਉਜਾਲਾ ਆਪ ਪ੍ਰਗਟਾਈਆ । ਆਪਣੀ ਕਰਨੀ ਦਾ ਖ਼ੁਦਮੁਖ਼ਤਿਆਰ, ਮੁਖ਼ਤਿਆਰਨਾਮੇ ਆਪਣੇ ਹੱਥ ਫੜਾਈਆ । ਮੈਂ ਸਦਾ ਨਿਰਗੁਣ ਜੋਤ ਕਰਾਂ ਦੀਦਾਰ, ਨੂਰ ਵਿਚ ਸਮਾਈਆ । ਮੈਨੂੰ ਕਰ ਕੇ ਖ਼ਬਰਦਾਰ, ਬੇਖ਼ਬਰ ਖ਼ਬਰ ਦਿਤੀ ਸੁਣਾਈਆ । ਹੁਕਮੇ ਅੰਦਰ ਕਰ ਇਕਰਾਰ, ਵਾਅਦੇ ਵਿਚ ਵਡਿਆਈਆ । ਸ੍ਰਿਸ਼ਟੀ ਕਰਨੀ

ਤਿਆਰ, ਤ੍ਰੈਗੁਣ ਵੱਜੇ ਵਧਾਈਆ । ਪੰਜ ਤਤ ਪਰਿਵਾਰ, ਮੇਲਾ ਲੈਣਾ ਮਿਲਾਈਆ । ਵਿਸ਼ਨੂੰ ਸੇਵਾਦਾਰ, ਬਣ ਸੇਵਕ ਸਾਚੀ ਸੇਵ ਕਮਾਈਆ । ਭੰਡਾਰਾ ਅਗੰਮ ਦਿਤਾ ਵਖਾਲ, ਵਖਰੇ ਧਾਮ ਟਿਕਾਈਆ । ਜਿਥੇ ਵਸੇ ਦੀਨ ਦਿਆਲ, ਦਇਆਨਿਧ ਸੋਭਾ ਪਾਈਆ । ਸਦਾ ਰਖੇ ਸੰਭਾਲ, ਆਪਣੇ ਵਿਚ ਛੁਪਾਈਆ । ਜਿਸ ਨੂੰ ਖਾਣ ਸ਼ਾਹ ਕੰਗਾਲ, ਹਿੱਸਾ ਸਭ ਦੀ ਝੋਲੀ ਪਾਈਆ । ਅਗਲਾ ਲੇਖਾ ਬੇਮਿਸਾਲ, ਮਿਸਲ ਵਿਚ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪਣੀ ਸਚਖੰਡ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਇਕ ਸੁਹਾਈਆ ।

### ✻ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਖ਼ੈਰੋਵਾਲੀ ਜੰਮੂ ਖੋਜੂ ਰਾਮ ਦੇ ਗ੍ਰਿਹਿ ✻

ਵਿਸ਼ਨੂੰ ਕਹੇ ਮੇਰੇ ਅਵਤਰ ਦਿਤੀ ਖ਼ਬਰ, ਰੁਚੀ ਦਿਤੀ ਬਦਲਾਈਆ । ਸੰਤੋਖ਼ ਬਖ਼ਸ਼ ਸਬਰ, ਸਬਬ ਨਾਲ ਦ੍ਰਿੜਾਈਆ । ਹੋ ਕੇ ਗਹਿਰ ਗੰਭੀਰ ਗਵਰ, ਪੜਦਾ ਦਿਤਾ ਉਠਾਈਆ । ਹੁਕਮ ਦੱਸ ਕੇ ਅਵਰ, ਅਵਰੀ ਕਾਰ ਕਮਾਈਆ । ਲੱਖ ਚੁਰਾਸੀ ਜਣਾ ਆਪਣਾ ਟੱਬਰ, ਕੁਨਬਾ ਇਕ ਪ੍ਰਗਟਾਈਆ । ਭੈ ਦੇਣਾ ਤੂੰ ਪ੍ਰਭੂ ਪੈਗ਼ੰਬਰ, ਭਿਆਨਕ ਸੋਭਾ ਪਾਈਆ । ਨਜ਼ਾਰਾ ਦੇ ਉਪਰ ਅੰਬਰ, ਆਪਣਾ ਹੁਕਮ ਵਰਤਾਈਆ । ਨਿਰਗੁਣ ਧਾਰ ਰਚ ਸਵੰਬਰ, ਸਾਚਾ ਖੇਲ ਵਖਾਈਆ । ਵਿਸ਼ਨੂੰ ਵਿਸ਼ਿਆਂ ਵਾਲਾ ਵੇਖ ਅਡੰਬਰ, ਵਿਸ਼ੇਸ਼ਤਾ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਿਸ਼ਨੂੰ ਕਹੇ ਮੈਂ ਵੇਖਾਂ ਖੇਲ ਸਚ ਦਾ, ਸਚ ਸਚ ਦ੍ਰਿੜਾਈਆ । ਆਪਣੀ ਇਛਿਆ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਰਚਦਾ, ਮਾਇਆ ਤਤ ਗੁਣ ਵਡਿਆਈਆ । ਸਚ ਸਿੰਘਾਸਣ ਬਹਿ ਕੇ ਸਜਦਾ, ਤਖ਼ਤ ਨਿਵਾਸੀ ਧੁਰਦਰਗਾਹੀਆ । ਲੇਖ ਉਪਜਾ ਅਗੰਮੇ ਜਗ ਦਾ, ਜਾਗਰਤ ਜੋਤ ਕਰ ਰੁਸ਼ਨਾਈਆ । ਲਹਿਣਾ ਦੇਣਾ ਸੁਹਾ ਨਾੜੀ ਮਾਸ ਹੱਡ ਦਾ, ਆਪਣੀ ਕਲ ਵਰਤਾਈਆ । ਘਰ ਵਸੇਰਾ ਬਣਾ ਉਪਰ ਸ਼ਾਹ ਰਗ ਦਾ, ਗ੍ਰਿਹਿ ਮੰਦਰ ਸੋਭਾ ਪਾਈਆ । ਰਾਗ ਸੁਣਾ ਅਗੰਮੀ ਅਨਹਦ ਨਦ ਦਾ, ਨਾਦੀ ਨਾਦ ਜਣਾਈਆ । ਪ੍ਰਕਾਸ਼ ਹੋ ਕੇ ਜਗਦਾ, ਨੂਰੋ ਨੂਰ ਡਗਮਗਾਈਆ । ਆਕਾਰ ਹੋ ਕੇ ਵਧਦਾ, ਨਿਰਾਕਾਰ ਸੱਚੀ ਸ਼ਹਿਨਸ਼ਾਹੀਆ । ਲੇਖਾ ਜਾਣ ਆਪਣੀ ਹੱਦ ਦਾ, ਹਦੂਦ ਆਪਣੀ ਆਪ ਬਣਾਈਆ । ਖੇਲ ਕਰ ਅਲਗ ਦਾ, ਵਖਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਖੇਲ ਵਖਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਏਕ ਇਕੱਲਾ, ਏਕੰਕਾਰਾ ਨਜ਼ਰੀ ਆਈਆ । ਜਿਸ ਦਾ ਵਸੇ ਸਚ ਮਹੱਲਾ, ਦਰ ਠਾਂਡਾ ਸੋਭਾ ਪਾਈਆ । ਜਿਥੇ ਲੋੜ ਨਹੀਂ ਜਲਾ ਥਲਾ, ਜਲ ਥਲ ਮਹੀਅਲ ਆਪਣੀ ਕਾਰ ਕਮਾਈਆ । ਸਚ ਦੁਆਰੇ ਆਪਣੀ ਜੋਤੀ ਧਾਰ ਬਲਾ, ਬਲਧਾਰੀ ਆਪਣਾ ਬਲ ਆਪ ਪ੍ਰਗਟਾਈਆ । ਨਿਰਗੁਣ ਨੂਰ ਆਪੇ ਰਲਾ, ਨੂਰ ਨੂਰ ਵਿਚ ਸਮਾਈਆ । ਘਰ ਵਖਾ ਕੇ ਇਕ ਨਿਹਚਲ ਅਟਲਾ, ਅਟਲ ਪਦਵੀ ਇਕ ਸਮਝਾਈਆ । ਜਿਥੇ ਵਿਛੋੜਾ ਨਾ ਹੋਵੇ ਪਲਾ, ਪਲਕ ਵਿਚ ਨਾ ਹੋਏ ਜੁਦਾਈਆ । ਵਿਸ਼ਨੂੰ ਕਹੇ ਮੈਂ ਵਿਸ਼ਵਾਸ ਵਿਚ ਫੜਿਆ ਪੱਲਾ, ਭਰੋਸੇ ਨਾਲ ਭਰੋਸਾ ਲਿਆ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰਾ ਏਕੰਕਾਰਾ ਇਕ ਏਕ ਹੋ ਕੇ ਖਲਾ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਈਆ ।

## ✻ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਕੈਂਪ ਮਨਾਵਰ ਜੰਮੂ ਰਸਾਲ ਸਿੰਘ ਦੇ ਗ੍ਰਿਹਿ ✻

ਵਿਸ਼ਨੂੰ ਕਹੇ ਪ੍ਰਭ ਕਿਰਪਾ ਕੀਤੀ ਆਦੀ, ਅਦਲ ਇਨਸਾਫ਼ ਆਪਣਾ ਆਪ ਕਮਾਈਆ । ਚਰਨ ਕਵਲਾਂ ਵਿਚ ਲਗਾਈ ਮੇਰੀ ਸਮਾਧੀ, ਨੂਰ ਆਪਣੇ ਵਿਚ ਸਮਾਈਆ । ਮੇਰੀ ਸੁਰਤੀ ਸਦਾ ਲਈ ਜਾਗੀ, ਆਲਸ ਨਿੰਦਰਾ ਨਾ ਕੋਇ ਵਖਾਈਆ । ਮੈਂ ਹੋਇਆ ਵਡ ਵਡ ਭਾਗੀ, ਪ੍ਰਭ ਚਰਨ ਸੀਸ ਨਿਵਾਈਆ । ਫੇਰ ਸੁਣੀ ਅਗੰਮੀ ਆਵਾਜ਼ੀ, ਜੋ ਨਿਰਗੁਣ ਨਿਰਵੈਰ ਨਿਰੰਕਾਰ ਦਿਤੀ ਸੁਣਾਈਆ । ਵਿਸ਼ਨੂੰ ਤੇਰੀ ਸੇਵਾ ਲਾਵਾਂ ਡਾਹਢੀ, ਦਾਅਵਤ ਵਿਚ ਲੈਣਾ ਸੀਸ ਨਿਵਾਈਆ । ਜਿਹੜਾ ਖੇਲ ਖੇਲਿਆ ਬਣ ਕੇ ਬਾਡੀ, ਸਗਲਾ ਸੰਗ ਤੇਰਾ ਉਪਜਾਈਆ । ਤੂੰ ਇਕੋ ਇਕ ਏਕੰਕਾਰਾ ਅਰਾਧੀਂ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਖੋਲ੍ਹਿਆ ਮੇਰਾ ਤਾਕ, ਓਹਲਾ ਰਹਿਣ ਕੋਇ ਨ ਪਾਈਆ । ਮੈਨੂੰ ਸੰਦੇਸ਼ਾ ਦਿਤਾ ਅਗੰਮੀ ਵਾਕ, ਸ੍ਰਿਸ਼ਟੀ ਤੋਂ ਪਹਿਲਾਂ ਦਿਤਾ ਜਣਾਈਆ । ਨਿਗਾਹ ਮਾਰ ਸਾਖਿਆਤ, ਸਾਹਿਬ ਸਵਾਮੀ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਦੇਵੇ ਸਾਥ, ਧੁਰ ਦਾ ਸੰਗ ਬਣਾਈਆ । ਤਿੰਨਾਂ ਬਣੌਣੀ ਇਕ ਜਮਾਤ, ਵਿਦਿਆ ਇਕੋ ਇਕ ਪੜ੍ਹਾਈਆ । ਅੰਤਰ ਕਰ ਨੂਰ ਪ੍ਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਫਿਰ ਦੱਸਣੀ ਅਗੰਮੀ ਅਨੋਖੀ ਬਾਤ, ਬਾਤਨ ਦਿਆਂ ਦ੍ਰਿੜਾਈਆ । ਤਿੰਨਾਂ ਮੇਰੇ ਚਰਨਾਂ ਦੇ ਹੇਠਾਂ ਰੱਖਣੇ ਹਾਥ, ਫਿਰ ਉਤੇ ਲੈਣੇ ਟਿਕਾਈਆ । ਇਨ੍ਹਾਂ ਪਿਛੇ ਸ੍ਰਿਸ਼ਟੀ ਵਿਚ ਬਣ ਜਾਏ ਦਿਨ ਰਾਤ, ਥਿਤ ਆਪਣੇ ਰੰਗ ਰੰਗਾਈਆ । ਮੇਰੇ ਨੂਰ ਵਿਚੋਂ ਨੂਰੀ ਨੂਰ ਹੋਵੇ ਪ੍ਰਕਾਸ਼, ਪ੍ਰਕਾਸ਼ ਆਕਾਸ਼ ਆਕਾਸ਼ ਵਿਸ਼ਵਾਸ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਕਿਹਾ ਸਚ ਦੁਲਾਰੇ ਸੁਤ, ਸਤਿ ਸਤਿਵਾਦੀ ਨਾਲ ਮਿਲਾਈਆ । ਫਿਰ ਹੋ ਗਿਆ ਚੁਪ, ਨਾਦ ਅਨਾਦ ਨਾ ਕੋਇ ਸ਼ਨਵਾਈਆ । ਫਿਰ ਖਲੋਤਾ ਉਠ, ਨਿਰਗੁਣ ਨਿਰਗੁਣ ਲਏ ਅੰਗੜਾਈਆ । ਫਿਰ ਵਖਾਇਆ ਅੰਧੇਰਾ ਘੁਪ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਫਿਰ ਵਖਾਇਆ ਸ੍ਰਿਸ਼ਟ ਸਬਾਈ ਦੁੱਖ, ਦਰਦਾਂ ਵਿਚ ਦੁਹਾਈਆ । ਫਿਰ ਵਖਾਇਆ ਸਭ ਦੇ ਅੰਦਰ ਬੈਠਾ ਲੁਕ, ਨਿਜ ਘਰ ਆਪਣਾ ਡੇਰਾ ਲਾਈਆ । ਫਿਰ ਵਖਾਇਆ ਉਜਲ ਕਰੇ ਮੁਖ, ਜਿਨ੍ਹਾਂ ਆਪਣਾ ਰੰਗ ਰੰਗਾਈਆ । ਫਿਰ ਵਖਾਇਆ ਜੁਗ ਚੌਕੜੀ ਰਹੇ ਲੁਕ, ਬਣ ਬਣ ਪਾਂਧੀ ਰਾਹੀਆ । ਫਿਰ ਵਖਾਇਆ ਆਪਣੇ ਨਾਲ ਸਾਂਝੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਦਿਤਾ ਜਣਾਈਆ । ਫਿਰ ਵਖਾਇਆ ਅੰਮ੍ਰਿਤ ਰਸ ਅਗੰਮਾ ਘੁਟ, ਜਾਮ ਹਕੀਕੀ ਇਕ ਜਣਾਈਆ । ਫਿਰ ਵਖਾਇਆ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਟੁੱਟ, ਟੁੱਟੀ ਗੰਢ ਨਾ ਕੋਇ ਪੁਆਈਆ । ਫਿਰ ਵਖਾਇਆ ਕੂੜ ਕੁੜਿਆਰ ਪਈ ਲੁੱਟ, ਧੀਰਜ ਧੀਰ ਨਾ ਕੋਇ ਰਖਾਈਆ । ਫਿਰ ਵਖਾਇਆ ਜੁਗ ਚੌਕੜੀ ਪੈਂਡਾ ਰਿਹਾ ਮੁਕ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਠਾਂਡੇ ਇਕ ਵਡਿਆਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਤੱਕਿਆ, ਹਰਿ ਤੱਕਿਆ ਬੇਪ੍ਰਵਾਹ । ਜਿਸ ਭੰਡਾਰਾ ਆਪਣੇ ਅੰਦਰ ਰੱਖਿਆ, ਅੰਦਰੋਂ ਮੇਰੀ ਝੋਲੀ ਦਿਤਾ ਪਾ । ਮੈਂ ਅਨੋਖਾ ਭੇਰਾ ਚੱਖਿਆ, ਜੁਗ ਚੌਕੜੀ ਆਦਿ ਅੰਤ ਲਈ ਦਿਤਾ ਰਜਾ । ਮੈਂ ਬੜਾ ਖ਼ੁਸ਼ੀਆਂ ਨਾਲ ਹੱਸਿਆ, ਤੂੰ ਮੇਰਾ ਮੈਂ ਤੇਰਾ ਢੋਲਾ ਗਾ । ਪੁਰਖ ਅਕਾਲ ਕੁਛ ਅਗਲਾ ਦੱਸ

ਪਤਿਆ, ਪਤਿਪਰਮੇਸ਼ਵਰ ਪੜਦਾ ਦੇ ਉਠਾ । ਪੁਰਖ ਅਕਾਲ ਬਚਨ ਕੀਤਾ ਸੱਚਿਆ, ਸੁਣਾਇਆ ਸਹਿਜ ਸਭਾ । ਵਿਸ਼ਨੂੰ ਲੱਖ ਚੁਰਾਸੀ ਜੀਵ ਜੰਤ ਤੇਰੀ ਸੇਵਾ ਵਾਸਤੇ ਰੱਖਿਆ, ਬ੍ਰਹਮਾ ਤੇਰੇ ਨਾਲ ਮਿਲਾ । ਜੁਗ ਚੌਕੜੀ ਵੇਖ ਫਿਰਦਾ ਨੱਠਿਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾ । ਚਾਰੋਂ ਕੁੰਟ ਵੇਖ ਉਡਦਾ ਘੱਟਿਆ, ਧੂੰਆਂਧਾਰ ਸਕੇ ਨਾ ਕੋਇ ਮਿਟਾ । ਗੁਰ ਅਵਤਾਰ ਪੈਗ਼ੰਬਰ ਵੇਖ ਮੇਰਾ ਬੱਚਿਆ, ਸਾਚਾ ਬਚਪਨ ਦਿਆਂ ਸਮਝਾ । ਜੋ ਨਾਮ ਸੰਦੇਸ਼ਾ ਲੈ ਕੇ ਮਾਤਲੋਕ ਜਾਵੇ ਨੱਸਿਆ, ਪਾਂਧੀ ਹੋ ਕੇ ਚਲੇ ਅਪਣੇ ਰਾਹ । ਦੀਨਾਂ ਮਜ਼੍ਹਬਾਂ ਪਾਵੇ ਰੱਟਿਆ, ਮਾਨਵ ਜ਼ਾਤੀ ਵੰਡ ਵੰਡਾ । ਭਾਗ ਲਗਾਵੇ ਕਾਇਆ ਮੱਟਿਆ, ਸਾਢੇ ਤਿੰਨ ਹੱਥ ਭੇਵ ਖੁਲ੍ਹਾ । ਧੁਰ ਸੰਦੇਸ਼ਾ ਦੇ ਕੇ ਆਵੇ ਪੱਕਿਆ, ਨਾਮ ਸੁਨੇਹੜਾ ਇਕ ਜਣਾ । ਜਿਸ ਵੇਲੇ ਕਲਜੁਗ ਰੈਣ ਅੰਧੇਰੀ ਹੋਵੇ ਮੱਸਿਆ, ਸਾਚਾ ਨੂਰ ਨਾ ਕੋਇ ਰੁਸ਼ਨਾ । ਪੁਰਖ ਅਕਾਲ ਜੋਤੀ ਧਾਰ ਸ਼ਬਦ ਗੁਰੂ ਭੇਜੇ ਤਤ ਸਰੀਰ ਦੇ ਵਟਿਆ, ਅਦਲੀ ਵਿਚ ਬਦਲੀ ਕਰੇ ਖ਼ੁਦਾ । ਓਹ ਚਾਰ ਜੁਗ ਦੇ ਮੇਟੇ ਰੱਟਿਆ, ਝਗੜਾ ਦਏ ਗਵਾ । ਸਚ ਸੁਨੇਹੜਾ ਇਕੋ ਦੇਵੇ ਸੱਚਿਆ, ਸੰਤ ਸੁਹੇਲੇ ਗੁਰਮੁਖ ਆਪ ਜਗਾ । ਧੁਰ ਦੀ ਧਾਰ ਦੇ ਕੇ ਮੱਤਿਆ, ਮਨਮਤ ਖਹਿੜਾ ਦਏ ਛੁਡਾ । ਪ੍ਰੇਮ ਪ੍ਰੀਤੀ ਅੰਦਰ ਨਾਮ ਨਿਧਾਨ ਜਾਏ ਰੱਤਿਆ, ਰੰਗ ਅਗੰਮੜਾ ਇਕ ਚੜ੍ਹਾ । ਜਿਸ ਵੇਲੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਲਾ ਵਕ਼ਤ ਜਾਏ ਟੱਪਿਆ, ਸਦੀ ਬੀਸਵੀਂ ਬਣੇ ਗਵਾਹ । ਓਸ ਵੇਲੇ ਇਕ ਏਕੰਕਾਰਾ ਕਰੇ ਖੇਲ ਪੁਰਖ ਸਮਰਥਿਆ, ਦੋ ਜਹਾਨਾ ਵੇਖੇ ਥਾਉਂ ਥਾਂ । ਨਿਰਗੁਣ ਨੂਰ ਜੋਤ ਕਰੇ ਪਰਵੇਸ਼ਿਆ, ਅੰਧ ਅੰਧੇਰਾ ਦਏ ਗਵਾ । ਲੋਕਮਾਤ ਵੇਖੇ ਵਾਕ਼ਿਆ, ਮੌਕੇ ਸਿਰ ਫੇਰਾ ਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾ । ਵਿਸ਼ਨੂੰ ਕਹੇ ਸਮਾਧੀ ਅੰਦਰ ਵੇਖਿਆ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦਿਆਂ ਕਰਾਈਆ । ਸਤਿ ਸੁਹੰਜਣੀ ਸੁਹਾ ਕੇ ਆਪਣੀ ਰੁੱਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਗੁਰਮੁਖ ਸੰਤ ਸੁਹੇਲਾ ਵੇਖੇ ਜਗਤ ਜਨਮ ਦਾ ਰੁੱਸਾ, ਰੁਸਿਆਂ ਆਪ ਮਨਾਈਆ । ਗੋਬਿੰਦ ਧਾਰ ਬਣਾ ਕੇ ਸੁਤਾ, ਸੁਤ ਅਪਰਾਧੀ ਪਾਰ ਕਰਾਈਆ । ਜਿਹੜਾ ਆਤਮ ਪਰਮਾਤਮ ਧਾਰੋਂ ਟੁੱਟਾ, ਟੁੱਟਿਆਂ ਰਿਹਾ ਜੁੜਾਈਆ । ਜਿਸ ਦਾ ਨਾਤਾ ਸੁਰਤੀ ਸ਼ਬਦ ਨਾਲੋਂ ਛੁੱਟਾ, ਸ਼ਬਦੀ ਸੁਰਤੀ ਮੇਲਾ ਮੇਲੇ ਸਹਿਜ ਸੁਭਾਈਆ । ਲੇਖਾ ਜਾਣੇ ਕਾਇਆ ਮਾਟੀ ਮਾਤ ਕੁੱਖਾ, ਜਨਣ ਜਨਣੀ ਵੇਖ ਵਖਾਈਆ । ਸੰਤ ਸੁਹੇਲਾ ਰਹਿਣ ਨਾ ਦੇਵੇ ਕੋਈ ਸੁੱਤਾ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਦੁਰਮਤ ਮੈਲ ਧੋਵੇ ਸਾਚੇ ਮੁਖਾ, ਪਤਤ ਪੁਨੀਤ ਕਰਾਈਆ । ਦੂਈ ਦਵੈਤ ਮੇਟ ਕੇ ਦੁੱਖਾ, ਦਰਦੀਆਂ ਦਰਦ ਵੰਡਾਈਆ । ਪ੍ਰੇਮ ਪਿਆਰ ਦਾ ਟੁੱਕਰ ਖਾ ਕੇ ਰੁੱਖਾ, ਸੁਖ ਦੋ ਜਹਾਨਾਂ ਤੋਂ ਪਰੇ ਦਏ ਸਮਝਾਈਆ । ਸੋ ਵੇਲਾ ਵਕ਼ਤ ਵਿਸ਼ਨੂੰ ਵਿਸ਼ਵ ਧਾਰ ਢੁਕਾ, ਵਿਸ਼ੇਸ਼ਤਾ ਵਿਚ ਵਿਸ਼ਵ ਵਿਸ਼ਵ ਦ੍ਰਿੜਾਈਆ । ਜਿਸ ਨੇਤਰ ਇਕੋ ਪੁੱਟਾ, ਅੱਖ ਨੈਣ ਖੁਲ੍ਹਾਈਆ । ਓਹ ਬਦਲ ਕੇ ਆਪਣਾ ਰੁਖ਼ਾ, ਰੁਖ਼ਸਤ ਸਭ ਨੂੰ ਰਿਹਾ ਕਰਾਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਆਦਿ ਤੋਂ ਅੰਤ ਤਕ ਕਲਜੁਗ ਸੁਝਾ, ਸਾਹਿਬ ਸੁਆਮੀ ਦਿਤਾ ਸਮਝਾਈਆ । ਬਿਨਾ ਭਗਤਾਂ ਤੋਂ ਸਾਚਾ ਦਿਸੇ ਨਾ ਕੋਇ ਝੁੱਗਾ, ਕਾਇਆ ਮੰਦਰ ਅੰਦਰ ਵੱਜੇ ਨਾ ਕੋਇ ਵਧਾਈਆ । ਜਿਸ ਕਾਰਨ ਨੱਚਿਆ ਟੱਪਿਆ ਬੁੱਢਾ, ਬੁਢੇਪੇ ਵਿਚ ਸ਼ਨਵਾਈਆ । ਪਿਛਲੇ ਜਨਮ ਦਾ ਨੌ ਸੌ ਤਰਿਆਸੀ ਬਰਸ ਏਥੇ ਕੁਛ ਇਹਦਾ ਲਹਿਣਾ ਦੇਣਾ ਲੁਕਾ, ਹਿਸਾਬ ਆਪਣਾ ਵੇਖ ਵਖਾਈਆ । ਸਾਢੀਆਂ ਨੌ ਅਸ਼ਰਫ਼ੀਆਂ ਦੱਬ ਕੇ ਗਿਆ ਵਿਚ ਕੁੱਜਾ, ਮੋਹਰ ਮੁਹੰਮਦ ਵਾਲੀ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਗਰਤ ਜੋਤ ਕਰੇ ਉਘਾ, ਬਿਨ ਵਰਨ ਗੋਤ ਆਪਣੇ ਰੰਗ ਰੰਗਾਈਆ ।

❋ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਨਗਿਆਲ ਜ਼ਿਲਾ ਜੰਮੂ ਹੰਸਰਾਜ ਦੇ ਘਰ ❋

ਵਿਸ਼ਨੂੰ ਕਹੇ ਸਮਾਧੀ ਵਿਚ ਦੱਸਿਆ ਅਗੰਮੀ ਰਾਜ਼, ਰਈਅਤ ਦੋ ਜਹਾਨ ਦਿਤੀ ਵਖਾਈਆ । ਸਤਿ ਸਚ ਦਾ ਦੱਸ ਕੇ ਕਾਜ, ਕਰਨੀ ਕਰਤਾ ਕਾਰ ਕਮਾਈਆ । ਵਸਤ ਅਮੋਲਕ ਦੇ ਕੇ ਦਾਦ, ਮੇਰਾ ਭੰਡਾਰਾ ਦਿਤਾ ਭਰਾਈਆ । ਬ੍ਰਹਮਾ ਸ਼ਿਵ ਨਾਲ ਬਣਾਇਆ ਸਮਾਜ, ਧੁਰ ਦਾ ਜੋੜ ਜੁੜਾਈਆ । ਫਿਰ ਰਖ ਸੀਸ ਤੇ ਤਾਜ, ਸਚਖੰਡ ਸਾਚੇ ਸੋਭਾ ਪਾਈਆ । ਮਾਰ ਅਗੰਮੀ ਆਵਾਜ਼, ਹੁਕਮ ਦਿਤਾ ਸੁਣਾਈਆ । ਕੁਛ ਅਗਲੀ ਸਿਖ ਲਓ ਜਾਚ, ਜਾਚਕ ਹੋ ਕੇ ਝੋਲੀ ਪਾਈਆ । ਜਿਸ ਖੇਲ ਖਿਲਾਉਣਾ ਕਾਇਆ ਮਾਟੀ ਕਾਚ, ਮੇਲਾ ਸਹਿਜ ਸੁਭਾਈਆ । ਕਿਸ ਬਿਧ ਹੋਵੇ ਕਾਜ, ਗ੍ਰਿਹਿ ਮੰਦਰ ਅੰਦਰ ਖੋਜ ਖੁਜਾਈਆ । ਕਿਸ ਬਿਧ ਚਲੇ ਪੌਣ ਸਵਾਸ, ਸਾਹ ਸਾਹ ਵਡਿਆਈਆ । ਕਿਸ ਬਿਧ ਰਸਨਾ ਜਿਹਵਾ ਲਏ ਭਾਖ, ਕਿਸ ਬਿਧ ਮਨਮਤ ਬੁਧ ਧਰਾਈਆ । ਕਿਸ ਬਿਧ ਅੰਤਰ ਜਾਵੇ ਰਾਚ, ਆਪਣਾ ਡੇਰਾ ਲਾਈਆ । ਕਿਸ ਬਿਧ ਆਤਮ ਬਖ਼ਸ਼ੇ ਆਪਣੀ ਜ਼ਾਤ, ਬ੍ਰਹਮ ਲੇਖਾ ਲੇਖੇ ਲਾਈਆ । ਕਿਸ ਬਿਧ ਨਿੰਦਰਾ ਦੇਵੇ ਜਾਗ, ਆਲਸ ਕਵਣ ਰੂਪ ਵਟਾਈਆ । ਕਵਣ ਅੰਤਰ ਰੱਖੇ ਵੈਰਾਗ, ਕਵਣ ਵੈਰੀ ਸ਼ਤਰੂ ਸੋਭਾ ਪਾਈਆ । ਕਵਣ ਤ੍ਰੈਗੁਣ ਮੇਟੇ ਆਗ, ਕਵਣ ਅੰਮ੍ਰਿਤ ਮੇਘ ਬਰਸਾਈਆ । ਕਵਣ ਬਖ਼ਸ਼ੇ ਸਵਾਲ ਜਵਾਬ, ਧੁਰ ਫ਼ਰਮਾਨਾ ਹੁਕਮ ਦ੍ਰਿੜਾਈਆ । ਵਿਸ਼ਨੂੰ ਕਹੇ ਮੈਂ ਨਿਉਂ ਕੇ ਟੇਕਿਆ ਮਾਥ, ਸੀਸ ਦਿਤਾ ਝੁਕਾਈਆ । ਪੁਰਖ ਅਕਾਲ ਸਭ ਕੁਛ ਤੇਰੇ ਹਾਥ, ਸਾਡੀ ਚਲੇ ਨਾ ਕੋਇ ਚਤੁਰਾਈਆ । ਹੁਕਮੇ ਅੰਦਰ ਜੁਗ ਚੌਕੜੀ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਜੋ ਸ਼ਬਦੀ ਧਾਰ ਦੇਵੇਂ ਆਖ, ਸੰਦੇਸ਼ਾ ਹੱਕ ਸੁਣਾਈਆ । ਓਸ ਨੂੰ ਲਈਏ ਵਾਚ, ਵਿਦਿਆ ਦੀ ਲੋੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਦਾ ਪੜਦਾ ਦੇਣਾ ਉਠਾਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਦੱਸਿਆ ਏਕਾ ਰਾਹ, ਏਕੰਕਾਰ ਦਿਤਾ ਦ੍ਰਿੜਾਈਆ । ਸਾਚੀ ਸੇਵਾ ਦਿਤੀ ਲਗਾ, ਸੇਵਕ ਧੁਰ ਦਾ ਲਿਆ ਬਣਾਈਆ । ਸਚ ਭੰਡਾਰਾ ਦਿਤਾ ਭਰਾ, ਭੰਡਾਰੀ ਹੋ ਕੇ ਦਇਆ ਕਮਾਈਆ । ਪੜਦਾ ਉਹਲਾ ਦਿਤਾ ਚੁਕਾ, ਤ੍ਰੈ ਪੰਜ ਭਰਮ ਰਿਹਾ ਨਾ ਰਾਈਆ । ਲੱਖ ਚੁਰਾਸੀ ਜੀਵ ਜੰਤ ਦਿਤਾ ਵਖਾ, ਚਾਰੇ ਖਾਣੀ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਰੂਪ ਦਿਤਾ ਬਦਲਾ, ਨਿਰਗੁਣ ਸਰਗੁਣ ਵੱਜੀ ਵਧਾਈਆ । ਨਾਮ ਸੰਦੇਸ਼ਾ ਢੋਲਾ ਦਿਤਾ ਸੁਣਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਵੇਖ ਵਖਾਈਆ । ਅੰਮ੍ਰਿਤ ਧਾਰ ਰਸ ਦਿਤਾ ਵਹਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੀ ਕਾਰ ਕਮਾਈਆ । ਭਗਤ ਸੁਹੇਲੇ ਦਿਤੇ ਪ੍ਰਗਟਾ, ਸਿਰ ਆਪਣਾ ਹੱਥ ਰਖਾਈਆ । ਦੋ ਜਹਾਨਾਂ ਵੇਖ ਵਖਾ, ਸ੍ਰੀ ਭਗਵਾਨਾ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੈਂਡੇ ਦਏ ਮੁਕਾ, ਪਾਂਧੀ ਨਜ਼ਰ ਕੋਇ ਨਾ ਆਈਆ । ਅੰਤ ਅਖ਼ੀਰ ਬੇਨਜ਼ੀਰ ਏਕਾ ਨੂਰ ਕਰ ਰੁਸ਼ਨਾ, ਜੋਤੀ ਜੋਤ ਜੋਤ ਰੁਸ਼ਨਾਈਆ ।

ਤਨ ਵਜੂਦ ਰਿਹਾ ਨਾ ਰਾ, ਕਾਇਨਾਤ ਕਰੀ ਸਫ਼ਾਈਆ । ਗੁਰ ਅਵਤਾਰ ਪੈਗ਼ੰਬਰ ਰਿਹਾ ਨਾ ਕੋਇ ਗਵਾਹ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਦੀਨ ਮਜ਼੍ਹਬ ਜ਼ਾਤ ਪਾਤ ਹਿੱਸਾ ਨਾ ਕੋਇ ਪਾ, ਹਸਬੇਜ਼ੈਲ ਨਾ ਕੋਇ ਪਾਈਆ । ਸਭ ਦਾ ਲੇਖਾ ਆਪਣੇ ਹੱਥ ਰਖਾ, ਖ਼ਤੋ ਖ਼ਤਾਬਤ ਆਪਣੇ ਹੱਥ ਰਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋਤੀ ਜਾਮਾ ਵੇਸ ਵਟਾ, ਜੁਗ ਚੌਕੜੀ ਵਾਟ ਮਿਟਾਈਆ । ਧੁਰ ਫ਼ਰਮਾਨਾ ਇਕ ਦ੍ਰਿੜ੍ਹਾ, ਸਚ ਸੰਦੇਸ਼ਾ ਲਿਆ ਸੁਣਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਨਾਲ ਧਿਆਂ, ਦੂਰ ਦੁਰਾਡਾ ਰਾਹ ਤਕਾਈਆ । ਸਾਹਿਬ ਸੁਆਮੀ ਹੋ ਮਿਹਰਵਾਂ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਆਪਣੀ ਖੇਲ ਰਿਹਾ ਖਿਲਾ, ਭਗਵਨ ਆਪਣਾ ਰੰਗ ਰੰਗਾਈਆ । ਭਗਤ ਸੁਹੇਲੇ ਰਿਹਾ ਤਰਾ, ਤਾਰਨਹਾਰ ਇਕ ਅਖਵਾਈਆ । ਜੁਗ ਜਨਮ ਦੇ ਵਿਛੜੇ ਰਿਹਾ ਮਿਲਾ, ਮੇਲਾ ਮੇਲੇ ਸਹਿਜ ਸੁਭਾਈਆ । ਸਭ ਦਾ ਲਹਿਣਾ ਦੇਣਾ ਰਿਹਾ ਚੁਕਾ, ਨਾਤਾ ਛੁੱਟੇ ਕੂੜ ਲੋਕਾਈਆ । ਸਚ ਦੁਆਰਾ ਏਕੰਕਾਰਾ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਰਿਹਾ ਰਖਾ, ਜਿਸ ਗ੍ਰਿਹਿ ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਅਭੇਦਾ ਰਿਹਾ ਚੁਕਾ, ਭਾਵ ਭਵਿਸ਼ ਆਪਣੇ ਨਾਲ ਮਿਲਾਈਆ ।



### ✻ ੨੩ ਚੇਤ ਸ਼ਹਿਨਸ਼ਹੀ ਸੰਮਤ ਪਿੰਡ ਨਗਿਆਲ ਜ਼ਿਲਾ ਜੰਮੂ ਇੰਦਰੋ ਦੇਵੀ ਦੇ ਘਰ ✻

ਸਮਾਧੀ ਅੰਦਰ ਦੱਸੀ ਸਾਧਨਾ, ਵਿਸ਼ਨੂੰ ਵਿਸ਼ਵ ਦਏ ਜਣਾਈਆ । ਇਕੋ ਪੁਰਖ ਅਕਾਲ ਅਰਾਧਨਾ, ਜੋ ਆਦਿ ਜੁਗਾਦਿ ਸਮਾਈਆ । ਜਿਸ ਨੇ ਸਚ ਦੀ ਕੀਤੀ ਸਾਜਨਾ, ਸਤਿ ਸਚ ਪ੍ਰਗਟਾਈਆ । ਨਾਮ ਸੁਣਾਇਆ ਨਾਦਨਾ, ਧੁਨ ਅਗੰਮ ਅਥਾਹੀਆ । ਨੂਰ ਕਰਾਇਆ ਪ੍ਰਕਾਸ਼ਨਾ, ਪ੍ਰਕਾਸ਼ਤ ਰੂਪ ਵਖਾਈਆ । ਨਿਰਗੁਣ ਦਿਤਾ ਸਾਥਨਾ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਨਾ, ਕੀਤੀ ਅਗੰਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਵਿਸ਼ਨੂੰ ਕਹੇ ਸਮਾਧੀ ਅੰਦਰ ਦਿਤਾ ਸਮਝਾ, ਆਪਣਾ ਹੁਕਮ ਵਰਤਾਈਆ । ਸਦਾ ਚਲਣਾ ਮੇਰੀ ਇਕ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਕੋ ਲੈਣਾ ਮਨਾਈਆ । ਮੇਰਾ ਨਾਮ ਇਲਾਹੀ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜਿਸ ਦੇ ਨਾਲੋਂ ਨਹੀਂ ਹੋਣਾ ਜੁਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਮੇਰਾ ਨੂਰ ਹੋਣਾ ਆਦਮ ਹਵਾ, ਹਰਿ ਆਪਣੀ ਕਾਰ ਕਮਾਈਆ । ਨਿਰਗਣ ਸਰਗੁਣ ਖੇਲ ਕਰਨਾ ਰਵਾਂ, ਰਹਿਮਤ ਕਰੇ ਬੇਪ੍ਰਵਾਹੀਆ । ਸਾਜ ਸਾਜਣਾ ਹੁਕਮੇ ਅੰਦਰ ਕਹਵਾਂ, ਸੰਦੇਸ਼ਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਸਮਾਧੀ ਅੰਦਰ ਦਿਤਾ ਇਸ਼ਾਰਾ, ਇਕੋ ਇਕ ਜਣਾਈਆ । ਆਦਿ ਅੰਤ ਦਾ ਵੇਖ ਨਜ਼ਾਰਾ, ਜੁਗ ਚੌਕੜੀ ਪੜਦਾ ਲਾਹੀਆ । ਨਿਰਗੁਣ ਤੋਂ ਸਰਗੁਣ ਖੇਲ ਖਿਲਾਵਾਂ ਦੁਬਾਰਾ, ਲੋਕਮਾਤ ਵੱਜੇ ਵਧਾਈਆ । ਸਰਗੁਣ ਤੋਂ ਕਰ ਕੇ ਆਪ ਕਿਨਾਰਾ, ਜੋਤੀ ਜੋਤ ਮਿਲਾਈਆ । ਜੁਗ ਚੌਕੜੀ ਦੇ ਅਧਾਰਾ, ਨਾਮ ਨਿਧਾਨਾ ਝੋਲੀ ਪਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬੀਤੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖੇ ਧਿਆਨ ਲਗਾਈਆ ।

ਫਿਰ ਖੇਲ ਹੋਵੇ ਅਪਾਰਾ, ਅਪਰੰਪਰ ਦਿਆਂ ਸੁਣਾਈਆ । ਨਿਰਗੁਣ ਜੋਤ ਲਵਾਂ ਅਵਤਾਰਾ, ਪਰਵਰਦਿਗਾਰਾ ਰੂਪ ਵਟਾਈਆ । ਲੱਖ ਚੁਰਾਸੀ ਪਾਵਾਂ ਸਾਰਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜੋ ਤੁਹਾਨੂੰ ਦੱਸਿਆ ਜੈਕਾਰਾ, ਇਹੋ ਭਗਤਾਂ ਦਿਆਂ ਪੜ੍ਹਾਈਆ । ਤੁਸਾਂ ਵੇਖਣਾ ਆ ਕੇ ਪ੍ਰਭੂ ਦਾ ਭਗਤ ਦੁਆਰਾ, ਜਿਥੇ ਭਗਵਨ ਵੱਜੇ ਵਧਾਈਆ । ਇਹ ਲੇਖਾ ਹੋਣਾ ਜੁਗ ਚੌਕੜੀ ਬਾਹਰਾ, ਚਾਰ ਜੁਗ ਸਮਝ ਨਾ ਕੋਇ ਸਮਝਾਈਆ । ਵਿਸ਼ਨੂੰ ਕਹੇ ਮੈਂ ਨਿਉਂ ਕੇ ਕੀਤੀ ਨਿਮਸਕਾਰਾ, ਸੀਸ ਦਿਤਾ ਨਿਵਾਈਆ । ਚਰਨ ਧੂੜ ਮਸਤਕ ਲਾ ਛਾਰਾ, ਟਿੱਕਾ ਇਕ ਰਮਾਈਆ । ਫਿਰ ਪ੍ਰਭ ਨੇ ਦੇਣਾ ਹੁਲਾਰਾ, ਸਹਿਜ ਨਾਲ ਉਠਾਈਆ । ਗੁਰ ਅਵਤਾਰ ਪੈਗ਼ੰਬਰ ਏਥੇ ਵਖਾ ਕੇ ਇਕ ਕਤਾਰਾ, ਕਤਰਾ ਕਤਰਾ ਜੋਤ ਸਭ ਦੇ ਅੰਦਰ ਟਿਕਾਈਆ । ਆਪ ਵਸ ਸਭ ਤੋਂ ਨਿਆਰਾ, ਨਿਆਂਕਾਰ ਆਪ ਹੋ ਜਾਈਆ । ਨਿਰਗੁਣ ਨੂਰ ਜੋਤੀ ਜਾਮਾ ਅਗੰਮ ਅਪਾਰਾ, ਅਲਖ ਅਗੋਚਰ ਖੇਲ ਖਿਲਾਈਆ । ਵਿਸ਼ਨੂੰ ਕਹੇ ਮੈਂ ਵੇਖਿਆ ਅਗੰਮ ਅਖਾੜਾ, ਪ੍ਰਭ ਅਗੰਮੜੇ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਇਕ ਸਹਾਰਾ, ਸਹਾਇਤਾ ਵਿਚ ਨਾਮ ਇਨਾਇਤ ਦਏ ਕਰਾਈਆ ।

### ❊ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਨਗਿਆਲ ਜ਼ਿਲਾ ਜੰਮੂ ਪ੍ਰਕਾਸ਼ੋ ਦੇਵੀ ਦੇ ਗ੍ਰਿਹ ❊



ਵਿਸ਼ਨੂੰ ਕਹੇ ਮੈਂ ਵੇਖਿਆ ਦੀਨ ਦਿਆਲ, ਦਇਆਨਿਧ ਅਖਵਾਈਆ । ਜਿਸ ਦਾ ਖੇਲ ਵਿਸ਼ੇਸ਼ ਵਿਸ਼ਾਲ, ਵਿਸ਼ਵ ਆਪਣੀ ਧਾਰ ਪ੍ਰਗਟਾਈਆ । ਮੈਨੂੰ ਬਣਾ ਕੇ ਆਪਣਾ ਲਾਲ, ਸਿਰ ਆਪਣਾ ਹੱਥ ਟਿਕਾਈਆ । ਜੋਤ ਦਾ ਦੇ ਜਮਾਲ, ਨੂਰ ਕੀਤਾ ਰੁਸ਼ਨਾਈਆ । ਮੈਂ ਨਿਉਂ ਕੇ ਕੀਤਾ ਸਵਾਲ, ਬੇਨੰਤੀ ਇਕ ਦ੍ਰਿੜ੍ਹਾਈਆ । ਕਿਰਪਾ ਕਰ ਪੁਰਖ ਅਕਾਲ, ਸਚ ਤੇਰੀ ਸਰਨਾਈਆ । ਕੀ ਖੇਲਣਾ ਖੇਲ ਕਮਾਲ, ਕਵਣ ਰੰਗ ਰੰਗਾਈਆ । ਕੀ ਸੇਵਾ ਲਵਾਂ ਘਾਲ, ਸੇਵਕ ਰੂਪ ਵਟਾਈਆ । ਕਿਸ ਵਸਾਂ ਧਰਮਸਾਲ, ਘਰ ਆਸਣ ਕਵਣ ਲਗਾਈਆ । ਕੀ ਕਰੇਂ ਮੇਰੀ ਪ੍ਰਿਤਪਾਲ, ਮੇਰੀ ਪਾਲਣਾ ਲੱਖ ਚੁਰਾਸੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਏ ਸਮਝਾਈਆ । ਵਿਸ਼ਨੂੰ ਕਹੇ ਮੇਰੀ ਨਮਸਤੇ, ਨਮੋ ਨਮੋ ਸੀਸ ਨਿਵਾਈਆ । ਇਕ ਮਾਰਗ ਆਪਣਾ ਦੱਸ ਦੇ, ਸਹਿਜ ਨਾਮ ਸਮਝਾਈਆ । ਕਿਸ ਬਿਧ ਬ੍ਰਹਿਮੰਡ ਖੰਡ ਹੋਵਣ ਵਸਦੇ, ਪੁਰੀ ਲੋਆਂ ਸੋਭਾ ਪਾਈਆ । ਕਿਸ ਬਿਧ ਲੱਖ ਚੁਰਾਸੀ ਭਾਂਡੇ ਬਣਾਉਣੇ ਕੱਚ ਦੇ, ਤਨ ਵਜੂਦ ਸੁਹਾਈਆ । ਕਿਸ ਬਿਧ ਪ੍ਰਕਾਸ਼ ਹੋਣੇ ਅੱਖ ਦੇ, ਲੋਚਨ ਨੈਣ ਦ੍ਰਿੜ੍ਹਾਈਆ । ਕਿਸ ਬਿਧ ਆਤਮ ਪਰਮਾਤਮ ਹੋਣੇ ਵਸਦੇ, ਘਰ ਮੇਲਾ ਸਹਿਜ ਸੁਭਾਈਆ । ਕਿਸ ਬਿਧ ਮਨ ਬੁੱਧੀ ਹੋਣੇ ਨਚਦੇ, ਆਪਣਾ ਖੇਲ ਜਣਾਈਆ । ਪੁਰਖ ਅਕਾਲ ਬਚਨ ਕੀਤਾ ਹੱਸਦੇ, ਸਹਿਜ ਨਾਲ ਸੁਣਾਈਆ । ਪਹਿਲੋਂ ਅੰਮ੍ਰਿਤ ਲੈ ਮੇਰੇ ਰਸ ਦੇ, ਰਸਤਾ ਆਪੇ ਨਜ਼ਰੀ ਆਈਆ । ਤੁਸਾਂ ਢੋਲੇ ਗਾਉਣੇ ਮੇਰੇ ਜਸ ਦੇ, ਸਿਫ਼ਤਾਂ ਨਾਲ ਸਾਲਾਹੀਆ । ਅੱਗੇ ਖੇਲ ਪੁਰਖ ਸਮਰਥ ਦੇ, ਆਪਣੀ ਕਾਰ ਆਪੇ ਲਏ ਭੁਗਤਾਈਆ । ਜੁਗ ਚੌਕੜੀ ਵੇਖਿਓ ਨਠਦੇ, ਗੁਰ ਅਵਤਾਰ ਪੈਗ਼ੰਬਰ ਵੇਖਿਓ ਨਚਦੇ, ਸਿਫ਼ਤਾਂ ਵਾਲੇ ਢੋਲੇ ਗਾਈਆ । ਫਿਰ ਲਹਿਣੇ ਦੇਣੇ ਸਭ ਦੇ ਹੱਕ ਦੇ, ਹਕੀਕਤ ਵਿਚੋਂ ਖੋਜ ਖੁਜਾਈਆ । ਕਲਜੁਗ ਅੰਤ ਅਖ਼ੀਰ ਦੋ ਜਹਾਨ ਵੇਖਿਓ ਮੱਚਦੇ, ਬਿਨ ਮਾਚਸ ਅਗਨੀ ਦਿਆਂ

ਲਗਾਈਆ । ਇਹੋ ਕੌਲ ਇਕਰਾਰ ਵਿਸ਼ਨੂੰ ਪੱਕ ਦੇ, ਪਾਰਬ੍ਰਹਮ ਪਤਿਪਰਮੇਸ਼ਵਰ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਹੋਏ ਰਟਦੇ, ਤਿਨ੍ਹਾਂ ਰੱਟਾ ਅਵਰ ਰਹੇ ਨਾ ਰਾਈਆ ।

## ❊ ੨੩ ਚੇਤ ਸ਼ਹਿਨਸ਼ਾਹੀ ਸੰਮਤ ੪ ਮਲਕ ਕੈਂਪ ਜ਼ਿਲਾ ਜੰਮੂ ਭਾਗ ਸਿੰਘ ਦੇ ਗ੍ਰਹਿ ❊

ਵਿਸ਼ਨੂੰ ਕਹੇ ਪ੍ਰਭ ਦਿਤਾ ਅਗੰਮੀ ਰੰਗ, ਰਸੀਆ ਰਸ ਰਸਨਾ ਸਮਝ ਕੋਇ ਨਾ ਪਾਈਆ । ਪਰਮ ਪੁਰਖ ਜਣਾਇਆ ਆਪਣਾ ਪਰਮਾਨੰਦ, ਪ੍ਰੇਮ ਪਿਆਰ ਪ੍ਰੀਤੀ ਵਿਚੋਂ ਪ੍ਰਗਟਾਈਆ । ਨਿਰਗੁਣ ਨਿਰਵੈਰ ਆਪਣਾ ਜੋੜ ਜੁੜਾਈਆ । ਮੇਰੀ ਮਨਸਾ ਵੇਖ ਉਮੰਗ , ਆਸਾ ਦਿਤੀ ਸਮਝਾਈਆ । ਭੇਵ ਖੋਲ੍ਹ ਕੇ ਬ੍ਰਹਮ ਹੰ, ਆਤਮ ਅੰਤਰ ਨਿਰੰਤਰ ਦਿੱਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਵਿਸ਼ਨੂੰ ਕਹੇ ਮੈਂ ਵੇਖੀ ਅਨੋਖੀ ਧਾਰ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਮੈਂ ਸੁਣੀ ਅਗੰਮੀ ਗੁਫ਼ਤਾਰ, ਜੋ ਗੁਫ਼ਤ ਸ਼ੁਨੀਦ ਦਏ ਕਰਾਈਆ । ਮੈਂ ਵੇਖੀ ਓਹ ਰਫ਼ਤਾਰ, ਜੋ ਰਫ਼ਤਾ ਰਫ਼ਤਾ ਸਭ ਦਾ ਪੰਧ ਮੁਕਾਈਆ । ਮੈਂ ਵੇਖੀ ਓਹ ਗੁਲਜ਼ਾਰ, ਜੋ ਗੁਲਸ਼ਨ ਗੁਰਦੇਵ ਸ਼ਬਦ ਸੁਆਮੀ ਆਪ ਮਹਿਕਾਈਆ । ਮੈਂ ਵੇਖੀ ਅਗੰਮ ਬਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਰਿਹਾ ਦ੍ਰਿੜਾਈਆ । ਵਿਸ਼ਨੂੰ ਕਹੇ ਮੈਨੂੰ ਦੇ ਕੇ ਅਗੰਮੀ ਝਲਕ, ਝੱਲਾ ਦਿਤਾ ਬਣਾਈਆ । ਨਜ਼ਾਰਾ ਦੇ ਕੇ ਖ਼ਲਕ, ਖ਼ਾਲਸ ਰੰਗ ਰੰਗਾਈਆ । ਪੜਦਾ ਲਾਹ ਕੇ ਉਪਰ ਫ਼ਲਕ, ਫ਼ਰਸ਼ ਦਏ ਸਮਝਾਈਆ । ਭੇਵ ਚੁਕਾ ਕੇ ਆਪਣੀ ਪਲਕ, ਪਤਿਪਰਮੇਸ਼ਵਰ ਪੜਦਾ ਰਿਹਾ ਉਠਾਈਆ । ਧੁਰ ਦਾ ਹੁਕਮ ਕਦੇ ਨਾ ਹੋਵੇ ਗ਼ਲਤ, ਸਚ ਸਚ ਵਿਚ ਸਮਾਈਆ । ਜਿਸ ਦਾ ਲੇਖਾ ਹਲਤ ਪਲਤ, ਦੋ ਜਹਾਨਾਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਵਿਸ਼ਨੂੰ ਕਹੇ ਮੈਂ ਵੇਖ ਕੇ ਅਗੰਮੀ ਪ੍ਰਭ ਦੀ ਧਾਰ, ਦਰ ਠਾਂਡੇ ਸੀਸ ਨਿਵਾਈਆ । ਤੇਰਾ ਖੇਲ ਅਗੰਮ ਅਪਾਰ, ਅਗੋਚਰ ਕਹਿਣ ਕੋਇ ਨਾ ਪਾਈਆ । ਹਉਂ ਬਾਲ ਅੰਞਾਣੇ ਨੱਢੇ ਤੇਰੇ ਸੇਵਾਦਰ, ਸੇਵਕ ਹੋ ਕੇ ਸੇਵ ਕਮਾਈਆ । ਤੇਰੀ ਮੌਲੇ ਰੁਤ ਖ਼ੁਸ਼ੀ ਵਖਾਏ ਬਸੰਤ ਬਹਾਰ, ਪੱਤ ਟਹਿਣੀ ਨਾਲ ਮਹਿਕਾਈਆ । ਲੱਖ ਚੁਰਾਸੀ ਚਾਰੇ ਖਾਣੀ ਤੇਰਾ ਲੇਖਾ ਪੁਰਖ ਨਾਰ, ਨਰ ਨਰਾਇਣ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਸੁਣ ਸਾਜਣ ਧੁਰ ਦੇ ਮਿਤ੍ਰ, ਮਿਤਰਾ ਦਿਆਂ ਜਣਾਈਆ । ਜੋਤੀ ਧਾਰੋਂ ਆਵਾਂ ਨਿਕਲ, ਨਿਰਗੁਣ ਨੂਰ ਕਰ ਰੁਸ਼ਨਾਈਆ । ਸ੍ਰਿਸ਼ਟ ਸਬਾਈ ਕਰ ਕੇ ਸਿੱਥਲ, ਸੱਥਰ ਦਿਆਂ ਵਿਛਾਈਆ । ਕੂੜ ਮੁਲੰਮਾ ਲਾਹ ਕੇ ਪਿੱਤਲ, ਪਤਿਪਰਮੇਸ਼ਵਰ ਦਿਆਂ ਵਖਾਈਆ । ਜੁਗ ਚੌਕੜੀ ਜਗਤ ਜਹਾਨ ਬੀਤਨ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਉਡੀਕਣ, ਨਿਜ ਨੇਤਰ ਅੱਖ ਖੁਲ੍ਹਾਈਆ । ਕ਼ਾਗਜ਼ ਕ਼ਲਮ ਸ਼ਾਹੀ ਲਿਖ ਕੇ ਜਾਵਣ ਗੁਰ ਲੀਕਣ, ਭਵਿਖਤਾਂ ਵਿਚ ਦ੍ਰਿੜਾਈਆ । ਦੀਨ ਦੁਨੀ ਜੀਵ ਜੰਤ ਜਗਿਆਸੂ ਜਗ ਚੀਕਣ, ਹਾਹਾਕਾਰ

ਲੋਕਾਈਆ । ਜਗਤ ਸਾਧੂ ਬਿਨਾ ਸਾਧਨਾ ਤੋਂ ਅੱਖਾਂ ਮੀਟਣ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਝਗੜਾ ਪੈ ਜਾਏ ਹਸਤ ਕੀਟਣ, ਆਤਮ ਪਰਮਾਤਮ ਗਿਆਨ ਨਾ ਕੋਇ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਜੀਵ ਪੀਸਣ, ਸਿਰ ਸਕੇ ਨਾ ਕੋਇ ਉਠਾਈਆ । ਨੇਤਰ ਰੋਵੇ ਮੁਹੰਮਦ ਈਸਣ ਮੂਸਣ, ਮੁਖ ਤੋਬਾ ਤੋਬ ਸੁਣਾਈਆ । ਅਗਨੀ ਅੱਗ ਲੱਗੇ ਪੰਜ ਭੂਤਨ, ਭੂਤ ਭਵਿਖਤ ਪਰਦਾ ਨਾ ਕੋਇ ਉਠਾਈਆ । ਫਿਰੀ ਦਰੋਹੀ ਚਾਰੇ ਕੂਟਣ, ਦਹਿ ਦਿਸ਼ਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਸੰਦੇਸ਼ਾ ਇਕ ਸੁਣਾਈਆ । ਵਿਸ਼ਨੂੰ ਕਹੇ ਮੈਂ ਕੁਛ ਕਹਿਣ ਨਹੀਂ ਯੋਗ, ਯੋਗਤਾ ਨਜ਼ਰ ਕੋਇ ਨਾ ਆਈਆ । ਮੈਂ ਮੰਗਾਂ ਧੁਰ ਸੰਜੋਗ, ਸੰਜੋਗੀ ਹੋ ਕੇ ਜੋੜ ਜੁੜਾਈਆ । ਆਦਿ ਜੁਗਾਦੀ ਤੇਰਾ ਚੋਜ, ਚੋਜੀ ਪ੍ਰੀਤਮ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲੇ ਲੈਣੇ ਖੋਜ, ਲੱਖ ਚੁਰਾਸੀ ਵਿਚੋਂ ਆਪ ਉਠਾਈਆ । ਆਤਮ ਪਰਮਾਤਮ ਦੇ ਕੇ ਮੌਜ, ਮਜਲਸ ਆਪਣੇ ਨਾਲ ਰਖਾਈਆ । ਹਉਮੇ ਹੰਗਤਾ ਰਹੇ ਨਾ ਰੋਗ, ਅਗਿਆਨ ਅੰਧੇਰਾ ਦਏ ਚੁਕਾਈਆ । ਚਿੰਤਾ ਗ਼ਮ ਰਹੇ ਨਾ ਸੋਗ, ਸੁਰਤੀ ਸ਼ਬਦ ਵਿਚ ਸਮਾਈਆ । ਜਨ ਭਗਤਾਂ ਬਖ਼ਸ਼ ਆਪਣੀ ਓਟ, ਓੜਕ ਆਪਣੇ ਘਰ ਵਸਾਈਆ । ਜਿਥੇ ਪ੍ਰਕਾਸ਼ ਨਿਰਮਲ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਪ੍ਰੇਮ ਪਿਆਰ ਮੁਹੱਬਤ ਵਿਚ ਮਹਿਬੂਬ ਤੇਰੇ ਨਾਲ ਹੋਵਾਂ ਮੋਹਤ, ਧਾਰ ਇਕੋ ਇਕ ਬੰਧਾਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਆਦਿ ਜੁਗਾਦੀ ਸਚ ਦੀ ਗੋਤ, ਗੌਤਮ ਗੁਰ ਗੁਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੋ ਜਹਾਨਾਂ ਤੇਰੀ ਓਟ, ਨਿਓਟਿਆਂ ਓਟ ਦੇਣੀ ਬਣਾਈਆ ।



੧੫੧ ੨੧

### ❋ ੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਮਲਕ ਕੈਂਪ ਜ਼ਿਲਾ ਜੰਮੂ ਪੂਰਨ ਸਿੰਘ ਦੇ ਗ੍ਰਿਹ ❋

ਵਿਸ਼ਨੂੰ ਕਹੇ ਮੈਂ ਵੇਖੀ ਚੋਟੀ, ਜਿਥੇ ਚੋਟੀ ਮੁੰਨੀ ਨਜ਼ਰ ਕੋਇ ਨਾ ਆਈਆ । ਇਕੋ ਪ੍ਰਕਾਸ਼ ਅਗੰਮੀ ਗੋਤੀ, ਗੋਤਾਂ ਵਾਲੀ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਕਲਾਮ ਸਲੋਕੀ, ਸੋਹਲਾ ਸਚ ਸੁਣਾਈਆ । ਇਕੋ ਮੰਜ਼ਲ ਚੜ੍ਹਨੀ ਦਿਸੀ ਔਖੀ, ਅਗਲਾ ਪੰਧ ਨਾ ਕੋਇ ਚੁਕਾਈਆ । ਪੁਰਖ ਅਕਾਲ ਇਸ਼ਾਰਾ ਰਮਜ਼ ਦਿਤੀ ਸੌਖੀ, ਸਹਿਜ ਨਾਲ ਦ੍ਰਿੜਾਈਆ । ਖੇਲ ਵਖਾ ਕੋਟਨ ਕੋਟੀ, ਕੋਟਨ ਕੋਟਾਂ ਤੋਂ ਬਾਹਰ ਕੁਟੀਆ ਇਕ ਵਡਿਆਈਆ । ਫੇਰ ਵਖਾਈ ਅਗੰਮ ਦੀ ਰੋਟੀ, ਹਿੱਸਾ ਮੇਰਾ ਮੇਰੀ ਝੋਲੀ ਪਾਈਆ । ਮੈਨੂੰ ਸਭ ਕੁਛ ਪਿਆ ਸਮਝ ਅੱਗੇ ਪਿਛੇ ਦੀ ਆਈ ਸੋਝੀ, ਸੁਧ ਸ਼ੁੱਧ ਦਿਤੀ ਕਰਾਈਆ । ਮੈਂ ਪ੍ਰੇਮ ਪਿਆਰ ਅੰਦਰ ਗਿਆ ਰੁਝ, ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨੂੰ ਕਹੇ ਮੈਂ ਤੱਕ ਤਕਵੇ ਵਾਲਾ ਪ੍ਰਕਾਸ਼, ਤਕਵਾ ਲਿਆ ਬੰਨ੍ਹਾਈਆ । ਰਖ ਆਪਣੀ ਆਸ, ਆਸਾ ਆਸਾ ਵਿਚ ਰਖਾਈਆ । ਹੋ ਕੇ ਸੇਵਕ ਦਾਸ, ਸੀਸ ਜਗਦੀਸ਼ ਝੁਕਾਈਆ । ਪੁਰਖ ਅਕਾਲਾ ਵੇਖਿਆ ਪਾਸ, ਸਾਥੀ ਧੁਰਦਰਗਾਹੀਆ । ਮੇਰਾ ਸਿਰ ਦੱਬ ਕੇ ਵਖਾ ਦਿਤੇ ਅਨਕ ਆਕਾਸ਼, ਕਣ ਕਿਣਕਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਦੱਸਿਆ ਗਰਾਸ, ਧੀਰਜ ਧਰਵਾਸ ਨਾਲ ਬੰਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੈਂ ਵੇਖ ਜੋਤ ਅਗੰਮੀ ਚਮਕ, ਦਮਕ ਵਿਚ ਗਿਆ ਸਮਝਾਈਆ । ਮੈਨੂੰ ਨਜ਼ਰੀ ਆਇਆ ਪੁਰਖ ਅਕਾਲ ਦਾ ਸੰਮਤ, ਜੋ ਸਮੇਂ ਰਿਹਾ ਬਦਲਾਈਆ । ਲੇਖਾ ਮੁਕਾਉਂਦਾ ਦਿਸਿਆ ਅਹਿਮਕ, ਸਹਿਮਤ ਆਪਣੇ ਨਾਲ ਕਰਾਈਆ । ਜੁਗ ਚੌਕੜੀ ਵੇਖਣ ਲੱਗਾ ਮਿਹਨਤ, ਮਿਹਰਵਾਨ ਦਇਆ ਕਮਾਈਆ । ਬੁੱਧੀ ਅਵਿਸ਼ਕਾਰ ਵੇਖੇ ਜ਼ਹਨੀਅਤ, ਦਿਮਾਗ਼ ਜ਼ਿਹਨ ਖੋਜ ਖੁਜਾਈਆ । ਸ਼ਬਦ ਇਸ਼ਾਰਾ ਕਰ ਕੇ ਸੈਨਤ, ਸੀਮਾ ਤੋਂ ਪਾਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਧੁਰਦਰਗਾਹੀਆ । ਵਿਸ਼ਨੂੰ ਕਹੇ ਮੈਂ ਵੇਖਿਆ ਪਰਮ ਪੁਰਖ ਬਣੌਂਦਾ ਮਾਟੋ, ਮੈਟੀਰੀਅਲ ਨਜ਼ਰ ਕੋਇ ਨਾ ਆਈਆ । ਵੰਡ ਕਰਦਾ ਦਿਵਸ ਰਾਤੋ, ਹੁਕਮ ਆਪਣਾ ਇਕ ਜਣਾਈਆ । ਖੇਲ ਵਖਾ ਧੁਰ ਦਾ ਸਾਚੇ, ਸਚ ਰਿਹਾ ਦ੍ਰਿੜਾਈਆ । ਹੌਲੀ ਜਿਹੀ ਲਾ ਇਕ ਤਮਾਚੇ, ਮੇਰੀ ਸੁਰਤੀ ਦਿਤੀ ਖੁਲ੍ਹਾਈਆ । ਫੇਰ ਗ਼ੁੱਸੇ ਵਿਚ ਕਿਹਾ ਤੂੰ ਮੇਰਾ ਮੈਂ ਤੇਰਾ ਢੋਲਾ ਆਖੇ, ਅੱਠੇ ਪਹਿਰ ਭੁੱਲ ਕਦੇ ਨਾ ਜਾਈਆ । ਇਸ ਦੇ ਵਿਚੋਂ ਮੇਰੀ ਅਸਲੀਅਤ ਵਾਚੋ, ਵਾਚਕ ਹੋ ਕੇ ਦਿਆਂ ਜਣਾਈਆ । ਰਾਹ ਤੱਕੋ ਲੋਕਮਾਤੇ, ਮਤਾ ਇਕੋ ਇਕ ਪਕਾਈਆ । ਮੇਰੇ ਨਾਮ ਦੀ ਦੱਸਣੀ ਗਾਥੇ, ਗਹਿਰ ਗੰਭੀਰ ਦ੍ਰਿੜਾਈਆ । ਹੁਕਮ ਅੰਦਰ ਜੁਗ ਚੌਕੜੀ ਨਾਠੇ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਵਿਸ਼ਨੂੰ ਕਹੇ ਮੈਂ ਨਿਰਗੁਣ ਜੋਤ ਵੇਖਿਆ ਮਲਾਹ, ਬੇੜਾ ਧੁਰ ਦਾ ਕੰਧ ਉਠਾਈਆ । ਬੱਚਿਆਂ ਵਾਂਗ ਦਏ ਸਲਾਹ, ਸਹਿਜ ਸਹਿਜ ਸਮਝਾਈਆ । ਸ਼ਹਾਦਤ ਵਾਲੇ ਬਣਾ ਦੇ ਗਵਾਹ, ਅੰਤ ਹੁਕਮ ਨਾਲ ਭੁਗਤਾਈਆ । ਰਹਿਬਰ ਬਣ ਵਖਾਇਆ ਰਾਹ, ਨਿਸ਼ਾਨਾ ਇਕੋ ਇਕ ਦ੍ਰਿੜਾਈਆ । ਮੇਰੇ ਨੂਰ ਦਾ ਨੂਰ ਹੋਵੇ ਖ਼ੁਦਾ, ਖ਼ੁਦਾ ਖ਼ੁਦ ਆਪਣਾ ਹੁਕਮ ਵਰਤਾਈਆ । ਤੁਸਾਂ ਹੁੰਦੇ ਰਹਿਣਾ ਫ਼ਿਦਾ, ਸੇਵਕ ਸੇਵਕ ਸੇਵਾ ਵਿਚ ਸਮਾਈਆ । ਮੇਰੀ ਬਦਲਦੀ ਰਹੇ ਅਦਾ, ਜੁਗ ਚੌਕੜੀ ਵੰਡ ਵੰਡਾਈਆ । ਤੁਸਾਂ ਸੁਣਦੇ ਰਹਿਣਾ ਸਦਾ, ਸਦ ਆਪਣਾ ਹੁਕਮ ਵਰਤਾਈਆ । ਮੰਨਦੇ ਰਹਿਣਾ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਤੁਸੀਂ ਮੇਰੇ ਨਿੱਕੇ ਨਿੱਕੇ ਅਜਜ਼ਾ, ਹਿੱਸੇ ਆਪਣੇ ਲਏ ਪ੍ਰਗਟਾਈਆ । ਜਿਸ ਦੀ ਸਮਝੇ ਨਾ ਕੋਈ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਮੈਂ ਸਭ ਦਾ ਇਕੋ ਅੱਬਾ, ਆਲਮੀਨ ਨੂਰ ਖ਼ੁਦਾਈਆ । ਵੇਖਿਓ ਤੁਹਾਨੂੰ ਲੱਗ ਨਾ ਜਾਏ ਕਿਤੇ ਧੱਬਾ, ਪਾਪਾਂ ਮੈਲ ਧੁਆਈਆ । ਤੁਹਾਡਾ ਬੰਦ ਨਾ ਹੋਵੇ ਡੱਬਾ, ਇਕੋ ਰੰਗ ਚੜ੍ਹਾਈਆ । ਤੁਸਾਂ ਸੇਵਾ ਕਰਨੀ ਸਦਾ, ਨਿਤ ਨਵਿਤ ਸੀਸ ਝੁਕਾਈਆ । ਤੁਹਾਡੀ ਬਦਲ ਦੇਵਾਂ ਤਬਾ, ਤਬੀਅਤ ਵਿਚ ਕਰਾਂ ਸਫ਼ਾਈਆ । ਸਦਾ ਮਗਰ ਰਹੇ ਲੱਗਾ, ਹੁਕਮੀ ਹੁਕਮ ਹੁਕਮ ਦ੍ਰਿੜਾਈਆ । ਵਿਸ਼ਨੂੰ ਜਿਸ ਵੇਲੇ ਨਿਰਗੁਣ ਜੋਤ ਕਲਜੁਗ ਆਵਾਂ ਭੱਜਾ, ਆਪਣਾ ਪੰਧ ਮੁਕਾਈਆ । ਉਸ ਵੇਲੇ ਤੇਰੇ ਤਨ ਦਾ ਹੋਵੇ ਝੱਗਾ, ਓਢਨ ਨਜ਼ਰ ਕੋਇ ਨਾ ਆਈਆ । ਇਕੋ ਨਾਮ ਦਾ ਵੱਜੇ ਡੱਗਾ, ਡੰਡਾਵਤ ਸਭ ਨੂੰ ਦਿਆਂ ਦ੍ਰਿੜਾਈਆ । ਕਿਸੇ ਦੀ ਕ਼ੀਮਤ ਰਹੇ ਨਾ ਟਕਾ, ਟਕਾ ਰਵਦਾਸ ਦਾ ਲੇਖੇ ਪਾਈਆ । ਦੀਨ ਦੁਨੀ ਮਿਲੇ ਵਿਚ ਘੱਟਾ, ਘਾਟੀ ਚੜ੍ਹਨ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਲੇਖਾ ਮੁੱਕੇ ਪਟਾ, ਪਟੇਦਾਰੀ ਦਏ ਤੁੜਾਈਆ । ਸਾਚੇ ਨਾਮ ਦਾ ਲਾ ਕੇ ਠੱਪਾ, ਮੋਹਰ ਇਕੋ ਇਕ ਵਖਾਈਆ । ਚਾਰ ਜੁਗ ਦੇ ਅੱਖਰਾਂ ਨਾਲੋਂ ਇਕੋ ਲੇਖੇ ਲੱਗੇ ਪੱਪਾ, ਜਿਸ ਪੱਪੇ ਵਿਚੋਂ ਪੂਰਨ ਪੂਰਨ ਵਿਚ ਸਮਾਈਆ । ਇਹ ਵੀ ਵਿਸ਼ਨੂੰ ਤੇਰੀ ਇੱਛਾ, ਤੈਨੂੰ ਦਿਆਂ ਦ੍ਰਿੜਾਈਆ । ਮੇਰੀ ਸਾਂਭ ਕੇ ਰਖ

ਭਿੱਛਾ, ਚਾਰ ਜੁਗ ਹੱਥ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਫ਼ਰਮਾਨ ਦੀ ਦੇਵਾਂ ਸਿਖਾ, ਸਿਖਿਆ ਵਿਚ ਆਪਣਾ ਹੁਕਮ ਸੁਣਾਈਆ ।

### ੨੪ ਚੇਤ ਸ਼ਹਨਸ਼ਾਹੀ ਸੰਮਤ ੪ ਪਿੰਡ ਦੜ ਜ਼ਿਲਾ ਜੰਮੂ ਪ੍ਰਕਾਸ਼ ਸਿੰਘ ਦੇ ਗ੍ਰਿਹਿ

ਵਿਸ਼ਨੂੰ ਕਹੇ ਮੈਨੂੰ ਦਿਤੀ ਪ੍ਰਭ ਨੇ ਥਾਪੀ, ਹੱਥ ਪੁਸ਼ਤ ਪਨਾਹ ਟਿਕਾਈਆ । ਬਣ ਕੇ ਵਡ ਪ੍ਰਤਾਪੀ, ਪ੍ਰਤਾਪ ਆਪਣਾ ਦਿਤਾ ਦਰਸਾਈਆ । ਇਕ ਰਮਜ਼ ਅਗੰਮੀ ਆਖੀ, ਬਿਨ ਅੱਖਰਾਂ ਕਰ ਪੜ੍ਹਾਈਆ । ਤੂੰ ਮੇਰਾ ਬਣਿਆ ਛੋਟਾ ਜਿਹਾ ਸਾਥੀ, ਸਗਲਾ ਸੰਗ ਨਿਭਾਈਆ । ਜੁਗ ਚੌਕੜੀ ਵਰਤੌਂਦਾ ਰਹੇਂ ਭਾਤੀ, ਭੰਡਾਰਾ ਬੇਪਰਵਾਹੀਆ । ਗੁਰ ਅਵਤਾਰ ਪੈਗ਼ੰਬਰਾਂ ਬਣਦਾ ਰਹੇਂ ਸਾਕੀ, ਸਾਚਾ ਸੰਗ ਰਖਾਈਆ । ਜਿਸ ਵੇਲੇ ਕਲਜੁਗ ਅੰਤ ਹੋਈ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਮੰਨੇ ਕੋਇ ਨਾ ਆਖੀ, ਸਾਚਾ ਧਰਮ ਨਾ ਕੋਇ ਕਮਾਈਆ । ਝਗੜਾ ਪੈ ਜਾਏ ਤਨ ਵਜੂਦ ਮਾਟੀ ਖ਼ਾਕੀ, ਦੀਨ ਮਜ਼੍ਹਬ ਕਰੇ ਲੜਾਈਆ । ਸਤਿ ਧਰਮ ਨਜ਼ਰ ਨਾ ਆਏ ਸਾਖਿਆਤੀ, ਜੂਠ ਝੂਠ ਵੱਜੇ ਵਧਾਈਆ । ਧਰਨੀ ਧਰਤ ਧਵਲ ਰੋਵੇ ਲੋਕਮਾਤੀ, ਨੇਤਰ ਨੈਣਾਂ ਨੀਰ ਵਹਾਈਆ । ਲੱਖ ਚੁਰਾਸੀ ਅੰਤਰ ਆਈ ਉਦਾਸੀ, ਸੱਚੀ ਖ਼ੁਸ਼ੀ ਨਾ ਕੋਇ ਪ੍ਰਗਟਾਈਆ । ਧਰਮ ਦਾ ਰਹੇ ਨਾ ਕੋਇ ਪਾਠੀ, ਪੂਜਾ ਸਚ ਨਾ ਕੋਇ ਕਰਾਈਆ । ਪਵਿਤ੍ਰ ਰਹੇ ਨਾ ਤੀਰਥ ਤਾਟੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਸਾਚਾ ਨਾਮ ਮਿਲੇ ਕਿਸੇ ਨਾ ਹਾਟੀ, ਵਣਜਾਰਾ ਵਣਜ ਨਾ ਕੋਇ ਕਰਾਈਆ । ਕਲਜੁਗ ਖੇਲ ਹੋਵੇ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਮੰਜ਼ਲ ਹਕ਼ੀਕ਼ੀ ਚੜ੍ਹੇ ਕੋਇ ਨਾ ਘਾਟੀ, ਸਾਚਾ ਪੰਧ ਨਾ ਕੋਇ ਮੁਕਾਈਆ । ਆਤਮ ਸੇਜਾ ਸੋਹੇ ਕੋਇ ਨਾ ਖਾਟੀ, ਸਿੰਘਾਸਣ ਸਚ ਨਾ ਕੋਇ ਵਡਿਆਈਆ । ਦੁਰਮਤ ਮੈਲ ਜਾਏ ਨਾ ਕਾਟੀ, ਪਤਤ ਪੁਨੀਤ ਨਾ ਕੋਇ ਕਰਾਈਆ । ਆਵਣ ਜਾਵਣ ਮੁਕੇ ਨਾ ਵਾਟੀ, ਲੱਖ ਚੁਰਾਸੀ ਪੈਂਡਾ ਨਾ ਕੋਇ ਮੁਕਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸਾਥੀ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਓਸ ਵੇਲੇ ਮੇਰਾ ਵੇਖਣਾ ਖੇਲ ਤਮਾਸ਼ੀ, ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਵਖਾਈਆ । ਨਿਰਗੁਣ ਨੂਰ ਜੋਤ ਹੋ ਕੇ ਆਵਾਂ ਪੁਰਖ ਅਬਿਨਾਸ਼ੀ, ਧੁਰ ਦੀ ਕਰਨੀ ਕਾਰ ਕਮਾਈਆ । ਸਚ ਭਗਤ ਬਣਾ ਜਮਾਤੀ, ਪੱਟੀ ਇਕੋ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਾਚਾ ਦੇਵਣਹਾਰਾ ਵਰ, ਸਚ ਸੁਲਤਾਨ ਰਿਹਾ ਸੁਣਾਈਆ । ਵਿਸ਼ਨੂੰ ਕਹੇ ਮੇਰੀ ਨਿਮਸਕਾਰ, ਪ੍ਰਭ ਤੇਰੀ ਬੇਪਰਵਾਹੀਆ । ਮੈਂ ਜੁਗ ਜੁਗ ਸੇਵਾਦਾਰ, ਨਿਤ ਨਿਤ ਸੇਵ ਕਮਾਈਆ । ਤੇਰਾ ਬਰਦਾ ਬਰਖ਼ੁਰਦਾਰ, ਬੱਚਾ ਨੰਨ੍ਹਾ ਨਜ਼ਰੀ ਆਈਆ । ਤੂੰ ਸਾਹਿਬ ਮੇਰਾ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੈਂ ਵੇਖਾਂ ਜੁਗ ਚੌਕੜੀ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਨਿਉਂ ਨਿਉਂ ਲਾਗਾਂ ਪਾਈਆਂ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰਨਾ ਪਿਆਰ, ਧੁਰ ਦਾ ਸਾਥੀ ਹੋ ਕੇ ਸੰਗ ਨਿਭਾਈਆ । ਓਸ ਵੇਲੇ ਮੈਨੂੰ ਕਰੀਂ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਮੈਂ ਤੱਕਾਂ ਤੇਰਾ

ਦੀਦਾਰ, ਨੇਤਰ ਲੋਚਨ ਨੈਣ ਅੱਖ ਉਠਾਈਆ । ਪੁਰਖ ਅਬਿਨਾਸ਼ੀ ਹੱਸ ਕੇ ਕਿਹਾ ਮੇਰੀ ਚਰਨ ਧੂੜ ਲੈ ਛਾਰ, ਮਸਤਕ ਟਿੱਕਾ ਇਕ ਲਗਾਈਆ । ਜਿਸ ਵੇਲੇ ਨਿਰਗੁਣ ਨੂਰ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਲਵਾਂ ਅਵਤਾਰ, ਜੋਤੀ ਜਾਮਾ ਵੇਸ ਵਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਭਗਤਾਂ ਦੱਸ ਜੈਕਾਰ, ਦੋਹਾਂ ਮੇਲਾ ਸਹਿਜ ਸੁਭਾਈਆ । ਓਸ ਵੇਲੇ ਤੇਰਾ ਲਹਿਣਾ ਦੇਣਾ ਕਰਜ਼ ਦੇਵਾਂ ਉਤਾਰ, ਮੈਂ ਮਾਲਕ ਤੇ ਤੂੰ ਖ਼ਿਦਮਤਗਾਰ, ਖ਼ਾਦਮ ਆਪਣਾ ਰੰਗ ਰੰਗਾਈਆ । ਸ਼ਹਿਨਸ਼ਾਹ ਬਣ ਦੋ ਜਹਾਨਾਂ ਸਿਕਦਾਰ, ਨਾਮ ਨਿਧਾਨਾ ਬੋਲ ਜੈਕਾਰ, ਜੈ ਜੈਕਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਿਸ਼ਨੂੰ ਕਿਹਾ ਮੇਰੇ ਜਗਦੀਸ਼, ਤੇਰੀ ਬੇਪ੍ਰਵਾਹੀਆ । ਮੈਂ ਤੇਰਾ ਪੀਸਣ ਲਵਾਂ ਪੀਸ, ਚਾਕਰ ਹੋ ਕੇ ਸੀਸ ਨਿਵਾਈਆ । ਤੇਰੀ ਸੁਣ ਸਚ ਹਦੀਸ, ਹਿਰਦੇ ਅੰਤਰ ਵਸਾਈਆ । ਮੈਂ ਵੇਖਣਾ ਚਾਹੁੰਦਾ ਕਿਸ ਬਿਧ ਛਤਰ ਝੁੱਲੇ ਤੇਰੇ ਸੀਸ, ਸਚ ਦੁਆਰ ਵੱਜੇ ਵਧਾਈਆ । ਪੁਰਖ ਅਕਾਲ ਕਿਹਾ ਤੂੰ ਇਕੋ ਮਨਸਾ ਰੱਖੀਂ ਉਡੀਕ, ਆਪਣੀ ਆਸ ਬਣਾਈਆ । ਜਿਸ ਵੇਲੇ ਮੈਂ ਸਭ ਦੀ ਬਦਲ ਦੇਣੀ ਤਵਾਰੀਖ, ਤਾਰੀਖ ਆਪਣੀ ਦਿਆਂ ਸਮਝਾਈਆ । ਆਪਣੇ ਨਾਲ ਤੇਰੇ ਨਾਮ ਦੀ ਹੋਵੇ ਬਖ਼ਸ਼ੀਸ਼, ਬਖ਼ਸ਼ਿਸ਼ ਤੇਰੀ ਝੋਲੀ ਪਾਈਆ । ਜਿਥੇ ਪਰਮਾਤਮਾ ਆਤਮਾ ਦਾ ਹੋਵੇ ਗੀਤ, ਓਥੇ ਵਿਸ਼ਨੂੰ ਭਗਵਾਨ ਤੇਰਾ ਮੀਤ, ਇਕੋ ਡੋਰੀ ਤੰਦ ਬੰਧਾਈਆ । ਸ਼ਹਿਨਸ਼ਾਹ ਬਣ ਸਾਹਿਬ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਕਲਜੁਗ ਅੰਤਰ ਸਤਿਜੁਗ ਧਰਮ ਧਾਰ ਦੀ ਬਦਲ ਕੇ ਰੀਤ, ਕਰਮ ਕਾਂਡ ਦਾ ਡੇਰਾ ਢਾਹੀਆ । ਝਗੜਾ ਮੁਕਾ ਕੇ ਮੰਦਰ ਮਸੀਤ, ਜਨ ਭਗਤਾਂ ਕਾਇਆ ਕਾਅਬਾ ਧੁਰ ਦਾ ਮੰਦਰ ਇਕ ਸੁਹਾਈਆ । ਜਿਥੇ ਬੈਠਾ ਰਹਾਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਇਹੋ ਖੇਲ ਹੋਣਾ ਬੀਸ ਬੀਸ, ਹਰਿ ਜਗਦੀਸ਼ ਧਾਰ ਚਲਾਏ ਇਕੀਸ, ਏਕੰਕਾਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਲੇਖਾ ਜਾਣੇ ਲਹਿਣਾ ਵੇਖੇ ਜੋ ਪਿਛੇ ਗਿਆ ਬੀਤ, ਅੱਗੇ ਆਪਣਾ ਹੁਕਮ ਹੁਕਮ ਵਿਚ ਚਲਾਈਆ ।



### ✻ ੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਦੜ ਜ਼ਿਲਾ ਜੰਮੂ ਈਸ਼ਰ ਸਿੰਘ ਦੇ ਗ੍ਰਹਿ ✻

ਵਿਸ਼ਨੂੰ ਵੇਖ ਆਪਣਾ ਭਾਗ, ਭਗਵਨ ਦਿਤਾ ਬਣਾਈਆ । ਜਿਥੇ ਆਤਮਾ ਪਰਮਾਤਮਾ ਦਾ ਜਗੇ ਚਰਾਗ਼, ਨਿਰਗੁਣ ਜੋਤ ਹੋਵੇ ਰੁਸ਼ਨਾਈਆ । ਓਥੇ ਤੇਰਾ ਮੇਰਾ ਬਣਿਆ ਸਾਕ, ਸੱਜਣ ਇਕ ਅਖਵਾਈਆ । ਝਗੜਾ ਰਿਹਾ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਤਿ ਧਰਮ ਦਾ ਖੋਲ੍ਹਣਾ ਤਾਕ, ਪੜਦਾ ਇਕ ਉਠਾਈਆ । ਪੂਰਾ ਕਰਨਾ ਭਵਿਖਤ ਵਾਕ, ਸਭ ਦਾ ਲਹਿਣਾ ਝੋਲੀ ਪਾਈਆ । ਆਪਣੀ ਬਖ਼ਸ਼ ਕੇ ਧੂੜੀ ਖ਼ਾਕ, ਚਰਨ ਕਵਲ ਸਰਨਾਈਆ । ਮੰਜ਼ਲ ਚੜ੍ਹਾ ਅਗੰਮੀ ਵਾਟ, ਪੈਂਡਾ ਪੰਧ ਮੁਕਾਈਆ । ਸਚ ਦੁਆਰ ਕਰ ਨਿਵਾਸ, ਘਰ ਇਕੋ ਇਕ ਸੁਹਾਈਆ । ਜਿਥੇ ਸਦਾ ਰਹੇ ਪ੍ਰਕਾਸ਼, ਦਿਵਸ ਰੈਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਵਿਸ਼ਨੂੰ ਵੇਖ ਤੇਰਾ ਲਹਿਣਾ, ਲਹਿਣੇਦਾਰ ਝੋਲੀ ਪਾਈਆ । ਜਿਥੇ ਆਤਮਾ ਪਰਮਾਤਮਾ ਮਿਲ

ਕੇ ਰਹਿਣਾ, ਓਥੇ ਤੈਨੂੰ ਮਿਲੇ ਵਡਿਆਈਆ । ਜਿਥੇ ਭਗਤ ਭਗਵਾਨ ਇਕ ਦੂਜੇ ਨੂੰ ਕਹਿਣਾ, ਢੋਲਾ ਤੇਰੇ ਨਾਲ ਮਿਲਾਈਆ । ਜਿਸ ਦਾ ਲੇਖਾ ਲਿਖ ਸਕਿਆ ਨਾ ਕੋਈ ਸ਼ਾਸਤਰ ਵਿਚ ਰਮਾਇਣਾ, ਗਿਆਨ ਵਿਚ ਗੁਣਵੰਤ ਨਾ ਕੋਇ ਸਮਝਾਈਆ । ਸੋ ਖੇਲ ਵਖਾਵੇ ਨੇਤਰ ਨੈਣਾਂ, ਲੋਚਨ ਲੋਇਨ ਆਪ ਖੁਲ੍ਹਾਈਆ । ਤੀਜਾ ਰਹੇ ਨਾ ਕੋਈ ਤਰਫ਼ੈਣਾ, ਦੋ ਇਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਦਰ ਘਰ ਸਾਚੇ ਦਏ ਵਡਿਆਈਆ । ਵਿਸ਼ਨੂੰ ਵੇਖ ਆਪਣੀ ਖ਼ੁਸ਼ੀ, ਖ਼ੁਸ਼ਾਮੰਦ ਮੇਰੇ ਨਾਲ ਨਜ਼ਰੀ ਆਈਆ । ਜਿਥੇ ਆਤਮ ਪਰਮਾਤਮ ਦੀ ਲੱਗੀ ਰੁਚੀ, ਮੇਲਾ ਸਹਿਜ ਸੁਭਾਈਆ । ਓਥੇ ਤੂੰ ਵੀ ਹੋਇਉਂ ਮੁੱਖੀ, ਵਡਿਆਈ ਦੇਵੇ ਧੁਰਦਰਗਾਹੀਆ । ਜਿਥੇ ਆਤਮਾ ਪਰਮਾਤਮਾ ਲੇਖਾ ਦੋ ਤੁਕੀ, ਏਕੰਕਾਰ ਆਪਣੇ ਰੰਗ ਰੰਗਾਈਆ । ਓਥੇ ਤੂੰ ਵੀ ਝੁਕੀਂ, ਨਿਉਂ ਨਿਉਂ ਸੀਸ ਨਿਵਾਈਆ । ਮੰਜ਼ਲ ਪੰਧ ਅਖ਼ੀਰੀ ਸਭ ਦੀ ਮੁਕੀ, ਗੁਰ ਅਵਤਾਰ ਪੈਗ਼ੰਬਰ ਦੇਣ ਦੁਹਾਈਆ । ਜਨ ਭਗਤਾਂ ਆਤਮਾ ਓਥੇ ਸੁੱਤੀ, ਸਵਾਧਾਨ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦਾ ਲਹਿਣਾ ਦੇਣਾ ਸਭ ਨੂੰ ਰਿਹਾ ਪੁਛੀ, ਪੂਰਬ ਦਾ ਪਿਛਲਾ ਪਿਛਲੇ ਤੋਂ ਅਗਲਾ ਨਾਲ ਮਿਲਾਈਆ ।



### ❊ ੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਦੜ ਜ਼ਿਲਾ ਜੰਮੂ ਪ੍ਰਤਾਪ ਸਿੰਘ ਦੇ ਗ੍ਰਿਹ ❊

ਵਿਸ਼ਨੂੰ ਕਹੇ ਮੇਰੇ ਸਮਰਥ, ਸਾਹਿਬ ਤੇਰੀ ਸਰਨਾਈਆ । ਤੇਰੀ ਮਹਿੰਮਾ ਮੇਰਾ ਜਸ, ਸਿਫ਼ਤਾਂ ਵਿਚ ਸਾਲਾਹੀਆ । ਤੂੰ ਪਰਮਾਤਮਾ ਆਤਮਾ ਤੇਰਾ ਰਸ, ਰਸਤਾ ਇਕੋ ਦਿਤਾ ਵਖਾਈਆ । ਚੌਥੇ ਜੁਗ ਕਰ ਇਕੱਠ, ਆਪ ਆਪਣਾ ਜੋੜ ਜੁੜਾਈਆ । ਅੱਗੇ ਮਾਰਗ ਲਾ ਸਚ, ਸਚ ਦੇਣਾ ਦਰਸਾਈਆ । ਭਾਗ ਲੱਗੇ ਕਾਇਆ ਮਾਟੀ ਕੱਚ, ਜਨ ਭਗਤ ਵੱਜੇ ਵਧਾਈਆ । ਤੀਰ ਅਣਿਆਲਾ ਮਾਰਨਾ ਕਸ, ਤਿੱਖੀ ਮੁੱਖੀ ਧਾਰ ਉਠਾਈਆ । ਜਗਤ ਵਿਕਾਰਾ ਹੋਵੇ ਭੱਠ, ਅਗਨੀ ਤਤ ਬੁਝਾਈਆ । ਅੰਮ੍ਰਿਤ ਰਸ ਦੇਣਾ ਝੱਟ, ਝਿਰਨਾ ਇਕ ਝਿਰਾਈਆ । ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਪੜਦਾ ਦੇਣਾ ਉਠਾਈਆ । ਤੇਰਾ ਨੂਰ ਨਜ਼ਰ ਆਏ ਪ੍ਰਤੱਖ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਤੈਥੋਂ ਰਹੇ ਕੋਈ ਨਾ ਵਖ, ਅੱਡਰਾ ਰਾਹ ਨਾ ਕੋਇ ਚਲਾਈਆ । ਤੇਰਾ ਫ਼ਰਮਾਨਾ ਸੁਣਿਆ ਯੱਕ, ਮੇਰੀ ਆਸਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਨਾਮ ਅੱਗੇ ਚਲਣਾ ਅਵੱਸ਼, ਅਵੱਸ਼ਕਤਾ ਅੱਗੇ ਰਹਿਣ ਕੋਇ ਨਾ ਪਾਈਆ ।

### ❊ ੨੪ ਚੇਤ ਸ਼ਹਿਨਸ਼ਾਹੀ ਸੰਮਤ ੪ ਬਖ਼ਸ਼ੀ ਨਗਰ ਜੰਮੂ ਸ਼ਿਵ ਸਿੰਘ ਦੇ ਗ੍ਰਿਹ ❊

ਵਿਸ਼ਨੂੰ ਕਹੇ ਪ੍ਰਭ ਤੇਰੇ ਮੇਰੇ ਨਾਮ ਦੀ ਪਈ ਗੰਢ, ਗੰਢਣਹਾਰ ਗੋਪਾਲ ਸੁਆਮੀ ਤੇਰੀ ਬੇਪ੍ਰਵਾਹੀਆ । ਮੈਂ ਵੇਖ ਹੈਰਾਨ ਹੋਇਆ ਦੰਗ, ਪਰੇਸ਼ਾਨੀ

ਵਿਚ ਤੇਰਾ ਧਿਆਨ ਲਗਾਈਆ । ਝਟ ਸਤਿਜੁਗ ਤਰੇਤਾ ਦੁਆਪਰ ਕਲਜੁਗ ਗਿਆ ਲੰਘ, ਚੌਕੜੀ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਜੋਤ ਧਾਰ ਵੇਖ ਸਚਖੰਡ, ਤੇਰੇ ਤੇਰੇ ਵਿਚ ਸਮਾਈਆ । ਦੋ ਜਹਾਨਾਂ ਬਿਨ ਸਰਵਣ ਸੁਣੀ ਡੰਡ, ਕੂਕ ਕੂਕ ਦੁਹਾਈਆ । ਜਾਂ ਨਿਗਾਹ ਮਾਰੀ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨੰਗ, ਪੜਦਾ ਸਕੇ ਨਾ ਕੋਇ ਪਾਈਆ । ਸਾਹਿਬ ਸੁਆਮੀ ਅੰਤਰਜਾਮੀ ਕਿਉਂ ਦਿਤੀ ਕੰਡ, ਕਰਵਟ ਵਿਚ ਅਪਣਾ ਮੁਖ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਵਿਸ਼ਨੂੰ ਕਹੇ ਮੇਰੇ ਪ੍ਰੀਤਮ ਪਿਆਰੇ ਪਾਰਬ੍ਰਹਮ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਤਿ ਸਤਿਵਾਦੀ ਸਾਚਾ ਦੱਸ ਅਗੰਮ ਧਰਮ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਕੂੜੀ ਕਿਰਿਆ ਜਗਤ ਜਗਿਆਸੂ ਮੇਟ ਕੁਕਰਮ, ਨਿਹਕਰਮੀ ਆਪਣਾ ਕਰਮ ਕਮਾਈਆ । ਚਾਰ ਵਰਨ ਅਠਾਰਾਂ ਬਰਨ ਨਿਰਗੁਣ ਧਾਰ ਬਖ਼ਸ਼ ਆਪਣੀ ਸ਼ਰਨ, ਸਰਨਗਤ ਇਕੋ ਇਕ ਜਣਾਈਆ । ਦੋ ਜਹਾਨ ਮਰਦ ਮਰਦਾਨ ਨੌਜਵਾਨ ਪਰਸਣ ਤੇਰੇ ਚਰਨ, ਚਰਨ ਚਰਨੋਦਕ ਆਪਣਾ ਅਨਰਸ ਦੇ ਚਖਾਈਆ । ਤੇਰੀ ਮਿਹਰ ਮੁਹੱਬਤ ਅੰਦਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤੇਰੀ ਮੰਜ਼ਲ ਅੰਤਰ ਨਿਰੰਤਰ ਹਕ਼ੀਕ਼ਤ ਵਾਲੀ ਹਕ਼ੀਕ਼ੀ ਚੜ੍ਹਨ, ਨਾਅਰਾ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਵਿਸ਼ਨੂੰ ਕਹੇ ਮੇਰੇ ਸਾਹਿਬ ਸਤਿਗੁਰੂ ਪੁਰਖ ਅਕਾਲ ਦਇਆਨਿਧ, ਦੀਨ ਦਿਆਲ ਤੇਰੀ ਵਡਿਆਈਆ । ਨਿਰਗੁਣ ਧਾਰ ਕਾਰਜ ਕਰ ਸਿੱਧ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਨਵ ਨੌ ਚਾਰ ਦੱਸ ਆਪਣੀ ਬਿੱਧ, ਬਦਲਾ ਮੁਕੇ ਕੂੜ ਲੋਕਾਈਆ । ਆਤਮਾ ਪਰਮਾਤਮਾ ਸਭ ਦੀ ਨਾਮ ਅਣਿਆਲੇ ਤੀਰ ਨਾਲ ਵਿਧ, ਬ੍ਰਹਮ ਵਿਦਿਆ ਇਕ ਸਮਝਾਈਆ । ਸਾਚਾ ਮਾਰਗ ਦੱਸ ਸਿੱਧ, ਸਾਧ ਸਾਧਕ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਵਖਾਈਆ । ਘਰ ਠਾਂਡਾ ਦੱਸ ਦੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਨਾਮ ਸੰਦੇਸ਼ਾ ਦੇ ਸਾਚ, ਸਚ ਸਚ ਵਿਚੋਂ ਪ੍ਰਗਟਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਰੈਣ ਸੁਹੰਜਣੀ ਸੋਭਾ ਪਾਈਆ । ਸਤਿ ਸਚ ਕਰ ਪ੍ਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਆਖ਼ਰ ਮੰਜ਼ਲ ਸਭ ਦੀ ਵੇਖ ਵਖਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਮਮਤਾ ਮੋਹ ਦੇ ਮਿਟਾਈਆ । ਸਚ ਦੁਆਰ ਖੋਲ੍ਹ ਕੇ ਤਾਕ, ਪੜਦਾ ਪੜਦਾਨਸ਼ੀਂ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਬਿਨ ਸਯਦਿਆਂ ਕਰ ਆਦਾਬ, ਅਦਬ ਵਿਚ ਸੀਸ ਜਗਦੀਸ਼ ਝੁਕਾਈਆ । ਵਿਸ਼ਨੂੰ ਕਹੇ ਮੇਰੇ ਸ਼ਹਿਨਸ਼ਾਹ ਸਵਾਮੀ, ਪਰਵਰਦਿਗਾਰ ਤੇਰੀ ਵਡਿਆਈਆ । ਘਟ ਨਿਵਾਸੀ ਅੰਤਰਜਾਮੀ, ਅੰਤਰ ਅੰਤਰ ਵੇਖ ਵਖਾਈਆ । ਚਾਰ ਜੁਗ ਦੀ ਸ਼ਹਾਦਤ ਤੇਰੀ ਬਾਣੀ, ਬਣੀਆਂ ਵਾਲੇ ਹੱਟ ਰਹੀ ਚਲਾਈਆ । ਤੇਰਾ ਖੇਲ ਦਿਸੇ ਦੋ ਜਹਾਨੀ, ਬ੍ਰਹਿਮੰਡ ਖੰਡ ਤੇਰੀ ਵੱਜੇ ਵਧਾਈਆ । ਕਲਜੁਗ ਅੰਤ ਸ੍ਰੀ ਭਗਵਾਨ ਆਪਣੀ ਕਰ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਹੋ ਸਹਾਈਆ । ਜਨ ਭਗਤਾਂ ਮੰਜ਼ਲ ਦੇ ਇਕ ਰੁਹਾਨੀ, ਰੂਹ ਬੁਤ ਆਪਣੇ ਰੰਗ ਰੰਗਾਈਆ । ਤੇਰਾ ਦਰਸ ਧੁਰ ਦੀ ਮੰਜ਼ਲ ਪਦ ਨਿਰਬਾਣੀ, ਨਿਰਾਕਾਰ ਤੇਰੀ ਵਡਿਆਈਆ । ਤੂੰ ਲੱਖ ਚੁਰਾਸੀ ਜਾਣ ਜਾਣੀ, ਘਟ ਘਟ


੧੫੬
੨੧

ਵੇਖੇਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਿਰਗੁਣ ਨੂਰ ਜੋਤ ਮਹਾਨੀ, ਜੋਤੀ ਜਾਤੇ ਪੁਰਖ ਬਿਧਾਤੇ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਕਾ ਏਕ ਏਕੰਕਾਰਾ ਸੋਭਾ ਪਾਈਆ ।

### ❋ ੨੫ ਚੇਤ ਸ਼ਹਿਨਸ਼ਾਹੀ ਸੰਮਤ ੪ ਬਖ਼ਸ਼ੀ ਨਗਰ ਜੰਮੂ ਤੇਜ ਭਾਨ ਦੇ ਗ੍ਰਿਹ ❋

ਵਿਸ਼ਨੂੰ ਭਗਵਾਨ ਧਰਮ ਧਾਰ ਦਾ ਸੰਗ, ਹਰਿ ਸੰਗੀ ਸੰਗ ਬਣਾਈਆ । ਸਤਿ ਸਚ ਸ਼ਬਦ ਨਾਮ ਵਜਾਏ ਮਰਦੰਗ, ਮਰਦਾਨਗੀ ਇਕ ਵਖਾਈਆ । ਧੁਰ ਧਾਮ ਦੱਸੇ ਅਨੰਦ, ਸੁਖ ਸਾਗਰ ਰੂਪ ਵਟਾਈਆ । ਨਿਰਾਕਾਰ ਪ੍ਰਕਾਸ਼ ਨੂਰ ਚੰਦ, ਅੰਧ ਅੰਧੇਰ ਗਵਾਈਆ । ਵਿਕਾਰ ਹੰਕਾਰ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਜਨ ਭਗਤਾਂ ਆਤਮ ਪਰਮਾਤਮ ਮੇਲਾ ਟੁੱਟੀ ਜਾਏ ਗੰਢ, ਸ਼ਬਦ ਡੋਰੀ ਧੁਰ ਦਾ ਤੰਦ ਜੁੜਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਲਾਏ ਅੰਗ, ਅੰਗੀਕਾਰ ਮੇਲਾ ਮੇਲੇ ਸਹਿਜ ਸੁਭਾਈਆ । ਕੂੜ ਕੁੜਿਆਰਿਆਂ ਰਹੇ ਨਾ ਕੋਇ ਪਾਬੰਦ, ਪਾਬੰਦੀ ਆਪਣਾ ਹੁਕਮ ਸਮਝਾਈਆ । ਆਸਾ ਮਨਸਾ ਪੂਰੀ ਕਰ ਮੰਗ, ਦਾਤ ਦਾਤਾਰ ਇਕ ਵਰਤਾਈਆ । ਸਚ ਦੁਆਰ ਏਕੰਕਾਰ ਧੁਰ ਦਾ ਲੰਘ, ਪੈਂਡਾ ਪਿਛਲਾ ਪੰਧ ਚੁਕਾਈਆ । ਕਰ ਖੇਲ ਸੂਰਾ ਸਰਬੰਗ, ਸਤਿ ਸਵਾਮੀ ਪੜਦਾ ਲਾਹੀਆ । ਜਗਤ ਵਿਕਾਰ ਦੇ ਕੇ ਡੰਨ, ਡੰਕਾ ਇਕੋ ਇਕ ਸ਼ਨਵਾਈਆ । ਸਵਾਧਾਨ ਕਰ ਕੇ ਕੰਨ, ਸਰਵਣਾਂ ਸਮਝ ਸਮਝਾਈਆ । ਕਲਪਣਾ ਕੂੜ ਕੱਢਕੇ ਮਨ, ਮਮਤਾ ਪੁਰਖ ਅਕਾਲ ਵਧਾਈਆ । ਜਗਤ ਨਈਆ ਨੌਕਾ ਬੇੜਾ ਬੰਨ੍ਹ, ਸਈਆ ਸਾਹਿਬ ਆਪੇ ਰਿਹਾ ਚਲਾਈਆ । ਲੇਖਾ ਜਾਣ ਕਾਇਆ ਮਾਟੀ ਤਨ, ਤਤ ਵੇਤਾ ਖੋਜ ਖੁਜਾਈਆ । ਰੂਪ ਦਰਸਾ ਕੇ ਬ੍ਰਹਮ ਹੰ, ਬ੍ਰਹਮ ਪਾਰਬ੍ਰਹਮ ਵਡਿਆਈਆ । ਮੇਟ ਕੇ ਕੂੜੀ ਤ੍ਰਿਸ਼ਨਾ ਤਮ, ਤਾਮਸ ਤਮਅ ਵਿਚੋਂ ਬਾਹਰ ਕਢਾਈਆ । ਭਾਗ ਲਗਾ ਕੇ ਕਾਇਆ ਚੰਮ, ਮਾਟੀ ਹਾਟੀ ਵੱਜੇ ਵਧਾਈਆ । ਭੇਵ ਖੁਲ੍ਹਾ ਕੇ ਪਵਣ ਸਵਾਸ ਦਮ, ਦਾਮਨਗੀਰ ਹੋ ਕੇ ਦਇਆ ਕਮਾਈਆ । ਚਿੰਤਾ ਮੇਟ ਕੇ ਕੂੜਾ ਗ਼ਮ, ਰੋਗ ਸੋਗ ਡੇਰਾ ਢਾਹੀਆ । ਜੁਗ ਚੌਕੜੀ ਕਰਨਹਾਰਾ ਆਪਣਾ ਕੰਮ, ਕਾਮ ਕਰੋਧ ਲੋਭ ਮੋਹ ਹੰਕਾਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਚੜ੍ਹਾਈਆ । ਵਿਸ਼ਨੂੰ ਭਗਵਾਨ ਏਕਾ ਧਾਰ, ਇਕ ਇਕ ਨਾਲ ਜਣਾਈਆ । ਇਕ ਦਾ ਮੇਲਾ ਇਕ ਦੁਆਰ, ਇਕ ਇਕ ਘਰ ਵੱਜੇ ਵਧਾਈਆ । ਇਕ ਦਾ ਸਾਹਿਬ ਇਕ ਸਿਕਦਾਰ, ਇਕ ਇਕ ਹੁਕਮ ਮਨਾਈਆ । ਇਕ ਇਕ ਦਾ ਦੇਵਣਹਾਰ, ਝੋਲੀ ਇਕ ਇਕ ਭਰਾਈਆ । ਇਕ ਇਕ ਦਾ ਦਰਵੇਸ਼ ਭਿਖਾਰ, ਇਕ ਇਕ ਦਾ ਲੇਖਾ ਵੇਖੇ ਥਾਉਂ ਥਾਈਆ । ਇਕ ਇਕ ਦਾ ਵਣਜ ਵਪਾਰ, ਇਕ ਇਕ ਦਏ ਕਰਾਈਆ । ਪੁਰਖ ਅਕਾਲਾ ਦੀਨ ਦਿਆਲਾ ਸਤਿ ਸਚ ਕਰ ਪਿਆਰ, ਪ੍ਰੇਮ ਪ੍ਰੀਤੀ ਪਰਮ ਪੁਰਖ ਨਿਭਾਈਆ । ਵਿਸ਼ਨੂੰ ਭਗਵਾਨ ਨਾਲ ਹੋਇਆ ਉਜਿਆਰ, ਮਰੀਦ ਮੁਰਸ਼ਦ ਮਿਲ ਕੇ ਵੱਜੇ ਵਧਾਈਆ । ਭਗਤ ਭਗਵੰਤ ਇਕ ਅਧਾਰ, ਸਹਾਰਾ ਇਕੋ ਇਕ ਸਮਝਾਈਆ । ਲਹਿਣਾ ਦੇਣਾ ਸਭ ਦਾ ਦਏ ਨਿਵਾਰ, ਲੇਖਾ ਪੂਰਬ ਝੋਲੀ ਪਾਈਆ । ਵਿਸ਼ਨੂੰ ਭਗਵਾਨ ਆਤਮ ਪਰਮਾਤਮ ਦਾ ਇਕ ਜੈਕਾਰ, ਜੈ ਜੈ ਕਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਚਾਰ ਦਾ ਸਾਂਝਾ ਕਰ ਪਿਆਰ, ਇਕ ਦੋ ਦਾ ਰੂਪ ਆਪ ਨਿਰੰਕਾਰ, ਦੋ ਇਕ ਨਜ਼ਰ ਆਏ ਵਿਚ ਸੰਸਾਰ, ਸੰਸਾਰੀ ਭੰਡਾਰੀ ਹੁਕਮੇ ਅੰਦਰ ਸੀਸ ਨਿਵਾਈਆ ।



### ✻ ੨੫ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ਕਰਤਾਰ ਸਿੰਘ ਦੇ ਗ੍ਰਿਹ ✻

ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਭੇਵ ਅਵੱਲਾ, ਆਦਿ ਜੁਗਾਦੀ ਦਇਆ ਕਮਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਕਰੇ ਖੇਲ ਇਕ ਇਕੱਲਾ, ਏਕੰਕਾਰ ਪਰਵਰਦਿਗਾਰਾ ਧੁਰਦਰਗਾਹੀਆ । ਸਚ ਦੁਵਾਰਾ ਅਗੰਮ ਅਪਾਰਾ ਵਸੇ ਇਕ ਮਹੱਲਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਇਕ ਵਖਾਈਆ । ਜਿਸ ਗ੍ਰਿਹਿ ਦੀਪਕ ਜੋਤ ਨਿਰਗੁਣ ਧਾਰ ਇਕੋ ਬਲਾ, ਅਗਿਆਨ ਅੰਧੇਰਾ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਦੂਈ ਦਵੈਤ ਰਹੇ ਨਾ ਕੋਇ ਸਲਾ, ਭਾਂਡਾ ਭਰਮ ਭੌ ਭੰਨਾਈਆ । ਭੇਵ ਖੁਲ੍ਹਾਏ ਦਇਆ ਕਮਾਏ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਪੈਂਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪਣੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਖੇਲ ਸੂਰਬੀਰ ਸੁਲਤਾਨਾ, ਹਰਿ ਵੱਡਾ ਵਡ ਵਡਿਆਈਆ । ਲੇਖਾ ਜਾਣੇ ਏਥੇ ਓਥੇ ਦੋ ਜਹਾਨਾਂ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ । ਨਵ ਨੌ ਚਾਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਅਭੇਦ ਖੋਲ੍ਹੇ ਆਪ ਮਹਾਨਾ, ਪੜਦਾ ਓਹਲਾ ਬਣ ਵਿਚੋਲਾ ਸਤਿ ਸਤਿਵਾਦੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਏਕੰਕਾਰਾ ਇਕੋ ਇਕ ਦ੍ਰਿੜਾਈਆ । ਸ਼ਬਦ ਗੁਰੂ ਕਹੇ ਮੈਂ ਦੱਸਾਂ ਸਚ ਸਤਿ ਸਤਿਵਾਦ, ਧੁਰ ਦੀ ਧਾਰ ਇਕ ਦ੍ਰਿੜਾਈਆ । ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵਡ ਵਡਿਆਈਆ । ਜੋ ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਪੂਰੀ ਕਰੇ ਆਸ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਜੀਵ ਜੰਤ ਤਨ ਵਜੂਦ ਮਾਟੀ ਖ਼ਾਕੀ ਪਾਵਣਹਾਰਾ ਸਾਰ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਸੋ ਸਾਹਿਬ ਸੁਲਤਾਨਾ ਨੌਜੁਆਨਾ ਮਰਦ ਮਰਦਾਨਾ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਚਾਰ ਵਰਨ ਅਠਾਰਾਂ ਬਰਨ ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ ਨਰ ਨਰੇਸ਼ ਇਕ ਇਕੱਲਾ ਆਪ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੈਂ ਦੱਸਾਂ ਧੁਰ ਫ਼ਰਮਾਨਾ, ਸੰਦੇਸ਼ਾ ਬੇਪਰਵਾਹੀਆ । ਪੁਰਖ ਅਕਾਲ ਦਾ ਸਭ ਨੂੰ ਮੰਨਣਾ ਪੈਣਾ ਭਾਣਾ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਿਚ ਜਹਾਨਾ, ਸਤਿਜੁਗ ਸਾਚਾ ਸਤਿ ਸਚ ਕਰੇ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪੜਦਾ ਲਾਹੇ ਗੁਣ ਨਿਧਾਨਾ, ਅੰਧ ਅੰਧਿਆਰ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਲੱਖ ਚੁਰਾਸੀ ਜੀਵ ਜੰਤ ਗਾਵਣ ਗਾਣਾ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ

ਇਕੱਲਾ ਦੋ ਜਹਾਨਾਂ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਪ੍ਰਭ ਦੀ ਦੱਸਣੀ ਸਾਚੀ ਰੀਤ, ਰੀਤੀਵਾਨ ਦਇਆ ਕਮਾਈਆ । ਤ੍ਰੈਗੁਣ ਮਾਇਆ ਕਰ ਅਤੀਤ, ਤ੍ਰੈਭਵਨ ਧਨੀ ਦੇਣਾ ਮਿਲਾਈਆ । ਜਨ ਭਗਤਾਂ ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤਤ ਦੇਣਾ ਬੁਝਾਈਆ । ਕਾਇਆ ਕਾਅਬਾ ਵਖਾ ਕੇ ਹੱਕ ਮਸੀਤ, ਮਸਲਾ ਇਕੋ ਇਕ ਦ੍ਰਿੜਾਈਆ । ਦੂਰ ਦੁਰਾਡਾ ਨਜ਼ਰੀ ਆਏ ਇਕ ਨਜ਼ਦੀਕ, ਨੇਰਨ ਨੇਰਾ ਹੋ ਕੇ ਪੰਧ ਦਏ ਚੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਸ਼ਬਦ ਅਨਾਦੀ ਧੁਰ ਦਾ ਮੀਤ, ਮਿਤ੍ਰ ਪਿਆਰਾ ਸਚ ਦਵਾਰਾ ਇਕੋ ਸੋਭਾ ਪਾਈਆ । ਲਹਿਣਾ ਦੇਣਾ ਚੁਕਾਏ ਹਸਤ ਕੀਟ, ਆਪਣਾ ਖੇਲ ਕਰੇ ਅਨਡੀਠ, ਜਗ ਨੇਤਰ ਜੀਵ ਜਹਾਨ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਵਿਚ ਸੰਸਾਰ ਏਕੰਕਾਰ ਇਕੋ ਇਕ ਪ੍ਰਗਟਾਈਆ । ਸਤਿਗੁਰ ਸ਼ਬਦ ਕਹੇ ਮੈਂ ਲਹਿਣਾ ਦੇਣਾ ਜਾਣਾਂ ਜੁਗ, ਜੁਗ ਚੌਕੜੀ ਵੇਖਾਂ ਧਿਆਨ ਲਗਾਈਆ । ਨਿਰਗੁਣ ਧਾਰੋਂ ਆਪੇ ਉਠ, ਨੂਰੀ ਨੂਰ ਕਰਾਂ ਰੁਸ਼ਨਾਈਆ । ਕਲਜੁਗ ਕੂੜ ਅੰਧੇਰਾ ਮੇਟਾਂ ਘੁਪ, ਰੈਣ ਅੰਧ ਰਹਿਣ ਨਾ ਪਾਈਆ । ਗੁਰਮੁਖ ਵੇਖਾਂ ਪ੍ਰਭ ਦੇ ਦੁਲਾਰੇ ਸੁਤ, ਅਪਰਾਧੀ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਅਬਿਨਾਸ਼ੀ ਅਚੁਤ, ਚਾਰ ਵਰਨ ਅਠਾਰਾਂ ਬਰਨ ਪਰਦਾ ਦਏ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਦੇਣਾ ਅਗੰਮ ਹੋਕਾ, ਹੁਕਮ ਪ੍ਰਭ ਦਾ ਦੇਣਾ ਜਣਾਈਆ । ਲੱਖ ਚੁਰਾਸੀ ਜੀਵ ਜੰਤ ਨਿਰਗੁਣ ਧਾਰ ਮਿਲਣ ਦਾ ਮੌਕਾ, ਸਰਗੁਣ ਮਿਲ ਕੇ ਵੱਜੇ ਵਧਾਈਆ । ਇਕੋ ਪੁਰਖ ਅਕਾਲ ਇਕੋ ਓਟਾ, ਜੋ ਓੜਕ ਸਭ ਦਾ ਪਿਤਾ ਮਾਈਆ । ਜਿਸ ਦਾ ਪ੍ਰਕਾਸ਼ ਨਿਰਮਲ ਜੋਤਾ, ਘਰ ਘਰ ਕਰੇ ਰੁਸ਼ਨਾਈਆ । ਜੋ ਭੇਵ ਖੁਲ੍ਹਾਏ ਚੌਦਾਂ ਲੋਕਾ, ਚੌਦਾਂ ਤਬਕਾਂ ਡੇਰਾ ਢਾਹੀਆ । ਜਿਸ ਦਾ ਨਾਮ ਧਰਮ ਸਲੋਕਾ, ਸੋਹਲੇ ਢੋਲੇ ਰਾਗ ਨਾਦ ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਖੇਲ ਅਪਾਰਾ, ਅਪਰੰਪਰ ਸੁਆਮੀ ਆਪ ਵਖਾਈਆ । ਲਹਿਣਾ ਦੇਣਾ ਜਾਣ ਗੁਰ ਅਵਤਾਰਾ, ਪੈਗ਼ੰਬਰਾਂ ਪੜਦਾ ਰਿਹਾ ਉਠਾਈਆ । ਸਦੀ ਚੌਧਵੀਂ ਲਹਿਣਾ ਦੇਣਾ ਜਾਣੇ ਵਿਚ ਸੰਸਾਰਾ, ਸਦੀਵੀ ਭੁੱਲ ਰਹੇ ਨਾ ਰਾਈਆ । ਕਰਨੀ ਦਾ ਕਰਤਾ ਧੁਰ ਦਾ ਮਾਲਕ ਕ਼ਦੀਮ ਦਾ ਕ਼ਾਦਰ ਕਰਨੀ ਦੇ ਕਰਨੇਹਾਰਾ, ਕਾਇਨਾਤ ਦਾ ਮਾਲਕ ਇਕ ਅਖਵਾਈਆ । ਜਿਸ ਦਾ ਸੰਦੇਸ਼ਾ ਦੇਂਦੇ ਆਏ ਵਿਚ ਸੰਸਾਰਾ, ਸੋ ਜੋਤੀ ਨੂਰ ਕਰ ਉਜਿਆਰਾ, ਦ੍ਰਿਸ਼ਟੀ ਸ੍ਰਿਸ਼ਟੀ ਪਾਏ ਸਾਰਾ, ਸਾਰਥੀ ਆਪਣੀ ਕਾਰ ਕਮਾਈਆ । ਜੋਤੀ ਜਾਤਾ ਹੋ ਉਜਿਆਰਾ, ਵਰਨ ਗੋਤੀ ਵਸੇ ਬਾਹਰਾ, ਕੋਟਨ ਕੋਟਾਂ ਕਰ ਉਜਿਆਰਾ, ਜਨ ਭਗਤਾਂ ਦੇਵਣਹਾਰ ਸਹਾਰਾ, ਬਖ਼ਸ਼ਣਹਾਰਾ ਚਰਨ ਦਵਾਰਾ, ਚਰਨ ਚਰਨੋਧਕ ਇਕੋ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਏ ਅਗੰਮ ਅਪਾਰਾ, ਅਲਖ ਅਗੋਚਰ ਅਗੰਮ ਅਥਾਹ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸੇ ਇਕੋ ਰਾਹ, ਜੋਤੀ ਸ਼ਬਦੀ ਬਣ ਮਲਾਹ, ਖੇਵਟ ਖੇਟਾ ਨਈਆ ਨੌਕਾ ਨਾਉਂ ਨਿਰੰਕਾਰਾ ਇਕੋ ਇਕ ਚਲਾਈਆ ।

## ❋ ੨੬ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ਹਜ਼ਾਰਾ ਸਿੰਘ ਦੇ ਗ੍ਰਿਹਿ ❋

ਪੁਰਖ ਅਕਾਲ ਕਹੇ ਸ਼ਬਦੀ ਧਾਰ ਗੋਬਿੰਦ ਵੇਖ ਜਲਦੀ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਕੂੜੀ ਕਿਰਿਆ ਨੌ ਖੰਡ ਪ੍ਰਿਥਮੀ ਅੱਗ ਬਲਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਹਾਲਤ ਵੇਖ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਜਲ ਥਲ ਦੀ, ਮਈਅਲ ਮਹੀਪ ਖੋਜ ਖੁਜਾਈਆ । ਮਾਇਆ ਮਮਤਾ ਸਭ ਨੂੰ ਫਿਰੇ ਛਲਦੀ, ਘਰ ਘਰ ਵੇਸਵਾ ਨਾਚ ਨਚਾਈਆ । ਕੀ ਖੇਲ ਵਰਤੇ ਕਲਜੁਗ ਕਲ ਦੀ, ਕਲ ਕਲਕੀ ਦਇਆ ਕਮਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਦੇ ਪਿਛੇ ਪ੍ਰਭ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਰਗੁਣ ਧਾਰ ਆਤਮ ਕੋਇ ਨਾ ਮਲਦੀ, ਸਚ ਦੁਆਰੇ ਸੋਭਾ ਕੋਇ ਨਾ ਪਾਈਆ । ਵੇਖ ਲਹਿਰ ਕਾਮ ਕਰੋਧ ਲੋਭ ਮੋਹ ਹੰਕਾਰ ਕੂੜੇ ਦਲ ਦੀ, ਜਗਤ ਦਲਿਦ੍ਰੀ ਕੀਤੀ ਲੋਕਾਈਆ । ਕਿਸੇ ਸਾਰ ਨਾ ਪਾਈ ਨਿਹਚਲ ਧਾਮ ਅਟਲ ਦੀ, ਹਕੀਕੀ ਮੰਜ਼ਲ ਹੱਕ ਨਾ ਕੋਇ ਸਮਝਾਈਆ । ਦੂਈ ਦਵੈਤ ਸਭ ਨੂੰ ਅੰਦਰੋਂ ਸੱਲਦੀ, ਕੂੜ ਕੁੜਿਆਰਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਰਿਹਾ ਸੁਣਾਈਆ । ਸ਼ਬਦੀ ਧਾਰ ਗੋਬਿੰਦ ਵੇਖ ਦੀਨ ਦੁਨੀ ਦਾ ਹਾਲ, ਬੇਹਾਲ ਦਿਸੇ ਲੋਕਾਈਆ । ਅੰਮ੍ਰਿਤ ਸੋਹੇ ਕੋਇ ਨਾ ਤਾਲ, ਧੁਰ ਦਾ ਰਸ ਨਜ਼ਰ ਕੋਇ ਨਾ ਆਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਕੂੜ ਕੁੜਿਆਰਾ ਡੌਰੂ ਡੰਕ ਵਜਾਈਆ । ਧਰਮ ਰਿਹਾ ਨਾ ਕਿਸੇ ਧਰਮਸਾਲ, ਧਰਮ ਦਵਾਰਾ ਸੋਭਾ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਕੰਗਾਲ, ਧੁਰ ਦਾ ਨਾਮ ਧਨ ਦੌਲਤ ਵਣਜ ਨਾ ਕੋਇ ਕਰਾਈਆ । ਜਾ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਰਿਹਾ ਸੁਣਾਈਆ । ਸ਼ਬਦੀ ਧਾਰ ਗੋਬਿੰਦ ਸੂਰੇ, ਪਰਮ ਪੁਰਖ ਦਏ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਬ ਲਹਿਣੇ ਹੋਏ ਪੂਰੇ, ਅੰਤ ਰਹਿਣ ਕੋਇ ਨਾ ਪਾਈਆ । ਇਕੋ ਕਰ ਪ੍ਰਕਾਸ਼ ਅਗੰਮੀ ਨੂਰੇ, ਅੰਧ ਅਗਿਆਨ ਅੰਧੇਰਾ ਦਏ ਚੁਕਾਈਆ । ਕਲਜੁਗ ਕਿਰਿਆ ਮੇਟੇ ਕੂੜੇ, ਸਤਿ ਸਚ ਡਗਮਗਾਈਆ । ਜਨ ਭਗਤਾਂ ਬਖ਼ਸ਼ ਅਗੰਮੀ ਧੂੜੇ, ਟਿੱਕੇ ਮਸਤਕ ਖ਼ਾਕ ਰਮਾਈਆ । ਚਤੁਰ ਸੁਘੜ ਬਣਨ ਮੂਰਖ ਮੂੜ੍ਹੇ, ਮਿਹਰ ਨਜ਼ਰ ਦੇਣੀ ਟਿਕਾਈਆ । ਗੁਰਮੁਖਾਂ ਰੰਗ ਚਾੜ੍ਹਨਾ ਗੂੜ੍ਹੇ, ਏਥੇ ਓਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਨਾਮ ਅਗੰਮੀ ਦੇਣੇ ਤੂਰੇ, ਤੁਰੀਆ ਤੋਂ ਪਰੇ ਪੜਦਾ ਓਹਲਾ ਦੇਣਾ ਚੁਕਾਈਆ । ਪੰਧ ਰਹੇ ਨਾ ਨੇੜ ਦੂਰੇ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਹੁਕਮ ਦੇਵੇ ਸਮਰਥ ਪੁਰਖ ਸਰਬ ਕਲਾ ਭਰਪੂਰੇ, ਸਤਿ ਸਤਿਵਾਦੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸ਼ਬਦੀ ਧਾਰ ਗੋਬਿੰਦ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਬੁਧ, ਮਨ ਮਤ ਰਹੀ ਕੁਰਲਾਈਆ । ਨਿਰਮਲ ਰਹੀ ਨਾ ਕਿਸੇ ਸੁਧ, ਸ਼ੁਧ ਆਤਮਾ ਨਾ ਕੋਇ ਜਣਾਈਆ । ਜਗਤ ਵਿਕਾਰ ਵਿਚ ਗਏ ਰੁਝ, ਅੰਤਸ਼ਕਰਨ ਨਾ ਕੋਇ ਸਫ਼ਾਈਆ । ਕੂੜੀ ਦ੍ਰਿਸ਼ਟੀ ਗਏ ਲੁਝ, ਇਸ਼ਟੀ ਨਜ਼ਰ ਕੋਇ ਨਾ ਆਈਆ । ਚਾਰ ਵਰਨ ਭਰਿਆ ਦੁੱਖ, ਸੁਖ ਸਚ ਨਾ ਕੋਇ ਕਮਾਈਆ । ਸੁਫਲ ਕਰੇ ਨਾ ਕੋਇ ਜਨਣੀ ਕੁੱਖ, ਭਗਤ ਭਗਵਾਨ ਮਿਲ ਕੇ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦੀ ਓਟ, ਮਿਹਰ ਨਜ਼ਰ ਇਕ ਉਠਾਈਆ । ਸ਼ਬਦੀ ਧਾਰ ਗੋਬਿੰਦ ਵੇਖ ਤਨ ਵਜੂਦ ਮਾਟੀ ਖ਼ਾਕੀ, ਖ਼ਾਲਕ ਖ਼ਲਕ ਫੇਲ ਫੁਲਾਈਆ । ਧੁਰ ਦਾ ਮਿਲੇ ਨਾ ਕੋਇ ਸਾਥੀ, ਸਗਲਾ ਸੰਗ ਨਾ ਕੋਇ ਵਖਾਈਆ । ਕਾਇਆ ਅੰਦਰ ਸਭ ਦੇ ਅੰਧੇਰੀ ਰਾਤੀ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਦੇਵੇ ਨਾ ਕੋਇ ਬੂੰਦ ਸਵਾਂਤੀ, ਨਿਝਰ ਰਸ ਨਾ ਕੋਇ ਝਿਰਾਈਆ । ਸ਼ਬਦ ਨਾਦ ਸੁਣੇ ਨਾ ਕੋਈ ਧੁਨ ਅਨਹਦ ਨਾਦੀ, ਅਗੰਮੀ ਆਵਾਜ਼ ਨਾ ਕੋਇ ਸੁਣਾਈਆ । ਮਨੂਆ ਸਭ ਦਾ ਹੋਇਆ ਬਾਗ਼ੀ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜਗਤ ਝਗੜਾ ਮੁੱਲਾ ਸ਼ੇਖ਼ ਪੰਡਤ ਕ਼ਾਜ਼ੀ, ਸ਼ਰਅ ਸ਼ਰੀਅਤ ਵਿਚ ਦੁਹਾਈਆ । ਸਚ ਦੁਆਰਾ ਏਕੰਕਾਰਾ ਬਣੇ ਕੋਇ ਨਾ ਦਾਸੀ, ਧੁਰ ਦੀ ਸੇਵਾ ਸਚ ਨਾ ਕੋਇ ਕਮਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਵਿਚ ਬਾਣੀ ਆਖੀ, ਆਖ਼ਰ ਓਹ ਪੂਰੀ ਦੇਣੀ ਕਰਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਪੂਰੀ ਕਰੇ ਵਾਟੀ, ਪੈਂਡਾ ਪੰਧ ਮੁਕਾਈਆ । ਲੇਖਾ ਜਾਣੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਗੋਬਿੰਦ ਸ਼ਬਦ ਸ਼ਬਦ ਗੋਬਿੰਦ ਨਿਰਗੁਣ ਨਿਰਗੁਣ ਨਿਰਗੁਣ ਸਾਥੀ, ਨਿਰਾਕਾਰ ਨਿਰਾਕਾਰ ਨਿਰਾਕਾਰ ਵਿਚ ਸਮਾਈਆ । ਪਰਮ ਪੁਰਖ ਆਤਮਾ ਪਰਮਾਤਮਾ ਬਣਾਵੇ ਆਪਣਾ ਹੱਕ ਸਮਾਜੀ, ਸਮਾਜ ਦਾ ਰਿਵਾਜ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਦੱਸੇ ਜਿਥੇ ਇਸ਼ਕ ਨਾ ਹਕ਼ੀਕ਼ੀ ਨਾ ਮਜਾਜ਼ੀ, ਮੁਹੱਬਤ ਕਰਨ ਵਾਲਾ ਤਨ ਵਜੂਦ ਖ਼ਾਕੀ ਕਾਇਆ ਮਾਟੀ ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ ।



✻ ੨੬ ਚੇਤ ਸ਼ਹਿਨਸ਼ਾਹੀ ਸੰਮਤ ੪ ਪਿੰਡ ਗਾਲੜੀ ਜ਼ਿਲਾ ਹੁਸ਼ਿਆਰਪੁਰ ਰਾਮ ਸਿੰਘ ਦੇ ਗ੍ਰਿਹਿ ✻

ਧਰਨੀ ਕਹੇ ਮੈਂ ਆਸ਼ਾਵੰਤੀ, ਨਿਤ ਨਿਤ ਆਸ ਰਖਾਈਆ । ਸਚ ਸਵਾਮੀ ਸੁਣੀ ਬੇਨੰਤੀ, ਘਿਰ ਘਿਰ ਦਇਆ ਕਮਾਈਆ । ਚਾੜ੍ਹਿਆ ਰੰਗ ਬਸੰਤੀ, ਸਿਰ ਸਿਰ ਰੂਪ ਮਹਿਕਾਈਆ । ਸੁਣਾਈ ਅਗੰਮੀ ਪੰਗਤੀ, ਥਿਰ ਥਿਰ ਵੱਜੀ ਵਧਾਈਆ । ਲੇਖਾ ਵੇਖਿਆ ਸਨਦੀ, ਸਤਿ ਸਤਿ ਵਡਿਆਈਆ । ਧਾਰ ਵਖਾਈ ਅਗੰਮੇ ਚੰਨ ਦੀ, ਚੰਨ ਚੰਨ ਕਰ ਰੁਸ਼ਨਾਈਆ । ਘੜੀ ਮਿਟੀ ਚਿੰਤਾ ਗ਼ਮ ਦੀ, ਸੁਖ ਸੁਖ ਵਿਚੋਂ ਬਦਲਾਈਆ । ਧਾਰ ਪ੍ਰਗਟਾਈ ਪਾਰਬ੍ਰਹਮ ਦੀ, ਬ੍ਰਹਮ ਪੜਦਾ ਆਪ ਚੁਕਾਈਆ । ਲਹਿਰ ਵੇਖਾਂ ਸਚ ਧਰਮ ਦੀ, ਪਰਮਾਤਮ ਆਤਮ ਜੋੜ ਜੁੜਾਈਆ । ਇਹ ਖੇਲ ਓਸ ਅਗੰਮ ਦੀ, ਜੋ ਅਗੰਮ ਅਥਾਹ ਬੇਪ੍ਰਵਾਹ ਅਖਵਾਈਆ । ਵਡਿਆਈ ਰਹੀ ਨਾ ਕਿਸੇ ਮਨ ਦੀ, ਕਲ ਮਮਤਾ ਮੋਹ ਮਿਟਾਈਆ । ਧਰਨੀ ਕਹੇ ਮੈਂ ਨੇਤਰ ਨੀਰ ਆਪਣਾ ਥੰਮ੍ਹਦੀ, ਅੰਤਰ ਅੰਤਰ ਬਲ ਪ੍ਰਗਟਾਈਆ । ਧੁਰ ਫ਼ਰਮਾਨਾ ਇਕੋ ਮੰਨਦੀ, ਮਨਸਾ ਵਿਚ ਸੀਸ ਨਿਵਾਈਆ । ਜਿਹੜੀ ਧਾਰ ਕਦੇ ਨਹੀਂ ਜੰਮਦੀ, ਜੋਤ ਨੂਰ ਕਰੇ ਰੁਸ਼ਨਾਈਆ । ਭੁੱਖੀ ਨਹੀਂ ਲਾਲਚ ਤਮ ਦੀ, ਤ੍ਰਿਸ਼ਨਾ ਨਾ ਕੋਇ ਵਧਾਈਆ । ਸਦਾ ਪਿਆਸ ਜਨ ਭਗਤ ਪਿਰਮ ਦੀ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਧਰਨੀ ਕਹੇ ਮੈਂ ਵੇਖਾਂ ਹਰਿ ਨਿਰੰਕਾਰਾ, ਨਿਰਾਕਾਰ ਸੋਭਾ ਪਾਈਆ । ਜਿਸ ਦਾ ਆਦਿ ਇਕ ਦਰਬਾਰਾ, ਅੰਤ ਇਕੋ ਇਕ ਸੁਹਾਈਆ । ਤਖ਼ਤ

ਨਿਵਾਸੀ ਬਣ ਸਿਕਦਾਰਾ, ਹੁਕਮੀ ਹੁਕਮ ਚਲਾਈਆ । ਸ਼ਾਹੋ ਭੂਪ ਸ਼ਾਹ ਪਾਤਸ਼ਾਹ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਚਾਰ ਕੁੰਟ ਦਹਿ ਦਿਸ਼ਾ ਚੌਥੇ ਜੁਗ ਦਏ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਦੇ ਕੇ ਇਕ ਅਧਾਰਾ, ਜਗਤ ਤ੍ਰਿਸ਼ਨਾ ਰਿਹਾ ਮਿਟਾਈਆ । ਧਰਨੀ ਕਹੇ ਮੇਰਾ ਭਾਗ ਮਥਾਰਾ, ਮਿਥਿਆ ਛੱਡਾਂ ਲੋਕਾਈਆ । ਮੂਰਖ ਮੁਗਧ ਰਹੇ ਨਾ ਕੋਇ ਵਿਚ ਸੰਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜੋਤ ਸਿਕਦਾਰਾ, ਹੁਕਮੇ ਅੰਦਰ ਹੁਕਮ ਕਰੇ ਵਰਤਾਰਾ, ਵਾਰਤਾ ਇਬਾਰਤਾਂ ਵਿਚ ਜਣਾਈਆ ।

੧੯੨

### ✻ ੨੯ ਚੇਤ ਸ਼ਹਿਨਸ਼ਾਹੀ ਸੰਮਤ ੪ ਤਲਵਾੜਾ ਜੁਗਿੰਦਰ ਸਿੰਘ ਬੱਗਾ ਦੇ ਗ੍ਰਹਿ ✻

ਸੂਈ ਨੱਕੇ ਧਾਰ ਵਿਚੋਂ ਜੋ ਲੰਘਦਾ, ਮੰਜ਼ਲ ਬਾਮੰਜ਼ਲ ਪੰਧ ਮੁਕਾਈਆ । ਸੋ ਖੇਲ ਵੇਖੇ ਸੂਰੇ ਸਰਬੰਗ ਦਾ, ਦਰ ਠਾਂਡੇ ਵੱਜੇ ਵਧਾਈਆ । ਜਿਥੇ ਪ੍ਰਕਾਸ਼ ਨਹੀਂ ਸੂਰਜ ਚੰਦ ਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤਖ਼ਤ ਵੇਖੇ ਸੂਰੇ ਸਰਬੰਗ ਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਓਥੇ ਮੰਗਦਾ, ਦਰ ਠਾਂਡੇ ਝੋਲੀ ਡਾਹੀਆ । ਪ੍ਰੇਮ ਪ੍ਰੀਤੀ ਅੰਤਰ ਨਿਰੰਤਰ ਹੋ ਕੇ ਰੰਗਦਾ, ਰੰਗ ਅਗੰਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੂਈ ਨੱਕਾ ਜੋ ਦਿਸੇ ਜਗਤ ਬਾਰੀਕ, ਨੇਤਰ ਨੈਣ ਧਿਆਨ ਲਗਾਈਆ । ਇਹ ਜਗਤ ਸ਼ਹਾਦਤ ਕਰੇ ਤਸਦੀਕ, ਹੁਕਮ ਇਕ ਦ੍ਰਿੜਾਈਆ । ਜਿਨ੍ਹਾਂ ਮਿਲਣਾ ਲਾਸ਼ਰੀਕ, ਪਰਵਰਦਿਗਾਰ ਬੇਪ੍ਰਵਾਹੀਆ । ਪਰਮ ਪੁਰਖ ਦੀ ਰਖਣੀ ਉਮੀਦ, ਆਸਾ ਤ੍ਰਿਸ਼ਨਾ ਵਿਚ ਵਧਾਈਆ । ਓਨ੍ਹਾਂ ਬਖ਼ਸ਼ੇ ਹੱਕ ਤੌਫ਼ੀਕ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸੂਈ ਨੱਕਾ ਧਾਰ ਨਿੱਕੀ, ਨਿਹਕਰਮੀ ਆਪ ਜਣਾਇੰਦਾ । ਜਿਸ ਦੇ ਵਿਚ ਗੋਬਿੰਦ ਦੱਸੀ ਸਿੱਖੀ, ਸਿਖਿਆ ਅਗੰਮ ਅਥਾਹ ਦ੍ਰਿੜਾਇੰਦਾ । ਉਹਦੀ ਪੱਟੀ ਜਾਏ ਨਾ ਲਿਖੀ, ਕਾਤਬ ਕ਼ਲਮ ਨਾ ਕੋਇ ਉਠਾਇੰਦਾ । ਸਮਝ ਨਾ ਆਵੇ ਮਿਤੀ, ਵਾਰ ਥਿਤ ਨਾ ਵੰਡ ਵੰਡਾਇੰਦਾ । ਜਿਸ ਨਾਲ ਲੱਖ ਚੁਰਾਸੀ ਜਾਵੇ ਜਿੱਤੀ, ਜਨਮ ਮਰਨ ਗੇੜ ਮੁਕਾਇੰਦਾ । ਨੰਗੀ ਹੋਵੇ ਨਾ ਪਿੱਠੀ, ਪੁਸ਼ਤ ਪਨਾਹ ਹੱਥ ਟਿਕਾਇੰਦਾ । ਨਾਮ ਨਿਧਾਨ ਮਿਲੇ ਅਗੰਮੀ ਚਿੱਠੀ, ਧੁਰ ਸੰਦੇਸ਼ਾ ਫ਼ਰਮਾਨਾ ਇਕ ਦ੍ਰਿੜਾਇੰਦਾ । ਜਿਸ ਨੂੰ ਸਮਝੇ ਕੋਇ ਨਾ ਮੁਨੀ ਰਿਖੀ, ਰਖੀਸ਼ਰਾਂ ਹੱਥ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਇੰਦਾ । ਸੂਈ ਨੱਕਾ ਜੇ ਕੋਈ ਜਾਣੇ ਜਗਤ, ਜਗਜੀਵਣ ਦਾਤਾ ਦਏ ਦ੍ਰਿੜਾਈਆ । ਸੋ ਸੰਤ ਸੁਹੇਲਾ ਬਣੇ ਧੁਰ ਦਾ ਭਗਤ, ਭਗਵਨ ਮੇਲਾ ਸਹਿਜ ਸੁਭਾਈਆ । ਝਗੜਾ ਮੁਕੇ ਬੂੰਦ ਰਕਤ, ਤਨ ਵਜੂਦ ਨਾ ਕੋਇ ਲੜਾਈਆ । ਖੇਲ ਵੇਖੇ ਉਪਰ ਅਰਸ਼, ਫ਼ਰਸ਼ ਪੈਂਡਾ ਕੂੜ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ, ਇਕੋ ਇਕ ਸੁਣਾਈਆ । ਸੂਈ ਨੱਕਾ ਕਹੇ ਮੈਂ ਬਲਿਹਾਰੀ, ਵਾਰੀ ਘੋਲੀ ਘੋਲ ਘੁਮਾਈਆ । ਜਿਨ੍ਹਾਂ ਪਰਮ ਪੁਰਖ ਮਿਲਿਆ ਨਰ ਨਿਰੰਕਾਰੀ, ਨਰ

੧੬੩
੨੧

ਨਰਾਇਣ ਸੱਚਾ ਸ਼ਹਿਨਸ਼ਾਹੀਆ । ਮਾਨਸ ਜਨਮ ਪੈਜ ਜਾਏ ਸਵਾਰੀ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜੀ ਕਿਰਿਆ ਅੰਦਰੋਂ ਕੱਢੇ ਬੀਮਾਰੀ, ਮਾਇਆ ਮਮਤਾ ਨਾ ਕੋਇ ਚੁਕਾਈਆ । ਜਗਤ ਦੁਆਰੇ ਪਾਰ ਉਤਾਰੀ, ਸੁਖਮਨ ਟੇਢੀ ਬੰਕ ਪੰਧ ਮੁਕਾਈਆ । ਅੰਮ੍ਰਿਤ ਰਸ ਦੇਵੇ ਠੰਡਾ ਠਾਰੀ, ਬੂੰਦ ਸਵਾਂਤੀ ਇਕ ਟਪਕਾਈਆ । ਸ਼ਬਦ ਅਨਹਦ ਨਾਦ ਜਣਾਏ ਧੁਰ ਦੀ ਧੁਨਕਾਰੀ, ਅਨਰਾਗੀ ਰਾਗ ਸੁਣਾਈਆ । ਨਿਰਗੁਣ ਜੋਤ ਬਿਨ ਵਰਨ ਗੋਤ ਕਰੇ ਉਜਿਆਰੀ, ਅੰਧ ਅੰਧੇਰਾ ਦਏ ਮਿਟਾਈਆ । ਆਤਮ ਸੇਜਾ ਸਚ ਸਿੰਘਾਸਣ ਵੇਖੇ ਆਪਣੀ ਧਾਰੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਗਤ ਸੁਹੇਲਾ ਇਕ ਅਕੇਲਾ ਸਾਜਣ ਮੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸੂਈ ਨੱਕਾ ਕਹੇ ਸੁਣੋ ਧੁਰ ਸੰਦੇਸ਼, ਸਚ ਦਿਆਂ ਦ੍ਰਿੜਾਈਆ । ਜਿਸ ਨੇ ਬਦਲਣੀ ਆਪਣੀ ਰੇਖ, ਲੇਖਾ ਲਹਿਣਾ ਚੁਕਾਈਆ । ਓਹ ਇਸ਼ਟ ਮੰਨੋ ਏਕ, ਦ੍ਰਿਸ਼ਟ ਵਿਚ ਸਮਾਈਆ । ਆਪਾ ਕਰ ਕੇ ਭੇਟ, ਮਾਇਆ ਮਮਤਾ ਮੋਹ ਚੁਕਾਈਆ । ਪੁਰਖ ਅਕਾਲਾ ਵੇਖੇ ਖੇਵਟ ਖੇਟ, ਬੇੜਾ ਦੋ ਜਹਾਨਾਂ ਆਪਣੇ ਕੰਧ ਉਠਾਈਆ । ਜੋ ਦੋ ਜਹਾਨਾਂ ਲੈ ਕੇ ਜਾਏ ਆਪਣੇ ਦੇਸ, ਸਚ ਦੁਆਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਆਪਣੇ ਰੰਗ ਰੰਗਾਈਆ । ਸੂਈ ਨੱਕਾ ਕਹੇ ਮੈਂ ਦੱਸਾਂ ਬਾਤ ਅਨੋਖੀ, ਧੁਰ ਦੀ ਧਾਰ ਜਣਾਈਆ । ਜਿਨ੍ਹਾਂ ਮਿਲਣਾ ਪ੍ਰਭ ਦੀ ਜੋਤੀ, ਜੋਤ ਜੋਤ ਰੁਸ਼ਨਾਈਆ । ਉਨ੍ਹਾਂ ਝਗੜਾ ਮੁਕੇ ਵਰਨ ਗੋਤੀ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਓਹ ਚੜ੍ਹ ਗਏ ਓਸ ਚੋਟੀ, ਜਿਥੇ ਮਨ ਚੋਟਾ ਰਹਿਣ ਨਾ ਪਾਈਆ । ਅੰਤਰ ਵਾਸਨਾ ਰਹੇ ਨਾ ਖੋਟੀ, ਸਚ ਸੁਗੰਧੀ ਦਏ ਭਰਾਈਆ । ਓਹ ਏਕਾ ਗਾਵਣ ਸਲੋਕੀ, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ । ਉਨ੍ਹਾਂ ਝਗੜਾ ਮੁਕ ਜਾਏ ਰਸਨਾ ਜਿਹਵਾ ਪੜ੍ਹਨਾ ਪੋਥੀ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਰਹਿਣ ਨਾ ਦੇਵੇ ਕੋਈ ਔਖੀ, ਸਚ ਦੁਆਰਾ ਇਕ ਸੁਹਾਈਆ । ਸੂਈ ਨੱਕਾ ਕਹੇ ਮੈਂ ਦੇਵਾਂ ਸਚ ਸੰਦੇਸਾ, ਚਾਰ ਵਰਨ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਮੰਨੋ ਇਕ ਨਰੇਸ਼ਾ, ਨਰ ਨਰਾਇਣ ਵੱਡੀ ਵਡਿਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਕਰੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਵਸਣਹਾਰਾ ਸਚਖੰਡ ਦੁਆਰੇ ਧੁਰ ਦੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਭਗਤ ਉਧਾਰਨਾ ਪੈਜ ਸੁਆਰਨਾ ਜਿਸ ਦਾ ਪੇਸ਼ਾ, ਪੱਛਮ ਦੱਖਣ ਵੇਖੇ ਥਾਉਂ ਥਾਈਂਆ । ਚਰਨ ਕਵਲ ਪ੍ਰੀਤੀ ਦੇਵੇ ਅਗੰਮੀ ਟੇਕਾ, ਟਿੱਕੇ ਮਸਤਕ ਧੂੜੀ ਨਾਮ ਰਮਾਈਆ । ਨਿਰੰਤਰ ਅੰਤਰ ਕਰੇ ਬੁੱਧ ਬਿਬੇਕਾ, ਮਨ ਕਲਪਣਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਦਰ ਘਰ ਠਾਂਡਾ ਇਕ ਪ੍ਰਗਟਾਈਆ । ਸੂਈ ਨੱਕਾ ਕਹੇ ਮੈਂ ਕੋਈ ਕਾਇਆ ਲਾਵਾਂ ਕਟਾਖ਼ਸ਼, ਕਟੜਾ ਇਕ ਸੁਹਾਈਆ । ਜਨ ਭਗਤਾਂ ਅੰਤਰ ਮਨੂਆ ਰੂਪ ਧਰੇ ਨਾ ਰਾਕਸ਼, ਦਹਿ ਦਿਸ਼ਾ ਨਾ ਉਠ ਉਠ ਧਾਈਆ । ਅਗਨੀ ਤਤ ਬੁਝਾਵਾਂ ਆਤਸ਼, ਮਿਹਰ ਮੇਘ ਬਰਸਾਈਆ । ਕਲਪਣਾ ਰਹੇ ਕੋਇ ਨਾ ਸਾਜ਼ਸ਼, ਝਗੜਾ ਕੂੜ ਨਾ ਕੋਇ ਵਡਿਆਈਆ । ਨਿਰੰਤਰ ਬਦਲਾਂ ਪ੍ਰੇਮ ਦੀ ਆਦਤ, ਸਚ ਸਚ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਚ ਇਬਾਰਤ, ਆਦਿ ਪੁਰਖ ਅਪਰੰਪਰ ਸਵਾਮੀ ਮੇਲਾ ਸਹਿਜ ਸੁਭਾਈਆ । ਸਚ ਪ੍ਰੀਤੀ ਬਖ਼ਸ਼ ਧੁਰ ਨਿਆਮਤ, ਵਸਤ ਅਮੋਲਕ ਝੋਲੀ

ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੂਈ ਨੱਕਾ ਕਹੇ ਮੈਂ ਦੱਸਾਂ ਹੱਕ ਤਅਲੀਮ, ਤੁਆਰਫ਼ ਬੇਪਰਵਾਹੀਆ । ਜੋ ਮਾਲਕ ਖ਼ਾਲਕ ਪ੍ਰਿਤਪਾਲਕ ਆਲੀਸ਼ਾਨ ਅਜ਼ੀਮ, ਅਰਸ਼ ਫ਼ਰਸ਼ ਸੋਭਾ ਪਾਈਆ । ਸੋ ਲੇਖਾ ਜਾਣੇ ਜੁਗ ਚੌਕੜੀ ਕ਼ਦੀਮ, ਕ਼ੁਦਰਤ ਦਾ ਮਾਲਕ ਧੁਰਦਰਗਾਹੀਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਕੀਤੀ ਤਕ਼ਸੀਮ, ਹਿੱਸੇ ਬੰਧਨਾ ਵਿਚ ਬੰਧਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਦੀ ਚੌਧਵੀਂ ਕਰਨ ਆਇਆ ਤਰਮੀਮ, ਧੁਰ ਫ਼ਰਮਾਨਾ ਹੁਕਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਇਕ ਜਣਾਈਆ । ਸੂਈ ਨੱਕਾ ਕਹੇ ਮੈਂ ਦੱਸਣਾ ਕੀ ਜੋਗ, ਜੁਗਤੀ ਦਿਆਂ ਦ੍ਰਿੜਾਈਆ । ਆਤਮ ਰਸ ਸਾਚਾ ਭੋਗੇ ਭੋਗ, ਨਾਤਾ ਤੁੱਟੇ ਕੂੜ ਲੋਕਾਈਆ । ਘਰ ਸਵਾਮੀ ਵੇਖੇ ਨਿਰਗੁਣ ਜੋਤ, ਨਿਰਾਕਾਰ ਡਗਮਗਾਈਆ । ਜੋ ਸਭ ਦੀ ਮੇਟੇ ਚਿੰਤਾ ਸੋਗ, ਹਰਖ਼ ਗ਼ਮ ਨਾ ਕੋਇ ਰਖਾਈਆ । ਆਤਮ ਪਰਮਾਤਮ ਦੱਸੇ ਮੌਜ, ਮੁਹੱਬਤ ਵਿਚ ਮੇਲਾ ਲਏ ਮਿਲਾਈਆ । ਸੋਵਤ ਜਾਗਤ ਦਰਸ਼ਨ ਕਰੇ ਰੋਜ਼, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਬਾਹਰੋਂ ਕਰਨੀ ਪਏ ਨਾ ਖੋਜ, ਦਰ ਠਾਂਡੇ ਮਿਲ ਕੇ ਵੱਜੇ ਵਧਾਈਆ । ਓਸ ਪ੍ਰਭੂ ਦਾ ਸਾਚਾ ਚੋਜ, ਚੁਗਲੀ ਨਿੰਦਿਆ ਵਿਚੋਂ ਬਾਹਰ ਕਢਾਈਆ । ਕਦੇ ਹੋਣ ਨਾ ਦੇਵੇ ਵਿਜੋਗ, ਵਿਛੜਿਆਂ ਲਏ ਮਿਲਾਈਆ । ਸਦ ਦੇ ਕੇ ਦਰਸ ਅਮੋਘ, ਪ੍ਰਤੱਖ ਰੂਪ ਗੁਸਾਈਂਆ । ਝਗੜਾ ਮੁਕਾ ਕੇ ਲੋਕ ਪ੍ਰਲੋਕ, ਆਵਣ ਜਾਵਣ ਗੇੜ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੂਈ ਨੱਕਾ ਕਹੇ ਮੈਂ ਉਠਾਵਾਂ ਸੁੱਤੇ, ਸੋਈ ਸੁਰਤ ਜਗਾਈਆ । ਵੇਖੇ ਖੇਲ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਪ੍ਰਭ ਪੜਦਾ ਰਿਹਾ ਉਠਾਈਆ । ਜਿਸ ਦਾ ਨੂਰ ਕਦੇ ਨਾ ਮਿਟੇ, ਨਿਰਗੁਣ ਧਾਰ ਡਗਮਗਾਈਆ । ਸੋ ਭਗਤ ਸੁਹੇਲੇ ਸਾਚੇ ਪੁਛੇ, ਗ੍ਰਿਹਿ ਮੰਦਰ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਫੜ ਫੜ ਕੁੱਟੇ, ਨਾਮ ਖੰਡਾ ਖੜਗ ਚਮਕਾਈਆ । ਮਾਇਆ ਮਮਤਾ ਮੇਟੇ ਦੁੱਖੇ, ਦੀਨਾਂ ਅਨਾਥਾਂ ਦਰਦ ਮਿਟਾਈਆ । ਆਤਮ ਪਰਮਾਤਮ ਦੇਵੇ ਸੁਖੇ, ਸੁਖਸਾਗਰ ਵਿਚ ਸਮਾਈਆ । ਲੇਖੇ ਲਾਵੇ ਜਨਣੀ ਕੁੱਖੇ, ਜੋ ਚਲ ਆਇਣ ਸਰਨਾਈਆ । ਅੰਤਮ ਦੱਸ ਕੇ ਇਕ ਓਟੇ, ਓੜਕ ਆਪਣੇ ਨਾਲ ਮਿਲਾਈਆ । ਸੂਈ ਨੱਕੇ ਵਿਚੋਂ ਲੰਘ ਕੇ ਜਨ ਭਗਤ ਓਥੇ ਪਹੁੰਚੇ, ਜਿਥੇ ਮਿਲਦਾ ਧੁਰਦਰਗਾਹੀਆ । ਜਗਤ ਬੁੱਧੀ ਦੀ ਰਹੇ ਕੋਈ ਨਾ ਸੋਚੇ, ਮਨ ਚੰਚਲ ਨਾ ਕੋਇ ਚਤੁਰਾਈਆ । ਇਕੋ ਦਰਸ ਪ੍ਰਭੂ ਦਾ ਲੋਚੇ, ਲੋਚਣ ਅੱਖ ਖੁਲ੍ਹਾਈਆ । ਨੇਤਰ ਤੱਕੇ ਆਪਣੇ ਗੋਸ਼ੇ, ਪੜਦਾ ਪੜਦੇ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਅਗੰਮ ਘਰ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਸੂਈ ਨੱਕਾ ਕਹੇ ਮੇਰੀ ਅਰਦਾਸ, ਜਗਤ ਜੀਵ ਜਹਾਨ ਦ੍ਰਿੜਾਈਆ । ਸਾਚੇ ਮੰਡਲ ਵੇਖਾਂ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਆਤਮਾ ਪਰਮਾਤਮਾ ਇਕ ਦੂਜੇ ਦੇ ਵਸੋ ਪਾਸ, ਵਿਛੋੜਾ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਕਰ ਕੇ ਜਾਪ, ਸੋਹੰ ਢੋਲਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਗਏ ਆਖ, ਗੁਰ ਅਵਤਾਰ ਪੈਗ਼ੰਬਰ ਸਿਫ਼ਤ ਸਾਲਾਹੀਆ । ਓਸੇ ਮੇਲ ਮੇਲਣਾ ਆਪਣੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਈਆ । ਪਾਰਬ੍ਰਹਮ ਬ੍ਰਹਮ ਮੇਲਾ ਧੁਰ ਜੋੜਨਾ ਨਾਤ, ਸਗਲਾ ਸੰਗ ਰਖਾਈਆ । ਸੋ ਸਵਾਮੀ ਕੰਤ ਕੰਤੂਹਲਾ ਦੇਵੇ ਆਪਣੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਮਾਨਵ ਸ੍ਰਿਸ਼ਟੀ

ਅੰਦਰ ਦ੍ਰਿਸ਼ਟੀ ਵਿਚੋਂ ਜਾਣਾ ਜਾਗ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਤਨ ਵਜੂਦ ਮਨ ਕਲਪਣਾ ਬੁਝੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਹਰਿ ਸਵਾਮੀ ਵੇਖੋ ਕੰਤ ਸੁਹਾਗ, ਜਿਸ ਦਾ ਰੰਡੇਪਾ ਰਹਿਣ ਕੋਇ ਨਾ ਪਾਈਆ । ਸਦਾ ਸੁਹੇਲਾ ਵਸੇ ਸਾਥ, ਇਕ ਇਕੇਲਾ ਤੋੜ ਨਿਭਾਈਆ । ਰੂਹ ਬੁਤ ਦੋਵੇਂ ਕਰ ਕੇ ਪਾਕ, ਪਤਤ ਪੁਨੀਤ ਦਏ ਵਡਿਆਈਆ । ਸੂਈ ਨੱਕਾ ਕਹੇ ਪ੍ਰਭ ਸਭ ਦੀ ਪੂਰੀ ਕਰੇ ਆਸ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲਹਿਣਾ ਦੇਣਾ ਲੇਖਾ ਸਭ ਦਾ ਪੂਰ ਕਰਾਈਆ । ਹੱਥ ਕਹਿਣ ਅਸੀਂ ਲੱਗੇ ਨਾਲ ਚਰਨ ਕਵਲ, ਕਵਲ ਚਰਨ ਮਿਲੇ ਸਰਨਾਈਆ । ਮਾਨਸ ਜਨਮ ਲੇਖੇ ਲੱਗੇ ਉਪਰ ਧਵਲ, ਧਰਨੀ ਧਰਤ ਧੌਲ ਸੋਭਾ ਪਾਈਆ । ਅੰਤਰ ਆਤਮ ਪਰਮਾਤਮ ਜਾਣਾ ਮਵਲ, ਮੌਲਾ ਰੂਪ ਨੂਰ ਖ਼ੁਦਾਈਆ । ਤੇਰਾ ਜਲਵਾ ਤੱਕੀਏ ਅੱਵਲ, ਨੂਰੋ ਨੂਰ ਅਲਾਹੀਆ । ਉਲਟਾ ਕਰ ਦੇ ਕਵਲ, ਨਾਭੀ ਮੇਘ ਬਰਸਾਈਆ । ਗੁਫ਼ਾ ਰਹੇ ਨਾ ਡੂੰਘੀ ਭਵਰ, ਭੌਰੇ ਵਾਂਗ ਲੈਣਾ ਉਡਾਈਆ । ਬਾਹਰ ਕੱਢ ਲੈਣਾ ਵਿਚੋਂ ਕਾਇਆ ਮਾਟੀ ਕ਼ਬਰ, ਮਕ਼ਬਰਿਆਂ ਵਿਚ ਨਾ ਕਦੇ ਫਿਰਾਈਆ । ਸਚ ਪ੍ਰੀਤੀ ਦੇਣਾ ਸਬਰ, ਸੰਤੋਖ ਤੇਰੀ ਸਰਨਾਈਆ । ਜਾਮ ਹਕ਼ੀਕ਼ੀ ਦੇਣਾ ਮਧੁਰ, ਰਸਨਾ ਰਸ ਚਖਾਈਆ । ਜੇ ਕਰਨ ਆਇਉਂ ਪ੍ਰਭ ਅਦਲ, ਇਨਸਾਫ਼ ਬੇਪਰਵਾਹੀਆ । ਫੇਰ ਅੰਦਰੋਂ ਜ਼ਮੀਰ ਦੇਣੀ ਬਦਲ, ਨਜ਼ਰੇ ਕਰਮ ਆਪ ਉਠਾਈਆ । ਆਸਾ ਮਨਸਾ ਪੂਰੀ ਕਰਨੀ ਸੱਧਰ, ਸਦਮਾ ਅੰਦਰ ਰਹਿਣ ਨਾ ਪਾਈਆ । ਲੇਖੇ ਲੌਣਾ ਝੁਕਿਆ ਕ਼ਦਮ, ਕ਼ਦੀਮ ਦਾ ਲੇਖਾ ਪੂਰ ਕਰਾਈਆ । ਝਗੜਾ ਮੁਕੌਣਾ ਪੰਜ ਤੱਤ ਕਾਇਆ ਮਾਟੀ ਖ਼ਾਕੀ ਬਦਨ, ਲੱਖ ਚੁਰਾਸੀ ਗੇੜ ਕਟਾਈਆ । ਅੰਤਮ ਆਤਮ ਪਰਮਾਤਮ ਜੋਤੀ ਜੋਤ ਵਿਚ ਰਚਨ, ਰਚਨਾ ਆਪਣੀ ਦੇ ਵਖਾਈਆ । ਅੱਜ ਦਾ ਕੌਲ ਅੱਗੇ ਦਾ ਬਚਨ, ਪੂਰਾ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਤੀਂ ਸੁਤਿਆਂ ਘਰ ਸਭ ਕੁਛ ਆਵੇ ਦੱਸਣ, ਰਸਨਾ ਪੁਛਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਖਾਵਣਹਾਰਾ ਘਰ ਵਿਚ ਘਰ, ਜਿਸ ਘਰ ਵਿਚ ਆਪਣਾ ਡੇਰਾ ਲਾਈਆ ।

### ✳ ੨੭ ਚੇਤ ਸ਼ਹਿਨਸ਼ਾਹੀ ਸੰਮਤ ੪ ਤਲਵਾੜਾ ਨਰਾਇਣ ਸਿੰਘ ਦੇ ਗ੍ਰਿਹ ✳

ਭਗਤ ਸੁਹੇਲਾ ਹਰਿਜਨ ਮੀਤਾ, ਮਿਤ੍ਰ ਪਿਆਰਾ ਇਕ ਅਖਵਾਇੰਦਾ । ਕਾਇਆ ਮਾਟੀ ਕਰੇ ਠਾਂਡੀ ਸੀਤਾ, ਅਗਨੀ ਤਤ ਬੁਝਾਇੰਦਾ । ਪ੍ਰੇਮ ਪਿਆਰ ਮੁਹੱਬਤ ਦੱਸੇ ਰੀਤਾ, ਪੜਦਾ ਉਹਲਾ ਆਪ ਉਠਾਇੰਦਾ । ਲੇਖਾ ਜਾਣੇ ਜੀਵ ਜੀ ਕਾ, ਜਾਗਰਤ ਜੋਤ ਡਗਮਗਾਇੰਦਾ । ਆਵਣ ਜਾਵਣ ਪੰਧ ਮੁਕਾਏ ਸਾਢੇ ਤਿੰਨ ਹੱਥ ਸੀਂ ਕਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਰੰਗ ਰੰਗਾਇੰਦਾ । ਝਗੜਾ ਰਹਿਣ ਨਾ ਦੇਵੇ ਊਚਾਂ ਨੀਚਾਂ, ਰਾਓ ਰੰਕ ਇਕੋ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਇੰਦਾ । ਭਗਤ ਜਨਾਂ ਪ੍ਰਭ ਚਾੜ੍ਹੇ ਰੰਗ, ਰੰਗਤ ਆਪਣੀ ਇਕ ਰੰਗਾਈਆ । ਨਾਮ ਨਿਧਾਨ ਵਜਾ ਮਰਦੰਗ, ਸੋਈ ਸੁਰਤ ਆਪ ਉਠਾਈਆ । ਨਿਜ ਆਤਮ ਦੇ ਨਿਝਰ ਰਸ ਅਨੰਦ,

ਸੁਖਸਾਗਰ ਵਿਚ ਸਮਾਈਆ । ਘਰ ਜੋਤ ਪ੍ਰਕਾਸ਼ ਕਰ ਚੰਦ, ਅੰਧ ਅੰਧੇਰਾ ਦਏ ਕਢਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਪਰਮਾਤਮ ਆਤਮ ਜੋੜ ਜੁੜਾਈਆ । ਮਨ ਕਲਪਨਾ ਰਹੇ ਨਾ ਕੋਇ ਜੰਗ, ਝਗੜਾ ਕੂੜ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗ, ਸਚ ਸੰਦੇਸ ਇਕੋ ਇਕ ਸੁਣਾਈਆ । ਜਨ ਭਗਤਾਂ ਪ੍ਰਭ ਹੋਏ ਸਹਾਇਕ, ਜੁਗ ਚੌਕੜੀ ਦਇਆ ਕਮਾਈਆ । ਨਾਮ ਭੰਡਾਰਾ ਅਨਮੁਲ ਕਰੇ ਇਨਾਇਤ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਏਥੇ ਓਥੇ ਦੋ ਜਹਾਨਾਂ ਹੋਏ ਸਹਾਇਕ, ਸਿਰ ਆਪਣਾ ਹੱਥ ਟਿਕਾਈਆ । ਮੁਗਧ ਅੰਜਾਣ ਬਣਾ ਕੇ ਲਾਇਕ, ਬੁੱਧ ਬਿਬੇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਮੇਲ ਮਿਲਾਈਆ । ਜਨ ਭਗਤਾਂ ਸੋ ਮੇਲੇ ਹਰਿ, ਹਰਿ ਵੱਡਾ ਵਡ ਵਡਿਆਈਆ । ਜਨਮ ਕਰਮ ਭੌ ਚੁਕਾਏ ਭੈ ਡਰ, ਭਵਸਾਗਰ ਪਾਰ ਕਰਾਈਆ । ਪਰਮਾਤਮ ਹੋ ਕੇ ਆਤਮ ਲਏ ਵਰ, ਨਾਰ ਕੰਤ ਸ੍ਰੀ ਭਗਵੰਤ ਆਪਣਾ ਜੋੜ ਜੁੜਾਈਆ । ਸਚ ਦਵਾਰਾ ਏਕੰਕਾਰਾ ਖੋਲ੍ਹ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪਣਾ ਆਪ ਖੁਲ੍ਹਾਈਆ । ਅੰਮ੍ਰਿਤ ਬਣਾਏ ਧੁਰ ਦੇ ਸਰ, ਸਰ ਸਰੋਵਰ ਇਕੋ ਇਕ ਪ੍ਰਗਟਾਈਆ । ਜਿਥੇ ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਸੋ ਸਾਹਿਬ ਦਿਆਲਾ ਪੁਰਖ ਅਕਾਲਾ ਭਗਤ ਸੁਹੇਲੇ ਸਾਜਣ ਲਏ ਫੜ, ਚੁਰਾਸੀ ਫਾਸੀ ਵਿਚੋਂ ਬਾਹਰ ਕਢਾਈਆ । ਕਰ ਪ੍ਰਕਾਸ਼ ਬਹੱਤਰ ਨੜ, ਨਾੜੀ ਨਾੜੀ ਡਗਮਗਾਈਆ । ਨਿਰਗੁਣ ਧਾਰ ਅੰਤਰ ਆਤਮ ਫੜਾਏ ਆਪਣਾ ਸ਼ਬਦ ਪੱਲੂ ਲੜ, ਸਾਚੀ ਮੰਜ਼ਲ ਦਏ ਚੜ੍ਹਾਈਆ । ਕਿਰਪਾ ਕਰੇ ਨਰਾਇਣ ਨਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਏਕੰਕਾਰਾ ਏਕਾ ਓਹਲਾ ਪੜਦਾ ਦਏ ਉਠਾਈਆ । ਜਨ ਭਗਤਾਂ ਪ੍ਰਭ ਕਰੇ ਸਦਾ ਵੰਡ, ਵਰਭੰਡ ਵੇਖ ਵਖਾਈਆ । ਕੂੜੀ ਕਿਰਿਆ ਦੇਵੇ ਦੰਡ, ਡੰਡਾਵਤ ਬੰਦਨਾ ਇਕ ਸਮਝਾਈਆ । ਸਚ ਪ੍ਰੇਮ ਦਾ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸਹਿੰਸਾ ਪਿਛਲਾ ਦਏ ਚੁਕਾਈਆ । ਜੋ ਸਚ ਦਵਾਰਾ ਏਕੰਕਾਰਾ ਆਏ ਲੰਘ, ਬਣ ਕੇ ਪਾਂਧੀ ਰਾਹੀਆ । ਓਸ ਦੀ ਸੇਜ ਸੁਹੰਜਣੀ ਹੋਵੇ ਆਤਮ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਜਿਸ ਸਿੰਘਾਸਣ ਸਚ ਬਿਰਾਜੇ ਪੁਰਖ ਅਬਿਨਾਸ਼ੀ ਧੁਰ ਦਾ ਅਨੰਦ, ਅਨਕ ਕਲਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਰਹਿਮਤ ਬਖ਼ਸ਼ਿਸ਼ ਇਕੋ ਘਰ ਵਰਤਾਈਆ ।

### ❊ ੨੭ ਚੇਤ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਹਰਿ ਭਗਤ ਦਵਾਰੇ ਆ ਗਿਆ, ਸ਼ਬਦ ਦੀਵਾਨਾ ਮਸਤ । ਦੋ ਜਹਾਨਾਂ ਖੇਲ ਖਿਲਾ ਲਿਆ, ਲੇਖਾ ਜਾਣੇ ਉਦੇ ਅਸਤ । ਬ੍ਰਹਿਮੰਡ ਖੰਡ ਉਠਾ ਲਿਆ, ਹੁਕਮ ਸੰਦੇਸ਼ਾ ਦੇ ਦਸਤ । ਗੁਰ ਅਵਤਾਰ ਪੈਗੰਬਰ ਪੁਛ ਪੁਛਾ ਲਿਆ, ਨਾਮ ਅਨਮੁਲੀ ਧੁਰ ਦੀ ਵਸਤ । ਪੜਦਾ ਓਹਲਾ ਭੇਵ

ਖੁਲ੍ਹਾ ਲਿਆ, ਲੇਖਾ ਜਾਣ ਕੀਟ ਹਸਤ । ਨਿਰਗੁਣ ਜੋਤ ਧਾਰ ਧਰਮ ਕਮਾ ਲਿਆ, ਜਨ ਭਗਤਾਂ ਬਣ ਸਰਪ੍ਰਸਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਸਾਚਾ ਇਕ ਸੁਹਾ ਲਿਆ, ਸੋਭਾਵੰਤ ਉਪਰ ਅਰਸ਼ । ਮਸਤ ਦੀਵਾਨਾ ਆਇਆ ਵਿਚ ਮਸਤੀ, ਮਸਤੀ ਸਭ ਦੀ ਦਏ ਮਿਟਾਈਆ । ਸਚ ਦੁਆਰਾ ਵਸਾ ਇਕ ਬਸਤੀ, ਬਿਸਤਰੇ ਸਭ ਦੇ ਗੋਲ ਕਰਾਈਆ । ਇਕੋ ਪ੍ਰਕਾਸ਼ ਕਰ ਧੁਰ ਦੀ ਹਸਤੀ, ਹਸਦ ਵਾਲਾ ਲੇਖਾ ਦਏ ਮੁਕਾਈਆ । ਭਾਗ ਲਗਾ ਕੇ ਉਪਰ ਧਰਤੀ, ਧਰਨੀ ਧਵਲ ਧੌਲ ਦਏ ਵਡਿਆਈਆ । ਕੂੜੀ ਖੇਲ ਮਿਟਾ ਦੇ ਕਲਜੁਗ ਕਲ ਦੀ, ਕਲ ਕਲਕੀ ਨਾਉਂ ਧਰਾਈਆ । ਕਰ ਖੇਲ ਅਛਲ ਅਛੱਲ ਦੀ, ਲੱਖ ਚੁਰਾਸੀ ਰਿਹਾ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਮਸਤ ਦੀਵਾਨਾ ਪਰਮ ਪੁਰਖ ਪਰਮਾਤਮ, ਮਸਤੀ ਆਪਣੀ ਵਿਚ ਵਡਿਆਈਆ । ਪੜਦਾ ਰਾਜ਼ ਖੋਲ੍ਹ ਕੇ ਬਾਤਨ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਨ ਭਗਤਾਂ ਮੇਲਾ ਕਰ ਕੇ ਅੰਤਰ ਆਤਮ, ਲਹਿਣਾ ਦੇਣਾ ਲੇਖਾ ਦੇਵੇ ਥਾਉਂ ਥਾਈਂਆ । ਨਿਜ ਘਰ ਸਵਾਮੀ ਕਰ ਕੇ ਵਾਸਨ, ਵਾਸਤਾ ਆਪਣੇ ਨਾਲ ਜੁੜਾਈਆ । ਧੁਰ ਦਾ ਦੱਸ ਕੇ ਪੂਜਾ ਪਾਠਣ, ਕਾਇਆ ਪਾਠਸ਼ਾਲਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮੇਟ ਕੇ ਜ਼ਾਤ ਪਾਤਨ, ਪਤਣ ਕਿਨਾਰਾ ਇਕੋ ਇਕ ਵਖਾਈਆ । ਮਸਤ ਦੀਵਾਨਾ ਫਿਰਿਆ ਆਪਣੀ ਧਾਰ, ਦੋ ਜਹਾਨਾਂ ਖੇਲ ਖਿਲਾਈਆ । ਹੁਕਮ ਵਿਚ ਹੁਕਮ ਸੱਚੀ ਸਰਕਾਰ, ਸ਼ਹਿਨਸ਼ਾਹ ਸ਼ਾਹ ਸੁਲਤਾਨ ਦਿਤਾ ਜਣਾਈਆ । ਬ੍ਰਹਿਮੰਡਾਂ ਖੰਡਾਂ ਕਰ ਖ਼ਬਰਦਾਰ, ਸੰਦੇਸ਼ ਨਰੇਸ਼ ਸਰਬ ਜਣਾਈਆ । ਜਨ ਭਗਤਾਂ ਦੇ ਅਧਾਰ, ਘਰ ਘਰ ਰਿਜ਼ਕ ਰਿਹਾ ਪੁਚਾਈਆ । ਮਾਣ ਵਡਿਆਈ ਦੇ ਕੇ ਵਿਚ ਸੰਸਾਰ, ਸਹਿੰਸੇ ਰੋਗਾਂ ਵਿਚੋਂ ਬਾਹਰ ਕਢਾਈਆ । ਫੜ ਫੜ ਬਾਹੋਂ ਆਇਆ ਤਾਰ, ਤਾਰਨਹਾਰਾ ਦਇਆ ਕਮਾਈਆ । ਪੂਰਨ ਪੁਰਖ ਪੁਰਖੋਤਮ ਪਾਰਬ੍ਰਹਮ ਆਪਣਾ ਕਰ ਵਿਹਾਰ, ਵਿਵਹਾਰੀ ਹੋ ਕੇ ਭੱਜਿਆ ਵਾਹੋ ਦਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਰਿਆ ਖ਼ਬਰਦਾਰ, ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਈਆ । ਸਤਿ ਧਰਮ ਦਾ ਸਚ ਜੈਕਾਰ, ਸਤਿ ਸਤਿਵਾਦੀ ਆਪ ਸੁਣਾਈਆ । ਸਚਖੰਡ ਦਾ ਸਚ ਦਰਬਾਰ, ਭਗਤ ਦਵਾਰਾ ਇਕ ਪ੍ਰਗਟਾਈਆ । ਜਿਥੇ ਭਗਤ ਭਗਵਾਨ ਨਾਲ ਮਿਲ ਕੇ ਆਤਮ ਪਰਮਾਤਮ ਪਰਮਾਤਮ ਆਤਮ ਵੇਖਣ ਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮਸਤ ਦੀਵਾਨਾ ਜਿਸ ਨੂੰ ਕਿਹਾ ਜਗ, ਜਗਜੀਵਣ ਦਾਤਾ ਵਡ ਵਡਿਆਈਆ । ਖੇਲ ਕਰੇ ਸੂਰਾ ਸਰਬਗ, ਅਲਪਗ ਖੋਜ ਖੁਜਾਈਆ । ਦੀਨ ਮਜ਼੍ਹਬ ਤੋੜ ਕੇ ਹੱਦ, ਬੇਹੱਦ ਵਿਚ ਸਮਾਈਆ । ਜਨ ਭਗਤਾਂ ਇਕੋ ਮੰਜ਼ਲ ਦੇ ਕੇ ਪਦ, ਪੈਂਡਾ ਅਗਲਾ ਪਿਛਲਾ ਦਿਤਾ ਮੁਕਾਈਆ । ਇਕੋ ਵਾਰ ਪੜਦਾ ਕੱਜ, ਸਿਰ ਸਭ ਦੇ ਹੱਥ ਟਿਕਾਈਆ । ਵਖਰਾ ਰਿਹਾ ਨਾ ਕੋਇ ਅਲਗ, ਜਨਮ ਜਨਮ ਦੇ ਵਿਛੜੇ ਮੇਲ ਮਿਲਾਈਆ । ਸਚ ਪ੍ਰੇਮ ਦਾ ਬੰਨ੍ਹ ਕੇ ਮੌਲੀ ਤਗ, ਤੰਦ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਮਸਤ ਦੀਵਾਨਾ ਚਾਰ ਜੁਗ ਦਾ ਲਾਹ ਕੇ ਆਇਆ ਕ਼ਰਜ਼ਾ, ਮਕ਼ਰੂਜ਼ ਹੋ ਕੇ ਆਪਣਾ ਖੇਲ ਖਿਲਾਈਆ । ਜਨ ਭਗਤਾਂ ਹੋਣ ਨਾ ਦਿਤਾ ਹਰਜਾ, ਹਰਜਾਨੇ ਤੋਂ ਪਹਿਲੇ ਹਾਜ਼ਰ ਹੋ ਕੇ ਆਪਣੀ ਦਇਆ ਕਮਾਈਆ ।

੧੬੭
੨੧

ਜਨ ਭਗਤ ਬਣਾ ਕੇ ਆਪਣੇ ਵਰਗਾ, ਵਰਗ ਕੂੜਾ ਦਿਤਾ ਤੁੜਾਈਆ । ਮਾਣ ਦਵਾ ਕੇ ਆਪਣੇ ਘਰ ਦਾ, ਘਰ ਘਰ ਵਿਚ ਦਏ ਵਡਿਆਈਆ । ਖੇਲ ਕਰ ਅਗੰਮੇ ਹਰਿ ਦਾ, ਹਰ ਹਿਰਦਾ ਵੇਖ ਵਖਾਈਆ । ਭੇਵ ਖੁਲ੍ਹਾ ਸਾਚੇ ਦਰ ਦਾ, ਦਰ ਦਰਬਾਰ ਦਏ ਦ੍ਰਿੜਾਈਆ । ਜਿਥੇ ਨਰ ਨਰਾਇਣ ਨਿਰਾਕਾਰ ਆਤਮ ਪਰਮਾਤਮ ਵਰਦਾ, ਵਾਸਤਾ ਆਪਣੇ ਨਾਲ ਰਖਾਈਆ । ਨਾ ਜੀਵਤ ਨਾ ਕਦੇ ਮਰਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਚੀ ਮੰਜ਼ਲ ਆਪੇ ਚੜ੍ਹਦਾ, ਬਣ ਪਾਂਧੀ ਪੰਧ ਮੁਕਾਈਆ । ਜਨ ਭਗਤਾਂ ਪਿਛੇ ਉਹਦਾ ਢੋਲਾ ਆਪੇ ਪੜ੍ਹਦਾ, ਪੜ੍ਹਨ ਲਿਖਣ ਦਾ ਲੇਖਾ ਰਿਹਾ ਮੁਕਾਈਆ । ਜਿਨ੍ਹਾਂ ਉਤੇ ਕਿਰਪਾ ਕਰਦਾ, ਮਿਹਰ ਨਜ਼ਰ ਨੈਣ ਨਾਲ ਤਰਾਈਆ । ਇਸ਼ਨਾਨ ਕਰਾ ਕੇ ਚਰਨ ਧੂੜ ਸਰੋਵਰ ਸਰ ਦਾ, ਸਰਾਸਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਮਸਤ ਦੀਵਾਨਾ ਆ ਗਿਆ ਚਾੜ੍ਹ ਕੇ ਰੰਗ, ਰੰਗਤ ਇਕ ਰੰਗਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰ ਕੇ ਮੰਗ, ਮੰਗਤਿਆਂ ਝੋਲੀ ਆਇਆ ਭਰਾਈਆ । ਮਾਣ ਵਡਿਆਈ ਦੇ ਕੇ ਵਿਚ ਵਰਭੰਡ, ਬ੍ਰਹਿਮੰਡ ਖੰਡ ਪਾਰ ਲੰਘਾਈਆ । ਨਾਤਾ ਰਿਹਾ ਨਾ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸ਼ਹਿਨਸ਼ਾਹ ਹੋ ਕੇ ਜੋੜ ਜੁੜਾਈਆ । ਸਚ ਦੁਆਰਾ ਆਇਆ ਲੰਘ, ਸਚ ਪਲੰਘ ਸੋਭਾ ਪਾਈਆ । ਇਹ ਖੇਲ ਸੂਰਾ ਸਰਬੰਗ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਖ਼ੁਸ਼ੀ ਕਰਾਏ ਬੰਦ ਬੰਦ, ਬੰਦਨਾ ਬੰਦਗੀ ਵਿਚ ਆਪਣੀ ਇਕ ਸਮਝਾਈਆ ।



੧੯੮ ੨੧

### ✻ ੧ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਪਿੰਡ ਮੈਣੀਆਂ ਜ਼ਿਲਾ ਅੰਮ੍ਰਿਤਸਰ ਗੁਰਦਿਆਲ ਸਿੰਘ ਦੇ ਗ੍ਰਿਹ ✻

ਚੇਤ ਕਹੇ ਮੈਂ ਕੀਤਾ ਅੰਤ ਅਖ਼ੀਰ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਮੈਂ ਤਕਦਾ ਰਿਹਾ ਸ਼ਾਹ ਹਕੀਰ, ਹਰ ਘਟ ਅੰਤਰ ਖੋਜ ਖੁਜਾਈਆ । ਵੇਖਦਾ ਰਿਹਾ ਸ਼ਹਿਨਸ਼ਾਹ ਫ਼ਕੀਰ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਇਕ ਆਵਾਜ਼ ਦਿਤੀ ਕਬੀਰ, ਸੰਦੇਸੇ ਵਿਚ ਸੁਣਾਈਆ । ਉਠ ਵੇਖ ਲਾਤਸਵੀਰ, ਜਿਸ ਦਾ ਨੂਰ ਜੋਤ ਰੁਸ਼ਨਾਈਆ । ਸ਼ਬਦ ਖੰਡਾ ਫੜ ਸ਼ਮਸ਼ੀਰ, ਸ਼ਰਅ ਸ਼ਰੀਅਤ ਰਿਹਾ ਤੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਦਿਲਗੀਰ, ਚਾਰੋਂ ਕੁੰਟ ਹੁਕਮ ਵਰਤਾਈਆ । ਸਾਂਤਕ ਰਹੇ ਨਾ ਕੋਇ ਧੀਰ, ਧੀਰਜ ਧਰਮ ਨਾ ਕੋਇ ਵਡਿਆਈਆ । ਕੂੜ ਕੁੜਿਆਰਾ ਦਿਸੇ ਖ਼ਮੀਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਜਿਸ ਨੇ ਸਤਿਜੁਗ ਸਾਚਾ ਕਰਨਾ ਤਾਮੀਰ, ਤਮਅ ਤਮੰਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਰੰਗ ਦਏ ਰੰਗਾਈਆ । ਚੇਤ ਕਹੇ ਮੇਰਾ ਪੰਧ ਰਿਹਾ ਮੁਕ, ਆਪਣਾ ਪੰਧ ਮੁਕਾਈਆ । ਮੈਂ ਬੋਲਾਂ ਧੁਰ ਦੀ ਤੁਕ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਪੁਰਖ ਅਬਿਨਸ਼ੀ ਮਿਹਰਵਾਨ ਹੋ ਕੇ ਮੇਟੇ ਸ੍ਰਿਸ਼ਟ ਸਬਾਈ ਦੁੱਖ, ਦਰਦੀਆਂ ਦਰਦ ਵੰਡਾਈਆ । ਜਨ ਭਗਤਾਂ ਸੁਫ਼ਲ ਕਰਾਏ ਜਨਣੀ ਕੁੱਖ, ਸਵੱਛ ਸਰੂਪੀ ਹੋਏ ਸਹਾਈਆ । ਸੰਤ ਸੁਹੇਲੇ ਉਠਾਵੇ ਆਪਣੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਕਰਾਈਆ । ਜੋ ਆਤਮ ਧਾਰ ਪਰਮਾਤਮ

ਨਾਲੋਂ ਗਈ ਤੁੱਟ, ਤੁੱਟਿਆਂ ਲਏ ਮਿਲਾਈਆ । ਮਾਨਸ ਜਨਮ ਭਾਗ ਨਾ ਜਾਏ ਨਿਖੁਟ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਚੁਕਾਈਆ । ਚੇਤ ਕਹੇ ਮੇਰਾ ਪੂਰਾ ਹੋਇਆ ਪੰਧ, ਪਾਂਧੀ ਹੋ ਕੇ ਸੇਵ ਕਮਾਈਆ । ਅੰਤਮ ਪੜ੍ਹ ਕੇ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਖ਼ੁਸ਼ੀ ਮਨਾਈਆ । ਅੱਗੇ ਹੋਰ ਅਗੰਮੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸ਼ਰਨਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰਾ ਅੰਧ, ਸਤਿਜੁਗ ਸਾਚਾ ਚੰਦ ਕਰ ਰੁਸ਼ਨਾਈਆ । ਦੀਨ ਮਜ਼੍ਹਬ ਦੀ ਰਹੇ ਕੋਈ ਨਾ ਕੰਧ, ਭਾਂਡਾ ਭਰਮ ਦੇਣਾ ਭੰਨਾਈਆ । ਚਾਰ ਵਰਨ ਅਠਾਰਾਂ ਬਰਨ ਲਗੌਣਾ ਅੰਗ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਬਖ਼ਸ਼ ਇਕ ਅਨੰਦ, ਅਨਰਸ ਰਸ ਧੁਰ ਦਾ ਦੇ ਵਖਾਈਆ ।

### ✻ ੧ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਹਾਜ਼ਰ ਹੋ ਕੇ ਵੇਖਣ ਪੈਗ਼ੰਬਰ ਗੁਰ ਅਗਤਾਰ, ਸਚ ਦੁਆਰੇ ਸੋਭਾ ਪਾਈਆ । ਵੇਖੇ ਖੇਲ ਅਗੰਮੀ ਹਰਿ ਨਿਰੰਕਾਰ, ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਆਪ ਕਰਾਈਆ । ਜਿਸ ਦਾ ਰਾਹ ਤਕਦੇ ਰਹੇ ਸਦਾ ਜੁਗ ਚਾਰ, ਚੌਕੜੀ ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਚ ਸੰਦੇਸ਼ਾ ਦੇਂਦੇ ਗਏ ਅਪਾਰ, ਸਿਫ਼ਤਾਂ ਵਿਚ ਢੋਲੇ ਰਾਗਾਂ ਨਾਦਾਂ ਵਿਚ ਗਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਹੋਇਆ ਖ਼ਬਰਦਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਪੜਦਾ ਦਏ ਉਠਾਈਆ । ਜਿਸ ਨੇ ਲਹਿਣਾ ਦੇਣਾ ਚੁਕੌਣਾ ਚਾਰ ਲੱਖ ਬੱਤੀ ਹਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਚ ਦੁਆਰੇ ਬਹਿ ਬਹਿ ਹੱਸੇ, ਹਸਤੀ ਤੱਕਣ ਬੇਪ੍ਰਵਾਹੀਆ । ਖੇਲ ਤੱਕਣ ਪੁਰਖ ਸਮਰਥੇ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਚਲੋ ਵੇਖੀਏ ਆਪਣੀ ਨਿਰਗੁਣ ਧਾਰ ਅੱਖੇ, ਸਰਗੁਣ ਤਤ ਵਜੂਦ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਜੀਵ ਜੰਤ ਕਿਸੇ ਨਾ ਲੱਭੇ, ਨਵ ਨੌ ਚਾਰ ਪਰਦਾ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੰਦੇਸ਼ੇ ਸੱਦੇ, ਧੁਰ ਸੰਦੇਸਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਜਿਸ ਨੂੰ ਕਹਿੰਦੇ ਆਏ ਨੂਰ ਅਲਾਹੀ ਅੱਲਾ, ਵਾਹਦ ਜਲਵਾਗਰ ਖ਼ੁਦਾਈਆ । ਜਿਸ ਦਾ ਸਚਖੰਡ ਦੁਆਰੇ ਫੜਦੇ ਰਹੇ ਪੱਲਾ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜੋ ਵਸਣਹਾਰਾ ਜਲਾਂ ਥਲਾਂ, ਮਹੀਅਲ ਆਪਣਾ ਰੰਗ ਰੰਗਾਈਆ । ਜਿਸ ਨੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰ ਘੱਲਾ, ਤਨ ਵਜੂਦ ਬਣ ਮਹਿਬੂਬ ਕਲਮਾ ਹਕ ਹਕੀਕਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਅਛਲ ਅਛੇਦਾ ਪੜਦਾ ਉਹਲਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੋ ਬਿਨਾ ਅੱਖਾਂ ਅਗੰਮ

ਨਜ਼ਾਰਾ, ਨਜ਼ਰੀਆ ਹਰਿਜੂ ਰਿਹਾ ਬਦਲਾਈਆ । ਲਹਿਣਾ ਦੇਣਾ ਪੂਰ ਕਰ ਗੁਰੂ ਅਵਤਾਰਾ, ਪੈਗ਼ੰਬਰਾਂ ਝੋਲੀ ਰਿਹਾ ਭਰਾਈਆ । ਧੁਰ ਦਾ ਹੁਕਮ ਦੇ ਸ਼ਬਦ ਅਗੰਮੀ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਅੱਖ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਵਾਰੋ ਵਾਰਾ, ਵਾਰਸ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਧੁੰਦੂਕਾਰਾ, ਧੂੰਆਂਧਾਰ ਨਾ ਕੋਇ ਮਿਟਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਇਕ ਸੁਣਾਈਆ । ਸੁਣੋ ਸੰਦੇਸ਼ਾ ਅਗੰਮ ਅਥਾਹ, ਹਰਿ ਕਰਤਾ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਪੜਦਾ ਲਓ ਲਾਹ, ਓਹਲਾ ਰਹਿਣ ਕੋਇ ਨਾ ਪਾਈਆ । ਲੋਕਮਾਤ ਕਰੋ ਧਿਆਂ, ਬਿਨ ਅੱਖਾਂ ਅੱਖ ਉਠਾਈਆ । ਆਪਣੇ ਆਪਣੇ ਲਓ ਬਚਾ, ਬਚਪਨ ਆਪਣੇ ਨਾਲ ਸਮਝਾਈਆ । ਇਸ਼ਾਰੇ ਨਾਲ ਦਿਓ ਸਮਝਾ, ਕਵਣ ਗੁਰਮੁਖ ਸੋਭਾ ਪਾਈਆ । ਕਵਣ ਬੈਠਾ ਰੰਗ ਚੜ੍ਹਾ, ਅੰਤਰ ਆਤਮ ਵੱਜੀ ਵਧਾਈਆ । ਕਿਸ ਦੇ ਬਣੋ ਤੁਸੀਂ ਗੁਆਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਅੱਗੇ ਲੇਖਾ ਰਹੇ ਨਾ ਰਾ, ਰਾਓ ਰੰਕ ਦਾ ਝਗੜਾ ਦੇਣਾ ਗੁਆਈਆ । ਦੀਨ ਦੁਨੀ ਤੋਂ ਪੱਲੂ ਲਓ ਛੁਡਾ, ਨਾਤਾ ਤੁੱਟੇ ਕੂੜ ਲੋਕਾਈਆ । ਸਦਾ ਲਈ ਮੇਰੀ ਜੋਤ ਵਿਚ ਜਾਓ ਸਮਾ, ਜੋਤੀ ਜੋਤ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਚਰਨ ਪਨਾਹ, ਸਹਾਰਾ ਇਕੋ ਇਕ ਦ੍ਰਿੜਾਈਆ । ਅਸੀਂ ਕੀਤੀ ਹੱਕ ਸਲਾਹ, ਹਕੀਕਤ ਵਿਚ ਸਮਝਾਈਆ ।

੧੭੦

੨੧

ਪੂਰਬ ਲਹਿਣਾ ਦੇ ਚੁਕਾ, ਲਹਿਣਾ ਅਵਰ ਰਹੇ ਨਾ ਰਾਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਖ਼ੁਦਾ, ਖ਼ਾਦਮ ਹੋ ਕੇ ਤੇਰੇ ਅੱਗੇ ਸੀਸ ਝੁਕਾਈਆ । ਦਰ ਦਰਵੇਸ਼ ਦਰੇ ਦਰਬਾਰ ਮੰਗਣ ਦੁਆ, ਨਿਉਂ ਨਿਉਂ ਲਾਗਣ ਪਾਈਆਂ । ਤੇਰਾ ਨੂਰ ਜ਼ਹੂਰ ਅਲਾਹ, ਆਲਮੀਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਸੁਣੋ ਹਦੀਸਾ ਹੱਕ, ਹਰਿ ਕਰਤਾ ਆਪ ਜਣਾਈਆ । ਅੱਗੇ ਸ਼ਿਕਵਾ ਰਹੇ ਨਾ ਸ਼ੱਕ, ਸ਼ਰੀਕਤ ਦੇਣੀ ਗੁਆਈਆ । ਦੀਨ ਮਜ਼੍ਹਬ ਤੋੜਨੀ ਹੱਦ, ਹਦੂਦ ਇਕੋ ਲੈਣੀ ਬਣਾਈਆ । ਨੂਰੀ ਜੋਤ ਧਾਰ ਦੀ ਬਣੀ ਯੱਦ, ਦੂਜੀ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਦਾ ਖਹਿੜਾ ਦਿਓ ਛਡ, ਅੱਗੇ ਹੋਏ ਨਾ ਕੋਇ ਸਹਾਈਆ । ਪਿਛਲੀ ਕੀਤੀ ਚਾਰ ਜੁਗ ਦੀ ਅੱਗੇ ਹੋਣੀ ਰੱਦ, ਹੁਕਮ ਚਲੇ ਧੁਰਦਰਗਾਹੀਆ । ਸਚ ਪ੍ਰੀਤ ਵਿਚ ਸਭ ਨੇ ਜਾਣਾ ਬੱਝ, ਪੱਲੂ ਸਕੇ ਨਾ ਕੋਇ ਛੁਡਾਈਆ । ਇਕੋ ਨਾਮ ਜੈਕਾਰਾ ਏਕੰਕਾਰਾ ਬੋਲਣਾ ਗੱਜ, ਗਹਿਰ ਗੰਭੀਰ ਬੇਨਜ਼ੀਰ ਧੁਰ ਸੰਦੇਸ਼ਾ ਦੇਣਾ ਦ੍ਰਿੜਾਈਆ । ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਸੁਣਾਏ ਛੰਦ, ਢੋਲਾ ਇਕੋ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਪ੍ਰਗਟਾਈਆ । ਸਾਚਾ ਹੁਕਮ ਦੇ ਕਰਤਾਰ, ਕਰਨੀ ਦੇ ਕਰਤੇ ਦੇ ਵਡਿਆਈਆ । ਸਾਰੇ ਝੁਕਣ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਤੇਰਾ ਧੁਰ ਦਾ ਇਕ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਤੇਰੀ ਜੋਤ ਜਗੇ ਅਪਾਰ, ਅਪਰੰਪਰ ਸਵਾਮੀ ਤੇਰਾ ਨੂਰ ਨੂਰ ਰੁਸ਼ਨਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਸਚਖੰਡ ਨਿਵਾਸੀ

ਸੋਭਾ ਪਾਈਆ । ਹਉਂ ਸੇਵਕ ਖ਼ਿਦਮਤਗਾਰ, ਖ਼ਾਦਮ ਦਰ ਤੇਰੇ ਅਲਖ ਜਗਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਿਆ ਵਿਚ ਸੰਸਾਰ, ਸੰਸਾਰੀ ਹੋ ਕੇ ਸੇਵ ਕਮਾਈਆ । ਅੰਤਮ ਗਏ ਹਾਰ, ਹਿਰਦੇ ਕਰੇ ਨਾ ਕੋਇ ਸਫ਼ਾਈਆ । ਤੇਰਾ ਹੁਕਮ ਹੋਇਆ ਦੁਸ਼ਵਾਰ, ਦੁਸ਼ਮਨ ਦਰ ਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਰਹੀ ਕੋਇ ਨਾ ਹਿੰਮਤ, ਹੌਸਲਾ ਨਜ਼ਰ ਕੋਇ ਨਾ ਆਈਆ । ਸਾਚੀ ਸਮਝੇ ਕੋਈ ਨਾ ਸਿੰਮਤ, ਦਰ ਗ੍ਰਿਹ ਨਾ ਕੋਇ ਖੁਲ੍ਹਾਈਆ । ਜਿਧਰ ਵੇਖੀਏ ਇਕ ਦੂਜੇ ਦੇ ਨਿੰਦਕ, ਸਤਿ ਸਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਦਰ ਮੰਗਤੇ, ਮਾਂਗਤ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਦੇ ਸਮਝਾਈਆ । ਕਲਜੁਗ ਜੀਵ ਸਾਨੂੰ ਨਾ ਮੰਨਦੇ, ਮਨ ਕਲਪਣਾ ਵਿਚ ਕੁਰਲਾਈਆ । ਹੁਕਮ ਭੁੱਲ ਗਏ ਗੁਜਰੀ ਚੰਨ ਦੇ, ਚਾਰੋਂ ਕੁੰਟ ਅੰਧੇਰਾ ਛਾਈਆ । ਰੂਪ ਨਜ਼ਰ ਨਾ ਆਵੇ ਕਿਸੇ ਸਾਚੇ ਜਨ ਦੇ, ਜਣੇਂਦੀ ਦਿਸੇ ਕੋਇ ਨਾ ਮਾਈਆ । ਵਿਕਾਰੀ ਭਾਂਡੇ ਹੋਏ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਵਣਜਾਰੇ ਹੋਏ ਹਰਖ਼ ਗ਼ਮ ਦੇ, ਕੂੜੀ ਕਿਰਿਆ ਨਾਲ ਦੁਹਾਈਆ । ਤੇਰਾ ਦਵਾਰਾ ਕੋਈ ਨਾ ਲੰਘਦੇ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅੰਤ ਅਖ਼ੀਰ, ਆਖ਼ਰ ਦਈਏ ਜਣਾਈਆ । ਸਾਡੀ ਚਲੇ ਨਾ ਕੋਇ ਤਦਬੀਰ, ਤਕਦੀਰ ਸਕੇ ਨਾ ਕੋਇ ਮਿਟਾਈਆ । ਚਾਰ ਕੁੰਟ ਹੋਇਆ ਖ਼ਮੀਰ, ਖ਼ਾਲਸ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾ ਦੇ ਠਾਕਰ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਕਲਜੁਗ ਭਵਰੀ ਵੇਖ ਡੂੰਘਾ ਸਾਗਰ, ਨਵ ਨੌਂ ਚਾਰ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਮਿਲੇ ਕਿਸੇ ਨਾ ਆਦਰ, ਅਦਲੀ ਅਦਲ ਨਾ ਕੋਇ ਕਮਾਈਆ । ਝਗੜਾ ਪਿਆ ਸਾਢੇ ਤਿੰਨ ਹੱਥ ਕਾਇਆ ਮਾਟੀ ਗਾਗਰ, ਗਹਿਰ ਗੰਭੀਰ ਮੇਲ ਨਾ ਕੋਇ ਮਿਲਾਈਆ । ਸਾਚਾ ਵਣਜ ਕਰੇ ਨਾ ਕੋਇ ਸੌਦਾਗਰ, ਅਮੋਲਕ ਵਸਤ ਹੱਥ ਨਾ ਕੋਇ ਫੜਾਈਆ । ਤੇਰਾ ਖੇਲ ਕਰੀਮ ਕ਼ਾਦਰ, ਕ਼ੁਦਰਤ ਦੇ ਮਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਪੁਰਖ ਅਕਾਲ ਕਹੇ ਸੁਣੋ ਅਵਤਾਰ ਗੁਰੂ ਪੈਗ਼ੰਬਰ ਸ਼ਹਿਜ਼ਾਦੇ, ਸ਼ਹਿਨਸ਼ਾਹ ਹੋ ਕੇ ਦਿਆਂ ਜਣਾਈਆ । ਕਿਉਂ ਤੁਸਾਂ ਸਾਫ਼ ਨਹੀਂ ਕੀਤੇ ਸ੍ਰਿਸ਼ਟੀ ਵਾਲੇ ਇਰਾਦੇ, ਇਰਾਦਾ ਆਪਣਾ ਦਿਓ ਜਣਾਈਆ । ਕਿਉਂ ਨਾ ਦੁਰਮਤ ਮੈਲ ਧੋਤੇ ਦਾਗ਼ੇ, ਪਤਤ ਪੁਨੀਤ ਕਰਾਈਆ । ਕਿਉਂ ਹੰਸ ਬੁੱਧੀ ਹੋਈ ਕਾਗੇ, ਕਾਗ ਵਾਂਗ ਕੁਰਲਾਈਆ । ਕਿਉਂ ਨਾ ਆਤਮ ਪਰਮਾਤਮ ਲਡਾ ਲਏ ਲਾਡੇ, ਬ੍ਰਹਮ ਪਾਰਬ੍ਰਹਮ ਮਿਲਾਈਆ । ਕਿਉਂ ਨਾ ਵਸੇ ਅੰਦਰ ਵੜ ਕੇ ਲਾਗੇ, ਲਾਗਤ ਨਾ ਮੂਲ ਚੁਕਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਮੁਰੀਦਾਂ ਸਿੱਖਾਂ ਵਾਸਤੇ ਨਹੀਂ ਜਾਗੇ, ਗ਼ਫ਼ਲਤ ਵਿਚ ਆਪਣਾ ਵਕਤ ਲੰਘਾਈਆ । ਕਿਉਂ ਦਰ ਦੁਆਰੇ ਮੇਰੇ ਆਏ ਭਾਜੇ, ਭਜਨ ਬੰਦਗੀ ਮਾਤ ਦ੍ਰਿੜਾਈਆ । ਕਿਉਂ ਨਾ ਅੰਤਰ ਅਨਹਦ ਨਾਦ ਵਜਾਏ ਨਾਦੇ, ਮੈਨੂੰ ਦਿਓ ਜਣਾਈਆ ।

ਕਿਉਂ ਸੁਣਾਉਂਦੇ ਆਏ ਸਿਫ਼ਤਾਂ ਵਾਲੇ ਰਾਗੇ, ਸ਼ਾਹਰਗ ਤੋਂ ਉਤੇ ਦਰਸ ਨਾ ਕੋਇ ਵਖਾਈਆ । ਕਿਉਂ ਖੜਕਾਉਂਦੇ ਆਏ ਢਾਡੇ, ਭੇਵ ਅਭੇਦਾ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਨਾ ਖੁਲ੍ਹੀ ਤੁਹਾਥੋਂ ਸੁਰਤੀ, ਸੁਰਤ ਸਚ ਨਾ ਕੋਇ ਦ੍ਰਿੜਾਈਆ । ਕਿਉਂ ਨਾ ਧਾਰ ਦੱਸੀ ਧੁਰ ਦੀ, ਧੁਰ ਮਸਤਕ ਲੇਖ ਬਣਾਈਆ । ਗੋਬਿੰਦ ਕਿਹਾ ਮੈਨੂੰ ਯਾਦ ਆ ਗਈ ਅਨੰਦ ਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਸਮਝਾਈਆ । ਪੁਰਖ ਅਕਾਲ ਮੈਨੂੰ ਸ੍ਰਿਸ਼ਟੀ ਵਖਾਈ ਰੁੜ੍ਹਦੀ, ਮਲਾਹ ਨਜ਼ਰ ਕੋਇ ਨਾ ਆਈਆ । ਵਡਿਆਈ ਦਿਸੀ ਨਾ ਕਿਸੇ ਪੀਰ ਗੁਰ ਦੀ, ਅਵਤਾਰ ਸੰਗ ਨਾ ਕੋਇ ਨਿਭਾਈਆ । ਦਰੋਹੀ ਵੇਖੀ ਠਗ ਚੋਰ ਦੀ, ਹੰਕਾਰ ਵਿਕਾਰ ਵਿਚ ਲੜਾਈਆ । ਓਸ ਵੇਲੇ ਮੈਂ ਬੇਨੰਤੀ ਕੀਤੀ ਆਪਣੀ ਲੋੜ ਦੀ, ਪੁਰਖ ਅਕਾਲ ਦਿਤਾ ਜਣਾਈਆ । ਜਿਸ ਵੇਲੇ ਖੇਲ ਹੋਣੀ ਅੰਧ ਘੋਰ ਦੀ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਲੜੀ ਰਹਿਣੀ ਨਹੀਂ ਸਤਿ ਧਰਮ ਡੋਰ ਦੀ, ਟੁੱਟੀ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਜਣਾਈਆ । ਗੋਬਿੰਦ ਕਹੇ ਮੈਂ ਮੰਗਿਆ ਕੀ, ਭੇਵ ਅਭੇਦ ਜਣਾਈਆ । ਪੁਰਖ ਅਕਾਲ ਜਿਸ ਵੇਲੇ ਸ੍ਰਿਸ਼ਟੀ ਤੇਰੀ ਚਾਰ ਜੁਗ ਦੀ ਭੁੱਲੀ ਲੀਹ, ਰਸਤਾ ਹੱਕ ਨਾ ਕੋਇ ਵਖਾਈਆ । ਪਿਆਰ ਰਿਹਾ ਨਾ ਮਾਤਾ ਪਿਤਾ ਪੁੱਤਰ ਧੀ, ਸੱਜਣ ਸੈਣ ਸੰਗ ਨਾ ਕੋਇ ਨਿਭਾਈਆ । ਓਸ ਵੇਲੇ ਸੰਮਤ ਹੋਣਾ ਜਗਤ ਸ਼ਹਾਦਤ ਵਾਲਾ ਵੀਹ, ਦੂਆ ਸਿਫ਼ਰਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਮੈਂ ਸੀਸ ਦਿਤਾ ਝੁਕਾ, ਨੇਤਰ ਨੈਣ ਬੰਦ ਕਰਾਈਆ । ਪੁਰਖ ਅਕਾਲ ਬੇਪ੍ਰਵਾਹ, ਕੀ ਤੇਰੀ ਵਡਿਆਈਆ । ਬਿਨ ਅੱਖਰਾਂ ਦੇ ਸਮਝਾ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਸਚ ਦੁਲਾਰ, ਦੂਲ੍ਹੇ ਦਿਆਂ ਜਣਾਈਆ । ਮੇਰਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੱਜੇ ਵਧਾਈਆ । ਸੇਵਾ ਕਰਨ ਪੈਗ਼ੰਬਰ ਅਵਤਾਰ, ਗੁਰ ਗੁਰ ਭੱਜਣ ਵਾਹੋ ਦਾਹੀਆ । ਤੂੰ ਹੋਣਾ ਖ਼ਬਰਦਾਰ, ਸੰਦੇਸਾ ਇਕ ਅਲਾਈਆ । ਜਿਸ ਨੂੰ ਸਮਝ ਵਿਚ ਕਰੇ ਨਾ ਕੋਇ ਵਿਚਾਰ, ਵੰਡਣ ਵੰਡ ਨਾ ਕੋਇ ਵੰਡਾਈਆ । ਚਰਨ ਧੂੜੀ ਲਾ ਛਾਰ, ਮਸਤਕ ਟਿੱਕਾ ਇਕ ਰਮਾਈਆ । ਫਿਰ ਲਹਿਣਾ ਦੱਸਾਂ ਜਗਤ ਸੰਸਾਰ, ਭਗਵਨ ਹੋ ਕੇ ਭੇਵ ਖੁਲ੍ਹਾਈਆ । ਤੇਰਾ ਜੀਵਣ ਜਿਸਮ ਵਾਲਾ ਦਿਨ ਚਾਰ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਇਕ ਸੁਣਾਵਾਂਗਾ । ਗੋਬਿੰਦ, ਅਗੰਮੜਾ ਭੇਵ ਖੁਲ੍ਹਾਵਾਂਗਾ । ਬਿਨ ਰਸਨਾ ਜਿਹਵਾ ਬੱਤੀ ਦੰਦ ਗਾਵਾਂਗਾ । ਤੈਥੋਂ ਛੁਡਾ ਕੇ ਪੁਰੀ ਅਨੰਦ, ਅਨੰਦ ਆਪਣਾ ਇਕ ਪ੍ਰਗਟਾਵਾਂਗਾ । ਤੇਰੇ ਬੰਸ ਸਰਬੰਸ ਦੀ ਕਰ ਕੇ ਵੰਡ, ਵੰਡਣ ਆਪਣੀ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਵਾਂਗਾ । ਗੋਬਿੰਦ ਕਿਹਾ ਪ੍ਰਭ ਪੁਰੀ ਅਨੰਦ ਦੀ ਨਹੀਂ ਲੋੜ, ਲੋੜੀਂਦਾ ਸੱਜਣ ਵੇਖ ਵਖਾਈਆ । ਮੈਨੂੰ ਆਪਣੇ ਨਾਲ ਜੋੜ, ਜੋੜੀ ਦੋ ਜਹਾਨ ਬਣਾਈਆ । ਆਦਿ ਅੰਤ ਨਿਭਾਵੀਂ ਤੋੜ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਘੋਰ, ਚਾਰ ਕੁੰਟ ਨੂਰ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਵੇ ਸ਼ੋਰ,

ਕਲਪਣਾ ਮਨ ਵਿਚ ਕੁਰਲਾਈਆ । ਓਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਤੇਰੀ ਪੈਣੀ ਲੋੜ, ਦੂਜਾ ਨਜ਼ਰ ਕੋਇ ਨਾ ਆਈਆ । ਸਾਧਾਂ ਸੰਤਾਂ ਦੇ ਅੰਦਰ ਵੜ ਜਾਣੇ ਚੋਰ, ਚੋਰੀ ਚੋਰੀ ਧਨ ਲੈਣ ਚੁਰਾਈਆ । ਸ਼ਾਹ ਪਾਤਸ਼ਾਹ ਹੋ ਜਾਣ ਹਰਾਮਖ਼ੋਰ, ਹਿਰਦੇ ਹਰਿ ਨਾ ਕੋਇ ਵਸਾਈਆ । ਸਤਿ ਵਸਤ ਰਹਿਣੀ ਕਿਸੇ ਨਹੀਂ ਕੋਲ, ਖ਼ਾਲੀ ਭੰਡਾਰੇ ਦੇਣ ਦੁਹਾਈਆ । ਮੈਨੂੰ ਐਂ ਜਾਪਦਾ ਤੂੰ ਪ੍ਰਗਟ ਹੋਣਾ ਉਪਰ ਧੌਲ, ਧਰਨੀ ਸੋਭਾ ਪਾਈਆ । ਮੇਰੇ ਨਾਲ ਕਰ ਲੈ ਕੌਲ, ਇਕ਼ਰਾਰ ਅਗਲਾ ਲੈਣਾ ਬਣਾਈਆ । ਮੈਂ ਤੇਰੇ ਅੰਮ੍ਰਿਤ ਨਾਮ ਦੀ ਨਿਝਰ ਦੇਵਾਂ ਪਾਹੁਲ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਸ਼ਬਦ ਅਗੰਮੀ ਮੰਨਣੀ ਆਖੀ, ਆਖ਼ਰ ਦਿਆਂ ਦ੍ਰਿੜਾਈਆ । ਮੇਰੇ ਹੁਕਮ ਅੰਦਰ ਲਿਖਣੀ ਸੌ ਸਾਖੀ, ਸੌ ਸਾਖੀ ਵਿਚੋਂ ਇਕ ਸਮਝ ਕਿਸੇ ਨਾ ਆਈਆ । ਇਹ ਤੇਰੀ ਧੋਖੇ ਵਾਲੀ ਪਾਤੀ, ਪਤਣਾਂ ਉਤੇ ਸਭ ਨੂੰ ਦਏ ਭੁਆਈਆ । ਇਹ ਵਿਕਣੀ ਵਿਦਿਆ ਵਾਲੀ ਹਾਟੀ, ਅਨਭਵ ਪੜਦਾ ਨਾ ਕੋਇ ਉਠਾਈਆ । ਅਗਲਾ ਖੇਲ ਪੁਰਖ ਸਮਰਾਥੀ, ਹਰਿ ਕਰਤਾ ਆਪ ਜਣਾਈਆ । ਕਲਜੁਗ ਪੂਰੀ ਕਰੇ ਅੰਤਮ ਵਾਟੀ, ਪੈਂਡਾ ਪੰਧ ਦਏ ਚੁਕਾਈਆ । ਸਭ ਦਾ ਲਹਿਣਾ ਦੇਣਾ ਦੇਵੇ ਬਾਕੀ, ਬਚਿਆ ਨਜ਼ਰ ਕੋਇ ਨਾ ਆਈਆ । ਤੂੰ ਜਾਮ ਪਿਆਲਾ ਪਿਔਣਾ ਬਣ ਕੇ ਸਾਕੀ, ਸਾਖਿਆਤ ਬਣ ਕੇ ਰੰਗ ਰੰਗਾਈਆ । ਤੇਰਾ ਮੇਰਾ ਵਜੂਦ ਨਹੀਂ ਹੋਣਾ ਤਨ ਖ਼ਾਕੀ, ਜੋਤੀ ਸ਼ਬਦੀ ਧਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਜਣਾਈਆ । ਗੋਬਿੰਦ ਕਿਹਾ ਪ੍ਰਭ ਕਿਹੜਾ ਸਮਾਂ, ਸਹਿਜ ਨਾਲ ਸਮਝਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਕੋਈ ਗੁਰੂ ਨਹੀਂ ਹੋਣਾ ਵਾਲਾ ਦਮਾਂ, ਤੱਤਾਂ ਵਾਲਾ ਤੱਤ ਨਾ ਕੋਇ ਸਮਝਾਈਆ । ਸਾਚੀ ਜਗੇ ਕੋਈ ਨਾ ਸ਼ਮਅ, ਚਾਰੋਂ ਕੁੰਟ ਅੰਧੇਰਾ ਛਾਈਆ । ਓਸ ਵੇਲੇ ਖੇਲ ਕਰਨਾ ਨਵਾਂ, ਨੌ ਸੱਤ ਵੱਜੇ ਵਧਾਈਆ । ਨਿਰਗੁਣ ਧਾਰ ਆਵਾਂ ਭੰਨਾ, ਲੋਕਮਾਤ ਫੇਰਾ ਪਾਈਆ । ਤੈਨੂੰ ਨਾਲ ਮਿਲਾਵਾਂ ਚੰਨਾ, ਤੇਰਾ ਨੂਰ ਕਰਾਂ ਰੁਸ਼ਨਾਈਆ । ਸਚ ਸੰਦੇਸ਼ਾ ਇਕੋ ਕਹਵਾਂ, ਦੋ ਜਹਾਨ ਵਡਿਆਈਆ । ਦੀਨ ਮਜ਼੍ਹਬ ਦੀ ਸਾਨੂੰ ਦੋਹਾਂ ਨੂੰ ਹੋਣੀ ਨਹੀਂ ਕੋਈ ਤਮਅ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਨਾ ਕੋਈ ਹਰਖ਼ ਹੋਵੇ ਨਾ ਗ਼ਮਾ, ਚਿੰਤਾ ਰੋਗ ਨਾ ਕੋਇ ਸਤਾਈਆ । ਓਸ ਵੇਲੇ ਤੇਰਾ ਸਾਥ ਲਵਾਂ, ਮੇਲਾ ਮੇਲਾਂ ਸਹਿਜ ਸੁਭਾਈਆ । ਸਾਚੇ ਧਾਮ ਅਵਲੜੇ ਬਹਵਾਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਗ੍ਰਿਹ ਮੰਦਰ ਇਕ ਵਡਿਆਈਆ । ਪੁਰਖ ਅਕਾਲ ਕਿਹਾ ਸੁਣ ਮੇਰੇ ਬਾਲ ਨਿਧਾਨੇ, ਨਿਰਵੈਰ ਹੋ ਕੇ ਦਿਆਂ ਜਣਾਈਆ । ਮੇਰਾ ਖੇਲ ਹੋਵੇ ਦੋ ਜਹਾਨੇ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਤੂੰ ਸੰਦੇਸ਼ਾ ਦੇਣਾ ਸ੍ਰਿਸ਼ਟ ਸਬਾਈ ਆਤਮ ਪਰਮਾਤਮ ਗੁਣ ਨਿਧਾਨੇ, ਗੁਣਵੰਤਾ ਗੁਣ ਜਣਾਈਆ । ਜਿਸ ਨੇ ਚਾਰ ਜੁਗ ਦੇ ਬਦਲ ਦੇਣੇ ਨਿਸ਼ਾਨੇ, ਨਿਸ਼ਾਨਾ ਆਪਣਾ ਇਕ ਪ੍ਰਗਟਾਈਆ । ਚੁਰਾਸੀ ਵਿਚੋਂ ਸੰਤ ਸੁਹੇਲੇ ਪਹਿਚਾਨੇ, ਹਰਿਜਨ ਆਪਣੇ ਰੰਗ ਰੰਗਾਈਆ । ਜੁਗ ਜਨਮ ਦੇ ਵਿਛੜੇ ਹੋਣ ਨਾ ਦੇਵੇ ਬੇਗਾਨੇ, ਬੇਪਰਵਾਹ ਆਪਣੀ ਗੋਦ ਉਠਾਈਆ । ਸਾਚਾ ਦਰ ਵਖਾ ਇਕ ਮਕਾਨੇ, ਮੰਦਰ ਇਕੋ ਇਕ ਸੁਹਾਈਆ । ਜਿਥੇ ਜਗੇ ਜੋਤ ਮਹਾਨੇ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਓਸ ਵੇਲੇ ਗੋਬਿੰਦ ਤੂੰ ਮੇਰਾ ਮੈਂ ਤੇਰਾ ਤੂੰ ਸਭ ਨੂੰ ਦੱਸਣੇ ਗਾਣੇ, ਗਾਵਤ ਗਾ ਗਾ ਵੱਜੇ ਵਧਾਈਆ । ਭਗਤ ਸੁਹੇਲੇ

ਹੋਣ ਮਸਤਾਨੇ, ਮਸਤ ਖ਼ੁਮਾਰੀ ਦੇਣੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਨਿਰਵੈਰ ਨਿਰਾਕਾਰ ਇਕ ਸੁਣਾਈਆ । ਗੋਬਿੰਦ ਕਿਹਾ ਮੇਰੇ ਪਰਮ ਪੁਰਖ ਕਰਤਾਰ, ਕੁਦਰਤ ਦੇ ਮਾਲਕ ਤੇਰੀ ਬੇਪਰਵਾਹੀਆ । ਓਹ ਸਮਾਂ ਮੈਨੂੰ ਪਹਿਲੋਂ ਦੇ ਵਖਾਲ, ਬਿਨ ਅੱਖਾਂ ਅੱਖ ਉਠਾਈਆ । ਮੈਂ ਤੇਰਾ ਤਤ ਦੁਲਾਰਾ ਲਾਲ, ਲਾਡਲਾ ਨਜ਼ਰੀ ਆਈਆ । ਕਿਸ ਬਿਧ ਕਲਜੁਗ ਅੰਤਮ ਕਰੇਂ ਕਾਲ, ਕਾਲਖ ਟਿੱਕਾ ਦਏਂ ਧੁਆਈਆ । ਸਤਿਜੁਗ ਸਚ ਵਖਾਏਂ ਸੱਚੀ ਧਰਮਸਾਲ, ਧਰਮ ਦਵਾਰਾ ਇਕ ਪ੍ਰਗਟਾਈਆ । ਜਿਥੇ ਭਗਤ ਸੁਹੇਲੇ ਬਹਿਣ ਆਣ, ਆਪ ਆਪਣਾ ਜੋੜ ਜੁੜਾਈਆ । ਚਰਨ ਦਵਾਰ ਏਕੰਕਾਰ ਦੇਵੇਂ ਮਾਣ, ਮਿਹਰ ਨਜ਼ਰ ਇਕ ਉਠਾਈਆ । ਅੱਗੋਂ ਹੱਸ ਕੇ ਕਿਹਾ ਸ੍ਰੀ ਭਗਵਾਨ, ਉਠ ਗੋਬਿੰਦ ਨੌਜਵਾਨ, ਤੈਨੂੰ ਦਿਆਂ ਵਖਾਈਆ । ਓਹ ਸ਼ਹਿਨਸ਼ਾਹ ਜਿਸ ਨੂੰ ਸਕੇ ਨਾ ਕੋਇ ਪਹਿਚਾਣ, ਦਹਿ ਦਿਸ਼ਾ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਖੇਲ ਦੋ ਜਹਾਨ, ਧੁਰ ਦਾ ਦੇਵਾਂ ਅਗੰਮੀ ਦਾਨ, ਜੋਤੀ ਜਾਮਾ ਹੋ ਪ੍ਰਧਾਨ, ਸ਼ਬਦੀ ਨਾਦ ਦੇਵਾਂ ਧੁਨਕਾਨ, ਅਨਰਾਗੀ ਆਪਣਾ ਰਾਗ ਸੁਣਾਈਆ । ਬ੍ਰਹਿਮੰਡ ਖੰਡ ਕਰਨ ਧਿਆਨ, ਨੇਤਰ ਤੱਕਣ ਜ਼ਿਮੀਂ ਅਸਮਾਨ, ਲੋਆਂ ਪੁਰੀਆਂ ਨੈਣ ਸ਼ਰਮਾਈਆ । ਦੇਵਤ ਸੁਰ ਹੋਣ ਹੈਰਾਨ, ਵਿਸ਼ਨ ਬ੍ਰਹਮਾ ਸ਼ਿਵ ਪਛਤਾਣ, ਕੀ ਕਰੇ ਖੇਲ ਸ੍ਰੀ ਭਗਵਾਨ, ਭੇਵ ਸਮਝ ਕਿਸੇ ਨਾ ਆਈਆ । ਮੈਂ ਸਚ ਬਣਾਵਾਂ ਵਿਧਾਨ, ਸਚਖੰਡ ਦਵਾਰੇ ਕਰਾਂ ਪ੍ਰਵਾਨ, ਸੱਤ ਰੰਗ ਝੁਲਾਵਾਂ ਨਿਸ਼ਾਨ, ਗੁਰ ਅਵਤਾਰ ਪੈਗ਼ੰਬਰਾਂ ਪਹਿਲੋਂ ਦੇ ਕੇ ਗਿਆਨ, ਧੁਰ ਸੰਦੇਸ਼ਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ, ਗੋਬਿੰਦ ਸਾਚੀ ਬਣਤ ਬਣਾਵਾਂਗਾ । ਸਚਖੰਡ ਨਿਵਾਸੀ ਨਿਰਗੁਣ ਧਾਰ, ਜੋਤ ਅਗੰਮ ਜਗਾਵਾਂਗਾ । ਪੁਰਖ ਅਬਿਨਾਸ਼ੀ ਸਚ ਸਰਕਾਰ, ਧੁਰ ਦਾ ਹੁਕਮ ਇਕ ਮਨਾਵਾਂਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਜੈਕਾਰ, ਸੋਹੰ ਢੋਲਾ ਇਕ ਦ੍ਰਿੜਾਵਾਂਗਾ । ਸੱਤ ਰੰਗ ਨਿਸ਼ਾਨਾ ਦੋ ਜਹਾਨਾਂ ਸ਼ਬਦੀ ਚਾੜ੍ਹ, ਚਾਰੋਂ ਕੁੰਟ ਵੰਡ ਵੰਡਾਵਾਂਗਾ । ਚਾਰ ਵਰਨ ਅਠਾਰਾਂ ਬਰਨ ਵਖਾ ਕੇ ਇਕ ਦੁਆਰ, ਭਗਤ ਦਵਾਰ ਆਪ ਪ੍ਰਗਟਾਵਾਂਗਾ । ਸਤਿ ਧਰਮ ਦਾ ਮਾਰਗ ਦੱਸ ਸੁਖਾਲ, ਰਹਿਬਰ ਹੋ ਕੇ ਪਰਦਾ ਲਾਹਵਾਂਗਾ । ਮੇਲ ਮਿਲਾ ਕੇ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹਵਾਂਗਾ । ਜਨ ਭਗਤਾਂ ਵਸਾਂ ਸਦਾ ਨਾਲ, ਆਤਮ ਪਰਮਾਤਮ ਜੋੜ ਜੁੜਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਅਛਲ ਅਛੇਦਾ ਚਾਰ ਵੇਦਾਂ ਤੋਂ ਬਾਹਰ ਆਪ ਜਣਾਵਾਂਗਾ ।

ਚਾਰ ਵੇਦ ਕੀ ਕਰਨ ਵਿਚਾਰੇ, ਪ੍ਰਭ ਦੀ ਸਾਰ ਕਿਸੇ ਨਾ ਆਈਆ । ਬ੍ਰਹਮੇ ਲਿਖੇ ਨਾਲ ਵਿਸਥਾਰੇ, ਜੋ ਪ੍ਰਭ ਨੇ ਦਿਤਾ ਜਣਾਈਆ । ਅੰਤਮ ਥੱਕ ਥੱਕ ਗਏ ਹਾਰੇ, ਪਾਂਧੀ ਹੋ ਕੇ ਪੰਧ ਮੁਕਾਈਆ । ਢਹਿ ਢਹਿ ਡਿੱਗੇ ਚਰਨ ਦਵਾਰੇ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਜੀਵ ਕੋਈ ਨਾ ਪਾਵੇ ਸਾਰੇ, ਪੜਦਾ ਸਕੇ ਨਾ ਕੋਇ ਉਠਾਈਆ । ਸਾਨੂੰ ਲਾ ਦੇ ਅੰਤ ਕਿਨਾਰੇ, ਨਈਆ ਆਪਣੀ ਵਿਚ ਟਿਕਾਈਆ । ਦਰ ਤੇਰੇ ਕੱਢੀਏ ਹਾੜੇ, ਹਾਹਾਕਾਰ ਕਰ ਸੁਣਾਈਆ । ਪੁਰਖ ਅਕਾਲ ਕਹੇ ਤੁਸੀਂ ਵੇਖੋ ਮੇਰੇ ਦੁਲਾਰੇ, ਜਨ ਭਗਤ ਸੁਹੇਲੇ ਸੋਭਾ ਪਾਈਆ । ਜਿਹੜੇ

ਬਿਨ ਪੌੜੀ ਡੰਡੇ ਚੜ੍ਹ ਗਏ ਮੇਰੇ ਮੁਨਾਰੇ, ਮੰਜ਼ਲ ਆਪਣੀ ਖ਼ਤਮ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲੈਣੇ ਨਾ ਪਏ ਸਹਾਰੇ, ਓਟ ਇਕ ਅਕਾਲ ਤਕਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਮੇਰਾ ਨੂਰ ਦਿਸੇ ਉਜਿਆਰੇ, ਅੰਧ ਅੰਧੇਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਅਗੰਮ ਘਰ, ਜਿਸ ਗ੍ਰਿਹ ਵਜਦੀ ਰਹੇ ਵਧਾਈਆ । ਵਧਾਈ ਕਹੇ ਮੈਨੂੰ ਚਾਓ ਘਨੇਰਾ, ਖ਼ੁਸ਼ੀਆਂ ਹਾਲ ਸੁਣਾਈਆ । ਧੰਨ ਵਡਿਆਈ ਜਿਨ੍ਹਾਂ ਗਾਇਆ ਤੇਰਾ ਮੇਰਾ, ਮੇਰਾ ਤੇਰਾ ਰਾਗ ਅਲਾਈਆ । ਉਨ੍ਹਾਂ ਇਕੋ ਰੰਗ ਹੋਇਆ ਸੰਞ ਸਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਓਨ੍ਹਾਂ ਨੂੰ ਇਹੋ ਮਾਨਸ ਜਨਮ ਬਥੇਰਾ, ਅੱਗੇ ਜਨਮ ਲੈਣ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਚਾੜ੍ਹ ਕੇ ਆਪਣੇ ਬੇੜਾ, ਚੱਪੂ ਗੋਬਿੰਦ ਹੱਥ ਉਠਾਈਆ । ਜਿਨ੍ਹਾਂ ਦੇ ਕਾਰਨ ਮਾਰਿਆ ਫੇਰਾ, ਨਿਰਗੁਣ ਆਪਣਾ ਵੇਸ ਵਟਾਈਆ । ਓਨ੍ਹਾਂ ਦਾ ਕਰ ਕੇ ਹੱਕ ਨਬੇੜਾ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਵਖਾਈਆ । ਸਾਚਾ ਰਾਹ ਦੱਸਿਆ ਇਕ ਰਸਤਾ, ਰਹਿਬਰ ਇਕ ਜਣਾਈਆ । ਜਨ ਭਗਤੋ ਪਿਛਲਾ ਬੰਦ ਕਰ ਦਿਓ ਬਸਤਾ, ਬਸਤੀ ਆਪਣੀ ਕਾਇਆ ਲੈਣੀ ਖੁਲ੍ਹਾਈਆ । ਜਿਥੇ ਪ੍ਰਭੂ ਦਾ ਨਾਮ ਮਿਲੇ ਸਸਤਾ, ਕ਼ੀਮਤ ਲੱਗੇ ਕੋਈ ਨਾ ਰਾਈਆ । ਸਦ ਅੰਮ੍ਰਿਤ ਮੇਘ ਹੋਵੇ ਵਰਸਾ, ਅਗਨੀ ਤਤ ਨਾ ਕੋਇ ਤਪਾਈਆ । ਤੁਸਾਂ ਸ੍ਰੀ ਭਗਵਾਨ ਤੋਂ ਪਿਛਲਾ ਲੈਣਾ ਕ਼ਰਜ਼ਾ, ਪੂਰਬ ਝੋਲੀ ਪਾਈਆ । ਵੇਖਿਓ ਗੁਰਮੁਖ ਕੋਇ ਰਿਹੋ ਨਾ ਡਰਦਾ, ਭੈ ਭੌ ਦੇਣਾ ਮਿਟਾਈਆ । ਜਨ ਭਗਤੋ ਭਗਵਾਨ ਪ੍ਰੀਤਮ ਤੁਹਾਡੇ ਘਰ ਦਾ, ਸਦਾ ਮਿਲ ਕੇ ਖ਼ੁਸ਼ੀ ਮਨਾਈਆ । ਸੰਤ ਸੁਹੇਲਾ ਉਸ ਨੂੰ ਵਰਦਾ, ਜੋ ਵਾਰਸ ਦੋ ਜਹਾਨ ਬਣ ਜਾਈਆ । ਗੁਰਮੁਖ ਓਸ ਦਵਾਰੇ ਤਰਦਾ, ਜੋ ਡੁਬਦਿਆਂ ਪਾਰ ਲੰਘਾਈਆ । ਗੁਰਸਿਖ ਓਸ ਦਾ ਪੱਲੂ ਫੜਦਾ, ਜਿਸ ਦਾ ਸਕੇ ਨਾ ਕੋਇ ਛੁਡਾਈਆ । ਜੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਢੋਲਾ ਪੜ੍ਹਦਾ, ਤਿਨ੍ਹਾਂ ਨੂੰ ਜਨਮੇ ਫੇਰ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਹੇ ਪ੍ਰਭੂ ਜੋ ਤੇਰਾ ਹੁਕਮ ਮੰਨਣ ਆਖੀ, ਆਖ਼ਰ ਧਿਆਨ ਲਗਾਈਆ । ਪੁਰਖ ਅਕਾਲ ਕਿਹਾ ਗੋਬਿੰਦ ਉਨ੍ਹਾਂ ਦੀ ਸਦਾ ਤੇਰੀ ਅੰਮ੍ਰਿਤ ਧਾਰ ਵਾਲੀ ਵਸਾਖੀ, ਘੜੀ ਪਲ ਵਿਛੜ ਕਦੇ ਨਾ ਜਾਈਆ । ਉਨ੍ਹਾਂ ਦੇ ਅੰਦਰੋਂ ਸੁਰਤੀ ਜਾਗੀ, ਸ਼ਬਦ ਨਾਲ ਕੁੜਮਾਈਆ । ਸਦਾ ਖੁਲ੍ਹੀ ਰੱਖਾਂ ਤਾਕੀ, ਮਿਹਰ ਨਜ਼ਰ ਟਿਕਾਈਆ । ਮੰਜ਼ਲ ਚਾੜ੍ਹ ਕੇ ਆਪਣੀ ਘਾਟੀ, ਘਾਟੇ ਪਿਛਲੇ ਪੂਰ ਕਰਾਈਆ । ਲੇਖੇ ਲਾ ਚੁਰਾਸੀ ਵਾਟੀ, ਵਟਣਾ ਅੱਗੇ ਆਪਣਾ ਨਾਮ ਜਣਾਈਆ । ਰੂਹ ਬੁਤ ਕਰ ਕੇ ਪਾਕੀ, ਪਤਤ ਪੁਨੀਤ ਵਖਾਈਆ । ਸਾਚਾ ਜਾਮ ਹਕ਼ੀਕ਼ੀ ਦੇਵਾਂ ਬਣ ਕੇ ਸਾਕੀ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਕੋਟ ਜਨਮ ਨਾਲੋਂ ਉਨ੍ਹਾਂ ਦੀ ਇਕੋ ਬਥੇਰੀ ਅੱਜ ਦੀ ਰਾਤੀ, ਬਹੁੜ ਜਨਮ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਦੇ ਅੰਦਰ ਦਾ ਪੁਰਖ ਅਕਾਲ ਬਣ ਗਿਆ ਪਾਠੀ, ਪੜ੍ਹਨ ਲਿਖਣ ਦਾ ਲੇਖਾ ਦਿਤਾ ਮੁਕਾਈਆ । ਜਨ ਭਗਤੋ ਤੁਹਾਡੇ ਪ੍ਰੇਮ ਦੀ ਪ੍ਰਭ ਦੇ ਕੋਲ ਉਹ ਨਕ਼ਲ ਤੇ ਉਹ ਕਾਪੀ, ਜਿਸ ਦੀ ਕਾਪੀ ਕਰ ਨਾ ਕੋਇ ਵਖਾਈਆ । ਤੁਹਾਡੇ ਨਾਲ ਓਹ ਵੀ ਤਰ ਗਿਆ ਜਿਹੜਾ ਜਨਮ ਕਰਮ ਦਾ ਆ ਗਿਆ ਪਾਪੀ, ਪਤਤ ਪੁਨੀਤਾ ਦਇਆ ਕਮਾਈਆ । ਗੋਬਿੰਦ ਕੋਲੋਂ ਦਵੌਣੀ ਓਹ ਥਾਪੀ, ਪੁਸ਼ਤ ਪਨਾਹ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਗੰਮ ਆਪ ਵਰਤਾਈਆ ।

ਗੋਬਿੰਦ ਕਹੇ ਮੈਂ ਸ਼ਬਦੀ ਦੇਵਾਂ ਥਪਕ, ਪ੍ਰੇਮ ਪਿਆਰ ਜਣਾਈਆ । ਗੁਰਮੁਖੋ ਤੁਹਾਡਾ ਪੈਂਡਾ ਮੁਕਣਾ ਚੌਦਾਂ ਤਬਕ, ਚੌਦਾਂ ਲੋਕ ਚਰਨਾਂ ਹੇਠ ਦਬਾਈਆ । ਤੁਸਾਂ ਆਤਮਾ ਪਰਮਾਤਮਾ ਪੜ੍ਹਨਾ ਇਕੋ ਸਬਕ, ਸਿਖਿਆ ਧੁਰਦਰਗਾਹੀਆ । ਤੁਹਾਡੇ ਅੰਤਰ ਨੂਰ ਨੁਰਾਨੀ ਆਵੇ ਉਹ ਚਮਕ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤ ਸੁਹੇਲਾ ਰਹੇ ਕੋਈ ਨਾ ਅਹਿਮਕ, ਮੂਰਖ ਮੁਗਧ ਚਤੁਰ ਸੁਘੜ ਦੇਵੇ ਬਣਾਈਆ । ਗੋਬਿੰਦ ਜਿਸ ਦੇ ਉਤੇ ਕਰ ਦਏ ਰਹਿਮਤ, ਰਹਿਮ ਨਾਲ ਪਾਰ ਕਰਾਈਆ । ਪ੍ਰੀਤੀ ਵਿਚ ਹੋ ਕੇ ਸਹਿਮਤ, ਸਹਿਮ ਅੰਦਰੋਂ ਦਏ ਕਢਾਈਆ । ਤੁਹਾਡੀ ਜਨਮ ਜਨਮ ਦੀ ਕੱਟ ਦੇਵੇ ਜਹਿਮਤ, ਕਰਮ ਕਰਮ ਦਾ ਰੋਗ ਗਵਾਈਆ । ਤੁਹਾਡੀ ਲੇਖੇ ਲਾਵੇ ਪਿਛਲੇ ਜਨਮ ਦੀ ਮਿਹਨਤ, ਮੁਸ਼ੱਕਤ ਸਭ ਦੀ ਝੋਲੀ ਪਾਈਆ । ਆਤਮਾ ਨਾਲ ਪਰਮਾਤਮਾ ਹੋਵੇ ਸਹਿਮਤ, ਸਹਿਜ ਸਹਿਜ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਦੇਵੇ ਵਡਿਆਈਆ । ਵਿਸਾਖ ਕਹੇ ਪ੍ਰਭ ਦਾ ਕੀ ਵਸਾਹ, ਅਛਲ ਅਛੱਲ ਵਖਾਈਆ । ਗੋਬਿੰਦ ਕਹੇ ਮੈਂ ਮੌਕਿਆਂ ਦਾ ਗਵਾਹ, ਸ਼ਹਾਦਤ ਇਕ ਭੁਗਤਾਈਆ । ਪੁਰਖ ਅਕਾਲ ਕਹੇ ਮੈਂ ਉਨ੍ਹਾਂ ਗੋਦੀ ਲਵਾਂ ਟਿਕਾ, ਆਪਣੇ ਅੰਗ ਲਗਾਈਆ । ਜਿਨ੍ਹਾਂ ਮੈਨੂੰ ਲਿਆ ਆਪਣਾ, ਮੇਰੇ ਵਿਚ ਸਮਾਈਆ । ਉਹਨਾਂ ਮਾਤਲੋਕ ਦਿਆਂ ਵਡਿਆ, ਲੋਕ ਪ੍ਰਲੋਕ ਵੱਜੇ ਵਧਾਈਆ । ਜਿਨ੍ਹਾਂ ਦੇ ਪਿਛੇ ਸਤਿਜੁਗ ਮਾਰਗ ਦੇਣਾ ਲਗਾ, ਕੂੜਾ ਪੰਧ ਮੁਕਾਈਆ । ਸਚ ਸੰਦੇਸ਼ਾ ਦੇਣਾ ਸੁਣਾ, ਫ਼ਰਮਾਨਾ ਧੁਰਦਰਗਾਹੀਆ । ਚਾਰੇ ਵਰਨਾਂ ਦੇਣਾ ਪੜ੍ਹਾ, ਅਠਾਰਾਂ ਬਰਨ ਸਰਬ ਜਸ ਗਾਈਆ । ਪੀਰ ਪੈਗ਼ੰਬਰ ਬੈਠਣ ਸੀਸ ਨਿਵਾ, ਸਿਰ ਸਕੇ ਨਾ ਕੋਇ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਰਜ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਵਿਸਾਖ ਕਹੇ ਜਨ ਭਗਤੋ ਪ੍ਰਭ ਦੇ ਬਣੋ ਗੋਤੀ, ਗੋਤਮ ਰੋ ਕੇ ਦਏ ਦੁਹਾਈਆ । ਚੜ੍ਹਿਓ ਮੰਜ਼ਲ ਚੋਟੀ, ਆਖ਼ਰ ਪੰਧ ਮੁਕਾਈਆ । ਤੱਕਿਓ ਨਿਰਮਲ ਜੋਤੀ, ਜੋਤ ਕਰੇ ਰੁਸ਼ਨਾਈਆ । ਤੁਹਾਨੂੰ ਅੰਮ੍ਰਿਤ ਦੀ ਥਾਂ ਖਵੌਣੀ ਅੱਜ ਓਹ ਸੁੱਕੀ ਰੋਟੀ, ਜਿਹੜੀ ਪ੍ਰਭ ਚਰਨ ਧੂੜ ਲੈ ਕੇ ਵਿਸ਼ਨੂੰ ਲਈ ਬਣਾਈਆ । ਇਸ ਨੂੰ ਲੱਭਦੇ ਗਏ ਕੋਟਨ ਕੋਟੀ, ਚਾਰ ਜੁਗ ਹੱਥ ਕਿਸੇ ਨਾ ਆਈਆ । ਰਾਹ ਤੱਕਣ ਲੋਕ ਪ੍ਰਲੋਕੀ, ਨੇਤਰ ਨੈਣ ਅੱਖ ਖੁਲ੍ਹਾਈਆ । ਕਿਸੇ ਦੀ ਆਸ ਓਥੇ ਨਾ ਪਹੁੰਚੀ, ਕਬੀਰ ਜੁਲਾਹਾ ਦਏ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਸੋਚ ਨਾ ਸੋਚੀ, ਸਮਝ ਸਮਝ ਨਾ ਕੋਇ ਬਦਲਾਈਆ । ਕੁਛ ਇਸ਼ਾਰਾ ਕੀਤਾ ਰਵਦਾਸ ਚਮਾਰੇ ਮੋਚੀ, ਪ੍ਰਭ ਮੁਸ਼ਕਲ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਤ ਇਕ ਵਖਾਈਆ । ਰੋਟੀ ਕਹੇ ਮੇਰਾ ਰਸਨਾ ਵਾਲਾ ਨਹੀਂ ਸੁਆਦ, ਬੱਤੀ ਦੰਦ ਨਾ ਖ਼ੁਸ਼ੀ ਮਨਾਈਆ । ਮੈਨੂੰ ਪ੍ਰਭ ਨੇ ਬਣਾਇਆ ਆਦਿ, ਆਪਣੇ ਘਰ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਮਾਰਦੇ ਰਹੇ ਆਵਾਜ਼, ਕੂਕ ਕੂਕ ਸੁਣਾਈਆ । ਮੈਂ ਚਾਰ ਜੁਗ ਨਾ ਖੋਲ੍ਹੀ ਜਾਗ, ਨੇਤਰ ਨੈਣ ਉਠਾਈਆ । ਮਾਣਦੀ ਰਹੀ ਅਗੰਮਾ ਰਾਜ, ਸਚ ਦੁਆਰੇ ਸੋਭਾ ਪਾਈਆ । ਸੁਣਦੀ ਰਹੀ ਪ੍ਰਭੂ ਦਾ ਓਹ ਢੋਲਾ ਸੰਦੇਸ਼ਾ ਜਿਸ ਵਿਚ ਖੁਲ੍ਹਣਾ ਰਾਜ਼, ਪੜਦਾ ਦਏ ਉਠਾਈਆ । ਸੋ ਵੇਲਾ ਵਕਤ ਸੁਹੰਜਣਾ ਦਿਸੇ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਜਿਸ ਨੇ ਸਤਿ ਧਰਮ ਚਲੌਣਾ ਰਿਵਾਜ, ਬੇੜਾ ਆਪਣੇ ਕੰਧ ਉਠਾਈਆ । ਜਿਸ ਨੇ ਭਗਤ ਭਗਵਾਨ ਬਣੌਣਾ ਸਮਾਜ, ਆਤਮ ਪਰਮਾਤਮ ਰੰਗ ਰੰਗਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰਨ ਆਇਆ ਕਾਜ, ਕਰਨੀ ਦਾ ਕਰਤਾ ਧੁਰਦਰਗਾਹੀਆ । ਜਨ ਭਗਤਾਂ

ਨੂੰ ਦੇਣਾ ਓਹ ਅਗੰਮਾ ਖਾਜ, ਜਿਸ ਨੂੰ ਖਾ ਕੇ ਖ਼ਾਲਸ ਪ੍ਰਭ ਦੇ ਵਿਚ ਸਮਾਈਆ । ਦੂਜੇ ਦਾ ਰਹੇ ਨਾ ਕੋਇ ਮੁਹਤਾਜ, ਲੋੜ ਸਭ ਦੀ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਦਏ ਵਡਿਆਈਆ । ਰੋਟੀ ਕਹੇ ਮੈਨੂੰ ਖਾਵੇ ਕੌਣ, ਕਵਣ ਦਏ ਵਡਿਆਈਆ । ਅੱਗੇ ਰੋ ਕੇ ਕਿਹਾ ਉਨੰਜਾ ਪੌਣ, ਨੈਣਾਂ ਨੀਰ ਵਹਾਈਆ । ਜੇ ਪ੍ਰਭੂ ਸਾਨੂੰ ਲਾਵੇਂ ਵਰਤੌਣ, ਦੋ ਜਹਾਨ ਦਈਏ ਵਰਤਾਈਆ । ਓਧਰੋਂ ਗੋਬਿੰਦ ਆ ਗਿਆ ਹੁਕਮ ਸੁਣੌਣ, ਸੰਦੇਸ਼ਾ ਧੁਰਦਰਗਾਹੀਆ । ਇਹ ਤੇ ਪ੍ਰਭੂ ਨੇ ਰੱਖੀ ਵਾਸਤੇ ਬੱਚਿਆਂ ਪਰਚੌਣ, ਚਾਰ ਜੁਗ ਹੱਥ ਕਿਸੇ ਨਾ ਆਈਆ । ਕਿਸੇ ਗੁਰ ਅਵਤਾਰ ਪੈਗ਼ੰਬਰ ਨੂੰ ਵਖਾਈ ਨਹੀਂ ਇਹ ਤੌਣ, ਨੇਤਰ ਨਜ਼ਰ ਕੋਇ ਨਾ ਪਾਈਆ । ਕੋਈ ਸਵਾਣੀ ਇਹਨੂੰ ਲੱਗੀ ਨਹੀਂ ਸੀ ਪਕੌਣ, ਜੋਤੀ ਅਗਨੀ ਅੱਗ ਤਪਾਈਆ । ਇਹ ਕਿਸੇ ਦੇ ਹੱਥ ਨਹੀਂ ਆਇਆ ਫੜੌਣ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਰੋਟੀ ਕਹੇ ਮੈਨੂੰ ਖਾਣ ਨਾਲ ਮਿਟ ਜਾਏ ਰੱਟਾ, ਭੇਰੀ ਭੇਰੀ ਰਸ ਵਖਾਈਆ । ਮੇਰੀ ਕ਼ੀਮਤ ਨਹੀਂ ਕੋਈ ਪੈਸਾ ਟਕਾ, ਜਗਤ ਧਨ ਨਾ ਕੋਇ ਵਖਾਈਆ । ਮੈਂ ਇਕੋ ਆਸਾ ਰੱਖਾਂ, ਧਿਆਨ ਧਿਆਨ ਵਿਚ ਪ੍ਰਗਟਾਈਆ । ਜੋ ਭਗਤ ਪ੍ਰਭੂ ਦਾ ਸਖ਼ਾ, ਮਿਤ੍ਰ ਪਿਆਰਾ ਸੋਭਾ ਪਾਈਆ । ਮੈਂ ਓਸ ਦਾ ਰਸ ਚੱਖਾਂ, ਦੂਜਾ ਮੁਖ ਨਾ ਕੋਇ ਛੁਹਾਈਆ । ਮੈ ਪੱਕਾ ਨਹੀਂ ਨਾਲ ਕੱਖਾਂ, ਅਗਨੀ ਅੱਗ ਮਿਲਾਈਆ । ਮੇਰਾ ਖੇਲ ਹਕੀਕ਼ਤ ਹੱਕਾ, ਹੱਕ ਹੱਕ ਮੇਰੀ ਵਡਿਆਈਆ । ਮੈਂ ਜੁਗ ਚੌਕੜੀ ਰਾਹ ਤੱਕਾਂ, ਬਿਨ ਅੱਖਾਂ ਅੱਖ ਉਠਾਈਆ । ਧੰਨ ਭਾਗ ਜੇ ਵੇਲਾ ਮਿਲ ਗਿਆ ਮਸਾਂ, ਸਮਾਂ ਗਿਆ ਆਈਆ । ਮੈਂ ਭਗਤਾਂ ਦੇ ਅੰਦਰ ਵੜ ਕੇ ਵੱਸਾਂ, ਘਰ ਸਾਚੇ ਡੇਰਾ ਲਾਈਆ । ਫਿਰ ਸ਼ਾਹਰਗ ਤੋਂ ਉਪਰ ਨੱਸਾਂ, ਜਗਤ ਦਵਾਰੇ ਪੰਧ ਮੁਕਾਈਆ । ਇਕ ਨਾਲ ਲਾ ਕੇ ਅੰਦਰੋਂ ਅੱਖਾਂ, ਇਕੋ ਦਾ ਦਰਸ਼ਨ ਪਾਈਆ । ਇਕੋ ਉਤੇ ਆਪਣੀ ਆਸਾ ਸੱਟਾਂ, ਦੂਜੀ ਓਟ ਨਾ ਕੋਇ ਤਕਾਈਆ । ਇਕ ਸੰਦੇਸ਼ਾ ਦੇਣਾ, ਰੋਟੀ ਕਹੇ, ਜਨ ਭਗਤੋ ਅੱਗੇ ਨੂੰ ਕੋਈ ਨਾ ਮੰਨਿਓ ਪੱਥਰ ਇੱਟਾਂ, ਬਿਨਾ ਪ੍ਰਭੂ ਤੋਂ ਸੀਸ ਨਾ ਕੋਇ ਨਿਵਾਈਆ । ਤੁਹਾਡਾ ਨਾਤਾ ਹੋਇਆ ਪੱਕਾ, ਲੋਕਮਾਤ ਨਾ ਕੋਇ ਤੁੜਾਈਆ । ਜਿਸ ਨੇ ਕੂੜੀ ਉਠੌਣੀ ਸਫ਼ਾ, ਮਲੇਛ ਰਹਿਣ ਕੋਇ ਨਾ ਪਾਈਆ । ਓਸ ਦੀ ਕਿਰਪਾ ਪਿਆਰ ਮੁਹੱਬਤ ਦਾ ਗੱਫ਼ਾ, ਵਿਸ਼ਨੂੰ ਦਾ ਵਿਸ਼ਵ ਭੰਡਾਰਾ ਤੁਹਾਡੇ ਅੰਦਰ ਟਿਕਾਈਆ । ਏਥੇ ਓਥੇ ਦੋ ਜਹਾਨ ਸਦਾ ਤੁਹਾਨੂੰ ਨਫ਼ਾ, ਘਾਟੇ ਵਿਚੋਂ ਬਾਹਰ ਦਿਤਾ ਕਢਾਈਆ । ਅੱਜ ਤੋਂ ਤੁਹਾਡਾ ਸਚਖੰਡ ਲਿਖਿਆ ਗਿਆ ਪਟਾ, ਮੋਹਰ ਧੁਰ ਦੀ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਰੋਟੀ ਕਹੇ ਮੈਂ ਹੋਣਾ ਰੁੱਖੀ ਸੁੱਖੀ, ਸੁਖ ਸਾਂਦ ਸਭ ਨੂੰ ਦਿਆਂ ਸਮਝਾਈਆ । ਮੈਨੂੰ ਖਾਣ ਨਾਲ ਤੁਹਾਡਾ ਉਜਲ ਹੋਣਾ ਮੁਖੀ, ਦਰਗਾਹ ਸਾਚੀ ਦਿਆਂ ਵਡਿਆਈਆ । ਚੁਰਾਸੀ ਭੋਗ ਕਰ ਕੇ ਰਹੇ ਕੋਈ ਨਾ ਦੁੱਖੀ, ਜੂਨੀ ਜੂਨ ਨਾ ਕੋਇ ਭੁਆਈਆ । ਜਿਨ੍ਹਾਂ ਦੇ ਮੈਂ ਅੰਦਰ ਵੜ ਗਈ ਕੁੱਖੀਂ, ਉਨ੍ਹਾਂ ਨੂੰ ਕੁੱਖ ਵਿਚ ਜਨਮ ਲੈਣ ਦੀ ਲੋੜ ਰਹੇ ਨਾ ਰਾਈਆ । ਮੈਂ ਜੁਗ ਚੌਕੜੀ ਰਹੀ ਸੁੱਤੀ, ਕਲਜੁਗ ਅੰਤ ਲਈ ਅੰਗੜਾਈਆ । ਹੁਕਮ ਨਾਲ ਪੰਜ ਚੇਤ ਨੂੰ ਉਠੀ, ਆਪਣਾ ਬਲ ਵਧਾਈਆ । ਫੇਰ ਲਟਕੀ ਰਹੀ ਪੁੱਠੀ, ਮੇਰਾ ਪਾਸਾ ਨਾ ਕੋਇ ਬਦਲਾਈਆ । ਅੱਜ ਮੇਰੀ ਆ ਗਈ ਓਹ ਵਦੀ ਸੁਦੀ, ਜਿਸ ਦਾ ਪੱਖ ਨਾ ਕੋਇ ਬਦਲਾਈਆ । ਜਨ ਭਗਤੋ ਤੁਹਾਡੀ ਨਿਰਮਲ ਕਰਨੀ ਬੁੱਧੀ, ਬਿਬੇਕ ਰੂਪ ਬਣਾਈਆ । ਤੁਹਾਡੀ ਬੇੜੀ


੧੭੭ ੨੧

ਕਦੇ ਨਾ ਡੁੱਬੀ, ਡੁਬਦਿਆਂ ਪਾਰ ਲੰਘਾਈਆ । ਮੈਂ ਆ ਗਈ ਭਗਤ ਦਵਾਰੇ ਦੀ ਸਾਚੀ ਝੁੱਗੀ, ਝੁੱਗੇ ਗੁਰਮੁਖਾਂ ਦੇਣੇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਪੂਰ ਕਰਾਈਆ । ਮੇਰਾ ਲੇਖਾ ਪੂਰਨ ਕਰੇ ਆਪ, ਆਪਣੀ ਦਇਆ ਕਮਾਈਆ । ਬਣ ਕੇ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਗੋਦ ਸੁਹਾਈਆ । ਦੱਸ ਕੇ ਸੋਹੰ ਜਾਪ, ਜਗਜੀਵਣ ਦਾਤੇ ਦਿਤੀ ਵਡਿਆਈਆ । ਮੇਰਾ ਤੋਲ ਪੂਰਾ ਕਰ ਕੇ ਨਾਪ, ਸਵਾ ਸੇਰ ਰੰਗ ਰੰਗਾਈਆ । ਮੈਂ ਰੂਹ ਬੁਤ ਕਰ ਕੇ ਜਾਣੇ ਪਾਕ, ਪਵਿਤ੍ਰ ਦਿਆਂ ਬਣਾਈਆ । ਜਨ ਭਗਤ ਬਣੌਣੇ ਸੱਜਣ ਸਾਕ, ਸਾਥੀ ਤੁਹਾਡੇ ਨਾਲ ਰਲਾਈਆ । ਵਡਿਆਈ ਵੇਖਣੀ ਤਨ ਖ਼ਾਕੀ ਖ਼ਾਕ, ਖ਼ਾਲਸ ਰੰਗ ਚੜ੍ਹਾਈਆ । ਅੰਤਰ ਖੋਲ੍ਹ ਕੇ ਤਾਕ, ਨਿਰੰਤਰ ਮੇਲਾ ਦੇਣਾ ਮਿਲਾਈਆ । ਦੱਸ ਅਗੰਮੀ ਬਾਤ, ਬਾਤਨ ਪੜਦਾ ਦੇਣਾ ਚੁਕਾਈਆ । ਲੇਖੇ ਲਾ ਕੇ ਸੁਹੰਜਣੀ ਰਾਤ, ਰੁਤ ਰੁਤੜੀ ਨਾਲ ਮਹਿਕਾਈਆ । ਕੋਈ ਨਾ ਲੱਭਿਓ ਮੇਰਾ ਸੁਆਦ, ਰਸਾਂ ਤੋਂ ਬਾਹਰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਰਿਹਾ ਮੁਕਾਈਆ । ਮੇਰਾ ਲੇਖਾ ਮੁੱਕਣ ਲੱਗਾ ਜਗ, ਜਗ ਜੀਵਣ ਦਾਤਾ ਦਏ ਵਡਿਆਈਆ । ਜਨ ਭਗਤੋ ਮੈਨੂੰ ਖਾ ਕੇ ਜਾਇਓ ਅੱਜ, ਅਜ਼ਲ ਤੋਂ ਲਵਾਂ ਬਚਾਈਆ । ਮੈਂ ਓਸ ਪ੍ਰਭੂ ਦੀ ਯੱਦ, ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਲਏ ਪ੍ਰਗਟਾਈਆ । ਮੈਂ ਜਦੋਂ ਵਸੀ ਤੇ ਵਸੀ ਵਿਚ ਪ੍ਰਭੂ ਦੀ ਹੱਦ, ਦੂਜੇ ਘਰ ਕਦੇ ਨਾ ਆਈਆ । ਜੇ ਮਾਤਲੋਕ ਆਇਆ ਤੇ ਮੈਨੂੰ ਲਿਆ ਸੱਦ, ਸੰਦੇਸ਼ਾ ਧੁਰ ਸੁਣਾਈਆ । ਮੈਂ ਨਿਮਾਣੀ ਹੋ ਕੇ ਆਈ ਭੱਜ, ਬੈਠੀ ਪੰਧ ਮੁਕਾਈਆ । ਮੇਰਾ ਅੰਦਰ ਰਿਹਾ ਹੱਸ, ਖ਼ੁਸ਼ੀਆਂ ਵਿਚ ਵਧਾਈਆ । ਮੇਰਾ ਨਾਤਾ ਜੁੜਿਆ ਜਿਹੜੇ ਪ੍ਰਭ ਦਾ ਗੌਂਦੇ ਜਸ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਨਮੁਖ ਦਰਸ਼ਨ ਕਰ ਕੇ ਅੱਖ, ਪ੍ਰਤੱਖ ਮਿਲਣ ਗੁਸਾਈਆ । ਮੈਂ ਉਨ੍ਹਾਂ ਦੇ ਅੰਤਰ ਨਿਰੰਤਰ ਜਾਣਾ ਵੱਸ, ਵਾਸਤਾ ਪ੍ਰੇਮ ਪ੍ਰੀਤ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਓਹ ਆਸ ਰੱਖੇ ਕਮਲੀਏ ਨਿੱਕੀ, ਪੁਰਖ ਅਕਾਲ ਦਏ ਦ੍ਰਿੜਾਈਆ । ਮੈਂ ਤੇਰੇ ਨਾਲ ਬਣੌਣੀ ਸਤਿਜੁਗ ਦੀ ਸਿੱਖੀ, ਚਾਰ ਵਰਨ ਜੋੜ ਜੁੜਾਈਆ । ਜਿਸ ਦਾ ਲਹਿਣਾ ਗੋਬਿੰਦ ਵਾਲੀ ਇੱਕੀ, ਏਕੰਕਾਰ ਪੂਰ ਕਰਾਈਆ । ਤੂੰ ਸਵਾ ਸੇਰ ਦੀ ਟਿੱਕੀ, ਟਿਕਟਿਕੀ ਭਗਤਾਂ ਦੇਣੀ ਜਣਾਈਆ । ਜਿਹੜੀ ਚਾਰ ਜੁਗ ਕਿਸੇ ਨਾ ਡਿੱਠੀ, ਸੋ ਗੁਰਮੁਖਾਂ ਝੋਲੀ ਪਾਈਆ । ਉਠ ਵੇਖ ਪੁਰਾਣੀ ਚਿੱਠੀ, ਤੈਨੂੰ ਦਿਆਂ ਦ੍ਰਿੜਾਈਆ । ਜਿਸ ਦੀ ਪੁੱਜ ਗਈ ਸੰਮਤ ਸ਼ਹਿਨਸ਼ਾਹੀ ਚਾਰ ਦੀ ਮਿਤੀ, ਮਿਤ੍ਰ ਪਿਆਰਾ ਮਿਲਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕਰ ਹਿਤ, ਕਰੇ ਖੇਲ ਸਦਾ ਅਨਡਿੱਠ, ਸਤਿਜੁਗ ਤਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰ ਗੁਰ ਦੀਨ ਦੁਨੀ ਜਗਤ ਜਹਾਨ ਲੋਕ ਪ੍ਰਲੋਕ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਮਜ਼ ਸਮਝ ਇਸ਼ਾਰਾ ਇਸ਼ਾਰੇ ਵਿਚੋਂ ਨਾ ਕੋਇ ਜਣਾਈਆ ।


੧੭੮
੨੧

## ❋ ੨ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਆਰ ਜੇਠੂਵਾਲ ❋

ਸਚਖੰਡ ਨਿਵਾਸੀ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਵਾਲੀ ਦੋ ਜਹਾਨ ਤੇਰੀ ਸਰਨਾਈਆ । ਨਿਉਂ ਨਿਉਂ ਨਮਸਤੇ ਕਰਨ ਤੇਈ ਅਵਤਾਰ, ਨਮੋ ਨਮੋ ਸੀਸ ਜਗਦੀਸ਼ ਝੁਕਾਈਆ । ਪੈਗ਼ੰਬਰ ਖ਼ਾਦਮ ਹੋ ਕੇ ਸੱਯਦਿਆਂ ਵਿਚ ਕਰਨ ਇਜ਼ਹਾਰ, ਪਰਵਰਦਿਗਾਰ ਸਾਂਝੇ ਯਾਰ ਤੇਰੀ ਸਰਨਾਈਆ । ਗੁਰੂ ਗੁਰਦੇਵ ਸਵਾਮੀ ਚਰਨ ਧੂੜੀ ਮੰਗਣ ਛਾਰ, ਮਸਤਕ ਟਿੱਕੇ ਅਗੰਮੇ ਖ਼ਾਕ ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਭਿਖਾਰ, ਉਚੀ ਕੂਕ ਕੂਕ ਸੁਣਾਈਆ । ਤ੍ਰੈਗੁਣ ਮਾਇਆ ਪੰਜ ਤੱਤ ਨੇਤਰ ਰੋਵਣ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਲ ਪੱਲੂ ਰਹੇ ਡਾਰ, ਵਿਕਾਰ ਹੰਕਾਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ, ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਦੇਣ ਬਿਆਨ, ਪੁਰਖ ਅਕਾਲ ਤੇਰੀ ਵਡਿਆਈਆ । ਲਹਿਣਾ ਦੇਣਾ ਦੋ ਜਹਾਨ, ਬ੍ਰਹਿਮੰਡ ਖੰਡ ਤੇਰੀ ਓਟ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖ ਮਾਰ ਧਿਆਨ, ਅਨਭਵ ਪੜਦਾ ਆਪਣਾ ਲਾਹੀਆ । ਜੁਗ ਚੌਕੜੀ ਅਸੀਂ ਦੇ ਕੇ ਆਏ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਜੀਵ ਜੰਤ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਤੇਰਾ ਰਾਜ, ਦਰਗਾਹ ਸਾਚੀ ਸਚਖੰਡ ਦਵਾਰੇ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰਾ ਕਾਜ, ਕਰਨੀ ਕਰਤੇ ਭੇਵ ਅਭੇਦਾ ਦੇਣਾ ਖੁਲ੍ਹਾਈਆ । ਜੁਗ ਚੌਕੜੀ ਤੇਰਾ ਵੇਖਦੇ ਰਹੇ ਸਮਾਜ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮਾਨਵ ਮਾਨਵ ਵੰਡ ਵੰਡਾਈਆ । ਤੇਰਾ ਧੁਰ ਸੰਦੇਸ਼ਾ ਨਾਮ ਅਗੰਮਾ ਗੌਂਦੇ ਰਹੇ ਗਾਥ, ਕਲਮਿਆਂ ਵਿਚ ਪੜ੍ਹਾਈਆ । ਤਨ ਵਜੂਦ ਮਾਟੀ ਖ਼ਾਕੀ ਸਰੀਰ ਬਣੌਂਦੇ ਰਹੇ ਸਾਥ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਭ ਦੇ ਖ਼ਾਲੀ ਹੋਏ ਹਾਥ, ਵਸਤ ਅਮੋਲਕ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਦਿਸੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਛਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾਏ ਨਾ ਕੋਈ ਇਕ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਸ਼ਰਅ ਵਿਚ ਕਰਨ ਲੜਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਝਗੜਾ ਮੇਟ ਕਾਇਨਾਤ, ਦੀਨ ਦੁਨੀ ਦਰਦੀ ਹੋ ਕੇ ਦਰਦ ਵੰਡਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਆਖ, ਧੁਰ ਸੰਦੇਸ਼ਾ ਤੇਰਾ ਹੁਕਮ ਸੁਣਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਸ਼ਬਦੀ ਡੰਕਾ ਰਾਓ ਰੰਕਾਂ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਕਾਇਆ ਮਾਟੀ ਸਚ ਸੱਚੀ ਧਰਮਸਾਲ, ਮਮਤਾ ਮੋਹ ਵਿਕਾਰ ਦੇਣਾ ਗੁਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਵੇਖ ਆਪਣੇ ਲਾਲ, ਭਗਤ ਭਗਵੰਤ ਆਪਣਾ

ਜੋੜ ਜੁੜਾਈਆ । ਸਦੀ ਚੌਧਵੀਂ ਦੀਨ ਦੁਨੀ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਆਪਣਾ ਡੇਰੂ ਡੰਕ ਵਜਾਈਆ । ਸਚ ਪ੍ਰੀਤੀ ਕਿਸੇ ਦਿਸੇ ਨਾ ਤੇਰੇ ਨਾਲ, ਪੁਰਖ ਅਕਾਲ ਤੇਰੀ ਓਟ ਨਾ ਕੋਇ ਤਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਘਰ ਸਵਾਮੀ ਠਾਕਰ ਮਿਲੇ ਕੋਈ ਨਾ ਆਣ, ਗ੍ਰਿਹਿ ਮੰਦਰ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰ ਏਕੰਕਾਰ ਇਕ ਇਕੱਲਾ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮੇਰੇ ਸਾਹਿਬ ਸੱਚੇ ਪਰਮਾਤਮ, ਪਰਵਰਦਿਗਾਰ ਤੇਰੀ ਵਡਿਆਈਆ । ਸਤਿਜੁਗ ਸਾਚਾ ਮੇਲਾ ਕਰ ਧੁਰ ਦੇ ਆਤਮ, ਬ੍ਰਹਮ ਪਾਰਬ੍ਰਹਮ ਲੇਖਾ ਆਪਣੇ ਹੱਥ ਰਖਾਈਆ । ਭੇਵ ਅਭੇਦਾ ਖੋਲ੍ਹ ਅਗੰਮਾ ਬਾਤਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਰੁਸ਼ਨਾਈਆ । ਦਰ ਤੇਰੇ ਠਾਂਡੇ ਚਾਰ ਜੁਗ ਦੇ ਭਿਖਾਰੀ ਆਖਣ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਤਿਜੁਗ ਸਾਚੀ ਬਦਲ ਦੇ ਰੀਤ, ਕਲਜੁਗ ਕੂੜੀ ਕਿਰਿਆ ਰਹਿਣ ਕੋਇ ਨਾ ਪਾਈਆ । ਤੂੰ ਹਰ ਘਟ ਵਸੇਂ ਵੀਚ, ਗ੍ਰਿਹਿ ਗ੍ਰਿਹਿ ਅੰਦਰ ਡੇਰਾ ਲਾਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਆਤਮ ਪਰਮਾਤਮ ਢੋਲਾ ਹੋਵੇ ਤੇਰਾ ਗੀਤ, ਸੋਹੰ ਸਚ ਪੜ੍ਹਾਈਆ । ਝਗੜਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਵੰਡ ਵੰਡਾਈਆ । ਮਾਨਵ ਮਾਣਸ ਮਾਨੁੱਖ ਸਾਚਾ ਨਾਮ ਦੱਸ ਹਦੀਸ, ਕਲਮਾ ਇਕੋ ਇਕ ਪੜ੍ਹਾਈਆ । ਤੂੰ ਠਾਕਰ ਸਵਾਮੀ ਨਜ਼ਰੀ ਆਵੇਂ ਨੀਕਨ ਨੀਕ, ਗਹਿਰ ਗੰਭੀਰ ਬੇਨਜ਼ੀਰ ਪੜਦਾ ਦੇਣਾ ਉਠਾਈਆ । ਪਿਛਲੀ ਬਦਲ ਦੇ ਤਵਾਰੀਖ, ਤਰੀਕਾ ਅਗਲਾ ਇਕ ਜਣਾਈਆ । ਇਕੋ ਰੰਗ ਰੰਗਾ ਦੇ ਹਸਤ ਕੀਟ, ਰਾਓ ਰੰਕ ਭੇਵ ਦੇਣਾ ਮਿਟਾਈਆ । ਸਾਚੀ ਦੱਸ ਆਤਮ ਪ੍ਰੀਤ, ਪਰਮਾਤਮ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਪੁਰਖ ਅਕਾਲ ਕਹੇ ਸੁਣੋ ਗੁਰ ਅਵਤਾਰ ਪੈਗ਼ੰਬਰ ਬੱਚੇ, ਸਚ ਦਿਆਂ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਸੀਂ ਫਿਰੇ ਨੱਸੇ, ਲੋਕਮਾਤ ਭੱਜੇ ਵਾਹੋ ਦਾਹੀਆ । ਮੇਰੇ ਸਿਫ਼ਤਾਂ ਵਾਲੇ ਨਾਮ ਅਨੇਕ ਦੱਸੇ, ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਨਾਮ ਸਤਿ ਕਹਿ ਕੇ ਢੋਲੇ ਗਾਈਆ । ਦੀਨਾਂ ਮਜ਼੍ਹਬਾਂ ਪਾਏ ਰੱਟੇ, ਝਗੜਾ ਜਣਾਇਆ ਜਗਤ ਲੋਕਾਈਆ । ਅੰਤਮ ਪਤਿ ਕੋਈ ਨਾ ਰੱਖੇ, ਸਿਰ ਹੱਥ ਨਾ ਕੋਇ ਟਿਕਾਈਆ । ਅੰਤ ਅਖ਼ੀਰੀ ਇਕ ਸਰਨਾਈ ਢੱਠੇ, ਪ੍ਰਭ ਚਰਨ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਰੱਟੇ, ਝਗੜਾ ਮਿਟੇ ਖ਼ਲਕ ਖ਼ੁਦਾਈਆ । ਸਾਡਾ ਮਾਣ ਕੋਈ ਨਾ ਰੱਖੇ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਪਈ ਦੁਹਾਈਆ । ਤੇਰਾ ਖੇਲ ਪੁਰਖ ਸਮਰਥੇ, ਦੋ ਜਹਾਨ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਸੁਤ ਦੁਲਾਰੇ, ਸਤਿ ਸਚ ਦਿਆਂ ਦ੍ਰਿੜਾਈਆ । ਕਲਜੁਗ ਆਇਆ ਅੰਤ ਕਿਨਾਰੇ, ਨਈਆ ਨੌਕਾ ਰਿਹਾ ਰੁੜ੍ਹਾਈਆ । ਸਤਿਜੁਗ ਸਚ ਹੋਏ ਉਜਿਆਰੇ, ਧਰਨੀ ਧਰਤ ਧੌਲ ਸੁਹਾਈਆ । ਕਰੇ ਖੇਲ ਅਗੰਮ ਅਪਾਰੇ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਸਾਚਾ ਮਾਰਗ ਦੱਸੇ ਇਕ ਸੰਸਾਰੇ,

ਛਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਜੋੜ ਸੱਚੀ ਸਰਕਾਰੇ ਮੇਲਾ ਅਗੰਮ ਲਏ ਮਿਲਾਈਆ । ਤਤ ਵਜੂਦ ਫੇਰ ਸ਼ਿੰਗਾਰੇ, ਤਨ ਮਾਟੀ ਖ਼ਾਕੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਈਆ । ਸਤਿਜੁਗ ਚਲੇ ਸਾਚਾ ਰਾਹ, ਹਰਿ ਰਹਿਬਰ ਆਪ ਚਲਾਇੰਦਾ । ਖੇਲ ਖੇਲੇ ਬੇਪ੍ਰਵਾਹ, ਬੇਪ੍ਰਵਾਹੀ ਵਿਚ ਵੇਖ ਵਖਾਇੰਦਾ । ਹਿੰਦੂ ਮੁਸਲਿਮ ਸਿੱਖ ਈਸਾਈ ਏਕਾ ਰੰਗ ਰੰਗਾ, ਦੁਤੀਆ ਭਾਉ ਨਾ ਕੋਇ ਜਣਾਇੰਦਾ । ਜਗਤ ਸ਼ਰਅ ਦਾ ਬੰਧਨ ਦਏ ਕਟਾ, ਸ਼ਰੀਅਤ ਵੰਡ ਨਾ ਕੋਇ ਵੰਡਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਚ ਦਾ ਕਰ ਵਿਵਾਹ, ਤਨ ਵਜੂਦ ਮਾਟੀ ਖ਼ਾਕ ਸ੍ਰਿਸ਼ਟੀ ਦ੍ਰਿਸ਼ਟੀ ਨਾਲ ਜੁੜਾਇੰਦਾ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਿਰ ਆਪਣਾ ਹੱਥ ਟਿਕਾ, ਸੰਤ ਸੁਹੇਲੇ ਆਪਣੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਪੜਦਾ ਆਪ ਉਠਾਇੰਦਾ । ਸਤਿ ਸਤਿਵਾਦੀ ਪੜਦਾ ਖੋਲ੍ਹ, ਹਰਿ ਕਰਤਾ ਕਿਰਪਾ ਆਪ ਕਰਾਈਆ । ਸਤਿ ਧਰਮ ਦੇ ਕੰਡੇ ਤੋਲ, ਸਤਿ ਸਤਿਵਾਦੀ ਵੇਖ ਵਖਾਈਆ । ਦੇਵੇ ਵਸਤ ਨਾਮ ਅਨਮੋਲ, ਅਨਮੁਲੜੀ ਝੋਲੀ ਪਾਈਆ । ਸਚ ਸਵਾਮੀ ਵਸੇ ਕੋਲ, ਘਰ ਬੈਠਾ ਕਾਇਆ ਸੋਭਾ ਪਾਈਆ । ਮਿਲੇ ਵਡਿਆਈ ਉਪਰ ਧੌਲ, ਧਰਨੀ ਧਰਤ ਵੱਜੇ ਵਧਾਈਆ । ਪੂਰਾ ਕਰੇ ਗੁਰ ਅਵਤਾਰ ਪੈਗ਼ੰਬਰਾਂ ਕੌਲ, ਪਿਛਲਾ ਲਹਿਣਾ ਝੋਲੀ ਪਾਈਆ । ਅੱਗੇ ਦੱਸ ਕੇ ਧੁਰ ਦਾ ਬੋਲ, ਅਨਰਾਗੀ ਆਪਣਾ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਨਿਰੰਕਾਰ, ਹਰਿ ਵੱਡਾ ਵਡ ਵਡਿਆਈਆ । ਸਤਿਜੁਗ ਸੱਚਾ ਖੇਲ ਅਪਰ ਅਪਾਰ, ਅਪਰੰਪਰ ਸੁਆਮੀ ਆਪ ਸਮਝਾਈਆ । ਚਾਰ ਜੁਗ ਦਾ ਲਹਿਣਾ ਦੇਣਾ ਕ਼ਰਜ਼ ਉਤਾਰ, ਪਿਛਲਾ ਲੇਖਾ ਝੋਲੀ ਪਾਈਆ । ਅੱਗੇ ਹੁਕਮ ਏਕਾ ਏਕੰਕਾਰ, ਦੂਜੀ ਚਲੇ ਨਾ ਕੋਇ ਚਤੁਰਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਬੰਨ੍ਹਣੀ ਧੁਰ ਦੀ ਧਾਰ, ਧਰਮ ਦਵਾਰਾ ਇਕ ਪ੍ਰਗਟਾਈਆ । ਸ਼ਰਅ ਜ਼ੰਜੀਰ ਨਾ ਰਹੇ ਸੰਸਾਰ, ਸ਼ਰੀਅਤ ਵਿਚੋਂ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਬੋਲ ਕੇ ਸਚ ਜੈਕਾਰ, ਨਾਤਾ ਧੁਰ ਦਾ ਦਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਹਰਿ ਇਕੋ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਹੁਕਮ ਪ੍ਰਵਾਨ, ਨਿਉਂ ਨਿਉਂ ਸੀਸ ਨਿਵਾਈਆ । ਬੁੱਧੀ ਤੋਂ ਪਰੇ ਸ਼ਬਦ ਗਿਆਨ, ਅਨਭਵ ਪੜਦਾ ਦੇਣਾ ਉਠਾਈਆ । ਪੜ੍ਹਨ ਲਿਖਣ ਤੋਂ ਪਰੇ ਤੇਰਾ ਧਿਆਨ, ਨਿਜ ਨੇਤਰ ਅੱਖ ਦੇਣੀ ਖੁਲ੍ਹਾਈਆ । ਤੇਰਾ ਮੰਦਰ ਸਚ ਮਕਾਨ, ਸਚਖੰਡ ਸਾਚਾ ਸੋਭਾ ਪਾਈਆ । ਜਿਥੇ ਇਕੋ ਨਾਦ ਧੁਨਕਾਨ, ਅਗੰਮੀ ਰਾਗ ਸੁਣਾਈਆ । ਦੀਆ ਬਾਤੀ ਕਮਲਾਪਾਤੀ ਜਗੇ ਜੋਤ ਮਹਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਤੂੰ ਤਖ਼ਤ ਨਿਵਾਸੀ ਆਦਿ ਜੁਗਾਦੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੇਂਦਾ ਰਿਹੋਂ ਦਾਨ, ਨਾਮ ਭੰਡਾਰਾ ਝੋਲੀ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਹੋ ਪ੍ਰਧਾਨ, ਸਚ ਪ੍ਰਧਾਨਗੀ ਆਪ ਕਮਾਈਆ । ਸਤਿਜੁਗ ਸਾਚਾ ਸਚ ਧਰਮ ਦਾ ਬਣਾ ਵਿਧਾਨ, ਹੁਕਮ ਇਕੋ ਇਕ ਸੁਣਾਈਆ । ਚਾਰ ਵਰਨਾਂ ਕਰਨਾ ਪਏ ਪ੍ਰਵਾਨ, ਨਵ ਸੱਤ ਵੱਜੇ ਵਧਾਈਆ । ਸਤਿ ਧਰਮ ਦਾ ਝੁਲਣਾ ਇਕ ਨਿਸ਼ਾਨ, ਦੋ ਜਹਾਨ ਵੇਖ ਵਖਾਈਆ । ਆਤਮ ਪਰਮਾਤਮ ਮੇਲਾ ਗੋਪੀ ਕਾਹਨ, ਸੁਰਤੀ

ਸ਼ਬਦ ਜੋੜ ਜੁੜਾਈਆ । ਤਨ ਵਜੂਦ ਓਸ ਦਾ ਨਿਸ਼ਾਨ, ਜੋ ਨਿਸ਼ਾਨਾ ਨਿਰਗੁਣ ਸਰਗੁਣ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗੰਬਰ ਸਾਰੇ ਕਹਿਣ ਤੇਰੀ ਖਾਈਏ ਕ਼ਸਮ, ਸੁਗੰਦ ਤੇਰੀ ਨਜ਼ਰੀ ਆਈਆ । ਸਤਿਜੁਗ ਸਾਚੀ ਚਲਾ ਰਸਮ, ਰਹਿਬਰ ਬਣ ਨੂਰ ਖ਼ੁਦਾਈਆ । ਖੇਲ ਕਰੇ ਆਪਣੇ ਦੀਦ ਚਸ਼ਮ, ਸਨਮੁਖ ਹੋ ਕੇ ਵਜੇ ਵਧਾਈਆ । ਨਾਤਾ ਜੋੜ ਪੰਜ ਤੱਤ ਮਾਟੀ ਜਿਸਮ, ਜ਼ਮੀਰ ਅੰਦਰੋਂ ਆਪ ਬਦਲਾਈਆ । ਤੇਰਾ ਨੂਰ ਅਲਾਹੀ ਇਸਮ, ਆਜ਼ਮ ਦੇਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਰਖਾਈਆ । ਇਕੋ ਮਾਰਗ ਤੇਰਾ ਰਸਤਾ ਠੀਕ, ਠਾਕਰ ਦੇਣਾ ਸਮਝਾਈਆ । ਸਤਿ ਧਰਮ ਦੀ ਸਤਿਜੁਗ ਚਲੇ ਰੀਤ, ਰੀਤੀਵਾਨ ਤੇਰੀ ਬੇਪ੍ਰਵਾਹੀਆ । ਤੂੰ ਬੈਠਾ ਰਹੇਂ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜਨ ਭਗਤਾਂ ਕਾਇਆ ਮਾਟੀ ਕਰ ਦੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਅੰਤਰ ਨਿਰੰਤਰ ਤੇਰਾ ਗਾਵਣ ਗੀਤ, ਨਾਉਂ ਨਿਰੰਕਾਰ ਵੱਜੇ ਵਧਾਈਆ । ਤੂੰ ਰਹਿਮਤ ਵਿਚ ਸਾਚਾ ਨਾਮ ਕਰ ਬਖ਼ਸ਼ੀਸ਼, ਅਨਮੁਲੜੀ ਦਾਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਨਿਰਗੁਣ ਨਿਰਾਕਾਰ ਨਿਰੰਕਾਰ ਤੇਰੀ ਓਟ ਤਕਾਈਆ । ਪੁਰਖ ਅਕਾਲ ਕਹੇ ਹੁਕਮ ਦੇਵਾਂ ਧੁਰ ਦਰਬਾਰ, ਦਰਗਾਹ ਸਾਚੀ ਸਚ ਜਣਾਈਆ । ਸਤਿਜੁਗ ਸਾਚਾ ਕਰ ਤਿਆਰ, ਤ੍ਰੈਗੁਣ ਲੇਖਾ ਦਿਆਂ ਮੁਕਾਈਆ । ਆਤਮ ਪਰਮਾਤਮ ਦੇ ਅਧਾਰ, ਬ੍ਰਹਮ ਪਾਰਬ੍ਰਹਮ ਮਿਲਾਈਆ । ਸਾਚਾ ਮਾਰਗ ਦੱਸ ਸੰਸਾਰ, ਸੋਈ ਸੁਰਤ ਦਿਆਂ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਵੇ ਵਿਚਾਰ, ਬੁੱਧ ਬਿਬੇਕ ਆਪ ਬਣਾਈਆ । ਮਨ ਕਲਪਣਾ ਕਰੇ ਨਾ ਕੋਇ ਖ਼ੁਆਰ, ਗੜ੍ਹ ਹੰਕਾਰ ਦਿਆਂ ਤੁੜਾਈਆ । ਚਾਰ ਵਰਨਾਂ ਦੱਸ ਕੇ ਇਕ ਦੁਆਰ, ਮੰਦਰ ਇਕੋ ਇਕ ਵਖਾਈਆ । ਜਿਥੇ ਵਸੇ ਇਕੋ ਪੁਰਖ ਅਕਾਲ, ਦੀਨ ਦਿਆਲ ਸੋਭਾ ਪਾਈਆ । ਸੋ ਸਚ ਸੱਚੀ ਧਰਮਸਾਲ, ਸਚਖੰਡ ਸਾਚੇ ਵੱਜੇ ਵਧਾਈਆ । ਓਥੇ ਪੋਹ ਨਾ ਸਕੇ ਕਾਲ, ਮਹਾਕਾਲ ਨਾ ਕੋਇ ਵਡਿਆਈਆ । ਇਕੋ ਨੂਰ ਜੋਤ ਜਮਾਲ, ਜਲਵਾਗਰ ਕਰੇ ਰੁਸ਼ਨਾਈਆ । ਸ੍ਰਿਸ਼ਟੀ ਨਾਤਾ ਵੇਖ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸਾਚਾ ਮਾਰਗ ਦਏ ਵਖਾਲ, ਭੇਵ ਅਭੇਦਾ ਦਏ ਖੁਲ੍ਹਾਈਆ । ਰਾਓ ਰੰਕ ਊਚ ਨੀਚ ਦੀਨ ਮਜ਼੍ਹਬ ਜ਼ਾਤ ਪਾਤ ਸ਼ਰਅ ਵਿਚੋਂ ਕਰ ਬਹਾਲ, ਮਾਨਵ ਮਾਨਵ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵੇਖੇ ਸੰਤ ਸੁਹੇਲੇ ਆਪਣੇ ਲਾਲ, ਲਾਲ ਗੁਲਾਲਾ ਦੀਨ ਦਿਆਲਾ ਸਾਹਿਬ ਸਤਿਗੁਰ ਬਣ ਰਖਵਾਲਾ, ਏਥੇ ਓਥੇ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸਿਰ ਆਪਣਾ ਹੱਥ ਟਿਕਾਈਆ ।

ਕੀਤੀ ਅਰਦਾਸ ਮੁਨੀ ਅਗੱਸਤ, ਗਸ਼ਤ ਚਾਰ ਕੁੰਟ ਲਗਾਈਆ । ਵਸਤ ਅਮੋਲਕ ਦੇ ਵਸਤ, ਵਸਤ ਵਸਤ ਵਿਚੋਂ ਪ੍ਰਗਟਾਈਆ । ਖ਼ਾਲੀ ਭੰਡਾਰਾ ਭਰ ਦਸਤ, ਦਸਤ ਦਸਤ ਨਾਲ ਮਿਲਾਈਆ । ਮੇਰੀ ਆਸਾ ਮਨਸਾ ਪੂਰੀ ਕਰ ਹਰਸ, ਹਰਸ ਹਵਸ ਪੰਧ ਮੁਕਾਈਆ । ਮਿਹਰਵਾਨ

ਹੋ ਕੇ ਕਰ ਤਰਸ, ਤਰਸ ਵਿਚ ਰਹਿਮਤ ਆਪ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਬਰਖਾ ਧੁਰ ਦੀ ਇਕ ਬਰਸਾਈਆ । ਤੇਰੇ ਵਿਛੋੜੇ
ਵਿਚ ਰਿਹਾ ਤੜਫ, ਤੜਫਨਾ ਦੇ ਗੁਆਈਆ । ਸਚ ਮੁਹੱਬਤ ਰਿਹਾ ਭਟਕ, ਭਟਕਨਾ ਅਵਰ ਦੇ ਚੁਕਾਈਆ । ਜਗਤ ਵਿਵਹਾਰ ਨਾ ਰਹੇ
ਕੋਈ ਕਟਕ, ਕਟਾਖ਼ਸ਼ ਆਪਣਾ ਇਕ ਲਗਾਈਆ । ਤੇਰਾ ਮੇਲ ਹੋਏ ਬੇਖਟਕ, ਖਟਕਾ ਕੂੜ ਦੇਣਾ ਚੁਕਾਈਆ । ਸਚ ਦੁਆਰ ਪੁਜਿਆ ਨਿਧੱੜਕ,
ਅੱਗੇ ਹੋ ਨਾ ਕੋਇ ਅਟਕਾਈਆ । ਅਗੋਂ ਪੁਰਖ ਅਕਾਲ ਕਿਹਾ ਕੜਕ, ਸ਼ਬਦ ਅਗੰਮੀ ਆਵਾਜ਼ ਸੁਣਾਈਆ । ਮੇਰੀ ਚਾਲ ਨਿਰਾਲੀ ਵਖਰੀ
ਜੁਗ ਜੁਗ ਮਟਕ, ਭੇਵ ਆਪਣਾ ਆਪ ਖੁਲ੍ਹਾਈਆ । ਜੋ ਜੁਗ ਚੌਕੜੀ ਰਹੇ ਲਟਕ, ਪੱਲੂ ਆਸ਼ਾ ਗੰਢ ਪੁਆਈਆ । ਇਕੋ ਲੋਚਨ ਨੈਣ ਵੇਖਣ
ਦਰਸ, ਆਦਰਸ਼ ਇਕੋ ਧਿਆਨ ਲਗਾਈਆ । ਉਨ੍ਹਾਂ ਦਾ ਲਹਿਣਾ ਵੇਖਣਾ ਉਤੇ ਅਰਸ਼, ਫ਼ਰਸ਼ ਆਪਣਾ ਖੇਲ ਖਿਲਾਈਆ । ਜਿਸ ਵੇਲੇ ਨਿਰਗੁਣ
ਧਾਰ ਆਵਾਂ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਚਾਰ ਜੁਗ ਦਾ ਲੇਖਾ ਵੇਖਾਂ ਫ਼ਰਦ, ਪੜਦਾ ਉਹਲਾ ਆਪ ਚੁਕਾਈਆ । ਸਾਚੇ ਸੰਤਾਂ ਵੰਡਾਂ
ਦਰਦ, ਦੀਨਾਂ ਆਪਣੇ ਗਲੇ ਲਗਾਈਆ । ਛੁਰੀ ਰਹੇ ਕੋਈ ਨਾ ਕਰਦ, ਕ਼ਾਤਲ ਮਕ਼ਤੂਲ ਰੂਪ ਨਾ ਕੋਇ ਬਣਾਈਆ । ਕੂੜੀ ਕਿਰਿਆ ਮੇਟਾਂ
ਗਰਦ, ਗਰਦਿਸ਼ ਵੇਖਾਂ ਜਗਤ ਲੋਕਾਈਆ । ਸੂਰਬੀਰ ਜੋਧਾ ਬਣ ਕੇ ਆਵਾਂ ਮਰਦ, ਮੱਦਦ ਮੰਗ ਨਾ ਕੋਇ ਮੰਗਾਈਆ । ਜਨ ਭਗਤਾਂ ਵੰਡਾਂ
ਦਰਦ, ਦੀਨਾਂ ਅਨਾਥਾਂ ਹੋ ਸਹਾਈਆ । ਇਕੋ ਨਾਮ ਸੁਣਾਵਾਂ ਤਰਜ਼, ਤਰਾਜ਼ੂ ਕੰਡੇ ਆਪਣੇ ਤੋਲ ਤੁਲਾਈਆ । ਤੇਰੀ ਓਸ ਵੇਲੇ ਪੂਰੀ ਕਰਾਂ

ਅਰਜ਼, ਬੇਨੰਤੀ ਝੋਲੀ ਪਾਈਆ । ਜਨ ਭਗਤਾਂ ਮਿਲਣ ਦੀ ਇਕੋ ਗ਼ਰਜ਼, ਗ਼ਰੀਬ ਨਿਮਾਣੇ ਗੋਦ ਉਠਾਈਆ । ਕਿਸੇ ਦਾ ਹੋਣ ਨਾ ਦੇਵਾਂ ਹਰਜ,
੧੮੩

ਹਰਜਾਨੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਇਕੋ ਹੁਕਮ ਵਰਤਾਈਆ । ਮੁਨੀ ਅਗੱਸਤ
੨੧
ਕਹੇ ਮੇਰੇ ਮੁਨੀਰ, ਮੁਜ਼ੱਕਰ ਮੁਅੱਨਸ ਤੇਰੀ ਸਮਝ ਕੋਇ ਨਾ ਆਈਆ । ਕਿਹੜੀ ਦੱਸੀ ਤਕ਼ਰੀਰ, ਤਰੀਕਾ ਕੀ ਦ੍ਰਿੜਾਈਆ । ਫੇਰ ਮਾਰ ਕੇ
ਇਕ ਲਕੀਰ, ਨਿਸ਼ਾਨਾ ਦਿਤਾ ਵਖਾਈਆ । ਜਿਸ ਵੇਲੇ ਇਹ ਮੰਜ਼ਲ ਲੰਘਿਆ ਕਬੀਰ, ਕ਼ਬਰਾਂ ਦਾ ਡੇਰਾ ਢਾਹਿਆ । ਫੇਰ ਗੋਬਿੰਦ ਫੜੀ ਸ਼ਮਸ਼ੀਰ,
ਖੰਡਾ ਇਕੋ ਇਕ ਚਮਕਾਈਆ । ਦੋ ਜਹਾਨਾਂ ਵੇਖ ਜਾਗੀਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਫੇਰ ਨਾਤਾ ਛਡ ਸਰੀਰ, ਜੋਤੀ ਸ਼ਬਦੀ ਧਾਰ
ਸਮਾਈਆ । ਫੇਰ ਚੋਟੀ ਚੜ੍ਹ ਅਖ਼ੀਰ, ਆਖ਼ਰ ਮੰਜ਼ਲ ਖੋਜ ਖੁਜਾਈਆ । ਦਰਸ਼ਨ ਦੇਵੇ ਬੇਨਜ਼ੀਰ, ਨਜ਼ਰੀਆ ਨਜ਼ਰ ਵਿਚੋਂ ਬਦਲਾਈਆ । ਲਹਿਣਾ
ਵੇਖ ਸ਼ਾਹ ਹਕੀਰ, ਰਾਓ ਰੰਕ ਦਏ ਵਡਿਆਈਆ । ਜਨ ਭਗਤਾਂ ਹੋਣ ਨਾ ਦਏ ਦਿਲਗੀਰ, ਨਿੰਦਰਾ ਆਲਸ ਨਾ ਕੋਇ ਉਪਜਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਸਮਝਾਈਆ । ਮੁਨੀ ਅਗੱਸਤ ਕਹੇ ਪੁਰਖ ਅਕਾਲ ਤੂੰ ਨਹੀਂ ਕੋਈ ਮਨੁੱਖ,
ਮਾਨਵ ਦੇਵ ਨਾ ਕੋਇ ਵਡਿਆਈਆ । ਮੈਂ ਤੇਰੀ ਸੁਗੰਧੀ ਸੁੱਖਣਾ ਲਵਾਂ ਸੁੱਖ, ਪਾਬੰਦੀ ਅਵਰ ਨਾ ਕੋਇ ਜਣਾਈਆ । ਤੂੰ ਨਿਰਗੁਣ ਧਾਰੋਂ ਪੈਣਾ
ਉਠ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤ ਸੁਹੇਲੇ ਬਣੌਣੇ ਧੁਰ ਦੇ ਸੁਤ, ਸਾਜਣ ਹੋ ਕੇ ਗੋਦ ਟਿਕਾਈਆ । ਮਿਹਰਵਾਨ ਹੋ ਕੇ ਲੈਣਾ
ਪੁਛ, ਮਿਹਰ ਨਜ਼ਰ ਆਪਣੀ ਆਪ ਕਰਾਈਆ । ਸਤਿ ਧਰਮ ਦੇਣਾ ਸੁਚ, ਸੰਜਮ ਇਕੋ ਦੇਣਾ ਜਣਾਈਆ । ਧੁਰ ਦੀ ਮੌਲੇ ਅਗੰਮੀ ਰੁਤ, ਰੁਤੜੀ
ਆਪਣੇ ਨਾਲ ਮਹਿਕਾਈਆ । ਸਭ ਦਾ ਪੈਂਡ ਜਾਣਾ ਮੁਕ, ਅੰਤ ਅਖ਼ੀਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਇਕ ਰੰਗਾਈਆ । ਮੁਨੀ ਅਗੱਸਤ ਕਹੇ ਤੇਰਾ ਖੇਲ ਸਦਾ ਆਹਿਸਤਾ, ਹੌਲੀ ਹੌਲੀ ਵੱਜੇ ਵਧਾਈਆ । ਮੈਂ ਵੇਖਣਾ ਓਹ ਫ਼ਰਿਸ਼ਤਾ, ਜਿਹੜਾ ਪੈਗ਼ੰਬਰਾਂ ਹੁਕਮ ਸੁਣਾਈਆ । ਜਗ ਨੇਤਰ ਕਿਸੇ ਨਾ ਦਿਸਦਾ, ਜਗਤ ਮੁਹੱਬਤ ਵਿਚ ਕੁਰਲਾਈਆ । ਇਹ ਖੇਲ ਹੋਣਾ ਅਗੰਮੀ ਇਕ ਦਾ, ਏਕੰਕਾਰ ਵੱਡੀ ਵਡਿਆਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜਿੱਤਦਾ, ਬਲ ਭੈ ਆਪਣਾ ਆਪ ਪ੍ਰਗਟਾਈਆ । ਓਹ ਜਨ ਭਗਤਾਂ ਝਗੜਾ ਮੁਕਾਵੇ ਨਿਤ ਦਾ, ਜਨਮ ਮਰਨ ਦਾ ਲੇਖਾ ਰਹੇ ਨਾ ਰਾਈਆ । ਮੇਲ ਦੱਸੇ ਆਪਣੇ ਹਿਤ ਦਾ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਗੁਰਮੁਖਾਂ ਝਗੜਾ ਮੁਕਾ ਕੇ ਨਿਤ ਦਾ, ਨਵਿਤ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰ ਕੇ ਹਿੱਤ ਧੁਰ ਦਾ ਪਿਤ ਜਨ ਭਗਤਾਂ ਸਾਚੇ ਲੇਖ ਲਿਖਦਾ, ਜਿਸ ਦਾ ਲਿਖਿਆ ਲੇਖ ਅੱਗੇ ਸਕੇ ਨਾ ਕੋਇ ਮਿਟਾਈਆ ।

### ☀ ੨੯ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਿਹ ਬਾਬੂ ਪੁਰ ਜ਼ਿਲਾ ਗੁਰਦਾਸਪੁਰ ☀

ਆਦਿ ਜੁਗਾਦਿ ਪੁਰਖ ਅਕਾਲ ਵਡ ਪ੍ਰਤਾਪੀ, ਤਾਬਿਆਦਾਰੀ ਸਭ ਦੀ ਵੇਖ ਵਖਾਈਆ । ਧੁਰ ਸੰਦੇਸ਼ਾ ਦੇਵੇ ਧੁਰ ਦੀ ਅਗੰਮੀ ਰਾਤੀ, ਜਿਸ ਰੈਣ ਦੀ ਚਾਰ ਜੁਗ ਵੰਡ ਨਾ ਕਿਸੇ ਵੰਡਾਈਆ । ਜੋਧਾ ਸੂਰਬੀਰ ਬਹਾਦਰ ਨਿਰਗੁਣ ਸਰਗੁਣ ਧਾਰ ਮਾਰ ਥਾਪੀ, ਬਲਧਾਰੀ ਆਪਣਾ ਬਲ ਪ੍ਰਗਟਾਈਆ । ਗੁਰ ਅਵਤਾਰ ਪੈਗ਼ੰਬਰ ਨਿਰਅੱਖਰ ਧਾਰ ਵੇਖੇ ਆਪਣੀ ਕਾਪੀ, ਜਿਸ ਦੀ ਕਾਪੀ ਜਗਤ ਵਿਦਿਆ ਨਾ ਕੋਇ ਸਮਝਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਿਨ ਕਿਨ ਕਿਤਨੇ ਤਾਰੇ ਪਾਪੀ, ਪਤਤ ਪੁਨੀਤ ਬਣਾਈਆ । ਕੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹਿੰਦਾ ਬਾਕੀ, ਲੇਖਾ ਸਭ ਦਾ ਦਿਓ ਦ੍ਰਿੜਾਈਆ । ਕੀ ਖੇਲ ਕਰਾਇਆ ਕਾਇਆ ਮਾਟੀ ਤਨ ਖ਼ਾਕੀ, ਵਜੂਦ ਮਹਿਬੂਬ ਵੇਖ ਵਖਾਈਆ । ਕੀ ਜਾਮ ਪਿਆਇਆ ਬਣ ਕੇ ਧੁਰ ਦੇ ਸਾਕੀ, ਰਸ ਅੰਮ੍ਰਿਤ ਇਕ ਚੁਆਈਆ । ਕੀ ਮੰਦਰ ਅੰਦਰ ਖੋਲ੍ਹਿਆ ਬੰਦ ਕਿਵਾੜਾ ਤਾਕੀ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਸਚ ਦੱਸੋ, ਕਿਉਂ ਮਨੂਆ ਹਰ ਘਟ ਅੰਦਰ ਹੋਇਆ ਆਕੀ, ਮਮਤਾ ਮੋਹ ਵਿਚ ਹਲਕਾਈਆ । ਕਿਉਂ ਝਗੜਾ ਪਾਇਆ ਜ਼ਾਤ ਪਾਤੀ, ਦੀਨ ਮਜ਼੍ਹਬ ਵੰਡ ਵੰਡਾਈਆ । ਕੀ ਖੇਲ ਕੀਤਾ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਦੇਣਾ ਜਣਾਈਆ । ਕੀ ਹੁਕਮ ਮੰਨਿਆ ਪੁਰਖ ਅਬਿਨਾਸ਼ੀ, ਹਰਿ ਜਗਦੀਸ਼ ਜੋ ਜਣਾਈਆ । ਕੀ ਮੰਜ਼ਲ ਚੜ੍ਹੇ ਘਾਟੀ, ਕੌਣ ਦਵਾਰੇ ਵੱਜੀ ਵਧਾਈਆ । ਕੀ ਪਦਾਰਥ ਨਾਮ ਦਿਤਾ ਦਾਤੀ, ਦੌਲਤ ਧੁਰ ਦੀ ਇਕ ਵਰਤਾਈਆ । ਕੀ ਕਥਾ ਕਹਾਣੀ ਦੱਸੀ ਗਾਥੀ, ਕਲਮਾ ਕਾਇਨਾਤ ਦ੍ਰਿੜਾਈਆ । ਕੀ ਸੁਰਤੀ ਸੋਵਤ ਧਾਰ ਜਾਗੀ, ਜਾਗਰਤ ਆਪਣਾ ਰੰਗ ਰੰਗਾਈਆ । ਕਿਉਂ ਦੀਨ ਦੁਨੀ ਹੋਈ ਬਾਗ਼ੀ, ਵੈਰਾਗੀ ਨਜ਼ਰ ਕੋਇ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਬਣਿਆ ਕੌਣ ਬਾਡੀ, ਘਾੜਤ ਕਿਸ ਬਿਧ ਰਿਹਾ ਘੜਾਈਆ । ਕੀ ਰਸਨਾ ਜਿਹਵਾ ਬੱਤੀ ਦੰਦ ਗਾਇਨ ਸੋਹਲੇ ਢੋਲੇ ਕੇਤੇ ਢਾਡੀ, ਜਗਤ ਰਾਗਾਂ ਵਿਚ ਅਲਾਈਆ । ਕਿਉਂ ਝਗੜਾ ਪਾਇਆ ਮਾਨਵ ਮਾਨਵ ਸਮਾਜੀ, ਸਮਾਂ ਸਮਝ ਨਾ ਕੋਇ ਸਮਝਾਈਆ । ਧੁਰ ਦਾ ਹੁਕਮ ਇਕ ਜਵਾਬੀ, ਜਵਾਬ ਮੰਗੇ ਥਾਉਂ ਥਾਈਂਆ । ਕੀ

ਸੱਯਦਾ ਦੱਸੇ ਆਦਾਬੀ, ਨਮਸਤੇ ਕੌਣ ਵਡਿਆਈਆ । ਕੀ ਖੇਲ ਵਖਾਇਆ ਮਹਿਰਾਬੀ, ਮੰਦਰਾਂ ਵੱਜੇ ਵਧਾਈਆ । ਕੀ ਨਾਦ ਸੁਣਾਏ ਨਾਦੀ, ਅਨਹਦ ਨਾਦੀ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਆਪੋ ਆਪਣਾ ਹਿਸਾਬ, ਅੰਕੜੇ ਆਪਣੇ ਵਿਚੋਂ ਪ੍ਰਗਟਾਈਆ । ਜਿਸ ਦਾ ਇਕੋ ਵਾਰ ਜਵਾਬ, ਦੂਜਾ ਫਿਕਰਾ ਨਾ ਕੋਇ ਅਲਾਈਆ । ਕਵਣ ਸ਼ਾਹ ਕਵਣ ਸ਼ਹਿਨਸ਼ਾਹ ਕਵਣ ਪਾਤਸ਼ਾਹ ਨਵਾਬ, ਨੌਬਤ ਨਾਮ ਹੱਕ ਕਵਣ ਵਜਾਈਆ । ਕਵਣ ਨਿਰਗੁਣ ਸਰਗੁਣ ਦੇਂਦਾ ਰਿਹਾ ਖ਼ਤਾਬ, ਖ਼ਤੋ ਖ਼ਤਾਬਤ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਦਿਤੀ ਸਮਝਾਈਆ । ਕਵਣ ਦੇਂਦਾ ਰਿਹਾ ਅੰਮ੍ਰਿਤ ਰਸ ਅੰਮਿਉਂ ਸਵਾਦ, ਬਿਨ ਰਸਨਾ ਰਸ ਚਖਾਈਆ । ਕਵਣ ਦੱਸਦਾ ਰਿਹਾ ਆਪਣਾ ਨਾਮ ਅੱਲਾ ਵਾਹਿਗੁਰੂ ਰਾਮ ਗਾਡ, ਧੁਰ ਸੰਦੇਸਿਆਂ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਆਪਣਾ ਲੇਖਾ, ਲਿਖਤ ਸਕੇ ਨਾ ਕੋਇ ਸਮਝਾਈਆ । ਕੀ ਸੁਣਦੇ ਰਹੇ ਧੁਰ ਦਾ ਸੰਦੇਸ਼ਾ, ਜਿਸ ਦੀ ਸਨਦ ਲੋਕਮਾਤ ਹੱਥ ਕਿਸੇ ਨਾ ਆਈਆ । ਕਿਹੜਾ ਵੇਖਦੇ ਰਹੇ ਵੇਸਾ, ਕਵਣ ਦਵਾਰੇ ਵਜਦੀ ਰਹੀ ਵਧਾਈਆ । ਕਵਣ ਬਣਦਾ ਰਿਹਾ ਖੇਵਟ ਖੇਟਾ, ਨਈਆ ਸਈਆ ਇਕ ਵਖਾਈਆ । ਕਵਣ ਬਣੌਂਦਾ ਰਿਹਾ ਪਿਤਾ ਪੂਤ ਆਪਣਾ ਬੇਟਾ, ਨੂਰ ਨੂਰ ਵਿਚੋਂ ਚਮਕਾਈਆ । ਚਾਰ ਜੁਗ ਦਾ ਪਿਛਲਾ ਸਾਰੇ ਕਰ ਲਓ ਚੇਤਾ, ਚੇਤਨ ਆਪਣਾ ਹੁਕਮ ਉਪਜਾਈਆ । ਕਿਸ ਬਿਧ ਸਭ ਦਾ ਪੂਰਾ ਹੋਣਾ ਠੇਕਾ, ਠੇਕੇਦਾਰੀ ਰਹਿਣ ਕੋਇ ਨਾ ਪਾਈਆ । ਕਿਸ ਬਿਧ ਤੱਤਾਂ ਵਾਲੇ ਸਰੀਰ ਦੀ ਲੈਂਦੇ ਰਹੇ ਭੇਟਾ, ਧੁਰ ਦਾ ਨਾਮ ਅੱਖਰਾਂ ਵਿਚ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਚੁੱਕਕੇ ਆਪਣਾ ਪੜਦਾ, ਓਹਲਾ ਰਹਿਣ ਕੋਇ ਨਾ ਪਾਈਆ । ਤੁਹਾਡਾ ਲਹਿਣਾ ਦੇਣਾ ਕੀ ਚੇਤਨ ਜੜ੍ਹ ਦਾ, ਸਹਿਜੇ ਦੇਣਾ ਸਮਝਾਈਆ । ਕਵਣ ਧਾਰ ਨਿਰਅੱਖਰ ਰਿਹਾ ਪੜ੍ਹਦਾ, ਅੱਖਰਾਂ ਕੀ ਵਡਿਆਈਆ । ਸਚ ਦੱਸੋ ਗੁਰ ਅਵਤਾਰ ਪੈਗ਼ੰਬਰ ਹੋ ਕੇ ਕਿਉਂ ਰਿਹਾ ਮਰਦਾ, ਤੱਤਾਂ ਵਾਲਾ ਸਰੀਰ ਤਜਾਈਆ । ਕਿਉਂ ਨਾ ਭੇਵ ਪਾਇਆ ਧੁਰ ਦੇ ਹਰਿ ਦਾ, ਸਦ ਹਰਿ ਹਰਿ ਵਿਚ ਸਮਾਈਆ । ਕਿਉਂ ਖੇਲ ਕਰਦੇ ਰਹੇ ਪਹਿਲੇ ਦੂਜੇ ਤੀਜੇ ਚੌਥੇ ਘਰ ਦਾ, ਹਿੱਸੇ ਬੱਚਿਆਂ ਵਾਲੇ ਵੰਡਾਈਆ । ਕਿਉਂ ਮਾਨਵ ਮਾਨਵ ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਜ਼ਰੀਏ ਰਿਹਾ ਲੜਦਾ, ਦੀਨਾਂ ਮਜ਼੍ਹਬਾਂ ਵਿਚ ਲੜਾਈਆ । ਜਿਸ ਨੇ ਭੇਵ ਪਾਇਆ ਮੇਰੇ ਘਰ ਦਾ, ਨਾਤਾ ਦੀਨ ਦੁਨੀ ਗਿਆ ਤੁੜਾਈਆ । ਸ਼ਰਅ ਵਿਚ ਕਦੇ ਨਾ ਵੜਦਾ, ਹੱਕ ਮਹਿਬੂਬ ਮਿਲ ਕੇ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਬਣੇ ਕੁਤਬਫ਼ਰੋਸ਼, ਕਾਤਬ ਕਲਮਾਂ ਵਾਲੇ ਅਖਵਾਈਆ । ਕਿਉਂ ਵੇਖੀ ਜਗਤ ਵਾਲੀ ਸੋਚ, ਬੁਧੀ ਨਾਲ ਵਡਿਆਈਆ । ਕਿਉਂ ਝਗੜਾ ਪਾਇਆ ਚੌਦਾਂ ਲੋਕ, ਚੌਦਾਂ ਤਬਕ ਦੇਣ ਦੁਹਾਈਆ । ਕਿਉਂ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨਾਂ ਵਾਲੀ ਦੱਸੀ ਖੋਜ, ਸਿਫ਼ਤਾਂ ਵਿਚ ਸਿਫ਼ਤੀ ਨਾਮ ਲੜਾਈਆ । ਕਿਉਂ ਸਤਿਗੁਰ ਹੋ ਕੇ ਅਵਤਾਰ ਹੋ ਕੇ ਪੈਗ਼ੰਬਰ ਹੋ ਕੇ ਗ਼ੁੱਸੇ ਵਿਚ ਚੜ੍ਹਦਾ ਰਿਹਾ ਜੋਸ਼, ਖੰਡੇ ਖੜਗ ਤੀਰ ਕਮਾਨ ਮੋਢਿਆਂ ਉਤੇ ਰਖਾਈਆ । ਕਿਉਂ

ਇਕ ਦੂਜੇ ਉਤੇ ਪੌਂਦੇ ਰਹੇ ਬੋਝ, ਭਾਰ ਮਜ਼੍ਹਬਾਂ ਵਾਲਾ ਬਣਾਈਆ । ਮੇਰੇ ਅੰਦਰ ਵੜ ਕੇ ਮੇਰਾ ਪੁਛ ਲੈਂਦਿਓ ਗੋਝ, ਪੜਦਾ ਉਹਲਾ ਰਹੇ ਨਾ ਰਾਈਆ । ਫੇਰ ਮੇਰੇ ਨਾਮ ਦਾ ਦੇਂਦਾ ਕੋਈ ਨਾ ਦੋਸ਼, ਨਾਮ ਦਾ ਨਾਮ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਸੁਣਾਈਆ । ਗੁਰ ਅਵਤਰ ਪੈਗ਼ੰਬਰੋ ਕਿਉਂ ਪੌਂਦੇ ਰਹੇ ਵੰਡਾਂ, ਆਪਣਾ ਡੰਕ ਵਜਾਈਆ । ਕਿਉਂ ਖੜਕਾਉਂਦੇ ਰਹੇ ਖੰਡਾ, ਖੜਗਾਂ ਹੱਥ ਵਿਚ ਚਮਕਾਈਆ । ਕਿਉਂ ਮਾਨਵ ਮਾਨਵ ਲੜੌਂਦੇ ਰਹੇ ਬੰਦਾ, ਬੰਦਗੀ ਵਿਚ ਬੰਦੇ ਕਿਉਂ ਨਾ ਬਣਾਈਆ । ਕਿਉਂ ਹਿੱਸੇ ਪਾਏ ਤਾਰਾ ਚੰਦਾ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਕਿਉਂ ਖੇਲ ਖੇਲਿਆ ਕੇਸ ਕੰਘਾ, ਬੋਦੀ ਜੰਞੂ ਨਾ ਕੋਇ ਵਡਿਆਈਆ । ਕਿਉਂ ਜੋਧੇ ਸੂਰਬੀਰ ਅਖਵਾ ਕੇ ਕੀਤਾ ਦੰਗਾ, ਕਿਉਂ ਜੰਗਲਾਂ ਵਿਚ ਬਣਾਂ ਵਿਚ ਆਪਣਾ ਆਪ ਭੁਆਈਆ । ਕਿਉਂ ਦੀਨ ਦੁਨੀ ਵੇਖਿਆ ਦੰਗਾ, ਹੈਰਾਨੀ ਵਿਚ ਖ਼ਲਕ ਖ਼ੁਦਾਈਆ । ਕਿਉਂ ਨਾ ਮੇਰਾ ਵੇਖਿਆ ਧੁਰਦਰਗਾਹੀ ਡੰਡਾ, ਜਿਸ ਨੂੰ ਡੰਡਾਵਤ ਕਰ ਕੇ ਸਾਰੇ ਸੀਸ ਨਿਵਾਈਆ । ਜਿਥੇ ਦੀਨ ਦਿਆਲ ਪੁਰਖ ਅਕਾਲ ਇਕੋ ਬਖ਼ਸ਼ੰਦਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੜਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਪੁਸਤਕ, ਜੋ ਪੁਸ਼ਤ ਦਰ ਪੁਸ਼ਤ ਚਲੀ ਆਈਆ । ਜਿਸ ਦੇ ਵਿਚ ਅੱਖਰਾਂ ਵਿਚ ਸਿਫ਼ਤਾਂ ਵਾਲੀ ਪ੍ਰਭ ਦੀ ਉਸਤਤ, ਮਹਿੰਮਾ ਵਿਚ ਵਡਿਆਈਆ । ਕਿਉਂ ਨਹੀਂ ਇਕੋ ਨਾਮ ਤੇ ਇਕੋ ਮੰਨਿਆ ਮੁਰਸ਼ਦ, ਕਲਮਾ ਇਕ ਸਮਝਾਈਆ । ਕਿਉਂ ਦੀਨ ਦੁਨੀ ਵਲੋਂ ਕਰ ਕੇ ਬੈਠੇ ਰੁਖ਼ਸਤ, ਆਪਣਾ ਪੱਲੂ ਰਹੇ ਛੁਡਾਈਆ । ਜੈਕਾਰ ਕਰੋ ਵਿਵਹਾਰ ਕਰੋ ਫਿਰ ਸਦੀ ਚੌਧਵੀਂ ਕਿਸੇ ਨਾ ਮਿਲੇ ਫ਼ੁਰਸਤ, ਵੇਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਕਰਨੀ, ਹਰਿ ਕਰਤਾ ਆਪ ਦ੍ਰਿੜਾਈਆ । ਕਿਉਂ ਝਗੜਾ ਵਰਨੀ ਬਰਨੀ, ਖੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਏਕਾ ਰੰਗ ਨਾ ਕੋਇ ਰੰਗਾਈਆ । ਕਿਉਂ ਨਾ ਪੁਰਖ ਅਕਾਲ ਦੀ ਦੱਸੀ ਧੁਰ ਦੀ ਸਰਨੀ, ਜਗਤ ਦੁਨੀ ਵੰਡ ਵੰਡਾਈਆ । ਕਿਉਂ ਨਾ ਇਕੋ ਤੁਕ ਦੱਸੀ ਪੜ੍ਹਨੀ, ਜੁਗ ਜੁਗ ਨਾਮ ਦਿਤੇ ਬਦਲਾਈਆ । ਕਿਉਂ ਨਾ ਇਕੋ ਮੰਜ਼ਲ ਦੱਸੀ ਚੜ੍ਹਨੀ, ਜਿਥੇ ਮਿਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਈਏ ਕੀ ਜਵਾਬ, ਤੋਬਾ ਤੋਬਾ ਸੀਸ ਨਿਵਾਈਆ । ਤੇਰਾ ਖੇਲ ਹੱਕ ਜਨਾਬ, ਮਹਿਬੂਬ ਤੇਰੀ ਬੇਪਰਵਾਹੀਆ । ਜੁਗ ਜੁਗ ਸੱਜਦੇ ਕਰਦੇ ਆਏ ਆਦਾਬ, ਨਮਸਤੇ ਵਿਚ ਸੀਸ ਝੁਕਾਈਆ । ਤੇਰੇ ਪ੍ਰੇਮ ਦਾ ਲੈ ਕੇ ਖ਼ਤਾਬ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਕਲਜੁਗ ਦੁਆਪਰ ਤਰੇਤਾ ਸਤਿਜੁਗ ਦੱਸਦੇ ਆਏ ਆਦਾਬ, ਸੀਸ ਜਗਦੀਸ਼ ਇਕ ਨਿਵਾਈਆ । ਅੰਕੜਿਆਂ ਦਾ ਰੱਖਿਆ ਨਹੀਂ ਕੋਈ ਹਿਸਾਬ, ਲੇਖਾ ਵੰਡ ਨਾ ਕੋਇ ਵੰਡਾਈਆ । ਇਕੋ ਤੇਰੀ ਓਟ ਰੱਖਕੇ ਆਦਿ, ਅੰਤ ਤੇਰਾ ਰਾਹ ਤਕਾਈਆ । ਤੇਰੀ ਕਿਰਪਾ ਗਏ ਜਾਗ, ਅੰਤ ਤੇਰੇ ਵਿਚ ਸਮਾਈਆ । ਤੇਰਾ ਹੁਕਮ ਤੇਰਾ ਸਮਾਜ, ਦੀਨ ਦੁਨੀ ਤੇਰੀ ਵਡਿਆਈਆ । ਤੇਰਾ ਫ਼ਰਮਾਨਾ ਧੁਰ ਦਾ ਰਾਜ, ਰਈਅਤ ਵੇਖੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ

੧੮੬
੨੧

ਕਹਿਣ ਸਾਰੇ ਕਰੀਏ ਚੇਤਾ, ਪੂਰਬ ਧਿਆਨ ਲਗਾਈਆ । ਰਾਮ ਨੇ ਕਿਹਾ, ਵਸ਼ਿਸ਼ਟ ਨੇ ਦੱਸਿਆ ਮੈਨੂੰ ਮੇਰਾ ਨੇਤਾ, ਰਾਮ ਰਾਮ ਦਾ ਮਾਲਕ ਨਜ਼ਰੀ ਆਈਆ । ਜੋ ਆਦਿ ਜੁਗਾਦਿ ਸਭ ਨਾਲ ਕਰੇ ਹੇਤਾ, ਹਿਤਕਾਰੀ ਧੁਰਦਰਗਾਹੀਆ । ਉਨੱਤੀ ਵਿਸਾਖ ਵਸ਼ਿਸ਼ਟ ਸੁੱਤਾ ਸੀ ਵਿਚ ਖੇਤਾਂ, ਓਢਣ ਨਜ਼ਰ ਕੋਇ ਨਾ ਆਈਆ । ਚਰਨਾਂ ਵਿਚ ਸੀ ਲੇਟਾ, ਦਸਰਥ ਬੇਟਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚੜ੍ਹਾਈਆ । ਵਸ਼ਿਸ਼ਟ ਕਿਹਾ ਸੁਣ ਰਾਮ ਰਾਮੇ, ਰਾਮ ਦਿਆਂ ਜਣਾਈਆ । ਅਵਤਾਰ ਪੈਗ਼ੰਬਰ ਜਿਸ ਦੇ ਕਾਮੇ, ਗੁਰੂ ਗੁਰਦੇਵ ਸੇਵ ਕਮਾਈਆ । ਜੁਗ ਜੁਗ ਬਦਲਦੇ ਰਹਿਣ ਜਾਮੇ, ਨਿਰਗੁਣ ਸਰਗੁਣ ਸੋਭਾ ਪਾਈਆ । ਡੰਕੇ ਸ਼ਬਦ ਵਜਦੇ ਰਹਿਣ ਦਮਾਮੇ, ਜਗਤ ਜਹਾਨ ਸ਼ਨਵਾਈਆ । ਢੋਲੇ ਗੌਂਦੇ ਰਹਿਣ ਹਰਿ ਨਾਮੇ, ਸਿਫ਼ਤਾਂ ਵਿਚ ਸਾਲਾਹੀਆ । ਕੀ ਤੱਕਣ ਦੋ ਜਹਾਨੇ, ਪੁਰੀ ਲੋਅ ਆਕਾਸ਼ ਵੇਖ ਵਖਾਈਆ । ਅੰਤਮ ਚਲਣ ਧੁਰ ਦੇ ਭਾਣੇ, ਸਿਰ ਸਕੇ ਨਾ ਕੋਇ ਉਠਾਈਆ । ਉਠ ਵੇਖ ਗੇਹੂੰ ਦੇ ਦੋ ਚਾਰ ਦਾਣੇ, ਜਿਸ ਨੂੰ ਗੰਦਮ ਕਹੇ ਲੋਕਾਈਆ । ਕੁਛ ਵੱਡੇ ਕੁਛ ਛੋਟੇ ਕੁਛ ਬੁੱਢੇ ਕੁਛ ਬਾਲ ਅੰਞਾਣੇ, ਕੁਛ ਕੱਚੇ ਪੱਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਜਣਾਈਆ । ਰਾਮ ਕਿਹਾ ਇਹ ਦਾਣਾ ਕਣਕ, ਵਸ਼ਿਸ਼ਟ ਕਿਹਾ ਕਣਕ ਕਾਮਨੀ ਦੋਵੇਂ ਦਏ ਤਜਾਈਆ । ਰਾਮ ਕਿਹਾ ਆਹ ਮੇਰਾ ਧਨੁਖ, ਵਸ਼ਿਸ਼ਟ ਕਿਹਾ ਧਨੁੱਸ਼ ਬਾਣ ਕੰਮ ਕਿਸੇ ਨਾ ਆਈਆ । ਰਾਮ ਕਿਹਾ ਆਹ ਮੇਰੇ ਅੰਤਰ ਅਣਖ, ਵਸ਼ਿਸ਼ਟ ਕਿਹਾ ਹੰਕਾਰ ਕੰਮ ਕਿਸੇ ਨਾ ਆਈਆ । ਰਾਮ ਕਿਹਾ ਆਹ ਮੇਰੇ ਕੋਲ ਸੰਖ, ਵਸ਼ਿਸ਼ਟ ਕਿਹਾ ਜਗਤ ਆਵਾਜ਼ ਨਾ ਕੋਇ ਸੁਣਾਈਆ । ਰਾਮ ਕਿਹਾ ਆਹ ਮੇਰਾ ਲੇਖਾ ਵੇਖ ਟੰਕ, ਚੌਦਾਂ ਭਾਰ ਸੋਭਾ ਪਾਈਆ । ਵਸ਼ਿਸ਼ਟ ਕਿਹਾ ਤੇਰਾ ਲਹਿਣਾ ਨਾਲ ਜਨਕ, ਜਾਨਕੀ ਦੇਵਣਹਾਰ ਵਡਿਆਈਆ । ਰਾਮ ਖੋਲ੍ਹ ਕੇ ਵੇਖੀ ਪਲਕ, ਨੇਤਰ ਨੈਣ ਉਠਾਈਆ । ਵਸ਼ਿਸ਼ਟ ਕਿਹਾ ਵਿਸ਼ਿਆਂ ਤੋਂ ਪਰੇ ਵੇਖ ਲੈ ਝਲਕ, ਜੋ ਝੱਲੇ ਸਭ ਨੂੰ ਰਹੀ ਬਣਾਈਆ । ਨੂਰੀ ਨੂਰ ਜਣਾ ਕੇ ਖ਼ਲਕ, ਖ਼ਾਲਕ ਮਖ਼ਲੂਕ ਦੋਵੇਂ ਪੜਦਾ ਲਾਹੀਆ । ਮਸਤਕ ਨਜ਼ਰ ਨਾ ਆਇਆ ਤਿਲਕ, ਲਲਾਟੀ ਜੋਤ ਨੂਰ ਰੁਸ਼ਨਾਈਆ । ਕਲਜੁਗ ਵਖਾਇਆ ਜੋ ਨੇਤਰ ਰੋ ਕੇ ਰਿਹਾ ਵਿਲਕ, ਬਹੁੜੀ ਬਹੁੜੀ ਦਏ ਦੁਹਾਈਆ । ਸਤਿ ਧਰਮ ਵਖਾਇਆ ਜੋ ਹਰ ਹਿਰਦਿਉਂ ਗਿਆ ਖਿਸਕ, ਤਨ ਮੰਦਰ ਅੰਦਰ ਨਜ਼ਰ ਨਾ ਆਈਆ । ਪ੍ਰੇਮ ਵਖਾਇਆ ਜੋ ਵਹਿੰਦੀ ਧਾਰ ਗਿਆ ਤਿਲਕ, ਸਚ ਦਵਾਰੇ ਸੋਭਾ ਕੋਇ ਨਾ ਪਾਈਆ । ਵਸ਼ਿਸ਼ਟ ਕਿਹਾ ਰਾਮ ਓਹ ਵੇਖ ਜਾਂ ਤੱਕਿਆ ਤੇ ਸ੍ਰਿਸ਼ਟੀ ਦਿਸੀ ਨਿੰਦਕ, ਨਿੰਦਿਆ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਸ਼ਿਸ਼ਟ ਕਿਹਾ ਇਹ ਰਾਮ ਕਿਸ ਦੀ ਖੇਤੀ, ਕਵਣ ਖ਼ਾਤਰ ਰਿਹਾ ਕਰਾਈਆ । ਅਸੀਂ ਦੋਵੇਂ ਪ੍ਰਦੇਸੀ, ਮਾਲਕ ਨਜ਼ਰ ਕੋਇ ਨਾ ਆਈਆ । ਵਸ਼ਿਸ਼ਟ ਕਿਹਾ ਜ਼ਰਾ ਨਿਗਾਹ ਮਾਰ ਕੇ ਵੇਖੀਂ, ਬਿਨ ਅੱਖਾਂ ਅੱਖ ਉਠਾਈਆ । ਜਾਂ ਤੱਕਿਆ ਇਕ ਨਜ਼ਰ ਆਈ ਨੌ ਸਾਲ ਦੀ ਬੇਟੀ, ਕੰਨਿਆ ਰੂਪ ਬਦਲਾਈਆ । ਚਾਰ ਕੁੰਟ ਰਹੀ ਵੇਖੀ, ਦਹਿ ਦਿਸ਼ਾ ਫੋਲ ਫੁਲਾਈਆ । ਨਾਲੇ ਹੱਸ ਕੇ ਕਿਹਾ ਰਾਮ ਵਸ਼ਿਸ਼ਟ ਤੇਰੀ ਕੀ ਸ਼ੇਖ਼ੀ, ਸ਼ਰਅ ਵਿਚ ਦਿਓ ਜਣਾਈਆ । ਕੀ ਦੁਨੀਆ ਦੀ ਰੇਖੀ, ਰਿਖੀਆਂ ਵਿਚ ਕੀ ਵਡਿਆਈਆ । ਕੀ ਕ਼ਲਮ ਕਾਤਬ ਵਾਲੀ ਲੇਖੀ, ਲਿਖਤ ਦਏ ਭੁਗਤਾਈਆ । ਜੇ ਤੁਸੀਂ ਦੋਵੇਂ ਪ੍ਰਦੇਸੀ, ਦੇਸ ਵਾਲਾ ਨਜ਼ਰ ਕੋਇ ਨਾ ਆਈਆ । ਏਸ ਭੁਲ ਦੀ ਪ੍ਰਭ ਦੇ ਕੋਲ ਭੁਗਤੋ ਪੇਸ਼ੀ, ਪੇਸ਼ਨਗੋਈ

ਦਿਆਂ ਜਣਾਈਆ । ਜਿਸ ਵੇਲੇ ਮਾਲਕ ਆਵੇ ਨਰ ਨਰੇਸ਼ੀ, ਨਰ ਨਰਾਇਣ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਈਆ । ਰਾਮ ਵਸ਼ਿਸ਼ਟ ਦੇ ਕੋਲ ਆ ਗਿਆ ਕਿਰਸਾਣ, ਖ਼ੁਸ਼ੀਆਂ ਪੰਧ ਮੁਕਾਈਆ । ਵੇਖਿਆ ਨਾਲ ਧਿਆਨ, ਪਲਕ ਅੱਖ ਬਦਲਾਈਆ । ਅੰਤਰ ਹੋਇਆ ਗਿਆਨ, ਵੱਜੀ ਸਚ ਵਧਾਈਆ । ਚਰਨੀ ਡਿੱਗਾ ਆਣ, ਸੀਸ ਸਰ ਨਿਵਾਈਆ । ਬੋਲ ਕੇ ਨਾਲ ਜ਼ਬਾਨ, ਬੇਨੰਤੀ ਇਕ ਸੁਣਾਈਆ । ਤੁਸੀਂ ਪ੍ਰਦੇਸੀ ਮੇਰੇ ਮਹਿਮਾਨ, ਭੋਜਨ ਦੇਵਾਂ ਚਖਾਈਆ । ਰਾਮ ਨੇ ਪਕੜ ਕੇ ਓਸ ਦਾ ਕਾਨ, ਚਾਰੋਂ ਕੁੰਟ ਦਿਤਾ ਭੁਆਈਆ । ਚਰਨ ਮਾਰਿਆ ਓਸ ਦੀ ਉਤੇ ਟਾਂਗ, ਬਦਨ ਦਿਤਾ ਹਿਲਾਈਆ । ਓਸ ਦੀ ਨਿਕਲ ਗਈ ਚਾਂਘ, ਰੋ ਕੇ ਦਿਤੀ ਦੁਹਾਈਆ । ਰਾਮ ਪ੍ਰੇਮ ਦੀ ਅੰਦਰ ਦਿਤੀ ਕਾਂਗ, ਅੰਮ੍ਰਿਤ ਮੇਘ ਬਰਸਾਈਆ । ਓਨ ਵੇਖਿਆ ਅਗੰਮੀ ਸਵਾਂਗ, ਹੈਰਾਨੀ ਵਿਚ ਆਪਣਾ ਆਪ ਬਦਲਾਈਆ । ਕੀ ਮੰਗਾਂ ਏਥੋਂ ਮਾਂਗ, ਇਛਿਆ ਇਕ ਪ੍ਰਗਟਾਈਆ । ਫੇਰ ਪੁੱਟ ਕੇ ਇਕ ਪਲਾਂਘ, ਅੱਗੇ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਕਿਰਸਾਨ ਕਹੇ ਮੇਰੀ ਵੇਖੋ ਪਿਛਲੀ ਕਿਰਸ, ਸਹਿਜ ਨਾਲ ਸਮਝਾਈਆ । ਮੈਨੂੰ ਇਕ ਮਿਲਣ ਦੀ ਹਿਰਸ, ਹਵਸ ਦੇਣੀ ਬੁਝਾਈਆ । ਵੇਖਿਓ ਤੁਸੀਂ ਪ੍ਰਦੇਸੀ ਹੋ ਕੇ ਨਾ ਜਾਇਓ ਖਿਸਕ, ਪੱਲੂ ਨਾ ਜਾਣਾ ਛੁਡਾਈਆ । ਤੁਸੀਂ ਟਾਂਕ ਤੇ ਨਹੀਂ ਦੋਵੇਂ ਜਿਸਤ, ਰਾਮ ਵਸ਼ਿਸ਼ਟ ਸੋਭਾ ਪਾਈਆ । ਤੁਸੀਂ ਸਤਿਗੁਰੂ ਜਗਤ ਜਗਤ ਵਾਲਾ ਭੇਗੇ ਗ੍ਰਹਿਸਤ, ਗ੍ਰਹਿਸਤੀਆਂ ਵਿਚ ਲੋਕਾਈਆ । ਮੈਨੂੰ ਇਕ ਓਸ ਦਾ ਇਸ਼ਕ, ਜੋ ਆਸ਼ਕ ਮਾਸ਼ੂਕਾਂ ਤੋਂ ਪਰੇ ਡੇਰਾ ਲਾਈਆ । ਓ ਰਾਮ ਓ ਵਸ਼ਿਸ਼ਟ ਤੁਹਾਡੇ ਦੋਹਾਂ ਤੋਂ ਪਰੇ ਇਸ਼ਟ, ਓਸ ਇਸ਼ਟ ਦੀ ਆਸ਼ਾ ਮੈਂ ਤਕਾਈਆ । ਮੈਨੂੰ ਸਚ ਦੱਸੋ ਕਵਣ ਵੇਲੇ ਆਵੇ ਵਿਚ ਸ੍ਰਿਸ਼ਟ, ਨਿਰਗੁਣ ਹੋ ਕੇ ਫੇਰਾ ਪਾਈਆ । ਬਿਨ ਕ਼ਲਮ ਸ਼ਾਹੀ ਲਿਖ ਦਿਓ ਲਿਖਤ, ਲੇਖਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਸ਼ਿਸ਼ਟ ਕਿਹਾ ਸੁਣ ਕਿਰਸਾਣਾ, ਕਿਰਸ ਨਾਲ ਜਣਾਈਆ । ਕਰੇ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਵੇਲੇ ਤ੍ਰੇਤਾ ਦੁਆਪਰ ਕਲਜੁਗ ਅੰਤਮ ਹੋਵੇ ਜਹਾਨਾ, ਜਹਾਲਤ ਕੂੜ ਲੋਕਾਈਆ । ਸਾਚਾ ਪਿਆਰ ਨਾ ਰਹੇ ਕਿਸੇ ਰਾਮਾ, ਰਮਈਆ ਰਾਮ ਨਾ ਕੋਇ ਮਨਾਈਆ । ਓਸ ਵੇਲੇ ਪ੍ਰਭੂ ਪਹਿਰੇ ਅਗੰਮੀ ਜਾਮਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਖੇਲੇ ਖੇਲ ਦੋ ਜਹਾਨਾਂ, ਜਹਾਲਤ ਮੇਟੇ ਕੂੜ ਲੋਕਾਈਆ । ਪ੍ਰਗਟ ਹੋਵੇ ਵਡ ਅਮਾਮਾ, ਅਮਲਾਂ ਤੋਂ ਬਾਹਰ ਸੋਭਾ ਪਾਈਆ । ਜਿਸ ਦਾ ਝੁੱਲੇ ਇਕ ਨਿਸ਼ਾਨਾ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਲਾਮਾਂ, ਨਮੋ ਨਮੋ ਕਹਿ ਕੇ ਚਰਨਾਂ ਖ਼ਾਕ ਰਮਾਈਆ । ਓਸ ਦਾ ਵੱਜਣਾ ਇਕ ਦਮਾਮਾ, ਡੰਕਾ ਧੁਰ ਦਾ ਕਰੇ ਸ਼ਨਵਾਈਆ । ਹਰ ਘਟ ਹੋਵੇ ਜਾਣੀ ਜਾਣਾ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਰਾਮ ਕਹੇ ਸੁਣ ਕਿਰਸਾਣ ਵੇਖ ਆਪਣੀ ਖੇਤੀ ਬਾੜੀ, ਖੇਤਰਪਾਲ ਸੇਵ ਕਮਾਈਆ । ਜਿਸ ਵੇਲੇ ਚੌਥੇ ਜੁਗ ਵਿਚ ਚੌਥੇ ਸੰਮਤ ਦੀ ਆਵੇ ਹਾੜੀ, ਹਾੜਾ ਤੇਰਾ ਵੇਖ ਵਖਾਈਆ । ਪ੍ਰਭ ਕਰੇ ਖੇਲ ਅਪਰ ਅਪਾਰੀ, ਅਪਰੰਪਰ ਸਵਾਮੀ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰਾਂ ਸਭ ਦੀ ਚੁੱਕੇ ਵਾਰੀ, ਵਾਰਸ ਰਹਿਣ ਕੋਇ ਨਾ ਪਾਈਆ । ਨਿਰਗੁਣ ਨੂਰ ਜੋਤ ਕਰੇ ਉਜਿਆਰੀ, ਨੂਰ ਨੁਰਾਨਾ ਡਗਮਗਾਈਆ ।

ਤੇਰਾ ਲਹਿਣਾ ਦੇਣਾ ਮੁਕਾਵੇ ਵਡ ਸੰਸਾਰੀ, ਮਹਾਂਸਾਰਥੀ ਆਪ ਹੋ ਜਾਈਆ । ਧੁਰ ਦਾ ਹੁਕਮ ਬਣ ਲਿਖਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਵਸ਼ਿਸ਼ਟ ਕਹੇ ਮੈਂ ਦੱਸਾਂ ਵਿਸ਼ਾਲ, ਧੁਰ ਦਾ ਹੁਕਮ ਸਮਝਾਈਆ । ਕਿਰਪਾ ਕਰੇ ਦੀਨ ਦਿਆਲ, ਦਇਆਨਿਧ ਇਕ ਸਰਨਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦਾ ਚੁੱਕੇ ਕਾਲ, ਸਮਾਂ ਰਹਿਣ ਕੋਇ ਨਾ ਪਾਈਆ । ਸਭ ਦਾ ਲੇਖਾ ਪਿਛਲਾ ਕਰ ਬਹਾਲ, ਬਿਹਬਲ ਆਪਣੀ ਧਾਰ ਸਮਝਾਈਆ । ਭਗਤ ਸੁਹੇਲੇ ਉਪਜਾ ਲਾਲ, ਹਰਿਜਨ ਆਪਣੀ ਗੋਦ ਉਠਾਈਆ । ਸਾਚਾ ਮਾਰਗ ਦਏ ਸੁਖਾਲ, ਰਸਤਾ ਇਕੋ ਇਕ ਪ੍ਰਗਟਾਈਆ । ਜਿਥੇ ਚਲਣ ਸ਼ਾਹ ਕੰਗਾਲ, ਊਚ ਨੀਚ ਨਾ ਵੇਖ ਵਖਾਈਆ । ਓਸ ਵੇਲੇ ਤੇਰਾ ਪੂਰਾ ਹੋਵੇ ਸੁਆਲ, ਬੇਨੰਤੀ ਆਪਣੇ ਲੇਖੇ ਪਾਈਆ । ਅਸੀਂ ਵੀ ਵੇਖਣ ਆਈਏ ਸੁਹੰਜਣਾ ਸਮਾਂ ਅਗੰਮੀ ਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਰਾਮ ਵਸ਼ਿਸ਼ਟ ਦੋਹਾਂ ਕੀਤਾ ਇਕਰਾਰ, ਕੌਲ ਨਾਲ ਸਮਝਾਈਆ । ਰਸਨਾ ਵਾਲਾ ਨਹੀਂ ਤਕਰਾਰ, ਜਿਹਵਾ ਵਾਲੀ ਨਾ ਕੋਇ ਲੜਾਈਆ । ਇਹ ਹੁਕਮ ਸੱਚੀ ਸਰਕਾਰ, ਧੁਰ ਫ਼ਰਮਾਨਾ ਦਈਏ ਜਣਾਈਆ । ਜਿਸ ਵੇਲੇ ਆਵੇ ਕਲਜੁਗ ਅੰਤਮ ਵਾਰ, ਵਾਰਤਾ ਪਿਛਲੀ ਦਏ ਮੁਕਾਈਆ । ਸਾਚਾ ਨਾਮ ਕਰ ਉਜਿਆਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸੰਤ ਸੁਹੇਲੇ ਲਏ ਉਠਾਲ, ਹਰਿਜਨ ਆਪ ਜਗਾਈਆ । ਸੁਰਤ ਲਏ ਸੰਭਾਲ, ਧੁਰ ਦਾ ਮੇਲ ਮਿਲਾਈਆ । ਵਖਾ ਇਕ ਧਰਮਸਾਲ, ਧਰਮ ਦਵਾਰ ਵੱਜੇ ਵਧਾਈਆ । ਬਦਲ ਕੇ ਆਪਣੀ ਚਾਲ, ਚਾਲ ਨਿਰਾਲੀ ਇਕ ਜਣਾਈਆ । ਪੁਛੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਪੂਰ ਕਰਾਈਆ । ਕਿਰਸਾਣ ਕਿਹਾ ਕੀ ਮੇਰਾ ਹੋਵੇ ਕਸਬ, ਸਚ ਦਿਓ ਸਮਝਾਈਆ । ਕੀ ਜ਼ਾਤੀ ਹੋਵੇ ਮਜ਼੍ਹਬ, ਪੜਦਾ ਦੇਣਾ ਉਠਾਈਆ । ਕਿਸ ਨੂੰ ਕਰਾਂ ਅਦਬ, ਕਿਸ ਨੂੰ ਸੀਸ ਨਿਵਾਈਆ । ਕਿਸ ਦੇ ਚੁੰਮਾਂ ਕ਼ਦਮ, ਧੂੜੀ ਖ਼ਾਕ ਰਮਾਈਆ । ਵਸ਼ਿਸ਼ਟ ਨੇ ਹੱਥ ਫੇਰਿਆ ਉਤੇ ਬਦਨ, ਬਦੀ ਅੰਦਰੋਂ ਦਿਤੀ ਕਢਾਈਆ । ਰਾਮ ਨੇ ਆਪਣੇ ਚਰਨ ਦੇ ਵਿਚੋਂ ਵਖਾਇਆ ਪਦਮ, ਪਦਮਾਂ ਜਨਮਾਂ ਦਾ ਲੇਖਾ ਦਿਤਾ ਮੁਕਾਈਆ । ਇਕ ਪ੍ਰੀਤੀ ਵਿਚ ਕਰ ਕੇ ਮਗਨ, ਸੁਰਤੀ ਸ਼ਬਦ ਜੁੜਾਈਆ । ਸਚ ਪ੍ਰੇਮ ਦੀ ਲਾ ਕੇ ਲਗਨ, ਲਗ ਮਾਤਰ ਦਿਤੀ ਮਿਟਾਈਆ । ਕਲਜੁਗ ਲੱਗੀ ਵਖਾਈ ਅਗਨ, ਚਾਰ ਕੁੰਟ ਦੁਹਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਚਲੇ ਕੋਈ ਨਾ ਯਤਨ, ਯਥਾਰਥ ਹੁਕਮ ਨਾ ਕੋਇ ਵਰਤਾਈਆ । ਸਾਚਾ ਰਹੇ ਕੋਈ ਨਾ ਪਤਣ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਓਸ ਵੇਲੇ ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣੀ ਧਾਰੋਂ ਆਵੇ ਨਿਕਲ ਭਗਤਾਂ ਪੈਜ ਰੱਖਣ, ਜੋਤੀ ਜਾਤਾ ਵੇਸ ਵਟਾਈਆ । ਸੰਤ ਸੁਹੇਲੇ ਆਵੇ ਦੱਸਣ, ਗੁਰਮੁਖ ਗੁਰ ਗੁਰ ਜੋੜ ਜੁੜਾਈਆ । ਸਭ ਦੀ ਪੂਰੀ ਕਰੇ ਆਸਣ, ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਰਾਮ ਕਿਹਾ ਸੁਣ ਕਿਰਸਾਣ ਕਿਰਸਾਣੇ, ਕਿਰਿਆ ਕਰਮ ਦਿਆਂ ਦ੍ਰਿੜਾਈਆ । ਜਿਸ ਵੇਲੇ ਮਿਤ੍ਰ ਸੱਜਣ ਦੋਸਤ ਸਾਕ ਹੋਏ ਬੇਗਾਨੇ, ਪ੍ਰੇਮੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦੇਵੇ ਤਾਅਨੇ, ਝਗੜੇ ਵਿਚ ਲੋਕਾਈਆ । ਓਸ ਵੇਲੇ ਪ੍ਰਭ ਕਰੇ ਖੇਲ ਮਹਾਨੇ, ਮਿਹਰਵਾਨ ਵੇਸ ਵਟਾਈਆ । ਪੰਧ ਮੁਕਾ ਜ਼ਿਮੀਂ ਅਸਮਾਨੇ, ਦਰ ਘਰ ਸਾਚੇ ਸੋਭਾ ਪਾਈਆ । ਜਿਥੇ ਹਰਿਜਨ ਭਗਤ ਕਰੇ ਪ੍ਰਵਾਨੇ, ਪ੍ਰਵਾਨਾ

ਆਪਣਾ ਨਾਮ ਫੜਾਈਆ । ਵਸ਼ਿਸ਼ਟ ਰਾਮ ਕਿਹਾ ਸਾਡੇ ਕੋਲੋਂ ਬਣਾਵੇ ਬਹਾਨੇ, ਬਚਨ ਮੁਖ ਤੋਂ ਰਿਹਾ ਕਢਾਈਆ । ਵਾਲੀ ਦੋ ਜਹਾਨੇ, ਜੁਗ ਜੁਗ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਵਿਚ ਸਮਾਈਆ । ਵਸ਼ਿਸ਼ਟ ਕਿਹਾ ਆਹ ਵੇਖ ਮੇਰੀ ਥਾਪੀ, ਪੁਸ਼ਤ ਪਨਾਹ ਲਗਾਈਆ । ਕਲਜੁਗ ਅੰਤਮ ਆਵੇ ਵਡ ਪ੍ਰਤਾਪੀ, ਹਰਿ ਕਰਤਾ ਫੇਰਾ ਪਾਈਆ । ਜਿਸ ਮਿਹਰ ਨਿਗਾਹ ਨਾਲ ਤਾਰਨੇ ਪਾਪੀ, ਪਤਤ ਪੁਨੀਤ ਕਰਾਈਆ । ਜਨ ਭਗਤ ਬਣੌਣੇ ਧੁਰ ਦੇ ਜਾਪੀ, ਇਕੋ ਨਾਮ ਜਪਾਈਆ । ਜੇ ਤੁਹਾਡੇ ਕੋਲ ਨਹੀਂ ਓਸ ਪ੍ਰਭੂ ਦੇ ਕੋਲ ਭਗਤਾਂ ਦੀ ਕਾਪੀ, ਜੁਗ ਜੁਗ ਲੇਖਾ ਭੁੱਲ ਕਦੇ ਨਾ ਜਾਈਆ । ਇਹ ਓਹੋ ਦਿਨ ਉਨੱਤੀ ਵਿਸਾਖ ਦੀ ਰਾਤੀ, ਰਾਤੀ ਰੁਤੀ ਰੁਤ ਆਪਣੇ ਨਾਲ ਮਹਿਕਾਈਆ । ਕਿਰਸਾਣ ਪਿਛਲੇ ਕਿਰਸਾਣਾਂ ਦਾ ਸਾਥੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਖੀ, ਆਖੀ ਦਾ ਆਖ਼ਰ, ਸਰਬ ਦਾ ਠਾਕਰ, ਕਿਰਸਾਣਾਂ ਦਾ ਚਾਕਰ, ਸ਼ਬਦਾਂ ਦਾ ਪਾਤਰ, ਪ੍ਰੇਮ ਦਾ ਸਾਥਣ, ਵੇਖਣਹਾਰਾ ਖੇਲ ਤਮਾਸ਼ਣ, ਤਮਾਸ਼ਾ ਨਹੀਂ ਤਾਅਮੀਲ, ਖੇਲ ਨਹੀਂ ਸੁਣੀ ਅਪੀਲ, ਅਪੀਲ ਨਹੀਂ ਭਗਤ ਦੀ ਵੇਖੀ ਦਲੀਲ, ਦਲੀਲ ਦਾ ਮਾਲਕ, ਖ਼ਲਕ ਦਾ ਖ਼ਾਲਕ, ਧਰਮ ਦਾ ਸਾਲਸ, ਪਿਛਲਾ ਕਿਰਸਾਣ ਇਹ ਦਲੀਪ ਬਾਲਕ, ਬਾਲਿਆਂ ਦਾ ਬਾਲਮ ਇਕੋ ਨਜ਼ਰੀ ਆਈਆ ।

੧੯੦ ੨੧

✻ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹਿ ਅੱਲੜ ਪਿੰਡੀ ਜ਼ਿਲਾ ਗੁਰਦਾਸ ਪੁਰ ✻

੧੯੦ ੨੧

ਅੱਖਰ ਕਹਿਣ ਕਿਉਂ ਸਾਡੀ ਪਾਈ ਵੰਡੀ, ਜੁਗ ਜੁਗ ਆਪਣਾ ਨਾਮ ਬਦਲਾਈਆ । ਸ਼ਰਅ ਮਜ਼ਬ ਲਾ ਕੇ ਪਾਬੰਦੀ, ਹਿੱਸਿਆਂ ਵਿਚ ਰਖਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਜੰਗੀ, ਮਾਨਵ ਦਿਤਾ ਲੜਾਈਆ । ਆਪਣੀ ਸਿਫ਼ਤ ਨੂੰ ਕਰ ਪਖੰਡੀ, ਸਿਫ਼ਤ ਵਿਚ ਦੁਹਾਈਆ । ਕੀ ਇਹ ਖੇਲ ਤੇਰੀ ਚੰਗੀ, ਪੜਦਾ ਦੇਣਾ ਉਠਾਈਆ । ਅਛਲ ਛਲਧਾਰੀ ਕਿਉਂ ਸ੍ਰਿਸ਼ਟੀ ਕੀਤੀ ਅੰਧੀ, ਨੈਣ ਮੂੰਦ ਨੈਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣਾ ਹੁਕਮ ਵਰਤਾਈਆ । ਅੱਖਰ ਕਹਿਣ ਕਿਉਂ ਅੱਖਰਾਂ ਵਿਚ ਕਰਦਾ ਰਿਹੋਂ ਬਦਲੀ, ਜੁਗ ਜੁਗ ਆਪਣਾ ਨਾਮ ਰਖਾਈਆ । ਕੀ ਇਨਸਾਫ਼ ਤੇਰਾ ਧੁਰ ਦੇ ਅਦਲੀ, ਸ਼ਾਹ ਸੁਲਤਾਨ ਦੇਣਾ ਸਮਝਾਈਆ । ਕੀ ਖੇਲ ਖਿਲਾਇਆ ਵੇਖ ਵਖਾਏਂ ਵਿਚ ਜੰਗਲੀਂ, ਜਗਹ ਜਗਹ ਤੇਰੀ ਦੁਹਾਈਆ । ਕਿਸੇ ਨੂੰ ਸਮਝ ਔਣ ਨਹੀਂ ਦਿਤੀ ਅਗਲੀ, ਪੜਦਾ ਭੇਵ ਨਾ ਕੋਇ ਚੁਕਾਈਆ । ਸਿਫ਼ਤੀ ਨਾਮ ਦੀ ਦੇ ਕੇ ਬਗ਼ਲੀ, ਧਰਨੀ ਧਰਤ ਧਵਲ ਉਤੇ ਦਿਤਾ ਫਿਰਾਈਆ । ਤੇਰੇ ਹੋ ਕੇ ਤੇਰੀ ਧਾਰ ਨੂੰ ਕਹਿੰਦੇ ਗਏ ਕਮਲੀ, ਕਾਮਲ ਮੁਰਸ਼ਦ ਕੀ ਤੇਰੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣਾ ਖੇਲ ਵਖਾਈਆ । ਅੱਖਰ ਕਹਿਣ ਕਿਉਂ ਬਦਲਦਾ ਰਿਹਾ ਅਸੂਲ, ਅਸਲ ਦੇ ਜਣਾਈਆ । ਕਿਉਂ ਅਵਤਾਰ ਪੈਗ਼ੰਬਰ ਬਣਿਉਂ ਰਸੂਲ, ਰੂਪ ਅਨੂਪ ਧਰਾਈਆ । ਕਿਉਂ ਨਾ ਦੱਸਿਆ ਧੁਰ ਦਾ ਹੁਕਮ ਮਾਅਕੂਲ, ਏਕੰਕਾਰ ਇਕੋ ਵਾਰ ਜਣਾਈਆ । ਕਿਉਂ ਨਿਤ ਨਵਿਤ ਬਦਲਦਾ ਰਿਹੋਂ ਰੂਲ, ਫ਼ਰਮਾਨਾ ਰਾਣਾ ਇਕ ਸੁਣਾਈਆ । ਕਿਉਂ ਗੁਰ ਅਵਤਾਰਾਂ

ਪੈਗ਼ੰਬਰਾਂ ਤੈਨੂੰ ਕਿਹਾ ਕੰਤੂਹਲ, ਕੰਤ ਭਗਵੰਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਪੜਦਾ ਦੇ ਉਠਾਈਆ । ਅੱਖਰ ਕਹਿਣ ਜੁਗ ਜੁਗ ਸਾਡੀ ਹੁੰਦੀ ਰਹੀ ਬਦਨਾਮੀ, ਤੇਰੇ ਨਾਮ ਪਿਛੇ ਦੁਹਾਈਆ । ਦੀਨ ਦੁਨੀ ਵੇਖ ਬੇਇੰਤਜ਼ਾਮੀ, ਇੰਤਕਾਮ ਲੈਣ ਵਾਲਾ ਨਜ਼ਰ ਕੋਇ ਨਾ ਆਈਆ । ਤੇਰੀ ਸਿਫ਼ਤਾਂ ਵਾਲੀ ਸਲਾਮੀ, ਸਾਹਿਬ ਸਿਰਤਾਜ ਰਹੀ ਬਣਾਈਆ । ਅਸੀਂ ਗੁਰ ਅਵਤਾਰ ਪੈਗ਼ੰਬਰਾਂ ਦੀ ਕਟਦੇ ਰਹੇ ਗ਼ੁਲਾਮੀ, ਜ਼ੰਜੀਰ ਸ਼ਰਅ ਵਾਲੇ ਪੁਆਈਆ । ਤੂੰ ਮਾਲਕ ਇਕ ਅਸਮਾਨੀ, ਮੂਸਾ ਈਸਾ ਦਏ ਦੁਹਾਈਆ । ਮੁਹੰਮਦ ਕਰਬਲੇ ਵਾਲੀ ਕੁਰਬਾਨੀ, ਕਾਅਬਾ ਅੰਦਰੋਂ ਮਾਰੇ ਧਾਹੀਆ । ਅਵਤਾਰ ਜੰਗਲਾਂ ਵਾਲੀ ਨਿਸ਼ਾਨੀ, ਪਰਬਤਾਂ ਵਿਚ ਕੁਰਲਾਈਆ । ਗੁਰੂ ਦੱਸ ਤੇਰੀ ਕਹਾਣੀ, ਭੇਵ ਅਭੇਦ ਜਣਾਈਆ । ਕਿਉਂ ਨਿਰਗੁਣ ਧਾਰ ਝਗੜਾ ਪਾਇਆ ਜਿਸਮਾਨੀ, ਤਤ ਸ਼ਰੀਰ ਵੰਡ ਵੰਡਾਈਆ । ਕਿਉਂ ਨਾ ਮੰਜ਼ਲ ਇਕੋ ਰੱਖੀ ਰੂਹਾਨੀ, ਰਹਿਮਤ ਆਪ ਕਮਾਈਆ । ਅੱਖਰਾਂ ਵਿਚ ਸਾਡੀ ਪ੍ਰਗਟ ਹੁੰਦੀ ਰਹੀ ਬੇਈਮਾਨੀ, ਇਨਸਾਫ਼ ਅਦਲ ਨਾ ਕੋਇ ਕਮਾਈਆ । ਅਸੀਂ ਮੰਜ਼ਲ ਮੰਗਦੇ ਨਹੀਂ ਕੋਈ ਦਰਮਿਆਨੀ, ਦਰ ਦਰਬਾਰ ਇਕੋ ਵੱਜੇ ਵਧਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਸਰਨਾਈਆ । ਧੁਰ ਦਾ ਮਾਰਗ ਦੱਸ ਆਸਾਨੀ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਅੱਖਰ ਕਹਿਣ ਕਿਉਂ ਸਾਨੂੰ ਬਣੌਂਦਾ ਰਿਹੋਂ ਕਲਮਾ ਨਾਮ, ਸਿਫ਼ਤਾਂ ਵਿਚ ਸਾਲਾਹੀਆ । ਕਿਰਪਾ ਕਰ ਧੁਰ ਅਮਾਮ, ਪੜਦਾ ਦੇ ਉਠਾਈਆ । ਕਿਉਂ ਚਰਚਾਂ ਮਸਜਿਦਾਂ ਹੁੰਦਾ ਸਲਾਮ, ਮਠ ਮੰਦਰਾਂ ਸੀਸ ਨਿਵਾਈਆ । ਕਿਉਂ ਤੱਟਾਂ ਹੁੰਦਾ ਇਸ਼ਨਾਨ, ਪਾਣੀ ਨਾਲ ਸਫ਼ਾਈਆ । ਕਿਉਂ ਪੱਥਰਾਂ ਵਾਲੇ ਮੰਨਦੇ ਰਾਮ, ਸੱਥਰਾਂ ਵਾਲੇ ਕ੍ਰਿਸ਼ਨ ਤਾਜ ਪਹਿਨਾਈਆ । ਕਿਉਂ ਅੱਖਰਾਂ ਦੀ ਦੀਨ ਦੁਨੀ ਦੇ ਲਗਾਮ, ਰੁਖ਼ ਮਨੁੱਖ ਦਿਤਾ ਬਦਲਾਈਆ । ਤੇਰਾ ਭੇਵ ਸਮਝਿਆ ਨਾ ਕਿਸੇ ਜਾਣੀ ਜਾਣ, ਕਿਉਂ ਪੜਦਾ ਰਿਹਾ ਰਖਾਈਆ । ਅੱਖਰ ਪੜ੍ਹ ਪੜ੍ਹ ਸਾਰੇ ਹੋਏ ਹੈਰਾਨ, ਸੜ ਸੜ ਮਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦੇਣਾ ਵਖਾਈਆ । ਅੱਖਰ ਕਹਿਣ ਪ੍ਰਭੂ ਅਸੀਂ ਤੇਰੇ ਮਜ਼ਦੂਰ, ਮਜ਼ਦੂਰੀ ਸਦ ਕਮਾਈਆ । ਕਲਮ ਸ਼ਾਹੀ ਲਿਖਣਾ ਜਗਤ ਬਣਾਇਆ ਦਸਤੂਰ, ਹੁਕਮ ਇਕ ਅਲਾਹੀਆ । ਅੱਖਰ ਕਹਿਣ ਸਾਡੇ ਪਿਛੇ ਪ੍ਰਭੂ ਤੈਨੂੰ ਭੁੱਲ ਗਏ ਹਜ਼ੂਰ, ਹਜ਼ੂਰ ਸਾਨੂੰ ਬੈਠੇ ਬਣਾਈਆ । ਅੱਖਰ ਕਹਿਣ ਅਸੀਂ ਜਾਣੀਏਂ ਤੇਰਾ ਨਹੀਂ ਤੇਰੇ ਅਵਤਾਰ ਪੈਗ਼ੰਬਰਾਂ ਦਾ ਕ਼ਸੂਰ, ਜਿਨ੍ਹਾਂ ਨੂੰ ਸ਼ਰਅ ਵਿਚ ਦਿਤਾ ਭੁਆਈਆ । ਉਨ੍ਹਾਂ ਤੇਰਾ ਭਾਣਾ ਮੰਨਿਆ ਕਿ ਦੁਨੀ ਵਿਚ ਪਾਇਆ ਫ਼ਤੂਰ, ਫ਼ਤਵੇ ਸਭ ਦੇ ਉਤੇ ਲਗਾਈਆ । ਤੇਰੇ ਨਾਮ ਨੂੰ ਬਦਲ ਕੇ ਹੁੰਦੇ ਰਹੇ ਮਸ਼ਹੂਰ, ਮਸ਼ਹੂਰੀ ਆਪਣੀ ਨਾਲ ਰਖਾਈਆ । ਜੇ ਸਮਝਦੇ ਅਸੀਂ ਸਾਰੇ ਤੇਰਾ ਨੂਰ, ਫੇਰ ਅੱਲ੍ਹਾ ਵਾਹਿਗੁਰੂ ਓਮ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਰਿਹਾ ਮਿਲਾਈਆ । ਅੱਖਰ ਕਹੇ ਕੀ ਪ੍ਰਭੂ ਤੂੰ ਵੜਿਆ ਵਿਚ ਅੱਖਰਾਂ, ਅੱਖਰਾਂ ਤੋਂ ਪਰੇ ਨਾ ਕੋਇ ਵਡਿਆਈਆ । ਕੀ ਲੱਭੇਂ ਵਿਚੋਂ ਪੱਥਰਾਂ, ਸਿਲ ਪੂਜਸ ਪਾਹਨ ਮਿਲੇ ਸਰਨਾਈਆ । ਕੀ ਵਸੇਂ ਵਿਚ ਲੱਕੜਾਂ, ਧੂਣੀਆਂ ਜਗਤ ਤਪਾਈਆ । ਕੀ ਖੇਲ ਤੇਰਾ ਵੱਖਰਾ, ਸਚ ਦੇਣਾ ਸਮਝਾਈਆ । ਜੁਗ ਚੌਕੜੀ ਕਰਦਾ ਰਿਹੋਂ ਨਖ਼ਰਾ, ਘੁੰਗਟ ਸਕਿਆ ਨਾ ਕੋਇ ਉਠਾਈਆ । ਕੀ ਖੇਲ ਖੇਲਦਾ ਰਿਹੋਂ ਮਥਰਾ, ਅਯੁਧਿਆ ਕੀ ਚਤੁਰਾਈਆ । ਕੀ ਲਹਿਣਾ ਬਗ਼ਦਾਦ ਬਸਰਾ, ਭੇਵ ਦੇਣਾ ਸਮਝਾਈਆ ।

ਕਿਉਂ ਗੁਰ ਅਵਤਾਰ ਪੈਗ਼ੰਬਰ ਪਸਾਰਾ ਪਸਰਾ, ਨਾਤਾ ਜਗਤ ਜੁੜਾਈਆ । ਅੱਖਰ ਕਹਿਣ ਅਬਿਨਾਸ਼ੀ ਕਰਤੇ ਅਸੀਂ ਤੇ ਤੇਰਿਆਂ ਦਾ ਬਣੌਣ ਵਾਲੇ ਸ਼ਜਰਾ, ਸ਼ਰਅ ਵਿਚ ਸਾਰੇ ਦਿਤੇ ਲੜਾਈਆ । ਕਿਸੇ ਨੂੰ ਹੱਥ ਨਾ ਆਇਆ ਤੇਰਾ ਨੰਬਰ ਖ਼ਸਰਾ, ਜਿਸ ਨੰਬਰ ਵਿਚ ਕੋਟਨ ਕੋਟ ਅੰਬਰਾਂ ਦੇ ਸਵੰਬਰ ਦਿਤੇ ਰਚਾਈਆ । ਓਥੇ ਪਤਾ ਨਹੀਂ ਲਗਦਾ ਗੁਰ ਅਵਤਾਰਾਂ ਪੈਗ਼ੰਬਰਾਂ, ਅਨਗਿਣਤ ਤੇਰੇ ਵਿਚੋਂ ਨਿਕਲ ਕੇ ਤੇਰੇ ਵਿਚ ਸਮਾਈਆ । ਕੋਈ ਚੜ੍ਹਿਆ ਨਹੀਂ ਵੇਖਿਆ ਤੇਰੇ ਮੁਨਾਰੇ ਉਪਰ ਮਿੰਬਰਾ, ਆਵਾਜ਼ ਹੱਕ ਹੱਕ ਅਲਾਈਆ । ਅੱਖਰ ਕਹਿਣ ਅਸੀਂ ਜਿਹੜੇ ਵੇਖੀਏ ਓਹ ਅੰਤ ਸੁੱਤੇ ਵਿਚ ਮੜ੍ਹੀਆਂ ਕ਼ਬਰਾਂ, ਗੋਰਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਰਿਹਾ ਵਖਾਈਆ । ਅੱਖਰ ਕਹਿਣ ਤੇਰੇ ਨਾਮ ਦੀ ਸਾਨੂੰ ਮਿਲਦੀ ਰਹੀ ਸ਼ਾਬਾਸ਼, ਗੁਰ ਅਵਤਾਰ ਪੈਗ਼ੰਬਰ ਦੇਣ ਵਡਿਆਈਆ । ਪ੍ਰਭੂ ਤੇਰਾ ਨਾਮ ਸਮਝਿਆ ਨਾ ਕਿਸੇ ਖ਼ਾਸ, ਏਸੇ ਕਰ ਕੇ ਤੇਰੇ ਅੱਗੇ ਦਈਏ ਦੁਹਾਈਆ । ਤੇਰੇ ਨਾਮ ਉਤੇ ਪੈਗ਼ੰਬਰਾਂ ਦਾ ਜਾਂਦਾ ਰਿਹਾ ਵਿਸ਼ਵਾਸ, ਗੁਰੂਆਂ ਗੁਰ ਦਿਤਾ ਬਦਲਾਈਆ । ਅਸੀਂ ਹੱਸਦੇ ਰਹੇ ਇਹ ਸਾਰੇ ਪ੍ਰਭ ਦੀ ਨਿੱਕੀ ਜਿਹੀ ਸ਼ਾਖ਼, ਸ਼ਨਾਖ਼ਤ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਸਿਫ਼ਤਾਂ ਵਾਲੀ ਦੱਸ ਕੇ ਬਾਤ, ਕਥਾ ਕਹਾਣੀ ਗਏ ਸੁਣਾਈਆ । ਜੇ ਸਮਝਦੇ ਅਸੀਂ ਓਹੋ ਨੂਰ ਤੇ ਓਹੋ ਜ਼ਾਤ, ਫੇਰ ਅੱਖਰਾਂ ਦੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਬਿਨ ਅੱਖਰਾਂ ਤੋਂ ਤੇਰੇ ਦੁਆਰੇ ਕਿਤਾਬ, ਕੁਤਬਖ਼ਾਨਿਆਂ ਵਿਚ ਨਾ ਕਦੇ ਟਿਕਾਈਆ । ਜਗਤ ਵਿਦਿਆ ਵਿਚ ਉਹਦਾ ਸਿਫ਼ਤਾਂ ਵਾਲਾ ਪ੍ਰਕਾਸ਼, ਤੇਰਾ ਨਾਉਂ ਬਦਲਦੇ ਰਹੇ ਗੁਰ ਅਵਤਾਰ ਪੈਗ਼ੰਬਰ ਪੰਜਾਂ ਤੱਤਾਂ ਵਾਲੀ ਲਾਸ਼, ਲਾਸ਼ਰੀਕ ਸ਼ਰੀਕ ਤੇਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਇਕੋ ਆਦਿ ਜੁਗਾਦਿ ਸਾਖਿਆਤ, ਕਾਗ਼ਜ਼ਾਤ ਵਿਚ ਬੰਦ ਨਾ ਕੋਇ ਕਰਾਈਆ ।



### ❊ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ❊

ਅੱਖਰ ਕਹਿਣ ਤੇਰੇ ਨਾਮ ਦੀ ਤੇਰਾ ਨਾਮ ਕਰੇ ਤਸਦੀਕ਼, ਸ਼ਹਾਦਤ ਇਕੋ ਇਕ ਭੁਗਤਾਈਆ । ਅੱਖਰਾਂ ਵਿਚੋਂ ਅੱਖਰਾਂ ਦੀ ਬਦਲਦਾ ਰਿਹੋਂ ਤਵਾਰੀਖ, ਤਾਰੀਖ ਆਪਣੀ ਨਾ ਕਿਸੇ ਸਮਝਾਈਆ । ਅੱਖਰਾਂ ਵਿਚ ਅੱਖਰਾਂ ਦੀ ਦੇਂਦਾ ਰਿਹੋਂ ਭੀਖ, ਭਿਛਿਆ ਧੁਰਦਰਗਾਹੀਆ । ਅੱਖਰਾਂ ਵਿਚ ਅੱਖਰਾਂ ਦੀ ਕਰੌਂਦਾ ਰਿਹੋਂ ਰੀਸ, ਰਸਤਾ ਰਸਤੇ ਵਿਚੋਂ ਜਣਾਈਆ । ਅੱਖਰਾਂ ਵਿਚੋਂ ਅੱਖਰਾਂ ਦੀ ਜਣੌਂਦਾ ਰਿਹੋਂ ਹਦੀਸ, ਹਜ਼ਰਤਾਂ ਕਰ ਪੜ੍ਹਾਈਆ । ਅੱਖਰਾਂ ਵਿਚ ਆਪਣੀ ਦੱਸਦਾ ਰਿਹੋਂ ਉਮੀਦ, ਆਸ਼ਾ ਆਪ ਵਧਾਈਆ । ਅੱਖਰਾਂ ਨਾਲ ਅੱਖਰਾਂ ਦੀ ਕਰਦਾ ਰਿਹੋਂ ਤਾਈਦ, ਤਾਬਿਆਦਾਰੀ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਅਗੰਮ ਚੜ੍ਹਾਈਆ । ਅੱਖਰਾਂ ਵਿਚ ਅੱਖਰ ਦੇਣ ਸ਼ਹਾਦਤ, ਸ਼ਾਇਦ ਵਾਲਾ ਲੇਖਾ ਰਹੇ ਨਾ ਰਾਈਆ । ਅੱਖਰਾਂ ਨਾਲ ਅੱਖਰਾਂ ਦੀ ਬਦਲ ਦਿਤੀ ਇਬਾਦਤ, ਬੰਦਗੀ ਬੰਦਿਆਂ ਤਾਈਂ ਸਮਝਾਈਆ । ਅੱਖਰਾਂ ਨਾਲ ਅੱਖਰਾਂ ਲਾਈ ਅਲਾਮਤ, ਜੁਗ ਚੌਕੜੀ ਹੁਕਮ ਵਰਤਾਈਆ । ਅੱਖਰਾਂ ਨਾਲ ਸਮਝਾਇਆ ਸਹੀ ਸਲਾਮਤ, ਸਤਿ ਦਵਾਰੇ ਸੋਭਾ ਪਾਈਆ ।

ਅੱਖਰਾਂ ਨਾਲ ਦੱਸੀ ਨਾਮ ਸਚ ਨਿਆਮਤ, ਵਸਤ ਅਮੋਲਕ ਇਕ ਦ੍ਰਿੜਾਈਆ । ਅੱਖਰਾਂ ਵਿਚ ਗੁਰ ਅਵਤਾਰ ਪੈਗ਼ੰਬਰਾਂ ਦਿਤੀ ਜ਼ਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸਮਝਾਈਆ । ਅੱਖਰ ਕਹਿਣ ਅਸੀਂ ਅੱਖਰ ਬਣੇ ਸਕੇ, ਨਾਤਾ ਕ਼ਲਮ ਸ਼ਾਹੀ ਤੁੜਾਈਆ । ਤੇਰੇ ਹੁਕਮ ਦੇ ਦਿਤੇ ਪਤੇ, ਪਤਿਪਰਮੇਸ਼ਵਰ ਤੇਰੀ ਸਿਫ਼ਤ ਸਾਲਾਹੀਆ । ਜੁਗ ਚੌਕੜੀ ਸੇਵਾ ਕਰ ਕਰ ਥੱਕੇ, ਭੱਜੇ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰਾਂ ਲੇਖ ਲਿਖਾਏ ਹੱਥੇ, ਦਿਵਸ ਰੈਣ ਸੇਵ ਕਮਾਈਆ । ਤੇਰੇ ਅਖਵੌਂਦੇ ਰਹੇ ਬੱਚੇ, ਬਚਪਨ ਤੇਰੀ ਝੋਲੀ ਪਾਈਆ । ਸਾਨੂੰ ਐਂ ਜਾਪਿਆ ਇਕ ਗੱਲ ਤੋਂ ਰਹਿ ਗਏ ਕੱਚੇ, ਜੋ ਤੇਰਾ ਨਾਮ ਅੱਖਰਾਂ ਵਾਲਾ ਅੱਖਰਾਂ ਵਿਚ ਉਲਟਾਈਆ । ਆਪਣੀ ਕਲਾਮ ਨੂੰ ਦੱਸਦੇ ਰਹੇ ਸੱਚੇ, ਸੱਚਾ ਹੁਕਮ ਦ੍ਰਿੜਾਈਆ । ਖੇਲ ਹੁੰਦਾ ਰਿਹਾ ਦੀਗਰੇ ਬਾਦ ਯੱਕੇ, ਨਿਤ ਨਵਿਤ ਵੇਖ ਵਖਾਈਆ । ਕਿਉਂ ਪੈਗ਼ੰਬਰਾਂ ਮਾਰੇ ਅਵਤਾਰਾਂ ਨੂੰ ਧੱਕੇ, ਕਿਉਂ ਗੁਰੂਆਂ ਪੈਗ਼ੰਬਰਾਂ ਨਾਲ ਕਰੀ ਲੜਾਈਆ । ਅੱਖਰਾਂ ਨਾਲ ਅੱਖਰ ਫਟੇ, ਫੱਟ ਘਾਓ ਦਿਤਾ ਵਖਾਈਆ । ਪੁਰਖ ਅਕਾਲ ਦੀਨ ਦਿਆਲ ਆਪਣੇ ਨਾਮ ਦੇ ਦੱਸ ਕੇ ਨਿੱਕੇ ਜਿਹੇ ਟੱਪੇ, ਟਾਪੂਆਂ ਵਿਚ ਸਾਰੇ ਬੰਦ ਕਰਾਈਆ । ਅਸੀਂ ਹੈਰਾਨ ਹੋਏ ਕਿਉਂ ਨਾ ਸ੍ਰਿਸ਼ਟੀ ਤੇਰਾ ਇਕੋ ਨਾਮ ਜਪੇ, ਜੁਗ ਜੁਗ ਇਕੋ ਢੋਲਾ ਗਾਈਆ । ਮਿਹਰਵਾਨ ਮਹਿਬੂਬ ਅੱਗੇ ਵਾਸਤੇ ਇਕ਼ਰਾਰ ਕਰ ਪੱਕੇ, ਪੱਕੀ ਸਾਡੇ ਨਾਲ ਪਕਾਈਆ । ਬਿਨ ਤੇਰੇ ਹਿਰਦੇ ਅਵਰ ਕੋਈ ਨਾ ਵਸੇ, ਦੂਜਾ ਨਜ਼ਰ ਕੋਇ ਨਾ ਆਈਆ । ਜੇ ਗਾਈਏ ਤੇ ਅਸੀਂ ਤੇਰਾ ਧੁਰ ਦਾ ਜੱਸੇ, ਸਿਫ਼ਤ ਸਲਾਹ ਤੇਰੀ ਸਰਨਾਈਆ । ਸੀਸ ਝੁਕਾਈਏ ਧੂੜੀ ਲਾਈਏ ਮਸਤਕ ਮੱਥੇ, ਖ਼ਾਕੀ ਖ਼ਾਕ ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਹੁਕਮ ਅੰਦਰ ਨੱਠੇ, ਭੱਜੀਏ ਵਾਹੋ ਦਾਹੀਆ । ਪਿਛਲੇ ਰਹਿਣ ਨਾ ਦੇਵੀਂ ਕੋਈ ਹਿੱਸਿਆਂ ਵਾਲੇ ਪੱਟੇ, ਪੱਟੇਦਾਰੀ ਦੇਣੀ ਗੁਆਈਆ । ਅੱਖਰਾਂ ਨੂੰ ਚੜ੍ਹਾਵੇ ਕੋਈ ਨਾ ਟਕੇ, ਟਕਿਆਂ ਵਾਲੀ ਕ਼ੀਮਤ ਨਾ ਕੋਇ ਰਖਾਈਆ । ਸਚ ਬੇਨੰਤੀ ਤੇਰੇ ਅੱਗੇ, ਬਿਰਹੋਂ ਦਿਤੀ ਸੁਣਾਈਆ । ਸਚ ਸਰਨਾਈ ਤੇਰੀ ਲੱਗੇ, ਸਰਨਗਤ ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਤੇਰਾ ਨੂਰ ਤੇਰਾ ਨਾਮ ਜਪੇ, ਦੂਜੀ ਲੋੜ ਰਹੇ ਨਾ ਰਾਈਆ । ਅੰਤ ਅਖ਼ੀਰ ਬੇਨਜ਼ੀਰ ਜੋ ਉਪਜਿਆ ਸੋ ਤੇਰੇ ਵਿਚ ਖਪੇ, ਵਖਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦੀ ਹੋਵੇ ਇਕੋ ਸਤੇ, ਸਤਿ ਸਤਿ ਵਿਚ ਰਖਾਈਆ ।

### ✻ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✻

ਅੱਖਰ ਕਹਿਣ ਜੁਗ ਜੁਗ ਤੇਰੇ ਨਾਮ ਦੇ ਦੇਂਦੇ ਰਹੇ ਹੋਕੇ, ਹੁਕਮ ਫ਼ਰਮਾਨਾ ਇਕ ਸੁਣਾਈਆ । ਤੇਰੇ ਸਿਫ਼ਤੀ ਨਾਮ ਜਣਾਏ ਚੋਖੇ, ਚਾਰ ਕੁੰਟ ਚਾਰ ਜੁਗ ਵਜਦੀ ਰਹੀ ਵਧਾਈਆ । ਗੁਰ ਅਵਤਰ ਪੈਗ਼ੰਬਰ ਸਾਨੂੰ ਵੇਖਦੇ ਰਹੇ ਕਾਇਆ ਮਾਟੀ ਅੰਦਰ ਝਰੋਖੇ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਸਦਾ ਸੇਵਾ ਕਰਦੇ ਰਹੇ ਤੇਰੀ ਮੁਹੱਬਤ ਵਿਚ ਮੋਹ ਦੇ, ਪਿਆਰ ਨਾਲ ਪਿਆਰ ਬਣਾਈਆ । ਪ੍ਰਕਾਸ਼ ਦੱਸਦੇ ਰਹੇ ਤੇਰੀ ਲੋ ਦੇ, ਲੋਆਂ ਪੁਰੀਆਂ ਗਣਤ ਗਿਣਾਈਆ । ਸੰਦੇਸੇ ਦੇਂਦੇ ਰਹੇ ਤੇਰੀ ਸੋ ਦੇ, ਸਾਹਿਬ ਸੁਆਮੀ ਤੇਰੀ ਵਡ ਵਡਿਆਈਆ । ਪੈਂਡੇ ਮੁਕੌਂਦੇ ਰਹੇ ਯੋਜਨ ਕੋਹ

ਦੇ, ਪਾਂਧੀ ਰਸਤਿਆਂ ਵਿਚ ਭੁਆਈਆ । ਇਸ਼ਾਰੇ ਦੱਸਦੇ ਰਹੇ ਤੇਰੀ ਛੋਹ ਦੇ, ਸ਼ਹਿਨਸ਼ਾਹ ਤੇਰਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਅੱਖਰ ਕਹਿਣ ਤੇਰੀ ਗਾ ਗਾ ਥੱਕੇ ਬਾਣੀ, ਜੁਗ ਜੁਗ ਮਹਿੰਮਾ ਸਿਫ਼ਤ ਸਾਲਾਹੀਆ । ਤੇਰੀ ਦੱਸਦੇ ਰਹੇ ਕਹਾਣੀ, ਰਾਗਾਂ ਨਾਦਾਂ ਵੰਡ ਵੰਡਾਈਆ । ਤੇਰਾ ਖੇਲ ਜਣੌਂਦੇ ਰਹੇ ਦੋ ਜਹਾਨੀ, ਜੀਵ ਜਹਾਨ ਜਗਤ ਦ੍ਰਿੜਾਈਆ । ਸੇਵਕ ਹੋ ਕੇ ਭਰਦੇ ਰਹੇ ਤੇਰਾ ਪਾਣੀ, ਪਨਘਟ ਤੇਰਾ ਚਰਨ ਕਵਲ ਵਖਾਈਆ । ਤੇਰਾ ਮੇਲਾ ਮੇਲਦੇ ਰਹੇ ਨਾਲ ਚਾਰੇ ਖਾਣੀ, ਚਾਰੇ ਜੁਗ ਜੁਗਤ ਜਗਤ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਤੂੰ ਬਣਿਆ ਰਿਹਾ ਦਾਨੀ, ਦਾਤਾ ਇਕ ਅਖਵਾਈਆ । ਅੱਖਰਾਂ ਵਿਚੋਂ ਅੱਖਰਾਂ ਵਾਲੀ ਮਾਰ ਕੇ ਕਾਨੀ, ਕਲਮਾ ਕਾਇਨਾਤ ਬਦਲਾਈਆ । ਅੰਤਮ ਸਾਰੇ ਦਿਸਦੇ ਫ਼ਾਨੀ, ਜਗਤ ਵਜੂਦ ਦਿਤੇ ਮਿਟਾਈਆ । ਤੇਰੀ ਮੰਜ਼ਲ ਕੀ ਰੁਹਾਨੀ, ਰਹਿਮਤ ਵਿਚ ਸਮਝਾਈਆ । ਅੱਖਰ ਕਹਿਣ ਚਾਰ ਜੁਗ ਤੇਰੀ ਅੱਖਰਾਂ ਵਾਲੀ ਰਹੀ ਨਿਸ਼ਾਨੀ, ਨਿਰਗੁਣ ਨੂਰ ਜੋਤ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਝਗੜਾ ਚਲਿਆ ਰਿਹਾ ਦੀਵਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਦੇਣਾ ਸਮਝਾਈਆ । ਅੱਖਰ ਕਹਿਣ ਕਿਉਂ ਮਿਟਾਉਂਦਾ ਰਿਹੋਂ ਨਾਮ, ਵੱਟਾ ਆਪਣਾ ਆਪ ਲਗਾਈਆ । ਕਿਉਂ ਬਦਲੌਂਦਾ ਰਿਹੋਂ ਨਿਜ਼ਾਮ, ਹਕੂਮਤ ਧੁਰਦਰਗਾਹੀਆ । ਕਿਉਂ ਨਾਮ ਧਰੌਂਦਾ ਰਿਹੋਂ ਰਾਮ, ਕ੍ਰਿਸ਼ਨ ਕਹਿ ਕੇ ਗਾਈਆ । ਕਿਉਂ ਹੁੰਦਾ ਰਿਹੋਂ ਬਦਨਾਮ, ਬਦੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਜਣਾਈਆ । ਕਿਉਂ ਧਰਿਆ ਨਾਮ ਮੂਸਾ, ਮੁਸ਼ਕਲ ਵਿਚ ਪਾਈ ਲੋਕਾਈਆ । ਕਿਉਂ ਪਹਿਨਿਆ ਕਾਲਾ ਸੂਸਾ,

੧੯੪ ੨੧

ਕੂੜੀ ਕਿਰਿਆ ਰੰਗ ਚੜ੍ਹਾਈਆ । ਕਿਉਂ ਖੇਲ ਖਿਲਾਇਆ ਮਸੀਹ ਈਸਾ, ਅਸਲ ਆਪਣਾ ਆਪ ਬਦਲਾਈਆ । ਕਿਉਂ ਮੁਹੰਮਦ ਦਿਤੀ ਹਦੀਸਾ, ਹਜ਼ਰਤ ਕਰ ਪੜ੍ਹਾਈਆ । ਜੇ ਸਭ ਨੂੰ ਇਕੋ ਆਪਣਾ ਸਾਫ਼ ਦੱਸ ਦੇਂਦੋਂ ਸ਼ੀਸ਼ਾ, ਸ਼ਰਅ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰ ਬਣ ਕੇ ਕਿਉਂ ਆਪਣੀ ਬਦਲਦਾ ਰਿਹੋਂ ਰੀਤਾ, ਰੀਤੀਵਾਨ ਹੋ ਕੇ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦੇ ਸਮਝਾਈਆ । ਕਿਉਂ ਬਣਿਉਂ ਰਾਮ ਅੱਲਾ, ਇਲਾਹੀ ਦੇ ਜਣਾਈਆ । ਅੱਖਰਾਂ ਵਾਲਾ ਬਣਾ ਜਗਤ ਮਹੱਲਾ, ਖੇੜਾ ਦਿਤਾ ਜਣਾਈਆ । ਕਰ ਕੇ ਵਲ ਛਲਾ, ਸਭ ਨੂੰ ਦਿਤਾ ਭੁਲਾਈਆ । ਜੇ ਤੂੰ ਆਦਿ ਵਿਚ ਇਕੱਲਾ, ਮਧ ਇਕੱਲਾ ਕਿਉਂ ਨਾ ਅਖਵਾਈਆ । ਕਿਉਂ ਅੱਲ੍ਹਾ ਤੋਂ ਨਾਨਕ ਫੜਾਇਆ ਪੱਲਾ, ਨਾਮ ਸਤਿ ਦਿਤਾ ਸੁਣਾਈਆ । ਜਗਤ ਵਿਚ ਕਰ ਕੇ ਝੱਲਾ, ਝਲਕ ਵਿਚ ਝਿਲਮਿਲ ਦਿਤਾ ਚਮਕਾਈਆ । ਅੰਮ੍ਰਿਤ ਦੱਸ ਕੇ ਜਲਾ, ਅੰਮਿਉਂ ਰਸ ਇਕ ਚਖਾਈਆ । ਵਖਾ ਕੇ ਚਰਨ ਕਵਲ ਥੱਲਾ, ਜਲਾਂ ਥਲਾਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਸੁਣਾਈਆ । ਅੱਖਰ ਕਹਿਣ ਕਿਉਂ ਬਦਲਾਇਆ ਆਪਣਾ ਤਤ, ਤੱਤਾਂ ਵਿਚ ਵਡਿਆਈਆ । ਕਿਉਂ ਉਬਲੀ ਜਗਤ ਰੱਤ, ਰਤਨ ਅਮੋਲਕ ਹੀਰੇ ਦੇ ਬਣਾਈਆ । ਕੀ ਵਡਿਆਈ ਵਿਚ ਨਾਮ ਸਤਿ, ਕਿਉਂ ਅੱਲਾ ਦਿਤਾ ਦੁਰਕਾਈਆ । ਕਿਉਂ ਨਾਮ ਸਤਿ ਦਿਤਾ ਛਡ, ਵਾਹਿਗੁਰੂ ਢੋਲਾ ਗਾਈਆ । ਕਿਉਂ ਬਦਲਦਾ ਰਿਹੋਂ ਹੱਡ, ਜੋਤੀ ਜੋਤ ਜੋਤ ਰੁਸ਼ਨਾਈਆ । ਕਿਉਂ ਗੋਬਿੰਦ ਨਿਸ਼ਾਨਾ ਦਿਤਾ ਗੱਡ, ਗਾਡ ਵਾਹਿਗੁਰੂ ਆਪਣਾ ਰੰਗ ਰੰਗਾਈਆ । ਅੱਖਰ ਕਹਿਣ ਕਿਉਂ ਗੁਰ ਅਵਤਾਰ ਪੈਗ਼ੰਬਰ ਬੰਨ੍ਹ ਕੇ ਰੱਖੇ ਵਿਚ ਆਪਣੀ ਡੱਬ,

ਡੱਬੀ ਨਿੱਕੀ ਜਿਹੀ ਵਿਚ ਟਿਕਾਈਆ । ਜਿਹੜੇ ਤੇਰੇ ਨਾਮ ਦੀ ਸਿਫ਼ਤ ਵਿਚ ਲੋਕਮਾਤ ਗਏ ਟੱਪ, ਟੱਪੇ ਤੇਰੇ ਨਾਮ ਸੁਣਾਈਆ । ਮਾਣਸ ਮਾਣਸ ਦਵੈਤੀ ਲਾ ਕੇ ਫੱਟ, ਫੱਟੜ ਕਰ ਕੇ ਗਏ ਲੋਕਾਈਆ । ਨਿੱਕਾ ਨਿੱਕਾ ਜਿਹਾ ਖੋਲ੍ਹ ਕੇ ਹੱਟ, ਹਟਵਾਣੇ ਬਣ ਕੇ ਹੱਟ ਚਲਾਈਆ । ਜਾਂ ਕਲਜੁਗ ਅੰਤ ਵੇਖਿਆ ਸਭ ਦੇ ਖ਼ਾਲੀ ਹੱਥ, ਦੋਵਾਂ ਹੱਥਾਂ ਦੇਣ ਦੁਹਾਈਆ । ਅੱਖਰ ਕਹਿਣ ਬਿਨਾ ਪੁਰਖ ਅਕਾਲ ਦੇ ਲੇਖੇ ਲੱਗਾ ਕਿਸੇ ਨਾ ਜਸ, ਵੇਦ ਪੁਰਾਨ ਸ਼ਾਸਤਰ ਪੜ੍ਹ ਪੜ੍ਹ ਰਸਨਾ ਜਿਹਵਾ ਜੀਵ ਜਗਤ ਹੋਏ ਹਲਕਾਈਆ । ਅਸੀਂ ਇਕੋ ਹੁਕਮ ਮੰਨਣਾ ਤੇਰਾ ਸਾਹਿਬ ਸਵਾਮੀ ਯੱਕ, ਦੂਜੀ ਲੋੜ ਰਹੇ ਨਾ ਰਾਈਆ । ਤੇਰਾ ਗ੍ਰਿਹਿ ਵੇਖਣਾ ਹੱਕ, ਹਕੀਕਤ ਵਿਚ ਸਮਾਈਆ । ਤੂੰ ਪਰਮਾਤਮਾ ਸ੍ਰਿਸ਼ਟ ਆਤਮਾ ਤੇਰੇ ਵਸ, ਗੁਰ ਅਵਤਾਰ ਪੈਗ਼ੰਬਰ ਚਾਕਰ ਬੈਠੇ ਸੇਵ ਕਮਾਈਆ । ਸੋ ਸਾਹਿਬ ਸਵਾਮੀ ਇਕੋ ਮਾਰਗ ਸਭ ਤੋਂ ਵਖਰਾ ਦੇ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਅੱਗੇ ਬਿਨਾ ਤੇਰੇ ਅਸੀਂ ਕਿਸੇ ਦਾ ਕਰਨਾ ਨਹੀਂ ਜਸ, ਜਿਸਮ ਇਸਮ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਸਭ ਕੁਛ ਤੇਰੇ ਵਸ, ਵਾਸਤਾ ਬਾਵਾਸਤਾ ਹੋ ਕੇ ਤੇਰੇ ਨਾਲ ਜੁੜਾਈਆ ।



### ❊ ੩੦ ਵਿਸਾਖ ਸ਼ਹਿਨਸ਼ਾਹੀ ਸੰਮਤ ੪ ਜਾਗੀਰ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਗੁਰਦਾਸਪੁਰ ❊



ਚੌਥਾ ਜੁਗ ਕਹੇ ਪ੍ਰਭ ਕਿਰਪਾ ਕਰ ਕੁਝ, ਕਰਨੀ ਦੇ ਕਰਤੇ ਤੇਰੀ ਬੇਪ੍ਰਵਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਬਖ਼ਸ਼ ਅਗੰਮੀ ਸੁਧ, ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਮਿਟਾਈਆ । ਨਿਰੰਤਰ ਅੰਤਰ ਭੇਵ ਖੁਲ੍ਹਾ ਗੁੱਝ, ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਪੜਦਾ ਦੇ ਉਠਾਈਆ । ਨਿਰਮਲ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਬੁਧ, ਬਿਬੇਕ ਟੇਕ ਇਕੋ ਇਕ ਸਮਝਾਈਆ । ਗੁਰਮੁਖ ਸੰਤ ਸੁਹੇਲੇ ਉਤਮ ਸ੍ਰੇਸ਼ਟ ਕਰ ਸੀਰ ਦੁੱਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਦਰ ਠਾਂਡਾ ਕਹੇ ਤੇਰਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਰਾਹ ਤਕਾਈਆ । ਝੁਕਦੇ ਵੇਖ ਗੁਰੂ ਅਵਤਾਰ, ਪੈਗ਼ੰਬਰ ਸੱਯਦਿਆਂ ਵਿਚ ਧੂੜੀ ਖ਼ਾਕ ਰਮਾਈਆ । ਤੂੰ ਖ਼ਾਲਕ ਮਾਲਕ ਪ੍ਰਿਤਪਾਲਕ ਤੇਰਾ ਲੇਖਾ ਅਗੰਮ ਅਪਾਰ, ਅਗੋਚਰ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਤੇਰਾ ਠੰਡਾ ਸਾਹਿਬ ਸਰਬ ਸੁਲਤਾਨ, ਸਤਿ ਸਤਿਵਾਦੀ ਨਜ਼ਰੀ ਆਈਆ । ਹੁਕਮ ਸੰਦੇਸ਼ਾ ਦੇ ਹੁਕਮਰਾਨ, ਹਕੂਮਤ ਕਲਜੁਗ ਕੂੜੀ ਕਿਰਿਆ ਦੇ ਮਿਟਾਈਆ । ਸਤਿ ਧਰਮ ਤੇਰਾ ਝੁੱਲੇ ਇਕ ਨਿਸ਼ਾਨ, ਨੌਜਵਾਨ ਮਰਦ ਮਰਦਾਨ ਤੇਰੀ ਵੱਜੇ ਇਕ ਵਧਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਰਗੁਣ ਹੋ ਕੇ ਵੇਖ ਆਣ, ਸਰਗੁਣ ਪੜਦਾ ਆਪ ਉਠਾਈਆ । ਸਚ ਬੇਨੰਤੀ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਆਤਮ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ

ਰਗਾਈਆ । ਸ੍ਰੀ ਭਗਵਾਨ ਕਹੇ ਸਤਿ ਸਤਿਵਾਦੀ ਰਖ ਧਰਵਾਸ, ਧਰਮ ਦੀ ਧਾਰ ਦਿਆਂ ਜਣਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਕਲਜੁਗ ਅੰਧ ਅੰਧੇਰ ਦਿਆਂ ਗੁਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਵਸਾਂ ਪਾਸ, ਪੁਸ਼ਤ ਪਨਾਹ ਹੱਥ ਟਿਕਾਈਆ । ਵੇਖਾਂ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਫੋਲ ਫੁਲਾਈਆ । ਸਾਚੇ ਮੰਡਲ ਵੇਖਾਂ ਰਾਸ, ਬਿਨ ਗੋਪੀ ਕਾਹਨ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਸ਼ਬਦ ਅਗੰਮੀ ਖ਼ਾਸ, ਸੁਨੇਹੜਾ ਇਕ ਦ੍ਰਿੜਾਈਆ । ਚੌਥੇ ਜੁਗ ਜਨ ਭਗਤ ਦਵਾਰਿਉਂ ਨਿਰਮਲ ਦੁੱਧ ਦੇ ਮੰਗ ਕੇ ਚਾਰ ਗਲਾਸ, ਚਾਰ ਜੁਗ ਦਾ ਝਗੜਾ ਦਿਆਂ ਮੁਕਾਈਆ । ਮਾਨਸ ਜਨਮ ਜਨ ਭਗਤਾਂ ਕਰ ਕੇ ਰਾਸ, ਰਸਤਾ ਇਕੋ ਦਿਆਂ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਮਨਸਾ ਸੱਧਰ ਪੂਰੀ ਕਰ ਦਰਖ਼ਾਸਤ, ਦੀਨਾਂ ਅਨਾਥਾਂ ਦੁਖੀਆਂ ਦਰਦ ਫੋਲ ਫੁਲਾਈਆ । ਜਿਹੜੀ ਵਸਤ ਅਮੋਲਕ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਕਿਸੇ ਨਾ ਆਈ ਹਾਥ, ਦਸਤ ਬਦਸਤ ਨਾ ਕੋਇ ਫੜਾਈਆ । ਸੋ ਲੇਖਾ ਲਿਖਾ ਕੇ ਧੁਰ ਫ਼ਰਮਾਨਾ ਨਾਲ ਕ਼ਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਦਏ ਬਦਲਾਈਆ । ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਸਚ ਦੁਆਰ ਸੋਹੇ ਇਕ ਜਮਾਤ, ਜੁਮਲਾ ਅੱਖਰ ਇਕੋ ਇਕ ਪੜ੍ਹਾਈਆ । ਝਗੜਾ ਰਹੇ ਨਾ ਕੋਈ ਕਾਗ਼ਜ਼ਾਤ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਨਾਮ ਜਣਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਸਤਿ ਸਤਿਵਾਦੀ ਸਾਚਾ ਚੰਦ ਚਮਕਾਈਆ । ਸੰਤ ਸੁਹੇਲੇ ਜਾਵਣ ਜਾਗ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਹੰਸ ਬੁੱਧੀ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਨਿਰਮਲ ਨਿਰਵੈਰ ਨੂਰ ਜੋਤ ਕਰ ਪ੍ਰਕਾਸ਼, ਅੰਧ ਅੰਧੇਰ ਗਵਾਈਆ । ਦਰਸ ਦਿਖਾਏ ਸਾਖਿਆਤ, ਸਵੱਛ ਸਰੂਪੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਧੁਰਦਰਗਾਹੀਆ । ਧੁਰਦਰਗਾਹੀ ਮਾਲਕ ਏਕ, ਏਕੰਕਾਰ ਵੱਡੀ ਵਡਿਆਈਆ । ਚਾਰੇ ਵਰਨ ਕਰ ਬਿਬੇਕ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਆਪਣਾ ਰੰਗ ਚੜ੍ਹਾਈਆ । ਚਾਰੇ ਗਲਾਸ ਦੱਸਣ ਭੇਤ, ਚਾਰੋਂ ਕੁੰਟ ਵੇਖ ਵਖਾਈਆ ਇਕੋ ਪੁਰਖ ਅਕਾਲ ਹੋਵੇ ਟੇਕ, ਟਿੱਕੇ ਮਸਤਕ ਧੂੜੀ ਆਪ ਰਮਾਈਆ । ਸਤਿ ਦਵਾਰ ਜਣਾ ਕੇ ਸਾਚੇ ਦੇਸ, ਪ੍ਰਦੇਸੀ ਪੜਦਾ ਦਏ ਉਠਾਈਆ । ਜੋ ਮਾਲਕ ਖ਼ਾਲਕ ਰਹੇ ਹਮੇਸ਼, ਹਮਸਾਜਣ ਹੋ ਕੇ ਮਿਲ ਕੇ ਵੱਜੇ ਵਧਾਈਆ । ਨਰ ਨਰਾਇਣ ਇਕ ਨਰੇਸ਼, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕ ਦ੍ਰਿੜਾਈਆ । ਦੁੱਧ ਕਹੇ ਮੇਰਾ ਰੂਪ ਚਾਰ ਚਾਰ, ਚਾਰੇ ਖਾਣੀ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਸਭ ਦਾ ਸਾਂਝਾ ਯਾਰ, ਮਿਤ੍ਰ ਪਿਆਰਾ ਧੁਰਦਰਗਾਹੀਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ, ਪੈਗ਼ੰਬਰ ਭੱਜਣ ਵਾਹੋ ਦਾਹੀਆ । ਰਵ ਸਸ ਹੋਏ ਉਜਿਆਰ, ਮੰਡਲ ਮੰਡਪ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਨਿਤ ਨਵਿਤ ਸੇਵ ਕਮਾਈਆ । ਸੋ ਖੇਲ ਖੇਲੇ ਖੇਲਣਹਾਰ, ਖ਼ਾਲਕ ਖ਼ਲਕ ਫੋਲ ਫੁਲਾਈਆ । ਸਚ ਸੰਦੇਸ਼ਾ ਦੇਵੇ ਏਕਾ ਏਕੰਕਾਰ, ਅਕਲ ਕਲਧਾਰੀ ਆਪ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਦੇਵੇ ਨਿਵਾਰ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਸਾਚਾ ਸਤਿ ਧਰਮ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਭਗਤ ਸੁਹੇਲਾ ਪਾਵੇ ਸਾਰ, ਸੰਤ ਸੁਹੇਲੇ ਆਪ ਉਠਾਈਆ । ਗੁਰਮੁਖਾਂ ਗੁਰ ਸਤਿਗੁਰ ਚਲੇ ਨਾਲ, ਨਾਲਿਸ਼ ਮਨ ਰਹਿਣ ਨਾ ਪਾਈਆ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਏਕੰਕਾਰਾ ਇਕੋ ਰੰਗ ਚੜ੍ਹਾਈਆ । ਅੰਦਰ ਬਾਹਰ ਗੁਪਤ

ਜ਼ਾਹਰ ਨਿਰਗੁਣ ਧਾਰ ਕਰੇ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਆਪਣੀ ਦਇਆ ਕਮਾਈਆ । ਕਾਇਆ ਕਾਅਬਾ ਹੱਕ ਮਹਿਬੂਬ ਮੁਹੱਬਤ ਵਿਚ ਵਖਾਏ ਸੱਚੀ ਧਰਮਸਾਲ, ਧਰਮ ਦਵਾਰਾ ਏਕੰਕਾਰਾ ਇਕੋ ਇਕ ਜਣਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਆਪੇ ਵੇਖਣਹਾਰਾ ਮੁਰੀਦਾਂ ਹਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗਾਈਆ । ਚਾਰ ਗਲਾਸ ਕਹਿਣ ਸਾਡੇ ਅੰਦਰ ਵਸਤ ਭਰੀ ਅਪਾਰ, ਰਾਮ ਵਸ਼ਿਸ਼ਟ ਦਏ ਗਵਾਹੀਆ । ਕਾਹਨਾ ਕ੍ਰਿਸ਼ਨਾ ਗਿਆ ਚਿਤਾਰ, ਸੁਦਾਮਾ ਮਿਲ ਕੇ ਵੱਜੇ ਵਧਾਈਆ । ਈਸਾ ਯੁਨਹਾ ਕਰ ਪਿਆਰ, ਕਲਮਾ ਸੰਦੇਸ਼ੇ ਵਿਚ ਸੁਣਾਈਆ । ਮੁਹੰਮਦ ਆਖ ਕੇ ਚਾਰ ਯਾਰ, ਪੜਦਾ ਉਹਲਾ ਇਕ ਉਠਾਈਆ । ਨਾਨਕ ਚਾਰ ਵਰਨਾਂ ਬੰਨ੍ਹ ਧਾਰ, ਖੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਗੋਬਿੰਦ ਚਾਰੇ ਸੁਤ ਦੁਲਾਰੇ ਵਾਰ, ਵਾਰਤਾ ਅਵਰ ਵਖਾਈਆ । ਜਿਸ ਵੇਲੇ ਲੋਕਮਾਤ ਬੀਤੇ ਜੁਗ ਚਾਰ, ਚਾਰ ਕੁੰਟ ਵਿਹਾਈਆ । ਓਸ ਵੇਲੇ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਧੁਰਦਰਗਾਹੀਆ । ਸਭ ਦਾ ਲਹਿਣਾ ਦੇਣਾ ਪੂਰਬ ਕ਼ਰਜ਼ ਦਏ ਉਤਾਰ, ਮਕ਼ਰੂਜ਼ ਆਪਣਾ ਹਿਸਾਬ ਬੇਬਾਕ ਕਰਾਈਆ । ਅੰਮ੍ਰਿਤ ਰਸ ਭਗਤਾਂ ਅੰਦਰ ਭਰ ਕੇ ਸਚ ਪ੍ਰੇਮ ਦੀ ਧਾਰ, ਦੂਧ ਦਾ ਦੂਧ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਦੂਧ ਕਹੇ ਕਿਉਂ ਚਾਰ ਗਲਾਸਾਂ ਭਰਿਆ, ਸਮਝ ਕਿਸੇ ਨਾ ਆਈਆ । ਕਿਉਂ ਜਗੀਰ ਸਿੰਘ ਹੱਥ ਫੜਿਆ, ਪੂਰਬ ਲਹਿਣਾ ਦੇਣਾ ਦ੍ਰਿੜਾਈਆ । ਜਿਸ ਕਾਰਨ ਕਰਤੇ ਵਰਿਆ, ਵਾਰਤਾ ਦੇਣੀ ਜਣਾਈਆ । ਕਿਉਂ ਜੀਵਤ ਹੋਇਆ ਮਰਿਆ, ਮਰ ਜੀਵਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਸਚ ਦ੍ਰਿੜਾਈਆ । ਪੁਰਖ ਅਕਾਲ ਕਹੇ ਸੁਣ ਦੂਧ ਪਿਆਰੇ ਚਿੱਟੇ, ਚਿੱਟੀ ਧਾਰੋਂ ਦਿਆਂ ਜਣਾਈਆ । ਗੋਬਿੰਦ ਦੀ ਨਿਸ਼ਾਨੀ ਗੁਰਮੁਖ ਦੇ ਸਿੱਟੇ, ਸਿੱਟੇ ਬਾਜ਼ੀ ਜਗਤ ਨਾ ਕੋਇ ਜਣਾਈਆ । ਜਿਸ ਦੇ ਲੇਖ ਕਿਸੇ ਨਹੀਂ ਲਿਖੇ, ਕ਼ਲਮ ਸ਼ਾਹੀ ਨਾ ਕੋਇ ਚਤੁਰਾਈਆ । ਓਹ ਪਰਮ ਪੁਰਖ ਦੇ ਹਿੱਸੇ, ਲੇਖੇ ਧੁਰ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਰਿਹਾ ਉਠਾਈਆ । ਪੁਰਖ ਅਕਾਲ ਕਿਹਾ; ਮੈਂ ਪੜਦਾ ਚੁੱਕਾਂ ਆਪ, ਓਹਲਾ ਆਪ ਉਠਾਈਆ । ਗੋਬਿੰਦ ਦਾ ਸਿੱਖ ਜ਼ਾਤ ਹੀਣੀ ਸਦਾ ਗੋਬਿੰਦ ਨੂੰ ਕਹਿੰਦਾ ਸੀ ਬਾਪ, ਦੂਜੀ ਆਵਾਜ਼ ਨਾ ਕੋਇ ਸੁਣਾਈਆ । ਇਕ ਦਿਨ ਗੋਬਿੰਦ ਹੱਸ ਕੇ ਉਹਦੀ ਪਿੱਠ ਤੇ ਰੱਖਿਆ ਹਾਥ, ਪੜਦਾ ਅੰਦਰੋਂ ਦਿਤਾ ਖੁਲ੍ਹਾਈਆ । ਪ੍ਰਕਾਸ਼ ਵਿਚ ਨਜ਼ਰ ਆਇਆ ਪੁਰਖ ਅਬਿਨਾਸ਼, ਨੂਰ ਨੂਰ ਵਿਚੋਂ ਚਮਕਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੇਵਕ ਦਾਸ, ਸਿਰ ਸਕੇ ਨਾ ਕੋਇ ਉਠਾਈਆ । ਗੋਬਿੰਦ ਫਿਰ ਹੌਲੀ ਜਿਹੀ ਪਿੱਠ ਤੇ ਦਿਤੀ ਦਾਬ, ਉਂਗਲਾਂ ਨਾਲ ਦਬਾਈਆ । ਜਾਂ ਵੇਖਿਆ ਤੇ ਆਪਣਾ ਆਪ, ਨੂਰ ਜੋਤ ਰੁਸ਼ਨਾਈਆ । ਦਰਸ਼ਨ ਵੇਖਿਆ ਸਾਖਿਆਤ, ਜਲਵਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਸੁਣ ਦੁੱਧ ਚਿੱਟੇ ਪਵਿਤਰ, ਪੁਨੀਤ ਦਿਆਂ ਬਣਾਈਆ । ਓਹ ਵੇਖ ਗੋਬਿੰਦ ਦਾ ਮਿਤ੍ਰ, ਮਿਤ੍ਰ ਪਿਆਰੇ ਦਿਆਂ ਸਮਝਾਈਆ । ਜਿਹੜਾ ਚੋਟੀ ਚੜ੍ਹਿਆ ਸ਼ਿਖ਼ਰ, ਸਿਖਿਆ ਧੁਰ ਦੀ ਇਕ ਦ੍ਰਿੜਾਈਆ । ਸੋ ਨਿਰਗੁਣ ਧਾਰੋਂ ਆਵੇ ਨਿਕਲ, ਜਨਮੇ ਕੋਈ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਕਿਹਾ ਇਹ ਨੀਘਾ ਸਿੱਖ ਮੇਰੇ ਪਾਸ, ਪੂਰਬ ਪੂਰਬ ਨਜ਼ਰੀ ਆਈਆ । ਇਕ ਰੱਖ ਪ੍ਰੇਮ ਦੀ ਆਸ, ਚਰਨ ਕਵਲਾਂ ਸੀਸ ਨਿਵਾਈਆ । ਕਿਰਪਾ ਰੱਖ ਮੇਰੇ ਬਾਪ, ਦੋਏ ਜੋੜ ਬੇਨੰਤੀ ਦਿਤੀ ਸੁਣਾਈਆ । ਮੈਂ ਭਰ ਕੇ ਲਿਆਵਾਂ ਚਾਰ ਗਲਾਸ, ਦੁੱਧਾ ਧਾਰੀਆਂ ਦਿਆਂ ਪਿਆਈਆ । ਜਿਨ੍ਹਾਂ ਨੂੰ ਅਜੀਤ ਜੁਝਾਰ ਜ਼ੋਰਾਵਰ ਫ਼ਤਿਹ ਸਾਰੇ ਰਹੇ ਆਖ, ਰਸਨਾ ਜਿਹਵਾ ਨਾਲ ਸੁਣਾਈਆ । ਗੋਬਿੰਦ ਕਿਹਾ ਇਨ੍ਹਾਂ ਦਾ ਲਹਿਣਾ ਦੇਣਾ ਪੁਰਖ ਅਕਾਲ ਹਾਥ, ਦੂਸਰ ਹੱਥ ਨਾ ਕੋਇ ਵਡਿਆਈਆ । ਸਾਂਭ ਕੇ ਰਖ ਆਪਣੇ ਗਲਾਸ, ਕਲਜੁਗ ਅੰਤਮ ਲਹਿਣਾ ਦਿਆਂ ਚੁਕਾਈਆ । ਜਿਸ ਵੇਲੇ ਜੋਤੀ ਧਾਰ ਆਵੇ ਪੁਰਖ ਅਬਿਨਾਸ਼, ਗੋਬਿੰਦ ਸ਼ਬਦ ਰੂਪ ਵਟਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰਾਏ ਆਪ, ਆਪ ਆਪਣਾ ਰੰਗ ਰੰਗਾਈਆ । ਓਸ ਵੇਲੇ ਸਤਾਰਾਂ ਸੌ ਛਪੰਜਾ ਬਿਕ੍ਰਮੀ ਇਹੋ ਤੀਹ ਵਿਸਾਖ ਦੀ ਸੀ ਰਾਤ, ਰੁੱਤੜੀ ਆਪਣੇ ਰੰਗ ਰੰਗਾਈਆ । ਜਗੀਰ ਸਿੰਘ ਕੱਟ ਕੇ ਆ ਗਿਆ ਵਾਟ, ਜੋਤ ਜਨਮ ਜਨਮ ਜੋਤ ਗੁਰੂ ਵਿਚੋਂ ਬਦਲਾਈਆ । ਪੂਰਬ ਲਹਿਣਾ ਦੇਣਾ ਲੇਖਾ ਪੂਰਾ ਕੀਤਾ ਆਜ, ਸਮਾਜ ਦਾ ਝਗੜਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਵੇਖਣਹਾਰਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਖੇਲ ਖਿਲਾਈਆ ।



## ੧ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ



ਕਲਜੁਗ ਕਹੇ ਪ੍ਰਭ ਵੇਖ ਆਪਣੀ ਲਿਖਤ, ਦਰ ਠਾਂਡੇ ਸੀਸ ਨਿਵਾਈਆ । ਸਾਚਾ ਰਿਹਾ ਕਿਸੇ ਨਾ ਇਸ਼ਟ, ਗੁਰ ਅਵਤਾਰ ਪੈਗ਼ੰਬਰ ਭੈ ਨਾ ਕੋਇ ਜਣਾਈਆ । ਮਾਨਵ ਖੁਲ੍ਹੀ ਕਿਸੇ ਨਾ ਦ੍ਰਿਸ਼ਟ, ਅਨੁਭਵ ਤੇਰਾ ਭੇਵ ਕੋਇ ਨਾ ਪਾਈਆ । ਜੁਗ ਚੌਕੜੀ ਤੇਰੇ ਕੋਲ ਫ਼ਰਿਸਤ, ਨਾਮ ਬੇਨਾਮ ਖੋਜ ਖੁਜਾਈਆ । ਝਗੜਾ ਮੁਕਾ ਦੇ ਦੋਜ਼ਖ਼ ਬਹਿਸ਼ਤ, ਸਵਰਗ ਸੂਝ ਰਹੇ ਨਾ ਰਾਈਆ । ਸਚ ਸਬੂਰੀ ਦੇ ਸਿਦਕ, ਭਰੋਸਾ ਇਕ ਦ੍ਰਿੜਾਈਆ । ਮੇਰਾ ਲੇਖਾ ਮੁਕਾ ਕੂੜ ਕੁੜਿਆਰੇ ਨਿੰਦਕ, ਨਿਰਵੈਰ ਤੇਰੀ ਸਰਨਾਈਆ । ਸ਼ਬਦੀ ਧਾਰ ਕਰ ਹਿੰਮਤ, ਸਤਿਗੁਰ ਇਕੋ ਵੇਸ ਵਟਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਜੋ ਭੋਗਦੇ ਗਏ ਗ੍ਰਿਹਿਸਤ, ਗ੍ਰਿਹਿਸਤੀਆਂ ਵਿਚ ਆਪਣਾ ਰੂਪ ਵਖਾਈਆ । ਉਨ੍ਹਾਂ ਦਾ ਲਹਿਣਾ ਦੇਣਾ ਪੂਰਾ ਹੋਇਆ ਭਵਿਖਤ, ਭਾਖਿਆ ਧੁਰ ਦੀ ਵਿਚ ਜਣਾਈਆ । ਲੇਖਾ ਰਹੇ ਨਾ ਟਾਂਕ ਜਿਸਤ, ਇਕੋ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਵੇਖ ਵਖਾਈਆ । ਕਲਜੁਗ ਕਹੇ ਮੈਂ ਬੋਲਾਂ ਤੇਰਾ ਬੱਚਾ, ਧੁਰਦਰਗਾਹੀ ਸੀਸ ਨਿਵਾਈਆ । ਸਚ ਦਵਾਰੇ ਤੇਰੇ ਸੱਚਾ, ਸਚ ਸਚ ਦਿਆਂ ਦ੍ਰਿੜਾਈਆ । ਮੈਂ ਚਾਰ ਜੁਗ ਦਾ ਲੇਖਾ ਕੀਤਾ ਕੱਚਾ, ਸਾਬਤ ਨਜ਼ਰ ਕੋਇ ਨਾ ਆਈਆ । ਤੇਰੇ ਘਰ ਦਾ ਲੱਗਣ ਨਾ ਦਿਤਾ ਪਤਾ, ਪਤਿਪਰਮੇਸ਼ਵਰ ਜੀਵ ਜੰਤ ਦਿਤੇ ਭੁਲਾਈਆ । ਗੁਰੂ ਚੇਲਾ ਰਿਹਾ ਕੋਇ ਸਕਾ, ਸਾਜਣ ਮਿਲਣ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਲਾ ਕੇ ਧੱਕਾ, ਚਾਰੋਂ ਕੁੰਟ ਦਿਤਾ ਹਿਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦੁਵਾਲੇ ਮੱਠਾ, ਗੁਰੂਦਵਾਰ ਰਹੇ ਕੁਰਲਾਈਆ । ਸਤਿ

ਰਹਿਣ ਨਾ ਦਿਤਾ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਨੈਣਾਂ ਨੀਰ ਵਹਾਈਆ । ਸਾਧਾਂ ਸੰਤਾਂ ਪਵਿਤ੍ਰ ਰਹਿਣ ਨਹੀਂ ਦਿਤੀਆਂ ਅੱਖਾਂ, ਸਾਂਤਕ ਸਤਿ ਨਾ ਕੋਇ ਰਾਈਆ । ਜਗਤ ਵਿਦਵਾਨਾਂ ਮਾਰੀਆਂ ਮੱਤਾਂ, ਬੁੱਧੀਵਾਨ ਨਾ ਕੋਇ ਚਤੁਰਾਈਆ । ਭਰਮ ਭੁਲਾਏ ਧਾਰੀ ਜਟਾਂ, ਜਟਾ ਜੂਟ ਰਹੇ ਕੁਰਲਾਈਆ । ਹਾਹਾਕਾਰ ਮਚਾਈ ਜਗਤ ਦਵਾਰੇ ਹੱਟਾਂ, ਸਾਚੀ ਵਸਤ ਨਾ ਕੋਇ ਵਿਕਾਈਆ । ਤੇਰਾ ਨਾਮ ਜੈਕਾਰਾ ਲੈਂਦੇ ਫਿਰਦੇ ਲੱਖਾਂ, ਪਰ ਤੇਰੇ ਮਿਲਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਦਿਵਸ ਰੈਣ ਤੇਰੀ ਸੇਵਾ ਅੰਦਰ ਲੱਖ ਚੁਰਾਸੀ ਨੱਠਾਂ, ਭੱਜਾਂ ਵਾਹੋ ਦਾਹੀਆ । ਮੋਹ ਵਿਕਾਰ ਹੰਕਾਰ ਮਾਰ ਕੇ ਸੱਟਾਂ, ਜਗਤ ਜਗਿਆਸੂ ਦਿਤੇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਕਲਜੁਗ ਕਹੇ ਮੇਰੀ ਸੁਣ ਇਕ ਅਰਦਾਸ, ਆਰਜ਼ੂ ਹਰਿ ਸੁਣਾਈਆ । ਤੂੰ ਸਾਹਿਬ ਸਵਾਮੀ ਸਰਬ ਗੁਣਤਾਸ, ਵਡ ਦਾਤਾ ਬੇਪ੍ਰਵਾਹੀਆ । ਮੇਰੀ ਪੂਰੀ ਕਰ ਦੇ ਆਸ, ਤ੍ਰਿਸ਼ਨਾ ਤੇਰੇ ਅੱਗੇ ਟਿਕਾਈਆ । ਮੈਂ ਸੇਵਾ ਕਰਦਾ ਖ਼ਾਸ, ਦਿਵਸ ਰੈਣ ਆਪਣੀ ਕਾਰ ਕਮਾਈਆ । ਕਿਸੇ ਦਾ ਰਹਿਣ ਨਹੀਂ ਦਿਤਾ ਤੇਰੇ ਉਤੇ ਵਿਸ਼ਵਾਸ, ਵਿਸ਼ਿਆਂ ਵਿਚ ਸਾਰੇ ਦਿਤੇ ਭੁਲਾਈਆ । ਨਾਮ ਭੰਡਾਰਾ ਮਿਲੇ ਕਿਸੇ ਨਾ ਸਾਚ, ਵਸਤ ਅਮੋਲਕ ਹੱਥ ਕਿਸੇ ਨਾ ਆਈਆ । ਮਨ ਮਨੂਏ ਅੰਦਰ ਸਾਰੇ ਰਹੇ ਨਾਚ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਨਿਰਗੁਣ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਸਤਿ ਧਰਮ ਦੀ ਰਹਿਣ ਨਹੀਂ ਦਿਤੀ ਕੋਈ ਜਮਾਤ, ਵਿਭਚਾਰ ਵਿਚ ਲੋਕਾਈਆ । ਜੋ ਗੁਰ ਅਵਤਾਰ ਪੈਗ਼ੰਬਰ ਦੱਸ ਕੇ ਗਏ ਗਾਥ, ਅੱਖਰਾਂ ਵਾਲੀ ਕਰ ਪੜ੍ਹਾਈਆ । ਮੈਂ ਸਭ ਦਾ ਕੀਤਾ ਘਾਤ, ਘਾਓ ਗਹਿਰਾ ਦਿਤਾ ਲਗਾਈਆ । ੧੯੯ ੨੧
ਝਗੜਾ ਪੁਵਾ ਕੇ ਜ਼ਾਤ ਪਾਤ, ਦੀਨਾਂ ਮਜ਼੍ਹਬਾਂ ਦਿਤਾ ਲੜਾਈਆ । ਸਭ ਦਾ ਪੂਰਾ ਕਰ ਕੇ ਭਵਿਖਤ ਵਾਕ, ਵਾਕਿਆ ਤੈਨੂੰ ਦੇਣਾ ਵਖਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਦਰ ਤੇਰੇ ਸੀਸ ਨਿਵਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੀ ਮੰਜ਼ਲ ਚੜ੍ਹਨ ਨਾ ਦਿਤਾ ਕੋਈ ਘਾਟ, ਅਧਵਾਟੇ ਵੇਖੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਚੌਥੇ ਜੁਗ ਹੋ ਉਜਿਆਰਾ, ਚਾਰੋਂ ਕੁੰਟ ਡਗਮਗਾਈਆ । ਤੇਰਾ ਹੁਕਮ ਸੰਦੇਸਾ ਦੇ ਕੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਾ ਕੋਇ ਉਠਾਈਆ । ਕਰ ਖੇਲ ਅਗੰਮ ਅਪਾਰਾ, ਅਲਖ ਅਗੋਚਰ ਤੇਰੀ ਕਾਰ ਕਮਾਈਆ । ਚਾਰ ਕੁੰਟ ਕਰ ਅੰਧਿਆਰਾ, ਸਾਚਾ ਨੂਰ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਮੈਂ ਤੇਰਾ ਪੂਤ ਸਪੂਤਾ, ਸੁਤ ਦੁਲਾਰਾ ਨਜ਼ਰੀ ਆਈਆ । ਕਲਜੁਗ ਜੀਵ ਭੁਲਾਇਆ ਚਾਰੇ ਕੂਟਾ, ਦਹਿ ਦਿਸ਼ਾ ਨਾ ਕੋਇ ਸ਼ਨਵਾਈਆ । ਸਤਿ ਧਰਮ ਦਾ ਮੂਧਾ ਕਰ ਕੇ ਠੂਠਾ, ਖ਼ਾਲੀ ਸਾਰੇ ਦਿਤੇ ਕਰਾਈਆ । ਮਨ ਕਲਪਣਾ ਵਿਚ ਕਰ ਕੇ ਝੂਠਾ, ਮਮਤਾ ਮੋਹ ਜਗਤ ਹਲਕਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮਾਟੀ ਤਨ ਵਜੂਦ ਪੰਜ ਤੱਤ ਭੂਤਾ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਤੇਰਾ ਨੂਰ ਨਜ਼ਰ ਨਾ ਆਇਆ ਸਤਿ ਸਰੂਪਾ, ਸਤਿ ਸਤਿਵਾਦੀ ਤੇਰੀ ਸੇਵ ਨਾ ਕੋਇ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਮਾਰਗ ਲੱਭਿਆ ਕਿਸੇ ਗਲੀ ਨਾ ਕੂਚਾ, ਕੁਟੀਆ ਸਮਝ ਕਿਸੇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਦੇ ਮੈਨੂੰ ਸ਼ਾਬਾਸ਼, ਦਰ ਤੇਰੇ ਸੀਸ ਨਿਵਾਈਆ । ਮੈਂ ਤੇਰਾ ਸੁਤ ਦੁਲਾਰਾ ਖ਼ਾਸ, ਖ਼ੁਸੂਸੀਅਤ ਦਿਆਂ ਦ੍ਰਿੜਾਈਆ । ਕਿਸੇ ਗੋਪੀ ਕਾਹਨ ਦੀ ਸੁਰਤੀ ਸ਼ਬਦੀ ਪੈਣ ਨਾ ਦੇਵਾਂ ਰਾਸ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਸਾਧ ਸੰਤ ਫ਼ਕੀਰ ਸਦੀ ਚੌਧਵੀਂ ਤੇਰਾ ਨੂਰੀ ਦਰਸ ਕੋਇ ਨਾ ਪਾਈਆ । ਮੈਂ ਅੱਗੇ ਹੋ ਕੇ ਲੱਖ ਚੁਰਾਸੀ ਜੋਹ ਕੇ ਰਿਸ਼ੀਆਂ ਮੁਨੀਆਂ ਮੰਜ਼ਲ ਦਿਸਣ ਨਾ ਦਿਤੀ ਵਾਟ, ਵੱਟਾ ਸਭ ਨੂੰ ਦਿਤਾ ਲਗਾਈਆ । ਦੁਰਮਤ ਮੈਲ ਕੋਈ ਨਾ ਸਕੇ ਅੰਦਰੋਂ ਕਾਟ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹਦਿਆਂ ਪਤਤ ਪੁਨੀਤ ਨਾ ਕੋਇ ਕਰਾਈਆ । ਮੈਂ ਸਚ ਸੰਦੇਸ਼ਾ ਧੁਰ ਨਰੇਸ਼ਾ ਦੇਵਾਂ ਆਖ, ਆਖ਼ਰ ਇਕ ਜਣਾਈਆ । ਜੂਠ ਝੂਠ ਦੀ ਤੇਰੀ ਬਖ਼ਸ਼ੀ ਹੋਈ ਦਾਤ, ਮੈਂ ਘਰ ਘਰ ਅੰਦਰ ਸਭ ਦੇ ਦਿਤੀ ਵਰਤਾਈਆ । ਸਭ ਨੂੰ ਭੁਲਾ ਕੇ ਤੂੰ ਧੁਰ ਦਾ ਬਾਪ, ਮੰਦਰ ਮਸਜਿਦ ਸ਼ਿਵਦੁਵਾਲੇ ਮੱਠਾਂ ਇੱਟਾਂ ਪੱਥਰਾਂ ਉਤੇ ਮਸਤਕ ਦਿਤੇ ਰਗੜਾਈਆ । ਤੇਰੇ ਨਾਮ ਦੀ ਮਹਿੰਮਾ ਦੱਸੇ ਗ੍ਰੰਥ ਉਨ੍ਹਾਂ ਦਾ ਕਰ ਕੇ ਪਾਠ, ਅੱਗੇ ਤੈਨੂੰ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਸਾਚੀ ਇਕ ਆਵਾਜ਼, ਜੋ ਆਵਾਜ਼ ਆਵਾਜ਼ ਵਿਚੋਂ ਬਦਲਾਈਆ । ਕਲਜੁਗ ਕਹੇ ਪ੍ਰਭੂ ਮੈਂ ਸੁਤ ਦੁਲਾਰਾ ਚੰਗਾ, ਸੋਹਣਾ ਨਜ਼ਰੀ ਆਈਆ । ਮੈਂ ਸਾਬਤ ਰਹਿਣ ਨਹੀਂ ਦਿਤਾ ਕੋਈ ਬੰਦਗੀ ਵਾਲਾ ਬੰਦਾ, ਬੰਧਨਾ ਵਿਚ ਸਾਰੇ ਦਿਤੇ ਫਸਾਈਆ । ਪਵਿਤ੍ਰ ਰਹਿਣ ਨਹੀਂ ਦਿਤਾ ਕੋਈ ਤੀਰਥ ਤਟ ਕਿਨਾਰਾ ਜਮਨਾ ਸੁਰਸਤੀ ਗੋਦਾਵਰੀ ਗੰਗਾ, ਕੂੜੀ ਕਿਰਿਆ ਕਰਮ ਕਾਂਡ ਸਭ ਦੀ ਝੋਲੀ ਪਾਈਆ । ਕੋਈ ਸੰਤ ਫ਼ਕੀਰ ਸ਼ਾਹ ਹਕੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਤੇਰੀ ਮੰਜ਼ਲ ਚੜ੍ਹੇ ਕੋਈ ਨਾ ਡੰਡਾ, ਕਲਜੁਗ ਕਹੇ ਪ੍ਰਭੂ ਇਹ ਮੇਰੀ ਵਡ ਵਡਿਆਈਆ । ਖਾਣ ਪੀਣ ਦਾ ਸਭ ਨੇ ਬਣਾਇਆ ਧੰਦਾ, ਜੇ ਅੰਦਰੋਂ ਵੇਖੇਂ ਆਪ ਜੋ ਬਾਹਰੋਂ ਸਾਫ਼ ਤੇ ਅੰਦਰੋਂ ਗੰਦਾ, ਨਿਰਮਲ ਨਜ਼ਰ ਕੋਇ ਨਾ ਆਈਆ । ਕਿਸੇ ਕ਼ਦਰ ਨਾ ਪਾਇਆ ਕਿਉਂ ਗੋਬਿੰਦ ਸੀਸ ਵਿਚ ਰਖਾਇਆ ਕੰਘਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਮੈਂ ਸੋਹਣਾ ਛੈਲ ਛਬੀਲਾ, ਬਾਂਕਾ ਜੋਬਨਵੰਤਾ ਨਜ਼ਰੀ ਆਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਸਾਬਤ ਰਹਿਣ ਨਹੀਂ ਦਿਤਾ ਕੋਈ ਕ਼ਬੀਲਾ, ਕਾਮਲ ਮੁਰਸ਼ਦ ਤੈਨੂੰ ਮਿਲਣ ਕੋਇ ਨਾ ਆਈਆ । ਫ਼ੇਲ ਕਰ ਵਖਾਇਆ ਤੇਰੇ ਮਿਲਣ ਵਾਲਾ ਵਸੀਲਾ, ਤੇਰੇ ਸਿਫ਼ਤੀ ਨਾਮ ਦੀ ਚਲੇ ਨਾ ਕੋਇ ਚਤੁਰਾਈਆ । ਸਦੀ ਚੌਧਵੀਂ ਸੰਤ ਫ਼ਕੀਰ ਤੇਰੇ ਅੱਖਰਾਂ ਦਾ ਦੇਂਦੇ ਨਾਮ ਵਸੀਲਾ, ਵਸਲ ਯਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਦੇ ਕਰਤਾਰ, ਦਰ ਤੇਰੇ ਮੰਗ ਮੰਗਾਈਆ । ਮੈਂ ਤੇਰਾ ਛੋਟਾ ਸੁਤ ਦੁਲਾਰ, ਜੁਗ ਚੌਥਾ ਸੋਭਾ ਪਾਈਆ । ਮੇਰਾ ਖੇਲ ਵੇਖ ਵਿਚ ਸੰਸਾਰ, ਵਡ ਸੰਸਾਰੀ ਆਪਣੀ ਅੱਖ ਖੁਲ੍ਹਾਈਆ । ਚਾਰ ਕੁੰਟ ਕੀਤਾ ਵਿਭਚਾਰ ਸਤਿ ਧਰਮ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਗਏ ਹਾਰ, ਸਿਰ ਸਕੇ ਨਾ ਕੋਇ ਉਠਾਈਆ । ਮੁਰੀਦ ਮੁਰਸ਼ਦ ਰਹਿਣ ਨਹੀਂ ਦਿਤਾ ਕੋਈ ਇਤਬਾਰ, ਗੁਰੂ ਚੇਲਾ ਜੋੜ ਨਾ ਕੋਇ ਜੁੜਾਈਆ । ਕੂੜੀ ਕਿਰਿਆ ਤਨ ਵਜੂਦ ਕਰਾ ਸ਼ਿੰਗਾਰ, ਕਾਮ ਕਰੋਧ ਲੋਭ ਮੋਹ ਹੰਕਾਰ ਜਗਤ ਹਲਕਾਈਆ । ਤ੍ਰਿਸ਼ਨਾ ਵਿਚ ਰੋਵਣ ਜ਼ਾਰੋ ਜ਼ਾਰ, ਦੀਰਘ

੨੦੦
੨੧

ਰੋਗ ਨਾ ਕੋਇ ਗਵਾਈਆ । ਤੇਰਾ ਖੇਲ ਸੱਚੀ ਸਰਕਾਰ, ਸਾਹਿਬ ਸਵਾਮੀ ਦਿਤਾ ਭੁਗਤਾਈਆ । ਇਕ ਵਾਰ ਨਿਗਾਹ ਪ੍ਰਭ ਮਾਰ, ਨਿਜ ਲੋਚਨ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਪੁਰਖ ਅਕਾਲ ਕਹੇ ਸੁਣ ਕਲਜੁਗ ਬੱਚੇ ਨੰਨ੍ਹੇ, ਨਾਦਾਨ ਦਿਆਂ ਜਣਾਈਆ । ਜੇ ਅੰਤ ਅਖ਼ੀਰੀ ਇਕ ਬਚਨ ਮੰਨੇਂ, ਤੇਰੀ ਮਨਸਾ ਪੂਰ ਕਰਾਈਆ । ਜੇ ਏਸੇ ਸਾਲ ਵਿਚ ਸਤਿ ਰਹਿਣ ਨਾ ਦੇਵੇਂ ਕਿਸੇ ਤਨੇ, ਬੰਦਗੀ ਵਾਲਾ ਬੰਦਾ ਨਜ਼ਰ ਕੋਇ ਨਾ ਆਈਆ । ਵਿਦਵਾਨਾਂ ਵਿਕਾਰ ਹੰਕਾਰ ਅੰਦਰ ਬੰਨ੍ਹੇ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮਾਇਆਧਾਰੀ ਕਰ ਦੇ ਅੰਨ੍ਹੇ, ਜੋ ਸੰਤ ਸਤਿਗੁਰ ਗਏ ਭੁਲਾਈਆ । ਉਨ੍ਹਾਂ ਫੜਨਾ ਓਸ ਕੰਨੇ, ਜਿਥੋਂ ਸਕੇ ਨਾ ਕੋਇ ਛੁਡਾਈਆ । ਅੱਗੇ ਆਪੇ ਪ੍ਰਭ ਡੰਨੇ, ਦਏ ਮਾਤ ਸਜ਼ਾਈਆ । ਸਤਿਜੁਗ ਵਿਚ ਕੂੜਾ ਸੰਤ ਫੇਰ ਕੋਈ ਨਾ ਜੰਮੇ, ਸਭ ਦਾ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਪ੍ਰਭੂ ਹਉਂ ਚਰਨ ਘੋਲ ਘੋਲੀ, ਆਪਣਾ ਆਪ ਘੋਲ ਘੁਮਾਈਆ । ਤੂੰ ਮੇਰਾ ਤਰਾਜੂ ਤੋਲੀਂ, ਤੋਲਣਹਾਰ ਤੇਰੀ ਸਰਨਾਈਆ । ਮੇਰੇ ਅੰਤਰ ਮਾਰੀ ਬੋਲੀ, ਅਨਬੋਲਤ ਦਿਤਾ ਜਣਾਈਆ । ਮੈਂ ਸਭ ਦੀ ਵੇਖਣੀ ਕਾਇਆ ਪਾਟੀ ਚੋਲੀ, ਮਾਨਵ ਅੰਦਰ ਖੋਜ ਖੁਜਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਕੋਇਲ ਵਾਲੀ ਮਿੱਠੀ ਬੋਲੀ, ਕਾਗ ਅੰਦਰੋਂ ਦੇਣੇ ਬਣਾਈਆ । ਮਨ ਕਲਪਣਾ ਅੰਦਰ ਸਾਰੇ ਪਾਵਣ ਰੌਲੀ, ਝਗੜਾ ਵੇਖਣਾ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਜਿਆ ਲੈਣੀ ਰਖਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਲਾਲ, ਲਾਲਣ ਦਿਆਂ ਜਣਾਈਆ । ਘਰ ਘਰ ਅੰਦਰ ਵੇਖੀਂ ਸ੍ਰਿਸ਼ਟੀ ਦ੍ਰਿਸ਼ਟੀ ਹਾਲ, ਇਸ਼ਟੀ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਖਾਧਾ ਝਟਕਾ ਹਲਾਲ, ਪੜਦਾ ਉਹਨਾਂ ਦੇਣਾ ਉਠਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਸੰਭਾਲ, ਸਿਰ ਹੱਥ ਨਾ ਕੋਇ ਟਿਕਾਈਆ । ਸਭ ਨੂੰ ਪੌਣਾ ਮਾਇਆ ਮਮਤਾ ਜਾਲ, ਕੂੜੀ ਕਿਰਿਆ ਵਿਚ ਫਸਾਈਆ । ਸਤਿ ਧਰਮ ਫਲ ਰਹੇ ਕਿਸੇ ਨਾ ਡਾਲ, ਟਹਿਣੀ ਮਹਿਕ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਜੁਗ ਕਹੇ ਮੈਂ ਪ੍ਰਭੂ ਸੀਸ ਨਿਵਾਵਾਂਗਾ । ਦਰ ਠਾਂਡੇ ਤੇਰੇ ਮੰਗ ਮੰਗਾਵਾਂਗਾ । ਇਕ ਗੋਬਿੰਦ ਦੇਦੇ ਸੰਗ, ਸ਼ਬਦੀ ਜੋੜ ਜੁੜਾਵਾਂਗਾ । ਜੋ ਛੱਡਕੇ ਗਿਆ ਪੁਰੀ ਅਨੰਦ, ਅਨੰਦ ਤੇਰੇ ਵਿਚੋਂ ਪ੍ਰਗਟਾਵਾਂਗਾ । ਓਹ ਲਾ ਕੇ ਆਪਣੇ ਅੰਗ, ਅੰਗੀਕਾਰ ਅਖਵਾਵਾਂਗਾ । ਸ੍ਰਿਸ਼ਟੀ ਦ੍ਰਿਸ਼ਟੀ ਸਾਰੀ ਦੇ ਕੇ ਦੰਡ, ਡੰਡਾਵਤ ਤੇਰੀ ਇਕ ਸਮਝਾਵਾਂਗਾ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵਾਂ ਕੰਧ, ਭਾਂਡੇ ਭਰਮ ਭੰਨਾਵਾਂਗਾ । ਜਿਹੜਾ ਨਾ ਗਾਵੇ ਤੇਰਾ ਛੰਦ, ਨਾਤਾ ਧਰਮ ਰਾਏ ਦੇ ਨਾਲ ਜੁੜਾਵਾਂਗਾ । ਫਿਰ ਫਿਰ ਜੂਨੀ ਆਵੇ ਜੇਰਜ ਅੰਡ, ਉਤਭੁਜ ਸੇਤਜ ਆਪ ਵਖਾਵਾਂਗਾ । ਮੇਰੀ ਖੇਲ ਵੇਖ ਹੋਵੀਂ ਨਾ ਦੰਗ, ਹੈਰਾਨੀ ਸਭ ਦੇ ਅੰਦਰ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਵਾਂਗਾ । ਪੁਰਖ ਅਕਾਲ ਕਹੇ ਸੁਣ ਮੇਰੇ ਸੁਤ ਦੁਲਾਰੇ, ਚੌਥੇ ਜੁਗ ਦਿਆਂ ਵਡਿਆਈਆ । ਤੇਈ ਅਵਤਾਰ ਖੜ੍ਹੇ ਅੰਤ ਕਿਨਾਰੇ, ਲੇਖਾ ਸਭ ਦਾ ਰਿਹਾ ਮੁਕਾਈਆ । ਈਸਾ ਮੂਸਾ ਮੁਹੰਮਦ ਵੇਖਣ ਨੈਣ ਉਘਾੜੇ, ਅੱਖ ਅੱਖ ਵਿਚੋਂ ਬਦਲਾਈਆ । ਨਾਨਕ ਗੋਬਿੰਦ ਕਰ ਰਹੇ ਇਸ਼ਾਰੇ, ਬਿਨ ਸੈਨਤ ਰਮਜ਼ ਸਮਝ ਵਿਚ ਟਿਕਾਈਆ । ਕਿਰਪਾ

ਕਰੇ ਆਪ ਨਿਰੰਕਾਰੇ, ਨਿਰਵੈਰ ਧੁਰਦਰਗਹੀਆ । ਕੂੜੀ ਕਿਰਿਆ ਜਗਤ ਵਾਸਨਾ ਮਾਇਆ ਮਮਤਾ ਮੋਹ ਵਿਕਾਰ ਸਾੜੇ, ਅਗਨੀ ਤਤ ਤਤ ਜਲਾਈਆ । ਇਹ ਲੇਖਾ ਪੂਰ ਕਰੌਣਾ, ਤੇਰੇ ਕੋਲੋਂ ਸਤਾਰਾਂ ਹਾੜੇ, ਹਾੜਾ ਕੱਢੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਪ੍ਰਭੂ ਮੈਂ ਬੜਾ ਦਲੇਰ, ਦਰ ਤੇਰੇ ਸੀਸ ਨਿਵਾਈਆ । ਤੂੰ ਮੇਰੇ ਉਤੇ ਹੋਰ ਕਰੀਂ ਮਿਹਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਸਭ ਨੂੰ ਦੇਵਾਂ ਉਲਟਾ ਗੇੜ, ਬਚਿਆ ਰਹਿਣ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਦੇਵਾਂ ਭੇੜ, ਰਾਜ ਰਾਜਾਨਾਂ ਦਿਆਂ ਲੜਾਈਆ । ਤੇਰੇ ਨਾਮ ਦੀ ਭਬਕ ਭੈ ਵਾਲੀ ਸੁਣੇ ਨਾ ਕੋਈ ਕੇਹਰ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਸੋਭਾ ਪਾਈਆ । ਪੁਰਖ ਅਕਾਲ ਕਹੇ ਸੁਣ ਮੇਰੇ ਲਾਲ ਲਾਲੇ, ਲਾਲਣ ਦਿਆਂ ਜਣਾਈਆ । ਕਿਸੇ ਸ਼ਕਤ ਰਹਿਣ ਨਾ ਦੇਵੀਂ ਜੋਤ ਜਵਾਲੇ, ਅਸ਼ਟਭੁਜ ਨਾ ਕੋਇ ਵਡਿਆਈਆ । ਤੇਈ ਅਵਤਾਰ ਮੇਰੇ ਨੰਨ੍ਹੇ ਬਾਲੇ, ਜੁਗ ਜੁਗ ਲੋਕਮਾਤ ਸੇਵ ਕਮਾਈਆ । ਈਸਾ ਮੂਸਾ ਮੁਹੰਮਦ ਸਦਾ ਬਣੇ ਰਹੇ ਕੰਗਾਲੇ, ਦਰਗਾਹ ਸਾਚੀ ਮੰਗ ਮੰਗਾਈਆ । ਨਾਨਕ ਗੋਬਿੰਦ ਰਹੇ ਭਾਲੇ, ਵੇਖਣਹਾਰ ਥਾਉਂ ਥਾਈਂਆ । ਜੁਗ ਜੁਗ ਜਿਨ੍ਹਾਂ ਮਾਰਗ ਦੱਸੇ ਸੁਖਾਲੇ, ਰਹਿਬਰ ਰਾਹ ਦ੍ਰਿੜਾਈਆ । ਮੇਰੇ ਨਾਮ ਦੀ ਮਹਿੰਮਾ ਲਿਖ ਲਿਖ ਭਰ ਛੱਡੇ ਜਗਤ ਵਿਦਿਆਲੇ, ਵਿਦਿਆ ਵਿਚ ਚਤੁਰਾਈਆ । ਮੇਰਾ ਲੇਖਾ ਕੋਈ ਨਾ ਸਮਝੇ ਹਾਲੇ, ਹਰਿ ਕਰਤਾ ਕੀ ਖੇਲ ਵਰਤਾਈਆ । ਥੋੜਾ ਇਸ਼ਾਰਾ ਦਿਤਾ ਨਾਨਕ ਬਾਲੇ, ਬਾਲਮ ਭੇਵ ਖੁਲ੍ਹਾਈਆ । ਗੋਬਿੰਦ ਕਲ ਕਲਕੀ ਦੇ ਦੇਕੇ ਗਿਆ ਅਹਿਵਾਲੇ, ਪੜਦਾ ਅਵਰ ਨਾ ਕੋਇ ਉਠਾਈਆ । ਜਿਸ ਨੇ ਸਭ ਦੇ ਬਦਲ ਦੇਣੇ ਚਾਲੇ, ਬਾਜ਼ੀ ਆਪਣੇ ਹੱਥ ਰਖਾਈਆ । ਓਹ ਖੇਲ ਕਰੇ ਨਿਰਾਲੇ, ਨਿਰਵੈਰ ਧੁਰਦਰਗਾਹੀਆ । ਜਿਸ ਦਾ ਹੱਲ ਨਾ ਹੋਇਆ ਸਵਾਲੇ, ਜਵਾਬ ਵਿਚ ਜਵਾਬ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਉਪਜਾਈਆ । ਕਲਜੁਗ ਕਹੇ ਮੈਂ ਤੇਰਾ ਜੋਧਾ ਸੂਰਬੀਰ, ਪਰਮ ਪੁਰਖ ਸਰਨਾਈਆ । ਪ੍ਰਭੂ ਮੇਰਾ ਜੂਠ ਝੂਠ ਦਾ ਵੱਜਾ ਇਕੋ ਤੀਰ, ਘਾਇਲ ਕੀਤੀ ਸਰਬ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਨੇ ਛੋਟੇ ਛੋਟੇ ਹਿੱਸੇ ਮਜ਼੍ਹਬਾਂ ਦੇ ਪਾਏ ਜ਼ੰਜੀਰ, ਬਾਕੀਆਂ ਦੀ ਤਕਦੀਰ ਸਕਿਆ ਨਾ ਕੋਇ ਬਦਲਾਈਆ । ਮੈਂ, ਵੇਖ ਲੈ, ਸਭ ਦਾ ਵੱਡਾ ਪੀਰ, ਮੁਰੀਦ ਕਲਜੁਗ ਜੀਵ ਲਏ ਬਣਾਈਆ । ਬਚਿਆ ਰਿਹਾ ਨਾ ਸ਼ਾਹ ਫ਼ਕੀਰ, ਉਚੀ ਬਾਂਹ ਕਰ ਕੇ ਨਾ ਕੋਇ ਸੁਣਾਈਆ । ਚਲਣ ਦਿਤੀ ਨਹੀਂ ਕਿਸੇ ਦੀ ਤਦਬੀਰ, ਤਸਵੀਰ ਤੇਰੀ ਨਜ਼ਰ ਕਿਸੇ ਨਾ ਆਈਆ । ਵਿਦਵਾਨਾਂ ਕੋਲੋਂ ਪੂਜਾ ਕਰਾ ਦਿਤੀ ਜੰਡ ਕਰੀਰ, ਝਗੜਾ ਪੁਆ ਦਿਤਾ ਵਿਚ ਤਨ ਸਰੀਰ, ਥੋੜ੍ਹੀ ਜਿਹੀ ਵਿਕਾਰ ਦੀ ਅੰਦਰ ਪਾ ਕੇ ਖ਼ਮੀਰ, ਗਹਿਰ ਗੰਭੀਰ ਤੇਰਾ ਪੜਦਾ ਦਿਤਾ ਰਖਾਈਆ । ਜੇ ਤੂੰ ਸੱਚਾ ਪਾਤਸ਼ਾਹ, ਕਲਜੁਗ ਕਹੇ, ਅੱਗੇ ਵਾਸਤੇ ਮੈਨੂੰ ਬਖ਼ਸ਼ ਦੇ ਸਾਰੀ ਜਗੀਰ, ਇਹੋ ਜਿਹਾ ਸੂਰਮਾ ਪੁਤ ਤੇਰਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਅਵਤਾਰਾਂ ਕੋਲੋਂ ਤੂੰ ਫੇਰ ਕਰਾ ਲਏਂ ਤਾਅਮੀਰ, ਨਾਮ ਨਿੱਕੇ ਨਿੱਕੇ ਝੋਲੀ ਪਾਈਆ । ਪ੍ਰਭੂ ਮੈਥੋਂ ਡਰਦੇ ਗਏ ਤੇਰੇ ਗੁਰੂ ਪੀਰ, ਭਵਿਖਤਾਂ ਵਿਚ ਦੇ ਕੇ ਗਏ ਦੁਹਾਈਆ । ਜਿੰਨਾਂ ਚਿਰ ਆਪ ਨਾ ਆਇਆ ਓਨਾਂ ਚਿਰ ਕਲਜੁਗ ਦੀ ਬਦਲੇ ਨਾ ਕੋਇ ਤਕਦੀਰ, ਅਗਲਾ ਰਾਹ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਹੋ ਕੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਇਕੋ ਸੁਤ ਦੁਲਾਰਾ ਤੇਰਾ ਬਹੁਤ, ਬਹੁਤਿਆਂ ਦੀ ਲੋੜ ਰਹੀ ਨਾ ਰਾਈਆ । ਮੈਂ ਓਸ ਮੰਜ਼ਲ ਤੇ ਗਿਆ ਪਹੁੰਚ, ਜਿਥੇ ਗੁਰ ਅਵਤਾਰ ਪੈਗੰਬਰ ਤੋਬਾ ਤੋਬਾ ਕਰ ਕੇ ਪੱਲੂ ਗਏ ਛੁਡਾਈਆ । ਮੇਰਾ ਭਾਣਾ ਸਕਿਆ ਕੋਈ ਨਾ ਰੋਕ, ਅੱਗੇ ਹੋ ਨਾ ਕੋਇ ਅਟਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਨ ਵਾਲਿਆਂ ਦੀ ਚਲਣ ਨਾ ਦਿਤੀ ਸੋਚ, ਸਮਝ ਸਭ ਦੀ ਦਿਤੀ ਬਦਲਾਈਆ । ਜਿਹੜੇ ਅੰਮ੍ਰਿਤ ਵੇਲੇ ਉਠ ਕੇ ਬਾਹਰੋਂ ਕਾਇਆ ਭਾਂਡੇ ਰਹੇ ਪੋਚ, ਦਿਨ ਚੜ੍ਹਦਿਆਂ ਨੂੰ ਉਨ੍ਹਾਂ ਦੇ ਅੰਦਰ ਜੂਠ ਝੂਠ ਦਿਆਂ ਵਸਾਈਆ । ਭਾਵੇਂ ਕਿਸੇ ਨੇ ਸਿਰ ਤੇ ਪਗੜੀ ਬੰਨ੍ਹੀ ਭਾਵੇਂ ਰੱਖਿਆ ਟੋਪ, ਪੋਪ ਸਾਫ਼ ਨਜ਼ਰ ਕੋਇ ਨਾ ਆਈਆ । ਸਾਰੀ ਸ੍ਰਿਸ਼ਟੀ ਵਿਚੋਂ ਮੈਨੂੰ ਪੰਜ ਦਸ ਚੰਗਾ ਕਹਿੰਦੇ ਲੋਕ, ਬਾਕੀ ਸਾਰੇ ਮੇਰੇ ਵਿਚ ਰਲ ਕੇ ਆਪਣਾ ਰੰਗ ਰਹੇ ਵਖਾਈਆ । ਕਲਜੁਗ ਕਹੇ ਪ੍ਰਭੂ ਕਿੱਥੇ ਤੇਰਾ ਸ਼ਬਦ ਤੇ ਕਿੱਥੇ ਤੇਰੀ ਜੋਤ, ਕਿੱਥੇ ਤੇਰਾ ਬੰਕ ਕਿੱਥੇ ਤੇਰਾ ਕੋਟ, ਮੈਂ ਤੇਰਾ ਭਿਖਾਰੀ ਹੋ ਕੇ ਕਲਜੁਗ ਜੀਵਾਂ ਕੂੜੀ ਕਿਰਿਆ ਦਾ ਭੰਡਾਰਾ ਦਿਤਾ ਥੋਕ, ਤੇਰੇ ਨਾਮ ਪਰਚੂਨ ਦਾ ਖ਼ਰੀਦਦਾਰ ਨਜ਼ਰ ਕੋਇ ਨਾ ਆਈਆ । ਜਿਹੜੇ ਸੰਤ ਸਾਧੂ ਫ਼ਕੀਰ ਤੇਰਾ ਨਾਮ ਬਾਣੀ ਦਾ ਸਦਕਾ ਦੱਸਣ ਜਗਤ ਸਲੋਕ, ਸੋਹਲਾ ਰਸਨਾ ਨਾਲ ਗਾਈਆ । ਉਨ੍ਹਾਂ ਦੀ ਦਿਸ਼ਾ ਓਹ ਜਿਹੜੀ ਕਾਮਨੀ ਵਾਲੀ ਕੋਕ, ਓਹ ਕੋਕ ਪੰਡਤ ਤੇਰੇ ਦਰ ਤੇ ਪੜ੍ਹਨ ਕੋਇ ਨਾ ਆਈਆ । ਕਿਉਂ ਮੁਗਧ ਅੰਞਾਣ ਘੱਲੇ ਡਰਪੋਕ, ਜਿਹੜੇ ਅੱਖਰਾਂ ਪੜ੍ਹ ਕੇ ਝਟ ਲੰਘਾਈਆ । ਕਲਜੁਗ ਕਹੇ ਮੈਂ ਉਨ੍ਹਾਂ ਨੂੰ ਚੁਰਾਸੀ ਵਿਚ ਦੇਣਾ ਝੋਕ, ਪਿਛੋਂ ਫੜ ਨਾ ਕੋਇ ਖਿਚਾਈਆ । ਮੈਂ ਕਹਿਣਾ ਵਜਾ ਕੇ ਠੋਕ, ਆਪਣਾ ਬਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਬੜਾ ਬਲਧਾਰੀ, ਜੋਧਾ ਸੂਰਬੀਰ ਅਖਵਾਈਆ । ਮੇਰੇ ਅੰਤ ਅਖ਼ੀਰ ਵਿਚ ਜਾ ਮੈਨੂੰ ਲੱਭਦੇ ਆਪਣੀ ਕੋਈ ਗੁਰਮੁਖ ਨਾਰੀ, ਨਰ ਨਰਾਇਣ ਤੇਰਾ ਸੰਗ ਨਾ ਕੋਇ ਨਿਭਾਈਆ । ਜਿਧਰ ਤੱਕੇਂਗਾ ਓਧਰ ਦੁਨੀਆ ਦਿਸੂ ਵਿਭਚਾਰੀ, ਕੁਕਰਮਾਂ ਵਿਚ ਕੁਰਲਾਈਆ । ਜ਼ਰਾ ਨਿਗਾਹ ਮਾਰ ਕੇ ਵੇਖ ਲੈ ਜਿਨ੍ਹਾਂ ਨੂੰ ਜਗਤ ਕਹਿੰਦਾ ਸੰਤ ਓਹ ਅੰਤਰ ਕੰਨਿਆ ਨਹੀਂ ਕੁਆਰੀ, ਵਿਸ਼ਿਆਂ ਵਾਲੀ ਚੋਲੀ ਨਜ਼ਰੀ ਆਈਆ । ਮੇਰੀ ਰੁਤ ਬਸੰਤੀ ਵੇਖ ਮਹਿਕੀ ਇਕ ਬਹਾਰੀ, ਕੂੜ ਕੁੜਿਆਰਾ ਨਾਲ ਲਿਆਈਆ । ਪੁਰਖ ਅਕਾਲ ਤੇਰੇ ਨਾਲੋਂ ਤੋੜ ਕੇ ਯਾਰੀ, ਯਰਾਨੇ ਜਗਤ ਵਿਚ ਵਧਾਈਆ । ਮੇਰਾ ਬਲ ਅਜੇ ਹੋਰ ਵੇਖੀਂ ਆਹ ਲੰਘ ਜਾਣ ਦੇ ਹਾੜ੍ਹੀ, ਹਾਹਾਕਾਰ ਖ਼ਲਕ ਖ਼ੁਦਾਈਆ । ਚਾਰ ਜੁਗ ਦਾ ਨਾਮ ਕੋਈ ਕਰ ਨਾ ਸਕੇ ਦਾਰੀ, ਦਵੈਤ ਅੰਦਰੋਂ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵਜਦੀ ਰਹੇ ਵਧਾਈਆ । ਪੁਰਖ ਅਕਾਲ ਕਿਹਾ ਕਲਜੁਗ ਵਾਹ, ਵਾਹਵਾ ਤੇਰੀ ਵਡਿਆਈਆ । ਏਸੇ ਕਰ ਕੇ ਗੋਬਿੰਦ ਵਾਹਿਗੁਰੂ ਗਿਆ ਗਾ, ਦੂਜੀ ਓਟ ਨਾ ਕੋਇ ਤਕਾਈਆ । ਬਿਨ ਅਬਿਨਾਸ਼ੀ ਕਰਤੇ ਤੇਰਾ ਲੇਖਾ ਜਾਣੇ ਕੋਈ ਨਾ, ਪੜਦਾ ਭੇਵ ਨਾ ਕੋਇ ਚੁਕਾਈਆ । ਤੈਨੂੰ ਸ਼ਾਬਾਸ਼ ਦਿਆਂ ਗੁਰ ਅਵਤਾਰਾਂ ਪੈਗੰਬਰਾਂ ਦੇ ਹੁੰਦਿਆਂ ਸਭ ਦੇ ਅੰਦਰ ਭਰਿਆ ਗੁਨਾਹ, ਬਚਿਆ ਰਹਿਣ ਕੋਇ ਨਾ ਪਾਈਆ । ਏਸੇ ਕਾਰਨ ਸਭ ਨੇ ਹੋਣਾ ਫ਼ਨਾਹ, ਫ਼ੈਸਲਾ ਹੱਕ ਦਏ ਦ੍ਰਿੜਾਈਆ । ਲੇਖਾ ਜਾਣੇ ਧੁਰ ਅਲਾਹ, ਅੱਲਾ ਆਲਮੀਨ ਵੇਖ ਵਖਾਈਆ । ਖ਼ੁਦਗਰਜ਼ ਮੇਟੇ ਆਪ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਕਲਜੁਗ ਕਹੇ ਮੈਂ ਤੱਕਕੇ

ਵੇਖਿਆ ਨਜ਼ਰੀ ਆਇਆ ਜੇਠ ਮਹੀਨਾ, ਹੈਰਾਨੀ ਮੇਰੇ ਅੰਦਰ ਆਈਆ । ਮੇਰੇ ਬਦਨ ਆਇਆ ਪਸੀਨਾ, ਪਸਚਾਤਾਪ ਵਿਚ ਦੁਹਾਈਆ । ਮੇਰਾ ਕੰਬਦਾ ਦਿਸਿਆ ਸੀਨਾ, ਸਾਹ ਸਾਹ ਵਿਚ ਹਲਕਾਈਆ । ਮੈਂ ਸਮਝਿਆ ਕਿਉਂ ਹੋਇਆ ਕਮੀਨਾ, ਆਪਣਾ ਆਪ ਛੁਪਾਈਆ । ਜਾਂ ਨਿਗਾਹ ਮਾਰੀ ਨਿਰਗੁਣ ਨੂਰ ਤੱਕਿਆ ਉਤੇ ਜ਼ਮੀਨਾ, ਫ਼ਰਸ਼ ਖ਼ਾਕੀ ਸੋਭਾ ਪਾਈਆ । ਜਿਸ ਦਾ ਸਮਝੇ ਨਾ ਕੋਈ ਜ਼ਮੀਮਾ, ਪੜਦਾ ਪੜਦਾ ਨਾ ਕੋਇ ਉਠਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਕਰਦਾ ਰਿਹਾ ਤਰਮੀਮਾਂ, ਦਰੁਸਤੀ ਆਪਣਾ ਨਾਮ ਸਮਝਾਈਆ । ਸਭ ਨੂੰ ਕਰੇ ਆਪ ਅਧੀਨਾ, ਆਅਲਾ ਅਦਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਕਲਜੁਗ ਕਹੇ ਮੈਂ ਜੇਠ ਤੱਕਿਆ, ਬਿਨ ਅੱਖਾਂ ਅੱਖ ਉਠਾਈਆ । ਖ਼ਾਲੀ ਹੋਇਆ ਮਦੀਨਾ ਮੱਕਿਆ, ਮਕ਼ਬਰੇ ਰਹੇ ਕੁਰਲਾਈਆ । ਈਸਾ ਮੂਸਾ ਮੁਹੰਮਦ ਫਿਰੇ ਨੱਸਿਆ, ਜੋਤੀ ਧਾਰ ਵਾਹੋ ਦਾਹੀਆ । ਚਾਰੋਂ ਕੁੰਟ ਅੰਧੇਰਾ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਜਿਨ੍ਹਾਂ ਕਲਮਾ ਨਬੀ ਰਸੂਲਾਂ ਜਪਿਆ, ਜਿਹਵਾ ਰਸਨਾ ਨਾਲ ਹਲਕਾਈਆ । ਨੂਰ ਇਲਾਹੀ ਅਗੰਮੀ ਤੱਕਿਆ, ਜੋਤੀ ਜਾਤਾ ਧੁਰਦਰਗਾਹੀਆ । ਓਹਨਾਂ ਪਿਛਲਾ ਲੇਖਾ ਛੱਡਿਆ, ਅੱਗੇ ਵੰਡ ਨਾ ਕੋਈ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖ ਸਮਝਾਈਆ । ਕਲਜੁਗ ਕਹੇ ਮੈਂ ਤੱਕਿਆ ਇਕ ਨਜ਼ਾਰਾ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜਿਸ ਨੂੰ ਕਹਿੰਦੇ ਚਵੀਆਂ ਅਵਤਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦਾ ਲਹਿਣਾ ਦੇਣਾ ਅੰਤ ਸੰਸਾਰਾ, ਨਵ ਸੱਤ ਪੜਦਾ ਦਏ ਉਠਾਈਆ । ਸੋ ਜੋਤੀ ਜੋਤ ਉਜਿਆਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਮੈਨੂੰ ਦੇਵਣਹਾਰ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਮੈਂ ਰਹਿਣ ਨਹੀਂ ਦੇਣਾ ਮੰਦਰ ਮਸਜਿਦ ਮਠ ਸ਼ਿਵਦਵਾਲਾ ਗੁਰੂਦਵਾਰਾ, ਗੁਰੂ ਗੁਰਦੇਵ ਇਕੋ ਦੇਣਾ ਸਮਝਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰਾ, ਸੀਸ ਜਗਦੀਸ਼ ਇਕ ਝੁਕਾਈਆ । ਸੋ ਸਭ ਦਾ ਮਿਤਰ ਪਿਆਰਾ, ਪਾਰਬ੍ਰਹਮ ਇਕ ਅਖਵਾਈਆ । ਲੇਖਾ ਜਾਣ ਧੁਰ ਦਰਬਾਰਾ, ਦਰਗਾਹ ਸਾਚੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਕਲਜੁਗ ਕਹੇ ਜੇਠ ਮਹੀਨਾ ਚੜ੍ਹਿਆ, ਚੜ੍ਹਦੀ ਕਲਾ ਦਿਆਂ ਦ੍ਰਿੜਾਈਆ । ਪੁਰਖ ਅਕਾਲ ਕਹੇ ਮੇਰਾ ਪੱਲੂ ਫੜਿਆ, ਧੁਰ ਦੀ ਗੰਢ ਪੁਆਈਆ । ਮੈਂ ਚਰਨ ਕਵਲ ਖੜ੍ਹਿਆ, ਸੀਸ ਜਗਦੀਸ਼ ਨਿਵਾਈਆ । ਕਿਰਪਾ ਕਰ ਮੇਰੇ ਅਵਤਰਿਆ, ਤਾਰਨਹਾਰ ਤੇਰੀ ਸਰਨਾਈਆ । ਕਲਜੁਗ ਬੇੜਾ ਵੇਖ ਭਰਿਆ, ਬਚਿਆ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕੋਇ ਨਾ ਡਰਿਆ, ਹਿਰਦੇ ਹਰਿ ਨਾ ਕੋਇ ਵਸਾਈਆ । ਜਿਨ੍ਹਾਂ ਨੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਢੋਲਾ ਨਗਮਾ ਪੜ੍ਹਿਆ, ਪੁਸਤਕਾਂ ਵਿਚ ਧਿਆਨ ਲਗਾਈਆ । ਓਹ ਜੀਵਤ ਜੀਵ ਕੋਇ ਨਾ ਮਰਿਆ, ਮਰ ਜੀਵਤ ਰੂਪ ਨਾ ਕੋਇ ਵਖਾਈਆ । ਤ੍ਰੈਗੁਣ ਮਾਇਆ ਅੰਦਰ ਸੜਿਆ, ਅਗਨੀ ਤੱਤ ਜਲਾਈਆ । ਤੇਰੀ ਮੰਜ਼ਲ ਹਕ਼ੀਕ਼ੀ ਕੋਈ ਨਾ ਚੜ੍ਹਿਆ, ਨਿਰਗੁਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਚੁਕਾਈਆ । ਪੁਰਖ ਅਕਾਲ ਕਹੇ ਕਲਜੁਗ ਇਹ ਜੇਠ ਜਗਤ ਦੀ ਧਾਰਾ, ਧਰਨੀ ਧਰਤ ਧਵਲ ਵੇਖ ਵਖਾਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਬੇਪ੍ਰਵਾਹੀਆ । ਜਿਸ ਦਾ ਚਾਰ ਜੁਗ ਮਿਲਦਾ ਰਿਹਾ ਇਸ਼ਾਰਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ

ਜੋਤ ਲਏ ਅਵਤਾਰਾ, ਲੱਖ ਚੁਰਾਸੀ ਵੇਖ ਵਖਾਈਆ । ਸੰਤ ਸੁਹੇਲਾ ਇਕ ਇਕੇਲਾ ਖੇਲੇ ਖੇਲ ਧੁਰ ਦਰਬਾਰਾ, ਦਰਗਾਹ ਸਾਚੀ ਸਚਖੰਡ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਨਈਆ ਨੌਕਾ ਡੋਬੇ ਵਿਚ ਮੰਝਧਾਰਾ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਜੋ ਸਰਗੁਣ ਨਿਰਗੁਣ ਹੋ ਕੇ ਆਇਆ ਦੁਬਾਰਾ, ਦੋ ਜਹਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਅਗੰਮਾ ਪੈਗ਼ਾਮ, ਪੈਗ਼ੰਬਰਾਂ ਦੇਣਾ ਜਣਾਈਆ । ਸਵਾਧਾਨ ਹੋਣਾ ਰਾਮ, ਕ੍ਰਿਸ਼ਨ ਕਾਹਨ ਅੱਖ ਖੁਲ੍ਹਾਈਆ । ਗੁਰੂ ਗੁਰਦੇਵ ਨਾ ਰਹਿਣਾ ਅੰਜਾਣ, ਚਤੁਰ ਸੁਜਾਨ ਦਏ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਜੀਵ ਜਹਾਨ, ਚੁਰਾਸੀ ਅੰਤਰ ਨਿਰੰਤਰ ਖੋਜ ਖੁਜਾਈਆ । ਕਵਣ ਰਸਨਾ ਕਵਣ ਜਿਹਵਾ ਕਵਣ ਮਨ ਕਵਣ ਬੁੱਧੀ ਕਵਣ ਸੁਰਤੀ ਧੁਰ ਦਾ ਸ਼ਬਦੀ ਗਾਏ ਗਾਨ, ਗਹਿਰ ਗੰਭੀਰ ਵਿਚ ਸਮਾਈਆ । ਕਵਣ ਕਾਇਆ ਕਾਅਬਾ ਦੋ ਦੋਆਬਾ ਹੱਕ ਮਹਿਰਾਬਾ ਦੱਸੇ ਕਾਇਆ ਸਚ ਮਕਾਨ, ਹੁਜਰਾ ਇਕੋ ਇਕ ਸੁਹਾਈਆ । ਕਵਣ ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨ, ਪੁਰਖ ਅਕਾਲ ਓਟ ਰਖਾਈਆ । ਕਵਣ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮਿਲ ਕੇ ਗਾਏ ਗਾਣ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਕਲਜੁਗ ਸਾਚੇ ਕਾਇਆ ਮਾਟੀ ਵੇਖ ਭਾਂਡੇ ਕਾਚੇ ਤਤ ਵਜੂਦ ਹੱਕ ਮਹਿਬੂਬ ਕਿਸ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਇਕੱਲਾ ਆਪ ਦ੍ਰਿੜਾਈਆ । ਕਲਜੁਗ ਕਹੇ ਪ੍ਰਭੂ ਮੈਂ ਮਾਰ ਕੇ ਵੇਖਾਂ ਝਾਕੀ, ਤੇਰੀ ਝਲਕ ਖੋਜ ਖੁਜਾਈਆ । ਚੁਰਾਸੀ ਵਿਚੋਂ ਥੋੜ੍ਹੇ ਦਿਸੇ ਬਾਕੀ, ਜੋ ਬਕਾਇਆ ਤੇਰੇ ਹੱਥ ਰਖਾਈਆ । ਆਤਮ ਬ੍ਰਹਮ ਬਣ ਕੇ ਸਾਥੀ, ਪਾਰਬ੍ਰਹਮ ਤੇਰਾ ਸੰਗ ਨਿਭਾਈਆ । ਤੇਰਾ ਨੂਰ ਸਮਝ ਕੇ ਜ਼ਾਤੀ, ਝਗੜਾ ਦੀਨ ਦੁਨੀ ਗਵਾਈਆ । ਤੇਰੇ ਨਾਮ ਦੀ ਸੁਣ ਕੇ ਸਾਖੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਗਤ ਮੰਜ਼ਲ ਮੁਕਾ ਕੇ ਵਾਟੀ, ਦਰ ਤੇਰੇ ਡੇਰਾ ਲਾਈਆ । ਜਿਥੇ ਵਸੇਂ ਪੁਰਖ ਅਬਿਨਾਸ਼ੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਕੋਈ ਦੀਵਾ ਨਾ ਕੋਈ ਬਾਤੀ, ਸੂਰੀਆ ਚੰਦ ਨਾ ਕੋਇ ਚਮਕਾਈਆ । ਨਾ ਕੋਈ ਵਿਦਿਆ ਨਾ ਕੋਈ ਪਾਠੀ, ਨਾ ਕੋਈ ਢੋਲੇ ਰਿਹਾ ਗਾਈਆ । ਨਾ ਕੋਈ ਦਿਵਸ ਨਾ ਕੋਈ ਰਾਤੀ, ਨਾ ਕੋਈ ਘੜੀ ਪਲ ਵੰਡ ਵੰਡਾਈਆ । ਨਾ ਕੋਈ ਰੂਹ ਬੁਤ ਦਿਸੇ ਖ਼ਾਕੀ, ਪੰਜ ਤੱਤ ਨਜ਼ਰ ਕੋਇ ਨਾ ਆਈਆ । ਨਾ ਕੋਈ ਜ਼ਿੰਦਗੀ ਨਾ ਕੋਈ ਜੀਵਣ ਨਾ ਕੋਈ ਹਯਾਤੀ, ਨਾ ਕੋਈ ਆਯੂ ਵੰਡ ਵੰਡਾਈਆ । ਜਾਂ ਤੱਕਿਆ ਤੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਪੁਰਖ ਅਕਾਲੇ ਕੋਟਾਂ ਵਿਚੋਂ ਥੋੜ੍ਹੇ ਮੰਨਦੇ ਤੇਰੀ ਆਖੀ, ਜੋ ਆਖ਼ਰ ਤੇਰੇ ਵਿਚ ਸਮਾਈਆ । ਕਲਜੁਗ ਕਹੇ ਮੈਂ ਵੀ ਉਨ੍ਹਾਂ ਦੀ ਕਰਨੀ ਰਾਖੀ, ਸੇਵਕ ਹੋ ਕੇ ਸੇਵ ਕਮਾਈਆ । ਮੈਂ ਸੰਦੇਸਾ ਦੇਵਾਂ ਪਾਤੀ, ਪਤ੍ਰਿਕਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦੇਣਾ ਚੁਕਾਈਆ । ਕਲਜੁਗ ਕਹੇ ਪ੍ਰਭੂ ਮੈਂ ਤੱਕਿਆ ਜਗਤ ਜਹਾਨ, ਜਹਾਲਤ ਵੇਖੀ ਖ਼ਲਕ ਖ਼ੁਦਾਈਆ । ਤੇਰੀ ਕਿਰਪਾ ਹੋਈ ਮਹਾਨ, ਮਿਹਰ ਨਜ਼ਰ ਉਠਾਈਆ । ਮੈਂ ਮਾਰਿਆ ਫੇਰ ਧਿਆਨ, ਚਾਰੋਂ ਕੁੰਟ ਖੋਜ ਖੁਜਾਈਆ । ਚੁਰਾਸੀ ਵਿਚੋਂ ਭਗਤ ਸੁਹੇਲੇ ਲੱਭੇ ਆਣ, ਚਾਰ ਵਰਨ ਨਾ ਵੰਡ ਵੰਡਾਈਆ । ਜਿਹੜੇ ਤੇਰਾ ਢੋਲਾ ਗੌਂਦੇ ਗਾਣ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੇਰੇ ਚਰਨ ਧੂੜ ਕਰਨ ਇਸ਼ਨਾਨ, ਅਠਸਠ

ਤੀਰਥ ਨਹਾਵਣ ਕੋਇ ਨਾ ਜਾਈਆ । ਤੇਰਾ ਜਲਵਾ ਨੂਰ ਤੱਕਣ ਮਹਾਨ, ਮਹਿੰਮਾ ਅਕਥ ਕਥ ਸੁਣਾਈਆ । ਇਕੋ ਦਰ ਤੇ ਮੰਗਦੇ ਦਾਨ, ਧੁਰਦਰਗਾਹੀ ਝੋਲੀ ਡਾਹੀਆ । ਇਕੋ ਵਸਤ ਅਮੋਲਕ ਦੇ ਮਹਾਨ, ਨਾਮ ਭੰਡਾਰਾ ਇਕ ਵਰਤਾਈਆ । ਬਾਲੀ ਬੁਧ ਨਾ ਰਹੇ ਅੰਞਾਣ, ਚਤੁਰ ਸੁਘੜ ਦੇਣੇ ਬਣਾਈਆ । ਤੇਰਾ ਵੇਖਣਾ ਧਰਮ ਨਿਸ਼ਾਨ, ਨਿਸ਼ਾਨੇ ਸਾਰੇ ਦੇਣੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੱਲੂ ਆਪਣਾ ਲੈਣਾ ਫੜਾਈਆ । ਕਲਜੁਗ ਕਹੇ ਮੈਂ ਵੇਖ ਹੋਇਆ ਹੈਰਾਨ, ਹੈਰਤ ਅੰਦਰ ਦਿਆਂ ਦੁਹਾਈਆ । ਭਗਤ ਸੁਹੇਲੇ ਵੇਖੇ ਤੇਰੇ ਨਿਸ਼ਾਨ, ਨਿਸ਼ਾਨੇ ਤੇਰੇ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਗੌਂਦੇ ਗਾਣ, ਕਰਨ ਅਗੰਮ ਪੜ੍ਹਾਈਆ । ਸਾਚਾ ਮੰਦਰ ਇਕ ਤਕਾਣ, ਜਿਥੇ ਵਸੇ ਸ਼ਹਿਨਸ਼ਾਹੀਆ । ਅਬਿਨਾਸ਼ੀ ਕਰਤਾ ਹੋਵੇ ਹੁਕਮਰਾਨ, ਧੁਰ ਦਰਬਾਰੀ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਭਿਖਾਰੀ ਦਿਸਣ ਕਰਨ ਚਰਨ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਕਲਜੁਗ ਕਹੇ ਪ੍ਰਭੂ ਤੇਰਾ ਦਰ ਘਰ ਸੁਹੰਜਣਾ, ਸੋਭਾਵੰਤ ਤੇਰੀ ਵਡਿਆਈਆ । ਤੇਰਾ ਨੂਰ ਆਦਿ ਨਿਰੰਜਨਾ, ਜੁਗ ਜੁਗ ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਤੇਰਾ ਲੇਖਾ ਦੀਨਾ ਨਾਥ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਕੋਟਾਂ ਵਿਚੋਂ ਥੋੜ੍ਹੇ ਵੇਖੇ ਤੇਰਾ ਕਰਦੇ ਚਰਨ ਧੂੜ ਮਜਨਾ, ਦੁਰਮਤ ਮੈਲ ਧੁਆਈਆ । ਜਿਨ੍ਹਾਂ ਦਾ ਡੰਕਾ ਧਰਮ ਦਾ ਵੱਜਣਾ, ਚਾਰ ਕੁੰਟ ਸ਼ਨਵਾਈਆ । ਝਗੜਾ ਰਹਿਣਾ ਨਹੀਂ ਆਅਲਾ ਅਦਨਾ, ਊਚ ਨੀਚ ਨਾ ਕੋਇ ਵਖਾਈਆ । ਸਚਖੰਡ ਦਵਾਰੇ ਜਿਨ੍ਹਾਂ ਨੂੰ ਸੱਦਣਾ, ਸੰਦੇਸ਼ਾ ਸ਼ਬਦ ਨਾਮ ਦ੍ਰਿੜਾਈਆ । ਉਨ੍ਹਾਂ ਤੇਰੇ ਚਰਨ ਕਵਲਾਂ ਵਿਚ ਵਸਣਾ, ਦਰਗਾਹ ਸਾਚੀ ਸੋਭਾ ਪਾਈਆ । ਖ਼ੁਸ਼ੀਆਂ ਵਿਚ ਬਹਿ ਬਹਿ ਹੱਸਣਾ, ਹਸਤੀ ਵੇਖ ਧੁਰਦਰਗਾਹੀਆ । ਪੁਰਖ ਅਕਾਲ ਦੀਨ ਦਿਆਲ ਨੇ ਉਨ੍ਹਾਂ ਨੂੰ ਪਿਆਰ ਨਾਲ ਕਹਿਣਾ ਓਹ ਭਗਤ ਦੁਲਾਰੇ ਮੱਖਣਾ, ਸੀਸ ਜਗਦੀਸ਼ ਹੱਥ ਟਿਕਾਈਆ । ਕਲਜੁਗ ਕਹੇ ਪੁਰਖ ਅਕਾਲ ਮੈਨੂੰ ਫੇਰ ਯਾਦ ਔਣਾ ਓਹ ਪਟਨਾ, ਜਿਥੇ ਗੋਬਿੰਦ ਪੱਟੀ ਲਿਖ ਕੇ ਗਿਆ ਸਮਝਾਈਆ । ਜਿਸ ਦੀ ਸਮਝੇ ਕੋਈ ਨਾ ਘਟਨਾ, ਘਾਟੇ ਵਿਚ ਲੋਕਾਈਆ । ਜਿਹੜਾ ਅੱਖੀਆਂ ਤੋਂ ਉਹਲੇ ਗੋਬਿੰਦ ਅਜੀਤ ਜੁਝਾਰ ਨੂੰ ਲਾਇਆ ਵਟਣਾ, ਨਾਮ ਧਰਮ ਸਗਣ ਮਨਾਈਆ । ਓਨ੍ਹਾਂ ਦੇ ਪਿਛੇ ਉਨ੍ਹਾਂ ਦਾ ਲੇਖਾ ਕੱਟਣਾ, ਜਿਨ੍ਹਾਂ ਦੀ ਸਰਸੇ ਹੋਈ ਜੁਦਾਈਆ । ਅੱਗੇ ਰਹਿਣ ਨਹੀਂ ਦੇਣਾ ਗੁਰਮੁਖ ਕੋਈ ਬੇਵਤਨਾ, ਵਤਨ ਸਭ ਨੂੰ ਦੇਣਾ ਵਖਾਈਆ । ਜਿਹੜਾ ਪੁਰਖ ਅਕਾਲ ਦੀਨ ਦਿਆਲ ਕਿਸੇ ਹੱਥ ਨਾ ਆਇਆ ਚਾਰ ਜੁਗ ਕਰਦੇ ਰਹੇ ਤਪਣਾ, ਯਥਾਰਥ ਓਹੋ ਦੇਣਾ ਮਿਲਾਈਆ । ਕਲਜੁਗ ਕਹੇ ਬਿਨਾ ਭਗਤ ਭਗਵਾਨ ਦੇ ਦੂਜਾ ਖੇੜਾ ਕੋਈ ਨਾ ਵਸਣਾ, ਸਚ ਦਵਾਰ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਮੇਰੇ ਭਗਵੰਤ, ਪ੍ਰਭੂ ਦਿਆਂ ਜਣਾਈਆ । ਮੈਂ ਤੇਰੇ ਤੱਕੇ ਓਹ ਸੰਤ, ਜੋ ਸਤਿ ਵਿਚ ਸਮਾਈਆ । ਇਕੋ ਤੇਰੇ ਨਾਮ ਦਾ ਗੌਂਦੇ ਮੰਤ, ਬਾਕੀ ਛੱਡੀ ਸਰਬ ਪੜ੍ਹਾਈਆ । ਇਕੋ ਮੰਨਦੇ ਤੈਨੂੰ ਧੁਰ ਦਾ ਕੰਤ, ਕੰਤ ਕੰਤੂਹਲ ਤੇਰੀ ਸੇਜ ਹੰਢਾਈਆ । ਤੂੰ ਕਿਰਪਾ ਕਰਨੀ ਆਪ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਜਨ ਭਗਤਾਂ ਅੰਤਰ ਗੜ੍ਹ ਰਹੇ ਨਾ ਹਉਮੇ ਹੰਗਤ, ਹੰ ਬ੍ਰਹਮ ਦੇਣਾ ਸਮਝਾਈਆ । ਤੂੰ ਬੋਧ ਅਗਾਧਾ ਸ਼ਬਦ ਅਨਾਦਾ ਪੰਡਤ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ

ਦੇਣਾ ਵਖਾਈਆ । ਕਲਜੁਗ ਕਹੇ ਮੈਂ ਵੇਖਿਆ ਖੇਲ ਅਪਾਰ, ਅਪਰੰਪਰ ਧਿਆਨ ਲਗਾਈਆ । ਤੇਰੇ ਭਗਤ ਸੁਹੇਲੇ ਦੀਨ ਦੁਨੀ ਤੋਂ ਬਾਹਰ, ਪਿਛਲਾ ਲੇਖਾ ਗਏ ਮੁਕਾਈਆ । ਇਕੋ ਓਟ ਤੇਰੇ ਚਰਨ ਦਵਾਰ, ਦੂਜੀ ਆਸ ਨਾ ਕੋਇ ਰਖਾਈਆ । ਜਾਂ ਮੰਗਣ ਤੇ ਤੇਰਾ ਦਰਸ ਦੀਦਾਰ, ਦੂਸਰ ਮਿਲਣ ਕਦੇ ਨਾ ਜਾਈਆ । ਛੱਡਕੇ ਦੀਨ ਦੁਨੀ ਦੇ ਯਾਰ, ਯਾਰੜੇ ਤੇਰਾ ਸੱਥਰ ਹੰਢਾਈਆ । ਤੂੰ ਬਖ਼ਸ਼ ਅਗੰਮੀ ਪਿਆਰ, ਪ੍ਰੀਤੀ ਇਕੋ ਇਕ ਲਗਾਈਆ । ਤੂੰ ਸਾਹਿਬ ਸਵਾਮੀ ਧੁਰ ਦਾ ਪੁਰਖ ਗੁਰਮੁਖ ਤੇਰੀ ਸੁਹੰਜਣੀ ਨਾਰ, ਨਰ ਨਰਾਇਣ ਤੇਰੀ ਸਰਨਾਈਆ । ਤੇਰੀ ਕਿਰਪਾ ਕਰੇ ਨਾ ਕੋਇ ਵਿਭਚਾਰ, ਕਿਰਿਆ ਕੂੜ ਨਾ ਕੋਇ ਹਲਕਾਈਆ । ਸਾਚਾ ਮੰਦਰ ਇਕ ਵਖਾਲ, ਜਿਥੇ ਵਸੇ ਦੀਨ ਦਿਆਲ, ਪੋਹ ਸਕੇ ਕਦੇ ਨਾ ਕਾਲ, ਤ੍ਰੈਗੁਣ ਮਾਇਆ ਨਾ ਕੋਇ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਥੇ ਵਸਦੇ ਸ਼ਾਹ ਕੰਗਾਲ, ਆਪੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣੀ ਦਇਆ ਕਮਾਈਆ । ਤੇਰੇ ਅੱਗੇ ਇਕ ਸਵਾਲ, ਲੱਖ ਚੁਰਾਸੀ ਹੋਏ ਜ਼ਵਾਲ, ਤੇਰੇ ਭਗਤ ਸੋਹਣ ਤੇਰੇ ਨਾਲ, ਵਖਰਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੇਲ ਮਿਲਾਈਆ । ਦਰਗਾਹ ਸਾਚੀ ਮੇਲ ਮਿਲਾਵਾਂਗਾ । ਬਿਨ ਤੇਲ ਬਾਤੀ ਜੋਤ ਜਗਾਵਾਂਗਾ । ਬਿਨ ਵਰਨ ਗੋਤ ਆਪਣੇ ਰੰਗ ਰੰਗਾਵਾਂਗਾ । ਬਿਨ ਸਮਝ ਸੂਝ ਪੈਂਡਾ ਪੰਧ ਮੁਕਾਵਾਂਗਾ । ਝਗੜਾ ਮੁਕਾ ਕੇ ਲੋਕ ਪ੍ਰਲੋਕ, ਸਚ ਦਵਾਰ ਇਕ ਵਖਾਵਾਂਗਾ । ਜਿਥੇ ਜਗੇ ਨਿਰਮਲ ਜੋਤ, ਜੋਤੀ ਜੋਤ ਵਿਚ ਮਿਲਾਵਾਂਗਾ । ਗੁਰਮੁਖ ਕਦੇ ਨਾ ਆਲ੍ਹਣਿਉਂ ਡਿੱਗੇ ਬੋਟ, ਫੜ ਬਾਹੋਂ ਆਪ ਟਿਕਾਵਾਂਗਾ । ਜਿਥੇ ਸਕੇ ਕੋਈ ਨਾ ਰੋਕ, ਓਸ ਦਵਾਰੇ ਆਪ ਵਸਾਵਾਂਗਾ । ਮੇਰੇ ਪਿਆਰ ਦਾ ਹੋਵੇ ਕੋਟ, ਕੁਟੀਆ ਕਾਇਆ ਗੜ੍ਹ ਤੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸੰਗ ਰਖਾਵਾਂਗਾ । ਜਨ ਭਗਤ ਸੰਗ ਰਹਿਣਗੇ । ਪੂਰਬ ਜਨਮ ਦਾ ਲਾਹਾ ਲੈਣਗੇ । ਸਚਖੰਡ ਦਵਾਰੇ ਬਹਿਣਗੇ । ਕੂੜੇ ਵਹਿਣ ਕਦੇ ਨਾ ਵਹਿਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਭਾਣਾ ਸਦਾ ਸਹਿਣਗੇ । ਸਦ ਭਾਣੇ ਵਿਚ ਰਖਾਵਾਂਗਾ । ਕਲਜੁਗ ਅੰਤਮ ਦਇਆ ਕਮਾਵਾਂਗਾ । ਫੜ ਬਾਹੋਂ ਗੋਦ ਬਿਠਾਵਾਂਗਾ । ਸਚਖੰਡ ਦੀ ਦੇ ਕੇ ਮੌਜ, ਮਜਲਸ ਆਪਣੇ ਨਾਲ ਰਖਾਵਾਂਗਾ । ਕਿਸੇ ਨੂੰ ਮੇਰੇ ਲੱਭਣ ਦੀ ਕਰਨੀ ਪਏ ਨਾ ਖੋਜ, ਦਿਨੇ ਜਾਗਦਿਆਂ ਰਾਤੀ ਸੁਤਿਆਂ ਫੜ ਉਠਾਵਾਂਗਾ । ਸੋਹੰ ਨਾਮ ਦੀ ਦੇ ਕੇ ਚੋਗ, ਚੁਗਲੀ ਨਿੰਦਿਆ ਤੋਂ ਬਾਹਰ ਕਢਾਵਾਂਗਾ । ਉਨ੍ਹਾਂ ਨੂੰ ਪੋਹ ਨਾ ਸਕੇ ਮੌਤ, ਜਿਨ੍ਹਾਂ ਨੂੰ ਮਤਲਬ ਆਪਣਾ ਨਾਮ ਦ੍ਰਿੜਾਵਾਂਗਾ । ਉਨ੍ਹਾਂ ਦਾ ਇਕੋ ਇਸ਼ਟ ਬਹੁਤ, ਪੱਲੂ ਸਭ ਦੇ ਕੋਲੋਂ ਛੁਡਾਵਾਂਗਾ । ਧੁਰ ਦਾ ਮਾਲਕ ਹੋ ਕੇ ਖੌਂਤ, ਖ਼ਸਮ ਹੋ ਕੇ ਡੋਰੀ ਆਪਣੇ ਹੱਥ ਜਣਾਵਾਂਗਾ । ਭਗਤ ਸੁਹੇਲਾ ਕਦੀ ਨਾ ਜਾਏ ਐਂਤ, ਸਚ ਦਵਾਰੇ ਸੋਭਾ ਪਾਵਾਂਗਾ । ਮਰਨ ਤੋਂ ਪਹਿਲਾਂ ਜ਼ਰੂਰ ਜਾਵਾਂ ਪਹੁੰਚ, ਅੰਤਮ ਆਪਣੇ ਨਾਲ ਲਿਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਵਾਂਗਾ । ਕਲਜੁਗ ਮੇਰੇ ਭਗਤਾਂ ਕਰੀਂ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਜਿਨ੍ਹਾਂ ਛੱਡ ਜਗਤ ਸੰਸਾਰ, ਇਕੋ ਓਟ ਤਕਾਈਆ । ਬਣ ਕੇ ਦਰ ਭਿਖਾਰ, ਖ਼ਾਲੀ ਝੋਲੀ ਰਹੇ ਵਖਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਦੀਨਾਂ ਮਜ਼੍ਹਬਾਂ ਤੋਂ ਹੋ ਕੇ ਬਾਹਰ, ਜ਼ਾਤ ਪਾਤ ਦਾ ਡੇਰਾ ਢਾਹੀਆ । ਇਕੋ ਮੰਗਦੇ ਸਚਖੰਡ ਦਵਾਰ, ਦੂਜੀ ਆਸ

ਨਾ ਕੋਇ ਵਧਾਈਆ । ਪੁਰਖ ਅਕਾਲ ਕਹੇ ਜਨ ਭਗਤ ਜਨਮੇ ਨਾ ਦੂਜੀ ਵਾਰ, ਤਨ ਵਜੂਦ ਨਾ ਕੋਇ ਹੰਢਾਈਆ । ਜੇ ਆਵਾਂ ਤੇ ਫੇਰ ਲਿਆਵਾਂ ਨਾਲ, ਸਦਾ ਨਾਤਾ ਆਪਣੇ ਨਾਲ ਰਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸਿਖਿਆ ਗਏ ਸਿਖਾਲ, ਨਿਰਅੱਖਰ ਅੱਖਰਾਂ ਵਿਚ ਬਦਲਾਈਆ । ਸੋ ਸਾਹਿਬ ਸਵਾਮੀ ਜਨ ਭਗਤਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਖੋਜ ਖੁਜਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਕਰੇ ਸੰਭਾਲ, ਸੰਬਲ ਦਾ ਮਾਲਕ ਖ਼ਲਕ ਦਾ ਖ਼ਾਲਕ ਗੋਬਿੰਦ ਦਾ ਸਾਲਸ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡੇ ਆਪ ਟਿਕਾਈਆ । ਦਰ ਠਾਂਡਾ ਇਕ ਦਰਬਾਰਾ, ਅਗਨੀ ਤਤ ਨਜ਼ਰ ਕੋਇ ਨਾ ਆਈਆ । ਜਿਥੇ ਝੁਕਦੇ ਗੁਰ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਭਿਖਾਰਾ, ਦਰ ਠਾਂਡੇ ਅਲਖ ਜਗਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚਰਨ ਕਵਲ ਪਨਿਹਾਰਾ, ਪਨਘਟ ਬੈਠੇ ਰਾਹ ਤਕਾਈਆ । ਤਿਸ ਦਾ ਲੇਖਾ ਜਾਣੇ ਹਰਿ ਕਰਤਾ ਆਪ ਕਰਤਾਰਾ, ਕੁਦਰਤ ਦਾ ਮਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਹਰਿ ਕਰਤਾ ਵਡ ਵਡਿਆਈਆ । ਕਲਜੁਗ ਕਹੇ ਓ ਜੇਠ ਮਹੀਨੇ ਸਾਥੀ, ਮੇਰਾ ਸੰਗ ਨਿਭਾਈਆ । ਕੁਛ ਯਾਦ ਕਰ ਲੈ ਕੀ ਕਥਾ ਕਹਾਣੀ ਗੋਬਿੰਦ ਆਖੀ, ਆਖ਼ਰ ਗਿਆ ਦ੍ਰਿੜਾਈਆ । ਕਿਹੜੀ ਮੰਜ਼ਲ ਗੁਰਸਿੱਖ ਚੜ੍ਹੇ ਅਗੰਮੀ ਘਾਟੀ, ਘਾਟਾ ਰਹਿਣ ਕੋਇ ਨਾ ਪਾਈਆ । ਕਿਹੜਾ ਪੈਂਡਾ ਮੁਕੇ ਵਾਟੀ, ਰਾਹ ਵਿਚ ਨਾ ਕੋਇ ਫਿਰਾਈਆ । ਕਲਜੁਗ ਕਹੇ, ਗੋਬਿੰਦ ਕਿਹਾ, ਜੇ ਮੰਨਿਓ ਤੇ ਮੰਨਿਓ ਪੁਰਖ ਅਬਿਨਾਸ਼ੀ, ਬਿਨਾ ਪੁਰਖ ਅਕਾਲ ਦੇ ਸੀਸ ਨਾ ਕੋਇ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਜੋ ਜਨਮਿਆ ਸੋ ਅੰਤ ਵਿਨਾਸੀ, ਵਿਸ਼ਿਆਂ ਵਾਲਾ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੇ ਸ਼ਾਸਤਰ ਗ੍ਰੰਥ ਇਹ ਨਿੱਕੀ ਪਤ੍ਰਕਾ ਪਾਤੀ, ਸੁਨੇਹੜੇ ਪ੍ਰਭ ਦੇ ਰਹੀ ਸੁਣਾਈਆ । ਜੇ ਕੋਈ ਮੰਨਦਾ ਗੋਬਿੰਦ ਦੀ ਆਖੀ, ਇੱਟਾਂ ਪੱਥਰਾਂ ਸੀਸ ਨਾ ਕੋਇ ਨਿਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਸਮਝਦਾ ਓਸ ਦੀ ਜ਼ਾਤੀ, ਪਰਮਾਤਮ ਵਿਚ ਸਮਾਈਆ । ਝਗੜਾ ਛੁਟਦਾ ਤਨ ਖ਼ਾਕੀ, ਉਹਲਾ ਅਵਰ ਰਹੇ ਨਾ ਰਾਈਆ । ਜੇ ਕੋਈ ਗੋਬਿੰਦ ਦਾ ਜਾਮ ਪੀਂਦਾ ਜਿਸ ਨੂੰ ਪਿਆਉਂਦਾ ਬਣ ਕੇ ਸਾਕੀ, ਸਾਖਿਆਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲੇਖੇ ਪੂਰ ਕਰਾਈਆ । ਕਲਜੁਗ ਕਹੇ ਮੈਂ ਸੁਣ ਕੇ ਹੋਇਆ ਅਤੀਤ, ਤ੍ਰੈਭਵਨ ਤੇਰੀ ਸਰਨਾਈਆ । ਪਰਮ ਪੁਰਖ ਦੀ ਸਾਚੀ ਪ੍ਰੀਤ, ਪ੍ਰੀਤਮ ਧੁਰਦਰਗਾਹੀਆ । ਜਿਸ ਦੀ ਆਦਿ ਜੁਗਾਦੀ ਰੀਤ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਨੇ ਰਚਨ ਰਚਾਈ ਮੰਦਰ ਮਸੀਤ, ਸ਼ਿਵਦਵਾਲੇ ਮਠ ਗੁਰੂਦੁਆਰੇ ਵੰਡ ਵੰਡਾਈਆ । ਸੋ ਠਾਕਰ ਸਵਾਮੀ ਸਭ ਦੀ ਪਰਖੇ ਨੀਤ, ਨੀਤੀਵਾਨ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਦੱਸਣ ਆਇਆ ਇਕ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਸਭ ਦਾ ਲੇਖਾ ਪੂਰਾ ਬੀਸ ਇਕੀਸ, ਹਰਿ ਜਗਦੀਸ਼ ਆਪ ਜਣਾਈਆ । ਅੱਗੇ ਛਤ੍ਰ ਝੁਲਣਾ ਇਕ ਦੇ ਸੀਸ, ਸਾਹਿਬ ਸੁਲਤਾਨ ਸਰਬ ਸਰਨਾਈਆ । ਜਨ ਭਗਤਾਂ ਪਾਰ ਕੀਤੀ ਜਗਤ ਦੀ ਲੀਕ, ਜਗ ਨੇਤਰ ਜਿਹੜੀ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਨੇ ਬਖ਼ਸ਼ੀ ਓਹ ਤੌਫ਼ੀਕ, ਤਾਕਤ ਦਿਤੀ ਧੁਰਦਰਗਾਹੀਆ । ਜੋ ਸਤਿਗੁਰ ਸ਼ਬਦ ਦੀ ਉਮੀਦ, ਆਦਿ ਮੱਧ ਰਾਹ ਤਕਾਈਆ । ਜਿਸ ਦੀ ਗੋਬਿੰਦ ਕਰ ਕੇ ਗਿਆ ਤਾਕੀਦ, ਫ਼ਰਮਾਨਾ ਇਕ ਦ੍ਰਿੜਾਈਆ । ਜਿਸ ਦੀ ਅਵਤਾਰ ਪੈਗ਼ੰਬਰ ਰਖਦੇ



੨੦੮
੨੧

ਗਏ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਸੋ ਕਲਜੁਗ ਅੰਤ ਅੰਧੇਰਾ ਮੇਟੇ ਤਾਰੀਕ, ਨਿਰਗੁਣ ਚੰਦ ਕਰੇ ਰੁਸ਼ਨਾਈਆ । ਜਨ ਭਗਤਾਂ ਨਾਮ ਕਰ ਬਖ਼ਸ਼ੀਸ਼, ਰਹਿਮਤ ਹੱਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਲੇਖਾ ਵੇਖੇ ਮਾਰ ਧਿਆਨ, ਧੰਨ ਵਡਿਆਈ ਤੇਰੀ ਜਿਨ੍ਹ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਕੱਢਿਆ ਗਿਆਨ, ਸਤਿ ਧਰਮ ਦਾ ਰਹਿਣ ਨਹੀਂ ਦਿਤਾ ਨਿਸ਼ਾਨ, ਦੀਨ ਦੁਨੀ ਕੀਤੀ ਬੇਈਮਾਨ, ਈਮਾਨ ਵਿਚ ਇਨਸਾਨ ਨਜ਼ਰ ਕੋਇ ਨਾ ਆਈਆ ।

### * ੨ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਆਰ ਜੇਠੂਵਾਲ *

ਗੋਬਿੰਦ ਸੀਸ ਰੱਖਿਆ ਕੰਘਾ, ਕੰਗਣ ਹੱਥ ਨਾਲ ਛੁਹਾਈਆ । ਇਹ ਮੰਗ ਮੰਗੀ ਨਿਰਮਾਣਤਾ ਵਿਚ ਗੰਗਾ, ਜਟਾ ਜੂਟ ਸ਼ੰਕਰ ਧਿਆਨ ਲਗਾਈਆ । ਨਿਰਗੁਣ ਧਾਰ ਸਰਗੁਣ ਮੇਲ ਸੰਗਾ, ਸਗਲਾ ਸੰਗ ਨਿਭਾਈਆ । ਜਿਸ ਮੰਜ਼ਲ ਤੇ ਬੰਦਗੀ ਵਾਲਾ ਪਹੁੰਚੇ ਕੋਈ ਬੰਦਾ, ਬੰਦਨਾ ਵਿਚ ਆਪਣੀ ਦਇਆ ਕਮਾਈਆ । ਸਾਢੇ ਤਿੰਨ ਹੱਥ ਚੋਟੀ ਸ਼ਰੀਰ ਦਾ ਵੇਖ ਕੇ ਕੰਢਾ, ਅੰਤ ਅਖ਼ੀਰ ਖੋਜ ਖੁਜਾਈਆ । ਮੰਜ਼ਲ ਟੋਹ ਅਗੰਮੀ ਡੰਡਾ, ਪਾਬੰਦੀ ਪੰਧ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਵੇਖ ਅਗੰਮੀ ਖੰਡਾ, ਖੜਗ ਆਪਣੀ ਕਾਰ ਕਮਾਈਆ । ਕੰਘਾ ਕਹੇ ਮੈਂ ਦੱਸਾਂ ਆਪਣੀ ਬਾਤ, ਬਾਤਨ ਦਿਆਂ ਜਣਾਈਆ । ਸ਼ੰਕਰ ਗਿਆ ਆਖ, ਬਿਨ ਅੱਖਰਾਂ ਲੇਖ ਦ੍ਰਿੜਾਈਆ । ਮੇਰੀ ਅਗੰਮੀ ਆਸ, ਆਸਾ ਵਿਚ ਵਧਾਈਆ । ਜੁਗ ਚੌਕੜੀ ਹੋਵੇ ਖੇਲ ਤਮਾਸ਼, ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਈਆ । ਨਿਤ ਨਵਿਤ ਦੇਵੇ ਦਾਤ, ਵਸਤ ਅਗੰਮੀ ਆਪ ਵਰਤਾਈਆ । ਅੰਤਰ ਵੇਖੇ ਮਾਰ ਝਾਤ, ਪੜਦਾ ਹੱਕ ਉਠਾਈਆ । ਚਾਰੋਂ ਕੁੰਟ ਹੋਏ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੁਕਮ ਦ੍ਰਿੜਾਈਆ । ਸ਼ਬਦੀ ਸਤਿਗੁਰ ਤਨ ਵਜੂਦ ਕਰ ਪ੍ਰਕਾਸ਼, ਪ੍ਰਕਾਸ਼ ਆਪਣਾ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਕੰਘਾ ਕਹੇ ਮੈਨੂੰ ਆਖਿਆ ਕਿਉਂ ਕੰਘਾ, ਕੀ ਕਰਮ ਵਡਿਆਈਆ । ਸ਼ੰਕਰ ਜਟਾ ਧਾਰ ਵਿਚੋਂ ਜਿਸ ਵੇਲੇ ਚਰਨ ਛੋਹੇ ਗੰਗਾ, ਉਂਗਲੀ ਦਸ ਬੀਸ ਸੋਭਾ ਪਾਈਆ । ਜੋਤੀ ਧਾਰ ਨਿਕਲਿਆ ਮੰਬਾ, ਵਹਿਣ ਦਿਤਾ ਵਹਾਈਆ । ਸ਼ੰਕਰ ਸੀਸ ਧੜ ਉਤੋਂ ਨੰਗਾ, ਓਢਣ ਨਜ਼ਰ ਕੋਇ ਨਾ ਆਈਆ । ਛਾਰ ਕਾਰਨ ਸੀਸ ਹੋਇਆ ਗੰਦਾ, ਪਵਿਤ੍ਰ ਰੂਪ ਨਾ ਕੋਇ ਵਖਾਈਆ । ਇਹ ਖੇਲ ਅਗੰਮ ਅਚੰਭਾ, ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਦੱਸੇ ਆਪ, ਸ਼ਬਦੀ ਸ਼ਬਦ ਜਣਾਈਆ । ਸੀਸ ਵੇਖ ਜਟਾ ਜੂਟ ਧਾਰ, ਸ਼ੰਕਰ ਅੱਖ ਖੁਲ੍ਹਾਈਆ । ਕਿਉਂ ਮਾਟੀ ਖ਼ਾਕ ਪਾਈ ਛਾਰ, ਸਤਿ ਸਾਰ ਨਾ ਕੋਇ ਕਰਾਈਆ । ਸ਼ੰਕਰ ਕਹੇ ਖੇਲ ਤੇਰਾ ਅਪਾਰ, ਬੇਪ੍ਰਵਾਹ ਨਜ਼ਰੀ ਆਈਆ । ਤੇਰਾ ਖੇਲ ਹੋਣਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਹੁਕਮ ਵਰਤਾਈਆ । ਤੂੰ ਨਿਰਗੁਣ ਸਰਗੁਣ ਖੇਲ ਖੇਲਣਾ ਅਵਤਾਰ, ਪੈਗ਼ੰਬਰ ਗੁਰੂ ਰੂਪ ਵਟਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਪੂਰਾ ਕਰੇ ਨਾ ਕੋਇ ਉਧਾਰ, ਅੱਧਵਾਟੇ ਰਾਹ ਤਕਾਈਆ ।

ਮੈਂ ਦੋਏ ਜੋੜ ਕਰਾਂ ਨਿਮਸਕਾਰ, ਨਮਸਤੇ ਵਿਚ ਸੀਸ ਝੁਕਾਈਆ । ਮੇਰੀ ਸਾਫ਼ ਕਰੇ ਛਾਰ, ਜਿਹੜਾ ਤੇਰਾ ਕਲਜੁਗ ਸੁਤ ਹੋਵੇ ਦੁਲਾਰ, ਗੋਬਿੰਦ ਸੂਰਾ ਨਾਉਂ ਧਰਾਈਆ । ਮੇਰੀ ਜਟਾ ਜੂਟ ਨਾਲ ਕਰੇ ਪਿਆਰ, ਵਖ ਵਖ ਕਰਾਏ ਇਕ ਇਕ ਵਾਲ, ਵਾਲੀ ਤੈਨੂੰ ਇਕ ਬਣਾਈਆ । ਅੱਗੇ ਲੇਖਾ ਕਰ ਬਹਾਲ, ਕਿਰਪਾ ਕਰੇ ਤੇਰਾ ਲਾਲ, ਜਿਸ ਦੀ ਮੰਜ਼ਲ ਇਕ ਸੁਖਾਲ, ਰਸਤਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸ਼ੰਕਰ ਕਹੇ ਗੋਬਿੰਦ ਧਾਰ ਕੰਘਾ ਵੰਡ ਇੱਕੀ, ਇੱਕੀ ਇੱਕੀ ਵੇਖ ਵਖਾਈਆ । ਮੇਰੇ ਲਹਿਣੇ ਪਿਛੇ ਗੋਬਿੰਦ ਨੇ ਸਿਰ ਤੋਂ ਸ਼ੁਰੂ ਕੀਤੀ ਸਿੱਖੀ, ਕੇਸ ਕੰਘੇ ਨਾਲ ਵਡਿਆਈਆ । ਨਾਮ ਧਾਰ ਕਟਾਰ ਕਰ ਕੇ ਤਿੱਖੀ, ਤਨ ਵਜੂਦ ਲਈ ਛੁਹਾਈਆ । ਕੜਾ ਖੇਲ ਦੱਸ ਕੇ ਨਿੱਕੀ, ਕੜੀ ਕਰਮ ਦਿਤੀ ਬਦਲਾਈਆ । ਕਛਹਿਰਾ ਧਰਮ ਯਤ ਦੀ ਚਿੱਠੀ, ਸੁਨੇਹੜਾ ਇਕ ਸੁਣਾਈਆ । ਸ਼ੰਕਰ ਕਹੇ ਫੇਰ ਪੰਚਮ ਹਾਹੇ ਉਤੇ ਵਖਾ ਕੇ ਟਿੱਪੀ, ਟੀਕਾ ਟਿਪਣੀ ਸਭ ਦੀ ਦਿਤੀ ਜਣਾਈਆ । ਇਸ਼ਾਰੇ ਨਾਲ ਕਿਹਾ ਜਿਹੜੀ ਵਾਰਤਾ ਕਿਸੇ ਨਹੀਂ ਲਿਖੀ, ਲੇਖਾ ਲੇਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਉਠਾਈਆ । ਗੋਬਿੰਦ ਰੱਖਕੇ ਕੰਘਾ ਸ਼ੰਕਰ ਲਾਹਿਆ ਉਧਾਰ, ਪੂਰਬ ਲੇਖ ਚੁਕਾਈਆ । ਜਟਾ ਜੂਟ ਸੁਥਰੇ ਵਾਲ ਕਰ ਤਿਆਰ, ਤ੍ਰੈਗੁਣ ਝਗੜਾ ਦਿਤਾ ਮੁਕਾਈਆ । ਪ੍ਰੇਮ ਪ੍ਰੀਤੀ ਬੰਨ੍ਹ ਸਚ ਦਸਤਾਰ, ਦਾਸਤਾਂ ਅਗਲੀ ਆਪ ਜਣਾਈਆ । ਕੰਘੇ ਦਾ ਖੇਲ ਮਹਾਨ, ਕਾਂਗ ਨਾਮ ਵਾਲੀ ਚੜ੍ਹਾਈਆ । ਇਹ ਲੇਖਾ ਚੁਕਾਇਆ ਸ੍ਰੀ ਭਗਵਾਨ, ਭਗਵਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਾਗ ਸਭ ਦਾ ਆਪਣੇ ਹੱਥ ਰਖਾਈਆ ।



੨੧੦ ੨੧

## ✻ ੫ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਆਰ ਜੇਠੂਵਾਲ ✻

ਕਲਜੁਗ ਕਹੇ ਪ੍ਰਭ ਮੈਂ ਤੇਰਾ ਅੰਤ ਦੁਲਾਰਾ ਸੂਰ, ਸੂਰਬੀਰ ਇਕ ਅਖਵਾਈਆ । ਹਰਿ ਹਿਰਦੇ ਅੰਦਰੋਂ ਕੱਢਿਆ ਤੇਰਾ ਨਾਮ ਹਜ਼ੂਰ, ਤੇਰੇ ਹਜ਼ੂਰੀਆਂ ਦੀ ਚਲਣ ਦਿਤੀ ਨਾ ਕੋਇ ਚਤੁਰਾਈਆ । ਆਪਣਾ ਹੁਕਮ ਕਰ ਮਸ਼ਹੂਰ, ਚਾਰ ਕੁੰਟ ਦਿਤਾ ਸੁਣਾਈਆ । ਸ੍ਰਿਸ਼ਟ ਸਬਾਈ ਨਾਤਾ ਜੋੜ ਕੇ ਨਾਲ ਕੂੜ, ਸਤਿ ਧਰਮ ਦਾ ਪੱਲੂ ਦਿਤਾ ਛੁਡਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਮਾਇਆ ਮਮਤਾ ਵਿਚ ਰੁਲਾਈਆ । ਕਿਸੇ ਮਸਤਕ ਲੱਗਣ ਨਾ ਦੇਵਾਂ ਤੇਰੀ ਧੂੜ, ਧੂੜੀ ਟਿੱਕਾ ਖ਼ਾਕ ਨਾ ਕੋਇ ਰਮਾਈਆ । ਨਿਜ ਲੋਚਨ ਪਰਸੇ ਕੋਇ ਨਾ ਨੂਰ, ਅੰਧ ਅੰਧੇਰਾ ਕੀਤਾ ਲੋਕਾਈਆ । ਗ੍ਰਿਹ ਗ੍ਰਿਹ ਵੇਖ ਹਉਮੇ ਹੰਗਤਾ ਗੜ੍ਹ ਗ਼ਰੂਰ, ਨਿਵਣ ਸੁ ਅੱਖਰ ਨਾ ਕੋਇ ਜਣਾਈਆ । ਮੈਂ ਸੱਚੀ ਸੇਵਾ ਕਰਾਂ ਜ਼ਰੂਰ, ਜ਼ਰੂਰਤ ਆਪਣੀ ਵੇਖ ਵਖਾਈਆ । ਹੇ ਪ੍ਰਭੂ ਤੂੰ ਜੁਗ ਚੌਕੜੀ ਬਣਿਆ ਪਹਿਲੋਂ ਮਜ਼ਦੂਰ, ਲੋਕਮਾਤ ਹੱਥ ਕਿਸੇ ਨਾ ਆਈਆ । ਪੈਂਡਾ ਦੱਸਦਾ ਰਿਹੋਂ ਦੂਰਨ ਦੂਰ, ਨੇਰਨ ਨੇਰ ਪੰਧ ਨਾ ਕੋਇ ਚੁਕਾਈਆ । ਸ਼ਬਦੀ ਦੱਸਦਾ ਰਿਹੋਂ ਅਨਾਦੀ ਤੂਰ, ਤੁਰੀਆ ਪਦ ਇਕ ਵਡਿਆਈਆ । ਨਿਰਗੁਣ ਸਰਗੁਣ ਪੌਂਦਾ ਰਿਹੋਂ ਫ਼ਤੂਰ, ਫ਼ਤਵੇ ਕਲਮੇ ਵਾਲੇ ਲਾਈਆ । ਤੇਰੇ ਹੁਕਮ ਅੰਦਰ ਮੈਂ ਸਾਫ਼ ਰਹਿਣ ਨਹੀਂ ਦਿਤਾ ਕੋਇ ਕਾਫ਼ੂਰ, ਕਪੂਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਵੇਖ ਜ਼ਰੂਰ, ਜ਼ਾਹਰ ਜ਼ਹੂਰ ਤੇਰੀ ਸੇਵ ਕਮਾਈਆ । ਕਲਜੁਗ ਕਹੇ ਪ੍ਰਭ ਮੈਂ ਸੇਵਾ ਕੀਤੀ ਵੱਡੀ, ਪ੍ਰਭ ਵੱਡੇ ਦੇ ਵਡਿਆਈਆ । ਮਨੁੱਸ਼ਾਂ ਖਾ ਕੇ ਮੱਛੀ ਡੱਡੀ, ਤੇਰੀ ਡੰਡਾਵਤ ਦਿਤੀ ਭੁਲਾਈਆ । ਜ਼ਬਾਨ ਨਾਲ ਰਸ ਚੂਸਦੇ ਹੱਡੀ, ਤੇਰਾ ਅੰਮ੍ਰਿਤ ਰਸ ਰਸ ਨਾ ਕੋਇ ਚਖਾਈਆ । ਧਰਮ ਦੁਆਰਿਆਂ ਵਧੀ ਬਦੀ, ਬਦਕਾਰੀ ਵਿਚ ਦਿਸੇ ਲੋਕਾਈਆ । ਮੈਨੂੰ ਖ਼ੁਸ਼ੀ ਮੁਹੰਮਦ ਦੀ ਬੀਤ ਰਹੀ ਸਦੀ, ਚੌਧਵੀਂ ਆਪਣਾ ਪੰਧ ਮੁਕਾਈਆ । ਤੇਰੇ ਹੁਕਮ ਨਾਲ ਗੁਰ ਅਵਤਾਰ ਪੈਗ਼ੰਬਰਾਂ ਰਹਿਣ ਨਹੀਂ ਦੇਣੀ ਗੱਦੀ, ਗਦਾਗਰ ਸਾਰੇ ਦੇਣੇ ਬਣਾਈਆ । ਜਿਹੜੀ ਧਰਤੀ ਪਾਪਾਂ ਕਾਰਨ ਦੱਬੀ, ਪਤਤ ਪੁਨੀਤ ਨਾ ਕੋਇ ਵਖਾਈਆ । ਇਹ ਮੇਰੀ ਖੇਲ ਅੱਛੀ, ਜੋ ਅੱਛੀ ਤਰਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗ੍ਰਿਹਿ ਇਕ ਵਡਿਆਈਆ । ਕਲਜੁਗ ਕਹੇ ਮੈਨੂੰ ਕੋਈ ਨਾ ਕਹੇ ਕਮਲਾ ਕੋੜਾ, ਮਿਹਰਵਾਨ ਤੇਰੀ ਵਡਿਆਈਆ । ਮੈਂ ਕਰਮਾਂ ਦਾ ਸਭ ਦੇ ਉਤੇ ਲੱਦਿਆ ਬੋਝਾ, ਭਾਰ ਹੇਠ ਸਾਰੇ ਦੇਣ ਦੁਹਾਈਆ । ਸਾਚਾ ਰਾਹ ਕਿਸੇ ਨਾ ਸੋਧਾ, ਸੁਦੀ ਵਦੀ ਪੰਧ ਨਾ ਕੋਇ ਮੁਕਾਈਆ । ਬਿਨ ਭਗਤਾਂ ਕੋਈ ਹੋਇਆ ਨਾ ਪੁਰਖ ਅਕਾਲ ਜੋਗਾ, ਜੋਗੀ ਜੁਗੀਸ਼ਰ ਤਪੀਸ਼ਰ ਮੁਨੀਸ਼ਰ ਸਾਰੇ ਰਹੇ ਕੁਰਲਾਈਆ । ਜਗਤ ਤ੍ਰਿਸ਼ਨਾ ਸਭ ਨੇ ਭੋਗ ਭੋਗਾ, ਭਸਮੜ ਰੂਪ ਨਾ ਕੋਇ ਬਦਲਾਈਆ । ਹਉਮੇ ਮਿਟੇ ਕੋਇ ਨਾ ਰੋਗਾ, ਹੰਗਤਾ ਵਿਚ ਸਰਬ ਕੁਰਲਾਈਆ । ਮੈਂ ਦੁਹਾਈ ਫੇਰੀ ਵਿਚ ਚੌਦਾਂ ਲੋਕਾ, ਚੌਦਾਂ ਵਿਦਿਆ ਰਹੀ ਕੁਰਲਾਈਆ । ਸਾਚਾ ਗਾਇਣ ਨਾ ਦਿਤਾ ਨਾਮ ਸਲੋਕਾ, ਸੋਹਲਿਆਂ ਵਾਲੇ ਦਿਤੇ ਭੁਲਾਈਆ । ਬਿਨ ਤੇਰੇ ਨਾਮ ਤੋਂ ਖ਼ਾਲੀ ਦਿਸਣ ਲੋਥਾਂ, ਤਨ ਵਜੂਦ ਵੱਜੇ ਨਾ ਕੋਇ ਵਧਾਈਆ । ਜੀਵ ਜੰਤ ਹੋਇਆ ਥੋਥਾ, ਕਰਤੇ ਕੀਮਤ ਨਾ ਕੋਇ ਚੁਕਾਈਆ । ਮੈਂ ਪੈ ਗਿਆ ਵਿਚ ਸੋਚਾਂ, ਸੋਚ ਸਮਝ ਕੇ ਤੈਨੂੰ ਦਿਆਂ ਜਣਾਈਆ । ਪੁਰਖ ਅਕਾਲ ਦੀਨ ਦਿਆਲ ਤੈਨੂੰ ਮੇਰੇ ਵਰਗਾ ਇਕੋ ਸੂਰਮਾ ਪੁੱਤ ਬਹੁਤਾ, ਜਿਨ੍ਹ ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਸਾਰੇ ਦਿਤੇ ਭੁਲਾਈਆ । ਕਿਸੇ ਨਾਲ ਨਹੀਂ ਕਰਦਾ ਧੋਖਾ, ਅੰਦਰ ਵੜ ਕੇ ਅੰਦਰੋਂ ਦਿਆਂ ਉਠਾਈਆ । ਮੇਰਾ ਰੂਪ ਕੋਈ ਪਗੜੀ ਟੋਪੀ ਵਾਲਾ ਨਹੀਂ ਕੋਈ ਬੋਦਾ, ਬੋਦੀਆਂ ਵਾਲੇ ਮਨ ਮਤ ਬੁਧ ਨਾ ਕੋਇ ਰਖਾਈਆ । ਮੈਂ ਇਕੋ ਵਾਰ ਪੁਰਖ ਅਕਾਲ ਤੇਰਾ ਅਰਦਾਸਾ ਸੋਧਾ, ਸੁਧ ਸਭ ਦੀ ਦਿਤੀ ਭੁਲਾਈਆ । ਅਠਸਠ ਤੀਰਥ ਲੌਂਦੇ ਵੇਖੇ ਡੋਬਾ, ਡੁਬਕੀਆਂ ਦੇ ਕੇ ਸਾਰੇ ਚੁਰਾਸੀ ਵਿਚ ਭੁਆਈਆ । ਤੇਰੇ ਨਾਮ ਦਾ ਚਾਰ ਜੁਗ ਜਿਹੜੇ ਉਡੌਂਦੇ ਰਹੇ ਗੋਗਾ, ਗਹਿਰ ਗੰਭੀਰ ਧਿਆਨ ਲਗਾਈਆ । ਉਨ੍ਹਾਂ ਦਾ ਅੰਤਮ ਵੇਖਿਆ ਮੌਕਾ, ਮੁਕੰਮਲ ਤੇਰੀ ਸੇਵ ਕਮਾਈਆ । ਸਭ ਦਾ ਪੋਚਿਆ ਰਹਿ ਗਿਆ ਚੌਂਕਾ, ਚੌਕੜੀ ਅੰਤਮ ਦਏ ਦੁਹਾਈਆ । ਗੋਬਿੰਦ ਦਾ ਪੂਰਾ ਹੋਇਆ ਢੌਂਕਾ, ਢਈਆ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ਬਰ ਭਰਨ ਹੌਕਾ, ਸਾਹ ਸਾਹ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਦਰ ਤੇਰੇ ਵਜਦੀ ਰਹੇ ਵਧਾਈਆ । ਕਲਜੁਗ ਕਹੇ ਪ੍ਰਭ ਮੈਨੂੰ ਸਦਾ ਯਾਦ ਰੱਖੀਂ, ਰੱਖਿਆ ਕਰੀਂ ਥਾਉਂ ਥਾਈਂਆ । ਮੈਂ ਤੇਰੇ ਕਾਹਨ ਦੀ ਸਾਬਤ ਰਹਿਣ ਨਹੀਂ ਦਿਤੀ ਕੋਈ ਸਖ਼ੀ, ਸਤਿ ਧਰਮ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਖੇਲ ਵੇਖ ਆਪਣੀ ਅੱਖੀਂ, ਆਖ਼ਰ ਬੇਨੰਤੀ ਦਿਤੀ ਜਣਾਈਆ । ਤੈਨੂੰ ਕਿਸੇ ਦਾ ਬਣਿਆ ਰਹਿਣ ਨਹੀਂ ਦਿਤਾ ਪਤੀ, ਪਤਿਪਰਮੇਸ਼ਵਰ ਤੇਰਾ ਨਾਤਾ ਸ੍ਰਿਸ਼ਟੀ ਨਾਲੋਂ ਤੁੜਾਈਆ । ਸਾਧ ਸੰਤ ਫ਼ਕੀਰ ਕੋਈ ਰਹਿਣ ਨਹੀਂ ਦਿਤਾ ਯਤੀ, ਯਥਾਰਥ

੨੧੧
੨੧

ਸਾਰੇ ਦਿਤੇ ਭੁਲਾਈਆ । ਕਿਸੇ ਨੂੰ ਪੜ੍ਹਨ ਨਹੀਂ ਦਿਤੀ ਤੇਰੀ ਨਿਰਅੱਖਰ ਧਾਰ ਪੱਟੀ, ਬਿਨ ਪਟਨੇ ਵਾਲੇ ਸਭ ਦੀ ਕੀਤੀ ਸਫ਼ਾਈਆ । ਮੈਂ ਤੇ ਸਤਿਜੁਗ ਤਰੇਤਾ ਦੁਆਪਰ ਵਾਂਗ ਨਹੀਂ ਚਲਦਾ ਚਾਲ ਮੱਠੀ, ਹੌਲੀ ਹੌਲੀ ਪੰਧ ਮੁਕਾਈਆ । ਮੈਂ ਤੇਰੇ ਹੁਕਮ ਨਾਲ ਅਗਨੀ ਅੱਗ ਤਪਾ ਕੇ ਭੱਠੀ, ਸ੍ਰਿਸ਼ਟੀ ਦ੍ਰਿਸ਼ਟੀ ਦਿਤੀ ਜਲਾਈਆ । ਗੁਰ ਅਵਤਾਰ ਪੈਗ਼ੰਬਰ ਭਰਨ ਚੱਟੀ, ਚਟਕ ਹੋ ਕੇ ਚੇਟਕ ਦਿਤੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭ ਮੈਨੂੰ ਬਣਾ ਲੈ ਆਪਨਾ ਸੁਤ ਜੇਠਾ, ਸਤਿਜੁਗ ਸੁੱਤਾ ਨਾ ਲਏ ਅੰਗੜਾਈਆ । ਮੈਂ ਸ਼ਾਹ ਸੁਲਤਾਨਾਂ ਰੱਖਾਂ ਤੇਰੇ ਚਰਨਾਂ ਹੇਠਾ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਤੇਰਾ ਬਣਿਆ ਸੁਤ ਦੁਲਾਰਾ ਬੇਟਾ, ਬੇਟੀ ਬੇਟੇ ਸਾਰੇ ਵੇਖ ਵਖਾਈਆ । ਧਰਨੀ ਧਰਤ ਧਵਲ ਦਾ ਵੇਖਾਂ ਪੇਟਾ, ਅੰਦਰੋਂ ਬਾਹਰੋਂ ਫੋਲ ਫੁਲਾਈਆ । ਅੰਤ ਅਖ਼ੀਰੀ ਦੱਸ ਕੇ ਸਭ ਨੂੰ ਇਕੋ ਨੇਤਾ, ਨੇਤਰ ਅੰਤਰ ਦਿਆਂ ਵਖਾਈਆ । ਕੁਛ ਕੌਲ ਇਕਰਾਰ ਯਾਦ ਕਰ ਲੈ ਚੇਤਾ, ਪਾਰਬ੍ਰਹਮ ਤੇਰੀ ਵਡ ਵਡਿਆਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਨੂੰ ਦਿਤਾ ਠੇਕਾ, ਬੋਲੀ ਅਨਬੋਲਤ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਦ ਆਪਨਾ ਘਰ ਵਖਾਈਆ । ਕਲਜੁਗ ਕਹੇ ਪ੍ਰਭ ਮੇਰਾ ਵੇਖ ਸਫ਼ਰ, ਜਲਦੀ ਜਲਦੀ ਰਿਹਾ ਮੁਕਾਈਆ । ਪੈਗ਼ੰਬਰਾਂ ਦੇ ਵੇਖ ਕਫ਼ਨ, ਮੁਰਸ਼ਦ ਦੇਣ ਦੁਹਾਈਆ । ਜਿਹੜੇ ਮਕ਼ਬਰਿਆਂ ਵਿਚ ਹੋ ਗਏ ਦਫ਼ਨ, ਉਨ੍ਹਾਂ ਦੀ ਲੱਗੀ ਦਫ਼ਾ ਕੰਮ ਕਿਸੇ ਨਾ ਆਈਆ । ਜਿਹੜੇ ਆ ਕੇ ਚਲੇ ਗਏ ਤੇਰੇ ਵਤਨ, ਮੁੜ ਕੇ ਫੇਰਾ ਕੋਇ ਨਾ ਪਾਈਆ । ਉਨ੍ਹਾਂ ਦੀ ਯਾਦ ਫ਼ਜ਼ੂਲ ਜਗਤ ਵਾਲਾ ਯਤਨ, ਜਿਹੜੇ ਯਤੀਮ ਤੇਰੇ ਵਿਚ ਗਏ ਸਮਾਈਆ । ਮੈਂ ਚਾਹੁੰਦਾ ਤੇਰਾ ਸਾਚਾ ਇਕੋ ਹੋਵੇ ਪਤਨ, ਦਰ ਘਰ ਸਾਚੇ ਵੱਜੇ ਵਧਾਈਆ । ਤੂੰ ਆਪੇ ਹੋਵੇਂ ਪੈਜ ਰੱਖਣ, ਰੱਖਿਆ ਕਰੇਂ ਥਾਉਂ ਥਾਈਂਆ । ਜਨ ਭਗਤ ਸੁਹੇਲਾ ਰਹੇ ਕੋਈ ਨਾ ਸੱਖਣ, ਖ਼ਾਲੀ ਭੰਡਾਰੇ ਦਏਂ ਭਰਾਈਆ । ਸਚ ਪ੍ਰੀਤੀ ਜੋੜ ਕੇ ਨੱਤਨ, ਨਾਤਾ ਆਪਨੇ ਨਾਲ ਰਖਾਈਆ । ਧੁਰ ਸੰਦੇਸਾ ਆਵੇਂ ਦੱਸਣ, ਨਾਮ ਨਿਧਾਨਾ ਇਕ ਜਣਾਈਆ । ਮੇਰਾ ਇਕੋ ਮੰਨ ਲੈ ਬਚਨ, ਬੱਚਾ ਹੋ ਕੇ ਸੀਸ ਨਿਵਾਈਆ । ਵੇਖੀਂ ਚੌਧਵੀਂ ਸਦੀ ਦੇਵੀਂ ਨਾ ਟੱਪਣ, ਟੱਪਿਆਂ ਦਾ ਝਗੜਾ ਦੇਣਾ ਮੁਕਾਈਆ । ਅਗਨੀ ਜੇਠ ਵਾਂਗ ਗੁਰਮੁਖ ਭਗਤ ਕਦੇ ਨਾ ਤਪਣ, ਤਪਦੇ ਹਿਰਦੇ ਸ਼ਾਂਤ ਕਰਾਈਆ । ਇਕੋ ਤੇਰਾ ਨਾਮ ਜਪਣ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਦਾ ਸਰਨ ਸਰਨਾਈ ਤੇਰੀ ਵਸਣ, ਨਾਤਾ ਤੋੜ ਕੂੜ ਲੋਕਾਈਆ । ਪੁਰਖ ਅਕਾਲੇ ਤੇਰਾ ਪਿਆਰਾ ਨਾਮ ਜਪਣ, ਜਗਜੀਵਤ ਰੂਪ ਵਟਾਈਆ । ਸਚ ਦੁਆਰਾ ਧੁਰ ਦਾ ਲੱਭਣ, ਭੱਜਣ ਵਾਹੋ ਦਹੀਆ । ਖ਼ੁਸ਼ੀਆਂ ਵਿਚ ਮਿਲ ਕੇ ਹੱਸਣ, ਹਸਤੀ ਹਸਤੀ ਵਿਚੋਂ ਬਦਲਾਈਆ । ਧੰਨ ਭਾਗ ਜੇ ਆਇਉਂ ਪੈਜ ਰੱਖਣ, ਰੱਖਕ ਹੋ ਕੇ ਰੱਖਿਆ ਕਰੇਂ ਥਾਉਂ ਥਾਈਂਆ । ਪਰ ਮੇਰੇ ਅੱਗੇ ਕਿਸੇ ਦਾ ਚਲਿਆ ਨਹੀਂ ਕੋਈ ਯਤਨ, ਜੁਗਤੀ ਕੰਮ ਕੋਇ ਨਾ ਆਈਆ । ਮੇਰਾ ਖੇਲ ਵੇਖ ਚਾਰੋਂ ਕੁੰਟ ਅੰਧੇਰਾ ਕੀਤਾ ਮੱਸਣ, ਮਸਤੀ ਸਭ ਦੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭ ਮੈਨੂੰ ਸਾਰੇ ਕਹਿੰਦੇ ਸ਼ਰਅ ਬੁਰੀ, ਬੁਰਿਆਈ ਸਿਰ ਨਾ ਕੋਇ ਉਠਾਈਆ । ਮੇਰੇ ਅੰਤਰ ਵਾਸਨਾ ਇਕ ਫੁਰੀ, ਫੁਰਨੇ ਵਿਚ ਦਿਆਂ ਜਣਾਈਆ । ਜਿਸ ਵੇਲੇ ਗੋਬਿੰਦ ਛੱਡੀ ਅਨੰਦ ਪੁਰੀ, ਪੁਰ ਅਨੰਦ ਦਿਤਾ ਤਜਾਈਆ । ਓਸ ਵੇਲੇ ਬਚਨ ਕੀਤਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ

ਹੋਣੀ ਨਗੁਰੀ, ਸਤਿਗੁਰ ਸ਼ਬਦ ਨਾ ਕੋਇ ਮਨਾਈਆ । ਸੁਰਤ ਸਵਾਣੀ ਸੁਹਾਗਣ ਬਣੌਣੀ ਨਹੀਂ ਕਿਸੇ ਕੁੜੀ, ਨਰ ਹਰਿ ਕੰਤ ਭਗਵੰਤ ਨਾ ਕੋਇ ਮਨਾਈਆ । ਸਭ ਦੀ ਜਗਤ ਵਾਸਨਾ ਹੋਣੀ ਬੁਰੀ, ਸਤਿ ਧਰਮ ਨਾ ਕੋਇ ਕਮਾਈਆ । ਗ਼ਰੀਬ ਨਿਮਾਣਿਆਂ ਉਤੇ ਫਿਰਨੀ ਛੁਰੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਵਾਸਨਾ ਤ੍ਰਿਸ਼ਨਾ ਮੇਟ ਕੂੜੀ, ਕੂੜ ਕੁਟੰਬ ਕੁਦਰਤ ਦੇ ਮਾਲਕ ਦੇਣਾ ਖਪਾਈਆ ।

❊ ੯ ਜੇਠ ਸ਼ਹਿਨਸ਼ਾਹੀ ਸੰਮਤ ੪ ਗੁਰਸ਼ਰਨ ਸਿੰਘ ਸੁਰਜੀਤ ਸਿੰਘ ਦੇ ਗ੍ਰਹਿ ਨੰਗਲ ਜ਼ਿਲਾ ਹੁਸ਼ਿਆਰਪੁਰ ❊

ਅੱਖਰ ਬਾਣੀ ਪਰਮ ਪੁਰਖ ਦੀ ਸਿਫ਼ਤ, ਗੁਰ ਅਵਤਾਰ ਪੈਗ਼ੰਬਰ ਰਸਨਾ ਢੋਲੇ ਗਾਈਆ । ਸ਼ਾਸਤਰ ਸਿਮਰਤ ਗੁਰੂ ਗ੍ਰੰਥ ਮਹਿੰਮਾ ਵਾਲੀ ਲਿਖਤ, ਨਾਮ ਬਾਣੀ ਰਹੇ ਜਣਾਈਆ । ਭੇਵ ਅਭੇਦਾ ਖੋਲ੍ਹ ਦ੍ਰਿਸ਼ਟ ਵਾਲੀ ਸ੍ਰਿਸ਼ਟ, ਏਕੰਕਾਰਾ ਰਿਹਾ ਜਣਾਈਆ । ਜੁਗ ਚੌਕੜੀ ਨਿਤ ਨਵਿਤ ਗੁਰ ਅਵਤਾਰਾਂ ਛੋਟੀ ਛੋਟੀ ਸਭ ਦੀ ਰਖਦਾ ਰਿਹਾ ਫ਼ਰਿਸਤ, ਫ਼ਾਰ ਫ਼ਾਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਗੁਰੂ ਗ੍ਰੰਥ ਕਲਜੁਗ ਬਾਣੀ, ਵਾਹਿਗੁਰੂ ਅੱਖਰ ਛੱਤੀ ਜੁਗ ਵਡਿਆਈਆ । ਨਾਮ ਸਤਿ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਅੰਤਰ ਇਕ ਸਮਝਾਈਆ । ਸਤਿਗੁਰ ਸ਼ਬਦ ਜੁਗ ਚੌਕੜੀ ਖੇਲ ਮਹਾਨੀ, ਗੁਰ ਅਵਤਾਰ ਪੈਗ਼ੰਬਰਾਂ ਕਰੇ ਪੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਵਾਲੀ ਦੋ ਜਹਾਨੀ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦਿ ਲੱਖ ਚੁਰਾਸੀ ਜੀਵ ਜੰਤ ਹਰ ਘਟ ਅੰਤਰਜਾਮੀ, ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪੜਦਾ ਓਹਲਾ ਆਪ ਉਠਾਈਆ । ਜਿਸ ਪੁਰਖ ਅਕਾਲ ਨੂੰ ਗੁਰ ਅਵਤਾਰ ਪੈਗ਼ੰਬਰ ਕਹਿ ਕੇ ਗਏ ਬੇਅੰਤ, ਅੰਤ ਕਹਿਣ ਕੋਇ ਨਾ ਪਾਈਆ । ਉਚੀ ਕੂਕ ਸੁਣੌਂਦੇ ਗਏ ਸੰਤ, ਸੋਹਲੇ ਢੋਲੇ ਰਾਗਾਂ ਵਿਚ ਗਾਈਆ । ਜਿਸ ਦੀ ਸਾਰੇ ਕਰਦੇ ਗਏ ਮਿੰਨਤ, ਦਰ ਦਰਵੇਸ਼ ਸੀਸ ਜਗਦੀਸ਼ ਝੁਕਾਈਆ । ਸਤਿ ਅੱਗੇ ਸਤਿ ਦੀ ਰਹੀ ਕੋਈ ਨਾ ਹਿੰਮਤ, ਹੌਸਲਾ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਪੜਦਾ ਆਪ ਉਠਾਈਆ । ਗੁਰੂ ਗ੍ਰੰਥ ਨਿੱਕੀ ਜਿਹੀ ਗਾਥ, ਗੁਰੂ ਅਰਜਨ ਸਹਿਜੇ ਦਿਤਾ ਸਮਝਾਈਆ । ਇਸ ਤੋਂ ਪਰੇ ਪੁਰਖ ਸਮਰਾਥ, ਜੋ ਨਿਰਅੱਖਰ ਧਾਰ ਵਿਚੋਂ ਅੱਖਰ ਰਿਹਾ ਸਮਝਾਈਆ । ਜਿਸ ਦਾ ਆਦਿ ਜੁਗਾਦਿ ਪ੍ਰਕਾਸ਼, ਰਵਿਆ ਹਰ ਘਟ ਥਾਈਂਆ । ਕਦੇ ਨਾ ਹੋਵੇ ਨਾਸ਼, ਅਬਿਨਾਸ਼ੀ ਕਰਤਾ ਬੇਪ੍ਰਵਾਹੀਆ । ਬਾਣੀ ਓਸ ਸਿਫ਼ਤ ਦੀ ਦੱਸੇ ਗਾਥ, ਕਥਨੀ ਕਥ ਕਥ ਵਡਿਆਈਆ । ਅਗਲਾ ਲੇਖਾ ਨਾ ਸਕੇ ਆਖ, ਪੜਦਾ ਭਵਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਪਾਰਬ੍ਰਹਮ ਬੇਅੰਤ ਬੇਪ੍ਰਵਾਹ, ਪਰਵਰਦਿਗਾਰ ਵੱਡੀ ਵਡਿਆਈਆ । ਜੁਗ ਜੁਗ ਹੁਕਮ ਦਏ ਬਦਲਾ, ਬਦਲੀ ਅਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਪ੍ਰਗਟਾਈਆ । ਅੱਖਰਾਂ ਵਿਚ ਸਬਰਾਂ ਵਿਚ ਪੱਬਰਾਂ ਵਿਚ ਪ੍ਰਭ ਨੂੰ ਬੰਦ ਸਕੇ ਨਾ ਕੋਇ ਕਰਾ, ਅੰਕੜਿਆਂ ਵਿਚ ਹਿਸਾਬ ਨਾ ਕੋਇ ਲਗਾਈਆ । ਕੋਟਨ ਕੋਟ ਜੁਗ ਚੌਕੜੀ ਗਏ ਵਿਹਾ, ਅਨਗਿਣਤ ਗੁਰ ਅਵਤਾਰ ਪੈਗ਼ੰਬਰ ਨਿਤ ਨਵਿਤ ਸੇਵ ਕਮਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਨੂਰੀ ਖ਼ੁਦਾ, ਪੜਦਾ ਸਕੇ ਨਾ ਕੋਇ ਉਠਾਈਆ । ਕਲਮਾ ਕਾਇਨਾਤ ਅਲਿਫ਼ ਯੇ ਨਾਲ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਾਹਿਬ ਸੁਲਤਾਨ ਆਪਣਾ ਭੇਵ ਆਪਣੇ ਵਿਚ ਛੁਪਾਈਆ । ਗੁਰੂ ਗ੍ਰੰਥ ਬਾਣੀ ਗੁਰੂਆਂ ਵਾਲੀ ਪੂਰੀ, ਪੂਰਨ ਬ੍ਰਹਮ ਗਿਆਨ ਦ੍ਰਿੜਾਈਆ । ਇਸ ਤੋਂ ਅੱਗੇ ਜਲਵਾ ਨੂਰੀ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਕਲਜੁਗ ਅੰਤਮ ਆਸਾ ਕਰ ਕੇ ਪੂਰੀ, ਪੂਰਬ ਲੇਖਾ ਦਏ ਮੁਕਾਈਆ । ਸਤਿਜੁਗ ਸਤਿ ਬਖ਼ਸ਼ ਕੇ ਚਰਨ ਧੂੜੀ, ਮਸਤਕ ਟਿੱਕਾ ਖ਼ਾਕ ਰਮਾਈਆ । ਫ਼ਰਮਾਨਾ ਦੇ ਕੇ ਇਕ ਹਜ਼ੂਰੀ, ਹਰਿ ਹਜ਼ਰਤਾਂ ਕਰੇ ਪੜ੍ਹਾਈਆ । ਵੇਖੇ ਖੇਲ ਕਰੇ ਹਦੂਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਸਦਾ ਸਦਾ ਸਚ ਆਪਣਾ ਨਾਮ ਕਰੇ ਮਸ਼ਹੂਰੀ, ਮਸ਼ਵਰੇ ਵਾਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਸਤਿ ਇਕੋ ਰੰਗ ਵਖਾਈਆ । ਗੁਰੂ ਗ੍ਰੰਥ ਬਾਣੀ ਜਗਤ ਵਿਦਿਆ ਗੁਰਦੇਵ, ਬਾਣੀ ਪੈਂਤੀ ਬਾਵਨ ਸੋਭਾ ਪਾਈਆ । ਅਗਲਾ ਖੇਲ ਅਲਖ ਅਭੇਵ, ਅਲਖ ਅਗੋਚਰ ਵੱਡੀ ਵਡਿਆਈਆ । ਸਮੇਂ ਨਾਲ ਗੁਰ ਅਵਤਾਰ ਪੈਗ਼ੰਬਰਾਂ ਬਾਣੀ ਜਗਤ ਲਾਵੇ ਸੇਵ, ਸੇਵਕ ਰੂਪ ਦ੍ਰਿੜਾਈਆ । ਅੰਤਮ ਹੋ ਕੇ ਆਪ ਨਿਹਕੇਵ, ਨਿਹਚਲ ਧਾਮ ਆਪਣਾ ਹੁਕਮ ਜਣਾਈਆ । ਜਿਸ ਦਾ ਪਿੱਛੇ ਨਹੀਂ ਆਇਆ ਭੇਵ, ਅਗਲਾ ਭੇਵ ਆਪ ਖੁਲ੍ਹਾਈਆ । ਜਿਸ ਨੂੰ ਗਾ ਨਹੀਂ ਸਕੀ ਰਸਨਾ ਜਿਹਵ, ਬੱਤੀ ਦੰਦ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰੂ ਗ੍ਰੰਥ ਪ੍ਰਭ ਦੀ ਮਹਿੰਮਾ ਕਰ ਨਾ ਸਕੇ ਅੰਤ, ਅੰਤਸ਼ਕਰਨ ਜੁਗ ਜੁਗ ਬਦਲੇ ਜਗਤ ਲੋਕਾਈਆ । ਪ੍ਰਭ ਮਾਲਕ ਖ਼ਾਲਕ ਧੁਰ ਦਾ ਕੰਤ, ਕੰਤ ਕੰਤੂਹਲ ਧੁਰ ਦੀ ਵਡੀ ਵਡਿਆਈਆ । ਜਿਉਂ ਜਿਉਂ ਅੱਗੇ ਜਗਤ ਵਿਚ ਭੇਜੇ ਆਪਣੇ ਸੰਤ, ਮਹਿੰਮਾ ਆਪਣੀ ਨਾਲ ਦ੍ਰਿੜਾਈਆ । ਦੱਸ ਅਗੰਮੀ ਮੰਤ, ਮੰਤਵ ਆਪਣਾ ਇਕ ਸਮਝਾਈਆ । ਜਿਸ ਦੀ ਕੋਈ ਗਣ ਨਾ ਸਕੇ ਗਣਤ, ਲੇਖਾ ਲਿਖ ਨਾ ਕੋਇ ਮੁਕਾਈਆ । ਏਸੇ ਕਰ ਕੇ ਨਿਰਗੁਣ ਨਾਨਕ ਸਰਗੁਣ ਨਾਨਕ ਨਾਲ ਮਿਲ ਕੇ ਕਿਹਾ ਬੇਅੰਤ, ਬੇਅੰਤ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੁਰੂ ਗ੍ਰੰਥ ਤੋਂ ਅੱਗੇ ਹੋਰ ਬੜਾ ਵਿਸਥਾਰ, ਜੋ ਪੁਰਖ ਅਕਾਲ ਆਪਣਾ ਆਪ ਜਣਾਈਆ । ਜਿਸ ਨੂੰ ਕਾਤਬ ਬਣ ਕੇ ਲਿਖ ਸਕਿਆ ਨਾ ਕੋਇ ਲਿਖਾਰ, ਲਿਖਤ ਭਵਿਖਤ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਗਏ ਹਾਰ, ਅੰਤ ਕਹਿਣ ਕੋਇ ਨਾ ਪਾਈਆ । ਜਿਸ ਵੇਲੇ ਕਲ ਕਲਕੀ ਆਵੇ ਅਵਤਾਰ, ਨਿਹਕਲੰਕ ਅਮਾਮ ਅਮਾਮਾ ਰੂਪ ਵਟਾਈਆ । ਓਹ ਧੁਰ ਫ਼ਰਮਾਨਾ ਦੇਵੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚੀ ਸ਼ਹਿਨਸ਼ਾਹੀਆ । ਜਿਸ ਦੀ ਗੁਫ਼ਤ ਸ਼ਨੀਦ ਗੁਫ਼ਤਾਰ, ਬਿਨ ਰਸਨਾ ਜਿਹਵਾ ਰਾਗ ਅਲਾਈਆ । ਸੋ ਮਰਦ ਮਰਦਾਨਾ ਨੌਜੁਆਨਾ ਹੋਵੇ ਖ਼ਬਰਦਾਰ, ਬੇਖਬਰਾਂ ਖ਼ਬਰ ਸੁਣਾਈਆ । ਜਿਸ ਦਾ ਆਦਿ ਜੁਗਾਦਿ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ ।

ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੀਤਾ ਗਿਆਨ ਖਾਣੀ ਬਾਣੀ ਮਹਾਂਸਾਰਥੀ ਵਿਦਿਆਰਥੀ ਗੁਰ ਅਵਤਾਰ, ਆਪਣੇ ਲਏ ਬਣਾਈਆ । ਉਸ ਦੀ ਅੱਗੇ ਅਗੰਮੜੀ ਕਾਰ, ਜੋਤੀ ਸ਼ਬਦੀ ਧਾਰ ਅਪਾਰ, ਵਿਦਿਆ ਅੱਖਰ ਸਕੇ ਨਾ ਕੋਇ ਵਿਚਾਰ, ਖਾਣੀ ਬਾਣੀ ਤੋਂ ਵਸੇ ਬਾਹਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਜਿਸ ਨੂੰ ਕਹਿੰਦੇ ਦੀਨਾਂ ਦਾ ਦਾਤਾਰ, ਚੁਰਾਸੀ ਦਾ ਸਿਰਜਣਹਾਰ, ਮੁਰੀਦਾਂ ਦਾ ਪਰਵਰਦਿਗਾਰ, ਦਰਗਾਹ ਸਾਚੀ ਮੁਕਾਮੇ ਹੱਕ ਸਚਖੰਡ ਨਿਰਵੈਰ ਸੋਭਾ ਪਾਈਆ । ਸਦਾ ਸਦਾ ਸਦ ਉਸ ਦੇ ਅਖ਼ਤਿਆਰ, ਜਿਸ ਵੇਲੇ ਚਾਹਵੇ ਆਪਣੇ ਨਾਮ ਦੀ ਮਹਿੰਮਾ ਫੇਰ ਦਏ ਉਚਾਰ, ਗ੍ਰੰਥਾਂ ਵਿਚ ਹਦੂਦ ਬੰਦ ਨਾ ਕੋਇ ਕਰਾਈਆ । ਇਹ ਬੁੱਧੀ ਦਾ ਵਿਚਾਰ, ਅਨੁਭਵ ਇਸ ਤੋਂ ਪਰੇ ਧਾਰ, ਜੋ ਖੇਲ ਸਮਝ ਸਕੇ ਨਿਰੰਕਾਰ, ਜਿਸ ਦਾ ਸਾਰੇ ਕਰਨ ਵਿਸਥਾਰ, ਮਹਿੰਮਾ ਵਿਚ ਸਿਫ਼ਤ ਰਹੇ ਸੁਣਾਈਆ । ਕਾਗਦ ਕ਼ਲਮ ਸੇਵਾਦਰ, ਸ਼ਾਹੀ ਬਣ ਕੇ ਖ਼ਿਦਮਤਗਾਰ, ਰਸਨਾ ਜਿਹਵਾ ਦਾ ਵਿਵਹਾਰ, ਅਨਬੋਲਤ ਬੋਲ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਏਕੰਕਾਰਾ, ਧੁਰਦਰਗਾਹੀ ਬਣ ਵਰਤਾਰਾ, ਨਾਮ ਸ਼ਬਦ ਬਾਣੀ ਧਰਮ ਭੰਡਾਰਾ, ਨਿਤ ਨਵਿਤ ਜੁਗ ਚੌਕੜੀ ਆਪਣਾ ਆਪਣੇ ਹੁਕਮ ਵਿਚੋਂ ਹੁਕਮ ਹੁਕਮ ਨਾਲ ਬਦਲਾਈਆ ।



### ੧੦ ਜੇਠ ਸ਼ਹਿਨਸ਼ਾਹੀ ਸੰਮਤ ੪ ਜਾਗੀਰ ਸਿੰਘ ਦੇ ਗ੍ਰਹਿ ਰੰਗੀਲ ਪੁਰ ਜ਼ਿਲਾ ਅੰਬਾਲਾ

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਖੇਲ ਵੇਖ ਕਲਜੁਗ ਕਲ ਦੀ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਪਈ ਦੁਹਾਈਆ । ਅੰਮ੍ਰਿਤ ਧਾਰ ਰਹੀ ਨਾ ਜਲ ਥਲ ਦੀ, ਮਹੀਅਲ ਰੋ ਰੋ ਮਾਰੇ ਧਾਹੀਆ । ਕੂੜ ਵਿਕਾਰਾ ਅਗਨੀ ਬਲਦੀ, ਹਉਮੇ ਹੰਗਤਾ ਕਰੇ ਲੜਾਈਆ । ਕਿਸੇ ਖ਼ਬਰ ਨਹੀਂ ਅਗਲੇ ਪਲ ਦੀ, ਪਲਕਾਂ ਪਿਛੇ ਬੈਠਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਕਹਿਣ ਮੇਰੇ ਭਗਵੰਤ, ਪਾਰਬ੍ਰਹਮ ਤੇਰੀ ਇਕ ਸਰਨਾਈਆ । ਸਦੀ ਚੌਧਵੀਂ ਪਰਵਰਦਿਗਾਰ ਸਾਂਝੇ ਯਾਰ ਨੂਰ ਖ਼ੁਦਾਈ ਕਰ ਅੰਤ, ਬੇਅੰਤ ਤੇਰੇ ਅੱਗੇ ਮੰਗ ਮੰਗਾਈਆ । ਮਨ ਵਿਕਾਰ ਕੂੜੀ ਕਿਰਿਆ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਦ੍ਰਿੜਾਈਆ । ਰਾਹ ਤੱਕਦੇ ਨਿਜ ਨੇਤਰ ਲੋਚਨ ਤੇਰੇ ਸੰਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਰਾਹ ਤਕਾਈਆ । ਦਰ ਦਰਵੇਸ਼ ਦਰ ਠਾਂਡੇ ਕਰਦੇ ਮਿੰਨਤ, ਨਿਉਂ ਨਿਉਂ ਬੰਦਨਾ ਸੀਸ ਜਗਦੀਸ਼ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਖ਼ੁਸ਼ੀ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਤੇਰੇ ਹੱਥ ਦੋ ਜਹਾਨਾਂ ਤਕਦੀਰ, ਤਕੱਬਰ ਕੂੜਾ ਦੇ ਮਿਟਾਈਆ । ਲੇਖਾ ਵੇਖ ਸ਼ਾਹ ਹਕੀਰ, ਮਰਦ ਮਰਦਾਨਾ ਖੋਜ ਖੁਜਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਡ ਪੀਰਨ ਪੀਰ, ਪੈਗ਼ੰਬਰ ਸੱਯਦਿਆਂ ਵਿਚ ਸੀਸ ਨਿਵਾਈਆ । ਮੰਗਾਂ ਮੰਗਦੇ ਗਏ ਅੰਤ ਅਖ਼ੀਰ, ਖ਼ਾਲਕ ਖ਼ਲਕ ਤੇਰੀ ਓਟ ਤਕਾਈਆ । ਤੇਰੇ ਕੋਲ ਅਗੰਮੀ ਸ਼ਮਸ਼ੀਰ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਵੇਖ ਅੰਧੇਰੀ ਰੈਣ, ਪਰਮ ਪੁਰਖ ਪਰਮਾਤਮ ਪਰਦਾ ਆਪ ਉਠਾਈਆ । ਕੂੜੀ ਕਿਰਿਆ ਵਹਿੰਦਾ ਵਹਿਣ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਖਾਵੇ ਡੈਣ, ਅੱਗੇ ਹੋ ਨਾ ਕੋਇ ਬਚਾਈਆ । ਨਾਤਾ ਤੁੱਟਾ ਭਾਈ ਭੈਣ, ਪਿਤਾ ਪੂਤ ਸੰਗ ਨਾ ਕੋਇ ਨਿਭਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਤ੍ਰਫ਼ੈਣ, ਤੁਰੀਆ ਪਦ ਤੇਰਾ ਦਰਸ ਕਰੇ ਕੋਇ ਨਾ ਰਾਈਆ । ਨਿਜ ਨੇਤਰ ਖੁਲ੍ਹੇ ਕੋਈ ਨਾ ਨੈਣ, ਪ੍ਰਤੱਖ ਮਿਲੇ ਨਾ ਕੋਇ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤਮ ਵੇਖ ਸਾਖੀ, ਸਾਖਿਆਤ ਨਜ਼ਰੀ ਆਈਆ । ਮਨ ਕਲਪਣਾ ਜਗਤ ਵਿਕਾਰ ਕਰੇ ਗੁਸਤਾਖੀ, ਮਮਤਾ ਮੋਹ ਨਾ ਕੋਇ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦੀ ਸੰਦੇਸ਼ੇ ਵਿਚ ਦੇ ਕੇ ਆਏ ਪਾਤੀ, ਪਤ੍ਰਕਾ ਭੂਮਿਕਾ ਉਪਰ ਦ੍ਰਿੜਾਈਆ । ਕਾਗ਼ਜ਼ ਕ਼ਲਮ ਸ਼ਾਹੀ ਲਿਖ ਲਿਖ ਥੱਕੀ ਗਾਥੀ, ਸੋਹਲੇ ਢੋਲੇ ਰਾਗਾਂ ਨਾਦਾਂ ਵਿਚ ਕਰੇ ਸ਼ਨਵਾਈਆ । ਕਲਮਾ ਕਾਇਨਾਤ ਤੇਰਾ ਦੱਸੇ ਇਲਮ ਸਫ਼ਾਤੀ, ਅਲਿਫ਼ ਯੇ ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਈਏ ਤੇਰਾ ਸੱਦਾ, ਹੋਕਾ ਤੇਰਾ ਨਾਮ ਜਣਾਈਆ । ਦੀਨ ਦੁਨੀ ਤੇਰੇ ਨਾਮ ਨਾਲ ਕਰੇ ਦਗ਼ਾ, ਕੂੜ ਫ਼ਰੇਬਾਂ ਵਿਚ ਦੁਹਾਈਆ । ਮਾਇਆ ਮਮਤਾ ਮੋਹ ਵਿਕਾਰ ਲੈਂਦੇ ਮਜ਼ਾ, ਅੰਤਰ ਆਤਮ ਨਿਝਰ ਝਿਰਨਾ ਨਾ ਕੋਇ ਝਿਰਾਈਆ । ਚਾਰ ਕੁੰਟ ਦਹਿ ਦਿਸ਼ਾ ਅਸੀਂ ਕਰ ਕੇ ਵੇਖਿਆ ਗਦਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋ ਤੱਕਿਆ ਸੋ ਤੇਰੇ ਹੁਕਮ ਅੰਦਰ ਬੱਧਾ, ਬਚਿਆ ਰਹਿਣ ਕੋਇ ਨਾ ਪਾਈਆ । ਮਨ ਕਲਪਣਾ ਰੋਵੇ ਬੁੱਢਾ ਨੱਢਾ, ਨੌਜੁਆਨਾ ਨੌਬਤ ਹੱਕ ਨਾ ਕੋਇ ਸੁਣਾਈਆ । ਤੇਰਾ ਨੂਰ ਨਜ਼ਰ ਨਾ ਆਇਆ ਸਾਹਿਬ ਸੂਰੇ ਸਰਬੱਗਾ, ਨਿਰੰਤਰ ਅੰਤਰ ਜੋਤ ਨਾ ਕੋਇ ਰੁਸ਼ਨਾਈਆ । ਅਸੀਂ ਸਾਰੇ ਚਲਦੇ ਵਿਚ ਤੇਰੀ ਰਜ਼ਾ, ਰਾਜ਼ਕ ਰਹੀਮ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਹੁਕਮੇ ਅੰਦਰ ਬੇਅਸੂਲੀ ਦੀ ਸਭ ਨੂੰ ਦੇ ਦੇ ਸਜ਼ਾ, ਅਸੂਲ ਨਾਲ ਅਸਲੀਅਤ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਤੇਰਾ ਲੇਖਾ ਹਰ ਘਟ ਅੰਤਰ ਨਿਰੰਤਰ ਉਪਰ ਸ਼ਾਹ ਰਗਾ, ਰਹਿਬਰ ਹੋ ਕੇ ਰਸਤਾ ਆਪਣਾ ਦੇਣਾ ਜਣਾਈਆ ।

## ੧੧ ਜੇਠ ਸ਼ਹਿਨਸ਼ਾਹੀ ਸੰਮਤ ੪ ਤਾਰਾ ਸਿੰਘ ਦੇ ਗ੍ਰਿਹਿ ਜਗਾਧਰੀ

ਸਾਧ ਸੰਗਤ ਗੁਰ ਵਿਚ ਨਹੀਂ ਕੋਈ ਭੇਤ, ਭੇਵ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਾਚਾ ਦੱਸਦਾ ਹੇਤ, ਪ੍ਰੇਮ ਪਿਆਰ ਵਿਚ ਮਹਿਬੂਬ ਦਏ ਵਡਿਆਈਆ । ਦਰਸ ਦਿਖਾਏ ਨਿਜ ਨੇਤਰ ਨੇਤ, ਲੋਚਨ ਅੱਖ ਇਕ ਖੁਲ੍ਹਾਈਆ । ਰੁਤ ਬਸੰਤੀ ਮਹਿਕੇ ਸਦਾ ਚੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਨਾਮ ਸੰਦੇਸ਼ਾ ਕਾਇਆ ਮੰਦਰ ਅੰਦਰ ਦਏ ਭੇਜ, ਭਜਨ ਬੰਦਗੀ ਇਕ ਦ੍ਰਿੜਾਈਆ । ਭਾਗ ਲਗਾ

ਕੇ ਆਤਮ ਸੁਹੰਜਣੀ ਸੇਜ, ਸੋਭਾਵੰਤ ਆਪ ਸੁਹਾਈਆ । ਜੋਤੀ ਜਲਵਾ ਦੇ ਕੇ ਤੇਜ, ਜਲਵਾ ਨੂਰ ਕਰੇ ਰੁਸ਼ਨਾਈਆ । ਹਰ ਘਟ ਅੰਤਰ ਲਏ ਵੇਖ, ਵੇਖਣਹਾਰਾ ਬੇਪ੍ਰਵਾਹੀਆ । ਜਨਮ ਜਨਮ ਦੀ ਕਰਮ ਕਰਮ ਦੀ ਬਦਲ ਦੇਵੇ ਰੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਗੁਰਸੰਗਤ ਗੁਰ ਕੋਈ ਨਾ ਓਹਲਾ, ਪੜਦਾ ਰਹਿਣ ਕੋਇ ਨਾ ਪਾਈਆ । ਸਤਿਗੁਰ ਵੇਖਣਹਾਰਾ ਕਾਇਆ ਮਾਟੀ ਚੋਲਾ, ਚੋਲੀ ਆਪਣੇ ਨਾਮ ਰੰਗਾਈਆ । ਧੁਰ ਸੰਦੇਸ਼ਾ ਨਾਮ ਜਣਾਏ ਅਗੰਮੀ ਬੋਲਾ, ਅਨਰਾਗੀ ਰਾਗ ਦ੍ਰਿੜਾਈਆ । ਸਰਗੁਣ ਨਿਰਗੁਣ ਬਣ ਵਿਚੋਲਾ, ਵਿਚਲਾ ਭੇਵ ਦਏ ਖੁਲ੍ਹਾਈਆ । ਮਨੂਆ ਮਨ ਨਾ ਪਾਏ ਰੌਲਾ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਾਭੀ ਕਵਲ ਕਰ ਕੇ ਉਲਟਾ ਕੌਲਾ, ਨਿਝਰ ਝਿਰਨਾ ਇਕ ਝਿਰਾਈਆ । ਲੇਖਾ ਜਾਣੇ ਧਰਨੀ ਧਰਤ ਧੌਲਾ, ਧਰਮ ਦੁਆਰ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਘਰ ਘਰ ਮੇਲਾ ਸਹਿਜ ਸੁਭਾਈਆ । ਸਤਿਗੁਰ ਸੰਗਤ ਨਾ ਵਸੇ ਦੂਰ ਨੇੜੇ, ਪਾਂਧੀ ਪੰਧ ਨਾ ਕੋਇ ਪੁਆਈਆ । ਸਦ ਭਾਗ ਲੱਗੇ ਕਾਇਆ ਮਾਟੀ ਖੇੜੇ, ਕਾਇਆ ਮਾਟੀ ਬਜਰ ਕਪਾਟੀ ਦਏ ਖੁਲ੍ਹਾਈਆ । ਪੰਚ ਵਿਕਾਰਾ ਕਰੇ ਢੇਰੇ, ਹਉਮੇ ਗੜ੍ਹ ਆਪ ਤੁੜਾਈਆ । ਜਨਮ ਕਰਮ ਦਾ ਲਹਿਣਾ ਦੇਣਾ ਨਬੇੜੇ, ਲੱਖ ਚੁਰਾਸੀ ਫੰਦ ਕਟਾਈਆ । ਸਾਹਿਬ ਸਤਿਗੁਰ ਦੀਨ ਦਿਆਲ ਕਰੇ ਮਿਹਰੇ, ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਵਸਤ ਆਪ ਵਰਤਾਈਆ । ਸਤਿਗੁਰ ਸੰਗਤ ਨਾ ਕੋਇ ਵਿਛੋੜਾ, ਸਦ ਵਿਛੜੇ ਮੇਲ ਮਿਲਾਈਆ । ਭੇਵ ਖੁਲ੍ਹਾ ਕੇ ਤੋਰਾ ਮੋਰਾ, ਆਤਮ ਪਰਮਾਤਮ ਪੜਦਾ ਲਾਹੀਆ । ਸਚ ਸੰਦੇਸ਼ ਸੁਣਾ ਕੇ ਦੋਹਰਾ, ਦੂਈ ਦਵੈਤ ਬਾਹਰ ਕਢਾਈਆ । ਕਾਇਆ ਮਾਟੀ ਸਾਫ਼ ਕਰ ਕੇ ਚੋਲਾ, ਪਤਤ ਪੁਨੀਤ ਦਏ ਕਰਾਈਆ । ਧਰਮ ਦੁਆਰ ਬਣਾ ਕੇ ਗੋਲਾ, ਸੇਵਾ ਸਾਚੀ ਸਚ ਦ੍ਰਿੜਾਈਆ । ਧੁਰ ਦਾ ਮੇਲ ਮਿਲਾ ਕੇ ਮੌਲਾ, ਮਲਕੁਲ ਮੌਤ ਦਾ ਡੇਰਾ ਢਾਹੀਆ । ਦੂਜੇ ਦਰ ਬਣਨ ਨਾ ਦੇਵੇ ਗੋਲਾ, ਬਿਨ ਪੁਰਖ ਅਕਾਲ ਸੀਸ ਨਾ ਕੋਇ ਨਿਵਾਈਆ । ਸਤਿਗੁਰ ਸੰਗਤ ਸਦਾ ਸਦਾ ਸਦ ਇਕ ਦੁਆਰ ਖੋਲ੍ਹਾ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਜਿਸ ਗ੍ਰਿਹਿ ਹੋਵੇ ਰੁਸ਼ਨਾਈਆ । ਸਤਿਗੁਰ ਸੰਗਤ ਸਾਜਣ ਮੀਤ, ਮਿਤ੍ਰ ਪਿਆਰਾ ਹਰਿ ਹਰਿ ਨਜ਼ਰੀ ਆਈਆ । ਸਤਿ ਧਰਮ ਦੀ ਸਾਂਝੀ ਕਰ ਕੇ ਰੀਤ, ਰੀਤੀਵਾਨ ਦਏ ਵਡਿਆਈਆ । ਝਗੜਾ ਮੁਕਾ ਕੇ ਹਸਤ ਕੀਟ, ਊਚ ਨੀਚ ਰਾਓ ਰੰਕ ਇਕੋ ਦਰ ਬਹਾਈਆ । ਏਕਾ ਧਾਮ ਦੱਸ ਅਨਡੀਠ, ਸਚਖੰਡ ਦਵਾਰਾ ਦਏ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਨਿਰਗੁਣ ਕਰ ਪ੍ਰੀਤ, ਪ੍ਰੀਤਮ ਹੋ ਕੇ ਤੋੜ ਨਿਭਾਈਆ । ਹਰਿਸੰਗਤ ਸਤਿਗੁਰ ਕਾਇਆ ਰੱਖੇ ਠਾਂਡੀ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਮਨ ਕਲਪਣਾ ਕਰ ਕੇ ਭੈ ਭੀਤ, ਭਾਂਡਾ ਭਰਮ ਦਏ ਭੰਨਾਈਆ । ਸਾਚੇ ਨਾਮ ਦੀ ਕਰ ਨਸੀਹਤ, ਅਸਲ ਵਸਲ ਇਕ ਵਖਾਈਆ । ਸਚ ਦਵਾਰਿਉਂ ਬਦਲਣ ਨਾ ਦੇਵੇ ਕਦੇ ਤਬੀਅਤ, ਤਬੀਬ ਹੋ ਕੇ ਵੇਖ ਵਖਾਈਆ । ਧਰਮ ਪਿਆਰ ਦੋਹਾਂ ਦੀ ਸਾਂਝੀ ਸਚ ਮਲਕੀਅਤ, ਕ਼ੀਮਤ ਅਵਰ ਨਾ ਕੋਇ ਰਖਾਈਆ । ਸਤਿਗੁਰ ਸੰਗਤ ਕਿਸੇ ਦੀ ਬਦਲਣ ਨਾ ਦੇਵੇ ਅੰਦਰੋਂ ਨੀਅਤ, ਵਿਕਾਰ ਹੰਕਾਰ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ

ਬਾਈਆ । ਸਤਿਗੁਰ ਸੰਗਤ ਆਦਿ ਜੁਗਾਦੀ ਸੰਗ, ਮੇਲਾ ਧੁਰਦਰਗਾਹੀਆ । ਨਾਮ ਪ੍ਰੀਤੀ ਚਾੜ੍ਹੇ ਰੰਗ, ਦੁਰਮਤ ਮੈਲ ਦਏ ਧੁਵਾਈਆ । ਅਨਹਦ ਨਾਦ ਵਜਾ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਪੰਚ ਵਿਕਾਰਾ ਦੇ ਕੇ ਡੰਨ, ਡੰਕਾ ਆਪਣਾ ਨਾਮ ਸ਼ਨਵਾਈਆ । ਭੁਲੇਖਾ ਭਰਮ ਮਿਟਾਵੇ ਜੰਨ, ਭਾਂਡਾ ਭੈ ਭੌ ਭੰਨਾਈਆ । ਧੁਰ ਦਾ ਰਾਗ ਸੁਣਾ ਕੇ ਕੰਨ, ਕਾਮ ਕਰੋਧ ਲੋਭ ਮੋਹ ਹੰਕਾਰ ਵਿਕਾਰ ਦਏ ਮਿਟਾਈਆ । ਨਿਰਗੁਣ ਨੂਰ ਜੋਤ ਚਾੜ੍ਹ ਕੇ ਚੰਨ, ਅੰਧ ਅੰਧੇਰਾ ਦਏ ਗੁਆਈਆ । ਸਤਿਗੁਰ ਸੰਗਤ ਮਾਤਲੋਕ ਬੇੜਾ ਬੰਨ੍ਹ, ਭਾਰ ਆਪਣੇ ਕੰਧ ਉਠਾਈਆ । ਰਾਏ ਧਰਮ ਦਾ ਲੱਗਣ ਨਾ ਦੇਵੇ ਡੰਨ, ਫਾਂਸੀ ਜਮ ਨਾ ਕੋਇ ਲਟਕਾਈਆ । ਚਿੰਤਾ ਸੋਗ ਮਿਟਾ ਕੇ ਗ਼ਮ, ਗ੍ਰਹਿ ਮੰਦਰ ਇਕ ਸੁਹਾਈਆ । ਜਿਥੇ ਨਿਰਗੁਣ ਨੂਰ ਬ੍ਰਹਮ, ਪਾਰਬ੍ਰਹਮ ਮਿਲਾਈਆ । ਸਤਿ ਸਚ ਦਾ ਹੋਵੇ ਧਰਮ, ਕੁਕਰਮ ਨਜ਼ਰ ਕੋਇ ਨਾ ਆਈਆ । ਸਚਖੰਡ ਦੁਆਰੇ ਦੇ ਕੇ ਆਪਣੀ ਸਰਨ, ਸਰਨਗਤ ਇਕ ਸਮਝਾਈਆ । ਸੰਗਤ ਸਤਿਗੁਰ ਜਗਤ ਰੀਤੀ ਕਦੇ ਨਾ ਦੇਵੇ ਮਰਨ, ਮਰ ਜੀਵਤ ਰੂਪ ਬਦਲਾਈਆ । ਸਾਚੀ ਮੰਜ਼ਲ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਦਰਗਾਹ ਸਾਚੀ ਸਚਖੰਡ ਦੁਆਰੇ ਵੜਨ, ਜੋਤੀ ਜੋਤ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਗ੍ਰਹਿ ਵਸਾਈਆ । ਸਤਿਗੁਰ ਸੰਗਤ ਦੇਵੇ ਭੂਮਿਕਾ ਅਗੰਮ ਅਸਥਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਥੇ ਨਿਰਗੁਣ ਜੋਤ ਸਤਿ ਸਰੂਪ ਭਗਵਾਨ, ਪਾਰਬ੍ਰਹਮ ਬੇਪ੍ਰਵਾਹੀਆ । ਜਿਥੇ ਝੁਕਦੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਸਿਰ ਸਕੇ ਨਾ ਕੋਇ ਉਠਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੰਗਦੇ ਦਾਨ, ਖ਼ਾਲੀ ਝੋਲੀਆਂ ਰਹੇ ਭਰਾਈਆ । ਨਿਰਗੁਣ ਜੋਤ ਜੋਤੀ ਜੋਤ ਜਗੇ ਮਹਾਨ, ਮਹਿੰਮਾ ਕਥ ਨਾ ਕੋਇ ਸੁਣਾਈਆ । ਸਤਿਗੁਰ ਸੰਗਤ ਦਾ ਸਦਾ ਨਿਗਾਹਬਾਨ, ਬਿਨ ਅੱਖਾਂ ਵੇਖ ਵਖਾਈਆ । ਸੁਰਤੀ ਦਾ ਸ਼ਬਦੀ ਬਣ ਕੇ ਕਾਹਨ, ਧੁਰ ਦਾ ਰਾਮ ਲਏ ਮਿਲਾਈਆ । ਅੰਤ ਰਹਿਣ ਨਾ ਦੇਵੇ ਜਮ ਕੀ ਕਾਨ, ਚਾਰੇ ਖਾਣੀ ਪੰਧ ਮੁਕਾਈਆ । ਸਚ ਦੁਆਰਾ ਦੇ ਮਕਾਨ, ਮਕ਼ਬਰਿਆਂ ਵਿਚੋਂ ਬਾਹਰ ਕਢਾਈਆ । ਸੰਗਤ ਸਤਿਗੁਰ ਸਤਿਗੁਰ ਸੰਗਤ ਸ਼ਬਦੀ ਸੁਰਤ ਸੁਰਤ ਸ਼ਬਦੀ ਇਕ ਦੂਜੇ ਦੇ ਸਦਾ ਮਹਿਮਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਵਣ ਜਾਵਣ ਜਾਵਣ ਆਵਣ ਲੋਕਮਾਤ ਵੇਖ ਵਖਾਈਆ ।



### ✻ ੧੨ ਜੇਠ ਸ਼ਹਿਨਸ਼ਾਹੀ ਸੰਮਤ ੪ ਸਰਮੈਲ ਸਿੰਘ ਜਗਜੀਤ ਸਿੰਘ ਦੇ ਗ੍ਰਹਿ ਮੇਰਠ ਕੈਂਟ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਛੱਡਿਆ ਦੀਨ ਦੁਨੀ ਦਾ ਝੇੜਾ, ਝਗੜਾ ਕੂੜ ਕੁੜਿਆਰ ਰਹਿਣ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਸ਼ਬਦੀ ਹੱਥ ਰੱਖੇ ਕਿਹੜਾ, ਅਬਿਨਾਸ਼ੀ ਕਰਤੇ ਸ੍ਰੀ ਭਗਵਾਨ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਸ਼ਾਹ ਸੁਲਤਾਨ ਨੌਜਵਾਨ ਮਰਦ ਮਰਦਾਨ ਵਕਤ ਆ ਗਿਆ ਨੇੜਾ, ਦੂਰ ਦੁਰਾਡੇ ਆਪਣਾ ਪੜਦਾ ਦੇਣਾ ਉਠਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗੰਬਰ ਤੇਰਾ ਭਾਣਾ ਮੋੜੇ ਕਿਹੜਾ, ਸੀਸ ਜਗਦੀਸ਼ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਕਾਇਆ ਮਾਟੀ ਹਾਟੀ ਵੇਖ ਮਨੁੱਖੀ ਖੇੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਵ ਅਭੇਦਾ ਆਪ ਖੁਲ੍ਹਾਈਆ । ਸਤਿ ਧਰਮ ਵਿਚ ਰਿਹਾ ਨਾ ਕੋਇ ਗੁਰੂ ਚੇਰਾ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਕਲਜੁਗ

ਕੂੜ ਵਿਕਾਰ ਵਿਭਚਾਰ ਭਰਿਆ ਬੇੜਾ, ਨਈਆ ਨੌਕਾ ਮਮਤਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਅੱਗੇ ਅਰਜ਼ੋਈ, ਅਰਜ਼ ਬੰਦਨਾ ਇਕ ਜਣਾਈਆ । ਸਚ ਦੁਆਰ ਨਜ਼ਰ ਨਾ ਆਵੇ ਕੋਈ, ਕੋਟਾਂ ਵਿਚੋਂ ਗੁਰਮੁਖ ਰਹਿਣ ਕੋਇ ਨਾ ਪਾਈਆ । ਤੇਰਾ ਕਲਮਾ ਨਾਮ ਦਰੋਹੀ, ਤੋਬਾ ਤੋਬਾ ਸੀਸ ਝੁਕਾਈਆ । ਸਚ ਦੁਆਰੇ ਮਿਲੇ ਕਿਸੇ ਨਾ ਢੋਈ, ਚਰਨ ਕਵਲ ਨਾ ਕੋਇ ਸਰਨਾਈਆ । ਸੁਰਤੀ ਉਠੇ ਨਾ ਕੋਈ ਸੋਈ, ਸ਼ਬਦੀ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਸਾਹਿਬ ਸੱਚੇ ਸੁਲਤਾਨ, ਦਰ ਠਾਂਡੇ ਸੀਸ ਨਿਵਾਈਆ । ਸਤਿ ਰਿਹਾ ਨਾ ਧਰਮ ਈਮਾਨ, ਅਮਾਨਤ ਨਾਮ ਨਾ ਕੋਇ ਟਿਕਾਈਆ । ਹੁਕਮੇ ਅੰਦਰ ਦਿਸੇ ਨਾ ਕੋਇ ਗ਼ੁਲਾਮ, ਗ਼ੁਰਬਤ ਘਰ ਘਰ ਡੇਰਾ ਲਾਈਆ । ਛਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਵਿਗੜ ਗਿਆ ਨਿਜ਼ਾਮ, ਨੌਬਤ ਨਾਮ ਹੱਕ ਨਾ ਕੋਇ ਸੁਣਾਈਆ । ਤਨ ਵਜੂਦ ਝਗੜਾ ਕਰੇ ਮਨ ਸ਼ੈਤਾਨ, ਸ਼ਰਅ ਸ਼ਰੀਅਤ ਵਿਚ ਦੁਹਾਈਆ । ਮੰਦਰ ਸੋਹੇ ਨਾ ਕੋਇ ਹੱਕ ਮਕਾਨ, ਮਿਹਰਵਾਨ ਮਹਿਬੂਬ ਤੇਰਾ ਦਰਸ ਕੋਇ ਨਾ ਪਾਈਆ । ਬੀਸ ਬੀਸੇ ਹਰਿ ਜਗਦੀਸ਼ੇ ਅਸੀਂ ਹੋਏ ਸਰਬ ਹੈਰਾਨ, ਹੈਰਾਨੀ ਅੰਤਰ ਨਿਰੰਤਰ ਨਜ਼ਰੀ ਆਈਆ । ਸਾਚੀ ਰਹੀ ਨਾ ਕੋਈ ਸੰਤਾਨ, ਸੁਤ ਅਪਰਾਧੀ ਦੇਣ ਦੁਹਾਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਗੜ੍ਹ ਹੰਕਾਰ ਰਿਹਾ ਲਹਿਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਬੇਨੰਤੀ ਸੁਣ ਭਗਵਾਨ, ਭਗਵਨ ਏਕਾ ਏਕ ਜਣਾਈਆ । ਜੋਧੇ ਸੂਰਬੀਰ ਬਲਵਾਨ, ਮਰਦ ਮਰਦਾਨੇ ਤੇਰੀ ਓਟ ਤਕਾਈਆ । ਵਸਤ ਅਮੋਲਕ ਦੇ ਦਾਨ, ਧੁਰ ਦੀ ਦਾਤ ਝੋਲੀ ਪਾਈਆ । ਸਤਿਜੁਗ ਸਾਚਾ ਆਪ ਉਠਾ ਨੌਜਵਾਨ, ਪੁਸ਼ਤ ਪਨਾਹ ਬੇਪ੍ਰਵਾਹ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਿਰਗੁਣ ਨਿਰਗੁਣ ਦੱਸ ਸਾਚਾ ਕਲਮਾ ਕਲਾਮ, ਕਾਇਨਾਤ ਇਕੋ ਘਰ ਕਰ ਪੜ੍ਹਾਈਆ । ਤੇਰੀ ਮੰਜ਼ਲ ਮਹਿਬੂਬ ਹੋਈ ਆਸਾਨ, ਬੇਪਹਿਚਾਨ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਵਜਦੀ ਰਹੇ ਵਧਾਈਆ । ਪੁਰਖ ਅਕਾਲ ਕਹੇ ਮੈਂ ਆਪਣਾ ਖੇਲ ਖਿਲਾਵਾਂਗਾ । ਗੁਰ ਅਵਤਾਰ ਪੈਗ਼ੰਬਰੋ ਨੇਤਰ ਲੋਚਨ ਨੈਣ ਪੜਦਾ ਸਰਬ ਆਪ ਉਠਾਵਾਂਗਾ । ਕੂੜੀ ਕਿਰਿਆ ਜਗਤ ਵਾਸਨਾ ਮੇਟ ਮੋਹ ਅਡੰਬਰ, ਡੰਕਾ ਧੁਰ ਦਾ ਇਕ ਵਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਵਾਂਗਾ । ਕਲਜੁਗ ਕੂੜਾ ਕੂੜ ਮਿਟਾਏਗਾ । ਦੀਨ ਦਿਆਲ ਦਇਆ ਕਮਾਏਗਾ । ਸ਼ਾਹ ਪਾਤਸ਼ਾਹ ਵੇਸ ਵਟਾਏਗਾ । ਰਹਿਬਰ ਹੋ ਕੇ ਫੇਰਾ ਪਾਏਗਾ । ਨਿਰਗੁਣ ਨੂਰ ਜੋਤ ਡਗਮਗਾਏਗਾ । ਸ਼ਬਦ ਅਨਾਦੀ ਨਾਦ ਸੁਣਾਏਗਾ । ਕਲਜੁਗ ਕੂੜੀ ਕਿਰਿਆ ਝਗੜਾ ਮੇਟ ਮਿਟਾਏਗਾ । ਸਾਚਾ ਆਤਮ ਪਰਮਾਤਮ ਬੋਧ ਅਗਾਧ ਦ੍ਰਿੜਾਏਗਾ । ਮਨੂਆ ਮਨ ਰਹੇ ਨਾ ਅਨਾੜੀ, ਨਿਜ਼ਾਮ ਦੀਨ ਦੁਨੀ ਬਦਲਾਏਗਾ । ਲੇਖਾ ਵੇਖ ਕੇ ਮੁੱਲਾ ਕ਼ਾਜ਼ੀ, ਕਲਮਾ ਕਾਇਨਾਤ ਸਮਝਾਏਗਾ । ਨਾਮ ਨਿਧਾਨ ਸੁਣਾਏ ਪੰਡਤ ਪਾਂਧੀ, ਪੰਧ ਪਿਛਲਾ ਆਪ ਮੁਕਾਏਗਾ । ਸ੍ਰਿਸ਼ਟੀ ਦ੍ਰਿਸ਼ਟੀ ਜਾਏ ਸਾਧੀ, ਸਦਾ ਇਕੋ ਨਾਮ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਆਪ ਪ੍ਰਗਟਾਏਗਾ । ਸਤਿਜੁਗ ਸਾਚਾ ਆਪ ਪ੍ਰਗਟਾਵਾਂਗਾ । ਦੀਨ ਦੁਨੀ ਵੇਖ ਵਖਾਵਾਂਗਾ । ਰਿਖੀ ਮੁਨੀ ਝਗੜਾ

ਆਪ ਚੁਕਾਵਾਂਗਾ । ਬਣ ਕੇ ਗਹਿਰ ਗੰਭੀਰ ਗੁਣੀ, ਗੁਣਵੰਤਾ ਸੋਭਾ ਪਾਵਾਂਗਾ । ਭਾਗ ਲਗਾ ਕੇ ਕਾਇਆ ਕੁੱਲੀ, ਸੰਤ ਸੁਹੇਲੇ ਆਪ ਜਗਾਵਾਂਗਾ । ਦੇ ਕੇ ਨਾਮ ਵਸਤ ਅਨਮੁੱਲੀ, ਅਤੋਟ ਅਤੁੱਟ ਝੋਲੀ ਭਰਾਵਾਂਗਾ । ਖੇਲ ਦੱਸ ਕੇ ਸੁਲਹਕੁਲੀ, ਕੁਲ ਮਾਲਕ ਹੋ ਕੇ ਇਕੋ ਘਰ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡਾ ਇਕ ਪ੍ਰਗਟਾਵਾਂਗਾ । ਦਰ ਠਾਂਡਾ ਇਕ ਪ੍ਰਗਟਾਏਗਾ । ਦੀਨ ਦਿਆਲ ਦਇਆ ਕਮਾਏਗਾ । ਭਗਤ ਸੁਹੇਲੇ ਮੇਲ ਮਿਲਾਏਗਾ । ਗੁਰ ਚੇਲੇ ਖੋਜ ਖੁਜਾਏਗਾ । ਕਲਜੁਗ ਕਿਰਿਆ ਕੂੜ ਗੁਆਏਗਾ । ਸਤਿ ਧਰਮ ਨਿਸ਼ਾਨ ਝੁਲਾਏਗਾ । ਸਚ ਦਵਾਰਾ ਏਕੰਕਾਰ ਇਕ ਪ੍ਰਗਟਾਏਗਾ । ਸਦਮਾ ਪਿਛਲਾ ਰਹਿਣ ਕੋਇ ਨਾ ਪਾਏਗਾ । ਕ਼ਦਮਾਂ ਉਤੇ ਦੀਨ ਦੁਨੀ ਸੀਸ ਨਿਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲ ਦੱਸ ਉਚ ਅਗੰਮ ਅਥਾਹ, ਊਚੋ ਊਚ ਪਦਵੀ ਇਕ ਦ੍ਰਿੜਾਏਗਾ । ਊਚੋ ਊਚ ਪਦਵੀ ਇਕ ਦ੍ਰਿੜਾਵਾਂਗਾ । ਗੁਰ ਅਵਤਾਰ ਪੈਗ਼ੰਬਰ ਸਚ ਦੁਆਰੇ ਨਾਲ ਰਖਾਵਾਂਗਾ । ਚਾਰ ਕੁੰਟ ਦਹਿ ਦਿਸ਼ਾ ਕਰ ਕੇ ਮਿਹਰ ਨਜ਼ਰ, ਨਜ਼ਰੀਆ ਸਭ ਦਾ ਆਪ ਬਦਲਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਕੇ ਗ਼ਦਰ, ਗਹਿਰ ਗੰਭੀਰ ਹੋ ਕੇ ਆਪਣਾ ਰੰਗ ਰੰਗਾਵਾਂਗਾ । ਸਤਿਜੁਗ ਤੇਰੀ ਆਸਾ ਮਨਸਾ ਪੂਰੀ ਕਰ ਕੇ ਸੱਧਰ, ਸਦਕੇ ਵਾਰੀ ਘੋਲ ਘੁਮਾਵਾਂਗਾ । ਸਚਖੰਡ ਤੇਰਾ ਕਰ ਕੇ ਕਦਰ, ਕਲਜੁਗ ਕ਼ਤਲਗਾਹ ਵਿਚੋਂ ਹਰਿਜਨ ਸਾਚੇ ਪਾਰ ਲੰਘਾਵਾਂਗਾ । ਜੁਗ ਚੌਕੜੀ ਕਰਨਹਾਰਾ ਅਦਲ, ਇਨਸਾਫ਼ ਇਕੋ ਇਕ ਪ੍ਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਰਾਗ ਢੋਲਾ ਗੀਤ ਕਲਮਾ ਕਾਇਨਾਤ ਜਣਾਵਾਂਗਾ । ਗੁਰ ਅਵਤਾਰ ਪੈਗ਼ੰਬਰੋ ਸੁਣੋ ਅਗੰਮੀ ਬਾਤ, ਹਰਿ ਕਰਤਾ ਆਪ ਦ੍ਰਿੜਾਈਆ । ਅੰਤ ਅਖ਼ੀਰੀ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਸਭ ਨੂੰ ਗੌਣੀ ਪਏ ਇਕੋ ਗਾਥ, ਤੂੰ ਮੇਰਾ ਮੈਂ ਤੇਰਾ ਦੂਜਾ ਢੋਲਾ ਅਵਰ ਨਾ ਕੋਇ ਸੁਣਾਈਆ । ਝਗੜਾ ਰਹਿਣ ਨਾ ਦੇਣਾ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਭ ਦਾ ਨਿਰਗੁਣ ਜੋਤ ਜੁੜਨਾ ਨਾਤ, ਤੱਤਾਂ ਵਾਲਾ ਅੰਕ ਨਜ਼ਰ ਕੋਇ ਨਾ ਆਈਆ । ਮਨਮੁਖਤਾ ਕੁਲੱਖਣੀ ਰਹਿਣ ਨਹੀਂ ਦੇਣੀ ਨਾਰ ਕਮਜ਼ਾਤ, ਬੁੱਧ ਬਬੇਕ ਦੇਣੀ ਬਣਾਈਆ । ਜਨ ਭਗਤਾਂ ਦ੍ਰਿਸ਼ਟੀ ਦੇਣੀ ਸਾਖਿਆਤ, ਸਵੱਛ ਸਰੂਪੀ ਆਪਣਾ ਨੂਰ ਕਰ ਰੁਸ਼ਨਾਈਆ । ਸਚਖੰਡ ਦੁਆਰ ਏਕੰਕਾਰ ਪਰਵਰਦਿਗਰ ਸਾਂਝਾ ਯਾਰ ਮੰਜ਼ਲ ਦੱਸੇ ਅਗੰਮੀ ਘਾਟ, ਕਿਨਾਰਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰਾ ਆਪ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਜਾਣਾ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਦੁਰਮਤ ਦਾਗ਼, ਪਤਤ ਪੁਨੀਤ ਦਏ ਕਰਾਈਆ । ਨਿਰਗੁਣ ਨੂਰ ਜੋਤ ਜਗਾਏ ਚਿਰਾਗ਼, ਦੀਵਾ ਬਾਤੀ ਲੋੜ ਰਹੇ ਨਾ ਰਾਈਆ । ਮਾਇਆ ਮਮਤਾ ਮੋਹ ਮਿਟਾਏ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਜੋ ਹਿਰਦੇ ਅੰਦਰ ਪਰਮ ਪੁਰਖ ਪਰਮਾਤਮ ਰਹੇ ਅਰਾਧ, ਅਦਨਾ ਆਅਲਾ ਜੋੜ ਜੁੜਾਈਆ । ਸਚ ਦੁਆਰ ਬਣਾਏ ਸਾਧ, ਸੁਰ ਧੁਰ ਦੀ ਇਕ ਸੁਣਾਈਆ । ਸ਼ਬਦ ਸੁਣਾਏ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਭਾਗ ਲਗਾ ਕੇ ਕਾਇਆ ਮਾਟੀ ਹਾਡ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਭੇਵ ਖੁਲ੍ਹਾਵੇ ਸਚ ਕਰਤਾ ਵਾਹਦ, ਵਾਹਵਾ ਵਜਦੀ ਰਹੇ ਵਧਾਈਆ ।

ਧੁਰ ਦਾ ਹੁਕਮ ਕਰੇ ਰਾਇਜ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੇ ਨਾਮ ਦਾ ਸ਼ੌਕ ਰਹੇ ਨਾ ਕੋਈ ਸ਼ਾਇਦ, ਸ਼ਨਾਖ਼ਤ ਆਪਣੀ ਦਏ ਕਰਾਈਆ । ਵਸਤ ਅਮੋਲਕ ਕਰ ਇਨਾਇਤ, ਧੁਰ ਦੀ ਦਾਤ ਝੋਲੀ ਪਾਈਆ । ਸਚ ਦੁਆਰੇ ਕਰ ਰਹਾਇਸ਼, ਪਰਦਾ ਉਹਲਾ ਆਪ ਉਠਾਈਆ । ਦੀਨ ਦੁਨੀ ਕਰ ਪੈਮਾਇਸ਼, ਲੇਖਾ ਜਾਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡੇ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਵੇਖਣਾ ਖੋਲ੍ਹ ਕੇ ਅੱਖ, ਹਰਿ ਕਰਤਾ ਆਪ ਜਣਾਈਆ । ਕਰਾਂ ਖੇਲ ਸ਼ਬਦ ਧਾਰ ਪ੍ਰਤੱਖ, ਪਾਰਬ੍ਰਹਮ ਬ੍ਰਹਮ ਲਵਾਂ ਮਿਲਾਈਆ । ਜਗਤ ਵਾਸਨਾ ਮੇਟ ਕੇ ਹੱਦ, ਹਦੂਦ ਇਕੋ ਦਿਆਂ ਸਮਝਾਈਆ । ਨਾਮ ਨਗਾਰਾ ਵਜਾਏ ਨਦ, ਜਗਤ ਨਾਦਾਨ ਦਿਆਂ ਜਗਾਈਆ । ਸੰਤ ਸੁਹੇਲੇ ਸੱਜਣ ਸੱਦ, ਸਤਿ ਦੁਆਰਾ ਦਿਆਂ ਵਖਾਈਆ । ਨਾਮ ਪਿਆਲਾ ਦੇ ਕੇ ਮਦ, ਸਚ ਖੁਮਾਰੀ ਦਿਆਂ ਚੜ੍ਹਾਈਆ । ਭਾਗ ਲਗਾ ਕੇ ਮਾਟੀ ਹੱਡ, ਕਾਇਆ ਕਾਅਬਾ ਵੱਜੇ ਵਧਾਈਆ । ਕਿਸੇ ਨੂੰ ਰਹਿਣ ਨਾ ਦੇਵਾਂ ਅਲਗ, ਵਖਰਾ ਗ੍ਰਿਹ ਨਾ ਕੋਇ ਵਸਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਇਕੋ ਨਾਮ ਲਏ ਜਪ, ਜਪ ਤਪ ਸੰਜਮ ਸੁਚ ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿਮਾ ਬੋਧ ਅਗਾਧ ਅਕਥ, ਕਰਨੀ ਰੱਖੇ ਆਪਣੇ ਹੱਥ, ਕਰਤਾ ਕੁਦਰਤ ਆਪਣੇ ਹੁਕਮ ਵਿਚ ਰਖਾਈਆ ।



## ✻ ੧੩ ਜੇਠ ਸ਼ਹਿਨਸ਼ਾਹੀ ਸੰਮਤ ੪ ਬਿਸ਼ਨ ਸਿੰਘ ਦੇ ਗ੍ਰਿਹ ਗੁੜਗਾਉਂ ✻



ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਲਹਿਣਾ ਦੇਣਾ ਤੇਰੇ ਹੱਥ ਬਾਕੀ, ਚੌਥੇ ਜੁਗ ਦਰ ਠਾਂਡੇ ਸੀਸ ਨਿਵਾਈਆ । ਲਹਿਣਾ ਦੇਣਾ ਵੇਖ ਤਨ ਵਜੂਦ ਮਾਟੀ ਖ਼ਾਕੀ, ਤ੍ਰੈ ਪੰਜ ਪੜਦਾ ਉਹਲਾ ਆਪ ਉਠਾਈਆ । ਮਨ ਵਿਕਾਰੀ ਹੰਕਾਰੀ ਹੋਇਆ ਸਭ ਤੋਂ ਆਕੀ, ਅਕਲ ਬੁੱਧੀ ਦੀ ਰਹਿਣ ਦੇਵੇ ਨਾ ਕੋਇ ਚਤੁਰਾਈਆ । ਅੰਮ੍ਰਿਤ ਜਾਮ ਦੇ ਕੇ ਬਦਲੇ ਨਾ ਕੋਇ ਹਯਾਤੀ, ਜੀਵਣ ਵਿਚ ਜੀਵਣ ਰੰਗ ਨਾ ਕੋਇ ਰੰਗਾਈਆ । ਅੰਤਰ ਨਿਰੰਤਰ ਮੰਜ਼ਲ ਚੜ੍ਹੇ ਨਾ ਕੋਇ ਘਾਟੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮਿਹਰਵਾਨ ਮਹਿਬੂਬ ਆਪਣਾ ਪੜਦਾ ਖੋਲ੍ਹ ਤਾਕੀ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸੁਆਂਤੀ ਪਿਆ ਬਣ ਕੇ ਸਾਕੀ, ਸਾਖਿਆਤ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਹਿਬ ਸਤਿਗੁਰ ਪੁਰਖ ਅਕਾਲ ਅਗੰਮ, ਅਲਖ ਅਗੋਚਰ ਅਥਾਹ ਤੇਰੀ ਵਡਿਆਈਆ । ਭਾਗ ਲਗਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਇਸ਼ਟੀ ਸ੍ਰਿਸ਼ਟੀ ਅੰਦਰੋਂ ਦੇ ਬਦਲਾਈਆ । ਕਲਜੁਗ ਕੂੜੀ ਕਿਰਿਆ ਹਰਖ ਸੋਗ ਮੇਟ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਸ਼ਬਦ ਅਨਾਦ ਸੁਣਾ ਨਾਮ ਨਿਧਾਨਾ ਏਕਾ ਕੰਨ, ਸਰਵਣ ਅੰਤਰ ਵੱਜੇ ਵਧਾਈਆ । ਪਵਣ ਸਵਾਸੀ ਸਾਹ ਸਾਹ ਲੇਖੇ ਲਾ ਦਮ, ਦਾਮਨਗੀਰ ਹੋ ਕੇ ਆਪਣਾ ਮੇਲ ਮਿਲਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਆਪਣਾ ਕਰ ਚੰਨ, ਅੰਧ ਅੰਧੇਰਾ ਸੰਝ ਸਵੇਰਾ ਇਕੋ ਦੇ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ

ਬੇਨਜ਼ੀਰ ਬੇੜਾ ਦੇ ਬੰਨ੍ਹ, ਬੰਦਗੀ ਵਿਚ ਸੱਯਦਾ ਕਰ ਕੇ ਸਾਹਿਬ ਸੁਲਤਾਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਰਬਾਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਚਾਰ ਕੁੰਟ ਵੇਖ ਕਲ ਕਾਤੀ, ਕਲਮਾ ਹੱਕ ਨਾ ਕੋਇ ਜਣਾਈਆ । ਪ੍ਰਕਾਸ਼ ਮਿਲੇ ਨਾ ਕਿਸੇ ਧੁਰ ਦੀ ਬਾਤੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਨਜ਼ਰ ਆਏ ਨਾ ਕਮਲਾਪਾਤੀ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਝਗੜਾ ਪਿਆ ਜ਼ਾਤ ਪਾਤੀ, ਸਾਚੇ ਪਤਣ ਬਹਿ ਕੇ ਚਰਨ ਧੂੜ ਇਸ਼ਨਾਨ ਇਨਸਾਨ ਕਰ ਕੋਇ ਨਾ ਪਾਈਆ । ਦੁਰਮਤ ਮੈਲ ਨਾ ਉਤਰੇ ਨ੍ਹਾਤੀ, ਅੰਤਰ ਬ੍ਰਹਮ ਪੜਦਾ ਨਾ ਕੋਇ ਉਠਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਕੂੜੀ ਕਿਰਿਆ ਮੇਟ ਬਦਮਾਸ਼ੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਏਕਾ ਨਾਮ ਸ਼ਬਦ ਧੁਨ ਦੇ ਅਨਾਦੀ, ਅਨਹਦ ਆਪਣਾ ਰਾਗ ਸੁਣਾਈਆ । ਆਤਮ ਪਰਮਾਤਮ ਹੋਏ ਵਿਸਮਾਦੀ, ਬਿਸਮਿਲ ਆਪਣਾ ਆਪ ਕਰਾਈਆ । ਬਿਨ ਤੇਰੀ ਕਿਰਪਾ ਸੋਈ ਸੁਰਤ ਕਿਸੇ ਨਾ ਜਾਗੀ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਕਿਰਪਾ ਕਰ ਪੁਰਖ ਵਡ ਭਾਗੀ, ਭਗਵਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਅੰਤ ਅਖ਼ੀਰੀ ਵੇਖ ਸੱਯਦਾ, ਸੀਸ ਜਗਦੀਸ਼ ਇਕ ਝੁਕਾਈਆ । ਭੇਵ ਪਾ ਘਰ ਘਰ ਦਾ, ਸਾਢੇ ਤਿੰਨ ਹੱਥ ਬੰਕ ਦੁਆਰਾ ਵੇਖ ਵਖਾਈਆ । ਜੋ ਸੰਤ ਸੁਹੇਲਾ ਹੋਵੇ ਤੇਰਾ ਬਰਦਾ, ਬੰਦਗੀ ਵਿਚ ਤੇਰਾ ਧਿਆਨ ਲਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਹੋਵੇ ਪੜਦਾ, ਪਾਰਬ੍ਰਹਮ ਪਤਿਪਰਮੇਸ਼ਵਰ ਪੜਦਾ ਦੇਣਾ ਉਠਾਈਆ । ਨੌਜਵਾਨ ਮਰਦ ਮਰਦਾਨ ਮੰਜ਼ਲ ਹਕੀਕੀ ਹੋਵੇ ਚੜ੍ਹਦਾ, ਜਗਤ ਦੁਆਰਾ ਕੂੜ ਕੁੜਿਆਰਾ ਪਾਰ ਕਰਾਈਆ । ਨਿਤ ਨਵਿਤ ਨਰ ਨਰਾਇਣ ਨਿਜ ਲੋਚਣ ਤੇਰਾ ਹੋਵੇ ਦਰਸ਼ਨ ਕਰਦਾ, ਆਤਮ ਬ੍ਰਹਮ ਵਜਦੀ ਰਹੇ ਵਧਾਈਆ । ਸੋ ਗੁਰਮੁਖ ਸੱਜਣ ਮੀਤ ਮੁਰਾਰ ਨਾ ਜਨਮੇ ਨਾ ਕਦੇ ਮਰਦਾ, ਅੰਤਮ ਜੋਤੀ ਜੋਤ ਸਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦਿਆਲ ਪੁਰਖ ਅਕਾਲ ਏਕੰਕਾਰ ਵੇਖ ਲੇਖਾ ਕਲਜੁਗ ਕਲ ਦਾ, ਜੋ ਕਲਮਾ ਸਭ ਨੂੰ ਰਿਹਾ ਭੁਲਾਈਆ । ਸਾਧਾਂ ਸੰਤਾਂ ਵੇਖ ਛਲਦਾ, ਅਛਲ ਛਲਧਾਰੀ ਤੇਰਾ ਹੁਕਮ ਸੁਣਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਤਿ ਸੰਦੇਸ਼ਾ ਰਿਹਾ ਘੱਲਦਾ, ਨਾਮ ਨਿਧਾਨਾ ਇਕ ਵਰਤਾਈਆ । ਮੈਂ ਵੇਖਾਂ ਤੇਰਾ ਧਾਮ ਜਿਥੇ ਲੇਖਾ ਨਿਹਚਲ ਧਾਮ ਅਟਲ ਦਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਚਰਨ ਦਵਾਰਾ ਤੇਰਾ ਮੱਲਦਾ, ਮਾਲਕ ਖ਼ਾਲਕ ਹੋ ਕੇ ਆਪਣੀ ਗੋਦ ਉਠਾਈਆ ।

### ✻ ੧੪ ਜੇਠ ਸ਼ਹਿਨਸ਼ਾਹੀ ਸੰਮਤ ੪ ਕੈਪਟਨ ਮਹਿੰਦਰ ਸਿੰਘ ਦੇ ਗ੍ਰਿਹਿ ਦਿੱਲੀ ਕੈਂਟ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਨਾਮ ਦੇ ਦੇ ਇਕ, ਏਕੰਕਾਰ ਪਰਵਰਦਿਗਾਰ ਦਰ ਠਾਂਡੇ ਮੰਗ ਮੰਗਾਈਆ । ਚਾਰ ਜੁਗ ਭਵਿਖਤਾਂ ਵਿਚ ਲੇਖਾ ਆਏ ਲਿਖ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਚਾਰ ਵਰਨ ਬਣਾ ਅਗੰਮੀ ਸਿੱਖ, ਸਿਖਿਆ ਧੁਰ ਦੀ ਇਕ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਲਹਿਣਾ ਦੇਣਾ ਲੈ ਨਜਿੱਠ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਓਟ ਤਕਾਈਆ ।

ਮਨ ਕਲਪਨਾ ਕੂੜੀ ਕਿਰਿਆ ਸਭ ਦੀ ਜਿੱਤ, ਸ਼ਾਹ ਸੁਲਤਾਨਾ ਨੌਜਵਾਨਾ ਸਦ ਆਪਣਾ ਹੁਕਮ ਵਰਤਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਸਾਚਾ ਹਿਤ, ਹਿਤਕਾਰੀ ਨਿਰੰਕਾਰੀ ਹੋ ਕੇ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਨੂਰ ਆਵੇ ਦਿਸ, ਜੋਤੀ ਜੋਤ ਡਗਮਗਾਈਆ । ਕੂੜੀ ਕਿਰਿਆ ਬਦਲ ਦੇ ਪਿਠ, ਕਰਵਟ ਵਿਚ ਲੈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਨਾਮ ਦੀ ਇਕੋ ਹੋਵੇ ਟੇਕ, ਟਿੱਕੇ ਮਸਤਕ ਧੂੜੀ ਦੇ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਕਰ ਬਿਬੇਕ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਚਖੰਡ ਦੁਆਰ ਇਕੋ ਘਰ ਵਖਾ ਆਪਣਾ ਦੇਸ, ਦਹਿ ਦਿਸ਼ਾ ਝਗੜਾ ਦੇ ਮੁਕਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਨਜ਼ਰੀ ਆ ਇਕ ਨਰੇਸ਼, ਨਰ ਨਰਾਇਣ ਤੇਰੇ ਹੱਥ ਵੱਡੀ ਵਡਿਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤੇਰੇ ਦਰ ਤੇ ਹੋਏ ਪੇਸ਼, ਪੇਸ਼ੀਨਗੋਈ ਪਿਛਲੀ ਰਹੇ ਵਖਾਈਆ । ਸਾਡੇ ਬਦਲ ਦੇ ਲੇਖ, ਲੇਖਾ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚਾ ਦੱਸ ਦੇ ਇਕੋ ਨਾਮ, ਅਕਲ ਕਲ ਤੇਰੀ ਸਰਨਾਈਆ । ਸਚ ਪ੍ਰੀਤੀ ਦੇ ਜਾਮ, ਅਮਿਉਂ ਰਸ ਇਕ ਚਖਾਈਆ । ਸ਼ਰਅ ਜ਼ੰਜੀਰ ਕੱਟ ਗ਼ੁਲਾਮ, ਗ਼ੁਰਬਤ ਅੰਦਰੋਂ ਦੇ ਕਢਾਈਆ । ਕਿਰਪਾ ਕਰ ਵਡ ਅਮਾਮ, ਮੈਹਦੀ ਤੇਰੀ ਸਰਨਾਈਆ । ਭਾਗ ਲਗਾ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਘਰ ਸੁਆਮੀ ਮਿਲ ਰਾਮ, ਰਮਤਾ ਰਮਤਾ ਫੇਰਾ ਪਾਈਆ । ਨਜ਼ਰੀ ਆ ਇਕੋ ਕਾਹਨ, ਘਨਈਆ ਨਈਆ ਇਕ ਚਲਾਈਆ । ਵਾਹਦ ਸੁਣਾ ਕਲਮਾ ਧੁਰ ਪੈਗ਼ਾਮ, ਹਦੀਸਾਂ ਵਿਚ ਜਣਾਈਆ । ਮੰਤਰ ਸੋਹੇ ਤੇਰਾ ਸੱਚਾ ਸਤਿਨਾਮ, ਵਾਹਵਾ ਗੁਰੂ ਵਜਦੀ ਰਹੇ ਵਧਾਈਆ । ਸਾਡਾ ਅੰਤ ਅਖ਼ੀਰ ਸੱਜਦਾ ਕ਼ਬੂਲ ਕਰ ਸਲਾਮ, ਨਮਸਤੇ ਨਮੋ ਕਰ ਬੰਦਨਾ ਡੰਡਾਵਤ ਇਕ ਦ੍ਰਿੜਾਈਆ । ਤੂੰ ਦਾਤਾ ਦਾਨੀ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਸਾਚਾ ਮਾਰਗ ਦੱਸ ਆਸਾਨ, ਅਸਲ ਆਪਣਾ ਭੇਵ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਕੋਇ ਵਿਧਾਨ, ਸਤਿ ਸਚ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਓਟ ਇਕ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਚੀ ਸਿਖਿਆ ਦੇ ਸਾਖਿਆਤ, ਸਾਹਿਬ ਸਵਾਮੀ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਕਰ ਰੁਸ਼ਨਾਈਆ । ਚਾਰ ਵਰਨ ਬਣਾ ਇਕ ਜਮਾਤ, ਜੁਮਲਾ ਅੱਖਰ ਆਪਣਾ ਇਕ ਦ੍ਰਿੜਾਈਆ । ਝਗੜਾ ਰਹੇ ਨਾ ਕਾਗ਼ਜ਼ਾਤ, ਸਿਮਰਨ ਇਕੋ ਦੇਣਾ ਸਮਝਾਈਆ । ਅੰਤਰ ਪੜਦਾ ਖੋਲ੍ਹ ਰਾਜ਼, ਚਸ਼ਮ ਨੂਰ ਕਰ ਰੁਸ਼ਨਾਈਆ । ਪੰਧ ਮੁਕਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਲੇਖਾ ਦੇ ਮੁਕਾਈਆ । ਨਿਰਗੁਣ ਹੋ ਕੇ ਸਰਗੁਣ ਬਣ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਸਾਚੀ ਗਾਥ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਕੂੜ ਕਿਰਿਆ ਵਿਚੋਂ ਅਗਨੀ ਤੱਤ ਬੁਝਾ ਆਗ, ਤ੍ਰੈਗੁਣ ਲੇਖਾ ਦੇ ਮੁਕਾਈਆ । ਘਰ ਮੇਲਾ ਮੇਲ ਕੰਤ ਸੁਹਾਗ, ਸਾਹਿਬ ਸਤਿਗੁਰ ਤੇਰੀ ਓਟ ਤਕਾਈਆ । ਬਿਨ ਤੇਰੀ ਕਿਰਪਾ ਸੋਈ ਸੁਰਤ ਨਾ ਸਕੇ ਜਾਗ, ਜੀਵਣ ਜੁਗਤ ਨਾ ਕੋਇ ਜਣਾਈਆ । ਕਾਇਆ ਮਾਟੀ ਲੱਗੇ ਕੋਇ ਨਾ ਭਾਗ, ਭਗਵਨ ਦਰਸ ਕੋਇ ਨਾ ਪਾਈਆ ।

ਘਰ ਸਵਾਮੀ ਮਿਲੇ ਨਾ ਕੰਤ ਸੁਹਾਗ, ਠਾਕਰ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵੈਰਾਗ, ਵੈਰੀ ਅੰਦਰੋਂ ਦੇਣੇ ਕਢਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲੇ ਰਹੇ ਦੱਸ, ਦਸਤਗੀਰ ਤੇਰੀ ਇਕ ਸਰਨਾਈਆ । ਕਲਜੁਗ ਅੰਤ ਸਾਡਾ ਰਿਹਾ ਕੋਇ ਨਾ ਵੱਸ, ਵਸਲ ਯਾਰ ਮਿਲੇ ਨਾ ਨੂਰ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਬਦਲੀ ਸਭ ਦੀ ਅੱਖ, ਆਖ਼ਰ ਮੰਜ਼ਲ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਅੱਖਰਾਂ ਵਾਲਾ ਪੱਥਰਾਂ ਵਾਲਾ ਸ੍ਰਿਸ਼ਟੀ ਦ੍ਰਿਸ਼ਟੀ ਕਰੇ ਜਸ, ਅਨਹਦ ਨਾਦੀ ਨਾਦ ਸੁਣਨ ਕੋਇ ਨਾ ਪਾਈਆ । ਮੰਜ਼ਲ ਮਿਲੇ ਨਾ ਕੋਇ ਹਕੀਕੀ ਹੱਕ, ਦਰਗਾਹ ਸਾਚੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਾਰਬ੍ਰਹਮ ਪਤਿਪਰਮੇਸ਼ਵਰ ਸਦ ਵਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਪ੍ਰਭ ਅਨਡਿੱਠਾ, ਅਨਡਿੱਠੜੀ ਕਾਰ ਕਮਾਈਆ । ਅਸੀਂ ਸਾਰੇ ਦੇ ਗਏ ਪਿੱਛਾ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਬਿਨ ਤੇਰੇ ਜਗਤ ਜਹਾਨ ਕਰੇ ਕੋਈ ਨਾ ਰਿੱਛਾ, ਰੱਛਕ ਜਗਤ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਮੰਗਣ ਭਿੱਛਾ, ਭਿੱਖਕ ਹੋ ਕੇ ਝੋਲੀ ਡਾਹੀਆ । ਉਹਨਾਂ ਨਿਜ ਨੇਤਰ ਜੋਤ ਪ੍ਰਕਾਸ਼ ਹੋ ਕੇ ਦਿਸਾ, ਦਹਿ ਦਿਸ਼ਾ ਵਜਦੀ ਰਹੇ ਵਧਾਈਆ । ਗੋਦ ਉਠਾ ਕੇ ਦਇਆ ਕਮਾ ਕੇ ਸਿਰ ਹੱਥ ਟਿਕਾਇਆ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਦੀਨ ਦਿਆਲ ਆਪਣੀ ਦਇਆ ਕਮਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਕੋਈ ਨਾ ਜਾਣੇ ਵੱਡਾ ਨਿੱਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਵਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਦੇ ਇਕ ਸੰਦੇਸ਼ਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਰਹੇ ਕੋਈ ਨਾ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਝਗੜਾ ਮੁਕਾ ਦੇ ਗਨਪਤ ਗਨੇਸ਼ਾ, ਗਹਿਰ ਗੰਭੀਰ ਆਪਣਾ ਪੜਦਾ ਦੇਣਾ ਉਠਾਈਆ । ਸਚਖੰਡ ਵਖਾ ਏਕੰਕਾਰ ਏਕਾ ਦੇਸਾ, ਦਿਸ਼ਾ ਅਵਰ ਨਾ ਕੋਇ ਜਣਾਈਆ । ਜਿਸ ਘਰ ਵਸਦਾ ਰਹੇ ਹਮੇਸ਼ਾ, ਪੜਦਾ ਉਹਲਾ ਦੇਣਾ ਉਠਾਈਆ । ਭਗਤ ਉਧਾਰਨਾ ਤੇਰਾ ਪੇਸ਼ਾ, ਪਾਰਬ੍ਰਹਮ ਤੇਰੀ ਇਕ ਸਰਨਾਈਆ । ਤੂੰ ਨਿਰਗੁਣ ਸਰਗੁਣ ਧਾਰ ਅਗੰਮੀ ਨੇਤਾ, ਨੇਤਰਾਂ ਪਿਛੇ ਬਹਿ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਹੱਥ ਸਭ ਦੀ ਡੋਰ, ਡੋਰੀ ਤੇਰੇ ਉਤੇ ਰਖਾਈਆ । ਸਾਥੋਂ ਕਲਜੁਗ ਜੀਵ ਹੋ ਗਏ ਚੋਰ, ਚੋਰੀ ਸਭ ਦੇ ਨਾਲ ਕਮਾਈਆ । ਝਗੜਾ ਵੇਖ ਅੰਧਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਬਿਨ ਸਾਹਿਬ ਸਤਿਗੁਰ ਕੋਈ ਨਾ ਸਕੇ ਬਹੁੜ, ਬਹੁੜੀ ਬਹੁੜੀ ਕਰੇ ਖ਼ਲਕ ਖ਼ੁਦਾਈਆ । ਨਾਮ ਪ੍ਰੀਤੀ ਨਿਭਾਵੇ ਕੋਈ ਨਾ ਤੋੜ, ਅਧਵਾਟੇ ਬੈਠੇ ਰੋਵਨ ਮਾਰਨ ਧਾਹੀਆ । ਜਿਨ੍ਹਾਂ ਉਪਰ ਪੁਰਖ ਅਬਿਨਾਸ਼ੀ ਕੀਤਾ ਗ਼ੌਰ, ਪੜਦਾ ਆਪ ਚੁਕਾਈਆ । ਉਨ੍ਹਾਂ ਦਾ ਮਾਨਸ ਜਨਮ ਗਿਆ ਸੌਰ, ਸੌਹਰੇ ਪੇਈਏ ਵਜਦੀ ਰਹੇ ਵਧਾਈਆ । ਜਗਤ ਵਾਸਨਾ ਰਹੇ ਨਾ ਕੌੜ, ਮਨ ਕੂੜ ਕਲਪਣਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦੀ ਇਕੋ ਨੂਰ, ਨੂਰ ਨੁਰਾਨੇ ਸ਼ਾਹ ਸੁਲਤਾਨੇ ਨੌਜਵਾਨੇ ਮਰਦ ਮਰਦਾਨੇ ਵਾਲੀ ਦੋ ਜਹਾਨੇ ਜਹਾਂ ਤਹਾਂ ਤੇਰੀ ਆਸ ਰਖਾਈਆ ।

੨੨੪
੨੧

## ✵ ੧੪ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਦਿੱਲੀ ✵



ਭਗਤ ਦਵਾਰ ਕਹੇ ਇਹ ਕੀ ਖੇਲ ਬ੍ਰਹਿਮਣ ਗੌੜਾ, ਗਹਿਰ ਗੰਭੀਰ ਦੇਣਾ ਜਣਾਈਆ । ਕੀ ਮਾਰਗ ਤੇਰਾ ਲੰਬਾ ਚੌੜਾ, ਬੇਨਜ਼ੀਰ ਦੇਣਾ ਵਖਾਈਆ । ਕੀ ਨਿਰਗੁਣ ਸਰਗੁਣ ਧਾਰ ਲਗਾਏਂ ਪੌੜਾ, ਪਾਰਬ੍ਰਹਮ ਪਤਿਪਰਮੇਸ਼ਵਰ ਦੇਣਾ ਵਖਾਈਆ । ਕੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰ ਕੇ ਵੇਖੇਂ ਗ਼ੌਰਾ, ਗਹਿਰ ਗਵਰ ਆਪਣੀ ਅੱਖ ਖੁਲ੍ਹਾਈਆ । ਕੀ ਚਾਰ ਕੁੰਟ ਦਹਿ ਦਿਸ਼ਾ ਫਿਰੇਂ ਦੌੜਾ, ਬ੍ਰਹਿਮੰਡ ਖੰਡ ਦੋ ਜਹਾਨਾਂ ਆਪਣਾ ਪੰਧ ਮੁਕਾਈਆ । ਕੀ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇਂ ਰਸ ਮਿੱਠਾ ਕੌੜਾ, ਅੰਤਰ ਨਿਰੰਤਰ ਹੋ ਕੇ ਖੋਜ ਖੁਜਾਈਆ । ਕੀ ਬੂੰਦ ਸਵਾਂਤੀ ਅੰਮ੍ਰਿਤ ਰਸ ਦੇਵੇਂ ਨਾਮ ਨਿਧਾਨਾ ਭੋਰਾ, ਜਗਤ ਭਵਰੀ ਪਰਦਾ ਆਪ ਚੁਕਾਈਆ । ਕੀ ਸਦੀ ਚੌਧਵੀਂ ਅੰਤ ਅਖ਼ੀਰ ਲੇਖ ਮੇਰਾ ਤੇਰਾ, ਤੁਰਤ ਸੁਰਤ ਨਿਰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਪੜਦਾ ਕਹੇ ਚੁਕ ਦੇ ਮੇਰਾ ਆਂਚਲ, ਓਹਲਾ ਰਹੇ ਨਾ ਰਾਈਆ । ਭੇਵ ਖੁਲ੍ਹਾ ਦੇ ਬਾਤਨ, ਪੜਦਾਨਸ਼ੀਂ ਮੰਗ ਮੰਗਾਈਆ । ਸਾਚੇ ਹੁਕਮ ਦਾ ਦੱਸ ਮਹਾਤਮ, ਮਹਾਤਮ ਵੇਖ ਖ਼ਲਕ ਖ਼ੁਦਾਈਆ । ਧਰਮ ਰਹੇ ਨਾ ਕੋਈ ਸਨਾਤਨ, ਸਤਿ ਸਤਿ ਨਾ ਕੋਇ ਵਡਿਆਈਆ । ਕੂੜੀ ਕਿਰਿਆ ਜਗਤ ਹਾਟਨ, ਵਣਜਾਰੇ ਬੈਠੇ ਮੁਖ ਛੁਪਾਈਆ । ਥਿਰ ਦੱਸੇ ਕੋਈ ਨਾ ਆਸਨ, ਅਸਥਿਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤੇ ਤੇਰੀ ਬੇਪਰਵਾਹੀਆ । ਜਗਤ ਕਿਨਾਰਾ ਵੇਖੇ ਪਾਤਣ, ਪਤ੍ਰਿਕਾ ਚਾਰ ਜੁਗ ਦੀ ਫੋਲ ਫੁਲਾਈਆ । ਦਰ ਦਰਵੇਸ਼ ਗੁਰ ਅਵਤਾਰ ਪੈਗ਼ੰਬਰ ਆਖਨ, ਬਿਨ ਰਸਨਾ ਜਿਹਵਾ ਦੇਣ ਦੁਹਾਈਆ । ਪੂਰਾ ਕਰ ਭਵਿਖਤ ਵਾਕਨ, ਵਾਹ ਵਾਹ ਇਕੋ ਵੱਜੇ ਵਧਾਈਆ । ਤੇਰਾ ਜਲਵਾ ਨੂਰ ਹੋਵੇ ਪ੍ਰਕਾਸ਼ਨ, ਅੰਧ ਅੰਧੇਰ ਦੇਣਾ ਗਵਾਈਆ । ਕਲਜੁਗ ਕੂੜੀ ਕਿਰਿਆ ਚੁੱਕੇ ਵਾਟਨ, ਧੰਦੇ ਨਾਮ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਵੱਜੇ ਵਧਾਈਆ । ਵਧਾਈ ਕਹੇ ਮੈਂ ਵੱਜਾਂ ਮਾਤਲੋਕ, ਦੱਸਣਾ ਤੇਰਾ ਨਾਮ ਸ਼ਨਵਾਈਆ । ਨਾਮ ਸੁਣਾਵਾਂ ਧੁਰ ਸਲੋਕ, ਸੋਹਲਾ ਇਕ ਦ੍ਰਿੜਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜੋਤ ਕਰਾਂ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵਾਂ ਸੋਚ, ਸੋਚ ਸਮਝ ਦਿਆਂ ਬਦਲਾਈਆ । ਸਾਚੇ ਭਗਤਾਂ ਦੱਸ ਕੇ ਤੇਰੀ ਖੋਜ, ਖੋਜਤ ਖੋਜਤ ਵੇਖ ਵਖਾਈਆ । ਤੇਰੇ ਬ੍ਰਹਮ ਦੀ ਮਿਲੇ ਇਕੋ ਮੌਜ, ਮੁਹੱਬਤ ਵਿਚ ਧੁਰ ਦਾ ਰੰਗ ਚੜ੍ਹਾਈਆ । ਝਗੜਾ ਰਹੇ ਨਾ ਹਰਖ ਸੋਗ, ਚਿੰਤਾ ਗ਼ਮ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵਜਦੀ ਰਹੇ ਵਧਾਈਆ । ਵਧਾਈ ਕਹੇ ਮੈਂ ਦੱਸਣਾ ਵਾਧਾ, ਭੇਵ ਅਭੇਵ ਖੁਲ੍ਹਾਈਆ । ਗੁਰਮੁਖੋ ਗੋਬਿੰਦ ਪਿਤਾ ਪੁਰਖ ਅਕਾਲ ਦਾਦਾ, ਦੀਦਾ ਦਾਨਿਸਤਾ ਦੋਹਾਂ ਇਕੋ ਨੂਰ ਟਪਕਾਈਆ । ਸੁਰਤੀ ਸ਼ਬਦੀ ਖੇਲ ਜਿਸ ਨੂੰ ਕਹਿੰਦੇ ਕ੍ਰਿਸ਼ਨਾ ਰਾਧਾ, ਸੀਤਾ ਰਾਮ ਨਾਲ ਵਡਿਆਈਆ । ਜਿਸ ਦੀ ਮਹਿੰਮਾ ਗੌਂਦੇ ਵਿਚ ਰਾਗਾਂ, ਨਾਦਾਂ ਵਿਚ ਸੁਣਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਇਕੋ ਜਾਗਾ, ਜਾਗਰਤ ਕਰੇ ਸਰਬ ਲੋਕਾਈਆ । ਜਨ ਭਗਤਾਂ ਧੋਏ ਦੁਰਮਤ ਮੈਲ ਦਾਗ਼ਾ, ਪਤਤ ਪੁਨੀਤ ਕਰਾਈਆ । ਗ੍ਰਿਹਿ ਮੰਦਰ ਅੰਦਰ ਹੋਵੇ ਰਾਖਾ, ਦਿਵਸ ਰੈਣ ਵੇਖ ਵਖਾਈਆ । ਜਿਨ੍ਹਾਂ ਮੰਨਿਆ ਧੁਰ ਦਾ ਆਖਾ, ਆਖ਼ਰ ਪ੍ਰਭ ਨੂੰ ਮਿਲ ਕੇ

ਖ਼ੁਸ਼ੀ ਮਨਾਈਆ । ਕਲਜੁਗ ਕੂੜੀ ਕਿਰਿਆ ਛੱਡਕੇ ਸਾਕਾ, ਸਾਖਿਆਤ ਇਕੋ ਵੇਖ ਵਖਾਈਆ । ਜੋ ਬ੍ਰਹਿਮੰਡ ਖੰਡਾਂ ਦਾ ਆਕਾ, ਅਕਲ ਬੁੱਧੀ ਤੋਂ ਪਰੇ ਡੇਰਾ ਲਾਈਆ । ਜਿਸ ਦਾ ਖਿੱਚ ਨਾ ਸਕੇ ਕੋਈ ਖ਼ਾਕਾ, ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਓਹ ਦੇਵਣਹਾਰਾ ਸਭ ਦਾ ਬਾਕਾ, ਪੂਰਬ ਲੇਖਾ ਝੋਲੀ ਪਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤਾ, ਨਿਰਗੁਣ ਨੂਰੀ ਚੰਦ ਕਰੇ ਰੁਸ਼ਨਾਈਆ । ਜੋ ਕਲਜੁਗ ਅੰਤ ਅੰਤਰ ਬਣਿਆ ਜੋਤੀ ਜਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਵੈਰ ਨਿਰਾਕਾਰ ਨਿਰੰਕਾਰ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਦੇ ਸੱਜਦੇ, ਸੀਸ ਜਗਦੀਸ਼ ਝੁਕਾਈਆ । ਪੁਰਖ ਅਕਾਲ ਤੇਰੇ ਬਰਦੇ, ਬੰਦਗੀ ਵਿਚ ਤੇਰਾ ਬੰਧਨ ਪਾਈਆ । ਖੇਲ ਵੇਖੀਏ ਤੇਰੇ ਘਰ ਦੇ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੇ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰੇ ਕ਼ਦਮਾਂ ਤੇਰੀ ਮੰਜ਼ਲ ਚੜ੍ਹਦੇ, ਚੜ੍ਹ ਕੇ ਵੇਖਿਆ ਨੂਰ ਅਲਾਹੀਆ । ਦਰਵੇਸ਼ ਤੇਰੇ ਦਰ ਦੇ, ਦਰੇ ਦਰਬਾਰ ਮੰਗ ਮੰਗਾਈਆ । ਤੇਰੇ ਖੇਲ ਅਗੰਮੀ ਨਰ ਦੇ, ਨਰਾਇਣ ਤੇਰੀ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਲੋਕਮਾਤ ਸਾਰੇ ਵਿਚੋਂ ਕੱਢਦੇ, ਕੜੀ ਕੜੀ ਵਿਚੋਂ ਬਦਲਾਈਆ । ਸਚ ਧਰਮ ਨਿਸ਼ਾਨਾ ਇਕੋ ਗੱਡਦੇ, ਗਾਡ ਹੂ ਖ਼ੁਦਾ ਅਲਾਹ ਰਾਮ ਕ੍ਰਿਸ਼ਨ ਤੂੰਹੀ ਇਕੋ ਨੂਰ ਨਜ਼ਰੀ ਆਈਆ । ਦੀਨ ਮਜ਼੍ਹਬ ਦੇ ਝਗੜੇ ਛੱਡਦੇ, ਝਗੜਾ ਮਿਟੇ ਕੂੜ ਲੋਕਾਈਆ । ਜਨ ਭਗਤ ਸੁਹੇਲੇ ਸਦਾ ਤੇਰੇ ਦਰ ਦੇ ਬਰਦੇ, ਸਚ ਦੁਆਰੇ ਬਹਿ ਕੇ ਤੇਰਾ ਦਰਸ਼ਨ ਪਾਈਆ । ਜੰਗਲਾਂ ਵਿਚ ਕਦੇ ਨਾ ਲੱਭਦੇ, ਟਿੱਲੇ ਫਿਰਨ ਨਾ ਵਾਹੋ ਦਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਕਾਰਜ ਪੂਰੇ ਕਰੇਂ ਸਭ ਦੇ, ਹਰ ਘਟ ਥਾਂ ਵੇਖੇਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜੇ ਮੁਕਾ ਦੇ ਆਤਮ ਪਰਮਾਤਮ ਰਹਿਣੇ ਅਲਗ ਦੇ, ਵਖਰਾ ਘਰ ਸੱਥਰਾਂ ਵਾਲਾ ਨਾ ਕੋਈ ਜਣਾਈਆ ।



### ❊ ੧੯ ਜੇਠ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਦੇ ਗ੍ਰਿਹ ਭੂਪਾਲ ਸ਼ਹਿਰ ਮੱਧ ਪ੍ਰਦੇਸ਼ ❊

ਸਤਿਜੁਗ ਕਹੇ ਪ੍ਰਭ ਮੈਂ ਹਾਜ਼ਰ ਹਜ਼ੂਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਰਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੇ ਆਪਣਾ ਨੂਰ, ਨੂਰ ਨੁਰਾਨੇ ਕਰ ਰੁਸ਼ਨਾਈਆ । ਮਮਤਾ ਮੋਹ ਵਿਕਾਰ ਹੰਗਤਾ ਕਰ ਦੂਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਕਲਜੁਗ ਕੂੜ ਕੁੜਿਆਰਾ ਲੋਕਮਾਤ ਪਾਏ ਫ਼ਤੂਰ, ਫ਼ਤਵਾ ਗੁਰ ਅਵਤਾਰ ਪੈਗ਼ੰਬਰਾਂ ਉਤੇ ਲਾਈਆ । ਮਨ ਕਲਪਣਾ ਸ੍ਰਿਸ਼ਟੀ ਦ੍ਰਿਸ਼ਟੀ ਕਰੇ ਕ਼ਸੂਰ, ਸਤਿ ਸਚ ਨਜ਼ਰ ਕੋਇ ਨਾ ਆਈਆ । ਜਗਤ ਕਲਪਣਾ ਵੇਖ ਕੂੜ, ਮੇਰਾ ਅੰਤਰ ਲਏ ਅੰਗੜਾਈਆ । ਦੀਨ ਦੁਨੀ ਹੋਏ ਮੂਰਖ ਮੂੜ੍ਹ, ਬੁੱਧ ਬਬੇਕ ਨਾ ਕੋਇ ਕਰਾਈਆ । ਤੇਰੀ ਚਰਨ ਸਰਨ ਚਰਨ ਕਵਲ ਮਸਤਕ ਲੱਗੇ ਕਿਸੇ ਨਾ ਧੂੜ, ਮਸਤਕ ਟਿੱਕਾ ਖ਼ਾਕ ਨਾ ਕੋਇ ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਗੜ੍ਹ ਹੋਇਆ ਗ਼ਰੂਰ, ਗਹਿਰ ਗੰਭੀਰ ਬੇਨਜ਼ੀਰ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਬਖ਼ਸ਼ ਅਗੰਮੀ ਦਾਤ, ਦਾਤੇ ਦਾਨੀ ਤੇਰੇ ਹੱਥ ਵਡਿਆਈਆ ।

੨੨੧
੨੧

ਸਚ ਪ੍ਰੀਤੀ ਜੋੜ ਨਾਤ, ਨਾਤਾ ਬਿਧਾਤਾ ਆਪਣੇ ਨਾਲ ਰਖਾਈਆ । ਤੂੰ ਮੇਰਾ ਮੈਂ ਤੇਰਾ ਦੇ ਅਗੰਮੀ ਗਾਥ, ਸੋਹਲਾ ਢੋਲਾ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟਾਂ ਅੰਧੇਰੀ ਰਾਤ, ਸਤਿ ਧਰਮ ਸਾਚਾ ਨੂਰ ਕਰ ਰੁਸ਼ਨਾਈਆ । ਝਗੜਾ ਰਹਿਣ ਨਾ ਦੇਵਾਂ ਜ਼ਾਤ ਪਾਤ, ਦੀਨ ਮਜ਼੍ਹਬ ਏਕਾ ਰੰਗ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਬਣਾਵਾਂ ਤੇਰੇ ਦਾਸ, ਦਾਸਤਾਨ ਤੇਰੀ ਇਕ ਸੁਣਾਈਆ । ਪੜਦਾ ਲਾਹਵਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੇਰਾ ਨੂਰ ਕਰਾਂ ਰੁਸ਼ਨਾਈਆ । ਅੱਖਰਾਂ ਵਾਲਾ ਝਗੜਾ ਰਹੇ ਨਾ ਕੋਇ ਲੁਗਾਤ, ਲਗ ਮਾਤਰ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਨਿਧਾਨ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲਏ ਵਾਚ, ਵਾਸਤਕ ਤੇਰਾ ਰੰਗ ਰੰਗਾਈਆ । ਭਾਗ ਲਗਾਵਾਂ ਕਾਇਆ ਮਾਟੀ ਕਾਚ, ਕੰਚਨ ਗੜ੍ਹ ਪੰਜ ਤੱਤ ਦਿਆਂ ਬਣਾਈਆ । ਨਿਜ ਨੇਤਰ ਖੋਲ੍ਹਾਂ ਆਂਖ, ਆਖ਼ਰ ਤੇਰਾ ਮੇਲ ਮਿਲਾਈਆ । ਤਨ ਵਜੂਦ ਮਾਟੀ ਖ਼ਾਕ ਰੂਹ ਬੁਤ ਕਰਾਂ ਪਾਕ, ਪਤਤ ਪੁਨੀਤ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਪੂਰੀ ਹੋਵੇ ਆਸ, ਆਸਾ ਤ੍ਰਿਸ਼ਨਾ ਪਿਛਲੀ ਮੇਟ ਮਿਟਾਈਆ । ਲੱਖ ਚੁਰਾਸੀ ਅੰਦਰ ਵੇਖਾਂ ਤੇਰੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਵਜਦੀ ਰਹੇ ਵਧਾਈਆ । ਦੁਰਮਤ ਮੈਲ ਦੇਵਾਂ ਕਾਟ, ਕਟਾਕਸ਼ ਤੇਰਾ ਨਾਮ ਲਗਾਈਆ । ਮਨ ਕਲਪਣਾ ਕਰ ਕੇ ਘਾਤ, ਸਤਿ ਸਚ ਇਕ ਉਪਜਾਈਆ । ਚਰਨ ਪ੍ਰੀਤੀ ਦੇ ਵਿਸ਼ਵਾਸ, ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਕਲਜੁਗ ਕੂੜ ਕੁੜਿਆਰ ਖ਼ਾਲੀ ਕਰਾਂ ਲਾਸ਼, ਤੇਰਾ ਖੰਡਾ ਨਾਮ ਇਕ ਚਮਕਾਈਆ । ਧਰਨੀ ਧਰਤ ਧੌਲ ਹੋਵੇ ਪ੍ਰਕਾਸ਼, ਅੰਧ ਅੰਧੇਰਾ ਦਿਆਂ ਗਵਾਈਆ । ਸਾਚਾ ਹੁਕਮ ਦੇ ਖ਼ਾਸ, ਖ਼ਸਲਤ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਦੇ ਦੇ ਨਾਮ ਨਿਧਾਨ, ਨਿਰਗੁਣ ਨਿਰਵੈਰ ਤੇਰੀ ਸਰਨਾਈਆ । ਸਤਿ ਸਚ ਦੇ ਨਿਸ਼ਾਨ, ਨਿਸ਼ਾਨਾ ਕੂੜ ਦੇਣਾ ਬਦਲਾਈਆ । ਨਾਮ ਮੰਤਰ ਦੇ ਗਿਆਨ, ਅਗਿਆਨ ਅੰਧੇਰ ਚੁਕਾਈਆ । ਅੰਮ੍ਰਿਤ ਰਸ ਦੇ ਪੀਣ ਖਾਣ, ਝਿਰਨਾ ਨਿਝਰ ਇਕ ਝਿਰਾਈਆ । ਜੋਤੀ ਨੂਰ ਦੇ ਮਹਾਨ, ਘਰ ਘਰ ਕਰਾਂ ਰੁਸ਼ਨਾਈਆ । ਨਾਮ ਸ਼ਬਦ ਦੇ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਕਿਰਪਾ ਕਰ ਪ੍ਰਭੂ ਮਿਹਰਵਾਨ, ਮਹਿਬੂਬ ਤੇਰੀ ਸ਼ਰਨਾਈਆ । ਵਸਤ ਅਮੋਲਕ ਦੇ ਦੇ ਦਾਨ, ਦਾਤੇ ਦਾਨੀ ਤੇਰੀ ਓਟ ਤਕਾਈਆ । ਸਤਿ ਧਰਮ ਕਰਾਂ ਪ੍ਰਧਾਨ, ਜੂਠ ਝੂਠ ਰਹੇ ਨਾ ਰਾਈਆ । ਤੇਰੀ ਮੰਜ਼ਲ ਦੱਸ ਆਸਾਨ, ਰਸਤਾ ਇਕੋ ਦਿਆਂ ਵਖਾਈਆ । ਜਿਥੇ ਬੈਠੇ ਸੀਤਾ ਰਾਮ, ਗੋਪੀ ਕਾਹਨ ਸੀਸ ਝੁਕਾਈਆ । ਸੱਜਦੇ ਕਰਨ ਪੈਗ਼ੰਬਰ ਆਣ, ਈਸਾ ਮੂਸਾ ਮੁਹੰਮਦ ਧੂੜੀ ਖ਼ਾਕ ਰਮਾਈਆ । ਗੁਰੂ ਗੁਰਦੇਵ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਹੁਕਮ ਦੇ ਹੁਕਮਰਾਨ, ਸੰਦੇਸ਼ ਨਰ ਨਰੇਸ਼ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸਚਖੰਡ ਦੁਆਰ ਏਕੰਕਾਰ ਤੇਰੀ ਓਟ ਤਕਾਈਆ । ਸਤਿਜੁਗ ਕਹੇ ਪ੍ਰਭੂ ਦੇ ਦੇ ਨਾਮ ਖ਼ੁਮਾਰੀ, ਸਦ ਇਕੋ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਤੋੜਾਂ ਯਾਰੀ, ਮਿਤ੍ਰ ਪਿਆਰਾ ਇਕੋ ਦਿਆਂ ਦਰਸਾਈਆ । ਤੇਰਾ ਨਿਰਗੁਣ ਨੂਰ ਜੋਤ ਕਰਾਂ ਉਜਿਆਰੀ, ਜੋਤੀ ਜਾਤੇ ਤੇਰੀ ਬੇਪ੍ਰਵਾਹੀਆ । ਜਨ ਭਗਤਾਂ ਸਾਚੇ ਸੰਤਾਂ ਰਹੇ ਨਾ ਕੋਇ ਖ਼ੁਆਰੀ, ਖ਼ਾਲਸ ਤੇਰਾ ਰੰਗ ਰੰਗਾਈਆ । ਧੁਰ ਦਾ ਨਾਮ ਦੱਸ ਜੈਕਾਰੀ, ਜੈ ਜੈਕਾਰ ਦਿਆਂ ਕਰਾਈਆ । ਲੇਖਾ ਲੇਖ ਵੇਖ ਪੈਗ਼ੰਬਰ ਗੁਰ ਅਵਤਾਰੀ, ਪੂਰਬ ਸਭ ਦਾ ਝੋਲੀ ਪਾਈਆ ।

ਤੂੰ ਸਚਖੰਡ ਨਿਵਾਸੀ ਸ਼ਹਿਨਸ਼ਾਹ ਵਡ ਸਿਕਦਾਰੀ, ਸੀਸ ਜਗਦੀਸ਼ ਤਾਜ ਸੁਹਾਈਆ । ਕਲਜੁਗ ਅੰਤਮ ਵੇਖ ਵਾਰੀ, ਵਾਰਤਾ ਪਿਛਲੀ ਰਿਹਾ ਦੁਹਰਾਈਆ । ਬਿਨ ਤੇਰੀ ਕਿਰਪਾ ਅਗਨ ਬੁੱਝੇ ਕਿਸੇ ਨਾ ਬਹੱਤਰ ਨਾੜੀ, ਤਤਵ ਤਤ ਸਾਂਤ ਕਿਸੇ ਨਾ ਆਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਕਲਜੁਗ ਅੰਤ ਅਖ਼ੀਰ ਬੇਨਜ਼ੀਰ, ਸਤਿਜੁਗ ਕਹੇ, ਪ੍ਰਭ ਮੇਰੀ ਆਈ ਵਾਰੀ, ਵਾਰਸ ਹੋ ਕੇ ਆਪਣਾ ਹੁਕਮ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਗੰਮ ਅਪਾਰੀ, ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਲਾਹ ਕਹਿਣ ਕੋਇ ਨਾ ਪਾਈਆ ।

### ✻ ੧੮ ਜੇਠ ਸ਼ਹਿਨਸ਼ਾਹੀ ਸੰਮਤ ੪ ਭਗਤ ਸਿੰਘ ਦੇ ਗ੍ਰਿਹ ਇਟਾਰਸੀ ਮੱਧ ਪ੍ਰਦੇਸ਼ ✻

ਸਤਿਜੁਗ ਕਹੇ ਪ੍ਰਭੂ ਮੈਂ ਤੇਰੇ ਚਰਨ ਢੱਠਾ, ਨਿਉਂ ਨਿਉਂ ਚਰਨ ਕਵਲ ਮੰਗਾਂ ਸ਼ਰਨਾਈਆ । ਕਿਰਪਾ ਕਰ ਪੰਜ ਤੱਤ ਤ੍ਰੈਗੁਣ ਮਾਇਆ ਅੱਠਾਂ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਦਿਵਸ ਰੈਣ ਤੇਰੇ ਪਿਆਰ ਅੰਦਰ ਨੱਠਾਂ, ਸਤਿ ਸਤਿਵਾਦੀ ਹੋ ਕੇ ਭੱਜਾਂ ਵਾਹੋ ਦਾਹੀਆ । ਕਲਜੁਗ ਅੰਤ ਅਖ਼ੀਰ ਬੇਨੰਤੀ ਇਕੋ ਦੱਸਾਂ, ਦਹਿ ਦਿਸ਼ਾ ਵੇਖ ਭੇਖ ਜਗਤ ਲੋਕਾਈਆ । ਸਾਬਤ ਰਹੀਆਂ ਨਾ ਕਿਸੇ ਦੀਆਂ ਅੱਖਾਂ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਤਨ ਮੰਦਰ ਅੰਦਰ ਕੂੜੀਆਂ ਢੱਕਾਂ, ਪੰਚ ਵਿਕਾਰਾ ਦਏ ਦੁਹਾਈਆ । ਮੈਂ ਤੇਰਾ ਖੇਲ ਅਗੰਮੀ ਤੱਕਾਂ, ਤਾਕ਼ਤਵਰ ਤੇਰੀ ਸ਼ਰਨਾਈਆ । ਪੁਰਖ ਅਕਾਲ ਦੀਨ ਦਿਆਲ ਸ਼ਬਦੀ ਡੋਰੀ ਪਾ ਨੱਥਾਂ, ਨਰ ਨਰਾਇਣ ਆਪਣਾ ਬਲ ਪ੍ਰਗਟਾਈਆ । ਦੀਨ ਮਜ਼੍ਹਬ ਦੀਆਂ ਰਹਿਣ ਨਹੀਂ ਦੇਣੀਆਂ ਵੱਟਾਂ, ਵਾਟ ਪਿਛਲੀ ਪੰਧ ਚੁਕਾਈਆ । ਝਗੜਾ ਮੁਕੌਣਾ ਤੀਰਥ ਅੱਠਾਂ ਸੱਠਾਂ, ਤਟ ਸਰੋਵਰ ਇਕੋ ਦੇਣਾ ਸੁਹਾਈਆ । ਝਗੜਾ ਰਹਿਣ ਨਹੀਂ ਦੇਣਾ ਮੂੰਡ ਮੁੰਡਾਏ ਸੀਸ ਜੂਟ ਜਟਾਂ, ਵੈਰਾਗੀ ਤਿਆਗੀ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਸੋਧ ਦੇ ਸਭ ਦੀ ਬੁੱਧੀ, ਬੁੱਧ ਅੰਤ ਅਖ਼ੀਰ ਗਿਆ ਜਣਾਈਆ । ਜਿਸ ਵੇਲੇ ਨਿਰਗੁਣ ਧਾਰ ਆਵੇ ਗੁੱਝੀ, ਅਲਖ ਅਗੋਚਰ ਆਪਣਾ ਫੇਰਾ ਪਾਈਆ । ਜਗਤ ਵਾਸਨਾ ਰਹਿਣ ਨਾ ਦੇਵੇ ਦੂਜੀ, ਏਕੰਕਾਰ ਏਕਾ ਰੰਗ ਰੰਗਾਈਆ । ਲਹਿਣਾ ਦੇਣਾ ਮੁਕਾਵੇ ਚੌਂਹ ਜੁਗੀ, ਜਗਤ ਜੁਗੀਸ਼ਰ ਬੈਠਣ ਸੀਸ ਨਿਵਾਈਆ । ਭਾਗ ਲਗਾਵੇ ਧਰਮ ਦਵਾਰ ਸਾਢੇ ਤਿੰਨ ਹੱਥ ਝੁੱਗੀ, ਝਗੜਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਅਗੰਮੀ ਵਰ, ਅਗੰਮੜੇ ਆਪਣੀ ਦਇਆ ਕਮਾਈਆ । ਸਤਿ ਧਰਮ ਕਹੇ ਪ੍ਰਭ ਦੇ ਦੇ ਧੁਰ ਦੀ ਹਿੰਮਤ, ਹਰਿ ਹੌਸਲਾ ਦੇ ਵਧਾਈਆ । ਮੈਂ ਵੇਖਾਂ ਤੇਰੀ ਸਿੰਮਤ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਰਹਿਣ ਨਾ ਦੇਵਾਂ ਕੋਈ ਨਿੰਦਕ, ਰਸਨਾ ਜਿਹਵਾ ਸਭ ਤੇਰਾ ਨਾਮ ਧਿਆਈਆ । ਮਨ ਵਾਸਨਾ ਕਰੇ ਕੋਈ ਨਾ ਇੱਲਤ, ਇਲਮ ਆਲਮਾਂ ਉਲਮਾ ਹੋ ਕੇ ਦਿਆਂ ਪੜ੍ਹਾਈਆ । ਜਨ ਭਗਤਾਂ ਮੇਟ ਕੇ ਸਗਲੀ ਚਿੰਤਕ, ਸਾਂਤਕ ਸਤਿ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਵੱਜੇ ਵਧਾਈਆ । ਸਤਿਜੁਗ ਕਹੇ ਪ੍ਰਭ ਸਾਚੇ ਨਾਮ ਦੀ ਦੇ

ਦੇ ਧਾਰ, ਧਰਨੀ ਧਰਤ ਧਵਲ ਦਿਆਂ ਵਰਤਾਈਆ । ਸ੍ਰਿਸ਼ਟ ਦ੍ਰਿਸ਼ਟ ਅੰਦਰ ਪੜਦਾ ਖੋਲ੍ਹਾਂ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੋਇਆ ਰਹਿਣ ਕੋਇ ਨਾ ਪਾਈਆ । ਧੁਰ ਫ਼ਰਮਾਨੇ ਅੰਦਰ ਦੱਸਾਂ ਕਲ ਕਲਕੀ ਅਵਤਾਰ, ਇਕ ਇਕੱਲਾ ਸਚ ਮਹੱਲਾ ਏਕੰਕਾਰਾ ਇਕ ਸੁਹਾਈਆ । ਜਿਸ ਦਾ ਰਾਹ ਤਕਦੇ ਗਏ ਪੈਗ਼ੰਬਰ ਗੁਰ ਅਵਤਾਰ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਵਣਹਾਰਾ ਸਾਰ, ਮਹਾਂਸਾਰਥੀ ਆਪਣਾ ਪੜਦਾ ਆਪ ਉਠਾਈਆ । ਜਨ ਭਗਤਾਂ ਸਾਚੇ ਸੰਤਾਂ ਮੰਜ਼ਲ ਰਹਿਣ ਨਾ ਦੇਵੇ ਕੋਈ ਦੁਸ਼ਵਾਰ, ਦੂਤੀ ਦੁਸ਼ਮਣ ਦਰ ਠਾਂਡੇ ਕਾਇਆ ਮੰਦਰ ਅੰਦਰੋਂ ਬਾਹਰ ਕਢਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਮੇਲੇ ਮੀਤ ਮੁਰਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਆਪਣੇ ਘਰ ਵਸਾਈਆ । ਜਿਥੇ ਨਾ ਕੋਈ ਪੁਰਖ ਨਾ ਕੋਈ ਨਾਰ, ਜੋਤੀ ਜੋਤ ਜਗੇ ਅਗੰਮ ਅਪਾਰ, ਸਤਿ ਧਰਮ ਦੇਵੇ ਇਕ ਸਹਾਰ, ਇਕ ਇਕੱਲਾ ਵਸਣਹਾਰਾ ਨਿਹਚਲ ਧਾਮ ਅਟੱਲਾ, ਜਲਾਂ ਥਲਾਂ ਆਪਣਾ ਪੜਦਾ ਦਏ ਉਠਾਈਆ ।

## ❊ ੧੯ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਦਿਤ ਸਿੰਘ ਦੇ ਗ੍ਰਿਹ ਇਟਾਰਸੀ ਮੱਧ ਪ੍ਰਦੇਸ਼ ❊

ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦੀ ਦੱਸਾਂ ਸਾਚੀ ਜੁਗਤੀ, ਜਾਗਰਤ ਜੋਤ ਬਿਨ ਵਰਨ ਗੋਤ ਕਰਾਂ ਰੁਸ਼ਨਾਈਆ । ਅੰਤਰ ਨਿਰੰਤਰ ਸਦਾ ਖੁਲ੍ਹੀ ਰਖਾਵਾਂ ਸੁਰਤੀ, ਸ਼ਬਦ ਢੋਲਾ ਨਾਮ ਗੀਤ ਸੰਗੀਤ ਸੁਣਾਈਆ । ਧਾਰ ਪ੍ਰਗਟਾਵਾਂ ਜਣਾਵਾਂ ਖੇਲ ਸੱਚੇ ਸਤਿਗੁਰ ਦੀ, ਜੋ ਆਦਿ ਜੁਗਾਦੀ ਸਤਿ ਸਤਿਵਾਦੀ ਏਕੋ ਏਕ ਨਜ਼ਰੀ ਆਈਆ । ਜਿਸ ਦੀ ਖੇਲ ਏਥੇ ਓਥੇ ਦੋ ਜਹਾਨ ਅਗੰਮੇ ਘਰ ਦੀ, ਗ੍ਰਿਹ ਮੰਦਰ ਸਚਖੰਡ ਦੁਆਰ ਬੈਠਾ ਸੋਭਾ ਪਾਈਆ । ਜਿਸ ਦੇ ਸਿਫ਼ਤਾਂ ਵਾਲੇ ਢੋਲੇ ਸ੍ਰਿਸ਼ਟੀ ਦ੍ਰਿਸ਼ਟੀ ਮਨ ਬੁੱਧੀ ਰਸਨਾ ਜਿਹਵਾ ਪੜ੍ਹਦੀ, ਯਾਚਕ ਵਾਚਕ ਪਾਠਕ ਹੋ ਕੇ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਮੈਂ ਨਿਰਮਲ ਕਰਾਂ ਬੁੱਧੀ, ਬੰਦਨਾ ਤੇਰੀ ਇਕ ਦ੍ਰਿੜਾਈਆ । ਰਮਜ਼ ਰਹਿਣ ਨਾ ਦੇਵਾਂ ਗੁੱਝੀ, ਇਸ਼ਾਰਾ ਇਕੋ ਨਾਮ ਸਮਝਾਈਆ । ਧਾਰ ਰਹੇ ਕੋਇ ਨਾ ਦੂਜੀ, ਧਰਮ ਦਵਾਰ ਇਕ ਪ੍ਰਗਟਾਈਆ । ਭੇਵ ਚੁਕਾ ਕੇ ਵਦੀ ਸੁਦੀ, ਸਿੱਧਾ ਮਾਰਗ ਇਕ ਦਰਸਾਈਆ । ਮੰਜ਼ਲ ਦੱਸ ਹਕੀਕੀ ਉਚੀ, ਉਚ ਅਗੰਮ ਅਥਾਹ ਦਿਆਂ ਸਮਝਾਈਆ । ਆਤਮ ਪਰਮਾਤਮ ਲਗਾ ਕੇ ਰੁਚੀ, ਰਚਨਾ ਤੇਰੀ ਦਿਆਂ ਵਖਾਈਆ । ਜਨ ਭਗਤ ਸੁਹੇਲਾ ਵਿਛੋੜੇ ਵਿਚ ਰਹੇ ਕੋਇ ਨਾ ਦੁਖੀ, ਦਰਦੀ ਹੋ ਕੇ ਦਰਦੀਆਂ ਵੰਡ ਵੰਡਾਈਆ । ਭਾਗ ਲਗਾਵਾਂ ਕਾਇਆ ਮਾਟੀ ਤਨ ਵਜੂਦ ਕੁਟੀ, ਕੂੜ ਕੁਟੰਬ ਅੰਦਰੋਂ ਦਿਆਂ ਕਢਾਈਆ । ਸੁਰਤੀ ਰਹੇ ਕੋਇ ਨਾ ਸੁੱਤੀ, ਨਾਮ ਨਿਧਾਨਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਵਜਦੀ ਰਹੇ ਵਧਾਈਆ । ਸਤਿਜੁਗ ਕਹੇ ਪ੍ਰਭ ਦੀਨ ਦੁਨੀ ਕਰਾਂ ਬਿਬੇਕ, ਪਾਰਬ੍ਰਹਮ ਬ੍ਰਹਮ ਪਰਦਾ ਦਿਆਂ ਉਠਾਈਆ । ਸਚਖੰਡ ਦਵਾਰਾ ਤੇਰੇ ਚਰਨ ਦੱਸਾਂ ਟੇਕ, ਟਿੱਕਾ ਚਰਨ ਧੂੜੀ ਮਸਤਕ ਨਾਮ ਖ਼ੁਮਾਰੀ ਇਕ ਵਖਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਦੱਸਾਂ ਏਕ, ਏਕੰਕਾਰ ਨਿਰੰਕਾਰ ਤੇਰੀ ਸਚ ਸਰਨਾਈਆ । ਕਲਜੁਗ ਕੂੜੀ ਕਿਰਿਆ ਮੇਟਾਂ ਭੇਖ, ਪਾਰਬ੍ਰਹਮ ਬ੍ਰਹਮ ਪੜਦਾ ਦਿਆਂ ਉਠਾਈਆ । ਝਗੜਾ

ਰਹਿਣ ਨਹੀਂ ਦੇਣਾ ਪੰਡਤ ਪਾਂਧਾ ਮੁੱਲਾ ਸ਼ੇਖ਼, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਕਰੇ ਨਾ ਕੋਇ ਲੜਾਈਆ । ਸਚਖੰਡ ਦਵਾਰਾ ਤੇਰਾ ਦੱਸਾਂ ਧੁਰ ਦਾ ਦੇਸ, ਦਰਗਾਹ ਸਾਚੀ ਮੁਕਾਮੇ ਹੱਕ ਜਿਥੇ ਵੱਜੇ ਹੱਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਲਜੁਗ ਕੂੜੀ ਕਿਰਿਆ ਬਦਲ ਦੇ ਰੇਖ, ਮਾਇਆ ਮਮਤਾ ਮੋਹ ਵਿਕਾਰ ਕੂੜ ਦੇਣਾ ਮਿਟਾਈਆ । ਸਤਿਜੁਗ ਕਹੇ ਧਰਮ ਦਵਾਰਾ ਤੇਰਾ ਦੇਵਾਂ ਖੋਲ੍ਹ, ਖ਼ਾਲਕ ਖ਼ਲਕ ਦਿਆਂ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਅਗੰਮਾ ਬੋਲ, ਅਨਬੋਲਤ ਤੇਰਾ ਰਾਗ ਸੁਣਾਈਆ । ਨਿਜ ਆਤਮ ਪਰਮਾਤਮ ਦਰਸਾਵਾਂ ਸਭ ਨੂੰ ਕੋਲ, ਨਿਜ ਘਰ ਬੈਠਾ ਸੋਭਾ ਪਾਈਆ । ਅਬਿਨਾਸ਼ੀ ਕਰਤੇ ਕਿਰਪਾ ਕਰ ਉਪਰ ਧੌਲ, ਧਰਨੀ ਧਰਤ ਧਵਲ ਮਿਲੇ ਮਾਣ ਵਡਿਆਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਤਤ ਬ੍ਰਹਮ ਨਿਰਗੁਣ ਧਾਰ ਜਾਣਾ ਮੌਲ, ਮੌਲਾ ਹੋ ਕੇ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਅੰਤ ਅਖ਼ੀਰੀ ਪੂਰਾ ਹੋਵੇ ਕੌਲ, ਇਕ਼ਰਾਰਨਾਮਾ ਸਭ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਕਹੇ ਮੈਂ ਕਰਾਂ ਸਾਫ਼ ਹਿਰਦਾ, ਹਰ ਹਿਰਦੇ ਤੇਰਾ ਨਾਮ ਦ੍ਰਿੜਾਈਆ । ਭਗਤ ਸੁਹੇਲਾ ਰਹੇ ਕੋਈ ਨਾ ਫਿਰਦਾ, ਫਿਰਤ ਫਿਰਤ ਤੇਰੇ ਨਾਲ ਮਿਲਾਈਆ । ਜੋ ਵਿਛੜਿਆਂ ਹੋਵੇ ਜੁਗ ਜਨਮ ਚਿਰ ਦਾ, ਜਨਮ ਜਨਮ ਦਾ ਕਰਮ ਕਰਮ ਦਾ ਲੇਖਾ ਦਿਆਂ ਬਦਲਾਈਆ । ਦਰਸ ਕਰਾਵਾਂ ਇਕੋ ਅਗੰਮੀ ਨਰ ਨਰਾਇਣ ਪਿਰ ਦਾ, ਪ੍ਰੀਤਮ ਪ੍ਰੀਤੀ ਅੰਦਰ ਤੇਰਾ ਨਾਤਾ ਦਿਆਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰਵੇਸ਼ ਹੋ ਕੇ ਅਲਖ ਜਗਾਈਆ । ਸਤਿਜੁਗ ਕਹੇ ਮੈਂ ਤੇਰਾ ਬਣਾਂ ਧਰਮ ਦੀ ਧਾਰ ਯਾਚਕ, ਯਥਾਰਥ ਤੇਰੀ ਸੇਵ ਕਮਾਈਆ । ਜਗਤ ਵਿਚਾਰ ਦਾ ਰਹਿਣ ਨਾ ਦੇਵਾਂ ਕੋਈ ਵਾਚਕ, ਵਿਦਿਆ ਧੁਰ ਦੀ ਦਿਆਂ ਸਮਝਾਈਆ । ਤਨ ਵਜੂਦ ਮਾਟੀ ਖ਼ਾਕ ਰਹੇ ਕੋਈ ਨਾ ਆਸ਼ਕ, ਆਤਮ ਪਰਮਾਤਮ ਮੇਲਾ ਮੇਲਾਂ ਸਹਿਜ ਸੁਭਾਈਆ । ਸ੍ਰਿਸ਼ਟੀ ਦ੍ਰਿਸ਼ਟੀ ਰਹੇ ਕੋਈ ਨਾ ਨਾਸਤਕ, ਆਸਤਕ ਅੰਤਰ ਨਿਰੰਤਰ ਮੇਲ ਮਿਲਾਈਆ । ਭੇਵ ਅਭੇਦ ਖੁਲ੍ਹਾਵਾਂ ਵਾਸਤਕ, ਵਿਸ਼ਵ ਵਿਸ਼ੇਸ਼ ਤੇਰਾ ਪੜਦਾ ਦਿਆਂ ਉਠਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵਾਂ ਵਰਾਸਤ, ਮਾਇਆ ਮਮਤਾ ਮੋਹ ਮਿਟਾਈਆ । ਮੇਰੀ ਬੇਨੰਤੀ ਮੰਜ਼ੂਰ ਕਰ ਦਰਖ਼ਾਸਤ, ਅਰਜ਼ ਆਰਜ਼ੂ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮੇਰੀ ਮਨਸਾ ਮੇਰੀ ਖ਼ਾਹਸ਼ ਤੇਰੇ ਅੱਗੇ ਕਰੇ ਸਫ਼ਾਰਸ਼, ਇਬਾਰਤ ਵਿਚ ਹੁਕਮ ਆਪਣਾ ਦੇ ਜਣਾਈਆ ।

### ❊ ੨੦ ਜੇਠ ਸ਼ਹਿਨਸ਼ਾਹੀ ਸੰਮਤ ੪ ਕੌੜਾ ਮਲ ਸਦਨ ਮਲ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼ ❊

ਸਤਿਜੁਗ ਕਹੇ ਪ੍ਰਭ ਆਪਣਾ ਭਗਤ ਬਣਾਈਂ ਚੰਗਾ, ਚਾਰ ਜੁਗ ਦਾ ਕਾਲਖ ਟਿੱਕਾ ਦੇਣਾ ਮਿਟਾਈਆ । ਤੇਰੇ ਨੂਰ ਵਿਚੋਂ ਉਪਜਿਆ ਹੋਵੇ ਬੰਦਾ, ਬੰਦਗੀ ਆਪਣੀ ਦੇਣੀ ਸਮਝਾਈਆ । ਮਨ ਵਾਸਨਾ ਵਿਚ ਰਹੇ ਨਾ ਗੰਦਾ, ਗੰਦਗੀ ਅੰਦਰੋਂ ਦੇਣੀ ਚੁਕਾਈਆ । ਨਿਜ ਆਤਮ ਦੇ

ਕੇ ਪਰਮਾਨੰਦਾ, ਪਰਮ ਪੁਰਖ ਆਪਣਾ ਪੜਦਾ ਦੇਣਾ ਉਠਾਈਆ । ਮੰਜ਼ਲ ਪੌੜੀ ਚੜ੍ਹਾ ਅਗੰਮੀ ਡੰਡਾ, ਜਗਤ ਦਵਾਰੇ ਪੰਧ ਮੁਕਾਈਆ । ਓਸ ਦੇ ਚਰਨ ਚੁੰਮਦੀ ਹੋਵੇ ਗੰਗਾ, ਨਿਉਂ ਨਿਉਂ ਸੀਸ ਨਿਵਾਈਆ । ਤੇਰਾ ਪ੍ਰਕਾਸ਼ ਹੋਵੇ ਸੰਗਾ, ਸਗਲਾ ਸੰਗ ਵਖਾਈਆ । ਜਗਤ ਕੂੜ ਜਣਾ ਕੇ ਧੰਦਾ, ਧਰਮ ਆਪਣਾ ਦੇਣਾ ਦ੍ਰਿੜਾਈਆ । ਤਨ ਵਜੂਦ ਖ਼ਾਕੀ ਮਾਟੀ ਰਹੇ ਨਾ ਨੰਗਾ, ਓਢਣ ਸੀਸ ਜਗਦੀਸ਼ ਇਕੋ ਨਾਮ ਟਿਕਾਈਆ । ਸਚ ਦਵਾਰ ਦਰਗਾਹ ਸਾਚੀ ਬਣਾ ਆਪਣਾ ਫ਼ਰਜ਼ੰਦਾ, ਅਜ਼ੀਜ਼ ਤਮੀਜ਼ ਦੇਣੀ ਜਣਾਈਆ । ਭੇਵ ਰਹੇ ਨਾ ਹੰ ਬ੍ਰਹਮਾ, ਪਾਰਬ੍ਰਹਮ ਬ੍ਰਹਮ ਆਪਣਾ ਜੋੜ ਜੁੜਾਈਆ । ਨਾਤਾ ਤੋੜ ਕੇ ਕਾਇਆ ਮਾਟੀ ਚੰਮਾ, ਜੋਤੀ ਜੋਤ ਜੋਤ ਵਿਚ ਸਮਾਈਆ । ਪਵਣ ਸਵਾਸ ਲੇਖੇ ਲੌਣਾ ਦਮਾ, ਦਾਮਨਗੀਰ ਹੋ ਕੇ ਆਪਣਾ ਘਰ ਵਖਾਈਆ । ਜਨਮ ਮਰਨ ਦੀ ਰਹਿਣ ਨਹੀਂ ਦੇਣੀ ਤਮਅ, ਤਾਮਸ ਤ੍ਰਿਸ਼ਨਾ ਦੇਣੀ ਗਵਾਈਆ । ਹਰਖ ਸੋਗ ਮਿਟਾ ਕੇ ਗ਼ਮਾ, ਗ਼ਮਖ਼ਾਰ ਗ੍ਰਿਹਿ ਆਪਣਾ ਦੇਣਾ ਜਣਾਈਆ । ਜਿਥੇ ਤੇਰਾ ਨੂਰ ਪ੍ਰਕਾਸ਼ ਇਕੋ ਚੰਨਾ, ਸੂਰੀਆ ਚੰਨ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਜਨ ਭਗਤ ਦੇ ਆਪਣੀ ਸੋਝੀ, ਸੰਜਮ ਇਕੋ ਇਕ ਜਣਾਈਆ । ਹਉਮੇ ਦਾ ਰਹੇ ਕੋਈ ਨਾ ਰੋਗੀ, ਮਮਤਾ ਕੂੜ ਦੇਣੀ ਮਿਟਾਈਆ । ਆਪਣਾ ਖੇਲ ਵਖੌਣਾ ਚੋਜੀ, ਪ੍ਰੀਤਮ ਹੋ ਕੇ ਪ੍ਰੇਮ ਵਧਾਈਆ । ਮਨ ਕਲਪਣਾ ਰਹਿਣ ਨਾ ਦੇਣਾ ਕੋਇ ਭੋਗੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਤੇਰੇ ਪਿਆਰ ਦਾ ਬਣੇ ਸੱਚਾ ਜੋਗੀ, ਜੁਗਤ ਇਕੋ ਦੇਣੀ ਦ੍ਰਿੜਾਈਆ । ਇਕੋ ਰੰਗ ਰੰਗਾ ਕੇ ਵੇਦੀ ਸੋਢੀ, ਸ਼ੁਧ ਗੁਰਮੁਖ ਦੇਣੇ ਬਣਾਈਆ । ਪੁਰਖ ਅਕਾਲ ਚੁਕਣਾ ਗੋਦੀ, ਗੋਦਾਵਰੀ ਦਾ ਲਹਿਣਾ ਦੇਣਾ ਮੁਕਾਈਆ । ਮੇਰੇ ਧੁਰ ਦੇ ਠਾਕਰ ਮੌਜੀ, ਮਹਿਬੂਬ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਦ ਦੇਣੀ ਸਰਨਾਈਆ । ਸਤਿਜੁਗ ਕਹੇ ਪ੍ਰਭ ਭਗਤ ਬਖ਼ਸ਼ ਦੇ ਆਪਣਾ ਨੂਰ, ਜੋਤੀ ਜੋਤ ਕਰ ਰੁਸ਼ਨਾਈਆ । ਦਰਸ ਦਿਖਾ ਹਾਜ਼ਰ ਹਜ਼ੂਰ, ਹਰ ਹਿਰਦੇ ਨਜ਼ਰੀ ਆਈਆ । ਪੰਧ ਮੁਕਾ ਨੇੜਾ ਦੂਰ, ਕਾਇਆ ਮੰਦਰ ਸੋਭਾ ਪਾਈਆ । ਨਾਤਾ ਤੋੜ ਕਿਰਿਆ ਕੂੜ, ਕੂੜ ਕੁਟੰਬ ਦੇਣਾ ਛੁਡਾਈਆ । ਚਰਨ ਕਵਲ ਬਖ਼ਸ਼ ਆਪਣੀ ਧੂੜ, ਧੂਲ ਮਸਤਕ ਆਪ ਰਮਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਦੁਰਮਤ ਮੈਲ ਦੇਣੀ ਧੁਆਈਆ । ਸਾਚਾ ਮਾਰਗ ਦੱਸ ਜ਼ਰੂਰ, ਜ਼ਾਹਰ ਜ਼ਹੂਰ ਪੜਦਾ ਦੇ ਉਠਾਈਆ । ਮੈਂ ਤੇਰਾ ਹੋਵਾਂ ਮਸ਼ਕੂਰ, ਸ਼ੁਕਰੀਏ ਵਿਚ ਸੀਸ ਨਿਵਾਈਆ । ਜਨ ਭਗਤ ਰਹੇ ਨਾ ਕੋਇ ਮਗ਼ਰੂਰ, ਨਿਵਣ ਸੁ ਅੱਖਰ ਦੇਣਾ ਪੜ੍ਹਾਈਆ । ਪੰਜ ਤਤ ਨਾਮ ਧੁਨ ਵਜਦੀ ਰਹੇ ਤੰਬੂਰ, ਅਗੰਮ ਅਗੰਮੜਾ ਰਾਗ ਸੁਣਾਈਆ । ਜਨਮ ਕਰਮ ਦਾ ਬਖ਼ਸ਼ ਕ਼ਸੂਰ, ਕ਼ਿਸਮਤ ਬਦਲ ਕ਼ਿਸਮ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ । ਸਤਿਜੁਗ ਕਹੇ ਪ੍ਰਭ ਜਨ ਭਗਤਾਂ ਮੇਟ ਅੰਧੇਰਾ ਅੰਧ, ਅੰਤਰ ਨਿਰੰਤਰ ਬੂਝ ਬੁਝਾਈਆ । ਜਗਤ ਵਾਸਨਾ ਮੇਟ ਪੰਧ, ਪਾਂਧੀ ਪੰਧ ਨਾ ਕੋਇ ਵਖਾਈਆ । ਨੂਰ ਪ੍ਰਕਾਸ਼ ਦੇ ਚੰਦ, ਚੰਦ ਸੂਰਜ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਟੁੱਟੀ ਗੰਢ, ਗੰਢਣਹਾਰ ਤੇਰੀ ਵਡਿਆਈਆ । ਜਗਤ ਅਗਨੀ ਪਾ ਠੰਡ, ਸਾਂਤਕ ਸਤਿ ਸਤਿ ਵਰਤਾਈਆ । ਧੁਰ ਦਾ ਨਾਮ ਦੱਸ ਛੰਦ, ਤੂੰ ਮੇਰਾ ਮੈਂ ਤੇਰਾ ਢੋਲਾ ਇਕ ਸੁਣਾਈਆ । ਅੰਗੀਕਾਰ ਹੋ ਕੇ ਲਾ ਅੰਗ, ਅੰਗਨ ਆਪਣਾ ਇਕ ਵਖਾਈਆ । ਸਚ

ਪ੍ਰੀਤੀ ਚਾੜ੍ਹ ਰੰਗ, ਰੰਗਤ ਪਿਛਲੀ ਦੇ ਬਦਲਾਈਆ । ਮਾਣਸ ਜਨਮ ਨਾ ਹੋਵੇ ਭੰਗ, ਭਾਂਡਾ ਭਰਮ ਦੇਣਾ ਭੰਨਾਈਆ । ਹੁਕਮੇ ਅੰਦਰ ਕਰ ਪਾਬੰਦ, ਬੰਦਗੀ ਇਕੋ ਇਕ ਜਣਾਈਆ । ਕਲਜੁਗ ਅੰਤ ਅਖ਼ੀਰ ਰਿਹਾ ਲੰਘ, ਸਤਿਜੁਗ ਸਾਚਾ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਚ ਵਰ, ਸਚ ਸਵਾਮੀ ਅੰਤਰਜਾਮੀ ਦਰ ਠਾਂਡੇ ਹੋਣਾ ਸਹਾਈਆ । ਸਤਿਜੁਗ ਕਹੇ ਪ੍ਰਭ ਭਗਤਾਂ ਪੂਰੀ ਕਰ ਦੇ ਆਸਾ, ਤ੍ਰਿਸ਼ਨਾ ਤ੍ਰਿਖਾ ਦੇ ਬੁਝਾਈਆ । ਚਰਨ ਕਵਲ ਬਖ਼ਸ਼ ਭਰਵਾਸਾ, ਧਰਨੀ ਧਵਲ ਵੱਜੇ ਵਧਾਈਆ । ਲੇਖੇ ਲਾ ਪਵਣ ਸਵਾਸਾ, ਸਮਰਥ ਸਵਾਮੀ ਤੇਰੀ ਵਡਿਆਈਆ । ਤੇਰੇ ਨਾਮ ਦੀ ਗਾਵਣ ਗਾਥਾ, ਗਹਿਰ ਗੰਭੀਰ ਇਕ ਸਰਨਾਈਆ । ਤੂੰ ਦੀਨ ਦਿਆਲਾ ਨਾਥ ਅਨਾਥਾ, ਦਇਆਨਿਧ ਧੁਰਦਰਗਾਹੀਆ । ਆਦਿ ਜੁਗਾਦਿ ਜੋਤੀ ਜਾਤਾ, ਜਾਗਰਤ ਜੋਤ ਡਗਮਗਾਈਆ । ਨਿਰਗੁਣ ਧਾਰ ਪਿਤਾ ਮਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਸਤਿਜੁਗ ਕਹੇ ਪ੍ਰਭ ਸਤਿ ਸਚ ਚਲਾ ਰਾਥਾ, ਰਥ ਰਥਵਾਹੀ ਹੋ ਕੇ ਸੇਵ ਕਮਾਈਆ । ਮੈਂ ਤੇਰਾ ਬਣਾਂ ਦਾਸੀ ਦਾਸਾ, ਨਿਉਂ ਨਿਉਂ ਲਾਗਾਂ ਪਾਈਆ । ਜਨ ਭਗਤ ਮੇਰਾ ਸਾਂਝਾ ਕਰ ਸਾਕਾ, ਨਾਤਾ ਆਪਣੇ ਨਾਲ ਜੁੜਾਈਆ । ਗੁਰ ਅਵਤਾਰ ਪੈਗੰਬਰ ਹੋਵੇ ਪੂਰਾ ਭਵਿਖਤ ਵਾਕਾ, ਵਾਕਿਫ਼ਕਾਰ ਤੇਰੀ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਤੈਨੂੰ ਮੰਨੇ ਧੁਰ ਦਾ ਆਕਾ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਸਚ ਦਵਾਰ ਏਕੰਕਾਰ ਜਨ ਭਗਤ ਗ੍ਰਿਹਿ ਪ੍ਰਭ ਤੇਰੀ ਪਾਵੇ ਰਾਸਾ, ਰਸਤਾ ਵਾਬਸਤਾ ਹੋ ਕੇ ਆਪਣਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਧਰਮ ਦਾ ਖੇਲ ਤਮਾਸ਼ਾ, ਕੂੜ ਕੁਕਰਮ ਦਾ ਲੇਖਾ ਦੇਣਾ ਮਿਟਾਈਆ ।


੨੩੨ ੨੧

### ✻ ੨੦ ਜੇਠ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ਮੱਧ ਪ੍ਰਦੇਸ਼ ✻

ਸਤਿਜੁਗ ਕਹੇ ਪ੍ਰਭ ਭਗਤ ਉਧਾਰੀ, ਉਦਰ ਦਾ ਲੇਖਾ ਦੇਣਾ ਮੁਕਾਈਆ । ਤੇਰੇ ਨਾਮ ਦੇ ਹੋਣ ਪੁਜਾਰੀ, ਪੂਜਾ ਇਕੋ ਦੇਣੀ ਸਮਝਾਈਆ । ਨਿਰਗੁਣ ਨੂਰ ਜੋਤ ਤੱਕਣ ਨਿਰੰਕਾਰੀ, ਨਿਰਵੈਰ ਦਰਸ਼ਨ ਪਾਈਆ । ਸਚ ਪ੍ਰੇਮ ਦੀ ਰਹੇ ਖ਼ੁਮਾਰੀ, ਅੰਮ੍ਰਿਤ ਰਸ ਦੇਣਾ ਚਖਾਈਆ । ਆਤਮ ਪਰਮਾਤਮ ਲੱਗੇ ਯਾਰੀ, ਯਾਰਾਨੇ ਕੂੜੇ ਦੇਣੇ ਤੁੜਾਈਆ । ਸ਼ਬਦੀ ਧਾਰ ਬਣ ਲਿਖਾਰੀ, ਲੇਖਾ ਲਿਖਤ ਵਿਚ ਵਡਿਆਈਆ । ਪੂਰਬ ਕ਼ਰਜ਼ਾ ਦੇ ਉਤਾਰੀ, ਮਕ਼ਰੂਜ਼ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਰਹੇ ਨਾ ਕੋਇ ਗ਼ਦਾਰੀ, ਗਦਾਗਰਾਂ ਦਾ ਲਹਿਣਾ ਦੇਣਾ ਚੁਕਾਈਆ । ਜੋ ਮੰਗ ਮੰਗੀ ਕ੍ਰਿਸ਼ਨ ਮੁਰਾਰੀ, ਮੁਰਲੀ ਮੁਹੱਬਤ ਵਿਚ ਵਜਾਈਆ । ਜੋ ਸੀਤਾ ਆਸਾ ਰੱਖੀ ਦੁਖਿਆਰੀ, ਰਾਮ ਦਿਤੀ ਦੁਹਾਈਆ । ਜੋ ਮੂਸਾ ਚਰਨ ਛੁਹਾਈ ਦਾੜ੍ਹੀ, ਧੂੜੀ ਖ਼ਾਕ ਰਮਾਈਆ । ਜੋ ਈਸਾ ਮੰਗੀ ਵਾੜੀ, ਸੱਯਦਿਆਂ ਸੀਸ ਨਿਵਾਈਆ । ਜੋ ਮੁਹੰਮਦ ਕੀਤਾ ਇਸ਼ਾਰੀ, ਇਸ਼ਾਰਿਆਂ ਵਿਚ ਜਣਾਈਆ । ਜੋ ਨਾਨਕ ਵਖਾਇਆ ਦਰਬਾਰੀ, ਦਰਗਾਹ ਭੇਵ ਮਿਟਾਈਆ । ਜੋ ਗੋਬਿੰਦ ਪੈਜ ਸੁਆਰੀ, ਪਾਰਬ੍ਰਹਮ ਪੜਦਾ ਦੇਣਾ ਉਠਾਈਆ । ਕਲਜੁਗ ਅੰਤਮ ਤੇਰੀ ਵਾਰੀ, ਵਾਰਤਾ ਪਿਛਲੀ ਵੇਖ ਵਖਾਈਆ । ਸਤਿਜੁਗ ਕਹੇ ਮੈਂ ਚਰਨ ਕਵਲ ਕਰਾਂ ਨਿਮਸਕਾਰੀ, ਨਿਉਂ ਨਿਉਂ ਲਾਗਾਂ ਪਾਈਆ ।

ਜਨ ਭਗਤਾਂ ਸਾਚੀ ਮੰਜ਼ਲ ਜਾ ਚਾੜ੍ਹੀ, ਜਿਥੇ ਚੜ੍ਹ ਕੇ ਫੇਰ ਉਤਰ ਕੋਇ ਨਾ ਆਈਆ । ਸਦਾ ਪਿਛੇ ਰਹੀਂ ਅਗਾੜੀ, ਮਿਹਰਵਾਨ ਮਹਿਬੂਬ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਜੁਗ ਕਹੇ ਪ੍ਰਭ ਵੇਖ ਆਪਣਾ ਪਰਵਾਨਾ, ਪਰਮ ਪੁਰਖ ਧਿਆਨ ਲਗਾਈਆ । ਜਿਸ ਵਿਚ ਲੇਖਾ ਲਿਖਿਆ ਦੋ ਜਹਾਨਾਂ, ਵਿਸ਼ਨ ਬ੍ਰਹਮਾ ਸ਼ਿਵ ਦੇਣ ਗਵਾਹੀਆ । ਅਵਤਾਰ ਪੈਗ਼ੰਬਰ ਗੁਰ ਮੰਗਣ ਦਾਨਾ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਅਗੰਮ ਦੋ ਜਹਾਨਾਂ, ਜਹਾਂ ਤਹਾਂ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜੋ ਝੁਲੌਂਦੇ ਗਏ ਤੇਰਾ ਨਿਸ਼ਾਨਾ, ਨਿਸ਼ਾਨਾ ਨਿਸ਼ਾਨੇ ਨਾਲ ਬਦਲਾਈਆ । ਤੈਨੂੰ ਦੱਸਦੇ ਗਏ ਉਪਰ ਅਸਮਾਨਾਂ, ਬੇਪਹਿਚਾਨ ਨੂਰ ਖ਼ੁਦਾਈਆ । ਮੁਹੱਬਤ ਵਿਚ ਕਹਿੰਦੇ ਗਏ ਰਹਿਮਾਨਾ, ਰਹਿਮਤ ਵਿਚ ਨੂਰ ਖ਼ੁਦਾਈਆ । ਜੁਗ ਚੌਕੜੀ ਬਦਲਦਾ ਆਇਆ ਜ਼ਮਾਨਾ, ਜ਼ਾਮਨ ਪੈਗ਼ੰਬਰ ਵਿਚ ਰਖਾਈਆ । ਕਲਜੁਗ ਅੰਤਮ ਤੈਨੂੰ ਕਹਿੰਦੇ ਸਾਰੇ ਇਕ ਅਮਾਮਾ, ਆਮਦ ਆਪਣੀ ਇਕ ਜਣਾਈਆ । ਸਾਚੇ ਨਾਮ ਦਾ ਵਜਾ ਦਮਾਮਾ, ਦਾਮਨਗੀਰ ਤੇਰੀ ਵਡਿਆਈਆ । ਖੇਲ ਵੇਖ ਕਾਇਆ ਮਕਾਨਾ, ਜਗਤ ਕਾਅਬਿਆਂ ਡੇਰਾ ਢਾਹੀਆ । ਤੇਰਾ ਭਗਤ ਰਹੇ ਨਾ ਕੋਇ ਬੇਗਾਨਾ, ਗਾਣਾ ਆਪਣਾ ਦੇਣਾ ਸੁਣਾਈਆ । ਤੇਰਾ ਖੇਲ ਦੋ ਜਹਾਨਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਸਤਿਜੁਗ ਕਹੇ ਪ੍ਰਭ ਮੈਂ ਤੇਰੇ ਦਰ ਕਰਾਂ ਸਲਾਮਾ, ਨਮਸਤੇ ਨਮੋਂ ਕਹਿ ਕੇ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਿਜੁਗ ਕਹੇ ਪ੍ਰਭ ਆਪਣੀ ਧਾਰ ਕਲਾ, ਕਲਕਾਤੀ ਵੇਖ ਵਖਾਈਆ । ਤੇਰਾ ਲਹਿਣਾ ਪੂਰਾ ਹੋਣ ਵਾਲਾ ਅੱਲਾ, ਅਲਾਹ ਆਪਣਾ ਪੜਦਾ ਦੇਣਾ ਉਠਾਈਆ । ਜਗਤ ਜਹਾਨ ਛੁੱਟਣ ਵਾਲਾ ਪੱਲਾ, ਸਾਥੀ ਸੰਗ ਨਾ ਕੋਇ ਨਿਭਾਈਆ । ਜਗਤ ਵਿਕਾਰ ਚੜ੍ਹਿਆ ਦਲਾ, ਦਹਿ ਦਿਸ਼ਾ ਵੇਖ ਦੁਹਾਈਆ । ਦਵੈਤੀ ਮੇਟੇ ਕੋਇ ਨਾ ਸਲਾ, ਸੁਲਹਕੁਲ ਨਜ਼ਰ ਕੋਇ ਨਾ ਆਈਆ । ਜੋ ਸੰਦੇਸ਼ਾ ਜੁਗ ਚੌਕੜੀ ਘੱਲਾ, ਭਵਿਖਤਾਂ ਵਿਚ ਸਮਝਾਈਆ । ਓਸ ਦਾ ਸਭ ਨੂੰ ਦੇ ਦੇ ਫਲਾ, ਫਲੀਭੂਤ ਵੇਖ ਵਖਾਈਆ । ਤੇਰਾ ਜਗਤ ਜਹਾਨ ਹੋਇਆ ਝੱਲਾ, ਝਲਕ ਆਪਣੀ ਕਰ ਰੁਸ਼ਨਾਈਆ । ਤੇਰਾ ਭਗਤ ਰਹੇ ਨਾ ਇਕੱਲਾ, ਭਗਵਨ ਹੋ ਕੇ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਲੇਖਾ ਜਲਾਂ ਥਲਾਂ, ਜਲ ਥਲ ਮਹੀਅਲ ਮਹਿਬੂਬ ਹੋ ਕੇ ਮਹਿਵ ਆਪਣਾ ਪੜਦਾ ਦੇਣਾ ਉਠਾਈਆ ।



### ✻ ੨੧ ਜੇਠ ਸ਼ਹਿਨਸ਼ਾਹੀ ਸੰਮਤ ੪ ਸੁਰਿੰਦਰ ਸਿੰਘ ਦੇ ਗ੍ਰਿਹਿ ਇਟਾਰਸੀ ਮੱਧ ਪ੍ਰਦੇਸ਼ ✻

ਸਤਿਜੁਗ ਕਹੇ ਪ੍ਰਭ ਸਾਚਾ ਨਾਮ ਦੇ ਸਲੋਕ, ਸੁਲਹਕੁਲ ਤੇਰੇ ਹੱਥ ਵਡਿਆਈਆ । ਸਿਫ਼ਤਾਂ ਵਿਚ ਗਾਵਣ ਚੌਦਾਂ ਲੋਕ, ਚੌਦਾਂ ਤਬਕ ਰਾਗ ਅਲਾਈਆ । ਚੌਦਾਂ ਵਿਦਿਆ ਰਹੇ ਨਾ ਸੋਚ, ਚੌਦਸ ਚੌਦਾਂ ਚੰਦ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਮਿਟਾ ਹਰਖ ਸੋਗ, ਚਿੰਤਾ ਗ਼ਮ ਦੇਣਾ ਗੁਆਈਆ । ਹਉਮੇ ਹੰਗਤਾ ਰਹੇ ਕੋਈ ਨਾ ਰੋਗ, ਕੂੜ ਕੁੜਿਆਰਾ ਪੰਧ ਦੇਣਾ ਮੁਕਾਈਆ । ਜਨ ਭਗਤਾਂ ਕਟ ਵਿਜੋਗ, ਪੜਦਾ ਦੂਈ ਦੇਣਾ

ਉਠਾਈਆ । ਮੇਲਾ ਮੇਲ ਧੁਰ ਸੰਜੋਗ, ਆਤਮ ਪਰਮਾਤਮ ਗੰਢ ਪੁਆਈਆ । ਦੇਣੀ ਪਏ ਨਾ ਕਿਸੇ ਨੂੰ ਮੋਖ, ਮੁਫ਼ਤ ਆਪਣਾ ਰੰਗ ਰੰਗਾਈਆ । ਸਾਚੇ ਨਾਮ ਦੀ ਦੇ ਕੇ ਚੋਗ, ਚਾਰ ਵਰਨ ਬਣਾਣਾ ਭੈਣ ਭਾਈਆ । ਗੁਰਮੁਖਾਂ ਹਿਰਦਾ ਦੇਣਾ ਸੋਧ, ਵਦੀ ਸੁਦੀ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਸਤਿਜੁਗ ਕਹੇ ਪ੍ਰਭ ਸਤਿ ਦਾ ਦੇ ਗਿਆਨ, ਅਗਿਆਨ ਅੰਧੇਰਾ ਦੇ ਮਿਟਾਈਆ । ਸੁਰਤੀ ਸ਼ਬਦ ਧਰੇ ਧਿਆਨ, ਮਨ ਚੰਚਲਤਾ ਚਲੇ ਨਾ ਕੋਇ ਚਤੁਰਾਈਆ । ਸੰਤ ਸੁਹੇਲਾ ਢੋਲਾ ਗਾਣ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੂਜਾ ਨਜ਼ਰ ਕੋਇ ਨਾ ਆਈਆ । ਸ਼ਰਅ ਰਹੇ ਨਾ ਕੋਇ ਸ਼ੈਤਾਨ, ਲੇਖਾ ਪਿਛਲਾ ਦੇਣਾ ਮੁਕਾਈਆ । ਤੇਰਾ ਜਲਵਾ ਨੂਰ ਹੋਵੇ ਮਹਾਨ, ਪ੍ਰਕਾਸ਼ ਤੱਕਾਂ ਖ਼ਲਕ ਖ਼ੁਦਾਈਆ । ਤੂੰ ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨ, ਬਿਨ ਸੱਜਦੇ ਸੀਸ ਨਿਵਾਈਆ । ਸਦੀ ਚੌਧਵੀਂ ਹੋ ਮਿਹਰਵਾਨ, ਨਿਗਾਹ ਮਿਹਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਏਕਾ ਘਰ ਵਸਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦਾ ਵੱਜੇ ਡੰਕਾ, ਖ਼ਬਰ ਦੋ ਜਹਾਨ ਸੁਣਾਈਆ । ਸਵਾਧਾਨ ਕਰ ਰਾਓ ਰੰਕਾ, ਸ਼ਾਹ ਸੁਲਤਾਨ ਲੈ ਉਠਾਈਆ । ਦੀਨ ਦੁਨੀ ਦਾ ਫੇਰ ਦੇ ਮਣਕਾ, ਮਮਤਾ ਮਨ ਰਹੇ ਨਾ ਰਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇਣਾ ਸਮਝਾਈਆ । ਮਾਣ ਦਵੌਣਾ ਸਾਚੇ ਸੰਤਾ, ਜੋ ਮੰਗਣ ਤੇਰੀ ਸੱਚੀ ਸਰਨਾਈਆ । ਤੂੰ ਬੋਧ ਅਗਾਧਾ ਬਣ ਪੰਡਤਾ, ਪਾਰਬ੍ਰਹਮ ਬ੍ਰਹਮ ਨਿਰਅੱਖਰ ਸ਼ਬਦ ਕਰ ਸ਼ਨਵਾਈਆ । ਝਗੜਾ ਰਹੇ ਨਾ ਕੋਈ ਮਨ ਦਾ, ਮਨਸਾ ਮਨ ਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਡੰਕਾ ਵੱਜੇ ਤੇਰੇ ਜਸ ਦਾ, ਪੜਦਾ ਖੁਲ੍ਹ ਜਾਏ ਨੇਤਰ ਅੱਖ ਦਾ, ਪ੍ਰਤੱਖ ਸਵੱਛ ਤੇਰਾ ਨੂਰ ਨਜ਼ਰੀ ਆਈਆ ।



### ❊ ੨੨ ਜੇਠ ਸ਼ਹਿਨਸ਼ਾਹੀ ਸੰਮਤ ੪ ਟੋਪਨ ਰਾਮ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼ ❊

ਪੁਰਖ ਅਕਾਲ ਕਹੇ ਸੁਣ ਦਸਰਥ ਬੇਟੇ ਰਾਮ, ਰਮਤੇ ਦਿਆਂ ਜਣਾਈਆ । ਲਹਿਣਾ ਲੇਖਾ ਵੇਖ ਕਾਮ, ਕਰਨੀ ਦਾ ਕਰਤਾ ਆਪ ਸਮਝਾਈਆ । ਧਰਨੀ ਧਵਲ ਵੇਖ ਗਰਾਮ, ਬਿਨ ਅੱਖਾਂ ਅੱਖ ਉਠਾਈਆ । ਆਪਣੇ ਮਿਤ੍ਰ ਪਿਆਰੇ ਪਹਿਚਾਣ, ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਜਣਾਈਆ । ਪੁਰਖ ਅਕਾਲ ਕਹੇ ਵੇਖ ਬਨਬਾਸੀ ਪੰਚਬਟੀ, ਰਾਮ ਰਾਮੇ ਦਿਆਂ ਜਣਾਈਆ । ਧਰਨੀ ਧਵਲ ਕਹੇ ਜਿਥੇ ਉਦਾਸੀ ਦੀ ਹੁੰਦੀ ਸੀ ਹੱਟੀ, ਵੈਰਾਗੀ ਤਿਆਗੀ ਨਾਲ ਮਿਲਾਈਆ । ਧਰਮ ਦੀ ਕਰਦੇ ਖੱਟੀ, ਖਟਕਾ ਅੰਦਰੋਂ ਬਾਹਰ ਕਢਾਈਆ । ਇਹ ਖੇਲ ਅਗੰਮੀ ਅੱਛੀ, ਅੱਛੀ ਤਰਾ ਪ੍ਰਭੂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਪੁਰਖ ਅਕਾਲ ਕਿਹਾ ਰਾਮ ਵੇਖ ਆਪਣਾ ਟਿਕਾਣਾ, ਰਮਣੀਕ ਦਿਆਂ ਜਣਾਈਆ । ਜਿਸ ਨੂੰ ਕਹਿੰਦੇ ਬੀਆਬਾਨਾ, ਬੀਜ ਨਜ਼ਰ ਕੋਇ ਨਾ ਆਈਆ । ਹੁੰਦਾ ਸੀ ਸੁੰਞ ਮਸਾਣਾ, ਆਸਣ ਸਚ ਨਾ ਕੋਇ ਸੁਹਾਈਆ । ਖੇਲ ਅਗੰਮ ਮਹਾਨਾ, ਲੇਖ ਲਿਖਤ ਨਾ ਕੋਇ

ਵਡਿਆਈਆ । ਦੱਸੇ ਨਾ ਕੋਇ ਨਿਸ਼ਾਨਾ, ਪੜਦਾ ਸਕੇ ਨਾ ਕੋਇ ਉਠਾਈਆ । ਇਹ ਖੇਲ ਸ੍ਰੀ ਭਗਵਾਨਾ, ਪਰਮ ਪੁਰਖ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਸੁਣ ਰਾਮ ਆਰਸ, ਅਰਸ਼ੀ ਹੋ ਕੇ ਦਿਆਂ ਜਣਾਈਆ । ਧਰਨੀ ਧਰਤ ਧਵਲ ਕਰੇ ਸਫ਼ਾਰਸ਼, ਸ਼ਹਾਦਤ ਵਿਚ ਗਵਾਹੀਆ । ਸ਼ਬਦੀ ਲੇਖ ਦੱਸੇ ਇਬਾਰਤ, ਹੁਕਮੀ ਹੁਕਮ ਇਕ ਦ੍ਰਿੜਾਈਆ । ਤਿੰਨਾਂ ਕੋਲ ਹੁੰਦਾ ਸੀ ਇਕ ਪਾਰਸ, ਵੈਰਾਗੀ ਤਿਆਗੀ ਮਿਲ ਕੇ ਵੱਜੇ ਵਧਾਈਆ । ਇਕ ਦਿਨ ਅਾਂਧੀ ਆਈ ਨਾਲ ਬਾਰਸ਼, ਹਵਾ ਜ਼ੋਰ ਨਾਲ ਚਲਾਈਆ । ਮਹਾਂ ਖੇਲ ਹੋਇਆ ਭਿਆਨਕ, ਪ੍ਰਭੂ ਆਪਣਾ ਹੁਕਮ ਵਰਤਾਈਆ । ਉਨ੍ਹਾਂ ਦੀ ਰਸੈਣ ਗੁੰਮੀ ਅਚਾਨਕ, ਲੱਭਿਆਂ ਹੱਥ ਕਿਸੇ ਨਾ ਆਈਆ । ਜਿਸ ਨੂੰ ਰਖਦੇ ਹੱਥ ਅਮਾਨਤ, ਪੱਲੂ ਗਈ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੁਰਖ ਅਕਾਲ ਕਹੇ ਰਾਮ ਵੇਖ ਪਿਛਲੀ ਲੀਲਾ, ਬਿਨ ਲਾਲਚ ਦਿਆਂ ਜਣਾਈਆ । ਤੂੰ ਛੱਡ ਜਗਤ ਕਬੀਲਾ, ਭੱਜਿਆ ਵਾਹੋ ਦਾਹੀਆ । ਪੈਂਡਾ ਪੰਧ ਮੁਕਾ ਕੇ ਮੀਲਾਂ, ਕੋਸਾਂ ਯੋਜਨਾਂ ਡੇਰਾ ਢਾਹੀਆ । ਛੱਡ ਜ਼ਿਲੇ ਤਹਿਸੀਲਾਂ, ਆਇਆ ਵਾਹੋ ਦਾਹੀਆ । ਏਥੇ ਬਿਸਰਾਮ ਕੀਤਾ ਇਕ ਮਹੀਨਾ, ਸੀਆ ਲਕਸ਼ਮਣ ਨਾਲ ਵਡਿਆਈਆ । ਸੋਹਣਾ ਬਣਾਇਆ ਜੀਣਾ, ਜੀਵਣ ਜਗਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਓਧਰ ਪਾਰਸ ਗਿਆ ਗੁੰਮ, ਆਂਧੀ ਛੱਪਰ ਛੰਨ ਹਿਲਾਈਆ । ਸਾਧੂ ਤਿੰਨੇ ਰਹੇ ਘੁੰਮ, ਮਮਤਾ ਮਨ ਲਲਚਾਈਆ । ਲੈ ਗਿਆ ਕਵਣ, ਸਮਝ ਕੋਇ ਨਾ ਪਾਈਆ । ਉਡਿਆ ਕਿਹੜੀ ਪਵਣ, ਆਪਣਾ ਰੂਪ ਬਦਲਾਈਆ । ਕਿਸ ਨੇ ਕੀਤਾ ਦਮਨ, ਆਪਣੇ ਵਿਚ ਛੁਪਾਈਆ । ਖਲੋਤੇ ਵਿਚ ਚਮਨ, ਬਗ਼ੀਚਾ ਇਕ ਸੁਹਾਈਆ । ਅੰਦਰ ਨਾ ਆਵੇ ਅਮਨ, ਕਲਪਨਾ ਵਿਚ ਕੁਰਲਾਈਆ । ਪ੍ਰਭ ਦੇ ਕੋਲੋਂ ਸਾਰੇ ਮੰਗਣ, ਅੰਤਰ ਅੰਤਰ ਧਿਆਨ ਰਖਾਈਆ । ਬਿਨਾ ਪਾਰਸ ਤੋਂ ਸਾਰੇ ਹੋ ਗਏ ਨਗਨ, ਵਸਤ ਕੋਲ ਰਹੀ ਨਾ ਰਾਈਆ । ਜਾਂ ਵੇਖਿਆ ਨਿਰਗੁਣ ਜੋਤੀ ਲੱਗੀ ਜਗਣ, ਨੂਰ ਹੋਇਆ ਰੁਸ਼ਨਾਈਆ । ਤਿੰਨੇ ਹੋ ਗਏ ਮਗਨ, ਮਸਤੀ ਵਿਚ ਵਡਿਆਈਆ । ਰਾਮ ਦਾ ਕੀਤਾ ਭਜਨ, ਭਜਨ ਵਿਚ ਰਾਮ ਨਜ਼ਰੀ ਆਈਆ । ਜਿਸ ਨੇ ਅੰਤਰ ਨਿਰੰਤਰ ਪਾਰਸ ਦਾ ਵਖਾਇਆ ਵਜ਼ਨ, ਲਗ ਮਾਤਰ ਨਾ ਕੋਇ ਰਖਾਈਆ । ਕੰਬਣ ਲੱਗਾ ਬਦਨ, ਨੇਤਰ ਨੈਣ ਦੁਹਾਈਆ । ਕਿਹੜਾ ਕਰੀਏ ਯਤਨ, ਪਾਰਸ ਲੱਭੀਏ ਕਿਹੜੀ ਥਾਈਆ । ਓਧਰੋਂ ਰਾਮ ਆ ਗਿਆ, ਨੇੜੇ ਆ ਕੇ ਲੱਗਾ ਹੱਸਣ, ਤਾਲੀ ਦਿਤੀ ਵਜਾਈਆ । ਆਪਣੀ ਕਾਇਆ ਦਾ ਖੋਲ੍ਹ ਕੇ ਵੇਖੋ ਕੱਫ਼ਨ, ਪਾਰਸ ਕਿਸ ਦੇ ਅੰਦਰ ਨਜ਼ਰ ਆਈਆ । ਜਾਂ ਤਿੰਨਾਂ ਤੱਕਿਆ ਇਕ ਦੂਜੇ ਦੇ ਅੰਤਰ ਨਿਰੰਤਰ ਵੇਖਣ, ਆਪਣਾ ਨਜ਼ਰ ਕਿਸੇ ਨਾ ਆਈਆ । ਗ਼ੁੱਸੇ ਵਿਚ ਰਾਮ ਦੇ ਚਰਨਾਂ ਉਤੇ ਲੱਗੇ ਲੇਟਣ, ਰੋ ਰੋ ਦਿਤੀ ਦੁਹਾਈਆ । ਰਾਮ ਨੇ ਕਿਹਾ ਇਕ ਦੂਜੇ ਦੇ ਕੱਢੋ ਵਿਚੋਂ ਪੇਟਣ, ਸਹਿਜ ਨਾਲ ਸਮਝਾਈਆ । ਮੈਂ ਆਇਆ ਪਰਦੇਸੀ ਪਰਦੇਸਣ, ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਇਕ ਨੇ ਤੱਕਿਆ ਪਾਰਸ ਦੂਜੇ ਦੇ ਅੰਦਰ, ਸੋਹਣਾ ਨਜ਼ਰੀ ਆਈਆ । ਦੂਜੇ ਨੇ ਤੱਕਿਆ ਤੀਜੇ ਲੁਕਾਇਆ ਆਪਣੀ ਕੰਦਰ, ਬੈਠਾ ਤਨ ਵਿਚ ਛੁਪਾਈਆ । ਤੀਜੇ ਨੇ ਵੇਖਿਆ ਸਾਨੂੰ ਮੂਰਖ ਬਣਾ ਕੇ ਡੰਗਰ, ਆਪਣੇ ਪੇਟ ਰਿਹਾ ਟਿਕਾਈਆ । ਇਕ ਪਾਰਸ ਹੁਣ

ਅਸੀਂ ਤਿੰਨੇ ਲੱਗੇ ਵੰਡਣ, ਲੱਭਿਆਂ ਹੱਥ ਕਿਸੇ ਨਾ ਆਈਆ । ਇਕ ਦੂਜੇ ਨੂੰ ਲੱਗੇ ਫੰਡਣ, ਕੀਤੀ ਮਾਰ ਕੁਟਾਈਆ । ਰਾਮ ਪਰੇ ਹੋ ਕੇ ਖਲੋ ਗਿਆ ਬੂਟੇ ਕੋਲ ਚੰਦਨ, ਪਾਸਾ ਗਿਆ ਬਦਲਾਈਆ । ਜਿਸ ਵੇਲੇ ਲੜ ਲੜ ਕੇ ਲੱਗੇ ਕੰਬਣ, ਆਪਣਾ ਬਲ ਗੁਆਈਆ । ਕੁੱਟ ਕੁੱਟ ਕੇ ਲੱਗੇ ਹੰਬਣ, ਬਾਹਵਾਂ ਲਈਆਂ ਥਕਾਈਆ । ਦੰਦੀਆਂ ਲੱਗੇ ਚੱਬਣ, ਦੰਦ ਦੰਦਾਂ ਉਤੇ ਘਸਾਈਆ । ਨਿਸ਼ਾਨ ਪੈ ਗਏ ਉਤੇ ਬਦਨ, ਖੱਲ ਲਹੂ ਨਾਲ ਭਰਾਈਆ । ਗ਼ੁੱਸੇ ਵਿਚ ਲੱਗੇ ਅਗਨ, ਅਗਨੀ ਤਤ ਜਲਾਈਆ । ਇਕ ਦੂਜੇ ਨੂੰ ਲੱਗੇ ਵੱਢਣ, ਸਾਧੂ ਮਤਿ ਦਿਤੀ ਗੁਆਈਆ । ਇਕ ਦੂਜੇ ਦੇ ਪਿਛੇ ਲੱਗੇ ਭੱਜਣ, ਨੱਠਣ ਵਾਹੋ ਦਾਹੀਆ । ਇਹ ਵੇਖ ਕੇ ਸੀਤਾ ਲੱਗੀ ਹੱਸਣ, ਇਸ਼ਾਰਾ ਰਾਮ ਵਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਹੱਥ ਰਖਾਈਆ । ਰਾਮ ਕਿਹਾ ਸੀਤਾ ਕਰ ਧਿਆਨ, ਤੈਨੂੰ ਦਿਆਂ ਜਣਾਈਆ । ਇਹ ਭਗਤੀ ਵਾਲੇ ਜਵਾਨ, ਘਰ ਬਾਹਰ ਛੱਡਕੇ ਬੈਠੇ ਆਸਣ ਲਾਈਆ । ਤੂੰ ਵੇਖ ਹੋ ਹੈਰਾਨ, ਕੀ ਕੀ ਕਾਰ ਵਰਤਾਈਆ । ਇਨ੍ਹਾਂ ਅੰਦਰ ਮਮਤਾ ਦਾ ਸ਼ੈਤਾਨ, ਸਭ ਨੂੰ ਰਿਹਾ ਲੜਾਈਆ । ਕਾਇਆ ਮਾਇਆ ਦੀ ਬਣਾ ਦੁਕਾਨ, ਪਾਰਸ ਅੰਦਰ ਬੈਠੇ ਛੁਪਾਈਆ । ਕਰ ਸਕੇ ਨਾ ਕੋਇ ਪਹਿਚਾਣ, ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਸੀਤਾ ਵੇਖ ਸੰਸਾਰ ਜਗਤ, ਜਗਤ ਦਿਆਂ ਜਣਾਈਆ । ਸੀਤਾ ਕਿਹਾ ਪ੍ਰਭੂ ਜੋ ਤੇਰਾ ਨਾਮ ਜਪਦੇ ਫੇਰ ਵੀ ਤੇਰੇ ਭਗਤ, ਕਿਉਂ ਭਰਮਾਂ ਵਿਚ ਭੁਲਾਈਆ । ਜਿਨ੍ਹਾਂ ਤੇਰਾ ਤੇਰੇ ਕੋਲ ਆ ਕੇ ਕੀਤਾ ਦਰਸ, ਕਿਉਂ ਅਗਨੀ ਅੱਗ ਲਗਾਈਆ । ਕਿਉਂ ਨਹੀਂ ਕਰਦਾ ਤਰਸ, ਮਿਹਰਵਾਨ ਆਪਣੀ ਦਇਆ ਕਮਾਈਆ । ਜਿਸ ਕਾਰਨ ਰਹੇ ਭਟਕ, ਓਹ ਸੰਸਾ ਦੇ ਚੁਕਾਈਆ । ਰਾਮ ਨੇ ਤੱਕਿਆ ਉਪਰ ਅਰਸ਼, ਨਿਗਾਹ ਲਈ ਉਠਾਈਆ । ਫੇਰ ਨਿਉਂ ਕੇ ਉਪਰ ਫ਼ਰਸ਼, ਸੀਸ ਦਿਤਾ ਝੁਕਾਈਆ । ਸੀਤਾ ਇਹ ਮੇਰਾ ਨਹੀਂ ਦਿਸਦਾ ਫ਼ਰਜ਼, ਇਨ੍ਹਾਂ ਦੀ ਅੰਦਰੋਂ ਕਰਾਂ ਸਫ਼ਾਈਆ । ਤੇਰੀ ਮੰਜ਼ੂਰ ਕਰ ਕੇ ਅਰਜ਼, ਰਾਮ ਦੇ ਰਾਮ ਕੋਲ ਦਿਆਂ ਪੁਚਾਈਆ । ਜਿਸ ਵੇਲੇ ਕਲਜੁਗ ਅੰਤ ਆਪ ਆਵੇ ਉਤੇ ਧਰਤ, ਧੌਲ ਉਤੇ ਡੇਰਾ ਲਾਈਆ । ਇਨ੍ਹਾਂ ਦਾ ਲਹਿਣਾ ਦੇਵਾਂ ਲੇਖਾ ਪੂਰਾ ਕਰਾਂ ਕ਼ਰਜ਼, ਮਿਹਰਵਾਨ ਸਿਰ ਆਪਣੇ ਹੱਥ ਟਿਕਾਈਆ । ਸੀਤਾ ਕਿਹਾ ਰਾਮ ਕੀ ਖੇਲ ਦੱਸਿਆ ਅਚਰਜ, ਅਸਚਰਜ ਦੇ ਜਣਾਈਆ । ਪ੍ਰਭ ਨੂੰ ਪੈਣੀ ਗ਼ਰਜ਼, ਕਿਸ ਕਾਰਨ ਫੇਰਾ ਪਾਈਆ । ਰਾਮ ਕਿਹਾ ਉਸ ਦੇ ਕੋਲ ਜੁਗ ਜੁਗ ਭਗਤਾਂ ਦੀ ਫ਼ਰਦ, ਕਲਜੁਗ ਅੰਤ ਸਭ ਦਾ ਲੇਖਾ ਦਏ ਮੁਕਾਈਆ । ਸੀਤਾ ਫੇਰ ਕੀਤੀ ਅਰਜ਼, ਮਸਤਕ ਚਰਨਾਂ ਉਤੇ ਟਿਕਾਈਆ । ਕਿਸ ਬਿਧ ਏਥੇ ਆਵੇ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਰਾਮ ਕਿਹਾ ਲਹਿਣਾ ਦੇਣਾ ਪੂਰਾ ਕਰਨਾ ਇਹ ਉਸ ਦੀ ਆਪਣੀ ਗ਼ਰਜ਼, ਗ਼ਰਜ਼ ਸਭ ਦੀ ਵੇਖ ਵਖਾਈਆ । ਕਿਸੇ ਦਾ ਹੋਣ ਨਾ ਦੇਵੇ ਹਰਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੀਤਾ ਕਹੇ ਰਾਮ ਇਹ ਤੇਰਾ ਨਾਮ ਪੜ੍ਹਦੇ, ਨਾਲੇ ਰਾਮ ਰਾਮ ਦੁਹਾਈਆ । ਤੇਰੇ ਸਾਹਮਣੇ ਕਿਉਂ ਲੜਦੇ, ਕਿਉਂ ਪੜਦਾ ਬੈਠਾ ਪਾਈਆ । ਕਿਉਂ ਝਗੜੇ ਪੁਆਏ ਇਨ੍ਹਾਂ ਦੇ ਘਰ ਦੇ, ਕਾਇਆ ਮੰਦਰ ਅੰਦਰ ਪਾਰਸ ਇਕ ਦੂਜੇ ਦੇ ਅੰਦਰ ਦਿਤਾ ਵਖਾਈਆ । ਰਾਮ ਕਿਹਾ ਇਹ ਲਹਿਣਾ ਦੇਵੇ ਕਲਜੁਗ ਕਲ ਦੇ, ਪੁਰਖ ਅਕਾਲ ਰਿਹਾ ਦ੍ਰਿੜਾਈਆ । ਕੁਝ ਲੇਖੇ ਦਿਸਦੇ ਬਾਵਨ ਦਵਾਰੇ ਬਲ ਦੇ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਲੇਖਾ ਦੇ ਜਣਾਈਆ । ਸੀਤਾ ਕਹੇ ਰਾਮ ਇਨ੍ਹਾਂ ਨੂੰ ਦੇ ਮਤਿ, ਅਗਨੀ ਤਤ ਬੁਝਾਈਆ । ਰਾਮ ਕਿਹਾ ਤੂੰ ਵੇਖ ਮਾਰ ਝਾਤ, ਪੜਦਾ ਪੜਦੇ ਵਿਚੋਂ ਚੁਕਾਈਆ । ਜਾਂ ਤੱਕਿਆ ਕਲਜੁਗ ਦਿਸਦੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਨਾ ਕੋਇ ਚਮਕਾਈਆ । ਰਾਮ ਦਾ ਦਿਸੇ ਕੋਈ ਨਾ ਦਾਸ, ਰਮਿਆ ਰਾਮ ਨਜ਼ਰ ਕੋਇ ਨਾ ਆਈਆ । ਸਾਧ ਸੰਤ ਦਿਸੇ ਬਦਮਾਸ਼, ਬਦੀ ਸਾਰੇ ਰਹੇ ਕਮਾਈਆ । ਫੇਰ ਸੀਤਾ ਨੇ ਤੱਕਿਆ ਉਪਰ ਆਕਾਸ਼, ਨਿਗਾਹ ਨਿਗਾਹ ਵਿਚੋਂ ਬਦਲਾਈਆ । ਧੁਰ ਹੁਕਮ ਦਿਤਾ ਪੁਰਖ ਅਬਿਨਾਸ਼, ਸਚ ਸੰਦੇਸ਼ਾ ਇਕ ਜਣਾਈਆ । ਸੀਤਾ ਇਨ੍ਹਾਂ ਤਿੰਨਾਂ ਦਾ ਸ਼ਰੀਰ ਹੋਣਾ ਹੁਣ ਨਾਸ਼, ਰਾਮ ਸੁਆਸ ਸੁਆਸ ਮੇਰੇ ਵਿਚ ਟਿਕਾਈਆ । ਫੇਰ ਜਨਮ ਹੋਣਾ ਲੋਕਮਾਤ, ਕਲਜੁਗ ਅੰਤਮ ਵੇਖ ਵਖਾਈਆ । ਓਸ ਵੇਲੇ ਲਹਿਣਾ ਦੇਣਾ ਲੇਖਾ ਮੇਟਾਂ ਸਰਬ ਹਿਸਾਬ, ਗਿਣਤੀ ਗਣਤ ਸਮਝ ਕੋਇ ਨਾ ਪਾਈਆ । ਬਿਨ ਅੱਖਰਾਂ ਤੋਂ ਮੇਰੇ ਚਰਨ ਰਹੇ ਕਿਤਾਬ, ਕੁਤਬਖ਼ਾਨਿਆਂ ਵਿਚ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਬਣਾਈਆ । ਸੀਤਾ ਕਹੇ ਕਿਸ ਬਿਧ ਪ੍ਰਭ ਦੇਵੇਂ ਸੌਗ਼ਾਤ, ਨਾਮ ਆਪਣਾ ਦਇਆ ਕਮਾਈਆ । ਪੁਰਖ ਅਕਾਲ ਕਿਹਾ ਇਹ ਸਭ ਕੁਛ ਮੇਰੇ ਹਾਥ, ਅੰਦਰ ਬਾਹਰ ਵੇਖ ਵਖਾਈਆ । ਫੇਰ ਵੇਖਾਂ ਇਹ ਪ੍ਰਭਾਸ, ਜੰਗਲ ਜੂਹਾਂ ਡੇਰਾ ਲਾਈਆ । ਕਲਜੁਗ ਹੋਵੇ ਅੰਧੇਰੀ ਰਾਤ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦਏ ਚੁਕਾਈਆ । ਸੀਤਾ ਕਿਹਾ ਰਾਮ ਸੁਣੀ ਅਕਥ ਕਹਾਣੀ, ਕਹਿਣ ਕਿਛ ਨਾ ਪਾਈਆ । ਆਈ ਅਗੰਮੀ ਬਾਣੀ, ਬਾਣ ਨਿਰਾਲਾ ਦਿਤਾ ਲਗਾਈਆ । ਜਿਥੇ ਤਰੇਤੇ ਸੁੰਞ ਮਸਾਣੀ, ਮਾਨਵ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਪ੍ਰਭ ਖੇਲ ਕਰੇ ਮਹਾਨੀ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਇਨ੍ਹਾਂ ਤਿੰਨਾਂ ਦੀ ਤ੍ਰੈਗੁਣ ਨਾਲ ਪ੍ਰਗਟਾਵੇ ਨਿਸ਼ਾਨੀ, ਮਾਇਆ ਮੋਹ ਵਿਚ ਵਡਿਆਈਆ । ਇਹ ਪਾਰਸ ਆਪਣੀ ਕਰੇ ਸ਼ੈਤਾਨੀ, ਤਨ ਵਜੂਦ ਵੇਖ ਵਖਾਈਆ । ਅੰਤਰ ਨਿੰਰਤਰ ਸਭ ਦੀ ਜਣਾਏ ਬੇਈਮਾਨੀ, ਸਾਬਤ ਸਮਝ ਕੋਇ ਨਾ ਪਾਈਆ । ਫੇਰ ਕਾਰ ਕਰੇ ਪਾਰਬ੍ਰਹਮ ਪਤਿਪਰਮੇਸ਼ਵਰ ਮਹਿਬੂਬ ਹੋ ਕੇ ਮਿਹਰਵਾਨੀ, ਮਹਿਵ ਆਪਣਾ ਰੰਗ ਰੰਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਜਾਣ ਜਾਣੀ, ਘਟ ਘਟ ਵੇਖੇ ਥਾਉਂ ਥਾਈਂਆ । ਉਹਦਾ ਲਹਿਣਾ ਦੇਣਾ ਲੇਖਾ ਬਾਹਰ ਕ਼ਲਮ ਕਾਨੀ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਰਾਮ ਕਿਹਾ ਸੀਤਾ ਵੇਖ ਅਗੰਮੀ ਚਿੰਨ੍ਹ, ਚਰਨਾਂ ਵਿਚ ਧਿਆਨ ਲਗਾਈਆ । ਸੁਭਾਗ ਦਿਹਾੜਾ ਬਾਈ ਜੇਠ ਦਾ ਦਿਨ, ਰਾਮ ਸੀਤਾ ਦਿਤਾ ਸਮਝਾਈਆ । ਪੁਰਖ ਅਕਾਲ ਜਿਸ ਖੇਲ ਕਰਨਾ ਭਿੰਨ ਭਿੰਨ, ਭਿੰਨੜੀ ਰੈਣ ਵਡਿਆਈਆ । ਤਰੇਤਾ ਦੁਆਪਰ ਕਲਜੁਗ ਤੀਜੇ ਜੁਗ ਝਗੜਾ ਰਖਣਾ ਤਿੰਨ ਦਿਨ, ਦਿਵਸ ਰੈਣ ਵੇਖ ਵਖਾਈਆ । ਪੂਰਬਲਾ ਲੇਖਾ ਜਨਮ ਦਾ ਕਰਮ ਗਿਣ, ਲਹਿਣਾ ਦੇਵੇ ਥਾਉਂ ਥਾਈਂਆ । ਨਾਮ ਪੈਮਾਨਾ ਸਾਚਾ ਨਾਮ ਲਏ ਮਿਣ, ਮਿਣਤੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਰਾਮ ਕਿਹਾ ਸੀਤਾ ਹੁਣ ਰਾਮ ਦਾ ਬਨਬਾਸ, ਬਸਤੀ ਨਜ਼ਰ ਕੋਇ ਨਾ ਆਈਆ । ਫੇਰ ਖੇਲ ਪੁਰਖ ਅਬਿਨਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਹੁਣ ਪਾਰਸ ਦਾ ਖ਼ਵਾਬ, ਫੇਰ ਮਾਇਆ ਵਿਚ ਲੜਾਈਆ । ਦੋਹਾਂ ਦਾ ਹਿਸਾਬ, ਆਪਣੇ ਹੱਥ ਰਖਾਈਆ । ਭਗਤਾਂ ਦਾ ਸਾਧੂਆਂ ਤੋਂ ਬਦਲ ਕੇ ਰਿਵਾਜ, ਰਵਾਦਾਰ

ਏਕਾ ਲਏ ਕਰਾਈਆ । ਅੰਤਰ ਖੋਲ੍ਹ ਕੇ ਜਾਗ, ਆਲਸ ਬਾਹਰੋਂ ਦਏ ਮਿਟਾਈਆ । ਓਸੇ ਦਾ ਹਿੱਸਾ ਓਸੇ ਦਾ ਭਾਗ, ਓਸੇ ਦੇ ਹੱਥ ਫੜਾਈਆ । ਜੋ ਲਹਿਣਾ ਦੇਣਾ ਲੇਖਾ ਅੰਤ ਸਭ ਦਾ ਕਰੇ ਬੇਬਾਕ, ਬਾਕੀ ਨਜ਼ਰ ਕੋਇ ਨਾ ਆਈਆ । ਤਨ ਵਜੂਦ ਮਾਟੀ ਲੇਖੇ ਲਾਏ ਖ਼ਾਸ, ਖ਼ਾਲਸ ਆਪਣੇ ਰੰਗ ਰੰਗਾਈਆ । ਸੀਤਾ ਹੁਣ ਤੇਰੇ ਵੇਂਹਦਿਆਂ ਇਹ ਸਾਧੂ ਛੱਡ ਗਏ ਸਵਾਸ, ਫੇਰ ਜੀਉਂਦਿਆਂ ਬਖ਼ਸ਼ ਕੇ ਇਤਫ਼ਾਕ, ਮਾਰਗ ਆਪਣਾ ਇਕ ਚਲਾਈਆ । ਰਾਮ ਕਿਹਾ ਮੇਰਾ ਰਾਮ ਮੇਰਾ ਕਰੇ ਭਵਿਖਤ ਵਾਲਾ ਪੂਰਾ ਵਾਕ, ਭਗਵਾਨ ਨਾਲ ਨਾਤਾ ਜੋੜ ਕੇ ਆਪਣਾ ਭਗਤੀ ਸਾਕ, ਸੱਜਣ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰ ਹਿਸਾਬ, ਜਗਤ ਜੁਗ ਦੇ ਵੇਖ ਖਾਤੇ ਤੇ ਰੋਕੜ, ਪਹਿਲੇ ਦਿਨ ਸਾਫ਼ ਕਰਾਈਆ ।

### ✻ ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਸੰਤ ਸਿੰਘ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼ ✻

ਕਰਮ ਕਹੇ ਪ੍ਰਭ ਮਿਲੇ ਏਕ ਨਿਹਕਰਮੀ, ਕਰਮ ਕਾਂਡ ਦਾ ਲੇਖਾ ਦਏ ਮੁਕਾਈਆ । ਸਚ ਦੁਆਰ ਦੀ ਬਖ਼ਸ਼ੇ ਸਰਨੀ, ਚਰਨ ਧੂਲ ਵਡਿਆਈਆ । ਧੁਰ ਦੇ ਨਾਮ ਦੀ ਪੱਟੀ ਦੱਸੇ ਪੜ੍ਹਨੀ, ਸਿਖਿਆ ਅਗੰਮ ਸੁਣਾਈਆ । ਮੰਜ਼ਲ ਨਿਰਗੁਣ ਦੱਸੇ ਚੜ੍ਹਨੀ, ਜਗਤ ਪੰਧ ਮੁਕਾਈਆ । ਨੇਤਰ ਖੋਲ੍ਹੇ ਹਰਨੀ ਫਰਨੀ, ਫੁਰਨੇ ਮਨ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਕਰਮ
੨੩੮ ਕਹੇ ਪ੍ਰਭ ਮਿਲੇ ਏਕ ਨਿਹਕਾਮੀ, ਨਿਹਕਰਮਣ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨ ਦੇਵੇ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ੨੩੮
੨੧ ਅੰਮ੍ਰਿਤ ਰਸ ਦੇ ਕੇ ਠੰਡਾ ਪਾਣੀ, ਅਗਨੀ ਅੱਗ ਦਏ ਬੁਝਾਈਆ । ਸਤਿ ਧਰਮ ਦੀ ਦੇ ਨਿਸ਼ਾਨੀ, ਨਿਸ਼ਾਨਾ ਅਗਲਾ ਦਏ ਜਣਾਈਆ । ਜਿਥੇ ਜਗੇ ਜੋਤ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਮੰਜ਼ਲ ਹੱਕ ਦਿਸੇ ਆਸਾਨੀ, ਪੜਦਾ ਮਹਿਬੂਬ ਦਏ ਉਠਾਈਆ । ਝਗੜਾ ਰਹੇ ਨਾ ਕੋਇ ਜਿਸਮਾਨੀ, ਜਿਸਮ ਜ਼ਮੀਰ ਦਏ ਬਦਲਾਈਆ । ਬੋਧ ਅਗਾਧ ਦੱਸ ਅਕਥ ਕਹਾਣੀ, ਧੁਨ ਰਾਗ ਇਕ ਉਪਜਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਖ਼ਾਲਸ ਆਪਣਾ ਰੰਗ ਰੰਗਾਈਆ । ਹਰ ਘਟ ਅੰਤਰ ਹੋ ਕੇ ਜਾਣ ਜਾਣੀ, ਹਰਿਜਨ ਆਪਣੇ ਮੇਲ ਮਿਲਾਈਆ । ਏਕਾ ਦੇਵੇ ਧੁਰ ਦਾ ਪਦ ਨਿਰਬਾਣੀ, ਨਿਰਵੈਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਲਏ ਮਿਲਾਈਆ । ਕਰਮ ਕਹੇ ਪ੍ਰਭ ਮਿਲੇ ਪਰਮ ਪੁਰਖ ਜਗ ਮੀਤਾ, ਜੀਵਣ ਜੁਗਤ ਦਏ ਬਦਲਾਈਆ । ਨਾਮ ਨਿਧਾਨ ਦਏ ਅਨਡੀਠਾ, ਸੰਦੇਸ਼ਾ ਇਕੋ ਇਕ ਜਣਾਈਆ । ਅੰਦਰੋਂ ਬਦਲ ਮਨ ਦੀ ਰੀਤਾ, ਰਸਤਾ ਰਹਿਬਰ ਦਏ ਵਖਾਈਆ । ਜਗਤ ਵਾਸਨਾ ਮਨ ਜਾਏ ਜੀਤਾ, ਚੰਚਲ ਚਿਤ ਠਗੌਰੀ ਰਹਿਣ ਕੋਇ ਨਾ ਪਾਈਆ । ਸਾਚਾ ਨਾਮ ਦੱਸ ਹਦੀਸਾ, ਹਜ਼ਰਤ ਹਰਿਜੂ ਕਰੇ ਪੜ੍ਹਾਈਆ । ਰੰਗਤ ਚਾੜ੍ਹ ਰੰਗ ਮਜੀਠਾ, ਸਿਰ ਆਪਣਾ ਹੱਥ ਟਿਕਾਈਆ । ਸਾਢੇ ਤਿੰਨ ਹੱਥ ਤਪਣ ਨਾ ਦੇਵੇ ਅੰਗੀਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਸਤਿ ਧਰਮ ਦੀ ਦੱਸ ਕੇ ਰੀਤਾ, ਰਸਤਾ ਇਕੋ ਦਏ ਵਖਾਈਆ । ਜਿਥੇ ਨਾ ਕੋਈ ਮੰਦਰ ਨਾ ਮਸੀਤਾ, ਮਸਲਾ ਪੜ੍ਹ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ

ਦਏ ਵਡਿਆਈਆ । ਕਰਮ ਕਹੇ ਪ੍ਰਭ ਮਿਲੇ ਨਰ ਨਰੇਸ਼ਾ, ਨਰ ਨਰਾਇਣ ਵੱਡੀ ਵਡਿਆਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਨਿਤ ਨਵਿਤ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇਵੇ ਨਾਮ ਸੰਦੇਸ਼ਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜਨਮ ਜਨਮ ਦਾ ਮੇਟ ਕੇ ਲੇਖਾ, ਕਰਮ ਕਰਮ ਦਾ ਗੇੜ ਕਟਾਈਆ । ਸਚ ਦੁਆਰ ਦਾ ਬਣ ਕੇ ਨੇਤਾ, ਨੇਤਰ ਅੰਦਰੋਂ ਦਏ ਖੁਲ੍ਹਾਈਆ । ਸਚ ਦਵਾਰ ਵਖਾਏ ਆਪਣਾ ਦੇਸਾ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪੜਦਾ ਆਪ ਉਠਾਈਆ । ਕਰਮ ਕਹੇ ਜੇ ਮਿਲ ਜਾਏ ਪਾਰਬ੍ਰਹਮ ਪ੍ਰਭ ਦਾਤਾ, ਦਇਆਵਾਨ ਦਇਆ ਕਮਾਈਆ । ਚਰਨ ਕਵਲ ਬੰਧਾਏ ਨਾਤਾ, ਸਗਲਾ ਸੰਗ ਰਖਾਈਆ । ਪੂਰੀ ਕਰੇ ਆਸਾ, ਜਨ ਭਗਤਾਂ ਦਏ ਵਡਿਆਈਆ । ਰਹੇ ਨਾ ਕੋਇ ਨਿਰਾਸਾ, ਨਿਹਚਲ ਧਾਮ ਸੁਹਾਈਆ । ਕਰ ਜੋਤ ਪ੍ਰਕਾਸ਼ਾ, ਅੰਧ ਅੰਧੇਰ ਮਿਟਾਈਆ । ਮੈਂ ਸਤਿ ਸਚ ਕਰ ਕੇ ਆਖਾਂ, ਕਰਮ ਕਹੇ, ਬਿਨ ਪੁਰਖ ਅਕਾਲ ਕਰਮ ਦਾ ਕਰਮ ਨਾ ਕੋਇ ਮਿਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਉਸੇ ਦੀ ਗਾਵੇ ਗਾਥਾ, ਸਿਫ਼ਤਾਂ ਵਿਚ ਦਿਵਸ ਰੈਣ ਢੋਲੇ ਗਾਈਆ । ਸੋ ਸਾਹਿਬ ਸੁਆਮੀ ਪੁਰਖ ਸਮਰਾਥਾ, ਅੰਤਰਜਾਮੀ ਵਡ ਵਡਿਆਈਆ । ਸਦਾ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਜਾਗਰਤ ਸੋਵਤ ਕਰੇ ਬਾਤਾ, ਸ਼ਬਦੀ ਸ਼ਬਦ ਹੁਕਮ ਵਰਤਾਈਆ । ਸੋ ਕਲਜੁਗ ਅੰਤ ਮੇਟੇ ਅੰਧੇਰੀ ਰਾਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜਿਨ੍ਹਾਂ ਗੁਰਮੁਖਾਂ ਪ੍ਰੇਮ ਪ੍ਰੀਤੀ ਅੰਦਰ ਮੰਨਿਆ ਆਖਾ, ਕਰਮ ਕੁਕਰਮ ਦਾ ਲੇਖਾ ਦਏ ਮੁਕਾਈਆ । ਚਰਨ ਕਵਲ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਅੰਤਰ ਆਤਮ ਦੇ ਸ਼ਾਬਾਸ਼ਾ, ਸਿਰ ਆਪਣਾ ਹੱਥ ਰਖਾਈਆ । ਕਰਮ ਕਹੇ ਮੈਂ ਵੀ ਨਿਉਂ ਨਿਉਂ ਟੇਕਾਂ ਮਾਥਾ, ਮਸਤਕ ਚਰਨ ਕਵਲ ਛੁਹਾਈਆ । ਜਿਨ੍ਹਾਂ ਸਾਹਿਬ ਸਤਿਗੁਰ ਪੁਰਖ ਅਕਾਲ ਮਿਲਿਆ ਛੈਲ ਛਬੀਲ ਬਾਂਕਾ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਤਿਨ੍ਹਾਂ ਕੋਈ ਤੋੜ ਨਾ ਸਕੇ ਨਾਤਾ, ਨਾਤਵਾਂ ਹੋ ਕੇ ਨਰ ਨਰਾਇਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛੇ ਲੋਕਮਾਤ ਮਾਰਨ ਆਇਆ ਵਾਟਾ, ਵਟਾਂਦਰੇ ਵਿਚ ਗੁਰ ਅਵਤਾਰ ਪੈਗ਼ਬਰਾਂ ਲੇਖਾ ਦਏ ਮੁਕਾਈਆ ।

### ❊ ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਹਿ ਇਟਾਰਸੀ ਮੱਧ ਪ੍ਰਦੇਸ਼ ❊

ਅੰਤ ਬੇਨੰਤੀ ਸੁਣੇ ਅਰਦਾਸ, ਲੇਖਾ ਅਰਧ ਉਰਧ ਮੁਕਾਈਆ । ਕਿਰਪਾ ਕਰ ਸਰਬ ਗੁਣਤਾਸ, ਗਹਿਰ ਗੰਭੀਰ ਦਇਆ ਕਮਾਈਆ । ਗੋਬਿੰਦ ਬੂਟੇ ਦੀ ਸ਼ਾਖ਼, ਨਿੱਕੀ ਜਿਹੀ ਨਜ਼ਰੀ ਆਈਆ । ਜਿਸ ਨੇ ਪੁਰ ਅਨੰਦ ਦਿਤਾ ਸਾਥ, ਅੰਤ ਮਾਝੇ ਵਾਲਿਆਂ ਨਾਲ ਗਿਆ ਮੁਖ ਭੁਆਈਆ । ਅਖ਼ੀਰੀ ਗਿਆ ਆਖ, ਅੰਤਰ ਅੰਤਰ ਅੰਦਰ ਇਕ ਜਣਾਈਆ । ਗੋਬਿੰਦ ਜੋੜ ਕੇ ਦੋਵੇਂ ਹਾਥ, ਦੂਰੋਂ ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਮੇਰਾ ਤੱਤਾਂ ਵਾਲਾ ਵਿਛੋੜਾ, ਵਿਛੜ ਵਿਛੜ ਆਪਣਾ ਪੰਧ ਮੁਕਾਈਆ । ਜਿਸ ਵੇਲੇ ਪੁਰਖ ਅਕਾਲ ਦਾ ਮੇਰੇ ਨਾਲ ਬਣਿਆ ਜੋੜਾ, ਜੋਤੀ ਸ਼ਬਦੀ ਖੇਲ ਖਿਲਾਈਆ । ਉਸ ਵੇਲੇ ਭੁਲਿਆਂ ਨੂੰ ਫੇਰ ਮੋੜਾਂ,

ਆਪਣੇ ਰੰਗ ਰੰਗਾਈਆ । ਤੁਸੀਂ ਛੱਡ ਕੇ ਚਲੇ ਕਲਗੀ ਤੋੜਾ, ਬਾਜ਼ਾਂ ਵਾਲਾ ਬਾਜ਼ ਨਜ਼ਰ ਨਾ ਆਈਆ । ਜਿਸ ਵੇਲੇ ਖੇਲ ਕੀਤਾ ਦੋਹਰਾ, ਨਿਰਗੁਣ ਹੋ ਕੇ ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਿੱਖ ਕਿਹਾ ਤੇਰੇ ਨਾਲ ਝੱਲਿਆ ਦੁੱਖ, ਦੁੱਖਾਂ ਵਿਚ ਦੁਹਾਈਆ । ਝੱਲੀ ਨਾ ਜਾਏ ਭੁੱਖ, ਭੁੱਖਿਆਂ ਨਾ ਕੋਇ ਰਜਾਈਆ । ਮੋੜ ਕੇ ਤੈਥੋਂ ਮੁਖ, ਭੱਜੇ ਵਾਹੋ ਦਾਹੀਆ । ਓਟ ਰੱਖ ਅਬਿਨਾਸ਼ੀ ਅਚੁਤ, ਆਸਾ ਹੋਰ ਵਧਾਈਆ । ਗੋਬਿੰਦ ਹੱਸ ਕੇ ਕਿਹਾ ਤੁਸੀਂ ਆਤਮ ਦੇ ਮੇਰੇ ਪੁਤ, ਪਰਮੇਸ਼ਵਰ ਦਾ ਮੇਲਾ ਸਹਿਜ ਸੁਭਾਈਆ । ਤੁਹਾਡਾ ਲਹਿਣਾ ਦੇਣਾ ਨਾਲ ਰਖਾਵਾਂ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਦਿਆਂ ਜਣਾਈਆ । ਤੁਹਾਨੂੰ ਔਣਾ ਪਏ ਫੇਰ ਮਾਤਾ ਕੁੱਖ, ਰਕਤ ਬੂੰਦ ਵੰਡ ਵੰਡਾਈਆ । ਗੋਬਿੰਦ ਤੁਹਾਥੋਂ ਰਹੇ ਲੁਕ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਅੰਤ ਅਖ਼ੀਰ ਆਪਣੀ ਗੋਦੀ ਲਏ ਚੁਕ, ਚੰਮ ਦ੍ਰਿਸ਼ਟੀ ਦਾ ਡੇਰਾ ਦੇਵੇ ਢਾਹੀਆ । ਅਪਰਾਧੀ ਰਹਿਣ ਨਾ ਦੇਵੇ ਕੋਇ ਸੁਤ, ਸੁਤਿਆਂ ਆਪ ਉਠਾਈਆ । ਉਜਲ ਕਰ ਕੇ ਮੁਖ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੋਬਿੰਦ ਕਿਹਾ ਤੁਸੀਂ ਦੇ ਕੇ ਚਲੇ ਪਿਛਾ, ਪਿੱਛਾ ਯਾਦ ਕਿਸੇ ਨਾ ਆਈਆ । ਕੁਛ ਲੇਖਾ ਵੇਖੋ ਸੁਗਰੀਵ ਨਾਲ ਤੁਹਾਡੀ ਇੱਛਾ, ਰਾਮਾ ਲੇਖ ਜਣਾਈਆ । ਅਗਲਾ ਭੇਵ ਕਿਸੇ ਨਾ ਦਿਸਾ, ਪੱਲੂ ਰਹੇ ਛੁਡਾਈਆ । ਗੋਬਿੰਦ ਖੇਲ ਨਹੀਂ ਕੋਈ ਨਿੱਕਾ, ਬੱਚਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਤੁਹਾਡਾ ਮੇਰੇ ਨਾਲ ਪੈ ਗਿਆ ਹਿੱਸਾ, ਗੁਰਸਿਖ ਹੋ ਕੇ ਕੰਡ ਬਦਲਾਈਆ । ਜਿਸ ਵੇਲੇ ਮੇਰੇ ਨਾਲ ਆਵੇ ਪੁਰਖ ਅਕਾਲ ਧੁਰ ਦਾ ਪਿਤਾ, ਪਤਿਪਰਮੇਸ਼ਵਰ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਬਿੰਦ ਕਿਹਾ ਗੁਰਸਿਖ ਰਹੇ ਨਾ ਕੋਇ ਭੁਲੇਖਾ, ਭੁਲਿਆਂ ਦੇਵਾਂ ਜਣਾਈਆ । ਪੁਰਖ ਅਕਾਲ ਜਾਣੇ ਧੁਰ ਦਾ ਲੇਖਾ, ਦੂਸਰ ਸਮਝ ਕਿਸੇ ਨਾ ਆਈਆ । ਮਾਝੇ ਵਾਲਿਓ ਜਿਸ ਵੇਲੇ ਪ੍ਰਗਟ ਹੋਇਆ ਮਾਝੇ ਦੇਸਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਫੇਰ ਵੇਖੇ ਦੇਸ ਪ੍ਰਦੇਸਾ, ਚਾਰੋਂ ਕੁੰਟ ਖੋਜ ਖੁਜਾਈਆ । ਪੂਰਬ ਰੱਖੇ ਚੇਤਾ, ਅਭੁਲ ਭੁਲ ਕਦੇ ਨਾ ਜਾਈਆ । ਅੰਤ ਅਖ਼ੀਰੀ ਕਰ ਕੇ ਹੇਤਾ, ਹਿਤਕਾਰੀ ਆਪਣੇ ਰੰਗ ਰੰਗਾਈਆ । ਸ਼ਬਦੀ ਧਾਰ ਬਣ ਕੇ ਖੇਵਟ ਖੇਟਾ, ਜਗਤ ਸਾਗਰ ਪਾਰ ਕਰਾਈਆ । ਜੋ ਗੋਬਿੰਦ ਦਾ ਗੁਰਸਿਖ ਬਣ ਕੇ ਬਣਿਆ ਬੇਟਾ, ਨਾਤਾ ਪਿਤਾ ਪੂਤ ਜਣਾਈਆ । ਓਸ ਦਾ ਅੰਤਮ ਲਾ ਕੇ ਲੇਖਾ, ਲੇਖੇ ਵਿਚ ਟਿਕਾਈਆ । ਲਾਜ ਰੱਖਕੇ ਮੁੱਛ ਦਾੜ੍ਹੀ ਕੇਸਾ, ਕ਼ਿਸਮਤ ਕ਼ਿਸਮਤ ਵਿਚੋਂ ਬਦਲਾਈਆ । ਆਤਮ ਧਾਰ ਵਖਾ ਕੇ ਸਚਖੰਡ ਸਾਚਾ ਦੇਸਾ, ਘਰ ਇਕੋ ਇਕ ਸੁਹਾਈਆ । ਜਿਥੇ ਗੋਬਿੰਦ ਰਹੇ ਹਮੇਸ਼ਾ, ਨਾ ਮਰੇ ਨਾ ਜਾਈਆ । ਕਰਤਾਰ ਸਿੰਘ ਖੱਤਰੀ ਪੁੱਤ ਪਿਛਲਾ ਵੱਡੇ ਘਰ ਦਾ ਸੇਠਾ, ਭੈ ਵਿਚ ਪੱਲੂ ਆਇਆ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੋ ਬਣ ਕੇ ਧੁਰ ਦਾ ਨੇਤਾ, ਨਿਤ ਦੇ ਵਿਛੜੇ ਮੇਲ ਮਿਲਾਈਆ ।

### ❊ ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਤਿਵਾਰੀ ਲਾਲ ਦੇ ਗ੍ਰਿਹਿ ਇਟਾਰਸੀ ਮੱਧ ਪ੍ਰਦੇਸ਼ ❊

ਗੋਬਿੰਦ ਕਹੇ ਮੇਰੀ ਧਰਮ ਦੀ ਧਾਰ ਸ਼ਰਤ, ਸ਼ਰੀਅਤ ਨਜ਼ਰ ਕੋਇ ਨਾ ਆਈਆ । ਨਵਿਤ ਆਵਾਂ ਪਰਤ, ਪਤਿਪਰਮੇਸ਼ਵਰ ਮੇਲ ਮਿਲਾਈਆ । ਭਾਗ ਲਗਾਵਾਂ ਧਰਨੀ ਧਰਤ, ਧਵਲ ਧਾਰ ਦ੍ਰਿੜਾਈਆ । ਖੇਲ ਕਰਾਂ ਅਸਚਰਜ, ਆਪਣੀ ਕਾਰ ਕਮਾਈਆ । ਸੂਰਬੀਰ ਮਰਦਾਨਾ ਬਣਾਂ ਮਰਦ, ਮਦਦ ਅਵਰ ਨਾ ਕੋਇ ਰਖਾਈਆ । ਪਿਛਲੇ ਜਨਮ ਦੀ ਕੱਢਕੇ ਫਰਦ, ਫ਼ੈਸਲਾ ਧੁਰ ਦਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸੋ ਕਹੇ ਮੇਰਾ ਲੇਖਾ ਸਦਾ ਅਨਾਦੀ, ਅਨਦ ਬਨੋਦੀ ਆਪ ਕਰਾਈਆ । ਮੇਰੀ ਧਾਰ ਹੋਵੇ ਸਾਦੀ, ਸਿੱਧ ਸਾਧਕ ਵੇਖ ਵਖਾਈਆ । ਮੇਰਾ ਨਾਮ ਹੋਵੇ ਰਾਗੀ, ਅਨਰਾਗੀ ਰਾਗ ਸੁਣਾਈਆ । ਮੇਰੀ ਮੁਹੱਬਤ ਹੋਵੇ ਸ਼ਾਦੀ, ਆਤਮ ਪਰਮਾਤਮ ਜੋੜ ਜੁੜਾਈਆ । ਮੇਰਾ ਜੈਕਾਰਾ ਹੋਵੇ ਢਾਡੀ, ਧੁਰ ਦਾ ਤਾਲ ਵਜਾਈਆ । ਮੇਰਾ ਰਖਵਾਲਾ ਹੋਵੇ ਗਾਡੀ, ਜਿਸ ਨੂੰ ਗਾਡ ਕਹੇ ਲੋਕਾਈਆ । ਝਗੜਾ ਮੁਕਾਵਾਂ ਮਾਜ਼ੀ, ਪੂਰਬ ਵੇਖ ਵਖਾਈਆ । ਲੇਖਾ ਜਾਣਾਂ ਕ਼ਾਜ਼ੀ, ਕੁਤਬਾਂ ਡੇਰਾ ਢਾਹੀਆ । ਧਰਨੀ ਵੇਖਾਂ ਅਰਾਜ਼ੀ, ਜ਼ਿਮੀਂ ਖ਼ਾਕ ਫੋਲ ਫੁਲਾਈਆ । ਜੁਗ ਜੁਗ ਵੇਖਾਂ ਬਾਜ਼ੀ, ਬਾਜ਼ਾਂ ਵਾਲਾ ਵੇਸ ਵਟਾਈਆ । ਅਸਵ ਸੋਹੇ ਤਾਜੀ, ਤਾਜਾਂ ਵਾਲੇ ਦਏ ਖਪਾਈਆ । ਮਨੂਆ ਰਹੇ ਕੋਇ ਨਾ ਗ਼ਾਜ਼ੀ, ਗ਼ਜ਼ਬ ਵੇਖੇ ਜਗਤ ਲੋਕਾਈਆ । ਸਚ ਦਵਾਰੇ ਦਾ ਬਣ ਕੇ ਹਾਜੀ, ਹਜ਼ਰਤ ਹੋ ਕੇ ਫੋਲ ਫੁਲਾਈਆ । ਮਾਣਸ ਧਾਰ ਬਣ ਨਿਮਾਜ਼ੀ, ਸੀਸ ਜਗਦੀਸ਼ ਇਕ ਝੁਕਾਈਆ । ਸੱਯਦਾ ਦੱਸ ਆਦਾਬੀ, ਅਦਬ ਨਾਲ ਵਡਿਆਈਆ । ਤਾਰ ਸਿਤਾਰ ਰਬਾਬੀ, ਅਹਿਬਾਬ ਇਕ ਜਣਾਈਆ । ਲਹਿਣਾ ਦੇਣਾ ਤੋੜ ਇਸ਼ਕ ਹਕੀਕੀ ਮਜਾਜ਼ੀ, ਮਜ਼ਾ ਇਕੋ ਨਾਮ ਚਖਾਈਆ । ਗੁਰਮੁਖ ਰਹਿਣ ਦੇਵਾਂ ਨਾ ਕੋਈ ਦਾਗ਼ੀ, ਦੁਰਮਤ ਮੈਲ ਕਰਾਂ ਸਫ਼ਾਈਆ । ਮੇਰਾ ਖੇਲ ਪ੍ਰਭ ਦੇ ਨਾਲ ਆਦੀ, ਅੰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਵੇਖ ਵਖਾਈਆ । ਗੋਬਿੰਦ ਕਹੇ ਇਹ ਧਰਤੀ ਭੂਮੀ, ਭੂਮਿਕਾ ਇਕ ਸਰਨਾਈਆ । ਏਥੇ ਰਹਿੰਦਾ ਸੀ ਇਕ ਨਜੂਮੀ, ਸ਼ਾਸਤਰ ਗਿਆਤਾ ਆਪ ਅਖਵਾਈਆ । ਰਾਮ ਨਾਮ ਦਾ ਬਣ ਕਾਨੂੰਨੀ, ਕਾਇਦਾ ਜਗਤ ਵਿਚ ਵਡਿਆਈਆ । ਸਿਫ਼ਤ ਲਿਖਦਾ ਸੀ ਮਜ਼ਮੂਨੀ, ਮਜਮੂਆ ਅੱਖਰਾਂ ਵਾਲਾ ਬਣਾਈਆ । ਉਹਨੂੰ ਝਲਕ ਮਿਲੀ ਮਾਮੂਲੀ, ਬੇਪ੍ਰਵਾਹ ਦਿਤੀ ਵਖਾਈਆ । ਵੇਖ ਖੇਲ ਅਸੂਲੀ, ਅਸਲ ਰੰਗ ਰੰਗਾਈਆ । ਜਿਸ ਦਾ ਹੁਕਮ ਨਾ ਕਦੇ ਅਦੂਲੀ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਜੂਮੀ ਸੀ ਇਕ ਬ੍ਰਾਹਮਣ ਬੁੱਢਾ, ਨਾਮ ਸ਼ੀਘਾ ਨਜ਼ਰੀ ਆਈਆ । ਦੋਹਾਂ ਪੈਰਾਂ ਤੋਂ ਸੀ ਡੁੱਢਾ, ਊਂਧਾ ਹੋ ਕੇ ਝਟ ਲੰਘਾਈਆ । ਛੋਟਾ ਜਿਹਾ ਸੀ ਝੁੱਗਾ, ਨੌ ਸੱਤ ਹੱਥ ਵੰਡ ਵੰਡਾਈਆ । ਉਹਦੇ ਵਿਚ ਸੀ ਮੂਰਤ ਬੁੱਧਾ, ਬੁੱਧੇ ਸੀਸ ਨਿਵਾਈਆ । ਰਾਹ ਲੱਭੇ ਗੁੱਝਾ, ਅੰਤਰ ਧਿਆਨ ਲਗਾਈਆ । ਅਚਾਨਕ ਗੋਬਿੰਦ ਆ ਗਿਆ ਭੁੱਖਾ, ਖਾਣ ਪੀਣ ਨਾ ਮੁਖ ਲਗਾਈਆ । ਨੇੜੇ ਆ ਕੇ ਵੇਖਿਆ ਦੁੱਖਾ, ਦਰਦ ਵਿਚ ਕੁਰਲਾਈਆ । ਨਜੂਮੀ ਕਿਹਾ ਕੁਛ ਮੈਥੋਂ ਪੁਛ ਲੈ ਪੁੱਛਾ, ਤੈਨੂੰ ਦਿਆਂ ਸਮਝਾਈਆ । ਕਿਉਂ ਰੱਖੀ ਦਾੜ੍ਹੀ ਮੁੱਛਾ, ਕੇਸਾਂ ਨਾਲ ਵਡਿਆਈਆ । ਤੇਰਾ ਸੋਹਣਾ ਸੁਸ਼ੀਲ ਜੁੱਸਾ, ਸਡੋਲ ਸੋਭਾ ਪਾਈਆ । ਕਿਸ ਕਾਰਨ ਏਥੇ ਪੁੱਜਾ, ਭੱਜਿਆ ਵਾਹੋ ਦਾਹੀਆ । ਮੈਥੋਂ ਭੇਵ ਲੈ ਲੈ ਗੁੱਝਾ, ਪਰਦਾ ਦਿਆਂ ਉਠਾਈਆ । ਜੇ ਤੂੰ

ਸਤਿਗੁਰ ਹੋਵੇਂ ਉਘਾ, ਉਗਣ ਆਥਣ ਤੇਰੀ ਸਰਨਾਈਆ । ਮੈਨੂੰ ਟੁੱਕਰ ਦੇ ਦੇ ਸੁੱਕਾ, ਕਿਉਂ ਭੁੱਖਿਆ ਭੁੱਖਿਆਂ ਰਿਹਾ ਸਤਾਈਆ । ਜਾਂ ਮੈਨੂੰ ਹੱਸ ਕੇ ਕਹਿ ਦੇ ਤੂੰ ਬੁੱਢਾ ਨਹੀਂ ਮੇਰਾ ਪੁੱਤਾ, ਬੱਚਿਆਂ ਵਾਂਗ ਗੋਦ ਟਿਕਾਈਆ । ਵੇਖੀਂ ਮੇਰੇ ਬਚਨ ਦਾ ਕਰੀਂ ਕਦੇ ਨਾ ਗ਼ੁੱਸਾ, ਗ਼ੁੱਸੇ ਵਾਲੀ ਨਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੋਬਿੰਦ ਕਹੇ ਕੀ ਕਹਿੰਦੀ ਤੇਰੀ ਪੱਤਰੀ, ਪਾਤਰ ਦੇ ਬਤਾਈਆ । ਮੈਨੂੰ ਦੱਸ ਮੈਂ ਬ੍ਰਹਿਮਣ ਕੇ ਖੱਤ੍ਰੀ, ਕਿ ਸ਼ੂਦਰ ਵੈਸ਼ ਨਜ਼ਰੀ ਆਈਆ । ਮੈਂ ਕਿਹੜੀ ਚਲਾਵਾਂ ਹੱਟੜੀ, ਕਵਣ ਵਸਤ ਟਿਕਾਈਆ । ਕਵਣ ਉਠਾਵਾਂ ਗੱਠੜੀ, ਬੋਝਲ ਸੀਸ ਟਿਕਾਈਆ । ਕਵਣ ਤੋਲਾਂ ਤੱਕੜੀ, ਤਰਾਜ਼ੂ ਦੇਣਾ ਸਮਝਾਈਆ । ਨਜੂਮੀ ਕਿਹਾ ਮੈਂ ਸਮਝ ਗਿਆ ਤੇਰੇ ਬਚਨੀਂ, ਜੋ ਅਮੋਲਕ ਰਿਹਾ ਸੁਣਾਈਆ । ਆਹ ਲੈ ਮੇਰੀ ਰੱਖੜੀ, ਤੇਰੇ ਹੱਥ ਤੰਦ ਬੰਧਾਈਆ । ਤੂੰ ਜਾਣਾ ਦੇਸ ਦੱਖਣੀ, ਆਪਣਾ ਪੰਧ ਮੁਕਾਈਆ । ਵੇਖੀਂ ਇਹ ਭੂਮੀ ਨਾ ਰਹਿ ਜਾਏ ਸੱਖਣੀ, ਚਰਨ ਧੂੜ ਦੇਣੀ ਸ਼ਾਹੀਆ । ਨਜੂਮੀ ਲਕੀਰ ਖਿੱਚ ਕੇ ਕਿਹਾ ਕੌਲ ਦੇ ਕੇ ਫੇਰ ਟੱਪਣੀ, ਅੱਗੇ ਕ਼ਦਮ ਨਾ ਕੋਇ ਉਠਾਈਆ । ਗੋਬਿੰਦ ਕਿਹਾ ਮੈਂ ਜ਼ਰੂਰ ਤੇਰੀ ਪੈਜ ਰੱਖਣੀ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਪਿਛੇ ਇਹ ਨਗਰੀ ਇਕ ਵਸਣੀ, ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਗੋਬਿੰਦ ਕਿਹਾ ਇਹ ਨਗਰ ਵਸੇ ਖੇੜਾ, ਖਿੜਕੀ ਤੇਰੀ ਦਿਆਂ ਖੁਲ੍ਹਾਈਆ । ਜਿਸ ਥਾਂ ਤੇ ਤੇਰਾ ਡੇਰਾ, ਫੇਰ ਆਵਾਂ ਚਾਈਂ ਚਾਈਂਆ । ਇਕ ਢਈਏ ਦਾ ਵਿਚ ਗੇੜਾ, ਲੇਖਾ ਦੀਨ ਦੁਨੀ ਬਣਾਈਆ । ਫੇਰ ਕਰਾਂ ਹੱਕ ਨਬੇੜਾ, ਪੂਰਬ ਲੇਖਾ ਝੋਲੀ ਪਾਈਆ । ਨਾਲ ਪੁਰਖ ਅਕਾਲ ਹੋਵੇ ਮੇਰਾ, ਮਹਿਬੂਬ ਧੁਰਦਰਗਾਹੀਆ । ਕਲਜੁਗ ਕੂੜ ਹੋਵੇ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਨਜੂਮੀ ਕਿਹਾ ਮੈਂ ਸੁਣੀ ਕਥਾ ਕਹਾਣੀ, ਰਸਨਾ ਸੋਹਣੀ ਜਿਹਵਾ ਗਾਈਆ । ਮੈਨੂੰ ਦਿਸੇ ਅਗੰਮੀ ਕਹਾਣੀ, ਧੁਰ ਦਾ ਰਾਜ਼ ਜਣਾਈਆ । ਮੈਂ ਬੁੱਢਾ ਬਿਰਧ ਜਗਤ ਜੀਵ ਪ੍ਰਾਣੀ, ਪਰਾਨ ਛੱਡ ਕੇ ਨਾਤਾ ਤੱਤਾਂ ਹੋਵੇ ਜੁਦਾਈਆ । ਕੋਈ ਮੰਜ਼ਲ ਦੱਸ ਆਸਾਨੀ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਮੇਰਾ ਲੇਖਾ ਮੁੱਕੇ ਜਿਸਮ ਜਿਸਮਾਨੀ, ਕਿਸ ਬਿਧ ਅਸਮਾਨੀ ਮਿਲੇ ਨੂਰ ਅਲਾਹੀਆ । ਮੈਂ ਚਾਹੁੰਦਾ ਜੇ ਫੇਰ ਮਿਲੇ ਤੇ ਮੇਰੀ ਬਿਰਧ ਤੋਂ ਹੋਵੇ ਜਵਾਨੀ, ਜੋਬਨਵੰਤਾ ਨਜ਼ਰੀ ਆਈਆ । ਗੋਬਿੰਦ ਕਿਹਾ ਮਸਤਕ ਧੂੜ ਦੀ ਲਾ ਨਿਸ਼ਾਨੀ, ਨਿਸ਼ਾਨ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਗੋਬਿੰਦ ਕਿਹਾ ਸੁਣ ਇਕ ਅਖ਼ੀਰੀ ਬਾਤੀ, ਬਾਤਨ ਦਿਆਂ ਜਣਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਜੋ ਮੈਥੋਂ ਰਿਹਾ ਕਰਾਈਆ । ਜਿਸ ਵੇਲੇ ਹੋਵੇ ਅੰਧੇਰੀ ਰਾਤੀ, ਕਲਜੁਗ ਆਪਣਾ ਰੰਗ ਰੰਗਾਈਆ । ਤੇਰਾ ਜਨਮ ਹੋਵੇ ਫੇਰ ਲੋਕਮਾਤੀ, ਧਰਨੀ ਧਰਤ ਧਵਲ ਵਡਿਆਈਆ । ਤੇਰਾ ਲਹਿਣਾ ਦੇਣਾ ਮੇਰੇ ਨਾਲ ਮੇਟੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਝੋਲੀ ਪਾਈਆ । ਏਸੇ ਧਰਤੀ ਨੂੰ ਲੱਗੇ ਭਾਗ, ਭਗਤ ਭਗਵਾਨ ਨਜ਼ਰੀ ਆਈਆ । ਜਿਥੇ ਜਗਦਾ ਨਹੀਂ ਕੋਈ ਚਰਾ਼ਗ, ਚਰਾਗਾਹਾਂ ਵਿਚ ਹੋਏ ਰੁਸ਼ਨਾਈਆ । ਉਸ ਦਾ ਲਹਿਣਾ ਦੇਣਾ ਪੂਰਬ ਦੇਣਾ ਆਜ, ਆਜਿਜ਼ਾਂ ਵੇਖੇ ਥਾਉਂ ਥਾਈਂਆ । ਨਜੂਮੀ ਬਿਰਧ ਦਾ ਤੱਤਾਂ ਵਾਲਾ ਬਦਲ ਕੇ ਸਮਾਜ, ਸਿਖਿਆ ਆਪਣੀ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਇਕੋ ਲੈਣਾ ਅਰਾਧ, ਦੂਜੀ ਲੋੜ ਰਹੇ ਨਾ ਰਾਈਆ ।

ਤੇਰੀ ਸਾਧਨਾਂ ਲਵਾਂ ਸਾਧ, ਸਤਿ ਸਤਿ ਵਿਚ ਸਮਾਈਆ । ਪਿਛਲੇ ਜਨਮ ਦੀ ਦਾਦ, ਪੂਰਬ ਰਿਹਾ ਵਰਤਾਈਆ । ਨਜੂਮੀ ਦਾ ਨਾਤ, ਤਿਵਾਰੀ ਦਾ ਸਾਕ, ਸ਼ਬਦ ਦੀ ਗਾਥ, ਕਰਮ ਦੀ ਆਸ, ਧਰਮ ਦੀ ਰਾਸ, ਗੋਬਿੰਦ ਦੀ ਸ਼ਾਖ਼, ਲੇਖੇ ਲਾ ਸਰਬ ਗੁਣਤਾਸ, ਗੁਣਵੰਤਾ ਦੇਵੇ ਮਾਣ ਵਡਿਆਈਆ ।

### ❊ ੨੩ ਜੇਠ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹਿ ਇਟਾਰਸੀ ਮੱਧ ਪ੍ਰਦੇਸ਼ ❊

ਮਿਲੇ ਵਡਿਆਈ ਸਾਹਿਬ ਹਰਿ ਸੰਗਤ, ਪੁਰਖ ਅਕਾਲ ਦੀਨ ਦਿਆਲ ਦਇਆ ਕਮਾਈਆ । ਨਾਮ ਅਗੰਮੀ ਚਾੜ੍ਹੇ ਧੁਰ ਦੀ ਰੰਗਤ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਰੰਗ ਰੰਗਾਈਆ । ਜਗਤ ਵਾਸਨਾ ਕੱਟਕੇ ਭੁੱਖ ਨੰਗਤ, ਨਾਮ ਨਿਧਾਨ ਵਸਤ ਅਮੋਲਕ ਝੋਲੀ ਆਪ ਭਰਾਈਆ । ਕੂੜੀ ਕਿਰਿਆ ਗੜ੍ਹ ਤੋੜ ਕੇ ਹਉਮੇ ਹੰਗਤ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜਨ ਭਗਤ ਸੁਹੇਲੇ ਉਪਜਾ ਕੇ ਧੁਰ ਦੇ ਸੰਤ, ਗੁਰਮੁਖਾਂ ਗੁਰ ਗੁਰ ਗੋਦ ਟਿਕਾਈਆ । ਧਰਮ ਮਿਲਾਵਾ ਨਾਰ ਕੰਤ, ਆਤਮ ਸੇਜ ਸੁਹੰਜਣੀ ਸੋਭਾ ਪਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਇਕੋ ਛੰਤ, ਸੋਹੰ ਰਾਗ ਅਨਾਦ ਸੁਣਾਈਆ । ਸਤਿ ਧਰਮ ਬਣਾਏ ਬਣਤ, ਕੂੜੀ ਕਿਰਿਆ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਚੌਕੜੀ ਆਪਣਾ ਹੁਕਮ ਚਲਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਤਨ ਵਜੂਦ ਵੱਜੇ ਵਧਾਈਆ । ਸੰਤ ਸੁਹੇਲਾ ਕਰ ਕੇ ਖ਼ਬਰਦਰ, ਬੇਖ਼ਬਰਾਂ ਆਪਣੀ ਖ਼ਬਰ ਜਣਾਈਆ । ਪੂਰਬ ਜਨਮ ਦਾ ਦੇ ਉਧਾਰ, ਲੇਖਾ ਆਪ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਹਰਿ ਸੰਗਤ ਹੋਏ ਵਡ ਵਡ ਭਾਗ, ਵਡ ਭਾਗੀ ਪੁਰਖ ਨਿਰੰਜਨ ਪਾਈਆ । ਮਾਤ ਦੀਪਕ ਬੁਝਾ ਜਗਾਏ ਚਿਰਾਗ਼, ਨਿਰਗੁਣ ਨਿਰਵੈਰ ਨੂਰ ਕਰ ਰੁਸ਼ਨਾਈਆ । ਜਨ ਭਗਤ ਮੇਟ ਕੇ ਕੂੜਾ ਪਾਪ, ਪਤਤ ਪਾਪੀ ਗੋਦ ਉਠਾਈਆ । ਸਾਚੇ ਮੰਡਲ ਦੱਸ ਕੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਭਵਿਖਤ ਵਾਕ, ਲਹਿਣਾ ਦੇਣਾ ਧੁਰ ਦਾ ਖੋਜ ਖੁਜਾਈਆ । ਕਰੇ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਵਡ ਵਡਿਆਈਆ । ਕਲਜੁਗ ਕੂੜੀ ਕਿਰਿਆ ਕਰੇ ਘਾਤ, ਨਾਮ ਖੰਡਾ ਇਕ ਚਮਕਾਈਆ । ਜਨ ਭਗਤ ਪੂਰੀ ਕਰੇ ਆਸ, ਤ੍ਰਿਸ਼ਨਾ ਕੂੜੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਪਵਣ ਸਵਾਸ, ਗਰਾਸ ਗਰਾਸ ਗਿਣਤੀ ਧੁਰ ਦੀ ਵਿਚ ਜਣਾਈਆ ।

### ❊ ੨੪ ਜੇਠ ਸ਼ਹਿਨਸ਼ਾਹੀ ਸੰਮਤ ੪ ਕਿਰਪਾਲ ਸਿੰਘ ਦੇ ਗ੍ਰਿਹਿ ਆਗਰਾ ❊

ਹੱਥ ਜੋੜ ਕਰੀ ਨਮੱਸਤੇ, ਨਮੋ ਨਮੋ ਸਰਨਾਈਆ । ਪੁਰਖ ਅਕਾਲ ਪਾ ਅਗੰਮੇ ਰਸਤੇ, ਮਾਰਗ ਇਕੋ ਦੇਣਾ ਦਰਸਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਸਦੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਇਕੋ ਤੇਰਾ ਨਾਮ ਜਪਦੇ, ਦੂਜਾ ਰਾਗ ਨਾ ਕੋਇ ਸੁਣਾਈਆ । ਇਸ਼ਾਰੇ ਨਹੀਂ

ਕੋਈ ਓਥੇ ਅੱਖ ਦੇ, ਧੁਨ ਧੁਨ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਚ ਦੇਣਾ ਵਖਾਈਆ । ਹੱਥ ਜੋੜ ਅੰਤਰ ਕੀਤਾ ਧਿਆਨ, ਧਿਆਨ ਧਿਆਨ ਵਿਚ ਲਗਾਈਆ । ਕਿਰਪਾ ਕਰ ਸ੍ਰੀ ਭਗਵਾਨ, ਪਾਰਬ੍ਰਹਮ ਤੇਰੀ ਸਰਨਾਈਆ । ਸ਼ਬਦ ਨਾਦ ਦੇ ਧੁਨਕਾਨ, ਅਨਰਾਗੀ ਰਾਗ ਸੁਣਾਈਆ । ਭਾਗ ਲੱਗੇ ਕਾਇਆ ਸਚ ਮਕਾਨ, ਕਾਅਬਾ ਇਕੋ ਦੇਣਾ ਸੁਹਾਈਆ । ਤੇਰਾ ਨੂਰ ਮਿਲੇ ਮਹਾਨ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਚੜ੍ਹਾਈਆ । ਹੱਥ ਜੋੜ ਕੀਤੀ ਬੰਦਨਾ, ਡੰਡਾਵਤ ਬੇਪ੍ਰਵਾਹੀਆ । ਪੁਰਖ ਅਕਾਲ ਦੇ ਅਨੰਦਨਾ, ਆਤਮ ਪਰਮਾਤਮ ਵਿਚ ਸਮਾਈਆ । ਨੂਰੀ ਜੋਤ ਚਮਕੇ ਚੰਦਨਾ, ਅੰਧ ਅੰਧੇਰ ਰਹੇ ਨਾ ਰਾਈਆ । ਸਤਿ ਦਵਾਰਾ ਮਿਲੇ ਲੰਘਣਾ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦੇਣਾ ਉਠਾਈਆ । ਹੱਥ ਕਹਿਣ ਅਸਾਂ ਕੀਤੀ ਡੰਡਾਵਤ, ਸੀਸ ਜਗਦੀਸ਼ ਝੁਕਾਈਆ । ਮਨ ਰਹੇ ਨਾ ਬਗ਼ਾਵਤ, ਕਲਪਨਾ ਕੂੜ ਰਹੇ ਨਾ ਰਾਈਆ । ਸਾਹਿਬ ਸਵਾਮੀ ਸਾਚਾ ਨਾਮ ਕਰ ਸਖ਼ਾਵਤ, ਵਸਤ ਅਮੋਲਕ ਇਕ ਵਰਤਾਈਆ । ਤਤ ਵਿਕਾਰ ਰਹੇ ਨਾ ਅਦਾਵਤ, ਝਗੜਾ ਕੂੜ ਦੇਣਾ ਚੁਕਾਈਆ । ਆਤਮ ਤੇਰੀ ਅਮਾਨਤ, ਪੰਜਾਂ ਤੱਤਾਂ ਵਿਚ ਰਖਾਈਆ । ਕਿਰਪਾ ਕਰ ਸਹੀ ਸਲਾਮਤ, ਤੇਰੀ ਓਟ ਤਕਾਈਆ । ਕੂੜੀ ਰਹੇ ਨਾ ਕੋਇ ਅਲਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਖ਼ਸ਼ ਇਕ ਸਰਨਾਈਆ । ਹੱਥ ਜੋੜ ਕਹਿਣ ਅਸੀਂ ਕੀਤਾ ਸੱਯਦਾ, ਪਰਵਰਦਿਗਾਰ ਨੂਰ ਖ਼ੁਦਾਈਆ । ਜਿਸ ਦਾ ਦੋ ਜਹਾਨ ਬਰਦਾ, ਬੰਦਗੀ ਵਿਚ ਬੰਦੇ ਰਿਹਾ ਬਣਾਈਆ । ਸੋ ਲੇਖਾ ਜਾਣੇ ਕਾਇਆ ਮਾਟੀ ਘਰ ਦਾ, ਗ੍ਰਿਹਿ ਗਹਿ ਖੋਜ ਖੁਜਾਈਆ । ਸੁਖ ਦੇ ਕੇ ਅੰਮ੍ਰਿਤ ਸਰੋਵਰ ਸਾਚੇ ਸਰ ਦਾ, ਦੁਰਮਤ ਮੈਲ ਦਏ ਧੁਆਈਆ । ਮਾਇਆ ਮਮਤਾ ਮੋਹ ਵਿਕਾਰ ਚੁੱਕੇ ਪੜਦਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਹੱਥ ਕਹੇ ਅਸੀਂ ਜੁੜਿਆ ਵੇਖਿਆ ਘਰ ਸੁਹੰਵਣਾ, ਵੱਜੀ ਹਕ਼ੀਕ਼ਤ ਹੱਕ ਵਧਾਈਆ । ਲੇਖਾ ਜਾਣੇ ਆਦਿ ਨਿਰੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਹੱਥ ਰਖੇ ਵਡਿਆਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਦੀਨਾਂ ਨਾਥਾਂ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਧਾਰ ਬਣੇ ਸੱਜਣਾ, ਸਚ ਸਵਾਮੀ ਵੇਖ ਵਖਾਈਆ । ਚਰਨ ਧੂੜ ਅੰਮ੍ਰਿਤ ਰਸ ਦੇਵੇ ਬਿਨ ਰਸਨਾ ਚੱਖਣਾ, ਜਿਹਵਾ ਗੁਣ ਨਾ ਕੋਇ ਜਣਾਈਆ । ਓਨ੍ਹਾਂ ਦੀ ਲੇਖੇ ਲੱਗੇ ਬੰਦਨਾ, ਜਿਨ੍ਹਾਂ ਨੇ ਇਕੋ ਦੁਆਰਾ ਮੰਗਣਾ, ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਜਗਦੀਸ਼ ਝੁਕਾਈਆ । ਹੱਥ ਕਹਿਣ ਅਸੀਂ ਜੁੜ ਕੇ ਕੀਤੀ ਸਲਾਹ, ਮਸ਼ਵਰਾ ਇਕ ਪਕਾਈਆ । ਵੇਖੋ ਖੇਲ ਬੇਪ੍ਰਵਾਹ, ਕੀ ਕਰਤਾ ਕਾਰ ਕਮਾਈਆ । ਕਿਰਪਾਲ ਵਿਚ ਬਣਾ ਗਵਾਹ, ਜੋ ਸ਼ਹਾਦਤ ਦਏ ਭੁਗਤਾਈਆ । ਕਿਰਪਾ ਕਰੇ ਆਪ ਮਿਹਰਵਾਂ, ਮਹਿਬੂਬ ਨੂਰ ਅਲਾਹੀਆ । ਜੋ ਦਰ ਤੇ ਗਏ ਆ, ਆਜਿਜ਼ ਬਣ ਕੇ ਸੋਭਾ ਪਾਈਆ । ਤਿਨ੍ਹਾਂ ਕ਼ਬੂਲ ਹੋਵੇ ਦੁਆ, ਰਹਿਮ ਵਿਚ ਵਡਿਆਈਆ । ਸੁਤਿਆਂ ਜਗਤ ਜਾਗਦਿਆਂ ਸਭ ਨੂੰ ਦਰਸ ਦਏ ਦਿਖਾ, ਜੋ ਨੇਤਰ ਲੋਚਨ ਦਰਸ਼ਨ ਪਾਈਆ । ਹੱਥ ਕਹਿਣ ਸਾਡਾ ਮਸਤਕ ਨਾਲ ਨਾਤਾ ਲਿਆ ਬਣਾ, ਅਗਲਾ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਹੱਥ ਕਹਿਣ ਸਾਡੀ ਅੰਤਰ ਇਕੋ ਆਸ, ਆਹਿਸਤਾ ਆਹਿਸਤਾ ਦਈਏ

ਸੁਣਾਈਆ । ਜੋ ਦਰ ਤੇ ਆਏ ਸਭ ਦਾ ਦੁਖੜਾ ਕਰਨਾ ਨਾਸ, ਰੋਗੀ ਰਹਿਣ ਕੋਇ ਨਾ ਪਾਈਆ । ਇਕ ਲੱਖ ਅੱਸੀ ਹਜ਼ਾਰ ਭੂਤ ਪ੍ਰੇਤ ਤੇਰੇ ਦਾਸ, ਚੁਰਾਸੀ ਵਿਚੋਂ ਵੰਡ ਵੰਡਾਈਆ । ਸਭ ਦਾ ਲੇਖੇ ਲੌਣਾ ਸਵਾਸ ਸਵਾਸ, ਪੌਣ ਪਵਣਾਂ ਨਾਲ ਜੁੜਾਈਆ । ਹੱਥ ਕਹਿਣ ਸੁਹੰਜਣੀ ਦਿਸੇ ਅੱਜ ਦੀ ਰਾਤ, ਰੁੱਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਆਤਮ ਪਰਮਾਤਮ ਬਣਾਈ ਆਪਣੀ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪੁਰਖ ਅਬਿਨਸ਼ੀ ਆਸਾ ਮਨਸਾ ਸਭ ਦੀ ਪੂਰ ਕਰਾਈਆ ।

## ❊ ੨੫ ਜੇਠ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਦਿੱਲੀ ❊

ਸਤਿਜੁਗ ਕਹੇ ਪ੍ਰਭ ਦੱਸ ਅਗੰਮ ਸਲੋਕ, ਸੋਹਲਾ ਸੋਹਲਿਆਂ ਵਿਚੋਂ ਵਡਿਆਈਆ । ਮੈਂ ਸੁਣਾਵਾਂ ਲੋਕ ਪ੍ਰਲੋਕ, ਪਰਮ ਪੁਰਖ ਤੇਰੀ ਵਡਿਆਈਆ । ਝਗੜਾ ਮੁਕ ਜਾਏ ਚਰਚ ਪੋਪ, ਪੇਚੀਦਾ ਪੋਸ਼ੀਦਾ ਰਾਜ਼ ਦੇਣਾ ਖੁਲ੍ਹਾਈਆ । ਕਿਉਂ ਬਣਿਆ ਰਿਹੋਂ ਰੂਪੋਸ਼, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਸਾਚੀ ਨਾਮ ਖ਼ੁਮਾਰੀ ਦੇ ਮਦਹੋਸ਼, ਮਧੁਰ ਤੇਰੀ ਕਾਰ ਕਮਾਈਆ । ਕੂੜੀ ਸਮਝ ਰਹੇ ਨਾ ਸੋਚ, ਬੁੱਧ ਵਿਸ਼ੇਸ਼ ਦੇਣੀ ਵਡਿਆਈਆ । ਜੋ ਤੇਰਾ ਦਰਸ਼ਨ ਰਹੇ ਲੋਚ, ਲੋਚਨ ਨੈਣਾ ਨਾਲ ਮਿਲਾਈਆ । ਪਿਆਰ ਮੁਹੱਬਤ ਦੇ ਕੇ ਮੌਜ, ਮੌਜੂਦਾ ਹੋ ਕੇ ਮੇਲ ਮਿਲਾਈਆ । ਹਉਮੇ ਹੰਗਤਾ ਰਹੇ ਕੋਈ ਨਾ ਰੋਗ, ਦੁਖੀਆਂ ਦਰਦ ਦੇਣਾ ਵੰਡਾਈਆ । ਬਿਨ ਤੇਰੀ ਚਰਨ ਧੂੜੀ ਅਵਰ ਰਹੇ ਕੋਇ ਨਾ ਜੋਗ, ਜੁਗਤੀ ਦੋ ਜਹਾਨ ਜਣਾਈਆ । ਨਿਰਗੁਣ ਧਾਰ ਬਖ਼ਸ਼ ਕੇ ਓਟ, ਓੜਕ ਸਾਰੇ ਲੈ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦੀ ਲੱਗੇ ਚੋਟ, ਚੋਟੀ ਚੜ੍ਹ ਕੇ ਲੈ ਉਠਾਈਆ । ਕੂੜੀ ਕਿਰਿਆ ਕੱਢ ਖੋਟ, ਖਰੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਤਿਜੁਗ ਕਹੇ ਪ੍ਰਭ ਖੋਲ੍ਹ ਦੇ ਆਪਣਾ ਜੰਦਰ, ਦਿਲਬਰ ਭੰਡਾਰਾ ਦੇ ਵਰਤਾਈਆ । ਪੜਦਾ ਲਾਹ ਦੇ ਅੰਦਰ, ਅੰਤਸ਼ਕਰਨ ਦੇ ਬਦਲਾਈਆ । ਸਾਚਾ ਤਨ ਸੁਹਾ ਕੇ ਮੰਦਰ, ਮਨ ਮੰਦਰ ਡੇਰਾ ਲਾਈਆ । ਤੇਰਾ ਪ੍ਰਕਾਸ਼ ਹੋਵੇ ਅੰਧੇਰੀ ਕੰਦਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਜਾਣਾ ਪਏ ਨਾ ਵਿਚ ਜੰਗਲ, ਜੂਹ ਖੋਜ ਨਾ ਕੋਇ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇ ਵਡਿਆਈਆ । ਸਤਿਜੁਗ ਕਹੇ ਪ੍ਰਭ ਤੇਰਾ ਹੋਵੇ ਇਕੋ ਗੀਤ, ਗੀਤਾ ਗਿਆਨ ਲੋੜ ਰਹੇ ਨਾ ਰਾਈਆ । ਝੁਕਣਾ ਪਏ ਨਾ ਕਿਸੇ ਮਸੀਤ, ਮਸਲਾ ਹੱਕ ਦੇਣਾ ਸੁਣਾਈਆ । ਤੇਰੇ ਚਰਨ ਲੱਗੇ ਪ੍ਰੀਤ, ਪ੍ਰੀਤਮ ਹੋ ਕੇ ਦੇਣੀ ਵਡਿਆਈਆ । ਸਭ ਦੀ ਬਦਲ ਦੇ ਨੀਤ, ਨੀਤੀਵਾਨ ਇਕ ਹੋ ਜਾਈਆ । ਝਗੜਾ ਮੁਕਾ ਦੇ ਹਸਤ ਕੀਟ, ਕਟਾਕਸ਼ ਆਪਣਾ ਨਾਮ ਰਖਾਈਆ । ਦੀਨ ਦੁਨੀ ਹੋਵੇ ਭੈ ਭੀਤ, ਭੈ ਭੌ ਚਾਰੋਂ ਕੁੰਟ ਨਜ਼ਰੀ ਆਈਆ । ਪਿਛਲੀ ਕੂੜ ਦੀ ਮੇਟ ਦੇ ਲੀਕ, ਲਾਈਨ ਆਪਣੀ ਦੇ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਬਦਲ ਦੇ ਤਵਾਰੀਖ, ਤਾਰੀਖ ਆਪਣੀ ਇਕ ਸਮਝਾਈਆ । ਤੇਰੇ ਦਰ ਤੇ ਮੰਗਦਾ ਭੀਖ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਅਮਲ ਦੇ ਦ੍ਰਿੜਾਈਆ । ਤੂੰ ਵਸਣਹਾਰ

ਸਦਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੇਰਾ ਨਾਮ ਕਲਮਾ ਹੋਵੇ ਇਕੋ ਲਾਸ਼ਰੀਕ, ਸ਼ਿਰਕਤ ਜਗਤ ਦੇਣੀ ਮਿਟਾਈਆ । ਤੇਰੇ ਅੰਤਰ ਸਚ ਤੌਫ਼ੀਕ, ਦਾਅਵੇਦਾਰ ਇਕ ਅਖਵਾਈਆ । ਸਾਚਾ ਦਰਸ ਦੇ ਦੀਦ, ਨੇਤਰ ਲੋਚਨ ਅੱਖ ਖੁਲ੍ਹਾਈਆ । ਤੇਰੇ ਪਿਆਰ ਦੀ ਰਹੇ ਈਦ, ਈਦੁਲ ਫ਼ਿਤਰ ਨਾ ਕੋਇ ਵਡਿਆਈਆ । ਜਨ ਭਗਤ ਸੁਹੇਲੇ ਬਣਾ ਅਜ਼ੀਜ਼, ਪਿਆਰੇ ਪ੍ਰੀਤਮ ਮੇਲ ਮਿਲਾਈਆ । ਸਾਚੀ ਸਿਖਿਆ ਦੇ ਤਮੀਜ਼, ਤਮਅ ਕੂੜ ਦੇਣੀ ਗਵਾਈਆ । ਏਕਾ ਛਤਰ ਝੁੱਲੇ ਤੇਰੇ ਸੀਸ, ਸਾਹਿਬ ਸੁਲਤਾਨ ਤੇਰੀ ਸ਼ਰਨਾਈਆ । ਤੂੰ ਪਰਵਰਦਿਗਾਰ ਠਾਕਰ ਸਵਾਮੀ ਜਗਦੀਸ਼, ਜਗਦੀਸ਼ਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜਦਾ ਲਾਹ ਖੇਲ ਜਗਤ ਅਨਡੀਠ, ਅਨਡਿਠ ਆਪਣਾ ਹੁਕਮ ਇਕ ਵਰਤਾਈਆ ।

### ✳ ੨੯ ਜੇਠ ਸ਼ਹਿਨਸ਼ਾਹੀ ਸੰਮਤ ੪ ਗੁਰਮੇਜ ਸਿੰਘ ਦੇ ਗ੍ਰਿਹ ਕਰਨਾਲ ✳

ਸਤਿਜੁਗ ਕਹੇ ਪ੍ਰਭ ਕਿਰਪਾ ਕਰ ਸਾਹਿਬ ਸਤਿਗੁਰ ਸਾਗਰ, ਗਹਿਰ ਗੰਭੀਰ ਬੇਨਜ਼ੀਰ ਤੇਰੀ ਸ਼ਰਨਾਈਆ । ਨਿਰਗੁਣ ਧਾਰ ਜੋਧੇ ਸੂਰਬੀਰ ਬਹਾਦਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮਿਹਰਵਾਨ ਮਹਿਬੂਬ ਦੀਨ ਦੁਨੀ ਦੇ ਕ਼ਾਦਰ, ਕਰਤੇ ਕਰੀਮ ਤੇਰੀ ਸ਼ਰਨਾਈਆ । ਜਨ ਭਗਤ ਸੁਹੇਲੇ ਬਾਲ ਅੰਞਾਣੇ ਧੁਰ ਦੇ ਆਜਿਜ਼, ਅਜ਼ੀਜ਼ ਤਮੀਜ਼ ਦੇਣੀ ਜਣਾਈਆ । ਧੁਰ ਸੰਦੇਸ਼ਾ ਹੁਕਮ ਦੇ ਵਾਜਬ, ਵਾਹਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਕਹੇ ਸੁਣ ਸਾਹਿਬ ਪੁਰਖ ਸਮਰਥ, ਕਥਾ ਅਕਥ ਦਿਆਂ ਜਣਾਈਆ । ਜਿਥੇ ਬਲ ਟੇਕ ਕੇ ਆਪਣਾ ਮੱਥ, ਮਸਤਕ ਲਿਆ ਰਗੜਾਈਆ । ਜਿਥੇ ਸਪਤ ਰਿਖੀ ਚਰਨ ਗਏ ਝੱਸ, ਭਾਰਦਵਾਜ ਨਾਲ ਵਡਿਆਈਆ । ਜਿਥੇ ਯੁਧਿਸ਼ਟਰ ਚਰਨ ਗਿਆ ਢੱਠ, ਧੂੜੀ ਮਸਤਕ ਖ਼ਾਕ ਰਮਾਈਆ । ਜਿਥੇ ਪਿਆਰ ਮੁਹੱਬਤ ਦਾ ਹੁੰਦਾ ਸੀ ਹੱਟ, ਜਗਤ ਜਹਾਨ ਵੱਜੇ ਵਧਾਈਆ । ਸੋ ਖੇਲ ਅਗੰਮਾ ਰਿਹਾ ਦੱਸ, ਦਹਿ ਦਿਸ਼ਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਜੁਗ ਕਹੇ ਏਥੇ ਰਹਿੰਦਾ ਸੀ ਵਣਜਾਰਾ, ਵਣਜ ਸਤਿ ਸਤਿ ਕਮਾਈਆ । ਮੰਦਰ ਬਣੌਂਦਾ ਸੀ ਇੱਟਾਂ ਗਾਰਾ, ਠਾਕਰ ਆਪਣੇ ਹੱਥ ਟਿਕਾਈਆ । ਸਦਾ ਕਰਦਾ ਸੀ ਨਿਮਸਕਾਰਾ, ਨਿਉਂ ਨਿਉਂ ਸੀਸ ਨਿਵਾਈਆ । ਬਸਤਰ ਭੂਸ਼ਣ ਪਹਿਨਾਏ ਅਪਾਰਾ, ਤਨ ਵਜੂਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਇਹ ਧਰਨੀ ਕੀ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਜ਼ਰਾ ਵੇਖ ਦਿਸ਼ਾ ਲਹਿੰਦੀ, ਬਿਨ ਲੋਚਨ ਨੈਣ ਅੱਖ ਉਠਾਈਆ । ਜਿਸ ਨੂੰ ਕਹਿੰਦੇ ਅਮਾਮ ਮਹਿੰਦੀ, ਅਮਾਮ ਅਮਾਮਾ ਵੇਸ ਵਟਾਈਆ । ਸਭ ਦੀ ਕਲਾ ਕਰੇ ਢਹਿੰਦੀ, ਸਦੀ ਚੌਧਵੀਂ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਧਰਨੀ ਕਹੇ ਏਥੇ ਹੁੰਦਾ ਸੀ ਇਕ ਆਰਫ਼, ਬਿਨ ਅਲਿਫ਼ ਯੇ ਪੜ੍ਹਾਈਆ । ਨੂਰੀ ਨੂਰ ਕਰੇ ਤੁਆਰਫ਼, ਤਸਬੀ ਮਾਲਾ ਨਾ ਕੋਇ ਰਖਾਈਆ ।

੨੪੭
੨੧

ਬਿਨ ਕਲਮਿਉਂ ਕਰੇ ਜ਼ਿਆਰਤ, ਜ਼ਾਹਰ ਜ਼ਹੂਰ ਰੁਸ਼ਨਾਈਆ । ਸੰਦੇਸ਼ਾ ਪੜ੍ਹੇ ਸੁਣੇ ਬਿਨਾ ਇਬਾਰਤ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਆਪਣੀ ਵੇਖ ਕੇ ਤਨ ਵਜੂਦ ਇਮਾਰਤ, ਅਸਲ ਵਸਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਧਰਨੀ ਕਹੇ ਏਥੇ ਨੌ ਦਿਨ ਕੱਟੇ ਫ਼ਰੀਦ, ਫ਼ਾਕਾ ਫ਼ਿਕਰ ਵਿਚ ਰਖਾਈਆ । ਬਿਨ ਲੋਚਨ ਕਰ ਕੇ ਦੀਦ, ਦਰਸ ਦੀਦਾਰ ਰੁਸ਼ਨਾਈਆ । ਅੰਤਸ਼ਕਰਨ ਕਰ ਉਮੀਦ, ਆਮਦ ਵਿਚ ਵਡਿਆਈਆ । ਕਲਮਾ ਸਿਫ਼ਤ ਤਮਹੀਦ, ਰਹਿਮਤ ਨੂਰ ਅਲਾਹੀਆ । ਜੋ ਕਦੇ ਨਾ ਪੜ੍ਹੇ ਕ਼ੁਰਾਨ ਮਜੀਦ, ਨਗ਼ਮਾ ਧੁਰ ਦਾ ਇਕ ਸੁਣਾਈਆ । ਉਸ ਦਾ ਖੇਲ ਇਕ ਅਸਲੀਅਤ, ਅਸਲ ਨੂਰ ਅਲਾਹੀਆ । ਜਿਸ ਨੇ ਸਭ ਦੀ ਬਦਲ ਦੇਣੀ ਤਬੀਅਤ, ਤਬੀਬ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਧਰਨੀ ਕਹੇ ਜਿਸ ਵੇਲੇ ਯੁਧਿਸ਼ਟਰ ਉਤਰਿਆ ਉਤੋਂ ਰਥ, ਅੱਖ ਕ੍ਰਿਸ਼ਨ ਨਾਲ ਮਿਲਾਈਆ । ਕ੍ਰਿਸ਼ਨ ਮਾਰ ਕੇ ਦੋਵੇਂ ਹੱਥ, ਮਿੱਟੀ ਖ਼ਾਕ ਦਿਤੀ ਮਿਲਾਈਆ । ਸਹਿਜ ਸੁਭਾਓ ਪਿਆ ਹੱਸ, ਹਸਤੀ ਆਪਣੀ ਦਿਤੀ ਸਮਝਾਈਆ । ਧਰਮ ਸੁਤ ਖੋਲ੍ਹ ਕੇ ਵੇਖ ਅੱਖ, ਆਖ਼ਰ ਦਿਆਂ ਜਣਾਈਆ । ਕਲਜੁਗ ਅੰਤਮ ਖੇਲ ਵੇਖ ਪ੍ਰਤੱਖ, ਪਰਮਾਤਮ ਪੜਦਾ ਲਾਹੀਆ । ਜੋ ਨਿਰਗੁਣ ਧਾਰ ਹੋਏ ਪ੍ਰਗਟ, ਜੋਤੀ ਜਾਤਾ ਵੇਸ ਵਟਾਈਆ । ਜਿਸ ਸ਼ੰਭੂ ਦਾ ਏਥੇ ਹੱਟ, ਝੌਂਪੜੀ ਕੱਖਾਂ ਵਾਲੀ ਸੁਹਾਈਆ । ਓਹ ਜਾਮਾ ਫੇਰ ਆਵੇ ਪਲਟ, ਮਾਣਸ ਮਾਣਸ ਰੂਪ ਧਰਾਈਆ । ਕਿਰਪਾ ਕਰੇ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਨਾਮ ਦੱਸ, ਸਚ ਸੰਦੇਸ਼ਾ ਨਾਮ ਸੁਣਾਈਆ । ਭਾਗ ਲਗਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਜਗਤ ਦਵਾਰਾ ਆਏ ਛੱਡ, ਮਿਟੇ ਨਾਤਾ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਧਰਨੀ ਕਹੇ ਜਿਸ ਦੀ ਨਿੱਕੀ ਜਿਹੀ ਦੁਕਾਨ, ਵਸਤੂ ਜਗ ਨਾ ਕੋਇ ਵਿਕਾਈਆ । ਕਿਰਪਾ ਕਰੇ ਕਾਹਨ, ਕਾਹਨ ਭਗਵਾਨ ਧੁਰਦਰਗਾਹੀਆ । ਧੁਰ ਦਾ ਲਾ ਨਿਸ਼ਾਨ, ਨਿਸ਼ਾਨਾ ਗਿਆ ਸੁਹਾਈਆ । ਬੋਲ ਕੇ ਨਾਲ ਜ਼ਬਾਨ, ਜ਼ਮਾਨਾ ਗਿਆ ਬਦਲਾਈਆ । ਜਿਸ ਵੇਲੇ ਕਲ ਅੰਤ ਆਵੇ ਸ੍ਰੀ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਇਹ ਧਰਨੀ ਵੇਖੇ ਆਣ, ਧਵਲ ਖੋਜ ਖੁਜਾਈਆ । ਤੇਰਾ ਲਹਿਣਾ ਦੇਣਾ ਚੁਕਾਵੇ ਵਿਚ ਜਹਾਨ, ਜਹਾਂ ਤਹਾਂ ਹੋਏ ਸਹਾਈਆ । ਸਾਚੇ ਦਰ ਕਰ ਪ੍ਰਵਾਨ, ਪ੍ਰਵਾਨਾ ਧੁਰ ਦਾ ਹੱਥ ਫੜਾਈਆ । ਭਾਗ ਲਗਾ ਕੇ ਵਿਚ ਬੀਆਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰਾ ਪੂਰਾ ਹੋਇਆ ਵਰ, ਵਾਰਤਾ ਦਿਤੀ ਦੁਹਰਾਈਆ । ਨਿਰਗੁਣ ਧਾਰ ਪਾਇਆ ਘਰ, ਗ੍ਰਿਹ ਮੰਦਰ ਵੱਜੀ ਵਧਾਈਆ । ਨਹਾ ਕੇ ਸਾਚੇ ਸਰ, ਦੁਰਮਤ ਮੈਲ ਲਈ ਧੁਆਈਆ । ਨਿਰਅੱਖਰ ਧਾਰ ਲਿਆ ਪੜ੍ਹ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੰਜ਼ਲ ਹਕ਼ੀਕ਼ੀ ਗਈ ਚੜ੍ਹ, ਸਚ ਮੁਨਾਰੇ ਸੋਭਾ ਪਾਈਆ । ਜਿਥੇ ਭਗਤ ਭਗਵਾਨ ਰਹੇ ਖੜ੍ਹ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਧਰਨੀ ਕਹੇ ਮੇਰਾ ਜਾਗਿਆ ਭਾਗ, ਭਗਵਾਨ ਦਿਤੀ ਵਡਿਆਈਆ । ਜਿਥੇ ਗੁਰਮੁਖ ਉਪਜੇ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਹਰਿ ਸੰਗਤ ਬਣੇ ਸਮਾਜ, ਵਰਨ ਬਰਨ ਦਾ ਡੇਰਾ ਢਾਹੀਆ । ਦੁਰਮਤ ਰਹੇ ਨਾ ਕੋਇ ਦਾਗ਼, ਪਾਪਾਂ ਕਰੇ ਸਫ਼ਾਈਆ । ਮਾਇਆ ਡੱਸੇ ਨਾ

ਡਸਨੀ ਨਾਗ, ਮਮਤਾ ਮੋਹ ਦਏ ਚੁਕਾਈਆ । ਹੰਸ ਬਣਾਏ ਫੜ ਕੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸ਼ਬਦ ਅਗੰਮੀ ਮਾਰ ਕੇ ਆਵਾਜ਼, ਸੋਈ ਸੁਰਤ ਲਈ ਉਠਾਈਆ । ਖੋਲ੍ਹ ਕੇ ਆਪਣਾ ਰਾਜ਼, ਰਾਜ਼ਕ ਰਹੀਮ ਰਿਹਾ ਜਣਾਈਆ । ਜਿਸ ਥਾਂ ਫ਼ਰੀਦ ਨੇ ਪੜ੍ਹੀ ਨਿਮਾਜ਼, ਸੱਯਦਿਆਂ ਵਿਚ ਸੀਸ ਝੁਕਾਈਆ । ਉਸ ਦਾ ਲਹਿਣਾ ਦੇਣਾ ਦਿਤਾ ਆਜ, ਅਦਦ ਤਸ਼ੱਦਦ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਬਖ਼ਸ਼ ਪ੍ਰੇਮ ਵੈਰਾਗ, ਵੈਰੀ ਅੰਦਰੋਂ ਦਏ ਕਢਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਕੰਤ ਸੁਹਾਗ, ਦਰਗਾਹ ਸਾਚੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੇਰੇ ਅੰਤਰ ਚਾਓ ਘਨੇਰਾ, ਖ਼ੁਸ਼ੀਆਂ ਵਿਚ ਜਣਾਈਆ । ਪਰਮ ਪੁਰਖ ਠਾਕਰ ਮਿਲਿਆ ਮੇਰਾ, ਮਮਤਾ ਮੋਹ ਰਿਹਾ ਮਿਟਾਈਆ । ਜਿਸ ਕਲਜੁਗ ਅੰਤ ਦੇਣਾ ਗੇੜਾ, ਲੱਖ ਚੁਰਾਸੀ ਵੇਖ ਵਖਾਈਆ । ਜਨ ਭਗਤਾਂ ਉਤੇ ਕਰ ਕੇ ਮਿਹਰਾ, ਮਹਿਬੂਬ ਮੁਹੱਬਤ ਵਿਚ ਦੇਣਾ ਦ੍ਰਿੜਾਈਆ । ਨਿਜ ਘਰ ਨਿਜ ਗ੍ਰਿਹਿ ਨਿਜ ਆਤਮ ਦਿਸਣਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜਿਸ ਥਾਂ ਤੇ ਹੱਟੀ ਵਾਲੇ ਦਾ ਵਸੇਰਾ, ਕ੍ਰਿਸ਼ਨ ਲੇਖੇ ਵਿਚ ਵਡਿਆਈਆ । ਉਸੇ ਦਾ ਬੰਨ੍ਹਣ ਆਇਆ ਬੇੜਾ, ਜੋ ਜਨਮ ਵਿਚੋਂ ਜਨਮ ਗਿਆ ਬਦਲਾਈਆ । ਗੁਰਮੇਜ਼ ਸਿੰਘ ਤੇਰਾ ਬਣਾਵੇ ਡੇਰਾ, ਡੇਰਾ ਆਪਣੇ ਵਿਚ ਰਖਾਈਆ । ਕੌਲ ਇਕਰਾਰ ਪਿਛਲਾ ਕੀਤਾ ਜਿਹੜਾ, ਪੂਰਬ ਜਨਮ ਰਿਹਾ ਚੁਕਾਈਆ । ਵੀਹ ਸੌ ਪੰਦਰਾਂ ਬਿਕ੍ਰਮੀ ਥਾਨੇਸਰ ਦਾ ਲੇਖਾ ਲਿਖਿਆ ਬਥੇਰਾ, ਜਗ੍ਹਾ ਭੂਮਿਕਾ ਅੱਜ ਮਿਲੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਜਨ ਭਗਤਾਂ ਏਥੇ ਓਥੇ ਦੋ ਜਹਾਨਾਂ ਬੰਨ੍ਹੇ ਬੇੜਾ, ਖੇਵਟ ਖੇਟਾ ਹੋ ਕੇ ਭਾਰ ਆਪਣੇ ਕੰਧ ਉਠਾਈਆ ।



੨੪੮ ੨੧

## ✻ ੨੭ ਜੇਠ ਸ਼ਹਿਨਸ਼ਾਹੀ ਸੰਮਤ ੪ ਅਰਜਨ ਸਿੰਘ ਦੇ ਗ੍ਰਿਹ ਬਲੋਚਪੁਰਾ ✻

ਸਤਿਜੁਗ ਕਹੇ ਕਿਰਪਾ ਕਰ ਮੇਰੇ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਨਿਰਗੁਣ ਸਰਗੁਣ ਤੇਰਾ ਖੇਲ ਬੀਸ ਇਕੀਸ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪ੍ਰਵਾਹੀਆ । ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਗਏ ਬੀਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਬਿਨ ਤੇਰੀ ਕਿਰਪਾ ਸਾਹਿਬ ਸੁਲਤਾਨ ਨੌਜਵਾਨ ਬਦਲੇ ਕੋਇ ਨਾ ਰੀਤ, ਮੰਦਰ ਮਸੀਤ ਪੰਧ ਨਾ ਕੋਇ ਚੁਕਾਈਆ । ਏਕਾ ਰੰਗ ਰੰਗੇ ਨਾ ਕੋਇ ਹਸਤ ਕੀਟ, ਊਚ ਨੀਚ ਡੇਰਾ ਕੋਇ ਨਾ ਢਾਹੀਆ । ਸਦੀ ਚੌਧਵੀਂ ਪਰਵਰਦਿਗਾਰ ਰਹੀ ਬੀਤ, ਬਾਤਨ ਭੇਵ ਨਾ ਕੋਇ ਖੁਲ੍ਹਾਈਆ । ਨਾਉਂ ਨਿਰੰਕਾਰ ਤੇਰਾ ਕਲਮਾ ਹੱਕ ਹਦੀਸ, ਹਜ਼ਰਤਾਂ ਹਜ਼ੂਰ ਦੇਣਾ ਜਣਾਈਆ । ਤੇਰਾ ਪ੍ਰਕਾਸ਼ ਹੋਵੇ ਅਗੰਮ ਦੀਪ, ਦੀਪਕ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਚੁਕਾਈਆ । ਸਤਿਜੁਗ ਕਹੇ ਪ੍ਰਭ ਮੈਂ ਦਰ ਦਰਵੇਸ਼ ਮੰਗਤਾ, ਨਿਰਧਨ ਹੋ ਕੇ ਆਸ ਰਖਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਦੇ ਜਣਾਈਆ । ਝਗੜਾ ਰਹੇ ਨਾ ਕੋਈ ਮਮਤਾ ਮਨ ਦਾ, ਮਨਸਾ ਮੋਹ ਮੇਟ ਮਿਟਾਈਆ । ਭੇਵ ਖੁਲ੍ਹਾਵਾਂ ਕਾਇਆ ਮਾਟੀ ਤਨ ਦਾ, ਤੰਦ ਸਤਾਰ ਅੰਦਰ ਇਕ ਵਜਾਈਆ । ਰੂਪ ਜਣਾਵਾਂ ਭਗਤ

ਜਨ ਜਨ ਦਾ, ਜਾਗਰਤ ਜੋਤ ਡਗਮਗਾਈਆ । ਪੰਧ ਮੁਕਾਵਾਂ ਚਿੰਤਾ ਹਰਖ ਸੋਗ ਗ਼ਮ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਜੁਗ ਕਹੇ ਪ੍ਰਭ ਮੇਰੀ ਤੇਰੇ ਅਗੇ ਅਰਦਾਸ, ਬੇਨੰਤੀ ਇਕ ਜਣਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਸਾਹਿਬ ਸੁਲਤਾਨ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਹੋਵੇ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਹਰ ਘਟ ਅੰਦਰ ਤੇਰੀ ਪਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਰੂਹ ਬੁਤ ਦੋਵੇਂ ਹੋਵਣ ਪਾਕ, ਪਤਤ ਪੁਨੀਤ ਤੇਰੀ ਸਰਨਾਈਆ । ਸਚ ਦਵਾਰ ਖੁਲ੍ਹਾ ਕੇ ਹਾਟ, ਵਸਤ ਅਮੋਲਕ ਇਕ ਵਰਤਾਈਆ । ਧਰਮ ਦਵਾਰ ਜਣਾ ਕੇ ਘਾਟ, ਪਤਣ ਕੂੜ ਕੁਕਰਮ ਦਿਆਂ ਗੁਆਈਆ । ਨਵ ਨੌ ਚਾਰ ਨਾ ਰਹੇ ਅੰਧੇਰੀ ਰਾਤ, ਇਕੋ ਤੇਰਾ ਨੂਰ ਜੋਤ ਹੋਵੇ ਰੁਸ਼ਨਾਈਆ । ਜਨ ਭਗਤਾਂ ਪੂਰੀ ਕਰ ਕੇ ਆਸ, ਜਨਮ ਜਨਮ ਦੀ ਤ੍ਰਿਸ਼ਨਾ ਪਿਆਸ ਮਿਟਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਇਕ ਜਣਾ ਕੇ ਬਾਪ, ਚਾਚੇ ਗੁਰ ਅਵਤਾਰ ਪੈਗ਼ੰਬਰ ਤੋਂ ਖਹਿੜਾ ਦਿਆਂ ਛੁਡਾਈਆ । ਜਿਧਰ ਤੱਕਣ ਨਜ਼ਰੀ ਆਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸੀਸ ਨਿਵਾਈਆ । ਸਤਿਜੁਗ ਕਹੇ ਪ੍ਰਭ ਮੇਰੀ ਪਿੱਠ ਤੇ ਦੇਦੇ ਥਪਕੀ, ਸਿਰ ਆਪਣਾ ਹੱਥ ਟਿਕਾਈਆ । ਮੈਂ ਅੰਤਰ ਨਿਰੰਤਰ ਸੁਰਤ ਬਦਲਾਵਾਂ ਸਭ ਦੀ, ਨਿਰਗੁਣ ਹੋ ਕੇ ਨਿਰਗੁਨ ਵੇਖ ਵਖਾਈਆ । ਘਟ ਘਟ ਅੰਤਰ ਤੇਰੀ ਜੋਤ ਹੋਵੇ ਜਗਦੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਤ੍ਰੈਗੁਣ ਅਗਨੀ ਮੇਟਾਂ ਅੱਗ ਦੀ, ਪੰਜ ਤਤ ਨਾ ਕੋਇ ਜਲਾਈਆ । ਰਸਨਾ ਜਿਹਵਾ ਇਕੋ ਨਾਮ ਤੇਰਾ ਹੋਵੇ ਜਪਦੀ, ਜਗਜੀਵਣ ਦਾਤੇ ਤੇਰੀ ਓਟ ਰਖਾਈਆ । ਕਲਪਣਾ ਰਹਿਣ ਨਾ ਦੇਵਾਂ ਮਨਮਤ ਦੀ, ਗੁਰਮਤ ਇਕੋ ਇਕ ਸਮਝਾਈਆ । ਨਜ਼ਰ ਖੁਲ੍ਹਾ ਕੇ ਨਿਜ ਨੇਤਰ ਲੋਚਨ ਨੈਣ ਅੱਖ ਦੀ, ਆਖ਼ਰ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਕਹੇ ਪ੍ਰਭ ਮੇਰੀ ਆਸਾ ਇਕ ਅਗੰਮੀ, ਲਿਖਣ ਵਿਚ ਕਦੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਹੋ ਕੇ ਮੰਨੀਂ, ਮਿਹਰਵਾਨ ਮਹਿਬੂਬ ਤੇਰੀ ਸਰਨਾਈਆ । ਮੈਂ ਤੇਰਾ ਨਾਉਂ ਸੁਣੌਣਾ ਚਾਹੁੰਦਾ ਨਹੀਂ ਕਿਸੇ ਕੰਨੀਂ, ਨਿਰੰਤਰ ਅੰਤਰ ਹਿਰਦੇ ਵਿਚ ਦਿਆਂ ਟਿਕਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਧੁਰ ਦਾ ਧਨੀ, ਧਰਮ ਦੀ ਦਾਤ ਦੇ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਰਹੇ ਨਾ ਅੰਨ੍ਹੀ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਵਜਦੀ ਰਹੇ ਵਧਾਈਆ । ਸਤਿਜੁਗ ਕਹੇ ਪ੍ਰਭ ਤੇਰੇ ਨਾਮ ਦਾ ਦੱਸਾਂ ਢੋਲਾ, ਢੋਲ ਮਾਹੀ ਦਿਆਂ ਸਮਝਾਈਆ । ਵਿਛੜਿਆ ਰਹੇ ਕੋਈ ਨਾ ਗੋਲਾ, ਕਾਇਆ ਗੋਲਕ ਫੋਲ ਫੁਲਾਈਆ । ਤੇਰਾ ਭੇਵ ਖੁਲ੍ਹਾ ਕੇ ਮੌਲਾ, ਹਰ ਘਟ ਮੌਲਿਆ ਦਿਆਂ ਸਮਝਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦਿਆਂ ਰੌਲਾ, ਰਹਿਬਰ ਇਕੋ ਦਿਆਂ ਵਖਾਈਆ । ਗੁਰ ਅਵਤਾਰ ਪੈਗ਼ੰਬਰ ਪੂਰਾ ਕਰ ਇਕਰਾਰ ਕੌਲਾ, ਕਵਲ ਨੈਣ ਤੇਰੀ ਓਟ ਤਕਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੁੱਤਾ ਅਨਭੋਲਾ, ਬਿਨ ਤੇਰੀ ਕਿਰਪਾ ਲਏ ਨਾ ਕੋਇ ਅੰਗੜਾਈਆ । ਤਨ ਵਜੂਦ ਮਾਟੀ ਖ਼ਾਕ ਭਾਗ ਲੱਗੇ ਕਿਸੇ ਨਾ ਚੋਲਾ, ਚੋਜੀ ਪ੍ਰੀਤਮ ਤੇਰਾ ਦਰਸ ਕਿਸੇ ਨਾ ਪਾਈਆ । ਤੇਰੀ ਕਿਰਪਾ ਸਭ ਦੇ ਅੰਦਰੋਂ ਚੁਕਾਵਾਂ ਪਰਦਾ ਉਹਲਾ, ਭਾਂਡਾ

ਭਰਮ ਭੌ ਭੰਨਾਈਆ । ਭਗਤ ਸੁਹੇਲਾ ਗੁਰੂ ਗੁਰ ਚੇਲਾ, ਤੇਰੇ ਦਵਾਰ ਬਣਾਵਾਂ ਗੋਲਾ, ਗਹਿਰ ਗੰਭੀਰ ਬੇਨਜ਼ੀਰ ਮੇਲ ਮਿਲਾ ਕੇ ਸਹਿਜ ਸੁਭਾਈਆ । ਤੂੰ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਬਣਾ ਤੋਲਾ, ਤੋਲਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਬੇਪ੍ਰਵਾਹੀਆ । ਸਤਿਜੁਗ ਕਹੇ ਮੇਰੇ ਮਾਲਕ ਧੁਰ ਦੇ ਅਰਸ਼ੀ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਨਿਗਾਹ ਮਾਰ ਉਪਰ ਫ਼ਰਸ਼ੀ, ਫ਼ਰਿਸ਼ਤੇ ਚਾਰੇ ਦੇਣ ਦੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਮਨਜ਼ੂਰ ਕਰ ਅਰਜ਼ੀ, ਆਜਜ਼ ਹੋ ਕੇ ਸੀਸ ਨਿਵਾਈਆ । ਗ਼ਰੀਬ ਨਿਮਾਣਿਆਂ ਬਣ ਦਰਦੀ, ਦਰਦਵੰਦ ਹੋ ਕੇ ਦਰਦ ਵੰਡਾਈਆ । ਵੇਖੀਂ ਕਲਜੁਗ ਅੰਤ ਮੂਲ ਨਾ ਬਣੀਂ ਅਲਗ਼ਰਜ਼ੀ, ਬੇਪ੍ਰਵਾਹੀ ਵਿਚ ਸਮਾਈਆ । ਇਹ ਖੇਲ ਤੇਰੇ ਅਨੋਖੇ ਘਰ ਦੀ, ਜਿਸ ਦੀ ਖ਼ਬਰ ਨਾ ਕੋਇ ਸੁਣਾਈਆ । ਸਤਿਜੁਗ ਕਹੇ ਮੈਂ ਚਾਹੁੰਦਾ ਸਭ ਰਸਨਾ ਤੇਰਾ ਇਕੋ ਨਾਉਂ ਹੋਵੇ ਪੜ੍ਹਦੀ, ਪੜਦਾ ਅੰਦਰ ਰਹੇ ਨਾ ਰਾਈਆ । ਸੁਰਤੀ ਮੰਜ਼ਲ ਹੋਵੇ ਚੜ੍ਹਦੀ, ਸ਼ਬਦੀ ਢੋਲਾ ਨਾਮ ਗਾਈਆ । ਨਿਰਗੁਣ ਜੋਤ ਹੋਵੇ ਜਗਦੀ, ਘਰ ਵਿਚ ਘਰ ਕਰੇ ਰੁਸ਼ਨਾਈਆ । ਤੇਰੀ ਆਸਾ ਹੋਵੇ ਸਦ ਦੀ, ਮਨਸਾ ਵਿਚ ਮਿਲਾਈਆ । ਮੰਜ਼ਲ ਮੁਕ ਜਾਏ ਜਗਤ ਹਦੂਦ ਹੱਦ ਦੀ, ਰਾਹ ਇਕੋ ਵੱਜੇ ਵਧਾਈਆ । ਸੁਣੇ ਆਵਾਜ਼ ਅਗੰਮੀ ਨਦ ਦੀ, ਅਨਹਦ ਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਾਚੀ ਮੰਗ ਮੰਗਾਈਆ । ਸਤਿਜੁਗ ਕਹੇ ਮੇਰੇ ਅੰਤਰ ਆਵੇ ਖ਼ੁਸ਼ੀ, ਖ਼ੁਸ਼ਖ਼ਬਰੀ ਦਿਆਂ ਜਣਾਈਆ । ਸ੍ਰਿਸ਼ਟੀ ਦੀ ਤੇਰੇ ਨਾਲ ਲਗਾਵਾਂ ਰੁਚੀ, ਰਚਨਾ ਤੇਰੀ ਦਿਆਂ ਸਮਝਾਈਆ । ਸਭ ਦੀ ਬੁੱਧੀ ਕਰਾਂ ਸੁੱਚੀ, ਸੱਚ ਸੰਜਮ ਇਕ ਪ੍ਰਗਟਾਈਆ । ਕੂੜੀ ਕਿਰਿਆ ਜੜ੍ਹ ਜਾਏ ਪੁੱਟੀ, ਪਟਨੇ ਵਾਲਾ ਕਰੇ ਸਫ਼ਾਈਆ । ਜਨ ਭਗਤਾਂ ਮਨ ਰਹੇ ਨਾ ਕੋਇ ਤ੍ਰਿਕੁਟੀ, ਈੜਾ ਪਿੰਗਲ ਸੁਖਮਨ ਵੰਡ ਨਾ ਕੋਇ ਵੰਡਾਈਆ । ਸਹਿੰਸ ਦਲ ਦੀ ਕਰੇ ਨਾ ਕੋਈ ਬੁੱਤੀ, ਮਨਸਾ ਮੋਹ ਨਾ ਕੋਇ ਜਣਾਈਆ । ਇਕੋ ਤੇਰੀ ਮੰਜ਼ਲ ਦੱਸਾਂ ਉਚੀ, ਘਰ ਘਰ ਵਿਚ ਹੋਵੇ ਰੁਸ਼ਨਾਈਆ । ਜਨ ਭਗਤ ਵਿਛੋੜੇ ਵਿਚ ਰਹੇ ਕੋਇ ਨਾ ਦੁਖੀ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਈਆ । ਔਣਾ ਪਵੇ ਨਾ ਕਿਸੇ ਮਾਤ ਕੁੱਖੀ, ਗਰਭ ਜੂਨ ਨਾ ਕੋਇ ਭੁਆਈਆ । ਸਚ ਸੁਹੰਜਣੀ ਕਰ ਕੇ ਰੁੱਤੀ, ਰੁਤੜੀ ਤੇਰਾ ਨਾਮ ਮਹਿਕਾਈਆ । ਸਤਿਜੁਗ ਕਹੇ ਪ੍ਰਭ ਮੇਰੀ ਅੰਤ ਵਾਤ ਪੁਛੀਂ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਝਗੜਾ ਰਹਿਣ ਨਾ ਦੇਵਾਂ ਕਾਇਆ ਬੁੱਤੀਂ, ਬੁਤਖ਼ਾਨੇ ਦਿਆਂ ਗਵਾਈਆ । ਤੇਰੀ ਜੋਤ ਰਹੇ ਨਾ ਲੁਕੀ, ਲੋਕ ਪ੍ਰਲੋਕ ਵੱਜੇ ਵਧਾਈਆ । ਨਿਰਗੁਣ ਧਾਰ ਹੋ ਕੇ ਉਠੀਂ, ਨਿਰਵੈਰ ਦਇਆ ਕਮਾਈਆ । ਸਾਹਿਬ ਸਤਿਗੁਰ ਹੋ ਕੇ ਤੁੱਠੀਂ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਕਲਜੁਗ ਕੂੜੀ ਕਿਰਿਆ ਜਾਏ ਕੁੱਠੀ, ਕੂੜ ਕੁਟੰਬ ਦੇਣਾ ਮਿਟਾਈਆ । ਜਨ ਭਗਤ ਉਜਲ ਕਰੀਂ ਮੁਖੀ, ਮਾਨੁੱਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਨੌਜਵਾਨ, ਤੇਰਾ ਖੇਲ ਮਰਦ ਮਰਦਾਨ, ਹਰਿਜਨ ਆਤਮ ਰਹੇ ਕੋਇ ਨਾ ਸੁੱਤੀ, ਸੁਤੇ ਪ੍ਰਕਾਸ਼ ਆਪਣਾ ਦੇਣਾ ਵਖਾਈਆ ।

## ❊ ੨੮ ਜੇਠ ਸ਼ਹਿਨਸ਼ਾਹੀ ਸੰਮਤ ੪ ਸ੍ਰੀ ਰਾਮ ਦੇ ਗ੍ਰਿਹ ਪਿੰਡ ਮਕਸੂਦੜਾ ❊

ਸਤਿਜੁਗ ਕਹੇ ਪ੍ਰਭ ਤੇਰੇ ਚਰਨ ਜਾਵਾਂ ਝੁੱਕ, ਨਿਉਂ ਨਿਉਂ ਨਿਰਵੈਰ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਦੁੱਖ, ਦੀਨਾਂ ਅਨਾਥਾਂ ਦਇਆ ਕਮਾਈਆ । ਚਾਰ ਵਰਨ ਅਠਾਰਾਂ ਬਰਨ ਦੇ ਸੁਖ, ਆਤਮ ਪਰਮਾਤਮ ਮੇਲ ਮਿਲਾਈਆ । ਤ੍ਰਿਸ਼ਨਾ ਕੂੜ ਰਹੇ ਨਾ ਭੁੱਖ, ਮਮਤਾ ਮੋਹ ਦੇਣਾ ਚੁਕਾਈਆ । ਅੰਤਰ ਉਹਲਾ ਰਹੇ ਨਾ ਲੁਕ, ਪੜਦਾ ਪ੍ਰੇਮ ਦੇਣਾ ਉਠਾਈਆ । ਉਜਲ ਕਰ ਮਾਤ ਮੁਖ, ਦੁਰਮਤ ਮੈਲ ਧਵਾਈਆ । ਭਗਤ ਸੁਹੇਲਾ ਬਣਾ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਤਿਜੁਗ ਕਹੇ ਪ੍ਰਭ ਵੇਖ ਅੰਤਰ ਨਿਰੰਤਰ, ਨਿਰਵੈਰ ਦਇਆ ਕਮਾਈਆ । ਧੁਰ ਦਾ ਦੱਸ ਅਗੰਮੀ ਮੰਤਰ, ਮੰਤਵ ਸਭ ਦਾ ਹੱਲ ਕਰਾਈਆ । ਸਤਿ ਧਰਮ ਬਣਾ ਬਣਤਰ, ਕੂੜੀ ਕਿਰਿਆ ਡੇਰਾ ਢਾਹੀਆ । ਤੇਰਾ ਖੇਲ ਜੁਗਾ ਜੁਗੰਤਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸਤਿਜੁਗ ਕਹੇ ਮੇਰੇ ਸਾਹਿਬ ਸਵਾਮੀ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡਿਆਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਜਨ ਭਗਤਾਂ ਲੇਖੇ ਲਾ ਘਾਲ, ਜੋ ਨਿਤ ਨਵਿਤ ਤੇਰਾ ਨਾਮ ਧਿਆਈਆ । ਕਰ ਪ੍ਰਕਾਸ਼ ਕਾਇਆ ਮਾਟੀ ਸਾਚੀ ਧਰਮਸਾਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਚ ਵਿਕਾਰ ਰਹਿਣ ਨਾ ਪਾਈਆ । ਸ਼ਬਦ ਅਨਾਦੀ ਧੁਨ ਆਤਮਕ ਵਜਾ ਤਾਲ, ਅਗੰਮੀ ਰਾਗ ਸੁਣਾਈਆ । ਦੀਪਕ ਜੋਤ ਜਗੇ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਸਮਝਾਈਆ । ਝਗੜਾ ਰਹੇ ਨਾ ਕਾਲ ਮਹਾਂਕਾਲ, ਭੈ ਭੌ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਵੇਖ ਵਖਾਈਆ । ਸਤਿਜੁਗ ਕਹੇ ਪ੍ਰਭ ਮੇਰੇ ਭਗਵੰਤ, ਪਰਮਾਤਮ ਤੇਰੀ ਓਟ ਤਕਾਈਆ । ਸ੍ਰਿਸ਼ਟ ਸਬਾਈ ਬਣ ਅਗੰਮੀ ਕੰਤ, ਆਤਮ ਪਰਮਾਤਮ ਜੋੜ ਜੁੜਾਈਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਨਿਰਵੈਰ ਉਤਰ ਕਦੇ ਨਾ ਜਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬਣ ਪੰਡਤ, ਨਿਰਅੱਖਰ ਅੱਖਰ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਪ੍ਰਗਟਾਈਆ । ਸਤਿਜੁਗ ਕਹੇ ਮੇਰੇ ਸਾਹਿਬ ਪੁਰਖ ਸਮਰਥ, ਹਰਿ ਕਰਤੇ ਤੇਰੀ ਵਡ ਵਡਿਆਈਆ । ਜੁਗ ਚੌਕੜੀ ਤੂੰ ਚਲਾਵਣਹਾਰਾ ਰਥ, ਬਣ ਰਥਵਾਹੀ ਵੇਸ ਵਟਾਈਆ । ਤੇਰੀ ਬੋਧ ਅਗਾਧ ਮਹਿੰਮਾ ਨਾਮ ਅਕਥ, ਰਸਨਾ ਜਿਹਵਾ ਕਹਿਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਨਾਮ ਮਧਾਣੇ ਦੇ ਮੱਥ, ਮਮਤਾ ਮੋਹ ਦੇ ਗੁਆਈਆ । ਜਨ ਭਗਤਾਂ ਆਪਣੇ ਮਿਲਣ ਦੀ ਖੋਲ੍ਹ ਅੱਖ, ਨਿਜ ਨੇਤਰ ਜੋੜ ਜੁੜਾਈਆ । ਵਸਤ ਅਮੋਲਕ ਦੇ ਕੇ ਸਚ, ਸੰਜਮ ਇਕੋ ਦੇਣਾ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਮਿਲੇ ਵਡਿਆਈਆ । ਮਨੂਆ ਮਨ ਨਾ ਸਕੇ ਨੱਚ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਿਰ ਸਭ ਦੇ ਰਖਣਾ ਹੱਥ, ਪੁਸ਼ਤ ਪਨਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਧਰਮ ਦੇ ਵਥ, ਕੂੜੀ ਕਿਰਿਆ ਬਾਹਰ ਕਢਾਈਆ । ਸਤਿਜੁਗ ਕਹੇ ਮੇਰੇ ਭਗਤ ਵਛਲ ਗਿਰਧਾਰ, ਗਹਿਰ

ਗੰਭੀਰ ਤੇਰੀ ਬੇਪ੍ਰਵਾਹੀਆ । ਚਰਨ ਝੁਕਣ ਤੇਈ ਅਵਤਾਰ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਨਿਮਸਕਾਰ ਕਰੇ ਗੁਰੂ ਗੁਰ ਧਾਰ, ਨੇਤਰ ਅੱਖ ਨਾ ਕੋਇ ਉਠਾਈਆ । ਤੇਰਾ ਹੁਕਮ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਨਾ ਕੋਈ ਮੇਟੇ ਮੇਟ ਮਿਟਾਈਆ । ਨਵ ਨੌ ਚਾਰ ਬੀਤੇ ਸੰਸਾਰ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਵੇਖ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਰਿਹਾ ਨਾ ਕੋਇ ਉਜਿਆਰ, ਕੂੜ ਕੁੜਿਆਰ ਨਾ ਕੋਇ ਮਿਟਾਈਆ । ਗ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਾਹਾਕਾਰ, ਇਸ਼ਟੀ ਬੈਠੇ ਮੁਖ ਭਵਾਈਆ । ਖੇਲ ਵੇਖ ਅਗੰਮ ਅਪਾਰ, ਅਲਖ ਅਗੋਚਰ ਦਇਆ ਕਮਾਈਆ । ਚਾਰ ਵਰਨ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਸਾਚੇ ਭਗਤਾਂ ਦੇ ਦੀਦਾਰ, ਨੂਰ ਜ਼ਹੂਰ ਕਰ ਰੁਸ਼ਨਾਈਆ । ਮੈਂ ਮੰਗਤਾ ਤੇਰੇ ਦਰਬਾਰ, ਦਰ ਠਾਂਡੇ ਸੀਸ ਨਿਵਾਈਆ । ਸਤਿਜੁਗ ਉਚੀ ਕੂਕ ਕਰੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਝੁਲਦਾ ਵੇਖਾਂ ਇਕ ਨਿਸ਼ਾਨ, ਜਿਸ ਨੂੰ ਡੰਡਾਵਤ ਕਰੇ ਦੋ ਜਹਾਨ, ਸੱਜਦਿਆਂ ਵਿਚ ਸਿਰ ਸਰ ਨਾ ਕੋਇ ਉਠਾਈਆ ।

### ❊ ੨੯ ਜੇਠ ਸ਼ਹਿਨਸ਼ਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹ ਕਰਤਾਰ ਪੁਰ ਜ਼ਿਲਾ ਜਲੰਧਰ ❊

ਸਤਿਜੁਗ ਕਹੇ ਪ੍ਰਭ ਕੂੜੀ ਕਿਰਿਆ ਬਦਲ ਦੇ ਸਿੱਕਾ, ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਆਪਣਾ ਨਾਮ ਪ੍ਰਗਟਾਈਆ । ਪੁਰਖ ਅਕਾਲ ਦੀਨ ਦਿਆਲ ਨਜ਼ਰ ਆ ਸਭ ਨੂੰ ਪਿਤਾ, ਪਤਿਪਰਮੇਸ਼ਵਰ ਬੇਪ੍ਰਵਾਹ ਆਪਣਾ ਪੜਦਾ ਦੇ ਉਠਾਈਆ । ਏਕਾ ਰੰਗ ਰੰਗਾ ਵੱਡਾ ਨਿੱਕਾ, ਊਚ ਨੀਚ ਰਾਓ ਰੰਕ ਝਗੜਾ ਦੇਣਾ ਮੁਕਾਈਆ । ਆਤਮ ਪਿਆਰ ਬ੍ਰਹਮ ਧਾਰ ਕਰ ਹਿੱਤਾ, ਸਚ ਸਵਾਮੀ ਆਪਣਾ ਰੰਗ ਰੰਗਾਈਆ । ਜੁਗ ਚੌਕੜੀ ਨਿਤ ਨਵਿਤ ਤੇਰਾ ਲੇਖ ਲਿਖਾ, ਮਹਿੰਮਾ ਵਿਚ ਸਿਫ਼ਤ ਸਾਲਾਹੀਆ । ਚਾਰ ਜੁਗ ਦੇ ਸ਼ਾਸਤਰ ਤੇਰਾ ਸਿਫ਼ਤ ਸਾਲਾਹੀ ਚਿੱਠਾ, ਜੁਗ ਚੌਕੜੀ ਦੇਣ ਗਵਾਹੀਆ । ਗੁਰ ਅਵਤਾਰ ਪੈਗ਼ੰਬਰ ਤੇਰਾ ਭਾਣਾ ਮੰਨਿਆ ਮਿੱਠਾ, ਸੀਸ ਜਗਦੀਸ਼ ਸਕਿਆ ਨਾ ਕੋਇ ਉਠਾਈਆ । ਤੇਰਾ ਹੁਕਮ ਸਦਾ ਨਿਤ ਨਵਿਤਾ, ਨਰ ਨਿਰੰਕਾਰ ਵਜਦੀ ਰਹੇ ਵਧਾਈਆ । ਕਲਜੁਗ ਅੰਤਮ ਵੇਖ ਰਸ ਸਭ ਦਾ ਹੋਇਆ ਫਿੱਕਾ, ਫਲ ਫੁੱਲ ਦੇਣ ਦੁਹਾਈਆ । ਜਗਤ ਵਿਕਾਰ ਵਧਿਆ ਵਿਸ਼ਾ, ਵਿਸ਼ਨ ਬ੍ਰਹਮਾ ਸ਼ਿਵ ਹੋਏ ਨਾ ਕੋਇ ਸਹਾਈਆ । ਮੈਂ ਤੱਕਿਆ ਚਾਰ ਕੁੰਟ ਦਹਿ ਦਿਸ਼ਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਆਤਮ ਸੇਜ ਸਿੰਘਾਸਣ ਕੋਈ ਨਾ ਵਿਛਾ, ਵਿਸ਼ਿਆਂ ਭਰੀ ਦਿਸੀ ਲੋਕਾਈਆ । ਮੇਰੀ ਅੰਦਰੋਂ ਬਦਲ ਗਈ ਇੱਛਾ, ਸਤਿਜੁਗ ਕਹੇ ਨਿਰਇੱਛਤ ਹੋ ਕੇ ਦਿਆਂ ਦੁਹਾਈਆ । ਤੇਰਾ ਲੇਖ ਅਗੰਮੀ ਕਿਸੇ ਨਾ ਲਿਖਾ, ਸ਼ਾਹੀ ਕ਼ਲਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਨਾਮ ਦੀ ਵਜਦੀ ਰਹੇ ਵਧਾਈਆ । ਸਤਿਜੁਗ ਕਹੇ ਪ੍ਰਭ ਸਭ ਦਾ ਅੰਤਰ ਕਰ ਦੇ ਸ਼ੁੱਧ, ਸੁਦੀ ਵਦੀ ਦੀ ਲੋੜ ਰਹੇ ਨਾ ਰਾਈਆ । ਬਿਨ ਜਲ ਪਾਣੀ ਪਵਿਤ੍ਰ ਕਰ ਦੇ ਬੁੱਧ, ਬਿਬੇਕ ਏਕ ਆਪਣੀ ਧਾਰ ਸਮਝਾਈਆ । ਸਚ ਦਵਾਰ ਏਕੰਕਾਰ ਤੇਰਾ ਜਾਵੇ ਸੁੱਝ, ਦੂਜਾ ਗ੍ਰਿਹ ਮੰਦਰ ਨਜ਼ਰ ਕੋਇ ਨਾ ਆਈਆ । ਪੜਦਾ ਉਹਲਾ ਰਹੇ ਕੋਈ ਨਾ ਲੁਕ, ਆਤਮ ਪਰਮਾਤਮ ਮਿਲ

ਕੇ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਤੈਨੂੰ ਰਹੇ ਝੁਕ, ਚਾਰ ਜੁਗ ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਨਿਵਾਈਆ । ਜਨ ਭਗਤ ਸੁਹੇਲੇ ਤੇਰੇ ਸੁਤ, ਸਤਿ ਧਰਮ ਦਾ ਮਾਰਗ ਦੇਣਾ ਸਮਝਾਈਆ । ਨਿਰਗੁਣ ਧਾਰੋਂ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਕੇ ਉਠ, ਸਤਿ ਪੁਰਖ ਨਿਰੰਜਣ ਆਪਣੀ ਲੈ ਅੰਗੜਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਦੇ ਪੁੱਟ, ਪਟਨੇਵਾਲਾ ਸਭ ਦੀ ਕਰੇ ਸਫ਼ਾਈਆ । ਦੀਨ ਦੁਨੀ ਅੰਦਰ ਰਹਿਣ ਨਾ ਦੇਵੇ ਕੋਈ ਫੁੱਟ, ਅੰਮ੍ਰਿਤ ਰਸ ਚਾਰ ਵਰਨ ਅਨਰਸ ਰਸ ਵਿਚ ਚਖਾਈਆ । ਜਨਮ ਮਰਨ ਦਾ ਰਹੇ ਕੋਈ ਨਾ ਦੁੱਖ, ਦੀਨਾਂ ਅਨਾਥਾਂ ਦਰਦ ਲਏ ਵੰਡਾਈਆ । ਸਫ਼ਲ ਕਰਾਏ ਮਾਤਲੋਕ ਜਨਣੀ ਕੁੱਖ, ਸਾਹਿਬ ਸਮਰਥ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰੇ ਵੱਜੇ ਵਧਾਈਆ । ਸਤਿਜੁਗ ਕਹੇ ਪ੍ਰਭ ਖੋਲ੍ਹ ਦੇ ਆਪਣੀ ਖਿੜਕੀ, ਖਟਕਾ ਅਵਰ ਰਹੇ ਨਾ ਰਾਈਆ । ਜਨ ਭਗਤ ਅੰਤਰ ਵੇਖ ਬਿਰਤੀ, ਬਿਰਹੋਂ ਵੈਰਾਗ ਵਿਚ ਕੁਰਲਾਈਆ । ਧਾਰ ਬਖ਼ਸ਼ ਦੇ ਸੁਰਤੀ ਨਿਰਤੀ, ਨਿਜ ਲੋਚਨ ਲੋਇਣ ਕਰ ਰੁਸ਼ਨਾਈਆ । ਖੇਲ ਦੱਸ ਅਗੰਮੀ ਸਤਿਗੁਰ ਦੀ, ਜੋ ਸਤਿ ਸਤਿਵਾਦੀ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸਤਿਜੁਗ ਕਹੇ ਪ੍ਰਭ ਮੈਨੂੰ ਲਾ ਦੇ ਉਤੇ ਧਰਤੀ, ਧਰਨੀ ਧਵਲ ਧੌਲ ਦਿਆਂ ਵਡਿਆਈਆ । ਝਗੜਾ ਮੁਕਾ ਕੇ ਗਰਮੀ ਸਰਦੀ, ਸਾਜ਼ਸ਼ ਕੂੜੀ ਅੰਦਰੋਂ ਦਿਆਂ ਕਢਾਈਆ । ਰਮਜ਼ ਲਾ ਕੇ ਆਪਣੇ ਘਰ ਦੀ, ਸਚ ਘਰਾਨਾ ਦਿਆਂ ਵਖਾਈਆ । ਜਿਥੇ ਆਤਮ ਕਦੇ ਨਾ ਮਰਦੀ, ਨਿਰਗੁਣ ਜੋਤ ਜੋਤ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਜੁਗ ਚੌਕੜੀ ਢੋਲਾ ਪੜ੍ਹਦੀ, ਸਿਫ਼ਤਾਂ ਵਿਚ ਸਿਫ਼ਤ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਕਲ ਦੀ, ਕਲਮੇ ਵਾਲੇ ਦੇਣੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਸਦਾ ਅਛਲ ਅਛੱਲ ਦੀ, ਵਲ ਛਲ ਅੰਦਰ ਝਗੜਾ ਕਾਇਆ ਮੰਦਰ ਦੇਣਾ ਮੁਕਾਈਆ ।



### ❋ ੩੦ ਜੇਠ ਸ਼ਹਿਨਸ਼ਾਹੀ ਸੰਮਤ ੪ ਬੰਨਾ ਸਿੰਘ ਦੇ ਗ੍ਰਿਹ ਕਰਤਾਰ ਪੁਰ ਜ਼ਿਲਾ ਜਲੰਧਰ ❋

ਸਤਿ ਕਹੇ ਮੈਂ ਧਰਨੀ ਧਰਤ ਧਵਲ ਆਵਾਂ, ਆਮਦ ਵਿਚ ਖ਼ੁਸ਼ਾਮਦ ਤੇਰੀ ਸੇਵ ਕਮਾਈਆ । ਇਕੋ ਨਾਮ ਅਗੰਮੀ ਢੋਲਾ ਗਾਵਾਂ, ਲੱਖ ਚੁਰਾਸੀ ਕਰਾਂ ਸਫ਼ਾਈਆ । ਤੇਰਾ ਇਸ਼ਟ ਇਕ ਮਨਾਵਾਂ, ਦ੍ਰਿਸ਼ਟ ਅੰਦਰ ਦੇਣੀ ਖੁਲ੍ਹਾਈਆ । ਕੰਤ ਕੰਤੂਹਲ ਤੈਨੂੰ ਰਾਵਾਂ, ਰਹਿਬਰ ਹੋ ਕੇ ਵੱਜੇ ਵਧਾਈਆ । ਤੇਰਾ ਨਾਉਂ ਅਗੰਮੀ ਜਣਾਵਾਂ, ਸਿਫ਼ਤ ਦੀ ਲੋੜ ਰਹੇ ਨਾ ਰਾਈਆ । ਜਨ ਭਗਤ ਰਹੇ ਨਾ ਕੋਇ ਨਿਥਾਵਾਂ, ਤੇਰੀ ਗੋਦੀ ਦਿਆਂ ਟਿਕਾਈਆ । ਤੂੰ ਕਰੇਂ ਪਿਆਰ ਜਿਉਂ ਪੁਤਰਾਂ ਮਾਵਾਂ, ਮਾਤ ਪਿਤ ਆਪ ਅਖਵਾਈਆ । ਮੇਰਾ ਸਤਿ ਧਰਮ ਦਾ ਸਾਚਾ ਦਾਅਵਾ, ਦਾਅਵੇਦਾਰ ਅਖਵਾਈਆ । ਮੈਂ ਨਾਤਾ ਜੋੜਾਂ ਮਾਨਵ ਮਾਨਵ ਚਾਰ ਵਿਛੜੇ ਭਰਾਵਾਂ, ਭਾਂਡਾ ਭਰਮ ਭਰਮ ਭੰਨਾਈਆ । ਮੈਂ ਗੋਬਿੰਦ ਦਾ ਤੇਰੇ ਕੋਲੋਂ ਪੂਰ ਕਰਾਵਾਂ ਜੋ ਪਿਛਲਾ ਦਿਸੇ ਬੇਦਾਵਾ, ਵੇਦੀ ਸੋਢੀ ਜਿਸ ਦੀ ਦੇਣ ਗਵਾਹੀਆ । ਚਾਰ ਕੁੰਟ ਦਹਿ ਦਿਸ਼ਾ ਤੈਨੂੰ ਕਹਿਣ ਵਾਹਵਾ, ਵਾਹਦ ਇਕੋ ਨਜ਼ਰੀ ਆਈਆ ।

ਹੰਸ ਬੁੱਧੀ ਰਹੇ ਨਾ ਕੋਇ ਵਾਂਗ ਕਾਵਾਂ, ਜੂਠ ਝੂਠ ਨਾ ਮੁਖ ਲਗਾਈਆ । ਕਰਾਂ ਪ੍ਰਕਾਸ਼ ਕਾਇਆ ਨਗਰ ਖੇੜਾ ਗਰਾਵਾਂ, ਗ੍ਰਹਿ ਗ੍ਰਹਿ ਆਪਣਾ ਰੰਗ ਰੰਗਾਈਆ । ਪੰਧ ਮੁਕੇ ਜਗਤ ਵਹਿਣ ਦਰਿਆਵਾਂ, ਦਰ ਕਿਨਾਰਾ ਇਕੋ ਦਿਆਂ ਦ੍ਰਿੜਾਈਆ । ਸਾਚੇ ਭਗਤਾਂ ਸਿਰ ਰੱਖਾਂ ਠੰਡੀਆਂ ਛਾਵਾਂ, ਅਗਨੀ ਤਤ ਨਾ ਕੋਇ ਬੁਝਾਈਆ । ਤਤ ਕ੍ਰਿਸ਼ਨ ਜੋ ਪਾਲੀ ਅਖਵਾਏ ਗਾਵਾਂ, ਗਹਿਰ ਗੰਭੀਰ ਗਊ ਗ਼ਰੀਬ ਦਿਆਂ ਵਡਿਆਈਆ । ਚਾਰ ਜੁਗ ਦਾ ਸਮਾਜ ਬਦਲ ਕੇ ਆਤਮ ਪਰਮਾਤਮ ਸਾਂਝੀਆਂ ਕਰਾਂ ਲਾਵਾਂ, ਲਾਸ਼ਰੀਕ ਤੇਰਾ ਜੋੜ ਜੁੜਾਈਆ । ਤੇਰਾ ਨਾਉਂ ਨਿਰੰਕਾਰ ਸੁਣਾਵਾਂ ਨਾਲ ਚਾਵਾਂ, ਚਾਓ ਘਨੇਰਾ ਮੈਨੂੰ ਨਜ਼ਰੀ ਆਈਆ । ਜੁਗ ਜਨਮ ਦੇ ਵਿਛੜੇ ਸੰਤ ਸੁਹੇਲੇ ਗੁਰਮੁਖ ਮਿਲਾਵਾਂ, ਮਿਲਣੀ ਹਰਿ ਜਗਦੀਸ਼ ਕਰਾਈਆ । ਮੈਨੂੰ ਯਾਦ ਆਵੇ ਕੀ ਕੌਲ ਕੀਤਾ ਰਾਮ ਭਰਤ ਆਸ਼ਾ ਰੱਖ ਕੇ ਜਗਤ ਖੜਾਵਾਂ, ਖ਼ੈਰ ਤੇਰੀ ਓਟ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕੋ ਤੇਰਾ ਨਾਮ ਪੜ੍ਹਾਵਾਂ, ਵਿਦਿਆਲਾ ਸਾਢੇ ਤਿੰਨ ਹੱਥ ਸੋਭਾ ਪਾਈਆ । ਮੰਜ਼ਲ ਅਗੰਮੀ ਤੇਰੀ ਚਰਨ ਕਵਲ ਚੜ੍ਹਾਵਾਂ, ਜਿਥੇ ਚੜ੍ਹਦਾ ਲਹਿੰਦਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਰਖਣੀਆਂ ਪੈਣ ਨਾ ਕੋਇ ਜਟਾਵਾਂ, ਜਟਾ ਜੂਟਾਂ ਤੋਂ ਮੰਜ਼ਲ ਅੱਗੇ ਦਿਆਂ ਵਖਾਈਆ । ਸਾਚਾ ਸਮਾਜ ਇਕ ਬਣਾਵਾਂ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਚਾ ਰਾਹ ਤੇਰੇ ਮਿਲਣ ਦਾ ਸਚ ਚਲਾਵਾਂ, ਜਗ ਚਲਦੀ ਦਿਸੇ ਲੋਕਾਈਆ । ਗੁਰਮੁਖ ਦੀਆਂ ਅੰਦਰ ਵੇਖ ਇਛਾਵਾਂ, ਇੱਛਿਆ ਸਭ ਦੀ ਪੂਰ ਕਰਾਈਆ । ਕਲਜੁਗ ਕੂੜੀ ਕਿਰਿਆ ਅਗਨੀ ਜਲਾਵਾਂ, ਜਲ ਥਲ ਮਹੀਅਲ ਖੋਜ ਖੁਜਾਈਆ । ਸਤਿਜੁਗ ਕਹੇ ਮੈਂ ਸਤਿ ਧਰਮ ਦਾ ਸੁਤ ਅਖਵਾਵਾਂ, ਸਤਿ ਸਤਿ ਨਾਲ ਵਡਿਆਈਆ । ਸਚ ਸੁਚ ਤੇਰੇ ਚਰਨਾਂ ਵਿਚੋਂ ਲਿਆਵਾਂ, ਲੋਕਮਾਤ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਿਰਪਾ ਨਾਲ ਦੀਨ ਦੁਨੀ ਦਾ ਬਦਲ ਦੇਵਾਂ ਨਾਵਾਂ, ਨਾਮ ਨਿਧਾਨ ਇਕੋ ਇਕ ਜਣਾਈਆ ।



੨੫੪ ੨੧

### ✻ ੩੦ ਜੇਠ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਪੁਰ ਜ਼ਿਲਾ ਜਲੰਧਰ ✻

ਸਤਿਜੁਗ ਕਹੇ ਪ੍ਰਭ ਤੇਰਾ ਖੇਲ ਸਦਾ ਚਹੁੰ ਜੁਗੀ, ਜੁਗ ਜੁਗ ਵੇਸ ਵਟਾਈਆ । ਕਲਜੁਗ ਅੰਤਮ ਔਧ ਰਹੀ ਪੁੱਗੀ, ਪੈਂਡਾ ਪੰਧ ਆਪ ਅੰਤ ਕਰਾਈਆ । ਸਤਿ ਸਚ ਦਵਾਰ ਵਸਾ ਝੁੱਗੀ, ਝਗੜਾ ਮੰਦਰ ਮਸਜਿਦ ਦੇ ਮਿਟਾਈਆ । ਮਾਨਵ ਨਿਰਮਲ ਕਰ ਬੁੱਧੀ, ਬਿਬੇਕ ਏਕ ਸਮਝਾਈਆ । ਤੇਰੇ ਨਾਮ ਦੀ ਰਮਜ਼ ਰਹੇ ਨਾ ਗੁੱਝੀ, ਭੇਵ ਅਭੇਦ ਦੇ ਖੁਲ੍ਹਾਈਆ । ਆਪਣੀ ਧਾਰ ਨਿਰੰਕਾਰ ਕਰ ਉਘੀ, ਉਘਣ ਆਥਣ ਵੱਜੇ ਵਧਾਈਆ । ਕਲਜੁਗ ਸ੍ਰਿਸ਼ਟੀ ਵਹਿਣ ਵਿਚ ਡੁੱਬੀ, ਫੜ ਬਾਹੋਂ ਬਾਹਰ ਕਢਾਈਆ । ਜਨ ਭਗਤ ਆਤਮ ਰੋਵੇ ਭੁੱਬੀਂ, ਸਾਚਾ ਮੇਲਾ ਲੈਣਾ ਮਿਲਾਈਆ । ਹੰਕਾਰ ਵਿਕਾਰ ਮੇਟ ਕੇ ਖ਼ੁਦੀ, ਖ਼ੁਦ ਆਪਣਾ ਪਰਦਾ ਲਾਹੀਆ । ਧਾਰ ਰਹੇ ਕੋਈ ਨਾ ਦੂਜੀ, ਦੂਆ ਏਕੇ ਵਿਚ ਸਮਾਈਆ । ਤੇਰੀ ਮੰਜ਼ਲ ਮਹਿਬੂਬ ਕਦੇ ਨਾ ਮੁਕੀ, ਚੜ੍ਹ ਚੜ੍ਹ ਥੱਕੇ ਪਾਂਧੀ ਰਾਹੀਆ । ਤੇਰੀ ਦਰਗਾਹ ਅਗੰਮ ਅਥਾਹ ਉਚੀ, ਊਚੋ ਊਚ ਤੇਰੀ ਸਰਨਾਈਆ । ਸਤਿਜੁਗ ਕਹੇ ਪ੍ਰਭ ਸੰਤ ਸੁਹੇਲੇ ਬਣਾ ਆਪਣੇ ਮੁੱਖੀ, ਮੁਖ ਅੰਤਮ ਦੇ ਵਡਿਆਈਆ । ਜਗਤ ਰਹੇ ਕੋਈ ਨਾ ਦੁਖੀ, ਦੁਖੀਆਂ ਦਰਦ ਗਵਾਈਆ । ਅੰਤ ਅਖ਼ੀਰ

ਬੇਨਜ਼ੀਰ ਤੇਰੇ ਵਿਚ ਲੱਗੇ ਸਭ ਦੀ ਰੁਚੀ, ਵਾਸਨਾ ਕੂੜੀ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਹਰਿਜਨ ਸਾਚੇ ਆਪ ਪੁਛੀਂ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ ।



## ੧ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ

ਸ਼ਬਦ ਕਹੇ ਸੁਣ ਪੁਰਖ ਅਕਾਲ ਬਾਪੂ, ਬਾਬਤ ਤੇਰੀ ਦਿਆਂ ਜਣਾਈਆ । ਆਦਿ ਜੁਗਾਦੀ ਧੁਰ ਦੇ ਡਾਕੂ, ਤੇਰਾ ਪੜਦਾ ਦਿਆਂ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਉਠਾ ਕੇ ਤੇਰੇ ਕਾਕੂ, ਨਿੱਕਿਆਂ ਵੱਡਿਆਂ ਅੱਖ ਖੁਲ੍ਹਾਈਆ । ਦੱਸਾਂ ਅਗੰਮੀ ਅਨੋਖੀ ਬਾਤੂ, ਬਾਤਨ ਦਿਆਂ ਜਣਾਈਆ । ਮੇਰੇ ਵਲ ਕੋਇ ਨਾ ਝਾਕੂ, ਨੇਤਰ ਨੈਣ ਨਾ ਅੱਖ ਉਠਾਈਆ । ਨਿਰਗੁਣ ਰੂਪ ਸਰਗੁਣ ਦੇ ਸਾਕੂ, ਸਗਲੇ ਸੰਗੀ ਤੇਰੀ ਬੇਪ੍ਰਵਾਹੀਆ । ਮੈਂ ਅੰਤ ਅਖ਼ੀਰੀ ਤੈਨੂੰ ਆਖੂੰ, ਕਹਿ ਕਹਿ ਦਿਆਂ ਜਣਾਈਆ । ਕੀ ਸੰਦੇਸਾ ਦੇਂਦਾ ਰਿਹਾ ਪਾਤੂ, ਪਤ੍ਰਿਕਾ ਮਾਤ ਵਡਿਆਈਆ । ਸ਼ਰਅ ਵਿਚ ਬਣਿਆ ਰਿਹੋਂ ਅਫ਼ਲਾਤੂ, ਫ਼ਲਾਸਫ਼ੀ ਤੇਰੀ ਹੱਥ ਕਿਸੇ ਨਾ ਆਈਆ । ਕਿਉਂ ਅੰਮ੍ਰਿਤ ਨਾਲ ਛਕਾਇਆ ਤਮਾਕੂ, ਤਬਾ ਦਿਤੀ ਬਦਲਾਈਆ । ਕੀ ਤੇਰਾ ਭੇਵ ਅਵੱਲੜਾ ਭਾਖੂ, ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲ ਅੱਬਾ, ਅੰਮੀ ਨਜ਼ਰ ਕੋਇ ਨਾ ਆਈਆ । ਐਵੇਂ ਦੋ ਜਹਾਨ ਰੱਖਦਾ ਰਿਹੋਂ ਦੱਬਾ, ਭੈ ਆਪਣਾ ਇਕ ਸਮਝਾਈਆ । ਵੇਖਿਆਂ ਨੇਤਰ ਕਿਸੇ ਨਾ ਲੱਭਾ, ਲਬਾਂ ਉਤੇ ਸਭ ਨੂੰ ਰਿਹਾ ਭੁਆਈਆ । ਜੁਗ ਚੌਕੜੀ ਬਣਿਆ ਰਿਹੋਂ ਕੱਬਾ, ਸਾਚਾ ਰਾਹ ਨਾ ਕੋਇ ਚਲਾਈਆ । ਤੇਰਾ ਖੇਲ ਸੱਜਾ ਖੱਬਾ, ਖੈਰਖਾਹੀ ਨਾ ਕੋਇ ਕਮਾਈਆ । ਲੇਖਾ ਰਖਿਆ ਵਿਚ ਮੱਧਾ, ਅੱਗਾ ਪਿੱਛਾ ਨਾ ਕੋਇ ਸਮਝਾਈਆ । ਹੁਕਮੇਂ ਅੰਦਰ ਸਭ ਨੂੰ ਬੱਧਾ, ਬੰਦਗੀ ਵਿਚ ਲਈ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਸਰਨੀ ਲੱਗਾ, ਲਗ ਮਾਤਰ ਢੋਲੇ ਗਏ ਸੁਣਾਈਆ । ਤੇਰਾ ਸਮਝਿਆ ਕਿਸੇ ਨਾ ਅੱਗਾ, ਪਿਛਲੀ ਕਹਾਣੀ ਰਹੇ ਬਤਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਤੇਰਾ ਜ਼ੋਰ, ਜੋਰੂ ਜ਼ਰ ਦੁਹਾਈਆ । ਤੂੰ ਜੁਗ ਚੌਕੜੀ ਬਣਿਆ ਰਿਹਾ ਚੋਰ, ਚੋਰੀ ਘਰ ਘਰ ਆਪ ਕਮਾਈਆ । ਆਪਣੀ ਖਿੱਚ ਕੇ ਪਿਛੇ ਡੋਰ, ਤੰਦੀ ਗੁਰ ਅਵਤਾਰ ਪੈਗ਼ੰਬਰਾਂ ਨਾਲ ਜੁੜਾਈਆ । ਸਤਿ ਨਾਲ ਕਰ ਕੇ ਖੋਰ, ਝੂਠ ਨਾਲ ਦਿਤਾ ਟਕਰਾਈਆ । ਚਾਰ ਕੁੰਟ ਅੰਧੇਰਾ ਕਰ ਘੋਰ, ਘੁਰਨੇ ਵੜ ਕੇ ਆਪਣਾ ਮੁਖ ਛੁਪਾਈਆ । ਕਿਸੇ ਤੇਰਾ ਵਕਤ ਨਾ ਸਮਝਿਆ ਭੋਰ, ਅੰਮ੍ਰਿਤ ਵੇਲਾ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ਼ਬਦੀ ਦੱਸ ਕੇ ਮੰਤਰ ਫੋਰ, ਫੁਰਨਿਆਂ ਵਿਚ ਆਪਣੀ ਕਲ ਵਰਤਾਈਆ । ਆਪ ਬਣ ਕੇ ਨਿਰਗੁਣ ਹੋਰ, ਸਰਗੁਣ ਹੋਰ ਰਿਹਾ ਸਮਝਾਈਆ । ਨਾਲੇ ਵਸ ਕੇ ਸਦਾ ਕੋਲ, ਕੁੱਲੀ ਵਿਚ ਡੇਰਾ ਲਾਈਆ । ਨਾਦ ਧੁਨ ਵਜਾ ਕੇ ਢੋਲ, ਨਾਮ ਕਰੇਂ ਸ਼ਨਵਾਈਆ । ਜੁਗ ਚੌਕੜੀ ਬਦਲਦਾ ਆਇਉਂ ਬੋਲ, ਅਨਬੋਲਤ ਆਪ ਜਣਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸ਼ਬਦ ਸੁਤ ਕਹੇ ਪ੍ਰਭ ਧੁਰ ਦੇ ਸੁੱਤੇ, ਸੁਤਿਆ ਲੈ ਅੰਗੜਾਈਆ । ਜੁਗ ਚੌਕੜੀ ਤੈਨੂੰ ਕੋਈ ਨਾ ਪੁਛੇ, ਭੈ ਵਿਚ ਸਾਰੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਹੰਢਾ ਕੇ ਗਏ ਜੁੱਸੇ, ਇਸਮ ਜਿਸਮ ਵਿਚ ਵਖਾਈਆ । ਬੰਕ ਦੁਆਰੇ ਰਹੇ ਲੁਕੇ, ਅੰਦਰ ਵੜ ਕੇ ਝਟ ਲੰਘਾਈਆ । ਕਿਉਂ ਨਾਮ ਦੀ ਧਾਰ ਨਾਲ ਮੁਖ ਰਸਨਾ ਲਗਾਏ ਹੁੱਕੇ, ਹੁਕਮ ਦੇਣਾ ਜਣਾਈਆ । ਕਿਉਂ ਦੀਨ ਮਜ਼੍ਹਬ ਲੇਖੇ ਕੁੱਟੇ , ਮਾਨਵ ਝਗੜਾ ਦਿਤਾ ਪੁਆਈਆ । ਕਿਉਂ ਗਾਨੇ ਬੰਨ੍ਹਦਾ ਰਿਹੋਂ ਗੁੱਟੇ, ਸਗਨਾਂ ਵੰਡ ਵੰਡਾਈਆ । ਕਿਉਂ ਲੁਕਦਾ ਰਿਹੋਂ ਗੁੱਠੇ, ਆਪਣਾ ਆਪ ਛੁਪਾਈਆ । ਕਿਉਂ ਹੁੰਦਾ ਰਿਹੋਂ ਗ਼ੁੱਸੇ, ਭੈ ਵਿਚ ਸਰਬ ਡਰਾਈਆ । ਕੀ ਖੇਲ ਤੇਰਾ ਕਾਇਆ ਬੁੱਤੇ, ਬੁਤਖ਼ਾਨੇ ਕੀ ਵਡਿਆਈਆ । ਕੀ ਸੁਹੌਂਦਾ ਰਿਹੋਂ ਰੁਤੇ, ਰੁਤੜੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਜਣਾਈਆ । ਸਤਿਗੁਰ ਸ਼ਬਦ ਕਹੇ ਕਿਉਂ ਕਰੌਂਦਾ ਰਿਹੋਂ ਇਸ਼ਨਾਨ, ਜਲਧਾਰਾ ਨਾਲ ਵਡਿਆਈਆ । ਕਿਉਂ ਚਖੌਂਦਾ ਰਿਹੋਂ ਪਾਨ, ਰੰਗਤ ਰੰਗ ਵਡਿਆਈਆ । ਕਿਉਂ ਸੁਣੌਂਦਾ ਰਿਹੋਂ ਗਾਨ, ਅਨੁਰਾਗੀ ਰਾਗ ਜਣਾਈਆ । ਕਿਉਂ ਬਣੌਂਦਾ ਰਿਹੋਂ ਰਾਮ, ਰਮਤੇ ਰਾਮ ਦੁਹਾਈਆ । ਕਿਉਂ ਵਡਿਔਂਦਾ ਰਿਹੋਂ ਕਾਹਨ, ਸਖ਼ੀਆਂ ਸੰਗ ਬਣਾਈਆ । ਕਿਉਂ ਪੈਗ਼ੰਬਰਾਂ ਦੇਂਦਾ ਰਿਹੋਂ ਦਾਨ, ਦਾਨਸ਼ਮੰਦਾਂ ਨਾਲ ਲੜਾਈਆ । ਕਿਉਂ ਸਖੌਂਦਾ ਰਿਹੋਂ ਪ੍ਰਨਾਮ, ਸੱਯਦੇ ਸੀਸ ਝੁਕਾਈਆ । ਕਿਉਂ ਸੁਣੌਂਦਾ ਰਿਹੋਂ ਕਲਾਮ, ਕਲਮਾ ਕਾਇਨਾਤ ਅਲਾਹੀਆ । ਕਿਉਂ ਬਦਲੌਂਦਾ ਰਿਹੋਂ ਵਿਧਾਨ, ਨਾਨਕ ਨਿਰਗੁਣ ਦਏ ਗਵਾਹੀਆ । ਕਿਉਂ ਪਹਿਨੌਂਦਾ ਰਿਹੋਂ ਕਿਰਪਾਨ, ਕਿਰਪਾਨਿਧ ਸਮਝਾਈਆ । ਕਿਉਂ ਤੱਤ ਮਿਟੌਂਦਾ ਰਿਹੋਂ ਨਿਸ਼ਾਨ, ਜਗ ਰਹਿਣ ਕੋਇ ਨਾ ਪਾਈਆ । ਭੇਵ ਖੋਲ੍ਹ ਕੇ ਦੱਸ ਸ੍ਰੀ ਭਗਵਾਨ, ਹਰਿ ਕਰਤੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇਣਾ ਸਮਝਾਈਆ । ਸਤਿਗੁਰ ਸ਼ਬਦ ਕਹੇ ਕਿਉਂ ਬਣਾਇਆ ਜੰਞੂ ਬੋਦੀ, ਚੋਟੀ ਸੀਸ ਸੁਹਾਈਆ । ਕਿਉਂ ਵੰਡ ਵੰਡਾਈ ਵੇਦੀ ਸੋਢੀ, ਬੰਸਾਂ ਵਿਚ ਵਧਾਈਆ । ਕਿਉਂ ਗੁਰ ਅਵਤਾਰ ਪੈਗ਼ੰਬਰਾਂ ਦਿਤੀ ਆਪਣੀ ਸੋਝੀ, ਰਮਜ਼ ਸਮਝ ਵਿਚ ਲਗਾਈਆ । ਕਿਉਂ ਬਣਾਏ ਵੈਰਾਗੀ ਜੋਗੀ, ਤਪੀਆਂ ਅਗਨ ਤਪਾਈਆ । ਕਿਉਂ ਰਸੀਆ ਬਣਿਉਂ ਭੋਗੀ, ਪੜਦਾ ਦੇਣਾ ਉਠਾਈਆ । ਕਿਉਂ ਸਾਹਿਬ ਹੋਇਉਂ ਸੰਜੋਗੀ, ਸਾਚਾ ਮੇਲ ਮਿਲਾਈਆ । ਕਿਉਂ ਬੋਧ ਅਗਾਧਾ ਬਣਿਉਂ ਬੋਧੀ, ਬੁੱਧੀ ਤੋਂ ਪਰੇ ਪੜ੍ਹਾਈਆ । ਕਿਉਂ ਹਰ ਘਟ ਬਣਿਉਂ ਗੋਝੀ, ਗ੍ਰਿਹ ਗ੍ਰਿਹ ਵੇਖ ਵਖਾਈਆ । ਕਿਉਂ ਰਚਨਾ ਰਚੀ ਲੋਕ ਪ੍ਰਲੋਕੀ, ਪਾਰਬ੍ਰਹਮ ਦੇਣਾ ਸੁਣਾਈਆ । ਕਿਉਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਅੱਖਰਾਂ ਵਾਲੀ ਬਣਾਈ ਪੋਥੀ, ਪੁਸਤਕ ਕੀ ਵਡਿਆਈਆ । ਕਿਉਂ ਬਣਾਏ ਜਟਾ ਜੂਟੀ, ਹਰਿ ਸ਼ਬਦੀ ਮੰਗ ਮੰਗਾਈਆ । ਕਿਉਂ ਵੰਡ ਵੰਡਾਈ ਦਿਸ਼ਾ ਕੂਟੀ, ਚਾਰ ਕੁੰਟ ਸੁਹਾਈਆ । ਕਿਉਂ ਖੇਲ ਖਿਲਾਇਆ ਜੂਠ ਝੂਠ, ਸਚ ਸੁੱਚ ਸਮਾਈਆ । ਕਿਉਂ ਭਰਮ ਬਣਾਇਆ ਦੂਖ, ਦਰਦੀ ਦਰਦ ਸੁਣਾਈਆ । ਕਿਉਂ ਰਚਨ ਰਚਾਇਆ ਪੰਜ ਭੂਤ, ਪੰਚਮ ਨਾਲ ਮਹਿਕਾਈਆ । ਕਿਉਂ ਖੇਲਿਆ ਖੇਲ ਵੱਡਾ ਮਜ਼ਬੂਤ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਕਿਉਂ ਹਰ ਘਟ ਹੋਇਉਂ ਮੌਜੂਦ, ਘਰ ਘਰ ਡੇਰਾ ਲਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਆਪਣਾ ਦੇ ਨਾ ਸਕਿਉਂ ਕੋਈ ਸਬੂਤ, ਤੇਰੀ ਸਾਬਤ ਸੂਰਤ ਨਾ ਕੋਇ ਕਰਾਈਆ । ਜਿਸ ਨੂੰ ਮਾਣ ਦਿਤਾ ਸੋਈ ਤਨ ਵਖਾਇਆ ਫੂਕ, ਤਤ ਰਹਿਣ ਕੋਇ ਨਾ ਪਾਈਆ । ਆਪ ਸੁੱਤਾ ਰਿਹੋਂ

੨੫੬ ੨੧

ਘੂਕ, ਸਚਖੰਡ ਸਾਚੇ ਡੇਰਾ ਲਾਈਆ । ਬਣਿਆ ਰਿਹੋਂ ਸੋਹਲ ਮਲੂਕ, ਛੈਲ ਛਬੀਲਾ ਨਾਉਂ ਉਪਜਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਯਾਦ ਜੋ ਗੁਰ ਅਵਤਾਰ ਪੈਗ਼ੰਬਰਾਂ ਨਾਲ ਕੀਤਾ ਸਲੂਕ, ਸ਼ਰਅ ਵਿਚ ਦਿਤੇ ਲੜਾਈਆ । ਦਵੈਤ ਵਿਚ ਸਭ ਨੂੰ ਫੂਕ, ਫ਼ਤਵਾ ਸਭ ਦੇ ਉਤੇ ਲਗਾਈਆ । ਸਭ ਨੂੰ ਵਖਰੀ ਵਖਰੀ ਦੱਸ ਕੇ ਪੂਜ, ਪੂਜਨਯੋਗ ਆਪਣਾ ਮੁਖ ਛੁਪਾਈਆ । ਕੀ ਹੋਇਆ ਜੇ ਤੇਰੇ ਉਤੋਂ ਗਏ ਝੂਜ, ਝੂਜਣ ਵਾਲਾ ਸਤਿਗੁਰ ਥਿਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਦੇਣਾ ਵਖਾਈਆ । ਸਤਿਗੁਰ ਸ਼ਬਦ ਕਹੇ ਕਿਉਂ ਜਗਤ ਰੱਖੀ ਸੁੰਨਤ, ਲਬਾਂ ਨਾਲ ਕਟਾਈਆ । ਕੀ ਲੱਭਾ ਤੈਨੂੰ ਵਿਚੋਂ ਉਮਤ, ਅਮਲ ਦਿਤਾ ਬਦਲਾਈਆ । ਕਿਉਂ ਦਵੈਤ ਦੀ ਭੇਜ ਕੇ ਕੁਮਕ, ਪੈਗ਼ੰਬਰਾਂ ਅੰਦਰ ਦਿਤਾ ਭਰਾਈਆ । ਕਿਉਂ ਮਮਤਾ ਮੋਹ ਦੀ ਦੇ ਕੇ ਹਿੰਮਤ, ਹੌਸਲਾ ਦਿਤਾ ਵਧਾਈਆ । ਜੇ ਤੂੰ ਰਾਮ ਤੋਂ ਅੱਲਾ ਹੋ ਕੇ ਬਣਿਉਂ ਨਿੰਦਕ, ਨਿੰਦਿਆ ਵਿਚ ਪੈਗ਼ੰਬਰ ਦਿਤੇ ਲਗਾਈਆ । ਮੈਂ ਹੈਰਾਨ ਪ੍ਰਭੂ ਤੇਰੇ ਨਾਮ ਦੀ ਵੈਰੀ ਕਿੱਡੀ ਕੀਤੀ ਹਿੰਮਤ, ਹੌਸਲਾ ਆਪ ਵਧਾਈਆ । ਰਾਮ ਕ੍ਰਿਸ਼ਨ ਦੀ ਬਦਲ ਕੇ ਸਿੰਮਤ, ਸਿਮਰਨ ਦਾ ਸਮਾਂ ਦਿਤਾ ਚੁਕਾਈਆ । ਤੈਨੂੰ ਵੱਡਾ ਕਹਿ ਕੇ ਤੇਰੇ ਨਾਲ ਗਏ ਚਿਮਟ, ਚਿਮਟਾ ਉਮਤ ਹੱਥ ਫੜਾਈਆ । ਜ਼ਰਾ ਨਿਗਾਹ ਮਾਰ ਆਪਣੇ ਵਕਤ ਵਿਚੋਂ ਇਕ ਮਿੰਟ, ਮਿੰਨਤ ਨਾਲ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਕਿਉਂ ਰੱਖੀ ਮੁੱਛ ਦਾਹੜੀ, ਕੇਸਾਂ ਕੀ ਵਡਿਆਈਆ । ਕਿਉਂ ਅਗਲੀ ਪਿਛਲੀ ਖੇਲ ਵਿਗਾੜੀ, ਧੁਰ ਦਾ ਹੁਕਮ ਸੁਣਾਈਆ । ਕੀ ਮੌਜ ਦਿਸੇ ਬਹਾਰੀ, ਕੀ ਰਸ ਰਿਹਾ ਚਖਾਈਆ । ਕੀ ਪਿਛੇ ਤੇਰੇ ਨਾਲ ਲਾ ਸਕਿਆ ਕੋਈ ਨਾ ਯਾਰੀ, ਯਾਰਾਨੇ ਵਾਲਾ ਨਜ਼ਰ ਕੋਇ ਨਾ ਆਈਆ । ਭੇਵ ਖੋਲ੍ਹ ਜੋਤ ਨਿਰੰਕਾਰੀ, ਨਿਰਵੈਰ ਦੇਣਾ ਸਮਝਾਈਆ । ਕੀ ਖੇਲ ਅੱਗੇ ਅਗਾੜੀ, ਕੀ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਕਿਉਂ ਬੰਨ੍ਹੀ ਪਗੜੀ ਟੋਪੀ, ਨੰਗਾ ਸਿਰ ਕਿਉਂ ਰਖਾਈਆ । ਕਿਉਂ ਸਖ਼ੀ ਬਣਾਈ ਗੋਪੀ, ਬਣ ਜੰਗਲਾਂ ਵਿਚ ਵਡਿਆਈਆ । ਕਿਉਂ ਤੇੜ ਬੰਧਾਈ ਧੋਤੀ, ਕੀ ਸਿਫ਼ਤਾਂ ਸਿਫ਼ਤ ਸਾਲਾਹੀਆ । ਕਿਉਂ ਥਾਲਾਂ ਵਿਚ ਰਖਾਈ ਜੋਤੀ, ਦੀਪਕ ਘਿਰਤ ਨਾਲ ਸੁਹਾਈਆ । ਕਿਉਂ ਭੇਟਾ ਆਪਣੀ ਕਰਦਾ ਰਿਹੋਂ ਪਕਵਾਨ ਬਣਾ ਕੇ ਰੋਟੀ, ਦੁੱਧਾਧਾਰੀ ਆਪ ਅਖਵਾਈਆ । ਕਿਉਂ ਹਰ ਘਟ ਅੰਦਰ ਵਾਸਨਾ ਰੱਖੀ ਖੋਟੀ, ਖੋਲ੍ਹ ਕੇ ਦੇਣਾ ਸਮਝਾਈਆ । ਕਿਉਂ ਆਤਮ ਬਣਾ ਕੇ ਆਪਣਾ ਗੋਤੀ, ਪੜਦਿਆਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸਹਿੰਸਾ ਦੇਣਾ ਮਿਟਾਈਆ । ਸਤਿਗੁਰ ਸ਼ਬਦ ਕਹੇ ਕਿਉਂ ਫੜਿਆ ਤੀਰ ਕਮਾਨ, ਕਿਉਂ ਤੁਰੰਗਾ ਲਿਆ ਦੁੜਾਈਆ । ਕਿਉਂ ਵਸਿਆ ਬੀਆਬਾਨ, ਜੰਗਲਾਂ ਵਿਚ ਕੁਰਲਾਈਆ । ਕਿਉਂ ਲੜਿਆ ਵਿਚ ਮੈਦਾਨ, ਨਿਰਗੁਣ ਸਰਗੁਣ ਰੂਪ ਬਦਲਾਈਆ । ਕਿਉਂ ਰਥ ਚਲਾਇਆ ਵਿਚ ਜਹਾਨ, ਮਹਾਂਸਾਰਥੀ ਕੀ ਤੇਰੀ ਬੇਪਰਵਾਹੀਆ । ਕਿਉਂ ਫਾਸੀ ਚੜ੍ਹਿਆ ਆਣ, ਕਿਉਂ ਮੂਸਾ ਮੁਸ਼ਕਾਂ ਬੰਧ ਬੰਧਾਈਆ । ਕਿਉਂ ਕੀਤੀ ਕਤਲੇਆਮ, ਮੁਹੰਮਦ ਕੀ ਸੁਣਾਈਆ । ਕਿਉਂ ਨਾਨਕ ਦਿਤਾ ਨਾਮ, ਅਲਾ ਤੋਂ ਸਤਿਨਾਮ ਬਦਲਾਈਆ । ਸਤਿਨਾਮ ਦਾ ਬਦਲ ਵਿਧਾਨ, ਵਹਿਗੁਰੂ ਜੋੜ ਜੁੜਾਈਆ । ਕਿਉਂ ਅੰਮ੍ਰਿਤ ਕੀਤਾ ਪਾਨ, ਪਾਨਾਂ ਦਾ ਰਸ ਗੁਆਈਆ । ਕੀ ਖੇਲ ਤੇਰਾ ਭਗਵਾਨ, ਸਚ ਦੇਣਾ ਦ੍ਰਿੜਾਈਆ । ਮੈਂ ਜੁਗ ਚੌਕੜੀ ਹੁੰਦਾ ਰਿਹਾ

ਹੈਰਾਨ, ਸ਼ਬਦ ਧਾਰ ਕਹੇ ਤੇਰੀ ਬੇਪ੍ਰਵਾਹੀਆ । ਜੇ ਪ੍ਰਭ ਤੇਰੇ ਵਲ ਛਲਾਂ ਦੀ ਲਾਵਾਂ ਮੀਜ਼ਾਨ, ਅਨਗਿਣਤ ਦਿਆਂ ਜਣਾਈਆ । ਜੇ ਬੇਨੰਤੀ ਕਰੇਂ ਪ੍ਰਵਾਨ, ਪ੍ਰਵਾਨਾ ਤੇਰਾ ਦਿਆਂ ਸੁਣਾਈਆ । ਜੇ ਸਾਹਿਬ ਹੋਵੇਂ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੇ ਸਚ ਪੁਛੇਂ ਮੈਂ ਅੱਜ ਤਕ ਸ਼ਬਦ ਕਹੇ ਤੈਨੂੰ ਕਿਹਾ ਨਹੀਂ ਸ੍ਰੀ ਭਗਵਾਨ, ਸ੍ਰੀ ਭਗਵਾਨ ਤੇਰਾ ਨਾਉਂ ਨਾ ਕੋਇ ਦ੍ਰਿੜਾਈਆ । ਤੇਰੇ ਸਿਫ਼ਤੀ ਨਾਵਾਂ ਨੂੰ ਕਰ ਕੇ ਪ੍ਰਧਾਨ, ਪਰਚੀਆਂ ਗੁਰ ਅਵਤਾਰਾਂ ਪੈਗ਼ੰਬਰਾਂ ਹੱਥ ਫੜਾਈਆ । ਪਿੱਠ ਠੋਕ ਕੇ ਕਹਿੰਦਾ ਰਿਹਾ ਲੋਕਮਾਤ ਜਾਓ ਜੁਆਨ, ਪੁਸ਼ਤ ਪਨਾਹ ਦੇ ਵਡਿਆਈਆ । ਨਾਲ ਸ਼ਰਅ ਦਾ ਦੱਸ ਈਮਾਨ, ਅਮਲ ਦਿਤਾ ਦ੍ਰਿੜਾਈਆ । ਉਨ੍ਹਾਂ ਪ੍ਰਭੂ ਤੇਰੇ ਪਹਿਲੇ ਨਾਮ ਨੂੰ ਕਰ ਬਦਨਾਮ, ਆਪਣਾ ਨਾਮ ਨਵਾਂ ਦਿਤਾ ਜਣਾਈਆ । ਤੂੰ ਕਰੌਂਦਾ ਰਿਹੋਂ ਕ਼ਤਲੇਆਮ, ਜਗਤ ਕ਼ਤਲਗਾਹ ਬਣਾਈਆ । ਝਗੜਾ ਪੁਆ ਕੇ ਪੈਗ਼ੰਬਰਾਂ ਅਵਤਾਰਾਂ ਵਿਚ ਸ਼ਰੇਆਮ, ਸ਼ਰਅ ਵਿਚ ਲੜਾਈਆ । ਇਹ ਖੇਲ ਤੇਰਾ ਤਮਾਮ, ਤਮੰਨਾ ਵਿਚ ਲੜਾਈਆ । ਮੈਂ ਏਸੇ ਕਰਕੇ ਤੈਨੂੰ ਅਜੇ ਤਕ ਨਹੀਂ ਕਿਹਾ ਭਗਵਾਨ, ਕਿਉਂ ਤੂੰ ਆਪਣਾ ਭੇਤ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਵਖਾਈਆ । ਸਤਿਗੁਰ ਸ਼ਬਦ ਕਹੇ ਬਹੁੜੀ ਬਾਪੂ ਤੇਰੀਆਂ ਵੰਡਾਂ, ਪਿਤਾ ਹੋ ਕੇ ਬੱਚਿਆਂ ਦਿਤਾ ਲੜਾਈਆ । ਮੈਂ ਰੋ ਕੇ ਪਾਵਾਂ ਡੰਡਾਂ, ਕੂਕ ਕੂਕ ਸੁਣਾਈਆ । ਮੈਂ ਤੇਰਾ ਪੜਦਾ ਕਰਨਾ ਨੰਗਾ, ਖੋਲ੍ਹ ਕੇ ਦਿਆਂ ਸੁਣਾਈਆ । ਮੈਂ ਹੈਰਾਨ ਹੋਇਆ ਤੂੰ ਆਪਣਾ ਅੰਮ੍ਰਿਤ ਛੱਡ ਕੇ ਸੰਸਾਰ ਨੂੰ ਨਹੌਂਦਾ ਵਿਚ ਜਮਨਾ ਗੰਗਾ, ਸੁਰਸਤੀ ਗੋਦਾਵਰੀ ਵਿਚ ਭੁਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਾ ਕੇ ਵਿਚ ਕਰਾਇਆ ਦੰਗਾ, ਦੰਗਲ ਦਿਤਾ ਲੜਾਈਆ । ਗੁਰ ਅਵਤਾਰ ਪੈਗ਼ੰਬਰਾਂ ਸ਼ਰਅ ਲੜਾਈ ਦੇ ਕੇ ਧੰਦਾ, ਧਰਮ ਦਾ ਧੜਾ ਦਿਤਾ ਵਖਾਈਆ । ਜੇ ਪ੍ਰਭੂ ਤੂੰ ਵੀ ਹੋਵੇਂ ਪੰਜਾਂ ਤੱਤਾਂ ਵਾਲਾ ਬੰਦਾ, ਤੈਨੂੰ ਬੰਧਨ ਵਿਚ ਫਸਾਈਆ । ਮੈਂ ਹੈਰਾਨ ਹੋਇਆ ਕਿਸੇ ਨੂੰ ਧੋਤੀ ਕਿਸੇ ਦੇ ਤੇੜ ਪੁਆਇਆ ਤੰਬਾ, ਕਿਸੇ ਨੂੰ ਤਹਿਮਤ ਨਾਲ ਸਮਝਾਈਆ । ਇਹ ਖੇਲ ਤੇਰਾ ਅਚੰਭਾ, ਅਛੱਲ ਤੇਰੀ ਵਡਿਆਈਆ । ਅਜੇ ਤਕ ਕਿਸੇ ਨੂੰ ਵਖਾਇਆ ਨਹੀਂ ਆਪਣਾ ਕੰਢਾ, ਪਾਰ ਕਿਨਾਰਾ ਨਾ ਕੋਇ ਦ੍ਰਿੜਾਈਆ । ਤੇਰਾ ਸਫ਼ਰ ਸਾਰੇ ਦੱਸ ਕੇ ਗਏ ਲੰਬਾ, ਨੇਰਨ ਨੇਰ ਨਾ ਕੋਇ ਵਖਾਈਆ । ਮੈਂ ਤੇਰੀ ਖੇਲ ਵੇਖ ਕੇ ਕੰਬਾ, ਕੰਬਣੀ ਗਈ ਆਈਆ । ਪ੍ਰਭ ਦੇ ਕੋਲ ਕਿੱਡਾ ਫ਼ਰੇਬਾਂ ਵਾਲਾ ਮੰਬਾ, ਜੁਗ ਜੁਗ ਸਭ ਨੂੰ ਦਏ ਭੁਲਾਈਆ । ਕੀ ਤੈਨੂੰ ਪ੍ਰਾਪਤ ਹੋਇਆ ਕੇਸਾਂ ਵਿਚ ਰਖਾ ਕੇ ਕੰਘਾ, ਕਿਉਂ ਕੰਗਣ ਹੱਥ ਪੁਆਈਆ । ਕਿਉਂ ਖੜਗ ਫੜਾਇਆ ਟੰਬਾ, ਸ਼ੱਤਰੂ ਰੂਪ ਬਦਲਾਈਆ । ਕਿਉਂ ਤਨ ਕੱਛ ਲਗਾਇਆ ਅੰਗਾ, ਕੱਪੜਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇਣਾ ਜਣਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਤੇਰੀ ਵੇਖੀ ਚਲਾਕੀ, ਚਾਲ ਨਿਰਾਲੀ ਨਜ਼ਰੀ ਆਈਆ । ਤੇਰਾ ਖੇਲ ਨੂਰਾਨੀ ਖ਼ਾਕੀ, ਆਪਣੀ ਵੰਡ ਵੰਡਾਈਆ । ਤੇਰਾ ਮੇਲਾ ਨਾਰ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਤੂੰ ਸਾਹਿਬ ਸਵਾਮੀ ਜੋਤ ਜਾਤੀ, ਜਾਗਰਤ ਨਜ਼ਰੀ ਆਈਆ । ਸਚ ਦੱਸ ਦੇ ਪੁਰਖ ਅਕਾਲ ਕੀ ਸੰਦੇਸ਼ਾ ਦਿਤਾ ਗੋਬਿੰਦ ਅੰਤ ਅਖ਼ੀਰੀ ਰਾਤੀ, ਮਾਤਲੋਕ ਸਮਝਾਈਆ । ਕੀ ਲਹਿਣਾ ਦੇਣਾ ਰੱਖਿਆ ਬਾਕੀ, ਪੰਜਾਂ ਕੱਕਿਆਂ ਵਿਚ ਨਾ ਆਈਆ । ਤੇਰੀ ਜੋਤ ਪੁਰਖ ਅਕਾਲ ਓਹ ਫੱਫੇ ਕੁਟਣੀ ਜਿਹੜੀ ਬਿਨ ਅਸਮਾਨਾਂ ਲਾਵੇ ਟਾਕੀ, ਟਾਕਰੇ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦੇ ਮੁਕਾਈਆ ।

ਸ਼ਬਦ ਗੁਰੂ ਕਹੇ ਸੁਣ ਸਾਹਿਬ ਮੇਰੇ ਹਜ਼ੂਰ, ਤੇਰਾ ਹਜ਼ੂਰੀਆ ਨਜ਼ਰ ਕੋਇ ਨਾ ਆਈਆ । ਹੁਣ ਬਿਨ ਤੇਰੇ ਲੱਭਾਂ ਕਿਹਨੂੰ ਜ਼ਰੂਰ, ਜ਼ਰੂਰਤ ਵਾਲੇ ਬੈਠੇ ਮੁਖ ਛੁਪਾਈਆ । ਪਿਛਲਾ ਜੁਗ ਚੌਕੜੀ ਦਾ ਤੂੰ ਵੀ ਦਿਸੇਂ ਮਫ਼ਰੂਰ, ਲੱਭਿਆਂ ਹੱਥ ਕਿਸੇ ਨਾ ਆਈਆ । ਜੁਗ ਚੌਕੜੀ ਬੇੜੇ ਚੜ੍ਹਦੇ ਵੇਖੇ ਤੇਰੇ ਪੂਰ, ਪੁਰੀਆਂ ਲੋਆਂ ਸਮਝ ਕਿਸੇ ਨਾ ਆਈਆ । ਪਤਾ ਨਹੀਂ ਤੂੰ ਊਣਾ ਕਿ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਥਾਈਂਆ । ਮੈਨੂੰ ਐਂ ਦਿਸਦਾ ਤੈਥੋਂ ਡਰਦੇ ਗੁਰ ਅਵਤਾਰ ਪੈਗ਼ੰਬਰ ਤੈਨੂੰ ਸਿਫ਼ਤਾਂ ਵਿਚ ਕਰ ਕੇ ਗਏ ਮਸ਼ਹੂਰ, ਤੇਰੇ ਮਿਲਣ ਦਾ ਮਸਲਾ ਹੱਲ ਨਾ ਕੋਇ ਕਰਾਈਆ । ਓਏ ਧੁਰ ਦੇ ਝਗੜਾਲੂ ਤੂੰ ਲੋਕਮਾਤ ਪਾ ਕੇ ਫ਼ਤੂਰ, ਫ਼ਤਿਹ ਦਾ ਟਿੱਕਾ ਮਸਤਕ ਨਾ ਕਿਸੇ ਵਖਾਈਆ । ਜੋ ਆਇਆ ਸੋ ਤੇਰੇ ਨਾਮ ਦਾ ਮਜ਼੍ਹਬੀ ਕਰ ਗ਼ਰੂਰ, ਜਗਤ ਵਿਚ ਵਡਿਆਈਆ । ਮਾਨਵ ਲੜਾ ਕੇ ਤੇਰਾ ਹੋਇਆ ਮਸ਼ਕੂਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਪ੍ਰਭੂ ਇਹ ਕੀ ਤੇਰਾ ਦਸਤੂਰ, ਦੂਸਰ ਨਾਲੋਂ ਦੂਜਾ ਦੂਜੇ ਨਾਲੋਂ ਤੀਜਾ ਤੀਜੇ ਨਾਲੋਂ ਚੌਥਾ ਚੌਥੇ ਜੁਗ ਵਿਚ ਸਭ ਆਪਣਾ ਆਪਣਾ ਮਾਣ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਚਰਨ ਮਿਲੇ ਸਰਨਾਈਆ । ਪੁਰਖ ਅਕਾਲ ਕਹੇ ਸ਼ਬਦ ਬੱਚੇ ਕਰ ਨਾ ਸ਼ੈਤਾਨੀ, ਕਿਉਂ ਸਹਿਜ ਸਹਿਜ ਸੁਣਾਈਆ । ਮੇਰੀ ਖੇਲ ਦੋ ਜਹਾਨੀ, ਦੋਹਰੀ ਧਾਰ ਪ੍ਰਗਟਾਈਆ । ਮੇਰਾ ਜਲਵਾ ਨੂਰ ਅਸਮਾਨੀ, ਜੋਤੀ ਡਗਮਗਾਈਆ । ਜੇ ਮੈਂ ਹੁਕਮ ਵਿਚ ਨਾ ਕਰਾਂ ਬੇਈਮਾਨੀ, ਬੇਵਾ ਕਦੇ ਨਾ ਹੋਏ ਲੋਕਾਈਆ । ਮੈਂ ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਦੀ ਬਦਲ ਦੇਵਾਂ ਖ਼ਾਨਦਾਨੀ, ਖ਼ਾਨਦਾਨ ਆਪਣਾ ਨਾਮ ਨਾਮ ਸਮਝਾਈਆ । ਕਿਸੇ ਦੀ ਕ਼ਾਇਮ ਰਹਿਣ ਨਾ ਦੇਵਾਂ ਜਵਾਨੀ, ਜੋਬਨ ਸਦਾ ਨਾ ਕੋਇ ਹੰਢਾਈਆ । ਜਿਸ ਨੂੰ ਮਾਤਲੋਕ ਭੇਜਾਂ ਉਸ ਨੂੰ ਦੱਸਾਂ ਇਹ ਤੇਰੀ ਜੂਹ ਬੇਗਾਨੀ, ਦਾਅਵੇਦਾਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦ ਦੁਲਾਰੇ ਹੱਟੇ ਕੱਟੇ, ਨੌਜਵਾਨ ਦਿਆਂ ਜਣਾਈਆ । ਪ੍ਰਭ ਦੀ ਵਿਦਿਆ ਸਭ ਤੋਂ ਵਖਰੇ ਹਿਸਾਬ ਵਾਲੇ ਬਟੇ, ਜਿਸ ਦੀ ਹਾਸਲ ਜ਼ਰਬ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਦੱਸ ਕੇ ਨਿੱਕੇ ਨਿੱਕੇ ਟੱਪੇ, ਟਾਪੂਆਂ ਵਿਚ ਦਿਤਾ ਟਿਕਾਈਆ । ਬਿਨਾ ਦਸਖ਼ਤਾਂ ਤੋਂ ਦੇ ਕੇ ਪਟੇ, ਲੋਕਮਾਤ ਮੁਜਾਰੇ ਦਿਤੇ ਵਖਾਈਆ । ਅੰਤ ਸਾਰੇ ਹੋ ਗਏ ਨਾਮ ਕਟੇ, ਹੁਕਮ ਮਿਲਿਆ ਧੁਰਦਰਗਾਹੀਆ । ਜੋ ਧੁਰ ਦੇ ਲੇਖ ਲਿਖੇ ਸੋ ਪੂਰੇ ਕਰਨੇ ਸੱਚੇ, ਸਚ ਦਿਆਂ ਸਮਝਾਈਆ । ਕੀਤੇ ਕੌਲ ਨਹੀਂ ਹੋਣੇ ਕੱਚੇ, ਕੰਚਨਗੜ੍ਹ ਦਿਆਂ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਹੁਕਮੇ ਲੇਖ ਲਿਖੇ, ਲਿਖਤ ਵਿਚ ਸਾਲਾਹੀਆ । ਸੋ ਪੂਰੇ ਕਰਨੇ ਇੱਕੇ, ਏਕੰਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸ਼ਬਦ ਗੁਰੂ ਕਹੇ ਪ੍ਰਭ ਕਿਉਂ ਰੱਖਦਾ ਓਹਲਾ, ਸਚ ਦੇ ਦ੍ਰਿੜਾਈਆ । ਕੀ ਅੰਤ ਗੋਬਿੰਦ ਨਾਲ ਬੋਲ ਬੋਲਾ, ਅਨਬੋਲਤ ਦੇਣਾ ਸਮਝਾਈਆ । ਓਹ ਨਿਸ਼ਾਨੀ ਦੇਦੇ ਜਿਹੜੀ ਗੋਬਿੰਦ ਨੂੰ ਦਿਤੀ ਛੱਡਣ ਲੱਗਿਆਂ ਚੋਲਾ, ਓਹ ਤੇਰਾ ਉਧੇੜ ਨਾ ਕੋਇ ਕਰਾਈਆ । ਜਿਥੇ ਨਾ ਕੋਈ ਕਹਾਰ ਚੁੱਕਣ ਵਾਲਾ ਡੋਲਾ, ਕਾਹਨੀ ਕੰਧ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਦੇਣਾ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਕੀ ਗੋਬਿੰਦ ਮੰਗੀ ਮੰਗ, ਜਿਸ ਵੇਲੇ ਅਖ਼ੀਰੀ ਸਾਸ ਆਈਆ । ਕੀ ਬਖ਼ਸ਼ਿਆ ਤੂੰ ਅਨੰਦ, ਇਹ ਵੀ ਦੇਣਾ ਜਣਾਈਆ । ਵੇਖੀਂ ਪੁਰਖ



੨੫੯ ੨੧

ਅਕਾਲ ਹੁਣ ਨਾ ਹੋਵੀਂ ਦੰਗ, ਹੈਰਾਨੀ ਦੀ ਲੋੜ ਰਹੇ ਨਾ ਰਾਈਆ । ਜਿਨ੍ਹ ਸਭ ਕੁਛ ਤੇਰੇ ਪਿਛੇ ਦਿਤਾ ਵੰਡ, ਵਰਭੰਡ ਵਿਚ ਲੁਟਾਈਆ । ਜਿਸ ਨੂੰ ਸ੍ਰਿਸ਼ਟੀ ਕਹੇ ਗੁਜਰੀ ਚੰਦ, ਤੇ ਗੋਬਿੰਦ ਕਹੇ ਮੇਰਾ ਪੁਰਖ ਅਕਾਲ ਪਿਤਾ ਮਾਈਆ । ਮੈਂ ਬੋਲਣਾ ਨਹੀਂ ਨਾਲ ਰਸਨਾ ਦੰਦ, ਜਿਹਵਾ ਜਗਤ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਗੋਬਿੰਦ ਬੈਠਾ ਚੰਨਣ ਚੌਕੀ, ਚੌਕੜਾ ਇਕ ਲਗਾਈਆ । ਮੈਨੂੰ ਖ਼ਬਰ ਅਗੰਮੀ ਪਹੁੰਚੀ, ਭੱਜਿਆ ਵਾਹੋ ਦਾਹੀਆ । ਉਹ ਘੜੀ ਬੜੀ ਸੀ ਸੌਖੀ, ਸੋਹਣੀ ਨਜ਼ਰੀ ਆਈਆ । ਮੈਂ ਗੋਬਿੰਦ ਦੇ ਚਾਰ ਚੁਫੇਰੇ ਫਿਰ ਕੇ ਲਾਂਵ ਲਈ ਚੌਥੀ, ਚੌਥੇ ਜੁਗ ਕੁੜਮਾਈਆ । ਗੋਬਿੰਦ ਤੇਰੀ ਸਿੱਖੀ ਨਾ ਜਾਵੇ ਔਤੀ, ਔਤੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਤੇਰਾ ਹੋਏ ਸਹਾਈਆ । ਗੋਬਿੰਦ ਕਿਹਾ ਜੇ ਤੂੰ ਮੇਰਾ ਬਾਪ, ਪਿਤਾ ਇਕ ਅਖਵਾਈਆ । ਮੈਨੂੰ ਸਮਝਾ ਆਪਣਾ ਆਪ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਂ ਇਕੋ ਬਚਨ ਜਾਣਾ ਆਖ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਭਾਵੇਂ ਮੈਂ ਲੜਾਕਾ ਪੁਤ ਤੇਰਾ ਗੁਸਤਾਖ਼, ਗ਼ੁੱਸੇ ਵਾਲਾ ਅਖਵਾਈਆ । ਮੈਂ ਫਿਰ ਵੀ ਤੇਰੇ ਸਿੱਖ ਬਣਾਏ ਤੇਰੀ ਸ਼ਾਖ਼, ਤੇਰੇ ਹੱਥ ਫੜਾਈਆ । ਮੇਰਾ ਲੇਖਾ ਨਾ ਕੋਈ ਜਿਸਤ ਨਾ ਕੋਈ ਟਾਂਕ, ਟਕਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਗੋਬਿੰਦ ਅੰਤ ਅਖ਼ੀਰ ਮਸਤਕ ਉਤੇ ਦੋਵੇਂ ਰੱਖੇ ਹਾਥ, ਅੱਖਾਂ ਲਈਆਂ ਦਬਾਈਆ । ਮੈਂ ਸਭ ਕੁਛ ਤੈਨੂੰ ਦਿਤਾ ਬਾਂਟ, । ਪੁਰਖ ਅਕਾਲ ਕਹੇ ਜਿਸ ਵੇਲੇ ਮੈਂ ਵੇਖਿਆ ਝਾਕ, ਝਾਕੀ ਇਕ ਲਗਾਈਆ । ਗੋਬਿੰਦ ਦਾ ਖੁਲ੍ਹ ਗਿਆ ਤਾਕ, ਮੇਰੀ ਜੋਤ ਹੋਵੇ ਰੁਸ਼ਨਾਈਆ । ਓਸ ਦੀ ਪੂਰੀ ਕੀਤੀ ਆਸ, ਹਰਿ ਸਾਚੇ ਬੇਪ੍ਰਵਾਹੀਆ । ਅਗਨੀ ਦੀ ਨਿਕਲੀ ਲਾਟ, ਧੂੰਆਂਧਾਰ ਸਮਾਈਆ । ਮੈਂ ਪੰਧ ਮੇਟੀ ਵਾਟ, ਵਟਨਾ ਦਿਤਾ ਲਗਾਈਆ । ਗੋਬਿੰਦ ਤੇਰੀ ਮੇਰੀ ਇਕ ਜ਼ਾਤ, ਪਿਛਲੀ ਕੀਤੀ ਸਫ਼ਾਈਆ । ਮੈਂ ਤੇਰੀ ਮੰਨਾਂ ਬਾਤ, ਪੜਦਾ ਦਿਆਂ ਚੁਕਾਈਆ । ਗੋਬਿੰਦ ਤੇਰਾ ਹੋਵੇ ਸਾਥ, ਸਦਾ ਸਦਾ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਗੋਬਿੰਦ ਚੌਂਕੀ ਉਤੇ ਟੇਕ ਦਿਤੇ ਗੁਟਨੇ, ਗੁਟ ਹੱਥ ਹੱਥ ਵਿਚ ਫੜਾਈਆ । ਪ੍ਰਭੂ ਕਿਉਂ ਜਨਮ ਦਿਤਾ ਪਟਨੇ, ਮਾਤਾ ਦੇ ਪੱਟਾਂ ਵਿਚ ਟਿਕਾਈਆ । ਜਿਸ ਗੋਦੀ ਤੋਂ ਗੋਬਿੰਦ ਹੋਇਆ ਸਖਣੇ, ਮਾਤਾ ਗੁਜਰੀ ਨਜ਼ਰ ਕੋਇ ਨਾ ਆਈਆ । ਅੱਗੇ ਵਾਸਤੇ ਮੈਂ ਇਹੋ ਜਿਹੇ ਮਾਤ ਪਿਤਾ ਨਹੀਂ ਰੱਖਣੇ, ਜੋ ਜਨਮ ਕੇ ਮਰ ਜਾਈਆ । ਹੁਣ ਜਾਣਾਂ ਤੇਰੇ ਵਤਨੇ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੋਬਿੰਦ ਕਹੇ ਮੇਰਾ ਇਕ ਅਖ਼ੀਰੀ ਸੰਦੇਸਾ, ਸਤਿ ਸਤਿਵਾਦੀ ਦਿਆਂ ਜਣਾਈਆ । ਮੇਰਾ ਅੰਤ ਅਖ਼ੀਰੀ ਲੇਖਾ, ਤੱਤਾਂ ਹੋਣੀ ਜੁਦਾਈਆ । ਮੇਰਾ ਅੰਤ ਅਖ਼ੀਰੀ ਰੱਖੀਂ ਚੇਤਾ, ਚੇਤਨ ਦਿਆਂ ਦ੍ਰਿੜਾਈਆ । ਮੈਂ ਤੇਰਾ ਸੂਰਬੀਰ ਬੇਟਾ, ਮਰਨ ਜੰਮਣ ਵਿਚ ਫੇਰਾ ਕਦੇ ਨਾ ਪਾਈਆ । ਜਦ ਵਸਾਂ ਤੇਰੇ ਚਰਨਾਂ ਹੇਠਾਂ, ਆਪਣਾ ਆਸਣ ਲਾਈਆ । ਪ੍ਰਭ ਜੇ ਤੈਨੂੰ ਲੋੜ ਹੋਵੇ ਤੇ ਤੈਨੂੰ ਆਪ ਟਿਕਾਵਾਂ ਆਪਣੇ ਪੇਟਾ, ਆਪਣੇ ਪੇਟ ਵਿਚ ਛੁਪਾਈਆ । ਫੇਰ ਅੰਦਰ ਵੜ ਕੇ ਤੈਨੂੰ ਵੇਖਾਂ, ਉਤੇ ਲੱਭਣ ਦੀ ਲੋੜ ਰਹੇ ਨਾ ਰਾਈਆ । ਮੈਨੂੰ ਸਦਾ ਰੱਖੀਂ ਥੱਲੇ ਆਪਣਿਆਂ ਕੇਸਾਂ, ਤੇਰੀ ਕਿਸਮ ਦਿਆਂ ਬਦਲਾਈਆ । ਅੱਗੇ ਤੂੰ ਗੁਰ ਅਵਤਾਰ ਪੈਗ਼ੰਬਰਾਂ ਨੂੰ ਦੇਂਦਾ ਰਿਹੋਂ ਠੇਕਾ, ਬੋਲੀ ਲੋਕਮਾਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਮੈਂ ਚਲਿਆ ਛੱਡ ਜਗਤ, ਪ੍ਰਭ ਤੇਰੀ ਸੇਵ ਕਮਾਈਆ । ਅੰਤ ਅਖ਼ੀਰੀ ਵਕਤ, ਤੇਰੇ ਵਿਚ ਸਮਾਈਆ । ਕੌਲ ਕਰ ਪ੍ਰਭ ਦੋਵੇਂ ਆਈਏ ਪਰਤ, ਪਤ੍ਰਿਕਾ ਦੇ ਲਿਖਾਈਆ । ਪਿਤਾ ਪੂਤ ਦੀ ਇਕੋ ਹੋਵੇ ਸ਼ਰਤ, ਸ਼ਰਅ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਥੋੜ੍ਹਾ ਗਿਆ ਅਟਕ, ਖ਼ਾਮੋਸ਼ੀ ਵਿਚ ਸਮਾਈਆ । ਗੋਬਿੰਦ ਨੇ ਖੜਗ ਕੱਢੀ ਝਟਕ, ਹੱਥ ਵਿਚ ਉਠਾਈਆ । ਜੇ ਮੈਂ ਤੇਰਾ ਜਿਗਰੇ ਲਖ਼ਤ, ਲਿਖ ਕੇ ਦੇ ਫੜਾਈਆ । ਜੇ ਤੂੰ ਮੈਨੂੰ ਬਣਾਇਆ ਸਖ਼ਤ, ਨਰਮੀ ਵਿਚ ਕਦੇ ਨਾ ਆਈਆ । ਓ ਬਾਪ, ਕਦੀ ਬੱਚਿਆਂ ਤੋਂ ਕਰ ਕੇ ਰੱਖੀਂ ਨਾ ਕੋਈ ਬਚਤ, ਵਖਰਾ ਘਰ ਸੁਹਾਈਆ । ਮੈਂ ਮਾਤਲੋਕ ਤੱਕਿਆ ਹੁਣ ਵੇਖਣਾ ਤੈਨੂੰ ਉਤੇ ਅਰਸ਼, ਫ਼ਰਸ਼ ਦੇਣਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਿਹਾ ਮੇਰੀ ਆਸਾ ਇਕ ਅੰਤ, ਅੰਤ ਦਿਆਂ ਜਣਾਈਆ । ਤੂੰ ਸਾਹਿਬ ਮੇਰਾ ਭਗਵੰਤ, ਪ੍ਰਭੂ ਤੇਰੀ ਵਡਿਆਈਆ । ਤੂੰ ਸਚ ਸਵਾਮੀ ਕੰਤ, ਸਾਹਿਬ ਤੇਰੀ ਸਰਨਾਈਆ । ਮੈਂ ਕੋਈ ਕਰਨੀ ਨਹੀਂ ਮਿੰਨਤ, ਖ਼ੁਸ਼ੀਆਂ ਵਿਚ ਜਣਾਈਆ । ਅੱਗੇ ਵਸਣਾ ਤੇਰੀ ਸਿੰਮਤ, ਕੂੜ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਧੁਰ ਦੀ ਦੇਣੀ ਵਖਾਈਆ । ਪੁਰਖ ਅਕਾਲ ਕਿਹਾ, ਗੋਬਿੰਦ ਆਪਣੀ ਹੱਥ ਫੇਰ ਕੇ ਦਾਹੜੀ, ਦਾਅਵੇ ਨਾਲ ਜਣਾਈਆ । ਹੁਣ ਛੱਡ ਦੇ ਸਰੀਰ ਤੇ ਨਾਤਾ ਟੁੱਟ ਜਾਏ ਨਾੜੀ, ਚਿਖਾ ਵਿਚ ਸਮਾਈਆ । ਮੈਂ ਲੇਖਾ ਦੱਸਾਂ ਅਗਾੜੀ, ਭੇਵ ਅਭੇਦ ਖੁਲ੍ਹਾਈਆ । ਜਿਸ ਵੇਲੇ ਤੇਰੇ ਮੇਰੇ ਸੰਮਤ ਦੀ ਆਵੇ ਚੌਥੀ ਹਾੜੀ, ਚਾਰ ਕੁੰਟ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਮਨਸਾ ਪੂਰ ਕਰਾਈਆ । ਗੋਬਿੰਦ ਕਹੇ ਪ੍ਰਭੂ ਲਾ ਲੈ ਘੁੱਟ ਕੇ ਅੰਗ, ਅੰਗੀਕਾਰ ਅਖਵਾਈਆ । ਓਹ ਵੇਖ ਗੁਰਮੁਖ ਮੇਰੇ ਚੰਦ, ਤੇਰੀ ਜੋਤ ਰੁਸ਼ਨਾਈਆ । ਜਿਨ੍ਹਾਂ ਨੂੰ ਛੱਡ ਗਿਆ ਪੁਰੀ ਅਨੰਦ, ਸਰਸੇ ਦਿਤੇ ਰੁੜ੍ਹਾਈਆ । ਸਚਖੰਡ ਦਿਤੇ ਟੰਗ, ਤੇਰੇ ਦਰ ਸੁਹਾਈਆ । ਮੈਂ ਉਨ੍ਹਾਂ ਦਾ ਮੰਗਦਾ ਸੰਗ, ਛੱਡੀ ਜਗਤ ਲੋਕਾਈਆ । ਉਨ੍ਹਾਂ ਪਿਛੇ ਫੇਰ ਮਾਰਨਾ ਪੰਧ, ਲੋਕਮਾਤ ਜਨਮ ਦੁਆਈਆ । ਪਰ ਯਾਦ ਰੱਖੀਂ, ਮੈਂ ਫਿਰ ਨੀਲੇ ਦਾ ਕਸਣਾ ਨਹੀਂ ਤੰਗ, ਪਾਖਰ ਜ਼ੀਨ ਨਾ ਕੋਇ ਸੁਹਾਈਆ । ਮੈਂ ਫਿਰਨਾ ਵਿਚ ਬ੍ਰਹਿਮੰਡ, ਬਿਨ ਲੱਤਾਂ ਬਾਹਵਾਂ ਵਾਹੋ ਦਾਹੀਆ । ਮਾਨਣਾ ਇਕ ਅਨੰਦ, ਰਸ ਤੇਰਾ ਸੋਭਾ ਪਾਈਆ । ਖੜਗ ਖੰਡੇ ਦਾ ਕਰਨਾ ਨਹੀਂ ਜੰਗ, ਸ਼ਬਦੀ ਆਪਣੀ ਧਾਰ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਰਾ ਸੰਗ ਰਖਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰਾਂ ਬੱਧੇ ਗਾਨੇ, ਮੌਲੀ ਤੰਦ ਸੁਹਾਈਆ । ਪ੍ਰਭੂ ਇਹ ਸਾਰੇ ਸਗਣ ਪੁਰਾਣੇ, ਅੱਗੇ ਮੈਨੂੰ ਮੂਲ ਨਾ ਭਾਈਆ । ਜਿਸ ਤਰਾ ਤੇਰੇ ਮੇਰੇ ਨਾਲ ਯਾਰਾਨੇ, ਸਚਖੰਡ ਬਹਿ ਕੇ ਖ਼ੁਸ਼ੀ ਮਨਾਈਆ । ਏਸੇ ਤਰਾ ਤੇਰੇ ਭਗਤ ਮੇਰੇ ਮਹਿਮਾਨੇ, ਪ੍ਰਾਹੁਣੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਨੇ ਵਸਣਾ ਹੇਠਾਂ ਸੱਤ ਰੰਗ ਨਿਸ਼ਾਨੇ, ਨਿਸ਼ਾਨੇ ਪਿਛਲੇ ਦੇਣੇ ਗੁਆਈਆ । ਪੁਰਖ ਅਕਾਲ ਉਨ੍ਹਾਂ ਦੇ ਪਿਛੇ ਸਾਨੂੰ ਔਣਾ ਪਏ ਨਾਲ ਬਹਾਨੇ, ਦੂਜਾ ਰਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਸੱਤ ਰੰਗ ਬੋਲਿਆ ਝਟ, ਗੋਬਿੰਦ ਦਿਤਾ ਸੁਣਾਈਆ । ਕਿਉਂ ਸੂਰੇ ਮਾਰਿਆ ਫੱਟ, ਅਣਿਆਲਾ ਤੀਰ ਚਲਾਈਆ । ਮੈਨੂੰ ਦੱਸ ਦੇ ਕੁਝ ਝਟ, ਸਹਿਜੇ ਪੁਛ ਪੁਛਾਈਆ । ਤੁਹਾਡਾ ਕਿਹੜਾ ਖੁਲ੍ਹਣਾ ਹੱਟ, ਦਵਾਰਾ ਕਵਣ ਸੁਹਾਈਆ । ਮੈਂ ਵੀ ਉਥੇ ਆਵਾਂ ਨੱਠ,

ਆਪਣਾ ਪੰਧ ਮੁਕਾਈਆ । ਵੇਖਾਂ ਖੇਲ ਜਗ, ਜਾਗਰਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇਣਾ ਮੁਕਾਈਆ । ਗੋਬਿੰਦ ਕਿਹਾ ਮੇਰੇ ਸਿੱਖ ਧੁਰ ਦੇ ਧਰਮੀ, ਪੁਰਖ ਅਕਾਲ ਸਰਨਾਈਆ । ਜੋੜ ਜੁੜਿਆ ਨਾਲ ਨਿਹਕਰਮੀ, ਕਰਮ ਕਾਂਡ ਦਾ ਡੇਰਾ ਢਾਹੀਆ । ਅੰਤ ਉਨ੍ਹਾਂ ਨੇ ਔਣਾ ਏਸ ਦੀ ਸਰਨੀ, ਚਰਨ ਕਵਲ ਸਰਨਾਈਆ । ਝਗੜਾ ਮੁਕਣਾ ਮਰਨੀ ਡਰਨੀ, ਭੈ ਭੌ ਨਾ ਕੋਇ ਵਖਾਈਆ । ਇਕੋ ਤੁਕ ਅਗੰਮੀ ਪੜ੍ਹਨੀ, ਛੱਡਣੀ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੁਣ ਕੇ ਬਚਨ ਸੱਤ ਰੰਗ ਗਿਆ ਡਿੱਗ, ਚਰਨੀ ਸੀਸ ਨਿਵਾਈਆ । ਜੇ ਤੇਰਾ ਪੁਰਖ ਅਕਾਲ ਇਕ, ਇਕੋ ਪਿਤਾ ਮਾਈਆ । ਜੇ ਤੇਰੇ ਲਾਡਲੇ ਸਿੱਖ, ਮੈਨੂੰ ਵੀ ਆਪਣਾ ਸਿੱਖ ਲੈ ਬਣਾਈਆ । ਗੋਬਿੰਦ ਕਿਹਾ ਹੁਣ ਨਹੀਂ ਅੱਗੇ ਦੇਵਾਂ ਲਿਖ, ਬਿਨ ਅੱਖਰਾਂ ਅੱਖਰ ਵਖਾਈਆ । ਤੇਰਾ ਸਾਂਝਾ ਕਰ ਕੇ ਹਿੱਤ, ਨਾਤਾ ਭਗਤਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਵੇਖ ਵਖਾਈਆ । ਸੱਤ ਰੰਗ ਸੁਣ ਮੇਰਾ ਹੋਰ ਵਿਚਾਰ, ਤੈਨੂੰ ਦਿਆਂ ਜਣਾਈਆ । ਤੂੰ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਬਾਹਰ ਕਢਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਦਾ ਸੰਮਤ ਆਵੇ ਚਾਰ, ਚਾਰ ਕੁੰਟ ਦੁਹਾਈਆ । ਤੈਨੂੰ ਭਗਤਾਂ ਦਾ ਬਣਾਵਾਂ ਯਾਰ, ਸਾਚਾ ਜੋੜ ਜੁੜਾਈਆ । ਲਹਿਣਾ ਦੇਣਾ ਪੂਰਾ ਕਰਾਂ ਉਧਾਰ, ਕਰਜ਼ਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਿਹਾ ਸੱਤ ਰੰਗ ਤੂੰ ਮੰਗੀ ਮੰਗ ਕਮਾਲ, ਕਮਲਾਪਤ ਦਏ ਦ੍ਰਿੜਾਈਆ । ਉਠ ਸੋਹਣੇ ਖ਼ੁਸ਼ੀਆਂ ਨਾਲ ਪਾ ਧਮਾਲ, ਨੱਚ ਟੱਪ ਕੇ ਦੇ ਵਖਾਈਆ । ਗੋਬਿੰਦ ਨੇ ਅੰਤ ਅਖ਼ੀਰ ਅੰਤਮ ਸਾਸ ਆਪਣੇ ਕੱਢਕੇ ਸੱਤ ਰੁਮਾਲ, ਕਮਰਕਸੇ ਵਿਚੋਂ ਚਿਖਾ ਉਤੇ ਦਿਤੇ ਟਿਕਾਈਆ । ਸਤਿ ਜੋਤ ਦਾ ਹੋਇਆ ਜਮਾਲ, ਜੋਤ ਜੋਤ ਵਿਚ ਰੁਸ਼ਨਾਈਆ । ਨੂਰ ਚਮਕਿਆ ਉਤੇ ਅਸਮਾਨ, ਬ੍ਰਹਿਮੰਡ ਖੰਡ ਡਗਮਗਾਈਆ । ਤਾੜੀ ਲਾ ਕੇ ਕਿਹਾ ਸ੍ਰੀ ਭਗਵਾਨ, ਦੋ ਜਹਾਨਾਂ ਤੇਰੀ ਸਿਫ਼ਤ ਸਾਲਾਹੀਆ । ਗੋਬਿੰਦ ਕਿਹਾ ਔਹ ਚਿੱਲਾ ਤੇ ਗਈ ਕਮਾਨ, ਕਮਾਨ ਇਕੋ ਹੱਥ ਰਖਾਈਆ । ਜਿਸ ਨੂੰ ਸਕੇ ਨਾ ਕੋਇ ਪਹਿਚਾਨ, ਜਗ ਨੇਤਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਗੋਬਿੰਦ ਕਿਹਾ ਸੱਤ ਰੰਗ, ਤੈਨੂੰ ਭਗਤਾਂ ਨਾਲ ਮਿਲਾਵਾਂਗਾ । ਜਿਸ ਵੇਲੇ ਮੇਰੇ ਚਮਕੇ ਉਹ ਚੰਦ, ਚਾਂਦਨੀ ਤੇਰੇ ਉਤੇ ਪਵਾਵਾਂਗਾ । ਸੋਹਣਾ ਬਣਾ ਕੇ ਸੰਗ, ਆਪੇ ਵੇਖ ਵਖਾਵਾਂਗਾ । ਮੇਰੇ ਕੋਲ ਅਨੋਖਾ ਢੰਗ, ਧੁਰ ਦਾ ਹੁਕਮ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਦਵਾਰਾ ਇਕ ਸੁਹਾਵਾਂਗਾ । ਸੱਤ ਰੰਗ ਕਹਿਣ ਸਾਡਾ ਪ੍ਰੇਮੀ ਪਹਿਲਾ ਲਾਲ, ਲਾਲ ਰੰਗ ਵਡਿਆਈਆ । ਗੋਬਿੰਦ ਕਿਹਾ ਮੈਂ ਹੋ ਕੇ ਦੀਨ ਦਿਆਲ, ਦਇਆ ਆਪ ਕਮਾਈਆ । ਸਿਖਿਆ ਸਚ ਸਿਖਾਲ, ਸਮਝ ਦਿਆਂ ਦ੍ਰਿੜਾਈਆ । ਜਿਸ ਵੇਲੇ ਸ਼ਹਿਨਸ਼ਾਹੀ ਚੌਥਾ ਆਵੇ ਸਾਲ, ਸੰਮਤ ਸੋਭਾ ਪਾਈਆ । ਓਸ ਵੇਲੇ ਮਾਝੇ ਵਾਲਿਆਂ ਬੰਨ੍ਹਣੇ ਲਾਲ ਰੁਮਾਲ, ਗੁਟ ਸੱਜੇ ਨਾਲ ਸੋਭਾ ਪਾਈਆ । ਖ਼ੁਸ਼ੀਆਂ ਨਾਲ ਪੌਂਦੇ ਔਣ ਧਮਾਲ, ਗੋਬਿੰਦ ਤੂੰ ਹੀ ਪਿਤਾ ਮਾਈਆ । ਅਸੀਂ ਤੇਰੇ ਲਾਡਲੇ ਬਾਲ, ਹੋਏ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਕੰਚਨ

ਰੰਗ ਕਹੇ ਗੋਬਿੰਦ ਮੈਨੂੰ ਦੱਸ ਤਰੀਕਾ, ਤਰੀਕ ਦੇ ਸਮਝਾਈਆ । ਗੋਬਿੰਦ ਕਿਹਾ ਓਹ ਤੇਰਾ ਬਾਵਨ ਬਲ ਤੇ ਪਿਛਲਾ ਰਿਸ਼ੀਆਂ ਨਾਲ ਸ਼ਰੀਕਾ, ਸਾਥੀਆਂ ਦਿਆਂ ਮਿਲਾਈਆ । ਤੇਰੇ ਨਾਲ ਉਨ੍ਹਾਂ ਦੀ ਹੋਵੇ ਪ੍ਰੀਤਾ, ਜਿਨ੍ਹਾਂ ਨੂੰ ਪ੍ਰੀਤਮ ਮੇਲ ਮਿਲਾਈਆ । ਪਰ ਯਾਦ ਰੱਖੀਂ ਉਨ੍ਹਾਂ ਵਿਚੋਂ ਇਕ ਦੇ ਹੱਥ ਵਿਚ ਹੋਣੀ ਗੀਤਾ, ਨਵੀਂ ਨਕੋਰ ਸੋਭਾ ਪਾਈਆ । ਉਹਦੇ ਉਤੇ ਸਵਾ ਇੰਚ ਦਾ ਫੀਤਾ, ਕੰਚਨ ਦੇਣਾ ਲਗਾਈਆ । ਬਾਕੀ ਸਭ ਨੇ ਰੁਮਾਲ ਬੰਨ੍ਹਣੇ ਠੀਕਾ, ਗੁਟ ਖੱਬੇ ਨਾਲ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੰਮੂ ਵਾਲੇ ਜਮਾ ਲਏ ਕਰਾਈਆ । ਸੂਹਾ ਲਾਲ ਕਹੇ ਸੁਣ ਗੋਬਿੰਦ ਮੇਰੇ ਸੋਹਣੇ, ਸੋਹਣਿਆ ਦਿਆਂ ਜਣਾਈਆ । ਜਿਸ ਨੇ ਸਭ ਦੇ ਧੋਣ ਧੋਣੇ, ਦੁਰਮਤ ਮੈਲ ਗਵਾਈਆ । ਗੋਬਿੰਦ ਕਿਹਾ ਮੈਂ ਸਭ ਦੇ ਪਿਛਲੇ ਲੇਖੇ ਖੋਹਣੇ, ਬਚਿਆ ਰਹਿਣ ਕੋਇ ਨਾ ਪਾਈਆ । ਪ੍ਰਭ ਨੂੰ ਭੁੱਲੇ ਸਾਰੇ ਰੋਣੇ, ਰੋਂਦਿਆਂ ਚੁਪ ਨਾ ਕੋਇ ਕਰਾਈਆ । ਓਹ ਸੂਹੇ ਰੰਗ ਤੇਰੇ ਜਗਤ ਨੇ ਬਣੌਣੇ ਪੋਣੇ, ਚੀਥੜ ਪਾਟੇ ਵੇਖ ਵਖਾਈਆ । ਪਰ ਤੇਰੇ ਲੇਖ ਦੁਆਬੇ ਵਾਲਿਆਂ ਨਾਲ ਪਰੋਣੇ, ਪ੍ਰਾਹੁਣੇ ਬਣ ਕੇ ਆਵਣ ਚਾਈਂ ਚਈਂਆ । ਸਭ ਦੇ ਖੁਲ੍ਹੇ ਹੋਣ ਲੋਇਣੇ, ਨੇਤਰ ਅੱਖ ਸੁਰਮੇ ਸੰਗ ਮਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਤੇਰੇ ਲੇਖੇ ਪਾਈਆ । ਚਿੱਟਾ ਕਹੇ ਵਾਹ ਮੇਰੇ ਸੂਰਬੀਰ ਸੁਲਤਾਨ, ਗੋਬਿੰਦ ਤੇਰੀ ਬੇਪ੍ਰਵਾਹੀਆ । ਗੋਬਿੰਦ ਕਿਹਾ ਮੇਰੇ ਪਿਛਲੇ ਓਹ ਮਹਿਮਾਨ, ਤੈਨੂੰ ਦਿਆਂ ਦ੍ਰਿੜਾਈਆ । ਜਿਨ੍ਹਾਂ ਵਿਚੋਂ ਡੱਲੇ ਕੀਤੀ ਪਹਿਚਾਣ, ਬੇਪਹਿਚਾਣ ਆਪ ਸਮਝਾਈਆ । ਤੇਰਾ ਲੇਖਾ ਉਨ੍ਹਾਂ ਨਾਲ, ਨਾਲ ਨਾਲ ਵਡਿਆਈਆ । ਝਗੜਾ ਰਹੇ ਨਾ ਸ਼ਾਹ ਕੰਗਾਲ, ਇਕੋ ਰੰਗ ਦੇਣੇ ਰੰਗਾਈਆ । ਨੌ ਨੌਂ ਇੰਚ ਦੇ ਹੋਣ ਰੁਮਾਲ, ਵੱਡਾ ਛੋਟਾ ਨਾ ਕੋਇ ਬਣਾਈਆ । ਖੱਬੇ ਹੱਥ ਹੋਵਣ ਪ੍ਰਵਾਨ, ਪਾਰਬ੍ਰਹਮ ਵੇਖ ਵਖਾਈਆ । ਇੱਕੀ ਕ਼ਦਮ ਚਲ ਕੇ ਹੱਥ ਰੱਖਕੇ ਉਤੇ ਕਾਨ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈਕਾਰਾ ਦੇਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਪੀਲਾ ਰੰਗ ਕਹੇ ਮੈਂ ਗੋਬਿੰਦ ਤੇਰੀ ਪੋਸ਼ਾਕ, ਦਿਵਸ ਰੈਣ ਤੇਰੀ ਸੇਵ ਕਮਾਈਆ । ਜ਼ਰਾ ਮੇਰੇ ਵਲ ਝਾਕ, ਮੈਂ ਆਪਣਾ ਆਪ ਵਖਾਈਆ । ਗੋਬਿੰਦ ਕਿਹਾ ਓ ਮੈਂ ਨਹੀਂ ਮੇਰੇ ਸਿੱਖ ਤੇਰੇ ਸਾਕ, ਸਨਬੰਧੀ ਦਿਤੇ ਬਣਾਈਆ । ਓਹ ਮੇਰੇ ਨਾਲੋਂ ਪਾਕ, ਪਵਿੱਤਰ ਵੇਖ ਵਖਾਈਆ । ਮੈਨੂੰ ਨਾ ਸਮਝੀਂ ਗੋਬਿੰਦ ਇਹ ਤੱਤਾਂ ਵਾਲੀ ਖ਼ਾਕ, ਜਿਸ ਵੇਲੇ ਗੋਬਿੰਦ ਆਇਆ ਗੋਬਿੰਦ ਵਿਚ ਸਮਾਈਆ । ਨਾ ਕੋਈ ਸੇਵਕ ਤੇ ਨਾ ਕੋਈ ਚਾਕ, ਮੇਲਾ ਮੇਲਾਂ ਨਾਲ ਇਤਫ਼ਾਕ, ਨਫ਼ਾਕ ਅੰਦਰੋਂ ਬਾਹਰ ਕਢਾਈਆ । ਓਹ ਪੀਲਿਆ ਰੰਗਾ ਗੋਬਿੰਦ ਨਾਲ ਛੂਹ ਕੇ ਹੋ ਨਾ ਜਾਵੀਂ ਗੁਸਤਾਖ਼, ਗੁਸਤਾਖ਼ੀ ਮੋਹੇ ਕਦੇ ਨਾ ਭਾਈਆ । ਤੈਨੂੰ ਫਿਰੌਣਾ ਸ਼ੰਕਰ ਦੀ ਜੂਹ, ਪਰਸ ਰਾਮ ਦੀ ਹੂ, ਕ੍ਰਿਸ਼ਨ ਦੀ ਰਜੂਹ, ਕਰਨਾਲ ਵਾਲਿਆਂ ਜੋੜ ਜੁੜਾਈਆ । ਤੇਰਾ ਖੇਲ ਸੱਜੇ ਹੱਥ ਤੋਂ ਹੋਣਾ ਸ਼ੁਰੂ, ਸ਼ਹਿਨਸ਼ਾਹ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੀਲਾ ਰੰਗ ਕਹੇ ਮੇਰੇ ਨੀਲੇ ਵਾਲੇ ਬਾਂਕੇ, ਤੇਰੀ ਬੇਪ੍ਰਵਾਹੀਆ । ਗੋਬਿੰਦ ਕਿਹਾ ਭੁੱਲ ਜਾਓ ਪਿਛਲੇ ਸਾਕੇ, ਅਗਲਾ ਲੇਖਾ ਦਿਆਂ ਦ੍ਰਿੜਾਈਆ । ਜੋ ਕੁਛ ਮੇਰਾ ਪਿਤਾ ਪੁਰਖ ਅਕਾਲ ਆਖੇ, ਓਹੋ ਰਿਹਾ ਸੁਣਾਈਆ । ਜਿਸ ਦਾ ਖੇਲ ਹੋਣਾ ਸਾਚੇ, ਵੱਜਣੀ ਸਚ ਵਧਾਈਆ । ਹੁਣ ਗੋਬਿੰਦ ਤਨ ਵੇਖੇ ਸੜਦਾ ਆਂਚੇ, ਅਗਨੀ ਰਹੀ ਤਪਾਈਆ । ਫਿਰ ਆਵਾਂ ਤੇ ਆਵਾਂ ਨਾਲ ਆਪਣੇ

ਬਾਪੇ, ਦੂਜਾ ਸੰਗ ਨਾ ਕੋਇ ਬਣਾਈਆ । ਭਰ ਭਰ ਕੇ ਟੋਹ ਟੋਹ ਕੇ ਲੱਭ ਲੱਭ ਕੇ ਆਪਣੇ ਲੱਭ ਲਾਂ ਸਾਥੇ, ਗੁਰਮੁਖ ਜੋੜ ਜੁੜਾਈਆ । ਕਿਉਂ ਪੁਰਖ ਅਕਾਲ ਦੀ ਸਲਾਹ ਨਾਲ ਸ਼ਬਦ ਗੁਰੂ ਨੇ ਲਿਖਿਆ ਜਿਨ੍ਹਾਂ ਲੇਖਾ ਮਸਤਕ ਧੁਰ ਦੇ ਮਾਥੇ, ਉਨ੍ਹਾਂ ਹੋਵੇ ਆਪ ਸਹਾਈਆ । ਇਹ ਮੰਤ ਕੋਈ ਨਾ ਵਾਚੇ, ਸੰਤ ਸਮਝ ਕਿਸੇ ਨਾ ਆਈਆ । ਜਿਹੜੇ ਮਿਲ ਗਏ ਗੁਰ ਤੇਗ਼ ਬਹਾਦਰ ਨੂੰ ਚਾਂਦਨੀ ਚੌਂਕ ਦਿੱਲੀ ਵਾਲੇ ਅਹਾਤੇ, ਓਨ੍ਹਾਂ ਨੂੰ ਓਸੇ ਥਾਂ ਪ੍ਰਗਟਾਈਆ । ਓਹ ਨੀਲੇ ਰੁਮਾਲ ਬੰਨ੍ਹ ਕੇ ਔਣਗੇ ਖੱਬੇ ਹਾਥੇ, ਸਦੀ ਚੌਧਵੀਂ ਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਾਲਾ ਰੰਗ ਕਹੇ ਗੋਬਿੰਦ ਤੂੰ ਵੀ ਬੱਧੀ ਸੀ ਇਕ ਦਿਨ ਤਹਿਮਤ, ਕਾਲੇ ਰੰਗ ਰੰਗਾਈਆ । ਮੈਂ ਤੇਰੇ ਨਾਲ ਹੋ ਕੇ ਸਹਿਮਤ, ਸੋਹਣੀ ਸੇਵ ਕਮਾਈਆ । ਦੁਨੀਆ ਤੈਨੂੰ ਕਿਹਾ ਅਹਿਮਕ, ਜੋ ਉਚ ਦਾ ਪੀਰ ਵੇਸ ਵਟਾਈਆ । ਪੁਰਖ ਅਕਾਲ ਨੇ ਕੀਤੀ ਰਹਿਮਤ, ਧੁਰ ਸੰਦੇਸ਼ਾ ਦਿਤਾ ਸੁਣਾਈਆ । ਓਹ ਯਾਦ ਕਰ ਲੈ ਜਿਸ ਵੇਲੇ ਅੱਖ ਨਾਲ ਲਾਈ ਸੈਨਤ, ਇਸ਼ਾਰਾ ਸਿੱਖਾਂ ਵਲ ਕਰਾਈਆ । ਤੇਰੀ ਜ਼ਰੂਰ ਲੇਖੇ ਲਾਵਾਂ ਕੀਤੀ ਮਿਹਨਤ, ਮਜ਼ਦੂਰੀ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਿਹਾ ਓ ਕਾਲੇ ਰੰਗ ਤੈਨੂੰ ਬੰਨ੍ਹਣਗੇ ਸਿੱਖ ਨੌਂ, ਬਹੁਤੀ ਵੰਡ ਨਾ ਕੋਇ ਵੰਡਾਈਆ । ਤੇਰੀ ਕੰਨੀ ਬੰਨ੍ਹ ਕੇ ਰੱਖਣਗੇ ਇਕ ਇਕ ਦਾਣਾ ਜੌਂ, ਜਿਸ ਦਾ ਭੇਵ ਨਾ ਕੋਇ ਖੁਲ੍ਹਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਆਵੇ ਭੌਂ, ਭੂਮਿਕਾ ਵੇਖ ਵਖਾਈਆ । ਓਸ ਵੇਲੇ ਮੈਨੂੰ ਦਿਸਦਾ ਆਪਣਾ ਇਕ ਨਾਉਂ, ਨਿਰੰਕਾਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੋਬਿੰਦ ਕਿਹਾ ਸੁਣ ਕਾਲੇ ਰੰਗ ਸਾਲਸੀ, ਤੈਨੂੰ ਦਿਆਂ ਜਣਾਈਆ । ਜਿਸ ਵੇਲੇ ਮੈਂ ਪਹਿਲੇ ਦਿਨ ਪੜ੍ਹੀ ਸੀ ਫ਼ਾਰਸੀ, ਪਹਿਲਾ ਅੱਖਰ ਰਸਨਾ ਨਾਲ ਗਾਈਆ । ਪਹਿਲਾ ਹਰਫ਼ ਲਿਖਿਆ ਸੀ ਇਬਾਰਤੀ, ਕ਼ਲਮ ਸ਼ਾਹੀ ਜੋੜ ਜੁੜਾਈਆ । ਓਸ ਵੇਲੇ ਸਮਝ ਦਿਤੀ ਸੀ ਆਰਫ਼ੀ, ਆਰਫ਼ਾਂ ਮਾਣ ਵਡਿਆਈਆ । ਫੇਰ ਨਜ਼ਾਰਾ ਤੱਕਿਆ ਜਿਹੜੀ ਨਾਨਕ ਨੇ ਕੀਤੀ ਆਰਤੀ, ਦੀਪਕ ਸੋਹਣੇ ਵੇਖ ਵਖਾਈਆ । ਫੇਰ ਵੇਖਿਆ ਜੋਤ ਅਗੰਮੀ ਓਸ ਪਰਵਰਦਿਗਾਰ ਦੀ, ਜੋ ਪਰਵਰਿਸ਼ ਕਰੇ ਲੋਕਾਈਆ । ਫੇਰ ਸੁਣੀ ਆਵਾਜ਼ ਓਸ ਸਰਕਾਰ ਦੀ, ਜੋ ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਿਹਾ ਕਾਲੇ ਰੰਗ ਤੇਰਾ ਰੰਗ ਅਪਾਰਾ, ਅਪਰੰਪਰ ਸੁਆਮੀ ਤੇਰੀ ਵਡਿਆਈਆ । ਤੇਰਾ ਲੇਖਾ ਕਲਜੁਗ ਅੰਤ ਕਿਨਾਰਾ, ਅਗਲਾ ਭੇਵ ਕੋਇ ਨਾ ਪਾਈਆ । ਗੋਬਿੰਦ ਤੇਰਾ ਬਣ ਸਹਾਰਾ, ਸਚ ਦੇਵੇ ਮਾਣ ਵਡਿਆਈਆ । ਜਿਨ੍ਹਾਂ ਗੁਰਮੁਖਾਂ ਦੇ ਅੰਦਰ ਪਿਆਰਾ, ਪ੍ਰੇਮ ਪ੍ਰੀਤੀ ਤੋੜ ਨਿਭਾਈਆ । ਜਿਨ੍ਹਾਂ ਦਾ ਭਾਰਤ ਵਿਚ ਅਖਾੜਾ, ਦਿਵਸ ਰੈਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਜੇ ਹੱਥ ਤੇਰਾ ਮੇਲ ਮਿਲਾਈਆ । ਸੱਤ ਰੰਗ ਕਹਿਣ ਅਸੀਂ ਉਠੇ ਸੁੱਤੇ, ਸੁੱਤਿਆਂ ਲਈ ਅੰਗੜਾਈਆ । ਪੂਰਬ ਲੇਖੇ ਚੁਕੇ, ਚੁਕੇ ਰੈਣ ਪੜ੍ਹਾਈਆ । ਵੇਖੀਏ ਪੁਰਖ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਬੇਪ੍ਰਵਾਹੀਆ । ਲਹਿਣੇ ਮੂਲ ਰਹੇ ਨਾ ਲੁਕੇ, ਪੜਦਾ ਦੇਣਾ ਉਠਾਈਆ । ਗੁਰਮੁਖੋ ਸੱਤ ਰੰਗ ਕਹਿਣ ਸਾਡੇ ਨਾਲ ਨਾ ਰਿਹੋ ਗ਼ੁੱਸੇ, ਪਿਛਲਾ ਗਿਲਾ ਦੇਣਾ ਗੁਆਈਆ । ਅਸਾਂ ਲੱਗਣਾ ਨਾਲ ਤੁਹਾਡੇ ਜੁੱਸੇ, ਜਿਸਮ ਜਮੀਰ ਇਕ ਬਣਾਈਆ । ਫਿਰ ਆਪੇ

ਸਤਾਰਾਂ ਹਾੜ ਨੂੰ ਗੋਬਿੰਦ ਸਾਨੂੰ ਪੁਛੇ, ਕਿਸ ਬਿਧ ਆਏ ਚਾਈਂ ਚਾਈਆ । ਸਭ ਦੇ ਸੱਜੇ ਖੱਬੇ ਹੱਥ ਅੱਗੇ ਜਾਣ ਝੁਕੇ, ਝੁਕ ਝੁਕ ਸੀਸ ਨਿਵਾਈਆ । ਸਭ ਨੇ ਕਹਿਣਾ ਅਸੀਂ ਓਸ ਦੁਆਰੇ ਪੁੱਜੇ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਜਿਸ ਨੇ ਉਜਾੜ ਕੇ ਆਪਣੇ ਝੁੱਗੇ, ਗੁਰਮੁਖਾਂ ਦੇ ਘਰਾਨੇ ਦਿਤੇ ਵਸਾਈਆ । ਓਸ ਦਿਨ ਨੂੰ ਸਭ ਦੇ ਪਿਆਰ ਹੋ ਜਾਣੇ ਸਮੁੱਚੇ, ਸਾਂਝਾ ਜੋੜ ਜੁੜਾਈਆ । ਸੱਤ ਰੰਗ ਕਹਿਣ ਅਸੀਂ ਤਾਅ ਦਈਏ ਮੁੱਛੇ, ਪ੍ਰਭੂ ਮੁਸ਼ਕਲ ਹੱਲ ਕਰਾਈਆ । ਧੰਨ ਭਾਗ ਜੇ ਤੂੰ ਸਾਨੂੰ ਪੁਛੇਂ, ਅਗਲਾ ਲੇਖਾ ਦਏਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਗੋਦੀ ਆਪਣੀ ਚੁੱਕੇ, ਚਾਕਰ ਹੋ ਕੇ ਸੇਵ ਕਮਾਈਆ ।

## ❊ ੨ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸੱਤ ਰੰਗ ਕਹਿਣ ਅਸੀਂ ਬੱਝਣਾ ਨਾਲ ਗੁਟ, ਸੱਜੇ ਖੱਬੇ ਸੋਭਾ ਪਾਈਆ । ਧੁਰ ਦਾ ਨਾਤਾ ਨਾ ਜਾਏ ਤੁੱਟ, ਤੁੱਟਿਆਂ ਨਾਲ ਗੰਢ ਪੁਆਈਆ । ਉਜਲ ਹੋਵੇ ਮੁਖ, ਮੁੱਖੀਏ ਗੁਰਮੁਖ ਨਜ਼ਰੀ ਆਈਆ । ਵਿਛੋੜੇ ਵਾਲਾ ਮਿਟੇ ਦੁੱਖ, ਘਰ ਸਾਚੇ ਵੱਜੇ ਵਧਾਈਆ । ਜੁਗ ਚੌਕੜੀ ਰਹੇ ਚੁਪ, ਆਪਣਾ ਹਾਲ ਨਾ ਕਿਸੇ ਸੁਣਾਈਆ । ਕਲਜੁਗ ਵੇਖ ਅੰਧੇਰਾ ਘੁਪ, ਆਪਣੀ ਲਈ ਅੰਗੜਾਈਆ । ਜਿਸ ਨੇ ਗੋਬਿੰਦ ਬਣਾਇਆ ਸੁਤ, ਤਿਸ ਅਬਿਨਾਸ਼ੀ ਅਚੁਤ, ਚਰਨ ਕਵਲ ਸਰਨਾਈਆ । ਜੋ ਸਰਗੁਣ ਤੋਂ ਨਿਰਗੁਣ ਬਦਲ ਕੇ ਆਇਆ ਰੁਖ਼, ਭੇਵ ਅਭੇਦਾ ਆਪ ਖੁਲ੍ਹਾਈਆ । ਸੋ ਸਾਨੂੰ ਦੇਵੇ ਸੁਖ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸੱਤ ਰੰਗ ਕਹਿਣ ਕਿਉਂ ਸਾਨੂੰ ਗੁਟ ਨਾਲ ਕੀਤਾ ਇਸ਼ਾਰਾ, ਆਸ਼ਾ ਦਿਆਂ ਜਣਾਈਆ । ਇਹ ਸ਼ਬਦੀ ਖੇਲ ਦੱਸਦਾ ਰਿਹਾ ਤੇਈ ਅਵਤਾਰਾ, ਤਰਾ ਤਰਾ ਨਾਲ ਦ੍ਰਿੜਾਈਆ । ਈਸਾ ਮੂਸਾ ਮੁਹੰਮਦ ਵੇਖਦਾ ਰਿਹਾ ਨਜ਼ਾਰਾ, ਨਿਜ ਨੈਣ ਅੱਖ ਖੁਲ੍ਹਾਈਆ । ਨਾਨਕ ਗੋਬਿੰਦ ਜਣੌਂਦਾ ਗਿਆ ਲਾਰਾ, ਹੁਕਮ ਸੰਦੇਸ਼ਾ ਇਕ ਸੁਣਾਈਆ । ਇਹ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਚੌਵੀਵਾਂ ਅਵਤਾਰਾ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਜਨ ਭਗਤਾਂ ਨਾਲ ਬੰਨ੍ਹ ਪਿਆਰਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਸਤਿ ਧਰਮ ਦਾ ਖੋਲ੍ਹ ਦਵਾਰਾ, ਚਾਰੇ ਵਰਨਾਂ ਦਏ ਵਡਿਆਈਆ । ਸੱਤ ਰੰਗ ਕਹਿਣ ਸਭ ਨੇ ਕਰਨੀ ਇਕ ਨਿਮਸਕਾਰਾ, ਸੀਸ ਇਕ ਜਗਦੀਸ਼ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰੁਮਾਲ ਕਹਿਣ ਅਸੀਂ ਛੋਹਣਾ ਤਨ ਵਜੂਦ, ਸਤ ਰੰਗ ਸਾਚਾ ਸੋਭਾ ਪਾਈਆ । ਸਭ ਦਾ ਇਕੱਠਾ ਹੋਣਾ ਇਕ ਮਹਿਬੂਬ, ਮੁਹੱਬਤ ਵਿਚ ਆਪਣਾ ਮੇਲ ਮਿਲਾਈਆ । ਦੀਨ ਮਜ਼੍ਹਬ ਦੀ ਕੱਟ ਹਦੂਦ, ਸ਼ਰਅ ਜ਼ੰਜੀਰ ਦੇਣੀ ਕਟਾਈਆ । ਝਗੜਾ ਮੁਕਾ ਕੇ ਊਚ ਨੀਚ, ਜ਼ਾਤ ਪਾਤ ਆਤਮ ਬ੍ਰਹਮ ਸਮਝਾਈਆ । ਸਚ ਧਰਮ ਦੀ ਦੱਸ ਕੇ ਸੂਚ, ਸਿਖਿਆ ਇਕੋ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸੱਤ ਰੰਗ ਕਹਿਣ ਅਸੀਂ ਖ਼ੁਸ਼ੀਆਂ ਵਿਚ ਹਸਦੇ, ਹਸਤੀ ਤੱਕ ਬੇਪ੍ਰਵਾਹੀਆ । ਇਹ ਖੇਲ ਅਲੱਖਣਾ ਅਲਖ ਦੇ, ਲੇਖਾ ਲੇਖ ਨਾ ਕੋਇ ਮੁਕਾਈਆ । ਨਜ਼ਾਰੇ ਵੇਖਣੇ ਪੁਰਖ ਸਮਰਥ ਦੇ, ਜੋ ਸਾਹਿਬ ਸਵਾਮੀ

ਸੋਭਾ ਪਾਈਆ । ਵੇਸ ਤਕਣੇ ਨਰੇਸ਼ ਅੱਖ ਦੇ, ਪਾਰਬ੍ਰਹਮ ਪ੍ਰਭ ਨਜ਼ਰੀ ਆਈਆ । ਭੰਡਾਰੇ ਵੇਖਣੇ ਧਰਮ ਦੁਆਰੇ ਹੱਟ ਦੇ, ਜੋ ਹਰਿ ਕਰਤਾ ਆਪ ਵਰਤਾਈਆ । ਸੱਤ ਰੰਗ ਕਹਿਣ ਅਸੀਂ ਆਈਏ ਟੱਪਦੇ ਨੱਚਦੇ, ਨਾਚ ਖ਼ੁਸ਼ੀਆਂ ਵਾਲਾ ਵਖਾਈਆ । ਜੈਕਾਰੇ ਬੋਲ ਪੁਰਖ ਅਲਖ ਦੇ, ਉਚੀ ਕੂਕ ਕੂਕ ਸੁਣਾਈਆ । ਸਾਰੇ ਇਕੋ ਘਰ ਵਸਦੇ, ਦੂਜਾ ਦਰ ਨਾ ਕੋਇ ਬਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਜਾਪ ਜਪਦੇ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਝਗੜੇ ਮੁਕ ਜਾਵਣ ਆਵਣ ਜਾਵਣ ਜਨਮ ਕਰਮ ਪੱਪ ਦੇ, ਪੱਤਤ ਪੁਨੀਤ ਦਏ ਕਰਾਈਆ । ਲਹਿਣਾ ਮੁਕਾ ਦੇ ਜਗਤ ਤ੍ਰਿਸ਼ਨਾ ਮਨਮਤ ਦੇ, ਬੁੱਧ ਬਿਬੇਕੀ ਆਪ ਕਰਾਈਆ । ਹਿਸਾਬ ਕਿਤਾਬ ਪੂਰੇ ਕਰਨੇ ਜੋ ਲੇਖੇ ਬਿਨਾ ਦਸਖ਼ਤ ਦੇ, ਖਾਤੇ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲ ਮਿਲਾਏ ਸਚ ਦੁਆਰ ਇਕੱਠ ਦੇ, ਇਕੱਠੇ ਹੋ ਕੇ ਕਾਠ ਕੂੜਾ ਅਗਨੀ ਦੇਣਾ ਜਲਾਈਆ ।

### ❊ ੨ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸਤਿਗੁਰ ਸ਼ਬਦ ਕਹੇ ਓ ਹਾੜੂ ਸਭ ਕੁਛ ਕਰ ਜਾ ਹੜੱਪ, ਆਪਣਾ ਪੇਟ ਭਰਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਤੜਪ, ਧੜਕਣ ਨਾ ਕੋਇ ਮਿਟਾਈਆ । ਦੀਨ ਮਜ਼ਬ ਰਹੇ ਭਟਕ, ਅਗਨੀ ਅੱਗ ਲਗਾਈਆ । ਆਪਣਾ ਖੇਲ ਕਰ ਚਟਕ, ਚਾਰ ਕੁੰਟ ਫੇਲ ਫੁਲਾਈਆ । ਸ੍ਰਿਸ਼ਟੀ ਵੇਖ ਹੋਈ ਬੇਖਟਕ, ਖਟਕਾ ਰਿਹਾ ਨਾ ਰਾਈਆ । ਚਾਰ ਕੁੰਟ ਚੜ੍ਹਿਆ ਕਟਕ, ਕਟਾਕਸ਼ ਕੂੜ ਨਾ ਕੋਇ ਮਿਟਾਈਆ । ਮਨੂਆ ਮਨ ਹੋਇਆ ਕਮਬਖ਼ਤ, ਕਾਮਨਾ ਵਿਚ ਦੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਚੁਕਣਾ ਵਕ਼ਤ, ਵੇਲਾ ਦਏ ਗਵਾਹੀਆ । ਤੇਰਾ ਹੁਕਮ ਇਕੋ ਫ਼ਕਤ, ਫ਼ਿਕਰੇ ਸਾਰੇ ਦਏ ਭੁਲਾਈਆ । ਨੇਤਰ ਰੋਵੇ ਧਰਨੀ ਧਰਤ, ਧੌਲ ਦਏ ਦੁਹਾਈਆ । ਜੇ ਸਾਹਿਬ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਮੇਰੀ ਪੂਰੀ ਕਰੇ ਸ਼ਰਤ, ਸ਼ਰਅ ਜ਼ੰਜੀਰ ਕਟਾਈਆ । ਕਾਮਨਾ ਰਹੇ ਕੋਈ ਨਾ ਹਰਸ, ਹਵਸ ਦੇਵੇ ਗੁਆਈਆ । ਬੇਨੰਤੀ ਮਨਜ਼ੂਰ ਕਰੇ ਅਰਜ਼, ਆਰਜ਼ੂ ਸ਼ਹਿਨਸ਼ਾਹੀਆ । ਆਪਣਾ ਪੂਰਾ ਕਰੇ ਫ਼ਰਜ਼, ਫ਼ੈਸਲਾ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਇਕ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਹਾੜ ਆਪਣੀ ਲਾ ਦੇ ਚੋਟ, ਚੋਟੀ ਵਾਲੇ ਵੇਖ ਵਖਾਈਆ । ਸਭ ਦੀ ਨੱਟੀ ਪਾ ਦੇ ਗੋਟ, ਸਾਰ ਪਾਸਾ ਦਏ ਦੁਹਾਈਆ । ਜੀਵਾਂ ਬੁੱਧੀ ਵੇਖ ਖੋਟ, ਕੁਕਰਮ ਕਾਂਡ ਹਲਕਾਈਆ । ਇਕੋ ਤੱਕ ਨਿਰਮਲ ਜੋਤ, ਜੋਤ ਜੋਤ ਰੁਸ਼ਨਾਈਆ । ਕੂੜੀ ਮੇਟੇ ਕੋਈ ਨਾ ਸੋਚ, ਸਚ ਸੁੱਚ ਨਾ ਕੋਇ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਹਾੜ ਤੇਰਾ ਇਕ ਅੜਿੱਕਾ, ਅਟਕਣ ਧੁਰ ਦੀ ਨਜ਼ਰੀ ਆਈਆ । ਜਨ ਭਗਤ ਸੁਹੇਲਾ ਵਿਛੜਿਆ ਚਿਰ ਕਾ, ਚਿਰੀ ਵਿਛੁੰਨੇ ਮੇਲ ਮਿਲਾਈਆ । ਲਹਿਣਾ ਦੇਣਾ ਪੂਰਾ ਕਰ ਬਾਪ ਪਿਰ ਕਾ, ਪਤਿਪਰਮੇਸ਼ਵਰ ਹੋ ਸਹਾਈਆ । ਘਰ ਸੁਹੰਞਣਾ ਕਰ ਥਿਰ ਕਾ, ਥਿਰ ਦਰਬਾਰ ਵੱਜੇ ਵਧਾਈਆ । ਜਨ ਭਗਤਾਂ ਮਾਰੇ ਕੋਈ ਨਾ ਝਿੜਕਾਂ, ਝੰਜਟ ਕੂੜਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਦ ਆਪਣਾ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਹਾੜ ਨਾ ਬਣ ਨਾਬੀਨਾ, ਨਬੀਆਂ ਲੈ ਉਠਾਈਆ । ਹਸਨ ਹੁਸੈਨ ਦਾ ਵੇਖ ਪਸੀਨਾ, ਐਲੀ ਨਾਲ ਗਵਾਹੀਆ । ਲੇਖਾ ਜਾਣ ਜਗਤ ਜ਼ਮੀਨਾ, ਜ਼ਾਮਨ ਹੋ ਕੇ ਫੇਰਾ ਪਾਈਆ । ਤੇਰੇ ਹੁਕਮ ਦਾ ਚੜ੍ਹਿਆ ਉਹ ਮਹੀਨਾ, ਜਿਸ ਵਿਚ ਮਹਿਬੂਬ ਮੁਹੱਬਤ ਵਿਚ ਸਮਾਈਆ । ਹਾੜ ਕਹੇ ਮੁਹੰਮਦ ਅਹਿਮਦ ਦਾ ਵੇਖਿਆ ਇਕ ਆਈਨਾ, ਐਨ ਆਈਨਾ ਨਜ਼ਰੀ ਆਈਆ । ਜਾਂ ਤੱਕਿਆ ਵਜੂਦ ਹੈ ਨਾ, ਵਜਹ ਸਕਿਆ ਨਾ ਕੋਇ ਸਮਝਾਈਆ । ਧੁਰ ਕਲਮੇ ਨਾਲ ਕਿਹਾ ਕੀ ਕਹਿਣਾ, ਕਹਿ ਕੇ ਦੇ ਜਣਾਈਆ । ਮੁਹੰਮਦ ਕਿਹਾ ਮੈਂ ਤੈਥੋਂ ਸਭ ਕੁਛ ਲੈਣਾ, ਲੈ ਕੇ ਖ਼ੁਸ਼ੀ ਬਣਾਈਆ । ਪਰਵਰਦਿਗਾਰ ਕਿਹਾ ਆਹ ਅਗੰਮੀ ਲੈ ਗਹਿਣਾ, ਤਨ ਵਜੂਦ ਨਾਲ ਛੁਹਾਈਆ । ਤੇਰੀ ਸੇਵਾ ਕਰੇ ਕੁਛ ਸੈਨਾ, ਸੈਨਾਪਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਹਾੜ ਕਹੇ ਮੈਂ ਮੁਹੰਮਦ ਅਹਿਮਦ ਤੱਕਿਆ ਇਕ, ਇਕ ਇਕ ਵਿਚ ਸਮਾਈਆ । ਦੋਹਾਂ ਨੇ ਲਿਖਿਆ ਧੰਨ ਪ੍ਰਭੂ ਤੇਰਾ ਸਿੱਖ, ਜੋ ਸਿੱਖ ਸਿੱਖ ਵਿਚ ਵਡਿਆਈਆ । ਪ੍ਰੇਮ ਤੋਂ ਬਾਹਰ ਹਿਤ, ਹਿਤ ਹਿਤ ਵਿਚ ਨਵਿਤ ਨਿਤ ਰਿਹਾ ਸਮਾਈਆ । ਜਗਤ ਜੁਆਨੀ ਜਿੱਤ, ਭਾਰ ਲਾਹ ਕੇ ਪਿੱਠ, ਪੰਧ ਮੁਕਾ ਕੇ ਸਵਾ ਗਿੱਠ, ਝਗੜਾ ਮੁਕਾ ਕੇ ਪੱਥਰ ਇੱਟ, ਪਾਤਣ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹਾੜ ਕਹੇ ਮੈਂ ਜੁਗ ਚੌਕੜੀ ਰਿਹਾ ਗੁੰਗਾ, ਮੁਖ ਬਚਨ ਨਾ ਕੋਇ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਮਜ਼੍ਹਬ ਦਾ ਲੈਂਦੇ ਰਹੇ ਭੁੰਗਾ, ਲਬ ਵਿਚ ਆਪਣੀ ਵੰਡ ਵੰਡਾਈਆ । ਏਸੇ ਕਾਰਨ ਹੋਇਆ ਕਲਜੁਗ ਅੰਧੇਰ ਧੁੰਦਾ, ਕੂੜੀ ਧੁੰਦ ਨਾ ਕੋਇ ਮਿਟਾਈਆ । ਸ਼ਰਅ ਵਿਚ ਰਹੇ ਕੋਈ ਨਾ ਗੁੰਡਾ, ਗਰਦਸ਼ ਆਪਣੀ ਸਰਬ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਹਾੜ ਕਹੇ ਮੇਰੇ ਅੰਦਰ ਗੋਬਿੰਦ ਕੱਢਿਆ ਹਾੜਾ, ਹਾੜ੍ਹੀ ਅੰਤ ਵੇਖ ਵਖਾਈਆ । ਪੁਰਖ ਅਕਾਲ ਤੱਕਿਆ ਲਾੜਾ, ਲਾੜੀ ਨਾਲ ਨਾ ਕੋਇ ਸੁਹਾਈਆ । ਸੋਹਣਾ ਲਾਵੇ ਅਖਾੜਾ, ਸੁਰਤੀ ਸ਼ਬਦ ਕਾਹਨ ਨਚਾਈਆ । ਜਨ ਭਗਤਾਂ ਰੰਗ ਚਾੜ੍ਹੇ ਗਾੜ੍ਹਾ, ਅੱਗੇ ਪਿਛੇ ਰੁਕ ਕਦੇ ਨਾ ਜਾਈਆ । ਸਭ ਦਾ ਪੂਰਾ ਕਰ ਕੇ ਹਾੜਾ, ਹਰ ਹਿਰਦਾ ਖੋਜ ਖੁਜਾਈਆ । ਕਰ ਪ੍ਰਕਾਸ਼ ਬਹੱਤਰ ਨਾੜਾ, ਨਾੜੀ ਨਾੜੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦੇ ਕੇ ਇਕ ਇਸ਼ਾਰਾ, ਇਸ਼ਾਰੇ ਦਾ ਸਹਾਰਾ ਆਪ ਅਖਵਾਈਆ ।



### ✻ ੧੭ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਪੁਰਖ ਅਕਾਲ ਸ਼ਬਦ ਅਗੰਮੀ ਕਹਿਣਾ, ਬਿਨ ਅੱਖਰ ਨਿਰਅੱਖਰ ਧਾਰ ਵਿਚੋਂ ਪ੍ਰਗਟਾਈਆ । ਗੋਬਿੰਦ ਵੇਖ ਆਪਣੇ ਨੈਣਾਂ, ਜਿਸ ਲੋਚਨ ਨੂੰ ਸਮਝੇ ਕੋਇ ਨਾ ਰਾਈਆ । ਅਬਿਨਾਸ਼ੀ ਕਰਤੇ ਤੇਰਾ ਦੇਣਾ, ਨਿਰਵੈਰ ਪੁਰਖ ਝੋਲੀ ਪਾਈਆ । ਸਾਚੇ ਭਗਤਾਂ ਗੁਰਮੁਖਾਂ ਸੰਗ ਰਹਿਣਾ, ਹਰਿਜਨ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਗੋਬਿੰਦ ਵੇਖ ਅਗੰਮੀ ਧਾਰ,

ਹਰਿ ਕਰਤਾ ਆਪ ਦ੍ਰਿੜਾਈਆ । ਚਰਨ ਝੁਕਦੇ ਵੇਖ ਤੇਈ ਅਵਤਾਰ, ਬਿਨ ਸੀਸ ਜਗਦੀਸ਼ ਸੀਸ ਨਿਵਾਈਆ । ਨਿਉਂ ਨਿਉਂ ਸੱਜਦੇ ਕਰਨ ਈਸਾ ਮੂਸਾ ਮੁਹੰਮਦ ਬਰਖ਼ੁਰਦਾਰ, ਹਕ਼ੀਕਤ ਵਿਚ ਹਕ਼ੀਕੀ ਰਾਹ ਜਣਾਈਆ । ਨਿਰਗੁਣ ਨਾਨਕ ਸਰਗੁਣ ਨਾਤਾ ਤੋੜ ਸੰਸਾਰ, ਦਰ ਠਾਂਡੇ ਸੋਭਾ ਪਾਈਆ । ਭਗਤ ਸੁਹੇਲੇ ਧੁਰ ਦੀ ਧੂੜੀ ਚਰਨ ਲਾਵਣ ਛਾਰ, ਮਸਤਕ ਆਪਣਾ ਆਪ ਛੁਹਾਈਆ । ਸੂਫ਼ੀ ਸੰਤ ਫ਼ਕੀਰ ਕਰਨ ਦੀਦਾਰ, ਬਿਨ ਦੀਦ ਈਦ ਚੰਦ ਰੁਸ਼ਨਾਈਆ । ਸਾਚਾ ਵਕ਼ਤ ਸੁਹੰਜਣਾ, ਸਾਹਿਬ ਸੁਆਮੀ ਸੁਹਾਏ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਰਿਹਾ ਵਖਾਈਆ । ਗੋਬਿੰਦ ਵੇਖ ਲੈ ਆਪਣਾ ਲੇਖਾ, ਲਿਖਤ ਵਿਚ ਕਦੇ ਨਾ ਆਈਆ । ਇਹ ਖੇਲ ਪੁਰਖ ਅਬਿਨਾਸ਼ੀ ਕਰੇ ਕਰਾਏ ਜੋ ਵਸੇ ਸਚਖੰਡ ਦੇਸਾ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਨਿਤ ਨਵਿਤ ਸਰਗੁਣ ਨਿਰਗੁਣ ਜਿਸ ਨੇ ਰੱਖਿਆ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਬਣ ਕੇ ਖੇਵਟ ਖੇਟਾ, ਨਈਆ ਨੌਕਾ ਜਗਤ ਦੁਨੀ ਵੇਖ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਲੋਕਮਾਤ ਸਭ ਦਾ ਪੂਰਾ ਕਰੇ ਠੇਕਾ, ਅੱਗੇ ਮੁਨਿਆਦ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਮੇਰੇ ਗੋਬਿੰਦ ਸੁਤ, ਦੁਲਾਰੇ ਦਿਆਂ ਜਣਾਈਆ । ਉਠ ਵੇਖ ਤੇਰੀ ਮੌਲੀ ਰੁਤ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਮੈਂ ਹਰ ਘਟ ਅੰਦਰ ਲੇਖਾ ਰਖਿਆ ਲੁਕ, ਪਤਿਪਰਮੇਸ਼ਵਰ ਹੋ ਕੇ ਆਪਣਾ ਨੂਰ ਨਾ ਕੋਇ ਚਮਕਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰ ਮੈਨੂੰ ਰਹੇ ਝੁਕ, ਸੱਜਦਿਆਂ ਵਿਚ ਸੀਸ ਸੀਸ ਨਿਵਾਈਆ । ਅੰਤ ਵੇਖ ਆਪਣਾ ਦੇਸ ਪਰਦੇਸੀਆਂ ਦਾ ਪੈਂਡਾ ਗਿਆ ਮੁਕ, ਤੱਤਾਂ ਵਾਲਾ ਗੁਰੂ ਰਹਿਣ ਕੋਇ ਨਾ ਪਾਈਆ । ਇਕੋ ਸਤਿਗੁਰ ਸ਼ਬਦ ਅਗੰਮੀ ਤੇਰੀ ਧਾਰ ਜਾਵੇ ਉਠ, ਜੋਤੀ ਜੋਤ ਡਗਮਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਹੋ ਕੇ ਲਏ ਪੁਛ, ਪਾਰਬ੍ਰਹਮ ਬ੍ਰਹਮ ਪੜਦਾ ਦਏ ਚੁਕਾਈਆ । ਅੰਮ੍ਰਿਤ ਰਸ ਨਿਝਰ ਧਾਰ ਬੂੰਦ ਸਵਾਂਤੀ ਬਿਨਾ ਜਗਤ ਪਿਆਲੇ ਦੇਵੇ ਉਹ ਘੁਟ, ਨਾਮ ਖ਼ੁਮਾਰੀ ਧੁਰ ਦੀ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਨਰ ਨਿਰੰਕਾਰਾ ਆਪ ਦ੍ਰਿੜਾਈਆ । ਗੋਬਿੰਦ ਕਹੇ ਪੁਰਖ ਅਕਾਲ ਮੇਰੇ ਪਿਤਾ ਪੁਰਖ, ਪੁਰਖੋਤਮ ਦਿਆਂ ਜਣਾਈਆ । ਬਿਨਾ ਸਾਚਿਆਂ ਗੁਰਮੁਖਾਂ ਤੋਂ ਕਿਤੇ ਨਹੀਂ ਮਿਲਦਾ ਸੁਖ, ਦੋ ਜਹਾਨ ਕੰਮ ਕਿਸੇ ਨਾ ਆਈਆ । ਮੈਂ ਇਨ੍ਹਾਂ ਪਿਆਰਿਆਂ ਨੂੰ ਗੋਦੀ ਲਵਾਂ ਚੁਕ, ਬੱਚੇ ਨੀਹਾਂ ਹੇਠ ਦਬਾਈਆ । ਤੇਰੇ ਚਰਨ ਕਵਲਾਂ ਵਿਚ ਦੇਵਾਂ ਸੁਟ, ਜਿਥੇ ਕਦੇ ਨਾ ਹੋਵੇ ਜੁਦਾਈਆ । ਜੇ ਕਦੀ ਗੋਬਿੰਦ ਤੋਂ ਫੇਰ ਲਵੇਂ ਪੁਛ, ਤੈਨੂੰ ਅਗਲਾ ਭੇਵ ਦਿਆਂ ਸਮਝਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਮੇਰੇ ਵਾਸਤੇ ਮੇਰੇ ਸਿੱਖ ਸਭ ਕੁਛ, ਦੂਜਾ ਨਜ਼ਰ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਸੁਣ ਗੋਬਿੰਦ ਮੀਤੇ, ਮਿਤ੍ਰ ਪਿਆਰੇ ਦਿਆਂ ਦ੍ਰਿੜਾਈਆ । ਮੇਰੇ ਆਦਿ ਜੁਗਾਦੀ ਠਾਂਡੇ ਸੀਤੇ, ਸ਼ਬਦੀ ਧਾਰ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਨੀਕੇ, ਨੰਨ੍ਹੇ ਨੰਨ੍ਹੇ ਬਾਲ ਸੁਹਾਈਆ ।

ਹੁਕਮ ਸੰਦੇਸ਼ੇ ਨਾਮ ਕਲਮੇ ਦੇਂਦਾ ਰਿਹਾ ਵਿਚ ਹਦੀਸੇ, ਹਜ਼ਰਤਾਂ ਕਰ ਪੜ੍ਹਾਈਆ । ਅੰਤਮ ਸਭ ਦਾ ਲੇਖਾ ਸਦੀ ਚੌਧਵੀਂ ਬੀਤੇ, ਅੱਗੇ ਹੋਰ ਨਾ ਕੋਇ ਵਧਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਸਭ ਥਾਈਂ ਕਰੇ ਆਪ ਤਸਦੀਕੇ, ਜਗਤ ਵਸੀਕਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੋਬਿੰਦ ਕਹੇ ਮੇਰੇ ਪਰਮ ਪੁਰਖ ਪ੍ਰਭ ਦਿਆਲ, ਦੀਨਨ ਹੋ ਕੇ ਦਿਆਂ ਜਣਾਈਆ । ਮੈਨੂੰ ਵੇਖ ਲੈਣ ਦੇ ਆਪਣੇ ਲਾਲ, ਚਾਰੋਂ ਕੁੰਟ ਅੱਖ ਉਠਾਈਆ । ਤੇਰੇ ਭਗਤ ਸੁਹੇਲੇ ਲਵਾਂ ਭਾਲ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਜਿਨ੍ਹਾਂ ਨੂੰ ਕਦੇ ਪੋਹ ਨਾ ਸਕੇ ਕਾਲ, ਚੁਰਾਸੀ ਵਿਚ ਨਾ ਕੋਇ ਭੁਆਈਆ । ਜਦ ਵਸਣ ਵਸਣ ਸਚਖੰਡ ਤੇਰੀ ਧਰਮਸਾਲ, ਸਚ ਦੁਆਰੇ ਸੋਭਾ ਪਾਈਆ । ਜੇ ਤੂੰ ਨਿਰਗੁਣ ਸਰਗੁਣ ਹੋ ਕੇ ਆਵੇਂ ਤੇ ਮਾਤਲੋਕ ਆਵਣ ਤੇਰੇ ਨਾਲ, ਜਗਤ ਜੁਗ ਜੁਗਤ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਆਸ ਰਖਾਈਆ । ਗੋਬਿੰਦ ਕਹੇ ਦਰਗਾਹ ਸਾਚੀ ਦੇ ਪਰਵਰਦਿਗਾਰ, ਪਰਮ ਪੁਰਖ ਤੇਰੀ ਵਡਿਆਈਆ । ਜੇ ਤੂੰ ਸਭ ਦਾ ਸਾਂਝਾ ਯਾਰ, ਲਾਸ਼ਰੀਕ ਇਕ ਅਖਵਾਈਆ । ਜਲਵਾਗਰ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਤੇਰਾ ਸਿਫ਼ਤਾਂ ਵਿਚ ਇਜ਼ਹਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਗੀਤਾ ਗਿਆਨ ਰਹੀ ਦ੍ਰਿੜਾਈਆ । ਜ਼ਰਾ ਖੋਲ੍ਹ ਕੇ ਵੇਖ ਆਪਣਾ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਕਿਉਂ ਪ੍ਰਭੂ ਤੇਰੇ ਭਗਤ ਸੜਨ ਵਿਚ ਅਗਨੀ ਹਾੜ, ਅੰਮ੍ਰਿਤ ਮੇਘ ਦੇ ਬਰਸਾਈਆ । ਜੇ ਗੋਬਿੰਦ ਤੇਰਾ ਸੱਚਾ ਸੁੱਤ ਦੁਲਾਰ, ਸ਼ਬਦੀ ਜੋਤੀ ਹੋ ਕੇ ਖ਼ੁਸ਼ੀ ਮਨਾਈਆ । ਮੇਰਿਆਂ ਪਿਆਰਿਆਂ ਸਿੱਖਾਂ ਨੂੰ ਬਿਨ ਹੱਥਾਂ ਲੈ ਉਠਾਲ, ਬਾਹਵਾਂ ਦੀ ਲੋੜ ਰਹੇ ਨਾ ਰਾਈਆ । ਗੁਰਮੁਖ ਨਾ ਕੋਈ ਸ਼ਾਹ ਨਾ ਕੋਈ ਕੰਗਾਲ, ਪ੍ਰੇਮ ਪਿਆਰਾ ਨਜ਼ਰੀ ਆਈਆ । ਐ ਪ੍ਰਭ ਮੇਰੇ ਗੁਰਸਿੱਖਾਂ ਦਾ ਬਣ ਦਲਾਲ, ਤੱਤਾਂ ਵਾਲੇ ਗੁਰੂ ਦੀ ਲੋੜ ਰਹੇ ਨਾ ਰਾਈਆ । ਨਿਰਗੁਣ ਹੋ ਕੇ ਆਤਮਾ ਦਾ ਮਾਲਕ ਹੋ ਕੇ ਪਰਮਾਤਮਾ ਕਰ ਸੰਭਾਲ, ਸਭ ਥਾਈਂ ਲਹਿਣਾ ਦੇਣਾ ਦੇ ਚੁਕਾਈਆ । ਤ੍ਰੈਗੁਣ ਮਾਇਆ ਰਹੇ ਨਾ ਕੋਇ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਬੇਪ੍ਰਵਾਹੀਆ । ਚਾਰੋਂ ਕੁੰਟ ਕੂਕੇ ਕਾਲ, ਦਹਿ ਦਿਸ਼ਾ ਦਏ ਦੁਹਾਈਆ । ਕੋਈ ਸਕੇ ਨਾ ਸੁਰਤ ਸੰਭਾਲ, ਸਾਧ ਸੰਤ ਤੇਰੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਸਾਚਾ ਦਿਸੇ ਨਾ ਧਨ ਮਾਲ, ਨਾਮ ਖ਼ਜ਼ਾਨਾ ਹੱਥ ਕਿਸੇ ਨਾ ਆਈਆ । ਪਰਮ ਪੁਰਖ ਪਰਮਾਤਮ ਆਪਣਿਆਂ ਭਗਤਾਂ ਦੇ ਅੰਦਰ ਆਪਣਾ ਦੀਪਕ ਬਾਲ, ਜੋਤੀ ਜੋਤ ਕਰ ਰੁਸ਼ਨਾਈਆ । ਗੁਰਮੁਖ ਮੇਰੇ ਨਾ ਹੋਣ ਬੇਹਾਲ, ਬਿਹਬਲ ਸਾਰੇ ਲੈਣੇ ਕਰਾਈਆ । ਚਾਰ ਜੁਗ ਤੋਂ ਵਖਰੀ ਚਲਦੇ ਚਾਲ, ਪਿਛਲਾ ਲਹਿਣਾ ਦੇ ਮੁਕਾਈਆ । ਅੰਤਰ ਨਿਰੰਤਰ ਨਿਰਗੁਣ ਨਿਰਗੁਣ ਹੋ ਨਿਹਾਲ, ਸਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਵੇਖ ਵਖਾਈਆ । ਪੁਰਖ ਅਕਾਲ ਕਿਹਾ ਗੋਬਿੰਦ ਮੈਂ ਵੇਖ ਹੋਇਆ ਹੈਰਾਨ, ਹੈਰਾਨੀ ਇਕ ਆਈਆ । ਚਾਰ ਜੁਗ ਦਾ ਭੁੱਲ ਗਿਆਨ, ਵਿਦਿਆ ਕੂੜ ਜਗਤ ਲੋਕਾਈਆ । ਨਿਜ ਆਤਮ ਧਰੇ ਨਾ ਕੋਈ ਧਿਆਨ, ਰਸਨਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਬਣੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਨਿਰਗੁਣ ਨੂਰ ਜੋਤ ਜਗੇ ਨਾ ਕੋਈ ਮਹਾਨ, ਅੰਧ

ਅੰਧੇਰ ਨਾ ਕੋਇ ਗਵਾਈਆ । ਸ਼ਬਦ ਨਾਦ ਸੁਣੇ ਨਾ ਕੋਈ ਧੁਨਕਾਨ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਆਤਮਾ ਦੀ ਕਰੇ ਨਾ ਕੋਇ ਪਹਿਚਾਨ, ਪਰਮਾਤਮਾ ਦਰਸ ਕੋਇ ਨਾ ਪਾਈਆ । ਸਾਢੇ ਤਿੰਨ ਹੱਥ ਕਾਇਆ ਧਰਤੀ ਸਭ ਦੀ ਹੋਈ ਬੀਆਬਾਨ, ਹਰੀ ਸਿੰਚ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੋਬਿੰਦ ਕਹੇ ਇਹ ਨਹੀਂ ਮਨਜ਼ੂਰ, ਸਚ ਦਿਆਂ ਜਣਾਈਆ । ਸਾਰਿਆਂ ਵਿਚ ਨਹੀਂ ਕ਼ਸੂਰ, ਕਿਉਂ ਫ਼ਤਵਾ ਰਿਹਾ ਲਾਈਆ । ਉਠ ਵੇਖ ਤੇਰੇ ਭਗਤ ਤੇਰੇ ਮਜ਼ਦੂਰ, ਜੋ ਚਾਕਰੀ ਤੇਰਾ ਨਾਮ ਸੇਵ ਕਮਾਈਆ । ਜਿਨ੍ਹਾਂ ਦੇ ਅੰਦਰ ਤੇਰੇ ਨਾਮ ਦੀ ਤੂਰ, ਤੁਰੀਆ ਨੂੰ ਥੱਲੇ ਛੱਡਕੇ, ਦਸਮ ਦੁਆਰੀ ਨੂੰ ਪੈਰਾਂ ਥੱਲੇ ਦੱਬਕੇ, ਤੇਰੇ ਸ਼ਬਦ ਦੀ ਮੰਜ਼ਲ ਚੜ੍ਹ ਕੇ, ਤੇਰੀ ਜੋਤ ਵਿਚ ਸਮਾਈਆ । ਓਹ ਨਾ ਮੂਰਖ ਨਾ ਮੂੜ੍ਹ, ਜਿਨ੍ਹਾਂ ਨੇ ਨੇਤਰ ਨੈਣ ਤੱਕਿਆ ਓਨ੍ਹਾਂ ਨੂੰ ਮਿਲਿਆ ਪ੍ਰਕਾਸ਼ ਜ਼ਰੂਰ, ਜੋ ਤੁਰਤ ਤੇਰਾ ਦਰਸ਼ਨ ਪਾਈਆ । ਤੂੰ ਸਾਹਿਬ ਹਾਜ਼ਰ ਹਜ਼ੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਗੋਬਿੰਦ ਕਹੇ ਪ੍ਰਭ ਕਲਜੁਗ ਅੰਤ ਸਾਰੇ ਨਹੀਂ ਝੂਠੇ, ਸ਼ਬਦੀ ਧਾਰ ਜਣਾਈਆ । ਚੁਰਾਸੀ ਵਿਚੋਂ ਗੁਰਮੁਖ ਮੇਰੇ ਬੂਟੇ, ਜੋ ਤੇਰੇ ਚਰਨਾਂ ਵਿਚ ਲਗਾਈਆ । ਤੇਰੇ ਨਾਮ ਦੇ ਲੈਂਦੇ ਹੂਟੇ, ਹੁਲਾਰਾ ਪ੍ਰੇਮ ਰਸ ਰਖਾਈਆ । ਤੈਨੂੰ ਤੱਕਣ ਹਰ ਕੂਟੇ, ਹਰ ਘਟ ਰਮਿਆ ਨਜ਼ਰੀ ਆਈਆ । ਉਨ੍ਹਾਂ ਦੇ ਅੰਦਰ ਇਕੋ ਸੂਝੇ, ਜਗਤ ਸਮਝ ਦਿਤੀ ਗੁਆਈਆ । ਨਿਰਗੁਣ ਧਾਰ ਅਗੰਮੀ ਬੂਝੇ, ਬੁਝਿਆ ਦੀਪਕ ਰਹੇ ਜਗਾਈਆ । ਓਹ ਬੇਸ਼ਕ ਵਸਦੇ ਸਾਢੇ ਤਿੰਨ ਹੱਥ ਕਾਇਆ ਮਾਟੀ ਕੂਜੇ, ਮੰਦਰ ਤੇਰੇ ਸੋਭਾ ਪਾਈਆ । ਉਨ੍ਹਾਂ ਦੇ ਅੰਦਰ ਭਾਉ ਨਹੀਂ ਕੋਈ ਦੂਜੇ, ਦੁਤੀਆ ਧਾਰ ਨਾ ਕੋਇ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਮੇਰੇ ਦੁਲਾਰੇ ਬੱਚੇ, ਸਚ ਦਿਆਂ ਸਮਝਾਈਆ । ਜਿਹੜੇ ਪ੍ਰੇਮ ਤੇਰੇ ਵਿਚ ਰੱਤੇ, ਰਤਨ ਅਮੋਲਕ ਦਿਆਂ ਵਖਾਈਆ । ਭਾਗ ਲਗਾ ਕੇ ਪੰਜ ਤੱਤੇ, ਤ੍ਰੈਗੁਣ ਡੇਰਾ ਦੇਵਾਂ ਢਾਹੀਆ । ਉਨ੍ਹਾਂ ਨੂੰ ਦਰਸ ਦੇਵਾਂ ਨਿਜ ਅੱਖੇ, ਦੋਏ ਲੋਚਨ ਬੰਦ ਕਰਾਈਆ । ਆਤਮ ਪਰਮਾਤਮ ਨਾਤੇ ਜੋੜ ਕੇ ਸਕੇ, ਸਗਲਾ ਸੰਗ ਨਿਭਾਈਆ । ਉਨ੍ਹਾਂ ਦੀ ਪੈਜ ਤੇਰਾ ਪਿਤਾ ਆਪੇ ਰੱਖੇ, ਗੋਬਿੰਦ ਤੇਰੇ ਸੁਤ ਦੁਲਾਰੇ ਗੁਰਮੁਖ ਆਪਣੀ ਗੋਦ ਉਠਾਈਆ । ਉਹ ਭਾਂਡੇ ਤਨ ਰਹਿਣ ਨਾ ਕੱਚੇ, ਕੰਚਨ ਗੜ੍ਹ ਦਏ ਵਡਿਆਈਆ । ਜਿਨ੍ਹਾਂ ਦੇ ਅੰਦਰ ਲੂੰ ਲੂੰ ਰਚੇ, ਸਾਢੇ ਤਿੰਨ ਕਰੋੜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸੁਣ ਕੇ ਬਾਤ ਗੁਫ਼ਤ ਸ਼ਨੀਦ, ਵੱਜੀ ਹੱਕ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਰਨ ਦੀਦ, ਦੀਦਾ ਦਾਨਿਸਤਾ ਦਰਸ਼ਨ ਪਾਈਆ । ਜਿਸ ਦੀ ਸਿਫ਼ਤਾਂ ਵਿਚ ਕਰਦੇ ਆਏ ਤਮਹੀਦ, ਸੋਹਲਿਆਂ ਵਿਚ ਗਾਈਆ । ਜਿਸ ਦੇ ਬਣੇ ਜਗਤ ਅਜ਼ੀਜ਼, ਨੰਨ੍ਹੇ ਬੱਚੇ ਰੂਪ ਵਖਾਈਆ । ਜਿਸ ਨੇ ਨਾਮ ਕਲਮਾ ਦਿਤੀ ਤਮੀਜ਼, ਤਬੀਅਤ ਦਿਤੀ ਬਦਲਾਈਆ । ਜੋ ਦੱਸਦਾ ਰਿਹਾ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਉਹ ਖੇਲ ਕਰੇ ਜਗਦੀਸ਼, ਜਾਗਰਤ ਜੋਤ ਨੂਰ ਰੁਸ਼ਨਾਈਆ । ਜਿਸ ਨੂੰ ਗੋਬਿੰਦ ਤੱਕਿਆ ਬੀਸ ਬੀਸ, ਬੀਸ ਬੀਸਾ ਬੇਪ੍ਰਵਾਹੀਆ । ਜੋ ਲੱਖ ਚੁਰਾਸੀ ਜਾਣੇ ਨੀਤ, ਘਟ ਘਟ ਅੰਦਰ ਖੋਜ ਖੁਜਾਈਆ । ਜਿਸ ਝਗੜਾ ਪੁਆਇਆ ਮੰਦਰ ਮਸੀਤ, ਸ਼ਿਵਦੁਵਾਲੇ ਮਠ ਗੁਰੂਦਵਾਰ ਵੰਡ ਵੰਡਾਈਆ । ਸੋ ਲੇਖਾ ਜਾਣੇ ਹਸਤ ਕੀਟ, ਚਾਰੇ

ਖਾਣੀ ਫੋਲ ਫੁਲਾਈਆ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਕਰਵਟ ਆਪਣੀ ਲਏ ਬਦਲਾਈਆ । ਗੋਬਿੰਦ ਧਾਮ ਵਖਾਵਾਂ ਉਹ ਅਨਡੀਠ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਥੇ ਇਕੋ ਢੋਲਾ ਇਕੋ ਨਾਮ ਇਕੋ ਕਲਮਾ ਹੋਵੇ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਦਏ ਵਖਾਈਆ । ਗੋਬਿੰਦ ਕਿਹਾ ਪ੍ਰਭ ਮੈਂ ਤੇਰਾ ਆਦਿ ਜੁਗਾਦੀ ਭੇਤੀ, ਸ਼ਬਦੀ ਗੁਰ ਅਖਵਾਈਆ । ਮੈਂ ਜੁਗ ਚੌਕੜੀ ਤੇਰੀ ਜਾਣਾ ਨੇਕੀ, ਜੋ ਨਿੱਕਿਆਂ ਵੱਡਿਆਂ ਨਾਲ ਕਰਾਈਆ । ਉਹ ਸਭ ਦਾ ਮਾਲਕ ਗੁਰ ਅਵਤਾਰ ਪੈਗ਼ੰਬਰ ਬਣਾ ਪ੍ਰਦੇਸੀ, ਲੋਕਮਾਤ ਸੇਵ ਕਮਾਈਆ । ਕਿਸੇ ਦੇ ਮੋਢੇ ਧਰ ਕੇ ਖੇਸੀ, ਕਿਸੇ ਨੂੰ ਜੰਗਲਾਂ ਵਿਚ ਭੁਆਈਆ । ਕਿਸੇ ਦਾ ਖੇਲ ਕਿਸੇ ਦਾ ਮੇਲ ਕਿਸੇ ਦਾ ਹੇਤੀ, ਕਿਸੇ ਦਾ ਨੇਤੀ, ਕਿਸੇ ਆਪਣਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਦਰ ਤੇਰੇ ਵਜਦੀ ਰਹੇ ਵਧਾਈਆ । ਪੁਰਖ ਅਕਾਲ ਕਹੇ ਮੇਰਾ ਸੰਮਤ ਆਇਆ ਚਾਰ, ਚਾਰ ਜੁਗ ਦਾ ਲੇਖ ਵੇਖ ਵਖਾਈਆ । ਦਰ ਝੁਕਦੇ ਤੇਈ ਅਵਤਾਰ, ਖ਼ਾਲੀ ਝੋਲੀ ਅੱਗੇ ਡਾਹੀਆ । ਪੈਗ਼ੰਬਰ ਕਰਨ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨ ਧੂੜੀ ਲਾਵਣ ਛਾਰ, ਸ਼ਹਿਨਸ਼ਾਹ ਓਟ ਰਖਾਈਆ । ਦੇਵਤ ਸੁਰ ਹਾਹਾਕਾਰ, ਗਣ ਗੰਧਰਬ ਰਹੇ ਕੁਰਲਾਈਆ । ਦੋ ਜਹਾਨ ਵੇਖਣ ਆਪਣੀ ਧਾਰ, ਬ੍ਰਹਿਮੰਡ ਖੰਡ ਰਾਹ ਰਹੇ ਤਕਾਈਆ । ਕੀ ਖੇਲ ਕਰੇ ਨਿਰੰਕਾਰ, ਹਰਿ ਕਰਤਾ ਵਡ ਵਡਿਆਈਆ । ਧੁਰ ਸੰਦੇਸ਼ਾ ਦੇਵੇ ਆਪਣੀ ਧਾਰ, ਸੋ ਪੁਰਖ ਨਿਰੰਜਣ ਆਪਣਾ ਆਪ ਪ੍ਰਗਟਾਈਆ । ਹਰਿ ਪੁਰਖ ਨਿਰੰਜਣ ਮੀਤ ਮੁਰਾਰ, ਏਕੰਕਾਰ ਆਪਣਾ ਰੰਗ ਰੰਗਾਈਆ । ਆਦਿ ਨਿਰੰਜਣ ਜੋਤ ਕਰੇ ਉਜਿਆਰ, ਅਬਿਨਾਸ਼ੀ ਕਰਤਾ ਪੜਦਾ ਲਾਹੀਆ । ਸ੍ਰੀ ਭਗਵਾਨ ਦੇ ਦੀਦਾਰ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਸਚਖੰਡ ਦੁਆਰਾ ਕਰ ਤਿਆਰ, ਥਿਰ ਘਰ ਸਾਚਾ ਦਏ ਸਮਝਾਈਆ । ਭਗਤ ਸੁਹੇਲੇ ਲਏ ਉਠਾਲ, ਨੌਂ ਖੰਡ ਪ੍ਰਿਥਮੀ ਸੱਤ ਦੀਪ ਫੋਲ ਫੁਲਾਈਆ । ਚੁਰਾਸੀ ਵਿਚੋਂ ਕਰੇ ਪਿਆਰ, ਚਾਰੇ ਖਾਣੀ ਆਪਣਾ ਭੇਵ ਚੁਕਾਈਆ । ਨੌਂ ਦਸ ਯਾਰਾਂ ਬੀਸ ਤੀਸ ਚਾਰ ਦਰ ਰਹੇ ਨਾ ਕੋਇ ਹਿਸਾਬ, ਲੇਖਾ ਸਭ ਦਾ ਪੂਰ ਕਰਾਈਆ । ਨਿਰਅੱਖਰ ਧਾਰ ਵਿਚੋਂ ਵੇਖੇ ਉਹ ਬਾਬ, ਜਿਸ ਦਾ ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੋਬਿੰਦ ਉਠ ਵੇਖ ਖੋਲ੍ਹਕੇ ਤਾਕੀ, ਤਕਵਾ ਇਕੋ ਦਿਆਂ ਜਣਾਈਆ । ਤੇਰਾ ਲਹਿਣਾ ਦੇਣਾ ਅੰਤ ਅਖ਼ੀਰ ਬਾਕੀ, ਦੀਨ ਦਿਆਲ ਹੋ ਕੇ ਝੋਲੀ ਪਾਈਆ । ਜੋ ਧੁਰ ਦੀ ਧਾਰ ਸ਼ਬਦ ਅਗੰਮੀ ਆਖੀ, ਆਖ਼ਰ ਪੂਰੀ ਦਿਆਂ ਕਰਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਕਰਾਂ ਰੁਸ਼ਨਾਈਆ । ਤੇਰੇ ਪਿਆਰ ਦੀ ਨਾਮ ਸੌਗ਼ਾਤੀ, ਚਾਰ ਵਰਨਾਂ ਦਿਆਂ ਵਰਤਾਈਆ । ਮਨਮਤ ਰਹਿਣ ਨਾ ਦਿਆਂ ਨਾਰ ਕਮਜ਼ਾਤੀ, ਕੁਲੱਖਣੀ ਘਰ ਘਰ ਅੰਦਰੋਂ ਦਿਆਂ ਕਢਾਈਆ । ਝਗੜਾ ਰਹਿਣ ਨਾ ਦੇਵਾਂ ਜ਼ਾਤ ਪਾਤੀ, ਦੀਨ ਮਜ਼ੁਬ ਨਾ ਕੋਇ ਲੜਾਈਆ । ਇਕੋ ਕਲਮਾ ਦੇਣਾ ਸਫ਼ਾਤੀ, ਸਫ਼ਾ ਮਲੇਛਾਂ ਦਿਆਂ ਉਠਾਈਆ । ਮੇਰੀ ਯਾਦ ਕਰ ਲੈ ਬਿਨ ਅੱਖਰਾਂ ਵਾਲੀ ਪਾਤੀ, ਜੋ ਪਤ੍ਰਿਕਾ ਬਿਨ ਕਾਗ਼ਜ਼ ਤੈਨੂੰ ਵਖਾਈਆ । ਧੁਰ ਸੰਦੇਸ਼ਾ ਨਾਮ ਅਗੰਮੀ ਬਾਤੀ, ਬਾਤਨ ਦਿਤੀ ਦ੍ਰਿੜਾਈਆ । ਸ਼ਬਦੀ ਰੂਪ ਤੇਰੀ ਹਯਾਤੀ, ਇਕੋ ਜੋਤ ਜੋਤ ਸਮਾਈਆ । ਮੰਜ਼ਲ ਵੇਖ ਅਗੰਮੀ ਘਾਟੀ, ਜਿਸ ਦਾ ਅੰਤ ਕੋਇ ਨਾ ਪਾਈਆ ।

ਬਿਨ ਪੁਰਖ ਅਕਾਲ ਦੀਨ ਦਿਆਲ ਦੂਜਾ ਦਿਸੇ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਗੋਬਿੰਦ ਕਹੇ ਲਹਿਣਾ ਦੇਣਾ ਜਗ, ਜਗਜੀਵਣ ਦਾਤੇ ਤੇਰੀ ਵਡਿਆਈਆ । ਮੈਂ ਮੰਗ ਮੰਗਣੀ ਅੱਜ, ਹਾੜ ਸਤਾਰਾਂ ਦਏ ਗਵਾਹੀਆ । ਪਹਿਲੋਂ ਦੀਨ ਦੁਨੀ ਵਿਚ ਕਲਜੁਗ ਕੂੜੀ ਕਿਰਿਆ ਮੇਟ ਦੇ ਹੱਦ, ਮਾਇਆ ਮਮਤਾ ਮੋਹ ਵਿਕਾਰ ਰਹਿਣ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਮਾਨਵ ਜ਼ਾਤੀ ਬਣਾ ਆਪਣੀ ਯੱਦ, ਆਤਮ ਪਰਮਾਤਮ ਦੇ ਸਮਝਾਈਆ । ਦੀਨ ਮਜ਼੍ਹਬ ਦਾ ਝਗੜਾ ਹਰ ਹਿਰਦੇ ਵਿਚੋਂ ਕੱਢ, ਦਹਿ ਦਿਸ਼ਾ ਨਾ ਕੋਇ ਲੜਾਈਆ । ਤੂੰ ਮੇਰਾ ਮੈਂ ਤੇਰਾ ਸਾਰੀ ਸ੍ਰਿਸ਼ਟੀ ਗਾਵੇ ਛੰਦ, ਸਹਿੰਸਾ ਰੋਗ ਰਹੇ ਨਾ ਰਾਈਆ । ਕਰਵਟ ਬਦਲ ਕੇ ਆਪਣੀ ਕੰਡ, ਕੰਢਾ ਕਲਜੁਗ ਪਾਰ ਕਰਾਈਆ । ਜਨ ਭਗਤਾਂ ਪਾ ਦੇ ਆਪਣੀ ਠੰਡ, ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣਾ ਦਰਸ ਦਿਖਾਈਆ । ਜੇ ਗੋਬਿੰਦ ਨਾਲ ਤੇਰੀ ਗੰਢ, ਤੇ ਮੇਰਾ ਲੇਖਾ ਯਾਦ ਕਰ ਪੁਰੀ ਅਨੰਦ, ਸਰਸੇ ਵਾਲੀ ਦੁਹਾਈਆ । ਓਹ ਮੇਰੇ ਲਾਡਲੇ ਚੰਦ, ਜਿਨ੍ਹਾਂ ਦਾ ਖ਼ੁਸ਼ੀ ਬੰਦ ਬੰਦ, ਚੁਰਾਸੀ ਵਾਲਾ ਮੇਟ ਕੇ ਪੰਧ, ਦਰ ਤੇਰੇ ਸੋਭਾ ਪਾਈਆ । ਇਨ੍ਹਾਂ ਦੇ ਚਰਨਾਂ ਥੱਲੇ ਵਹਿੰਦੀ ਗੋਦਾਵਰੀ ਗੰਗ, ਜਮਨਾ ਸੁਰਸਤੀ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਇਨ੍ਹਾਂ ਤੋਂ ਮੰਗਾਂ ਰਹੇ ਮੰਗ, ਪ੍ਰਭ ਦਾ ਦਰਸ਼ਨ ਦਿਓ ਕਰਾਈਆ । ਇਨ੍ਹਾਂ ਦੇ ਅੰਤਰ ਰੋਵਣ ਪੰਜ, ਕਾਮ ਕਰੋਧ ਲੋਭ ਮੋਹ ਹੰਕਾਰ ਕੂਕ ਕੂਕ ਸੁਣਾਈਆ । ਤ੍ਰੈਗੁਣ ਮਾਇਆ ਹੋਈ ਦੰਗ, ਰਜੋ ਤਮੋ ਸਤੋ ਦਰ ਤੋਂ ਬਾਹਰ ਬੈਠੀ ਵੇਖ ਵਖਾਈਆ । ਗੋਬਿੰਦ ਕਹੇ ਪੁਰਖ ਅਕਲ ਮੈਂ ਤੇਰੇ ਪਿਛੇ ਖੰਡੇ ਵਾਲਾ ਕੀਤਾ ਜੰਗ, ਖੜਗ ਕਟਾਰ ਹੱਥ ਉਠਾਈਆ । ਅਕਾਲ ਅਕਾਲ ਪੁਆਈ ਡੰਡ, ਡੰਕਾ ਦੋ ਜਹਾਨ ਵਜਾਈਆ । ਹੁਣ ਕਿਉਂ ਨਹੀਂ ਹੁੰਦਾ ਭਗਤਾਂ ਸੰਗ, ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਪਿੰਡ, ਦੂਜਾ ਨਗਰ ਨਾ ਕੋਇ ਦਿਸਾਈਆ । ਤਤ ਸ਼ਰੀਰ ਪੰਜ ਮਾਤ ਪਿਤਾ ਦੀ ਬਿੰਦ, ਆਤਮ ਤੇਰਾ ਰੂਪ ਨਜ਼ਰੀ ਆਈਆ । ਕਿਉਂ ਨਹੀਂ ਵਜੌਂਦਾ ਆਪਣੇ ਨਾਮ ਦੀ ਘਰ ਘਰ ਕਿੰਗ, ਤੱਤਾਂ ਤੋਂ ਪਰੇ ਆਪਣੇ ਪਰਪੰਚ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਪੁਰਖ ਅਕਾਲ ਕਹੇ ਮੈਂ ਪੂਰਾ ਕਰਾਂ ਇਕਰਾਰ, ਦਾਅਵੇ ਨਾਲ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਤਕਰਾਰ, ਇਸਰਾਰ ਵਿਚ ਨਾ ਕੋਇ ਆਈਆ । ਸਭ ਦੇ ਅੰਦਰੇ ਅੰਦਰ ਦੇਵਾਂ ਅਗੰਮੀ ਗੁਫ਼ਤਾਰ, ਗੁਫ਼ਤ ਸ਼ਨੀਦ ਕਰਾਂ ਸ਼ਨਵਾਈਆ । ਨਿਰਗੁਣ ਨੂਰ ਮਿਲਾਵਾਂ ਸਾਂਝਾ ਯਾਰ, ਜੋ ਜਲਵਾਗਰ ਖ਼ੁਦਾਈਆ । ਜੋ ਵਸੇ ਸਚ ਮਹੱਲ ਅਟਲ ਉਚ ਮੁਨਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਰਵ ਸਸ ਸੂਰਜ ਚੰਦ ਨਾ ਕੋਇ ਉਜਿਆਰ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਏਕਾ ਨੂਰ ਏਕਾ ਜੋਤ ਏਕਾ ਖੇਲ ਅਗੰਮ ਅਪਾਰ, ਅਲਖ ਅਗੋਚਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਰੰਗਾਈਆ । ਗੋਬਿੰਦ ਕਹੇ ਪ੍ਰਭੂ ਕੀ ਰੰਗ ਰੰਗਾਵੇਂਗਾ, ਮੈਨੂੰ ਦੇ ਜਣਾਈਆ । ਕੀ ਮੇਰੇ ਗੁਰਮੁਖ ਗੋਦ ਬਹਾਵੇਂਗਾ, ਆਪਣੀ ਗੋਦ ਟਿਕਾਈਆ । ਕੀ ਜੁਗ ਜਨਮ ਦੇ ਵਿਛੜੇ ਮੇਲ ਮਿਲਾਵੇਂਗਾ, ਮਾਨਸ ਮਾਨੁਖ ਲੇਖੇ ਲਾਈਆ । ਕੀ ਸਾਚੀ ਮੰਜ਼ਲ ਇਕ ਚੜ੍ਹਾਵੇਂਗਾ, ਜਿਥੇ ਨਜ਼ਰ ਕੋਇ ਨਾ ਆਈਆ । ਕੀ ਜੋਤੀ ਜੋਤ ਮਿਲਾਵੇਂਗਾ, ਅੰਧ ਅੰਧੇਰ ਮਿਟਾਈਆ । ਕੀ ਸ਼ਬਦੀ ਧੁਨ ਸੁਣਾਵੇਂਗਾ, ਅਨਹਦ ਰਾਗ ਅਲਾਈਆ । ਕੀ ਅੰਮ੍ਰਿਤ ਜਾਮ ਪਿਆਵੇਂਗਾ, ਬਿਨ ਬੁੱਲਾਂ


੨੭੨ ੨੧

ਰਸ ਚਖਾਈਆ । ਕੀ ਦਰਗਾਹ ਸਾਚੀ ਬਹਾਵੇਂਗਾ, ਸਚਖੰਡ ਸਾਚੇ ਸੋਭਾ ਪਾਈਆ । ਪੁਰਖ ਅਕਾਲ ਕਿਹਾ ਗੋਬਿੰਦ, ਸੋ ਮੰਨਾ ਜੋ ਮੰਨਾਵੇਂਗਾ, ਮਨਸਾ ਤੇਰੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਆਪ ਵਖਾਈਆ । ਗੋਬਿੰਦ ਕਹੇ ਪ੍ਰਭੂ ਮੈਂ ਕੋਈ ਕਰਨਾ ਨਹੀਂ ਝੇੜਾ, ਝਗੜਾ ਅਵਰ ਨਾ ਹੋਰ ਵਖਾਈਆ । ਚੁਰਾਸੀ ਵਾਲਾ ਬਦਲ ਦੇ ਗੇੜਾ, ਆਪਣਾ ਹੁਕਮ ਵਰਤਾਈਆ । ਜਿਹੜਾ ਹੁਕਮ ਕੀਤਾ ਨੰਦੇੜਾ, ਅੰਤ ਦਿਆਂ ਸੁਣਾਈਆ । ਉਸ ਦਾ ਕਰਨਾ ਪਏ ਨਬੇੜਾ, ਕੂੜੀ ਵੰਡ ਨਾ ਕੋਇ ਜਣਾਈਆ । ਮੈਂ ਢਈਆ ਕਰ ਕੇ ਬੈਠਾ ਰਿਹਾ ਜੇਰਾ, ਜ਼ੋਰ ਜ਼ਬਰ ਨਾ ਕੋਇ ਜਣਾਈਆ । ਜਿਸ ਕਾਰਨ ਪਾਇਆ ਫੇਰਾ, ਆਪਣਾ ਵੇਸ ਵਟਾਈਆ । ਹੁਣ ਪੁਰਖ ਅਕਾਲ ਕਰ ਦੇ ਮਿਹਰਾ, ਮਿਹਰਵਾਨ ਤੇਰੀ ਸਰਨਾਈਆ । ਦੀਨ ਦਿਆਲ ਸਦੀ ਚੌਧਵੀਂ ਚਾਰ ਕੁੰਟ ਵੇਖ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਕੂੜੀ ਕਿਰਿਆ ਭਰਿਆ ਬੇੜਾ, ਕੰਢੀ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਗੋਬਿੰਦ ਮੈਂ ਅਵਤਾਰ ਪੈਗ਼ੰਬਰਾਂ ਦੇਣ ਲੱਗਾ ਸੱਦਾ, ਸਦੀ ਚੌਧਵੀਂ ਵਿਚ ਜਣਾਈਆ । ਨਿਰਗੁਣ ਧਾਰ ਉਠੋ ਜਿਸ ਧਾਰ ਵਿਚੋਂ ਤੁਹਾਡਾ ਦੀਪਕ ਜਗਾ, ਜੋਤ ਨੂਰ ਹੋਇਆ ਰੁਸ਼ਨਾਈਆ । ਕਲਜੁਗ ਅੰਤਮ ਮਾਰੋ ਨਿਗਾਹ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਹੜੀ ਮੇਰੇ ਮਿਲਣ ਦੀ ਦੱਸ ਕੇ ਆਏ ਬਿੱਧਾ, ਓਸ ਮਾਰਗ ਤੇ ਚਲੇ ਕੋਈ ਨਾ ਸਿੱਧਾ, ਸਾਚੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜਗਤ ਵਿਕਾਰ ਹੰਕਾਰ ਵਿਭਚਾਰ ਦੁਰਾਚਾਰ ਅੰਦਰ ਮੁੱਲਾ ਸ਼ੇਖ਼ ਮੁਸਾਇਕ ਵਿਕਾ, ਆਪਣੀ ਕ਼ੀਮਤ ਗਏ ਗੁਆਈਆ । ਬਚਿਆ ਰਿਹਾ ਨਾ ਕੋਈ ਵੱਡਾ ਨਿੱਕਾ, ਕਾਮ ਕਰੋਧ ਵਿਚ ਹਲਕਾਈਆ । ਜੋ ਕਲਮਿਆਂ ਵਾਲਾ ਬਦਲਦਾ ਰਿਹਾ ਸਿੱਕਾ, ਨਾਮ ਵਾਲੀ ਮੋਹਰ ਲਗਾਈਆ । ਉਹਦੀ ਰਹੀ ਕੋਈ ਨਾ ਦਿਸ਼ਾ, ਸਾਚੀ ਵੰਡ ਨਾ ਕੋਇ ਵੰਡਾਈਆ । ਸਭ ਨੂੰ ਭੁੱਲ ਗਿਆ ਪੁਰਖ ਅਕਾਲ ਸਭ ਦਾ ਪਿਤਾ, ਇਕੋ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਭੇਵ ਅਭੇਦਾ ਸਚ ਖੁਲ੍ਹਾਵਾਂਗਾ । ਚਾਰੇ ਵੇਦਾਂ ਪੰਧ ਮੁਕਾਵਾਂਗਾ । ਅਛਲ ਅਛੇਦਾ ਹੋ ਕੇ ਵੇਖ ਵਖਾਵਾਂਗਾ, ਜਿਨ੍ਹਾਂ ਦਾ ਅੰਦਰੋਂ ਬਦਲਿਆ ਦੀਦਾ, ਨਿਗਾਹ ਉਨ੍ਹਾਂ ਦੀ ਆਪ ਬਦਲਾਵਾਂਗਾ । ਜਿਨ੍ਹਾਂ ਨੇ ਕੂੜੀ ਰਸਨਾ ਖਾਧਾ ਸੀਧਾ, ਤਿਨ੍ਹਾਂ ਨੂੰ ਚੁਰਾਸੀ ਵਿਚ ਭੁਆਵਾਂਗਾ । ਜਿਨ੍ਹਾਂ ਗੋਬਿੰਦ ਤੇਰੇ ਪਿਆਰ ਦਾ ਬੀਜ ਬੀਜਾ, ਫਲ ਤਿਨ੍ਹਾਂ ਫੁਲਵਾੜੀ ਆਪ ਲਗਵਾਂਗਾ । ਮੈਨੂੰ ਭਗਤਾਂ ਪਾਲਣ ਦੀ ਸਦਾ ਰੀਝਾ, ਪਾਲ ਕੇ ਲੋਕਮਾਤ ਵਖਾਵਾਂਗਾ । ਸਾਚੀ ਅੰਦਰ ਦੇਵਾਂ ਤਮੀਜ਼ਾ, ਬਿਨ ਵਿਦਿਆ ਆਪ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਵਾਂਗਾ । ਸੁਣ ਕੇ ਸ਼ਬਦ ਅਗੰਮੀ ਬੋਲੇ ਸੱਤ ਰੰਗ, ਪ੍ਰਭ ਤੇਰੀ ਕੀ ਵਡਿਆਈਆ । ਅਸੀਂ ਗੋਬਿੰਦ ਵੇਖਿਆ ਪੁਰੀ ਅਨੰਦ, ਮਾਛੂਵਾੜੇ ਧਿਆਨ ਲਗਾਈਆ । ਜਿਸ ਦੇ ਨਾਲ ਸਾਡਾ ਸੰਗ, ਸੰਗਤ ਬਣ ਕੇ ਝਟ ਲੰਘਾਈਆ । ਉਹ ਵੰਡਦਾ ਗਿਆ ਵੰਡ, ਹਿੱਸੇ ਧੁਰ ਦੇ ਤੇਰੀ ਝੋਲੀ ਪਾਈਆ । ਸਾਡਾ ਨਾਤਾ ਜੋੜ ਕੇ ਤੋੜ ਕੇ ਜੇਰਜ ਅੰਡ, ਉਤਭੁਜ ਸੇਤਜ ਨਾਲੋਂ ਤੁੜਾਈਆ । ਇਕੋ ਤੇਰੀ ਸੇਜ ਵਿਛਾ ਕੇ ਪਲੰਘ, ਸਚ ਸਿੰਘਾਸਣ ਗਿਆ ਸੁਹਾਈਆ । ਜਿਸ ਵੇਲੇ ਅੰਤ ਅਖ਼ੀਰ ਨੀਲੇ ਦਾ ਖੋਲ੍ਹਿਆ ਤੰਗ, ਪਾਖਰ ਜ਼ੀਨ ਫੇਰ ਨਾ ਪਾਈਆ । ਦੋਵੇਂ ਹੱਥ ਜੋੜ ਕੇ ਸੀਸ ਨਿਵਾਇਆ ਵਰਭੰਡ, ਨਿਉਂ ਨਿਉਂ ਤੇਰੇ ਅੱਗੇ ਵਾਸਤਾ ਪਾਈਆ । ਮੈਂ ਪੁਰਖ ਅਕਾਲ ਤੇਰਾ ਸੁਤ ਦੁਲਾਰਾ

ਅਗੰਮੀ ਚੰਦ, ਗੁਰਮੁਖ ਮੇਰੇ ਚੰਦ ਨਜ਼ਰੀ ਆਈਆ । ਜੇ ਮੈਂ ਤੇਰਾ ਦੁਆਰਾ ਜਾਵਾਂ ਲੰਘ, ਗੁਰਮੁਖ ਮੇਰੇ ਪਿਛੇ ਆਵਣ ਚਾਈਂ ਚਾਈਆ । ਇਨ੍ਹਾਂ ਦਾ ਵਿਛੋੜਾ ਮੈਂ ਸਹਿ ਨਾ ਸਕਾਂ ਰੰਡ, ਅਕੇਲਾ ਰਹਿਣ ਕਦੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਰਿਹਾ ਸੁਣਾਈਆ । ਪੁਰਖ ਅਕਾਲ ਧੁਰ ਦਾ ਸ਼ਬਦ ਸੁਣਾ ਬੋਲੀ, ਅਨਬੋਲਤ ਰਾਗ ਅਲਾਈਆ । ਗੋਬਿੰਦ ਵੇਖ ਅਗੰਮੀ ਡੋਲੀ, ਬਿਨ ਕਹਾਰਾਂ ਰਿਹਾ ਪ੍ਰਗਟਾਈਆ । ਜਿਥੇ ਪਾਵੇ ਕੋਇ ਨਾ ਰੌਲੀ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਜ਼ਰ ਆਵੇ ਕੋਈ ਨਾ ਧੌਲੀ, ਧਰਨੀ ਧਰਤ ਧਵਲ ਨਾ ਕੋਇ ਵਖਾਈਆ । ਸਗਨ ਬੰਨ੍ਹੇ ਕੋਈ ਨਾ ਮੌਲੀ, ਰੰਗਣ ਰੰਗ ਨਾ ਕੋਇ ਰੰਗਾਈਆ । ਪੜਦਾ ਰਹੇ ਕੋਈ ਨਾ ਓਹਲੀ, ਭੇਵ ਅਭੇਦ ਰਿਹਾ ਖੁਲ੍ਹਾਈਆ । ਤੂੰ ਸਦੀ ਚੌਧਵੀਂ ਆਪਣੀ ਰੁਤ ਵੇਖੀਂ ਮੌਲੀ, ਮੌਲਾ ਵਿਚ ਮਿਲ ਕੇ ਮੌਲਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਹੇ ਕੀ ਗੁਰਮੁਖ ਮੇਰੇ ਤਾਰੇਗਾ, ਤਾਰਨਹਾਰ ਦੇਣਾ ਜਣਾਈਆ । ਕੀ ਉਨ੍ਹਾਂ ਪੈਜ ਸੁਆਰੇਗਾ, ਬਿਨ ਤੱਤਾਂ ਪਾਰ ਕਰਾਈਆ । ਕੀ ਉਨ੍ਹਾਂ ਜੋਤ ਉਜਿਆਰੇਗਾ, ਅੰਧ ਅੰਧੇਰ ਮਿਟਾਈਆ । ਕੀ ਓਨ੍ਹਾਂ ਸ਼ਬਦ ਅਨਾਦੀ ਧੁਨ ਧੁਨਕਾਵੇਂਗਾ, ਅੰਤਰ ਰਾਗ ਸੁਣਾਈਆ । ਕੀ ਉਨ੍ਹਾਂ ਅੰਮ੍ਰਿਤ ਰਸ ਨਿਝਰ ਝਿਰਨਾ ਧੁਰ ਦੀ ਧਾਰ ਝਿਰਾਵੇਂਗਾ, ਬੂੰਦ ਬੂੰਦ ਵਿਚੋਂ ਟਪਕਾਈਆ । ਕੀ ਉਨ੍ਹਾਂ ਦਾ ਖੇੜਾ ਮੰਦਰ ਇਕ ਉਸਾਰੇਂਗਾ, ਜਿਸ ਦੀ ਨੀਂਹ ਨਾ ਕੋਇ ਉਖੜਾਈਆ । ਕੀ ਚਾਰ ਵਰਨਾਂ ਅਠਾਰਾਂ ਬਰਨਾਂ ਆਪਣੇ ਦਰ ਬਹਾਵੇਂਗਾ, ਬਹੁੜੀ ਬਹੁੜੀ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੋਬਿੰਦ, ਸਚ ਸ਼ਬਦ ਸੁਣੌਂਦਾ ਹਾਂ । ਭੇਵ ਅਭੇਦ ਖੁਲੌਂਦਾ ਹਾਂ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛਲਾ ਲੇਖ ਵੇਖ ਵਖੌਂਦਾ ਹਾਂ । ਗੁਰ ਅਵਤਾਰ ਪੈਗੰਬਰ ਜੋ ਧਰਦਾ ਰਿਹਾ ਭੇਖ, ਨਿਰਗੁਣ ਸਰਗੁਣ ਵੇਸ ਵਟੌਂਦਾ ਹਾਂ । ਸ਼ਾਸਤਰ ਸਿਮਰਤ ਵੇਦ ਪੁਰਾਨ ਜੋ ਲਿਖਦਾ ਰਿਹਾ ਲੇਖ, ਨਿਰਅੱਖਰ ਵਿਚੋਂ ਅੱਖਰ ਵੰਡ ਵੰਡੌਂਦਾ ਹਾਂ । ਲੋਕਮਾਤ ਵਖੌਂਦਾ ਰਿਹਾ ਦੇਸ, ਲੱਖ ਚੁਰਾਸੀ ਅੰਦਰ ਸੋਭਾ ਪੌਂਦਾ ਹਾਂ । ਆਦਿ ਜੁਗਾਦੀ ਰਹਾਂ ਹਮੇਸ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡੌਂਦਾ ਹਾਂ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਸੇਵਕ ਸੇਵਾ ਸਚ ਲਗੌਂਦਾ ਹਾਂ । ਆਪਣਾ ਦੱਸਿਆ ਕਿਸੇ ਨਾ ਭੇਤ, ਬੇਅੰਤ ਬੇਅੰਤ ਬੇਅੰਤ ਅਖਵੌਂਦਾ ਹਾਂ । ਜਿਸ ਨੂੰ ਕਿਰਪਾ ਕੀਤੀ ਓਸ ਨੇ ਲਿਆ ਚੇਤ, ਸਭ ਨੂੰ ਯਾਦ ਵਿਚ ਅਲੌਂਦਾ ਹਾਂ । ਜਿਸ ਵੇਲੇ ਸਾਚੇ ਭਗਤ ਦੇਵਾਂ ਭੇਜ, ਓਸ ਵੇਲੇ ਲੋਕਮਾਤ ਆਪਣਾ ਆਪ ਪ੍ਰਗਟੌਂਦਾ ਹਾਂ । ਉਨ੍ਹਾਂ ਦੇ ਅੰਦਰ ਮਾਣਾ ਸੇਜ, ਕਾਇਆ ਕਾਅਬੇ ਡੇਰਾ ਲੌਂਦਾ ਹਾਂ । ਜੋਤੀ ਜਲਵਾ ਦੇ ਕੇ ਤੇਜ, ਅੰਧ ਅੰਧੇਰ ਗਵੌਂਦਾ ਹਾਂ । ਆਤਮ ਪਰਮਾਤਮ ਦੱਸ ਕੇ ਭੇਤ, ਬਜਰ ਕਪਾਟੀ ਕੁੰਡਾ ਲਾਹੁੰਦਾ ਹਾਂ । ਘਰ ਸੁਆਮੀ ਲੈਣਾ ਵੇਖ, ਬਾਹਰਲੀ ਭਟਕਨਾ ਜਗਤ ਮਿਟੌਂਦਾ ਹਾਂ । ਜਨਮ ਕਰਮ ਦੀ ਬਦਲ ਕੇ ਰੇਖ, ਘਰ ਆਪਣਾ ਇਕ ਦ੍ਰਿੜੌਂਦਾ ਹਾਂ । ਨਜ਼ਰੀ ਆਵਾਂ ਨੇਤਨ ਨੇਤ, ਨਿਜ ਆਤਮ ਪਰਮਾਤਮ ਹੋ ਕੇ ਸੋਭਾ ਪੌਂਦਾ ਹਾਂ । ਓਨ੍ਹਾਂ ਦਾ ਕਾਇਆ ਖੇੜਾ ਕਦੇ ਨਾ ਹੋਵੇ ਖੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਅਪਣਾ ਪੜਦਾ ਲਾਹੁੰਦਾ ਹਾਂ । ਗੋਬਿੰਦ ਕਹੇ ਕੀ ਪਰਦਾ ਪ੍ਰਭੂ ਲਾਹਵੇਂਗਾ । ਦੀਨ ਦਿਆਲ ਦਇਆ ਕਮਾਵੇਂਗਾ । ਜਿਨ੍ਹਾਂ ਦੀ ਮੈਂ ਕਰਦਾ ਰਿਹਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਗੋਦ ਉਠਾਵੇਂਗਾ । ਸਚਖੰਡ ਵਸਾ ਕੇ ਸੱਚੀ ਧਰਮਸਾਲ, ਸੱਚੀ

ਦਰਗਾਹ ਇਕ ਜਣਾਵੇਂਗਾ । ਜਿਥੇ ਨਾ ਕੋਈ ਸ਼ਾਹ ਨਾ ਕੰਗਾਲ, ਜ਼ਾਤ ਪਾਤ ਨਾ ਵੰਡ ਵੰਡਾਵੇਂਗਾ । ਜਿਧਰ ਵੇਖਾਂ ਓਧਰ ਦਿਸੇਂ ਨਾਲ, ਹਰ ਘਟ ਰਮਿਆ ਨਜ਼ਰੀ ਆਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਵੇਂਗਾ । ਗੋਬਿੰਦ, ਚੌਥੇ ਜੁਗ ਦਾ ਆਇਆ ਹਾੜ੍ਹ, ਹਾੜਾ ਕੱਢੇ ਲੋਕਾਈਆ । ਫਿਰੀ ਦਰੋਹੀ ਜੰਗਲ ਜੂਹ ਉਜਾੜ, ਟਿੱਲੇ ਪਰਬਤ ਪਹਾੜ ਰਹੇ ਕੁਰਲਾਈਆ । ਸਾਂਤਕ ਸਤਿ ਨਾ ਦਿਸੇ ਕੋਈ ਪੁਰਖ ਨਾਰ, ਨੇਤਰ ਨੈਣ ਨੀਰ ਰਹੇ ਵਹਾਈਆ । ਮੁਹੱਬਤ ਵਿਚ ਦਿਸੇ ਨਾ ਕੋਈ ਯਾਰ, ਯਾਰਾਨੇ ਕੂੜੇ ਕੂੜ ਲੋਕਾਈਆ । ਗੁਰ ਚੇਲੇ ਦਾ ਰਿਹਾ ਨਾ ਕੋਈ ਪਿਆਰ, ਠੱਗੀ ਚੋਰੀ ਘਰ ਘਰ ਡੇਰਾ ਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹਾਹਾਕਾਰ, ਗੁਰੂਦੁਆਰ ਰੋਵਣ ਮਾਰਨ ਧਾਈਂਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣੇ ਨਾ ਕੋਈ ਗੁਫ਼ਤਾਰ, ਅੰਜੀਲ ਕੁਰਾਨ ਕਾਇਆ ਕੁਰ੍ਹਾ ਪੜਦਾ ਨਾ ਕੋਇ ਉਠਾਈਆ । ਮਨ ਮਮਤਾ ਮੋਹ ਚਲਿਆ ਵਿਕਾਰ, ਹੰਕਾਰ ਗੜ੍ਹ ਨਾ ਕੋਇ ਤੁੜਾਈਆ । ਧੁਰ ਦੀ ਮੰਜ਼ਲ ਜਗਤ ਹੋਈ ਦੁਸ਼ਵਾਰ, ਦੁਸ਼ਮਣ ਅੰਦਰੋਂ ਬਾਹਰ ਨਾ ਕੋਇ ਕਢਾਈਆ । ਜੋ ਲਿਖਤ ਦੇ ਕੇ ਆਏ ਗੁਰੂ ਅਵਤਾਰ, ਪੈਗ਼ੰਬਰ ਪੈਰ੍ਹਿਆਂ ਵਿਚ ਸੁਣਾਈਆ । ਉਹ ਭੁੱਲਿਆ ਸਰਬ ਸੰਸਾਰ, ਸੁੰਞੀ ਦਿਸੇ ਲੋਕਾਈਆ । ਹੁਣ ਸੁਤ ਦੁਲਾਰਾ ਸ਼ਬਦੀ ਕਰਨਾ ਤਿਆਰ, ਤ੍ਰੈਗੁਣ ਅਤੀਤਾ ਆਪ ਪ੍ਰਗਟਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਵੇਖਣੀ ਚਾਰ ਕੁੰਟ ਦਹਿ ਦਿਸ਼ਾ ਆਪਣੀ ਵਾਰ, ਵਾਰਤਾ ਸਭ ਦੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੋਬਿੰਦ ਤੂੰ ਤੱਤਾਂ ਵਾਲਾ ਨਹੀਂ ਸ਼ਰੀਰ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਤੂੰ ਕੋਈ ਅੱਖਰਾਂ ਵਾਲਾ ਨਹੀਂ ਪੀਰ, ਪੈਗ਼ੰਬਰਾਂ ਵਾਲੀ ਨਾ ਕੋਇ ਪੜ੍ਹਾਈਆ । ਤੇਰੀ ਕੋਈ ਤੱਤਾਂ ਵਾਲੀ ਨਹੀਂ ਤਸਵੀਰ, ਤਸਬੀ ਮਾਲਾ ਨਜ਼ਰ ਕੋਇ ਨਾ ਆਈਆ । ਤੇਰੀ ਕੋਈ ਵਿਦਿਆ ਵਾਲੀ ਨਹੀਂ ਜ਼ਮੀਰ, ਬੁੱਧੀ ਵਾਲੀ ਨਾ ਕੋਇ ਚਤੁਰਾਈਆ । ਤੇਰੀ ਕੋਈ ਸ੍ਰਿਸ਼ਟੀ ਵਾਲੀ ਨਹੀਂ ਤਕ਼ਦੀਰ, ਹਰਫ਼ਾਂ ਵਾਲੀ ਤਹਿਰੀਰ ਬਣਾਈਆ । ਤੂੰ ਕੋਈ ਸ਼ਹਿਨਸ਼ਾਹ ਨਹੀਂ ਅਮੀਰ, ਮਾਇਆ ਮਮਤਾ ਵਿਚ ਹਲਕਾਈਆ । ਤੂੰ ਕੋਈ ਚਿੰਤਾ ਵਾਲਾ ਨਹੀਂ ਦਿਲਗੀਰ, ਗ਼ਮੀ ਵਿਚ ਕਦੇ ਨਾ ਆਈਆ । ਤੂੰ ਕੋਈ ਟੁੱਕੜੇ ਮੰਗਣ ਵਾਲਾ ਨਹੀਂ ਫ਼ਕੀਰ, ਘਰ ਘਰ ਅਲਖ ਜਗਾਈਆ । ਤੂੰ ਕੋਈ ਗੋਬਿੰਦ ਕਾਗ਼ਜ਼ਾਂ ਵਾਲੀ ਨਹੀਂ ਬੀੜ, ਸਿਰ ਤੇ ਚੁੱਕ ਕੇ ਭੱਜਣ ਵਾਹੋ ਦਾਹੀਆ । ਤੂੰ ਕੋਈ ਦਵੈਤ ਵਾਲੀ ਨਹੀਂ ਪੀੜ, ਦੀਨ ਮਜ਼੍ਹਬ ਦਾ ਝਗੜਾ ਦੇਵੇਂ ਪਾਈਆ । ਤੂੰ ਕੋਈ ਫੁੱਟਣ ਵਾਲੀ ਨਹੀਂ ਖ਼ਮੀਰ, ਸਦ ਆਪਣਾ ਰੰਗ ਰੰਗਾਈਆ । ਦ੍ਰਿਸ਼ਟ ਖੋਲ੍ਹ ਕੇ ਬੋਲ ਗਿਆ ਕਬੀਰ, ਤੋਬਾ ਤੋਬਾ ਤੇਰਾ ਨਾਮ ਖ਼ੁਦਾਈਆ । ਜੇ ਤੂੰ ਦੀਨ ਦੁਨੀ ਦੀ ਬਦਲ ਦੇਵੇਂ ਤਕ਼ਦੀਰ, ਤਦਬੀਰ ਆਪਣੀ ਦਏਂ ਸਮਝਾਈਆ । ਪੁਰਖ ਅਕਾਲ ਜੇ ਤੂੰ ਪਾਤਸ਼ਾਹ ਤੇ ਗੋਬਿੰਦ ਤੇਰਾ ਵਜ਼ੀਰ, ਬਿਨਾ ਗੋਬਿੰਦ ਤੋਂ ਤੇਰਾ ਲੋਕਮਾਤ ਦਾ ਮਸਲਾ ਹੱਲ ਨਾ ਕੋਇ ਕਰਾਈਆ । ਵੇਖ ਜੂਠਿਆਂ ਝੂਠਿਆਂ ਦੀ ਵਧੀ ਭੀੜ, ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀ ਸਿਖਿਆ ਕੰਮ ਕਿਸੇ ਨਾ ਆਈਆ । ਅੱਗੇ ਵਾਸਤੇ ਦੀਨ ਮਜ਼੍ਹਬ ਉਤੇ ਮਾਰ ਦੇ ਲਕੀਰ, ਝਗੜਾ ਊਚ ਨੀਚ ਰਹੇ ਨਾ ਰਾਈਆ । ਸ਼ਰਅ ਦੀ ਕੱਟ ਜ਼ੰਜੀਰ, ਆਤਮ ਪਰਮਾਤਮ ਦੇ ਸਮਝਾਈਆ । ਤੇਰੇ ਕੋਲ ਨਾਮ ਦਾ ਖੰਡਾ ਸ਼ਬਦੀ ਸ਼ਮਸ਼ੀਰ, ਹੁਕਮ ਤੇਰਾ ਧੁਰਦਰਗਾਹੀਆ । ਸਦੀ ਚੌਧਵੀਂ ਏਥੇ ਕਰ ਦੇ ਅਖੀਰ, ਅੱਗੇ ਵਧਣ ਕੋਇ ਨਾ ਪਾਈਆ । ਸਤਿਜੁਗ ਸਾਚਾ ਕਰ ਤਾਮੀਰ, ਮਤਾ ਭਗਤਾਂ ਨਾਲ ਰਖਾਈਆ । ਗੁਰਸਿਖ ਗੋਬਿੰਦ

ਦੇ ਬ਼ਗਲਗੀਰ, ਯਾਰ ਧੁਰ ਦੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਗੋਬਿੰਦ ਕਹੇ, ਪੁਰਖ ਅਕਾਲ ਚਾਰ ਜੁਗ ਤੂੰ ਰਿਹੋਂ ਲੁਕਦਾ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਤੈਥੋਂ ਮਿੰਨਤਾਂ ਵਿਚ ਤੇਰਾ ਨਾਮ ਰਿਹਾ ਪੁਛਦਾ, ਖ਼ਾਲੀ ਝੋਲੀ ਅੱਗੇ ਡਾਹੀਆ । ਤੂੰ ਇਸ਼ਾਰਾ ਦੇਂਦਾ ਰਿਹੋਂ ਇਕ ਛੋਟੀ ਛੋਟੀ ਤੁੱਕ ਦਾ, ਨਾਮ ਨਾਮ ਵਿਚੋਂ ਬਦਲਾਈਆ । ਤੇਰਾ ਭੇਵ ਕੋਇ ਨਾ ਬੁਝਦਾ, ਸਾਰੇ ਢੋਲੇ ਗਏ ਗਾਈਆ । ਤਤ ਸ਼ਰੀਰ ਵਜ਼ੂਦ ਅੰਦਰ ਆ ਕੇ ਤੇਰੇ ਪਿਆਰ ਵਿਚ ਰੁਝਦਾ, ਨਾਤਾ ਜਗਤ ਨਾਲ ਕਰਾਈਆ । ਤੂੰ ਫੇਰ ਕਰੇਂ ਖੇਲ ਹੋਰ ਦਾ ਹੋਰ ਕੁਝ ਕੁਝ ਦਾ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਕਿਸੇ ਗੁਰ ਅਵਤਾਰ ਪੈਗ਼ੰਬਰ ਨੂੰ ਸਮਝ ਨਹੀਂ ਦਿਤੀ ਕਿਸ ਤਰਾ ਲੇਖਾ ਮੁਕਣਾ ਅੰਤਮ ਕਲਜੁਗ ਦਾ, ਇਸ਼ਾਰਿਆਂ ਵਿਚ ਸਾਰੇ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੜਦਾ ਉਹਲਾ ਦੇ ਚੁਕਾਈਆ । ਪੁਰਖ ਅਕਾਲ ਕਹੇ ਗੋਬਿੰਦ ਮੈਂ ਬੜਾ ਵਲ ਛਲ ਧਾਰੀ, ਅਛਲ ਅਛੱਲ ਅਖਵਾਈਆ । ਮੈਂ ਨਿਰਗੁਣ ਨੂਰ ਜੋਤ ਨਿਰੰਕਾਰੀ, ਨਿਰਵੈਰ ਵਡ ਵਡਿਆਈਆ । ਮੈਂ ਜੁਗ ਜੁਗ ਸਰਗੁਣ ਤਤ ਨਾਲ ਲਾਵਾਂ ਯਾਰੀ, ਅੰਤਰ ਨਾਤਾ ਨਾ ਕੋਇ ਤੁੜਾਈਆ । ਜੇ ਪਰਤ ਕੇ ਆਵਾਂ ਦੂਜੀ ਵਾਰੀ, ਤੇ ਨਾਮ ਆਪਣਾ ਲਵਾਂ ਬਦਲਾਈਆ । ਇਹ ਖੇਲ ਅਪਰ ਅਪਾਰੀ, ਸ਼ਾਸਤਰ ਸਿਮਰਤ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਦਰ ਦੇ ਜਗਤ ਪਨਿਹਾਰੀ, ਨਿਤ ਨਵਿਤ ਸੇਵ ਕਮਾਈਆ । ਕਿਸੇ ਦੀ ਬੋਦੀ ਕਿਸੇ ਦੀ ਕਟਾਈ ਮੁੱਛ ਦਾੜ੍ਹੀ, ਕਿਸੇ ਨੂੰ ਕੇਸਾਂ ਨਾਲ ਵਡਿਆਈਆ । ਸਾਰਿਆਂ ਦਾ ਲੇਖਾ ਅੰਤਮ ਏਸੇ ਸਤਾਰਾਂ ਹਾੜੀ, ਹਾੜਾ ਕੱਢਕੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਪ੍ਰਗਟਾਈਆ । ਗੋਬਿੰਦ ਕਹੇ ਪ੍ਰਭ ਮੇਰਾ ਵੇਖ ਬ਼ਗੀਚਾ, ਗੁਰਮੁਖ ਗੁਰਸਿਖ ਨਜ਼ਰੀ ਆਈਆ । ਜਿਥੇ ਝਗੜਾ ਨਹੀਂ ਉਚਾਂ ਨੀਚਾਂ, ਰਾਓ ਰੰਕ ਨਾ ਵੰਡ ਵੰਡਾਈਆ । ਜਿਥੇ ਵਡਿਆਈ ਨਹੀਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ, ਗ੍ਰੰਥਾਂ ਹਿੱਸਾ ਨਾ ਕੋਇ ਵੰਡਾਈਆ । ਓਨ੍ਹਾਂ ਦਾ ਅੰਤਰ ਨਿਰੰਤਰ ਤੇਰੇ ਨਾਮ ਨਾਲ ਹੋਇਆ ਠਾਂਡਾ ਸੀਤਾ, ਉਹ ਜਗਤ ਵਾਲੀ ਛੱਡ ਗਏ ਪੜ੍ਹਾਈਆ । ਜਿਨ੍ਹਾਂ ਨੇ ਅੰਮ੍ਰਿਤ ਰਸ ਮੇਰੇ ਪ੍ਰੇਮ ਦਾ ਪੀਤਾ, ਅਠਸਠ ਤੀਰਥ ਡੇਰਾ ਗਏ ਢਾਹੀਆ । ਓਨ੍ਹਾਂ ਦੇ ਅੰਦਰ ਇਕੋ ਹਦੀਸਾ, ਹਜ਼ਰਤ ਨੂੰ ਮਿਲ ਕੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਤੈਨੂੰ ਦਿਆਂ ਵਖਾਈਆ । ਪੁਰਖ ਅਕਾਲ ਵੇਖ ਲਾਲ ਦੁਲਾਰੇ, ਲਾਲਨ ਦਿਆਂ ਜਣਾਈਆ । ਜਿਹੜੇ ਚਾਰ ਜੁਗ ਰਹੇ ਕੁਆਰੇ, ਬਿਨਾ ਪਰਮਾਤਮ ਦੇ ਆਤਮ ਨਾ ਸਕੇ ਪ੍ਰਨਾਈਆ । ਓਹ ਛੱਡ ਗਏ ਕਾਇਆ ਮਹੱਲ ਮੁਨਾਰੇ, ਜਗਤ ਲੋਭ ਨਾ ਕੋਇ ਹਲਕਾਈਆ । ਓਨ੍ਹਾਂ ਜਨਮ ਲਿਆ ਵਿਚ ਸੰਸਾਰੇ, ਸਰਸੇ ਦਾ ਲੇਖਾ ਦੇ ਮੁਕਾਈਆ । ਓਨ੍ਹਾਂ ਕੋਈ ਕੱਢਣੇ ਨਹੀਂ ਤੇਰੇ ਅੱਗੇ ਹਾੜੇ, ਮਿੰਨਤਾਂ ਵਿਚ ਨਾ ਕੋਇ ਮਨਾਈਆ । ਗੋਬਿੰਦ ਦੇ ਸਿੱਖ ਗੋਬਿੰਦ ਦੇ ਲਾੜੇ, ਦਰ ਗੋਬਿੰਦ ਦੇ ਸੋਭਾ ਪਾਈਆ । ਜਿਥੇ ਨਾ ਕੋਈ ਪੁਰਖ ਨਾ ਕੋਈ ਨਾਰੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਈ ਅਵਤਾਰਾਂ ਦੇ ਇਸ਼ਾਰੇ, ਈਸਾ ਮੂਸਾ ਮੁਹੰਮਦ ਅੱਖ ਉਠਾਈਆ । ਨਾਨਕ ਬਣ ਕੇ ਗਿਆ ਲਿਖਾਰੇ, ਲੇਖਾ ਲਿਖਿਆ ਬੇਪ੍ਰਵਾਹੀਆ । ਜਿਸ ਵੇਲੇ ਅਰਜਨ ਨੇ ਸਤਿਨਾਮ ਲਿਖਿਆ ਨਿਰਅੱਖਰ ਦੀ ਧਾਰੇ, ਅੱਖਰ ਵਿਚ ਬਦਲਾਈਆ । ਓਸ ਨੂੰ ਨਜ਼ਰੀ ਆਇਆ ਨੂਰ ਜੋਤ ਨਿਰੰਕਾਰੇ, ਜਿਸ ਦਾ

ਭੇਵ ਕੋਇ ਨਾ ਪਾਈਆ । ਗੋਬਿੰਦ ਕਿਹਾ ਪੁਰਖ ਅਕਾਲ ਮੈਂ ਇਕੋ ਮੰਗਣ ਵਾਲਾ ਤੇਰੇ ਦੁਆਰੇ, ਦੂਜਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਿਗਾਹ ਇਕ ਉਠਾਈਆ । ਗੋਬਿੰਦ ਕਹੇ ਪ੍ਰਭ ਵੇਖ ਲੈ ਮੇਰੇ ਦੂਲ੍ਹੇ, ਜਿਨ੍ਹਾਂ ਦੁਲਹਨ ਤੇਰੀ ਜੋਤ ਪ੍ਰਨਾਈਆ । ਓਹ ਤੇਰੇ ਸ਼ਬਦ ਦੇ ਝੂਲਦੇ ਝੂਲੇ, ਜੋ ਤਨ ਮਾਟੀ ਖ਼ਾਕ ਵਿਚ ਰਖਾਈਆ । ਮੇਰੇ ਕੌਲ ਕਦੇ ਨਾ ਭੂਲੇ, ਅਭੁੱਲ ਭੁੱਲ ਵਿਚ ਕਦੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਆਪਣਾ ਬਦਲ ਦੇ ਅਸੂਲੇ, ਅਸਲੀਅਤ ਤੈਨੂੰ ਦਿਆਂ ਸਮਝਾਈਆ । ਜਿੰਨਾਂ ਚਿਰ ਸਾਚੇ ਸਿਖ ਦਰਗਾਹ ਸਾਚੀ ਨਾ ਕ਼ਬੂਲੇਂ, ਆਪਣੀ ਖ਼ੁਸ਼ੀ ਬਣਾਈਆ । ਚਰਨ ਧੂੜੀ ਨਾ ਦੇਵੇਂ ਧੂਲੇ, ਧੌਲ ਧਵਲ ਨਾ ਕੋਇ ਵਡਿਆਈਆ । ਤੂੰ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਕੰਤ ਕੰਤੂਹਲੇ, ਕ਼ਾਦਰ ਕਰਤਾ ਨਜ਼ਰੀ ਆਈਆ । ਕੀ ਹੋਇਆ ਜੇ ਗੋਬਿੰਦ ਤੇਰੇ ਕੋਲੋਂ ਆਪਣਾ ਲਹਿਣਾ ਦੇਣਾ ਵਸੂਲੇ, ਝਗੜਾ ਅਵਰ ਨਾ ਕੋਇ ਰਖਾਈਆ । ਦੀਨ ਦਿਆਲ ਆਪਣਾ ਸ਼ਬਦ ਹੁਕਮ ਦੇ ਮਾਕੂਲੇ, ਮਹਿਬੂਬ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਹੇ ਵੇਖ ਗੁਰਮੁਖ ਸੋਹਣੇ ਸਜੇ, ਸੱਜਣ ਧੁਰ ਦੇ ਦਿਆਂ ਜਣਾਈਆ । ਜਿਨ੍ਹਾਂ ਦੇ ਪੜਦੇ ਲੈਣੇ ਕੱਜੇ, ਕੱਜਲ ਧਾਰ ਰਹੇ ਵਖਾਈਆ । ਨਿਰਗੁਣ ਤੇਰਾ ਔਣਾ ਕਦੇ ਕਦੇ, ਨੌ ਸੌ ਚੁਰਾਨਵੇ ਚੌਕੜੀ ਜੁਗ ਸਮਝ ਕਿਸੇ ਨਾ ਆਈਆ । ਪਰਮ ਪੁਰਖ ਪਰਮਾਤਮ ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮ ਅੰਦਰ ਬੱਧੇ, ਬੰਦਨਾ ਵਿਚ ਡੰਡਾਵਤ ਵਿਚ ਸੱਯਦਿਆਂ ਵਿਚ ਤੈਨੂੰ ਸੀਸ ਨਿਵਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਤੇਰੇ ਪ੍ਰੇਮ ਵਿਚ ਮੱਧੇ, ਮਧੁਰ ਧੁਨ ਉਨ੍ਹਾਂ ਦੇ ਸੁਣਾਈਆ । ਮੈਂ ਚਾਹੁੰਦਾ

੨੧੧

੨੧

ਗੁਰਮੁਖਾਂ ਦੇ ਅੰਦਰ ਤੇਰੀ ਜੋਤ ਜਗੇ, ਦਿਵਸ ਰੈਣ ਹੋਵੇ ਰੁਸ਼ਨਾਈਆ । ਤੈਨੂੰ ਮਿਲ ਕੇ ਫੇਰ ਕੋਈ ਨਾ ਭੱਜੇ, ਭਜਨ ਬੰਦਗੀ ਆਪਣਾ ਨਾਮ ਦੇਣਾ ਦ੍ਰਿੜਾਈਆ । ਚਾਰ ਜੁਗ ਵਿਚ ਗੁਰ ਅਵਤਾਰ ਪੈਗ਼ੰਬਰਾਂ ਮਨੁੱਸ਼ਾਂ ਦੇ ਰੰਗ ਕਰ ਦਿਤੇ ਡੱਬੇ, ਮਜ਼੍ਹਬਾਂ ਵਾਲੀ ਵੰਡ ਵੰਡਾਈਆ । ਦੀਨਾਂ ਵਾਲੀ ਹੱਦ ਕੋਈ ਨਾ ਟੱਪੇ, ਰੁੜ੍ਹਦੀ ਵੇਖ ਲੋਕਾਈਆ । ਸਦੀ ਚੌਧਵੀਂ ਸਭ ਨੇ ਵੇਖ ਲਏ ਮਜ਼ੇ, ਮਜ਼ਾਕ਼ ਤੇਰਾ ਨਾਮ ਉਡਾਈਆ । ਸਾਧ ਸੰਤ ਸਮਝ ਸਕੇ ਕੋਈ ਨਾ ਵਜਹੇ, ਪੜਦਾ ਅੱਗੇ ਨਾ ਕੋਇ ਉਠਾਈਆ । ਜਿਧਰ ਵੇਖੇ ਸਾਰੇ ਕਰਦੇ ਦਗ਼ੇ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਕਿਸੇ ਅੰਦਰ ਨਾ ਲੱਭੇਂ, ਇਹ ਤੇਰੀ ਬੇਪਰਵਾਹੀਆ । ਜੇ ਤੂੰ ਆਇਓਂ ਜੋਤ ਸਰੂਪ ਲੋਕਮਾਤ ਪੈਰ ਦੱਬੇ, ਖਟਕਾ ਕਰਨ ਕੋਇ ਨਾ ਪਾਈਆ । ਵੇਖੀਂ ਹੁਣ ਖੇਲ ਰਹਿਣ ਨਹੀਂ ਦੇਣਾ ਗੱਭੇ, ਦੁਆਬੇ ਵਾਲੇ ਰਹੇ ਜਣਾਈਆ । ਜਿਸ ਕਾਰਨ ਮਾਝੇ ਵਾਲੇ ਸੱਦੇ, ਲੇਖਾ ਪਿਛਲਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਕਹੇ ਪ੍ਰਭ ਇਨ੍ਹਾਂ ਦਾ ਆਪਣੇ ਘਰ ਵਿਚ ਲਾ ਲੈ ਨਾਵਾਂ, ਨਾਮ ਨਿਧਾਨ ਦੇ ਜਣਾਈਆ । ਜਿਨ੍ਹਾਂ ਨੇ ਸੱਤਾਂ ਰੰਗਾਂ ਨਾਲ ਸਜਾਈਆ ਬਾਹਵਾਂ, ਬਾਹਵਾਂ ਮੈਨੂੰ ਰਹੇ ਵਖਾਈਆ । ਜੋ ਤੂੰ ਗੋਬਿੰਦ ਨਾਲ ਲਈਆਂ ਲਾਵਾਂ, ਗੁਰਮੁਖ ਗੋਬਿੰਦ ਲੈ ਪ੍ਰਨਾਈਆ । ਅੱਜ ਤੋਲ ਕਰ ਦੇ ਸਾਵਾਂ, ਕਾਣੀ ਵੰਡ ਨਾ ਕੋਇ ਰਖਾਈਆ । ਮੇਰਾ ਕੌਲ ਇਕ਼ਰਾਰ ਪੂਰਾ ਹੋਵੇ ਨਾਲ ਚਾਵਾਂ, ਚਾਉ ਘਨੇਰਾ ਦੇਣਾ ਪ੍ਰਗਟਾਈਆ । ਮੇਰਾ ਤੇਰੇ ਉਤੇ ਦਾਅਵਾ, ਦਾਅਵੇ ਨਾਲ ਸੁਣਾਈਆ । ਇਨ੍ਹਾਂ ਗੁਰਮੁਖਾਂ ਇਨ੍ਹਾਂ ਭਗਤਾਂ ਨਾਤੇ ਛੱਡ ਦਿਤੇ ਪੁੱਤਰਾਂ ਮਾਵਾਂ, ਤੇਰੀ ਗੋਦ ਵੇਖ ਵਖਾਈਆ । ਹੰਸ ਬਣਾ ਦੇ ਬੰਸ ਬਣਾ ਦੇ ਬੁੱਧੀ ਰਹੇ ਨਾ ਵਾਂਗ ਕਾਵਾਂ,

ਮਾਣਕ ਮੋਤੀ ਚੋਗ ਚੁਗਾਈਆ । ਤੇਰੇ ਚਰਨਾਂ ਬਲ ਬਲ ਜਾਵਾਂ, ਗੁਰਮੁਖ ਰਹੇ ਨਾ ਕੋਇ ਨਿਥਾਵਾਂ, ਦਰਗਾਹ ਸਾਚੀ ਦੇ ਵਡਿਆਈਆ । ਜਿਸ ਤਰਾ ਪ੍ਰਭੂ ਮੈਂ ਤੇਰੀ ਸੇਜ ਰਾਵਾਂ, ਗੁਰਮੁਖਾਂ ਨੂੰ ਓਸੇ ਥਾਂ ਬਹਾਵਾਂ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਗੋਬਿੰਦ ਕਹੇ ਪ੍ਰਭੂ ਆਹ ਵੇਖ ਅਗੰਮੀ ਹੰਸ, ਗੁਰਮੁਖ ਸੋਹਣੇ ਨਜ਼ਰੀ ਆਈਆ । ਇਹ ਜੋਤ ਧਾਰ ਦਾ ਬੰਸ, ਸ਼ਬਦ ਨਾਲ ਕੁੜਮਾਈਆ । ਮਨ ਹੰਕਾਰੀ ਰਹੇ ਨਾ ਕੰਸ, ਰਾਵਣ ਕਰੋਧ ਦੇਣਾ ਕਢਾਈਆ । ਕੀ ਹੋਇਆ ਜੇ ਤੇਰਾ ਨਾਮ ਗਾਇਆ ਜਿਹਵਾ ਨਾਲ ਸਹੰਸ, ਦੋਏ ਸਹੰਸਰ ਕੰਮ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਪੂਰ ਕਰਾਈਆ । ਗੋਬਿੰਦ ਕਹੇ ਆਹ ਵੇਖ ਉਹ ਗੁਰਮੁਖ ਸੱਜਣ, ਜਿਹੜੇ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਬਿਨਾ ਪੁਰਖ ਅਕਾਲ ਤੋਂ ਕਰਨਾ ਨਹੀਂ ਹੋਰ ਭਜਨ, ਪਿਛਲੀ ਬੰਦਗੀ ਝੋਲੀ ਪਾਈਆ । ਇਨ੍ਹਾਂ ਦਾ ਲੇਖੇ ਲੌਣਾ ਬਦਨ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਬਿਨਾ ਤੇਲ ਬਾਤੀ ਤੋਂ ਦੀਪਕ ਜਗਣ, ਜੋਤ ਨੂਰ ਹੋਵੇ ਰੁਸ਼ਨਾਈਆ । ਜੇ ਪੁਰਖ ਅਕਾਲ ਅੱਜ ਨਾ ਪਾਵੇਂ ਸਗਣ, ਸਚ ਪ੍ਰੇਮ ਨਾ ਕਰੇਂ ਕੁੜਮਾਈਆ । ਘਰ ਘਰ ਨਾ ਵਾਜੇ ਵੱਜਣ, ਅਨਹਦ ਨਾਦ ਨਾ ਕੋਇ ਸ਼ਨਵਾਈਆ । ਇਨ੍ਹਾਂ ਪਿਆਰਿਆਂ ਨੇ ਜੰਗਲਾਂ ਵਿਚ ਨਹੀਂ ਜਾਣਾ ਲੱਭਣ, ਮੰਦਰ ਮਸੀਤਾਂ ਫੇਰਾ ਕੋਇ ਨਾ ਪਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਚਾੜ੍ਹ ਰੰਗਣ, ਰੰਗ ਆਪਣਾ ਦੇਣਾ ਰੰਗਾਈਆ । ਇਨ੍ਹਾਂ ਨਹਾਵਣ ਨਹੀਂ ਜਾਣਾ ਗੰਗਾ ਜਮਨ, ਗੋਦਾਵਰੀ ਸੁਰਸਤੀ ਫੇਰਾ ਕੋਇ ਨਾ ਪਾਈਆ । ਜੇ ਮੈਂ ਗੋਬਿੰਦ ਤੇ ਪਿਛਲਾ ਦੁਸ਼ਟ ਦਮਨ, ਦਮਾਂ ਦਾ ਲੇਖਾ ਰਹੇ ਨਾ ਰਾਈਆ । ਇਨ੍ਹਾਂ ਦੀ ਆਪਣੀ ਜੋਤ ਵਿਚ ਮਿਲਾ ਲੈ ਪਵਣ, ਸੁਵਾਸ ਸੁਵਾਸ ਵਿਚ ਮਿਲਾਈਆ । ਜੇ ਕੋਈ ਮੈਨੂੰ ਪੁਛੇ ਪੁਰਖ ਅਕਾਲ ਕਵਣ, ਘਟ ਘਟ ਰਮਿਆਂ ਦਿਆਂ ਵਖਾਈਆ । ਇਨ੍ਹਾਂ ਦੇ ਉਤੇ ਮੇਘ ਬਰਸ ਦੇ ਸਵਣ, ਅਗਨੀ ਤਤ ਦੇ ਗਵਾਈਆ । ਕੂੜੀ ਕਿਰਿਆ ਕਰ ਦੇ ਦਮਨ, ਆਪਣੇ ਵਿਚ ਛੁਪਾਈਆ । ਇਹ ਗੋਬਿੰਦ ਦਾ ਚਮਨ, ਕਲੀ ਕਲੀ ਮਹਿਕਾਈਆ । ਹੁਣ ਮੈਂ ਕੋਈ ਨੈਣਾਂ ਦੇਵੀ ਕਰਨ ਨਹੀਂ ਜਾਣਾ ਹਵਨ, ਧੂਣੀ ਅੱਗ ਨਾ ਕੋਇ ਤਪਾਈਆ । ਕੁਛ ਲੇਖਾ ਵੇਖ ਬਾਵਨ, ਬਲ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਵੇਖ ਵਖਾਈਆ । ਗੋਬਿੰਦ ਕਹੇ ਵੇਖ ਮੇਰੇ ਪ੍ਰੇਮੀ, ਪ੍ਰੀਤਮ ਦਿਆਂ ਜਣਾਈਆ । ਜਿਹੜੇ ਅੰਦਰੋਂ ਧੁਰ ਦੇ ਨੇਮੀ, ਨਿਮਰਤਾ ਵਿਚ ਸੀਸ ਨਿਵਾਈਆ । ਸਾਚੇ ਸਾਕ ਸੈਣੀ, ਮਿਤ੍ਰ ਰਹੇ ਅਖਵਾਈਆ । ਅੱਜ ਦਰਸ ਕਰ ਲੈ ਬਿਨਾ ਨੈਣੀ, ਨੈਣ ਮੁੰਧਾਰੀ ਤੈਨੂੰ ਦਿਆਂ ਦ੍ਰਿੜਾਈਆ । ਇਹ ਕਥਾ ਕਹਾਣੀ ਫੇਰ ਗੋਬਿੰਦ ਨਹੀਂ ਸੁਣੌਣੀ, ਸ਼ਬਦ ਸ਼ਬਦ ਨਾ ਕੋਇ ਸੁਣਾਈਆ । ਵੇਖੀਂ ਕਿਸ ਬਿਧ ਕੂੜੀ ਕਿਰਿਆ ਧਾਰ ਵਹਿਣੀ, ਰੁੜ੍ਹਦੀ ਦਿਸੇ ਲੋਕਾਈਆ । ਕਿਸੇ ਕੰਮ ਨਹੀਂ ਆਉਣਾ ਨਹਾਵਣ ਕੀਤਾ ਤ੍ਰਿਬੈਣੀ, ਤ੍ਰੈਗੁਣ ਲੇਖਾ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਦੇ ਮੁਕਾਈਆ । ਗੋਬਿੰਦ ਕਹੇ ਸੁਣ ਪੁਰਖ ਅਕਾਲ ਵੇਖ ਲੈ ਗੁਰਮੁਖ ਚੰਗੇ ਮੰਦੇ, ਸਾਹਿਬ ਦਿਆਂ ਸੁਣਾਈਆ । ਬਾਹਰੋਂ ਦਿਸਦੇ ਤੱਤਾਂ ਵਾਲੇ ਬੰਦੇ, ਜਗਤ ਮਨੁੱਸ਼ ਨਜ਼ਰੀ ਆਈਆ । ਜੇ ਅੰਦਰੋਂ ਤੱਕੇਂ ਤੇਰੇ ਪ੍ਰੇਮ ਵਿਚ ਰੰਗੇ, ਤੂੰਹੀ ਤੂੰਹੀ ਢੋਲਾ ਗਾਈਆ । ਦੀਨ ਮਜ਼੍ਹਬ ਦੀ ਮੰਜ਼ਲ ਲੰਘੇ, ਜ਼ਾਤ ਪਾਤ ਦਾ ਡੇਰਾ ਢਾਹੀਆ । ਇਹ ਫਿਰਦੇ ਤੇਰੇ ਵਿਚ ਬ੍ਰਹਿਮੰਡੇ, ਜੀਉ ਪਿੰਡ ਦਾ ਲੇਖਾ ਦੇ ਮੁਕਾਈਆ । ਇਨ੍ਹਾਂ ਦੀ ਲਾਜ ਰੱਖਣੀ

ਜਿਨ੍ਹਾਂ ਨੇ ਸੀਸ ਰਖਾਏ ਕੰਘੇ, ਮੁੱਛ ਦਾਹੜੀ ਨਾਲ ਵਡਿਆਈਆ । ਜਿਹੜੇ ਚਲ ਕੇ ਆਏ ਪੈਰੀਂ ਨੰਗੇ, ਤੇਰੇ ਪ੍ਰੇਮ ਵਿਚ ਸਮਾਈਆ । ਨੇਤਰਹੀਣ ਨਾ ਹੋਵਣ ਅੰਧੇ, ਨਿਜ ਲੋਚਣ ਨੈਣ ਦੇਣਾ ਖੁਲ੍ਹਾਈਆ । ਗੋਬਿੰਦ ਆਪਣੀ ਵਸਤ ਕੋਈ ਨਾ ਮੰਗੇ, ਬਿਨ ਗੁਰਮੁਖਾਂ ਵਸਤ ਕੋਇ ਨਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲੈਣਾ ਮਿਲਾਈਆ । ਗੋਬਿੰਦ ਕਹੇ ਇਹ ਵੇਖ ਵੱਡੇ ਛੋਟੇ, ਬਾਲੇ ਨੱਢੇ ਨਜ਼ਰੀ ਆਈਆ । ਜਿਨ੍ਹਾਂ ਪਿਛੇ ਮੈਂ ਵਾਰੇ ਜਿਗਰ ਦੇ ਟੋਟੇ, ਨੀਹਾਂ ਹੇਠ ਦਬਾਈਆ । ਮੇਰੇ ਗੁਰਸਿਖ ਕਦੇ ਨਾ ਹੋਵਣ ਖੋਟੇ, ਖੋਟਿਉਂ ਖਰੇ ਬਣਾਈਆ । ਜਿਨ੍ਹਾਂ ਦੇ ਵਾਸਤੇ ਧਰਮ ਦੇ ਆ ਗਏ ਲੰਗੋਟੇ, ਤੇਲ ਮਾਲਸ਼ ਵਾਲਾ ਸੁਹਾਈਆ । ਤੇਰੇ ਪਿਆਰ ਵਿਚ ਮਾਰਨ ਗੋਤੇ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮੇਰੇ ਭਗਵਾਨ ਪੁਰਖ ਅਕਾਲ, ਗੋਬਿੰਦ ਬਿਨਾ ਗੁਰਮੁਖਾਂ ਸੋਚ ਕੋਈ ਨਾ ਸੋਚੇ, ਸਮਝ ਅਵਰ ਨਾ ਕੋਇ ਰਖਾਈਆ । ਜਿਹੜੇ ਹੋ ਗਏ ਤੇਰੇ ਮੇਰੇ ਜੋਗੇ, ਗਿਣਤੀ ਉਨ੍ਹਾਂ ਦਿਤੀ ਸਮਝਾਈਆ । ਅੱਜ ਲੇਖਾ ਬਾਕੀ ਰਹੇ ਨਾ ਕਾਇਆ ਚੋਗੇ, ਜਨਮ ਜਨਮ ਦਾ ਗੇੜਾ ਦੇਣਾ ਮੁਕਾਈਆ । ਓਨ੍ਹਾਂ ਦੇ ਹਿਰਦੇ ਜਾਣ ਸੋਧੇ, ਸਿੱਧੀ ਆਪਣੀ ਦੇਣੀ ਵਖਾਈਆ । ਝਗੜਾ ਮੁਕ ਜਾਏ ਲੋਕ ਪ੍ਰਲੋਕੇ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੜ੍ਹਿਆ ਸਲੋਕੇ, ਸੁਲਹਕੁਲ ਤੇਰੇ ਨਾਲ ਮਿਲ ਕੇ ਆਪਣਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਗੋਬਿੰਦ ਤਖ਼ਲੱਲੇ ਖੱਲਲ ਖ਼ੁਦਾ ਖ਼ਾਦਮ ਖ਼ਦੂ ਖ਼ੁਦੀ ਮੌਜ਼ੂ ਜ਼ਾਹਿਰਾ ਵਜ਼ਲ ਜ਼ਿਮੀ ਜ਼ਮਾਨੇ ਅਸਮਾਨੇ ਜ਼ਵਲ ਨਾਦ ਸ਼ਨਵਾਈਆ । ਤਮੀਜ਼ੇ ਰੋ ਮਹਿਬੂਬੇ ਮਜ਼ਾ ਗਜ਼ਾਨੇ ਜ਼ਾਹਿਰੇ ਜੋਹਾਈ, ਜੋਤੀ ਜੋਤ ਸਰੂਪ ਹਰਿ, ਆਪ
੨੧੯ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਲਹਿਣਾ ਤੂੰ ਪਾ ਦੇ ਝੋਲੀ, ਸਾਹਿਬ ਸਵਾਮੀਆਂ । ੨੧੯
ਤੇਰੀ ਅੰਤਰ ਦੀ ਗੋਲੀ, ਪ੍ਰਭ ਅੰਤਰਜਾਮੀਆਂ । ਬਦਲ ਦੇ ਕਲਜੁਗ ਬੋਲੀ, ਸ਼ਬਦੀ ਧੁਨ ਬਾਣੀਆਂ । ਖੇਡ ਦੇ ਸਾਚੀ ਹੋਲੀ, ਵੇਖਾਂ ਮੈਂ ਚਾਰੇ ਖਾਣੀਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਣੀਆਂ । ਪੁਰਖ ਅਕਾਲ ਕਹੇ ਕੀ ਹੋਲੀ ਵੇਖੇਂਗਾ, ਗੋਬਿੰਦ ਦਿਆਂ ਵਖਾਈਆ । ਗੋਬਿੰਦ ਕਿਹਾ ਕੀ ਖੇਲ ਅਗੰਮੀ ਖੇਡੇਂਗਾ, ਮੇਰੇ ਖ਼ਾਲਕ ਖ਼ਲਕ ਨੂਰ ਖ਼ੁਦਾਈਆ । ਪੁਰਖ ਅਕਾਲ ਕਿਹਾ ਕੀ ਮੇਰਾ ਸ਼ਬਦ ਸੰਦੇਸ਼ ਭੇਜੇਂਗਾ, ਚਾਰੋਂ ਕੁੰਟ ਥਾਉਂ ਥਾਈਆ । ਗੋਬਿੰਦ ਕਿਹਾ ਕੀ ਫਿਰ ਵੀ ਆਪਣਾ ਨਾਮ ਵੇਚੇਂਗਾ, ਜੁਗ ਜੁਗ ਜਗਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਗੋਬਿੰਦ ਕਹੇ ਮੈਂ ਕਿਉਂ ਤੈਨੂੰ ਕਿਹਾ ਅਕਾਲ, ਤੇਰਾ ਨਾਮ ਵਡਿਆਈਆ । ਮੈਂ ਕਿਉਂ ਨਹੀਂ ਕਹੀ ਚੰਗੀ ਧਰਮਸਾਲ, ਗ੍ਰੰਥਾਂ ਵਾਲੀ ਪੜ੍ਹਾਈਆ । ਮੈਂ ਕਿਉਂ ਨਹੀਂ ਕਿਹਾ ਦਿਆਲ ਤੇ ਕਾਲ, ਦੋਵੇਂ ਰੂਪ ਵਟਾਈਆ । ਮੈਂ ਕਿਉਂ ਨਹੀਂ ਬਦਲੀ ਆਪਣੀ ਚਾਲ, ਨਾਅਰਾ ਨਾਮ ਸੁਣਾਈਆ । ਮੈਂ ਜਾਂ ਤੱਕਿਆ ਤੂੰ ਸਭ ਦੀ ਸੁਰਤ ਰਿਹੋਂ ਸੰਭਾਲ, ਗੁਰ ਅਵਤਾਰ ਪੈਗ਼ੰਬਰ ਤੇਰੇ ਨੰਨ੍ਹੇ ਬੱਚੇ ਤੇਰੇ ਚਰਨਾਂ ਵਿਚ ਸੀਸ ਨਿਵਾਈਆ । ਮੈਂ ਜਾਣਿਆ ਤੂੰ ਵਲ ਛਲ ਕੀਤਾ ਵਿਚ ਜਹਾਨ, ਅਛਲ ਛਲਧਾਰੀ ਤੇਰੀ ਬੇਪ੍ਰਵਾਹੀਆ । ਕਿਸੇ ਨੂੰ ਬਣਾ ਕੇ ਰਾਮ, ਕਿਸੇ ਨੂੰ ਬਣਾ ਕੇ ਕਾਹਨ, ਬੰਸਰੀਆਂ ਦੀ ਧੁਨ ਦਿਤੀ ਸੁਣਾਈਆ । ਕਿਸੇ ਨੂੰ ਅੱਲਾ ਕਿਸੇ ਨੂੰ ਸਤਿਨਾਮ ਦਾ ਦੱਸਿਆ ਇੰਤਜ਼ਾਮ, ਕਿਸੇ ਨੂੰ ਵਾਹਵਾ ਗੁਰੂ ਦਿਤਾ ਸਮਝਾਈਆ । ਪ੍ਰਭੂ ਤੇਰੇ ਨਾਮ ਨੇ ਤੇਰੇ ਪਿਆਰਿਆਂ ਦਾ ਕੀਤਾ ਕ਼ਤਲੇਆਮ, ਸੂਫ਼ੀਆਂ ਨੂੰ

ਸੂਲੀਆਂ ਉਤੇ ਚੜ੍ਹਾਈਆ । ਤੇਰਾ ਬਦਲਣ ਵਾਲਾ ਨਾਮ, ਤੈਨੂੰ ਕਰਦਾ ਰਿਹਾ ਬਦਨਾਮ, ਬਦਲਾ ਸਕਿਆ ਨਾ ਕੋਇ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਭੇਜੇ ਬਣਾ ਕੇ ਗ਼ੁਲਾਮ, ਸੱਜਦਿਆਂ ਵਿਚ ਤੈਨੂੰ ਸੀਸ ਝੁਕਾਈਆ । ਅੱਖਰਾਂ ਵਾਲੀ ਦੱਸ ਕੇ ਕਲਾਮ, ਕਾਇਨਾਤ ਵਿਚ ਭਟਕਾਈਆ । ਮੈਂ ਗੋਬਿੰਦ ਨਿਰਗੁਣ ਧਾਰ ਸ਼ਬਦ ਅਮਾਮ, ਮਹਦੀ ਮੈਂਹਦੀ ਤੇਰਾ ਨਾਮ ਰੰਗਾਈਆ । ਮੈਨੂੰ ਕਹਿੰਦੇ ਕਲ ਕਲਕੀ ਤੇ ਉਸ ਦਾ ਤੇਰੇ ਸਿਰ ਨਾ ਕੋਇ ਇਲਜ਼ਾਮ, ਜ਼ੁਲਮ ਜਗਤ ਨਾ ਕੋਇ ਕਮਾਈਆ । ਮਜ਼੍ਹਬਾਂ ਵਾਲਾ ਕਰੇ ਨਾ ਕੋਇ ਘਮਸਾਨ, ਘੁੰਮਣ ਘੇਰ ਵਿਚ ਨਾ ਪਾਏ ਲੋਕਾਈਆ । ਜੇ ਪਰਗਟ ਹੋਵਾਂ ਤੇ ਪ੍ਰਗਟ ਹੋਵਾਂ ਸ਼ਰੇਆਮ, ਕਾਗ਼ਜ਼ਾਂ ਵਾਲੀ ਸਿਫ਼ਤ ਮੋਹੇ ਨਾ ਭਾਈਆ । ਹੁਣ ਮੈਂ ਰਾਮ ਨਹੀਂ ਜੰਗਲਾਂ ਵਿਚ ਕੱਟਾਂ ਬਨਬਾਸ, ਸੀਤਾ ਪਿਛੇ ਰੋ ਰੋ ਨੀਰ ਵਹਾਈਆ । ਮੈਂ ਕ੍ਰਿਸ਼ਨ ਨਹੀਂ ਮੁਕਟ ਬੈਣ ਨਹੀਂ ਕਵਲ ਨੈਣ ਨਹੀਂ ਸਖ਼ੀਆਂ ਤੋਂ ਕਰੌਣ ਵਾਲਾ ਇਸ਼ਨਾਨ, ਗਊਆਂ ਪਿਛੇ ਪਾਲੀ ਬਣ ਕੇ ਬਿੰਦਰਾਬਨ ਫੇਰਾ ਪਾਈਆ । ਮੈਂ ਮੂਸਾ ਨਹੀਂ ਮੂੰਹ ਪਰਨੇ ਡਿੱਗ ਕੇ ਆਪਨਾ ਆਪ ਨਾ ਸਕਾਂ ਥਾਮ, ਜੋਤ ਦੀ ਝਲਕ ਪਲਕ ਨਾ ਕੋਇ ਸਮਝਾਈਆ । ਮੈਂ ਈਸਾ ਨਹੀਂ ਫਾਸੀ ਦਾ ਤੇਰਾ ਸੁਣ ਪੈਗ਼ਾਮ, ਫਿਰ ਵੀ ਤੇਰਾ ਢੋਲਾ ਗਾਈਆ । ਮੈਂ ਮੁਹੰਮਦ ਨਹੀਂ ਕਰ ਕੇ ਕ਼ਤਲੇਆਮ, ਕ਼ਤਲਗਾਹ ਤੇਰੀ ਦਰ ਘਰ ਦਿਆਂ ਬਣਾਈਆ । ਮੈਂ ਨਾਨਕ ਨਹੀਂ ਫੜ ਕੇ ਸਤਿਨਾਮ, ਭੱਜਾਂ ਥਾਉਂ ਥਾਈਂਆ । ਮੈਂ ਗੋਬਿੰਦ ਨਹੀਂ ਪਾ ਕੇ ਕਿਰਪਾਨ, ਖੰਡਾ ਖੜਕ ਜਗਤ ਝਟਕਾਈਆ । ਮੈਂ ਤੇਰਾ ਸ਼ਬਦ ਸੁਤ ਬਲਵਾਨ, ਜਿਸ ਦਾ ਦਿਸੇ ਨਾ ਕੋਇ ਨਿਸ਼ਾਨ, ਨਜ਼ਰ ਆਵੇ ਨਾ ਵਿਚ ਜਹਾਨ, ਰਸਨਾ ਕਰੇ ਨਾ ਕੋਇ ਵਖਾਨ, ਬਾਣੀ ਦੇਵੇ ਨਾ ਕੋਇ ਗਿਆਨ, ਬੁੱਧੀਵਾਨ ਨਾ ਕੋਇ ਵਡਿਆਈਆ । ਮੈਂ ਲੱਭਾਂ ਨਾ ਉਤੇ ਅਸਮਾਨ, ਜ਼ਿਮੀਂ ਉਤੇ ਨਹੀਂ ਕੋਈ ਦੁਕਾਨ, ਬ੍ਰਹਿਮੰਡਾਂ ਖੰਡਾਂ ਵਿਚ ਨਹੀਂ ਕੋਈ ਕਾਨ, ਮੰਗਣ ਵਾਲਾ ਨਹੀਂ ਕੋਈ ਦਾਨ, ਪੂਜਣ ਵਾਲਾ ਨਹੀਂ ਕੋਈ ਪੱਥਰਾਂ ਵਾਲਾ ਭਗਵਾਨ, ਤਿਲਕਾਂ ਵਾਲੀ ਲੋੜ ਨਾ ਕੋਇ ਰਖਾਈਆ । ਪ੍ਰਭੂ ਇਕ ਤੇਰਾ ਸ਼ਬਦ ਸੁਤ ਬਲਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਜਿਸ ਨੂੰ ਮਾਈ ਜੰਮੇ ਨਾ ਕੋਈ ਆਣ, ਪਿਤਾ ਗੋਦ ਨਾ ਕੋਇ ਸੁਹਾਈਆ । ਕਦੇ ਨਾ ਜਾਏ ਵਿਚ ਮਸਾਣ, ਪੈਗ਼ੰਬਰਾਂ ਵਾਂਗ ਕ਼ਬਰਾਂ ਵਿਚ ਨਾ ਕੋਇ ਦਬਾਈਆ । ਅੱਖਰਾਂ ਵਿਚ ਗਾਏ ਨਾ ਕੋਈ ਗਾਣ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਪ੍ਰਭੂ ਨਾ ਮੈਂ ਬਣਿਆ ਕਿਸੇ ਦਾ ਜਜਮਾਨ, ਨਾ ਮੰਗਤਾ ਹੋ ਕੇ ਝੋਲੀ ਡਾਹੀਆ । ਜਦ ਦੇਵਾਂ ਦੇਵਾਂ ਤੇਰਾ ਹੁਕਮ ਫ਼ਰਮਾਨ, ਧੁਰ ਸੰਦੇਸਾ ਇਕ ਸੁਣਾਈਆ । ਜੁਗ ਚੌਕੜੀ ਬਦਲਣਾ ਇਹ ਮੇਰਾ ਇੰਤਜ਼ਾਮ, ਤੇਰੇ ਹੁਕਮ ਵਿਚ ਹੁਕਮ ਬਦਲਾਈਆ । ਕਿਆ ਕੋਈ ਜਾਣੇ ਇਹ ਤੱਤਾਂ ਵਾਲਾ ਇਨਸਾਨ, ਤੱਤਾਂ ਵਿਚ ਮਤਿ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦਰ ਇਕੋ ਦੇਣਾ ਜਣਾਈਆ । ਗੋਬਿੰਦ ਕਹੇ ਪ੍ਰਭੂ ਮੈਂ ਨਹੀਂ ਤੇਰਾ ਮੰਗਤਾ, ਮੰਗਣ ਦੀ ਲੋੜ ਰਹੀ ਨਾ ਰਾਈਆ । ਮੈਂ ਪਿਆਰ ਮੰਗਿਆ ਤੇਰੀਆਂ ਸੰਗਤਾਂ, ਨਾਤਾ ਭਗਤਾਂ ਨਾਲ ਜੁੜਾਈਆ । ਇਨ੍ਹਾਂ ਦੇ ਅੰਦਰੋਂ ਕੱਢ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਉਨ੍ਹਾਂ ਨੂੰ ਕੋਈ ਆਸ ਨਾ ਰਹੇ ਸਵਰਗ ਬਹਿਸ਼ਤ ਜੱਨਤਾਂ, ਜੱਨਤ ਬਹਿਸ਼ਤ ਇਨ੍ਹਾਂ ਦੇ ਚਰਨਾਂ ਹੇਠਾਂ ਦੇਣੇ ਦਬਾਈਆ । ਤੇਰੇ ਦੁਆਰੇ ਰਹੇ ਕੋਈ ਨਾ ਭੁੱਖਾ ਨੰਗਤਾ, ਨਾਮ ਭੰਡਾਰ ਦੇਣਾ ਭਰਾਈਆ । ਤੂੰ ਬੋਧ ਅਗਾਧਾ ਪੰਡਤਾ, ਬੁੱਧੀ ਤੋਂ ਪਰੇ ਦੇਣਾ ਸਮਝਾਈਆ । ਜੇ ਪੂਜਣ ਤੇ ਇਕੋ ਕਰਨ ਤੇਰੀ ਮੰਨਤਾ, ਜੰਮਣ ਮਰਨ ਵਾਲੇ ਗੁਰੂ ਨੂੰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮੇਰੀ ਆਸਾ

ਵੇਖ ਵਖਾਈਆ । ਪੁਰਖ ਅਕਾਲ ਕਹੇ ਤੇਰੀ ਆਸਾ ਬਹੁ ਵੱਡੀ, ਵੱਡੇ ਨਾਲ ਵਡਿਆਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਆਪਣੇ ਪ੍ਰੇਮ ਨਾਲ ਬੱਧੀ, ਇਸ਼ਟੀ ਸਭ ਦਾ ਆਪ ਅਖਵਾਈਆ । ਗੋਬਿੰਦ ਪੂਰੀ ਹੋ ਲੈਣ ਦੇ ਚੌਧਵੀਂ ਸਦੀ, ਬਾਰਾਂ ਸਾਲ ਲੰਘਦਿਆਂ ਦੇਰ ਲੱਗੇ ਨਾ ਰਾਈਆ । ਮੈਂ ਕੋਈ ਰਹਿਣ ਨਹੀਂ ਦੇਣਾ ਜਿਹੜਾ ਖਾਂਦਾ ਵੱਛੀ ਢੱਗੀ, ਸਾਰੇ ਧਰਮ ਰਾਏ ਦੀ ਚਾੜ੍ਹਨੇ ਗੱਡੀ, ਗਾਡ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਇਕੋ ਨਾਮ ਦੇਣਾ ਸਮਝਾਈਆ । ਨਿਰਗੁਣ ਜੋਤ ਨਿਰੰਕਾਰ ਦੀ ਜਗੀ, ਅੰਧ ਅੰਧੇਰ ਦਏ ਮਿਟਾਈਆ । ਸਭ ਨੂੰ ਮੰਨਣਾ ਪਏ ਪਤਿਪਰਮੇਸ਼ਵਰ ਕਮਲਾਪਤੀ, ਪਾਰਬ੍ਰਹਮ ਬੇਪ੍ਰਵਾਹੀਆ । ਜਿਨ੍ਹਾਂ ਨੂੰ ਨਾਮ ਨਹੀਂ ਮਿਲਿਆ ਰਤੀ, ਓਨ੍ਹਾਂ ਦੇ ਭੰਡਾਰੇ ਦੇਣੇ ਭਰਾਈਆ । ਗੁਰਮੁਖੋ ਕਿਸੇ ਨੂੰ ਦੂਜੇ ਕੋਲ ਜਾਣ ਨਹੀਂ ਦੇਣਾ ਵਾਸਤੇ ਗਤੀ, ਆਵਣ ਜਾਵਣ ਦਾ ਪੰਧ ਦੇਣਾ ਮੁਕਾਈਆ । ਕਿਸੇ ਸਾਧ ਸੰਤ ਵਿਚ ਜਗਣੀ ਨਹੀਂ ਮੋਮਬੱਤੀ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜਿਧਰ ਵੇਖੋ ਵਾ ਵਗਣੀ ਤੱਤੀ, ਤੱਤਾਂ ਦਏ ਤਪਾਈਆ । ਇਹ ਕਲਜੁਗ ਦੀ ਅੰਤ ਅਖ਼ੀਰੀ ਭੱਠੀ, ਪਟਨੇ ਵਾਲਾ ਰਿਹਾ ਜਲਾਈਆ । ਜਿਸ ਦੀ ਪੁਰਖ ਅਕਾਲ ਨਾਲ ਪੈ ਗਈ ਪੱਤੀ, ਹਿੱਸੇਦਾਰ ਅਖਵਾਈਆ । ਇਹ ਉਸ ਨੂੰ ਖੇਲ ਲੱਗੀ ਅੱਛੀ, ਅੱਛੀ ਤਰਾ ਦ੍ਰਿੜਾਈਆ । ਜਿਹੜੀ ਦੁਨੀਆ ਕਾਇਨਾਤ ਮਨ ਵਾਸਨਾ ਫਿਰੇ ਭੱਜੀ, ਚਾਰੋਂ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਗੋਬਿੰਦ ਕਹੇ ਮੇਰੇ ਸਾਹਿਬ ਸਰਬੰਗ, ਦੀਨ ਤੇਰੀ ਸਰਨਾਈਆ । ਸਾਚਾ ਦੇ ਅਗੰਮਾ ਅਨੰਦ, ਅਗੰਮੜਾ ਭੇਵ ਖੁਲ੍ਹਾਈਆ । ਨੂਰੀ ਵਖਾ ਆਪਣਾ ਚੰਦ, ਚੰਦ ਨੂਰ ਹੋਵੇ ਰੁਸ਼ਨਾਈਆ । ਜਿਹੜੇ ਸੰਤ ਸੁਹੇਲੇ ਗੁਰਮੁਖ ਤੇਰੇ ਪਿਆਰ ਦੇ ਹੋਏ ਪਾਬੰਦ, ਆਪਾ ਭੇਟ ਕਰਾਈਆ । ਅੱਜ ਉਨ੍ਹਾਂ ਨੂੰ ੨੮੧
ਕੁਛ ਵੰਡ, ਆਪਣੀ ਗੰਢ ਖੁਲ੍ਹਾਈਆ । ਜਨਮ ਜਨਮ ਦੇ ਸੜਦਿਆਂ ਪਾ ਠੰਡ, ਤੱਤੀ ਵਾ ਨਾ ਲੱਗੇ ਰਾਈਆ । ਨਿਜ ਆਤਮ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਜੋ ਤੇਰਾ ਗੌਂਦੇ ਛੰਦ, ਗੋਬਿੰਦ ਤੂੰ ਹੀ ਪਿਤਾ ਮਾਈਆ । ਕਾਇਆ ਚੋਲੀ ਦੇਣੀ ਰੰਗ, ਜਗਤ ਲਲਾਰੀ ਲੋੜ ਰਹੇ ਨਾ ਰਾਈਆ । ਭੇਵ ਖੁਲ੍ਹਾ ਦੇ ਬ੍ਰਹਮ ਹੰ, ਹੰ ਬ੍ਰਹਮ ਆਪ ਦ੍ਰਿੜਾਈਆ । ਜਿਹੜੇ ਭਗਤ ਸੁਹੇਲੇ ਤੇਰੇ ਘਰ ਪਏ ਜੰਮ, ਭਗਤ ਦੁਆਰੇ ਸੋਭਾ ਪਾਈਆ । ਇਨ੍ਹਾਂ ਦਾ ਲੇਖੇ ਲਾ ਲੈ ਦਮ, ਦਾਮਨਗੀਰ ਆਪ ਹੋ ਜਾਈਆ । ਝਗੜਾ ਰਹੇ ਨਾ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜਨਮ ਮਰਨ ਦਾ ਰਹੇ ਕੋਈ ਨਾ ਗ਼ਮ, ਗ਼ਮਖ਼ਾਰ ਹੋਣਾ ਸਹਾਈਆ । ਚੁਰਾਸੀ ਵਿਚੋਂ ਬੇੜਾ ਬੰਨ੍ਹ, ਭਵਜਲ ਪਾਰ ਕਰਾਈਆ । ਜੋ ਤੇਰੇ ਪ੍ਰੇਮ ਨਾਲ ਗਏ ਮੰਨ, ਮਨ ਉਨ੍ਹਾਂ ਦੇਣਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਆਇਆਂ ਗੁਰਮੁਖਾਂ ਸਾਚਿਆਂ ਸਿੱਖਾਂ ਭਗਤਾਂ ਸੰਤਾਂ ਹੁਣ ਖਾ ਲੈਣ ਦੇ ਅੰਨ, ਅੰਨਦਾਤੇ ਤੇਰੀ ਵਡ ਵਡਿਆਈਆ । ਫੇਰ ਸਾਰਿਆਂ ਦੇ ਫੜ ਕੇ ਕੰਨ, ਸਵਾਧਾਨ ਲੈਣੇ ਕਰਾਈਆ । ਆਓ ਤੁਹਾਨੂੰ ਵਖਾਵਾਂ ਉਹ ਚੰਨ, ਜਿਸ ਨੂੰ ਗੁਜਰੀ ਚੰਨ ਕਹੇ ਲੋਕਾਈਆ । ਬ੍ਰਹਿਮੰਡ ਖੰਡ ਕਰਨ ਧੰਨ ਧੰਨ, ਧਰਨੀ ਧਰਤ ਧਵਲ ਧੌਲ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸੇਰਾ ਰੱਖੇ ਬਿਨ ਸਦਾ ਛੱਪਰੀ ਛੰਨ, ਮੰਦਰ ਮਹੱਲ ਅਟਲ ਉਚ ਮਨਾਰ ਜਗਤ ਸੰਸਾਰ ਨਜ਼ਰ ਕਿਸੇ ਨਾ ਆਈਆ ।

ਗੋਬਿੰਦ ਕਿਹਾ ਸ਼ਿਵਾ ਵਰ ਮੋਹੇ ਦਿਓ, ਦਿਓ ਦੇਵ ਵਡਿਆਈਆ । ਨਿਰਗੁਣ ਨਿਰਗੁਣ ਲੱਗੇ ਨੇਹੋਂ, ਨਿਰੰਕਾਰ ਤੇਰੀ ਸ਼ਰਨਾਈਆ । ਪੁਰਖ ਅਕਲ ਬਣਿਆ ਪਿਓ, ਮਾਤ ਇਕ ਹੋ ਜਾਈਆ । ਜੋ ਆਦਿ ਜੁਗਾਦਿ ਰਹਿਓ, ਰਹਿਬਰ ਨੂਰ ਖ਼ੁਦਾਈਆ । ਅੰਮ੍ਰਿਤ ਬਰਖੇ ਮੇਹੋਂ, ਸੀਤਲ ਧਾਰ ਵਹਾਈਆ । ਨਿਰਮਲ ਕਰੇ ਜੀਉ, ਪਤਤ ਪੁਨੀਤ ਬਣਾਈਆ । ਦਾਤਾ ਅਲਖ ਅਭੇਉ, ਭੈ ਭੰਜਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਰ ਦਿਓ ਮੋਹੇ ਮੇਰੇ ਦਾਤਾ, ਦਿਆਲ ਦਇਆ ਕਮਾਈਆ । ਨੂਰ ਅਲਾਹੀ ਹੋਵੇ ਨਾਤਾ, ਨਿਧਾਨ ਤੇਰੀ ਸਰਨਾਈਆ । ਵੇਖਾਂ ਖੇਲ ਇਕਾਂਤਾ, ਅਕਲ ਕਲ ਬੇਪ੍ਰਵਾਹੀਆ । ਭਰਮ ਨਾ ਰਹੇ ਭਰਾਂਤਾ, ਭੈ ਭੌ ਚੁਕਾਈਆ । ਵਖਾ ਅਗੰਮੀ ਖਾਤਾ, ਪੜਦਾ ਇਕ ਉਠਾਈਆ । ਤੂੰ ਸੁਆਮੀ ਸਾਹਿਬ ਬਿਧਾਤਾ, ਪਾਰਬ੍ਰਹਮ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਈਆ । ਸਾਚਾ ਦੇ ਵਰ ਮੋਹੇ ਮੇਰੇ ਮਹਿਬੂਬ, ਮੁਹੱਬਤ ਵਿਚ ਸਰਨਾਈਆ । ਮੈਂ ਮੰਗਾਂ ਤੇਰਾ ਅਰਸ਼ ਅਰੂਜ, ਸ਼ਾਹ ਸੁਲਤਾਨ ਤੇਰੀ ਵਡਿਆਈਆ । ਮੈਨੂੰ ਹੱਦ ਵਿਚ ਨਾ ਕਰੀਂ ਮਹਿਦੂਦ, ਬੰਧਨ ਬੰਦ ਨਾ ਕੋਇ ਕਰਾਈਆ । ਚਾਰੋਂ ਕੁੰਟ ਹੋਣਾ ਮੌਜੂਦ, ਹਰ ਘਟ ਨਜ਼ਰੀ ਆਈਆ । ਤੇਰੀ ਮੰਜ਼ਲ ਇਕ ਮਕਸੂਦ, ਅਗੰਮ ਅਥਾਹ ਵਡਿਆਈਆ । ਤੇਰੇ ਪਿਆਰ ਵਿਚ ਜਾਵਾਂ ਝੂਜ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਰੰਗਾਈਆ । ਦੇ ਦੇ ਦਾਤ ਮੇਰੇ ਪਾਰਬ੍ਰਹਮ, ਏਕਾ ਮੰਗ ਮੰਗਾਈਆ । ਸ਼ੁਭ ਕਰਮ ਮੇਰਾ ਅਗੰਮੀ ਧਰਮ, ਜਿਸ ਧਰਮ ਦੀ ਸਾਰ ਕਿਸੇ ਨਾ ਪਾਈਆ । ਲੇਖਾ ਰਹੇ ਨਾ ਮਾਟੀ ਚਰਮ, ਤਤਵ ਤਤ ਨਾ ਕੋਇ ਵਡਿਆਈਆ । ਭੁਲੇਖਾ ਮੇਟ ਦੂਈ ਦਾ ਭਰਮ, ਭੈ ਭੌ ਚੁਕਾਈਆ । ਮੇਰਾ ਤੇਰੇ ਘਰ ਦਾ ਜਨਮ, ਗੁਜਰੀ ਤੱਤਾਂ ਵਾਲੀ ਮਾਈਆ । ਮੈਂ ਝਗੜਾ ਛੱਡਿਆ ਮਰਨ ਜਨਮ, ਆਵਣ ਜਾਵਣ ਪੰਧ ਮੁਕਾਈਆ । ਇਕੋ ਤੱਕਕੇ ਤੇਰੀ ਸਰਨ, ਦਰ ਠਾਂਡੇ ਸੀਸ ਝੁਕਾਈਆ । ਬਿਨਾ ਤੇਰੇ ਤੋਂ ਵਿਦਿਆ ਹੋਰ ਨਾ ਜਾਵਾਂ ਪੜ੍ਹਨ, ਸਿਖਿਆ ਸਮਝ ਨਾ ਕੋਇ ਸਮਝਾਈਆ । ਤੇਰੀ ਮੰਜ਼ਲ ਆਵਾਂ ਚੜ੍ਹਨ, ਹੱਕ ਮੁਕਾਮੇ ਡੇਰਾ ਲਾਈਆ । ਮਜ਼ਲੂਮਾਂ ਪਿਛੇ ਆਵਾਂ ਲੜਨ, ਆਪਣੀ ਆਸ ਨਾ ਕੋਇ ਬਣਾਈਆ । ਝਗੜਾ ਮੇਟ ਕੇ ਵਰਨ ਬਰਨ, ਜ਼ਾਤ ਪਾਤੀ ਡੇਰਾ ਢਾਹੀਆ । ਤੂੰ ਕਰਨੀ ਦਾ ਕਰਤਾ ਕਰਨ, ਕੁਦਰਤ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲੈਣਾ ਮਿਲਾਈਆ । ਗੋਬਿੰਦ ਕਿਹਾ ਮੈਂ ਕਰਾਂ ਸ਼ੁਭ ਕਰਮਾ, ਨਿਹਕਰਮੀ ਦੇਣਾ ਵਖਾਈਆ । ਮੇਰਾ ਤੇਰੇ ਨਾਲ ਪਰਨਾ, ਪਰਮ ਪੁਰਖ ਤੇਰੀ ਵਡਿਆਈਆ । ਮੈਂ ਖੇਲ ਅਗੰਮੀ ਕਰਨਾ, ਜਿਹਨੂੰ ਸਮਝੇ ਕੋਇ ਨਾ ਰਾਈਆ । ਸਾਚੀ ਘਾੜਤ ਘੜਨਾ, ਘੜਿਆਲ ਤੇਰੀ ਵੱਜੇ ਵਧਾਈਆ । ਮੇਰੇ ਸਾਹਿਬ ਸੁਆਮੀ ਅੰਤਰਜਾਮੀ ਤੂੰ ਮੇਰਾ ਲੜ ਫੜਨਾ, ਮੈਂ ਪੱਲੂ ਤੇਰਾ ਫੜ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਮਿਹਰ ਮਿਹਰ ਨਿਗਾਹ ਇਕ ਉਠਾਈਆ । ਪੁਰਖ ਅਕਾਲ ਕਹੇ ਸੁਣ ਗੋਬਿੰਦ ਦੁਲਾਰੇ ਸੁਤ, ਸਤਿ ਦਿਆਂ ਜਣਾਈਆ । ਨਿਰਗੁਣ ਧਾਰ ਹੋ ਅਬਿਨਾਸ਼ੀ ਅਚੁਤ, ਚਾਤ੍ਰਕ ਤ੍ਰਿਖਾ ਦਿਆਂ ਗਵਾਈਆ । ਧੁਰ ਦਾ ਦੇ ਅਗੰਮਾ ਸੁਖ, ਸੁਖ ਸਾਗਰ ਵਿਚ ਸਮਾਈਆ । ਤੂੰ ਜੰਮਿਉਂ ਮੇਰੀ ਅਗੰਮੀ ਕੁੱਖ, ਜਿਥੇ ਜੋਤ ਨੂਰ ਰੁਸ਼ਨਾਈਆ । ਸਚਖੰਡ ਦਾ ਬੂਟਾ ਲੋਕਮਾਤ ਲਾਇਆ ਪੁੱਟ, ਪਟਨੇ ਵੱਜੀ ਵਧਾਈਆ । ਤੇਰਾ ਨਾਤਾ ਕਦੇ ਨਾ ਜਾਵੇ ਤੁੱਟ, ਧੁਰ ਦੀ ਗੰਢ

੨੮੨ ੨੧

ਵਖਾਈਆ । ਜੋਧਾ ਸੂਰਬੀਰ ਬਣ ਕੇ ਉਠ, ਸ਼ਬਦੀ ਰੂਪ ਪ੍ਰਗਟਾਈਆ । ਜਾਮ ਪਿਆਲਾ ਪੀ ਘੁਟ, ਰਸ ਰਸੀਆ ਦੇਵਾਂ ਚਖਾਈਆ । ਕੂੜੀ ਕਿਰਿਆ ਲੈ ਲੁੱਟ, ਮਾਇਆ ਮਮਤਾ ਮੋਹ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਪੁਰਖ ਅਕਾਲ ਕਿਹਾ ਮੈਥੋਂ ਲੈ ਲਾ ਵਰ, ਵਰ ਦਾਤਾ ਦਇਆ ਕਮਾਈਆ । ਇਕੋ ਵਸਣਾ ਘਰ, ਗ੍ਰਹਿ ਮੰਦਰ ਵੱਜੇ ਵਧਾਈਆ । ਤੇਰਾ ਮੇਲਾ ਨਰਾਇਣ ਨਰ, ਪੁਰਖ ਪੁਰਖੋਤਮ ਸੋਭਾ ਪਾਈਆ । ਨਾਮ ਖੰਡਾ ਲੈ ਫੜ, ਦੋ ਜਹਾਨਾਂ ਭੈ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਨਾਲ ਲੜ, ਆਪਣਾ ਬਲ ਵਧਾਈਆ । ਤੇਰਾ ਨਾਮ ਤੀਰ ਚਲੇ ਕੜ ਕੜ, ਤਿੱਖੀ ਮੁੱਖੀ ਧਾਰ ਸੁਹਾਈਆ । ਨਾ ਜਨਮੇ ਨਾ ਜਾਏ ਮਰ, ਮੜ੍ਹੀ ਗੋਰ ਨਾ ਕੋਇ ਦਬਾਈਆ । ਨੁਹਾ ਲਾ ਇਕੋ ਸਰ, ਸਰੋਵਰ ਧੁਰਦਰਗਾਹੀਆ । ਭਾਣਾ ਲੈਣਾ ਜਰ, ਜਰਵਾਣੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਤੇਰੀ ਮੇਰੀ ਧਾਰ ਸ਼ਿਵ ਸ਼ਕਤੀ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਮਾਲਕ ਧੁਰ ਅਰਸ਼ੀ, ਪ੍ਰੀਤਮ ਬੇਪ੍ਰਵਾਹੀਆ । ਤੇਰਾ ਖੇਲ ਉਪਰ ਧਰਤੀ, ਧਰਨੀ ਧਵਲ ਦਏ ਗਵਾਹੀਆ । ਆਹ ਲੈ ਮੇਰੇ ਪਿਆਰ ਦੀ ਪਰਚੀ, ਪਰਚਾ ਦੋ ਜਹਾਨ ਵਖਾਈਆ । ਕੂੜੀ ਮੇਟ ਅੰਧੇਰ ਗਰਦੀ, ਝਗੜਾ ਦੁਨੀ ਦੇ ਚੁਕਾਈਆ । ਗੋਬਿੰਦ ਫੇਰ ਕੀਤੀ ਅਰਜ਼ੀ, ਸੀਸ ਜਗਦੀਸ਼ ਨਿਵਾਈਆ । ਵੇਖੀਂ ਪ੍ਰਭੂ, ਕਿਤੇ ਬਾਪ ਨਾ ਬਣੀ ਫ਼ਰਜ਼ੀ, ਧੋਖਾ ਮੇਰੇ ਨਾਲ ਕਰਾਈਆ । ਪੁਰਖ ਅਕਾਲ ਕਹੇ ਗੋਬਿੰਦ ਮੈਂ ਤੇਰਾ ਗ਼ਰਜ਼ੀ, ਨਾਤਾ ਸੱਚਾ ਲਿਆ ਜੁੜਾਈਆ । ਏਥੇ ਓਥੇ ਬਣ ਕੇ ਦਰਦੀ, ਦੋ ਜਹਾਨਾਂ ਵੇਖ ਵਖਾਈਆ । ਇਹ ਖੇਲ ਮੇਰੇ ਆਪਣੇ ਘਰ ਦੀ, ਬੇਗਾਨਾ ਨਜ਼ਰ ਕੋਇ ਨਾ ਆਈਆ ।

੨੮੩

੨੧

ਤੇਰੀ ਕਲਾ ਰੱਖਾਂ ਚੜ੍ਹਦੀ, ਸੀਸ ਜਗਦੀਸ਼ ਆਪਣਾ ਹੱਥ ਟਿਕਾਈਆ । ਤੇਰੀ ਧਾਰ ਮੇਰਾ ਨਾਮ ਹੋਵੇ ਪੜ੍ਹਦੀ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਿਵ ਸ਼ਕਤੀ ਮੇਰਾ ਰੂਪ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਮਾਲਕ ਸਤਿ ਸਰੂਪ, ਸਾਹਿਬ ਸੁਲਤਾਨ ਧੁਰਦਰਗਾਹੀਆ । ਉਚ ਅਗੰਮਾ ਭੂਪ, ਪੁਰੀਆਂ ਲੋਆਂ ਹੁਕਮ ਵਰਤਾਈਆ । ਵਸਾਂ ਚਾਰੇ ਕੂਟ, ਦਹਿ ਦਿਸ਼ਾ ਸੋਭਾ ਪਾਈਆ । ਮੇਟਾਂ ਜੂਠ ਝੂਠ, ਕੂੜੀ ਕਿਰਿਆ ਬਾਹਰ ਕਢਾਈਆ । ਗੋਬਿੰਦ ਮੈਂ ਤੇਰੇ ਉਤੇ ਗਿਆ ਤੁੱਠ, ਮਿਹਰ ਨਜ਼ਰ ਉਠਾਈਆ । ਫਿਰ ਪੁਰਖ ਅਕਾਲ ਨੇ ਫੜ ਕੇ ਗੁਟ, ਖੰਡਾ ਹੱਥ ਦਿਤਾ ਚਮਕਾਈਆ । ਉਠ ਜ਼ੁਲਮ ਨਾਲ ਜੁਟ, ਆਪਣਾ ਬਲ ਦ੍ਰਿੜਾਈਆ । ਹੰਕਾਰ ਵਿਕਾਰ ਫੜ ਕੇ ਕੁੱਟ, ਕਾਇਆ ਕੁਟੀਆ ਕਰ ਸਫ਼ਾਈਆ । ਗੋਬਿੰਦ ਤੇਰਾ ਧਨ ਕੋਇ ਨਾ ਲਏ ਲੁੱਟ, ਤੇਰੇ ਅੰਦਰ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਿਵ ਸ਼ਕਤੀ ਨਿਰਗੁਣ ਧਾਰ ਪੁਰਖ ਅਕਾਲ, ਅਕਲ ਕਲ ਸਚ ਜਣਾਈਆ । ਜੋ ਮੇਰਾ ਨਾਮ ਬੋਲੇ ਸੋ ਨਿਹਾਲ, ਅੰਤਰ ਅੰਤਰ ਵੱਜੇ ਵਧਾਈਆ । ਸਤਿ ਨਾਲ ਸ੍ਰੀ ਸ੍ਰੀ ਨਾਲ ਅਕਾਲ, ਅਕਾਲ ਸ੍ਰੀ ਸਤਿ ਬਿਨਾ ਸਮਝ ਕਿਸੇ ਨਾ ਆਈਆ । ਜਿਸ ਕਾਰਨ ਇਹ ਸ਼ਬਦ ਲਿਆ ਰਚ, ਰਚਨਾ ਏਸੇ ਵਿਚ ਜਣਾਈਆ । ਪੜ੍ਹ ਪੜ੍ਹ ਸ੍ਰਿਸ਼ਟੀ ਦੀ ਦ੍ਰਿਸ਼ਟੀ ਗਈ ਥੱਕ, ਰਸਨਾ ਕੂਕ ਕੂਕ ਸੁਣਾਈਆ । ਹਕੀਕਤ ਲੱਭੀ ਕਿਸੇ ਨਾ ਹੱਕ, ਮਹਿਬੂਬ ਪੜਦਾ ਨਾ ਕੋਇ ਉਠਾਈਆ । ਇਹ ਖੇਲ ਪੁਰਖ ਸਮਰਥ, ਸ਼ਹਿਨਸ਼ਾਹ ਆਪਣੇ ਵਿਚ ਸਮਾਈਆ । ਇਕ ਸੰਦੇਸ਼ਾ ਨਰ ਨਰੇਸ਼ਾ ਗੋਬਿੰਦ ਓਸ ਵੇਲੇ ਦਿਤਾ ਦੱਸ, ਜਿਸ ਨੂੰ ਲਿਖਣ ਵਿਚ ਵੰਡ ਨਾ ਕੋਇ ਵੰਡਾਈਆ ।

ਸ਼ਬਦੀ ਧਾਰ ਪਿਆ ਹੱਸ, ਜੋਤੀ ਜੋਤ ਡਗਮਗਾਈਆ । ਜਿਸ ਵੇਲੇ ਤੇਰੀ ਮੇਰੀ ਵੇਖਣ ਵਾਲੀ ਹੋ ਗਈ ਅੱਖ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਲੋੜ ਰਹੇ ਨਾ ਕਿਸੇ ਭੱਟ, ਗਾਵਤ ਗਾ ਗਾ ਨਾ ਕੋਇ ਜਣਾਈਆ । ਸਚ ਧਰਮ ਦੇ ਦੇ ਹੱਟ, ਵਸਤ ਅਮੋਲਕ ਧੁਰਦਰਗਾਹੀਆ । ਚਾਰ ਵਰਨ ਲਾਹਾ ਲੈਣ ਖੱਟ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਖ਼ੁਸ਼ੀ ਮਨਾਈਆ । ਤੇਰਾ ਪ੍ਰੇਮ ਹੋਵੇ ਸਤਿ, ਸਤਿ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸ਼ਿਵ ਸ਼ਕਤੀ ਕਹੇ ਗੋਬਿੰਦ ਮੈਂ ਤੇਰੀ ਦਾਸੀ, ਦਾਸਤਾਨ ਸਮਝ ਕਿਸੇ ਨਾ ਆਈਆ । ਈਸਾ ਨੇ ਆਹ ਮਾਰੀ ਜਿਸ ਵੇਲੇ ਲਟਕਿਆ ਨਾਲ ਫਾਸੀ, ਉਚੀ ਕੂਕ ਕੂਕ ਸੁਣਾਈਆ । ਓ ਮੇਰੇ ਮਾਲਕ ਖ਼ੁਦਾ ਅਬਿਨਾਸ਼ੀ, ਤੇਰੀ ਬੇਪ੍ਰਵਾਹੀਆ । ਪਹਿਲੋਂ ਮੈਨੂੰ ਬਣਾ ਕੇ ਆਪਣੀ ਜ਼ਾਤੀ, ਜਲਵਾ ਨੂਰ ਕੀਤਾ ਰੁਸ਼ਨਾਈਆ । ਹੁਣ ਬਣ ਗਿਉਂ ਵੱਡਾ ਘਾਤੀ, ਘਾਓ ਮੇਰੇ ਉਤੇ ਲਗਾਈਆ । ਮੇਰੀ ਜਗਾ ਕੇ ਅੰਦਰੋਂ ਬਾਤੀ, ਜੋਤ ਆਪਣੇ ਵਿਚ ਰਲਾਈਆ । ਮੈਂ ਬਚਨ ਦੱਸਾਂ ਸਾਚੀ, ਸਚ ਖ਼ੁਦਾਏ ਤੈਨੂੰ ਇਕ ਦ੍ਰਿੜਾਈਆ । ਜਿਸ ਵੇਲੇ ਗੋਬਿੰਦ ਆਇਆ ਤੇਰਾ ਸੂਰਬੀਰ ਸੁਤ ਹਾਠੀ, ਬਲਧਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਸਾਚਾ ਦਏ ਉਠਾਈਆ । ਸ਼ਿਵੋਮ ਸ਼ਕਤ ਕਹੇ ਮੈਂ ਸੇਵਾਦਾਰ, ਸੇਵਕ ਨਜ਼ਰੀ ਆਈਆ । ਮੇਰਾ ਸਾਰੇ ਕਰਦੇ ਗਏ ਇੰਤਜ਼ਾਰ, ਸਿਫ਼ਤਾਂ ਵਿਚ ਸਾਲਾਹੀਆ । ਮੇਰੇ ਨਾਲ ਕਰਿਆ ਨਾ ਕਿਸੇ ਪਿਆਰ, ਮੁਹੱਬਤ ਵਿਚ ਜੋੜ ਨਾ ਕੋਇ ਜੁੜਾਈਆ । ਮੈਂ ਟੇਢੀ ਅੱਖੇ ਵੇਂਹਦੀ ਰਹੀ ਸੰਸਾਰ, ਦੀਨ ਦੁਨੀ ਖੋਜ ਖੁਜਾਈਆ । ਮੈਂ ਇਸ਼ਾਰਿਆਂ ਵਿਚ ਲੰਘਾ ਦਿਤੇ ਤੇਈ ਅਵਤਾਰ, ਆਪਣੀ ਬਾਂਹ ਨਾ ਕਿਸੇ ਫੜਾਈਆ । ਮੂਸਾ ਨੂੰ ਸੁੱਟ ਕੇ ਮੂੰਹ ਦੇ ਭਾਰ, ਸ਼ੁਧੀ ਸੁੱਧ ਵਿਚੋਂ ਕਢਾਈਆ । ਈਸਾ ਨੂੰ ਅਸਮਾਨਾਂ ਦੇ ਉਤੇ ਚਾੜ੍ਹ, ਫੇਰ ਤਖ਼ਤਿਆਂ ਉਤੇ ਲਟਕਾਈਆ । ਸ਼ਿਵੋਮ ਸ਼ਕਤੀ ਕਹੇ ਮੈਂ ਕਿਸੇ ਦੀ ਬਣੀ ਨਹੀਂ ਯਾਰ, ਯਾਰਾਨਾ ਲਾਣ ਕਦੇ ਨਾ ਆਈਆ । ਕਰਾਂ ਸਭ ਨੂੰ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਮੈਨੂੰ ਭਾਵੇਂ ਸ਼ਕਤੀ ਸਮਝੋ ਭਾਵੇਂ ਪੁਰਖ ਅਕਾਲ, ਮੇਰੀ ਕਲਾ ਦੀ ਸਾਰ ਕਿਸੇ ਨਾ ਪਾਈਆ । ਗੋਬਿੰਦ ਜੇ ਤੈਨੂੰ ਮੇਰੀ ਭਾਲ, ਮੈਂ ਬਿਨਾ ਭਾਲਿਆਂ ਤੇਰੇ ਵਿਚ ਸਮਾਈਆ । ਉਠ ਜ਼ਰਾ ਅੱਗੇ ਕਰ ਖ਼ਿਆਲ, ਤੈਨੂੰ ਦਿਆਂ ਦ੍ਰਿੜਾਈਆ । ਉਠ ਵੇਖ ਆਪਣੇ ਲਾਲ, ਸੁਤ ਦੁਲਾਰੇ ਧਿਆਨ ਲਗਾਈਆ । ਜਿਹੜੇ ਨੀਹਾਂ ਹੇਠਾਂ ਦੇਣੇ ਸੰਭਾਲ, ਦਾਦੀ ਗੁਜਰੀ ਦਏ ਦੁਹਾਈਆ । ਜਿਨ੍ਹਾਂ ਕਰਨਾ ਜਗਤ ਕਮਾਲ, ਚਮਕੌਰ ਸੋਭਾ ਪਾਈਆ । ਜੇ ਹੋਰ ਪੁਛਣਾ ਈ ਹਾਲ, ਨੰਗੀ ਪੈਰੀਂ ਦਿਆਂ ਫਿਰਾਈਆ । ਹੋਰ ਦੱਸਾਂ ਕਮਾਲ, ਤਨ ਚੀਥੜ ਲੀਰੋ ਲੀਰ ਵਖਾਈਆ । ਸੂਲਾਂ ਦੀ ਸੇਜਾ ਦੇਵਾਂ ਸਵਾਲ, ਇਹ ਮੇਰੀ ਬੇਪ੍ਰਵਾਹੀਆ । ਸਰਹਾਣਾ ਕੋਈ ਨਾ ਤਕੀਆ ਕੋਈ ਨਾ ਜਿਹੜਾ ਥੱਲਿਉਂ ਸਿਰ ਦਏ ਉਠਾਲ, ਘਾਸ ਤਿਨਕਾ ਸੋਭਾ ਪਾਈਆ । ਤੈਨੂੰ ਓਥੇ ਭੋਜਨ ਦੇਵੇ ਨਾ ਕੋਈ ਖੁਵਾਲ, ਪ੍ਰੇਮੀ ਪਿਆਰਾ ਸਿੱਖ ਨਜ਼ਰ ਕੋਇ ਨਾ ਆਈਆ । ਇਕ ਕੀੜੀ ਦਾ ਪਿਆਰ, ਤੇਰੇ ਚਰਨ ਸੀਸ ਨਿਵਾਈਆ । ਓਹ ਆ ਕੇ ਕਹੇ ਗੁਜਰੀ ਦੇ ਲਾਲ, ਤੂੰ ਸ਼ਹਿਨਸ਼ਾਹ ਧੁਰਦਰਗਾਹੀਆ । ਤੈਨੂੰ ਕਿਸ ਨੇ ਏਥੇ ਦਿਤਾ ਸਵਾਲ, ਸੋਹਣਾ ਆਸਣ ਵਿਛਾਈਆ । ਤੂੰ ਮੇਰੇ ਘਰ ਦਾ ਮਹਿਮਾਨ, ਬਾਂਕੇ ਸੂਰੇ ਨਜ਼ਰੀ ਆਈਆ । ਅੱਜ ਤੈਨੂੰ ਦੇਵਾਂ ਕੁਝ ਖੁਵਾਲ, ਤੇਰਾ ਪੇਟ ਭਰਾਈਆ । ਮੈਂ ਰਿਧੀ ਨਹੀਂ ਕੋਈ ਦਾਲ, ਜਗਤ ਸਵਾਦ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਰੰਗ ਇਕ ਵਖਾਈਆ । ਸ਼ਿਵੋਮ ਸ਼ਕਤੀ ਕਹੇ ਦਰ ਮੇਰੇ ਦਹਿਲੀਜ਼ੇ, ਦਹਿਲੀਜ਼ ਦਿਆਂ ਲੰਘਾਈਆ ।

ਜਿਹੜਾ ਮੇਰੇ ਉਪਰ ਪਤੀਜੇ, ਪਤਿਪਰਮੇਸ਼ਵਰ ਕਹਿ ਕੇ ਸੀਸ ਨਿਵਾਈਆ । ਮੈਂ ਓਸ ਦੀ ਪੂਰੀ ਕਰਾਂ ਰੀਝੇ, ਮਨਸਾ ਵਿਚ ਵਡਿਆਈਆ । ਘਰ ਮਿਲਾਵਾਂ ਸਹਿਜੇ, ਅੱਗੇ ਹੋ ਨਾ ਕੋਇ ਅਟਕਾਈਆ । ਜ਼ਰਾ ਮਾਰ ਕੇ ਵੇਖ ਨੀਝੇ, ਤੈਨੂੰ ਦਿਆਂ ਵਖਾਈਆ । ਜਿਹੜੇ ਗੋਬਿੰਦ ਤੇਰੇ ਬਗ਼ੀਚੇ, ਗੁਰਮੁਖ ਸੋਹਣੇ ਨਜ਼ਰੀ ਆਈਆ । ਉਨ੍ਹਾਂ ਦਾ ਵਕ਼ਤ ਅਖ਼ੀਰੀ ਬੀਤੇ, ਲੋਕਮਾਤ ਸਮਝਾਈਆ । ਕਰੇ ਖੇਲ ਤ੍ਰੈਗੁਣ ਅਤੀਤੇ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਉਠਾਈਆ । ਸ਼ਵੈਮ ਸ਼ਕਤੀ ਕਹੇ ਮੈਂ ਬੜੀ ਚਾਲਾਕ, ਨਜ਼ਰ ਕਿਸੇ ਨਾ ਆਈਆ । ਜੋ ਗੁਰ ਅਵਤਾਰ ਪੈਗ਼ੰਬਰ ਉਪਜਾਏ ਫੇਰ ਮਿਲਾਏ ਵਿਚ ਖ਼ਾਕ, ਤਨ ਮਾਟੀ ਸਵਾਹ ਕਰਾਈਆ । ਨਿੱਕੇ ਨਿੱਕੇ ਖੋਲ੍ਹ ਕੇ ਤਾਕ, ਪੜਦੇ ਅੰਦਰੇ ਅੰਦਰ ਉਠਾਈਆ । ਨਿਰਗੁਣ ਨਾਲ ਬਣਾ ਕੇ ਸਾਕ, ਸੱਜਣ ਲੋਕਮਾਤ ਸਮਝਾਈਆ । ਸ਼ਬਦ ਸੰਦੇਸ਼ੇ ਦੇ ਕੇ ਵਾਕ, ਵਾਕਫ਼ਕਾਰ ਆਪ ਹੋ ਜਾਈਆ । ਅੰਤਮ ਲੇਖਾ ਸਭ ਦਾ ਕਰ ਬੇਬਾਕ, ਲਹਿਣਾ ਰਹਿਣ ਕੋਇ ਨਾ ਪਾਈਆ । ਯਾਦ ਕਰ ਲਈਂ ਮਾਛੂਵਾੜੇ ਵਾਲੀ ਰਾਤ, ਸੱਥਰ ਸੇਜ ਹੰਢਾਈਆ । ਓਹ ਸੋਹਣੀ ਚੰਗੀ ਪ੍ਰਭਾਤ, ਜਿਸ ਵਿਚ ਮਿਲਿਆ ਧੁਰਦਰਗਾਹੀਆ । ਓਸ ਕੱਢਕੇ ਬਿਨ ਅੱਖਰਾਂ ਤੋਂ ਕਿਤਾਬ, ਗੋਬਿੰਦ ਦਿਤੀ ਵਖਾਈਆ । ਆਹ ਵੇਖ ਲੈ ਅਗਲਾ ਹਿਸਾਬ, ਜਿਸ ਦਾ ਅੰਕੜਾ ਨਾ ਕੋਇ ਜਣਾਈਆ । ਤੇਰਾ ਸਭ ਤੋਂ ਉਤੇ ਸਭ ਤੋਂ ਹੇਠਾਂ ਅਹਿਬਾਬ, ਬਾਬ ਵੰਡ ਨਾ ਕੋਇ ਵੰਡਾਈਆ । ਜਾਂ ਤੱਕ ਲੈ ਤੇ ਦਿਸੇ ਆਜ਼ਾਦ, ਆਜ਼ਾਦੀ ਤੇਰੇ ਨਾਲ ਰਲਾਈਆ । ਗੋਬਿੰਦ ਪਹਿਲੋਂ ਤੇਰਾ ਜਗਤ ਖੇੜਾ ਕਰਨਾ ਬਰਬਾਦ, ਘਰਾਨਾ ਜਗਤ ਨਜ਼ਰ ਨਾ ਆਈਆ । ਗੋਬਿੰਦ ਹੋ ਕੇ ਸ਼ਾਦ, ਖ਼ੁਸ਼ੀਆਂ ਤਾਲੀ ਦਿਤੀ ਲਗਾਈਆ । ਫਿਰ ਆਈ ਅਗੰਮੀ ਆਵਾਜ਼, ਪੁਰਖ ਅਕਾਲ ਦਿਤਾ ਸੁਣਾਈਆ । ਗੋਬਿੰਦ ਆਖਿਆ ਮੇਰਾ ਖੁਲ੍ਹਿਆ ਰਾਜ਼, ਰਹਿਮਤ ਤੇਰੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸ਼ਿਵ ਸ਼ਕਤੀ ਕਹੇ ਮੇਰਾ ਵਰ ਚੰਗਾ, ਚੰਗਿਆਂ ਦਿਆਂ ਜਣਾਈਆ । ਗੋਬਿੰਦ ਹੁਣ ਤੂੰ ਕਰ ਜੰਗਾ, ਜੰਗ ਜੂ ਰੂਪ ਵਖਾਈਆ । ਬਾਹਰੋਂ ਦਿਸੇਂ ਤੱਤਾਂ ਵਾਲਾ ਬੰਦਾ, ਅੰਦਰ ਜਲਵਾ ਨੂਰ ਰੁਸ਼ਨਾਈਆ । ਤੇਰਾ ਖੇਲ ਜਹਾਨ ਸੰਗਾ, ਸਗਲਾ ਦਿਆਂ ਬਣਾਈਆ । ਪੁਰਖ ਅਕਾਲ ਦੇ ਨਾਮ ਦਾ ਵਜਾ ਮਰਦੰਗਾ, ਡੰਕਾ ਇਕੋ ਇਕ ਸ਼ਨਵਾਈਆ । ਜਿਸ ਵੇਲੇ ਕਲਜੁਗ ਅੰਤਮ ਆਵੇ ਕੰਢਾ, ਪੈਂਡਾ ਪੰਧ ਮੁਕਾਈਆ । ਤੇਰਾ ਸਾਹਿਬ ਹੋਵੇ ਬਖ਼ਸ਼ਿੰਦਾ, ਵਡ ਦਾਤਾ ਬੇਪ੍ਰਵਾਹੀਆ । ਤੈਥੋਂ ਛੁਡਾ ਕੇ ਪੁਰੀ ਅਨੰਦਾ, ਅਨੰਦ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਕਿਹਾ ਵਰ ਤੇਰਾ ਦਾਤਾਰ, ਮੋਹੇ ਸਦਾ ਭਾਈਆ । ਤੂੰ ਸੁਆਮੀ ਏਕ ਨਿਰੰਕਾਰ, ਨਿਰਵੈਰ ਤੇਰੀ ਵਡਿਆਈਆ । ਜੁਗ ਚੌਕੜੀ ਤੇਰੀ ਧਾਰ, ਸਤਿ ਸਤਿਵਾਦੀ ਚਲੀ ਆਈਆ । ਤੇਰਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵਜਦੀ ਰਹੇ ਵਧਾਈਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਚਰਨ ਚਰਨ ਸਰਨਾਈਆ । ਤੇਰਾ ਘਰ ਸੱਚਾ ਘਰ ਬਾਹਰ, ਧੁਰ ਦਰਬਾਰਾ ਸੋਭਾ ਪਾਈਆ । ਜਿਥੇ ਜੋਤ ਜਗੇ ਅਪਾਰ, ਦੀਵਾ ਬਾਤੀ ਲੋੜ ਰਹੀ ਨਾ ਰਾਈਆ । ਸ਼ਬਦੀ ਨਾਦ ਵੱਜੇ ਧੁਨਕਾਰ, ਸੁਨ ਸਮਾਧੀ ਦਿਤੀ ਗੁਆਈਆ । ਤੇਰਾ ਖੇਲ ਅਪਰ ਅਪਾਰ, ਅਪਰੰਪਰ ਸੁਆਮੀ ਵੇਖ ਵਖਾਈਆ । ਬੇਸ਼ਕ ਮੇਰਾ ਘਰਾਨਾ ਦੇ ਉਜਾੜ, ਪੁੱਤਰਾਂ ਪਿਆਰ ਨਾ ਕੋਇ ਵਧਾਈਆ । ਪਰ ਯਾਦ ਰੱਖੀਂ ਨਿਰੰਕਾਰ, ਤੈਨੂੰ ਦਿਆਂ ਜਣਾਈਆ । ਮੇਰਿਆਂ ਸਿੱਖਾਂ ਦਾ ਅਧਾਰ,

ਜੁਗ ਚੌਕੜੀ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸ਼ਿਵ ਸ਼ਕਤੀ ਕਹੇ ਓ ਗੋਬਿੰਦ ਵੇਖ ਲੈ ਮੇਰਾ ਸਪਨਾ, ਖ਼ੁਆਬ ਖ਼ੁਦਾ ਦਾ ਦਿਆਂ ਜਣਾਈਆ । ਤੂੰ ਸ਼ਰੀਰ ਵਿਚੋਂ ਅੰਤ ਲੰਘਣਾ, ਜਗਤ ਨਜ਼ਰ ਕਿਸੇ ਨਾ ਆਈਆ । ਤੇਰਾ ਖਾਣਾ ਪੀਣਾ ਮੁਕਣਾ, ਤਨ ਨਾ ਕੋਇ ਵਡਿਆਈਆ । ਤੂੰ ਓਸ ਦਵਾਰੇ ਪੁਜਣਾ, ਜਿਥੇ ਵਸੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਗੋਬਿੰਦ ਕਹੇ ਮੇਰਾ ਸੁਫ਼ਨਾ ਅਨੋਖਾ, ਪਰਮ ਪੁਰਖ ਦਿਤਾ ਜਣਾਈਆ । ਮੈਂ ਪ੍ਰਭੂ ਦਾ ਪੁਤ ਤੇ ਗੁਰਸਿਖ ਬਣੇ ਓਸ ਦਾ ਪੋਤਾ, ਨਾਤਾ ਜਗਤ ਜੁੜਾਈਆ । ਝਗੜਾ ਮੁਕ ਜਾਏ ਚੌਦਾਂ ਲੋਕਾ, ਚੌਦਾਂ ਤਬਕਾਂ ਡੇਰਾ ਢਾਹੀਆ । ਮੈਂ ਛੱਡ ਜਾਣਾ ਪਟਨਾ ਪੌਂਟਾ, ਪਟੇਦਾਰੀ ਰਹਿਣ ਕੋਇ ਨਾ ਪਾਈਆ । ਸ਼ਬਦੀ ਧਾਰ ਮਾਰਨਾ ਗੋਤਾ, ਜੋਤੀ ਲਹਿਰ ਵਿਚ ਸਮਾਈਆ । ਗੁਰਮੁਖ ਚਾੜ੍ਹ ਕੇ ਨਾਮ ਦੀ ਨੌਕਾ, ਖੇਵਟ ਖੇਟਾ ਇਕੋ ਦੇਣਾ ਵਖਾਈਆ । ਜਿਸ ਨੂੰ ਚੁਰਾਸੀ ਵਿਚੋਂ ਇਕੋ ਵਾਰ ਮਿਲਣ ਦਾ ਮਿਲਦਾ ਮੌਕਾ, ਮੁੜ ਕੇ ਮਿਲਣ ਕੋਇ ਨਾ ਆਈਆ । ਸਾਚਾ ਮਾਰਗ ਦੱਸਣਾ ਸੌਖਾ, ਰਸਤਾ ਇਕੋ ਇਕ ਜਣਾਈਆ । ਜਿਥੇ ਪੜ੍ਹਨਾ ਪਏ ਕੋਈ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਪੋਚਣਾ ਪਏ ਕੋਈ ਨਾ ਚੌਂਕਾ, ਤਿਲਕ ਲਲਾਟ ਨਾ ਕੋਇ ਲਗਾਈਆ । ਲੱਭਣਾ ਪਏ ਨਾ ਕਿਸੇ ਮੰਦਰ ਮਸਜਿਦ ਕੋਠਾ, ਸ਼ਿਵਦਵਾਲੇ ਫੋਲ ਨਾ ਕੋਇ ਫੁਲਾਈਆ । ਪ੍ਰੇਮ ਪ੍ਰੀਤੀ ਅੰਦਰ ਗੁਰਮੁਖ ਮਿਲਾ ਕੇ ਆਪਣੀ ਜੋਤਾ, ਜੋਤੀ ਜੋਤ ਜੋਤ ਸਮਾਈਆ । ਸ਼ਬਦੀ ਸ਼ਬਦ ਜਣਾ ਕੇ ਹੋਕਾ, ਹੁਕਮ ਧੁਰ ਦਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੋਬਿੰਦ ਕਿਹਾ ਮੈਂ ਸੁਣੀ ਅਗੰਮੀ ਤੁਕਾ, ਹਰਿ ਸਾਹਿਬ ਦਿਤਾ ਦ੍ਰਿੜਾਈਆ । ਮੈਂ ਫਿਰ ਕੇ ਵੇਖਿਆ ਮਦੀਨਾ ਮੱਕਾ, ਮਕ਼ਬਰਿਆਂ ਵਿਚੋਂ ਮੁਰਸ਼ਦ ਫੋਲ ਫੁਲਾਈਆ । ਜੋ ਮਿੱਟੀ ਅੰਦਰ ਢੱਕਾ, ਪੜਦਿਆਂ ਵਿਚ ਲੁਕਾਈਆ । ਜੋ ਸੜ ਗਿਆਂ ਨਾਲ ਕੱਖਾਂ, ਗੁਰ ਅਵਤਾਰ ਧਿਆਨ ਲਗਾਈਆ । ਮੈਂ ਹੱਥ ਮਾਰਿਆ ਉਤੇ ਪੱਟਾਂ, ਬਹੁੜੀ ਦਿਤੀ ਦੁਹਾਈਆ । ਪੁਰਖ ਅਕਾਲ ਇਹ ਕੀ ਤੇਰੀਆਂ ਵੱਟਾਂ, ਅਵਤਾਰਾਂ ਪੈਗ਼ੰਬਰਾਂ ਨੂੰ ਵੰਡਾਂ ਵਿਚ ਭੁਆਈਆ । ਕੀ ਤੂੰ ਆਪਣੀ ਧਾਰ ਨਾਲ ਕਰਦਾ ਏਂ ਠੱਠਾ, ਧੋਖਿਆਂ ਵਿਚ ਫਸਾਈਆ । ਕਿਸੇ ਨੂੰ ਚੌਦਾਂ ਸਦੀਆਂ ਦਾ ਦਿਤਾ ਪਟਾ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਤੇਰਾ ਖੇਲ ਤੱਤਾਂ ਅੱਠਾਂ, ਪੰਜ ਤਿੰਨ ਵੱਜੇ ਵਧਾਈਆ । ਮੈਂ ਤੇਰੇ ਹੁਕਮ ਅੰਦਰ ਇਕ ਮਾਛੂਵਾੜੇ ਰਾਤ ਕੱਟਾਂ, ਫੇਰ ਕੱਟਣ ਦੀ ਲੋੜ ਰਹੇ ਨਾ ਰਾਈਆ । ਮੈਂ ਚਾਰ ਜੁਗ ਦੀ ਮੰਜ਼ਲ ਟੱਪਾਂ, ਭੱਜਾ ਵਾਹੋ ਦਾਹੀਆ । ਬਣਿਆ ਰਹਾਂ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਫੇਰ ਸ਼ਬਦ ਗੁਰੂ ਹੋਵਾਂ ਕਦੇ ਨਾ ਬਣਾ ਤੱਤਾਂ ਵਾਲਾ ਕੱਚਾ, ਕਾਚੀ ਗਗਰੀਆ ਨਾ ਕੋਇ ਸੁਹਾਈਆ । ਐਵੇਂ ਹਾਂ ਵਿਚ ਹਾਂ ਕਰਾਂ ਨਾ ਅੱਛਾ, ਭੈ ਵਿਚ ਸੀਸ ਨਾ ਕਦੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਮੈਂ ਸੁਫ਼ਨੇ ਵਿਚ ਤੱਕਿਆ ਕੀ ਜਗ, ਜਗਜੀਵਣ ਦਾਤੇ ਦਿਤਾ ਦ੍ਰਿੜਾਈਆ । ਜਿਧਰ ਵੇਖਾਂ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਹਿਰਦੇ ਹਰਿ ਨਾ ਕੋਇ ਵਸਾਈਆ । ਕੋਈ ਚੜ੍ਹੇ ਨਾ ਉਪਰ ਸ਼ਾਹਰਗ, ਸਾਧ ਸੰਤ ਰਹੇ ਕੁਰਲਾਈਆ । ਧੁਨ ਆਤਮਕ ਸੁਣੇ ਕੋਈ ਨਾ ਨਦ, ਅਨਹਦ ਨਾਦੀ ਨਾਦ ਨਾ ਕੋਈ ਵਜਾਈਆ । ਕੂੜੀ ਪੀ ਪਿਆਲੇ ਵਾਲੀ ਮਦਿ, ਮਧੁਰ ਰਸ ਨਾ ਕੋਇ ਚਖਾਈਆ । ਬਾਹਰੋਂ ਹੋ ਕੇ

੨੮੬
੨੧

ਬਪੜੇ ਬਗ, ਅੰਤਰ ਕਾਗ ਵਾਂਗ ਕੁਰਲਾਈਆ । ਸਾਚਾ ਮਿਲੇ ਕਿਸੇ ਨਾ ਹੱਜ, ਹੁਜਰਾ ਹੱਕ ਨਾ ਕੋਇ ਸੁਹਾਈਆ । ਮਨ ਵਾਸਨਾ ਰਹੇ ਭੱਜ, ਭਟਕਣਾ ਵਿਚ ਲੋਕਾਈਆ । ਜੀਆਂ ਕਰ ਰਹੇ ਬੱਧ, ਸੂਰ ਗਾਂ ਰਹੀ ਕੁਰਲਾਈਆ । ਧਰਮ ਰਾਏ ਦਾ ਸਾਰੇ ਦਿਸਣ ਵੱਗ, ਵਾਲੀ ਵਾਰਸ ਗੁਰ ਅਵਤਾਰ ਪੈਗ਼ੰਬਰ ਬੈਠੇ ਮੁਖ ਛੁਪਾਈਆ । ਕੂੜ ਨਗਾਰਾ ਰਿਹਾ ਵੱਜ, ਡੰਕਾ ਕਾਲ ਰਿਹਾ ਸੁਣਾਈਆ । ਆਤਮਾ ਪਰਮਾਤਮਾ ਹੋ ਕੇ ਅੱਡ, ਵਖਰਾ ਘਰ ਬੈਠਾ ਬਣਾਈਆ । ਹੰਕਾਰ ਨਿਸ਼ਾਨਾ ਰਹੇ ਗੱਡ, ਸ਼ਾਹ ਸੁਲਤਾਨ ਕਰਨ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਜਣਾਈਆ । ਗੋਬਿੰਦ ਕਹੇ ਮੇਰਾ ਸੁਫਨਾ ਹਕ਼ੀਕ਼ੀ, ਹਿਕਮਤ ਸਮਝ ਕਿਸੇ ਨਾ ਆਈਆ । ਕਰੇ ਖੇਲ ਲਾਸ਼ਰੀਕੀ, ਸ਼ਰਕਤ ਵਿਚ ਲੜਾਈਆ । ਜਿਸ ਦੇ ਵਿਚ ਹੱਕ ਤੌਫ਼ੀਕ਼ੀ, ਤੋਅਫ਼ੇ ਘਰ ਘਰ ਰਿਹਾ ਪੁਚਾਈਆ । ਸਚ ਪਿਆਰ ਰਹੇ ਅਜ਼ੀਜ਼ੀ, ਮੁਹੱਬਤ ਵਿਚ ਮੇਲ ਨਾ ਕੋਇ ਮਿਲਾਈਆ । ਸਾਚੀ ਕਰੇ ਨਾ ਕੋਇ ਤਮੀਜ਼ੀ, ਤੋਹਮਤ ਕਰੇ ਜਗਤ ਲੋਕਾਈਆ । ਗੋਬਿੰਦ ਕਹੇ ਮੈਂ ਫਿਰ ਚਾਰ ਕੁੰਟ ਤੱਕਿਆ ਮੈਨੂੰ ਗੁਰਮੁਖਾਂ ਦੀ ਨਜ਼ਰੀ ਆਈ ਥੋੜ੍ਹੀ ਬਗ਼ੀਚੀ, ਜਿਸ ਦਾ ਪਾਲਕ ਬੇਪਰਵਾਹੀਆ । ਫੇਰ ਆਪਣਾ ਲਹੂ ਕੱਢਿਆ ਵਿਚੋਂ ਚੀਚੀ, ਖ਼ੂਨ ਦਿਤਾ ਵਹਾਈਆ । ਕਲਜੁਗ ਇਹ ਖੇਲ ਪ੍ਰਭੂ ਨੇ ਕੀਤੀ, ਕ਼ੁਦਰਤ ਕ਼ਾਦਰ ਰਿਹਾ ਵਡਿਆਈਆ । ਕਲਧਾਰ ਹੋਏ ਅਨਡਿੱਠੀ, ਅਨਡਿੱਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇ ਵਖਾਈਆ । ਗੋਬਿੰਦ ਕਹੇ ਮੇਰਾ ਸੁਫ਼ਨਾ ਕੀ ਕਹਿੰਦਾ, ਕਹਿ ਕਹਿ ਰਿਹਾ ਸੁਣਾਈਆ । ਮੈਂ ਵੇਖਿਆ ਚੜ੍ਹਦਾ ਲਹਿੰਦਾ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਤੇਰਾ ਭਾਣਾ ਰਿਹਾ ਸਹਿੰਦਾ, ਨਿਉਂ ਨਿਉਂ ਸੀਸ ਨਿਵਾਈਆ । ਜਿਸ ਦੀ ਚਰਨੀ ਰਿਹਾ ਢਹਿੰਦਾ, ਨਮੋ ਨਮੋ ਦੁਹਾਈਆ । ਦਵਾਰੇ ਰਿਹਾ ਬਹਿੰਦਾ, ਆਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਗੋਬਿੰਦ ਮੇਰੇ ਸੁਫ਼ਨੇ ਕਿਹਾ ਤੇਰਾ ਅੰਤ ਅਖ਼ੀਰ ਨੰਦੇੜ, ਦੱਖਣ ਦਿਸ਼ਾ ਦ੍ਰਿੜਾਈਆ । ਪੁਰਖ ਅਕਾਲ ਕਰੇ ਮਿਹਰ, ਮਿਹਰਵਾਨ ਹੋਏ ਸਹਾਈਆ । ਅੰਤ ਵੇਲੇ ਨਾ ਲਾਵੇ ਦੇਰ, ਦੂਰ ਦੁਰਾਡਾ ਚਲ ਕੇ ਆਈਆ । ਤੇਰਾ ਬਣਾ ਕੇ ਸੋਹਣਾ ਢੇਰ, ਅਗਨੀ ਅੱਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਗੋਬਿੰਦ ਨੇ ਵੇਖਿਆ ਖੇਲ ਅਪਾਰ, ਹਰਿ ਕਰਤੇ ਦਿਤਾ ਵਖਾਈਆ । ਅੰਗੀਠੇ ਦੇ ਤਪੇ ਅੰਗਿਆਰ, ਅਗਨੀ ਅੱਗ ਦੁਹਾਈਆ । ਵਿਚੋਂ ਰੋ ਪਏ ਸੱਤ ਰੁਮਾਲ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਦੀਨ ਦਿਆਲ, ਤੇਰੇ ਹੱਥ ਵਡਿਆਈਆ । ਗੋਬਿੰਦ ਕਿਹਾ ਮੈਂ ਤੁਹਾਡੀ ਕਰਾਂ ਪ੍ਰਿਤਪਾਲ, ਆਪਣੇ ਨਾਲ ਮਿਲਾਈਆ । ਓਹ ਵੇਖ ਖੇਲ ਦੀਨ ਦਿਆਲ, ਜੋ ਦਇਆਨਿਧ ਅਖਵਾਈਆ । ਕਲਜੁਗ ਅੰਤ ਬਦਲ ਕੇ ਚਾਲ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਕਰ ਸੰਭਾਲ, ਸੰਬਲ ਬਹਿ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਖਿਲਾਈਆ । ਸੁਫ਼ਨਾ ਕਹੇ ਗੋਬਿੰਦ ਵੇਖ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਤੱਕਿਆ ਪੀਰਾਂ ਦਾ ਪੀਰ, ਪੈਗ਼ੰਬਰ ਧੁਰਦਰਗਾਹੀਆ । ਜਿਸ ਨੇ ਕੱਟੇ ਸ਼ਰਅ ਜ਼ੰਜੀਰ, ਤਰਿਪਤ ਦਏ ਕਰਾਈਆ । ਸੀਰਤ ਦੇ ਕੇ ਸੀਰ, ਗੁਰਮੁਖ ਬੱਚੇ ਗੋਦ ਉਠਾਈਆ । ਬਦਲ ਕੇ ਤਕਦੀਰ, ਤਦਬੀਰ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਵਖਾਈਆ । ਲੇਖਾ ਕਹੇ ਮੈਂ ਲੇਖ ਲਿਖਦਾ, ਲਿਖ

ਲਿਖ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਗੋਬਿੰਦ ਸਿੱਖ ਦਾ, ਸਿਖਿਆ ਵਿਚ ਵਡਿਆਈਆ । ਜੋ ਪੁਤ ਹੋ ਗਿਆ ਇਕ ਪਿਤ ਦਾ, ਪੁਰਖ ਅਕਾਲ ਮਨਾਈਆ । ਮਾਨਸ ਜਨਮ ਜਾਵੇ ਜਿੱਤਦਾ, ਲੱਖ ਚੁਰਾਸੀ ਡੇਰਾ ਢਾਹੀਆ । ਵੇਖੇ ਨਬੇੜਾ ਹੋਣਾ ਹਿਤ ਦਾ, ਹਿਤ ਵਿਚ ਸਮਾਈਆ । ਚੁਰਾਸੀ ਵਿਚ ਨਹੀਂ ਪਿਸਦਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸਾ ਕਹੇ ਸੱਤ ਰੰਗੇ, ਤੈਨੂੰ ਦਿਆਂ ਵਡਿਆਈਆ । ਆਹ ਵੇਖ ਮੇਰੇ ਭਗਤ ਚੰਗੇ, ਸੋਹਣੇ ਸੋਭਾ ਪਾਈਆ । ਜਿਨ੍ਹਾਂ ਨਾਲ ਤੈਨੂੰ ਮਿਲਿਆ ਸੰਗੇ, ਸਗਲਾ ਸੰਗ ਰਖਾਈਆ । ਵੇਖੀਂ ਭਗਤਾਂ ਦੇ ਹੱਥ ਹੋਣ ਨਾ ਦੇਵੀਂ ਗੰਦੇ, ਜਿਨ੍ਹਾਂ ਨਾਲ ਬੰਨ੍ਹ ਕੇ ਤੇਰਾ ਮੇਰਾ ਢੋਲਾ ਗਾਈਆ । ਕਿਸੇ ਕੋਲ ਨਾ ਜਾਵੀਂ ਪੰਡੇ, ਹਿੱਸੇ ਹੱਦ ਮੰਗਣ ਕਿਸੇ ਨਾ ਜਾਈਆ । ਇਹ ਟੁੱਟੀ ਪਿਛਲੀ ਗੰਢੇ, ਅੱਗੇ ਨਾ ਕੋਇ ਤੁੜਾਈਆ । ਸਭ ਦਾ ਯਾਰਾਨਾ ਸਾਂਝਾ ਹੰਢੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਕਹਿਣ ਅਸੀਂ ਬੱਝ ਗਏ ਨਾਲ ਗੁਟ, ਗੰਢ ਉਤੇ ਲਈ ਪੁਆਈਆ । ਜਿਸ ਦਾ ਗੋਬਿੰਦ ਸਾਚਾ ਸੁਤ, ਤੁਹਾਨੂੰ ਬੱਚੇ ਲੈਣਾ ਬਣਾਈਆ । ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਦਈਏ ਦੁਹਾਈਆ । ਤੇਰੀ ਮੰਜ਼ਲ ਗਏ ਪੁੱਜ, ਆਪਣਾ ਪੰਧ ਮੁਕਾਈਆ । ਰਾਹ ਤੱਕੇ ਤਿੰਨ ਜੁਗ, ਧੰਨ ਭਾਗ ਜੇ ਵੇਲਾ ਗਿਆ ਆਈਆ । ਸੁੱਖਣਾ ਰਹੇ ਸੁੱਖ, ਤੇਰਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਸੱਤ ਰੰਗ ਕਹਿਣ ਸਾਡੀ ਲੱਗੀ ਰਹੇ ਪ੍ਰੀਤ, ਪ੍ਰੀਤਮ ਜਿਸ ਦਾ ਵਿਚੋਲਾ ਬਣਿਆ ਸ਼ਬਦੀ ਗੁਰ ਅਖਵਾਈਆ । ਅੱਜ ਤੋਂ ਤੇਰੀ ਸੰਗਤ ਵਿਚ ਕੋਇ ਨਾ ਰਹਿਆ ਨੀਚ, ਗੁਰਮੁਖ ਸਾਚੇ ਸੋਭਾ ਪਾਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅੱਗੇ ਦਏ ਮਾਣ ਵਡਿਆਈਆ । ਜਿਹੜੇ ਗੌਂਦੇ ਤੇਰਾ ਗੀਤ, ਸੋਹੰ ਢੋਲਾ ਰਾਗ ਅਲਾਈਆ । ਜਿਸ ਦਾ ਰੰਗ ਜਾਣੇ ਹਸਤ ਕੀਟ, ਇਕੋ ਘਰ ਲੈਣਾ ਵਸਾਈਆ । ਇਕੋ ਝੁਕੇ ਤੇਰੇ ਦਰ ਤੇ ਸੀਸ, ਦੂਸਰ ਡੰਡੌਤ ਨਾ ਕੋਇ ਵਖਾਈਆ । ਜਿਹੜਾ ਲੇਖਾ ਆਪਣੇ ਨਾਲ ਬਣਾਂਦਾ, ਰੰਗ ਕਹਿਣ, ਅਸੀਂ ਭਗਤਾਂ ਦੇ ਸਾਥੀ, ਸੋਹਣੇ ਨਜ਼ਰੀ ਆਈਆ । ਗੋਬਿੰਦ ਵੇਖ ਜੇ ਅਸਾਂ ਤੇਰੀ ਮੰਨ ਲਈ ਆਖੀ, ਸੇਵਕ ਬਣ ਕੇ ਸੇਵ ਕਮਾਈਆ । ਹੁਣ ਆਪੇ ਕਰੀਂ ਰਾਖੀ, ਵੇਖੀਂ ਥਾਉਂ ਥਾਈਂਆ । ਅਸੀਂ ਚਾਹੁੰਦੇ ਤੇਰੇ ਸਿੱਖ ਅੱਗੇ ਕਰ ਨਾ ਜਾਣ ਗੁਸਤਾਖੀ, ਗ਼ੁੱਸੇ ਵਿਚ ਜਦੋਂ ਆਵੇਂ ਆਣ ਕੇ ਤਾਰੇਂ ਪਾਪੀ, ਪੱਤਤਾਂ ਪੁਨੀਤ ਕਰਾਈਆ । ਹੁਣ ਸਾਨੂੰ ਦੇ ਦੇ ਥਾਪੀ, ਪੁਸ਼ਤ ਪਨਾਹ ਹੱਥ ਰਖਾਈਆ । ਪਿਛਲੇ ਹਿਸਾਬ ਦੀ ਆਪਣੀ ਨਾ ਦੇਵੀਂ ਕਾਪੀ, ਨੰਬਰ ਦੇਣਾ ਗੁਆਈਆ । ਝਗੜਾ ਰਹੇ ਨਾ ਕਿਸੇ ਜ਼ਾਤੀ, ਦੀਨ ਮਜ਼੍ਹਬ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਨੂੰ ਕਥਾ ਕਹਾਣੀ ਦੱਸ ਸਾਚੀ, ਸਚ ਸਚ ਸਮਝਾਈਆ । ਸੱਤ ਰੰਗ ਕਹਿਣ ਅਸੀਂ ਰੁਮਾਲ ਹੋ ਗਏ ਟੋਟੇ, ਟੁਕੜੇ ਟੁਕੜੇ ਨਜ਼ਰੀ ਆਈਆ । ਥੋੜ੍ਹਿਆਂ ਤੋਂ ਹੋ ਕੇ ਬਹੁਤੇ, ਆਪਣਾ ਅੰਕ ਵਧਾਈਆ । ਗੁਰਮੁਖੋ ਤੁਸੀਂ ਨਾ ਰਿਹੋ ਸੋਤੇ, ਸੁਤਿਆਂ ਦਈਏ ਜਗਾਈਆ । ਚੁਰਾਸੀ ਵਿਚੋਂ ਵੇਖੇ ਬੜੇ ਥੋੜ੍ਹੇ ਕੋਈ ਨਹੀਂ ਚੋਖੇ, ਗਿਣਤੀ ਦੇ ਨਜ਼ਰੀ ਆਈਆ । ਬਾਕੀ ਰਾਏ ਧਰਮ ਦਰ ਝੋਕੇ, ਜਿਹੜੇ ਮਸਤਕ ਨਾ ਸੀਸ ਨਿਵਾਈਆ । ਕਾਇਆ ਦੇ ਖ਼ਾਲੀ ਦਿਸਣ ਖੋਖੇ, ਵਸਤ ਵਿਚ ਨਾ ਕੋਇ ਰਖਾਈਆ । ਭਾਵੇਂ ਕਿੰਨੇ ਪੜ੍ਹਨ ਪੋਥੇ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਸਚ ਦੁਆਰੇ ਕੋਇ ਨਾ ਪਹੁੰਚੇ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਵਡਿਆਈਆ । ਸੱਤ ਰੰਗ ਕਹਿਣ ਅਸੀਂ ਗੁੱਟਾਂ ਨਾਲ ਨਿਸ਼ਾਨਾ, ਨਿਸ਼ਾਨ ਗੋਬਿੰਦ ਰਿਹਾ ਜਣਾਈਆ । ਗੁਰਸਿਖ ਰਹੇ ਨਾ ਕੋਇ ਬੇਗਾਨਾ, ਘਰ ਮਿਲਣਾ ਬੇਪਰਵਾਹੀਆ । ਜਿਸ ਨੇ ਕੂੜਾ ਤੁੜੌਣਾ ਯਾਰਾਨਾ, ਹੱਥੋਂ ਲਾਹ ਕੇ ਸਾਨੂੰ ਦਿਤਾ ਸੁਟਾਈਆ । ਜਿਨ੍ਹਾਂ ਨੇ ਮੰਨਣਾ ਇਕ ਸ੍ਰੀ ਭਗਵਾਨਾ, ਹੱਥ ਉਪਰ ਦੇਣਾ ਉਠਾਈਆ । ਹੁਣ ਛੱਡਿਆ ਰਿਵਾਜ ਪੁਰਾਣਾ, ਪੁਰਾਨਾਂ ਵਾਲੀ ਨਾ ਕੋਇ ਪੜ੍ਹਾਈਆ । ਨਾਪਣ ਵਾਲਾ ਗਿਆ ਪੈਮਾਨਾ, ਪੈਮਾਇਸ਼ ਆਪਣੇ ਹੱਥ ਰਖਾਈਆ । ਹੁਣ ਮਾਲਾ ਮਣਕਿਆਂ ਵਾਲਾ ਨਹੀਂ ਜ਼ਮਾਨਾ, ਜ਼ਾਮਨ ਇਕੋ ਨਜ਼ਰੀ ਆਈਆ । ਜਿਹੜਾ ਸ਼ਹਿਨਸ਼ਾਹ ਸ਼ਾਹਾਨਾ, ਪਾਤਸ਼ਾਹ ਧੁਰਦਰਗਾਹੀਆ । ਮਸਤੀ ਵਿਚ ਕਰੇ ਮਸਤਾਨਾ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਗੁਰਮੁਖ ਬਣਿਆ ਰਹੇ ਦੀਵਾਨਾ, ਨਾਤਾ ਤੁੱਟੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੱਤ ਰੰਗ ਕਹਿਣ ਗਰਮੁਖੋ ਜੇ ਨਹੀਂ ਕਰਨੀ ਸਚ ਪ੍ਰੀਤ, ਮੈਨੂੰ ਦਿਓ ਜਣਾਈਆ । ਓਹ ਰਹੇ ਨਾ ਸੰਗਤ ਬੀਚ, ਪੱਲੂ ਜਾਏ ਛੁਡਾਈਆ । ਸੋਹੰ ਰਸਨਾ ਨਾ ਗਾਏ ਸੁਹਾਗੀ ਗੀਤ, ਢੋਲਾ ਧੁਰਦਰਗਾਹੀਆ । ਜਿਸ ਨੂੰ ਚਾਹੀਦੀ ਨਹੀਂ ਇਹ ਬਖ਼ਸ਼ੀਸ਼, ਓਹ ਮੁਖੜਾ ਲਓ ਭੁਆਈਆ । ਫਿਰ ਵੀ ਜਾਂਦਿਆਂ ਦੀ ਦੇਵੇ ਠੋਕ ਪੀਠ, ਸ਼ਾਬਾਸ਼ ਕਹਿ ਕੇ ਦਏ ਸੁਣਾਈਆ । ਤੁਹਾਡਾ ਨਿਸ਼ਾਨਾ ਉਕਿਆ ਠੀਕ, ਠਾਕਰ ਨਾਲੋਂ ਹੋਈ ਜੁਦਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਗੋਬਿੰਦ ਪੁਰਖ ਅਕਾਲ ਨਾਲ ਤੁਹਾਡੀ ਭੁਗਤਣ ਆਇਆ ਤਾਰੀਖ, ਤਵਾਰੀਖ਼ ਪਿਛਲੀ ਦਏ ਬਦਲਾਈਆ । ਅੰਦਰੋਂ
੨੮੯ ਕਰ ਕੇ ਠੰਡੇ ਸੀਤ, ਅਗਨੀ ਅੱਗ ਦਏ ਬੁਝਾਈਆ । ਕੋਈ ਨਾ ਮੰਗੇ ਫ਼ੀਸ, ਪੂਜਾ ਪਾਠ ਨਾ ਕੋਇ ਕਰਾਈਆ । ਜਿਸ ਦਾ ਇਕ ਵੇਰਾਂ ਝੁਕ ੨੮੯
੨੧ ਜਾਏ ਸੀਸ, ਫੜ ਬਾਹੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਸਾਈਆ । ਸੱਤ ਰੰਗ ੨੧
ਕਹਿਣ ਜਨ ਭਗਤੋ ਜਿਸ ਨੇ ਜਾਣਾ ਛੱਡ, ਹੱਥ ਦਿਓ ਉਠਾਈਆ । ਜਿਸ ਨੇ ਖਾਣੀ ਮੱਛੀ ਡੱਡ, ਓਹ ਮੂੰਹ ਲਓ ਖੁਲ੍ਹਾਈਆ । ਜਿਸ ਨੇ ਚੁਰਾਸੀ ਵਿਚ ਫਿਰਨਾ ਜਗ, ਓਹ ਅੰਦਰੋਂ ਸੀਸ ਨਾ ਕੋਇ ਨਿਵਾਈਆ । ਜਿਸ ਨੇ ਮਾਤ ਗਰਭ ਵਿਚ ਸੜਨਾ ਅੱਗ, ਓਹ ਅੱਖਾਂ ਲਓ ਬਦਲਾਈਆ । ਜਿਸ ਨੇ ਬਣਨਾ ਕੱਗ, ਓਹ ਨਿੰਦਿਆ ਲਓ ਕਰਾਈਆ । ਇਹ ਵੇਲਾ ਜੇ ਅੱਜ, ਕਲ੍ਹ ਨੂੰ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸੱਤ ਰੰਗ ਕਹਿਣ ਅਸੀਂ ਬੱਧੇ ਨਹੀਂ ਗਾਨੇ, ਗੁੱਟਾਂ ਨਾਲ ਸੁਹਾਈਆ । ਅਸੀਂ ਤੁਹਾਡੇ ਨਾਲ ਪੌਣ ਆਏ ਯਾਰਾਨੇ, ਯਾਰੀ ਇਕ ਬਣਾਈਆ । ਹੁਣ ਛੱਡਣੇ ਘਰ ਬੇਗਾਨੇ, ਘਰ ਆਪਣੇ ਸੋਭਾ ਪਾਈਆ । ਜਿਥੇ ਮਿਲੇ ਸ੍ਰੀ ਭਗਵਾਨੇ, ਨਿਰਗੁਣ ਨੂਰ ਇਲਾਹੀਆ । ਕਿਸੇ ਨੇ ਉਹਨੂੰ ਕਿਹਾ ਵਸੇ ਦੇਸ ਅਨਾਮੇ, ਅਨਾਮੀ ਦੇਸ ਕਹਿਣ ਵਾਲੇ ਸਮਝ ਕਿਸੇ ਨਾ ਪਾਈਆ । ਓਹ ਨਾਪਦੇ ਰਹੇ ਸੁਰਤੀ ਵਾਲੇ ਪੈਮਾਨੇ, ਸ਼ਬਦ ਵਿਚ ਛੁਪਾਈਆ । ਅਕਾਲ ਪੁਰਖ ਕਰਦਾ ਰਿਹਾ ਬਹਾਨੇ, ਥੋੜ੍ਹੇ ਥੋੜ੍ਹੇ ਦੀਪਕ ਡਗਮਗਾਈਆ । ਅੱਖਰਾਂ ਵਾਲੇ ਮਨਾ ਕੇ ਫ਼ਰਮਾਨੇ, ਪੜਦਾ ਲਏ ਬਣਾਈਆ । ਹੁਕਮ ਦੇ ਲਾ ਕੇ ਕਾਮੇ, ਕਮਾਲ ਮਜ਼੍ਹਬ ਵਿਚ ਫਸਾਈਆ । ਵਜੌਂਦੇ ਰਹੇ ਵੱਖੋ ਵੱਖਰੇ ਦਮਾਮੇ, ਆਪਣਾ ਡੰਕਾ ਹੱਥ ਨਾ ਕਿਸੇ ਫੜਾਈਆ । ਬਹਿੰਦੇ ਰਹੇ ਲਾ ਕੇ ਸ਼ਾਮਿਆਨੇ, ਆਸਣ ਡੇਰੇ ਲਾਈਆ । ਕਰਦੇ ਰਹੇ ਧਿਆਨੇ, ਅੰਤਰ ਵੇਖ ਵਖਾਈਆ । ਸੁਣਦੇ ਰਹੇ ਤਰਾਨੇ, ਸ਼ਬਦ ਨਾਦ ਸ਼ਨਵਾਈਆ । ਜਾਂ ਤੱਕਿਆ ਗੋਬਿੰਦ ਨੇ ਜਿਸ ਵੇਲੇ ਸੂਲਾਂ ਦੀ ਸੇਜ ਤੇ ਬਾਂਹ ਦਿਤੀ ਸਰ੍ਹਾਣੇ, ਸਾਹਿਬ ਨਜ਼ਰੀ

ਆਈਆ । ਪੁਰਖ ਅਕਾਲ ਨੇ ਫੜ ਕੇ ਕਾਨੇ, ਚਾਰੋਂ ਕੁੰਟ ਦਿਤਾ ਭੁਆਈਆ । ਗੋਬਿੰਦ ਵੇਖ ਲੈ ਕਿਤੇ ਫੇਰ ਨਾ ਕਰੀਂ ਬਹਾਨੇ, ਬਹਾਨੇ ਵਾਲਾ ਸਾਥ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਰਿਹਾ ਚੁਕਾਈਆ । ਸੱਤ ਰੰਗ ਕਹਿਣ ਸਾਡੇ ਰੰਗ ਵੇਖੋ ਵਖਰੇ, ਅੱਡੋ ਅੱਡੀ ਨਜ਼ਰੀ ਆਈਆ । ਸਾਡੇ ਤੱਕੋ ਨਖ਼ਰੇ, ਸੋਹਣਾ ਖੇਲ ਖਿਲਾਈਆ । ਗੋਬਿੰਦ ਦੇ ਯਾਦ ਕਰ ਲਓ ਸੱਥਰੇ, ਸੱਥਰ ਕੀ ਵਡਿਆਈਆ । ਧੰਨੇ ਦੇ ਵੇਖ ਲਓ ਪੱਥਰੇ, ਪੱਥਰਾਂ ਸੋਭਾ ਪਾਈਆ । ਸੱਤ ਰੰਗ ਕਹਿਣ ਗੁਰਸਿਖੋ ਹੁਣ ਨਾ ਬਣਿਓ ਮਕਰੇ, ਫ਼ਰੇਬ ਦੇਣਾ ਗਵਾਈਆ । ਜਿਨ੍ਹਾਂ ਨੇ ਖਾਧੇ ਬੱਕਰੇ ਛੱਤਰੇ, ਗੋਬਿੰਦ ਓਨ੍ਹਾਂ ਨੂੰ ਦਏ ਸਜ਼ਾਈਆ । ਕਿਉਂ ਓਸ ਛੱਡ ਦਿਤੇ ਪਟਨੇ, ਪੌਂਟੇ ਪਟਨੇ ਵਾਲੀ ਪਿਛਲੀ ਰੀਤੀ ਨਾ ਕੋਇ ਰਖਾਈਆ । ਹੁਣ ਸਭ ਦੇ ਲੇਖੇ ਕੱਟਣੇ, ਪਿਛਲਾ ਬਚਿਆ ਰਹਿਣ ਕੋਇ ਨਾ ਪਾਈਆ । ਬਿਨਾ ਭਗਤਾਂ ਤੋਂ ਘਰ ਕੋਈ ਨਹੀਂ ਵਸਣੇ, ਉਜੜੀ ਦਿਸੇ ਲੋਕਾਈਆ । ਸਭ ਦੇ ਆਸਣ ਸਖਣੇ, ਖ਼ਾਲੀ ਠੂਠੇ ਰਹੇ ਵਖਾਈਆ । ਗੁਰਮੁਖਾਂ ਦੇ ਦੀਪਕ ਜਗਣੇ, ਗੋਬਿੰਦ ਕਰੇ ਰੁਸ਼ਨਾਈਆ । ਤੁਸੀਂ ਮੇਰੇ ਮੁੱਖ ਮੁੱਖਣੇ, ਜਿਹੜੇ ਸਵਾ ਲੱਖ ਨਾਲ ਲੜਾਈਆ । ਹੁਣ ਤੂੰ ਓਸ ਦੇਸ ਢੱਕਣੇ, ਜਿਥੇ ਦਿਸੇ ਧੁਰਦਰਗਾਹੀਆ । ਹੁਣ ਪਾਲੇ ਨਾਲ ਮੱਖਣੇ, । ਚਲੋ ਚਲੀਏ ਓਸ ਵਤਨੇ, ਜਿਥੋਂ ਫੇਰ ਨਾ ਕੋਇ ਕਢਾਈਆ । ਚੌਦਾਂ ਲੋਕ ਤੁਸੀਂ ਖ਼ੁਸ਼ੀਆਂ ਨਾਲ ਟੱਪਣੇ, ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ ਬਣ ਕੇ ਰਸਤੇ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਤੁਹਾਨੂੰ ਵੇਖ ਕੇ ਹੱਸਣੇ, ਦੋਹਾਂ ਹੱਥਾਂ ਦੀ ਤਾਲੀ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੱਤ ਰੰਗ ਕਹਿਣ ਅਸੀਂ ਇੰਚ ਨੌ ਨੌਂ, ਨੌ ਦਵਾਰੇ ਵੇਖ ਵਖਾਈਆ । ਸਾਰੀ ਦ੍ਰਿਸ਼ਟੀ ਰਹੇ ਭੌਂ, ਸ੍ਰਿਸ਼ਟੀ ਖੋਜ ਖੁਜਾਈਆ । ਵੇਖਿਓ ਕੋਈ ਅਜੇ ਨਾ ਜਾਇਓ ਸੌਂ, ਸੁਤਿਆਂ ਵਕ਼ਤ ਲੰਘਾਈਆ । ਤੁਹਾਡੇ ਪਿਛੇ ਗੋਬਿੰਦ ਨੇ ਖਾਧਾ ਸੀ ਇਕ ਇਕ ਜੌਂ, ਨੌ ਦਿਨ ਝਟ ਲੰਘਾਈਆ । ਅੱਜ ਦੀ ਰਾਤ ਵਿਚ ਕਰ ਲਓ ਆਪਣੇ ਬਾਰਾਂ ਪੌਂ, ਨੱਟੀ ਵਾਲੀ ਨਰਦ ਦਿਓ ਗੁਆਈਆ । ਸਚਖੰਡ ਵੱਲ ਸਿੱਧਾ ਕਰ ਲਓ ਰੌਂ, ਅੱਗੇ ਹੋ ਨਾ ਕੋਇ ਅਟਕਾਈਆ । ਹੁਣ ਪ੍ਰਭ ਨੂੰ ਤੁਹਾਡਾ ਗਉਂ, ਤੁਹਾਡੀ ਫੜਨ ਆਇਆ ਬਾਹੋਂ, ਆਪਣਾ ਫੇਰਾ ਪਾਈਆ । ਜੇ ਪ੍ਰਭੂ ਤੁਹਾਡਾ ਬਣੇ ਪਿਤਾ ਮਾਉਂ, ਤੁਸੀਂ ਕਿਉਂ ਨਾ ਬੱਚੇ ਬਣ ਕੇ ਗੋਦ ਸੁਹਾਈਆ । ਅੱਜ ਤੋਂ ਤੁਹਾਡਾ ਬਦਲ ਗਿਆ ਨਾਉਂ, ਨਿਰੰਕਾਰਾ ਦਏ ਵਡਿਆਈਆ । ਤੁਸੀਂ ਹੰਸ ਬਣ ਗਏ ਕਾਉਂ, ਕਾਗ ਬੁੱਧੀ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸੱਤ ਰੰਗ ਕਹਿਣ ਅਸੀਂ ਲਾਲ ਲਾਲੇ, ਲਾਲਾਂ ਦਈਏ ਵਡਿਆਈਆ । ਅੱਜ ਤੋਂ ਬਦਲੋ ਆਪਣੀ ਚਾਲੇ, ਪਿਛਲੀ ਮਤਿ ਦੇਣੀ ਗੁਆਈਆ । ਓਸ ਦੇ ਬਣ ਜਾਓ ਬਾਲੇ, ਜੋ ਬਾਲਮ ਇਕ ਅਖਵਾਈਆ । ਜਿਹੜਾ ਸਦਾ ਕਰੇ ਪ੍ਰਿਤਪਾਲੇ, ਸਿਰ ਆਪਣਾ ਹੱਥ ਟਿਕਾਈਆ । ਕੁਛ ਯਾਦ ਕਰ ਲਓ ਕੀ ਨਾਨਕ ਕਿਹਾ ਬਾਲੇ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਮੇਲਾ ਲਏ ਮਿਲਾਈਆ । ਸੱਤ ਰੰਗ ਕਹਿਣ ਅਸੀਂ ਰੰਗ ਅਪਾਰ, ਅਪਰੰਪਰ ਸਵਾਮੀ ਦਿਤੀ ਵਡਿਆਈਆ । ਜਨ ਭਗਤੋ ਤੁਹਾਡੀ ਵੇਖਣ ਆਏ ਬਹਾਰ, ਬਸੰਤੀ ਸੋਹਣੀ ਸੋਭਾ ਪਾਈਆ । ਜਿਸ ਵਿਚ ਤੁਸੀਂ ਗੁਲ ਤੇ ਗੁਲਸ਼ਨ ਸੋਹਣੀ ਖਿਲੀ ਗੁਲਜ਼ਾਰ, ਮਹਿਕ ਮਹਿਕ ਵਿਚ ਮਹਿਕਾਈਆ । ਜਿਹੜਾ ਝੁਕ ਗਿਆ ਪੁਰਖ ਤੇ ਨਾਰ, ਗੁਰਮੁਖ ਇਕੋ ਰੰਗ ਸਮਾਈਆ । ਆਤਮ ਦਾ ਕਰ

ਵਿਚਾਰ, ਪਰਮਾਤਮ ਵੱਜੇ ਵਧਾਈਆ । ਜੇ ਬਾਹਰੋਂ ਕਰੋ ਸ਼ਿੰਗਾਰ, ਕੱਜਲ ਨੈਣ ਮਟਕਾਈਆ । ਅੰਦਰੋਂ ਰੱਖੋ ਧੂੰਆਂਧਾਰ, ਇਹ ਪ੍ਰੀਤ ਕਦੇ ਨਾ ਭਾਈਆ । ਬਾਹਰੋਂ ਭਾਵੇਂ ਪਾਟੇ ਚੀਥੜ ਦਿਉ ਵਖਾਲ, ਭੁੱਖੇ ਨੰਗੇ ਨਜ਼ਰੀ ਆਈਆ । ਅੰਦਰੋਂ ਬਣ ਜਾਓ ਓਸ ਦੇ ਲਾਲ, ਜਿਹੜਾ ਲਾਲ ਤੁਹਾਡੇ ਉਤੋਂ ਭੇਟ ਗਿਆ ਕਰਾਈਆ । ਇਹ ਦੁਨੀਆ ਜਗਤ ਦਿਹਾੜੇ ਚਾਰ, ਸਦਾ ਰਹਿਣ ਕੋਇ ਨਾ ਪਾਈਆ । ਕਿੱਥੇ ਗਏ ਤੁਹਾਡੇ ਯਾਰ, ਪਿਓ ਦਾਦਾ ਸੰਗ ਨਾ ਕੋਇ ਨਿਭਾਈਆ । ਕਿਉਂ ਇਹ ਘੜਨ ਭੰਨਣ ਵਾਲਾ ਵੱਡਾ ਘੁਮਿਆਰ, ਠੱਠਿਆਰ ਧੁਰਦਰਗਾਹੀਆ । ਜਿਨ੍ਹ ਠੋਕ ਵਜਾ ਕੇ ਵੇਖਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੀ ਚਲੇ ਨਾ ਕੋਇ ਚਤੁਰਾਈਆ । ਹੁਣ ਆਈ ਤੁਹਾਡੀ ਵਾਰ, ਵਾਰਤਾ ਪਿਛਲੀ ਦਿਆਂ ਸਮਝਾਈਆ । ਜਿਸ ਵੇਲੇ ਗੋਬਿੰਦ ਅੰਗੀਠੇ ਵਿਚ ਅਗਨੀ ਦਿਤੀ ਬਾਲ, ਆਪਣਾ ਆਪ ਭੇਟ ਕਰਾਈਆ । ਪੁਰਖ ਅਕਾਲ ਅੱਗੇ ਕੀਤਾ ਸਵਾਲ, ਸਵਾਲੀ ਹੋ ਕੇ ਅੱਗੇ ਝੋਲੀ ਡਾਹੀਆ । ਪ੍ਰਭੂ ਹੁਣ ਆਵਾਂ ਤੇਰੇ ਨਾਲ, ਨਿਰਗੁਣ ਹੋ ਕੇ ਫੇਰਾ ਪਾਈਆ । ਓਸ ਵੇਲੇ ਮੇਰੇ ਸਿੱਖ ਵਖਾਵੀਂ ਬਾਲ, ਬਾਲੇ ਨੱਢੇ ਨਾਲ ਰਲਾਈਆ । ਗੁਰਮੁਖੋ ਇਹ ਵੇਲਾ ਲਓ ਸੰਭਾਲ, ਸੰਬਲ ਵਿਚ ਬੈਠਾ ਆਪਣਾ ਖੇਲ ਕਰਾਈਆ । ਜਿਸ ਨੂੰ ਸਾਰੇ ਰਹੇ ਭਾਲ, ਕੂਚਾ ਗਲੀ ਹੱਥ ਕਿਸੇ ਨਾ ਆਈਆ । ਪੁਛਣ ਆਇਆ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦਏ ਸੁਹਾਈਆ । ਸੱਤ ਰੰਗ ਕਹਿਣ ਓਏ ਆਪਣੇ ਅੰਦਰ ਵੇਖੋ ਪਿਤਾ, ਤੱਤਾਂ ਪੜਦਿਆਂ ਵਿਚੋਂ ਪਰਦਾ ਲਓ ਉਠਾਈਆ । ਤੁਸਾਂ ਕੀ ਲੈਣਾ ਕੋਲੋਂ ਪੱਥਰ ਇੱਟਾਂ, ਕੰਧਾਂ ਸੀਸ ਝੁਕਾਈਆ । ਬਿਨਾ ਗੋਬਿੰਦ ਤੋਂ ਕਿਸੇ ਨਹੀਂ ਕਰਨਾ ਹਿੱਤਾ, ਸਾਫ਼ ਹਿਸਾਬ ਨਾ ਕੋਇ ਕਰਾਈਆ । ਸਾਰਿਆਂ ਅੰਤ ਦੇ ਜਾਣੀਆਂ ਪਿੱਠਾਂ, ਅਗਲਾ ਸੰਗ ਨਾ ਕੋਇ ਨਿਭਾਈਆ । ਗੁਰਮੁਖੋ ਵੇਲਾ ਪ੍ਰਭ ਦਾ ਚਰਨ ਧੂੜੀ ਲਾ ਲਓ ਟਿੱਕਾ, ਟਕਿਆਂ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਦਾ ਸੀਰ ਕਦੇ ਨਾ ਫਿਟਾ, ਅੰਮ੍ਰਿਤ ਰਸ ਅਗੰਮਾ ਦਏ ਚਖਾਈਆ । ਫੇਰ ਜਗਤ ਦੀ ਕਹਾਣੀ ਸ਼ਾਸਤਰ ਵਾਲਾ ਚਿੱਠਾ, ਚਿੱਠੀਆਂ ਪੜ੍ਹ ਪੜ੍ਹ ਕੇ ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸੱਤ ਰੰਗ ਕਹਿਣ ਓਏ ਗੁਰਮੁਖੋ ਮੇਰਿਓ ਵੀਰੋ, ਵੀਰਨਾਂ ਦਿਆਂ ਜਣਾਈਆ । ਜ਼ਰਾ ਅਪਣਾ ਸੀਨਾ ਚੀਰੋ, ਚਿਰ ਦੇ ਵਿਛੁੰਨਿਉਂ ਦਿਆਂ ਜਣਾਈਆ । ਸਾਰੀ ਦੁਨੀਆ ਦਾ ਲੇਖਾ ਹੋ ਗਿਆ ਜ਼ੀਰੋ, ਤੁਹਾਨੂੰ ਇਕ ਦਾ ਅੰਕ ਲਿਆ ਬਣਾਈਆ । ਇਹ ਖੇਲ ਆਖ਼ਰ ਅਖ਼ੀਰੋ, ਆਖ਼ਰ ਦਿਤਾ ਸਮਝਾਈਆ । ਕਿਸੇ ਕੰਮ ਨਹੀਂ ਔਣੀ ਧਰਤੀ ਧਨ ਮਾਲ ਜਗੀਰੋ, ਮਹੱਲ ਅਟਲ ਨਾ ਕੋਇ ਵਡਿਆਈਆ । ਗੁਰਮੁਖੋ ਬਣ ਜਾਓ ਸਾਚੇ ਹੀਰੋ, ਦਰ ਸਾਚੇ ਸੋਭਾ ਪਾਈਆ । ਵੈਰਾਗ ਅੰਦਰ ਵਹਾਓ ਸਦਾ ਨੀਰੋ, ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਘਰ ਦਏ ਵਖਾਈਆ । ਸੱਤ ਰੰਗ ਕਹਿਣ ਓਏ ਆਪਣਾ ਆਪ ਕਰ ਲਓ ਸਫ਼ੈਦ, ਚਿੱਟਾ ਨਜ਼ਰੀ ਆਈਆ । ਪੁਰਖ ਅਕਾਲ ਤੇ ਗੋਬਿੰਦ ਦਾ ਵੇਖੋ ਅਹਿਦ, ਅਹਿਦਨਾਮਾ ਦਿਆਂ ਵਖਾਈਆ । ਭਗਤੋ ਧਰਮ ਰਾਏ ਦੀ ਵਿਚ ਨਾ ਵੜਨਾ ਕ਼ੈਦ, ਬੰਦੀਖ਼ਾਨੇ ਨਾ ਕੋਇ ਭੁਆਈਆ । ਬਿਨਾ ਸਤਿਗੁਰ ਸ਼ਬਦ ਕਿਸੇ ਕੰਮ ਨਹੀਂ ਔਣਾ ਕਵਾਇਦ, ਪੜ੍ਹਿਆਂ ਹੱਥ ਕੁਛ ਨਾ ਆਈਆ । ਜੇ ਤੁਹਾਨੂੰ ਮਿਲ ਗਿਆ ਸਬੱਬ ਨਾਲ ਧੁਰ ਦਾ ਵੈਦ, ਅੰਦਰੋਂ ਰੋਗ ਲਓ ਗਵਾਈਆ । ਹੁਣ ਅੱਖਰਾਂ ਵਾਲੀ ਛੱਡ ਦਿਓ ਬਹਿਸ, ਝਗੜੇ ਵਿਚ ਨਾ ਕੋਇ

ਲੜਾਈਆ । ਜਿਨ੍ਹਾਂ ਨੇ ਸਚਖੰਡ ਕਰਨੀ ਰਿਹਾਇਸ਼, ਬਾਹਵਾਂ ਉਪਰ ਦਿਓ ਉਠਾਈਆ । ਤੁਸੀਂ ਚੁਰਾਸੀ ਵਿਚੋਂ ਥੋੜ੍ਹੇ ਮਿਲੀ ਨੁਮਾਇਸ਼, ਨੁਮਾਇੰਦੇ ਆਪਣੇ ਲਏ ਬਣਾਈਆ । ਤੁਹਾਡੀ ਝੋਲੀ ਪਾ ਕੇ ਨਾਮ ਕੈਸ਼, ਕੈਸ਼ੀਅਰ ਧੁਰ ਦੇ ਦਿਤੇ ਬਣਾਈਆ । ਵੇਖਿਓ ਕਿਤੇ ਆ ਨਾ ਜਾਇਓ ਵਿਚ ਤੈਸ਼, ਗ਼ੁੱਸੇ ਵਿਚ ਝਟ ਲਓ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੱਤ ਰੰਗ ਕਹਿਣ ਸਾਰੇ ਕਰ ਲਓ ਸਲਾਹ, ਅੰਦਰੇ ਅੰਦਰ ਧਿਆਨ ਲਗਾਈਆ । ਅੱਗੇ ਕਰੀਏ ਨਾ ਕੋਈ ਗੁਨਾਹ, ਪ੍ਰਭ ਨੂੰ ਦਿਓ ਬਤਲਾਈਆ । ਭਾਵੇਂ ਕਿੰਨਾਂ ਗ਼ੁੱਸੇ ਹੋਵੇ ਪਿਤਾ ਮਾਂ, ਫਿਰ ਵੀ ਪ੍ਰਭੂ ਦੇ ਚਰਨ ਛੱਡਿਓ ਨਾ, ਨਾਨਕ ਦਾਦਕ ਭਾਵੇਂ ਸਾਰੇ ਜਾਣ ਤਜਾਈਆ । ਆਪਣਾ ਦਰਗਾਹ ਵਿਚ ਲਵਾਂ ਲਓ ਨਾਂ, ਨਾਨਕ ਗੋਬਿੰਦ ਦਏ ਵਡਿਆਈਆ । ਵੇਖਿਓ ਭੁੱਲਕੇ ਕਦੀ ਨਾ ਖਾਇਓ ਸੂਰ ਗਾਂ, ਸੁੱਤਿਆਂ ਰਿਹਾ ਜਗਾਈਆ । ਜਿਨ੍ਹਾਂ ਮਾਨਣੀ ਠੰਡੀ ਛਾਂ, ਸੀਸ ਦਿਓ ਝੁਕਾਈਆ । ਵਸਣਾ ਸਾਚੇ ਗਰਾਂ, ਸਚਖੰਡ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਰਮ ਭੁਲੇਖਾ ਦਏ ਕਢਾਈਆ । ਸੱਤ ਰੰਗ ਕਹਿਣ ਜਨ ਭਗਤੋ ਸਾਡੀ ਮੰਨੋ ਅਰਦਾਸ, ਅਰਦਾਸਿਆਂ ਵਿਚ ਜਣਾਈਆ । ਇਹ ਧੁਰ ਦਾ ਵਿਹਾਰ ਖ਼ਾਸ, ਖ਼ਾਲਸ ਰਿਹਾ ਕਰਾਈਆ । ਜਿਸ ਤਰਾ ਗੋਬਿੰਦ ਪੁਰਖ ਅਕਾਲ ਦਿਸੇ ਉਪਰ ਆਕਾਸ਼, ਜੋਤ ਸ਼ਬਦ ਵਡ ਵਡਿਆਈਆ । ਓਸੇ ਤਰਾ ਧਰਤੀ ਉਤੇ ਆਇਆ ਤੁਹਾਡੇ ਪਾਸ, ਪਾਸਾ ਰਿਹਾ ਬਦਲਾਈਆ । ਅੱਗੇ ਤੱਤਾਂ ਦੀ ਪੈਂਦੀ ਰਾਸ, ਹੁਣ ਨਿਰਗੁਣ ਨਿਰਗੁਣ ਖ਼ੁਸ਼ੀ ਮਨਾਈਆ । ਜੇ ਸਮਝ ਲਓ ਨਿੱਕੀ ਜਿਹੀ ਬਾਤ, ਬਾਤਨ ਪੜਦਾ ਇਕ ਉਠਾਈਆ । ਪਤਾ ਲੱਗ ਜਾਏ ਪੁਰਖ ਅਕਾਲ ਇਕੋ ਸਭ ਦਾ ਬਾਪ, ਦੂਜਾ ਹੋਰ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸੱਤ ਰੰਗ ਕਹਿਣ ਗੁਰਮੁਖੋ ਕੀ ਅੰਤਰ ਆਈ ਦਲੀਲ, ਸਚ ਦੇਣੀ ਸੁਣਾਈਆ । ਜੇ ਕੋਈ ਕਰਨਾ ਚਾਹੁੰਦਾ ਅਪੀਲ, ਉਠ ਕੇ ਦਿਓ ਸੁਣਾਈਆ । ਜੇ ਕੋਈ ਕਰਨਾ ਚਾਹੁੰਦਾ ਵਕੀਲ, ਗੁਰ ਅਵਤਾਰ ਪੈਗ਼ੰਬਰ ਲਓ ਮੰਗਾਈਆ । ਜੇ ਕੋਈ ਜਾਣਾ ਚਾਹੁੰਦਾ ਵਿਚ ਤਹਿਸੀਲ, ਮਨ ਮਨੂਆ ਲਓ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਸੱਤ ਰੰਗ ਕਹਿਣ ਸਾਡੇ ਵਿਚ ਨਹੀਂ ਕੋਈ ਧੱਬਾ, ਇਕੋ ਰੰਗ ਵਖਾਈਆ । ਜਨ ਭਗਤੋ ਸਭ ਦਾ ਸਾਂਝਾ ਹੋਇਆ ਅੱਬਾ, ਪੁਰਖ ਅਕਾਲ ਲੈਣਾ ਮਨਾਈਆ । ਤੁਸੀਂ ਵੀ ਬਦਲ ਦਿਓ ਅੰਦਰੋਂ ਤਬਅ, ਤਬੀਅਤ ਲੈਣੀ ਬਦਲਾਈਆ । ਫੇਰ ਨਾ ਕਿਹੋ ਹਾਏ ਰੱਬਾ, ਜਗਤ ਰਿਹੋਂ ਸਤਾਈਆ । ਜੁਗ ਚੌਕੜੀ ਲੱਭਿਆਂ ਕਿਸੇ ਨਾ ਲੱਭਾ, ਮਿਹਰ ਨਜ਼ਰ ਮੇਲ ਮਿਲਾਈਆ । ਤੁਹਾਨੂੰ ਦੇ ਕੇ ਸੱਦਾ, ਸੰਮਤ ਚੌਥੇ ਲਿਆ ਜੁੜਾਈਆ । ਭਗਤ ਦਵਾਰ ਦੇ ਕੇ ਜਗਹ, ਸਚ ਦਵਾਰੇ ਸੋਭਾ ਪਾਈਆ । ਸਵਾਰ ਲਓ ਆਪਣਾ ਅੱਗਾ, ਮਿਲੇ ਮਾਣ ਵਡਿਆਈਆ । ਮਨ ਕਲਪਣਾ ਕਰਿਓ ਕੋਇ ਨਾ ਦਗ਼ਾ, ਫ਼ਰੇਬਾਂ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਸਾਈਆ । ਸੱਤ ਰੰਗ ਕਹਿਣ ਜਨ ਭਗਤੋ ਚੁਰਾਸੀ ਵਿਚੋਂ ਲੈ ਲਓ ਛੁੱਟੀ, ਛੁਟਕਾਰਾ ਲਓ ਕਰਾਈਆ । ਪੰਧ ਮੁਕਾ ਲਓ ਤ੍ਰੈਕੁਟੀ, ਈੜਾ ਪਿੰਗਲ ਸੁਖਮਨ ਦੀ ਲੋੜ ਰਹੇ ਨਾ ਰਾਈਆ । ਅਸੀਂ ਬੱਝ ਗਏ ਤੁਹਾਡੀ ਗੁੱਟੀਂ, ਸੱਤੇ ਮੰਜ਼ਲਾਂ ਪਾਰ ਕਰਾਈਆ । ਜਿਥੇ ਇਕੋ ਜੋਤ ਦੀ ਪੋਹ ਫੁੱਟੀ, ਸੂਰਜ ਚੰਨ ਨਜ਼ਰ ਕੋਇ ਨਾ ਆਈਆ । ਭਗਤਾਂ ਦੀ ਪ੍ਰੀਤ ਕਦੇ ਨਾ ਟੁੱਟੀ, ਟੁੱਟਿਆਂ ਰਿਹਾ ਜੁੜਾਈਆ । ਭਾਗ


੨੯੨ ੨੧

ਲੱਗਾ ਉਨ੍ਹਾਂ ਕੁੱਖੀਂ, ਜੋ ਜਨਮ ਜਨਮ ਦੀ ਟੁੱਟੀ ਰਹੇ ਜੁੜਾਈਆ । ਸਦਾ ਰਹੋ ਸੁਖੀ, ਸੁਖ ਸਾਗਰ ਵਿਚ ਸਮਾਈਆ । ਬਣੇ ਰਹੋ ਵਡ ਮੁੱਖੀ, ਗੁਰਮੁਖ ਨਜ਼ਰੀ ਆਈਆ । ਗਾਂਦੇ ਰਹੋ ਦੋ ਤੁੱਕੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਅੰਤ ਸਭ ਦੀ ਮੰਜ਼ਲ ਰਹੀ ਮੁਕੀ, ਮੁਕੰਮਲ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੁਆਰਾ ਇਕ ਸੁਹਾਈਆ । ਸੱਤ ਰੰਗ ਕਹਿਣ ਸਾਰੇ ਹੋ ਗਏ ਇਕੱਠੇ, ਮਿਲੀ ਮਾਣ ਵਡਿਆਈਆ । ਅੱਗੇ ਇਕ ਦੂਜੇ ਨੂੰ ਕਰਦੇ ਰਹੇ ਠੱਠੇ, ਵੱਡੇ ਛੋਟੇ ਕਹਿ ਕਹਿ ਰਹੇ ਸਤਾਈਆ । ਪਿਛਲੀ ਮੰਜ਼ਲ ਟੱਪੇ, ਸਦ ਇਕੋ ਵੇਖ ਵਖਾਈਆ । ਜਿਥੇ ਭਗਤ ਰਹੇ ਭਾਈ ਭੈਣ ਸਕੇ, ਗੁਰਮੁਖ ਸੋਹਣਾ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਪੱਕੇ, ਨਾਤਾ ਕੂੜ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮ ਕਾਂਡ ਸਦਾ ਦਏ ਸੁਹਾਈਆ । ਸੱਤ ਰੰਗ ਕਹਿਣ ਸਚਖੰਡ ਬੈਠੇ ਲਾ ਕੇ ਡੇਰਾ, ਘਰ ਇਕੋ ਸੋਭਾ ਪਾਈਆ । ਜਿਥੇ ਢੋਲਾ ਤੇਰਾ ਮੇਰਾ, ਇਕੋ ਸਿਫ਼ਤ ਸਾਲਾਹੀਆ । ਪਿਛਲਾ ਹੋਵੇ ਨਬੇੜਾ, ਸੋਹਣਾ ਵਸੇ ਖੇੜਾ, ਨਿਰਗੁਣ ਦੀਪਕ ਜੋਤ ਰੁਸ਼ਨਾਈਆ । ਪੁਰਖ ਅਕਾਲ ਕਰੇ ਮਿਹਰਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦਏ ਵਡਿਆਈਆ । ਸੱਤ ਰੰਗ ਕਹਿਣ ਜਿਸ ਕਾਰਨ ਗੋਬਿੰਦ ਪੁਰਖ ਅਕਾਲ ਮਾਰਿਆ ਫੇਰਾ, ਆਪਣਾ ਵੇਸ ਵਟਾਈਆ । ਸੋ ਤੁਹਾਡਾ ਕਰ ਕੇ ਹੱਕ ਨਬੇੜਾ, ਪਿਛਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣ ਲੱਗਿਆਂ ਨਾ ਲਾਵੇ ਦੇਰਾ, ਦੇਰ ਦੇ ਵਿਛੜੇ ਜੋੜ ਜੁੜਾਈਆ ।


੨੯੩


੨੧

### ❊ ੧੮ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸੱਤ ਰੰਗ ਕਹਿਣ ਸਾਡੀ ਇਕ ਅਪੀਲੇ, ਬੇਨੰਤੀ ਦਈਏ ਜਣਾਈਆ । ਜਨ ਭਗਤੋ ਬਣਿਓ ਮਾਤ ਵਸੀਲੇ, ਵਸਲ ਮਿਲੇ ਯਾਰ ਖ਼ੁਦਾਈਆ । ਬਣੀਏ ਸਚ ਕ਼ਬੀਲੇ, ਕ਼ਿਬਲ ਦਾ ਮਾਲਕ ਦਏ ਵਡਿਆਈਆ । ਬਦਲੇ ਨਾ ਕਦੇ ਦਲੀਲੇ, ਦਿਲਬਰ ਦਿਲਦਾਰ ਨਜ਼ਰੀ ਆਈਆ । ਕੌਲ ਇਕਰਾਰ ਹਾੜ ਮਹੀਨੇ, ਮਹਾਂ ਥਿਤ ਵੱਜੇ ਵਧਾਈਆ । ਰੰਗ ਚੜ੍ਹੇ ਰਹਿਣ ਭੀਨੇ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਝਗੜੇ ਮੁਕ ਜਾਣ ਲੋਕ ਤੀਨੇ, ਤ੍ਰੈਗੁਣ ਲੇਖਾ ਦੇਣਾ ਗੁਆਈਆ । ਸਾਹਿਬ ਯਾਦ ਰਖਿਓ ਸੀਨੇ, ਸੀਨਾ ਇਕੋ ਵੇਖ ਵਖਾਈਆ । ਜਗਤ ਵਿਕਾਰ ਨਾ ਬਣਿਉਂ ਕਮੀਨੇ, ਮਮਤਾ ਮੋਹ ਦੁਹਾਈਆ । ਝਗੜਾ ਛੱਡਿਓ ਨਰ ਮਦੀਨੇ, ਆਤਮ ਪਰਮਾਤਮ ਨਜ਼ਰੀ ਆਈਆ । ਤੁਹਾਡੇ ਲੇਖੇ ਲਗਣ ਪਸੀਨੇ, ਜੋ ਬਣੇ ਪਾਂਧੀ ਰਾਹੀਆ । ਸਚ ਦੁਆਰ ਰਹਿਣਾ ਅਧੀਨੇ, ਆਅਲਾ ਅਦਨਾ ਮਿਲੇ ਵਡਿਆਈਆ । ਹਿਰਦੇ ਹਰਿ ਹਰਿ ਲੈਣਾ ਚੀਨੇ, ਚਿੰਤਾ ਕੂੜੀ ਬਾਹਰ ਕਢਾਈਆ । ਤੁਹਾਡੇ ਸੁਫਲ ਹੋਵਣ ਜੀਣੇ, ਜੀਵਣ ਜੁਗਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਾਥੀ ਦਇਆ ਕਮਾਈਆ । ਸੱਤ ਰੰਗ ਕਹਿਣ ਜਨ ਭਗਤੋ ਦੇਣਾ ਧੁਰ ਦਾ ਸਾਥ, ਸਗਲਾ ਸੰਗ ਨਿਭਾਈਆ । ਮਸਤਕ ਝੁਕਣਾ ਮਾਥ, ਮਿਲੀ ਮਾਣ ਵਡਿਆਈਆ । ਨਾਤਾ ਜੁੜਿਆ ਸੱਜੇ ਖੱਬੇ ਹਾਥ, ਸੀਸ ਹਥੇਲੀ ਉਤੇ ਟਿਕਾਈਆ । ਜੋ ਗੋਬਿੰਦ ਗਿਆ ਆਖ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਜ਼ਰਾ ਸਾਰੇ ਲਓ

ਝਾਕ, ਨੇਤਰ ਨੈਣ ਅੱਖ ਉਠਾਈਆ । ਨਿਰਗੁਣ ਧਾਰ ਲੱਭੇ ਸਾਕ, ਸੱਜਣ ਨੂਰ ਖ਼ੁਦਾਈਆ । ਸਾਂਝੀ ਕਰ ਲਓ ਜ਼ਾਤ, ਝਗੜਾ ਦੁਨੀ ਰਹੇ ਨਾ ਰਾਈਆ । ਤਨ ਵਜੂਦ ਕਰ ਲਓ ਪਾਕ, ਪਤਤ ਪੁਨੀਤ ਆਪ ਕਰਾਈਆ । ਸਚ ਦਵਾਰਿਉਂ ਮੰਗੋ ਦਾਤ, ਦਾਤਾ ਦਾਨੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸੱਤ ਰੰਗ ਕਹਿਣ ਵੇਖੋ ਖੇਲ ਪੁਰਖ ਅਗੰਮਾ, ਅਗੰਮੜੀ ਕਾਰ ਕਮਾਈਆ । ਸਭ ਦਾ ਲੇਖੇ ਲਾਵੇ ਦਮਾ, ਦਾਮਨਗੀਰ ਆਪ ਹੋ ਜਾਈਆ । ਜਗਤ ਰਾਜ ਚਲਾਇਆ ਨਵਾਂ, ਨੌ ਖੰਡ ਵੱਜੇ ਵਧਾਈਆ । ਧੁਰ ਸੰਦੇਸ਼ਾ ਧੁਰ ਦਾ ਕਹਵਾਂ, ਧੁਰ ਦੀ ਧਾਰ ਧੁਰ ਪ੍ਰਗਟਾਈਆ । ਖ਼ੁਸ਼ੀਆਂ ਨਾਲ ਫਿਰਾਂ ਚਾਵਾਂ, ਭੱਜਾਂ ਵਾਹੋ ਦਾਹੀਆ । ਅੱਗੇ ਬਦਲਣ ਵਾਲਾ ਸਮਾਂ, ਸਾਹਿਬ ਸਵਾਮੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਸੱਤ ਰੰਗ ਕਹਿਣ ਜਨ ਭਗਤੋ ਬਣ ਗਈ ਸਾਚੀ ਜੋੜੀ, ਹਰਿ ਸੱਜਣ ਲਿਆ ਜੁੜਾਈਆ । ਜੁਗ ਚੌਕੜੀ ਕਰਦੇ ਰਹੇ ਬਹੁੜੀ ਬਹੁੜੀ, ਨੇਤਰ ਨੈਣਾਂ ਨੀਰ ਵਹਾਈਆ । ਸਾਨੂੰ ਲੱਭੀ ਨਾ ਮੰਜ਼ਲ ਪੌੜੀ, ਪੈਂਡਾ ਪੰਧ ਨਾ ਕੋਇ ਮੁਕਾਈਆ । ਕਲਜੁਗ ਅੰਤਮ ਸਾਡੀ ਕਰਨੀ ਸੌਰੀ, ਸਾਹਿਬ ਸੁਲਤਾਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਦਏ ਸੁਹਾਈਆ । ਸੱਤ ਰੰਗ ਕਹਿਣ ਭਗਤੋ ਸਾਚੇ ਬਣ ਜਾਓ ਜੋਗੀ, ਜੁਗੀਸ਼ਰਾਂ ਪੰਧ ਮੁਕਾਈਆ । ਹਉਮੇ ਦਾ ਰਹੇ ਕੋਈ ਨਾ ਰੋਗੀ, ਹੰਗਤਾ ਦੇਣੀ ਗਵਾਈਆ । ਹੱਕ ਹਕ਼ੀਕਤ ਬਣੋ ਭੋਗੀ, ਭਾਂਡਾ ਭਰਮ ਭੌ ਭੰਨਾਈਆ । ਆਤਮ ਪਰਮਾਤਮ ਹੋ ਸੰਜੋਗੀ, ਘਰ ਮੇਲਾ ਸਹਿਜ ਸੁਭਾਈਆ । ਨਾਮ ਗਾਓ ਸਲੋਕੀ, ਸੋਹੰ ਢੋਲਾ ਰਾਗ ਅਲਾਈਆ । ਝਗੜਾ ਮੁਕ ਜਾਏ ਨਾਥ ਤ੍ਰੈਲੋਕੀ, ਤਿੰਨਾਂ ਲੋਕਾਂ ਪੰਧ ਮੁਕਾਈਆ । ਸਚਖੰਡ ਦੇ ਬਣ ਜਾਓ ਮੌਜੀ, ਮਜਲਸ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਸਰਨਾਈਆ । ਸੱਤ ਰੰਗ ਕਹਿਣ ਅਸੀਂ ਦੱਸਣ ਆਏ ਅਸਲੀਅਤ, ਅਸਲ ਦਈਏ ਸਮਝਾਈਆ । ਗੋਬਿੰਦ ਨੇ ਕੀਤੀ ਵਸੀਅਤ, ਸ਼ਬਦੀ ਹੁਕਮ ਸੁਣਾਈਆ । ਜਨ ਭਗਤਾਂ ਬਦਲ ਦਿਤੀ ਤਬੀਅਤ, ਤਬਅ ਕੂੜ ਰਹੇ ਨਾ ਰਾਈਆ । ਜਗਤ ਵਿਚ ਦਿਸਣ ਅਕਲੀਅਤ, ਅਕਲ ਕਲਧਾਰੀ ਵੇਖ ਵਖਾਈਆ । ਸਚਖੰਡ ਦੁਆਰ ਤੁਹਾਡੀ ਅਹਿਮੀਅਤ, ਅਹਿਮਕ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਦਏ ਸੁਹਾਈਆ । ਸੱਤ ਰੰਗ ਕਹਿਣ ਜਨ ਭਗਤੋ ਤੁੱਟੇ ਨਾ ਨਾਤਾ, ਨਾਤਵਾਂ ਰਹਿਣ ਨਾ ਪਾਈਆ । ਧੁਰ ਦਾ ਬਣੇ ਸਾਕਾ, ਸੱਜਣ ਇਕ ਅਖਵਾਈਆ । ਦੋ ਜਹਾਨਾਂ ਰਾਖਾ, ਦਿਵਸ ਰੈਣ ਵੇਖ ਵਖਾਈਆ । ਸਾਂਝਾ ਬਣ ਕੇ ਆਕਾ, ਸੀਸ ਹੱਥ ਟਿਕਾਈਆ । ਤੁਸਾਂ ਇਕੋ ਸ਼ਬਦ ਹੁਕਮ ਮੰਨਣਾ ਆਖਾ, ਦੂਜੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਰਿਹਾ ਮਿਲਾਈਆ । ਸੱਤ ਰੰਗ ਕਹਿਣ ਅਸਾਂ ਤੱਕਿਆ ਸਿੰਘ ਸ਼ੇਰ, ਸ਼ਹਿਨਸ਼ਾਹ ਨਜ਼ਰੀ ਆਈਆ । ਜੋ ਤੁਹਾਡੇ ਉਤੇ ਕਰੇ ਮਿਹਰ, ਮਿਹਰਵਾਨ ਦਇਆ ਕਮਾਈਆ । ਸ੍ਰਿਸ਼ਟੀ ਨਾਲ ਕਰ ਕੇ ਹੇਰ ਫੇਰ, ਭਰਮਾਂ ਵਿਚ ਭੁਲਾਈਆ । ਭਗਤਾਂ ਵਸ ਕੇ ਨੇਰਨ ਨੇਰ, ਆਪਣਾ ਪੜਦਾ ਰਿਹਾ ਉਠਾਈਆ । ਦੀਨ ਦੁਨੀ ਪਾ ਕੇ ਵਿਚ ਗੇੜ, ਉਲਟੀ ਲੱਠ ਰਿਹਾ ਗਿੜਾਈਆ । ਕੂੜੀ ਕਿਰਿਆ ਛੇੜਾਂ ਛੇੜ, ਝਗੜਾ ਕਰੇ ਲੋਕਾਈਆ । ਗੋਬਿੰਦ ਦਾ ਲੇਖਾ ਵੇਖ ਨੰਦੇੜ, ਪੜਦਿਆਂ ਵਿਚੋਂ ਫੁਲਾਈਆ । ਅੰਤ ਰਿਹਾ ਨਬੇੜ, ਹਕ਼ੀਕਤ ਹੱਕ

੨੯੪
੨੧

ਝੋਲੀ ਪਾਈਆ । ਇਕੋ ਰੰਗ ਰੰਗਾ ਕੇ ਸੰਞ ਸਵੇਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਵਖਾਈਆ । ਸੱਤ ਰੰਗ ਕਹਿਣ ਅਸੀਂ ਵੇਖੀਏ ਤੱਤਾਂ ਵਾਲੇ ਸ਼ੇਰ ਸਿੰਘ ਦਾ ਪਰਵਾਰ, ਨਾਤਾ ਜਗਤ ਤਕਾਈਆ । ਜਿਨ੍ਹਾਂ ਨੂੰ ਅਜੇ ਤਕ ਨਹੀਂ ਆਇਆ ਇਤਬਾਰ, ਅੰਦਰੇ ਅੰਦਰ ਅੰਤਰ ਨਾ ਕੋਇ ਮਨਾਈਆ । ਰਸਨਾ ਕਰਦੇ ਰਹੇ ਪੁਕਾਰ, ਮਨ ਕਾ ਮਣਕਾ ਨਾ ਕੋਇ ਭੁਆਈਆ । ਸਿੱਖ ਬਣੇ ਨਾ ਵਿਚ ਸੰਸਾਰ, ਸਿਖਿਆ ਸਚ ਨਾ ਕੋਇ ਸਮਝਾਈਆ । ਇਹ ਖੇਲ ਅਪਰ ਅਪਾਰ, ਪਤਿਪਰਮੇਸ਼ਵਰ ਆਪ ਕਰਾਈਆ । ਗ਼ਫ਼ਲਤ ਵਿਚ ਹੋ ਖ਼ੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸੱਤ ਰੰਗ ਕਹਿਣ ਸ਼ੇਰ ਸਿੰਘ ਦੇ ਵੇਖੇ ਬੱਚੇ, ਬੱਚਿਆਂ ਵਾਲੇ ਨਜ਼ਰੀ ਆਈਆ । ਤਨ ਭਾਂਡੇ ਦਿਸੇ ਅਜੇ ਕੱਚੇ, ਸਾਬਤ ਨਜ਼ਰ ਕੋਇ ਨਾ ਆਈਆ । ਚੋਰੀ ਚੋਰੀ ਚਾੜ੍ਹਦੇ ਭੱਠੇ, ਮਦਿ ਮਟਕਿਆਂ ਵਿਚ ਟਿਕਾਈਆ । ਉਹਦੇ ਵਟਦੇ ਟਕੇ, ਕ਼ੀਮਤ ਘਰਾਂ ਵਿਚ ਰਖਾਈਆ । ਅਜੇ ਤਕ ਨਾ ਬਣੇ ਸਕੇ, ਸਾਜਣ ਮਿਲਿਆ ਨਾ ਬੇਪ੍ਰਵਾਹੀਆ । ਮਨ ਵਾਸਨਾ ਨਾਲ ਬਣੌਂਦੇ ਮਤੇ, ਮਨ ਕਾ ਮਣਕਾ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਸੱਤ ਰੰਗ ਕਹਿਣ ਅਸੀਂ ਕਰਨਾ ਨਹੀਂ ਲਿਹਾਜ, ਸਭ ਨੂੰ ਦੇਣਾ ਜਣਾਈਆ । ਜਿਸ ਗੋਬਿੰਦ ਦੇ ਸਿਰ ਤਾਜ, ਓਹ ਹੁਕਮ ਰਿਹਾ ਸੁਣਾਈਆ । ਅਸੀਂ ਕੂਕ ਸੁਣੌਣੀ ਆਵਾਜ਼, ਢੋਲਾ ਬੇਪ੍ਰਵਾਹੀਆ । ਜਿਥੇ ਨਹੀਂ ਸਵਾਲ ਜਵਾਬ, ਹੁਕਮੀ ਹੁਕਮ ਵਿਚ ਵਰਤਾਈਆ । ਪੈਗ਼ੰਬਰ ਕਰਨ ਆਦਾਬ, ਸੱਜਦੇ ਸੀਸ ਝੁਕਾਈਆ । ਲਹਿਣਾ ਦੇਣਾ ਆਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸੱਤ ਰੰਗ ਕਹਿਣ ਇਹ ਚੌਥੇ ਸਾਲ ਦੀ ਹਾੜੀ, ਸਚ ਦਿਆਂ ਸੁਣਾਈਆ । ਤੱਤਾਂ ਵਾਲੇ ਸ਼ੇਰ ਸਿੰਘ ਦੇ ਬੱਚਿਓ ਅੱਗੇ ਕੋਈ ਨਾ ਕਟਾਇਓ ਮੁੱਛ ਦਾੜ੍ਹੀ, ਫ਼ਰਮਾਨਾ ਇਕੋ ਇਕ ਜਣਾਈਆ । ਚੌਵੀਆਂ ਸਾਲਾਂ ਪਿਛੋਂ ਤੁਹਾਡੀ ਆਈ ਵਾਰੀ, ਚੌਵੀਆਂ ਅਵਤਾਰ ਰਿਹਾ ਜਣਾਈਆ । ਇਹ ਖੇਲ ਅਗੰਮ ਅਪਾਰੀ, ਬੁੱਧੀ ਵਾਲੀ ਕਥਾ ਨਾ ਕੋਇ ਪ੍ਰਗਟਾਈਆ । ਪੁੱਤਰਾਂ ਨਾਲ ਕਿਸੇ ਦੀ ਨਹੀਂ ਯਾਰੀ, ਸਿੱਖਾਂ ਭਗਤਾਂ ਨਾਲ ਮਿਲ ਕੇ ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਜੇ ਮੁੱਛ ਦਾੜ੍ਹੀ ਲੈਣੀ ਕੱਟ, ਸਤ ਰੰਗ ਕਹਿਣ ਸਚ ਦਈਏ ਜਣਾਈਆ । ਫਿਰ ਬੇਸ਼ਕ ਭਗਤ ਦੁਆਰਿਉਂ ਪਿਛੇ ਜਾਣਾ ਹਟ, ਔਣ ਦੀ ਲੋੜ ਰਹੇ ਨਾ ਰਾਈਆ । ਜੇ ਮਦਿ ਪਿਆਲੇ ਪੀਣੇ ਗਟ ਗਟ, ਨਾਤਾ ਜਾਣਾ ਤੁੜਾਈਆ । ਜੇ ਵੇਖਣਾ ਸਾਚਾ ਹੱਟ, ਸੀਸ ਕ਼ਦਮਾਂ ਉਤੇ ਝੁਕਾਈਆ । ਓਹ ਤੱਤਾਂ ਵਾਲਾ ਪਿਓ ਸਭ ਨੂੰ ਗਿਆ ਛੱਡ, ਸਕਾ ਬਣ ਕੇ ਤੁਹਾਨੂੰ ਗੋਦ ਨਾ ਕੋਇ ਉਠਾਈਆ । ਇਹ ਖੇਲ ਪੁਰਖ ਸਮਰਥ, ਜੋ ਸਭ ਦਾ ਪਿਤਾ ਮਾਈਆ । ਜਿਹੜੇ ਗੁਰਮੁਖ ਸਚ ਸਰਨਾਈ ਗਏ ਢੱਠ, ਢਹਿ ਢਹਿ ਸੀਸ ਨਿਵਾਈਆ । ਓਹ ਸਚ ਦੁਆਰੇ ਰਹੇ ਸਜ, ਸੱਜਣ ਮਿਲਿਆ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸੱਤ ਰੰਗ ਕਹਿਣ ਜੇ ਬਣਨਾ ਸ਼ੇਰ ਸਿੰਘ ਦੇ ਬੱਚੇ, ਸ਼ੇਰ ਹੋ ਕੇ ਦਿਓ ਵਖਾਈਆ । ਜੇ ਅੰਦਰੋਂ ਰਹਿਣਾ ਕੱਚੇ, ਮੁਖੜਾ ਲੈਣਾ ਭੁਆਈਆ । ਤੁਸੀਂ ਉਪਜੇ ਓਸ ਦੀ ਰੱਤੇ, ਜੋ ਰਤਨ ਅਮੋਲਕ ਗੁਰਮੁਖ ਰਿਹਾ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਲਿਖਾਈਆ । ਸੱਤ ਰੰਗ ਕਹਿਣ ਜੇ ਇਹ

ਬਚਨ ਹੋਵੇ ਮਨਜ਼ੂਰ, ਸਚ ਸਚ ਸੁਣਾਈਆ । ਫੇਰ ਪਿਛਲੇ ਬਖ਼ਸ਼ੇ ਜਾਣ ਕ਼ਸੂਰ, ਲੇਖਾ ਅਵਰ ਰਹੇ ਨਾ ਰਾਈਆ । ਅੱਗੇ ਭੰਡਾਰਾ ਕਰਾਂ ਭਰਪੂਰ, ਭੁੱਖਿਆਂ ਦਿਆਂ ਰਜਾਈਆ । ਜੇ ਰਹਿਣਾ ਮੂਰਖ ਮੂੜ੍ਹ, ਪੱਲੂ ਲਓ ਛੁਡਾਈਆ । ਭਗਤਾਂ ਨੂੰ ਉਧਾਰਨਾ ਗੁਰਸਿਖਾਂ ਨੂੰ ਤਾਰਨਾ ਇਹ ਆਦਿ ਜੁਗਾਦੀ ਦਸਤੂਰ, ਧੁਰ ਦੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਸੱਤ ਰੰਗ ਕਹਿਣ ਸੁਣੋ ਇਕ ਅਰਦਾਸ, ਬੇਨੰਤੀ ਦਿਆਂ ਜਣਾਈਆ । ਸਤਾਰਾਂ ਹਾੜ ਦਿਹਾੜਾ ਖ਼ਾਸ, ਖ਼ਾਲਸ ਰੰਗ ਰੰਗਾਈਆ । ਜੇ ਪ੍ਰਭ ਦੇ ਹੋਣਾ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਅੰਦਰੋਂ ਕਰੋ ਵਿਸ਼ਵਾਸ, ਵਿਸ਼ਿਆਂ ਦਿਓ ਤਜਾਈਆ । ਮਾਨਸ ਜਨਮ ਹੋਵੇ ਰਾਸ, ਰਸਤਾ ਦੇਵੇ ਧੁਰਦਰਗਾਹੀਆ । ਪੂਰੀ ਕਰ ਦੇ ਘਾਟ, ਘਾਟਾ ਰਹੇ ਨਾ ਰਾਈਆ । ਮੰਜ਼ਲ ਵੇਖਿਓ ਘਾਟ, ਮੰਦਰ ਵੱਜੇ ਵਧਾਈਆ । ਸੁੱਤੇ ਪਓ ਜਾਗ, ਨੇਤਰ ਅੱਖ ਖੁਲ੍ਹਾਈਆ । ਸਤਿਗੁਰੂ ਦੁਆਰੇ ਸੱਚਾ ਇਕ ਸਮਾਜ, ਜੂਠ ਝੂਠ ਕੰਮ ਕਿਸੇ ਨਾ ਆਈਆ । ਜੇ ਮੁੱਛ ਦਾੜ੍ਹੀ ਦਾ ਸ਼ੇਰ ਸਿੰਘ ਦੇ ਘਰ ਹੋਵੇ ਰਿਵਾਜ, ਬਾਕੀ ਗੁਰਮੁਖ ਲੁਕਣ ਕਿਹੜੀ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦਏ ਮਿਲਾਈਆ । ਸੱਤ ਰੰਗ ਕਹਿਣ ਅਸੀਂ ਕਹਿ ਕੇ ਜਾਣਾ ਦੱਸ, ਦਾਸਤਾਨ ਸੁਣਾਈਆ । ਇਹ ਖੇਲ ਪੁਰਖ ਸਮਰਥ, ਜੋ ਦਾਤਾ ਇਕ ਅਖਵਾਈਆ । ਮੁਹੱਬਤ ਵਿਚ ਕਰਦਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਜਗਤ ਵਾਲੀ ਬਦਲ ਲਓ ਅੱਖ, ਨਿਜ ਨੇਤਰ ਅੱਖ ਉਠਾਈਆ । ਜਗਤ ਵਿਕਾਰਾ ਦਿਓ ਸੱਟ, ਘਰੋਂ ਬਾਹਰ ਕਢਾਈਆ । ਨਾਮ ਭੰਡਾਰਾ ਲਓ ਝਟ, ਪੁਰਖ ਅਬਿਨਾਸ਼ੀ ਝੋਲੀ ਪਾਈਆ । ਮਦਿ ਵਾਲੇ ਭੰਨ ਦਿਓ ਮੱਟ, ਅਗਨੀ ਹੇਠ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਪੂਰ ਕਰਾਈਆ । ਸੱਤ ਰੰਗ ਕਹਿਣ ਕੀ ਲੈਣਾ ਵਿਚੋਂ ਸ਼ਰਾਬ, ਸ਼ਰਅ ਦਿਓ ਤਜਾਈਆ । ਘਰ ਲਓ ਹਯਾਤੇ ਆਬ, ਜੋ ਅੰਮ੍ਰਿਤ ਰਸ ਚਖਾਈਆ । ਮੁਖ ਤੋਂ ਲਾਹ ਦਿਓ ਨਕ਼ਾਬ, ਪੜਦਾ ਨਜ਼ਰ ਕੋਇ ਨਾ ਆਈਆ । ਅਗਲੀ ਕਰੋ ਯਾਦ, ਪਿਛਲਾ ਮੂਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਇਕ ਵਖਾਈਆ । ਸੱਤ ਰੰਗ ਕਹਿਣ ਮੋਤਾ ਸਿੰਘ ਜੇ ਘਰ ਦੀ ਕੱਢਣੀ ਗ਼ਰੀਬੀ, ਤੈਨੂੰ ਦਈਏ ਜਣਾਈਆ । ਸ਼ੇਰ ਸਿੰਘ ਦੇ ਘਰ ਕਿਉਂ ਆਈ ਬਦਨਸੀਬੀ, ਬੈਠੀ ਡੇਰਾ ਲਾਈਆ । ਸੋਹਣੀ ਸਵਾਣੀ ਬਣ ਕੇ ਬੀਬੀ, ਨਖ਼ਰਾ ਰਹੀ ਵਖਾਈਆ । ਜਿਸ ਤਰਾ ਤੁਹਾਡੀ ਉਤੋਂ ਉਤੋਂ ਗੌਂਦੀ ਜੀਭੀ, ਏਸੇ ਤਰਾ ਅੰਦਰੋਂ ਮਨ ਲਓ ਮਨਾਈਆ । ਫੇਰ ਗੰਢ ਜਾਏ ਪੀਚੀ, ਪੇਚਾ ਪ੍ਰਭ ਆਪਣਾ ਨਾਮ ਪਾਈਆ । ਅੱਜ ਤੋਂ ਰਲ ਜਾਓ ਭਗਤਾਂ ਵਾਲੀ ਵਿਚ ਬਗ਼ੀਚੀ, ਜੋ ਗੁਰਮੁਖ ਸੋਹਣੇ ਨਜ਼ਰੀ ਆਈਆ । ਇਹ ਸਤਿ ਧਰਮ ਦੀ ਰੀਤੀ, ਤੱਤਾਂ ਵਾਲਾ ਪਿਆਰ ਨਾ ਕੋਇ ਵਖਾਈਆ । ਸਭ ਦੀ ਬਦਲ ਜਾਏ ਨੀਤੀ, ਨੀਤੀਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਸੱਤ ਰੰਗ ਕਹਿਣ ਰਲ ਜਾਓ ਨਾਲ ਵਿਚ ਸਿੱਖੀ, ਅੰਦਰੋਂ ਮਾਣ ਦਿਓ ਗੁਆਈਆ । ਪ੍ਰਭ ਦੀ ਧਾਰ ਸਭ ਨਾਲੋਂ ਤਿੱਖੀ, ਖੰਡੇ ਧਾਰ ਨਾ ਕੋਇ ਚਤੁਰਾਈਆ । ਇਹ ਲਿਖਤ ਤੁਹਾਡੀ ਅੰਤ ਅਖ਼ੀਰੀ ਚਿੱਠੀ, ਫੇਰ ਸਕੇ ਨਾ ਕੋਇ ਬਦਲਾਈਆ । ਜਿਹੜੀ ਧਾਰ ਅੰਦਰ ਟਿਕੀ, ਉਹਨੂੰ ਦਿਓ ਤਜਾਈਆ । ਵੇਖੋ ਪੂਰੀ ਹੋ ਗਈ ਮਿਤੀ, ਚੌਵੀ ਸਾਲ ਤੁਹਾਡੇ ਨਾਲ ਨਾ ਅੱਖ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਜੇ ਸਤਿਗੁਰ ਚਲੋ

ਭਾਓ, ਭੈ ਭੌ ਜਣਾਈਆ । ਚੋਰੀ ਚੋਰੀ ਕਦੇ ਨਾ ਲਾਇਓ ਦਾਓ, ਸਮਝਣਹਾਰ ਹਰ ਘਟ ਥਾਈਂਆ । ਕਰੇ ਸਚ ਨਿਆਉਂ, ਅਦਲ ਇਨਸਾਫ਼ ਇਕ ਕਮਾਈਆ । ਚਰਨੀ ਡਿਗਿਆਂ ਫੜੇ ਬਾਹੋਂ, ਫੜ ਬਾਹੋਂ ਗਲੇ ਲਗਾਈਆ । ਕਿਸੇ ਗੁਰਸਿਖ ਤੋਂ ਨਾ ਘੁਟਾਇਓ ਆਪਣੇ ਪਾਉਂ, ਗੁਰੂਆਂ ਵਾਲੀ ਰੀਤ ਨਾ ਕੋਇ ਚਲਾਈਆ । ਜੋ ਮੰਗਣੀ ਤੇ ਇਕੋ ਪਰਮ ਪੁਰਖ ਦੀ ਛਾਉਂ, ਜੋ ਸ਼ਹਿਨਸ਼ਾਹ ਮਾਲਕ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਣਤ ਰਿਹਾ ਬਣਾਈਆ । ਕਦੀ ਨਾ ਕਰਿਓ ਅੰਦਰ ਵਿਚਾਰ, ਸੱਤ ਰੰਗ ਰਹੇ ਜਣਾਈਆ । ਇਸ ਗੱਦੀ ਦੇ ਅਸੀਂ ਸਾਂ ਸਰਦਾਰ, ਪਿਤਾ ਸਾਡਾ ਨਜ਼ਰੀ ਆਈਆ । ਕਿਉਂ ਹੋ ਗਏ ਘਰ ਤੋਂ ਬਾਹਰ, ਮਿਲੀ ਨਾ ਮਾਣ ਵਡਿਆਈਆ । ਇਹ ਖੇਲ ਸੱਚੀ ਸਰਕਾਰ, ਜੋ ਸਭ ਨੂੰ ਰਿਹਾ ਵਖਾਈਆ । ਬਿਨਾ ਭਗਤਾਂ ਤੋਂ ਦੇਵਾਂ ਨਾ ਕਦੇ ਕਿਸੇ ਦੀਦਾਰ, ਜਗਤ ਬੱਚਿਆਂ ਅੰਕ ਦੇਣਾ ਲਾਈਆ । ਗੁਰਸਿੱਖਾਂ ਗੋਦੀ ਲਵਾਂ ਉਠਾਲ, ਇਹੋ ਮੇਰੀ ਬੇਪ੍ਰਵਾਹੀਆ । ਇਹ ਮੰਜ਼ਲ ਬੜੀ ਦੁਸ਼ਵਾਰ, ਬਿਨ ਕਿਰਪਾ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਜੇ ਕਹੋ ਪੂਰਨ ਸਿੰਘ ਕੀਤਾ ਦਗ਼ਾ, ਸੱਤ ਰੰਗ ਕਹਿਣ ਇਹ ਵੀ ਦਈਏ ਜਣਾਈਆ । ਬਿਨਾ ਪੂਰਨ ਤੋਂ ਪੂਰਨ ਪ੍ਰਭ ਦਾ ਚਲੇ ਕੋਈ ਨਾ ਅੱਗਾ , ਪਿਛਾ ਸਮਝ ਨਾ ਕਿਸੇ ਸਮਝਾਈਆ । ਇਹ ਏਥੇ ਓਥੇ ਸਦਾ ਇਕੋ ਲੈਂਦੇ ਮਜ਼ਾ, ਦੂਜਾ ਰਸ ਨਾ ਕੋਇ ਵਖਾਈਆ । ਹੁਣ ਲੋਕਮਾਤ ਦੀ ਕਰਨ ਆਏ ਗਜਾ, ਭਗਤਾਂ ਅੰਦਰ ਫਿਰ ਫਿਰ ਵੇਖ ਵਖਾਈਆ । ਬਿਨਾ ਪੂਰਨ ਤੋਂ ਪੂਰਨ ਪ੍ਰਭ ਨੂੰ ਲੱਭੀ ਕੋਈ ਨਾ ਜਗਹ, ਆਸਣ ਸੋਭਾ ਕੋਇ ਨਾ ਪਾਈਆ । ਛੱਡਕੇ ਦੀਨ ਦੁਨੀ ਦੀ ਹੱਦਾ, ਹਰਿਜੂ ਆਪਣੇ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਖਾਈਆ । ਸੱਤ ਰੰਗ ਕਹਿਣ ਪੂਰਨ ਨਹੀਂ ਪਰਮੇਸ਼ਵਰ ਪੂਰਨ, ਪੂਰਨ ਪੂਰਨ ਵਿਚ ਸਮਾਈਆ । ਜਿਸ ਨੂੰ ਗੁਰੂ ਅਵਤਾਰ ਪੈਗ਼ੰਬਰ ਮੰਨਣ ਹਜ਼ੂਰਨ, ਹਜ਼ੂਰੀਏ ਸਾਰੇ ਲਏ ਬਣਾਈਆ । ਓਹ ਆਪਣੇ ਸਦਾ ਚਲੇ ਦਸਤੂਰਨ, ਹੁਕਮ ਹੁਕਮ ਵਿਚ ਪ੍ਰਗਟਾਈਆ । ਸਿੱਖ ਭਗਤ ਬਣੌਣ ਵਾਸਤੇ ਕਰੇ ਕਦੇ ਨਾ ਕਿਸੇ ਮਜਬੂਰਨ, ਮਜਬੂਰੀ ਵਿਚ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੱਤ ਰੰਗ ਕਹਿਣ ਅੱਜ ਦੀ ਘੜੀ ਸੁਲੱਖਣੀ, ਸੋਭਾਵੰਤ ਸੁਹਾਈਆ । ਜਨ ਭਗਤਾਂ ਪੈਜ ਰੱਖਣੀ, ਦੇਵੇ ਮਾਣ ਵਡਿਆਈਆ । ਨਾਤਾ ਜੋੜਨਾ ਪਤ ਪਤਨੀ, ਪਰਮ ਪੁਰਖ ਬਖ਼ਸ਼ਣੀ ਇਕ ਸਰਨਾਈਆ । ਮੇਲ ਮਿਲੌਣਾ ਧੁਰ ਦੇ ਵਤਨੀ, ਬੇਵਤਨਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸੱਤ ਰੰਗ ਕਹਿਣ ਸਾਨੂੰ ਹੁਕਮ ਆਇਆ ਜਲਦੀ, ਸਚ ਦਈਏ ਸੁਣਾਈਆ । ਕੁਛ ਖੇਲ ਹੋਈ ਕਲ ਦੀ, ਕੀ ਕਲਾ ਪ੍ਰਭੂ ਵਰਤਾਈਆ । ਕਲਜੁਗ ਅੱਗ ਦਿਸੇ ਬਲਦੀ, ਬਲ ਰਾਜਾ ਦਏ ਦੁਹਾਈਆ । ਕੁਛ ਧਾਰ ਵਹਿਣੀ ਜਲ ਦੀ, ਵਰੁਣ ਰਿਹਾ ਕੁਰਲਾਈਆ । ਕਿਸੇ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਪਿਛੇ ਧਿਆਨ ਨਾ ਕੋਇ ਲਗਾਈਆ । ਪ੍ਰਭ ਦੀ ਖੇਲ ਵਲ ਛਲ ਦੀ, ਅਛਲ ਛਲਧਾਰੀ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਚੁਕਾਈਆ । ਸੱਤ ਰੰਗ ਕਹਿਣ ਸ਼ੇਰ ਸਿੰਘ ਦੇ ਪਰਵਾਰ ਦੀ ਆਈ ਵਾਰੀ, ਦੂਜੀ ਵਾਰ ਆਪ ਰਖਾਈਆ । ਮੋਤਾ ਸਿੰਘ ਜ਼ਰਾ ਉਠ ਕੇ ਆ ਅਗਾੜੀ, ਹੁਕਮ ਦਿਆਂ ਸੁਣਾਈਆ । ਜਗਤ

ਜੁਗ ਆਈ ਵਾਰੀ, ਵਾਰਸ ਤੈਨੂੰ ਦਿਆਂ ਬਣਾਈਆ । ਬਚਨ ਕਰ ਲੈ ਕੌਲ ਇਕਰਾਰੀ, ਵਾਅਦਾ ਇਕ ਜਣਾਈਆ । ਏਸ ਪਰਵਾਰ ਵਿਚੋਂ ਮੁਨਾਇਓ ਕੋਈ ਨਾ ਦਾੜ੍ਹੀ, ਰੋਮ ਭੰਗ ਨਾ ਕੋਇ ਕਰਾਈਆ । ਫਿਰ ਪੈਜ ਜਾਏ ਸੁਆਰੀ, ਸਿਰ ਆਪਣਾ ਹੱਥ ਟਿਕਾਈਆ । ਹਰਿ ਸੰਗਤ ਨੂੰ ਬੋਲ ਕੇ ਦੱਸ ਦੇ ਤਿੰਨ ਤਿੰਨ ਵਾਰੀ, ਰਸਨਾ ਜਿਹਵਾ ਢੋਲਾ ਗਾਈਆ । ਜੇ ਕੋਈ ਭੁੱਲ ਗਿਆ ਫੇਰ ਏਥੇ ਔਣਾ ਨਹੀਂ ਦੂਜੀ ਵਾਰੀ, ਭਗਤਾਂ ਵਿਚ ਬਹਿਣ ਦੀ ਲੋੜ ਰਹੇ ਨਾ ਰਾਈਆ । ਜੇ ਮੰਨ ਜਾਓ ਪ੍ਰੇਮ ਦੀ ਦਿਆਂ ਖ਼ੁਮਾਰੀ, ਨਾਮ ਮਸਤੀ ਵਿਚ ਸਮਾਈਆ । ਇਹ ਅੰਤ ਅਖ਼ੀਰ ਜਗਤ ਦਾ ਵਿਹਾਰੀ, ਵਿਵਹਾਰ ਆਪਣਾ ਆਪ ਚਲਾਈਆ । ਵੇਖਿਓ ਕਿਤੇ ਭੁੱਲ ਕੇ ਬਣ ਨਾ ਜਾਇਓ ਇਸ਼ਤਹਾਰੀ, ਭਗੌੜੇ ਜਗਤ ਨਜ਼ਰੀ ਆਈਆ । ਇਹ ਸਿਖਿਆ ਨਰ ਨਾਰੀ, ਸਭ ਨੂੰ ਰਿਹਾ ਸਮਝਾਈਆ । ਭੱਠੀ ਉਤੇ ਸ਼ਰਾਬ ਵਾਲੀ ਤੌੜੀ ਫਿਰ ਕਦੇ ਨਾ ਜਾਵੇ ਚਾੜ੍ਹੀ, ਇਹ ਰੀਤੀ ਦੇਣੀ ਬਦਲਾਈਆ । ਆਹ ਫੇਰ ਨਹੀਂ ਔਣੀ ਹਾੜੀ, ਹਾੜਾ ਕੱਢਿਆ ਕੰਮ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੱਚਾ ਦਰਬਾਰੀ, ਚੌਵੀਆਂ ਸਾਲਾਂ ਪਿਛੋਂ ਤੁਹਾਡੀ ਮਿਸਲ ਇਕ ਵਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਸਚ ਦਵਾਰੀ, ਦਰ ਦਵਾਰ ਇਕੋ ਇਕ ਵਸਾਈਆ ।



### ❊ ੧੯ ਹਾੜ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

੨੯੮ ੨੧

ਸੱਤ ਰੰਗ ਕਹਿਣ ਮੰਜ਼ਲ ਮਿਲੀ ਅਖ਼ੀਰੀ, ਅੱਖਰਾਂ ਤੋਂ ਬਾਹਰ ਦਿਤੀ ਵਡਿਆਈਆ । ਜੁਗ ਜਨਮ ਦੀ ਗਈ ਦਿਲਗੀਰੀ, ਚਿੰਤਾ ਗ਼ਮ ਨਾ ਕੋਇ ਸਤਾਈਆ । ਸ਼ਰਅ ਕੱਟੀ ਗਈ ਜ਼ੰਜੀਰੀ, ਜ਼ਾਹਰ ਜ਼ਹੂਰ ਮਿਲੀ ਸਰਨਾਈਆ । ਸਾਡੀ ਪੂਰੀ ਹੋਈ ਫ਼ਕੀਰੀ, ਫ਼ਿਕਰਾ ਸੁਣਿਆ ਧੁਰਦਰਗਾਹੀਆ । ਸਭ ਦੀ ਬਦਲ ਗਈ ਤਕਦੀਰੀ, ਮੁਕੱਦਰ ਲੇਖ ਦਿਤਾ ਬਦਲਾਈਆ । ਮਿਲ ਗਈ ਧੁਰ ਧਾਮ ਅਮੀਰੀ, ਅਮਰਾਪਦ ਸੋਭਾ ਪਾਈਆ । ਜਿਥੇ ਸ਼ਾਹੀ ਚਲੇ ਬਿਨਾ ਵਜ਼ੀਰੀ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਨਿੱਕੀ ਜੇਹੀ ਪਨੀਰੀ, ਬੂਟੇ ਨੰਨ੍ਹੇ ਨੰਨ੍ਹੇ ਵੇਖ ਵਖਾਈਆ । ਪੰਧ ਰਿਹਾ ਨਾ ਗਲੀ ਭੀੜੀ, ਮੰਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਸੁਹਾਈਆ । ਸੱਤ ਰੰਗ ਕਹਿਣ ਮਿਲੀ ਧੁਰ ਦੀ ਸਰਨ, ਸਰਨਗਤ ਵਡਿਆਈਆ । ਪੂਰਾ ਹੋਇਆ ਪ੍ਰਨ, ਪਤਿਪਰਮੇਸ਼ਵਰ ਵੇਖ ਵਖਾਈਆ । ਝਗੜਾ ਚੁੱਕਿਆ ਮਰਨ, ਜੀਵਤ ਰੂਪ ਧਰਾਈਆ । ਝਗੜਾ ਗਿਆ ਬਰਨ, ਵਰਨ ਡੇਰਾ ਢਾਹੀਆ । ਇਕੋ ਢੋਲਾ ਲੱਗੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਸਾਚੀ ਮੰਜ਼ਲ ਲੱਗੇ ਚੜ੍ਹਨ, ਕਲਜੁਗ ਕੂੜਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੱਤ ਰੰਗ ਕਹਿਣ ਚੜ੍ਹ ਗਈ ਨਾਮ ਖ਼ੁਮਾਰੀ, ਖ਼ਿਮਾ ਪ੍ਰਭ ਦਿਤੀ ਕਮਾਈਆ । ਨਿਰਗੁਣ ਧਾਰ ਲਾ ਕੇ ਯਾਰੀ, ਸਰਗੁਣ ਮੇਲਾ ਲਿਆ ਮਿਲਾਈਆ । ਸੰਦੇਸਾ ਦੇਵੇ ਵਡ ਸੰਸਾਰੀ, ਸਹਿੰਸਾ ਅੰਦਰ ਰਹਿਣ ਨਾ ਪਾਈਆ । ਕਰ ਪ੍ਰਕਾਸ਼ ਜੋਤ ਨਿਰੰਕਾਰੀ, ਨਿਰਵੈਰ ਵੇਖ ਵਖਾਈਆ । ਜਨ ਭਗਤਾਂ ਪੈਜ ਜਾਏ ਸੁਆਰੀ, ਸੁਆਰਥ ਆਪਣਾ ਨਾ ਕੋਇ ਬਣਾਈਆ । ਪ੍ਰਗਟ ਹੋਇਆ ਆਪਣੀ

ਵਾਰੀ, ਵਾਰਤਾ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਇਕ ਸੁਹਾਈਆ । ਸੱਤ ਰੰਗ ਕਹਿਣ ਵੇਖਿਆ ਅਬਿਨਾਸ਼ੀ ਅਚੁਤਾ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਦਾ ਤਨ ਵਜੂਦ ਕੋਈ ਨਾ ਬੁੱਤਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਸਤਿ ਸਚ ਸੁਹਾਏ ਰੁੱਤਾ, ਰੁਤੜੀ ਆਪ ਮਹਿਕਾਈਆ । ਪਿਛਲਾ ਪੈਂਡਾ ਜਾਏ ਮੁੱਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਕਿਸੇ ਦੇ ਮੁਖ ਅੱਗੇ ਲੱਗਣ ਨਾ ਦੇਵੇ ਹੁੱਕਾ, ਗੁਰਮੁਖਾਂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਵਖਾਈਆ । ਸੱਤ ਰੰਗ ਕਹਿਣ ਵੇਖਿਆ ਉਹ ਸੁਆਮੀ, ਜੋ ਸਮਾਂ ਰਿਹਾ ਬਦਲਾਈਆ । ਬਣ ਕੇ ਹਰ ਘਟ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਈਆ । ਸ਼ਬਦ ਅਗੰਮੀ ਬੋਲ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਮਹਿੰਮਾ ਦੱਸ ਅਕਥ ਕਹਾਣੀ, ਪਰਦਾ ਉਹਲਾ ਰਿਹਾ ਉਠਾਈਆ । ਕੀ ਸਮਝੇ ਜੀਵ ਪਰਾਣੀ, ਵੇਦ ਪੁਰਾਨਾਂ ਸਮਝ ਕੋਇ ਨਾ ਆਈਆ । ਕਲਜੁਗ ਅੰਤਮ ਜੋਤ ਨੂਰਾਨੀ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਖੇਲ ਉਪਰ ਅਸਮਾਨੀ, ਧਰਨੀ ਧਰਤ ਧਵਲ ਆਪ ਸੁਹਾਈਆ । ਪੜਦਾ ਲਾਹਵੇ ਚਾਰੇ ਖਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਧੁਰ ਦਾ ਇਕ ਦ੍ਰਿੜਾਈਆ । ਚਾਰ ਚਾਰ ਦਾ ਮੇਲਾ ਸੱਤ ਰੰਗ, ਰੰਗ ਸੱਤ ਰਹੇ ਸੁਣਾਈਆ । ਤੇਰਾ ਖੇਲ ਪ੍ਰਭੂ ਦਾ ਰੰਗ, ਮਲੰਗ ਚਾਰੋਂ ਕੁੰਟ ਵੇਖ ਵਖਾਈਆ । ਸ੍ਰਿਸ਼ਟੀ ਅੰਦਰੋਂ ਕਰਕੇ ਨੰਗ, ਓਢਣ ਸੀਸ ਨਾ ਕੋਇ ਟਿਕਾਈਆ । ਕੂੜ ਵਿਕਾਰ ਵਹਾ ਕੇ ਕੰਗ, ਲੋਭ ਲਹਿਰ ਵਿਚ ਰੁੜ੍ਹਾਈਆ । ਭੰਡੀ ਪਾ ਕੇ ਵਿਚ ਵਰਭੰਡ, ਚਾਰ ਵਰਨ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਵਜਦੀ ਰਹੇ ਵਧਾਈਆ । ਸੱਤ ਰੰਗ ਕਹਿਣ ਅਸੀਂ ਵੇਖਿਆ ਸਾਰਾ ਜਗਤ, ਜਗਜੀਵਣ ਦਾਤੇ ਦਿਤਾ ਵਖਾਈਆ । ਫੇਰ ਵਖਾਏ ਆਪਣੇ ਭਗਤ, ਜੋ ਭਗਵਨ ਵਿਚ ਸਮਾਈਆ । ਸੋਹਣ ਉਤੇ ਧਰਤ, ਧਵਲ ਦਏ ਗਵਾਹੀਆ । ਵਸਣ ਉਤੇ ਅਰਸ਼, ਅਰਸ਼ੀ ਪ੍ਰੀਤਮ ਮੇਲ ਮਿਲਾਈਆ । ਅੱਗੇ ਰਹੇ ਨਾ ਕੋਈ ਹਰਸ, ਜਨਮ ਕਰਮ ਦਾ ਡੇਰਾ ਢਾਹੀਆ । ਆਪਣਾ ਪੂਰਾ ਕਰ ਕੇ ਫ਼ਰਜ਼, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸੰਗ ਲਏ ਬਣਾਈਆ । ਰੁਮਾਲ ਕਹਿਣ ਅਸੀਂ ਸਤਰੰਗ ਦਾ ਰੂਪ, ਰੂਪ ਅਨੂਪ ਜਣਾਈਆ । ਸਭ ਦਾ ਸਾਂਝਾ ਇਕੋ ਭੂਪ, ਜਿਸ ਨੂੰ ਪੁਰੀਆਂ ਲੋਆਂ ਸੀਸ ਨਿਵਾਈਆ । ਵਸੇ ਅਰਸ਼ ਅਰੂਜ, ਦਰਗਾਹ ਸਾਚੀ ਡੇਰਾ ਲਾਈਆ । ਜਨ ਭਗਤਾਂ ਕਰੇ ਮਹਿਫ਼ੂਜ, ਅਗਨੀ ਅੱਗ ਨਾ ਕੋਇ ਤਪਾਈਆ । ਜਿਧਰ ਤੱਕਣ ਓਧਰ ਮੌਜੂਦ, ਹਰ ਘਟ ਵਸਿਆ ਨਜ਼ਰੀ ਆਈਆ । ਮੰਜ਼ਲ ਦੇ ਕੇ ਹੱਕ ਮਕਸੂਦ, ਸਚ ਦੁਆਰੇ ਦਏ ਟਿਕਾਈਆ । ਜਿਥੇ ਨਾਤਾ ਰਹੇ ਨਾ ਕੂੜੀ ਕਿਰਿਆ ਕੂੜ, ਕਿਰਿਆ ਕੂੜ ਜਨਮ ਨਾ ਕੋਇ ਵਖਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਧੰਦਾ ਆਪਣਾ ਨਾਮ ਲਗਾਈਆ । ਗੜ੍ਹ ਹੰਕਾਰੀ ਤੋੜ ਗ਼ਰੂਰ, ਗ਼ੁਰਬਤ ਅੰਦਰੋਂ ਦਏ ਕਢਾਈਆ । ਤਨ ਤਪੇ ਨਾ ਵਾਂਗ ਤੰਦੂਰ, ਅੰਮ੍ਰਿਤ ਮੇਘ ਮੇਘ ਬਰਸਾਈਆ । ਮਨੂਆ ਪਾਏ ਨਾ ਕੋਇ ਫ਼ਤੂਰ, ਫ਼ਤਵਾ ਸਭ ਦੇ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸੱਤ ਰੰਗ ਕਹਿਣ ਅਸੀਂ ਸੋਹਣੇ ਸੱਤੇ, ਸਤਿ ਵਿਚ ਸਮਾਈਆ । ਗੋਬਿੰਦ ਭਗਤਾਂ ਦੇ ਦੱਸੇ ਪਤੇ, ਪਤਿਪਰਮੇਸ਼ਵਰ ਲਏ ਮਿਲਾਈਆ । ਜਿਸ ਦਾ ਇਕੋ ਡੰਕਾ ਵੱਜਣਾ ਫ਼ਤਹ, ਫ਼ਤਵਾ ਸਭ ਦੇ ਉਤੇ ਲਾਈਆ । ਸੰਤ

ਸੁਹੇਲੇ ਕੱਢੇ ਸੱਚੇ, ਸਚ ਪਿਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੱਤ ਰੰਗ ਕਹਿਣ ਸਾਡਾ ਰੰਗ ਸਦਾ ਪੱਕਾ, ਪੱਕੀ ਭਗਤਾਂ ਨਾਲ ਕਰਾਈਆ । ਛੱਡਿਆ ਮਦੀਨਾ ਮੱਕਾ, ਮਕਬਰਿਆਂ ਡੇਰਾ ਢਾਹਿਆ । ਪੜ੍ਹਿਆ ਇਕੋ ਟੱਪਾ, ਸੋਹੰ ਰਾਗ ਅਲਾਈਆ । ਅੱਖਰਾਂ ਵਿਚੋਂ ਮਨਜ਼ੂਰ ਹੋਇਆ ਇਕੋ ਪੱਪਾ, ਪੂਰਨ ਪਰਮੇਸ਼ਵਰ ਦੇਵੇ ਮਾਣ ਵਡਿਆਈਆ । ਜਿਸ ਨੇ ਸਾਰਿਆਂ ਦਾ ਧੋਣਾ ਧੱਪਾ, ਧੱਬਾ ਦਏ ਮਿਟਾਈਆ । ਦਿਵਸ ਰੈਣ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਸਾਰਿਆਂ ਨੂੰ ਕਰ ਇਕੱਠਾ, ਸਹਿਜੇ ਲਿਆ ਮਿਲਾਈਆ । ਜੋ ਗੋਬਿੰਦ ਦੀ ਚਰਨੀ ਢੱਠਾ, ਪੁਰਖ ਅਕਾਲ ਸੀਸ ਨਿਵਾਈਆ । ਉਨ੍ਹਾਂ ਦਾ ਸ਼ਬਦੀ ਧਾਰ ਬਣਾ ਕੇ ਜਥਾ, ਯਥਾਰਥ ਆਪਣਾ ਰੰਗ ਵਖਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਤੇ ਸੋਹੰ ਕਥਾ, ਕਹਾਣੀ ਅਵਰ ਨਾ ਕੋਇ ਬਣਾਈਆ । ਧੁਰ ਦੇ ਨਾਮ ਦਾ ਆਤਮ ਉਤੇ ਲਾ ਕੇ ਠੱਪਾ, ਠੱਪੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਹੋਏ ਸਹਾਈਆ । ਸੱਤ ਰੰਗ ਕਹੇ ਸਾਨੂੰ ਬਖ਼ਸ਼ਿਆ ਇਕ ਸੰਤੋਖ, ਧੀਰਜ ਧੀਰ ਧਰਾਈਆ । ਪ੍ਰੇਮ ਦੀ ਦੇ ਕੇ ਮੋਖ, ਮੁਫ਼ਤ ਲਿਆ ਬਚਾਈਆ । ਬਖ਼ਸ਼ ਕੇ ਨਿਰਮਲ ਜੋਤ, ਜੋਤ ਕਰੇ ਰੁਸ਼ਨਾਈਆ । ਬਣਾ ਕੇ ਆਤਮ ਗੋਤ, ਪਰਮਾਤਮ ਵਿਚ ਸਮਾਈਆ । ਭੁਲਾ ਕੇ ਪਿਛਲੀ ਸੋਚ, ਅਗਲੀ ਸਮਝ ਜਣਾਈਆ । ਜਿਸ ਦੇ ਦਰਸ਼ਨ ਨੂੰ ਰਹੇ ਲੋਚ, ਨਿਰਗੁਣ ਧਾਰ ਗੋਬਿੰਦ ਓਹੋ ਮਾਹੀਆ । ਜੋ ਸਭ ਦੇ ਕਾਇਆ ਮਾਟੀ ਭਾਂਡੇ ਦਏ ਪੋਚ, ਪੱਤਤ ਪੁਨੀਤ ਕਰਾਈਆ । ਅੱਗੇ ਕਦੇ ਨਾ ਹੋਵੇ ਫ਼ੌਤ, ਮਰਨ ਜਨਮ ਵਿਚ ਨਾ ਆਈਆ । ਸਭ ਦਾ ਸਾਂਝਾ ਬਣ ਕੇ ਖੌਂਤ, ਮਾਲਕ ਇਕ ਅਖਵਾਈਆ । ਗਲੋਂ ਕੂੜਾ ਲਾਹੇ ਤੌਂਕ, ਤਬਅ ਜ਼ਮੀਰ ਦਏ ਬਦਲਾਈਆ । ਜਿਸ ਨੂੰ ਭਗਤਾਂ ਮਿਲਣ ਦਾ ਸ਼ੌਂਕ, ਜੁਗ ਜੁਗ ਵੇਸ ਵਟਾਈਆ । ਓਸ ਦੁਆਰੇ ਗਏ ਪਹੁੰਚ, ਛੁੱਟੀ ਕੂੜੀ ਲੋਕਾਈਆ । ਸੱਤ ਰੰਗ ਕਹਿਣ ਜਨ ਭਗਤੋ ਰੱਖਿਓ ਨਾ ਕੋਈ ਅਦੌਤ, ਅਦਾਵਤ ਨਜ਼ਰ ਕੋਇ ਨਾ ਆਈਆ । ਸਤਿਗੁਰ ਭੁੱਲਣ ਨਾਲੋਂ ਚੰਗੀ ਮੌਤ, ਜੀਵਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਵੇਖ ਵਖਾਈਆ । ਸੱਤ ਰੰਗ ਕਹਿਣ ਜਨ ਭਗਤੋ ਪ੍ਰਭ ਵੇਖੋ ਸੱਜੇ ਖੱਬੇ, ਦੋਵੇਂ ਹੱਥ ਦੇਣ ਦੁਹਾਈਆ । ਅੱਗੇ ਪਿਛੇ ਸਦਾ ਲੱਭੇ, ਜੋ ਲਬਾਂ ਤੋਂ ਪਿਛੇ ਰਹੇ ਧਿਆਈਆ । ਕਾਇਆ ਮੰਦਰ ਘਰ ਘਰ ਫਿਰਦਾ ਪੈਰ ਦੱਬੇ, ਚੋਰੀ ਚੋਰੀ ਪੰਧ ਮੁਕਾਈਆ । ਹੁਕਮ ਸੰਦੇਸਾ ਦੇ ਕੇ ਸੱਦੇ, ਸੁੱਤੇ ਲਏ ਉਠਾਈਆ । ਜਿਸ ਦੇ ਕਾਰਨ ਆਏ ਭੱਜੇ, ਆਪਣਾ ਪੰਧ ਮੁਕਾਈਆ । ਕਰ ਲਓ ਦਰਸ਼ਨ ਰੱਜੇ, ਰਜੋ ਤਮੋ ਡੇਰਾ ਢਾਹੀਆ । ਲੱਭਿਆਂ ਜਗਤ ਕਿਸੇ ਨਾ ਲੱਭੇ, ਮਿਹਰ ਨਜ਼ਰ ਨਾਲ ਮਿਲਾਈਆ । ਅੱਗੇ ਬਣ ਜਾਓ ਸ਼ੇਰ ਬੱਗੇ, ਸ਼ਰਅ ਜ਼ੰਜੀਰ ਤੁੜਾਈਆ । ਕਲਜੁਗ ਕੂੜੀ ਕਿਰਿਆ ਮੂਲ ਨਾ ਚੁਕਿਓ ਬਣ ਕੇ ਗਧੇ, ਕਾਗ ਹੰਸ ਰੂਪ ਬਦਲਾਈਆ । ਆਤਮ ਪਰਮਾਤਮ ਲੈ ਲਓ ਮਜ਼ੇ, ਮਜ਼ਾਕ ਛੱਡੋ ਕੂੜ ਲੋਕਾਈਆ । ਤੁਹਾਡੇ ਨੇੜ ਨਾ ਆਵੇ ਕ਼ਜ਼ੇ, ਕੱਜਲ ਧਾਰ ਦੇਵੇ ਗਵਾਹੀਆ । ਇਕ ਦੂਜੇ ਨਾਲ ਕਰਨੇ ਛੱਡ ਦਿਓ ਦਗ਼ੇ, ਫ਼ਰੇਬੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸੱਤ ਰੰਗ ਕਹਿਣ ਸੁਰਤੀ ਖੋਲ੍ਹੋ ਔਰਤ ਮਰਦ, ਸਭ ਨੂੰ ਦਿਆਂ ਜਣਾਈਆ । ਜਿਸ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਤੁਹਾਡਾ ਸਾਂਝਾ ਕਰੇ ਦਰਦ, ਦੁਖੀਆਂ ਦਰਦ ਵੰਡਾਈਆ । ਗੋਬਿੰਦ ਦੀ ਅੰਤ ਅਖ਼ੀਰੀ ਮਨਜ਼ੂਰ

ਕਰ ਕੇ ਅਰਜ਼, ਆਜਜ਼ ਲਏ ਬਣਾਈਆ । ਸਚਖੰਡ ਵਿਚੋਂ ਘੱਲ ਕੇ ਉਤੇ ਧਰਤ, ਧਵਲ ਦਿਤੀ ਵਡਿਆਈਆ । ਫੇਰ ਖੋਲ੍ਹ ਕੇ ਪਿਛਲੀ ਫ਼ਰਦ, ਲੇਖਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਸੱਤ ਰੰਗ ਕਹਿਣ ਵੇਖੋ ਆਪਣਾ ਮਾਹੀ, ਮਿਹਰਵਾਨ ਵਖਾਈਆ । ਅਸੀਂ ਦੇਵਣ ਆਏ ਗਵਾਹੀ, ਸ਼ਹਾਦਤ ਦੇਣੀ ਭੁਗਤਾਈਆ । ਜਿਸ ਨੇ ਬੂਟਾ ਪੁੱਟਿਆ ਕਾਹੀ, ਓਹ ਤੁਹਾਡੀ ਜੜ੍ਹ ਲਗਾਈਆ । ਜਿਸ ਦੇ ਅੱਗੇ ਪੀਰ ਪੈਗ਼ੰਬਰ ਦੇਣ ਦੁਹਾਈ, ਉਹ ਗੋਬਿੰਦ ਤੁਹਾਡਾ ਪਿਤਾ ਮਾਈਆ । ਸਭ ਦੀਆਂ ਇਕੱਠੀਆਂ ਪਕੜੇ ਬਾਹੀਂ, ਅੱਗੇ ਹੋ ਨਾ ਕੋਇ ਛੁਡਾਈਆ । ਵੇਖੋ ਧੁਰ ਦਾ ਮਾਲਕ ਬਣਿਆ ਰਾਹੀ, ਰਹਿਬਰ ਹੋ ਕੇ ਵੇਖ ਵਖਾਈਆ । ਸੰਤ ਸੁਹੇਲੇ ਮੇਲੇ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਈਆ । ਜਿਹੜੇ ਗੋਬਿੰਦ ਦੇ ਝੀਵਰ ਛੀਂਬੇ ਨਾਈ, ਭਗਤਾਂ ਨਾਲ ਲਏ ਮਿਲਾਈਆ । ਜਨ ਭਗਤੋ ਤੁਹਾਡੀ ਜ਼ਮੀਨ ਤੋਂ ਉਤੋਂ ਅਸਮਾਨਾਂ ਤੋਂ ਪਰੇ ਨਹੀਂ ਰਹਿਣੀ ਆਵਾਜਾਈ, ਅੱਗੇ ਹੋ ਨਾ ਕੋਇ ਅਟਕਾਈਆ । ਬਿਨਾ ਪ੍ਰਭੂ ਤੋਂ ਤੁਹਾਨੂੰ ਜੰਮਣ ਵਾਲੀ ਨਹੀਂ ਕੋਈ ਮਾਈ, ਜਮਾਂ ਦਾ ਲੇਖਾ ਦਿਤਾ ਮੁਕਾਈਆ । ਸਭ ਦਾ ਮਾਲਕ ਇਕ ਗੁਸਾਈਂ, ਗਹਿਰ ਗੰਭੀਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਰਿਹਾ ਸੁਹਾਈਆ । ਸੱਤ ਰੰਗ ਕਹਿਣ ਵੇਖੋ ਸੋਹਣਾ ਜੁੜਿਆ ਜੋੜਾ, ਜੋੜੀ ਆਪ ਬਣਾਈਆ । ਛੱਡਕੇ ਬਾਂਕਾ ਘੋੜਾ, ਘੋੜੀ ਚੜ੍ਹਿਆ ਬੇਪ੍ਰਵਾਹੀਆ । ਕਲਜੁਗ ਵੇਖ ਅੰਧ ਘੋਰਾ, ਭੱਜਿਆ ਥਾਉਂ ਥਾਈਂਆ । ਬਣ ਕੇ ਡਾਕੂ ਚੋਰਾ, ਚੋਰੀ ਘਰ ਘਰ ਰਿਹਾ ਕਮਾਈਆ । ਗੁਰਮੁਖ ਵੇਖ ਕੇ ਬਾਂਕਾ ਛੋਹਰਾ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਰਾਤੀਂ ਸੁੱਤਿਆਂ ਦਰਸ਼ਨ ਦੇ ਕੇ ਭੋਰਾ, ਭਰਮਾਂ ਵਿਚੋਂ ਬਾਹਰ ਕਢਾਈਆ । ਅੰਤਰ ਵੜ ਕੇ ਮਨ ਨੂੰ ਲਾਇਆ ਮੋੜਾ, ਦੀਨ ਦੁਨੀ ਦਿਤੀ ਭੁਲਾਈਆ । ਸੱਸੇ ਉਪਰ ਲਗਾ ਕੇ ਹੋੜਾ, ਹੋਕਾ ਦਿਤਾ ਜਣਾਈਆ । ਪ੍ਰੇਮ ਪਿਆਰ ਦਾ ਲਾ ਕੇ ਪੌੜਾ, ਮੰਜ਼ਲ ਪੰਧ ਮੁਕਾਈਆ । ਸੁਰਤੀ ਸ਼ਬਦ ਬੰਨ੍ਹ ਕੇ ਡੋਰਾ, ਤੰਦੀ ਆਪ ਖਿਚਾਈਆ । ਭਗਤ ਭਗਵਾਨ ਦੀ ਰੱਖਕੇ ਲੋੜਾ, ਲੋੜੀਂਦੇ ਸਾਜਣ ਲਏ ਮਿਲਾਈਆ । ਬਾਕੀ ਜਵਾਬ ਦੇ ਕੇ ਕੋਰਾ, ਗੁਰਮੁਖਾਂ ਦਾ ਕੋਰਮ ਪੂਰਾ ਲਿਆ ਕਰਾਈਆ । ਜਿਨ੍ਹਾਂ ਦਾ ਪਿਛਲਾ ਭਾਗ ਮਥੋਰਾ, ਮਿਥਿਆ ਦੱਸ ਸਰਬ ਲੋਕਾਈਆ । ਆਪਣਾ ਮੰਤਰ ਦੱਸ ਕੇ ਫੇਰਾ, ਫੁਰਨੇ ਪਿਛਲੇ ਦਿਤੇ ਤਜਾਈਆ । ਕਿਉਂ ਗੋਬਿੰਦ ਨੂੰ ਯਾਦ ਆਇਆ ਫ਼ਤਿਹ ਸਿੰਘ ਤੇ ਜੋਰਾ, ਜੋ ਜੋਰੂ ਜ਼ਰ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਸੱਤ ਰੰਗ ਕਹਿਣ ਅਸੀਂ ਵੇਖ ਹੋਏ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਦੁਹਾਈਆ । ਬਣ ਕੇ ਗੋਬਿੰਦ ਲਾਲ, ਲਾਲਨ ਵੇਖ ਵਖਾਈਆ । ਜਿਨ੍ਹਾਂ ਦੀ ਆਪ ਕੀਤੀ ਭਾਲ, ਖੋਜੇ ਥਾਉਂ ਥਾਈਂਆ । ਆਪ ਮੁੱਢ ਗੁਰਸਿੱਖ ਬਣਾ ਕੇ ਡਾਲ, ਬੂਟਾ ਇਕੋ ਰਿਹਾ ਸੁਹਾਈਆ । ਗੋਦੀ ਚੁੱਕਕੇ ਆਪਣੇ ਬਾਲ, ਬਚਪਨ ਆਪਣੇ ਲੇਖੇ ਲਾਈਆ । ਦੀਨਾ ਨਾਥ ਹੋ ਦਿਆਲ, ਦਇਆਨਿਧ ਦਇਆ ਕਮਾਈਆ । ਚਾਰ ਜੁਗ ਤੋਂ ਵਖਰੀ ਚਲ ਕੇ ਚਾਲ, ਚਾਲ ਨਿਰਾਲੀ ਇਕ ਦਰਸਾਈਆ । ਸਭ ਤੋਂ ਵਖਰੇ ਕੀਤੇ ਸ਼ਾਹ ਕੰਗਾਲ, ਭਗਤ ਸੁਹੇਲੇ ਰੂਪ ਵਟਾਈਆ । ਜਨਮ ਦੀ ਲੇਖੇ ਲਾ ਕੇ ਘਾਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲਏ ਮਿਲਾਈਆ । ਸੱਤ ਰੰਗ ਕਹਿਣ ਤੱਕਿਆ ਅਜਬ ਨਜ਼ਾਰਾ, ਸੋਹਣਾ ਨਜ਼ਰੀ ਆਈਆ । ਮਿਲਿਆ ਮੀਤ ਮੁਰਾਰਾ, ਹਰਿ ਕਰਤਾ ਬੇਪਰਵਾਹੀਆ । ਧਰਮ ਲੱਗਾ

ਅਖਾੜਾ, ਗੁਰਮੁਖ ਰਿਹਾ ਨਚਾਈਆ । ਦੇ ਵਡਿਆਈ ਸਤਾਰਾਂ ਹਾੜਾ, ਹਾੜਾ ਸਭ ਦਾ ਪੂਰ ਕਰਾਈਆ । ਗੁਰਮੁਖ ਸਖ਼ੀਆਂ ਤੇ ਗੋਬਿੰਦ ਇਕੋ ਲਾੜਾ, ਗੁਰ ਗੁਰ ਵਜਦੀ ਦਿਸੇ ਵਧਾਈਆ । ਝਗੜਾ ਮੁਕਾ ਕੇ ਪੰਚਮ ਧਾੜਾ, ਧਾੜਵੀ ਸ਼ਬਦ ਗੋਦ ਉਠਾਈਆ । ਮਾਨਸ ਜਨਮ ਜਾਏ ਸਵਾਰਾ, ਹਰਿਜਨ ਦਏ ਵਡਿਆਈਆ । ਕਿਰਿਆ ਕੂੜ ਕਰ ਕਿਨਾਰਾ, ਨਈਆ ਨੌਕਾ ਦਏ ਡੁਬਾਈਆ । ਅੱਗੇ ਲੈ ਕੇ ਵੰਝ ਮੁਹਾਣਾ, ਨਾਮ ਨਿਧਾਨਾ ਦਏ ਵਖਾਈਆ । ਜਿਸ ਦਾ ਮਾਲਕ ਧੁਰ ਦਾ ਰਾਣਾ, ਸ਼ਹਿਨਸ਼ਾਹ ਬੇਪਰਵਾਹੀਆ । ਜਿਨ੍ਹਾਂ ਸੋਹੰ ਗਾਣਾ ਗਾਣਾ, ਗਾਵਤ ਖ਼ੁਸ਼ੀ ਮਨਾਈਆ । ਓਨ੍ਹਾਂ ਸਚਖੰਡ ਦੁਆਰੇ ਜਾਣਾ, ਅਗਲਾ ਪੰਧ ਮੁਕਾਈਆ । ਪੁਰਖ ਅਕਾਲ ਦਾ ਗੋਬਿੰਦ ਧਾਰ ਬਾਣਾ, ਪੁਰਾਣਾ ਖੇਲ ਨਾ ਕੋਇ ਵਖਾਈਆ । ਅਗਲਾ ਦੱਸ ਕੇ ਸਚ ਨਿਸ਼ਾਨਾ, ਨਿਸ਼ਾਨਾ ਆਪਣਾ ਇਕ ਝੁਲਾਈਆ । ਜਨ ਭਗਤ ਰਹੇ ਨਾ ਕੋਇ ਬੇਗਾਨਾ, ਵੈਰੀ ਵੈਰ ਨਾ ਕੋਇ ਕਮਾਈਆ । ਸੁਣੋ ਧਰਮ ਦਾ ਇਕ ਤਰਾਨਾ, ਤਾਰ ਸਿਤਾਰ ਰਿਹਾ ਹਿਲਾਈਆ । ਸੱਤ ਰੰਗ ਕਹਿਣ ਜਨ ਭਗਤੋ ਪ੍ਰਭ ਦੇ ਨਾਲ ਲਾਇਆ ਯਾਰਾਨਾ, ਯਾਰੀ ਧੁਰ ਦੀ ਤੋੜ ਨਿਭਾਈਆ । ਦੀਨ ਮਜ਼੍ਹਬ ਦਾ ਜਿਸ ਨੇ ਟਿੰਡ ਵਿਚ ਰਹਿਣ ਨਹੀਂ ਦੇਣਾ ਕਾਨਾ, ਕਾਇਨਾਤ ਕਰੇ ਸਫ਼ਾਈਆ । ਮੇਲ ਹੋਣਾ ਜਗਤ ਇਨਸਾਨਾਂ, ਹੈਵਾਨਾਂ ਪੜਦਾ ਆਪ ਚੁਕਾਈਆ । ਲੈ ਕੇ ਆਇਆ ਨਾਮ ਪੈਮਾਨਾ, ਨਾਪੇ ਖ਼ਲਕ ਖ਼ੁਦਾਈਆ । ਸੰਤ ਸੁਹੇਲਾ ਹੋਏ ਨਾ ਕੋਇ ਪਰੇਸ਼ਾਨਾ, ਸਾਂਤਕ ਸਤਿ ਦਏ ਕਰਾਈਆ । ਗੋਬਿੰਦ ਛੱਡਕੇ ਚਿੱਲਾ ਤੀਰ ਕਮਾਨਾ, ਜਗਤ ਖੰਡਾ ਨਾ ਕੋਇ ਉਠਾਈਆ । ਏਕਾ ਦੇ ਕੇ ਧੁਰ ਫ਼ਰਮਾਨਾ, ਫ਼ੁਰਨੇ ਸਭ ਦੇ ਬੰਦ ਕਰਾਈਆ । ਜੋਧਾ ਸੂਰਬੀਰ ਬਲਵਾਨਾ, ਸ਼ਬਦੀ ਨਾਉਂ ਪ੍ਰਗਟਾਈਆ । ਜਿਸ ਦੀ ਸੂਰਤ ਨਜ਼ਰ ਨਾ ਆਏ ਉਤੇ ਜਹਾਨਾ, ਚਿੰਨ੍ਹ ਜਗਤ ਨਾ ਕੋਇ ਜਣਾਈਆ । ਜਿਹੜਾ ਬਦਲ ਕੇ ਗੁਰ ਅਵਤਾਰ ਪੈਗ਼ੰਬਰਾਂ ਤੋਂ ਬਾਹਰ ਖ਼ਾਨਾ, ਜ਼ਿਮੀਂ ਅਸਮਾਨਾ ਆਪਣਾ ਡੇਰਾ ਲਾਈਆ । ਸ਼ਹਿਨਸ਼ਾਹ ਬਣ ਕੇ ਸ਼ਾਹ ਸ਼ਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਗਾਹ ਨਿਗਾਹ ਵਿਚੋਂ ਉਠਾਈਆ । ਜਿਸ ਕੂੜੀ ਮੇਟਣੀ ਬਗ਼ਾਵਤ, ਬਗ਼ਲਗੀਰ ਦੇਣੇ ਬਣਾਈਆ । ਸਾਚੇ ਨਾਮ ਦੀ ਦੇ ਸਖ਼ਾਵਤ, ਸਖ਼ੀ ਸੁਲਤਾਨ ਦੇਣੇ ਪ੍ਰਗਟਾਈਆ । ਕਲਜੁਗ ਕੂੜ ਦੀ ਲਾਹ ਅਲਾਮਤ, ਆਲਮ ਉਲਮਾ ਦੇਣੇ ਸਮਝਾਈਆ । ਮੁਹੱਬਤ ਮਿਹਰ ਬਖ਼ਸ਼ ਨਿਆਮਤ, ਤੋਹਫ਼ਾ ਘਰ ਘਰ ਦੇਣਾ ਪੁਚਾਈਆ । ਜਨ ਭਗਤ ਸੁਹੇਲਾ ਰੱਖਕੇ ਸਹੀ ਸਲਾਮਤ, ਸਮੇਂ ਵਿਚੋਂ ਪਾਰ ਕਰਾਈਆ । ਧਰਮ ਦੀ ਧਾਰ ਦੇ ਜ਼ਮਾਨਤ, ਜ਼ਾਹਰ ਜ਼ਹੂਰ ਲਏ ਜੁੜਾਈਆ । ਸਦੀ ਚੌਧਵੀਂ ਦੀ ਸਭ ਨੇ ਵੇਖਣੀ ਕਿਆਮਤ, ਕੀਮਿਆ ਹੋਵੇ ਜਗਤ ਲੋਕਾਈਆ । ਅੱਗੇ ਨੂੰ ਬੰਦ ਕਰਨੀ ਜਗਤ ਹਜਾਮਤ, ਹੁਕਮ ਹੱਕ ਹੱਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਵੇਖ ਵਖਾਈਆ । ਸੱਤ ਰੰਗ ਕਹੇ ਸਾਡਾ ਪੂਰਾ ਅਰਸਾ, ਅਰਸ਼ ਫ਼ਰਸ਼ ਦੁਹਾਈਆ । ਸੋਹਣਾ ਲੱਗਾ ਬਰਸਾ, ਬਰਸੀ ਵੱਜੀ ਵਧਾਈਆ । ਗੋਬਿੰਦ ਵਾਚਿਆ ਪਰਚਾ, ਪਰਾਚੀਨ ਖੋਜ ਖੁਜਾਈਆ । ਜਿਸ ਦੀ ਚਾਰ ਜੁਗ ਕਰਦੇ ਰਹੇ ਚਰਚਾ, ਚਰਚਾਂ ਵਿਚ ਦੁਹਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਖਰਚਾ, ਖਰਚਖਾਹ ਪੜਦਾ ਲਾਹੀਆ । ਜਿਸ ਦੀ ਸਮਝੇ ਕੋਇ ਨਾ ਆਰਜਾ, ਪੜਦਾ ਅੱਗੇ ਨਾ ਕੋਇ ਚੁਕਾਈਆ । ਓਹ ਸਭ ਤੋਂ ਲੈਣ ਲੱਗਾ ਚਾਰਜਾ, ਚਾਰਜ ਸਭ ਦੇ ਉਤੇ ਲਾਈਆ । ਸ਼ਬਦੀ ਲਾਵਣ ਲੱਗਾ ਗਾਰਦਾ, ਗਰਦਨ ਸਕੇ ਨਾ ਕੋਇ ਉਠਾਈਆ । ਖੇਲ ਹੋਣ ਲੱਗਾ ਪੁਰਖ ਸਰਕਾਰ ਦਾ, ਧੁਰ ਸਰਕਾਰ ਆਪ ਜਣਾਈਆ । ਝਗੜਾ ਮੁੱਕਣ ਲੱਗਾ ਲੱਖ

੩੦੩
੨੧

ਹਜ਼ਾਰ ਦਾ, ਕਰੋੜੀ ਗਣਤ ਨਾ ਕੋਇ ਗਣਾਈਆ । ਤੇਜ ਚਮਕਣ ਲੱਗਾ ਇਕੋ ਸੁਤ ਦੁਲਾਰ ਦਾ, ਜੋ ਸੂਰਬੀਰ ਅਖਵਾਈਆ । ਸਤਿਗੁਰ ਸ਼ਬਦ ਸਦਾ ਲਲਕਾਰਦਾ, ਭੈ ਭੌ ਵਿਚ ਡਰਾਈਆ । ਇਹ ਖ਼ੁਸ਼ੀ ਮਹੀਨਾ ਸੱਤ ਰੰਗ ਕਹਿਣ ਹਾੜ ਦਾ, ਹਰਿ ਆਪਣਾ ਮੰਦਰ ਵਖਾਈਆ । ਸਭ ਦਾ ਲੇਖਾ ਮੁਕਿਆ ਜੰਗਲ ਜੂਹ ਉਜਾੜ ਪਹਾੜ ਦਾ, ਜੂਹਾਂ ਵਿਚ ਨਾ ਕੋਇ ਭੁਆਈਆ । ਪੈਂਡਾ ਮੁਕਿਆ ਉੱਤਰ ਪੂਰਬ ਪੱਛਮ ਦੱਖਣ ਪਹਾੜ ਦਾ, ਪਾਰਬ੍ਰਹਮ ਪਿਛਲਾ ਪੰਧ ਮੁਕਾਈਆ । ਸੱਤ ਰੰਗ ਕਹਿਣ ਵੇਖੋ ਖੇਲ ਸੱਚੀ ਸਰਕਾਰ ਦਾ, ਜੋ ਸ਼ਰੇਆਮ ਰਿਹਾ ਭੁਗਤਾਈਆ । ਹੁਕਮ ਚਲਣਾ ਇਕ ਮੁਖ਼ਤਿਆਰ ਦਾ, ਹਿੱਸੇ ਵੰਡ ਨਾ ਕੋਈ ਵੰਡਾਈਆ । ਨਜ਼ਾਰਾ ਤਕਣਾ ਓਸ ਦਰਬਾਰ ਦਾ, ਜਿਥੇ ਧੁਰ ਦਰਬਾਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਮੇਲ ਮਿਲਾਈਆ । ਸੱਤ ਰੰਗ ਕਹਿਣ ਸਤਿ ਵਿਚ ਹੋ ਜਾਓ ਸਤੀ, ਸਤਿ ਵਿਚ ਸਮਾਈਆ । ਸਭ ਦਾ ਮਾਲਕ ਇਕੋ ਕਮਲਾਪਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਇਕੋ ਸਿਖਿਆ ਪੜ੍ਹ ਲਓ ਪੱਟੀ, ਪਟਨੇ ਨੂੰ ਛੱਡ ਕੇ ਘਟ ਵਿਚ ਕਰੇ ਪੜ੍ਹਾਈਆ । ਹੁਣ ਸਦੀ ਚੌਧਵੀਂ ਜਾਂਦੀ ਟੱਪੀ, ਟੱਪਿਆਂ ਦੇ ਗਾਵਿਆਂ ਦਾ ਲੇਖਾ ਦੇਣਾ ਮੁਕਾਈਆ । ਜਿਸ ਪ੍ਰਭ ਪਿਛੇ ਚਾਰ ਜੁਗ ਸ੍ਰਿਸ਼ਟੀ ਲੱਭ ਲੱਭ ਥੱਕੀ, ਖੋਜਿਆਂ ਹੱਥ ਕਿਸੇ ਨਾ ਆਈਆ । ਸੜ ਗਏ ਵਿਚ ਭੱਠੀ, ਅਗਨੀ ਅੱਗ ਜਲਾਈਆ । ਬਣਦੇ ਰਹੇ ਹਠੀ, ਹਠ ਯੋਗ ਪ੍ਰਗਟਾਈਆ । ਫਿਰਦੇ ਰਹੇ ਅੱਠ ਸੱਠੀ, ਤੱਟਾਂ ਉਤੇ ਕੁਰਲਾਈਆ । ਖੋਜਦੇ ਰਹੇ ਮੰਦਰ ਮਠੀ, ਸ਼ਿਵਦੁਵਾਲੇ ਰਾਹ ਤਕਾਈਆ । ਬਣਦੇ ਰਹੇ ਯਤੀ, ਨਾਰ ਕੰਤ ਜੁਦਾਈਆ । ਪ੍ਰਭ ਦਾ ਕਿਸੇ ਦਰਸ ਨਾ ਪਾਇਆ ਰਤੀ, ਕਾਇਆ ਰੰਗ ਨਾ ਕੋਇ ਰੰਗਾਈਆ । ਏਸ ਤਰਾ ਕਿਸੇ ਨਹੀਂ ਵੇਖਿਆ ਅੱਖੀਂ, ਚਾਰ ਜੁਗ ਦੇਣ ਦੁਹਾਈਆ । ਭਗਤਾਂ ਦੀ ਨਗਰੀ ਨਹੀਂ ਕਦੇ ਕੋਈ ਵੱਸੀ, ਭਗਤ ਦੁਆਰਾ ਨਾ ਕੋਇ ਬਣਾਈਆ । ਦੀਨਾਂ ਮਜ਼੍ਹਬਾਂ ਵਿਚ ਸ੍ਰਿਸ਼ਟੀ ਫਸੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਹੁਣ ਵੇਖੋ ਸਭ ਨੂੰ ਪੈਂਦੀ ਗਸ਼ੀ, ਕੀ ਪ੍ਰਭ ਖੇਲ ਵਰਤਾਈਆ । ਸਾਚੀ ਧਾਰ ਨਹੀਂ ਲੱਗਦੀ ਅੱਛੀ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਰਹੇ ਕੁਰਲਾਈਆ । ਭਾਵੇਂ ਓਸੇ ਨੂੰ ਰਹੇ ਜਪੀ, ਨਾਮ ਕਲਮਿਆਂ ਵਿਚ ਗਾਈਆ । ਰਸਨਾ ਨਾਲ ਰਹੇ ਦੱਸੀ, ਸਿਫ਼ਤਾਂ ਵਿਚ ਸਾਲਾਹੀਆ । ਅੰਤਰ ਪ੍ਰੀਤ ਕਿਸੇ ਨਹੀਂ ਲੱਗੀ, ਲੱਗੀ ਤੋੜ ਨਾ ਕੋਇ ਨਿਭਾਈਆ । ਜੇ ਕੁਛ ਲਹਿਣਾ ਵੇਖੋ ਪੂਰਬ ਬੱਧਕ ਹੁਣ "ਰਾਮ" ਨਾਮ ਦਾ ਜੱਗੀ, ਜਗਤ ਜੁਗਤ ਸਮਝਾਈਆ । ਸਾਰੇ ਹੈਰਾਨ ਹੋਣਾ ਹੁਣ ਪ੍ਰਭ ਨੇ ਮਾਣ ਨਹੀਂ ਦੇਣਾ ਵੱਛੀ ਢੱਗੀ, ਸੂਰਾਂ ਸਿਰ ਨਾ ਕੋਇ ਕਟਾਈਆ । ਅੰਮ੍ਰਿਤ ਰਹਿਣ ਨਹੀਂ ਦੇਣਾ ਵਿਚ ਕਿਸੇ ਨਦੀ, ਪਾਣੀ ਪਾਣੀ ਨਾ ਕੋਇ ਚਤੁਰਾਈਆ । ਬਿਨਾ ਪੁਰਖ ਅਕਾਲ ਤੋਂ ਸਾਚੀ ਸਰਨੀ ਰਹਿਣੀ ਨਹੀਂ ਕੋਈ ਚੰਗੀ, ਚੰਗੀ ਮਿਲੇ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਵਾਲਿਆਂ ਹੋਣੀ ਤੰਗੀ, ਤੰਗ ਹੋ ਕੇ ਆਪੇ ਦੇਣ ਦੁਹਾਈਆ । ਘਰ ਘਰ ਹੋਣੀ ਖਾਨਾ ਜੰਗੀ, ਝਗੜਾ ਪਏ ਲੋਕਾਈਆ । ਖਾਣਾ ਪੀਣਾ ਇਕ ਇਕ ਡੰਗੀ, ਭੁੱਖਿਆਂ ਭੁੱਖ ਨਾ ਕੋਇ ਮਿਟਾਈਆ । ਚੜ੍ਹ ਲੈਣ ਦਿਓ ਸਾਲ ਬਿਕ੍ਰਮੀ ਵੀਹ ਸੌ ਪੰਝੀ, ਪੰਝੀ ਪੰਝੀ ਦਿਆਂ ਵਖਾਈਆ । ਸ੍ਰਿਸ਼ਟੀ ਸਿਰ ਤੋਂ ਹੋਣੀ ਨੰਗੀ, ਪੜਦਾ ਨਜ਼ਰ ਕੋਇ ਨਾ ਆਈਆ । ਜਿਹੜੇ ਆਸਣ ਲਾ ਕੇ ਬੈਠੇ ਉਤੇ ਮੰਜੀ, ਮਜਲਸ ਵਿਚ ਵਡਿਆਈਆ । ਓਹ ਸਾਰੇ ਖ਼ਤਮ ਕਰਨੇ ਦੰਬੀ, ਡੰਬੀ ਰਹਿਣ ਕੋਇ ਨਾ ਪਾਈਆ । ਧਰਨੀ ਧਰਤ ਰਹੀ ਕੰਬੀ, ਬਹੁੜੀ ਬਹੁੜੀ ਕੁਰਲਾਈਆ । ਹਾਏ ਹੁਣ ਨਹੀਂ ਰਹੀ ਸਭ ਦੀ ਅੰਮੀ, ਅੰਮੀ ਕਹਿ ਕੇ ਰਹੇ ਸੁਣਾਈਆ । ਕੀ ਖੇਲ ਹੋਣਾ ਵਿਚ ਕਾਇਆ ਮਾਟੀ

ਚੰਮੀ, ਚਮੜਿਆਂ ਵੰਡ ਵੰਡਾਈਆ । ਕਿਸੇ ਨੂੰ ਸਮਝ ਨਹੀਂ ਔਣੀ ਸਰਘੀ ਵੇਲਾ ਕੇ ਧੰਮੀ, ਧਮਾਕੇ ਵਿਚ ਦੁਹਾਈਆ । ਪ੍ਰਭ ਨੇ ਠੁੱਡ ਮਾਰ ਕੇ ਸਤਿ ਧਰਮ ਦੀ ਡੇਗ ਦੇਣੀ ਥੰਮੀ, ਥੰਮਣ ਵਾਲਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜੋ ਸਭ ਨੂੰ ਸੁਣਾ ਕੇ ਕੰਨੀਂ, ਕੰਨਾ ਮੰਨਾ ਕੁਰਲ ਕਹਿ ਕੇ ਰਾਗ ਸੁਣਾਈਆ । ਓਹ ਪੜ੍ਹਦੇ ਸੁਣਦੇ ਵੇਂਹਦੇ ਵੇਖਦੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਨੀ ਅੰਨ੍ਹੀ, ਨੇਤਰ ਨੈਣ ਨਾ ਕੋਇ ਉਠਾਈਆ । ਬਿਨ ਭਗਤਾਂ ਤੋਂ ਭਗਤ ਦਾ ਰਹੇ ਕੋਈ ਨਾ ਤਨੀ, ਨਾਤੇ ਛੁਟਨੇ ਜਗਤ ਲੋਕਾਈਆ । ਜਿਸ ਵੇਲੇ ਜਗਤ ਜਹਾਨ ਔਕੜ ਬਣੀ, ਬਣਾਂ ਵਿਚ ਸਾਰੇ ਦੇਣ ਦੁਹਾਈਆ । ਬਿਸੀਅਰ ਕਾਲੇ ਨਾਗ ਫਨੀ, ਫੁੰਕਾਰਾ ਨਾਲ ਤਪਾਈਆ । ਅੰਮ੍ਰਿਤ ਰਸ ਮਿਲੇ ਨਾ ਨਮੀਂ, ਨਮੋਂ ਨਮੋਂ ਨਾ ਕੋਈ ਵਡਿਆਈਆ । ਬਿਨਾ ਭਗਤਾਂ ਤੋਂ ਬਾਕੀ ਧਰਮ ਰਾਏ ਦੇ ਕੰਮੀ, ਸਚ ਦੁਆਰ ਨਾ ਕੋਈ ਸਹਾਈਆ । ਅੱਗੇ ਖੇਲ ਕਰਨੀ ਨਵੀਂ, ਨਵਾਂ ਜੁਗ ਬਦਲਾਈਆ । ਜਨ ਭਗਤੋ ਇਕੋ ਹੁਕਮ ਜਾਇਓ ਮੰਨੀ, ਦੂਜੀ ਲੋੜ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਈਆ । ਸੱਤ ਰੰਗ ਕਹਿਣ ਅਸੀਂ ਭੱਜੇ ਨੱਠੇ ਕੁੱਦੇ, ਅੰਗਨ ਅੰਗਨ ਵੇਖ ਵਖਾਈਆ । ਕੀ ਇਸ਼ਾਰੇ ਦਿਤੇ ਬੁੱਧੇ, ਅੰਤਰ ਅੰਤਰ ਇਕ ਜਣਾਈਆ । ਕਿਉਂ ਗੋਬਿੰਦ ਨੇ ਭੀਖਣ ਹੱਥ ਰਖਾਇਆ ਉਤੇ ਕੁੱਜੇ, ਆਪਣਾ ਆਪ ਜਣਾਈਆ । ਕਿਉਂ ਅਜੀਤ ਜੁਝਾਰ ਝੂਜੇ, ਖੰਡਾ ਖੜਗ ਤੇਗ਼ ਚਮਕਾਈਆ । ਕਿਉਂ ਖੇਲ ਨਿਰਗੁਣ ਸਰਗੁਣ ਧਾਰ ਦੂਜੇ, ਦੂਆ ਏਕਾ ਰੂਪ ਬਦਲਾਈਆ । ਕਿਉਂ ਸਭ ਦੇ ਭਾਂਡੇ ਕੀਤੇ ਮੂਧੇ, ਅੰਮ੍ਰਿਤ ਰਸ ਨਾ ਕੋਈ ਟਪਕਾਈਆ । ਕਿਉਂ ਜਨ ਭਗਤ ਕਿਤੇ ਨਾ ਢੂੰਡੇ, ਘਰ ਬੈਠਿਆਂ ਦਰਸ ਵਖਾਈਆ । ਇਹ ਬਚਨ ਕਿਹਾ ਸੀ ਨਾਨਕ ਜਿਸ ਵੇਲੇ ਮੋਢੇ ਖੇਸ ਤੇ ਹੱਥ ਵਿਚ ਖੂੰਡੇ, ਪਾਲੀ ਮੱਝੀਆਂ ਨਜ਼ਰੀ ਆਈਆ । ਇਹ ਗੋਬਿੰਦ ਕਿਹਾ ਜਿਸ ਵੇਲੇ ਹੱਥ ਰਖਾਇਆ ਗੁਰਸਿੱਖਾਂ ਉਤੇ ਚੂੰਡੇ, ਬੋਦੀਉਂ ਕੇਸ ਵਧਾਈਆ । ਇਹ ਖ਼ਬਰ ਸੁਣਾਈ ਹਰਿਕ੍ਰਿਸ਼ਨ ਗੂੰਗੇ, ਗੀਤਾ ਗਿਆਨ ਵਿਚੋਂ ਉਪਜਾਈਆ । ਹਰਿਕ੍ਰਿਸ਼ਨ ਦਾ ਮਿਤ੍ਰ ਤੇਜ ਭਾਨ ਲਿਆ ਢੂੰਡੇ, ਜੋ ਗੀਤਾ ਫੜ ਕੇ ਸੀਸ ਟਿਕਾਈਆ । ਇਹ ਭੇਵ ਬੜੇ ਨੇ ਡੂੰਘੇ, ਬਿਨਾ ਪੁਰਖ ਅਕਾਲ ਸਮਝ ਕੋਇ ਨਾ ਪਾਈਆ । ਜੋ ਗੁਰ ਅਵਤਾਰ ਪੈਗ਼ੰਬਰ ਆਏ ਰੋਂਦਿਆਂ ਦੇ ਅੱਥਰੂ ਗਏ ਪੂੰਝੇ, ਨਿਜ ਨੈਣ ਨਾ ਕੋਇ ਖੁਲ੍ਹਾਈਆ । ਅੱਲ੍ਹਾ ਵਾਹਿਗੁਰੂ ਰਾਮ ਸਤਿ ਸਤਿ ਕਹਿ ਕੇ ਰਹੇ ਕੂੰਦੇ, ਰਸਨਾ ਜਿਹਵਾ ਨਾਲ ਸਾਲਾਹੀਆ । ਬਿਨਾ ਭਗਤਾਂ ਤੋਂ ਪ੍ਰਭ ਦਾ ਰਸ ਕੋਈ ਨਾ ਚੂੰਘੇ, ਸਤਿ ਵਿਚ ਨਾ ਕੋਈ ਸਮਾਈਆ । ਜਨ ਭਗਤਾਂ ਖ਼ੁਸ਼ੀਆਂ ਨਾਲ ਮਾਰਨੇ ਹੂੰਗੇ, ਹੋਕਰ ਦੇਣੀ ਸੁਣਾਈਆ । ਅਸੀਂ ਓਸ ਪ੍ਰਭੂ ਦੀ ਬੂੰਦੇ, ਜੋ ਸਭ ਦਾ ਪਿਤਾ ਮਾਈਆ । ਪੁਰਖ ਅਕਾਲ ਦੀ ਝੋਲੀ ਪਾ ਗੋਬਿੰਦ ਨੇ ਸਾਨੂੰ ਵਿਚ ਝੂੰਗੇ, ਭੇਵ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਰੁਮਾਲ ਕਹਿਣ ਸੱਤ ਰੰਗ ਦਾ ਕਰਿਓ ਕੋਈ ਨਾ ਖਟਕਾ, ਖਟਕੇ ਵਿਚ ਲੋਕਾਈਆ । ਗੋਬਿੰਦ ਨੇ ਨਹੀਂ ਕਿਹਾ ਗੁਰਮੁਖੋ ਖਾਇਓ ਝਟਕਾ, ਝਟਕੇ ਵਾਲਾ ਗੁਰਮੁਖ ਰਹਿਣ ਕੋਇ ਨਾ ਪਾਈਆ । ਲਾਜ ਲਗਾਇਓ ਨਾ ਗੋਬਿੰਦ ਪਟਕਾ, ਪਟਨੇ ਦਾ ਮਾਲਕ ਗਿਆ ਦ੍ਰਿੜਾਈਆ । ਇਹ ਖੇਲ ਪੁਰਖ ਸਮਰਥ ਦਾ, ਗੋਬਿੰਦ ਸੇਵਾ ਵਿਚ ਸਮਾਈਆ । ਮੈਂ ਉਸ ਦੀ ਸਿਫ਼ਤ ਕਥਦਾ, ਜਿਸ ਨੂੰ ਕਥਨੀ ਸਕੇ ਕੋਇ ਨਾ ਗਾਈਆ । ਓਸਦੀ ਚਰਨੀ ਢੱਠਦਾ, ਜੋ ਮੇਰਾ ਪਿਤਾ ਮਾਈਆ । ਮੈਂ ਵਣਜਾਰਾ ਤਤ ਅੱਠ ਦਾ, ਅੰਤਮ ਹੋਏ ਜੁਦਾਈਆ । ਇਕ ਖੇਲ ਅਗੰਮਾ ਦੱਸਦਾ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ ।

੩੦੫ ੨੧

ਜਿਥੇ ਮੇਰਾ ਸਾਹਿਬ ਸਵਾਮੀ ਵਸਦਾ, ਸਚਖੰਡ ਡੇਰਾ ਲਾਈਆ । ਓਥੇ ਇਸ਼ਾਰਾ ਨਹੀਂ ਕਿਸੇ ਅੱਖ ਦਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਇਕੋ ਜੋਤ ਨੁਰਾਨਾ ਦੀਪਕ ਜਗਦਾ, ਨੂਰ ਨੂਰ ਵਿਚੋਂ ਪ੍ਰਗਟਾਈਆ । ਜੇ ਮਾਤਲੋਕ ਨਾਤਾ ਜੁੜ ਜਾਏ ਸਚ ਦਾ, ਅੱਗੇ ਨਾ ਹੋਏ ਜੁਦਾਈਆ । ਜੋ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਢੋਲਾ ਜਪਦਾ, ਜਗਜੀਵਣ ਦਾਤਾ ਵੇਖ ਵਖਾਈਆ । ਝਗੜਾ ਮੁਕ ਜਾਏ ਸਾਢੇ ਤਿੰਨ ਹੱਥ ਦਾ, ਕਾਇਆ ਗੜ੍ਹ ਪਾਰ ਕਰਾਈਆ । ਇਹ ਖੇਲ ਪੁਰਖ ਸਮਰਥ ਦਾ, ਗੋਬਿੰਦ ਸਹਿਜੇ ਗਿਆ ਸਮਝਾਈਆ । ਬਿਨਾ ਭਗਤਾਂ ਪ੍ਰਭ ਦਾ ਖੇੜਾ ਕਦੇ ਨਾ ਵਸਦਾ, ਸੋਭਨੀਕ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸੱਤ ਰੰਗ ਕਹਿਣ ਜਨ ਭਗਤੋ ਕੀ ਤੁਹਾਡੀ ਖ਼ਾਹਿਸ਼, ਸਾਰੇ ਦਿਓ ਜਣਾਈਆ । ਪ੍ਰਭ ਤੋਂ ਬਿਨਾ ਹੋਰ ਕੀਹਦੀ ਕਰੋ ਤਲਾਸ਼, ਲੱਭੇ ਥਾਉਂ ਥਾਈਆ । ਗੋਬਿੰਦ ਨੇ ਨਹੀਂ ਕਿਹਾ ਮੇਰਾ ਗੁਰਸਿਖ ਖਾਵੇ ਮਾਸ, ਨਾਨਕ ਤੇਗ਼ ਬਹਾਦਰ ਦਏ ਦੁਹਾਈਆ । ਜੋ ਸਿੱਖ ਸੋ ਗਾਵੇ ਸਵਾਸ ਸਵਾਸ, ਸਾਹ ਸਾਹ ਸਮਾਈਆ । ਕੂੜ ਵਿਕਾਰਾ ਕਰੇ ਨਾਸ, ਮਮਤਾ ਮੋਹ ਮਿਟਾਈਆ । ਨਿਰਗੁਣ ਨੂਰ ਕਰੇ ਪ੍ਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਪੀਵੇ ਜਾਮ ਆਬੇਹਯਾਤ, ਹਯਾਤੀ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਹੋਏ ਸਹਾਈਆ । ਸੱਤ ਰੰਗ ਕਹਿਣ ਗੋਬਿੰਦ ਝਟਕਾਏ ਨਹੀਂ ਬੱਕਰੇ, ਸਚ ਦਿਆਂ ਸਮਝਾਈਆ । ਗੋਬਿੰਦ ਕਿਸੇ ਗ੍ਰੰਥ ਦੇ ਪੜ੍ਹੇ ਨਹੀਂ ਅੱਖਰੇ, ਵਰਕੇ ਨਾ ਕੋਇ ਉਲਟਾਈਆ । ਉਂਗਲ ਰੱਖੀ ਨਹੀਂ ਉਤੇ ਕਿਸੇ ਸਤਰੇ, ਸੱਜੇ ਖੱਬੇ ਚਲਾਈਆ । ਇਕੋ ਸੇਜ ਵਛਾਈ ਤੇ ਹੰਢਾਇਆ ਯਾਰ ਸੱਥਰੇ, ਦੂਜੀ ਲੋੜ ਨਾ ਕੋਇ ਰਖਾਈਆ । ਸਿੱਖ ਬਣਨ ਨਹੀਂ ਦਿਤੇ ਮਕਰੇ, ਝਟਕਾ ਕਰੇ ਨਾ ਕੋਇ ਕਸਾਈਆ । ਜਿਹੜਾ ਗੋਬਿੰਦ ਨਾਲ ਟੱਕਰੇ, ਟੱਕਰ ਜ਼ਿਮੀਂ ਨਾਲ ਲੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਸੱਤ ਰੰਗ ਕਹੇ ਗੋਬਿੰਦ ਕਦੀ ਧਰਿਆ ਨਹੀਂ ਸੀ ਹੱਥ ਗਿੱਚੀ, ਪਿਛੇ ਹੱਥ ਨਾ ਕਦੇ ਰਖਾਈਆ । ਉਸ ਨੂੰ ਪ੍ਰਭ ਦੀ ਧਾਰ ਅਗੇ ਦਿਸੀ, ਜਿਸ ਦੇ ਅਗੇ ਝੋਲੀ ਡਾਹੀਆ । ਮੇਰੀ ਗੋਦੀ ਪਾ ਦੇ ਮੇਰੀ ਸਿੱਖੀ, ਇਹੋ ਮੰਗ ਮੰਗਾਈਆ । ਚੁਰਾਸੀ ਵਿਚੋਂ ਨਿੱਕੀ, ਨਿਕਿਉਂ ਵੱਡੇ ਦੇ ਬਣਾਈਆ । ਆਪਣੇ ਨਾਮ ਦੀ ਦੇ ਟਿੱਕੀ, ਭੁੱਖਿਆਂ ਦੇ ਰਜਾਈਆ । ਸੋਹਣੀ ਸੁਹਾ ਮਿਤੀ, ਥਿਤ ਵਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸੱਤ ਰੰਗ ਕਹੇ ਗੋਬਿੰਦ ਤਰਤਾਲੀ ਸਾਲ ਵਿਚ ਨੌਂ ਕੀਤੇ ਅਰਦਾਸੇ, ਰੋਜ਼ ਸੀਸ ਨਾ ਕੋਇ ਝੁਕਾਈਆ । ਅੰਦਰੇ ਅੰਦਰ ਕਰਦਾ ਬਾਤੇ, ਗੁਫ਼ਤਾਰ ਪਿਆਰ ਵਿਚ ਦੁਹਾਈਆ । ਕਦੀ ਅੱਖਾਂ ਖੋਲ੍ਹੀਆਂ ਨਹੀਂ ਸੀ ਅੰਮ੍ਰਿਤ ਵੇਲੇ ਪ੍ਰਭਾਤੇ, ਅੱਖਾਂ ਖੋਲ੍ਹ ਇਸ਼ਨਾਨ ਨਾ ਕਦੇ ਕਰਾਈਆ । ਕਦੀ ਫੋਲੇ ਨਹੀਂ ਸੀ ਖਾਤੇ, ਹਿਸਾਬ ਕਿਤਾਬ ਨਾ ਅੱਖ ਉਠਾਈਆ । ਵੇਖੇ ਨਹੀਂ ਸੀ ਵਾਧੇ ਘਾਟੇ, ਹਿੰਦਸੇ ਜੋੜ ਨਾ ਕੋਇ ਜੁੜਾਈਆ । ਜਦੋਂ ਤਕਦਾ ਸੀ ਗੁਰਮੁਖਾਂ ਦਾ ਲੰਗਰ ਤੇ ਪ੍ਰੇਮ ਵਾਲੇ ਆਟੇ, ਦੂਸਰ ਅੱਖ ਨਾ ਕਦੇ ਮਿਲਾਈਆ । ਇਕ ਵੇਰਾਂ ਵੇਖਿਆ ਝਾਕ ਕੇ ਵਿਚ ਬਾਟੇ, ਨਿਗਾਹ ਨੌਂ ਵਾਰ ਟਿਕਾਈਆ । ਫੇਰ ਪੁਛਿਆ ਪੁਰਖ ਅਬਿਨਾਸ਼ੇ, ਦੋਏ ਜੋੜ ਸੀਸ ਨਿਵਾਈਆ । ਮੇਰੇ ਦੀਨ ਦਿਆਲਾ ਮੇਰਾ ਸਿੱਖ ਕਦੀ ਨਾ ਜਾਵੇ ਵਿਚ ਘਾਟੇ, ਘਾਟਾ ਤੇਰੇ ਕੋਲੋਂ ਪੂਰ ਕਰਾਈਆ । ਜਿਨ੍ਹਾਂ ਪਿਛੇ ਮੈਂ ਫੇਰ ਮਾਰਨੀ ਵਾਟੇ, ਆਪਣਾ ਫੇਰਾ ਪਾਈਆ । ਅੱਗੋਂ ਪੁਰਖ ਅਕਾਲ ਕਿਹਾ ਦਾਤੇ, ਦਇਆਵਾਨ ਦਿਤਾ ਜਣਾਈਆ ।

ਜੇ ਤੂੰ ਗੋਬਿੰਦ ਮੇਰੇ ਲੱਗਾ ਆਖੇ, ਆਖ਼ਰ ਮੇਲਾ ਲਵਾਂ ਮਿਲਾਈਆ । ਮੈਂ ਪ੍ਰਭੂ ਸਦਾ ਅਬਿਨਾਸ਼ੇ, ਜਨਮ ਮਰਨ ਵਿਚ ਨਾ ਆਈਆ । ਕੋਟਨ ਕੋਟ ਅਵਤਾਰ ਗੁਰ ਪੈਗ਼ੰਬਰ ਜਿਨ੍ਹਾਂ ਦੇ ਵੇਖਦਾ ਰਿਹਾ ਤਮਾਸ਼ੇ, ਸਰਗੁਣ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦਏ ਉਠਾਈਆ । ਸੱਤ ਰੰਗ ਕਹਿਣ ਗੋਬਿੰਦ ਨੌ ਵਾਰ ਆਪਣੇ ਚਰਨਾਂ ਤੋਂ ਲਾਹਿਆ ਜੋੜਾ, ਨੌ ਦਵਾਰੇ ਦੇਣ ਗਵਾਹੀਆ । ਨੌ ਵਾਰ ਨੀਲਾ ਹੱਥ ਵਿਚ ਫੜਿਆ ਘੋੜਾ, ਸੌ ਸੌ ਕ਼ਦਮ ਪੰਧ ਚਲਾਈਆ । ਨੌ ਵਾਰ ਸੋਹੰ ਸ਼ਬਦ ਪੜ੍ਹਦਾ ਸੀ ਢੋਲਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਨੌ ਵਾਰ ਰਾਤੀਂ ਸੁਤਿਆਂ ਛੱਡਕੇ ਸ਼ਰੀਰ ਦਾ ਚੋਲਾ, ਪੁਰਖ ਅਕਾਲ ਵਿਚ ਸਮਾਈਆ । ਨੌ ਵਾਰ ਪਰਤ ਕੇ ਫੇਰ ਵਿਚ ਬੋਲਾ, ਲਾਗੇ ਸੁਤਿਆਂ ਸਮਝ ਕਿਸੇ ਨਾ ਆਈਆ । ਨੌ ਵਾਰ ਸਚਖੰਡ ਦਾ ਦਵਾਰਾ ਆਪ ਖੋਲ੍ਹਾ, ਕੁੰਜੀ ਤਾਲਾ ਹੱਥ ਨਾ ਕੋਇ ਉਠਾਈਆ । ਨੌ ਵਾਰੀ ਪ੍ਰਭ ਦਾ ਬਣ ਕੇ ਗੋਲਾ, ਨਾਨਕ ਦਾ ਬੋਲਾ ਪੂਰ ਕਰਾਈਆ । ਨੌ ਵਾਰਾਂ ਸਾਰੇ ਜੀਵਨ ਵਿਚ ਪੜ੍ਹਿਆ ਕੀਰਤਨ ਸੋਹਲਾ, ਰਸਨਾ ਨਾਲ ਗਾਈਆ । ਨੌ ਵਾਰਾਂ ਖ਼ੁਸ਼ੀਆਂ ਵਾਲਾ ਖੇਲਿਆ ਹੋਲਾ, ਗੁਰਮੁਖਾਂ ਰੰਗ ਚੜ੍ਹਾਈਆ । ਨੌ ਵਾਰਾਂ ਹੱਥ ਵਿਚ ਤੱਕੜੀ ਫੜ ਕੇ ਬਣਿਆ ਤੋਲਾ, ਬਿਨਾ ਸੇਰ ਧੜੀ ਹੱਥ ਉਠਾਈਆ । ਨੌ ਵਾਰਾਂ ਆਪਣੇ ਪਲੰਘ ਦਾ ਬਣਾ ਕੇ ਡੋਲਾ, ਪੜਦਾ ਉਪਰ ਲਿਆ ਪਾਈਆ । ਨੌ ਵਾਰਾਂ ਆਪਣੀ ਰਸਨਾ ਨਾਲ ਕਿਹਾ ਤੂੰ ਹੈਂ ਮੇਰੇ ਕੋਲਾ, ਜਲਵਾਗਰ ਨੂਰ ਅਲਾਹੀਆ । ਨੌ ਵੇਰਾਂ ਕਹੇ ਪ੍ਰਭੂ ਤੈਥੋਂ ਕਲਜੁਗ ਅੰਤ ਜ਼ਰੂਰ ਪੁਵਾਣਾ ਰੌਲਾ, ਗੁਰ ਅਵਤਾਰ ਪੈਗ਼ੰਬਰਾਂ ਦੀ ਚਲੇ ਨਾ ਕੋਇ ਚਤੁਰਾਈਆ । ਨੌ ਵੇਰਾਂ ਗੋਬਿੰਦ ਨੇ ਖੱਬੇ ਹੱਥ ਨਾਲ ਆਪਣਾ ਪਕੜਿਆ ਸੀ ਡੌਲਾ, ਉਪਰ ਦਿਤਾ ਉਠਾਈਆ । ਨੌ ਵਾਰ ਪ੍ਰਭ ਦੇ ਨਾਲ ਕੀਤਾ ਕੌਲਾ, ਇਕ਼ਰਾਰਨਾਮਾ ਲਿਆ ਲਿਖਾਈਆ । ਨੌ ਵਾਰ ਮਨਾਇਆ ਤੈਨੂੰ ਔਣਾ ਪਏ ਉਪਰ ਧੌਲਾ, ਨਿਰਗੁਣ ਆਪਣਾ ਫੇਰਾ ਪਾਈਆ । ਨੌ ਵਾਰ ਗੋਬਿੰਦ ਕਿਹਾ ਪ੍ਰਭੂ ਤੂੰ ਮੇਰੀ ਸੇਜੇ ਸੌਣਾ, ਆਸਣ ਇਕ ਬਣਾਈਆ । ਨੌ ਵਾਰ ਗੋਬਿੰਦ ਨੂੰ ਪੱਖਾ ਝੱਲਿਆ ਪੌਣਾ, ਆਪਣੀ ਸੇਵ ਕਮਾਈਆ । ਨੌ ਵਾਰ ਪ੍ਰਭ ਨੇ ਦਰਸ਼ਨ ਦਿਤਾ ਸੀ ਦੁਸ਼ਟ ਦਮਨਾ, ਦਾਮਨ ਆਪਣਾ ਇਕ ਫੜਾਈਆ । ਨੌ ਵਾਰ ਗੋਬਿੰਦ ਕਿਹਾ ਪ੍ਰਭੂ ਮੇਰਾ ਖਿੜਿਆ ਰਹੇ ਚਮਨਾ, ਬਗ਼ੀਚਾ ਗੋਬਿੰਦ ਨਜ਼ਰੀ ਆਈਆ । ਨੌ ਵਾਰ ਕਿਹਾ ਮੈਂ ਇਕੋ ਤੇਰਾ ਦਵਾਰਾ ਮੰਗਣਾ, ਦੂਜੀ ਆਸ ਨਾ ਕੋਇ ਰਖਾਈਆ । ਨੌ ਵਾਰ ਕਿਹਾ ਸਾਚੇ ਭਗਤਾਂ ਚੜ੍ਹਾਵੀਂ ਰੰਗਣਾ, ਰੰਗ ਆਪ ਰੰਗਾਈਆ । ਨੌ ਵਾਰ ਕਿਹਾ ਗੁਰਮੁਖਾਂ ਦਾ ਆਪਣੇ ਨਾਲ ਕਰੀਂ ਮੰਗਣਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਨੇ ਸਭ ਦੀ ਸਾਂਝੀ ਤੇ ਇਕੋ ਮੰਗੀ ਬੰਦਨਾ, ਬੰਦਿਆਂ ਨੂੰ ਬੰਦੀਖ਼ਾਨੇ ਵਿਚੋਂ ਦੇਣਾ ਛੁਡਾਈਆ ।



੩੦੬ ੨੧

### ❋ ੧ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਗੋਬਿੰਦ ਸ਼ਬਦ ਕਹੇ ਪ੍ਰਭ ਸੰਮਤ ਚੌਥਾ ਰਿਹਾ ਲੰਘ, ਲੰਗੜਾ ਲੂਲ੍ਹਾ ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਵੇਖ ਸਚਖੰਡ, ਦਰਗਾਹ ਸਾਚੀ ਪੜਦਾ ਆਪ ਚੁਕਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਸੁੱਤਾ ਰਹੀਂ ਨਾ ਸੇਜ ਪਲੰਘ, ਆਸਣ ਸਿੰਘਾਸਣ ਅਬਿਨਾਸ਼ਣ

ਡੇਰਾ ਲਾਈਆ । ਸੁਤ ਦੁਲਾਰਾ ਤੇਰਾ ਚੰਦ, ਆਦਿ ਜੁਗਾਦੀ ਸੇਵ ਕਮਾਈਆ । ਚਰਨ ਕਵਲਾਂ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਗਤ ਪਿਆਰ ਨਾ ਕੋਈ ਅਨੰਦ, ਕੂੜੀ ਕਿਰਿਆ ਦਿਤੀ ਤਜਾਈਆ । ਧੁਰ ਦਾ ਮੇਲਾ ਮੰਗਾਂ ਸੰਗ, ਸਗਲਾ ਸੰਗ ਰਖਾਈਆ । ਕਲਜੁਗ ਕੂੜ ਮੇਟ ਦੇ ਗੰਦ, ਕੁਕਰਮਾਂ ਡੇਰਾ ਢਾਹੀਆ । ਧੁਰ ਸੰਦੇਸ਼ਾ ਜਣਾ ਛੰਦ, ਅਗੰਮੀ ਰਾਗ ਅਲਾਈਆ । ਮਮਤਾ ਮੋਹ ਮੇਟ ਦੇ ਪੰਧ, ਮੰਜ਼ਲ ਇਕੋ ਇਕ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੋਬਿੰਦ ਸ਼ਬਦ ਕਹੇ ਮੇਰੇ ਧੁਰ ਦੇ ਅਗੰਮੀ ਨੂਰੇ, ਨੂਰਾਨੇ ਸੀਸ ਝੁਕਾਈਆ । ਕੌਲ ਇਕਰਾਰ ਕਰ ਦੇ ਪੂਰੇ, ਪੂਰਨ ਬ੍ਰਹਮ ਦੇ ਦ੍ਰਿੜਾਈਆ । ਤੇਰੇ ਵਾਜੇ ਅਨਹਦ ਤੂਰੇ, ਤੁਰਤ ਆਪਣਾ ਨਾਦ ਕਰ ਸ਼ਨਵਾਈਆ । ਕਲਜੁਗ ਨਾਤੇ ਤੋੜ ਕੂੜੇ, ਕੂੜੀ ਕਿਰਿਆ ਦੇ ਮਿਟਾਈਆ । ਸਾਚੇ ਰੰਗ ਚਾੜ੍ਹ ਗੂੜ੍ਹੇ, ਅੰਤਰ ਬਾਹਰ ਆਪ ਰੰਗਾਈਆ । ਚਤੁਰ ਸੁਘੜ ਬਣਾ ਮੂੜ੍ਹੇ, ਮੂਰਖਾਂ ਆਪਣੇ ਘਰ ਬਹਾਈਆ । ਸਮਰਥ ਸਰਬ ਕਲਾ ਭਰਪੂਰੇ, ਪਾਰਬ੍ਰਹਮ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰਾਂ ਬਚਨ ਨਾ ਹੋਣ ਅਧੂਰੇ, ਹਜ਼ਰਤਾਂ ਹੋ ਸਹਾਈਆ । ਤੇਰੀ ਲੋੜ ਪਈ ਜ਼ਰੂਰੇ, ਜ਼ਰੂਰਤ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਮਜਬੂਰੇ, ਮੁਸ਼ਕਲ ਹਲ ਨਾ ਕੋਇ ਕਰਾਈਆ । ਸਭ ਦਾ ਤੁੱਟਾ ਮਾਣ ਗ਼ਰੂਰੇ, ਗ਼ੁਰਬਤ ਨਜ਼ਰ ਕੋਇ ਨਾ ਆਈਆ । ਇਕੋ ਨਾਮ ਕਰ ਮਸ਼ਹੂਰੇ, ਮਸ਼ਵਰਾ ਇਕੋ ਦੇ ਸਲਾਹੀਆ । ਲੱਖ ਚੁਰਾਸੀ ਤੇਰਾ ਸ਼ੁਕਰ ਕਰੇ ਮਸ਼ਕੂਰੇ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਇਕੋ ਮਸਤਕ ਲੱਗੇ ਧੂੜੇ, ਟਿੱਕਾ ਤੇਰਾ ਨਾਮ ਖ਼ਾਕ ਰਮਾਈਆ । ਝਗੜਾ ਰਹੇ ਨਾ ਬੋਦੀ ਜੂੜੇ, ਸੰਮਤ ਸਮਾਂ ਦੇਣਾ ਬਦਲਾਈਆ । ਸਚ ਚੜ੍ਹਾ ਸ਼ਬਦ ਪੰਘੂੜੇ, ਪਲੰਘ ਰੰਗੀਲਾ ਇਕ ਵਖਾਈਆ । ਲੇਖਾ ਮੁਕ ਜਾਏ ਜਲਵਾ ਕੋਹਤੂਰੇ, ਫਾਸੀ ਗਲ ਨਾ ਕੋਇ ਲਟਕਾਈਆ । ਸਰਗੁਣ ਧਾਰ ਕੋਈ ਨਾ ਘੂਰੇ, ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਤੇਰਾ ਸੰਮਤ ਚੌਥਾ ਜਾਂਦਾ ਭੱਜਾ, ਭਜਨ ਬੰਦਗੀ ਵੇਖ ਵਖਾਈਆ । ਪਵਿਤ੍ਰ ਰਹੀ ਕੋਈ ਨਾ ਜਗਹ, ਜਾਗਰਤ ਜੋਤ ਨਾ ਕੋਇ ਵਖਾਈਆ । ਹੰਸ ਰੂਪ ਹੋਏ ਕੱਗਾ, ਮਾਣਕ ਚੋਗ ਨਾ ਕੋਇ ਚੁਗਾਈਆ । ਗੁਰੂ ਚੇਲੇ ਇਕ ਦੂਜੇ ਨਾਲ ਕਰਦੇ ਦਗ਼ਾ, ਫ਼ਰੇਬਾਂ ਵਿਚ ਸ੍ਰਿਸ਼ਟ ਹਲਕਾਈਆ । ਤੇਰਾ ਨੂਰ ਕਿਸੇ ਨਾ ਲੱਭਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਕੁਰਲਾਈਆ । ਦੀਨਾਂ ਮਜ਼੍ਹਬਾਂ ਮੇਟ ਦੇ ਹੱਦਾ, ਹਦੂਦ ਇਕੋ ਦੇ ਜਣਾਈਆ । ਸ੍ਰਿਸ਼ਟ ਸਬਾਈ ਬਣ ਅੱਬਾ, ਪਿਤਾ ਪੁਰਖ ਅਕਾਲ ਬੇਪ੍ਰਵਾਹੀਆ । ਝਗੜਾ ਮੁਕਾ ਦੇ ਗੁਰ ਅਵਤਾਰ ਪੈਗ਼ੰਬਰ ਕੋਈ ਉਚਾ ਲੰਮਾ ਨਜ਼ਰ ਨਾ ਆਵੇ ਕੱਦਾ, ਕ਼ਦੀਮ ਦੇ ਮਾਲਕ ਆਪਣਾ ਭੇਵ ਖੁਲ੍ਹਾਈਆ । ਸਤਿ ਦਵਾਰੇ ਦੇ ਦੇ ਸੱਦਾ, ਸਦੀਆਂ ਦਾ ਲੇਖਾ ਦੇ ਮੁਕਾਈਆ । ਤੇਰਾ ਨਾਮ ਬੇਪਹਿਚਾਨ ਕੋਈ ਵਜ਼ਨ ਭਾਰ ਚੁੱਕਣ ਵਾਲਾ ਨਹੀਂ ਗਧਾ, ਗਦਾਗਰ ਵੇਖ ਥਾਉਂ ਥਾਈਂਆ । ਬਿਨ ਤੇਰੀ ਕਿਰਪਾ ਦੁਰਮਤ ਮੈਲ ਧੋਵੇ ਕੋਈ ਨਾ ਧੱਬਾ, ਧੋਬੀ ਧਾਰ ਨਾ ਕੋਇ ਲਗਾਈਆ । ਸਾਚਾ ਵਧੇ ਕਿਸੇ ਨਾ ਅੱਗਾ, ਕੂੜੀ ਕਿਰਿਆ ਜਗਤ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੋਬਿੰਦ ਸ਼ਬਦ ਕਹੇ ਤੇਰਾ ਸ਼ਹਿਨਸ਼ਾਹੀ ਸੰਮਤ ਮਾਰਦਾ ਫਿਰੇ ਕੂਕਾਂ, ਕੂਕ ਕੂਕ ਸੁਣਾਈਆ । ਮੈਂ ਕਿਹੜੀ ਕੂਟ ਫੂਕਾਂ, ਫੁੰਕਾਰੇ ਰਿਹਾ ਲਗਾਈਆ । ਮੈਂ ਕਿਸ ਦਵਾਰੇ ਜਾ

ਕੇ ਚੂਕਾਂ, ਚੁੱਕੰਨੀ ਕਰਾਂ ਖ਼ਲਕ ਖ਼ੁਦਾਈਆ । ਕਵਣ ਦਿਸ਼ਾ ਜਾ ਕੇ ਸੂਤਾਂ, ਸੂਤਰਧਾਰੀ ਨਜ਼ਰ ਕੋਇ ਨਾ ਆਈਆ । ਝਗੜਾ ਵੇਖਾਂ ਪੰਜ ਭੂਤਾ, ਤਨ ਵਜੂਦ ਫੋਲ ਫੁਲਾਈਆ । ਖ਼ਾਲੀ ਕਰਾਂ ਠੂਠਾ, ਠੋਕਰ ਦਿਆਂ ਲਗਾਈਆ । ਗੁਰ ਅਵਤਾਰ ਪੈਗ਼ੰਬਰ ਬਿਨਾ ਹੱਥਾਂ ਤੋਂ ਲਾਵਣ ਆਪਣਾ ਅੰਗੂਠਾ, ਅਖ਼ੀਰੀ ਨਿਸ਼ਾਨ ਦੇਣਾ ਜਣਾਈਆ । ਜਿਹੜਾ ਖੇਲ ਕਿਸੇ ਨਹੀਂ ਸੁਝਾ, ਉਹ ਸਮਝ ਦਿਆਂ ਸਮਝਾਈਆ । ਜਿਸ ਦੀ ਯਾਦ ਵਿਚ ਸਾਢੇ ਤਿੰਨ ਸਾਲ ਰੋਂਦਾ ਰਿਹਾ ਬੁੱਧਾ, ਨੇਤਰ ਨੈਣਾਂ ਨੀਰ ਵਹਾਈਆ । ਨੌ ਮਹੀਨੇ ਨੌ ਦਿਨ ਨਾਨਕ ਗੋਡਾ ਕਰ ਕੇ ਮੂਧਾ, ਸਵਾ ਪਹਿਰ ਝਟ ਲੰਘਾਈਆ । ਇਕ ਦਿਨ ਨਜ਼ਾਰਾ ਵੇਖਿਆ ਬਾਬੇ ਬੁੱਢਾ, ਅਰਜਨ ਅੱਖ ਖੁਲ੍ਹਾਈਆ । ਗੋਬਿੰਦ ਤਿੰਨ ਵਾਰ ਬਣਿਆ ਡੁੱਡਾ, ਸਾਢੇ ਬਾਰਾਂ ਰਾਤ ਚਲ ਕੇ ਨੌ ਨੌਂ ਪੰਧ ਮੁਕਾਈਆ । ਪੰਜਾਂ ਪਿਆਰਿਆਂ ਕੋਲੋਂ ਬਿਕ੍ਰਮੀ ਸਤਾਰਾਂ ਸੌ ਸੱਠ ਬਣਾਇਆ ਗੁੱਡਾ, ਗੁੱਡੀ ਰੰਗ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦਏ ਜਣਾਈਆ । ਸਤਿਗੁਰ ਸ਼ਬਦ ਕਹੇ ਤੇਰਾ ਸੰਮਤ ਸ਼ਹਿਨਸ਼ਾਹੀ ਕਰੇ ਹਾਲ ਹਾਲ, ਦੇਵਣਹਾਰ ਦੁਹਾਈਆ । ਪੁਰਖ ਅਬਿਨਸ਼ੀ ਘਟ ਨਿਵਾਸੀ ਬਦਲ ਦੇ ਆਪਣੀ ਚਾਲ, ਚਾਲ ਨਿਰਾਲੀ ਦੇ ਜਣਾਈਆ । ਜੁਗ ਚੌਕੜੀ ਜਿਨ੍ਹਾਂ ਸ਼ਬਦੀ ਘਾਲੀ ਘਾਲ, ਘਾਲ ਉਨ੍ਹਾਂ ਲੇਖੇ ਪਾਈਆ । ਅਵਤਾਰ ਪੈਗ਼ੰਬਰ ਜਿਨ੍ਹਾਂ ਬਣੇ ਦਲਾਲ, ਗੁਰੂ ਵਿਚੋਲੇ ਲੈ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਹਾਲ, ਹਾਲਤ ਵਿਗੜੀ ਜਗਤ ਲੋਕਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਅੱਗੇ ਹੋ ਨਾ ਕੋਇ ਬਚਾਈਆ । ਸਚ ਦਵਾਰਾ ਰਿਹਾ ਨਾ ਕੋਈ ਧਰਮਸਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਚੌਥੇ ਸੰਮਤ ਦੇ ਮਾਲਕ, ਮਲਬਾ ਵੇਖ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਿੱਕੇ ਨਿੱਕੇ ਬਾਲਕ, ਬਾਲ ਅੰਞਾਣੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਨਾਲਸ਼, ਮਾਇਆ ਮਮਤਾ ਮੋਹ ਗਵਾਈਆ । ਜਗਤ ਫ਼ਰੇਬ ਰਹੇ ਨਾ ਸਾਜ਼ਸ਼, ਸਾਜਣਹਾਰੇ ਤੇਰੇ ਅੱਗੇ ਦੁਹਾਈਆ । ਆਪਣੀ ਕੂਟੇ ਲਾ ਆਤਸ਼, ਲਹਿੰਦਾ ਪਹਾੜ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਓ ਪ੍ਰਭੂ ਦੇਵਣ ਵਾਲੇ ਲਾਰੇ, ਵੇਲਾ ਤੇਰਾ ਗਿਆ ਆਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹਾਰੇ, ਹਰਿਜੂ ਤੇਰੀ ਓਟ ਤਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਵੇਖਣ ਇਕ ਅਖਾੜੇ, ਖੰਡਾ ਖੜਗ ਹੱਥ ਨਾ ਕੋਇ ਰਖਾਈਆ । ਸਾਰੇ ਬੋਲੇ ਨਹੀਂ ਡਰਦੇ ਤੇਰੇ ਕੋਲ ਸਤਾਰਾਂ ਹਾੜੇ, ਹਾੜਾ ਕਢਕੇ ਪੱਲੂ ਗਏ ਛੁਡਾਈਆ । ਜਿਹੜੇ ਔਂਦੇ ਰਹੇ ਲੋਕਮਾਤ ਬਣ ਕੇ ਲਾੜੇ, ਅੰਤ ਲਾੜੀ ਮੌਤ ਉਨ੍ਹਾਂ ਗਈ ਪ੍ਰਨਾਈਆ । ਤੱਤਾਂ ਵਾਲੇ ਗੁਰੂ ਸੁੱਤੇ ਵਿਚ ਉਜਾੜੇ, ਮਸਾਣ ਮਕ਼ਬਰਿਆਂ ਵਿਚ ਡੇਰਾ ਲਾਈਆ । ਚਾਰ ਦਿਨ ਕੱਟਕੇ ਗਏ ਦਿਹਾੜੇ, ਦਿਹਾੜੀ ਤੇਰਾ ਨਾਮ ਸੇਵ ਕਮਾਈਆ । ਠਰਦੇ ਰਹੇ ਵਿਚ ਜਾੜੇ, ਗਰਮੀਆਂ ਵਿਚ ਅਗਨੀ ਅੱਗ ਲਗਾਈਆ । ਬਣਦੇ ਰਹੇ ਤੇਰੇ ਵਣਜਾਰੇ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਸਾਰੇ ਵਸ ਕੇ ਤੇਰੇ ਸਹਾਰੇ, ਸਾਹਿਬ ਓਟ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਸਚ ਦੁਆਰਾ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਸ਼ਹਿਨਸ਼ਾਹੀ ਸੰਮਤ ਵੇਖ ਲੈ ਚੌਥੇ ਜੁਗ, ਆਪਣਾ ਧਿਆਨ ਲਗਾਈਆ । ਦਰੋਹੀ ਸਾਡੀ ਔਧ ਗਈ ਪੁਗ, ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਪੁਰਖ ਅਕਾਲ ਨਿਰਵੈਰ

ਹੋ ਕੇ ਕੁੱਦ, ਕ਼ਦਮ ਆਪਣਾ ਇਕ ਉਠਾਈਆ। ਹਾਜ਼ਰ ਹੋ ਕੇ ਨੇਤਰ ਰੋਵੇ ਬੁੱਧ, ਬੁੱਧੀ ਤੋਂ ਪਰੇ ਰਿਹਾ ਜਣਾਈਆ। ਤੇਰਾ ਲਹਿਣਾ ਦੇਣਾ ਆਸਾ ਮਨਸਾ ਸਭ ਦੀ ਬੁਝ, ਘਟ ਘਟ ਅੰਤਰ ਵੇਖ ਵਖਾਈਆ। ਪਾਰਬ੍ਰਹਮ ਪਤਿਪਰਮੇਸ਼ਵਰ ਅੰਤ ਅਖ਼ੀਰੀ ਨਾ ਜਾਈਂ ਲੁਕ, ਪੜਦਾ ਆਪਣਾ ਦੇ ਚੁਕਾਈਆ। ਹੁਕਮੇ ਅੰਦਰ ਮੂਲ ਨਾ ਰੁਕ, ਰੁੱਕੇ ਸਭ ਦੇ ਹੱਥ ਫੜਾਈਆ। ਗੁਰ ਅਵਤਾਰ ਪੈਗ਼ੰਬਰ ਪਹਿਲੋਂ ਪੜ੍ਹਨ ਤੇਰੀ ਇਕੋ ਤੁਕ, ਫਿਰ ਦੋ ਜਹਾਨ ਧੁਰ ਦਾ ਢੋਲਾ ਗਾਈਆ। ਸ਼ਬਦ ਗੁਰੂ ਕਹੇ ਪ੍ਰਭੂ ਅੱਜ ਤੋਂ ਕਿਸੇ ਦੇ ਕੋਲ ਰਹੇ ਨਾ ਕੁਛ, ਖ਼ਾਲੀ ਕੱਛਾਂ ਬਗ਼ਲਾਂ ਸਭ ਦੀਆਂ ਦੇ ਕਰਾਈਆ। ਖੜ੍ਹੀ ਰਹੇ ਕਿਸੇ ਨਾ ਮੁੱਛ, ਮੁਸ਼ਕਲ ਵਿਚ ਪਵੇ ਲੋਕਾਈਆ। ਲੁਕਿਆ ਰਵੀਂ ਨਾ ਕਿਸੇ ਗੁੱਠ, ਪੜਦਿਆਂ ਅੰਦਰ ਪੜਦਾ ਪਾਈਆ। ਹੁਣ ਸ਼ਬਦ ਗੁਰੂ ਨਹੀਂ ਕਰਨਾ ਚੁਪ, ਬਿਨਾ ਜ਼ਬਾਨ ਤੋਂ ਚਾਰੇ ਕੁੰਟ ਕਰੇ ਦੁਹਾਈਆ। ਜਨ ਭਗਤਾਂ ਰਹਿਣ ਨਹੀਂ ਦੇਣਾ ਅੰਧੇਰੇ ਘੁਪ, ਸਾਚਾ ਚੰਦ ਕਰ ਰੁਸ਼ਨਾਈਆ। ਤੂੰ ਕੋਈ ਤਨ ਵਜੂਦ ਨਹੀਂ ਤੱਤਾਂ ਵਾਲਾ ਕੁੱਪ, ਅੰਤਰ ਮੰਤਰ ਨਜ਼ਰ ਕੋਇ ਨਾ ਪਾਈਆ। ਸਚ ਸਵਾਮੀ ਬਦਲ ਦੇ ਰੁਖ਼, ਰੁਖ਼ਸਤ ਦੇ ਕੇ ਗੁਰ ਅਵਤਾਰ ਪੈਗ਼ੰਬਰ ਛੁੱਟੀ ਆਪਣੇ ਘਰ ਘਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ। ਸਤਿਗੁਰ ਸ਼ਬਦ ਕਹੇ ਸ਼ਹਿਨਸ਼ਾਹੀ ਸੰਮਤ ਦੇ ਰਾਖੇ, ਰੱਖਕ ਹੋ ਕੇ ਦੇ ਵਖਾਈਆ। ਚਾਰ ਜੁਗ ਤੱਤਾਂ ਵਾਲਾ ਗੁਰੂ ਤੈਨੂੰ ਕੋਈ ਨਾ ਆਖੇ, ਰਸਨਾ ਨਾਲ ਕਹਿਣ ਕੋਇ ਨਾ ਪਾਈਆ। ਤੇਰੇ ਨਾਮ ਦੇ ਕਹਿੰਦੇ ਗਏ ਸਾਕੇ, ਸਿਫ਼ਤਾਂ ਵਿਚ ਸਾਲਾਹੀਆ। ਤੈਨੂੰ ਅੱਲਾ ਵਾਹਿਗੁਰੂ ਰਾਮ ਖ਼ੁਦਾ ਗਾਡ ਕਹਿ ਕੇ ਤੇਰੇ ਬਣੌਂਦੇ ਗਏ ਖ਼ਾਕੇ, ਅੰਤ ਖ਼ਾਕ ਵਿਚ ਮਿਲਾਈਆ। ਤੇਰਾ ਹਿਸਾਬ ਲੌਂਦੇ ਰਹੇ ਏਕਾ ਸਿਫ਼ਰਾ ਬਣਾ ਕੇ ਦਹਾਕੇ, ਦਸਮ ਦਵਾਰੀ ਵਿਚ ਸ੍ਰਿਸ਼ਟੀ ਦਿਤੀ ਭੁਆਈਆ। ਜਿਹੜੇ ਅਵਤਾਰ ਪੈਗ਼ੰਬਰ ਗੁਰੂ ਤੇਰੇ ਕਾਕੇ, ਕਰਮਾਂ ਦਾ ਲੇਖਾ ਗਏ ਸਮਝਾਈਆ। ਤੇਰਾ ਨਾਮ ਸੰਦੇਸਾ ਕਾਇਆ ਮੰਦਰ ਅੰਦਰ ਵਾਚੇ, ਵਾਚਕ ਹੋ ਕੇ ਕਰ ਕੇ ਗਏ ਪੜ੍ਹਾਈਆ। ਤੱਤਾਂ ਵਾਲੇ ਸਰੀਰ ਬੰਧਨ ਪਾ ਕੇ ਨਾਤੇ, ਨਾਤਾ ਜਗਤ ਰਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਵੇਖ ਵਖਾਈਆ। ਸ਼ਬਦ ਗੁਰੂ ਗੋਬਿੰਦ ਤੇਰਾ ਸ਼ਹਿਨਸ਼ਾਹੀ ਸੰਮਤ ਤੱਕੇ, ਗਿਆਨ ਧਿਆਨ ਇਕ ਦ੍ਰਿੜਾਈਆ। ਪਰਵਰਦਿਗਾਰ ਖ਼ੁਦਾ ਸਾਂਝੇ ਯਾਰ ਮਾਰ ਧਿਆਨ ਮਦੀਨੇ ਮੱਕੇ, ਮਕ਼ਬਰਿਆਂ ਉਤੋਂ ਝੰਡੀਆਂ ਦੇ ਉਠਾਈਆ। ਹਜ਼ਰਤਾਂ ਦੇ ਪੈਰਾਂ ਥੱਲੋਂ ਕੱਢ ਦੇ ਟਕੇ, ਟਕਿਆਂ ਦੀ ਲੋੜ ਰਹੇ ਨਾ ਰਾਈਆ। ਸਾਚੀ ਮੰਜ਼ਲ ਕੋਈ ਨਾ ਦੱਸੇ, ਦਹਿ ਦਿਸ਼ਾ ਨਾ ਕੋਇ ਸਮਝਾਈਆ। ਕਲਜੁਗ ਵੇਖ ਵੇਖ ਹੱਸੇ, ਹਸਤੀ ਮਿਟੀ ਬੇਪਰਵਾਹੀਆ। ਦੀਨਾਂ ਮਜ਼੍ਹਬਾਂ ਵਿਚ ਜਗਤ ਜਹਾਨ ਫਸੇ, ਫਾਸੀ ਗਲੋਂ ਨਾ ਕੋਇ ਕਟਾਈਆ। ਜਿਨ੍ਹਾਂ ਪੈਗ਼ੰਬਰਾਂ ਨੂੰ ਬੱਧਾ ਨਾਲ ਰੱਸੇ, ਉਹ ਰਸਤਿਆਂ ਦੇ ਇਸ਼ਾਰੇ ਗਏ ਕਰਾਈਆ। ਜਿੰਨਾਂ ਚਿਰ ਨੂਰੀ ਨੂਰ ਖ਼ੁਦਾ ਨਾ ਲੱਭੇ, ਜਲਵਾਗਰ ਗੁਸਾਈਂਆ। ਦੀਪਕ ਜੋਤ ਕੋਈ ਨਾ ਜਗੇ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ। ਪ੍ਰਭੂ ਤੇਰਾ ਖੇਲ ਹੁੰਦਾ ਜੁਗ ਚੌਕੜੀ ਕਦੇ, ਕ਼ਦੀਮ ਦੇ ਕ਼ਾਦਰ ਦਇਆ ਕਮਾਈਆ। ਤੇਰੇ ਅੱਗੇ ਦਸਤ ਬੱਧੇ, ਦਸਤਗੀਰ ਤੇਰੀ ਸਰਨਾਈਆ। ਚਾਰੋਂ ਕੁੰਟ ਹਲੂਣਾ ਲੱਗੇ, ਹਿੱਲੇ ਸਰਬ ਲੋਕਾਈਆ। ਸਦੀ ਚੌਧਵੀਂ ਦੇਦੇ ਮਜ਼ੇ, ਮਜ਼ਾਕ਼ ਵੇਖ ਖ਼ਲਕ ਖ਼ੁਦਾਈਆ। ਤੇਰੇ ਹੁਕਮੇ ਅੰਦਰ ਕ਼ਜ਼ੇ, ਸਿਰ ਸਕੇ ਨਾ ਕੋਇ ਉਠਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇੜਾ ਦੇ ਵਸਾਈਆ। ਸ਼ਬਦ ਗੁਰੂ ਕਹੇ ਚੌਥੇ ਸੰਮਤ ਦੇ ਸਾਂਝੇ ਪਿਆਰੇ ਮੀਤ, ਮਿਤ੍ਰ

ਪਿਆਰੇ ਦੇ ਦ੍ਰਿੜਾਈਆ । ਤੇਰੀ ਕਿਸ ਦੇ ਨਾਲ ਪ੍ਰੀਤ, ਪ੍ਰੀਤਮ ਹੋ ਕੇ ਦੇ ਸਮਝਾਈਆ । ਤੂੰ ਕਿਸ ਦੇ ਵਸੇਂ ਬੀਚ, ਆਪਣਾ ਆਪ ਛੁਪਾਈਆ । ਕਵਣ ਸੁਣਾਏਂ ਗੀਤ, ਢੋਲਾ ਧੁਰਦਰਗਾਹੀਆ । ਬਦ ਕੀਤੀ ਸ੍ਰਿਸ਼ਟੀ ਨੀਤ, ਨੀਤੀਵਾਨ ਵਡ ਵਡਿਆਈਆ । ਝਗੜਾ ਮੁਕਾਈਂ ਹਸਤ ਕੀਟ, ਊਚ ਨੀਚ ਨਾ ਕੋਇ ਵਖਾਈਆ । ਪੜਦਾ ਖੋਲ੍ਹ ਸਾਹਿਬ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਕਿਰਪਾ ਨਿਧਾਨ ਬਦਲ ਲੈ ਪੀਠ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਗੋਬਿੰਦ ਵੇਖਾਂ ਸੱਜਣ, ਸੱਜਣ ਤੇਰੀ ਵਡਿਆਈਆ । ਚਾਰੇ ਕੂਟਾਂ ਚਲਿਆ ਲੱਭਣ, ਫੋਲਾਂ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰਾਂ ਚਲਿਆ ਕੱਢਣ, ਫੜ ਬਾਹੋਂ ਲਵਾਂ ਉਠਾਈਆ । ਆਓ ਵੇਖੋ ਤੁਹਾਡਾ ਸੁਆਹ ਮਿੱਟੀ ਹੋਇਆ ਬਦਨ, ਬਦਲਾ ਦਿਓ ਚੁਕਾਈਆ । ਸਦੀ ਚੌਧਵੀਂ ਕਿਹੜਾ ਕਰਨਾ ਯਤਨ, ਯਥਾਰਥ ਦਿਓ ਦ੍ਰਿੜਾਈਆ । ਪਿਛਲਾ ਵੇਖੋ ਆਪਣਾ ਵਤਨ, ਜਿਸ ਵਿਚੋਂ ਹੋਈ ਜੁਦਾਈਆ । ਨੇਤਰ ਲੋਚਨ ਵੇਖੋ ਅੱਖਣ, ਚਾਰ ਕੁੰਟ ਦਿਆਂ ਭੁਆਈਆ । ਸਾਚਾ ਦਿਸੇ ਕੋਈ ਨਾ ਪਤਣ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਸਦੀ ਚੌਧਵੀਂ ਸਾਰੇ ਹੋ ਗਏ ਸ਼ੱਕਣ, ਸ਼ਿਕਵਾ ਸਕੇ ਨਾ ਕੋਇ ਗਵਾਈਆ । ਨੇਤਰ ਰੋ ਰੋ ਸਾਰੇ ਦੱਸਣ, ਕੂਕ ਕੂਕ ਸੁਣਾਈਆ । ਬਿਨਾ ਪ੍ਰਭੂ ਤੇਰੇ ਕੋਈ ਨਾ ਆਵੇ ਰੱਖਣ, ਹੋਏ ਨਾ ਅੰਤ ਸਹਾਈਆ । ਅਸੀਂ ਗੁਰ ਅਵਤਾਰ ਪੈਗ਼ੰਬਰ ਖਾਵਣ ਵਾਲੇ ਮੱਖਣ, ਬਿਸਤਰਿਆਂ ਸੇਜ ਹੰਢਾਈਆ । ਤੁਧ ਬਿਨ ਕੋਈ ਨਾ ਆਵੇ ਚੁਰਾਸੀ ਕੱਟਣ, ਕਾਂਟਿਆਂ ਭਰੀ ਲੋਕਾਈਆ । ਸਚ ਦਵਾਰ ਖੋਲ੍ਹ ਦੇ ਹੱਟਣ, ਗ੍ਰਿਹਿ ਇਕੋ ਇਕ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਨਾਮ ਜਪਣ, ਸਾਹ ਸਾਹ ਵਡਿਆਈਆ । ਕਲਜੁਗ ਰੈਣ ਮਿਟੇ ਅੰਧੇਰੀ ਮੱਸਣ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੇਰੇ ਫਲ ਗੁਰਮੁਖ ਸਾਚੇ ਪੱਕਣ, ਫੁੱਲ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਚੌਥੇ ਸੰਮਤ ਕੀ ਤੇਰਾ ਨਾਤਾ ਗੋਬਿੰਦ, ਗੋਬਿੰਦ ਦੇ ਜਣਾਈਆ । ਪੁਰਖ ਅਕਾਲ ਕਿਹਾ ਮੈਂ ਆਪਣੀ ਕਰ ਕੇ ਰਹਿਮਤ, ਰਹਿਮ ਵਿਚ ਸਹਿਮ ਦਿਤਾ ਗਵਾਈਆ । ਜੋਤੀ ਸ਼ਬਦ ਧਾਰ ਹੋ ਕੇ ਸਹਿਮਤ, ਸਮਾਂ ਦਿਤਾ ਬਦਲਾਈਆ । ਜਨ ਭਗਤ ਰਹਿਣ ਦੇਣਾ ਨਹੀਂ ਕੋਈ ਅਹਿਮਕ, ਮੂਰਖ ਮੁਗਧ ਨਾ ਕੋਇ ਅਖਵਾਈਆ । ਕਿਸੇ ਦੀ ਧੋਤੀ ਕਿਸੇ ਦੀ ਤਹਿਮਤ, ਤੰਬਿਆਂ ਵਾਲੇ ਪਾਰ ਕਰਾਈਆ । ਚੁਰਾਸੀ ਦੀ ਰਹਿਣ ਨਾ ਦੇਵਾਂ ਜ਼ਹਿਮਤ, ਆਵਣ ਜਾਵਣ ਪੰਧ ਕਟਾਈਆ । ਜਿਸ ਨੂੰ ਸ਼ਬਦ ਇਸ਼ਾਰੇ ਦੀ ਲਾਈ ਸੈਨਤ, ਸੁਤਿਆਂ ਲਿਆ ਉਠਾਈਆ । ਚਾਰ ਜੁਗ ਦੀ ਝੋਲੀ ਪਾਵਾਂ ਪਿਛਲੀ ਮਿਹਨਤ, ਮਜ਼ਦੂਰੀ ਮਜ਼ਾ ਦਿਆਂ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਘਰ ਵਖਾਈਆ । ਸ਼ਬਦ ਗੁਰੂ ਕਹੇ ਦੱਸ ਅਗੰਮੀ ਬਾਪ, ਆਪਣੀ ਕਲ ਧਰਾਈਆ । ਜੇ ਸਭ ਕੁਛ ਤੂੰ ਆਪੇ ਆਪ, ਆਪਣੀ ਬਣਤ ਬਣਾਈਆ । ਹਰ ਘਟ ਹੋ ਸਾਖਿਆਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਕਿਉਂ ਤੱਤਾਂ ਦਾ ਦੇਵੇਂ ਸਾਥ, ਸਗਲਾ ਸੰਗ ਬਣਾਈਆ । ਪੁਰਖ ਅਕਾਲ ਕਹੇ ਗੋਬਿੰਦ ਅੰਤ ਅਖ਼ੀਰੀ ਗਿਆ ਆਖ, ਆਖ਼ਰ ਆਸ ਰਖਾਈਆ । ਮੇਰੇ ਸਾਹਿਬ ਪੁਰਖ ਅਬਿਨਾਸ਼, ਤੇਰੀ ਵਡ ਵਡਿਆਈਆ । ਮੇਰੇ ਅੰਦਰ ਤੇਰਾ ਹੋਵੇ ਵਾਸ, ਵਾਸਤਾ ਮੇਰੇ ਨਾਲ ਜੁੜਾਈਆ । ਤੇਰਾ ਨੂਰ ਮੇਰਾ ਹੋਵੇ ਪ੍ਰਕਾਸ਼, ਤੇਰੀ ਜੋਤ ਸ਼ਬਦ ਧੁਨ ਮੇਰੀ ਸ਼ਨਵਾਈਆ । ਸਦਾ ਵਸਾਂ ਪਾਸ, ਨਿਰਗੁਣ ਹੋ ਕੇ ਨਿਰਗੁਣ

੩੧੦
੨੧

ਵੇਖ ਵਖਾਈਆ । ਨਜ਼ਰ ਨਾ ਆਵਾਂ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਗੋਬਿੰਦ ਮਿਲ ਕੇ ਪਾਵਾਂ ਰਾਸ, ਸਾਚੀ ਖ਼ੁਸ਼ੀ ਇਕ ਪ੍ਰਗਟਾਈਆ । ਜਗਤ ਦਾ ਖੇਲ ਤਮਾਸ਼, ਸ੍ਰਿਸ਼ਟੀ ਦਿਆਂ ਵਖਾਈਆ । ਪ੍ਰਗਟ ਕਰ ਕੇ ਆਪਣਾ ਆਪ, ਆਪਣੇ ਵਿਚ ਟਿਕਾਈਆ । ਜਿਸ ਗੋਬਿੰਦ ਦਾ ਬਣਿਆ ਬਾਪ, ਓਸ ਗੋਬਿੰਦ ਮਿਲੇ ਵਡਿਆਈਆ । ਤਨ ਮਾਟੀ ਖ਼ਾਕ ਸਦਾ ਰਹੇ ਪਾਕ, ਪੱਤਤ ਪੁਨੀਤ ਆਪ ਕਰਾਈਆ । ਸ੍ਰਿਸ਼ਟੀ ਤੋਂ ਓਹਲਾ ਰਖ ਕੇ ਸਾਖਿਆਤ, ਹਰਿਜਨ ਸੱਜਣ ਮੇਲ ਮਿਲਾਈਆ । ਭੇਦ ਖੁਲ੍ਹਾ ਕੇ ਨਾਲ ਕ਼ਲਮ ਦੁਆਤ, ਕਾਇਨਾਤ ਦਾ ਕਲਮਾ ਦਏ ਬਦਲਾਈਆ । ਵਿਦਵਾਨਾਂ ਪਾ ਕੇ ਭਰਮ ਭਰਾਂਤ, ਅਕਲ ਬੁੱਧੀ ਦੀ ਚੱਲਣ ਨਾ ਦੇਵੇ ਕੋਇ ਚਤੁਰਾਈਆ । ਗੁਰਮੁਖਾਂ ਦੇ ਕੇ ਦਰਸ ਇਕਾਂਤ, ਇਕ ਇਕ ਫੜ ਕੇ ਲਏ ਉਠਾਈਆ । ਸਭ ਦਾ ਪਿਛਲਾ ਫੋਲ ਕੇ ਖਾਤ, ਜਿਨ੍ਹਾਂ ਦੀ ਖ਼ਾਤਰ ਫੇਰਾ ਪਾਈਆ । ਝਗੜਾ ਮੁਕਾ ਕੇ ਜ਼ਾਤ ਪਾਤ, ਪਤਣ ਆਪਣਾ ਇਕ ਸਮਝਾਈਆ । ਨਾਮ ਸ਼ਬਦ ਦੀ ਦੇ ਕੇ ਦਾਤ, ਦਇਆਵਾਨ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਕੇ ਕੋਈ ਨਾ ਝਾਕ, ਨੇਤਰ ਅੱਖ ਨਾ ਕੋਇ ਉਠਾਈਆ । ਜਿਸ ਤਰਾ ਪੂਰਾ ਕਰਨਾ ਭਵਿਖਤ ਵਾਕ, ਪੂਰਨ ਵਿਚ ਪੂਰਨ ਹੋ ਕੇ ਡੇਰਾ ਲਾਈਆ । ਥੋੜ੍ਹਾ ਸਮਾਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਾਲਾ ਛੱਡ ਜਾਣਾ ਸਾਕ, ਸਾਕਾ ਅਗਲਾ ਦੇਣਾ ਬਦਲਾਈਆ । ਜਿਸ ਵਲ ਨਿਗਹ ਕਰ ਕੇ ਲਿਆ ਝਾਕ, ਪੜਦਾ ਸਹਿਜੇ ਦੇਣਾ ਖੁਲ੍ਹਾਈਆ । ਆਤਮਾ ਪਰਮਾਤਮਾ ਦਾ ਮੇਲ ਕਰ ਕੇ ਇਤਫ਼ਾਕ, ਇਤਫਾਕੀਆ ਆਪਣਾ ਜੋੜ ਜੁੜਾਈਆ । ਜਨਮ ਕਰਮ ਦੀ ਮੈਲ ਦੇਣੀ ਕਾਟ, ਕੁਟੀਆ ਕਾਇਆ ਗੜ੍ਹ ਸੁਹਾਈਆ । ਜਿਹੜੇ ਚਰਨ ਕਵਲ ਪੰਧ ਮਾਰ ਕੇ ਔਂਦੇ ਵਾਟ, ਉਨ੍ਹਾਂ ਦੀ ਵਾਟ ਅਗਲੀ ਦੇਣੀ ਮੁਕਾਈਆ । ਇਹ ਪੂਰਨ ਨਹੀਂ ਪੁਰੀਆਂ ਤੋਂ ਪਰੇ ਤੁਹਾਡਾ ਘਾਟ, ਤੱਤਾਂ ਵਾਲਾ ਵੇਖ ਕੇ ਭੁੱਲ ਨਾ ਕੋਇ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸ਼ਾਖ਼, ਸਾਖਿਆਤ ਬੈਠਾ ਸੋਭਾ ਪਾਈਆ । ਪਿਛੇ ਯਾਦ ਕਰੌਣਾ ਗੋਬਿੰਦ ਨੇ ਸਿੱਖੀ ਬਣਾਈ ਪਹਿਲੀ ਵਿਸਾਖ, ਗੁਰਮੁਖਾਂ ਦੀ ਸਿੱਖੀ ਸਦਾ ਦੇਣੀ ਬਣਾਈਆ । ਤੁਸੀਂ ਦੂਰ ਰਿਹੋ ਮੈਂ ਵਸਾਂ ਤੁਹਾਡੇ ਪਾਸ, ਰਾਤੀਂ ਸੁਤਿਆਂ ਫੜ ਫੜ ਲਵਾਂ ਉਠਾਈਆ । ਫੇਰ ਦੱਸਾਂ ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਜਾਪ, ਦੂਜਾ ਨਜ਼ਰ ਕੋਇ ਨਾ ਆਈਆ । ਗੋਦੀ ਵਿਚ ਚੁੱਕਕੇ ਕਹਾਂ ਉਹ ਤੁਹਾਡਾ ਬਾਪ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਸੰਮਤ ਕਹੇ ਸ਼ਬਦ ਗੁਰੂ ਮੈਂ ਆਇਆ ਚੌਥਾ, ਚੌਥੇ ਜੁਗ ਵੇਸ ਵਟਾਈਆ । ਸਭ ਤੇ ਵਕ਼ਤ ਔਣਾ ਔਖਾ, ਔਖੀ ਘੜੀ ਦਏ ਗਵਾਹੀਆ । ਕਿਸੇ ਕੰਮ ਨਹੀਂ ਔਣਾ ਪੜ੍ਹਿਆ ਪੋਥਾ, ਪੁਸਤਕ ਰਹੇ ਕੁਰਲਾਈਆ । ਨੇਤਰ ਰੋਵਣ ਚੌਦਾਂ ਲੋਕਾ, ਚੌਦਾਂ ਤਬਕ ਦੇਣ ਦੁਹਾਈਆ । ਸਾਬਤ ਰਹੇ ਨਾ ਕਿਸੇ ਜਗਤ ਸਾਧ ਦਾ ਕੋਠਾ, ਤਨ ਮਾਟੀ ਖ਼ਾਕ ਨਾ ਕੋਇ ਵਡਿਆਈਆ । ਸਭ ਦਾ ਖ਼ਾਲੀ ਹੋਣਾ ਲੋਟਾ, ਲੁਟੀਆ ਸਭ ਦੀ ਦੇਣੀ ਰੁੜ੍ਹਾਈਆ । ਕੋਈ ਮੰਜ਼ਲ ਚੜ੍ਹ ਨਾ ਸਕੇ ਪੋਟਾ, ਪੁੱਟਕੇ ਜੜ੍ਹ ਬੂਟੇ ਦੇਣੇ ਸੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸੱਜਣ ਦਏ ਵਡਿਆਈਆ । ਸੰਮਤ ਕਹੇ ਮੈਨੂੰ ਮਾਰੋ ਨਾ ਮੂਲ ਤਾਅਨਾ, ਸਚ ਦਿਆਂ ਸਮਝਾਈਆ । ਜਨ ਭਗਤੋ ਪਹਿਲੋਂ ਗੋਬਿੰਦ ਨਾਲ ਜੋੜ ਕੇ ਯਰਾਨਾ, ਯਾਰੀ ਸਾਚੀ ਇਕ ਬਣਾਈਆ । ਰਹਿਣ ਦੇਵਾਂ ਨਾ ਕੋਇ ਬੇਗਾਨਾ, ਦਰ ਠਾਂਡੇ ਮੇਲ ਮਿਲਾਈਆ । ਫੇਰ ਮਿਲਾ ਕੇ ਨਾਲ ਸ੍ਰੀ ਭਗਵਾਨਾ, ਭਾਗ ਸਭ ਦਾ ਦਿਤਾ ਜਣਾਈਆ । ਜਿਹੜਾ ਲੱਖ ਚੁਰਾਸੀ ਦਾ ਕਾਹਨਾ, ਸੋ ਸਾਹਿਬ ਸਵਾਮੀ ਤੁਹਾਡੀ ਸੇਵ ਕਮਾਈਆ ।

ਵੇਖਣਹਾਰਾ ਦੋ ਜਹਾਨਾਂ, ਦੋਹਰੀ ਆਪਣੀ ਕਾਰ ਕਮਾਈਆ । ਜਿਸ ਨੇ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨ ਕੁਰਲਾਈਆ । ਲੱਖ ਚੁਰਾਸੀ ਨਾਪੇ ਇਕ ਪੈਮਾਨਾ, ਪੈਮਾਇਸ਼ ਕਰੇ ਖ਼ਲਕ ਖ਼ੁਦਾਈਆ । ਸੋਇਆ ਰਹੇ ਨਾ ਕੋਇ ਨਿਧਾਨਾ, ਨੇਤਰ ਅੱਖ ਦਏ ਜਣਾਈਆ । ਸਭ ਨੂੰ ਮੰਨਣਾ ਪਏ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਜੋਤ ਸਰੂਪੀ ਪਹਿਰਿਆ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਸੋ ਵਸੇ ਸਚਖੰਡ ਸੱਚੇ ਮਕਾਨਾ, ਦਰਗਾਹ ਸਚੀ ਸੋਭਾ ਪਾਈਆ । ਨਿਰਗੁਣ ਧਾਰ ਹੋ ਪ੍ਰਧਾਨਾ, ਦੋ ਜਹਾਨਾਂ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਧਾ ਸੂਰਬੀਰ ਬਣ ਬਲਵਾਨਾ, ਬਲਧਾਰੀ ਆਪਣੀ ਖੇਲ ਖਿਲਾਈਆ । ਸੰਮਤ ਕਹੇ ਮੈਂ ਸਮੇਂ ਦਾ ਸਮੀਪ ਸਵਿਸ ਸੇਸ, ਸਹਸ ਸਾਹਿਬ ਗੋਬਿੰਦ ਗਿਆ ਜਣਾਈਆ । ਚਾਰ ਜੁਗ ਜਿਸ ਦੀ ਹੁੰਦੀ ਰਹੀ ਬਹਿਸ, ਚਾਰ ਜੁਗ ਦੇ ਸ਼ਾਸਤਰ ਦੇਣ ਦੁਹਾਈਆ । ਜਿਸ ਦੀ ਸਮਝ ਨਾ ਸਕਿਆ ਕੋਈ ਰਹਾਇਸ਼, ਆਸਣ ਸਿੰਘਾਸਣ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਦੇਂਦਾ ਰਿਹਾ ਤੈਸ਼, ਗ਼ੁੱਸੇ ਨਾਮ ਵਿਚ ਲੜਾਈਆ । ਮਾਤ ਗਰਭ ਕਰ ਕੇ ਉਨ੍ਹਾਂ ਦੀ ਪੈਦਾਇਸ਼, ਤੱਤ ਵਜੂਦ ਵਿਚ ਵਡਿਆਈਆ । ਹੁਕਮੇ ਅੰਦਰ ਕਰ ਕੇ ਕ਼ੈਦ, ਹੁਕਮੀ ਹੁਕਮ ਲਿਆ ਮਨਾਈਆ । ਆਪਣੇ ਆਪ ਨੂੰ ਦੱਸ ਕੇ ਵਾਹਿਦ, ਵਾਹਵਾ ਕਲਮਾ ਦਿਤਾ ਪੜ੍ਹਾਈਆ । ਅੰਤ ਅਖ਼ੀਰ ਕਰ ਕੇ ਅਹਿਦ, ਕੌਲ ਇਕਰਾਰ ਇਕ ਜਣਾਈਆ । ਸਭ ਨੂੰ ਦੱਸਿਆ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਮਝਿਓ ਆਵਾਂ ਸ਼ਾਇਦ, ਸ਼ਹਿਨਸ਼ਾਹ ਭੇਵ ਨਾ ਕੋਇ ਜਣਾਈਆ । ਤੱਤਾਂ ਨਾਲੋਂ ਕਰ ਕੇ ਅਲਾਇਦ, ਆਅਲਾ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਜਾਇਜ਼, ਜਾਇਜ਼ਾ ਲੈ ਨਾ ਕੋਇ ਸਮਝਾਈਆ । ਸੰਮਤ ਚੌਥਾ ਕਹੇ ਗੁਰ ਸ਼ਬਦ ਨਾ ਐਵੇਂ ਮਾਰ ਧੱਕਾ, ਆਪਣਾ ਬਲ ਵਖਾਈਆ । ਜਾਹ ਵੇਖ ਆਪਣਾ ਮਦੀਨਾ ਮੱਕਾ, ਮਕ਼ਬਰਿਆਂ ਫੋਲ ਫੁਲਾਈਆ । ਓਹ ਪੜ੍ਹ ਲੈ ਆਪਣਾ ਕੱਕਾ ਖੱਖਾ, ਛੇ ਖੱਖੇ ਦੇਣ ਦੁਹਾਈਆ । ਓਹ ਵੇਖ ਲੈ ਸੜਦੇ ਕੱਖਾਂ, ਜਿਹੜੇ ਤੇਰੇ ਕਲਮੇ ਢੋਲੇ ਗਾਈਆ । ਓਹ ਤੱਕ ਲੈ ਨਾਲ ਅੱਖਾਂ, ਜਿਹੜੇ ਆਖ਼ਰ ਮੰਜ਼ਲ ਚੜ੍ਹ ਕੇ ਦੇਣ ਦੁਹਾਈਆ । ਓਹ ਵੇਖ ਲੈ ਖ਼ਾਲੀ ਹੱਥਾਂ, ਖੰਡਾ ਖੜਗ ਕਟਾਰ ਨਜ਼ਰ ਕੋਇ ਨਾ ਆਈਆ । ਓਹ ਵੇਖ ਲੈ ਚੌਦਾਂ ਹੱਟਾਂ, ਚੌਦਾਂ ਤਬਕ ਰਹੇ ਕੁਰਲਾਈਆ । ਓਹ ਵੇਖ ਲੈ ਗੁਰ ਅਵਤਾਰ ਪੈਗ਼ੰਬਰ ਹੱਥ ਮਾਰਦੇ ਉਤੇ ਪੱਟਾਂ, ਪਟਨੇ ਵਾਲਾ ਰਿਹਾ ਸਮਝਾਈਆ । ਓਹ ਵੇਖ ਲੈ ਜਿਨ੍ਹਾਂ ਨੇ ਦੀਨ ਮਜ਼੍ਹਬ ਦਾ ਲਾਇਆ ਠੱਪਾ, ਠੋਕਰ ਸਾਰੇ ਰਹੇ ਖਾਈਆ । ਓਹ ਵੇਖ ਲੈ ਜੋ ਪੁਰਖ ਅਕਾਲ ਦਾ ਬਣ ਕੇ ਗਿਆ ਪੱਠਾ, ਪੂਜਾ ਪਾਠ ਜਗਤ ਸਮਝਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਨਿਰਗੁਣ ਧਾਰ ਨਿਰੰਕਾਰ ਜੋਤ ਸਰੂਪ ਕੀਤਾ ਇਕੱਠਾ, ਬਚਿਆ ਰਹਿਣ ਕੋਇ ਨਾ ਪਾਈਆ । ਸਭ ਦਾ ਸਮਾਂ ਪੂਰਾ ਹੋਇਆ ਜੋ ਲੋਕਮਾਤ ਦਾ ਪਟਾ, ਪੱਟੇਦਾਰੀ ਸਭ ਦੀ ਵੇਖ ਵਖਾਈਆ । ਅੱਗੇ ਪ੍ਰਭੂ ਦੇ ਨਾਮ ਦਾ ਮੁੱਲ ਪਏ ਕੋਈ ਨਾ ਟਕਾ, ਹੱਟਾਂ ਵਿਚ ਨਾ ਕੋਇ ਵਿਕਾਈਆ । ਜਿਸ ਦਾ ਭੇਵ ਸਮਝ ਨਹੀਂ ਆਇਆ ਰਤਾ, ਸੋ ਰਤਨ ਅਮੋਲਕ ਗੁਰਮੁਖ ਲਏ ਉਪਜਾਈਆ । ਸਾਂਝਾ ਦੱਸ ਕੇ ਜਸਾ, ਚਾਰ ਵਰਨ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਇਕੋ ਜਾਪ ਅਗੰਮੀ ਜਪਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਜਿਸ ਅੱਖਰ ਰੂਪ ਨਿਰਵੈਰ ਬਣਾਇਆ ਪੱਪਾ, ਸੋ ਪੂਰ ਰਿਹਾ ਸਭ ਥਾਈਂਆ । ਓਸ ਨੂੰ ਕਿਆ ਕੋਈ ਦੇਵੇ ਮੱਤਾਂ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਉਹਦਾ ਖੇਲ ਆਪਣਾ ਨਾਲ ਤੱਤਾਂ, ਤਤਵ

ਤਤ ਆਪਣੀ ਧਾਰ ਵਖਾਈਆ । ਤੱਕ ਸੱਕਣ ਨਾ ਜਗਤ ਨੇਤਰ ਅੱਖਾਂ, ਲੋਚਨ ਦੋ ਨਾ ਕੋਇ ਵਡਿਆਈਆ । ਉਹਦਾ ਨਾਤਾ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਨਾਲ ਪੱਕਾ, ਪਕਵਾਨ ਪਿਛੇ ਭਗਵਾਨ ਫੇਰਾ ਕਦੇ ਨਾ ਪਾਈਆ । ਜੇ ਕੋਈ ਕਹੇ ਵਡਿਆਈ ਵਿਚ ਪ੍ਰਭੂ ਅੱਛਾ, ਅੱਛੇ ਦੀ ਲੋੜ ਨਾ ਕੋਇ ਰਖਾਈਆ । ਜੇ ਅੱਛਾ ਬਣਨਾ ਹੁੰਦਾ ਕਿਉਂ ਵੇਸ ਵਟਾਉਂਦਾ ਕੱਛਾਂ ਮੱਛਾਂ, ਬ੍ਰਾਹ ਨਾਮ ਧਰਾਈਆ । ਕਿਉਂ ਗਵਾਲਾ ਬਣ ਕੇ ਚਾਰਦਾ ਗਾਈਂ ਵੱਛਾ, ਬੰਸਰੀ ਜਗਤ ਧੁੰਨ ਸ਼ਨਵਾਈਆ । ਕਿਉਂ ਧੋਤੀ ਤਹਿਮਤ ਛੱਡਕੇ ਤੇੜ ਪੌਂਦਾ ਕੱਛਾ, ਕਿਸ਼ਨ ਬਿਸ਼ਨ ਤੋਂ ਪੱਲੂ ਆਪ ਛੁਡਾਈਆ । ਕਿਉਂ ਸਭ ਨੂੰ ਦੇ ਪਿਛਾ, ਲੁਕਿਆ ਅਗੰਮ ਥਾਈਆ । ਜਦ ਚਾਹੇ ਤੇ ਭਗਤਾਂ ਕਰੇ ਰੱਛਾ, ਰੱਛਕ ਹੋ ਕੇ ਵੇਖ ਵਖਾਈਆ । ਜੇ ਲੱਭੋ ਹੱਥ ਨਾ ਆਵੇ ਕਿਸੇ ਦਿਸ਼ਾ, ਉੱਤਰ ਪੂਰਬ ਪੱਛਮ ਦੱਖਣ ਸਭ ਭੱਜਣ ਵਾਹੋ ਦਾਹੀਆ । ਜੇ ਪ੍ਰੇਮ ਕਰੋ ਤੇ ਸਭ ਦੀ ਪੂਰੀ ਕਰੇ ਇੱਛਾ, ਮਨਸਾ ਆਪਣੇ ਨਾਲ ਮਿਲਾਈਆ । ਜੇ ਰਸਨਾ ਨਾਲ ਮਨ ਕਲਪਣਾ ਵਿਚ ਕਹਿੰਦੇ ਜਾਓ ਵਾਹਵਾ ਗੁਰੂ ਅੱਛਾ, ਸੋਹਣਾ ਬਾਂਕਾ ਨਜ਼ਰੀ ਆਈਆ । ਫੇਰ ਓਹ ਕਦੀ ਨਾ ਬਣਾਵੇ ਆਪਣਾ ਬੱਚਾ, ਗੋਦੀ ਗੋਦ ਨਾ ਕੋਇ ਉਠਾਈਆ । ਜੇ ਪ੍ਰੀਤੀ ਅੰਦਰ ਨੀਤੀ ਅੰਦਰ ਇਕੋ ਗਾ ਲਓ ਸੋਹੰ ਟੱਪਾ, ਟਾਪੂਆਂ ਤੋਂ ਪਰੇ ਦਏ ਲੰਘਾਈਆ । ਜਿਥੇ ਨਿਰਗੁਣ ਧਾਰ ਨਾਤਾ ਜੁੜੇ ਪੱਕਾ, ਪਤਿਪਰਮੇਸ਼ਵਰ ਆਪਣਾ ਮੇਲ ਮਿਲਾਈਆ । ਜੇ ਕੋਈ ਜਾਣੇ ਅਸੀਂ ਗੁਰੂ ਨਾਲ ਮਿਲਾਈਆਂ ਅੱਖਾਂ, ਅੱਖਾਂ ਵਿਚ ਅੱਖ ਰਖਾਈਆ । ਉਹ ਸੜਦਾ ਵੇਖੇ ਕੱਖਾਂ, ਗੁਰੂ ਦਾ ਨੇਤਰ ਜਗ ਨੇਤਰ ਨਜ਼ਰ ਕਦੇ ਨਾ ਆਈਆ । ਇਹ ਜਗਤ ਸਾਧਾਂ ਦੀਆਂ ਵੱਟਾਂ, ਜਿਨ੍ਹਾਂ ਪੁਜਾਏ ਪੱਥਰ ਇੱਟਾਂ, ਪੱਥਰਾਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡੇ ਹੋਏ ਸਹਾਈਆ । ਸੰਮਤ ਕਹੇ ਸਤਿਗੁਰ ਸ਼ਬਦ ਨਾ ਕਰੀਂ ਸੌਦੇਬਾਜ਼ੀ, ਬਾਜ਼ੀਗਰ ਆਪਣਾ ਸਵਾਂਗ ਵਰਤਾਈਆ । ਵੇਖੀਂ ਕਿਤੇ ਡੰਡਾਵਤ ਬੰਦਨਾ ਵਿਚ ਸੱਜਦਿਆਂ ਵਾਲੇ ਤੈਨੂੰ ਕਰ ਲੈਣ ਨਾ ਰਾਜ਼ੀ, ਰਿਜ਼ਕ ਰਹੀਮ ਤੇਰੀ ਘਰ ਘਰ ਵਡਿਆਈਆ । ਬੇਸ਼ਕ ਤੂੰ ਖੇਲ ਜਾਣਦਾ ਆਦੀ, ਜੁਗ ਜੁਗਾਦੀ ਵੇਖ ਵਖਾਈਆ । ਪਰ ਯਾਦ ਕਰ ਲੈ ਕੀ ਅੰਤ ਅਖ਼ੀਰੀ ਬਚਨ ਜੋਰਾਵਰ ਸਿੰਘ ਨੂੰ ਆਖਿਆ ਗੁਜਰੀ ਦਾਦੀ, ਦਾਅਵੇ ਨਾਲ ਜਣਾਈਆ । ਬੱਚਿਓ ਗੋਬਿੰਦ ਦੇ ਗੁਰਮੁਖਾਂ ਦੀ ਬਹੁਤੀ ਵਧਣੀ ਨਹੀਂ ਆਬਾਦੀ, ਅਨਗਿਣਤਾਂ ਵਿਚੋਂ ਥੋੜ੍ਹੇ ਨਜ਼ਰੀ ਆਈਆ । ਜਿਨ੍ਹਾਂ ਦੇ ਅੰਦਰੋਂ ਸੁਰਤੀ ਹੋਣੀ ਜਾਗੀ, ਸੁਤਿਆਂ ਆਪ ਉਠਾਈਆ । ਓਨ੍ਹਾਂ ਛੱਡ ਦੇਣੀ ਨਹੌਣੀ ਵਿਸਾਖੀ ਮਾਘੀ, ਮਗਨ ਆਪਣੇ ਸੰਗ ਰਖਾਈਆ । ਸਤਿਗੁਰ ਹੋ ਕੇ ਓਨ੍ਹਾਂ ਦਾ ਬਣਿਆ ਰਹੇ ਵਾਗੀ, ਨੀਲੇ ਵਾਲੀ ਵਾਗ ਦੇਣੀ ਤਜਾਈਆ । ਲਹਿਣਾ ਪੂਰਾ ਕਰਨਾ ਨਾਨਕ ਵਾਲਾ ਬਗ਼ਦਾਦੀ, ਬਗ਼ਲਗੀਰ ਆਪ ਬਣਾਈਆ । ਨੂਰ ਦਾ ਨੂਰ ਹੋਵੇ ਇਮਦਾਦੀ, ਦੂਜੀ ਲੋੜ ਨਾ ਕੋਇ ਵਖਾਈਆ । ਝਗੜਾ ਰਹੇ ਨਾ ਕੋਇ ਸਮਾਜੀ, ਸਾਚੀ ਸਮਝ ਦੇਣੀ ਦ੍ਰਿੜਾਈਆ । ਧੁਰ ਦਾ ਮਾਲਕ ਬਣ ਕੇ ਗਾਡੀ, ਗਾਰਡੀਅਨ ਸਾਰੇ ਦੇਣੇ ਹਟਾਈਆ । ਜਿਹੜਾ ਮਾਲਕ ਧੁਰ ਦਾ ਆਦੀ, ਅੰਤ ਓਹੋ ਵੇਖ ਵਖਾਈਆ । ਜਨ ਭਗਤੋ ਭਗਵਾਨ ਨਾਲ ਤੁਹਾਡੀ ਸਦਾ ਸਦੀਵ ਦੀ ਹੋ ਗਈ ਸ਼ਾਦੀ, ਸ਼ਾਦਿਆਨੇ ਸਦਾ ਦੇ ਦਏ ਵਜਾਈਆ । ਬਿਨਾ ਪੂਰਨ ਤੋਂ ਪੂਰੀ ਮੌਜ ਨਹੀਂ ਲੱਭਣੀ ਜਗਤ ਬਹਾਰ ਬਾਗ਼ੀਂ, ਬਾਗ਼ਬਾਨ ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਨੇ ਕੌਲ ਕੀਤਾ ਮਹਾਂ ਸਿੰਘ ਦੇ ਨਾਲ ਉਤੇ ਢਾਬੀ, ਸਿਰ ਪੱਟਾਂ ਉਤੇ ਰਖਾਈਆ । ਪੁਸ਼ਤ ਪਨਾਹ ਮਾਰ ਕੇ ਥਾਪੀ, ਥੱਪੜ ਸਹਿਜੇ ਨਾਲ ਮੁਖ ਉਤੇ ਲਗਾਈਆ । ਕਮਰਕੱਸੇ ਵਿਚੋਂ ਕੱਢ ਕੇ ਕਾਪੀ, ਕੁਛ ਲਿਖਣ

ਲੱਗਾ ਨਾਲ ਕ਼ਲਮ ਸ਼ਾਹੀਆ । ਮਹਾਂ ਸਿੰਘ ਨੇ ਅਰਜ਼ ਕੀਤੀ ਗੋਬਿੰਦ ਮੈਨੂੰ ਨਾ ਤਾਰੀਂ ਤਾਰੀਂ ਮੇਰੇ ਪਾਪੀ, ਪਾਪੀਆਂ ਪਾਰ ਕਰਾਈਆ । ਮੈਂ ਮੰਗਾਂ ਤੂੰ ਗੁਰਮੁਖਾਂ ਦੀ ਸਦਾ ਕਰੀਂ ਰਾਖੀ, ਰਾਖਾ ਹੋ ਕੇ ਵੇਖ ਵਖਾਈਆ । ਕੁਛ ਲਹਿਣਾ ਦੇਣਾ ਲੈਣਾ ਨਹੀਂ ਬਾਕੀ, ਬਾਕੀ ਲੇਖਾ ਤੇਰੀ ਝੋਲੀ ਪਾਈਆ । ਜਿਸ ਵੇਲੇ ਕਲਜੁਗ ਅੰਤ ਹੋਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੀ ਮੰਨੇ ਕੋਈ ਨਾ ਆਖੀ, ਗੋਬਿੰਦ ਤੇਰਾ ਦਰਸ ਕੋਇ ਨਾ ਪਾਈਆ । ਓਸ ਵੇਲੇ ਸਚ ਦੁਆਰ ਦੀ ਖੋਲ੍ਹੀਂ ਹਾਟੀ, ਘਰ ਇਕੋ ਲੈਣਾ ਪ੍ਰਗਟਾਈਆ । ਗ਼ਰੀਬ ਨਿਮਾਣਿਆਂ ਨੂੰ ਦੇਣੀ ਹਯਾਤੀ, ਜੀਵਣ ਜੀਵਣ ਵਿਚੋਂ ਬਦਲਾਈਆ । ਜਿਹੜੇ ਅੱਜ ਤੱਕ ਤੇਰੇ ਨਾਲੋਂ ਵਿਛੜੇ ਗੁਰਮੁਖ ਤੇਰੇ ਸਾਥੀ, ਓਹ ਸਾਰੇ ਲੈਣੇ ਮਿਲਾਈਆ । ਇਹੋ ਮੇਰੀ ਮੰਜ਼ਲ ਇਹੋ ਮੇਰੀ ਵਾਟੀ, ਇਹੋ ਪੰਧ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸੰਮਤ ਕਹੇ ਮੈਂ ਚੌਥਾ ਫਿਰਾਂ ਚਾਰ ਚੁਫੇਰਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਥੇ ਗੁਰਮੁਖ ਗੌਂਦਾ ਹੋਵੇ ਤੂੰ ਮੇਰਾ ਮੈਂ ਤੇਰਾ, ਵੇਖਾਂ ਚਾਈਂ ਚਾਈਆ । ਅੰਦਰ ਵੜ ਕੇ ਘਰ ਦੱਸਾਂ ਨੇੜਨ ਨੇੜਾ, ਦੂਰ ਦੁਰਾਡਾ ਪੰਧ ਮੁਕਾਈਆ । ਜਨਮ ਮਰਨ ਚੁਕਾ ਕੇ ਗੇੜਾ, ਗੇੜਾ ਗੇੜੇ ਵਿਚੋਂ ਭੁਆਈਆ । ਸਚ ਦਵਾਰੇ ਬੰਨ੍ਹ ਕੇ ਬੇੜਾ, ਪਤਣ ਇਕੋ ਦਿਆਂ ਵਖਾਈਆ । ਜਿਥੇ ਸਾਹਿਬ ਸਵਾਮੀ ਅੰਤਰਜਾਮੀ ਕਰਦਾ ਹੋਵੇ ਮਿਹਰਾ, ਮਹਿਬੂਬ ਮੁਹੱਬਤ ਵਿਚ ਸਮਾਈਆ । ਗੁਰਮੁਖੋ ਦਰਸ਼ਨ ਕਰ ਲਓ ਇਕ ਵਾਰ ਕੇਰਾਂ, ਕਿਰਨ ਕਿਰਨ ਵਿਚੋਂ ਪ੍ਰਗਟਾਈਆ । ਸੰਮਤ ਕਹੇ ਇਹ ਕੋਈ ਜਨ ਭਗਤ ਕਰੇ ਜੇਰਾ, ਜੋ ਜੇਰਜ ਅੰਡਜ ਦਾ ਲੇਖਾ ਦਏ ਚੁਕਾਈਆ । ਬੜਾ ਔਖਾ ਕੋਲ ਔਣਾ ਸ਼ੇਰਾ, ਸ਼ੇਰ ਦੀ ਭਬਕ ਸੁਣ ਕੇ ਭੱਜਣ ਵਾਹੋ ਦਾਹੀਆ । ਜਿਨ੍ਹਾਂ ਦਾ ਆਪ ਵਸਾਏ ਖੇੜਾ, ਖਿੜਕੀ ਅੰਦਰੋਂ ਆਪ ਖੁਲ੍ਹਾਈਆ । ਓਹ ਗੁਰਮੁਖ ਪਿਛੇ ਰਹਿ ਜਾਏ ਕਿਹੜਾ, ਮਾਤ ਪਿਤ ਭਾਈ ਭੈਣ ਸਾਕ ਸੱਜਣ ਜਾਏ ਤਜਾਈਆ । ਉਹਨੂੰ ਚੰਗਾ ਲੱਗੇ ਪ੍ਰਭ ਚਰਨ ਕਵਲ ਦਾ ਡੇਰਾ, ਵੇਖੇ ਇਕੋ ਗ੍ਰਹਿ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਸੰਮਤ ਚੌਥਾ ਕਹੇ ਸ਼ਬਦ ਗੁਰੂ ਅੱਗੇ ਚਲਣ ਨਾ ਦੇਵੀਂ ਚਲਾਕੀ, ਚਾਰੋਂ ਕੁੰਟ ਧਿਆਨ ਲਗਾਈਆ । ਝਗੜਾ ਵੇਖ ਲੈ ਤਤ ਵਜੂਦ ਖ਼ਾਕੀ, ਖ਼ਾਲਸ ਨਜ਼ਰ ਕੋਇ ਨਾ ਆਈਆ । ਘਰ ਘਰ ਮਨੂਆ ਹੋਇਆ ਆਕੀ, ਕੂੜ ਤਮੰਨਾ ਨਾ ਕੋਇ ਮਿਟਾਈਆ । ਸਾਚੀ ਦੇਵੇ ਕੋਈ ਨਾ ਦਾਤੀ, ਦਾਤਾਰ ਦਇਆ ਨਾ ਕੋਇ ਕਮਾਈਆ । ਸੰਮਤ ਚੌਥਾ ਕਹੇ ਮੈਨੂੰ ਯਾਦ ਆਇਆ ਜਿਹੜੀ ਅੰਤ ਅਖ਼ੀਰ ਕ੍ਰਿਸ਼ਨ ਅਰਜਨ ਨੂੰ ਗੱਲ ਆਖੀ, ਸੰਦੇਸਾ ਧੁਰ ਦਾ ਇਕ ਦ੍ਰਿੜਾਈਆ । ਜਿਸ ਵੇਲੇ ਗੀਤਾ ਗਿਆਨ ਦਾ ਰਿਹਾ ਕੋਈ ਨਾ ਪਾਠੀ, ਪਾਠਸ਼ਾਲਾ ਨਾ ਕੋਇ ਵਡਿਆਈਆ । ਓਸ ਵੇਲੇ ਖੇਲ ਕਰਨਾ ਪੁਰਖ ਅਬਿਨਾਸ਼ੀ, ਨਿਰਗੁਣ ਆਪਣਾ ਵੇਸ ਵਟਾਈਆ । ਚਾਰ ਜੁਗ ਦੇ ਭਗਤ ਬਣੌਣੇ ਸਾਥੀ, ਸਭ ਦੇ ਲੇਖੇ ਪੂਰ ਕਰਾਈਆ । ਕਲਜੁਗ ਪੂਰੀ ਕਰ ਕੇ ਮੰਜ਼ਲ ਵਾਟੀ, ਵਾਇਦੇ ਸਭ ਦੇ ਖੋਜ ਖੁਜਾਈਆ । ਅੱਗੇ ਧਾਰ ਦੱਸ ਕੇ ਸਾਚੀ, ਸਤਿਜੁਗ ਸਾਚਾ ਦਏ ਪ੍ਰਗਟਾਈਆ । ਇਕੋ ਮੰਡਲ ਪਾਵੇ ਰਾਸੀ, ਨਿਰਗੁਣ ਨਿਰਗੁਣ ਆਪਣੀ ਰਾਸ ਰਚਾਈਆ । ਹਰ ਘਟ ਅੰਦਰ ਹੋ ਕੇ ਵਾਸੀ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸ਼ਬਦ ਗੁਰੂ ਗੁਰੂ ਸ਼ਬਦ ਦੋਹਾਂ ਦੀ ਇਕ ਜਮਾਤੀ, ਅਗਲੀ ਪੱਟੀ ਬਿਨ ਪਟਨੇ ਵਾਲੇ ਨਾ ਕੋਇ ਪੜ੍ਹਾਈਆ ।

ਪੱਟੀ ਕਹੇ ਮੈਂ ਸਭ ਦੇ ਪੱਟੇ ਕਰੌਣੇ ਤਸਦੀਕ, ਸ਼ਹਾਦਤ ਹੱਕ ਭੁਗਤਾਈਆ । ਜਿਹੜੇ ਕਲਮਿਆਂ ਦੀ ਕਰਦੇ ਗਏ ਤਬਲੀਕ, ਤਮਅ ਵਿਚ ਪ੍ਰਭ ਦਾ ਨਾਮ ਵਡਿਆਈਆ । ਅੰਤ ਸਭ ਤੇ ਫੇਰਨੀ ਲੀਕ, ਲਾਈਨ ਐਣ ਦੇਣੀ ਲਗਾਈਆ । ਸਾਂਝਾ ਦੱਸ ਕੇ ਢੋਲਾ ਗੀਤ, ਗੀਦੀ ਸ਼ੇਰ ਦੇਣੇ ਬਣਾਈਆ । ਝਗੜਾ ਛੱਡ ਜਾਣ ਮੰਦਰ ਮਸੀਤ, ਮਸਲਾ ਸਭ ਦਾ ਹਲ ਕਰਾਈਆ । ਸਭ ਦੀ ਲੱਗੇ ਇਕ ਨਾਲ ਪ੍ਰੀਤ, ਪ੍ਰੀਤਮ ਇਕੋ ਨਜ਼ਰੀ ਆਈਆ । ਸਭ ਨੂੰ ਪਤਾ ਲੱਗ ਜਾਵੇ ਪਰਮਾਤਮਾ ਵੜਿਆ ਕਿਸ ਦੇ ਬੀਚ, ਕਵਣ ਦਵਾਰੇ ਬਹਿ ਕੇ ਝਟ ਲੰਘਾਈਆ । ਪੰਜਵੇਂ ਸੰਮਤ ਨੂੰ ਸਭ ਨੂੰ ਧੁਰ ਖ਼ਬਰ ਦੀ ਦੇ ਦੇਵੇ ਰਸੀਦ, ਸੰਦੇਸ਼ਾ ਸਚ ਇਕ ਸੁਣਾਈਆ । ਖੁਲ੍ਹ ਜਾਏ ਜਗਤ ਦੀ ਨੀਂਦ, ਆਲਸ ਦਏ ਮਿਟਾਈਆ । ਕੋਈ ਮਾਰ ਨਾ ਸਕੇ ਡੀਂਗ, ਨਾਮ ਦਾ ਨਾਮ ਨਾ ਕੋਇ ਸਮਝਾਈਆ । ਹੁਲਾਰੇ ਚੜ੍ਹੀ ਸਭ ਦੀ ਟੁੱਟ ਜਾਏ ਪੀਂਘ, ਪੀਂਘੀ ਹੋਰ ਨਾ ਕੋਇ ਅਲਾਹੀਆ । ਬਿੰਗ ਕਸਾਈਆਂ ਦਾ ਗੋਬਿੰਦ ਦਾ ਕਹਿਣਾ ਬੀਂਗ, ਜਿਸ ਪਿਆਲੇ ਦੀ ਸਾਰ ਕੋਇ ਨਾ ਪਾਈਆ । ਸ਼ਬਦ ਗੁਰੂ ਮਨਸਾ ਆਸਾ ਪੂਰੀ ਹੋਵੇ ਉਮੀਦ, ਆਮਦ ਵਿਚ ਵੱਜੇ ਵਧਾਈਆ । ਜਗਤ ਵਾਲੀ ਜਗਤ ਭੁੱਲ ਜਾਏ ਈਦ, ਈਦ ਦੀ ਆਦਤ ਇਬਾਦਤ ਅੰਦਰੋਂ ਦਏ ਬਦਲਾਈਆ । ਸਤਿਗੁਰ ਸ਼ਬਦ ਕਰੇ ਤਰਦੀਦ, ਤਾਈਦ ਵਿਚ ਗੁਰ ਅਵਤਾਰ ਪੈਗ਼ੰਬਰ ਤਾਲੀਆਂ ਦੇਣ ਲਗਾਈਆ । ਗੁਰਮੁਖੋ ਭਗਤੋ ਖੰਡੇ ਖੜਗ ਨਾਲ ਹੋਣ ਨਹੀਂ ਦੇਣਾ ਕਿਸੇ ਸ਼ਹੀਦ, ਸ਼ਹਿਨਸ਼ਾਹ ਹੋ ਕੇ ਧੁਰ ਦੀ ਦੌਲਤ ਪ੍ਰੇਮ ਵਿਚ ਵਰਤਾਈਆ । ਹੈਰਾਨ ਨਾ ਹੋਇਓ ਕਿ ਵਕਤ ਗਿਆ ਬੀਤ, ਬੀਤੀ ਕਹਾਣੀ ਨਾ ਕੋਇ ਦੁਹਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਸ਼ਹਿਨਸ਼ਾਹੀ ਸੰਮਤ ਕਹੇ ਸ਼ਬਦ ਗੁਰੂ ਤੂੰ ਨਹੀਂ ਕੋਈ ਭੁੱਖਾ ਨੰਗਾ, ਭਿਖਾਰੀ ਰੂਪ ਵਟਾਈਆ । ਚਾਰ ਜੁਗ ਤੂੰ ਕਰੌਂਦਾ ਰਿਹੋਂ ਦੰਗਾ, ਦਗ਼ੇ ਫ਼ਰੇਬਾਂ ਵਿਚ ਗੁਰ ਅਵਤਾਰ ਪੈਗ਼ੰਬਰ ਲੜਾਈਆ । ਮੌਲੀ ਤੰਦ ਦਾ ਬੰਨ੍ਹ ਕੇ ਤੱਗਾ, ਗਾਨੇ ਦਿਤੇ ਸਜਾਈਆ । ਕਿਸੇ ਗੁਰ ਅਵਤਾਰ ਪੈਗ਼ੰਬਰ ਦਾ ਵਧਣ ਨਹੀਂ ਦਿਤਾ ਅੱਗਾ, ਪੁਤ ਪੋਤਰੇ ਜੋਤ ਨਾ ਕੋਇ ਹੰਢਾਈਆ । ਆਪ ਬਣ ਕੇ ਸ਼ੇਰ ਬੱਗਾ, ਸ਼ਰਅ ਵਿਚ ਸਾਰੇ ਦਿਤੇ ਫਸਾਈਆ । ਥੋੜ੍ਹਾ ਜਿਹਾ ਨਾਮ ਦਾ ਦੇ ਕੇ ਮਜ਼ਾ, ਅੰਤਰ ਅੰਮ੍ਰਿਤ ਰਸ ਚਖਾਈਆ । ਥਾਪੀ ਦੇ ਕੇ ਧਰਤੀ ਉਤੇ ਜਗਹ, ਭੂਮਿਕਾ ਦਿਤੀ ਸੁਹਾਈਆ । ਆਪਣੇ ਨਾਮ ਦੀ ਅੰਦਰ ਲਗਾ ਕੇ ਅੱਗਾ, ਦਵੈਤ ਵਿਚ ਦਿਤਾ ਲੜਾਈਆ । ਕਿਸੇ ਨੂੰ ਟੋਪੀ ਕਿਸੇ ਨੂੰ ਬੋਦੀ ਕਿਸੇ ਦੇ ਸੀਸ ਬੰਨ੍ਹਾ ਕੇ ਪੱਗਾ, ਆਪਣਾ ਭੇਵ ਨਾ ਕੋਇ ਖੁਲ੍ਹਾਈਆ । ਕਿਸੇ ਨੂੰ ਅਲਿਫ਼ ਕਿਸੇ ਨੂੰ ਯੇ ਕਿਸੇ ਨੂੰ ਊੜਾ ਘੇਰਾ ਪਾ ਕੇ ਸਾਰਿਆਂ ਨੂੰ ਵਿਚ ਘੱਗਾ, ਘਰਾਂ ਦੇ ਘੁਰੇ ਦਿਤੇ ਬਣਾਈਆ । ਕਿਸੇ ਨੂੰ ਨਹੀਂ ਦੱਸਿਆ ਖੇਲ ਕੀਤਾ ਕਿਸ ਵਜਹ, ਬਿਧੀ ਬਿਧ ਨਾ ਕੋਇ ਦ੍ਰਿੜਾਈਆ । ਆਪਣੇ ਹੁਕਮ ਦਾ ਰੱਖਕੇ ਦੱਬਾ, ਗੁਰ ਅਵਤਾਰ ਪੈਗ਼ੰਬਰ ਲਏ ਡਰਾਈਆ । ਕਿਸੇ ਨੇ ਪਿਤਾ ਕਿਹਾ ਕਿਸੇ ਨੇ ਕਿਹਾ ਅੱਬਾ, ਕੋਈ ਬਾਪ ਕਹਿ ਕੇ ਸੀਸ ਨਿਵਾਈਆ । ਕਿਸੇ ਰਾਮ ਕਿਹਾ ਕਿਸੇ ਕ੍ਰਿਸ਼ਨ ਕਿਹਾ ਕਿਸੇ ਅੱਲਾ ਵਾਹਿਗੁਰੂ ਕਿਹਾ ਰੱਬਾ, ਰਾਹ ਸਭ ਦੇ ਦਿਤੇ ਬਦਲਾਈਆ । ਕਿਸੇ ਦਾ ਧਰਮ ਕਿਸੇ ਦਾ ਈਮਾਨ ਜਗਤ ਨਿਸ਼ਾਨਾ ਗੱਡਾ, ਗਾਡੀ ਗੱਡਿਆਂ ਵਾਲੇ ਬਣਾਈਆ । ਨਿੱਕਾ ਜਿਹਾ ਮਜ਼੍ਹਬ ਦਾ ਦੇ ਕੇ ਡੱਬਾ, ਵਿਚ ਸਹਿਜੇ ਦਿਤਾ ਟਿਕਾਈਆ । ਓਨ੍ਹਾਂ ਦੂਨੀ ਨੂੰ ਕਿਹਾ ਸਾਨੂੰ ਇਕੋ ਇਕ ਲੱਭਾ, ਜੋ ਲਬਾਂ ਤੋਂ ਪਿਛੇ ਬੈਠਾ ਆਸਣ ਲਾਈਆ । ਹੁਕਮੇ ਅੰਦਰ ਦੇਵੇ ਸੱਦਾ, ਸੰਦੇਸ਼ਾ ਰਿਹਾ ਸੁਣਾਈਆ । ਜਿਸ ਦੀ ਸਰਨਾਈ ਗੁਰ ਅਵਤਾਰ ਪੈਗ਼ੰਬਰ ਰਹਿਬਰ ਹੋ ਕੇ ਲੱਗਾ, ਨਿਉਂ ਨਿਉਂ ਸੀਸ ਝੁਕਾਈਆ । ਓਹ ਪ੍ਰਭੂ ਵੇਖੇ ਕਿਸੇ ਦਾ ਬਣਿਆ

ਨਹੀਂ ਸਕਾ, ਸਭ ਦੇ ਲੇਖੇ ਵੇਖ ਵਖਾਈਆ । ਆਪਣੇ ਹੁਕਮੇ ਅੰਦਰ ਪੱਕਾ, ਜੁਗ ਚੌਕੜੀ ਪੈਂਡਾ ਰਿਹਾ ਮੁਕਾਈਆ । ਸਿਫ਼ਤੀ ਨਾਮ ਦਾ ਜੁਗ ਜੁਗ ਦੱਸ ਕੇ ਟੱਪਾ, ਬੱਚਿਆਂ ਵਾਲੀ ਕਰੀ ਪੜ੍ਹਾਈਆ । ਨਾਲੇ ਧੌਲ ਮਾਰੇ ਨਾਲੇ ਮਾਰੇ ਧੱਫਾ, ਨਾਲੇ ਹੁਕਮੇਂ ਵਿਚ ਭੁਲਾਈਆ । ਭੋਰਾ ਨਾਮ ਦੇ ਕੇ ਕਿਹਾ ਬੱਚਿਓ ਤੁਹਾਨੂੰ ਦਿਤਾ ਗੱਫ਼ਾ, ਛਕੋ ਛਕਾਓ ਚਾਈਂ ਚਾਈਂਆ । ਫੇਰ ਓਸ ਨੂੰ ਕਰ ਕੇ ਰਫ਼ਾ ਦਫ਼ਾ, ਦਫ਼ਾ ਆਪਣੀ ਨਾਲ ਹੁਕਮ ਦਿਤਾ ਬਦਲਾਈਆ । ਸੰਮਤ ਚੌਥਾ ਕਹੇ ਪ੍ਰਭੂ ਸੱਤਾਂ ਵਰਕਿਆਂ ਵਿਚੋਂ ਹੁਣ ਪਹਿਲਾ ਪਰਤ ਲੈ ਸਫ਼ਾ, ਸਫ਼ਾ ਮਲੇਛਾਂ ਦੇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਹੋ ਗਿਆ ਖ਼ਫ਼ਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਿਸੇ ਦੀਨ ਮਜ਼੍ਹਬ ਕੋਲ ਤੇਰੇ ਨਾਮ ਦਾ ਰਿਹਾ ਨਹੀਂ ਨਫ਼ਾ, ਘਾਟੇ ਵਿਚ ਲੋਕਾਈਆ । ਦੀਨ ਦੁਨੀ ਹੋਈ ਬੇਵਫ਼ਾ, ਵਫ਼ਾਦਾਰ ਨਾ ਕੋਇ ਦਿਸਾਈਆ । ਐਵੇਂ ਕਹਿੰਦੇ ਪਾਣੀ ਢੋਵਾਂ ਫੇਰਾਂ ਪੱਖਾ, ਸੇਵਾ ਸੇਵ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਕੇ ਕਹਿੰਦੇ ਤੇਰਾ ਨਾਮ ਜਪਾ, ਜਪੁਜੀ ਪੜ੍ਹ ਕੇ ਝਟ ਲੰਘਾਈਆ । ਕਿਸੇ ਨੂੰ ਲੱਗਾ ਤੇਰਾ ਨਾ ਪਤਾ, ਪਤਿਪਰਮੇਸ਼ਵਰ ਸਮਝ ਕੋਇ ਨਾ ਪਾਈਆ । ਤੂੰ ਮਿਹਰਵਾਨ ਹੋ ਕੇ ਆਪਣੇ ਨਾਮ ਭੰਡਾਰੇ ਵਿਚੋਂ ਗੁਰਮੁਖਾਂ ਥੋੜ੍ਹਿਆਂ ਦਿਤਾ ਫੱਕਾ, ਜੋ ਮੰਗਣ ਤੇਰੇ ਦਰ ਤੇ ਆਈਆ । ਮਾਤ ਗਰਭ ਲੱਗੇ ਨਾ ਧੱਬਾ, ਜੂਨੀ ਜੂਨ ਨਾ ਕੋਇ ਭੁਆਈਆ । ਸਚ ਦੁਆਰੇ ਵਸਾ, ਬਸਤੀ ਤੇਰੀ ਡੇਰਾ ਲਾਈਆ । ਜਿਥੇ ਤੱਕਣ ਵਾਲੀਆਂ ਨਹੀਂ ਕੋਈ ਅੱਖਾਂ, ਜੋਤੀ ਜੋਤ ਜੋਤ ਸਮਾਈਆ । ਤੂੰ ਸਵਾਮੀ ਸਤਿਗੁਰ ਸਖ਼ਾ, ਸਖ਼ੀ ਸਹੇਲੀ ਜੋੜ ਜੁੜਾਈਆ । ਸਤਿਗੁਰ ਸ਼ਬਦ ਤੇਰੀਆਂ ਸਭ ਨੂੰ ਰੱਖਾਂ, ਪੰਜਾਬੀ ਬੋਲੀ ਵਿਚ ਵਡਿਆਈਆ । ਜਨ ਭਗਤਾਂ ਦੇਵੇ ਕੋਈ ਨਾ ਮੱਤਾਂ, ਮਤਿਆਂ ਵਿਚੋਂ ਬਾਹਰ ਕਢਾਈਆ । ਸਾਚੇ ਪ੍ਰੇਮ ਰੰਗ ਵਿਚ ਰੱਤਾ, ਰਤਨ ਅਮੋਲਕ ਹੀਰਾ ਨਜ਼ਰੀ ਆਈਆ । ਜਿਸ ਨੇ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਜਪਾ, ਜਗਜੀਵਣ ਦਾਤਾ ਦਏ ਵਡਿਆਈਆ । ਸੰਮਤ ਚੌਥਾ ਕਹੇ ਚੌਥੇ ਜੁਗ ਬਿਨ ਸਤਿਗੁਰ ਸ਼ਬਦ ਤੋਂ ਝੂਠੀਆਂ ਸਭ ਦੀਆਂ ਗੱਪਾਂ, ਧੁਰ ਦਾ ਗਾਹਕ ਨਜ਼ਰ ਕੋਇ ਨਾ ਆਈਆ । ਅੰਤ ਅਖ਼ੀਰ ਸਭ ਨੂੰ ਨੱਪਾਂ, ਸਿਰ ਸਕੇ ਨਾ ਕੋਇ ਉਠਾਈਆ । ਬਿਨ ਖੰਡੇ ਕਟਾਰ ਸਭ ਨੂੰ ਕੱਪਾਂ, ਕਪੀਨ ਹੱਥ ਨਾ ਕੋਇ ਉਠਾਈਆ । ਅੱਖੀਂ ਵੇਂਹਦਿਆਂ ਸਭ ਦੇ ਅੰਦਰ ਛੁਪਾਂ, ਛੱਪਰ ਛੰਨ ਨਾ ਕੋਇ ਵਖਾਈਆ । ਭਗਤ ਸੁਹੇਲਿਆਂ ਅੰਦਰ ਵੜ ਕੇ ਪੁਛਾਂ, ਪੋਸ਼ੀਦਾ ਪੜਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਵਾਂਗੂ ਆਓ ਤੁਹਾਨੂੰ ਗੋਦ ਉਠਾਵਾਂ ਵਾਂਗ ਪੁੱਤਾਂ, ਧੁਰ ਦੀ ਬਣਾਂ ਜਣੇਂਦੀ ਮਾਈਆ । ਸੋਹਣੀ ਵੇਖਾਂ ਸੁਹੰਜਣੀ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜਨਮ ਕਰਮ ਦਾ ਰਹੇ ਨਾ ਕੋਇ ਵਿਗੁਤਾ, ਵਿਗੜੀ ਦਿਆਂ ਬਣਾਈਆ । ਮਾਤ ਗਰਭ ਲਟਕੇ ਕੋਈ ਨਾ ਪੁੱਠਾ, ਜੋ ਦਰ ਠਾਂਡੇ ਸੀਸ ਨਿਵਾਈਆ । ਸੰਮਤ ਚੌਥਾ ਕਹੇ ਜਨ ਭਗਤੋ ਪ੍ਰੇਮ ਪਿਆਰ ਦੀਆਂ ਲੁੱਟ ਲਓ ਲੁੱਟਾਂ, ਲੁੱਟੀ ਜਾਣੀ ਕੂੜ ਲੋਕਾਈਆ । ਸ੍ਰਿਸ਼ਟੀ ਭਰੀ ਨਾਲ ਦੁੱਖਾਂ, ਸਾਂਤਕ ਸਤਿ ਨਾ ਕੋਇ ਕਰਾਈਆ । ਪੱਤ ਝੜਨੇ ਨਾਲੋਂ ਰੁੱਖਾਂ, ਰੁੱਖੀ ਸੁੱਖੀ ਹੱਥ ਕਿਸੇ ਨਾ ਆਈਆ । ਕੀ ਹਾਲ ਹੋਏ ਮਨੁੱਖਾਂ, ਮਾਨਵ ਹੋਏ ਦੁਹਾਈਆ । ਸਤਿਗੁਰ ਸ਼ਬਦ ਕਹੇ ਸੰਮਤ ਚੌਥੇ ਮੈਂ ਪਿਆਰ ਵਿਚ ਮੁਹੱਬਤ ਵਿਚ ਉਨ੍ਹਾਂ ਭਗਤਾਂ ਝੁਕਾਂ, ਜੋ ਝੁਕ ਝੁਕ ਪ੍ਰਭ ਨੂੰ ਸੀਸ ਨਿਵਾਈਆ । ਜਿਨ੍ਹਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਪੜ੍ਹ ਲਈਆਂ ਤੁਕਾਂ, ਤੁਖ਼ਮ ਤਾਅਸੀਰ ਦਿਆਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰੇਮ ਪ੍ਰੀਤੀ ਅੰਦਰ ਭੁੱਖਾ, ਭੁੱਖਿਆਂ ਭੁੱਖ ਦਏ ਗਵਾਈਆ ।

## ੭ ਸਾਵਣ ਸ਼ਹਿਨਸ਼ਾਹੀ ਸੰਮਤ ੪ ਦੀਦਾਰ ਸਿੰਘ ਦੇ ਗ੍ਰਿਹਿ ਸ਼ਫ਼ੀ ਪੁਰ ਜ਼ਿਲਾ ਅੰਮ੍ਰਿਤਸਰ

ਸੁਣ ਗੋਬਿੰਦ ਸ਼ਬਦ ਸੂਰੇ ਸਰਬੰਗੇ, ਪੁਰਖ ਅਕਾਲ ਇਕ ਦ੍ਰਿੜਾਈਆ । ਲੱਖ ਚੁਰਾਸੀ ਅੰਤਰ ਨਿਰੰਤਰ ਨਿਰਗੁਣ ਹੋ ਕੇ ਵੇਖਾਂ ਜੰਗੇ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਸੰਤ ਸੁਹੇਲੇ ਜਨ ਭਗਤ ਲੱਭਾਂ ਧੁਰ ਦੇ ਬੰਦੇ, ਬੰਦਗੀ ਵਿਚ ਮਸ਼ੰਦਗੀ ਅਵਰ ਨਾ ਕੋਇ ਰਖਾਈਆ । ਕੂੜ ਕੁੜਿਆਰ ਵਖਾਇਆ ਜੀਵਣ ਜੁਗਤ ਜਗਤ ਧੰਦੇ, ਤਨ ਵਜੂਦ ਮਾਟੀ ਖ਼ਾਕ ਫੋਲ ਫੋਲਾਈਆ । ਪ੍ਰੀਤਮ ਹੋ ਕੇ ਪ੍ਰੇਮੀਆਂ ਦੇਵੇ ਇਕ ਅਨੰਦੇ, ਅਨੰਦ ਆਤਮ ਪਰਮਾਤਮ ਪਰਮਾਤਮ ਆਤਮ ਇਕ ਜਣਾਈਆ । ਸਤਿ ਸਵਾਮੀ ਅੰਤਰਜਾਮੀ ਹੋ ਕੇ ਵਸਾਂ ਸੰਗੇ, ਸਗਲਾ ਸੰਗ ਬਹੁਰੰਗ ਆਪਣਾ ਆਪ ਜਣਾਈਆ । ਜੋ ਸਚ ਸਰਨਾਈ ਸਾਹਿਬ ਸਤਿਗੁਰ ਲੱਗੇ, ਲਗ ਮਾਤਰ ਦਾ ਲੇਖਾ ਦਿਆਂ ਮੁਕਾਈਆ । ਤ੍ਰੈਗੁਣ ਮਾਇਆ ਅਗਨੀ ਤਤ ਕੋਈ ਨਾ ਤਪੇ, ਤਾਮਸ ਤ੍ਰਿਸ਼ਨਾ ਦਿਆਂ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਨਾਮ ਜਪੇ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਦਰਗਾਹ ਸਾਚੀ ਸਚਖੰਡ ਦਵਾਰ ਸ਼ਬਦੀ ਧਾਰ ਦੇਵਾਂ ਪਤੇ, ਪਤਿਪਰਮੇਸ਼ਵਰ ਹੋ ਕੇ ਪੜਦਾ ਉਹਲਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕ ਏਕੰਕਾਰਾ ਇਕੋ ਇਕ ਜਣਾਈਆ । ਪੁਰਖ ਅਕਾਲ ਕਹੇ ਗੋਬਿੰਦ ਦੇਵਾਂ ਨਾਮ ਅਗੰਮਾ ਸਚ, ਸਾਜਣ ਧੁਰ ਦਾ ਇਕ ਦ੍ਰਿੜਾਈਆ । ਭਾਗ ਲਗਾਵਾਂ ਕਾਇਆ ਮਾਟੀ ਕੱਚ, ਕੰਚਨ ਗੜ੍ਹ ਅੰਦਰ ਵੜ ਦਿਆਂ ਵਖਾਈਆ । ਮਨ ਕਲਪਨਾ ਕੋਈ ਨਾ ਸਕੇ ਨੱਚ, ਦਹਿ ਦਿਸ਼ਾ ਉਠ ਨਾ ਕੋਇ ਧਾਈਆ । ਆਤਮ ਪਰਮਾਤਮ ਧੀਰਜ ਦੇ ਕੇ ਸਤਿ, ਸਤਿ ਧਰਮ ਦਾ ਮਾਰਗ ਇਕ ਦ੍ਰਿੜਾਈਆ । ਨਾੜ ਬਹੱਤਰ ਕਿਸੇ ਨਾ ਉਬਲੇ ਰੱਤ, ਰਤਨ ਅਮੋਲਕ ਹੀਰਾ ਨਾਮ ਧੁਰ ਦਾ ਝੋਲੀ ਪਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਸਾਚਾ ਹੋਵੇ ਜਸ, ਦੂਸਰ ਸਿਫ਼ਤ ਨਾ ਕੋਇ ਸਾਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਹੋਵੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਖੇਲ ਵੇਖਾਂ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਪੜਦਾ ਦਿਆਂ ਉਠਾਈਆ । ਜਨ ਭਗਤਾਂ ਲੇਖੇ ਲਾਏ ਸਵਾਸ ਸਵਾਸ, ਪਵਣ ਪਵਣਾ ਅਵਣ ਗਵਣਾ ਗੇੜਾ ਦਿਆਂ ਮੁਕਾਈਆ । ਨਿਰਗੁਣ ਨੂਰ ਜੋਤ ਜੋਤ ਕਰ ਪ੍ਰਕਾਸ਼, ਪ੍ਰਕਾਸ਼ਤ ਹੋ ਕੇ ਵੇਖਾਂ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਰਾਇਣ ਇਕੋ ਇਕ ਦ੍ਰਿੜਾਈਆ । ਸੁਣ ਗੋਬਿੰਦ ਸ਼ਬਦ ਦੁਲਾਰੇ, ਧੁਰਦਰਗਾਹੀ ਦਿਆਂ ਜਣਾਈਆ । ਪਿਛਲੇ ਬੀਤੇ ਜੁਗ ਚਾਰੇ, ਚਾਰੇ ਖਾਣੀ ਖੋਜ ਖੁਜਾਈਆ । ਚਾਰੇ ਬਾਣੀ ਵਾਜਾਂ ਮਾਰੇ, ਪਰਾ ਪਸੰਤੀ ਮਧਮ ਬੈਖਰੀ ਰੋ ਰੋ ਦਏ ਦੁਹਾਈਆ । ਕਿਰਪਾ ਕਰ ਆਪ ਨਿਰੰਕਾਰੇ, ਨਿਰਵੈਰ ਤੇਰੀ ਸਰਨਾਈਆ । ਸਦੀ ਚੌਧਵੀਂ ਸਾਰੇ ਹਾਰੇ, ਹਿਰਦੇ ਹਰਿ ਨਾ ਕੋਇ ਵਸਾਈਆ । ਬਿਨਾ ਤੇਰੀ ਕਿਰਪਾ ਡੁਬਦੇ ਪਾਥਰ ਕੋਈ ਨਾ ਤਾਰੇ, ਪਾਹਨ ਪਾਰ ਨਾ ਕੋਇ ਕਰਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦੁਨੀ ਤੇਰੇ ਸਹਾਰੇ, ਸਹਾਇਕ ਨਾਇਕ ਦੂਜਾ ਨਜ਼ਰ ਕੋਇ ਨਾ ਆਈਆ । ਦੀਨਨ ਦੀਨ ਦਿਆਲ ਦਰ ਤੇਰੇ ਸਰਬ ਪੁਕਾਰੇ, ਪੁਨਹ ਪੁਨਹ ਸੀਸ ਸਰਬ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਸਚਖੰਡ ਦਵਾਰੇ ਏਕੰਕਾਰੇ ਤੇਰੀ ਆਸ ਰਖਾਈਆ । ਗੋਬਿੰਦ ਸ਼ਬਦ ਸੁਣ ਧੁਰ ਦੇ ਮੀਤੇ, ਮਿਤ੍ਰ ਪਿਆਰੇ ਦਿਆਂ ਦ੍ਰਿੜਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇ ਰੀਤੇ, ਰੀਤੀਵਾਨ ਵੇਖ ਵਖਾਈਆ ।

ਝਗੜਾ ਮੁਕੇ ਮੰਦਰ ਮਸੀਤੇ, ਕਾਇਆ ਕਾਅਬੇ ਹੋਏ ਰੁਸ਼ਨਾਈਆ । ਘਰ ਵਖਾ ਇਕ ਅਨਡੀਠੇ, ਗ੍ਰਹਿ ਮੰਦਰ ਦੇ ਸੁਹਾਈਆ । ਜਿਥੇ ਨਾਮ ਨਿਧਾਨ ਅੰਮ੍ਰਿਤ ਰਸ ਜਾਣ ਪੀਤੇ, ਸਰ ਸਰੋਵਰ ਇਕੋ ਸੋਭਾ ਪਾਈਆ । ਪੜ੍ਹਨੀ ਪਏ ਕੋਇ ਨਾ ਗੀਤੇ, ਅੱਖਰ ਵੱਖਰ ਨਾ ਵੰਡ ਵੰਡਾਈਆ । ਝਗੜਾ ਰਹੇ ਨਾ ਊਚ ਨੀਚੇ, ਜ਼ਾਤ ਪਾਤ ਨਾ ਕੋਇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਹੋਵਣ ਠਾਂਡੇ ਸੀਤੇ, ਅਗਨੀ ਤਤ ਨਾ ਕੋਇ ਤਪਾਈਆ । ਪੰਚ ਵਿਕਾਰ ਤਨ ਵਜੂਦ ਮਾਟੀ ਖ਼ਾਕੀ ਹੋਣ ਭੈ ਭੀਤੇ, ਕਾਮ ਕਰੋਧ ਲੋਭ ਮੋਹ ਹੰਕਾਰ ਸਿਰ ਸਕੇ ਨਾ ਕੋਇ ਉਠਾਈਆ । ਕਰੇ ਖੇਲ ਸਮਰਥ ਸਵਾਮੀ ਤ੍ਰੈਗੁਣ ਅਤੀਤੇ, ਤ੍ਰੈਭਵਣ ਧਨੀ ਮਿਹਰਵਾਨ ਮਿਹਰ ਨਜ਼ਰ ਇਕ ਤਕਾਈਆ । ਕਿਸੇ ਤਪਣਾ ਪਏ ਨਾ ਵਿਚ ਅੰਗੀਠੇ, ਗੋਬਿੰਦ ਅੰਤਮ ਲੇਖਾ ਗਿਆ ਮੁਕਾਈਆ । ਏਕਾ ਤਾਜ ਸੋਹੇ ਸੀਸ ਜਗਦੀਸ਼ੇ, ਦੋ ਜਹਾਨ ਨੌਜਵਾਨ ਮਰਦ ਮਰਦਾਨ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦੀ ਚੌਧਵੀਂ ਅੰਤ ਅਖ਼ੀਰ ਸਾਰੇ ਜਾਣ ਬੀਤੇ, ਬਾਤਨ ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਓਟ ਤਕਾਈਆ । ਗੋਬਿੰਦ ਸ਼ਬਦ ਸੁਣ ਸੂਰਬੀਰ ਬਹਾਦਰ, ਜੋਧੇ ਧੁਰ ਦੇ ਦਿਆਂ ਜਣਾਈਆ । ਕਰੇ ਖੇਲ ਕਰੀਮ ਕਰਤਾ ਕਾਦਰ, ਕੁਦਰਤ ਕਾਇਨਾਤ ਸ੍ਰਿਸ਼ਟੀ ਵੇਖ ਵਖਾਈਆ । ਦੋ ਜਹਾਨ ਕਰੇ ਅਗੰਮਾ ਆਦਲ, ਇਨਸਾਫ਼ ਵੇਖੇ ਥਾਉਂ ਥਾਈਂਆ । ਝਗੜਾ ਮੁਕਾਏ ਮਕਤੂਲ ਕ਼ਾਤਲ, ਕ਼ਤਲਗਾਹ ਬੇਪ੍ਰਵਾਹ ਪੜਦਾ ਦਏ ਉਠਾਈਆ । ਮੁਕੱਦਸ ਜਣਾਏ ਧਾਮ ਬਾਤਲ, ਬੈਤੁਲਮੁਕੱਦਸ ਇਕ ਵਖਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਦਵਾਰ ਹੋਵੇ ਪਾਤਣ, ਨਈਆ ਨੌਕਾ ਇਕਾ ਨਾਮ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਵੇ ਪੂਜਾ ਪਾਠਨ, ਸਿਮਰਨ ਜੋਗ ਅਭਿਆਸ ਇਕੋ ਦਏ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਜੋ ਮਿਲ ਕੇ ਆਖਣ, ਆਖ਼ਰ ਲਹਿਣਾ ਦੇਣਾ ਸਭ ਦੀ ਝੋਲੀ ਪਾਈਆ । ਪੜਦਾ ਉਹਲਾ ਬਣ ਵਿਚੋਲਾ ਖੋਲ੍ਹੇ ਬਾਤਨ, ਬੇਵਤਨਾਂ ਵਤਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਬਣ ਕੇ ਸਾਥਨ, ਧੁਰ ਦਾ ਸੰਗੀ ਆਪਣਾ ਸੰਗ ਨਿਭਾਈਆ । ਗੋਬਿੰਦ ਸ਼ਬਦ ਸੁਣ ਹੁਕਮਰਾਨ, ਸੰਦੇਸਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਹੋਵੇ ਵੈਰਾਨ, ਵੈਰੀ ਮਿਤ੍ਰ ਇਕੋ ਰੰਗ ਵਖਾਈਆ । ਦੀਨ ਦੁਨੀ ਬਦਲ ਜਾਏ ਵਿਧਾਨ, ਵਾਅਦੇ ਵਿਚ ਵਾਹਦ ਦੱਸੇ ਜਗਤ ਲੋਕਾਈਆ । ਸਿਦਕ ਸਬੂਰੀ ਸਾਬਤ ਕਰ ਈਮਾਨ, ਅਮਲ ਇਕੋ ਦਏ ਜਣਾਈਆ । ਧਰਮ ਦਵਾਰ ਰਹੇ ਨਾ ਕੋਈ ਬੇਈਮਾਨ, ਬੇਵਾ ਰੂਪ ਨਾ ਕੋਇ ਦੁਹਾਈਆ । ਉਤਮ ਸ੍ਰੇਸ਼ਟ ਸ੍ਰਿਸ਼ਟੀ ਦ੍ਰਿਸ਼ਟੀ ਬੁੱਧੀ ਤੋਂ ਪਰੇ ਜਨ ਭਗਤਾਂ ਹੋਵੇ ਖ਼ਾਨਦਾਨ, ਭਗਵਨ ਨਾਤਾ ਆਪਣੇ ਨਾਲ ਜੁੜਾਈਆ । ਪੰਜ ਤਤ ਦੇ ਬ੍ਰਹਮ ਮਤਿ ਨਿਰਗੁਣ ਨਿਰਗੁਣ ਦੇਵੇ ਪਹਿਚਾਨ, ਸਰਗੁਣ ਮੇਲਾ ਸਹਿਜ ਸੁਭਾਈਆ । ਚਾਰ ਕੁੰਟ ਦਹਿ ਦਿਸ਼ਾ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਢੋਲਾ ਇਕੋ ਗਾਣ, ਕਲਮਾ ਕਾਇਨਾਤ ਕ਼ਾਇਮ ਹੋ ਕੇ ਦਏ ਜਣਾਈਆ । ਸਾਚੀ ਮੰਜ਼ਲ ਦਰਗਾਹ ਸਾਚੀ ਹੱਕ ਦੱਸ ਆਸਾਨ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਦੇਵੇ ਜੀਵ ਜੰਤ ਦਾਨ, ਜਗਤ ਜੁਗਤ ਜੋਗ ਜਾਗਰਤ ਜੀਵ ਈਸ਼ ਦਏ ਦ੍ਰਿੜਾਈਆ ।

## ✻ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਧੁਰ ਦਾ ਹੁਕਮ ਸ੍ਰੀ ਭਗਵਾਨ, ਭਗਵਨ ਆਪਣਾ ਦਏ ਜਣਾਈਆ । ਮਨ ਵਾਸਨਾ ਸਾਰੇ ਕੁਰਲਾਣ, ਅੰਤਰ ਪ੍ਰੇਮ ਨਾ ਕੋਇ ਰਖਾਈਆ । ਜਗਤ ਵਿਕਾਰ ਕੀਤਾ ਬੇਈਮਾਨ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਸ਼ਰਅ ਵਿਚ ਬਣ ਸ਼ੈਤਾਨ, ਕੂੜ ਕਰਨ ਵਡਿਆਈਆ । ਪੁਰਖ ਅਬਿਨਾਸ਼ੀ ਜਾਣੀ ਜਾਣ, ਹਰ ਘਟ ਬੈਠਾ ਵੇਖ ਵਖਾਈਆ । ਜੁਗ ਚੌਕੜੀ ਖੇਲੇ ਖੇਲ ਵਿਚ ਜਹਾਨ, ਨਿਰਗੁਣ ਸਰਗੁਣ ਫੇਰਾ ਪਾਈਆ । ਮੇਲ ਮਿਲੌਂਦਾ ਰਹੇ ਭਗਤ ਭਗਵਾਨ, ਧੁਰ ਦੀ ਆਪਣੀ ਕਾਰ ਕਮਾਈਆ । ਵਿਸ਼ਨੂੰ ਵੇਖ ਹੋਇਆ ਹੈਰਾਨ, ਬ੍ਰਹਮਾ ਨੇਤਰ ਅੱਖ ਸ਼ਰਮਾਈਆ । ਸ਼ੰਕਰ ਮਸਤਕ ਟਿੱਕੇ ਲੱਗਾ ਲਾਹਣ, ਬਹੁੜੀ ਬਹੁੜੀ ਕੁਰਲਾਈਆ । ਮਨਜੀਤ ਮਾਰਿਆ ਧਿਆਨ, ਛੋਟਾ ਬਾਲਾ ਅੱਖ ਉਠਾਈਆ । ਵੇਖ ਜਗਦੀਸ਼ ਨੌਜਵਾਨ, ਸੂਰਬੀਰ ਲੈ ਅੰਗੜਾਈਆ । ਪਾਲ ਸਿੰਘ ਲੱਗਾ ਤਕਾਣ, ਬਿਨ ਅੱਖ ਅੱਖ ਉਠਾਈਆ । ਗੁਰਦਿਆਲ ਲੱਗਾ ਸੁਣਾਣ, ਚੇਤ ਬੇਪ੍ਰਵਾਹੀਆ । ਸਵਰਨ ਲੱਗਾ ਗਾਣ, ਬਿਨ ਕਾਨ ਖੇਲ ਵਖਾਈਆ । ਬ੍ਰਾਹਮਣ ਹੋ ਪ੍ਰਧਾਨ, ਸਭ ਨੂੰ ਦਿਤਾ ਜਣਾਈਆ । ਲੋਕਮਾਤ ਮਾਰੋ ਧਿਆਨ, ਧਰਨੀ ਧਰਤ ਧਵਲ ਵੇਖ ਵਖਾਈਆ । ਜਿਸ ਨੂੰ ਸਚਖੰਡ ਬੈਠੇ ਕਹਿੰਦੇ ਅਸੀਂ ਭਗਵਾਨ, ਉਸ ਨੂੰ ਮਾਤਲੋਕ ਮਿਲੇ ਨਾ ਕੋਇ ਵਡਿਆਈਆ । ਮਤਾ ਪਕਾਈਏ ਇਕੱਠੇ ਹੋ ਆਣ, ਮਸ਼ਵਰਾ ਇਕ ਦ੍ਰਿੜਾਈਆ । ਪ੍ਰਭੂ ਛੱਡ ਦੇ ਝੂਠਾ ਜਹਾਨ, ਕਲਜੁਗ ਅੰਤਰ ਸਚਖੰਡ ਆਜਾ ਚਾਈਂ ਚਾਈਂਆ । ਰੋਂਦਾ ਰਹੇ ਇਨਸਾਨ, ਆਂਸੂ ਨੈਣਾਂ ਵਾਲੇ ਵਹਾਈਆ । ਸਾਨੂੰ ਦਰ ਕਰ ਪ੍ਰਵਾਨ, ਪ੍ਰਵਾਨੇ ਧੁਰ ਦੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਗਦੀਸ਼ ਕਹੇ ਸੁਣ ਮਨਜੀਤ ਕਾਕਾ, ਵੀਰ ਛੋਟੇ ਦਿਆਂ ਜਣਾਈਆ । ਪੁਰਖ ਅਕਾਲ ਸਾਡਾ ਆਕਾ, ਓਹੋ ਪਿਤਾ ਮਾਈਆ । ਬੇਨੰਤੀ ਕਰੀਏ ਛੱਡ ਦੇ ਦੁਨੀਆ ਵਾਲਾ ਸਾਕਾ, ਲੋਕਮਾਤ ਲੇਖਾ ਦੇ ਮੁਕਾਈਆ । ਅਗੇ ਸਾਡਾ ਦੇ ਸਾਥਾ, ਸਚਖੰਡ ਰਹਿ ਕੇ ਖ਼ੁਸ਼ੀ ਮਨਾਈਆ । ਤੇਰੇ ਵਿਛੋੜੇ ਦਾ ਪਏ ਨਾ ਘਾਟਾ, ਪੰਚਮ ਹੋ ਕੇ ਸੀਸ ਨਿਵਾਈਆ । ਤੇਰਾ ਭੁੱਲ ਗਿਆ ਗੋਬਿੰਦ ਬਾਟਾ, ਤੈਨੂੰ ਜਲ ਪਾਣੀ ਨਾ ਕੋਇ ਪਿਆਈਆ । ਕੂੜ ਸ੍ਰਿਸ਼ਟੀ ਕੂੜੀ ਰਾਸਾ, ਕੂੜ ਕੂੜਾ ਰੂਪ ਬਣਾਈਆ । ਅਗੇ ਬਦਲ ਦੇ ਪਾਸ਼ਾ, ਬਾਜ਼ੀ ਆਪਣੀ ਦੇ ਉਲਟਾਈਆ । ਸਚਖੰਡ ਨਿਵਾਸੀ ਸਚਖੰਡ ਦਵਾਰੇ ਕਰ ਲੈ ਵਾਸਾ, ਕਾਇਆ ਤਤ ਦੇ ਤਜਾਈਆ । ਤੇਰਾ ਨੂਰ ਸਦਾ ਹੋਵੇ ਪ੍ਰਕਾਸ਼ਾ, ਪ੍ਰਕਾਸ਼ ਵਿਚ ਮਿਲ ਕੇ ਸਾਡੀ ਵਜਦੀ ਰਹੇ ਵਧਾਈਆ । ਤੂੰ ਹੀ ਸਾਡਾ ਸਾਂਝਾ ਬਾਪਾ, ਤੇਰੇ ਚਰਨ ਓਟ ਤਕਾਈਆ । ਤੈਨੂੰ ਕਿਹੜਾ ਕੋਈ ਚੜ੍ਹਨਾ ਤਾਪਾ, ਆਪਾ ਆਪਣੇ ਵਿਚੋਂ ਲੈ ਕੇ ਸਾਡੇ ਕੋਲ ਆਈਆ । ਸਚਖੰਡ ਬਹਿ ਕੇ ਸਭ ਦਾ ਬਣ ਜਾ ਰਾਖਾ, ਤੈਨੂੰ ਪ੍ਰਿਆ ਜਗਤ ਦੀ ਲੋੜ ਰਹੇ ਨਾ ਰਾਈਆ । ਤੈਨੂੰ ਭੋਜਨ ਖਾਣਾ ਨਾ ਪੀਹਣਾ ਪਏ ਆਟਾ, ਜਗਤ ਤ੍ਰਿਸ਼ਨਾ ਨਾ ਕੋਇ ਵਖਾਈਆ । ਤੇਰੀ ਚਰਨ ਧੂੜੀ ਮੰਗੇ ਜੋਤ ਜਵਾਲਾ ਵਾਲੀ ਲਾਟਾ, ਸੇਵਕ ਹੋ ਕੇ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਦਾਸੀ ਦਾਸਾ, ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਆਸਾ ਪੂਰ ਕਰਾਈਆ । ਮਨਜੀਤ ਜਗਦੀਸ਼ ਤੁਹਾਨੂੰ ਰਹੇ ਸੱਦ, ਵਾਰੀ ਸਾਡੀ ਦੇਣੀ ਆਈਆ । ਉਨ੍ਹਾਂ ਨੂੰ ਆਵੀਂ ਛੱਡ, ਜਿਹੜੇ ਨਾਤਾ ਰਹੇ ਤੁੜਾਈਆ । ਸਚਖੰਡ ਦਵਾਰੇ ਬਹਿ ਸਜ, ਸੱਜਣ ਹੋ ਕੇ ਧੁਰਦਰਗਾਹੀਆ । ਆਪਣੇ ਨਾਮ ਦਾ ਵਜੌਂਦਾ

ਰਹੇ ਨਦ, ਦੋ ਜਹਾਨਾਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਖੇੜਾ ਦਏ ਸੁਹਾਈਆ । ਜਗਦੀਸ਼ ਕਹੇ ਸੁਣ ਮੇਰੇ ਨੰਨ੍ਹੇ ਵੀਰ, ਵਾਰਤਾ ਦਿਆਂ ਸੁਣਾਈਆ । ਇਕ ਵਾਰ ਉਠਾਈਏ ਸਾਰੇ ਅਵਤਾਰ ਪੈਗ਼ੰਬਰ ਗੁਰ ਪੀਰ, ਵਾਸਤਾ ਦੇਣਾ ਪਾਈਆ । ਪੁਰਖ ਅਕਾਲ ਘਤ ਕੇ ਆ ਵਹੀਰ, ਨਾਤਾ ਜਗਤ ਨਾਲੋਂ ਤੁੜਾਈਆ । ਫਿਰ ਆਪੇ ਤੇਰੀ ਲਭਦੇ ਰਹਿਣ ਤਸਵੀਰ, ਖੋਜਿਆਂ ਹੱਥ ਕਿਸੇ ਨਾ ਆਈਆ । ਤੂੰ ਕੋਈ ਮੰਗਤਾ ਨਹੀਂ ਪਾਣੀ ਨੀਰ, ਸਮੁੰਦ ਸਾਗਰ ਤੇਰੀ ਬੇਪ੍ਰਵਾਹੀਆ । ਕੋਈ ਦਰਵੇਸ਼ ਨਹੀਂ ਫ਼ਕੀਰ, ਬਗ਼ਲੀ ਹੱਥ ਉਠਾਈਆ । ਤੂੰ ਸ਼ਾਹ ਪਾਤਸ਼ਾਹ ਅਸੀਂ ਤੇਰੇ ਅਜ਼ੀਜ਼, ਸਚਖੰਡ ਬੈਠੇ ਸੀਸ ਨਿਵਾਈਆ । ਜੇ ਚੌਵੀ ਸਾਲ ਵਿਚ ਕਿਸੇ ਨੂੰ ਆਈ ਨਹੀਂ ਤਮੀਜ਼, ਚੌਵੀਏਂ ਅਵਤਾਰ ਆਪਣੀ ਚਾਲ ਲੈ ਬਦਲਾਈਆ । ਸ਼ਰੀਰ ਛਡਣਾ ਤੇਰਾ ਇਕ ਛੋਟਾ ਪਾਟਾ ਹੋਇਆ ਕ਼ਮੀਜ਼, ਨਾਤਾ ਦੀਨ ਦੁਨੀ ਤੁੜਾਈਆ । ਅਸੀਂ ਬੈਠੇ ਰੱਖਕੇ ਤੇਰੀ ਉਮੀਦ, ਆਸਾ ਵਿਚ ਰਾਹ ਤਕਾਈਆ । ਮੁਹੰਮਦ ਕਹੇ ਮੇਰੀ ਵੇਖ ਕ਼ੁਰਾਨ ਮਜੀਦ, ਮੁਜੱਸਮ ਰਹੀ ਦ੍ਰਿੜਾਈਆ । ਈਸਾ ਕਹੇ ਮੇਰੀ ਇਹੋ ਤਮਹੀਦ, ਤਮਅ ਤੋਂ ਬਾਹਰ ਰਖਾਈਆ । ਮੂਸਾ ਕਹੇ ਮੇਰੀ ਸੱਯਦੇ ਵਾਲੀ ਮਜ਼ੀਦ, ਨਿਸਬਤ ਵੰਡ ਨਾ ਕੋਇ ਵੰਡਾਈਆ । ਨਾਨਕ ਕਿਹਾ ਗ਼ਰੀਬ, ਇਹੋ ਦੇ ਕੇ ਆਇਆ ਦੁਹਾਈਆ । ਗੋਬਿੰਦ ਕਿਹਾ ਤੇਰੀ ਸਮਝੇ ਨਾ ਕੋਇ ਤਰਕੀਬ, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ । ਸਭ ਦੀ ਆਸਾ ਮਨਸਾ ਪੂਰੀ ਕਰ ਲਿਖਤੀ ਲੈ ਰਸੀਦ, ਧੁਰ ਫ਼ਰਮਾਨਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪਣਾ ਦੇ ਸਮਝਾਈਆ । ਮਨਜੀਤ ਕਹੇ ਜਗਦੀਸ਼ ਪ੍ਰਭੂ ਨੂੰ ਕਹੀਏ ਆ ਜਾ ਛੇਤੀ, ਬੱਚੇ ਤੇਰਾ ਧਿਆਨ ਲਗਾਈਆ । ਤੂੰ ਸਭ ਦਾ ਅੰਤਰ ਭੇਤੀ, ਸਚਖੰਡ ਤੇਰੀ ਵੱਜੇ ਵਧਾਈਆ । ਤੈਨੂੰ ਬਾਹਰੋਂ ਜਗਤ ਵਾਸਨਾ ਮੱਥਾ ਰਹੇ ਟੇਕੀ, ਅੰਦਰੋਂ ਪ੍ਰੇਮ ਨਾ ਕੋਇ ਰਖਾਈਆ । ਕ਼ਦਮਾਂ ਉਤੇ ਰਹੇ ਲੇਟੀ, ਚਰਨ ਧੂੜ ਨਾ ਕੋਇ ਰਮਾਈਆ । ਕਿਉਂ ਸਾਹਿਬ ਹੋਇਉਂ ਪ੍ਰਦੇਸੀ, ਸਚਖੰਡ ਸਾਚਾ ਦੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਮੇਲਾ ਲੈ ਮਿਲਾਈਆ । ਜਗਦੀਸ਼ ਕਹੇ ਮਨਜੀਤ ਆ ਵੇਖ ਜਗਤ ਅੰਧੇਰੀ ਰਾਤ, ਰਾਤੀਂ ਦਿਆਂ ਜਣਾਈਆ । ਸਭ ਨੂੰ ਭੁੱਲੀ ਮਾਨਸ ਜ਼ਾਤ, ਮਾਨਵ ਰੂਪ ਨਾ ਕੋਇ ਜਣਾਈਆ । ਜਿਸ ਸਾਹਿਬ ਤੋਂ ਗੁਰੂ ਅਵਤਾਰ ਪੈਗ਼ੰਬਰ ਮੰਗਦੇ ਆਬੇਹਯਾਤ, ਉਸ ਨੂੰ ਪਾਣੀ ਜਲ ਹੱਥ ਨਾ ਕੋਇ ਫੜਾਈਆ । ਕੁਛ ਲੇਖਾ ਲਿਖ ਦੇ ਨਾਲ ਕ਼ਲਮ ਦਵਾਤ, ਕਾਇਨਾਤ ਵਿਚ ਹੁਕਮ ਵਰਤਾਈਆ । ਇਹ ਖੇਲ ਸਾਖਿਆਤ, ਪੜਦਿਆਂ ਵਿਚ ਨਾ ਕੋਇ ਛੁਪਾਈਆ । ਇਕ ਹੋਰ ਅਗੰਮੀ ਬਾਤ, ਤੈਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਮਨਜੀਤ ਕਹੇ ਇਕ ਆਵਾਜ਼ ਅਗੰਮੀ ਵੱਜੀ, ਵਜਹ ਦਿਆਂ ਸਮਝਾਈਆ । ਜ਼ਰਾ ਵੇਖ ਤਰਫ਼ ਸੱਜੀ, ਹਰਿ ਸੱਜਣ ਰਿਹਾ ਦ੍ਰਿੜਾਈਆ । ਜਿਸ ਦੀ ਜੋਤ ਮਾਤ ਜਗੀ, ਅੰਤਮ ਓਹੋ ਰਿਹਾ ਬੁਝਾਈਆ । ਜਿਸ ਦੀ ਸਮਝੇ ਕੋਈ ਨਾ ਸੁਦੀ ਵਦੀ, ਸੁਧੀ ਸੁਧ ਨਾ ਕੋਇ ਬਣਾਈਆ । ਹੁਕਮੇ ਅੰਦਰ ਸ੍ਰਿਸ਼ਟੀ ਬੱਧੀ, ਦ੍ਰਿਸ਼ਟੀ ਦਏ ਗਵਾਹੀਆ । ਜਿਸ ਨੇ ਸਭ ਦੀ ਕਰਨੀ ਕੀਤੀ ਰੱਦੀ, ਮਾਣ ਵਡਿਆਈ ਨਾ ਕੋਇ ਰਖਾਈਆ । ਓਹ ਨਾਤਾ ਤੋੜ ਦੇਵੇ ਆਪਣਾ ਤਨ ਵਜੂਦ ਹੱਡੀ, ਜੋਤ ਦੀ ਬਖ਼ਸ਼ ਦੇਵੇ ਆਪਣੀ ਗੱਦੀ, ਗਦਾਗਰਾਂ ਸ਼ਹਿਨਸ਼ਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਜਗਦੀਸ਼ ਕਹੇ ਮਨਜੀਤ ਕੀ ਸੁਣਿਆ ਤਾਰਾ ਸਿੰਘ



੩੨੦ ੨੧

ਕਹੇ ਹਾਏ ਪਾਣੀ, ਪਾਣੀ ਹੱਥ ਕੋਇ ਨਾ ਆਈਆ । ਇਕ ਸੌ ਸੈਂਤੀ ਦਿਨ ਏਸੇ ਪਾਣੀ ਦੀ ਚਲਦੀ ਰਹੀ ਕਹਾਣੀ, ਕਹਾਵਤ ਸਭ ਨੂੰ ਰਿਹਾ ਦ੍ਰਿੜਾਈਆ । ਸਾਰੇ ਸਮਝਦੇ ਰਹੇ ਸ਼ੈਤਾਨੀ, ਅੰਤਰ ਭੇਵ ਨਾ ਕੋਇ ਖੁਲ੍ਹਾਈਆ । ਹੁਣ ਹੋਣ ਲਗੀ ਹੈਰਾਨੀ, ਜਿਸ ਵੇਲੇ ਤੱਤਾਂ ਦੀ ਹੋਣੀ ਜੁਦਾਈਆ । ਜੀਵ ਛਡਦੇ ਤਨ ਵਜੂਦ ਪ੍ਰਾਣੀ, ਪ੍ਰਾਣ ਪ੍ਰਾਣਪਤਿ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਜਗਦੀਸ਼ ਕਹੇ ਮਨਜੀਤ ਕਰ ਦੇ ਹਾਂ, ਮੇਰੀ ਹਾਂ ਨਾਲ ਮਿਲਾਈਆ । ਓਹ ਵੇਖ ਆ ਗਿਆ ਨਾਂ, ਬਿਨਾ ਅੱਖਰਾਂ ਤੋਂ ਨਜ਼ਰੀ ਆਈਆ । ਤੂੰ ਦੋ ਸਾਲ ਤਰੇਠ ਦਿਨ ਪਹਿਲੇ ਕਿਹਾ ਮੈਂ ਬਣਾਵਾ ਥਾਂ, ਸੋਹਣਾ ਸੁਥਰਾ ਇਕ ਸੁਹਾਈਆ । ਫੇਰ ਆਵੇ ਮੇਰੀ ਰਣਜੀਤ ਕੌਰ ਮਾਂ, ਸਚਖੰਡ ਜਾਵੇ ਚਾਈਂ ਚਾਈਂਆ । ਸੋ ਵਕਤ ਪਹੁੰਚਿਆ ਆ, ਘੜੀ ਪਲ ਦਿਆਂ ਦ੍ਰਿੜਾਈਆ । ਅਠਾਰਾਂ ਸਾਵਣ ਸਾਢੇ ਨੌ ਦਾ ਰਾਤ ਦਾ ਵਕ਼ਤ ਦੇਣਾ ਸੁਹਾ, ਨਾਤਾ ਤਤ ਸ਼ਰੀਰ ਤੁੜਾਈਆ । ਤੂੰ ਮਿਲੀਂ ਨਾਲ ਚਾਅ, ਸਚਖੰਡ ਸਾਚੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਇਕ ਦ੍ਰਿੜਾਈਆ । ਮਨਜੀਤ ਕਿਹਾ ਮੇਰੀ ਮਾਤਾ ਆਵੇ ਵਿਚੋਂ ਲੋਕਮਾਤ, ਮਾਤਰ ਭੂਮੀ ਜਗਤ ਤਜਾਈਆ । ਸਿਰਫ਼ ਅੱਜ ਦੀ ਕੱਟਣੀ ਓਸ ਨੇ ਰਾਤ, ਫਿਰ ਤਤ ਸ਼ਰੀਰ ਰਹੇ ਨਾ ਰਾਈਆ । ਤੂੰ ਖੋਲ੍ਹ ਕੇ ਤੱਕੀਂ ਤਾਕ, ਪੜਦਾ ਲੈਣਾ ਉਠਾਈਆ । ਤੈਨੂੰ ਆ ਕੇ ਦੇਵੇ ਸ਼ਾਬਾਸ਼, ਪਿਆਰ ਨਾਲ ਆਪਣੇ ਗਲੇ ਲਗਾਈਆ । ਤੇਰਾ ਸੋਹਣੇ ਧਾਮ ਵਾਸ, ਸਚ ਦਵਾਰਾ ਸੋਭਾ ਪਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਮਨਜੀਤ ਕਹੇ ਇਹ ਲੇਖਾ ਕਿਧਰੋਂ ਆਇਆ ਲੇਖ, ਕਵਣ ਰਿਹਾ ਵਖਾਈਆ । ਜਗਦੀਸ਼ ਕਿਹਾ ਇਹ ਸ਼ਬਦ ਅਗੰਮੀ ਮਿਲੇ ਸੰਦੇਸ਼, ਦੇਵੇ ਧੁਰਦਰਗਾਹੀਆ । ਉਸ ਦੇ ਅੱਗੇ ਹੋ ਜਾ ਪੇਸ਼, ਆਪਣੀ ਲੈ ਅੰਗੜਾਈਆ । ਜੋ ਮਾਲਕ ਇਕ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਸਦਾ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮਨਜੀਤ ਕਹੇ ਮੇਰੇ ਸ਼ਬਦ ਗੁਰਦੇਵ ਸਵਾਮੀ, ਸਾਹਿਬ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਅੰਤਰਜਾਮੀ, ਜੁਗ ਚੌਕੜੀ ਵੇਖ ਵਖਾਈਆ । ਤੂੰ ਵਸੇਂ ਸਚ ਦਵਾਰ ਅਨਾਮੀ, ਦਰਗਾਹ ਸਾਚੀ ਸੋਭਾ ਪਾਈਆ । ਤੂੰ ਵੇਖ ਜੂਹ ਬੇਗਾਨੀ, ਲੋਕਮਾਤ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇ ਚੁਕਾਈਆ । ਮਨਜੀਤ ਕਹੇ ਸ਼ਬਦ ਗੁਰਦੇਵ ਮੇਰਾ ਇਕ ਸਵਾਲ, ਸਵਾਲੀ ਹੋ ਕੇ ਦਿਆਂ ਜਣਾਈਆ । ਕੁਛ ਪਿਛਲਾ ਵੇਖ ਅਹਿਵਾਲ, ਭਰਮ ਦਿਆਂ ਕਢਾਈਆ । ਮੇਰੀ ਮਾਤਾ ਦਾ ਹੋਣ ਲੱਗਾ ਸੀ ਜ਼ਵਾਲ, ਨਾਤਾ ਤਤ ਨਾਲੋਂ ਤੁੜਾਈਆ । ਓਸ ਵੇਲੇ ਹੁਕਮ ਕੀਤਾ ਸੀ ਮਿਹਰਵਾਨ, ਸ਼ਬਦ ਇਕ ਸੁਣਾਈਆ । ਤੈਨੂੰ ਜੀਵਣ ਦਾ ਦਿਤਾ ਦਾਨ, ਜ਼ਿੰਦਗੀ ਵਿਚ ਵਡਿਆਈਆ । ਮੈਂ ਵੇਖ ਹੋਇਆ ਹੈਰਾਨ, ਮੈਨੂੰ ਜਗਦੀਸ਼ ਦਿਤਾ ਦ੍ਰਿੜਾਈਆ । ਕਿਸ ਬਿਧ ਮੇਰੀ ਮਾਤਾ ਦਾ ਸਮਾਂ ਪਹੁੰਚਿਆ ਆਣ, ਮੈਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣ ਮਨਜੀਤ ਧੁਰ ਦੁਲਾਰੇ, ਦੂਲ੍ਹੇ ਦਿਆਂ ਸੁਣਾਈਆ । ਜਗ ਜੀਵਣ ਦਿਨ ਚਾਰੇ, ਆਯੂ ਕੰਮ ਕਿਸੇ ਨਾ ਆਈਆ । ਜੋ ਆਏ ਸਚਖੰਡ ਦਵਾਰੇ, ਦਰਗਾਹ ਸਾਚੀ ਸੋਭਾ ਪਾਈਆ । ਸਦ ਵਸੇ ਇਕ ਮਹੱਲ ਅਟਲ ਮੁਨਾਰੇ, ਜਿਥੇ ਵਜਦੀ ਹੋਏ ਵਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਸੁਹਾਈਆ । ਮਨਜੀਤ ਕਹੇ ਮੇਰੀ ਬੇਨੰਤੀ ਇਕ ਅਰਦਾਸ, ਅਰਜ਼ ਦਿਆਂ ਸੁਣਾਈਆ । ਮੇਰਾ ਪ੍ਰਭ ਦੇ ਉਤੇ ਵਿਸ਼ਵਾਸ, ਵਾਸਤਾ ਓਸੇ ਨਾਲ ਜੁੜਾਈਆ । ਜੋ ਕਦੇ ਨਾ ਕਰੇ ਨਿਰਾਸ਼, ਆਸਾ ਵਿਚ ਰਖਾਈਆ । ਜੋ ਪਿਛਲਾ ਲੇਖਾ ਲਿਖਿਆ ਨਾਲ ਕ਼ਲਮ ਦਵਾਤ, ਦਾਅਵੇ ਨਾਲ ਓਹੋ ਪੂਰ ਕਰਾਈਆ । ਪਿਛਲੇ ਪਾੜ ਦੇ ਕਾਗ਼ਜ਼ਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਦੇਣਾ ਵਰਤਾਈਆ । ਮਨਜੀਤ ਕਹੇ ਮੈਂ ਆਇਆ ਸਭ ਤੋਂ ਨਿੱਕਾ, ਨਿੱਕਿਆਂ ਵੱਡਿਆਂ ਦਿਆਂ ਜਣਾਈਆ । ਮੇਰਾ ਇਕੋ ਧੁਰ ਦਾ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੇ ਬਦਲ ਦੇਣਾ ਜੁੱਸਾ, ਤਤ ਵਜੂਦ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਵਖਾਈਆ । ਮਨਜੀਤ ਕਹੇ ਸਾਹਿਬ ਸਤਿਗੁਰ ਮਾਰ ਝਾਕੀ, ਤੇਰਾ ਧਿਆਨ ਲਗਾਈਆ । ਵੇਖ ਜਿਸਮ ਖ਼ਾਕੀ, ਖ਼ਾਕ ਵਿਚ ਸਮਾਈਆ । ਰਹੇ ਕੋਈ ਨਾ ਆਕੀ, ਚਲੇ ਨਾ ਕੋਇ ਚਤੁਰਾਈਆ । ਬਖ਼ਸ਼ ਅਗੰਮੀ ਦਾਤੀ, ਦਾਤਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਮਨਜੀਤ ਕਹੇ ਤੂੰ ਪ੍ਰਭੂ ਸਭ ਦਾ ਬਾਪਾ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਮੈਂ ਮੰਨਿਆ ਤੇਰਾ ਆਖਾ, ਤੈਨੂੰ ਆਪਣੇ ਆਖੇ ਲੈਣਾ ਲਗਾਈਆ । ਤੇਰੇ ਸਚਖੰਡ ਦਵਾਰੇ ਵਿਚ ਤੇਰਿਆਂ ਭਗਤਾਂ ਕੀਤਾ ਸਿਆਪਾ, ਨੇਤਰ ਨੈਣਾਂ ਨੀਰ ਵਹਾਈਆ । ਸਭ ਦਾ ਖੁਲ੍ਹਾ ਵੇਖ ਝਾਟਾ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਤੇਰੀ ਅੰਤ ਅਖ਼ੀਰੀ ਬਾਤਾ, ਬਾਤਨ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ੩੨੨ ਮਨਜੀਤ ਕਹੇ ਪ੍ਰਭੂ ਤੇਰਾ ਕਰੋਣਾ ਵਿਹਾਰ, ਨੇਤਰ ਨੈਣਾਂ ਨੀਰ ਵਹਾਈਆ । ਸਭ ਨੇ ਕੀਤਾ ਗਿਰਿਆਜ਼ਾਰ, ਹਾਹਾਕਾਰ ਨਾਲ ਦੁਹਾਈਆ । ਤੂੰ ਬਖ਼ਸ਼ ਇਕ ਵਾਰ, ਵਾਰਤਾ ਪਿਛਲੀ ਦੇ ਬਦਲਾਈਆ । ਮੇਰਾ ਤੱਤਾਂ ਵਾਲਾ ਨਹੀਂ ਪਿਆਰ, ਮੁਹੱਬਤ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਤੇਰੇ ਹੱਥ ਨਜ਼ਰੀ ਆਈਆ । ਮਨਜੀਤ ਕਹੇ ਮੇਰੀ ਆਸਾ ਤੇਰਾ ਰੰਗ, ਰੰਗਤ ਦੇ ਚੜ੍ਹਾਈਆ । ਮੈਂ ਨਿੱਕੇ ਬੱਚੇ ਮੰਗੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਮਾਤਾ ਦਾ ਸ਼ਰੀਰ ਹੋਣ ਨਾ ਦੇਵੀਂ ਭੰਗ, ਜਗਤ ਹੋਵੇ ਨਾ ਤਤ ਜੁਦਾਈਆ । ਆਪਣੇ ਲਿਖੇ ਹੁਕਮ ਪੂਰੇ ਸਾਲ ਲੈਣ ਦੇ ਲੰਘ, ਫੇਰ ਖੇਲ ਦੇਣਾ ਵਰਤਾਈਆ । ਝਗੜਾ ਕਰਾਂ ਨਾ ਫੇਰ ਵਰਭੰਡ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਤੇਰੇ ਹੱਥ ਫੜਾਈਆ । ਮਨਜੀਤ ਕਹੇ ਮੈਂ ਆਖਾਂ ਨਾਲ ਹਾਸੀ, ਹੱਸ ਹੱਸ ਦਿਆਂ ਜਣਾਈਆ । ਪਰਮ ਪੁਰਖ ਮੈਂ ਤੇਰਾ ਸਾਥੀ, ਤੇਰਾ ਸੰਗ ਨਿਭਾਈਆ । ਤੂੰ ਵੇਖ ਖੇਲ ਮਾਤੀ, ਲੋਕਮਾਤ ਨੈਣ ਉਠਾਈਆ । ਜਿਸ ਦੀ ਨੇੜੇ ਆਈ ਵਾਟੀ, ਓਸ ਦੀ ਵਾਟ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦਿਆਂ ਚੁਕਾਈਆ । ਪੁਰਖ ਅਕਾਲ ਕਹੇ ਸੁਣ ਬਾਲ ਬਾਲੇ, ਬਾਲੀ ਬੁਧ ਦਿਆਂ ਜਣਾਈਆ । ਮੇਰੇ ਖੇਲ ਸਦਾ ਨਿਰਾਲੇ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਜੇ ਇਕ ਵੇਰਾਂ ਕਹਿ ਦੇਵੇ ਸਿੰਘ ਪਾਲੇ, ਰਸਨਾ ਆਵਾਜ਼ ਲਗਾਈਆ । ਪਿਛਲੀ ਕੀਤੀ ਦਾ ਦੇ ਕੇ ਅਹਿਵਾਲੇ, ਅਹਿਵਾਲ ਇਕ ਦ੍ਰਿੜਾਈਆ । ਫਿਰ ਲੇਖੇ ਲਾਵਾਂ ਘਾਲੇ, ਕੀਤੀ ਘਾਲ ਲੇਖੇ ਪਾਈਆ । ਜਗਤ ਮ੍ਰਿਤੂ ਫੇਰ ਜਵਾਲੇ, ਜਵਾਲਾ ਅਗਨ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਨਜੀਤ ਕਹੇ ਮੇਰੀ ਅੰਤ ਅਖ਼ੀਰੀ ਨਿਮਸਕਾਰ, ਚਰਨ ਕਵਲ ਸਰਨਾਈਆ । ਮੰਗਤਾ ਬਣ ਭਿਖਾਰ, ਝੋਲੀ ਦਿਤੀ ਡਾਹੀਆ । ਬਖ਼ਸ਼ ਦੇ ਇਕ ਵਾਰ, ਏਕੰਕਾਰ ਤੇਰੀ ਸਰਨਾਈਆ । ਫੇਰ ਹੋਵੇ ਸਚ ਵਿਵਹਾਰ, ਵਿਵਹਾਰੀ ਲੈਣਾ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਤੇਰੇ ਹੱਥ ਵਡਿਆਈਆ । ਜਗਦੀਸ਼ ਕਿਹਾ ਮਨਜੀਤ ਨਾ ਕਰ ਏਨੀ ਮਿੰਨਤ, ਸਚ ਦਿਆਂ ਸਮਝਾਈਆ । ਆਪਣੇ ਪਿਆਰ ਦੀ ਕਰ ਹਿੰਮਤ, ਮੈਨੂੰ ਨਾਲ ਮਿਲਾਈਆ । ਪ੍ਰਭ ਦੀ ਬਦਲ ਦਈਏ ਸਿੰਮਤ, ਚਰਨ ਕਵਲ ਸੀਸ ਝੁਕਾਈਆ । ਅਸੀਂ ਕਿਹੜੇ ਤੇਰੇ ਨਿੰਦਕ, ਤੇਰੇ ਹੁਕਮੇ ਅੰਦਰ ਸਚਖੰਡ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਚੁਕਾਈਆ । ਮਨਜੀਤ ਕਹੇ ਅਸੀਂ ਹੋਈਏ ਦੋਵੇਂ ਇਕੱਠੇ, ਇਕੋ ਵਾਰ ਜਣਾਈਆ । ਪ੍ਰਭ ਤੇਰੀ ਸਰਨ ਢੱਠੇ, ਢਹਿ ਪਏ ਸਰਨਾਈਆ । ਅਸੀਂ ਆਏ ਪਿਆਰ ਦੇ ਵੱਟੇ, ਮੁਹੱਬਤ ਵਿਚ ਤੇਰੀ ਝੋਲੀ ਪਾਈਆ । ਤੇਰਾ ਲੇਖਾ ਲੇਖ ਕੋਈ ਨਾ ਕੱਟੇ, ਕਟਾਕਸ਼ ਅਵਰ ਨਾ ਕੋਇ ਲਗਾਈਆ । ਜਿਹੜਾ ਵਿਕ ਗਿਆ ਤੇਰੇ ਹੱਟੇ, ਦੂਸਰ ਤੋਲ ਨਾ ਕੋਇ ਤੁਲਾਈਆ । ਅਸੀਂ ਦੋਵੇਂ ਭਾਈ ਸਕੇ, ਸਚਖੰਡ ਦਵਾਰੇ ਬਹਿ ਕੇ ਖ਼ੁਸ਼ੀ ਮਨਾਈਆ । ਤੇਰੇ ਦਰਸ਼ਨ ਕਰ ਕੇ ਹੱਸੇ, ਹਸਤੀ ਵੇਖੀ ਧੁਰਦਰਗਾਹੀਆ । ਏਸੇ ਕਰ ਕੇ ਫਿਰਦੇ ਨੱਸੇ, ਕੱਲ ਨੂੰ ਸਾਡੀ ਮਾਤਾ ਦੀ ਤੱਤਾਂ ਨਾਲੋਂ ਹੋਣੀ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਪੂਰਬ ਵੇਖ ਵਖਾਈਆ । ਮਨਜੀਤ ਕਹੇ ਅਸੀਂ ਦੋਵੇਂ ਛੋਟੇ ਵੱਡੇ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਇਕੋ ਹੁਕਮ ਅੰਦਰ ਬੱਧੇ, ਬੰਦਨਾ ਇਕੋ ਸੀਸ ਨਿਵਾਈਆ । ਕਿਸੇ ਨਾਲ ਨਹੀਂ ਕੀਤੇ ਦਗੇ, ਬਾਲ ਅਵਸਥਾ ਦੀਨ ਦੁਨੀ ਦਿਤੀ ਤਜਾਈਆ । ਦੋ ਜਹਾਨ ਰਹੇ ਸੱਚੇ, ਸਚ ਸੁਚ ਮਿਲੀ ਵਡਿਆਈਆ । ਹੁਣ ਭਾਂਡੇ ਨਹੀਂ ਕੱਚੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੁਰਖ ਅਕਾਲ ਤੇਰੇ ਬੱਚੇ, ਬੱਚੇ ਹੋ ਕੇ ਸੀਸ ਝੁਕਾਈਆ । ਤੂੰ ਮਿਹਰ ਕਰ ਦੇ ਰਤੇ, ਰਹਿਮ ਆਪਣਾ ਸਾਡੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਬੱਚਿਓ ਤੁਹਾਨੂੰ ਕਿੱਥੋਂ ਆਈ ਯਾਦ, ਕਵਣ ਯਾਦ ਕਰਾਈਆ । ਕਿਉਂ ਕਰੋ ਫ਼ਰਿਆਦ, ਉਚੀ ਕੂਕ ਸੁਣਾਈਆ । ਮਨਜੀਤ ਕਿਹਾ ਮੈਂ ਤੇਰਿਆਂ ਭਗਤਾਂ ਦਾ ਜਗਦੀਸ਼ ਨਾਲ ਮਿਲ ਕੇ ਖੇੜਾ ਕਰ ਕੇ ਆਇਆ ਆਬਾਦ, ਲੋਕਮਾਤ ਸੋਭਾ ਪਾਈਆ । ਜਿਥੇ ਤੇਰੇ ਨਾਮ ਦਾ ਵੱਜੇ ਨਾਦ, ਹੋਵੇ ਸਚ ਸ਼ਨਵਾਈਆ । ਅਸੀਂ ਓਸ ਮਾਤਾ ਦੀ ਦਾਦ, ਜਿਸ ਨੇ ਜਨਮ ਦੇ ਕੇ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਮਨਜੀਤ ਕਹੇ ਸਾਨੂੰ ਯਾਦ ਕਿਉਂ ਆਈ ਮਾਤਾ, ਮਾਤਰ ਭੂਮੀ ਵੇਖ ਵਖਾਈਆ । ਇਹ ਜੁਗ ਚੌਕੜੀ ਗਾਥਾ, ਨਿਰਗੁਣ ਸਰਗੁਣ ਵਜਦੀ ਰਹੇ ਵਧਾਈਆ । ਧੁਰ ਦਾ ਬਣਿਆ ਸਾਥਾ, ਸਗਲਾ ਸੰਗ ਬਣਾਈਆ । ਛੱਡਿਆ ਤਤ ਆਠਾ, ਨੌਵਾਂ ਪੰਧ ਮੁਕਾਈਆ । ਮੰਜ਼ਲ ਮੁਕੀ ਵਾਟਾ, ਘਰ ਪਾਇਆ ਧੁਰਦਰਗਾਹੀਆ । ਜਿਥੇ ਜਨਮ ਨਹੀਂ ਕੋਈ ਘਾਟਾ, ਕਰਮ ਨਾ ਕੋਇ ਚਤੁਰਾਈਆ । ਵੇਖ ਕੇ ਤੇਰਾ ਖਾਤਾ, ਬੇਨੰਤੀ ਦਿਤੀ ਸੁਣਾਈਆ । ਮਿਹਰਵਾਨ ਦੇ ਦੇ ਦਾਤਾਂ, ਦਾਤਾਰ ਤੇਰੀ ਸ਼ਰਨਾਈਆ । ਤੂੰ ਸਾਹਿਬ ਸਤਿਗੁਰ ਸਾਚਾ, ਸੱਜਣ ਇਕ ਅਖਵਾਈਆ । ਨਾ ਭੰਨੀ ਤਨ ਕਾਚਾ, ਮਾਟੀ ਖ਼ਾਕ ਮਿਲਾਈਆ । ਜਿਸ ਦਾ ਲੇਖਾ ਅਜੇ ਬਾਕਾ, ਤੇਰੀ ਲਿਖਤ ਦਏ

ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਂਡਾ ਭਰਮ ਦੇਣਾ ਭੰਨਾਈਆ । ਪੁਰਖ ਅਕਾਲ ਕਹੇ ਬੱਚਿਓ ਸਚ ਪ੍ਰੀਤ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਤੁਸਾਂ ਮਾਤ ਬਣਾਈ ਮੇਰੀ ਰੀਤ, ਧੁਰ ਦਾ ਰੰਗ ਚੜ੍ਹਾਈਆ । ਨਾਤਾ ਛੱਡਕੇ ਮੰਦਰ ਮਸੀਤ, ਭਗਤ ਦਵਾਰਾ ਦਿਤਾ ਪ੍ਰਗਟਾਈਆ । ਜਿਥੇ ਸਾਹਿਬ ਵਸੇ ਠੀਕ, ਠਾਕਰ ਹੋ ਕੇ ਡੇਰਾ ਲਾਈਆ । ਤੁਸਾਂ ਵੇਲੇ ਸਿਰ ਬਦਲ ਲਈ ਤਰੀਕ, ਤਾਰੀਖ ਦਿਆਂ ਬਦਲਾਈਆ । ਜਿਸ ਨੂੰ ਸਾਰੇ ਰਹੇ ਉਡੀਕ, ਓਸ ਦਾ ਸਮਾਂ ਦਿਆਂ ਵਧਾਈਆ । ਪਾ ਕੇ ਝੋਲੀ ਭੀਖ, ਭਿਛਿਆ ਇਕ ਵਰਤਾਈਆ । ਸਾਚੇ ਨਾਮ ਦੀ ਕਰ ਤਸਦੀਕ, ਸ਼ਹਾਦਤ ਦਿਆਂ ਭੁਗਤਾਈਆ । ਆਸਾ ਕਰ ਮਨਸਾ ਵਿਚੋਂ ਉਮੀਦ, ਖ਼ੁਸ਼ੀ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਮਨਜੀਤ ਖ਼ੁਸ਼ੀਆਂ ਨਾਲ ਪਿਆ ਹੱਸ, ਚਰਨ ਕਵਲ ਸੀਸ ਨਿਵਾਈਆ । ਜਗਦੀਸ਼ ਨੂੰ ਮਾਰ ਕੇ ਅੱਖ, ਬਿਨ ਅੱਖ ਦਿਤਾ ਸਮਝਾਈਆ । ਸਾਡਾ ਪੂਰਾ ਹੋਇਆ ਹੱਠ, ਹੱਠ ਲਿਆ ਨਿਭਾਈਆ । ਸਚ ਦਵਾਰੇ ਕਰ ਇਕੱਠ, ਪ੍ਰਭੂ ਲਿਆ ਮਨਾਈਆ । ਜਿਹੜਾ ਬੁਰਜ ਜਾਣਾ ਸੀ ਢੱਠ, ਨਾਤਾ ਤੱਤਾਂ ਨਾਲੋਂ ਤੁੜਾਈਆ । ਓਹ ਬਣਿਆ ਰਹੇ ਹੱਟ, ਪ੍ਰਭ ਰਹਿਮਤ ਆਪ ਕਰਾਈਆ । ਹੁਣ ਖ਼ੁਸ਼ੀਆਂ ਨਾਲ ਜਾਈਏ ਵਸ, ਸਚਖੰਡ ਸਾਚੇ ਸੋਭਾ ਪਾਈਆ । ਪੁਰਖ ਅਕਾਲ ਲੋਕਮਾਤ ਜਾਣਾ ਨੱਸ, ਬਿਨ ਕ਼ਦਮਾਂ ਕ਼ਦਮ ਉਠਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਜਾਣਾ ਟੱਪ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਨਜੀਤ ਕਹੇ ਅਸੀਂ ਬਾਲੇ ਨੱਢੇ ਅੰਞਾਣ, ਸਾਹਿਬ ਸਤਿਗੁਰ ਦੇਣਾ ਜਣਾਈਆ । ਨੌ ਦਿਨ ਸ਼ਰੀਰ ਦਾ ਕਿਸੇ ਕੋਲੋਂ ਨਹੀਂ ਕਰੌਣਾ ਇਸ਼ਨਾਨ, ਸੇਵਾ ਜਗਤ ਨਾ ਕੋਇ ਵਖਾਈਆ । ਨੌ ਦਿਨ ਕਿਸੇ ਦੇ ਹੱਥੋਂ ਜਲ ਨਹੀਂ ਕਰਨਾ ਪਾਨ, ਰਸਨਾ ਰਸ ਨਾ ਕੋਇ ਵਖਾਈਆ । ਨੌ ਦਿਨ ਕੋਈ ਚਰਨ ਝੁਕੇ ਨਾ ਆਣ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਇਹ ਸਭ ਨੂੰ ਕਰਨਾ ਪੈਣਾ ਪ੍ਰਵਾਨ, ਹੁਕਮ ਧੁਰ ਦਾ ਇਕ ਸੁਣਾਈਆ । ਏਥੇ ਓਥੇ ਦੋ ਜਹਾਨ ਖੇਲੇ ਖੇਲ ਮਹਾਨ, ਮਹਿੰਮਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਤਾ ਛੱਡ ਜਗਤ ਜਹਾਨ, ਖੇਲ ਵੇਖ ਜ਼ਿਮੀਂ ਅਸਮਾਨ, ਆਪ ਹੋ ਕੇ ਬੇਪਹਿਚਾਨ, ਮਿਹਬਾਨ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ ।



## ❋ ੧੮ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਮਨਜੀਤ ਕਹੇ ਮੈਂ ਤੇਰਾ ਛੋਟਾ ਬਾਲਾ, ਬੱਚਾ ਧੁਰ ਦਾ ਨਜ਼ਰੀ ਆਈਆ । ਤੂੰ ਪਿਤਾ ਪੁਰਖ ਮੇਰਾ ਦੀਨ ਦਿਆਲਾ, ਦਇਆਨਿਧ ਤੇਰੀ ਵਡਿਆਈਆ । ਮੈਂ ਰਾਤੀਂ ਵੇਖ ਹੋਇਆ ਬੇਹਾਲਾ, ਬਿਹਬਲ ਹੋ ਕੇ ਦਿਤੀ ਦੁਹਾਈਆ । ਹੁਕਮ ਦਿਤਾ ਛਿਆਨਵੇਂ ਕਰੋੜ ਮੇਘ ਮਾਲਾ, ਤੇਰਾ ਫਰਮਾਨਾ ਇਕ ਜਣਾਈਆ । ਜਾਓ ਸੇਵਾ ਕਰੋ ਵਿਚ ਜਹਾਨਾ, ਮਾਤਲੋਕ ਰਾਹ ਵਖਾਈਆ । ਬੂੰਦ ਬੂੰਦ ਭਰ ਦਿਓ ਪਿਆਲਾ, ਆਪਣਾ ਬਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਲੇਖੇ ਲਾਈਆ । ਮਨਜੀਤ ਕਹੇ ਮੈਂ ਤੇਰਾ ਇੰਦ ਇੰਦਰਾਸਨ, ਸਿੰਘਾਸਣ ਤੇਰੇ ਮਿਲੀ ਵਡਿਆਈਆ ।

ਮੈਂ ਤੇਰਾ ਨੂਰ ਪ੍ਰਕਾਸ਼ਣ, ਪਰਮ ਜੋਤ ਅਖਵਾਈਆ । ਹੋ ਕੇ ਦਾਸ ਦਾਸਨ, ਸੇਵਕ ਸੇਵਾ ਸਚ ਰਖਾਈਆ । ਮੈਂ ਹੈਰਾਨ ਹੋਇਆ ਉਤੇ ਆਕਾਸ਼ਨ, ਧਰਨੀ ਧਰਤ ਧਵਲ ਵੇਖ ਵਖਾਈਆ । ਤੇਰਾ ਖੇਲ ਖੇਲ ਤਮਾਸ਼ਨ, ਦੋ ਜਹਾਨ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੈਣਾ ਲਗਾਈਆ । ਮਨਜੀਤ ਕਹੇ ਮੈਂ ਸੇਵਾ ਕਰਨੀ ਨਿੱਕੀ, ਨਿੱਕੀ ਦਿਆਂ ਜਣਾਈਆ । ਮੈਂ ਬਣਨਾ ਤੇਰੀ ਓਹ ਸਿੱਖੀ, ਜਿਸ ਨੂੰ ਸਿਖਿਆ ਦਿਤੀ ਸਮਝਾਈਆ । ਤੇਰੇ ਚਰਨ ਦਵਾਰ ਦੀ ਧਾਰ ਤਿੱਖੀ, ਤਿੱਖੀ ਧਾਰ ਮੁਖ ਸ਼ਰਮਾਈਆ । ਤੇਰੀ ਲੇਖ ਲੇਖਨੀ ਲਿਖੀ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਵਸੇਰਾ ਨਹੀਂ ਪੱਥਰ ਇੱਟੀ, ਸਚ ਦਵਾਰੇ ਸੋਭਾ ਪਾਈਆ । ਚਾਰ ਜੁਗ ਦੀ ਆਸ਼ਾ ਸਾਚੇ ਦਰ ਤੇ ਰੋ ਕੇ ਪਿੱਟੀ, ਗੁਰ ਅਵਤਾਰ ਪੈਗ਼ੰਬਰ ਰਹੇ ਕੁਰਲਾਈਆ । ਤੇਰੀ ਵੇਖ ਕੇ ਸੰਮਤ ਵਾਲੀ ਮਿਤੀ, ਸਮਾਂ ਰਿਹਾ ਕੁਰਲਾਈਆ । ਹੋਕਾ ਦੇਵੇ ਗੋਬਿੰਦ ਵਾਲੀ ਚਿੱਠੀ, ਹਰਫ਼ ਬਹਰਫ਼ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਰੇ ਵਿਚੋਂ ਲੇਖਾ ਪਾਈਆ । ਮਨਜੀਤ ਕਹੇ ਮੈਂ ਲੈ ਕੇ ਆਵਾਂ ਪ੍ਰੇਮ ਪਾਣੀ, ਪਤਿਪਰਮੇਸ਼ਵਰ ਸੇਵ ਕਮਾਈਆ । ਨਾਲ ਲੈ ਕੇ ਗੁਰਮੁਖ ਤੇਰਾ ਹਾਣੀ, ਭੱਜਿਆ ਵਾਹੋ ਦਾਹੀਆ । ਭਗਤ ਦਵਾਰ ਦੀ ਵੇਖ ਨਿਸ਼ਾਨੀ, ਨੇਤਰ ਨੈਣ ਅੱਖ ਖੁਲ੍ਹਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਦਰ ਇਕੋ ਸੋਭਾ ਪਾਈਆ । ਤੂੰ ਸਾਹਿਬ ਸਤਿਗੁਰ ਜਾਣ ਜਾਣੀ, ਜਾਨਣਹਾਰ ਤੇਰੀ ਵਡਿਆਈਆ । ਮੈਂ ਚੜ੍ਹ ਕੇ ਗਿਆ ਤੇਰੇ ਸ਼ਬਦ ਬਬਾਣੀ, ਦੋ ਜਹਾਨਾਂ ਪੰਧ ਮੁਕਾਈਆ । ਮੇਰੇ ਅੰਦਰ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਕੋਈ ਭਗਤ ਨਹੀਂ ਕੋਈ ਸਿੱਖ ਨਹੀਂ ਜਿਹੜਾ ਮੇਰੇ ਸਾਹਿਬ ਨੂੰ ਦੇਵੇ ਪਾਣੀ, ਸੇਵਾ ਸਚ ਨਾ ਕੋਇ ਕਮਾਈਆ । ੩੨੫ ੩੨੫
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੇਰੇ ਸਾਹਿਬ ਸਤਿਗੁਰ ਧੁਰ ਦੇ ਪਿਤਾ, ਪਤਿਪਰਮੇਸ਼ਵਰ ਸੀਸ ਨਿਵਾਈਆ । ਬੇਸ਼ਕ ਮੈਂ ਬਾਲਾ ਤੇਰਾ ਨਿੱਕਾ, ਨਿੱਕਿਆਂ ਵੱਡਿਆਂ ਦਿਆਂ ਸਮਝਾਈਆ । ਰਾਤੀ ਸੰਦੇਸ਼ਾ ਮੈਨੂੰ ਦਿਤਾ, ਮੈਂ ਸੁਣਿਆ ਚਾਈਂ ਚਾਈਂਆ । ਮੈਂ ਕਰਿਆ ਤੇਰਾ ਪਿੱਛਾ, ਭੱਜਿਆ ਵਾਹੋ ਦਾਹੀਆ । ਤੂੰ ਕਰੀਂ ਮੇਰੀ ਰੱਛਾ, ਸਿਰ ਮੇਰੇ ਹੱਥ ਟਿਕਾਈਆ । ਜਲ ਪਾਣੀ ਦਾ ਕੱਢਕੇ ਜਾਵਾਂ ਸਿੱਟਾ, ਲੇਖਾ ਸਭ ਦਾ ਵੇਖ ਵਖਾਈਆ । ਜੇ ਹੁਕਮ ਦੇਵੇਂ ਨੌਵਾਂ ਦਿਨਾਂ ਵਿਚ ਸਾਰੀ ਸ੍ਰਿਸ਼ਟੀ ਡੋਬ ਦੇਵਾਂ ਕਿਸੇ ਦੀ ਨਜ਼ਰ ਨਾ ਆਵੇ ਪਿੱਠਾ, ਪਾਣੀ ਪਾਣੀ ਵਿਚ ਰੁੜ੍ਹਾਈਆ । ਤੇਰਾ ਅੰਮ੍ਰਿਤ ਰਸ ਮਿੱਠਾ, ਬਿਨ ਤੇਰੀ ਕਿਰਪਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਪੂਰ ਕਰਾਈਆ । ਮਨਜੀਤ ਕਹੇ ਮੈਂ ਹੁਕਮ ਦਿੱਤਾ ਤੇਰਾ ਧੁਰ ਦੀ ਧਾਰ, ਧਾਰ ਧਾਰ ਵਿਚੋਂ ਪ੍ਰਗਟਾਈਆ । ਮੇਘ ਮਾਲਾ ਤੇਰੀ ਪਨਿਹਾਰ, ਸੇਵਕ ਸੇਵਾ ਵਿਚ ਰਖਾਈਆ । ਸੱਤ ਸਾਗਰ ਜਲ ਧਾਰ, ਪਵਣ ਹਵਾ ਵਿਚ ਉਡਾਈਆ । ਟਿੱਲੇ ਪਰਬਤ ਟੱਕਰਾਂ ਮਾਰਨ ਵਾਰੋ ਵਾਰ, ਸਿਰ ਸਕੇ ਨਾ ਕੋਇ ਨਿਵਾਈਆ । ਤੇਰਾ ਖੇਲ ਅਗੰਮ ਅਪਾਰ, ਅਪਰੰਪਰ ਤੇਰੀ ਬੇਪ੍ਰਵਾਹੀਆ । ਮੈਂ ਸੁਤ ਦੁਲਾਰਾ ਤੇਰਾ ਤੇਰੇ ਚਰਨ ਦਵਾਰ, ਸੇਵਕ ਹੋ ਕੇ ਸੇਵ ਕਮਾਈਆ । ਤੇਰੀ ਕਿਰਪਾ ਅੰਦਰ ਮੇਘ ਬਰਸਾਂ ਬਰਖਾਧਾਰ, ਬੂੰਦ ਬੂੰਦ ਤੇਰੇ ਚਰਨ ਕਵਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰਾ ਨਾਮ ਮਿਲੇ ਵਡਿਆਈਆ । ਮਨਜੀਤ ਕਹੇ ਪ੍ਰਭੂ ਮੈਂ ਤੇਰਾ ਬੱਚਾ ਨਹੀਂ ਕੋਈ ਭੁੱਖਾ ਨੰਗਾ, ਮਾਂਗਤ ਨਜ਼ਰ ਕੋਇ ਨਾ ਆਈਆ । ਕੋਟਨ ਕੋਟ ਮੇਰੇ ਚਰਨਾਂ ਹੇਠਾਂ ਵਹਿੰਦੀ ਗੰਗਾ, ਸਾਹਿਬ ਦਿਤੀ ਵਡਿਆਈਆ ।

ਸੰਸਾਰੀ ਤੈਨੂੰ ਸਮਝਦੇ ਬੰਦਾ, ਤੱਤਾਂ ਵਾਲਾ ਵੇਖ ਕੇ ਆਪਣੀ ਅੱਖ ਬਦਲਾਈਆ । ਮੈਂ ਚੜ੍ਹ ਕੇ ਉਤੇ ਬ੍ਰਹਿਮੰਡਾਂ, ਨਜ਼ਾਰਾ ਤੱਕਿਆ ਚਾਈਂ ਚਾਈਆ । ਜਿਸ ਦਾ ਕਿਸੇ ਨਜ਼ਰ ਨਾ ਆਇਆ ਕੰਢਾ, ਓਥੇ ਬੈਠਾ ਸਹਿਜ ਸੁਭਾਈਆ । ਸਚ ਪ੍ਰੇਮ ਦਾ ਲੈ ਕੇ ਅਨੰਦਾ, ਅਨੰਦ ਤੇਰੇ ਵਿਚ ਸਮਾਈਆ । ਇਕੋ ਮੰਗ ਅਖ਼ੀਰੀ ਮੰਗਾਂ, ਦਰਵੇਸ਼ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਵੇਖ ਵਖਾਈਆ । ਮਨਜੀਤ ਕਹੇ ਪ੍ਰਭ ਮੇਰੇ ਵਲ ਵੇਖ ਨਾਲ ਅੱਖ, ਬਿਨ ਅੱਖਾਂ ਅੱਖ ਉਠਾਈਆ । ਮੇਰੇ ਪ੍ਰੇਮ ਦਾ ਪਾਣੀ ਚੱਖ, ਮੇਰੀ ਮਨਸਾ ਤੇਰੇ ਵਿਚ ਨਜ਼ਰੀ ਆਈਆ । ਤੇਰੇ ਚਰਨ ਜਾਵਾਂ ਢੱਠ, ਡਿਗਿਆਂ ਲੈਣਾ ਉਠਾਈਆ । ਜੇ ਕਹੇਂ ਤੇ ਰੱਖਾਂ ਏਸੇ ਤਰਾ ਦਿਨ ਅੱਠ, ਜਿਉਂਦਾ ਨਜ਼ਰ ਕੋਇ ਨਾ ਆਈਆ । ਨਾ ਕੋਈ ਦਵਾਰਾ ਰਹੇ ਨਾ ਮਠ, ਮਨੁਸ਼ ਮਨੁਸ਼ ਕਰਾਂ ਸਫ਼ਾਈਆ । ਤੇਰੇ ਪ੍ਰੇਮ ਦਾ ਵੇਖਾਂ ਹੱਕ, ਤੇਰੀ ਵਸਤ ਧੁਰਦਰਗਾਹੀਆ । ਜਿਹੜੇ ਤੇਰੇ ਹੋ ਕੇ ਤੈਨੂੰ ਜਾਣ ਛੱਡ, ਉਨ੍ਹਾਂ ਦਿਆਂ ਸਜ਼ਾਈਆ । ਕਿਸੇ ਕੰਮ ਨਹੀਂ ਔਣਾ ਮਾਸ ਹੱਡ, ਨਾੜੀ ਨਾੜੀ ਦਿਆਂ ਤਪਾਈਆ । ਭਗਤ ਭਗਵਾਨ ਸਚ ਨਿਸ਼ਾਨਾ ਦੇਵਾਂ ਗੱਡ, ਗਾਡ ਤੇਰੀ ਓਟ ਰਖਾਈਆ । ਜੇ ਤੇਰਾ ਤਤ ਪਿਆਸਾ ਹੋਵੇ ਜਗ, ਜਗਜੀਵਣ ਦਾਤੇ ਸਾਡਾ ਜੀਵਣ ਕੰਮ ਕਿਸੇ ਨਾ ਆਈਆ । ਮੈਂ ਧੁਰਦਰਗਾਹ ਬੈਠਾ ਸਜ, ਤੇਰੇ ਹੁਕਮ ਅੰਦਰ ਆਪਣਾ ਸੀਸ ਝੁਕਾਈਆ । ਮੇਰਾ ਮੇਘ ਤੇਰਾ ਅੰਮ੍ਰਿਤ ਤੇਰਾ ਨੀਰ ਤੂੰ ਸਾਹਿਬ ਪੀ ਲੈ ਰੱਜ ਰੱਜ, ਦਿਵਸ ਰੈਣ ਮੁਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਲੇਖੇ ਲਾਈਆ । ਮਨਜੀਤ ਕਹੇ ਜੇ ਕਹੇਂ ਤੇ ਰੱਖਾਂ ਬੂੰਦਾ ਬਾਂਦੀ, ਬਾਦਲ ਘਨਘੋਰ ਘਟਾ ਛਾਈਆ । ਜੇ ਕਹੇਂ ਤੇ ਤੇਰੇ ਹੁਕਮ ਦੀ ਚਲਾ ਦੇਵਾਂ ਆਂਧੀ, ਅੰਧੀ ਕਰਾਂ ਜਗਤ ਲੋਕਾਈਆ । ਜਿਹੜੀ ਦੁਨੀਆ ਪੀਂਦੀ ਖਾਂਦੀ, ਅੱਠਾਂ ਦਿਨਾਂ ਅੰਦਰ ਕਰਾਂ ਸਫ਼ਾਈਆ । ਕਿਸੇ ਕੰਮ ਨਾ ਆਵੇ ਸੋਨਾ ਚਾਂਦੀ, ਮਾਇਆ ਮਮਤਾ ਨਾ ਕੋਇ ਵਡਿਆਈਆ । ਦੋ ਜਹਾਨ ਤੇਰੀ ਬਾਂਦੀ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਆਪਣੇ ਦਰ ਰਖਾਈਆ । ਸਾਹਿਬ ਸਵਾਮੀ ਮੇਰਾ ਪੀ ਲੈ ਅੰਮ੍ਰਿਤ ਤੇਰਾ ਪਿਆਰ ਰਸ, ਰਸਨਾ ਰਸ ਦੇ ਤਜਾਈਆ । ਜੇ ਕਹਿ ਦੇਵੇਂ ਇਕ ਵਾਰ ਬਸ, ਬਸਤੇ ਸਭ ਦੇ ਦਿਆਂ ਬੰਧਾਈਆ । ਤੂੰ ਬਚਨ ਕੀਤਾ ਨੌ ਦਿਨ ਜਲ ਨਹੀਂ ਲੈਣਾ ਛਕ, ਏਸੇ ਕਰ ਕੇ ਮੈਂ ਉਤੋਂ ਭੱਜਿਆ ਵਾਹੋ ਦਾਹੀਆ । ਜੋੜ ਕੇ ਦੋਵੇਂ ਹੱਥ, ਸੀਸ ਰਿਹਾ ਨਿਵਾਈਆ । ਤੇਰੀ ਖੇਲ ਅਕਥ, ਵਡ ਵੱਡੇ ਤੇਰੀ ਵਡਿਆਈਆ । ਤੂੰ ਸਰਬ ਕਲਾ ਸਮਰਥ, ਦਾਤਾ ਧੁਰਦਰਗਾਹੀਆ । ਸਦ ਤੇਰਾ ਗਾਵਾਂ ਜਸ, ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਦੇਣੀ ਕਰਾਈਆ । ਐ ਪ੍ਰਭੂ ਨੌ ਦਿਨ ਦਾ ਕੀਤਾ ਕਿਉਂ ਹੱਠ, ਹਠੀਏ ਦੇ ਦ੍ਰਿੜਾਈਆ । ਕਿਉਂ ਗੇੜਨ ਲੱਗਾ ਉਲਟੀ ਲੱਠ, ਤਬਾ ਰਿਹਾ ਬਦਲਾਈਆ । ਬਿਨ ਤੇਰੀ ਕਿਰਪਾ ਤੇਰੇ ਕੋਲੋਂ ਸਾਰੇ ਜਾਣ ਨਠ, ਸੇਵਾਦਾਰ ਰਹਿਣ ਕੋਇ ਨਾ ਪਾਈਆ । ਤੂੰ ਇਕੱਲਾ ਤੇ ਇਕੱਲਾ ਤੇਰਾ ਹੱਟ, ਵਣਜਾਰਨ ਵੇਖੀ ਖ਼ਲਕ ਖ਼ੁਦਾਈਆ । ਮੈਂ ਪੁਰੀਆਂ ਲੋਆਂ ਆਇਆ ਟੱਪ, ਟੱਪੇ ਢੋਲੇ ਗੌਂਦਾ ਫਿਰਾਂ ਚਾਈਂ ਚਾਈਆ । ਤੂੰ ਕਰਨਹਾਰਾ ਕਿਛ ਸਭ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇਣੀ ਮਾਣ ਵਡਿਆਈਆ । ਮਨਜੀਤ ਕਹੇ ਮੇਰੇ ਹੁੰਦਿਆਂ ਤੂੰ ਕਿਉਂ ਰਹੇਂ ਪਿਆਸਾ, ਜੋ ਪਿਆਸ ਸਭ ਦੀ ਦਏ ਬੁਝਾਈਆ । ਤੂੰ ਸਭ ਦੀ ਪੂਰੀ ਕੀਤੀ ਆਸਾ, ਤ੍ਰਿਸ਼ਨਾ ਦਿਤੀ ਗੁਆਈਆ । ਮੈਂ ਬਣ

ਕੇ ਦਾਸੀ ਦਾਸਾ, ਸੇਵਕ ਸੇਵਾ ਸਚ ਕਮਾਈਆ । ਮੰਨ ਕੇ ਤੇਰਾ ਆਖਾ, ਆਇਆ ਚਾਈਂ ਚਾਈਂਆ । ਤੂੰ ਮੇਰਾ ਹੋਣਾ ਰਾਖਾ, ਰੱਛਿਆ ਕਰਨੀ ਥਾਉਂ ਥਾਈਂਆ । ਮੈਨੂੰ ਤੇਰਾ ਇਕ ਭਰਵਾਸਾ, ਸੱਤ ਮਹੀਨੇ ਤਿੰਨ ਦਿਨ ਤੇਰੀ ਸੇਵ ਕਮਾਈਆ । ਮੈਂ ਲੈਣ ਆਇਆ ਸ਼ਾਬਾਸ਼ਾ, ਸ੍ਰਿਸ਼ਟੀ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਮਨਜੀਤ ਕਹੇ ਮੈਂ ਸੇਵਾ ਕਰਾਂ ਦਿਵਸ ਰੈਣ, ਵਕ਼ਤ ਵਕ਼ਤ ਨਾਲ ਸੁਹਾਈਆ । ਜਿਸ ਵੇਲੇ ਤੇਰਾ ਹੁਕਮ ਆਵੇ ਚਿੱਠੀ ਰਸੈਣ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਓਸੇ ਵੇਲੇ ਜਲ ਜਲ ਵਹਾ ਦਿਆਂ ਵਹਿਣ, ਥਲਾਂ ਦਿਆਂ ਰੁੜ੍ਹਾਈਆ । ਤੇਰਾ ਹੁਕਮ ਮੰਨਾਂ ਐਨ, ਤੇਰਾ ਹੋ ਕੇ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਮਨਜੀਤ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਵਡਿਆਈਆ । ਮੇਰੀ ਵੇਖ ਕੇ ਬੁੱਧ ਬਾਲੀ, ਬਾਲ ਲਿਆ ਉਠਾਈਆ । ਚਾੜ੍ਹੀ ਮਸਤਕ ਲਾਲੀ, ਲਾਲ ਗੁਲਾਲਾ ਰੰਗ ਰੰਗਾਈਆ । ਜੋਤ ਜਗਾਈ ਇਕ ਅਕਾਲੀ, ਅਕਲ ਕਲ ਆਪ ਅਖਵਾਈਆ । ਲਹਿਣਾ ਵੇਖਿਆ ਮਾਜ਼ੀ ਹਾਲੀ, ਪੜਦਾ ਅੰਤਰ ਬਾਹਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਮਨਜੀਤ ਕਹੇ ਅਸੀਂ ਤੇਰੇ ਤਲਬਗਾਰ, ਤਾਲਬ ਤੁਲਬੇ ਨਜ਼ਰੀ ਆਈਆ । ਤੂੰ ਸਾਹਿਬ ਪਰਵਰਦਿਗਾਰ, ਪਾਰਬ੍ਰਹਮ ਅਖਵਾਈਆ । ਅਸੀਂ ਹਾਜ਼ਰ ਵਿਚ ਦਰਬਾਰ, ਦਰ ਠਾਂਡੇ ਖ਼ੁਸ਼ੀ ਬਣਾਈਆ । ਤੇਰੇ ਹੁਕਮ ਦਾ ਸਦਾ ਕਰਦੇ ਰਹੀਏ ਇੰਤਜ਼ਾਰ, ਇੰਤਸ਼ਾਰ ਨਾ ਕੋਇ ਰਖਾਈਆ । ਸੁਣਦੇ ਰਹੀਏ ਗੁਫ਼ਤਾਰ, ਗੁਫ਼ਤ ਸ਼ਨੀਦ ਧਿਆਨ ਲਗਾਈਆ । ਰਾਤੀਂ ਸੁਭਾਵਿਕ ਕੀਤਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਵੇਖਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਨਾਲ ਮਿਲਾਈਆ । ਜਿਹੜੇ ਤੇਰੇ ਨਾਲ ਬਾਹਰੋਂ ਕਰਦੇ ਪਿਆਰ, ਅੰਦਰ ਪ੍ਰੇਮ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਕਰਾਈਆ । ਮਨਜੀਤ ਕਹੇ ਨਾ ਕੋਈ ਸੋਗ ਨਾ ਕੋਈ ਹਰਖਾ, ਚਿੰਤਾ ਗ਼ਮ ਨਾ ਕੋਇ ਵਡਿਆਈਆ । ਤੇਰੇ ਪ੍ਰੇਮ ਦੀ ਹੋਵੇ ਬਰਖਾ, ਛਹਿਬਰ ਖ਼ੁਸ਼ੀ ਮਨਾਈਆ । ਮਿਟੇ ਮੇਰੀ ਹਰਸਾ, ਹਵਸ ਦਿਆਂ ਗੁਆਈਆ । ਤੇਰਾ ਹੱਲ ਕਰੇ ਨਾ ਕੋਈ ਪਰਚਾ, ਪ੍ਰਾਚੀਨ ਤੋਂ ਰੀਤੀ ਚਲੀ ਆਈਆ । ਜਗਤ ਵਿਵਹਾਰਾਂ ਵਿਚ ਹੁੰਦੀ ਚਰਚਾ, ਚਰਚਾਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਸਮਝਾਈਆ । ਮਨਜੀਤ ਕਹੇ ਜਗਦੀਸ਼ ਮਾਰ ਨਿਗਾਹ, ਨਿਗਾਹਵਾਨ ਰਿਹਾ ਦ੍ਰਿੜਾਈਆ । ਜਿਸ ਦਾ ਮਾਰਗ ਇਕ ਸਿੱਧਾ, ਸਿਧ ਸਾਧਕ ਸੀਸ ਨਿਵਾਈਆ । ਉਹਦੀ ਕੌਣ ਜਾਣੇ ਬਿੱਧਾ, ਭੇਵ ਅਭੇਦ ਕਵਣ ਖੁਲ੍ਹਾਈਆ । ਬੇਸ਼ਕ ਮੈਂ ਉਮਰ ਵਿਚ ਨਿੱਕਾ, ਸੱਤ ਮਹੀਨੇ ਤਿੰਨ ਦਿਨ ਅਖਵਾਈਆ । ਮੇਰਾ ਲੇਖਾ ਪ੍ਰਭੂ ਨੇ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਸਭ ਨੂੰ ਦੇਣੀ ਸਿਖਾ, ਸਿਖਿਆ ਇਕ ਦ੍ਰਿੜਾਈਆ । ਵੇਖੋ ਖੇਲ ਪ੍ਰਭੂ ਦੀ ਇੱਛਾ, ਨਿਰਇੱਛਤ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੇਮ ਦੀ ਪਾ ਦੇ ਭਿੱਛਾ, ਭਿਛਕ ਹੋ ਕੇ ਮੰਗ ਮੰਗਾਈਆ । ਜਗਦੀਸ਼ ਕਹੇ ਮਨਜੀਤ ਪ੍ਰੇਮ ਵਿਚ ਨਾ ਹੋਏ ਕਰੋਪੀ, ਛਹਿਬਰ ਜਗਤ ਅਧਾਰ ਵਹਾਈਆ । ਜਿਹੜੀ ਸੇਵਾ ਪ੍ਰਭ ਨੇ ਸੌਂਪੀ, ਸਹਿਜ ਸਹਿਜ ਲੈਣੀ ਕਮਾਈਆ । ਜਿਹੜੀ ਖ਼ਬਰ ਸ਼ਬਦ ਸੰਦੇਸੇ ਵਿਚ ਪਹੁੰਚੀ, ਤੈਨੂੰ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਵਖਾਈਆ ।

ਜਗਦੀਸ਼ ਕਹੇ ਮੈਂ ਬਚਨ ਕਹਿਵਾਂ ਸੱਚਾ, ਸਚ ਦਿਆਂ ਦ੍ਰਿੜ੍ਹਾਈਆ । ਤੂੰ ਜਗਤ ਜਵਾਨੀ ਵਿਚ ਬੱਚਾ, ਬਚਨ ਵਿਚ ਵਡਿਆਈਆ । ਸ੍ਰਿਸ਼ਟੀ ਨਾਲ ਕਰੀਂ ਨਾ ਧੱਕਾ, ਵਹਿਣਾ ਵਹਿਣ ਵਹਾਈਆ । ਪਹਿਲੋਂ ਕੁਛ ਖੇਲ ਹੋ ਲੈਣ ਦੇ ਮਦੀਨਾ ਮੱਕਾ, ਮਕਬਰਿਆਂ ਵਿਚ ਪਏ ਦੁਹਾਈਆ । ਫੇਰ ਹੁਕਮ ਆਵੇ ਸੱਚਾ, ਧੁਰ ਫ਼ਰਮਾਨ ਇਕ ਜਣਾਈਆ । ਲਹਿੰਦੀ ਦਿਸ਼ਾ ਪਾਣੀ ਲੱਭੇ ਨਾ ਕਿਸੇ ਨਾਲ ਲੱਪਾ, ਲਬਾਂ ਪਿਆਸ ਨਾ ਕੋਇ ਬੁਝਾਈਆ । ਪੂਰਨ ਦਾ ਪ੍ਰਗਟ ਹੋਵੇ ਇਕੋ ਪੱਪਾ, ਪੱਪੂ ਪਾਪਾ ਦੋਵੇਂ ਦੇਣ ਦੁਹਾਈਆ । ਸਾਹਿਬ ਸਤਿਗੁਰ ਬਿਨ ਪਿਆਰ ਭਗਤ ਭਗਤੀ ਕਿਸੇ ਦਾ ਨਹੀਂ ਸਕਾ, ਸੱਜਣ ਸਚ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪ੍ਰੇਮ ਦਾ ਅੰਮ੍ਰਿਤ ਮੇਘਾ ਰਸਾ, ਰਸਤਾ ਬਾਵਸਤਾ ਦੇਣਾ ਸੁਣਾਈਆ ।

### ❋ ੨੧ ਸਾਵਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਪ੍ਰਦੇਸੀ ਪਹਿਲੇ ਜਨਮ ਦਾ ਅਰੋੜਾ, ਪਿੰਡ ਸਭਰਾ ਸੋਭਾ ਪਾਈਆ । ਕੋਲ ਕਾਗ਼ਜ਼ ਰਖਦਾ ਸੀ ਕੋਰਾ, ਕ਼ਲਮ ਸ਼ਾਹੀ ਨਾਲ ਲੇਖ ਬਣਾਈਆ । ਪ੍ਰਸ਼ਾਦ ਰਖਦਾ ਸੀ ਥੋੜ੍ਹਾ, ਪੰਜਾਂ ਪੈਸਿਆਂ ਗੰਢ ਬੰਧਾਈਆ । ਮੋਢੇ ਰਖਦਾ ਸੀ ਦੋਹਰਾ, ਦੋਹਰੀ ਧਰ ਉਠਾਈਆ । ਇਕ ਦਿਨ ਘੇਰ ਲਿਆ ਚੋਰਾਂ, ਰਾਹ ਵਿਚ ਅਟਕਾਈਆ । ਮਾਰਿਆ ਥੋੜ੍ਹਾ ਥੋੜ੍ਹਾ, ਭੈ ਵਿਚ ਡਰਾਈਆ । ਰੈਣ ਦਾ ਅੰਧੇਰ ਘੋਰਾ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਚਲੇ ਕੋਈ ਨਾ ਜ਼ੋਰਾ, ਨੇਤਰ ਨੈਣਾ ਨੀਰ ਵਹਾਈਆ । ਕੋਈ ਸਹਾਇਕ ਹੋਵੇ ਮੋਰਾ, ਮਿਹਰ ਨਜ਼ਰ ਉਠਾਈਆ । ਸਤਾਰਾਂ ਸੌ ਅਠਵਿੰਜਾ ਬਿਕ੍ਰਮੀ ਇੱਕੀ ਸਾਵਣ ਗੋਬਿੰਦ ਚੜ੍ਹਾਏ ਸ਼ਬਦੀ ਘੋੜਾ, ਸਨਮੁਖ ਹੋ ਕੇ ਦਇਆ ਕਮਾਈਆ । ਦੇ ਕੇ ਦਰਸ ਭੋਰਾ, ਜਲਵਾਗਰ ਰੁਸ਼ਨਾਈਆ । ਬਣ ਕੇ ਬਾਂਕਾ ਛੋਹਰਾ, ਆਪਣਾ ਰੂਪ ਦਿਤਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਾਇਆ ਦਰਸ ਆਸਾ ਵਧੀ, ਖ਼ੁਸ਼ੀ ਵਿਚ ਵਡਿਆਈਆ । ਓਧਰੋਂ ਰਾਤ ਬੀਤੀ ਸੀ ਅੱਧੀ, ਸਮਾਂ ਰੁਤ ਸੁਹਾਈਆ । ਸਤਾਰਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਬਿਆਸਾ ਦੀ ਵਗਦੀ ਨਦੀ, ਸਤਲੁਜ ਵਿਚ ਰਲਾਈਆ । ਗੋਬਿੰਦ ਧਾਰ ਇਕ ਲੱਧੀ, ਨਿਰਵੈਰ ਰੂਪ ਚਮਕਾਈਆ । ਪ੍ਰਕਾਸ਼ ਰੂਪ ਜਗੀ, ਨੂਰ ਡਗਮਗਾਈਆ । ਪਵਣ ਠੰਡੀ ਵਗੀ, ਸੋਹਣੀ ਰੁਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਸਮਝਾਈਆ । ਰੋੜੇ ਪਾਇਆ ਦਰਸ ਅਨੋਖਾ, ਨਾਮ ਸ਼ਾਮੂ ਵੱਜੀ ਵਧਾਈਆ । ਗੋਬਿੰਦ ਮਿਲਣ ਦਾ ਮਿਲਿਆ ਮੌਕਾ, ਮੁਕੰਮਲ ਵੇਖ ਵਖਾਈਆ । ਜਿਸ ਦੇ ਹੱਥ ਵਿਚ ਸਤਿ ਧਰਮ ਦਾ ਸੋਟਾ, ਭੈ ਠੱਗਾਂ ਚੋਰਾਂ ਰਿਹਾ ਵਖਾਈਆ । ਸੁਣਾਇਆ ਇਕ ਸਲੋਕਾ, ਨਾਮ ਸ਼ਬਦ ਸਮਝਾਈਆ । ਮੈਂ ਮਾਰਨ ਨਹੀਂ ਦੇਂਦਾ ਕਿਸੇ ਬੇਦੋਸ਼ਾ, ਦੋਸ਼ੀਆਂ ਦੇਵਾਂ ਸਜ਼ਾਈਆ । ਤੂੰ ਮੇਰੀ ਅੰਤਰ ਕੀਤੀ ਲੋਚਾ, ਹਾਜ਼ਰ ਹੋ ਕੇ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਸ਼ਾਮੂ ਕਿਹਾ ਵੇਖੀ ਸ਼ਮਅ, ਨੂਰ ਵਿਚ ਰੁਸ਼ਨਾਈਆ । ਮੈਨੂੰ ਭੁਲਿਆ ਵਣਜ ਵਪਾਰ ਦਾ ਤਮਅ, ਧਿਆਨ ਗੋਬਿੰਦ ਚਰਨ ਲਗਾਈਆ । ਮੈਨੂੰ ਭੁੱਲ ਗਈ ਜੰਮਣ ਵਾਲੀ ਅੰਮਾ, ਪਿਤਾ

ਨਜ਼ਰ ਕੋਇ ਨਾ ਆਈਆ । ਮੈਂ ਹੱਥ ਜੋੜ ਕੇ ਆਵਾਜ਼ ਕੱਢੀ ਆਪਣੇ ਦਮਾਂ, ਦਾਮਨਗੀਰ ਲੈਣਾ ਬਚਾਈਆ । ਤੇਰੇ ਚਰਨਾਂ ਨਾਲ ਰਵ੍ਹਾਂ, ਚਰਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਚੋਰਾਂ ਵਿਚੋਂ ਇਕ ਚੋਰ ਸਮਝਦਾਰ, ਜਿਸ ਨੂੰ ਧੀਂਦਾ ਕਹਿ ਬੁਲਾਈਆ । ਵਣਜ ਵਪਾਰ ਦਾ ਕਰੇ ਵਿਹਾਰ, ਠੱਗਾਂ ਚੋਰਾਂ ਯਾਰਾਂ ਨਾਲ ਸਲਾਹ ਪਕਾਈਆ । ਓਸ ਵੇਖਿਆ ਨੂਰੀ ਚਮਤਕਾਰ, ਜਗੀ ਜੋਤ ਅਲਾਹੀਆ । ਗੋਬਿੰਦ ਸ਼ਬਦੀ ਆਵਾਜ਼ ਮਾਰ, ਨੇੜੇ ਲਿਆ ਬੁਲਾਈਆ । ਓਸ ਕਰ ਨਿਮਸਕਾਰ, ਚਰਨ ਧੂੜ ਖ਼ਾਕ ਰਮਾਈਆ । ਗੋਬਿੰਦ ਦੋਹਾਂ ਨੂੰ ਬਣਾ ਕੇ ਯਾਰ, ਸਾਂਝਾ ਨਾਤਾ ਦਿਤਾ ਵਖਾਈਆ । ਦੋਨਾਂ ਦੇ ਅੰਦਰ ਆਈ ਵਿਚਾਰ, ਕੀ ਖੇਲ ਦਿਤੀ ਰਚਾਈਆ । ਗੋਬਿੰਦ ਇਕ ਨੂਰ ਦਾ ਦੇ ਕੇ ਚਮਤਕਾਰ, ਅੰਧ ਅੰਧੇਰਾ ਦਿਤਾ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਧੀਂਦਾ ਕਹੇ ਓਹ ਸ਼ਾਮੂ ਕੁਝ ਜਾਣ, ਤੈਨੂੰ ਦਿਆਂ ਜਣਾਈਆ । ਗੋਬਿੰਦ ਨੌਜਵਾਨ, ਸੂਰਬੀਰ ਬੇਪ੍ਰਵਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਧੂੜੀ ਖ਼ਾਕ ਰਮਾਈਆ । ਮੇਲਾ ਮਿਲਾਇਆ ਆਣ, ਹੋਇਆ ਸਚ ਸਹਾਈਆ । ਕੁਛ ਮੰਗੀਏ ਇਸ ਤੋਂ ਦਾਨ, ਵਪਾਰੀ ਹੋ ਕੇ ਆਪਣਾ ਵਣਜ ਬਣਾਈਆ । ਇਹ ਦੇਵਣਹਾਰਾ ਮਿਹਰਵਾਨ, ਦੇ ਕੇ ਖ਼ੁਸ਼ੀ ਬਣਾਈਆ । ਦੋਹਾਂ ਅਰਜ਼ ਕੀਤੀ ਚਰਨ ਕਵਲ ਕਰ ਧਿਆਨ, ਨੈਣਾਂ ਨੀਰ ਵਹਾਈਆ । ਗੋਬਿੰਦ ਨੇ ਉਂਗਲ ਕੀਤੀ ਅਸਮਾਨ, ਇਸ਼ਾਰਾ ਦਿਤਾ ਕਰਾਈਆ । ਜਿਸ ਵੇਲੇ ਮੈਂ ਤੇ ਮੇਰੇ ਨਾਲ ਆਇਆ ਭਗਵਾਨ, ਨਿਰਗੁਣ ਨਿਰਗੁਣ ਹੋ ਕੇ ਖੇਲ ਖਿਲਾਈਆ । ਫਿਰ ਲਹਿਣਾ ਦੇਣਾ ਚੁਕਾਵਾਂ ਵਿਚ ਜਹਾਨ, ਲੇਖਾ ਪੂਰਬ ਝੋਲੀ ਪਾਈਆ । ਮਾਨਸ ਵਿਚੋਂ ਤੁਹਾਨੂੰ ਮਾਨਸ ਜਨਮ ਦੇਵਾਂ ਇਨਸਾਨ, ਦੂਜੀ ਜੂਨੀ ਵਿਚ ਨਾ ਕੋਇ ਭਵਾਈਆ । ਸਮੇਂ ਨਾਲ ਕਰਾਂ ਪਹਿਚਾਨ, ਇਹ ਮੇਰੇ ਹੱਥ ਵਡਿਆਈਆ । ਦੋਹਾਂ ਮਿਲ ਕੇ ਗਾਇਆ ਗਾਣ, ਤੂੰਹੀ ਤੂੰਹੀ ਰਾਗ ਅਲਾਈਆ । ਅਸੀਂ ਦੋਵੇਂ ਬੜੇ ਅੰਜਾਣ, ਸਾਨੂੰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਪਿਛਲਾ ਲੇਖਾ ਨਾਂ ਧੀਂਦਾ ਹੁਣ ਅਮੀਰ ਚੰਦ ਗੁਲਾਟੀ, ਆਵਾਜ਼ ਏਸੇ ਕਰ ਕੇ ਲਗਾਈਆ । ਵੇਖ ਲੈ ਆਪਣਾ ਸਾਥੀ, ਗੋਬਿੰਦ ਦਿਤਾ ਮਿਲਾਈਆ । ਮਨੂਆ ਰਹੇ ਕੋਈ ਨਾ ਆਕੀ, ਮਮਤਾ ਮੋਹ ਮਿਟਾਈਆ । ਆਪਣਾ ਅੰਮ੍ਰਿਤ ਜਾਮ ਦੇਵੇ ਬਣ ਕੇ ਸਾਕੀ, ਧੁਰ ਪਿਆਲਾ ਹੱਥ ਉਠਾਈਆ । ਅੰਦਰੋਂ ਖੋਲ੍ਹ ਕੇ ਬੰਦ ਤਾਕੀ, ਪੜਦਾ ਦਏ ਚੁਕਾਈਆ । ਨਿਰਗੁਣ ਜੋਤ ਜਗੇ ਬਾਤੀ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਤੁਸਾਂ ਪਿਛੇ ਇਕੱਠੀ ਸੁਣੀ ਆਖੀ, ਹੁਣ ਅੱਖਾਂ ਨਾਲ ਅੱਖ ਲਓ ਮਿਲਾਈਆ । ਤੁਹਾਡੀ ਪਹਿਲੀ ਸਾਂਭ ਕੇ ਰੱਖੀ ਪਾਤੀ, ਜਿਸ ਉਤੇ ਹਰਫ਼ ਨਾ ਕੋਇ ਬਣਾਈਆ । ਅੱਜ ਮੇਲ ਮਿਲਾਇਆ ਮੁਕੀ ਵਾਟੀ, ਪੰਧ ਪੰਧ ਮੁਕਾਈਆ । ਮੰਜ਼ਲ ਚੜ੍ਹੀ ਘਾਟੀ, ਵਿਸ਼ਨ ਬ੍ਰਹਮਾ ਸ਼ਿਵ ਅੱਖ ਉਠਾਈਆ । ਸਾਹਿਬ ਸਤਿਗੁਰ ਕਰੇ ਰਾਖੀ, ਰੱਖਕ ਹੋਵੇ ਥਾਉਂ ਥਾਈਆ । ਜਿਸ ਦੀ ਜੋਤ ਜਗੇ ਓਸੇ ਦੀ ਬਾਤੀ, ਜਾਗਰਤ ਜੋਤ ਵੇਖ ਵਖਾਈਆ । ਲਹਿਣਾ ਦੇਣਾ ਚੁਕਾਏ ਲੋਕਮਾਤੀ, ਸਚਖੰਡ ਦੇਵੇ ਮਾਣ ਵਡਿਆਈਆ । ਮੇਲ ਮਿਲਾਏ ਨਾਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪਿਛਲਾ ਪਿਆਰ ਤਾਰ ਤੂੰਬੀ, ਤੂੰਹੀ ਤੂੰਹੀ ਰਾਗ ਅਲਾਈਆ । ਇਹ ਰਸਨਾ ਨਾਲ ਨਹੀਂ ਕੂੰਦੀ, ਕੂਕ ਕੂਕ ਸੁਣਾਈਆ । ਇਹ ਵੇਖੇ ਖੇਲ ਜੂਹ

ਦੀ, ਜੰਗਲ ਉਜਾੜ ਪਹਾੜ ਖੋਜ ਖੁਜਾਈਆ । ਇਹ ਵਣਜਾਰਨ ਬੁਤ ਵਿਚ ਰੂਹ ਦੀ, ਰੂਹ ਰੂਹ ਨਾਲ ਮਿਲਾਈਆ । ਇਹ ਖੇਲ ਸਚੇ ਸਤਿਗੁਰੂ ਦੀ, ਵਿਛੜਿਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਲਾਈਆ । ਪ੍ਰਦੇਸੀ ਕਿਉਂ ਆਇਆ ਭੱਜਾ, ਭੱਜਿਆ ਵਾਹੋ ਦਾਹੀਆ । ਗੁਲਾਟੀ ਨੂੰ ਕਿਉਂ ਦਿਤਾ ਸੱਦਾ, ਸਹਿਜੇ ਲਿਆ ਬੁਲਾਈਆ । ਏਸ ਦੀ ਓਹ ਜਾਣੇ ਵਜਹ, ਜੋ ਵਜੂਦ ਦੇ ਅੰਦਰ ਬੈਠਾ ਡੇਰਾ ਲਾਈਆ । ਜੋ ਆਦਿ ਜੁਗਾਦੀ ਸਭ ਦਾ ਅੱਬਾ, ਪਿਤਾ ਪੁਰਖ ਅਕਾਲ ਬੇਪ੍ਰਵਾਹੀਆ । ਜਗਤ ਲੱਭਿਆਂ ਕਦੇ ਨਾ ਲੱਭਾ, ਖੋਜਿਆਂ ਹੱਥ ਕਿਸੇ ਨਾ ਆਈਆ । ਜਿਨ੍ਹਾਂ ਵੇਖੇ ਪੂਰਬ ਹੱਕਾ, ਹਕ਼ੀਕਤ ਵਾਲੇ ਲਏ ਮਿਲਾਈਆ । ਆਪਣੇ ਪ੍ਰੇਮ ਦਾ ਦੇ ਕੇ ਰਸਾ, ਰਸਤਾ ਦਏ ਸਮਝਾਈਆ । ਜੋ ਹਰਿ ਹਿਰਦੇ ਅੰਦਰ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਹੁਣ ਖ਼ੁਸ਼ੀਆਂ ਵਿਚ ਮਾਰਦੇ ਰਹੋ ਕੱਛਾਂ, ਕੱਛ ਮੱਛ ਦਾ ਲੇਖਾ ਦਿਤਾ ਮੁਕਾਈਆ । ਏਥੇ ਓਥੇ ਦੋ ਜਹਾਨਾਂ ਕਰੇ ਰੱਛਾ, ਸਿਰ ਆਪਣਾ ਹੱਥ ਟਿਕਾਈਆ । ਤੁਹਾਡਾ ਪਿਛਲਾ ਟਿਕਾਣਾ ਪਿਛਲਾ ਗ੍ਰਿਹ ਸੁਭਦ੍ਰਾ ਵਾਲਾ ਪਤਾ, ਪੀੜ੍ਹੀ ਯਾਰਵੀਂ ਅਜੇ ਵੀ ਚਲਦੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਵਖਾਏ ਬਿਨ ਜਗਤ ਨੇਤਰ ਅੱਖਾਂ, ਸਖ਼ਾ ਸਖਾਈ ਆਪਣੇ ਰੰਗ ਰੰਗਾਈਆ ।



## ❊ ੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਹਰਿ ਕਰਤਾ ਵਡ ਵਡਿਆਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਸੰਗ, ਨਿਰਗੁਣ ਨਿਰਵੈਰ ਦੇਵੇ ਸਚ ਅਨੰਦ, ਅਨੰਦ ਆਪਣਾ ਆਪ ਪ੍ਰਗਟਾਈਆ । ਏਕੰਕਾਰ ਦੀਨ ਦਿਆਲ ਬਣ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਆਦਿ ਨਿਰੰਜਣ ਨੂਰ ਅਲਾਹੀ ਪ੍ਰਕਾਸ਼ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਮੇਟਣਹਾਰਾ ਅੰਧੇਰ ਅੰਧ, ਬੇਪ੍ਰਵਾਹ ਅਗੰਮ ਅਥਾਹ ਆਪਣੀ ਦਇਆ ਕਮਾਈਆ । ਅਬਿਨਾਸ਼ੀ ਕਰਤਾ ਅੰਮ੍ਰਿਤ ਧਾਰ ਵਹਾਵਣਹਾਰਾ ਅਗੰਮੀ ਗੰਗ, ਗਹਿਰ ਗੰਭੀਰ ਬੇਨਜ਼ੀਰ ਆਪਣੀ ਕਲ ਵਰਤਾਈਆ । ਪਤਿਪਰਮੇਸ਼ਵਰ ਲੇਖਾ ਜਾਣ ਆਦਿ ਜੁਗਾਦਿ ਜੁਗ ਚੌਕੜੀ ਸਰਗੁਣ ਨਿਰਗੁਣ ਕਰੇ ਕੰਮ, ਪੁਰਖ ਅਕਾਲਾ ਦੀਨ ਦਿਆਲਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਲ ਵਰਤਾਈਆ । ਸਤਿ ਸਤਿਵਾਦੀ ਹਰਿ ਕਰਤਾਰਾ, ਹਰਿ ਵੱਡਾ ਵਡ ਵਡਿਆਈਆ । ਨੂਰ ਨੂਰ ਕਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸੁਹਾਵਣਹਾਰਾ ਸਚਖੰਡ ਸੱਚਾ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰਾ, ਆਦਿ ਜੁਗਾਦਿ ਡਗਮਗਾਈਆ । ਸ਼ਬਦ ਅਗੰਮੀ ਆਪਣੀ ਧਾਰ ਬੋਲ ਜੈਕਾਰਾ, ਨਾਦ ਅਨਾਦਾ ਆਪ ਸੁਣਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਬਣ ਸਿਕਦਾਰਾ, ਆਪਣਾ ਖੇਲ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਰੂਪ ਅਨੂਪ ਸ਼ਾਹੋ ਭੂਪ ਆਪ ਪ੍ਰਗਟਾਈਆ । ਸ਼ਾਹੋ ਭੂਪ ਹਰਿ ਸੁਲਤਾਨਾ, ਵੱਡਾ ਵਡ ਵਡਿਆਈਆ । ਸਚਖੰਡ ਦਵਾਰੇ ਬੈਠ ਅਗੰਮ ਮਕਾਨਾ, ਬਿਨ ਤੇਲ ਬਾਤੀ ਦੀਪਕ ਜੋਤ ਕਰੇ ਰੁਸ਼ਨਾਈਆ ।

ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਪਹਿਰੇ ਬਾਣਾ, ਨਿਰਵੈਰ ਪੁਰਖ ਨਿਰਾਕਾਰ ਨਿਰੰਕਾਰ ਆਪਣੀ ਕਾਰ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਸਾਚਾ ਦਾਨਾ, ਸਚ ਸਵਾਮੀ ਅੰਤਰਜਾਮੀ ਆਪਣੀ ਦਾਤ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਖੇਲ ਖਿਲਾਏ ਵਿਚ ਜਹਾਨਾ, ਪ੍ਰਿਥਮੀ ਆਕਾਸ਼ ਬ੍ਰਹਮ ਪ੍ਰਕਾਸ਼ ਆਪ ਕਰਾਈਆ । ਨਾਦ ਧੁਨ ਸ਼ਬਦ ਸੁਣਾਏ ਅਗੰਮੀ ਗਾਣਾ, ਅਨਬੋਲਤ ਆਪਣੀ ਧਾਰ ਪ੍ਰਗਟਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਚ ਕਰਨੀ ਕ਼ਾਦਰ ਰਿਹਾ ਕਰ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਤੋਂ ਮੰਗਦੇ ਅਵਤਾਰ ਪੈਗ਼ੰਬਰ ਗੁਰ ਵਰ, ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਦਰ ਸੀਸ ਝੁਕਾਈਆ । ਜੋ ਨਿਰਗੁਣ ਨਿਰਾਕਾਰ ਸਭ ਦਾ ਘਾੜਨ ਦਏ ਘੜ, ਭੰਨਣਹਾਰ ਆਪ ਹੋ ਜਾਈਆ । ਹੱਕ ਮੁਕਾਮ ਦਰਗਾਹ ਸਾਚੀ ਬੈਠਾ ਚੜ੍ਹ, ਚਾਰ ਕੁੰਟ ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਪੁਰਖ ਅਕਾਲ, ਹਰਿ ਕਰਤਾ ਆਪ ਜਣਾਈਆ । ਦੀਨਾ ਬੰਧਪ ਦੀਨ ਦਿਆਲ, ਦਇਆਨਿਧ ਵਡ ਵਡਿਆਈਆ । ਸੰਮਤ ਸ਼ਹਿਨਸ਼ਾਹੀ ਵੇਖ ਚੌਥਾ ਸਾਲ, ਸਾਲ ਗਿਰਹ ਸਭ ਦੀ ਫੋਲ ਫੁਲਾਈਆ । ਸਚ ਦਵਾਰਾ ਸੁਤ ਦੁਲਾਰਾ ਸ਼ਬਦੀ ਉਠਾ ਅਗੰਮਾ ਲਾਲ, ਧੁਰ ਫ਼ਰਮਾਨਾ ਇਕੋ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲਣੀ ਚਾਲ, ਚਾਲ ਨਿਰਾਲੀ ਇਕ ਪ੍ਰਗਟਾਈਆ । ਸਚ ਦਵਾਰਾ ਦੱਸ ਸੱਚੀ ਧਰਮਸਾਲ, ਦਰ ਇਕੋ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਭੇਵ ਅਭੇਦਾ ਰੱਖੇ ਆਪਣੇ ਹੱਥ, ਹਰਿ ਕਰਤਾ ਵਡ ਵਡਿਆਈਆ । ਕਰੇ ਖੇਲ ਪੁਰਖ ਸਮਰਥ, ਪਰਵਰਦਿਗਾਰ ਧੁਰਦਰਗਾਹੀਆ । ਜਿਸ ਦਾ ਚਾਰ ਜੁਗ ਗੌਂਦੇ ਆਏ ਜਸ, ਸਿਫਤ ਸਲਾਹਾਂ ਵਿਚ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਨ ਅੰਜੀਲ ਕ਼ੁਰਾਨ ਖਾਣੀ ਬਾਣੀ ਕ਼ਲਮ ਦੁਆਰਾ ਦੱਸੇ ਸਚ, ਸਤਿ ਸਤਿਵਾਦੀ ਇਕ ਪੜ੍ਹਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਗਿਆ ਵਸ, ਬੇਪ੍ਰਵਾਹ ਆਪਣਾ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਚਰਨ ਕਵਲ ਗਿਆ ਢੱਠ, ਬਿਨ ਸੀਸ ਜਗਦੀਸ਼ ਝੁਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਕਰ ਕੇ ਇਕੱਠ, ਸ਼ਹਿਨਸ਼ਾਹ ਵੇਖੇ ਚਾਈਂ ਚਾਈਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਨੱਠ, ਕਲਜੁਗ ਅੰਤਮ ਵੇਲਾ ਦਏ ਦੁਹਾਈਆ । ਸਤਿ ਧਰਮ ਦਾ ਰਿਹਾ ਕੋਈ ਨਾ ਹੱਟ, ਮੰਦਰ ਮੱਠ ਸ਼ਿਵਦੁਵਾਲੇ ਗੁਰੂਦਵਾਰ ਰਹੇ ਕੁਰਲਾਈਆ । ਫਿਰੀ ਦਰੋਹੀ ਅੱਠ ਸੱਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾ ਨੀਰ ਵਹਾਈਆ । ਘਟ ਘਟ ਅੰਦਰ ਮਨ ਕਾਮਨਾ ਰਹੀ ਨੱਚ, ਕਾਮ ਕਰੋਧ ਲੋਭ ਹੰਕਾਰ ਸ੍ਰਿਸ਼ਟ ਦ੍ਰਿਸ਼ਟ ਹਲਕਾਈਆ । ਨਾੜ ਬਹੱਤਰ ਉਬਲੀ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਸਤਿ ਧਰਮ ਦੀ ਭੁੱਲੀ ਮਤਿ, ਗੁਰਮਤ ਬੈਠੀ ਮੁਖ ਛੁਪਾਈਆ । ਧੀਰਜ ਰਿਹਾ ਕੋਈ ਨਾ ਜਤ, ਸਾਧ ਸੰਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਦਰ ਠਾਂਡਾ ਕਹੇ ਪ੍ਰਭੂ ਤੇਰਾ ਦਰਬਾਰਾ, ਦੋ ਜਹਾਨਾਂ ਸਚ ਨਜ਼ਰੀ ਆਇੰਦਾ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਕੋਇ ਨਾ ਪਾਇੰਦਾ । ਸਦੀ ਚੌਧਵੀਂ ਵੇਖ ਕਿਨਾਰਾ, ਈਸਾ

ਮੂਸਾ ਮੁਹੰਮਦ ਸੀਸ ਝੁਕਾਇੰਦਾ । ਨਾਨਕ ਗੋਬਿੰਦ ਉਚੀ ਕੂਕ ਕਰੇ ਪੁਕਾਰਾ, ਤੇਈ ਅਵਤਾਰ ਹਾਹਾਕਾਰ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਰੋਵੇ ਜ਼ਾਰੋ ਜ਼ਾਰਾ, ਕਰੋੜ ਤੇਤੀਸਾ ਨੇਤਰ ਨੈਣਾ ਨੀਰ ਵਹਾਇੰਦਾ । ਸਤਿ ਧਰਮ ਦਾ ਰਿਹਾ ਨਾ ਕੋਇ ਜੈਕਾਰਾ, ਜਾਗਰਤ ਜੋਤ ਨਾ ਕੋਇ ਡਗਮਗਾਇੰਦਾ । ਭਰਮੇ ਭੁੱਲਾ ਸਰਬ ਸੰਸਾਰਾ, ਸਰਬ ਕਲਾ ਸਮਰਥ ਸਵਾਮੀ ਤੇਰਾ ਦਰਸ ਕੋਇ ਨਾ ਪਾਇੰਦਾ । ਮੰਦਰ ਚੜ੍ਹ ਨਿਰਮਲ ਨੂਰ ਜੋਤ ਕਰੇ ਨਾ ਕੋਇ ਦੀਦਾਰਾ, ਦੀਦ ਈਦ ਨਾ ਕੋਇ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਤੇਰਾ ਦਰ ਠਾਂਡਾ ਸੀਤ, ਹਰਿ ਕਰਤੇ ਵਡ ਵਡਿਆਈਆ । ਸ਼ਬਦ ਗੁਰੂ ਤੇਰਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਕਰ ਰੁਸ਼ਨਾਈਆ । ਸਤਿਜੁਗ ਸਾਚੀ ਦੱਸ ਦੇ ਰੀਤ, ਕਲਜੁਗ ਕੂੜੀ ਰੀਤੀ ਰਹੇ ਨਾ ਰਾਈਆ । ਧਾਮ ਵਖਾ ਇਕ ਅਨਡੀਠ, ਜਲਵਾਗਰ ਨੂਰ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਕਿਉਂ ਸੁੱਤਾ ਕਰ ਕੇ ਪੀਠ, ਕਰਵਟ ਆਪਣੀ ਲੈ ਬਦਲਾਈਆ । ਕਿਉਂ ਸਚ ਸਵਾਮੀ ਧੁਰ ਦੇ ਮੀਤ, ਮਿਤ੍ਰ ਪਿਆਰਾ ਗੋਬਿੰਦ ਗਿਆ ਸਮਝਾਈਆ । ਲੇਖਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਲੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਾਏ ਭੈ ਭੀਤ, ਭਾਂਡਾ ਭਰਮ ਭੌ ਭੰਨਾਈਆ । ਗੁਰ ਅਵਤਾਰ ਪੈਗ਼ੰਬਰ ਸਦੀ ਚੌਧਵੀਂ ਸਾਰੇ ਕਰਨ ਤਸਦੀਕ, ਸ਼ਹਾਦਤ ਇਕੋ ਵਾਰ ਭੁਗਤਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਤੇਰੇ ਛਤਰ ਝੁੱਲੇ ਸੀਸ, ਸ਼ਾਸਤਰ ਸਿਮਰਤ ਵੇਦ ਪੁਰਾਨ ਦਏ ਗਵਾਹੀਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਬਖ਼ਸ਼ੀਸ਼, ਰਹਿਮਤ ਆਪਣੀ ਇਕ ਕਮਾਈਆ । ਝਗੜਾ ਮੇਟ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਸਾਚਾ ਕਲਮਾ ਦੱਸ ਹਦੀਸ, ਧੁਰ ਦੇ ਹਜ਼ਰਤ ਕਰ ਪੜ੍ਹਾਈਆ । ਸਦੀ ਬੀਸਵੀਂ ਰਹੀ ਬੀਤ, ਬਾਤਨ ਪਰਦਾ ਦੇ ਉਠਾਈਆ । ਜਨ ਭਗਤ ਤੇਰੇ ਅਜ਼ੀਜ਼, ਗੁਰਮੁਖ ਗੁਰਸਿਖ ਗੋਦੀ ਲੈ ਉਠਾਈਆ । ਸਾਚੇ ਨਾਮ ਦੀ ਦੇ ਤਮੀਜ਼, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗੌਣ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਸਭ ਦੀ ਆਸਾ ਪੂਰੀ ਕਰ ਦੇ ਮਨਸਾ, ਮਿਹਰਵਾਨ ਤੇਰੀ ਸਰਨਾਈਆ । ਗੁਰਮੁਖ ਹਰਿ ਸੰਤ ਬਣਾ ਦੇ ਹੰਸਾ, ਸੋਹੰ ਮੋਤੀ ਚੋਗ ਚੁਗਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਬੰਸਾ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਮਨ ਹੰਕਾਰੀ ਮਾਰ ਦੇ ਕੰਸਾ, ਸੋਈ ਸੁਰਤੀ ਆਪ ਉਠਾਈਆ । ਸਤਿਜੁਗ ਸਚ ਬਣਾ ਦੇ ਬਣਤਾ, ਘੜਨ ਭੰਨਣਹਾਰ ਤੇਰੀ ਸਰਨਾਈਆ । ਤੇਰਾ ਖੇਲ ਜੁਗ ਚੌਕੜੀ ਆਦਿਨ ਅੰਤਾ, ਨਿਤ ਨਵਿਤ ਵੇਸ ਵਟਾਈਆ । ਮਿਹਰਵਾਨ ਮਿਹਰ ਕਰ ਦੇ ਉਪਰ ਸੰਗਤਾ, ਸਤਿ ਸਤਿਵਾਦੀ ਆਪਣਾ ਰਾਹ ਜਣਾਈਆ । ਤੇਰਾ ਭਗਤ ਦੂਜੇ ਦਰ ਹੋਵੇ ਨਾ ਮੰਗਤਾ, ਭਿੱਖਕ ਹੋ ਕੇ ਝੋਲੀ ਤੇਰੇ ਅੱਗੇ ਡਾਹੀਆ । ਤੂੰ ਲੱਖ ਚੁਰਾਸੀ ਆਤਮ ਪਰਮਾਤਮ ਸਾਚਾ ਕੰਤਾ, ਕੰਤੂਹਲ ਤੇਰੀ ਵਡਿਆਈਆ । ਕੂੜਾ ਮੋਹ ਮੇਟ ਦੇ ਮਮਤਾ, ਵਿਕਾਰ ਹੰਕਾਰ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਦਰ ਤੇਰੇ ਅਲਖ ਮਹਿਬੂਬ, ਮੁਹੱਬਤ ਵਿਚ ਸਰਨਾਈਆ । ਵਖਾ ਇਕ ਅਰਸ਼ ਅਰੂਜ, ਜਲਵਾਗਰ ਡਗਮਗਾਈਆ । ਕਲਜੁਗ ਕੂੜੀ ਕਿਰਿਆ ਮੇਟ ਹਦੂਦ, ਗ੍ਰਿਹ ਮੰਦਰ ਇਕ ਸੁਹਾਈਆ । ਤੇਰਾ ਨਜ਼ਰ

ਨਾ ਆਏ ਕੋਈ ਵਜੂਦ, ਜਿਸਮ ਜ਼ਮੀਰ ਦੇ ਬਦਲਾਈਆ । ਤੇਰਾ ਖੇਲ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਨਿਰਗੁਣ ਜੋਤ ਬਿਨ ਵਰਨ ਗੋਤ ਪੁਰਖ ਅਕਾਲ ਆਪਣਾ ਦੇ ਸਬੂਤ, ਸਾਹਿਬ ਸਵਾਮੀ ਪਰਦਾ ਆਪ ਉਠਾਈਆ । ਹਰ ਘਟ ਵਸੇਂ ਮੌਜੂਦ, ਗੁਰਮੁਖਾਂ ਲਏਂ ਤਰਾਈਆ । ਤੇਰੀ ਮੰਜ਼ਲ ਇਕ ਮਕਸੂਦ, ਮੁਕਾਮੇ ਹੱਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕ ਦੇਣਾ ਧੁਰ ਦਾ ਵਰ, ਦਰ ਠਾਂਡੇ ਵੱਜੇ ਵਧਾਈਆ । ਦਰ ਠਾਂਡਾ ਦਿਸੇ ਏਕ, ਏਕੰਕਾਰ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਦੱਸ ਦੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਦੀ ਬੁੱਧੀ ਕਰ ਬਿਬੇਕ, ਦੁਰਮਤ ਮੈਲ ਕਰ ਸਫ਼ਾਈਆ । ਨਿਜ ਨੇਤਰ ਤੈਨੂੰ ਲੈਣ ਵੇਖ, ਲੋਚਨ ਅੰਦਰੋਂ ਕਰ ਰੁਸ਼ਨਾਈਆ । ਝਗੜਾ ਰਹੇ ਨਾ ਮੁੱਲਾ ਸ਼ੇਖ਼, ਪੰਡਤ ਪਾਂਧਾ ਨਾ ਕੋਇ ਪੜ੍ਹਾਈਆ । ਸਾਢੇ ਤਿੰਨ ਹੱਥ ਖੋਲ੍ਹ ਭੇਤ, ਨੌਂ ਦੁਆਰ ਡੇਰਾ ਢਾਹੀਆ । ਆਤਮ ਪਰਮਾਤਮ ਦੱਸ ਹੇਤ, ਸੁਰਤੀ ਸ਼ਬਦੀ ਜੋੜ ਜੁੜਾਈਆ । ਪੰਚ ਵਿਕਾਰਾ ਕਰ ਖੇਤ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਜ਼ਰੀ ਆਏਂ ਨੇਤਨ ਨੇਤ, ਨਿਰਵੈਰ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਦੇ ਲੇਖ, ਭਵਿਖਤਾਂ ਵਿਚ ਤੇਰੀ ਆਸ ਤਕਾਈਆ । ਨੌਂ ਸੌ ਚੁਰਾਨਵੇ ਚੌਕੜੀ ਤੂੰ ਬੈਠਾ ਰਿਹੋਂ ਸਚਖੰਡ ਆਪਣੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਭਗਤਾਂ ਕਾਰਨ ਹੁੰਦਾ ਰਿਹੋਂ ਪੇਸ਼, ਪੇਸ਼ੀਨਗੋਈ ਸਭ ਦੀ ਦਏ ਗਵਾਹੀਆ । ਤੂੰ ਰਹਿਣ ਵਾਲਾ ਹਮੇਸ਼, ਜੰਮਣ ਮਰਨ ਰੂਪ ਨਾ ਕੋਇ ਬਦਲਾਈਆ । ਤੇਰਾ ਮੁੱਛ ਦਾੜ੍ਹੀ ਨਾ ਕੋਈ ਕੇਸ, ਚੋਟੀ ਮੂੰਡ ਨਾ ਕੋਇ ਮੁੰਡਾਈਆ । ਤੇਰਾ ਅੰਤ ਅਖ਼ੀਰ ਗੁਰੂ ਦਸ ਦਸਮੇਸ਼, ਦਹਿ ਦਿਸ਼ਾ ਕਰ ਕੇ ਗਿਆ ਪੜ੍ਹਾਈਆ । ਆਪ ਆਪਾ ਕਰ ਕੇ ਭੇਟ, ਬੰਸ ਸਰਬੰਸ ਤੇਰੇ ਲੇਖੇ ਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਖੇਵਟ ਖੇਟ, ਤਟ ਕਿਨਾਰਾ ਦੂਜਾ ਨਜ਼ਰ ਕੋਇ ਨਾ ਆਈਆ । ਨਿਰਵੈਰ ਹੋ ਕੇ ਸ੍ਰਿਸ਼ਟ ਸਬਾਈ ਵੇਖ, ਦੀਨਾਂ ਮਜ਼੍ਹਬਾਂ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਪੂਰ ਕਰਾਈਆ । ਸੰਮਤ ਕਹੇ ਮੈਂ ਚੌਥਾ ਆਇਆ, ਨਿਰਗੁਣ ਨਿਰਵੈਰ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਮਾਇਆ, ਮਮਤਾ ਮੋਹ ਵਿਕਾਰ ਗੁਆਈਆ । ਤੂੰ ਸਾਹਿਬ ਸੱਜਣ ਸੁਖਦਾਇਆ, ਸ਼ਹਿਨਸ਼ਾਹ ਧੁਰਦਰਗਾਹੀਆ । ਲੱਖ ਚੁਰਾਸੀ ਰਚਨ ਰਚਾਇਆ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਰਾਗ ਅਲਾਇਆ, ਚਾਰੇ ਕੂਟਾਂ ਕਰ ਸ਼ਨਵਾਈਆ । ਚਾਰੇ ਜੁਗ ਖੇਲ ਰਚਾਇਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਲ ਧਰਾਈਆ । ਅਵਤਾਰ ਪੈਗ਼ੰਬਰ ਗੁਰੂ ਵੇਸ ਵਟਾਇਆ, ਨਿਤ ਨਵਿਤ ਆਪਣੀ ਕਾਰ ਕਮਾਈਆ । ਪਾਰਬ੍ਰਹਮ ਤੇਰਾ ਭੇਵ ਕਿਸੇ ਨਾ ਆਇਆ, ਪਰਦਾ ਸਕਿਆ ਨਾ ਕੋਇ ਚੁਕਾਈਆ । ਸਭ ਨੇ ਝੁਕ ਝੁਕ ਤੈਨੂੰ ਸੀਸ ਝੁਕਾਇਆ, ਸੱਯਦਿਆਂ ਵਿਚ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਇਆ, ਚਾਰ ਜੁਗ ਕਰੀ ਜਗਤ ਪੜ੍ਹਾਈਆ । ਕ਼ਲਮ ਸ਼ਾਹੀ ਲੇਖ ਲਿਖਾਇਆ, ਕਾਗ਼ਜ਼ ਬਣਤ ਬਣਾਈਆ । ਗੁਰ ਅਵਤਾਰ ਪੈਗ਼ੰਬਰ ਜੁਗ ਜੁਗ ਆਪਣਾ ਫੇਰਾ ਪਾਇਆ, ਪਾਰਬ੍ਰਹਮ ਤੇਰੀ ਓਟ ਤਕਾਈਆ । ਅੰਤ ਸੰਦੇਸ਼ਾ ਤੇਰਾ ਇਕ ਸੁਣਾਇਆ, ਢੋਲਾ ਸੋਹਲਾ ਰਾਗ ਅਲਾਈਆ । ਜਿਸ ਵੇਲੇ ਕਲਜੁਗ ਵੇਲਾ ਅੰਤਮ ਆਇਆ, ਕਲ ਕਲਕੀ ਵੇਸ ਵਟਾਈਆ । ਜਿਸ ਨੂੰ ਜਨਮੇ ਕੋਇ ਨਾ ਮਾਇਆ, ਗੋਦੀ ਗੋਦ ਨਾ ਕੋਇ ਸੁਹਾਈਆ । ਜਿਸ ਨੂੰ ਖਿਲਾਏ ਕੋਈ ਨਾ ਦਾਇਆ, ਦਰ ਦਵਾਰ ਨਾ ਕੋਇ ਸੁਹਾਈਆ । ਤੂੰ ਖ਼ਾਲਕ ਖ਼ਲਕ ਬੇਪ੍ਰਵਾਹ ਨੂਰ ਰੁਸ਼ਨਾਇਆ, ਨੂਰੋ ਨੂਰ ਡਗਮਗਾਈਆ ।


੩੩੩
੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦੇ ਉਠਾਈਆ । ਸੰਮਤ ਕਹੇ ਮੈਂ ਸਾਲ ਚੌਥਾ ਆਇਆ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਚਾਰ ਕੁੰਟ ਲੱਗੀ ਅੱਗ, ਤ੍ਰਿਸ਼ਨਾ ਜਗਤ ਨਾ ਕੋਇ ਬੁਝਾਈਆ । ਹੰਸ ਬੁੱਧੀ ਹੋਈ ਕੱਗ, ਸ੍ਰਿਸ਼ਟੀ ਦ੍ਰਿਸ਼ਟੀ ਤੇਰਾ ਨਾਮ ਨਾ ਕੋਇ ਧਿਆਈਆ । ਮੋਹ ਹੰਕਾਰ ਵਿਕਾਰ ਗਿਆ ਵਧ, ਕਾਮ ਕਰੋਧ ਕਰੇ ਲੜਾਈਆ । ਸਾਧ ਸੰਤ ਜੀਵ ਜੰਤ ਤੇਰਾ ਪ੍ਰੇਮ ਗਏ ਛੱਡ, ਆਤਮ ਪਰਮਾਤਮ ਨਾਤਾ ਨਾ ਕੋਇ ਜੁੜਾਈਆ । ਖ਼ਾਲੀ ਦਿਸਣ ਸਾਢੇ ਤਿੰਨ ਹੱਥ ਕਾਇਆ ਮਾਟੀ ਹੱਡ, ਤੇਰੀ ਹੱਦ ਪਾਰ ਨਾ ਕੋਇ ਕਰਾਈਆ । ਏਸੇ ਕਰ ਕੇ ਅਵਤਾਰ ਪੈਗ਼ੰਬਰ ਗੁਰੂ ਤੈਨੂੰ ਗਏ ਸੱਦ, ਹੋਕਾ ਨਾਮ ਵਾਲਾ ਸੁਣਾਈਆ । ਤੂੰ ਸਾਹਿਬ ਸੂਰਾ ਸਰਬਗ, ਸ਼ਹਿਨਸ਼ਾਹ ਧੁਰਦਰਗਾਹੀਆ । ਤੇਰਾ ਨਾਮ ਅਗੰਮਾ ਨਦ, ਦੋ ਜਹਾਨਾਂ ਕਰੇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਭੱਜ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਤੇਰਾ ਖੇਲ ਪੁਰਖ ਸਮਰਥ, ਕਲ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਹੋ ਪ੍ਰਗਟ, ਪ੍ਰਗਟ ਆਪਣੀ ਕਲ ਧਰਾਈਆ । ਸਤਿ ਧਰਮ ਦਾ ਖੋਲ੍ਹ ਦੇ ਹੱਟ, ਹੱਟਵਾਣਾ ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਜਸ, ਸਿਫ਼ਤਾਂ ਵਿਚ ਤੇਰਾ ਨਾਮ ਸਾਲਾਹੀਆ । ਜਨ ਭਗਤਾਂ ਅੰਦਰੋਂ ਖੋਲ੍ਹ ਦੇ ਅੱਖ, ਨਿਜ ਨੇਤਰ ਕਰ ਰੁਸ਼ਨਾਈਆ । ਸਚ ਸਵਾਮੀ ਹੋ ਪ੍ਰਤੱਖ, ਪਾਰਖੂ ਗੁਰਮੁਖ ਲੈ ਉਪਜਾਈਆ । ਅੱਗੇ ਹੋਵੀਂ ਕਦੇ ਨਾ ਵਖ, ਵਖਰਾ ਘਰ ਸੁਹਾਈਆ । ਕੁਛ ਲਹਿਣਾ ਦੱਸ ਕੇ ਗਿਆ ਰਾਮਾ ਬੇਟਾ ਦਸਰਥ, ਵਸ਼ਿਸ਼ਟ ਨਾਲ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਜਿਸ ਵੇਲੇ ਕ੍ਰਿਸ਼ਨ ਚਲਾਇਆ ਰਥ, ਰਥਵਾਹੀ ਹੋ ਕੇ ਆਪਣੀ ਕਾਰ ਕਮਾਈਆ । ਚੌਥਾ ਸਾਲ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਹਰਿ ਕਰਤੇ ਤੇਰੀ ਸਰਨਾਈਆ । ਤੇਰਾ ਖੇਲ ਵੇਖਿਆ ਮੰਡਲ ਰਾਸੀ, ਗਗਨ ਗਗਨੰਤਰ ਵੱਜੀ ਵਧਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਤੇਰੇ ਸਾਥੀ, ਜੁਗ ਜੁਗ ਤੇਰੀ ਸੇਵ ਕਮਾਈਆ । ਦੇਵਤ ਸੁਰ ਮੰਨਦੇ ਆਖੀ, ਗਣ ਗੰਧਰਬ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖੀ ਤੇਰੀ ਪਾਤੀ, ਸੰਦੇਸੇ ਸ਼ਬਦ ਵਾਲੇ ਜਣਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਤੇਰੀ ਜ਼ਾਤੀ, ਜਾਗਰਤ ਜੋਤ ਡਗਮਗਾਈਆ । ਨਿਰਗੁਣ ਹੋ ਕੇ ਕਰ ਰਾਖੀ, ਸਰਗੁਣ ਮੇਲਾ ਮੇਲ ਸਹਿਜ ਸੁਭਾਈਆ । ਕੀ ਲੇਖਾ ਦੱਸ ਕੇ ਗਿਆ ਗੋਬਿੰਦ ਇਕ ਸੱਤ ਪੰਜ ਛੇ ਦੀ ਵਸਾਖੀ, ਵਾਸਤਾ ਤੇਰੇ ਅੱਗੇ ਪਾਈਆ । ਓਹ ਲਹਿਣਾ ਦੇਣਾ ਵੇਖ ਬਾਕੀ, ਬਾਕੀ ਨਵੀਸ ਫੋਲ ਫੁਲਾਈਆ । ਪੁਰਖ ਅਕਾਲ ਤੇਰਾ ਤਨ ਵਜੂਦ ਨਹੀਂ ਕੋਈ ਖ਼ਾਕੀ, ਤੱਤਾਂ ਵਿਚ ਨਾ ਕੋਇ ਚਤੁਰਾਈਆ । ਸਦੀ ਚੌਧਵੀਂ ਅੰਧੇਰੀ ਰਾਤੀ, ਕਲਜੁਗ ਕੂੜ ਕਿਰਿਆ ਹਲਕਾਈਆ । ਧਰਮ ਦਾ ਰਿਹਾ ਕੋਈ ਨਾ ਪਾਠੀ, ਤਿਲਕ ਲਲਾਟ ਨਾ ਕੋਇ ਲਗਾਈਆ । ਬਗ਼ਲ ਕੁਰਾਨ ਰਖਾਏ ਨਾ ਕੋਈ ਸਾਚੀ, ਮਸਲਾ ਹੱਕ ਨਾ ਕੋਇ ਸੁਣਾਈਆ । ਜੀਵਣ ਬਦਲੇ ਨਾ ਕੋਇ ਹਯਾਤੀ, ਸੰਤ ਕੰਤ ਨਾ ਕੋਇ ਮਿਲਾਈਆ । ਕਿਰਪਾ ਕਰ ਕਮਲਾਪਤੀ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸੂਰਬੀਰ ਹਾਠੀ, ਜੋਧਾ ਇਕੋ ਧੁਰਦਰਗਾਹੀਆ । ਸਾਚੀ ਮੰਜ਼ਲ ਚੜ੍ਹਾ ਦੇ ਘਾਟੀ, ਘਾਟਾ ਸਭ ਦਾ ਪੂਰ ਕਰਾਈਆ । ਸਦੀ ਵੀਹਵੀਂ ਪੂਰੀ ਕਰ ਦੇ ਵਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਸੁਣ ਸੰਮਤ ਮੇਰੇ ਚਾਰ, ਚੌਥੇ ਜੁਗ ਦਿਆਂ ਵਡਿਆਈਆ । ਉਠ ਵੇਖ ਮਾਤ ਸੰਸਾਰ, ਲੱਖ ਚੁਰਾਸੀ ਅੰਤਰ ਖੋਜ ਖੁਜਾਈਆ ।

ਸਾਚਾ ਰਿਹਾ ਨਾ ਕੋਈ ਪਿਆਰ, ਮੁਹੱਬਤ ਵਿਚ ਮਹਿਬੂਬ ਨਾ ਕੋਇ ਮਿਲਾਈਆ । ਸਾਚਾ ਆਤਮ ਪਰਮਾਤਮ ਨਾਤਾ ਜੁੜਿਆ ਨਾ ਕੰਤ ਭਤਾਰ, ਆਤਮ ਸੇਜ ਨਾ ਕੋਇ ਸੁਹਾਈਆ । ਰਸਨਾ ਜਿਹਵਾ ਕਥਨੀ ਕਹਿ ਕਹਿ ਸਾਰੇ ਰਹੇ ਉਚਾਰ, ਹਿਰਦੇ ਹਰਿ ਨਾ ਕੋਇ ਸੁਹਾਈਆ । ਮੈਂ ਤੇਰੇ ਸੰਮਤ ਵਿਚ ਸਭ ਨੂੰ ਕਰ ਦੇਵਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਹੁਕਮ ਦੇਵਾਂ ਪੈਗ਼ੰਬਰ ਗੁਰੂ ਅਵਤਾਰ, ਅਵਤਰਾ ਆਪਣੀ ਕਾਰ ਕਮਾਈਆ । ਜਾ ਕੇ ਵੇਖੋ ਆਪਣੀ ਵਾਰ, ਨਿਰਗੁਣ ਸਰਗੁਣ ਪਰਦਾ ਲਾਹੀਆ । ਜੋ ਦੱਸ ਕੇ ਆਏ ਵਿਹਾਰ, ਭਰਮੇ ਭੁੱਲੀ ਕੂੜ ਲੋਕਾਈਆ । ਕੀ ਕਰਨੀ ਕਮੌਂਦੇ ਕਾਰ, ਕਰਤਾ ਪੁਰਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਬਣਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਆਓ ਅਗੇ, ਅਗਲਾ ਲੇਖਾ ਦਿਆਂ ਵਖਾਈਆ । ਹੁਕਮੇ ਅੰਦਰ ਸਭ ਨੂੰ ਰਿਹਾ ਸੱਦੇ, ਧੁਰ ਫ਼ਰਮਾਨਾ ਇਕ ਜਣਾਈਆ । ਕਿਉਂ ਮਾਤਲੋਕ ਵਿਚੋਂ ਆਏ ਭੱਜੇ, ਭਜਨ ਬੰਦਗੀ ਆਪਣਾ ਨਾਮ ਦ੍ਰਿੜਾਈਆ । ਸਵਾਧਾਨ ਹੋਵੇ ਬੁੱਢੇ ਨੱਢੇ, ਨੌਜਵਾਨ ਲਵੇ ਅੰਗੜਾਈਆ । ਤੁਸੀਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਰੋ ਵਾਰੀ ਗਏ ਕਦੇ ਕਦੇ, ਕ਼ਦੀਮ ਦਾ ਲੇਖਾ ਦਿਆਂ ਮੁਕਾਈਆ । ਦੀਨ ਮਜ਼੍ਹਬ ਦੇ ਚਖਦੇ ਰਹੇ ਮਜ਼ੇ, ਮਾਨਸ ਮਾਨਸ ਨਾਲ ਲੜਾਈਆ । ਚੜ੍ਹੌਂਦੇ ਰਹੇ ਅਪਣੀ ਮੰਜ਼ਲ ਆਪਣੀ ਹੱਦੇ, ਮਹਿਬੂਬ ਮੁਹੱਬਤ ਵਿਚ ਨਾ ਕੋਇ ਸਮਾਈਆ । ਕਿਸੇ ਯਾਦ ਨਾ ਆਈ ਕਿਹੜੀ ਪੁਸ਼ਤ ਕਿਹੜੀ ਯੱਦੇ, ਯਕੇ ਬਾਦ ਦੀਗਰੇ ਸਾਰੇ ਕਰ ਕੇ ਗਏ ਸ਼ਨਵਾਈਆ । ਸਦੀ ਚੌਧਵੀਂ ਸਾਬਤ ਸਿਦਕ ਕਿਸੇ ਨਾ ਲੱਭੇ, ਸੂਫ਼ੀ ਫ਼ਕੀਰ ਰਹੇ ਕੁਰਲਾਈਆ । ਲੇਖੇ ਸਾਧਾਂ ਸੰਤਾਂ ਦਿਸਣ ਨਾ ਬੱਗੇ, ਦੁਰਮਤ ਮੈਲ ਨਾ ਕੋਇ ਧਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਗ੍ਰੰਥਾਂ ਪੰਥਾਂ ਭਾਰ ਬੱਧੇ, ਬੰਧਨ ਸਕੇ ਨਾ ਕੋਇ ਤੁੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਕਿਸੇ ਨਾ ਲੱਭੇ, ਅੰਦਰ ਬਹਿ ਬਹਿ ਸਾਰੇ ਰਹੇ ਧਿਆਈਆ । ਸ਼ਬਦ ਸੰਦੇਸ਼ਾ ਨਰ ਨਰੇਸ਼ਾ ਮੂਲ ਕਿਸੇ ਨਾ ਘੱਲੇ, ਘਾਇਲ ਹੋਈ ਖ਼ਲਕ ਖ਼ੁਦਾਈਆ । ਨਿਰਗੁਣ ਨੂਰ ਜ਼ਹੂਰ ਵਿਚ ਕਦੇ ਨਾ ਰਲੇ, ਰੌਲਾ ਪਵੇ ਥਾਉਂ ਥਾਈਂਆ । ਬਿਨ ਜਨ ਭਗਤਾਂ ਸਦੀ ਚੌਧਵੀਂ ਕੋਈ ਨਾ ਫਲੇ, ਪੱਤ ਡਾਲੀ ਫੁੱਲ ਰੁੱਖ ਲਹਿਰਾਈਆ । ਜਿਨ੍ਹਾਂ ਨੂੰ ਆਪ ਫੜਾਏ ਪੱਲੇ, ਪੱਲੂ ਆਪਣੀ ਗੰਢ ਬੰਧਾਈਆ । ਸਚ ਦੁਵਾਰ ਉਨ੍ਹਾਂ ਨੇ ਮੱਲੇ, ਜਿਥੇ ਵਸੇ ਧੁਰਦਰਗਾਹੀਆ । ਝਗੜਾ ਮੁਕ ਜਾਏ ਜਲੇ ਥਲੇ, ਅਸਗਾਹਾਂ ਵਿਚ ਨਾ ਕੋਇ ਭਵਾਈਆ । ਸਚਖੰਡ ਦਵਾਰੇ ਜੋਤ ਅਗੰਮੀ ਬਲੇ, ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਸੋਹਣਾ ਸੁਹੰਜਣਾ ਇਕ ਮਹੱਲੇ, ਮਹਿਬੂਬ ਇਕੋ ਨਜ਼ਰੀ ਆਈਆ । ਜਿਸ ਦੇ ਨਾ ਕੋਈ ਉਪਰ ਨਾ ਕੋਈ ਥੱਲੇ, ਮਧ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਖੋਲ੍ਹ ਕੇ ਤਾਕੀ, ਪਰਦਾ ਧਰਮ ਉਠਾਈਆ । ਤੁਹਾਡਾ ਦਿਸੇ ਕੋਈ ਨਾ ਸਾਥੀ, ਸੱਜਣ ਸੰਗ ਨਾ ਕੋਇ ਬਣਾਈਆ । ਊਚ ਨੀਚ ਨਜ਼ਰ ਨਾ ਆਏ ਕੋਇ ਪਾਕੀ, ਪਤਤ ਹੋਈ ਜਗਤ ਲੋਕਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੁਹਾਡਾ ਬਣਿਆ ਨਾ ਕੋਇ ਜਮਾਤੀ, ਜੁਮਲਾ ਅੱਖਰ ਨਾ ਕੋਇ ਸਮਝਾਈਆ । ਜੋ ਸੰਦੇਸ਼ਾ ਦੇ ਕੇ ਆਏ ਕਾਗ਼ਜ਼ਾਤੀ, ਕਲਮ ਸ਼ਾਹੀ ਨਾਲ ਲਿਖਾਈਆ । ਓਹ ਸਮਝੇ ਨਾ ਇਲਮ ਸਫ਼ਾਤੀ, ਸਫਾ ਸਭ ਦੀ ਰਿਹਾ ਉਠਾਈਆ । ਪ੍ਰਭ ਦਾ ਖੇਲ ਵੇਖੋ ਇਤਫ਼ਾਕੀ, ਇਤਫ਼ਾਕੀਆ ਆਪਣੀ ਕਾਰ ਕਮਾਈਆ । ਜੋ ਤੁਹਾਨੂੰ ਭੇਜਦਾ ਰਿਹਾ ਬਹੁ ਬਿਧ ਭਾਤੀ,

ਭਾਵਨਾ ਆਪਣੇ ਨਾਲ ਮਿਲਾਈਆ । ਆਪਣਾ ਦੀਨ ਮਜ਼੍ਹਬ ਵੇਖੇ ਪ੍ਰਾਂਤੀ, ਪਰਮ ਪੁਰਖ ਰਿਹਾ ਦ੍ਰਿੜ੍ਹਾਈਆ । ਅੰਦਰ ਵੇਖੇ ਪਵਣ ਸਵਾਸੀ, ਹਰ ਹਿਰਦਾ ਫੋਲ ਫੁਲਾਈਆ । ਜਿਨ੍ਹਾਂ ਦੇ ਪਿਛੇ ਚੜ੍ਹ ਕੇ ਆਏ ਫਾਸੀ, ਤੱਤਾਂ ਨਾਲੋਂ ਤਤ ਕਰ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਰਿਹਾ ਉਠਾਈਆ । ਗੁਰ ਅਵਤਾਰ ਪੈਗ਼ੰਬਰੋ ਸੁਣੋ ਅਗੰਮੀ ਫ਼ਰਮਾਨ, ਜੋਧੇ ਸੂਰਬੀਰ ਬਣੋ ਜੁਆਨ, ਮਰਦ ਮਰਦਾਨ ਦਏ ਵਡਿਆਈਆ । ਆਪਣੇ ਗੁਰਮੁਖ ਸੰਤ ਸੁਹੇਲੇ ਸੂਫ਼ੀ ਲਓ ਪਛਾਣ, ਚੁਰਾਸੀ ਵਿਚੋਂ ਫੋਲ ਫੁਲਾਈਆ । ਜਿਨ੍ਹਾਂ ਨੂੰ ਅੱਖਰਾਂ ਦਾ ਦਿਤਾ ਗਿਆਨ, ਨਿਰਅੱਖਰ ਲਓ ਮਿਲਾਈਆ । ਚੜ੍ਹਾਓ ਓਸ ਬਿਬਾਨ, ਜਿਸ ਨੂੰ ਦੋ ਜਹਾਨ ਨਾ ਕੋਇ ਅਟਕਾਈਆ । ਝਗੜਾ ਮੁੱਕੇ ਪਵਣ ਮਸਾਣ, ਤਤ ਵਜੂਦ ਕਰੋ ਸਫ਼ਾਈਆ । ਮਿਲਾਓ ਧੁਰ ਦੇ ਕਾਹਨ, ਜੋ ਸਖੀਆਂ ਸੰਗ ਨਿਭਾਈਆ । ਵਖਾਓ ਓਸ ਰਾਮ, ਜੋ ਰਾਮ ਰਾਮਾ ਰਿਹਾ ਪ੍ਰਗਟਾਈਆ । ਜੋ ਪੈਗ਼ੰਬਰਾਂ ਕਰੇ ਪਹਿਚਾਣ, ਕਲਮਾ ਕਾਇਨਾਤ ਜਣਾਈਆ । ਜਿਸ ਨੇ ਦੱਸਿਆ ਸਤਿਨਾਮ, ਨਾਨਕ ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋ ਫ਼ਤਹਿ ਡੰਕ ਵਜਾਏ ਆਣ, ਗੋਬਿੰਦ ਹੁਕਮ ਸੁਣਾਈਆ । ਸੋ ਸੂਰਾ ਸਾਹਿਬ ਸੁਲਤਾਨ, ਸਚਖੰਡ ਸਾਚੇ ਸੋਭਾ ਪਾਈਆ । ਸਭ ਨੂੰ ਕਰ ਕੇ ਸਵਾਧਾਨ, ਸੁਤਿਆਂ ਰਿਹਾ ਉਠਾਈਆ । ਕਲਜੁਗ ਸ਼ਰਅ ਹੋਈ ਸ਼ੈਤਾਨ, ਧਰਮ ਧੀਰ ਨਾ ਕੋਇ ਧਰਾਈਆ । ਜੋ ਨਾਮ ਕਲਮਾ ਦੇ ਕੇ ਆਏ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਵਿਚ ਸਮਝਾਈਆ । ਓਹ ਮਿਲਿਆ ਨਾ ਕਿਸੇ ਮਕਾਮ, ਮਕਾਮੇ ਹੱਕ ਨਾ ਕੋਇ ਸਹਾਈਆ । ਕਲਜੁਗ ਕੂੜ ਚੜ੍ਹਿਆ ਤੁਫ਼ਾਨ, ਘਰ ਘਰ ਅੰਦਰ ਰਿਹਾ ਰੁੜ੍ਹਾਈਆ । ਕਿਉਂ ਤੁਹਾਨੂੰ ਮੰਨਣ ਵਾਲੇ ਹੋਏ ਬੇਈਮਾਨ, ਬੇਵਾ ਦਿਸੇ ਲੋਕਾਈਆ । ਜਿਨ੍ਹਾਂ ਨੇ ਮਸਲੇ ਪੜ੍ਹੇ ਕੁਰਾਨ, ਕਾਇਆ ਕਾਅਬੇ ਦਰਸ ਕੋਇ ਨਾ ਪਾਈਆ । ਜਿਨ੍ਹਾਂ ਵਾਚੇ ਸ਼ਾਸਤਰ ਸਿਮਰਤ ਵੇਦ ਪੁਰਾਨ, ਪੂਰਬ ਜਨਮ ਦਾ ਲੇਖਾ ਨਾ ਕੋਇ ਮੁਕਾਈਆ । ਜਿਹੜੇ ਰਸਨਾ ਗੌਂਦੇ ਸਤਿਨਾਮ, ਕਿਉਂ ਨਹੀਂ ਅੰਦਰੋਂ ਹੁੰਦੀ ਸਫ਼ਾਈਆ । ਜਿਹੜੇ ਫ਼ਤਹਿ ਜੈਕਾਰਾ ਕਹਿਣ ਨਾਲ ਜ਼ਬਾਨ, ਕਿਉਂ ਪਿੱਠਾਂ ਰਹੇ ਵਢਾਈਆ । ਗੁਰ ਅਵਤਾਰ ਪੈਗ਼ੰਬਰੋ ਸਦੀ ਚੌਧਵੀਂ ਤੁਹਾਡੀ ਧਰਮ ਦੀ ਲੁੱਟੀ ਗਈ ਦੁਕਾਨ, ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਚੌਥੇ ਸਾਲ ਕਰ ਲੈ ਸੋਝੀ, ਸਮਝ ਦਿਆਂ ਸਮਝਾਈਆ । ਸਾਬਤ ਰਿਹਾ ਕੋਈ ਨਾ ਜੋਗੀ, ਜੁਗੀਸ਼ਰ ਰਹੇ ਕੁਰਲਾਈਆ । ਸੰਤ ਰਿਹਾ ਨਾ ਕੋਇ ਸੰਜੋਗੀ, ਮੇਲਾ ਮੇਲ ਨਾ ਕੋਇ ਕਰਾਈਆ । ਦੀਨ ਦੁਨੀ ਹੋਈ ਕਾਮ ਦੀ ਭੋਗੀ, ਭਗਵਨ ਰੰਗ ਨਾ ਕੋਇ ਰੰਗਾਈਆ । ਕਿਸੇ ਕੰਮ ਨਾ ਆਈ ਜੰਞੂ ਨਾਲ ਬੋਦੀ, ਤਿਲਕ ਤਰਸੂਲ ਨਾਲ ਵਡਿਆਈਆ । ਕਿਸੇ ਲੇਖੇ ਨਾ ਲੱਗੀ ਮੁੰਨੀ ਹੋਈ ਠੋਡੀ, ਲਬਾਂ ਦਾ ਕੱਟਿਆ ਕਟਾਕਸ਼ ਤੀਰ ਨਾ ਕੋਇ ਚਲਾਈਆ । ਭੁੱਲ ਗਈ ਸਿਖਿਆ ਵੇਦੀ ਸੋਢੀ, ਸੂਰਬੀਰ ਰਣਖੇਤ ਆਪਣਾ ਆਪ ਨਾ ਕੋਇ ਮਿਟਾਈਆ । ਜੇ ਕੋਈ ਭਗਤ ਸੁਹੇਲਾ ਬਚਿਆ ਉਹ ਵੀ ਪ੍ਰਭ ਦੇ ਪ੍ਰੇਮ ਪਿਆਰ ਦੀ ਵਿਚ ਡੋਡੀ, ਜਿਸ ਦਾ ਪਰਦਾ ਨਾ ਕੋਇ ਖੁਲ੍ਹਾਈਆ । ਕਿਉਂ ਸ੍ਰਿਸ਼ਟੀ ਹੋਈ ਹਉਮੇ ਦੀ ਰੋਗੀ, ਗੁਰ ਅਵਤਾਰ ਪੈਗ਼ੰਬਰੋ ਦਿਓ ਜਣਾਈਆ । ਜਾਂ ਕਹੋ ਅਸੀਂ ਨਹੀਂ ਅੰਦਰ ਦੇ ਧੋਬੀ, ਸਕੀਏ ਨਾ ਕਰ ਸਫ਼ਾਈਆ । ਫਿਰ ਖੇਲ ਕਰੇ ਪ੍ਰਭ ਠਾਕਰ ਧੁਰਦਰਗਾਹੀ ਮੌਜੀ, ਮੌਜੂਦਾ ਹੋ ਕੇ ਵੇਖ ਵਖਾਈਆ । ਜਿਸ ਨੂੰ ਆਦਿ ਜੁਗਾਦਿ ਦੀਨ ਮਜ਼੍ਹਬ ਦਾ ਹਿਰਸ ਨਹੀਂ ਉਹ ਕਲਮਿਆਂ ਦਾ ਨਹੀਂ ਲੋਭੀ, ਜਮਾਤਾਂ ਵੰਡ ਨਾ ਕੋਇ ਵੰਡਾਈਆ । ਜਿਥੇ ਰਮਜ਼ ਕਿਸੇ ਨਹੀਂ ਪਹੁੰਚੀ, ਸਾਰੇ

ਗਏ ਸੁਣਾਈਆ । ਓਸ ਪ੍ਰਭੂ ਦੀ ਕੁਲ ਗੁਰ ਅਵਤਾਰ ਪੈਗ਼ੰਬਰੋ ਕਦੇ ਨਾ ਔਂਤੀ, ਜਨ ਭਗਤ ਸੁਹੇਲੇ ਜੁਗ ਜੁਗ ਲਏ ਪ੍ਰਗਟਾਈਆ । ਜਿਸ ਵਡਿਆਈ ਦਿਤੀ ਰਵਦਾਸ ਚਮਾਰੇ ਮੋਚੀ, ਮਿਹਰਵਾਨ ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਆਪ ਜਣਾਈਆ । ਸੰਮਤ ਚਾਰ ਕਹੇ ਗੁਰ ਅਵਤਾਰ ਪੈਗ਼ੰਬਰੋ ਲੋਕਮਾਤ ਮਾਰੋ ਆਪਣਾ ਦੱਬਾ, ਭੈ ਦਿਓ ਵਖਾਈਆ । ਜ਼ੋਰ ਲਾਓ ਚੋਟੀ ਪੱਬਾਂ, ਪਾਰਬ੍ਰਹਮ ਦਿਓ ਦ੍ਰਿੜਾਈਆ । ਜਿਹੜਾ ਸਾਹਿਬ ਕਿਸੇ ਨਹੀਂ ਲੱਭਾ, ਓਹ ਨੇਤਰਾਂ ਦਿਓ ਵਖਾਈਆ । ਜਿਸ ਦੇ ਹੁਕਮੇ ਅੰਦਰ ਬ੍ਰਹਿਮੰਡ ਖੰਡ ਬੱਝਾ, ਪੁਰੀ ਲੋਅ ਸੀਸ ਨਿਵਾਈਆ । ਜਿਸ ਦੀ ਹਰ ਘਟ ਅੰਦਰ ਜਗਹ, ਘਰ ਘਰ ਅੰਦਰ ਡੇਰਾ ਲਾਈਆ । ਜੋ ਵਸੇ ਉਪਰ ਸ਼ਾਹ ਰਗਾ, ਨੌਂ ਦੁਆਰੇ ਡੇਰਾ ਢਾਹੀਆ । ਜੋ ਨਾਮ ਪਿਆਵੇ ਮਧਾ, ਖ਼ੁਮਾਰੀ ਇਕ ਚੜ੍ਹਾਈਆ । ਜੋ ਸ਼ਬਦੀ ਦੇਵੇ ਸੱਦਾ, ਧੁਰ ਫ਼ਰਮਾਨਾ ਇਕ ਸੁਣਾਈਆ । ਜੋ ਜੁਗ ਚੌਕੜੀ ਫਿਰ ਫਿਰ ਭੱਜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਓਸ ਦੇ ਹੁਕਮ ਦੀ ਲੱਭ ਲਓ ਵਜਹ, ਵਜ਼ਾਹਤ ਨਾਲ ਦ੍ਰਿੜਾਈਆ । ਕਿਉਂ ਬੋਦੀ ਟੋਪੀ ਸੀਸ ਰਖਾਈ ਪੱਗਾ, ਪਗੜੀ ਦੇਵੇ ਨਾ ਕੋਇ ਸਫ਼ਾਈਆ । ਕਲਜੁਗ ਅੰਤਮ ਸਭ ਦੇ ਨਾਲ ਕਰ ਕੇ ਦਗ਼ਾ, ਦਾਗ਼ ਸਭ ਨੂੰ ਦਿਤਾ ਲਗਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਗਾਂ ਵੱਛਾ ਢੱਗਾ, ਬਚਿਆ ਰਹਿਣ ਕੋਇ ਨਾ ਪਾਈਆ । ਕਿਸੇ ਨੇ ਅਲਿਫ਼ ਪੜ੍ਹੀ ਕਿਸੇ ਨੇ ਊੜਾ ਐੜਾ ਬੱਬਾ, ਬਾਹੋਂ ਫੜ ਕੇ ਪਾਰ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਕਲ ਦ੍ਰਿੜਾਈਆ । ਚੌਥਾ ਸੰਮਤ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਤੁਸੀਂ ਸੁੱਤੇ, ਸਚਖੰਡ ਲਓ ਅੰਗੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਦੁਖੇ, ਦਰਦਾਂ ਵਿਚ ਦੁਹਾਈਆ । ਗ਼ਰੀਬ ਨਿਮਾਣੇ ਮਰਦੇ ਭੁੱਖੇ, ਭੁੱਖਿਆਂ ਨਾ ਕੋਇ ਰਜਾਈਆ । ਭਗਤ ਜੰਮੇ ਕਿਸੇ ਨਾ ਕੁੱਖੇ, ਜਣੇਂਦੀ ਕੰਮ ਕਿਸੇ ਨਾ ਆਈਆ । ਲਹਿਣਾ ਮੁਕੇ ਨਾ ਉਲਟੇ ਰੁੱਖੇ, ਦਸ ਦਸ ਮਾਸ ਨਾ ਅਗਨ ਬੁਝਾਈਆ । ਸਦੀ ਚੌਧਵੀਂ ਕਿਉਂ ਸਾਰੇ ਬੈਠੇ ਚੁੱਪੇ, ਚੁਪ ਚੁਪੀਤੇ ਲਓ ਅੰਗੜਾਈਆ । ਜਗਤ ਮਾਤ ਸੁਹਾਓ ਰੁੱਤੇ, ਰੁਤੜੀ ਪ੍ਰਭ ਦੇ ਨਾਮ ਮਹਿਕਾਈਆ । ਭਾਗ ਲਗਾਓ ਕਾਇਆ ਬੁੱਤੇ, ਪੰਜ ਤਤ ਹੋਏ ਰੁਸ਼ਨਾਈਆ । ਕਿਉਂ ਗੁਰਮੁਖਾਂ ਨਾਲ ਹੋਏ ਗ਼ੁੱਸੇ, ਗਿਲਾ ਅੰਦਰੋਂ ਦਿਓ ਗੁਆਈਆ । ਕਿਉਂ ਆਪਣੇ ਪ੍ਰੇਮ ਦੇ ਹਥਿਆਰ ਸੁੱਟੇ, ਸ਼ਸਤਰਧਾਰੀ ਹੋ ਕੇ ਆਪਣਾ ਬਲ ਵਧਾਈਆ । ਕਿਉਂ ਮੁਹੱਬਤ ਵਿਚ ਟੁੱਟੇ, ਟੁੱਟਿਆਂ ਲਓ ਜੁੜਾਈਆ । ਕਿਉਂ ਨਹੀਂ ਗਾਨੇ ਬੰਨ੍ਹਦੇ ਪਿਆਰ ਦੇ ਗੁੱਟੇ, ਸਾਚਾ ਸਗਨ ਮਨਾਈਆ । ਸਦੀ ਚੌਧਵੀਂ ਸੁਹਾਓ ਰੁੱਤੇ, ਰੁਤ ਧੁਰ ਦੀ ਦਿਓ ਵਖਾਈਆ । ਸਾਰੇ ਗਾਓ ਮੁੜੇ, ਮੁਸ਼ਕਲ ਦੀਨ ਦੁਨੀ ਪਾਰ ਕਰਾਈਆ । ਚੌਥਾ ਸੰਮਤ ਤੁਹਾਨੂੰ ਪੁਛੇ, ਪੇਸ਼ੀਨਗੋਈ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਆਇਆ ਚਾਰ ਸੰਮਤ, ਸਮੇਂ ਮਿਲੀ ਵਡਿਆਈਆ । ਸਾਡੀ ਰਹੀ ਕੋਈ ਨਾ ਹਿੰਮਤ, ਹਰਿ ਹੌਸਲਾ ਦਿਤਾ ਢਾਹੀਆ । ਜਾਈਏ ਕਿਹੜੀ ਸਿੰਮਤ, ਚਾਰੇ ਕੁੰਟ ਦੁਹਾਈਆ । ਜਿਹੜੇ ਵਿਦਵਾਨ ਓਹੋ ਬਣ ਗਏ ਨਿੰਦਕ, ਪੰਡਤਾਂ ਮੁੱਲਾ ਮੁੱਲ ਲਿਆ ਚੁਕਾਈਆ । ਝਗੜਾ ਵੇਖਿਆ ਜੇਰਜ ਅੰਡਜ, ਉਤਭੁਜ ਸੇਤਜ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਦੱਸੀਏ ਅਗੰਮੀ ਬਾਤ, ਬਾਤਨ ਭੇਵ ਖੁਲ੍ਹਾਈਆ । ਸਚਖੰਡ ਵਿਚ ਸਾਡੀ ਸਭ ਦੀ ਇਕ

ਜਮਾਤ, ਇਕੋ ਇਕ ਪੜ੍ਹਾਈਆ । ਖੇਲ ਕੀਤਾ ਕੀ ਲੋਕਮਾਤ, ਧਰਨੀ ਧਰਤ ਧਵਲ ਵੇਖ ਵਖਾਈਆ । ਪ੍ਰਭ ਦੀ ਵਖਰੀ ਵਖਰੀ ਦੱਸ ਕੇ ਯਾਦ, ਨਾਮ ਨਾਮ ਦਿਤਾ ਬਦਲਾਈਆ । ਭੇਵ ਖੁਲੌਂਦੇ ਰਹੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਪਰ ਸਮਝਿਆ ਨਹੀਂ ਕਿਸੇ ਓਸ ਦਾ ਰਾਜ਼, ਜੋ ਰਾਜ਼ਕ ਰਹੀਮ ਅਖਵਾਈਆ । ਕਰਦਾ ਰਿਹਾ ਆਪਣਾ ਨਾਜ਼, ਨਿਰਵੈਰ ਪੁਰਖ ਧੁਰਦਰਗਾਹੀਆ । ਸਾਡੀ ਖੁਲ੍ਹਣ ਨਾ ਦਿਤੀ ਜਾਗ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਅਸੀਂ ਵੇਖਣਾ ਓਸ ਦਾ ਭਾਗ, ਜੋ ਭਾਗ ਹਿੱਸਾ ਸਭ ਦੀ ਝੋਲੀ ਪਾਈਆ । ਸਾਡਾ ਗੁੱਲ ਹੋਇਆ ਚਰਾਗ਼, ਚਸ਼ਮ ਦੀਦ ਨਾ ਕੋਇ ਰੁਸ਼ਨਾਈਆ । ਅੰਤ ਓਸ ਦੇ ਹੱਥ ਫੜੌਣੀ ਵਾਗ, ਜੋ ਵਾਰਸ ਦੀਨ ਦੁਨੀ ਦਾ ਨਜ਼ਰੀ ਆਈਆ । ਜਿਸ ਗੋਬਿੰਦ ਦਾ ਸ਼ਰਅ ਤੋਂ ਪਰੇ ਉਡਿਆ ਬਾਜ਼, ਬਾਜ਼ਾਂ ਵਾਲਾ ਨਾਉਂ ਪ੍ਰਗਟਾਈਆ । ਓਸ ਦਾ ਧਰਮ ਦਾ ਵੇਖਣਾ ਰਾਜ, ਰਈਅਤ ਦੋ ਜਹਾਨ ਲਏ ਪ੍ਰਗਟਾਈਆ । ਭਵਿਖਤਾਂ ਵਿਚ ਮਾਰ ਕੇ ਆਏ ਆਵਾਜ਼, ਸੰਦੇਸ਼ਿਆਂ ਵਿਚ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਤੂੰ ਸਭ ਦਾ ਕਰਨਾ ਕਾਜ, ਕਰਤੇ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਪੂਰਾ ਹੋ ਗਿਆ ਸਮਾਂ, ਸਮਾਪਤ ਦਿਤਾ ਕਰਾਈਆ । ਪੁਰਖ ਅਕਾਲ ਦਾ ਖੇਲ ਹੋਣਾ ਨਵਾਂ, ਨਵ ਨੌ ਚਾਰ ਦਏ ਗਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਦੁਖੀ ਹੋਣੀ ਬਿਨ ਦਮਾ, ਦਾਮਨਗੀਰ ਨਾ ਕੋਇ ਅਖਵਾਈਆ । ਪੁਰਖ ਅਕਾਲ ਦੀਨ ਦਿਆਲ ਕੂੜਾ ਲਾਲਚ ਮਿਟੌਣੀ ਤਮਅ, ਤਾਅਬੇਦਾਰੀ ਇਕ ਬਨਾਈਆ । ਜਿਸ ਵੇਲੇ ਪੰਜਵਾਂ ਸਾਲ ਹੋਣਾਂ ਰਵਾਂ, ਰਾਮ ਕ੍ਰਿਸ਼ਨ ਸੀਸ ਨਿਵਾਈਆ । ਚਰਨ ਚੁੰਮੇ ਜਗਤ ਮਾਈ ਹਵਾ, ਆਦਮ ਆਦਮ ਦਾ ਖੇਲ ਵਖਾਈਆ । ਦੀਨ ਮਜ਼੍ਹਬ ਦਾ ਜਿਸ ਨੇ ਤੋੜਨਾ ਬੰਨਾ, ਬਾਵਨ ਬਲ ਦਏ ਵਡਿਆਈਆ । ਜਨ ਭਗਤਾਂ ਲੇਖਾ ਮਿਟੌਣਾ ਜਮਾਂ, ਰਾਏ ਧਰਮ ਨਾ ਦਏ ਸਜ਼ਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਨੇ ਹੁਕਮ ਓਸ ਦਾ ਮੰਨਾ, ਸਿਰ ਸਕਿਆ ਨਾ ਕੋਇ ਉਠਾਈਆ । ਜਿਸ ਦਾ ਪ੍ਰਕਾਸ਼ ਨੂਰੀ ਧਾਰ ਗੋਬਿੰਦ ਚੰਨਾ, ਚੰਨ ਚਾਂਦਨੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਬਦਲ ਦੇਣੀ ਆਦਤ, ਹਰਿ ਕਰਤੇ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਦੱਸ ਇਕ ਇਬਾਦਤ, ਅਮਲ ਇਕੋ ਇਕ ਜਣਾਈਆ । ਮਨ ਦੀ ਰਹੇ ਨਾ ਕੋਈ ਅਦਾਵਤ, ਅਦਲ ਇਨਸਾਫ਼ ਨਾ ਕੋਇ ਦ੍ਰਿੜਾਈਆ । ਕੂੜੀ ਕਿਰਿਆ ਕਰ ਮਮਾਨਤ, ਸਤਿ ਸਚ ਦਏ ਪ੍ਰਗਟਾਈਆ । ਜਨ ਭਗਤਾਂ ਦੀ ਦੇ ਕੇ ਨਾਮ ਜ਼ਮਾਨਤ, ਦੋ ਜਹਾਨਾਂ ਹੋਏ ਸਹਾਈਆ । ਜਿਹੜੇ ਸੰਤ ਸੁਹੇਲੇ ਚਾਰ ਜੁਗ ਦੀ ਸਾਂਭ ਕੇ ਰੱਖੇ ਅਮਾਨਤ, ਸੋ ਕਲਜੁਗ ਅੰਤ ਦਏ ਪ੍ਰਗਟਾਈਆ । ਧੁਰ ਦੀ ਦੇ ਕੇ ਨਾਮ ਨਿਆਮਤ, ਤੋਫ਼ਾ ਅਗੰਮ ਅਥਾਹ ਦ੍ਰਿੜਾਈਆ । ਅਗਨੀ ਤਤ ਬੁਝਾ ਕੇ ਕਰੇ ਸਾਂਤ ਸਾਂਤਕ, ਰਜੋ ਤਮੋ ਸਤੋ ਨਾ ਕੋਇ ਵਡਿਆਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਨਾਸਤਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਮਤ ਚੌਥਾ ਕਹੇ ਗੁਰ ਅਵਤਾਰ ਪੈਗ਼ੰਬਰੋ ਇਕ ਵਾਰ ਲਾਵੋ ਜ਼ੋਰ, ਜੋਰੂ ਜ਼ਰ ਵੇਖ ਵਖਾਈਆ । ਤੁਸੀਂ ਹੋਰ ਪ੍ਰਭ ਨਹੀਂ ਕੋਈ ਹੋਰ, ਦੂਜਾ ਨਜ਼ਰ ਕੋਇ ਨਾ ਆਈਆ । ਕਿਉਂ ਤੁਹਾਡਾ ਇਸ਼ਟ ਮੰਨਣ ਵਾਲੇ ਬਣੇ ਚੋਰ, ਠੱਗੀ ਤੁਹਾਡੇ ਨਾਲ ਕਮਾਈਆ । ਤੁਸੀਂ ਸਚਖੰਡ ਬੈਠੇ ਉਨ੍ਹਾਂ ਦੀ ਅੰਦਰੋਂ ਖਿੱਚੋ ਡੋਰ, ਸੁਰਤੀ ਆਪਣੇ ਨਾਲ ਮਿਲਾਈਆ ।


੩੩੮
੨੧

ਤੁਸਾਂ ਕਿਹੜਾ ਚੜ੍ਹ ਕੇ ਜਾਣਾ ਉਪਰ ਘੋੜ, ਲੋਆਂ ਪੁਰੀਆਂ ਪੈਂਡਾ ਪੰਧ ਮੁਕਾਈਆ । ਚਾਰ ਕੁੰਟ ਨਾ ਕਰਨੀ ਪਏ ਦੌੜ, ਕ਼ਦਮ ਕ਼ਦਮ ਨਾ ਕੋਇ ਉਠਾਈਆ । ਸਭ ਦੇ ਮਨ ਦੇ ਫੁਰਨੇ ਦਾ ਅੰਦਰੋਂ ਮਿਟਾ ਦਿਓ ਸ਼ੋਰ, ਛੋਹਰ ਹੋ ਕੇ ਵੇਖ ਵਖਾਈਆ । ਸਾਰੇ ਤੱਕ ਕੇ ਵੇਖੇ ਨਾਲ ਗ਼ੌਰ, ਗਹਿਰ ਗੰਭੀਰ ਰਿਹਾ ਸਮਝਾਈਆ । ਸਦੀ ਚੌਧਵੀਂ ਸਾਧਾਂ ਸੰਤਾਂ ਬਦਲ ਗਏ ਤੌਰ, ਤਬਾ ਤਬੀਅਤ ਤਬੀਬ ਨਾ ਕੋਇ ਬਦਲਾਈਆ । ਰਸਨਾ ਬਚਨ ਕਰਦੇ ਕੌੜ, ਕੂੜੀ ਕਿਰਿਆ ਨਾਲ ਵਡਿਆਈਆ । ਸਚਖੰਡ ਲੱਗਾ ਨਾ ਕਿਸੇ ਦਾ ਪੌੜ, ਪੌੜੀ ਚੜ੍ਹਨ ਕੋਇ ਨਾ ਪਾਈਆ । ਗ੍ਰੰਥ ਪੜ੍ਹ ਕੇ ਮਾਰਨ ਫੌੜ, ਨਾਤਾ ਜਗਤ ਨਾਲ ਰਖਾਈਆ । ਬਿਨਾ ਸ਼ਬਦ ਗੁਰੂ ਤੋਂ ਕਿਸੇ ਦੇ ਸੀਸ ਨਾ ਝੁੱਲੇ ਚੌਰ, ਪਵਣ ਚਵਰ ਨਾ ਕੋਇ ਕਰਾਈਆ । ਕਿਸੇ ਦੇ ਕੋਲ ਅੰਤਰ ਨੂਰ ਨਹੀਂ ਭੋਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਬਾਹਰੋਂ ਜਗਤ ਗੁਰੂ ਬਣੇ ਬਤੌਰ, ਬਾਤਨ ਪਰਦਾ ਨਾ ਕੋਇ ਉਠਾਈਆ । ਮੰਤਰ ਫੁਰੇ ਨਾ ਕਿਸੇ ਫੋਰ, ਫੁਰਨਾ ਮਨ ਨਾ ਕੋਇ ਗੁਆਈਆ । ਕਾਇਆ ਵੜ ਕੇ ਡੂੰਘੀ ਗੋਰ, ਆਪ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਚੌਥਾ ਸੰਮਤ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਫੇਰ ਪਹਿਨੋ ਤਨ ਖ਼ਾਕੀ, ਲੋਕਮਾਤ ਵੇਸ ਵਟਾਈਆ । ਕਿਉਂ ਤੁਹਾਡੇ ਹੋਏ ਤੁਹਾਥੋਂ ਆਕੀ, ਅਕਲ ਬੁੱਧੀ ਦਿਓ ਸਮਝਾਈਆ । ਤੁਹਾਡੀ ਰਮਜ਼ ਕਿਸੇ ਨਾ ਜਾਤੀ, ਜਾਗਰਤ ਜੋਤ ਨਾ ਕੋਇ ਜਗਾਈਆ । ਜੇ ਤੁਸੀਂ ਪੁਰਾਣੇ ਹੋ ਗਏ ਵਾਗੀ, ਫਿਰ ਸ਼ਬਦ ਡੰਗੋਰੇ ਹੱਥੋਂ ਦਿਓ ਸੁਟਾਈਆ । ਪ੍ਰਭ ਨੂੰ ਇਕ ਵਾਰ ਕਹਿ ਦਿਓ ਤੇਰੀ ਸ੍ਰਿਸ਼ਟੀ ਸਾਥੋਂ ਨਹੀਂ ਜਾਂਦੀ ਸਾਂਭੀ, ਜਾਹ ਸੰਬਲ ਵਿਚ ਆਪਣਾ ਡੇਰਾ ਲਾਈਆ । ਤੇਰੀ ਦ੍ਰਿਸ਼ਟੀ ਦੀਨ ਦੁਨੀ ਭੁਲਾਇਆ ਭਰਮ ਸੋਨੇ ਚਾਂਦੀ, ਰੂਪਾ ਰੂਪ ਨਾਲ ਵਡਿਆਈਆ । ਨਾਮ ਧਰਮ ਦੀ ਦਿਸੇ ਕੋਈ ਨਾ ਬਾਂਦੀ, ਬੰਦਨ ਸਾਰੇ ਗਏ ਭੁਲਾਈਆ । ਚਾਰੋਂ ਕੁੰਟ ਕੂੜ ਦੀ ਆਂਧੀ, ਜੜ੍ਹ ਸਭ ਦੀ ਰਹੇ ਉਖੜਾਈਆ । ਬੇਸ਼ਕ ਬਾਹਰੋਂ ਦੁਨੀਆ ਸਾਰੀ ਨਹਾਂਦੀ, ਅੰਦਰ ਕਰੇ ਨਾ ਕੋਇ ਸਫ਼ਾਈਆ । ਤੇਰਾ ਨਾਮ ਰਾਗਾਂ ਨਾਦਾਂ ਵਿਚ ਗਾਂਦੀ, ਅਨਹਦ ਨਾਦ ਨਾ ਕੋਇ ਸ਼ਨਵਾਈਆ । ਪਵਣ ਮਿਲੇ ਨਾ ਕਿਸੇ ਠਾਂਡੀ, ਅਗਨੀ ਅੱਗ ਨਾ ਕੋਇ ਬੁਝਾਈਆ । ਮੁਸਾਫ਼ਰ ਬਣੇ ਪਾਂਧੀ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦੇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਭਰ ਕੇ ਲੰਮਾ ਹੌਕਾ, ਹਾਏ ਕਰ ਸੁਣਾਈਆ । ਕਲਜੁਗ ਅੰਤਮ ਡੁੱਬਣ ਵਾਲੀ ਨੌਕਾ, ਨਈਆ ਪਾਰ ਨਾ ਕੋਇ ਕਰਾਈਆ । ਜਿਸ ਗੋਬਿੰਦ ਛੱਡਿਆ ਪਟਨਾ ਪੌਂਟਾ, ਪਾਟਲ ਹੋ ਕੇ ਵੇਸ ਵਟਾਈਆ । ਇਕ ਢਈਏ ਦਾ ਲਾ ਕੇ ਢੌਂਕਾ, ਕਲਜੁਗ ਅੰਤਮ ਲਏ ਅੰਗੜਾਈਆ । ਦੀਨ ਦੁਨੀ ਨੂੰ ਵੇਖੇ ਨਾਲ ਸ਼ੌਂਕਾ, ਚਾਰੋਂ ਕੁੰਟ ਫੋਲ ਫੁਲਾਈਆ । ਆਪਣਾ ਆਪਣੇ ਹੱਥ ਰੱਖੇ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਬੇਖ਼ਬਰੀ ਵਿਚ ਕਦੇ ਨਾ ਕਰੇ ਧੋਖਾ, ਸੁਤਿਆਂ ਲਏ ਉਠਾਈਆ । ਪਰਦਾ ਲਾਹ ਕੇ ਕਾਇਆ ਕੋਠਾ, ਕੱਪੜ ਗੜ੍ਹ ਕਰੇ ਸਫ਼ਾਈਆ । ਜਨ ਭਗਤ ਉਠਾ ਕੇ ਪੁਰਖ ਅਕਾਲ ਦਾ ਪੋਤਾ, ਗੋਬਿੰਦ ਪਿਤਾ ਦਏ ਵਡਿਆਈਆ । ਸਿੱਧਾ ਮੇਲ ਮਿਲਾ ਕੇ ਨਾਲ ਨਿਰਮਲ ਜੋਤਾ, ਜੋਤੀ ਜੋਤ ਵਿਚ ਰਖਾਈਆ । ਚੁਰਾਸੀ ਵਿਚ ਮਾਰਨ ਨਾ ਦੇਵੇ ਗੋਤਾ, ਡੂੰਘੇ ਵਹਿਣ ਨਾ ਕੋਇ ਵਹਾਈਆ । ਕਲਜੁਗ ਜੀਵ ਰਹਿਣ ਨਾ ਦੇਵੇ ਖੋਟਾ, ਖੋਟੇ ਖਰੇ ਫੋਲ ਫੁਲਾਈਆ । ਸਾਚੇ ਨਾਮ ਦਾ ਸਚ ਦਵਾਰੇ ਨਹੀਂ ਕੋਈ ਤੋਟਾ, ਅਤੋਟ ਅਤੁਟ ਦਏ ਵਰਤਾਈਆ । ਸਾਚਾ ਮਾਰਗ ਦੱਸ ਕੇ ਸੌਖਾ, ਮੰਜ਼ਲ ਇਕੋ ਇਕ ਚੜ੍ਹਾਈਆ ।

ਜਿਥੇ ਪੜ੍ਹਨਾ ਪਏ ਨਾ ਪੋਥਾ, ਬਗ਼ਲ ਕੁਰਾਨ ਨਾ ਕੋਇ ਉਠਾਈਆ । ਰੱਖਣਾ ਪਏ ਕੋਈ ਨਾ ਰੋਜ਼ਾ, ਰਾਜ਼ਕ ਰਿਜ਼ਕ ਰਹੀਮ ਦਏ ਸਰਨਾਈਆ । ਜੋ ਗੁਰਮੁਖ ਹੋ ਗਿਆ ਪ੍ਰਭ ਦੇ ਜੋਗਾ, ਜੁਗਤ ਆਪਣੀ ਦਏ ਸਮਝਾਈਆ । ਅੰਦਰੋਂ ਕੱਢਕੇ ਹਉਮੇ ਰੋਗਾ, ਹੰ ਬ੍ਰਹਮ ਦਏ ਵਖਾਈਆ । ਪਰਦਾ ਲਾਹ ਕੇ ਚੌਦਾਂ ਲੋਕਾ, ਚੌਦਾਂ ਤਬਕਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਇਕ ਸੁਹਾਈਆ । ਅਵਤਾਰ ਕਹਿਣ ਅਸੀਂ ਮਾਤਲੋਕ ਤੇਈ, ਤ੍ਰੈ ਪੰਜ ਵਿਚ ਸਮਾਈਆ । ਅਗਲੀ ਖੇਲ ਵੇਖਣੀ ਨਈ, ਨਰ ਨਿਰੰਕਾਰ ਦਏ ਵਡਿਆਈਆ । ਕੁਛ ਬਚਨ ਸੁਣਾਇਆ ਰਾਮ ਚੰਦ ਕੈਕਈ, ਅਯੁੱਧਿਆ ਰਸਨਾ ਗਾਈਆ । ਤੂੰ ਨਹੀਂ ਮਾਂ ਮਤਰੇਈ, ਮਤਿ ਤੇਰੀ ਮੋਹੇ ਭਾਈਆ । ਜਿਸ ਵੇਲੇ ਪੁਰਖ ਅਕਾਲ ਆਇਆ ਬਣ ਕੇ ਬੜ੍ਹੈਈ, ਰੂਪ ਅਨੂਪ ਆਪ ਵਟਾਈਆ । ਉਸ ਦੀ ਸਭ ਅਵਤਾਰ ਪੈਗ਼ੰਬਰਾਂ ਗੁਰੂਆਂ ਪੌਣੀ ਸਹੀ, ਸ਼ਹਾਦਤ ਇਕ ਭੁਗਤਾਈਆ । ਜਿਸ ਦਾ ਲੇਖਾ ਲਿਖਿਆ ਨਹੀਂ ਜਾਂਦਾ ਉਤੇ ਬਹੀ, ਵਾਹਦ ਮਾਲਕ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਆਪ ਉਠਾਈਆ । ਪੈਗ਼ੰਬਰ ਕਹਿੰਦੇ ਅਸੀਂ ਓਸ ਦਾ ਅਗੰਮਾ ਨੂਰ, ਨੂਰ ਨੂਰ ਵਿਚੋਂ ਪ੍ਰਗਟਾਈਆ । ਜਿਸ ਨੇ ਦਿਤਾ ਸਚ ਜ਼ਹੂਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਉਹਦਾ ਕਲਮਾ ਕਰਨ ਆਏ ਮਸ਼ਹੂਰ, ਮਸ਼ਵਰਾ ਇਕ ਪਕਾਈਆ । ਜਿਸ ਦਾ ਸਿਫ਼ਤਾਂ ਵਾਲਾ ਦਸਤੂਰ, ਦਸਤ ਦਸਤ ਨਾਲ ਮਿਲਾਈਆ । ਉਹਦਾ ਸੱਯਦਾ ਕਰ ਮਨਜ਼ੂਰ, ਸੀਸ ਰਹੇ ਨਿਵਾਈਆ । ਜਿਸ ਦਾ ਝਗੜਾ ਨਾਲ ਕੂੜ, ਕੂੜੀ ਕਿਰਿਆ ਕਰੇ ਸਫ਼ਾਈਆ । ਸੁਘੜ ਬਣਾਏ ਮੂਰਖ ਮੂੜ੍ਹ, ਮੁਫ਼ਲਿਸਾਂ ਦਏ ਤਰਾਈਆ । ਕ਼ਦਮਾਂ ਦੀ ਦੇ ਕੇ ਧੂੜ, ਕ਼ਦੀਮ ਦੇ ਵਿਛੜੇ ਜੋੜ ਜੁੜਾਈਆ । ਮਾਟੀ ਵਜੂਦ ਚਾੜ੍ਹ ਕੇ ਰੰਗ ਗੂੜ੍ਹ, ਰੰਗਤ ਆਪਣੀ ਇਕ ਚਮਕਾਈਆ । ਮਿਹਰ ਨਿਗਾਹ ਨਾਲ ਬਖ਼ਸ਼ ਦੇਵੇ ਹਜ਼ੂਰ, ਕਲਮੇ ਰੋਜ਼ੇ ਦੀ ਲੋੜ ਰਹੇ ਨਾ ਰਾਈਆ । ਸੂਫ਼ੀਆਂ ਰਹਿਣ ਨਾ ਦੇਵੇ ਮਗ਼ਰੂਰ, ਫ਼ਕੀਰਾਂ ਫ਼ਿਕਰਾ ਇਕ ਜਣਾਈਆ । ਸਭ ਦਾ ਤੋੜ ਕੇ ਮਾਣ ਗ਼ਰੂਰ, ਗ਼ੁਰਬਤ ਅੰਦਰੋਂ ਦਏ ਕਢਾਈਆ । ਉਹਦਾ ਹੁਕਮ ਫ਼ਰਮਾਨਾ ਸਭ ਨੂੰ ਕਰਨਾ ਪਏ ਮਨਜ਼ੂਰ, ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਮਨਸਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਪੈਗ਼ੰਬਰ ਕਹਿਣ ਅਸੀਂ ਓਸ ਦੇ ਨਜ਼ਦੀਕੀ, ਜੋ ਨੇੜਨ ਨੇੜਾ ਨਜ਼ਰੀ ਆਈਆ । ਜਿਸ ਦੀ ਸ਼ਰਅ ਨਹੀਂ ਸ਼ਰੀਕੀ, ਸ਼ਿਰਕਤ ਦਏ ਮਿਟਾਈਆ । ਜਿਸ ਦੀ ਮੁਹੱਬਤ ਵਿਚ ਤੌਫ਼ੀਕੀ, ਤੁਆਰਫ ਕਰੇ ਖ਼ਲਕ ਖ਼ੁਦਾਈਆ । ਜਿਸ ਦੇ ਚਰਨ ਕਵਲ ਅਜ਼ੀਜ਼ੀ, ਕ਼ਦਮ ਬੋਸੀ ਰਹਿਮਤ ਖ਼ੁਦਾਈਆ । ਜੋ ਦੇਵੇ ਹੱਕ ਤਮੀਜ਼ੀ, ਤਮਅ ਤਮੰਨਾ ਦਏ ਗਵਾਈਆ । ਜਿਸ ਦੀ ਚੌਦਾਂ ਲੋਕ ਬਗ਼ੀਚੀ, ਚੌਦਾਂ ਤਬਕ ਵੇਖ ਵਖਾਈਆ । ਓਸ ਦਾ ਕਲਮਾ ਗਾਈਏ ਹਕ਼ੀਕ਼ੀ, ਨਗਮਾ ਧੁਰ ਦਾ ਰਿਹਾ ਦ੍ਰਿੜਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦੀ, ਆਮਦ ਆਪਣੀ ਇਕ ਜਣਾਈਆ । ਹਜ਼ਰਤ ਕਰਨ ਆਏ ਤਾਈਦੀ, ਤਾਕੀਦ ਧੁਰਦਰਗਾਹੀਆ । ਜਿਸ ਦੀ ਸਿਫ਼ਤ ਕਰੇ ਕ਼ੁਰਾਨ ਮਜੀਦੀ, ਮਜਮੂਹਾ ਅੱਖਰਾਂ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਬਣਾਈਆ । ਪੈਗ਼ੰਬਰ ਕਹਿਣ ਮੂਸਾ ਵੇਖ ਆਪਣਾ ਮਸਲਾ, ਮੁਸ਼ਕਲ ਹੱਲ ਕਵਣ ਕਰਾਈਆ । ਈਸਾ ਵੇਖ ਆਪਣਾ ਅਸਲਾ, ਅਸਲੀਅਤ ਦੇ ਦ੍ਰਿੜਾਈਆ । ਮੁਹੰਮਦ ਚੌਧਵੀਂ ਸਦੀ ਦਾ ਕੀ ਮਸਲਾ, ਸਾਹਿਬ ਮੁਸਾਹਿਬ ਕੀ ਸਮਝਾਈਆ । ਕਿਹੜਾ ਕਲਮਾ ਪਰਵਰਦਿਗਾਰ ਨੇ ਦੱਸਣਾ, ਕਲਮਿਆਂ ਤੋਂ ਬਾਹਰ

ਕਰ ਪੜ੍ਹਾਈਆ । ਕਿਹੜਾ ਜੀਂਵਦਿਆਂ ਗੌਣਾ ਰਸਨਾ, ਰਸਨਾ ਦਏ ਵਖਾਈਆ । ਜਿਸ ਦੇ ਕ਼ਦਮਾਂ ਅੰਦਰ ਵਸਣਾ, ਸੱਜਦਿਆਂ ਵਿਚ ਸੀਸ ਝੁਕਾਈਆ । ਮੁਹੰਮਦ ਕਿਹਾ ਮੈਂ ਓਸ ਅਮਾਮ ਨੂੰ ਸੱਦਣਾ, ਜੋ ਨਬੀਆਂ ਦਾ ਨਬੀ ਰਸੂਲਾਂ ਦਾ ਰਸੂਲ ਮਾਕੂਲ ਨਜ਼ਰੀ ਆਈਆ । ਜਿਸ ਦਾ ਅੱਗਾ ਅੱਗੇ ਵਧਣਾ, ਵਹਦਤ ਵਿਚ ਲੋਕਾਈਆ । ਜਿਸ ਦੀ ਵਾਹਦ ਹੋਣੀ ਬੰਦਨਾ, ਬੰਦਗੀ ਇਕ ਦ੍ਰਿੜਾਈਆ । ਚੜ੍ਹ ਕੇ ਆਪਣੀ ਮੰਜ਼ਲਾ, ਮਹਿਬੂਬ ਹੋ ਕੇ ਪਰਦਾ ਦਏ ਉਠਾਈਆ । ਉਸ ਦਾ ਚਰਾਗ਼ ਦੀਪਕ ਇਕੋ ਜਗਣਾ, ਜਗਹ ਜਗਹ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਦਸ ਗੁਰੂ ਕਹਿਣ ਓਹ ਸਭ ਦਾ ਇਕ ਖ਼ਾਵੰਦ, ਖ਼ਸਮ ਨਾਨਕ ਕਹਿ ਕੇ ਗਾਈਆ । ਜਿਸ ਦੇ ਹੁਕਮੇ ਅੰਦਰ ਪਾਬੰਦ, ਪਾਰਬ੍ਰਹਮ ਬੇਪ੍ਰਵਾਹੀਆ । ਜਿਸ ਦੀ ਮਹਿੰਮਾ ਗੌਂਦੇ ਛੰਦ, ਢੋਲੇ ਸਿਫ਼ਤ ਸਾਲਾਹੀਆ । ਜਿਸ ਦਾ ਲੇਖਾ ਅੰਤਮ ਪੁਰੀ ਅਨੰਦ, ਅਨੰਦ ਗੋਬਿੰਦ ਵਿਚ ਪ੍ਰਗਟਾਈਆ । ਜਲਵਾ ਨੂਰ ਚਾੜ੍ਹ ਕੇ ਚੰਦ, ਜ਼ਹੂਰ ਦਏ ਚਮਕਾਈਆ । ਤਨ ਵਜੂਦ ਕਰ ਕੇ ਖੰਡ, ਖੰਡਾ ਖੜਗ ਇਕ ਉਠਾਈਆ । ਅਸਵ ਘੋੜੇ ਕਸੇ ਤੰਗ, ਵੇਖੇ ਸਰਬ ਲੋਕਾਈਆ । ਗੁਰਮੁਖਾਂ ਦੇ ਕੇ ਸੰਗ, ਸਗਲਾ ਸੰਗ ਨਿਭਾਈਆ । ਅੰਤਮ ਹੋ ਕੇ ਮਾਤ ਵਿਚੋਂ ਨੰਗ, ਨੰਗੀ ਪੈਰੀਂ ਮਾਛੂਵਾੜੇ ਡੇਰਾ ਲਾਈਆ । ਪੁਰਖ ਅਕਾਲ ਤੋਂ ਮੰਗੇ ਮੰਗ, ਸੱਥਰ ਯਾਰੜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਦਸ ਗੁਰੂ ਕਹਿਣ ਨਾਨਕ ਨਿਰਗੁਣ ਧਾਰ, ਨਿਰਵੈਰ ਵਿਚ ਸਮਾਈਆ । ਤਨ ਵਜੂਦ ਆਕਾਰ, ਹੱਡ ਮਾਸ ਨਾੜੀ ਜੋੜ ਜੁੜਾਈਆ । ਜੋਤ ਨੂਰ ਉਜਿਆਰ, ਸ਼ਬਦ ਧਾਰ ਸ਼ਨਵਾਈਆ । ਖੇਲ ਅਗੰਮ ਅਪਾਰ, ਅਲਖ ਅਗੋਚਰ ਆਪ ਸਮਝਾਈਆ । ਮੰਜ਼ਲ ਚੜ੍ਹ ਦੁਸ਼ਵਾਰ, ਦਰ ਸਾਚੇ ਵੱਜੇ ਵਧਾਈਆ । ਹੁਕਮ ਧੁਰ ਦਰਬਾਰ, ਸੰਦੇਸ਼ਾ ਇਕ ਅਲਾਈਆ । ਕਲ ਕਲਕੀ ਲਏ ਅਵਤਾਰ, ਨਿਹਕਲੰਕ ਨਾਉਂ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਕਰੇ ਖ਼ੁਆਰ, ਖ਼ਾਲਸ ਆਪ ਜਣਾਈਆ । ਜੀਵਣ ਜੁਗਤ ਜਾਣੇ ਜੁਗ ਚਾਰ, ਚੌਕੜੀ ਪਰਦਾ ਦਏ ਉਠਾਈਆ । ਵੇਲਾ ਵਕ਼ਤ ਲਏ ਸੰਭਾਲ, ਸੰਬਲ ਆਪਣਾ ਆਸਣ ਲਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਕਰ ਤਿਆਰ, ਬੰਕ ਸੁਹੰਜਣਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਨਾਨਕ ਗੋਬਿੰਦ ਕਹੇ ਤੂੰ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਆਦਿ ਜੁਗਾਦਿ ਭਗਤਾਂ ਸਾਥੀ, ਸਗਲਾ ਸੰਗ ਨਿਭਾਈਆ । ਜਿਨ੍ਹਾਂ ਨੂੰ ਚੌਦਾਂ ਰਤਨਾਂ ਵਿਚੋਂ ਸੀਸ ਨਿਵੌਂਦਾ ਐਰਾਪਤ ਹਾਥੀ, ਗਜ ਦਿਤੀ ਮਾਣ ਵਡਿਆਈਆ । ਜਿਸ ਦੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਗੌਂਦੇ ਸਾਖੀ, ਸਾਖਿਆਤ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਤਿ ਧਰਮ ਦੀ ਖੋਲ੍ਹੇ ਹਾਟੀ, ਵਣਜ ਵਣਜਾਰਾ ਇਕੋ ਦਏ ਸਮਝਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਰਾਮ ਨਾਮ ਦੀ ਦੇ ਕੇ ਗਾਥੀ, ਮੰਤਰ ਇਕੋ ਦਏ ਸਿਖਾਈਆ । ਸਚ ਸੁਨੇਹੜਾ ਜਣਾਵੇ ਪਾਤੀ, ਪਤਣ ਇਕੋ ਇਕ ਵਖਾਈਆ । ਜਿਥੇ ਗੁਰਮੁਖ ਆਤਮਾ ਹੰਸ ਸਰੋਵਰ ਨਹਾਤੀ, ਦੁਰਮਤ ਮੈਲ ਰਹੇ ਨਾ ਰਾਈਆ । ਮਨਸਾ ਮਨ ਰਹੇ ਨਾ ਨਾਰ ਕਮਜ਼ਾਤੀ, ਕੁਲੱਖਣੀ ਕੂੜ ਦਏ ਗੁਆਈਆ । ਸੁਰਤੀ ਸਦਾ ਰਹੇ ਜਾਗੀ, ਆਲਸ ਨਿੰਦਰਾ ਦਏ ਮਿਟਾਈਆ । ਪ੍ਰੇਮ ਪਿਆਰ ਦੇ ਵੈਰਾਗੀ, ਵੈਰੀ ਅੰਦਰੋਂ ਬਾਹਰ ਕਢਾਈਆ । ਗੁਰਮੁਖ ਦੀਨ ਦੁਨੀ ਦਾ ਬਣਾ ਕੇ ਤਿਆਗੀ, ਘਰ ਇਕੋ ਦਏ ਸਮਝਾਈਆ । ਅੰਤਮ

ਹਾਰਨੀ ਨਾ ਪਏ ਬਾਜ਼ੀ, ਬਾਜ਼ਾਂ ਵਾਲਾ ਗੋਦ ਉਠਾਈਆ । ਜਿਹੜੇ ਅੰਤਮ ਕਲਜੁਗ ਹੋ ਗਏ ਬਾਗ਼ੀ, ਬਾਹਰ ਮਿਲੇ ਸਜ਼ਾਈਆ । ਜਿਨ੍ਹਾਂ ਦੇ ਅੰਦਰ ਨਾਨਕ ਨਿਰਗੁਣ ਰਬਾਬੀ, ਤਾਰ ਸਿਤਾਰ ਰਿਹਾ ਹਿਲਾਈਆ । ਓਹ ਮਿਲ ਗਏ ਨਾਲ ਪੁਰਖ ਅਬਿਨਾਸ਼ੀ ਆਦੀ, ਜੋ ਅੰਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੰਮਤ ਕਹੇ ਮੇਰਾ ਭਾਦਰੋਂ ਆਇਆ ਮਹੀਨਾ, ਗੁਰ ਅਵਤਾਰ ਪੈਗ਼ੰਬਰ ਵੇਖ ਵਖਾਈਆ । ਪ੍ਰਭ ਦਾ ਭਗਤ ਵੇਖੋ ਨਗੀਨਾ, ਜਿਸ ਦੀ ਕ਼ੀਮਤ ਕੋਇ ਨਾ ਪਾਈਆ । ਜਿਨ੍ਹਾਂ ਹਰਿ ਕਾ ਨਾਮ ਚੀਨਾ, ਚਿੰਤਾ ਅੰਦਰੋਂ ਗਏ ਗੁਆਈਆ । ਕੂੜ ਵਿਕਾਰ ਓਨ੍ਹਾਂ ਤੋਂ ਛੀਨਾ, ਛਿੰਨ ਭੰਗਰ ਕਰੇ ਜਣਾਈਆ । ਲੇਖਾ ਮੁਕਾ ਕੇ ਲੋਕ ਤੀਨਾ, ਤ੍ਰੈਭਵਨ ਧਨੀ ਦਏ ਸਰਨਾਈਆ । ਤੜਫਣ ਦੇਵੇ ਨਾ ਵਾਂਗ ਜਲ ਮੀਨਾ, ਅੰਮ੍ਰਿਤ ਜਾਮ ਪਿਆਈਆ । ਜਿਨ੍ਹਾਂ ਨੂੰ ਪੈਦਲ ਚਲਦਿਆਂ ਆਇਆ ਪਸੀਨਾ, ਪੁਸ਼ਤ ਪਨਾਹ ਉਨ੍ਹਾਂ ਦੀ ਹੱਥ ਟਿਕਾਈਆ । ਗੁਰਮੁਖ ਨਾ ਕੋਇ ਕਮੀਨਾ, ਕਾਮਲ ਮੁਰਸ਼ਦ ਦਏ ਗਵਾਹੀਆ । ਜਿਸ ਨੂੰ ਮੁਹੰਮਦ ਕਿਹਾ ਆਮੀਨਾ, ਸੱਜਦਿਆਂ ਵਿਚ ਸੀਸ ਝੁਕਾਈਆ । ਉਹ ਦੇਵਣ ਆਇਆ ਸਚ ਤਾਲੀਮਾ, ਗੁਰਮੁਖ ਤੁਲਬਿਆਂ ਕਰੇ ਪੜ੍ਹਾਈਆ । ਜਿਸ ਦਾ ਕਿਸੇ ਨਹੀਂ ਸਮਝਿਆ ਜ਼ਮੀਮਾ, ਜ਼ਰਾ ਜ਼ਰਾ ਨਾ ਵੰਡ ਵੰਡਾਈਆ । ਉਸ ਦਾ ਲੇਖਾ ਹੱਕ ਤਖ਼ਮੀਨਾ, ਤਮਅ ਕੂੜ ਨਾ ਕੋਇ ਗਵਾਈਆ । ਜੋ ਖੇਲ ਖੇਲਦਾ ਅਸਮਾਨਾਂ ਤੋਂ ਉਤੇ ਥੱਲੇ ਜ਼ਮੀਨਾ, ਜ਼ਾਮਨ ਧੁਰਦਰਗਾਹੀਆ । ਗੁਰਮੁਖਾਂ ਠੰਡਾ ਕਰੇ ਸੀਨਾ, ਕਲਜੁਗ ਅਗਨੀ ਅੱਗ ਬੁਝਾਈਆ । ਜੋ ਮਾਲਕ ਵਡ ਪ੍ਰਬੀਨਾ, ਪਰਬਤਾਂ ਦਾ ਖਹਿੜਾ ਰਿਹਾ ਛੁਡਾਈਆ । ਜਨ ਭਗਤੋ ਪ੍ਰਭ ਦੇ ਚਰਨ ਦਵਾਰੇ ਜੀਣਾ, ਦੂਜਾ ਜੀਵਣ ਕੰਮ ਕਿਸੇ ਨਾ ਆਈਆ । ਆਬੇਹਯਾਤ ਅੰਮ੍ਰਿਤ ਪੀਣਾ, ਰਸਨਾ ਰਸ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਚੌਥਾ ਸਾਲ ਕਹੇ ਮੇਰਾ ਭਾਦੋਂ ਆਇਆ ਭਲਾ ਭੱਦਰ, ਭਾਵਨਾ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੀਆਂ ਉਮਤਾਂ ਵਿਚ ਪੈਣਾ ਗ਼ਦਰ, ਗਦਾਗਰ ਬਣੇ ਲੋਕਾਈਆ । ਕਿਸੇ ਦੀ ਪੂਰੀ ਹੋਣੀ ਨਹੀਂ ਕੋਈ ਸੱਧਰ, ਸਦਮੇ ਵਿਚ ਦਿਸੇ ਲੋਕਾਈਆ । ਕਲਮਿਆਂ ਦੀ ਪਵੇ ਕੋਈ ਨਾ ਕਦਰ, ਕਾਇਨਾਤ ਦਏ ਦੁਹਾਈਆ । ਬਿਨਾ ਪਰਵਰਦਿਗਾਰ ਤੋਂ ਕਰੇ ਕੋਈ ਨਾ ਅਦਲ, ਇਨਸਾਫ਼ ਰਹਿਣ ਕੋਇ ਨਾ ਪਾਈਆ । ਤੁਹਾਡੇ ਵੱਸ ਵਿਚ ਤੁਹਾਡਾ ਮਜ਼੍ਹਬ ਰਿਹਾ ਕੋਈ ਨਾ ਟੱਬਰ, ਪੁੱਤਰ ਧੀ ਮਾਣ ਨਾ ਕੋਇ ਰਖਾਈਆ । ਹੁਣ ਸਾਰੇ ਕਰ ਲਓ ਸਬਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਪੁਰਖ ਅਕਾਲ ਦਾ ਸ਼ਬਦੀ ਜੋਧਾ ਸ਼ੇਰ ਬੱਬਰ, ਭਬਕ ਆਪਣੀ ਲਏ ਲਗਾਈਆ । ਗੁਰ ਅਵਤਾਰ ਪੈਗ਼ੰਬਰੋ ਮਹਿਰਮ ਹੋਏ ਨਾ ਕਿਸੇ ਵਿਚ ਕ਼ਬਰ, ਮਕ਼ਬਰਾ ਦਏ ਨਾ ਕੋਇ ਦੁਹਾਈਆ । ਤੁਹਾਡਾ ਲੇਖਾ ਲਿਖਿਆ ਕੋਈ ਕਰ ਨਾ ਸਕੇ ਰਬੜ, ਭਵਿਖਤਾਂ ਵਿਚ ਭੇਖ ਬਦਲਾਈਆ । ਕਲਜੁਗ ਜੀਵ ਬਾਹਰੋਂ ਹੋ ਗਏ ਬਗਲੇ ਬਪੜ, ਅੰਦਰੋਂ ਨੂਰ ਨਾ ਕੋਇ ਚਮਕਾਈਆ । ਅਠਸਠ ਤੀਰਥ ਬਣ ਗਏ ਛੱਪੜ, ਦੁਰਮਤ ਮੈਲ ਨਾ ਕੋਇ ਧੁਆਈਆ । ਸਦੀ ਚੌਧਵੀਂ ਸੰਤ ਫ਼ਕੀਰ ਦਰਗਾਹ ਸਾਚੀ ਕੋਈ ਨਾ ਸਕੇ ਅੱਪੜ, ਅੱਧਵਾਟੇ ਸਾਰੇ ਬੈਠੇ ਮਾਰਨ ਧਾਈਆ । ਮਾਇਆ ਮਮਤਾ ਵਾਲੇ ਫੱਕੜ, ਫ਼ਿਕਰੇ ਢੋਲੇ ਤੁਹਾਡੇ ਰਹੇ ਗਾਈਆ । ਦੁਨੀਆ ਵਿਚ ਮਾਰ ਕੇ ਚੱਕਰ, ਚੱਕਰਵਰਤੀ ਰਹੇ ਅਖਵਾਈਆ । ਘਿਓ ਖੰਡ ਖਾ ਕੇ ਕਰਨ ਸ਼ੁਕਰ, ਸ਼ੁਕਰੀਆ ਜਗਤ ਦਾ ਰਹੇ ਕਰਾਈਆ । ਨਾਲੇ ਸਾਧ ਤੇ ਸਚ ਦੇ ਨਾਲ ਲਾਵਣ ਟੱਕਰ, ਟੁਕੜੇ ਮੰਗ ਕੇ ਝਟ ਲੰਘਾਈਆ । ਕੋਈ ਨਹੀਂ ਦਿਸਦਾ ਜਿਹੜਾ

ਪਹੁੰਚਿਆ ਹੋਵੇ ਪਤਣ, ਕਿਨਾਰੇ ਬੈਠਾ ਸੋਭਾ ਪਾਈਆ । ਰਾਮ ਅੱਲਾ ਵਾਹਿਗੁਰੂ ਗਾਡ ਕਹਿ ਕੇ ਆਪਣਾ ਕਰਦੇ ਯਤਨ, ਯਥਾਰਥ ਮਿਲੇ ਨਾ ਧੁਰਦਰਗਾਹੀਆ । ਓਹ ਸੰਤ ਨਹੀਂ ਉਹ ਭਗਤ ਨਹੀਂ ਉਹ ਅਵਤਾਰ ਨਹੀਂ ਉਹ ਗੁਰ ਨਹੀਂ ਉਹ ਪੈਗ਼ੰਬਰ ਨਹੀਂ ਜਿਹੜੇ ਮਿੰਨਤਾਂ ਕਰ ਕੇ ਪ੍ਰਭ ਦਾ ਨਾਮ ਜਪਣ, ਨਿਊਂ ਨਿਊਂ ਸੀਸ ਨਿਵਾਈਆ । ਜਿਨ੍ਹਾਂ ਦੀ ਪੈਜ ਆਪ ਆਵੇ ਪ੍ਰਭ ਰੱਖਣ, ਉਹ ਉਠ ਉਠ ਵੇਖਣ ਚਾਈਂ ਚਾਈਂਆ । ਇਕੋ ਚਰਨ ਦਵਾਰੇ ਨੱਸਣ, ਆਪਣਾ ਪੰਧ ਮੁਕਾਈਆ । ਪ੍ਰਭ ਦਾ ਦਰਸ਼ਨ ਕਰ ਕੇ ਹੱਸਣ, ਬਹੁਤਿਆਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਚੌਥਾ ਸਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਭਾਦੋਂ ਮਹੀਨਾ ਪ੍ਰਭ ਦਾ ਭੁਜੰਗੀ, ਹਰਿ ਭੁਜੰਗਮ ਵੇਖ ਵਖਾਈਆ । ਸੂਰਬੀਰ ਬਹਾਦਰ ਨੌਜਵਾਨ ਜੋਧਾ ਜੰਗੀ, ਜੰਗਜੂ ਇਕੋ ਇਕ ਵਡਿਆਈਆ । ਤੁਸੀਂ ਵੇਖੋ ਸਾਰੇ ਸ੍ਰਿਸ਼ਟੀ ਅੰਦਰ ਤੰਗੀ, ਤੰਗਦਸਤ ਦਿਸੇ ਲੋਕਾਈਆ । ਦੀਨਾਂ ਮਜ਼੍ਹਬਾਂ ਦੀ ਤੁਸਾਂ ਨੇ ਪਾਈ ਕੰਧੀ, ਹੱਦਾਂ ਵੰਡ ਵੰਡਾਈਆ । ਪ੍ਰਭ ਦੇ ਸਿਫ਼ਤੀ ਨਾਮ ਦੀ ਦੱਸ ਕੇ ਡੰਡੀ, ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਸਤਿਨਾਮ ਦੀ ਕੀਤੀ ਲੜਾਈਆ । ਵਰਭੰਡ ਵਿਚ ਪਾ ਕੇ ਭੰਡੀ, ਪ੍ਰਭ ਨੂੰ ਭੰਡਿਆ ਥਾਉਂ ਥਾਈਆ । ਕਲਮੇ ਗਾ ਕੇ ਆਪਣੇ ਦੰਦੀ, ਦਾਨਸ਼ਮੰਦ ਦਿਤੇ ਭੁਲਾਈਆ । ਹੁਣ ਵੇਖੋ ਮਾਤਲੋਕ ਤੁਹਾਡੀ ਕਿਹੜੀ ਸਭਾ ਚੰਗੀ, ਮਜਲਸ ਕਵਣ ਵਡਿਆਈਆ । ਗੁਰ ਅਵਤਾਰ ਪੈਗ਼ਬਰ ਜਾਂ ਤੱਕਣ ਸਭ ਦੀ ਪਿਠ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਅੰਦਰੋ ਕਹਿਣ ਆਤਮ ਅੰਧੀ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਬਾਹਰੋਂ ਕਹਿਣ ਵਿਦਵਾਨਾਂ ਦੀ ਲੱਗੀ ਮੰਡੀ, ਪੁਸਤਕਾਂ ਦੀ ਕਰਨ ਪੜ੍ਹਾਈਆ । ਵਿਦਿਆ ਦੇ ਬਣ ਪਾਖੰਡੀ, ਪਾਰਬ੍ਰਹਮ ਨਾ ਕੋਇ ਮਿਲਾਈਆ । ਕਲਜੁਗ ਖੇਲ ਕੀਤੀ ਬਹੁਰੰਗੀ, ਰੰਗਤ ਆਪਣੀ ਦਿਤੀ ਵਖਾਈਆ । ਰਸਨਾ ਕਰ ਕੇ ਗੰਦੀ, ਕੂੜੀ ਕਿਰਿਆ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਚੌਥਾ ਸਾਲ ਕਹੇ ਵੇਖੋ ਭਾਦਰੋਂ ਆਇਆ ਭੱਜਾ, ਭਾਜੜ ਦਿਸੇ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਹੱਥ ਅਗੇ ਕਰੋ ਸੱਜਾ, ਹਰਿ ਸਾਜਣ ਵੇਖ ਵਖਾਈਆ । ਸਭ ਦੀ ਤਲੀ ਦੇ ਵਿਚ ਦਾਗ਼ ਲੱਗਾ, ਮੁਹੰਮਦ ਦਏ ਗਵਾਹੀਆ । ਸਦੀ ਚੌਧਵੀਂ ਗੁਰੂਆਂ ਨਾਲ ਚੇਲਿਆਂ ਕਰਨਾ ਦਗ਼ਾ, ਮੁਰੀਦ ਮੁਰਸ਼ਦਾਂ ਸੀਸ ਨਾ ਕੋਇ ਨਿਵਾਈਆ । ਜਗਤ ਵਿਕਾਰ ਹੀਂਗਣਾ ਵਾਂਗ ਗਧਾ, ਗਦਾਗਰ ਕਰੇ ਸ਼ਨਵਾਈਆ । ਮਾਇਆ ਰਸ ਦਾ ਕੌੜਾ ਸਭ ਨੇ ਲੈਣਾ ਮਜ਼ਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮੰਦਰ ਮਸਜਿਦ ਸ਼ਿਵਦੁਆਲਾ ਮੱਠ ਗੁਰੂਦੁਆਰ ਪਵਿਤ੍ਰ ਰਹੇ ਕੋਈ ਨਾ ਜਗਹ, ਨੇਤਰਹੀਣ ਦਿਸੇ ਜਗਤ ਲੋਕਾਈਆ । ਹੰਸ ਬੁੱਧੀ ਹੋਵੇ ਕੱਗਾ, ਕਾਗ ਵਾਂਗ ਕੁਰਲਾਈਆ । ਓਸ ਵੇਲੇ ਸਭ ਨੇ ਕਹਿਣਾ ਹਾਏ ਅੱਲਾ ਦਰੋਹੀ ਰੱਬਾ, ਅੱਬਾ ਨਜ਼ਰ ਕੋਇ ਨਾ ਆਈਆ । ਕਿਸੇ ਨੇ ਕਹਿਣਾ ਪੁਰਖ ਅਕਾਲ ਸੂਰਾ ਸਰਬਗਾ, ਬਗ਼ਲਗੀਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਆਪਣਾ ਦਏ ਖੁਲ੍ਹਾਈਆ । ਭਾਦਰੋਂ ਕਹੇ ਮੈਂ ਮਹੀਨਾ ਬੇਸ਼ਕ ਜਗ, ਜੁਗ ਚੌਕੜੀ ਸਾਲ ਬਸਾਲਾ ਮੈਨੂੰ ਗਾਈਆ । ਮੇਰੇ ਵਿਚ ਕੀਤਾ ਕਿਸੇ ਨਾ ਹੱਜ, ਹਾਜੀ ਰੁਤ ਨਾ ਕੋਇ ਸੁਹਾਈਆ । ਜਗਤ ਜਗਿਆਸੂਓ ਲਓ ਭੱਜ, ਭੱਜਿਆਂ ਪਾਰ ਨਾ ਕੋਇ ਲੰਘਾਈਆ । ਸਭ ਦਾ ਮਾਲਕ ਇਕ ਸਮਰਥ, ਹਰਿ ਕਰਤਾ ਵਡ ਵਡਿਆਈਆ । ਜਿਸ ਦੇ ਕੋਲ ਧੁਰ ਦਾ ਹੱਕ, ਹਕੀਕਤ ਇਕ ਸਮਝਾਈਆ । ਕਰ ਕੇ ਕੱਖੋਂ ਲੱਖ, ਕੱਖੋਂ ਦਏ ਵਡਿਆਈਆ । ਜਿਉਂ ਭਾਵੇ ਤਿਉਂ ਲਏ ਰੱਖ, ਮਿਹਰ ਨਜ਼ਰ ਉਠਾਈਆ ।

ਸਦੀ ਚੌਧਵੀਂ ਸਭ ਨੇ ਹੋਣਾ ਭੱਠ, ਬਚਿਆ ਰਹਿਣ ਕੋਇ ਨਾ ਪਾਈਆ। ਝਗੜਾ ਮਿਟਣਾ ਅਠਸਠ, ਤੀਰਥ ਤੱਟ ਰਹੇ ਕੁਰਲਾਈਆ। ਮਾਣ ਰਹੇ ਨਾ ਮੰਦਰ ਮਠ, ਸ਼ਿਵਦੁਆਲੇ ਮਸੀਤਾਂ ਹਾਲ ਦੁਹਾਈਆ। ਚਾਰ ਵਰਨ ਹੰਕਾਰੀ ਬੁਰਜ ਜਾਣਾ ਢੱਠ, ਹਉਮੇ ਹੰਗਤਾ ਗੜ੍ਹ ਤੁੜਾਈਆ। ਅੰਤ ਪ੍ਰਭ ਦਾ ਹੋਣਾ ਇਕੱਠ, ਜੁਗ ਜਨਮ ਦੇ ਵਿਛੜਿਆਂ ਲਏ ਮਿਲਾਈਆ। ਇਕੋ ਨਾਮ ਢੋਲਾ ਗੀਤ ਸਭ ਨੇ ਲੈਣਾ ਰਟ, ਪਿਛਲਾ ਰੱਟਾ ਦੇਣਾ ਮੁਕਾਈਆ। ਸਵਾਮੀ ਨਜ਼ਰੀ ਔਣਾ ਕਮਲਾਪਤ, ਪਤਿਪਰਮੇਸ਼ਵਰ ਨੂਰ ਖ਼ੁਦਾਈਆ। ਜਨ ਭਗਤੇ ਭਾਦਰੋਂ ਕਹੇ ਮੈਂ ਦੱਸਣ ਆਇਆ ਸਚ, ਸੁਨੇਹੜਾ ਇਕ ਸੁਣਾਈਆ। ਕਿਸੇ ਕੰਮ ਨਹੀਂ ਔਣਾ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਾ ਕੋਇ ਵਡਿਆਈਆ। ਓਸ ਪ੍ਰਭੂ ਦੀ ਚਰਨੀ ਜਾਓ ਢੱਠ, ਜੋ ਢੱਠਿਆਂ ਲਏ ਉਠਾਈਆ। ਜਿਸ ਦਾ ਵੱਡਾ ਛੋਟਾ ਨਹੀਂ ਕੱਦ, ਕ਼ਦੀਮ ਤੋਂ ਕ਼ੁਦਰਤ ਦਾ ਮਾਲਕ ਆਪ ਅਖਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ। ਭਾਦੋਂ ਕਹੇ ਮੈਨੂੰ ਵੇਖ ਕੇ ਔਂਦੀ ਹਾਸੀ, ਖ਼ੁਸ਼ੀਆਂ ਵਿਚ ਜਣਾਈਆ। ਸਾਚੇ ਮੰਡਲ ਪਵੇ ਕੋਈ ਨਾ ਰਾਸੀ, ਗੋਪੀ ਕਾਹਨ ਨਾਚ ਨਾ ਕੋਇ ਨਚਾਈਆ। ਨੂਰ ਚਮਕੇ ਨਾ ਪ੍ਰਿਥਮੀ ਆਕਾਸ਼ੀ, ਗਗਨ ਮੰਡਲ ਨਾ ਕੋਇ ਰੁਸ਼ਨਾਈਆ। ਸਾਚੀ ਦਿਸੇ ਨਾ ਕੋਇ ਦਾਸੀ, ਹੰਕਾਰ ਵਿਚ ਦੁਹਾਈਆ। ਕਿਉਂ ਮੂਸਾ ਚੜ੍ਹਿਆ ਉਪਰ ਘਾਟੀ, ਮੂੰਹ ਦੇ ਭਾਰ ਸੁਟਾਈਆ। ਕਿਉਂ ਈਸਾ ਲਟਕਿਆ ਫਾਸੀ, ਸਲੀਬ ਗਲ ਛੁਹਾਈਆ। ਕਿਉਂ ਮੁਹੰਮਦ ਕੱਟੀ ਵਾਟੀ, ਜੰਗਲਾਂ ਵਿਚ ਦੁਹਾਈਆ। ਕਿਉਂ ਨਾਨਕ ਨਿਰਗੁਣ ਸਰਗੁਣ ਬਣਿਆ ਸਾਥੀ, ਸਗਲਾ ਸੰਗ ਨਿਭਾਈਆ। ਕਿਉਂ ਗੋਬਿੰਦ ਚਾਰ ਵਰਨ ਬਣਾਇਆ ਜਮਾਤੀ, ਇਕੋ ਰੰਗ ਰੰਗਾਈਆ। ਕਿਉਂ ਤੇਈ ਅਵਤਾਰਾਂ ਮੰਨੀ ਪ੍ਰਭ ਦੀ ਆਖੀ, ਹੁਕਮੇ ਵਿਚ ਸੀਸ ਨਿਵਾਈਆ। ਕਿਉਂ ਕਲਜੁਗ ਅੰਤਮ ਰੱਖੀ ਆਸੀ, ਆਸ਼ਾ ਇਕ ਪ੍ਰਗਟਾਈਆ। ਸਦੀ ਚੌਧਵੀਂ ਪ੍ਰਗਟ ਹੋਵੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਵੇਸ ਵਟਾਈਆ। ਜੋ ਦੀਨ ਦੁਨੀ ਦੀ ਵੇਖੇ ਗੁਸਤਾਖੀ, ਕਾਇਆ ਮੰਦਰ ਅੰਦਰ ਫੋਲ ਫੁਲਾਈਆ। ਜਨ ਭਗਤਾਂ ਸੰਤਾਂ ਕਰੇ ਰਾਖੀ, ਰੱਖਕ ਹੋ ਕੇ ਦਏ ਵਡਿਆਈਆ। ਜਾਗਰਤ ਜੋਤ ਦੱਸ ਕੇ ਧੁਰ ਦੀ ਜਾਤੀ, ਆਤਮ ਪਰਮਾਤਮ ਲਏ ਮਿਲਾਈਆ। ਕਰ ਪ੍ਰਕਾਸ਼ ਅੰਧੇਰੇ ਦੀਵਾ ਬਾਤੀ, ਨੂਰੋ ਨੂਰ ਡਗਮਗਾਈਆ। ਗੁਰਮੁਖਾਂ ਬਦਲ ਕੇ ਜਗਤ ਹਯਾਤੀ, ਜਨਮ ਸਤਿਗੁਰ ਘਰ ਵਖਾਈਆ। ਝਗੜਾ ਰਹਿਣ ਨਾ ਦੇਵੇ ਕਾਗ਼ਜ਼ਾਤੀ, ਮਿਹਰ ਨਜ਼ਰ ਨਾਲ ਪਾਰ ਕਰਾਈਆ। ਬਕਾਇਆ ਰਹੇ ਕੋਈ ਨਾ ਬਾਕੀ, ਲੇਖਾ ਸਭ ਦਾ ਸਾਫ਼ ਕਰਾਈਆ। ਸਚ ਪ੍ਰੇਮ ਦੀ ਦੇ ਕੇ ਪਾਤੀ, ਪਤਣ ਅਗਲਾ ਪਾਰ ਕਰਾਈਆ। ਜਿਥੇ ਵਸੇ ਸ਼ਾਹ ਪਾਤਸ਼ਾਹ ਹਰ ਘਟ ਨਿਵਾਸੀ, ਨਿਵਾਸ ਅਸਥਾਨ ਇਕ ਦ੍ਰਿੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕ ਖੁਲ੍ਹਾਈਆ। ਭਾਦਰੋਂ ਕਹੇ ਮੈਂ ਦੱਸਾਂ ਹੁਕਮ ਖੁਲ੍ਹਾ, ਖ਼ਾਲਕ ਖ਼ਲਕ ਰਿਹਾ ਦ੍ਰਿੜਾਈਆ। ਜਨ ਭਗਤੋ ਪ੍ਰਭ ਦਵਾਰੇ ਲੱਗੇ ਕੋਈ ਨਾ ਮੁੱਲਾ, ਕ਼ੀਮਤ ਕਰਤਾ ਨਾ ਕੋਇ ਪਾਈਆ। ਜਨ ਭਗਤ ਕਦੇ ਨਾ ਰੁਲਾ, ਰੁਲਦਿਆਂ ਲਏ ਉਠਾਈਆ। ਭਾਵੇਂ ਤੁਸੀਂ ਜਾਪ ਕਰਿਓ ਕਦੇ ਨਾ ਨਾਲ ਬੁੱਲਾਂ, ਹਿਰਦੇ ਅੰਦਰ ਲੈਣਾ ਵਸਾਈਆ। ਸਾਹਿਬ ਸਤਿਗੁਰ ਕਦੇ ਨਾ ਭੁੱਲਾ, ਜੁਗ ਜੁਗ ਭੁੱਲਿਆਂ ਲਏ ਸਮਝਾਈਆ। ਜਿਹੜਾ ਸਤਿਗੁਰ ਦੇ ਕੰਢੇ ਤੋਲ ਤੁਲਾ, ਅਨਮੋਲ ਅਤੁਲ ਬਣਾਈਆ। ਓਹਦਾ ਚਰਾਗ਼ ਨਹੀਂ ਹੋਣਾ ਗੁੱਲਾ, ਦੀਪਕ ਜੋਤ ਸਦਾ ਰੁਸ਼ਨਾਈਆ। ਸਾਚੇ ਗੁਲਸ਼ਨ ਵਿਚ ਜਨ ਭਗਤ ਸੁਹੇਲਾ ਗੁੰਚੇ ਤੋਂ ਬਾਹਰ ਗੁਲਾ, ਫੂਲ

ਡਾਲੀ ਆਪ ਮਹਿਕਾਈਆ । ਜਿਸ ਦਾ ਫੁੱਲ ਕਦੇ ਨਾ ਹੁੱਲਾ, ਓਹ ਆਪਣਾ ਕਲਮਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭਾਦਰੋਂ ਕਹੇ ਜਨ ਭਗਤੋ ਇਕ ਦੀ ਕਰ ਲਓ ਪੂਜਾ, ਸੀਸ ਜਗਦੀਸ਼ ਝੁਕਾਈਆ । ਬਿਨਾ ਪੁਰਖ ਅਕਾਲ ਤੋਂ ਅਵਰ ਨਹੀਂ ਕੋਈ ਦੂਜਾ, ਦੁਤੀਆ ਭਾਉ ਦੇਣਾ ਗਵਾਈਆ । ਜੋ ਬੰਦ ਹੋਇਆ ਤੁਹਾਡੇ ਕਾਇਆ ਅੰਦਰ ਕੁੱਜਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਜਿਸ ਨੇ ਇਸ਼ਾਰਾ ਦਿਤਾ ਮਹਾਤਮਾ ਬੁੱਧਾ, ਬੜ੍ਹ ਬੋਹੜ ਦਏ ਦੁਹਾਈਆ । ਭੇਵ ਖੁਲ੍ਹਾਇਆ ਗੁੱਝਾ, ਰਮਜ਼ ਇਕ ਜਣਾਈਆ । ਕਲਜੁਗ ਅੰਤਮ ਮੇਰਾ ਨੂਰ ਰਹਿਣਾ ਨਹੀਂ ਲੁਕਾ, ਲੋਕ ਪ੍ਰਲੋਕ ਹੋਵੇ ਰੁਸ਼ਨਾਈਆ । ਸਦਾ ਪ੍ਰਭੂ ਪ੍ਰੇਮ ਦਾ ਭੁੱਖਾ, ਬਿਦਰ ਦਏ ਗਵਾਹੀਆ । ਰਵਦਾਸ ਦਾ ਖਾ ਕੇ ਟੁੱਕਰ ਰੁੱਖਾ, ਸੁਖ ਸਾਗਰ ਵਿਚ ਸਮਾਈਆ । ਨਾਮੇ ਦਾ ਮੇਟ ਕੇ ਦੁੱਖਾ, ਦਿਹੁਰਾ ਦਿਤਾ ਭੁਆਈਆ । ਧੰਨੇ ਦਾ ਗੁਆ ਕੇ ਗ਼ੁੱਸਾ, ਬਜਰ ਵਿਚੋਂ ਸੱਧਰ ਪੂਰ ਕਰਾਈਆ । ਲਹਿਣਾ ਮੁਕਾ ਕੇ ਕੱਛ ਮੱਛਾ, ਕਸ਼ਮਕਸ਼ ਵੇਖੇ ਜਗਤ ਲੋਕਾਈਆ । ਜਨ ਭਗਤੋ ਤੁਸਾਂ ਬਚਨ ਮੰਨਣਾ ਸੱਚਾ, ਚਲਣਾ ਇਕ ਰਜ਼ਾਈਆ । ਗੁਰਮੁਖੋ ਰਿਹੋ ਕੋਈ ਨਾ ਕੱਚਾ, ਕੱਚਾ ਤੰਦ ਕੰਮ ਕਿਸੇ ਨਾ ਆਈਆ । ਰਸਨਾ ਨਾਲ ਕਹੋ ਨਾ ਅੱਛਾ, ਅੰਦਰੋਂ ਆਤਮ ਲੈਣਾ ਮਨਾਈਆ । ਜੋ ਪ੍ਰਭੂ ਦਾ ਬਣ ਗਿਆ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਦੇਵੇ ਘਰ ਹਕ਼ੀਕ਼ੀ ਹੱਕਾ, ਹਕ਼ੀਕ਼ਤ ਇਕ ਦਰਸਾਈਆ । ਤੁਹਾਡੇ ਅੰਦਰ ਮਦੀਨਾ ਮੱਕਾ, ਕਾਅਬੇ ਤੋਂ ਪਰੇ ਨੂਰ ਖ਼ੁਦਾਈਆ । ਤੁਹਾਡੇ ਮੰਦਰ ਵੇਖੋ ਸਜਾ, ਆਤਮ ਸੇਜਾ ਡੇਰਾ ਲਾਈਆ । ਕਾਇਆ ਦਵਾਰਾ ਵੇਖੋ ਜਗਹ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚੇ ਨਾਮ ਦਾ ਦੇ ਕੇ ਸੱਦਾ, ਭਗਤਾਂ ਲਿਆ ਉਠਾਈਆ । ਸਾਚੇ ਪ੍ਰੇਮ ਦਾ ਲੈ ਲਓ ਮਜ਼ਾ, ਤੁਹਾਨੂੰ ਮਜ਼ਾਕ ਕਰੇ ਲੋਕਾਈਆ । ਜਿਨ੍ਹਾਂ ਦੇ ਸਿਰ ਤੇ ਕੂਕਦੀ ਕਜ਼ਾ, ਕਲਜੁਗ ਕਸਾਈ ਛੁਰੀ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਭਾਦੋਂ ਕਹੇ ਜਨ ਭਗਤੋ ਬਣ ਜਾਓ ਜੋਬਨਵੰਤੇ, ਘਰ ਘਰ ਵੱਜੇ ਵਧਾਈਆ । ਮੰਨੋ ਇਕ ਸ੍ਰੀ ਭਗਵੰਤੇ, ਜੋ ਸਭ ਦਾ ਪਿਤਾ ਮਾਈਆ । ਚਾਰ ਵਰਨ ਰੂਪ ਧਰੋ ਹਰਿ ਸੰਗਤੇ, ਦਵੈਤ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਆਪੇ ਤੁਹਾਡੇ ਚੋਲੇ ਰੰਗ ਦਏ, ਰੰਗਣ ਇਕ ਚੜ੍ਹਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਮੰਗਦੇ, ਉਹ ਦੇਵਣਹਾਰ ਗੁਸਾਈਆ । ਤੁਸੀਂ ਸਾਥੀ ਉਹਦੇ ਅੰਗ ਦੇ, ਅੰਗੀਕਾਰ ਆਪ ਹੋ ਜਾਈਆ । ਦਿਨ ਥੋੜ੍ਹੇ ਹੋਰ ਮੰਗ ਦੇ, ਮੰਗਣੀ ਸਭ ਦੀ ਦਏ ਗੁਆਈਆ । ਵੇਖੋ ਵਿਸ਼ਨ ਬ੍ਰਹਮਾ ਸ਼ਿਵ ਹੱਥ ਬੰਨ੍ਹਦੇ, ਸੀਸ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਸਾਂਝਾ ਲਏ ਮਿਲਾਈਆ । ਭਾਦਰੋਂ ਕਹੇ ਜਨ ਭਗਤੋ ਸੁਣਿਓ ਮੇਰੀ ਅਰਦਾਸ, ਬੇਨੰਤੀ ਇਕ ਜਣਾਈਆ । ਸਾਹਿਬ ਸਤਿਗੁਰ ਤੁਹਾਡੇ ਪਾਸ, ਅੰਦਰ ਬੈਠਾ ਡੇਰਾ ਲਾਈਆ । ਜਿਸ ਦਾ ਨੂਰ ਜੋਤ ਪ੍ਰਕਾਸ਼, ਬ੍ਰਹਮ ਕਰੇ ਰੁਸ਼ਨਾਈਆ । ਮੰਡਲ ਪਾ ਕੇ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਘਰ ਵਖਾਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਦਏ ਜਣਾਈਆ । ਲੇਖੇ ਲਾਏ ਪਵਣ ਸਵਾਸ, ਸਾਹ ਸਾਹ ਵਿਚ ਵਡਿਆਈਆ । ਤੁਹਾਡੀ ਪੂਰੀ ਕਰ ਕੇ ਜਾਵੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾ ਕੇ ਜਗਤ ਜਾਤ, ਜਾਗਰਤ ਜੋਤ ਵਿਚ ਸਮਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਾ ਬਿਧਾਤਾ ਲਏ ਬੰਧਾਈਆ । ਮੰਜ਼ਲ ਚਾੜ੍ਹ ਕੇ ਔਖੇ ਘਾਟ, ਘਾਟਾ ਸਭ ਦਾ ਪੂਰ ਕਰਾਈਆ । ਜਨਮ ਜਨਮ ਦੀ ਮੇਟ ਕੇ ਵਾਟ, ਵਟਨਾ ਮਲੇ ਚਾਈਂ

ਚਾਈਆ । ਆਤਮ ਸੇਜਾ ਬਹਿ ਕੇ ਖਾਟ, ਖਟਕਾ ਅੰਦਰੋਂ ਦਏ ਕਢਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਅੰਤ ਅਖ਼ੀਰੀ ਜਾਵਾਂ ਆਖ, ਸੰਦੇਸਾ ਸਚ ਸਮਝਾਈਆ । ਜਨ ਭਗਤ ਰਹੇ ਨਾ ਕੋਈ ਗੁਸਤਾਖ, ਗ਼ੁੱਸਾ ਅੰਦਰੋਂ ਬਾਹਰ ਕਢਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਪੂਰਾ ਕਰਨਾ ਭਵਿਖਤ ਵਾਕ, ਵਾਕਿਆ ਵੇਖੇ ਚਾਈਂ ਚਾਈਂਆ । ਸਾਚੇ ਸੰਤਾਂ ਦਾ ਬਣ ਕੇ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਗੁਰਮੁਖਾਂ ਚਰਨ ਧੂੜੀ ਦੇ ਕੇ ਖ਼ਾਕ, ਮਸਤਕ ਟਿੱਕੇ ਦੇਣੇ ਰਮਾਈਆ । ਪ੍ਰੇਮ ਪ੍ਰੀਤੀ ਦਾ ਬਖ਼ਸ਼ ਇਤਫ਼ਾਕ, ਨਿਫ਼ਾਕ ਅੰਦਰੋਂ ਦੇਣਾ ਕਢਾਈਆ । ਤੁਸੀਂ ਓਸ ਪ੍ਰਭੂ ਦੇ ਸਾਕ, ਜਿਥੋਂ ਹੋਵੇ ਨਾ ਕਦੇ ਜੁਦਾਈਆ । ਬਿਨਾ ਸੱਯਦਿਆਂ ਤੋਂ ਸਭ ਨੂੰ ਕਰੇ ਪਾਕ, ਪਤਤ ਪੁਨੀਤ ਦਏ ਕਰਾਈਆ । ਭਾਦਰੋਂ ਕਹੇ ਮੇਰੀ ਸ਼ਹਿਨਸ਼ਾਹੀ ਸੰਮਤ ਦੀ ਪਹਿਲੀ ਰਾਤ, ਸਗਣਾਂ ਨਾਲ ਮਨਾਈਆ । ਜਨ ਭਗਤਾਂ ਪਏ ਨਾ ਜਮ ਕੀ ਫਾਸ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਭਾਦਰੋਂ ਕਹੇ ਮੇਰਾ ਭਗਵਾਨ, ਭਗਵਨ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦਿ ਧਰਮ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਸਭ ਨੂੰ ਦੇਵਣਹਾਰਾ ਦਾਨ, ਨਾਮ ਅਨਮੁੱਲਾ ਝੋਲੀ ਪਾਈਆ । ਸਚਖੰਡ ਦਾ ਹੁਕਮਰਾਨ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਅਵਤਾਰ ਪੈਗ਼ੰਬਰ ਕਰ ਪ੍ਰਵਾਨ, ਗੁਰੂਆਂ ਵੇਖ ਵਖਾਈਆ । ਲੇਖਾ ਜਾਣ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਹੁਕਮ ਸੰਦੇਸ਼ਾ ਦੇ ਫ਼ਰਮਾਨ, ਸ਼ਬਦੀ ਸ਼ਬਦ ਪੜ੍ਹਾਈਆ । ਕਲਮੇ ਦੱਸ ਕਲਾਮ, ਕਾਇਨਾਤ ਸਿਖਲਾਈਆ । ਅੰਤ ਹੋ ਪ੍ਰਧਾਨ, ਡੰਕਾ ਇਕ ਵਜਾਈਆ । ਕੂੜੀ ਕਿਰਿਆ ਮੇਟ ਸ਼ੈਤਾਨ, ਕਲਜੁਗ ਸ਼ਰਅ ਦਏ ਬਦਲਾਈਆ । ਸਤਿਜੁਗ ਸਤਿ ਬਣਾ ਵਿਧਾਨ, ਵਾਅਦਾ ਸਭ ਦਾ ਪੂਰ ਕਰਾਈਆ । ਸ਼ਾਹੋ ਭੂਪ ਬਣ ਸੁਲਤਾਨ, ਧੁਰ ਫ਼ਰਮਾਨਾ ਇਕ ਉਪਜਾਈਆ । ਲੱਖ ਚੁਰਾਸੀ ਗੋਪੀ ਬਣਕੇ ਕਾਹਨ, ਨਾਮ ਸ਼ਬਦ ਧੁਨ ਸੁਣਾਈਆ । ਸੀਤਾ ਸੁਰਤੀ ਪਰਨਾ ਕੇ ਰਾਮ, ਰਮਈਆ ਰਾਮ ਵੇਖ ਵਖਾਈਆ । ਅਮਾਮ ਹੋ ਕੇ ਦੇਵੇ ਪੈਗ਼ਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਧਰਮ ਦੱਸ ਸਚ ਇਸਲਾਮ, ਇਸਮ ਆਜ਼ਮ ਇਕ ਵਖਾਈਆ । ਸੱਯਦਿਆਂ ਨਾਲ ਪ੍ਰਨਾਮ, ਨਮਸਤੇ ਵਿਚ ਵਡਿਆਈਆ । ਪ੍ਰਗਟਾ ਕੇ ਧੁਰ ਮਕਾਨ, ਮੁਕ਼ਾਮ ਇਕੋ ਇਕ ਜਣਾਈਆ । ਜਿਥੇ ਵਸੇ ਨਾ ਕੋਇ ਇਨਸਾਨ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਇਕੋ ਦੀਪਕ ਜੋਤ ਜਗੇ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਥੇ ਕੋਈ ਅਵਤਾਰ ਪੈਗ਼ੰਬਰ ਗੁਰੂ ਦੇਵੇ ਨਾ ਕੋਈ ਬਲੀਦਾਨ, ਤਨ ਸੀਸ ਨਾ ਕੋਇ ਕਟਾਈਆ । ਓਹ ਧਾਮ ਲਾਮੁਕ਼ਾਮ, ਬੇਮੁਕ਼ਾਮ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਖੇਲ ਰਚਾਈਆ । ਭਾਦਰੋਂ ਕਹੇ ਜਨ ਭਗਤੋ ਨਿਰਮਲ ਕਰ ਲਓ ਬੁੱਧੀ, ਬੁੱਧ ਬਬੇਕ ਕਰਾਈਆ । ਲੇਖਾ ਰਹਿਣਾ ਨਹੀਂ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਨਾ ਕੋਇ ਜਣਾਈਆ । ਪੁਰਖ ਅਕਾਲ ਦਾ ਔਣਾ ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਜੁਗੀ, ਜੁਗ ਜੁਗ ਗੁਰੂ ਅਵਤਾਰ ਪੈਗ਼ੰਬਰ ਸੇਵ ਕਮਾਈਆ । ਇਹ ਖੇਲ ਨਹੀਂ ਕੋਈ ਗੁੱਝੀ, ਰਮਜ਼ ਇਸ਼ਾਰੇ ਨਾਲ ਦ੍ਰਿੜਾਈਆ । ਜਿਸ ਨੇ ਧਾਰ ਮਿਟੌਣੀ ਦੂਜੀ, ਦੂਆ ਏਕੇ ਵਿਚ ਸਮਾਈਆ । ਜਨ ਭਗਤਾਂ ਮੰਜ਼ਲ ਰੱਖਣੀ ਸੌਖੀ, ਦੁੱਖੀਆਂ ਦੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਚਾੜ੍ਹ ਦਏ ਉਚੀ, ਜਿਥੇ ਉਚ ਅਗੰਮ ਅਥਾਹ ਆਪਣਾ ਡੇਰਾ ਲਾਈਆ ।

## ☀ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ☀

ਭਾਦਰੋਂ ਕਹੇ ਮੇਟਾਂ ਭਰਮ, ਭਰਮੀਆਂ ਭਰਮ ਗਵਾਈਆ । ਝਗੜਾ ਮੇਟਾਂ ਮਾਟੀ ਚਰਮ, ਚੰਮ ਦ੍ਰਿਸ਼ਟੀ ਦਿਆਂ ਬਦਲਾਈਆ । ਸਤਿ ਸਚ ਦੱਸਾਂ ਧਰਮ, ਧਰਮ ਆਤਮਾ ਇਕ ਸਮਝਾਈਆ । ਨਿਹਕਰਮੀ ਦਾ ਵੇਖਾਂ ਕਰਮ, ਜੋ ਨਿਹਕਰਮਣ ਲਏ ਤਰਾਈਆ । ਬਖ਼ਸ਼ੇ ਸਾਚੀ ਸਰਨ, ਸਰਨਗਤ ਇਕ ਵਖਾਈਆ । ਜਨ ਭਗਤਾਂ ਆਇਆ ਫੜਨ, ਫੜ ਬਾਹੋਂ ਲਏ ਉਠਾਈਆ । ਸਾਚਾ ਢੋਲਾ ਨਾਮ ਪੜ੍ਹਨ, ਆਤਮ ਪਰਮਾਤਮ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਾਚਾ ਮੇਲਾ ਕਰ ਮਿਲਾਪ, ਮਿਲਣਹਾਰ ਜਗਦੀਸ਼ ਕਰਾਇੰਦਾ । ਸਭ ਦਾ ਮਾਲਕ ਬਣ ਕੇ ਆਪ, ਆਪਣੇ ਘਰ ਵਸਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗ ਜੀਵਣ ਦਾਤਾ ਜੋਤ ਜਗਾਇੰਦਾ । ਕੂੜੀ ਕਿਰਿਆ ਮੇਟ ਸੰਤਾਪ, ਸਹਿਸਾ ਅੰਦਰੋਂ ਬਾਹਰ ਕਢਾਇੰਦਾ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਵੇਖ ਵਖਾਇੰਦਾ । ਪੂਰਾ ਕਰ ਕੇ ਆਪਣਾ ਵਾਕ, ਵਾਕ਼ਫਕਾਰ ਹੋ ਕੇ ਖੇਲ ਖਿਲਾਇੰਦਾ । ਸ੍ਰਿਸ਼ਟ ਸਬਾਈ ਬਣਾ ਕੇ ਦਾਸੀ ਦਾਸ, ਸਿਰ ਆਪਣਾ ਹੱਥ ਟਿਕਾਇੰਦਾ । ਜਨ ਭਗਤਾਂ ਦੇ ਕੇ ਪੂਰਾ ਵਿਸ਼ਵਾਸ, ਵਿਸ਼ਾ ਇਕੋ ਇਕ ਦਰਸਾਇੰਦਾ । ਜਿਸ ਦਾ ਨੂਰ ਜੋਤ ਪ੍ਰਕਾਸ਼, ਪ੍ਰਕਾਸ਼ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਸੁਹਾਇੰਦਾ । ਦਰ ਠਾਂਡਾ ਹੋਏ ਸਾਂਤਕ ਸਤਿ, ਸਚ ਮਿਲੇ ਵਡਿਆਈਆ । ਪੂਰਨ ਵਿਦਿਆ ਦੇ ਕੇ ਬ੍ਰਹਮ ਮਤ, ਪਾਰਬ੍ਰਹਮ ਕਰੇ ਪੜ੍ਹਾਈਆ । ਸਤਿ ਸੰਤੋਖ ਦੇ ਕੇ ਧੀਰਜ ਜਤ, ਯਥਾਰਥ ਆਪਣਾ ਪਰਦਾ ਦਏ ਉਠਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਲੋਚਨ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਨਾਮ ਮਹਿਮਾ ਦੱਸ ਅਕਥ, ਭੇਵ ਅਭੇਦਾ ਆਪਣਾ ਦਏ ਖੁਲ੍ਹਾਈਆ ।



੩੪੭ ੨੧

## ☀ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ☀

ਦੇ ਵਡਿਆਈ ਪ੍ਰਭੂ ਜਨ ਭਗਤ, ਭਗਵਨ ਆਪਣੀ ਦਇਆ ਕਮਾਈਆ । ਗੁਰਮੁਖ ਪ੍ਰਗਟ ਕਰ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਈਆ । ਆਤਮ ਪਰਮਾਤਮ ਮੇਲਾ ਕਰਨਾ ਹਰਿ ਕੰਤ, ਸਚ ਸਵਾਮੀ ਅੰਤਰਜਾਮੀ ਆਪ ਸੁਹਾਈਆ । ਗੜ੍ਹ ਤੋੜੀਂ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਈਆ । ਬੋਧ ਅਗਾਧਾ ਬਣ ਧੁਰ ਦਾ ਪੰਡਤ, ਨਿਰਅੱਖਰ ਨਿਰਵੈਰ ਦੇ ਸਮਝਾਈਆ । ਚਾਰ ਵਰਨ ਬਣਾ ਧਰਮ ਦੀ ਸੰਗਤ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਤੇਰੇ ਦੁਆਰੇ ਨਿਉਂ ਨਿਉਂ ਕਰਾਂ ਮਿੰਨਤ, ਸੀਸ ਜਗਦੀਸ਼ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਹਰ ਘਟ ਅੰਤਰ ਬਖ਼ਸ਼ ਆਪਣੀ ਹਿੰਮਤ, ਹੌਸਲਾ ਦੇ ਵਧਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਦਿਸੇ ਸਿੰਮਤ, ਨਵ ਨੌ ਚਾਰ ਵੱਜੇ ਵਧਾਈਆ । ਮਨੂਆ ਮਨ ਕਰੇ ਨਾ ਇੱਲਤ, ਕੂੜੀ ਕਿਰਿਆ ਦੇ ਗਵਾਈਆ । ਮਾਨਸ ਰਹੇ ਕੋਈ ਨਾ ਨਿੰਦਕ, ਗੜ੍ਹ ਹੰਕਾਰੀ ਦੇਣਾ ਤੁੜਾਈਆ । ਜਗਤ ਵਿਕਾਰਾ ਮੇਟ ਦੇ ਚਿੰਨਤ, ਚਿੰਤਾ ਚਿਖਾ ਨਾ ਕੋਈ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਵੇਖ ਵਖਾਈਆ । ਜਨ ਭਗਤਾਂ ਦੇਦੇ ਸਾਚੀ

ਸਿਖਿਆ, ਧੁਰ ਦੀ ਕਰ ਪੜ੍ਹਾਈਆ । ਦੀਨ ਦੁਨੀ ਸਮਝ ਮਿਥਿਆ, ਥਿਰ ਰਹਿਣ ਕੋਈ ਨਾ ਪਾਈਆ । ਤਨ ਵਜੂਦ ਜਾਏ ਨਾ ਭਿਟਿਆ, ਜਿਸ ਅੰਤਰ ਵਸੇ ਹਰਿ ਰਘੁਰਾਈਆ । ਝਗੜਾ ਮਿਟਾ ਦੇ ਕਾਇਆ ਬੁਤਿਆ, ਊਚੇ ਊਚ ਤੇਰੀ ਸਰਨਾਈਆ । ਆਤਮ ਪਰਮਾਤਮ ਬਣ ਮਿਤਿਆ, ਮੀਤ ਮੁਰਾਰੇ ਵੇਖ ਵਖਾਈਆ । ਘਰ ਵਖਾ ਅਗੰਮ ਅਨਡਿਠਿਆ, ਜਿਸ ਘਰ ਬੈਠਾ ਸੋਭਾ ਪਾਈਆ । ਲੇਖਾ ਸਭ ਦਾ ਕਰ ਦੇ ਚਿੱਟਿਆ, ਦੁਰਮਤ ਮੈਲ ਧੁਆਈਆ । ਜੋ ਸੰਤ ਸੁਹੇਲਾ ਤੇਰੇ ਚਰਨ ਕਵਲ ਵਿਕਿਆ, ਕ਼ੀਮਤ ਕਰਤਾ ਦਏ ਚੁਕਾਈਆ । ਰਸਨਾ ਰਸ ਰਹੇ ਨਾ ਫਿਕਿਆ, ਅੰਮ੍ਰਿਤ ਜਾਮ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਦੇਣਾ ਰੰਗਾਈਆ । ਜਨ ਭਗਤਾਂ ਦੇਦੇ ਸ਼ਬਦ ਗਿਆਨ, ਵਿਦਿਆ ਅਵਰ ਨਾ ਕੋਇ ਪੜ੍ਹਾਈਆ । ਨਿਰੰਤਰ ਅੰਤਰ ਦੇ ਧਿਆਨ, ਆਤਮ ਪਰਮਾਤਮ ਮੇਲ ਮਿਲਾਈਆ । ਅੰਮ੍ਰਿਤ ਰਸ ਕਰਾ ਇਸ਼ਨਾਨ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਅਨਾਦ ਸੁਣਾ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਘਰ ਵਿਚ ਘਰ ਵਖਾ ਮਕਾਨ, ਬਿਨ ਤੇਲ ਬਾਤੀ ਦੀਪਕ ਜੋਤ ਕਰ ਰੁਸ਼ਨਾਈਆ । ਪੁਰਖ ਅਕਾਲੇ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ । ਤੇਰੀ ਮਹਿਮਾ ਕਰਦੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੁਰ ਅਵਤਾਰ ਪੈਗ਼ੰਬਰ ਤੇਰਾ ਢੋਲਾ ਗਾਈਆ । ਸਤਿ ਧਰਮ ਦਾ ਤੇਰਾ ਇਕ ਵਿਧਾਨ, ਜਿਸ ਦੀ ਤਰਮੀਮ ਕਰੇ ਨਾ ਕੋਇ ਵਿਚ ਲੋਕਾਈਆ । ਝਗੜਾ ਵੇਖ ਜ਼ਿਮੀਂ ਅਸਮਾਨ, ਬੇਪਹਿਚਾਨ ਫੇਰਾ ਪਾਈਆ । ਜੀਵ ਜੰਤ ਸਰਬ ਕੁਰਲਾਣ, ਨੇਤਰ ਰੋਵਣ ਮਾਰਨ ਧਾਈਆ । ਸਾਚਾ ਦਿਸੇ ਨਾ ਕੋਈ ਅਮਾਮ, ਅਮਲ ਹੱਕ ਨਾ ਕੋਈ ਕਮਾਈਆ । ਮਨ ਮਮਤਾ ਕੀਤੇ ਗ਼ੁਲਾਮ, ਗ਼ੁਰਬਤ ਘਰ ਘਰ ਡੇਰਾ ਲਾਈਆ । ਤੇਰਾ ਕਲਮਾ ਭੁੱਲਿਆ ਕਲਾਮ, ਕਾਇਨਾਤ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਵਿਗੜ ਗਿਆ ਨਜ਼ਾਮ, ਭੈ ਭੌ ਨਾ ਕੋਇ ਵਖਾਈਆ । ਤੇਰਾ ਨਾਮ ਹੋਇਆ ਬਦਨਾਮ, ਬਦੀ ਵਿਚ ਬਦਲਾ ਰਹੇ ਚੁਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਮਿਹਰਵਾਨ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪ ਪਹਿਚਾਨ, ਕਰਮ ਕੁਕਰਮ ਦਾ ਲੇਖਾ ਫੋਲ ਫੁਲਾਈਆ । ਸਤਿ ਧਰਮ ਦੀ ਦਿਸੇ ਨਾ ਕੋਈ ਦੁਕਾਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਕਾਅਬੇ ਦੇਣ ਦੁਹਾਈਆ । ਤੂੰ ਹਰ ਘਟ ਜਾਣੀ ਜਾਣ, ਜਾਨਣਹਾਰ ਤੇਰੀ ਸਰਨਾਈਆ । ਜਨ ਭਗਤਾਂ ਦੇ ਦੇ ਨਾਮ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਚਰਨ ਪ੍ਰੀਤੀ ਬਖ਼ਸ਼ ਧਿਆਨ, ਪਦ ਨਿਰਬਾਨ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਵਡਿਆਈਆ । ਜਨ ਭਗਤਾਂ ਦੇ ਦੇ ਆਪਣਾ ਜੋਗ, ਜੁਗਤੀ ਧੁਰ ਦੀ ਆਪ ਦ੍ਰਿੜਾਈਆ । ਆਤਮ ਪਰਮਾਤਮ ਕਰ ਸੰਜੋਗ, ਸੱਜਣ ਮੇਲਾ ਲੈਣਾ ਮਿਲਾਈਆ । ਆਤਮ ਸੇਜਾ ਕਰ ਭੋਗ, ਭਸਮੜ ਆਪਣਾ ਖੇਲ ਵਖਾਈਆ । ਸਭ ਦਾ ਹਿਰਦਾ ਲੈਣਾ ਸੋਧ, ਸੁਦੀ ਵਦੀ ਨਾ ਵੰਡ ਵੰਡਾਈਆ । ਹਉਮੇ ਹੰਗਤਾ ਕੱਢਣਾ ਰੋਗ, ਹੰ ਬ੍ਰਹਮ ਦੇਣਾ ਜਣਾਈਆ । ਸਾਚੇ ਨਾਮ ਦਾ ਦੇ ਕੇ ਚੋਗ, ਚੁਗਲੀ ਨਿੰਦਿਆ ਤੋਂ ਲੈਣਾ ਬਚਾਈਆ । ਭਾਗ ਲਗਾ ਕੇ ਕਾਇਆ ਕੋਟ, ਕਾਮ ਕਰੋਧ ਲੋਭ ਮੋਹ ਹੰਕਾਰ ਕੂੜ ਕੁਟੰਬ ਦੇਣਾ ਛੁਡਾਈਆ । ਸਾਚੇ ਸ਼ਬਦ ਦੀ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਭਗਤ ਭਗਵਾਨ ਤੇਰੀ ਗੋਤ, ਦੂਜਾ ਨਜ਼ਰ ਕੋਇ ਨਾ ਆਈਆ । ਝਗੜਾ ਮੁਕਾ ਦੇ ਚੌਦਾਂ ਲੋਕ,

ਚੌਦਾਂ ਤਬਕ ਚਾਰ ਕੁੰਟ ਦੁਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਇਕ ਸਲੋਕ, ਸੋਹਲਾ ਧੁਰ ਦਾ ਦੇਣਾ ਪੜ੍ਹਾਈਆ । ਚਰਨਾਂ ਹੇਠ ਰੁਲਾਦੇ ਭਗਤਾਂ ਦੇ ਮੁਕਤੀ ਮੋਖ, ਮੁਫ਼ਤ ਆਪਣੀ ਦਇਆ ਕਮਾਈਆ । ਆਵਣ ਜਾਵਣ ਝਗੜਾ ਰਹੇ ਨਾ ਸੋਚ, ਚਿੰਤਾ ਅੰਦਰੋਂ ਦੇਣੀ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਦਰਸ਼ਨ ਕਰਨ ਰੋਜ਼, ਰੋਜ਼ਾ ਨਿਮਾਜ਼ ਬਾਂਗ ਦਾ ਖਹਿੜਾ ਦੇਣਾ ਛੁਡਾਈਆ । ਮੁਹੱਬਤ ਵਿਚ ਕਰ ਅਗੰਮੀ ਚੋਜ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਦੇਦੇ ਮੌਜ, ਮਜਲਸ ਆਪਣੇ ਨਾਲ ਬਣਾਈਆ । ਜਨ ਭਗਤਾਂ ਦੇ ਦੇ ਨਾਮ ਅਗੰਮਾ ਰਸ, ਰਸਤਾ ਅੰਦਰੋਂ ਦੇ ਵਖਾਈਆ । ਮਨੂਆ ਮਨ ਕਰ ਕੇ ਵਸ, ਵਸਲ ਦੱਸ ਯਾਰ ਖ਼ੁਦਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਨਰ ਨਰਾਇਣ ਦੇ ਚਮਕਾਈਆ । ਸ਼ਬਦ ਅਗੰਮੀ ਮਾਰ ਕੇ ਸੱਟ, ਸੋਈ ਸੁਰਤੀ ਲੈ ਉਠਾਈਆ । ਨਾਮ ਭੰਡਾਰਾ ਵਖਾ ਕੇ ਹੱਟ, ਵਸਤ ਅਮੋਲਕ ਝੋਲੀ ਪਾਈਆ । ਝਗੜਾ ਮੁਕਾ ਕੇ ਤੀਰਥ ਤਟ, ਆਤਮ ਸਰੋਵਰ ਦੇਣਾ ਨੁਹਾਈਆ । ਜਨ ਭਗਤਾਂ ਅੰਤਰ ਮੈਲ ਕੱਟ, ਬਾਹਰੋਂ ਕਰਨ ਹੱਕ ਸਫ਼ਾਈਆ । ਤੇਰਾ ਨਾਮ ਪੁਰਖ ਸਮਰਥ, ਸ਼ਹਿਨਸ਼ਾਹ ਧੁਰਦਰਗਾਹੀਆ । ਸਦੀ ਚੌਧਵੀਂ ਸਭ ਕੁਛ ਤੇਰੇ ਹੱਥ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਨੌਜਵਾਨ ਮਰਦ ਮਰਦਾਨ ਨੱਠ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਤੇਰਾ ਖੇਲ ਅਨੋਖਾ ਲੱਖ ਚੁਰਾਸੀ ਘਟ, ਘਟ ਭੀਤਰ ਪਰਦਾ ਦੇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟ ਸਬਾਈ ਗਾਵੇ ਜਸ, ਸਿਫ਼ਤਾਂ ਵਿਚ ਤੇਰੀ ਸਿਫ਼ਤ ਸਾਲਾਹੀਆ । ਸਾਚਾ ਮਾਰਗ ਸਚ ਸਵਾਮੀ ਅੰਤਰਜਾਮੀ ਏਕ ਏਕੰਕਾਰ ਏਕੰਕਾਰੇ ਏਕਾ ਦੱਸ, ਦਹਿ ਦਿਸ਼ਾ ਲੇਖਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦੇ ਧੀਰਜ ਯਤ, ਸਤਿ ਸੰਤੋਖ ਸਤਿ ਸਤਿਵਾਦ ਆਪ ਪ੍ਰਗਟਾਈਆ ।



### ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਦੀਪ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਸੰਮਤ ਕਹੇ ਪ੍ਰਭ ਸੰਤ ਕੋਲ ਰਹੀ ਨਾ ਕੁੰਜੀ, ਕੁਫ਼ਲ ਸਕੇ ਨਾ ਕੋਇ ਖੁਲ੍ਹਾਈਆ । ਜਗਤ ਮਾਇਆ ਦਵਾਰ ਬਣ ਗਏ ਮਹਿਸੂਲ ਖਾਨਾ ਚੁੰਗੀ, ਚੁਗਲੀ ਨਿੰਦਿਆ ਵਿਚ ਵਡਿਆਈਆ । ਜੂਠ ਝੂਠ ਚਖਦੇ ਨਾਲ ਚੁੰਝੀ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਸਚ ਨਾਮ ਦੀ ਰਹੇ ਕੋਇ ਨਾ ਪੂੰਜੀ, ਪੰਚਮ ਪੰਚ ਨਾ ਕੋਈ ਸ਼ਨਵਾਈਆ । ਕਵਲ ਨਾਭ ਨਾ ਹੋਈ ਉਂਧੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਮਨ ਕਲਪਣਾ ਸਭ ਦੀ ਕੂੰਦੀ, ਕੂਕ ਕੂਕ ਸੁਣਾਈਆ । ਸਮਝ ਆਈ ਨਾ ਸ਼ਬਦ ਸਤਿਗੁਰੂ ਦੀ, ਗੁਰਦੇਵ ਸਵਾਮੀ ਸੀਸ ਨਾ ਕੋਈ ਝੁਕਾਈਆ । ਧਾਰ ਜਾਣ ਨਾ ਸਕੇ ਸ਼ੁਰੂ ਦੀ, ਸ਼ਰਅ ਵਿਚ ਪਈ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸੰਮਤ ਕਹੇ ਸਾਚਾ ਰਹਿਆ ਕੋਈ ਨਾ ਰਸ, ਰਸਤਾ ਭੁੱਲੀ ਜਗਤ ਲੋਕਾਈਆ । ਜਗਤ ਵਿਦਿਆ ਵਿਚ ਰਹੇ ਵਸ, ਵਾਸਤਾ ਅੱਖਰਾਂ ਨਾਲ ਬਣਾਈਆ । ਸਿਫ਼ਤਾਂ ਵਿਚ ਰਹੇ ਫਸ, ਸਾਲਾਹ ਸਿਫ਼ਤ ਨਾ ਕੋਈ ਸਮਝਾਈਆ । ਨੇਤਰ ਲੋਚਣ ਨਾ ਖੁਲ੍ਹੀ ਅੱਖ, ਆਖ਼ਰ ਮੰਜ਼ਲ ਚੜ੍ਹਨ ਕੋਈ ਨਾ ਪਾਈਆ । ਮਾਨਸ

ਜਨਮ ਕੌਡੀ ਹੋਇਆ ਕੱਖ, ਕ਼ੀਮਤ ਅੱਗੇ ਨਾ ਕੋਈ ਟਿਕਾਈਆ । ਮਹਿਬੂਬ ਮਿਲੇ ਕਿਸੇ ਨਾ ਹੱਕ, ਹਕੀਕ਼ਤ ਲਾਸ਼ਰੀਕ ਨਾ ਕੋਇ ਪਾਈਆ । ਮੈਂ ਫਿਰ ਕੇ ਵੇਖਿਆ ਨੱਠ, ਚਾਰੋਂ ਕੁੰਟ ਧਿਆਨ ਲਗਾਈਆ । ਨੇਤਰ ਰੋਵਣ ਅੱਠ ਸੱਠ, ਮੰਦਰ ਮਸਜਿਦ ਸ਼ਿਵਦਵਾਲੇ ਮਠ ਰਹੇ ਕੁਰਲਾਈਆ । ਸਭ ਦਾ ਖੇੜਾ ਹੁੰਦਾ ਦਿਸੇ ਭੱਠ, ਭਠਿਆਲੇ ਅਗਨੀ ਦੇਣੀ ਬੁਝਾਈਆ । ਕਿਰਪਾ ਕਰ ਮਹਿਬੂਬ ਮਿਹਰਵਾਨ ਝੱਟ, ਝਟਕੇ ਹਲਾਲੀ ਵਾਲਿਆਂ ਦੇ ਮੁਕਾਈਆ । ਕਲਜੁਗ ਰੈਣ ਅੰਧੇਰੀ ਧਾਰ ਛਤ, ਛਤਰਧਾਰੀ ਹੋ ਸਹਾਈਆ । ਦੂਨੀ ਦੀਨ ਦੀ ਸਾਂਝੀ ਕਰ ਮਤ, ਮਨਮਤ ਕੂੜੀ ਬਾਹਰ ਕਢਾਈਆ । ਤੂੰ ਸਾਹਿਬ ਸਵਾਮੀ ਕਮਲਾਪਤ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੇ ਚਰਨ ਕਵਲਾਂ ਅੱਗੇ ਢੱਠ, ਢਹਿ ਢਹਿ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਇਕੋ ਹੋਵੇ ਹੱਟ, ਹਟਵਾਣਾ ਦੂਜਾ ਨਜ਼ਰ ਕੋਇ ਨਾ ਆਈਆ ।

### ❊ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕੁੰਦਨ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❊



ਸੰਮਤ ਕਹੇ ਸਾਚੇ ਨਾਮ ਦੀ ਰਹੇ ਨਾ ਕੋਈ ਲਿਆਕ਼ਤ, ਲਾਇਕ ਨਜ਼ਰ ਕੋਇ ਨਾ ਆਈਆ । ਧਰਮ ਦਵਾਰਿਆਂ ਫਿਰੇ ਸਿਆਸਤ, ਸਿਆਹ ਕਾਲਾ ਆਪਣਾ ਰੰਗ ਰੰਗਾਈਆ । ਤੇਰੇ ਨਾਮ ਦੀ ਖੁੱਸੀ ਸਰਬ ਵਿਰਾਸਤ, ਵਿਸ਼ਿਆਂ ਵਿਚ ਦੁਨੀ ਹਲਕਾਈਆ । ਮਾਇਆ ਕਾਰਨ ਹੋਏ ਇਬਾਦਤ, ਹਿਰਦੇ ਨਾਮ ਨਾ ਕੋਇ ਵਸਾਈਆ । ਸਾਚੇ ਹੁਜਰੇ ਕਰੇ ਨਾ ਕੋਈ ਜ਼ਿਆਰਤ, ਨੂਰ ਜ਼ਹੂਰ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਲੈਂਦੇ ਆੜ੍ਹਤ, ਧੜਤ ਵੱਟਾ ਮਾਇਆ ਮਮਤਾ ਨਾਲ ਮਿਲਾਈਆ । ਸਿਫ਼ਤਾਂ ਵਿਚ ਵੇਖ ਤੇਰੀ ਇਬਾਰਤ, ਪੜ੍ਹ ਪੜ੍ਹ ਰਸਨਾ ਜਿਹਵਾ ਖ਼ੁਸ਼ੀ ਮਨਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਦੇਵੇ ਲਾਨਤ, ਲਹਿੰਦਾ ਚੜ੍ਹਦਾ ਦੱਖਣ ਪਹਾੜ ਖੋਜ ਖੁਜਾਈਆ । ਸਦੀ ਚੌਧਵੀਂ ਦਿਸੇ ਕ਼ਿਆਮਤ, ਕ਼ਾਇਮ ਮੁਕਾਮ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਮਿਹਰਵਾਨ ਮੁਹੱਬਤ ਵਿਚ ਕਰ ਸਖ਼ਾਵਤ, ਸੁਖ਼ਨ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਸਤਿ ਧਰਮ ਬਣਾ ਬਣਾਵਟ, ਬੰਧਨ ਦੀਨ ਮਜ਼੍ਹਬ ਦੇ ਤੁੜਾਈਆ । ਨਾਮ ਨਿਧਾਨਾ ਇਕੋ ਦੇ ਨਿਆਮਤ, ਨਰ ਨਰਾਇਣ ਤੇਰੀ ਸਰਨਾਈਆ । ਬੋਦੀ ਟਿੱਕਾ ਜੰਞੂ ਸੁਨਤ ਵੇਖ ਹਜਾਮਤ, ਹਾਜ਼ਰ ਹੋ ਕੇ ਖੋਜ ਖੁਜਾਈਆ । ਸ਼ਬਦੀ ਧਾਰ ਜਗਤ ਮਮਾਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਾਰੇ ਵੇਖਣ ਆਮਦ, ਖ਼ੁਸ਼ਾਮਦ ਵਿਚ ਆਪਣਾ ਰੰਗ ਰੰਗਾਈਆ ।

### ❊ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❊

ਸੰਮਤ ਕਹੇ ਗੁਰਮੁਖ ਕਦੇ ਨਾ ਮਰਦਾ, ਗੁਰਮੁਖ ਗੁਰ ਗੁਰ ਦਇਆ ਕਮਾਈਆ । ਸਾਚੀ ਮੰਜ਼ਲ ਅਗੰਮੀ ਚੜ੍ਹਦਾ, ਪੈਂਡਾ ਪਿਛਲਾ ਮਾਤ

ਚੁਕਾਈਆ। ਸਚ ਦਵਾਰੇ ਇਕੋ ਵੜਦਾ, ਜਿਥੇ ਮਿਲੇ ਮਾਣ ਵਡਿਆਈਆ। ਪੁਰਖ ਅਕਾਲ ਦਰਸ਼ਨ ਕਰਦਾ, ਦੀਨ ਦਿਆਲ ਹੋਏ ਸਹਾਈਆ। ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਵਜਦੀ ਰਹੇ ਵਧਾਈਆ। ਝਗੜਾ ਮੁਕਾ ਕੇ ਜਗਤ ਦਰ ਦਾ, ਘਰ ਸਾਚਾ ਇਕ ਸੁਹਾਈਆ। ਜਿਥੇ ਦੀਪਕ ਨੂਰ ਨੁਰਾਨਾ ਜਗਦਾ, ਜੋਤੀ ਜੋਤ ਡਗਮਗਾਈਆ। ਲੇਖਾ ਮੁਕਿਆ ਸੜਨਾ ਅਗਨੀ ਅੱਗ ਦਾ, ਤਨ ਵਜੂਦ ਨਾ ਕੋਇ ਚਤੁਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਵੇ ਮਾਣ ਵਡਿਆਈਆ। ਗੁਰਮੁਖ ਕਹੇ ਮੇਰਾ ਪੂਰਾ ਹੋਇਆ ਜਰਮ, ਜਨਮ ਮਿਲੀ ਵਡਿਆਈਆ। ਪਿਛਲਾ ਮਿਟਿਆ ਭਰਮ, ਭਰਮ ਦਿਤਾ ਗਵਾਈਆ। ਆਇਆ ਸਾਚੀ ਸਰਨ, ਸਾਹਿਬ ਦਿਤੀ ਸਰਨਾਈਆ। ਲੇਖੇ ਲੱਗਾ ਮਰਨ, ਪਾਰਬ੍ਰਹਮ ਮੇਲ ਮਿਲਾਈਆ। ਝੂਠਾ ਨਾਤਾ ਕਾਇਆ ਮਾਟੀ ਚਰਮ, ਚੰਮਦ੍ਰਿਸ਼ਟੀ ਵਿਚ ਹਲਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ। ਗੁਰਮੁਖ ਕਹੇ ਵੱਡਾ ਜਿਗਰਾ ਮੇਰੇ ਗੁਰ ਦਾ, ਗੁਰਦੇਵ ਮਿਲੀ ਵਡਿਆਈਆ। ਰਾਹ ਤੱਕਿਆ ਦੇਵਤ ਸੁਰ ਦਾ, ਮੁਨ ਜਨ ਬੈਠੇ ਸੀਸ ਨਿਵਾਈਆ। ਵਿਸ਼ਨ ਬ੍ਰਹਮਾ ਸ਼ਿਵ ਵੇਖਿਆ ਤੁਰਦਾ, ਭੱਜੇ ਵਾਹੋ ਦਾਹੀਆ। ਨਜ਼ਾਰਾ ਤੱਕਿਆ ਅੰਧ ਘੋਰ ਦਾ, ਘੋਰੀ ਬੈਠੇ ਸੀਸ ਨਿਵਾਈਆ। ਝਗੜਾ ਮੁਕਾਇਆ ਠਗ ਚੋਰ ਦਾ, ਯਰਾਨੇ ਕੂੜੇ ਦਿਤੇ ਤਜਾਈਆ। ਨਾਤਾ ਛੱਡਿਆ ਜੋਰੂ ਜ਼ਰ ਜੋਰ ਦਾ, ਜ਼ੋਰਾਵਰ ਮਿਲ ਕੇ ਖ਼ੁਸ਼ੀ ਬਣਾਈਆ। ਖੇਲ ਵੇਖਿਆ ਅਗੰਮ ਹੋਰ ਹੋਰ ਦਾ, ਹੋਕਾ ਦੇ ਕੇ ਦਿਆਂ ਸੁਣਾਈਆ। ਜਿਨ੍ਹਾਂ ਨੂੰ ਸਾਹਿਬ ਸਤਿਗੁਰ ਮਾਤਲੋਕ ਵਿਚੋਂ ਤੋਰਦਾ, ਤੁਰਤ ਆਪਣੇ ਨਾਲ ਮਿਲਾਈਆ। ਪ੍ਰਭ ਮਾਲਕ ਆਤਮਾ ਦੀ ਡੋਰ ਦਾ, ਟੁੱਟਿਆਂ ਗੰਢ ਪੁਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪਿਛੇ ਜੁਗ ਚੌਕੜੀ ਨਿਰਧਾਰ ਧਾਰ ਸਦਾ ਰਹਿਆ ਦੌੜਦਾ, ਮਰਦ ਮਰਦਾਨਾ ਭੱਜੇ ਵਾਹੋ ਦਾਹੀਆ।



## ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਸੰਮਤ ਕਹੇ ਮੈਂ ਚੌਥੇ ਜੁਗ ਪਿਛੋਂ ਆਇਆ ਮਾਤ ਚਹਾਰਮ, ਚਵਿਸਤਾ ਵੇਖ ਵਖਾਈਆ। ਹੁਕਮ ਸੰਦੇਸ਼ਾ ਧੁਰ ਦਾ ਲੈ ਕੇ ਆਇਆ ਸਾਲਮ, ਸ਼ਾਹ ਪਾਤਸ਼ਾਹ ਦਿਤਾ ਦ੍ਰਿੜਾਈਆ। ਦੇਵਾਂ ਫ਼ਰਮਾਨ ਸ੍ਰਿਸ਼ਟ ਸਬਾਈ ਆਲਮ, ਉਲਮਾ ਉਲਮ ਮਜ਼ਮੂਨ ਇਕ ਜਣਾਈਆ। ਗੁਰ ਅਵਤਾਰ ਪੈਗ਼ੰਬਰਾਂ ਦੇ ਵੇਖ ਕੇ ਆਇਆ ਕਾਲਮ, ਇਨਡੈਕਸਾਂ ਫੋਲ ਫੁਲਾਈਆ। ਮਾਨਵ ਧਾਰ ਵੇਖ ਕੇ ਆਇਆ ਜ਼ਾਲਮ, ਜ਼ੁਲਮ ਸਿਤਮ ਨਾਲ ਦੁਹਾਈਆ। ਪੀਆ ਪ੍ਰੀਤਮ ਦਿਸੇ ਕਿਸੇ ਨਾ ਬਾਲਮ, ਬਲੀਦਾਨ ਨਾ ਕੋਇ ਕਰਾਈਆ। ਚਾਰ ਜੁਗ ਦਾ ਲਹਿਣਾ ਦੇਣਾ ਵੇਖਿਆ ਸਾਲਮ, ਸਹੀ ਸਲਾਮਤ ਨਜ਼ਰ ਕੋਇ ਨਾ ਆਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣਾ ਇਕ ਸੁਹਾਈਆ। ਸੰਮਤ ਕਹੇ ਮੈਂ ਚੌਥਾ ਆਇਆ ਚੌਂਹ ਜੁਗੀ, ਜੁਗ ਜੁਗ ਵੇਖ ਵਖਾਈਆ। ਪੁਰਖ ਅਕਾਲ ਧਾਰ ਮਰ ਕਿਸੇ ਨਾ ਬੁੱਝੀ, ਬੁਝਾ ਦੀਪਕ ਨਾ ਕੋਇ ਜਗਾਈਆ। ਜਗਤ ਵਡਿਆਈ ਵਿਚ ਬੁੱਧੀ, ਬੁੱਧੀ ਬੁਧਹੀਣ ਦੁਨੀ ਦਿਤੀ ਬਣਾਈਆ। ਮਾਇਆ ਵਹਿਣ ਵਿਚ ਡੁੱਬੀ, ਡੁਬਕਣੀ ਪਾਰ ਨਾ ਕੋਇ ਕਰਾਈਆ। ਕੂੜ ਕੁੜਿਆਰ

ਚਿੱਕੜ ਗਾਰ ਖੁੱਭੀ, ਖ਼ੂਬਸੂਰਤ ਰੰਗ ਨਾ ਕੋਇ ਰੰਗਾਈਆ । ਸ਼ਾਹ ਸੁਲਤਾਨ ਰੋਂਦੇ ਵੇਖੇ ਭੁੱਬੀ, ਭਬਕ ਸ਼ੇਰ ਨਾ ਕੋਇ ਸੁਣਾਈਆ । ਆਤਮਾ ਪਰਮਾਤਮਾ ਹੋਈ ਜੁਦੀ, ਸਾਚਾ ਮੇਲ ਨਾ ਕੋਈ ਮਿਲਾਈਆ । ਸਤਿ ਅਸਤਿ ਦੀ ਖੇਲ ਵੇਖ ਕੇ ਦੂਜੀ, ਦੋਹਰਾ ਡੰਕਾ ਦਿਤਾ ਵਜਾਈਆ । ਕਾਲ ਕਲਪਣਾ ਹਰ ਘਟ ਅੰਦਰ ਕੁੱਦੀ, ਭੱਜੀ ਵਾਹੋ ਦਾਹੀਆ । ਸਾਚੀ ਰਮਜ਼ ਕਿਸੇ ਨਾ ਸੁੱਝੀ, ਸੂਰਜ ਚੰਦ ਸ਼ਹਾਦਤ ਦੇਣ ਗਵਾਹੀਆ । ਅੰਤਮ ਔਧ ਦਿਸੇ ਮੁੱਕੀ, ਮੁਕੰਮਲ ਕਰੇ ਧੁਰਦਰਗਾਹੀਆ । ਭਾਗ ਲੱਗੇ ਕਿਸੇ ਨਾ ਕੁੱਖੀ, ਕਲਜੁਗ ਕੂੜ ਹੋਏ ਕੁੜਮਾਈਆ । ਦੀਨ ਦੁਨੀ ਹੋਈ ਦੁਖੀ, ਦਰਦੀ ਦਰਦ ਨਾ ਕੋਇ ਵੰਡਾਈਆ । ਬਿਨਾ ਭਗਤਾਂ ਤੋਂ ਆਤਮ ਦਾ ਦਿਸੇ ਕੋਈ ਨਾ ਸੁਖੀ, ਸੁਖ ਸਾਗਰ ਵਿਚ ਸਮਾਈਆ । ਸੰਮਤ ਕਹੇ ਮੈਂ ਕੂਕ ਪੁਕਾਰਾਂ ਉਚੀ, ਊਚ ਅਗੰਮ ਅਥਾਹ ਦਿਆਂ ਸੁਣਾਈਆ । ਮਨ ਵਾਸਨਾ ਹਰ ਘਟ ਅੰਦਰੋਂ ਕੱਢ ਦੇ ਲੁੱਚੀ, ਲੋਚਣ ਆਪਣਾ ਦੇ ਖੁਲ੍ਹਾਈਆ । ਅੰਤ ਅਖ਼ੀਰ ਕਲਜੁਗ ਔਧ ਪੁੱਜੀ, ਪੂਜਾ ਪਾਠ ਦਾ ਲੇਖਾ ਦੇ ਬਦਲਾਈਆ । ਤੇਰੀ ਨਾਮ ਧਾਰਨਾ ਹੋਵੇ ਉਘੀ, ਉਗਣ ਆਥਣ ਵੱਜੇ ਵਧਾਈਆ । ਭਗਤਾਂ ਰਸਨਾ ਰਹੇ ਨਾ ਗੁੰਗੀ, ਗੋਬਿੰਦ ਮੇਲਾ ਲੈਣਾ ਮਿਲਾਈਆ । ਤੇਰੇ ਨਾਮ ਦਾ ਖ਼ਾਨਾ ਰਹੇ ਕੋਈ ਨਾ ਚੂੰਗੀ, ਹਿੱਸਾ ਵੰਡ ਨਾ ਕੋਈ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰ ਕਿਨਾਰਾ ਕਰ ਦੇ ਵਿਚੋਂ ਲਹਿਰ ਡੂੰਘੀ, ਕਹਿਰ ਵਿਚ ਸ਼ਹਿਰ ਸ਼ੌਹਰ ਆਪਣਾ ਦੇ ਵਖਾਈਆ ।

### ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਚੌਥਾ ਸੰਮਤ ਕਹੇ ਮੈਂ ਵੇਖੇ ਕਪੜੇ ਗੇਰੂ, ਗਿਰਵਰ ਗਿਰਧਾਰ ਨਜ਼ਰ ਕੋਇ ਨਾ ਆਈਆ । ਮਨ ਵਾਸਨਾ ਜਗਤ ਬਣੇ ਪੰਖੇਰੂ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਬੇੜੂ, ਮਲਾਹ ਬੇਪ੍ਰਵਾਹ ਸੰਗ ਨਾ ਕੋਇ ਨਿਭਾਈਆ । ਕਾਇਆ ਭਾਗ ਨਾ ਲੱਗਾ ਖੇੜੂ, ਖਿੜਕੀ ਬੰਦ ਨਾ ਕੋਇ ਖੁਲ੍ਹਾਈਆ । ਬਿਨ ਸਾਹਿਬ ਤੇਰੇ ਕੋਇ ਕਰੇ ਨਾ ਮਿਹਰੂ, ਨਿਗਾਹ ਨਜ਼ਰ ਨਾ ਕੋਇ ਬਦਲਾਈਆ । ਕਲਜੁਗ ਸਤਿਜੁਗ ਜੂਠ ਝੂਠ ਧਰਮ ਕਰੇ ਭੇੜੂ, ਟੱਕਰ ਨਿਰਗੁਣ ਸਰਗੁਣ ਆਪ ਵਖਾਈਆ । ਸਚ ਸੁਆਮੀ ਦਿਸੇ ਨਾ ਕਿਸੇ ਨੇੜੂ, ਨਰ ਨਰਾਇਣ ਦਰਸ਼ਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸਾਚਾ ਮੇਲਾ ਲੈਣਾ ਮਿਲਾਈਆ । ਸੰਮਤ ਕਹੇ ਮੈਂ ਬਸਤਰ ਭੂਸ਼ਨ ਵੇਖੇ ਬਸੰਤੀ, ਬਸੰਤ ਰੁੱਤ ਨਾ ਕੋਇ ਮਹਿਕਾਈਆ । ਤੇਰੇ ਨਾਮ ਦਾ ਮਿਲੇ ਨਾ ਕੋਇ ਮਹੰਤੀ, ਮਸਤਕ ਸਾਰੇ ਰਹੇ ਰਗੜਾਈਆ । ਖ਼ੁਸ਼ੀਆਂ ਵਿਚ ਮਨਾਉਂਦੇ ਜੰਨਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਹੋਇਆ ਵਿਛੋੜਾ ਧੁਰ ਦੇ ਕੰਤੀ, ਕੰਤੂਹਲ ਤੇਰਾ ਦਰਸ ਕੋਇ ਨਾ ਪਾਈਆ । ਜਗਤ ਭਿਖਾਰਨ ਵਾਸਨਾ ਹੋਈ ਮੰਗਤੀ, ਭੁਖਿਆਂ ਭੁੱਖ ਨਾ ਕੋਇ ਗਵਾਈਆ । ਮੰਜ਼ਲ ਮਿਲੀ ਨਾ ਕਿਸੇ ਅਨੰਦ ਦੀ, ਅਨੰਦ ਅਨੰਦ ਨਾ ਕੋਇ ਮਹਿਕਾਈਆ । ਡੋਰ ਕੱਚੀ ਦਿਸੇ ਤੰਦ ਦੀ, ਬੰਧਨ ਹੱਕ ਨਾ ਕੋਇ ਬੰਧਾਈਆ । ਵਾਸਨਾ ਕੂੜੀ ਭਰੀ ਗੰਦ ਦੀ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਕਲਜੁਗ ਘੜੀ ਰਹੀ ਲੰਘਦੀ, ਮੰਜ਼ਲ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਰਮਜ਼ ਸਾਚੇ ਛੰਦ ਦੀ, ਛਿੰਦੇ ਗੁਰਮੁਖ ਆਪ ਬਣਾਈਆ ।

## ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਸੰਮਤ ਕਹੇ ਸੁਣ ਮੇਰੇ ਸਾਹਿਬ ਚਾਵੀਜ਼ਾ, ਚਾਵਗੁਨ ਚਾਰ ਚਾਰ ਤੇਰੀ ਸਰਨਾਈਆ । ਤੇਰਾ ਖੇਲ ਸਮਝੇ ਨਾ ਕੋਇ ਜ਼ਾਵੀਜ਼ਾ, ਹਜ਼ੂਰ ਹਾਜ਼ਰ ਨਜ਼ਰ ਕਿਸੇ ਨਾ ਆਈਆ । ਗੋਬਿੰਦ ਧਾਰ ਬਦਲ ਗਵੀਜ਼ਾ, ਗ਼ਰਜ਼ ਸਭ ਦੀ ਫੋਲ ਫੁਲਾਈਆ । ਬੰਦਗੀ ਬਦਲ ਨਵੀਜ਼ਾ, ਨਾਉਂ ਨਿਰਵੈਰ ਇਕ ਦ੍ਰਿੜਾਈਆ । ਦਰ ਕਿਸੇ ਨਾ ਦਿਸੇ ਤਮੀਜ਼ਾ, ਤਮੰਨਾ ਤਦਰ ਜਗਤ ਲੋਕਾਈਆ । ਮਜ਼੍ਹਬ ਰਿਹਾ ਨਾ ਕੋਇ ਅਜ਼ੀਜ਼ਾ, ਜ਼ਾਮਨ ਪੱਲੂ ਗਏ ਛੁਡਾਈਆ । ਅੱਖਰਾਂ ਵਾਲੀ ਗਈ ਹਦੀਸਾ, ਹਜ਼ਰਤ ਨਹਿਵਿਜ਼ ਹਵਜ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਵੇਖ ਵਖਾਈਆ । ਸੰਮਤ ਕਹੇ ਮੇਰੇ ਸਾਹਿਬ ਸਤਿਗੁਰ ਲਵਜ਼ੀਨੇ, ਲਵ ਮੁਹੱਬਤ ਰਹਿਣ ਕੋਇ ਨਾ ਪਾਈਆ । ਭਰਮੇ ਭੁੱਲੇ ਜਗਤ ਲਵਜ਼ੀਨੇ, ਜਿਹਵਾ ਰਸ ਨਾ ਕੋਇ ਵਖਾਈਆ । ਤਸਬੀ ਮਾਲਾ ਹੋਈ ਨਜ਼ਮੀਨੇ, ਜ਼ਮੀਮੇ ਜਗਤ ਵਿਦਿਆ ਨਾ ਕੋਇ ਵਡਿਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਲਗਜ਼ੀਨੇ, ਨਿਯਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਸੰਮਤ ਕਹੇ ਮੇਰੇ ਪਰਵਰਦਿਗਾਰ ਅਲਜ਼ਜ਼ੂ, ਵਾਹਿਦ ਕਲਮਾ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੈਗੰਬਰ ਫ਼ਰਮਾਨੇ ਨਜ਼ੀਜ਼ੇ ਮਮਨੂ, ਮਜ਼ਾ ਮਜ਼੍ਹਬ ਨਾ ਕੋਇ ਚਖਾਈਆ । ਪਵਿਤ੍ਰ ਦਿਸੇ ਨਾ ਕੋਈ ਪਰਵਰਦਿਗਾਰ ਪਾਕੀਜ਼ੇ ਰੂਹ, ਰਾਹਜ਼ਨ ਬਣੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਸੰਮਤ ਕਹੇ ਪ੍ਰਭ ਕਲਜੁਗ ਕਾਲਾ ਕਾਲਜ਼ਵਿਤ, ਕਲਾ ਆਪਣੀ ਰਿਹਾ ਵਰਤਾਈਆ । ਮੁਰੀਦ ਮੁਰਸ਼ਦ ਹਿਤ ਰਿਹਾ ਨਹੀਂ ਨਵਜ਼ਿਤ, ਤਬੀਬ ਯਤੀਮ ਦਿਸੇ ਲੋਕਾਈਆ । ਕਲਮਾ ਗਾਏ ਨਾ ਕੋਇ ਹੱਕ ਮਲਜ਼ਿਤ, ਮਲਕੀਅਤ ਅਸਲੀਅਤ ਨਜ਼ਰ ਕਿਸੇ ਨਾ ਆਈਆ । ਤੇਰਾ ਖੇਲ ਮਹਾਨੀ ਅਸਮਾਨੀ ਰੂਹਾਨੀ ਨਵਜ਼ਲਇਤ, ਇਤਆਦਿਕ ਤੇਰੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਕਲਮੇ ਜ਼ਜ਼ੂਥੇ ਜਵਿੰਨੇ ਜ਼ਜ਼ਜਿਤ, ਸੀਨਾ ਜੀਨਾ ਸਭ ਦਾ ਵੇਖ ਵਖਾਈਆ ।



## ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸੁਖਦੇਵ ਰਾਜ ਦੇ ਘਰ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❋

ਜੀਵ ਇਸ ਤਰੀਕੇ ਢੰਗ ਨਾਲ ਵਿਰਚੇ ਬੱਚੇ, ਬਚਪਨ ਸਤਿਗੁਰ ਝੋਲੀ ਪਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸਵਾਮੀ ਮਿਲੇ ਸੱਚੇ, ਸਚ ਸਾਜਣ ਇਕੋ ਨਜ਼ਰੀ ਆਈਆ । ਜੋ ਭਾਗ ਲਗਾਵੇ ਕਾਇਆ ਮਾਟੀ ਕੱਚੇ, ਕੰਚਨ ਗੜ੍ਹ ਦਏ ਸੁਹਾਈਆ । ਮਿਹਰਵਾਨ ਮਹਿਬੂਬ ਹੋ ਕੇ ਲੂੰ ਲੂੰ ਅੰਦਰ ਰਚੇ, ਰਚਨਾ ਆਪਣੀ ਦਏ ਵਖਾਈਆ । ਆਤਮ ਪਰਮਾਤਮ ਮੇਲ ਮਿਲਾਵੇ ਨਾਤਾ ਜੋੜੇ ਸਕੇ, ਗਹਿਰ ਗੰਭੀਰ ਬੇਨਜ਼ੀਰ ਆਪਣਾ ਰੰਗ ਰੰਗਾਈਆ । ਨਿਜ ਨੇਤਰ ਲੋਚਣ ਦਰਸ਼ਨ ਦੇਵੇ ਅੱਖੇ, ਆਖ਼ਰ ਮੰਜ਼ਲ ਚੜ੍ਹ ਕੇ ਪਰਦਾ ਦਏ ਉਠਾਈਆ । ਧਰਮ ਦਵਾਰੇ ਦੱਸੇ ਪਤੇ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਨਾਮ ਨਿਧਾਨਾ ਦੇ ਕੇ ਆਪਣੀ ਅਮੋਲਕ ਸਤੇ, ਕੂੜੀ ਕਿਰਿਆ ਕਰੇ ਸਫ਼ਾਈਆ । ਜਿਸ ਵੇਲੇ

ਕਾਇਆ ਮਾਟੀ ਬੁਤ ਢੱਠੇ, ਤੱਤਾਂ ਹੋਏ ਜੁਦਾਈਆ । ਓਸ ਵੇਲੇ ਨਿਰਗੁਣ ਧਾਰ ਹੋ ਕੇ ਗੁਰਮੁਖ ਆਪਣੀ ਗੋਦੀ ਚੁੱਕੇ, ਚਾਕਰ ਹੋ ਕੇ ਸਾਚੀ ਸੇਵ ਕਮਾਈਆ । ਦੋ ਜਹਾਨ ਰਹਿ ਜਾਣ ਹੱਕੇ ਬੱਕੇ, ਗੁਰ ਅਵਤਾਰ ਪੈਗ਼ੰਬਰ ਵੇਖਣ ਅੱਖ ਉਠਾਈਆ । ਸਚਖੰਡ ਦਵਾਰੇ ਚਰਨ ਕਵਲ ਆਪਣੇ ਘੱਤੇ, ਜਿਥੇ ਘਾਓ ਅਵਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਜੀਵ, ਬਚਣ ਦਾ ਸੁਣ ਲਓ ਢੰਗ, ਤਰੀਕਾ ਇਕ ਜਣਾਈਆ । ਸਚ ਦਵਾਰੇ ਮੰਗੋ ਮੰਗ, ਮਿੰਨਤ ਅਗੇ ਕਰੋ ਧੁਰਦਰਗਾਹੀਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਨੂਰੀ ਚਮਕਿਆ ਚੰਦ, ਜੋਤੀ ਜੋਤ ਰੁਸ਼ਨਾਈਆ । ਸੋ ਦੀਨ ਦਿਆਲ ਸਦਾ ਬਖ਼ਸ਼ੰਦ, ਮਿਹਰਵਾਨ ਮਹਿਬੂਬ ਆਪਣੀ ਮੁਹੱਬਤ ਵਿਚ ਸਮਾਈਆ । ਆਤਮ ਪਰਮਾਤਮ ਬਣਾਏ ਸੱਚਾ ਸੰਗ, ਸਗਲਾ ਸੰਗ ਆਪ ਕਰਾਈਆ । ਪਰਦਾ ਲਾਹ ਕੇ ਹੰ ਬ੍ਰਹਮ, ਪਾਰਬ੍ਰਹਮ ਮੇਲਾ ਲਏ ਮਿਲਾਈਆ । ਝਗੜਾ ਰਹੇ ਨਾ ਕਾਇਆ ਮਾਟੀ ਚੰਮ, ਚੰਮਦ੍ਰਿਸ਼ਟੀ ਦਏ ਬਦਲਾਈਆ । ਸਤਿਗੁਰ ਦੇ ਘਰ ਪਓ ਜੰਮ, ਜਨਮ ਜਨਮ ਦਾ ਗੇੜਾ ਦਏ ਮੁਕਾਈਆ । ਨਾਤਾ ਤੋੜ ਕੇ ਤ੍ਰਿਸ਼ਨਾ ਤਮ, ਰਜੋ ਸਤੋ ਤਮੋ ਦੀ ਕਰੇ ਸਫ਼ਾਈਆ । ਲੇਖੇ ਲਾਵੇ ਪਵਣ ਸਵਾਸ ਦਮ, ਦਾਮਨਗੀਰ ਹੋ ਕੇ ਆਪਣਾ ਪੱਲੂ ਨਾਮ ਫੜਾਈਆ । ਬਿਨ ਰਸਨਾ ਜਿਹਵਾ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਈਆ । ਸੰਤ ਸੁਹੇਲੇ ਬਣੇ ਜਨ, ਜੰਗਲ ਜੂਹ ਉਜਾੜ ਪਹਾੜ ਪੈਂਡਾ ਦਏ ਮੁਕਾਈਆ । ਭਾਗ ਲਗਾਏ ਕਾਇਆ ਮਾਟੀ ਤਨ, ਵਜੂਦ ਮਿਲੇ ਚਾਈਂ ਚਾਈਂਆ । ਜੀਵਣ ਜੀਵਣ ਜੁਗਤ ਬੇੜਾ ਦਏ ਬੰਨ੍ਹ, ਬੰਧਨ ਅਗਲਾ ਪਿਛਲਾ ਦਏ ਕਟਾਈਆ । ਗੁਰਮੁਖ ਗੁਰ ਸਤਿਗੁਰ ਸਚਖੰਡ ਦਵਾਰ ਪੁਚਾਏ ਆਪਣਾ ਚੰਨ, ਸੂਰੀਆ ਚੰਨ ਜਿਸ ਨੂੰ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਕਹਿਣ ਧੰਨ ਧੰਨ, ਪ੍ਰਭੂ ਧੰਨ ਤੇਰੀ ਬੇਪ੍ਰਵਾਹੀਆ । ਜੋ ਪ੍ਰੇਮ ਪ੍ਰੀਤੀ ਅੰਦਰ ਏਕਾ ਬਚਨ ਜਾਏ ਮੰਨ, ਮਨਸਾ ਮਨ ਦੀ ਪੂਰ ਕਰਾਈਆ । ਮੁੜ ਕੇ ਮਾਤ ਗਰਭ ਫਿਰ ਕਦੇ ਨਾ ਪਏ ਜੰਮ, ਜਨਣੀ ਗੋਦ ਨਾ ਕੋਇ ਰਖਾਈਆ । ਹਰਸ਼ ਸੋਗ ਮਿਟਾ ਕੇ ਗ਼ਮ, ਗਹਿਰ ਗੰਭੀਰ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਸੁਹਾਈਆ । ਜੀਵ ਸੁਣ ਲੈ ਕਿਸ ਬਿਧ ਹੋਵੇ ਛੁਟਕਾਰਾ, ਛੁੱਟੀ ਲੱਖ ਚੁਰਾਸੀ ਵਿਚੋਂ ਪਾਈਆ । ਸਾਚਾ ਮੰਦਰ ਮਿਲੇ ਧੁਰਦਰਬਾਰਾ, ਦਰਗਾਹ ਸਾਚੀ ਸਦ ਸੁਹਾਈਆ । ਜਿਥੇ ਦੀਆ ਦੀਪਕ ਇਕ ਉਜਿਆਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੱਯਦੇ ਕਰਨ ਗੁਰੂ ਅਵਤਾਰਾ, ਪੈਗ਼ੰਬਰ ਸੀਸ ਜਗਦੀਸ਼ ਝੁਕਾਈਆ । ਤਨ ਵਜੂਦ ਨਾ ਕੋਇ ਸਹਾਰਾ, ਮਾਟੀ ਖ਼ਾਕ ਨਾ ਸੋਭਾ ਪਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਰਬਾਰੀ ਵੇਖ ਵਖਾਈਆ । ਕਲਜੁਗ ਅੰਤਮ ਬਣ ਸਹਾਰਾ, ਸਾਹਿਬ ਸੁਲਤਾਨ ਹੋਏ ਸਹਾਈਆ । ਜਿਨ੍ਹਾਂ ਨੂੰ ਦੱਸਿਆ ਏਕਾ ਨਾਮ ਜੈਕਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੀ ਪੜ੍ਹਾਈਆ । ਸੋ ਉਤਰੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਇਹ ਖੇਲ ਗੁਪਤ ਨਹੀਂ ਪ੍ਰਗਟ ਕੀਤਾ ਜ਼ਾਹਰਾ, ਜ਼ਾਹਰ ਜ਼ਹੂਰ ਵਡੀ ਵਡਿਆਈਆ । ਵੇਖੇ ਓਸ ਸਾਹਿਬ ਦਾ ਕਿਨਾਰਾ, ਜਿਸ ਦਾ ਘਾਟ ਪਤਣ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਪ੍ਰਭ ਬਣੇ ਆਪ ਸਹਾਰਾ, ਸਹਾਇਕ ਹੋ ਕੇ ਆਪਣੀ ਦਇਆ ਕਮਾਈਆ । ਜਗਤ ਬਚਨ, ਬਿਨ ਸਤਿਗੁਰ ਚਰਨ ਹੋਰ ਨਹੀਂ ਕੋਈ ਚਾਰਾ, ਚਾਰ ਵੇਦ ਦੇਣ ਗਵਾਹੀਆ । ਸ਼ਬਦੀ ਧਾਰ ਨਿਰਗੁਣ ਇਕ ਇਸ਼ਾਰਾ, ਇਸ਼ਾਰੀਆ ਆਪਣਾ ਨਾ ਕਿਸੇ ਸਮਝਾਈਆ ।

ਜੋ ਪੁਰਖ ਅਕਾਲ ਦੀਨ ਦਿਆਲ ਦੇ ਢਹਿ ਪਿਆ ਦਵਾਰਾ, ਫੜ ਬਾਹੋਂ ਪਾਰ ਲੰਘਾਈਆ । ਕਦੇ ਨਾ ਕਰੇ ਉਧਾਰਾ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਵੀਆਂ ਅਵਤਾਰ ਜਿਸ ਦੀ ਗੁਰ ਅਵਤਾਰ ਪੈਗ਼ੰਬਰ ਗਾਵਣ ਵਾਰਾ, ਵਾਰਸ ਹੋ ਕੇ ਲਾਵਾਰਸਾਂ ਆਪਣੇ ਘਰ ਵਸਾਈਆ ।

### ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਸੋਹਣ ਸਿੰਘ ਦੇ ਘਰ ਤਰਨਤਾਰਨ ਜ਼ਿਲਾ ਅੰਮ੍ਰਿਤਸਰ ❋

ਚੌਥਾ ਸੰਮਤ ਕਹੇ ਪ੍ਰਭ ਦਾ ਸਾਚਾ ਇਕੋ ਸੋਹਲਾ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਨਿਰਗੁਣ ਨਿਰਵੈਰ ਦੱਸੇ ਆਪਣਾ ਢੋਲਾ, ਢੋਆ ਦੇਵੇ ਬੇਪ੍ਰਵਾਹੀਆ । ਪ੍ਰੇਮ ਪ੍ਰੀਤੀ ਅੰਦਰ ਬਣਾ ਕੇ ਗੋਲਾ, ਗੋਲਕ ਵਿਚ ਵਸਤ ਅਮੋਲਕ ਇਕ ਟਿਕਾਈਆ । ਮਨ ਵਾਸਨਾ ਮੇਟੇ ਰੌਲਾ, ਕਲਪਨਾ ਕੂੜ ਨਾ ਕੋਇ ਸਤਾਈਆ । ਨਿਰਗੁਣ ਧਾਰ ਨਜ਼ਰੀ ਆਏ ਮੌਲਾ, ਮਲਕੁਲਮੌਤ ਨਾ ਦਏ ਸਜ਼ਾਈਆ । ਵਿਛੋੜੇ ਵਿਚ ਨਾ ਪਾਉਣਾ ਪਏ ਰੌਲਾ, ਦੋਹਰਾ ਧੁਰ ਦਾ ਇਕ ਦ੍ਰਿੜਾਈਆ । ਗੁਰਮੁਖਾਂ ਭਾਰ ਕਰੇ ਹੌਲਾ, ਗੱਠੜੀ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਵੇਖ ਵਖਾਈਆ । ਸੰਮਤ ਕਰੇ ਮੇਰੇ ਅੰਤਰ ਆਵੇ ਹੈਰਾਨੀ, ਹਰ ਘਟ ਹਿਰਦਾ ਵੇਖ ਵਖਾਈਆ । ਪਰਦਾ ਲਾਹਵਾਂ ਜੂਹ ਬੇਗਾਨੀ, ਨੂਰੀ ਜੋਤ ਕਰ ਰੁਸ਼ਨਾਈਆ । ਖੇਲ ਵੇਖਾਂ ਸ੍ਰਿਸ਼ਟ ਅਸਮਾਨੀ, ਇਸਮ ਆਜ਼ਮ ਇਕ ਜਣਾਈਆ । ਕਲਮਾ ਸੁਣਾਵਾਂ ਧੁਰ ਕਲਾਮੀ, ਕਾਇਨਾਤ ਅਗੰਮ ਪੜ੍ਹਾਈਆ । ਜਗਤ ਕੂੜ ਮੇਟਾਂ ਬੇਈਮਾਨੀ, ਬੇਪ੍ਰਵਾਹ ਹੋ ਕੇ ਵੇਖ ਵਖਾਈਆ । ਗੁਰਮੁਖਾਂ ਲੇਖੇ ਲਾਵਾਂ ਦਰ ਸਚ ਜੁਆਨੀ, ਜਗਤ ਜਵਾਨੀ ਖਹਿੜਾ ਦਿਆਂ ਛੁਡਾਈਆ । ਦੇਣੀ ਪਏ ਨਾ ਕੋਇ ਕ਼ੁਰਬਾਨੀ, ਕਰਬਲਿਆਂ ਦਾ ਪੰਧ ਦਿਆਂ ਮੁਕਾਈਆ । ਧੁਰ ਦਾ ਬਣ ਕੇ ਦਾਨੀ, ਦਾਤਾਰ ਹੋ ਕੇ ਝੋਲੀ ਦਿਆਂ ਭਰਾਈਆ । ਲੇਖਾ ਮੁਕਾ ਕੇ ਚਾਰੇ ਖਾਣੀ, ਖਾਨਗਾਹਾਂ ਦੀ ਕਰਾਂ ਸਫ਼ਾਈਆ । ਮੰਜ਼ਲ ਦੱਸ ਕੇ ਇਕ ਰੁਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਸੰਮਤ ਕਹੇ ਮੈਂ ਕੋਈ ਵੇਖਿਆ ਨਹੀਂ ਜਗਤ ਸੌਦਾਗਰ, ਸੌਦਾ ਹੱਟ ਨਾ ਕੋਇ ਰਖਾਈਆ । ਭਾਗ ਲੱਗਾ ਕਾਇਆ ਗਾਗਰ, ਗਹਿਰ ਗੰਭੀਰ ਵੇਖ ਵਖਾਈਆ । ਜੋ ਦੇਵਣਹਾਰਾ ਸਾਚਾ ਆਦਰ, ਆਦਰਸ਼ ਆਪਣਾ ਦਏ ਵਖਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕ਼ਾਦਰ, ਕ਼ਦੀਮ ਅਜ਼ੀਮ ਇਕ ਦ੍ਰਿੜਾਈਆ । ਸਦੀ ਚੌਧਵੀਂ ਬਣ ਕੇ ਆਵੇ ਸਾਜਣ, ਸੱਜਣ ਸਾਹਿਬ ਧੁਰਦਰਗਾਹੀਆ । ਗੁਰਮੁਖ ਸੰਤ ਸਹੇਲੇ ਜਾਗਣ, ਆਲਸ ਨਿੰਦਰਾ ਪਰੇ ਕਰਾਈਆ । ਸੋ ਸਾਹਿਬ ਸਵਾਮੀ ਮਾਰੇ ਆਵਾਜ਼ਣ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਸਤਿ ਸਚ ਦਾ ਕਰੇ ਕਾਜਣ, ਨਾਤਾ ਇਕੋ ਨਾਲ ਜੁੜਾਈਆ । ਪਰਮ ਪੁਰਖ ਕੋਈ ਬਣੀਆ ਨਹੀਂ ਮਹਾਜਨ, ਬੇਪ੍ਰਵਾਹ ਬੇਪ੍ਰਵਾਹੀ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਵਡ ਰਾਜ ਰਾਜਨ, ਝਗੜਾ ਮੁਕਾਵੇ ਜਗਤ ਸਮਾਜਨ, ਸਮੇਂ ਦਾ ਸਾਥ ਸਵਾਮੀ ਰਘੁਨਾਥ ਆਪਣਾ ਪੂਰ ਕਰਾਈਆ ।

## ❋ ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਮੱਖਣ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❋

ਸੰਮਤ ਕਹੇ ਮੇਰੇ ਚਾਰ ਜੁਗ ਦੇ ਮਾਲਕ, ਪਾਰਬ੍ਰਹਮ ਤੇਰੀ ਸਰਨਾਈਆ । ਆਦਿ ਜੁਗਾਦੀ ਧੁਰ ਦੇ ਖ਼ਾਲਕ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨਾਂ ਬਣ ਸਾਲਸ, ਪਰਵਰਦਿਗਾਰ ਆਪਣੀ ਦਇਆ ਕਮਾਈਆ । ਨਾਮ ਨਿਧਾਨਾ ਮਰਦ ਮਰਦਾਨਾ ਨੌਜਵਾਨਾ ਬਣ ਕੇ ਦੇ ਖ਼ਾਲਸ, ਖ਼ੁਸੂਸੀਅਤ ਵਿਚ ਅਸਲੀਅਤ ਦੇ ਦ੍ਰਿੜਾਈਆ । ਮਾਇਆ ਮਮਤਾ ਮੋਹ ਵਿਕਾਰ ਬੁਝਾ ਆਤਸ਼, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਆਪਣਾ ਰੰਗ ਰੰਗਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਰਾਓ ਰੰਕ ਰਹੇ ਕੋਈ ਨਾ ਸਾਜ਼ਸ਼, ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਦਾ ਦੇ ਉਠਾਈਆ । ਤੇਰਾ ਨਾਮ ਕਲਮਾ ਬੰਦਗੀ ਡੰਡਾਵਤ ਇਕੋ ਹੋਏ ਹਕ਼ੀਕੀ ਇਬਾਦਤ, ਚਾਰ ਕੁੰਟ ਦਹਿ ਦਿਸ਼ਾ ਢੋਲਾ ਸੋਹੰ ਤੇਰਾ ਨਾਮ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਨਿਰਗੁਣ ਧਾਰ ਬਦਲ ਦੇ ਆਦਤ, ਅਦਲ ਇਨਸਾਫ਼ ਨਿਰਗੁਣ ਨਿਰਵੈਰ ਆਪ ਕਮਾਈਆ । ਮਨ ਕਲਪਣਾ ਕੂੜ ਰਹੇ ਨਾ ਕੋਇ ਬਗ਼ਾਵਤ, ਸ਼ਰਅ ਸ਼ਰੀਅਤ ਲੇਖਾ ਦੇਣਾ ਚੁਕਾਈਆ । ਤੇਰਾ ਨਾਉਂ ਨਿਰੰਕਾਰਾ ਤੂੰ ਸਦਾ ਸਾਹਿਬ ਸਹੀ ਸਲਾਮਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸੰਮਤ ਕਹੇ ਮੇਰੇ ਪੁਰਖ ਅਬਿਨਾਸ਼ੀ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਨੌ ਸੌ ਚੁਰਾਨਵੇ ਨਵ ਨੌ ਚਾਰ ਵੇਖ ਮੰਡਲ ਰਾਸੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਫੇਰਾ ਪਾਈਆ । ਵਸਤ ਅਮੋਲਕ ਨਾਮ ਧਾਰ ਮਿਲੇ ਕੋਈ ਨਾ ਸਾਚੀ, ਸਾਚੇ ਸੱਜਣ ਤੇਰੀ ਰੀਤ ਮੰਦਰ ਮਸੀਤ ਗਏ ਭੁਲਾਈਆ । ਮਨ ਕਲਪਣਾ ਕੂੜੀ ਕਿਰਿਆ ਸਭ ਦਾ ਦੇਵੇ ਸਾਥੀ, ਨਵ ਨੌ ਕੂੜੀ ਕਿਰਿਆ ਵੱਜੇ ਵਧਾਈਆ । ਆਦਿ ਨਿਰੰਜਣ ਦਰਦ ਦੁੱਖ ਭੰਜਨ, ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਆਖੀ, ਆਖ਼ਰ ਮੰਜ਼ਲ ਚੜ੍ਹ ਕੇ ਸਚ ਦਵਾਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਵੇਖ ਵਖਾਈਆ । ਸੰਮਤ ਕਹੇ ਪ੍ਰਭ ਵੇਖ ਵਿਸ਼ਨ ਬ੍ਰਹਮਾ ਸ਼ਿਵ ਧਾਰ, ਸ਼ਹਿਨਸ਼ਾਹ ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਲਹਿਣਾ ਦੇਣਾ ਜਾਣ ਤੇਈ ਅਵਤਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪੜਦਾ ਆਪ ਚੁਕਾਈਆ । ਭਰਮ ਭੁਲੇਖਾ ਰਹੇ ਨਾ ਮੂਸਾ ਈਸਾ ਮੁਹੰਮਦ ਚਾਰ ਯਾਰ, ਚਾਰ ਯਾਰੀ ਨਕ਼ਾਬ ਨਜ਼ਰ ਕੋਇ ਨਾ ਆਈਆ । ਉਹਲਾ ਕਾਇਆ ਚੋਲਾ ਵੇਖ ਗੁਰੂ ਗੁਰ ਧਾਰ, ਦਹਿ ਦਿਸ਼ਾ ਪਰਦਾ ਆਪ ਉਠਾਈਆ । ਚਾਰ ਕੁੰਟ ਹੋਈ ਹਾਹਾਕਾਰ, ਹਰਿ ਹਰਿ ਤੇਰੇ ਨਾਮ ਦੁਹਾਈਆ । ਤੇਰੀ ਮੰਜ਼ਲ ਮਹਿਬੂਬ ਹੋਈ ਦੁਸ਼ਵਾਰ, ਹੱਕ ਹਕ਼ੀਕ਼ਤ ਚੜ੍ਹਨ ਕੋਇ ਨਾ ਪਾਈਆ । ਆਬੇਹਯਾਤ ਅੰਮ੍ਰਿਤ ਰਸ ਸਤਿ ਮਿਲੇ ਨਾ ਠੰਡੀ ਠਾਰ, ਅਗਨੀ ਤਤ ਨਾ ਕੋਇ ਬੁਝਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੀ ਬੇਪ੍ਰਵਾਹੀਆ । ਹਉਂ ਬਾਲਕ ਸੇਵਕ ਤੇਰਾ ਸੇਵਾਦਾਰ, ਜੁਗ ਜੁਗ ਧੁਰ ਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸੰਮਤ ਕਹੇ ਮੇਰੇ ਸਾਹਿਬ ਸਤਿਗੁਰ ਸੁਲਤਾਨਾ, ਸਤਿ ਸਚ ਤੇਰੀ ਸਰਨਾਈਆ । ਤੇਰਾ ਖੇਲ ਵੇਖਿਆ ਦੋ ਜਹਾਨਾਂ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਤੇਰਾ ਨਾਉਂ ਪ੍ਰਗਟ ਹੋਵੇ ਗੁਣ ਨਿਧਾਨਾ, ਡੰਕਾ ਚਾਰੋਂ ਕੂਟ ਮਹਿਬੂਬ ਕਰ ਸ਼ਨਵਾਈਆ ।

ਸੰਦੇਸ਼ ਨਰੇਸ਼ ਹਮੇਸ਼ ਤੇਰਾ ਸੁਣਾਵਾਂ ਗਾਣਾ, ਗਹਿਰ ਗੰਭੀਰ ਪਰਦਾ ਆਪ ਚੁਕਾਈਆ । ਤੂੰ ਜੋਧਾ ਸੂਰਬੀਰ ਮਰਦ ਮਰਦਾਨਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਹੁਕਮ ਫ਼ਰਮਾਨ ਸੰਦੇਸ਼ ਕਰਨ ਪਰਵਾਨਾ, ਪਰਮ ਪੁਰਖ ਤੇਰੀ ਬੇਪ੍ਰਵਾਹੀਆ । ਸਾਚਾ ਕਲਮਾ ਸ਼ਬਦ ਅਗੰਮੀ ਦੇ ਕਲਾਮਾ, ਕਾਇਨਾਤ ਅਮਾਮ ਅਮਾਮਾ ਆਪ ਸੁਣਾਈਆ । ਕਲ ਕਲਕੀ ਨਿਹਕਲੰਕ ਜੋਤੀ ਨੂਰ ਤੇਰਾ ਜਾਮਾ, ਤਨ ਵਜੂਦ ਨਜ਼ਰ ਕਿਸੇ ਨਾ ਆਈਆ । ਸ਼ਬਦ ਅਗੰਮੀ ਤੀਰ ਤੇਰਾ ਨਿਸ਼ਾਨਾ, ਨੌਜਵਾਨਾ ਵੇਖ ਖ਼ੁਸ਼ੀ ਮਨਾਈਆ । ਝਗੜਾ ਮੁਕਾ ਜ਼ਿਮੀਂ ਅਸਮਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਹੋ ਮਿਹਰਵਾਨਾ, ਪਰਵਰਦਿਗਾਰ ਸਾਂਝੇ ਯਾਰ ਤੇਰੀ ਓਟ ਤਕਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨਾ, ਚਰਨ ਕਵਲ ਦੇ ਸਰਨਾਈਆ । ਪੈਗ਼ੰਬਰ ਤੈਥੋਂ ਮੰਗਦੇ ਦਾਨਾ, ਗੁਰੂ ਗੁਰਦੇਵ ਅੰਮ੍ਰਿਤ ਰਸ ਪੀਵਣ ਮਹਾਨਾ, ਦਰ ਠਾਂਡੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰ ਏਕੰਕਾਰ ਕਲ ਆਪਣੀ ਆਪ ਪ੍ਰਗਟਾਈਆ । ਸੰਮਤ ਕਹੇ ਮੇਰੀ ਨਮੋਂ ਨਮੋਂ ਨਿਮਸਕਾਰ, ਡੰਡਾਵਤ ਬੰਦਨਾ ਇਕ ਜਣਾਈਆ । ਕਿਰਪਾ ਕਰ ਧੁਰ ਦੇ ਯਾਰ, ਯਾਦ ਤੇਰੀ ਰਹੀ ਸਤਾਈਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਵਧਿਆ ਕਾਮ ਕਰੋਧ ਲੋਭ ਮੋਹ ਹੰਕਾਰ, ਤ੍ਰਿਸ਼ਨਾ ਕੂੜ ਕਰੇ ਲੜਾਈਆ । ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਸੁਰਤੀ ਸ਼ਬਦ ਕਰੇ ਨਾ ਕੋਇ ਪਿਆਰ, ਗੋਬਿੰਦ ਮਿਲੇ ਨਾ ਸੱਚਾ ਮਾਹੀਆ । ਘਰ ਠਾਕਰ ਸਵਾਮੀ ਜੋਤੀ ਦੀਪਕ ਦੇਵੇ ਕੋਈ ਨਾ ਬਾਲ, ਅੰਧ ਅੰਧੇਰ ਨਾ ਕੋਇ ਗੁਆਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਦਾਤੇ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਤ੍ਰੈਗੁਣ ਮਾਇਆ ਮਹਾਂ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਨੇਤਰ ਰੋਂਦੇ ਸ਼ਾਹ ਕੰਗਾਲ, ਦੀਨ ਦੁਨੀ ਦਏ ਦੁਹਾਈਆ । ਫਲ ਰਿਹਾ ਨਾ ਕਿਸੇ ਡਾਲ, ਸਿੰਮਲ ਮਾਨਵ ਰਹੇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਘਟ ਹੋ ਵਾਸੀ ਤੇਰੀ ਆਸਾ ਓਟ ਇਕੋ ਇਕ ਤਕਾਈਆ । ਸੰਮਤ ਕਹੇ ਮੇਰੀ ਮਨਜ਼ੂਰ ਕਰ ਅਰਜ਼ੀ, ਅਰਜ਼ ਬੇਨੰਤੀ ਦਿਤੀ ਜਣਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰ ਗ਼ਰਜ਼ੀ, ਗ਼ਰੀਬ ਨਿਮਾਣੇ ਵੇਖ ਵਖਾਈਆ । ਧੁਰ ਦੇ ਨਾਮ ਦੀ ਬਦਲ ਤਰਜ਼ੀ, ਤਰੀਕਾ ਨਾਮ ਦੇ ਜਣਾਈਆ । ਝਗੜਾ ਮੁਕਾ ਦੇ ਸ਼ਰਅ ਛੁਰੀ ਕਰਦੀ, ਯੱਕ ਹੁਕਮ ਦੇ ਸਮਝਾਈਆ । ਚਾਰ ਵਰਨਾਂ ਵੰਡ ਦਰਦੀ, ਦੀਨਾਂ ਅਨਾਥਾਂ ਗੋਦ ਉਠਾਈਆ । ਤੇਰਾ ਅੰਤ ਕੀ ਹਰਜੀ, ਹਰਜਾਨੇ ਸਾਰੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੀਨ ਦਿਆਲ ਦਇਆ ਕਮੌਂਦਾ ਏ । ਪੁਰਖ ਅਕਾਲ ਸ਼ਬਦ ਅਗੰਮ ਅਲੌਂਦਾ ਏ । ਵਿਸ਼ਨ ਬ੍ਰਹਮਾ ਨੂੰ ਆਪ ਦ੍ਰਿੜੌਂਦਾ ਏ । ਕਰੋੜ ਤੇਤੀਸਾ ਸੁਰ ਨਰ ਮੁਨ ਜਨ ਭੇਵ ਅਭੇਦ ਖੁਲੌਂਦਾ ਏ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਸਰਗੁਣ ਧਾਰ ਆਪ ਪੜ੍ਹੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੋਇਆ ਆਪ ਉਠੌਂਦਾ ਹੇ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ, ਖਾਣੀ ਬਾਣੀ ਪੜਦਾ ਆਪ ਲਾਹੁੰਦਾ ਏ । ਨਾਮ ਨਿਧਾਨ ਸ੍ਰੀ ਭਗਵਾਨ, ਮਿਹਰਵਾਨ ਆਪ ਪ੍ਰਗਟੌਂਦਾ ਏ । ਧਰਨੀ ਧਰਤ ਧਵਲ ਧੌਲ ਦੇ ਕੇ ਦਾਨ, ਦਇਆਨਿਧ ਠਾਕਰ ਸਵਾਮੀ ਆਪਣੀ ਖੇਲ ਆਪ ਵਖੌਂਦਾ ਏ । ਕਿਰਪਾਲ ਦਿਆਲ ਕਿਰਪਾ ਨਿਧਾਨ, ਏਕਾ ਡੰਕਾ ਸ਼ਬਦ ਵਜੌਂਦਾ ਏ ।


੩੫੭
੨੧

ਅੰਮ੍ਰਿਤ ਆਤਮ ਰਸ ਸਭ ਨੂੰ ਕਰਾ ਪਾਨ, ਪਾਰਬ੍ਰਹਮ ਪਤਿਪਰਮੇਸ਼ਵਰ ਨਿਝਰ ਝਿਰਨਾ ਇਕ ਝਿਰੌਂਦਾ ਏ । ਤੂੰ ਮੇਰਾ ਮੈਂ ਤੇਰਾ ਦੇ ਕੇ ਸਚ ਗਿਆਨ, ਬੋਧ ਅਗਾਧਾ ਸ਼ਬਦੀ ਨਾਦ ਆਪ ਸੁਣੌਂਦਾ ਏ । ਸਾਚਾ ਮੰਦਰ ਵਖਾ ਮਹਾਨ, ਮਹਿੰਮਾ ਅਕਥ ਕਥ ਦ੍ਰਿੜੌਂਦਾ ਏ । ਦੀਆ ਬਾਤੀ ਕਮਲਾਪਾਤੀ ਜੋਤ ਜਗਾ ਮਹਾਨ, ਅੰਧ ਅੰਧੇਰ ਕੂੜ ਬਾਹਰ ਕਢੌਂਦਾ ਏ । ਚਰਨ ਪ੍ਰੀਤੀ ਸਾਚੀ ਰੀਤੀ ਬਖ਼ਸ਼ ਕੇ ਧੁਰ ਦਾ ਦਾਨ, ਦਾਤਾ ਦਾਨੀ ਆਪਣੀ ਗੋਦ ਉਠੌਂਦਾ ਏ । ਭਾਗ ਲਗਾ ਕੇ ਕਾਇਆ ਕਾਅਬੇ ਮੰਦਰ ਹੱਕ ਮਕਾਨ, ਮਹਿਬੂਬ ਮੁਹੱਬਤ ਵਿਚ ਆਪਣਾ ਮੇਲ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ, ਨਰ ਨਿਰੰਕਾਰਾ ਇਕੋ ਇਕ ਦ੍ਰਿੜੌਂਦਾ ਏ । ਪੁਰਖ ਅਕਾਲ ਕਹੇ ਸੁਣ ਸੰਮਤ ਮੇਰੇ ਮੀਤ, ਮਿਤ੍ਰ ਪਿਆਰੇ ਦਿਆਂ ਬਣਾਈਆ । ਸਤਿਜੁਗ ਬਦਲ ਦੇਵਾਂ ਰੀਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਝਗੜਾ ਮੇਟ ਕੇ ਮੰਦਰ ਮਸੀਤ, ਕਾਇਆ ਕਾਅਬਾ ਦਿਆਂ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗਹਿਰ ਗੰਭੀਰ ਮੇਲਾ ਸਹਿਜ ਸੁਭਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਘਰ ਵਖਾ ਆਪਣਾ ਅਨਡੀਠ, ਘਰ ਘਰ ਮੰਦਰ ਅੰਦਰ ਕਰਾਂ ਰੁਸ਼ਨਾਈਆ । ਪਾਰਬ੍ਰਹਮ ਪ੍ਰੇਮ ਦਸਾਏ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਸ਼ਬਦੀ ਗੁਰੂ ਗੁਰੂ ਗੁਰਦੇਵ ਹੋਏ ਕਰਾਂ ਤਸਦੀਕ, ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਦਿਆਂ ਭੁਗਤਾਈਆ । ਕਲਜੁਗ ਵੇਲਾ ਵਕਤ ਅੰਤ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਖੇਲੇ ਖੇਲ ਹਰਿ ਲਾਸ਼ਰੀਕ, ਸ਼ਿਰਕਤ ਵੇਖੇ ਖ਼ਲਕ ਖ਼ੁਦਾਈਆ । ਸਾਚਾ ਨਾਮ ਦੱਸ ਹਦੀਸ, ਹਜ਼ੂਰ ਹਜ਼ਰਤਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਈਆ । ਪੁਰਖ ਅਕਾਲ ਕਹੇ ਸੁਣ ਸੰਮਤ ਬਾਲੇ ਨੱਢੇ, ਬੱਚਿਆ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਦਿਤੇ ਸੱਦੇ, ਹੁਕਮੇ ਨਾਲ ਉਠਾਈਆ । ਹੁਕਮ ਵਿਚ ਤਬਦੀਲੀ ਦੀ ਕਿਹੜੀ ਵਜ੍ਹੇ, ਵਜ਼ਾਹਤ ਨਾਲ ਦਿਓ ਦ੍ਰਿੜਾਈਆ । ਕਿਉਂ ਨਾ ਤੁਹਾਡਾ ਦੀਪਕ ਜਗੇ, ਦੀਨ ਮਜ਼੍ਹਬ ਹੋਏ ਰੁਸ਼ਨਾਈਆ । ਮਨ ਕਲਪਣਾ ਸਾਰੇ ਲੈਂਦੇ ਮਜ਼ੇ, ਆਤਮ ਰਸ ਨਾ ਕੋਇ ਚਖਾਈਆ । ਭਾਗ ਲੱਗੇ ਨਾ ਕਾਇਆ ਹੱਡੇ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸਚ ਦਵਾਰੇ ਆਓ ਭੱਜੇ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚੇ ਸੰਮਤ ਗੁਰ ਅਵਤਾਰ ਪੈਗ਼ੰਬਰ ਔਣਗੇ । ਚਾਰ ਜੁਗ ਦੀ ਕਰਨੀ ਹਰਿ ਕਰਤੇ ਅੱਗੇ ਟਿਕੌਣਗੇ । ਕਿਉਂ ਝਗੜਾ ਵਰਨੀ ਬਰਨੀ, ਬਿਨ ਰਸਨਾ ਬੋਲ ਸੁਣੌਣਗੇ । ਕਿਉਂ ਲੱਗਣ ਨਾ ਹਰਿ ਦੀ ਚਰਨੀ, ਚਾਰੇ ਵਰਨ ਭੇਵ ਖੁਲ੍ਹੌਣਗੇ । ਕਿਉਂ ਤੁਕ ਅਗੰਮੀ ਪੜ੍ਹਨੀ, ਸਾਚਾ ਰਾਗ ਅਲੌਣਗੇ । ਕਿਸ ਬਿਧ ਮੰਜ਼ਲ ਪੌੜੀ ਚੜ੍ਹਨੀ, ਸਚ ਦਵਾਰ ਸੁਹੌਣਗੇ । ਸਭ ਨੇ ਢਹਿਣਾ ਇਕੋ ਸਰਨੀ, ਸਰਨਗਤ ਇਕ ਦਰਸੌਣਗੇ । ਪੁਰਖ ਅਕਾਲ ਆਪਣੀ ਖੇਲ ਕਰਨੀ, ਕਰਨੀ ਦੇ ਕਰਤੇ ਅਗੇ ਆਪਣੀ ਕਾਰ ਕਮੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚਾ ਇਕ ਸੁਹੌਣਗੇ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਸਾਚਾ ਸਚ ਸੁਹਾਵਾਂਗੇ । ਚਾਰ ਜੁਗ ਦਾ ਲੇਖਾ ਲੇਖ ਲਿਖਾਵਾਂਗੇ । ਸਦੀ ਚੌਧਵੀਂ ਭਰਮ ਭੁਲੇਖਾ, ਭਰਮਾਂ ਵਿਚੋਂ ਬਾਹਰ ਕਢਾਵਾਂਗੇ । ਜੋ ਕਰ ਕੇ ਆਏ ਲੋਕਮਾਤ ਆਦੇਸਾ, ਦਿਸ਼ਾ ਆਪਣੀ ਆਪ ਸਮਝਾਵਾਂਗੇ । ਕਿਉਂ ਮਜ਼੍ਹਬ ਦੀਨ ਚਲਾਇਆ ਪੇਸ਼ਾ, ਪੇਸ਼ੀਨਗੋਈ ਵਿਚ ਸੁਣਾਵਾਂਗੇ । ਕਿਉਂ ਮੂੰਡ ਮੁੰਡਾਈ ਬੋਦੀ ਜੰਞੂ ਲਬਾਂ ਕਟਾਈਆਂ

ਵੇਸ ਵਟਾਇਆ ਧਾਰੀ ਕੇਸਾ, ਕ੍ਰਿਸਮ ਕ੍ਰਿਸਮ ਨਾਲ ਪ੍ਰਗਟਾਵਾਂਗੇ । ਕੀ ਲਹਿਣਾ ਦੇਣਾ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਆਖ ਸੁਣਾਵਾਂਗੇ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼ਾ, ਵਾਸਤਾ ਓਸ ਦੇ ਅੱਗੇ ਪਾਵਾਂਗੇ । ਜਿਸ ਸਤਿਜੁਗ ਤ੍ਰੇਤਾ ਦੁਆਪਰ ਬਦਲੀ ਰੇਖਾ, ਕਲਜੁਗ ਅੰਤ ਅਖ਼ੀਰ ਓਸੇ ਹੱਥ ਫੜਾਵਾਂਗੇ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਖੇਵਟ ਖੇਟਾ, ਦੋ ਜਹਾਨ ਮਲਾਹ ਇਕ ਪ੍ਰਗਟਾਵਾਂਗੇ । ਜਿਸ ਦਾ ਸ਼ਬਦੀ ਧਾਰ ਗੋਬਿੰਦ ਸੁਤ ਬੇਟਾ, ਪਾਰਬ੍ਰਹਮ ਪੁਰਖ ਅਕਾਲ ਇਕੋ ਇਕ ਮਨਾਵਾਂਗੇ । ਪਿਛਲਾ ਚਾਰ ਜੁਗ ਦਾ ਕਰ ਕੇ ਚੇਤਾ, ਚੇਤਨ ਸਭ ਨੂੰ ਆਪ ਕਰਾਵਾਂਗੇ । ਸਭ ਦਾ ਬਣਨਾ ਇਕੋ ਨੇਤਾ, ਨਰ ਨਰਾਇਣ ਸਰਬ ਦ੍ਰਿੜਾਵਾਂਗੇ । ਜਿਸ ਨੇ ਸਤਿਜੁਗ ਖੋਲ੍ਹਣਾ ਭੇਤਾ, ਭਾਂਡਾ ਭਰਮ ਸਰਬ ਭੰਨਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਸਾਚੀ ਖੇਲ ਦਰਸਾਵਾਂਗੇ । ਸੰਮਤ ਕਹੇ ਮੇਰੇ ਅੰਤਰ ਚੜ੍ਹਦੀ ਲਾਲੀ, ਲਾਲਨ ਲਾਲ ਦਏ ਵਡਿਆਈਆ । ਜਿਨ੍ਹਾਂ ਨੇ ਪੂਰਬ ਘਾਲ ਘਾਲੀ, ਘਰ ਸਾਚੇ ਸੋਭਾ ਪਾਈਆ । ਲਹਿਣਾ ਦੇਣਾ ਚੁਕਾਵੇ ਧੁਰ ਦਾ ਮਾਲੀ, ਹਰਿ ਕਰਤਾ ਵਡ ਵਡਿਆਈਆ । ਦਰ ਤੋਂ ਜਾਵੇ ਕੋਈ ਨਾ ਖ਼ਾਲੀ, ਖ਼ਾਲੀ ਝੋਲੀ ਦਏ ਭਰਾਈਆ । ਗੁਰ ਅਵਤਾਰ ਪੈਗ਼ੰਬਰ ਬਣ ਸਵਾਲੀ, ਮੰਗਣ ਇਕੋ ਮੰਗ ਮੰਗਾਈਆ । ਤੂੰ ਨਿਰਗੁਣ ਸ਼ਬਦ ਜੋਤ ਅਕਾਲੀ, ਅਕਲ ਕਲ ਅਖਵਾਈਆ । ਲੱਭਿਆਂ ਹੱਥ ਨਾ ਆਵੇਂ ਭਾਲੀ, ਚਾਰੋਂ ਕੁੰਟ ਦੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਪੂਰੀ ਕਰ ਦਲਾਲੀ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਸਾਚਾ ਮੇਲਾ ਕਰ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਦੋ ਜਹਾਨਾਂ ਤੇਰਾ ਅਗੰਮਾ ਜਾਪ, ਜਗਜੀਵਣ ਦਾਤੇ ਦੇਣਾ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਕਰ ਸਾਫ਼, ਦੁਰਮਤ ਮੈਲ ਧੁਆਈਆ । ਘਰ ਘਰ ਅੰਦਰੋਂ ਕੱਢ ਪਾਪ, ਪਤਤ ਪੁਨੀਤ ਦੇ ਬਣਾਈਆ । ਪ੍ਰਗਟ ਹੋ ਸਾਖਿਆਤ, ਨਿਰਗੁਣ ਨੂਰ ਕਰ ਰੁਸ਼ਨਾਈਆ । ਲੱਖ ਚੁਰਾਸੀ ਆਤਮ ਤੇਰੀ ਜ਼ਾਤ, ਅਜ਼ਾਤੀ ਨਜ਼ਰ ਕੋਇ ਨਾ ਆਈਆ । ਤੂੰ ਸਭ ਦਾ ਪਿਤਾ ਮਾਈ ਬਾਪ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਰੂਹ ਬੁਤ ਕਰ ਦੇ ਪਾਕ, ਪਾਕੀਜ਼ਾ ਤੇਰਾ ਨੂਰ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਜੋ ਭਵਿਖਤਾਂ ਵਿਚ ਗਏ ਆਖ, ਆਖ਼ਰ ਲਹਿਣਾ ਦਏ ਚੁਕਾਈਆ । ਕਲਜੁਗ ਮੇਟ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਦੇ ਜਾਪ, ਰਸਨਾ ਜਿਹਵਾ ਢੋਲੇ ਸਿਫ਼ਤਾਂ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰੇ ਦਰ ਤੇਰੀ ਵਜਦੀ ਰਹੇ ਵਧਾਈਆ । ਸੰਮਤ ਕਹੇ ਤੇਰੇ ਨਾਮ ਦਾ ਹੋਵੇ ਵਾਧਾ, ਵਾਹਦ ਇਕ ਦੇ ਜਣਾਈਆ । ਗਰਮੁਖਾਂ ਦਾ ਗੋਬਿੰਦ ਪਿਤਾ ਤੇ ਪੁਰਖ ਅਕਾਲ ਦਾਦਾ, ਦਾਅਵੇ ਨਾਲ ਦ੍ਰਿੜਾਈਆ । ਭੇਵ ਖੋਲ੍ਹ ਦੇ ਬੋਧ ਅਗਾਧਾ, ਬ੍ਰਹਮ ਵਿਦਿਆ ਇਕ ਸਮਝਾਈਆ । ਤ੍ਰੈਗੁਣ ਮਾਇਆ ਬੁਝਾ ਦੇ ਆਗਾ, ਤਤਵ ਤਤ ਨਾ ਕੋਇ ਤਪਾਈਆ । ਸਤਿਜੁਗ ਹਿੱਸਾ ਦੇ ਦੇ ਭਾਗਾ, ਭਗਵਨ ਆਪਣੀ ਦਇਆ ਕਮਾਈਆ । ਗੁਰਮੁਖਾਂ ਅੰਤਰ ਨਿਰਮਲ ਜੋਤ ਜਗਾ ਚਰਾਗਾ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਸਦੀ ਚੌਧਵੀਂ ਸ੍ਰਿਸ਼ਟ ਸਬਾਈ ਬਦਲ ਸਮਾਜਾ, ਸਮਝ ਸਮਝ ਵਿਚ ਸਮਝਾਈਆ । ਗੁਰਮੁਖ ਹੰਸ ਰਹੇ ਕੋਈ ਨਾ ਕਾਗਾ, ਕਾਗੋਂ ਹੰਸ ਬਣਾਈਆ । ਧੁਨ ਆਤਮਕ ਰਾਗ ਅਨਹਦ ਸੁਣਾ ਨਾਦਾ, ਨਾਦੀ

ਆਪ ਵਜਾਈਆ । ਤੇਰੇ ਨਾਮ ਦਾ ਹੋਵੇ ਵਾਧਾ, ਵਾਹਵਾ ਤੇਰੀ ਵਡ ਵਡਿਆਈਆ । ਪ੍ਰਗਟ ਹੋਵੇ ਤੇਰਾ ਗੋਬਿੰਦ ਜਿਸ ਨੂੰ ਕਹਿੰਦੇ ਵਾਲਾ ਬਾਜ਼ਾ, ਬਾਜ਼ੀ ਦੀਨ ਦੁਨੀ ਵਖਾਈਆ । ਕਿਰਪਾ ਕਰ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤੇ ਤੇਰੀ ਸ਼ਰਨਾਈਆ । ਤੇਰਾ ਖੇਲ ਸਦਾ ਉਤੇ ਆਕਾਸ਼ਾ, ਧਰਨੀ ਧਰਤ ਧਵਲ ਭਾਗ ਲਗਾਈਆ । ਕੂੜੀ ਮੇਟ ਰੈਣ ਅੰਧੇਰੀ ਰਾਤਾ, ਰੁਤੜੀ ਆਪਣੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜੁਗ ਚੌਕੜੀ ਆਦਿ ਜੁਗਾਦਾ, ਨਵ ਨੌ ਚਾਰ ਦਾ ਲੇਖਾ ਦੇਣਾ ਮੁਕਾਈਆ ।

੩੯੦ ੨੧

### ❊ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

ਗੁਰ ਅਵਤਾਰ ਪੈਗੰਬਰ ਕਹਿਣ ਪਰਮ ਪੁਰਖ ਤੇਰਾ ਭਰਵਾਸਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਵਿਸ਼ਨ ਬ੍ਰਹਮਾ ਸ਼ਿਵ ਨਿੱਕੀਆਂ ਨਿੱਕੀਆਂ ਤੇਰੀਆਂ ਸ਼ਾਖ਼ਾਂ, ਸ਼ਨਾਖ਼ਤ ਵਿਚ ਸਮਝ ਨਾ ਕੋਇ ਦ੍ਰਿੜਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਅਸੀਂ ਸੁਣੌਂਦੇ ਰਹੇ ਤੇਰੀਆਂ ਭਾਸ਼ਾਂ, ਨਾਮ ਕਲਮਾ ਸ਼ਬਦ ਢੋਲਾ ਰਾਗਾਂ ਨਾਦਾਂ ਵਿਚ ਸੁਣਾਈਆ । ਪਰਮ ਪੁਰਖ ਪਰਮਾਤਮ ਤੇਰਾ ਖੋਲ੍ਹਿਆ ਨਾ ਕਿਸੇ ਖ਼ਲਾਸਾ, ਸਤਿ ਸਵਾਮੀ ਅੰਤਰਜਾਮੀ ਪੜਦਾ ਸਕਿਆ ਨਾ ਕੋਇ ਉਠਾਈਆ । ਤੇਰੀ ਕਿਰਪਾ ਨਾਲ ਤੇਰੇ ਨਾਲ ਜੁੜਦਾ ਰਿਹਾ ਨਾਤਾ, ਮਿਹਰਵਾਨ ਮਹਿਬੂਬ ਮੁਹੱਬਤ ਤੇਰੇ ਨਾਲ ਰਖਾਈਆ । ਤਨ ਵਜੂਦ ਕਾਇਆ ਮਾਟੀ ਪੰਜ ਤਤ ਚਲਦਾ ਰਿਹਾ ਰਾਥਾ, ਰਥ ਰਥਵਾਹੀ ਬੇਪ੍ਰਵਾਹੀ ਸ਼ਹਿਨਸ਼ਾਹੀ ਤੇਰੀ ਵੱਜੀ ਵਧਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀ ਸੁਣੌਂਦੇ ਗਏ ਗਾਥਾ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਦੀਨਾਂ ਮਜ਼੍ਹਬਾਂ ਵਿਚ ਵੰਡਦੇ ਆਏ ਤੇਰਾ ਇਲਾਕਾ, ਮਾਨਵ ਵਿਚ ਮਾਨਵ ਹਿੱਸਾ ਆਏ ਪਾਈਆ । ਤੇਰੇ ਹੁਕਮੇ ਅੰਦਰ ਕੱਟਦੇ ਆਏ ਫ਼ਾਕਾ, ਫ਼ੱਕਰ ਤੇਰੇ ਹੋ ਕੇ ਸੇਵ ਕਮਾਈਆ । ਤੂੰ ਸਾਹਿਬ ਸਵਾਮੀ ਨੌਜਵਾਨਾ ਮਰਦ ਮਰਦਾਨਾ ਆਦਿ ਜੁਗਾਦੀ ਇਕੋ ਏਕੰਕਾਰਾ ਆਕਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦੀਨ ਦੁਨੀ ਦਾ ਵੇਖ ਵਾਕਾ, ਵਾਕ਼ਫ਼ਕਾਰ ਹੋ ਕੇ ਖੋਜ ਖੁਜਾਈਆ । ਜਨਮ ਕਰਮ ਦਾ ਸਾਫ਼ ਰਿਹਾ ਕਿਸੇ ਨਾ ਖਾਤਾ, ਸਤਿ ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਮਾਨਸ ਜਨਮ ਪਿਆ ਘਾਟਾ, ਘਾਟੀ ਮੰਜ਼ਲ ਪੌੜੀ ਨਾ ਕੋਇ ਚੜ੍ਹਾਈਆ । ਅੰਮ੍ਰਿਤ ਰਸ ਪਿਛੇ ਹੱਥ ਨਾ ਆਵੇ ਗੋਬਿੰਦ ਬਾਟਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸਾਚੀ ਮੰਜ਼ਲ ਪੂਰੀ ਕਰੇ ਕੋਈ ਨਾ ਵਾਟਾ, ਅੱਧਵਾਟੇ ਬੈਠੀ ਜਗਤ ਲੋਕਾਈਆ । ਕਾਇਆ ਚੀਥੜ ਸਭ ਦਾ ਦਿਸੇ ਪਾਟਾ, ਨਾਮ ਨਿਧਾਨ ਤੇਰਾ ਓਢਣ ਸੀਸ ਨਾ ਕੋਇ ਟਿਕਾਈਆ । ਕਲਜੁਗ ਅੰਤ ਵੇਖ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਣ ਵਡਿਆਈ ਰਹੀ ਨਾ ਪਿਤਾ ਮਾਤਾ, ਪੂਤ ਸਪੂਤਾ ਨਜ਼ਰ ਕੋਇ ਨਾ ਆਈਆ । ਸਾਚੀ ਸਿਖਿਆ ਸੁਣਾਏ ਕੋਈ ਨਾ ਸਾਕਾ, ਧੁਰ ਫ਼ਰਮਾਨ ਨਾ ਕੋਇ ਦ੍ਰਿੜਾਈਆ । ਗ੍ਰਿਹਿ ਮੰਦਰ ਅੰਦਰ ਕਰੇ ਕੋਈ ਨਾ ਵਾਸਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਾਧ ਸੰਤ ਫਿਰੇ ਉਦਾਸਾ, ਉਦਾਸੀ ਵੈਰਾਗੀ ਤਿਆਗੀ

ਬੈਰਾਗੀ ਦੇਣ ਦੁਹਾਈਆ । ਦੁਰਮਤ ਮੈਲ ਤਨ ਵਜੂਦ ਪਕੜ ਕਿਸੇ ਨਾ ਕਾਟਾ, ਪਤਤ ਪੁਨੀਤ ਨਾ ਕੋਇ ਬਣਾਈਆ । ਬਿਨ ਤੇਰੇ ਦੂਜਾ ਰਿਹਾ ਕੋਈ ਨਾ ਦਾਤਾ, ਦੇਵਣਹਾਰ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਡਾ ਮੰਨ ਲੈ ਆਖਾ, ਅੱਖੀਂ ਰੋ ਰੋ ਨੀਰ ਵਹਾਈਆ । ਹੋ ਸਹਾਈ ਦੀਨਾਂ ਅਨਾਥਾ, ਦੀਨ ਦਿਆਲ ਦਇਆ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤਮ ਝਗੜਾ ਪਿਆ ਜ਼ਾਤ ਪਾਤਾ, ਦੀਨ ਮਜ਼੍ਹਬ ਕਰੇ ਲੜਾਈਆ । ਸਚ ਦੁਆਰ ਦਾ ਰਿਹਾ ਕੋਈ ਨਾ ਹਾਟਾ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਕੂਕ ਕੂਕ ਸੁਣਾਈਆ । ਸਰ ਸਰੋਵਰ ਨਜ਼ਰ ਨਾ ਆਏ ਤੀਰਥ ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਖ ਨਾ ਕੋਇ ਖੁਲ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕੂੜ ਕਿਰਿਆ ਬਦਲ ਦੇ ਪਾਸਾ, ਪੇਸ਼ੀਨਗੋਈ ਸਭ ਦੀ ਪੂਰ ਕਰਾਈਆ । ਤੇਰਾ ਖੇਲ ਸਦਾ ਬਹੁ ਭਾਂਤਾ, ਜੁਗ ਜੁਗ ਆਪਣੀ ਕਾਰ ਕਮਾਈਆ । ਵੇਖਣਹਾਰ ਇਕ ਇਕਾਂਤਾ, ਸਚਖੰਡ ਸਾਚੇ ਲਏ ਅੰਗੜਾਈਆ । ਤੇਰੇ ਨਾਮ ਨੂੰ ਚਾਰ ਕੁੰਟ ਵਜਦਾ ਡਾਕਾ, ਅੱਗੇ ਹੋ ਨਾ ਕੋਇ ਬਚਾਈਆ । ਹਉਂ ਸੇਵਕ ਤੇਰੇ ਦਾਸੀ ਦਾਸਾ, ਦਾਸਤਾਨ ਸਾਰੇ ਰਹੇ ਸੁਣਾਈਆ । ਸਾਚੇ ਮੰਡਲ ਪਵੇ ਕੋਈ ਨਾ ਰਾਸਾ, ਗੋਪੀ ਕਾਹਨ ਰਹੇ ਕੁਰਲਾਈਆ । ਨੇਤਰ ਰੋਵੇ ਰਾਮ ਵਿਚ ਬਨਵਾਸਾ, ਸੀਤਾ ਸਤਿ ਨਾ ਕੋਇ ਮਿਲਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ, ਆਤਮ ਪਰਮਾਤਮ ਕਰ ਰੁਸ਼ਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਜੋੜ ਆਪਣਾ ਨਾਤਾ, ਨਾਤਵਾਂ ਗੁਰ ਅਵਤਾਰ ਪੈਗ਼ੰਬਰਾਂ ਲੇਖਾ ਦੇ ਮੁਕਾਈਆ । ਸਚ ਧਰਮ ਦੀ ਚਾਰ ਵਰਨ ਅਠਾਰਾਂ ਬਰਨ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੱਸ ਜਾ ਜਾਚਾ, ਯਾਚਕ ਗੁਰਮੁਖ ਗੁਰਸਿਖ ਲੈ ਪ੍ਰਗਟਾਈਆ । ਝਗੜਾ ਮੁਕਾ ਦੇ ਕਾਇਆ ਮਾਟੀ ਪੰਜ ਤਤ ਕਾਚਾ, ਹਿੰਦੂ ਮੁਸਲਿਮ ਸਿੱਖ ਈਸਾਈ ਕਰੇ ਨਾ ਕੋਇ ਲੜਾਈਆ । ਮਨ ਕਲਪਣਾ ਅੰਦਰ ਸੰਸਾਰ ਚਾਰ ਕੁੰਟ ਨਾਚਾ, ਦ੍ਰਿਸ਼ਟ ਇਸ਼ਟ ਨਾ ਕੋਇ ਖੁਲ੍ਹਾਈਆ । ਤ੍ਰੈਗੁਣ ਮਾਇਆ ਘਰ ਘਰ ਚੜ੍ਹਿਆ ਤਾਪਾ, ਕਲਜੁਗ ਜੀਵਾਂ ਰਿਹਾ ਤਪਾਈਆ । ਰੂਹ ਬੁਤ ਕਿਸੇ ਨਾ ਹੋਇਆ ਪਾਕਾ, ਆਬੇਹਯਾਤ ਅੰਮ੍ਰਿਤ ਰਸ ਨਾ ਕੋਇ ਚਖਾਈਆ । ਕਿਸੇ ਕੰਮ ਨਾ ਆਇਆ ਸਿਮਰਨ ਜੋਗ ਪੂਜਾ ਪਾਠਾ, ਅਭਿਆਸ ਵਿਚ ਤੇਰਾ ਨੂਰ ਨਜ਼ਰ ਕੋਇ ਨਾ ਪਾਈਆ । ਫਿਰੀ ਦਰੋਹੀ ਤੀਰਥ ਤਾਟਾ, ਟਕਿਆਂ ਵਾਲੇ ਗੁਰੂ ਰਹੇ ਕੁਰਲਾਈਆ । ਧਰਨੀ ਧਰਤ ਧੌਲ ਧਵਲ ਨੇਤਰ ਰੋਵੇ ਖੁਲ੍ਹਾ ਝਾਟਾ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਪਿਆਰ ਰਿਹਾ ਨਾ ਭੈਣ ਭਰਾਤਾ, ਸਾਕ ਸੱਜਣ ਸੈਣ ਮਿਤ੍ਰ ਮੀਤ ਨਾ ਕੋਇ ਵਡਿਆਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਚਾਰ ਕੁੰਟ ਜਗਤ ਚੜ੍ਹੀ ਬਰਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਖੇਲ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਭਵਿਖਤ ਲਿਖ ਕੇ ਆਏ ਕ਼ਲਮ ਦੁਆਤਾ, ਸ਼ਾਹੀ ਸ਼ੁਕਰ ਵਾਲੀ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਪੁਰਖ ਅਬਿਨਾਸ਼ਾ, ਨਿਹਕਲੰਕ ਕਲ ਕਲਕੀ ਵੇਸ ਵਟਾਈਆ । ਜਨਮ ਜਨਮ ਦਾ ਕਰਮ ਕਰਮ ਦਾ ਧਰਮ ਧਰਮ ਦਾ ਪੂਰਾ ਕਰ ਦੇ ਘਾਟਾ, ਨਾਮ ਅਮੋਲਕ ਕਾਇਆ ਗੋਲਕ ਆਪ ਵਰਤਾਈਆ । ਤੇਰਾ ਪ੍ਰੇਮ ਹਰ ਘਟ ਅੰਦਰ ਮਾਰੇ ਠਾਠਾ, ਲਹਿਰ ਲਹਿਰ ਨਾਲ ਟਕਰਾਈਆ । ਭਾਗ ਲਗਾ ਦੇ ਤਤ ਆਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਸੋਭਾ ਪਾਈਆ । ਜੁਗ ਚੌਕੜੀ ਤੇਰੀ ਸਮਝੀ ਕਿਸੇ ਨਾ ਕਰਾਮਾਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜਗਤ ਵਿਕਾਰ ਹੰਕਾਰ ਵਿਭਚਾਰ ਕੁਕਰਮ ਮਾਨਵ ਦੇ ਅੰਦਰੋਂ ਕੱਢ ਬਿਧਾਤਾ, ਬੁੱਧੀ ਵਿਚ ਬਦੀ

ਨਾ ਕੋਇ ਲੋਕਾਈਆ । ਅੰਤ ਅਖ਼ੀਰ ਸਭ ਦੀ ਇਹੋ ਖਾਹਿਸ਼ਾ, ਖ਼ਾਲਸ ਗੁਰਮੁਖ ਲੈ ਪ੍ਰਗਟਾਈਆ । ਜਿਨ੍ਹਾਂ ਦੇ ਅੰਤਰ ਤੇਰਾ ਵਾਸਾ, ਨਿਰੰਤਰ ਉਨ੍ਹਾਂ ਲੈ ਜਗਾਈਆ । ਅੱਗੇ ਕਿਸੇ ਨੂੰ ਕੱਟਣਾ ਪਏ ਨਾ ਕੋਈ ਜਗਰਾਤਾ, ਜਗਜੀਵਣ ਦਾਤੇ ਦੇਣਾ ਦਰਸਾਈਆ । ਬੰਦ ਕਿਵਾੜੀ ਅੰਦਰੋਂ ਖੋਲ੍ਹ ਤਾਕਾ, ਬਜਰ ਕਪਾਟੀ ਹਾਟੀ ਪੜਦਾ ਦੇ ਉਠਾਈਆ । ਸ਼ਬਦ ਨਾਮ ਸੁਣਾ ਅਗੰਮਾ ਅਨਾਹਤਾ, ਧੁਨ ਆਤਮਕ ਰਾਗ ਅਲਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼ਾ, ਅੰਧ ਅੰਧੇਰਾ ਦੇ ਮਿਟਾਈਆ । ਸਚ ਦਵਾਰ ਵਖਾ ਖੇਲ ਤਮਾਸ਼ਾ, ਦਰਗਾਹ ਸਾਚੀ ਵੱਜੇ ਵਧਾਈਆ । ਜਿਥੇ ਤੂੰ ਤੇਰਾ ਮੈਂ ਤੇਰਾ ਨਿਰਗੁਣ ਨਿਰਗੁਨ ਜੁੜੇ ਨਾਤਾ, ਸਰਗੁਣ ਤਤ ਖਹਿੜਾ ਦੇਣਾ ਛੁਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਸਮਰਥ ਸਵਾਮੀ ਅੰਤਰਜਾਮੀ ਅਸੀਂ ਸਭ ਨੂੰ ਦੇ ਕੇ ਆਏ ਝਾਂਸਾ, ਸਿਫ਼ਤਾਂ ਵਿਚ ਤੇਰੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਇਕੋ ਦੇ ਦੇ ਸਬਕ, ਸਿਖਿਆ ਦੀਨ ਦੁਨੀ ਦ੍ਰਿੜਾਈਆ । ਝਗੜਾ ਰਹੇ ਨਾ ਚੌਦਾਂ ਤਬਕ, ਚੌਦਾਂ ਲੋਕ ਵੱਜੇ ਵਧਾਈਆ । ਮੇਲ ਮਿਲਾ ਦੇ ਦੀਨ ਦੁਨੀ ਬਣ ਮਰਦਾਨਾ ਮਰਦ, ਮਦਦ ਅਵਰ ਨਾ ਮੰਗ ਮੰਗਾਈਆ । ਸ਼ਰਅ ਛੁਰੀ ਹਲਾਲ ਕਰੇ ਕੋਈ ਨਾ ਕਰਦ, ਕ਼ਤਲਗਾਹ ਦਾ ਲੇਖਾ ਦੇ ਮੁਕਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੀਨਾਂ ਦੁੱਖੀਆਂ ਦਰਦ ਵੰਡਾਈਆ । ਅੰਤ ਅਖ਼ੀਰ ਸਭ ਦੀ ਮੰਨ ਅਰਜ਼, ਨਮਸਤੇ ਕਹਿ ਕੇ ਸੀਸ ਝੁਕਾਈਆ । ਵਿਛੋੜੇ ਵਾਲੀ ਮੇਟ ਦੇ ਮਰਜ਼, ਮਰੀਜ਼ ਅਜ਼ੀਜ਼ ਆਪਣੇ ਲੈ ਬਣਾਈਆ । ਤੇਰਾ ਖੇਲ ਵੇਖੀਏ ਅਸਚਰਜ, ਅਚਰਜ ਲੀਲਾ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਸਭ ਨੂੰ ਤੇਰੀ ਗ਼ਰਜ਼, ਬਿਨ ਅੱਖਾਂ ਅੱਖ ਰਹੇ ਉਠਾਈਆ । ਸਭ ਦੀ ਪੁੱਠੀ ਹੋਈ ਨਰਦ, ਪਾਸ਼ਾ ਸਾਰ ਸਮਝ ਕੋਇ ਨਾ ਪਾਈਆ । ਲਹਿਣਾ ਦੇਣਾ ਸਭ ਦਾ ਪੂਰਾ ਕਰ ਦੇ ਕ਼ਰਜ਼, ਮਕ਼ਰੂਜ਼ ਹੋ ਕੇ ਵੇਖ ਵਖਾਈਆ । ਤੇਰੇ ਕੋਲ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਪਿਛਲੀ ਫ਼ਰਦ, ਫ਼ੈਸਲਾ ਹੱਕ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਦੇਣਾ ਸੁਹਾਈਆ । ਗੁਰ ਅਵਤਾਰ ਪੈਗ਼ਬਰ ਕਹਿਣ ਬਣਿਆ ਰਹੀਂ ਨਾ ਵਲੀ ਛਲੀ, ਅਛਲ ਛੱਲਧਾਰੀ ਆਪਣੀ ਖੇਲ ਖਿਲਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਬਲੀ, ਬਲਧਾਰੀ ਇਕ ਅਖਵਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਜੀਵ ਜੰਤ ਵੇਖ ਗਲੀ ਗਲੀ, ਗ੍ਰਹਿ ਮੰਦਰ ਅੰਦਰ ਪੜਦਾ ਆਪ ਉਠਾਈਆ । ਤੇਰੀ ਨੂਰ ਧਾਰ ਜੋਤ ਆਤਮ ਪਰਮਾਤਮ ਹੋ ਕੇ ਸਭ ਮੇਂ ਰਲੀ, ਰਲਾ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਬੀਤ ਚਲੀ, ਚਾਰ ਕੁੰਟ ਰਹੀ ਕੁਰਲਾਈਆ । ਪੂਰਾ ਕੌਲ ਇਕ਼ਰਾਰ ਜੋ ਕੀਤਾ ਮੁਹੰਮਦ ਨਾਲ ਅਲੀ, ਆਲਮ ਫ਼ਾਜ਼ਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਚਾਰੋਂ ਕੁੰਟ ਵੇਖ ਹੈਰਾਨੀ, ਹੈਰਤ ਸਭ ਦੇ ਅੰਦਰ ਆਈਆ । ਸਾਬਤ ਰਹੀ ਨਾ ਕਿਸੇ ਜਵਾਨੀ, ਜੋਬਨ ਹੱਕ ਨਾ ਕੋਇ ਹੰਢਾਈਆ । ਕਲਜੁਗ ਕੂੜੀ ਕਿਰਿਆ ਚੜ੍ਹੀ ਤੁਗ਼ਿਆਨੀ, ਚਾਰੋਂ ਕੁੰਟ ਰਹੀ ਰੁੜ੍ਹਾਈਆ । ਸਤਿ ਧਰਮ ਦੀ ਨਜ਼ਰ ਨਾ ਆਈ ਨਿਸ਼ਾਨੀ, ਨਜ਼ਰਹੀਣ ਹੋਈ ਲੋਕਾਈਆ । ਚਾਰ ਜੁਗ ਦਾ ਸਾਡਾ ਲੇਖ ਭੁੱਲਿਆ ਜੋ ਲਿਖਿਆ ਨਾਲ ਕਾਨੀ, ਗ੍ਰੰਥ ਸ਼ਾਸਤਰ ਦੇਣ ਗਵਾਹੀਆ । ਹਰ ਘਟ ਅੰਦਰ ਆਈ ਬੇਈਮਾਨੀ, ਬੇਵਾ ਰੂਪ ਦਿਸੀ ਲੋਕਾਈਆ । ਮੰਜ਼ਲ

ਪਾਏ ਨਾ ਕੋਈ ਪਦ ਨਿਰਬਾਣੀ, ਨਿਰਵੈਰ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਝਗੜਾ ਪਿਆ ਚਾਰੇ ਖਾਣੀ, ਚਾਰੇ ਬਾਣੀ ਪੜਦਾ ਨਾ ਕੋਇ ਉਠਾਈਆ । ਸੁਰਤ ਸ਼ਬਦ ਮਿਲੇ ਕੋਈ ਨਾ ਹਾਣੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹਾਂ ਵਾਲੀ ਸਾਰੇ ਪੜ੍ਹਦੇ ਬਾਣੀ, ਅੰਤਰ ਆਤਮ ਪਰਮਾਤਮ ਤੇਰਾ ਦਰਸ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਵਿਟੋਂ ਤੇਰੇ ਕ਼ੁਰਬਾਨੀ, ਚਰਨ ਕਵਲ ਆਪਣਾ ਆਪ ਭੇਟ ਕਰਾਈਆ । ਕਲਜੁਗ ਅੰਤ ਸਭ ਦੀ ਮੇਟ ਪਰੇਸ਼ਾਨੀ, ਪਰਾ ਪਸੰਤੀ ਮਧਮ ਬੈਖਰੀ ਤੋਂ ਅਗਲਾ ਲੇਖਾ ਦੇ ਜਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਵਿਦਿਆ ਹੋਈ ਪੁਰਾਣੀ, ਪੁਰਾਣ ਅਠਾਰਾਂ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਾਲੀ ਦੋ ਜਹਾਨੀ, ਜਹਾਲਤ ਅਦਾਲਤ ਵਿਚੋਂ ਦੀਨ ਦੁਨੀ ਦੇਣੀ ਕਢਾਈਆ ।



### ❊ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਦਾਰਾ ਸਿੰਘ ਦੇ ਗ੍ਰਿਹ ਔਰੰਗਾਬਾਦ ਜ਼ਿਲਾ ਅੰਮ੍ਰਿਤਸਰ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਜੁਗ ਜੁਗ ਤੇਰੇ ਮੁਜਾਰੇ, ਮੁਜ਼ਾਹਰਾ ਤੇਰਾ ਨਾਮ ਲਗਾਈਆ । ਦੇਂਦੇ ਰਹੇ ਇਸ਼ਾਰੇ, ਤੇਰੀ ਸ਼ਰਅ ਜਗਤ ਸਮਝਾਈਆ । ਬਖ਼ਸ਼ਦੇ ਰਹੇ ਸਹਾਰੇ, ਤੇਰੀ ਓਟ ਧੁਰਦਰਗਾਹੀਆ । ਲਗੌਂਦੇ ਰਹੇ ਅਖਾੜੇ, ਹੁਕਮ ਵਿਚ ਲੜਾਈਆ । ਅੰਤਮ ਪਹੁੰਚੇ ਓਸ ਕਿਨਾਰੇ, ਪਿਛਲਾ ਪੰਧ ਮੁਕਾਈਆ । ਜਿਥੇ ਮੇਲਾ ਕਲਕੀ ਅਵਤਾਰੇ, ਕਲ ਕਲੇਸ਼ ਦਏ ਗੁਆਈਆ । ਸ਼ਬਦੀ ਸਗਣ ਚੜ੍ਹ ਖਾਰੇ, ਖ਼ਾਲਸ ਆਪਣੀ ਕਾਰ ਕਮਾਈਆ । ਦੁਨੀਆ ਭਰੀ ਚਿੱਕੜ ਗਾਰੇ, ਗ਼ਰੀਬ ਨਿਵਾਜ਼ ਲੈਣਾ ਧੁਆਈਆ । ਭਗਤ ਸੁਹੇਲੇ ਕੱਢਣ ਹਾੜੇ, ਹਉਕਿਆਂ ਵਿਚ ਜਣਾਈਆ । ਕਰ ਪ੍ਰਕਾਸ਼ ਉਨ੍ਹਾਂ ਦੀ ਨਾੜੇ, ਨੂਰ ਜੋਤ ਚਮਕਾਈਆ । ਭਾਗ ਲਗਾ ਕਾਇਆ ਉਜਾੜੇ, ਸਚ ਭੂਮੀ ਦੇ ਸੁਹਾਈਆ । ਤੇਰਾ ਮੇਲ ਹੋਵੇ ਦਿਨ ਦਿਹਾੜੇ, ਰਾਤੀ ਲੱਭਣ ਕੋਇ ਨਾ ਜਾਈਆ । ਧੁਰ ਦੇ ਰੰਗ ਚੜ੍ਹਾ ਗਾੜ੍ਹੇ, ਆਪਣੀ ਦਇਆ ਕਮਾਈਆ । ਲੇਖਾ ਯਾਦ ਰਖ ਜਿਸ ਵੇਲੇ ਗੋਬਿੰਦ ਲੁਕਿਆ ਵਿਚ ਝਾੜੇ, ਮਾਛੂਵਾੜੇ ਆਪਣਾ ਆਪ ਛੁਪਾਈਆ । ਅੱਖੀਆਂ ਲਾ ਕੇ ਤਾੜੇ, ਤਾੜੀ ਤੇਰੇ ਵਿਚ ਟਿਕਾਈਆ । ਤੇਰਾ ਪ੍ਰੇਮ ਤਨ ਮਨ ਠਾਰੇ, ਸੂਲਾਂ ਸੇਜ ਨਾ ਕੋਇ ਤਪਾਈਆ । ਹਿੰਮਤ ਹੌਸਲਾ ਮੂਲ ਨਾ ਹਾਰੇ, ਹਿਰਦੇ ਤੇਰਾ ਨਾਮ ਧਿਆਈਆ । ਮੁਹੱਬਤ ਵਿਚ ਲਲਕਾਰੇ, ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਖੜ੍ਹੇ ਕਤਾਰੇ, ਲਾਇਨ ਇਕੋ ਰਹੇ ਜਣਾਈਆ । ਤੇਰਾ ਨੂਰ ਚਮਕਾਂ ਮਾਰੇ, ਜੋਤ ਜੋਤ ਰੁਸ਼ਨਾਈਆ । ਤੇਰਾ ਨਾਮ ਵਜਾਏ ਸਤਾਰੇ, ਸਤਿ ਸਤਿ ਵਡਿਆਈਆ । ਗੋਬਿੰਦ ਆਪਣਾ ਬਲ ਉਭਾਰੇ, ਖੰਡਾ ਖੜਗ ਚਮਕਾਈਆ । ਇਹ ਵੇਖਣ ਵਾਲੇ ਨਜ਼ਾਰੇ, ਪੁਰਖ ਅਕਾਲ ਆਪ ਵਖਾਈਆ । ਮੇਲ ਹੋਇਆ ਸਚ ਦਰਬਾਰੇ, ਦਰਗਾਹ ਸਾਚੀ ਸੋਭਾ ਪਾਈਆ । ਥੱਲੇ ਰੋਵਣ ਚੰਦ ਸਤਾਰੇ, ਸੂਰੀਆ ਨੀਰ ਵਹਾਈਆ । ਉਪਰ ਖੇਲ ਅਗੰਮ ਅਪਾਰੇ, ਅਲਖ ਅਗੋਚਰ ਆਪ ਜਣਾਈਆ । ਨਿਗਾਹ ਧਰਨੀ ਧਰਤ ਧਵਲ ਮਾਰੇ, ਨਿਰਧਨ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਚਾਰੋਂ ਕੁੰਟ ਦਿਸੇ ਧਾੜੇ, ਧਾੜਵੀ ਮਨ ਨਜ਼ਰੀ ਆਈਆ । ਸਾਧ ਸੰਤ ਟੱਟੂ ਦਿਸਣ

ਭਾੜੇ, ਧੁਰ ਦੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਸਨਿਆਸੀ ਵੈਰਾਗੀ ਤਿਆਗੀ ਨਾਰ ਕਮਜ਼ਾਤ ਦਿਸਣ ਡਾਰੇ, ਡਾਇਰੀ ਕੂੜ ਦੀ ਰਹੇ ਬਣਾਈਆ । ਬਿਨ ਪੁਰਖ ਅਕਾਲ ਚਾਰ ਵਰਨ ਕੋਈ ਨਾ ਤਾਰੇ, ਤਾਰਨਹਾਰ ਨਾ ਕੋਇ ਅਖਵਾਈਆ । ਭੱਠ ਹੋ ਗਏ ਸਾਰੇ ਦਵਾਰੇ, ਦਵਾਰਕਾਵਾਸੀ ਦਏ ਸੁਣਾਈਆ । ਮੰਜ਼ਲ ਮਿਲੇ ਨਾ ਕਿਸੇ ਬਾਰੇ, ਥਰ ਥਰ ਕੰਬੇ ਸ੍ਰਿਸ਼ਟ ਸਬਾਈਆ । ਨਾਵ ਲਾਏ ਨਾ ਕੋਇ ਕਿਨਾਰੇ, ਨਈਆ ਨੌਕਾ ਜਗਤ ਰੁੜ੍ਹਾਈਆ । ਪ੍ਰਗਟ ਹੋ ਆਪ ਨਿਰੰਕਾਰੇ, ਨਿਰਵੈਰ ਦਏ ਵਡਿਆਈਆ । ਸੰਤ ਸੁਹੇਲੇ ਪਕੜ ਉਠਾਲੇ, ਫੜ ਬਾਹੋਂ ਗੋਦ ਬਿਠਾਈਆ । ਰਹਿਣ ਨਾ ਦੇਵੇ ਦਾਗ਼ ਕਾਲੇ, ਕੂੜੀ ਕਿਰਿਆ ਦਏ ਧੁਆਈਆ । ਅੰਦਰੋਂ ਖੋਲ੍ਹ ਕਪਾਟੀ ਤਾਲੇ, ਤਲਬ ਆਪਣੀ ਇਕ ਜਣਾਈਆ । ਸ੍ਰਿਸ਼ਟ ਦ੍ਰਿਸ਼ਟ ਤੋੜ ਜੰਜਾਲੇ, ਜਾਗਰਤ ਜੋਤ ਕਰੇ ਖੇਲ ਸਬਾਈਆ । ਜਿਸ ਦੇ ਦੇਂਦੇ ਆਏ ਅਹਿਵਾਲੇ, ਹਾਲ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਮੰਨ ਸਵਾਲੇ, ਸਭ ਦੀ ਮਨਸਾ ਪੂਰ ਕਰਾਈਆ ।

### ❊ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❊



ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਅਸੀਂ ਲੱਗੇ ਰਹੇ ਕਾਇਆ ਕੋਠੀ, ਹੁਕਮ ਜ਼ੰਜੀਰ ਤੇਰਾ ਨਜ਼ਰੀ ਆਈਆ । ਜੁਗ ਜੁਗ ਤੇਰੇ ਨਾਮ ਦੇ ਬਣੇ ਰਹੇ ਟੋਡੀ, ਹੁਕਮ ਹੁਕਮ ਵਿਚੋਂ ਬਦਲਾਈਆ । ਕਿਸੇ ਦੀ ਦਾੜ੍ਹੀ ਰਹਿਣ ਨਹੀਂ ਦਿਤੀ ਉਤੇ ਠੋਡੀ, ਕਿਸੇ ਦੀ ਰਗੜ ਕੇ ਦਿਤੀ ਮੁੰਨਾਈਆ । ਕਿਸੇ ਫਲ ਲਗਾ ਕੇ ਸਾਚੀ ਡੋਡੀ, ਮੁੱਛ ਦਾੜ੍ਹੀ ਕੇਸ ਸੁਹਾਈਆ । ਕਿਸੇ ਬਣਾ ਕੇ ਸਨਿਆਸੀ ਜੋਗੀ, ਰਸ ਭੋਗੀ ਖੇਲ ਖਿਲਾਈਆ । ਕਿਸੇ ਕਰਾ ਕਮਾਈ ਬਣ ਵਿਜੋਗੀ, ਸੰਜੋਗੀ ਹੋ ਕੇ ਕੋਇ ਸੀਸ ਨਿਵਾਈਆ । ਕਿਸੇ ਦਾ ਖੇਲ ਖਿਲਾਇਆ ਵੇਦੀ ਸੋਢੀ, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ । ਖ਼ਾਨਾ ਚਲਾ ਕੇ ਧੁਰ ਦਾ ਮੋਦੀ, ਮੁਦਤਾਂ ਦਾ ਲੇਖਾ ਵੇਖ ਵਖਾਈਆ । ਸਾਚੇ ਨਾਮ ਦੀ ਸਭ ਨੂੰ ਦੇ ਕੇ ਰੋਜ਼ੀ, ਰੋਜ਼ਿਆਂ ਵਿਚ ਦਿਤਾ ਫਸਾਈਆ । ਇਸ਼ਾਰੇ ਨਾਲ ਦੇਂਦਾ ਰਿਹੋਂ ਸੋਝੀ, ਸ਼ਬਦ ਨਾਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਾਲਕ ਸਤਿਗੁਰ ਬੇਪ੍ਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਦੇਂਦਾ ਰਿਹੋਂ ਝਲਕਾਂ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਇਸ਼ਾਰਾ ਕਰਦਾ ਰਿਹੋਂ ਪਿਛੇ ਪਲਕਾਂ, ਪਾਰਬ੍ਰਹਮ ਆਪਣਾ ਪੜਦਾ ਲਾਹੀਆ । ਨਾਮ ਸੰਦੇਸ਼ਾ ਰਿਹੋਂ ਘਲਦਾ, ਸੁਨੇਹੜਾ ਇਕ ਸਮਝਾਈਆ । ਮੰਜ਼ਲ ਮੰਜ਼ਲ ਰਿਹੋਂ ਚਲਦਾ, ਪੌੜੀ ਡੰਡਾ ਇਕ ਦ੍ਰਿੜਾਈਆ । ਜੋਤੀ ਧਾਰ ਹੋ ਕੇ ਰਿਹੋਂ ਰਲਦਾ, ਤਨ ਵਜੂਦ ਸੋਭਾ ਪਾਈਆ । ਸਚ ਸਿੰਘਾਸਨ ਰਿਹੋਂ ਮੱਲਦਾ, ਘਰ ਵਿਚ ਘਰ ਡੇਰਾ ਲਾਈਆ । ਧਾਮ ਦਸਦਾ ਰਿਹੋਂ ਅਟਲ ਦਾ, ਅਟਲ ਪਦਵੀ ਇਕ ਸਮਝਾਈਆ । ਖੇਲ ਵਖੌਂਦਾ ਰਿਹੋਂ ਜਲ ਥਲ ਦਾ, ਅਸਗਾਹਾਂ ਵਿਚ ਵਸਾਈਆ । ਦੀਪਕ ਹੋ ਕੇ ਰਿਹੋਂ ਬਲਦਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਸੋਮਾ ਹੋ ਕੇ ਫੁਟਦਾ ਰਿਹੋਂ ਜਲ ਦਾ, ਅੰਮ੍ਰਿਤ ਧਾਰ ਇਕ ਸੁਹਾਈਆ । ਅੰਤ ਖੇਲ ਵੇਖ ਕਲਜੁਗ ਕਲ ਦਾ, ਕਲਕਾਤੀ ਹੋਈ ਲੋਕਾਈਆ । ਡੰਕਾ ਵੱਜਿਆ ਕਾਮ ਕਰੋਧ ਲੋਭ ਮੋਹ ਹੰਕਾਰ ਦਲ

੩੬੪ ੨੧

ਦਾ, ਦਲਿਦ੍ਰੀ ਸਿਰ ਨਾ ਕੋਇ ਉਠਾਈਆ । ਇਹ ਖੇਲ ਕਪਟ ਵਿਕਾਰ ਛਲ ਦਾ, ਅਛਲ ਛਲਧਾਰੀ ਤੇਰਾ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਕ਼ਦੀਮੀ ਸੂਰੇ, ਸੂਰਬੀਰ ਵੇਖ ਵਖਾਈਆ । ਸਾਡੇ ਕਾਰਜ ਹੋਏ ਅਧੂਰੇ, ਹਜ਼ਰਤ ਰੋਵਣ ਮਾਰਨ ਧਾਈਆਂ । ਉਮਤ ਉਮਤੀ ਹੋਈ ਮੂੜ੍ਹੇ, ਮੂੜ੍ਹ ਮੁਗਧ ਰੂਪ ਬਣਾਈਆ । ਮਸਤਕ ਲਾਏ ਕੋਈ ਨਾ ਧੂੜੇ, ਟਿੱਕੇ ਖ਼ਾਕ ਨਾ ਕੋਇ ਰਮਾਈਆ । ਦੀਨ ਮਜ਼੍ਹਬ ਨਾਤੇ ਹੋ ਗਏ ਕੂੜੇ, ਕੂੜ ਕੁਟੰਬ ਦਿਸੇ ਲੋਕਾਈਆ । ਗੁਰੂ ਗੁਰਦੇਵ ਕਹਿਣ ਜੋ ਮਾਣ ਵਡਿਆਈ ਦਿਤੀ ਕੇਸਾਂ ਵਾਲੇ ਜੂੜੇ, ਜਟਾ ਜੂਟ ਹੋਏ ਸਹਾਈਆ । ਓਹ ਸਦੀ ਚੌਧਵੀਂ ਕੋਈ ਕਰ ਨਾ ਸਕਿਆ ਪੂਰੇ, ਪੂਰਨ ਬ੍ਰਹਮ ਨਾ ਕੋਇ ਦ੍ਰਿੜਾਈਆ । ਤੇਰੇ ਨਾਦ ਵਜਦੇ ਸੁਣੇ ਕੋਇ ਨਾ ਤੂਰੇ, ਤੁਰੀਆ ਤੋਂ ਪਰੇ ਨਾ ਕੋਇ ਸਮਝਾਈਆ । ਤੂੰ ਸਮਰਥ ਸੁਵਾਮੀ ਸਰਬ ਕਲਾ ਭਰਪੂਰੇ, ਪਾਰਬ੍ਰਹਮ ਆਪਣਾ ਪੜਦਾ ਲੈਣਾ ਚੁਕਾਈਆ । ਸਦੀ ਚੌਧਵੀਂ ਵੇਖ ਦੂਰ ਨੇੜੇ, ਨਿਰਗੁਣ ਆਪਣਾ ਪੰਧ ਮੁਕਾਈਆ । ਜਨ ਭਗਤਾਂ ਵਸ ਕਾਇਆ ਖੇੜੇ, ਖਿੜਕੀ ਅੰਦਰੋਂ ਦੇ ਖੁਲ੍ਹਾਈਆ । ਲੱਖ ਚੁਰਾਸੀ ਮਿਟਾ ਗੇੜੇ, ਆਵਣ ਜਾਵਣ ਰਹੇ ਨਾ ਰਾਈਆ । ਸੰਤ ਸੁਹੇਲੇ ਚੜ੍ਹਾ ਆਪਣੇ ਬੇੜੇ, ਨਈਆ ਨੌਕਾ ਨਾਮ ਚਲਾਈਆ । ਜਿਹੜੇ ਹੋ ਗਏ ਆਤਮ ਰੂਪ ਤੇਰੇ, ਤੇਰਾ ਮੇਰਾ ਵੰਡ ਨਾ ਕੋਇ ਵੰਡਾਈਆ । ਸੰਤ ਸੁਹੇਲੇ ਗੁਰਮੁਖ ਭਗਤ ਸਚਖੰਡ ਲੈ ਜਾ ਆਪਣੇ ਡੇਰੇ, ਢੇਰੀ ਖ਼ਾਕ ਲਹਿਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾ ਸੰਝ ਸਵੇਰੇ, ਸੁਬਹ ਸ਼ਾਮ ਦਾ ਲੇਖਾ ਦੇ ਮੁਕਾਈਆ ।


੩੬੫


੨੧

### ✻ ੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਜ਼ੋਰ, ਜੋਰੂ ਜ਼ਰ ਜਗਤ ਲੜਾਈਆ । ਸਦੀ ਚੌਧਵੀਂ ਅੰਦਰ ਸਾਰੇ ਹੋ ਗਏ ਚੋਰ, ਠੱਗੀ ਚੋਰੀ ਮਾਤ ਕਮਾਈਆ । ਮਾਨਸ ਹੋ ਕੇ ਖਾਵਣ ਢੋਰ, ਮਨੁਖਤਾ ਦਿਤੀ ਗਵਾਈਆ । ਚਾਰੋਂ ਕੁੰਟ ਸਾਹਿਬ ਸੁਲਤਾਨ ਤੇਰੀ ਲੋੜ, ਦੋ ਜਹਾਨ ਧਿਆਨ ਲਗਾਈਆ । ਮਾਇਆ ਮਮਤਾ ਮੇਟੇ ਨਾ ਕੋਈ ਸ਼ੋਰ, ਸ਼ਰਅ ਸ਼ਰੀਅਤ ਨਾ ਕੋਇ ਪ੍ਰਗਟਾਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਭਗਤ ਭਗਵਾਨ ਨਿਰਗੁਣ ਜੋੜ, ਜੋਤੀ ਜਾਤਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਰਹੀ ਕੋਈ ਨਾ ਤਾਕ਼ਤ, ਤਕਵਾ ਤੇਰੇ ਉਤੇ ਰਖਾਈਆ । ਦੀਨਾਂ ਮਜ਼੍ਹਬਾਂ ਭੁੱਲੀ ਜਗਤ ਲਿਆਕ਼ਤ, ਧਰਮ ਦੁਆਰ ਨਾ ਕੋਇ ਵਖਾਈਆ । ਪ੍ਰੇਮ ਪਿਆਰ ਮੁਹੱਬਤ ਰਹੀ ਨਾ ਵਿਚ ਰਫ਼ਾਕ਼ਤ, ਰਸਤਾ ਹੱਕ ਨਾ ਕੋਇ ਦ੍ਰਿੜਾਈਆ । ਬੁਧ ਬਿਬੇਕ ਨਾ ਦਿਸੇ ਲਿਆਕਤ, ਲਾਇਕ਼ ਨਜ਼ਰ ਕੋਇ ਨਾ ਆਈਆ । ਕਲਮਾ ਧੁਰ ਸੁਣੇ ਨਾ ਕੋਇ ਇਬਾਦਤ, ਮੰਦਰ ਮਸਜਿਦ ਸਾਰੇ ਦੇਣ ਦੁਹਾਈਆ । ਸਦੀ ਚੌਧਵੀਂ ਸਭ ਦੀ ਵਿਗੜੀ ਹਾਲਤ, ਹਿਰਦੇ ਹਰਿ ਨਾ ਕੋਇ ਵਸਾਈਆ । ਨਾਮ ਨਿਧਾਨ ਲੱਭੇ ਨਾ ਕੋਇ ਨਿਆਮਤ, ਨਿਮਖ ਨਿਮਖ ਆਪਣਾ ਆਪ ਨਾ ਕੋਇ ਕਟਾਈਆ । ਬਿਨ ਤੇਰੀ ਕਿਰਪਾ ਮੂੜ੍ਹ ਮੁਗਧ ਬਣੇ ਕੋਈ ਨਾ

ਸੁਬਰਾ ਸਿਆਣਪ, ਸਚ ਸਚ ਨਾ ਕੋਇ ਸਮਾਈਆ । ਦੀਨ ਦੁਨੀ ਹੋਈ ਅਣਜਾਨਤ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤੇ ਬੇਪ੍ਰਵਾਹੀਆ । ਜੋ ਸਤਿਜੁਰ ਤਰੇਤਾ ਦੁਆਪਰ ਕਲਜੁਗ ਥਾਪਣ ਥਾਪੀ, ਪੜਦੇ ਉਹਲੇ ਅੰਦਰੋਂ ਬਾਹਰ ਚੁਕਾਈਆ । ਭਗਤਾਂ ਦਾ ਬਣਿਆ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਵਖਾਈਆ । ਆਤਮ ਪਰਮਾਤਮ ਰਮਜ਼ ਕਿਸੇ ਨਾ ਜਾਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮਾਇਆ ਕਾਰਨ ਬਣਦੇ ਪਾਠੀ, ਬਿਨ ਭਗਤਾਂ ਤੇਰਾ ਧਿਆਨ ਨਾ ਕੋਇ ਰਖਾਈਆ । ਹਉਂ ਸੇਵਕ ਤੇਰਾ ਦਾਸੀ, ਦਾਸੀ ਹੋ ਕੇ ਸੇਵ ਕਮਾਈਆ । ਜਨ ਭਗਤਾਂ ਮਾਨਸ ਜਨਮ ਕਰ ਰਾਸੀ, ਰਸਤਾ ਆਪਣਾ ਦੇ ਦ੍ਰਿੜਾਈਆ । ਜਿਥੇ ਮਿਲੇ ਨਾ ਜਮ ਕੀ ਫਾਸੀ, ਰਾਏ ਧਰਮ ਨਾ ਕੋਇ ਸਜ਼ਾਈਆ । ਚਰਨ ਕਵਲ ਬੰਧਾ ਨਾਤੀ, ਨਰ ਨਰਾਇਣ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਚਾਰ ਵਰਨ ਅਠਾਰਾਂ ਬਰਨ ਚੜ੍ਹਾ ਅਗੰਮੀ ਘਾਟੀ, ਘਾਟਾ ਸਭ ਦਾ ਪੂਰ ਕਰਾਈਆ ।

### ✻ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻



ਗੋਬਿੰਦ ਤੇਰੀ ਪੂਰਬ ਆਸ, ਹਰਿ ਕਰਤਾ ਵੇਖ ਵਖਾਈਆ । ਲਹਿਣਾ ਦੇਣਾ ਦੇਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜੋ ਪੁਰਖ ਅਕਾਲ ਅੱਗੇ ਕੀਤੀ ਅਰਦਾਸ, ਅੰਤਰ ਅੰਤਰ ਧਿਆਨ ਲਗਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਵਸ਼ਿਸ਼ਟ ਵੇਖੇ ਮਾਰ ਝਾਤ, ਰਾਮ ਰਾਮਾ ਅੱਖ ਖੁਲ੍ਹਾਈਆ । ਪਰਸ ਰਾਮ ਗਿਆ ਆਖ, ਪੁਸ਼ਕਰ ਦੇਵੇ ਸਚ ਗਵਾਹੀਆ । ਗੋਬਿੰਦ ਮੰਗੇ ਧੁਰ ਦਾ ਸਾਥ, ਸਗਲਾ ਸੰਗ ਬਣਾਈਆ । ਸਤਿ ਪ੍ਰੀਤੀ ਜੁੜੇ ਨਾਤ, ਨਾਤਵਾਂ ਪੂਰਬ ਵੇਖ ਵਖਾਈਆ । ਜਿਥੇ ਸਪਤ ਰਿਸ਼ੀਆਂ ਕੱਟੀ ਰਾਤ, ਰੈਣ ਵਸੇਰਾ ਝਟ ਲੰਘਾਈਆ । ਸੋ ਸਵਾਮੀ ਖੋਲ੍ਹਣਾ ਹਾਟ, ਦਰ ਦਰਬਾਰਾ ਇਕ ਵਡਿਆਈਆ । ਮੰਗ ਮੰਗੇ ਗੋਬਿੰਦ ਸੂਰਾ ਰਾਠ, ਰਹਿਬਰ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਗੁਰ ਅਵਤਾਰ ਪੈਗ਼ੰਬਰਾਂ ਪੁਛਣੀ ਵਾਤ, ਵਾਤਾਵਰਨ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਗੋਬਿੰਦ ਅੰਤਰ ਆਤਮ ਕੀਤੀ ਅਰਜ਼ੋਈ, ਅਰਜ਼ ਅਜ਼ੀਜ਼ ਦਿਤੀ ਜਣਾਈਆ । ਤੇਰੇ ਨਾਮ ਦੀ ਹੱਕ ਦਰੋਹੀ, ਤੋਬਾ ਕਰੇ ਖ਼ਲਕ ਖ਼ੁਦਾਈਆ । ਧਰਨੀ ਧਰਤ ਧਵਲ ਦੇਵੇ ਕੋਈ ਨਾ ਢੋਈ, ਸਹਾਰਾ ਕਿਨਾਰਾ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੋਈ, ਬਿਨ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਸਾਰ ਨਾ ਪਾਵੇ ਤੁਧ ਬਿਨ ਕੋਈ, ਮਹਾਂਸਾਰਥੀ ਨਜ਼ਰ ਕੋਇ ਨਾ ਆਈਆ । ਸ਼ਾਹ ਸੁਲਤਾਨ ਰਾਜ ਰਾਜਾਨ ਪਤਿ ਰਹੇ ਖੋਈ, ਖ਼ਾਲਸ ਰੂਪ ਨਾ ਕੋਇ ਵਟਾਈਆ । ਜੋ ਨਾਨਕ ਬੇਨੰਤੀ ਕੀਤੀ ਤਲਵੰਡੀ ਭੋਈ, ਭੂਮਿਕਾ ਉਪਰ ਅੱਖ ਟਿਕਾਈਆ । ਜੋ ਕਬੀਰ ਨੂੰ ਹੱਸ ਕੇ ਕਿਹਾ ਲੋਈ, ਲੋਇਣਾਂ ਤੋਂ ਪਰੇ ਕਰ ਰੁਸ਼ਨਾਈਆ । ਤੇਰਾ ਭੇਦ ਜਾਣੇ ਪ੍ਰਭ ਕੋਈ, ਗੋਬਿੰਦ ਕਹਿ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਵਾਮੀ ਤੇਰੀ ਵਡਿਆਈਆ । ਗੋਬਿੰਦ ਕਿਹਾ ਮੇਰੇ ਨਿਰੰਕਾਰ, ਨਵ ਨੌ ਚਾਰ ਵੇਖ ਵਖਾਈਆ । ਕਲਜੁਗ ਵੇਖਾਂ ਅੰਤਮ ਧਾਰ, ਸਦੀ ਚੌਧਵੀਂ ਫੇਲ ਫੁਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਖੁਆਰ, ਤੀਰਥ ਤਟ ਰਹੇ ਕੁਰਲਾਈਆ । ਜੀਵ ਜੰਤ ਸਾਧ ਸੰਤ ਕਰੇ ਹਾਹਾਕਾਰ, ਅੰਮ੍ਰਿਤ ਰਸ ਨਿਝਰ ਝਿਰਨਾ ਨਾ ਕੋਇ ਝਿਰਾਈਆ । ਮੈਂ ਵੇਖਾਂ ਖੇਲ ਅਪਾਰ, ਅਪਰੰਪਰ ਸਵਾਮੀ ਤੇਰੀ ਖੇਲ ਬੇਪ੍ਰਵਾਹੀਆ । ਸਚ ਬੇਨੰਤੀ ਰਿਹਾ ਗੁਜ਼ਾਰ, ਗੁਜ਼ਾਰਸ਼ ਵਿਚ ਤੇਰੀ ਸਰਨਾਈਆ । ਜਿਸ ਵੇਲੇ ਕਲ ਕਲਕੀ ਲਏ ਅਵਤਾਰ, ਅਮਾਮ ਅਮਾਮਾ ਵੇਸ ਵਟਾਈਆ । ਤੇਰਾ ਸਾਂਝਾ ਹੋਏ ਦਰਬਾਰ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰੇ ਧਰਮ ਦਾ ਖੁਲ੍ਹੇ ਭੰਡਾਰ, ਸੰਸਾਰੀ ਭੰਡਾਰੀ ਸੰਘਾਰੀ ਮਿਲ ਕੇ ਸੇਵ ਕਮਾਈਆ । ਗੋਬਿੰਦ ਆਸਾ ਤ੍ਰਿਸ਼ਨਾ ਪ੍ਰਭ ਤੇਰੇ ਚਰਨ ਦਵਾਰ, ਭਿੱਖਕ ਹੋ ਕੇ ਅਗੰਮੀ ਮੰਗ ਮੰਗਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਦੋ ਜਹਾਨਾਂ ਤੇਰੀ ਵਡ ਵਡਿਆਈਆ । ਪੁਰਖ ਅਕਾਲ ਕਿਹਾ ਮੈਂ ਆਦਿ ਜੁਗਾਦੀ ਦੇਵਣਹਾਰ, ਜੁਗ ਚੌਕੜੀ ਪਾਵਾਂ ਸਾਰ, ਨਿਰਗੁਣ ਸਰਗੁਣ ਖੇਲ ਅਪਾਰ, ਕਲਜੁਗ ਅੰਤਮ ਹੋ ਉਜਿਆਰ, ਤੇਰਾ ਲਹਿਣਾ ਦੇਣਾ ਕ਼ਰਜ਼ ਦੇਵਾਂ ਉਤਾਰ, ਸਚ ਧਰਮ ਕਰ ਜੈਕਾਰ, ਏਕੋ ਡੰਕਾ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਵਾਰਾ ਇਕ ਸੁਹਾਈਆ ।



੩੬੭ ੨੧

### ✻ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਦਿੱਲੀ-੯ ✻

ਸਦੀ ਚੌਧਵੀਂ ਕਹੇ ਕਿਸੇ ਸਮਝ ਨਾ ਆਈ ਤਾਰਾ ਕ਼ੁਤਬ, ਕਾਤਬ ਲੇਖ ਨਾ ਕੋਇ ਲਿਖਾਈਆ । ਚਾਰ ਜੁਗ ਦੇ ਸ਼ਾਸਤਰ ਦਿਸਣ ਮੁਗਧ, ਪਰਦਾ ਸਕਿਆ ਨਾ ਕੋਇ ਉਠਾਈਆ । ਭੇਵ ਖੋਲ੍ਹਿਆ ਨਾ ਕਿਸੇ ਨਾਲ ਜੁਗਤ, ਜਗਹ ਹੱਕ ਨਾ ਕੋਇ ਦ੍ਰਿੜਾਈਆ । ਲੇਖਾ ਲਾਇਆ ਨਾ ਕਿਸੇ ਦਰੁਸਤ, ਦਰੁਸਤੀ ਵਿਚ ਨਾ ਕੋਇ ਸਮਝਾਈਆ । ਭੇਵ ਖੋਲ੍ਹੇ ਨਾ ਕੋਇ ਮੁਰਸ਼ਦ, ਮੁਰੀਦਾਂ ਮਜ਼ਮੂਨ ਨਾ ਕੋਇ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਿਲੀ ਕਿਸੇ ਨਾ ਫ਼ੁਰਸਤ, ਤੇਈ ਅਵਤਾਰ ਸੀਸ ਨਿਵਾਈਆ । ਸਿਫ਼ਤ ਜਣਾਈ ਨਾ ਕਿਸੇ ਉਲਫ਼ਤ, ਮੂਸਾ ਈਸਾ ਮੁਹੰਮਦ ਹਕ਼ੀਕਤ ਹੱਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਜਣਾਈਆ । ਜ਼ਿਮੀਂ ਅਸਮਾਨ ਕਹੇ ਜਗਤ ਵਿਦਿਆ ਕਹੇ ਕ਼ੁਤਬੀ ਤਾਰਾ, ਸਿੰਮਤ ਵਿਚ ਵਡਿਆਈਆ । ਜਗਤ ਵਿਦਿਆ ਕੀਤਾ ਇਸ਼ਾਰਾ, ਬੁੱਧੀ ਨਾਲ ਟਕਰਾਈਆ । ਵਿਚਾਰ ਵਿਚ ਦੱਸਿਆ ਸੱਯਾਰਾ, ਆਪਣੀ ਕਰ ਵਡਿਆਈਆ । ਲੇਖਾ ਲਿਖਦੇ ਗਏ ਹੁਕਮੇ ਵਿਚ ਕਹਿਣ ਤੱਯਾਰਾ, ਤੋਏ ਤਰਫ਼ ਨਾ ਕੋਇ ਦ੍ਰਿੜਾਈਆ । ਸਿਫ਼ਤਾਂ ਵਿਚ ਕੀਤਾ ਇਜ਼ਹਾਰਾ, ਕ਼ਲਮ ਨਾਲ ਸ਼ਾਹੀਆ । ਇਕ ਇਕ ਦਾ ਅੰਕ ਜੋੜ ਕੇ ਮੁਹੰਮਦ ਕਿਹਾ ਗਿਆਰਾਂ, ਅਲਿਫ਼ ਅਲਿਫ਼ ਨਾਲ ਮਿਲਾਈਆ । ਪ੍ਰੇਮ ਭਗਤੀ ਦਾ ਦੱਸ ਦਵਾਰਾ, ਧ੍ਰੂ ਪ੍ਰਹਿਲਾਦ ਦਿਤੀ ਗਵਾਹੀਆ । ਮਿਹਰ ਮੁਹੱਬਤ ਦੀ ਉਪਜਾ ਆਬਸ਼ਾਰਾ, ਅੰਮ੍ਰਿਤ ਵਹਿਣ ਦਿਤਾ ਵਹਾਈਆ । ਰੂਪ ਅਨੂਪ ਦੱਸ ਨਿਆਰਾ, ਖੇਲ ਕੀਤਾ ਧੁਰਦਰਗਾਹੀਆ । ਸਮਝ ਆਇਆ ਨਾ ਕਿਸੇ ਵਿਚਾਰਾ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਗੁਰ

ਅਵਤਾਰ ਪੈਗ਼ੰਬਰ ਕਰਦੇ ਗਏ ਨਿਮਸਕਾਰਾ, ਨਿਉਂ ਨਿਉਂ ਸੀਸ ਨਿਵਾਈਆ । ਚਾਰੇ ਖਾਣੀ ਦੇਂਦੇ ਗਏ ਲਾਰਾ, ਹੁਕਮੇ ਅੰਦਰ ਹੁਕਮ ਦ੍ਰਿੜਾਈਆ । ਜਿਸ ਦਾ ਲੇਖਾ ਜਾਣੇ ਕਲ ਕਲਕੀ ਚੌਵੀਆਂ ਅਵਤਾਰਾ, ਅਵਤਰੀ ਆਪਣੀ ਕਾਰ ਕਮਾਈਆ । ਜਿਸ ਦੀ ਸਮਝੇ ਕੋਈ ਨਾ ਧਾਰਾ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਜੋ ਸਰਗੁਣ ਨਿਰਗੁਣ ਖੇਲ ਕਰੇ ਦੁਬਾਰਾ, ਦੋ ਇਕ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਕ਼ੁਤਬੀ ਕਹੇ ਮੈਨੂੰ ਲਿਖੇ ਨਾ ਕੋਈ ਕਾਤਬ, ਕ਼ਦੀਮ ਦਾ ਲੇਖਾ ਦਿਆਂ ਜਣਾਈਆ । ਮੈਂ ਕਰਾਂ ਸਰਬ ਮੁਖ਼ਾਤਬ, ਮੁਖਬਰਾਂ ਲਵਾਂ ਉਠਾਈਆ । ਜਿਨ੍ਹਾਂ ਮੇਰੀ ਖੋਜ ਵਿਚ ਕੀਤਾ ਤੁਆਕਬ, ਭੱਜੇ ਵਾਹੋ ਦਾਹੀਆ । ਬਿਆਨ ਦੇਂਦੇ ਰਹੇ ਮੇਰੀ ਮਾਰਫ਼ਤ, ਮਹਿਵ ਆਪਣਾ ਖੇਲ ਜਣਾਈਆ । ਸਮਝ ਸਕਿਆ ਨਾ ਕੋਈ ਆਰਫ਼, ਇਲਮ ਆਲਮ ਨਾ ਕੋਇ ਵਡਿਆਈਆ । ਕਰਾ ਸਕਿਆ ਨਾ ਕੋਇ ਤੁਆਰਫ਼, ਸਨਮੁਖ ਵੱਜੀ ਨਾ ਕੋਇ ਵਧਾਈਆ । ਸ਼ਾਸਤਰਾਂ ਮੇਰੀ ਕੀਤੀ ਸਫ਼ਾਰਸ਼, ਕ਼ਾਇਦਾ ਕਲਮਾ ਗਏ ਸਮਝਾਈਆ । ਅੱਖਰਾਂ ਵਾਲੀ ਲਿਖ ਇਬਾਰਤ, ਸਿਫ਼ਤਾਂ ਨਾਲ ਜਗਤ ਵਡਿਆਈਆ । ਮੈਨੂੰ ਸਮਝਿਆ ਨਾ ਕਿਸੇ ਵਿਚ ਭਾਰਤ, ਭੇਵ ਸਕਿਆ ਨਾ ਕੋਇ ਜਣਾਈਆ । ਮੈਂ ਜੁਗ ਚੌਕੜੀ ਸਭ ਦੀ ਵੇਖਦਾ ਰਿਹਾ ਸਾਜ਼ਸ਼, ਦੀਨ ਦੁਨੀ ਖੋਜ ਖੁਜਾਈਆ । ਚਾਰ ਕੁੰਟ ਲਗੌਂਦਾ ਰਿਹਾ ਆਤਸ਼, ਅਗਨੀ ਅੱਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕ਼ੁਤਬੀ ਕਹੇ ਮੈਨੂੰ ਕਹਿੰਦੇ ਕ਼ੁਤਬ ਨੁਮਾ, ਨੁਮਾਇਸ਼ ਵੇਖੀ ਜਗਤ ਲੋਕਾਈਆ । ਚਾਰ ਜੁਗ ਦੇ ਤੱਕੇ ਰਹਿਨੁਮਾ, ਜੋ ਰਹਿਬਰ ਹੋ ਕੇ ਫੇਰਾ ਗਏ ਪਾਈਆ । ਸਾਰੇ ਸੱਜਦਾ ਕਰਦੇ ਗਏ ਖ਼ੁਦਾ, ਖ਼ੁਦ ਮਾਲਕ ਨਜ਼ਰ ਨਾ ਆਈਆ । ਦਸਤ ਬਦਸਤ ਮੰਗਦੇ ਗਏ ਦੁਆ, ਨਿਉਂ ਨਿਉਂ ਸੀਸ ਝੁਕਾਈਆ । ਤਨ ਵਜੂਦ ਲੇਖਾ ਦੇਂਦੇ ਰਹੇ ਵਬਾ, ਸ਼ਫ਼ਾ ਹੱਥ ਕਿਸੇ ਨਾ ਆਈਆ । ਤੇਰੀ ਆਦਿ ਜੁਗਾਦੀ ਇਕ ਦੁਆ, ਅਦਬ ਨਾਲ ਦ੍ਰਿੜਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਤਨ ਵਜੂਦੋਂ ਹੁੰਦੇ ਰਹੇ ਜੁਦਾ, ਮਾਟੀ ਖ਼ਾਕੀ ਡੇਰਾ ਢਾਹੀਆ । ਮੈਂ ਵੇਖਦਾ ਰਿਹਾ ਨਾਲ ਚਾਅ, ਚਾਓ ਘਨੇਰਾ ਇਕ ਸੁਹਾਈਆ । ਤਕਦਾ ਰਿਹਾ ਰਾਹ, ਰਸਤਾ ਫੋਲ ਫੁਲਾਈਆ । ਖੇਲ ਵੇਖਦਾ ਰਿਹਾ ਬੇਪ੍ਰਵਾਹ, ਬੇਪ੍ਰਵਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਕ਼ੁਤਬੀ ਕਹੇ ਮੇਰੇ ਕ਼ੁਤਬ ਦਾ ਸਮਝਿਆ ਕਿਸੇ ਨਾ ਕੁਤਰਾ, ਰੂਪ ਨਜ਼ਰ ਕੋਇ ਨਾ ਆਈਆ । ਸਭ ਨੂੰ ਮੇਰੇ ਉਤੋਂ ਬਣਿਆ ਰਿਹਾ ਖ਼ਤਰਾ, ਖ਼ੌਫ਼ ਵਿਚ ਸਾਰੇ ਸੀਸ ਨਿਵਾਈਆ । ਅੱਖਰਾਂ ਵਾਲੇ ਲਿਖਦੇ ਰਹੇ ਮੇਰਾ ਖ਼ਸਰਾ, ਨੰਬਰ ਸਕਿਆ ਨਾ ਕੋਇ ਲਗਾਈਆ । ਜ਼ਿਮੀਂ ਅਸਮਾਨ ਸਮਝਿਆ ਨਾ ਕਿਸੇ ਸ਼ਜਰਾ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੇਰਾ ਖੇਲ ਸਭ ਤੋਂ ਵੱਖਰਾ, ਮੰਡਲ ਮੰਡਪ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਾਹਿਬ ਤੇਰੀ ਸਰਨਾਈਆ । ਕ਼ੁਤਬੀ ਕਹੇ ਮੈਂ ਵੇਖੀ ਤੇਰੀ ਕ਼ੁਦਰਤ, ਕ਼ਾਦਰ ਕਰੀਮ ਬੇਪ੍ਰਵਾਹੀਆ । ਸਿਫ਼ਤਾਂ ਵਿਚ ਕਰੇ ਉਲਫ਼ਤ, ਮਹਿੰਮਾ ਵਿਚ ਵਡਿਆਈਆ । ਸਦੀ ਚੌਧਵੀਂ ਕਿਸੇ ਨਾ ਰਹੀ ਫ਼ੁਰਸਤ, ਜਗਤ ਵਿਕਾਰ ਪੱਲੂ ਨਾ ਕੋਇ ਛੁਡਾਈਆ । ਸਾਬਤ ਰਿਹਾ ਕੋਈ ਨਾ ਮੁਰਸ਼ਦ, ਮੁਰੀਦਾਂ ਮਦਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਵਖਾਈਆ । ਕ਼ੁਤਬੀ ਕਹੇ ਮੇਰੇ ਕ਼ੁਤਬੁਦੀਨ, ਦੀਨ ਇਲਾਹੀ ਦਿਆਂ ਜਣਾਈਆ । ਜਿਸ ਵੇਲੇ

੩੯੮ ੨੧

ਮੁਹੰਮਦ ਬਣਿਆ ਤੇਰਾ ਮਸਕੀਨ, ਸੱਜਦੇ ਵਿਚ ਸੀਸ ਝੁਕਾਈਆ । ਈਸਾ ਦੱਸੀ ਹੱਕ ਤਾਲੀਮ, ਤੁਲਬਾ ਦਿਤਾ ਪੜ੍ਹਾਈਆ । ਮੂਸਾ ਲੇਖਾ ਲਾ ਕ਼ਦੀਮ, ਕ਼ਾਦਰ ਆਪਣਾ ਰੰਗ ਰੰਗਾਈਆ । ਨਿਰਗੁਣ ਨੂਰ ਦੱਸ ਕੇ ਸੀਨ, ਸੀਨਾ ਬਸੀਨਾ ਕੀਤੀ ਪੜ੍ਹਾਈਆ । ਗ੍ਰਹਿ ਵਖਾ ਇਕ ਅਜ਼ੀਮ, ਇਸਮ ਆਜ਼ਮ ਦਿਤਾ ਜਣਾਈਆ । ਜਗਤ ਵੰਡ ਕਰ ਤਕਸੀਮ, ਕੁਰਹ ਕਾਇਆ ਦਿਤਾ ਪ੍ਰਗਟਾਈਆ । ਝਗੜਾ ਪਾ ਉਤੇ ਜ਼ਮੀਨ, ਫ਼ਰਸ਼ ਖ਼ਾਕੀ ਤਨ ਖ਼ਾਕ ਖ਼ਾਕ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦੁਨੀ ਬਣਾ ਯਤੀਮ, ਯਾਦ ਆਪਣੀ ਦਿਤੀ ਭੁਲਾਈਆ । ਕੁਤਬੀ ਕਹੇ ਕਰੀਂ ਨਾ ਕੋਈ ਕਰੋਧ, ਸਾਹਿਬ ਦਿਆਂ ਸੁਣਾਈਆ । ਕੌਲ ਇਕ਼ਰਾਰ ਵੇਖ ਲੈ ਨਾਲ ਬੋਧ, ਬੁੱਧ ਦਏ ਗਵਾਹੀਆ । ਜਿਸ ਵੇਲੇ ਗੋਬਿੰਦ ਅਰਦਾਸਾ ਲਿਆ ਸੋਧ, ਸਿੱਧਾ ਤੇਰਾ ਰਾਹ ਤਕਾਈਆ । ਜਿਸ ਵੇਲੇ ਨਾਨਕ ਦਰਸ਼ਨ ਕੀਤਾ ਰੋਜ਼, ਰਮਜ਼ ਅਗੰਮੀ ਇਕ ਜਣਾਈਆ । ਪੈਗ਼ੰਬਰਾਂ ਕੀਤੀ ਖੋਜ, ਭੱਜੇ ਵਾਹੋ ਦਾਹੀਆ । ਅਵਤਾਰਾਂ ਦੱਸ ਕੇ ਚੋਜ, ਚਰਨ ਕਵਲ ਦਿਤੀ ਸਰਨਾਈਆ । ਭਗਤਾਂ ਦੇ ਕੇ ਮੌਜ, ਮਜਲਸ ਆਪਣੇ ਨਾਲ ਰਖਾਈਆ । ਭੇਵ ਖੁਲ੍ਹਾ ਕੇ ਗੋਝ, ਪੜਦਾ ਉਹਲਾ ਦਿਤਾ ਚੁਕਾਈਆ । ਹਉਮੇ ਮੇਟ ਕੇ ਰੋਗ, ਹੰਗਤਾ ਦਿਤੀ ਮਿਟਾਈਆ । ਦੂਰ ਕਰਾ ਕੇ ਚਿੰਤਾ ਸੋਗ, ਸੰਗਮ ਇਕੋ ਦਿਤਾ ਸਮਝਾਈਆ । ਨਾਮ ਜਪਾ ਕੇ ਬਿਨਾ ਹੋਂਟ, ਰਮਜ਼ ਨਿਰੰਤਰ ਅੰਤਰ ਇਕ ਸਮਝਾਈਆ । ਜੁਗ ਬਿਤਾ ਕੇ ਕੋਟੀ ਕੋਟ, ਸਤਿਜੁਗ ਤਰੇਤਾ ਦੁਆਪਰ ਕਲਜੁਗ ਪਾਰ ਕਰਾਈਆ । ਮੈਨੂੰ ਮੰਜ਼ਲ ਚਾੜ੍ਹ ਕੇ ਆਪਣੀ ਚੋਟ, ਚੋਟਾ ਦਿਤਾ ਉਪਜਾਈਆ । ਨਜ਼ਾਰਾ ਤੱਕਦਾ ਰਿਹਾ ਤੇਰੀ ਜੋਤ, ਬਿਨ ਵਰਨ ਗੋਤ ਸੋਭਾ ਪਾਈਆ । ਤੂੰ ਆਦਿ ਜੁਗਾਦਿ ਕਦੇ ਨਾ ਹੋਇਆ ਫ਼ੌਤ, ਗੁਰ ਅਵਤਾਰ ਪੈਗ਼ੰਬਰ ਮੜ੍ਹੀ ਗੋਰ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਕੁਤਬੀ ਕਹੇ ਮੈਂ ਕਿਉਂ ਰਿਹਾ ਥਿਰ, ਥਿਰ ਘਰ ਵਾਸੀ ਦੇ ਜਣਾਈਆ । ਤੂੰ ਮਾਲਕ ਮੇਰਾ ਇਕੋ ਪਿਰ, ਪੀਆ ਪ੍ਰੀਤਮ ਨਜ਼ਰੀ ਆਈਆ । ਸਤਿ ਧਰਮ ਦੀ ਸਾਚੀ ਧਿਰ, ਧਰਮ ਦਵਾਰਾ ਇਕ ਪ੍ਰਗਟਾਈਆ । ਜੁਗ ਚੌਕੜੀ ਗੇੜਾ ਰਿਹਾ ਗਿੜ, ਅੱਗੇ ਹੋ ਨਾ ਕੋਇ ਅਟਕਾਈਆ । ਚਰਨ ਕਵਲ ਦਿਸੇ ਕੋਈ ਨਾ ਨੇੜ, ਦੂਰ ਦੁਰਾਡੇ ਸਾਰੇ ਸੀਸ ਨਿਵਾਈਆ । ਸਚ ਸੁਹੰਢਣਾ ਤੇਰਾ ਖੇੜ, ਗ੍ਰਹਿ ਮੰਦਰ ਵੱਜੇ ਵਧਾਈਆ । ਮਿਹਰਵਾਨ ਕਰ ਮਿਹਰ, ਮਹਿਬੂਬ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਕੁਤਬੀ ਕਹੇ ਤੂੰ ਆਦਿ ਜੁਗਾਦੀ ਅਦਲੀ, ਇਨਸਾਫ਼ ਤੇਰੇ ਹੱਥ ਨਜ਼ਰੀ ਆਈਆ । ਜਿਸ ਵੇਲੇ ਜੁਗ ਦੀ ਕਰੇਂ ਬਦਲੀ, ਬਦਲਾ ਚੁੱਕੇ ਜਗਤ ਲੋਕਾਈਆ । ਖੇਲ ਵੇਖੇਂ ਮੰਜ਼ਲੋ ਮੰਜ਼ਲੀ, ਮੰਜ਼ਲ ਆਪਣਾ ਡੇਰਾ ਲਾਈਆ । ਧਾਰ ਵਖਾਈ ਆਪਣੀ ਰੰਗਲੀ, ਤੇਰੀ ਰੰਗਤ ਬੇਪ੍ਰਵਾਹੀਆ । ਗੁਰ ਅਵਤਾਰ ਪੈਗ਼ੰਬਰਾਂ ਤੇਰੇ ਕੋਲੋਂ ਵਸਤ ਮੰਗ ਲਈ, ਮਾਂਗਤ ਹੋ ਕੇ ਝੋਲੀ ਪਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਕਲਜੁਗ ਅੰਤ ਸ੍ਰੀ ਭਗਵੰਤ ਜਿਸ ਵੇਲੇ ਦੋ ਜਹਾਨਾਂ ਚੜ੍ਹੇਂ ਜੰਗ ਲਈ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਸਤਰ ਬਸਤਰ ਅਸਤਰ ਖੰਡਾ ਖੜਗ ਕੋਈ ਨਾ ਸੰਗ ਲਈਂ, ਸਗਲਾ ਸੰਗ ਨਾ ਕੋਇ ਬਣਾਈਆ । ਭਗਤ ਅਰਦਾਸ ਏਕੰਕਾਰ ਇਕੋ ਮੰਨ ਲਈਂ, ਮਮਤਾ ਛੱਡਣੀ ਜਗਤ ਲੋਕਾਈਆ । ਸੁਤ ਦੁਲਾਰੇ ਸ਼ਬਦ ਕੋਲੋਂ ਆਪਣਾ ਕੰਮ ਲਈਂ, ਕਾਇਆ ਕੱਪੜ ਤਨ ਵਜੂਦ ਨਾ ਕੋਇ ਵਡਿਆਈਆ । ਸਚ ਸੰਦੇਸ਼ ਨਰ ਨਰੇਸ਼ ਧੁਰ ਫ਼ਰਮਾਨਾ ਬਿਨਾ ਕੰਨ ਕਹੀਂ, ਸ਼ਾਸਤਰ ਸਿਮਰਤ ਵੇਦ ਪੁਰਾਨ

ਅੰਜੀਲ ਕ਼ੁਰਾਨ ਖਾਣੀ ਬਾਣੀ ਤੋਂ ਪਰੇ ਕਰ ਪੜ੍ਹਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਹੁਕਮੇ ਅੰਦਰ ਬੰਨ੍ਹ ਲਈਂ, ਬੰਦਨਾ ਆਪਣੀ ਇਕ ਜਣਾਈਆ । ਜੇ ਪ੍ਰਗਟ ਹੋਵੇਂ ਗੋਬਿੰਦ ਹੋਵੀਂ ਆਪਣੇ ਚੰਨ ਲਈ, ਚਾਰ ਜੁਗ ਦਾ ਚਾਰ ਕੁੰਟ ਅੰਧੇਰਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਮੁਕਾਈਆ । ਕ਼ੁਤਬ ਕਹੇ ਮੈਂ ਵੇਖਿਆ ਦੋ ਜਹਾਨਾਂ ਕੁਰਹ, ਕਾਇਨਾਤ ਫੋਲ ਫੁਲਾਈਆ । ਦੀਨ ਦੁਨੀ ਵਿਚ ਕੋਈ ਨਾ ਦਿਸੇ ਬੁਰਾ, ਕੂੜ ਕੁੜਿਆਰ ਨਾ ਕੋਇ ਚਤੁਰਾਈਆ । ਪੁਰਖ ਅਕਾਲ ਤੂੰ ਚਲਾਵਣਹਾਰਾ ਦੀਨ ਮਜ਼੍ਹਬ ਦਾ ਛੁਰਾ, ਜਗਤ ਕਸਾਈ ਰੂਪ ਵਟਾਈਆ । ਝਗੜਾ ਛੇੜਿਆ ਵੜ ਕੇ ਕਾਇਆ ਕੁਰਹ, ਮਾਟੀ ਹਾਟੀ ਕਾਇਆ ਕੋਠੇ ਸੋਭਾ ਪਾਈਆ । ਸਦੀ ਚੌਧਵੀਂ ਸਭ ਦਾ ਬੇੜਾ ਵੇਖ ਰੁੜ੍ਹਾ, ਵਹਿੰਦੇ ਵਹਿਣ ਵਹੇ ਲੋਕਾਈਆ । ਤੇਰਾ ਪਿਆਰ ਕਿਸੇ ਨਾ ਜੁੜਾ, ਆਤਮ ਪਰਮਾਤਮ ਗੰਢ ਨਾ ਕੋਇ ਰਖਾਈਆ । ਸਤਿ ਧਰਮ ਦੀ ਦਿਸੇ ਥੁੜਾ, ਵਸਤ ਅਮੋਲਕ ਨਾ ਕੋਇ ਵਰਤਾਈਆ । ਸ੍ਰਿਸ਼ਟ ਸਬਾਈ ਹੋਈ ਦੜਾ, ਸਚ ਕਰਮ ਰਹਿਣ ਨਾ ਪਾਈਆ । ਤੇਰੇ ਇਸ਼ਟ ਦਾ ਮਿਟ ਗਿਆ ਖੁਰਾ, ਖੋਜ ਕਰਨ ਕੋਇ ਨਾ ਆਈਆ । ਜਿਧਰ ਵੇਖਾਂ ਜਗਤ ਜੀਵ ਦਿਸੇ ਨਿਗੁਰਾ, ਸਤਿਗੁਰ ਪੁਰਖ ਅਕਾਲ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕ਼ੁਤਬੀ ਕਹੇ ਮੈਨੂੰ ਕਹਿਣ ਤਾਰਾ ਚੰਗਾ, ਥਿਰ ਇਕੋ ਨਜ਼ਰੀ ਆਈਆ । ਕੀ ਵਾਸਤਾ ਪਾਇਆ ਕਬੀਰ ਵਿਚ ਗੰਗਾ, ਜਲ ਪਾਣੀ ਧਾਰ ਸਮਾਈਆ । ਕੀ ਆਸ ਰੱਖੀ ਅਸ਼ਟਾਬੱਕਰ ਹੋਇਆ ਅਸ਼ਟੰਗਾ, ਨੇਤਰ ਨੈਣਾਂ ਨੀਰ ਵਹਾਈਆ । ਕੀ ਇਸ਼ਾਰਾ ਕੀਤਾ ਕ੍ਰਿਸ਼ਨ ਕਿਨਾਰੇ ਜਮਨਾ ਕੰਢਾ, ਕੰਡਾ ਵਾੜ ਵੇਖਣਾ ਜਗਤ ਲੋਕਾਈਆ । ਕੀ ਮੰਗ ਮੰਗੀ ਰਾਮ ਰਾਮ ਬਣ ਕੇ ਬੰਦਾ, ਰਾਮ ਰਾਮ ਖੋਜ ਖੁਜਾਈਆ । ਕੀ ਲੇਖ ਲਿਖਾਇਆ ਬਾਵਨ ਸੰਦਾ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕੀ ਇਸ਼ਾਰਾ ਕੀਤਾ ਗੌਤਮ ਨਾਲ ਚੰਦਾ, ਨੇਤਰ ਨੈਣ ਅੱਖ ਸ਼ਰਮਾਈਆ । ਕੀ ਖੇਲ ਜਣਾਇਆ ਦੁਰਗਾ ਅਸ਼ਟਭੁਜ ਖੰਡਾ, ਸਾਰ ਖੜਗ ਪੜਦਾ ਦੇਣਾ ਉਠਾਈਆ । ਕੀ ਵਿਸ਼ਨ ਬ੍ਰਹਮਾ ਸ਼ਿਵ ਵਖਾਇਆ ਡੰਡਾ, ਡੰਡਾਵਤ ਆਪਣੀ ਇਕ ਜਣਾਈਆ । ਕੀ ਸੁਤ ਦੁਲਾਰੇ ਸ਼ਬਦ ਚੜ੍ਹਾਇਆ ਚੰਦਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਤੂੰ ਸਾਹਿਬ ਸਵਾਮੀ ਆਦਿ ਜੁਗਾਦਿ ਜੁਗ ਚੌਕੜੀ ਬਖ਼ਸ਼ੰਦਾ, ਬਖ਼ਸ਼ਣਹਾਰ ਬੇਪ੍ਰਵਾਹੀਆ । ਕ਼ੁਤਬੀ ਕਹੇ ਨਾ ਮੈਂ ਮਾਨਸ ਨਾ ਮੈਂ ਤਤ ਵਜੂਦੀ ਬੰਦਾ, ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕ਼ੁਤਬੀ ਕਹੇ ਮੈਂ ਜੁਗ ਚੌਕੜੀ ਦੱਸਾਂ ਹਾਲ, ਹਾਲਤ ਦਿਆਂ ਦ੍ਰਿੜਾਈਆ । ਪਿਛੇ ਬੀਤੇ ਕੋਟਨ ਕਾਲ, ਜੁਗ ਚੌਕੜੀ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਖੇਲ ਖੇਲਦੇ ਗਏ ਕਮਾਲ, ਨਿਰਗੁਣ ਸਰਗੁਣ ਵੇਸ ਵਟਾਈਆ । ਮਾਇਆ ਤਤ ਵਜੂਦ ਪੈਂਦਾ ਰਿਹਾ ਜਾਲ, ਸ਼ਮਅ ਤਮਅ ਵਿਚ ਛੁਪਾਈਆ । ਖੇਲ ਹੁੰਦਾ ਰਿਹਾ ਸ਼ਾਹ ਕੰਗਾਲ, ਊਚ ਨੀਚ ਵੱਜੀ ਵਧਾਈਆ । ਨਿਰਗੁਣ ਅੱਗੇ ਸਰਗੁਣ ਕਰਦਾ ਰਿਹਾ ਸਵਾਲ, ਸਵਾਲ ਜਵਾਬ ਆਪਣੀ ਕਾਰ ਕਮਾਈਆ । ਸੰਤ ਭਗਤ ਘਾਲਦੇ ਰਹੇ ਘਾਲ, ਸੂਫ਼ੀ ਫ਼ਕੀਰ ਸੱਯਦਿਆਂ ਵਿਚ ਸੀਸ ਝੁਕਾਈਆ । ਪੁਰਖ ਅਕਾਲ ਹੁੰਦਾ ਰਿਹਾ ਦਿਆਲ, ਦੀਨਨ ਦੇਵੇ ਮਾਣ ਵਡਿਆਈਆ । ਜੁਗ ਚੌਕੜੀ ਬਦਲਦਾ ਰਿਹਾ ਚਾਲ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਜਿਸ ਵੇਲੇ

੩੭੦
੨੧

ਸ੍ਰਿਸ਼ਟੀ ਤੇ ਔਂਦਾ ਰਿਹਾ ਕਾਲ, ਡੌਰੂ ਡੰਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਕੁਤਬੀ ਕਹੇ ਜੁਗ ਚੌਕੜੀ ਬਦਲਦਾ ਰਿਹਾ ਜਗ, ਜਗਜੀਵਣ ਦਾਤੇ ਹੱਥ ਵਡਿਆਈਆ । ਮੈਂ ਖੇਲ ਵੇਖਦਾ ਰਿਹਾ ਸਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਸਭ ਦੀ ਪਾਰ ਕਰਦਾ ਰਿਹਾ ਹੱਦ, ਹਦੂਦ ਵੰਡ ਨਾ ਕੋਇ ਵੰਡਾਈਆ । ਖੇਲ ਵੇਖਦਾ ਰਿਹਾ ਅੱਗੇ ਵਧ, ਬਿਨ ਕ਼ਦਮਾਂ ਕ਼ਦਮ ਉਠਾਈਆ । ਨਿਰਗੁਣ ਜੋਤ ਦੀ ਸਰਗੁਣ ਯਦ, ਜੁਗ ਚੌਕੜੀ ਵੱਜੀ ਵਧਾਈਆ । ਕੀ ਕੌਲ ਕੀਤਾ ਜਿਸ ਵੇਲੇ ਗੋਬਿੰਦ ਅੰਗੀਠੇ ਲਾਈ ਅੱਗ, ਅਗਨੀ ਅੱਗ ਵਿਚੋਂ ਤਪਾਈਆ । ਕਿਸ ਬਿਧ ਨਾੜੀ ਸੜੇ ਹੱਡ, ਮਾਸ ਮਸਲਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੰਦੇਸ਼ਾ ਦੇਣਾ ਸੁਣਾਈਆ । ਕ਼ੁਤਬੀ ਕਹੇ ਮੈਂ ਸੁਣਿਆ ਅੰਤ ਅਖ਼ੀਰੀ ਵਾਕ, ਵਾਕਫ਼ਕਾਰ ਹੋ ਕੇ ਦਿਆਂ ਜਣਾਈਆ । ਇਕ ਇਕੱਲੇ ਖੋਲ੍ਹਿਆ ਤਾਕ, ਪੜਦਾ ਦਿਤਾ ਚੁਕਾਈਆ । ਗੋਬਿੰਦ ਮਾਰ ਆਵਾਜ਼, ਸੰਦੇਸਾ ਇਕ ਸੁਣਾਈਆ । ਮੈਨੂੰ ਓਸੇ ਵੇਲੇ ਆਈ ਜਾਗ, ਨਿੰਦਰਾ ਦਿਤੀ ਮਿਟਾਈਆ । ਮੈਂ ਭਰਿਆ ਵਿਚ ਵੈਰਾਗ, ਨੇਤਰ ਨੈਣਾਂ ਨੀਰ ਵਹਾਈਆ । ਤੂੰ ਪੁਰਖ ਅਕਾਲ ਖੋਲ੍ਹ ਕੇ ਵੇਖ ਲੈ ਕਿਤਾਬ, ਜਿਥੇ ਹਰਫ਼ ਨਾ ਕੋਇ ਵਖਾਈਆ । ਨਾ ਕੋਇ ਲਿਖਣ ਵਾਲੀ ਕ਼ਲਮ ਦਵਾਤ, ਕ਼ਾਇਦਾ ਕ਼ਾਨੂੰਨ ਨਾ ਕੋਇ ਸਮਝਾਈਆ । ਨਾ ਕੋਈ ਦੀਨ ਮਜ਼੍ਹਬ ਸਮਾਜ, ਸ਼ਰਅ ਵੰਡ ਨਾ ਕੋਇ ਰਖਾਈਆ । ਨਾ ਕੋਈ ਲੇਖਾ ਸਮਝੇ ਆਦਿ ਜੁਗਾਦਿ, ਜੁਗ ਚੌਕੜੀ ਭੇਵ ਨਾ ਕੋਇ ਖੁਲ੍ਹਾਈਆ । ਨਾ ਕੋਈ ਵਸਿਆ ਸੁਨ ਸਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਕ਼ੁਤਬੀ ਕਹੇ ਪੁਰਖ ਅਕਾਲ ਮੈਂ ਵੇਖਿਆ ਤੇਰਾ ਅਸੂਲ, ਅਸਲੀ ਦਿਆਂ ਜਣਾਈਆ । ਮੈਂ ਤੇਰੇ ਚਰਨ ਕਵਲ ਦੀ ਲਾ ਧੂਲ, ਜਿਸ ਨੂੰ ਧੂੜ ਵਾਲਾ ਸਮਝ ਸਕੇ ਨਾ ਰਾਈਆ । ਮੇਰਾ ਲੇਖਾ ਤੇਰੇ ਨਾਲ ਜਗਤ ਵਿਹਾਰ ਵਿਚ ਅਸਬੂਲ, ਕਾਰਨ ਤੇਰੀ ਕਾਰ ਕਮਾਈਆ । ਤੇਰਾ ਹੁਕਮ ਤੇਰਾ ਤਤ ਵਜੂਦ ਮਾਅਕੂਲ, ਮੁਕੰਮਲ ਰੂਪ ਵਟਾਈਆ । ਜੁਗ ਚੌਕੜੀ ਧਰਮ ਵਾਲਾ ਨਾ ਬਦਲਾਂ ਅਸੂਲ, ਅਸਲੀਅਤ ਵਿਚ ਤੇਰਾ ਰਾਹ ਦਰਸਾਈਆ । ਖ਼ੁਸ਼ੀ ਵਿਚ ਰਹਾਂ ਮਸ਼ਗ਼ੂਲ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਸਾਹਿਬ ਸਵਾਮੀ ਕੰਤ ਕੰਤੂਹਲ, ਗ੍ਰਿਹਿ ਮੰਦਰ ਅੰਦਰ ਵੱਜੇ ਵਧਾਈਆ । ਸਚ ਪੰਘੂੜਾ ਤੇਰਾ ਰਿਹਾ ਝੂਲ, ਹੁਲਾਰਾ ਦੋ ਕਿਨਾਰਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਓਟ ਰਖਾਈਆ । ਕ਼ੁਤਬੀ ਕਹੇ ਮੇਰਾ ਸਭ ਤੋਂ ਵਖਰਾ ਭਵਿਖਤ, ਚਾਰ ਜੁਗ ਸਮਝ ਕਿਸੇ ਨਾ ਆਈਆ । ਮੇਰੀ ਪੁਰਖ ਅਕਾਲ ਕਰਾ ਦੇ ਸਦਾ ਲਿਖਤ, ਦੂਸਰ ਕ਼ਲਮ ਨਾ ਕੋਇ ਵਡਿਆਈਆ । ਕਿਉਂ ਮੇਰਾ ਆਦਿ ਤੋਂ ਇਕੋ ਇਸ਼ਟ, ਗੁਰ ਅਵਤਾਰ ਪੈਗ਼ੰਬਰਾਂ ਸੀਸ ਨਾ ਕਦੇ ਝੁਕਾਈਆ । ਸਦਾ ਖੁਲ੍ਹੀ ਰਖਾਈ ਦ੍ਰਿਸ਼ਟ, ਦਿਸ਼ਾ ਇਕੋ ਵੇਖ ਵਖਾਈਆ । ਮੈਂ ਕੋਟਨ ਕੋਟ ਵੇਖੇ ਰਾਮਾ ਵਸ਼ਿਸ਼ਟ, ਵਿਸ਼ਿਆਂ ਵਾਲੇ ਗੁਰੂ ਗਏ ਸੀਸ ਨਿਵਾਈਆ । ਤਤ ਵਜੂਦ ਭੋਗਦੇ ਗਏ ਗ੍ਰਿਹਿਸਤ, ਪੈਗ਼ੰਬਰਾਂ ਪਰਾ ਪਸੰਤੀ ਮਧਮ ਬੈਖਰੀ ਵਿਚ ਦਿਤਾ ਫਸਾਈਆ । ਨਾਮ ਧਾਰ ਦੇ ਕੇ ਟਾਂਕ ਜਿਸਤ, ਜਿਸਮ ਇਸਮ ਕ਼ਿਸਮ ਵਿਚ ਜਣਾਈਆ । ਕ਼ੁਤਬੀ ਕਹੇ ਮੈਨੂੰ ਆਦਿ ਤੋਂ ਅੰਤ ਤਕ ਇਕੋ ਇਸ਼ਕ, ਆਸ਼ਕ ਮਾਸ਼ੂਕ ਦਾ ਰੂਪ ਨਾ ਕੋਇ ਵਟਾਈਆ । ਜੋ ਲੋਕਮਾਤ ਆਇਆ ਗੁਰ ਅਵਤਾਰ ਪੈਗ਼ੰਬਰ ਸੋ ਗਿਆ ਖ਼ਿਸਕ,

ਥਿਰ ਰਹਿਣ ਕੋਇ ਨਾ ਪਾਈਆ । ਕਿਸੇ ਇਸ਼ਾਰਾ ਕੀਤਾ ਸਵਰਗ ਕਿਸੇ ਦੱਸਿਆ ਬਹਿਸ਼ਤ, ਦੋਜ਼ਖ਼ ਵਿਚ ਦਰੋਹੀ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਵਖਾਈਆ । ਕੁਤਬੀ ਕਹੇ ਜਿਸ ਵੇਲੇ ਮੇਰਾ ਲੇਖ ਲਿਖਦਾ, ਦੇਵੇ ਮਾਣ ਵਡਿਆਈਆ । ਮੇਰਾ ਰੂਪ ਹੋਵੇ ਸਾਚੇ ਸਿੱਖ ਦਾ, ਸਿਖਿਆ ਸਾਹਿਬ ਸਤਿਗੁਰ ਦੇਵੇ ਸੁਣਾਈਆ । ਨਾਤਾ ਮੁਕ ਜਾਏ ਕੂੜੇ ਹਿਤ ਦਾ, ਹਿਤਕਾਰੀ ਇਕੋ ਨਜ਼ਰੀ ਆਈਆ । ਪੁਰਖ ਅਕਾਲ ਦੀਨ ਦੁਨੀ ਓਸ ਵੇਲੇ ਜਿੱਤਦਾ, ਸਿਰ ਸਕੇ ਨਾ ਕੋਇ ਉਠਾਈਆ । ਕੁਤਬ ਕਿਹਾ ਮੈਂ ਸੰਦੇਸ਼ਾ ਦੇਵਾਂ ਅੱਗੇ ਇਸ਼ਟ ਹੋਣਾ ਇਕ ਦਾ, ਏਕੰਕਾਰ ਇਕੋ ਨਜ਼ਰੀ ਆਈਆ । ਜੋ ਰੂਪ ਧਾਰ ਪੁਰਖ ਅਕਾਲ ਪਿਤ ਦਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਨੇ ਝਗੜਾ ਮੁਕੌਣਾ ਪੱਥਰ ਇੱਟ ਦਾ, ਸਿਲ ਪਾਹਨ ਪੂਜਣ ਕੋਇ ਨਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੋ ਜਹਾਨਾਂ ਕਾਰਜ ਨਜਿੱਠਦਾ, ਨਿਰਵੈਰ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਕੁਤਬੀ ਕਹੇ ਮੈਂ ਦੇਵਾਂ ਇਕ ਸੰਦੇਸ਼ਾ, ਸਚ ਦਿਆਂ ਜਣਾਈਆ । ਜੁਗ ਬਦਲਣਾ ਜਿਸ ਦਾ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਜਿਸ ਵੇਲੇ ਗੋਬਿੰਦ ਪੰਥ ਬਣਾਇਆ ਧਾਰੀ ਕੇਸਾ, ਕੇਸਗੜ੍ਹ ਧਿਆਨ ਲਗਾਈਆ । ਮੰਗ ਮੰਗੀ ਇਕ ਹਮੇਸ਼ਾ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਤੇਰਾ ਦਵਾਰਾ ਸਚਖੰਡ ਦੇਸਾ, ਦਿਸ਼ਾ ਦੇਸ਼ੰਤਰ ਵੇਖ ਵਖਾਈਆ । ਮੈਂ ਇਕ ਬਚਨ ਕਰਾਵਾਂ ਚੇਤਾ, ਚੇਤਨ ਹੋ ਕੇ ਸੀਸ ਨਿਵਾਈਆ । ਜਿਸ ਵੇਲੇ ਲੋਕਮਾਤ ਆਵੇਂ ਭਗਤਨ ਬਣ ਕੇ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਦੋ ਜਹਾਨਾਂ ਬਣੀ ਨੇਤਾ, ਨਿਰੰਕਾਰ ਬੇਪ੍ਰਵਾਹੀਆ । ਤੇਰੀ ਅਗੰਮੀ ਹੋਵੇ ਖੇਡਾ, ਜਗਤ ਬੁੱਧੀ ਨਾ ਕੋਇ ਸਮਝਾਈਆ । ਗੋਬਿੰਦ ਪਹਿਲੋਂ ਹੋਵੇ ਭੇਜਾ, ਭਜਨ ਬੰਦਗੀ ਤੋਂ ਰਹਿਤ ਆਪ ਕਰਾਈਆ । ਉਸ ਦੇ ਅੰਦਰ ਹੋਵੇ ਤੇਰੀ ਸੇਜਾ, ਸਚ ਸਿੰਘਾਸਣ ਡੇਰਾ ਲਾਈਆ । ਹੱਥ ਫੜਨਾ ਨਾ ਪਏ ਕੋਈ ਕਟਾਰ ਨੇਜਾ, ਨਿਗਾਹ ਤੇਰੀ ਦੋ ਜਹਾਨ ਨਜ਼ਰੀ ਆਈਆ । ਜਲਵਾ ਨੂਰ ਹੋਵੇ ਤੇਜਾ, ਜੋਤੀ ਜੋਤ ਡਗਮਗਾਈਆ । ਪੜ੍ਹਨਾ ਪਏ ਕੋਈ ਨਾ ਵੇਦਾ, ਵਿਦਿਆ ਤੋਂ ਬਾਹਰ ਆਪਣਾ ਹੁਕਮ ਦੇਣਾ ਸੁਣਾਈਆ । ਜਨ ਭਗਤਾਂ ਵੱਲ ਸਿੱਧਾ ਰਖਣਾ ਦੀਦਾ, ਨਿਗਾਹ ਨਿਗਾਹ ਨਾਲ ਰਖਾਈਆ । ਨਿਆਜ਼ ਦੇਣੀ ਨਾ ਪਏ ਕਿਸੇ ਈਦਾ, ਸੱਯਦਾ ਸੀਸ ਨਾ ਕਿਸੇ ਝੁਕਾਈਆ । ਸਭ ਦੀ ਆਸਾ ਮਨਸਾ ਪੂਰੀ ਕਰਨੀ ਉਮੀਦਾ, ਆਮਦ ਆਪਣੀ ਵਿਚ ਵਡਿਆਈਆ । ਕੁਤਬੀ ਕਹੇ ਪੁਰਖ ਅਕਾਲ ਤੇਰਾ ਰਾਜ਼ ਰਹੇ ਪੋਸ਼ੀਦਾ, ਸਮਝ ਕਿਸੇ ਨਾ ਆਈਆ । ਸਿਫ਼ਤਾਂ ਵਿਚ ਜਗਤ ਅੱਖਰ ਅਲਫ਼ਾਜ਼ ਕਰਨ ਤਮਹੀਦਾ, ਗਾ ਗਾ ਢੋਲੇ ਗੀਤ ਸੁਣਾਈਆ । ਮੈਂ ਤੇਰਾ ਇਕ ਅਜ਼ੀਜ਼ਾ, ਪੂਤ ਸਪੂਤਾ ਧੁਰ ਦਾ ਨਜ਼ਰੀ ਆਈਆ । ਜੁਗ ਚੌਕੜੀ ਤੇਰੇ ਪ੍ਰੇਮ ਵਿਚ ਆਈ ਤਮੀਜ਼ਾ, ਤਮਅ ਕੂੜ ਨਾ ਕੋਇ ਮਨਾਈਆ । ਜੁਗ ਚੌਕੜੀ ਤੇਰਾ ਵਸਦਾ ਉਜੜਦਾ ਵੇਖਦਾ ਰਿਹਾ ਬਗ਼ੀਚਾ, ਲੱਖ ਚੁਰਾਸੀ ਖੋਜ ਖੁਜਾਈਆ । ਤੂੰ ਮਾਲਕ ਖ਼ਾਲਕ ਊਚਾਂ ਨੀਚਾਂ, ਆਤਮ ਬ੍ਰਹਮ ਤੇਰਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਰਾਜ਼ ਖੋਲ੍ਹਣਾ ਆਪਣਾ ਭੇਵ ਪੇਚੀਦਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕੁਤਬੀ ਕਹੇ ਮੈਂ ਸ੍ਰਿਸ਼ਟੀ ਦਾ ਮੇਟਣਾ ਭਰਮ, ਭਰਮ ਦਿਆਂ ਗਵਾਈਆ । ਮੇਰਾ ਤੇਰੇ ਨੂਰ ਵਿਚੋਂ ਜਰਮ, ਜਨਮ ਦੇਣ ਵਾਲੀ ਅਵਰ ਨਾ ਕੋਇ ਮਾਈਆ । ਇਕੋ ਓਟ ਸਾਚੀ ਸਰਨ, ਸਰਨਗਤ ਸਮਝਾਈਆ । ਕਿਸੇ ਦਵਾਰੇ ਗਿਆ ਨਹੀਂ

ਪੜ੍ਹਨ, ਤੇਰੀ ਵਿਦਿਆ ਬੇਪ੍ਰਵਾਹੀਆ । ਜੁਗ ਚੌਕੜੀ ਮੇਰਾ ਹੋਇਆ ਨਾ ਮਰਨ, ਮਰ ਜੀਵਤ ਤੇਰੇ ਵਿਚ ਸਮਾਈਆ । ਮੇਰਾ ਸਚ ਪਿਆਰ ਦਾ ਪ੍ਰਨ, ਪ੍ਰਨਾਮ ਕਰ ਕੇ ਸੀਸ ਨਿਵਾਈਆ । ਸਦਾ ਰੱਖੀਂ ਆਪਣੀ ਸਰਨ, ਸਰਨਗਤ ਇਕ ਦ੍ਰਿੜਾਈਆ । ਜਿਸ ਵੇਲੇ ਭਗਤਾਂ ਆਵੇਂ ਖੜਨ, ਲੋਕਮਾਤ ਵੇਸ ਵਟਾਈਆ । ਭਾਗ ਲਗਾਵੇਂ ਉਪਰ ਧਰਨ, ਧਵਲ ਧੌਲ ਖ਼ੁਸ਼ੀ ਬਣਾਈਆ । ਮੈਂ ਵੀ ਪਰਸਾਂ ਤੇਰੇ ਚਰਨ, ਚਰਨੋਦਕ ਮੁਖ ਦੇਣਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਕ਼ੁਤਬ ਕਹੇ ਮੈਨੂੰ ਵੇਖਦੇ ਵਿਚ ਸ਼ਮਾਲ, ਸ਼ਰਕਣ ਗ਼ਰਬਣ ਵੰਡ ਨਾ ਕੋਇ ਵੰਡਾਈਆ । ਮੇਰਾ ਤੇਰੇ ਨਾਲ ਜਮਾਲ, ਜਲਵਾ ਨੂਰ ਤੇਰਾ ਰੁਸ਼ਨਾਈਆ । ਜੁਗ ਚੌਕੜੀ ਬੇਨੰਤੀ ਕਰਦਾ ਰਿਹਾ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਪੁਰਖ ਅਕਾਲ ਕਲਜੁਗ ਅੰਤਮ ਦੱਸ ਹਾਲ, ਹਾਲਤ ਦੀਨ ਦੁਨੀ ਦੇਣੀ ਦ੍ਰਿੜਾਈਆ । ਤੂੰ ਹੁਕਮ ਸੰਦੇਸ਼ੇ ਅੰਦਰ ਸਦਾ ਦਿਤਾ ਟਾਲ, ਭੇਵ ਆਤਮ ਨਾ ਕੋਇ ਜਣਾਈਆ । ਗੋਬਿੰਦ ਸੰਦੇਸ਼ਾ ਦਿਤਾ ਇਕ ਕਮਾਲ, ਅਲਫ਼ੀ ਕਾਇਆ ਤਨ ਛੁਹਾਈਆ । ਸਦੀ ਚੌਧਵੀਂ ਜਿਸ ਵੇਲੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਦੀਪਕ ਜਗੇ ਨਾ ਕਿਸੇ ਬੇਮਿਸਾਲ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਸਤਿ ਸਚ ਨਾ ਰਹੇ ਮਾਲ, ਲੁੱਟੀ ਜਾਏ ਜਗਤ ਲੋਕਾਈਆ । ਇਕੋ ਖੇਲ ਖੇਲੇ ਸ਼ਬਦ ਗੁਰੂ ਧੁਰ ਦਾ ਬਾਲ, ਬਾਲੀ ਬਾਲਾ ਨਾਉਂ ਧਰਾਈਆ । ਕਲਜੁਗ ਅੰਦਰ ਸਤਿਜੁਗ ਬਦਲ ਕੇ ਚਾਲ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਮੁਰੀਦਾਂ ਵੇਖੇ ਮੁਰਸ਼ਦ ਹਾਲ, ਬੇਹਾਲ ਹੋਏ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਲੇਖੇ ਲਾਏ ਘਾਲ, ਘਾਲਣ ਵਿਚ ਲਾਲਣ ਲਾਲ ਆਪਣੇ ਲਏ ਉਪਜਾਈਆ ।



੩੭੩
੨੧

### ✻ ੧ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਅੱਸੂ ਕਹੇ ਮੈਂ ਆਸਾਵੰਦ, ਪੁਰਖ ਅਕਾਲ ਦੀਨ ਦਿਆਲ ਤੇਰੀ ਇਕ ਸਰਨਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦੇ ਖ਼ਾਵੰਦ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਨਿਰਗੁਣ ਧਾਰ ਅਗੰਮੀ ਨੂਰ ਇਲਾਹੀ ਚੰਦ, ਨਿਰਵੈਰ ਪੁਰਖ ਤੇਰੀ ਸਿਫ਼ਤ ਸਾਲਾਹੀਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਦੇ ਅਨੰਦ, ਪਰਮਾਨੰਦ ਵਿਚ ਸਮਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਨਿਰਗੁਣ ਧਾਰ ਨਿਰਗੁਣ ਨਾਲ ਗੰਢ, ਸਰਗੁਣ ਝਗੜਾ ਦੇ ਮੁਕਾਈਆ । ਅੰਮ੍ਰਿਤ ਰਸ ਨਿਝਰ ਧਾਰ ਸਤਿ ਸਤਿਵਾਦੀ ਪਾ ਠੰਡ, ਅਗਨੀ ਤਤ ਨਾ ਕੋਇ ਤਪਾਈਆ । ਮਨ ਵਿਕਾਰ ਕੂੜ ਹੰਕਾਰ ਕੱਢ ਗੰਦ, ਸਚ ਸੁਚ ਇਕ ਉਪਜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਗਾਵੇ ਛੰਦ, ਸੋਹਲਾ ਢੋਲਾ ਇਕੋ ਰਾਗ ਅਲਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਹੁਕਮ ਹੋਵਣ ਪਾਬੰਦ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਅੱਸੂ ਕਹੇ ਮੈਂ ਆਇਆ ਮਾਤ, ਮਾਤਰ ਭੂਮੀ ਵੇਖ ਵਖਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਕਾਤਬ ਲੇਖਾ ਲਿਖ ਨਾ ਸਕੇ ਖ਼ਾਸ, ਖ਼ਾਲਸ ਸਕਿਆ ਨਾ ਕੋਇ ਸਮਝਾਈਆ ।

ਗੁਰ ਅਵਤਾਰ ਪੈਗ਼ੰਬਰਾਂ ਧਰਾਇਆ ਇਕ ਵਿਸ਼ਵਾਸ, ਵਿਸ਼ਾ ਤੇਰਾ ਨਾਮ ਧਿਆਈਆ । ਤੂੰ ਸਾਹਿਬ ਸਰਬ ਗੁਣਤਾਸ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਮੰਡਲ ਮੰਡਪ ਪਾ ਅਗੰਮੀ ਰਾਸ, ਤਨ ਵਜੂਦ ਨਾਚ ਨਾ ਕੋਇ ਨਚਾਈਆ । ਆਤਮ ਪਰਮਾਤਮ ਵੇਖ ਆਪਣੀ ਜ਼ਾਤ, ਅਜ਼ਾਤੀ ਝਗੜਾ ਦੇ ਗੁਆਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਰੁਤੜੀ ਆਪਣਾ ਨਾਮ ਮਹਿਕਾਈਆ । ਗੁਰ ਅਵਤਾਰ ਪੈਗ਼ੰਬਰ ਗਏ ਜੋ ਆਖ, ਆਖ਼ਰ ਲੇਖਾ ਪੂਰ ਕਰਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪ੍ਰਗਟ ਹੋ ਸਾਖਿਆਤ, ਸਾਹਿਬ ਸਤਿਗੁਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਵੱਜੇ ਨਾਮ ਵਧਾਈਆ । ਅੱਸੂ ਕਹੇ ਮੈਂ ਮਾਂਗਤ ਹੋ ਕੇ ਮੰਗਾਂ ਮੰਗ, ਮਾਂਗਤ ਹੋ ਕੇ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਮਿਹਰਵਾਨ ਤੇਰੀ ਵਡਿਆਈਆ । ਮੈਂ ਬੋਲਾਂ ਬਿਨਾ ਜ਼ਬਾਨ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਿਸ ਕਾਰਨ ਗੋਬਿੰਦ ਛੱਡਿਆ ਪੁਰੀ ਅਨੰਦ, ਅਨੰਦ ਤੇਰੇ ਵਿਚ ਸਮਾਈਆ । ਸਦੀ ਚੌਧਵੀਂ ਰਹੀ ਹੰਢ, ਮੁਹੰਮਦ ਅਹਿਮਦ ਦਏ ਗਵਾਹੀਆ । ਜਗਤ ਵਿਕਾਰ ਕੂੜ ਹੰਕਾਰ ਢਾਹ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਨ ਵਾਸਨਾ ਪਾਏ ਕੋਈ ਨਾ ਡੰਡ, ਡੰਡਾਵਤ ਇਕੋ ਦੇ ਜਣਾਈਆ । ਚਾਰ ਵਰਨ ਅਠਾਰਾਂ ਬਰਨ ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ਾਂ ਹੋਏ ਸੰਗ, ਸਗਲਾ ਸੰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਅੱਸੂ ਕਹੇ ਮੇਰੇ ਸਵਾਮੀ, ਹਰਿ ਕਰਤੇ ਤੇਰੀ ਬੇਪ੍ਰਵਾਹੀਆ । ਤੂੰ ਆਦਿ ਅਨਾਦੀ ਅੰਤਰਜਾਮੀ, ਘਟ ਨਿਵਾਸੀ ਧੁਰਦਰਗਾਹੀਆ । ਬੋਧ ਅਗਾਧ ਸ਼ਬਦ ਅਗੰਮੀ ੩੭੪

੩੭੪ ੨੧ ਤੇਰੀ ਬਾਣੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਸਿਫ਼ਤ ਸਾਲਾਹੀਆ । ਤੇਰਾ ਖੇਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਜ਼ਰੀ ਆਈਆ । ੨੧

ਆਤਮ ਨੂਰ ਤੇਰਾ ਨੂਰਾਨੀ, ਜਲਵਾਗਰ ਤੇਰੀ ਰੁਸ਼ਨਾਈਆ । ਤੇਰਾ ਲੇਖਾ ਲਹਿਣਾ ਦੇਣਾ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪੜਦਾ ਦੇ ਉਠਾਈਆ । ਜਿਸ ਕਾਰਨ ਤੱਤੀ ਲੋਹ ਉਤੇ ਬੈਠਾ ਸੁਤ ਭਾਨੀ, ਭਾਣਾ ਆਪਣਾ ਦੇ ਵਖਾਈਆ । ਗੋਬਿੰਦ ਕਰ ਕੇ ਬੱਚਿਆਂ ਦੀ ਕ਼ੁਰਬਾਨੀ, ਕਰਬਲਾ ਦਾ ਲੇਖਾ ਗਿਆ ਮੁਕਾਈਆ । ਸਦੀ ਚੌਧਵੀਂ ਮੁਰੀਦਾਂ ਮੁਰਸ਼ਦਾਂ ਅੰਦਰ ਆਵੇ ਬੇਈਮਾਨੀ, ਬੇਵਾ ਹੋਵੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਅੱਸੂ ਕਹੇ ਸਚਖੰਡ ਦਵਾਰੇ ਮੇਰੀ ਪੁਕਾਰ, ਨਿਉਂ ਨਿਉਂ ਸੀਸ ਨਿਵਾਈਆ । ਕੀ ਆਸਾ ਰੱਖਕੇ ਗਏ ਤੇਰੀ ਅਵਤਾਰ, ਤਰਾ ਤਰਾ ਨਾਲ ਜਣਾਈਆ । ਕੀ ਪੈਗ਼ੰਬਰਾਂ ਕੀਤੀ ਗੁਫ਼ਤਾਰ, ਗੁਫ਼ਤ ਸ਼ਨੀਦ ਕੀ ਸਮਝਾਈਆ । ਕੀ ਗੁਰੂਆਂ ਕੀਤਾ ਇਜ਼ਹਾਰ, ਪੜਦਾ ਉਹਲਾ ਦੇ ਉਠਾਈਆ । ਕੀ ਭਗਤਾਂ ਕੀਤਾ ਤਕਰਾਰ, ਤਕਰਾਰਨਾਮਾ ਵੇਖ ਵਖਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ, ਦਏ ਦੁਹਾਈਆ । ਦੇਵਤ ਸੁਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਮਾਇਆ ਮਮਤਾ ਮੋਹ ਹੋਇਆ ਵਿਭਚਾਰ, ਕੁਕਰਮ ਧਰਮ ਕਰੇ ਲੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸ੍ਰਿਸ਼ਟੀ ਪੜ੍ਹ ਪੜ੍ਹ ਗਈ ਹਾਰ, ਇਸ਼ਟੀ ਇਸ਼ਟ ਨਾ ਕੋਇ ਮਨਾਈਆ । ਤੇਰਾ ਲੇਖਾ ਸਭ ਤੋਂ ਬਾਹਰ, ਕ਼ੁਦਰਤ ਦੇ ਮਾਲਕ

ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਬੇਨਜ਼ੀਰ ਹੋ ਉਜਿਆਰ, ਉਜਾਲਾ ਆਪਣਾ ਇਕ ਕਰਾਈਆ । ਨਾਮ ਸੰਦੇਸ਼ਾ ਧੁਰ ਦਾ ਕਲਮਾ ਏਕਾ ਦੇ ਏਕੰਕਾਰ, ਇਕ ਇਕੱਲੇ ਆਪਣੀ ਦਇਆ ਕਮਾਈਆ । ਜਿਸ ਦਾ ਕਾਤਬ ਬਣੇ ਨਾ ਕੋਇ ਲਿਖਾਰ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਅਲਿਫ਼ ਯੇ ਨਾ ਪਾਵੇ ਸਾਰ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਮੇਰੀ ਮੰਗ ਤੇਰੇ ਦਰਬਾਰ, ਸਚਖੰਡ ਸਾਚੇ ਸੀਸ ਨਿਵਾਈਆ । ਤੂੰ ਕ਼ੁਦਰਤ ਦਾ ਕਰਤਾ ਕਰਨੀ ਦਾ ਕਰਤਾਰ, ਮਹਿਬਾਨ ਬੀਦੋ ਬੀਖੈਰ ਯਾ ਅਲਾਹ, ਜਲਵਾਗਰ ਨੂਰ ਇਲਾਹੀਆ । ਵੇਖ ਦੀਨ ਦੁਨੀ ਦਾ ਹਾਲ, ਮਾਜ਼ੀ ਕਰੇ ਨਾ ਕੋਇ ਖ਼ਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਅੱਸੂ ਕਹੇ ਮੇਰੀ ਆਸਾ ਰਹੀ ਲੋੜ, ਲੋੜੀਂਦੇ ਸੱਜਣ ਦਿਆਂ ਦ੍ਰਿੜਾਈਆ । ਸਦੀ ਚੌਧਵੀਂ ਸਭ ਨੂੰ ਤੇਰੀ ਲੋੜ, ਘਟ ਘਟ ਅੰਤਰ ਤੇਰਾ ਨਾਮ ਦੁਹਾਈਆ । ਨਾਮ ਨਿਧਾਨ ਸ੍ਰੀ ਭਗਵਾਨ ਸਾਚਾ ਮੰਤਰ ਫੁਰਨਾ ਦੇ ਫ਼ੋਰ, ਫ਼ੌਰਨ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਉਤੇ ਕਰ ਗ਼ੌਰ, ਗਹਿਰ ਗੰਭੀਰ ਖੋਜ ਖੁਜਾਈਆ । ਕੂੜੀ ਕਿਰਿਆ ਮਨ ਵਾਸਨਾ ਅੰਦਰੋਂ ਕੱਢ ਕੌੜ, ਗ਼ੁਰਬਤ ਅੰਦਰੋਂ ਦੇ ਕਢਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਮਾਤ ਬਹੁੜ, ਮਾਇਆਧਾਰੀ ਮਮਤਾ ਵਿਚ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਿਹਾ ਸੁਣ ਅੱਸੂ ਮੇਰੇ ਪਿਆਰੇ, ਸਚ ਦਿਆਂ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਖੇਲ ਨਿਆਰੇ, ਨਿਰਵੈਰ ਹੋ ਕੇ ਆਪਣੀ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਨਾ ਕੋਈ ਵਿਚਾਰੇ, ਅੱਖਰਾਂ ਤੋਂ ਬਾਹਰ ਤੇਰੀ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸਦਾ ਪਨਿਹਾਰੇ, ਨਿਤ ਨਵਿਤ ਸੇਵ ਕਮਾਈਆ । ਸਦੀ ਚੌਧਵੀਂ ਜੋ ਦੇ ਕੇ ਗਏ ਇਸ਼ਾਰੇ, ਧੁਰ ਦੇ ਕਲਮੇ ਨਾਲ ਸਮਝਾਈਆ । ਪ੍ਰਗਟ ਹੋਵੇ ਕਲ ਕਲਕੀ ਅਵਤਾਰੇ, ਨਿਹਕਲੰਕਾ ਨਿਰਗੁਣ ਨੂਰ ਕਰੇ ਰੁਸ਼ਨਾਈਆ । ਪਾਵੇ ਸਾਰ ਜੰਗਲ ਜੂਹ ਉਜਾੜ ਪਹਾੜੇ, ਟਿੱਲੇ ਪਰਬਤ ਫੇਲ ਫੁਲਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਚਾਰੇ ਬਾਣੀ ਆਪ ਸੰਭਾਲੇ, ਸੰਬਲ ਆਪਣਾ ਡੇਰਾ ਲਾਈਆ । ਗੋਬਿੰਦ ਸ਼ਬਦ ਸਤਿਗੁਰ ਪੂਰਾ ਹੋਵੇ ਨਾਲੇ, ਨਾਲਸ਼ ਮੇਟੇ ਕੂੜ ਲੋਕਾਈਆ । ਸਾਚੀ ਵਿਦਿਆ ਅੰਤਰ ਨਿਰੰਤਰ ਮੰਤਰ ਇਕ ਸਿਖਾਲੇ, ਸੰਦੇਸ਼ਾ ਦੇਵੇ ਧੁਰਦਰਗਾਹੀਆ । ਕੂੜਾ ਤੋੜ ਜਗਤ ਜੰਜਾਲੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਨੂਰ ਅਗੰਮਾ ਦੀਪਕ ਇਕੋ ਬਾਲੇ, ਦੋ ਜਹਾਨਾਂ ਡਗਮਗਾਈਆ । ਭਾਗ ਲਗਾਏ ਸਚਖੰਡ ਸੱਚੀ ਧਰਮਸਾਲੇ, ਧਰਮ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰੇ ਦਏ ਵਡਿਆਈਆ । ਅੱਸੂ ਸੁਣ ਨੰਨ੍ਹੇ ਬੱਚੇ, ਹਰਿ ਕਰਤਾ ਦਏ ਵਡਿਆਈਆ । ਕਲਜੁਗ ਜੀਵ ਭਾਂਡੇ ਕੱਚੇ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਮਾਰਗ ਦੱਸੇ, ਹੁਕਮੇ ਅੰਦਰ ਰਹਿਬਰ ਹੋ ਕੇ ਰਾਹ ਵਖਾਈਆ । ਓਹ ਸਦੀ ਚੌਧਵੀਂ ਚਾਰ ਵਰਨ ਲਗਦੇ ਅੱਛੇ, ਅੱਛੀ ਤਰਾ ਸਮਝ ਕਿਸੇ ਨਾ ਆਈਆ । ਮਨ ਕਲਪਣਾ ਕੂੜੀ ਕਿਰਿਆ ਤਨ ਵਜੂਦ ਮਾਟੀ ਅੰਦਰ ਨੱਚੇ, ਨੌ ਦਵਾਰ ਦਏ ਦੁਹਾਈਆ । ਸਾਰੇ ਸਤਿ ਦਵਾਰੇ ਹੋਵੇ ਇਕੱਠੇ, ਸਚ ਮਹੱਲਾ ਉਚ ਅਟਲਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਰਾਇਣ ਇਕ ਸੁਣਾਈਆ । ਅੱਸੂ ਸੁਣ ਦੇਵਾਂ ਸਚ ਦੁਲਾਰਾ, ਗੋਬਿੰਦ ਤੇਰਾ ਮੇਲ ਮਿਲਾਈਆ ।

ਜਿਸ ਦਾ ਅਜੀਬ ਅਜਬ ਜਗਤ ਤੋਂ ਵਖਰਾ ਨਜ਼ਾਰਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਸਦੀ ਚੌਧਵੀਂ ਜਿਸ ਨੇ ਕਰਨਾ ਪਾਰ ਕਿਨਾਰਾ, ਕਲਜੁਗ ਕੂੜੀ ਕਿਰਿਆ ਨਈਆ ਸ਼ੌਹ ਦਰਿਆ ਰੁੜ੍ਹਾਈਆ । ਸਾਚਾ ਦੱਸ ਕੇ ਇਕ ਦਵਾਰਾ, ਚਾਰ ਵਰਨਾਂ ਲੈਣਾ ਮਿਲਾਈਆ । ਦੀਨ ਮਜ਼੍ਹਬ ਦਾ ਝਗੜਾ ਮੇਟੇ ਵਿਚ ਸੰਸਾਰਾ, ਹਿੰਦੂ ਮੁਸਲਿਮ ਸਿੱਖ ਈਸਾਈ ਨਾਤਾ ਜੋੜੇ ਥਾਉਂ ਥਾਈਂਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰਹੇ ਨਾ ਕੋਇ ਗ਼ਦਾਰਾ, ਗ਼ਦਰ ਮਨ ਦਾ ਅੰਦਰੋਂ ਦੇਣਾ ਕਢਾਈਆ । ਜਿਸਦਾ ਲੇਖਾ ਲਿਖੇ ਰਵਿਦਾਸ ਚਮਾਰਾ, ਗੁਰਦਾਸ ਹਾਜ਼ਰ ਹੋ ਕੇ ਦਏ ਗਵਾਹੀਆ । ਨਾਨਕ ਨਿਰਗੁਣ ਸਰਗੁਣ ਖੇਲ ਕਰੇ ਅਪਰ ਅਪਾਰਾ, ਅਪਰੰਪਰ ਸਵਾਮੀ ਵੇਖ ਵਖਾਈਆ । ਸਾਧ ਸੰਤ ਜੀਵ ਜੰਤ ਜਗਤ ਵਿਦਿਆ ਚਲੇ ਕੋਇ ਨਾ ਚਾਰਾ, ਚਾਰੋਂ ਕੁੰਟ ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਇਕ ਅਖਵਾਈਆ । ਅੱਸੂ ਕਹੇ ਪ੍ਰਭ ਗੋਬਿੰਦ ਦੇਵੇ ਕਿਹੜੀ ਤਅਲੀਮ, ਤੁਲਬੇ ਕਵਣ ਪੜ੍ਹਾਈਆ । ਕਵਣ ਵਸੇ ਧਾਮ ਅਜ਼ੀਮ, ਅਰਸ਼ ਫ਼ਰਸ਼ ਤੋਂ ਪਰੇ ਦਏ ਸਮਝਾਈਆ । ਕਿਸ ਬਿਧ ਮੇਟੇ ਜਗਤ ਮਜ਼੍ਹਬ ਤਕ਼ਸੀਮ, ਦਵੈਤੀ ਦਏ ਗਵਾਈਆ । ਸਚ ਧਰਮ ਦਾ ਪ੍ਰਚਲਤ ਕਰੇ ਨੇਮ, ਨਰ ਨਿਰੰਕਾਰ ਤੇਰੇ ਨਾਲ ਮਿਲਾਈਆ । ਕੀ ਕਹਿ ਕੇ ਗਿਆ ਨਾਈ ਸੈਣ, ਸੈਨਤ ਨਾਲ ਸਮਝਾਈਆ । ਕੀ ਮੁਹੰਮਦ ਇਸ਼ਾਰਾ ਦਿਤਾ ਜਿਸ ਵੇਲੇ ਹਰਫ਼ ਲਿਖਿਆ ਐਨ, ਆਰਫ਼ ਸਮਝ ਕਿਸੇ ਨਾ ਆਈਆ । ਕੀ ਲੇਖ ਹੋਇਆ ਨਾਲ ਹਸਨ ਹੁਸੈਨ, ਹਸੀਨਾ ਲਾੜੀ ਮੌਤ ਦਏ ਗਵਾਹੀਆ । ਕੀ ਮੂਸਾ ਈਸਾ ਅਗੰਮੀ ਇਸ਼ਾਰੇ ਵਿਚ ਕਹਿਣ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਤੇਰਾ ਖੇਲ ਨਰ ਨਰਾਇਣ, ਨਰ ਨਾਰੀ ਸਮਝ ਕੋਇ ਨਾ ਪਾਈਆ । ਭੇਵ ਖੁਲ੍ਹਿਆ ਨਾ ਬਾਲਮੀਕ ਕੋਲੋਂ ਵਿਚ ਰਮਾਇਣ, ਰਾਮਾ ਦਸਰਥ ਬੇਟਾ ਲੇਖਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਰ ਤੇਰੀ ਵਜਦੀ ਰਹੇ ਵਧਾਈਆ । ਪੁਰਖ ਅਕਾਲ ਕਹੇ ਮੇਰਾ ਗੋਬਿੰਦ ਸੁਤ ਦੁਲਾਰਾ, ਦੂਲ੍ਹਾ ਧੁਰ ਦਾ ਨਜ਼ਰੀ ਆਈਆ । ਜਿਸ ਨੇ ਕਲਜੁਗ ਕਰਨਾ ਅੰਤ ਕਿਨਾਰਾ, ਕਾਇਨਾਤ ਵੇਖ ਵਖਾਈਆ । ਮੇਰੇ ਨਾਮ ਦਾ ਬੋਲ ਇਕ ਜੈਕਾਰਾ, ਜੈ ਜੈ ਕਾਰ ਦੋ ਜਹਾਨ ਸੁਣਾਈਆ । ਸ਼ਬਦੀ ਸ਼ਬਦ ਧਾਰ ਇਸ਼ਾਰਾ, ਐਸ਼ੋ ਇਸ਼ਰਤ ਵਿਚ ਕਦੇ ਨਾ ਆਈਆ । ਜਿਸ ਗੋਬਿੰਦ ਨੇ ਤਤ ਸਰੀਰ ਛੱਡਕੇ ਸ਼ਬਦੀ ਰੂਪ ਧਰਿਆ ਦੁਬਾਰਾ, ਨੂਰ ਨੂਰ ਵਿਚੋਂ ਚਮਕਾਈਆ । ਓਸ ਦਾ ਲੇਖਾ ਔਣਾ ਨਹੀਂ ਵਿਚ ਕਿਸੇ ਅਖ਼ਬਾਰਾ, ਅਡੀਟਰ ਔਡਿਟ ਵਿਚ ਨਾ ਕੋਇ ਲਿਆਈਆ । ਜਿਸ ਨੇ ਦੋ ਜਹਾਨ ਚਾਰੇ ਖਾਣੀ ਲੌਣਾ ਅਖਾੜਾ, ਚਾਰੇ ਬਾਣੀ ਡੰਕ ਵਜਾਈਆ । ਖੇਲ ਕਰਨਾ ਬਹੱਤਰ ਨਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਈਆ । ਉਸ ਦਾ ਹੁਕਮ ਸਭ ਤੋਂ ਨਿਆਰਾ, ਨਿਆਂਕਾਰੀ ਧੁਰਦਰਗਾਹੀਆ । ਸਭ ਦਾ ਮੀਤ ਪਿਆਰਾ, ਮਿਤ੍ਰ ਇਕ ਅਖਵਾਈਆ । ਸੋ ਕਲ ਕਲਕੀ ਲਏ ਅਵਤਾਰਾ, ਅਮਾਮ ਅਮਾਮਾ ਵੇਸ ਵਟਾਈਆ । ਨਿਰਗੁਣ ਨੂਰ ਕਰੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸਭ ਦਾ ਪੀਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਮੈਂ ਪੁਰਖ ਅਕਾਲ ਦਾ ਜੋਧਾ, ਜੁਗ ਜੁਗ ਵੇਸ ਵਟਾਈਆ । ਮੈਂ ਆਦਿ ਜੁਗਾਦੀ ਗਿਆਨ ਬੋਧਾ, ਬੁੱਧੀ ਤੋਂ ਪਰੇ ਕਰਾਂ ਪੜ੍ਹਾਈਆ । ਮਾਇਆ ਮਮਤਾ ਮੇਟਾਂ ਰੋਗਾ, ਹਉਮੇ ਤ੍ਰਿਸ਼ਨਾ ਕੂੜ ਮਿਟਾਈਆ । ਹੁਕਮ

ਸੁਣਾਵਾਂ ਚੌਦਾਂ ਲੋਕਾ, ਚੌਦਾਂ ਤਬਕ ਕਰਾਂ ਸ਼ਨਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਣਾਵਾਂ ਪੋਥਾ, ਅੱਖਰਾਂ ਵੰਡ ਵੰਡਾਈਆ । ਕਰਾਂ ਪ੍ਰਕਾਸ਼ ਸਾਢੇ ਤਿੰਨ ਹੱਥ ਕਾਇਆ ਮਾਟੀ ਕੋਠਾ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਲ ਮਿਲਾਵਾਂ ਨਾਲ ਨਿਰਮਲ ਜੋਤਾ, ਜੋਤੀ ਜੋਤ ਵਿਚ ਸਮਾਈਆ । ਸਾਚੇ ਨਾਮ ਦਾ ਦੇਵਾਂ ਹੋਕਾ, ਹੁਕਮ ਦੱਸਾਂ ਧੁਰਦਰਗਹੀਆ । ਪਹਿਲੀ ਅੱਸੂ ਲੋਕਮਾਤ ਕਿਸੇ ਵਿਰਲੇ ਗੁਰਮੁਖ ਮਿਲੇ ਮੌਕਾ, ਲੱਖ ਚੁਰਾਸੀ ਅੱਖ ਨਾ ਕੋਇ ਖੁਲ੍ਹਾਈਆ । ਗੋਬਿੰਦ ਲਾ ਕੇ ਇਕੋ ਢੌਂਕਾ, ਢਈਏ ਪਿਛੋਂ ਲਏ ਅੰਗੜਾਈਆ । ਜਿਸ ਛੱਡਿਆ ਪਟਨਾ ਪੌਂਟਾ, ਮਾਛੂਵਾੜੇ ਸੇਜ ਸੁਹਾਈਆ । ਨੰਦੇੜ ਦੇ ਕੇ ਸਭ ਨੂੰ ਧੋਖਾ, ਅਗਨੀ ਤਤ ਆਪਣਾ ਆਪ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣ ਅੱਸੂ ਜਗ ਦੇ ਮੀਤ, ਮਿਤ੍ਰ ਪਿਆਰੇ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਬਦਲੇ ਰੀਤ, ਰੀਤੀਵਾਨ ਮਿਹਰਵਾਨ ਇਕ ਅਖਵਾਈਆ । ਸੰਮਤ ਚੌਥਾ ਜਾਣ ਦੇ ਬੀਤ, ਬੀਤੀ ਕਹਾਣੀ ਨਾ ਕੋਇ ਦ੍ਰਿੜਾਈਆ । ਝਗੜਾ ਪੈਣਾ ਹਸਤ ਕੀਟ, ਰੰਕ ਰਾਜਾਨ ਕਰਨ ਲੜਾਈਆ । ਸਭ ਦੀ ਨੰਗੀ ਹੋਣੀ ਪੀਠ, ਓਢਣ ਸੀਸ ਨਾ ਕੋਇ ਟਿਕਾਈਆ । ਸਿਆਸਤ ਵਿਰਾਸਤ ਸਭ ਦੀ ਰਹਿਣੀ ਬੀਚ, ਪਾਰ ਕਿਨਾਰਾ ਨਾ ਕੋਇ ਦ੍ਰਿੜਾਈਆ । ਗੋਬਿੰਦ ਸ਼ਬਦ ਪੁਰਖ ਅਕਾਲ ਨਾਲ ਗੰਢ ਲੈਣੀ ਪੀਚ, ਪੇਚੀਦਾ ਪੇਚਾ ਆਪਣਾ ਲੈਣਾ ਪਾਈਆ । ਜਿਸ ਭਵਿਖਤ ਦੀ ਸਾਰੇ ਕਰਦੇ ਗਏ ਉਡੀਕ, ਓਹ ਵੇਲਾ ਨੇੜੇ ਆਈਆ । ਜਿਸ ਦੀ ਮਹਿੰਮਾ ਗਾ ਸਕੇ ਨਾ ਕੋਈ ਰਸਨਾ ਜੀਭ, ਜਿਹਵਾ ਨਾ ਕੋਇ ਸ਼ਨਵਾਈਆ । ਓਸ ਨੇ ਸਭ ਨੂੰ ਦੇਣੀ ਤਰਤੀਬ, ਹਿੰਦੂ ਮੁਸਲਿਮ ਸਿੱਖ ਈਸਾਈ ਲੈਣੇ ਸਮਝਾਈਆ । ਮਾਨਵ ਹੋ ਜਾਓ ਇਕ ਦੂਜੇ ਦੇ ਕ਼ਰੀਬ, ਕਾਇਆ ਕਾਅਬੇ ਸੋਭਾ ਪਾਈਆ । ਵੇਖੋ ਲੇਖਾ ਲਿਖਿਆ ਸਪਾਰੇ ਸਤਾਰਵੇਂ ਵਿਚ ਕ਼ੁਰਾਨ ਮਜੀਦ, ਮਜਲਸ ਮਹਿਬੂਬ ਨਾਲ ਕਰਾਈਆ । ਜਿਸ ਦੀ ਕਰ ਨਾ ਸਕਿਆ ਕੋਈ ਤਮਹੀਦ, ਤਹਿਰੀਰ ਤਕ਼ਰੀਰ ਵਿਚ ਨਾ ਕੋਇ ਜਣਾਈਆ । ਓਸ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਆਮਦ ਵਿਚ ਵੱਜੇ ਵਧਾਈਆ । ਕਲਜੁਗ ਅੰਤ ਧੁਰ ਦੇ ਸ਼ਬਦ ਮਨੌਣੀ ਇਕੋ ਈਦ, ਆਦਤ ਇਬਾਦਤ ਵਿਚ ਬਦਲਾਈਆ । ਸਾਚੇ ਕਲਮੇ ਦੀ ਕਰ ਤਾਕੀਦ, ਤਰਫ਼ ਯਕਤਰਫ਼ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਅੱਸੂ ਕਹੇ ਮੇਰੇ ਅੰਤਰ ਚਾਓ ਘਨੇਰਾ, ਵੱਜੇ ਨਾਮ ਵਧਾਈਆ । ਸ਼ਬਦ ਗੋਬਿੰਦ ਪਾਵੇ ਫੇਰਾ, ਚਾਰੋਂ ਕੁੰਟ ਵੇਖ ਵਖਾਈਆ । ਪੁਰਖ ਅਕਾਲ ਮੇਟੇ ਝੇੜਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਧਰਨੀ ਧਰਤ ਧਵਲ ਧੌਲ ਵਸੇ ਖੇੜਾ, ਗ੍ਰਿਹ ਮੰਦਰ ਇਕੋ ਸੋਭਾ ਪਾਈਆ । ਇਕੋ ਰੰਗ ਹੋਵੇ ਗੁਰੂ ਚੇਰਾ, ਚੇਲਾ ਗੁਰੂ ਵਿਚ ਸਮਾਈਆ । ਨਾਮ ਢੋਲਾ ਤੂੰ ਮੇਰਾ ਮੈਂ ਤੇਰਾ, ਦੂਜਾ ਰਹਿਣ ਕੋਇ ਨਾ ਪਾਈਆ । ਥੋੜ੍ਹੇ ਦਿਨ ਹੋਰ ਕਰ ਲਓ ਜੇਰਾ, ਜੇਰਜ ਅੰਡਜ ਦਏ ਦੁਹਾਈਆ । ਪੁਰਖ ਅਕਾਲ ਦਾ ਖੇਲ ਜਾਣੇ ਕਿਹੜਾ, ਜਗਤ ਸਿਆਸਤ ਸਮਝ ਕੋਇ ਨਾ ਪਾਈਆ । ਕਿਸ ਬਿਧ ਦੀਨ ਦੁਨੀ ਦਾ ਬੰਨ੍ਹੇ ਬੇੜਾ, ਬੇੜੇ ਆਪਣੇ ਨਾਲ ਚੜ੍ਹਾਈਆ । ਸਤਿ ਧਰਮ ਦਾ ਖੁਲ੍ਹਾ ਕਰੇ ਵਿਹੜਾ, ਵਹਿਮ ਅੰਦਰੋਂ ਦਏ ਕਢਾਈਆ । ਨਜ਼ਰੀ ਆਏ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਅੱਸੂ ਕਹੇ ਮੈਂ ਵੇਖਾਂ ਗੋਬਿੰਦ ਸੂਰਾ, ਸੂਰਬੀਰ ਵਡਿਆਈਆ । ਜਿਸ ਦਾ ਹੋਵੇ ਜੋਤੀ ਨੂਰਾ, ਨੂਰ

੩੧੧
੨੧

ਨੂਰ ਵਿਚੋਂ ਚਮਕਾਈਆ । ਬਚਨ ਦਾ ਹੋਵੇ ਪੂਰਾ, ਪੂਰਨ ਬ੍ਰਹਮ ਦਏ ਦ੍ਰਿੜਾਈਆ । ਸਾਚਾ ਨਾਮ ਕਰੇ ਮਸ਼ਹੂਰਾ, ਮਸ਼ਵਰਾ ਇਕੋ ਨਾਲ ਰਖਾਈਆ । ਜਿਸ ਦਾ ਖੇਲ ਨਾ ਹੋਵੇ ਅਧੂਰਾ, ਕੂੜੀ ਕਿਰਿਆ ਦਏ ਗਵਾਈਆ । ਗੁਰਮੁਖਾਂ ਬਖ਼ਸ਼ ਕੇ ਚਰਨ ਧੂੜਾ, ਦੁਰਮਤ ਮੈਲ ਦਏ ਧੁਆਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਾ, ਸਾਚਾ ਰੰਗ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੱਸੂ ਕਹੇ ਮੈਨੂੰ ਗੋਬਿੰਦ ਚਾੜ੍ਹੇ ਮਸਤੀ, ਮਸਤ ਦੀਵਾਨਾ ਦਏ ਬਣਾਈਆ । ਪੁਰਖ ਅਕਾਲ ਜਿਸ ਦੀ ਵੇਖਾਂ ਹਸਤੀ, ਜੋ ਹਸਤ ਕੀਟ ਵਿਚ ਸਮਾਈਆ । ਜਿਸ ਭਾਗ ਲਗੌਣਾ ਸਾਢੇ ਤਿੰਨ ਹੱਥ ਕਾਇਆ ਬਸਤੀ, ਸੰਬਲ ਸੋਭਾ ਪਾਈਆ । ਕਿਰਪਾ ਕਰਨੀ ਅਗੰਮੇ ਅਰਸ਼ੀ, ਅਰਸ਼ੀ ਪ੍ਰੀਤਮ ਆਪਣੀ ਦਇਆ ਕਮਾਈਆ । ਸਭ ਦਾ ਲਹਿਣਾ ਦੇਣਾ ਬੇਬਾਕ ਕਰਨਾ ਕ਼ਰਜ਼ੀ, ਮਕ਼ਰੂਜ਼ ਝੋਲੀ ਸਰਬ ਭਰਾਈਆ । ਖੇਲ ਦੱਸੇ ਆਪਣੇ ਘਰ ਦੀ, ਜਿਥੇ ਗੁਰੂ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਨਿਵਾਈਆ । ਕੁਛ ਖੇਲ ਹੋਣੀ ਦਿਸ਼ਾ ਚੜ੍ਹਦੀ, ਚੜ੍ਹੇ ਤੂਫ਼ਾਨ ਬੇਪ੍ਰਵਾਹੀਆ । ਲਹਿੰਦੀ ਦਿਸ਼ਾ ਵੇਖੇ ਡਰਦੀ, ਡਰਪੋਕ ਪੋਪ ਰਹੇ ਜਣਾਈਆ । ਦੱਖਣ ਆਸ਼ਾ ਕੀ ਪੜ੍ਹਦੀ, ਪਰਾ ਪਸੰਤੀ ਤੋਂ ਪਰੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਗੰਮਾ ਜਲਦੀ, ਜਲ ਧਾਰਾ ਰਹੀ ਕੁਰਲਾਈਆ । ਅੱਸੂ ਕਹੇ ਮੈਂ ਖ਼ੁਸ਼ੀਆਂ ਵਿਚ ਕਰਦਾ ਹਾਸਾ, ਹੱਸ ਹੱਸ ਰਿਹਾ ਜਣਾਈਆ । ਪੁਰਖ ਅਕਾਲ ਦਾ ਵੇਖਾਂ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਖੋਜ ਖੁਜਾਈਆ । ਜਿਸ ਨੇ ਦੀਨ ਦੁਨੀ ਦਾ ਬਦਲਣਾ ਪਾਸਾ, ਕਰਵਟ ਆਪਣੀ ਨਾਲ ਬਦਲਾਈਆ । ਕੂੜੀ ਕਿਰਿਆ ਮੇਟਣੀ ਸ਼ਾਖ਼ਾ, ਸ਼ਨਾਖ਼ਤ ਆਪਣੀ ਦੇਣੀ ਸਮਝਾਈਆ । ਸਭ ਦਾ ਮਾਲਕ ਇਕੋ ਨਜ਼ਰੀ ਆਵੇ ਆਕਾ, ਅਕਲ ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜੋ ਸਭ ਦੀ ਜੋਤ ਸਰਬ ਦਾ ਜਾਤਾ, ਜਾਗਰਤ ਜੋਤ ਡਗਮਗਾਈਆ । ਗੋਬਿੰਦ ਓਸੇ ਦਾ ਦੇ ਕੇ ਗਿਆ ਭਰਵਾਸਾ, ਜਿਸ ਨੇ ਵੇਸ ਵਟਾਇਆ ਗੁਰੂ ਦਸ ਜਗਤ ਦਹਾਕਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਬਣ ਕੇ ਪਿਤਾ ਮਾਤਾ, ਪਤਿਪਰਮੇਸ਼ਵਰ ਆਪੇ ਵੇਖ ਵਖਾਈਆ । ਅੱਸੂ ਕਹੇ ਮੈਨੂੰ ਗੋਬਿੰਦ ਦਿਸੇ ਚੰਗਾ, ਚਾਰ ਕੁੰਟ ਰੁਸ਼ਨਾਈਆ । ਜਿਸ ਦੇ ਚਰਨ ਚੁੰਮੇ ਸੁਰਸਤੀ ਗੰਗਾ, ਗੋਦਾਵਰੀ ਸੀਸ ਨਿਵਾਈਆ । ਜਿਸ ਦਾ ਲੇਖਾ ਸੂਰਾ ਸਰਬੰਗਾ, ਸੂਰੀਆ ਚੰਨ ਸਿਰ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਜਿਸ ਮੇਟਣਾ ਦੰਗਾ, ਦਗ਼ੇ ਤੋਂ ਲਏ ਬਚਾਈਆ । ਜਗਤ ਸਿਆਸਤ ਨਾਚ ਕਰੌਣਾ ਨੰਗਾ, ਚਾਰ ਕੁੰਟ ਵਖਾਈਆ । ਜਿਹੜੇ ਗੁਰਮੁਖ ਗੋਬਿੰਦ ਨਾਲ ਲੌਣਗੇ ਕੰਧਾ, ਫੜ ਬਾਹੋਂ ਲਏ ਉਠਾਈਆ । ਜੋ ਭੁੱਲ ਗਿਆ ਵਾਂਗ ਬੈਰਾਗੀ ਬੰਦਾ, ਬੰਦਗੀ ਵਿਚ ਦੁਹਾਈਆ । ਜਿਸ ਨਿਸ਼ਾਨ ਮਿਟੌਣਾ ਤਾਰਾ ਚੰਦਾ, ਇਕੋ ਜੋਤ ਕਰੇ ਰੁਸ਼ਨਾਈਆ । ਓਸ ਫੜ ਅਗੰਮੀ ਖੰਡਾ, ਖੰਡਾਂ ਬ੍ਰਹਿਮੰਡਾਂ ਦੇਣਾ ਹਿਲਾਈਆ । ਸਾਚੇ ਪ੍ਰੇਮ ਦਾ ਗੁਰਮੁਖਾਂ ਦੇ ਕੇ ਅਗੰਮ ਅਨੰਦਾ, ਅਨੰਦਪੁਰੀ ਦਾ ਲਹਿਣਾ ਦੇਣਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗੌਣਾ ਛੰਦਾ, ਨਾਤਾ ਜਗਤ ਨਾਲੋਂ ਤੁੜਾਈਆ । ਝਗੜਾ ਮੁਕਾ ਕੇ ਜੇਰਜ ਅੰਡਾ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਧੁਰ ਦੇ ਨਾਮ ਦਾ ਫੇਰ ਕੇ ਰੰਦਾ, ਕੂੜੀ ਕਿਰਿਆ ਸਾਫ਼ ਕਰਾਈਆ । ਸਤਿ ਧਰਮ ਚੜ੍ਹਾ ਕੇ ਡੰਡਾ, ਪੌੜਾ ਇਕੋ ਦੇਣਾ ਪ੍ਰਗਟਾਈਆ । ਜਿਥੇ ਵਸੇ ਸਾਹਿਬ ਬਖ਼ਸ਼ੰਦਾ, ਪੁਰਖ ਅਕਾਲ ਧੁਰ ਦਾ ਰਾਮ ਹੱਕ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ

ਰਿਹਾ ਵਖਾਈਆ । ਗੋਬਿੰਦ ਕਹੇ ਮੇਰੀ ਧਰਮ ਧਾਰ ਸਿਆਸਤ, ਸਿਆਹ ਨਜ਼ਰ ਕੋਇ ਨਾ ਆਈਆ । ਜਗਤ ਮਾਇਆ ਨਾ ਕੋਇ ਵਿਰਾਸਤ, ਮੋਹ ਵਿਚ ਨਾ ਕੋਇ ਵਡਿਆਈਆ । ਜਿਹੜਾ ਮੈਨੂੰ ਭੁੱਲਿਆ ਮੈਂ ਸਭ ਨੂੰ ਲੈਣਾ ਵਿਚ ਹਿਰਾਸਤ, ਬਚਿਆ ਰਹਿਣ ਕੋਇ ਨਾ ਪਾਈਆ । ਜੇ ਕੋਈ ਸਾਧ ਸੰਤ ਕਰੇ ਸ਼ਰਾਰਤ, ਸ਼ਰਅ ਵਿਚੋਂ ਦੇਣਾ ਕਢਾਈਆ । ਗੋਬਿੰਦ ਬਿਨ ਅੱਖਰਾਂ ਤੋਂ ਲਿਖ ਕੇ ਗਿਆ ਇਬਾਰਤ, ਬਿਨ ਹਰਫ਼ਾਂ ਹਰਫ਼ ਪ੍ਰਗਟਾਈਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਆਦਤ, ਅਦਲ ਇਨਸਾਫ਼ ਇਕ ਕਮਾਈਆ । ਪੁਰਖ ਅਕਾਲ ਦੀ ਦੱਸ ਇਕ ਇਬਾਦਤ, ਝਗੜਾ ਦੁਨੀ ਦੇਣਾ ਮਿਟਾਈਆ । ਸਚ ਮੁਹੱਬਤ ਕਰ ਸਖ਼ਾਵਤ, ਸੁਖ਼ਨ ਪਿਛਲਾ ਪੂਰ ਕਰਾਈਆ । ਨਾਮ ਨਿਧਾਨ ਦੇ ਕੇ ਨਿਆਮਤ, ਨਾਉਂ ਨਿਰੰਕਾਰਾ ਦੇਣਾ ਜਣਾਈਆ । ਮਮਤਾ ਮੋਹ ਮੇਟ ਅਲਾਮਤ, ਆਲਮਾਂ ਇਲਮ ਦੇਣਾ ਸਮਝਾਈਆ । ਜਗਤ ਸਿਆਸਤ ਵੇਖੇ ਅਗਲੇ ਸਾਲ ਹੋਣੀ ਸ਼ਾਮਤ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਜਿਨ੍ਹਾਂ ਦੇ ਕੋਲ ਪ੍ਰਭ ਦੇ ਨਾਮ ਦੀ ਸਚੀ ਨਿਆਮਤ, ਅਮਲਾਂ ਵਿਚ ਵਡਿਆਈਆ । ਕੂੜੀ ਕਿਰਿਆ ਕਰੇ ਨਾ ਕੋਇ ਬਗ਼ਾਵਤ, ਬਗ਼ਲਗੀਰ ਕਰੇ ਖ਼ਲਕ ਖ਼ੁਦਾਈਆ । ਜਿਸ ਦਾ ਮਾਲਕ ਸਹੀ ਸਲਾਮਤ, ਸਾਹਿਬ ਸਵਾਮੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅੱਸੂ ਕਹੇ ਜੇ ਮੇਰੇ ਵਿਚ ਪੰਥ ਖ਼ਾਲਸੇ ਕਰਨੀ ਕਾਨਫ਼ਰੰਸ, ਮਤਾ ਆਤਮ ਬ੍ਰਹਮ ਪਕਾਈਆ । ਸਾਰੇ ਗੁਰਮੁਖ ਰੂਪ ਬਣ ਜਾਓ ਹੰਸ, ਮਮਤਾ ਮੋਹ ਵਿਕਾਰ ਗੁਆਈਆ । ਸਚ ਧਰਮ ਦਾ ਨਜ਼ਰੀ ਆਓ ਬੰਸ, ਵੱਡਾ ਰੂਪ ਨਾ ਕੋਇ ਵਟਾਈਆ । ਮਨ ਹੰਕਾਰੀ ਮਾਰੋ ਕੰਸ, ਕਾਇਆ ਕਾਅਬੇ ਹੋਏ ਰੁਸ਼ਨਾਈਆ । ਜਿਸ ਨੇ ਤੁਹਾਡੀ ਬਣਾਈ ਬਣਤ, ਸੋ ਸਤਿਗੁਰ ਹੋਏ ਸਹਾਈਆ । ਪੁਰਖ ਅਕਾਲ ਮਿਲ ਕੇ ਬਣੋ ਸੰਤ, ਜਗਤ ਵਡਿਆਈ ਦੀ ਲੋੜ ਰਹੇ ਨਾ ਰਾਈਆ । ਨਰ ਨਿਰੰਕਾਰ ਮਿਲੇ ਕੰਤ, ਕੰਤੂਹਲ ਇਕੋ ਸੋਭਾ ਪਾਈਆ । ਜੋ ਚਾੜ੍ਹੇ ਸਭ ਨੂੰ ਰੰਗ ਬਸੰਤ, ਚੋਲੀ ਆਪਣੇ ਪ੍ਰੇਮ ਰੰਗਾਈਆ । ਭੇਵ ਖੁਲ੍ਹਾਵੇ ਜੀਵ ਜੰਤ, ਜਾਗਰਤ ਜੋਤ ਡਗਮਗਾਈਆ । ਫਿਰ ਸਾਂਝਾ ਹੋਵੇ ਫ਼ਰੰਟ, ਫ਼ੈਸਲਾ ਇਕੋ ਇਕ ਵਖਾਈਆ । ਪ੍ਰਭ ਦੇ ਨਾਮ ਦਾ ਝੂਠਾ ਰਹੇ ਨਾ ਕੋਇ ਏਜੰਟ, ਏਜੰਸੀ ਜਗਤ ਵਾਲੀ ਨਾ ਕੋਇ ਖੁਲ੍ਹਾਈਆ । ਜੇ ਤੁਸਾਂ ਧਰਮ ਦੇ ਲੌਣੇ ਟੈਂਟ, ਤੰਬੂ ਕਨਾਤਾਂ ਵਿਚ ਵਡਿਆਈਆ । ਜੇ ਇਕੱਠੇ ਕਰਨੇ ਧੋਤੀ ਬੋਦੀ ਕੇਸ ਮੁੱਛ ਦਾੜ੍ਹੀ ਵਾਲੇ ਜਿਨ੍ਹਾਂ ਹੈਟ ਟੋਪੀ ਪਹਿਨੀ ਪੈਂਟ, ਪ੍ਰੇਮ ਪ੍ਰੀਤੀ ਵਿਚ ਬੰਧਾਈਆ । ਫਿਰ ਸਤਿ ਦੀ ਸੁਹੌਣੀ ਓਹ ਕੈਂਟ, ਜਿਥੇ ਟ੍ਰੇਨਿੰਗ ਦੇਵੇ ਧੁਰਦਰਗਾਹੀਆ । ਬਿਨਾ ਪ੍ਰੇਮ ਤੋਂ ਸਾਚਾ ਦਿਸੇ ਕੋਈ ਨਾ ਏਜੰਟ, ਜਾਂਇੰਟ ਕਰੇ ਨਾ ਕੋਇ ਲੋਕਾਈਆ । ਬਾਹਰੋਂ ਭਾਵੇਂ ਕਿੰਨੇ ਲਾਓ ਸੈਂਟ, ਅੰਦਰੋਂ ਦੁਰਮਤ ਮੈਲ ਨਾ ਕੋਇ ਧੁਆਈਆ । ਗੋਬਿੰਦ ਧਾਰ ਬਣੋ ਮਹੰਤ, ਮਹਿੰਮਾ ਇਕੋ ਦੇਣੀ ਸੁਣਾਈਆ । ਲੀਡਰ ਜਗਤ ਦਿਸਣ ਸੰਤ, ਗੁਰਮੁਖ ਵਿਰਲੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਜੋ ਕਾਨਫ਼ਰੰਸ ਦਾ ਬਣੇ ਪ੍ਰਧਾਨ, ਪ੍ਰਧਾਨਗੀ ਹਰਿ ਕਮਾਈਆ । ਓਸੇ ਦੇ ਅੰਦਰ ਵਸਿਆ ਹੋਵੇ ਭਗਵਾਨ, ਸ਼ਬਦੀ ਸ਼ਬਦ ਕਰੇ ਪੜ੍ਹਾਈਆ । ਸਚ ਸੰਦੇਸ਼ਾ ਦੇਵੇ ਆਣ, ਜੋ ਗੋਬਿੰਦ ਗੁਰ ਜਣਾਈਆ । ਜੋ ਰਾਮ ਕ੍ਰਿਸ਼ਨ ਦੀ ਕਰੇ ਪਹਿਚਾਣ, ਬਿਨ ਅੱਖਾਂ ਅੱਖ ਮਿਲਾਈਆ । ਜੋ ਮੂਸਾ ਈਸਾ ਮੁਹੰਮਦ ਦਾ ਦੇਵੇ ਫ਼ਰਮਾਨ, ਫ਼ਰਮਾਂਦਾਰ ਦਏ ਦ੍ਰਿੜਾਈਆ । ਸਤਿ ਧਰਮ ਦੀ ਦੱਸ ਪਹਿਚਾਨ, ਬੇਪਹਿਚਾਨ ਦਏ ਮਿਲਾਈਆ । ਜੇ ਕੋਈ ਅੱਖਰ ਬੋਲੇ ਨਾਲ ਜ਼ਬਾਨ, ਓਹ ਵੀ ਧੁਰ ਦਾ

ਹੁਕਮ ਸੁਣਾਈਆ । ਜਗਤ ਵਿਦਿਆ ਦੀ ਕਲਿਆਣ, ਗੋਬਿੰਦ ਵੰਡ ਨਾ ਕੋਇ ਵੰਡਾਈਆ । ਜਿਸ ਪੰਥ ਦੀ ਪੁਰਖ ਅਕਾਲ ਨਾਲ ਮਿਲ ਕੇ ਸ਼ਾਨ, ਸ਼ਹਿਨਸ਼ਾਹ ਗੋਬਿੰਦ ਗਿਆ ਸਮਝਾਈਆ । ਓਸ ਦਾ ਹੁਕਮ ਹੋਵੇ ਪਰਵਾਨ, ਪਰਵਾਨੇ ਵੇਖਣੇ ਥਾਉਂ ਥਾਈਂਆ । ਸਰਬ ਸੰਮਤੀਆਂ ਵਾਲੇ ਇਕੱਠੇ ਹੋਵੇ ਆਣ, ਆਪਣਾ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਅੱਸੂ ਕਹੇ ਜਿਨ੍ਹਾਂ ਸਭ ਨੇ ਹੋਣਾ ਇਕੱਠਾ, ਮਤਾ ਇਕ ਪਕਾਈਆ । ਅੱਗੇ ਨੂੰ ਦੀਨ ਮਜ਼੍ਹਬ ਦਾ ਰਹੇ ਕੋਈ ਨਾ ਰੱਟਾ, ਝਗੜੇ ਵਿਚ ਨਾ ਕੋਇ ਦੁਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਵੇਖੋ ਗੁਰ ਅਵਤਾਰ ਪੈਗ਼ੰਬਰਾਂ ਜਿਹੜਾ ਪ੍ਰਭ ਦੇ ਕੋਲ ਲਿਖਿਆ ਪੱਟਾ, ਪਟਨੇ ਵਾਲਾ ਦਏ ਗਵਾਹੀਆ । ਚਾਰ ਜੁਗ ਦੇ ਅੰਤ ਅਖ਼ੀਰ ਬੇਨਜ਼ੀਰ ਧਰਮ ਦੀ ਧਾਰ ਜਣੌਣਾ ਟੱਪਾ, ਟਿੱਪੀ ਬਿੰਦੀ ਦਾ ਲੇਖਾ ਦਏ ਮੁਕਾਈਆ । ਜੋ ਕੌਲ ਇਕਰਾਰ ਵਿਚ ਸੰਸਾਰ ਨਿਰਗੁਣ ਧਾਰ ਜੋਤ ਨਿਰੰਕਾਰ ਕੀਤਾ ਪੱਕਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਕਹੇ ਨਾ ਕੋਇ ਚੂੰਕਿ ਚੁਨਾਚੇ ਅਲਬੱਤਾ, ਆਲਮ ਫ਼ਾਜ਼ਲ ਇਲਮ ਉਲੂਮ ਵਿਚ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਅੱਸੂ ਕਹੇ ਮੇਰਾ ਗੋਬਿੰਦ ਬਣਿਆ ਸੱਜਣ, ਹਰਿ ਮਿਲਿਆ ਧੁਰਦਰਗਾਹੀਆ । ਜੋ ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧੁਆਈਆ । ਸਾਚੇ ਨਾਮ ਦੀ ਚਾੜ੍ਹੇ ਰੰਗਣ, ਰੰਗਤ ਇਕੋ ਦਏ ਵਖਾਈਆ । ਜੇ ਸਚ ਵਸਤ ਕੋਈ ਆਏ ਮੰਗਣ, ਮੰਗੋ ਮੇਲਾ ਹੋਵੇ ਨਾਲ ਧੁਰਦਰਗਾਹੀਆ । ਪੀਣ ਖਾਣ ਵਾਲੇ ਪਾਰ ਕਦੇ ਨਾ ਲੰਘਣ, ਦਰਗਾਹ ਸਚ ਨਾ ਕੋਇ ਪੁਚਾਈਆ । ਸੋਹਣੇ ਧਰਮ ਦੇ ਬਣੇ ਪ੍ਰਬੰਧਣ, ਪ੍ਰਬੰਧਕ ਆਪਣਾ ਨਾਉਂ ਦਿਸਾਈਆ । ਜਗਤ ਪ੍ਰੀਤੀ ਜੇ ਮਿਲ ਕੇ ਟੁੱਟੀ ਸਾਰੇ ਗੰਢਣ, ਗੰਢ ਪਵੇ ਥਾਉਂ ਥਾਈਂਆ । ਝਗੜਾ ਪਵੇ ਨਾ ਮਾਟੀ ਬਦਨ, ਤਨ ਵਜੂਦ ਨਾ ਕੋਇ ਲੜਾਈਆ । ਜੇ ਪ੍ਰੇਮ ਪ੍ਰੀਤੀ ਵਿਚ ਆਏ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਬਾਜਵੇ ਤਿੰਨ ਦਿਨ ਸਤਾਰਾਂ ਸੌ ਅਠਵੰਜਾ ਬਿਕ੍ਰਮੀ ਗੋਬਿੰਦ ਚਰਨ ਕਵਲ ਕੀਤਾ ਮਜਨ, ਧੂੜ ਮਸਤਕ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਲੇਖਾ ਕਹੇ ਮੈਨੂੰ ਲੱਭੇ ਕੋਈ ਨਾ ਲਿਖਤ, ਲਿਖ ਲਿਖ ਥੱਕੀ ਕ਼ਲਮ ਸ਼ਾਹੀਆ । ਪੜਦਾ ਲਾਹਿਆ ਨਾ ਅੰਦਰੋਂ ਕਿਸੇ ਦ੍ਰਿਸ਼ਟ, ਦ੍ਰਿਸ਼ਟੀ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਮੈਨੂੰ ਯਾਦ ਆਇਆ ਇਕ ਵੇਰਾਂ ਸਲਾਹ ਕੀਤੀ ਰਾਮ ਵਸ਼ਿਸ਼ਟ, ਮਤਾ ਗੁਰੂ ਗੁਰਦੇਵ ਬਣਾਈਆ । ਹਕ਼ੀਕ਼ੀ ਮਜਾਜ਼ੀ ਤੋਂ ਪਰੇ ਕਿਹੜਾ ਇਸ਼ਕ, ਜੋ ਤਨ ਵਜੂਦ ਤੋਂ ਬਿਨਾ ਲਿਆ ਹੰਢਾਈਆ । ਜਾਂ ਤੱਕਿਆ ਇਕੋ ਪੁਰਖ ਅਕਾਲ ਆਪਣੀ ਆਇਆ ਵਿਚ ਫ਼ਰਿਸਤ, ਦੂਜਾ ਨਜ਼ਰ ਕੋਇ ਨਾ ਆਈਆ । ਬਾਕੀ ਜੋ ਉਪਜਿਆ ਸੋ ਤਨ ਮਾਟੀ ਖ਼ਾਕ ਵਿਚੋਂ ਗ੍ਰਿਹਿਸਤ, ਗ੍ਰਿਹਿ ਮੰਦਰ ਇਕ ਵਡਿਆਈਆ । ਇਸ਼ਾਰਾ ਦੇ ਕੇ ਗਿਆ ਸਵਰਗ ਬਹਿਸ਼ਤ, ਸੁਖ ਸਾਗਰ ਮਾਤ ਸਮਝਾਈਆ । ਅੱਸੂ ਕਹੇ ਮੈਂ ਓਸ ਵੇਲੇ ਸਦਾ ਜਾਵਾਂ ਖ਼ਿਸਕ, ਆਪਣਾ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਪੂਰ ਕਰਾਈਆ । ਅੱਸੂ ਕਹੇ ਮੈਂ ਆਸ ਰਖਾਵਾਂਗਾ । ਘਟ ਨਿਵਾਸੀ ਵੇਖ ਵਖਾਵਾਂਗਾ । ਜੋਤ ਪ੍ਰਕਾਸ਼ੀ ਨੂਰ ਚਮਕਾਵਾਂਗਾ । ਬਣ ਕੇ ਦਾਸ ਦਾਸੀ, ਸੇਵ ਕਮਾਵਾਂਗਾ । ਫਿਰ ਕੇ ਪ੍ਰਿਥਮੀ ਆਕਾਸ਼ੀ, ਨਿਰਗੁਣ ਸਰਗੁਣ ਖੋਜ ਖੁਜਾਵਾਂਗਾ । ਜਿਹੜੀ ਕਥਾ ਚਾਰ ਜੁਗ ਕਿਸੇ ਨਹੀਂ ਵਾਚੀ, ਵਾਚਕ ਹੋ ਕੇ ਆਪ ਦ੍ਰਿੜਾਵਾਂਗਾ । ਜੋ ਅੰਤ ਅਖ਼ੀਰੀ ਗੋਬਿੰਦ

੩੮੦
੨੧

ਨੰਦੇੜ ਸ਼ਬਦ ਸੁਨੇਹੜੇ ਵਿਚ ਆਪਣੀ ਧਾਰ ਆਖੀ, ਆਖ਼ਰ ਅੱਖਰਾਂ ਵਿਚੋਂ ਪ੍ਰਗਟਾਵਾਂਗਾ। ਜਿਸ ਦਾ ਲੇਖ ਲੇਖਾ ਨਹੀਂ ਕਿਸੇ ਪਾਤੀ, ਪਤ੍ਰਕਾ ਸਭ ਨੂੰ ਓਹ ਜਣਾਵਾਂਗਾ। ਕਲਜੁਗ ਅੰਤ ਸ੍ਰੀ ਭਗਵੰਤ ਮੇਟੇ ਅੰਧੇਰੀ ਰਾਤੀ, ਰੁਤੜੀ ਨੂਰ ਚੰਦ ਚਮਕਾਵਾਂਗਾ। ਸਾਚੀ ਸੇਜ ਬਣਾ ਕੇ ਖਾਟੀ, ਆਤਮ ਬ੍ਰਹਮ ਭੇਵ ਚੁਕਾਵਾਂਗਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦੀ ਪ੍ਰਗਟ ਕਰ ਪ੍ਰਭਾਤੀ, ਪ੍ਰਭ ਦਾ ਨਾਮ ਇਕ ਜਪਾਵਾਂਗਾ। ਜਪੋ ਨਾਮ ਪ੍ਰਭੂ ਪ੍ਰਭ ਏਕ, ਏਕੰਕਾਰ ਦ੍ਰਿੜਾਈਆ। ਸਤਿਜੁਗ ਸਾਚੀ ਬਖ਼ਸ਼ੇ ਟੇਕ, ਟਿੱਕੇ ਮਸਤਕ ਧੂੜੀ ਲਾਈਆ। ਬੁੱਧ ਕਰੇ ਬਿਬੇਕ, ਦੁਰਮਤ ਮੈਲ ਧੁਆਈਆ। ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਬੁਝਾਈਆ। ਜਨਮ ਕਰਮ ਦੀ ਮੇਟ ਕੇ ਰੇਖ, ਲੇਖਾ ਅਗਲਾ ਦਏ ਵਖਾਈਆ। ਸਚਖੰਡ ਜਣਾ ਕੇ ਦੇਸ, ਪਿਛਲਾ ਖਹਿੜਾ ਦਏ ਛੁਡਾਈਆ। ਪ੍ਰਭ ਚਰਨ ਰਹੋ ਹਮੇਸ਼, ਦਾਨੀ ਦਾਤੇ ਸੀਸ ਨਿਵਾਈਆ। ਜਿਥੋਂ ਗੁਰ ਅਵਤਾਰ ਪੈਗ਼ੰਬਰ ਰਿਹਾ ਭੇਜ, ਭਗਤ ਭਗਵਾਨ ਲਏ ਪ੍ਰਗਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ। ਸਾਚੇ ਮੇਲੇ ਦਾ ਦੇਵੇ ਸਮਾਂ, ਹਰਿ ਸਤਿਗੁਰ ਧੁਰਦਰਗਾਹੀਆ। ਜਿਸ ਨੇ ਜੁਗ ਬਦਲਣਾ ਨਵਾਂ, ਨਵ ਨੌਂ ਚਾਰ ਕਰੇ ਰੁਸ਼ਨਾਈਆ। ਨਾਮ ਜਪੌਣਾ ਦਮ ਦਮਾ, ਸਵਾਸ ਸਵਾਸਾਂ ਵਿਚੋਂ ਪ੍ਰਗਟਾਈਆ। ਭਾਗ ਲਗੌਣਾ ਕਾਇਆ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ। ਵੇਖੋ ਕੀ ਲੇਖ ਲਿਖਿਆ ਚੌਦਾਂ ਸੌ ਤੀਹ ਅੰਕ ਪੰਨਾ, ਪਨਾਹ ਦੇਵੇ ਥਾਉਂ ਥਾਈਂਆ। ਜਿਸ ਭਾਗ ਲਗੌਣਾ ਕਾਇਆ ਮਾਟੀ ਤਨਾ, ਤਮਅ ਕੂੜੀ ਦਏ ਗਵਾਈਆ। ਸਚ ਪ੍ਰਕਾਸ਼ ਕਰ ਕੇ ਅਗੰਮੀ ਸ਼ਮਅ, ਸ਼ਮਾਂਦਾਨ ਸਾਢੇ ਤਿੰਨ ਹੱਥ ਸੁਹਾਈਆ। ਵੇਖਿਓ ਕੋਈ ਬਣਿਓ ਨਾ ਬ੍ਰਾਹਮਣ ਪੰਮਾ, ਧੋਖਾ ਗੋਬਿੰਦ ਨਾਲ ਰਖਾਈਆ। ਪੁਰਖ ਅਕਾਲ ਸਭ ਦਾ ਪਿਤਾ ਤੇ ਸਭ ਦੀ ਅੰਮਾ, ਜੰਮਣ ਵਾਲੀ ਇਕੋ ਮਾਈਆ। ਸਚ ਪ੍ਰੇਮ ਦਾ ਮਾਰਗ ਹੋਣ ਲੱਗਾ ਰਵਾਂ, ਰਮਤਾ ਰਮਤਾ ਮਿਲੇ ਵਡਿਆਈਆ। ਜਿਸ ਨੇ ਗਗਨ ਰਹਾਇਆ ਬਿਨਾ ਥੰਮਾ, ਥਾਨ ਥਨੰਤਰ ਵੇਖ ਵਖਾਈਆ। ਓਹ ਸ਼ਬਦ ਸੁਣਾਵੇ ਜਗਤ ਸਰੋਤੇ ਕੰਨਾਂ, ਜੋ ਕੰਨਾ ਗੋਬਿੰਦ ਆਪਣਾ ਗਿਆ ਲਗਾਈਆ। ਜਿਸ ਸ਼ਬਦ ਇਸ਼ਾਰਾ ਦਿਤਾ ਧੰਨਾ, ਬਜਰ ਕਪਾਟੀ ਪੱਥਰ ਤੋੜ ਤੁੜਾਈਆ। ਓਸ ਨੇ ਮੇਟਣਾ ਹੱਦ ਬੰਨਾ, ਵਟ ਰਹਿਣ ਕੋਇ ਨਾ ਪਾਈਆ। ਇਕ ਸਿਆਸੀ ਕੁਛ ਦੁਖੀ ਹੁੰਦਾ ਵਿਚ ਖੰਨਾ, ਮਨ ਕਲਪਣਾ ਵਿਚ ਕੁਰਲਾਈਆ। ਸਾਰੇ ਗੋਬਿੰਦ ਦੇ ਬਣੋ ਨੂਰੀ ਚੰਨਾ, ਚੰਦ ਨੂਰ ਕਰੋ ਰੁਸ਼ਨਾਈਆ। ਅੱਸੂ ਕਹੇ ਪੁਰਖ ਅਕਾਲ ਨੇ ਜ਼ਰੂਰ ਬਦਲਣਾ ਸਮਾਂ, ਸਮਝ ਸਮਝ ਵਿਚੋਂ ਬਦਲਾਈਆ। ਚਤੁਰਾਈ ਚਲੇ ਨਾ ਜਗਤ ਦੇ ਬ੍ਰਹਮਾ, ਵਿਸ਼ਨ ਸ਼ਿਵ ਸੀਸ ਝੁਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਈਆ। ਹਰਿਜਨ ਸਾਚੇ ਮੇਲਾ ਜਗਤ, ਹਰਿ ਜਗਦੀਸ਼ਰ ਆਪ ਕਰਾਈਆ। ਮੇਲ ਮਿਲਾਵੇ ਧੁਰ ਦੇ ਭਗਤ, ਭਗਵਨ ਆਪਣਾ ਰੰਗ ਚੜ੍ਹਾਈਆ। ਮਾਤਲੋਕ ਸੁਹਾਏ ਵੇਲਾ ਵਕਤ, ਘੜੀ ਪਲ ਵਾਰ ਥਿਤ ਦਏ ਦਰਸਾਈਆ। ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਮਾਲਕ ਵੇਖ ਵਖਾਈਆ। ਜੇ ਇਕੱਠ ਕਰਨਾ ਜਗਤ ਵਾਲਾ ਨਾ ਹੋਵੇ ਫ਼ਕਤ, ਫ਼ਿਕਰਾ ਗੋਬਿੰਦ ਦੇਣਾ ਦੁਹਰਾਈਆ। ਜਿਸ ਦਾ ਪ੍ਰਕਾਸ਼ ਹੋਣਾ ਉਤੇ ਫ਼ਰਸ਼, ਜ਼ਿਮੀਂ ਅਸਮਾਨ ਨੂਰ ਰੁਸ਼ਨਾਈਆ। ਓਹ ਸਭ ਨੂੰ ਦੇਣ ਵਾਲਾ ਆਪਣੇ ਨਾਮ ਪਿਆਰ ਦਾ ਖਰਚ, ਖ਼ਜ਼ਾਨਚੀ ਗੁਰਮੁਖ ਲਏ ਬਣਾਈਆ। ਜੋ ਧੁਰ ਦੇ ਦਵਾਰੇ ਉਤੇ ਹੋਏ ਦਰਜ, ਜਿਥੋਂ ਸਕੇ ਨਾ ਕੋਇ ਬਦਲਾਈਆ। ਸੰਸਾਰੀ ਰਖਿਓ

ਕੋਈ ਨਾ ਗ਼ਰਜ਼, ਗ਼ਰਜ਼ ਪ੍ਰੇਮ ਵਾਲੀ ਬਣਾਈਆ । ਕਿਉਂ ਪੁਰਖ ਅਕਾਲ ਕੋਲ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਫ਼ਰਦ, ਸੰਤ ਸੁਹੇਲੇ ਵੇਖੇ ਥਾਉਂ ਥਾਈਆ । ਸਟੇਜ ਬਣੌਣ ਤੋਂ ਪਹਿਲੋਂ ਪੰਜਾਂ ਪਿਆਰਿਆਂ ਕੋਲੋਂ ਕਰਾਇਓ ਅਰਜ਼, ਆਰਜ਼ੂ ਆਪਣੀ ਨਾਲ ਰਖਾਈਆ । ਜੇ ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਕਰ ਥਾਉਂ ਥਾਈਂਆ । ਗ਼ਰੀਬ ਨਿਮਾਣਿਆਂ ਨਾਲ ਵੰਡ ਦਰਦ, ਦੁਖੀਆਂ ਹੋ ਸਹਾਈਆ । ਸਿਆਸਤ ਛੁਰੀ ਸ਼ਰਅ ਕਿਸੇ ਉਤੇ ਨਾ ਚਲੇ ਕਰਦ, ਧਰਮ ਦਵਾਰ ਬਣੇ ਨਾ ਕੋਇ ਕਸਾਈਆ । ਕੂੜੀ ਕਿਰਿਆ ਮੇਟਿਓ ਅੰਧੇਰ ਗਰਦ, ਗਰਦਸ਼ ਝੂਠ ਰਹੇ ਨਾ ਰਾਈਆ । ਸਤਿ ਧਰਮ ਦੀ ਸਾਚੀ ਚੁਕਿਓ ਖੜਗ, ਖੰਡਾ ਖੈਰਖਾਹੀ ਵਾਲਾ ਉਠਾਈਆ । ਫੇਰ ਕਿਸੇ ਦਾ ਹੋਵੇ ਕੋਈ ਨਾ ਹਰਜ, ਹਰਜਾਨੇ ਪੂਰੇ ਹੋਵਣ ਥਾਉਂ ਥਾਈਆ । ਜਿਸ ਨੇ ਪੁੱਠੀ ਸਿੱਧੀ ਕਰਨੀ ਨਰਦ, ਨਾ ਉਹ ਨਰ ਤੇ ਨਾ ਮਦੀਨ ਨਰਾਂ ਦਾ ਨਰਾਇਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਭਗਤਨ ਹਿਤ ਕਰੇ ਖੇਲ ਸਦਾ ਅਸਚਰਜ, ਅਚਰਜ ਲੀਲਾ ਮਾਲਕ ਹੋ ਕੇ ਨੀਲਾ, ਨੀਲੇ ਵਾਲਾ ਆਪਣਾ ਹੁਕਮ ਵਰਤਾਈਆ ।



ਬਾਜਵਾ ਗੋਬਿੰਦ ਕੋਲ ਫੇਰਦਾ ਹੁੰਦਾ ਸੀ ਮੂੰਗਲੀ, ਪਹਿਲਵਾਨ ਸਾਢੇ ਤਰਤਾਲੀ ਸਾਲ ਦਾ ਪਿਛਲਾ ਨਜ਼ਰੀ ਆਈਆ । ਇਕ ਦਿਨ ਗੋਬਿੰਦ ਪ੍ਰੇਮ ਵਿਚ ਲਾਈ ਉਂਗਲੀ, ਕੰਧਾ ਦਿਤਾ ਦਬਾਈਆ । ਰਮਜ਼ ਇਸ਼ਾਰੇ ਵਾਲੀ ਬੁੱਝ ਲਈ, ਤਨ ਮੰਦਰ ਦਿਤੀ ਦ੍ਰਿੜਾਈਆ । ਹੁਣ ਤੇਰੀ ਏਸ ਜਨਮ ਦੀ ਔਧ ਪੁੱਗ ਗਈ, ਨਾਤਾ ਜਾਣਾ ਤੁੜਾਈਆ । ਤੇਰਾ ਹਿੱਸਾ ਰਖਣਾ ਕਲਜੁਗ ਅੰਤਮ ਜੁਗ ਲਈ, ਜਗਤ ਵਿਚ ਮਿਲਾਈਆ । ਏਸੇ ਕਾਰਨ ਇਹ ਅੰਦਰੇ ਅੰਦਰ ਸੁੱਝ ਗਈ, ਸਮਝ ਦਿਤੀ ਸਮਝਾਈਆ । ਦਵੈਤ ਵਾਲੀ ਅਗਨੀ ਬੁੱਝ ਗਈ, ਮਮਤਾ ਕੂੜ ਦਿਤੀ ਛੁਡਾਈਆ । ਇਹ ਖੇਲ ਹੋਣੀ ਪ੍ਰੇਮ ਪਿਆਰ ਧਾਰ ਦੁੱਧ ਲਈ, ਸੀਰ ਸ਼ੀਰ ਇਕ ਉਪਜਾਈਆ । ਇਹ ਖੇਲ ਹੋਣੀ ਧਰਮ ਸਿਆਸਤ ਮੁੱਢ ਲਈ, ਜਗਤ ਵਿਚ ਵਧਾਈਆ । ਜੋ ਏਸ ਨਿਸ਼ਾਨਿਉਂ ਉਕ ਗਈ, ਗੋਬਿੰਦ ਅਣਿਆਲਾ ਤੀਰ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪਿਆਰ ਬੰਧਾਏ ਮਾਨਸ ਮਨੁੱਖ ਲਈ, ਦੁੱਖ ਦੂਈ ਵਾਲੇ ਕਢਾਈਆ । ਮਾਜ਼ੂਲਲੇ ਮਸੀਹ, ਹਜ਼ਰਤ ਮੁਹੰਮਦੇ ਜ਼ਵੀਹ, ਹਸਨ ਹੁਸੈਨੇ ਤਵਜ਼ੀਹ, ਖ਼ੁਦਾ ਉਲਜ਼ਵਾ, ਖ਼ਜ਼ੀਜ਼ਨ ਨਜ਼ਾ, ਜਮਵਿਸਤੇ ਫ਼ਿਜ਼ਾ, ਪਾਜ਼ਲ ਨਜ਼ੂਚੇ ਵਜ਼ਹਿਲਕਾ ਵਜ਼ੀਅਲ ਹਕੂਕੇ, ਹੁਕਮਰਾਨ ਇਕ ਦ੍ਰਿੜਾਈਆ । ਮਜ਼ਸਤ ਨਾਲਿਸਵਿਲ ਵਜਿੰਗ ਜੰਗ ਜੂਨੇ ਮੁਹੰਮਦੇ ਨਵਜ਼ੀ ਹਜਰਤੇ ਤਮਜ਼ੀਹ ਪੈਗ਼ੰਬਰੇ ਅਜ਼ੀ ਚਸ਼ਮਾਨੇ ਨਜ਼ੀ, ਰੌਸ਼ਆਨੇ ਵਜ਼ੀ, ਵਜ਼ੀਉਲ ਵਜ਼ਾ ਰਹਿਮਤ ਉਲ ਦਵਾ, ਮੁਕ਼ੱਦਸੇ ਖ਼ੁਦਾ, ਖ਼ੁਦੀ ਮਰਕੂਬੇ ਨਜ਼ੂ, ਨਜ਼ੀਮਾ ਨਿਜ਼ਾ, ਜ਼ਾਮੀਨੇ ਜਮਾ, ਆਸਮਾਨੇ ਕਿਸ਼ਾਂ, ਦਰਗਾਹ ਹਿਜ਼ਾਂ, ਆਲਮੀਨੇ ਅਮਾਂ, ਮਹਿਬਾਨ ਮਹਿਬੂਬ ਨਜ਼ਰੀ ਆਈਆ । ਮੁਹੰਮਦੇ ਦੁਆ, ਦਰੋਹੀ ਖ਼ੁਦਾ, ਵਨੋਹੀ ਸਦਰ, ਜੋਹੀ ਜਦਾ, ਅਜ਼ਰਬੇ ਅਦਾਖ, ਨੋਵਿਸਤੋ ਨਜ਼ਾਂ, ਚਾਜ਼ੀਨ ਚਾਜ਼ੂ ਚਜ਼ੇ ਚਵਿਜ਼ ਚਾਰ ਕੁੰਟ ਨਜ਼ਰੀ ਆਈਆ । ਕਰਬਲਾਏ ਖ਼ੁਦਾ, ਕਰਬਲਾਏ ਵਬਾ, ਕਰਬਲਾਏ ਰਬਾ, ਕਰਬਲਾਏ ਨੂਰਾ, ਕਰਬਲਾਏ ਸਵਾ, ਕਰਬਲਾਏ ਖ਼ਤਾ,

ਐਲੀਏ ਦੁਆ, ਹਜ਼ਰਤੇ ਜ਼ੁਰਾ, ਜ਼ਾਵੀਰ ਜ਼ੇਰ ਜ਼ਬਰ ਵਿਚ ਮਿਲਾਈਆ । ਗੋਬਿੰਦੇ ਕਸਸਤ, ਪੈਗ਼ਾਮ ਚਗਸਤ, ਦੀਯਾਮੇ ਚੀਸ਼ੇ ਨਵਸਤ ਚੌਜ਼ੂ ਚਾਰ ਵਰਨ ਵੇਖ ਵਖਾਈਆ । ਫ਼ਰਜ਼ੰਦੇ ਗੋਬਿੰਦ, ਨਾਖੰਦੇ ਨਾਹਿੰਦ, ਨਾਬੂਦੇ ਬੰਦੇਬਿੰਦ, ਬਦਨੇ ਜ਼ਮਾ, ਰਬੂਤਤੇ ਅਜ਼ਾਂ ਚਸ਼ਮੇ ਨੁਰਾਂ, ਕਲਮੇ ਕ਼ੁਰਾਂ ਦਸਮੇ ਗੁਰ ਵਡ ਵਡਿਆਈਆ । ਕਰਬਲਾ ਕੁਰਲਾਹਟ, ਮਾਨਵੇ ਸਨਾਹਟ, ਕ਼ਦਮੇ ਆਹਟ, ਕੁਨੋ ਕੁੰਨ ਕ਼ਜ਼ਾ ਕ਼ਜ਼ੀ ਵੇਖ ਵਖਾਈਆ । ਗੋਬਿੰਦੇ ਗੁਲੇਜ਼ਜ਼ ਜਿਸਤਾ ਪਰਵਰਦਿਗਾਰੇ ਨਿਸ਼ਚਾ, ਮੁਹੱਬਤੇ ਮਬਾ, ਪਿਆਰ ਸਿੱਖ ਦਾ, ਸਿੱਖ ਦੇ ਪਿੱਛੇ ਬੱਚੇ ਆਪਣੇ ਭੇਟ ਕਰਾਈਆ । ਭਰਵਾਸਾ ਇਕ ਦਾ, ਜੋ ਲੇਖ ਸਭ ਦੇ ਲਿਖਦਾ, ਅੱਖਾਂ ਨਾਲ ਨਹੀਂ ਜਗਤ ਦਿਸਦਾ, ਕਰੇ ਖੇਲ ਗੁਰ ਅਵਤਾਰ ਪੈਗ਼ੰਬਰਾਂ ਨਾਲ ਨਿਤ ਦਾ, ਜੁਗ ਚੌਕੜੀ ਸਭ ਦਾ ਜਨਮ ਜਿੱਤਦਾ, ਯਥਾਰਥ ਆਪਣਾ ਖੇਲ ਵਖਾਈਆ । ਗੋਬਿੰਦ ਪਿਆਰ ਨਹੀਂ ਕੀਤਾ ਕਿਸੇ ਇਕ ਦਾ, ਚਾਰ ਵਰਨਾਂ ਭੇਵ ਖੋਲ੍ਹਿਆ ਵਿਚ ਦਾ, ਜਿਥੇ ਪੁਰਖ ਅਕਾਲ ਤਨ ਵਜੂਦ ਵਿਚ ਟਿਕਦਾ, ਆਤਮਾ ਤੋਂ ਪਰਮਾਤਮਾ ਹੋ ਕੇ ਕਦੇ ਨਹੀਂ ਭਿਟਦਾ, ਜ਼ਾਤ ਪਾਤ ਦਾ ਝਗੜਾ ਦਿਤਾ ਮੁਕਾਈਆ । ਗੋਬਿੰਦ ਕਿਹਾ ਮੇਰਾ ਗੁਰਸਿਖ ਮੇਰਾ ਦੁੱਧ ਕਦੇ ਨਹੀਂ ਫਿਟਦਾ, ਫੁਟਕਲ ਰੂਪ ਨਾ ਕੋਇ ਵਟਾਈਆ । ਗੁਰੂ ਗੋਬਿੰਦ ਕੋਈ ਰੂਪ ਨਹੀਂ ਸੀ ਪੱਥਰ ਇੱਟ ਦਾ, ਇਕੋ ਜੋਤ ਜੋ ਪੁਰਖ ਅਕਾਲ ਵਿਚੋਂ ਪ੍ਰਗਟਾਈਆ । ਗੁਰਸਿੱਖਾਂ ਨਾਲ ਮੇਲਾ ਕਰ ਕੇ ਗਿਆ ਨਿਤ ਦਾ, ਜੁਗ ਚੌਕੜੀ ਦਾ ਡੇਰਾ ਢਾਹਿਆ । ਜੇ ਕੋਈ ਰੂਪ ਬਣ ਜਾਏ ਗੋਬਿੰਦ ਦੇ ਸੱਚੇ ਸਿੱਖ ਦਾ, ਗੋਬਿੰਦ ਓਸੇ ਵਿਚ ਸਮਾਈਆ । ਕਿਉਂ ਗੋਬਿੰਦ ਗੁਰਮੁਖ ਪ੍ਰੇਮ ਵਿਚ ਵਿਕਦਾ, ਜਗਤ ਵਣਜਾਰਿਆਂ ਹੱਥ ਕਿਸੇ ਨਾ ਆਈਆ । ਉਹਦਾ ਰੂਪ ਨਹੀਂ ਕਿਸੇ ਮੁਨ ਰਿਖ ਦਾ, ਜੋ ਮਾਲਾ ਮਣਕਿਆਂ ਵਾਲੇ ਭੁਆਈਆ । ਓਹ ਸੁਤ ਦੁਲਾਰਾ ਓਸ ਪੁਰਖ ਅਕਾਲ ਪਿਤ ਦਾ, ਜਿਸ ਨੂੰ ਪਤਿਪਰਮੇਸ਼ਵਰ ਕਹਿਕੇ ਗੁਰ ਅਵਤਾਰ ਪੈਗ਼ੰਬਰ ਰਹੇ ਗਾਈਆ । ਓਸ ਝਗੜਾ ਨਹੀਂ ਪਾਇਆ ਕੋਈ ਮਿੱਸ ਦਾ, ਖ਼ਾਲਸ ਚਾਰ ਵਰਨ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਮੁਹੰਮਦ ਨੇ ਹੱਕ ਸਲਾਮ ਦਾ ਦਿਤਾ ਹੋਕਾ, ਕੁਰਹ ਕ਼ੁਰਾਨ ਵਾਲਾ ਜਣਾਈਆ । ਗੋਬਿੰਦ ਨੇ ਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਨੂੰ ਇਕੱਠਾ ਦਿਤਾ ਮੌਕਾ, ਜੱਟ ਝੀਵਰ ਛੀਂਬੇ ਸਾਰੇ ਦਿਤੇ ਮਿਲਾਈਆ । ਇਕੋ ਪੁਰਖ ਅਕਾਲ ਦੀ ਦੱਸ ਕੇ ਜੋਤਾ, ਜਗਤ ਜੁਗੀਸ਼ਰਾਂ ਤੋਂ ਪਰੇ ਕੀਤੀ ਪੜ੍ਹਾਈਆ । ਜਿਸ ਦੀ ਬੁੱਧੀ ਵਿਚ ਕਰ ਨਾ ਸਕਿਆ ਕੋਈ ਸੋਚਾ, ਸਮਝ ਵਿਚ ਸਮਝ ਨਾ ਕੋਇ ਰਖਾਈਆ । ਗੋਬਿੰਦ ਨੇ ਗੁਰਮੁਖਾਂ ਪਿਛੇ ਆਪਣੇ ਬੱਚਿਆਂ ਦੀ ਭੇਟਾ ਕਰਕੇ ਲੋਥਾ, ਤਨ ਵਜੂਦ ਝਗੜਾ ਦਿਤਾ ਮੁਕਾਈਆ । ਗੁਰਸਿੱਖ ਦਾ ਸਾਚਾ ਸਰੀਰ ਸਮਝ ਕੇ ਕੋਠਾ, ਆਪਣਾ ਆਸਣ ਦਿਤਾ ਜਮਾਈਆ । ਏਸੇ ਕਰ ਕੇ ਪਹਿਲੋਂ ਅੰਮ੍ਰਿਤ ਪੰਜਾਂ ਪਿਆਰਿਆਂ ਦਿਤਾ ਬਹੁਤਾ, ਪ੍ਰੇਮ ਨਾਲ ਛਕਾਈਆ । ਫੇਰ ਹੋ ਕੇ ਉਨ੍ਹਾਂ ਜੋਗਾ, ਹੱਥ ਉਨ੍ਹਾਂ ਅੱਗੇ ਡਾਹੀਆ । ਗੁਰਸਿੱਖੋ ਮੈਂ ਪੁਰਖ ਅਕਾਲ ਦਾ ਸਿੱਖ ਤੇ ਗੁਰਸਿੱਖ ਹੋਵੇ ਓਸ ਦਾ ਪੋਤਾ, ਬੰਸ ਗੋਬਿੰਦ ਨਜ਼ਰੀ ਆਈਆ । ਗੋਬਿੰਦ ਕਿਹਾ ਗੁਰਸਿੱਖੋ ਕੋਈ ਰਖਣਾ ਨਹੀਂ ਰੋਜ਼ਾ, ਵੰਡ ਕੇ ਖਾਣਾ ਤੁਹਾਡੀ ਰੀਤੀ ਦਿਤੀ ਬਣਾਈਆ । ਨਿਰਗੁਣ ਧਾਰ ਬਦਲ ਕੇ ਚੋਗਾ, ਚੋਰਾਂ ਯਾਰਾਂ ਠੱਗਾਂ ਵੇਖ ਵਖਾਈਆ । ਮੇਰੇ ਸਿਰ ਤੇ ਕੋਈ ਚੋਟੀ ਵਾਲਾ ਨਹੀਂ ਹੋਣਾ ਬੋਦਾ, ਕ਼ਦਮ ਚਲ ਨਾ ਪੰਧ ਮੁਕਾਈਆ । ਨਿਰਮਲ ਧਾਰ ਹੋ ਕੇ ਜੋਤਾ, ਸ਼ਬਦੀ ਸ਼ਬਦ ਖੇਲ ਕਰਾਈਆ । ਸਾਚੇ ਪ੍ਰੇਮ ਦੀ ਦੇ ਕੇ ਓਟਾ, ਓੜਕ ਆਪਣਾ ਰੰਗ ਰੰਗਾਈਆ । ਗੁਰਸਿੱਖ ਰਹਿਣ ਨਾ ਦੇਵਾਂ ਕੋਈ ਖੋਟਾ, ਖੋਟੇ ਖਰੇ ਲਵਾਂ ਬਣਾਈਆ । ਸਭ

ਨੂੰ ਦੱਸਾਂ ਸਤਿਗੁਰ ਸ਼ਬਦ ਇਕੋ ਬਹੁਤਾ, ਬਹੁਤੇ ਗੁਰੂਆਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਕਰਬਲਾ ਕਹੇ ਮੇਰਾ ਖੇਲ ਵੇਖ ਗਏ ਘਬਰਾ, ਘਰ ਘਰ ਪਈ ਦੁਹਾਈਆ । ਗੜ੍ਹੀ ਚਮਕੌਰ ਕਹੇ ਗੋਬਿੰਦ ਮੇਰੇ ਵਿਚ ਕੀਤੀ ਦੁਆ, ਪੁਰਖ ਅਕਾਲ ਧਿਆਨ ਲਗਾਈਆ । ਤੇਰੀ ਅਮਾਨਤ ਤੇਰੇ ਦਰ ਦੇਵਾਂ ਪੁਚਾ, ਸਾਚੀ ਸੇਵਾ ਲੋਕਮਾਤ ਕਮਾਈਆ । ਮੁਹੰਮਦ ਕਿਹਾ ਮੇਰੇ ਖ਼ੁਦਾ, ਤੇਰਾ ਨਾਮ ਦੁਹਾਈਆ । ਕਿਉਂ ਪ੍ਰੇਮ ਵਾਲੇ ਕੀਤੇ ਜੁਦਾ, ਜੁਜ਼ ਹਿੱਸਾ ਵੰਡ ਵੰਡਾਈਆ । ਗੋਬਿੰਦ ਬੱਚੇ ਭੇਟ ਚੜ੍ਹਾ ਕੇ ਦੋ ਹੱਥਾਂ ਖ਼ਾਲੀ ਦਿੱਤਾ ਵਜਾ, ਵਾਹਵਾ ਤੇਰੀ ਬੇਪਰਵਾਹੀਆ । ਜੋ ਕੁਛ ਤੇਰਾ ਤੇਰੀ ਝੋਲੀ ਦਿਤਾ ਪਾ, ਆਪਣਾ ਪੱਲੂ ਲਿਆ ਛੁਡਾਈਆ । ਨਾ ਕੋਈ ਘਰ ਰਿਹਾ ਗਰਾਂ, ਨਾ ਕੋਈ ਮੰਦਰ ਮਕਾਨ ਦਿਸਾਈਆ । ਐ ਪ੍ਰਭੂ ਮੈਨੂੰ ਗੁਰਸਿੱਖਾਂ ਦੇ ਅੰਦਰ ਸੋਹਣਾ ਲੱਗੇ ਥਾਂ, ਜਿਥੇ ਆਸਣ ਲਾਈਆ । ਜੀਂਵਦਿਆਂ ਜਪਾਵਾਂ ਤੇਰਾ ਨਾਂ, ਮਰਨ ਤੋਂ ਪਿਛੋਂ ਆਤਮਾ ਤੇਰੇ ਵਿਚ ਮਿਲਾਈਆ । ਕਿਉਂ ਤੂੰ ਸਭ ਦਾ ਪਿਤਾ ਮਾਂ, ਗੁਰਮੁਖ ਤੇਰੀ ਗੋਦੀ ਦੇਣੇ ਟਿਕਾਈਆ । ਮੁਹੰਮਦ ਕਹਿ ਕੇ ਗਿਆ ਤੁਹਾਨੂੰ ਮਕ਼ਬਰਿਆਂ ਵਿਚ ਦੇਵਾਂ ਸੁਵਾ, ਕਫ਼ਨ ਕ਼ਬਰਾਂ ਵਾਲਾ ਟਿਕਾਈਆ । ਜਿਸ ਵੇਲੇ ਅੰਤ ਕ਼ਿਆਮਤ ਜਾਵੇ ਆ, ਕ਼ਿਆਮਗਾਹ ਬਣੇ ਲੋਕਾਈਆ । ਮੇਰਾ ਅਮਾਮ ਆਵੇ ਵੇਸ ਵਟਾ, ਜਲਵਾਗਰ ਵੇਸ ਵਟਾਈਆ । ਓਸ ਅੱਗੇ ਮੈਂ ਫੇਰ ਕਰਾਂ ਦੁਆ, ਦੋਏ ਜੋੜ ਵਾਸਤਾ ਪਾਈਆ । ਇਨ੍ਹਾਂ ਸੁਤਿਆਂ ਨੂੰ ਲੈ ਜਗਾ, ਮਿਹਰ ਨਜ਼ਰ ਇਕ ਉਠਾਈਆ । ਜਿਨ੍ਹਾਂ ਨੂੰ ਮੈਂ ਨਹੀਂ ਸਕਿਆ ਮਿਲਾ, ਤੂੰ ਆਪੇ ਆਪਣੇ ਵਿਚ ਰਖਾਈਆ । ਗੋਬਿੰਦ ਕਿਹਾ ਗੁਰਮੁਖਾਂ ਦੀ ਪਕੜਾਂ ਬਾਂਹ, ਧੁਰ ਦਾ ਸਾਥੀ ਆਪ ਹੋ ਜਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਚੁਰਾਸੀ ਵਾਲਾ ਫੰਦ ਕਟਾਈਆ । ਸਚਖੰਡ ਦਵਾਰੇ ਦਿਆਂ ਬਹਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੇ ਪਿਆਰ ਮੁਹੱਬਤ ਵਿਚ ਕਹਿ ਦਿਤੀ ਹਾਂ, ਹਰਿ ਦੇ ਪੌੜੇ ਦਿਆਂ ਚੜ੍ਹਾਈਆ । ਨਿਥਾਵਿਆਂ ਦੇਵਾਂ ਥਾਂ, ਨਿਮਾਣਿਆਂ ਹੋਵਾਂ ਸਹਾਈਆ । ਪੱਤਤ ਪਾਪੀਆਂ ਦੇਵਾਂ ਤਰਾ, ਅਪਰਾਧੀਆਂ ਰੰਗ ਰੰਗਾਈਆ । ਜਿਸ ਪਿਆਰ ਮੁਹੱਬਤ ਵਿਚ ਇਕ ਵਾਰ ਸੀਸ ਦਿਤਾ ਨਿਵਾ, ਨੌਵਾਂ ਖੰਡਾਂ ਤੋਂ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਕਰਬਲੇ ਵਿਚ ਹੋਈ ਹਾਹਾਕਾਰ, ਸਿਪਾ ਸਾਲਾਰ ਦੇਣ ਦੁਹਾਈਆ । ਗੋਬਿੰਦ ਦੇ ਸਿੰਘ ਮਾਰ ਕੇ ਲਲਕਾਰ, ਸ਼ਹੀਦੀ ਖ਼ੁਸ਼ੀਆਂ ਵਾਲੀ ਪਾਈਆ । ਜਿਸ ਵੇਲੇ ਜੂਝੇ ਅਜੀਤ ਜੁਝਾਰ, ਗੋਬਿੰਦ ਚਿੱਲਾ ਹੱਥ ਉਠਾਈਆ । ਫੇਰ ਰੱਖ ਕੇ ਦਸਤ ਉਤੇ ਕਟਾਰ, ਖੰਡਾ ਖੜਗ ਲਿਆ ਚਮਕਾਈਆ । ਆਹ ਵੇਖ ਮੇਰੇ ਨਿਰੰਕਾਰ, ਤੈਨੂੰ ਦਿਆਂ ਵਖਾਈਆ । ਜੇ ਕੋਈ ਮੇਰਾ ਇਕ ਸਿੱਖ ਕਰਦਾ ਹੋਵੇ ਗਿਰਿਆਜ਼ਾਰ, ਦੁੱਖਾਂ ਵਿਚ ਕੁਰਲਾਈਆ । ਅੱਗੇ ਤੋਂ ਮੈਂ ਗੁਰਸਿੱਖਾਂ ਨਾਲ ਕਦੇ ਨਾ ਕਰਾਂ ਪਿਆਰ, ਤੇਰੀ ਜੋਤ ਵਿਚ ਡੇਰਾ ਲਾਈਆ । ਮੈਂ ਅੰਮ੍ਰਿਤ ਦਿੱਤੀ ਓਹ ਧਾਰ, ਜਿਸ ਨੇ ਧਰਨੀ ਧਰਤ ਧਵਲ ਦਿਤੀ ਸੁਹਾਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਗੁਰਮੁਖ ਥੋੜਾ ਚਿਰ ਰਹਿਣ ਵਿਚ ਸੰਸਾਰ, ਫੇਰ ਨੀਤੀ ਜਾਣ ਬਦਲਾਈਆ । ਅੰਮ੍ਰਿਤ ਛਕ ਕੇ ਕਰਨ ਦੁਰਾਚਾਰ, ਨਾਰ ਵੇਸਵਾ ਜਗਤ ਹੰਢਾਈਆ । ਧਰਮ ਦਵਾਰਿਆਂ ਵਿਚ ਕਰਨ ਵਿਭਚਾਰ, ਆਪਣੀ ਪਤਿ ਗੁਆਈਆ । ਗੋਬਿੰਦ ਕਿਹਾ ਪੁਰਖ ਅਕਾਲ ਮੈਂ ਫਿਰ ਆਵਾਂ ਦੂਜੀ ਵਾਰ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਆਪਣੇ ਨਾਮ ਦੀ ਮਾਰ ਕੇ ਮਾਰ, ਅੰਦਰੋਂ ਸਭ ਦੀ ਕਰਾਂ ਸਫ਼ਾਈਆ । ਇਹ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੇ ਨਾਲ ਰਖਾਈਆ । ਮੁਹੰਮਦ

ਦਾ ਕਲਜੁਗ ਨਾਲ ਪਿਆਰ, ਗੋਬਿੰਦ ਦਾ ਲਹਿਣਾ ਪੁਰਖ ਅਕਾਲ, ਇਹ ਖੇਲ ਜਗਤ ਬੇਮਿਸਾਲ, ਜਿਸ ਦੀ ਮਿਸਲ ਅਸਲ ਵਿਚ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਗਤ ਬੁੱਧੀ ਤੋਂ ਦਿਸੇ ਬਾਹਰ, ਅਨਭਵ ਵਿਚ ਅਨਦ੍ਰਿਸ਼ਟ ਦ੍ਰਿਸ਼ਟੀ ਗਰਮੁਖਾਂ ਦਏ ਖੁਲ੍ਹਾਈਆ ।

### ✻ ੨ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਪੁਰਖ ਅਕਾਲ ਸਭ ਦਾ ਪੂਰਾ ਕਰੇ ਕੌਲ, ਕਾਲ ਮਹਾਂਕਾਲ ਬੈਠੇ ਸੀਸ ਨਿਵਾਈਆ । ਲੇਖਾ ਜਾਣੇ ਉਪਰ ਧਰਨੀ ਧਰਤ ਧੌਲ, ਧਵਲ ਵੇਖਣਹਾਰਾ ਬੇਪ੍ਰਵਾਹੀਆ । ਜੋ ਹਰ ਘਟ ਅੰਦਰ ਰਿਹਾ ਮੌਲ, ਮੌਲਾ ਹੋ ਕੇ ਦਇਆ ਕਮਾਈਆ । ਜਿਸ ਗੋਬਿੰਦ ਨੇ ਅੰਮ੍ਰਿਤ ਧਾਰ ਬਖ਼ਸ਼ੀ ਪਾਹੁਲ, ਬਿਨਾ ਰਸਨਾ ਰਸ ਚਖਾਈਆ । ਜਿਸ ਖੇਲ ਖੇਲਿਆ ਸਾਵਲ ਸੁੰਦਰ ਸੌਲ, ਮੁਕੰਦ ਮਨੋਹਰ ਲਖ਼ਮੀ ਨਰਾਇਣ ਨਾਉਂ ਧਰਾਈਆ । ਓਸ ਦਾ ਭੇਵ ਜਾਣੇ ਕੋਈ ਨਾ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦਏ ਉਠਾਈਆ । ਧੁਰ ਦਾ ਪੜਦਾ ਕਹੇ ਮੈਂ ਜਾਣਾ ਲੱਥ, ਹਰਿ ਦੇਵੇ ਮਾਣ ਵਡਿਆਈਆ । ਲਹਿਣਾ ਦੇਣਾ ਪੂਰਾ ਕਰੇ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੌਂਦੇ ਆਏ ਗਥ, ਗੁਰ ਅਵਤਾਰ ਪੈਗ਼ੰਬਰ ਸੋਹਲਿਆਂ ਢੋਲਿਆਂ ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਸਵਾਮੀ ਅੰਤਰਜਾਮੀ ਖੇਲ ਕਰੇ ਦੋ ਜਹਾਨਾਂ ਸਚ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਪਾਰ ਕਰ ਕੇ ਹੱਦ, ਹਦੂਦ ਇਕੋ ਇਕ ਦਏ ਸਮਝਾਈਆ । ਧਰਮ ਦਵਾਰ ਏਕੰਕਾਰ ਸੰਤ ਸੁਹੇਲੇ ਸੱਜਣ ਸੱਦ, ਸੂਫ਼ੀ ਸੰਤਾਂ ਜੋੜ ਜੁੜਾਈਆ । ਦੀਨ ਦੁਨੀ ਨਾਲੋਂ ਕਰ ਕੇ ਅੱਡ, ਮਾਰਗ ਆਪਣਾ ਇਕ ਵਖਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵੇ ਜਸ, ਵੇਦ ਪੁਰਾਨਾਂ ਲੋੜ ਰਹੇ ਨਾ ਰਾਈਆ । ਜਗਤ ਸਮਾਜ ਸਮਗਰੀ ਹੋਵੇ ਬਸ, ਬਸਤਾ ਵਿਦਿਆ ਪੁਸਤਕ ਦਏ ਬੰਧਾਈਆ । ਇਕੋ ਨਾਮ ਨਿਧਾਨ ਸ੍ਰੀ ਭਗਵਾਨ ਲਏ ਰਟ, ਦੂਜੀ ਅਵਰ ਨਾ ਕੋਇ ਸਿਖਲਾਈਆ । ਨਾੜ ਬਹੱਤਰ ਉਬਲੇ ਕੋਈ ਨਾ ਰੱਤ, ਰਤਨ ਅਮੋਲਕ ਹੀਰੇ ਲਏ ਉਪਜਾਈਆ । ਨਿਰਮਲ ਬਬੇਕ ਬੁੱਧੀ ਕਰ ਕੇ ਮਤਿ, ਮਸਤ ਮਸਤਾਨੇ ਲਏ ਬਣਾਈਆ । ਅੰਤਰ ਬਾਹਰ ਗ੍ਰਿਹਿ ਭੀਤਰ ਜਾਣੇ ਮਿਤ ਗਤ, ਗਹਿਰ ਗੰਭੀਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡੇ ਵੇਖ ਵਖਾਈਆ । ਦਰ ਠੰਡਾ ਕਹੇ ਮੈਂ ਆਦਿ ਜੁਗਾਦੀ ਏਕ, ਏਕੰਕਾਰ ਦਏ ਵਡਿਆਈਆ । ਸਚਖੰਡ ਦਵਾਰੇ ਸਾਚੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦਰਗਾਹ ਸਾਚੀ ਵੇਖਾਂ ਅਗੰਮਾ ਦੇਸ, ਦੂਜੀ ਦਿਸ਼ਾ ਵੰਡ ਨਾ ਕੋਇ ਵੰਡਾਈਆ । ਜਿਥੇ ਪਰਮ ਪੁਰਖ ਪਰਮਾਤਮ ਰਹੇ ਹਮੇਸ਼, ਸਚ ਸਿੰਘਾਸਣ ਬੈਠਾ ਸੋਭਾ ਪਾਈਆ । ਤਿਸ ਨਿਉਂ ਨਿਉਂ ਕਰਾਂ ਆਦੇਸ, ਡੰਡਾਵਤ ਬੰਦਨਾ ਸੱਯਦਾ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਗੰਮੀ ਆਪ ਵਰਤਾਈਆ । ਵਸਤ ਅਗੰਮੀ ਕਹੇ ਮੇਰਾ ਨਾ

ਕੋਈ ਰੂਪ, ਰੰਗ ਰੇਖ ਸਮਝ ਕੋਇ ਨਾ ਆਈਆ । ਮੇਰਾ ਖੇਲ ਸਤਿ ਸਰੂਪ, ਸਤਿ ਸਤਿਵਾਦੀ ਲਏ ਪ੍ਰਗਟਾਈਆ । ਮੇਰਾ ਮਾਲਕ ਸ਼ਾਹੋ ਭੂਪ, ਹਰਿ ਸ਼ਹਿਨਸ਼ਾਹ ਅਖਵਾਈਆ । ਮੈਂ ਫਿਰਾਂ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਭੱਜਾਂ ਵਾਹੋ ਦਾਹੀਆ । ਲਹਿਣਾ ਦੇਣਾ ਮੈਂ ਚੁਕਾਵਾਂ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਰੰਗ ਸਾਚਾ ਦੇਣਾ ਰੰਗਾਈਆ । ਰੰਗ ਕਹੇ ਮੇਰਾ ਰੰਗ ਅਨੋਖਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਪੁਰਖ ਅਕਾਲ ਦੇਵੇ ਕਦੇ ਕਿਸੇ ਨਾ ਧੋਖਾ, ਧਰਮ ਦੀ ਧਾਰ ਇਕ ਪ੍ਰਗਟਾਈਆ । ਆਪਣਾ ਮਾਰਗ ਦੱਸ ਕੇ ਸੌਖਾ, ਹਰਿਜਨ ਸਾਚੇ ਲਏ ਮਿਲਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਜਗਤ ਵਿਦਿਆ ਨਾ ਕੋਇ ਹਲਕਾਈਆ । ਕਰ ਪ੍ਰਕਾਸ਼ ਨਿਰਮਲ ਜੋਤਾ, ਅੰਧ ਅੰਧੇਰ ਦਏ ਮਿਟਾਈਆ । ਦੁਰਮਤ ਮੈਲ ਪਾਪ ਜਾਏ ਧੋਤਾ, ਪਤਤ ਪੁਨੀਤ ਆਪ ਕਰਾਈਆ । ਸੰਤ ਸੁਹੇਲਾ ਰਹੇ ਕੋਈ ਨਾ ਖੋਟਾ, ਖੋਟੇ ਖਰੇ ਆਪ ਬਣਾਈਆ । ਜੀਂਵਦਿਆਂ ਜਗ ਦੇਣਾ ਪਏ ਨਾ ਕਿਸੇ ਮਹੋਛਾ, ਮਰਿਆਂ ਭੇਟ ਨਾ ਕੋਇ ਕਰਾਈਆ । ਝਗੜਾ ਮੁਕਾ ਕੇ ਮਾਤਲੋਕਾ, ਪ੍ਰਲੋਕ ਆਪਣਾ ਰੰਗ ਰੰਗਾਈਆ । ਸਾਚਾ ਦੇ ਕੇ ਨਾਮ ਸਲੋਕਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਦਰ ਘਰ ਸਾਚਾ ਸੋਭਾਵੰਤ, ਸਚਖੰਡ ਦਵਾਰ ਵੱਜੇ ਵਧਾਈਆ । ਜਿਥੇ ਆਤਮ ਪਰਮਾਤਮ ਮੇਲ ਮਿਲੇ ਨਾਰ ਕੰਤ, ਕੰਤੂਹਲ ਇਕੋ ਨਜ਼ਰੀ ਆਈਆ । ਝਗੜਾ ਰਹੇ ਨਾ ਬਹਿਸ਼ਤ ਜੱਨਤ, ਸਵਰਗ ਸੰਗ ਨਾ ਕੋਇ ਨਿਭਾਈਆ । ਇਕੋ ਨਾਮ ਨਿਧਾਨਾ ਗਾ ਕੇ ਮੰਤ, ਮੰਤਵ ਆਪਣਾ ਹੱਲ ਕਰਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਗੁਰਮੁਖ ਸੱਜਣ ਬਣਾ ਕੇ ਸੰਤ, ਸਤਿ ਸਤਿਵਾਦੀ ਵੇਖ ਵਖਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਉਪਜਾਈਆ । ਜਗਤ ਪਿਆਰ ਬਣਾ ਕੇ ਬਣਤ, ਬਸਨ ਬਨਵਾਰੀ ਵੇਖ ਵਖਾਈਆ । ਬੋਧ ਅਗਾਧਾ ਬਣ ਕੇ ਪੰਡਤ, ਜਗਤ ਵਿਦਿਆ ਤੋਂ ਪਰੇ ਕਰੇ ਪੜ੍ਹਾਈਆ । ਜਿਸ ਦੇ ਕੋਲ ਚਾਰ ਜੁਗ ਦੀ ਸਨਦ, ਭਗਤ ਸੁਹੇਲੇ ਲਏ ਉਠਾਈਆ । ਦੇ ਕੇ ਨਾਮ ਨਿਧਾਨ ਅੰਤ, ਅਨਨ ਕਲਧਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਈਆ । ਦਰ ਘਰ ਸਾਚਾ ਸਚ ਸੁਹੰਜਣਾ, ਸੋਭਾਵੰਤ ਸੁਹਾਈਆ । ਕਿਰਪਾ ਕਰ ਪੁਰਖ ਨਿਰੰਜਣਾ, ਨਿਰਵੈਰ ਵੇਖ ਵਖਾਈਆ । ਦਾਤਾ ਦਾਨੀ ਬਣ ਦਰਦ ਦੁੱਖ ਭੰਜਨਾ, ਭਵ ਸਾਗਰ ਪਾਰ ਕਰਾਈਆ । ਨਾਉਂ ਨਾਮ ਨਿਰੰਕਾਰਾ ਪਾ ਕੇ ਅੰਜਨਾ, ਨੇਤਰ ਅੱਖ ਖੁਲ੍ਹਾਈਆ । ਸਤਿਗੁਰ ਸਾਹਿਬ ਬਣ ਕੇ ਸੱਜਣਾ, ਗੁਰਮੁਖ ਮੇਲਾ ਲਏ ਮਿਲਾਈਆ । ਰੰਗ ਅਨਡਿੱਠ ਚਾੜ੍ਹ ਕੇ ਰੰਗਣਾ, ਰੰਗਤ ਇਕੋ ਦਏ ਪ੍ਰਗਟਾਈਆ । ਪੁਰਖ ਅਕਾਲ ਦੱਸ ਕੇ ਆਪਣੀ ਬੰਦਨਾ, ਬੰਧਨ ਸ਼ਰਅ ਦਏ ਤੁੜਾਈਆ । ਜੋਤੀ ਨੂਰ ਚਾੜ੍ਹ ਕੇ ਚੰਦਨਾ, ਅੰਧ ਅਗਿਆਨ ਦਏ ਗਵਾਈਆ । ਸਾਚੀ ਗੋਦੀ ਚੁੱਕਕੇ ਅੰਗਣਾ, ਅੰਗੀਕਾਰ ਆਪ ਅਖਵਾਈਆ । ਦੂਈ ਦਵੈਤੀ ਢਾਹ ਕੇ ਕੰਧਣਾ, ਭਾਂਡਾ ਭਰਮ ਭਉ ਭੰਨਾਈਆ । ਆਤਮ ਪਰਮਾਤਮ ਸਚ ਦਵਾਰੇ ਜਿਸ ਦਾ ਹੋਵੇ ਮੰਗਣਾ, ਤਨ ਵਜੂਦ ਮਾਟੀ ਖ਼ਾਕ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੰਗਣਾ, ਸੂਰਬੀਰ ਧੁਰਦਰਗਾਹੀਆ । ਸਾਹਿਬ ਸਤਿਗੁਰ ਸੂਰਬੀਰਾ, ਹਰਿ ਸੱਜਣ ਇਕ ਅਖਵਾਈਆ । ਜਿਸ

ਦਾ ਨਜ਼ਰ ਨਾ ਆਵੇ ਬਸਤਰ ਤਨ ਕੋਈ ਚੀਰਾ, ਚਾਰੋਂ ਕੁੰਟ ਖੇਲ ਖਿਲਾਈਆ । ਜੋ ਬਦਲ ਦੇਵੇ ਜਨਮ ਮਰਨ ਤਕਦੀਰਾ, ਤਦਬੀਰ ਆਪਣੀ ਇਕ ਦ੍ਰਿੜਾਈਆ । ਗੁਰਮੁਖ ਸਿੱਖ ਬਣਾਏ ਹੀਰਾ, ਮਾਣਕ ਆਪਣਾ ਆਪ ਉਪਜਾਈਆ । ਅੰਮ੍ਰਿਤ ਰਸ ਦੇ ਕੇ ਸੀਰਾ, ਅਗਨੀ ਤੱਤ ਦਏ ਗਵਾਈਆ । ਸਾਚੇ ਸਗਣ ਦਾ ਪਾ ਕਲੀਰਾ, ਕਾਇਨਾਤ ਵਿਚੋਂ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਧਰਮ ਦਾ ਬੰਨ੍ਹ ਕੇ ਬੀੜਾ, ਬੇੜਾ ਵੇਖੇ ਥਾਉਂ ਥਾਈਂਆ । ਬੇੜਾ ਕਹੇ ਮੈਂ ਜੁਗ ਜੁਗ ਬੱਝਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਜਗਤ ਵਾਸਨਾ ਲੈਂਦਾ ਰਿਹਾ ਮਜ਼ਾ, ਮਜ਼ਾਕ ਵਿਚ ਵੇਖੀ ਖ਼ਲਕ ਖ਼ੁਦਾਈਆ । ਸਭ ਦੇ ਸਿਰ ਤੇ ਕੂਕਦੀ ਕ਼ਜ਼ਾ, ਕਾਲ ਕਸਾਈ ਡੰਕ ਰਿਹਾ ਵਜਾਈਆ । ਗੁਰਮੁਖ ਵਿਰਲਾ ਚਲੇ ਪ੍ਰਭ ਦੀ ਰਜ਼ਾ, ਰਾਜ਼ਕ ਰਹੀਮ ਇਕੋ ਲਏ ਮਨਾਈਆ । ਮਾਇਆ ਮਮਤਾ ਕੂੜੀ ਕਿਰਿਆ ਛੱਡੇ ਦਗ਼ਾ, ਦਾਗ਼ ਤਨ ਵਜੂਦ ਦਏ ਵਖਾਈਆ । ਓਨ੍ਹਾਂ ਗੁਰਮੁਖਾਂ ਦੇ ਜਹਾਨ ਵਧੇ ਅੱਗਾ, ਆਗਮਨ ਵਿਚ ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਮਨਾਈਆ । ਦਰ ਸੋਹੇ ਉਪਰ ਸ਼ਾਹਰਗਾ, ਨੌਂ ਦੁਵਾਰੇ ਡੇਰਾ ਢਾਹੀਆ । ਸਚ ਦਵਾਰ ਏਕੰਕਾਰ ਦੇਵੇ ਅਗੰਮੀ ਜਗਹ, ਅਸਥਾਨ ਭੂਮਿਕਾ ਧੁਰ ਦੀ ਨਜ਼ਰੀ ਆਈਆ । ਜਿਸ ਦੀ ਕੋਈ ਸਮਝ ਨਾ ਸਕੇ ਵਜਹ, ਵਜ਼ਾਹਤ ਵਿਚ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਨ੍ਹਾਂ ਨਾਮ ਨਿਧਾਨਾ ਗਾਨਾ ਬੱਧਾ, ਸਗਨ ਧੁਰ ਦਾ ਇਕ ਮਨਾਈਆ । ਸਗਨ ਕਹੇ ਮੈਂ ਧੁਰ ਦਾ ਮੀਤਾ, ਹਰਿ ਕਰਤਾ ਦਏ ਵਡਿਆਈਆ । ਜਿਸ ਕਲਜੁਗ ਵਿਚ ਸਤਿਜੁਗ ਬਦਲੀ ਰੀਤਾ, ਰਾਤੀ ਰੁਤੜੀ ਵੇਖ ਵਖਾਈਆ । ਪਿਛਲਾ ਲਹਿਣਾ ਦੇਣਾ ਗੁਰ ਅਵਤਾਰ ਪੈਗ਼ੰਬਰਾਂ ਨਾਲ ਬੀਤਾ, ਬੀਤੀ ਕਹਾਣੀ ਨਾ ਕੋਇ ਦ੍ਰਿੜਾਈਆ । ਅੱਗੇ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਚਲਾਵੇ ਠੀਕਾ, ਠਾਕਰ ਹੋ ਕੇ ਵੇਖ ਵਖਾਈਆ । ਮਾਰਗ ਪੰਥ ਦੱਸੇ ਨੀਕਣ ਨੀਕਾ, ਨਿਰਵੈਰ ਹੋ ਕੇ ਆਪਣੀ ਖੇਲ ਖਿਲਾਈਆ । ਭੇਵ ਜਾਣੇ ਸਾਧ ਸੰਤ ਜੀਵ ਜੀ ਕਾ, ਘਟ ਘਟ ਅੰਦਰ ਫੋਲ ਫੁਲਾਈਆ । ਸਤਿ ਸਚ ਬਖ਼ਸ਼ੇ ਆਪਣੀ ਪ੍ਰੀਤਾ, ਪ੍ਰੀਤਮ ਹੋ ਕੇ ਦਇਆ ਕਮਾਈਆ । ਨਾਮ ਰਸ ਨਿਝਰ ਬਰਸੇ ਮੀਠਾ, ਅਨਡਿੱਠ ਆਪਣੀ ਖੇਲ ਖਿਲਾਈਆ । ਕਰਵਟ ਲੈ ਬਦਲ ਲਏ ਪੀਠਾ, ਸਨਮੁਖ ਹੋ ਕੇ ਨਜ਼ਰੀ ਆਈਆ । ਸਾਚੇ ਨਾਮ ਦੀ ਦੇ ਹਦੀਸਾ, ਹਰਿ ਹਜ਼ਰਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਸਭ ਦੀ ਪੂਰੀ ਕਰੇ ਉਮੀਦਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਉਮੀਦ ਕਹੇ ਮੈਂ ਆਸਾ ਤੱਕੀ, ਤਕਵਾ ਇਕ ਰਖਾਈਆ । ਦਰਸ ਪਾਵਾਂ ਸਾਹਿਬ ਸੁਲਤਾਨ ਹੱਕੀ, ਜੋ ਹਕੀਕਤ ਦਏ ਸਮਝਾਈਆ । ਸਦੀ ਚੌਧਵੀਂ ਸ੍ਰਿਸ਼ਟ ਸਬਾਈ ਹੋ ਗਈ ਸ਼ੱਕੀ, ਸ਼ਿਕਵਾ ਸਕੇ ਨਾ ਕੋਇ ਚੁਕਾਈਆ । ਮੈਂ ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਧਾਰ ਹੋ ਕੇ ਨੱਸੀ, ਭੱਜੀ ਵਾਹੋ ਦਾਹੀਆ । ਸਾਚੀ ਮੰਜ਼ਲ ਇਸ਼ਾਰੇ ਨਾਲ ਕਿਸੇ ਨਾ ਦੱਸੀ, ਪੜਦਾ ਸਕਿਆ ਨਾ ਕੋਇ ਉਠਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਵਿਚ ਦੀਨ ਦੁਨੀ ਫਸੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਏਸੇ ਕਰ ਕੇ ਜੂਨ ਪ੍ਰਗਟ ਹੋ ਕੇ ਵਧਦੀ ਜਾਏ ਇਕ ਲੱਖ ਹਜ਼ਾਰ ਅੱਸੀ, ਹਾਕਣ ਡਾਕਣ ਵੇਸ ਵਟਾਈਆ । ਜਿਹੜੀ ਰੀਤ ਨਾਨਕ ਨਿਰਗੁਣ ਧਾਰ ਦੱਸੀ, ਸਾਚੀ ਪ੍ਰਭ ਦੇ ਨਾਲ ਕੁੜਮਾਈਆ । ਓਹ ਸਮਝ ਕਿਸੇ ਨਾ ਲੱਗੀ ਅੱਛੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜਿੰਨਾਂ ਚਿਰ ਪਾਰਬ੍ਰਹਮ ਪਤਿਪਰਮੇਸ਼ਵਰ ਮਿਲੇ ਨਾ ਕਮਲਾਪਤੀ, ਜਗਤ ਸੰਤ ਕੰਤ ਮਿਲੇ ਨਾ ਕੋਇ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਦਏ ਵਡਿਆਈਆ । ਸਚ ਦਵਾਰਾ ਹਰਿ ਵੇਖੇ ਆਪ, ਧੁਰ ਕਰਤਾ ਵਡ ਵਡਿਆਈਆ । ਜਨ ਭਗਤਾਂ ਦੱਸ ਕੇ ਅਗੰਮਾ ਜਾਪ, ਜਗਜੀਵਣ ਦਾਤਾ ਵੇਖ ਵਖਾਈਆ । ਕੂੜੀ ਕਿਰਿਆ ਮਿਟੇ ਸੰਤਾਪ, ਸਤਿ ਸਾਚਾ ਚੰਦ ਚਮਕਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਮਨਸਾ ਸਭ ਦੀ ਪੂਰ ਕਰਾਈਆ । ਆਤਮ ਪਰਮਾਤਮ ਸ੍ਰਿਸ਼ਟ ਸਬਾਈ ਸਾਂਝਾ ਕਰ ਕੇ ਪਾਠ, ਪਾਠਸ਼ਾਲਾ ਇਕੋ ਲਏ ਪ੍ਰਗਟਾਈਆ । ਸਤਿ ਧਰਮ ਦਾ ਖੋਲ੍ਹ ਕੇ ਹਾਟ, ਨਾਮ ਭੰਡਾਰਾ ਦੇਵੇ ਚਾਈਂ ਚਾਈਂਆ । ਮੇਲ ਮਿਲਾ ਕੇ ਲੋਕਮਾਤ, ਧਰਨੀ ਧਰਤ ਧਵਲ ਖ਼ੁਸ਼ੀ ਮਨਾਈਆ । ਸਚ ਦਵਾਰਾ ਗੁਰਮੁਖਾਂ ਦਾ ਸਾਚਾ ਸਾਕ, ਮਨਮੁਖ ਸੰਗ ਨਾ ਕੋਇ ਰਖਾਈਆ । ਪਿਆਰ ਮੁਹੱਬਤ ਵਿਚ ਇਕ ਦੂਜੇ ਦੇ ਰਹਿਣ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਾਚਾ ਦੇ ਵਿਸ਼ਵਾਸ਼, ਵਿਸ਼ਾ ਕੂੜਾ ਦਏ ਗਵਾਈਆ ।



### ❊ ੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦੁਵਾਰ ਜੇਠੂਵਾਲ ❊

ਕੋਟਨ ਕੋਟ ਅੱਸੂ ਬੀਤੇ, ਬਾਤਨ ਧਿਆਨ ਇਕ ਲਗਾਈਆ । ਰਾਹ ਤਕਦੇ ਗਏ ਹਰਿ ਜਗਦੀਸ਼ੇ, ਜਗਦੀਸ਼ਰ ਮਿਲੇ ਬੇਪ੍ਰਵਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤੇ, ਆਸਾ ਮਨਸਾ ਨਾਲ ਵਧਾਈਆ । ਨਿਰਗੁਣ ਧਾਰ ਕਰਦੇ ਰਹੇ ਉਡੀਕੇ, ਰਾਹ ਰਹਿਬਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੱਸ ਕੇ ਗਏ ਤਰੀਕੇ, ਤਰਾ ਤਰਾ ਨਾਲ ਜਣਾਈਆ । ਭੇਵ ਭਾਓ ਖੁਲ੍ਹੌਂਦੇ ਰਹੇ ਹਰੀ ਕੇ, ਹਰਿ ਮੰਤਰ ਨਾਮ ਦ੍ਰਿੜਾਈਆ । ਲੇਖ ਦੱਸਦੇ ਗਏ ਜੀਵ ਜੀਅ ਕੇ, ਕਰਮ ਧਰਮ ਜਨਮ ਵਿਚ ਸਮਝਾਈਆ । ਨਾਮ ਕਲਮਾ ਪੜ੍ਹੌਂਦੇ ਗਏ ਹਦੀਸੇ, ਧੁਰ ਸੰਦੇਸਾ ਇਕ ਸੁਣਾਈਆ । ਇਸ਼ਾਰਾ ਦੇਂਦੇ ਗਏ ਬੀਸ ਬੀਸੇ, ਬਹਿਸ ਵਿਚ ਨਾਮ ਸ਼ਬਦ ਸ਼ਨਵਾਈਆ । ਪੁਰਖ ਅਕਾਲ ਆਵੇ ਨੀਚੇ, ਨਿਰਵੈਰ ਨਿਰਾਕਾਰ ਵੇਸ ਵਟਾਈਆ । ਲੱਖ ਚੁਰਾਸੀ ਜੀਵ ਜੰਤ ਵੇਖੇ ਬਗ਼ੀਚੇ, ਚਾਰੇ ਖਾਣੀ ਫੋਲ ਫੁਲਾਈਆ । ਜਨ ਭਗਤਾਂ ਚਾੜ੍ਹੇ ਰੰਗ ਮਜੀਠੇ, ਨਿਰਗੁਣ ਧਾਰ ਉਤਰ ਕਦੇ ਨਾ ਜਾਈਆ । ਭੇਵ ਖੁਲ੍ਹਾਏ ਸਾਹਿਬ ਅਨਡੀਠੇ, ਅਨਡਿੱਠੜੀ ਕਾਰ ਕਮਾਈਆ । ਗੋਬਿੰਦ ਦਾ ਲਹਿਣਾ ਦੇਣਾ ਪੂਰਾ ਕਰੇ ਕੌਲ ਅੰਤ ਇਕ਼ਰਾਰ ਅੰਗੀਠੇ, ਅਗਨੀ ਤੱਤ ਅਗਨ ਵਡਿਆਈਆ । ਸਾਚੇ ਨਾਮ ਦਾ ਸ਼ਬਦੀ ਧਾਰ ਕਰੇ ਟੀਕੇ, ਟੀਕਾ ਟਿਪਣੀ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾਵੇ ਸਿਲ ਪੱਥਰ ਪਾਹਨ ਈਟੇ, ਛੱਪਰ ਛੰਨ ਨਾ ਕੋਇ ਵਡਿਆਈਆ । ਲਹਿਣਾ ਦੇਣਾ ਲੇਖੇ ਲਾਵੇ ਤੀਰਥ ਤੀਟੇ, ਤਟ ਕਿਨਾਰੇ ਮਿਲੇ ਵਡਿਆਈਆ । ਜਨ ਭਗਤਾਂ ਨਾਲ ਪ੍ਰੇਮ ਪ੍ਰੀਤੀ ਗੰਢ ਪੀਚੇ, ਪੇਚੀਦਾ ਆਪਣਾ ਰਾਜ਼ ਸਮਾਈਆ । ਲੱਖ ਚੁਰਾਸੀ ਜੀਵ ਜੰਤ ਚੀਕੇ, ਚਾਰ ਕੁੰਟ ਕੁਰਲਾਈਆ । ਸ਼ਾਹ ਸੁਲਤਾਨਾਂ ਖ਼ਾਲੀ ਹੋਵਣ ਖ਼ੀਸੇ, ਖ਼ਾਲਸ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਦੀ ਬੰਦ ਕਰੇ ਫ਼ੀਸੇ, ਸਤਿਗੁਰ ਨਾਮ ਹੱਟ ਨਾ ਕੋਇ ਵਿਕਾਈਆ । ਦੀਨ ਦੁਨੀ ਕੂੜ ਕੁੜਿਆਰ ਪੀਸੇ, ਪੱਛਮ ਦੱਖਣ ਵੇਖ ਵਖਾਈਆ । ਸਾਚਾ ਛਤਰ ਝੁੱਲੇ ਇਕ ਜਗਦੀਸ਼ੇ, ਚਾਰ ਕੁੰਟ ਵੱਜੇ ਵਧਾਈਆ । ਸ੍ਰਿਸ਼ਟੀ

ਦ੍ਰਿਸ਼ਟੀ ਹੋਵੇ ਭੈ ਭੀਤੇ, ਭੈ ਭੌ ਇਕੋ ਵੇਖ ਵਖਾਈਆ । ਲਹਿਣਾ ਦੇਣਾ ਚੁਕਾਵੇ ਪਿਛਲੇ ਜੁਗ ਬੀਤੇ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਲਹਿਣਾ ਦੇਣਾ ਦੇਵੇ ਜਨਮ ਕਰਮ ਜੋ ਕੀਤੇ, ਕ਼ੁਦਰਤ ਦਾ ਮਾਲਕ ਵੇਖ ਵਖਾਈਆ । ਸਾਚਾ ਨਾਮ ਪ੍ਰਗਟਾਏ ਅਗੰਮੀ ਗੀਤੇ, ਗਹਿਰ ਗੰਭੀਰ ਆਪ ਸੁਣਾਈਆ । ਝਗੜਾ ਮੁਕਾ ਕੇ ਮੰਦਰ ਮਸੀਤੇ, ਹਰਿ ਭਗਤ ਦਵਾਰੇ ਨੂਰ ਕਰੇ ਰਸ਼ਨਾਈਆ । ਤ੍ਰੈਗੁਣ ਮਾਇਆ ਹੋ ਅਤੀਤੇ, ਤ੍ਰੈਭਵਣ ਧਨੀ ਆਪਣੀ ਖੇਲ ਖਿਲਾਈਆ । ਸਤਿ ਧਰਮ ਦੀ ਸਚ ਚਲਾਏ ਰੀਤੇ, ਰੀਤੀ ਧੁਰ ਦੀ ਆਪ ਪ੍ਰਗਟਾਈਆ । ਗੁਰਮੁਖ ਸਾਚੇ ਕਰੇ ਠਾਂਡੇ ਸੀਤੇ, ਅਗਨੀ ਤਤ ਨਾ ਕੋਇ ਜਲਾਈਆ । ਦੀਨ ਦੁਨੀ ਵੇਖੇ ਚੁਪ ਚੁਪੀਤੇ, ਚਾਰੋਂ ਕੁੰਟ ਫੋਲ ਫੁਲਾਈਆ । ਹਰਿਜਨ ਬਣ ਕੇ ਧੁਰ ਦੇ ਮੀਤੇ, ਮਾਤਰ ਭੂਮੀ ਹੋਏ ਸਹਾਈਆ । ਥਾਨ ਸੁਹਾਏ ਬਿਨ ਜਗਤ ਕਾਲੀਨ ਗਲੀਚੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਚਰਨ ਟਿਕਾਏ ਓਸ ਦਹਿਲੀਜ਼ੇ, ਜਿਥੇ ਨੂਰ ਕਰੇ ਰੁਸ਼ਨਾਈਆ । ਹਰਿ ਭਗਤ ਬਣਾ ਆਪਣੇ ਅਜ਼ੀਜ਼ੇ, ਬਾਲ ਅੰਞਾਣੇ ਗੋਦ ਟਿਕਾਈਆ । ਸਾਚੇ ਨਾਮ ਦੀ ਦੇ ਤਮੀਜ਼ੇ, ਤਮਅ ਅੰਦਰੋਂ ਦਏ ਗਵਾਈਆ । ਨਿਜ ਨੇਤਰ ਲਾਵੇ ਨੀਝੇ, ਨਿਰਅੱਖਰ ਕਰ ਪੜ੍ਹਾਈਆ । ਮਾਰਗ ਦੱਸੇ ਧੁਰ ਦੇ ਸੀਧੇ, ਸਿਧ ਸਾਧਨਾ ਇਕ ਅਖਵਾਈਆ । ਜਗਤ ਹਯਾ ਮਿਟਾਏ ਨੈਣ ਦੀਦੇ, ਦੀਦਾ ਦਾਨਿਸਤਾ ਨਜ਼ਰੀ ਆਈਆ । ਸਾਚਾ ਨੂਰ ਚੰਦ ਚਮਕੇ ਅਗੰਮੀ ਈਦੇ, ਅਦਮ ਤਸ਼ੱਦਦ ਝਗੜਾ ਦਏ ਮੁਕਾਈਆ । ਲਹਿਣਾ ਦੇਣਾ ਪੂਰਾ ਕਰੇ ਕ਼ੁਰਾਨ ਮਜੀਦੇ, ਸ਼ਰੀਫ਼ ਸ਼ੁਰਫ਼ਾ ਵੇਖ ਵਖਾਈਆ । ਨਿਰਗੁਣ ਧਾਰ ਵਸ ਨਜ਼ਦੀਕੇ, ਨਿਰਵੈਰ ਪੜਦਾ ਆਪ ਉਠਾਈਆ । ਝਗੜਾ ਮਿਟਾ ਕੇ ਹਸਤ ਕੀਟੇ, ਕਾਇਆ ਕੁਟੀਆ ਲਏ ਬਦਲਾਈਆ । ਮਿੱਠੇ ਕਰੇ ਕੌੜੇ ਰੀਠੇ, ਰਸ ਅੰਮ੍ਰਿਤ ਨਾਮ ਭਰਾਈਆ । ਹਰਿਜਨ ਰਹਿਣ ਸਦਾ ਸਦ ਜੀਤੇ, ਜਨਮ ਮਰਨ ਕਟਾਈਆ । ਜਗਤ ਵਿਕਾਰ ਚੜ੍ਹੇ ਕੋਈ ਨਾ ਚਿਖਾ ਚੀਤੇ, ਚੇਤਨ ਸਭ ਨੂੰ ਆਪ ਕਰਾਈਆ । ਅੰਮ੍ਰਿਤ ਨਾਮ ਰਸ ਜਿਨ੍ਹਾਂ ਪਿਆਲੇ ਪੀਤੇ, ਪ੍ਰੀਤਮ ਹੋ ਕੇ ਲਏ ਉਠਾਈਆ । ਜਿਸ ਦੀ ਯਾਦ ਵਿਚ ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ, ਬਾਤਨ ਲੇਖਾ ਵੇਖੇ ਥਾਉਂ ਥਾਈਂਆ । ਜਿਸ ਦੀ ਧਾਰ ਬਾਰੀਕੇ, ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਸ਼ਰੀਕੇ, ਸ਼ਿਰਕਤ ਅੰਦਰੋਂ ਦਏ ਗਵਾਈਆ । ਚਾਰ ਜੁਗ ਦੇ ਪਿਛਲੇ ਵੇਖੇ ਵਸੀਕੇ, ਪੜਦਾ ਉਹਲਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੱਸ ਕੇ ਗਏ ਠੀਕੇ, ਠਾਕਰ ਹੋ ਕੇ ਪੂਰ ਕਰਾਈਆ । ਜੋ ਚਾਰ ਜੁਗ ਕਾਗਜ਼ ਕੋਰੇ ਰੱਖੇ ਚੀਟੇ, ਲੇਖ ਅਗੰਮਾ ਦਏ ਲਿਖਾਈਆ । ਸਦੀ ਚੌਧਵੀਂ ਜਗਤ ਵਿਦਿਆ ਰਹੀ ਪੀਟੇ, ਪਟਨੇ ਵਾਲੇ ਅੱਗੇ ਇਕ ਦੁਹਾਈਆ । ਗੁਰਮੁਖ ਦੁੱਧ ਕਦੇ ਨਾ ਫੀਟੇ, ਫੁਟਕਲ ਦਿਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵਜਦੀ ਰਹੇ ਵਧਾਈਆ । ਕੋਟਨ ਕੋਟ ਅੱਸੂ ਲੰਘੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਦੇਂਦੇ ਰਹੇ ਸੰਗੇ, ਸਮਾਂ ਸਮੇਂ ਨਾਲ ਸੁਹਾਈਆ । ਜੁਗ ਚੌਕੜੀ ਰਹੇ ਮੰਗੇ, ਖ਼ਾਲੀ ਝੋਲੀ ਅੱਗੇ ਡਾਹੀਆ । ਕਿਰਪਾ ਕਰ ਸੂਰੇ ਸਰਬੰਗੇ, ਤੇਰੀ ਬੇਪ੍ਰਵਾਹੀਆ । ਤੇਰਾ ਖੇਲ ਵੇਖਿਆ ਗੋਬਿੰਦ ਧਾਰ ਪੁਰੀ ਅਨੰਦੇ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਅੰਮ੍ਰਿਤ ਰਸ ਚੱਖਿਆ ਵਿਚੋਂ ਖੰਡੇ, ਖੜਗ ਖੰਡਾ ਸੋਭਾ ਪਾਈਆ । ਮੰਜ਼ਲ ਤੇਰੀ ਚੜ੍ਹੇ ਡੰਡੇ, ਡੰਡਾਵਤ ਇਕੋ ਦਿਤੀ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਤਮ ਕੰਢੇ, ਕਿਨਾਰੇ ਮਿਲੇ ਨਾ ਕੋਇ ਵਡਿਆਈਆ । ਵੇਖੇ ਖੇਲ ਵਿਚ ਵਰਭੰਡੇ, ਬ੍ਰਹਿਮੰਡ ਫੋਲ ਫੁਲਾਈਆ । ਜਨ ਭਗਤਾਂ ਭਾਰ ਚੁੱਕੇ ਆਪਣੇ

ਕੰਧੇ, ਬੋਝਲ ਕੂੜੀ ਦਿਸੇ ਲੋਕਾਈਆ । ਨਾਮ ਨਿਧਾਨਾ ਦੱਸੇ ਧੁਰ ਦਾ ਚੰਦੇ, ਸੋਹੰ ਢੋਲਾ ਇਕ ਸਮਝਾਈਆ । ਅੰਮ੍ਰਿਤ ਧਾਰ ਵਹਾਏ ਗੰਗੇ, ਗਹਿਰ ਗੰਭੀਰ ਪੜਦਾ ਆਪ ਉਠਾਈਆ । ਮਾਣ ਰਖਾਏ ਗੋਬਿੰਦ ਕੰਘੇ, ਕਾਲ ਮਹਾਂਕਾਲ ਬੈਠਣ ਸੀਸ ਨਿਵਾਈਆ । ਲੇਖੇ ਲਾਵੇ ਨੀਲੇ ਮੰਗੇ, ਆਸਣ ਪਲਾਣਾ ਸਿੰਘਾਸਣ ਦਏ ਵਡਿਆਈਆ । ਲਹਿਣਾ ਦੇਣਾ ਚੁਕਾਏ ਤਾਰਾ ਚੰਦੇ, ਸਤ੍ਹਾ ਸਿਤਾਰ ਵੇਖ ਵਖਾਈਆ । ਜਨ ਭਗਤਾਂ ਬਜਰ ਕਪਾਟੀ ਖੋਲ੍ਹੇ ਜਿੰਦੇ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਸੰਤ ਸੁਹੇਲੇ ਕਰ ਕੇ ਬੰਦੇ, ਬੰਦਗੀ ਡੰਡੌਤ ਇਕ ਜਣਾਈਆ । ਸਾਚੇ ਨਾਮ ਦਾ ਦੇ ਕੇ ਪਰਮਾਨੰਦੇ, ਪਰਮ ਪੁਰਖ ਖੋਜ ਖੁਜਾਈਆ । ਝਗੜਾ ਰਹਿਣ ਨਾ ਦੇਵੇ ਹੰ ਬ੍ਰਹਮੇ, ਬ੍ਰਹਮ ਹੰ ਮੇਲ ਮਿਲਾਈਆ । ਨੇਤਰਹੀਣ ਗੁਰਮੁਖ ਮੂਲ ਰਹਿਣ ਨਾ ਅੰਧੇ, ਅੰਧ ਅੰਧੇਰਾ ਦਏ ਚੁਕਾਈਆ । ਕਾਇਆ ਮਾਟੀ ਭਾਂਡੇ ਤਨ ਵਜੂਦ ਚੋਲੀ ਰੰਗੇ, ਰੰਗਤ ਆਪਣੀ ਇਕ ਚੜ੍ਹਾਈਆ । ਚਾਰ ਕੁੰਟ ਕਰਾਏ ਦੰਗੇ, ਦੰਗਲ ਵੇਖੇ ਕੂੜ ਲੋਕਾਈਆ । ਮਾਣ ਮਿਟਾਏ ਜਗਤ ਤਰੰਗੇ, ਸੱਤ ਰੰਗੇ ਆਪਣੇ ਰੰਗ ਰੰਗਾਈਆ । ਗੁਰਸਿਖ ਰਹਿਣ ਨਾ ਦੇਵੇ ਦੋ ਰੰਗੇ, ਧਰਮ ਦੀ ਧਾਰ ਇਕ ਜਣਾਈਆ । ਦੂਜਾ ਦਰ ਕਦੀ ਨਾ ਮੰਗੇ, ਮਾਂਗਤ ਹੋ ਨਾ ਝੋਲੀ ਡਾਹੀਆ । ਲੇਖ ਮੁਕਾਵੇ ਵਿਦਿਆ ਪੰਡੇ, ਬੋਧ ਅਗਾਧ ਕਰੇ ਸ਼ਣਵਾਈਆ । ਧਰਮ ਨਿਸ਼ਾਨਾ ਇਕੋ ਟੰਗੇ, ਦੋ ਜਹਾਨਾਂ ਲਹਿਰ ਲਹਿਰਾਈਆ । ਮੰਜ਼ਲ ਪੌੜੀ ਚਾੜ੍ਹ ਕੇ ਡੰਡੇ, ਡਰ ਭੈ ਭੌ ਦਏ ਮਿਟਾਈਆ । ਸਚ ਦਵਾਰਾ ਇਕੋ ਲੰਘੇ, ਸਚ ਸਿੰਘਾਸਣ ਡੇਰਾ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਥੇ ਰਹਿੰਦੇ, ਕਿਰਤ ਕਰ ਕਰ ਖ਼ੁਸ਼ੀ ਮਨਾਈਆ । ਓਥੇ ਕਲਜੁਗ ਜੀਵ ਰਹਿਣ ਨਾ ਦੇਵੇ ਮੂਰਖ ਮੂੜ ਦਰਿੰਦੇ, ਦਰ ਦਵਾਰੇ ਦਏ ਹਟਾਈਆ । ਮਾਣ ਰਹੇ ਨਾ ਕਿਸੇ ਪਰਿੰਦੇ, ਗੋਬਿੰਦ ਬਾਜ਼ ਦਏ ਗਵਾਹੀਆ । ਪੁਰਖ ਅਕਾਲ ਕੋਈ ਨਾ ਨਿੰਦੇ, ਨਿੰਦਕ ਨਈਆ ਨੌਕਾ ਦਏ ਡੁਬਾਈਆ । ਕਰੇ ਪ੍ਰਕਾਸ਼ ਜੀਓ ਪਿੰਡੇ, ਪੰਜ ਭੂਤਕ ਸੋਭਾ ਪਾਈਆ । ਜੋ ਸੰਤ ਸੁਹੇਲੇ ਗੁਰਮੁਖ ਜੁਗ ਜੁਗ ਦੇ ਖਿੰਡੇ, ਫੜ ਫੜ ਬਾਹੋਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੀ ਕਾਰ ਕਮਾਈਆ । ਅੱਸੂ ਕਹੇ ਕੋਟਨ ਕੋਟ ਅੱਸੂ ਮੁਕੇ, ਮੁਕੰਮਲ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਰੁੱਕੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਨਾਲ ਲਿਖਾਈਆ । ਏਕੇ ਉਤੇ ਮਾਰਦੇ ਗਏ ਢੁੱਕੇ, ਦੂਆ ਏਕਾ ਕਰੇ ਲੜਾਈਆ । ਪੁਰਖ ਅਕਾਲ ਲੁਕਿਆ ਰਿਹਾ ਗੁੱਠੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਪਾ ਕੇ ਰਾਹ ਪੁੱਠੇ, ਆਪਣੇ ਨਾਮ ਨਾਲ ਨਾਮ ਦਿਤਾ ਟਕਰਾਈਆ । ਪ੍ਰੇਮ ਖ਼ੁਮਾਰੀ ਦੇ ਕੇ ਘੁਟੇ, ਘਾਟ ਅਗਲਾ ਦਿਤਾ ਜਣਾਈਆ । ਜਿਥੇ ਪ੍ਰੀਤ ਕੋਈ ਨਾ ਟੁੱਟੇ, ਗੰਢਣਹਾਰ ਆਪ ਹੋ ਜਾਈਆ । ਖੇਲ ਕਰੇ ਅਬਿਨਾਸ਼ੀ ਅਚੁੱਤੇ, ਪਾਰਬ੍ਰਹਮ ਮੇਲ ਮਿਲਾਈਆ । ਜਿਸ ਵੇਲੇ ਚਾਹਵੇ ਬਦਲ ਦੇਵੇ ਰੁਖ਼ੇ, ਰਸਤੇ ਬਸਤਿਆਂ ਵਿਚ ਬੰਧਾਈਆ । ਭਾਗ ਲਗਾਵੇ ਰਸਨਾ ਜਿਹਵਾ ਮੁੱਖੇ, ਮੁਖ ਤੋਂ ਬਾਣੀ ਸਿਫ਼ਤਾਂ ਨਾਲ ਸਾਲਾਹੀਆ । ਸੰਤ ਮਨੀ ਸਿੰਘ ਨੌ ਦਿਨ ਰੋਂਦਾ ਰਿਹਾ ਪਿੰਡ ਬੜੁੱਖੇ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲ ਹੁੰਦਾ ਰਿਹਾ ਗ਼ੁੱਸੇ, ਧੁਰ ਸੰਦੇਸਾ ਇਕ ਜਣਾਈਆ । ਮੇਰਾ ਭਾਰ ਕਵਣ ਚੁੱਕੇ, ਕੰਧਾ ਲਏ ਉਠਾਈਆ । ਮਨੀ ਸਿੰਘ ਚਰਨ ਕਵਲ ਘੁੱਟੇ, ਨਿਉਂ ਨਿਉਂ ਸੀਸ ਝੁਕਾਈਆ । ਸੂਰਬੀਰ ਦਿਸੇ ਨਾ ਕੋਈ ਬਿਨਾ ਤੇਰੇ ਗੋਬਿੰਦ ਸੁੱਤੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਸਾਧ ਸੰਤ ਨਾਮ ਪੰਜਾਲੀ ਫੜ ਕੇ ਜੁਤੇ, ਜੋਤਰੇ ਵਾਲਾ ਹੱਲ ਮੈਥੋਂ ਕ਼ਲਮ ਰਿਹਾ

ਚਲਾਈਆ । ਜੇ ਮੈਨੂੰ ਸਚ ਪੁਛੇਂ, ਪਾਰਬ੍ਰਹਮ ਤੇਰਾ ਭੇਵ ਕੋਇ ਨਾ ਪਾਈਆ । ਪੁਰਖ ਅਕਾਲ ਕਿਹਾ ਮਨੀ ਸਿੰਘ ਜਿਸ ਵੇਲੇ ਮੈਂ ਆਇਆ ਗੋਬਿੰਦ ਜੁੱਸੇ, ਜਿਸਮ ਇਸਮ ਬਦਲਾਈਆ । ਜਗਤ ਜਨਮ ਦੇ ਵਿਛੜੇ ਮੇਲਾਂ ਰੁੱਸੇ, ਰੱਸੀ ਡੋਰੀ ਨਾਮ ਬੰਧਾਈਆ । ਓਧਰੋਂ ਭੌਂਕ ਪਏ ਦੋ ਕੁੱਤੇ, ਕੂਕ ਕੂਕ ਸੁਣਾਈਆ । ਪ੍ਰਭੂ ਸਾਡੀ ਡੋਰ ਤੇਰੇ ਨਾਲੋਂ ਨਾ ਟੁੱਟੇ, ਸਾਡੇ ਹਿਰਦੇ ਲਈ ਅੰਗੜਾਈਆ । ਧਰਮ ਰਾਏ ਟੰਗੇ ਕੋਈ ਨਾ ਪੁੱਠੇ, ਅੱਗੇ ਮਿਲੇ ਨਾ ਕੋਇ ਸਜ਼ਾਈਆ । ਐਸ ਜਨਮ ਵਿਚ ਗਏ ਲੁੱਟੇ, ਅੱਗੇ ਹੋਣਾ ਆਪ ਸਹਾਈਆ । ਜੇ ਗੁਰਮੁਖ ਕਰਨੇ ਇਕ ਮੁੱਠੇ, ਸਾਨੂੰ ਲੈਣਾ ਨਾਲ ਮਿਲਾਈਆ । ਤੇਰੀ ਧਾਰ ਵਿਚ ਪਰੋਤੇ, ਪਰਾਹੁਣੇ ਆਪਣੇ ਲੈਣਾ ਬਣਾਈਆ । ਪੁਰਖ ਅਕਾਲ ਕਿਹਾ ਮੈਂ ਔਣਾ ਜਗਤ ਰੁੱਤ ਬਰੁੱਤੇ, ਛੇ ਰੁੱਤ ਭੇਵ ਕੋਇ ਨਾ ਪਾਈਆ । ਕਿਸੇ ਸਮਝ ਨਹੀਂ ਔਣੀ ਚੋਟੀ ਗੁੱਤੇ, ਗੌਤਮ ਰੋ ਕੇ ਦਏ ਦੁਹਾਈਆ । ਜਿਹੜੇ ਮਾਰਗ ਰਸਤਿਓਂ ਘੁੱਸੇ, ਮੰਜ਼ਲ ਪੰਧ ਨਾ ਕੋਇ ਚੁਕਾਈਆ । ਗੁਰਮੁਖਾਂ ਦੇ ਕੇ ਸਾਚਾ ਸੁੱਖੇ, ਸੁਖ ਸਾਗਰ ਵਿਚ ਟਿਕਾਈਆ । ਖਾ ਕੇ ਟੁੱਕਰ ਰੁੱਖੇ, ਰਸਤਾ ਵੇਖਣ ਚਾਈਂ ਚਾਈਂਆ । ਦੋ ਜਹਾਨ ਓਥੇ ਝੁਕੇ, ਸਿਰ ਸਰ ਇਕ ਨਿਵਾਈਆ । ਚਰਨ ਕਵਲ ਪ੍ਰਭ ਛੋਹ ਕੇ, ਸ਼ਹਿਨਸ਼ਾਹ ਮਿਲ ਕੇ ਮਿਲੇ ਵਡਿਆਈਆ । ਨਿਰਗੁਣ ਧਾਰ ਸਰਗੁਣ ਹੋ ਕੇ, ਸਰਗੁਣ ਨਿਰਗੁਣ ਵੇਖ ਵਖਾਈਆ । ਜਨ ਭਗਤਾਂ ਦੁਰਮਤ ਮੈਲ ਧੋ ਕੇ, ਪਤਤ ਪੁਨੀਤ ਆਪ ਕਰਾਈਆ । ਜਿਹੜੇ ਮਾਤਲੋਕ ਗਏ ਰੋ ਕੇ, ਉਨ੍ਹਾਂ ਦਾ ਲਹਿਣਾ ਝੋਲੀ ਪਾਈਆ । ਜੋ ਜਗ ਨੇਤਰ ਗਏ ਸੌਂ ਕੇ, ਅੱਖ ਪ੍ਰਤੱਖ ਨਾ ਕੋਇ ਖੁਲ੍ਹਾਈਆ । ਝਗੜੇ ਮੁਕਾ ਦੇ ਇਕ ਦੋ ਕੇ, ਤੂੰ ਮੇਰਾ ਮੈਂ ਤੇਰਾ ਸਚ ਜਣਾਈਆ । ਸਾਚਾ ਅੰਮ੍ਰਿਤ ਜਾਵੇ ਚੋ ਕੇ, ਰਸ ਨਿਝਰ ਇਕ ਵਹਾਈਆ । ਸਭ ਦੇ ਕੋਲੋਂ ਨਾਮ ਭੰਡਾਰਾ ਜਾਵੇ ਖੋਹ ਕੇ, ਧਰਮ ਦਵਾਰਾ ਇਕੋ ਇਕ ਪ੍ਰਗਟਾਈਆ । ਜਨ ਭਗਤਾਂ ਕੋਲੋਂ ਕੁਛ ਨਾ ਰੱਖੇ ਲਕੋ ਕੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਦੇਵੇ ਨੇਤਰ ਆਪਣੀ ਲੋ ਦੇ, ਲੋਚਨ ਅੰਦਰੋਂ ਇਕ ਖੁਲ੍ਹਾਈਆ । ਜੈਕਾਰੇ ਦੱਸ ਕੇ ਸੋਹੰ ਸੋ ਦੇ, ਸੁਤਿਆਂ ਲਏ ਜਗਾਈਆ । ਝਗੜੇ ਮੁਕਾ ਦੇ ਜੋਜਨ ਜਗਤ ਕੋਹ ਦੇ, ਕੋਹਤੂਰ ਡੇਰਾ ਢਾਹੀਆ । ਜਨ ਭਗਤਾਂ ਦੇ ਸਨਮੁਖ ਖਲੋ ਕੇ, ਖੁਲ੍ਹੇ ਦਰਸ਼ਨ ਦਏ ਕਰਾਈਆ । ਸਾਚਾ ਬੀਜ ਜਾਵੇ ਬੋ ਕੇ, ਪੱਤ ਟਹਿਣੀ ਫਲ ਫੁੱਲ ਆਪ ਮਹਿਕਾਈਆ । ਸਾਚੇ ਤਾਗੇ ਜਾਏ ਪਰੋ ਕੇ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਦੁਰਮਤ ਮੈਲ ਜਾਵੇ ਧੋ ਕੇ, ਪਤਤ ਪੁਨੀਤ ਆਪ ਕਰਾਈਆ । ਜਨ ਭਗਤਾਂ ਜਿਹਾ ਹੋ ਕੇ, ਹੋਕਾ ਨਾਮ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਢੋਆ ਦੇਵੇ ਢੋ ਕੇ, ਢੋਲ ਮਰਦੰਗ ਅਨੰਦ ਆਪਣਾ ਨਾਮ ਜਣਾਈਆ ।



✵ ੭ ਅੱਸੂ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✵

ਗੁਰਮੁਖ ਸਾਚਾ ਨਾਮ ਕਰਨ ਗ੍ਰਹਿਣ, ਗ੍ਰਹਿਣ ਸੂਰੀਆ ਨਾ ਕੋਇ ਵਡਿਆਈਆ । ਮਿਟੇ ਅੰਦਰੋਂ ਅੰਧੇਰੀ ਰੈਣ, ਚੰਦ ਅੰਧੇਰ ਨਾ ਕੋਇ ਵਖਾਈਆ । ਨੇਤਰ ਪੇਖਣ ਆਪਣੇ ਨੈਣ, ਨਿਜ ਨੇਤਰ ਅੱਖ ਖੁਲ੍ਹਾਈਆ । ਦਰਸ਼ਨ ਹੋਵੇ ਨਰ ਨਰਾਇਣ, ਨਿਹਕਰਮੀ ਪਰਦਾ ਲਾਹੀਆ । ਭਰਮ

ਰਹੇ ਨਾ ਕੋਇ ਹਿੰਦਵੈਣ, ਹਿੰਦੂ ਹਿੰਦਸਾ ਇਕ ਜਣਾਈਆ । ਬਾਲਮੀਕ ਇਸ਼ਾਰਾ ਕੀਤਾ ਵਿਚ ਰਮਾਇਣ, ਰਾਮਾ ਰਾਹ ਤਕਾਈਆ । ਕ੍ਰਿਸ਼ਨ ਅਰਜਨ ਲੱਗਾ ਕਹਿਣ, ਨਾਮ ਸੰਦੇਸਾ ਇਕ ਦ੍ਰਿੜਾਈਆ । ਜੋ ਪਰਮ ਪੁਰਖ ਤੋਂ ਹੋਏ ਤ੍ਰਫ਼ੈਣ, ਨਾਤਾ ਭਗਵਨ ਨਾਲੋਂ ਤੁੜਾਈਆ । ਓਨ੍ਹਾਂ ਅੰਮ੍ਰਿਤ ਰਸ ਮਿਲੇ ਨਾ ਕੋਇ ਕਾਮਧੇਨ, ਐਰਾਪਤ ਨਾ ਕੋਇ ਚਤੁਰਾਈਆ । ਭੇਵ ਖੁਲ੍ਹੇ ਨਾ ਕੋਇ ਐਨ, ਰਸਾਇਣ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗ੍ਰਹਿਣ ਸੂਰੀਆ ਉਪਰ ਸਾਯਾ, ਸਾਏਬਾਨ ਉਪਰ ਫ਼ਲਕ ਨਜ਼ਰੀ ਆਈਆ । ਇਹ ਖੇਲ ਬੇਪ੍ਰਵਾਹਿਆ, ਪਾਰਬ੍ਰਹਮ ਆਪ ਕਰਾਈਆ । ਜਿਨ੍ਹਾਂ ਤੋੜੇ ਨਾਤਾ ਤ੍ਰੈਗੁਣ ਮਾਇਆ, ਮਮਤਾ ਮੋਹ ਚੁਕਾਈਆ । ਸਾਚਾ ਨਾਮ ਦਏ ਸੁਣਾਇਆ, ਸੁਨ ਸਮਾਧੀ ਵਿਚੋਂ ਬਾਹਰ ਕਢਾਈਆ । ਆਪਣਾ ਗ੍ਰਹਿ ਦਏ ਵਖਾਇਆ, ਘਰ ਮੰਦਰ ਵੱਜੇ ਵਧਾਈਆ । ਜਿਥੇ ਸੂਰੀਆ ਚੰਦ ਨਜ਼ਰ ਕੋਇ ਨਾ ਆਇਆ, ਨਛੱਤਰ ਵੰਡ ਨਾ ਕੋਇ ਵੰਡਾਈਆ । ਮੰਡਲ ਮੰਡਪ ਪੰਧ ਮੁਕਾਇਆ, ਗਗਨ ਗਗਨੰਤਰ ਲੇਖਾ ਆਪ ਮੁਕਾਈਆ । ਜਿਸ ਗ੍ਰਹਿ ਗੁਰਮੁਖ ਰਿਹਾ ਵਸਾਇਆ, ਵਸਤ ਆਪਣੀ ਇਕ ਜਣਾਈਆ । ਓਥੇ ਗ੍ਰਹਿਣ ਗ੍ਰਹਾ ਵਿਚ ਕਦੇ ਨਾ ਆਇਆ, ਨੇਤਰ ਅੱਖ ਨਾ ਕੋਇ ਦਰਸਾਈਆ । ਜਗਤ ਵਿਦਿਆ ਲੇਖਾ ਦਿਸੇ ਪਰਾਇਆ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੱਖਾਂ ਜਗਤ ਵੰਡ ਵੰਡਾਈਆ । ਸਚ ਗ੍ਰਹਿਣ ਜੋ ਗ੍ਰਹਿਣ ਕਰੇ ਹਰਿਦੇਵ, ਹਰਿ ਕਰਤਾ ਨਜ਼ਰੀ ਆਈਆ । ਇਹ ਧਰਨੀ ਦੀ ਸੇਵ, ਧਵਲ ਵਿਚ ਦੁਹਾਈਆ । ਬ੍ਰਹਮਾ ਦੀ ਕਥਨੀ ਜਿਹਵ, ਵੇਦਾਂ ਵਿਚ ਵਡਿਆਈਆ । ਪੁਰਖ ਅਕਾਲ ਲੇਖਾ ਸਦਾ ਨਿਹਕੇਵ, ਨਿਹਚਲ ਆਸਣ ਇਕ ਵਖਾਈਆ । ਜਿਸ ਨੂੰ ਗਾ ਨਾ ਸਕੇ ਰਸਨਾ ਜਿਹਵ, ਬੱਤੀ ਦੰਦ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਗ੍ਰਹਿਣ ਜਗਤ ਦੀ ਧੁਜ, ਧੁਰਾ ਧਰਮ ਨਾ ਕੋਇ ਵਡਿਆਈਆ । ਜਗਤ ਵਿਦਿਆ ਖੇਲ ਜੁਗ, ਜੁਗ ਚੌਕੜੀ ਮਾਤ ਚਲੀ ਆਈਆ । ਜਿਸ ਧਾਰੋਂ ਸਾਰੇ ਰਹੇ ਉਗ, ਉਗਣ ਆਥਣ ਵੱਜੇ ਵਧਾਈਆ । ਉਸ ਦੀ ਸਮਝ ਦੱਸੇ ਨਾ ਕੋਈ ਕੁਝ, ਪੜਦਾ ਭੇਵ ਨਾ ਕੋਇ ਖੁਲ੍ਹਾਈਆ । ਨੌ ਵਾਰ ਗ੍ਰਹਿਣ ਵੇਖ ਕੇ ਰੋਇਆ ਬੁੱਧ, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਅੰਤਰ ਲੱਗਾ ਦੁੱਖ, ਦਰਦ ਦਏ ਦੁਹਾਈਆ । ਪੁਰਖ ਅਕਾਲ ਮੈਥੋਂ ਪੁਛ, ਸਚ ਦਿਆਂ ਸੁਣਾਈਆ । ਕਿਉਂ ਜਗਤ ਕਲੰਕ ਨੂੰ ਸਾਰੇ ਰਹੇ ਝੁਕ, ਤੈਨੂੰ ਸੀਸ ਨਾ ਕੋਇ ਨਿਵਾਈਆ । ਕਿਸੇ ਕੋਲ ਨਹੀਂ ਕੁਛ, ਸੂਰੀਆ ਨੇਤਰ ਰੋ ਕੇ ਮਾਰੇ ਧਾਹੀਆ । ਚੰਦਰ ਚੰਦ ਨਾ ਸਕੇ ਉਠ, ਪੜਦਾ ਪਰੇ ਨਾ ਕੋਇ ਹਟਾਈਆ । ਤੇਰੀ ਧਾਰਾ ਖੇਲ ਉਲਟ, ਸਿੱਧੀ ਸਾਧ ਨਾ ਕੋਇ ਵਡਿਆਈਆ । ਤੇਰਾ ਖੇਲ ਕ਼ਦੀਮੀ ਮੁੱਢ, ਭੇਵ ਸਕਿਆ ਕੋਇ ਨਾ ਪਾਈਆ । ਜਗਤ ਨਿਗਾਹ ਅਸਮਾਨਾਂ ਵਿਚ ਰਹੀ ਉਡ, ਅੰਤਰ ਨਿਰੰਤਰ ਤੇਰਾ ਦਰਸ ਕੋਇ ਨਾ ਪਾਈਆ । ਮਸੀਹ ਗ੍ਰਹਿਣ ਵੇਖ ਕੇ ਕਿਹਾ ਗੁੱਡ, ਗੌਡ ਗੋਲਡਨ ਤੇਰੀ ਇਕ ਸਰਨਾਈਆ । ਜਿਹੜੇ ਸੜਦੇ ਨਾਲ ਵੁੱਡ, ਵਿਡੋ ਦਿਸੇ ਜਗਤ ਲੋਕਾਈਆ । ਬੀਤੇ ਪਿਛੇ ਜੁਗ, ਝਗੜਿਆਂ ਵਿਚ ਦੁਹਾਈਆ । ਕਰਦੇ ਰਹੇ ਯੁੱਧ, ਯੁਧਿਸ਼ਟਰ ਗਿਆ ਸੁਣਾਈਆ । ਕ੍ਰਿਸ਼ਨ ਉਪਰ ਕਰ ਕੇ ਮੁਖ, ਰਸਨਾ ਦਿਤਾ ਸੁਣਾਈਆ । ਇਹ ਖੇਲ ਕਾਰਨ ਟੁਕ, ਬੁੱਧੀਵਾਨਾਂ ਵੰਡ ਵੰਡਾਈਆ । ਟੁਕ ਦੇ ਬਦਲੇ ਜਿਨ੍ਹਾਂ ਪੈਣੀ ਕੁੱਟ, ਕਾਇਆ ਕੁਟੀਆਂ ਮਿਲੇ ਸਜ਼ਾਈਆ । ਖਾਲੀ ਭਾਂਡੇ ਵੇਖਣੇ ਠੁੱਠ,

ਠਾਕਰ ਠੂਠੇ ਫੋਲ ਫੁਲਾਈਆ । ਜਿਸ ਦੀ ਸਿਫ਼ਤ ਕਰਦੇ ਬੱਤੀ ਦੰਦ ਬੁੱਲ੍ਹਾਂ ਨਾਲ ਬੁੱਟ, ਮਹਿੰਮਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਜਗਤ ਵਿਚਾਰ ਗ੍ਰਹਿਣ ਵਸੀਹ, ਧਰਮ ਧਰਮ ਵਿਚ ਦੁਹਾਈਆ । ਕੁਛ ਧਿਆਨ ਕਰ ਕੇ ਗਿਆ ਮੂਸਾ ਮੁਸਲਸਲ ਇਕ ਵਸੀਹ, ਵਾਸਤਾ ਪ੍ਰਭ ਦੇ ਨਾਲ ਰਖਾਈਆ । ਐ ਨੂਰ ਇਲਾਹੀ ਰੱਬੀ, ਰਬੀਉਲ ਅਮਾਮ ਤੇਰੀ ਵਡਿਆਈਆ । ਕਿਉਂ ਸੂਰੀਆ ਚੰਦ ਰਿਹਾ ਦੱਬੀ, ਭਾਰ ਨਿਰਾਲਾ ਉਪਰ ਪਾਈਆ । ਕਿਉਂ ਖੇਲ ਤੇਰਾ ਕਾਇਆ ਮਾਟੀ ਹੱਡੀ, ਨਾੜੀ ਮਾਸ ਜਣਾਈਆ । ਇਕ ਜ਼ਿਮੀਂ ਤੇ ਮਾਰ ਕੇ ਅੱਡੀ, ਵਾਸਤਾ ਦਿਤਾ ਪਾਈਆ । ਸਚ ਖ਼ੁਦਾ ਕਿਉਂ ਤੇਰੀ ਸਭ ਤੋਂ ਛੁੱਟੀ ਗੱਦੀ, ਗਦਾਗਰ ਦਿਸੇ ਲੋਕਾਈਆ । ਤੂੰ ਆਵੇਂ ਕਦੀ ਕਦੀ, ਕ਼ਦੀਮ ਦੇ ਮਾਲਕ ਧੁਰਦਰਗਾਹੀਆ । ਕਿਉਂ ਪਾਣੀ ਪੂਜਾ ਹੁੰਦੀ ਨਦੀ, ਵਹਿਣਾਂ ਵਿਚ ਵਹਾਈਆ । ਮੈਨੂੰ ਦਿਸਦਾ ਤੇਰਾ ਲੇਖਾ ਵੀਹਵੀਂ ਸਦੀ, ਸਦਮਾ ਸਭ ਨੂੰ ਰਿਹਾ ਵਖਾਈਆ । ਕਿਸੇ ਨੂੰ ਪਤਾ ਨਹੀਂ ਕਿਹੜੀ ਕੀਤੀ ਬਦੀ, ਬਦਲਾ ਵੇਖੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਜਗਤ ਗ੍ਰਹਿਣ ਜਗਤ ਅੰਧੇਰਾ, ਅੰਧਲਾ ਅੰਧ ਵਖਾਈਆ । ਮੁਹੰਮਦ ਬਿਨ ਕਾਅਬਿਉਂ ਲਾ ਕੇ ਡੇਰਾ, ਸਫ਼ਾ ਸੂਫ਼ੀਆਂ ਵਾਲੀ ਵਿਛਾਈਆ । ਚੌਦਾਂ ਤਬਕਾਂ ਕਿਹੜਾ ਗੇੜਾ, ਸਦੀ ਚੌਧਵੀਂ ਦਏ ਦੁਹਾਈਆ । ਪਿਛੇ ਭਰਮ ਰਿਹਾ ਬਥੇਰਾ, ਭੁਲੇਖਿਆਂ ਵਿਚ ਲੋਕਾਈਆ । ਪ੍ਰਭੂ ਕਿਸੇ ਇਸ਼ਟ ਨਾ ਮੰਨਿਆ ਤੇਰਾ, ਦੇਵੀ ਦੇਵਤਿਆਂ ਸੀਸ ਨਿਵਾਈਆ । ਸੂਰੀਆ ਚੰਦ ਕਰੇ ਨਾ ਕੋਇ ਨਬੇੜਾ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਸਾਹਿਬ ਸਵਾਮੀ ਕਰ ਹੱਕ ਨਿਬੇੜਾ, ਨਿਰਵੈਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਜਗਤ ਗ੍ਰਹਿਣ ਜਗਤ ਜਗਿਆਸੂ, ਜੁਗੀਸ਼ਰ ਦਿਤੀ ਵਡਿਆਈਆ । ਨਾਲੇ ਪੂਜਾ ਕਰਦੇ ਨਾਲੇ ਪੀਂਦੇ ਤਮਾਕੂ, ਰਾਮ ਕਾਮ ਦੋਵੇਂ ਕੰਮ ਕਿਸੇ ਨਾ ਆਈਆ । ਜਗਤ ਵਿਦਿਆ ਬਣ ਕੇ ਡਾਕੂ, ਡਾਵਾਂਡੋਲ ਕੀਤੀ ਲੋਕਾਈਆ । ਲੇਖਾ ਲਿਖਿਆ ਮੁਨੀਸ਼ਰ ਬਾਸੂ, ਵਾਸਦੇਵ ਹੁਕਮ ਸੁਣਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਜਗਤ ਭਰਮ ਗ੍ਰਹਿਣ ਸਭ ਦਾ ਸਾਕੂ, ਸੱਜਣ ਰਿਸ਼ੀਆਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਦਏ ਉਠਾਈਆ । ਜਗਤ ਗ੍ਰਹਿਣ ਗ੍ਰਹਿਸਤੀ ਧਾਰ, ਰਿਸ਼ੀਆਂ ਵਡ ਵਡਿਆਈਆ । ਸੂਰੀਆ ਚੰਦ ਕਰਨ ਪੁਕਾਰ, ਧਰਨੀ ਧਰਤ ਧਵਲ ਵੇਖ ਵਖਾਈਆ । ਸਾਚਾ ਹੋਏ ਸੁਧਾਰ, ਸੁਦੀ ਵਦੀ ਨਾ ਵੰਡ ਵੰਡਾਈਆ । ਕਿਰਪਾ ਕਰੇ ਕਰਤਾਰ, ਕੁਦਰਤ ਦਾ ਮਾਲਕ ਦਇਆ ਕਮਾਈਆ । ਜਿਸ ਦੇ ਹੁਕਮ ਅੰਦਰ ਜੁਗ ਚਾਰ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਸੋ ਖੇਲ ਕਰੇ ਕਰਤਾਰ, ਕਰਨੀ ਦਾ ਕਰਤਾ ਆਪ ਹੋ ਜਾਈਆ । ਜਗਤ ਗ੍ਰਹਿਣ ਜਗ ਵਿਚਾਰ, ਵਿਚਰ ਕੇ ਗਏ ਸੁਣਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਗ੍ਰਹਿਣ ਅਰਥ ਤੋਂ ਸਦਾ ਬਾਹਰ, ਅਰਥਾਤ ਅਥਵਾ ਜਿਸ ਨੂੰ ਇਕੋ ਦਿਤਾ ਜਣਾਈਆ । ਜਿਥੇ ਸਚਖੰਡ ਦਰਬਾਰ ਜੋਤ ਜਗੇ ਏਕੰਕਾਰ, ਦੀਆ ਬਾਤੀ ਨਾ ਕੋਇ ਉਜਿਆਰ, ਗੁਰ ਪੈਗ਼ੰਬਰ ਨਾ ਕੋਇ ਅਵਤਾਰ, ਸੂਰੀਆ ਚੰਦ ਨਾ ਕੋਇ ਚਮਤਕਾਰ, ਧਰਨੀ ਧਰਤ ਧਵਲ ਨਾ ਕੋਇ ਆਕਾਰ, ਦਾਨੀ ਮੰਗਤਾ ਨਾ ਕੋਇ ਭਿਖਾਰ, ਰਸਨਾ ਬੋਲੇ ਨਾ ਕੋਇ ਉਚਾਰ, ਜਿਹਵਾ ਕਰੇ ਨਾ ਕੋਇ ਗੁਫ਼ਤਾਰ, ਦਿਨੇ ਹੋਏ ਨਾ ਕੋਇ ਗ੍ਰਿਫ਼ਤਾਰ, ਪੜਦਾ ਸਕੇ ਨਾ ਕੋਈ ਡਾਰ, ਪੰਡਤ ਪਾਂਧਾ ਪਾਵੇ ਕੋਈ ਨਾ ਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਜਾਨਣਹਾਰ,

ਜਿਸ ਦਰ ਬੈਠੇ ਆਪ ਸੱਚੀ ਸਰਕਾਰ, ਸਰੋਵਰ ਸਰਾਸਰ ਜਨ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਪ ਕਰਤਾਰ, ਕਰਨੀ ਦਾ ਕਰਤਾ ਏਕਾ ਏਕ ਅਖਵਾਈਆ ।

### * ੧੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਸਿੰਘ ਦੇ ਗ੍ਰਿਹ ਪਿੰਡ ਫ਼ੈਜ਼ਪੁਰ ਬਟਾਲਾ ਜ਼ਿਲਾ ਗੁਰਦਾਸਪੁਰ *

ਸਤਿਗੁਰ ਸ਼ਬਦ ਚੌਧਵੀਂ ਚੰਦਾ, ਸਦੀ ਸਦੀ ਦਏ ਗਵਾਹੀਆ । ਨੂਰੀ ਇਸਮ ਦਿਸੇ ਕੋਈ ਨਾ ਬੰਦਾ, ਬੰਦਗੀ ਵਿਚ ਬੰਧਨ ਨਾ ਕੋਇ ਤੁੜਾਈਆ । ਮਾਨਵ ਰਿਹਾ ਕੋਈ ਨਾ ਚੰਗਾ, ਮਾਨੁੱਖ ਰੰਗ ਨਾ ਕੋਇ ਰੰਗਾਈਆ । ਮੁਹੰਮਦ ਧਾਰ ਅਖ਼ੀਰੀ ਕੰਢਾ, ਵੇਲਾ ਵਕਤ ਵੱਜੇ ਵਧਾਈਆ । ਬਿਨ ਪੁਰਖ ਅਕਾਲ ਕੂੜਾ ਧੰਦਾ, ਧਰਮ ਦੀ ਧਾਰ ਸਮਝ ਕਿਸੇ ਨਾ ਆਈਆ । ਕਲਜੁਗ ਜੀਵ ਜਗਤ ਜਹਾਨ ਨੰਗਾ, ਓਢਣ ਨਾਮ ਸੀਸ ਨਾ ਕੋਇ ਟਿਕਾਈਆ । ਗੋਬਿੰਦ ਘਰ ਨਾ ਆਏ ਕੋਈ ਖੰਡਾ, ਖੜਗ ਹੱਥ ਨਾ ਕੋਇ ਉਠਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡਾ, ਡੰਡਾਵਤ ਵਿਚ ਸੀਸ ਨਾ ਕੋਇ ਝੁਕਾਈਆ । ਬ੍ਰਹਮ ਵਿਦਿਆ ਰਿਹਾ ਕੋਈ ਨਾ ਪੰਡਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਕੁਰਲਾਈਆ । ਅੰਮ੍ਰਿਤ ਧਾਰ ਵਹੇ ਨਾ ਗੰਗਾ, ਜਲ ਥਲ ਮਹੀਅਲ ਨੇਤਰ ਰੋਵੇ ਮਾਰੇ ਧਾਹੀਆ । ਆਤਮ ਪਰਮਾਤਮ ਬਣਿਆ ਕੋਈ ਨਾ ਸੰਗਾ, ਸਤਿਗੁਰ ਮੇਲ ਨਾ ਕੋਇ ਮਿਲਾਈਆ । ਪਰਦਾ ਚੁਕਿਆ ਨਾ ਹੰ ਬ੍ਰਹਮਾ, ਪਾਰਬ੍ਰਹਮ ਪਤਿਪਰਮੇਸ਼ਵਰ ਰੰਗ ਨਾ ਕੋਇ ਰੰਗਾਈਆ । ਸ੍ਰਿਸ਼ਟ ਸਬਾਈ ਗੌਂਦੀ ਰਸਨਾ ਜਿਹਵਾ ਦੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਸਤਿਗੁਰ ਸ਼ਬਦ ਅਗੰਮੀ ਮੀਤਾ, ਮਿਤ੍ਰ ਪਿਆਰਾ ਨਜ਼ਰੀ ਆਈਆ । ਜੋ ਜੁਗ ਚੌਕੜੀ ਬਦਲੇ ਰੀਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਜੋ ਭੇਵ ਜਾਣੇ ਲੱਖ ਚੁਰਾਸੀ ਜੀਵ ਜੀ ਕਾ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਧੁਰ ਦਾ ਕਲਮਾ ਦਏ ਹਦੀਸਾ, ਹਜ਼ਰਤਾਂ ਕਰੇ ਪੜ੍ਹਾਈਆ । ਲਹਿਣਾ ਦੇਣਾ ਜਾਣੇ ਬੀਸ ਬੀਸਾ, ਸਦੀ ਬੀਸਵੀਂ ਨਾਲ ਮਿਲਾਈਆ । ਜੋ ਕੌਲ ਇਕਰਾਰ ਪੁਰਖ ਅਕਾਲ ਗੋਬਿਦ ਨਾਲ ਕੀਤਾ, ਬਿਨ ਅੱਖਰਾਂ ਅੱਖਰ ਬਣਾਈਆ । ਜਗ ਨੇਤਰ ਨੈਣਾਂ ਕਿਸੇ ਨਾ ਡੀਠਾ, ਲੋਚਨ ਵੇਖਣ ਕੋਇ ਨਾ ਆਈਆ । ਓਹ ਕਰਨੀ ਕਰੇ ਹਰਿ ਜਗਦੀਸ਼ਾ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਹੜਾ ਪਿਛਲਾ ਲੇਖਾ ਬੀਤਾ, ਬਾਤਨ ਪੜਦਾ ਦਏ ਚੁਕਾਈਆ । ਸਾਚੀ ਕਰੇ ਨਾ ਕੋਇ ਪ੍ਰੀਤਾ, ਪ੍ਰੀਤਮ ਮਿਲਣ ਕੋਇ ਨਾ ਆਈਆ । ਝਗੜਾ ਰਿਹਾ ਹਸਤ ਕੀਟਾ, ਊਚਾਂ ਨੀਚਾਂ ਮਨ ਕਲਪਣਾ ਰਹੀ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਸਦਕੇ ਘੋਲੀ ਵਾਰੀ, ਸਤਿਗੁਰ ਸ਼ਬਦ ਮਿਲੇ ਵਡਿਆਈਆ । ਸਾਚੀ ਦਿਸੇ ਨਾ ਕੋਇ ਸਰਦਾਰੀ, ਸੀਸ ਤਾਜ ਨਾ ਕੋਇ ਟਿਕਾਈਆ । ਗੁਰੂਆਂ ਅਵਤਾਰਾਂ ਪੈਗ਼ੰਬਰਾਂ ਨਾਲ ਜਗਤ ਕਰੇ ਗਦਾਰੀ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਸਾਚੀ ਰਹੀ ਕੋਈ ਨਾ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਸਭ ਦੀ ਬਾਜ਼ੀ ਅੰਤਮ ਹਾਰੀ, ਬਾਜ਼ਾਂ ਵਾਲਾ ਵੇਖ ਵਖਾਈਆ । ਜਿਸ ਦਾ ਨਾਮ ਖੰਡਾ ਤੇਜ ਕਟਾਰੀ, ਖੜਗ ਸ਼ਬਦ ਨਾਮ ਚਮਕਾਈਆ । ਦੋ ਜਹਾਨਾਂ ਪਾਵੇ ਸਾਰੀ, ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਨੌਂ ਸੌ

ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਜਿਸ ਦੀ ਵਾਰੀ, ਵਾਰਤਾ ਸਭ ਦੀ ਵੇਖ ਵਖਾਈਆ । ਕੂੜੀ ਕਿਰਿਆ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰੇ ਕਾਰੀ, ਵਿਭਚਾਰ ਡੇਰਾ ਢਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਮੰਨਦੇ ਗਏ ਤਾਬਿਆਦਾਰੀ, ਨਿਉਂ ਨਿਉਂ ਸੱਜਦਾ ਸੀਸ ਝੁਕਾਈਆ । ਖੇਲ ਕਰੇ ਵਡ ਸੰਸਾਰੀ, ਸੰਸਾਰੀ ਭੰਡਾਰੀ ਸਾਰੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਸਾਰੇ ਕਰਦੇ ਸੌਦਾ, ਬਟਵਾਰੇ ਬੈਠੇ ਹੱਟ ਖੁਲ੍ਹਾਈਆ । ਝਗੜਾ ਪਾਇਆ ਪ੍ਰਭ ਦੇ ਨਾਉਂ ਦਾ, ਅੱਲਾ ਵਾਹਿਗੁਰੂ ਰਾਮ ਕਹਿ ਕੇ ਮਾਨਵ ਰਹੇ ਲੜਾਈਆ । ਖੇਲ ਵੇਖਿਆ ਭੈ ਭੌ ਕਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜ਼ਾਤੀ ਪਾਤੀ ਬਾਜ਼ੀ ਵੇਖੀ ਜਗਤ ਦਾਓ ਕਾ, ਦਰ ਤੇਰੇ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਰੋਂਦੇ ਵੇਖੇ ਸਾਧ ਸੰਤ, ਫ਼ਕੀਰ ਸੂਫ਼ੀ ਮਾਰਨ ਧਾਹੀਆ । ਸਾਚਾ ਮਿਲਿਆ ਕਿਸੇ ਨਾ ਕੰਤ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਹੋਇਆ ਵਿਛੋੜਾ ਜਗਤ ਭਗਵੰਤ, ਭਗਵਨ ਭਾਗ ਨਾ ਕੋਇ ਲਗਾਈਆ । ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਬੋਧ ਅਗਾਧਾ ਬਣੇ ਕੋਇ ਨਾ ਪੰਡਤ, ਅੱਖਰਾਂ ਦੀ ਸਾਰੇ ਕਰਨ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਸਾਚੀ ਬਣੇ ਕੋਈ ਨਾ ਸੰਗਤ, ਨਾਨਕ ਗੋਬਿੰਦ ਲੇਖਾ ਗਏ ਬਦਲਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਸੰਤ ਭਿਖਾਰੀ ਹੋ ਕੇ ਮੰਗਣ, ਦਰ ਦਰ ਅਲਖ ਜਗਾਈਆ । ਸਾਚੇ ਨਾਮ ਦਾ ਹੱਥ ਦਿਸੇ ਕਿਸੇ ਨਾ ਕੰਗਣ, ਦੀਨ ਦਿਆਲ ਗਾਨਾ ਹੱਕ ਨਾ ਕੋਇ ਜਣਾਈਆ । ਧਰਮ ਦਵਾਰ ਕਰੇ ਨਾ ਕੋਈ ਬੰਦਨ, ਬੰਦਿਆਂ ਨੂੰ ਬੰਦਨਾ ਕਰ ਕੇ ਆਪਣਾ ਝਟ ਲੰਘਾਈਆ । ਸਭ ਦੀ ਆਸ਼ਾ ਹੋਈ ਨਗਨ, ਮਮਤਾ ਮੋਹ ਫਿਰੇ ਹਲਕਾਈਆ । ਝਗੜਾ ਪਿਆ ਵਿਕਾਰ ਭਜਨ, ਸਚ ਮੇਲਾ ਨਾ ਕੋਇ ਮਿਲਾਈਆ । ਨਜ਼ਰੀ ਆਏ ਨਾ ਦਾਤਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਰੁੜ੍ਹਦੀ ਦਿਸੇ ਲੋਕਾਈਆ । ਨੇਤਰ ਨਾਮ ਪਾਏ ਕੋਈ ਨਾ ਅੰਜਣ, ਅੰਧ ਅੰਧੇਰ ਨਾ ਕੋਇ ਚੁਕਾਈਆ । ਬਿਨ ਸਤਿਗੁਰ ਸ਼ਬਦ ਸਾਚਾ ਰਿਹਾ ਕੋਈ ਨਾ ਸੱਜਣ, ਠਗ ਚੋਰ ਯਾਰ ਚਾਰੋਂ ਕੁੰਟ ਬੈਠੇ ਧੂਣੀਆਂ ਲਾਈਆ । ਆਤਮ ਪਰਮਾਤਮ ਦੇਵੇ ਨਾ ਕੋਈ ਅਨੰਦਨ, ਪਰਮਾਨੰਦ ਨਾ ਕੋਇ ਸਮਾਈਆ । ਸਤਿਗੁਰ ਧੂੜੀ ਟਿੱਕਾ ਮਸਤਕ ਲਾਏ ਕੋਈ ਨਾ ਚੰਦਨ, ਸੂਰੀਆ ਚੰਦ ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵੇਖ ਖੇਲ ਵਿਚ ਵਰਭੰਡਣ, ਬ੍ਰਹਿਮੰਡ ਪੜਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਧੁਰਦਰਗਾਹ ਹੋਕਾ, ਹਕ਼ੀਕ਼ਤ ਹੱਕ ਦਿਆਂ ਦ੍ਰਿੜਾਈਆ । ਫਿਰੀ ਦੁਹਾਈ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਸਾਚਾ ਗਾਏ ਨਾ ਕੋਇ ਸਲੋਕਾ, ਸੋਹਲਾ ਰਾਗ ਨਾ ਕੋਇ ਵਡਿਆਈਆ । ਪ੍ਰਭ ਮਿਲਣ ਦਾ ਮਿਲੇ ਕਿਸੇ ਨਾ ਮੌਕਾ, ਜਗਤ ਜਗਿਆਸੂ ਨੇਤਰ ਨੈਣਾਂ ਦਰਸ ਕੋਇ ਨਾ ਪਾਈਆ । ਭਾਗ ਨਾ ਲੱਗੇ ਕਾਇਆ ਮਾਟੀ ਖੋਖਾ, ਸਾਢੇ ਤਿੰਨ ਹੱਥ ਨਾ ਵੱਜੇ ਵਧਾਈਆ । ਪ੍ਰਕਾਸ਼ ਦਿਸੇ ਨਾ ਨਿਰਮਲ ਜੋਤਾ, ਜਾਗਰਤ ਜੋਤ ਨਾ ਕਰੇ ਰੁਸ਼ਨਾਈਆ । ਮਾਇਆ ਮਮਤਾ ਵਿਚ ਸਾਰੇ ਮਾਰਨ ਗੋਤਾ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਮਨ ਬੁੱਧੀ ਦਾ ਲੇਖਾ ਹੋਇਆ ਥੋਥਾ, ਥਿਰ ਘਰ ਬੈਠਾ ਸਚ ਸਵਾਮੀ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਕਹੇ ਮੈਂ ਲੇਖੇ ਲੌਣੀ ਨਹੀਂ ਕਿਸੇ ਦੀ ਲੋਥਾ, ਮਿੱਟੀ ਖ਼ਾਕ ਦੇਣੀ ਮਿਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਆ ਬੀਸ ਬੀਸੇ, ਸਚ ਦਿਆਂ ਸਮਝਾਈਆ । ਪਿਛਲੇ ਚਾਰ ਜੁਗ ਲੋਕਮਾਤ ਬੀਤੇ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਦਏ ਗਵਾਹੀਆ । ਉਸ ਤੋਂ ਪਿਛਲਾ ਲੇਖ ਲਿਖੇ ਨਾ ਕੋਇ ਹਦੀਸੇ, ਹਜ਼ਰਤ ਸਮਝ ਕਿਸੇ ਨਾ ਆਈਆ । ਅੰਤਮ ਸਭ ਦੇ ਖ਼ਾਲੀ ਖੀਸੇ, ਨਾਮ ਭੰਡਾਰਾ ਹੱਥ ਨਾ ਕੋਇ ਰਖਾਈਆ । ਭੇਵ ਖੁਲ੍ਹੇ ਨਾ ਜੀਵ ਜੀ ਕੇ, ਜਾਗਰਤ ਜੋਤ ਨਾ ਕੋਇ ਜਗਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਕਰਨੀ ਕਰਮ ਕੀਤੇ, ਕਾੜਾਂ ਵਿਚ ਵੰਡ ਵੰਡਾਈਆ । ਹਰਿ ਹਰਿ ਨਾਉਂ ਰਸਨਾ ਜਿਹਵਾ ਬੱਤੀ ਦੰਦ ਗਾਇਆ ਗੀਤੇ, ਗਹਿਰ ਗੰਭੀਰ ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਸਾਚਾ ਸੰਗ ਨਿਭਾਈਆ । ਸਦੀ ਚੌਧਵੀਂ ਕਹੇ ਮੇਰਾ ਚਾਰੋਂ ਕੁੰਟ ਫੇਰਾ, ਫਿਰ ਫਿਰ ਵੇਖਾਂ ਜਗਤ ਲੋਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਏਕੰਕਾਰ ਮਾਰ ਆਪਣਾ ਫੇਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਝਗੜਾ ਪਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੁਦੁਵਾਰ ਦੇਹੁਰਾ, ਸਾਚਾ ਰੰਗ ਤੇਰਾ ਨਾਉਂ ਨਾ ਕੋਇ ਚੜ੍ਹਾਈਆ । ਸਾਧ ਸੰਤ ਜੀਵ ਜੰਤ ਮਨ ਬੁੱਧੀ ਪਾਇਆ ਝੇੜਾ, ਕਲਪਣਾ ਕੂੜ ਹੋਈ ਹਲਕਾਈਆ । ਚਾਰ ਵਰਨ ਅਠਾਰਾਂ ਬਰਨ ਦੇ ਦੇ ਗੇੜਾ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਪੜਦਾ ਦੇ ਉਠਾਈਆ । ਤੇਰੀ ਯਾਦ ਵਿਚ ਸਮਾਂ ਬੀਤਿਆ ਬਥੇਰਾ, ਗੁਰ ਅਵਤਾਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਭੇਵ ਖੁਲ੍ਹਾ ਗੁਰੂ ਗੁਰ ਚੇਰਾ, ਚੇਲਾ ਗੁਰ ਆਪਣਾ ਨਾਉਂ ਜਣਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰਾ ਵੇਲਾ, ਵਾਹਵਾ ਤੇਰੇ ਨਾਮ ਦੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪੁਰਖ ਅਕਾਲ ਦੀਨ ਦਿਆਲ ਦਇਆਨਿਧ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਕਹੇ ਉਠ ਵੇਖ ਮਾਰ ਝਾਕੀ, ਪਰਦਾ ਦੋ ਜਹਾਨ ਉਠਾਈਆ । ਸਾਚਾ ਜਾਮ ਪਿਆਵੇ ਨਾ ਕੋਈ ਸਾਕੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਲਹਿਣਾ ਦੇਣਾ ਪੂਰਾ ਕਰ ਜੋ ਗੋਬਿੰਦ ਰੱਖਿਆ ਬਾਕੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਸਤਿ ਧਰਮ ਸਤਿਜੁਗ ਸਾਚਾ ਚੰਦ ਚਮਕਾਈਆ । ਤੂੰ ਆਤਮ ਨੂਰ ਸਰਬ ਦਾ ਜ਼ਾਤੀ, ਜੋਤੀ ਜਾਤਾ ਇਕ ਅਖਵਾਈਆ । ਤੇਰੀ ਸਭ ਤੋਂ ਵਖਰੀ ਨਿਰਾਲੀ ਗਾਥੀ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦੇ ਜਣਾਈਆ । ਦਿਵਸ ਰੈਣ ਅੱਠੇ ਪਹਿਰ ਤੇਰੇ ਪ੍ਰੇਮ ਦੀ ਹੋਵੇ ਪ੍ਰਭਾਤੀ, ਘੜੀ ਪਲ ਹਿੱਸਾ ਨਾ ਵੰਡ ਵੰਡਾਈਆ । ਝਗੜਾ ਮੁਕਾ ਕਾਗ਼ਜ਼ਾਤੀ, ਕ਼ਲਮ ਸ਼ਾਹੀ ਲਹਿਣਾ ਪੂਰ ਕਰਾਈਆ । ਮਾਨਵ ਮਾਨਵ ਦੀਨ ਮਜ਼੍ਹਬ ਵਿਚੋਂ ਚਾਰ ਕੁੰਟ ਲੈ ਆਜ਼ਾਦੀ, ਝਗੜਾ ਅਵਰ ਰਹੇ ਨਾ ਰਾਈਆ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਕਰ ਸ਼ਾਦੀ, ਸ਼ਾਦਿਆਨਾ ਕਾਇਆ ਮੰਦਰ ਅੰਦਰ ਦੇ ਵਜਾਈਆ । ਤੈਨੂੰ ਨਿਰਗੁਣ ਧਾਰ ਸਰਗੁਣ ਰਹੇ ਅਰਾਧੀ, ਰਾਧਾ ਕ੍ਰਿਸ਼ਨ ਰਾਮ ਸੀਤਾ ਅੱਲ੍ਹਾ ਵਾਹਿਗੁਰੂ ਗੌਡ ਤੇਰੀ ਸਿਫਤ ਸਾਲਾਹੀਆ । ਬਿਨ ਤੇਰੀ ਕਿਰਪਾ ਕਾਇਆ ਮੰਦਰ ਅੰਦਰ ਸੁਰਤ ਕਿਸੇ ਨਾ ਜਾਗੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਗੋਬਿੰਦ ਧਾਰ ਬਣਿਆ ਕੋਇ ਨਾ ਸਾਥੀ, ਸਾਚਾ ਸਿੱਖ ਰੂਪ ਨਾ ਕੋਇ ਵਟਾਈਆ । ਪੰਚਮ ਮੀਤੇ ਮੰਨੇ ਕੋਇ ਨਾ ਆਖੀ, ਆਖ਼ਰ ਲੇਖਾ ਵੇਖ ਵਖਾਈਆ । ਜਗਤ ਵਿਦਿਆ ਦੇ ਸਾਰੇ ਬਣੇ ਪਾਠੀ, ਰਸਨਾ ਜਿਹਵਾ ਢੋਲਾ ਗਾਈਆ । ਸੁਣੇ ਸ਼ਬਦ ਨਾ ਕੋਇ ਅਨਾਦੀ, ਨਾਦੀ ਧੁਨ ਨਾ ਕੋਇ ਉਪਜਾਈਆ ।

੩੯੭
੨੧

ਸਦੀ ਚੌਧਵੀਂ ਕਹੇ ਮੇਰੇ ਵਿਚ ਹੋਣੀ ਬਰਬਾਦੀ, ਚਾਰੋਂ ਕੁੰਟ ਨੇਤਰ ਰੋਵੇ ਮਾਰੇ ਧਾਹੀਆ । ਮੈਨੂੰ ਦੁੱਖ ਹੋਇਆ ਪੁਰਖ ਅਕਾਲ ਤੇਰੇ ਗੋਬਿੰਦ ਪੰਥ ਦਾ ਦਿਸੇ ਕੋਈ ਨਾ ਵਾਗੀ, ਵਾਗ ਨੂੰ ਹੱਥ ਨਾ ਕਿਸੇ ਫੜਾਈਆ । ਜਗਤ ਵਾਰਾਂ ਗੌਂਦੇ ਢਾਡੀ, ਢੋਲਕ ਛੈਣੇ ਰਹੇ ਖੜਕਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਆਬਾਦੀ, ਆਬਰੂ ਸਾਰੇ ਗਏ ਗਵਾਈਆ । ਤੂੰ ਸਾਹਿਬ ਸਵਾਮੀ ਹਰ ਘਟ ਵਿਸਮਾਦੀ, ਬਿਸਮਿਲ ਆਪਣੀ ਖੇਲ ਖਿਲਾਈਆ । ਹੁਕਮੇ ਅੰਦਰ ਸਾਰੇ ਕਰ ਕੇ ਬਾਗ਼ੀ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਸਚ ਦਵਾਰ ਦਾ ਰਹੇ ਨਾ ਕੋਇ ਦਿਮਾਗ਼ੀ, ਦਮਾਂ ਵਿਚ ਦਮ ਮਿਲਾ ਕੇ ਦਾਮਨ ਸਭ ਨੂੰ ਰਹੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਚਾਰੋਂ ਕੁੰਟ ਨੱਸਾਂ, ਭੱਜਾਂ ਵਾਹੋ ਦਾਹੀਆ । ਮੈਂ ਤੱਕਾਂ ਤੇਰੀਆਂ ਅੱਖਾਂ, ਬਿਨ ਅੱਖਾਂ ਅੱਖ ਉਠਾਈਆ । ਮੈਂ ਵੇਖਾਂ ਅਰਬਾਂ ਪਦਮਾਂ ਕਰੋੜਾਂ ਲੱਖਾਂ, ਕੋਟਨ ਕੋਟ ਖੋਜ ਖੁਜਾਈਆ । ਪੁਰਖ ਅਬਿਨਾਸ਼ੀ ਸਚ ਸਚ ਤੈਨੂੰ ਦੱਸਾਂ, ਦਸਤ ਬਦਸਤ ਸੀਸ ਝੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵਿਚੋਂ ਮੈਂ ਤੇਰਾ ਪਿਆਰ ਵੇਖਿਆ ਓਨ੍ਹਾਂ ਜੱਟਾਂ, ਜਿਨ੍ਹਾਂ ਨੂੰ ਜਟਾ ਜੂਟ ਸਮਝ ਵਿਚ ਨਾ ਕੋਇ ਰਖਾਈਆ । ਮੈਂ ਫਿਰੀ ਭੱਜੀ ਵਿਚ ਪੱਥਰਾਂ ਇੱਟਾਂ, ਟਿੱਲੇ ਪਰਬਤ ਵਾਹੋ ਦਾਹੀਆ । ਤੇਰੇ ਦੁਵਾਰੇ ਦੁਹੱਥੜ ਮਾਰ ਕੇ ਪਿੱਟਾਂ, ਨੇਤਰ ਨੈਣਾਂ ਨੀਰ ਵਹਾਈਆ । ਜੇ ਤੂੰ ਪੁਰਖ ਅਕਾਲ ਸਭ ਦਾ ਪਿਤਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਕਲਜੁਗ ਅੰਤ ਵੇਖ ਵੱਡਾ ਨਿੱਕਾ, ਚਾਰੋਂ ਕੁੰਟ ਵੇਖ ਵਖਾਈਆ । ਤੇਰਾ ਨੂਰ ਕਿਤੇ ਨਾ ਦਿਸਾ, ਦਹਿ ਦਿਸ਼ਾ ਅੰਧੇਰਾ ਛਾਈਆ । ਗ਼ਰੀਬ ਨਿਮਾਣਾ ਜਗਤ ਜਗਿਆਸੂ ਹੋ ਕੇ ਪਿਸਾ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਕਿਉਂ ਸਭ ਨੂੰ ਦਿਤਾ ਪਿਛਾ, ਉੱਤਰ ਪੁਰਬ ਪੱਛਮ ਦੱਖਣ ਕਰਵਟ ਲੈ ਬਦਲਾਈਆ । ਤੇਰਾ ਸਾਹਿਬ ਸਤਿਗੁਰ ਸ਼ਬਦ ਗੁਰੂ ਇਕੋ ਟਿਕਾ, ਜੋ ਧੁਰ ਦਾ ਨਜ਼ਰੀ ਆਈਆ । ਜਿਸ ਨੇ ਗੋਬਿੰਦ ਦਿਤਾ ਚਿੱਠਾ, ਸ਼ਬਦ ਅਗੰਮਾ ਇਕ ਸਮਝਾਈਆ । ਓਸ ਦਾ ਅੰਤ ਅਖ਼ੀਰੀ ਕੱਢ ਸਿੱਟਾ, ਸਿੱਟੇਬਾਜ਼ੀ ਮੇਟ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਚਾਰ ਕੁੰਟ ਫ਼ਰਕ, ਫ਼ਿਰਕੇ ਵਾਲੇ ਨਜ਼ਰੀ ਆਈਆ । ਸਚ ਦਵਾਰਾ ਕਰ ਗਏ ਤਰਕ, ਤੁਰਤ ਤੇਰਾ ਨਾਉਂ ਭੁਲਾਈਆ । ਮਧ ਮਾਇਆ ਵਿਚ ਹੋਏ ਗ਼ਰਕ, ਕਿਨਾਰਾ ਪਾਰ ਨਾ ਕੋਇ ਦਿਸਾਈਆ । ਮਾਨਵ ਮਾਨਵ ਖ਼ੁਸ਼ ਹੋਵੇ ਨਾ ਕੋਇ ਕਰ ਕੇ ਦਰਸ, ਦੀਦ ਈਦ ਨਾ ਕੋਇ ਮਨਾਈਆ । ਤੂੰ ਬੈਠਾ ਉਤੇ ਅਰਸ਼, ਫ਼ਰਸ਼ ਰਿਹਾ ਕੁਰਲਾਈਆ । ਪੁਰਖ ਅਕਾਲ ਵੇਖ ਪਰਤ, ਪਾਰਬ੍ਰਹਮ ਤੇਰੀ ਸਰਨਾਈਆ । ਨੇਤਰ ਰੋਵੇ ਧਰਨੀ ਧਰਤ, ਧਵਲ ਦਏ ਗਵਾਹੀਆ । ਤੇਰੀ ਗੋਬਿੰਦ ਨਾਲ ਸ਼ਰਤ, ਕਲਜੁਗ ਸ਼ਰਅ ਦੇ ਬਦਲਾਈਆ । ਝਗੜਾ ਮਿਟਾ ਮੰਦਰ ਮਸਜਿਦ ਚਰਚ, ਚਰਚਾ ਕੂੜ ਰਹੇ ਨਾ ਰਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਤਰਸ, ਰਹਿਮਤ ਆਪ ਕਰਾਈਆ । ਸਭ ਦੀ ਮੇਟ ਹਰਸ, ਹਵਸ ਦੇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਸਦੀ ਚੌਧਵੀਂ ਕਹੇ ਸਤਿਗੁਰ ਸ਼ਬਦ ਕਦੇ ਨਾ ਬੁੱਢਾ, ਨੱਢਾ ਨੌਜਵਾਨ ਨਜ਼ਰੀ ਆਈਆ । ਲੋਕਮਾਤ ਗੁਰਮੁਖਾਂ ਕਦੇ ਨਾ ਦੇਵੇ ਦਗ਼ਾ, ਦਗ਼ੇ ਫ਼ਰੇਬ ਵਿਚੋਂ ਬਾਹਰ ਕਢਾਈਆ । ਬਿਨਾ ਗੋਬਿੰਦ ਦੇ ਗੋਬਿੰਦ ਦਾ ਵਧੇ ਕਦੇ ਨਾ ਅੱਗਾ, ਇਹ ਪੁਰਖ ਅਕਾਲ ਤੇਰੇ ਹੱਥ ਵਡਿਆਈਆ । ਕਲਜੁਗ ਜੀਵ ਹੰਸ ਹੋਏ

ਕੱਗਾ, ਬੁੱਧੀ ਕਾਗ ਵਾਂਗ ਕੁਰਲਾਈਆ । ਬਾਹਰੋਂ ਬਣ ਕੇ ਬਗੜਾ ਬੱਪਾ, ਅੰਤਰ ਵਿਖ ਰਹੇ ਲੁਕਾਈਆ । ਤੇਰੇ ਧਰਮ ਦਾ ਰਿਹਾ ਕੋਇ ਨਾ ਸਕਾ, ਸਾਜਣ ਸੰਗ ਨਾ ਕੋਇ ਬਣਾਈਆ । ਮਾਇਆ ਮਮਤਾ ਅੰਦਰ ਵੜ ਗਈ ਦੇ ਕੇ ਧੱਕਾ, ਜੋਰੂ ਜ਼ਰ ਜ਼ੋਰ ਰਿਹਾ ਵਖਾਈਆ । ਤੇਰਾ ਅੰਮ੍ਰਿਤ ਰਸ ਸਚ ਪ੍ਰੇਮ ਕਿਸੇ ਨਾ ਛਕਾ, ਸ਼ਾਕਰ ਹੋ ਕੇ ਸੀਸ ਨਾ ਕੋਇ ਨਿਵਾਈਆ । ਸਤਿ ਧਰਮ ਦਾ ਪਹਿਨਿਆ ਕਿਸੇ ਨਾ ਕੱਛਾ, ਧੀਰਜ ਵੰਡ ਨਾ ਕੋਇ ਵੰਡਾਈਆ । ਮੁੱਛ ਦਾੜ੍ਹੀ ਕੇਸ ਸਭ ਨੇ ਰੱਖਾ, ਰੱਖਕ ਤੇਰਾ ਮਿਲ ਕੇ ਦਰਸ ਕੋਇ ਨਾ ਪਾਈਆ । ਕਿਰਪਾ ਕਰ ਪੁਰਖ ਸਮਰਥਾ, ਸਾਹਿਬ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੈਂ ਆ ਡਿੱਗੀ ਦਰ, ਪਰਵਰਦਿਗਾਰ ਅਲਖ ਜਗਾਈਆ । ਕਿਰਪਾ ਕਰ ਅਗੰਮੀ ਹਰਿ, ਹਰ ਹਿਰਦਾ ਵੇਖ ਵਖਾਈਆ । ਸਚ ਨੁਹਾ ਇਕ ਸਰ, ਸਰੋਵਰ ਅੰਮ੍ਰਿਤ ਇਕ ਪ੍ਰਗਟਾਈਆ । ਜਿਥੇ ਬਹੇ ਨਰਾਇਣ ਨਰ, ਮੰਦਰ ਇਕੋ ਦੇ ਸਮਝਾਈਆ । ਝਗੜਾ ਮਿਟੇ ਚੋਟੀ ਜੜ੍ਹ, ਚੇਤਨ ਤੇਰੀ ਵੱਜੇ ਵਧਾਈਆ । ਸਚ ਦਵਾਰੇ ਆਪੇ ਖੜ੍ਹ, ਕਾਇਆ ਖਿੜਕੀ ਪਰਦਾ ਦੇ ਉਠਾਈਆ । ਸੰਤ ਸੁਹੇਲੇ ਗੁਰਮੁਖ ਲੈ ਫੜ, ਫੜ ਬਾਹੋਂ ਜੋੜ ਜੁੜਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਿਰਪਾ ਕਰ, ਕਿਰਪਾ ਨਿਧਾਨ ਤੇਰੀ ਸਰਨਾਈਆ । ਅਰਜ਼ ਬੰਦਨਾ ਬੰਦਗੀ ਦਰ ਦਰਵੇਸ਼ ਹੋ ਕੇ ਰਹੇ ਕਰ, ਕਰਨੀ ਦੇ ਕਰਤੇ ਕ਼ਾਦਰ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਜ਼ਿਮੀਂ ਅਸਮਾਨ, ਲੇਖਾ ਆਦਿ ਜੁਗਾਦੀ ਦੋ ਜਹਾਨ, ਗੁਰ ਅਵਤਾਰ ਪੈਗ਼ੰਬਰਾਂ ਦੇਵੇਂ ਦਾਨ, ਨਿਰਗੁਣ ਸਰਗੁਣ ਖੇਲੇਂ ਖੇਲ ਵਿਚ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਕੋਟਨ ਕੋਟ ਆਪਣਾ ਰੂਪ ਅਨੂਪ ਬਦਲਾਈਆ ।



**✻ ੧੩ ਅੱਸੂ ਸ਼ਹਿਨਸ਼ਾਹੀ ਸੰਮਤ ੪ ਬਟਾਲਾ ਮੌਲਾਨਾ ਖ਼ਲੀਲਉਲ ਰਹਿਮਾਨ ਲੁਧਿਆਣਵੀ, ਜਾਮਾ ਮਸਜਿਦ ਫਗਵਾੜਾਕੂਚਾ ਰਹਿਮਾਨ ਚਾਂਦਨੀ ਚੌਕ ਮਕਾਨ ਨੰ੦ ੫੨੯੬ ✻**

ਆਪ ਨੇ ਪ੍ਰੇਮ ਪਿਆਰ ਮੁਹੱਬਤ ਦੀ ਬੜੀ ਕੀਤੀ ਤਸ਼ਰੀਹ, ਤਫ਼ਸੀਲ ਦਲੀਲ ਨਾਲ ਜਣਾਈਆ । ਜਿਸ ਖ਼ੁਦਾਵੰਦ ਕਰੀਮ ਦਾ ਸਿਹਨ ਵਡਾ ਵਸੀਹ, ਪੈਮਾਨਿਆਂ ਵਿਚ ਨਾਪ ਨਾ ਕੋਇ ਵਖਾਈਆ । ਓਹ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸਦਾ ਦੇਵੇ ਤਰਜੀਹ, ਤਰਤੀਬ ਵਾਰ ਸਿਲਸਲਾ ਧੁਰ ਦਾ ਦਏ ਸਮਝਾਈਆ । ਜਲਵਾ ਨੂਰ ਦੇ ਕੇ ਰੱਬੀ, ਆਲਮੀਨ ਉਲਮਾ ਕਰੇ ਪੜ੍ਹਾਈਆ । ਕਾਇਨਾਤ ਮਾਨਵ ਅੰਦਰ ਵੇਖੇ ਨੇਕੀ ਬਦੀ, ਨੂਰੀ ਹੋ ਕੇ ਨੂਰ ਖੋਜ ਖੁਜਾਈਆ । ਜਹਾਲਤ ਹੋਈ ਚੌਧਵੀਂ ਸਦੀ, ਸਦਮਾ ਘਰ ਘਰ ਵੇਖੋ ਖ਼ਲਕ ਖ਼ੁਦਾਈਆ । ਜੋ ਫ਼ਰਮਾਨ ਧੁਰ ਕਲਮਾ ਸੰਦੇਸ ਦੇ ਕੇ ਗਏ ਨਬੀ, ਇਨਸਾਨ ਮਹਿਬਾਨ ਪੜਦਾ ਉਠਾਈਆ । ਓਸ ਦਾ ਖੇਲ ਹੋਣਾ ਯਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹਜ਼ਰਤੇ ਹਜ਼ਰਾਨ ਧੁਰਦਰਗਾਹੀਆ । ਕੂੜ ਕੁੜਿਆਰ ਜੂਠ ਝੂਠ ਜਗਤ ਨਿਫ਼ਾਕ਼ ਦੀ ਜਿਸ ਮੇਟਣੀ ਗੱਦੀ, ਗਦਾਗਾਰ ਕਰੇ ਲੋਕਾਈਆ । ਸੋ ਨੂਰੇ ਅਲਾਹ ਖ਼ੁਦ ਖ਼ੁਦਾ ਬੇਪ੍ਰਵਾਹ ਸ੍ਰਿਸ਼ਟ ਸਬਾਈ ਦੇਵੇ ਪਨਾਹ, ਮਿਹਰਵਾਨ ਮਹਿਬਾਨ ਬੀਦੋ ਬੀਖ਼ੈਰਯਾ ਅਲਾਹ ਆਲਮੀਨ ਹੋਏ ਸਹਾਈਆ । ਆਪ ਨੇ ਬੜੀ ਕੀਤੀ ਸਿਫ਼ਤ ਸਲਾਹ, ਰਸਨਾ

ਜ਼ਬਾਨ ਕਲਾਮ ਸਚ ਜਣਾਈਆ । ਖੇਲ ਵੇਖੇ ਖ਼ਾਲਕ ਖ਼ਲਕ ਬੇਪ੍ਰਵਾਹ, ਖ਼ੁਦ ਖ਼ੁਦਾ ਨੂਰ ਅਲਾਹੀਆ । ਜੋ ਰਹਿਬਰ ਹੋ ਕੇ ਸਾਚਾ ਦੱਸੇ ਰਾਹ, ਰਾਸਤਾ ਬਰਾਸਤਾ ਆਪਣਾ ਹੁਕਮ ਜਣਾਈਆ । ਸੱਯਦਿਆਂ ਵਿਚ ਕਲਮਿਆਂ ਵਿਚ ਕਰਨੀ ਦੱਸੇ ਦੁਆ, ਅਬਾਰਤ ਵਿਚ ਆਦਤ ਦਏ ਬਦਲਾਈਆ । ਲੇਖਾ ਜਾਣੇ ਰੂਹੇ ਰਵਾਂ, ਬੇਨਜ਼ੀਰ ਲਾਸ਼ਰੀਕ ਸ਼ਿਰਕਤ ਅੰਦਰੋਂ ਬਾਹਰ ਕਢਾਈਆ । ਜਿਸ ਨੇ ਹਿੰਦੂ ਮੁਸਲਿਮ ਸਿੱਖ ਈਸਾਈ ਸਭ ਦਾ ਸਾਂਝਾ ਮਾਰਗ ਦੱਸਣਾ ਨਵਾਂ, ਚਾਰ ਵਰਨ ਅਠਾਰਾਂ ਬਰਨ ਭੈਣ ਭਾਈ ਭਾਈਆ । ਸੋ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਲੇਖਾ ਜਾਣੇ ਸਭ ਦੇ ਪਵਣ ਸਵਾਸ ਦਮਾਂ, ਦਾਮਨਗੀਰ ਬੇਨਜ਼ੀਰ ਮਿਹਰ ਨਜ਼ਰ ਆਪ ਉਠਾਈਆ । ਦੀਨ ਦੁਨੀ ਝਗੜਾ ਮਿਟਾਵੇ ਕਾਇਆ ਮਾਟੀ ਚੰਮਾਂ, ਜਲਵਾ ਨੂਰ ਜ਼ਹੂਰ ਰੂਹੇ ਬੁਤ ਖ਼ਾਕੀ, ਪਾਕੀ ਪਾਕ ਆਪ ਜਣਾਈਆ । ਸਦੀ ਚੌਧਵੀਂ ਚਾਰ ਕੁੰਟ ਵੇਖੀ ਅੰਧੇਰੀ ਰਾਤੀ, ਨੂਰ ਨੁਰਾਨਾ ਨੂਰੀ ਚੰਦ ਆਪ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਸਾਚੇ ਨਾਮ ਕਲਮੇ ਦੇ ਸਦਾ ਇਕ ਜਮਾਤੀ, ਤੁਲਬਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਜਿਨ੍ਹਾਂ ਪੜ੍ਹਿਆ ਇਲਮ ਸਿਫ਼ਾਤੀ, ਓਨ੍ਹਾਂ ਬਦਲ ਗਈ ਹਯਾਤੀ, ਹਜ਼ਰਤ ਹਜ਼ੂਰ ਹਾਜ਼ਰ ਇਕੋ ਨਜ਼ਰੀ ਆਈਆ । ਜਿਸ ਦਾ ਲੇਖਾ ਅਲਿਫ਼ ਯੇ ਲਿਖ ਨਾ ਸਕੇ ਕ਼ਲਮ ਦਵਾਤੀ, ਕਾਤਬ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰਦਰਗਾਹੀਆ । ਆਪ ਨੇ ਸਿਫ਼ਤ ਕੀਤੀ ਜਿਹਵਾ ਨਾਲ ਕਲਾਮ, ਲਫ਼ਜ਼ ਬਲਫ਼ਜ਼ ਅਲਫ਼ਾਜ਼ ਸੋਹਣੇ ਜੋੜ ਜੁੜਾਈਆ । ਸਭ ਦਾ ਸਾਂਝਾ ਇਕ ਅਮਾਮ, ਅਮਲ ਵੇਖੇ ਖ਼ਲਕ ਖ਼ੁਦਾਈਆ । ਜਿਸ ਦੇ ਹੱਥ ਚੌਦਾਂ ਤਬਕਾਂ ਨਿਜ਼ਾਮ, ਦੀਨ ਦੁਨੀ ਆਪਣਾ ਹੁਕਮ ਮਨਾਈਆ । ਸੋ ਵਾਹਿਦ ਲਾਸ਼ਰੀਕ ਹੱਕ ਦਾ ਦਏ ਪੈਗ਼ਾਮ, ਹਕ਼ੀਕਤ ਦੇਵੇ ਥਾਉਂ ਥਾਈਂਆ । ਸਭ ਦਾ ਬਦਲ ਦੇਵੇ ਨਿਜ਼ਾਮ, ਜੂਠ ਝੂਠ ਕੂੜ ਕੁੜਿਆਰ ਦਏ ਮੁਕਾਈਆ । ਪਿਆਰ ਮੁਹੱਬਤ ਮਿਲਤ ਕਰੇ ਵਿਚ ਅਵਾਮ, ਅਮਨ ਦਾ ਜ਼ਾਮਨ ਇਕ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਇਕ ਇਕੱਲਾ ਕਰੇ ਇੰਤਜ਼ਾਮ, ਸਚ ਮਹੱਲਾ ਸ੍ਰਿਸ਼ਟੀ ਦਏ ਵਖਾਈਆ । ਜਿਸ ਦਾ ਨੂਰ ਇਕੋ ਜਿਹਾ ਸੁਬਹ ਸ਼ਾਮ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਸੋ ਮੇਟਣਹਾਰਾ ਬਦੀ ਖ਼ੁਦੀ ਹਰਾਮ, ਹਰ ਹਿਰਦੇ ਕਰੇ ਸਫ਼ਾਈਆ । ਸਚ ਪੈਗ਼ਾਮ ਬਿਨਾ ਰਸਨਾ ਸੁਣਾਏ ਬਣਾਏ ਕਾਨੇ ਇਲਹਾਮ, ਇਲਮ ਤੋਂ ਬਾਹਰ ਜਣਾਈਆ । ਕਾਇਆ ਕਾਅਬੇ ਸਚ ਮਹਿਬੂਬ ਮੁਹੱਬਤ ਵਿਚ ਕਰੇ ਕ਼ਿਆਮ, ਕ਼ਿਆਮਤ ਦਾ ਪੜਦਾ ਆਪ ਉਠਾਈਆ । ਮੇਲ ਮਿਲਾਏ ਇਨਸਾਨਾਂ ਨਾਲ ਇਨਸਾਨ, ਸਾਚੇ ਕਲਮੇ ਨਾਮ ਦੇ ਸੂਫ਼ੀ ਫ਼ਕੀਰ ਸੰਤ ਬਣਾਏ ਕਿਸਾਨ, ਇਸਮ ਜਿਸਮ ਅੰਦਰ ਆਪਣਾ ਇਕ ਸਮਝਾਈਆ । ਸੋ ਸਾਹਿਬ ਹੋਏ ਮਿਹਰਵਾਨ, ਜੋ ਵਾਲੀ ਦੋ ਜਹਾਨ, ਜਿਸ ਦਾ ਖੇਲ ਜਗਤ ਤਮਾਮ, ਦਾਮਨਗੀਰ ਸ਼ਾਹ ਹਕੀਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਨਾਤਾ ਸਭ ਦਾ ਲਏ ਜੁੜਾਈਆ । ਜ਼ਰੂਰਤ ਸਭ ਦੁਨੀਆ ਨੂੰ ਕਾਫ਼ੀ, ਕਾਫ਼ੀਆ ਕਾਫ਼ ਸਮਝ ਕਿਸੇ ਨਾ ਆਈਆ । ਮਨ ਸ਼ੈਤਾਨ ਸ਼ਰਅ ਕਰੇ ਗੁਸਤਾਖ਼ੀ, ਗ਼ੁੱਸਾ ਕਾਇਆ ਅੰਦਰ ਤਨ ਵਜੂਦ ਘਰ ਘਰ ਰਿਹਾ ਟਿਕਾਈਆ । ਪੈਗ਼ੰਬਰਾਂ ਗੁਰੂਆਂ ਅਵਤਾਰਾਂ ਦੀ ਮੰਨੇ ਕੋਈ ਨਾ ਆਖੀ, ਪੜ੍ਹ ਪੜ੍ਹ ਜਗਤ ਵਕ਼ਤ ਲੰਘਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਅੰਦਰ ਬੰਦ ਨਾ ਖੋਲ੍ਹੇ ਤਾਕੀ, ਤਕਵਾ ਇਕ ਨਾ ਕੋਈ ਰਖਾਈਆ । ਦਰਗਾਹ ਸਾਚੀ ਬਣੇ ਕੋਇ ਨਾ ਸਾਥੀ, ਮੁਕਾਮੇ ਹੱਕ ਡੇਰਾ ਕੋਇ ਨਾ ਲਾਈਆ । ਜਗਤ ਵਿਵਹਾਰ ਕਾਰ ਖੇਲ

ਬਾਜ਼ੀਗਰ ਨਾਟੀ, ਸਾਚਾ ਮਾਰਗ ਸਾਰੇ ਗਏ ਭੁਲਾਈਆ । ਸ਼ਮਅ ਨੂਰ ਸਚ ਖ਼ੁਦਾ ਜਗੇ ਕਿਸੇ ਨਾ ਰਾਤੀ, ਸਰਘੀ ਪ੍ਰਭਾਤੀ ਨੂਰੇ ਆਫ਼ਤਾਬ ਤਲੂਹ ਰੁਸ਼ਨਾ ਨਜ਼ਰ ਕਿਸੇ ਨਾ ਆਈਆ । ਜਿਧਰ ਵੇਖੋ ਦੀਨਾਂ ਮਜ਼੍ਹਬਾਂ ਇਖ਼ਤਲਾਫ਼ੀ, ਨਿਫ਼ਾਕ ਅੰਦਰੋਂ ਨਾ ਕੋਇ ਕਢਾਈਆ । ਜਬ ਤਕ ਇਨਸਾਨ ਇਨਸਾਨ ਦਾ ਪ੍ਰੇਮ ਮੁਹੱਬਤ ਦਾ ਬਣਿਆ ਨਾ ਸਾਕੀ, ਸਾਕਾ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਾ ਹਰਿ, ਜਿਸ ਦਰਗਾਹ ਵਿਚ ਦਰਦਵੰਦ ਨੂਰੀ ਖ਼ੁਦਾ ਇਕੋ ਨਜ਼ਰੀ ਆਈਆ ।

### ✻ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਸਿੰਘ ਦੇ ਗ੍ਰਿਹ ਫ਼ੈਜ਼ਪੁਰ ਬਟਾਲਾ ਜ਼ਿਲਾ ਗੁਦਾਸਪੁਰ ✻

ਸਦੀ ਚੌਧਵੀਂ ਕਹੇ ਦੀਨ ਦੁਨੀ ਵੇਖ ਚਲਾਕੀ, ਚਾਰ ਕੁੰਟ ਧਿਆਨ ਲਗਾਈਆ । ਸ਼ਰਅ ਸ਼ੈਤਾਨ ਹੋਈ ਜਿਸਮ ਖ਼ਾਕੀ, ਖ਼ਾਕ ਪਾਕ ਰੂਪ ਨਾ ਕੋਇ ਬਦਲਾਈਆ । ਜਿਧਰ ਤੱਕਾਂ ਅੰਧੇਰੀ ਰਾਤੀ, ਨਿਰਗੁਣ ਚੰਦ ਨਾ ਕੋਇ ਚਮਕਾਈਆ । ਸੂਫ਼ੀ ਸੰਤ ਫ਼ਕੀਰ ਦਿਸੇ ਨਾ ਕੋਇ ਜਮਾਤੀ, ਸਾਚਾ ਅੱਖਰ ਵਿਦਿਆ ਨਾ ਕੋਇ ਜਣਾਈਆ । ਤੇਰਾ ਖੇਲ ਅਨੋਖਾ ਕਮਲਾਪਾਤੀ, ਪਤਿਪਰਮੇਸ਼ਵਰ ਸਮਝ ਨਾ ਕੋਇ ਸਮਝਾਈਆ । ਚਮਕੇ ਨੂਰ ਨਾ ਕੋਇ ਬਾਤੀ, ਦੀਪਕ ਦੀਆ ਨਾ ਕੋਇ ਰੁਸ਼ਨਾਈਆ । ਅੰਦਰ ਵੜ ਕੇ ਸਭ ਦੇ ਮਾਰ ਝਾਤੀ, ਪਰਦਾਨਸ਼ੀਂ ਪਰਦਾ ਆਪ ਉਠਾਈਆ । ਬੰਦ ਕਿਵਾੜਾ ਖੁਲ੍ਹੀ ਕਿਸੇ ਨਾ ਤਾਕੀ, ਸਾਧ ਸੰਤ ਰੋਵਣ ਮਾਰਨ ਧਾਈਆ । ਮਨ ਮਨੂਆ ਹਰ ਘਟ ਬਣਿਆ ਆਕੀ, ਅਕਲ ਬੁਧ ਦੀ ਚਲੇ ਨਾ ਕੋਇ ਚਤੁਰਾਈਆ । ਤੇਰੀ ਧਾਰ ਨਾ ਕਿਸੇ ਪਛਾਤੀ, ਉੱਤਰ ਪੂਰਬ ਪੱਛਮ ਦੱਖਣ ਭੇਵ ਕੋਇ ਨਾ ਪਾਈਆ । ਸਚ ਨਾਉਂ ਨਿਰੰਕਾਰ ਦੱਸ ਅਗੰਮੀ ਗਾਥੀ, ਗਾ ਗਾ ਆਪਣਾ ਰਾਗ ਅਲਾਈਆ । ਤੂੰ ਸਾਹਿਬ ਸਵਾਮੀ ਪੁਰਖ ਸਮਰਾਥੀ, ਗੁਣਵੰਤਾ ਧੁਰਦਰਗਾਹੀਆ । ਤੇਰੀ ਖੇਲ ਅਗੰਮੀ ਡਾਹਢੀ, ਡੰਡਾਵਤ ਬੰਦਨਾ ਜੀਵ ਜੰਤ ਦੇ ਸਮਝਾਈਆ । ਤੇਰੀ ਮਹਿੰਮਾ ਗਾ ਸਕੇ ਕੋਈ ਨਾ ਢਾਡੀ, ਢੋਲਕ ਛੈਣਾਂ ਨਾ ਕੋਇ ਖੜਕਾਈਆ । ਬਿਨ ਤੇਰੀ ਕਿਰਪਾ ਸੁਰਤੀ ਨਿਰੰਤਰ ਕਿਸੇ ਨਾ ਜਾਗੀ, ਅੰਤਰ ਅੱਖ ਨਾ ਕੋਇ ਖੁਲ੍ਹਾਈਆ । ਮੁਹੱਬਤ ਵਿਚ ਬਣਿਆ ਨਾ ਕੋਇ ਵੈਰਾਗੀ, ਵੈਰੀ ਅੰਦਰੋਂ ਨਾ ਬਾਹਰ ਕਰਾਈਆ । ਧੁਨ ਸੁਣੇ ਨਾ ਕੋਇ ਅਨਾਦੀ, ਅਨਹਦ ਨਾਦ ਨਾ ਕੋਇ ਸ਼ਨਵਾਈਆ । ਸ੍ਰਿਸ਼ਟੀ ਫਸੀ ਵਿਚ ਇਸ਼ਕ ਹਕੀਕੀ ਮਜਾਜ਼ੀ, ਦੋਹਾਂ ਤੋਂ ਪਰੇ ਤੇਰਾ ਨੂਰ ਨਾ ਕੋਇ ਚਮਕਾਈਆ । ਲਹਿਣਾ ਦੇਣਾ ਪੂਰਾ ਕਰ ਨਾਨਕ ਵਾਲਾ ਬਗ਼ਦਾਦੀ, ਕੌਲ ਇਕ਼ਰਾਰ ਪੂਰਾ ਆਪ ਕਰਾਈਆ । ਖੇਲ ਵੇਖ ਉਚ ਦੇ ਪੀਰ ਪੈਗ਼ੰਬਰ ਹਾਜੀ, ਹਜ਼ਰਤ ਆਪਣਾ ਧਿਆਨ ਲਗਾਈਆ । ਸ਼ਰਅ ਤੋਂ ਪਰੇ ਦੱਸ ਨਿਮਾਜ਼ੀ, ਨਵਾਜ਼ਿਸ਼ ਵਿਚ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕੂੜੀ ਕਿਰਿਆ ਵੇਖ ਬਾਜ਼ੀ, ਬਾਜ਼ਾਂ ਵਾਲੇ ਤੇਰੀ ਬੇਪਰਵਾਹੀਆ । ਹਰਿਜਨ ਜਨ ਭਗਤਾਂ ਬਣ ਇਮਦਾਦੀ, ਮਦਦ ਤੇਰੀ ਮੰਗ ਮੰਗਾਈਆ । ਅਛਲ ਅਛਲ ਪਿਛਲੀ ਛੱਡ ਵਾਦੀ, ਵਾਅਦਾ ਗੁਰ ਅਵਤਾਰ ਪੈਗ਼ੰਬਰਾਂ ਪੂਰਾ ਦੇ ਕਰਾਈਆ । ਸੰਤ ਸੁਹੇਲਾ ਤੇਰਾ ਰਹੇ ਕੋਈ ਨਾ ਦਾਗ਼ੀ, ਦਗ਼ਾ ਵੇਖ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੂੰ ਸਾਹਿਬ ਸੁਲਤਾਨ ਧੁਰ ਦਾ ਆਦੀ, ਆਦਿ ਪੁਰਖ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਨਿਗਾਹ ਮਾਰ ਚਾਰ ਕੁੰਟ, ਕੁਟੰਬ ਆਪਣਾ ਵੇਖ ਵਖਾਈਆ । ਸਵਾਧਾਨ ਹੋ ਨਿਵਾਸੀ ਬੈਕੁੰਠ, ਸਵਰਗ ਬਹਿਸ਼ਤ

ਚਰਨਾਂ ਹੇਠ ਦਬਾਈਆ । ਝਗੜਾ ਪਿਆ ਜੰਞੂ ਬੋਦੀ ਸੁੰਨਤ, ਮੁੱਛ ਦਾੜ੍ਹੀ ਕੇਸ ਕਰੇ ਲੜਾਈਆ । ਫਿਰੀ ਦਰੋਹੀ ਵਿਚ ਉਮਤ, ਆਲਮ ਇਲਮ ਨਾ ਕੋਇ ਸਮਝਾਈਆ । ਸਤਿ ਧਰਮ ਵਿਚ ਰਹੀ ਕੋਈ ਨਾ ਹਿੰਮਤ, ਹੌਸਲਾ ਸਾਰੇ ਬੈਠੇ ਢਾਹੀਆ । ਕਲਜੁਗ ਕੂੜਾ ਕਰੇ ਇੱਲਤ, ਜਗਤ ਸ਼ਰਅ ਰਿਹਾ ਲੜਾਈਆ । ਸ਼ਾਹ ਸੁਲਤਾਨਾਂ ਹੋਵੇ ਜ਼ਿੱਲਤ, ਖ਼ੁਆਰੀ ਘਰ ਘਰ ਵੇਖ ਵਖਾਈਆ । ਪੁਰਖ ਅਕਾਲ ਤੇਰੇ ਅੱਗੇ ਮਿੰਨਤ, ਸੀਸ ਜਗਦੀਸ਼ ਇਕ ਝੁਕਾਈਆ । ਧਰਨੀ ਕਹੇ ਮੇਰੇ ਉਤੇ ਰਹੇ ਕੋਈ ਨਾ ਨਿੰਦਕ, ਧੌਲ ਵੱਜੇ ਇਕ ਵਧਾਈਆ । ਮੇਰੀ ਸਗਲੀ ਮੇਟ ਚਿੰਨਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੇ ਪੁਰਖ ਅਕਾਲੇ ਪਰਵਰਦਿਗਾਰ, ਪਰਾ ਪਸੰਤੀ ਮਧਮ ਬੈਖ਼ਰੀ ਤੇਰੀ ਸਿਫ਼ਤ ਸਾਲਾਹੀਆ । ਦੀਨ ਦੁਨੀ ਦੇ ਆਦਿ ਜੁਗਾਦੀ ਸਾਂਝੇ ਯਾਰ, ਯਾਰੜੇ ਸੱਥਰ ਵੇਖ ਜੋ ਗੋਬਿੰਦ ਲਿਆ ਵਿਛਾਈਆ । ਸੰਦੇਸ਼ਾ ਦਿਤਾ ਤੇਰੀ ਧਾਰ, ਧਰਮ ਦੀ ਧਾਰ ਇਕ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਦੂਜਾ ਅਵਰ ਨਾ ਕੋਇ ਪਿਆਰ, ਪੀਆ ਪ੍ਰੀਤਮ ਇਕ ਮਨਾਈਆ । ਬੀਸ ਬੀਸਾ ਖੋਲ੍ਹ ਕਿਵਾੜ, ਬੰਦ ਤਾਕੀ ਆਪ ਖੁਲ੍ਹਾਈਆ । ਚਾਰੋਂ ਕੁੰਟ ਦਿਸੇ ਉਜਾੜ, ਧੂੰਆਂਧਾਰ ਦਿਸੇ ਲੋਕਾਈਆ । ਅੰਧੇਰਾ ਦਿਸੇ ਡੂੰਘੀ ਗਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਚਾਰ ਕੁੰਟ ਤੇਰੇ ਅਖਤਿਆਰ, ਦੋ ਜਹਾਨਾਂ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਨਾ ਕੋਇ ਮੁਖਤਿਆਰ, ਮੁੱਖੀਏ ਆਪਣੇ ਵਿਚ ਮਿਲਾਈਆ । ਤੇਰਾ ਹੁਕਮ ਹੋਵੇ ਗੁਫ਼ਤਾਰ,
੪੦੧ ਗੁਫ਼ਤਗੂ ਵੇਖੇ ਜਗਤ ਲੋਕਾਈਆ । ਤੇਰੇ ਕਲਮੇ ਦਾ ਇਜ਼ਹਾਰ, ਤੇਰਾ ਨਾਮ ਸਿਫ਼ਤ ਸਾਲਾਹੀਆ । ਤੂੰ ਕਲ ਕਲਕੀ ਅਵਤਾਰ, ਨਿਹਕਲੰਕਾ ੪੦੧
੨੧ ਨਾਉਂ ਪ੍ਰਗਟਾਈਆ । ਅਮਾਮ ਅਮਾਮਾਂ ਦਾ ਸਿਕਦਾਰ, ਹਜ਼ਰਤ ਹੱਕ ਕਰੇ ਪੜ੍ਹਾਈਆ । ਸਦੀ ਚੌਧਵੀਂ ਕਹੇ ਮੇਰੀ ਤੇਰੇ ਚਰਨ ਕਵਲ ਨਿਮਸਕਾਰ, ੨੧
ਕ਼ਦਮਾਂ ਵਿਚ ਆਪਣਾ ਸੀਸ ਝੁਕਾਈਆ । ਤੂੰ ਕ਼ੁਦਰਤ ਦਾ ਕ਼ਾਦਰ ਕਰਨੀ ਦਾ ਕਰਨੇਹਾਰ, ਕਰੀਮ ਅਜ਼ੀਮ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਗਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੀ ਬੇਪ੍ਰਵਾਹੀਆ ।

## ✻ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹ ਬਟਾਲਾ ✻

ਸਦੀ ਕਹੇ ਮੇਰੇ ਵਾਸਤੇ ਰੋ ਕੇ ਗਿਆ ਸਧਨਾ, ਸਦਮਿਆਂ ਵਿਚ ਕੁਰਲਾਈਆ । ਓਸ ਝਗੜਾ ਤੱਕਿਆ ਆਅਲਾ ਅਦਨਾ, ਅਦਲ ਇਨਸਾਫ਼ ਨਾ ਕੋਇ ਕਮਾਈਆ । ਝਗੜਾ ਜਾਣਿਆ ਮਾਟੀ ਬਦਨਾ, ਤਨ ਵਜੂਦ ਦਿਸੇ ਲੜਾਈਆ । ਸ੍ਰਿਸ਼ਟ ਸਬਾਈ ਹੋਈ ਬੇਵਤਨਾ, ਘਰ ਸਚ ਨਾ ਕੋਇ ਮਿਲਾਈਆ । ਧਰਮ ਨਈਆ ਚੜ੍ਹੇ ਕੋਈ ਨਾ ਪਤਣਾ, ਜਗਤ ਨਾਮ ਵੰਝ ਮੁਹਾਣੇ ਕੰਮ ਕਿਸੇ ਨਾ ਆਈਆ । ਸਾਚਾ ਗੁਰਮੁਖ ਹੀਰਾ ਦਿਸੇ ਕੋਈ ਨਾ ਰਤਨਾ, ਅਮੋਲਕ ਆਪਣਾ ਰੂਪ ਵਟਾਈਆ । ਜਗਤ ਲਬਾਸ ਦਿਸੇ ਸਵਾਂਗੀ ਨਟਨਾ, ਨਟੂਆ ਕਲਜੁਗ ਨਾਲ ਰਲਾਈਆ । ਰੂਪ ਧਾਰੇ ਵਾਸੀ ਪਟਨਾ, ਪਟਾ ਆਪਣਾ ਵੇਖ ਵਖਾਈਆ । ਜਿਸ ਨੇ ਜਗਤ ਵਿਹਾਰ ਕਾਰ ਠੱਪਣਾ, ਠੱਪਾ ਪ੍ਰਭ ਦਾ ਨਾਮ ਲਗਾਈਆ । ਸਾਧ ਸੰਤ ਕਰੇ ਸੱਖਣਾ,

ਸਖੀ ਸੁਲਤਾਨ ਨਾ ਕੋਇ ਵਡਿਆਈਆ । ਹਭ ਕਿਛ ਵੇਖੇ ਆਪਣੀ ਅੱਖਨਾ, ਨੇਤਰ ਨੈਣ ਉਠਾਈਆ । ਸਤਿ ਸਰੂਪ ਹੋ ਪ੍ਰਤਖਣਾ, ਪਾਰਬ੍ਰਹਮ ਪ੍ਰਭ ਪੜਦਾ ਲਾਹੀਆ । ਕਿਸੇ ਦਾ ਚਲੇ ਕੋਈ ਨਾ ਯਤਨਾ, ਯਥਾਰਥ ਆਪਣੀ ਕਾਰ ਕਮਾਈਆ । ਗੁਰਮੁਖ ਵਿਰਲਾ ਓਸ ਨੇ ਰੱਖਣਾ, ਰੱਖਕ ਹੋ ਕੇ ਹੋਏ ਸਹਾਈਆ । ਸਚ ਦਵਾਰਾ ਇਕੋ ਵਸਣਾ, ਜਿਥੇ ਵਸਲ ਮਿਲੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲਾ ਸਤਿ ਧਰਮ ਦਾ ਸੱਦਣਾ, ਸਦਾ ਆਪਣਾ ਨਾਮ ਸੁਣਾਈਆ ।

### ✻ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਸਰਬ ਹਿੰਦ ਅਕਾਲੀ ਕਾਨਫ਼ਰੰਸ ਬਟਾਲਾ ✻

ਪੰਥ ਖ਼ਾਲਸਾ ਕੋਈ ਨਹੀਂ ਤੈਨੂੰ ਖ਼ਤਰਾ, ਪੁਰਖ ਅਕਾਲ ਇਕ ਸਰਨਾਈਆ । ਆਪਣੇ ਕਾਇਆ ਮੰਦਰ ਅੰਦਰ ਆਪਣਾ ਉਲਟ ਦੇ ਪੱਤਰਾ, ਜੋ ਪਾਤੀ ਗੁਰ ਗੋਬਿੰਦ ਗਿਆ ਜਣਾਈਆ । ਜਿਸ ਨੇ ਮਾਛੂਵਾੜੇ ਤੁਹਾਡੇ ਪਿਛੇ ਹੰਢਾਈ ਸੇਜ ਸੱਥਰਾ, ਯਾਰੜਾ ਇਕ ਧਿਆਨ ਲਗਾਈਆ । ਓਹ ਗੋਬਿੰਦ ਤੁਹਾਥੋਂ ਕਦੇ ਰਹੇ ਨਾ ਵੱਖਰਾ, ਹਰ ਹਿਰਦੇ ਹੋਏ ਸਹਾਈਆ । ਤੁਸੀਂ ਆ ਗਏ ਹੁਣ ਓਸ ਕਿਨਾਰੇ ਪੱਤਨਾ, ਜਿਸ ਪਤਣ ਦਾ ਮਾਲਕ ਬੇਪ੍ਰਵਾਹੀਆ । ਭਾਵੇਂ ਦੂਤੀ ਦੁਸ਼ਮਣ ਕਿੰਨਾ ਕਰਨ ਯਤਨਾ, ਪੰਥ ਖ਼ਾਲਸ ਤੁਹਾਨੂੰ ਮਿਲੇ ਵਡਿਆਈਆ । ਅੱਜ ਖ਼ੁਸ਼ੀਆਂ ਨਾਲ ਸਾਂਝਾ ਲਾ ਕੇ ਜਾਇਓ ਵਟਣਾ, ਪ੍ਰੀਤ ਪਿਆਰ ਰੰਗ ਚੜ੍ਹਾਈਆ । ਜਿਹੜਾ ਪਹਿਲੋਂ ਪ੍ਰਗਟ ਹੋਇਆ ਵਿਚ ਪਟਨਾ, ਹੁਣ ਨਿਰਗੁਣ ਜੋਤ ਸਰੂਪ ਕਰੇ ਰੁਸ਼ਨਾਈਆ । ਗੁਰਸਿਖ ਗੋਬਿੰਦ ਪਿਆਰ ਨਾਲੋਂ ਕੋਈ ਰਿਹੋ ਨਾ ਸੱਖਣਾ, ਖ਼ਾਲੀ ਝੋਲੀ ਸਭ ਨੇ ਲੈਣੀ ਭਰਾਈਆ । ਇਕ ਦੋ ਮਿੰਟ ਵਿਚ ਏਨਾਂ ਕੁਛ ਪਿਆ ਦੱਸਣਾ ।

### ✻ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਯੱਗਯਾਦੱਤ ਐਮ੦ ਪੀ੦ ਨਾਲ ਬਟਾਲਾ ✻

ਯੱਗਯਾਦੱਤ ਜੀ ਧਰਮ ਕਸ਼ੇਤਰ ਦਾ ਸੱਚਾ ਯੱਗ, ਯੁਗਾਂ ਤੋਂ ਰਿਸ਼ੀਆਂ ਮੁਨੀਆਂ ਰੀਤੀ ਚਲੀ ਆਈਆ । ਜਿਸ ਨਾਲ ਮਿਲੇ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦਰਸ਼ਨ ਦੇਵੇ ਉਪਰ ਸ਼ਾਹ ਰਗ, ਨਿਰਗੁਣ ਨਿਰਵੈਰ ਨੂਰ ਜੋਤ ਕਰ ਰੁਸ਼ਨਾਈਆ । ਸਦੀ ਚੌਧਵੀਂ ਕਲਜੁਗ ਕੂੜੀ ਮੇਟੇ ਅਗਨੀ ਅੱਗ, ਜੋ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਤਪਾਈਆ । ਮਾਨਵ ਮਾਨੁੱਖ ਹੋਇਆ ਕੱਗ, ਮਾਣਕ ਮੋਤੀ ਹੰਸ ਚੋਗ ਨਾ ਕੋਇ ਚੁਗਾਈਆ । ਕੂੜ ਵਿਕਾਰ ਹੰਕਾਰ ਵਿਭਚਾਰ ਕੁਕਰਮ ਅੰਧੇਰ ਰਿਹਾ ਵਗ, ਹੁਲਾਰਾ ਦੇਵੇ ਥਾਉਂ ਥਾਈਂਆ । ਜਗਤ ਸਿਆਸਤ ਸਤਿ ਧਰਮ ਤੋਂ ਸਭ ਦੇ ਖ਼ਾਲੀ ਕੀਤੇ ਹੱਡ, ਨਾੜੀ ਮਾਸ ਦਏ ਦੁਹਾਈਆ । ਧਰਮ ਮਰਿਆਦਾ ਗਏ ਛੱਡ, ਗੁਰ ਅਵਤਾਰ ਪੈਗ਼ੰਬਰਾਂ ਦਾ ਰਸਤਾ ਗਏ ਭੁਲਾਈਆ । ਕਿਸੇ ਨੂੰ ਸਮਝ ਨਹੀਂ ਕੀ ਖੇਲ ਹੋਣਾ ਕਦ, ਕ਼ਦੀਮ ਦਾ ਕ਼ਾਦਰ ਕ਼ੁਦਰਤ ਦਾ ਮਾਲਕ ਦਏ ਕਰਾਈਆ । ਜਿਸ ਦੀ ਚਾਰ ਵਰਨ ਅਠਾਰਾਂ ਬਰਨ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਸਾਰੀ ਯੱਦ, ਆਤਮ ਪਰਮਾਤਮ ਆਪਣਾ ਰੰਗ ਵਖਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਦੀ ਮੇਟ ਕੇ ਹੱਦ, ਘਰ

ਸਾਂਝਾ ਇਕ ਵਖਾਈਆ । ਮਾਇਆ ਮਮਤਾ ਮੋਹ ਵਿਕਾਰ ਦੇਵੇ ਮਥ, ਮਧੁਰ ਧੁਨ ਨਾਮ ਖ਼ੁਮਾਰੀ ਇਕ ਸੁਣਾਈਆ । ਜੋ ਜਗਤ ਵਪਾਰ ਵਿਚ ਹੋਏ ਵੱਡ, ਵਖਰਾ ਵਖਰਾ ਰਾਹ ਚਲਾਈਆ । ਉਹਨਾਂ ਸਾਰਿਆਂ ਨੂੰ ਸਚ ਪ੍ਰੇਮੀ ਲੈਣ ਸੱਦ, ਸੱਦਾ ਮੁਹੱਬਤ ਵਾਲਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਹਿਰਦੇ ਕਰੇ ਸਫ਼ਾਈਆ । ਯੱਗਯਾਦੱਤ ਜੀ ਯਾਦ ਕਰੋ ਆਪਣਾ ਬਿਆਨ, ਜੋ ਰਸਨਾ ਜਿਹਵਾ ਆਏ ਸੁਣਾਈਆ । ਜਿਸ ਨੂੰ ਬੋਲਿਆ ਨਾਲ ਜ਼ਬਾਨ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਮੰਨਿਆ ਇਕ ਭਗਵਾਨ, ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਸਭ ਦੀ ਕਰੇ ਕਲਿਆਣ, ਕਾਇਨਾਤ ਖੋਜ ਖੁਜਾਈਆ । ਜੀਵਣ ਵਿਚ ਜ਼ਿੰਦਗੀ ਦਾ ਬਦਲ ਦਏ ਵਿਧਾਨ, ਵਾਹਵਾ ਕਰੇ ਹੱਕ ਪੜ੍ਹਾਈਆ । ਉਹ ਲੇਖਾ ਜਾਣੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਖੋਜ ਖੁਜਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਲੋਕ ਪਰਲੋਕ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਮੇਂ ਦਾ ਮਾਲਕ ਇਕ ਅਖਵਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਕਹਿੰਦੇ, ਕਹਿ ਕਹਿ ਰਹੇ ਜਣਾਈਆ । ਸਾਂਝੀ ਸਟੇਜ ਉਤੇ ਮਿਲ ਮਿਲ ਬਹਿੰਦੇ, ਕੰਧਾ ਕੰਧੇ ਨਾਲ ਮਿਲਾਈਆ । ਬਹੁਤੇ ਜਗਤ ਮਮਤਾ ਦੇ ਵਹਿਣ ਵਹਿੰਦੇ, ਮਾਇਆ ਵਿਚ ਹਲਕਾਈਆ । ਥੋੜ੍ਹੇ ਧਰਮ ਦੇ ਰਸਤੇ ਪੈਂਦੇ, ਜਿਨ੍ਹਾਂ ਛੱਡੀ ਕੂੜ ਲੋਕਾਈਆ । ਓਹ ਹੁਕਮ ਧੁਰ ਦਾ ਸਹਿੰਦੇ, ਸੀਸ ਜਗਦੀਸ਼ ਝੁਕਾਈਆ । ਓਹ ਵੇਖਣ ਚੜ੍ਹਦੇ ਲਹਿੰਦੇ, ਦੱਖਣ ਪਹਾੜ ਅੱਖ ਉਠਾਈਆ । ਪਿਠ ਲਾ ਕਦੀ ਨਾ ਢਹਿੰਦੇ, ਜੋ ਸੂਰਬੀਰ ਆਪਣਾ ਬਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਜਗਤ ਸਿਆਸਤ ਰਹੀ ਹਾਰ, ਸੌਦੇ ਬਾਜ਼ੀ ਨਜ਼ਰੀ ਆਈਆ । ਸਾਰੇ ਕਰਦੇ ਟਕਿਆਂ ਦਾ ਵਪਾਰ, ਮਾਇਆ ਮਮਤਾ ਨਾਲ ਵਡਿਆਈਆ । ਬਾਹਰੋਂ ਬਣ ਕੇ ਮਿਤ੍ਰ ਯਾਰ, ਅੰਦਰੋਂ ਦਗ਼ਾ ਰਹੇ ਕਮਾਈਆ । ਜੇ ਲੀਡਰ ਹੋ ਜਾਣ ਸਮਝਦਾਰ, ਸਮਝ ਸਮਝ ਵਿਚੋਂ ਉਲਟਾਈਆ । ਫਿਰ ਝਗੜਾ ਰਹੇ ਨਾ ਵਿਚ ਸੰਸਾਰ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਇਹ ਪ੍ਰਧਾਨਾਂ ਦਾ ਅਖਤਿਆਰ, ਇਖ਼ਤਲਾਫ਼ ਅੰਦਰੋਂ ਦੇਣ ਤਜਾਈਆ । ਸਾਰੇ ਪ੍ਰਭੂ ਦੇ ਬਣ ਜਾਣ ਬਰਖ਼ੁਰਦਾਰ, ਬੱਚੇ ਹੋ ਕੇ ਸੇਵ ਕਮਾਈਆ । ਰਾਮ ਕ੍ਰਿਸ਼ਨ ਓਮ ਅਲਾਹ ਵਾਹਿਗੁਰੂ ਗਾਡ ਉਸੇ ਨੂੰ ਕਹਿ ਕੇ ਕਰਨ ਨਿਮਸਕਾਰ, ਸੱਯਦਾ ਸੀਸ ਜਗਦੀਸ਼ ਝੁਕਾਈਆ । ਓਸੇ ਦੀ ਰਈਅਤ ਤੇ ਓਸੇ ਦੀ ਸਰਕਾਰ, ਓਸੇ ਦਾ ਹੁਕਮ ਓਸੇ ਦਾ ਪਰਚਾਰ, ਦੀਨ ਦੁਨੀ ਓਸੇ ਦੀ ਨਜ਼ਰੀ ਆਈਆ । ਜੇ ਅੰਦਰੋਂ ਨਿਕਲ ਜਾਵੇ ਹੰਕਾਰ, ਕੂੜੀ ਕਿਰਿਆ ਰਹੇ ਨਾ ਵਿਭਚਾਰ, ਦੁਰਾਚਾਰ ਕਰਮ ਨਾ ਕੋਇ ਕਮਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਧਰਮ ਦਾ ਇਕ ਪਿਆਰ, ਮਜ਼੍ਹਬ ਦਾ ਝਗੜਾ ਦੇਣ ਗਵਾਈਆ । ਜੇ ਸੰਤ ਸੁਹੇਲੇ ਉਠਣ ਪੰਜ ਸੱਤ ਦੋ ਚਾਰ, ਆਪਣਾ ਬਲ ਧਰਾਈਆ । ਭੈ ਰੱਖਣ ਨਾ ਸ਼ਰਅ ਦੀ ਕੋਈ ਕਟਾਰ, ਨਿਰਵੈਰ ਹੋ ਕੇ ਆਪਣੀ ਸੇਵ ਕਮਾਈਆ । ਓਨ੍ਹਾਂ ਨੂੰ ਕੋਈ ਕਰ ਨਾ ਸਕੇ ਗ੍ਰਿਫ਼ਤਾਰ, ਵਾਰੰਟ ਸਕੇ ਨਾ ਕੋਇ ਕਢਾਈਆ । ਜਿਨ੍ਹਾਂ ਦਾ ਧਰਮ ਦਾ ਬੋਲ ਸਚ ਦਾ ਜੈਕਾਰ, ਮੁਹੱਬਤ ਦਾ ਪਿਆਰ ਮਿਹਨਤ ਵਿਚ ਜਨਤਾ ਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਤਮਾ ਪਰਮਾਤਮਾ ਪਰਮਾਤਮਾ ਆਤਮਾ ਇਕੋ ਨੂਰ ਖ਼ਲਕ ਖ਼ੁਦਾਈਆ । ਯੱਗਯਾਦੱਤ ਜੀ ਜੇ ਸਾਰਿਆਂ ਲੀਡਰਾਂ ਨੂੰ ਮਿਲ ਜਾਏ ਸੱਚੀ ਦਾਤ, ਅੰਦਰ ਮਿਲ ਕੇ ਵੱਜੇ ਵਧਾਈਆ । ਬਾਹਰੋਂ ਮਿਟ ਜਾਏ ਅੰਧੇਰੀ ਰਾਤ, ਧਰਮ ਦਾ ਚੰਦ ਕਰੇ ਰੁਸ਼ਨਾਈਆ ।

ਬਾਹਰੋਂ ਸੂਫ਼ੀਆਂ ਵਾਲੀ ਗੁਫ਼ਤਾਰ, ਅੰਦਰ ਮੂਰਖ ਮਤਿ ਰਖਾਈਆ । ਬਹੁਤੇ ਸਟੇਜ ਤੋਂ ਉਤਰ ਕੇ ਜਿਸ ਵੇਲੇ ਹੁੰਦੇ ਬਾਹਰ, ਫੇਰ ਆਪਣੇ ਮਨ ਦਾ ਡੰਕਾ ਦੇਂਦੇ ਵਜਾਈਆ । ਜੇ ਹਰ ਹਿਰਦੇ ਵਿਚ ਆ ਜਾਏ ਸਤਿ ਦੀ ਵਿਚਾਰ, ਧਰਮ ਦੇ ਨੇਤੇ ਬਣ ਕੇ ਸਭ ਦੀ ਕਰਨ ਅਗਵਾਈਆ । ਫੇਰ ਸੁਖਾਂ ਵਿਚ ਸੁਖ ਰੂਪ ਬਣ ਜਾਏ ਸੰਸਾਰ, ਦੁੱਖਾਂ ਦਾ ਦੁੱਖ ਦੇਣ ਗਵਾਈਆ । ਇਹ ਅਜੇ ਥੋੜ੍ਹੀ ਥੋੜ੍ਹੀ ਔਣ ਲੱਗੀ ਵਿਚਾਰ, ਜੋ ਵਿਚਰ ਕੇ ਲੀਡਰ ਰਹੇ ਸੁਣਾਈਆ । ਜਿਸ ਵੇਲੇ ਕਿਰਪਾ ਕਰੀ ਆਪ ਨਿਰੰਕਾਰ, ਹਰ ਹਿਰਦੇ ਕਰੇ ਸਫ਼ਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਰਹੀ ਪੁਕਾਰ, ਭਵਿਖਤਾਂ ਵਿਚ ਗੁਰੂ ਅਵਤਾਰ ਪੈਗ਼ੰਬਰ ਰਾਹ ਤਕਾਈਆ । ਓਹ ਖੇਲ ਕਰੇ ਧੁਰਦਰਗਾਹੀ ਪਰਵਰਦਿਗਾਰ ਸਾਂਝਾ ਯਾਰ, ਹੱਕ ਹਕੀਕ਼ਤ ਵੇਖ ਵਖਾਈਆ । ਜਿਸ ਦਾ ਸਚਖੰਡ ਸਚਾ ਦਰਬਾਰ, ਸਦੀ ਚੌਧਵੀਂ ਪੂਰਾ ਕਰੇ ਕੌਲ ਇਕ਼ਰਾਰ, ਕਲ ਕਲਕੀ ਇਕ ਅਵਤਾਰ, ਅਮਾਮਾਂ ਦਾ ਅਮਾਮ ਚੌਦਾਂ ਤਬਕਾਂ ਦਾ ਸਿਕਦਾਰ, ਸਾਚੀ ਸਿਖਿਆ ਪਾ ਕੇ ਭਿਛਿਆ, ਪੂਰਬ ਮਸਤਕ ਦਾ ਦੇਵੇ ਲੇਖ ਲਿਖਿਆ, ਭਵਿਖਤ ਦਾ ਇਸ਼ਕ ਪ੍ਰੇਮ ਵਿਚ ਬਦਲਾਈਆ । ਯੱਗਯਾਦੱਤ ਜੀ ਸਟੇਜ ਉਤੇ ਬੋਲਣਾ ਯਥਾਰਥ, ਯਦੀ ਯਦੀ ਸਰਬ ਸਮਝਾਈਆ । ਜਿੰਨਾ ਚਿਰ ਆਪਣਾ ਨਾ ਛੱਡੇ ਸਵਾਰਥ, ਭਾਵਨਾ ਸੇਵਾ ਵਾਲੀ ਪ੍ਰਗਟਾਈਆ । ਓਨਾਂ ਚਿਰ ਧਰਮ ਦੀ ਬਣ ਨਾ ਸਕੇ ਕਦੇ ਵਜ਼ਾਰਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਬਹੁਤੇ ਵਿਚੋਂ ਮਨ ਦੀ ਰਖਦੇ ਸ਼ਰਾਰਤ, ਥੋੜ੍ਹੇ ਸਾਫ਼ ਹਿਰਦੇ ਵਾਲੇ ਨਜ਼ਰੀ ਆਈਆ । ਸਟੇਜ ਉਤੇ ਸੰਤਾਂ ਦੀ ਥੋੜ੍ਹੀ ਜੇਹੀ ਸਾਫ਼ ਇਬਾਰਤ, ਬਾਕੀ ਮਨ ਦੀ ਮਮਤਾ ਵਿਚ ਹਲਕਾਈਆ । ਧਰਮ ਯੱਗ ਵਿਚ ਧਰਮ ਧਰਮ ਦੀ ਕਰੇ ਸਫ਼ਾਰਸ਼, ਦੂਜੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਤੁਹਾਡੀ ਸੋਹਣੀ ਸੁਣੀ ਤਕਰੀਰ, ਲਫ਼ਜ਼ ਬਲਫ਼ਜ਼ ਦਿਆਂ ਦੋਹਰਾਈਆ । ਨਾਨਕ ਗੋਬਿੰਦ ਭਾਵੇਂ ਛੱਡ ਕੇ ਗਏ ਸਰੀਰ, ਤੱਤਾਂ ਵਾਲਾ ਨਾਤਾ ਜਗਤ ਤੁੜਾਈਆ । ਰਾਮ ਕ੍ਰਿਸ਼ਨ ਦੀ ਓਹੋ ਤਸਵੀਰ, ਚਾਰੇ ਵੇਦ ਓਹੋ ਕਰਨ ਪੜ੍ਹਾਈਆ । ਪੁਰਾਨ ਸ਼ਾਸਤਰ ਦੱਸਣ ਸਚ ਤਦਬੀਰ, ਗੀਤਾ ਗਿਆਨ ਇਕ ਜਣਾਈਆ । ਜਿਥੇ ਏਕਤਾ ਦੀ ਪਿਆਰ ਮੁਹੱਬਤ ਦੀ ਫੜੀ ਜਾਏ ਸ਼ਮਸ਼ੀਰ, ਓਹ ਸ਼ਮਅ ਸਭ ਦੀ ਗੁਲ ਕਰਾਈਆ । ਝਗੜਾ ਮੁਕਾਵੇ ਸ਼ਾਹ ਹਕੀਰ, ਊਚ ਨੀਚ ਡੇਰਾ ਢਾਹੀਆ । ਬਿਨਾ ਸੱਚਿਆਂ ਪੁਰਸ਼ਾਂ ਤੋਂ ਦੀਨ ਦੁਨੀ ਦੀ ਕੋਈ ਬਦਲ ਨਾ ਸਕੇ ਤਕਦੀਰ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਸਾਰੇ ਕੱਠੇ ਹੋ ਕ਼ਰੀਬ, ਨੇਰਨ ਨੇਰ ਹੋ ਕੇ ਦੂਈ ਦਵੈਤ ਬਾਹਰ ਕਢਾਈਆ । ਸੱਜਣ ਮੀਤ ਬਣੋ ਰਕ਼ੀਬ, ਦੋਸਤ ਦਸਤ ਦਸਤ ਨਾਲ ਮਿਲਾਈਆ । ਸਾਰੀਆਂ ਪਾਰਟੀਆਂ ਦੀ ਸਾਂਝੀ ਹੋਵੇ ਤਰਤੀਬ, ਤਰੀਕਾ ਇਕ ਇਕ ਸਮਝਾਈਆ । ਹਿੰਦੂ ਸਿੱਖ ਪਿਆਰ ਮੁਹੱਬਤ ਵਿਚ ਭਾਈ ਭਾਈ ਇਕ ਦੂਜੇ ਦੇ ਅਜ਼ੀਜ਼, ਤਮੀਜ਼ ਅੰਦਰੋਂ ਦੇਣ ਜਣਾਈਆ । ਜਿਨ੍ਹਾਂ ਦੇ ਪਿੱਛੇ ਗੋਬਿੰਦ ਦੁਲਾਰੇ ਕੀਤੇ ਸ਼ਹੀਦ, ਸ਼ਹਾਦਤ ਪਿਤਾ ਵਾਲੀ ਭੁਗਤਾਈਆ । ਤੁਸਾਂ ਬੜੀ ਸੋਹਣੀ ਕੀਤੀ ਤਮਹੀਦ, ਨਾਨਕ ਦੀ ਨਗਰੀ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਧਰਮ ਦਾ ਸਾਚਾ ਏਕਾ, ਬਿਨ ਨੇਤਰ ਲੋਚਣ ਨੈਣ ਅੱਖਾਂ ਰਿਹਾ ਵਖਾ, ਹਰ ਹਿਰਦੇ ਅੰਦਰ ਨਿਰੰਤਰ ਹੋ ਕੇ ਵੇਖ ਵਖਾਈਆ । ਤੁਹਾਡੀ ਰਸਨਾ ਕਿਹਾ ਵਾਹ, ਵਾਹਵਾ ਵੱਜੇ ਵਧਾਈਆ । ਜੇ ਸਾਂਝੇ ਫ਼ਰੰਟ ਦਾ ਸਿੱਧਾ ਕਰ ਦਿਓ ਰਾਹ, ਰਹਿਬਰ ਹੋ ਕੇ ਕਰੋ ਅਗਵਾਈਆ । ਇਹ ਸਾਰੇ ਤੁਹਾਡੇ ਗਵਾਹ, ਸ਼ਹਾਦਤ ਇਕ ਭੁਗਤਾਈਆ ।

ਤੁਹਾਡੀ ਮਨਜ਼ੂਰ ਹੋਵੇ ਦੁਆ, ਧੁਰ ਦਾ ਰਾਮ ਝੋਲੀ ਦਏ ਭਰਾਈਆ । ਕੂੜੀ ਕਿਰਿਆ ਮੇਟੋ ਵਬਾ, ਦੁੱਖ ਦਲਿਦ੍ਰ ਜਗਤ ਅੰਦਰੋਂ ਦੇਣਾ ਕਢਾਈਆ । ਸਭ ਦਾ ਇਕੋ ਇਕ ਖ਼ੁਦਾ, ਖ਼ੁਦੀ ਤਕੱਬਰ ਦਾ ਡੇਰਾ ਢਾਹੀਆ । ਜੋ ਮਿਲ ਕੇ ਆਵੇ ਮਜ਼ਾ, ਓਹ ਰਸ ਦੇਣਾ ਚਖਾਈਆ । ਦੂਈ ਦਵੈਤ ਦੀ ਰਹੇ ਕੋਈ ਨਾ ਕ਼ਜ਼ਾ, ਮਲਕੁਲ ਮੌਤ ਕੋਲੋਂ ਸਭ ਨੂੰ ਬਰੀ ਦੇਣਾ ਕਰਾਈਆ । ਸਭ ਦਾ ਮਾਣ ਕਰੇ ਜਗਹ ਜਗਹ, ਅਭਿਮਾਨ ਅੰਦਰੋਂ ਦੇਣਾ ਤਜਾਈਆ । ਆਪੇ ਇਕੱਠੇ ਹੋ ਜਾਣ ਸਾਰੇ ਵਿਛੜਨ ਦੀ ਰਹੇ ਕੋਈ ਨਾ ਵਜਹ, ਵਜੂਹਾਤ ਅਗਲਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਹਵਾ ਵਿਚ ਵਾਹਵਾ ਆਪੇ ਲੱਭਾ ਜੋ ਲਬਾਂ ਤੋਂ ਨਿਕਲੇ ਹੋਂਟਾਂ ਦੇ ਬਚਨ ਹਿਰਦੇ ਦੀ ਵਿਚਾਰ ਨਾਲ ਮਿਲਾਈਆ । ਪੂਰਬਲਾ ਜਨਮ ਬੜਾ ਦੂਰ, ਬਲ ਨਾਲ ਨਜ਼ਰੀ ਆਈਆ । ਇਹ ਸੇਵਾਦਾਰ ਮਜ਼ਦੂਰ, ਪਹਿਰੇਦਾਰ ਹੋ ਕੇ ਆਪਣੀ ਸੇਵ ਕਮਾਈਆ । ਜਿਸ ਵੇਲੇ ਬਾਵਨ ਆਇਆ ਹਜ਼ੂਰ, ਦੂਰ ਦੁਰਾਡਾ ਪੰਧ ਮੁਕਾਈਆ । ਏਨ ਬੰਦਨਾ ਕੀਤੀ ਨਾਲ ਦਸਤੂਰ, ਸੀਸ ਦਿਤਾ ਝੁਕਾਈਆ । ਓਸ ਖ਼ੁਸ਼ੀ ਨਾਲ ਕਿਹਾ ਤੇਰਾ ਮਾਣਸ ਜਨਮ ਹੋਇਆ ਮਨਜ਼ੂਰ, ਮਨਜ਼ੂਰੀ ਧੁਰ ਦੇ ਘਰ ਬਣਾਈਆ । ਰਾਮ ਕ੍ਰਿਸ਼ਨ ਨਾਲ ਤੇਰਾ ਚਲਦਾ ਰਹੇ ਪੂਰ, ਤ੍ਰੇਤਾ ਦੁਆਪਰ ਵਜਦੀ ਰਹੇ ਵਧਾਈਆ । ਜਿਸ ਵੇਲੇ ਕਲਜੁਗ ਸਦੀ ਚੌਧਵੀਂ ਲੋਕਮਾਤ ਵਧਿਆ ਕੂੜ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਮੂਰਖ ਮੂੜ੍ਹ, ਹਉਮੇ ਹੰਗਤਾ ਵਿਚ ਕੁਰਲਾਈਆ । ਓਸ ਵੇਲੇ ਤੇਰੀ ਜੋਤ ਦਾ ਚਮਕੇ ਫੇਰ ਨੂਰ, ਪੰਜਾਂ ਤੱਤਾਂ ਸੋਭਾ ਪਾਈਆ । ਤੈਨੂੰ ਮੁਹੱਬਤ ਦਾ ਬਣੌਣਾ ਮਜ਼ਦੂਰ, ਜਨਤਾ ਦੀ ਸੇਵ ਲਗਾਈਆ । ਫੇਰ ਮਿਲੇ ਹਾਜ਼ਰ ਹਜ਼ੂਰ, ਹਰਿ ਕਰਤਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਮਨਸਾ ਸਭ ਦੀ ਰਿਹਾ ਪੂਰ, ਪੂਰਨ ਬ੍ਰਹਮ ਦਏ ਦ੍ਰਿੜਾਈਆ । ਪਿਛਲਾ ਰਿਸ਼ਤਾ ਨਾਲ ਨਿਰੰਕਾਰ, ਬਾਵਨ ਦਏ ਗਵਾਹੀਆ । ਰਾਮ ਨਾਲ ਰਿਹਾ ਦਿਨ ਚਾਰ, ਪੰਚਵਟੀ ਮਿਲੀ ਵਡਿਆਈਆ । ਕ੍ਰਿਸ਼ਨ ਨਾਲ ਗਊਆਂ ਲਈਆਂ ਚਾਰ, ਸਾਢੇ ਤਿੰਨ ਸਾਲ ਨਾਲ ਭੱਜਿਆ ਵਾਹੋ ਦਾਹੀਆ । ਕਲਜੁਗ ਮਿਲਿਆ ਇਕ ਆਧਾਰ, ਜਨਮ ਜਨਮ ਵਿਚੋਂ ਬਦਲਾਈਆ । ਲਿਖਿਆ ਲੇਖ ਨਾ ਮੇਟੇ ਕੋਈ ਸੰਸਾਰ, ਬਿਧਨਾ ਬਿਧ ਆਪਣੀ ਆਪ ਸਮਝਾਈਆ । ਜਿਹੜੀ ਢਾਈ ਸਤਰਾਂ ਦੀ ਕਤਾਰ, ਜਿਸ ਦੇ ਅੱਖਰ ਦੋ ਪੰਜ ਸੱਤ ਚਾਰ, ਚਾਰ ਜੁਗ ਦਾ ਲੇਖਾ ਰਹੇ ਸਮਝਾਈਆ । ਓਸੇ ਕਾਰਨ ਜਨਮ ਲਿਆ ਧਾਰ, ਤਤ ਵਜੂਦ ਮਿਲੀ ਵਡਿਆਈਆ । ਹਿਰਦੇ ਅੰਦਰ ਵਸ ਕੇ ਆਪ ਕਰਤਾਰ, ਕਾਇਆ ਕਿਤਾ ਖੋਜ ਖੁਜਾਈਆ । ਜਿਥੇ ਆਤਮਾ ਪਰਮਾਤਮਾ ਬ੍ਰਹਮ ਪਾਰਬ੍ਰਹਮ ਦੀ ਧਾਰ, ਸ਼ਿਵ ਸ਼ਕਤੀ ਆਪਣਾ ਖੇਲ ਖਿਲਾਈਆ । ਅਸ਼ਟਭੁਜ ਦਾ ਅਧਾਰ, ਰਾਮਾ ਕ੍ਰਿਸ਼ਨਾ ਨੂਰ ਉਜਿਆਰ, ਵੇਦ ਵਿਆਸਾ ਦਏ ਅਧਾਰ, ਪਾਰਬ੍ਰਹਮ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪਿਛਲਾ ਕ਼ਰਜ਼ਾ ਦਏ ਉਤਾਰ, ਜੋ ਮਿਲਿਆ ਤਿਸ ਮਿਲ ਕੇ ਮਿੱਲਤ ਵਿਚ ਮਨ ਦੀ ਇੱਲਤ ਦਏ ਗਵਾਈਆ ।


੪੦੫ ੨੧

## ✳ ੧੪ ਅੱਸੂ ਸ਼ਹਿਨਸ਼ਾਹੀ ਸੰਮਤ ੪ ਮੱਸਾ ਸਿੰਘ ਦੇ ਗ੍ਰਹਿ ਪਿੰਡ ਬਲ ਜ਼ਿਲਾ ਗੁਰਦਾਸਪੁਰ ✳

ਸਦੀ ਚੌਧਵੀਂ ਕਹੇ ਮੈਂ ਫਿਰਾਂ ਨੱਠੀ, ਚੌਦਾਂ ਤਬਕ ਵੇਖਾਂ ਚਾਈਂ ਚਾਈਆ । ਚਾਰ ਕੁੰਟ ਤਪਣ ਵਾਲੀ ਭੱਠੀ, ਅਗਨੀ ਅੱਗ ਆਪਣਾ ਸ਼ੋਅਲਾ ਰਹੀ ਉਠਾਈਆ । ਉਮਤ ਨਬੀ ਰਸੂਲਾਂ ਦੀ ਹੱਦ ਟੱਪੀ, ਇਸਲਾਮ ਅਮਾਮ ਨਾ ਕੋਇ ਬਣਾਈਆ । ਜਿਹੜੀ ਇਬਾਰਤ ਦੱਸੀ ਪੱਟੀ, ਲਿਖਤ ਲੇਖ ਵਿਚ ਸਮਝਾਈਆ । ਓਸ ਤੋਂ ਖੱਟੀ ਕਿਸੇ ਨਾ ਖੱਟੀ, ਖਟਕੇ ਅੰਦਰ ਦਿਆਂ ਦੁਹਾਈਆ । ਸਭ ਨੂੰ ਭਰਨੀ ਪੈਣੀ ਚੱਟੀ, ਬਚਿਆ ਰਹਿਣ ਕੋਇ ਨਾ ਪਾਈਆ । ਮੇਰੀ ਲੁੱਟੀ ਜਾਣੀ ਹੱਟੀ, ਵਣਜਾਰੇ ਬੈਠੇ ਮੁਖ ਛੁਪਾਈਆ । ਮੇਰੀ ਤ੍ਰਿਸ਼ਨਾ ਜਾਣੀ ਫੱਟੀ, ਪਾਟੇ ਚੀਥੜ ਰਹੀ ਕੁਰਲਾਈਆ । ਮੇਰੀ ਫੋੜ ਦਿਤੀ ਮੱਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਫਿਰੀ ਭੱਜੀ, ਭਜਨ ਬੰਦਗੀ ਵੇਖਾਂ ਥਾਉਂ ਥਾਈਆ । ਮਨ ਵਾਸਨਾ ਦੀਨ ਦੁਨੀ ਨੱਚੀ, ਕੂੜ ਕਲਪਣਾ ਵਿਚ ਕੁਰਲਾਈਆ । ਕਥਾ ਕਹਾਣੀ ਦੱਸੇ ਕੋਇ ਨਾ ਸੱਚੀ, ਸਚ ਸੰਜਮ ਸਾਰੇ ਬੈਠੇ ਤਜਾਈਆ । ਮਾਇਆ ਮਮਤਾ ਮੋਹ ਵਿਕਾਰ ਅਗਨੀ ਮੱਚੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿ ਧਰਮ ਦੀ ਪਤ ਕਿਸੇ ਨਾ ਰੱਖੀ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਮੈਂ ਸਭ ਨੂੰ ਵੇਖ ਕੇ ਆਈ ਅੱਖੀਂ, ਆਖ਼ਰ ਰੋ ਰੋ ਰਹੀ ਜਣਾਈਆ । ਧੁਰ ਦਾ ਰਿਹਾ ਕੋਈ ਨਾ ਪੱਖੀ, ਪ੍ਰਭ ਦਾ ਮੇਲਾ ਸਚ ਦਵਾਰ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਭੱਜੀ ਦੌੜੀ, ਬਣ ਬਣ ਪਾਂਧੀ ਰਾਹੀਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖੀ ਕੌੜੀ, ਕਲਪਣਾ ਕੂੜ ਵਿਚ ਹਲਕਾਈਆ । ਸਾਚੀ ਮੰਜ਼ਲ ਮਿਲੇ ਕੋਈ ਨਾ ਪੌੜੀ, ਡੰਡਾ ਡੰਡੌਤ ਵਾਲਾ ਹੱਥ ਨਾ ਕੋਇ ਫੜਾਈਆ । ਜੀਵ ਜੰਤ ਸਾਧ ਸੰਤ ਹੋਏ ਖੋਰੀ, ਹੰਕਾਰ ਵਿਕਾਰ ਕਰੇ ਲੜਾਈਆ । ਮੁੱਲਾ ਸ਼ੇਖ਼ ਮੁਸਾਇਕ ਕਰਨ ਚੋਰੀ, ਪੰਡਤ ਪਾਂਧਾ ਲੁੱਟੇ ਚਾਈਂ ਚਾਈਆ । ਬਿਨ ਪਰਵਰਦਿਗਾਰ ਸਾਂਝੇ ਯਾਰ ਮੇਰੀ ਫੜੇ ਕੋਇ ਨਾ ਡੋਰੀ, ਡਾਵਾਂ ਡੋਲ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਭੱਜ ਭੱਜ ਥੱਕੀ, ਥਕਾਵਟ ਮੇਰੇ ਅੰਦਰ ਆਈਆ । ਮਿਲਿਆ ਨਾ ਕੋਈ ਸਖ਼ਾਵਤ ਵਾਲਾ ਸਖੀ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਮੈਂ ਦੀਨ ਦੁਨੀ ਵੇਖੀ ਤੱਕੀ, ਤਾਕ਼ਤ ਸਾਰੇ ਬੈਠੇ ਗਵਾਈਆ । ਸਾਚੇ ਕਲਮੇ ਦੀ ਗਾਏ ਕੋਇ ਨਾ ਗਾਥੀ, ਨਾਅਰਾ ਹੱਕ ਨਾ ਕੋਇ ਸੁਣਾਈਆ । ਮੈਂ ਵੇਖ ਕੇ ਆਪਣੀ ਸਦੀ, ਸਦਮੇ ਵਿਚ ਰਹੀ ਕੁਰਲਾਈਆ । ਹੁਕਮੇ ਅੰਦਰ ਬੱਧੀ, ਬੰਦਨਾ ਕਰ ਕੇ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਪਰਵਰਦਿਗਾਰ ਸਾਚੀ ਦਿਸੇ ਕੋਈ ਨਾ ਗੱਦੀ, ਗਦਾਗਾਰ ਹੋਈ ਲੋਕਾਈਆ । ਤੇਰੀ ਵੇਖਾਂ ਨੂਹ ਦੀ ਨਦੀ, ਲਹਿਰ ਲਹਿਰ ਵਿਚੋਂ ਪ੍ਰਗਟਾਈਆ । ਆਪਣਾ ਹੁਕਮ ਦੇ ਦੇ ਯਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਦੇਵਾਂ ਸਚ ਇਤਲਾਹ, ਬੇਖ਼ਬਰਾਂ ਖ਼ਬਰ ਸੁਣਾਈਆ । ਮੇਰੇ ਗੁਰ ਅਵਤਾਰ ਪੈਗ਼ੰਬਰ ਬਣਨ ਗਵਾਹ, ਸ਼ਹਾਦਤ ਧੁਰ ਦੀ ਦੇਣ ਭੁਗਤਾਈਆ । ਮੇਰੀ ਕਲਮੇ ਵਾਲੀ ਸਲਾਹ, ਨਗ਼ਮਾ ਨਾਮ ਕਰਾਂ ਸ਼ਨਵਾਈਆ । ਦੀਨ ਦੁਨੀ ਦਾ ਵੇਖੋ ਲੇਖਾ ਨਾਲ ਕ਼ਤਲਗਾਹ, ਕ਼ਿਆਮਤ ਸਭ ਦੇ ਸਿਰ ਤੇ ਛਾਈਆ । ਨੇਤਰ ਰੋ ਕੇ ਬਾਵਾ

ਆਦਮ ਕਹੇ ਹਵਾ, ਹਵਾਸ ਹਵਾਸ ਹਿਰਸ ਨਾ ਕੋਇ ਮਿਟਾਈਆ । ਸਚ ਪੈਗ਼ਾਮ ਦੇਵੇ ਆਪ ਖ਼ੁਦਾ, ਖ਼ੁਦੀ ਤਕੱਬਰ ਵੇਖੇ ਥਾਉਂ ਥਾਈਆ । ਹਜ਼ਰਤਾਂ ਦੀ ਮਨਜ਼ੂਰ ਕਰੇ ਦੁਆ, ਜੋ ਤੋਬਾ ਤੋਬਾ ਕਰ ਕੇ ਸੀਸ ਨਿਵਾਈਆ । ਵਾਅਦਤ ਵਿਚ ਵਾਹਦ ਕਲਮਾ ਦਏ ਪੜ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਸ੍ਰੀ ਭਗਵਾਨਾ ਇਕ ਜਣਾਈਆ । ਸਦੀ ਚੌਧਵੀਂ ਕਹੇ ਮੇਰੀ ਅੰਤ ਵੇਖੋ ਲਕੀਰ, ਲਾਈਨ ਦਿਤੀ ਲਗਾਈਆ । ਹਕ਼ੀਕਤ ਦਾ ਰਿਹਾ ਨਾ ਕੋਇ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਸ਼ਰਅ ਦਾ ਤੋੜੇ ਨਾ ਕੋਇ ਜ਼ੰਜੀਰ, ਸ਼ਰੀਅਤ ਵਿਚ ਦੇਣ ਦੁਹਾਈਆ । ਸਾਚੀ ਪੜ੍ਹੇ ਨਾ ਕੋਇ ਤਕਬੀਰ, ਤਦਬੀਰ ਸਕੇ ਨਾ ਕੋਇ ਜਣਾਈਆ । ਬਦਲੀ ਕਰੇ ਨਾ ਕੋਇ ਜ਼ਮੀਰ, ਜ਼ਾਮਨ ਹੋ ਕੇ ਮੁਰਸ਼ਦ ਦੇਵੇ ਨਾ ਕੋਇ ਗਵਾਹੀਆ । ਦੂਰ ਦਰਾਡਾ ਮੰਜ਼ਲ ਚੜ੍ਹਿਆ ਵੇਖੇ ਕਬੀਰ, ਕਬਰਾਂ ਅੰਦਰ ਫੋਲ ਫੁਲਾਈਆ । ਮੁਹੱਬਤ ਵਾਲਾ ਹੋਇਆ ਨਾ ਕੋਇ ਬਗ਼ਲਗੀਰ, ਦਸਤਗੀਰ ਦਸਤ ਨਾ ਕੋਇ ਮਿਲਾਈਆ । ਲੇਖਾ ਦੱਸ ਅੰਤ ਅਖ਼ੀਰ, ਆਖ਼ਰ ਇਕ ਜਣਾਈਆ । ਜਿਸ ਦੇ ਹੱਥ ਨਿਰਗੁਣ ਖੰਡਾ ਓਹ ਸ਼ਮਸ਼ੀਰ, ਜਿਸ ਦੀ ਧਾਰ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੈਂ ਖੋਲ੍ਹ ਕੇ ਦੇਵਾਂ ਬਿਆਨ, ਕੂਕ ਕੂਕ ਸੁਣਾਈਆ । ਸਤਿ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਧਰਮ ਨਾ ਕੋਇ ਝੁਲਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਅਮਲ ਛੱਡਿਆ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਹੋਈ ਬੇਈਮਾਨ, ਬੇਵਾ ਆਪਣਾ ਰੂਪ ਵਟਾਈਆ । ਮੈਂ ਸੰਦੇਸ਼ਾ ਦੇਵਾਂ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਕਰਾਂ ਸ਼ਨਵਾਈਆ । ਪੁਰਖ ਅਕਾਲ ਸਤਿਜੁਗ ਕਰਨ ਵਾਲਾ ਇੰਤਜ਼ਾਮ, ਇੰਤਕ਼ਾਮ ਆਪਣੇ ਹੱਥ ਰਖਾਈਆ । ਮੈਂ ਚਾਰ ਕੁੰਟ ਹੋਈ ਬਦਨਾਮ, ਬਦੀ ਮੇਰੀ ਝੋਲੀ ਸਭ ਨੇ ਦਿਤੀ ਪਾਈਆ । ਲੜਾਈ ਕਰੇ ਸ਼ਰਅ ਸ਼ੈਤਾਨ, ਸ਼ਰੀਅਤ ਰਹੀ ਕੁਰਲਾਈਆ । ਮੈਂ ਮੰਗੀ ਮੰਗ ਅੱਗੇ ਮਿਹਰਵਾਨ, ਮਹਿਬੂਬ ਕੋਲ ਵਾਸਤਾ ਪਾਈਆ । ਕਿਰਪਾ ਕਰ ਮੇਰੇ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਮੈਂ ਬਾਲੀ ਬੁੱਧ ਅੰਜਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਬਿਨ ਤੇਰੀ ਕਿਰਪਾ ਮੇਰਾ ਲੇਖਾ ਮੁਕੇ ਨਾ ਵਿਚ ਜਹਾਨ, ਜਹਾਲਤ ਸਕੇ ਨਾ ਕੋਇ ਕਢਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦਾਤੇ ਦਾਨੀ ਦੇ ਦਾਨ, ਦੌਲਤਵੰਦ ਮੇਰੀ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਸੂਰਬੀਰ ਸਚ ਸੁਲਤਾਨ, ਮਿਹਰਵਾਨ ਹੋ ਕੇ ਮਿਹਰ ਨਜ਼ਰ ਇਕ ਉਠਾਈਆ ।

ਦੀਨ ਦਿਆਲ ਦਇਆਨਿਧ ਸਾਗਰ, ਗਹਿਰ ਗੰਭੀਰ ਇਕ ਅਖਵਾਇੰਦਾ । ਭਾਗ ਲਗਾ ਕੇ ਕਾਇਆ ਗਾਗਰ, ਸਾਢੇ ਤਿੰਨ ਹੱਥ ਆਪ ਸੁਹਾਇੰਦਾ । ਨਿਰਮਲ ਕਰਮ ਕਰ ਉਜਾਗਰ, ਜੁਗਤੀ ਜੋਗ ਜੁਗਤ ਦ੍ਰਿੜਾਇੰਦਾ । ਸਚ ਦਵਾਰੇ ਦੇਵੇ ਆਦਰ, ਆਦਰਸ਼ ਇਕੋ ਇਕ ਸਮਝਾਇੰਦਾ । ਸਾਹਿਬ ਕਰੀਮ ਹੋ ਕੇ ਕ਼ਾਦਰ, ਕ਼ੁਦਰਤ ਦਾ ਮਾਲਕ ਵੇਖ ਵਖਾਇੰਦਾ । ਜਗਤ ਸਾਂਝ ਸੱਚੀ ਕਰੇ ਸਾਬਤ, ਸਬੂਤ ਕਲਬੂਤ ਵਿਚ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਸਤ ਅਗੰਮੀ ਦਾਤ ਜਗਤ ਜੁਗ ਸੁਤ ਅਬਿਨਾਸ਼ੀ ਅਚੁਤ ਝੋਲੀ ਪਾਇੰਦਾ ।

## ✻ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਮਰਾਉ ਸਿੰਘ ਦੇ ਗ੍ਰਿਹ ਪਿੰਡ ਬਲ ਜ਼ਿਲਾ ਗੁਰਦਾਸਪੁਰ ✻

ਪੰਥ ਖ਼ਾਲਸਾ ਗੋਬਿੰਦ ਧਾਰ, ਧਰਮ ਰੂਪ ਵਡਿਆਈਆ । ਚਾਰ ਵਰਨ ਇਕ ਪਿਆਰ, ਖੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨਿਝਰ ਅੰਮ੍ਰਿਤ ਰਸ ਦੇਵੇ ਠਾਰ, ਬੂੰਦ ਸਵਾਂਤੀ ਇਕ ਚੁਆਈਆ । ਅੰਤਰ ਖੋਲ੍ਹੇ ਇਕ ਕਿਵਾੜ, ਬਜਰ ਕਪਾਟੀ ਪਰਦਾ ਲਾਹੀਆ । ਮਾਇਆ ਮਮਤਾ ਮੋਹ ਮੇਟ ਕੇ ਧੂੰਆਧਾਰ, ਅੰਧ ਅੰਧੇਰਾ ਦਏ ਚੁਕਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਨੂਰ ਜੋਤ ਕਰ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਸਾਚਾ ਮੰਦਰ ਧੁਰ ਦਾ ਇਕ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਦੀਨਾਂ ਬੰਧਪ ਹੋ ਕੇ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਇਕੋ ਰੰਗ ਰੰਗਾ ਕੇ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹੀਆ । ਗੁਰਮੁਖ ਬਣਾ ਕੇ ਧੁਰ ਦੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਵਸਤ ਅਮੋਲਕ ਦੇ ਕੇ ਮਾਲ, ਧੰਨ ਦੌਲਤ ਨਾਮ ਖ਼ਜ਼ਾਨਾ ਝੋਲੀ ਪਾਈਆ । ਪ੍ਰਗਟ ਹੋ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬਣ ਕੇ ਨੂਰ ਖ਼ੁਦਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਨ੍ਹਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਦਿਵਸ ਰੈਣ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਸੋ ਗੁਰਮੁਖ ਸਾਚੇ ਬਾਲ, ਬਾਲ ਅੰਵਾਣੇ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਗੋਬਿੰਦ ਦਾ ਖ਼ਾਲਸਾ ਆਦਿ ਜੁਗਾਦੀ ਖ਼ਾਲਸ, ਧਰਮ ਦੁਵਾਰਾ ਮਿਲੇ ਵਡਿਆਈਆ । ਮਾਇਆ ਮਮਤਾ ਨਹੀਂ ਕੋਈ ਲਾਲਸ, ਕਲਪਣਾ ਵਿਚ ਨਾ ਕੋਇ ਕੁਰਲਾਈਆ । ਗ਼ਫ਼ਲਤ ਨਿੰਦਰਾ ਨਹੀਂ ਕੋਈ ਆਲਸ, ਮਨੂਆ ਮਨ ਨਾ ਕੋਇ ਭੁਵਾਈਆ । ਪ੍ਰੇਮ ਪ੍ਰੀਤੀ ਦਾ ਬਣ ਕੇ ਬਾਲਕ, ਸੀਸ ਜਗਦੀਸ਼ ਇਕ ਝੁਕਾਈਆ । ਪ੍ਰਭ ਮਿਲਣ ਦੀ ਸੱਚੀ ਹੋਵੇ ਆਦਤ, ਅੰਤਰ ਅੰਤਰ ਧਿਆਨ ਰਖਾਈਆ । ਤੂੰ ਮੇਰਾ ਮੈਂ ਤੇਰਾ ਗਾਵੇ ਇਬਾਦਤ, ਢੋਲਾ ਇਕੋ ਇਕ ਸੁਣਾਈਆ । ਸਭ ਤੋਂ ਉਤਮ ਸ੍ਰੇਸ਼ਟ ਹੋਵੇ ਨਾਜ਼ਕ, ਮਲੂਕ ਸੋਹਣਾ ਨਜ਼ਰੀ ਆਈਆ । ਕੂੜ ਮਾਰੇ ਕੋਈ ਨਾ ਸਾਜ਼ਸ਼, ਹਰ ਹਿਰਦੇ ਅੰਦਰ ਹੋਏ ਸਫ਼ਾਈਆ । ਅਗਨੀ ਤੱਤ ਨਾ ਤਪਾਏ ਆਤਸ਼, ਮਮਤਾ ਮੋਹ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਗੋਬਿੰਦ ਖ਼ਾਲਸਾ ਅਗੰਮੀ ਪੰਥ, ਜਿਨ੍ਹਾਂ ਸਿਖਿਆ ਧੁਰਦਰਗਾਹੀਆ । ਜਿਸ ਦੀ ਸੇਵਕ ਗੁਰ ਅਵਤਾਰ ਪੈਗ਼ੰਬਰ ਅਸੰਖ, ਗਿਣਤੀ ਗਿਣਤ ਨਾ ਕੋਇ ਗਿਣਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰਦਾ ਗੁਰੂ ਗ੍ਰੰਥ, ਅਕਾਵਨ ਬਾਵਨ ਆਪਣਾ ਰਾਹ ਚਲਾਈਆ । ਸੋ ਦੀਨ ਦਿਆਲਾ ਹਰਿਜਨ ਬਣਾ ਆਪਣੇ ਹੰਸ, ਬੁੱਧੀ ਕਾਗ ਦਏ ਬਦਲਾਈਆ । ਮੇਲ ਮਿਲਾ ਕੇ ਕੋਟਾਂ ਵਿਚੋਂ ਸਹੰਸ, ਹਰਿਜਨ ਆਪਣਾ ਜੋੜ ਜੁੜਾਈਆ । ਸਤਿ ਧਰਮ ਬਣਾ ਕੇ ਬਣਤ, ਘੜਨ ਭੰਨਣਹਾਰ ਵੇਖ ਵਖਾਈਆ । ਸੋ ਗੁਰਮੁਖ ਸੱਚਾ ਸੰਤ, ਜੋ ਸਤਿਗੁਰ ਵਿਚ ਸਮਾਈਆ । ਗੜ੍ਹ ਤੁੱਟੇ ਅੰਦਰੋਂ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਗੋਬਿੰਦ ਸੂਰਾ ਬੋਧ ਅਗਾਧਾ ਬਣ ਕੇ ਪੰਡਤ, ਨਿਰਗੁਣ ਵਿਦਿਆ ਇਕ ਪੜ੍ਹਾਈਆ । ਝਗੜਾ ਮੁਕਾਵੇ ਸਵਰਗ ਬਹਿਸ਼ਤ ਜੱਨਤ, ਚਰਨ ਕਵਲ ਇਕ ਸਰਨਾਈਆ । ਨੇੜੇ ਰਹਿਣ ਨਾ ਦੇਵੇ ਕੋਈ ਨਿੰਦਕ, ਦੁਸ਼ਟ ਦੁਰਾਚਾਰ ਵਿਕਾਰ ਹੰਕਾਰ ਕਰੇ ਸਫ਼ਾਈਆ । ਮਨੂਆ ਮਨ ਵੇਖੇ ਕੋਈ ਨਾ ਇੱਲਤ, ਇਲਮ ਆਲਮਾਂ ਇਕ ਜਣਾਈਆ । ਸਚ ਪ੍ਰੇਮ ਦੀ ਦੇ ਕੇ ਹਿੰਮਤ, ਹੌਸਲੇ ਧੁਰ ਦੇ ਦਏ ਵਧਾਈਆ । ਗੋਬਿੰਦ ਖ਼ਾਲਸਾ ਚਾਰ ਕੁੰਟ

ਹੋਣਾ ਸਾਚੀ ਸਿੰਮਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਸਰਗੁਣ ਨਿਰਗੁਣ ਧਾਰ ਦੋਹਾਂ ਦੀ ਮਿਲਤ, ਮਿਲਾਪ ਆਪ ਜਾਪ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਦ੍ਰਿੜਾਈਆ । ਗੋਬਿੰਦ ਖ਼ਾਲਸਾ ਸਤਿ ਨਿਰਾਲਾ, ਨਿਰਾਕਾਰ ਦਏ ਵਡਿਆਈਆ । ਜਿਸ ਨੂੰ ਓਟ ਇਕ ਅਕਾਲਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਤਿ ਸਚ ਦੀ ਘਾਲੇ ਘਾਲਾ, ਸੇਵਕ ਹੋ ਕੇ ਸੇਵ ਕਮਾਈਆ । ਤਿਸ ਦਾ ਹੋਵੇ ਆਪ ਰਖਵਾਲਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਫਲ ਲਗਾ ਕੇ ਆਪਣੇ ਡਾਲਾ, ਪੱਤ ਡਾਲੀ ਆਪ ਮਹਿਕਾਈਆ । ਸਾਚਾ ਸਭ ਦਾ ਹੱਲ ਕਰੇ ਸਵਾਲਾ, ਪੂਰਬ ਲੇਖਾ ਫੋਲ ਫੁਲਾਈਆ । ਝਗੜਾ ਮੁਕਾ ਕੇ ਕਾਲ ਮਹਾਂਕਾਲਾ, ਮਿਹਰਵਨ ਮਹਿਬੂਬ ਆਪਣੀ ਮੁਹੱਬਤ ਵਿਚ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਪ੍ਰਗਟਾਈਆ । ਸਾਚਾ ਗੁਰਮੁਖ ਮਤਿ ਹੋਵੇ ਨਾ ਥੋਥੀ, ਕੂੜੀ ਕਿਰਿਆ ਨਾ ਕੋਇ ਰਖਾਈਆ । ਜਿਸ ਗੋਬਿੰਦ ਨਾਮ ਦੀ ਪੜ੍ਹੀ ਅਗੰਮੀ ਪੋਥੀ, ਪੁਸਤਕਾਂ ਤੋਂ ਪੱਲੂ ਜਾਏ ਛੁਡਾਈਆ । ਓਸ ਨੇ ਮੰਜ਼ਲ ਇਕੋ ਸੋਚੀ, ਜਿਥੇ ਮਿਲੇ ਬੇਪ੍ਰਵਾਹੀਆ । ਜਿਥੇ ਪੁੱਜ ਗਏ ਰਵਦਾਸ ਚਮਾਰੇ ਵਰਗੇ ਮੋਚੀ, ਕਬੀਰ ਜੁਲਾਹਾ ਡੇਰਾ ਲਾਈਆ । ਰੁੱਖੀ ਸੁੱਖੀ ਖਾ ਕੇ ਰੋਟੀ, ਪ੍ਰੇਮ ਪ੍ਰੀਤੀ ਵਿਚ ਝਟ ਲੰਘਾਈਆ । ਚੜ੍ਹ ਕੇ ਅਗੰਮੀ ਚੋਟੀ, ਚੋਟ ਤਨ ਨਗਾਰੇ ਇਕ ਸੁਣਾਈਆ । ਅੰਦਰੋਂ ਕੱਢਕੇ ਵਾਸਨਾ ਖੋਟੀ, ਪ੍ਰੇਮ ਪ੍ਰੀਤੀ ਵਿਚ ਪਰਮ ਪੁਰਖ ਇਕ ਮਨਾਈਆ । ਪਰਮਾਤਮਾ ਦਾ ਬਣ ਕੇ ਗੋਤੀ, ਆਤਮਾ ਆਪਣਾ ਸੰਗ ਜਣਾਈਆ । ਜਿਥੇ ਜਗੇ ਬਿਨ ਤੇਲ ਬਾਤੀ ਜੋਤੀ, ਨਿਰਾਕਾਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਗੋਬਿੰਦ ਖ਼ਾਲਸਾ ਪੀਵੇ ਅੰਮ੍ਰਿਤ ਨੀਰ, ਰਸ ਇਕੋ ਇਕ ਜਣਾਈਆ । ਜਿਸ ਨਾਲ ਬਦਲ ਜਾਵੇ ਤਕਦੀਰ, ਜੀਵਨ ਜੀਵਨ ਵਿਚੋਂ ਵਟਾਈਆ । ਪ੍ਰਕਾਸ਼ ਹੋਵੇ ਕਾਇਆ ਮਾਟੀ ਤਤ ਸ਼ਰੀਰ, ਤਨ ਵਜੂਦ ਵੱਜੇ ਵਧਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਅਮੀਰ ਗ਼ਰੀਬ ਨਾ ਕੋਇ ਵਖਾਈਆ । ਸਾਚੇ ਧਰਮ ਦੀ ਸਮਝ ਤਦਬੀਰ, ਤਰੀਕਾ ਇਕੋ ਲੈਣ ਅਪਣਾਈਆ । ਕੂੜੀ ਕਿਰਿਆ ਜਗਤ ਛੱਡ ਲਕੀਰ, ਰਸਤਾ ਆਪਣਾ ਲੈਣਾ ਬਦਲਾਈਆ । ਸਾਚੇ ਸੰਤ ਬਣ ਫ਼ਕੀਰ, ਢੋਲੇ ਸੂਫ਼ੀਆਂ ਵਾਲੇ ਗਾਈਆ । ਵੇਖ ਖੇਲ ਬੇਨਜ਼ੀਰ, ਨਜ਼ਰ ਆਪਣੀ ਇਕ ਉਠਾਈਆ । ਜਿਥੇ ਸ਼ਰਅ ਦੀ ਨਹੀਂ ਕੋਈ ਸ਼ਮਸ਼ੀਰ, ਕਟਾਕਸ਼ ਤੀਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਅੰਦਰੋਂ ਬਦਲੇ ਜ਼ਮੀਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਗੋਬਿੰਦ ਖ਼ਾਲਸਾ ਤੱਕੇ ਵਿਚ ਖ਼ਲਕਤ, ਖ਼ਾਲਕ ਮਖ਼ਲੂਕ ਖੋਜ ਖੁਜਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਨਿਰਗੁਣ ਨਿਰਾਕਾਰ ਕਰੇ ਹਰਕਤ, ਨੂਰ ਨੁਰਾਨਾ ਆਪਣੀ ਕਾਰ ਕਮਾਈਆ । ਮਾਇਆ ਮਮਤਾ ਮੋਹ ਵਿਕਾਰ ਮੇਟੇ ਹਸਰਤ, ਹਸਦ ਅੰਦਰੋਂ ਦਏ ਕਢਾਈਆ । ਨਾਤਾ ਤੋੜ ਕੇ ਐਸ਼ੋ ਇਸ਼ਰਤ, ਆਸਾ ਮਨਸਾ ਆਪਣੇ ਨਾਲ ਮਿਲਾਈਆ । ਜ਼ਾਹਿਰਾ ਦਰਸ ਦਿਖਾਏ ਅਗੰਮਾ ਹਜ਼ਰਤ, ਹਜ਼ੂਰ ਨੂਰ ਕਰੇ ਰੁਸ਼ਨਾਈਆ । ਜਿਸ ਦੇ ਨਾਲੋਂ ਗੁਰਸਿਖ ਕੋਈ ਨਾ ਜਾਏ ਵਿਛੜਤ, ਬਿਛਰਤ ਸਭ ਨੂੰ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਮੇਲੇ ਸਹਿਜ ਸੁਭਾਈਆ । ਗੋਬਿੰਦ ਖ਼ਾਲਸਾ ਆਤਮ ਬ੍ਰਹਮ ਚੰਗਾ, ਤਨ ਵਜੂਦ ਕਰੇ ਸਫ਼ਾਈਆ । ਨ੍ਹਾਵਣ ਜਾਏ ਕਦੇ ਨਾ ਗੰਗਾ, ਜਮਨਾ ਸੁਰਸਤੀ ਗੋਦਾਵਰੀ ਰਾਹ ਨਾ ਕੋਇ ਤਕਾਈਆ । ਲੱਭਣ ਜਾਏ ਕੋਇ ਨਾ ਪੰਡਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਇਕੋ ਮਾਣੇ

ਸਚ ਅਨੰਦਾ, ਨਿਜਾਨੰਦ ਵਿਚ ਰਸਾਈਆ । ਸ਼ਬਦੀ ਪੌੜੀ ਚੜ੍ਹ ਕੇ ਡੰਡਾ, ਡੰਡਾਵਤ ਵਿਚ ਸੀਸ ਝੁਕਾਈਆ । ਜਿਥੇ ਪਹੁੰਚਿਆ ਨਹੀਂ ਕੋਈ ਬੰਦਾ, ਬੰਦੀਖ਼ਾਨਾ ਨਜ਼ਰ ਕੋਇ ਨਾ ਆਈਆ । ਉਥੇ ਰੂਪ ਇਕ ਅਗੰਮਾ, ਜੋਤੀ ਜੋਤ ਨੂਰ ਰੁਸ਼ਨਾਈਆ । ਪੁਰਖ ਅਕਾਲ ਦੀ ਧਾਰੋਂ ਗੋਬਿੰਦ ਜ਼ਰੀਏ ਪੰਥ ਖ਼ਾਲਸਾ ਜੰਮਾ, ਜਿਸ ਦੀ ਜੰਮਣ ਵਾਲੀ ਇਕੋ ਮਾਈਆ । ਜਿਸ ਦੇ ਅੰਦਰ ਹੋਏ ਕੋਈ ਨਾ ਤਮਅ, ਲਾਲਚ ਕੂੜ ਨਾ ਕੋਇ ਜਣਾਈਆ । ਹਰਖ ਸੋਗ ਨਾ ਹੋਵੇ ਗ਼ਮਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਪੁਰਖ ਅਕਾਲ ਧਿਆਵੇ ਦਮ ਦਮਾ, ਦਾਮਨਗੀਰ ਇਕੋ ਲਏ ਬਣਾਈਆ । ਝਗੜਾ ਛੱਡ ਕੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਅੰਦਰੋਂ ਲਏ ਬਦਲਾਈਆ । ਸੋ ਪ੍ਰਗਟ ਹੋਵੇ ਨਾਲ ਸਮਾਂ, ਸਮਾਪਤ ਪਿਛਲਿਆਂ ਦਏ ਕਰਾਈਆ । ਇਹ ਖੇਲ ਅਨੋਖਾ ਨਵਾਂ, ਨਰ ਨਰਾਇਣ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਡ ਵੱਡਾ ਵਡ ਵਡਿਆਈਆ । ਗੋਬਿੰਦ ਖ਼ਾਲਸਾ ਸੋਹਣਾ ਹੋਵੇ ਰੂਪ, ਅਨੂਪ ਦਏ ਵਡਿਆਈਆ । ਸ਼ਬਦੀ ਧਾਰ ਉਪਜੇ ਪੂਤ, ਪਿਤਾ ਪੁਰਖ ਅਕਾਲ ਮਨਾਈਆ । ਤਾਣਾ ਪੇਟਾ ਇਕੋ ਹੋਵੇ ਸੂਤ, ਸੂਤਰਧਾਰੀ ਖੋਜ ਖੁਜਾਈਆ । ਫਿਰੇ ਦਰੋਹੀ ਚਾਰੇ ਕੂਟ, ਡੰਕਾ ਵੱਜੇ ਥਾਉਂ ਥਾਈਆ । ਲੇਖਾ ਮੇਟੇ ਜੂਠ ਝੂਠ, ਸਚ ਸੁਚ ਲਏ ਪ੍ਰਗਟਾਈਆ । ਕੂੜ ਕੁੜਿਆਰਾ ਰਹਿਣ ਨਾ ਦੇਵੇ ਕਪੂਤ, ਕੁਲੱਖਣੀ ਰਹੇ ਨਾ ਜੰਮਣ ਵਾਲੀ ਮਾਈਆ । ਸ਼ਬਦ ਅਗੰਮਾ ਭੇਜ ਕੇ ਦੂਤ, ਦੁਤੀਆ ਭਾਓ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਦਾ ਰੰਗ ਚੜ੍ਹਾਈਆ । ਗੋਬਿੰਦ ਖ਼ਾਲਸਾ ਚਾਰ ਵਰਨ ਦੀ ਧਾਰ, ਧਰਨੀ ਧਰਤ ਧਵਲ ਵੱਜੇ ਵਧਾਈਆ । ਸਾਂਝਾ ਬੋਲੇ ਇਕ ਜੈਕਾਰ, ਧੁਰ ਦਾ ਢੋਲਾ ਅਗੰਮ ਅਥਾਹੀਆ । ਇਕੋ ਇਸ਼ਟ ਮੰਨੇ ਨਿਰੰਕਾਰ, ਦੂਸਰ ਓਟ ਨਾ ਕੋਇ ਤਕਾਈਆ । ਇਕੋ ਮੰਦਰ ਵੇਖ ਦਵਾਰ, ਇਕੋ ਆਸਣ ਸਿੰਘਾਸਣ ਸੋਭਾ ਪਾਈਆ । ਇਕੋ ਪਿਐਣਾ ਅੰਮ੍ਰਿਤ ਠੰਡਾ ਠਾਰ, ਅਗਨੀ ਅੱਗ ਤਤ ਬੁਝਾਈਆ । ਸੋ ਖ਼ਾਲਸਾ ਗੋਬਿੰਦ ਗੋਬਿੰਦ ਕਰੇ ਤਿਆਰ, ਗੋਬਿੰਦ ਗੋਬਿੰਦ ਵਿਚੋਂ ਪ੍ਰਗਟਾਈਆ । ਜੋ ਜੂਏ ਜਨਮ ਨਾ ਜਾਏ ਹਾਰ, ਮਾਣਸ ਮਾਨਵ ਮਾਨੁੱਖ ਆਪਣਾ ਰੰਗ ਰੰਗਾਈਆ । ਸਾਚਾ ਮਾਰਗ ਦੱਸੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਆ । ਸੋ ਖ਼ਾਲਸਾ ਜਿਸ ਖ਼ਾਲਸ ਕਰੇ ਆਪ ਕਰਤਾਰ, ਕਰਨੀ ਦਾ ਕਰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੱਚੀ ਸਰਕਾਰ, ਰਸਤਾ ਮਾਰਗ ਪੰਥ ਰਾਹ ਜੁਗ ਜੁਗ ਆਪ ਜਣਾਈਆ ।



### ❋ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਬਲ ਜ਼ਿਲਾ ਗੁਰਦਾਸਪੁਰ ❋

ਸਦੀ ਚੌਧਵੀਂ ਕਹੇ ਪ੍ਰਭ ਥੱਕੇ ਗੁਰ ਅਵਤਾਰ ਪੈਗ਼ੰਬਰ ਸਾਰੇ, ਮਹਾਂਸਾਰਥੀ ਵੇਖ ਥਾਉਂ ਥਾਈਆ । ਫ਼ਲਕ ਉਤੇ ਰੋਵਣ ਨੇਤਰ ਨੈਣ ਸਿਤਾਰੇ, ਸਤਹ ਜ਼ਿਮੀਂ ਜ਼ਮਾ ਨਾ ਕੋਇ ਵਡਿਆਈਆ । ਨਬੀ ਨੂਹ ਕਰੇ ਇਸ਼ਾਰੇ, ਅਗੰਮੀ ਸੈਨਤ ਨਾਲ ਸਮਝਾਈਆ । ਕਲਜੁਗ ਨਈਆ ਆਈ ਓਸ ਕਿਨਾਰੇ, ਜਿਥੇ ਖੇਵਟ ਖੇਟਾ ਸਕੇ ਨਾ ਕੋਇ ਬਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕੱਢਣ ਹਾੜੇ, ਮਿੰਨਤਾਂ ਵਿਚ ਸੀਸ ਜਗਦੀਸ਼ ਝੁਕਾਈਆ । ਚਾਰ

ਵਰਨ ਅਠਾਰਾਂ ਬਰਨ ਦਿਸਣ ਕੂੜ ਅਖਾੜੇ, ਮਾਇਆ ਮਮਤਾ ਆਪਣਾ ਨਾਚ ਨਚਾਈਆ । ਫਿਰੀ ਦਰੋਹੀ ਜੰਗਲ ਜੂਹ ਵਿਚ ਪਹਾੜੇ, ਸਮੁੰਦ ਸਾਗਰ ਡੂੰਘੇ ਵਹਿਣ ਨਾ ਕੋਇ ਸਹਾਈਆ । ਝਗੜਾ ਪਿਆ ਪੁਰਖ ਨਾਰੇ, ਨਾਰ ਕੰਤ ਸੁਹਾਗ ਨਾ ਕੋਇ ਹੰਢਾਈਆ । ਸਾਚੀ ਮੰਜ਼ਲ ਤੇਰੀ ਚੜ੍ਹੇ ਨਾ ਕੋਈ ਨਿਰੰਕਾਰੇ, ਨੌ ਦਵਾਰੇ ਸ੍ਰਿਸ਼ਟੀ ਦ੍ਰਿਸ਼ਟੀ ਰਹੀ ਕੁਰਲਾਈਆ । ਅਲਖ ਅਗੋਚਾਰ ਤੇਰਾ ਖੇਲ ਅਗੰਮ ਅਪਾਰੇ, ਅਪਰੰਪਰ ਸਵਾਮੀ ਨਜ਼ਰ ਕਿਸੇ ਨਾ ਆਈਆ । ਕਾਇਨਾਤ ਮਖ਼ਲੂਕਾਤ ਖ਼ਾਲਕ ਖ਼ਲਕ ਤੇਰੇ ਸਹਾਰੇ, ਸਾਹਿਬ ਸੁਲਤਾਨ ਮਿਹਰਵਾਨ ਤੇਰੀ ਬੇਪਵਾਹੀਆ । ਬੀਤ ਗਏ ਪਿਛਲੇ ਜੁਗ ਸਾਰੇ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਦਿਸੇ ਧੂੰਆਂਧਾਰੇ, ਨਿਰਗੁਣ ਸੂਰੀਆ ਚੰਦ ਨਾ ਕੋਇ ਚੜ੍ਹਾਈਆ । ਸਾਚੀ ਰਹੇ ਨਾ ਕਿਸੇ ਯਾਦਗਾਰੇ, ਯਾਦਾਸ਼ਤ ਤੇਰੀ ਬੈਠੇ ਭੁਲਾਈਆ । ਕਿਰਪਾ ਕਰ ਮੇਰੇ ਪਰਵਰਦਿਗਾਰੇ, ਮਹਿਬੂਬ ਮੁਹੱਬਤ ਵਿਚ ਤੇਰੇ ਕ਼ਦਮਾਂ ਸਿਰ ਸਰ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਣਾ ਜਣਾਈਆ । ਸਦੀ ਚੌਧਵੀਂ ਕਹੇ ਮੈਂ ਝੁਕ ਝੁਕ ਕਰਾਂ ਸਲਾਮ, ਕ਼ਦਮ ਬੋਸੀ ਵਿਚ ਦੁਹਾਈਆ । ਪੈਗ਼ੰਬਰਾਂ ਦਾ ਲੇਖਾ ਵੇਖ ਪੈਗ਼ਾਮ, ਸੰਦੇਸਿਆਂ ਵਿਚ ਸ਼ਨਵਾਈਆ । ਤੇਰੀ ਦੀਨ ਦੁਨੀ ਦਾ ਵਿਗੜ ਗਿਆ ਨਿਜ਼ਾਮ, ਨੌਬਤ ਹੱਕ ਨਾ ਕੋਇ ਵਜਾਈਆ । ਜਗਤ ਵਿਸ਼ਿਆਂ ਸ੍ਰਿਸ਼ਟੀ ਹੋਈ ਗ਼ੁਲਾਮ, ਜ਼ੰਜੀਰ ਕੂੜ ਨਾ ਕੋਇ ਤੁੜਾਈਆ । ਨਜ਼ਰੀ ਆ ਧੁਰ ਅਮਾਮ, ਅਮਲ ਵੇਖ ਖ਼ਲਕ ਖ਼ੁਦਾਈਆ । ਤੂੰ ਆਦਿ ਜੁਗਾਦੀ ਹਰ ਘਟ ਜਾਣੀ ਜਾਣ, ਲੱਖ ਚੁਰਾਸੀ ਵੇਖ ਵਖਾਈਆ । ਗੁਰਮੁਖ ਭਗਤ ਸੁਹੇਲੇ ਕਰ ਪਹਿਚਾਨ, ਬੇਪਹਿਚਾਨ ਆਪਣਾ ਪੜਦਾ ਦੇ ਉਠਾਈਆ । ਤੂੰ ਆਤਮ ਧਾਰ ਪਰਮਾਤਮ ਸਭ ਦਾ ਕਾਹਨ, ਗੋਪੀ ਗੋਪ ਗੋਪਾਲੇ ਲੈ ਪ੍ਰਨਾਈਆ । ਸੀਤਾ ਸੁਰਤੀ ਵੇਖ ਆਪਣੀ ਰਾਮ, ਰਮਈਆ ਰਾਮ ਰਮਿਆ ਹੋ ਕੇ ਪੜਦਾ ਦੇਣਾ ਚੁਕਾਈਆ । ਹੱਕ ਖ਼ੁਦਾ ਹਕੀਕ਼ਤ ਵਿਚ ਹੋ ਮਿਹਰਵਾਨ, ਮਹਿਵ ਆਪਣਾ ਫੇਰਾ ਪਾਈਆ । ਜਿਸ ਤੇਰਾ ਪੜ੍ਹਿਆ ਮੰਤਰ ਸਤਿ ਨਾਮ, ਸੋ ਸਤਿ ਵਿਚ ਤੇਰਾ ਰਾਹ ਤਕਾਈਆ । ਜਿਸ ਫ਼ਤਿਹ ਡੰਕਾ ਵਜਾਇਆ ਵਿਚ ਜਹਾਨ, ਜੈ ਜੈਕਾਰ ਇਕ ਕਰਾਈਆ । ਓਹ ਆਸਾ ਤੇਰੀ ਰੱਖੇ ਸ੍ਰੀ ਭਗਵਾਨ, ਭਗਵਨ ਭਾਗ ਹਿੱਸਾ ਆਪਣਾ ਝੋਲੀ ਦੇਣਾ ਪਾਈਆ । ਤੇਰਾ ਭਗਤ ਖ਼ਾਲਸਾ ਹੋਵੇ ਬਲਵਾਨ, ਬਲਧਾਰੀ ਇਕ ਪ੍ਰਗਟਾਈਆ । ਜਿਸ ਦੇ ਹੱਥ ਹੋਵੇ ਧਰਮ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ਾ ਦਏ ਝੁਲਾਈਆ । ਸੱਜਦੇ ਕਰਨ ਜ਼ਿਮੀਂ ਅਸਮਾਨ, ਲੋਕ ਪ੍ਰਲੋਕ ਡੰਡਾਵਤ ਵਿਚ ਆਪਣਾ ਆਪ ਮਿਟਾਈਆ । ਤੇਰੇ ਨਾਮ ਦੀ ਹੋਵੇ ਕਲਿਆਣ, ਸਭ ਦੀ ਸਾਂਝੀ ਹੋਵੇ ਜ਼ਬਾਨ, ਬੇਜ਼ਬਾਨਾਂ ਆਪਣਾ ਨਾਮ ਦੇਣਾ ਦ੍ਰਿੜਾਈਆ । ਮਾਨਵ ਜ਼ਾਤੀ ਬਣੌਣੀ ਇਨਸਾਨ, ਸਦੀ ਚੌਧਵੀਂ ਅੰਤ ਕਰਨਾ ਇਕ ਅਹਿਸਾਨ, ਬਖ਼ਸ਼ਿਸ਼ ਵਿਚ ਰਹਿਮਤ ਝੋਲੀ ਪਾਈਆ । ਇਹ ਜੀਓ ਪਿੰਡ ਸਭ ਤੇਰਾ ਤਤ ਪ੍ਰਾਣ, ਸਵਾਸ ਸਾਹ ਤੇਰਾ ਨਜ਼ਰੀ ਆਈਆ । ਫ਼ਨਾਹ ਹੋਣ ਵਾਲਾ ਮਕਾਨ, ਮੁਕ਼ਾਮ ਆਪਣਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਸੁਣ ਮੇਰੇ ਗੁਰੂ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਧਰਮ ਖ਼ਾਲਸਾ ਹੋਵੇ ਸ਼ੁਰੂ, ਸ਼ਰੀਅਤ ਸ਼ਰਅ ਦੀ ਲੋੜ ਨਾ ਕੋਇ ਰਖਾਈਆ । ਗੋਬਿੰਦ ਹੁਕਮ ਅੰਦਰ ਤੁਰੂ, ਤੁਰੀਆ ਤੋਂ ਪਰੇ ਤੇਰਾ ਦਰਸ਼ਨ ਪਾਈਆ । ਸਾਚੇ ਮਾਰਗ ਤੋਂ ਕਦੇ ਨਾ ਮੁੜੂ, ਚਲੇ ਵਾਹੋ ਦਾਹੀਆ । ਆਤਮ ਹੋ ਕੇ ਪਰਮਾਤਮ ਨਾਲ ਜੁੜੂ, ਜੋੜੀ ਆਪਣੀ ਲਏ ਬਣਾਈਆ । ਮੰਤਰ ਤੇਰਾ ਅਗੰਮ ਨਿਰੰਤਰ ਹੋ ਕੇ ਫੁਰੂ, ਫੁਰਨੇ ਮਨ ਦੇ ਬੰਦ ਕਰਾਈਆ ।


੪੧੧ ੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਝੋਲੀ ਪਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਪੰਥ ਸਚੇ ਦੀ ਖ਼ਸੂਸੀਅਤ, ਘਰ ਘਰ ਕਾਇਆ ਮੰਦਰ ਅੰਦਰ ਫੋਲ ਫੁਲਾਈਆ । ਕਿਸ ਬਿਧ ਗੋਬਿੰਦ ਧਾਰ ਅਸਲੀਅਤ, ਅਸਲ ਵਸਲ ਯਾਰ ਕਰ ਕੇ ਆਪਣੀ ਖ਼ੁਸ਼ੀ ਮਨਾਈਆ । ਕਿਸ ਨੂੰ ਯਾਦ ਬਿਨ ਅੱਖਰਾਂ ਵਾਲੀ ਵਸੀਅਤ, ਵਸੀਹ ਵਿਸ਼ਾਲ ਵੇਖ ਵਖਾਈਆ । ਜਿੰਨਾਂ ਚਿਰ ਗੁਰਸਿਖ ਪੁਰਖ ਅਕਾਲ ਦੀ ਸਾਚੀ ਨਾ ਸਮਝਣ ਵਲਦੀਅਤ, ਜਗਤ ਵਲਦ ਵਾਲਦਾ ਕੰਮ ਕਿਸੇ ਨਾ ਆਈਆ । ਬਿਨਾ ਤਿਆਗ ਭਗਤੀ ਤੋਂ ਧਰਮ ਦੀ ਨਹੀਂ ਕੋਈ ਅਹਿਮੀਅਤ, ਅਮਲ ਅਮਰ ਨਾ ਕੋਇ ਕਰਾਈਆ । ਸਾਚੀ ਧਾਰ ਦੀ ਖੇਲ ਨਵ ਨਵੀਅਤ, ਨਵ ਖੰਡ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦੇਣਾ ਉਠਾਈਆ । ਸਦੀ ਚੌਧਵੀਂ ਕਹੇ ਮੇਰੇ ਨੇਤਰ ਆਵੇ ਸ਼ਰਮ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਾਚਾ ਦਿਸੇ ਕੋਇ ਨਾ ਧਰਮ, ਧਰਮਾਤਮਾ ਧਰਮ ਨਾ ਕੋਇ ਕਮਾਈਆ । ਜਗਤ ਮਮਤਾ ਸਭ ਨੇ ਬਣਾਇਆ ਆਪਣਾ ਕਰਮ, ਕਰਮ ਕਾਂਡ ਦਾ ਭੇਵ ਨਾ ਕੋਇ ਖੁਲ੍ਹਾਈਆ । ਪਿਆਰ ਲੱਗਾ ਕਾਇਆ ਮਾਟੀ ਚੰਮ ਚਰਮ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਭਾਵੇਂ ਸਿੱਖਾਂ ਦੇ ਘਰ ਸਿੱਖਾਂ ਦਾ ਹੁੰਦਾ ਜਰਮ, ਬਿਨਾ ਗੋਬਿੰਦ ਮਿਲਣ ਤੋਂ ਸਿੱਖ ਨਾ ਕੋਇ ਅਖਵਾਈਆ । ਇਹੋ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਭਰਮ, ਜੋ ਬਿਨਾ ਗੋਬਿੰਦ ਦੇ ਪੜਦਾ ਨਾ ਸਕੇ ਉਠਾਈਆ । ਭਾਵੇਂ ਨਿਤ ਗੁਰਦੁਆਰਿਆਂ ਵਿਚ ਵੜਨ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜਿੰਨਾਂ ਚਿਰ ਮਸਤਕ ਧੂੜੀ ਲੱਗੇ ਨਾ ਗੋਬਿੰਦ ਚਰਨ, ਚਰਨੋਦਕ ਜਾਮ ਅੰਮ੍ਰਿਤ ਹੱਥ ਕਿਸੇ ਨਾ ਆਈਆ । ਝਗੜਾ ਮੁਕੇ ਨਾ ਵਰਨ ਬਰਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਰੰਗ ਨਾ ਕੋਇ ਰੰਗਾਈਆ । ਕੋਟਨ ਕੋਟ ਸਿੱਖ ਜੰਮ ਕੇ ਫੇਰ ਮਰਨ, ਮਰ ਕੇ ਫੇਰ ਜੂਨੀਆਂ ਵਿਚ ਆਪਣਾ ਆਪ ਭਵਾਈਆ । ਜਿਹੜੇ ਗੁਰਸਿਖ ਗੋਬਿੰਦ ਦੇ ਪੌੜੇ ਚੜ੍ਹਨ, ਓਹ ਸਚਖੰਡ ਦੁਵਾਰੇ ਵੜਨ, ਜਿਥੇ ਪੁਰਖ ਅਕਾਲ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੋਬਿੰਦ ਨੇ ਪੰਥ ਪਾਇਆ ਪੁਰਖ ਅਕਾਲ ਦੀ ਝੋਲੀ, ਸਹਾਰਾ ਇਕੋ ਦਿਤਾ ਸਮਝਾਈਆ । ਧੁਰ ਦੇ ਸ਼ਬਦ ਦੀ ਦੱਸ ਕੇ ਬੋਲੀ, ਅਨਬੋਲਤ ਰਾਗ ਅਲਾਈਆ । ਕਿਸੇ ਕੰਮ ਨਹੀਂ ਔਣੀ ਪੰਜ ਤਤ ਕਾਇਆ ਮਾਟੀ ਚੋਲੀ, ਬਿਨ ਚੋਜੀ ਪ੍ਰੀਤਮ ਸਿਰ ਹੱਥ ਨਾ ਕੋਇ ਟਿਕਾਈਆ । ਗੋਬਿੰਦ ਕਿਹਾ ਗੁਰਸਿੱਖੋ ਮੈਂ ਤੁਹਾਡਾ ਸੇਵਕ ਤੇ ਤੁਹਾਡੀ ਗੋਲੀ, ਚਾਕਰ ਹੋ ਕੇ ਸੇਵ ਕਮਾਈਆ । ਮੈਂ ਧਰਮ ਨਗਾਰੇ ਦਾ ਬਣ ਕੇ ਆਇਆ ਢੋਲੀ, ਹੋਕਾ ਦੇਵਾਂ ਥਾਉਂ ਥਾਈਆ । ਜਿਸ ਪ੍ਰਭੂ ਨੇ ਮੇਰੀ ਹੱਟ ਖੋਲ੍ਹੀ, ਅੰਮ੍ਰਿਤ ਜਾਮ ਦਿਤਾ ਟਿਕਾਈਆ । ਓਹ ਭਾਗ ਲਗਾਵੇ ਉਪਰ ਧੌਲੀ, ਧਰਨੀ ਧਰਤ ਵੱਜੇ ਵਧਾਈਆ । ਓਸ ਵਿਚ ਦੀਨ ਦੁਨੀ ਵਿਚ ਪਏ ਰੌਲੀ, ਮਜ਼੍ਹਬ ਮਜ਼੍ਹਬ ਨਾਲ ਲੜਾਈਆ । ਕਿਸੇ ਦੇ ਕੋਲ ਮੇਰੀ ਅੰਮ੍ਰਿਤ ਧਾਰ ਰਹੇ ਨਾ ਪਾਹੁਲੀ, ਅੰਮ੍ਰਿਤ ਛਕ ਕੇ ਜੂਠ ਝੂਠ ਨਾਲ ਆਪਣਾ ਝਟ ਲੰਘਾਈਆ । ਇਹ ਖੇਲ ਹੋਵੇ ਅਨਹੋਣੀ ਜਿਸ ਨੂੰ ਸਮਝੇ ਕੋਇ ਨਾ ਰਾਈਆ । ਚਾਰ ਵਰਨਾਂ ਨੇਤਰ ਅੱਖ ਰੋਣੀ, ਨੈਣਾ ਨੀਰ ਵਹਾਈਆ । ਬਿਨ ਸਤਿਗੁਰ ਗੋਬਿੰਦ ਦੁਰਮਤ ਮੈਲ ਕਿਸੇ ਨਾ ਧੋਣੀ, ਧੋਬੀ ਧਾਰ ਰੂਪ ਨਾ ਕੋਇ ਬਦਲਾਈਆ । ਇਹ ਦੁਨੀਆ ਚਾਰ ਦਿਨ ਦੀ ਪਰੌਹਣੀ, ਝਟ ਆਪਣਾ ਰਹੀ ਲੰਘਾਈਆ । ਜਿਸ ਦੀ ਆਤਮਾ ਪਰਮਾਤਮਾ ਨਾਲ ਛੋਹਣੀ, ਓਹ ਛੋਹਰਾ ਬਾਂਕਾ ਗੁਰਮੁਖ ਨਜ਼ਰੀ ਆਈਆ । ਜਿਸ ਨੇ ਅਚਰਜ ਖੇਲ ਰਚੌਣੀ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਚਾਰ ਵਰਨ ਦੀ ਹਰਿ ਸੰਗਤ ਇਕ ਬਣੌਣੀ, ਫੜ

ਬਾਹੋਂ ਮੇਲ ਮਿਲਾਈਆ । ਕੂੜੀ ਕਿਰਿਆ ਸ਼ਬਦੀ ਭਾਰ ਨਾਲ ਦਬੌਣੀ, ਮੜ੍ਹੀ ਗੋਰ ਵਿਚ ਟਿਕਾਈਆ । ਸਾਚੀ ਰੀਤ ਇਕ ਚਲੌਣੀ, ਬਿਨਾ ਮੰਦਰ ਮਸੀਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਜੋਤ ਇਕ ਜਗੌਣੀ, ਜਾਗਰਤ ਜੋਤ ਡਗਮਗਾਈਆ ।

### ❋ ੧੫ ਅੱਸੂ ਸ਼ਹਿਨਸ਼ਾਹੀ ਸੰਮਤ ੪ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ❋

੪੧੩ ਗੁਰੂ ਗੋਬਿੰਦ ਸਤਿਗੁਰ ਪੂਰਾ, ਪੂਰ ਰਿਹਾ ਸਰਬ ਥਾਈਆ । ਗੁਰਸਿਖ ਬਚਨ ਹੋਣ ਨਾ ਦੇਵੇ ਅਧੂਰਾ, ਹਾਜ਼ਰ ਹੋ ਕੇ ਵੇਖ ਵਖਾਈਆ । ਅੰਤਰ ਦੇ ਕੇ ਆਤਮ ਨੂਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਨਾਤਾ ਤੋੜ ਕੇ ਜਗਤ ਕੂੜਾ, ਤਨ ਵਜੂਦ ਕਰੇ ਸਫ਼ਾਈਆ । ਸਾਚੀ ਲਾ ਕੇ ਮਸਤਕ ਧੂੜਾ, ਟਿੱਕਾ ਖ਼ਾਕ ਨਾਮ ਰਮਾਈਆ । ਸੇਵਕ ਹੋ ਕੇ ਸਚ ਮਜ਼ਦੂਰਾ, ਸੀਸ ਤਲੀ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਗੋਬਿੰਦ ਸਤਿਗੁਰ ਸਭ ਦਾ ਸਾਂਝਾ, ਮਿਤ੍ਰ ਪਿਆਰਾ ਇਕ ਅਖਵਾਈਆ । ਗੁਰਮੁਖਾਂ ਦੇ ਪ੍ਰੇਮ ਅੰਦਰ ਬਾਂਧਾ, ਬੰਦਗੀ ਵਿਚ ਬੰਦੇ ਰਿਹਾ ਬਣਾਈਆ । ਗੁਰਸਿੱਖਾਂ ਦੇ ਢੋਲੇ ਸਦਾ ਗਾਂਦਾ, ਗੁਰਮੁਖਾਂ ਦਏ ਮਾਣ ਵਡਿਆਈਆ । ਗੁਰਮੁਖਾਂ ਦਾ ਪ੍ਰੇਮ ਪਿਆਰ ਪੀਂਦਾ ਖਾਦਾ, ਆਪਣੀ ਆਸ ਨਾ ਕੋਇ ਰਖਾਈਆ । ਗੁਰਸਿੱਖਾਂ ਦੇ ਅੰਦਰ ਬਾਹਰ ਔਂਦਾ ਜਾਂਦਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਗੋਬਿੰਦ ਸਤਿਗੁਰ ਸਦਾ ਸਾਥੀ, ਸਗਲਾ ਸੰਗ ਨਿਭਾਈਆ । ਗੁਰਮੁਖ ਪੂਰੀ ਕਰੇ ਆਖੀ, ਆਖ਼ਰ ਆਪਣਾ ਜੋੜ ਜੁੜਾਈਆ । ਸਵਾ ਪਹਿਰ ਕਰਦਾ ਰਿਹਾ ਰਾਖੀ, ਪੈਦਲ ਨਾਲ ਚਲਿਆ ਚਾਈਂ ਚਾਈਂਆ । ਸਤਿ ਧਰਮ ਦੀ ਖੋਲ੍ਹ ਕੇ ਹਾਟੀ, ਵਸਤ ਆਪਣਾ ਨਾਮ ਵਰਤਾਈਆ । ਤੂੰ ਮੇਰਾ ਮੈਂ ਤੇਰੀ ਜ਼ਾਤੀ, ਦੂਜਾ ਨਜ਼ਰ ਨਾ ਕੋਇ ਵਖਾਈਆ । ਨਾਮ ਸੰਦੇਸ਼ਾ ਦੇਵੇ ਪਾਤੀ, ਪਤ੍ਰਕਾ ਇਕ ਜਣਾਈਆ । ਜਿਸ ਵੇਲੇ ਆਵੇ ਕਲਜੁਗ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚੀ ਪੜ੍ਹੇ ਕੋਈ ਨਾ ਗਾਥੀ, ਹਿਰਦੇ ਹਰਿ ਨਾ ਕੋਇ ਵਸਾਈਆ । ਓਸ ਵੇਲੇ ਮੈਂ ਗੁਰਮੁਖਾਂ ਦੀ ਚੜ੍ਹਾਂ ਉਪਰ ਛਾਤੀ, ਸ਼ਹਿਨਸ਼ਾਹ ਹੋ ਕੇ ਦਇਆ ਕਮਾਈਆ । ਤੇਰਾ ਪੰਧ ਮੁਕਾਵਾਂ ਵਾਟੀ, ਕ਼ਦਮ ਕ਼ਦਮ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਿੱਖ ਕਿਹਾ ਗੋਬਿੰਦ ਇਹ ਮੇਰਾ ਮਨ ਤਨ ਧਨ, ਤੇਰੀ ਝੋਲੀ ਪਾਈਆ । ਮੈਂ ਸੇਵਾ ਕਰਨ ਵਾਲਾ ਤੇਰਾ ਜਨ, ਜੰਮਣ ਵਾਲੀ ਨਜ਼ਰ ਆਏ ਕੋਈ ਨਾ ਮਾਈਆ । ਆਪਣੀ ਕਿਰਪਾ ਬੇੜਾ ਬੰਨ੍ਹ, ਸਿਰ ਆਪਣਾ ਹੱਥ ਰਖਾਈਆ । ਗੋਬਿੰਦ ਹੱਸ ਕੇ ਕਿਹਾ ਤੂੰ ਮੇਰਾ ਲਾਡਲਾ ਚੰਨ, ਮੈਂ ਤੇਰੀ ਕਰਾਂ ਵਡਿਆਈਆ । ਤੇਰਾ ਬੇੜਾ ਦੇਵਾਂ ਬੰਨ੍ਹ, ਬੰਧਨ ਜਗਤ ਵਾਲਾ ਤੁੜਾਈਆ । ਗੁਰਸਿਖ ਰਸਨਾ ਕਹੇ ਧੰਨ ਧੰਨ, ਵਾਹਵਾ ਤੇਰੀ ਬੇਪ੍ਰਵਾਹੀਆ । ਗੋਬਿੰਦ ਕਿਹਾ ਸਿਰ ਕੱਟਿਆ ਤੇ ਗੁਰਮੁਖ ਮੇਰੇ ਘਰ ਗਿਆ ਜੰਮ, ਗੋਦੀ ਆਪਣੀ ਲਵਾਂ ਰਖਾਈਆ । ਗੁਰਸਿਖ ਤਾਰਨਾ ਮੇਰਾ ਕੰਮ, ਬਾਣ ਧੁਰ ਦੀ ਬਣੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਗੋਬਿੰਦ ਚਾਰ ਕੁੰਟ ਦਹਿ ਦਿਸ਼ਾ

ਫਿਰਦਾ, ਦਿਵਸ ਰੈਣ ਆਲਸ ਨਿੰਦਰਾ ਨਾ ਕੋਇ ਰਖਾਈਆ । ਗੁਰਮੁਖਾਂ ਦਾ ਵੇਂਹਦਾ ਫਿਰਦਾ ਹਿਰਦਾ, ਘਟ ਘਟ ਅੰਦਰ ਖੋਜ ਖੁਜਾਈਆ । ਜਿਹੜਾ ਪਿਛਲਿਆਂ ਚਹੁੰ ਜੁਗਾਂ ਦਾ ਵਿਛੜਿਆ ਚਿਰ ਦਾ, ਓਨ੍ਹਾਂ ਵੀ ਲਏ ਮਿਲਾਈਆ । ਬਿਨਾ ਗੋਬਿੰਦ ਤੋਂ ਮਾਣਸ ਜਨਮ ਪੈਂਡਾ ਕਿਸੇ ਨਾ ਨਿਬੜਦਾ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਗੁਰੂ ਗੋਬਿੰਦ ਸਭ ਦਾ ਪਿਆਰਾ ਮੀਤ, ਮਿਤ੍ਰ ਇਕੋ ਨਜ਼ਰੀ ਆਈਆ । ਗੁਰਸਿਖਾਂ ਦੱਸ ਸਾਚੀ ਰੀਤ, ਰੀਤੀਵਾਨ ਦਿਆਂ ਜਣਾਈਆ । ਗੁਰਸਿਖੋ ਮੇਰੇ ਹੱਥ ਉਤੇ ਸਭ ਦਾ ਸੀਸ, ਸਚ ਦਿਆਂ ਸਰਨਾਈਆ । ਤੁਹਾਨੂੰ ਮਿਲਾਵਾਂ ਨਾਲ ਓਸ ਜਗਦੀਸ਼, ਜੋ ਜਗਦੀਸ਼ਰ ਧੁਰਦਰਗਾਹੀਆ । ਜਿਹੜਾ ਤੁਹਾਡੇ ਵਸਿਆ ਬੀਚ, ਅੰਦਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡੀ ਵਡਿਆਈਆ । ਗੋਬਿੰਦ ਕਹੇ ਮੇਰਾ ਗੁਰਸਿਖ ਜਾਏ ਭੱਜਾ, ਭਜਨ ਬਿਨ ਰਸਨਾ ਰਿਹਾ ਚਲਾਈਆ । ਵਾਹਵਾ ਗੁਰੂ ਬਿਨ ਰਸਨਾ ਦੇਵੇ ਸੱਦਾ, ਨਾਅਰਾ ਅਕਾਲ ਅਕਾਲ ਸੁਣਾਈਆ । ਉਸ ਦਾ ਖੇਲ ਕਰਾਇਆ ਹੱਥ ਖੱਬਾ ਸੱਜਾ, ਸਾਜਣ ਹੋ ਕੇ ਵੇਖ ਵਖਾਈਆ । ਉਹਨੂੰ ਪੁਚਾਇਆ ਓਸ ਜਗਹ, ਜਿਥੇ ਬੈਠਾ ਧਿਆਨ ਲਗਾਈਆ । ਜਿਥੇ ਬਗਲਾ ਬਪੜਾ ਹੰਸ ਹੋਵੇ ਬੱਗਾ, ਸਰ ਸਰੋਵਰ ਅੰਮ੍ਰਿਤ ਇਕ ਨੁਹਾਈਆ । ਗੋਬਿੰਦ ਗੁਰਸਿਖ ਨਾਲ ਕਦੇ ਕਰੇ ਨਾ ਦਗ਼ਾ, ਦਾਗ਼ ਦੁਰਮਤ ਮੈਲ ਸਦਾ ਧੁਆਈਆ । ਜੇ ਕਿਰਪਾ ਨਾ ਕਰਦਾ ਤੇ ਗੋਬਿੰਦ ਦਾ ਕਦੇ ਨਾ ਵਧਦਾ ਅੱਗਾ, ਸਿੱਖ ਸਾਰੇ ਜਾਂਦੇ ਮੂੰਹ ਭੁਆਈਆ । ਇਹੋ ਹੀ ਪੰਥ ਵਧਣ ਦੀ ਵਜਹ, ਗੋਬਿੰਦ ਅੰਦਰ ਵੜ ਕੇ ਵੇਖੇ ਚਾਈਂ ਚਾਈਆ । ਆਪਣੇ ਅੰਮ੍ਰਿਤ ਰਸ ਦਾ ਦੇਵੇ ਮਜ਼ਾ, ਨਿਰੰਤਰ ਅੰਤਰ ਇਕ ਚਖਾਈਆ । ਓਨ੍ਹਾਂ ਦੇ ਨੇੜ ਨਾ ਆਵੇ ਕ਼ਜ਼ਾ, ਲਾੜੀ ਮੌਤ ਨਾ ਸਕੇ ਪ੍ਰਨਾਈਆ । ਸਤਿਗੁਰ ਦੀ ਗੁਰਸਿਖ ਦਵਾਰੇ ਹੱਦਾ, ਗੁਰਸਿਖ ਹੱਦ ਸਤਿਗੁਰ ਵਿਚ ਸੀਸ ਟਿਕਾਈਆ । ਪਰ ਇਹ ਖੇਲ ਹੁੰਦਾ ਕਦੇ ਕਦਾ, ਕ਼ਦੀਮ ਦੀ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਹਰਿਜਨ ਦੇਵੇ ਸਦਾ ਸੱਦਾ, ਸਧਨਾ ਸੈਣ ਸ਼ਹਾਦਤ ਰਹੇ ਭੁਗਤਾਈਆ ।



੪੧੪ ੨੧

### ❊ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੪ ਚੰਨਣ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਮੈਂ ਵੇਖੀ ਦੁਨੀਆ ਖ਼ਾਕੀ, ਖ਼ਾਕ ਛਾਣੀ ਥਾਉਂ ਥਾਈਂਆ । ਚਾਰੋਂ ਕੁੰਟ ਤੱਕੀ ਅੰਧੇਰੀ ਰਾਤੀ, ਨਿਰਗੁਣ ਚੰਦ ਨਾ ਕੋਇ ਚਮਕਾਈਆ । ਗੋਬਿੰਦ ਵਾਲੀ ਪੜ੍ਹ ਕੇ ਵੇਖੀ ਪਾਤੀ, ਜੋ ਪਤ੍ਰਕਾ ਗਿਆ ਸਮਝਾਈਆ । ਗੁਰੂਆਂ ਦੀ ਸੁਣੀ ਭਵਿਖਤ ਵਾਲੀ ਸਾਖੀ, ਜੋ ਸਾਖਿਆਤ ਦਏ ਗਵਾਹੀਆ । ਪੈਗ਼ੰਬਰਾਂ ਦਾ ਜੀਵਣ ਵੇਖਿਆ ਹਯਾਤੀ, ਜਨਮ ਜਨਮ ਖੋਜ ਖੁਜਾਈਆ । ਜਿਸ ਨੇ ਮੈਨੂੰ ਬਣਾਇਆ ਦਾਸੀ, ਹੁਕਮ ਦਿਤਾ ਧੁਰਦਰਗਾਹੀਆ । ਮੈਂ ਸੂਫ਼ੀ ਸੰਤ ਫ਼ਕੀਰ ਚੜ੍ਹਦੇ ਵੇਖੇ ਫਾਸੀ, ਫ਼ੈਸਲਾ ਹੱਕ ਨਾ ਕੋਇ ਕਮਾਈਆ । ਏਸੇ ਕਰ ਕੇ ਮੈਨੂੰ ਅੰਤ ਅਖ਼ੀਰ ਵਰ ਮਿਲਿਆ ਪੁਰਖ ਅਬਿਨਾਸ਼ੀ, ਨਾਤੇ ਕੂੜੇ ਦਿਤੇ ਤੁੜਾਈਆ । ਜੋ ਸਚਖੰਡ ਦਵਾਰ ਦਾ ਸੱਚਾ ਵਾਸੀ, ਵਾਸਤਾ ਭਗਤਾਂ ਨਾਲ ਰਖਾਈਆ । ਜਿਸ ਨੂੰ ਲੱਭੇ

ਕੋਈ ਨਾ ਪੰਡਤ ਕਾਸ਼ੀ, ਮੁੱਲਾ ਸ਼ੇਖ਼ ਰਹੇ ਕੁਰਲਾਈਆ । ਓਹ ਕਰੇ ਖੇਲ ਅਲੱਖਣਾ ਅਲਾਖੀ, ਅਲਖ ਅਗੋਚਰ ਵਡ ਵਡਿਆਈਆ । ਮੈਂ ਰਾਹ ਤੱਕਦੀ ਜਗਤ ਤਕਦੀਰ ਵਾਲੀ ਵਿਸਾਖੀ, ਵਸਾਹ ਕੇ ਗੋਬਿੰਦ ਫੇਰਾ ਪਾਈਆ । ਜਿਸ ਵਿਚ ਪੁਰਖ ਅਕਾਲ ਹੋਣਾ ਪ੍ਰਤਾਪੀ, ਪ੍ਰਤਾਪ ਆਪਣਾ ਦਏ ਦ੍ਰਿੜ੍ਹਾਈਆ । ਕਲਜੁਗ ਦੀ ਪੁਸ਼ਤ ਪਨਾਹ ਤੇ ਲਾ ਕੇ ਥਾਪੀ, ਥੱਪੜ ਮਾਰ ਕੇ ਲਏ ਉਠਾਈਆ । ਉਠ ਵੇਖ ਲੈ ਆਪਣੇ ਪਾਪੀ, ਪਾਰਬ੍ਰਹਮ ਦਏ ਜਣਾਈਆ । ਜਿਨ੍ਹਾਂ ਤੇਰੀ ਮੰਨੀ ਆਖੀ, ਮੇਰਾ ਨਾਉਂ ਗਏ ਭੁਲਾਈਆ । ਕਲਜੁਗ ਕਹਿਣਾ ਇਹ ਪ੍ਰਭੂ ਮੇਰੀ ਨਹੀਂ ਗੁਸਤਾਖੀ, ਹੁਕਮ ਤੇਰਾ ਪੂਰ ਕਰਾਈਆ । ਜੇ ਤੇਰੀ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਹੋ ਕੇ ਵੇਖ ਵਖਾਈਆ । ਬਾਕੀ ਝਗੜਾ ਮੁਕਾ ਲਹਿਣਾ ਦੇਣਾ ਬਾਕੀ, ਹਿਸਾਬ ਲੇਖਾ ਸਾਚਾ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਹਿਜ ਸਹਿਜ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਵੇਖੇ ਜਗਤ ਨਿਮਾਜ਼ੀ, ਨਿਵਾਜ਼ਸ਼ ਵਾਲਾ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਵੇਖੇ ਹਾਜੀ, ਹਜ਼ਰਤ ਤੇਰਾ ਦਰਸ ਕੋਇ ਨਾ ਪਾਈਆ । ਮੇਰੀ ਅੰਤ ਅਖ਼ੀਰ ਕਲ ਕਾਤੀ ਨਾਲ ਬਾਜ਼ੀ, ਬਾਜ਼ਾਂ ਵਾਲਾ ਵੇਖ ਵਖਾਈਆ । ਜੋ ਪ੍ਰਭ ਦੇ ਭਾਣੇ ਅੰਦਰ ਸਦਾ ਰਾਜ਼ੀ, ਰਜ਼ਾ ਵਿਚ ਚਲਕੇ ਆਪਣੀ ਖ਼ੁਸ਼ੀ ਬਣਾਈਆ । ਓਥੇ ਸ਼ਰਅ ਪੋਹ ਨਾ ਸਕੇ ਕ਼ਾਜ਼ੀ, ਕ਼ਜ਼ਾ ਦਾ ਝਗੜਾ ਦਏ ਮੁਕਾਈਆ । ਖੇਲ ਖੇਲੇ ਪਰੇ ਇਸ਼ਕ ਹਕ਼ੀਕ਼ੀ ਤੇ ਮਜਾਜ਼ੀ, ਮਜ਼੍ਹਬਾਂ ਦਾ ਮਹਿਬੂਬ ਡੇਰਾ ਢਾਹੀਆ । ਸਾਚੇ ਭਗਤਾਂ ਦਾ ਬਣਿਆ ਰਹੇ ਇਮਦਾਦੀ, ਮਦਦ ਵਿਚ ਅਦਦ ਆਪਣੇ ਵੰਡ ਵੰਡਾਈਆ । ਨਿਰਗੁਣ ਜੋਤ ਜਗਾ ਮਹਿਤਾਬੀ, ਆਫ਼ਤਾਬ ਦਾ ਲੇਖਾ ਦਏ ਮੁਕਾਈਆ । ਮਨਸਾ ਆਸਾ ਪੂਰ ਕਰਾਏ ਨਾਨਕ ਨਿਰਗੁਣ ਬਗ਼ਦਾਦੀ, ਬਗ਼ਲਗੀਰ ਦਸਤਗੀਰ ਸ਼ਾਹ ਫ਼ਕੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਕੁੜਿਆਰ ਰਹਿਣ ਨਾ ਦੇਵੇ ਨਾਜ਼ੀ, ਨਾਜ਼ਕ ਵੇਲਾ ਆਪਣਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ ਹਾਲ, ਹਰਫ਼ ਬਹਰਫ਼ ਜਣਾਈਆ । ਜਿਸ ਦੀ ਕਰਦੇ ਰਹੇ ਭਾਲ, ਲੱਭਣ ਥਾਉਂ ਥਾਈਂਆ । ਜਿਸ ਦੀ ਧਾਰ ਸ਼ਾਹ ਕੰਗਾਲ, ਕੋਝੇ ਕਮਲੇ ਰੂਪ ਬਦਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲ, ਦਇਆਨਿਧ ਆਪ ਹੋ ਜਾਈਆ । ਤ੍ਰੈਗੁਣ ਮਾਇਆ ਤੋੜਨਹਾਰ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰ ਦਰ ਮੰਦਰ ਜਿਸ ਦੀ ਧਰਮਸਾਲ, ਮਠ ਦੇਹੁਰੇ ਮਸੀਤਾਂ ਦਏ ਵਡਿਆਈਆ । ਉਸ ਦਾ ਖੇਲ ਵੇਖਣਾ ਕਮਾਲ, ਜੋ ਕਰਨੀ ਦਾ ਕਰਤਾ ਆਪ ਕਰਾਈਆ । ਜਨ ਭਗਤਾਂ ਦੇਵੇ ਨਾਮ ਸੱਚਾ ਧਨ ਮਾਲ, ਦੌਲਤ ਦੌਲਤਖ਼ਾਨਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਕਰੇ ਹਰ ਸਾਲ, ਅਰਸਾ ਵਿਰਸਾ ਆਪਣੇ ਹੱਥ ਰਖਾਈਆ ।



### ✻ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਹਿ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ✻

ਸਦੀ ਚੌਧਵੀਂ ਕਹੇ ਮੈਨੂੰ ਆ ਮਿਲੀ ਜਮਨਾ ਸੁਰਸਤੀ ਗੋਦਾਵਰੀ ਗੰਗੀ, ਗੰਗੋਤਰੀ ਆਪਣਾ ਪੰਧ ਮੁਕਾਈਆ । ਹੱਸ ਕੇ ਕਹਿਣ ਨਹਾ ਧੋ ਸੀਸ ਵਾਹ ਕੰਘੀ, ਮੇਂਢੀ ਸਗਣਾਂ ਵਾਲੀ ਲੈ ਗੁੰਦਾਈਆ । ਸਾਚਾ ਵਟਣਾ ਮਲ ਹੋ ਕੇ ਨੰਗੀ, ਤਨ ਵਜੂਦ ਕਰ ਸਫ਼ਾਈਆ । ਵੇਖ ਮੁਹੰਮਦ ਦੀ

ਆਸਾ ਜੋ ਆਸ ਵਿਚ ਮੰਗ ਮੰਗੀ, ਪਰਵਰਦਿਗਾਰ ਅੱਗੇ ਝੋਲੀ ਡਾਹੀਆ । ਸਦੀ ਚੌਧਵੀਂ ਕਿਹਾ ਮੈਂ ਤੱਕਣਾ ਨੂਰ ਨੁਰਾਨਾ ਚੰਦੀ, ਚੌਧਵੀਂ ਦਾ ਨੂਰ ਨਜ਼ਰੀ ਆਈਆ । ਮੈਨੂੰ ਐਂ ਜਾਪਦਾ ਮੈਂ ਪੈ ਗਈ ਟੇਢੀ ਡੰਡੀ, ਭੱਜ ਭੱਜ ਥੱਕੀ ਵਾਹੋ ਦਾਹੀਆ । ਉਮਤ ਦੀ ਮਨਸਾ ਹੋ ਗਈ ਗੰਦੀ, ਸੁੰਨਤ ਕੰਮ ਕਿਸੇ ਨਾ ਆਈਆ । ਜਾਂ ਪਲਕ ਚੁੱਕੀ ਤਾਂ ਵੇਖਿਆ ਗੋਬਿੰਦ ਸੂਰਾ ਜੰਗੀ, ਜੰਗਜੂ ਬਹਾਦਰ ਇਕੋ ਨਜ਼ਰੀ ਆਈਆ । ਜਿਸ ਦੀ ਤਲਵਾਰ ਧਾਰ ਬਹੁ ਰੰਗੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਓਹ ਫਿਰਦਾ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਕੰਢੀ, ਚਲੇ ਚਾਈਂ ਚਾਈਆ । ਸਭ ਦੇ ਉਤੇ ਲੌਂਦਾ ਜਾਏ ਪਾਬੰਦੀ, ਅਵਤਾਰ ਪੈਗ਼ੰਬਰਾਂ ਰਿਹਾ ਡਰਾਈਆ । ਛਡੌਂਦਾ ਜਾਏ ਮਜ਼੍ਹਬਾਂ ਦੀ ਹੱਦਬੰਦੀ, ਬੰਦਗੀ ਵਿਚੋਂ ਬੰਦਗੀ ਰਿਹਾ ਬਦਲਾਈਆ । ਮੈਂ ਡਰਦੀ ਡਰਦੀ ਪੀਹਵਾਂ ਦੰਦੀ, ਦੰਦਾਸਾ ਮਲਿਆ ਕੰਮ ਕਿਸੇ ਨਾ ਆਈਆ । ਮੇਰੀ ਔਧ ਜਾਂਦੀ ਹੰਢੀ, ਅੰਤ ਅਖ਼ੀਰੀ ਵੇਖ ਵਖਾਈਆ । ਮੇਰੀ ਟੁੱਟੀ ਜਗਤ ਮੰਜੀ, ਪਾਵਾ ਚੂਲ ਨਾ ਕੋਇ ਸੁਹਾਈਆ । ਮੈਂ ਫਿਰ ਫਿਰ ਚਾਰੇ ਕੂਟ ਹੰਭੀ, ਕੂਟ ਕੁੰਟ ਵੇਖ ਵਖਾਈਆ । ਐਸ ਵੇਲੇ ਰਹੀ ਕੰਬੀ, ਡਰ ਅੰਤਰ ਮੇਰੇ ਛਾਈਆ । ਕਿਉਂ ਜਗਤ ਫ਼ਕੀਰ ਸੰਤ ਹੋ ਗਏ ਡੰਬੀ, ਹੱਕ ਵਿਚ ਹਕ਼ੀਕ਼ਤ ਨਾ ਕੋਇ ਸਮਝਾਈਆ । ਪਵਣ ਮਿਲੇ ਕੋਇ ਨਾ ਠੰਡੀ, ਅਗਨੀ ਤੱਤ ਰਹੀ ਤਪਾਈਆ । ਟੁੱਟੀ ਸਕੇ ਕੋਇ ਨਾ ਗੰਢੀ, ਗੰਢਣਹਾਰ ਨਾ ਦਇਆ ਕਮਾਈਆ । ਫਿਰੀ ਦਰੋਹੀ ਵਿਚ ਵਰਭੰਡੀ, ਬ੍ਰਹਿਮੰਡ ਦੇਣ ਦੁਹਾਈਆ । ਦੀਨ ਦੁਨੀ ਹੋਈ ਅੰਧੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਂ ਹਾਰ ਥੱਕ ਕੇ ਅੰਤ ਇਕ ਦਵਾਰਾ ਲੰਘੀ, ਪਿਛਲਾ ਪੰਧ ਮੁਕਾਈਆ । ਜਿਥੇ ਬੈਠਾ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਓਥੇ

ਵਾਸਨਾ ਦਿਸੇ ਕੋਈ ਨਾ ਮੰਦੀ, ਮੰਦ ਭਾਗਾਂ ਲਏ ਤਰਾਈਆ । ਧਾਰ ਰਹੇ ਨਾ ਕੋਇ ਦੋ ਰੰਗੀ, ਏਕਾ ਰੰਗ ਰਿਹਾ ਚੜ੍ਹਾਈਆ । ਜਿਸ ਦਾ ਗੋਬਿੰਦ ਸੂਰਾ ਭੁਯੰਗੀ, ਅਸ਼ਟਭੁਜ ਬੈਠੀ ਸੀਸ ਨਿਵਾਈਆ । ਰਵਦਾਸ ਚਮਾਰਾ ਛੱਡ ਕੇ ਆਰ ਰੰਬੀ, ਰੱਬੀ ਨੂਰ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਨਹਾ ਧੋ ਕੇ ਧੋਤਾ ਮੂੰਹ, ਨੈਣ ਕੱਜਲ ਲਿਆ ਪਾਈਆ । ਆਪਣੀ ਪਾਕ ਕਰ ਕੇ ਰੂਹ, ਰਹਿਬਰ ਵਲ ਵੇਖ ਵਖਾਈਆ । ਕੀ ਹੁਕਮ ਦੇਵੇ ਸ਼ਬਦ ਗੁਰੂ, ਗੁਰਦੇਵ ਕੀ ਜਣਾਈਆ । ਕੀ ਆਸ਼ਾ ਦੱਸੇ ਧ੍ਰੂ, ਧਰਮ ਦੀ ਧਾਰ ਪ੍ਰਗਟਾਈਆ । ਕੀ ਮਾਰਗ ਹੋਣਾ ਸ਼ੁਰੂ, ਸ਼ਰਅ ਦਏ ਬਦਲਾਈਆ । ਕੀ ਮੰਤਰ ਮਾਤ ਫੁਰੂ, ਫੁਰਨੇ ਮਨ ਦੇ ਬੰਦ ਕਰਾਈਆ । ਕਿਸ ਬਿਧ ਪੁਰਖ ਅਕਾਲਾ ਮੁੜੂ, ਲੋਕਮਾਤ ਵੇਸ ਵਟਾਈਆ । ਕਿਸ ਬਿਧ ਭਗਤਾਂ ਨਾਲ ਜੁੜੂ, ਜੋੜੀ ਆਪਣੀ ਲਏ ਬਣਾਈਆ । ਕਿਸ ਬਿਧ ਕਲਜੁਗ ਕੂੜੀ ਕਿਰਿਆ ਬੇੜਾ ਰੁੜੂ, ਵਹਿਣ ਵਹਿਣ ਦਏ ਦੁਹਾਈਆ । ਕਿਸ ਬਿਧ ਮਾਲਕ ਖ਼ਾਲਕ ਹੋ ਕੇ ਤੁਰੂ, ਤੁਰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਨੀ ਮੈਂ ਕੀ ਕਰਾਂ ਇਕੇਲੀ, ਕੱਲ੍ਹੀ ਸਮਝ ਕੁਛ ਨਾ ਆਈਆ । ਮੁਹੰਮਦਾ ਬਣ ਮੇਰੀ ਸਹੇਲੀ, ਸਖ਼ੀ ਹੋ ਕੇ ਸੰਗ ਨਿਭਾਈਆ । ਮੈਨੂੰ ਮਾਤਲੋਕ ਵਿਚੋਂ ਕਰ ਦੇ ਵੇਹਲੀ, ਪਿਛਲਾ ਪੈਂਡਾ ਦੇ ਮੁਕਾਈਆ । ਮੈਂ ਚੌਦਾਂ ਸੌ ਬਰਸ ਬਣੀ ਰਹੀ ਤੇਰੀ ਚੇਲੀ, ਸੇਵਕ ਹੋ ਕੇ ਸੇਵ ਕਮਾਈਆ । ਵੜੀ ਰਹੀ ਚੌਦਾਂ ਤਬਕਾਂ ਦੀ ਹਵੇਲੀ, ਹਵਾਲਾਤ ਨਜ਼ਰੀ ਆਈਆ । ਹੁਣ ਮੈਂ ਜੋਬਨਵੰਤੀ ਨੌਜਵਾਨ ਅਲਬੇਲੀ, ਆਪਣਾ ਬੇਲੀ ਲੱਭਣਾ ਚਾਈਂ ਚਾਈਆ । ਜਿਸ ਨੇ ਖੇਲ ਜੁਗੋ ਜੁਗ ਖੇਲੀ,

ਖ਼ਾਲਕ ਖ਼ਲਕ ਦਏ ਵਡਿਆਈਆ । ਸਗਨਾਂ ਦੀ ਧਾਰ ਲੈ ਕੇ ਜਾਵਾਂ ਮਿੱਠੀ ਭੇਲੀ, ਰਸ ਰਸ ਵਿਚੋਂ ਪ੍ਰਗਟਾਈਆ । ਭੇਟ ਚੜ੍ਹਾਵਾਂ ਮੁਹੱਬਤ ਵਾਲੀ
ਛੇਲੀ, ਈਦ ਬਕਰੀਦ ਨਾ ਕੋਇ ਮਨਾਈਆ । ਚੌਦਾਂ ਬਰਸ ਦੀ ਮੈਂ ਸਡੌਲ ਗੇਲੀ, ਗਲੀ ਵੇਖਣੀ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਨਹਾ ਧੋ ਕੇ ਪਾਇਆ ਬੁਰਕਾ, ਮੁਖ ਆਪਣਾ ਲਿਆ ਛੁਪਾਈਆ ।
ਪਹਿਲੋਂ ਫੇਰਾ ਮਾਰਾਂ ਵਿਚ ਤੁਰਕਾਂ, ਤੁਰਕੀ ਵਾਲੇ ਲਵਾਂ ਉਠਾਈਆ । ਫੇਰ ਅਰਬ ਖਾਵਾਂ ਫੁਲਕਾ, ਰੁੱਖੀ ਮਿੱਸੀ ਖਾ ਕੇ ਆਪਣਾ ਝਟ ਲੰਘਾਈਆ ।
ਫੇਰ ਖੇਲ ਕਰਾਂ ਦੀਵਾ ਗੁਲ ਕਾ, ਚੰਦ ਨੂਰ ਨਾ ਕੋਇ ਚਮਕਾਈਆ । ਰੰਗ ਵਖਾਵਾਂ ਆਪਣੇ ਬੁੱਲ ਕਾ, ਬੁਲਬੁਲ ਹੋ ਕੇ ਨਜ਼ਰੀ ਆਈਆ ।
ਲਹਿਣਾ ਦੇਣਾ ਮੁਕਾਵਾਂ ਮੁਹੰਮਦ ਵਾਲੀ ਕੁਲ ਦਾ, ਕੁੱਲ ਮਾਲਕ ਨਾਲ ਕਰਾਂ ਸਾਲਾਹੀਆ । ਧੂੰਆਂ ਧੁਖਦਾ ਰਹੇ ਨਾ ਕਿਸੇ ਚੁਲ੍ਹ ਦਾ, ਚੁਲੀ ਪਾਣੀ
ਦਿਆਂ ਤੜਫਾਈਆ । ਲਹਿਣਾ ਮੁਕਾਵਾਂ ਅਲੀ ਦੇ ਦੁਲਦੁਲ ਦਾ, ਦੁਬਲੇ ਵੇਖਾਂ ਥਾਉਂ ਥਾਈਆ । ਉਮਤੀ ਬੂਟਾ ਵੇਖਾਂ ਹੁਲਦਾ, ਫਲ ਫੁੱਲ ਨਾ
ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਜੀ
ਕਰਦਾ ਮੈਂ ਨੱਕ ਪਾਵਾਂ ਨੱਥ, ਬਲਾਕ ਸਾਢੇ ਤਿੰਨ ਟਿਕਾਈਆ । ਫੇਰ ਮੱਕੇ ਮਦੀਨਿਉਂ ਜਾਵਾਂ ਨਠ, ਪਗਲੀ ਹੋ ਕੇ ਭੱਜਾਂ ਵਾਹੋ ਦਾਹੀਆ । ਚੌਦਾਂ
ਤਬਕਾਂ ਵੇਖਾਂ ਹੱਟ, ਆਪਣੀ ਅੱਖ ਖੁਲ੍ਹਾਈਆ । ਸਾਰੀ ਸ੍ਰਿਸ਼ਟੀ ਵੇਖਾਂ ਤੱਕ, ਕਿੱਥੋਂ ਮਿਲੇ ਨੂਰ ਖ਼ੁਦਾਈਆ । ਮੈਂ ਚਰਨੀ ਡਿੱਗਾਂ ਝਟ, ਖੁਲ੍ਹੇ ਝਾਟੇ
ਸੀਸ ਨਿਵਾਈਆ । ਜਾਂ ਵੇਖਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਵਾਰ ਖ਼ਾਲੀ ਨਜ਼ਰੀ ਆਈਆ । ਨੇਤਰ ਰੋਵਣ ਤੀਰਥ ਤਟ, ਕਿਨਾਰੇ
੪੧੭ ਦੇਣ ਦੁਹਾਈਆ । ਮੈਂ ਨਾਲੇ ਰੋਈ ਤੇ ਨਾਲੇ ਪਈ ਹੱਸ, ਦੋਵੇਂ ਵੇਸ ਵਟਾਈਆ । ਮੈਨੂੰ ਲੱਭੇ ਨਾ ਮੇਰਾ ਹੱਕ, ਹਕ਼ੀਕਤ ਭੇਵ ਨਾ ਕੋਇ ਖੁਲ੍ਹਾਈਆ । ੪੧੭
੨੧ ਸਭ ਦੇ ਉਤੇ ਪਿਆ ਸ਼ੱਕ, ਸ਼ਿਕਵੇ ਵਿਚ ਦੁਹਾਈਆ । ਮੇਰੀ ਥੋੜ੍ਹੇ ਸਮੇਂ ਵਾਸਤੇ ਸੋਚਦਿਆਂ ਸੋਚਦਿਆਂ ਲੱਗ ਗਈ ਅੱਖ, ਆਲਸ ਨਿੰਦਰਾ ਵਿਚ ੨੧
ਸਮਾਈਆ । ਮੈਨੂੰ ਆਵਾਜ਼ ਕਿਸੇ ਸੁਣਾਈ ਨਾਅਰਾ ਹੱਕ, ਹੱਕ ਹੱਕ ਜਣਾਈਆ । ਓ ਕਮਲੀਏ ਜੇ ਨੂਰ ਮਿਲਣਾ ਮੁਹੰਮਦ ਦੀ ਧਾਰ ਦਾ ਸਚ,
ਜਲਵਾਗਰ ਖ਼ੁਦਾਈਆ । ਓਹ ਵਸੇ ਵਿਚ ਸਾਢੇ ਤਿੰਨ ਹੱਥ, ਜਗਤ ਕਾਅਬੇ ਗਿਆ ਤਜਾਈਆ । ਓਹ ਨੌਜਵਾਨ ਗੋਬਿੰਦ ਸੂਰਾ ਸਰਬ ਕਲਾ ਸਮਰਥ,
ਸਾਹਿਬ ਸਵਾਮੀ ਇਕ ਅਖਵਾਈਆ । ਜੇ ਲੋਕਾਂ ਤੋਂ ਪੁਛੇਂਗੀ ਤੇ ਤੈਨੂੰ ਦੱਸਣਗੇ ਜੱਟ, ਤੱਤਾਂ ਵਾਲਾ ਜਗਤ ਜਣਾਈਆ । ਵੇਖੀਂ ਸੁਣ ਕੇ ਪਿਛੇ
ਨਾ ਆਵੀਂ ਹੱਟ, ਆਪਣੀ ਪਿੱਠ ਬਦਲਾਈਆ । ਸੁਣ ਕੇ ਜਾ ਧੁਰ ਦੀ ਮਤਿ, ਮਤਾ ਧੁਰ ਦਾ ਦਿਆਂ ਸੁਣਾਈਆ । ਉਹਦੇ ਚਰਨਾਂ ਜਾ ਕੇ ਢੱਠ,
ਆਪਣਾ ਸੀਸ ਨਿਵਾਈਆ । ਜੇ ਕਿਰਪਾ ਕਰ ਕੇ ਤੈਨੂੰ ਲਏ ਰੱਖ, ਘਰ ਆਪਣੇ ਲਏ ਵਸਾਈਆ । ਸਚ ਪਿਆਰ ਦਾ ਦੇਵੇ ਰਸ, ਰਸਤਾ ਅਗਲਾ
ਦਏ ਦ੍ਰਿੜਾਈਆ । ਫੇਰ ਤੈਨੂੰ ਚੌਦਾਂ ਤਬਕ ਦਿਸਣ ਖ਼ਾਲੀ ਕੱਖ, ਕ਼ੀਮਤ ਕਰਤਾ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਨਹਾ ਧੋ ਕੇ ਕੀਤੀ ਗੁੱਤ, ਸੋਹਣਾ ਆਪਣਾ ਰੂਪ ਬਣਾਈਆ । ਮੈਂ ਵੇਖਣਾ
ਅਬਿਨਾਸ਼ੀ ਅਚੁਤ, ਪਰਵਰਦਿਗਾਰ ਨੂਰ ਖ਼ੁਦਾਈਆ । ਮੇਰੇ ਅੰਦਰ ਆਵਾਜ਼ ਆਈ ਹਾਏ ਉਫ਼, ਉਲਫ਼ਤ ਵਿਚ ਜਣਾਈਆ । ਨੀ ਮੁੱਖੋਂ ਕਰ
ਚੁੱਪ, ਕਿਉਂ ਰਹੀ ਕੁਰਲਾਈਆ । ਜਿੰਨਾਂ ਚਿਰ ਪਹਿਲੋਂ ਮਿਲੇਂ ਨਾ ਪੁਰਖ ਅਕਾਲ ਦੇ ਗੋਬਿੰਦ ਸੁਤ, ਤੇਰੀ ਸੁੱਤੀ ਦੀ ਅੱਖ ਨਾ ਕੋਇ ਖੁਲ੍ਹਾਈਆ ।

ਉਹਦੇ ਅੰਦਰ ਤੇਰਾ ਪਰਵਰਦਿਗਾਰ ਬੈਠਾ ਲੁਕ, ਲੁਕਿਆ ਨਜ਼ਰ ਕਿਸੇ ਨਾ ਆਈਆ । ਦੁਨੀਆ ਕਹੇ ਉਹ ਸੁੱਤਾ ਘੂਕ, ਨੀ ਓਹ ਵੇਖੇ ਸ੍ਰਿਸ਼ਟ ਸਬਾਈਆ । ਤੇਰਾ ਅੰਤ ਅਖ਼ੀਰੀ ਵੇਲਾ ਰਿਹਾ ਢੁਕ, ਸਾਲ ਬਸਾਲਾ ਦਏ ਦੁਹਾਈਆ । ਹੁਣ ਹਿੰਮਤ ਕਰ ਕੇ ਉਠ, ਆਪਣੀ ਲੈ ਅੰਗੜਾਈਆ । ਚਰਨ ਕਵਲ ਓਸ ਦੇ ਘੁੱਟ, ਜੇ ਘੁਟ ਆਬੇਹਯਾਤ ਦਏ ਪਿਆਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਚਾਰੇ ਰੁਖ਼, ਆਪਣੀ ਅੱਖ ਖੁਲ੍ਹਾਈਆ । ਜਾਂ ਤੱਕਿਆ ਈਸਾ ਮੂਸਾ ਮੁਹੰਮਦ ਓਸੇ ਦੇ ਕੋਲੋਂ ਰਹੇ ਪੁਛ, ਕੀ ਅਗਲੀ ਕਾਰ ਕਮਾਈਆ । ਕਿਉਂ ਹੋਇਆ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਹੈਰਾਨ ਹੋ ਗਈ ਮੁਹੰਮਦ ਦੀ ਕੱਟੀ ਵੇਖ ਕੇ ਮੁੱਛ, ਲਬਾਂ ਉਤੇ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਮੈਂ ਮਹਿੰਦੀ ਦਾ ਲਾਇਆ ਸਗਨ, ਅਮਾਮ ਮਹਿੰਦੀ ਦਿਤਾ ਜਣਾਈਆ । ਮੈਂ ਵੇਖਣ ਲੱਗੀ ਉਤੇ ਗਗਨ, ਆਪਣੀ ਅੱਖ ਖੁਲ੍ਹਾਈਆ । ਕੁਛ ਅੰਦਰੋਂ ਲੱਗੀ ਮੰਗਣ, ਵਾਸਤਾ ਦਿਤਾ ਪਾਈਆ । ਧੁਰ ਹੁਕਮ ਹੋਇਆ ਓਸ ਦੇ ਕੋਲ ਜਾਹ ਜਿਸ ਦੇ ਹੱਥ ਨਾਲ ਸੋਹੇ ਧੁਰ ਦਾ ਕੰਗਣ, ਕੰਘਾ ਆਪਣੀ ਕਾਰ ਕਮਾਈਆ । ਓਹ ਪ੍ਰਭ ਦਾ ਨੂਰ ਚੰਦਨ, ਚਾਂਦਨੀ ਚੰਦ ਕਰੇ ਰੁਸ਼ਨਾਈਆ । ਡੰਡਾਵਤ ਕਰ ਬੰਦਨ, ਸੀਸ ਸੱਯਦਿਆਂ ਵਿਚ ਝੁਕਾਈਆ । ਜੇ ਕਿਰਪਾ ਕਰ ਕੇ ਲਾਵੇ ਤੈਨੂੰ ਅੰਗਣ, ਆਪਣੀ ਗੋਦੀ ਲਏ ਬਿਠਾਈਆ । ਉਸ ਦਾ ਤੱਤਾਂ ਵਾਲਾ ਨਾ ਵੇਖੀਂ ਬਦਨ, ਓਹੋ ਨੂਰ ਨੂਰ ਖ਼ੁਦਾਈਆ । ਅਲਾਹੀ ਜ਼ਾਤ ਅਲਾਹੀ ਰੱਬਨ, ਅਲਾਹ ਆਪਣੀ ਕਾਰ ਕਮਾਈਆ । ਔਹ ਵੇਖ ਗੁਰ ਅਵਤਾਰ ਪੈਗ਼ੰਬਰ ਓਸੇ ਨੂੰ ਜਪਣ, ਜਿਸ ਦਾ ਜਾਪ ਦੀਨ ਦੁਨੀ ਰਸਨਾ ਨਾਲ ਗਾਈਆ । ਤੇਰਾ ਫਲ ਲੱਗਾ ਪੱਕਣ, ਵੇਲਾ ਵਕਤ ਦਏ ਦੁਹਾਈਆ । ਜਗਤ ਸੰਸਾਰ ਲੱਗਾ ਤਪਣ, ਅਗਨੀ ਅੱਗ ਨਾ ਕੋਇ ਬੁਝਾਈਆ । ਓਹ ਇਕੋ ਆਇਆ ਸਭ ਨੂੰ ਰੱਖਣ, ਰੱਖਿਆ ਕਰੇ ਥਾਉਂ ਥਾਈਂਆ । ਜਿਸ ਦਾ ਇਕੋ ਕਿਨਾਰਾ ਘਾਟ ਪੱਤਨ, ਨਈਆ ਨੌਕਾ ਇਕੋ ਇਕ ਵਖਾਈਆ । ਓਥੇ ਕੋਟਨ ਕੋਟ ਬ੍ਰਹਿਮੰਡ ਖੰਡ ਤਬਕ ਟੱਪਣ, ਕ਼ਦਮ ਕ਼ਦਮ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਆਪਣੀ ਸੋਹਣੀ ਸੂਰਤ ਬਣਾਈ ਚਿੱਟੇ ਵੇਖਾਂ ਦੰਦ, ਦੰਦਾਸਾ ਧੁਰ ਦਾ ਇਕ ਲਗਾਈਆ । ਮੈਂ ਚੌਦਾਂ ਤਬਕਾਂ ਦੀ ਖਲੋ ਕੇ ਨਾਲ ਕੰਧ, ਆਪਣਾ ਪਾਸਾ ਲਿਆ ਰਗੜਾਈਆ । ਅੱਲਾ ਹੂ ਦਾ ਲਾ ਕੇ ਛੰਦ, ਨਾਅਰਾ ਲਿਆ ਸੁਣਾਈਆ । ਮੈਂ ਤੱਕਿਆ ਅਸਮਾਨ ਉਤੇ ਚੰਦ, ਤਾਰਿਆਂ ਵਿਚ ਸੋਭਾ ਪਾਈਆ । ਮੇਰਾ ਖ਼ੁਸ਼ੀ ਹੋ ਗਿਆ ਬੰਦ ਬੰਦ, ਬੰਦਗੀ ਕਰ ਕੇ ਸੀਸ ਨਿਵਾਈਆ । ਮੈਨੂੰ ਆਵਾਜ਼ ਆਈ ਉਚੀ ਪਵੇ ਡੰਡ, ਰੌਲਾ ਦੋ ਜਹਾਨ ਦਏ ਸੁਣਾਈਆ । ਨੀ ਤੇਰੀ ਚੌਧਵੀਂ ਸਦੀ ਰਹੀ ਹੰਢ, ਆਪਣਾ ਪੰਧ ਮੁਕਾਈਆ । ਅੱਗੇ ਬਿਨਾ ਗੋਬਿੰਦ ਤੋਂ ਦੇਣਾ ਨਹੀਂ ਕਿਸੇ ਨੇ ਅਨੰਦ, ਅਨੰਦ ਅਨੰਦ ਵਿਚੋਂ ਨਾ ਕੋਇ ਪ੍ਰਗਟਾਈਆ । ਓਹ ਛੁਪਣ ਵਾਲਾ ਨਹੀਂ ਚੰਦ, ਆਦਿ ਜੁਗਾਦਿ ਕਰੇ ਰੁਸ਼ਨਾਈਆ । ਕੁਝ ਓਸ ਦੇ ਕੋਲੋਂ ਮੰਗ, ਜੋ ਦੇਵਣਹਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਪੂਰਾ ਕਰੇ ਪੰਧ, ਰਸਤੇ ਸਕੇ ਨਾ ਕੋਇ ਅਟਕਾਈਆ ।

ਪਹਿਲਾ ਇਸ਼ਟ ਸੀ ਨਾਨਕ ਗੋਬਿੰਦ ਧਾਰ, ਆਸ਼ਾ ਗੋਬਿੰਦ ਨਾਲ ਪ੍ਰਨਾਈਆ । ਪਿਛਲੇ ਜਨਮ ਤੂੰ ਪੁਰੀ ਅਨੰਦ ਸੇਵਾ ਕੀਤੀ ਸਾਲ ਚਾਰ, ਧੀਰਾ ਤੇਰਾ ਨਾਮ ਨਜ਼ਰੀ ਆਈਆ । ਤੇਰਾ ਜਨਮ ਘਰ ਸੀ ਜ਼ਿਮੀਂਦਾਰ, ਜੋ ਕੌਮ ਠਾਕਰ ਦਾ ਅਖਵਾਈਆ । ਤੇਰੇ ਅੰਤਰ ਉਪਜਿਆ ਇਕ ਪਿਆਰ, ਆਤਮ ਲਈ ਅੰਗੜਾਈਆ । ਮੈਂ ਜਨਮ ਲਵਾਂ ਸੁਧਾਰ, ਗੋਬਿੰਦ ਸੰਗ ਬਣਾਈਆ । ਜਿਹੜਾ ਦੁਖੀਆਂ ਦਾ ਯਾਰ, ਦਰਦੀਆਂ ਦਰਦ ਵੰਡਾਈਆ । ਤੂੰ ਛੱਡ ਕੇ ਘਰ ਬਾਹਰ, ਆਪਣਾ ਆਪ ਭੇਟ ਚੜ੍ਹਾਈਆ । ਹੋ ਕੇ ਸਿੱਖ ਤਿਆਰ, ਮੁੱਛ ਦਾੜ੍ਹੀ ਕੇਸ ਵਧਾਈਆ । ਰੋਜ਼ ਨੌ ਵੇਰਾਂ ਚਰਨਾਂ ਉਤੇ ਕਰਦਾ ਰਿਹਾ ਨਿਮਸਕਾਰ, ਚਾਰ ਸਾਲ ਸਾਚੀ ਸੇਵ ਕਮਾਈਆ । ਇਕ ਦਿਨ ਗੋਬਿੰਦ ਪੁਛਿਆ ਨਾਲ ਪਿਆਰ, ਪ੍ਰੇਮ ਨਾਲ ਬੁਲਾਈਆ । ਬੱਚਿਆ ਕੀ ਸੋਹਣਾ ਲੱਗੇ ਸੰਸਾਰ, ਕੀ ਚੰਗੀ ਜਗਤ ਵਡਿਆਈਆ । ਤੂੰ ਰੋ ਕੇ ਕਿਹਾ ਮੈਂ ਤੇਰਾ ਦਰਸ ਮੰਗਾਂ ਵਸਾਂ ਤੇਰੇ ਦਰਬਾਰ, ਦਰ ਤੇਰੀ ਆਸ ਰਖਾਈਆ । ਜੇ ਤੇਰਾ ਪਿਤਾ ਪੁਰਖ ਅਕਾਲ, ਮੈਨੂੰ ਵੀ ਲੈ ਜਾ ਆਪਣੇ ਨਾਲ, ਦਰਸ ਕਰੌਣਾ ਚਾਈਂ ਚਾਈਆ । ਗੋਬਿੰਦ ਕਿਹਾ ਤੇਰਾ ਪੂਰਾ ਕਰਾਂ ਸਵਾਲ, ਲੋਕਮਾਤ ਆਵਾਂ ਨਾਲ ਲੈ ਕੇ ਪੁਰਖ ਅਕਾਲ, ਮਨੁੱਸ਼ਾ ਜਨਮ ਵਿਚ ਤੇਰਾ ਜਨਮ ਬਦਲਾਈਆ । ਜਿਸ ਵੇਲੇ ਖੇਲ ਕਰਨਾ ਭਗਤ ਭਗਵਾਨ, ਤੈਨੂੰ ਪੰਜਾਂ ਤੱਤਾਂ ਦਾ ਦੇਵਾਂ ਦਾਨ, ਵਸਤ ਆਪਣੀ ਝੋਲੀ ਪਾਈਆ । ਤੇਰਾ ਸੁਹਾ ਕੇ ਪੰਜ ਤੱਤ ਮਕਾਨ, ਦਰਸ ਕਰਾਵਾਂ ਸ੍ਰੀ ਭਗਵਾਨ, ਜਿਥੇ ਝੁਲਦਾ ਇਕ ਨਿਸ਼ਾਨ, ਨਾਨਕ ਗੋਬਿੰਦ ਹੋਏ ਪਰਵਾਨ, ਪਹਿਰੇਦਾਰ ਗੋਬਿੰਦ ਆਪਣਾ ਰੂਪ ਵਟਾਈਆ । ਇਹ ਪਿਛਲਾ ਲੇਖਾ ਦਿਤਾ ਆਣ, ਲਹਿਣਾ ਦੇਣਾ ਮੁਕਾਇਆ ਜਗਤ ਚੁਕਾਈ ਕਾਣ, ਕਰਮ ਕਾਂਡ ਦਾ ਡੇਰਾ ਢਾਹੀਆ । ਫੇਰ ਦੱਸਿਆ ਓਹੋ ਗੋਬਿੰਦ ਜੋਤ ਸਰੂਪੀ ਧੁਰ ਦਾ ਪ੍ਰਗਟ ਹੋ ਵਿਚ ਇਨਸਾਨ, ਪੰਜ ਤਤ ਪੂਰਨ ਪੂਰਨ ਪੂਰਨ ਬ੍ਰਹਮ ਵਿਚ ਮਿਲਾਈਆ । ਓਹੋ ਮੰਜ਼ਲ ਤੇ ਓਹੋ ਮਕਾਨ, ਓਹੋ ਨਾਨਕ ਤੇ ਓਹੋ ਗੋਬਿੰਦ ਦੀ ਦੁਕਾਨ, ਸੌਦਾ ਇਕੋ ਹੱਟ ਵਿਕਾਈਆ । ਸਤਿ ਜੋਤ ਦੀ ਸਾਚੀ ਧਾਰ, ਜਿਸ ਨੂੰ ਕਹਿੰਦੇ ਅਗੰਮ ਅਪਾਰ, ਓਹੋ ਖੇਲ ਕਰੇ ਕਰਤਾਰ, ਕਰਨੀ ਦਾ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਦਾ ਲਹਿਣਾ ਜਗਤ ਜੁਗ ਵੇਖ ਵਖਾਈਆ । ਗੁਰਸਿਖ ਦਾ ਧਰਵਾਸ ਜੇ ਹੋਵੇ ਟੁੱਟਦਾ, ਜੋਗੇ ਵਾਂਗ ਲਏ ਬਚਾਈਆ । ਦੇ ਕੇ ਪਿਆਲਾ ਅੰਮ੍ਰਿਤ ਘੁਟ ਦਾ, ਅੰਦਰੋਂ ਕਰੇ ਸਫ਼ਾਈਆ । ਜੇ ਭਾਗ ਹੋਵੇ ਨਿਖੁਟ ਦਾ, ਮਿਹਰ ਨਜ਼ਰ ਨਾਲ ਤਰਾਈਆ । ਕਿਉਂ ਸਾਕ ਜੋ ਬਣ ਗਿਆ ਪਿਤਾ ਪੁਤ ਦਾ, ਨਾਤਾ ਸਕੇ ਨਾ ਕਦੇ ਛੁਡਾਈਆ । ਬੇਸ਼ਕ ਬੱਚਾ ਕੋਟਨ ਵਾਰ ਬਾਪ ਨਾਲੋਂ ਰੁਸਦਾ, ਓਹ ਰੁਸਿਆਂ ਗੋਦ ਬਿਠਾਈਆ । ਓਹ ਜਨਮ ਜਨਮ ਦੇ ਵਿਛੜਿਆਂ ਨੂੰ ਪੁਛਦਾ, ਪਸਚਾਤਾਪ ਵਿਚੋਂ ਬਾਹਰ ਕਢਾਈਆ । ਗੁਰਸਿਖੋ ਤੁਹਾਡਾ ਲਹਿਣਾ ਦੇਣਾ ਕਦੇ ਨਹੀਂ ਮੁਕਦਾ, ਜੁਗ ਚੌਕੜੀ ਚਲਿਆ ਆਈਆ । ਤੁਹਾਨੂੰ ਨਜ਼ਾਰਾ ਦੇਣਾ ਓਸ ਸੱਚੇ ਸੁਖ ਦਾ, ਜਿਸ ਸੁਖ ਵਿਚ ਗੋਬਿੰਦ ਆਸਣ ਲਾਈਆ । ਏਸੇ ਕਾਰਨ ਜਾਮਾ ਦਿਤਾ ਮਨੁੱਖ ਦਾ, ਚੁਰਾਸੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀਮਤ ਪਾਏ ਆਪਣੇ ਨਾਮ ਦੀ ਇਕ ਤੁਕ ਦਾ, ਤੁਖ਼ਮ ਤਾਅਸੀਰ ਸ਼ਾਹ ਹਕੀਰ ਦਏ ਬਦਲਾਈਆ ।

## ✻ ੧੬ ਅੱਸੂ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ✻

ਸਦੀ ਚੌਧਵੀਂ ਕਹੇ ਮੈਂ ਨਿਸ਼ਾਨ ਲਾਇਆ ਉਤੇ ਆਪਣੀ ਠੋਡੀ, ਲਾਲ ਰੰਗ ਲਿਆ ਚੜ੍ਹਾਈਆ । ਮੈਂ ਬਹਿਣਾ ਓਸ ਦੀ ਗੋਦੀ, ਜੋ ਗੋਦਾਵਰੀ ਕੰਢੇ ਗਿਆ ਸਮਝਾਈਆ । ਮੈਂ ਛੱਡਣੇ ਸੁੰਨਤ ਬੋਦੀ, ਸੰਮਤ ਪ੍ਰਭ ਦਾ ਵੇਖ ਵਖਾਈਆ । ਮੈਂ ਚੌਦਾਂ ਸਦੀਆਂ ਮੁਹੰਮਦ ਦੀ ਖਾਣੀ ਰੋਜ਼ੀ, ਰਾਜ਼ਕ ਰਹੀਮ ਰਿਹਾ ਵਰਤਾਈਆ । ਫਿਰ ਮਿਲਣਾ ਪ੍ਰੀਤਮ ਚੋਜੀ, ਜੋ ਚੋਜ ਨਿਰਾਲੇ ਰਿਹਾ ਕਰਾਈਆ । ਹੰਗਤਾ ਦੀ ਰਹਿਣਾ ਨਹੀਂ ਫਿਰ ਰੋਗੀ, ਰੋਗ ਅੰਦਰੋ ਦੇਣਾ ਕਢਾਈਆ । ਸਾਚੇ ਦਰ ਦੀ ਪਾ ਕੇ ਸੋਝੀ, ਸਮਝ ਵਿਚੋਂ ਸਮਝ ਲੈਣੀ ਬਦਲਾਈਆ । ਖੋਜ ਕੇ ਧੁਰ ਦਾ ਧੋਬੀ, ਦੁਰਮਤ ਮੈਲ ਲੈਣੀ ਧੁਆਈਆ । ਬਣ ਕੇ ਕਮਲੀ ਕੋਝੀ, ਗਲ ਪੱਲੂ ਲੈਣਾ ਪਾਈਆ । ਜੇ ਤੇਰਾ ਖੇਲ ਵੇਦੀ ਸੋਢੀ, ਨਿਰਗੁਣ ਸਰਗੁਣ ਕਾਰ ਕਮਾਈਆ । ਮੇਰੀ ਪੁਗਦੀ ਵੇਖ ਔਧੀ, ਔਧ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਸਦੀ ਚੌਧਵੀਂ ਕਹੇ ਮੈਂ ਬਦਲ ਦੇਣਾ ਵਰਤੀਰਾ, ਲਿਬਾਸ ਆਪਣਾ ਲੈਣਾ ਉਲਟਾਈਆ । ਮੈਂ ਹੋਈ ਬੜੀ ਦਿਲਗੀਰਾ, ਧੀਰਜ ਧੀਰ ਨਾ ਕੋਇ ਰਖਾਈਆ । ਮੈਂ ਲੱਭਦੀ ਓਹ ਹੀਰਾ, ਜੋ ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਦੇ ਸੀਸ ਹੋਵੇ ਸੋਹਣਾ ਚੀਰਾ, ਚੀਰੇ ਵਾਲਾ ਧੁਰ ਦਾ ਮਾਹੀਆ । ਫਿਰਦਾ ਹੋਵੇ ਵਾਂਗ ਫ਼ਕੀਰਾ, ਫ਼ਿਕਰੇ ਧੁਰ ਦੇ ਢੋਲੇ ਗਾਈਆ । ਮੈਂ ਪੁਛਾਂ ਵੇ ਗੁਰੂ ਮੇਰੇ ਵੀਰਾ, ਕੁਛ ਮੈਨੂੰ ਦੇ ਸਮਝਾਈਆ । ਜਿਹੜਾ ਦੇਂਦਾ ਅੰਮ੍ਰਿਤ ਸੀਰਾ, ਕਿਥੇ ਲੁਕਿਆ ਸ਼ਹਿਨਸ਼ਾਹੀਆ । ਜੋ ਸ਼ਰਅ ਦੀਆਂ ਕੱਟ ਜ਼ੰਜੀਰਾਂ, ਸ਼ਰੀਅਤ ਵਿਚੋਂ ਬਾਹਰ ਕਢਾਈਆ । ਓਹ ਪੈਗ਼ੰਬਰਾਂ ਦਾ ਪੈਗ਼ੰਬਰ ਪੀਰਨ ਦਾ ਪੀਰਾ, ਪਾਰਬ੍ਰਹਮ ਅਖਵਾਈਆ । ਜਿਸ ਨੂੰ ਸੱਜਦਾ ਕਰੇ ਕਬੀਰਾ, ਮਕ਼ਬਰਿਆਂ ਵਾਲੀ ਧੂੜੀ ਖ਼ਾਕ ਰਮਾਈਆ । ਜਿਸ ਦੇ ਕੋਲ ਸ਼ਬਦ ਅਗੰਮੀ ਤੀਰਾ, ਕਮਾਨ ਕੰਧ ਨਾਮ ਉਠਾਈਆ । ਜੋ ਪਾਰ ਕਰਾਏ ਮਾਰਗ ਰਸਤਾ ਭੀੜਾ, ਭੀੜੀ ਗਲੀ ਨਾ ਕੋਇ ਵਖਾਈਆ । ਮੈਂ ਚਾਹੁੰਦੀ ਉਹਦੇ ਦਰ ਤੇ ਮਿਲੇ ਰੰਗਲਾ ਪੀੜ੍ਹਾ, ਸੁਹਾਗਣ ਹੋ ਕੇ ਜਾਵਾਂ ਚਾਈਂ ਚਾਈਆ । ਮੇਰੀ ਬਦਲ ਦੇਵੇ ਤਕ਼ਦੀਰਾ, ਤਦਬੀਰ ਦਏ ਸਮਝਾਈਆ । ਖੇਲ ਵੇਖਾਂ ਸ਼ਾਹ ਹਕੀਰਾ, ਉਚਾਂ ਨੀਚਾਂ ਡੇਰਾ ਢਾਹੀਆ । ਸਦੀ ਚੌਧਵੀਂ ਕਹੇ ਮੈਂ ਮੰਗ ਮੰਗਾਂ ਗੁਰਮੁਖੋ ਜੇ ਇਕ ਇਕ ਮੈਨੂੰ ਲਿਆ ਦਿਓ ਕਲੀਰਾ, ਕਲੀਆਂ ਕੌਡੀਆਂ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਬਦਲ ਲੈਣਾ ਆਪਣਾ ਬਦਨ, ਬਦੀਆਂ ਵਿਚੋਂ ਬਾਹਰ ਡੇਰਾ ਲਾਈਆ । ਪ੍ਰਭ ਖੇਲ ਕਰਨ ਲੱਗਾ ਕੁਛ ਵਿਚ ਅਦਨ, ਤਮੱਦਨ ਵੇਖੇ ਥਾਉਂ ਥਾਈਆ । ਕੂੜੀ ਕਫ਼ਨੀ ਲੱਗਾ ਦੱਬਣ, ਅਲਫ਼ੀ ਸਚ ਇਕ ਪ੍ਰਗਟਾਈਆ । ਆ ਕੇ ਆਪਣੇ ਪਤਣ, ਹੋਕਾ ਰਿਹਾ ਸੁਣਾਈਆ । ਜੇ ਤੂੰ ਮੇਰਾ ਮੈਂ ਤੇਰਾ ਨਾਮ ਜਪਣ, ਤਿਨ੍ਹਾਂ ਮਿਲੇ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਫਿਰ ਕੇ ਆਈ ਪਾਕ ਪਟਨ, ਪਟਨੇ ਵਾਲਾ ਓਥੇ ਰਿਹਾ ਸੁਣਾਈਆ । ਮੈਂ ਲਹਿੰਦੀ ਦਿਸ਼ਾ ਆਈ ਦੱਸਣ, ਦਹਿ ਦਿਸ਼ਾ ਕਹਿ ਸੁਣਾਈਆ । ਮੈਂ ਅੱਖੀਂ ਆਈ ਤੱਕਣ, ਵੇਖਾਂ ਥਾਉਂ ਥਾਈਆ । ਕਿੱਥੋਂ ਮੈਨੂੰ ਪ੍ਰਭ ਦਾ ਹੀਰਾ ਮਿਲਦਾ ਰਤਨ, ਹਰਿਜਨ ਸੋਹਣਾ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਬੁੱਲਾਂ ਲਾਈ ਸੁਰਖ਼ੀ, ਸਿਆਹ ਸੁਰਖ਼ ਲਏ ਬਣਾਈਆ । ਚੌਦਾਂ ਤਬਕਾਂ ਦੀ ਮੁਹੰਮਦ ਕੋਲੋਂ ਖੁੱਸਣ ਲੱਗੀ ਕੁਰਸੀ, ਅਰਸ਼

ਕੁਰਸ਼ ਦਏ ਦੁਹਾਈਆ । ਅੱਗੇ ਰੀਤੀ ਚਲਣੀ ਮਹਾਂਪੁਰਸ਼ ਦੀ, ਗੁਰ ਅਵਤਾਰ ਪੈਗ਼ੰਬਰ ਸੀਸ ਜਗਦੀਸ਼ ਝੁਕਾਈਆ । ਹੁਣ ਖੇਲ ਵਰਤਣੀ ਧੁਰ ਦੀ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਇਹ ਕਲਾ ਵਰਤਣੀ ਅਨੰਦਪੁਰ ਦੀ, ਪੁਰੀਆਂ ਤੋਂ ਬਾਹਰ ਡੇਰਾ ਲਾਈਆ । ਸਦੀ ਚੌਧਵੀਂ ਕਹੇ ਮੈਂ ਆਈ ਫਿਰਦੀ ਤੁਰਦੀ, ਚਲਾਂ ਚਾਈਂ ਚਾਈਂਆ । ਮੈਨੂੰ ਖ਼ਬਰ ਮਿਲੇ ਸੱਚੇ ਸਤਿਗੁਰ ਦੀ, ਢਹਿ ਢਹਿ ਲਾਗਾਂ ਪਾਈਆ । ਮੈਂ ਪਿਛੇ ਕਦੇ ਨਾ ਮੁੜਦੀ, ਭਾਵੇਂ ਮੁਹੰਮਦ ਵਰਗੇ ਕੋਟਾਂ ਰਾਹ ਵਿਚ ਬੈਠੇ ਡੇਰਾ ਲਾਈਆ । ਮੈਨੂੰ ਇਕੋ ਲੋੜ ਪ੍ਰਭ ਦਰਸ਼ਨ ਦੇ ਥੁੜ ਦੀ, ਜਿਹੜੀ ਪੂਰ ਨਾ ਕਦੇ ਕਰਾਈਆ । ਮੈਂ ਓਸ ਮੁਹੱਬਤ ਵਿਚ ਜੁੜਦੀ, ਜਿਥੇ ਕ਼ਾਅਬਿਆਂ ਵਾਲੇ ਆਪਨਾ ਆਪ ਗਏ ਗਵਾਈਆ । ਮੈਂ ਚੌਦਾਂ ਸਦੀਆਂ ਰਹੀ ਝੁਰਦੀ, ਹੌਕਿਆਂ ਵਿਚ ਆਪਨਾ ਝੱਟ ਲੰਘਾਈਆ । ਹੌਲੀ ਹੌਲੀ ਰਹੀ ਖੁਰਦੀ, ਖੁਰ ਖੁਰ ਕੇ ਆਪਨੀ ਖਲੜੀ ਲਈ ਲੁਹਾਈਆ । ਜਿਸ ਵੇਲੇ ਮੈਂ ਖ਼ਬਰ ਸੁਣੀ ਗੋਬਿੰਦ ਬਾਂਕੇ ਛੋਹਰ ਦੀ, ਸ਼ਹਿਨਸ਼ਾਹ ਆਇਆ ਧੁਰਦਰਗਾਹੀਆ । ਮੈਂ ਕੂਕ ਮਾਰੀ ਉਚੀ ਜ਼ੋਰ ਦੀ, ਚੀਖਾਂ ਨਾਲ ਕੁਰਲਾਈਆ । ਮੇਰੀ ਆਸਾ ਤੇਰੇ ਚਰਨਾਂ ਬਹੁੜ ਦੀ, ਬਹੁੜੀ ਬਹੁੜੀ ਦੁਹਾਈਆ । ਮੈਂ ਨੰਗੀ ਪੈਰੀਂ ਦੌੜਦੀ, ਟਿੱਲੇ ਪਰਬਤ ਸਮੁੰਦ ਸਾਗਰ ਤੱਕੇ ਚਾਈਂ ਚਾਈਂਆ । ਮੈਨੂੰ ਪਿਆਸ ਸੀ ਓਸ ਦੇ ਪ੍ਰੇਮ ਔੜ ਦੀ, ਓੜਕ ਓਸੇ ਦਾ ਰਾਹ ਤਕਾਈਆ । ਦੁਨੀਆ ਲੱਭੇ ਜ਼ਾਤ ਬ੍ਰਾਹਮਣ ਗੌੜ ਦੀ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਸਦੀ ਚੌਧਵੀਂ ਕਹੇ ਮੇਰੇ ਖ਼ੁਦਾ ਦੀ ਖੇਲ ਖੇਲੇ ਖੇਲ ਚੋਰ ਦੀ, ਚੋਰੀ ਚੋਰੀ ਭਗਤਾਂ ਰਿਹਾ ਮਿਲਾਈਆ । ਮੈਂ ਸਿਆਣੂ ਮੈਂ ਵਾਕਫ਼ ਓਸ ਦੀ ਤੋਰ ਦੀ, ਜੋ ਜੁਗ ਜੁਗ ਆਪਨਾ ਕਦਮ ਬਦਲਾਈਆ । ਮੈਂ ਨਿਸ਼ਾਨੀ ਰੱਖੀ ਰਵੀਦਾਸ ਵਾਲੀ ਦੋਹਰ ਦੀ, ਜਿਹੜੀ ਹੇਠਾਂ ਉਤੇ ਲਏ ਟਿਕਾਈਆ । ਮੈਂ ਕੋਈ ਖ਼ਾਹਿਸ਼ ਨਹੀਂ ਕਮਜ਼ੋਰ ਦੀ, ਮੁਹੰਮਦ ਨੇ ਹਮਦਲਿੱਲਾ ਕਹਿ ਕੇ ਮੈਨੂੰ ਲਿਆ ਪ੍ਰਗਟਾਈਆ । ਮੈਂ ਕੋਈ ਬਣੀ ਨਹੀਂ ਹਿਰਦੇ ਕਠੋਰ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਮੱਥੇ ਲਾ ਕੇ ਬਿੰਦੀ, ਬਿਟ ਬਿਟ ਵੇਖਾਂ ਜਗਤ ਲੋਕਾਈਆ । ਝਗੜਾ ਪਿਆ ਫ਼ਾਰਸੀ ਉਰਦੂ ਹਿੰਦੀ, ਗੁਰਮੁਖੀ ਗੁਰਮੁਖ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਨੂੰ ਸਾਰੇ ਜਾਂਦੇ ਨਿੰਦੀ, ਨਿੰਦਕ ਹੋਈ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੁਰੂ ਗ੍ਰੰਥ ਨੂੰ ਵਿਕਾ ਕੇ ਵਿਚ ਟਾਕੀ ਚਿੰਦੀ, ਚੰਦੋਇਆ ਤਾਣ ਕੇ ਆਪਨਾ ਸੀਸ ਨਿਵਾਈਆ । ਕਿਸੇ ਧਾਰ ਨਾ ਜਾਣੀ ਪ੍ਰਭ ਦੀ ਧਾਰ ਸਿੰਧੀ, ਸਾਗਰਾਂ ਵਹਿਣ ਵਹਾਈਆ । ਦੀਨ ਦੁਨੀ ਹੋਈ ਟੇਢੀ ਵਿੰਗੀ, ਰਸਤਾ ਹੱਕ ਨਾ ਕੋਇ ਅਪਨਾਈਆ । ਸੁਫਲ ਹੋਏ ਨਾ ਕਿਸੇ ਦੀ ਜ਼ਿੰਦੀ, ਜ਼ਿੰਦਗੀ ਜੀਵਣ ਨਾ ਕੋਇ ਬਦਲਾਈਆ । ਧਰਮ ਦੀ ਪਿਆਰ ਦੀ ਵੱਜੇ ਕੋਈ ਨਾ ਕਿੰਗੀ, ਆਤਮਕ ਰਾਗ ਨਾ ਕੋਇ ਸੁਣਾਈਆ । ਰਸ ਮਾਣਦਾ ਜਗਤ ਸੰਸਾਰ ਨਿੰਦੀ, ਅੰਮ੍ਰਿਤ ਧਾਰ ਨਾ ਕੋਇ ਚੁਆਈਆ । ਸਦੀ ਚੌਧਵੀਂ ਕਹੇ ਮੈਂ ਉਮਰ ਭੋਗ ਲਈ ਇੰਨੀ, ਅੱਗੇ ਵਧੌਣ ਦੀ ਲੋੜ ਰਹੀ ਨਾ ਰਾਈਆ । ਮੈਂ ਪੋਟਿਆਂ ਉਤੇ ਰਹੀ ਗਿਣੀ, ਗਿਣ ਗਿਣ ਝਟ ਲੰਘਾਈਆ । ਮੇਰੇ ਸਾਹਿਬ ਨੇ ਖੇਲ ਕਰਨਾ ਲੋਕਮਾਤ ਵਿਚ ਦਿਨ ਤਿੰਨੀ, ਤਿੰਨਾਂ ਲੋਕਾਂ ਝਗੜਾ ਦੇਣਾ ਮੁਕਾਈਆ । ਸ੍ਰਿਸ਼ਟੀ ਵਧੀ ਦਿਨੀਂ, ਜਮਾਂ ਦੇ ਹੱਥ ਦੇਣੀ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਾਚਾ ਮਾਰਗ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਮੈਂ ਮੱਥੇ ਪਾ ਕੇ ਟਿੱਕਾ, ਟਿਕਟਿਕੀ ਇਕੇ ਵਿਚ ਲਗਾਈਆ । ਜਿਸ ਨੇ ਲੇਖ ਧੁਰ ਦਾ ਲਿਖਾ,

੪੨੧ ੨੧

ਮੁਹੰਮਦ ਦਿਤੀ ਵਡਿਆਈਆ । ਅੰਤ ਅਖ਼ੀਰ ਓਹ ਸਭ ਨੂੰ ਦੇਣ ਵਾਲਾ ਪਿੱਛਾ, ਆਪਣੀ ਕਰਵਟ ਲਏ ਬਦਲਾਈਆ । ਮੈਂ ਕੂਕ ਪੁਕਾਰਾਂ ਸੁਣ ਲੈ ਧੁਰ ਦਿਆ ਸਿੱਖਾ, ਸਚ ਸਚ ਸੁਣਾਈਆ । ਇਕੋ ਮੰਨ ਲੈ ਪੁਰਖ ਅਕਾਲ ਪਿਤਾ, ਪਤਿਪਰਮੇਸ਼ਵਰ ਇਕੋ ਮਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਸਿੱਕਾ, ਸਿਕਮ ਵਿਚੋਂ ਝਗੜਾ ਦਏ ਉਠਾਈਆ । ਓਹਦਾ ਤੀਰ ਅਣਿਆਲਾ ਤਿੱਖਾ, ਤ੍ਰਿਖਾ ਵਿਚ ਦੋ ਜਹਾਨ ਤੜਫਾਈਆ । ਜਿਸ ਦਾ ਭਾਣਾ ਸਭ ਨੇ ਕਰ ਕੇ ਮੰਨਿਆ ਮਿੱਠਾ, ਸਿਰ ਸਕਿਆ ਨਾ ਕੋਇ ਉਠਾਈਆ । ਅੱਗੇ ਖੇਲ ਕਰਨਾ ਅਨਡਿੱਠਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਦੀ ਚੌਧਵੀਂ ਕਹੇ ਮੈਂ ਕਾਲੇ ਤੋਂ ਸਿਰ ਤੇ ਓਢਣ ਲੈਣਾ ਚਿੱਟਾ, ਚਿੱਟੀ ਧਾਰ ਗੁਰਮੁਖਾਂ ਨਾਲ ਮਿਲਾਈਆ । ਮੇਰੀ ਇਕੋ ਆਸਾ ਮਨਸਾ ਇੱਕਾ, ਇਕੋ ਦੀ ਸਰਨਾਈਆ । ਗੁਰਮੁਖੋ ਮੈਂ ਪਹਿਲੀ ਕੱਤਕ ਤੁਹਾਡੇ ਨਾਲ ਪੌਣ ਔਣਾ ਹਿੱਸਾ, ਹਿੱਸੇਦਾਰੀ ਲੈਣੀ ਬਣਾਈਆ । ਨਾਲੇ ਦੱਸਾਂਗੀ ਕੀ ਗੋਬਿੰਦ ਨੇ ਮੇਰੇ ਵਾਸਤੇ ਲਿਖਿਆ ਚਿੱਠਾ, ਸਰਸੇ ਵਿਚ ਗਿਆ ਦਬਾਈਆ । ਜਿਹੜਾ ਲੰਮਾ ਚੌੜਾ ਸੀ ਸਵਾ ਗਿੱਠਾ, ਚੌਦਾਂ ਸੌ ਅੱਖਰਾਂ ਵੰਡ ਵੰਡਾਈਆ । ਓਹਨੂੰ ਛੁਹਾ ਕੇ ਆਪਣੇ ਨਾਲ ਗਿੱਟਾ, ਫੇਰ ਚਰਨਾਂ ਨਾਲ ਦਿਤਾ ਦਬਾਈਆ । ਚੌਦਾਂ ਤਬਕਾਂ ਦੀ ਦਰਮਿਆਨੀ ਧਾਰ ਵੇਖ ਕੇ ਵਿੱਥਾ, ਦੋਹਾਂ ਦੇ ਵਿਚ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਜੇ ਤੁਸਾਂ ਬਣਨਾ ਮੇਰੇ ਵੀਰੇ, ਵੀਰਤਾ ਲੈਣੀ ਅਪਣਾਈਆ । ਮੇਲ ਕਰਨਾ ਜ਼ਾਹਿਰੇ ਪੀਰੇ, ਪਾਰਬ੍ਰਹਮ ਪ੍ਰਭ ਜੋੜ ਜੁੜਾਈਆ । ਮਾਝਾ ਮਾਲਵਾ ਦੁਆਬਾ ਜੰਮੂ ਵਾਲਿਓ ਨਾਲ ਲੈ ਕੇ ਔਣੇ ਕਲੀਰੇ, ਪੰਜ ਪੰਜ ਜੋੜ ਜੁੜਾਈਆ । ਇਹ ਖੇਲ ਕਰਨਾ ਦਸਤਗੀਰੇ, ਜੋ ਦਸਤ ਬਰਦਾਰ ਕਰੇ ਲੋਕਾਈਆ । ਮੈਂ ਬਹਿਣਾ ਓਸ ਰੰਗਲੇ ਪੀੜ੍ਹੇ, ਜਿਹੜਾ ਸਤਾਰਾਂ ਹਾੜ ਉਤੇ ਕਰਨਾਲ ਵਾਲੇ ਲੈ ਕੇ ਆਈਆ । ਇਕੱਠੇ ਕਰਨੇ ਸਰਬ ਫ਼ਕੀਰੇ, ਫੱਕੇ ਝੋਲੀਆਂ ਵਿਚ ਪਾਈਆ । ਵੇਖਿਓ ਅੱਗੇ ਰਿਹੋ ਨਾ ਕੋਇ ਖ਼ਮੀਰੇ, ਖ਼ਮੀਰ ਦੂਈ ਦਾ ਦੇਣਾ ਕਢਾਈਆ । ਪੁਰਖ ਅਕਾਲ ਬਦਲ ਦੇਵੇ ਜ਼ਮੀਰੇ, ਜ਼ਾਮਨ ਹੋ ਕੇ ਹੋਏ ਸਹਾਈਆ । ਸਦੀ ਚੌਧਵੀਂ ਕਹੇ ਮੇਰਾ ਖੇਲ ਸ਼ੁਰੂ ਹੋਣਾ ਧੀਰੇ ਧੀਰੇ, ਧਰਤੀ ਧਵਲ ਧੌਲ ਉਤੇ ਵੇਖ ਵਖਾਈਆ । . . . .



## ੧੯ ਅੱਸੂ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਗ੍ਰਿਹ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ

ਸਦੀ ਚੌਧਵੀਂ ਕਹੇ ਮੈਂ ਆਵਾਂ ਪੈਰ ਦੱਬੀ, ਹੌਲੀ ਹੌਲੀ ਪੰਧ ਮੁਕਾਈਆ । ਨੂਰ ਤਕਦੀ ਆਵਾਂ ਅਲਾਹੀ ਰੱਬੀ, ਰੱਬੀਉਲ ਅਮਾਮ ਸ਼ਹਿਨਸ਼ਾਹੀਆ । ਨਾਲ ਲੈ ਕੇ ਆਵਾਂ ਰਸੂਲ ਨਬੀ, ਪੈਗ਼ੰਬਰ ਪੀਰਾਂ ਨਾਲ ਮਿਲਾਈਆ । ਮੇਰੀ ਮੇਂਢੀ ਸੀਸ ਨੰਗੀ ਹੋਵੇ ਅੱਧੀ, ਅੱਧਾ ਓਢਣ ਨਾਲ ਢਕਾਈਆ । ਨਾਲੇ ਚੁੱਕੀ ਆਵਾਂ ਆਪਣੀ ਗੱਦੀ, ਜੋ ਲਿਖ ਕੇ ਦਿਤੀ ਧੁਰਦਰਗਾਹੀਆ । ਕ਼ਬਰਾਂ ਵਿਚੋਂ ਕੱਢ ਕੇ ਲਿਆਵਾਂ ਇਕ ਹੱਡੀ, ਜੋ ਸ਼ਾਹ ਰਗ ਦੀ ਘੰਡੀ ਰੂਪ ਵਟਾਈਆ । ਨਿਸ਼ਾਨੀ ਲਿਆਵਾਂ ਨਾਲ ਮੁਹੰਮਦ ਦੀ ਅੱਡੀ, ਸਵਾ ਇੰਚ ਵੇਖ ਵਖਾਈਆ । ਸੰਦੇਸ਼ਾ ਦੇ ਕੇ ਆਵਾਂ ਨੂਹ ਨਦੀ, ਹੁਕਮ ਧੁਰ ਦਾ ਇਕ ਜਣਾਈਆ । ਸਭ ਨੂੰ ਹੋਕਾ ਦੇ ਸੁਣਾਵਾਂ ਇਹ ਮਾਤਲੋਕ ਸਮਾਂ ਮਿਲਦਾ ਕਦੀ ਕਦੀ, ਜੁਗ ਚੌਕੜੀ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਜਣੌਂਦੀ ਆਵਾਂ ਦੁਨੀਆਦਾਰੋ ਛੱਡ ਦਿਓ ਗੱਦੀ, ਬਦਲਾ ਦੇਣਾ ਪਏ ਧੁਰਦਰਗਾਹੀਆ । ਮੇਰੀ ਵੇਖੋ ਬੀਤਦੀ ਸਦੀ, ਸਦਮੇ ਘਰ ਘਰ

ਦੇਵਾਂ ਪਾਈਆ । ਮੇਰਾ ਸੰਦੇਸ਼ਾ ਸੁਟਿਓ ਨਾ ਕੋਇ ਵਿਚ ਰੱਦੀ, ਕੂੜ ਕਿਰਿਆ ਨਾ ਕੋਇ ਮਿਲਾਈਆ । ਜਿਸ ਨੇ ਗੋਬਿੰਦ ਦੇ ਸਿਰ ਤੇ ਪੱਗ ਬੱਧੀ, ਓਹ ਬੰਦਨਾ ਸਭ ਨੂੰ ਦਏ ਸਮਝਾਈਆ । ਉਹਦੀ ਜੋਤ ਇਕੋ ਜਗੀ, ਦੋ ਜਹਾਨਾਂ ਕਰੇ ਰੁਸ਼ਨਾਈਆ । ਮੈਨੂੰ ਵੀ ਅਜੇ ਚੰਗੀ ਤਰਾ ਨਹੀਂ ਲੱਭੀ, ਸੋਆਂ ਸੁਣ ਕੇ ਫਿਰਾਂ ਚਾਈਂ ਚਾਈਂਆ । ਮੈਨੂੰ ਹੁਣੇ ਓਸ ਦੀ ਅੰਦਰ ਲਗਨ ਲੱਗੀ, ਲਗਾਂ ਮਾਤਰਾਂ ਪਿਛਲੀ ਗਈ ਭੁਲਾਈਆ । ਮੇਰੇ ਅੰਦਰ ਪਵਣ ਵਗੀ ਠੰਡੀ, ਸਾਂਤਕ ਸਤਿ ਰਹੀ ਕਰਾਈਆ । ਮੈਨੂੰ ਐਂ ਜਾਪਦਾ ਓਹ ਸਾਰਿਆਂ ਨੂੰ ਇਕੋ ਧਾਰ ਨਾਲ ਰਿਹਾ ਗੰਢੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮੈਂ ਹੈਰਾਨ ਹੋਈ ਉਹਨੂੰ ਸਾਰੇ ਕਹਿੰਦੇ ਪਖੰਡੀ, ਜਗਤ ਦਏ ਦੁਹਾਈਆ । ਓਨ ਮੇਰੇ ਅੰਤ ਤਕ ਸਾਰੇ ਪਾ ਦੇਣੇ ਇਕ ਡੰਡੀ, ਡੰਡਾ ਧੁਰ ਦਾ ਹੱਥ ਉਠਾਈਆ । ਗੁਰਮੁਖ ਆਤਮਾ ਰਹਿਣ ਦੇਣੀ ਨਹੀਂ ਕੋਈ ਰੰਡੀ, ਸੁਹਾਗੀ ਕੰਤ ਲੈਣਾ ਮਿਲਾਈਆ । ਇਕ ਫ਼ਰਮਾਨ ਦੀ ਲਾ ਪਾਬੰਦੀ, ਤੁਫ਼ਾਨ ਕੂੜਾ ਦੇਣਾ ਗੁਆਈਆ । ਓਹ ਜੋਧਾ ਸੂਰਬੀਰ ਜੰਗੀ, ਜੰਗਲ ਜੂਹ ਵੇਖ ਵਖਾਈਆ । ਤੇਰਾਂ ਸੌ ਨੜ੍ਹਿਨਵੇਂ ਤਕ ਸਭ ਦੇ ਉਤੇ ਔਂਦੀ ਜਾਣੀ ਤੰਗੀ, ਤੰਗ ਦਸਤ ਨਾ ਕੋਇ ਛੁਡਾਈਆ । ਮੈਂ ਅੱਜ ਤਕ ਕਿਸੇ ਨੂੰ ਗੱਲ ਦੱਸੀ ਨਹੀਂ ਕੋਈ ਚੰਗੀ, ਬੂੰਦ ਬੂੰਦ ਨਾਲੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਪ੍ਰਗਟਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਆਇਓ ਨਾਲ ਰੀਝਾਂ, ਪਹਿਲੀ ਕੱਤਕ ਖ਼ੁਸ਼ੀ ਮਨਾਈਆ । ਮੈਂ ਤੁਹਾਨੂੰ ਦੱਸਣੀਆਂ ਆਪਣੀਆਂ ਈਦਾਂ, ਅਗਲੀਆਂ ਥਿਤਾਂ ਦਿਆਂ ਦ੍ਰਿੜਾਈਆ । ਤੁਸਾਂ ਵੇਖਣਾ ਲਾ ਕੇ ਨੀਝਾਂ, ਨੇਤਰ ਅੱਖ ਇਕ ਖੁਲ੍ਹਾਈਆ । ਮੇਰੀਆਂ ਆਸਾ ਮਨਸਾ ਪੂਰੀਆਂ ਹੋਣੀਆਂ ਉਮੀਦਾਂ, ਆਮਦ ਵਿਚ ਵੱਜੇ ਵਧਾਈਆ । ਸਭ ਦੇ ਅੰਦਰ ਔਣੀਆਂ ਤਮੀਜ਼ਾਂ, ਤਮਅ ਦੇਣੀ ਗੁਆਈਆ । ਤੁਹਾਨੂੰ ਵਖਾਵਾਂ ਤੁਹਾਡਾ ਪਿਤਾ ਪੁਰਖ ਅਕਾਲ ਤੇ ਮੇਰੇ ਵਲੋਂ ਤੁਹਾਡਾ ਜੀਜਾ, ਜਗ ਜੀਵਣ ਦਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਲਾਣਾ ਹਾਰ ਸ਼ਿੰਗਾਰ, ਸੋਹਣਾ ਰੂਪ ਸੁਹਾਈਆ । ਮੈਂ ਪਰਨੌਣਾ ਇਕ ਪਰਵਰਦਿਗਾਰ, ਜਲਵਾਗਰ ਨੂਰ ਖ਼ੁਦਾਈਆ । ਜਿਸ ਦਾ ਸੱਚਾ ਹੋਵੇ ਪਿਆਰ, ਆਦਿ ਜੁਗਾਦਿ ਨਾ ਕੋਇ ਜੁਦਾਈਆ । ਬਣੀ ਰਹਵਾਂ ਸੇਵਾਦਾਰ, ਸਦ ਚਰਨਾਂ ਸੇਵ ਕਮਾਈਆ । ਹੋ ਕੇ ਖ਼ਿਦਮਤਗਾਰ, ਖ਼ਾਦਮ ਆਪਣਾ ਰੂਪ ਵਖਾਈਆ । ਕਰ ਕੇ ਨਿਮਸਕਾਰ, ਡੰਡਾਵਤ ਵਿਚ ਦੁਹਾਈਆ । ਕਿਰਪਾ ਕਰ ਸਾਂਝੇ ਯਾਰ, ਯਾਰੜਾ ਸੱਥਰ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟ ਸੰਸਾਰ, ਸੰਸਾਰੀ ਭੰਡਾਰੀ ਚਲੇ ਨਾ ਕੋਇ ਚਤੁਰਾਈਆ । ਤੇਰਾ ਸੋਹਣਾ ਦਿਸੇ ਦਰਬਾਰ, ਦਰ ਦਵਾਰਾ ਇਕੋ ਇਕ ਵਖਾਈਆ । ਜਿਥੇ ਝੁਕਣ ਨਰ ਨਾਰ, ਨਰ ਨਰਾਇਣ ਵੱਜੇ ਵਧਾਈਆ । ਤੇਰਾ ਹੁਕਮ ਹੋਵੇ ਮੁਖ਼ਤਿਆਰ, ਮੁਖ਼ਤਾਰਨਾਮੇ ਸਭ ਦੇ ਪੂਰੇ ਦੇਣੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇਣਾ ਵਖਾਈਆ । ਸਦੀ ਚੌਧਵੀਂ ਕਹੇ ਮੈਂ ਬਣਨਾ ਜੋਬਨਵੰਤੀ, ਸੋਹਣਾ ਰੂਪ ਬਣਾਈਆ । ਮੈਂ ਵੇਖਣਾ ਰੰਗ ਬਸੰਤੀ, ਰੁਤ ਬਹਾਰ ਮਹਿਕਾਈਆ । ਮੈਂ ਪਰਨੌਣਾ ਧੁਰ ਦਾ ਕੰਤੀ, ਹਰਿ ਵੱਡਾ ਵਡ ਵਡਿਆਈਆ । ਜਿਸ ਦੇ ਨਾਮ ਦੀ ਇਕੋ ਪੰਗਤੀ, ਬਹੁਤਾ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਓਹ ਮਾਣ ਦੇਵੇ ਹਰਿ ਸੰਗਤੀ, ਸਚ ਸੱਜਣ ਨੂਰ ਖ਼ੁਦਾਈਆ । ਝਗੜਾ ਮੁਕਾ ਕੇ ਬਹਿਸ਼ਤ ਜੱਨਤੀ, ਸਵਰਗਾਂ ਡੇਰਾ ਢਾਹੀਆ । ਲੋੜ ਰਹੇ ਨਾ ਕਿਸੇ ਅੰਨ ਦੀ, ਤ੍ਰਿਖਾ ਤ੍ਰਿਸ਼ਨਾ ਨਾ ਕੋਇ ਤਪਾਈਆ । ਓਸ ਦਾ ਹੁਕਮ ਰਹਵਾਂ ਮੰਨਦੀ, ਨਿਉਂ ਨਿਉਂ ਸੀਸ

ਨਿਵਾਈਆ । ਸੂਰਤ ਵੇਖਾਂ ਓਸ ਚੰਨ ਦੀ, ਜੋ ਦੋ ਜਹਾਨ ਕਰੇ ਰੁਸ਼ਨਾਈਆ । ਉਹਦੀ ਮਹਿੰਮਾ ਹੋਵੇ ਧੰਨ ਧੰਨ ਦੀ, ਰਸਨਾ ਜਿਹਵਾ ਸਾਰੇ ਢੋਲੇ ਗਾਈਆ । ਸਰੋਤ ਮੁਕ ਜਾਏ ਸਰਵਣ ਕੰਨ ਦੀ, ਅਨਹਦ ਨਾਦੀ ਨਾਦ ਦਏ ਸੁਣਾਈਆ । ਚਿੰਤਾ ਰਹੇ ਨਾ ਹਰਖ ਸੋਗ ਗ਼ਮ ਦੀ, ਸਾਂਤਕ ਸਤਿ ਦਏ ਵਰਤਾਈਆ । ਲੇਖੇ ਲਾ ਲਏ ਧਾਰ ਪਵਣ ਸਵਾਸ ਦਮ ਦੀ, ਦਾਮਨਗੀਰ ਆਪ ਹੋ ਜਾਈਆ । ਸਦੀ ਚੌਧਵੀਂ ਕਹੇ ਮੈਂ ਨਿੱਜ ਮੁਹੰਮਦ ਦੇ ਘਰ ਜੰਮਦੀ, ਅੰਤਮ ਹੋਣੀ ਜੁਦਾਈਆ । ਮੇਰੀ ਕਾਇਆ ਨਹੀਂ ਕਿਸੇ ਕਾਇਆ ਮਾਟੀ ਚੰਮ ਦੀ, ਤਨ ਵਜੂਦ ਨਾ ਕੋਇ ਵਖਾਈਆ । ਮੈਂ ਓਸੇ ਦੀ ਧਾਰ ਵਿਚ ਪਲਦੀ, ਪਲਕ ਪਲਕ ਨਾ ਝੱਲਾਂ ਜੁਦਾਈਆ । ਮੇਰੇ ਅੰਦਰ ਓਸੇ ਦੀ ਜੋਤ ਬਲਦੀ, ਜਿਸ ਨੂੰ ਬਲੀਦਾਨ ਦੇ ਕੇ ਗੁਰ ਅਵਤਾਰ ਪੈਗ਼ੰਬਰ ਆਪਣਾ ਬੈਠੇ ਸੀਸ ਨਿਵਾਈਆ । ਇਹ ਖੇਲ ਓਸ ਅਛਲ ਅਛੱਲ ਦੀ, ਜੋ ਵਲ ਛਲਧਾਰੀ ਆਪਣੀ ਕਾਰ ਕਮਾਈਆ । ਮੈਂ ਧੁਰ ਸੰਦੇਸਾ ਘੱਲਦੀ, ਘੱਲੂਘਾਰਾ ਹੋਣਾ ਲੋਕਾਈਆ । ਪ੍ਰਭ ਦੀ ਖੇਲ ਕਦੇ ਨਾ ਟਲਦੀ, ਟੱਲੀਆਂ ਮੰਦਰ ਵਿਚ ਵਜਾ ਕੇ ਨਾ ਸਕਣ ਬਚਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਦੇ ਪਿੱਛੇ ਕੀ ਕੀ ਕਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਕਰਨੀ ਇਕ ਅਰਦਾਸ, ਬੇਨੰਤੀ ਦੇਣੀ ਜਣਾਈਆ । ਮੈਨੂੰ ਪੂਰਾ ਭਰੋਸਾ ਸਭ ਦੇ ਉਤੇ ਵਿਸ਼ਵਾਸ, ਵਿਸ਼ਾ ਆਪਣਾ ਦੇਣਾ ਜਣਾਈਆ । ਮੈਂ ਫਿਰਦੀ ਰਹੀ ਵਿਚ ਪ੍ਰਭਾਸ, ਜੰਗਲਾਂ ਵਿਚ ਦੁਹਾਈਆ । ਮੈਂ ਤਕਦੀ ਰਹੀ ਉਤੇ ਆਕਾਸ਼, ਕਾਸ਼ ਚੌਦਾਂ ਸਦੀਆਂ ਵਿਚ ਮੈਨੂੰ ਮਿਲਣ ਕਦੇ ਨਾ ਆਈਆ । ਮੈਨੂੰ ਲੱਗੀ ਰਹੀ ਪਿਆਸ, ਤ੍ਰਿਖਾ ਨਾ ਕੋਇ ਬੁਝਾਈਆ । ਜੇ ਜੁਝਾਰ ਨੂੰ ਗੋਬਿੰਦ ਦੇ ਦੇਂਦਾ ਇਕ ਗਲਾਸ, ਫੇਰ ਸਦੀ ਚੌਧਵੀਂ ਕਹੇ ਮੇਰੀ ਕ਼ੀਮਤ ਰਹਿੰਦੀ ਨਾ ਰਾਈਆ । ਮੈਂ ਏਸੇ ਕਰ ਕੇ ਰਹੀ ਭਾਜ, ਭੱਜਾਂ ਚਾਈਂ ਚਾਈਂਆ । ਜਿਸ ਨੇ ਬਦਲ ਦੇਣਾ ਸਮਾਜ, ਸਮਾਂ ਦੇਣਾ ਉਲਟਾਈਆ । ਮੇਰਾ ਓਸ ਦੇ ਨਾਲ ਹੋਵੇ ਕਾਜ, ਅਨੰਦ ਓਸੇ ਵਿਚੋਂ ਪ੍ਰਗਟਾਈਆ । ਨਾਲੇ ਕੰਤ ਕਹਾਂ ਨਾਲੇ ਭਗਵੰਤ ਕਹਾਂ ਨਾਲੇ ਕਹਾਂ ਗੁਰੂ ਮਹਾਰਾਜ, ਤੇਰੇ ਚਰਨਾਂ ਸੀਸ ਝੁਕਾਈਆ । ਅਗਲਾ ਲੇਖਾ ਮੈਂ ਫੇਰ ਦੱਸਾਂ ਜਿਸ ਵੇਲੇ ਸਿਰ ਤੇ ਲੱਗਾ ਵੇਖੂੰ ਤਾਜ, ਤਾਜਾਂ ਵਾਲਾ ਧੁਰਦਰਗਾਹੀਆ । ਉਹਦੇ ਹੱਥਾਂ ਉਤੇ ਗੁਰਮੁਖ ਉਡਦਾ ਹੋਵੇ ਬਾਜ਼, ਬਾਜਾਂ ਵਾਲਾ ਸੋਭਾ ਪਾਈਆ । ਸਦੀ ਚੌਧਵੀਂ ਕਹੇ ਮੈਂ ਫੇਰ ਓਹ ਸੁਣਾਊਂ ਰਾਗ, ਜਿਸ ਨੂੰ ਅੱਜ ਤਕ ਸਕਿਆ ਕੋਇ ਨਾ ਗਾਈਆ । ਜਿਸ ਦਾ ਮੁਹੰਮਦ ਮੁਹਤਾਜ, ਰੋਜ਼ਿਆਂ ਵਿਚ ਪੜ੍ਹੇ ਨਿਮਾਜ਼, ਭੁੱਖਾ ਰਹਿ ਕੇ ਝੱਟ ਲੰਘਾਈਆ । ਸਦੀ ਚੌਧਵੀਂ ਕਹੇ ਮੈਂ ਓਸ ਦੀ ਤੁਹਾਨੂੰ ਦੱਸਣੀ ਅਗੰਮੀ ਆਵਾਜ਼, ਜਿਹੜੀ ਕੁਰਾਨ ਸ਼ਰੀਫ ਵਿਚ ਅਲਿਫ ਧੇ ਦੇ ਨਾਲ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਮੈਂ ਆਵਾਂ ਨੀਵੀਂ, ਨੇਤਰ ਨੈਣਾਂ ਨੀਰ ਵਹਾਈਆ । ਮਸਤੀ ਵਿਚ ਹੋਵਾਂ ਖੀਵੀਂ, ਖ਼ਵਾਜਾ ਖ਼ਿਜ਼ਰ ਚਰਨ ਧੋਣ ਨੂੰ ਨਾਲ ਉਠਾਈਆ । ਇਹ ਸਦੀ ਹੋਣੀ ਵੀਹਵੀਂ, ਈਸਾ ਦਏ ਗਵਾਹੀਆ । ਮੈਨੂੰ ਉਮਤ ਵਾਲਿਆਂ ਕਹਿਣਾ ਓਹ ਸਦੀ ਚੌਧਵੀਂ ਓਸ ਦੀ ਬਣ ਗਈ ਬੀਵੀ, ਜਿਸ ਨੇ ਬੇਵਾ ਕਰਨੀ ਲੋਕਾਈਆ । ਮੈਨੂੰ ਕੋਈ ਡਰ ਨਹੀਂ ਭਾਵੇਂ ਲੱਖ ਚੁਰਾਸੀ ਕਹੇ ਪ੍ਰਭੂ ਦੀ ਤੀਵੀਂ, ਮੈਂ ਖ਼ੁਸ਼ੀਆਂ ਵਿਚ ਆਪਣਾ ਝਟ ਲੰਘਾਈਆ । ਮੈਂ ਚੌਦਾਂ ਸੌ ਬਰਸ ਓਸੇ ਦੇ ਆਸਰੇ ਉਤੇ ਜੀਵੀ, ਆਪਣਾ ਝਟ ਲਿਆ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ

ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਆਵਾਂ ਨੇਤਰ ਰੋਂਦੀ, ਬਹੁੜੀ ਬਹੁੜੀ ਦੁਹਾਈਆ । ਢੋਲਾ ਆਵਾਂ ਗੌਂਦੀ, ਗਾ ਗਾ ਜਗਤ ਸੁਣਾਈਆ । ਮੈਨੂੰ ਲੋੜ ਨਹੀਂ ਕਿਸੇ ਮਾਂ ਪਿਓ ਦੀ, ਭੈਣ ਭਾਈ ਸਾਕ ਸੱਜਣ ਕੰਮ ਕਿਸੇ ਨਾ ਆਈਆ । ਮੈਨੂੰ ਪ੍ਰੀਤੀ ਓਸੇ ਦੇ ਨੇਹੋਂ ਦੀ, ਜੋ ਲੱਗੀ ਤੋੜ ਨਿਭਾਈਆ । ਮੈਂ ਨਿਆਜ਼ ਲਿਔਣੀ ਓਸ ਅਗੰਮੀ ਘਿਓ ਦੀ, ਜਿਸ ਘਿਰਤ ਨੂੰ ਜੋਤਾਂ ਵਾਲੀ ਹੱਥ ਕੋਇ ਨਾ ਪਾਈਆ । ਮੈਂ ਸੇਵਾ ਕਰਨੀ ਓਸ ਦਿਓ ਦੀ, ਜਿਸ ਨੂੰ ਮਸੀਹ ਕ਼ਦਮਾਂ ਵਿਚ ਝੁਕ ਕੇ ਸੀਸ ਨਿਵਾਈਆ । ਮੈਂ ਧਾਰ ਮੰਗਣੀ ਓਸ ਅੰਮ੍ਰਿਤ ਮੇਹੋਂ ਦੀ, ਜੋ ਬਿਨਾ ਰਸਨਾ ਰਸ ਚਖਾਈਆ । ਸਾਰੀ ਦੁਨੀਆ ਨੇ ਸਮਝਣਾ ਇਹ ਖੇਲ ਕਿਹੜੀ ਕਿਉਂ ਦੀ, ਕ਼ੀਮਤ ਕਰਤਾ ਕੋਇ ਨਾ ਪਾਈਆ । ਸਚ ਪੁੱਛੇ ਚੌਦਾਂ ਸੌ ਬਰਸ ਮੈਨੂੰ ਅੱਗ ਲੱਗੀ ਰਹੀ ਬਿਰਹੋਂ ਦੀ, ਵਿਛੋੜੇ ਵਿਚ ਤੜਪ ਤੜਪ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਦਏ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਡਰਨਾ ਨਹੀਂ ਕਿਸੇ ਇਸਲਾਮ, ਪੈਗ਼ੰਬਰਾਂ ਭੈ ਨਾ ਕੋਇ ਰਖਾਈਆ । ਮੈਂ ਸੁਣਨੀ ਨਹੀਂ ਕਲਾਮ, ਕਲਮਿਆਂ ਦੇਣਾ ਤਜਾਈਆ । ਮੈਂ ਵੇਖਣਾ ਨਹੀਂ ਕੋਈ ਹਜਾਮ, ਮੁੱਛ ਦਾੜ੍ਹੀ ਦਏ ਕਟਾਈਆ । ਮੈਂ ਨਬੀ ਛੱਡਣੇ ਤਮਾਮ, ਚਾਰ ਯਾਰਾਂ ਨਾਲੋ ਯਾਰੀ ਲੈਣੀ ਤੁੜਾਈਆ । ਮੈਂ ਵੇਖਣਾ ਨਹੀਂ ਅਰਾਮ, ਸੁਖ ਕੰਮ ਕੋਇ ਨਾ ਆਈਆ । ਮੈਂ ਰਹਿਣਾ ਨਹੀਂ ਗ਼ੁਲਾਮ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਮੈਂ ਮੰਗਣਾ ਨਹੀਂ ਇਨਾਮ, ਝੋਲੀ ਅੱਗੇ ਨਾ ਕਿਸੇ ਫੈਲਾਈਆ । ਮੇਰੇ ਅੰਦਰ ਚਾਓ ਘਨੇਰਾ ਮੈਂ ਵੇਖਣਾ ਓਹ ਅਮਾਮ, ਜਿਸ ਨੂੰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਜਿਸ ਦੇ ਹੁਕਮ ਨਾਲ ਔਂਦੇ ਰਹੇ ਜਹਾਨ, ਲੋਕਮਾਤ ਢੋਲੇ ਗਾਈਆ । ਮੈਂ ਓਸ ਦਾ ਵੇਖਣਾ ਮਕਾਨ, ਜੋ ਮੁਕਾਮੇ ਹੱਕ ਸੋਭਾ ਪਾਈਆ । ਓਸ ਦਾ ਜਪਣਾ ਨਾਮ, ਜੋ ਨਾਉਂ ਨਿਰੰਕਾਰਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮੇਰੀ ਆਸਾ ਮਨਸਾ ਆਪਣੇ ਵਿਚ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਮੱਥੇ ਲੌਂਦੀ ਆਵਾਂ ਖ਼ਾਕ, ਖ਼ਾਕਸਾਰ ਰੂਪ ਵਟਾਈਆ । ਧੰਨ ਭਾਗ ਜੇ ਮਿਲਣ ਦਾ ਹੋਇਆ ਇਤਫ਼ਾਕ਼, ਇਤਫ਼ਾਕ਼ੀਆ ਮਿਲਿਆ ਬੇਪ੍ਰਵਾਹੀਆ । ਮਿਤ੍ਰ ਪਿਆਰਾ ਧੁਰ ਦਾ ਅਹਿਬਾਬ, ਸੱਜਣ ਮੀਤ ਸੋਭਾ ਪਾਈਆ । ਸਤਿ ਸਚ ਵਜਾਏ ਰਬਾਬ, ਜੋ ਤੂੰਹੀ ਤੂੰਹੀ ਰਾਗ ਅਲਾਈਆ । ਸਦੀ ਚੌਧਵੀਂ ਕਹੇ ਮੈਂ ਓਸ ਦੀ ਯਾਦ ਵਿਚ ਅਜੇ ਤਕ ਭੁੰਨ ਨਹੀਂ ਖਾਧਾ ਕਬਾਬ, ਰਸਨਾ ਰਸ ਨਾ ਕੋਇ ਚਖਾਈਆ । ਕਿਸੇ ਨਾਲ ਅੰਗ ਲਗਾ ਕੇ ਲਗਾਇਆ ਨਹੀਂ ਦਾਗ਼, ਦਗ਼ੇਬਾਜ਼ ਛੱਡੀ ਲੋਕਾਈਆ । ਨਾਤਾ ਤੋੜ ਦਿਤਾ ਸਮਾਜ, ਬੰਧਨ ਰਿਹਾ ਨਾ ਰਾਈਆ । ਮੈਂ ਮੰਗਦੀ ਓਸ ਦਾ ਰਾਜ, ਜੋ ਰਾਓ ਰੰਕਾਂ ਲਏ ਬਚਾਈਆ । ਜਿਸ ਨੇ ਖੇਲ ਕੀਤੀ ਆਦਿ, ਅੰਤ ਓਹੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਮੇਰੀ ਝੋਲੀ ਪਾਈਆ । ਸਦੀ ਚੌਧਵੀਂ ਕਹੇ ਮੈਂ ਆਯੂ ਵਿਚ ਲੰਮੀ, ਮਾਨਵਾਂ ਦਿਆਂ ਸੁਣਾਈਆ । ਮੈਂ ਮੁਹੰਮਦ ਦੀ ਆਸ਼ਾ ਵਿਚ ਜੰਮੀ, ਕਲਮੇ ਵਿਚ ਆਪਣਾ ਨਾਂ ਧਰਾਈਆ । ਧੁਰ ਦੇ ਹੁਕਮ ਨਾਲ ਮੰਨੀ, ਰਜ਼ਾ ਵਿਚ ਸੇਵ ਕਮਾਈਆ । ਸੁਖ਼ਨ ਸੁਣਿਆ ਆਪਣੀ ਕੰਨੀਂ, ਸੰਦੇਸ਼ਾ ਧੁਰਦਰਗਾਹੀਆ । ਸੁਣ ਮੇਰੀ ਲਾਡਲੀ ਚੰਨੀ, ਚੰਦ ਸਿਤਾਰਾ ਤੇਰੀ ਦਏ ਗਵਾਹੀਆ । ਚੌਦਾਂ ਸਦੀਆਂ ਉਮਤ ਧਾਰ ਬੰਨ੍ਹੀ, ਬੰਨਾ ਹੱਦ ਦਿਤਾ ਵਖਾਈਆ । ਜਿਸ ਵੇਲੇ ਕਾਇਨਾਤ ਹੋਣੀ ਅੰਨ੍ਹੀ, ਨੇਤਰਹੀਣ ਦਏ ਦੁਹਾਈਆ । ਮਿਤ੍ਰ ਪਿਆਰਾ ਰਿਹਾ ਕੋਇ ਨਾ ਤਨੀ, ਮੁੱਲਾ ਸ਼ੇਖ਼ ਮੁਸਾਇਕ ਪੱਲੂ ਜਾਣ ਛੁਡਾਈਆ । ਓਸ ਵੇਲੇ ਤੂੰ ਇਕ ਪਰਵਰਦਿਗਾਰ ਦੀ ਬਣੀ ਵੰਨੀ, ਖ਼ਾਵੰਦ

ਇਕ ਲੈਣਾ ਹੰਢਾਈਆ । ਜਿਸ ਦਾ ਵਸੇਰਾ ਨਹੀਂ ਛੱਪਰ ਛੰਨੀ, ਜੰਗਲ ਜੂਹ ਨਾ ਡੇਰਾ ਲਾਈਆ । ਪਿਆਰ ਮੁਹੱਬਤ ਵਿਚ ਤੇਰੇ ਨਾਲ ਬੰਨ੍ਹ ਲਏ ਆਪਣੀ ਕੰਨੀ, ਚੌਦਾਂ ਸੌ ਸਾਲ ਦੀ ਕੁਆਰੀ ਕੰਨਿਆ ਲਏ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਿਤ੍ਰ ਪਿਆਰਾ ਧੁਰਦਰਗਾਹੀ ਤਨੀ, ਤਨ ਮਨ ਦਾ ਰਾਖਾ ਆਪ ਅਖਵਾਈਆ ।

ਸਦੀ ਚੌਧਵੀਂ ਕਹੇ ਮੇਰਾ ਸੱਤ ਰੰਗ ਦਾ ਹੋਵੇ ਕਲੀਰਾ, ਹਿੱਸੇ ਪੰਜ ਪੰਜ ਬਣਾਈਆ । ਮਾਝੇ ਵਿਚੋਂ ਲਿਆਵੇ ਨਰੈਣ ਸਿੰਘ ਮੇਰਾ ਵੀਰਾ, ਪੁਰ ਗੁਮਾਨ ਸੋਭਾ ਪਾਈਆ । ਦੁਆਬੇ ਵਿਚੋਂ ਲਾਲ ਸਿੰਘ ਬਣ ਕੇ ਹੀਰਾ, ਹੱਥ ਆਪਣੇ ਲਏ ਟਿਕਾਈਆ । ਮਾਲਵੇ ਵਿਚੋਂ ਸੁਦਾਗਰ ਸਿੰਘ ਬੰਨ੍ਹ ਕੇ ਲਾਲ ਚੀਰਾ, ਧੁਰ ਦੀ ਸੇਵਾ ਲਏ ਕਮਾਈਆ । ਜੰਮੂ ਵਿਚੋਂ ਚੇਲਾ ਸਿੰਘ ਆਵੇ ਧੀਰਾ ਧੀਰਾ, ਧਰਮ ਦੀ ਧਾਰ ਰੂਪ ਬਦਲਾਈਆ । ਚੌਹਾਂ ਦਾ ਹੋਵੇ ਇਕ ਵਤੀਰਾ, ਹੱਥ ਹੱਥ ਨਾਲ ਮਿਲਾਈਆ । ਵੀਹਾਂ ਦਾ ਵੀਹਵੀਂ ਸਦੀ ਹੋਏ ਅਖ਼ੀਰਾ, ਵਾਹਵਾ ਵੱਜੇ ਵਧਾਈਆ । ਕਿਸ਼ਨ ਸਿੰਘ ਡਾਹਵੇ ਪੀਹੜਾ, ਢਾਈ ਗਜ਼ ਪੁਰਾਣਾ ਦੁਪੱਟਾ ਉਪਰ ਪਾਈਆ । ਮੇਰੇ ਲਾਗੇ ਥਾਂ ਨਾ ਹੋਵੇ ਭੀੜਾ, ਸੱਤ ਸੱਤ ਕ਼ਦਮ ਜਗਹ ਦੇਣੀ ਬਣਾਈਆ । ਇਕ ਫੜ ਕੇ ਕਾਲਾ ਕੀੜਾ, ਮਾਰ ਕੇ ਪੀਹੜੇ ਉਤੇ ਦੇਣਾ ਟਿਕਾਈਆ । ਇਕ ਦਾਣਾ ਲੈ ਕੇ ਜ਼ੀਰਾ, ਨਾਲ ਦੇਣਾ ਰਖਾਈਆ । ਸਵਾ ਪਾ ਦੁੱਧ ਹੋਵੇ ਸ਼ੀਰਾ, ਮਿੱਠਾ ਰਸ ਚਖਾਈਆ । ਇਕ ਕਿਰਪਾਨ ਦਾ ਹੋਵੇ ਬੀੜਾ, ਸ਼ਸਤਰ ਦੇਣਾ ਟਿਕਾਈਆ । ਲਾਲ ਰੰਗ ਦੀ ਮਾਰ ਲਕੀਰਾ, ਹੱਦ ਦੇਣੀ ਸੁਹਾਈਆ । ਕੇਅਰ ਸਿੰਘ ਬਣ ਕੇ ਹਾਲ ਫ਼ਕੀਰਾ, ਬਗ਼ਲੀ ਗਲ ਵਿਚ ਲਟਕਾਈਆ । ਆਸਾ ਸਿੰਘ ਸੰਗਲ ਗਲ ਪਾ ਜ਼ੰਜੀਰਾ, ਵਲ ਤਿੰਨ ਤਿੰਨ ਵਖਾਈਆ । ਭਜਨ ਸਿੰਘ ਲੈ ਕੇ ਇਕ ਗਡੀਰਾ, ਬੱਚਿਆਂ ਵਾਂਗ ਭੱਜੇ ਚਾਈਂ ਚਾਈਆ । ਦਵਿੰਦਰ ਲੈ ਕੇ ਲਾਲ ਲੀੜਾ, ਨੰਨ੍ਹੀ ਬੱਚੀ ਰੂਪ ਵਟਾਈਆ । ਜੁਗਿੰਦਰ ਸਭ ਦੀ ਬਣ ਹਮਸ਼ੀਰਾ, ਪਾਣੀ ਗਲਾਸ ਹੱਥ ਉਠਾਈਆ । ਪ੍ਰੀਤਮ ਸਿੰਘ ਦੁਆਬੇ ਵਾਲਾ ਆਪਣੀ ਨੰਗੀ ਕਰਕੇ ਹੱਡੀ ਰੀੜਾ, ਕਾਲਾ ਦਾਗ਼ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਸਦੀ ਚੌਧਵੀਂ ਕਹੇ ਕੋਲ ਹੋਵੇ ਇਕ ਗੂੰਗਾ, ਮੁਖ ਕਹਿਣ ਕੁਛ ਨਾ ਪਾਈਆ । ਅਮੀਰ ਚੰਦ ਗੁਲਾਟੀ ਫੁੱਲੀਆਂ ਦਾ ਲੈ ਕੇ ਆਵੇ ਝੂੰਗਾ, ਪਿਛਲਾ ਲਹਿਣਾ ਝੋਲੀ ਪਾਈਆ । ਨਾਲ ਛੋਟਾ ਬੱਚਾ ਹੋਵੇ ਮੁੰਡਾ, ਕੁੱਖ ਕਸ਼ਮੀਰੋ ਦਏ ਸੁਹਾਈਆ । ਗੁਰਸਿਖ ਇਕ ਲੱਤਾਂ ਤੋਂ ਹੋਵੇ ਟੁੰਡਾ, ਸਹਾਰਾ ਲਾਠੀ ਵਾਲਾ ਬਣਾਈਆ । ਰਣਜੀਤ ਕੌਰ ਕੰਨ ਵਿਚ ਪਾ ਕੇ ਬੁੰਦਾ, ਕੇਸ ਖੁਲ੍ਹੇ ਦਏ ਰਖਾਈਆ । ਅੱਗੇ ਵੇਖੋ ਖੇਲ ਕਿਹੜਾ ਫੇਰ ਹੁੰਦਾ, ਹਿੰਦੁਸਤਾਨ ਵਿਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗਿਰਧਾਰੇ ਕੋਲ ਹੋਵੇ ਟੁੱਕੜਾ ਬਰਫ਼ੀ, ਹੱਥ ਸੱਜੇ ਵਿਚ ਉਠਾਈਆ । ਚਰਨੀ ਕੋਲ ਹੋਵੇ ਕੜਛੀ, ਜੋ ਘਰ ਬਾਹਰ ਛੱਡ ਕੇ ਪ੍ਰਭ ਦੀ ਸੇਵ ਕਮਾਈਆ । ਰਾਮ ਸਿੰਘ ਕੋਲ ਹੋਵੇ ਪਰਚੀ, ਬੱਧਕ ਦਾ ਲੇਖਾ ਦਏ ਚੁਕਾਈਆ । ਬਿਸ਼ਨ ਕੌਰ ਦੇ ਕੋਲ ਹੋਵੇ ਚਰਖੀ, ਸੂਤਰ ਤੰਦ ਇਕ ਵਖਾਈਆ । ਬਸੰਤ ਕੌਰ

ਦੀ ਚਿੱਟੀ ਹੋਵੇ ਵਰਦੀ, ਅੰਤ ਦਾ ਲੇਖਾ ਦਏ ਮੁਕਾਈਆ । ਹਰਬੰਸ ਕੌਰ ਪ੍ਰਭ ਦੀ ਬਾਣੀ ਹੋਵੇ ਪੜ੍ਹਦੀ, ਸ਼ਬਦੀ ਰਾਗ ਅਲਾਈਆ । ਸਭ ਦਾ ਮੁਖ ਹੋਣਾ ਦਿਸ਼ਾ ਚੜ੍ਹਦੀ, ਮਨਜੀਤ ਦਏ ਗਵਾਹੀਆ । ਲਹਿੰਦੀ ਦਿਸ਼ਾ ਵੇਖੇ ਲੜਦੀ, ਸਦੀ ਚੌਧਵੀਂ ਆਖ ਸੁਣਾਈਆ । ਇਹ ਖੇਲ ਆਪਣੇ ਘਰ ਦੀ, ਘਰ ਵਿਚ ਲੈਣੀ ਬਣਾਈਆ । ਸਦੀ ਚੌਧਵੀਂ ਕਹੇ ਮੈਨੂੰ ਆਈ ਹੱਕ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਮੈਂ ਔਣਾ ਭਗਤ ਦਵਾਰ, ਖ਼ੁਸ਼ੀਆਂ ਵਿਚ ਚਾਈਂ ਚਾਈਂਆ । ਬਾਹਰ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਨੌ ਦਾ ਵਕ਼ਤ ਲੈਣਾ ਵਿਚਾਰ, ਵੱਧ ਘੱਟ ਨਾ ਕੋਇ ਰਖਾਈਆ । ਪੰਜ ਪਿਆਰੇ ਮੈਨੂੰ ਮਿਲਣ ਪਹਿਲੀ ਵਾਰ, ਬਸਤਰ ਪੀਲੇ ਤਨ ਛੁਹਾਈਆ । ਨੰਗੀ ਕੱਢ ਕੇ ਹੱਥ ਕਟਾਰ, ਕਟਾਕਸ਼ ਧੁਰ ਦਾ ਦੇਣ ਲਗਾਈਆ । ਮੈਂ ਕਰ ਕੇ ਨਿਮਸਕਾਰ, ਸੀਸ ਦਿਆਂ ਝੁਕਾਈਆ । ਮੈਂ ਸੁਣਿਆ ਤੁਹਾਡਾ ਵਸੇ ਏਥੇ ਯਾਰ, ਕਰਤਾ ਧੁਰਦਰਗਾਹੀਆ । ਜੇ ਤੁਹਾਨੂੰ ਉਹਦੇ ਉਤੇ ਇਤਬਾਰ, ਮੈਨੂੰ ਦਿਓ ਮਿਲਾਈਆ । ਮੈਂ ਸਗਣ ਮਨੌਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਨਾਲ ਰਖਾਈਆ । ਨਬੀ ਰਸੂਲ ਡਰਦੇ ਕੁਛ ਨਾ ਸਕਣ ਉਚਾਰ, ਭੈ ਵਿਚ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਉਹ ਆਸਣ, ਚਿਰਾਂ ਤੋਂ ਆਸ ਰਖਾਈਆ । ਜਿਥੇ ਬਹੇ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਵਛੌਣੀ ਓਹ ਚਾਦਰ, ਜਿਹੜੀ ਕੌਰ ਤ੍ਰਿਪਤ ਦੀ ਸੇਵ ਲਗਾਈਆ । ਬਖ਼ਸ਼ੀਸ਼ ਸਿੰਘ ਹੋਵੇ ਨਾਲ ਸਾਥਨ, ਕੰਨੀ ਕੰਨੀ ਨਾਲ ਉਠਾਈਆ । ਸਦੀ ਚੌਧਵੀਂ ਕਹੇ ਮੈਂ ਦੁਹਾਈ ਦੇ ਕੇ ਕਹਾਂ ਮੈਂ ਸਦੀਆਂ ਦੀ ਪਾਪਣ, ਮੇਰਾ ਪਾਪ ਨਾ ਕੋਇ ਗਵਾਈਆ । ਜਿਸ ਵੇਲੇ ਮੁਹੰਮਦ ਦੀ ਉਮਤ ਲੱਗੀ ਗਵਾਚਣ, ਮੈਂ ਵਿਚੋਂ ਪੈਰ ਆਈ ਖ਼ਿਸਕਾਈਆ । ਮੇਰਾ ਸੁਖੀ ਹੋਇਆ ਸਵਾਸਨ, ਜਨ ਭਗਤਾਂ ਦਰਸ਼ਨ ਪਾਈਆ । ਮੁਨੀ ਮੁਨੀਸ਼ਰ ਸਾਰੇ ਆਖਣ, ਇਹੋ ਧੁਰਦਰਗਾਹੀਆ । ਅੱਜ ਮੇਰੀ ਲੇਖੇ ਲੱਗੀ ਸਗਨਾਂ ਵਾਲੀ ਕੀਤੀ ਦਾਤਣ, ਆਪਣਾ ਰੰਗ ਬਦਲਾਈਆ । ਮੈਨੂੰ ਸਾਰੇ ਅੰਦਰੋਂ ਪ੍ਰਭੂ ਦੇ ਪਿਆਰੇ ਜਾਪਣ, ਜੋ ਸੋਹੰ ਜਪ ਕੇ ਆਪਣਾ ਝਟ ਲੰਘਾਈਆ । ਜਿਹੜੇ ਇਕੋ ਅੱਖਰ ਵਾਚਣ, ਜਗਤ ਵਿਦਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਵਖਾਇਓ ਕਾਲੀ ਅਲਫ਼ੀ, ਅਲਿਫ਼ ਯੇ ਦਿਤੀ ਤਜਾਈਆ । ਮੇਰੇ ਖ਼ੁਦਾ ਦੀ ਚੌਥੀ ਬਰਸੀ, ਚੌਥਾ ਜੁਗ ਦਏ ਦੁਹਾਈਆ । ਜਨ ਭਗਤੋ ਮੈਂ ਤੁਹਾਡੇ ਵਿਚ ਹੋ ਜਾਣਾ ਭਰਤੀ, ਆਪਣਾ ਨਾਵਾਂ ਲੈਣਾ ਲਗਾਈਆ । ਫਿਰ ਤੁਹਾਡੇ ਅੱਗੇ ਕਰਾਂਗੀ ਅਰਜ਼ੀ, ਅਰਜ਼ ਦੇਣੀ ਸੁਣਾਈਆ । ਸਤਿਗੁਰ ਕਦੇ ਨਾ ਮੰਨਿਓ ਫ਼ਰਜ਼ੀ, ਜੋ ਜੰਮ ਕੇ ਫੇਰ ਮਰ ਜਾਈਆ । ਪੁਰਖ ਅਕਾਲ ਬਿਨਾ ਕੋਈ ਨਹੀਂ ਤੁਹਾਡਾ ਦਰਦੀ, ਮਾਤ ਪਿਤ ਭਾਈ ਭੈਣ ਝੂਠੇ ਨਾਤੇ ਜਾਣ ਛੁਡਾਈਆ । ਨਾਰ ਕੰਤ ਇਕ ਦੂਜੇ ਦੇ ਗ਼ਰਜ਼ੀ, ਅੰਤ ਤੋੜ ਨਾ ਕੋਇ ਨਿਭਾਈਆ । ਮੈਂ ਚਾਹੁੰਦੀ ਤੁਹਾਡੀ ਸਾਰਿਆਂ ਦੀ ਪ੍ਰਭ ਦੇ ਨਾਲ ਹੋ ਜਾਏ ਮਰਜ਼ੀ, ਜਨਮ ਮਰਨ ਦੀ ਮਰਜ਼ ਰਹੇ ਨਾ ਰਾਈਆ । ਜੇ ਤੁਸੀਂ ਰੋਕੋ ਪ੍ਰਭ ਦਰਸ਼ਨ ਤੋਂ ਮੈਂ ਨਹੀਂ ਰਹਿਣਾ ਵਰਜੀ, ਵਾਜਬ ਬਚਨ ਦਿਤਾ ਸੁਣਾਈਆ । ਮੇਰੇ ਵਾਸਤੇ ਸਾਢੇ ਤਿੰਨ ਗਜ਼ ਦੀ ਅਲਫ਼ੀ ਸੀਂ ਕੇ ਲਿਆਵੇ ਲਾਲ ਸਿੰਘ ਦਰਜ਼ੀ, ਜੋ ਯਾਰਾਨਾ ਪਿਛਲਾ ਮੁਹੰਮਦ ਨਾਲ ਰਖਾਈਆ । ਮੈਂ ਫਿਰ ਭੇਦ ਖੋਲ੍ਹਾਂਗੀ ਅਗਲੀ ਗੱਲ ਦੀ, ਕੀ ਆਸ਼ਾ ਹੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਦੀ ਚੌਧਵੀਂ ਕਹੇ

ਇਕੋ ਮੇਰਾ ਅੱਬਾ, ਆਲਮੀਨ ਅਖਵਾਈਆ । ਜਿਸ ਦਾ ਦੋ ਜਹਾਨ ਦੱਬਾ, ਭੈ ਵਿਚ ਡਰਾਈਆ । ਓਹ ਲੱਭਿਆਂ ਕਿਸੇ ਨਾ ਲੱਭਾ, ਖੋਜੇ ਜਗਤ ਲੋਕਾਈਆ । ਵਸੇ ਆਪਣੀ ਹੱਦਾ, ਸਚਖੰਡ ਡੇਰਾ ਲਾਈਆ । ਸਭ ਤੋਂ ਵਖਰਾ ਅੱਡਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੇ ਭਗਤ ਦੇਵੇ ਓਹਨੂੰ ਸੱਦਾ, ਓਹ ਲੋਕਮਾਤ ਆਵੇ ਚਾਈਂ ਚਾਈਂਆ । ਜੁਗ ਚੌਕੜੀ ਪ੍ਰੇਮ ਪਿਆਰ ਦਾ ਬੱਧਾ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਾਰਨਹਾਰਾ ਮੱਛ ਕੱਛ ਡੱਡਾਂ, ਡੰਡਾਵਤ ਵਿਚ ਮਨੌਤ ਆਪਣੀ ਇਕ ਜਣਾਈਆ ।

ਗੁਰਮੁਖ ਇੱਕੀ ਲਾਲ ਬੰਨ੍ਹਣ ਦਸਤਾਰੇ, ਇੱਕੀਆਂ ਗੰਢ ਪੁਆਈਆ । ਦਸ ਵਿਆਹੇ ਦਸ ਕੁਆਰੇ, ਇੱਕੀਵਾਂ ਰੰਡਾਂ ਨਜ਼ਰੀ ਆਈਆ । ਸਾਰਿਆਂ ਦੇ ਹੱਥ ਵਿਚ ਹੋਣ ਪੰਜ ਪੰਜ ਛੁਹਾਰੇ, ਵੱਡਾ ਛੋਟਾ ਨਾ ਵੇਖ ਵਖਾਈਆ । ਇੱਕੀ ਇੱਕੀ ਬੋਲਣ ਜੈਕਾਰੇ, ਢੋਲਾ ਧੁਰਦਰਗਾਹੀਆ । ਸੁਰਜੀਤ ਸਿੰਘ ਹੋਵੇ ਵਿਚਕਾਰੇ, ਬੈਠਾ ਉਠਿਆ ਇਕੋ ਰੰਗ ਰੰਗਾਈਆ । ਜਿਸ ਦਾ ਵਿਆਹ ਹੋਣਾ ਸੀ ਦੁਬਾਰੇ, ਓਸਦਾ ਲਹਿਣਾ ਪੂਰ ਕਰਾਈਆ । ਗੁਰਦਰਸ਼ਨ ਦੇ ਥੋੜ੍ਹੇ ਦਿਨ ਰਹਿੰਦੇ ਸੀ ਵਿਚ ਸੰਸਾਰੇ, ਨੌ ਮਾਘ ਅੰਤ ਅਖ਼ੀਰ ਸਮਝਾਈਆ । ਓਸ ਨੂੰ ਜਨਮ ਦੇਣਾ ਫੇਰ ਵਿਚੋਂ ਆਪਣੀ ਧਾਰੇ, ਪਿਛਲੇ ਕਰਮ ਦਾ ਲੇਖ ਬਣਾਈਆ । ਬਾਵਨ ਬਲ ਬਲ ਬਾਵਨ ਦੋਵੇਂ ਕਰਨ ਨਿਮਸਕਾਰੇ, ਨਿਉਂ ਨਿਉਂ ਸੀਸ ਝੁਕਾਈਆ । ਤੇਰਾ ਖੇਲ ਸੱਚੀ ਸਰਕਾਰੇ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਇਹ ਖੇਲ ਪ੍ਰਭੂ ਮਹਾਨਾ, ਮੈਂ ਸਚ ਦਿਆਂ ਜਣਾਈਆ । ਜਿਹੜਾ ਪੀੜ੍ਹਾ ਮੰਗਾਇਆ ਸੀ ਨਾਲ ਬਹਾਨਾ, ਵਿਆਹ ਗੁਰਦਰਸ਼ਨ ਦਾ ਯਾਦ ਕਰਾਈਆ । ਅਜੇ ਤਕ ਓਸ ਨੂੰ ਹੁਕਮ ਨਹੀਂ ਦਿਤਾ ਤੇਰਾ ਏਸ ਉਤੇ ਮਾਲਕਾਨਾ, ਤੇਰੀ ਵੰਡ ਵੰਡਾਈਆ । ਓਹਨੂੰ ਰੱਖਿਆ ਕਰ ਬੇਗਾਨਾ, ਸਦੀ ਚੌਧਵੀਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਦਇਆ ਕਮਾਈਆ । ਗੁਰਦਰਸ਼ਨ ਦਾ ਲੇਖਾ ਪਿਛਲੇ ਸਤਿਜੁਗ ਦੀ ਧਾਰ, ਚਾਰ ਜੁਗ ਤੋਂ ਚਲੀ ਆਈਆ । ਸਦੀ ਚੌਧਵੀਂ ਕਲ ਹੋਈ ਤਿਆਰ, ਮੁਹੰਮਦ ਨਾਲ ਵਡਿਆਈਆ । ਖੇਲ ਕਰਨ ਵਾਲਾ ਕਰਤਾਰ, ਲੇਖਾ ਜਾਣੇ ਥਾਉਂ ਥਾਈਆ । ਜਿਸ ਕੰਨਿਆ ਨੇ ਘਰ ਘਰ ਭਗਤਾਂ ਦੇ ਦਵਾਰੇ ਭੋਗ ਦਾ ਕਰਾਇਆ ਵਿਹਾਰ, ਰਾਓ ਰੰਕ ਇਕੋ ਜੇਹੇ ਦਿਤੇ ਬਣਾਈਆ । ਓਸ ਦੀ ਜਗਹ ਸਦੀ ਚੌਧਵੀਂ ਨੂੰ ਪੀਹੜੇ ਉਤੇ ਦੇਣਾ ਬੈਠਾਲ, ਮੌਤ ਨਾਲ ਲਾੜੀ ਦੇਣੀ ਪ੍ਰਨਾਈਆ । ਪ੍ਰਭ ਦਾ ਖੇਲ ਕੋਈ ਨਾ ਜਾਣੇ ਸਾਰੇ ਜੀਵ ਬਾਲ, ਬਾਲੀ ਬੁਧ ਨਾ ਕੋਇ ਵਡਿਆਈਆ । ਬਿਨਾ ਵਕ਼ਤ ਤੋਂ ਪੁਰਖ ਅਕਾਲ ਕਦੇ ਨਹੀਂ ਕਰਦਾ ਇਕ਼ਬਾਲ, ਆਪਣਾ ਭੇਵ ਨਾ ਕਿਸੇ ਜਣਾਈਆ । ਬਲ ਵੇਲੇ ਦਾ ਸਵਰਨ ਸਿੰਘ ਏਸ ਘਰ ਦਾ ਇਕ ਨਿੱਕਾ ਜਿਹਾ ਬਾਲ, ਜੋ ਬਾਵਨ ਦਾ ਦਰਸ਼ਨ ਪਾਈਆ । ਏਸੇ ਕਰ ਕੇ ਏਥੇ ਖੋਲ੍ਹਿਆ ਹਾਲ, ਅਗਲਾ ਲੇਖਾ ਫੇਰ ਦਿਆਂ ਸਮਝਾਈਆ । ਪ੍ਰਭ ਦੀ ਮਰਜ਼ੀ ਜਿਸ ਨੂੰ ਚਾਹੇ ਮਾਰੇ ਜਿਸ ਨੂੰ ਚਾਹੇ ਦਏ ਜਵਾਲ, ਪੁਛਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ ।

## ❋ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਮੈਂ ਆਈ ਭੱਜੀ ਨੱਠੀ, ਬੰਦਗੀ ਬੰਦਿਆਂ ਵਾਲੀ ਤਜਾਈਆ । ਚੌਦਾਂ ਤਬਕਾਂ ਟੱਪੀ, ਪੱਲਾ ਆਈ ਛੁਡਾਈਆ । ਆਸ਼ਾ ਕਰ ਕੇ ਪੱਕੀ, ਪਹੁੰਚੀ ਚਾਈਂ ਚਾਈਂਆ । ਮੇਰੀ ਪ੍ਰੀਤ ਹੋਵੇ ਨਾ ਕੱਚੀ, ਕੱਚਾ ਤੰਦ ਨਾ ਰੂਪ ਵਖਾਈਆ । ਜੋ ਪਿਛਲੀ ਆਸਾ ਰੱਖੀ, ਸਹਿਜੇ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਕ਼ੀਕ਼ਤ ਹੱਕੀ, ਹੱਕ ਦਿਆਂ ਦ੍ਰਿੜਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਨਾਲ ਚਾ, ਚਾਓ ਘਨੇਰਾ ਇਕ ਜਣਾਈਆ । ਮੈਂ ਭਗਤ ਦਵਾਰੇ ਅੱਗੇ ਲਿਆ ਸਾਹ, ਸਾਹ ਸਾਹ ਵਿਚੋਂ ਬਦਲਾਈਆ । ਪੰਜਾਂ ਪਿਆਰਿਆਂ ਕੋਲੋਂ ਮੰਗੀ ਪਨਾਹ, ਸੀਸ ਸੀਸ ਝੁਕਾਈਆ । ਮੇਰਾ ਪਿਛਲਾ ਬਖ਼ਸ਼ੇ ਗੁਨਾਹ, ਦੁਖੜਾ ਰਹੇ ਨਾ ਰਾਈਆ । ਮੁਹੱਬਤ ਵਿਚ ਕਰੋ ਹਾਂ, ਹਾਮੀ ਭਰੋ ਥਾਈਂ ਥਾਈਂਆ । ਮੈਂ ਵੀ ਜਾ ਕੇ ਦਰਸ਼ਨ ਕਰਾਂ, ਜੋ ਮਾਲਕ ਧੁਰਦਰਗਾਹੀਆ । ਜਿਸ ਨੇ ਜੀਵਣ ਦੇਣਾ ਨਵਾਂ, ਨਵ ਨੌ ਚਾਰ ਡੇਰਾ ਢਾਹੀਆ । ਮੇਰਾ ਪੂਰਾ ਹੋਇਆ ਸਮਾਂ, ਸਹਿਜ ਸਹਿਜ ਸੁਣਾਈਆ । ਮੈਂ ਓਸ ਦੀ ਚਰਨੀ ਪਵਾਂ, ਪਵਣ ਪਾਣੀ ਜਿਸ ਦੀ ਸੇਵ ਕਮਾਈਆ । ਓਸ ਦਵਾਰੇ ਬਹਵਾਂ, ਜਿਥੇ ਬੈਠਿਆਂ ਨਾ ਕੋਇ ਉਠਾਈਆ । ਮੈਨੂੰ ਜਗਤ ਦੀ ਨਹੀਂ ਕੋਈ ਤਮਅ, ਲਾਲਚ ਵਿਚ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਵੇਖੋ ਤਨ ਵਜੂਦ, ਅੰਦਰ ਬਾਹਰ ਵੱਜੇ ਵਧਾਈਆ । ਮਿਲਿਆ ਮਾਲਕ ਇਕ ਮਹਿਬੂਬ, ਮਹਵ ਨੂਰ ਖ਼ੁਦਾਈਆ । ਜਿਸ ਦਾ ਸਾਰੇ ਦੇਂਦੇ ਗਏ ਸਬੂਤ, ਭਵਿਖਤਾਂ ਵਿਚ ਲਿਖਾਈਆ । ਜਿਧਰ ਵੇਖਾਂ ਓਧਰ ਮੌਜੂਦ, ਚਾਰੋਂ ਕੁੰਟ ਨੂਰ ਰੁਸ਼ਨਾਈਆ । ਮੰਜ਼ਲ ਦੱਸ ਹੱਕ ਮਕਸੂਦ, ਦਰਗਾਹ ਸਾਚੀ ਇਕ ਵਡਿਆਈਆ । ਜਿਥੇ ਅੱਖਰ ਨਹੀਂ ਹਜ਼ਾਰਾ ਦਰੂਦ, ਬਸਰੀ ਇਸਮ ਨਾ ਕੋਇ ਸ਼ਨਵਾਈਆ । ਨਾ ਕੋਈ ਹੱਥਾਂ ਵਾਲੀ ਪੂਜ, ਨਾ ਕੋਈ ਸੱਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਆਈ ਭੱਜੀ ਦੌੜੀ, ਪਿਛਲਾ ਪੰਧ ਮੁਕਾਈਆ । ਚੌਦਾਂ ਤਬਕਾਂ ਲਾ ਕੇ ਪੌੜੀ, ਪੌੜੀ ਡੰਡੇ ਆਈ ਤਜਾਈਆ । ਉਮਤ ਅੰਤਮ ਵੇਖੀ ਕੌੜੀ, ਮਿੱਠਾ ਰਸ ਨਾ ਕੋਇ ਚਖਾਈਆ । ਮੇਰੀ ਦੁਹਾਈ ਬਹੁੜੀ ਬਹੁੜੀ, ਹੋਕਾ ਹੱਕ ਅਲਾਈਆ । ਮੈਂ ਵੇਖਣਾ ਤੱਕ ਕੇ ਗ਼ੌਰੀ, ਬਿਨ ਨੇਤਰ ਅੱਖ ਖੁਲ੍ਹਾਈਆ । ਨਜ਼ਰ ਆਇਆ ਅਵਰ ਦਾ ਔਰੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਆਈ ਦੂਰ ਦੁਰਾਡੀ ਨੱਸੀ, ਨਸਾਂ ਆਪਣੀਆਂ ਰਹੀ ਵਖਾਈਆ । ਚੌਦਾਂ ਵਾਰ ਮੈਂ ਚੌਦਾਂ ਤਬਕਾਂ ਵਿਚ ਫਸੀ, ਕੰਢੇ ਉਤੇ ਡਿੱਗ ਡਿੱਗ ਆਪਣਾ ਆਪ ਭੰਨਾਈਆ । ਸ਼ਰਅ ਦੀ ਤੋੜ ਕੇ ਸਹਿਜੇ ਰੱਸੀ, ਰਸਤਾ ਆਪਣਾ ਲਿਆ ਅਪਨਾਈਆ । ਮੈਂ ਹੈਰਾਨ ਹੋਈ ਜਿਸ ਵੇਲੇ ਚਾਰ ਕੁੰਟ ਵੇਖਿਆ ਆਪਣੀ ਅੱਖੀਂ, ਧੁਰ ਦੀ ਅੱਖ ਖੁਲ੍ਹਾਈਆ । ਪਰਵਰਦਿਗਾਰ ਦੀ ਦਿਸੇ ਕੋਈ ਨਾ ਸਖੀ, ਸਖ਼ਾਵਤ ਵਾਲਾ ਹੱਥ ਨਾ ਕੋਇ ਉਠਾਈਆ । ਮੁਹੰਮਦ ਰਿਹਾ ਕੋਇ ਨਾ ਹੱਠੀ, ਈਮਾਨ ਅਮਾਮ ਨਾ ਕੋਇ ਜਣਾਈਆ । ਸਾਰੇ ਅਲਿਫ਼ ਯੇ ਦੀ ਪੜ੍ਹਦੇ ਪੱਟੀ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਆਈ ਭਗਤ ਦਵਾਰ, ਪਿਛਲਾ


੪੨੯
੨੧

ਪੰਧ ਮੁਕਾਈਆ । ਮੈਂ ਛੱਡ ਕੇ ਚੌਦਾਂ ਤਬਕ ਚੁਬਾਰ, ਚਾਰੇ ਕੁੰਟਾਂ ਡੇਰਾ ਢਾਹੀਆ । ਮਸਤਕ ਧੂੜੀ ਲਾ ਕੇ ਸ਼ਾਰ, ਟਿੱਕੇ ਨੂਰ ਜੋਤ ਰੁਸ਼ਨਾਈਆ । ਦੂਰੋਂ ਕੱਢਦੀ ਆਈ ਹਾੜ, ਨਿਉਂ ਨਿਉਂ ਸੀਸ ਝੁਕਾਈਆ । ਤੇਰੀ ਦਰੋਹੀ ਮੇਰੇ ਪਰਵਰਦਿਗਾਰ, ਯਾਮੁਬੀਨ ਤੇਰੀ ਸਰਨਾਈਆ । ਜਿਸ ਨੇ ਮੇਰੇ ਲੇਖ ਵਿਚਾਰ, ਪੂਰਬਲੇ ਖੋਜ ਖੁਜਾਈਆ । ਦਰਸ ਕਰਾਇਆ ਪੰਜ ਪਿਆਰ, ਜੋ ਗੋਬਿੰਦ ਰੰਗ ਚੜ੍ਹਾਈਆ । ਜਿਨ੍ਹਾਂ ਦੇ ਹੱਥ ਤੇਜ਼ ਕਟਾਰ, ਮੇਰੇ ਪਾਪਾਂ ਕਰੀ ਸਫ਼ਾਈਆ । ਮੈਨੂੰ ਸੋਹਣੇ ਲੱਗੇ ਲਾੜ, ਜੋਬਨਵੰਤੇ ਨਜ਼ਰੀ ਆਈਆ । ਮੈਂ ਚਰਨ ਉਤੇ ਕਰ ਨਿਮਸਕਾਰ, ਆਪਣੀ ਆਸਾ ਪੂਰ ਬਣਾਈਆ । ਮੈਂ ਚਾਹੁੰਦੀ ਇੱਕੀ ਗੁਰਸਿਖ ਬੋਲਣ ਹੱਕ ਜੈਕਾਰ, ਜੈ ਜੈ ਕਾਰ ਕਰੇ ਲੋਕਾਈਆ । ਇਹ ਧੁਰ ਦੇ ਓਹ ਅਗੰਮੀ ਨਾਅਰ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੁਣਨ ਚਾਈਂ ਚਾਈਆ । ਵਿਸ਼ਨ ਬ੍ਰਹਮਾ ਸ਼ਿਵ ਖੜ੍ਹੇ ਪਨਿਹਾਰ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਥੱਕੀ ਮਾਂਦੀ, ਬਲਹੀਣ ਦੁਹਾਈਆ । ਮੈਂ ਤੂੰ ਹੀ ਤੂੰ ਹੀ ਆਈ ਗਾਂਦੀ, ਇਕੋ ਤੇਰਾ ਨਾਮ ਧਿਆਈਆ । ਮੈਂ ਛੱਡ ਕੇ ਸੋਨਾ ਚਾਂਦੀ, ਲਾਲਚ ਦਿਤਾ ਮਿਟਾਈਆ । ਮੈਂ ਵੇਖੀ ਨਹੀਂ ਪਵਣ ਠਾਂਡੀ, ਅਗਨੀ ਤੱਤ ਨਾ ਕੋਇ ਤਪਾਈਆ । ਮੈਂ ਕਿਸੇ ਸਰੋਵਰ ਨਹੀਂ ਨਹਾਂਦੀ, ਜਲਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇਣਾ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਭਗਤ ਦਵਾਰਾ, ਜਿਥੇ ਮਿਲੇ ਮਾਣ ਵਡਿਆਈਆ । ਧੁਰ ਦਾ ਮਿਲੇ ਇਸ਼ਾਰਾ, ਐਸ਼ੋ ਇਸ਼ਰਤ ਡੇਰਾ ਢਾਹੀਆ । ਮੇਰਾ ਹੋ ਗਿਆ ਅੰਤ ਕਿਨਾਰਾ, ਨਈਆ ਨੌਕਾ ਰਹੀ ਡੁਲਾਈਆ । ਕੀ ਕਰੇ ਮੁਹੰਮਦ ਵਿਚਾਰਾ, ਵਿਚਰਕੇ ਦੱਸੇ ਨਾ ਕੋਇ ਸੁਣਾਈਆ । ਮੇਰਾ ਮਹਿਬੂਬ ਪਰਵਰਦਿਗਾਰਾ, ਜਲਵਾਗਰ ਨੂਰ ਇਲਾਹੀਆ । ਜਿਸ ਦਾ ਮੁਕਾਮੇ ਹੱਕ ਦਰਬਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਕਲਮਿਆਂ ਤੋਂ ਬਾਹਰ ਅਖਾੜਾ, ਬਿਨ ਰਸਨਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਸਦੀ ਚੌਧਵੀਂ ਕਹੇ ਮੈਨੂੰ ਉਮਤ ਕਹਿੰਦੀ ਹੋ ਗਈ ਬੁੱਢੀ, ਆਪਣਾ ਰੂਪ ਬਦਲਾਈਆ । ਬੁੜ੍ਹਾਪੇ ਵਿਚ ਫਿਰੇ ਡੁੱਡੀ, ਚਲ ਸਕੇ ਨਾ ਰਾਈਆ । ਪਾ ਨਾ ਸਕੇ ਲੁੱਡੀ, ਕ਼ਦਮ ਕ਼ਦਮ ਨਾਲ ਉਠਾਈਆ । ਮੇਰੇ ਅੰਦਰ ਵਿਚਾਰ ਸੁੱਝੀ, ਆਸ਼ਾ ਲਈ ਪ੍ਰਗਟਾਈਆ । ਕੋਈ ਰਮਜ਼ ਮਾਰਦਾ ਗੁੱਝੀ, ਮੈਨੂੰ ਅੰਦਰੋਂ ਰਿਹਾ ਹਿਲਾਈਆ । ਜਿਸ ਨੇ ਸਭ ਦੀ ਬਦਲ ਦੇਣੀ ਬੁੱਧੀ, ਬੁੱਧੀਵਾਨ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਬੇਸ਼ਕ ਦੂਰ ਦੁਰਾਡੀ ਆਈ ਥੱਕੀ, ਥਕਾਵਟ ਵਿਚ ਦੁਹਾਈਆ । ਭਗਤ ਦਵਾਰੇ ਔਂਦੀ ਮੂਲ ਨਾ ਅੱਕੀ, ਅਕਲ ਬੁੱਧੀ ਤੋਂ ਪਰੇ ਦੱਸਾਂ ਪੜ੍ਹਾਈਆ । ਮੈਨੂੰ ਐਂ ਜਾਪਦਾ ਇਹ ਭਗਤਾਂ ਦੀ ਸੰਗਤ ਕੱਠੀ, ਗੁਰਮੁਖ ਧੁਰ ਦੇ ਨਜ਼ਰੀ ਆਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਪੁਰਖ ਅਕਾਲ ਦੀ ਪੜ੍ਹ ਲਈ ਪੱਟੀ, ਪਟਨੇ ਵਾਲਾ ਵਿਚੋਲਾ ਇਕੋ ਮਾਹੀਆ । ਜਿਸ ਦੇ ਦਵਾਰੇ ਉਤੇ ਗੁਰ ਅਵਤਾਰ ਪੈਗ਼ੰਬਰ ਹੁੰਦੇ ਸਤੀ, ਸਤਿ ਸਤਿਵਾਦੀ ਕਹਿ ਕੇ ਸੀਸ ਨਿਵਾਈਆ । ਮੈਂ ਵੀ ਓਸ ਦੀ ਆਸਾ ਰੱਖੀ, ਜੋ ਰੱਖਿਆ ਕਰੇ ਥਾਈਂ ਥਾਈਆ । ਓਸ ਦੇ ਚਰਨਾਂ ਵਸੀ, ਜੋ ਵਾਸਤਾ ਆਪਣੇ ਨਾਲ ਜੁੜਾਈਆ । ਜਨ ਭਗਤੋ ਜੇ ਸਚ ਪੁਛੋ ਤੇ ਮੈਂ ਆਈ ਮਸੀ ਮਸੀ, ਚਾਰੋਂ ਕੁੰਟ ਠੋਕਰਾਂ ਖਾਈਆ । ਤਿੰਨ ਵੇਰਾਂ ਮੈਨੂੰ ਰਾਹ ਵਿਚ ਪੈ ਗਈ ਗਸ਼ੀ, ਮੁਖ ਵਿਚ ਜਲ ਨਾ ਕੋਇ

੪੩੦
੨੧

ਟਿਕਾਈਆ । ਪ੍ਰਭੂ ਦੇ ਪਿਆਰ ਵਿਚ ਹੁੰਦੀ ਰਹੀ ਅੱਛੀ, ਇਹੋ ਵੱਜਦੀ ਰਹੀ ਵਧਾਈਆ । ਮੈਨੂੰ ਵੇਖੋ ਮੈਂ ਸੁੱਕ ਕੇ ਹੋ ਗਈ ਪੱਛੀ, ਪੱਛਮ ਤੋਂ ਭੱਜੀ ਤੇ ਪੂਰਬ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਦਏ ਚੜ੍ਹਾਈਆ । ਜਨ ਭਗਤੋ ਮੈਂ ਜਨਮ ਕਰਮ ਦੀ ਮਾੜੀ, ਮੁੜ ਮੁੜ ਦਿਆਂ ਸੁਣਾਈਆ । ਮੈਂ ਚੌਦਾਂ ਸਦੀਆਂ ਬਣੀ ਨਹੀਂ ਕਿਸੇ ਦੀ ਲਾੜੀ, ਪਰਨਾਵਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਨੌ ਵੇਰਾਂ ਗੋਬਿੰਦ ਦੀ ਤੱਕੀ ਦਾੜ੍ਹੀ, ਚੌਦਾਂ ਵੇਰਾਂ ਸੀਸ ਨਿਵਾਈਆ । ਤਿੰਨ ਵੇਰਾਂ ਮੁਹੰਮਦ ਦੇ ਸਿਰ ਤੇ ਰੱਖੀ ਖਾਰੀ, ਫੁੱਲਾਂ ਗੰਢ ਟਿਕਾਈਆ । ਇਹ ਮੇਰੀ ਖੇਲ ਨਿਆਰੀ, ਕਲਮੇ ਵਾਲੇ ਨਾ ਕਿਸੇ ਸਮਝਾਈਆ । ਸਚ ਪੁਛੋ ਮੈਂ ਖ਼ੁਦਾ ਤੋਂ ਬਿਨਾ ਹੁੰਦੀ ਰਹੀ ਦੁਖਿਆਰੀ, ਮੇਰਾ ਦਰਦ ਨਾ ਕੋਇ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਪੰਜ ਪਿਆਰੇ ਕਰੋ ਮਨਜ਼ੂਰ, ਮੈਂ ਨਿਉਂ ਨਿਉਂ ਸੀਸ ਝੁਕਾਈਆ । ਮੈਨੂੰ ਆਈ ਨੂੰ ਕਰੋ ਕਬੂਲ, ਤੁਹਾਡੇ ਕ਼ਦਮਾਂ ਦਿਆਂ ਦੁਹਾਈਆ । ਦਰਸ਼ਨ ਕਰ ਲੈਣ ਦਿਓ ਇਕ ਹਜ਼ੂਰ, ਜੋ ਦਾਤਾ ਧੁਰਦਰਗਾਹੀਆ । ਬਖ਼ਸ਼ੇ ਮੇਰੇ ਕ਼ਸੂਰ, ਕ਼ਸਮ ਖਾ ਕੇ ਦਿਆਂ ਸੁਣਾਈਆ । ਮੈਂ ਛੱਡ ਕੇ ਮਾਣ ਗ਼ਰੂਰ, ਬੈਠੀ ਵਾਸਤਾ ਪਾਈਆ । ਜੇ ਮਿਲ ਜਾਵੇ ਇਕ ਚਰਨ ਦੀ ਧੂੜ, ਟਿੱਕਾ ਲਵਾਂ ਛੁਹਾਈਆ । ਫੇਰ ਮੈਂ ਦੋ ਜਹਾਨਾਂ ਹੋ ਜਾਵਾਂ ਮਸ਼ਹੂਰ, ਮਸ਼ਵਰਾ ਤੁਹਾਡੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦਏ ਮਿਲਾਈਆ । ਸਦੀ ਚੌਧਵੀਂ ਕਹੇ ਪੰਜ ਪਿਆਰਿਓ ਮੇਰੀ ਇਕ ਅਰਜ਼ੋਈ, ਅਰਜ਼ ਦਿਆਂ ਜਣਾਈਆ । ਬਿਨਾ ਗੋਬਿੰਦ ਤੋਂ ਕਿਸੇ ਨਾ ਮਿਲਦੀ ਢੋਈ, ਸੀਸ ਹੱਥ ਨਾ ਕੋਇ ਟਿਕਾਈਆ । ੪੩੧

ਮੇਰੀ ਇਕ ਹੱਕ ਖ਼ੁਦਾ ਦੀ ਦਰੋਹੀ, ਤੋਬਾ ਤੋਬਾ ਕਰ ਸੁਣਾਈਆ । ਮੈਨੂੰ ਆਣ ਮਿਲਾਵੇ ਕੋਈ, ਪ੍ਰੀਤਮ ਮੇਲਾ ਹੋਵੇ ਸਹਿਜ ਸੁਭਾਈਆ । ਮੈਂ ਆਪਣੀ ਪਤਿ ਖੋਹੀ, ਲੱਜਿਆ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਕੀ ਤੁਸੀਂ ਪਿਆਰੇ ਪੰਜੇ, ਇਕੋ ਰੂਪ ਬਣਾਈਆ । ਮੇਰਾ ਦੂਰ ਕਰੋਗੇ ਰੰਜੇ, ਰੰਜਸ਼ ਦਿਓ ਗੁਆਈਆ । ਮੈਂ ਜੀਵ ਜਹਾਨ ਵੇਖੇ ਅੰਧੇ, ਚਾਰੋਂ ਕੁੰਟ ਅੱਖ ਉਠਾਈਆ । ਚੁਰਾਸੀ ਵਿਚੋਂ ਥੋੜ੍ਹੇ ਦਿਸੇ ਬੰਦਗੀ ਵਾਲੇ ਬੰਦੇ, ਜੋ ਪ੍ਰਭ ਦਾ ਦਰਸ਼ਨ ਪਾਈਆ । ਮੈਂ ਆ ਗਈ ਓਸ ਆਪਣੇ ਕੰਢੇ, ਜਿਥੇ ਕੰਢੀ ਦਾ ਮਾਲਕ ਆਪਣਾ ਖੇਲ ਕਰਾਈਆ । ਹੁਣ ਇਕ ਵਾਰ ਸਾਰੀ ਸ੍ਰਿਸ਼ਟੀ ਤੇ ਕਰੌਣੇ ਦੰਗੇ, ਦਗ਼ਿਆਂ ਵਾਲੇ ਦੇਣੇ ਖਪਾਈਆ । ਗੋਬਿੰਦ ਨੇ ਜਿਥੇ ਲਾਏ ਪੰਜੇ, ਪੰਚ ਪਰਪੰਚ ਦੇਣਾ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਪੰਜ ਪਿਆਰਿਓ ਮੇਰੀ ਇਕ ਅਰਦਾਸ, ਖ਼ੁਸ਼ੀਆਂ ਨਾਲ ਜਣਾਈਆ । ਮੈਂ ਵੇਖਣਾ ਖੇਲ ਤਮਾਸ਼, ਪੜਦਾ ਦੇਣਾ ਉਠਾਈਆ । ਮੈਨੂੰ ਦਿਸਦਾ ਪੁਰਖ ਅਬਿਨਾਸ਼, ਜੋ ਅਬਿਨਾਸ਼ੀ ਆਪਣੀ ਕਲ ਵਰਤਾਈਆ । ਤੁਸੀਂ ਮੇਰਾ ਦਿਓ ਸਾਥ, ਅੱਗੇ ਚਲੋ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ ਬਾਤ, ਕਹਾਣੀ ਕੀ ਜਣਾਈਆ । ਤੁਹਾਡੀ ਪੰਜਾਂ ਦੀ ਜਮਾਤ, ਸੋਹਣੀ ਨਜ਼ਰੀ ਆਈਆ । ਮੈਂ ਚਾਹੁੰਦੀ ਅੱਜ ਤੋਂ ਬਿਸ਼ਨ ਸਿੰਘ ਦਾ ਦੁੱਖੜਾ ਹੋ ਜਾਏ ਨਾਸ, ਦਰਦ ਰਹੇ ਨਾ ਰਾਈਆ । ਸੁਖਾਲਾ ਹੋਵੇ ਸੁਾਸ, ਰੰਗ ਚੜ੍ਹੇ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਦਇਆ ਸਿੰਘ ਨਹੀਂ ਬੁੱਢਾ, ਸੂਰਬੀਰ ਨਜ਼ਰੀ ਆਈਆ । ਜਿਸ ਦਾ ਲਹਿਣਾ ਗੋਬਿੰਦ ਨਾਲ ਸੁੱਧਾ, ਵਦੀ ਸੁਦੀ ਨਾ ਕੋਇ ਸਮਝਾਈਆ । ਜਿਸ ਦਾ ਭਾਗ ਹੋਣਾ ਉਦਾ, ਨਿਰਗੁਣ ਨੂਰ ਡਗਮਗਾਈਆ । ਮੈਂ ਕੋਈ ਮੰਗਣ ਨਹੀਂ ਆਈ ਭੁੱਗਾ, ਹਿੱਸਾ ਵਿਚ ਨਾ ਕੋਇ ਜਣਾਈਆ । ਮੈਂ ਖ਼ੁਸ਼ ਹੋਈ ਜਿਸ ਵੇਲੇ ਭਗਤਾਂ ਦਾ ਭਗਤ ਦਵਾਰਾ ਵੇਖਿਆ ਝੁੱਗਾ, ਚੌਦਾਂ ਤਬਕ ਦੀ ਝੁੱਗੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਆਪਣੇ ਵੀਰੇ, ਜੋ ਸੋਹਣੇ ਨਜ਼ਰੀ ਆਈਆ । ਜਿਨ੍ਹਾਂ ਦੇ ਹੱਥਾਂ ਵਿਚ ਕਲੀਰੇ, ਅੱਗੇ ਆਵਣ ਚਾਈਂ ਚਾਈਂਆ । ਹੱਥ ਮਿਲਾਵਣ ਧੀਰੇ ਧੀਰੇ, ਪ੍ਰੇਮ ਪ੍ਰੀਤੀ ਇਕ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਕੀ ਮੇਰੇ ਲਈ ਲਿਆਏ ਸੌਗਾਤ, ਵੀਰੋ ਮੈਨੂੰ ਦਿਓ ਜਣਾਈਆ । ਇਹ ਚੰਗੀ ਸੋਹਣੀ ਰਾਤ, ਭਿੰਨੜੀ ਖ਼ੁਸ਼ੀ ਬਣਾਈਆ । ਪਹਿਲੋਂ ਕਹੋ ਅਸੀਂ ਸਾਰੇ ਇਕ ਜਮਾਤ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਮੈਂ ਤੁਹਾਡੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਤੁਹਾਡੀ ਮੁਹੱਬਤ ਮੇਰਾ ਸਵਾਸ, ਸਾਹ ਸਾਹ ਸਮਾਈਆ । ਮੈਂ ਨਹੀਂ ਤੱਕਿਆ ਉਪਰ ਆਕਾਸ਼, ਖ਼ਾਕ ਉਤੇ ਖ਼ਾਕ ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਵਖਾਓ ਕਿਹੜਾ ਸੱਤ ਰੰਗ, ਸੱਜੇ ਹੱਥ ਨਾਲ ਉਠਾਈਆ । ਓ ਗੁਰਮੁਖੋ ਇਹ ਤੇ ਮੇਰੀ ਪਹਿਲੀ ਮੰਗ, ਮੈਂ ਇਸ਼ਾਰੇ ਨਾਲ ਜਣਾਈਆ । ਭਗਤ ਦਵਾਰੇ ਔਣ ਦਾ ਬਣਾ ਕੇ ਢੰਗ, ਬੈਠੀ ਡੇਰਾ ਲਾਈਆ । ਇਹ ਪੰਜਾਂ ਦੀ ਪੰਜ ਪੰਜ ਵਾਰ ਗੰਢ, ਤੰਦਨ ਤੰਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਇਹ ਕਲੀਰੇ ਨਹੀਂ ਇਹ ਕਲਮੇ ਦੀ ਦਾਤ, ਕਲਾਮਾਂ ਵਾਲਿਆਂ ਦਿਆਂ ਸੁਣਾਈਆ । ਸੁਣੋ ਅਰਸ਼ ਫ਼ਰਸ਼ ਦੀ ਬਾਤ, ਬਾਤਨ ਦਿਆਂ ਦ੍ਰਿੜ੍ਹਾਈਆ । ਭਗਤਾਂ ਦੀ ਇਕ ਜਮਾਤ, ਇਕੋ ਨੂਰ ਨੂਰ ਰੁਸ਼ਨਾਈਆ । ਜੋ ਮੁਹੰਮਦ ਗਿਆ ਆਖ, ਸੋ ਪਰਵਰਦਿਗਾਰ ਆਸ਼ਾ ਪੂਰ ਕਰਾਈਆ । ਮੈਂ ਰਹਿਣਾ ਨਹੀਂ ਗੁਸਤਾਖ਼, ਗ਼ੁੱਸਾ ਗਿਲਾ ਦੇਣਾ ਗਵਾਈਆ । ਜਨ ਭਗਤੋ ਮੈਂ ਸਿੱਖਣ ਆਈ ਜਾਚ, ਯਾਚਕ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਨੂੰ ਬੰਨ੍ਹੋ ਹੱਥ ਕਲੀਰੇ, ਮੁਖੋਂ ਸੋਹੰ ਢੋਲਾ ਗਾਈਆ । ਸਦੀ ਚੌਧਵੀਂ ਕਹੇ ਮੈਂ ਪ੍ਰੇਮ ਕਲੀਰੇ ਬੰਨ੍ਹੇ, ਦਰਗਾਹ ਸਾਚੀ ਵੱਜੀ ਵਧਾਈਆ । ਮੈਂ ਚੌਦਾਂ ਤਬਕਾਂ ਫਿਰ ਕੇ ਆਈ ਬੰਨੇ, ਕੰਢੀ ਕੰਢੇ ਆਪਣਾ ਪੰਧ ਮੁਕਾਈਆ । ਮੈਂ ਹੁਕਮ ਸੁਣਦੀ ਆਈ ਆਪਣੇ ਕੰਨੇ, ਕੀ ਕਲਮਾ ਧੁਰਦਰਗਾਹੀਆ । ਜਿਹੜੀ ਸਦੀ ਮਾਤਾ ਕੁੱਖ ਵਿਚੋਂ ਨਾ ਜੰਮੇ, ਮਰਿਆਂ ਖ਼ਾਕ ਨਾ ਕੋਇ ਦਫ਼ਨਾਈਆ । ਉਸ ਦਾ ਬੇੜਾ ਮਾਲਕ ਇਕੋ ਬੰਨ੍ਹੇ, ਜੋ ਬੰਨ੍ਹਣਹਾਰ ਇਕ ਅਖਵਾਈਆ । ਧੰਨ ਵਡਿਆਈ ਜੇ ਮਹਿਬੂਬ ਮੇਰੀ ਮੰਨੇ, ਮਨਸਾ ਪਿਛਲੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪਣੇ ਵਿਚ ਛੁਪਾਈਆ । ਸਦੀ ਚੌਧਵੀਂ ਕਹੇ ਮੇਰੇ ਅਲਫ਼ੋ ਜ਼ੁਲੀਓ ਉਮਤੇ ਨਜ਼ੀ ਸ਼ਾਜੋ ਕੁਜ਼ੂ ਕੁਲਜ਼ਾ ਅਜ਼ੀਂ ਮੁਹੰਮਦੇ ਸਹਾ ਕ਼ਬਰੇ ਕਲੂ ਦੁਆਏ ਖ਼ੁਦਾ, ਖ਼ਸੂਸੇਜਮਾਂ ਜ਼ੂਨੇ ਜ਼ਹੱਦ ਚਸਤੇ ਕਦੂਲ, ਦਸਤੇ ਬਜ਼ੂਲ, ਮਸਤੇ ਰਸੂਲ, ਇਸਲਾਮੇ ਦੁਆ, ਤੇਰੀ ਰਜ਼ਾ ਰਹਿਮਤੇ ਖ਼ੁਦਾ, ਖ਼ਾਦਮੇ

ਅਦਾ, ਨਾਦਾਨੇ ਨਦਾਂ, ਤੇਰੀ ਨਜ਼ਰੇ ਮਿਹਰ ਨਜ਼ਰੀ ਆਈਆ । ਮੈਂ ਸਖ਼ਤੇ ਸੁਖ਼ਨ, ਐਲੀ ਦੁਹਾਈ ਹੁਸਨ, ਹੁਸੱਨੇ ਜ਼ਕੁੱਲ ਮਹਿਬੂਬੇ ਹੱਕ ਤਨਵਲਜ਼ਜ਼ੀ ਮੌਜ਼ੁਖ਼ਲੀ ਜ਼ਖ਼ਤਾਨੂ ਕਿਸਤ ਕਨੂ ਕੁਦਰਤੇ ਕ਼ਾਦਰ ਕਾਦਰ ਕ਼ਰੀਮ ਨਜ਼ਰੀ ਆਈਆ । ਸਦੀ ਚੌਧਵੀਂ ਕਹੇ ਮੇਰਾ ਇਕੋ ਅੱਲ੍ਹਾ, ਅਲੀ ਰਸੂਲਾਂ ਰਿਹਾ ਬਣਾਈਆ । ਜਿਸ ਦਾ ਫੜਿਆ ਧੁਰ ਦਾ ਪੱਲਾ, ਪੱਲੂ ਸਭ ਤੋਂ ਲਿਆ ਛੁਡਾਈਆ । ਜਿਸ ਦਾ ਲੇਖਾ ਜਲਾਂ ਥਲਾਂ, ਦੋ ਜਹਾਨ ਰਿਹਾ ਚਲਾਈਆ । ਵਸੇ ਨਿਹਚਲ ਧਾਮ ਅਟੱਲਾ, ਸਚਖੰਡ ਬੈਠਾ ਡੇਰਾ ਲਾਈਆ । ਮੇਰਾ ਮੇਟੇ ਅੰਤਮ ਸੱਲਾ, ਸਲਲ ਹੋ ਕੇ ਆਪਣਾ ਨੂਰ ਦਏ ਚਮਕਾਈਆ । ਹਾਏ ਉਫ਼ ਮੇਰਾ ਮੁਹੰਮਦ ਰਹਿ ਗਿਆ ਇਕੱਲਾ, ਕਲਮਾ ਕਜ਼ੂ, ਕਿਸੇ ਦੀ ਰਹੀ ਨਾ ਕੋਇ ਰਜ਼ੂਹ, ਕੰਮ ਨਾ ਆਇਆ ਵੁਜ਼ੂ, ਵਜਹ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਦਏ ਬਦਲਾਈਆ । ਓਏ ਪ੍ਰਭੂ ਕਿਹੜਾ ਤੇਰਾ ਸੱਤ ਰੰਗਾ, ਸਤਿ ਸਤਿ ਦੇ ਸਮਝਾਈਆ । ਮੈਨੂੰ ਤੇ ਜਾਪਦਾ ਇਹ ਜੰਮੂ ਵਾਲਿਆਂ ਦਾ ਡੰਡਾ, ਜੋ ਡੰਡੌਤ ਸਭ ਨੂੰ ਦਏ ਸਮਝਾਈਆ । ਨੌ ਖੰਡ ਪ੍ਰਿਥਮੀ ਵਿਚ ਕੋਈ ਰਹਿਣ ਨਾ ਦੇਵੇ ਗੰਦਾ, ਕਲਮਾ ਸਭ ਨੂੰ ਦਏ ਪੜ੍ਹਾਈਆ । ਜਿਹੜਾ ਗੋਬਿੰਦ ਨੇ ਬਿਨਾ ਹੱਥਾਂ ਤੋਂ ਮਾਛੂਵਾੜੇ ਲਾਇਆ ਪੰਜਾ, ਪੰਜਾਂ ਦੀ ਸ਼ਹਾਦਤ ਦਏ ਭੁਗਤਾਈਆ । ਵੇਖੋ ਸਦੀ ਚੌਧਵੀਂ ਕਹੇ ਉਮਤ ਦਾ ਪਾਟਣ ਲੱਗਾ ਤੰਬਾ, ਟਾਕੀ ਫੇਰ ਨਾ ਕੋਇ ਲਗਾਈਆ । ਮੇਰਾ ਭਗਤੋ ਹੋਣ ਲੱਗਾ ਕਾਰਜ ਅਨੰਦਾ, ਅਨੰਦ ਇਕੋ ਦੇਵਾਂ ਸਮਝਾਈਆ । ਓਹ ਜਿਸ ਨੂੰ ਤੁਸੀਂ ਸਮਝਦੇ ਬੰਦਾ, ਓਹ ਮਾਲਕ ਨੂਰ ਅਲਾਹੀਆ । ਮੈਂ ਮੰਗਿਆ ਓਸ ਦਾ ਸੰਗਾ, ਸਗਲ ਸ੍ਰਿਸ਼ਟੀ ਦਿਤੀ ਤਜਾਈਆ । ਮੈਨੂੰ ਝੂਠਾ ਦਿਸੇ ਧੰਦਾ, ਧਰਮ ਦਾ ਮਾਰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਖੇਲ ਰਿਹਾ ਬਣਾਈਆ । ਓਹ ਕਲੀਰੇ ਕਹਿਣ ਅਸੀਂ ਤੇਰੀਆਂ ਬਾਹਵਾਂ ਲਮਕੇ, ਲੰਮੀ ਆਯੂ ਰਹੇ ਵਖਾਈਆ । ਨੀ ਅਸੀਂ ਵੀ ਪ੍ਰਭ ਦੀ ਧਾਰੋਂ ਜੰਮ ਕੇ, ਸੱਤ ਰੰਗ ਲਏ ਬਦਲਾਈਆ । ਜੇ ਤੂੰ ਆਈ ਪੈਂਡਾ ਭੰਨ ਕੇ, ਭੱਜੀ ਵਾਹੋ ਦਾਹੀਆ । ਸੁਣ ਲੈ ਨਾਲ ਕੰਨ ਦੇ, ਬਿਨ ਕੰਨਾਂ ਦਈਏ ਸੁਣਾਈਆ । ਜੇ ਕੋਈ ਖੇਲ ਕੀਤੇ ਭਗਤਾਂ ਵਿਚ ਛਲ ਦੇ, ਅੱਖ ਲਈ ਮਟਕਾਈਆ । ਫੇਰ ਵੇਖੀਂ ਤੈਨੂੰ ਤੇਰੀਆਂ ਸੱਤਾਂ ਜ਼ਮੀਨਾਂ ਤੋਂ ਥੱਲੇ ਘੱਲਦੇ, ਅਸਮਾਨਾਂ ਉਤੇ ਨਾ ਕੋਇ ਚੜ੍ਹਾਈਆ । ਅਸੀਂ ਭਗਤ ਓਸ ਪ੍ਰਭ ਦੀ ਗੋਦੀ ਵਿਚ ਪਲਦੇ, ਜੋ ਪਲਕ ਵਿਚ ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਧਾਰ ਵਿਚੋਂ ਉਪਜਾਈਆ । ਅੱਜ ਲੇਖੇ ਮੁਕਣੇ ਓਹ ਦਵਾਰੇ ਬਲ ਦੇ, ਜਿਸ ਦੀ ਬਾਵਨ ਦਏ ਗਵਾਹੀਆ । ਓਹ ਸਦੀ ਚੌਧਵੀਂ ਕਮਲੀਏ ਤੂੰ ਤੇ ਚਲੀ ਅੱਜ ਤੇ ਭਗਤ ਜਨ ਕਹਿਣ ਅਸੀਂ ਚਲੇ ਕਲ੍ਹ ਦੇ, ਭੱਜ ਭੱਜ ਪੰਧ ਮੁਕਾਈਆ । ਜੇ ਤੂੰ ਸ਼ਰਅ ਰਖਣੀ ਅਸੀਂ ਨਹੀਂ ਤੇਰੇ ਵਿਚ ਰਲਦੇ, ਤੈਥੋਂ ਮੁਖ ਜਾਣਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਘਰ ਦੇਣਾ ਵਸਾਈਆ । ਸੱਤ ਰੰਗ ਕਹਿਣ ਅਸੀਂ ਹੋ ਗਏ ਇਕ ਦੂਜੇ ਦੇ ਸਾਥੀ, ਸੋਹਣਾ ਸੰਗ ਬਣਾਈਆ । ਹੁਣ ਮੰਨਣੀ ਪਊ ਤੈਨੂੰ ਆਖੀ, ਸੀਸ ਜਗਦੀਸ਼ ਝੁਕਾਈਆ । ਹੁਣ ਚਲਣੀ ਨਹੀਂ ਕੋਈ ਹਾਟੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਤੈਨੂੰ ਅੱਜ ਦੀ ਮਿਲੀ ਰਾਤੀ, ਆਪਣੀ ਰੁਤੜੀ ਲੈਣੀ ਮਹਿਕਾਈਆ । ਕੁੱਛ ਲੇਖਾ ਰਹਿ ਜਾਣਾ ਛੱਬੀ ਪੋਹ ਨੂੰ ਬਾਕੀ, ਬਾਕ਼ਾਇਦਾ ਦਈਏ ਦ੍ਰਿੜਾਈਆ । ਓਸ ਵੇਲੇ ਪੁਰਖ ਅਕਾਲ ਨੇ ਸਵਾ ਘੰਟਾ ਅਲਾਹੀ ਕਲਮੇ ਦਾ ਬਣਨਾ ਪਾਠੀ, ਜਿਸ ਨੂੰ ਨੌ ਸੌ ਚੁਰਾਨਵੇ ਚੌਕੜੀ ਜੁਗ ਵਿਚ ਫੇਰ ਕੋਈ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੇ ਕਲੀਰੇ ਸੋਹਣੇ ਫੱਬੇ, ਮੈਨੂੰ ਦਿਓ ਜਣਾਈਆ । ਇਹ ਸਮਾਂ ਮਿਲਦਾ ਕਦੇ ਕਦੇ, ਕ਼ਦੀਮ ਦੀ ਰੀਤੀ ਚਲੀ ਆਈਆ । ਜਿਸ ਵੇਲੇ ਪੁਰਖ ਅਕਾਲ ਦੀ ਜੋਤ ਜਗੇ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਓਸ ਵੇਲੇ ਭਗਤਾਂ ਨੂੰ ਔਂਦੇ ਮਜ਼ੇ, ਬਿਨਾ ਭਜਨ ਬੰਦਗੀ ਤੋਂ ਪਾਰ ਲੰਘਾਈਆ । ਕਿਸੇ ਨੂੰ ਟੇਕਣੇ ਨਹੀਂ ਪੈਂਦੇ ਮੱਥੇ, ਪੱਥਰਾਂ ਸੀਸ ਨਾ ਕੋਇ ਰਗੜਾਈਆ । ਚੜ੍ਹੌਣੇ ਨਹੀਂ ਪੈਂਦੇ ਟਕੇ, ਆਪਣੀ ਕ਼ੀਮਤ ਨਾ ਕੋਇ ਬਣਾਈਆ । ਜਿਸ ਵੇਲੇ ਸਾਰੀ ਸ੍ਰਿਸ਼ਟੀ ਦੀਨਾਂ ਮਜ਼੍ਹਬਾਂ ਵੇਦ ਸ਼ਾਸਤਰ ਪੁਰਾਨ ਕ਼ੁਰਾਨ ਅੰਜੀਲਾਂ ਤੋਂ ਅੱਕੇ, ਪੜ੍ਹ ਪੜ੍ਹ ਹੋਏ ਹਲਕਾਈਆ । ਓਸ ਵੇਲੇ ਆਵੇ ਪੁਰਖ ਸਮਰੱਥੇ, ਨਿਰਗੁਨ ਆਪਣਾ ਫੇਰਾ ਪਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਜਾਪ ਦੱਸੇ, ਦਹਿ ਦਿਸ਼ਾ ਦਾ ਡੇਰਾ ਢਾਹੀਆ । ਜਨ ਭਗਤਾਂ ਹਿਰਦੇ ਵਸੇ, ਹਰ ਹਿਰਦੇ ਕਰੇ ਸਫ਼ਾਈਆ । ਕਲਜੁਗ ਮੇਟੇ ਰੈਣ ਅੰਧੇਰੀ ਮੱਸੇ, ਕੂੜ ਕੁੜਿਆਰਾ ਡੇਰਾ ਢਾਹੀਆ । ਗੁਰ ਅਵਤਾਰ ਪੈਗ਼ੰਬਰਾਂ ਦੇ ਪੂਰੇ ਕਰ ਕੇ ਪੱਟੇ, ਪਿਛਲਾ ਲਹਿਣਾ ਝੋਲੀ ਪਾਈਆ । ਫੇਰ ਸਾਰੀ ਸ੍ਰਿਸ਼ਟੀ ਪ੍ਰਭੂ ਦਾ ਇਕੋ ਨਾਮ ਜਪੇ, ਜਗਜੀਵਣ ਦਾਤਾ ਇਸ਼ਟ ਮਨਾਈਆ । ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਭੈਣ ਭਾਈ ਬਣਨ ਸਕੇ, ਦੂਜਾ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨੈਣ ਨੈਣ ਦਏ ਚਮਕਾਈਆ । ਸਦੀ ਚੌਧਵੀਂ ਹੌਲੀ ਜਿਹੀ ਬੋਲੇ, ਬੁੱਲ ਹੌਲੀ ਹੌਲੀ ਹਿਲਾਈਆ । ਮੈਂ ਆਈ ਭਗਤਾਂ ਕੋਲੇ, ਕੋਇਲ ਵਾਂਗ ਕੂਕ ਕੁਰਲਾਈਆ । ਜਿਨ੍ਹਾਂ ਮਾਣ ਵਡਿਆਈ ਮਿਲੇ ਉਤੇ ਧੌਲੇ, ਧਵਲ ਵੱਜੇ ਵਧਾਈਆ । ਮੇਰੇ ਪੂਰੇ ਹੋਏ ਕੌਲ ਕਵਲੇ, ਕਵਲ ਨੈਣ ਦਏ ਵਡਿਆਈਆ । ਜਿਸ ਨੂੰ ਨਾਨਕ ਕਿਹਾ ਨੂਰ ਅਵਲੇ, ਆਲਮੀਨ ੪੩੪
੪੩੪ ਬੇਪ੍ਰਵਾਹੀਆ । ਹਰ ਘਟ ਅੰਦਰ ਨੂਰੀ ਜੋਤ ਹੋ ਕੇ ਮੌਲੇ, ਮੌਲਾ ਰੂਪ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੨੧ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਕਿੱਥੇ ਕਿਸ਼ਨ ਸਿੰਘ ਸੂਰਬੀਰਾ, ਲਾਲੋ ਨਾਨਕ ਨਜ਼ਰੀ ਆਈਆ । ਮੇਰਾ ਹੱਥ ਨਾਲ ੨੧
ਡਾਹਵੇ ਪੀਹੜਾ, ਪੀਹੜੀ ਆਪਣੀ ਲਏ ਬਦਲਾਈਆ । ਜਿਸ ਦਾ ਗੋਬਿੰਦ ਬੰਨ੍ਹਣਾ ਬੀੜਾ, ਬੇੜਾ ਪੁਰਖ ਅਕਾਲ ਕੰਧ ਟਿਕਾਈਆ । ਜਿਸ ਦਾ ਲਾਲ ਰੰਗ ਦਾ ਚੀਰਾ, ਚਾਰ ਕੁੰਟ ਕਰੇ ਰੁਸ਼ਨਾਈਆ । ਪੂਰਬ ਜਨਮ ਦਾ ਮਰਿਆ ਵੇਖੇ ਕੀੜਾ, ਲਹਿਣਾ ਸਭ ਦੀ ਝੋਲੀ ਟਿਕਾਈਆ । ਜਿਸ ਦਾ ਉਧਾਰ ਦਾਣਾ ਜ਼ੀਰਾ, ਜ਼ੇਰ ਜ਼ਬਰ ਦਾ ਪੰਧ ਮੁਕਾਈਆ । ਚਾਰੋਂ ਤਰਫ਼ ਵੇਖੇ ਲਕੀਰਾ, ਆਪਣਾ ਰੰਗ ਰਹੀ ਚੜ੍ਹਾਈਆ । ਸਦੀ ਚੌਧਵੀਂ ਕਹੇ ਮੇਰਾ ਕਿੱਡਾ ਸੋਹਣਾ ਵੀਰਾ, ਜੋ ਮੇਰੇ ਸਗਣ ਰਿਹਾ ਬਣਾਈਆ । ਮੈਨੂੰ ਇਕ ਵੇਰਾਂ ਦੇਵੇ ਧੀਰਾ, ਧੀਰਜ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਫਿਰਾਂ ਪੁੱਠੀ ਪੈਰੀਂ, ਪਰਾ ਪਸੰਤੀ ਮਧਮ ਬੈਖਰੀ ਦੀ ਲੋੜ ਰਹੀ ਨਾ ਰਾਈਆ । ਮੈਂ ਚੌਦਾਂ ਸਦੀਆਂ ਤਹਿਰੀ, ਜਿਸ ਦੀ ਤਹਿਰੀਰ ਨਾ ਕੋਇ ਬਣਾਈਆ । ਮੇਰੇ ਪ੍ਰਭੂ ਦੀ ਰਮਜ਼ ਗਹਿਰੀ, ਗਹਿਰ ਗੰਭੀਰ ਨਾ ਕਿਸੇ ਜਣਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਬਣਾਏ ਸ਼ਾਇਰੀ, ਸ਼ਰਅ ਕਲਮਿਆਂ ਵਾਲੀ ਦਿਤੀ ਸਿਖਾਈਆ । ਗਲ ਵਿਚ ਫਾਸੀ ਪਾ ਕੇ ਬੇੜੀ, ਜਗਤ ਦਿਤੇ ਲਟਕਾਈਆ । ਮੈਂ ਹੈਰਾਨ ਹੋ ਗਈ ਭਗਤ ਤਾਰਨ ਲੱਗਿਆਂ ਨਾ ਲਾਵੇ ਦੇਰੀ, ਡੇਰਾ ਗੁਰਮੁਖਾਂ ਵਿਚ ਲਗਾਈਆ । ਜਿਸ ਦੇ ਕੋਲ ਜਗਤ ਮੁਹਾਣਿਆਂ ਵਾਲੀ ਨਹੀਂ ਬੇੜੀ, ਚਪੂਆਂ ਵਾਲੀ ਕਾਰ ਨਾ ਕੋਇ ਕਮਾਈਆ । ਜਿਸ ਵਲ ਮਿਹਰ ਨਜ਼ਰ ਇਕ ਫੇਰੀ, ਫਿਰਦਿਆਂ

ਤੁਰਦਿਆਂ ਪਾਰ ਲੰਘਾਈਆ । ਸਦੀ ਚੌਧਵੀਂ ਕਹੇ ਮੈਂ ਵੀ ਬਣਨ ਆਈ ਓਸ ਦੀ ਚੇਰੀ, ਚਿਰੀ ਵਿਛੁੰਨੀ ਦਿਆਂ ਦੁਹਾਈਆ । ਜਿਸ ਨਿਰਗੁਣ ਹੋ ਕੇ ਮਾਰੀ ਫੇਰੀ, ਫਿਰ ਫਿਰ ਵੇਖੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਪਤਣਾਂ ਤੋਂ ਪਾਰ ਵੇਖਾਂ ਫ਼ਰੰਗੀ, ਫ਼ਾਰਸ ਪਰੇ ਦੁਹਾਈਆ । ਜਿਨ੍ਹਾਂ ਧਾਰ ਦੋ ਰੰਗੀ, ਈਸਾ ਦਏ ਗਵਾਹੀਆ । ਮੂਸਾ ਚੜ੍ਹ ਕੇ ਵੇਖੇ ਕੰਧੀ, ਆਪਣੀ ਅੱਖ ਉਠਾਈਆ । ਜਿਸ ਨੇ ਸਭ ਦੀ ਬਦਲ ਦੇਣੀ ਡੰਡੀ, ਰਸਤੇ ਦੇਣੇ ਉਲਟਾਈਆ । ਸਭ ਦੀ ਪਿੱਠ ਕਰਨੀ ਨੰਗੀ, ਪੁਸ਼ਤ ਪੁਨਾਹ ਹੱਥ ਨਾ ਕੋਇ ਰਖਾਈਆ । ਮਜ਼੍ਹਬ ਦੀ ਰਹਿਣ ਨਹੀਂ ਦੇਣੀ ਕੋਈ ਪਾਬੰਦੀ, ਸ਼ਰਅ ਜ਼ੰਜੀਰ ਕਟਾਈਆ । ਜਨ ਭਗਤਾਂ ਬਣ ਕੇ ਸੰਗੀ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਲੈ ਜੁੜਾਈਆ । ਸਦੀ ਚੌਧਵੀਂ ਕਹੇ ਮੇਰਾ ਬਦਲਦਾ ਜਾਂਦਾ ਇਰਾਦਾ, ਹਿਰਦਿਉਂ ਦਿਆਂ ਜਣਾਈਆ । ਮੈਂ ਛੱਡ ਕੇ ਸੰਤਾਂ ਸਾਧਾਂ, ਸਿੱਧਾ ਇਕੋ ਰਾਹ ਤਕਾਈਆ । ਜਿਥੇ ਹੁਕਮ ਮਿਲੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਹਦੇ ਨਾਮ ਦਾ ਇਕੋ ਕੈਦਾ, ਕਾ ਖਾ ਨਾ ਕੋਇ ਵਡਿਆਈਆ । ਜਿਸ ਦੇ ਚਰਨ ਚੁੰਮਦੇ ਕ੍ਰਿਸ਼ਨਾ ਰਾਧਾ, ਸੀਤਾ ਰਾਮ ਸੀਸ ਝੁਕਾਈਆ । ਜਿਸ ਦਾ ਸਾਥੀ ਗੋਬਿੰਦ ਵਾਲਾ ਬਾਜਾਂ, ਬਾਜ਼ੀ ਆਪਣੇ ਨਾਲ ਜਣਾਈਆ । ਓਹ ਕਰੇ ਆਪਣਾ ਖੇਲ ਅਗੰਮੀ ਵਾਧਾ, ਵਾਧਲ ਕਰੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਦਏ ਬਦਲਾਈਆ । ਸਦੀ ਚੌਧਵੀਂ ਕਹੇ ਜੇ ਮੈਂ ਵੜ ਜਾਂ ਚਾਰ ਵਿਚ ਦੀਵਾਰੀ, ਨਿਮਾਣੀ ਹੋ ਕੇ ਦਿਆਂ ਸੁਣਾਈਆ । ਮੁਹੰਮਦ ਦੀ ਰਹਿਣੀ ਨਹੀਂ ਚਾਰ ਯਾਰੀ, ਯਾਰਾਨਾ ਸਭ ਨੇ ਜਾਣਾ ਤੁੜਾਈਆ । ਮੈਂ ਚਾਰ ਕੁੰਟ ਫਿਰ ਫਿਰ ਥੱਕੀ ਹਾਰੀ, ਹੌਕਿਆਂ ਨਾਲ ਸੁਣਾਈਆ । ਮੈਂ ਚੌਦਾਂ ਸਦੀਆਂ ਰਹੀ ਕੁਆਰੀ, ਨੇਤਰ ਨੈਣਾਂ ਨੀਰ ਵਹਾਈਆ । ਬਹੁੜੀ ਮੁਹੰਮਦ ਦੀ ਹੋ ਗਈ ਰੱਤੀ ਦਾੜ੍ਹੀ, ਮਹਿੰਦੀ ਰੰਗ ਰੰਗਾਈਆ । ਮੈਨੂੰ ਛੱਡ ਕੇ ਗਿਆ ਪਛਾੜੀ, ਪਿਛਾ ਗਿਆ ਬਦਲਾਈਆ । ਮੇਰੀ ਲੱਗ ਗਈ ਅੱਗ ਨਾੜੀ, ਨਾੜ ਨਾੜ ਰਹੀ ਕੁਰਲਾਈਆ । ਮੈਂ ਡਿਗਦੀ ਫਿਰੀ ਵਿਚ ਝਾੜੀ, ਝਾਟਾ ਖੁਲ੍ਹਾ ਦਿਆਂ ਦੁਹਾਈਆ । ਕਿੱਥੋਂ ਮਿਲੇ ਨੀ ਮੇਰਾ ਪਰਵਰਦਿਗਾਰੀ, ਜੋ ਪਰਵਰਿਸ਼ ਕਰੇ ਥਾਉਂ ਥਾਈਆ । ਜਾਂ ਵੇਖਿਆ ਉਸ ਦੀ ਖੇਲ ਨਿਆਰੀ, ਨਿਰੰਕਾਰ ਆਪਣਾ ਰੂਪ ਬਦਲਾਈਆ । ਸ਼ਬਦੀ ਹੁਕਮ ਧੁਰ ਦਾ ਸੱਦਾ ਦੇਵੇ ਵਿਚੋਂ ਆਪਣੀ ਧਾਰੀ, ਧਰਤੀ ਉਤੇ ਨਾ ਕਿਸੇ ਸਮਝਾਈਆ । ਸਦੀ ਚੌਧਵੀਂ ਤੂੰ ਸੇਵਾ ਕੀਤੀ ਭਾਰੀ, ਕਿਸੇ ਭਰਮ ਰਹੇ ਨਾ ਰਾਈਆ । ਏਸੇ ਕਰ ਕੇ ਲੱਗੇਂ ਪਿਆਰੀ, ਤੈਨੂੰ ਪਿਆਰਿਆਂ ਵਿਚ ਮਿਲਾਈਆ । ਛੱਬੀ ਪੋਹ ਨੂੰ ਸਾਢੇ ਤਿੰਨ ਘੰਟੇ ਦੇਵੀਂ ਏਥੇ ਬਹਾਰੀ, ਅੰਦਰ ਬਾਹਰ ਸੇਵ ਕਮਾਈਆ । ਫੇਰ ਦੱਸਾਂਗਾ ਤੇਰੇ ਮੁਹੰਮਦ ਦੀ ਕਿਹੋ ਜਿਹੀ ਆਵੇ ਹਾੜੀ, ਹਾਏ ਹਾਏ ਨਾਲ ਦੁਹਾਈਆ । ਮੇਰੇ ਕੋਲ ਹੁਕਮ ਦੀ ਲਾਉਣ ਵਾਲੀ ਚੰਗਿਆੜੀ, ਜੋ ਸਭ ਨੂੰ ਦਏ ਜਲਾਈਆ । ਵੇਖੀਂ ਕਿਤੇ ਭਗਤਾਂ ਨਾਲ ਨਾ ਕਰੀਂ ਗ਼ਦਾਰੀ, ਨਹੀਂ ਤੇ ਗਧੇ ਤੇ ਚਾੜ੍ਹ ਕੇ ਚਾਰੋਂ ਕੁੰਟ ਦਿਆਂ ਫਿਰਾਈਆ । ਅੱਗੇ ਇਕ ਦੀ ਹੋਣੀ ਸਿਕਦਾਰੀ, ਹੁਕਮ ਚਲੇ ਧੁਰਦਰਗਾਹੀਆ । ਗੁਰ ਅਵਤਾਰਾਂ ਪੈਗ਼ੰਬਰਾਂ ਦੇ ਗਲੋਂ ਦੀਨਾਂ ਮਜ਼੍ਹਬਾਂ ਦੀ ਲਾਹ ਦੇਣੀ ਪੰਜਾਲੀ, ਹੌਲਾ ਭਾਰ ਭਾਰ ਨਾ ਕੋਈ ਵਖਾਈਆ । ਇਕੋ ਦੀਪਕ ਜਗਣਾ ਸਭ ਦੇ ਕਾਇਆ ਮੰਦਰ ਵਿਚ ਥਾਲੀ, ਜੋ ਗਗਨ ਦਾ ਲੇਖਾ ਨਾਨਕ ਗਿਆ ਸਮਝਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ, ਪਰਵਰਦਿਗਾਰ ਸਾਂਝਾ ਯਾਰ ਸ੍ਰਿਸ਼ਟ ਸਬਾਈ

ਦਾ ਬਣੇ ਇਕੋ ਹਾਲੀ, ਹਲਤ ਪਲਤ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਦਏ ਚੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਬਹਵਾਂ ਉਤੇ ਪੀੜ੍ਹਾ, ਪੀੜ ਪਿਛਲੀ ਰਹੇ ਨਾ ਰਾਈਆ । ਉਤੇ ਲਵਾਂ ਲਾਲ ਲੀੜਾ, ਜੋ ਗੁਰਮੁਖਾਂ ਰੰਗ ਚੜ੍ਹਾਈਆ । ਮੇਰਾ ਸੋਹਣਾ ਫੱਬੇ ਕਲੀਰਾ, ਕਲੀਆਂ ਪੰਜ ਪੰਜ ਬਣਾਈਆ । ਜਿਹੜਾ ਮਰਿਆ ਨਿੱਕਾ ਜਿਹਾ ਕੀੜਾ, ਕੀਟ ਹਸਤ ਦਏ ਵਡਿਆਈਆ । ਜਿਹੜਾ ਸੋਹਣਾ ਦਾਣਾ ਜ਼ੀਰਾ, ਜ਼ੀਰੇ ਦਾ ਲੇਖਾ ਦੇਵੇ ਚੁਕਾਈਆ । ਮੈਂ ਤੱਕਾਂ ਲਾ ਕੇ ਆਪਣੀ ਨਜ਼ੀਰਾ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਕਿੱਥੇ ਮੇਰਾ ਲਾਲ ਲੀੜਾ, ਮੈਂ ਮੁਖ ਲਿਆਂ ਛੁਪਾਈਆ । ਆਹ ਵੇਖੋ ਸੱਜੇ ਪਾਸੇ ਆਣ ਬੈਠਾ ਕਬੀਰਾ, ਕਵੀਆਂ ਦਾ ਕਵੀ ਸੋਭਾ ਪਾਈਆ । ਮੈਨੂੰ ਕਹੇ ਇਕ ਅੱਖ ਚੋਂ ਵਹਾ ਦੇ ਨੀਰਾ, ਨੈਣਾਂ ਛਹਿਬਰ ਦੇ ਲਗਾਈਆ । ਮੈਂ ਹੱਸ ਕੇ ਕਿਹਾ ਨਾ ਹੋ ਦਿਲਗੀਰਾ, ਤੈਨੂੰ ਦਿਲਬਰ ਦਿਆਂ ਮਿਲਾਈਆ । ਜਿਸ ਦਾ ਤੂੰ ਰਾਹ ਦੱਸ ਕੇ ਗਿਉਂ ਭੀੜਾ, ਸਹਿਜੇ ਮਿਲਣ ਕੋਇ ਨਾ ਪਾਈਆ । ਵੇ ਕਬੀਰਾ ਸਹਿਜੇ ਮੁਖ ਤੋਂ ਲਾਹ ਦੇ ਲੀੜਾ, ਨਿਰਗੁਣ ਨੂਰ ਨਜ਼ਰੀ ਆਈਆ । ਜੋ ਸਭਦੀ ਬਦਲ ਦੇਵੇ ਤਕਦੀਰਾ, ਜਨਮਾਂ ਦਾ ਲੇਖਾ ਠੁਡਿਆਂ ਨਾਲ ਗੁਆਈਆ । ਜਿਸ ਦੇ ਹੱਥ ਸਚ ਨਾਮ ਦੀ ਸ਼ਮਸ਼ੀਰਾ, ਸ਼ਰਅ ਦੇ ਬੰਧਨ ਰਿਹਾ ਤੁੜਾਈਆ । ਜੇ ਸਚ ਪੁਛੇਂ ਉਹਦੇ ਕੋਲ ਭਗਤਾਂ ਦੇ ਪ੍ਰੇਮ ਦਾ ਗਡੀਰਾ, ਬੱਚਿਆਂ ਵਾਂਗ ਖੇਲਾਂ ਰਿਹਾ ਖਿਲਾਈਆ । ਚਲ ਓਏ ਮੇਰੇ ਮਾਲ ਜਗੀਰਾ, ਜਗਹ ਜਗਹ ਦਿਆਂ ਬਦਲਾਈਆ । ਜਿਹੜਾ ਫਿਰਦਾ ਵਾਂਗ ਫ਼ਕੀਰਾਂ, ਬਗ਼ਲੀ ਲੈ ਕੇ ਅੱਗੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਸ਼ਹਿਨਸ਼ਾਹ ਤੇ ਨਾਲ ਕੰਗਾਲ ਦਿਸੇ, ਕੰਗਾਲੀ ਕੰਗਲਿਆਂ ਵਿਚ ਛੁਪਾਈ ਹੋਈ ਏ । ਫੇਰ ਤੱਕੋ ਤੇ ਪਾਤਸ਼ਾਹ ਗ਼ਰੀਬਾਂ ਦਾ ਰਖਵਾਲ ਦਿਸੇ, ਜੋੜੀ ਆਪਣੇ ਨਾਲ ਬਣਾਈ ਹੋਈ ਏ । ਫੇਰ ਵੇਖੋ ਤੇ ਦੀਨਾਂ ਦਾ ਦੀਨ ਦਿਆਲ ਦਿਸੇ, ਦਰਦੀਆਂ ਆਪਣਾ ਦਰਦ ਵੰਡਾਈ ਹੋਈ ਏ । ਫੇਰ ਵੇਖੋ ਤੇ ਸੁਰਤ ਸੰਭਾਲ ਦਿਸੇ, ਗਲਵਕੜੀ ਗਲ ਵਿਚ ਪਾਈ ਹੋਈ ਏ । ਫੇਰ ਵੇਖੋ ਯਾਰ ਦਾ ਯਾਰ ਦਿਸੇ, ਯਾਰੀ ਧੁਰ ਦੀ ਤੋੜ ਨਿਭਾਈ ਹੋਈ ਏ । ਫੇਰ ਵੇਖੋ ਤੇ ਜੋਤ ਅਕਾਲ ਦਿਸੇ, ਬੱਚਿਆਂ ਆਪਣੀ ਗੋਦ ਉਠਾਈ ਹੋਈ ਏ । ਫੇਰ ਵੇਖੋ ਤੇ ਸਚਖੰਡ ਸੱਚੀ ਧਰਮਸਾਲ ਦਿਸੇ, ਜਿਥੇ ਭੁੱਖਿਆਂ ਰੰਗ ਰੰਗਾਈ ਹੋਈ ਏ । ਫੇਰ ਵੇਖੋ ਤੇ ਜਗਤ ਤੋਂ ਵਖਰੀ ਚਾਲ ਦਿਸੇ, ਪਿਛਲੀ ਰੀਤੀ ਸਰਬ ਗਵਾਈ ਹੋਈ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਖਿਲਾਈ ਹੋਈ ਏ । ਫੇਰ ਵੇਖੋ ਆਪਣਾ ਰੰਗ ਰੰਗਾਈ ਜਾਂਦਾ । ਫੇਰ ਵੇਖੋ ਭਗਤਾਂ ਦੋ ਜਹਾਨਾ ਪਾਰ ਕਰਾਈ ਜਾਂਦਾ । ਫੇਰ ਵੇਖੋ ਸਚਖੰਡ ਦਵਾਰ ਬਠਾਈ ਜਾਂਦਾ । ਫੇਰ ਵੇਖੋ ਖ਼ੁਸ਼ੀਆਂ ਨਾਲ ਢੋਲੇ ਗਾਈ ਜਾਂਦਾ । ਫੇਰ ਵੇਖੋ ਭਗਤਾਂ ਦੀ ਛਾਤੀ ਉਤੇ ਆਸਣ ਲਾਈ ਜਾਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਹੜੀ ਕਿਸੇ ਨਹੀਂ ਕੀਤੀ ਓਹ ਕਰ ਕਰਕੇ ਵਖਾਈ ਜਾਂਦਾ । ਉਠ ਯਾਰ ਪੁਰਾਣੇ ਸੂਫ਼ੀ, ਸੁੱਤਿਆ ਦਿਆਂ ਜਗਾਈਆ । ਪਿਛਲੀ ਖੇਲ ਹੋਣੀ ਮਨਸੂਖ਼ੀ, ਮੁਸਲਸਲ ਦਿਆਂ ਦ੍ਰਿੜਾਈਆ । ਗੁਰਮੁਖ ਰਹਿਣ ਨਹੀਂ ਦੇਣਾ ਦੁਖੀ, ਦਰਦੀਆਂ ਦਰਦ ਵੰਡਾਈਆ । ਭਾਗ ਲਗੌਣਾ ਮਾਵਾਂ ਕੁੱਖੀ, ਜੋ ਭਗਤ ਜਣੇਂਦੀ ਮਾਈਆ । ਦੋ ਜਹਾਨਾਂ ਗੋਦੀ ਜਾਵਾਂ ਚੁੱਕੀ, ਚਾਰੋਂ ਕੁੰਟ ਸੇਵ ਕਮਾਈਆ । ਜਨ ਭਗਤੋ ਮੇਰੀ ਖੇਲ ਅਜੇ ਨਹੀਂ ਮੁੱਕੀ, ਅਗਲਾ ਲੇਖਾ ਦਿਆਂ ਸਮਝਾਈਆ । ਜਿਹੜੀ ਕਥਾ ਕਹਾਣੀ ਗੁਰ ਅਵਤਾਰ ਪੈਗ਼ੰਬਰਾਂ ਨਹੀਂ ਮੈਥੋਂ ਪੁਛੀ, ਓਹ ਸਭ ਨੂੰ ਦੇਣੀ ਸਮਝਾਈਆ । ਤੁਸੀਂ

ਮੇਰੇ ਜਜਮਾਨ ਮੈਂ ਤੁਹਾਡੀ ਕੱਟਣ ਆਇਆ ਬੁੱਤੀ, ਬੁਤਖ਼ਾਨਿਆਂ ਕਰਾਂ ਸਫ਼ਾਈਆ । ਤੁਸੀਂ ਮੇਰੇ ਸੋਹਣੇ ਸਚ ਮੁੱਖੀ, ਮੁਖੜੇ ਦਿਆਂ ਧੁਆਈਆ । ਤੁਹਾਡਾ ਲੇਖਾ ਮੁਕਿਆ ਉਲਟੇ ਰੁੱਖੀਂ, ਰੁਖ਼ਸਤ ਲੱਖ ਚੁਰਾਸੀ ਵਿਚੋਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਓਹ ਯਾਰ ਪਿਆਰੇ ਸਾਂਝੇ, ਬਗ਼ਲੀ ਦੇ ਫੜਾਈਆ । ਤੁਸੀਂ ਚਾਰ ਜੁਗ ਦੇ ਸਾਰੇ ਥੱਕੇ ਮਾਂਦੇ, ਗੁਰਮੁਖ ਪਿਛਲੇ ਨਜ਼ਰੀ ਆਈਆ । ਜਨਮ ਜਨਮ ਰਹੇ ਜਸ ਗਾਂਦੇ, ਢੋਲਾ ਸਿਫ਼ਤ ਸਾਲਾਹੀਆ । ਹੁਣ ਕਿਹੜੀ ਗੱਲੋਂ ਸ਼ਰਮਾਂਦੇ, ਲੋਕ ਲੱਜਿਆ ਦੇਣੀ ਗਵਾਈਆ । ਮੈਂ ਕੋਈ ਚਾਰਨ ਨਹੀਂ ਆਇਆ ਢਾਂਡੇ, ਮੱਝੀਆਂ ਪਾਲ ਬਣ ਕੇ ਗਊਆਂ ਬਿੰਦਰਾਬਨ ਫਿਰਾਈਆ । ਮੈਂ ਚਾਹੁੰਦਾ ਤੁਸੀਂ ਰਹੋ ਪੀਂਦੇ ਖਾਂਦੇ, ਖ਼ੁਸ਼ੀਆਂ ਝਟ ਲੰਘਾਈਆ । ਮੈਂ ਤੁਹਾਡੇ ਰਹਵਾਂ ਪਰਾਂਦ ਸਰਾਂਦੇ, ਪੈਰਾਂ ਵਲ ਖਲੋ ਕੇ ਤੁਹਾਡੇ ਮੱਥੇ ਦਾ ਦਰਸ਼ਨ ਪਾਈਆ । ਜੇ ਤੁਸੀਂ ਇਕ ਸਰੋਵਰ ਨਹਾਂਦੇ, ਮੈਂ ਸਰੋਵਰ ਤੁਹਾਡਾ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਆਹ ਲੈ ਬਗ਼ਲੀ ਆਪਣੀ ਫ਼ਕੀਰਾ, ਫ਼ਿਕਰ ਦਿਤਾ ਮੁਕਾਈਆ । ਜ਼ਰਾ ਆ ਜਾ ਅੱਗੇ ਸੰਗਲ ਵਾਲਿਆ ਪਾ ਕੇ ਜ਼ੰਜੀਰਾ, ਜ਼ੰਜੀਰੀ ਤੇਰੀ ਦਿਆਂ ਖਿਚਾਈਆ । ਤੂੰ ਪੀਤਾ ਦੁੱਧ ਮਾਤ ਦਾ ਸੀਰਾ, ਰਸਨਾ ਰਸ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਆਹ ਵੇਖ ਲਓ ਸ਼ਰਅ ਦਾ ਸੰਗਲ, ਸਗਲ ਦਿਆਂ ਜਣਾਈਆ । ਪ੍ਰਭ ਦੀ ਖ਼ਾਤਰ ਫਿਰਦੇ ਜੂਹਾਂ ਜੰਗਲ, ਟਿੱਲੇ ਪਰਬਤ ਧਿਆਨ ਲਗਾਈਆ । ਖਾ ਕੇ ਮੂਲ ਕੰਦਨ, ਆਪਣਾ ਝਟ ਲੰਘਾਈਆ । ਲਾ ਕੇ ਮੱਥੇ ਚੰਦਨ, ਤਰਸੂਲ ਰਹੇ ਬਣਾਈਆ । ਡੰਡਾਵਤ ਕਰ ਕੇ ਬੰਦਨ, ਮੱਥੇ ਰਹੇ ਘਸਾਈਆ । ਕਰ ਇਸ਼ਨਾਨ ਗੰਗਨ, ਸੂਰਜ ਦੇਵਤਾ ਪਾਣੀ ਚੜ੍ਹਾਈਆ । ਪੂਜ ਗੋਦਾਵਰੀ ਕੰਢਣ, ਪਾਣੀ ਨਾਸਾਂ ਵਿਚ ਟਿਕਾਈਆ । ਬਣ ਕੇ ਪੁਜਾਰੀ ਬ੍ਰਾਹਮਣ, ਨੈਣ ਨੈਣ ਰਹੇ ਸਮਝਾਈਆ । ਜਨ ਭਗਤੋ ਬਿਨਾ ਪ੍ਰਭੂ ਤੋਂ ਸਾਰੇ ਐਵੇਂ ਵੰਞਣ, ਬੇੜਾ ਪਾਰ ਨਾ ਕੋਇ ਕਰਾਈਆ । ਤੁਹਾਡਾ ਇਕੋ ਵਾਰ ਦਾ ਮਜਨ, ਮੰਜ਼ਲ ਦੋ ਜਹਾਨ ਚੁਕਾਈਆ । ਜਿਨ੍ਹਾਂ ਦਾ ਮਾਲਕ ਧੁਰ ਦਾ ਸੱਜਣ, ਸ਼ਹਿਨਸ਼ਾਹ ਨੂਰ ਅਲਾਹੀਆ । ਚਾੜ੍ਹ ਦੇਵੇ ਆਪਣੀ ਰੰਗਣ, ਰੰਗਤ ਇਕ ਰੰਗਾਈਆ । ਗੁਰਮੁਖ ਕਿਸੇ ਦਵਾਰੇ ਜਾਵੇ ਨਾ ਮੰਗਣ, ਮਾਂਗਤ ਹੋ ਨਾ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਓਹ ਸੰਗਲ ਵਾਲੇ ਦੱਸ ਕਿਹੜਾ ਖ਼ਰੀਦੋਗੇ ਸੰਗ, ਸੰਗੀ ਕਵਣ ਬਣਾਈਆ । ਕਿਹਦੇ ਕੋਲੋਂ ਮੰਗੋਂਗੇ ਮੰਗ, ਦੇਵਣਵਾਲਾ ਕਵਣ ਅਖਵਾਈਆ । ਵੇਖੋ ਪ੍ਰਭ ਦਾ ਸੋਹਣਾ ਢੰਗ, ਨਾਮ ਦਾ ਸੰਗਲ ਸਭ ਦੇ ਗਲ ਵਿਚ ਦੇਵੇ ਪਾਈਆ । ਜੇ ਤੁਸਾਂ ਪ੍ਰੇਮ ਤੋਂ ਹੋਣਾ ਤੰਗ, ਬਾਹਵਾਂ ਉਪਰ ਲਓ ਉਠਾਈਆ । ਜੇ ਸਚ ਪੁਛੋ ਮੈਨੂੰ ਭਗਤਾਂ ਨੂੰ ਮਿਲ ਕੇ ਪੈਂਦੀ ਠੰਡ, ਵੱਡੇ ਛੋਟੇ ਇਕੋ ਰੰਗ ਰੰਗਾਈਆ । ਕਿਤੇ ਹੈਰਾਨ ਨਾ ਹੋ ਜਾਇਓ ਇਸ ਨੇ ਚੰਗੇ ਕੀਤੇ ਪਿਆਰੇ ਪੰਜ, ਮੈਨੂੰ ਪੰਜਾਂ ਦਾ ਰੂਪ ਸਾਰੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸੰਗਲ ਕਹੇ ਮੈਂ ਸਗਲਾ ਸਾਥੀ, ਸਾਂਝਾ ਯਾਰ ਅਖਵਾਈਆ । ਜਿਸ ਵੇਲੇ ਤੇਰਾ ਐਰਾਪਤ ਹਾਥੀ, ਚੌਧਵੇਂ ਰਤਨ ਦਿਤੀ ਦੁਹਾਈਆ । ਜਿਸ ਵੇਲੇ ਗੋਬਿੰਦ ਨੇ ਨੀਲੇ ਉਤੇ ਪਾਈ ਕਾਠੀ, ਜ਼ੀਨ ਦਿਤੀ ਟਿਕਾਈਆ । ਓਸ ਵੇਲੇ ਸ਼ਬਦ ਅਗੰਮੀ ਬਾਣੀ ਆਖੀ, ਬਿਨਾ ਅੱਖਰਾਂ ਕਰ ਪੜ੍ਹਾਈਆ । ਜਿਸ ਵੇਲੇ ਮੇਰਾ ਆਇਆ ਪੁਰਖ ਅਬਿਨਾਸ਼ੀ, ਕਰਤਾ ਧੁਰਦਰਗਾਹੀਆ । ਗੁਰਮੁਖਾਂ ਦੇ ਗਲੋਂ

ਸਦਾ ਵਾਸਤੇ ਕੱਟ ਦੇਵੇ ਜਮਾਂ ਦੀ ਫਾਸੀ, ਸੰਗਲ ਆਪਣੇ ਹੱਥ ਤੁੜਾਈਆ । ਲਿਹਾਜ਼ ਕਰਦਾ ਨਹੀਂ ਕਿਸੇ ਸਾਕ ਸੱਜਣ ਸੈਣ ਭਾਈ ਭੈਣ ਤੇ ਫੁੱਫੀ ਮਾਸੀ, ਨਾਤਾ ਗੁਰਮੁਖਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸੰਗਲ ਕਹੇ ਮੈਂ ਬਣਿਆ ਨਾਲ ਲੋਹਾ, ਮੇਰਾ ਘਾੜਨ ਦਿਤਾ ਘੜਾਈਆ । ਜਿਸ ਵੇਲੇ ਮੈਂ ਸੁਣਿਆ ਸੋਹੰ ਦੋਹਾ, ਦੁਹਾਈ ਦੇ ਕੇ ਦਿਆਂ ਜਣਾਈਆ । ਓਏ ਗੁਰਮੁਖੋ ਮੈਂ ਵੀ ਗਿਆ ਮੋਹਿਆ, ਮੋਹ ਮੇਰੇ ਅੰਦਰ ਉਪਜਾਈਆ । ਮੈਂ ਭੁੱਬਾਂ ਮਾਰ ਕੇ ਰੋਇਆ, ਦਿਤੀ ਹਾਲ ਦੁਹਾਈਆ । ਜੀਹਨੂੰ ਕਹਿੰਦੇ ਚੂੰਕੇ ਚੁੰਨਾਚੇ ਗੋਇਆ, ਸੋ ਮੜ੍ਹੀ ਗੋਰ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਸੰਗਲ ਕਹੇ ਮੈਂ ਦੇਵਾਂ ਅੰਤ ਸੰਦੇਸ਼ਾ, ਸਦੀ ਚੌਧਵੀਂ ਨਾਲ ਦੁਹਾਈਆ । ਜਨ ਭਗਤੋ ਭਗਤ ਉਧਾਰਨਾ ਪ੍ਰਭ ਦਾ ਪੇਸ਼ਾ, ਪੇਸ਼ੀਨਗੋਈਆਂ ਵਿਚ ਸਾਰੇ ਗਏ ਸਮਝਾਈਆ । ਜਿਸ ਦਾ ਨਿਰਗੁਣ ਨੂਰ ਰੂਪ ਅਗੰਮੀ ਜੇਤਾ, ਜੋਤੀ ਜਾਤਾ ਇਕ ਅਖਵਾਈਆ । ਧੁਰ ਦਾ ਦੱਸ ਸਚ ਸਲੋਕਾ, ਨਾਮ ਨਿਧਾਨਾ ਰਿਹਾ ਪੜ੍ਹਾਈਆ । ਧੰਨ ਭਾਗ ਸੰਗਲ ਕਹੇ ਮੈਨੂੰ ਤੁਹਾਡੇ ਨਾਲ ਮਿਲ ਗਿਆ ਮੌਕਾ, ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਸੰਗਲ ਕਹੇ ਮੇਰਾ ਦੁੱਖ ਮਿਟਿਆ ਪੀੜਾ, ਦਰਦ ਰਿਹਾ ਨਾ ਰਾਈਆ । ਲੇਖਾ ਵੇਖਣਾ ਨੰਨ੍ਹੀ ਬੱਚੀ ਦਵਿੰਦਰ ਜਿਸ ਦੇ ਸਿਰ ਤੇ ਲਾਲ ਲੀੜਾ, ਅੱਗੇ ਹੋ ਕੇ ਸੀਸ ਨਿਵਾਈਆ । ਜਿਸ ਦਾ ਜਗਤ ਭਗਤ ਵਤੀਰਾ, ਵਿਤਕਰਾ ਵਿਚ ਨਾ ਕੋਇ ਬਣਾਈਆ । ਅੰਮ੍ਰਿਤ ਦੇਣਾ ਅੰਤਰ ਸੀਰਾ, ਰਸ ਦੇਣਾ ਚਖਾਈਆ । ਦੇ ਕੇ ਨਾਮ ਜਗੀਰਾ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਮੁਖੋਂ ਬੋਲ ਕੇ ਕਹੇ ਲਾਲ ਚੁੰਨੀ, ਚੁੰਨੀਆਂ ਵਾਲੀਆਂ ਦਿਆਂ ਜਣਾਈਆ । ਵੇਖੋ ਨਿੱਕੀ ਜਿਹੀ ਮੁੰਨੀ, ਜੋ ਮੁਨੀਆਂ ਮਾਣ ਤੁੜਾਈਆ । ਜਿਸ ਦੇ ਅੰਦਰ ਨਾਮ ਦੀ ਧੁਨੀ, ਧੁਰ ਦਾ ਰਾਗ ਇਕ ਅਲਾਈਆ । ਭਾਗ ਲੱਗਾ ਸਾਢੇ ਤਿੰਨ ਹੱਥ ਕੁਲੀ, ਕਾਇਆ ਵੱਜੇ ਵਧਾਈਆ । ਰਸ ਪ੍ਰੇਮ ਮੁਖ ਦਾ ਬੁੱਲੀਂ, ਚਸ਼ਮ ਦੀਦ ਚਮਕਾਈਆ । ਸਚ ਪ੍ਰੀਤੀ ਘੋਲ ਘੁਲੀ, ਮੁਹੰਮਦ ਦਏ ਗਵਾਹੀਆ । ਭਗਤ ਦਵਾਰੇ ਫਲੀ ਫੁੱਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਛੋਟੀ ਨੰਨ੍ਹੀ ਬਣੀ ਗਵਾਹ, ਸ਼ਹਾਦਤ ਦਏ ਭੁਗਤਾਈਆ । ਜਨ ਭਗਤੋ ਪ੍ਰਭੂ ਸਭ ਦਾ ਪਿਤਾ ਮਾਂ, ਬੱਚਿਆਂ ਵਾਂਗ ਗੋਦ ਉਠਾਈਆ । ਕਦੇ ਨਾ ਕਰੇ ਨਾਂਹ, ਜੋ ਚਰਨ ਦਵਾਰੇ ਸੀਸ ਝੁਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਦੁਰਮਤ ਮੈਲ ਕਰੇ ਸਫ਼ਾਈਆ । ਮੇਰੀਆਂ ਫੜ ਕੇ ਦੋਵੇਂ ਬਾਂਹ, ਉਪਰ ਰਿਹਾ ਉਠਾਈਆ । ਲਾਲ ਚੀਰੇ ਵਾਲਿਆਂ ਲਏ ਉਠਾ, ਉਠੋ ਮੇਰੇ ਭਾਈਆ । ਇੱਕੀਆਂ ਵੇਖ ਲਓ ਰੰਗ ਦਿਤਾ ਰੰਗਾ, ਸਿਰ ਸਭ ਦੇ ਹੱਥ ਟਿਕਾਈਆ । ਇਨ੍ਹਾਂ ਤੋਂ ਵਖਰਾ ਹੋਰ ਕੋਈ ਨਾ, ਸੰਗਤ ਦਾ ਰੂਪ ਇਨ੍ਹਾਂ ਵਿਚ ਮਿਲਾਈਆ । ਜਨ ਭਗਤੋ ਅਸੀਂ ਸਾਰੇ ਭੈਣ ਭਰਾ, ਸੋਹੰ ਢੋਲਾ ਲਈਏ ਗਾਈਆ । ਹੁਣ ਸਾਰੇ ਬਹਿ ਜਾਓ ਨਾਲ ਚਾਅ, ਚਾਓ ਘਨੇਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਆ । ਸਦੀ ਚੌਧਵੀਂ ਕਹੇ ਹਜ਼ਰਤ ਕਿਉਂ ਹੁੰਦਾ ਜਾਏਂ ਉਦਾਸ, ਮੁਹੰਮਦ ਦੇ ਜਣਾਈਆ । ਮੁਹੰਮਦ ਕਹੇ ਮੈਂ ਮੰਗਿਆ ਪਾਣੀ ਦਾ ਗਲਾਸ, ਜੋ ਪਿਛਲਾ ਲੇਖਾ ਝੋਲੀ ਪਾਈਆ । ਮੇਰਾ ਮੇਰੇ ਕੋਲੋਂ ਹੁੰਦਾ ਜਾਏ ਨਾਸ, ਸਾਬਤ ਰਹਿਣ ਕੋਇ ਨਾ ਪਾਈਆ ।

ਸ਼ੇਖ਼ ਰਿਹਾ ਕੋਈ ਨਾ ਪਾਕ, ਪਤਤ ਪੁਨੀਤ ਨਾ ਕੋਇ ਜਣਾਈਆ । ਸਦੀ ਚੌਧਵੀਂ ਕਹੇ ਮੈਂ ਧੂੜੀ ਲਾ ਕੇ ਮਸਤਕ ਖ਼ਾਕ, ਖ਼ਾਲੀ ਹੱਥ ਦਿਆਂ ਦੁਹਾਈਆ । ਹਜ਼ਰਤਾ ਮੇਰਾ ਓਸ ਦੇ ਨਾਲ ਹੋਇਆ ਮਿਲਾਪ, ਜੋ ਮਿਲਦਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਕਾਇਨਾਤ, ਕ਼ਾਇਮ ਮੁਕਾਮ ਹੱਕਾਮ ਖੋਜ ਖੁਜਾਈਆ । ਮੈਂ ਤੱਕਾ ਅਲਿਫ਼ ਯੇ ਦੀ ਲੁਗਾਤ, ਓ ਮੁਹੰਮਦਾ ਮੁਰਸ਼ਦ ਹੋ ਕੇ ਕਿਉਂ ਪਾ ਗਿਉਂ ਵਫਾਤ, ਵਫਾਦਾਰੀ ਤੋੜ ਨਾ ਕੋਇ ਨਿਭਾਈਆ । ਵੇਖ ਪ੍ਰਭ ਦੇ ਪਿਆਰਿਆਂ ਦੀ ਯਾਦ, ਯਾਦਾਸ਼ਤ ਸਭ ਨੂੰ ਰਿਹਾ ਕਰਾਈਆ । ਜਿਸ ਦੇ ਕੋਲ ਇਕ ਪਾਣੀ ਦਾ ਗਲਾਸ, ਚੌਦਾਂ ਸਦੀਆਂ ਦੀ ਬੱਚੀ ਨਜ਼ਰੀ ਆਈਆ । ਏਥੋਂ ਦੇਣਾ ਪ੍ਰਭ ਨੇ ਸਭ ਨੂੰ ਆਬੇਹਯਾਤ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਜੋ ਆ ਗਿਆ ਉਪਰ ਧਰਤੀ ਖ਼ਾਕ, ਖ਼ਾਕ ਖ਼ਾਕ ਵਿਚੋਂ ਉਠਾਈਆ । ਸਭ ਦਾ ਖੋਲ੍ਹ ਕੇ ਅੰਦਰੋਂ ਤਾਕ, ਪੜਦਾ ਦੇਣਾ ਚੁਕਾਈਆ । ਤੁਸੀਂ ਓਸ ਪ੍ਰਭੂ ਦੇ ਸਾਕ, ਜੋ ਸਭ ਦਾ ਪਿਤਾ ਮਾਈਆ । ਤੁਹਾਡੇ ਜਨਮ ਜਨਮ ਦੇ ਕੱਟ ਕੇ ਪਾਪ, ਪਤਤ ਪੁਨੀਤ ਦਿਤਾ ਬਣਾਈਆ । ਅੱਗੇ ਕੋਈ ਨਾ ਰਿਹੋ ਗੁਸਤਾਖ, ਗ਼ੁੱਸਾ ਗਿਲਾ ਦੇਣਾ ਗਵਾਈਆ । ਇਹ ਸੋਹਣੀ ਸੁਹੰਞਣੀ ਰਾਤ, ਰੁਤੜੀ ਇਕ ਮਹਿਕਾਈਆ । ਤੁਹਾਨੂੰ ਕਰਨਾ ਪਏ ਨਾ ਪੂਜਾ ਪਾਠ, ਲੇਖਾ ਸਭ ਦਾ ਦਿਤਾ ਮੁਕਾਈਆ । ਨਹੌਣਾ ਪਏ ਨਾ ਤੀਰਥ ਤਾਟ, ਤਟ ਕਿਨਾਰਾ ਨਾ ਕੋਇ ਵਡਿਆਈਆ । ਇਹ ਓਹ ਆਬੇਹਯਾਤ, ਜਿਸ ਨੂੰ ਕਰਬਲੇ ਵਾਲੇ ਤਰਸ ਤਰਸ ਕੇ ਆਪਣਾ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਆਬੇਹਯਾਤ ਮੁਹੰਮਦ ਦੇ ਲੱਗਾ ਨਾਲ ਲਬਾਂ, ਪਿਆਲਾ ਲਬਰੇਜ਼ ਨਜ਼ਰੀ ਆਈਆ । ਓਨ ਹੋ ਕੇ ਭਾਰ ਪੱਬਾਂ, ਪਬਲਕ ਨੂੰ ਦਿਤਾ ਸੁਣਾਈਆ । ਓ ਮੁਰੀਦੋ ਮੇਰਾ ਇਕੋ ਅੱਬਾ, ਮਾਲਕ ਧੁਰਦਰਗਾਹੀਆ । ਜਿਹੜਾ ਕਦੇ ਨਹੀਂ ਕਰਦਾ ਦਗਾ, ਦਰਦੀਆਂ ਦਰਦ ਵੰਡਾਈਆ । ਚੌਦਾਂ ਸਦੀਆਂ ਮੇਰਾ ਵਧੌਣਾ ਅੱਗਾ, ਅਗਲਾ ਭੇਵ ਆਪਣੇ ਵਿਚ ਛੁਪਾਈਆ । ਮੈਨੂੰ ਪਤਾ ਨਹੀਂ ਲਗਦਾ ਓਸ ਨੇ ਪ੍ਰਗਟ ਹੋਣਾ ਕਿਹੜੀ ਜਗਹ, ਕਵਣ ਧਾਮ ਵਡਿਆਈਆ । ਮੁਹੰਮਦ ਨੇ ਸਿਰ ਤੋਂ ਹੋ ਕੇ ਨੰਗਾ, ਪੁੱਠਾ ਹੋ ਕੇ ਸੱਜਦਾ ਦਿਤਾ ਕਰਾਈਆ । ਪਰਵਰਦਿਗਾਰ ਅੰਮ੍ਰਿਤ ਪਾ ਕੇ ਵਿਚ ਸ਼ਾਹਰਗਾ, ਰਗ ਰਗ ਕੀਤੀ ਰੁਸ਼ਨਾਈਆ । ਮੁਹੰਮਦ ਪੁਛਿਆ ਮੈਨੂੰ ਦੱਸ ਕੁਛ ਵਜਹ, ਵਜ਼ਾਹਤ ਨਾਲ ਸਮਝਾਈਆ । ਹੁਕਮ ਮਿਲਿਆ ਮੇਰੀ ਚਲਣਾ ਵਿਚ ਰਜ਼ਾ, ਰਮਜ਼ਾਨ ਦਾ ਮਹੀਨਾ ਭੁੱਖਾ ਰਹਿ ਕੇ ਝਟ ਲੰਘਾਈਆ । ਜਿਸ ਵੇਲੇ ਮੈਂ ਆਇਆ ਨਿਰਗੁਣ ਨੂਰ ਹੋ ਕੇ ਸ਼ੇਰ ਬੱਗਾ, ਸ਼ਹਿਨਸ਼ਾਹ ਇਕ ਅਖਵਾਈਆ । ਤੁਸੀਂ ਗੁਰ ਅਵਤਾਰ ਪੈਗ਼ੰਬਰ ਮੇਰੇ ਨਾਮ ਦਾ ਵਜਾਇਓ ਡੱਗਾ, ਤੇ ਡੁਗਡੁਗੀਆਂ ਮੇਰੇ ਨਾਮ ਦੀਆਂ ਹੱਥੋਂ ਦੇਣੀਆਂ ਸੁਟਾਈਆ । ਮੈਂ ਕੋਈ ਜਾਪ ਨਹੀਂ ਕਰਨਾ ਹੋ ਕੇ ਇਕ ਟੰਗਾ, ਅਸ਼ਟਭੁਜ ਦੇਵੀਆਂ ਵਾਲਾ ਨਾ ਰੂਪ ਬਦਲਾਈਆ । ਜਿਸ ਵੇਲੇ ਜਨ ਭਗਤ ਦੇਣ ਸੱਦਾ, ਫਿਰ ਲੋਕਮਾਤ ਕਰਾਂ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਚੜ੍ਹਾਈਆ । ਪਾਣੀ ਕਹੇ ਮੁਹੰਮਦ ਦੀ ਕਦੀ ਨਾ ਲਹੇ ਉਦਾਸੀ, ਉਦੇ ਅਸਤ ਦਿਆਂ ਦੁਹਾਈਆ । ਈਸਾ ਦੀ ਕੱਟੇ ਕੋਈ ਨਾ ਫਾਸੀ, ਫ਼ੈਸਲਾ ਹੱਕ ਸੁਣਾਈਆ । ਮੂਸਾ ਦੀ ਮੂੰਹ ਦੇ ਭਾਰ ਡਿੱਗਣ ਵਾਲੀ ਗਾਥੀ, ਸਾਰੇ ਰਹੇ ਗਾਈਆ । ਤੇਰੀ ਪ੍ਰਭੂ ਖੇਲ ਕਿਸੇ ਨਾ ਜਾਤੀ, ਜੋਤੀ ਜਾਤੇ ਤੇਰੀ ਬੇਪ੍ਰਵਾਹੀਆ । ਤੇਰਾ ਖੇਲ ਜੁਗ ਚੌਕੜੀ ਬਹੁ ਭਾਤੀ, ਪਾਰਬ੍ਰਹਮ ਤੇਰੀ ਵਡਿਆਈਆ । ਸਾਚੇ

ਮੰਡਲ ਤੇਰੀ ਰਾਸੀ, ਗੁਰ ਅਵਤਾਰ ਪੈਗ਼ੰਬਰ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਲੇਖਾ ਝੋਲੀ ਪਾਈਆ । ਮੁਹੰਮਦ ਕਹੇ ਮੈਂ ਪੀਤਾ ਹਯਾਤ ਆਬੇ, ਅੱਵਲ ਦਿਤਾ ਪਿਆਈਆ । ਤੱਕਿਆ ਨੂਰ ਇਕ ਮਹਿਰਾਬੇ, ਜਲਵਾ ਹੱਕ ਰੁਸ਼ਨਾਈਆ । ਜਿਸ ਕਾਰਨ ਭੱਜਿਆ ਵਿਚੋਂ ਮੱਕੇ ਕਾਅਬੇ, ਕਾਇਆ ਲਈ ਬਦਲਾਈਆ । ਪਾਣੀ ਪੀਤਾ ਮਦੀਨੇ ਵਾਲੀ ਢਾਬੇ, ਚੁਲੀਆਂ ਸੱਤ ਸੱਤ ਕਰਾਈਆ । ਮੈਨੂੰ ਆਵਾਜ਼ ਦਿਤੀ ਆਦਮ ਮੇਰੇ ਬਾਬੇ, ਅੰਮਾਂ ਹਵਾ ਕੀਤੀ ਸ਼ਨਵਾਈਆ । ਸੁਣ ਨਗਮਾ ਅਗੰਮੀ ਰਾਗੇ, ਪੈਗ਼ਾਮ ਇਕ ਅਲਾਹੀਆ । ਜਿਸ ਵੇਲੇ ਮੁਹੱਬਤ ਰਹੀ ਨਾ ਇਸ਼ਕ ਹਕੀਕ਼ੀ ਮਜਾਜ਼ੇ, ਮਜਲਸ ਕੂੜ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਲੇਖੇ ਪਾਈਆ । ਮੁਹੰਮਦ ਕਹੇ ਮੇਰਾ ਸੱਜਦਾ ਡੰਡਾਵਤ ਨਿਮਸਕਾਰ, ਚਰਨ ਬੰਦਨਾ ਕਦਮਬੋਸੀ ਵਿਚ ਸੀਸ ਜਗਦੀਸ਼ ਝੁਕਾਈਆ । ਅੰਮ੍ਰਿਤ ਆਬੇਹਯਾਤ ਭਗਤਾਂ ਦੀ ਹਯਾਤੀ ਉਤੋਂ ਦੇਵੇ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕ਼ਰਜ਼ਾ ਕਰੌਣਾ ਉਧਾਰ, ਉਦਰ ਦੇ ਵਿਚ ਵੇਖ ਵਖਾਈਆ । ਜੇ ਤੇਰਾ ਭਗਤਾਂ ਨਾਲ ਪਿਆਰ, ਪਾਰਬ੍ਰਹਮ ਹੋ ਕੇ ਆਪਣੀ ਸੇਵ ਕਮਾਈਆ । ਸਭ ਨੂੰ ਬੱਚਿਆਂ ਵਾਂਗ ਗੋਦ ਉਠਾਲ, ਛੋਟਾ ਵੱਡਾ ਰਹਿਣ ਕੋਇ ਨਾ ਪਾਈਆ । ਜਿਸ ਤਰਾ ਬਿਸ਼ਨ ਸਿੰਘ ਤੇਰਾ ਬਾਲ, ਬਚਪਨ ਆਪਣਾ ਰੰਗ ਚੜ੍ਹਾਈਆ । ਤੇਰੇ ਹੁੰਦਿਆਂ ਭਗਤਾਂ ਦੇ ਕੋਲ ਨਾ ਜਾਏ ਕਾਲ, ਫਿਰ ਤੈਨੂੰ ਸੀਸ ਨਾ ਕੋਇ ਝੁਕਾਈਆ । ਜੇ ਤੂੰ ਕਰ ਨਹੀਂ ਸਕਦਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਫਿਰ ਖੁਲ੍ਹੇ ਖੋਲ੍ਹ ਲੈ ਆਪਣੇ ਵਾਲ, ਦਰਵੇਸ਼ਾਂ ਵਾਲਾ ਰੂਪ ਵਟਾਈਆ । ਜਿਥੇ ਕਿਤੇ ਹੋਊਗਾ ਆਪਣੇ ਪਰਮਾਤਮਾ ਨੂੰ ਲਵਾਂਗੇ ਭਾਲ, ਤੇਰੀ ਲੋੜ ਰਹੇ ਨਾ ਰਾਈਆ । ਮੁਹੰਮਦ ਕਹੇ ਪ੍ਰਭ ਸਦੀ ਚੌਧਵੀਂ ਦੀ ਜਿਹੜੀ ਬਦਲਣ ਲੱਗਾ ਚਾਲ, ਗੋਬਿੰਦ ਮੇਲਾ ਸਹਿਜ ਸੁਭਾਈਆ । ਜਨ ਭਗਤੋ ਤੁਹਾਡੇ ਪ੍ਰੇਮ ਦੀ ਤੁਹਾਡੇ ਅੰਦਰੋਂ ਖਿੱਚ ਕੇ ਢਾਲ, ਆਪਣੇ ਹੱਥ ਲਏ ਟਿਕਾਈਆ । ਇਹ ਖੇਲ ਬੇਮਿਸਾਲ, ਭਗਤਾਂ ਨੂੰ ਕੰਨੋ ਫੜ ਕੇ ਚਾਰੋਂ ਕੁੰਟ ਲਏ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਈ ਖ਼ੁਸ਼ਹਾਲੀ, ਸੋਹਣੀ ਖ਼ੁਸ਼ੀ ਬਣਾਈਆ । ਫਲ ਵੇਖਣ ਆਇਆ ਆਪਣੀ ਡਾਲੀ, ਪੱਤਾ ਪੱਤਾ ਫੋਲ ਫੁਲਾਈਆ । ਬੇਸ਼ਕ ਕਲਜੁਗ ਰੈਣ ਅੰਧੇਰੀ ਕਾਲੀ, ਕੱਲਿਆਂ ਕੱਲਿਆਂ ਨੂੰ ਲੱਖ ਚੁਰਾਸੀ ਵਿਚੋਂ ਲਿਆ ਉਠਾਈਆ । ਇਹ ਖੇਲ ਵੇਖੋ ਹਾਲੀ, ਮਾਜ਼ੀ ਦਾ ਲਹਿਣਾ ਦਿਆਂ ਮੁਕਾਈਆ । ਜਨ ਭਗਤੋ ਤੁਹਾਡੀ ਮੰਜ਼ਲ ਹੋ ਗਈ ਸੁਖਾਲੀ, ਸੁੱਖੀ ਸਾਂਦੀ ਆਪਣੇ ਘਰ ਲਏ ਪੁਚਾਈਆ । ਜਿਥੇ ਜਗੇ ਜੋਤ ਅਕਾਲੀ, ਅਕਲ ਕਲ ਬੈਠਾ ਬੇਪ੍ਰਵਾਹੀਆ । ਭਗਤ ਉਧਾਰਨਾ ਪ੍ਰਭ ਦੀ ਰਸਮ ਪੁਰਾਣੀ, ਪੁਰੀਆਂ ਲੋਆਂ ਤੋਂ ਪਰੇ ਡੇਰਾ ਲਾਈਆ । ਅੱਗੇ ਕਬੀਰ ਸਦਨੇ ਰਵਦਾਸ ਦੀ ਪੜ੍ਹਦੇ ਰਹੇ ਕਹਾਣੀ, ਹੁਣ ਭਗਤਾਂ ਗਣਤ ਨਾ ਕੋਇ ਗਿਣਾਈਆ । ਜਿਸ ਨੇ ਤਾਰ ਦੇਣੀ ਚਾਰੇ ਖਾਣੀ, ਖ਼ਾਨੇ ਸਭ ਦੇ ਵੇਖ ਵਖਾਈਆ । ਤੁਹਾਡੀ ਕ਼ਬੂਲ ਹੋ ਗਈ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੀ ਪੜ੍ਹੀ ਬਾਣੀ, ਬਾਣ ਅਣਿਆਲਾ ਦਿਤਾ ਲਗਾਈਆ । ਏਸ ਨੰਨ੍ਹੀ ਬੱਚੀ ਦਾ ਪਾਣੀ, ਪਾਰਬ੍ਰਹਮ ਦਾ ਮੇਲਾ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਪੜ੍ਹ ਕੇ ਦੱਸੋ ਵਾਰਤਾ, ਕੀ ਮੈਂ ਆਈ ਸੁਣਾਈਆ । ਮੈਂ ਰੂਪ ਨਹੀਂ ਕੋਈ ਨਾਰ ਦਾ, ਤੱਤਾਂ ਵਾਲੀ ਨਾ ਵੰਡ ਵੰਡਾਈਆ ।

੪੪੦
੨੧

ਮੈਂ ਦਰਸ਼ਨ ਕਰਨਾ ਅਗੰਮੀ ਯਾਰ ਦਾ, ਜੋ ਧੁਰ ਦਾ ਨੂਰ ਖ਼ੁਦਾਈਆ । ਜਾਮ ਪੀਣਾ ਹਕ਼ੀਕ਼ੀ ਪਿਆਰ ਦਾ, ਜੋ ਪ੍ਰੀਤਮ ਹੋ ਕੇ ਦਏ ਪਿਲਾਈਆ । ਮੇਰਾ ਰੋਗ ਮੇਟ ਦਏ ਚੌਦਾਂ ਸਦੀਆਂ ਵਿਛੋੜੇ ਵਾਲੇ ਬੀਮਾਰ ਦਾ, ਅੰਦਰੋਂ ਦੁੱਖ ਗਵਾਈਆ । ਫੇਰ ਮੈਂ ਕਹਾਂ ਇਹ ਅਮਾਮ ਮਹਿਦੀ ਰੂਪ ਕਲਗੀ ਅਵਤਾਰ ਦਾ, ਜੋ ਗੋਬਿੰਦ ਗਿਆ ਜਣਾਈਆ । ਜੋ ਡੁੱਬਿਆਂ ਦੇ ਬੇੜੇ ਤਾਰਦਾ, ਡਿਗਿਆਂ ਨੂੰ ਪਾਰ ਲੰਘਾਈਆ । ਜਨ ਭਗਤੋ ਸਮਝ ਲਓ ਹੁਣ ਵੇਲਾ ਰਹਿਣਾ ਹੁਸ਼ਿਆਰ ਦਾ, ਹੋਸ਼ ਆਪਣੀ ਨਾ ਲੈਣੀ ਗਵਾਈਆ । ਏਥੇ ਔਣਾ ਕੰਮ ਨਹੀਂ ਕਿਸੇ ਨਾਰ ਬਦਕਾਰ ਦਾ, ਬਦੀ ਵਾਲਾ ਬਦਨ ਨਾ ਕੋਇ ਵਖਾਈਆ । ਮੇਰਾ ਪ੍ਰਭੂ ਬਿਨਾ ਭਗਤਾਂ ਤੋਂ ਸਭ ਨੂੰ ਦੁਰਕਾਰਦਾ, ਵੇਖੋ ਦੁਰਗਾ ਤੁਹਾਡਿਆਂ ਚਰਨਾਂ ਵਿਚ ਸੀਸ ਨਿਵਾਈਆ । ਜੇ ਮੇਰਾ ਨਾਤਾ ਨਾ ਹੁੰਦਾ ਏਸ ਰਵਦਾਸ ਚਮਿਆਰ ਦਾ, ਮੁਖ ਚੁੰਮ ਕੇ ਕਿਸ ਨੂੰ ਗਲੇ ਲਗਾਈਆ । ਜੇ ਮੈਂ ਮਾਲਕ ਨਾ ਹੁੰਦਾ ਇਨ੍ਹਾਂ ਨਬੀਆਂ ਪਿਆਰਿਆਂ ਦੀ ਸਰਕਾਰ ਦਾ, ਸਦੀ ਦਾ ਡੇਰਾ ਕਵਣ ਢਾਹੀਆ । ਜੇ ਮੈਂ ਮਾਲੀ ਨਾ ਹੁੰਦਾ ਏਸ ਗੁਲਜ਼ਾਰ ਦਾ, ਇਹ ਗੁਲਸ਼ਨ ਕਵਣ ਮਹਿਕਾਈਆ । ਜਨ ਭਗਤੋ ਮੈਂ ਕੋਈ ਭੁੱਖਾ ਨਹੀਂ ਖਾਣ ਪੀਣ ਦੇ ਰੁਜ਼ਗਾਰ ਦਾ, ਖ਼ਾਲੀ ਹੱਥ ਤੁਹਾਡੀ ਸੇਵ ਕਮਾਈਆ । ਮੈਂ ਭਰਿਆ ਤੁਹਾਡੇ ਮਹਿਜ਼ ਪਿਆਰ ਦਾ, ਮੁਹੱਬਤ ਵਿਚ ਆਪਣਾ ਝਟ ਲੰਘਾਈਆ । ਤੁਹਾਨੂੰ ਪਤਾ ਨਹੀਂ ਕਿਉਂ ਨਾਨਕ ਨੇ ਨਾਮ ਜਪਿਆ ਸਤਿ ਕਰਤਾਰ ਦਾ, ਕਰਤਾ ਪੁਰਖ ਇਕ ਮਨਾਈਆ । ਕਿਉਂ ਜਾਮੇ ਦਸ ਆਪਣੇ ਰਿਹਾ ਧਾਰਦਾ, ਰੂਪ ਅਨੂਪ ਦਰਸਾਈਆ । ਓਹ ਭਗਤੋ ਤੁਹਾਡੀ ਪੈਜ ਰਿਹਾ ਸਵਾਰਦਾ, ਸਵਾਰਥ ਪਰਮਾਰਥ ਪ੍ਰਭ ਦੇ ਹੱਥ ਫੜਾਈਆ । ਤੁਹਾਡੇ ਪੰਜਾਂ ਤੱਤਾਂ ਨੂੰ ਰਿਹਾ ਸ਼ਿੰਗਾਰਦਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਮੁਹੰਮਦ ਦੀ ਆਸਾ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਮੇਰੀ ਮਿਟ ਗਈ ਪਿਆਸਾ, ਤ੍ਰਿਖਾ ਦਿਤੀ ਗਵਾਈਆ । ਜਨ ਭਗਤੋ ਸਭ ਨੇ ਬੱਚਿਆਂ ਵਾਂਗ ਖ਼ੁਸ਼ੀਆਂ ਦਾ ਕਰਨਾ ਹਾਸਾ, ਹਸਤੀ ਆਪਣੇ ਅੰਦਰ ਲੈਣੀ ਵਸਾਈਆ । ਭਗਤਾਂ ਦਾ ਭਗਵਾਨ ਉਤੇ ਭਰਵਾਸਾ, ਬਿਨਾ ਭਗਤਾਂ ਤੋਂ ਭਗਵਾਨ ਕੰਮ ਕਿਸੇ ਨਾ ਆਈਆ । ਤੁਸੀਂ ਓਸ ਪ੍ਰਭੂ ਦੀਆਂ ਸ਼ਾਖ਼ਾਂ, ਜੋ ਸ਼ਨਾਖ਼ਤ ਕਰ ਕੇ ਚਾਰ ਕੁੰਟ ਵੇਖ ਕੇ ਸ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਤੁਹਾਡਾ ਓਸ ਦੇ ਨਾਲ ਜੁੜਿਆ ਨਾਤਾ, ਜਿਸ ਨੂੰ ਨਰ ਨਰਾਇਣ ਕਹਿ ਕੇ ਸਾਰੇ ਰਹੇ ਗਾਈਆ । ਜੇ ਸਚ ਪੁੱਛੋ ਇਸ ਦੇ ਕੋਲ ਮੇਰਾ ਖਾਤਾ, ਜਿਸ ਦੇ ਕੋਲ ਅੱਖਰਾਂ ਵਾਲੀ ਕਰਾਂ ਪੜ੍ਹਾਈਆ । ਮੈਂ ਓਨ੍ਹਾਂ ਇੱਕੀਆਂ ਦਾ ਰਾਖਾ, ਜੋ ਛੁਹਾਰੇ ਮੁੱਠਾਂ ਵਿਚ ਬੰਦ ਕਰ ਕੇ ਬੈਠਣ ਚਾਈਂ ਚਾਈਆ । ਜ਼ਰਾ ਉਠ ਕੇ ਤਾੜੀ ਮਾਰ ਕੇ ਕਰੋ ਹਾਸਾ, ਸਗਣ ਪਾਇਆ ਧੁਰਦਰਗਾਹੀਆ । ਪਰ ਸਾਡਾ ਨਾਲ ਨਹੀਂ ਕੋਈ ਤਾਇਆ ਚਾਚਾ, ਭਾਈ ਭੈਣ ਨਜ਼ਰ ਕੋਇ ਨਾ ਆਈਆ । ਕਿਸੇ ਗਾਈ ਨਹੀਂ ਗਾਥਾ, ਥਾਲੀਆਂ ਵੇਲ ਨਾ ਕੋਇ ਉਲਟਾਈਆ । ਜੰਞ ਚੜ੍ਹੇ ਨਹੀਂ ਮਾਰ ਕੇ ਠਾਠਾਂ, ਧੌਣ ਮੋਢਿਆਂ ਉਤੇ ਅਕੜਾਈਆ । ਤੁਹਾਡੇ ਸਨਬੰਧੀਆਂ ਨੂੰ ਇਹੋ ਘਾਟਾ, ਸਾਡੇ ਤੋਂ ਬਿਨਾ ਪ੍ਰਭ ਨੇ ਆਪਣਿਆਂ ਨਾਲ ਕੀਤੀ ਕੁੜਮਾਈਆ । ਨਾਲੇ ਕਰਕੇ ਖੁਲ੍ਹਾ ਝਾਟਾ, ਵੇਸ ਆਪਣਾ ਲਿਆ ਬਦਲਾਈਆ । ਦੂਰੋਂ ਫ਼ਰੰਗੀਆਂ ਵਾਂਗ ਕਹਿ ਕੇ ਟਾ ਟਾ, ਸਮੁੰਦਰਾਂ ਤੋਂ ਪਾਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਜਿਹਦੀ ਪਿੱਠ ਵਿਚ ਕਾਲਾ ਦਾਗ਼, ਹੱਡੀ ਰੀੜ ਦਏ ਵਖਾਈਆ । ਜਿਸ ਦੇ ਅੰਦਰ ਇਕ ਦਾ ਰਾਗ, ਸਾਚਾ ਢੋਲਾ ਗਾਈਆ । ਸਿਰੋਂ ਗੰਜੀ ਤੇ ਫਿਰੇ

ਨਾਲ ਮਜਾਜ, ਆਕੜ ਰਿਹਾ ਵਖਾਈਆ । ਯਾਰ ਮੁਹੰਮਦ ਦਾ ਇਹ ਪ੍ਰਭ ਨੇ ਕੀਤਾ ਕਾਜ, ਬਿਨ ਕੱਜਲ ਨੈਣ ਲਿਆ ਚਮਕਾਈਆ । ਸਾਚੇ ਬੇੜੇ ਚਾੜ੍ਹ ਜਹਾਜ਼, ਪਤਣ ਦਿਤਾ ਵਖਾਈਆ । ਇਹ ਵੇਖੋ ਅਗਲਾ ਰਿਵਾਜ, ਭਗਤਾਂ ਨਾਲ ਕਰੇ ਕੁੜਮਾਈਆ । ਕਦੀ ਹੱਥ ਤੇ ਉਡਦਾ ਸੀ ਬਾਜ਼, ਕਦੀ ਗੁਰਮੁਖਾਂ ਨੂੰ ਗੋਦ ਟਿਕਾਈਆ । ਨਾਤਾ ਜੋੜ ਕੇ ਕੰਤ ਸੁਹਾਗ, ਸਵਰਗ ਬਹਿਸ਼ਤਾਂ ਦਾ ਡੇਰਾ ਢਾਹੀਆ । ਹੁਣ ਕੋਈ ਸੋਟੀ ਦਾ ਦੇ ਜਵਾਬ, ਡਾਂਗ ਵਾਲਾ ਨਜ਼ਰੀ ਆਈਆ । ਅੱਗੇ ਸਮਝ ਮੁਹੰਮਦ ਹੁਣ ਸੂਰਬੀਰ ਬਣਿਆ ਜਾਟ, ਜਟਾ ਜੂਟ ਕਰੇ ਸਫ਼ਾਈਆ । ਹੁਣ ਕਿਹੜਾ ਮਸੱਲਾ ਵਿਛੌਣਾ ਫੜ ਕੇ ਟਾਟ, ਲੋਟਾ ਵੁਜ਼ੂਆਂ ਵਾਲਾ ਹੱਥ ਉਠਾਈਆ । ਅੱਗੇ ਵਾਸਤੇ ਮੱਥੇ ਵਿਚ ਮਾਰ ਕੇ ਖੋਲ੍ਹ ਦੇਣਾ ਕਪਾਟ, ਕਵਲ ਨੈਣ ਦਿਆਂ ਮਿਲਾਈਆ । ਜ਼ਰਾ ਇਨ੍ਹਾਂ ਵਲ ਝਾਕ, ਆਪਣੀ ਦੇ ਸਫ਼ਾਈਆ । ਜਨ ਭਗਤੋ ਮੈਂ ਭੁੱਖਾ ਮੈਂ ਨੰਗਾ ਤੇ ਮੇਰੀ ਪੁੱਛੋ ਵਾਤ, ਵਾਕਫ਼ਕਾਰ ਪਿਛਲਾ ਨਜ਼ਰੀ ਆਈਆ । ਇਹ ਪਾਤਸ਼ਾਹ ਤੇ ਮੈਂ ਅਨਾਥ, ਅਨਾਥਾਂ ਦੀ ਨਾਥ ਸੇਵ ਕਮਾਈਆ । ਪਰ ਇਕ ਫ਼ਰਕ ਇਹ ਸਰੀਰ ਸੜਨ ਵਾਲਾ ਵਿਚ ਕਾਠ, ਤੇ ਮੈਂ ਨਿਰਗੁਣ ਨੂਰ ਜੋਤ ਪ੍ਰਕਾਸ਼, ਮੈਨੂੰ ਜਨਮੇ ਕੋਈ ਨਾ ਮਾਤ, ਗਰਭ ਵਿਚ ਕਦੇ ਨਾ ਆਈਆ । ਜਦ ਦੇਵਾਂ ਭਗਤਾਂ ਨੂੰ ਨਾਮ ਦੀ ਦਾਤ, ਦਾਤਾ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਕਾਲਾ ਦਾਗ਼ ਕਹੇ ਮੇਰੀ ਹੋ ਗਈ ਚਿੱਟੀ ਚਰਬੀ, ਚਿਰਾਂ ਬਾਦ ਮਿਲੀ ਵਡਿਆਈਆ । ਅੱਗੇ ਮੈਂ ਸੁਣਦਾ ਸਾਂ ਆਵਾਜ਼ ਵਿਚ ਅਰਬੀ, ਅਰਬਾਂ ਦਾ ਲੇਖਾ ਰਿਹਾ ਮੁਕਾਈਆ । ਹੁਣ ਸੰਦੇਸ਼ਾ ਦੇਵੇ ਰਾਮ ਸਿੰਘ ਲਿਆਵੇ ਉਹ ਪਰਚੀ, ਜੋ ਪਰਚਾ ਬੱਧਕ ਵਾਲਾ ਜਣਾਈਆ । ਬਿਸ਼ਨ ਕੌਰ ਲਿਆਵੇ ਚਰਖੀ, ਜੋ ਬੱਧਕ ਵੇਲੇ ਦੀ ਇਸ ਦੀ ਪਿਛਲੀ ਮਾਈਆ । ਏਸੇ ਕਰ ਕੇ ਪ੍ਰਭੂ ਬਣਿਆ ਰਿਹਾ ਦਰਦੀ, ਜੁਗ ਜੁਗ ਦਾ ਲੇਖਾ ਝੋਲੀ ਪਾਈਆ । ਬਸੰਤ ਕੌਰ ਜਿਸ ਦੀ ਚਿੱਟੀ ਵਰਦੀ, ਉਠ ਕੇ ਦਏ ਗਵਾਹੀਆ । ਇਹਦੀ ਆਸ਼ਾ ਪ੍ਰਭ ਦੇ ਪਿਆਰ ਅੰਦਰ ਰਹੀ ਸੜਦੀ, ਦੁਆਪਰ ਜੁਗ ਦਏ ਗਵਾਹੀਆ । ਇਹਦਾ ਰੈਣ ਵਸੇਰਾ ਹੋਇਆ ਵਿਚ ਦਸੌਂਟਾ ਜਿਥੇ ਧਾਰ ਕਿਲ੍ਹੇ ਕੋਟ ਗੜ੍ਹ ਦੀ, ਪਾਂਡਵਾਂ ਸੰਗ ਵਡਿਆਈਆ । ਕ੍ਰਿਸ਼ਨ ਕ੍ਰਿਸ਼ਨ ਨੌਂ ਮਹੀਨੇ ਰਹੀ ਪੜ੍ਹਦੀ, ਦਰੋਪਤ ਮਿਲ ਕੇ ਖ਼ੁਸ਼ੀ ਮਨਾਈਆ । ਇਹ ਖੇਲ ਸਾਂਝੇ ਘਰ ਦੀ, ਪਿਛਲਿਆਂ ਸਾਰਿਆਂ ਰਿਹਾ ਜਣਾਈਆ । ਸ਼ਾਖ਼ ਮੇਟਣੀ ਚੋਟੀ ਜੜ੍ਹ ਦੀ, ਆਤਮ ਪਰਮਾਤਮ ਨਾਤਾ ਲੈਣਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਰਾਮ ਸਿੰਘ ਦਾ ਕੀ ਖ਼ਾਲੀ ਕਹੇ ਪਰਚਾ, ਪ੍ਰਾਚੀਨ ਰਿਹਾ ਦ੍ਰਿੜਾਈਆ । ਤੇਰੇ ਕੋਲ ਪਿਛਲੇ ਜੁਗ ਦਾ ਖਰਚਾ, ਹਿਸਾਬ ਲੇਖਾ ਝੋਲੀ ਦੇਣਾ ਪਾਈਆ । ਮੈਂ ਕਰ ਕਰ ਥੱਕਾ ਅਰਜ਼ਾਂ, ਬਾਣ ਅਣਿਆਲਾ ਤੀਰ ਚਰਨ ਲਗਾਈਆ । ਮੈਨੂੰ ਤੇਰੇ ਮਿਲਣ ਦੀਆਂ ਗ਼ਰਜ਼ਾਂ, ਗ਼ਜ਼ਬ ਵਿਛੋੜਾ ਸਹਿ ਸਕਾਂ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਦੇਣਾ ਸੁਹਾਈਆ । ਪਰਚੀ ਕਹੇ ਮੇਰੀ ਲਿਖਤ ਇਕ ਇਲਾਹੀ, ਸਚ ਦਿਆਂ ਜਣਾਈਆ । ਬੱਧਕ ਦਾ ਇਕ ਵੇਰਾਂ ਮੇਲ ਹੋਇਆ ਸੀ ਸ਼ਾਂਤੀ ਨਾਲ ਇਤਫ਼ਾਕੀ, ਅਜੀਤ ਸਿੰਘ ਓਹੋ ਨਜ਼ਰੀ ਆਈਆ । ਇਹ ਫੜ ਲੈ ਆਪਣੇ ਦਸਤ ਹਾਥੀ, ਪ੍ਰੇਮ ਪਿਆਰ ਧੁਰ ਦਾ ਰਿਹਾ ਬੰਧਾਈਆ । ਸਭ ਤੋਂ ਵਖਰੀ ਪ੍ਰਭ ਨੇ ਰਵਿਦਾਸ ਦੇ ਹੱਥ ਫੜਾ ਦੇਣੀ ਕਾਪੀ, ਜਿਸ ਦੀ ਕਾਪੀ ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਜਿਸ ਨੇ ਉਧਾਰਨੇ ਜਨਮ ਕਰਮ ਦੇ ਪਾਪੀ, ਪਤਤ ਪੁਨੀਤ ਬਣਾਈਆ । ਸਦੀ ਚੌਧਵੀਂ ਕਰਨੀ ਰਾਖੀ, ਰੱਖਕ

ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਗੱਲ ਕਰਾਂ ਯਕਤਰਫ਼ੀ, ਤਰਫ਼ਦਾਰੀ ਨਾ ਕੋਇ ਜਣਾਈਆ । ਗਰਧਾਰਾ ਸਿੰਘ ਲਿਆਵੇ ਬਰਫ਼ੀ, ਪੀੜ੍ਹੇ ਤੇ ਬੈਠੀ ਨੂੰ ਦਏ ਖੁਵਾਈਆ । ਚਰਨੀ ਹੱਥ ਲਿਆਵੇ ਕੜਛੀ, ਲੰਗਰ ਦੀ ਸੇਵਾ ਦਏ ਸਮਝਾਈਆ । ਮੈਂ ਪਿਛੇ ਰਹੀ ਡਰਦੀ, ਭਗਤਾਂ ਕੋਲੋਂ ਅੱਖ ਚੁਰਾਈਆ । ਜਿਸ ਵੇਲੇ ਪਤਾ ਲੱਗਾ ਇਨ੍ਹਾਂ ਦੇ ਅੰਦਰ ਧਾਰ ਨਰਾਇਣ ਨਰ ਦੀ, ਨਿਰਗੁਣ ਨੂਰ ਵਿਚ ਸਮਾਈਆ । ਮੈਂ ਖੇਲ ਵੇਖੀ ਘਰ ਘਰ ਦੀ, ਜੋ ਗੁਰਦਰਸ਼ਨ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਸਾਹਿਬ ਹੋਵੇ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਮੈਂ ਪ੍ਰੇਮ ਨਾਲ ਰਿੰਨ੍ਹਾਂ ਭਾਜੀ, ਭਜਨ ਬੰਦਗੀ ਇਹੋ ਨਜ਼ਰੀ ਆਈਆ । ਜਨ ਭਗਤ ਹੋਵਣ ਸਾਥੀ, ਸਗਲਾ ਸੰਗ ਰਖਾਈਆ । ਮੈਂ ਮੰਨਾਂ ਸਭ ਦੀ ਆਖੀ, ਆਖ਼ਰ ਸੀਸ ਝੁਕਾਈਆ । ਜਨ ਭਗਤੇ ਘਰ ਬਾਹਰ ਛੱਡਣਾ ਸਭ ਤੋਂ ਔਖੀ ਘਾਟੀ, ਪੁਤਰ ਧੀਆਂ ਨਾਰ ਕੰਤ ਨਾ ਕੋਇ ਤਜਾਈਆ । ਜਿਸ ਨੇ ਪਰਮ ਪੁਰਖ ਮੰਨ ਲਿਆ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਸੀਸ ਨਿਵਾਈਆ । ਉਹ ਜਨਮ ਕਰਮ ਧਰਮ ਦੀ ਬਣ ਕੇ ਸਾਚੀ, ਸਚ ਰਹੀ ਵਖਾਈਆ । ਓਸ ਦੀ ਸਾਹਿਬ ਸਤਿਗੁਰ ਸਿਰ ਹੱਥ ਦੇ ਕੇ ਆਪੇ ਕਰੇ ਰਾਖੀ, ਰੱਖਿਆ ਕਰੇ ਥਾਈਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਮੈਂ ਕੜਛੀ ਨੂੰ ਦੇਵਾਂ ਆਦਰ, ਅਦਨੀ ਹੋ ਕੇ ਸੀਸ ਨਿਵਾਈਆ । ਹੁਣ ਮੈਂ ਵੇਖਣੀ ਓਹ ਚਾਦਰ, ਜਿਹੜੀ ਤ੍ਰਿਪਤ ਕੌਰ ਲੈ ਕੇ ਆਈਆ । ਬਖ਼ਸ਼ੀਸ਼ ਸਿੰਘ ਜਿਹੜਾ ਰਹਿੰਦਾ ਬਾਦ ਕ਼ਾਦਰ, ਕ਼ਾਦਰ ਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਚੜ੍ਹਾਈਆ । ਦੋਵੇਂ ਚਾਦਰ ਲੈਣ ਚੁੱਕ, ਚਾਰੇ ਕੰਨੀਆਂ ਹੱਥ ਉਠਾਈਆ । ਇਹ ਖੇਲ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਰਿਹਾ ਕਰਾਈਆ । ਜਿਸ ਦੇ ਅੰਦਰ ਰਿਹਾ ਛੁੱਪ, ਛਪੰਜਾ ਕਰੋੜ ਸੀਸ ਝੁਕਾਈਆ । ਬ੍ਰਹਿਮੰਡ ਖੰਡ ਅੰਧੇਰਾ ਘੁਪ, ਸਾਚਾ ਨੂਰ ਨਾ ਕੋਇ ਚਮਕਾਈਆ । ਸਦੀ ਚੌਧਵੀਂ ਕਹੇ ਮੈਂ ਮੁਹੰਮਦ ਦੇ ਘਰੋਂ ਹੌਲੀ ਹੌਲੀ ਸਭ ਕੁਛ ਲਿਔਣਾ ਚੁਕ, ਬਿਸਤਰਿਆਂ ਥੱਲੋਂ ਕਰਾਂ ਸਫ਼ਾਈਆ । ਵੈਰਾਗਣ ਹੋ ਕੇ ਔਣਾ ਉਠ, ਨੀਵੀਂ ਨਜ਼ਰ ਆਪਣਾ ਮੁਖ ਛੁਪਾਈਆ । ਚੁਪਕੇ ਚੁਪਕੇ ਪੈਰ ਲੈਣਾ ਪੁੱਟ, ਆਹਟ ਸੁਣਨ ਕੋਇ ਨਾ ਪਾਈਆ । ਸੁੱਕਾ ਨਾਲ ਲੈ ਕੇ ਟੁੱਕ, ਇਕ ਡੰਗ ਦਾ ਬੋਝੇ ਵਿਚ ਟਿਕਾਈਆ । ਆਟੇ ਦੀ ਲੈ ਕੇ ਮੁੱਠ, ਮੂੰਹ ਲੈਣਾ ਰੰਗਾਈਆ । ਕੱਚਾ ਫੜ ਕੇ ਠੁੱਠ, ਕਿਨਾਰੀ ਬਗ਼ਲਾਂ ਵਿਚ ਛੁਪਾਈਆ । ਮੈਂ ਆ ਕੇ ਵੇਖਣੇ ਕਿੱਥੇ ਓਸ ਪ੍ਰਭੂ ਦੇ ਪੁਤ, ਜੋ ਬੈਠੇ ਡੇਰਾ ਲਾਈਆ । ਮੈਂ ਰਾਹ ਵਿਚ ਮੰਗਦੀ ਆਵਾਂ ਸੁਖ, ਵਾਸਤਾ ਇਕੋ ਅੱਗੇ ਰਖਾਈਆ । ਮੇਰਾ ਪੈਂਡਾ ਸਹਿਜੇ ਸਹਿਜੇ ਜਾਵੇ ਮੁਕ, ਮੁਕੰਮਲ ਮਿਲੇ ਮਾਣ ਵਡਿਆਈਆ । ਪਰ ਇਕ ਗੱਲ ਚੰਗੀ ਕੱਤਕ ਦੀ ਪਹਿਲੀ ਤੇ ਮੈਨੂੰ ਲੱਗੀ ਨਹੀਂ ਧੁੱਪ, ਪਿਆਸ ਰਾਹ ਵਿਚ ਨਾ ਕੋਇ ਸਤਾਈਆ । ਮੈਂ ਭਗਤ ਦਵਾਰੇ ਆ ਕੇ ਪੰਜਾਂ ਪਿਆਰਿਆਂ ਨੂੰ ਲਿਆ ਪੁਛ, ਕਿੱਥੇ ਦਿਸੇ ਤੁਹਾਡਾ ਧੁਰ ਗੁਸਾਈਂਆ । ਉਨ੍ਹਾਂ ਅੱਗੋਂ ਬਦਲ ਕੇ ਰੁਖ਼, ਸੀਸ ਦਿਤਾ ਝੁਕਾਈਆ । ਮੈਂ ਕਹਿ ਨਾ ਸਕੀ ਕੁਛ, ਪੀਰ ਪੈਗ਼ੰਬਰ ਕੱਛ ਮੱਛ ਮੇਰੇ ਨਾਲ ਜੋ ਚਲ ਕੇ ਆਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਮੈਂ ਹੌਲੀ ਹੌਲੀ ਆ ਗਈ ਪੈਰੀਂ ਦੱਬੀ,


੪੪੩
੨੧

ਦਾਦਾ ਪੋਤਾ ਵੇਖਣ ਕੋਇ ਨਾ ਪਾਈਆ । ਜਿਸ ਵੇਲੇ ਵੇਖਿਆ ਨੂਰ ਰੱਬੀ, ਅਲਾਹ ਇਕ ਅਲਾਹੀਆ । ਉਹਦੀ ਮੈਨੂੰ ਸੋਹਣੀ ਲੱਗੀ ਗੱਦੀ, ਜੋ ਗਦਾਗਰਾਂ ਦਏ ਵਡਿਆਈਆ । ਮੇਰਾ ਸਿਰ ਤੇ ਭਾਰ ਬੋਝਲ ਹੋ ਗਈ ਡੱਗੀ, ਮੇਰੀ ਧੌਣ ਰਹੀ ਅਕੜਾਈਆ । ਮੇਰੀ ਦਰਦ ਕਰਨ ਲੱਗੀ ਹੱਡੀ, ਹੱਡੀ ਹੱਡੀ ਰਹੀ ਕੁਰਲਾਈਆ । ਮੇਰੀ ਦੁਖਣ ਲੱਗੀ ਅੱਡੀ, ਪੱਬਾਂ ਭਾਰ ਹੋ ਕੇ ਚਲੀ ਵਾਹੋ ਦਾਹੀਆ । ਜਾਂ ਮੈਨੂੰ ਪਤਾ ਲੱਗਾ ਮੈਂ ਮੁਹੰਮਦ ਦੀ ਚੌਧਵੀਂ ਸਦੀ, ਸੱਦੇ ਨਾਲ ਪ੍ਰਭ ਦੇ ਦਵਾਰੇ ਆਈਆ । ਮੈਂ ਖ਼ੁਸ਼ੀਆਂ ਵਿਚ ਹੱਸੀ, ਹਸਤੀ ਵੇਖੀ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਖੇਲ ਰਿਹਾ ਜਣਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਨਾਲ ਮਜਾਜ, ਆਪਣਾ ਰੁਖ਼ ਬਦਲਾਈਆ । ਮੇਰੀ ਸੁੱਤੀ ਦੀ ਖੁਲ੍ਹ ਗਈ ਜਾਗ, ਨੈਣ ਅੱਖ ਮਟਕਾਈਆ । ਮੈਂ ਸੁਣੀ ਅਗੰਮੀ ਆਵਾਜ਼, ਢੋਲਾ ਧੁਰਦਰਗਾਹੀਆ । ਉਠ ਵੇਖ ਕਮਲੀਏ ਬਦਲਦਾ ਵੇਖ ਸਮਾਜ, ਸਮਾਂ ਰਿਹਾ ਕੁਰਲਾਈਆ । ਮੈਂ ਖ਼ੁਸ਼ੀਆਂ ਵਿਚ ਪਈ ਨਾਚ, ਅੱਡੀ ਪੈਰ ਵਾਲੀ ਬਦਲਾਈਆ । ਇਕ ਵਾਰੀ ਚੋਰੀ ਨਾਲ ਮੈਂ ਗੁਰਮਖਾਂ ਵਲ ਲਿਆ ਝਾਕ, ਟੇਢੀ ਅੱਖ ਜਣਾਈਆ । ਵਾਸਤਾ ਪਾਇਆ ਮੇਰੀ ਪਤ ਲਿਓ ਰਾਖ, ਤੁਹਾਡੇ ਹੱਥ ਵਡਿਆਈਆ । ਝਟ ਪੁਰਖ ਅਬਿਨਾਸ਼ੀ ਦਿਤਾ ਆਖ, ਏਥੇ ਮੇਰੀ ਇਕੋ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੰਗ ਰਿਹਾ ਨਿਭਾਈਆ । ਸਦੀ ਚੌਧਵੀਂ ਕਹੇ ਮੈਨੂੰ ਆਖਿਆ ਨਾਲ ਪਿਆਰ, ਸਹਿਜ ਨਾਲ ਸਮਝਾਈਆ । ਓ ਕਮਲੀਏ ਭਗਤਾਂ ਤੋਂ ਘੁੰਡ ਦੇ ਉਤਾਰ, ਕਿਉਂ ਬੈਠੀ ਮੁਖ ਛੁਪਾਈਆ । ਬੇਸ਼ਕ ਤੂੰ ਚੌਦਾਂ ਸੌ ਸਾਲ ਪਿਛੋਂ ਅਜੇ ਮੁਟਿਆਰ, ਤੇਰਾ ਜੋਬਨ ਨਾ ਕੋਇ ਹੰਡਾਈਆ । ਆਹ ਵੇਖ ਆਪਣਾ ਕਰਤਾਰ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਵਿਚ ਲਗਾਈਆ । ਸਦੀ ਚੌਧਵੀਂ ਕਹੇ ਮੈਂ ਭਾਗਾਂ ਭਰੀ ਸੁਹਾਗਣ, ਸੋਭਾਵੰਤ ਅਖਵਾਈਆ । ਮੈਂ ਪੀੜ੍ਹੇ ਉਤੇ ਆਈ ਬਿਰਾਜਣ, ਸੁਖਆਸਣ ਡੇਰਾ ਲਾਈਆ । ਵੇਖਣਾ ਧੁਰ ਦਾ ਕਾਜਣ, ਕੀ ਕਰਤਾ ਦਏ ਵਡਿਆਈਆ । ਕਵਣ ਭਗਤ ਸੁਹੇਲੇ ਜਾਗਣ, ਜੋ ਨੇਤਰ ਅੱਖ ਖੁਲ੍ਹਾਈਆ । ਬ੍ਰਿਹੋਂ ਵਿਚ ਵੈਰਾਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਦੱਸੇ ਨਿਰੰਕਾਰ, ਹਰਿ ਵੱਡਾ ਵਡ ਵਡਿਆਈਆ । ਬਲ ਬਾਵਨ ਲੈ ਕੇ ਇਸ਼ਤਿਹਾਰ, ਪਿਛਲਾ ਲਹਿਣਾ ਰਹੇ ਵਖਾਈਆ । ਸਦੀ ਚੌਧਵੀਂ ਕਲ੍ਹ ਦੀ ਮਟਿਆਰ, ਜੋਬਨਵੰਤੀ ਭੱਜੇ ਚਾਈਂ ਚਾਈਂਆ । ਜਿਸ ਦਾ ਅੱਜੇ ਤਕ ਨਾ ਬਣਿਆ ਕੋਈ ਸ਼ਿੰਗਾਰ, ਰੰਗਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਸੁਹਾਗਣ ਜੁਗ ਦੀ, ਜੁਗ ਚੌਕੜੀ ਦਏ ਗਵਾਹੀਆ । ਮੇਰੀ ਔਧ ਵੇਖ ਪੁਗਦੀ, ਪੰਜਾਬਣ ਹੋ ਕੇ ਦਿਆਂ ਵਖਾਈਆ । ਮੇਰੀ ਜੋਤੀ ਜਾਵੇ ਬੁਝਦੀ, ਲੋਚਨ ਨੂਰ ਨਾ ਕੋਇ ਰੁਸ਼ਨਾਈਆ । ਮੈਨੂੰ ਧਾਰ ਨਹੀਂ ਕੋਈ ਸੁਝਦੀ, ਬਹੁੜੀ ਕਰ ਕੇ ਦਿਆਂ ਦੁਹਾਈਆ । ਜੇ ਕੋਈ ਘੁਟ ਪਿਆਵੇ ਦੁੱਧ ਦੀ, ਸਵਾ ਪਾ ਗਲਾਸ ਹੱਥ ਫੜਾਈਆ । ਫਿਰ ਮੈਂ ਚਾਦਰ ਵਿਚ ਕਦੇ ਨੀਂ ਲੁਕਦੀ, ਪੱਲੂ ਮੁਖ ਨਾ ਕੋਇ ਰਖਾਈਆ । ਜਨ ਭਗਤਾਂ ਕੋਲੋਂ ਪੁਛਦੀ, ਵੇ ਵੀਰਾ ਕਿੱਥੇ ਮੇਰਾ ਮਾਹੀਆ । ਮੈਂ ਓਸ ਦਵਾਰੇ ਕਿਵੇਂ ਪੁਜਦੀ, ਘੁੰਗਟ ਅੱਖ ਨਾ ਕੋਇ ਖੁਲ੍ਹਾਈਆ । ਰਾਹ ਵਿਚ ਕਦੇ ਨਾ ਰੁਕਦੀ, ਅੱਗੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ ।

ਸਦੀ ਚੌਧਵੀਂ ਕਹੇ ਆਹ ਮੈਂ ਦੁੱਧ ਘੁਟ ਪੀਤਾ, ਪੀਤ ਪੀਤੰਬਰ ਸੀਸ ਟਿਕਾਈਆ । ਪ੍ਰਭ ਦਾ ਗੁਰਮੁਖ ਰਹੇ ਜੀਤਾ, ਮੈਂ ਜੁਗਾਂ ਦੀ ਮੰਗ ਮੰਗਾਈਆ । ਇਨ੍ਹਾਂ ਦੀ ਸੁਰਤੀ ਓਸ ਰਾਮ ਦੀ ਹੋ ਜਾਏ ਸੀਤਾ, ਜਿਹੜਾ ਕਦੇ ਨਾ ਕਰੇ ਜੁਦਾਈਆ । ਜੋ ਆਤਮਾ ਪਰਮਾਤਮਾ ਦਾ ਸਾਚਾ ਮੀਤਾ, ਮਿਤ੍ਰ ਪਿਆਰਾ ਇਕ ਅਖਵਾਈਆ । ਜੇ ਕੋਈ ਬੱਚਿਆਂ ਵਾਂਗ ਸਾਫ਼ ਕਰ ਲਏ ਨੀਤਾ, ਸਚ ਦਵਾਰ ਮਿਲੇ ਵਡਿਆਈਆ । ਫਿਰ ਪੜ੍ਹਨੇ ਦੀ ਲੋੜ ਰਹੇ ਨਾ ਗੀਤਾ, ਪੁਰਾਨਾਂ ਵਰਕਾ ਨਾ ਕੋਇ ਉਲਟਾਈਆ । ਜਿਹੜਾ ਪੰਜਾਂ ਪਿਆਰਿਆਂ ਮੰਗਿਆ ਰਸ ਮੀਠਾ, ਉਹ ਸਭ ਨੂੰ ਦਿਤਾ ਚਖਾਈਆ । ਨਾਨਕ ਨੇ ਮਿੱਠਾ ਕੀਤਾ ਰੀਠਾ, ਪ੍ਰਭ ਗੁਰਮੁਖ ਰਿਹਾ ਬਣਾਈਆ । ਜਨ ਭਗਤ ਸਦਾ ਰਹੇ ਜਗ ਜੀਤਾ, ਰਵਦਾਸ ਚਮਾਰਾ ਕਰੇ ਲਿਖਾਈਆ । ਝਗੜਾ ਮੁਕ ਗਿਆ ਊਚਾਂ ਨੀਚਾਂ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਮਾਣ ਰਿਹਾ ਨਾ ਬੀਸ ਬੀਸਾ, ਸਦੀ ਬੀਸਵੀਂ ਰਹੀ ਕੁਰਲਾਈਆ । ਸਦੀ ਚੌਧਵੀਂ ਕਹੇ ਮੈਂ ਹੋਰ ਦੱਸਣੀ ਰੀਤਾ, ਸਾਹਿਬ ਸਤਿਗੁਰ ਅੱਗੇ ਵਾਸਤਾ ਪਾਈਆ । ਜੇ ਤੂੰ ਮਾਲਕ ਨੀਕਣ ਨੀਕਾ, ਵਡ ਵੱਡਾ ਆਪ ਅਖਵਾਈਆ । ਗੁਰਮੁਖਾਂ ਕਦੀ ਨਾ ਦੇਵੀਂ ਪੀਠਾ, ਪਿੱਛਾ ਨਾ ਜਾਣਾ ਬਦਲਾਈਆ । ਵੇਖੀਂ ਅਗਲੇ ਜਨਮ ਦੀ ਪਾਈਂ ਨਾ ਕੋਈ ਤਾਰੀਖਾ, ਏਸੇ ਜਨਮ ਵਿਚ ਖਹਿੜਾ ਦੇਣਾ ਛਡਾਈਆ । ਤੇਰੀ ਕਰ ਸਕਿਆ ਨਾ ਕੋਈ ਪਰੀਖਾ, ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਈਆ । ਜਿਸ ਵੇਲੇ ਫਾਸੀ ਚੜ੍ਹਿਆ ਈਸਾ, ਖ਼ੁਦਾ ਨੇ ਦੁੱਧ ਗਲਾਸ ਦਿਤਾ ਵਖਾਈਆ । ਜਿਸ ਵੇਲੇ ਮੂਸਾ ਮੂੰਹ ਦੇ ਭਾਰ ਡਿੱਗਾ ਠੀਕਾ, ਓਸ ਵੇਲੇ ਦੁੱਧ ਦਿਤਾ ਪਿਆਈਆ । ਜਿਸ ਵੇਲੇ ਮੁਹੰਮਦ ਖ਼ੁਦਾ ਨੇ ਕਲਮਿਆਂ ਵਿਚ ਘਸੀਟਾ, ਬਦਨ ਖੱਲ ਨਾਲੋਂ ਲੁਹਾਈਆ । ਉਸ ਨੇ ਮੰਗ ਕੇ ਸਵਾ ਪਾ ਦੁੱਧ ਪੀਤਾ, ਮੁਖੋਂ ਕਿਹਾ ਜਾਂਗਜੰਦ ਮੁਜਰਾ ਆਪਣਾ ਦੇ ਵਖਾਈਆ । ਖ਼ੁਦਾ ਨੇ ਕਿਹਾ ਮੁਹੰਮਦਾ ਮੈਂ ਮਾਲਕ ਕੁੱਲ, ਆਲਮ ਮੇਰਾ ਨੂਰ ਰੁਸ਼ਨਾਈਆ । ਜਦ ਮੈਂ ਭਗਤਾਂ ਕ਼ੀਮਤ ਦੇਵਾਂ ਤੇ ਚੁਕਾਵਾਂ ਜਨਮ ਮਰਨ ਦਾ ਮੁੱਲ, ਅੰਮ੍ਰਿਤ ਰਸ ਮੁਖ ਚੁਆਈਆ । ਓਨ੍ਹਾਂ ਬੱਚਿਆਂ ਦਾ ਦੀਵਾ ਕਦੇ ਨਾ ਹੁੰਦਾ ਗੁਲ, ਜਿਨ੍ਹਾਂ ਦਾ ਓਢਣ ਸਿਰ ਤੇ ਨਜ਼ਰੀ ਆਈਆ । ਵੇਖਿਓ ਅੰਦਰੋਂ ਕੋਈ ਨਾ ਜਾਇਓ ਡੁੱਲ, ਅਡੁੱਲ ਸ਼ਬਦੀ ਧਾਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਚੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਕਹਿ ਬੈਠੀ ਜੁਗਿੰਦਰ ਕੌਰ ਸਭ ਦੀ ਹਮਸ਼ੀਰਾ, ਭੈਣ ਭੈਣ ਨਜ਼ਰੀ ਆਈਆ । ਓਹ ਰਵਦਾਸ ਜਿਸ ਦੇ ਕੋਲ ਇਕ ਕਸੀਰਾ, ਬ੍ਰਾਹਮਣ ਰੰਗ ਚੜ੍ਹਾਈਆ । ਇਕ ਖੇਲ ਹੋਰ ਬੇਨਜ਼ੀਰਾ, ਨਜ਼ਰ ਵਿਚ ਨਾ ਕੋਇ ਟਿਕਾਈਆ । ਕੋਈ ਸਮਝੇ ਨਾ ਪ੍ਰਭੂ ਦੀ ਤਦਬੀਰਾ, ਤਰੀਕਾ ਢੰਗ ਨਾ ਕੋਇ ਦ੍ਰਿੜਾਈਆ । ਇਕ ਮਿੰਨਤ ਕੀਤੀ ਇਕ ਹਿੰਮਤ ਕੀਤੀ ਇਕ ਇੱਲਤ ਕੀਤੀ ਭਗਤ ਕਬੀਰਾ, ਕ਼ਬਰ ਵਿਚ ਜਾਣ ਤੋਂ ਪਹਿਲੋਂ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਕਬੀਰ ਕਿਹਾ ਸੁਣ ਮੇਰੇ ਬੰਧੁ, ਬੰਦਨਾ ਵਿਚ ਜਣਾਈਆ । ਅਰਜਨ ਦਾ ਲੇਖਾ ਹੋਣਾ ਨਾਲ ਚੰਦੂ, ਚੰਦ ਸੂਰਜ ਦਏ ਗਵਾਹੀਆ । ਓਸ ਦਾ ਪ੍ਰੇਮੀ ਹੋਣਾ ਇਕ ਠੰਡੂ, ਜ਼ਾਤ ਖੱਤ੍ਰੀ ਵੰਡ ਵੰਡਾਈਆ । ਉਹਦਾ ਭਰਾਤਾ ਹੋਣਾ ਗੰਢੂ, ਨਾਮ ਪ੍ਰਭ ਦਾ ਢੋਲਾ ਗਾਈਆ । ਭਤੀਜਾ ਹੋਣਾ ਗੰਗੂ, ਜਮਨਾ ਜੰਮਣ ਵਾਲੀ ਮਾਈਆ । ਗਲ ਵਿਚ ਹੋਣਾ ਜੰਞੂ, ਤੰਦਾ ਤੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸਦੀ ਚੌਧਵੀਂ ਕਹੇ ਮੈਨੂੰ ਯਾਦ ਆ ਗਈ ਪਿਛਲਾ ਆ ਗਿਆ ਚੇਤਾ, ਚੇਤਨ ਹੋ ਕੇ ਦਿਆਂ ਜਣਾਈਆ । ਇਕ ਦਿਨ ਰਵਦਾਸ

ਨੂੰ ਹਰਿਜੂ ਮਿਲ ਗਿਆ ਵਿਚ ਖੇਤਾਂ, ਰਾਹ ਵਿਚ ਜਾਂਦਿਆਂ ਜੱਫੀ ਪਾਈਆ । ਕਿਹਾ ਚਮਿਆਰਾ ਮੇਰੇ ਕੋਲ ਦੁੱਧ ਦਾ ਠੇਕਾ, ਮੈਂ ਭਗਤਾਂ ਦਿਆਂ ਪਿਆਈਆ । ਰਵਦਾਸ ਕਿਹਾ ਪਹਿਲੋਂ ਬਦਲ ਦੇ ਮੇਰੀ ਰੇਖਾ, ਮੁਨੀਆਂ ਰਿਖੀਆਂ ਤੋਂ ਬਾਹਰ ਕਰ ਪੜ੍ਹਾਈਆ । ਫਿਰ ਉਂਗਲਾਂ ਮਾਰ ਕੇ ਵਿਚ ਕੇਸਾਂ, ਪੰਜ ਵਾਰ ਦਿਤਾ ਹਿਲਾਈਆ । ਜੇ ਤੂੰ ਮਾਲਕ ਰਹਿਣ ਵਾਲਾ ਹਮੇਸ਼ਾ, ਜੁਗ ਚੌਕੜੀ ਵੇਸ ਵਟਾਈਆ । ਮੈਨੂੰ ਦੱਸ ਕੀ ਤੇਰਾ ਲਹਿਣਾ ਹੋਣਾ ਨਾਲ ਗੁਰ ਦਸਮੇਸਾ, ਗੋਬਿੰਦ ਨਾਲ ਵਡਿਆਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਕੋਈ ਰਹੇ ਨਾ ਮੁੱਲਾ ਸ਼ੇਖਾ, ਸ਼ਕਤੀ ਅਸ਼ਟਭੁਜ ਨਾ ਕੋਇ ਵਖਾਈਆ । ਰਾਮ ਕ੍ਰਿਸ਼ਨ ਛੱਡ ਜਾਣ ਮਾਤਲੋਕ ਦਾ ਦੇਸਾ, ਪ੍ਰਦੇਸੀ ਹੋ ਕੇ ਡੇਰਾ ਲਾਈਆ । ਗੁਰੂ ਬਣਾਏ ਨਾ ਕੋਈ ਗੁਰਮੁਖ ਬੇਟਾ, ਗੋਦੀ ਗੋਦ ਨਾ ਕੋਇ ਟਿਕਾਈਆ । ਫੇਰ ਬਹੁਤੀ ਦੇਰ ਕਰਾਂ ਨਾ ਵੇਟਾ, ਵੀਟੋ ਆਪਣਾ ਅਧਿਕਾਰ ਲਵਾਂ ਜਮਾਈਆ । ਸਭ ਦਾ ਅੰਦਰ ਵੇਖਾਂ ਪੇਟਾ, ਪਟਨੇ ਵਾਲਾ ਨਾਲ ਜੁੜਾਈਆ । ਪ੍ਰਭ ਨੂੰ ਮਿਲਣ ਦਾ ਮੁਹੱਬਤ ਨਾਮ ਰੱਖ ਦੇਵਾਂ ਰੇਟਾ, ਕ਼ੀਮਤ ਵੱਧ ਘੱਟ ਨਾ ਕੋਇ ਕਰਾਈਆ । ਆਪ ਵਸਾਂ ਭਗਤਾਂ ਦੇ ਸਾਚੇ ਦੇਸਾ, ਦਿਸ਼ਾ ਅਵਰ ਨਾ ਕੋਇ ਸਮਝਾਈਆ । ਕਰਾਂ ਸਫ਼ਾਈ ਬਿਨ ਕੁਹਾੜੀ ਤੇਸਾ, ਦੁਰਮਤ ਮੈਲ ਦੇਵਾਂ ਧੁਆਈਆ । ਐਸਾ ਅੰਦਰ ਵੜ ਕੇ ਮਾਰਾਂ ਪੇਚਾ, ਜਿਸ ਦੀ ਗੰਢ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਓਏ ਰਵਦਾਸ ਮੇਰਿਆ ਵੀਰਾ, ਵੀਰਨਾਂ ਦਿਆਂ ਜਣਾਈਆ । ਸਭ ਦੇ ਸਿਰ ਤੇ ਪ੍ਰੇਮ ਦਾ ਚੀਰਾ, ਚੀਰੇ ਵਾਲਾ ਵੇਖ ਵਖਾਈਆ । ਮੇਰਾ ਸੁਹਾਗਾਂ ਵਾਲਾ ਕਲੀਰਾ, ਕਲੀ ਕਲੀ ਰਿਹਾ ਮਹਿਕਾਈਆ । ਤੂੰ ਕੱਟ ਸ਼ਰਅ ਜ਼ੰਜੀਰਾ, ਸ਼ਾਇਦ ਫਿਰ ਮਿਲਣ ਕੋਇ ਨਾ ਆਈਆ । ਤੂੰ ਸਾਹਿਬ ਗੁਣੀ ਗਹੀਰਾ, ਗਵਰ ਤੇਰੀ ਵਡਿਆਈਆ । ਬਦਲ ਦੇ ਤਕਦੀਰਾ, ਤਦਬੀਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇ ਉਠਾਈਆ । ਸਦੀ ਚੌਧਵੀਂ ਕਹੇ ਕੀ ਨਾਨਕ ਕੋਲੋਂ ਜੁਗਿੰਦਰ ਰੱਖੀ ਤਾਂਘ, ਮੈਨੂੰ ਦੇ ਜਣਾਈਆ । ਜਿਸ ਵੇਲੇ ਮੰਬਰਾਂ ਮੁਨਾਰਿਆਂ ਤੇ ਚੜ੍ਹ ਕੇ ਤੇਰੀ ਦੇਂਦੇ ਬਾਂਗ, ਅੱਲਾ ਹੂ ਤੇਰਾ ਨਾਮ ਅਲਾਈਆ । ਮੈਂ ਵੇਖ ਅਗੰਮੀ ਸ੍ਵਾਂਗ, ਨਿਗਾਹ ਚਮਾਰ ਵੱਲ ਟਿਕਾਈਆ । ਤੂੰ ਵੀ ਜ਼ਰਾ ਜਾਗ, ਆਪਣੀ ਅੱਖ ਖੁਲ੍ਹਾਈਆ । ਦੁਨੀਆ ਹੋ ਗਈ ਕਾਗ, ਹੰਸ ਰੂਪ ਨਾ ਕੋਇ ਬਦਲਾਈਆ । ਹਾਏ ਕਿਹਦੇ ਹੱਥ ਫੜਾਈਏ ਵਾਗ, ਡੋਰੀ ਕਵਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਵਖਾਈਆ । ਰਵਦਾਸ ਕਿਹਾ ਸਦੀ ਚੌਧਵੀਂ ਖ਼ੁਸ਼ੀਆ ਵਾਲੀ ਰਾਤ, ਸਚ ਦਿਆਂ ਦ੍ਰਿੜਾਈਆ । ਪ੍ਰਭ ਦੇ ਕੋਲ ਅਗੰਮੀ ਸੌਗ਼ਾਤ, ਜਿਹੜੀ ਨਜ਼ਰ ਕਿਸੇ ਨਾ ਆਈਆ । ਓਹ ਬਣਾਈ ਸੱਤ ਧਾਤ, ਵਾਧਾ ਘਾਟਾ ਨਾ ਕੋਇ ਰਖਾਈਆ । ਨੰਨ੍ਹੀਆਂ ਬੱਚੀਆਂ ਦੀ ਦਿਸੇ ਜਮਾਤ, ਦੋ ਇਕ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਰਿਹਾ ਮਿਲਾਈਆ । ਰਵਦਾਸ ਕਹੇ ਓਹ ਵੇਖੋ ਬਿਸ਼ਨ ਸਿੰਘ ਦੀ ਧੀ, ਅਮਰਜੀਤ ਨਜ਼ਰੀ ਆਈਆ । ਜਿਸ ਨੇ ਤੇਰਾ ਅੰਮ੍ਰਿਤ ਲੈਣਾ ਪੀ, ਬੂੰਦਾਂ ਤ੍ਰੈ ਮੇਰੇ ਕੋਲੋਂ ਮੁਖ ਪੁਆਈਆ । ਇਹ ਮੇਰੇ ਪਾਟੇ ਚੀਥੜ ਦਰਜੀ ਦੀ ਬੇਟੀ ਲੈਂਦੀ ਸੀਂ, ਸੀਵਣ ਅਧਵਿਚਕਾਰ ਲਗਾਈਆ । ਮੈਂ ਦਿਤਾ ਨਹੀਂ ਸੀ ਕਦੇ ਕੁਛ ਉਹ ਸਦਾ ਮੈਨੂੰ ਕਹਿੰਦੀ ਸੀ ਜੀ, ਮੈਂ ਜੀ ਆਇਆਂ ਕਹਿ ਕੇ ਸਿਰ ਹੱਥ ਦੇਂਦਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਸਾਹਿਬ ਮੇਰੀ ਜੋਬਨ


੪੪੬
੨੧

ਭਰੀ ਜਵਾਨੀ, ਭਗਵੰਤ ਕੰਤ ਨਜ਼ਰੀ ਆਈਆ । ਤੈਥੋਂ ਜੁਗਿੰਦਰ ਮੰਗੀ ਇਕ ਨਿਸ਼ਾਨੀ, ਨਿਸ਼ਾਨਾ ਅੰਦਰ ਦਿਤਾ ਲਗਾਈਆ । ਤੂੰ ਹੁਣ ਕਰ ਦੇ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪਣੇ ਨਾਲ ਕਰਾਈਆ । ਸਦੀ ਚੌਧਵੀਂ ਕਹੇ ਫੜਾ ਦੇ ਦੁੱਧ ਵਾਲਾ ਗਲਾਸ, ਤੇਰੀ ਬੇਪ੍ਰਵਾਹੀਆ । ਇੱਕੀਆਂ ਕੰਨਿਆਂ ਦੀ ਪੂਰੀ ਕਰ ਆਸ, ਤੇਰੇ ਹੱਥ ਵਡਿਆਈਆ । ਰਵਦਾਸ ਦਾ ਕਸੀਰਾ ਹੋ ਗਿਆ ਪਾਕ, ਪਵਿਤ੍ਰ ਰੂਪ ਬਣਾਈਆ । ਸੱਤਾਂ ਧਾਤਾਂ ਦੀ ਤੇਰੇ ਹੱਥ ਵਿਚ ਓਹ ਮੁੰਦਰੀ ਤੇ ਓਹ ਛਾਪ, ਇੱਕੀ ਵੇਖੇ ਨਜ਼ਰੀ ਆਈਆ । ਜਨ ਭਗਤੋ ਸਭ ਦੇ ਕੱਟੇ ਜਾਣੇ ਪਾਪ, ਪਤਤ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਇੱਕੀ ਕੰਨਿਆਂ ਉਠਣ ਇਕ ਧਾਰ, ਹਿਰਦੇ ਅੰਤਰ ਖ਼ੁਸ਼ੀ ਮਨਾਈਆ । ਵੀਹਵੀਂ ਸਦੀ ਦਾ ਵੀਹਾਂ ਨਾਲ ਵਿਹਾਰ, ਜੋ ਕੁਆਰ ਪ੍ਰਭ ਦਾ ਰੰਗ ਚੜ੍ਹਾਈਆ । ਇੱਕੀਵੀਂ ਧਰਮ ਦੀ ਧਾਰ, ਸਚ ਦਾ ਰਾਹ ਵਖਾਈਆ । ਵੱਡੇ ਛੋਟੇ ਇਕੋ ਰੰਗ ਰਹਿਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਜਿਸ ਦਾ ਲੇਖਾ ਜੁਗ ਚੌਕੜੀ ਚਾਰ, ਚਾਰ ਜੁਗ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮੁੰਦਰੀ ਦਏ ਪਹਿਨਾਈਆ । ਸਾਚੀ ਮੁੰਦਰੀ ਨਾਮ ਦਾ ਮੁੰਦਰਾ, ਮੁੱਦਤ ਦਾ ਲੇਖਾ ਦਏ ਚੁਕਾਈਆ । ਪ੍ਰਭ ਨੂੰ ਲਭਣਾ ਪਏ ਨਾ ਵਿਚੋਂ ਕੁੰਦਰਾ, ਜੰਗਲਾਂ ਵਿਚ ਨਾ ਖੋਜਣ ਜਾਈਆ । ਸਭ ਦੀਆਂ ਪ੍ਰੇਮ ਪਿਆਰ ਵਾਲੀਆਂ ਉਂਗਲਾ, ਜੋ ਹਰਿ ਸੰਗਤ ਸੇਵ ਕਮਾਈਆ । ਅੰਦਰ ਰਹਿਣ ਨਾ ਦੇਵੇ ਗੁੰਝਲਾਂ, ਹਰ ਹਿਰਦੇ ਕਰੇ ਸਫ਼ਾਈਆ । ਇਹ ਖੇਲ ਅਖ਼ੀਰੀ ਇਹੋ ਖੇਲ ਮੁੱਢਲਾ, ਦੋਹਾਂ ਦਾ ਮਾਲਕ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸੱਤ ਧਾਤ ਦੀ ਸੋਹਣੀ ਦਿਸੇ ਅੰਗੂਠੀ, ਸਤਿ ਵਿਚ ਸਮਾਈਆ । ਇਹ ਪ੍ਰਭੂ ਦੇ ਨਾਮ ਦੀ ਬੂਟੀ, ਜੋ ਬੂਟਾ ਜਗਤ ਦਏ ਲਗਾਈਆ । ਦਰਸ਼ਨ ਹੋਵੇ ਨਿਰਵੈਰ ਤ੍ਰੈਕੁਟੀ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਸਚ ਸੁਹੰਜਣੀ ਹੋਵੇ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਮੁੰਦਰੀ ਕਹੇ ਮੈਨੂੰ ਯਾਦ ਆ ਗਈ ਬਲ ਬਾਵਨ ਦੀ ਧਾਰ, ਧਰਨੀ ਧਰਤ ਧਵਲ ਜਣਾਈਆ । ਪੀੜ੍ਹਾ ਕਹੇ ਮੈਂ ਚੌਦਾਂ ਸਦੀਆਂ ਬਿਨਾ ਖ਼ਬਰਾਂ ਤੋਂ ਬਿਨਾ ਅੱਖਰਾਂ ਤੋਂ ਪੜ੍ਹਦਾ ਰਿਹਾ ਅਖ਼ਬਾਰ, ਬਿਨਾ ਨੈਣਾਂ ਤੋਂ ਨੈਣ ਮਿਲਾਈਆ । ਜਿਸ ਵਿਚ ਆਵਾਜ਼ ਔਂਦੀ ਰਹੀ ਅਗੰਮੀ ਯਾਰ, ਯਾਰ ਯਾਰਾਨੇ ਵਿਚ ਜਣਾਈਆ । ਕੀ ਹੋਣਾ ਅੰਤ ਵਿਹਾਰ, ਵਿਵਹਾਰੀ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਲਾਲ ਸਿੰਘ ਅਲਫ਼ੀ ਲਿਆ ਦੇ ਕਾਲੀ, ਕਲਮੇ ਵਿਚ ਦੁਹਾਈਆ । ਜਿਹੜੀ ਸੇਵਾ ਚੌਦਾਂ ਸਦੀਆਂ ਘਾਲੀ, ਘਾਇਲ ਹੋ ਕੇ ਸੇਵ ਕਮਾਈਆ । ਮੈਥੋਂ ਮਿਹਨਤ ਕੀਤੀ ਨਹੀਂ ਜਾਂਦੀ ਬਾਹਲੀ, ਬਹੁੜੀ ਬਹੁੜੀ ਮੇਰੀ ਦੁਹਾਈਆ । ਮੈਂ ਕਿਸੇ ਦੇ ਅੱਗੇ ਨਹੀਂ ਹੋਣਾ ਸਵਾਲੀ, ਸਵਾਲ ਆਪਣਾ ਇਕ ਜਣਾਈਆ । ਮੈਂ ਕਹਿਣਾ ਤੂੰ ਪ੍ਰਭੂ ਜੀਉਂਦਾ ਸ਼ਾਹਲੀ, ਸ਼ਾਲ੍ਹਾ ਤੇਰੀ ਵਡਿਆਈਆ । ਮੈਂ ਕੀ ਤੱਕਿਆ ਅੱਜ ਤਰਕਾਲੀਂ, ਤਕਲੇ ਵਾਲੀ ਬੁੱਢੜੀ ਮਾਈਆ । ਜਿਸ ਦੀ ਫਲ ਲੱਗਾ ਸਚ ਡਾਲੀ, ਗੁਰਮੁਖ ਸੋਹਣੇ ਨਜ਼ਰੀ ਆਈਆ । ਕੋਈ ਦਵਾਰਿਉਂ ਜਾਏ ਨਾ ਖ਼ਾਲੀ, ਭੁੱਖਿਆਂ ਭੁੱਖ ਦੇ ਮਿਟਾਈਆ । ਪ੍ਰਭੂ ਦੁਨੀਆ ਦੀ ਦੀਵਿਆਂ ਵਾਲੀ ਦੀਵਾਲੀ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗੁਲਾਟੀ ਲਿਆ ਦੇ ਸਾਨੂੰ ਫੁੱਲੀਆਂ, ਮੁਹੰਮਦ ਖ਼ੁਸ਼ੀ ਮਨਾਈਆ । ਕਸ਼ਮੀਰੋ ਤੇਰੀਆਂ ਰੋਂਦੀਆਂ ਰਹਿੰਦੀਆਂ ਬੁੱਲੀਆਂ, ਬੱਚਾ ਨੰਨ੍ਹਾ ਦੇ ਵਖਾਈਆ । ਤੇਰੀਆਂ ਆਂਦਰਾਂ ਅੰਦਰੋਂ ਡੁੱਲੀਆਂ, ਧੀਰਜ ਧੀਰ ਨਾ ਕੋਇ ਧਰਾਈਆ । ਹੁਣ ਖ਼ੁਸ਼ੀਆਂ ਦੇਣੀਆਂ ਖੁਲ੍ਹੀਆਂ, ਮਿਹਰ ਨਜ਼ਰ ਟਿਕਾਈਆ । ਜਨ ਭਗਤੇ ਦਾਜਾਂ ਦੀਆਂ ਕੰਮ ਨਹੀਂ ਆਉਂਦੀਆਂ ਜੁਲੀਆਂ, ਜ਼ਰ ਜ਼ੇਵਰ ਨਾ ਕੋਇ ਵਡਿਆਈਆ । ਜਿਹੜੀਆਂ ਆਤਮਾ ਮੇਰੇ ਉਤੇ ਤੁਲੀਆਂ, ਤੋਲਾ ਬਣ ਕੇ ਦਿਆਂ ਵਖਾਈਆ । ਪ੍ਰਭ ਦੀਆਂ ਬੱਚੀਆਂ ਕਦੇ ਨਾ ਰੁਲੀਆਂ, ਸਚ ਦਵਾਰੇ ਦਿਆਂ ਵਡਿਆਈਆ । ਕਿਸੇ ਦੇ ਖਾਣ ਨਹੀਂ ਜਾਂਦੀਆਂ ਗੁਲੀਆਂ, ਜਗਤ ਭੁੱਖ ਨਾ ਕੋਇ ਬਣਾਈਆ । ਵਸਣ ਨਹੀਂ ਜਾਂਦੀਆਂ ਵਿਚ ਕੁੱਲੀਆਂ, ਭੈਣ ਭਰਾਵਾਂ ਕਰ ਜੁਦਾਈਆ । ਏਸ ਬੱਚੇ ਦੇ ਮੁਖ ਨੂੰ ਲਾਵਾਂ ਫੁੱਲੀਆਂ, ਜਿਸ ਦੀ ਜਗਤ ਹੋਣੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਸਾਰੇ ਰੱਖੋ ਇਕੇ ਤੇ ਭਰਵਾਸਾ, ਭਰਮ ਦਿਓ ਗਵਾਈਆ । ਜਿਸ ਦੇ ਕੋਲ ਜਨਮ ਕਰਮ ਦਾ ਖਾਤਾ, ਖ਼ਤਰੇ ਦਏ ਗਵਾਈਆ । ਲੈਣ ਦੇਣ ਦਾ ਨਹੀਂ ਕੋਈ ਘਾਟਾ, ਨਾਮ ਭੰਡਾਰੇ ਦਏ ਭਰਾਈਆ । ਜਿਨ੍ਹਾਂ ਪਿਛੇ ਸਤਿਜੁਗ ਤੋਂ ਕਲਜੁਗ ਅੰਤਮ ਮਾਰੀਆਂ ਵਾਟਾਂ, ਗੁਰਦਰਸ਼ਨ ਦਏ ਗਵਾਹੀਆ । ਜਿਸ ਨੇ ਮਾਘ ਮਹੀਨੇ ਵਿਚ ਸੋਈ ਜਾਣਾ ਸੀ ਉਤੇ ਕਹਾਰਾਂ ਵਾਲੀ ਖਾਟਾ, ਕਾਨ੍ਹੀਆਂ ਕੰਧ ਰਖਾਈਆ । ਓਸ ਦੇ ਪਿੱਛੇ ਰਣਜੀਤ ਕੌਰ ਦਾ ਖੁਲ੍ਹਾ ਕਰ ਕੇ ਝਾਟਾ, ਸਮਾਂ ਦਿਤਾ ਬਦਲਾਈਆ । ਸਦੀ ਚੌਧਵੀਂ ਤੈਨੂੰ ਮੰਨਣਾ ਪਏ ਆਖਾ, ਅੱਖ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ੪੪੮

੪੪੮ ਸਦੀ ਚੌਧਵੀਂ ਕਹੇ ਪ੍ਰਭ ਤੇਰੇ ਖੇਲ ਨਿਆਰੇ, ਇਕੋ ਰੰਗ ਰੰਗਾਈਆ । ਜਾਓ ਆਪਣੇ ਦਵਾਰੇ, ਹੋਏ ਸਦਾ ਸਹਾਈਆ । ਉਠੋ ਦਸ ਵਿਆਹੇ

੨੧ ਦਸ ਕੁਆਰੇ, ਬਾਹਵਾਂ ਉਪਰ ਲਓ ਉਠਾਈਆ । ਇੱਕੀਵਾਂ ਰੰਡਾ ਹੋਵੇ ਨਾਲੇ, ਸੋਹਣਾ ਮੇਲ ਮਿਲਾਈਆ । ਵੇਖੋ ਸਭ ਦੀ ਸੁਰਤ ਸੰਭਾਲੇ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰੇ ਦਏ ਵਡਿਆਈਆ । ਵਿਆਹੇ ਕੁਆਰੇ ਇਕੱਠੇ ਕੀਤੇ ਰੰਡੇ, ਇਕੋ ਰੰਗ ਰੰਗਾਈਆ । ਤੁਸੀਂ ਸਾਰੇ ਚੜ੍ਹੋ ਪ੍ਰਭੂ ਦੇ ਡੰਡੇ, ਡੰਡਾਵਤ ਇਕ ਜਣਾਈਆ । ਮਾੜੇ ਕੀਤੇ ਚੰਗੇ, ਮੇਰੇ ਚੰਦ ਨੂਰ ਰੁਸ਼ਨਾਈਆ । ਜਿਧਰ ਵੇਖੇ ਸਦਾ ਤੁਹਾਡੇ ਸੰਗੇ, ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਅਲਫ਼ੀ ਕਹੇ ਮੈਂ ਕਾਲੀ ਕਿ ਗੋਰੀ, ਮੈਨੂੰ ਦਿਓ ਸਮਝਾਈਆ । ਮੈਂ ਸਾਹਮਣੇ ਆਵਾਂ ਕਿ ਚੋਰੀ, ਚੋਰਾਂ ਵਾਂਗ ਫੇਰਾ ਪਾਈਆ । ਕਿਸ ਦੇ ਨਾਲ ਬੰਨ੍ਹਾਂ ਡੋਰੀ, ਤੰਦ ਲਵਾਂ ਜੁੜਾਈਆ । ਮੈਂ ਕਿਸ ਦੇ ਨਾਲ ਜੋੜਾਂ ਜੋੜੀ, ਆਪਣਾ ਸੰਗ ਵਖਾਈਆ । ਨੀ ਸਖ਼ੀਓ ਜੇ ਕਿਤੇ ਪ੍ਰਭੂ ਨੂੰ ਚਾੜ੍ਹੋ ਪ੍ਰੇਮ ਦੀ ਘੋੜੀ, ਬਾਜਾਂ ਵਾਲਾ ਨਾਲ ਮਿਲਾਈਆ । ਮੈਂ ਫਿਰ ਹੋ ਜਾਵਾਂ ਹੋਰ ਦੀ ਹੋਰੀ, ਨੂਰ ਜੋਤ ਰੁਸ਼ਨਾਈਆ । ਮੈਨੂੰ ਸਾਰੇ ਤੱਕਣ ਇਹ ਚੌਦਾਂ ਸਦੀਆਂ ਦੀ ਬਾਂਕੀ ਛੋਹਰੀ, ਕਿੱਥੋਂ ਆਈ ਰੂਪ ਬਦਲਾਈਆ । ਜੇ ਤੁਸਾਂ ਭਗਤੋ ਮੇਰੀ ਸਫ਼ਾਰਸ਼ ਨਾ ਕੀਤੀ ਮੈਂ ਹੋ ਜਾਵਾਂਗੀ ਕੋਹੜੀ, ਚਲਿਆਂ ਪੰਧ ਨਾ ਕੋਇ ਮੁਕਾਈਆ । ਕਿਸੇ ਨੂੰ ਕਹਵਾਂਗੀ ਮੇਰੀ ਪਿੱਠ ਤੇ ਨਿਕਲੀ ਫੋੜੀ, ਦਰਦ ਰਹੀ ਸਤਾਈਆ । ਮੇਰੀ ਉਮਰ ਰਹਿ ਗਈ ਥੋੜ੍ਹੀ, ਬਾਰਾਂ ਸਾਲ ਨਜ਼ਰੀ ਆਈਆ । ਆਹ ਵੇ ਭਗਤੋ ਮੇਰੀ ਬਹੁੜੀ, ਦੁਹੱਥੜਾ ਮਾਰ ਕੇ ਦਿਆਂ ਸੁਣਾਈਆ । ਜੇ ਭਗਤ ਕਹਿ ਦੇਣ ਪ੍ਰੀਤ ਲੱਗ ਗਈ ਮੋਰੀ

ਤੋਰੀ, ਤੁਰਤ ਆਪਣਾ ਰੂਪ ਲਵਾਂ ਬਦਲਾਈਆ । ਪੀੜ੍ਹੇ ਉਤੇ ਬਹਿ ਜਾਵਾਂ ਕਹਾਂ ਨਵੀਂ ਨਕੋਰੀ, ਜੋਬਨਵੰਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਕਰਾਈਆ । ਅਲਫ਼ੀ ਕਹੇ, ਹਾ ਹਾਏ, ਮੈਨੂੰ ਕਹਿੰਦੇ ਅੱਲ੍ਹਾ ਰਾਣੀ ਦੀ ਗੋਲੀ, ਮੈਂ ਮੁਹੰਮਦ ਦੀ ਸੇਵ ਕਮਾਈਆ । ਮੈਂ ਚੁਪ ਕਰ ਕੇ ਕਦੇ ਨਾ ਬੋਲੀ, ਬੁੱਲਾਂ ਤੋਂ ਪਿਛੇ ਆਪਣੀ ਆਸਾ ਦਿਆਂ ਦਬਾਈਆ । ਮੈਨੂੰ ਬੜਾ ਚਾਅ ਕਦੀ ਮੈਂ ਵੀ ਬਹਵਾਂਗੀ ਡੋਲੀ, ਆਪਣਾ ਰੰਗ ਰੰਗਾਈਆ । ਫਿਰ ਸੁਣਿਆ ਚੌਦਾਂ ਤਬਕਾਂ ਪੈ ਗਈ ਰੌਲੀ, ਹਾਏ ਹਾਏ ਦਿਤੀ ਸੁਣਾਈਆ । ਮੁਹੰਮਦ ਕਿਹਾ ਓਹ ਕਿਉਂ ਪਈ ਏਂ ਤੌਲੀ, ਤੌਲੇ ਤੌਲੇ ਭੱਜੇਂ ਚਾਈਂ ਚਾਈਂਆ । ਮੈਨੂੰ ਚਾਅ ਆਉਂਦਾ ਜੇ ਰੁੜਕੇ ਵਾਲਿਓ ਤੰਦ ਲਿਆ ਦਿਓ ਮੌਲੀ, ਮੇਰਾ ਕਲੀਰਾ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਵੇਖੋ ਰੁੜਕੇ ਵਾਲਿਆਂ ਦਾ ਵਿਹਾਰ, ਸ਼ਬਦੀ ਖੇਲ ਖਿਲਾਈਆ । ਚਲ ਕੇ ਆਏ ਦਰਬਾਰ, ਆਪਣਾ ਪੰਧ ਮੁਕਾਈਆ । ਜਗਤ ਵਾਲਾ ਵਿਹਾਰ, ਕਲੀਰਾ ਕੌਡੀਆਂ ਵਾਲਾ ਬੰਧਾਈਆ । ਕਿਤੇ ਰੁੱਸ ਨਾ ਜਾਏ ਸਦੀ ਚੌਧਵੀਂ ਮੁਟਿਆਰ, ਸਹੇਲੀਆਂ ਨੂੰ ਬਾਹਵਾਂ ਕਿਵੇਂ ਵਖਾਈਆ । ਇਕ ਰੁਪਈਆ ਤੇ ਇਕ ਪੈਸਾ ਇਹ ਸਗਣਾਂ ਦੀ ਕਾਰ, ਕਿਉਂਕਿ ਆਪੇ ਮੁੰਡਾ ਤੇ ਆਪੇ ਕੁੜੀ ਰੁਪਈਆ ਇਕੋ ਕੰਮ ਆਈਆ । ਓਹ ਗੁਰਸਿਖ ਲਾਗਿਉਂ ਇਕ ਪੈਸਾ ਮੁੰਡੇ ਕੁੜੀ ਦੇ ਉਤੋਂ ਦਿਤਾ ਵਾਰ, ਤੁਹਾਡੀ ਝੋਲੀ ਦਿਤੀ ਭਰਾਈਆ । ਜੇ ਇਕ ਰੁਪਈਆ ਨਾ ਅਉਂਦਾ ਤੇ ਗੁਰਦਰਸ਼ਨ ਕਦੀ ਨਾ ਜ਼ਿੰਦਾ ਰਹਿੰਦੀ ਵਿਚ ਸੰਸਾਰ, ਇਹ ਬਿਨ ਰਸਨਾ ਤੋਂ ਸ਼ਬਦ ਦੇ ਨਾਲ ਲਿਆ ਮੰਗਾਈਆ । ਲਛਮਣ ਸਿੰਘ ਤੇ ਤੇਜ ਕੌਰ ਦੋਹਾਂ ਦਾ ਨਾਤਾ ਅਪਰ ਅਪਾਰ, ਇਸ ਦੇ ਨਾਲ ਪਿਛਲਾ ਚਲਿਆ ਆਈਆ । ਇਹ ਵੇਖੋ ਖੇਲ ਸਚੀ ਸਰਕਾਰ, ਜਿਸ ਨੂੰ ਚਾਹੇ ਓਸੇ ਨੂੰ ਲਏ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਅਪਣਾ ਹੱਥ ਟਿਕਾਈਆ । ਇਹ ਰੁਪਈਆ ਬੜਾ ਚਿੱਟਾ, ਟਣਕ ਟਣਕ ਰਿਹਾ ਜਣਾਈਆ । ਕੁੜੀ ਮੁੰਡੇ ਦਾ ਸੋਹਣਾ ਨਿਕਲੇ ਸਿੱਟਾ, ਇਕ ਮੂਰਤੀ ਇਕੋ ਜੋਤ ਨਜ਼ਰੀ ਆਈਆ । ਇਕੋ ਦੋਹਾਂ ਦਾ ਸਾਂਝਾ ਚਿੱਠਾ, ਇਕੋ ਇਕ ਪੜ੍ਹਾਈਆ । ਇਕੋ ਦੋਹਾਂ ਦਾ ਧਾਮ ਅਨਡਿੱਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕੁਛ ਹੋਰ ਲੱਭੀਏ ਜੇ ਵਿਚੋਂ ਕੁਛ ਨਿਕਲ ਆਵੇ ਸਿੱਟਾ, ਇਹ ਠੂਠੀ ਇਹ ਡੋਰੀ ਇਹ ਕੌਡੀ ਇਹ ਰਵਦਾਸ ਦਾ ਕਸੀਰਾ, ਪਰ ਮੁੰਡਾ ਲੱਭਾ ਓਹ ਵੀ ਬਿਨਾ ਚੀਰਾ, ਜੇ ਕੁੜੀ ਲੱਭੀ ਤੇ ਮੁੱਛਾਂ ਦਾੜ੍ਹੀ ਵਾਲੀ ਬੈਠੀ ਉਪਰ ਪੀੜ੍ਹਾ, ਜਿਸ ਦੀ ਪੀੜ੍ਹੀ ਪਿਛਲੀ ਨਾ ਕੋਇ ਸਮਝਾਈਆ । ਨਾ ਇਹ ਜੰਮਦੀ ਨਾ ਇਹ ਮਰਦੀ ਨਾ ਇਹ ਸੜਦੀ ਤੇ ਨਾ ਇਹਨੂੰ ਕ਼ਬਰਾਂ ਵਿਚ ਖਾਏ ਕੀੜਾ, ਮੜ੍ਹੀ ਗੋਰ ਨਾ ਕੋਇ ਦਬਾਈਆ । ਨਾ ਹੋਵੇ ਕਦੇ ਦਿਲਗੀਰਾ, ਨਾ ਖਾਵੇ ਮੰਡਾ ਸੀਰਾ, ਨਾਨਕ ਦਾਦਕ ਮਿਲਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਸਗਣ ਨਾਲ ਕੁਛ ਰੁਪਈਏ ਜਿਨ੍ਹਾਂ ਨੂੰ ਕਹਿੰਦੇ ਨੋਟ, ਕਾਗ਼ਜ਼ਾਂ ਵੰਡ ਵੰਡਾਈਆ । ਵੇ ਭਰਾਵੋ ਮੈਂ ਤੇ ਮਿਲਣਾ ਨਾਲ ਓਸ ਜੋਤ, ਜੋ ਜੋਤੀ ਜਾਤਾ ਇਕ ਅਖਵਾਈਆ । ਤੁਸੀਂ ਤੇ ਕਹਿੰਦੇ ਇਸ ਦੀ ਹੋਰ ਕੋਈ ਗੋਤ, ਤੇ ਮੈਨੂੰ ਐਂ ਦਿਸਦਾ ਸਾਰਿਆਂ ਗੋਤਾਂ ਦਾ ਮਾਲਕ ਨੂਰ ਖ਼ੁਦਾਈਆ । ਤੁਸੀਂ ਲੱਭਦੇ ਫਿਰਦੇ ਤੁਹਾਡੇ ਸਾਹਮਣੇ ਲੁਕ ਕੇ ਬਹਿ ਗਿਆ ਵਿਚ ਕਾਇਆ ਦੇ ਪੋਸ਼, ਕੋਸ਼ ਵਿਚ ਸਮਝ ਕਿਸੇ ਨਾ ਆਈਆ । ਜਿਸ ਦੀ ਆਸਾ ਰਹੇ ਲੋਚ, ਉਹ ਲੋਚਣਾਂ ਦੇ ਪਿੱਛੇ ਡੇਰਾ ਲਾਈਆ । ਜਿਥੇ ਸੰਤ ਨਾ ਸਕਣ

ਸੋਚ, ਅੱਖੀਂ ਮੀਟੀਆਂ ਅੱਖ ਨਾ ਕੋਇ ਚਮਕਾਈਆ । ਜ਼ਬਾਨ ਨਾਲ ਕਹਿੰਦੇ ਲੋਕ ਪ੍ਰਲੋਕ, ਸਲੋਕ ਢੋਲੇ ਰਹੇ ਗਾਈਆ । ਨਾਲੇ ਪਾਠ ਕਰਦੇ ਨਾਲੇ ਪੂਜਾ ਕਰਦੇ ਨਾਲੇ ਮਾਲਾ ਫੇਰਦੇ ਨਾਲੇ ਕਹਿੰਦੇ ਪ੍ਰਭੂ ਕਿਤੇ ਦੇ ਦੇ ਮੋਖ, ਮੁਕਤੀ ਮੰਗ ਕੇ ਆਪਣਾ ਝਟ ਲੰਘਾਈਆ । ਕਹਿੰਦੇ ਨਾਮ ਜਪਣਾ ਰੋਜ਼, ਇਹ ਰੋਜ਼ੀ ਸਵਾਸਾਂ ਦੀ ਬਣ ਆਈਆ । ਜਿਨ੍ਹਾਂ ਨੇ ਸਾਹਿਬ ਸਤਿਗੁਰ ਦੇ ਵੇਖੇ ਚੋਜ, ਚਰਨ ਲਗਦਿਆਂ ਹੀ ਪਾਰ ਕਰਾਈਆ । ਜਨਮ ਮਰਨ ਕਰਮ ਦਾ ਰਹੇ ਕੋਈ ਨਾ ਰੋਗ, ਧੁਰ ਦਾ ਸੰਜੋਗ ਆਪਣੇ ਨਾਲ ਕਰਾਈਆ । ਸਦੀ ਚੌਧਵੀਂ ਕਹੇ ਓਏ ਹਾਏ ਮੇਰਿਆ ਰਾਮਾ, ਰਾਮ ਦਏ ਜਣਾਈਆ । ਮੇਰੀ ਅਲਫ਼ੀ ਪਾ ਕੇ ਤੇੜੋਂ ਲਾਹ ਦੇ ਪਜਾਮਾ, ਪੁਨਹ ਪੁਨਹ ਸਰਨਾਈਆ । ਮੈਂ ਵੇਖਿਆ ਮੁਹੰਮਦ ਤੇਰਾ ਗ਼ੁਲਾਮਾ, ਸੱਯਦੇ ਸੀਸ ਨਿਵਾਈਆ । ਸੁਣ ਅਗੰਮੀ ਕਲਾਮਾ, ਕਲਮਾ ਰਿਹਾ ਭੁਲਾਈਆ । ਜੇ ਤੂੰ ਮਹਿਦੀ ਅਮਾਮਾ, ਅਮਲਾਂ ਤੋਂ ਬਾਹਰ ਨੂਰ ਖ਼ੁਦਾਈਆ । ਫੇਰ ਵਜਾ ਦੇ ਆਪਣੇ ਨਾਮ ਦਾ ਇਕ ਦਮਾਮਾ, ਦਾਮਨਗੀਰ ਹੋ ਕੇ ਆਪਣਾ ਪੱਲੂ ਲੈਣਾ ਫੜਾਈਆ । ਤੇਰਾ ਖੇਲ ਨਹੀਂ ਜਿਸਮਾਨਾ, ਅਸਮਾਨਾਂ ਤੋਂ ਪਰੇ ਤੇਰੀ ਰੁਸ਼ਨਾਈਆ । ਸਚ ਦੱਸ ਅਲਫ਼ੀ ਵਾਲੇ ਇਨ੍ਹਾਂ ਵਿਚੋਂ ਕਿਹੜਾ ਤੇਰਾ ਬੇਗਾਨਾ, ਕਿਹੜਾ ਦੁਸ਼ਮਨ ਨਜ਼ਰੀ ਆਈਆ । ਮੈਂ ਤੱਕਕੇ ਆਈ ਤੇਰਾ ਵੱਡਿਆਂ ਛੋਟਿਆਂ ਨਾਲ ਯਾਰਾਨਾ, ਯਾਰੀ ਸਭ ਦੇ ਨਾਲ ਰਖਾਈਆ । ਮੈਨੂੰ ਐਂ ਜਾਪਦਾ ਤੇਰਾ ਧਰਮ ਰਾਜ ਦੇ ਕੋਲ ਇਕ ਨਿੱਕਾ ਜਿਹਾ ਥਾਣਾ, ਪੁਲੀਸ ਅਬਲੀਸ ਦਿਤਾ ਬਹਾਈਆ । ਕਿਸੇ ਨੂੰ ਪੁਛਦਾ ਨਹੀਂ ਪੀਣਾ ਖਾਣਾ, ਖਾਹ ਮਖਾਹ ਸਭ ਨੂੰ ਦਏ ਸਜ਼ਾਈਆ । ਜਿਸ ਵੇਲੇ ਭਗਤਾਂ ਦਾ ਹੋਵੇ ਜਾਣਾ, ਅੰਦਰ ਵੜ ਕੇ ਆਪਣਾ ਆਪ ਜਣਾਈਆ । ਕਿਉਂ ਆਪਣਿਆਂ ਦੇ ਪਿਛੇ ਇਨ੍ਹਾਂ ਦਾ ਸਤਿਗੁਰ ਨੌਜਵਾਨਾ, ਸ਼ਬਦ ਦਾ ਰੂਪ ਸੋਭਾ ਪਾਈਆ । ਉਸ ਵੇਲੇ ਧਰਮ ਰਾਏ ਦਾ ਨਿਕਲ ਜਾਏ ਪਾਖਾਨਾ, ਭੈ ਵਿਚ ਆਪਣੀ ਸੁਰਤ ਭੁਲਾਈਆ । ਤੇ ਜਨ ਭਗਤ ਗੌਂਦਾ ਜਾਏ ਤਰਾਨਾ, ਸੋਹੰ ਢੋਲਾ ਗਾਈਆ । ਮੈਂ ਚਲਿਆ ਵਿਚ ਮੈਦਾਨਾ, ਦੋ ਜਹਾਨਾਂ ਪੰਧ ਮੁਕਾਈਆ । ਸਚਖੰਡ ਕਰਨਾ ਬਿਸਰਾਮਾ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਤੇ ਗੁਰੂ ਅਵਤਾਰ ਪੈਗ਼ੰਬਰ ਸੇਵਾ ਕਰਨ ਬਣ ਕੇ ਕਾਮਾ, ਕਾਮ ਵਾਲਾ ਗੁਰੂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਘਰ ਦਏ ਵਸਾਈਆ । ਅਲਫ਼ੀ ਕਹੇ ਮੈਨੂੰ ਸਾਰੇ ਆਖੇ ਕਾਲੀ, ਕਾਲਾ ਰੰਗ ਰੰਗਾਈਆ । ਦੋਹਾਂ ਹੱਥਾਂ ਦੀ ਮਾਰੇ ਤਾਲੀ, ਸੋਹਣਾ ਤਾਲ ਬਣਾਈਆ । ਮੈਂ ਡਰ ਗਈ ਜਿਨ੍ਹਾਂ ਦੇ ਅੰਦਰ ਪ੍ਰਭ ਨੇ ਜੋਤ ਬਾਲੀ, ਬਾਲ ਬੁੱਢੇ ਇਕੋ ਰੰਗ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਕਰਾਈਆ । ਅਲਫ਼ੀ ਕਹੇ ਮੈਂ ਪੜ੍ਹਨੀ ਇਕੋ ਅਲਿਫ਼, ਗੁਰਮੁਖੋ ਦਿਓ ਪੜ੍ਹਾਈਆ । ਮੈਂ ਚੁੱਕਣ ਆਈ ਹਲਫ਼, ਕ਼ਸਮ ਖਾ ਕੇ ਦਿਆਂ ਸੁਣਾਈਆ । ਮੈਨੂੰ ਪਤਾ ਨਹੀਂ ਕਹਿੰਦੇ ਕਿਉਂ ਮੁਸ਼ੱਰਫ਼, ਮੁਸ਼ਕਲ ਦਏ ਤੁੜਾਈਆ । ਇਨ੍ਹਾਂ ਦੱਸਿਆ ਪ੍ਰਭ ਦੀ ਇਕੋ ਪੱਕੀ ਸ਼ਰਤ, ਸ਼ਰਅ ਤੋਂ ਬਾਹਰ ਕਢਾਈਆ । ਮੈਂ ਡਰਦੀ ਗਈ ਜਰਕ, ਤੋਬਾ ਤੋਬਾ ਮੇਰੀ ਦੁਹਾਈਆ । ਮੈਂ ਸਭ ਕੁਛ ਕਰ ਕੇ ਤਰਕ, ਤੁਰਤ ਭਗਤਾਂ ਸੀਸ ਨਿਵਾਈਆ । ਜਨ ਭਗਤੋ ਮੇਰੇ ਕੋਲ ਨਹੀਂ ਕੋਈ ਖਰਚ, ਪੱਲੇ ਗੰਢ ਨਾ ਕੋਇ ਵਖਾਈਆ । ਮੈਂ ਰਾਹ ਵਿਚ ਆਉਂਦੀ ਆਉਂਦੀ ਯਸੂ ਦੇ ਵੜ ਗਈ ਵਿਚ ਚਰਚ, ਚੁਗਲੀ ਵਾਲੇ ਸਾਰੇ ਨਜ਼ਰੀ ਆਈਆ । ਮੈਂ ਭੱਜ ਉਠੀ ਮੇਰੇ ਚੂਕਣੇ ਵਿਚ ਹੋਣ ਲੱਗਾ ਦਰਦ, ਦਾਰਾ ਸਿੰਹਾਂ ਡੁੱਡਿਆ ਓਏ ਉਠ ਮੇਰਾ ਸਾਥ ਦੇ ਵੰਡਾਈਆ । ਹੁਣ ਮੈਂ ਪ੍ਰਭ ਦੇ ਭੁੱਲਿਆਂ ਨੂੰ ਭਿਜਵਾ ਦੇਵਾਂਗੀ ਵਿਚ ਨਰਕ, ਸਵਰਗ ਦੀ ਆਸ

ਨਾ ਕੋਇ ਰਖਾਈਆ । ਜਿਨ੍ਹਾਂ ਨੇ ਸ਼ਰਅ ਦੀ ਫੇਰੀ ਕਰਦ, ਕ਼ਤਲ ਕੀਤੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਘਰ ਦਏ ਵਸਾਈਆ । ਅਲਫ਼ੀ ਕਹੇ ਮੈਨੂੰ ਦੱਸ ਦੇ ਮੇਰਾ ਸਬਕ, ਇੰਦਰ ਸਿੰਘ ਬਹੁਤਾ ਪੜ੍ਹਿਆ ਨਜ਼ਰੀ ਆਈਆ । ਜਾਂ ਵੇਖਿਆ ਦੁਹਾਈ ਦੁਹਾਈ ਦੁਹਾਈ ਚੌਦਾਂ ਤਬਕ, ਤੋਬਾ ਤੋਬਾ ਰਹੇ ਸੁਣਾਈਆ । ਫੇਰ ਵੇਖਿਆ ਭਗਤਾਂ ਦੇ ਅੰਦਰੋਂ ਦਿਸੀ ਚਮਕ, ਨੂਰ ਜ਼ਹੂਰ ਚਮਕਾਈਆ । ਮੈਨੂੰ ਭੁੱਲ ਗਿਆ ਤਬਰੇਜ਼ ਸ਼ਮਸ, ਮਨਸੂਰ ਸੂਲੀ ਉਤੇ ਦਏ ਦੁਹਾਈਆ । ਕਿਉਂ ਗੋਬਿੰਦ ਦੇ ਹੱਥ ਵਿਚ ਓਹ ਕਮਚ, ਜਿਸ ਨੂੰ ਖ਼ੰਜ਼ਰ ਕਹੇ ਲੋਕਾਈਆ । ਜੇ ਕੋਈ ਸਮਝ ਜਾਏ ਏਸ ਦੀ ਰਮਜ਼, ਤੇ ਰਮਜ਼ਾਨ ਦੇ ਰੋਜ਼ੇ ਕਰਾਏ ਖ਼ਤਮ, ਭੁੱਖਿਆਂ ਝਟ ਨਾ ਕੋਇ ਲੰਘਾਈਆ । ਜੇ ਪ੍ਰੇਮ ਪਿਆਰ ਦਾ ਦੇ ਦਏ ਇਕ ਚਮਚ, ਬੂੰਦ ਬੂੰਦ ਵਿਚੋਂ ਉਠਾਈਆ । ਫੇਰ ਬੁੱਧੀ ਵਿਚ ਆ ਜਾਏ ਸਮਝ, ਸਮਝ ਬੁੱਧੀ ਵਿਚ ਸਮਾਈਆ । ਫੇਰ ਇਹੋ ਇਹਦੀ ਮਿਹਰਬਾਨੀ ਇਹੋ ਇਹਦੀ ਸ਼ੈਤਾਨੀ ਇਹੋ ਕਰਦਾ ਗ਼ਜ਼ਬ, ਗ਼ਰਜ਼ ਸਭ ਦੇ ਨਾਲੋਂ ਤੁੜਾਈਆ । ਜਦੋਂ ਦਿਲ ਚਾਹੇ ਭਗਤਾਂ ਵਿਚ ਹੋ ਜਾਏ ਜਜ਼ਬ, ਜਜ਼ਬਾਤ ਸਭ ਦਏ ਬਦਲਾਈਆ । ਕਫ਼ਣੀ ਕਹੇ ਮੈਂ ਭੱਜੀ ਵਿਚੋਂ ਅਰਬ, ਅਰਬਾਨੀਆਂ ਅਲਬਾਨੀਆਂ ਐਲਾਨੀਆਂ ਸਾਰੇ ਆਈ ਤਜਾਈਆ । ਭਲਾ ਮੈਨੂੰ ਦਿਓ ਖਾਂ ਜ਼ਰਬ, ਲੰਮੀ ਚੌੜੀ ਪੜ੍ਹੇ ਲਿਖੇ ਮੇਰਾ ਤੂਲ ਅਰਜ਼ ਦਿਓ ਕਢਾਈਆ । ਜੇ ਕੋਈ ਸਾਰ ਪਾਸ਼ਾ ਜਾਨਣ ਵਾਲਾ ਦੱਸੇ ਮੇਰੀ ਨੱਟੀ ਕਿਉਂ ਪਵੇ ਨਰਦ, ਪੌਂ ਵਿਚੋਂ ਹਟਾਈਆ । ਮੇਰਾ ਰੰਗ ਕਾਲਾ ਕਿਤੇ ਸਮਝੋ ਨਾ ਜ਼ਰਦ, ਲਾਲ ਗੁਲਾਲ ਨਾ ਕੋਇ ਵਖਾਈਆ । ਮੈਂ ਤੇ ਗੁਰਮੁਖੋ ਅਜੇ ਪਹਿਲੀ ਵੇਰਾਂ ਕਰਨ ਆਈ ਅਰਜ਼, ਪਤਾ ਨਹੀਂ ਛੱਬੀ ਪੋਹ ਨੂੰ ਕੀ ਕੀ ਹਾਲ ਸੁਣਾਈਆ । ਜੇ ਮੈਨੂੰ ਪਤਾ ਲੱਗ ਗਿਆ ਕਿ ਇਹ ਮਰਦਾਨਾ ਮਰਦ, ਜਿਸ ਦੀ ਮਦਦ ਐਲੀ ਮੰਗ ਮੰਗਾਈਆ । ਮੈਨੂੰ ਡਰ ਲਗਦਾ ਕਿਤੇ ਮੈਂ ਹੋ ਨਾ ਜਾਵਾਂ ਗ਼ਰਕ, ਆਪਣਾ ਆਪ ਗਵਾਈਆ । ਸਚ ਪੁਛੋ ਮੁਹੰਮਦ ਨੇ ਮਾਰੀ ਅਰਕ, ਕੂਹਣੀਆਂ ਨਾਲ ਹਿਲਾਈਆ । ਵਿਚੋਂ ਅਬੂ ਨੂੰ ਆਇਆ ਹਰਖ, ਗ਼ੁੱਸੇ ਵਿਚ ਆਪਣਾ ਆਪ ਜਲਾਈਆ । ਇਕ ਸੂਫ਼ੀ ਭਰ ਕੇ ਆ ਗਿਆ ਚਰਸ, ਸੂਟਾ ਖਿੱਚੇ ਧੂੰਆਂ ਦਿਤਾ ਉਡਾਈਆ । ਓਧਰੋਂ ਮੇਘ ਪਿਆ ਬਰਸ, ਆਪਣੀ ਛਹਿਬਰ ਲਾਈਆ । ਮੁਹੰਮਦ ਨੇ ਕਰ ਕੇ ਅਰਜ਼, ਅੱਖਾਂ ਪੁਠੀਆਂ ਲਈਆਂ ਉਲਟਾਈਆ । ਖ਼ੁਦਾ ਨੇ ਰਾਗ ਅਲਾਇਆ ਨਖਤੂਸਨੋ ਸਨ ਮੇਰੀ ਤਰਜ਼, ਤੁਲ੍ਹਾ ਤੁਲਾਜ਼ੇ ਤਾਲਬ ਤੁਲਬਿਆਂ ਦਏ ਸਮਝਾਈਆ । ਵੇਖਿਓ ਕਿਤੇ ਕ਼ੁਰਾਨ ਸ਼ਰੀਫ਼ ਤੇ ਕ਼ੁਰਾਨ ਮਜੀਦ ਵਿਚੋਂ ਮੇਰੀ ਨਾ ਸਮਝੋ ਤਰਫ਼, ਕੋਨਿਆਂ ਕਿਨਾਰਿਆਂ ਵਿਚ ਰਹਿ ਕੇ ਝਟ ਨਾ ਕੋਇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਨੀ ਭੈਣੋ ਇਕ ਗਾਓ ਸੁਹਾਗੀ ਗੀਤ, ਸਜ ਵਿਆਹੀ ਦੁਲ੍ਹਨ ਆਈਆ । ਕੋਈ ਕਹੋ ਬਾਹਮਣੀ ਕੋਈ ਕਹੋ ਮੁਸਲਮਾਨੀ ਕੋਈ ਕਹੋ ਨੀਚ, ਆਪੋ ਆਪਣੀ ਬੋਲੀ ਦਿਓ ਸਮਝਾਈਆ । ਕੋਈ ਕਹੋ ਸਲਵਾਰ ਜੰਪਰ ਪਾਈ ਕ਼ਮੀਜ਼, ਕੋਈ ਕਹੋ ਅਲਫ਼ੀ ਪਾ ਕੇ ਆਪਣਾ ਝਟ ਲੰਘਾਈਆ । ਕੋਈ ਕਹੋ ਪੜਦਾ ਚੁੱਕ ਕੇ ਮੁਖ ਵੇਖੀਏ ਲਾ ਕੇ ਨੀਝ, ਕਿਤੇ ਅੰਨ੍ਹੀ ਕਾਣੀ ਨਾ ਡੋਲੀ ਪਾਈਆ । ਸਾਰਿਆਂ ਕਹਿਣਾ ਓਦੋਂ ਵੇਖਾਂਗੀਆਂ ਜਦੋਂ ਪਾਣੀ ਵਾਰਾਂਗੇ ਜਦੋਂ ਲੰਘਣ ਲੱਗੀ ਦਹਿਲੀਜ਼, ਬੂਹੇ ਵਿਚ ਸਗਨ ਮਨਾਈਆ । ਪਰ ਹਾਏ ਨਾ ਇਹਦਾ ਕੋਈ ਸੌਹਰਾ ਤੇ ਨਾ ਕੋਈ ਸੱਸ ਤੇ ਨਾ ਇਹਦਾ ਕੋਈ ਤੱਤਾਂ ਵਾਲਾ ਖ਼ਸਮ ਕਿਹੜਾ ਕਰੇ ਰੀਝ, ਅੱਖਾਂ ਵੇਖ ਵੇਖ ਸਾਰਿਆਂ ਝਟ ਲੰਘਾਈਆ । ਨੀ ਨਾ ਇਹ ਡੋਲੀ ਬਹਿੰਦੀ ਮਾਰੇ ਚੀਕ, ਹਾਏ ਮਾਂ ਨਾ ਕਰ ਸੁਣਾਈਆ । ਖਬਰੇ ਇਸ ਨੇ ਕਿੱਥੋਂ ਸਿੱਖ ਲਈ

ਤਮੀਜ਼, ਜਦੋਂ ਬੋਲੇ ਤੇ ਬੋਲੇ ਕਿੱਥੇ ਗਿਆ ਮੇਰਾ ਧੁਰ ਦਾ ਮਾਹੀਆ । ਮੈਂ ਓਸ ਦੇ ਨਾਲ ਗਈ ਪਤੀਜ, ਪਤਿਪਰਮੇਸ਼ਵਰ ਇਕ ਹੰਢਾਈਆ । ਜੋ ਸਾਰਿਆਂ ਨੂੰ ਬਣਾ ਦਏ ਅਜ਼ੀਜ਼, ਆਅਲਾ ਅਦਨਾ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦਏ ਵਡਿਆਈਆ । ਆਂਦਣਾਂ ਗਵਾਂਢਣਾਂ ਕਹਿਣ ਕਿੱਥੋਂ ਆਈ ਬਹੂ, ਬੇਟੀ ਕਿਸ ਦੀ ਜਾਈਆ । ਕਿਹੜੇ ਮੰਦਰ ਮੁਨਾਰੇ ਰਹੂ, ਕਵਣ ਦਵਾਰੇ ਡੇਰਾ ਲਾਈਆ । ਕਿਸ ਦਾ ਹੁਕਮ ਸਹੂ, ਸੀਸ ਕਿਸ ਝੁਕਾਈਆ । ਬੁੱਢੜੀਆਂ ਕਿਹਾ ਇਸ ਨੇ ਬੇਸਗਣਾਂ ਦਾ ਲੀੜਾ ਉਤੇ ਲਿਆ ਜਿਹੜਾ ਵਾਂਗ ਲਹੂ, ਸੂਹਾ ਰੰਗ ਨਾ ਕੋਇ ਰੰਗਾਈਆ । ਵਿਚੋਂ ਮਾਈ ਹੱਵਾ ਬੋਲੀ ਨੀ ਭੈਣੋ ਇਹਦੀ ਵਡਿਆਈ ਝੂਠਿਆਂ ਨੂੰ ਸਾਰਿਆਂ ਨੂੰ ਖਾਊ, ਡੈਣ ਬਣ ਕੇ ਕਿਧਰੋਂ ਆਈਆ । ਬਾਹਮਣੀਆਂ ਕਹਿਣ ਓਹੋ ਵੇਖੋ ਫਿਰਦੇ ਕੇਤੂ ਰਾਹੂ, ਆਪਣਾ ਨਖਤ੍ਰ ਰਹੇ ਬਦਲਾਈਆ । ਜੇ ਕੋਈ ਸਾਨੂੰ ਮਣਸ ਦੇਵੇ ਗਊ, ਪਿੰਡੀ ਧੋ ਕੇ ਠਾਕਰ ਲਈਏ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਇਕ ਆ ਗਈ ਬੁੱਢੜੀ ਸਵਾਣੀ, ਮੁਖ ਦੰਦ ਨਾ ਕੋਇ ਰਖਾਈਆ । ਚਲੋ ਵੇਖੀਏ ਬਹੂ ਰਾਣੀ, ਕਿਉਂ ਸਾਥੋਂ ਪੜਦਾ ਰਹੀ ਕਰਾਈਆ । ਇਹ ਜ਼ਰੂਰ ਅੱਖੋਂ ਹੋਵੇਗੀ ਕਾਣੀ, ਨੱਕ ਵੱਢੀ ਨਜ਼ਰੀ ਆਈਆ । ਬੁੱਲ ਚੀਰਿਆ ਹੋਵੇਗਾ ਵਾਂਗ ਮਧਾਣੀ, ਦੰਦ ਕੌਡੀਆਂ ਵਾਂਗ ਬਾਹਰ ਲਮਕਾਈਆ । ਸਾਡਾ ਮੁੰਡਾ ਨਹੀਂ ਏਸ ਦਾ ਹਾਣੀ, ਇਹ ਪਰਾਹੁਣੀ ਬੈਠੀ ਪੜਦਾ ਪਾਈਆ । ਨਾ ਕੋਈ ਗਲ ਵਿਚ ਗਾਨੀ, ਹੱਥੀਂ ਬਾਹਵਾਂ ਛੱਲੇ ਛਾਪਾਂ ਨਾ ਕੋਇ ਛਣਕਾਈਆ । ਸਾਰੀਆਂ ਕਹਿੰਦੀਆਂ ਬੇਬੇ ਇਹ ਜਦੋਂ ਬੋਲੇ ਬੋਲੇ ਅਗੰਮ ਦੀ ਬਾਣੀ, ਪ੍ਰੀਤ ਪ੍ਰਭ ਦੇ ਨਾਲ ਰਖਾਈਆ । ਜਿਹੜਾ ਜੁਲਾਹਾ ਤਣਦਾ ਸੀ ਤਾਣੀ, ਕਬੀਰ ਜੁਲਾਹਾ ਥੇੜ੍ਹੀ ਅੱਖ ਚੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਾਰੀਆਂ ਕਹਿਣ ਬੀਬੀ ਤੂੰ ਚੁੱਕ ਦੇ ਮੁਖ ਤੋਂ ਪੜਦਾ, ਸਾਰੀਆਂ ਦਰਸ਼ਨ ਲੈਣ ਪਾਈਆ । ਬੀਬੀ ਕਹੇ ਮੈਨੂੰ ਵਖਾਓ ਪਹਿਲੋਂ ਘਰ ਦਾ, ਜਿਹੜਾ ਸਹੇੜ ਕੇ ਲਿਆਇਆ ਚਾਈਂ ਚਾਈਂਆ । ਮੇਰਾ ਅੰਦਰੇ ਅੰਦਰ ਦਿਲ ਸੜਦਾ, ਦੁਖੀ ਹੋ ਕੇ ਰਹੀ ਸੁਣਾਈਆ । ਨੀ ਮੈਂ ਭੁੱਲ ਗਈ ਜਿਹੜਾ ਮੇਰਾ ਵਿਛੜਿਆ ਚੌਦਾਂ ਸੌ ਸਾਲ ਚਿਰ ਦਾ, ਚਿਰੀ ਵਿਛੁੰਨਿਆਂ ਨਾ ਕੋਇ ਮਿਲਾਈਆ । ਜੇ ਕਿਧਰੋਂ ਆ ਜਾਏ ਫਿਰਦਾ ਤੁਰਦਾ, ਮੈਂ ਪੜਦਾ ਦਿਆਂ ਉਠਾਈਆ । ਮੇਰਾ ਡਰ ਲਥ ਜਾਏ ਮੇਰਾ ਪਤੀ ਕਦੀ ਨਹੀਂ ਹੁੰਦਾ ਮੁਰਦਾ, ਮੁਦਤਾਂ ਦੇ ਮੇਲੇ ਲਏ ਕਰਾਈਆ । ਜਿਸ ਨੂੰ ਭੇਤ ਆ ਗਿਆ ਸੱਚੇ ਸਤਿਗੁਰ ਦਾ, ਓਹ ਸੰਤ ਸੁਆਣੀ ਦੂਜੇ ਮਿਲਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਉਂ ਥਾਈਆ । ਅਲਫ਼ੀ ਕਹੇ ਜਿਸ ਦੇ ਕੋਲ ਸ਼ਬਦ ਹੁਕਮ ਦੀ ਨਿਸ਼ਾਨੀ, ਅੱਗੇ ਦਿਓ ਟਿਕਾਈਆ । ਮੇਰੀ ਪੂਰੀ ਹੋਣ ਲੱਗੀ ਕ਼ੁਰਬਾਨੀ, ਕਰਬਲੇ ਦਾ ਪੰਧ ਮੁਕਾਈਆ । ਮੈਂ ਸ਼ਰਅ ਛਡਣੀ ਸ਼ੈਤਾਨੀ, ਸ਼ਰੀਅਤ ਲੈਣੀ ਬਦਲਾਈਆ । ਜਲਵਾ ਤਕਣਾ ਅਸਮਾਨੀ, ਨੂਰ ਇਕ ਖ਼ੁਦਾਈਆ । ਜੂਹ ਰਹਿਣ ਨਹੀਂ ਦੇਣੀ ਬੇਗਾਨੀ, ਬਗ਼ਲਗੀਰ ਦੇਣੇ ਵਖਾਈਆ । ਪਤਤ ਰਹੇ ਨਾ ਕੋਇ ਪਰਾਣੀ, ਪੁਰਾਨਾਂ ਵਾਲਿਆਂ ਦੇਣਾ ਸਮਝਾਈਆ । ਆਤਮ ਪਰਮਾਤਮ ਸਭ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦਾ ਲੇਖਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਸੋ ਆਦਿ ਜੁਗਾਦੀ ਧੁਰ ਦਾ ਬਾਨੀ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਲੇਖਾ ਪਾਰ ਕਰਾਏ ਆਲਮੇ ਜ਼ਾਬਦਾਨੀ, ਦਰਗਾਹ ਸਾਚੀ ਸਚ ਸਮਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਜਿਸ ਦੇ ਕੋਲ ਸ਼ਬਦੀ ਧਾਰ ਦਾ ਪਟਕਾ, ਦੁਪੱਟਾ ਅੱਗੇ ਦਿਓ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਅੰਤਮ ਸਭ ਦਾ ਕਰਨਾ ਝਟਕਾ, ਹਲਾਲੀ ਵਾਲੇ ਹਲਾਲ ਬਣਾਈਆ । ਚਾਰੋਂ ਕੁੰਟ ਪਏ ਖਟਕਾ, ਖੱਟੀ ਸਕੇ ਨਾ ਕੋਇ ਕਮਾਈਆ । ਮੈਦਾਨ ਦਿਸੇ ਰੱਤ ਕਾ, ਰੱਤੀ ਰੱਤ ਨਾ ਰੰਗ ਰੰਗਾਈਆ । ਇਹ ਖੇਲ ਕਮਲਾਪਤਿ ਦਾ, ਪਤਿਪਰਮੇਸ਼ਵਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਬਦਲਾ ਰਿਹਾ ਚੁਕਾਈਆ । ਪਟਕਾ ਕਹੇ ਮੈਂ ਆਇਆ ਥੱਲੇ ਪੈਰ, ਚਰਨ ਹੇਠ ਸਰਨਾਈਆ । ਵਰਤੇ ਸ੍ਰਿਸ਼ਟੀ ਕਹਿਰ, ਕਹਿਰ ਵਿਚ ਲੋਕਾਈਆ । ਮੈਂ ਭਗਤਾਂ ਦੀ ਮੰਗਾਂ ਖ਼ੈਰ, ਬੀਖ਼ੈਰ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਲਹਿਰ, ਲਹਿਰ ਲਹਿਰ ਨਾਲ ਟਕਰਾਈਆ । ਤੇਰਾ ਭਗਤ ਦਵਾਰਾ ਦਿਸੇ ਸ਼ਹਿਰ, ਜਿਥੇ ਸ਼ਹਿਨਸ਼ਾਹ ਸੋਭਾ ਪਾਈਆ । ਦੂਈ ਦਵੈਤੀ ਰਹੇ ਕੋਈ ਨਾ ਜ਼ਹਿਰ, ਜ਼ਹਿਰੀਲਾਪਨ ਦੇਣਾ ਚੁਕਾਈਆ । ਅਲਫ਼ੀ ਕਹੇ ਸਦੀ ਚੌਧਵੀਂ ਕਹੇ ਮੈਂ ਦੱਸਣਾ ਕਿਸ ਤਰਾ ਵਰਤਣਾ ਕਹਿਰ ਸਵਾ ਪਹਿਰ, ਪਹਿਰੇਦਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਦੇਵੇ ਭੇੜ, ਛੇੜ ਅੰਦਰੇ ਅੰਦਰ ਛਿੜਾਈਆ ।



✻ ੨ ਕੱਤਕ ਸ਼ਹਿਨਸ਼ਾਹੀ ਸੰਮਤ ੪ ਗਰਧਾਰਾ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✻

ਸਿਰ ਗੰਜਾ ਵਾਲ ਦੋ ਚਾਰ, ਮਾਟੀ ਚਰਮ ਨਜ਼ਰੀ ਆਈਆ । ਤਿੰਨ ਸੌ ਸੱਠ ਹਾਡੀ ਸੋਭਾ ਬਹੱਤਰ ਨਾੜ, ਨਾੜੀ ਲੱਖ ਲੱਖ ਦੁਹਾਈਆ । ਤਨ ਵਜੂਦ ਬਣਿਆ ਕੰਡਿਆਂ ਝਾੜ, ਕਾਂਟੇ ਚੁੱਭਣ ਥਾਈਂ ਥਾਈਂਆ । ਪੈਰੀਂ ਪੰਧ ਨਾ ਮੁੱਕੇ ਵਾਟ, ਗੋਡੇ ਗਿੱਟੇ ਦੇਣ ਦੁਹਾਈਆ । ਤੂੰ ਸ਼ਬਦ ਭੁੱਲ ਗਿਆ ਜਿਹੜਾ ਸੁਤਿਆਂ ਦਿਤਾ ਰਾਤ, ਨਾਵਾਂ ਹਿੱਸਾ ਯਾਦ ਰਖਾਈਆ । ਇਕ ਸੌ ਸਤਾਰਾਂ ਵਾਰ ਇਸ ਤੋਂ ਪਹਿਲੋਂ ਤੈਨੂੰ ਪੁਛਿਆ, ਪੂਰਾ ਦੇ ਸੁਣਾਈਆ । ਨਾਲ ਦੁੱਖ ਕਦੇ ਨਾ ਮੁਕਿਆ, ਬਹਾਨੇ ਵਿਚ ਨਾ ਕਦੇ ਰਖਾਈਆ । ਤੇਰੇ ਅੰਦਰੋਂ ਨਿਸ਼ਾਨਾ ਉਕਿਆ, ਭਰਮ ਰਿਹਾ ਭਰਮਾਈਆ । ਸਤਾਈ ਵਾਰ ਤੈਨੂੰ ਚੜ੍ਹਿਆ ਗ਼ੁੱਸਿਆ, ਆਪਣਾ ਆਪ ਤਪਾਈਆ । ਅਜੇ ਦੁੱਖ ਤੇਰਾ ਨਹੀਂ ਮੁੱਕਿਆ, ਕਲੇਸ਼ ਕਰੇ ਲੜਾਈਆ । ਜਿਹੜਾ ਰਹਿਣਾ ਨਹੀਂ ਸੀ ਜੁਸਿਆ, ਜਿਸਮ ਤਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਤਾ ਖੇਲ ਕਰਾਈਆ । ਦੋ ਚਾਰ ਵਾਲ ਕਹਿਣ ਕਿਉਂ ਹੱਥ ਪੈਰ ਹੋਏ ਡੁੱਡੇ, ਡੁਗਡੁਗੀ ਰਹੇ ਵਜਾਈਆ । ਕਿਉਂ ਪੀੜ ਕਰਦੇ ਗੋਡੇ, ਦਰਦਾਂ ਵਿਚ ਦੁਹਾਈਆ । ਸਾਨੂੰ ਐਵੇਂ ਕਹਿੰਦੇ ਬੀਰ ਯੋਧੇ, ਯੁੱਧ ਕੀਤੀ ਨਾ ਕੋਇ ਲੜਾਈਆ । ਜੇ ਹੋ ਜਾਈਏ ਪ੍ਰਭੂ ਜੋਗੇ, ਜੁਗਤੀ ਆਪਣੀ ਨਾ ਕੋਇ ਚਤੁਰਾਈਆ । ਜੋ ਬਦਲ ਦੇਵੇ ਕਾਇਆ ਚੋਗੇ, ਚੰਗੇ ਘਰ ਦਏ ਵਸਾਈਆ । ਦੁੱਖ ਦਰਦ ਮੇਟੇ ਰੋਗੇ, ਰੋਗੀਆਂ ਵੇਖ ਵਖਾਈਆ । ਅਜੇ ਪੀੜ ਪੈਣੀ ਸੱਜੇ ਮੋਢੇ, ਦੁੱਖ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਖਿਲਾਈਆ । ਮੋਢਾ ਕਹੇ ਮੇਰੇ ਪੀੜ ਪੈਣੀ ਕੰਧੇ, ਕੁੰਦਨ ਰੂਪ ਨਾ ਕੋਇ ਵਖਾਈਆ । ਜਗਤ ਵਾਸਨਾ ਵੇਖਣੇ ਧੰਦੇ, ਧਰਨੀ ਧਰਤ ਧਵਲ ਖੋਜ ਖੁਜਾਈਆ । ਤੰਦਰੁਸਤੀਆਂ ਨਾਲ ਕਦੇ

ਨਾ ਹੁੰਦੇ ਚੰਗੇ, ਅੰਤਰ ਪ੍ਰੇਮ ਨਾ ਕੋਇ ਵਖਾਈਆ । ਜਿਹੜੇ ਸੂਲੀਆਂ ਉਤੇ ਟੰਗੇ, ਓਹ ਸਭ ਤੋਂ ਬਹੁਤਾ ਪ੍ਰਭ ਦਾ ਨਾਮ ਧਿਆਈਆ । ਅਜੇ ਤੇ ਰਾਹ ਵਖਾਇਆ ਅੱਗੇ ਹੋਰ ਚੜ੍ਹੌਣਾ ਡੰਡੇ, ਜਿਥੇ ਡਾਡਾਂ ਮਾਰ ਕੇ ਦਏਂ ਦੁਹਾਈਆ । ਓਥੇ ਦੁੱਖ ਕੋਈ ਨਾ ਵੰਡੇ, ਵੰਡਣਹਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਪੀੜ ਵਿਚ ਪੈਂਦੀਆਂ ਚੀਸਾਂ, ਚਸ਼ਮ ਨਜ਼ਰ ਕਿਛ ਨਾ ਆਈਆ । ਵੇਖਣ ਵਾਲਾ ਸੰਮਤ ਬੀਸਾ, ਬੀਸਵੀਂ ਸਦੀ ਨਾਲ ਦੁਹਾਈਆ । ਜੋ ਪਿਛਲਾ ਪੀਸਣ ਪੀਸਾ, ਓਹ ਲੇਖਾ ਦੇਵੇ ਥਾਉਂ ਥਾਈਂਆ । ਅਗਲੇ ਸੰਮਤ ਮਿੱਠਾ ਕਰ ਦੇਵੇ ਕੌੜਾ ਰੀਠਾ, ਕੂੜੀ ਵਿੱਖ ਗਵਾਈਆ । ਪੈਸਿਆਂ ਨਾਲ ਭਰ ਦਏ ਖੀਸਾ, ਘਸੁੰਨ ਮੁੱਕੀ ਤੋਂ ਲਏ ਛੁਡਾਈਆ । ਸ਼ਰੀਰ ਹੋਵੇ ਸ਼ੀਸ਼ਾ, ਸ਼ਮਅ ਨੂਰ ਚਮਕਾਈਆ । ਧੁਰ ਦਾ ਬਣ ਕੇ ਮੀਤਾ, ਮਿਤ੍ਰ ਹੋ ਕੇ ਹੋਏ ਸਹਾਈਆ । ਬੇਸ਼ਕ ਤੇਰੇ ਨਾਲ ਧੋਖਾ ਕੀਤਾ, ਲਾਰਿਆਂ ਵਿਚ ਵਕਤ ਲੰਘਾਈਆ । ਅੰਤਰ ਕਰੇ ਠਾਂਡਾ ਸੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਵੇ ਦੋ ਚਾਰ ਵਾਲ, ਸਹਾਇਕ ਹੋ ਕੇ ਕਰੇ ਪ੍ਰਿਤਪਾਲ, ਨਾਇਕ ਹੋ ਕੇ ਹੋਵੇ ਰਖਵਾਲ, ਰੱਖਣਹਾਰਾ ਦਇਆ ਕਮਾਈਆ ।



## ✻ ੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਸਾਧੂ ਸਿੰਘ ਸੂਫ਼ੀ ਕੋਟ ਮੁਹੰਮਦ ਖਾਂ ਵਾਲੇ ਨਾਲ ਵੇਦਾਂਤ ਸਮੇਲਨ ਅੰਮ੍ਰਿਤਸਰ ✻

ਸੰਤ ਸਾਧੂ ਕਦੇ ਨਾ ਭੂਲੇ, ਭੁੱਲ ਵਿਚ ਕਦੇ ਨਾ ਆਈਆ । ਜਿਨ੍ਹਾਂ ਦਾ ਆਤਮ ਪਰਮਾਤਮ ਇਕੋ ਰੂਪ ਕੰਤ ਕੰਤੂਹਲੇ, ਸਾਚੀ ਸੇਜਾ ਸੋਭਾ ਪਾਈਆ । ਜਿਸ ਦਾ ਲਹਿਣਾ ਓਸ ਦਾ ਓਸੇ ਕੋਲੋਂ ਵਸੂਲੇ, ਰਾਜਾ ਭਿਖਾਰੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਖੇਲ ਪੈਗ਼ੰਬਰ ਰਸੂਲੇ, ਗੁਰ ਅਵਤਾਰ ਪੜਦਾ ਲਾਹੀਆ । ਸਚ ਮੁਹੱਬਤ ਪ੍ਰੇਮ ਪਿਆਰ ਦਾ ਦੇ ਕੇ ਝੂਲੇ, ਝਲਕ ਪਲਕ ਖ਼ਲਕ ਤੋਂ ਪਰੇ ਦਏ ਵਖਾਈਆ । ਨਿਤ ਨਵਿਤ ਨਿਰਗੁਣ ਨਿਰਵੈਰ ਦਾ ਨਿਰਾਕਾਰ ਅਸੂਲੇ, ਨੇਮ ਵਿਚ ਨਿਆਂ ਇਕੋ ਇਕ ਸਮਝਾਈਆ । ਹੁਕਮ ਫ਼ੁਰਮਾਨ ਸੰਦੇਸਾ ਦੇਵੇ ਮਾਕੂਲੇ, ਮਹਿਰਮ ਹੋ ਕੇ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਸੰਤ ਸੱਜਣ ਕਦੇ ਨਾ ਭੁੱਲਦਾ, ਸਿਖਿਆ ਦੇਵੇ ਜਗਤ ਲੋਕਾਈਆ । ਮਾਇਆ ਮਮਤਾ ਵਿਚ ਕਦੇ ਨਾ ਰੁਲਦਾ, ਹਉਮੇ ਹੰਗਤਾ ਨਾ ਕੋਇ ਬਣਾਈਆ । ਇਕੋ ਨਾਮ ਤਰਾਜ਼ੂ ਤੁਲਦਾ, ਸਾਚੇ ਕੰਡੇ ਚੜ੍ਹ ਕੇ ਆਪਣਾ ਵਜ਼ਨ ਬਣਾਈਆ । ਸੰਗ ਰੱਖ ਕੇ ਸੁਲਹਕੁਲ ਦਾ, ਸਹੀ ਸਲਾਮਤ ਵੇਖੇ ਥਾਉਂ ਥਾਈਂਆ । ਜਿਹੜਾ ਰੂਪ ਓਸ ਅਮੁੱਲ ਦਾ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਸੋ ਸਚ ਪ੍ਰੀਤੀ ਅੰਦਰ ਮੁਹੱਬਤ ਧਾਰ ਧੁਲਦਾ, ਕੂੜੀ ਕਿਰਿਆ ਡੇਰਾ ਢਾਹੀਆ । ਜਿਥੇ ਸੰਤਾਂ ਦਾ ਦਵਾਰਾ ਖੁਲ੍ਹਦਾ, ਜਗਤ ਜਗਿਆਸੂ ਸੋ ਚਰਨ ਪ੍ਰੀਤੀ ਘੋਲ ਘੁਲਦਾ, ਕਰਮ ਕਾਂਡ ਦਾ ਲੇਖਾ ਜਾਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਇਕ ਅੰਦਰ ਬੈਠਾ ਵੜ, ਨਿਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਸੰਤ ਸੂਫ਼ੀ ਹੱਕ ਕਲਾਮ, ਹਕੀਕਤ ਦਏ ਜਣਾਈਆ । ਜਿਥੇ ਨਾ ਕੋਈ ਸ਼ਰਅ ਨਾ ਕੋਈ ਮਜ਼੍ਹਬਾਂ ਵਾਲੀ ਸਲਾਮ, ਸੱਜਦਿਆਂ ਵਾਲਾ ਸੀਸ ਨਾ ਕੋਇ ਝੁਕਾਈਆ । ਨਾ ਕੋਈ ਅਲਿਫ਼

੪੫੪ ੨੧

ਏ ਨਾ ਕੋਈ ਕ਼ਾਇਦਿਆਂ ਕਿਤਾਬਾਂ ਦਾ ਕਰਨ ਵਾਲਾ ਇੰਤਜ਼ਾਮ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਨਾ ਕੋਈ ਮੰਦਰ ਮਸਜਿਦ ਸ਼ਿਵਦੁਵਾਲਾ ਮੱਠ ਮਕਾਨ, ਦੇਹਰਾ ਹੁਜਰਾ ਨਜ਼ਰ ਕੋਇ ਨਾ ਆਈਆ । ਨਾ ਕੋਈ ਮੁਰੀਦ ਮੁਰਸ਼ਦ ਦਏ ਪੈਗ਼ਾਮ, ਇਲਹਾਮ ਇਲਮ ਆਲਮ ਨਾ ਕੋਇ ਦ੍ਰਿੜਾਈਆ । ਨਾ ਕੋਈ ਸਿਫ਼ਤੀ ਸਿਫ਼ਤਾਂ ਦਾ ਦਏ ਇਨਾਮ, ਨਾ ਕੋਈ ਗ੍ਰਿਹਿਸਤੀ ਪੜਦਾ ਲਾਹੀਆ । ਜਿਥੇ ਆਪ ਆਪਣਾ ਏਕਾ ਹੋਵੇ ਇਸ਼ਟੀ, ਕਾਇਨਾਤ ਰਹੇ ਨਾ ਦ੍ਰਿਸ਼ਟੀ, ਦ੍ਰਿਸ਼ਟਾਂਤ ਦਾ ਲੇਖਾ ਦਏ ਮੁਕਾਈਆ । ਓਹ ਧਾਰ ਸਾਧੂ ਇਕ ਦੀ, ਜਿਸ ਵਿਚ ਇਕ ਦਾ ਏਕਾ ਇਕੋ ਨਜ਼ਰੀ ਆਈਆ । ਏਸੇ ਕਾਰਨ ਸਾਧੂਆਂ ਅੰਦਰ ਭੁੱਲ ਨਾ ਦਿਸਦੀ, ਜੋ ਭੁੱਲਿਆਂ ਰਸਤੇ ਰਹੇ ਵਖਾਈਆ । ਸੰਤ ਮੁਹੱਬਤ ਕੋਈ ਵਾਸਨਾ ਨਹੀਂ ਫੁੱਲ ਦੀ, ਸੁੱਕ ਕੇ ਸੁਗੰਧੀ ਦੇਣ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਘਰ ਘਰ, ਕਾਇਆ ਮੰਦਰ ਅੰਦਰ ਆਪਣਾ ਨੂਰ ਚਮਕਾਈਆ । ਸੰਤ ਸੂਫ਼ੀ ਜ਼ਲੀਲੋ ਜ਼ਗ਼ਲ ਜ਼ੇਵਾ ਜ਼ਿਬਤੇ ਜ਼ਜਹੱਕ ਤਨਜ਼ੀਹ ਜ਼ੁਕਸ਼ਾ ਵਲੀਉਲ ਅਲਮਾ ਵਾਹਿਦੇ ਨੂਰ ਨੂਰ ਅਲਾਹੀਆ । ਕ਼ਦਮੇ ਬੋਸੀ ਕਜ਼ੂਤ ਮਹਿਬਾਨੇ ਰੁਹਾਨੇ ਅਜ਼ਾਨੇ ਜ਼ਵੀਨੇ ਜੋਚਿਸਤੇ ਕਾਇਆ ਮਾਟੀ ਖ਼ਾਕੀ ਬੁਤ ਬੁਤਖ਼ਾਨੇ ਡੇਰਾ ਢਾਹੀਆ । ਸੰਤ ਬਚਨ ਭੁੱਲ ਵਿਚ ਭਗਵਾਨ ਨਾਲੋਂ ਕਦੇ ਨਾ ਜਾਣ ਰੁਠ, ਰੁਠਿਆਂ ਜਗਤ ਮਨਾਈਆ । ਜੋ ਆਪਣੀ ਆਤਮ ਸੇਜਾ ਬੈਠਾ ਤੁਠ, ਆਪਣੇ ਅੰਦਰੋਂ ਪੀ ਕੇ ਅੰਮ੍ਰਿਤ ਆਪਣਾ ਘੁਟ, ਜਗਤ ਵਿਕਾਰ ਬਾਹਰ ਕੱਢੇ ਕੁਟ, ਕਾਇਆ ਕੁਟੀਆ ਅੰਦਰ ਨਿਰਗੁਣ ਜੋਤ ਬਿਨ ਵਰਨ ਗੋਤ ਦੀਆ ਬਾਤੀ ਕਮਲਾਪਾਤੀ ਸਚ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਆਪਣਾ ਨੂਰ ਨੂਰ ਨੂਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਪਰਮਾਤਮਾ ਆਤਮਾ ਇਕੋ ਜ਼ਾਤੀ, ਜੋਤੀ ਦਾ ਜਾਤਾ ਆਪ ਅਖਵਾਈਆ । ਤੁਹਾਡੀ ਰਸਨਾ ਪਵਿਤ੍ਰ ਕਹੇ ਵਾਹ ਵਾਹ, ਵਾਹਵਾ ਵਜਦੀ ਰਹੇ ਵਧਾਈਆ । ਅੰਦਰੋਂ ਮਿਲੇ ਉਲਫ਼ਤ ਮੁਹੱਬਤ ਵਾਲਾ ਰਾਹ, ਰਹਿਬਰ ਹੋਵੇ ਨੂਰ ਖ਼ੁਦਾਈਆ । ਸਾਚੀ ਦੇਵੇ ਸ਼ਬਦ ਅਗੰਮੀ ਸਲਾਹ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਆਤਮਾ ਦਾ ਪਰਮਾਤਮਾ ਪਰਮਾਤਮਾ ਦਾ ਆਤਮਾ ਦੋਵੇਂ ਇਕ ਦੂਜੇ ਦੇ ਗੁਆਹ, ਦੂਜੀ ਸ਼ਹਾਦਤ ਨਾ ਕੋਇ ਭੁਗਤਾਈਆ । ਨਿਜ ਨੇਤਰ ਸਦਾ ਹੋਵੇ ਰੁਸ਼ਨਾ, ਦੋਏ ਲੋਚਨ ਵੰਡ ਨਾ ਕੋਇ ਵੰਡਾਈਆ । ਬਿਨਾ ਮੰਜ਼ਲ ਤੋਂ ਮੰਜ਼ਲ ਵੇਖੇ ਜਿਸ ਮੰਜ਼ਲ ਦਾ ਮਾਲਕ ਬੇਪਰਵਾਹ, ਜਿਸ ਨੂੰ ਖ਼ੁਦਾ ਕਹਿ ਕੇ ਸਾਰੇ ਰਹੇ ਗਾਈਆ । ਆਪੇ ਖ਼ੁਦਾ ਆਪੇ ਜੁਦਾ, ਜੁਦਾ ਖ਼ੁਦਾ ਵੰਡ ਵਿਚ ਕਦੇ ਨਾ ਆਈਆ । ਮਹਿਰਮ ਦਾ ਮਹਿਰਮ ਹੋਵੇ ਅਲਾਹ, ਤਨ ਰਬਾਬ ਬਿਨ ਤੰਦ ਸਿਤਾਰ ਹਿਲਾਈਆ । ਓਸੇ ਦਾ ਸੱਯਦਾ ਓਸੇ ਦਾ ਕਲਮਾ ਓਸੇ ਦੀ ਦੁਆ, ਓਸੇ ਦੇ ਅੰਤਰ ਓਸੇ ਦੇ ਨਿਰੰਤਰ ਓਸੇ ਦੀ ਝੋਲੀ ਪਾਈਆ । ਜਿਸ ਦੀ ਵਜਹ ਸਕੇ ਨਾ ਕੋਇ ਸਮਝਾ, ਵਜੂਦ ਤੋਂ ਬਾਹਰ ਲੱਭਣ ਮਹਿਬੂਬ ਏਸੇ ਕਰਕੇ ਹੱਥ ਕਿਸੇ ਨਾ ਆਈਆ । ਸੂਫ਼ੀਆਂ ਸੰਤਾਂ ਰਾਹ ਸਭ ਨੂੰ ਅੰਦਰੋਂ ਦੱਸਿਆ ਸਦਾ, ਨੌਂ ਦਵਾਰੇ ਚੜ੍ਹ ਕੇ ਦਸਮ ਦਵਾਰੀ ਸਹਿਜ ਵੜ ਕੇ, ਮਨ ਮਨਸਾ ਮਮਤਾ ਤਜ ਕੇ, ਨਿਰਗੁਣ ਧਾਰ ਵਿਚ ਸੱਜ ਕੇ, ਜੋਤੀ ਜਾਤਾ ਨਿਰਵੈਰ ਪੁਰਖ ਲੱਭ ਕੇ, ਆਪ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਦਾ ਹਕੀਕੀ ਹੱਕ ਦੇ, ਸ਼ਰੀਕਤ ਵਿਚ ਕਦੇ ਨਾ ਆਈਆ । ਆਦਿ ਜੁਗਾਦੀ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਜੈ ਜੈਕਾਰ ਕਰਾਈਆ । ਜੋ ਤ੍ਰੈਗੁਣ ਮਾਇਆ ਪੰਜ ਤਤ ਸੁਰਤੀ ਨਿਰਤੀ ਵਿਚੋਂ ਦੇਵਣਹਾਰਾ ਦਾਨ,

ਚਾਰੇ ਖਾਣੀ ਚਾਰੇ ਬਾਣੀ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਸੰਦੇਸ਼ੇ ਦੇਵੇ ਧੁਰ ਫ਼ਰਮਾਨ, ਕਲਮਾ ਕਾਇਨਾਤ ਨਬੀ ਰਸੂਲ ਦ੍ਰਿੜਾਈਆ । ਭਗਤ ਭਗਵਾਨ ਪ੍ਰਗਟਾ ਕੇ ਅਗੰਮ ਨਿਸ਼ਾਨ, ਦੀਨ ਦੁਨੀ ਦਾ ਮਾਲਕ ਲਏ ਉਪਜਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਦੋਹਾਂ ਦਾ ਇਕੋ ਗਾਨ, ਇਕੋ ਰਾਗ ਇਕੋ ਨਾਦ ਇਕੋ ਧੁਨ ਇਕੋ ਸਾਰ ਸ਼ਬਦ ਦੀ ਧਾਰ ਸਾਜ ਵਜਾਈਆ । ਇਕੋ ਮੰਦਰ ਇਕੋ ਮਕਾਨ, ਇਕੋ ਖੇਲੇ ਖੇਲ ਮਹਾਨ, ਇਕੋ ਰੂਪ ਧਰੇ ਧਿਆਨ, ਇਕੋ ਲੇਖਾ ਜਾਣੇ ਦੋ ਜਹਾਨ, ਇਕੋ ਘਟ ਘਟ ਰਵਿਆ ਨੌਜਵਾਨ, ਇਕੋ ਧਰਮ ਝੁਲਾਏ ਨਿਸ਼ਾਨ, ਇਕੋ ਪੈਗ਼ੰਬਰ ਗੁਰੂ ਅਵਤਾਰ ਬਣੇ ਮਹਿਮਾਨ, ਲੋਕਮਾਤ ਫੇਰਾ ਪਾਈਆ । ਇਕੋ ਦੇਵੇ ਨਾਮ ਸ਼ਬਦ ਦਾਨ, ਇਕੋ ਦੇਵੇ ਧਰਮ ਪੂਜਸ ਅਸਥਾਨ, ਇਕੋ ਦੀਆ ਜੋਤੀ ਜਗਾਏ ਮਹਾਨ, ਗੋਤੀ ਘਰ ਘਰ ਸਭ ਦਾ ਨਜ਼ਰੀ ਆਈਆ । ਅੰਮ੍ਰਿਤ ਰਸ ਆਬੇਹਯਾਤ ਦੇਵੇ ਪੀਣ ਖਾਣ, ਇਕੋ ਆਤਮ ਸੇਜਾ ਬਿਸਤਰ ਦਿਸੇ ਜਿਥੇ ਸੁੱਤਿਆਂ ਆਵੇ ਆਰਾਮ, ਜਗਤ ਖਟੀਆ ਕੰਮ ਕਿਸੇ ਨਾ ਆਈਆ । ਇਕੋ ਸਭ ਨੂੰ ਦੇਵੇ ਅੰਮ੍ਰਿਤ ਰਸ, ਜਿਸ ਨਾਲ ਹੋਵੇ ਮਨ ਵੱਸ, ਦਹਿ ਦਿਸ਼ਾ ਨਾ ਜਾਵੇ ਨੱਸ, ਨਾਤਾ ਤੋੜ ਕੇ ਕੂੜੀ ਅੱਖ, ਪ੍ਰਤੱਖ ਘਰ ਵਿਚ ਘਰ ਮਿਲਾਏ ਆਪ ਗੁਸਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਦੋਹਾਂ ਦਾ ਇਕੋ ਜੱਸ, ਵੱਖਰਾ ਰਹਿਣ ਕੋਇ ਨਾ ਪਾਈਆ । ਮੈਂ ਮਾਲਕ ਤਨ ਵਜੂਦ ਮਾਟੀ ਖ਼ਾਕ ਨੱਕ ਮੂੰਹ ਪੈਰ ਹੱਥ, ਇਹ ਸਾਰੇ ਸੇਵਾਦਾਰ ਲਏ ਬਣਾਈਆ । ਕਿਉਂ ਮੈਂ ਮੇਰਾ ਤੇ ਇਹ ਹੱਟ, ਜਿਸ ਦੇ ਵਿਚ ਵਸਤ ਬੇਪਰਵਾਹੀਆ । ਜਿਹੜਾ ਅੰਦਰ ਵੜਿਆ ਫੇਰ ਓਸੇ ਮੰਦਰ ਚੜ੍ਹਿਆ ਸਾਚਾ ਲਾਹਾ ਲਏ ਖੱਟ, ਜਗਤ ਖੱਟੀ ਕੂੜੀ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਇਕ ਦੂਜੇ ਦਾ ਨਾਮ ਲਏ ਰਟ, ਰੱਟਾ ਅਵਰ ਰਹੇ ਨਾ ਰਾਈਆ । ਮੈਂ ਆਤਮਾ ਸਚ ਤੂੰ ਪਰਮਾਤਮਾ ਸਚ ਤੇ ਦੋਹਾਂ ਦਾ ਪਿਆਰ ਕਾਇਆ ਮਾਟੀ ਕੱਚ, ਕੰਚਨ ਗੜ੍ਹ ਅੰਦਰ ਵੜ ਮੰਦਰ ਚੜ੍ਹ ਦੋਵੇਂ ਬੈਠੇ ਆਸਣ ਲਾਈਆ । ਜਗਤ ਨੇਤਰ ਸਾਨੂੰ ਕੋਈ ਨਾ ਸਕੇ ਫੜ, ਖੋਜਿਆਂ ਹੱਥ ਕਿਸੇ ਨਾ ਆਈਆ । ਆਦਿ ਜੁਗਾਦਿ ਕਦੇ ਨਾ ਜਾਈਏ ਮਰ, ਸਦ ਜੀਵਤ ਜੀਵਤ ਵਿਚ ਸਮਾਈਆ । ਕਿਉਂ ਦੋਹਾਂ ਦਾ ਇਕੋ ਜਿਹਾ ਘਰ, ਦੋਵੇਂ ਰੂਪ ਨਰ ਨਾਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੰਤ ਭੁੱਲ ਵਿਚ ਭੁਲੇਖਾ ਨਾ ਕਦੇ ਰਖਾਈਆ । ਧੰਨ ਧੰਨ ਇਕ ਸਵਾਮੀ, ਜੋ ਹਰ ਘਟ ਅੰਦਰ ਡੇਰਾ ਲਾਈਆ । ਲੱਖ ਚੁਰਾਸੀ ਦਾ ਅੰਤਰਜਾਮੀ, ਅੰਤਰ ਅੰਤਸ਼ਕਰਨ ਵੇਖ ਵਖਾਈਆ । ਜਿਸ ਦਾ ਹੁਕਮ ਫ਼ਰਮਾਨ ਗੁਰ ਅਵਤਾਰ ਪੈਗ਼ੰਬਰਾਂ ਗਾਈ ਬਾਣੀ, ਕਲਾਮ ਕਲਮਿਆਂ ਵਿਚ ਜਣਾਈਆ । ਉਹ ਸ਼ਹਿਨਸ਼ਾਹ ਸੁਲਤਾਨੀ, ਵੇਖੇ ਜਗਤ ਅਵਾਮੀ, ਖੇਲ ਕਰੇ ਤਮਾਮੀ, ਤਮਾਂ ਤੋਂ ਪਰੇ ਇਸਲਾਮੀ, ਸੰਤਾਂ ਦੀ ਤੋੜ ਗ਼ੁਲਾਮੀ, ਜਵਾਨੀ ਆਪਣੇ ਨਾਲ ਹੰਢਾਈਆ । ਵਿਦਿਆ ਤੋਂ ਬਾਹਰ ਵਿਦਵਾਨੀ, ਨਿਸ਼ਾਨਾਂ ਤੋਂ ਪਰੇ ਨਿਸ਼ਾਨੀ, ਪਰ ਹੈਰਾਨਗੀ ਕਿ ਜਦੋਂ ਆਵੇ ਤੇ ਆਵੇ ਵਿਚ ਜਿਸਮ ਜਿਸਮਾਨੀ, ਅਸਮਾਨੀ ਜ਼ਿਮੀ ਜਮਾਨੀ ਆਪਣੀ ਕਾਰ ਕਮਾਈਆ । ਜਲਵਾਗਰ ਨੂਰ ਨੁਰਾਨੀ, ਸੰਤਾਂ ਸਮਝੇ ਧਾਰ ਨਾ ਕਦੇ ਬੇਗਾਨੀ, ਪਿਆਰ ਵਿਚ ਆਪਣਾ ਪਿਆਰ ਵਖਾਈਆ । ਜਦੋਂ ਮੰਗੇ ਸਚ ਦੀ ਕੁਰਬਾਨੀ, ਸਦਾ ਵਖਾਏ ਆਲਮੇ ਜਾਵਦਾਨੀ, ਮੁਕਾਮੇ ਹੱਕ ਅਸਥਾਨੀ, ਦਰਗਾਹ ਸਾਚੀ ਸਚਖੰਡ ਸਚ ਦਵਾਰਾ ਸੋਭਾ ਪਾਈਆ । ਇਹ ਵੇਦਾਂਤ ਦੀ ਖੇਲ ਭਾਵੇਂ ਪੁਰਾਣੀ, ਵਿਦਵਾਨਾਂ ਦੀ ਵਿਦਵਾਨੀ ਸਦਾ ਚੜ੍ਹੇ ਵਿਚ ਨਵੀਂ ਜਵਾਨੀ, ਅਗਲੀ ਦਿਸੇ ਹੋਰ ਕਹਾਣੀ, ਜਿਸ ਨੂੰ ਪਹਿਲੀ ਬਾਣੀ ਨਾ ਕੋਇ ਸਮਝਾਈਆ । ਜਿਹੜੇ

੪੫੬
੨੧

ਚੜ੍ਹ ਗਏ ਮੰਜ਼ਲ ਰੁਹਾਨੀ, ਉਹ ਟੱਪ ਗਏ ਜ਼ਿਮੀਂ ਅਸਮਾਨੀ, ਛੱਡ ਗਏ ਅੰਜੀਲ ਕ਼ੁਰਾਨੀ, ਨਿਰਅੱਖਰ ਵਿਚੋਂ ਨਿਸ਼ਅੱਖਰ ਬਿਨ ਅੱਖਾਂ ਤੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਮੇਲਾ ਮੇਲੇ ਸਹਿਜ ਸੁਭਾਈਆ ।

❊ ੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਵੇਦਾਂਤ ਸਮੇਲਨ ਸਵਾਮੀ ਹਰੀ ਗਿਰੀ ਬਕਲੋ ਵਾਲੇ ਨਾਲ ਅੰਮ੍ਰਿਤਸਰ ❊

ਤੁਹਾਡਾ ਪ੍ਰੇਮ ਬੁਰਸ਼ ਦੀ ਦਾਤਨ, ਦਰ ਦਵਾਰ ਦਏ ਖੁਲ੍ਹਾਈਆ । ਜਿਥੇ ਨੂਰ ਨੂਰ ਦਾ ਸਾਥਣ, ਆਤਮ ਪਰਮਾਤਮ ਪਰਮਾਤਮ ਆਤਮ ਨਜ਼ਰੀ ਆਈਆ । ਉਪਜੇ ਅਗੰਮੀ ਨਾਦਨ, ਤੁਰੀਆ ਤੋਂ ਪਰੇ ਸਚ ਸ਼ਨਵਾਈਆ । ਖੇਲ ਵੇਖੇ ਬ੍ਰਹਮ ਬ੍ਰਹਿਮਾਦਨ, ਬ੍ਰਹਿਮੰਡ ਫੋਲ ਫੁਲਾਈਆ । ਭੇਵ ਖੁਲ੍ਹਾਏ ਬੋਧ ਅਗਾਧਣ, ਬੁੱਧੀ ਤੋਂ ਪਰੇ ਸਮਝਾਈਆ । ਲੇਖਾ ਜਾਣ ਆਦਿ ਜੁਗਾਦਣ, ਜੁਗ ਜੁਗ ਪਰਦਾ ਲਾਹੀਆ । ਵੇਖੇ ਖੇਲ ਅੰਧੇਰੀ ਰਾਤਨ, ਕੂੜੀ ਕਿਰਿਆ ਫੋਲ ਫੁਲਾਈਆ । ਪੜਦਾ ਲਾਹੁੰਦੇ ਬਾਤਨ, ਜਲਵਾਗਰ ਨੂਰ ਖ਼ੁਦਾਈਆ । ਜਿਸ ਤਰਾ ਦੰਦ ਸਾਫ਼ ਕਰੇ ਦਾਤਨ, ਆਪਣੀ ਸੇਵ ਕਮਾਈਆ । ਏਸੇ ਤਰਾ ਸੰਤ ਮਨ ਨੂੰ ਅੰਦਰੋਂ ਮਾਂਜਣ, ਮਜਨ ਧੂੜੀ ਇਸ਼ਨਾਨ ਕਰਾਈਆ । ਬ੍ਰਹਮ ਦਾ ਬ੍ਰਹਮ ਹੋਵੇ ਕਾਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਹਿ ਵੇਖੇ ਚਾਈਂ ਚਾਈਂਆ । ਦਾਤਨ ਕਹੇ ਮੇਰੀ ਸੇਵਾ ਅਪਾਰ, ਅਪਰੰਪਰ ਸਵਾਮੀ ਦਿਤੀ ਲਗਾਈਆ । ਮੈਂ ਆ ਗਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਖੋਜ ਖੁਜਾਈਆ । ਚਾਰੋਂ ਕੁੰਟ ਤੱਕਾਂ ਨੈਣ ਉਘਾੜ, ਬਿਨ ਅੱਖਾਂ ਅੱਖ ਤਕਾਈਆ । ਕਿਸ ਦੇ ਅੰਤਰ ਨਿਰੰਤਰ ਹੱਕ ਪਿਆਰ, ਮੁਹੱਬਤ ਵਿਚ ਮਹਿਬੂਬ ਮਿਲ ਕੇ ਖ਼ੁਸ਼ੀ ਮਨਾਈਆ । ਆਤਮਾ ਦਾ ਆਤਮਾ ਪਰਮਾਤਮਾ ਰੂਪ ਯਾਰ, ਬ੍ਰਹਮ ਪਰਮ ਆਤਮਾ ਪਰਮ ਪੁਰਖ ਸਿਫ਼ਤ ਸਾਲਾਹੀਆ । ਦੋਹਾਂ ਦਾ ਮੰਦਰ ਇਕ ਦਵਾਰ, ਕਾਇਆ ਬੰਕ ਸੋਭਾ ਪਾਈਆ । ਦੀਆ ਬਾਤੀ ਜਗੇ ਅਗੰਮ ਅਪਾਰ, ਅਗੰਮ ਅਥਾਹ ਕਰੇ ਰੁਸ਼ਨਾਈਆ । ਇਹ ਦਾਤਨ ਕਹੇ ਮੈਂ ਓਸ ਦੀ ਸਖ਼ੀ ਸਹੇਲੀ ਪਿਆਰੀ ਨਾਰ, ਜੋ ਨਰ ਨਰਾਇਣ ਨਰ ਹਰਿ ਹਰੀ ਗਿਰੀ ਹਰਿ ਦਾ ਰੂਪ ਵਟਾਈਆ । ਜਿਸ ਦੀ ਜਗਤ ਮੰਜ਼ਲ ਦੁਸ਼ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗ੍ਰਹਿ ਮੰਦਰ ਵੇਖ ਵਖਾਈਆ । ਦਾਤਨ ਕਹੇ ਜਿਸ ਵੇਲੇ ਅੰਦਰ ਵੜਦੀ, ਆਪਣਾ ਜ਼ੋਰ ਲਗਾਈਆ । ਤੂੰ ਹੀ ਤੂੰ ਹੀ ਰਾਗ ਪੜ੍ਹਦੀ, ਦੂਜੀ ਅਲਖ ਨਾ ਕੋਇ ਜਗਾਈਆ । ਸਚ ਦਵਾਰੇ ਚੜ੍ਹਦੀ, ਆਪਣਾ ਪੰਧ ਮੁਕਾਈਆ । ਖੇਲ ਵੇਖਾਂ ਨਾੜ ਨਾੜ ਦੀ, ਹੱਡ ਮਾਸ ਖੋਜ ਖੁਜਾਈਆ । ਨਿਰਗੁਣ ਜੋਤ ਅਗੰਮੀ ਬਲਦੀ, ਘਰ ਮੰਦਰ ਹੋਏ ਰੁਸ਼ਨਾਈਆ । ਭੂਮਿਕਾ ਸੋਹੇ ਨਿਹਚਲ ਧਾਮ ਅਟਲ ਦੀ, ਸਤਿ ਸਤਿਵਾਦੀ ਆਪ ਸਮਝਾਈਆ । ਜਿਹੜੀ ਧਾਰ ਸ਼ਬਦ ਅਗੰਮੀ ਆਵਾਜ਼ ਕਾਇਆ ਮੰਦਰ ਅੰਦਰ ਘਲਦੀ, ਬਿਨ ਰਾਜ਼ ਰਮਜ਼ ਦਏ ਜਣਾਈਆ । ਜੇ ਮੇਰੀ ਲੇਖੇ ਲੱਗ ਜਾਵੇ ਸੇਵਾ ਘੜੀ ਪਲ ਦੀ, ਕਿਉਂ ਹਰੀ ਗਿਰੀ ਸਵਾਮੀ ਜੀ ਚਾਅ ਪਿਆਲੀ ਵਿਚ ਦਿਤਾ ਭਰਾਈਆ । ਦਾਤਨ ਕਹੇ ਮੈਂ ਭਰੀ ਵਿਚ ਪਿਆਲੀ, ਪਿਆਲਾ ਕਾਇਆ ਵੇਖ ਵਖਾਈਆ । ਜਿਸ ਦੇ ਨੂਰ ਜੋਤ ਅਗੰਮੀ ਲਾਲੀ, ਜਲਵਾਗਰ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਦੀ ਧਰਮਸਾਲੀ, ਮੰਦਰ ਇਕੋ ਵੱਜੇ ਵਧਾਈਆ । ਤ੍ਰੈਗੁਣ ਮਾਇਆ ਤੁੱਟੇ ਜੰਜਾਲੀ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਮਨ ਮਨਸਾ ਰਹੇ ਨਾ ਕਾਲੀ, ਕਾਲਖ ਟਿੱਕਾ ਦਏ

ਧੁਆਈਆ । ਦਾਤਨ ਕਹੇ ਮੈਂ ਕੋਈ ਸੇਵਾ ਕੀਤੀ ਨਹੀਂ ਬਾਹਲੀ, ਥੋੜ੍ਹੇ ਸਮੇਂ ਵਿਚ ਸੰਤਾਂ ਨਾਲ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਦਾਤਨ ਕਹੇ ਜਿਸ ਵੇਲੇ ਹਰੀ ਗਿਰੀ ਲਾਈ ਹਥੇਲੀ ਹੱਥ, ਉਂਗਲਾਂ ਵਿਚ ਦਬਾਈਆ । ਮੈਂ ਅੰਦਰੇ ਅੰਦਰ ਪਈ ਹੱਸ, ਹਸਤੀ ਵੇਖੀ ਬੇਪ੍ਰਵਾਹੀਆ । ਇਨ੍ਹਾਂ ਦੇ ਬੁੱਲਾਂ ਨਾਲੋਂ ਆਇਆ ਜਿਆਦਾ ਮੈਨੂੰ ਰਸ, ਕਿਉਂ ਮੈਨੂੰ ਅੰਦਰੋਂ ਰਸਤਾ ਦਿਤਾ ਸਮਝਾਈਆ । ਮੈਂ ਓਥੇ ਗਈ ਵਸ, ਜਿਥੇ ਆਤਮਾ ਦਾ ਆਤਮਾ ਬੇਲੀ ਨਜ਼ਰੀ ਆਈਆ । ਸੁਣੀ ਓਹ ਕਥਾ ਅਕਥ, ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਸੁਣਾਈਆ । ਮੇਰਾ ਨਾਤਾ ਛੁਟ ਗਿਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੋਂ ਪਰੇ ਬੈਠੀ ਡੇਰਾ ਲਾਈਆ । ਮੈਂ ਖ਼ੁਸ਼ੀ ਨਾਲ ਦੱਸਾਂ ਸਚ, ਦਾਤਨ ਉਠ ਕੇ ਲਏ ਅੰਗੜਾਈਆ । ਮੇਰੇ ਲੂੰ ਲੂੰ ਅੰਦਰ ਸਵਾਮੀ ਦਾ ਪਿਆਰ ਗਿਆ ਰਚ, ਕਿਉਂ ਏਨ ਮੈਨੂੰ ਰਚਨਾ ਪ੍ਰਭ ਦੀ ਦਿਤੀ ਵਖਾਈਆ । ਮੈਂ ਮੇਜ਼ ਓਤੇ ਪਈ ਨੱਚ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਨਹੀਂ ਕੋਈ ਵਖ, ਵਖਰਾ ਘਰ ਨਾ ਕੋਇ ਬਣਾਈਆ । ਬੇਸ਼ਕ ਮੇਰੀ ਵੇਖਣ ਵਾਲੀ ਨਹੀਂ ਅੱਖ, ਸ਼ਾਖ ਟਹਿਣੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਅੰਤਰ ਨਿਰੰਤਰ ਨਿਰੰਤਰ ਲਹਿਣਾ ਸਭ ਦਾ ਦਏ ਚੁਕਾਈਆ ।



ਵੇਦਾਂਤ ਦਾ ਵਿਦਿਆ ਤੋਂ ਬਾਹਰ ਵਿਸ਼ਾ, ਵਿਸ਼ੇਸ਼ ਬ੍ਰਹਮ ਬ੍ਰਹਮ ਬ੍ਰਹਮ ਵਿਚ ਵਡਿਆਈਆ । ਇਹ ਕੋਈ ਕਥਾ ਕਹਾਣੀ ਨਹੀਂ ਕਿੱਸਾ, ਜੋ ਸਿਫ਼ਤਾਂ ਨਾਲ ਸਾਲਾਹੀਆ । ਇਹ ਕੋਈ ਜਗਤ ਵੰਡ ਨਹੀਂ ਹਿੱਸਾ, ਕਾਇਨਾਤ ਵਖਰਾ ਘਰ ਸਮਝਾਈਆ । ਇਹ ਦਾਤਨ ਵਜੂਦ ਨਹੀਂ ਕੋਈ ਨਿੱਕਾ, ਵੱਡਾ ਛੋਟਾ ਨਾ ਕੋਇ ਸਮਝਾਈਆ । ਜੇ ਸਮਝੋ ਵੇਦਾਂਤ ਸਾਰਿਆਂ ਦਾ ਪਿਤਾ, ਜਿਸ ਵਿਚੋਂ ਫ਼ਲਾਸਫ਼ੀ ਨਿਕਲ ਕੇ ਆਰਫ਼ਾਂ ਕਰੇ ਪੜ੍ਹਾਈਆ । ਅੰਤ ਨਿਰਗੁਣ ਦਾ ਨਿਰਗੁਣ ਦੇ ਨਾਲ ਸਿੱਟਾ, ਜਿਸ ਦੇ ਉਤੇ ਕਾਲਾ ਅੱਖਰ ਨਹੀਂ ਕੋਈ ਨਿਰਅੱਖਰ ਧਾਰ ਚਿੱਟਾ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਸਰਬ ਦਾ ਪਿਆਰ ਤੇ ਸਰਬ ਨਾਲ ਕਰੇ ਹਿੱਤਾ, ਹਿਤਕਾਰੀ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਆਤਮ ਆਪਣਾ ਰੰਗ ਵਖਾਈਆ । ਸਵਾਮੀ ਕਿਹਾ ਬਹੁਤ ਸੁੰਦਰ, ਪਵਿਤ੍ਰ ਬਚਨ ਰਸਨਾ ਵਿਚੋਂ ਜਣਾਈਆ । ਕਿਰਪਾ ਕਰ ਕੇ ਖੋਲ੍ਹ ਦਿਓ ਗੁੰਝਲ, ਪੜਦਾ ਦਿਆਂ ਉਠਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਚੌਦਾਂ ਲੋਕ ਚੌਦਾਂ ਤਬਕ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਬਿਨ ਅੱਖਾਂ ਤੋਂ ਦਿਸਣ, ਗੁਰ ਅਵਤਾਰ ਪੈਗ਼ੰਬਰ ਜਿਸ ਦਰ ਬੈਠੇ ਡੇਰਾ ਲਾਈਆ । ਚਾਰ ਵੇਦ ਕਵਣ ਕਿਹੜੀ ਕ਼ਲਮ ਸ਼ਾਹੀ ਨਾਲ ਲਿਖਣ, ਕਵਣ ਧਾਰ ਅਗੰਮ ਅਪਾਰ ਨਿਰਅੱਖਰ ਕਰੇ ਪੜ੍ਹਾਈਆ । ਜਿਨ੍ਹਾਂ ਨਾਲ ਸਾਰੀ ਸ੍ਰਿਸ਼ਟੀ ਦਿਸੇ ਮਿਥਣ, ਮਿਥਿਆ ਦਿਸੇ ਲੋਕਾਈਆ । ਇਕ ਗੱਲ ਬ੍ਰਹਮ ਦੀ ਕਿਉਂ ਬ੍ਰਹਮ ਕੋਲੋਂ ਆਵੇ ਸਿੱਖਣ, ਇਹ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ ।

੪੫੮ ੨੧

## ੫ ਕੱਤਕ ਸ਼ਹਿਨਸ਼ਾਹੀ ਸੰਮਤ ੪ ਮਹਾਂ ਰਿਸ਼ੀ ਮਹੇਸ਼ ਜੋਗੀ ਦੇ ਨਾਲ ਬਚਨ ਅੰਮ੍ਰਿਤਸਰ

ਹਾਥ ਸੇ ਹਾਥ ਮਿਲ ਕੇ ਹੋਵੇ ਅਨੰਦ, ਅਨੰਦ ਆਤਮਾ ਦੇਣਾ ਜਣਾਈਆ । ਜਿਸ ਦਾ ਪ੍ਰਕਾਸ਼ ਪਰੇ ਸੂਰੀਆ ਚੰਦ, ਗਗਨ ਗਗਨੰਤਰ ਤੋਂ ਬਾਹਰ ਕਰੇ ਰੁਸ਼ਨਾਈਆ । ਪੜਦਾ ਰਹੇ ਨਾ ਕੋਈ ਬ੍ਰਹਮ, ਪਾਰਬ੍ਰਹਮ ਬ੍ਰਹਮਮਤ ਨਜ਼ਰੀ ਆਈਆ । ਜਗਤ ਮਿਟ ਜਾਏ ਤ੍ਰਿਸ਼ਨਾ ਤਮ, ਰਜੋ ਤਮੋ ਸਤੋ ਬੈਠੇ ਮੁਖ ਛੁਪਾਈਆ । ਚਿੰਤਾ ਰਹੇ ਨਾ ਹਰਖ ਸੋਗ ਗ਼ਮ, ਮਨ ਮਮਤਾ ਵਿਚ ਨਾ ਕੋਇ ਹਲਕਾਈਆ । ਹੋਵੇ ਪ੍ਰਕਾਸ਼ ਕਾਇਆ ਮਾਟੀ ਚੰਮ, ਅੰਤਰ ਨਿਰੰਤਰ ਦ੍ਰਿਸ਼ਟੀ ਦੇਣੀ ਬਦਲਾਈਆ । ਬਿਨਾ ਰਸਨਾ ਜਿਹਵਾ ਤੋਂ ਨਾਮ ਚਲੇ ਅਗੰਮ, ਨਿਰਵੈਰ ਨਿਰਾਕਾਰ ਨਿਰੰਕਾਰ ਇਕੋ ਨਜ਼ਰੀ ਆਈਆ । ਅੰਤਰ ਨਿਰੰਤਰ ਬਾਹਰ ਬਾਤਨ ਰਹੇ ਨਾ ਕੋਇ ਭਰਮ, ਸਤਿ ਸਤਿ ਸਤਿ ਵਿਚ ਸਮਾਈਆ । ਲੇਖੇ ਲੱਗੇ ਚੁਰਾਸੀ ਵਿਚੋਂ ਮਾਨਸ ਜਨਮ, ਜਨਮ ਦਾ ਦਾਤਾ ਕਰਮ ਕਰਮ ਦਾ ਬਿਧਾਤਾ, ਆਤਮ ਦਾ ਨਾਤਾ ਪਰਮਾਤਮ ਦੀ ਜ਼ਾਤਾ, ਜ਼ਾਤ ਜ਼ਾਤ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦਏ ਵਖਾਈਆ । ਸ਼ੁਭ ਨਾਮ ਸੁਣਿਆ ਆਪ ਜੀ ਦਾ ਮੁਨੀ ਮਹੇਸ਼, ਵਿਸ਼ਨ ਬ੍ਰਹਮਾ ਸ਼ਿਵ ਸ਼ੰਕਾ ਰਹੇ ਨਾ ਰਾਈਆ । ਇਕ ਆਤਮਾ ਇਕ ਬ੍ਰਹਮ ਤੇ ਇਕ ਹੋਵੇ ਆਦੇਸ, ਇਕ ਏਕੰਕਾਰ ਇਕ ਇਕ ਵਿਚ ਵਡਿਆਈਆ । ਅਸੀਂ ਜਾਣਾ ਚਾਹੁੰਦੇ ਓਸ ਦੇਸ, ਜਿਥੇ ਆਪਣਾ ਆਪ ਨਰੇਸ਼, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਕੰਨਾਂ ਤੋਂ ਸੁਣਨਾ ਸੰਦੇਸ਼, ਬਿਨ ਅੱਖਰਾਂ ਤੋਂ ਵਿਦਿਆ ਲੈਣੀ ਵੇਖ, ਜਿਥੇ ਅਲਿਫ਼ ਯੇ ਨਾ ਕੋਇ ਬਣਾਈਆ । ਸਦਾ ਨਜ਼ਰ ਆਵੇ ਚੇਤਨ ਚੇਤ, ਮਨ ਬੁੱਧੀ ਸਦਾ ਰਹੇ ਬਿਬੇਕ, ਭਾਵ ਕੂੜ ਕੁੜਿਅਰਾ ਦੂਰ ਕਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਵਿਚ ਪ੍ਰਵੇਸ਼, ਰੂਪ ਰੰਗ ਰੇਖ ਬਿਨ ਅੱਖਾਂ ਦੇਣਾ ਸਮਝਾਈਆ । ਜਿਸ ਦਾ ਨਾ ਕੋਈ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਇਆ ਸੀਸ ਨਾ ਕੋਇ ਵਖਾਈਆ । ਜੋ ਸਦਾ ਰਹੇ ਹਮੇਸ਼, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਸੋ ਨਜ਼ਰੀ ਆਵੇ ਨੇਤਨ ਨੇਤ, ਨਿਜ ਲੋਚਨ ਨੈਣ ਅੱਖ ਪ੍ਰਤੱਖ ਆਪਣਾ ਆਪ ਦਰਸਾਈਆ । ਮਹੇਸ਼ ਜੋਗੀ ਜੀ ਦੱਸਣੀ ਉਹ ਜੁਗਤੀ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਮਗਰ ਭੱਜੀ ਫਿਰੇ ਮੁਕਤੀ, ਨਿਉਂ ਨਿਉਂ ਲਾਗੇ ਪਾਈਆ । ਦਸਮ ਦਵਾਰੀ ਤੋਂ ਅੱਗੇ ਜਾਵੇ ਸੁਰਤੀ, ਸ਼ਬਦ ਨਾਦ ਧੁਨ ਵਿਚ ਸ਼ਨਵਾਈਆ । ਸਮਝ ਆਵੇ ਆਪਣੇ ਸਤਿਗੁਰ ਦੀ, ਜੋ ਬਿਨਾ ਅੱਖਰਾਂ ਤੋਂ ਕਰੇ ਪੜ੍ਹਾਈਆ । ਅਵਸਥਾ ਮਿਲੇ ਓਸ ਆਤਮਾ ਅਨੰਦਪੁਰ ਦੀ, ਜਿਥੋਂ ਆਤਮਾ ਅਨੰਦ ਅਨੰਦ ਅਨੰਦ ਵਿਚ ਸਮਾਈਆ । ਜਿਥੇ ਮੰਜ਼ਲ ਜੋਗੀਆਂ ਦੀ ਤੁਰਦੀ, ਅੰਤ ਜਿਸ ਦੇ ਦਰ ਸਮਾਈਆ । ਸਾਡੀ ਖ਼ਾਹਿਸ਼ ਓਸ ਲੋੜ ਦੀ, ਜਿਥੇ ਜਗਤ ਲੋਇਨ ਕੰਮ ਕੋਇ ਨਾ ਆਈਆ । ਵਾਸਨਾ ਰਹੇ ਨਾ ਕਾਮ ਕਰੋਧ ਲੋਭ ਮੋਹ ਹੰਕਾਰ ਠਗ ਚੋਰ ਦੀ, ਚਿੰਤਾ ਚਿਖਾ ਦੇਣੀ ਜਲਾਈਆ । ਬ੍ਰਹਮ ਧਾਰ ਬ੍ਰਹਮ ਆਤਮਾ ਖੇਲ ਕੀ ਜਗਤ ਘਨਘੋਰ ਦੀ, ਘਰ ਵਿਚ ਘਰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਹੱਥ ਕਹੇ ਮੈਂ ਸੋਹਣਾ ਚੰਗਾ, ਹਥੇਲੀ ਹਥੇਲੀ ਨਾਲ ਮਿਲਾਈਆ । ਰਿਸ਼ੀਆਂ ਦੇ ਚਰਨਾਂ ਹੇਠਾਂ ਵਹਿੰਦੀ ਗੰਗਾ, ਗੋਦਾਵਰੀ ਜਮਨਾ ਸੁਰਸਤੀ ਆਪਣਾ ਸੀਸ ਝੁਕਾਈਆ । ਬਾਹਰੋਂ ਤਨ ਵਜੂਦ ਵਾਲਾ ਦਿਸੇ ਬੰਦਾ, ਅੰਦਰ ਨੂਰ ਨੂਰ ਰੁਸ਼ਨਾਈਆ । ਜਿਸ ਦਾ ਅੰਮ੍ਰਿਤ ਰਸ ਰਹਿੰਦਾ ਚੋਂਦਾ, ਤ੍ਰਿਸ਼ਨਾ ਭੁੱਖ ਜਗਤ ਮਿਟਾਈਆ । ਦੇਵੇ ਸਦਾ ਸਚ ਅਨੰਦਾ, ਅਨੰਦ ਆਤਮਾ ਵਿਚੋਂ ਸਮਝਾਈਆ । ਮਨ

ਕਦੇ ਨਾ ਹੋਵੇ ਗੰਦਾ, ਪਿਆਰ ਮੁਹੱਬਤ ਵਿਚ ਭੱਜੇ ਵਾਹੋ ਦਾਹੀਆ । ਜਗਤ ਕਲਪਣਾ ਵਿਚ ਕਰੇ ਦੰਗਾ, ਹਉਮੇ ਵਿਚ ਲੜਾਈਆ । ਜਿਸ ਵੇਲੇ ਰਿਸ਼ੀਆਂ ਦਾ ਹੋ ਜਾਵੇ ਸੰਗਾ, ਸੰਗਦਿਲ ਹੋ ਕੇ ਅਪਣਾ ਰੰਗ ਰੰਗਾਈਆ । ਘਰ ਸੰਤ ਕੰਤ ਭਗਵੰਤ ਆਤਮ ਪਰਮਾਤਮ ਇਕੋ ਸੇਜਾ ਤੇ ਇਕੋ ਸੌਣ ਮੰਜਾ, ਦੂਜੀ ਚਾਰਪਾਈ ਵੰਡ ਨਾ ਕਿਸੇ ਵੰਡਾਈਆ । ਇਕੋ ਮੰਜ਼ਲ ਇਕੋ ਡੰਡਾ, ਇਕੋ ਖੇਲ ਵਿਚ ਬ੍ਰਹਿਮੰਡਾ, ਜਿਸ ਦਾ ਸਤਿ ਸਰੂਪ ਸਭ ਤੋਂ ਚੰਗਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਦੀ ਸ਼ਬਦ ਅਨਾਦੀ, ਮਹੇਸ਼ ਯੋਗੀ ਧੁਰ ਸੰਜੋਗੀ ਆਤਮ ਰਸ ਭੋਗੀ, ਰਸਨਾ ਰਸ ਨਾ ਕੋਇ ਵਡਿਆਈਆ । ਹੱਥ ਉਤੇ ਹੱਥ ਮਾਰੇ ਥਪਕੀ, ਸੋਹਣੀ ਆਵਾਜ਼ ਬਣਾਈਆ । ਆਵਾਜ਼ ਵਿਚ ਰਮਜ਼ ਓਸ ਸਚ ਦੀ, ਜੋ ਸੁੱਤਿਆਂ ਲਏ ਜਗਾਈਆ । ਬੇਸ਼ਕ ਇਹ ਕਾਇਆ ਮਾਟੀ ਕੱਚ ਦੀ, ਪੰਜਾਂ ਤੱਤਾਂ ਨਾਲ ਵਡਿਆਈਆ । ਇਹਦੇ ਅੰਦਰ ਜੋਤ ਜਗਦੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਮਾਨਵ ਮਨ ਵਾਸਨਾ ਓਸੇ ਦੇ ਆਖੇ ਲਗਦੀ, ਹੁਕਮੇ ਵਿਚ ਬੈਠੀ ਸੀਸ ਨਿਵਾਈਆ । ਇਹ ਖੇਲ ਓਸ ਸਮਰਥ ਦੀ, ਜੋ ਸਰਬ ਵਿਆਪੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੱਥ ਨਾਲ ਹੱਥ ਮਿਲ ਕੇ ਜਗਤ ਦੀ ਇੱਲਤ ਦਏ ਗਵਾਈਆ ।



## ✻ ੫ ਕੱਤਕ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ਸਵਾਮੀ ਦੇਵ ਮੂਰਤੀ ਜਰਮਨ ਵਾਲੇ ਨਾਲ ਬਚਨ ਹੋਏ ✻

ਜਰਮਨ ਵਿਚੋਂ ਆਏ ਮੂਰਤੀ ਦੇਵ, ਦੇਵ ਆਤਮਾ ਨੂਰ ਅਲਾਹੀਆ । ਆਤਮ ਧਾਰ ਕਰਦੇ ਸੇਵ, ਪਰਮਾਤਮ ਵਡ ਵਡਿਆਈਆ । ਲੇਖਾ ਜਾਣੇ ਅਲਖ ਭੇਵ, ਅਲਖ ਅਗੋਚਰ ਵਡ ਵਡਿਆਈਆ । ਦੱਸ ਕੇ ਧਾਮ ਨਿਹਕੇਵ, ਨਿਹਚਲ ਇਕੋ ਆਸਣ ਲਾਈਆ । ਜਿਥੇ ਗਾਵਣ ਵਾਲੀ ਨਹੀਂ ਕੋਈ ਜਿਹਵ, ਰਸਨਾ ਸਿਫ਼ਤ ਨਾ ਕੋਇ ਸਾਲਾਹੀਆ । ਅੰਮ੍ਰਿਤ ਰਸ ਮਿਲੇ ਮੇਵ, ਹੰ ਬ੍ਰਹਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੂਰਬ ਲੇਖਾ ਵੇਖ ਵਖਾਈਆ । ਦੇਵ ਮੂਰਤੀ ਮੂਰਤ ਵੇਖ ਅਕਾਲ, ਅਕਲ ਕਲਧਾਰੀ ਆਪ ਜਣਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦੀਨ ਦਿਆਲ, ਦੀਨ ਦੁਨੀ ਤੋਂ ਪਰੇ ਕਰੇ ਰੁਸ਼ਨਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਸੀਸ ਝੁਕਾਈਆ । ਸਚ ਦਵਾਰ ਸਚੀ ਧਰਮਸਾਲ, ਧਰਮ ਦਵਾਰ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧੁਰ ਦੀ ਭਾਲ, ਕਾਇਆ ਮੰਦਰ ਅੰਦਰ ਮੇਲਾ ਸਹਿਜ ਸੁਭਾਈਆ । ਜਗਤ ਜੁਗ ਨਾਲੋਂ ਵਖਰੀ ਨਿਰਾਲੀ ਚਾਲ, ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਭੇਵ ਖੁਲ੍ਹਾਈਆ । ਹੁਣ ਵੇਖਣਾ ਅੱਗੇ ਦਾ ਮੌਜੂਦਾ ਹਾਲ, ਹਾਲਤ ਵੇਖਣੀ ਜਗਤ ਲੋਕਾਈਆ । ਕਿਸੇ ਦੀ ਲੇਖੇ ਪਈ ਕੋਈ ਨਾ ਘਾਲ, ਘਾਇਲ ਹੋਵੇ ਕੂੜ ਖ਼ੁਦਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਾਥ ਦੇਵੇ ਨਾ ਕੋਇ ਦਲਾਲ, ਅਗਲਾ ਰੰਗ ਨਾ ਕੋਇ ਰੰਗਾਈਆ । ਵਸਤ ਅਮੋਲਕ ਕਾਇਆ ਗੋਲਕ ਸਾਚੀ ਵਸਤ ਰਹੀ ਨਾ ਧਨ ਮਾਲ, ਜਗਤ ਖ਼ਜ਼ਾਨਾ ਖ਼ਾਲੀ ਦਏ ਦੁਹਾਈਆ । ਤਨ ਵਜੂਦ ਮਾਟੀ ਖ਼ਾਕੀ ਫਲ ਦਿਸੇ ਨਾ ਕਾਇਆ ਡਾਲ, ਫਲ ਫੁੱਲ ਸਿੰਮਲ ਰੁੱਖ ਵਾਂਗ ਨੇਤਰ ਰੋਵਣ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਪੜਦਾ ਉਹਲਾ ਅੰਦਰੋਂ ਦਏ ਚੁਕਾਈਆ । ਦੇਵ ਮੂਰਤੀ ਆਇਆ ਵਿਚੋਂ ਜਰਮਨ, ਜਨਮ ਜਨਮ ਦਾ ਲੇਖਾ ਵੇਖ ਵਖਾਈਆ । ਮਨ ਮਮਤਾ ਅੰਦਰ ਕੋਇ ਨਾ ਭਰਮਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਲੇਖਾ ਵੇਖੇ ਨਿਹਕਰਮੀ ਹੋ ਕੇ ਆਪ ਨਿਹਕਰਮਣ, ਕਰਮ ਕਾਂਡ ਦਾ ਡੇਰਾ ਢਾਹੀਆ । ਸ੍ਰਿਸ਼ਟੀ ਵਿਚ ਕੋਟਾਂ ਵਿਚੋਂ ਭਗਤ ਸੁਹੇਲੇ ਜੰਮਣ, ਜਨਮ ਮਾਨਸ ਵਿਚ ਮਾਨਵ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਚੀ ਵਿਦਿਆ ਪੜ੍ਹਨ, ਇਕੋ ਪੱਟੀ ਨੂਰ ਅਲਾਹੀਆ । ਸਾਚੇ ਜੋਗੀ ਹੋ ਕੇ ਮੰਜ਼ਲ ਉਹ ਅਗੰਮੀ ਚੜ੍ਹਨ, ਜਿਥੇ ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਨਾਤਾ ਤੋੜ ਕੇ ਜਨਮ ਮਰਨ, ਚੁਰਾਸੀ ਫਾਸੀ ਗਲੋਂ ਕਟਾਈਆ । ਸਚ ਦਵਾਰੇ ਓਸ ਵੜਨ, ਜਿਥੇ ਨੂਰ ਨੂਰ ਵਿਚ ਸਮਾਈਆ । ਝਗੜਾ ਦਿਸੇ ਨਾ ਕੋਈ ਜ਼ਾਤ ਪਾਤ ਵਰਨ ਬਰਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਨਿਜ ਨੇਤਰ ਖੋਲ੍ਹ ਕੇ ਹਰਨ ਫਰਨ, ਇਕੋ ਤੱਕਣ ਨੂਰ ਅਲਾਹੀਆ । ਜੋ ਹਿਰਦੇ ਅੰਤਰ ਕਰ ਕੇ ਪ੍ਰਣ, ਪ੍ਰਨਾਮ ਸ੍ਰੀ ਭਗਵਾਨ ਵੇਖੇ ਚਾਈਂ ਚਾਈਂਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਨੂੰ ਦੇਵੇ ਸਰਨ, ਸਰਨਗਤ ਇਕੋ ਦੇਵੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਦੇਵ ਮੂਰਤੀ ਤੇਰਾ ਪਿਛਲਾ ਲੇਖਾ ਨਾਲ ਰਾਮ, ਵਸ਼ਿਸ਼ਟ ਵਿਸ਼ੇਸ਼ ਦਏ ਗਵਾਹੀਆ । ਜਿਸ ਦਾ ਸੇਵਾ ਕਰਨੀ ਸਾਢੇ ਤਿੰਨ ਘੰਟੇ ਰੋਜ਼ ਦਾ ਕਾਮ, ਕਰਮ ਵਿਚ ਆਪਣਾ ਧਰਮ ਬਣਾਈਆ । ਬਿਸਤਰ ਸਾਫ਼ ਕਰਦਾ ਰਿਹਾ ਤਮਾਮ, ਤਮਅ ਲਾਲਚ ਨਾ ਕੋਇ ਜਣਾਈਆ । ਅਯੁਧਿਆ ਤੋਂ ਨੌਂ ਮੀਲ ਓਸ ਵੇਲੇ ਕਨਬੰਸੀ ਹੁੰਦਾ ਸੀ ਗਰਾਮ, ਦਿਸ਼ਾ ਚੜ੍ਹਦੀ ਸੋਭਾ ਪਾਈਆ । ਪਿਛਲੇ ਜਨਮ ਦਾ ਧੀਰੋ ਸੀ ਨਾਮ, ਧੀਰਜ ਵਿਚ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਦ੍ਰਿੜਾਈਆ । ਦੇਵ ਮੂਰਤੀ ਪਿਛਲਾ ਨਾਮ ਧੀਰ, ਧਰਮ ਧਾਰ ਦ੍ਰਿੜਾਈਆ । ਇਕ ਦਿਨ ਰਾਮ ਦੇ ਫੜ ਕੇ ਤੀਰ, ਉਂਗਲ ਮੁੱਖੀ ਉਤੇ ਲਗਾਈਆ । ਕਿਸ ਬਿਧ ਏਸ ਦੇ ਨਾਲ ਦੇਵੇਂ ਚੀਰ, ਆਪਣਾ ਬਲ ਵਧਾਈਆ । ਕੀ ਹੁੰਦੀ ਕਿਸੇ ਨੂੰ ਪੀੜ, ਦੁੱਖ ਦਰਦ ਸਤਾਈਆ । ਰਾਮ ਨੇ ਕਿਹਾ ਇਹ ਖੇਲ ਅੰਤ ਅਖ਼ੀਰ, ਦਿਸਣ ਵਿਚ ਕਦੇ ਨਾ ਆਈਆ । ਜਿਸ ਨੇ ਦੀਨ ਦੁਨੀ ਕੀਤੀ ਤਅਮੀਰ, ਹੁਕਮੇ ਅੰਦਰ ਆਪੇ ਢਾਹੀਆ । ਜਿਸ ਦੇ ਕੋਲ ਨਾਮ ਸ਼ਮਸ਼ੀਰ, ਧਾਰ ਦੋ ਧਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਧੀਰੋ ਨੇ ਕਿਹਾ ਦੱਸ ਵਸ਼ਿਸ਼ਟ ਮੁਨੀ ਮਿਹਰਵਾਨ, ਵਿਸ਼ਿਆਂ ਤੋਂ ਬਾਹਰ ਕੀ ਵਡਿਆਈਆ । ਕਿਸ ਬਿਧ ਮਾਨਸ ਜਨਮ ਹੋਵੇ ਕਲਿਆਣ, ਆਵਣ ਜਾਵਣ ਰਹੇ ਨਾ ਰਾਈਆ । ਕਿਸ ਗ੍ਰਿਹਿ ਮਿਲੇ ਭਗਵਾਨ, ਭਾਂਡਾ ਭਰਮ ਭੌ ਭੰਨਾਈਆ । ਕਿਹੜਾ ਜਪੀਏ ਨਾਮ, ਪੜਦਾ ਉਹਲਾ ਦੇਣਾ ਉਠਾਈਆ । ਵਸ਼ਿਸ਼ਟ ਹੱਸ ਕੇ ਕਿਹਾ ਹੁਣ ਤੇਰਾ ਕਰਾਂ ਇੰਤਜ਼ਾਮ, ਮਿਹਰ ਨਜ਼ਰ ਇਕ ਉਠਾਈਆ । ਅੰਦਰ ਹੋਵਾਂ ਨਿਗਾਹਬਾਨ, ਪੜਦਿਆਂ ਵਿਚੋਂ ਪੜਦਾ ਫੋਲ ਫੁਲਾਈਆ । ਅੱਗੇ ਦੇਵਾਂ ਸਾਚਾ ਦਾਨ, ਧਰਮ ਦੀ ਧਾਰ ਇਕ ਵਖਾਈਆ । ਜਿਸ ਵੇਲੇ ਤ੍ਰੇਤਾ ਦੁਆਪਰ ਬੀਤੇ ਵਿਚ ਜਹਾਨ, ਕਲਜੁਗ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਸ਼ਰਅ ਹੋਵੇ ਸ਼ੈਤਾਨ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਕਾਇਨਾਤ ਦਿਸੇ ਬੇਈਮਾਨ, ਦੀਨ ਦੁਨੀ ਦਏ ਵਖਾਈਆ । ਸ਼ਾਹ ਸੁਲਤਾਨ ਸਹਾਇਤਾ ਕਰੇ ਕੋਈ ਨਾ ਆਣ, ਗ਼ਰੀਬ ਨਿਮਾਣਿਆਂ ਗਲੇ ਨਾ ਕੋਇ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ

ਦਏ ਨਾ ਕੋਇ ਗਿਆਨ, ਬੁੱਧੀ ਤੋਂ ਪਰੇ ਕਰੇ ਨਾ ਕੋਇ ਪੜ੍ਹਾਈਆ । ਓਸ ਵੇਲੇ ਖੇਲ ਹੋਵੇ ਮਹਾਨ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪ ਕਰਾਈਆ । ਤੇਰਾ ਲਹਿਣਾ ਦੇਣਾ ਰੱਖੇ ਵਿਚ ਜਹਾਨ, ਜਹਾਲਤ ਕੂੜੀ ਖੋਜ ਖੁਜਾਈਆ । ਅੰਤਰ ਨਿਰੰਤਰ ਦੇ ਕੇ ਆਪਣਾ ਧਿਆਨ, ਯੋਗ ਯੁਗਤੀ ਵਾਲਾ ਸਮਝਾਈਆ । ਆਤਮ ਪਰਮਾਤਮ ਹੋਵੇ ਪ੍ਰਵਾਨ, ਪਰਮ ਪੁਰਖ ਮੇਲਾ ਸਹਿਜ ਸੁਭਾਈਆ । ਜੋ ਵੇਖਣਹਾਰਾ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖ ਵਖਾਈਆ । ਜੋ ਗੁਰ ਅਵਤਾਰ ਪੈਗ਼ੰਬਰ ਹਜ਼ਰਤ ਈਸਾ ਮੂਸਾ ਦੇਵਣਹਾਰਾ ਦਾਨ, ਮੁਹੰਮਦ ਕਲਮਾ ਝੋਲੀ ਨਾਮ ਭਰਾਈਆ । ਓਹ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਨਿਰਗੁਣ ਦੀਵਾ ਬਾਤੀ ਕਮਲਾਪਾਤੀ ਜੋਤ ਜਗਾਏ ਆਣ, ਆਨਨ ਫ਼ਾਨਨ ਆਪਣਾ ਖੇਲ ਖਿਲਾਈਆ । ਸਚ ਦਵਾਰ ਏਕੰਕਾਰ ਕਿਰਪਾ ਧਾਰ ਵਿਚ ਸੰਸਾਰ ਮੇਲਾ ਮੇਲ ਮਿਲਾਏ ਆਪ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਪੂਰਬ ਝੋਲੀ ਪਾਈਆ । ਧੀਰੋ ਕਿਹਾ ਸੁਣ ਵਸ਼ਿਸ਼ਟ ਰਾਮ ਦੋਵੇਂ ਦਿਸੋ ਗੁਰ, ਸਤਿਗੁਰ ਰੂਪ ਵਟਾਈਆ । ਕਿਸ ਬਿਧ ਲੋਕਮਾਤ ਆਵਾਂ ਮੁੜ, ਮਾਨਸ ਮਾਨਸ ਰੂਪ ਧਰਾਈਆ । ਵਸ਼ਿਸ਼ਟ ਕਿਹਾ ਸੁਰਤੀ ਧਾਰ ਜਾਵੇ ਜੋੜ, ਸ਼ਬਦੀ ਅਗੰਮੀ ਗੰਢ ਪੁਆਈਆ । ਸਾਚੇ ਪੌੜੇ ਚੜ੍ਹੇਂ ਤੋੜ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਚਾਰ ਕੁੰਟ ਜਾਵੇ ਬਹੁੜ, ਜਿਸ ਵੇਲੇ ਬਹੁੜੀ ਬਹੁੜੀ ਕਰੇ ਲੋਕਾਈਆ । ਵਸ਼ਿਸ਼ਟ ਨੇ ਕਿਹਾ ਸੁਣ ਓਸ ਵੇਲੇ ਇਕ ਪੁਰਖ ਅਕਾਲ ਦੀ ਪਵੇ ਲੋੜ, ਹਰ ਹਿਰਦਾ ਇਕੋ ਆਸ ਰਖਾਈਆ । ਜਿਸ ਦੇ ਅੱਗੇ ਚਲੇ ਕੋਈ ਨਾ ਜ਼ੋਰ, ਜੋਰੂ ਜ਼ਰ ਸੀਸ ਨਿਵਾਈਆ । ਜੋ ਪਰਮਾਤਮ ਹੋ ਕੇ ਸਰਬ ਆਤਮ ਪਕੜੇ ਡੋਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਝਗੜਾ ਸ਼ੌਹ ਦਰਿਆ ਦੇਵੇ ਰੋੜ੍ਹ, ਬੇੜਾ ਇਕੋ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਪ੍ਰਕਾਸ਼ ਅੰਧਘੋਰ, ਕਾਇਆ ਮਾਟੀ ਵੇਖ ਵਖਾਈਆ । ਧੀਰੋ ਕਿਹਾ ਮੇਰੇ ਰਾਮ, ਰਾਮ ਦੇ ਵਖਾਈਆ । ਕਵਣ ਦੇਵੇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਰਾਮ ਹੱਸ ਕੇ ਕਿਹਾ ਇਹ ਖੇਲ ਪ੍ਰਭੂ ਭਗਵਾਨ, ਜੋ ਭਗਤਾਂ ਰੰਗ ਰੰਗਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਆਣ, ਦਹਿ ਦਿਸ਼ਾ ਖੋਜ ਖੁਜਾਈਆ । ਏਸੇ ਕਰ ਕੇ ਦੇਵ ਮੂਰਤੀ ਮੂਰਤ ਹੋਈ ਓਸ ਮਿਹਰਵਾਨ, ਜੋ ਨਾਦ ਤੂਰਤ ਤੁਰੀਆ ਤੋਂ ਪਰੇ ਰਿਹਾ ਵਜਾਈਆ । ਸਰਬ ਘਟਾ ਘਟ ਆਸਾ ਮਨਸਾ ਪੂਰਤ, ਪੁਰੀ ਲੋਅ ਬ੍ਰਹਿਮੰਡ ਖੰਡ ਵੇਖ ਵਖਾਈਆ । ਸਚ ਮੁਹੱਬਤ ਪ੍ਰੇਮ ਪਿਆਰ ਦੀ ਨਾਮ ਅਗੰਮੀ ਧੂੜਤ, ਟਿੱਕਾ ਮਸਤਕ ਅਗੰਮ ਅਥਾਹੀਆ । ਆਸਾ ਮਨਸਾ ਸਭ ਦੀ ਪੂਰਤ, ਤ੍ਰਿਸ਼ਨਾ ਜਗਤ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਗ੍ਰਿਹ ਮੰਦਰ ਵੇਖ ਵਖਾਈਆ ।

ਜ਼ਿਮੀਂ ਅਸਮਾਨ ਸੂਰਜ ਚੰਦ ਜਿਤਨੇ ਸਿਤਾਰੇ, ਜ਼ਿਮੀਂ ਅਸਮਾਨ ਦੋ ਜਹਾਨ ਨਜ਼ਰੀ ਆਈਆ । ਨਾਨਕ ਲੱਖ ਕਰੋੜੀ ਰਸਨਾ ਨਾਲ ਉਚਾਰੇ, ਸਿਫਤਾਂ ਵਿਚ ਵਡਿਆਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਖੇਲ ਅਪਾਰੇ, ਅਪਰੰਪਰ ਸਵਾਮੀ ਆਪ ਜਣਾਈਆ । ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਰਸਨਾ ਕਹਿ ਨਾ ਸਕੇ ਉਚਾਰੇ, ਇਸ਼ਾਰਿਆਂ ਵਿਚ ਨਾ ਕੋਇ ਜਣਾਈਆ । ਦਸ ਗੁਰੂ

ਪਾਰਬ੍ਰਹਮ ਪਤਿਪਰਮੇਸ਼ਵਰ ਹੱਕ ਖ਼ੁਦਾ ਕਰਦੇ ਗਏ ਨਿਮਸਕਾਰੇ, ਨਿਉਂ ਨਿਉਂ ਸਯਦਿਆਂ ਵਿਚ ਸੀਸ ਝੁਕਾਈਆ । ਲੱਖ ਚੁਰਾਸੀ ਜੂਨ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਜਲ ਵਿਚਕਾਰੇ, ਧੌਲ ਧਵਲ ਦੇ ਦ੍ਰਿੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਾਈਬਲ ਤੁਰੈਤ ਲਿਖ ਲਿਖ ਥੱਕੇ ਹਾਰੇ, ਭੇਵ ਅਭੇਦ ਨਾ ਕੋਇ ਜਣਾਈਆ । ਆਦਿ ਅੰਤ ਸ੍ਰੀ ਭਗਵੰਤ ਪਰਵਰਦਿਗਾਰ ਸਾਂਝਾ ਯਾਰ ਵਾਹਦ ਗੌਡ ਲੇਖਾ ਜਾਣੇ ਆਪਣੀ ਧਾਰੇ, ਵਿਦਵਾਨ ਵਿਦਿਆ ਵਿਚ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਆਪ ਆਪਣਾ ਰੰਗ ਰੰਗਾਈਆ । ਜੋ ਦੀਸੇ ਜ਼ਿਮੀਂ ਅਸਮਾਨ, ਜ਼ਾਹਰ ਜ਼ਹੂਰ ਨੇਤਰ ਨੈਣ ਰੁਸ਼ਨਾਈਆ । ਜਿਸ ਦਾ ਮਾਲਕ ਇਕ ਅਮਾਮ, ਮਿਹਰਵਾਨ ਮਹਿਬੂਬ ਨੂਰ ਖ਼ੁਦਾਈਆ । ਰਵ ਸਸ ਸੂਰੀਆ ਚੰਦ ਚਲਣ ਥਾਉਂ ਥਾਂ, ਦਿਵਸ ਰੈਣ ਆਪਣੀ ਕਾਰ ਕਮਾਈਆ । ਬਿਨਾ ਧਰਨੀ ਧਰਤ ਧਵਲ ਤੋਂ ਮਨੁੱਸ਼ਾਂ ਦੇ ਵਸਣ ਵਾਲਾ ਹੋਰ ਨਹੀਂ ਕੋਈ ਥਾਂ, ਗਗਨਾਂ ਉਪਰ ਡੇਰਾ ਕੋਈ ਨਾ ਲਾਈਆ । ਮੰਡਲ ਮੰਡਪ ਜੋ ਸ਼ਾਸਤਰ ਰਹੇ ਜਣਾ, ਵਿਸਥਾਰ ਵਿਚ ਇਜ਼ਹਾਰ ਵਿਚ ਗੁਫ਼ਤਾਰ ਵਿਚ ਰਫ਼ਤਾਰ ਵਿਚ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਹਰ ਘਟ ਅੰਤਰ ਵੇਖ ਵਖਾਈਆ । ਜ਼ਿਮੀਂ ਅਸਮਾਨਾਂ ਉਤੇ ਅਨਭਵ ਕੋਈ ਨਾ ਕਰਦਾ, ਅਨਦ੍ਰਿਸ਼ਟ ਨਾ ਕੋਇ ਸਮਝਾਈਆ । ਨਾਨਕ ਏਕਾ ਏਕੰਕਾਰ ਚਰਨਾਂ ਉਤੇ ਸੀਸ ਧਰਦਾ, ਜਗਦੀਸ਼ ਦੇਵਣਹਾਰ ਸਰਨਾਈਆ । ਮਾਤਲੋਕ ਅੰਤ ਸ਼ਬਦ ਅਗੰਮੀ ਹੁਕਮ ਕਰਦਾ, ਸੰਦੇਸ਼ਾ ਰਾਗ ਅਲਾਹੀਆ । ਕੋਈ ਮਾਨਵ ਮਾਨੁੱਖ ਮਾਨਸ ਤਾਰਿਆਂ ਸਤਾਰਿਆਂ ਉਪਰ ਨਹੀਂ ਵਸਦਾ, ਮੁਨਾਰਿਆਂ ਉਤੇ ਡੇਰਾ ਕੋਇ ਨਾ ਲਾਈਆ । ਰਾਕਟਾਂ ਵਿਚ ਜਗਤ ਵਿਗਿਆਨ ਫਿਰੇ ਲੱਭਦਾ, ਖੋਜਿਆਂ ਹੱਥ ਕਿਛ ਨਾ ਆਈਆ । ਅਗੰਮੀ ਖੇਲ ਓਸ ਰੱਬ ਦਾ, ਜੋ ਹੰਕਾਰ ਸਭ ਦਾ ਦਏ ਗਵਾਈਆ । ਥੋੜ੍ਹੇ ਸਮੇਂ ਪਿਛੋਂ ਮਾਨਸ ਆਪਣੀ ਹਿੰਮਤ ਹਾਰ ਕੇ ਵੇਖਿਓ ਸਭ ਕੁਛ ਛੱਡਦਾ, ਸੱਨ ਮੂਨ ਉਪਰ ਲੱਭਣ ਕੋਇ ਨਾ ਜਾਈਆ ।

ਦੇਵ ਮੂਰਤੀ ਜਰਮਨ ਸੰਗੀ ਸਾਥੀ, ਲੇਡੀ ਜੈਂਟ ਸੋਭਾ ਪਾਈਆ । ਜਿਨ੍ਹਾਂ ਦੇ ਅੰਤਰ ਨੂਰ ਸਾਖੀ, ਗਾਡ ਗੁਡ ਦਏ ਵਡਿਆਈਆ । ਮਿਟੀ ਕੂੜ ਅੰਧੇਰੀ ਰਾਤੀ, ਨਾਈਟ ਲਾਈਟ ਕਰੇ ਰੁਸ਼ਨਾਈਆ । ਪ੍ਰੇਮ ਪ੍ਰੀਤੀ ਦਿਸੇ ਸਾਚੀ, ਲਵ ਅਬੱਵ ਵੇਖ ਵਖਾਈਆ । ਆਤਮ ਪਰਮਾਤਮ ਇਕੋ ਜ਼ਾਤੀ, ਸੋਲ ਸੋਲ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਦੇਵ ਮੂਰਤੀ ਸੁਹਾਈ ਸੋਹਣੀ ਨਾਈਟ, ਸ਼ਬੇਰੋਜ ਵੱਜੀ ਵਧਾਈਆ । ਜਿਨ੍ਹਾਂ ਦਾ ਹਿਰਦਾ ਅੰਦਰੋਂ ਪਵਿਤ੍ਰ ਵਾਈਟ, ਬਲੈਕ ਰੂਪ ਨਾ ਕੋਇ ਵਖਾਈਆ । ਆਤਮਾ ਪਰਮਾਤਮਾ ਦੀ ਲੈ ਕੇ ਸਾਈਡ, ਗਾਈਡ ਬਣ ਕੇ ਬਣਿਆ ਬੇਪ੍ਰਵਾਹੀਆ । ਜਿਸ ਦਾ ਰਸਤਾ ਮਾਰਗ ਵਸੀਹ ਵਾਈਡ, ਚਾਰੋਂ ਕੁੰਟ ਨਜ਼ਰੀ ਆਈਆ । ਖ਼ੁਸ਼ੀ ਵਿਚ ਗ਼ਮੀ ਹੋਈ ਡਾਈਡ, ਡੈਥ ਗਈ ਪਾਈਆ । ਮੁਹੱਬਤ ਉਤੇ ਹੋ ਕੇ ਰਾਈਡ, ਸ਼ਾਹ ਅਸਵਾਰ ਭੱਜਾ ਚਾਈਂ ਚਾਈਆ । ਜਿਸ ਨੂੰ ਥੈਂਕ ਯੂ ਕਰਕੇ ਕਿਹਾ ਜਾਏ ਕੁਆਈਟ, ਠੀਕ ਠਾਕਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਰੰਗਾਈਆ । ਦੇਵ ਮੂਰਤੀ ਜਰਮਨ ਵਿਚੋਂ ਲੈ ਕੇ ਆਇਆ ਫ਼ਰੈਂਡ, ਦੋਸਤ ਸੱਜਣ ਵੇਖ ਵਖਾਈਆ । ਦਸਤ ਨਾਲ ਮਿਲਾਇਆ ਹੈਂਡ,

੪੬੩
੨੧

ਹੱਥ ਹੱਥ ਵਿਚ ਵਡਿਆਈਆ । ਸੰਤਾਂ ਨੂੰ ਮਿਲ ਕੇ ਕੋਈ ਨਾ ਰਹੇ ਬਲਾਈਂਡ, ਨਿਜ ਨੇਤਰ ਨੂਰ ਹੋਵੇ ਰੁਸ਼ਨਾਈਆ । ਜ਼ਰਾ ਵੇਖੇ ਮਸਤਕ ਪਿੱਛੇ ਬੀਹਾਈਂਡ, ਪੜਦਾ ਅੰਤਰ ਉਠਾਈਆ । ਜਿਥੇ ਮਹਿਬੂਬ ਵਸੇ ਬਿਨ ਸੱਨ ਮੂਨ ਲਾਈਟ, ਨਿਰਾਕਾਰ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਦੇਵ ਮੂਰਤੀ ਆਇਆ ਵਿਚ ਪੰਜਾਬ, ਪੰਜ ਆਬੀ ਵੇਖ ਵਖਾਈਆ । ਨਾਲ ਲਿਆਇਆ ਮਿਤ੍ਰ ਅਹਿਬਾਬ, ਪਿਆਰੇ ਸੰਗ ਰਲਾਈਆ । ਵੇਖਿਓ ਜਰਮਨ ਵਾਲੇ ਸਾਥੀ ਛੱਡ ਗਏ ਕਬਾਬ, ਰਸਨਾ ਮੁਖ ਨਾ ਕੋਇ ਲਗਾਈਆ । ਜੈ ਸੀਤਾ ਰਾਮ ਦਾ ਕਰਨ ਅਦਾਬ, ਸਾਚਾ ਰਾਗ ਅਲਾਈਆ । ਇਨ੍ਹਾਂ ਦਾ ਲਹਿਣਾ ਦੇਣਾ ਹਿਸਾਬ, ਪਿਛਲਾ ਨਾਨਕ ਨਾਲ ਚਲਿਆ ਆਈਆ । ਪਹਿਲੋਂ ਰਹਿੰਦੇ ਸੀ ਵਿਚ ਬਗ਼ਦਾਦ, ਬਗ਼ਲੀਆਂ ਗਲਾਂ ਵਿਚ ਪਾਈਆ । ਜਿਸ ਵੇਲੇ ਨਾਨਕ ਦੀ ਸੁਣੀ ਰਬਾਬ, ਮਨ ਅੰਤਰ ਵੱਜੀ ਵਧਾਈਆ । ਭੁੱਲ ਗਿਆ ਜ਼ਿੰਦਗੀ ਵਾਲਾ ਖ਼ੁਆਬ, ਖ਼ਾਲਸ ਇਕੋ ਰਾਹ ਤਕਾਈਆ । ਨਾਨਕ ਕਿਹਾ ਤੁਹਾਨੂੰ ਏਸ ਤੋਂ ਹੋਰ ਆਵੇ ਸੁਆਦ, ਬਿਨ ਰਸਨਾ ਰਸ ਚਖਾਈਆ । ਜਿਸ ਵੇਲੇ ਪਰਮਾਤਮ ਆਤਮ ਮੇਲਾ ਕਰੇ ਆਪ, ਆਪ ਆਪਣਾ ਜੋੜ ਜੁੜਾਈਆ । ਰਾਮ ਵਸ਼ਿਸ਼ਟ ਦਾ ਬਖ਼ਸ਼ਿਆ ਹੋਇਆ ਤੁਹਾਡਾ ਵਿਚੋਲਾ ਬਣੇ ਸਾਕ, ਦੇਵ ਮੂਰਤੀ ਚਲ ਆਈਆ । ਸਭ ਦੀ ਮਾਟੀ ਖ਼ਾਕ ਅੰਦਰੋਂ ਹੋਵੇ ਪਾਕ, ਰੂਹ ਬੁਤ ਮਿਲੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਸਮਝਾਈਆ । ਦੇਵ ਮੂਰਤੀ ਚਲ ਕੇ ਆਇਆ ਦੂਰ, ਆਪਣਾ ਪੰਧ ਮੁਕਾਈਆ । ਖਿੱਚ ਕੇ ਲਿਆਇਆ ਓਹ ਹਜ਼ੂਰ, ਜਿਸ ਨੂੰ ਹਜ਼ਰਤ ਸੀਸ ਨਿਵਾਈਆ । ਜਿਸ ਦਾ ਕਲਮਾ ਕਲਾਮਾਂ ਤੋਂ ਬਾਹਰ ਦਸਤੂਰ, ਅੱਖਰਾਂ ਤੋਂ ਬਾਹਰ ਪੜ੍ਹਾਈਆ । ਬਖ਼ਸ਼ ਕੇ ਜੋਤੀ ਨੂਰ, ਨੂਰੇ ਚਸ਼ਮ ਕਰੇ ਰੁਸ਼ਨਾਈਆ । ਮੁਹੱਬਤ ਨਾਲ ਕਰ ਭਰਪੂਰ, ਲਵ ਲਵ ਨਾਲ ਜੁੜਾਈਆ । ਭਗਤ ਭਗਵਾਨ ਦਾ ਮਿਲਣਾ ਆਦਿ ਜੁਗਾਦਿ ਜੁਗ ਚੌਕੜੀ ਦਾ ਦਸਤੂਰ, ਰਾਮ ਵਸ਼ਿਸ਼ਟ ਦਏ ਗਵਾਹੀਆ । ਭਾਵੇਂ ਹੁਣ ਪੂਰਬ ਵਿਚ ਕਰੌਣਾ ਮਸ਼ਹੂਰ, ਮਸ਼ਹੂਰੀ ਵਾਸਤੇ ਮਸ਼ਵਰਾ ਤੁਸਾਂ ਆਪੇ ਦਿਤਾ ਸੁਣਾਈਆ । ਜਿਸ ਵੇਲੇ ਸੱਦੋਗੇ ਆਵਾਂਗੇ ਜ਼ਰੂਰ, ਨੌ ਖੰਡ ਪ੍ਰਿਥਮੀ ਦਾ ਪੜਦਾ ਦਿਆਂ ਚੁਕਾਈਆ । ਜਿਸ ਜਰਮਨ ਵਿਚੋਂ ਵਾਰ ਸ਼ੁਰੂ ਹੋਈ ਓਸੇ ਵਿਚ ਅੰਤ ਹੋਵੇ ਕ਼ਾਫ਼ੂਰ, ਧਰਨੀ ਧਰਤ ਉਤੇ ਰਹਿਣ ਕੋਇ ਨਾ ਪਾਈਆ । ਜੋ ਰਾਕਟਾਂ ਰਾਹੀਂ ਪੌਂਦੇ ਫ਼ਤੂਰ, ਰਸ਼ੀਆ ਅਮਰੀਕਾ ਸਭ ਦਾ ਪੰਧ ਮੁਕਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਗ਼ਰੂਰ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਵਾਮੀ ਆ ਗਿਆ ਓਸ ਦਵਾਰ, ਜਿਥੇ ਨਜ਼ਰੇ ਨੂਰ ਖ਼ੁਦਾ । ਸਚ ਮੁਹੱਬਤ ਦਾ ਇਕ ਪਿਆਰ, ਜਲਵਾਗਰ ਨਾ ਹੋਏ ਜੁਦਾ । ਆਤਮ ਪਰਮਾਤਮ ਦਾ ਇਕ ਅਧਾਰ, ਸਚ ਸਵਾਮੀ ਦਿਲਰੁਬਾ । ਜਰਮਨ ਵਾਲਿਓ ਪਿਆਰਿਓ ਜਿਸ ਨੇ ਤੁਹਾਨੂੰ ਦਿਤਾ ਜਗਾ, ਨਾਮ ਬੱਤੀ ਇਕ ਲਗਾਈਆ । ਯੋਗ ਅਭਿਆਸ ਦਿਤਾ ਸਖਾ, ਸਿਖਿਆ ਅਗੰਮ ਅਥਾਹੀਆ । ਪਿਛਲਿਆਂ ਵਿਛੜਿਆਂ ਨੂੰ ਦਿਤਾ ਮਿਲਾ, ਮਿਲਿਆ ਮੇਲ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਦੇਵ ਮੂਰਤੀ ਮਹਿਮਾ ਮਹਾਨ, ਰਾਮ ਰਾਮ ਵਿਚ ਰਾਮ ਰਿਹਾ ਜਪਾਈਆ । ਜਿਸ ਦਾ ਮਾਰਗ ਇਕ ਆਸਾਨ, ਰਾਹ ਸਿੱਧਾ ਰਿਹਾ ਸਮਝਾਈਆ । ਤੁਸੀਂ ਪਿੰਡਾਂ ਵਾਲੇ ਕਿਰਸਾਨ, ਖੇਤੀ ਵਾਹ ਕੇ ਝਟ ਲੰਘਾਈਆ । ਸੋਹਣਾ

ਵਕ਼ਤ ਪਹੁੰਚਿਆ ਆਣ, ਵੱਜੀ ਸਚ ਵਧਾਈਆ । ਸਾਰੇ ਇਕ ਦਾ ਕਰੋ ਧਿਆਨ, ਜੋ ਵਾਹਦ ਗਾਡ ਖ਼ੁਦਾ ਨਜ਼ਰੀ ਆਈਆ । ਓਸੇ ਨੂੰ ਕਰੋ ਪ੍ਰਨਾਮ, ਜੋ ਹਰ ਘਟ ਅੰਦਰ ਬੈਠਾ ਆਸਣ ਜਮਾਈਆ । ਓਸੇ ਦਾ ਕਰੋ ਧਿਆਨ, ਜੋ ਨਿਰਗੁਣ ਨੂਰ ਨੂਰ ਚਮਕਾਈਆ । ਸ਼ੁਕਰਾਨੇ ਵਿਚ ਸਿਫ਼ਤਾਂ ਵਾਲਾ ਬਿਆਨ, ਮੁਹੱਬਤ ਵਿਚ ਪਿਆਰ ਨਾਲ ਵਡਿਆਈਆ । ਹੁਣ ਵਕਤ ਹੋ ਗਿਆ ਸਭ ਨੇ ਲੱਗਣਾ ਪੀਣ ਖਾਣ, ਖਾਣ ਪੀਣ ਆਪਣਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਨੂੰ ਸ੍ਰੀ ਭਗਵਾਨ ਕਰੇ ਪਰਵਾਨ, ਪਰਵਾਨਾ ਨਾਮ ਦਾ ਹੱਥੋ ਹੱਥ ਫੜਾਈਆ ।

### ❊ ੧੪ ਕੱਤਕ ਸ਼ਹਿਨਸ਼ਾਹੀ ਸੰਮਤ ੪ ਸ਼ਬਦ ਸਿੰਘਾਸਣ ਹਰਿ ਭਗਤ ਦਵਾਰ ਧੀਰਪੁਰ ਦਿੱਲੀ-੯ ❊

ਕ਼ਦਮ ਬਿਨਾ ਕ਼ਦਮ ਨਾ ਜਾਏ ਚੁੱਕਿਆ, ਚਾਰ ਕੁੰਟ ਦਹਿ ਦਿਸ਼ਾ ਕ਼ਦਮਾਂ ਹੇਠ ਰਖਾਈਆ । ਬਿਨਾ ਜਗ ਨੇਤਰ ਪੈਂਡਾ ਜਾਏ ਮੁੱਕਿਆ, ਮੰਜ਼ਲ ਬਾਮੰਜ਼ਲ ਪੰਧ ਮੁਕਾਈਆ । ਘਰ ਸਵਾਮੀ ਮਿਲੇ ਲੁਕਿਆ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਬਸੰਤ ਸੁਹਾਏ ਅਗੰਮੀ ਰੁੱਤਿਆ, ਪੱਤ ਡਾਲੀ ਫਲ ਫੁੱਲ ਆਪ ਮਹਿਕਾਈਆ । ਪਰਮਾਤਮ ਆਤਮ ਉਠਾਏ ਸੁੱਤਿਆ, ਆਲਸ ਨਿੰਦਰਾ ਦੂਰ ਕਰਾਈਆ । ਜਨਮ ਜਨਮ ਗਵਾਏ ਗ਼ੁੱਸਿਆ, ਖ਼ੁਸ਼ੀ ਗ਼ਮੀ ਵਿਚੋਂ ਗਵਾਈਆ । ਸ਼ਬਦੀ ਧਾਰ ਰਹਿਣ ਨਾ ਦੇਵੇ ਰੁੱਸਿਆ, ਕਰ ਕਿਰਪਾ ਜੋੜ ਜੁੜਾਈਆ । ਜਿਨ੍ਹਾਂ ਨੂੰ ਸਾਹਿਬ ਸਤਿਗੁਰ ਆ ਕੇ ਪੁਛਿਆ, ਲੋਕਮਾਤ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਚਰਨ ਕ਼ਦਮ ਝੁਕਣਾ ਬੜਾ ਸੌਖਾ, ਭੱਜਣਾ ਪਏ ਨਾ ਵਾਹੋ ਦਾਹੀਆ । ਪੜ੍ਹਨਾ ਪਏ ਕੋਈ ਨਾ ਪੋਥਾ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਰੱਖਣਾ ਪਏ ਕੋਈ ਨਾ ਰੋਜ਼ਾ, ਨਿਮਾਜ਼ਾਂ ਵਿਚ ਸੀਸ ਨਾ ਕੋਇ ਝੁਕਾਈਆ । ਭਾਗ ਲਗਾ ਕੇ ਕਾਇਆ ਮਾਟੀ ਗੋਸ਼ਾ, ਕੋਨਾ ਕੋਨਾ ਖੋਜ ਖੁਜਾਈਆ । ਸਹੀ ਤੁਆਮ ਦਾ ਦੇ ਕੇ ਤੋਸਾ, ਜਗਤ ਰਸਨਾ ਲੇਖ ਮੁਕਾਈਆ । ਪੂਰਬ ਜਨਮ ਦਾ ਮੇਟ ਕੇ ਰੋਸਾ, ਰਸੀਆ ਹੋ ਕੇ ਅੱਖ ਖੁਲ੍ਹਾਈਆ । ਦੁੱਖ ਸਹੇ ਨਾ ਕੋਇ ਬੇਦੋਸ਼ਾ, ਦੋਸ਼ੀਆਂ ਲਏ ਉਠਾਈਆ । ਸੁਨ ਸਮਾਧੀ ਵਿਚ ਨਾ ਰਹੇ ਖ਼ਾਮੋਸ਼ਾ, ਸ਼ਬਦ ਅਨਾਦ ਕਰੇ ਸ਼ਨਵਾਈਆ । ਬੁੱਧੀ ਦੀ ਰਹਿਣ ਨਾ ਦੇਵੇ ਸੋਚਾ, ਬੋਧ ਅਗਾਧ ਕਰੇ ਪੜ੍ਹਾਈਆ । ਨਿਜ ਨੇਤਰ ਖੋਲ੍ਹ ਪੂਰੀ ਕਰੇ ਲੋਚਾ, ਲੋਇਣ ਆਪਣਾ ਨੂਰ ਚਮਕਾਈਆ । ਮਾਨਸ ਜਨਮ ਵਿਚ ਦੇਵੇ ਮੌਕਾ, ਮੁਕੰਮਲ ਆਪਣਾ ਰੰਗ ਰੰਗਾਈਆ । ਜੀਵਣ ਨਈਆ ਚਲਾਏ ਨੌਕਾ, ਨੌ ਦਵਾਰੇ ਜਗਤ ਦਰਿਆ ਪਾਰ ਕਰਾਈਆ । ਵਿਛੋੜੇ ਵਿਚ ਭਰੇ ਨਾ ਹੌਕਾ, ਹੰ ਬ੍ਰਹਮ ਪੜਦਾ ਦਏ ਉਠਾਈਆ । ਮੁਹੱਬਤ ਵਿਚ ਕਰੇ ਕੋਈ ਨਾ ਧੋਖਾ, ਧਰਮ ਦੀ ਧਾਰ ਇਕ ਜਣਾਈਆ । ਸਚ ਦਵਾਰ ਦੀ ਬਖ਼ਸ਼ ਕੇ ਓਟਾ, ਓੜਕ ਇਕੋ ਘਰ ਸਮਝਾਈਆ । ਨਾਮ ਨਿਧਾਨ ਲਗਾ ਕੇ ਚੋਟਾ, ਚੋਟੀ ਚੜ੍ਹਕੇ ਵੇਖ ਵਖਾਈਆ । ਮਨ ਕਲਪਣਾ ਵਿਚ ਰਹਿਣ ਨਾ ਦੇਵੇ ਖੋਟਾ, ਖੋਟੇ ਖਰੇ ਰੂਪ ਬਦਲਾਈਆ । ਕਰ ਪਰਕਾਸ਼ ਨਿਰਮਲ ਜੋਤਾ, ਅੰਧ ਅੰਧੇਰਾ ਦਏ ਗਵਾਈਆ । ਚੌਦਾਂ ਲੋਕ ਚੌਦਾਂ ਤਬਕ ਸੁਣਾਏ ਹੋਕਾ, ਹੁਕਮ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਤਿਗੁਰ ਦਵਾਰ ਕਦਮ ਪਏ ਨਾ ਚੁੱਕਣਾ, ਰਸਤਾ ਬੰਦ ਨਾ ਕੋਇ ਵਡਿਆਈਆ । ਦਰਸ਼ਨ ਕੀਤਿਆਂ ਪੈਂਡਾ ਮੁਕਣਾ, ਆਵਣ ਜਾਵਣ ਚੁਰਾਸੀ ਤੁੱਟੇ ਫਾਹੀਆ । ਪੂਜਾ ਪਾਠ ਦੀ ਸੁਖਣੀ ਪਏ ਨਾ ਸੁੱਖਣਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਵੰਡ ਨਾ ਕੋਇ ਵੰਡਾਈਆ । ਤੀਰਥ ਤੱਟਾਂ ਉਪਰ ਪਏ ਨਾ ਧੁੱਪਣਾ, ਦੁਰਮਤ ਮੈਲ ਦਏ ਧੁਆਈਆ । ਈੜਾ ਪਿੰਗਲ ਸੁਖਮਨ ਪਏ ਨਾ ਵੇਖਣਾ, ਤ੍ਰਬੈਣੀ ਨੈਣੀ ਆਪੇ ਪਾਰ ਕਰਾਈਆ । ਕਿਸੇ ਦਵਾਰੇ ਸਿਰ ਪਏ ਨਾ ਸੁੱਟਣਾ, ਬਖ਼ਸ਼ਣਹਾਰ ਆਪ ਵਡਿਆਈਆ । ਕਰਮ ਕਾਂਡ ਦਾ ਸਹਿਣਾ ਪਏ ਨਾ ਦੁਖਣਾ, ਦਰਦੀ ਹੋ ਕੇ ਦਰਦੀਆਂ ਦਰਦ ਵੰਡਾਈਆ । ਮਾਤ ਗਰਭ ਉਲਟਾ ਹੋਣਾ ਪਏ ਨਾ ਰੁੱਖਣਾ, ਦਸ ਦਸ ਮਾਸ ਨਾ ਕੋਇ ਤਪਾਈਆ । ਸਾਹਿਬ ਸਤਿਗੁਰ ਸ਼ਬਦੀ ਧਾਰ ਕਹੇ ਮੇਰੇ ਪੁੱਤਣਾ, ਪਿਤਾ ਪੂਤ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਾਚਾ ਕ਼ਦਮ ਜਨ ਭਗਤਾਂ ਉਠੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਉਤੇ ਸਾਹਿਬ ਸਤਿਗੁਰ ਪੁਰਖ ਅਕਾਲਾ ਤੁੱਠੇ, ਦੀਨ ਦੁਨੀ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਵੇਖ ਵਖਾਈਆ । ਨਾਮ ਨਿਧਾਨ ਸ੍ਰੀ ਭਗਵਾਨ ਗਾਨਾ ਬੰਨ੍ਹੇ ਤੇਰੇ ਗੁੱਟੇ, ਆਤਮ ਪਰਮਾਤਮ ਧੁਰ ਦਾ ਸ਼ਗਨ ਮਨਾਈਆ । ਨਿਝਰ ਧਾਰੋਂ ਨਿਰਵੈਰ ਹੋ ਕੇ ਉਠੇ, ਨਿਰਾਕਾਰ ਨਿਰੰਕਾਰ ਕਰ ਰੁਸ਼ਨਾਈਆ । ਸੰਤ ਸੁਹੇਲੇ ਜਗਾਏ ਸੁੱਤੇ, ਸੋਵਤ ਜਾਗਤ ਆਪਣਾ ਰੰਗ ਰੰਗਾਈਆ । ਭਾਗ ਲਗਾਏ ਕਾਇਆ ਮਾਟੀ ਪੰਜ ਤੱਤ ਬੁਤੇ, ਬੁਤਖ਼ਾਨਾ ਦਏ ਸੁਹਾਈਆ । ਮਾਲਕ ਹੋ ਕੇ ਕਦੇ ਨਾ ਲੁਕੇ, ਪੜਦਾ ਉਹਲਾ ਦਏ ਚੁਕਾਈਆ । ਜੋ ਸਿਰ ਸਰ ਸਤਿਗੁਰ ਪੂਰੇ ਝੁਕੇ, ਹਿਰਦੇ ਅੰਤਰ ਨਿਰੰਤਰ ਸੀਸ ਝੁਕਾਈਆ । ਉਹਦਾ ਆਵਣ ਜਾਵਣ ਪੈਂਡਾ ਮੁੱਕੇ, ਮੁਕੰਮਲ ਸਤਿਗੁਰ ਦੇਵੇ ਇਕ ਸਰਨਾਈਆ । ਆਉਣਾ ਪਏ ਨਾ ਜਨਣੀ ਕੁੱਖੇ, ਨੌਂ ਅਠਾਰਾਂ ਨਾ ਵੰਡ ਵੰਡਾਈਆ । ਕਲਪਣਾ ਵਿਚ ਨਾ ਕੋਇ ਦੁਖੇ, ਸੁਖ ਸਾਗਰ ਰੂਪ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਵੇਖੇ, ਪ੍ਰੀਤੀ ਵਿਚ ਆਪਣਾ ਜੋੜ ਜੁੜਾਈਆ । ਸਾਚੀ ਮੰਜ਼ਲ ਕ਼ਦਮ ਕਦੇ ਨਾ ਰੁਕੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਸੱਚੀ ਵਡਿਆਈਆ । ਕ਼ਦਮ ਚੁੱਕਣ ਉਤੇ ਲਾਉਣਾ ਪਏ ਨਾ ਜ਼ੋਰ, ਜੋਰੂ ਜ਼ਰ ਨਾ ਕੋਇ ਵਡਿਆਈਆ । ਜਿਸ ਵੇਲੇ ਸਾਹਿਬ ਸਤਿਗੁਰ ਕਰੇ ਦੌਰ, ਗਹਿਰ ਗੰਭੀਰ ਵੇਖ ਵਖਾਈਆ । ਝਗੜਾ ਮੁਕਾ ਕੇ ਪੰਜ ਚੋਰ, ਪੰਚਮ ਸ਼ਬਦ ਧੁਨ ਕਰੇ ਸ਼ਨਵਾਈਆ । ਭੇਵ ਖੁਲ੍ਹਾਏ ਤੂੰ ਕੋਈ ਹੋਰ ਨਹੀਂ ਮੈਂ ਤਰਾ ਤਰਾ ਕੋਈ ਹੋਰ, ਅਵਰ ਅਵਰਾ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਆਤਮਾ ਇਕੋ ਕੋਰ, ਆਦਿ ਜੁਗਾਦੀ ਦਿਆਂ ਪ੍ਰਗਟਾਈਆ । ਜਿਸ ਦੀ ਤਬੀਅਤ ਸਮਝੇ ਨਾ ਕੋਇ ਤੌਰ, ਤਰਾਂ ਤਰਾਂ ਨਾ ਕੋਇ ਜਣਾਈਆ । ਸੋ ਹੋਵੇ ਨਾ ਕਦੇ ਕਮਜ਼ੋਰ, ਬਲਹੀਣ ਨਾ ਕਦੇ ਅਖਵਾਈਆ । ਜਿਸ ਦੀ ਦੋ ਜਹਾਨਾਂ ਦੌੜ, ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼ ਵੇਖੇ ਚਾਈਂ ਚਾਈਆ । ਸੋ ਸਾਹਿਬ ਸਤਿਗੁਰ ਜਿਨ੍ਹਾਂ ਗੁਰਮੁਖਾਂ ਗਿਆ ਬਹੁੜ, ਬਹੁੜੀ ਬਹੁੜੀ ਕਰੇ ਨਾ ਕੋਇ ਦੁਹਾਈਆ । ਜਨਮ ਜਨਮ ਦੀ ਤ੍ਰਿਸ਼ਨਾ ਮੇਟੇ ਔੜ, ਓੜਕ ਆਪਣਾ ਅੰਮ੍ਰਿਤ ਮੇਘ ਬਰਸਾਈਆ । ਕਾਇਆ ਰਸ ਮਿੱਠਾ ਕਰੇ ਕੌੜ, ਅਨਰਸ ਆਪਣਾ ਆਪ ਚਖਾਈਆ । ਮਨੂਆ ਪਾਏ ਕੋਈ ਨਾ ਸ਼ੋਰ, ਸ਼ਰਅ ਦਾ ਲੇਖਾ ਦਏ ਗਵਾਈਆ । ਹਰਿਜਨ ਕਰਕੇ ਭਾਗ ਮਥੋਰ, ਮਿਥਿਆ ਦੱਸੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਦਾ ਨਵਾਂ ਨਕੋਰ, ਬਿਰਧ

ਬਾਲ ਰੂਪ ਨਾ ਕੋਇ ਵਖਾਈਆ । ਕ਼ਦਮ ਚੁੱਕਣ ਤੋਂ ਸਤਿਗੁਰ ਕਿਰਪਾ ਕਰੇ ਪਹਿਲਾਂ, ਪਹਿਲੇ ਦਰ ਦਏ ਵਡਿਆਈਆ । ਮਾਰਗ ਆਪਣਾ ਸਹਿਲਾ, ਸਹਿਜ ਸੁਭਾਓ ਲਏ ਮਿਲਾਈਆ । ਸਚ ਦਵਾਰ ਲੈ ਜਾਏ ਅਗੰਮੀ ਮਹਿਲਾ, ਮਹਿਲ ਮਹੱਲ ਜਿਸ ਦੀ ਸਿਫ਼ਤ ਸਾਲਾਹੀਆ । ਸਾਚੇ ਨਾਮ ਦਾ ਦੇ ਕੇ ਸ਼ੋਅਲਾ, ਥਾਲੀ ਦੀਪਕ ਦਏ ਸਮਝਾਈਆ । ਦੀਨ ਦੁਨੀ ਤੋਂ ਹੋ ਕੇ ਵਿਹਲਾ, ਵਾਹਵਾ ਆਪਣੀ ਕਰੇ ਪੜ੍ਹਾਈਆ । ਕਾਇਆ ਮੰਦਰ ਅੰਦਰ ਵੇਖ ਕੇ ਜੂਹ ਬੇਲਾ, ਜੰਗਲ ਟਿੱਲੇ ਪਰਬਤ ਖੋਜ ਖੁਜਾਈਆ । ਚੁਰਾਸੀ ਵਿਚੋਂ ਜਨ ਭਗਤਾਂ ਤੱਕੇ ਸੱਜਣ ਸੁਹੇਲਾ, ਗੁਰਮੁਖਾਂ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਕਰਕੇ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਤੂੰ ਮੇਰਾ ਮੈਂ ਤੇਰਾ ਆਪੇ ਗੁਰ ਆਪੇ ਚੇਲਾ, ਆਤਮ ਪਰਮਾਤਮ ਆਪਣਾ ਖੇਲ ਖਿਲਾਈਆ । ਆਪੇ ਵਸੇ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਆਪੇ ਕੱਟਣਹਾਰਾ ਧਰਮ ਰਾਏ ਦੀ ਜੇਲ੍ਹਾ, ਚਿਤਰਗੁਪਤ ਲੇਖਾ ਦਏ ਗਵਾਈਆ । ਆਪੇ ਕਰੇ ਅਗੰਮੀ ਖੇਲਾ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਬੇਪ੍ਰਵਾਹੀਆ । ਕ਼ਦਮ ਚੁੱਕਣ ਦੀ ਕਿਹੜੀ ਲੋੜ, ਲੋੜੀਂਦਾ ਸਾਜਣ ਘਰ ਆਈਆ । ਜਗਤ ਵਿਛੜਿਆਂ ਜਗ ਲਵੇ ਜੋੜ, ਜੋੜੀ ਆਤਮ ਪਰਮਾਤਮ ਲਵੇ ਬਣਾਈਆ । ਸ਼ਬਦੀ ਚਾੜ੍ਹ ਅਗੰਮੀ ਘੋੜ, ਤੁਰੀਆ ਤੋਂ ਪਰੇ ਦਏ ਟਿਕਾਈਆ । ਜਿਥੇ ਅਵਰ ਨਹੀਂ ਕੋਈ ਸ਼ੋਰ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਕਰਨੀ ਦਾ ਕਰਤਾ ਖੇਲ ਕਰੇ ਬਤੌਰ, ਬਾਤਨ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਕ਼ਦਮ ਚੁੱਕਣਾ ਪਏ ਕਿਉਂ, ਕੌਣ ਦਏ ਵਡਿਆਈਆ । ਜਨ ਭਗਤਾਂ ਨਾਲ ਪ੍ਰਭ ਆਪੇ ਲਾਏ ਨੇਹੋਂ, ਨਿਰਗੁਣ ਹੋ ਕੇ ਸਰਗੁਣ ਮੇਲ ਮਿਲਾਈਆ । ਤੂੰ ਹੀ ਮੈਂ ਪਰਮਾਤਮਾ ਰਹੇ ਤਿਉਂ ਦਾ ਤਿਉਂ, ਤੂੰ ਮੈਂ ਝਗੜਾ ਦਏ ਗਵਾਈਆ । ਅੰਮ੍ਰਿਤ ਬਰਖ ਅਗੰਮਾ ਮੇਹੋਂ, ਤ੍ਰਿਸ਼ਨਾ ਭੁੱਖ ਦਏ ਮਿਟਾਈਆ । ਲੇਖੇ ਲਾਵੇ ਖਾਧੀ ਕਣਕ ਗੰਦਮ ਗੇਹੋਂ, ਤਨ ਵਜੂਦ ਦਏ ਵਡਿਆਈਆ । ਸਭ ਦਾ ਮਾਲਕ ਬਣ ਕੇ ਪਿਓ, ਪਿਤਾ ਪੂਤ ਗੋਦ ਉਠਾਈਆ । ਜਿਸ ਨੂੰ ਪੰਚ ਕਹਿੰਦੇ ਦਿਓ, ਦੇਵ ਆਤਮਾ ਵੇਖ ਵਖਾਈਆ । ਮਾਲਕ ਹੋ ਕੇ ਅਲਖ ਅਭਿਓ, ਭੈ ਭੌ ਭਰਮ ਦਏ ਮਿਟਾਈਆ । ਲਹਿਣਾ ਦੇਣਾ ਮੁਕਾਏ ਪਿੰਡ ਜਿਓ, ਤਨ ਸਰੀਰ ਵੇਖ ਵਖਾਈਆ । ਆਦਿ ਅੰਤ ਜੁਗਾ ਜੁਗੰਤ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਪੁਰਖ ਅਕਾਲ ਇਕੋ ਇਹੋ, ਰਹਿਬਰ ਬਣੇ ਖ਼ਲਕ ਖ਼ੁਦਾਈਆ । ਝਗੜਾ ਮਿਟਾਏ ਸਾਢੇ ਤਿੰਨ ਹੱਥ ਸੀਆਂ ਸਿਉਂ, ਸੇਵਕ ਹੋ ਕੇ ਆਪਣੀ ਕਾਰ ਕਮਾਈਆ । ਜਨ ਭਗਤਾਂ ਤੀਰ ਲਗਾਏ ਬਿਰਹੋਂ, ਅਣਿਆਲਾ ਆਪਣਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਇਕ ਅਖਵਾਈਆ । ਕ਼ਦਮ ਚੁੱਕਣ ਤੋਂ ਲਵੇ ਰੋਕ, ਰੁੱਕਾ ਅਗੰਮੀ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦਾ ਸਲੋਕ, ਸੋਹਲਾ ਸਾਹਿਬ ਆਪ ਸਮਝਾਈਆ । ਚਰਨਾਂ ਹੇਠਾਂ ਦੱਬ ਕੇ ਮੁਕਤੀ ਮੋਖ, ਮੁਫ਼ਤ ਆਪਣਾ ਘਰ ਵਖਾਈਆ । ਜਿਥੇ ਪ੍ਰਕਾਸ਼ ਇਕੋ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਸਮਝਾਈਆ । ਨਾ ਕੋਈ ਬੁੱਧੀ ਕਰਨ ਵਾਲੀ ਸੋਚ, ਨਾ ਕੋਈ ਮਨ ਦਹਿ ਦਿਸ਼ਾ ਉਠ ਉਠ ਧਾਈਆ । ਨਾ ਕੋਈ ਲਗਾਵਣਹਾਰਾ ਚੋਟ, ਨਾ ਕੋਈ ਸੁੱਤਿਆਂ ਰਿਹਾ ਜਗਾਈਆ । ਨਾ ਕੋਈ ਪੰਡਤ ਪਾਂਧਾ

ਦਿਸੇ ਪਰੋਹਤ, ਨਾ ਕੋਈ ਮੁੱਲਾ ਸ਼ੇਖ਼ ਮੁਸਾਇਕ ਨਾਇਕ ਨਜ਼ਰੀ ਆਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਬਹੁਤ, ਜੋ ਬਹੁਭਾਂਤੀ ਆਪਣੀ ਖੇਲ ਖਿਲਾਈਆ । ਕ਼ਦਮ ਚੁੱਕਣ ਤੋਂ ਪਹਿਲਾਂ ਭਗਤਾਂ ਦੇ ਅੰਦਰ ਪਹੁੰਚ, ਕ਼ਦਮ ਦਾ ਸੱਜਣ ਕ਼ੁਦਰਤ ਦਾ ਮਾਲਕ ਕ਼ਾਦਰ ਦਇਆ ਕਮਾਈਆ । ਉਨ੍ਹਾਂ ਦਰਸ਼ਨ ਦੇਵੇ ਰੋਜ਼, ਜਾਗਤ ਸੋਵਤ ਆਪਣੀ ਖੇਲ ਖਿਲਾਈਆ । ਮੁਹੱਬਤ ਪਿਆਰ ਦੀ ਦੇ ਕੇ ਮੌਜ, ਮਜਲਸ ਆਪਣੇ ਨਾਲ ਜਣਾਈਆ । ਬਾਹਰ ਕਰਨੀ ਪਏ ਨਾ ਖੋਜ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਭੇਵ ਖੁਲ੍ਹਾ ਕੇ ਗੋਝ, ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬਹਿਮਾਦੀ ਸ਼ਬਦ ਅਨਾਦੀ ਆਪਣਾ ਰਾਗ ਸੁਣਾਈਆ । ਕ਼ਦਮ ਚੁੱਕਣ ਤੋਂ ਪਹਿਲਾਂ ਜਾਵੇ ਆ, ਜਿਸ ਨੂੰ ਅਲਾਹ ਕਹੇ ਲੋਕਾਈਆ । ਹਾਜ਼ਰ ਹਜ਼ੂਰ ਹੋਏ ਖ਼ੁਦਾ, ਖ਼ੁਦਗ਼ਰਜ਼ੀ ਆਪਣੀ ਡੇਰਾ ਢਾਹੀਆ । ਕਦੀ ਨਾ ਹੋਵੇ ਜੁਦਾ, ਜੁਜ਼ ਵਖਰਾ ਨਾ ਕੋਇ ਵਖਾਈਆ । ਬਣ ਕੇ ਮੁਹੱਬਤ ਦਾ ਦਿਲਰੁਬਾ, ਮਹਿਬੂਬ ਨੂਰ ਅਲਾਹੀਆ । ਮੁਰਸ਼ਦ ਹੋ ਕੇ ਮੁਰੀਦਾਂ ਨੂੰ ਮਿਲਣ ਦੀ ਪੂਰੀ ਕਰੇ ਅਦਾ, ਅਦਬ ਵਾਲਾ ਪ੍ਰਗਟਾਈਆ । ਹਕ਼ੀਕ਼ਤ ਦੀ ਹਕ਼ੀਕ਼ਤ ਵਿਚੋਂ ਰਬਾਬ ਵਜਾ, ਬਿਨਾ ਤੰਦ ਸਤਾਰ ਹਿਲਾਈਆ । ਅੰਮ੍ਰਿਤ ਆਬੇਹਯਾਤ ਪਲਾ, ਪੱਲੂ ਆਪਣੇ ਨਾਲ ਜੁੜਾਈਆ । ਜਿਸ ਨੂੰ ਕਹਿੰਦੇ ਰੱਬ ਅਲਾਹ, ਬਿਨਾ ਵਜਹ ਆਪਣਾ ਰੰਗ ਰੰਗਾਈਆ । ਅੰਦਰੋਂ ਆਤਮਾ ਆਪਣੇ ਨਾਲ ਲਏ ਰਲਾ, ਅਗੰਮੀ ਗਲੀ ਵਿਚ ਭਵਾਈਆ । ਧਰਮ ਦੀ ਦਏ ਸਲਾਹ, ਸਿਫ਼ਤਾਂ ਵਿਚ ਦ੍ਰਿੜਾਈਆ । ਹੱਕ ਦਾ ਬਣ ਮਲਾਹ, ਬੇੜਾ ਲਏ ਉਠਾਈਆ । ਮਾਰਗ ਦੱਸ ਕੇ ਨਵਾਂ, ਨਵ ਨੌ ਚਾਰ ਦਾ ਡੇਰਾ ਢਾਹੀਆ । ਦੀਨ ਦੁਨੀ ਦਾ ਬਦਲ ਕੇ ਸਮਾਂ, ਸਮਾਇਤ ਸਮਾਜ ਦੀ ਦਏ ਕਰਾਈਆ । ਚਾਰ ਵਰਨ ਦਾ ਬਣ ਕੇ ਮੀਆਂ ਅੰਮਾਂ, ਆਪ ਆਪਣੀ ਲਏ ਅੰਗੜਾਈਆ । ਮਮਤਾ ਵਾਲਾ ਰਹਿਣ ਨਾ ਦੇਵੇ ਕੋਇ ਪੰਮਾ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਤੂੰ ਮੇਰਾ ਮੈਂ ਤੇਰਾ ਜਾਪ ਜਪਾਏ ਸ੍ਰਿਸ਼ਟੀ ਅੰਦਰ ਦਮਾ, ਦਾਮਨਗੀਰ ਆਪ ਹੋ ਜਾਈਆ । ਚਿੰਤਾ ਹਰਖ ਸੋਗ ਮਿਟਾਏ ਗ਼ਮਾ, ਗ਼ਮਖਾਰ ਵੇਖ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨਾ, ਤਨ ਵਜੂਦ ਕਰੇ ਰੁਸ਼ਨਾਈਆ । ਭਟਕਣ ਨਾ ਦੇਵੇ ਮਨਸਾ ਅੰਦਰ ਮਨਾ, ਕਾਮਲ ਮੁਰਸ਼ਦ ਵੇਖ ਵਖਾਈਆ । ਬੇਸ਼ਕ ਤੁਸੀਂ ਵਾਲੇ ਦੋ ਕੰਨਾਂ, ਸਰੋਤੇ ਸਰਵਣ ਰੂਪ ਧਰਾਈਆ । ਬੋਲਣ ਵਾਲੀ ਜੋ ਜਿਹਵਾ ਜਿਸ ਦਾ ਹੱਦ ਕੋਈ ਨਾ ਬੰਨਾ, ਓਹ ਰਸਨਾ ਬੋਲ ਬੋਲ ਆਪਣਾ ਰਾਗ ਅਲਾਈਆ । ਜਿਨ੍ਹਾਂ ਉਤੇ ਸਾਹਿਬ ਸਤਿਗੁਰ ਆਪੇ ਮੰਨਾ, ਮਮਤਾ ਮੋਹ ਵਿਚੋਂ ਬਾਹਰ ਕਢਾਈਆ । ਚੰਦ ਸਤਾਰਿਆਂ ਤੋਂ ਪਰੇ ਚਮਕਾਏ ਆਪਣੇ ਚੰਨਾਂ, ਜਿਥੇ ਸੂਰੀਆ ਬੈਠਾ ਮੁਖ ਛੁਪਾਈਆ । ਸ਼ੰਕਰ ਨਾਲ ਸੀਸ ਨਿਵਾਏ ਬ੍ਰਹਮਾ, ਵਿਸ਼ਨੂੰ ਅੱਖ ਨਾ ਕੋਇ ਉਠਾਈਆ । ਜਨ ਭਗਤਾਂ ਸੁਖ ਦੇਵੇ ਆਪਣੇ ਚਰਨਾ, ਅਨੰਦ ਨਿਜਾਨੰਦ ਤੋਂ ਅੱਗੇ ਕਰੇ ਰਸਾਈਆ । ਗੁਰਮੁਖਾਂ ਸਾਚਾ ਦੱਸ ਕੇ ਧਰਮਾ, ਧਰਮ ਦੀ ਧਾਰ ਮੇਲ ਮਿਲਾਈਆ । ਨਾਤਾ ਤੋੜ ਕੇ ਕਰਮ ਕੁਕਰਮਾ, ਕਰਮ ਕਾਂਡ ਤੋਂ ਲਏ ਬਚਾਈਆ । ਝਗੜਾ ਰਹਿਣ ਨਾ ਦੇਵੇ ਵਰਨਾਂ, ਬਰਨਾਂ ਡੇਰਾ ਢਾਹੀਆ । ਜਿਸ ਦਾ ਸਿਰ ਝੁਕ ਗਿਆ ਇਕ ਵਾਰ ਉਤੇ ਸਤਿਗੁਰ ਚਰਨਾ, ਆਵਣ ਜਾਵਣ ਲੱਖ ਚੁਰਾਸੀ ਪੈਂਡਾ ਦਏ ਚੁਕਾਈਆ । ਨੇਤਰ ਖੋਲ੍ਹ ਕੇ ਹਰਨਾ ਫਰਨਾ, ਫੁਰਨੇ ਅੰਦਰ ਫੁਰਨਾ ਦਏ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਅੱਖਰ ਇਕੋ ਪੜ੍ਹਨਾ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਬਿਨਾ ਕ਼ਦਮ ਤੋਂ ਮੰਜ਼ਲ ਓਹ ਚੜ੍ਹਨਾ, ਜਿਥੇ ਬੈਠਾ ਧੁਰ ਦਾ ਸ਼ਹਿਨਸ਼ਾਹੀਆ ।

੪੯੮
੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮਾਤਮ ਹੋ ਕੇ ਆਤਮ ਸਾਚੀ ਵਰਨਾ, ਵਰਿਆਮ ਹੋ ਕੇ ਵਾਰਸ ਹੋ ਕੇ ਖ਼ਾਲਸ ਆਪਣੇ ਵਿਚ ਸਮਾਈਆ ।

### ✻ ੧ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਦੀ ਚੌਧਵੀਂ ਕਹੇ ਜ਼ਬਲੀਆ ਜ਼ਰੇ ਜ਼ਰ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਕਿਵਲੇ ਬਾ, ਪਾਰਬ੍ਰਹਮ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਮਿਸਲੇ ਸ਼ਾਹ ਪਾ, ਪਰਮ ਪੁਰਖ ਪੜਦਾ ਇਕ ਉਠਾਈਆ । ਸਦੀ ਚੌਧਵੀਂ ਕਹੇ ਦਲ ਜ਼ੇਤਾ, ਤਾਲਬ ਤੁਲਬਿਆਂ ਕਰ ਪੜ੍ਹਾਈਆ । ਸਦੀ ਚੌਧਵੀਂ ਕਹੇ ਨਾਗੁਜ਼ਲੇ ਟਾ, ਟਾਈਮ ਵਕਤ ਦੇ ਜਣਾਈਆ । ਸਦੀ ਚੌਧਵੀਂ ਕਹੇ ਨੌਵੀਜ਼ਾ ਸਾ, ਸਾਬਤ ਸਾਹਿਬ ਇਕ ਫ਼ਰਮਾਈਆ । ਸਦੀ ਚੌਧਵੀਂ ਕਹੇ ਗਲਜ਼ਾਊ ਜ਼ਾ, ਚਸ਼ਮੇ ਚਸ਼ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਦਖਲਸੇ ਚਾ, ਚਵਿਨੀ ਚੂ ਜ਼ਜ਼ਾ ਵਡਿਆਈਆ । ਸਦੀ ਚੌਧਵੀਂ ਕਹੇ ਮਜ਼ੀਕੇ ਹਾ, ਹਜ਼ੂਲ ਗੀਜ਼ੇ ਖ਼ੁਦਾਈਆ । ਸਦੀ ਚੌਧਵੀਂ ਕਹੇ ਕਨਜ਼ਵਿਤੇ ਖਾ, ਪਰਨਜ਼ੂ ਜ਼ਗ ਸ਼ਾਹੀਆ । ਸਦੀ ਚੌਧਵੀਂ ਕਹੇ ਨਕੁਸਦੇ ਦਾ, ਦਾਮਨ ਦਸਤੇ ਪਾਜ਼ਿਤ ਅਖਵਾਈਆ । ਸਦੀ ਚੌਧਵੀਂ ਕਹੇ ਤਕਮੁਆਲੇ ਡਾ, ਜ਼ੈਡਿਨ ਜ਼ੀਕੇ ਨੂਰ ਅਖਵਾਈਆ । ਸਦੀ ਚੌਧਵੀਂ ਕਹੇ ਤਾਮੁਖਤੀ ਜ਼ਾ, ਜ਼ਾਹਿਦ ਨਿਦ ਚਵਜ਼ੇ ਜ਼ਾ ਅਖਵਾਈਆ । ਸਦੀ ਚੌਧਵੀਂ ਕਹੇ ਮੁਹੱਬਤੇ ਰਾ, ਰਾਮ ਕ੍ਰਿਸ਼ਨ ਦੁਹਾਈਆ । ਸਦੀ ਚੌਧਵੀਂ ਕਹੇ ਉਲਫ਼ਤੇ ੜਾ, ੜਾੜ ਵੇਖ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਕਹੇ ਮੁਫ਼ਲਸੇ ਜ਼ਾ, ਜ਼ਵੀ ਜ਼ਨੁਕ ਫੇਲ ਫੁਲਾਈਆ । ਸਦੀ ਚੌਧਵੀਂ ਕਹੇ ਕਾਜ਼ੁਜ਼ਸੂ ਜ਼ਾ, ਜ਼ਮਨੇ ਨਮੋਂ ਨਰਾਇਣ ਇਕ ਅਖਵਾਈਆ । ਸਦੀ ਚੌਧਵੀਂ ਕਹੇ ਤੇਰਾ ਲੇਖਾ ਸੀਨ ਅਲਿਫ਼ ਸਾ, ਸਾਕਾਰ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਤੇਰਾ ਝਗੜਾ ਸ਼ੀਨ ਅਲਿਫ਼ ਸ਼ਾ, ਸ਼ਹਿਨਸ਼ਾਹ ਖ਼ਾਕ ਰੁਲਾਈਆ । ਸਦੀ ਚੌਧਵੀਂ ਕਹੇ ਪੜਦਾ ਉਠਾ ਸੁਵਾਦ ਅਲਿਫ਼ ਸਾ, ਸਾਹਿਬ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੰਜ਼ਲ ਹੱਕ ਦੱਸ ਰਜ਼ਾ, ਜ਼ੁਆਦ ਜ਼ਾਹਰ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਤੋਏ ਜ਼ੋਏ ਨਾਲ ਮਿਲਾ, ਤਾਲਬ ਤੁਲਬਾ ਰੂਪ ਜਣਾਈਆ । ਸਦੀ ਚੌਧਵੀਂ ਕਹੇ ਐਨ ਗ਼ੈਨ ਗੰਢ ਪੁਆ, ਅੱਖਰ ਅੱਖਰਾਂ ਵਿਚ ਸਮਾਈਆ । ਸਦੀ ਚੌਧਵੀਂ ਕਹੇ ਫ਼ੇ ਕੁਆਫ਼ ਕੁਦਰਤ ਵੇਖ ਵਖਾ, ਨੂਰ ਨੁਰਾਨੇ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਕੀਫ਼ ਗਾਫ਼ ਜੋੜਾ ਲਏ ਜੁੜਾ, ਨੂਨ ਸੀਨ ਮੇਲ ਮਿਲਾਈਆ । ਸਦੀ ਚੌਧਵੀਂ ਕਹੇ ਲਾਮ ਮੀਮ ਭੇਵ ਚੁਕਾ, ਮੁਰਦਾ ਮੁਰੀਦ ਲੈ ਉਠਾਈਆ । ਸਦੀ ਚੌਧਵੀਂ ਕਹੇ ਨੂਨ ਨਿਰਗੁਣ ਨੂਰ ਜੋਤ ਰੁਸ਼ਨਾ, ਨੂਨ ਮੂਨ ਸੂਨ ਅੰਧ ਅੰਧੇਰਾ ਡੇਰਾ ਢਾਹੀਆ । ਸਦੀ ਚੌਧਵੀਂ ਕਹੇ ਕਲਜ਼ਮੂ ਤੋਏ ਵਾ, ਵਾਸਤਾ ਤੇਰੇ ਅੱਗੇ ਰਖਾਈਆ । ਸਦੀ ਚੌਧਵੀਂ ਕਹੇ ਹਵਾ ਆਦਮ ਤੇਰੀ ਰਜ਼ਾ, ਜ਼ਗਜ਼ੇ ਨੂਥ ਚਾਰੋਂ ਕੁੰਟ ਨਜ਼ਰੀ ਆਈਆ । ਹਮਜ਼ਾ ਯੇ ਵਾਸਤਾ ਰਹੇ ਪਾ, ਅਲਿਫ਼ ਅਲਾਹ ਇਕ ਖ਼ੁਦਾ, ਜੁਗ ਚੌਕੜੀ ਲੇਖਾ ਰਿਹਾ ਮੁਕਾ, ਲਹਿਣਾ ਸਭ ਦਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਨੇਹੜਾ ਇਕ ਜਣਾਈਆ । ਸਦੀ ਚੌਧਵੀਂ ਕਹੇ ਮੈਨੂੰ ਭਗਤਾਂ ਔਂਦਾ ਦਰਦ, ਦਰਦਵੰਦ ਹੋ ਕੇ ਦਿਆਂ ਜਣਾਈਆ । ਮੈਂ ਪੁਰਖ ਅਕਾਲ ਦੀ ਵੇਖੀ ਫ਼ਰਦ, ਜਿਸ ਨੂੰ ਰਾਏ ਧਰਮ ਨਾ ਸਮਝੇ ਰਾਈਆ । ਚਿਤ੍ਰਗੁਪਤ

ਜਾਣੇ ਮੂਲ ਨਾ ਮਰਦ, ਜ਼ੋਰਾਵਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਅਰਜ਼, ਨਮਸਤਿਆਂ ਵਿਚ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸਭ ਦੇ ਰੰਗ ਹੋਏ ਜ਼ਰਦ, ਸਿਰ ਸਕੇ ਨਾ ਕੋਇ ਉਠਾਈਆ । ਜਗਤ ਸ਼ਰਅ ਦੀ ਟੁੱਟੀ ਕਰਦ, ਕ਼ਤਲਗਾਹ ਨਾ ਕੋਇ ਬਣਾਈਆ । ਜਿਨ੍ਹਾਂ ਨੂੰ ਮਾਰੇ ਕੋਈ ਨਾ ਮਰਜ਼, ਮਰੀਜ਼ ਆਪਣੇ ਲਏ ਤਰਾਈਆ । ਮਾਨਸ ਜਨਮ ਹੋਣ ਨਾ ਦੇਵੇ ਹਰਜ, ਹਜ਼ਰਤਾਂ ਦਾ ਮਾਲਕ ਨੂਰ ਖ਼ੁਦਾਈਆ । ਸਦੀ ਚੌਧਵੀਂ ਕਹੇ ਭਗਤਾਂ ਦੀ ਮੈਂ ਆਪ ਕਰਾਈ ਅਰਜ਼, ਨਿਮਾਣੀ ਹੋ ਕੇ ਸੀਸ ਨਿਵਾਈਆ । ਪ੍ਰਭੂ ਸਾਨੂੰ ਤੇਰੀ ਗ਼ਰਜ਼, ਗ਼ਰਜ਼ ਤੇਰੀ ਆਪਣੇ ਨਾਲ ਰਖਾਈਆ । ਕੀ ਖੇਲ ਹੋਣਾ ਅਸਚਰਜ, ਮੈਂ ਪੜਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਅਜਬ ਨਜ਼ਾਰਾ, ਬਿਨ ਅੱਖਾਂ ਅੱਖ ਉਠਾਈਆ । ਜਲਵਾ ਤੱਕਾਂ ਪਰਵਰਦਿਗਾਰਾ, ਪਾਰਬ੍ਰਹਮ ਨੂਰ ਖ਼ੁਦਾਈਆ । ਦਰ ਦਵਾਰੇ ਕੱਢਾਂ ਹਾੜਾ, ਨਿਉਂ ਨਿਉਂ ਸੀਸ ਝੁਕਾਈਆ । ਸਾਹਿਬ ਸਵਾਮੀ ਤੇਰਾ ਹੁਕਮ ਹੋਏ ਕੋਈ ਨਾ ਮਾੜਾ, ਮਾੜੀ ਮੰਡਪ ਡੇਰਾ ਢਾਹੀਆ । ਮੈਂ ਤੱਕਾਂ ਗੁਰਮੁਖ ਲਾੜਾ, ਸਾਜਣ ਸੋਹਣਾ ਸੋਭਾ ਪਾਈਆ । ਪ੍ਰੇਮ ਪ੍ਰੀਤੀ ਰੰਗ ਚਾੜ੍ਹ ਦੇ ਗਾੜ੍ਹਾ, ਨਿਰਗੁਣ ਸਰਗੁਣ ਉਤਰ ਕਦੇ ਨਾ ਜਾਈਆ । ਅੰਮ੍ਰਿਤ ਬਖ਼ਸ਼ ਠੰਡੀ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਾਦ ਦੇ ਧੁਨਕਾਰਾ, ਅਨਹਦ ਨਾਦੀ ਰਾਗ ਅਲਾਈਆ । ਦੀਆ ਬਾਤੀ ਕਰ ਉਜਿਆਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੁਰਖ ਅਬਿਨਾਸ਼ੀ ਤੇਰਾ ਖੇਲ ਅਪਾਰਾ, ਜਗ ਜੀਵਣ ਦਾਤੇ ਤੇਰਾ ਭੇਵ ਕੋਇ ਨਾ ਆਈਆ । ਤੇਰਾ ਸਭ ਤੋਂ ਵਖਰਾ ਵਿਹਾਰਾ, ਜੁਗ ਜੁਗ ਦੇਵੇਂ ਮਾਣ ਵਡਿਆਈਆ । ਭੇਵ ਚੁਕਾ ਪੁਰਖ ਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੇ ਸਾਲ ਗਿਣਦਿਆਂ ਘਸ ਗਏ ਪੋਟੇ, ਉਂਗਲਾਂ ਦੇਣ ਦੁਹਾਈਆ । ਰਾਹ ਤਕਦੀ ਰਹੀ ਚੌਦਾਂ ਤਬਕ ਚੜ੍ਹ ਕੇ ਉਪਰ ਕੋਠੇ, ਇਕੋ ਦਰਸ਼ਨ ਤੇਰਾ ਲੋਇਣ ਲੋਚੇ, ਲੋਚਨ ਬੈਠਾ ਰਾਹ ਤਕਾਈਆ । ਸੋ ਸੋਹਣੇ ਮਿਲ ਗਏ ਮੌਕੇ, ਮੁਕੰਮਲ ਤੇਰੀ ਸਰਨਾਈਆ । ਤੇਰਾ ਭਾਣਾ ਕੋਈ ਨਾ ਰੋਕੇ, ਨਾ ਕੋਈ ਮੇਟੇ ਮੇਟ ਮਿਟਾਈਆ । ਜਨ ਭਗਤਾਂ ਮੌਤ ਮਾਰੇ ਕੋਈ ਨਾਲ ਨਾ ਧੋਖੇ, ਧਰਮ ਦੀ ਧਾਰ ਪ੍ਰਗਟਾਈਆ । ਮੈਂ ਉਚੀ ਉਚੀ ਦੇਵਾਂ ਹੋਕੇ, ਹੁਕਮ ਮਿਲਣਾ ਧੁਰਦਰਗਾਹੀਆ । ਤੇਰੇ ਚਰਨ ਕੋਈ ਨਾ ਪਹੁੰਚੇ, ਪਰਪੰਚ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਭਗਤੋ ਤੁਹਾਡੀ ਗੋਲੀ, ਗ਼ੁਲਾਮ ਜਗਤ ਅਖਵਾਈਆ । ਧੁਰ ਦੀ ਰਮਜ਼ ਸਮਝ ਕੇ ਬੋਲੀ, ਅਨਬੋਲਤ ਰਾਗ ਸਮਝਾਈਆ । ਆ ਗਈ ਉਪਰ ਧੌਲੀ, ਧਵਲ ਵੇਖ ਵਖਾਈਆ । ਪਿਆਰ ਮੁਹੱਬਤ ਵਿਚ ਮੌਲੀ, ਮੇਲਾ ਮੇਲ ਮਿਲ ਕੇ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਦੇ ਉਠਾਈਆ । ਸਦੀ ਚੌਧਵੀ ਕਹੇ ਜਨ ਭਗਤੋ ਦਿਆਂ ਇਸ਼ਾਰਾ, ਐਸ਼ ਨਾਲ ਜਣਾਈਆ । ਵੇਖੋ ਖੇਲ ਸੱਚੀ ਸਰਕਾਰਾ, ਹਰਿ ਕਰਤਾ ਆਪ ਕਰਾਈਆ । ਜੋ ਆਦਿ ਜੁਗਾਦੀ ਇਕ ਅਵਤਾਰਾ, ਨਰ ਨਰਾਇਣ ਅਖਵਾਈਆ । ਗੁਰ ਅਵਤਾਰ ਪੈਗ਼ੰਬਰਾਂ ਬਣ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਨਾਮ ਕਲਮਾ ਦੇ ਅਪਾਰਾ, ਅਪਰੰਪਰ ਸੁਆਮੀ ਕਰੇ ਪੜ੍ਹਾਈਆ । ਲੱਖ ਚੁਰਾਸੀ ਲਾ ਅਖਾੜਾ, ਚਾਰੇ ਖਾਣੀ ਫੋਲ ਫੁਲਾਈਆ । ਲੇਖਾ ਜਾਣ ਜੰਗਲ ਜੂਹ ਉਜਾੜ

ਪਹਾੜਾ, ਟਿੱਲੇ ਪਰਬਤ ਫੋਲ ਫੁਲਾਈਆ । ਨਿਰਗੁਣ ਸਰਗੁਣ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਖੋਲ੍ਹ ਕੇ ਦੱਸਾਂ ਪੜਦਾ, ਅਗਲਾ ਭੇਵ ਖੁਲ੍ਹਾਈਆ । ਵੇਖ ਕੇ ਲਹਿੰਦਾ ਚੜ੍ਹਦਾ, ਪਹਾੜ ਦੱਖਣ ਅੱਖ ਉਠਾਈਆ । ਐਉਂ ਜਾਪਿਆ ਪੁਰਖ ਅਗੰਮਾ ਖੇਲ ਕਰਦਾ, ਕਰਨੀ ਦਾ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਦੱਸਾਂ ਸਚ ਅੱਜ, ਧਰਮ ਦੀ ਧਾਰ ਸੁਣਾਈਆ । ਵੇਖੋ ਖੇਲ ਉਪਰ ਸ਼ਾਹ ਰਗ, ਹਰਿ ਕਰਤਾ ਕੀ ਜਣਾਈਆ । ਜਿਨ੍ਹਾਂ ਦਾ ਨਾਤਾ ਟੁੱਟਣਾ ਜਗ, ਦਿਨ ਥੋੜ੍ਹੇ ਪੰਧ ਮੁਕਾਈਆ । ਮਾਨਸ ਜਨਮ ਦੀ ਮੁੱਕਣ ਵਾਲੀ ਹੱਦ, ਅੱਗੇ ਕ਼ਦਮ ਨਾ ਕੋਇ ਟਿਕਾਈਆ । ਮੈਂ ਸੁਣ ਕੇ ਹੁਕਮ ਸੰਦੇਸੇ ਵਾਲਾ ਛਦ, ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਪਿਛਲਾ ਦੱਸਾਂ ਲੇਖਾ, ਜਗਤ ਲਿਖਤ ਨਾ ਕੋਇ ਵਡਿਆਈਆ । ਖੇਲ ਵੇਖਿਆ ਵਿਚ ਅਰਬ ਦੇਸਾ, ਬਾਲੂ ਰੇਤ ਰਹੀ ਕੁਰਲਾਈਆ । ਪਾਣੀ ਢੋਣਾ ਜਿਨ੍ਹਾਂ ਦਾ ਪੇਸ਼ਾ, ਮਸ਼ਕਾਂ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਰੋਵਾਂ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਦਰੋਹੀ ਮੇਰੇ ਪਰਵਰਦਿਗਾਰ, ਤੇਰੀ ਸਰਨ ਸਰਨਾਈਆ । ਪਿਛਲਾ ਲੇਖਾ ਰਹੀ ਵਿਚਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੁਹੰਮਦ ਵੇਲੇ ਦੇ ਓਹ ਹੱਕਦਾਰ, ਹਕੀਕ਼ਤ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੰਗਣ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ, ਮੇਰੀ ਚਲੇ ਨਾ ਕੋਇ ਚਤੁਰਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਨੇਤਰ ਨੈਣਾਂ ਨੀਰ ਵਹਾਈਆ । ਬੇਸ਼ਕ ਲੋਕਮਾਤ ਵਿਚ ਕੋਟਨ ਮਰ ਗਏ ਲੱਖਾਂ, ਅਨਗਿਣਤ ਆਪਣਾ ਆਪ ਤਜਾਈਆ । ਸੜ ਗਏ ਨਾਲ ਕੱਖਾਂ, ਗੋਰਾਂ ਵਿਚ ਬੈਠੇ ਢੇਰੀਆਂ ਢਾਹੀਆ । ਮੈਂ ਮੰਗਦੀ ਜਨ ਭਗਤਾਂ ਦੀਆਂ ਰੱਖਾਂ, ਨਿਮਾਣੀ ਹੋ ਕੇ ਸੀਸ ਨਿਵਾਈਆ । ਜਨ ਭਗਤੋ ਮਾਰਦੀ ਨਹੀਂ ਗੱਪਾਂ, ਪੱਪਾ ਪੂਰਨ ਬ੍ਰਹਮ ਦ੍ਰਿੜਾਈਆ । ਮੇਰਾ ਨਾਤਾ ਜੁੜਿਆ ਪੱਕਾ, ਪਾਰਬ੍ਰਹਮ ਸਰਨਾਈਆ । ਮੱਕਾ ਮਦੀਨਾ ਦਿਤਾ ਧੱਕਾ, ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਉਠਾਈਆ । ਸਦੀ ਚੌਧਵੀ ਕਹੇ ਮੇਰੇ ਗੋਬਿੰਦ ਆ ਗਿਆ ਕੋਲ, ਆਪਣਾ ਪੰਧ ਮੁਕਾਈਆ । ਸ਼ਬਦੀ ਧਾਰ ਗਿਆ ਬੋਲ, ਅਨਬੋਲਤ ਰਾਗ ਸੁਣਾਈਆ । ਸੁੱਤੀ ਰਹੋ ਨਾ ਮੂਲ ਅਨਭੋਲ, ਆਲਸ ਨਿੰਦਰਾ ਦੇ ਤਜਾਈਆ । ਮੇਰਾ ਨਾਮ ਵਜਾ ਢੋਲ, ਡੰਕਾ ਧੁਰਦਰਗਾਹੀਆ । ਸਚ ਦਵਾਰਾ ਦੇਵਾਂ ਖੋਲ੍ਹ, ਖ਼ਾਲਕ ਖ਼ਲਕ ਇਕ ਦ੍ਰਿੜਾਈਆ । ਹਰ ਘਟ ਅੰਤਰ ਜਾਵਾਂ ਮੌਲ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੋਬਿੰਦ ਮੈਨੂੰ ਮਾਰਦਾ ਮੁੱਕਾ, ਹੌਲੀ ਹੌਲੀ ਜਗਾਈਆ । ਵੇਖ ਪਿਛਲਾ ਭੰਨਿਆ ਹੁੱਕਾ, ਹੁਕਮ ਅੱਗੇ ਬੇਪ੍ਰਵਾਹੀਆ । ਪਿਛਲਾ ਰਿਹਾ ਕੋਈ ਨਾ ਦੁੱਖਾ, ਦੁੱਖ ਦਰਦ ਗਵਾਈਆ । ਸੁਫਲ ਕਰ ਕੇ ਕੁੱਖਾ, ਕੁਲੱਖਣੀ ਦਏ ਵਡਿਆਈਆ । ਉਜਲ

ਕਰ ਕੇ ਮੁਖਾ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਗੋਬਿੰਦ ਮੈਨੂੰ ਦਿਤਾ ਹੁਲਾਰਾ, ਸਹਿਜ ਨਾਲ ਹਿਲਾਈਆ । ਕਮਲੀਏ ਓਹ ਵੇਖ ਮੇਰਾ ਦੁਲਾਰਾ, ਜਿਸ ਦਾ ਅੰਤਮ ਨੇੜੇ ਆਈਆ । ਨਾਤਾ ਤੁੱਟਣ ਵਾਲਾ ਸੰਸਾਰਾ, ਤਨ ਵਜੂਦ ਹੋਏ ਜੁਦਾਈਆ । ਛਡਣਾ ਪਏ ਘਰ ਬਾਹਰਾ, ਬੰਸ ਸਰਬੰਸ ਤਜਾਈਆ । ਔਣਾ ਪਏ ਚਰਨ ਦਵਾਰਾ, ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਭਗਤਾਂ ਦੀ ਕਰਨੀ ਕ਼ਦਰ, ਕ਼ੁਦਰਤ ਦੇ ਮਾਲਕ ਧਿਆਨ ਲਗਾਈਆ । ਆਪਣੀ ਆਸਾ ਪੂਰੀ ਕਰਨੀ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਬੇਸ਼ਕ ਤੇਰੇ ਲਖਤੇ ਜਿਗਰ, ਪੂਤ ਸਪੂਤ ਵਡਿਆਈਆ । ਮੈਂ ਸੇਵਾ ਕਰਨੀ ਮਹੀਨਾ ਮੱਘਰ, ਫਿਰਾਂ ਚਾਈਂ ਚਾਈਂਆ । ਤੇਰੇ ਕੋਲੋਂ ਕਰੌਣਾ ਅਦਲ, ਇਨਸਾਫ਼ ਇਕ ਵਡਿਆਈਆ । ਭਾਗ ਲਗੌਣਾ ਕਾਇਆ ਮਾਟੀ ਬਦਨ, ਬਦਲਾ ਦਿਆਂ ਚੁਕਾਈਆ । ਆਪਣਾ ਪੂਰਾ ਲਾਵਾਂ ਯਤਨ, ਯਥਾਰਥ ਦਿਆਂ ਦ੍ਰਿੜਾਈਆ । ਆ ਗਈ ਤੇਰੇ ਪਤਣ, ਡੇਰਾ ਕੰਢੀ ਉਤੇ ਰਖਾਈਆ । ਗੁਰਮੁਖ ਸਖ਼ੀਆਂ ਵਿਚ ਵਸਣ, ਵਾਸਤਾ ਤੇਰੇ ਨਾਲ ਜੁੜਾਈਆ । ਮੇਰਾ ਪੂਰਾ ਕਰਨਾ ਬਚਨ, ਬੱਚਿਆਂ ਵਾਂਗ ਝੋਲੀ ਰਹੀ ਡਾਹੀਆ । ਜੇ ਤੂੰ ਆਇਉਂ ਇਨ੍ਹਾਂ ਰੱਖਣ, ਏਕਾ ਕਰੀਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦੇਣਾ ਚੁਕਾਈਆ । ਗੋਬਿੰਦ ਕਹੇ ਸਦੀ ਚੌਧਵੀਂ ਪਿਛੇ ਕਰ ਧਿਆਨ, ਤੈਨੂੰ ਦਿਆਂ ਜਣਾਈਆ । ਭੈਣਾਂ ਭਰਾਵਾਂ ਦੀ ਹੋਵੇ ਪਹਿਚਾਨ, ਪੜਦਾ ਉਹਲਾ ਰਹੇ ਨਾ ਰਾਈਆ । ਇਹ ਧਰਮ ਦਾ ਖੇਲ ਮਹਾਨ, ਕਰਮ ਕਾਂਡ ਦਾ ਡੇਰਾ ਢਾਹੀਆ । ਮੇਰੀ ਸਹਿਜੇ ਪਿਛੇ ਹੋਈ ਜ਼ਬਾਨ, ਉਹਨੂੰ ਪੂਰਾ ਦੇਣਾ ਕਰਾਈਆ । ਜਿਸ ਵੇਲੇ ਯੁੱਧ ਹੁੰਦਾ ਸੀ ਘਮਸਾਨ, ਚਮਕੌਰ ਵਿਚ ਦੁਹਾਈਆ । ਗੁਰਸਿਖ ਕਰ ਪ੍ਰਵਾਨ, ਤਾਜ ਸੀਸ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਕਹੇ ਸਦੀ ਚੌਧਵੀਂ ਪਿਛੇ ਮਾਰੇ ਝਾਕੀ, ਆਪਣਾ ਨੈਣ ਉਠਾਈਆ । ਜਿਸ ਨੂੰ ਤਾਜ ਦਿਤਾ ਉਸ ਦੇ ਤਿੰਨ ਭਰਾ ਤੇ ਦੋ ਭੈਣਾਂ ਪਿਛੇ ਸੀ ਬਾਕੀ, ਬੰਸ ਸਰਬੰਸ ਸੋਹਣਾ ਸੋਭਾ ਪਾਈਆ । ਉਸ ਦੀ ਖ਼ਾਹਿਸ਼ ਉਨ੍ਹਾਂ ਦਾ ਲੇਖਾ ਲੇਖੇ ਵਿਚ ਰਿਹਾ ਵਾਚੀ, ਅੰਦਰੇ ਅੰਦਰ ਅੱਖ ਖੁਲ੍ਹਾਈਆ । ਡਰਦਾ ਮੁਖ ਕਹੇ ਨਾ ਬਾਤੀ, ਰਸਨਾ ਜਿਹਵਾ ਨਾ ਕੋਇ ਜਣਾਈਆ । ਗੋਬਿੰਦ ਇਕ ਫੜਾ ਕੇ ਲਾਚੀ, ਥਾਪੀ ਪੁਸ਼ਤ ਪਨਾਹ ਟਿਕਾਈਆ । ਫ਼ਿਕਰ ਨਾ ਕਰ ਤੇਰੇ ਫੇਰ ਬਣਾ ਦਿਆਂ ਸਾਥੀ, ਜੰਮਣ ਵਾਲੀ ਵਖਰੀ ਵਖਰੀ ਹੋਵੇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਕਿਹਾ ਸਦੀ ਚੌਧਵੀਂ ਪਿਛੇ ਰਖ ਉਡੀਕ, ਤੈਨੂੰ ਦਿਆਂ ਵਖਾਈਆ । ਬਿਨ ਅੱਖਰਾਂ ਤੋਂ ਵੇਖ ਤਵਾਰੀਖ, ਤਾਰੀਖ ਹਿੰਦਸਿਆਂ ਨਾਲ ਨਾ ਕੋਇ ਜਣਾਈਆ । ਜਿਸ ਦੀ ਮੇਰੇ ਨਾਲ ਪ੍ਰੀਤ, ਪ੍ਰੀਤਮ ਹੋ ਕੇ ਹੋਵਾਂ ਸਹਾਈਆ । ਮੇਰੀ ਪੌਣੀ ਉਤੇ ਲੀਕ, ਤਸਦੀਕ਼ ਪੁਰਖ ਅਕਾਲ ਕੋਲੋਂ ਕਰਵਾਈਆ । ਜੋ ਕਰਾਂ ਸੋ ਜੁਗ ਜੁਗ ਠੀਕ, ਠਾਕਰ ਹੋ ਕੇ ਆਪਣਾ ਹੁਕਮ ਮਨਾਈਆ । ਮੇਰੇ ਵਿਚ ਓਹ ਤੌਫ਼ੀਕ, ਜੋ ਤਰਫ਼ ਦੋਤਰਫ਼ ਯਕਤਰਫ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਨਰੈਣ ਸਿੰਘ ਦੇ ਉਹ ਭੈਣ ਭਰਾ, ਮੈਨੂੰ ਪਿਛਲੇ ਨਜ਼ਰੀ ਆਈਆ । ਜਿਸ ਦਾ ਸ਼ਬਦ ਗੁਰੂ ਗੁਆਹ, ਸੰਦੇਸੇ ਘਰ ਘਰ ਰਿਹਾ

ਪੁਚਾਈਆ । ਦਲੀਪ ਸਿੰਘ ਜੰਡਿਆਲੇ ਵਾਲਾ ਸਮਝਾ, ਜਿਸ ਦੀ ਨੌ ਮੱਘਰ ਨੂੰ ਹੋਣੀ ਸੀ ਜੁਦਾਈਆ । ਜੰਡਿਆਲੇ ਵਿਚੋਂ ਮਹਿੰਦਰ ਕੌਰ ਦੁਆਬਿਉਂ ਲਈ ਉਠਾ, ਨੰਨ੍ਹੀ ਬੱਚੀ ਚਲ ਕੇ ਆਈਆ । ਮੇਰਾ ਪਿਛਲਾ ਨਾ ਮਰੇ ਭਰਾ, ਪ੍ਰਭੂ ਤੇਰੇ ਅੱਗੇ ਦੁਹਾਈਆ । ਮੈਂ ਸਗਣ ਲਵਾਂ ਮਨਾ, ਸਭ ਕੁਛ ਤੇਰੀ ਭੇਟ ਚੜ੍ਹਾਈਆ । ਜਿਸ ਥਾਲੀ ਵਿਚ ਖਾਣਾ ਦੇਵਾਂ ਖੁਵਾ, ਓਹ ਵੀ ਚੁਕ ਲਿਆਈਆ । ਪਗੜੀ ਸੀਸ ਵਾਲੀ ਉਠਾ, ਭੱਜੀ ਵਾਹੋ ਦਾਹੀਆ । ਜੇ ਇਕ ਵਾਰੀ ਲਏਂ ਬਚਾ, ਹੋਵੇਂ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸ਼ਾ ਪੂਰ ਕਰਾਈਆ । ਮਹਿੰਦਰੋ ਕਹੇ ਮੇਰਾ ਹੋਰ ਇਕ ਵੀਰਾ, ਸਚ ਦਿਆਂ ਸੁਣਾਈਆ । ਉਹਦੀ ਬਦਲ ਦੇ ਤਕਦੀਰਾ, ਤੇਰੀ ਬੇਪ੍ਰਵਾਹੀਆ । ਓਹਦੇ ਵਾਸਤੇ ਹੋਰ ਲਿਆਈ ਚੀਰਾ, ਚਿਰੀ ਵਿਛੁੰਨੇ ਜੋੜ ਜੁੜਾਈਆ । ਅੱਗੇ ਦਿਸੇ ਰਾਹ ਭੀੜਾ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਮੇਰਾ ਨੇਤਰ ਵਗੇ ਨੀਰਾ, ਲੋਚਨ ਰਹੇ ਕੁਰਲਾਈਆ । ਸ਼ਹਾਦਤ ਦੇਵੇ ਭਗਤ ਕਬੀਰਾ, ਕ਼ਬਰਾਂ ਤੋਂ ਬਾਹਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੈਨੂੰ ਦਿਸਦਾ ਸਿੰਘ ਕੁੰਦਨ, ਮਾਲ ਚੱਕ ਵਡਿਆਈਆ । ਮੈਂ ਉਹਦੇ ਘਰ ਦਿਆਂ ਦੇ ਅੱਥਰੂ ਜਾਵਾਂ ਪੂੰਝਣ, ਨੈਣਾਂ ਕਰਾਂ ਸਫ਼ਾਈਆ । ਸਾਚਾ ਥਾਂ ਜਾਵਾਂ ਹੂੰਝਣ, ਰੀਤੀ ਪ੍ਰੇਮ ਵੰਡ ਵੰਡਾਈਆ । ਵੇਖਾਂ ਖੇਲ ਨੈਣ ਮੂੰਦਨ, ਸਾਹਿਬ ਤੇਰੀ ਸਰਨਾਈਆ । ਗੁਰਮੁਖਾਂ ਜਾਵਾਂ ਪੂਜਣ, ਜੇ ਉਹਨਾਂ ਲਏਂ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਦੀ ਚੌਧਵੀਂ ਕਹੇ ਮੇਰੀ ਤੇਰੇ ਚਰਨਾਂ ਆਵਾਜ਼, ਕੂਕ ਕੂਕ ਸੁਣਾਈਆ । ਸੁੱਤੀ ਦੀ ਖੁਲ੍ਹੀ ਜਾਗ, ਲਈ ਮਾਤ ਅੰਗੜਾਈਆ । ਜਨ ਭਗਤਾਂ ਫੜ ਵਾਗ, ਤੇਰੇ ਹੱਥ ਵਡਿਆਈਆ । ਗੁਰਮੁਖ ਦੀ ਲੱਜਿਆ ਰਖ ਆਜ, ਹੋਏ ਨਾ ਮਾਤ ਜੁਦਾਈਆ । ਇਹ ਜਨਮ ਮਰਨ ਦਾ ਤੇਰੇ ਹੱਥ ਕਾਜ, ਦੂਸਰ ਦੇਵੇ ਨਾ ਕੋਇ ਸਜ਼ਾਈਆ । ਮੈਂ ਚਾਹੁੰਦੀ ਅੱਗੇ ਤੋਂ ਤੇਰਾ ਬਦਲ ਜਾਏ ਰਵਾਜ, ਬਿਨਾ ਤੇਰੇ ਹੁਕਮ ਤੋਂ ਗੁਰਮੁਖ ਮਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਸਦੀ ਚੌਧਵੀਂ ਕਹੇ ਦੇ ਦੇ ਅੰਮ੍ਰਿਤ ਨਾਮ ਘੁਟ, ਘੁਟਨੇ ਟੇਕ ਕੇ ਦਿਆਂ ਦੁਹਾਈਆ । ਮੈਨੂੰ ਐਂ ਦਿਸਦਾ ਨਰਾਇਣ ਸਿੰਘ ਦਾ ਇੱਕੀ ਮੱਘਰ ਨੂੰ ਨਾਤਾ ਜਾਣਾ ਸੀ ਟੁੱਟ, ਹੁੰਦੀ ਜਗਤ ਜੁਗ ਜੁਦਾਈਆ । ਘਰ ਦਿਆਂ ਨਾਲੋਂ ਜਾਣਾ ਸੀ ਰੁੱਠ, ਰੁੱਸਿਆਂ ਨਾ ਕੋਇ ਮਨਾਈਆ । ਏਸੇ ਕਾਰਨ ਤਿੰਨ ਮਹੀਨੇ ਲੰਘਾਏ ਕਰ ਕੇ ਚੁਪ, ਚਰਨ ਚਰਨ ਨਾ ਕੋਇ ਉਠਾਈਆ । ਸਦਾ ਕਰਦਾ ਰਿਹਾ ਪੁਛ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਗ੍ਰਿਹਿ ਸੁਹਾਓ ਰੁੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਨਰਾਇਣ ਸਿੰਘ ਨੂੰ ਬਖ਼ਸ਼ ਦੇ ਦਾਤ, ਦਾਤੇ ਦਾਨੀ ਤੇਰੀ ਸਰਨਾਈਆ । ਬੀਬੀ ਮਹਿੰਦਰੋ ਉਹਦੇ ਲਈ ਲੈ ਕੇ ਆਈ ਸੌਗ਼ਾਤ, ਪਗੜੀ ਆਪਣੇ ਕੰਧ ਉਠਾਈਆ । ਸਾਡੀ ਭੈਣ ਭਰਾਵਾਂ ਦੀ ਗੋਬਿੰਦ ਤੇਰੇ ਚਰਨਾਂ ਵਿਚ ਬਣੀ ਰਹੇ ਜਮਾਤ, ਅੱਗੇ ਨਾ ਹੋਵੇ ਜੁਦਾਈਆ । ਕਿਸੇ ਕੰਮ ਨਹੀਂ ਔਣੀ ਮਿੱਟੀ ਰਾਖ, ਹੱਡੀਆਂ ਬਾਲਣ ਦੇਣ ਜਲਾਈਆ । ਜੇ ਭਗਤਾਂ ਪੁਛੇਂ ਵਾਤ, ਦਾਤਾ ਹੋ ਕੇ ਧੁਰਦਰਗਾਹੀਆ । ਮੇਰੀ ਲੇਖੇ ਲੱਗ ਜਾਏ ਅੱਜ ਦੀ ਰਾਤ, ਰੁਤੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ ਮੈਨੂੰ ਔਂਦਾ ਜਾਂਦਾ

ਚੇਤਾ, ਚੇਤਨ ਰਿਹਾ ਕਰਾਈਆ । ਪੁਰਖ ਅਕਾਲ ਵੇਖ ਕੇ ਇਕੋ ਨੇਤਾ, ਮੇਰੇ ਨੇਤਰ ਦੇਣ ਦੁਹਾਈਆ । ਭਗਤ ਉਧਾਰਨਾ ਜਿਸ ਕੋਲ ਠੇਕਾ, ਗੁਰ ਅਵਤਾਰ ਪੈਗ਼ੰਬਰਾਂ ਪੈਂਡਾ ਦਿਤਾ ਮੁਕਾਈਆ । ਜੋਤ ਸਰੂਪੀ ਧਾਰ ਕੇ ਭੇਖਾ, ਲੋਕਮਾਤ ਆਇਆ ਚਾਈਂ ਚਾਈਆ । ਸ਼ਾਹੋ ਭੂਪ ਬਣ ਨਰੇਸ਼ਾ, ਨਿਰਗੁਣ ਨਿਰਵੈਰ ਵੇਖ ਵਖਾਈਆ । ਨਾ ਕੋਈ ਮੁੱਛ ਦਾੜ੍ਹੀ ਕੇਸਾ, ਕ਼ਿਸਮਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਹਿੰਦਰੋ ਕਹੇ ਮੇਰੀ ਹੋਰ ਇਕ ਅਰਦਾਸ, ਸਚ ਦਿਆਂ ਜਣਾਈਆ । ਮੈਂ ਗੁਲਜ਼ਾਰ ਸਿੰਘ ਦੇ ਜਾਣਾ ਪਾਸ, ਜੋ ਪਿਛਲਾ ਮੇਰਾ ਭਾਈਆ । ਓਸ ਦੀ ਆਯੂ ਰਹਿੰਦੀ ਸਿਰਫ਼ ਤਿੰਨ ਮਾਸ, ਅੱਗੇ ਹੋਰ ਨਾ ਕੋਇ ਵਧਾਈਆ । ਏਸੇ ਕਰ ਕੇ ਮੈਂ ਚੌਥੀ ਪਗੜੀ ਲੈ ਕੇ ਆਈ ਖ਼ਾਸ, ਸਿਰ ਭਰਾਵਾਂ ਆਵਾਂ ਬੰਨ੍ਹਾਈਆ । ਜੀਂਵਦਿਆਂ ਦੀ ਬਣੀ ਰਹੇ ਜਮਾਤ, ਵਜਦੀ ਰਹੇ ਵਧਾਈਆ । ਮੈਂ ਚਾਹੁੰਦੀ ਭਾਗਾਂ ਵਾਲੀ ਹੋਵੇ ਭਲਕ ਦੀ ਰਾਤ, ਸਿੰਘ ਦਲੀਪ ਸਿਰ ਪਗੜੀ ਦਿਆਂ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਫੇਰ ਓਦੂੰ ਅਗਲਾ ਆਵੇ ਭਲਕ, ਭਰਮ ਦਏ ਮਿਟਾਈਆ । ਮਾਲਕ ਹੋ ਕੇ ਖ਼ਾਲਕ ਖ਼ਲਕ, ਖ਼ਾਲਸ ਰੰਗ ਰੰਗਾਈਆ । ਦੇ ਕੇ ਆਪਣੀ ਝਲਕ, ਨੂਰ ਜੋਤ ਰੁਸ਼ਨਾਈਆ । ਡੇਰਾ ਢਾਹ ਕੇ ਮੌਤ ਮਲਕ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰਾਇਣ ਸਿੰਘ ਨੈਣ ਮਿਲਾਈਆ । ਪਗੜੀ ਕਹੇ ਮੈਂ ਗੋਬਿੰਦ ਵਾਲੀ ਦਸਤਾਰ, ਦਸਤ ਨਾਲ ਵਡਿਆਈਆ । ਮੇਰਾ ਫੇਰ ਵੇਖਿਓ ਪਰਸੋਂ ਹੁੰਦਾ ਵਿਹਾਰ, ਕੀ ਕਰਤਾ ਕਾਰ ਕਮਾਈਆ । ਜਿਹੜਾ ਲੇਖ ਲਿਖਿਆ ਨਹੀਂ ਵਿਚ ਸੰਸਾਰ, ਉਹਦਾ ਲਹਿਣਾ ਦਏ ਜਣਾਈਆ । ਪਿਛਲਾ ਕ਼ਰਜ਼ਾ ਦਏ ਉਤਾਰ, ਜੋ ਗੋਬਿੰਦ ਕੰਨਾਂ ਵਿਚ ਗਿਆ ਸੁਣਾਈਆ । ਦੂਜਾ ਸੁਣੇ ਨਾ ਕੋਇ ਗੁਫ਼ਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਦੀ ਚੌਧਵੀਂ ਕਹੇ ਮੈਨੂੰ ਖ਼ੁਸ਼ੀ ਹੋਵੇ ਹੱਬ, ਸਚ ਦਿਆਂ ਜਣਾਈਆ । ਜਿਸ ਵੇਲੇ ਕੁੰਦਨ ਸਿੰਘ ਦੇ ਘਰ ਦੀ ਵੇਖਾਂ ਹੱਦ, ਬੇਹਦ ਨਾਲ ਵਡਿਆਈਆ । ਉਹਦੇ ਸਿਰ ਉਤੇ ਗੁਰਮੁਖ ਸਿੰਘ ਬੰਨ੍ਹੇ ਪੱਗ, ਰਵਦਾਸ ਚਮਾਰਾ ਸੰਗ ਨਿਭਾਈਆ । ਧਰਮ ਨਗਾਰਾ ਜਾਵੇ ਵੱਜ, ਵਜਦੀ ਰਹੇ ਵਧਾਈਆ । ਗੁਰਮੁਖ ਪ੍ਰਭ ਦਾ ਭਾਣਾ ਵੇਖਣ ਜਗ, ਕੀ ਕਰਤਾ ਖੇਲ ਖਿਲਾਈਆ । ਛੇਤੀ ਸੜਨਾ ਪਏ ਨਾ ਵਿਚ ਅੱਗ, ਅਗਨੀ ਦਾ ਡੇਰਾ ਢਾਹੀਆ । ਅਗਲੇ ਦਿਨ ਓਥੋਂ ਭੱਜ, ਗੁਲਜ਼ਾਰ ਸਿੰਘ ਲੈਣਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਗੁਲਜ਼ਾਰ ਸਿੰਘ ਨੂੰ ਪੱਗ ਬੰਨ੍ਹਣੀ ਪੁੱਠੀ, ਪੁੱਠੀ ਕਲਾ ਭੁਆਈਆ । ਜਿਸ ਕਾਰਨ ਮੈਂ ਮੁਹੰਮਦ ਨਾਲੋਂ ਰੁੱਠੀ, ਸਦੀ ਚੌਧਵੀਂ ਦਏ ਸਮਝਾਈਆ । ਹੁਣ ਲੁਕੀ ਨਹੀਂ ਰਹਿਣਾ ਵਿਚ ਗੁੱਠੀ, ਪੜਦੇ ਸਭ ਦੇ ਫੋਲ ਫੁਲਾਈਆ । ਜੇ ਮੈਂ ਵੀ ਗਈ ਲੁੱਟੀ, ਲੁਟੌਣੀ ਜਗਤ ਲੋਕਾਈਆ । ਮੇਰੀ ਪ੍ਰੀਤ ਪ੍ਰਭੂ ਨਾਲੋਂ ਨਹੀਂ ਟੁੱਟੀ, ਟੋਟੇ ਪੈਣੇ ਸਾਰੇ ਦੇਣੇ ਤਜਾਈਆ । ਬਥੇਰੇ ਮੈਨੂੰ ਫੜਦੇ ਰਹੇ ਕੋਲੋਂ ਗੁੱਟੀਂ, ਆਪਣੇ ਵੱਲ ਖਿਚਾਈਆ । ਮੈਂ ਦੋਵੇਂ ਮੀਟ ਕੇ ਮੁੱਠੀ, ਅੰਗੂਠੇ ਸਭ ਨੂੰ ਆਈ ਵਖਾਈਆ । ਚੌਦਾਂ ਤਬਕਾਂ ਟੰਗ ਕੇ ਪੁੱਠੀ ਜੁੱਤੀ, ਜੁਏਬਾਜ਼ਾਂ ਆਈ ਹਰਾਈਆ । ਇਸ਼ਾਰਾ ਦੇ ਕੇ ਆਈ ਰੁੱਖੀ ਰੁੱਖੀ, ਕਲਮਿਆਂ ਵਿਚ ਸਮਝਾਈਆ । ਤੁਸੀਂ ਸਾਰੇ ਕੱਟੋ ਪ੍ਰਭ ਦੀ ਬੁੱਤੀ, ਬੁਤਖ਼ਾਨਿਆਂ ਵਿਚ ਵੜ ਕੇ ਦਿਓ ਦੁਹਾਈਆ । ਮੇਰੀ ਔਧ ਪਿਛਲੀ ਪੁੱਗੀ, ਪੈਂਡਾ ਲਿਆ ਮੁਕਾਈਆ । ਤੁਹਾਡੇ ਕੋਲ


੪੭੪
੨੧

ਗੁਟਕੂੰ ਗੁਟਕੂੰ ਕਰਨ ਵਾਲੀ ਘੁੱਗੀ, ਘੁੰਮਣ ਘੇਰੀ ਵਿਚ ਅਟਕਾਈਆ । ਤੁਸੀਂ ਤੇ ਮੈਨੂੰ ਕਹਿੰਦੇ ਡੁੱਡੀ, ਮੈਂ ਡੌਰੂ ਡੰਕ ਖੜਕਾਈਆ । ਖੁਸ਼ੀਆਂ ਵਿਚ ਪਾਵਾਂ ਲੁੱਡੀ, ਲੋਹੜੇ ਪੈਣਿਉਂ ਤੁਹਾਨੂੰ ਦਿਆਂ ਸਮਝਾਈਆ । ਪੈਗ਼ੰਬਰ ਹੋ ਕੇ ਮੇਰੇ ਪ੍ਰਭ ਦੀ ਰਮਜ਼ ਨਾ ਸੁੱਝੀ, ਸੁਤਿਆਂ ਦਿਆਂ ਉਠਾਈਆ । ਤੁਹਾਡੀ ਸ਼ਰਅ ਬੰਦ ਕਰਾਵਾਂ ਵਿਚ ਕੁੱਜੀ, ਕੂਜ਼ਾ ਸਭ ਨੂੰ ਇਕ ਵਖਾਈਆ । ਚਾਰ ਕੁੰਟ ਵੇਖੋ ਭ੍ਰਿਸ਼ਟ ਹੋਈ ਬੁੱਧੀ, ਸਾਚਾ ਇਸ਼ਟ ਨਾ ਕੋਇ ਰਖਾਈਆ । ਬਿਨਾ ਵਹਿਣ ਤੋਂ ਦੁਨੀਆਂ ਸਾਰੀ ਡੁੱਬੀ, ਪੀਰ ਪੈਗ਼ੰਬਰ ਨਾ ਕੋਇ ਤਰਾਈਆ । ਮੈਂ ਹੱਸਾਂ ਕੁੱਦਾਂ ਤੁਸੀਂ ਰੋਣਾ ਸਭ ਨੇ ਭੁੱਬੀਂ, ਹੌਕਿਆਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਐਂ ਦਿਸਦਾ ਗੋਬਿੰਦ ਨੇ ਨਰਾਇਣ ਸਿੰਘ ਦੇ ਸਿਰ ਤੇ ਰਖਿਆ ਤਾਜ, ਤਾਜਾਂ ਵਾਲੇ ਦਿਤੀ ਵਡਿਆਈਆ । ਕੁਝ ਭੈਣ ਭਰਾਵਾਂ ਦਾ ਹੋਰ ਰਿਵਾਜ, ਜਗ ਦੀ ਰੀਤੀ ਚਲੀ ਆਈਆ । ਜਿਸ ਵੇਲੇ ਕੋਈ ਚੰਗਾ ਹੁੰਦਾ ਕਾਜ, ਘਰ ਘਰ ਵਜਦੀ ਵਧਾਈਆ । ਵੇਖੋ ਖੇਲ ਤੁਸੀਂ ਆਜ, ਅਜਬ ਲੀਲਾ ਰਿਹਾ ਬਣਾਈਆ । ਪਿਛਲਾ ਨਾਤਾ ਤੇ ਭਗਤਾਂ ਦਾ ਸਮਾਜ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਮੁਕਾਈਆ । ਇਨ੍ਹਾਂ ਦੀ ਦੂਜੀ ਭੈਣ ਵੇਖੋ ਮਨਜੀਤ, ਮੰਗੂ ਪੁਰੇ ਤੋਂ ਚਲ ਕੇ ਆਈਆ । ਦਲੀਪ ਸਿੰਘ ਦਾ ਸੁਆ ਕੇ ਕ਼ਮੀਜ਼, ਭੱਜੀ ਚਾਈਂ ਚਾਈਂਆ । ਕੁੰਦਨ ਸਿੰਘ ਦੇ ਕਰਨੀ ਰੀਝ, ਗਲ ਦੇਣਾ ਪਹਿਨਾਈਆ । ਗੁਲਜ਼ਾਰ ਸਿੰਘ ਨੂੰ ਏਸੇ ਨਾਲ ਦੇਣਾ ਪਤੀਜ, ਪ੍ਰੇਮ ਪਿਆਰ ਵਿਚ ਵਡਿਆਈਆ । ਕੁਛ ਰੁੜਕਿਉਂ ਆਈ ਚੀਜ਼, ਓਹ ਵੀ ਹੱਥ ਦੇਣੀ ਫੜਾਈਆ । ਸਦੀ ਚੌਧਵੀਂ ਕਹੇ ਮੈਂ ਬੁੱਢੀ ਹੋ ਗਈ ਬੁੱਢੜੀਏ ਤੇਰੀ ਕਰਦੀ ਉਡੀਕ, ਨਾਤਾ ਤੇਰੇ ਨਾਲ ਰਖਾਈਆ । ਮੈਂ ਭੁਲਦੀ ਨਹੀਂ ਤਾਰੀਖ, ਤਵਾਰੀਖ ਦਿਤੀ ਬਦਲਾਈਆ । ਮੈਂ ਵੇਂਹਦੀ ਰਹੀ ਕਿਸ ਤਰਾ ਕਬਾਬ ਭੁੰਨ ਕੇ ਖਾਂਦੇ ਉਪਰ ਸੀਖ, ਸਿਖ਼ਰ ਚੋਟੀ ਚੜ੍ਹ ਕੇ ਧਿਆਨ ਲਗਾਈਆ । ਵਾਹਵਾ ਮੇਰੇ ਪਰਵਰਦਿਗਾਰ ਕੀਤੀ ਤਸਦੀਕ, ਪੈਗ਼ੰਬਰਾਂ ਦੀ ਸ਼ਹਾਦਤ ਦਿਤੀ ਗਵਾਹੀਆ । ਮੈਨੂੰ ਓਸੇ ਉਤੇ ਉਮੀਦ, ਜੋ ਅਮਲਾਂ ਦੀ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਸੜਨ ਤੋਂ ਪਿੱਛੋਂ ਪਿੱਛੇ ਗੁਰਮੁਖੋ ਰਹਿ ਜਾਂਦਾ ਕੜਾ, ਹੱਡ ਨਾੜੀ ਮਾਸ ਨਜ਼ਰ ਕੋਇ ਨਾ ਆਈਆ । ਵੇਖਿਓ ਹੁਣ ਅੱਗੇ ਰਿਹੋ ਕੋਈ ਨਾ ਦੜਾ, ਖ਼ਾਲਸ ਗੁਰਮੁਖ ਲੈਣੇ ਬਣਾਈਆ । ਸਤਿਗੁਰ ਇਕੋ ਸ਼ਬਦ ਬੜਾ, ਜੁਗ ਜੁਗ ਦਾ ਪੰਧ ਮੁਕਾਈਆ । ਨਾ ਜਨਮਾ ਨਾ ਮਰਾ, ਮੜ੍ਹੀ ਗੋਰ ਨਾ ਕੋਇ ਦਫ਼ਨਾਈਆ । ਜਦ ਵੇਖੋ ਤੇ ਹਾਜ਼ਰ ਹਜ਼ੂਰ ਖੜ੍ਹਾ, ਪੜਦੇ ਅੰਦਰੋਂ ਦਏ ਚੁਕਾਈਆ । ਸਦਾ ਭਗਤਾਂ ਦਾ ਪਾਲੇ ਧੜਾ, ਦੂਸਰ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਜਨ ਭਗਤੋ ਗੁਰਮੁਖ ਸਭ ਤੋਂ ਹੁੰਦਾ ਚੰਗਾ, ਚੰਗੀ ਤਰਾ ਜਣਾਈਆ । ਗੁਰਮੁਖ ਦੀ ਨਿਸ਼ਾਨੀ ਗੋਬਿੰਦ ਦਾ ਕੰਘਾ, ਸ਼ਹਾਦਤ ਰਿਹਾ ਭੁਗਤਾਈਆ । ਹੱਡੀ ਕੋਈ ਸੁੱਟਣ ਨਾ ਜਾਵੇ ਕਿਸੇ ਗੰਗਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਰਾਹ ਤਕਾਈਆ । ਸਦੀ ਚੌਧਵੀਂ ਕਹੇ ਵੇਖ ਲਓ ਧੋਖਾ ਦੇਣ ਵਾਲਾ ਬਣ ਗਿਆ ਬੰਦਾ, ਭੁਲੇਖਿਆਂ ਵਿਚ ਭੁਲਾਈਆ । ਹੱਥ ਵਿਚ ਫੜ ਕੇ ਮੂਰਖਾਂ ਵਾਲਾ ਟੰਬਾ, ਸੱਤਰੰਗਾ ਰਿਹਾ ਹਿਲਾਈਆ । ਛੱਡ ਕੇ ਗੋਬਿੰਦ ਵਾਲਾ ਖੰਡਾ, ਧੁਰ ਦਾ ਹੁਕਮ ਰਿਹਾ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਆਖਿਆ ਪ੍ਰਭੂ ਤੂੰ ਕਦੇ ਨਾ ਹੋਵੀਂ ਰੰਡਾ, ਕਲੀਰੇ ਬੰਨ੍ਹ ਕੇ ਸਗਨ ਭਗਤਾਂ

ਨਾਲ ਮਨਾਈਆ । ਤੇਰਾ ਪਿਆਰ ਦੋ ਜਹਾਨ ਤੋਂ ਠੰਡਾ, ਠਾਕਰ ਤੇਰੇ ਦਵਾਰੇ ਨਜ਼ਰੀ ਆਈਆ । ਜਨ ਭਗਤਾਂ ਲੇਖ ਹੋਵੇ ਨਾ ਮੰਦਾ, ਮੰਦਭਾਗਾਂ ਲੈਣਾ ਤਰਾਈਆ । ਤੂੰ ਕੋਈ ਪੱਤਰੀ ਵਾਚਣ ਵਾਲਾ ਨਹੀਂ ਪੰਡਾ, ਗਰੋਹ ਕਾ ਗ੍ਰਿਹਿ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਜਿਸ ਦਾ ਤੇਰੇ ਨਾਲ ਪਿਆਰ, ਪੀਆ ਪ੍ਰੀਤਮ ਹੋਣਾ ਸਹਾਈਆ । ਕੂੜਾ ਝਗੜਾ ਦੇਣਾ ਨਿਵਾਰ, ਮਿਹਰ ਨਜ਼ਰ ਇਕ ਉਠਾਈਆ । ਮਾਇਆ ਦੀ ਵਾਸਨਾ ਨੌ ਦਵਾਰ, ਨੌ ਰੁਪਏ ਦੇਣ ਗਵਾਹੀਆ । ਦਵਾਰਿਉਂ ਲੰਘਾਏ ਸੱਚੀ ਸਰਕਾਰ, ਸ਼ਬਦ ਹੁਕਮ ਵਾਲਾ ਜਣਾਈਆ । ਰਸਨਾ ਨਾਲ ਨਹੀਂ ਕਿਹਾ ਪੁਕਾਰ, ਪਗੜੀ ਦਸਤਾਰ ਨਾਲ ਵਡਿਆਈਆ । ਥਾਲੀ ਗਿਲਾਸ ਲਿਆਏ ਉਠਾਲ, ਘਿਰਤ ਵਿਚ ਸਵਾ ਪਾ ਪਾਈਆ । ਭੈਣ ਕਹੇ ਪ੍ਰਭੂ ਮੇਰੇ ਭਰਾ ਦੇ ਜਵਾਲ, ਮੁਖ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਹੋਰ ਦੱਸਾਂ ਭਵਿਖਤ, ਹੱਥ ਗੁਰਮੁਖ ਨਾਲ ਮਿਲਾਈਆ । ਆਤਮਾ ਪਰਮਾਤਮਾ ਦਾ ਇਕੋ ਇਸ਼ਟ, ਦੂਸਰ ਨਜ਼ਰ ਕੋਇ ਨਾ ਆਈਆ । ਸ਼ਹਾਦਤ ਦੇਵੇ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਰਿਹਾ ਸਮਝਾਈਆ । ਜਨ ਭਗਤਾਂ ਦੀ ਬੁੱਧੀ ਕਦੇ ਨਾ ਹੋਵੇ ਭਰਿਸ਼ਟ, ਭਰਮ ਦਾ ਡੇਰਾ ਢਾਹੀਆ । ਗੁਲਜ਼ਾਰ ਸਿੰਘ ਦੇ ਕੋਲੋਂ ਔਣਾ ਕੌਰ ਤਰਿਪਤ, ਬਾਲਮੀਕ ਦਾ ਆਸਣ ਰਿਹਾ ਤਕਾਈਆ । ਓਥੇ ਦੱਸਣਾ ਲੇਖਾ ਟਾਂਕ ਜਿਸਤ, ਇਕ ਦੋ ਕਿਉਂ ਪ੍ਰਭ ਨੇ ਵੰਡ ਵੰਡਾਈਆ । ਕਿਹੜਾ ਸਵਰਗ ਤੇ ਕਿਹੜਾ ਬਹਿਸ਼ਤ, ਦੋਜ਼ਖ਼ ਦੀ ਅਗਨ ਕਵਣ ਤਪਾਈਆ । ਕੀ ਸੰਜੋਗ ਕੀ ਵਿਜੋਗ ਕੀ ਆਤਮਾ ਪਰਮਾਤਮਾ ਗ੍ਰਿਹਿਸਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਦ੍ਰਿੜਾਈਆ । ਪਾਲ ਸਿੰਘ, ਓਥੇ ਔਣਾ ਪਏ ਜ਼ਰੂਰ, ਬਾਲਮੀਕ ਤੇਰੀ ਧੂਣੀ ਦਏ ਦੁਹਾਈਆ । ਜਿਥੇ ਬੂਟਾ ਹੁੰਦਾ ਸੀ ਖਜੂਰ, ਸਤਾਈ ਹੱਥ ਸੋਭਾ ਪਾਈਆ । ਇਹ ਤਰਿਪਤ ਕੌਰ ਤੇਰਾ ਹੁੰਦਾ ਸੀ ਮਜ਼ਦੂਰ, ਪਾਣੀ ਲਿਆ ਕੇ ਤੇਰੀ ਸੇਵ ਕਮਾਈਆ । ਨੌ ਵਾਰ ਮਸਤਕ ਲੌਂਦਾ ਸੀ ਧੂੜ, ਸੀਸ ਚਰਨਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਬਾਲਮੀਕ ਦੀ ਤਿੰਨ ਚਾਰ ਦੀ ਹੁੰਦੀ ਸੀ ਬਸਤੀ, ਛੱਪਰ ਛੰਨ ਛੁਹਾਈਆ । ਜਿਥੇ ਪ੍ਰਭ ਦੀ ਵੇਖਦਾ ਸੀ ਹਸਤੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੁਹੱਬਤ ਮਿਲਦੀ ਸੀ ਸਸਤੀ, ਕ਼ੀਮਤ ਨਾ ਕੋਇ ਰਖਾਈਆ । ਮੰਜ਼ਲ ਸਦਾ ਮੁਕੀ ਸੀ ਸ਼ਾਹਰਗ ਦੀ, ਰਿਗ ਵੇਦ ਦਏ ਗਵਾਹੀਆ । ਪੂਜਾ ਛੱਡੀ ਲਾਲ ਅੱਗ ਦੀ, ਅਗਨੀ ਅੱਗ ਨਾ ਕੋਇ ਤਪਾਈਆ । ਲਹਿਰ ਛੱਡੀ ਨਸ਼ੇ ਮਦਿ ਦੀ, ਮਧੁਰ ਧੁਨ ਇਕ ਸ਼ਨਵਾਈਆ । ਜ਼ਾਤ ਵੇਖੀ ਅਲਾਹੀ ਰੱਬ ਦੀ, ਜੋ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਲਿਖਾਈਆ । ਬਾਲਮੀਕ ਤੇਰਾ ਓਹ ਸਥਾਨ, ਕੁਟੀਆ ਕਾਂਟਿਆਂ ਵਾਲੀ ਨਜ਼ਰੀ ਆਈਆ । ਜਿਥੇ ਛੁਪ ਛੁਪ ਔਂਦਾ ਸੀ ਭਗਵਾਨ, ਲੁਕ ਲੁਕ ਦਰਸ ਦਿਖਾਈਆ । ਸੋ ਦੇਵਣਹਾਰਾ ਦਾਨ, ਦਾਤਾ ਦਾਨੀ ਧੁਰਦਰਗਾਹੀਆ । ਓਥੇ ਹਰਿ ਸੰਗਤ ਤੇਰਾ ਹੋਵੇ ਪਕਵਾਨ, ਪੱਕੀ ਗੁਰਮੁਖਾਂ ਨਾਲ ਪਕਾਈਆ । ਸੱਤ ਰੰਗ ਦਾ ਖੜਨਾ ਨਾਲ ਨਿਸ਼ਾਨ, ਧਰਮ ਦੀ ਧਾਰ ਦੇਣਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਬਾਲਮੀਕ ਕਹੇ ਮੇਰੇ ਕੋਲ ਸਵਾ ਪੰਜ ਸੇਰ ਪਾਣੀ ਹੁੰਦਾ ਸੀ ਕੋਸਾ, ਕੁਸ਼ਲਤਾ ਨਾਲ ਸੁਣਾਈਆ । ਜਿਸ

ਵੇਲੇ ਬਹਿੰਦਾ ਸਾਂ ਵਿਚ ਇਕ ਗੋਸ਼ਾ, ਆਤਮਾ ਪਰਮਾਤਮਾ ਵਿਚ ਸਮਾਈਆ । ਨਾਮ ਖ਼ੁਮਾਰੀ ਮਿਲਦੀ ਸੀ ਮਦਹੋਸ਼ਾ, ਸੁਰਤੀ ਸ਼ਬਦ ਨਾਲ ਜੁੜਾਈਆ । ਭੁੱਲ ਜਾਂਦੀ ਸੀ ਜਗਤ ਦੀ ਸੋਚਾ, ਮਨ ਵਾਸਨਾ ਨਾ ਕੋਇ ਹਲਕਾਈਆ । ਮੇਰੇ ਅੰਦਰ ਆਈ ਇਕ ਦਿਨ ਲੋਚਾ, ਆਸਾ ਲਈ ਪ੍ਰਗਟਾਈਆ । ਸਾਫ਼ ਸੁਥਰਾ ਫੇਰ ਕੇ ਪੋਚਾ, ਗੋਬਰ ਨਾਲ ਲਿਪਾਈਆ । ਰਾਹ ਤੱਕਾਂ ਅਗੰਮਾ ਮੌਕਾ, ਬਿਨ ਅੱਖਾਂ ਅੱਖ ਉਠਾਈਆ । ਪ੍ਰਭੂ ਕੋਈ ਮਾਰਗ ਦੱਸੇ ਸੌਖਾ, ਮੇਲਾ ਸਹਿਜ ਮਿਲਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਪੁਸਤਕ ਹੱਥ ਨਾ ਕੋਇ ਉਠਾਈਆ । ਕਿਰਪਾ ਕਰੇ ਬਿਨ ਛੱਪਰ ਛੰਨ ਕੋਠਾ, ਕਾਇਆ ਕੁਟੀਆ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸ਼ਾ ਪੂਰ ਕਰਾਈਆ । ਬਾਲਮੀਕ ਕਹੇ ਮੇਰੇ ਅੰਦਰ ਵੱਜੀ ਧੁਨੀ, ਨਾਦੀ ਨਾਦ ਸੁਣਾਈਆ । ਪੁਰਖ ਅਕਾਲਾ ਵਡ ਗੁਣ ਗੁਣੀ, ਗਹਿਰ ਗੰਭੀਰ ਦ੍ਰਿੜਾਈਆ । ਤੇਰੀ ਪੁਕਾਰ ਜਾਏ ਸੁਣੀ, ਸੁਨ ਸਮਾਧੀ ਵਿਚ ਸਮਝਾਈਆ । ਜਿਸ ਨੂੰ ਯਾਦ ਕੀਤਾ ਪਿਛੇ ਬੁਲੀਂ, ਬਿਨ ਰਸਨਾ ਮੁਖ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਦਰ ਦਏ ਵਡਿਆਈਆ । ਬਾਲਮੀਕ ਕਹੇ ਪ੍ਰਭੂ ਕਰ ਮਿਹਰ, ਦੀਨ ਦਿਆਲ ਦਇਆ ਕਮਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਹੋਵੇ ਅੰਧੇਰਾ ਜਗਤ ਅੰਧੇਰ, ਸਾਚਾ ਚੰਦ ਨਾ ਕੋਇ ਚਮਕਾਈਆ । ਪ੍ਰਗਟ ਹੋਵੇ ਸ਼ਬਦੀ ਸ਼ੇਰ, ਭਬਕ ਆਪਣਾ ਨਾਮ ਲਗਾਈਆ । ਤੇਰਾ ਲਹਿਣਾ ਚੁਕਾਏ ਫੇਰ, ਫਿਰਤ ਫਿਰਤ ਆਪਣੀ ਸੇਵ ਕਮਾਈਆ । ਕਲਜੁਗ ਅੰਤਮ ਗੇੜੇ ਗੇੜ, ਗੇੜਾ ਆਪਣੇ ਹੱਥ ਰਖਾਈਆ । ਲਾਲੋ ਦਾ ਲਹਿਣਾ ਦੇਣਾ ਸਵਾ ਸੇਰ, ਰਵਦਾਸ ਦਾ ਨਾਤਾ ਜੋੜ ਜੁੜਾਈਆ । ਕਿਰਪਾ ਕਰ ਨਾ ਲਾਵੇ ਦੇਰ, ਜਗਤ ਵਿਛੁੰਨੇ ਜੋੜ ਜੁੜਾਈਆ । ਸਭ ਦਾ ਲੇਖਾ ਲਹਿਣਾ ਦੇਣਾ ਦਏ ਨਿਬੇੜ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਮੈਂ ਹੁਣ ਕਿੱਥੇ ਫਿਰਦੀ, ਫੇਰ ਲਵਾਂ ਅੰਗੜਾਈਆ । ਮੈਂ ਵਿਛੜੀ ਚਿਰ ਦੀ, ਚਿਰੀ ਵਿਛੁੰਨੇ ਦਿਆਂ ਮਿਲਾਈਆ । ਸੇਵਾ ਕਰਾਂ ਓਸ ਪਿਰ ਦੀ, ਜੋ ਪ੍ਰੀਤਮ ਧੁਰਦਰਗਾਹੀਆ । ਧਾਰ ਵੇਖਾਂ ਨਿਰਵੈਰ ਨਿਰ ਦੀ, ਨਿਰੰਕਾਰ ਨਜ਼ਰੀ ਆਈਆ । ਜਿਸ ਦੀ ਲੱਠ ਜੁਗ ਜੁਗ ਗਿੜਦੀ, ਗੇੜੇ ਵਿਚ ਦੁਹਾਈਆ । ਸ੍ਰਿਸ਼ਟੀ ਵੇਖਾਂ ਭਿੜਦੀ, ਭੱਜੇ ਵਾਹੋ ਦਾਹੀਆ । ਗੁਲਜ਼ਾਰ ਵੇਖਾਂ ਖਿੜਦੀ, ਜਨ ਭਗਤਾਂ ਗੁਲਸ਼ਨ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਛੱਬੀ ਪੋਹ ਨੂੰ ਔਣੇ ਮੇਰੇ ਸੰਗੀ ਸਾਥੀ, ਜਨ ਭਗਤ ਸ੍ਵਾਂਗ ਬਣਾਈਆ । ਇੱਕੀ ਸਿੱਖਾਂ ਦੇ ਕੋਲ ਹੋਵੇ ਇਕ ਇਕ ਪਾਥੀ, ਮਾਝਾ ਮਾਲਵਾ ਜੰਮੂ ਦੁਆਬਾ ਸਾਰੇ ਸੋਭਾ ਪਾਈਆ । ਚੌਹਾਂ ਦੇ ਕੋਲ ਹੋਵੇ ਇਕ ਇਕ ਰਾਕੀ, ਜ਼ੀਨ ਪਾਖਰ ਨਾਲ ਰਲਾਈਆ । ਸਵਾਰਾਂ ਦੀ ਪਿੱਠ ਉਤੇ ਹੋਵੇ ਕਾਲੀ ਟਾਕੀ, ਛਾਤੀ ਉਤੇ ਸੋਹੰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਸਭ ਨੇ ਕੱਢ ਕੇ ਔਣਾ ਤੁਰਲੇ, ਕਲਗੇ ਸੋਹਣੇ ਬਣਾਈਆ । ਤੁਹਾਡੇ ਲੇਖ ਦੱਸਣੇ ਧੁਰ ਦੇ, ਪੜਦੇ ਆਪ ਚੁਕਾਈਆ । ਮੇਲੇ ਮੇਲਣੇ ਸ਼ਬਦ ਗੁਰ ਨੇ, ਨਾਤਾ ਤੋੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਬਣਾਈਆ । ਸਦੀ ਚੌਧਵੀਂ ਕਹੇ ਮੈਂ ਵਾਸਤਾ ਪਾ ਕੇ ਕਹਿੰਦੀ, ਕਲਮਿਆਂ ਵਿਚ ਦੁਹਾਈਆ । ਬੀਬੀਆਂ ਸਭ ਨੇ ਸੱਜੇ ਹੱਥ ਨੂੰ ਲਾ ਕੇ ਔਣੀ ਮਹਿੰਦੀ, ਸੋਹਣਾ ਰੰਗ

ਰੰਗਾਈਆ । ਗਿਰਧਾਰਾ ਸਿੰਘ ਨੇ ਚਾਟੀ ਭਰ ਕੇ ਰੱਖਣੀ ਦਹੀਂ ਦੀ, ਧੁਰ ਦਾ ਹੁਕਮ ਅਲਾਈਆ । ਇਕ ਜੋੜੀ ਹੋਣੀ ਮਹੀਂ ਦੀ, ਸੋਹਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਔਣਾ ਜੋਟੇ ਜੋਟੇ, ਹੱਥ ਹੱਥਾਂ ਨਾਲ ਮਿਲਾਈਆ । ਖੱਬੇ ਹੱਥ ਦੇ ਰੰਗ ਕੇ ਅਗਲੇ ਪੋਟੇ, ਸੋਹਣੇ ਲੈਣੇ ਚਮਕਾਈਆ । ਕੰਨਾਂ ਤਾਈਂ ਉਚੇ ਹੋਣ ਸੋਟੇ, ਹੱਥਾਂ ਵਿਚ ਉਠਾਈਆ । ਬੁੱਢੜੇ ਜ਼ਰੂਰ ਨਾਲ ਲਿਔਣ ਪੋਤੇ, ਪੀਹੜੀ ਅਗਲੀ ਦਏ ਵਧਾਈਆ । ਗੁਰਮੁਖ ਸਿੰਘ ਚੜ੍ਹਨਾ ਉਤੇ ਬੋਤੇ, ਆਸਣ ਆਪਣਾ ਇਕ ਜਣਾਈਆ । ਮਾਝੇ ਵਾਲਿਆਂ ਗਿਆਰਾਂ ਡਾਗਾਂ ਨੂੰ ਲੌਣੇ ਟੋਕੇ, ਤਿੱਖੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਹਰ ਇਕ ਬੀਬੀ ਸੱਜੇ ਹੱਥ ਨੂੰ ਚਾੜ੍ਹੇ ਪੰਜ ਪੰਜ ਚੂੜੀ, ਪੰਜੇ ਰੰਗ ਵਖਾਈਆ । ਘਰੋਂ ਨੀਤ ਬਦਲ ਕੇ ਆਵੇ ਕੂੜੀ, ਪ੍ਰੇਮ ਪ੍ਰਭ ਦੇ ਨਾਲ ਵਧਾਈਆ । ਭਗਤ ਦਵਾਰ ਨੌ ਨੌਂ ਵਾਰ ਲਾਵੇ ਧੂੜੀ, ਮਸਤਕ ਖ਼ਾਕ ਰਮਾਈਆ । ਬਿਸ਼ਨ ਕੌਰ ਦੇ ਹੱਥ ਵਿਚ ਹੋਵੇ ਕਸਤੂਰੀ, ਰਤੀ ਨੌ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਵਖਾਈਆ । ਸਦੀ ਚੌਧਵੀਂ ਕਹੇ ਮਾਝਾ ਮਾਲਵਾ ਦੁਆਬਾ ਜੰਮੂ ਲੈ ਕੇ ਆਵੇ ਇਕ ਇਕ ਢੋਲੀ, ਡੰਕਾ ਢੋਲ ਉਤੇ ਲਗਾਈਆ । ਇਕ ਇਕ ਬਣਾ ਕੇ ਲਿਆਵਣ ਡੋਲੀ, ਚਾਰ ਕਹਾਰਾਂ ਰੂਪ ਵਟਾਈਆ । ਸਾਚੇ ਨਾਮ ਦੀ ਬੋਲਣ ਬੋਲੀ, ਤੂਹੀ ਤੂਹੀ ਰਾਗ ਅਲਾਈਆ । ਇਕ ਇਕ ਡਾਂਗ ਲਿਔਣੀ ਵਿਚੋਂ ਪੋਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ, ਬੀਬੀਆਂ ਗਾਵਣ ਗੋਬਿੰਦ ਗੀਤ, ਖ਼ੁਸ਼ੀਆਂ ਨਾਲ ਸੁਣਾਈਆ । ਸਤਿਗੁਰ ਛੱਡ ਕੇ ਮੰਦਰ ਮਸੀਤ, ਤੇਰਾ ਦਰਸ਼ਨ ਪਾਈਆ । ਕਲਜੁਗ ਅੰਤ ਬਦਲ ਦੇ ਰੀਤ, ਸਤਿਜੁਗ ਰਾਹ ਵਖਾਈਆ । ਅੰਦਰੋਂ ਬਦਲੇ ਕਿਸੇ ਨਾ ਨੀਤ, ਸਾਰੇ ਦਿਸਣ ਭੈਣ ਭਾਈਆ । ਇਕੋ ਪੁਰਖ ਅਕਾਲ ਦੀ ਉਡੀਕ, ਸੋ ਮਿਲਿਆ ਚਾਈਂ ਚਾਈਂਆ । ਮਾਨਸ ਜਨਮ ਜਾਈਏ ਜੀਤ, ਜੀਵਣ ਸਤਿਗੁਰ ਝੋਲੀ ਪਾਈਆ । ਪਿਛਲਾ ਪਿਛੇ ਗਿਆ ਬੀਤ, ਅੱਗੇ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਵਖਾਈਆ । ਗੁਰਮੁਖਾਂ ਸਿਰ ਤੇ ਕੀਤੇ ਹੋਣ ਮੜ੍ਹਾਸੇ, ਆਪਣਾ ਬਲ ਵਧਾਈਆ । ਕਰਦੇ ਔਣ ਖ਼ੁਸ਼ੀਆਂ ਨਾਲ ਹਾਸੇ, ਹਸਤੀ ਵੇਖੀ ਬੇਪ੍ਰਵਾਹੀਆ । ਸਭ ਦੇ ਕੋਲ ਪੰਜ ਪੰਜ ਹੋਣ ਪਤਾਸੇ, ਸਗਣ ਗੋਬਿੰਦ ਵਾਲਾ ਸਮਝਾਈਆ । ਇਕੋ ਰੰਗ ਰੰਗਾਏ ਵੱਡੇ ਛੋਟੇ ਬੁੱਢੇ ਨੱਢੇ ਤਾਏ ਚਾਚੇ, ਪਿਤਾ ਪੂਤ ਦਏ ਸਰਨਾਈਆ । ਸਤਿਗੁਰ ਸ਼ਬਦ ਜੋ ਜਨ ਵਾਚੇ, ਹਿਰਦੇ ਹਰਿ ਕਰੇ ਸਫ਼ਾਈਆ । ਜਨਮ ਜਨਮ ਦੇ ਪੂਰੇ ਕਰ ਕੇ ਘਾਟੇ, ਘਾਟੀ ਮੰਜ਼ਲ ਦਏ ਚੜ੍ਹਾਈਆ । ਹਰਿਜਨ ਰਹੇ ਨਾ ਕੋਇ ਅਧਵਾਟੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਸਦੀ ਚੌਧਵੀਂ ਕਹੇ ਸਭ ਦੇ ਕੋਲ ਹੋਵੇ ਇਕ ਇਕ ਪਰਚੀ, ਬੁੱਢਾ ਨੱਢਾ ਬਚਿਆ ਰਹਿਣ ਕੋਇ ਨਾ ਪਾਈਆ । ਭਗਤ ਦਵਾਰੇ ਹੋਣਾ ਭਰਤੀ, ਭਾਂਡਾ ਭਰਮ ਭਉ ਭੰਨਾਈਆ । ਚਿੱਟੀ ਸਭ ਦੀ ਹੋਵੇ ਵਰਦੀ, ਵਾਅਦਾ ਪਿਛਲਾ ਯਾਦ ਕਰਾਈਆ । ਇਹ ਖੇਲ ਸਾਂਝੇ ਘਰ ਦੀ, ਊਚ ਨੀਚ ਨਾ ਕੋਇ ਵਖਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਲਕਾਂ ਦੇ ਓਹਲੇ ਬੈਠਾ ਆਪ ਗੁਸਾਈਆ । ਜੋਤ ਵਖਾਏ ਅਗੰਮੀ ਬਲਦੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਪੌਣ ਠੰਡੀ ਹੋਵੇ ਚਲਦੀ, ਆਪਣਾ

ਰੰਗ ਰੰਗਾਈਆ । ਵੇਖਿਓ ਖੇਲ ਭਗਤਾਂ ਦੇ ਦਲ ਦੀ, ਵਜੇ ਚਾਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਪੰਜ ਬਣ ਕੇ ਆਇਓ ਮੁੱਲਾਂ, ਮੁਲਾਣੇ ਰੂਪ ਵਟਾਈਆ । ਜੰਮੂ ਵਾਲਿਓ ਸਿਰ ਤੇ ਰੱਖਣਾ ਕੁੱਲਾ, ਵਿਚੋਂ ਲੰਮਾ ਸੋਭਾ ਪਾਈਆ । ਸ਼ਿਵ ਸਿੰਘ ਨੇ ਮਗਰਾਂ ਤੇ ਬੰਨ੍ਹਣਾ ਟੁੱਟਾ ਜੁੱਲਾ, ਟੁੱਟੀ ਜੁੱਤੀ ਗੰਢ ਪੁਆਈਆ । ਗਲ ਵਿਚ ਚੋਲਾ ਰਖਣਾ ਖੁਲ੍ਹਾ, ਗਿਟਿਆਂ ਤਾਈਂ ਲਮਕਾਈਆ । ਜਿਹੜਾ ਵੇਸ ਕੀਤਾ ਸੀ ਬੁੱਲ੍ਹਾ, ਇਨਾਇਤ ਤਾਈਂ ਰਿਝਾਈਆ । ਨਾਲ ਮਿੱਟੀ ਦਾ ਚੁੱਕਿਆ ਹੋਵੇ ਚੁਲ੍ਹਾ, ਛੋਟਾ ਜਿਹਾ ਹੱਥ ਉਠਾਈਆ । ਛਾਤੀ ਤੇ ਲਿਖ ਕੇ ਆਪਣਾ ਨਾਂ ਲਗੌਣਾ ਦੁਲ੍ਹਾ, ਦੋਹਰੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਪੰਜਾਂ ਬੀਬੀਆਂ ਨੇ ਮਿੱਟੀ ਦੀ ਲਿਔਣੀ ਕੁੰਨੀ, ਛਾਬੜੀ ਉਤੇ ਇਕ ਟਿਕਾਈਆ । ਲਿਔਣ ਓਹ ਜਿਨ੍ਹਾਂ ਦੇ ਪਤੀ ਨੇ ਦਾੜ੍ਹੀ ਕਦੀ ਨਾ ਹੋਵੇ ਮੁੰਨੀ, ਗੁਰਮੁਖ ਸੋਹਣੇ ਸੋਭਾ ਪਾਈਆ । ਓਨ੍ਹਾਂ ਦੇ ਸਿਰ ਤੇ ਸੂਹੇ ਰੰਗ ਦੀ ਹੋਵੇ ਚੁੰਨੀ, ਮਾਝਾ ਮਾਲਵਾ ਦੁਆਬਾ ਜੰਮੂ ਇਕ ਇਕ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਗੁਰਮੁਖ ਇੱਕੀ ਖੇਡਣ ਗਤਕਾ, ਆਪਣੀ ਖ਼ੁਸ਼ੀ ਬਣਾਈਆ । ਓਨ੍ਹਾਂ ਦੇ ਸਿਰ ਤੇ ਹੋਵੇ ਪਟਕਾ, ਪਟਨੇ ਵਾਲਾ ਵੇਖ ਵਖਾਈਆ । ਜਿਨ੍ਹਾਂ ਨੇ ਕਦੀ ਨਾ ਖਾਧਾ ਹੋਵੇ ਝਟਕਾ, ਓਹ ਹੱਥ ਲੈਣ ਉਠਾਈਆ । ਅੰਦਰ ਕੂੜ ਰਹੇ ਨਾ ਖਟਕਾ, ਧਰਮ ਦਾ ਰਾਹ ਤਕਾਈਆ । ਪਿਆਰ ਹੋਵੇ ਪਰਮੇਸ਼ਵਰ ਪਤਿ ਕਾ, ਪਾਰਬ੍ਰਹਮ ਧਿਆਨ ਲਗਾਈਆ । ਸਭ ਦਾ ਵੇਸ ਹੋਵੇ ਸਿੱਧਾ ਜੱਟ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਖੇਲ ਇਕ ਵਖਾਈਆ । ਸਦੀ ਚੌਧਵੀਂ ਕਹੇ ਸਭ ਦੇ ਲੱਗੇ ਹੋਣ ਬੋਝੇ, ਪਾਕਟ ਨਜ਼ਰੀ ਆਈਆ । ਜਿਸ ਕਾਰਨ ਮੁਹੰਮਦ ਰੱਖੇ ਰੋਜ਼ੇ, ਉਸ ਦਾ ਲੇਖਾ ਦਏ ਸਮਝਾਈਆ । ਗੁਰਮੁਖ ਜ਼ਰੂਰ ਲੱਭਣੇ ਦੋ ਖੋਦੇ, ਖ਼ੁਦੀ ਤਕੱਬਰ ਦੇਣ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਦਏ ਸਮਝਾਈਆ । ਸਦੀ ਚੌਧਵੀਂ ਕਹੇ ਸਭ ਦੀ ਜੇਬ ਵਿਚ ਹੋਵੇ ਇਕ ਇਕ ਲਾਚੀ, ਸਗਣ ਰਾਮ ਵਾਲਾ ਸਮਝਾਈਆ । ਕਿਸ ਤਰਾ ਮੰਨੀ ਸਤਿਗੁਰ ਜਾਵੇ ਆਖੀ, ਆਖ਼ਰ ਦਿਆਂ ਦ੍ਰਿੜਾਈਆ । ਜਨ ਭਗਤੋ ਤੁਹਾਡੀ ਜੁਗ ਚੌਕੜੀ ਰਹਿਣੀ ਸਾਖੀ, ਸਿਖ਼ਾਵਤ ਕਰਾਂ ਚਾਈਂ ਚਾਈਆ । ਸਭ ਦੀ ਬਦਲ ਦੇਣੀ ਰਾਸੀ, ਰਸਤਾ ਇਕ ਦ੍ਰਿੜਾਈਆ । ਸਚਖੰਡ ਦਵਾਰ ਬਣਾ ਕੇ ਵਾਸੀ, ਵਾਸਤਾ ਆਪਣੇ ਨਾਲ ਬਣਾਈਆ । ਤੁਹਾਡੀ ਪਿਛਲੀ ਪ੍ਰੀਤ ਅਜੇ ਨਹੀਂ ਬਾਸੀ, ਰਸ ਸਕਿਆ ਨਾ ਕੋਇ ਬਦਲਾਈਆ । ਪੁਰਖ ਅਕਾਲ ਦੀਨ ਦਿਆਲ ਡੂੰਮ ਬਣ ਕੇ ਤੁਹਾਡਾ ਬਣਿਆ ਮਰਾਸੀ, ਜਜਮਾਨਾਂ ਦੀਆਂ ਸਿਫ਼ਤਾਂ ਰਿਹਾ ਸੁਣਾਈਆ । ਅਮਰਜੀਤ ਸਿੰਘ ਨੇ ਕਪੜੇ ਪੌਣੇ ਖ਼ਾਕੀ, ਪੇਟੀ ਲੱਕ ਨਾਲ ਬੰਧਾਈਆ । ਘੋੜੇ ਉਤੇ ਚੜ੍ਹਨਾ ਮਾਰ ਪਲਾਕੀ, ਧੁਰ ਦਾ ਹੁਕਮ ਇਕ ਸਮਝਾਈਆ । ਬਸੰਤ ਕੌਰ ਦੇ ਹੱਥ ਹੋਵੇ ਗਲਾਸੀ, ਬੱਚਿਆਂ ਵਾਂਗ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦੁਆਬੇ ਵਾਲਿਆਂ ਚੁਕਣੀ ਇਕ ਪੌੜੀ, ਡੰਡੇ ਗਿਆਰਾਂ ਨਜ਼ਰੀ ਆਈਆ । ਮਾਲਵੇ ਵਾਲਿਆਂ ਲਿਔਣੀ ਇਕ ਫੌੜੀ, ਜੋ ਮਸਾਣਾਂ ਵਿਚੋਂ ਹੱਡੀਆਂ ਫੋਲ ਫੁਲਾਈਆ । ਮਾਝੇ ਵਾਲਿਆਂ ਲਿਔਣੀ ਡੋਰੀ, ਅੱਸੀ ਗਜ਼ ਸੋਭਾ ਪਾਈਆ । ਜੰਮੂ ਵਾਲਿਆਂ ਦੋ ਸਿੱਖਾਂ ਬਣੌਣੀ ਆਪਣੀ ਜੋੜੀ, ਬਾਜੂ ਬਾਜੂ ਨਾਲ ਬੰਧਾਈਆ ।


੪੭੯ ੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਸਵਰਨ ਸਿੰਘ ਨੇ ਲਿਔਣੀ ਤਸਬੀ, ਮਣਕੇ ਇੱਕੀਆਂ ਨਾਲ ਵਡਿਆਈਆ । ਅਜੀਤ ਸਿੰਘ ਨਾਲ ਹੋਣਾ ਕਸਬੀ, ਜੋ ਸ਼ਰਅ ਸ਼ਰਾਰਤ ਦਏ ਜਣਾਈਆ । ਚੇਲਾ ਸਿੰਘ ਨੇ ਯਾਦ ਕਰ ਕੇ ਔਣੀ ਫ਼ਾਰਸੀ ਅਰਬੀ, ਪੰਜ ਲਾਇਨਾਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਮੈਂ ਚੌਦਾਂ ਲੋਕਾਂ ਚੌਦਾਂ ਤਬਕਾਂ ਕਹਿ ਕੇ ਆਈ ਟਾਟਾ, ਇਸ਼ਾਰਾ ਹੱਥਾਂ ਨਾਲ ਕਰਾਈਆ । ਮੰਜ਼ਲ ਮਾਰ ਕੇ ਪਿਛਲੀਆਂ ਵਾਟਾਂ, ਪੈਂਡਾ ਆਈ ਮੁਕਾਈਆ । ਆ ਕੇ ਖੁਲ੍ਹਾ ਵਾਹਿਆ ਝਾਟਾ, ਮੇਂਢੀ ਸੀਸ ਗੁੰਦਾਈਆ । ਅੰਮ੍ਰਿਤ ਵੇਖਿਆ ਬਾਟਾ, ਭਰਿਆ ਅਗੰਮ ਅਥਾਹੀਆ । ਰਸ ਅਨੋਖਾ ਚਾਟਾ, ਪਿਛਲਾ ਚੇਟਕ ਦਿਤਾ ਤਜਾਈਆ । ਜਨ ਭਗਤਾਂ ਸਵਾ ਸੇਰ ਦਾ ਆਟਾ, ਸਿਦਕ ਸਬੂਰੀ ਵਿਚ ਖਾਈਆ । ਜਿਹੜਾ ਬਸਤਰ ਭੂਸ਼ਣ ਪਾਟਾ, ਛੱਬੀ ਪੋਹ ਲੈਣਾ ਬਦਲਾਈਆ । ਮੇਰਾ ਕਾਜ ਵੇਖੇ ਦੇਵੀ ਲਾਟਾਂ, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਪੜਦਿਆਂ ਵਿਚੋਂ ਉਠਾਈਆ । ਸਦੀ ਚੌਧਵੀਂ ਕਹੇ ਮਾਲਵੇ ਵਾਲਿਓ ਲਿਔਣੀ ਬਿੰਦੀ ਸੁਰਖੀ, ਸਵਾ ਇੰਚ ਜਣਾਈਆ । ਮੈਂ ਖੇਲ ਦੱਸਣੀ ਅਨੰਦ ਪੁਰ ਦੀ, ਕਿਉਂ ਗੋਬਿੰਦ ਕੀਤੀ ਜੁਦਾਈਆ । ਕਿਉਂ ਲੋੜ ਪੈ ਗਈ ਸੱਚੇ ਸਤਿਗੁਰ ਦੀ, ਸ਼ਬਦੀ ਮੇਲਾ ਸਹਿਜ ਸੁਭਾਈਆ । ਕਿਉਂ ਸ੍ਰਿਸ਼ਟੀ ਜਾਂਦੀ ਰੁੜ੍ਹਦੀ, ਦੀਨਾਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਦਰਸਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਤੁਸੀਂ ਆਇਓ ਸਰਬ ਇਕੱਠੇ, ਆਪਣੀ ਖ਼ੁਸ਼ੀ ਬਣਾਈਆ । ਪ੍ਰੇਮ ਪਿਆਰ ਅੰਦਰ ਨੱਠੇ, ਰਸਤਾ ਪੰਧ ਚੁਕਾਈਆ । ਜੋਧੇ ਬਣ ਕੇ ਹੱਟੇ ਕੱਟੇ, ਬਲ ਦੇਣਾ ਵਧਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਪੂਰੇ ਹੋਏ ਪਟੇ, ਪਟਨੇ ਵਾਲਾ ਦਏ ਸਮਝਾਈਆ । ਸਭ ਨੇ ਰੁਲਣਾ ਵਿਚ ਘੱਟੇ, ਮਿੱਟੀ ਖ਼ਾਕ ਉਡਾਈਆ । ਕਿਸੇ ਦੀ ਕ਼ੀਮਤ ਪੈਣੀ ਨਹੀਂ ਦੋ ਟਕੇ, ਕਰੋੜੀ ਸ਼ਾਹ ਦੇਣ ਦੁਹਾਈਆ । ਪੁਰਖ ਅਕਾਲ ਨੇ ਪੌਣੇ ਰੱਟੇ, ਝਗੜੇ ਵਿਚ ਲੋਕਾਈਆ । ਜੋ ਦੀਨ ਮਜ਼੍ਹਬ ਦੀ ਹੱਦ ਟੱਪੇ, ਟੱਪਾ ਸੋਹੰ ਢੋਲਾ ਗਾਈਆ । ਓਹ ਭਗਤ ਸੁਹੇਲੇ ਹੋ ਗਏ ਪੱਕੇ, ਕੱਚਾ ਤੰਦ ਨਾ ਕੋਇ ਤੁੜਾਈਆ । ਪ੍ਰੇਮ ਮੁਹੱਬਤ ਅੰਦਰ ਰੱਤੇ, ਰਤਨ ਅਮੋਲਕ ਨਜ਼ਰੀ ਆਈਆ । ਸਚ ਦਵਾਰੇ ਬਹਿ ਕੇ ਹੱਸੇ, ਹਸਤੀ ਵੇਖ ਨੂਰ ਇਲਾਹੀਆ । ਹੁਣ ਕੋਈ ਧੰਨੇ ਵਾਂਗ ਚਾਰਨੇ ਨਹੀਂ ਵੱਛੇ, ਭਗਤ ਵਛਲ ਹੋ ਕੇ ਆਪਣੀ ਦਇਆ ਕਮਾਈਆ । ਕਟੋਰਿਆਂ ਵਿਚ ਦੁੱਧ ਨਾ ਛਕੇ, ਘਰ ਘਰ ਆਪਣਾ ਦਰਸ ਦਿਖਾਈਆ । ਤੁਸੀਂ ਜੁਗ ਜਨਮ ਦੇ ਥੱਕੇ, ਅੰਤਮ ਪੈਂਡਾ ਦਏ ਮੁਕਾਈਆ । ਮਾਝਾ ਮਾਲਵਾ ਦੁਆਬਾ ਜੰਮੂ ਪੰਜ ਪੰਜ ਬੀਬੀਆਂ ਘਰ ਵਿਚੋਂ ਪਕਾ ਕੇ ਲਿਔਣੇ ਭੱਤੇ, ਫੁਲਕੇ ਪੰਜ ਪੰਜ ਰਖਾਈਆ । ਵੇਖਿਓ ਸਭ ਦੇ ਕਾਰਜ ਹੁੰਦੇ ਫ਼ਤਿਹ, ਫ਼ਤਿਹ ਡੰਕਾ ਇਕ ਵਜਾਈਆ । ਕੋਈ ਖੇਲ ਨਾ ਜਾਣੇ ਚੁਨਾਂਚੇ ਚੂੰਕੇ ਅਲਬੱਤੇ, ਆਲਮ ਇਲਮ ਨਾ ਕੋਇ ਵਡਿਆਈਆ । ਸ਼ਬਦ ਗੁਰੂ ਆਇਆ ਪੰਜਾਂ ਤੱਤਾਂ ਦੇ ਵੱਟੇ, ਬਦਲੀ ਕੀਤੀ ਬੇਪਰਵਾਹੀਆ । ਅੰਦਰ ਵੜ ਕੇ ਸਭ ਦੇ ਹਿਰਦੇ ਫੱਟੇ, ਫੱਟ ਘਾਓ ਦਏ ਲਗਾਈਆ । ਉਤਲੇ ਹੇਠਾਂ ਕਰ ਕੇ ਬਟੇ, ਅੰਕੜੇ ਦਿਤੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਸਦੀ ਚੌਧਵੀ ਕਹੇ ਮੈਂ ਛੱਡ ਕੇ ਪਿਛਲੀ ਯਾਰੀ, ਸਚ ਸਚ ਸੁਣਾਈਆ । ਰਹਿ ਕੇ ਜਗਤ ਕੁਆਰੀ, ਆਪਣੀ ਆਸ ਵਧਾਈਆ । ਮਿਲੇ ਇਕ ਪੁਰਖ ਨਿਰੰਕਾਰੀ, ਜਿਸ ਨੂੰ ਜਨਮੇ ਕੋਈ ਨਾ ਮਾਈਆ ।

ਜਨਮ ਮਰਨ ਦੀ ਕੱਟੇ ਬੀਮਾਰੀ, ਦੁੱਖਾਂ ਡੇਰਾ ਢਾਹੀਆ । ਮੇਰੀ ਪੈਜ ਦਏ ਸੁਆਰੀ, ਸੁਆਰਥ ਆਪਣੇ ਨਾਲ ਰਖਾਈਆ । ਬਣਾਵੇ ਓਹ ਲਾੜੀ, ਜਿਸ ਦਾ ਰੂਪ ਜਗ ਨੇਤਰ ਨਜ਼ਰ ਕੋਇ ਨਾ ਆਈਆ । ਫਿਰਾਂ ਪਿਛੇ ਅਗਾੜੀ, ਨਿਉਂ ਨਿਉਂ ਲਾਗਾਂ ਪਾਈਆ । ਜਨ ਭਗਤੋ ਛੱਬੀ ਪੋਹ ਨੂੰ ਜ਼ਰੂਰ ਫੇਰਾਂ ਬਹਾਰੀ, ਅੰਦਰ ਬਾਹਰ ਕਰਾਂ ਸਫ਼ਾਈਆ । ਮੇਰੇ ਕੋਲ ਕੋਈ ਲਫ਼ਜ਼ ਨਹੀਂ ਜਿਸ ਦੇ ਨਾਲ ਕਰਾਂ ਤਕਰਾਰੀ, ਝਗੜਾ ਦਿਆਂ ਮੁਕਾਈਆ । ਮੈਂ ਪਰਮ ਪੁਰਖ ਦੀ ਨਾਰੀ, ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰੀ, ਵਿਸ਼ਨ ਬ੍ਰਹਮਾ ਸ਼ਿਵ ਲਾਗਣ ਪਾਈਆ । ਉਸ ਦੀ ਕਰਾਂ ਬਰਖ਼ੁਰਦਾਰੀ, ਜਿਹੜਾ ਆਇਆ ਮਾਤਲੋਕ ਦੁਬਾਰੀ, ਸਰਗੁਣ ਤੋਂ ਨਿਰਗੁਣ ਵੇਸ ਵਟਾਈਆ । ਸਚ ਪੁਛੋ ਮੈਨੂੰ ਆਪਣੇ ਵਿਚ ਕਰਿਓ ਸ਼ੁਮਾਰੀ, ਮੇਰੀ ਸ਼ਮਅ ਲੈਣੀ ਜਗਾਈਆ । ਮੈਨੂੰ ਐਂ ਦਿਸਦਾ ਧੁਰ ਦਾ ਸ਼ਹਿਨਸ਼ਾਹ ਜਗਤ ਦਾ ਮਦਾਰੀ, ਖੇਲ ਆਪਣੀ ਰਿਹਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਾਥ ਦਏ ਨਿਭਾਈਆ । ਸਦੀ ਚੌਧਵੀਂ ਕਹੇ ਮੇਰੇ ਲਈ ਲੈ ਕੇ ਆਇਓ ਮੇਰਾ ਰਾਮ, ਰਾਮ ਮੇਰੀ ਦੁਹਾਈਆ । ਮੇਰੇ ਲਈ ਲੈ ਕੇ ਆਇਓ ਮੇਰੇ ਮੁਰਸ਼ਦ ਦਾ ਪੈਗ਼ਾਮ, ਜੋ ਪੈਗ਼ੰਬਰਾਂ ਦਏ ਵਡਿਆਈਆ । ਮੇਰੇ ਲਈ ਲੈ ਕੇ ਆਇਓ ਮੇਰਾ ਕਾਹਨ, ਜੋ ਲੱਖ ਚੁਰਾਸੀ ਸਖ਼ੀ ਰਿਹਾ ਪ੍ਰਨਾਈਆ । ਮੇਰੇ ਲਈ ਲੈ ਕੇ ਆਇਓ ਇਕ ਇਕ ਬਾਦਾਮ, ਜੋ ਬਦਨ ਦੀ ਬਦਲੀ ਦਏ ਕਰਾਈਆ । ਮੇਰੇ ਲਈ ਲੈ ਕੇ ਆਇਓ ਗੁਰਮੁਖ ਸੋਹਣੇ ਆਪਣੀ ਸ਼ਾਨ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਮੈਂ ਅੱਗੋਂ ਸਭ ਨੂੰ ਕਰਾਂ ਪ੍ਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਵੇਖਿਓ ਸਭ ਦਾ ਇਕੋ ਦਿਸੇ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਨੌਵਾਂ ਸਿੱਖਾਂ ਉਠਾਣੇ ਨੌ ਨਿਸ਼ਾਨ, ਨਵਾਂ ਰੰਗ ਬਦਲਾਈਆ । ਮਾਝਾ ਮਾਲਵਾ ਦੁਆਬਾ ਜੰਮੂ ਚਾਰ ਚਾਰ ਗੁਰਮੁਖ ਉਠਾਣੇ ਵਿਚੋਂ ਪਹਿਲਵਾਨ, ਮੋਟੇ ਤਾਜੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਇੱਕੀ ਇੱਕੀ ਬੀਬੀਆਂ ਸਿਰ ਤੇ ਚੁੰਨੀ ਬੱਧੀ ਹੋਵੇ ਪੁੱਠੀ, ਗੰਢ ਪਿਛਲੇ ਪਾਸੇ ਰਖਾਈਆ । ਜ਼ੋਰ ਨਾਲ ਨਾ ਹੋਵੇ ਘੁੱਟੀ, ਹੌਲੀ ਜੇਹੀ ਲਟਕਾਈਆ । ਇਕ ਇਕ ਗਾਨਾ ਬੰਨ੍ਹਣਾ ਗੁੱਟੀਂ, ਲਾਲ ਰੰਗ ਚੜ੍ਹਾਈਆ । ਸ਼ਰੀਰ ਹੋਵੇ ਕਿਸੇ ਨਾ ਦੁੱਖੀ, ਤੰਦਰੁਸਤ ਸੋਭਾ ਪਾਈਆ । ਬੱਚਾ ਹੋਵੇ ਕਿਸੇ ਨਾ ਕੁੱਖੀਂ, ਇਕ ਇਕੱਲੀ ਵੇਖ ਵਖਾਈਆ । ਜਿਸ ਨੇ ਬੁੱਲੀਂ ਕਦੇ ਲਾਈ ਹੋਵੇ ਨਾ ਸੁਰਖੀ, ਓਹ ਹਿੱਸਾ ਲਵੇ ਚਾਈਂ ਚਾਈਂਆ । ਪਤੀ ਦੇ ਸਾਹਮਣੇ ਕਦੇ ਬੈਠੀ ਹੋਵੇ ਨਾ ਉਤੇ ਕੁਰਸੀ, ਮਾਣ ਰੱਖੇ ਥਾਉਂ ਥਾਈਂਆ । ਝੂਠੀ ਕਦੇ ਕੀਤੀ ਹੋਵੇ ਨਾ ਫੁਰਤੀ, ਚਲਾਕੀ ਆਪਣੀ ਇਕ ਜਣਾਈਆ । ਕਿਸੇ ਦੀ ਜੂਠੀ ਖਾਧੀ ਹੋਵੇ ਕਦੀ ਨਾ ਬੁਰਕੀ, ਬਿਨਾ ਗੁਰਮੁਖਾਂ ਤੋਂ ਦੂਸਰ ਨਾਲ ਹਿੱਸਾ ਨਾ ਕਦੇ ਵੰਡਾਈਆ । ਓਹ ਸਾਰ ਜਾਣੇ ਸੱਚੇ ਸਤਿਗੁਰ ਦੀ, ਜਿਸ ਦੇ ਅੰਦਰ ਇਕੋ ਸਿਕ ਤੇ ਇਕੋ ਵੇਖੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮੈਨੂੰ ਬੁੱਢੀ ਨੂੰ ਬਣਾ ਦਿਓ ਨੱਢੀ, ਗੁਰਮੁਖੋ ਮੇਰੀ ਦੁਹਾਈਆ । ਮੇਰੀ ਸੱਧਰ ਰਹੇ ਨਾ ਦੱਬੀ, ਮੇਰੀ ਆਸ਼ਾ ਲਏ ਅੰਗੜਾਈਆ । ਤੁਸੀਂ ਮੈਨੂੰ ਨੂਰ ਦਿਸਦੇ ਰੱਬੀ, ਜੋਤੀ ਜੋਤ ਡਗਮਗਾਈਆ । ਮੈਂ ਖਲੋਤੀ ਹੱਥ ਬੱਧੀ, ਵਾਸਤਾ ਰਹੀ ਪਾਈਆ । ਸਚ ਪ੍ਰੀਤੀ ਇਕ ਨਾਲ ਲੱਗੀ, ਛੁੱਟੀ ਜਗਤ ਲੋਕਾਈਆ । ਦੀਨ ਦੁਨੀ ਕੋਲੋਂ ਅੱਕੀ, ਨਾਤਾ ਆਈ ਤੁੜਾਈਆ । ਪਰਵਰਦਿਗਾਰ ਵੇਖ ਕੇ ਹੱਕੀ, ਸੀਸ ਲਿਆ ਝੁਕਾਈਆ । ਜਿਸ ਦੇ ਦਵਾਰੇ ਕਦੇ ਨਾ ਹੋਵਾਂ ਸ਼ੱਕੀ, ਸ਼ਕਾਇਤ ਕਰਨ ਵਾਲਾ ਰਹਿਣ ਕੋਇ ਨਾ

ਪਾਈਆ । ਮੇਰੇ ਨਾਲ ਕਰ ਲਓ ਪੱਕੀ, ਪਾਰਬ੍ਰਹਮ ਮੰਨਣਾ ਇਕ ਗੁਸਾਂਈਆ । ਜੋ ਆਦਿ ਜੁਗਾਦੀ ਸਭ ਦਾ ਕਮਲਾਪਤੀ, ਪਤਿਪਰਮੇਸ਼ਵਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਕਰ ਇਕੱਠੀ, ਇਕੱਠੇ ਆਪਣੇ ਨਾਲ ਮਿਲਾਈਆ ।

### ❋ ੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਖੇਲ ਵੇਖਣਾ ਸੱਚੇ ਸਤਿਗੁਰ ਕਾ, ਗੁਰੂ ਗੁਰ ਸਾਰੇ ਨਾਲ ਮਿਲਾਈਆ । ਦਰਸ਼ਨ ਕਰਨਾ ਓਸ ਅਨੰਦ ਪੁਰ ਦਾ, ਜੋ ਪੁਰੀਆਂ ਲੋਆਂ ਤੋਂ ਬਾਹਰ ਨਜ਼ਰੀ ਆਈਆ । ਨਾਦ ਸੁਣਨਾ ਅਨੋਖੀ ਸੁਰ ਦਾ, ਜਿਸ ਨੂੰ ਤਾਲਾਂ ਵਿਚ ਨਾ ਕੋਇ ਸੁਣਾਈਆ । ਜਿਸ ਨਾਲ ਜੀਵਤ ਹੋਵੇ ਮੁਰਦਾ, ਮੁਰੀਦ ਮੁਰਸ਼ਦ ਵੱਜੇ ਵਧਾਈਆ । ਰੂਪ ਧਾਰਾਂ ਅਗੰਮੀ ਹੂਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਨੀਲਾ ਹੋਵੇ ਬੁਰਕਾ, ਅੱਖ ਬੁਰਿਆਂ ਕੋਲੋਂ ਚੁਰਾਈਆ । ਹਲੂਣਾ ਦੇਵਾਂ ਸ੍ਰਿਸ਼ਟੀ ਤੁਰਕਾਂ, ਤੁਰਤ ਦਿਆਂ ਹਿਲਾਈਆ । ਕਿਸੇ ਨੂੰ ਸੰਭਲਣ ਨਾ ਦੇਵਾਂ ਸੁਰਤਾ, ਸੁਰਤੀ ਸੁਰਤ ਬਦਲਾਈਆ । ਸੱਤ ਰੰਗ ਦਾ ਮੇਰਾ ਹੋਵੇ ਕੁੜਤਾ, ਕਲੀ ਕਲੀ ਨਾਲ ਜੁੜਾਈਆ । ਪੰਜਾਂ ਪਿਆਰਿਆਂ ਸਗਨ ਲਿਔਣਾ ਗੁੜ ਦਾ, ਸਵਾ ਸੇਰ ਹੱਥ ਉਠਾਈਆ । ਕੂੜ ਕੁੜਿਆਰਾਂ ਬੇੜਾ ਵੇਖਿਓ ਰੁੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਝਗੜਾ ਪੈਣਾ ਠਗ ਚੋਰ ਦਾ, ਮਮਤਾ ਮੋਹ ਵਿਚ ਲੜਾਈਆ । ਹੁਕਮ ਵਰਤਣਾ ਪੁਰਖ ਅਕਾਲ ਜ਼ੋਰ ਦਾ, ਜੋਰੂ ਜ਼ਰ ਦਏ ਦੁਹਾਈਆ । ਝਗੜਾ ਪੈਣਾ ਜਗਤ ਸ਼ੋਰ ਦਾ, ਛੁਰੀ ਸ਼ਰਅ ਰੂਪ ਕਸਾਈਆ । ਲੇਖਾ ਬਦਲ ਜਾਣਾ ਦੀਨ ਦੁਨੀ ਭਗੋਲ ਦਾ, ਹਦੂਦ ਹੱਦ ਨਾ ਕੋਇ ਸਮਝਾਈਆ । ਪ੍ਰਕਾਸ਼ ਹੋਣਾ ਜੋਤ ਨਰੋਲ ਦਾ, ਨਿਰਵੈਰ ਨੂਰ ਚਮਕਾਈਆ । ਜੋ ਆਦਿ ਜੁਗਾਦੀ ਤੋਲ ਤੋਲਦਾ, ਦੋ ਜਹਾਨਾਂ ਆਪ ਉਠਾਈਆ । ਸ਼ਬਦ ਅਨਾਦ ਅਗੰਮੀ ਬੋਲਦਾ, ਅਨਬੋਲਤ ਰਾਗ ਸੁਣਾਈਆ । ਖੇਲ ਕਰੇ ਮਾਤ ਵਿਚੋਲ ਦਾ, ਨਿਰਗੁਣ ਸਰਗੁਣ ਕਾਰ ਕਮਾਈਆ । ਕਿਸ਼ਨ ਸਿੰਘ ਨੇ ਡੰਕਾ ਲੌਣਾ ਢੋਲ ਦਾ, ਡੱਗਾ ਤਿੰਨ ਵਾਰ ਖੜਕਾਈਆ । ਇਕ ਗੇਂਦ ਰੂਪ ਧਰੇ ਗੋਲ ਦਾ, ਵੱਡਾ ਛੋਟਾ ਨਾ ਕੋਇ ਵਡਿਆਈਆ । ਨੌ ਫੁਟ ਨੇਜ਼ਾ ਲੰਮਾ ਹੋਣਾ ਪੋਲ ਦਾ, ਮੁੱਖੀ ਤਿੱਖੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀ ਕਹੇ ਮੇਰੀ ਬਗ਼ਲ ਹੋਏ ਤਲਵਾਰ, ਤਰਫ਼ ਦੋ ਤਰਫ਼ ਨਾ ਕੋਇ ਵਖਾਈਆ । ਮੂੰਹ ਵਿਚ ਹੋਵੇ ਕਟਾਰ, ਆਪਣਾ ਰੂਪ ਬਦਲਾਈਆ । ਇਕੋ ਹੋਵੇ ਚੋਬਦਾਰ, ਦਰਸ਼ਨ ਸਿੰਘ ਕਾਲਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀ ਕਹੇ ਮੇਰਾ ਹੋਵੇ ਇਕੋ ਟਿੱਕਾ, ਟਕਿਆਂ ਵਣਜ ਨਾ ਕੋਇ ਵਖਾਈਆ । ਬਣੇ ਸਚ ਧਾਤ ਦਾ ਸਿੱਕਾ, ਸਤਿਗੁਰ ਸਾਚਾ ਦਏ ਵਡਿਆਈਆ । ਉਤੇ ਲਿਖਿਆ ਹੋਵੇ ਏਕੰਕਾਰਾ ਇੱਕਾ, ਅਕਲ ਕਲ ਧਾਰੀ ਧੁਰਦਰਗਾਹੀਆ । ਜਿਸ ਦਾ ਸਾਫ਼ ਹੋਵੇ ਪਿੱਛਾ, ਇਕੋ ਧਾਰ ਦਏ ਦ੍ਰਿੜਾਈਆ । ਮੇਰੀ ਆਸਾ ਪੂਰੀ ਕਰੇ ਇੱਛਾ, ਨਿਰਇਛਤ ਵੇਖ ਵਖਾਈਆ । ਅਗਲਾ ਲੇਖ

ਜਾਵੇ ਲਿਖਾ, ਲਿਖਤ ਭਵਿਖਤ ਦਏ ਗਵਾਹੀਆ । ਸਰੂਪ ਸਿੰਘ ਲੈ ਕੇ ਆਵੇ ਮਿੱਠਾ, ਪਾਓ ਪਾਓ ਨਾਲ ਜੁੜਾਈਆ । ਰੁਮਾਲ ਹੋਵੇ ਸਵਾ ਗਿੱਠਾ, ਚਿੱਟੀ ਧਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੈਨੂੰ ਦਏ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮਾਝਾ ਮਾਲਵਾ ਦੁਆਬਾ ਜੰਮੂ ਮੈਨੂੰ ਦੇਵੇ ਛੱਲਾ, ਸ਼ਾਲਾ ਮਿਲੇ ਮਾਣ ਵਡਿਆਈਆ । ਮੈਂ ਵੇਖਣਾ ਓਹ ਅੱਲਾ, ਜੋ ਆਲਮੀਨ ਅਖਵਾਈਆ । ਸਦ ਵਸੇ ਇਕ ਇਕੱਲਾ, ਸਚਖੰਡ ਸਾਚੇ ਸੋਭਾ ਪਾਈਆ । ਰਵਿਆ ਰਹੇ ਜਲਾ ਥਲਾ, ਘਟ ਘਟ ਰੂਪ ਸਮਾਈਆ । ਅੰਤ ਅਖ਼ੀਰੀ ਫੜੇ ਮੇਰਾ ਪੱਲਾ, ਅੱਗੇ ਪਲਕ ਨਾ ਹੋਏ ਜੁਦਾਈਆ । ਦੂਈ ਦਵੈਤ ਮੇਟੇ ਸੱਲਾ, ਵਿਛੋੜਾ ਜਗਤ ਵਾਲਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੋਲੋਂ ਕਰਾਵੇ ਹੱਲਾ, ਨਾਅਰਾ ਇਕੋ ਵਾਰ ਲਗਾਈਆ । ਸਦੀ ਚੌਧਵੀਂ ਕਹੇ ਮੇਰੀ ਚਾਂਦੀ ਦੀ ਹੋਵੇ ਜ਼ੰਜੀਰੀ, ਜ਼ੰਜੀਰ ਸ਼ਰਅ ਦੇਣਾ ਕਟਾਈਆ । ਜਨ ਭਗਤਾਂ ਦੱਸਣੀ ਹੱਕ ਫ਼ਕੀਰੀ, ਫ਼ਿਕਰਾ ਸੂਫ਼ੀਆਂ ਵਾਲਾ ਸਮਝਾਈਆ । ਗੋਬਿੰਦ ਦੀ ਜ਼ਾਹਰ ਕਰਨੀ ਮੀਰੀ ਪੀਰੀ, ਹਰਿ ਗੋਬਿੰਦ ਦੇ ਵਡਿਆਈਆ । ਅੱਗੇ ਬਦਲ ਜਾਣੀ ਪ੍ਰਭ ਦੀ ਪੀੜ੍ਹੀ, ਹਿੱਸਾ ਵੰਡ ਨਾ ਕੋਇ ਵੰਡਾਈਆ । ਇਹ ਖੇਲ ਹੋਣਾ ਤਕ਼ਦੀਰੀ, ਤਦਬੀਰ ਸਕੇ ਨਾ ਕੋਇ ਸਮਝਾਈਆ । ਝਗੜਾ ਮੁੱਕਣਾ ਪਾਤਸ਼ਾਹ ਵਜ਼ੀਰੀ, ਵਜ਼ਾਰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਨੂੰ ਚੜ੍ਹਨਾ ਸੋਹਣਾ ਰੂਪ, ਰੂਪਵੰਤ ਦਏ ਵਡਿਆਈਆ । ਮਾਲਕ ਮਿਲਣਾ ਇਕੋ ਭੂਪ, ਭੂਪਤ ਧੁਰਦਰਗਾਹੀਆ । ਜਿਸ ਦੀ ਮਹਿਮਾ ਸਦਾ ਅਨੂਪ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਲੱਖ ਚੁਰਾਸੀ ਜਿਸ ਦਾ ਤਾਣਾ ਪੇਟਾ ਸੂਤ, ਸੂਤਰਧਾਰੀ ਇਕ ਹੋ ਜਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰਾਵੇ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਲੇਖਾ ਜਾਣੇ ਕਾਇਆ ਮਾਟੀ ਪੰਜ ਤੱਤ ਭੂਤ, ਭੂਤ ਭਵਿਖਤ ਕਾਲ ਖੋਜ ਖੁਜਾਈਆ । ਜਿਧਰ ਵੇਖਾਂ ਤੱਕਾਂ ਮੌਜੂਦ, ਹਾਜ਼ਰ ਹਜ਼ੂਰ ਨੂਰ ਅਲਾਹੀਆ । ਜਿਹੜਾ ਕਦੇ ਨਾ ਹੋਵੇ ਨੇਸਤੋ ਨਾਬੂਦ, ਆਦਿ ਅੰਤ ਜੜ੍ਹ ਨਾ ਕੋਇ ਉਖੜਾਈਆ । ਮੁਹੱਬਤ ਵਾਲਾ ਓਹ ਮਹਿਬੂਬ, ਮੁਹੱਬਤ ਕਰੇ ਚਾਈਂ ਚਾਈਂਆ । ਭਾਗ ਲਗਾ ਕੇ ਕਾਇਆ ਕਲਬੂਤ, ਕਾਅਬਾ ਆਪਣਾ ਦਏ ਦ੍ਰਿੜਾਈਆ । ਪਿਛਲੀ ਕਰਨੀ ਕਰ ਮਨਸੂਖ਼, ਅਗਲਾ ਹੁਕਮ ਇਕ ਵਰਤਾਈਆ । ਜਨ ਭਗਤਾਂ ਕਰ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਇਕ ਸੌ ਪੰਜ ਸਿਖਾਂ ਦੇ ਮਸਤਕ ਹੋਵੇ ਧਾਰ, ਸੋਹੰ ਪੱਟੀ ਨਾਮ ਬੰਧਾਈਆ । ਥੱਲੇ ਲੱਗੀ ਹੋਵੇ ਛਾਰ, ਧੂੜੀ ਖ਼ਾਕ ਰਮਾਈਆ । ਮੋਢਿਆਂ ਉਤੇ ਨੰਗੀ ਹੋਵੇ ਤਲਵਾਰ, ਚੰਡੀ ਆਪਣਾ ਰੂਪ ਬਦਲਾਈਆ । ਪਾਣੀ ਦੀ ਪੈਂਦੀ ਆਵੇ ਫੁਹਾਰ, ਅੰਮ੍ਰਿਤ ਬਰਸੇ ਚਾਈਂ ਚਾਈਂਆ । ਵਿਚ ਹੋਵੇ ਨਾ ਕੋਈ ਗ਼ਦਾਰ, ਕੂੜਾ ਸੰਗ ਨਾ ਕੋਇ ਨਿਭਾਈਆ । ਅੰਤਰ ਰਹੇ ਨਾ ਕੋਇ ਹੰਕਾਰ, ਵਿਭਚਾਰ ਕਰਮ ਨਾ ਕੋਇ ਕਮਾਈਆ । ਸਭ ਦਾ ਸਾਂਝਾ ਹੋਵੇ ਪਿਆਰ, ਮੁਹੱਬਤ ਇਕੋ ਨਾਲ ਦਰਸਾਈਆ । ਓਨ੍ਹਾਂ ਦਾ ਮੁਖ ਪਹਿਲੋਂ ਹੋਵੇ ਵਲ ਪਹਾੜ, ਆਪਣੀ ਪਿਠ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਲੇਖੇ ਦਏ ਲਗਾਈਆ । ਸਦੀ ਚੌਧਵੀਂ ਕਹੇ ਮੇਰੀ ਗੁੰਦੀ ਹੋਵੇ ਚੂੰਡੀ, ਪੱਟੀ ਸੀਸ ਉਤੇ ਰਖਾਈਆ । ਜਿਹੜੀ ਵਸਤ ਹੱਥ ਨਾ ਆਵੇ ਢੂੰਡੀ, ਖੋਜਿਆਂ ਖੋਜ ਕੋਇ ਨਾ ਪਾਈਆ ।

ਧਾਰ ਚਲੇ ਬੁਤ ਰੂਹ ਦੀ, ਰੁਹੇਰਵਾਂ ਮਿਲੇ ਵਡਿਆਈਆ । ਖੇਲ ਵਖੌਣੀ ਸੱਚੇ ਸਤਿਗੁਰੂ ਦੀ, ਗੁਰਦੇਵ ਇਕੋ ਵੇਖ ਵਖਾਈਆ । ਇਹ ਮੇਰੀ ਕਥਾ ਕਹਾਣੀ ਸ਼ੁਰੂ ਦੀ, ਸ਼ਰਅ ਜ਼ੰਜੀਰ ਦਿਆਂ ਕਟਾਈਆ । ਜਿਸ ਵੇਲੇ ਜਨ ਭਗਤਾਂ ਸੰਗਤ ਜੁੜੂਗੀ, ਜੋਗ ਅਗਲਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਨੀਲੇ ਹੋਣ ਪੈਰ, ਨੀਲੀ ਬਿੰਦੀ ਮੱਥੇ ਵਿਚ ਛੁਹਾਈਆ । ਸੇਵਾ ਕਰੇ ਕੋਈ ਨਾ ਗ਼ੈਰ, ਗੁਰਮੁਖ ਸੋਹਣੇ ਸੰਗ ਰਖਾਈਆ । ਭੇਤ ਦੱਸਾਂ ਓਸ ਸਵਾ ਪਹਿਰ, ਜਿਸ ਨੂੰ ਭਵਿਖਤਾਂ ਵਿਚ ਗਏ ਗਾਈਆ । ਪੜਦਾ ਲਾਹਵਾਂ ਕਿਹੜਾ ਲਹੌਰ ਸ਼ਹਿਰ, ਜਿਥੇ ਮੌਤ ਕਜ਼ਾ ਦਏ ਦੁਹਾਈਆ । ਕਿਹੜਾ ਦੂਤੀ ਦੁਸ਼ਮਣ ਕਮਾਏ ਵੈਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦੀ ਆਸਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਸੱਜੀ ਉਂਗਲ ਹੋਵੇ ਪੋਟੀ, ਨਾਖੁਨ ਨਜ਼ਰ ਕੋਇ ਨਾ ਆਈਆ । ਸੱਤ ਰੰਗ ਦੀ ਬਣੀ ਹੋਵੇ ਟੋਪੀ, ਸਤਿਗੁਰ ਸੋਹਣੀ ਜੜਤ ਜੜਾਈਆ । ਮੈਂ ਬਣਨਾ ਓਸ ਕਾਹਨ ਦੀ ਗੋਪੀ, ਜਿਸ ਨੂੰ ਗਵਾਲਿਆ ਵਾਲੇ ਕਾਹਨ ਸੀਸ ਝੁਕਾਈਆ । ਮੇਰੀ ਆਯੂ ਹੋ ਗਈ ਚੋਖੀ, ਚੋਖਰ ਰੂਪ ਦਿਸੇ ਲੋਕਾਈਆ । ਮੈਂ ਛੱਡ ਦਿਤੀ ਪੜ੍ਹਨੀ ਪੋਥੀ, ਪੁਸਤਕ ਦਿਤੀ ਤਜਾਈਆ । ਮੇਰੀ ਮਤ ਰਹੀ ਨਾ ਹੋਛੀ, ਕੂੜੀ ਕਿਰਿਆ ਡੇਰਾ ਢਾਹੀਆ । ਮੈਨੂੰ ਤਾਅਨੇ ਮਿਲਦੇ ਚੌਦਾਂ ਲੋਕੀ, ਤਬਕਾਂ ਵਿਚ ਪਈ ਦੁਹਾਈਆ । ਮੇਰੀ ਬੰਦ ਹੋ ਗਈ ਰੋਜ਼ੀ, ਰੋਜ਼ਾ ਰੱਖ ਕੇ ਝਟ ਲੰਘਾਈਆ । ਪ੍ਰਭ ਮਿਲਣਾ ਠਾਕਰ ਮੌਜੀ, ਜੋ ਮਜਲਸ ਭਗਤਾਂ ਵਿਚ ਲਗਾਈਆ । ਅੰਤਮ ਹੋ ਗਈ ਓਸੇ ਜੋਗੀ, ਜੋ ਜੁਗੀਸ਼ਰਾਂ ਦਏ ਵਡਿਆਈਆ । ਮੈਂ ਪ੍ਰੀਤਮ ਸਿੰਘ ਦੇ ਚੜ੍ਹਨਾ ਉਤੇ ਮੋਢੀਂ, ਮੋਢਿਆਂ ਉਤੇ ਆਸਣ ਲਾਈਆ । ਇਕ ਗੁਲਾਬ ਦੀ ਹੱਥ ਵਿਚ ਰੱਖਣੀ ਡੋਡੀ, ਗੁਰਨਾਮ ਸਿੰਘ ਲੈ ਕੇ ਆਈਆ । ਥੋੜ੍ਹਾ ਨੂਰ ਚਮਕੌਣਾ ਉਤੇ ਠੋਡੀ, ਜਿਸ ਦਾ ਭੇਵ ਨਾ ਕੋਇ ਖੁਲ੍ਹਾਈਆ । ਗੁਰਮੁਖਾਂ ਦੇ ਹੱਥ ਲਗੌਣਾ ਗੋਡੀਂ, ਨਿਉਂ ਨਿਉਂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧਰਮ ਦੀ ਧਾਰ ਦਏ ਜਣਾਈਆ । ਸਦੀ ਚੌਧਵੀਂ ਕਹੇ ਬਚਨ ਸਿੰਘ ਜੋ ਰਹਿੰਦਾ ਕਾਣੇ ਕੌਂਟੇ, ਧਰਮ ਧਰਮ ਵਿਚ ਵਡਿਆਈਆ । ਮੇਰੇ ਲਈ ਬਣਾ ਕੇ ਲਿਆਏ ਪੋਂਟੇ, ਲੇਖਾ ਪਿਛਲਾ ਦਿਆਂ ਜਣਾਈਆ । ਜਿਸ ਦਾ ਹਿਸਾਬ ਢਈਆ ਔਂਟੇ, ਸਾਢੇ ਤਿੰਨ ਤਿੰਨ ਵਖਾਈਆ । ਗੋਬਿੰਦ ਉਠਿਆ ਲਾ ਕੇ ਢੌਂਕੇ, ਆਪਣਾ ਪੰਧ ਮੁਕਾਈਆ । ਸ੍ਰਿਸ਼ਟੀ ਵਕਤ ਗਵਾਏ ਸੌਂ ਕੇ, ਸੁੱਤਿਆਂ ਨਾ ਕੋਇ ਉਠਾਈਆ । ਮੇਰਾ ਪਰਵਰਦਿਗਾਰ ਆਇਆ ਭੌਂ ਕੇ, ਆਪਣਾ ਰੂਪ ਬਦਲਾਈਆ । ਮੈਂ ਸੋਹਣਾ ਗੌਣ ਸੁਣਾਵਾਂ ਗੌਂ ਕੇ, ਕਲਮਿਆਂ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਪੂਰਬ ਲੇਖ ਚੁਕਾਈਆ । ਸਦੀ ਚੌਧਵੀਂ ਕਹੇ ਗੁਰਦਾਸਪੁਰੀਆਂ ਮਾਰ ਕੇ ਲਿਔਣੀ ਘੁੱਗੀ, ਡੋਰੀ ਸਵਾ ਹੱਥ ਬੰਧਾਈਆ । ਫੜ ਕੇ ਲਿਆਵੇ ਰਵੇਲ ਕੌਰ ਮਾਈ ਬੁੱਢੀ, ਪਿਛਲੇ ਜਨਮ ਦਾ ਲਹਿਣਾ ਦਿਆਂ ਚੁਕਾਈਆ । ਮਾਝੇ ਵਾਲਿਆਂ ਸੱਤ ਰੰਗ ਦੀ ਲਿਔਣੀ ਗੁੱਡੀ, ਅਸਮਾਨਾਂ ਉਤੇ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੇਰਾ ਲੇਖਾ ਅਜੇ ਬਹੁਤ, ਸਹਿਜ ਸਹਿਜ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਬਹੁਤਾ ਵਧਿਆ ਓਤ ਪੋਤ, ਵੇਖਾਂ ਥਾਉਂ ਥਾਈਂਆ । ਦੀਨਾਂ ਮਜ਼ਬ੍ਹਾਂ ਦੇ ਤੋੜ ਕੇ ਕਿਲ੍ਹੇ ਕੋਟ, ਹੱਦਾਂ ਦੇਵਾਂ ਗਵਾਈਆ । ਧਰਮ

ਦਵਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜਿਥੇ ਇਕੋ ਨਿਰਮਲ ਜੋਤ, ਜੋਤ ਨੂਰ ਰੁਸ਼ਨਾਈਆ । ਓਥੇ ਚਲੇ ਕੋਈ ਨਾ ਸੋਚ, ਸਮਝ ਨਾ ਕੋਇ ਵਡਿਆਈਆ । ਇਹ ਖੇਲ ਪ੍ਰਭੂ ਦੀ ਮੌਜ, ਜੋ ਮੌਲਾ ਹੋ ਕੇ ਰਿਹਾ ਕਰਾਈਆ । ਮਿਹਰਵਾਨ ਹੋ ਕੇ ਜਾਵੇ ਪਹੁੰਚ, ਪਾਰਬ੍ਰਹਮ ਦਇਆ ਕਮਾਈਆ । ਝਗੜਾ ਪੈਣਾ ਦੀਪ ਪੁਸ਼ਕਰ ਨਾਲ ਕਰੌਂਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਨਾ ਕੋਈ ਵਰਨ ਨਾ ਕੋਈ ਗੋਤ, ਗੋਤੀ ਸਭ ਦਾ ਨਜ਼ਰੀ ਆਈਆ ।

### ❊ ੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਮੇਰਾ ਸੱਜਦਾ ਸ੍ਰੀ ਭਗਵਾਨ, ਪਾਰਬ੍ਰਹਮ ਪਰਵਰਦਿਗਾਰ ਸੀਸ ਝੁਕਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਜਿਸ ਦਾ ਇਕ ਨਿਸ਼ਾਨ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਰਿਹਾ ਝੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਦੀ ਮੰਨਣ ਆਣ, ਗੁਰ ਅਵਤਾਰ ਪੈਗ਼ੰਬਰ ਦਰ ਠਾਂਡੇ ਬੈਠੇ ਸੀਸ ਨਿਵਾਈਆ । ਨਾਮ ਸੰਦੇਸਾ ਧੁਰ ਦਾ ਕਲਮਾ ਦੇਵੇ ਪੈਗ਼ਾਮ, ਨਿਰਗੁਣ ਨਿਰਵੈਰ ਨਿਰੰਕਾਰ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਵੇਖ ਸ਼ਰਅ ਸ਼ੈਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਪੜਦਾ ਦਏ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਕੇ ਬ੍ਰਹਮ ਗਿਆਨ, ਭੇਵ ਅਭੇਦਾ ਅਛਲ ਅਛੇਦਾ ਦਏ ਚੁਕਾਈਆ । ਕਾਇਆ ਮਾਟੀ ਸਾਚੀ ਹਾਟੀ, ਸਾਢੇ ਤਿੰਨ ਹੱਥ ਵੇਖ ਮਕਾਨ, ਮਾਇਆ ਮਮਤਾ ਲੋਭ ਮੋਹ ਵਿਕਾਰ ਹੰਕਾਰ ਡੇਰਾ ਢਾਹੀਆ । ਘਰ ਸਵਾਮੀ ਅੰਤਰਜਾਮੀ ਘਟ ਨਿਵਾਸੀ ਮੇਰੇ ਰਾਮ, ਰਮਤਾ ਰਮਤਾ ਆਪਣੀ ਖੇਲ ਖਿਲਾਈਆ । ਜੋਤ ਅਕਾਲਾ ਸ਼ਬਦ ਨਿਰਾਲਾ ਮਾਰੇ ਬਾਣ, ਅਣਿਆਲਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਦਰਸਾਈਆ । ਸਦੀ ਚੌਧਵੀਂ ਕਹੇ ਮੈਂ ਰਹੀ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਮੇਰਾ ਪੈਂਡਾ ਰਿਹਾ ਮੁਕ, ਦਿਆਂ ਕੂਕ ਦੁਹਾਈਆ । ਪੁਰਖ ਅਕਾਲ ਰਿਹਾ ਉਠ, ਪਰਵਰਦਿਗਾਰ ਸ਼ਹਿਨਸ਼ਾਹੀਆ । ਚਾਰੋਂ ਕੁੰਟ ਬਦਲ ਕੇ ਰੁਖ਼, ਦੀਨ ਦੁਨੀ ਫੋਲ ਫੁਲਾਈਆ । ਉਜਲ ਦਿਸੇ ਕਿਸੇ ਨਾ ਮੁਖ, ਦੁਰਮਤ ਮੈਲ ਨਾ ਕੋਇ ਧੁਆਈਆ । ਸ੍ਰਿਸ਼ਟੀ ਦ੍ਰਿਸ਼ਟੀ ਭਰੀ ਨਾਲ ਦੁੱਖ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਭੇਵ ਸਮਝੇ ਨਾ ਕੋਈ ਕਲਜੁਗ, ਜੁਗਤੀ ਜਗਤ ਨਾ ਕੋਇ ਜਣਾਈਆ । ਮਾਇਆ ਮਮਤਾ ਚੋਗ ਰਹੇ ਚੁਗ, ਚੁਗਲੀ ਨਿੰਦਿਆ ਰਹੀ ਕੁਰਲਾਈਆ । ਨਿਰਮਲ ਦਿਸੇ ਕੋਇ ਨਾ ਬੁਧ, ਬੁੱਧੀਵਾਨ ਨਜ਼ਰ ਕੋਇ ਨਾ ਆਈਆ । ਸਭ ਦੀ ਔਧ ਰਹੀ ਪੁੱਗ, ਨਿਰਗੁਣ ਸਰਗੁਣ ਡੇਰਾ ਢਾਹੀਆ । ਭੇਵ ਖੋਲ੍ਹੇ ਨਾ ਕੋਈ ਗੁੱਝ, ਪੜਦਾ ਅੰਤਰ ਨਿਰੰਤਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਜਗਤ ਅਲਾਮਤ, ਦਹਿ ਦਿਸ਼ਾ ਫੋਲ ਫੁਲਾਈਆ । ਸਾਚਾ ਨਾਮ ਮਿਲੇ ਨਾ ਕੋਇ ਨਿਆਮਤ, ਨਗ਼ਮਾ ਹੱਕ ਨਾ ਕੋਇ ਸੁਣਾਈਆ । ਕਾਇਆ ਮੰਦਰ ਅੰਦਰ ਕਰੇ ਬਗ਼ਾਵਤ, ਕਾਮ ਕਰੋਧ ਲੋਭ ਮੋਹ ਹੰਕਾਰ ਲੜਾਈਆ । ਧਰਮ ਦੇਵੇ ਨਾ ਕੋਇ ਸਖ਼ਾਵਤ, ਸਚ ਕਰਮ ਨਾ ਕੋਇ ਕਮਾਈਆ । ਬਾਹਰੋਂ ਕੂੜੀ ਕਿਰਿਆ ਦਿਸੇ ਗਿਲਾਜ਼ਤ, ਅੰਤਰ ਕਰੇ ਨਾ ਕੋਇ ਸਫ਼ਾਈਆ ।

ਚਾਰੋਂ ਕੁੰਟ ਦਿਸੇ ਗਿਰਾਵਟ, ਸਿਰ ਸਕੇ ਨਾ ਕੋਇ ਉਠਾਈਆ । ਦੀਨਾਂ ਮਜ਼੍ਹਬਾਂ ਹੋਈ ਥਕਾਵਟ, ਜ਼ਾਤ ਪਾਤ ਬੈਠੇ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਚਾਰੋਂ ਕੁੰਟ ਅੰਧੇਰਾ ਘੁਪ, ਘੁੰਮਣ ਘੇਰ ਵਿਚ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਰੋਂਦੀ ਕਰਾਏ ਕੋਈ ਨਾ ਚੁਪ, ਚੱਪੂ ਨਾਮ ਨਾ ਕੋਇ ਲਗਾਈਆ । ਝਗੜਾ ਪਿਆ ਪਿਓ ਪੁਤ, ਪੁੱਤਰ ਮਾਂ ਨਾ ਕੋਇ ਵਡਿਆਈਆ । ਨਾਰ ਕੰਤ ਨਾਲ ਰਹੀ ਰੁਸ, ਦੁਹਾਗਣ ਹੋ ਕੇ ਨੀਤੀ ਰਹੀ ਬਦਲਾਈਆ । ਸਤਿ ਧਰਮ ਗਿਆ ਛੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਘਰ ਘਰ ਅੰਦਰ ਦਿਸੇ ਦੁੱਖ, ਅੰਮ੍ਰਿਤ ਮੇਘ ਨਾ ਕੋਇ ਚਵਾਈਆ । ਜਨ ਭਗਤ ਜਣੇ ਕੋਈ ਨਾ ਕੁੱਖ, ਜਨਣੀ ਕੰਮ ਕਿਸੇ ਨਾ ਆਈਆ । ਪੈਂਡਾ ਮੁਕੇ ਨਾ ਕਿਸੇ ਉਲਟਾ ਰੁੱਖ, ਚੁਰਾਸੀ ਫੰਦ ਨਾ ਕੋਇ ਕਟਾਈਆ । ਸਚ ਦਵਾਰਿਉਂ ਸ੍ਰਿਸ਼ਟੀ ਗਈ ਰੁੱਸ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਚਾਓ ਘਨੇਰਾ, ਘਨਈਆ ਰਾਹ ਵੇਖ ਵਖਾਈਆ । ਪੁਰਖ ਅਕਾਲਾ ਗੇੜੇ ਗੇੜਾ, ਦੀਨ ਦਿਆਲਾ ਦਇਆ ਕਮਾਈਆ । ਚਾਰੋਂ ਕੁੰਟ ਹੋਵੇ ਝੇੜਾ, ਝਗੜੇ ਵਿਚ ਜਗਤ ਦੁਹਾਈਆ । ਧਰਨੀ ਧਰਤ ਧਵਲ ਉਜੜੇ ਖੇੜਾ, ਗੁਲਸ਼ਨ ਹੱਕ ਨਾ ਕੋਇ ਮਹਿਕਾਈਆ । ਮਾਇਆ ਮਮਤਾ ਡੁੱਬੇ ਬੇੜਾ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਮੈਂ ਥੋੜ੍ਹਾ ਸਮਾਂ ਹੋਰ ਕਰਨਾ ਜੇਰਾ, ਜ਼ੋਰ ਜ਼ਬਰ ਮੇਰੀ ਦਏ ਗਵਾਹੀਆ । ਅਗਲਾ ਵਕ਼ਤ ਦੱਸਣਾ ਨੇੜਾ, ਦੂਰ ਦੁਰਾਡਾ ਪੰਧ ਚੁਕਾਈਆ । ਧੁਰ ਦਾ ਭਾਣਾ ਰੋਕੇ ਕਿਹੜਾ, ਗੁਰ ਅਵਤਾਰ ਪੈਗ਼ੰਬਰ ਸਿਰ ਸਕੇ ਨਾ ਕੋਇ ਉਠਾਈਆ । ਜਗਤ ਵਾਸਨਾ ਢਹਿਣਾ ਡੇਰਾ, ਥਲ ਅਸਗਾਹ ਦੇਣ ਦੁਹਾਈਆ । ਮੰਦਰ ਮਸੀਤ ਰਹੇ ਨਾ ਦੇਹਰਾ, ਸ਼ਿਵਦਵਾਲਾ ਮਠ ਨਾ ਕੋਇ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਈ ਰੁਚੀ, ਸਚ ਸਚ ਸਮਝਾਈਆ । ਮੈਂ ਓਸ ਮੰਜ਼ਲ ਪੁੱਜੀ, ਜਿਥੇ ਪੰਧ ਰਿਹਾ ਨਾ ਰਾਈਆ । ਰਮਜ਼ ਲੱਗੀ ਗੁੱਝੀ, ਗਹਿਰ ਗੰਭੀਰ ਦਿਤਾ ਸਮਝਾਈਆ । ਚਾਰੋਂ ਕੁੰਟ ਹੋਣਾ ਉਘੀ, ਉਘਣ ਆਥਣ ਸੇਵ ਕਮਾਈਆ । ਜਗਤ ਵਾਸਨਾ ਵੇਖਣੀ ਬੁੱਧੀ, ਬੁੱਧ ਰੋ ਕੇ ਦਏ ਦੁਹਾਈਆ । ਨਈਆ ਨੌਕਾ ਸਭ ਦੀ ਡੁੱਬੀ, ਖੇਵਟ ਖੇਟਾ ਪਾਰ ਨਾ ਕੋਇ ਲੰਘਾਈਆ । ਜਗਤ ਧਾਰ ਵੇਖੀ ਯੁੱਧੀ, ਯੁਧਿਸ਼ਟਰ ਵਾਸਤਾ ਰਿਹਾ ਪਾਈਆ । ਝਗੜਾ ਵੇਖਣਾ ਮਾਨਸ ਮਨੁੱਖੀ, ਮਾਨਵ ਦਾਨਵ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦਰ ਠਾਂਡੇ ਵੇਖ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਪ੍ਰੇਮ ਪ੍ਰੀਤੀ ਅੰਦਰ ਮਾਰੋ ਗੋਤਾ, ਗ਼ਮਖ਼ਾਰ ਤੱਕੋ ਚਾਈਂ ਚਾਈਆ । ਦੁਆਬੇ ਵਾਲਿਆਂ ਲਿਔਣਾ ਇਕ ਤੋਤਾ, ਤਰਾ ਤਰਾ ਸਮਝਾਈਆ । ਜੋ ਸੰਦੇਸਾ ਦੇਵੇ ਚੌਦਾਂ ਲੋਕਾ, ਚੌਦਾਂ ਤਬਕ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਗਹਿਰ ਗੰਭੀਰ ਸੁਣਾਈਆ । ਜਨ ਭਗਤੋ ਬਦਲ ਕੇ ਔਣਾ ਰੀਤ, ਰੀਤੀ ਅਗਲੀ ਇਕ ਸਮਝਾਈਆ । ਝਗੜਾ ਛੱਡਕੇ ਮੰਦਰ ਮਸੀਤ, ਪੁਰਖ ਅਕਾਲਾ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਔਧ ਗਈ ਬੀਤ, ਬੀਤੀ ਕਹਾਣੀ ਕੰਮ ਕਿਸੇ ਨਾ ਆਈਆ । ਇਕੋ ਛਤ੍ਰ ਝੁਲੇ ਪ੍ਰਭੂ ਦੇ ਸੀਸ,

ਜਗਦੀਸ਼ ਦੋ ਜਹਾਨਾਂ ਸੋਭਾ ਪਾਈਆ । ਇਕੋ ਕਲਮਾ ਨਾਮ ਹਦੀਸ, ਹਰਿ ਹਜ਼ਰਤ ਕਰੇ ਪੜ੍ਹਾਈਆ । ਲੇਖਾ ਵੇਖੇ ਹਸਤ ਕੀਟ, ਊਚਾਂ ਨੀਚਾਂ ਫੋਲ ਫੁਲਾਈਆ । ਸਚ ਜਣਾ ਕੇ ਇਕ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਵਾਸਤੇ ਕਾਲੀ ਲਿਔਣੀ ਸੂਸੀ, ਮੇਰਾ ਸਮਾਂ ਦਏ ਗਵਾਹੀਆ । ਜਿਸ ਦੀ ਧਾਰ ਹੋਵੇ ਰੂਸੀ, ਰਸ਼ੀਆ ਵਿਚ ਵਡਿਆਈਆ । ਆਸ਼ਾ ਹੋਵੇ ਮੂਸੀ, ਈਸਾ ਸਿਫ਼ਤ ਸਾਲਾਹੀਆ । ਦੂਸਰ ਕਰੇ ਨਾ ਕੋਇ ਮਹਿਸੂਸੀ, ਮਿਸਰਾ ਪੜ੍ਹ ਨਾ ਕੋਇ ਸੁਣਾਈਆ । ਪੈਗ਼ੰਬਰ ਕਰ ਸਕੇ ਨਾ ਕੋਇ ਪ੍ਰਭ ਦੀ ਜਾਸੂਸੀ, ਖ਼ੁਫ਼ੀਆ ਰਾਜ਼ ਨਾ ਕੋਇ ਖੁਲ੍ਹਾਈਆ । ਉਨ੍ਹਾਂ ਨੂੰ ਹੱਕ ਦਿਤਾ ਮੌਰੂਸੀ, ਮਾਲਕ ਨਜ਼ਰ ਕੋਇ ਨਾ ਆਈਆ । ਅੰਤ ਬਣ ਕੇ ਖ਼ਾਕ ਭਬੂਤੀ, ਮਾਟੀ ਵਿਚ ਸਮਾਈਆ । ਵੇਸ ਅਨੇਕ ਪ੍ਰਭੂ ਬਹੁ ਰੂਪੀ, ਪੜਦਾ ਪੜਦਿਆਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣੀ ਜੋਤ ਅਲਾਹੀ ਨੂਰ ਰੱਬੀ, ਆਲਮੀਨ ਵਡਿਆਈਆ । ਜੋ ਲੱਖ ਚੁਰਾਸੀ ਤਬੀ, ਤਬੀਅਤ ਵੇਖੇ ਥਾਉਂ ਥਾਈਂਆ । ਜਿਸ ਨੂੰ ਝੁਕਦੇ ਰਸੂਲ ਨਬੀ, ਪੈਗ਼ੰਬਰ ਖ਼ਾਦਮ ਹੋ ਕੇ ਧੂੜੀ ਖ਼ਾਕ ਰਮਾਈਆ । ਓਸੇ ਦੇ ਹੁਕਮੇ ਅੰਦਰ ਬੱਧੀ, ਚਾਰੋਂ ਕੁੰਟ ਭੱਜਾਂ ਚਾਈਂ ਚਾਈਂਆ । ਓਸੇ ਦੀ ਜੋਤ ਜਗੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੇ ਸਭ ਦੀ ਬਦਲ ਦੇਣੀ ਗੱਦੀ, ਗਦਾਗਰ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਹੋਣਾ ਸੁੱਚੀ, ਸੰਜਮ ਭਗਤਾਂ ਨਾਲ ਬਣਾਈਆ । ਮੇਰੀ ਅੰਤਰ ਬਦਲੇ ਰੁਚੀ, ਰਚਨਾ ਵੇਖ ਧੁਰਦਰਗਾਹੀਆ । ਜਿਹੜੀ ਚੌਦਾਂ ਤੇਰਾਂ ਅੰਦਰ ਰਹੀ ਲੁਕੀ, ਬਾਰਾਂ ਪੜਦਾ ਆਪ ਉਠਾਈਆ । ਮਾਲਵੇ ਵਾਲਿਆਂ ਲਿਔਣੀ ਇਕ ਕੁੱਤੀ, ਜੋ ਡੱਬੇ ਰੰਗ ਦੀ ਮੁਹੰਮਦ ਦਾ ਦਰਸ਼ਨ ਪਾਈਆ । ਓਸ ਦੱਸਣਾ ਕਿਸ ਤਰਾ ਕਲਮੇ ਵਾਲੇ ਹੁੰਦੇ ਸੁਖੀ, ਕਾਇਨਾਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਸਵਾਮੀ ਅੰਤਰਜਾਮੀ ਆਪਣਾ ਮੇਲ ਮਿਲਾਈਆ । ਸਦੀ ਚੌਧਵੀ ਕਹੇ ਜੰਮੂ ਵਿਚ ਲਤੋਂ ਲੰਙਾ ਰਾਮ ਗੂੜ੍ਹਾ, ਅਸ਼ਟਭੁਜ ਨਾਲ ਵਡਿਆਈਆ । ਲਾਲ ਰੰਗ ਦਾ ਲੈ ਕੇ ਆਵੇ ਚੂੜਾ, ਸੁੰਭ ਨਿਸੁੰਭ ਸੀਸ ਝੁਕਾਈਆ । ਸੁਰਿੰਦਰ ਸਿੰਘ ਮਸਤਕ ਕੀਤਾ ਹੋਵੇ ਜੂੜਾ, ਇਟਾਰਸੀ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਮੰਗਾਂ ਚਿੱਟੀ ਚਾਦਰ, ਚੌਦਾਂ ਤਬਕਾਂ ਵੇਖ ਵਖਾਈਆ । ਜਿਹੜੀ ਬਕਾਲੇ ਰੱਖੀ ਉਤੇ ਤੇਗ਼ ਬਹਾਦਰ, ਅਵਸਥਾ ਪੰਤਾਲੀ ਸਾਲ ਵਡਿਆਈਆ । ਲਹਿਣਾ ਦੱਸੇ ਓਹ ਅਗੰਮੀ ਕ਼ਾਦਰ, ਜੋ ਕਲਮਿਆਂ ਦਏ ਵਡਿਆਈਆ । ਨਿਰਮਲ ਕਰਮ ਕਰ ਉਜਗਰ, ਦੁਰਮਤ ਮੈਲ ਧੁਆਈਆ । ਸਾਚੇ ਨਾਮ ਬਣਾ ਸੌਦਾਗਰ, ਵਣਜ ਵਪਾਰਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਆਸਾ ਹੋ ਗਈ ਤਗੜੀ, ਆਪਣਾ ਬਲ ਧਰਾਈਆ । ਦਲੀਪ ਸਿੰਘ ਦੇ ਸਿਰ ਤੇ ਬੰਨ੍ਹੋ ਪਗੜੀ, ਪਰਮ ਪੁਰਖ ਸਰਨਾਈਆ । ਜਿਸ ਦੀ ਆਤਮਾ ਪਰਮਾਤਮਾ ਨਾਲ ਜਾਏ ਜਕੜੀ, ਜੁਗ ਚੌਕੜੀ ਮਿਲੇ ਵਡਿਆਈਆ । ਤੁਲੇ ਤੋਲ ਓਸ ਅਗੰਮੀ ਤੱਕੜੀ,

ਨਾਮ ਤਰਾਜ਼ੂ ਜੋ ਅਖਵਾਈਆ । ਜਿਸ ਦਾ ਲੇਖਾ ਜਾਣੇ ਸ਼ੂਦਰ ਵੈਸ਼ ਨਾ ਕੋਇ ਬ੍ਰਹਿਮਣ ਖੱਤ੍ਰੀ, ਖ਼ਤਾ ਵਿਚ ਸਰਬ ਲੋਕਾਈਆ । ਫੋਲ ਦੱਸੇ ਕੋਈ ਨਾ ਪੱਤਰੀ, ਰਾਸੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪੂਰਾ ਕਰ ਦੇ ਜੋ ਦੱਸ ਕੇ ਗਿਆ ਭਾਰਦਵਾਜ ਅਤਰੀ, ਸਪਤ ਰਿਖੀਆਂ ਵਿਚੋਂ ਸਾਲਾਹੀਆ । ਸਦੀ ਚੌਧਵੀਂ ਕਹੇ ਮੈਂ ਜੁਗ ਜੁਗ ਜਾਗੀ, ਨਿੰਦਰਾ ਵਿਚ ਕਦੇ ਨਾ ਆਈਆ । ਧੁਰ ਦੇ ਪ੍ਰੇਮ ਅੰਦਰ ਭਾਗੀ, ਭੱਜੀ ਵਾਹੋ ਦਾਹੀਆ । ਜੁਗ ਜੁਗ ਅਵਤਾਰ ਪੈਗ਼ੰਬਰ ਗੁਰੂ ਵੇਖੇ ਰਾਗੀ, ਜੋ ਪਰਾ ਪਸੰਤੀ ਮਧਮ ਬੈਖਰੀ ਪ੍ਰਭ ਦਾ ਨਾਮ ਸਿਫ਼ਤਾਂ ਵਿਚ ਸਾਲਾਹੀਆ । ਜਿਸ ਦੀ ਖੇਲ ਆਦਿ ਅੰਤ ਆਦੀ, ਅਨੰਤ ਕਲ ਵਡਿਆਈਆ । ਹਰ ਘਟ ਹੋ ਵਿਸਮਾਦੀ, ਬਿਸਮਿਲ ਆਪਣੀ ਕਾਰ ਕਮਾਈਆ । ਚਾਰ ਕੁੰਟ ਬਣ ਸਮਾਜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਦਲੀਪ ਸਿੰਘ ਨੇ ਪੌਣਾ ਕੁੜਤਾ, ਪਿਛਲਾ ਕਰਮ ਕਾਂਡ ਗਵਾਈਆ । ਗੁਰਮੁਖ ਜਗਤ ਹੋਵੇ ਨਾ ਮੁਰਦਾ, ਮੁਰਸ਼ਦ ਆਪਣੇ ਰੰਗ ਰੰਗਾਈਆ । ਇਹੋ ਲਹਿਣਾ ਸਤਿਗੁਰ ਦਾ, ਜੋ ਸ਼ਬਦੀ ਸ਼ਬਦ ਸ਼ਬਦ ਧਾਰ ਉਪਜਾਈਆ । ਇਹ ਖੇਲ ਸਤਿਜੁਗ ਸ਼ੁਰੂ ਹੋਣਾ ਧੁਰ ਦਾ, ਧੁਰ ਮਸਤਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਇਕ ਰਖਾਈਆ । ਕ਼ਮੀਜ ਕਹੇ ਮੈਂ ਤਨ ਮਾਟੀ ਖ਼ਾਕ ਛੋਹਿਆ ਵਜੂਦ, ਪੰਜ ਤਤ ਮਿਲੀ ਵਡਿਆਈਆ । ਕਿਰਪਾ ਕਰੇ ਹੱਕ ਮਹਿਬੂਬ, ਮਿਹਰਵਾਨ ਨੂਰ ਖ਼ੁਦਾਈਆ । ਜੋ ਸਦਾ ਸਦਾ ਮੌਜੂਦ, ਮੁਫ਼ਲਿਸਾਂ ਲਏ ਤਰਾਈਆ । ਸਦ ਵਸੇ ਭਗਤਾਂ ਦੀ ਹਦੂਦ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਕੂੜੀ ਕਿਰਿਆ ਦੇਵੇ ਹੂੰਝ, ਮਾਇਆ ਮਮਤਾ ਮੋਹ ਗਵਾਈਆ । ਸਾਕ ਸਨਬੰਧੀਆਂ ਨੇਤਰ ਨੈਣ ਹੰਝੂ ਦੇਵੇ ਪੂੰਝ, ਰੋਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪਗੜੀ ਕਹੇ ਮੈਂ ਸਿਰ ਉਤੇ ਜਾਣਾ ਚੜ੍ਹ, ਆਪਣਾ ਬਲ ਧਰਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਪੜ੍ਹ, ਵਾਹਵਾ ਵੱਜੇ ਸਚ ਵਧਾਈਆ । ਜਿਸ ਨੇ ਖੇਲ ਖੇਲਿਆ ਚੋਟੀ ਜੜ੍ਹ, ਚੇਤਨ ਆਪਣੇ ਘਰ ਵਸਾਈਆ । ਗੁਰਮੁਖ ਨਾ ਜਨਮੇ ਨਾ ਜਾਏ ਮਰ, ਆਵੇ ਜਾਵੇ ਪ੍ਰਭ ਰਜ਼ਾਈਆ । ਸਚਖੰਡ ਦਵਾਰੇ ਜਾਏ ਵੜ, ਜਿਥੇ ਨਿਰਮਲ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਪਗੜੀ ਕਹੇ ਮੈਨੂੰ ਗੁਰਮੁਖ ਲਏ ਬੰਨ੍ਹ, ਬੰਨਾ ਦੀਨ ਦੁਨੀ ਤਜਾਈਆ । ਨਾਮ ਸੰਦੇਸ਼ਾ ਸੁਣੇ ਸਰਵਣ ਕੰਨ, ਕਲਮਾ ਧੁਰ ਦਾ ਇਕ ਅਲਾਹੀਆ । ਜਿਸ ਨੂੰ ਮਾਤਾ ਲਏ ਜੰਮ, ਪਿਤਾ ਜੀਉਂਦਾ ਜਗਤ ਨਾ ਕੋਇ ਰਖਾਈਆ । ਬਿਨਾ ਸਾਹਿਬ ਸਤਿਗੁਰ ਤੋਂ ਪਵਣ ਸਵਾਸ ਦਾਤ ਦੇਵੇ ਕੋਈ ਨਾ ਧਨ, ਆਤਮ ਰਾਸ ਨਾ ਕੋਇ ਵਧਾਈਆ । ਸੱਜਣ ਮੀਤ ਕਿਸੇ ਨਾ ਔਂਦੇ ਕੰਮ, ਘਰ ਦੀ ਨਾਰ ਹੋਵੇ ਪਰਾਈਆ । ਨਾਤਾ ਰਹੇ ਨਾ ਮਾਟੀ ਚੰਮ, ਹੱਡੀਆਂ ਬਾਲਣ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪਗੜੀ ਕਹੇ ਮੈਂ ਬੱਝ ਗਈ ਗੁਰਮੁਖ ਸਿਰ, ਸ੍ਰੀ ਸਰ ਦਿਤੀ ਵਡਿਆਈਆ । ਸਤਿ ਧਰਮ ਦੀ ਬਣ ਕੇ ਧਿਰ, ਧਰਮ ਦੀ ਧਾਰ ਇਕ ਦ੍ਰਿੜ੍ਹਾਈਆ । ਗੋਬਿੰਦ ਨਾਲੋਂ ਵਿਛੜਿਆਂ ਨਹੀਂ ਹੋਇਆ ਚਿਰ, ਨੇਰਨ ਨੇਰੇ ਪੰਧ ਮੁਕਾਈਆ । ਸਤਿਗੁਰ ਦੀ ਗੋਦੀ ਵਿਚੋਂ ਗੁਰਮੁਖ ਕੋਈ ਨਾ ਜਾਵੇ ਗਿਰ, ਗਿਰਿਆਂ ਗੋਦ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਧੁਰ ਦਾ ਪਿਰ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਗੁਰਮੁਖਾਂ


੪੮੮
੨੧

ਦੇਵੇ ਧਾਮ ਥਿਰ, ਥਿਰ ਘਰ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਅੰਤਰ ਹੋਇਆ ਰਾਜ਼ੀ, ਰਾਜ਼ਕ ਰਹੀਮ ਦਿਤੀ ਵਡਿਆਈਆ । ਮੈਂ ਪ੍ਰੇਮ ਪਿਆਰ ਦੀ ਵੰਡਾਂ ਭਾਜੀ, ਭਜਨ ਬੰਦਗੀ ਵਿਚ ਸਮਾਈਆ । ਜਿਸ ਨੇ ਸਭ ਦੀ ਸਾਜਣਾ ਸਾਜੀ, ਸਾਜਣਹਾਰ ਅਖਵਾਈਆ । ਓਹ ਕਲਜੁਗ ਕੂੜੀ ਵੇਖੇ ਬਾਜ਼ੀ, ਬਾਜ਼ੀਗਰ ਨਟੂਆ ਆਪਣਾ ਸ੍ਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਗੁਰਮੁਖ ਸੋਹਣਾ ਸਿੰਘ ਦਲੀਪ, ਦੀਆ ਬਾਤੀ ਇਕ ਰੁਸ਼ਨਾਈਆ । ਜਿਸ ਨੂੰ ਰਾਏ ਧਰਮ ਨਾ ਦਏ ਸਲੀਬ, ਫਾਸੀ ਗਲ ਨਾ ਕੋਇ ਲਟਕਾਈਆ । ਪੁਰਖ ਅਕਾਲਾ ਵਸੇ ਕ਼ਰੀਬ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਜਿਸ ਨੇ ਜਨਮ ਵਿਚ ਜਨਮ ਦੀ ਬਦਲ ਦਿਤੀ ਤਰਤੀਬ, ਤੌਰ ਤਰੀਕਾ ਆਪਣਾ ਇਕ ਬਣਾਈਆ । ਸਿਫ਼ਤ ਕਰ ਸਕੇ ਨਾ ਕੋਇ ਕ਼ੁਰਾਨ ਮਜੀਦ, ਸਪਾਰਿਆਂ ਵਿਚ ਨਾ ਕੋਇ ਵਡਿਆਈਆ । ਜੁਗ ਜੁਗ ਭਗਤਾਂ ਦਏ ਤਰਤੀਬ, ਯਕੇ ਬਾਦ ਦੀਗਰੇ ਸਾਰੇ ਦਏ ਤਰਾਈਆ । ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵਿਚ ਖ਼ੁਸ਼ਾਮਦ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਵੇਖੋ ਭੱਜਾ ਆ ਗਿਆ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਨਾਲ ਇੰਦਰ, ਇੰਦਰਾਸਨ ਆਇਆ ਤਜਾਈਆ । ਭਗਤਾਂ ਦੀ ਭੈਣ ਵੇਖਾਂ ਓਹ ਮਹਿੰਦਰ, ਜੋ ਸਗਨ ਪ੍ਰੇਮ ਵਿਚ ਮਨਾਈਆ । ਜਿਸ ਦਾ ਅੰਦਰੋਂ ਖੁਲ੍ਹਿਆ ਜੰਦਰ, ਸ਼ਬਦ ਜੋਤ ਨੂਰ ਰੁਸ਼ਨਾਈਆ । ਜਿਸ ਦਾ ਮਾਲਕ ਓਹ ਪਿੰਦਰ, ਜੋ ਸ਼ਿਵਾਂ ਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਸੋਹਣੀ ਵੇਖੀ ਜੁਗਤੀ, ਜੁਗ ਪਿਛਲੇ ਦਿਤੇ ਭੁਲਾਈਆ । ਜਨ ਭਗਤੋ ਪ੍ਰਭ ਕੋਲੋਂ ਕਦੇ ਨਾ ਮੰਗਿਓ ਮੁਕਤੀ, ਮੁਕਤੀ ਕੰਮ ਕਿਸੇ ਨਾ ਆਈਆ । ਧੁਰ ਜੋਤ ਵਿਚ ਮਿਲਣ ਦੀ ਕਰਿਓ ਫੁਰਤੀ, ਆਤਮ ਪਰਮਾਤਮ ਵਿਚ ਸਮਾਈਆ । ਤੁਹਾਡੀ ਆਦਿ ਜੁਗਾਦੀ ਜੋੜੀ ਧੁਰ ਦੀ, ਸਚਖੰਡ ਦਵਾਰ ਵੱਜੇ ਵਧਾਈਆ । ਇਕ ਆਸਾ ਗੋਬਿੰਦ ਰੱਖੀ ਅਨੰਦਪੁਰ ਦੀ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜਿਸ ਵੇਲੇ ਸ੍ਰਿਸ਼ਟੀ ਹੋਵੇ ਰੁੜ੍ਹਦੀ, ਲੋਕਮਾਤ ਨਾ ਕੋਇ ਤਰਾਈਆ । ਓਸ ਵੇਲੇ ਲੋੜ ਪਵੇ ਪੁਰਖ ਅਕਾਲ ਸੱਚੇ ਸਤਿਗੁਰ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਹੁਣ ਚੁੱਕੇ ਕੋਇ ਨਾ ਕਾਨ੍ਹੀ, ਕੰਧਿਆਂ ਉਤੇ ਨਾ ਕੋਇ ਟਿਕਾਈਆ । ਗੁਰਮੁਖ ਸੋਹੰ ਪੜ੍ਹੇ ਬਾਣੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਅੰਮ੍ਰਿਤ ਰਸ ਪੀਵੇ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਅੱਗੇ ਮਾਣੇ ਹੋਰ ਜਵਾਨੀ, ਆਯੂ ਬਿਨਾ ਅਰਜ਼ ਤੋਂ ਦਿਤੀ ਵਧਾਈਆ । ਭਗਤਾਂ ਨਾਲ ਭਗਵਨ ਕਦੇ ਨਾ ਕਰੇ ਬੇਈਮਾਨੀ, ਬੇਵਾ ਰਹਿਣ ਕੋਇ ਨਾ ਪਾਈਆ । ਸਤਿਗੁਰ ਦਾ ਨਾਤਾ ਨਹੀਂ ਜਿਸਮਾਨੀ, ਜਿਸਮ ਜ਼ਮੀਰ ਤੋਂ ਪਰੇ ਕਰੇ ਸ਼ਨਵਾਈਆ । ਕਿਉਂ ਭਗਤ ਦੀ ਧਾਰ ਨਹੀਂ ਬੇਗਾਨੀ, ਆਪ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣ ਜ਼ਿਮੀਂ ਅਸਮਾਨੀ, ਵੇਖਣਹਾਰਾ ਥਾਉਂ ਥਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਆਵੇ ਹਾਸਾ, ਖੁਸ਼ੀਆਂ ਵਿਚ ਜਣਾਈਆ । ਜਨ ਭਗਤਾਂ ਦੇ ਦਿਲਾਸਾ, ਪ੍ਰਭ ਦੀ ਗੋਦ ਟਿਕਾਈਆ । ਰੱਖਿਓ ਇਕ ਭਰਵਾਸਾ, ਭਾਂਡਾ

ਭਰਮ ਭੰਨਾਈਆ । ਸ੍ਰੀ ਭਗਵਾਨ ਸਰਬ ਗੁਣ ਤਾਸਾ, ਗੁਣਵੰਤਾ ਇਕ ਹੋ ਆਈਆ । ਸਾਚੇ ਮੰਡਲ ਪਾਵੇ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਤੁਹਾਡੀ ਪੂਰੀ ਕਰੇ ਆਸਾ, ਤ੍ਰਿਸ਼ਨਾ ਦਏ ਬੁਝਾਈਆ । ਜੀਵਣ ਜ਼ਿੰਦਗੀ ਖੋਲ੍ਹ ਖ਼ੁਲਾਸਾ, ਪੜਦਾ ਦਿਤਾ ਮਿਟਾਈਆ । ਗੁਰਮੁਖੋ ਤੁਹਾਨੂੰ ਸਮਝੌਣ ਲਈ ਸਰਲ ਰੱਖੀ ਭਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮਾਝੇ ਵਾਲਿਓ ਲਿਔਣੀ ਇਕ ਸੂਈ, ਧਾਗਾ ਨੱਕੇ ਵਿਚ ਲੰਘਾਈਆ । ਸਵਾ ਪਾ ਲਿਔਣੀ ਰੂਈ, ਰਹਿਮਤ ਰਹੀਮ ਨਾਲ ਰਖਾਈਆ । ਗੌਂਦੇ ਔਣਾ ਤੂੰਹੀ ਤੂੰਹੀ, ਅੰਤਰ ਆਤਮ ਰਾਗ ਅਲਾਈਆ । ਅੰਦਰੋਂ ਕੱਢਕੇ ਔਣਾ ਦੂਈ, ਦਵੈਤ ਡੇਰਾ ਢਾਹੀਆ । ਇਕ ਬੱਕਰੀ ਲਿਆਣੀ ਜਿਹੜੀ ਸਜਰੀ ਹੋਵੇ ਸੂਈ, ਸੋਹਣਾ ਰੰਗ ਚਮਕਾਈਆ । ਦੁਆਬੇ ਵਾਲਿਓ ਮਾਰ ਕੇ ਲਿਔਣੀ ਚੂਹੀ, ਲਾਲ ਸਿੰਘ ਹੱਥ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਚਾਹੁੰਦੀ ਅਬਿਨਾਸ਼ੀ ਅਚੁਤ, ਅਬਿਨਾਸ਼ੀ ਕਰਤਾ ਭੇਵ ਖੁਲ੍ਹਾਈਆ । ਜੰਮੂ ਵਾਲਿਆਂ ਮੇਰੀ ਗੁੰਦਣੀ ਗੁੱਤ, ਪਰਾਂਦੀ ਕਾਲੀ ਨਾਲ ਸੁਹਾਈਆ । ਤਿੰਨ ਦਿਨ ਦਾ ਸੁੱਕਾ ਲਿਔਣਾ ਟੁੱਕ, ਟੁਕੜਾ ਮੇਰੇ ਹੱਥ ਫੜਾਈਆ । ਦੁਆਬੇ ਵਾਲਿਓ ਡਵਿਡੇ ਵਾਲੀ ਮਾਈ ਲਿਔਣੀ ਜਿਸ ਦਾ ਸੰਸਾਰ ਸਿੰਘ ਮਰਿਆ ਪੁਤ, ਸੰਦੇਸਾ ਧੁਰ ਦਾ ਦਏ ਜਣਾਈਆ । ਮਾਝੇ ਵਾਲਿਓ ਇਕ ਕਫ਼ਨ ਲਿਔਣਾ ਚੁਕ, ਲਾਲ ਰੰਗ ਵਿਚ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਦੀ ਚੌਧਵੀਂ ਕਹੇ ਮੈਂ ਫੇਰ ਹੋਵਾਂ ਖ਼ੁਸ਼, ਖ਼ੁਸ਼ੀਆਂ ਵਿਚ ਆਪਣਾ ਹਾਲ ਸੁਣਾਈਆ । ਮੈਂ ਖ਼ੁਸ਼ੀਆਂ ਅੰਦਰ ਗਾਵਾਂਗੀ । ਪਰਵਰਦਿਗਾਰ ਇਕ ਮਨਾਵਾਂਗੀ । ਨਿਰਗੁਣ ਧਾਰ ਨੂਰ ਚਮਕਾਵਾਂਗੀ । ਦੀਨ ਦਿਆਲ ਵੇਖ ਵਖਾਵਾਂਗੀ । ਕਾਲ ਮਹਾਕਾਲ ਡੇਰਾ ਢਾਹਵਾਂਗੀ । ਸਚ ਦਵਾਰ ਸੀਸ ਝੁਕਾਵਾਂਗੀ । ਮਸਤਕ ਧੂੜੀ ਖ਼ਾਕ ਰਮਾਵਾਂਗੀ । ਢੋਲਾ ਗੀਤ ਇਕ ਅਲਾਵਾਂਗੀ । ਜਗਤ ਮਸੀਤ ਡੇਰਾ ਢਾਹਵਾਂਗੀ । ਸਤਿਜੁਗ ਸਾਚੀ ਰੀਤ ਦਰਸਾਵਾਂਗੀ । ਊਚ ਨੀਚ ਮੇਲ ਮਿਲਾਵਾਂਗੀ । ਪ੍ਰਭੂ ਪ੍ਰੀਤ ਘੋਲ ਘੁਮਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਵਾਂਗੀ । ਤੇਰੇ ਦਵਾਰੇ ਅਲਖ ਜਗੇਗੀ । ਇਕ ਖੇਲ ਹੋਣੀ ਅਗੰਮੀ ਮਜ਼ੇ ਦੀ । ਮੇਰੀ ਧਾਰ ਕਿਸੇ ਨਾ ਲੱਭੇਗੀ । ਨਰ ਨਿਰੰਕਾਰ ਤੇਰੀ ਜੋਤ ਇਕੋ ਜਗੇਗੀ । ਗੁਰ ਅਵਤਾਰ ਪੈਗ਼ੰਬਰਾਂ ਸਭ ਨੂੰ ਸੱਦੇਗੀ । ਦੀਨਾਂ ਮਜ਼੍ਹਬਾਂ ਦੇ ਭਾਰ ਨਾਲ ਲੋਕਮਾਤ ਵਿਚੋਂ ਲੱਦੇਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਤੇਰੇ ਬਹਿ ਕੇ ਸਜੇਗੀ । ਸਚ ਦਵਾਰਾ ਇਕ ਸਜਾਵਾਂਗੀ । ਪੁਰਖ ਅਕਾਲ ਤੇਰਾ ਧਿਆਨ ਲਗਾਵਾਂਗੀ । ਵੇਖ ਸਚ ਸੱਚੀ ਧਰਮਸਾਲ, ਸਚ ਸਿੰਘਾਸਣ ਸੋਭਾ ਪਾਵਾਂਗੀ । ਨਾਮ ਭੰਡਾਰਾ ਲੈ ਧੁਰ ਦਾ ਮਾਲ, ਖ਼ਾਲੀ ਝੋਲੀ ਆਪ ਭਰਾਵਾਂਗੀ । ਗੁਰਮੁਖ ਸੰਤ ਸੁਹੇਲੇ ਲੈ ਕੇ ਨਾਲ, ਦਰ ਤੇਰੇ ਹਾਲ ਸੁਣਾਵਾਂਗੀ । ਕਲਜੁਗ ਕੂੜੀ ਕਿਰਿਆ ਬਦਲ ਦੇ ਚਾਲ, ਸਤਿਜੁਗ ਸਾਚਾ ਤੇਰੇ ਕੋਲੋਂ ਲਵਾਵਾਂਗੀ । ਪ੍ਰੇਮ ਪਿਆਰ ਮੁਹੱਬਤ ਦਾ ਦੇ ਉਛਾਲ, ਸੋਮੇਂ ਅੰਮ੍ਰਿਤ ਤੇਰੀ ਧਾਰ ਵਹਾਂਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਖਾ ਦੇ ਆਪਣਾ ਘਰ, ਜਿਸ ਘਰ ਬਹਿ ਕੇ ਝਟ ਲੰਘਾਵਾਂਗੀ । ਸਦੀ ਚੌਧਵੀਂ ਕਹੇ ਮੈਂ ਵੇਖਾਂ ਇਕ ਦਵਾਰਾ, ਜਿਥੇ ਦੁਆਰਕਾ ਵਾਸੀ ਬੈਠੇ ਸੀਸ ਨਿਵਾਈਆ ।

ਜਗੇ ਜੋਤ ਅਗੰਮ ਅਪਾਰਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਝੁਕਦੇ ਦਿਸਣ ਗੁਰੂ ਅਵਤਾਰਾ, ਪੈਗ਼ੰਬਰ ਸੱਜਦਿਆਂ ਵਿਚ ਖ਼ਾਕ ਰਮਾਈਆ । ਸੋਹਣਾ ਲੱਗਾ ਹੋਵੇ ਦਰਬਾਰਾ, ਸਚਖੰਡ ਦਵਾਰੇ ਵੱਜੇ ਇਕ ਵਧਾਈਆ । ਤੇਰੇ ਹੁਕਮ ਦਾ ਹੋਵੇ ਇਸ਼ਾਰਾ, ਸੈਨਤ ਬਿਨ ਅੱਖਾਂ ਤੋਂ ਆਪ ਸਮਝਾਈਆ । ਕਲਜੁਗ ਕੂੜੀ ਕਿਰਿਆ ਤੇਰੇ ਕੋਲੋਂ ਕਰੌਣਾ ਪਾਰ ਕਿਨਾਰਾ, ਅੰਤ ਕੰਤ ਭਗਵੰਤ ਫ਼ੈਸਲਾ ਦੇਣਾ ਸੁਣਾਈਆ । ਜਿਸ ਕਾਰਨ ਨਿਰਗੁਣ ਜੋਤ ਆਇਉਂ ਦੁਬਾਰਾ, ਸਰਗੁਣ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਤੈਨੂੰ ਨਿਰਗੁਣ ਧਾਰ ਕਹਿੰਦੇ ਚਵੀਆਂ ਅਵਤਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗੁਰ ਅਵਤਾਰ ਪੈਗ਼ੰਬਰ ਸੂਫ਼ੀ ਸੰਤ ਫ਼ਕੀਰ ਬੇਨਜ਼ੀਰ ਸਾਰੇ ਤੇਰੇ ਦਰ ਤੇ ਦੇਣ ਗਵਾਹੀਆ । ਪਿਛਲਾ ਤੇਰਾ ਹੁਕਮ ਚਲਿਆ ਜੁਗ ਚਾਰਾ, ਅਗਲਾ ਖੇਲ ਦੱਸ ਸੱਚੀ ਸਰਕਾਰਾ, ਸਿਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਿਆਂ ਭਗਤਾਂ ਦਾ ਸਦਾ ਲੱਗਾ ਰਹੇ ਅਖਾੜਾ, ਸਦੀ ਚੌਧਵੀਂ ਕਹੇ ਮੈਂ ਮੰਗਦੀ ਰਹਾਂ ਕੱਢਕੇ ਹਾੜਾ, ਤਕਦੀ ਰਹਾਂ ਦਲੀਪ ਸਿੰਘ ਵਰਗਾ ਲਾੜਾ, ਜਿਸ ਦਾ ਪਿਛਲੇ ਜਨਮ ਦੀ ਭੈਣ ਨਾਲ ਪਿਆਰਾ, ਉਧਾਰ ਸਤਿਗੁਰ ਘਰ ਪਿਛਲਾ ਰਿਹਾ ਨਾ ਰਾਈਆ ।



### ✻ ੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਿਹ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✻

੪੯੧
੨੧

ਸਦੀ ਚੌਧਵੀਂ ਕਹੇ ਮੁਹੰਮਦ ਰਿਹਾ ਭੱਜ, ਹਜ਼ਰਤ ਚਾਰੋਂ ਕੁੰਟ ਵਾਹੋ ਦਾਹੀਆ । ਦੀਨ ਦੁਨੀ ਉਤੇ ਪੈ ਗਿਆ ਸ਼ੱਕ, ਉਮਤ ਅਮਲ ਹੱਕ ਨਾ ਕੋਇ ਕਮਾਈਆ । ਧੁਰ ਦਾ ਕਲਮਾ ਸਾਰੇ ਗਏ ਛੱਡ, ਨਬੀ ਰਸੂਲ ਰਹੇ ਕੁਰਲਾਈਆ । ਮੁੱਲਾ ਸ਼ੇਖ਼ ਮੁਸਾਇਕ ਸਾਚੇ ਕਾਅਬੇ ਕਰੇ ਕੋਇ ਨਾ ਹੱਜ, ਜਲਵਾ ਨੂਰ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਕਾਇਨਾਤ ਰਹੀ ਦਗ, ਅਗਨੀ ਕੂੜ ਕੁੜਿਆਰ ਰਹੀ ਜਲਾਈਆ । ਝਗੜਾ ਪਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਗ, ਚਾਰ ਵਰਨ ਅਠਾਰਾਂ ਬਰਨ ਧੀਰਜ ਧੀਰ ਨਾ ਕੋਇ ਵਖਾਈਆ । ਆਬੇਹਯਾਤ ਨਾਮ ਖ਼ੁਮਾਰੀ ਪੀਏ ਕੋਇ ਨਾ ਮਦਿ, ਮਧੁਰ ਧੁਨ ਨਾਮ ਬੰਸਰੀ ਸਾਚਾ ਕਾਹਨ ਨਾ ਕੋਇ ਉਪਜਾਈਆ । ਪਿਛਲੀ ਕੀਤੀ ਸਭ ਦੀ ਹੁੰਦੀ ਜਾਂਦੀ ਰੱਦ, ਸ਼ਾਸਤਰ ਸਿਮਰਤ ਵੇਦ ਪੁਰਨ ਅੰਜੀਲ ਕ਼ੁਰਾਨ ਗੀਤਾ ਗਿਆਨ ਖਾਣੀ ਬਾਣੀ ਨੇਤਰ ਰੋਵੇ ਮਾਰੇ ਧਾਈਆਂ । ਚੁਰਾਸੀ ਵਿਚੋਂ ਕੋਈ ਕਿਸੇ ਨਾ ਸਕੇ ਕੱਢ, ਜਮ ਕੀ ਫਾਸੀ ਨਾ ਕੋਇ ਤੁੜਾਈਆ । ਬਿਨ ਹਰਿ ਨਾਮੇ ਸਭ ਦੇ ਖ਼ਾਲੀ ਦਿਸਣ ਹੱਡ, ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਸਤਿ ਧਰਮ ਦਾ ਰਿਹਾ ਕੋਈ ਨਾ ਤਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਗ੍ਰਿਹ ਗ੍ਰਿਹ ਅੰਦਰ ਫੋਲ ਫੁਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਹੋਇਆ ਸਦਮਾ, ਨੇਤਰ ਨੈਣਾਂ ਨੀਰ ਵਹਾਈਆ । ਕ਼ਦਮਬੋਸੀ ਕਰੇ ਕੋਈ ਨਾ ਪਰਵਰਦਿਗਾਰ ਕ਼ਦਮਾ, ਕ਼ਦੀਮ ਦੀ ਰੀਤੀ ਰਹੇ ਭੁਲਾਈਆ । ਝਗੜਾ ਪੈ ਗਿਆ ਆਅਲਾ ਅਦਨਾ, ਅਮੀਰ ਗ਼ਰੀਬ ਦਏ ਦੁਹਾਈਆ । ਸਾਚਾ ਰਸ ਮਿਲੇ ਕੋਈ ਨਾ ਚਖਣਾ, ਅੰਮ੍ਰਿਤ ਜਾਮ ਨਿਝਰ ਝਿਰਨਾ ਨਾ ਕੋਇ ਚਵਾਈਆ । ਚੌਦਾਂ ਤਬਕਾਂ ਮੁਸ਼ਕਲ ਹੋ ਗਿਆ ਵਸਣਾ, ਜ਼ਿਮੀਂ ਅਸਮਾਨ ਮਾਰਨ ਧਾਈਆਂ । ਅੰਤ ਅਖ਼ੀਰ ਬੇਨਜ਼ੀਰ

ਹੱਕ ਖ਼ੁਦਾ ਕਿਸੇ ਨਾ ਲੱਭਣਾ, ਚਾਰ ਕੁੰਟ ਦਹਿ ਦਿਸ਼ਾ ਨਜ਼ਰ ਕੋਇ ਨਾ ਪਾਈਆ । ਦੀਨ ਦੁਨੀ ਘੜਿਆ ਭਾਂਡਾ ਭੱਜਣਾ, ਭਜਨ ਬੰਦਗੀ ਵਾਲਾ ਸੂਫ਼ੀ ਸੰਤ ਫ਼ਕੀਰ ਪੜਦਾ ਸਕੇ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਕਾਮ ਕਰੋਧ ਲੋਭ ਮੋਹ ਹੰਕਰ ਵਿਚ ਦਗਣਾ, ਤ੍ਰੈਗੁਣ ਮਾਇਆ ਅਗਨੀ ਤੱਤ ਤਪਾਈਆ । ਦੀਨ ਦੁਨੀ ਮਲਕੁਲ ਮੌਤ ਡੌਰੂ ਵੱਜਣਾ, ਫ਼ਤਹ ਫ਼ੌਤ ਵਾਲੀ ਵਖਾਈਆ । ਸਾਚੀ ਰਹੀ ਕੋਈ ਨਾ ਬੰਦਨਾ, ਸੱਜਦਾ ਸੀਸ ਨਾ ਕੋਇ ਨਿਵਾਈਆ । ਜਗਤ ਜਹਾਨ ਹੋਇਆ ਅੰਧਨਾ, ਨਿਜ ਨੇਤਰ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਚੁਰਾਸੀ ਵਿਚੋਂ ਕਿਸੇ ਨਾ ਕੱਢਣਾ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵਿਚ ਭਵਾਈਆ । ਕਿਸੇ ਕੰਮ ਨਹੀਂ ਔਣਾ ਕਾਇਆ ਮਾਟੀ ਬਦਨਾ, ਤਤ ਵਜੂਦ ਨਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਹਜ਼ਰਤ ਨੇਤਰ ਨੈਣ ਵਹਾਏ ਨੀਰ, ਛਹਿਬਰ ਸ਼ਾਹ ਸੁਲਤਾਨ ਵਖਾਈਆ । ਅੰਤ ਹੋਇਆ ਦਿਲਗੀਰ, ਧੀਰਜ ਧੀਰ ਨਾ ਕੋਇ ਬੰਧਾਈਆ । ਸ਼ਰਅ ਦਾ ਟੁੱਟਣ ਵਾਲਾ ਜ਼ੰਜੀਰ, ਕੜੀ ਕੜੀ ਨਾ ਕੋਇ ਜੁੜਾਈਆ । ਕਲਜੁਗ ਬਦਲਣ ਵਾਲੀ ਤਕਦੀਰ, ਸਤਿਜੁਗ ਸਾਚਾ ਲਏ ਅੰਗੜਾਈਆ । ਪਰਵਰਦਿਗਾਰ ਨਾਮ ਖੰਡਾ ਫੜੇ ਸ਼ਮਸ਼ੀਰ, ਸ਼ਹਿਨਸ਼ਾਹ ਆਪਣੀ ਧਾਰ ਚਮਕਾਈਆ । ਚੌਦਾਂ ਤਬਕ ਖੁਸਦੀ ਦਿਸੇ ਜਾਗੀਰ, ਪਟੇਦਾਰੀ ਦਾ ਝਗੜਾ ਦਏ ਗਵਾਈਆ । ਲਹਿਣਾ ਦੇਣਾ ਮੁਕੇ ਸ਼ਾਹ ਹਕੀਰ, ਊਚਾਂ ਨੀਚਾਂ ਡੇਰਾ ਢਾਹੀਆ । ਅਤਮਾ ਪਰਮਾਤਮਾ ਖੇਲ ਹੋਣਾ ਪਾਤਸ਼ਾਹ ਵਜ਼ੀਰ, ਗੁਰੂਆਂ ਦੀ ਲੋੜ ਰਹੇ ਨਾ ਰਾਈਆ । ਸਭ
੪੯੨ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਧੁਰ ਦਾ ਪੀਰ, ਜਿਸ ਨੂੰ ਵਾਹਿਗੁਰੂ ਅੱਲਾ ਰਾਮ ਗਾਡ ਕਹਿ ਕੇ ਸਾਰੇ ਗਾਈਆ । ਉਹਦਾ ਖੇਲ ਬੇਨਜ਼ੀਰ, ੪੯੨
੨੧ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਹੋਏ ਸਹਾਈਆ । ਸਦੀ ਚੌਧਵੀਂ ਕਹੇ ਮੁਹੰਮਦ ਅੰਤਮ ਭਰੇ ਹੌਕਾ, ਹਾਏ ਉਫ਼ ਕਰ ਸੁਣਾਈਆ । ਕੂੜੀ ਡੁੱਬਣ ਲੱਗੀ ਨੌਕਾ, ਖੇਵਟ ਖੇਟਾ ਮਲਾਹ ਨੂਰ ਜੋਤ ਨਾ ਕੋਇ ਰੁਸ਼ਨਾਈਆ । ਡਰ ਚੁਕਿਆ ਪ੍ਰਭ ਕੇ ਭੌ ਕਾ, ਭੈ ਰੱਖੇ ਸਿਰ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦਾ ਸਿਰ ਰਿਹਾ ਝੁਕ, ਨੇਤਰ ਨੈਣ ਬੰਦ ਕਰਾਈਆ । ਕੁਛ ਬੋਲੇ ਨਾਹੀਂ ਮੁਖ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਖ਼ੁਸ਼ੀ ਨਾਲ ਨਾ ਸਕੇ ਉਠ, ਆਪਣੀ ਲੈ ਅੰਗੜਾਈਆ । ਆਪਣੀ ਆਸਾ ਆਪਣੇ ਅੰਦਰ ਘੁੱਟ, ਵਿਚੇ ਵਿਚ ਦਬਾਈਆ । ਪਰਵਰਦਿਗਾਰ ਕੋਲੋਂ ਰਿਹਾ ਪੁਛ, ਸੰਦੇਸਾ ਸੰਦੇਸਿਆਂ ਵਿਚ ਸੁਣਾਈਆ । ਕੀ ਮੇਰਾ ਪੈਂਡਾ ਰਿਹਾ ਮੁਕ, ਵੇਲਾ ਅੰਤ ਦੇ ਜਣਾਈਆ । ਮੈਂ ਕੀਤਾ ਕੀ ਕੁਛ, ਬੁੱਧੀ ਤੋਂ ਪਰੇ ਕੀ ਪੜ੍ਹਾਈਆ । ਜਿਸ ਕਾਰਨ ਕੱਟੀ ਮੁੱਛ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਕਿਉਂ ਬਦਲਿਆ ਆਪਣਾ ਰੁਖ਼, ਪਾਰਬ੍ਰਹਮ ਬੇਪ੍ਰਵਾਹੀਆ । ਮੇਰੇ ਅੰਤਰ ਇਹੋ ਦੁੱਖ, ਭਰਮੇ ਭੁੱਲੀ ਕੂੜ ਲੋਕਾਈਆ । ਤੇਰਾ ਬਣੇ ਕੋਇ ਨਾ ਪੁਤ, ਪੁਤ ਪੋਤਰੇ ਜਗਤ ਰਿਹਾ ਹੰਢਾਈਆ । ਮੈਨੂੰ ਇਕੋ ਤੇਰੀ ਓਟ, ਦੂਸਰ ਸੀਸ ਨਾ ਕੋਇ ਨਿਵਾਈਆ । ਸਚ ਨਗਾਰੇ ਲਾ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਦੀਨ ਦੁਨੀ ਦੇ ਅੰਦਰੋਂ ਕੱਢ ਖੋਟ, ਮਮਤਾ ਮੋਹ ਨਾ ਕੋਇ ਹਲਕਾਈਆ । ਕਰ ਪ੍ਰਕਾਸ਼ ਅਗੰਮੀ ਜੋਤ, ਨੂਰੋ ਨੂਰ ਡਗਮਗਾਈਆ । ਮੇਰੀ ਪਿਛਲੀ ਮਿਟ ਜਾਏ ਸੋਚ, ਅੱਗੇ ਸਮਝ ਦੇਣੀ ਸਮਝਾਈਆ । ਮੈਂ ਲੇਖਾ ਛੱਡਿਆ ਚੌਦਾਂ ਤਬਕ ਚੌਦਾਂ

ਲੋਕ, ਸਲੋਕ ਇਕੋ ਦੇਣਾ ਸੁਣਾਈਆ । ਚਿੰਤਾ ਗ਼ਮ ਹਰਖ ਰਹੇ ਨਾ ਸੋਗ, ਸੰਸਾ ਦੇਣਾ ਮਿਟਾਈਆ । ਸਚ ਪ੍ਰੀਤੀ ਬਖ਼ਸ਼ਣਾ ਯੋਗ, ਜੁਗਤੀ ਆਪਣੀ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰੇ ਤੇਰਾ ਹੋਵੇ ਸੰਜੋਗ, ਪਿਛਲਾ ਵਿਜੋਗ ਲੋਕਮਾਤ ਦੇਣਾ ਗਵਾਈਆ ।

### ❋ ੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਸੁਰੈਣ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ❋

ਸਦੀ ਚੌਧਵੀਂ ਕਹੇ ਪ੍ਰਭ ਦਾ ਖੇਲ ਅਗੰਮਾ ਗਹਿਰਾ, ਗਹਿਰ ਗੰਭੀਰ ਆਪਣੇ ਵਿਚ ਛੁਪਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਕਰੌਂਦਾ ਰਹੇ ਮੁਸ਼ਾਇਰਾ, ਨਾਮ ਕਲਮਾ ਕਲਮਾ ਨਾਮ ਨਾਲ ਟਕਰਾਈਆ । ਦੋ ਜਹਾਨਾਂ ਸ਼ਬਦੀ ਗੁਰ ਕੋਲੋਂ ਦਵੌਂਦਾ ਰਹੇ ਪਹਿਰਾ, ਹੁਕਮ ਅੰਦਰ ਹੁਕਮ ਮਨਾਈਆ । ਦੀਨਾਂ ਮਜ਼੍ਹਬਾਂ ਦਾ ਵੰਡ ਕੇ ਦਾਇਰਾ, ਹੱਦ ਵਿਚ ਬੇਹਦ ਦਏ ਕਰਾਈਆ । ਕਲਜੁਗ ਕੂੜੀ ਕਿਰਿਆ ਪ੍ਰਧਾਨ ਕਰ ਕੇ ਕਾਇਰਾ, ਕ਼ਾਇਮ ਮੁਕ਼ਾਮ ਦਿਤੀ ਕਰਾਈਆ । ਸਦੀ ਚੌਧਵੀਂ ਕਹੇ ਮੈਂ ਕੁਛ ਖੇਲ ਵੇਖਣਾ ਵਿਚ ਕਾਹਿਰਾ, ਮੂਸਾ ਮੁਹੰਮਦ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਜਣਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਵਲ ਜ਼ਿਮੀਂ, ਅਸਮਾਨਾਂ ਅੱਖ ਬਦਲਾਈਆ । ਕਾਇਨਾਤ ਧਾਰ ਦਿੱਸੀ ਨਿੰਮ੍ਹੀ, ਸਚ ਨੂਰ ਨਾ ਕੋਇ ਚਮਕਾਈਆ । ਆਵਾਜ਼ ਹੋਈ ਧੀਮੀ, ਧੁਰ ਦਾ ਰਾਗ ਨਾ ਕੋਇ ਅਲਾਈਆ । ਪੁਰਖ ਅਕਾਲ ਦੀ ਨਜ਼ਰੀ ਆਏ ਕੋਇ ਨਾ ਤੀਵੀਂ, ਤ੍ਰਿਆ ਤ੍ਰਿਸ਼ਨਾ ਵਾਲੀ ਵੇਖੀ ਜਗਤ ਲੋਕਾਈਆ । ਮੈਂ ਹੋਰ ਹੋ ਗਈ ਨੀਵੀਂ, ਆਪਣੀ ਅੱਖ ਝੁਕਾਈਆ । ਜਿਸ ਆਸਰੇ ਜੁਗ ਚੌਕੜੀ ਜੀਵੀ, ਕਲਜੁਗ ਵਿਚ ਭੱਜੀ ਵਾਹੋ ਦਾਹੀਆ । ਓਸ ਦੀ ਬਣਾਂ ਬੀਵੀ, ਜੋ ਖ਼ਾਵੰਦ ਖ਼ੁਦਾਵੰਦ ਹੋ ਕੇ ਆਪਣਾ ਫੇਰਾ ਪਾਈਆ । ਜਿਸ ਦੀ ਸਦੀ ਚਿਰੀ ਸਦੀਵੀ, ਪੂਰਬ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਉਤੇ ਧਰਤੀ, ਧਵਲ ਧੌਲ ਖੋਜ ਖੁਜਾਈਆ । ਕਿਸ ਦੇ ਕੋਲ ਗੋਬਿੰਦ ਵਾਲੀ ਪਰਚੀ, ਪਰਾਚੀਨ ਦਾ ਲੇਖਾ ਰਿਹਾ ਵਖਾਈਆ । ਤੱਕਣ ਮਾਲਕ ਇਕੋ ਅਰਸ਼ੀ, ਜੋ ਅਰਸ਼ੇ ਆਜ਼ਮ ਡੇਰਾ ਲਾਈਆ । ਜਿਸ ਦੀ ਸਦਾ ਸਦੀ ਤੇ ਸਦਾ ਬਰਸੀ, ਵਰ੍ਹਿਆਂ ਵਾਲੀ ਗੰਢ ਨਾ ਕੋਇ ਬੰਨ੍ਹਾਈਆ । ਜਦੋਂ ਚਾਹੇ ਜੁਗ ਜੁਗ ਕਰੇ ਆਪਣੀ ਮਰਜ਼ੀ, ਖ਼ੁਦ ਮਾਲਕ ਆਪ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਆਪਣੇ ਬਣਾਏ ਸਾਰੇ ਗ਼ਰਜ਼ੀ, ਜ਼ਰੂਰਤ ਵਿਚ ਆਪਣਾ ਨਾਮ ਦਿਤਾ ਸਮਝਾਈਆ । ਥੋੜ੍ਹੀ ਥੋੜ੍ਹੀ ਦਾਤ ਦੇ ਕੇ ਮਾਤਲੋਕ ਦੀ ਖਰਚੀ, ਅੱਖਰਾਂ ਨਾਮ ਦੱਸੀ ਪੜ੍ਹਾਈਆ । ਤਨ ਵਜੂਦ ਪਹਿਨਾ ਕੇ ਵਰਦੀ, ਹਿੰਦੂ ਮੁਸਲਿਮ ਸਿੱਖ ਈਸਾਈ ਦਿਤੇ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਭੱਜੀ ਫਿਰਦੀ ਸਾਲ ਭਰ ਦੀ, ਪਿਛਲੇ ਸਾਲ ਰਾਹ ਤਕਾਈਆ । ਪੁਰਖ ਅਕਾਲ ਤੋਂ ਰਹੀ ਡਰਦੀ, ਕਿਉਂ, ਓਹ ਗੁਰ ਅਵਤਾਰ ਪੈਗ਼ੰਬਰਾਂ ਦਾ ਲੇਖਾ ਪਿਛਲਾ ਪੂਰ ਕਰਾਈਆ । ਹੁਣ ਮੇਰੀ ਕਲਾ ਹੋਈ ਚੜ੍ਹਦੀ, ਲਹਿੰਦਿਉਂ ਚੜ੍ਹਦੇ ਚਲੀ ਆਈਆ । ਮੈਂ ਧਾਰ ਓਸ ਅਗੰਮੇ ਨਰ ਦੀ, ਜਿਸ ਨੂੰ ਨਰ ਨਰਾਇਣ ਕਹਿ ਕੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਦਰਗਾਹ ਸਾਚੀ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਮੁਹੰਮਦ ਹੋ ਗਿਆ ਕੁੱਬਾ, ਹੱਥ ਕਾਅਬੇ ਵਲ ਉਠਾਈਆ । ਜਗਤ ਵਾਸਨਾ ਉਮਤ ਵਾਲੀ ਵਿਚ ਖੁੱਭਾ, ਬਾਹਰ ਸਕੇ ਨਾ ਕੋਇ ਕਢਾਈਆ । ਕਿਸ ਕਾਰਨ ਬਕਰੀਦ ਵਿਚ ਦੇਂਦੇ ਰਹੇ ਦੁੰਬਾ, ਦੁਮ ਦਬਾ ਕੇ ਭੱਜਣ ਥਾਉਂ ਥਾਈਂਆ । ਜਿਸ ਦੀ ਖੱਲ ਦਾ ਬਣੌਂਦੇ ਰਹੇ ਤੂੰਬਾ, ਤੂੰਬੜੀ ਆਪਣੀ ਪਵਿਤ੍ਰ ਸਾਫ਼ ਨਾ ਕੋਇ ਕਰਾਈਆ । ਕੁਛ ਖੇਲ ਹੋਣਾ ਸਵਾ ਪਾ ਰੂੰ ਦਾ, ਰੋਮ ਰੋਮ ਮੁਹੰਮਦ ਦਾ ਦਏ ਗਵਾਹੀਆ । ਝਗੜਾ ਪੈਣਾ ਨਬੀ ਨੂਹ ਦਾ, ਜ਼ੂਹ ਜ਼ੂਹ ਵਿਚ ਦੁਹਾਈਆ । ਸੱਚਾ ਖੇਲ ਆਤਮਾ ਪਰਮਾਤਮਾ ਨਿਰਗੁਣ ਧਾਰ ਰੂਹ ਦਾ, ਬੁੱਤਾਂ ਵਿਚ ਪੁਤ ਬਣਾ ਕੇ ਡੇਰਾ ਦਿਤਾ ਜਮਾਈਆ । ਖੇਲ ਹੋਣਾ ਇਕੋ ਸਤਿਗੁਰ ਸ਼ਬਦ ਗੁਰੂ ਦਾ, ਜੋ ਗੌਰ ਮੜ੍ਹੀ ਤੋਂ ਬਾਹਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਕਰਨੀ ਤੋਂ ਕਦੇ ਨਾ ਮੁੜੂਗਾ, ਮੁੜ ਮੁੜ ਆਪਣਾ ਹੁਕਮ ਵਰਤਾਈਆ ।



### ❊ ੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਨਰਾਇਣ ਸਿੰਘ ਦੇ ਗ੍ਰਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਧੁਰ ਦੀ ਸ਼ਬਦ ਕਹਾਣੀ ਦੱਸੂੰ, ਚਾਰ ਕੁੰਟ ਦਹਿ ਦਿਸ਼ਾ ਨੈਣ ਉਠਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਅੰਦਰ ਵੜ ਵੜ ਹੱਸੂ, ਹਸਤੀ ਵੇਖ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਨਿਰਮਾਣਤਾ ਵਿਚ ਸੰਦੇਸ਼ਾ ਦੇਵੂੰ ਮੱਸੂ, ਮੂਸਾ ਲਵਾਂ ਉਠਾਈਆ । ਪੈਗ਼ਾਮ ਜਣਾ ਕੇ ਇਕ ਯਸੂ, ਮਸੀਹ ਦਾ ਮਸਲਾ ਦਿਆਂ ਦ੍ਰਿੜਾਈਆ । ਮੁਹੰਮਦ ਵਲ ਪ੍ਰੇਮ ਨਾਲ ਤੱਕੂੰ, ਨਿਗਾਹ ਨੈਣ ਨਾਲ ਮਿਲਾਈਆ । ਚੌਦਾਂ ਤਬਕਾਂ ਅੰਦਰ ਨੱਚੂੰ, ਨਿਰਗੁਣ ਹੋ ਕੇ ਖੇਲ ਖਿਲਾਈਆ । ਪੁਰਖ ਅਕਾਲ ਨੂੰ ਕਹੂੰ ਵੇਖ ਆਪਣੇ ਬੱਚੂ, ਬੱਚਿਆਂ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਖੋਲ੍ਹ ਕੇ ਵੇਖਾਂ ਨੈਣ, ਬਿਨ ਅੱਖਾਂ ਅੱਖ ਉਠਾਈਆ । ਕੀ ਲਹਿਣਾ ਦੇਣਾ ਸਿੰਘ ਨਰਾਇਣ, ਚਮਕੌਰ ਗੜ੍ਹੀ ਲੇਖਾ ਫੋਲ ਫੁਲਾਈਆ । ਗੋਬਿੰਦ ਦੇਵੇ ਕਿਹੜਾ ਦੇਣ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਸਾਚੇ ਨਾਮ ਦੀ ਬਖ਼ਸ਼ ਰਸਾਇਣ, ਰਸ ਅੰਮ੍ਰਿਤ ਇਕ ਚਖਾਈਆ । ਨੁਕਤਾ ਦੂਈ ਮੇਟ ਕੇ ਗ਼ੈਨ, ਐਨ ਆਪਣਾ ਰੂਪ ਸਮਝਾਈਆ । ਜਿਹੜਾ ਲੇਖਾ ਪਿਛਲਾ ਨਾਲ ਮਹਿੰਦਰ ਭੈਣ, ਸੋ ਮੇਲਾ ਮਿਲੇ ਸਹਿਜ ਸੁਭਾਈਆ । ਜਗਤ ਧਾਰ ਬਣ ਕੇ ਸੈਣ, ਸਾਕ ਇਕੋ ਗੰਢ ਰਖਾਈਆ । ਮਿਲੇ ਧੁਰ ਸਰਨਾਈ ਪ੍ਰਭ ਚਰਨਾਂ ਵਿਚ ਚੈਨ, ਅਗਨੀ ਤੱਤ ਨਾ ਕੋਇ ਤਪਾਈਆ । ਕੂੜੀ ਕਿਰਿਆ ਹੋਏ ਪਰਾਇਣ, ਪਰਮ ਪੁਰਖ ਪ੍ਰਭ ਸਾਚਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੇਰੀ ਵਧਦੀ ਜਾਏ ਆਸਾ, ਇਛਿਆ ਵਿਚ ਵਡਿਆਈਆ । ਮੈਂ ਵੇਖਾਂ ਖੇਲ ਤਮਾਸ਼ਾ, ਚਾਰੋਂ ਕੁੰਟ ਦੁਹਾਈਆ । ਕੀ ਕਰੇ ਖੇਲ ਪੁਰਖ ਅਬਿਨਾਸ਼ਾ, ਹਰਿ ਕਰਤਾ ਵਡ ਵਡਿਆਈਆ । ਗੁਰਮੁਖਾਂ ਖੋਲ੍ਹ ਕੇ ਪਿਛਲਾ ਖਾਤਾ, ਲਹਿਣਾ ਦੇਣਾ ਬਾਹਰ ਕਰਾਈਆ । ਕਲਜੁਗ ਕੂੜੀ ਫੋਲ ਅੰਧੇਰੀ ਰਾਤਾ, ਪੜਦਾ ਉਹਲਾ ਵਿਚੋਂ ਚੁਕਾਈਆ । ਪਿਛਲੇ ਗੁਰਮੁਖ ਹੁਣ ਜਿਨ੍ਹਾਂ ਦੀ ਵਖਰੀ ਵਖਰੀ ਮਾਤਾ, ਨਾਤਾ ਭੈਣ ਭਾਈ ਸਮਝਾਈਆ ।

ਗੋਬਿੰਦ ਦਾ ਪੂਰਾ ਕਰ ਕੇ ਭਵਿਖਤ ਵਾਕਾ, ਵਾਕਫ਼ਕਾਰ ਵੇਖੇ ਚਾਈਂ ਚਾਈਂਆ । ਜੋ ਲੈ ਕੇ ਆਈ ਪਗੜੀ ਵਾਲੀ ਸੌਗ਼ਾਤਾ, ਦੁਆਬੇ ਵਿਚੋਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਜਿਸ ਦੇ ਸਿਰ ਤੇ ਗੋਬਿੰਦ ਧਰਿਆ ਤਾਜ, ਤਾਜਾਂ ਵਾਲੇ ਦਿਤੀ ਵਡਿਆਈਆ । ਪ੍ਰੇਮ ਪਿਆਰ ਦਾ ਦੇ ਕੇ ਰਾਜ, ਦਰ ਘਰ ਸਾਚਾ ਇਕ ਵਖਾਈਆ । ਜਿਥੇ ਪਰਮ ਪੁਰਖ ਦਾ ਕਾਜ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦੀ ਗੋਬਿੰਦ ਉਡਦਾ ਬਾਜ਼, ਦੋ ਜਹਾਨਾਂ ਪੰਧ ਮੁਕਾਈਆ । ਪ੍ਰੀਤੀ ਨੀਲੇ ਵਾਲੀ ਵਾਗ, ਸ਼ਾਹਸਵਾਰਾ ਹੱਥ ਉਠਾਈਆ । ਮੁਹੱਬਤ ਵਿਚ ਦਏ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਮਾਇਆ ਮਮਤਾ ਕਰ ਤਿਆਗ, ਤ੍ਰੈਗੁਣ ਅਤੀਤਾ ਵੇਖ ਵਖਾਈਆ । ਨਾਤਾ ਜੋੜ ਕੇ ਕੰਤ ਸੁਹਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਖੇਲ ਅਗੰਮਾ ਰਿਸ਼ਤਾ, ਭਗਤ ਭਗਵਾਨ ਦਏ ਜਣਾਈਆ । ਚਲੇ ਚਤੁਰਾਈ ਨਾ ਕਿਸੇ ਫ਼ਰਿਸ਼ਤਾ, ਜਬਰਾਈਲ ਮੇਕਾਈਲ ਇਜਰਾਈਲ ਅਸਰਾਫ਼ੀਲ ਨੇਤਰ ਨੈਣ ਅੱਖ ਚੁਰਾਈਆ । ਗੋਬਿੰਦ ਖੇਲ ਆਹਿਸਤਾ ਆਹਿਸਤਾ, ਢਈਆ ਨਈਆ ਆਪਣੀ ਕਾਰ ਕਮਾਈਆ । ਜਨ ਭਗਤਾਂ ਨਾਲ ਆਪਣਾ ਆਪ ਕੀਤਾ ਵਾਬਸਤਾ, ਸੰਗੀ ਸਾਥੀ ਸੋਹਣਾ ਰੂਪ ਧਰਾਈਆ । ਢੋਲਾ ਦੱਸ ਕੇ ਧੁਰ ਜਸ ਦਾ, ਵੇਦ ਪੁਰਾਨਾਂ ਖਹਿੜਾ ਦਿਤਾ ਛੁਡਾਈਆ । ਪਰਦਾ ਲਾਹ ਕੇ ਨਿਜ ਨੇਤਰ ਲੋਚਣ ਨੈਣ ਅੱਖ ਦਾ, ਘਰ ਵਿਚ ਘਰ ਦਿਤਾ ਸਮਝਾਈਆ । ਦਾਨ ਦੇ ਕੇ ਮੁਹੱਬਤ ਸਚ ਦਾ, ਮਾਇਆ ਮਮਤਾ ਕੂੜ ਗਵਾਈਆ । ਘਰ ਵਖਾ ਕੇ ਪੁਰਖ ਸਮਰਥ ਦਾ, ਮੇਲਾ ਮੇਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਆਪਣਾ ਹਾਲ, ਹਾਲਤ ਦਿਆਂ ਜਣਾਈਆ । ਪਰਵਰਦਿਗਾਰ ਸਾਂਝਾ ਯਾਰ ਕਰੇ ਖੇਲ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕ ਰਿਹਾ ਵਜਾਈਆ । ਦੀਨ ਦੁਨੀ ਦਿਸੇ ਬੇਹਾਲ, ਸਾਚੀ ਮੰਜ਼ਲ ਚੜ੍ਹਨ ਕੋਇ ਨਾ ਆਈਆ । ਗੁਰਮੁਖਾਂ ਲੇਖੇ ਲੱਗੇ ਪੂਰੀ ਘਾਲ, ਘਾਇਲ ਅੰਦਰੋਂ ਕੂੜ ਕੁੜਿਆਰ ਦਏ ਕਰਾਈਆ । ਹਰਿਜਨ ਵੇਖ ਆਪਣੇ ਲਾਲ, ਲਾਲਨ ਆਪਣੀ ਗੋਦ ਟਿਕਾਈਆ । ਏਥੇ ਓਥੇ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਸਚ ਧਾਰ ਦੀ ਦੇ ਕੇ ਆਪਣੀ ਬਿਨਾ ਮਣਕਿਆਂ ਤੋਂ ਮਾਲ, ਮਨ ਕਾ ਮਣਕਾ ਦਏ ਭੁਆਈਆ । ਦੀਆ ਬਾਤੀ ਕਮਲਾਪਾਤੀ ਘਰ ਅਗੰਮੀ ਦੀਪਕ ਦੇਵੇ ਬਾਲ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਗੋਬਿੰਦ ਵੇਖਣਹਾਰਾ ਮੀਤ, ਮਿਤ੍ਰ ਪਿਆਰਾ ਧੁਰਦਰਗਾਹੀਆ । ਜਿਸ ਝਗੜਾ ਮੁਕਾਇਆ ਊਚ ਨੀਚ, ਰਾਓ ਰੰਕਾਂ ਡੇਰਾ ਢਾਹੀਆ । ਪੁਰਖ ਅਕਾਲ ਦੀ ਦੱਸ ਪ੍ਰੀਤ, ਫ਼ਤਿਹ ਡੰਕਾ ਗਿਆ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਭੈ ਭੀਤ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਮੁਕੇ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨੂਰ ਨਜ਼ਰੀ ਆਈਆ । ਇਕੋ ਕਲਮਾ ਹੋਏ ਹਦੀਸ, ਇਕੋ ਹਜ਼ਰਤ ਕਰੇ ਪੜ੍ਹਾਈਆ । ਇਕੋ ਸਭ ਦੀ ਹੋਏ ਉਡੀਕ, ਜੁਗ ਚੌਕੜੀ ਬੈਠੇ ਰਾਹ ਤਕਾਈਆ । ਜਿਸ ਨੇ ਬਦਲ ਦੇਣੀ ਤਵਾਰੀਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ

ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਸਤਿ ਦਾ ਖੋਲ੍ਹ ਕੇ ਵੇਖਾਂ ਤਾਕ, ਤਕੱਬਰ ਦੂਰ ਕਰਾਈਆ । ਜਲਵਾ ਤੱਕਕੇ ਨੂਰ ਪਾਕ, ਪਤਤ ਪੁਨੀਤ ਆਪਣਾ ਰੂਪ ਬਦਲਾਈਆ । ਧੂੜੀ ਮਸਤਕ ਲਾ ਕੇ ਖ਼ਾਕ, ਦੁਰਮਤ ਮੈਲ ਗਵਾਈਆ । ਜੋ ਗੋਬਿੰਦ ਗਿਆ ਆਖ, ਸੋ ਸਹਿਜੇ ਵੇਖ ਵਖਾਈਆ । ਭੈਣ ਭਰਾ ਦਾ ਜੁੜਿਆ ਪਿਛਲਾ ਸਾਕ, ਨਾਤਾ ਬਿਧਾਤਾ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਡਾ ਇਕ ਦਰਸਾਈਆ । ਸਦੀ ਚੌਧਵੀਂ ਕਹੇ ਇਹ ਪਗੜੀ ਜਗਤ ਵਾਲਾ ਨਹੀਂ ਦਾਨ, ਦੇਵਣਹਾਰ ਵੱਡੀ ਵਡਿਆਈਆ । ਜੁਗ ਜੁਗ ਭਗਤਾਂ ਰੱਖੇ ਮਾਣ, ਮਿਹਰਵਾਨ ਮਹਿਬੂਬ ਹੋ ਸਹਾਈਆ । ਚੁਰਾਸੀ ਵਿਚੋਂ ਲਏ ਪਹਿਚਾਨ, ਘਟ ਨਿਵਾਸੀ ਫੋਲ ਫੁਲਾਈਆ । ਨਾਮ ਸੰਦੇਸਾ ਦੇ ਪੈਗ਼ਾਮ, ਸੋਈ ਸੁਰਤੀ ਸ਼ਬਦ ਜਗਾਈਆ । ਕਾਇਆ ਬੰਕ ਦੱਸ ਮਕਾਨ, ਘਰ ਘਰ ਵਿਚ ਮੇਲਾ ਮੇਲੇ ਸਹਿਜ ਸੁਭਾਈਆ । ਅੰਮ੍ਰਿਤ ਰਸ ਦੱਸੇ ਪੀਣ ਖਾਣ, ਕੂੜੀ ਕਿਰਿਆ ਤ੍ਰਿਸ਼ਨ ਮਿਟਾਈਆ । ਸ਼ਬਦ ਨਾਦ ਦੇ ਧੁਨਕਾਨ, ਧੁਨ ਆਤਮਕ ਰਾਗ ਸੁਣਾਈਆ । ਨਿਰਗੁਣ ਨੂਰ ਜੋਤ ਜਗਾ ਮਹਾਨ, ਅੰਧ ਅੰਧੇਰਾ ਦਏ ਮਿਟਾਈਆ । ਮੇਲ ਮਿਲਾ ਕੇ ਸ਼ਾਹ ਸੁਲਤਾਨ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਨਾ ਕੋਈ ਜ਼ਿਮੀਂ ਨਾ ਅਸਮਾਨ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਸੀਤਾ ਰਾਮ ਵਡਿਆਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਦੇਵੇ ਗਿਆਨ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਨਾ ਕੋਈ ਤੀਰ ਚਿੱਲਾ ਨਾ ਖੜਗ ਖੰਡਾ ਕਿਰਪਾਨ, ਮਿਆਨ ਢਾਲ ਹੱਥ ਨਾ ਕੋਇ ਟਿਕਾਈਆ । ਨਾ ਕੋਈ ਦੀਨ ਮਜ਼੍ਹਬ ਨਾ ਕੋਈ ਸ਼ਰਅ ਛੁਰੀ ਸ਼ੈਤਾਨ, ਕਤਲਗਾਹ ਰੰਗ ਨਾ ਕੋਇ ਰੰਗਾਈਆ । ਨਾ ਕੋਈ ਹਿੰਦੂ ਮੁਸਲਮਾਨ, ਈਸਾਈ ਅੱਖ ਨਾ ਕੋਇ ਮਟਕਾਈਆ । ਇਕੋ ਖੇਲ ਨੌਜਵਾਨ, ਮਰਦ ਮਰਦਾਨਾ ਆਪਣਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਆਵਾਂ ਹਸਦੀ, ਖ਼ੁਸ਼ੀਆਂ ਵਿਚ ਵਡਿਆਈਆ । ਮੈਂ ਕੁੱਠੀ ਓਸ ਪ੍ਰਭੂ ਦੇ ਜਸ ਦੀ, ਜਿਸ ਦੇ ਢੋਲੇ ਸਾਰੇ ਰਹੇ ਗਾਈਆ । ਮੈਂ ਬਿਰਹੋਂ ਵਿਛੋੜੇ ਵਿਚ ਤਪਦੀ, ਮਿਲ ਕੇ ਅਗਨ ਲਵਾਂ ਬੁਝਾਈਆ । ਸੂਰਤ ਤੱਕਾਂ ਓਸ ਪਤੀ ਪਤਿ ਦੀ, ਜੋ ਪਤਤ ਉਧਾਰੀ ਏਕਾ ਨੂਰ ਜੋਤ ਡਗਮਗਾਈਆ । ਰਮਜ਼ ਸਮਝੇ ਮੇਰੀ ਅਗੰਮੀ ਅੱਖ ਦੀ, ਨੇਤਰ ਲੋਚਨ ਝਗੜਾ ਦਏ ਚੁਕਾਈਆ । ਕਥਾ ਕਹਾਣੀ ਦੱਸੇ ਸਚ ਦੀ, ਸਤਿ ਸਤਿਵਾਦੀ ਆਪ ਦ੍ਰਿੜਾਈਆ । ਮਾਣ ਵਡਿਆਈ ਰਹੇ ਨਾ ਬੁੱਧੀ ਮਤ ਦੀ, ਮਨ ਕਲਪਣਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਪ੍ਰੇਮ ਪਿਆਰ ਦੀ ਸਾਚੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਵੇਖੀ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਵਖਾਈਆ । ਗੋਬਿੰਦ ਪਿਛਲਾ ਜਾਣੇ ਉਧਾਰ, ਲਹਿਣਾ ਲਹਿਣੇ ਵਿਚੋਂ ਪ੍ਰਗਟਾਈਆ । ਵੇਖੇ ਵਿਗਸੇ ਪਾਵੇ ਸਾਰ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜਿਸ ਦਾ ਸਦੀ ਚੌਧਵੀਂ ਕਰਦੀ ਰਹੀ ਇੰਤਜ਼ਾਰ, ਬਿਨ ਨੈਣਾਂ ਰਾਹ ਤਕਾਈਆ । ਸੋ ਖੇਲ ਕਰੇ ਪਰਵਰਦਿਗਾਰ, ਹਰਿ ਕਰਤਾ ਵਡ ਵਡਿਆਈਆ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡ ਖੰਡ ਪੜਦਾ ਆਪ ਉਠਾਈਆ । ਕਲਜੁਗ ਕੂੜੀ ਕਿਰਿਆ ਕਰ ਗ੍ਰਿਫ਼ਤਾਰ, ਹੁਕਮ ਧੁਰ ਦੇ ਵਿਚ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਹੀ ਸਲਾਮਤ ਨਜ਼ਰੀ ਆਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਮੈਂ ਨਿਉਂ ਕੇ ਕਰਾਂ ਸਲਾਮ, ਸੱਯਦਿਆਂ ਵਿਚ ਸੀਸ ਨਿਵਾਈਆ । ਮੇਰਾ ਨੂਰ ਅਲਾਹੀ ਅਮਾਮ, ਅਮਲਾਂ ਤੋਂ ਬਾਹਰ ਸੋਭਾ ਪਾਈਆ । ਜਿਸ ਦੀ ਸਮਝੇ ਨਾ ਕੋਇ ਕਲਾਮ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਤੀਸ ਬਤੀਸਾ ਕਰੇ ਨਾ ਕੋਇ ਪਹਿਚਾਨ, ਹਦੀਸਾਂ ਵਿਚ ਨਾ ਸਿਫ਼ਤ ਸਾਲਾਹੀਆ । ਸਚ ਤੌਫ਼ੀਕ਼ ਇਕ ਮਿਹਰਵਾਨ, ਮਿਹਬਾਨ ਬੀਦੋ ਜਲਵਾਗਰ ਨੂਰ ਖ਼ੁਦਾਈਆ । ਜੋ ਵਸੇ ਉਤੇ ਅਸਮਾਨਾਂ ਅਸਮਾਨ, ਇਸਮ ਆਜ਼ਮ ਨਜ਼ਰ ਕਿਸੇ ਨਾ ਆਈਆ । ਜਿਸ ਤੋਂ ਹੁੰਦੇ ਗਏ ਸਾਰੇ ਕ਼ੁਰਬਾਨ, ਕਰਬਲੇ ਵਾਲੇ ਦੇਣ ਦੁਹਾਈਆ । ਸੋ ਦੇਵਣਹਾਰਾ ਪੈਗ਼ਾਮ, ਪੈਗ਼ੰਬਰਾਂ ਕਰੇ ਪੜ੍ਹਾਈਆ । ਰਸੂਲਾਂ ਦੇ ਹਕ਼ੀਕ਼ੀ ਜਾਮ, ਨਬੀਆਂ ਪੜਦਾ ਦਏ ਉਠਾਈਆ । ਸਿਫ਼ਤਾਂ ਕਰਨ ਵਾਲਾ ਗ਼ੁਲਾਮ, ਨਜ਼ਮਾਂ ਵਿਚ ਅਲਿਫ਼ ਯੇ ਪੜ੍ਹਾਈਆ । ਦਰਗਾਹ ਸਾਚੀ ਕਰਨ ਵਾਲਾ ਬਿਸਰਾਮ, ਬਿਸਮਿਲ ਹੋ ਕੇ ਆਪਣਾ ਖੇਲ ਖਿਲਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਸਦੀ ਚੌਧਵੀਂ ਵਿਗੜਿਆ ਵੇਖਣ ਵਾਲਾ ਇੰਤਜ਼ਾਮ, ਇੰਤਜ਼ਾਮੀ ਵਿਚ ਇੰਤਕਾਮ ਸਭ ਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਅਨਰਾਗੀ ਆਪਣਾ ਰਾਗ ਸੁਣਾਈਆ । ਸਦੀ ਚੌਧਵੀਂ ਕਹੇ ਭਰਾਵਾਂ ਸਦਾ ਭੈਣ ਪਿਆਰੀ, ਭਈਆ ਬਿਨ ਮਈਆ ਨਾਲ ਵਡਿਆਈਆ । ਆਸਾਂ ਵਿਚ ਸਧਰਾਂ ਵਿਚ ਮਨਸਾ ਵਿਚ ਆਵਾਜ਼ਾਂ ਰਹੀ ਮਾਰੀ, ਰਸਨਾ ਜਿਹਵਾ ਜ਼ਬਾਨ ਨਾ ਕੋਇ ਹਿਲਾਈਆ । ਗੋਬਿੰਦ ਨੂਰ ਹਾਜ਼ਰ ਹਜ਼ੂਰ ਮੇਲਾ ਕਰ ਫੇਰ ਦੁਬਾਰੀ, ਤੇਰੀ ਸਰਨ ਇਕ ਸਰਨਾਈਆ । ਸਾਨੂੰ ਪਤਾ ਨਾ ਲੱਗੇ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਡੂੰਘੀ ਕੰਦਰ ਫੋਲ ਫੁਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਲੱਖ ਚੁਰਾਸੀ ਫਿਰੇਂ ਪਿਛੇ ਅਗਾੜੀ, ਘਟ ਘਟ ਅੰਤਰ ਹੋ ਨਿਰੰਤਰ ਨਿਰਵੈਰ ਨਿਰਾਕਾਰ ਨਿਰੰਕਾਰ ਵੇਖ ਵਖਾਈਆ । ਤੇਰੇ ਚਰਨ ਕਵਲ ਉਪਰ ਧਵਲ ਜਾਵਾਂ ਬਲਿਹਾਰੀ, ਹਉਂ ਵਾਰੀ ਘੋਲੀ ਘੋਲ ਘੋਲ ਘੁਮਾਈਆ । ਮੈਂ ਵੈਰਾਗਣ ਬਿਰਹੋਂ ਵਿਛੋੜੇ ਵਿਚ ਦੁਖਿਆਰੀ, ਦੁਖੀਆਂ ਦਰਦ ਲੈਣਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਦੁਆਬੇ ਦੀ ਮਾਝੇ ਵਾਲਿਆਂ ਨਾਲ ਪ੍ਰੀਤ, ਨਾਤਾ ਬਾਹਮੀ ਰਿਹਾ ਬਣਾਈਆ । ਨਰੈਣ ਸਿੰਘ ਦੀ ਪਿਛਲੀ ਭੈਣ ਨਾਮ ਮਨਜੀਤ, ਕ਼ਮੀਜ਼ ਸੋਹਣਾ ਲੈ ਕੇ ਆਈਆ । ਪਿੱਛਾ ਗੋਬਿੰਦ ਨਾਲ ਗਿਆ ਬੀਤ, ਅੱਗੇ ਪੁਰਖ ਅਕਾਲ ਨਾਲ ਵਡਿਆਈਆ । ਸਾਂਝੀ ਦੋਹਾਂ ਦੀ ਹੋਵੇ ਰੀਝ, ਖ਼ੁਸ਼ੀਆਂ ਅੰਦਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਭੈਣ ਭਾਈ ਦਾ ਨਾਤਾ ਸਕਾ, ਅੱਖ ਸਕੇ ਨਾ ਕੋਇ ਬਦਲਾਈਆ । ਮੈਂ ਏਸੇ ਕਰ ਕੇ ਛੱਡਕੇ ਆਈ ਮਦੀਨਾ ਮੱਕਾ, ਕਾਅਬੇ ਵਿਚ ਸਿਦਕ ਸਬੂਰੀ ਨਾ ਕੋਇ ਵਖਾਈਆ । ਵਿਸ਼ਿਆਂ ਵਿਚ ਰੁੜ੍ਹਿਆ ਬੂਰਾ ਕੱਕਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਸਾਜਨ ਰਿਹਾ ਕੋਈ ਨਾ ਸਖ਼ਾ, ਸਗਲਾ ਸੰਗ ਨਾ ਕੋਇ ਬਣਾਈਆ । ਮੈਂ ਆਪਣੇ ਨਾਲ ਪਕਾ ਕੇ ਆਈ ਮਤਾ, ਮਸ਼ਵਰਾ ਇਕੋ ਇਕ ਰਖਾਈਆ । ਮੇਰੇ ਸਾਹਿਬ ਦਾ ਜਿਸ ਨੂੰ ਮਿਲ ਗਿਆ ਪਤਾ, ਸੋ ਪਤਣ ਬਹਿ ਕੇ ਆਪਣਾ ਬੇੜਾ ਲਏ ਤਰਾਈਆ । ਜਨਮ ਜਨਮ ਦਾ ਕਰਮ ਕਰਮ ਦਾ ਮੇਟੇ ਧੱਬਾ, ਕਾਲਖ ਟਿੱਕਾ ਲਾਹੀਆ । ਮੈਂ ਕੂਕ ਸੁਣਾਵਾਂ ਕਾਇਨਾਤ ਸ੍ਰਿਸ਼ਟ ਸਬਾਈ ਪਰਵਰਦਿਗਾਰ ਸਭ ਦਾ ਇਕੋ ਅੱਬਾ, ਅੰਮੀ ਆਪਣਾ ਰੂਪ ਸਮਝਾਈਆ । ਜੁਗ ਜੁਗ ਨਾਮ ਸੰਦੇਸਾ


੪੯੭ ੨੧

ਦੇਵੇ ਸੱਦਾ, ਸਦ ਛੰਦ ਢੋਲਿਆਂ ਵਾਲੇ ਗਾਈਆ । ਜਨ ਭਗਤੋ ਛੱਬੀ ਪੋਹ ਨੂੰ ਮਾਝੇ ਵਾਲੇ ਨਾਲ ਲਿਆਇਓ ਇਕ ਗਧਾ, ਗਦਾਗਰ ਦਾ ਲੇਖਾ ਦਏ ਸਮਝਾਈਆ । ਜਿਸ ਦੇ ਮੱਥੇ ਉਤੇ ਲਿਖ ਕੇ ਲੌਣਾ ਹਾਏ ਮੇਰਿਆ ਰੱਬਾ, ਰਹਿਮਤ ਹੱਕ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਏਕੰਕਾਰ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਕੋਈ ਮੈਨੂੰ ਪੁਛੇ ਸਹੇਲੀ, ਸਹੇਲੀਆਂ ਦਿਆਂ ਜਣਾਈਆ । ਕਿਹੜੀ ਖੇਲ ਪ੍ਰਭੂ ਨੇ ਖੇਲੀ, ਨਿਰਗੁਣ ਆਪਣੀ ਕਾਰ ਕਮਾਈਆ । ਕੀ ਧਾਰ ਰੱਖੇ ਨਵੇਲੀ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਕੀ ਭਗਤਾਂ ਰਿਹਾ ਮੇਲੀ, ਜੁਗ ਜੁਗ ਵਿਛੜੇ ਜੋੜ ਜੁੜਾਈਆ । ਕੀ ਸਾਹਿਬ ਸਵਾਮੀ ਸੱਜਣ ਬੇਲੀ, ਬੇਲਿਆਂ ਜੰਗਲਾਂ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਠਾਂਡਾ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਘਰ ਵੇਖਾਂ ਠੰਡਾ ਠਾਰ, ਠੋਕਰ ਜਗਤ ਨਾ ਕੋਇ ਵਖਾਈਆ । ਜਿਥੇ ਨਾਮ ਕਲਮਾ ਸ਼ਬਦ ਜੈਕਾਰ, ਬਿਨ ਰਸਨਾ ਜਿਹਵਾ ਢੋਲਾ ਗੀਤ ਇਕ ਅਲਾਈਆ । ਨਿਰਗੁਣ ਜੋਤ ਹੋਏ ਉਜਿਆਰ, ਦੀਵਾ ਬਾਤੀ ਤੇਲ ਨਾ ਕੋਇ ਪ੍ਰਗਟਾਈਆ । ਸਚ ਸਿੰਘਾਸਣ ਸੋਹੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਉਤੇ ਸਭ ਨੂੰ ਇਤਬਾਰ, ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਦੇਵਤ ਸੁਰ ਮੰਗਣ ਧੂੜੀ ਛਾਰ, ਟਿੱਕੇ ਖ਼ਾਕ ਵਾਲੇ ਰਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਾਰੋ ਵਾਰ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਘੜੀ ਪਲ ਵੇਖਣ ਨੈਣ ਉਘਾੜ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਸੋ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਹੱਲ ਕਰੇ ਸਵਾਲ, ਨੰਬਰੀ ਆਪਣੀ ਫੋਲ ਫੁਲਾਈਆ । ਝਗੜਾ ਮੇਟ ਕੇ ਕਾਲ ਮਹਾਂਕਾਲ, ਦੀਨ ਦਿਆਲ ਦਇਆ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਚਖੰਡ ਦਵਾਰ ਵਖਾ ਸਚੀ ਧਰਮਸਾਲ, ਦਰਗਾਹ ਸਾਚੀ ਪੜਦਾ ਦਏ ਉਠਾਈਆ । ਜਿਥੇ ਵਸਣ ਸ਼ਾਹ ਕੰਗਾਲ, ਦੀਨ ਮਜ਼੍ਹਬ ਵੰਡ ਨਾ ਕੋਇ ਵਖਾਈਆ । ਸਭ ਦੀ ਲੇਖੇ ਲਾਵੇ ਘਾਲ, ਜੋ ਪ੍ਰਭ ਦਾ ਨਾਮ ਧਿਆਈਆ । ਜੋ ਸਿਖਿਆ ਗੋਬਿੰਦ ਗਿਆ ਸਿਖਾਲ, ਤਤ ਵਜੂਦ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਚ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਗ੍ਰਿਹ ਮੰਦਰ ਹੋਵੇ ਸੋਹਣਾ, ਪ੍ਰਭ ਸੋਹਣੀ ਬਣਤ ਬਣਾਈਆ । ਜਿਥੇ ਨੇਤਰ ਨੀਰ ਪਏ ਨਾ ਰੋਣਾ, ਹੰਝੂਆਂ ਹਾਰ ਨਾ ਕੋਇ ਬਣਾਈਆ । ਰਸਨਾ ਨਾਲ ਪਏ ਨਾ ਗੌਣਾ, ਬੱਤੀ ਦੰਦ ਨਾ ਕੋਇ ਜਣਾਈਆ । ਬਸਤਰ ਪਏ ਨਾ ਤਨ ਛੁਹੌਣਾ, ਸਾਢੇ ਤਿੰਨ ਹੱਥ ਨਾ ਵੰਡ ਵੰਡਾਈਆ । ਮਸਤਕ ਕਿਸੇ ਨਾ ਪਏ ਘਸੌਣਾ, ਨਿਉਂ ਨਿਉਂ ਕੋਇ ਨਾ ਲਾਗੇ ਪਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਨਜ਼ਰੀ ਔਣਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਨੇ ਸਤਿਜੁਗ ਅੰਦਰ ਆਪਣਾ ਹੁਕਮ ਵਰਤੌਣਾ, ਕਲਜੁਗ ਕੂੜਾ ਡੇਰਾ ਢਾਹੀਆ । ਚਾਰ ਵਰਨਾਂ ਇਕੋ ਰੰਗ ਰੰਗੌਣਾ, ਕਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਦੁਰਮਤ ਮੈਲ ਧੁਆਈਆ । ਆਤਮ ਪਰਮਾਤਮ ਸਾਚਾ ਨਾਮ ਜਪੌਣਾ, ਜੋ ਸੋਹੰ ਢੋਲਾ ਨਾਨਕ ਗਿਆ ਗਾਈਆ । ਇਕੋ ਖੜਗ ਖੰਡਾ ਦੋ ਜਹਾਨ ਚਮਕੌਣਾ, ਜੋ ਤੀਰ ਭੱਥਾ ਸੋਹੰ ਗੋਬਿੰਦ ਗੁਰੂ ਗਿਆ ਸਮਝਾਈਆ । ਸਦੀ ਚੌਧਵੀਂ ਕਹੇ ਪ੍ਰਭ ਨੇ ਸਾਚਾ ਮਾਰਗ ਲੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਚਾਰੋਂ ਕੁੰਟ ਕੀਤੀ ਤਲਾਸ਼ੀ, ਦਹਿ ਦਿਸ਼ਾ ਫੋਲ ਫੁਲਾਈਆ । ਜਿਧਰ ਵੇਖਾਂ ਓਧਰ ਮਦਿਰਾ ਮਾਸੀ, ਮਸਤੀ ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਧਰਮ ਅਸਥਾਨਾਂ ਉਤੇ ਹੁੰਦੀ ਵੇਖੀ ਬਦਮਾਸ਼ੀ, ਸਾਧ ਸੰਤ ਧੀਆਂ ਭੈਣਾਂ ਰਹੇ ਤਕਾਈਆ । ਜੂਠੇ ਝੂਠੇ ਵੇਖੇ ਗੁਰੂ ਗ੍ਰੰਥ ਦੇ ਪਾਠੀ, ਬੁੱਧੀ ਬਿਬੇਕ ਨਾ ਕੋਇ ਬਣਾਈਆ । ਸਾਚਾ ਅੰਮ੍ਰਿਤ ਨਾ ਦੇਵੇ ਕੋਈ ਗੋਬਿੰਦ ਵਾਲੀ ਬਾਟੀ, ਪੰਜਾਂ ਪਿਆਰਿਆਂ ਵਿਚੋਂ ਸਾਬਤ ਨਜ਼ਰ ਕੋਇ ਨਾ ਆਈਆ । ਚਾਰ ਵਰਨਾਂ ਬਦਲੇ ਨਾ ਕੋਇ ਹਯਾਤੀ, ਹਜ਼ਾਰਾਂ ਲੱਖਾਂ ਨੇਤਰ ਰੋ ਕੇ ਰਹੇ ਕੁਰਲਾਈਆ । ਜਿਹੜੀ ਕਥਾ ਕਹਾਣੀ ਗੋਬਿੰਦ ਨੇ ਅੰਤ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਓਸ ਦਾ ਲਹਿਣਾ ਵੇਖਣਾ ਜਨ ਭਗਤੋ ਏਸੇ ਵਸਾਖੀ, ਵਸਾਹ ਕੇ ਸਭ ਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੀ ਸਾਂਭ ਕੇ ਰੱਖੀ ਬਿਨ ਅੱਖਰਾਂ ਵਾਲੀ ਉਹ ਪਾਤੀ, ਜਿਸ ਦਾ ਲੇਖ ਜਗਤ ਵਿਦਿਆ ਨਾ ਕੋਇ ਸਮਝਾਈਆ । ਸਦੀ ਚੌਧਵੀਂ ਕਹੇ ਕੀ ਗੋਬਿੰਦ ਰਿਹਾ ਲਿਖਦਾ, ਲੇਖਾ ਬਿਨ ਕ਼ਲਮ ਸ਼ਾਹੀਆ । ਕੀ ਰੂਪ ਹੋਵੇ ਮੇਰੇ ਸਿੱਖ ਦਾ, ਸਿਖਿਆ ਲਵੇ ਧੁਰਦਰਗਾਹੀਆ । ਇਸ਼ਟ ਰੱਖੇ ਏਕੰਕਾਰ ਇਕ ਦਾ, ਦੂਸਰ ਸੀਸ ਨਾ ਕਦੇ ਝੁਕਾਈਆ । ਪੁਤ ਬਣੇ ਅਗੰਮੇ ਪਿਤ ਦਾ, ਜੋ ਏਥੇ ਓਥੇ ਹੋਏ ਸਹਾਈਆ । ਝਗੜਾ ਮੁਕੇ ਆਵਣ ਜਾਵਣ ਨਿਤ ਦਾ, ਚੁਰਾਸੀ ਡੇਰਾ ਢਾਹੀਆ । ਸੋ ਗੁਰਮੁਖ ਮਾਨਸ ਜਨਮ ਜਿੱਤਦਾ, ਜੋ ਗੁਰ ਗੁਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀ ਅਸਮਾਨ ਨਿਰਗੁਣ ਨੂਰ ਹੋ ਕੇ ਦਿਸਦਾ, ਜੋਤੀ ਜਾਤਾ ਪੁਰਖ ਬਿਧਾਤਾ, ਅਗੰਮ ਅਥਾਹ ਬੇਪ੍ਰਵਾਹ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਖ਼ੁਦਾਈਆ ।


੪੯੯ ੨੧

## ੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ

ਸਦੀ ਚੌਧਵੀਂ ਕਹੇ ਮੈਂ ਰਾਤੀਂ ਫਿਰੀ ਵਿਚ ਮਦੀਨੇ, ਮੁੱਦਾ ਸਭ ਦਾ ਵੇਖ ਵਖਾਈਆ । ਨੂਰ ਦਿਸਿਆ ਨਾ ਵਿਚ ਕਿਸੇ ਦੀਨੇ, ਮਜ਼੍ਹਬ ਗ਼ਜ਼ਬ ਤੁਅੱਜਬ ਵਿਚ ਦਏ ਦੁਹਾਈਆ । ਮੁਹੰਮਦ ਹੋਇਆ ਪਸੀਨੋ ਪਸੀਨੇ, ਹੈਰਾਨੀ ਚਾਰੋਂ ਕੁੰਟ ਛਾਈਆ । ਕਿਉਂ ਕਲਮਿਆਂ ਵਾਲੇ ਹੋਏ ਕਮੀਨੇ, ਕਮਜ਼ਾਤ ਕੁਲੱਖਣੀ ਰੂਪ ਵਟਾਈਆ । ਸੱਯਦਾ ਕਰੇ ਨਾ ਕੋਇ ਹੋ ਅਧੀਨੇ, ਵਾਅਜ਼ ਹੱਕ ਨਾ ਕੋਇ ਦ੍ਰਿੜ੍ਹਾਈਆ । ਪ੍ਰੀਤੀ ਰਹੀ ਨਾ ਜਲ ਮੀਨੇ, ਆਬੇਹਯਾਤ ਜਾਮ ਨਾ ਕੋਇ ਪਿਆਈਆ । ਕੀ ਖੇਲ ਹੋਣਾ ਅਗਲੇ ਰਮਜ਼ਾਨ ਮਹੀਨੇ, ਰਮਜ਼ ਇਸ਼ਾਰੇ ਵਾਲੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਮਦੀਨੇ ਦੀ ਚਾਰ ਦੀਵਾਰੀ, ਦੀਆ ਬਾਤੀ ਨਾ ਕੋਇ ਡਗਮਗਾਈਆ । ਮੁਰੀਦ ਮੁਰਸ਼ਦਾਂ ਟੁੱਟਦੀ ਵੇਖੀ ਯਾਰੀ, ਯਾਰਾਨਾ ਹੱਕ ਨਾ ਕੋਇ ਵਖਾਈਆ । ਕਲਮੇ ਉਤੇ ਹੋਈ ਬੇਇਤਬਾਰੀ, ਸਿਦਕ ਭਰੋਸਾ ਯਕੀਨ ਨਾ ਕੋਇ ਦਰਸਾਈਆ । ਰਸੂਲ ਰਸੂਲਾਂ ਨਾਲ ਕਰਨ ਗਦਾਰੀ, ਮਸੂਲ ਸ਼ਰਅ ਵਾਲਾ ਵਖਾਈਆ । ਉਮਤ ਵਿਚ ਹੋਈ ਬੇਜ਼ਾਰੀ, ਜ਼ਾਰੋ ਜ਼ਾਰ ਨੇਤਰ ਨੈਣਾਂ

ਨੀਰ ਵਹਾਈਆ । ਲੁਕਦੀ ਫਿਰਦੀ ਪਹਾੜ ਉਜਾੜੀਂ, ਦਰਗਾਹ ਮਿਲੇ ਨਾ ਕੋਇ ਵਡਿਆਈਆ । ਲੱਗੀ ਅੱਗ ਬਹੱਤਰ ਨਾੜੀ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ੇਖ਼ਾਂ ਮੁੱਲਾਂ ਦੀ ਵੇਖੀ ਰੱਤੀ ਦਾੜ੍ਹੀ, ਰੰਗ ਮਹਿੰਦੀ ਵਾਲਾ ਚੜ੍ਹਾਈਆ । ਇਕ ਓਹਲੇ ਛੁਪੀ ਵੇਖੀ ਬਾਰੀ, ਜਿਸ ਵਿਚ ਬਾਰਾਂ ਮਾਹ ਬਹਿ ਕੇ ਮੁਹੰਮਦ ਆਪਣੇ ਚਰਨਾਂ ਉਤੇ ਆਪਣੀ ਅੱਖ ਟਿਕਾਈਆ । ਆਸਾਂ ਦੀ ਫੇਰਦਾ ਰਿਹਾ ਬਹਾਰੀ, ਸਧਰਾਂ ਦੀ ਸੇਵ ਕਮਾਈਆ । ਲਾਗੇ ਰੱਖਕੇ ਫੁੱਲਾਂ ਦੀ ਖਾਰੀ, ਕਾਂਟੇ ਨੌ ਉਤੇ ਟਿਕਾਈਆ । ਲਾਲ ਮਹਿੰਦੀ ਘੋਲ ਕੇ ਗਾੜ੍ਹੀ, ਪੰਜਾਂ ਪੋਟਿਆਂ ਨਾਲ ਛੁਹਾਈਆ । ਖੇਲ ਵੇਖਦਾ ਰਿਹਾ ਜਗਤ ਬਜ਼ਾਰੀ, ਬਾਜ਼ਾਂ ਵਾਲਾ ਅੰਦਰ ਬੈਠੇ ਨੂੰ ਨਜ਼ਰੀ ਆਈਆ । ਫੇਰ ਬਣਿਆ ਸਚ ਪੁਜਾਰੀ, ਸਯਦੇ ਵਿਚ ਸੀਸ ਝੁਕਾਈਆ । ਕੀ ਖੇਲ ਕਰੇ ਮਦਾਰੀ, ਨਿਰਗੁਣ ਆਪਣਾ ਵੇਸ ਵਟਾਈਆ । ਪੜ੍ਹਿਆ ਦਰੂਦ ਇਕ ਹਜ਼ਾਰੀ, ਹਿਜਰ ਵਿਚ ਗਾਈਆ । ਤੇਰੀ ਖੇਲ ਬੇਸ਼ੁਮਾਰੀ, ਸ਼ੁਮਾਰ ਅੰਤ ਨਾ ਕੋਇ ਸਮਝਾਈਆ । ਉਫ਼ ਹਾਏ ਕਰ ਕੇ ਚੌਧਵੀਂ ਸਦੀ ਪੁਕਾਰੀ, ਰੋ ਰੋ ਮਾਰੇ ਧਾਈਆ । ਮੇਰੇ ਮਾਲਕ ਪ੍ਰਿਤਪਾਲਕ ਦਾਤਾਰੀ, ਦਇਆਵਾਨ ਤੇਰੀ ਸਰਨਾਈਆ । ਤੇਰੇ ਹੁਕਮੇ ਅੰਦਰ ਰਵਾਂ ਕੁਆਰੀ, ਜਗਤ ਖੌਂਤ ਨਾ ਕੋਇ ਹੰਢਾਈਆ । ਮੈਂ ਬਣਨਾ ਨਹੀਂ ਲਾਟਾਂ ਵਾਲੀ ਜੋ ਵਸੇ ਉਤੇ ਪਹਾੜੀਂ, ਮੰਦਰਾਂ ਵਿਚ ਡੇਰਾ ਲਾਈਆ । ਮੈਂ ਸਦਾ ਫਿਰਾਂ ਤੇਰੇ ਪਿਛੇ ਅਗਾੜੀ, ਦੂਜਾ ਅਵਰ ਨਾ ਕੋਇ ਤਕਾਈਆ । ਸਚ ਇਸ਼ਟ ਦੀ ਰਹਾਂ ਪੁਜਾਰੀ, ਪੁਸਤਕ ਹੱਥ ਨਾ ਕੋਇ ਉਠਾਈਆ । ਜਿਸ ਵੇਲੇ ਖੇਲ ਕਰੇ ਏਕੰਕਾਰੀ, ਦੁਬਾਰੀ ਆਪਣੀ ਕਾਰ ਕਮਾਈਆ । ਲੇਖਾ ਵੇਖੇ ਦੋਬਾਰੀ ਤਿਬਾਰੀ, ਚੌਬਾਰੀ ਆਪਣੀ ਵੰਡ ਵੰਡਾਈਆ । ਪੰਚਮ ਮੇਲਾ ਬਾਹਰ ਪਰਪੰਚ ਧਾਰੀ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਇਕ ਬਾਰੀ ਜਿਸ ਵਿਚ ਦਿਸਿਆ ਇਕ ਕਬੂਤਰ, ਨੈਣ ਮੂੰਦ ਧਿਆਨ ਲਗਾਈਆ । ਕੁਛ ਪੁਕਾਰ ਕਰੇ ਅਬੂਤਰ, ਬਿਨਾ ਤਰਜ਼ ਤਾਲ ਦੁਹਾਈਆ । ਮੁਹੰਮਦ ਦਾ ਕਿਹੜਾ ਬਣਿਆ ਘਰ, ਹਮਦ ਵਿਚ ਇਕ ਧਿਆਨ ਜਣਾਈਆ । ਅੰਧੇਰਾ ਭੈ ਵਿਚ ਆਵੇ ਡਰ, ਭਿਆਨਕ ਰੂਪ ਖ਼ੁਦਾਈਆ । ਸਾਚਾ ਪੱਲੂ ਕੋਈ ਨਾ ਫੜੇ ਲੜ, ਲੜੀ ਲੜੀ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕੁਛ ਹੱਥ ਆਪੇ ਵੇਖੇ ਖੜ੍ਹ, ਖਿੜਕੀ ਵਿਚੋਂ ਆਪਣਾ ਪੜਦਾ ਲਾਹੀਆ ।

### * ੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਮਾਲ ਚਕ ਜ਼ਿਲਾ ਅੰਮ੍ਰਿਤਸਰ *

ਸਦੀ ਚੌਧਵੀਂ ਕਹੇ ਨੇਤਰ ਰੋਵੇ ਚੰਦ ਸਤਾਰਾ, ਸਤਹ ਬਸਤਹ ਸਮਝ ਕਿਸੇ ਨਾ ਆਈਆ । ਕਰੇ ਖੇਲ ਕੀ ਪਰਵਰਦਿਗਾਰਾ, ਪਾਰਬ੍ਰਹਮ ਪਰਮੇਸ਼ਵਰ ਬੇਪ੍ਰਵਾਹੀਆ । ਜਿਸ ਦਾ ਨਾਮ ਲੋਕ ਪ੍ਰਲੋਕ ਵਜੇ ਨਗਾਰਾ, ਨੌਬਤ ਹੱਕ ਹੱਕ ਸੁਣਾਈਆ । ਅਵਤਾਰ ਪੈਗ਼ੰਬਰ ਖ਼ਿਦਮਤਗਾਰਾ, ਗੁਰ ਗੁਰ ਬੈਠੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਭਿਖਾਰਾ, ਹੱਵਾ ਆਦਮ ਨਾ ਕੋਇ ਵਡਿਆਈਆ । ਖੇਲੇ ਖੇਲ ਆਪਣੀ ਧਾਰਾ, ਧਰਨੀ ਧਰਤ ਧਵਲ ਧੋਲ ਖੋਜ ਖੁਜਾਈਆ । ਚਾਰ ਕੁੰਟ ਹੋ ਉਜਿਆਰਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਪਾਵੇ ਸਾਰਾ, ਅੰਡਜ

ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਚੰਦ ਸਤਾਰਾ ਰਿਹਾ ਰੋ, ਬਿਨ ਲੋਚਨ ਨੈਣ ਨੀਰ ਵਹਾਈਆ । ਕੀ ਖੇਲ ਰਿਹਾ ਹੋ, ਹੋਕਾ ਹੂ ਹੂ ਅਲਾਹੀਆ । ਸਾਡੇ ਨਾਲ ਹੋਇਆ ਧਰੋਹ, ਧ੍ਰੂ ਪ੍ਰਹਿਲਾਦ ਦਏ ਗਵਾਹੀਆ । ਪਰਵਰਦਿਗਾਰ ਦਾ ਟੁੱਟਾ ਮੋਹ, ਮੁਹੱਬਤ ਹੱਕ ਨਾ ਕੋਇ ਜਣਾਈਆ । ਸਭ ਕੁਛ ਰਿਹਾ ਖੋਹ, ਖ਼ਾਲਕ ਖ਼ਲਕ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਵਡ ਵਡਿਆਈਆ । ਚੰਦ ਸਤਾਰਾ ਰੋਵੇ ਮਾਰੇ ਧਾਹ, ਕੂਕ ਕੂਕ ਸੁਣਾਈਆ । ਕਰੇ ਖੇਲ ਕੀ ਬੇਪ੍ਰਵਾਹ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਾਨੂੰ ਕਰਨ ਲੱਗਾ ਜੁਦਾ, ਜੁਜ਼ ਆਪਣੇ ਹੱਥ ਰਖਾਈਆ । ਦੀਨ ਦੁਨੀ ਦੀ ਬਦਲ ਅਦਾ, ਅਦਾਵਤ ਕੂੜੀ ਰਿਹਾ ਗੁਆਈਆ । ਸਾਚੇ ਨਾਮ ਦੀ ਦੱਸ ਸਦਾ, ਰਹਿਬਰ ਹੋ ਕੇ ਪੜਦਾ ਲਾਹੀਆ । ਸਾਡੀ ਕ਼ਬੂਲ ਕਰੇ ਦੁਆ, ਸੱਜਦਿਆਂ ਵਿਚ ਸੀਸ ਝੁਕਾਈਆ । ਮਾਇਆ ਮਮਤਾ ਮੇਟ ਵਬਾ, ਮੋਹ ਵਿਕਾਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਕਰਤਾ ਸ਼ਹਿਨਸ਼ਾਹੀਆ । ਚੰਦ ਸਤਾਰਾ ਕਹੇ ਵੇਖੀਏ ਖੇਲ ਬੇਨਜ਼ੀਰ, ਨਜ਼ਰ ਤੋਂ ਉਹਲੇ ਦਏ ਜਣਾਈਆ । ਇਸ਼ਾਰੇ ਦੇ ਰਿਹਾ ਕਬੀਰ, ਬਿਨ ਅੱਖਾਂ ਸੈਨਤ ਰਿਹਾ ਲਗਾਈਆ । ਵੇਖੋ ਪਰਮ ਪੁਰਖ ਦੀ ਤਦਬੀਰ, ਤਰੀਕਾ ਅਵਰ ਨਾ ਕੋਇ ਜਣਾਈਆ । ਸਭ ਦੀ ਬਦਲ ਦੇਵੇ ਤਕ਼ਦੀਰ, ਰਹਿਬਰ ਹੋ ਕੇ ਵੇਖ ਵਖਾਈਆ । ਅਗੰਮੀ ਦੱਸ ਉਹ ਤਸਵੀਰ, ਜਿਸ ਨੂੰ ਮੁਸੱਵਰ ਤਸੱਵਰ ਕਰ ਨਾ ਕੋਇ ਵਖਾਈਆ । ਸਦੀ ਚੌਧਵੀਂ ਪਵੇ ਭੀੜ, ਚਾਰੇ ਕੁੰਟ ਕੁੰਟ ਕੁਰਲਾਈਆ । ਝਗੜਾ ਪਏ ਗ਼ਰੀਬ ਅਮੀਰ, ਅਮਰਾਪਦ ਨਾ ਕੋਇ ਵਖਾਈਆ । ਨਾਮ ਖੰਡਾ ਖੜਗ ਸ਼ਮਸ਼ੀਰ, ਨਿਰਗੁਣ ਧਾਰ ਇਕ ਚਮਕਾਈਆ । ਵੇਖ ਵਖਾਣੇ ਸ਼ਾਹ ਹਕੀਰ, ਕਾਇਆ ਕਾਅਬਾ ਖੋਜ ਖੁਜਾਈਆ । ਨੇਤਰ ਰੋ ਕੇ ਕਹੇ ਕ਼ੁਰਾਨ ਮਜੀਦ, ਤੀਸ ਬਤੀਸ ਢੋਲਾ ਇਕ ਅਲਾਹੀਆ । ਸਾਚੀ ਰਹੀ ਕੋਈ ਨਾ ਦੀਦ, ਨੇਤਰ ਨੈਣ ਅੱਖ ਨਾ ਕੋਇ ਮਿਲਾਈਆ । ਮਾਣ ਰਿਹਾ ਨਾ ਕੋਇ ਈਦ, ਈਦਲੁ ਫ਼ਿਤਰ ਢੋਲਾ ਹੱਕ ਨਾ ਕੋਇ ਜਣਾਈਆ । ਮੁਹੰਮਦ ਬਿਨ ਅਲਿਫ਼ ਯੇ ਤੋਂ ਕੀਤੀ ਵਸੀਅਤ, ਅਸਲੀਅਤ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਾ ਹਰਿ, ਦਰਗਾਹ ਸਾਚੀ ਵੇਖ ਵਖਾਈਆ । ਚੰਦ ਸਤਾਰਾ ਕਹੇ ਮੇਰੇ ਮਹਿਬੂਬ, ਮਿਹਰਵਾਨ ਤੇਰੀ ਵਡਿਆਈਆ । ਤੇਰਾ ਖੇਲ ਉਚ ਅਰੂਜ, ਅਰਸ਼ ਫ਼ਰਸ਼ ਤੇਰੀ ਸਰਨਾਈਆ । ਸਦੀ ਚੌਧਵੀਂ ਕਰ ਮਹਿਦੂਦ, ਹਦੂਦ ਆਪਣੀ ਇਕ ਪ੍ਰਗਟਾਈਆ । ਚਾਰੋਂ ਕੁੰਟ ਦਿਸੇਂ ਮੌਜੂਦ, ਮਜਲਸ ਭਗਤਾਂ ਵਿਚ ਲਗਾਈਆ । ਭਾਗ ਲਗਾ ਉਮਤ ਕਾਇਆ ਕਲਬੂਤ, ਕਲਮਾ ਕਲਮੇ ਵਿਚੋਂ ਉਪਜਾਈਆ । ਸਾਚਾ ਸੰਦੇਸਾ ਦੇ ਜਬਰਾਈਲ ਦੂਤ, ਅਸਰਾਈਲ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਚੰਦ ਸਤਾਰਾ ਕਹੇ ਮੇਰੀ ਅੰਤਰ ਅੰਤਰ ਆਹ, ਹੌਕਾ ਲੈ ਕੇ ਦਿਆਂ ਜਣਾਈਆ । ਪੀਰ ਪੈਗ਼ੰਬਰ ਮੇਰੇ ਗਵਾਹ, ਸ਼ਹਾਦਤ ਤੇਰੇ ਦਰ ਭੁਗਤਾਈਆ । ਸਦੀ ਚੌਧਵੀਂ ਅੰਤ ਅਖ਼ੀਰ ਗਿਆ ਆ, ਆਪਣਾ ਬੈਠੀ ਪੰਧ ਮੁਕਾਈਆ । ਮਨਸਾ ਸਭ ਦੀ ਵੇਖ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਬੇਪ੍ਰਵਾਹੀਆ । ਤੂੰ ਜਲਵਾਗਰ ਇਕ ਖ਼ੁਦਾ, ਨੂਰੀ ਨੂਰ ਡਗਮਗਾਈਆ । ਅਸੀਂ ਚਲੀਏ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ

ਤੇਰੀ ਸੇਵ ਕਮਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਰਹੇ ਡਾਹੀਆ । ਸਦੀ ਚੌਧਵੀਂ ਕਹੇ ਚੰਦ ਸਤਾਰ ਮੁਰਸ਼ਦ ਵੇਖ ਆਪਣਾ ਮੁਰੀਦ, ਮੁਰੀਦਾਂ ਵੇਖ ਵਖਾਈਆ । ਜੋ ਤੇਰਾ ਰਾਹ ਤੱਕਣ ਬਿਨ ਦੀਦ, ਨੇਤਰ ਲੋਚਨ ਨੈਣ ਸੇਵ ਕਮਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਤਾਕੀਦ, ਧੁਰ ਫ਼ਰਮਾਨ ਇਕ ਦ੍ਰਿੜਾਈਆ । ਉਨ੍ਹਾਂ ਆਸਾ ਮਨਸਾ ਪੂਰੀ ਕਰ ਉਮੀਦ, ਬਚਿਆ ਰਹਿਣ ਕੋਇ ਨਾ ਪਾਈਆ । ਗ਼ਫ਼ਲਤ ਵਾਲੀ ਖੋਲ੍ਹ ਨੀਂਦ, ਆਲਸ ਕੂੜਾ ਦੇ ਗਵਾਈਆ । ਸਾਹਿਬ ਸਵਾਮੀ ਤੈਨੂੰ ਲਵਣ ਚੀਤ, ਚਿਤ ਠਗੌਰੀ ਮਨ ਨਾ ਕੋਇ ਰਖਾਈਆ । ਮੈਂ ਤੇਰਾ ਤੂੰ ਮੇਰਾ ਆਤਮ ਪਰਮਾਤਮ ਗਾਵਣ ਗੀਤ, ਧੁਰ ਦਾ ਢੋਲਾ ਅਗੰਮ ਅਥਾਹੀਆ । ਝਗੜਾ ਮਿਟਾ ਹਸਤ ਕੀਟ, ਊਚਾਂ ਨੀਚਾਂ ਰੰਗ ਰੰਗਾਈਆ । ਤੇਰੇ ਚਰਨ ਕਵਲ ਹੋਵੇ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਸਦਾ ਦਿਸੇ ਹਾਜ਼ਰ ਹਜ਼ੂਰ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਕਿਰਪਾ ਕਰ ਲਾਸ਼ਰੀਕ, ਸ਼ਿਰਕਤ ਕੂੜੀ ਦੇਣੀ ਕਢਾਈਆ । ਤੇਰੇ ਅੰਦਰ ਹੱਕ ਤੌਫ਼ੀਕ, ਤੋਫ਼ਾ ਨਾਮ ਝੋਲੀ ਦੇਣਾ ਭਰਾਈਆ । ਤੇਰੀ ਧਾਰ ਸਭ ਤੋਂ ਮੁਫ਼ੀਦ, ਮੁਫ਼ਲਿਸਾਂ ਦੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਵੇਸ਼ ਹੋ ਕੇ ਆਸ ਰਖਾਈਆ । ਚੰਦ ਸਤਾਰ ਕਹੇ ਮੇਰੇ ਸਾਹਿਬ ਸਾਹਿਬ ਸੁਲਤਾਨ, ਸੁੱਤਿਆਂ ਲੈ ਉਠਾਈਆ । ਗੋਬਿੰਦ ਵਾਲਾ ਲੇਖਾ ਮਾਰ ਧਿਆਨ, ਗੜ੍ਹੀ ਚਮਕੌਰ ਦਏ ਦੁਹਾਈਆ । ਗੁਰਮੁਖ ਸਾਚੇ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਧੁਰ ਦਾ ਦੇ ਅਗੰਮੀ ਗਿਆਨ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਸਤਿ ਵਖਾ ਇਕ ਨਿਸ਼ਾਨ, ਜਿਥੇ ਛਤਰ ਝੁੱਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਚੰਦ ਸਤਾਰ ਕਹੇ ਮੇਰੇ ਸਾਹਿਬ ਪੁਰਖ ਅਬਿਨਾਸ਼ੀ, ਹਰਿ ਕਰਤੇ ਵਡ ਵਡਿਆਈਆ । ਗੁਰਮੁਖਾਂ ਅੰਦਰ ਵੜ ਕੇ ਕਰ ਤਲਾਸ਼ੀ, ਘਟ ਘਟ ਅੰਦਰ ਫੋਲ ਫੁਲਾਈਆ । ਕਿਸ ਨੂੰ ਤੇਰੇ ਮਿਲਣ ਦੀ ਆਸੀ, ਆਸਾ ਵਿਚ ਬੈਠਾ ਰਾਹ ਤਕਾਈਆ । ਮਨੂਆ ਮੂਲ ਨਾ ਕਰੇ ਬਦਮਾਸ਼ੀ, ਬਦੀ ਦਾ ਡੇਰਾ ਬੈਠੇ ਢਾਹੀਆ । ਯਾਦ ਕਰਦੇ ਦਿਵਸ ਰਾਤੀ, ਘੜੀ ਪਲ ਸਾਹ ਸਾਹ ਸਮਾਈਆ । ਤੇਰਾ ਨੂਰ ਬਣ ਕੇ ਜ਼ਾਤੀ, ਆਤਮ ਹੋ ਕੇ ਪਰਮਾਤਮ ਵੇਖ ਵਖਾਈਆ । ਕਰ ਪ੍ਰਕਾਸ਼ ਬਿਨ ਦੀਵਾ ਬਾਤੀ, ਕਵਲ ਨੈਣ ਡਗਮਗਾਈਆ । ਚਰਨ ਪ੍ਰੀਤੀ ਸੱਚੀ ਹਯਾਤੀ, ਜੀਵਣ ਜੀਵਣ ਵਿਚੋਂ ਸਮਝਾਈਆ । ਅੰਮ੍ਰਿਤ ਦੇ ਬੂੰਦ ਸਵਾਂਤੀ, ਮਧੁਰ ਪਿਆਲਾ ਹੱਥ ਉਠਾਈਆ । ਲਹਿਣਾ ਦੇਣਾ ਰਹੇ ਕੋਈ ਨਾ ਬਾਕੀ, ਬਾਕ਼ਾਇਦਾ ਆਪਣੀ ਕਾਰ ਕਮਾਈਆ । ਭਾਗ ਲਗਾ ਦੇ ਕਾਇਆ ਮਾਟੀ ਖ਼ਾਕੀ, ਖ਼ਾਲਕ ਖ਼ਲਕ ਹੋ ਸਹਾਈਆ । ਤੇਰਾ ਮੇਲ ਹੋਵੇ ਇਤਫ਼ਾਕੀ, ਵਾਅਦੇ ਪੂਰੇ ਦੇ ਕਰਾਈਆ । ਆਤਮ ਪਰਮਾਤਮ ਜੁੜੇ ਨਾਤੀ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਧੁਰ ਦਰਗਾਹ ਦਾ ਸਾਕੀ, ਜਾਮ ਹਕੀਕ਼ੀ ਦੇ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਚੰਦ ਸਤਾਰ ਕਹੇ ਮੇਰੀ ਹੋਰ ਇਕ ਆਸਾ, ਆਸਾ ਵਿਚ ਵਡਿਆਈਆ । ਜਿਸ ਨੂੰ ਗੋਬਿੰਦ ਉਤੇ ਭਰਵਾਸਾ, ਹਿਰਦੇ ਅੰਦਰ ਵੇਖ ਵਖਾਈਆ । ਓਸ ਆਪੇ ਹੋਵੀਂ ਰਾਖਾ, ਸਿਰ ਆਪਣਾ ਹੱਥ ਰਖਾਈਆ । ਪੂਰਬ ਪੂਰਾ ਕਰਨਾ ਘਾਟਾ, ਬਾਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ


੫੦੨
੨੧

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਵੇਖ ਗੋਬਿੰਦ ਵਾਲੀ ਧਾਰ, ਧਰਮ ਦਵਾਰੇ ਨਜ਼ਰੀ ਆਈਆ । ਭੈਣ ਭਰਾ ਦਾ ਸਚ ਪਿਆਰ, ਸੰਗਤ ਸਿੰਘ ਨਾਲ ਵਡਿਆਈਆ । ਕਰਮ ਧਰਮ ਦੀ ਕਰਦਾ ਕਾਰ, ਨਿਹਕਰਮੀ ਕਰਮ ਕਮਾਈਆ । ਉਸ ਦੇ ਸੀਸ ਬੱਝੇ ਦਸਤਾਰ, ਏਥੇ ਓਥੇ ਦੋ ਜਹਾਨ ਮਿਲੇ ਵਡਿਆਈਆ । ਕੁੰਦਨ ਸਿੰਘ ਮੇਲਾ ਨਾਲ ਕੰਤ ਭਤਾਰ, ਪਾਰਬ੍ਰਹਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਸੋਹਣਾ ਤਨ ਦਾ ਹੋਵੇ ਬਸਤਰ, ਮਾਟੀ ਖ਼ਾਕ ਮਿਲੇ ਵਡਿਆਈਆ । ਸਚ ਪ੍ਰੀਤੀ ਹੋਵੇ ਸ਼ਸਤਰ, ਲੁਹਾਰ ਤਰਖਾਨ ਨਾ ਕੋਇ ਘੜਾਈਆ । ਜਗਤ ਨਜ਼ਰ ਤੋਂ ਬਾਹਰ ਹੋਵੇ ਬਣਤਰ, ਦੋਏ ਅੱਖਾਂ ਵੇਖਣ ਕੋਇ ਨਾ ਪਾਈਆ । ਭੇਵ ਮੁਕੌਣਾ ਕਾਇਆ ਮਾਟੀ ਮਨ ਤਨ, ਬੁਧ ਬਿਬੇਕ ਦੇਣੀ ਕਰਾਈਆ । ਲਹਿਣਾ ਦੇਣਾ ਚੁਕੌਣਾ ਸਾਚੇ ਸੰਤਨ, ਸਤਿ ਸਤਿਵਾਦੀ ਤੇਰੀ ਵਡੀ ਬੇਪ੍ਰਵਾਹੀਆ । ਮੇਲ ਮਿਲੌਣਾ ਆਤਮ ਕੰਤਨ, ਨਰ ਨਰਾਇਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਪਿਛਲੇ ਜਨਮ ਦੀ ਭੈਣ ਮਹਿੰਦਰ, ਨਾਤਾ ਪੂਰਬ ਨਜ਼ਰੀ ਆਈਆ । ਵੇਖ ਖੇਲ ਰੋਵੇ ਇੰਦਰ, ਸੁਰਪਤ ਨੈਣਾਂ ਨੀਰ ਵਹਾਈਆ । ਕਾਹਨ ਛੱਡਕੇ ਬਨਬਿੰਦਰ, ਗੋਕਲ ਮਥਰਾ ਰਿਹਾ ਤਜਾਈਆ । ਰਾਮ ਖੋਲ੍ਹ ਕੇ ਨੀਂਦਨ, ਨੈਣ ਅੱਖ ਮਟਕਾਈਆ । ਸਾਹਿਬ ਤੇਰੀ ਸਚ ਪ੍ਰੀਤਨ, ਪੀਆ ਪ੍ਰੀਤਮ ਸੋਭਾ ਪਾਈਆ । ਬੇਸ਼ਕ ਕਿਤਨੇ ਕੋਟ ਕਾਲ ਜੁਗ ਬੀਤਣ, ਸਤਿਗੁਰ ਸ਼ਬਦ ਭੁੱਲ ਕਦੇ ਨਾ ਜਾਈਆ । ਬਣੇ ਵਿਚੋਲਾ ਜੁਗ ਜੁਗ ਮੀਤਣ, ਨੌ ਸੌ ਚੁਰਾਨਵੇ ਚੌਕੜੀ ਜੁਗ ਫੇਲ ਫੁਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵੇ ਰੀਤਣ, ਮਾਰਗ ਆਪ ਪ੍ਰਗਟਾਈਆ । ਸਾਚਾ ਕਲਮਾ ਦੱਸ ਅਗੰਮ ਹਕ਼ੀਕਣ, ਹਦੀਸ ਹਜ਼ਰਤਾਂ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਅਤੋਟ ਅਤੁਟ ਵਰਤਾਈਆ । ਸਦੀ ਚੌਧਵੀਂ ਕਹੇ ਸਾਚਾ ਪਿਆਰ ਭੈਣ ਭਰਾਤਾ, ਭਈਆ ਭਰਮ ਭੌ ਮਿਟਾਈਆ । ਏਕਾ ਬਖ਼ਸ਼ੀ ਸਚ ਸੌਗਾਤਾ, ਕ਼ਮੀਜ਼ ਤਮੀਜ਼ ਨਾਲ ਪਹਿਨਾਈਆ । ਦੋਹਾਂ ਦਾ ਹੋਵੇ ਇਕੋ ਰਾਖਾ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜਿਸ ਦੀ ਜੁਗ ਚੌਕੜੀ ਚਲਦੀ ਰਹੇ ਸ਼ਾਖ਼ਾ, ਭਗਤ ਭਗਤਾਂ ਨਾਲ ਵਡਿਆਈਆ । ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਗੁਰਮੁਖਾਂ ਦੀ ਜੰਮਣ ਵਾਲੀ ਵਖਰੀ ਵਖਰੀ ਮਾਤਾ, ਆਤਮ ਦਾ ਪਿਤਾ ਮਾਤਾ ਪੁਰਖ ਅਕਾਲ ਅਖਵਾਈਆ । ਸਾਚੇ ਨਾਮ ਦੀ ਦੱਸ ਕੇ ਗਾਥਾ, ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਜਨਮ ਜਨਮ ਦਾ ਪੂਰਾ ਕਰ ਕੇ ਘਾਟਾ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਹੋਵੇ ਸਾਚਾ ਸੰਗ, ਸਗਲ ਮਿਲੇ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਚਾੜ੍ਹੇ ਰੰਗ, ਕਾਇਆ ਮਾਟੀ ਆਪ ਰੰਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵੱਜੇ ਸਚ ਮਰਦੰਗ, ਨਾਉਂ ਨਿਧਾਨਾ ਮਰਦ ਮਰਦਾਨਾ ਆਪ ਜਣਾਈਆ । ਆਸਾ ਮਨਸਾ ਸੱਧਰ ਪੂਰੀ ਸਭ ਦੀ ਕਰੇ ਮੰਗ, ਮਮਤਾ ਮੋਹ ਨਾ ਕੋਇ ਜਣਾਈਆ । ਖੇਲ ਵੇਖੇ ਤਾਰਾ ਚੰਦ, ਜ਼ਿਮੀਂ ਅਸਮਾਨ ਦਏ ਦੁਹਾਈਆ । ਜਿਸ ਨੇ ਨੀਲੇ ਦਾ ਕਸਿਆ ਤੰਗ, ਸ਼ਾਹ ਸਵਾਰ ਵੱਡੀ ਵਡਿਆਈਆ । ਓਹ ਬ੍ਰਹਿਮੰਡ ਖੰਡ ਪੁਰੀ ਲੋਅ ਆਵੇ ਲੰਘ,

ਚੌਦਾਂ ਤਬਕਾਂ ਚਰਨਾਂ ਹੇਠ ਦਬਾਈਆ । ਵੇਖੇ ਖੇਲ ਵਿਚ ਵਰਭੰਡ, ਫੇਲ ਫੁਲਾਏ ਜੇਰਜ ਅੰਡ, ਉਤਭੁਜ ਸੇਤਜ ਪੜਦਾ ਦਏ ਚੁਕਾਈਆ । ਅੰਮ੍ਰਿਤ ਧਾਰ ਵਹਾਏ ਗੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਧੁਰ ਦਾ ਵਰ, ਧੁਰ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੈਂ ਕੂਕ ਕੇ ਮਾਰਾਂ ਹਾਕਾਂ, ਹੁਕਮ ਦਿਆਂ ਜਣਾਈਆ । ਸਾਰੀ ਸ੍ਰਿਸ਼ਟੀ ਦਾ ਇਕੋ ਆਕ਼ਾ, ਕਾਇਨਾਤ ਹੁਕਮ ਵਰਤਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰਾਂ ਮੰਨਿਆ ਬਾਪਾ, ਪਿਤਾ ਪੁਰਖ ਅਕਾਲ ਸਮਝਾਈਆ । ਸੋ ਹਰ ਘਟ ਅੰਦਰ ਵੇਖੇ ਆਪਣਾ ਆਪਾ, ਆਤਮ ਬ੍ਰਹਮ ਪੜਦਾ ਲਾਹੀਆ । ਨਿਜ ਘਰ ਖੋਲ੍ਹਣ ਵਾਲਾ ਤਾਕਾ, ਤਾਕ਼ਤ ਆਪਣੀ ਇਕ ਸਮਝਾਈਆ । ਦੀਨ ਦੁਨੀ ਦਾ ਬਦਲ ਦੇਵੇ ਖ਼ਾਕਾ, ਖ਼ਾਲਸ ਆਪਣੀ ਖੇਲ ਵਖਾਈਆ । ਚਾਰ ਵਰਨ ਅਠਾਰਾਂ ਬਰਨ ਦੱਸੇ ਅਗੰਮੀ ਗਾਥਾ, ਗਹਿਰ ਗੰਭੀਰ ਪੜ੍ਹਾਈਆ । ਲੇਖਾ ਜਾਣੇ ਪੁਰਖ ਸਮਰਾਥਾ, ਹਰਿ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰੰਗ ਸਾਚੇ ਆਪ ਰੰਗਾਈਆ । ਸਦੀ ਚੌਧਵੀਂ ਕਹੇ ਗੁਰਮੁਖਾਂ ਉਜਲ ਕਰਨਾ ਮੁਖੜਾ, ਮੁਖ ਮੁੱਖੀਏ ਦਇਆ ਕਮਾਈਆ । ਹਰਿਜਨ ਰਹੇ ਕੋਈ ਨਾ ਦੁਖੜਾ, ਦਰਦੀਆਂ ਦਰਦ ਵੰਡਾਈਆ । ਤੇਰੀ ਸੁਹੰਜਣੀ ਹੋਵੇ ਰੁਤੜਾ, ਰੁਤੜੀ ਆਪਣੇ ਨਾਮ ਮਹਿਕਾਈਆ । ਗੁਰਮੁਖ ਰਹੇ ਕੋਈ ਨਾ ਸੁੱਤੜਾ, ਸੁੱਤਿਆਂ ਲੈਣਾ ਜਗਾਈਆ । ਭਾਗ ਲਗੌਣਾ ਜਨਨੀ ਕੁੱਖੜਾ, ਜੋ ਭਗਤ ਜਣੇਂਦੀ ਮਾਈਆ । ਤੇਰਾ ਨੂਰ ਅਗੰਮੀ ਆਪਣੀ ਧਾਰੋਂ ਉਤਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਸ਼ਬਦੀ ਧਾਰ ਪੁਤਰਾ, ਪਤਿਪਰਮੇਸ਼ਵਰ ਦੇਣੀ ਵਡਿਆਈਆ । ਸਦੀ ਚੌਧਵੀਂ ਕਹੇ ਤੇਰਾ ਸ਼ੁਕਰਾ, ਸ਼ੁਕਰਾਨੇ ਵਿਚ ਸੀਸ ਝੁਕਾਈਆ । ਠਗ ਚੋਰ ਯਾਰ ਲੁਕਿਆ ਰਹੇ ਨਾ ਕੋਈ ਕਿਸੇ ਨੁੱਕਰਾ, ਨਵ ਨੌ ਚਾਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਅੱਗੇ ਕੋਈ ਨਾ ਮੁਕਰਾ, ਮੁਜਰਮ ਹੋ ਕੇ ਸਾਰੇ ਬੈਠਣ ਸੀਸ ਝੁਕਾਈਆ ।

### ❊ ੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਬੁੱਧ ਸਿੰਘ ਦੇ ਗ੍ਰਹਿ ਡੀਣੇ ਵਾਲ ❊

ਬੁੱਧ ਸਿੰਘ ਪਾਲ ਸਿੰਘ ਦੇ ਕੋਲ ਦੇਵਾਂ ਭੇਜ, ਸਚਖੰਡ ਸਾਚੇ ਖ਼ੁਸ਼ੀ ਬਣਾਈਆ । ਜਿਥੇ ਇਕੋ ਨੂਰ ਦਾ ਤੇਜ, ਜੋਤੀ ਜੋਤ ਡਗਮਗਾਈਆ । ਪੁਰਖ ਅਕਾਲ ਦੀ ਮਾਣੇ ਸੇਜ, ਸੁਖਆਸਣ ਇਕ ਟਿਕਾਈਆ । ਆਪਣੀ ਅੱਖੀਂ ਲਵੇਂ ਵੇਖ, ਸ਼ਰੀਰ ਛੱਡਣ ਤੋਂ ਪਹਿਲਾਂ ਦਰਸ਼ਨ ਦੇਵਾਂ ਚਾਈਂ ਚਾਈਆ । ਗੁਰਮੁਖ ਦਾ ਸਤਿਗੁਰ ਦਾ ਇਕੋ ਮੇਚ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਤੇਰਾ ਉਹ ਬੌਲਦ ਜਿਹੜਾ ਵੌਂਹਦਾ ਰਿਹਾ ਸ਼ੇਰ ਸਿੰਘ ਦਾ ਖੇਤ, ਸੇਵਾ ਖ਼ੁਸ਼ੀ ਨਾਲ ਕਮਾਈਆ । ਹੁਣ ਵਸਣਾ ਓਸੇ ਦੇ ਦੇਸ਼, ਜਿਥੇ ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਬੁੱਧ ਸਿੰਘ ਤੂੰ ਓਹੋ ਸੂਰਬੀਰ ਬਲਵਾਨ, ਸਤਾਈ ਚੱਕ ਵਾਲਾ ਨਜ਼ਰੀ ਆਈਆ । ਜਿਹੜਾ ਖ਼ੁਸ਼ੀਆਂ ਨਾਲ ਕਰਦਾ ਸੀ ਦਾਨ, ਸੇਵਾ ਸਾਧ ਸੰਗਤ ਕਮਾਈਆ । ਤੇਰੇ ਘਰ ਦਾ ਨੌ ਵਾਰੀ ਖਾਧਾ ਪਕਵਾਨ, ਭੋਗ

ਲਗਾ ਕੇ ਧੁਰ ਦਾ ਰੰਗ ਰੰਗਾਈਆ । ਪਿਛਲੀ ਕੀਤੀ ਕਰ ਪਰਵਾਨ, ਹੁਣ ਭੁੱਲਿਆਂ ਗਲੇ ਲਗਾਈਆ । ਬਖ਼ਸ਼ਾਂ ਓਹ ਸੱਚਾ ਅਸਥਾਨ, ਜਿਥੇ ਸੰਤ ਭਗਤ ਗੁਰੂ ਅਵਤਾਰ ਪੈਗ਼ੰਬਰ ਬੈਠੇ ਤੇਰਾ ਰਾਹ ਤਕਾਈਆ । ਸਤਿਗੁਰੂ ਕਦੀ ਨਾ ਗੁਰਸਿੱਖਾਂ ਦੀ ਭੁੱਲੇ ਪਹਿਚਾਨ, ਬੇਪਹਿਚਾਨ ਹੋ ਕੇ ਆਪਣਾ ਫੇਰਾ ਪਾਈਆ । ਮੁਕਤੀ ਦਾ ਕੀ ਮੰਗਣਾ ਦਾਨ, ਮੁਕਤ ਦਵਾਰੇ ਤੋਂ ਅੱਗੇ ਸਚਖੰਡ ਸਾਚੇ ਦਏ ਪੁਚਾਈਆ । ਜਿਥੇ ਇਕੋ ਵਸੇ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤਕੜਾ ਹੋ ਫੇਰ ਇਕ ਵਾਰ ਨੌਜਵਾਨ, ਆਪਣਾ ਬਲ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਰਸ ਦੇਵੇ ਪੀਣ ਖਾਣ, ਸੁਖ ਦਾ ਸਾਗਰ ਕਾਇਆ ਗਾਗਰ ਵਿਚ ਵਖਾਈਆ ।



### ❊ ੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਸੁਖਦੇਵ ਰਾਜ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਮੇਰੇ ਵਾਸਤੇ ਬੂਟਾ ਲਿਔਣਾ ਤੁਲਸੀ, ਤੁਲ੍ਹਾ ਕੱਖਾਂ ਵਾਲਾ ਬਣਾਈਆ । ਸਚ ਪ੍ਰੇਮ ਦੀ ਕਰ ਕੇ ਔਣਾ ਸੁਰਤੀ, ਸੁਰਤੀ ਸ਼ਬਦ ਨਾਲ ਜੁੜਾਈਆ । ਬੈਠਣ ਵਾਸਤੇ ਲਿਔਣੀ ਕੁਰਸੀ, ਬਾਜ਼ੂ ਦੋ ਚਾਰ ਸਮਝਾਈਆ । ਇਕ ਚਿੜੀਆ ਲਿਔਣੀ ਉਡਦੀ, ਨੱਚੇ ਟੱਪੇ ਚਾਈਂ ਚਾਈਂਆ । ਮੈਂ ਵੇਖਾਂ ਖੇਲ ਸੱਚੇ ਸਤਿਗੁਰ ਦੀ, ਜੋ ਸਾਹਿਬ ਸਵਾਮੀ ਆਪ ਕਰਾਈਆ । ਮੈਂ ਜੀਵਤ ਹੋਵਾਂ ਮੁਰਦੀ, ਮੁਰੀਦ ਮੁਰਸ਼ਦ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਵਾਸਤੇ ਭਗਤਾਂ ਲਿਔਣੀ ਨਾਮ ਦੀ ਪੂੰਜੀ, ਭੰਡਾਰਾ ਅੰਦਰੇ ਅੰਦਰ ਭਰਾਈਆ । ਸੰਗਤ ਸੋਹੰ ਸੋਹੰ ਹੋਵੇ ਕੂੰਦੀ, ਚਾਰੇ ਕੁੰਟ ਆਵਾਜ਼ ਸੁਣਾਈਆ । ਖੇਲ ਵੇਖਾਂ ਬੁਤ ਰੂਹ ਦੀ, ਰੂਹ ਬੁਤ ਵਜੇ ਵਧਾਈਆ । ਸ਼ਕਲ ਤੱਕਾਂ ਹੂਬਹੂ ਦੀ, ਜੋ ਨਿਰਗੁਣ ਨੂਰ ਕਰੇ ਰੁਸ਼ਨਾਈਆ । ਘਾਲ ਵੇਖਾਂ ਭਗਤ ਧ੍ਰੂ ਦੀ, ਪ੍ਰਹਿਲਾਦ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਸੁਖਦੇਵ ਮਸਤਕ ਲੌਣਾ ਤਿਲਕ, ਲਾਲ ਰੰਗ ਸੰਧੂਰ ਬਣਾਈਆ । ਸੋਹਣਾ ਲਿਔਣਾ ਇਕ ਖ਼ਿਲਤ, ਮੁਖ਼ਾਤਬ ਹੋ ਕੇ ਦਿਆਂ ਜਣਾਈਆ । ਕਾਲੇ ਰੰਗ ਦੀ ਹੋਵੇ ਸਿਲਕ, ਸੂਸਾ ਸੋਹਣਾ ਸੋਭਾ ਪਾਈਆ । ਮਨੂਆ ਕਰੇ ਕੋਈ ਨਾ ਇੱਲਤ, ਬੁੱਧੀ ਸਤਿ ਵਿਚ ਸਮਾਈਆ । ਖ਼ੁਆਰੀ ਦਿਸੇ ਕੋਈ ਨਾ ਜ਼ਿੱਲਤ, ਕੂੜ ਕੁੜਿਆਰਾ ਡੇਰਾ ਢਾਹੀਆ । ਨਾਲ ਸਵਾ ਪਾਓ ਲਿਔਣਾ ਨਿਮਕ, ਨਿਮਕ ਹਰਾਮ ਨਾ ਕੋਇ ਅਖਵਾਈਆ । ਕੂੜੀ ਕਿਰਿਆ ਮੇਟ ਕੇ ਔਣਾ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਹਰਿ ਸੰਗਤ ਕਰ ਕੇ ਔਣਾ ਹਿੰਮਤ, ਹੌਸਲਾ ਇਕ ਵਧਾਈਆ । ਮੇਰੀ ਸਭ ਦੇ ਅੱਗੇ ਮਿੰਨਤ, ਨਿਮਰਤਾ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਕੇ ਹੱਸਾਂ, ਖ਼ੁਸ਼ੀਆਂ ਵਿਚ ਵਡਿਆਈਆ । ਸ਼ਬਦ ਸੰਦੇਸ਼ਾ ਦੱਸਾਂ ਸਿੰਘ ਮੱਸਾ, ਮਿਸਰਾ ਪਿਛਲਾ ਯਾਦ ਕਰਾਈਆ । ਲੱਕ ਨੂੰ ਬੰਨ੍ਹ ਕੇ ਔਣਾ ਮੋਟਾ ਰੱਸਾ, ਸਾਢੇ ਤਿੰਨ ਹੱਥ ਲਮਕਾਈਆ । ਤੇੜ ਪੌਣਾ ਪਾਟਾ ਕੱਛਾ, ਮਿੱਟੀ ਘੱਟੇ ਨਾਲ ਭਰਾਈਆ । ਹੱਥ ਵਿਚ

ਫੜਨਾ ਇਕ ਨਿੱਕਾ ਜਿਹਾ ਵੱਛਾ, ਦੇਵੀ ਅਸ਼ਟਭੁਜ ਜਣਾਈਆ । ਪੁਰਖ ਅਕਾਲ ਸਭ ਦੀ ਕਰੇ ਰੱਛਾ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਨੇਤਰ ਖੋਲ੍ਹ, ਅੱਖ ਅੱਖ ਨਾਲ ਉਠਾਈਆ । ਧੁਰ ਸੰਦੇਸੇ ਰਹੀ ਬੋਲ, ਅਨਬੋਲਤ ਰਿਹਾ ਜਣਾਈਆ । ਮਾਝੇ ਵਿਚੋਂ ਪ੍ਰੀਤਮ ਸਿੰਘ ਦੇ ਨੇਜ਼ਾ ਹੋਵੇ ਕੋਲ, ਲੰਮਾ ਉਚਾ ਸੋਹਣਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਾਹ ਸਾਚੀ ਖੋਜ ਖੁਜਾਈਆ । ਸਦੀ ਚੌਧਵੀਂ ਕਹੇ ਮੈਂ ਢੋਲੇ ਸੁਣਨੇ ਵਿਚ ਬੈਂਤੀ, ਸਿਫ਼ਤਾਂ ਵਿਚ ਸਾਲਾਹੀਆ । ਸਰਮੁਖ ਸਿੰਘ ਹੱਥ ਵਿਚ ਲੈ ਕੇ ਕੈਂਚੀ, ਨਿੱਕੀ ਵੱਡੀ ਨਜ਼ਰ ਕੋਇ ਨਾ ਆਈਆ । ਕੁੰਦਨ ਸਿੰਘ ਛਾਤੀ ਉਤੇ ਲਿਖ ਕੇ ਲੌਣੀ ਪੈਂਤੀ, ਅੱਖਰ ਗੋਬਿੰਦ ਵਾਲੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਦੇਵ ਦੈਂਤੀ, ਦਾਨਵ ਮਾਨਵ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਉਠ ਉਠ ਤੱਕਾਂ, ਆਪਣਾ ਧਿਆਨ ਲਗਾਈਆ । ਸਚ ਸੁਨੇਹੜਾ ਇਕੋ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਜਨ ਭਗਤਾਂ ਨਾਤਾ ਜੋੜਾਂ ਪੱਕਾ, ਪੱਕੀ ਧੁਰ ਦੀ ਗੰਢ ਵਖਾਈਆ । ਸਾਹਿਬ ਸਤਿਗੁਰ ਸਰਨਾਈ ਢੱਠਾਂ, ਢਹਿ ਢਹਿ ਸੀਸ ਨਿਵਾਈਆ । ਕੱਲੇ ਵਾਲੇ ਗੁਰਮੁਖਾਂ ਲਾਲ ਪੱਗਾਂ ਬੰਨ੍ਹਣੀਆਂ ਅੱਠਾਂ, ਅੱਠਾਂ ਦਾ ਇਕੋ ਰੰਗ ਨਜ਼ਰੀ ਆਈਆ । ਲਾਲ ਤਾਗਾ ਬੰਨ੍ਹ ਕੇ ਔਣਾ ਨਾਲ ਪੱਟਾਂ, ਪਿਛਲਾ ਲੇਖਾ ਦਏ ਜਣਾਈਆ । ਸਦੀ ਚੌਧਵੀਂ ਪਰਮ ਪੁਰਖ ਅਕਾਲ ਜੇ ਆ ਗਿਆ ਵਿਚ ਜੱਟਾਂ, ਜਟਾ ਜੂਟਾਂ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਰਖੇ ਆਪਣੇ ਹੱਥਾਂ, ਹੱਥੋ ਹੱਥੀ ਸਭ ਦਾ ਲੇਖਾ ਪੂਰ ਕਰਾਈਆ ।



### ✻ ੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਤੇਜ ਕੌਰ ਦੇ ਨਵਿਤ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✻

ਸਤਿਗੁਰ ਸ਼ਰਨ ਸਦਾ ਪਿਤ ਮਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਇੰਦਾ । ਆਤਮ ਪਰਮਾਤਮ ਆਦਿ ਜੁਗਾਦੀ ਜੋੜੇ ਨਾਤਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੇ ਅੰਗ ਲਗਾਇੰਦਾ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦੇਵੇ ਅਗੰਮੀ ਦਾਤਾ, ਦਾਨੀ ਹੋ ਕੇ ਦਇਆਵਾਨ ਆਪ ਦਇਆ ਕਮਾਇੰਦਾ । ਵੇਖਣਹਾਰਾ ਕਾਇਆ ਮਾਟੀ ਤਨ ਵਜੂਦ ਜੀਉ ਪਿੰਡ ਕਾਚਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਮੇਲ ਮਿਲਾਇੰਦਾ । ਸਤਿਗੁਰ ਸ਼ਬਦ ਕਹੇ ਜੋ ਬਣੀ ਧਰਮ ਦੀ ਮਾਤਾ, ਨਾਤਾ ਪੁਤਰ ਧੀ ਜੁੜਾਈਆ । ਕਿਰਪਾ ਕਰੇ ਪੁਰਖ ਅਬਿਨਾਸ਼ਾ, ਪੁਰਖ ਅਕਾਲ ਦੀਨ ਦਿਆਲ ਦਇਆ ਕਮਾਈਆ । ਸਚ ਦਵਾਰੇ ਕਰੇ ਵਾਸਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਲੱਖ ਚੁਰਾਸੀ ਆਵਣ ਜਾਵਣ ਕੱਟਕੇ ਜਨਮ ਫਾਸਾ, ਸਤਿ ਸਵਾਮੀ ਅੰਤਰਜਾਮੀ ਦਰ ਦਵਾਰ ਏਕੰਕਾਰ ਇਕੋ ਇਕ ਵਖਾਈਆ । ਸਾਹਿਬ ਸੁਲਤਾਨ ਨੌਜੁਵਾਨ ਮਰਦ ਮਰਦਾਨ ਪਾਰਬ੍ਰਹਮ ਪਤਿਪਰਮੇਸ਼ਵਰ ਅੰਤ ਕੰਤ ਭਗਵੰਤ ਪੁਛੇ ਵਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਘਰ ਵਸਾਈਆ । ਕਿਰਪਾ ਹੋਵੇ ਉਤੇ

ਕੌਰ ਤੇਜ, ਤੇਜ ਜੋਤੀ ਨੂਰ ਨੂਰ ਵਿਚ ਚਮਕਾਈਆ । ਪਤਿਪਰਮੇਸ਼ਵਰ ਦੇ ਕੇ ਆਪਣੇ ਅਗੰਮੀ ਸੇਜ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਇਕੋ ਇਕ ਵਖਾਈਆ । ਸ਼ਬਦੀ ਸਤਿਗੁਰ ਹੁਕਮੇ ਅੰਦਰ ਦੇਵੇ ਭੇਜ, ਬਿਨ ਭਜਨ ਬੰਦਗੀ ਤੋਂ ਲੇਖਾ ਦਏ ਮੁਕਾਈਆ । ਕਰਮ ਕਰਮ ਦੀ ਬਦਲ ਕੇ ਰੇਖ, ਜਨਮ ਜਨਮ ਦਾ ਡੇਰਾ ਢਾਹੀਆ । ਸਚਖੰਡ ਦਵਾਰੇ ਰੱਖੇ ਹਮੇਸ਼, ਨਿਰਗੁਣ ਜੋਤੀ ਜੋਤ ਵਿਚ ਮਿਲਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਕਰਦੇ ਆਦੇਸ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦੇਵੇ ਮਾਣ ਵਡਿਆਈਆ । ਤੇਜ ਕੌਰ ਨਾਤਾ ਟੁੱਟਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਪੁੱਤਰ ਧੀ ਓਤ ਪੋਤ ਗਈ ਤਜਾਈਆ । ਪਾਰਬ੍ਰਹਮ ਇਕੋ ਮਿਲੇ ਧੁਰ ਦਾ ਸੱਜਣ ਸੈਣ, ਨਿਰਵੈਰ ਨਿਰਾਕਾਰ ਆਪਣਾ ਰੰਗ ਰੰਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਦੇਵੇ ਧੁਰ ਦਾ ਬਹਿਣ, ਆਵਣ ਜਾਵਣ ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚ ਦਵਾਰਾ ਏਕੰਕਾਰਾ ਇਕੋ ਇਕ ਦਏ ਵਖਾਈਆ । ਤੇਜ ਕੌਰ ਕਹੇ ਮੇਰਾ ਤੱਤਾਂ ਵਾਲਾ ਨਾ ਸਮਝਿਓ ਜਵਾਈ, ਮੀਤਾ ਧੁਰ ਦਾ ਨਜ਼ਰੀ ਆਈਆ । ਮੇਰਾ ਲਹਿਣਾ ਦੇਣਾ ਰਿਹਾ ਮੁਕਾਈ, ਮੁਕੰਮਲ ਆਪਣਾ ਰੰਗ ਰੰਗਾਈਆ । ਮੈਂ ਖੁਸ਼ੀਆਂ ਵਿਚ ਦੇਵਾਂ ਦੁਹਾਈ, ਦੋਹਰਾ ਢੋਲਾ ਸੋਹਲਾ ਧੁਰ ਦਾ ਰਾਗ ਸੁਣਾਈਆ । ਮੈਨੂੰ ਮਿਲ ਗਿਆ ਉਹ ਰਾਹੀ, ਜੋ ਰਹਿਬਰ ਹੋ ਕੇ ਸਚਖੰਡ ਦਵਾਰਾ ਦਏ ਵਖਾਈਆ । ਜਿਥੇ ਸੂਰਜ ਚੰਦ ਨਾ ਕੋਈ ਰੁਸ਼ਨਾਈ, ਇਕੋ ਜੋਤ ਡਗਮਗਾਈਆ । ਨਾਤਾ ਛੱਡਿਆ ਜਗਤ ਕੁਟੰਬ ਕੁੜਮਾਈ, ਕਰਮ ਕਾਂਡ ਦਾ ਲੇਖਾ ਦਿਤਾ ਮੁਕਾਈਆ । ਭਟਕਦੀ ਭਰਮਦੀ ਨੂੰ ਸਚ ਦਵਾਰ ਰਿਹਾ ਪੁਚਾਈ, ਪੂਰਬ ਲਹਿਣਾ ਝੋਲੀ ਪਾਈਆ । ਰਾਏ ਧਰਮ ਚਿਤ੍ਰ ਗੁਪਤ ਨੇਤਰ ਰੋਵਣ ਮਾਰਨ ਧਾਈਂ, ਬਹੁੜੀ ਬਹੁੜੀ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਦੇਵੇ ਮਾਣ ਵਡਿਆਈਆ । ਤੇਜ ਕੌਰ ਕਹੇ ਮੈਂ ਆਸਾਂ ਵਿਚ ਨਹੀਂ ਹੋਈ ਬੁੱਢੀ, ਬੁੜਾਪਾ ਨਜ਼ਰ ਕੋਇ ਨਾ ਆਈਆ । ਮੇਰੀ ਸਦਾ ਪਿਆਰ ਮੁਹੱਬਤ ਵਾਲੀ ਰਹੀ ਬੁੱਧੀ, ਹਿਰਸ ਵਿਚ ਆਪਣੀ ਹਵਸ ਵਧਾਈਆ । ਬੱਚਿਆਂ ਨੂੰ ਵੇਖ ਕੇ ਸਦਾ ਟੱਪੀ ਕੁੱਦੀ, ਗ਼ਮੀ ਗ਼ਮਖ਼ਾਰ ਦੀ ਝੋਲੀ ਪਾਈਆ । ਮੇਰੀ ਸ਼ਾਨ ਹੋਈ ਉਚੀ, ਆਤਮ ਦਿਸੀ ਸੁੱਚੀ, ਪਦਵੀ ਮਿਲੀ ਅਦੁਤੀ, ਤ੍ਰੈਗੁਣ ਲੇਖਾ ਦਿਤਾ ਮੁਕਾਈਆ । ਭਾਗ ਲੱਗੇ ਜਗਤ ਵਾਲੇ ਪੁਤੀਂ, ਮੇਰੀ ਸੁਰਤ ਉਠਾਈ ਸੁੱਤੀ, ਸੁਹਾਵਣੀ ਕੀਤੀ ਰੁੱਤੀ, ਰਾਹੇ ਪਾਈ ਘੁੱਥੀ, ਮੰਜ਼ਲ ਧੁਰ ਦੀ ਦਿਤਾ ਚੜ੍ਹਾਈਆ । ਮੇਰੀ ਆਵਣ ਜਾਵਣ ਖੇਲ ਮੁਕੀ, ਮੇਰੀ ਸਚ ਪਿਆਰ ਨਾਲ ਭਰ ਗਈ ਮੁੱਠੀ, ਜਗਤ ਵਿਕਾਰ ਵਿਚ ਗਈ ਨਹੀਂ ਲੁੱਟੀ, ਆਤਮ ਪਰਮਾਤਮ ਧਾਰ ਮੂਲ ਨਹੀਂ ਟੁੱਟੀ, ਗੰਢਣਹਾਰ ਗੋਪਾਲ ਸਵਾਮੀ ਗੋਬਿੰਦ ਹੋ ਕੇ ਆਪਣਾ ਰੰਗ ਰੰਗਾਈਆ । ਜਿਹੜਾ ਰਸ ਦੇਂਦੀ ਰਹੀ ਦੁੱਧੀ, ਏਸੇ ਕਰ ਕੇ ਮਾਤ ਹੋਈ ਉਘੀ, ਔਧ ਜਗਤ ਵਾਲੀ ਪੁੱਗੀ, ਨਿਰਗੁਣ ਧਾਰ ਹੋ ਕੇ ਉਡੀ, ਆਕਾਸ਼ਾਂ ਤੋਂ ਪਰੇ ਪ੍ਰਕਾਸ਼ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾ ਕੇ ਵਦੀ ਸੁਦੀ, ਹੁਕਮ ਅੰਦਰ ਜੀਵਣ ਪਖ ਪ੍ਰਤੱਖ ਰੂਪ ਬਦਲਾਈਆ ।

❊ ੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਮੈਂ ਚਾਰ ਜੁਗ ਦੇ ਗ੍ਰੰਥਾਂ ਵੇਖਿਆ ਪੱਤਰਾ ਪੱਤਰਾ, ਅੱਖਰਾਂ ਹਰਫ਼ਾਂ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖਿਆ ਸ਼ਜਰਾ, ਪੁਸ਼ਤ ਦਰ ਪੁਸ਼ਤ ਆਪਣਾ ਨੈਣ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਮੇਟੇ ਖ਼ਤਰਾ, ਭੈ ਭੌ ਨਾ ਕੋਇ ਗਵਾਈਆ । ਹਜ਼ਰਤ ਮੁਹੰਮਦ ਹੋਇਆ ਦਿਸਦਾ ਸੱਤਰਾ ਬਹੱਤਰਾ, ਅਵਸਥਾ ਆਪਣੀ ਰਿਹਾ ਬਦਲਾਈਆ । ਉਮਤ ਵਿਚ ਨੂਰ ਦਿਸੇ ਨਾ ਕਤਰਾ, ਕ਼ਾਤਲ ਹੋਈ ਲੋਕਾਈਆ । ਮਾਇਆ ਰਾਣੀ ਘਰ ਘਰ ਕਰੇ ਨਖ਼ਰਾ, ਮਮਤਾ ਵਿਚ ਆਪਣਾ ਨੈਣ ਮਟਕਾਈਆ । ਮੈਂ ਤੱਕਿਆ ਪੂਰਬ ਦੱਖਣਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਬਿਨਾ ਪਰਵਰਦਿਗਾਰ ਦੀਨ ਦੁਨੀ ਕਿਸੇ ਨਾ ਰੱਖਣਾ, ਰੱਖਕ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਹੋਇਆ ਸੱਖਣਾ, ਵਸਤ ਅਮੋਲਕ ਕਾਇਆ ਗੋਲਕ ਨਾ ਕੋਇ ਟਿਕਾਈਆ । ਮੈਨੂੰ ਫਿਰਦੀ ਫਿਰਦੀ ਨੂੰ ਯਾਦ ਆ ਗਿਆ ਪਟਨਾ, ਪਟਨੇ ਵਾਲਾ ਵੇਖਾਂ ਮਾਲਕ ਧੁਰਦਰਗਾਹੀਆ । ਜਿਸ ਨੇ ਸ਼ਰਅ ਜ਼ੰਜੀਰ ਕੱਟਣਾ, ਕਟਾਕਸ਼ ਧੁਰ ਦਾ ਦੇਣਾ ਲਗਾਈਆ । ਆਪਣੀ ਕਰਨੀ ਤੋਂ ਮੂਲ ਨਾ ਹਟਣਾ, ਸਦੀ ਚੌਧਵੀਂ ਵੇਖੇ ਚਾਈਂ ਚਾਈਂਆ । ਜੋ ਖੇਲੇ ਖੇਲ ਆਪਣੇ ਵਤਨਾ, ਬੇਵਤਨਾਂ ਡੇਰਾ ਦੇਵੇ ਢਾਹੀਆ । ਲਹਿਣਾ ਜਾਣ ਹਕ਼ੀਕ਼ਤ ਹੱਕਨਾ, ਵੇਖਣਹਾਰਾ ਥਾਉਂ ਥਾਈਂਆ । ਫਿਰੇ ਦੁਹਾਈ ਮਦੀਨਾ ਮਕਨਾ, ਕਾਅਬੇ ਰਹੇ ਕੁਰਲਾਈਆ । ਨੇਤਰ ਰੋਵੇ ਬੂਰਾ ਕਕਨਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਹੁਕਮ ਮੰਨੇ ਯਕ ਯੱਕਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਤੱਕਾਂ ਨੈਣ ਉਘਾੜ, ਲੋਚਨ ਅੱਖ ਖੁਲ੍ਹਾਈਆ । ਟਿੱਲੇ ਪਰਬਤ ਵੇਖਾਂ ਪਹਾੜ, ਚੋਟੀਆਂ ਉਪਰ ਸੋਭਾ ਪਾਈਆ । ਬੇਲੇ ਜੰਗਲ ਵੇਖਾਂ ਉਜਾੜ, ਡੂੰਘੀ ਕੰਦਰ ਧਿਆਨ ਲਗਾਈਆ । ਸਮੁੰਦ ਸਾਗਰ ਵੇਖਾਂ ਆਰ ਪਾਰ, ਜਲ ਥਲ ਮਈਅਲ ਫੋਲ ਫੁਲਾਈਆ । ਬਾਲੂ ਟਿੱਲੇ ਤੱਕਾਂ ਛਾਰ, ਅਗਨੀ ਜਗਤ ਅੰਗਿਆਰ ਰਹੀ ਤਪਾਈਆ । ਸਾਚਾ ਮਿਲੇ ਨਾ ਕਿਸੇ ਮੀਤ ਮੁਰਾਰ, ਮਿਤ੍ਰ ਪਿਆਰਾ ਹੋਏ ਆਪ ਸਹਾਈਆ । ਨਾਤਾ ਟੁੱਟਣ ਲੱਗਾ ਮੁਹੰਮਦੀ ਚਾਰ ਯਾਰ, ਚੌਥਾ ਜੁਗ ਆਪਣਾ ਖੇਲ ਖਿਲਾਈਆ । ਕ਼ੁਦਰਤ ਦਾ ਕ਼ਾਦਰ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਮੈਂ ਹਾਜ਼ਰ ਹੋ ਕੇ ਵੇਖਾਂ ਵਿਚ ਦਰਬਾਰ, ਦਰੇ ਦਰਬਾਰ ਸੀਸ ਨਿਵਾਈਆ । ਸਦ ਤੇਰੀ ਖ਼ਿਦਮਤਗ਼ਾਰ, ਖ਼ਾਦਮ ਹੋ ਕੇ ਨਿਉਂ ਨਿਉਂ ਲਾਗਾਂ ਪਾਈਆ । ਸਿਫ਼ਤਾਂ ਵਿਚ ਕਰਾਂ ਇਜ਼ਹਾਰ, ਗੁਣ ਮਹਿਮਾ ਵਿਚ ਵਡਿਆਈਆ । ਸਚ ਦੱਸ ਸੱਚੀ ਸਰਕਾਰ, ਸਾਹਿਬ ਸੁਲਤਾਨ ਦੇ ਸਮਝਾਈਆ । ਕਿਉਂ ਗੁਲਜ਼ਾਰ ਸਿੰਘ ਨੇ ਬੰਨ੍ਹਣੀ ਪੁੱਠੀ ਦਸਤਾਰ, ਖੱਬਾ ਸੱਜਾ ਹੱਥ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਪੁੱਠੀ ਪਗੜੀ ਸੱਜੀ ਖੱਬੀ, ਸਾਜਣ ਸਾਚੇ ਦਿਆਂ ਜਣਾਈਆ । ਮੁਹੱਬਤ ਦਾ ਨਾਤਾ ਤੋੜ ਕੇ ਭੱਜੀ, ਮੁਹੰਮਦ ਛੱਡਿਆ ਯਾਰ ਅਲਾਹੀਆ । ਤੇਰਾ ਜਲਵਾ ਤੱਕ ਕੇ ਨੂਰ ਰੱਬੀ, ਆਲਮੀਨ ਦਿਤਾ ਸੀਸ ਝੁਕਾਈਆ । ਹਜ਼ਰਤ ਰੋਂਦੇ ਵੇਖੇ ਨਬੀ, ਰਸੂਲਾਂ ਪਈ ਦੁਹਾਈਆ । ਮੇਰੀ ਆਹ ਤੇਰੇ ਚਰਨਾਂ ਹੇਠਾਂ ਦੱਬੀ, ਸਾਹ ਸਾਹ ਸਮਝਾਈਆ । ਜਿਥੇ ਤੇਰੀ ਅਗੰਮੀ ਜੋਤ ਜਗੀ, ਨੂਰੋ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਚਾ ਪੜਦਾ ਦੇਣਾ ਉਠਾਈਆ । ਸਦੀ ਚੌਧਵੀਂ ਕਹੇ ਮੁਹੰਮਦ ਹੋਣ ਲੱਗਾ ਦਸਤ ਬਰਦਾਰ,

ਦਰੇ ਦਰਬਾਰ ਦੁਹਾਈਆ । ਰੋਣ ਲੱਗਾ ਬਰਖ਼ੁਰਦਾਰ, ਬਰਖ਼ਲਾਫ਼ੀ ਵਿਚ ਕੁਰਲਾਈਆ । ਜਿਸ ਖ਼ੁਦਾ ਨੂੰ ਸਮਝਿਆ ਪਰਵਰਦਿਗਾਰ, ਮੁਦਤਾਂ ਤੋਂ ਸਾਥੀ ਚਲਿਆ ਆਈਆ । ਜਿਸ ਦਾ ਕਰਦਾ ਰਿਹਾ ਇਜ਼ਹਾਰ, ਕਲਮਿਆਂ ਵਿਚ ਵਡਿਆਈਆ । ਓਹ ਸਹਿਜ ਸੁਭਾਓ ਸ਼ਬਦੀ ਹੁਕਮ ਵਿਚ ਕਰ ਕੇ ਇਨਕਾਰ, ਇਨਕਲਾਬੀ ਆਪਣਾ ਡੰਕ ਵਜਾਈਆ । ਚੌਦਾਂ ਤਬਕ ਨਾ ਕੋਇ ਸਹਾਰ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਮੁਹੰਮਦ ਚਾਰ ਯਾਰਾਂ ਨੂੰ ਪਾਈ ਕ਼ਸਮ, ਕ਼ਿਸਮ ਖ਼ੁਦਾ ਦੀ ਇਕ ਸਮਝਾਈਆ । ਓਸ ਵੇਲੇ ਪੁੱਠੀ ਪਗੜੀ ਦੀ ਕੀਤੀ ਸੀ ਰਸਮ, ਵਣਜਾਰਾ ਗੁਲਜ਼ਾਰ ਸਿੰਘ ਜਿਸ ਤੋਂ ਖ਼ਰੀਦ ਕੇ ਚੌਹਾਂ ਦੇ ਸਿਰ ਤੇ ਦਿਤੀ ਬੰਧਾਈਆ । ਨਾਲ ਤਾਗਾ ਰੱਖਿਆ ਸੀ ਪਸ਼ਮ, ਏਸੇ ਕਰ ਕੇ ਪੱਛਮ ਨੂੰ ਕਾਅਬੇ ਸਾਰੇ ਸੀਸ ਝੁਕਾਈਆ । ਹੁਕਮ ਦਿਤਾ ਸੰਦੇਸ਼ਾ ਦਿਤਾ ਓਸ ਖ਼ੁਦਾ ਦਾ ਮੰਨੋ ਇਸਮ, ਜੋ ਆਜ਼ਮ ਨੂਰ ਅਲਾਹੀਆ । ਤੱਤਾਂ ਵਾਲਾ ਨਹੀਂ ਜਿਸਮ, ਵਜੂਦ ਵੰਡ ਨਾ ਕੋਇ ਵੰਡਾਈਆ । ਜਲਵਾ ਤੱਕੋ ਇਕੋ ਚਸ਼ਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਫ਼ਰਮਾਨਾ ਇਕ ਸਮਝਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਚਾਰ ਯਾਰਾਂ ਪਗੜੀ ਬੱਧੀ ਪੁੱਠੀ, ਪਿਛੇ ਗੰਢ ਪਵਾਈਆ । ਚਾਰੇ ਬਹਾ ਕੇ ਮੁਹੰਮਦ ਆਪਣੀ ਚਾਰੇ ਗੁਠੀਂ, ਕੋਨਾ ਗੋਸ਼ਾ ਵੇਖ ਵਖਾਈਆ । ਚੌਹਾਂ ਦੇ ਮਹਿੰਦੀ ਲਾ ਕੇ ਪੰਜਾਂ ਪੋਟੀਂ, ਲਾਲ ਰੰਗ ਦਿਤਾ ਚੜ੍ਹਾਈਆ । ਕ਼ਸਮ ਖਾਓ ਦੀਨ ਵਿਚ ਲਿਔਣਾ ਜੋ ਰੱਖੇ ਬੋਦੀ ਧੋਤੀ, ਧੁਰ ਦਾ ਹੁਕਮ ਸੁਣਾਈਆ । ਇਸਲਾਮ ਨੂੰ ਬਣੌਣਾ ਆਪਣਾ ਗੋਤੀ, ਦੂਜਾ ਪ੍ਰੇਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਦਏ ਦ੍ਰਿੜ੍ਹਾਈਆ । ਸਦੀ ਚੌਧਵੀਂ ਕਹੇ ਮੁਹੰਮਦ ਨੇ ਚੌਹਾਂ ਦੇ ਪਿਛੇ ਦਿਤੀ ਆਪ ਗੰਢ, ਹੌਲੀ ਹੌਲੀ ਹੱਥਾਂ ਨਾਲ ਬੰਧਾਈਆ । ਹੱਥ ਮਾਰਦਾ ਗਿਆ ਉਤੇ ਕੰਡ, ਪੁਸ਼ਤ ਪਨਾਹ ਟਿਕਾਈਆ । ਤੁਹਾਡੇ ਨਾਲ ਮੈਨੂੰ ਪਵੇ ਠੰਡ, ਮੇਰੇ ਨਾਲ ਤੁਹਾਡੀ ਵੱਜੇ ਵਧਾਈਆ । ਝਗੜਾ ਕਰਨਾ ਨਾਲ ਜੰਗ, ਸ਼ਰਅ ਵਿਚ ਦੁਹਾਈਆ । ਚੌਦਾਂ ਸਦੀਆਂ ਮੇਰੀ ਮੰਗ, ਆਸਾ ਇਹ ਵਖਾਈਆ । ਜਿਸ ਵੇਲੇ ਵੇਲਾ ਵਕ਼ਤ ਜਾਵੇ ਲੰਘ, ਆਪਣਾ ਪੈਂਡਾ ਪੰਧ ਮੁਕਾਈਆ । ਸ੍ਰਿਸ਼ਟੀ ਦੁਨੀਆ ਕਾਇਨਾਤ ਸਾਚੇ ਕਲਮੇ ਤੋਂ ਹੋਵੇ ਨੰਗ, ਪੜਦਾ ਸਿਰ ਨਾ ਕੋਇ ਰਖਾਈਆ । ਓਸ ਵੇਲੇ ਮੇਰਾ ਅਮਾਮ ਮੇਰੇ ਚੌਦਾਂ ਤਬਕਾਂ ਆਵੇ ਲੰਘ, ਲੰਮਾ ਚੌੜਾ ਵੇਖਣ ਕੋਇ ਨਾ ਪਾਈਆ । ਨਜ਼ਰ ਨਾ ਆਵੇ ਕਿਸੇ ਕੋਈ ਟੰਗ, ਬਾਂਹ ਹੱਥ ਨਾ ਕੋਇ ਹਿਲਾਈਆ । ਕਰ ਵਖਰਾ ਅਨੋਖਾ ਢੰਗ, ਨੂਰੋ ਨੂਰ ਕਰੇ ਰੁਸ਼ਨਾਈਆ । ਲੇਖਾ ਜਾਣ ਸਰਬ ਬ੍ਰਹਿਮੰਡ, ਵਰਭੰਡ ਫੋਲ ਫੁਲਾਈਆ । ਪੜਦਾ ਲਾਹ ਕੇ ਜੇਰਜ ਅੰਡ, ਉਤਭੁਜ ਸੇਤਜ ਦਏ ਸਮਝਾਈਆ । ਦੂਈ ਦਵੈਤੀ ਢਾਹਵੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਸ਼ਰਅ ਸ਼ਰੀਅਤ ਮੇਟ ਕੇ ਕੂੜ ਪਖੰਡ, ਆਤਮ ਪਰਮਾਤਮ ਮੇਲਾ ਲਏ ਮਿਲਾਈਆ । ਸਚ ਦਵਾਰ ਦਾ ਦੇ ਕੇ ਅਨੰਦ, ਰਸ ਇਕੋ ਇਕ ਚਖਾਈਆ । ਸ਼ਸਤਰ ਨਾਲ ਕਰੇ ਨਾ ਜੰਗ, ਹੁਕਮੇ ਅੰਦਰ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਵੱਜੇ ਵਧਾਈਆ । ਸਦੀ ਚੌਧਵੀਂ ਕਹੇ ਚਾਰ ਯਾਰਾਂ ਪੁੱਠੇ ਬੱਧੇ ਪਟਕੇ, ਆਪਣਾ ਵੇਸ ਬਦਲਾਈਆ । ਅੱਗੋਂ ਪਿਛਾਂਹ ਕੋਈ ਨਾ ਪਰਤੇ, ਹੁਕਮ ਸੁਣਨਾ ਚਾਈਂ ਚਾਈਆ । ਮੁਹੰਮਦ ਕਿਹਾ ਮੈਨੂੰ ਕੁਛ ਖੇਲ ਦਿਸਦਾ ਵਿਚ ਸਰਸੇ, ਦੂਰ ਦੁਰਾਡਾ ਦਿਆਂ ਜਣਾਈਆ । ਉਸ ਤੋਂ ਬਾਅਦ ਪਰਵਰਦਿਗਾਰ ਪਰਤੇ, ਪਾਰਬ੍ਰਹਮ ਨੂਰ

ਅਲਾਹੀਆ । ਕਰੇ ਖੇਲ ਉਪਰ ਧਰਤੇ, ਧਰਨੀ ਧਰਤ ਧਵਲ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਆਪਣੇ ਨਾਮ ਦੇ ਦਿਤੇ ਖਰਚੇ, ਅੰਤਮ ਆਪਣੇ ਲੇਖੇ ਪਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਵਾਲੇ ਵੇਖੇ ਪਰਚੇ, ਸਚ ਸਵਾਲ ਕਵਣ ਹਲ ਕਰਾਈਆ । ਝਗੜਾ ਮੁਕਾਏ ਚੂੰਕਿ ਚੁਨਾਚੇ ਅਗਰਚੇ, ਅਗਰ ਮਗਰ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੀ ਕੀਤੀ ਕਰਨੀ ਸਭ ਦੀ ਵੇਖੇ ਪੜ੍ਹ ਕੇ, ਬਿਨ ਅੱਖਰਾਂ ਨਿਰਅੱਖਰ ਧਾਰ ਵਿਚੋਂ ਸਮਝਾਈਆ । ਦੀਨ ਮਜ਼੍ਹਬਾਂ ਦੀ ਚੋਟੀ ਵੇਖੇ ਚੜ੍ਹ ਕੇ, ਮੰਜ਼ਲ ਬਮੰਜ਼ਲ ਆਪਣਾ ਪੰਧ ਮੁਕਾਈਆ । ਓਨ੍ਹਾਂ ਖੋਜੇ ਜੋ ਨਹਾਵਣ ਉਠ ਕੇ ਤੜਕੇ, ਬਾਹਰੋਂ ਧੋਤੇ ਅੰਦਰੋਂ ਕਾਮ ਚੇਸ਼ਟਾ ਸਤਾਈਆ । ਲੇਖੇ ਜਾਣੇ ਚੋਟੀ ਜੜ੍ਹ ਦੇ, ਅਸਥੂਲ ਕਾਰਨ ਪੜਦਾ ਦਏ ਚੁਕਾਈਆ । ਓਨ੍ਹਾਂ ਵੇਖੇ ਜੋ ਜੀਵਤ ਹੋਏ ਮਰ ਕੇ, ਮਰ ਜੀਵਤ ਰੂਪ ਬਦਲਾਈਆ । ਓਨ੍ਹਾਂ ਵੇਖੇ ਜੋ ਭਾਣਾ ਆਏ ਜਰ ਕੇ, ਹੁਕਮੇ ਅੰਦਰ ਸੀਸ ਨਿਵਾਈਆ । ਓਨ੍ਹਾਂ ਵੇਖੇ ਜੋ ਸਤਿਗੁਰ ਸਰਨਾਈ ਆਏ ਤਰ ਕੇ, ਕੂੜ ਕੁੜਿਆਰਾ ਡੇਰਾ ਢਾਹੀਆ । ਪੁਰਖ ਅਕਾਲਾ ਦੀਨ ਦਿਆਲਾ ਆਪਣੀ ਕਿਰਪਾ ਕਰ ਕੇ, ਹਰਿ ਕਰਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਜਾਣੇ ਆਪਣੇ ਘਰ ਕੇ, ਗ੍ਰਿਹ ਗ੍ਰਿਹ ਮੰਦਰ ਫੋਲ ਫੁਲਾਈਆ । ਸਦੀ ਚੌਧਵੀਂ ਕਹੇ ਮੈਂ ਜਗਤ ਵਿਚਾਰ ਰੁੱਸੀ, ਰੁਸਤਮ ਮੁਹੰਮਦ ਆਈ ਤਜਾਈਆ । ਮੇਰੀ ਮੇਂਢੀ ਵੇਖੋ ਖੁੱਸੀ, ਸੀਸ ਪੱਟੀ ਨਾ ਕੋਇ ਗੁੰਦਾਈਆ । ਕੰਨਾਂ ਤੋਂ ਹੋ ਕੇ ਬੁੱਚੀ, ਭੱਜੀ ਵਾਹੋ ਦਾਹੀਆ । ਮੈਨੂੰ ਉਮਤ ਵਾਲਿਆਂ ਕੀਤਾ ਲੁੱਚੀ, ਕਲਮਾ ਹੱਕ ਨਾ ਕੋਇ ਗਾਈਆ । ਮੈਥੋਂ ਕੂੜ ਦੀ ਗੰਢ ਜਾਵੇ ਨਾ ਚੁੱਕੀ, ਸੁੱਟ ਕੇ ਭੱਜੀ ਵਾਹੋ ਦਾਹੀਆ । ਮੈਨੂੰ ਕਹਿੰਦੇ ਇਹ ਕਮਜ਼ਾਤਨ ਕੁੱਤੀ, ਜੋ ਘਰ ਘਰ ਕਰੇ ਲੜਾਈਆ । ਮੇਰੀ ਜੜ੍ਹ ਮੁੱਲਾਂ ਸ਼ੇਖ਼ਾਂ ਮੁਸਾਇਕਾਂ ਪੁੱਟੀ, ਜੋ ਬਗ਼ਲ ਕ਼ੁਰਾਨ ਰਹੇ ਰਖਾਈਆ । ਮੈਂ ਕੱਟਕੇ ਆਈ ਬੁੱਤੀ, ਡੂਮ ਮਰਾਸਣ ਬਣ ਕੇ ਝਟ ਲੰਘਾਈਆ । ਮੇਰੀ ਅੰਤ ਮੁਹੱਬਤ ਵਾਲੀ ਧਾਰ ਨਿਖੁੱਟੀ, ਸਚ ਪਿਆਰ ਨਾ ਕੋਇ ਵਧਾਈਆ । ਮੈਂ ਕੂਕ ਸੁਣਾਵਾਂ ਉਚੀ, ਬਹੁੜੀ ਬਹੁੜੀ ਦੁਹਾਈਆ । ਸਦੀ ਚੌਧਵੀਂ ਕਹੇ ਮੁਹੰਮਦ ਨੇ ਮੀਟੀਆਂ ਦੋਵੇਂ ਮੁੱਠੀ, ਘੁਟ ਕੇ ਮਸਤਕ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਦੀ ਸਚ ਦੁਹਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਅਗੰਮ ਕੜਾਕਾ, ਕਾੜ ਕਾੜ ਦਿਤਾ ਜਣਾਈਆ । ਸਤਿਗੁਰ ਸ਼ਬਦ ਬਣਿਆ ਲੜਾਕਾ, ਘਰ ਘਰ ਆਪਣਾ ਬਲ ਵਖਾਈਆ । ਚੌਦਾਂ ਤਬਕਾਂ ਤੋੜ ਕੇ ਤਾਕਾ, ਤਕ਼ਦੀਰ ਸਭ ਦੀ ਰਿਹਾ ਬਦਲਾਈਆ । ਦੋ ਜਹਾਨਾਂ ਵੇਖ ਕੇ ਖ਼ਾਕਾ, ਇਸ਼ਾਰੇ ਧੁਰ ਦੇ ਰਿਹਾ ਸਮਝਾਈਆ । ਰਹਿਣ ਦੇਣਾ ਕੋਈ ਨਹੀਂ ਆਕਾ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਸਾਫ਼ ਰਹੇ ਕੋਈ ਨਾ ਪਾਕਾ, ਪਤਤ ਰੂਪ ਹੋਵੇ ਲੋਕਾਈਆ । ਕ਼ੀਮਤ ਰਹੇ ਕਿਸੇ ਨਾ ਧਾਤਾ, ਧਰਮ ਦੀ ਧਾਰ ਦੇਣੀ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਕੋਈ ਨਾ ਦਾਤਾ, ਸਭ ਦਾ ਪੈਂਡਾ ਦੇਣਾ ਚੁਕਾਈਆ । ਚਾਰ ਜੁਗ ਦੀ ਰਹੇ ਕੋਈ ਨਾ ਗਾਥਾ, ਰਸਨਾ ਜਿਹਵਾ ਨਾ ਕੋਇ ਪੜ੍ਹਾਈਆ । ਜਗਤ ਦਵਾਰੇ ਟੇਕੇ ਕੋਈ ਨਾ ਮਾਥਾ, ਮਸਤਕ ਸੀਸ ਨਾ ਕੋਇ ਝੁਕਾਈਆ । ਕੂੜਾ ਰਹੇ ਨਾ ਪਿਤਾ ਮਾਤਾ, ਪੂਤ ਸਪੂਤ ਨਾ ਕੋਇ ਸਹਾਈਆ । ਕਲਜੁਗ ਮੇਟਣੀ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਆਪੇ ਬਣ ਕੇ ਜੋਤੀ ਜਾਤਾ, ਜਾਗਰਤ ਜੋਤ ਵੇਖ ਵਖਾਈਆ । ਜਨ ਭਗਤਾਂ ਬਣ ਕੇ ਧੁਰ ਦਾ ਰਾਖਾ, ਰੱਖਿਆ ਕਰਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਉਠਦੀ ਹੁੱਕ, ਹੂ ਹੂ ਵਿਚ ਸੁਣਾਈਆ । ਮੈਂ ਵੇਖਾਂ ਓਹ ਕੁੱਖ, ਜਿਥੋਂ ਜਨਣੀ ਭਗਤ ਜਨ ਜਾਈਆ । ਓਨ੍ਹਾਂ ਨਾਲ ਵੰਡਾਵਾਂ ਦੁੱਖ, ਦਰਦਨ ਹੋ ਕੇ ਦਰਦ ਲਵਾਂ ਕਮਾਈਆ । ਉਜਲ ਕਰਾਂ ਮੁਖ, ਪ੍ਰੇਮ ਪ੍ਰੀਤੀ ਨਾਲ ਧੁਆਈਆ । ਸਹਿਜੇ ਲਵਾਂ ਪੁਛ, ਜਨ ਭਗਤੋ ਕਿਹੜਾ ਤੁਹਾਡਾ ਪਿਤਾ ਮਾਈਆ । ਜੋ ਕਲਜੁਗ ਅੰਤਮ ਰਿਹਾ ਤੁੱਠ, ਮਿਹਰ ਨਜ਼ਰ ਇਕ ਉਠਾਈਆ । ਹਰਿਜਨ ਕਹਿਣ ਕਮਲੀਏ ਸਾਥੋਂ ਨਾ ਪੁਛ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਦੇ ਕੋਲ ਸਭ ਕੁਛ, ਓਹੋ ਸਾਡਾ ਆਦਿ ਜੁਗਾਦੀ ਪਿਤਾ ਮਾਈਆ । ਜੋ ਦੂਰ ਦੁਰਾਡਾ ਨੇੜੇ ਬੈਠਾ ਢੁਕ, ਨਿਰਗੁਣ ਆਪਣਾ ਪੰਧ ਮੁਕਾਈਆ । ਕਲਜੁਗ ਕੂੜ ਕੁੜਿਆਰਾ ਕੱਢੇ ਕੁੱਟ, ਕਾਇਆ ਕੁਟੀਆ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਈ ਵਿਚਾਰੀ, ਵਿਚਰ ਕੇ ਦਿਆਂ ਸੁਣਾਈਆ । ਗੁਲਜ਼ਾਰ ਸਿੰਘ ਨੇ ਬਣ ਕੇ ਔਣਾ ਮਦਾਰੀ, ਬਗ਼ਲੀਆਂ ਗਲ ਵਿਚ ਦੋ ਲਟਕਾਈਆ । ਹੱਥ ਵਿਚ ਕੁੱਤਾ ਲਿਔਣਾ ਸ਼ਿਕਾਰੀ, ਪਤਲਾ ਲੰਮਾ ਸੋਹਣਾ ਨਜ਼ਰੀ ਆਈਆ । ਆਪਣੀ ਪੁੱਠੀ ਚਾੜ੍ਹਨੀ ਦਾੜ੍ਹੀ, ਰੁਖ਼ ਵਾਲਾਂ ਵਾਲਾ ਬਦਲਾਈਆ । ਇਕ ਹੱਥ ਵਿਚ ਹੋਵੇ ਕੁਹਾੜੀ, ਹੱਥਾ ਛੋਟਾ ਜੇਹਾ ਪੁਆਈਆ । ਨਿੱਕੀ ਜਿਹੀ ਹੋਵੇ ਪਟਾਰੀ, ਪੱਤੇ ਖਜੂਰ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਸਾਚੀ ਭੈਣ ਦਾ ਪਾ ਲੈ ਕੁੜਤਾ, ਕਰਮ ਕਾਂਡ ਦਾ ਡੇਰਾ ਢਾਹੀਆ । ਛੱਬੀ ਪੋਹ ਨੂੰ ਆਵੀਂ ਤੁਰਦਾ, ਕ਼ਦਮ ਕ਼ਦਮ ਪੰਧ ਮੁਕਾਈਆ । ਗੀਤ ਗੌਂਦਾ ਆਵੀਂ ਸੁਰ ਦਾ, ਸੁਰਤੀ ਸ਼ਬਦ ਨਾਲ ਮਿਲਾਈਆ । ਤੇਰਾ ਵਿਛੋੜਾ ਅਨੰਦ ਪੁਰ ਦਾ, ਅੰਤਮ ਸਹਿਜੇ ਪੂਰ ਕਰਾਈਆ । ਜਿਸ ਵੇਲੇ ਗੋਬਿੰਦ ਘੋੜੇ ਉਤੇ ਤੁਰਦਾ, ਸ਼ਬਦ ਸ਼ਬਦੀ ਖੇਲ ਖਿਲਾਈਆ । ਤੂੰ ਮਦਾਰੀ ਹੁੰਦਾ ਸੈਂ ਓਸ ਸੱਚੇ ਸਤਿਗੁਰ ਦਾ, ਔਂਦਿਆਂ ਜਾਂਦਿਆਂ ਆਪਣੀ ਖੇਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲਾ ਮੇਲੇ ਚਾਈਂ ਚਾਈਂਆ । ਸਦੀ ਚੌਧਵੀਂ ਕਹੇ ਮਦਾਰੀ ਦਾ ਕਿਹੜਾ ਹੋਵੇ ਰੂਪ, ਤਨ ਬਸਤਰ ਕਵਣ ਛੁਹਾਈਆ । ਕਿਸ ਵੇਲੇ ਕਰੇ ਕੂਚ, ਚਲੇ ਬਣ ਕੇ ਰਾਹੀਆ । ਹਿਰਦੇ ਵਿਚ ਰਹੇ ਨਾ ਦੂਜ, ਲੱਜਿਆ ਲੋਕ ਲਾਜ ਗਵਾਈਆ । ਨਾਲੇ ਕਹੇ ਮੈਂ ਪ੍ਰਭੂ ਦਾ ਦੂਤ, ਸਤਿਗੁਰ ਸ਼ਬਦ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੇਰੀ ਪੁਰਾਣੀ ਸੱਧਰ, ਸਦੀਆਂ ਦੀ ਦਿਆਂ ਜਣਾਈਆ । ਗੁਲਜ਼ਾਰ ਸਿੰਘ ਦਾ ਪੀਲੇ ਰੰਗ ਦਾ ਚੋਲਾ ਹੋਵੇ ਖੱਦਰ, ਗਿਟਿਆਂ ਤਾਈਂ ਲਮਕਾਈਆ । ਦੋਵੇਂ ਭੈਣਾਂ ਮਿਲ ਕੇ ਸੋਹੰ ਉਸ ਦੇ ਉਪਰ ਕੱਢਣ, ਛਾਤੀ ਉਤੇ ਸੁਹਾਈਆ । ਇਹ ਆਤਮਾ ਪਰਮਾਤਮਾ ਦਾ ਸਗਨ, ਇਸਤ੍ਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਜਨ ਭਗਤੋ ਤੁਹਾਡੇ ਦੀਪਕ ਲੱਗੇ ਜਗਣ, ਜਗਤ ਜੁਗ ਹੋਵੇ ਰੁਸ਼ਨਾਈਆ । ਮਸਤਕ ਲੱਗਣ ਲੱਗਾ ਮਜਨ, ਧੂੜੀ ਖ਼ਾਕ ਰਮਾਈਆ । ਪੂਰਬ ਜਨਮ ਦਾ ਲੇਖੇ ਲਾਏ ਭਜਨ, ਬੰਦਗੀ ਵਿਚ ਬੰਦੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਨਾਮ ਦੀ ਚਾੜ੍ਹ ਕੇ ਰੰਗਣ, ਅੰਗਣ ਆਪਣਾ ਇਕ ਸੁਹਾਈਆ ।

੫੧੧
੨੧

## ❋ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਊਧਮ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ❋

ਸਦੀ ਚੌਧਵੀਂ ਕਹੇ ਮੈਂ ਸੋਚਦੀ ਰਹੀ ਸੋਚ, ਸੁਚ ਸੰਜਮ ਵਿਚ ਆਪਣਾ ਆਪ ਟਿਕਾਈਆ । ਸਚ ਦਵਾਰੇ ਗਈ ਪਹੁੰਚ, ਦਰਗਾਹ ਸਾਚੀ ਸੀਸ ਨਿਵਾਈਆ । ਹੁਕਮ ਸੁਣਿਆ ਨਿਰਮਲ ਜੋਤ, ਪਰਵਰਦਿਗਾਰ ਦਿਤਾ ਅਲਾਈਆ । ਮਸੀਹ ਦੀ ਆਸਾ ਪੰਜ ਬਣ ਕੇ ਆਵਣ ਪੋਪ, ਕਰਾਸ ਯਸੂ ਵਾਲਾ ਲਟਕਾਈਆ । ਸਦਾ ਗਾਵਣ ਸਾਚੀ ਢੋਕ, ਹੂ ਗਾਡ ਗਾਡ ਹੂ ਨਾਅਰਾ ਲਾਈਆ । ਚਾਰ ਰੂਪ ਧਾਰਨ ਪਰੋਹਤ, ਜੰਞੂ ਬੋਦੀ ਤਿਲਕਾਂ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਵੇਖ ਵਖਾਈਆ । ਸਦੀ ਚੌਧਵੀਂ ਕਹੇ ਪ੍ਰਭ ਕਰਨੀ ਖੇਲ ਅਦੁਤੀ, ਦੁਤੀਆ ਭਾਉ ਮਿਟਾਈਆ । ਪੰਜ ਮਲ ਕੇ ਔਣ ਭਬੂਤੀ, ਗਿਲਤੀ ਗਲ ਵਿਚ ਬੰਧਾਈਆ । ਪੰਜ ਬਸਤਰ ਪਹਿਨਣ ਸੂਤੀ, ਖੱਦਰ ਪੁਰਾਣਾ ਸੋਭਾ ਪਾਈਆ । ਪੰਜ ਪੀ ਕੇ ਆਵਣ ਬੂਟੀ, ਭੰਗੀਆਂ ਵਾਲਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਸਦੀ ਚੌਧਵੀਂ ਕਹੇ ਪੰਜਾਂ ਬੱਧੇ ਹੋਣ ਦਮਾਲੇ, ਸੀਸ ਉਤੇ ਸੁਹਾਈਆ । ਪੰਜਾਂ ਮਸਤਕ ਕੀਤੇ ਹੋਣ ਕਾਲੇ, ਕਾਲੀ ਧਾਰ ਮਿਲੇ ਵਡਿਆਈਆ । ਪੰਜਾਂ ਹੱਥ ਵਿਚ ਹੋਵੇ ਢਾਲੇ, ਗੋਬਿੰਦ ਰੰਗ ਰੰਗਾਈਆ । ਪੰਜਾਂ ਹੱਥ ਵਿਚ ਹੋਵਣ ਫਾਲੇ, ਤਿੱਖੀ ਮੁੱਖੀ ਨਾਲ ਜਣਾਈਆ । ਪੰਜ ਬਣੇ ਹੋਣ ਗਵਾਲੇ, ਦੋਹਣੇ ਹੱਥਾਂ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣਾ ਭੇਵ ਚੁਕਾਈਆ । ਸਦੀ ਚੌਧਵੀਂ ਕਹੇ ਇੱਕੀ ਹੋਵਣ ਸੋਹਣੇ ਜਵਾਨ, ਮੁੱਛ ਫੁੱਟ ਨਜ਼ਰੀ ਆਈਆ । ਹੱਥਾਂ ਵਿਚ ਹੋਵਣ ਤੀਰ ਕਮਾਨ, ਰਾਮ ਲਛਮਨ ਵੇਖ ਵਖਾਈਆ । ਅੱਗੇ ਹੋਵੇ ਹਨੁਵੰਤ ਬਲਵਾਨ, ਸ਼ਿਵ ਸਿੰਘ ਜੁੱਲਾ ਪਿੱਠ ਉਤੇ ਟਿਕਾਈਆ । ਪੰਜ ਪਿਛੇ ਹੋਣ ਪਠਾਨ, ਤੰਬੇ ਖ਼ਾਨਾਂ ਵਾਲੇ ਸੁਹਾਈਆ । ਪੰਜ ਗੁਰਮੁਖ ਲੈਣੇ ਛਾਣ, ਲੰਮੇ ਦਾੜ੍ਹੇ ਜੋ ਵਧਾਈਆ । ਪੰਜ ਵੇਖਣੇ ਜੋ ਤਾਜ਼ਾ ਸਿਰ ਮੁਨਾਣ, ਸੀਸ ਸਾਫ਼ ਸੁਥਰਾ ਬਣਾਈਆ । ਪੰਜ ਜਨੇਊ ਲਟਕਾਵਣ ਉਪਰ ਕਾਨ, ਧੋਤੀ ਅੱਗੋਂ ਪਿਛੇ ਲੈਣ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਸੱਚੀ ਵਡਿਆਈਆ । ਪੰਜਾਂ ਹੱਥ ਹੋਵੇ ਤਰਸੂਲ, ਸ਼ੰਕਰ ਸੀਸ ਨਿਵਾਈਆ । ਪੰਜ ਉਡੌਂਦੇ ਆਵਣ ਧੂਲ, ਪੈਰਾਂ ਨਾਲ ਹਿਲਾਈਆ । ਪੰਜ ਬਰਸੌਂਦੇ ਆਵਣ ਫੂਲ, ਬਰਖਾ ਸੋਹਣੀ ਲਾਈਆ । ਪੰਜ ਗੁਰਮੁਖ ਹੋਣ ਮਾਅਕੂਲ, ਸੋਹੰ ਮਸਤਕ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਖੇਲ ਅਨੋਖਾ, ਅਨੋਖੀ ਧਾਰ ਬਣਾਈਆ । ਪੰਜਾਂ ਸਿੱਖਾਂ ਦੇ ਕੋਲ ਗੁਰੂ ਗ੍ਰੰਥ ਦਾ ਹੋਵੇ ਪੋਥਾ, ਚਵਰ ਨਰਾਇਣ ਸਿੰਘ ਝੁਲਾਈਆ । ਪੰਜਾਂ ਦੇ ਕੋਲ ਵੁਜ਼ੂ ਵਾਲਾ ਹੋਵੇ ਲੋਟਾ, ਖੱਬੇ ਹੱਥ ਵਿਚ ਸੋਭਾ ਪਾਈਆ । ਪੰਜਾਂ ਕੋਲ ਇਕ ਇਕ ਰੁਪਈਆ ਹੋਵੇ ਖੋਟਾ, ਜਿਸ ਦੀ ਕ਼ੀਮਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਪੰਜ ਵਜੌਂਦੇ ਆਵਣ ਸੰਖ, ਧੁਨ ਨਾਦ ਸ਼ਨਵਾਈਆ । ਪੰਜ ਹਿਲੌਂਦੇ ਆਉਣ ਪੰਖ, ਮੋਰ ਚਕੋਰ ਸਮਝਾਈਆ । ਪੰਜ ਸੁਣੌਂਦੇ ਆਉਣ ਛੰਤ, ਸੋਹੰ ਢੋਲਾ ਗਾਈਆ । ਪੰਜ ਕੱਢਦੇ ਆਉਣ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਪੰਜ ਵੇਖਣ

ਚੜ੍ਹਦੀ ਸਿੰਮਤ, ਆਪਣਾ ਸਿਰ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮੈਨੂੰ ਕੋਈ ਨਾ ਕਹਿਓ ਬੁਰੀ, ਬੁਰਿਆਂ ਦਿਆਂ ਖਪਾਈਆ । ਪੰਜਾਂ ਦੇ ਹੱਥ ਵਿਚ ਹੋਵੇ ਇਕ ਇਕ ਛੁਰੀ, ਸ਼ਰਅ ਜ਼ੰਜੀਰ ਕਟਾਈਆ । ਮੈਂ ਰਹਿਣਾ ਨਹੀਂ ਨਿਗੁਰੀ, ਸਾਹਿਬ ਸੀਸ ਦਿਤਾ ਨਿਵਾਈਆ । ਮੈਂ ਜੋਬਨਵੰਤੀ ਬਣਨਾ ਓਹ ਕੁੜੀ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਜਣਾਈਆ । ਮੈਂ ਹੋਣਾ ਨਹੀਂ ਬੁੜ੍ਹੀ, ਬੁੜ੍ਹਾਪਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਸਦੀ ਚੌਧਵੀਂ ਕਹੇ ਇਕ ਦੇ ਹੱਥ ਵਿਚ ਹੋਵੇ ਕ਼ੁਰਾਨ, ਮਾਲਾ ਮਣਕੇ ਗਲ ਵਿਚ ਪਾਈਆ । ਭਰਿਆ ਹੋਵੇ ਨਾਲ ਗੁਮਾਨ, ਫ਼ਤਵਾ ਸ਼ਰਅ ਵਾਲਾ ਸਮਝਾਈਆ । ਨਾਲ ਜਗਦਾ ਹੋਵੇ ਸ਼ਮਾਦਾਨ, ਚਾਰ ਮੁਖੀਆ ਗੁਰਮੁਖ ਸੋਹਣਾ ਹੱਥ ਉਠਾਈਆ । ਨਾਲ ਪਹਿਰਾ ਹੋਵੇ ਕਿਰਪਾਨ, ਦੋ ਧਾਰਾ ਨਜ਼ਰੀ ਆਈਆ । ਨਾਲ ਫੜਿਆ ਹੋਵੇ ਇਕ ਫ਼ਾਰਮ ਜੋ ਕਰਨ ਵਾਲਾ ਚਾਲਾਨ, ਕੋਰਟ ਵਾਲਾ ਸੋਭਾ ਪਾਈਆ । ਇਕ ਲਿਖਣ ਵਾਲਾ ਹੋਵੇ ਕ਼ਲਮਦਾਨ, ਸ਼ਾਹੀ ਲਾਲ ਨੀਲੀ ਨਾਲ ਵਡਿਆਈਆ । ਇਕ ਬਣਿਆ ਹੋਵੇ ਪਰਧਾਨ, ਟੋਪੀ ਗਾਂਧੀ ਵਾਲੀ ਟਿਕਾਈਆ । ਫੇਰ ਸੁਣਨਾ ਹੁਕਮ ਸ੍ਰੀ ਭਗਵਾਨ, ਕੀ ਸੰਦੇਸਾ ਦਏ ਜਣਾਈਆ । ਸਭ ਦੀ ਮਿਟਣ ਲੱਗੀ ਸ਼ਾਨ, ਸ਼ਮਸ਼ਾਨ ਭੂਮੀ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟੀ ਦਾ ਇਸ਼ਟ ਵਾਲਾ ਵਖਾਏ ਮੈਦਾਨ, ਮਿਹਰਵਾਨ ਆਪਣੀ ਕਾਰ ਕਮਾਈਆ ।



### ✻ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਸਿੰਘ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✻

੫੧੩ ੨੧

ਸਦੀ ਚੌਧਵੀਂ ਕਹੇ ਤੇਰਾ ਨਾਮ ਦੁਹਾਈ, ਤੋਬਾ ਕਰ ਸੁਣਾਈਆ । ਪੰਜ ਬਣੇ ਹੋਣ ਕਸਾਈ, ਛੁਰੀਆ ਹੱਥਾਂ ਵਿਚ ਲਮਕਾਈਆ । ਪੰਜ ਬਣੇ ਹੋਣ ਸ਼ੁਦਾਈ, ਵਾਲ ਖੁੱਲ੍ਹੇ ਨਜ਼ਰੀ ਆਈਆ । ਪੰਜ ਗੌਂਦੇ ਹੋਣ ਤੇਰਾ ਨਾਮ ਖ਼ੁਦਾਈ, ਖ਼ੁਦ ਮਾਲਕ ਤੇਰੀ ਬੇਪ੍ਰਵਾਹੀਆ । ਪੰਜਾਂ ਗਲ ਵਿਚ ਪਾਈ ਹੋਵੇ ਫਾਹੀ, ਰੱਸੀਆਂ ਨਾਲ ਬੰਧਾਈਆ । ਪੰਜ ਭੁੱਲੇ ਹੋਣ ਰਾਹੀ, ਅੱਗੜ ਪਿੱਛੜ ਭੱਜਣ ਵਾਹੋ ਦਾਹੀਆ । ਪੰਜ ਦੇਂਦੇ ਔਣ ਦੁਹਾਈ, ਪ੍ਰਭ ਮਿਲਿਆ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮਾਈਓ ਬੀਬੀਓ ਜਾਗੋ, ਜਗਹ ਜਗਹ ਸੁਣਾਈਆ । ਇੱਕੀ ਕਮਰਕੱਸਾ ਕਸਣਾ ਵਾਂਗ ਭਾਗੋ, ਕਿਰਪਾਨਾਂ ਮੋਢਿਆਂ ਉਤੇ ਟਿਕਾਈਆ । ਮੁਖੋਂ ਕਹਿਣਾ ਲੱਜਿਆ ਰਹੇ ਨਾ ਸਤਿਗੁਰ ਬਾਝੋਂ, ਗੋਬਿੰਦ ਬਿਨਾ ਨਾ ਕੋਇ ਸਹਾਈਆ । ਆਪਣਾ ਆਪ ਆਪੇ ਸਾਧੋ, ਸਾਧਾਂ ਦੀ ਲੋੜ ਰਹੇ ਨਾ ਰਾਈਆ । ਊਧਮ ਸਿੰਘ ਨੇ ਬਣਨਾ ਬੰਦਾ ਵੈਰਾਗੀ ਮਾਧੋ, ਬੰਦਗੀ ਵਿਚ ਜਣਾਈਆ । ਪੰਜ ਬਣਨੇ ਬੰਸ ਜਾਦੋ, ਜਾਦਵ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਪੰਜਾਂ ਦਾ ਵੇਸ ਹੋਵੇ ਤੁਰਕੀ, ਬਾਸਕਾਟ ਕੁੜਤਿਆਂ ਉਤੋਂ ਪਾਈਆ । ਪੰਜਾਂ ਨੇ ਖਾਧੀ ਹੋਵੇ ਘਿਓ ਖੰਡ ਦੀ ਬੁਰਕੀ, ਰਸ ਮਿੱਠੇ ਨਾਲ ਸੁਹਾਈਆ । ਪੰਜਾਂ ਨੇ ਖੇਲ ਕਰਨੀ ਵਾਂਗ ਦੁਰਗੀ, ਦੁਰਗਾ ਅਸ਼ਟਭੁਜ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਵਖਾਈਆ ।

੫੧੪

੨੧

ਸਦੀ ਚੌਧਵੀਂ ਕਹੇ ਇੱਕੀ ਬੀਬੀਆਂ ਦੇ ਸਿਰ ਤੇ ਹੋਵੇ ਟੋਪੀ, ਗੋਲ ਚਾਰੋਂ ਤਰਫ਼ ਰਖਾਈਆ । ਸਿਰ ਤੇ ਪਹਿਨਾਏ ਰਵਿਦਾਸ ਚਮਾਰਾ ਮੋਚੀ, ਗੁਰਮੁਖ ਆਪਣੇ ਰੰਗ ਰੰਗਾਈਆ । ਪੰਜ ਪੰਜ ਨਾਲ ਲੱਗੇ ਹੋਣ ਮੋਤੀ, ਰੰਗ ਪੀਲੇ ਵਿਚ ਵਡਿਆਈਆ । ਇਕ ਕੰਨਿਆ ਹੋਵੇ ਵਿਚ ਛੋਟੀ, ਦਵਿੰਦਰ ਕੌਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਇੱਕੀਆਂ ਦੇ ਖੁਲ੍ਹੇ ਹੋਵਣ ਕੇਸ, ਕੇਸਾਧਾਰੀ ਵੇਖ ਵਖਾਈਆ । ਇਹ ਬਿਵਹਾਰ ਗੁਰੂ ਦਸ ਦਸਮੇਸ਼, ਜੋ ਅੰਤ ਨੰਦੇੜ ਗਿਆ ਦ੍ਰਿੜਾਈਆ । ਜਿਸ ਵੇਲੇ ਚਲੇ ਨਾ ਕੋਈ ਕਿਸੇ ਦੀ ਪੇਸ਼, ਪੇਸ਼ੀਨਗੋਈ ਸਮਝ ਕਿਸੇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਅਵਲੜਾ ਵੇਸ, ਅਨੇਕਾ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਇੱਕੀ ਬੀਬੀਆਂ ਦੇ ਸੋਹੰ ਲਿਖਿਆ ਹੋਵੇ ਉਪਰ ਛਾਤੀ, ਪਿਸਤਾਨ ਦੇ ਅੰਦਰ ਨਜ਼ਰੀ ਆਈਆ । ਜਿਨ੍ਹਾਂ ਨੇ ਮਾਲਕ ਮੰਨਣਾ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਇਕੋ ਉਮਰ ਤੇ ਇਕੋ ਹੋਵੇ ਜ਼ਾਤੀ, ਇਕੋ ਰੰਗ ਰੰਗਾਈਆ । ਇਕੋ ਸਤਿਗੁਰ ਇਕੋ ਬਣੇ ਸਾਥੀ, ਸਗਲਾ ਜੋੜ ਜੁੜਾਈਆ । ਗੋਬਿੰਦ ਦੀ ਪੂਰੀ ਕਰੇ ਆਖੀ, ਜੋ ਅੰਤ ਨੰਦੇੜ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਕਲਾ ਸਮਰਾਥੀ, ਸਮਰਥ ਅਕਥ ਮਹਿਮਾ ਆਪਣੀ ਆਪ ਜਣਾਈਆ । ਸਦੀ ਚੌਧਵੀਂ ਕਹੇ ਮੇਰੀ ਆਸਾ ਇਕ ਹੋਰ, ਹੌਲੀ ਜਿਹੀ ਸੁਣਾਈਆ । ਮੁਹੰਮਦ ਨੇ ਇਕ ਦਿਨ ਸਵਾ ਪਹਿਰ ਹੱਥ ਵਿਚ ਫੜੀ ਸੀ ਚਕੋਰ, ਬਗ਼ਲ ਵਿਚ ਟਿਕਾਈਆ । ਫੇਰ ਵੇਖਿਆ ਵਲ ਮੋਰ, ਨਿਗਾਹ ਨੈਣ ਉਠਾਈਆ । ਦੋਹਾਂ ਦੀ ਵੇਖ ਕੇ ਤੋਰ, ਤੁਰਤ ਆਪਣੀ ਆਸ ਵਧਾਈਆ । ਮੇਰੇ ਖ਼ੁਦਾ ਨੂੰ ਜੇ ਇਨ੍ਹਾਂ ਦੀ ਪੈ ਜਾਏ ਲੋੜ, ਝਟ ਭੇਟਾ ਦਿਆਂ ਚੜ੍ਹਾਈਆ । ਅੱਗੋਂ ਹੁਕਮ ਆਇਆ ਮੋੜ, ਹਰਿ ਕਰਤਾ ਆਪ ਜਣਾਈਆ । ਹਜ਼ਰਤਾ, ਤੇਰਾ ਕਿਹੜਾ ਜ਼ੋਰ, ਜੋਰੂ ਜ਼ਰ ਪਿਛੇ ਤੇਰੀ ਉਮਤ ਹੋਏ ਹਲਕਾਈਆ । ਮੈਂ ਹੁਣ ਹੋਰ ਤੇ ਫੇਰ ਕੋਈ ਹੋਰ, ਮੇਰੀ ਸਮਝ ਗੁਰ ਅਵਤਾਰ ਪੈਗ਼ੰਬਰ ਕਿਸੇ ਨਾ ਆਈਆ । ਮੈਂ ਆਦਿ ਦਾ ਜੁਗਾਦਿ ਦਾ ਜੁਗ ਚੌਕੜੀ ਦਾ ਚੋਰ, ਚੋਰੀ ਚੋਰੀ ਆਪਣਾ ਖੇਲ ਵਖਾਈਆ । ਮੈਂ ਕੀ ਕਰਨੇ ਚਕੋਰ ਤੇ ਮੋਰ, ਮੇਰੇ ਗੁਰਮੁਖ ਤੇਰੇ ਨਾਲੋਂ ਚੰਗੇ ਸੋਭਾ ਪਾਈਆ । ਜਿਨ੍ਹਾਂ ਦੀ ਮੇਰੇ ਨਾਲ ਬੱਝਣੀ ਡੋਰ, ਤੰਦ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਨਵ ਨਵਾਂ ਨਕੋਰ, ਬਿਰਧ ਬੁੜ੍ਹਾਪੇ ਵਿਚ ਕਦੇ ਨਾ ਆਈਆ ।

### ❊ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਕੌਰ ਦੇ ਗ੍ਰਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਮੇਰੇ ਮਾਲਕ ਦੀ ਹੱਕ ਤੌਫ਼ੀਕ, ਦਾਤਾਰ ਧੁਰਦਰਗਾਹੀਆ । ਚੌਦਾਂ ਮਣਕਿਆਂ ਵਾਲੀ ਮਾਲਾ ਹੋਵੇ ਹਕੀਕ, ਹਕੀਕਤ ਦਏ ਜਣਾਈਆ । ਟੋਪਨ ਰਾਮ ਲਿਆਵੇ ਖ਼ਰੀਦ, ਹੁਕਮ ਮੰਨੇ ਚਾਈਂ ਚਾਈਂਆ । ਚਾਰ ਯਾਰਾਂ ਦੀ ਆਸਾ ਮਨਸਾ ਪੂਰੀ ਹੋਏ ਉਮੀਦ, ਅਲੀ

ਨਾਲ ਗਵਾਹੀਆ । ਝਗੜਾ ਮੁਕ ਜਾਏ ਮੁਰਸ਼ਦ ਮੁਰੀਦ, ਪੀਰ ਮੁਰੀਦਾਂ ਆਪਣਾ ਰੰਗ ਰੰਗਾਈਆ । ਲੇਖਾ ਦੱਸੇ ਕੁਰਾਨ ਮਜੀਦ, ਖ਼ੁਲਾਸਾ ਅੱਖਰਾਂ ਵਾਲਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਲਏ ਅੰਗੜਾਈਆ । ਸਦੀ ਚੌਧਵੀਂ ਕਹੇ ਸਾਹਿਬ ਦੇ ਲੱਕ ਨੂੰ ਹੋਵੇ ਹਰੀ ਪੇਟੀ, ਪਟਨੇ ਵਾਲਾ ਸੇਵ ਕਮਾਈਆ । ਖ਼ਰੀਦ ਕੇ ਲਿਆਵੇ ਜੋਗਿੰਦਰ ਕੌਰ ਬੇਟੀ, ਅਮਰਜੀਤ ਕੌਰ ਗੁੜਗਾਵਾਂ ਨਾਲ ਮਿਲਾਈਆ । ਇਕ ਖੰਜ਼ਰ ਹੋਵੇ ਦੇਸੀ, ਦਰਸ਼ਨ ਸਿੰਘ ਦਿੱਲੀਉਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਸਦੀ ਚੌਧਵੀਂ ਕਹੇ ਵੇਖਾਂ ਖੇਲ ਅਗੰਮੀ ਅਮਾਮ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਜਿਸ ਦਾ ਹਰਿਆ ਲਬਾਸ ਹੋਵੇ ਤਮਾਮ, ਮਹਦੀ ਦੀ ਮਹਿਮਾ ਬੇਪ੍ਰਵਾਹੀਆ । ਨਾਲ ਨਫ਼ਰ ਹੋਵੇ ਗ਼ੁਲਾਮ, ਕਪੂਰ ਸਿੰਘ ਸਿੰਘ ਸਮਝਾਈਆ । ਨਾਲ ਪੜ੍ਹਦਾ ਹੋਵੇ ਕਲਾਮ, ਢੋਲਾ ਗੋਬਿੰਦ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਹਰੇ ਉਤੇ ਹੋਵਣ ਨੌਂ ਸਤਾਰੇ, ਲਾਲ ਨੀਲਾ ਸੋਭਾ ਪਾਈਆ । ਅਲੀ ਅਲਾਹ ਨੂੰ ਇਸ਼ਾਰੇ, ਅਲਾਹ ਅਲੀ ਗਿਆ ਜਣਾਈਆ । ਜਿਸ ਵੇਲੇ ਉਤਰਾਂ ਆਪਣੀ ਧਾਰੇ, ਧਰਤੀ ਖ਼ਾਕ ਸੋਭਾ ਪਾਈਆ । ਚਾਰੋਂ ਕੁੰਟ ਹੋਵੇ ਰੈਣ ਅੰਧੇਰ ਗ਼ੁਬਾਰੇ, ਚੰਦ ਨੂਰ ਨਾ ਕੋਇ ਚਮਕਾਈਆ । ਕਲਮਾ ਭੁੱਲੇ ਵਿਚ ਸੰਸਾਰੇ, ਸਿਹਰਫ਼ੀ ਰਾਗ ਨਾ ਕੋਇ ਅਲਾਈਆ । ਕਰਾਂ ਖੇਲ ਅਪਾਰੇ, ਅਪਰੰਪਰ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਇਕ ਹੋਰ ਪ੍ਰੀਤ, ਪ੍ਰੀਤਮ ਨਾਲ ਵਡਿਆਈਆ । ਮੇਰੇ ਲਈ ਬਣੌਣਾ ਤਵੀਤ, ਇੰਚ ਚਾਰੋਂ ਕੁਟ ਵਖਾਈਆ । ਸੇਵਾ ਕਰੇ ਗੁਰਦਰਸ਼ਨ ਤੇ ਮਨਜੀਤ, ਮਨਸਾ ਪਿਛਲੀ ਵੇਖ ਵਖਾਈਆ । ਕਸ਼ਮੀਰੋ ਤਾਗਾ ਕਾਲਾ ਲਿਆਵੇ ਠੀਕ, ਇੰਚ ਸਤਾਈ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਪਿਛਲੀ ਧਾਰ, ਨੈਣ ਅੱਖ ਉਠਾਈਆ । ਲਹਿਣਾ ਕ਼ਰਜ਼ ਉਧਾਰ, ਪੂਰਬ ਚਲਿਆ ਆਈਆ । ਖੇਲ ਸੱਚੀ ਸਰਕਾਰ, ਸਮਝ ਨਾ ਕੋਇ ਸਮਝਾਈਆ । ਜੋ ਆਇਆ ਆਪਣੀ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਸੁਰਜੀਤ ਕੌਰ ਨੇ ਸਾਢੇ ਤਿੰਨ ਇੰਚ ਲਿਔਣਾ ਫ਼ੀਤਾ, ਕਾਲੇ ਰੰਗ ਵਿਚ ਨਜ਼ਰੀ ਆਈਆ । ਲਹਿਣਾ ਚੁਕੌਣਾ ਪੂਰਬ ਰਾਮ ਸੀਤਾ, ਬਾਲਮੀਕ ਦਏ ਗਵਾਹੀਆ । ਜਿਹੜਾ ਅੱਗੇ ਪਿਛੇ ਜੂੜਾ ਕੀਤਾ, ਸੇਵਾ ਧੁਰ ਦੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਵੱਜੇ ਹਲੂਣਾ, ਸਹਿਜ ਸਹਿਜ ਹਿਲਾਈਆ । ਤੂੰ ਬਹੁਤਾ ਨਹੀਂ ਕੂਣਾ, ਕਥਾ ਅਵਰ ਨਾ ਕੋਇ ਵਧਾਈਆ । ਹਰਿਜਨ ਰਹੇ ਨਾ ਕੋਇ ਕਰਮ ਵਿਹੂਣਾ, ਭਾਗ ਭਾਗ ਦੇਣਾ ਸਮਝਾਈਆ । ਭਗਤ ਦਵਾਰੇ ਨੌ ਦਿਨ ਪਹਿਲੋਂ ਲੌਣਾ ਚੂਨਾ, ਚੁੰਨੀ ਚਿੱਟੀ ਵਿਚੋਂ ਸਾਫ਼ ਕਰਾਈਆ । ਉਤੇ ਗੋਬਿੰਦ ਦਾ ਦੱਸਾਂ ਉਂਗਲੀਆਂ ਵਿਚੋਂ ਕੱਢਕੇ ਲੌਣਾ ਖ਼ੂਨਾ, ਚਾਰੇ ਕੂਟਾਂ ਰੰਗ ਰੰਗਾਈਆ । ਜਨ ਭਗਤਾਂ ਮਾਣ ਬਖ਼ਸ਼ਣਾ ਦੂਣਾ, ਦੁਨੀਆ ਦੇ ਦੇਵਤ ਦੇਣੇ ਬਣਾਈਆ । ਕੋਈ ਸਿਫ਼ਤ ਕਰ ਸਕੇ ਨਾ ਮੂੰਹ ਨਾ, ਰਸਨਾ ਮੁਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ ਸਚ ਦਵਾਰਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਯਾਦ ਨਹੀਂ ਕੀਤੀ ਮੌਲੀ ਅੱਟੀ, ਅਟਕਨ ਦਿਆਂ ਗੁਵਾਈਆ । ਜਿਸ ਨਾਲ ਪ੍ਰਭ ਦੀ ਚਲਦੀ ਹੱਟੀ, ਜੁਗ ਜੁਗ ਆਪਣੀ ਵੰਡ ਵੰਡਾਈਆ । ਪੈਗ਼ੰਬਰਾਂ ਨੂੰ ਇਹੋ ਮਿਲਦੀ ਖੱਟੀ, ਸੁਅੰਬਰਾਂ ਵਿਚ ਸੀਸ ਨਿਵਾਈਆ । ਪੜ੍ਹ ਕੇ ਬਿਨ ਅੱਖਰਾਂ ਵਾਲੀ ਪੱਟੀ, ਲੋਕਮਾਤ ਦੇਣਾ ਦ੍ਰਿੜਾਈਆ । ਸਦੀ ਚੌਧਵੀਂ ਮੈਂ ਭਰਨੀ ਨਹੀਂ ਕਿਸੇ ਦੀ ਚੱਟੀ, ਪਿਛਲਾ ਝਗੜਾ ਦੇਣਾ ਚੁਕਾਈਆ । ਮੈਂ ਬਣ ਕੇ ਸਤਿ ਸਰੂਪ ਦੀ ਜੱਟੀ, ਪੁਰਖ ਅਕਾਲ ਲੈਣਾ ਮਨਾਈਆ । ਜਗਣਾ ਨਹੀਂ ਬਣ ਕੇ ਮੋਮਬੱਤੀ, ਨੂਰ ਜ਼ਹੂਰ ਕਰਾਂ ਰੁਸ਼ਨਾਈਆ । ਮੈਂ ਹੋਣਾ ਨਹੀਂ ਸਤੀ, ਅਗਨੀ ਅੱਗ ਜਲਾਈਆ । ਮੈਂ ਸਮਝਣਾ ਨਹੀਂ ਪਤੀ, ਗੁਰ ਅਵਤਾਰ ਪੈਗ਼ੰਬਰ ਜੋ ਮਜ਼ਬਾਂ ਵੰਡ ਵੰਡਾਈਆ । ਮੈਂ ਫਿਰਨਾ ਸਦਾ ਨੱਠੀ, ਭੱਜਣਾ ਚਾਈਂ ਚਾਈਂਆ । ਜਿਥੇ ਭਗਤਾਂ ਦੀ ਸੰਗਤ ਹੋਵੇ ਇਕੱਠੀ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪਣੀ ਕਰ ਦੇ ਰਤੀ, ਰਤਨ ਅਮੋਲਕ ਹੀਰੇ ਲੈ ਬਣਾਈਆ । ਸਦੀ ਚੌਧਵੀਂ ਕਹੇ ਮੈਂ ਬਣਨਾ ਜਗਤ ਸ਼ੌਕੀਨ, ਛੋਕਰੀ ਬਾਂਕੀ ਸੋਹਣਾ ਰੂਪ ਵਟਾਈਆ । ਜਿਸ ਨਾਲ ਮੇਰੇ ਪ੍ਰਭ ਦੀ ਨਾ ਹੋਏ ਤੌਹੀਨ, ਨਾਮ ਨੇਤਰ ਨੈਣ ਕੱਜਲ ਲੈਣਾ ਛੁਹਾਈਆ । ਜਿਸ ਨਾਲ ਮੇਰਾ ਮੇਰੇ ਵਿਚ ਨਾ ਹੋਏ ਗ਼ਮਗੀਨ, ਸੋ ਸੋਹੰ ਢੋਲਾ ਲੈਣਾ ਗਾਈਆ । ਮੈਂ ਅਰਸ਼ਾਂ ਦਾ ਮਾਲਕ ਤਕਣਾ ਉਤੇ ਜ਼ਮੀਨ, ਜੋ ਜ਼ੱਰੇ ਜ਼ੱਰੇ ਵਿਚ ਸਮਾਈਆ । ਨਜ਼ਰੇ ਨੂਰ ਤੱਕਣਾ ਸੀਨ, ਸਾਖਿਆਤ ਸੋਭਾ ਪਾਈਆ । ਮੈਂ ਬਣਨਾ ਨਹੀਂ ਜਲ ਮੀਨ, ਫੜ ਜਲ ਵਿਚੋਂ ਕੋਈ ਬਾਹਰ ਕਢਾਈਆ । ਮੈਂ ਵੇਖਣੀ ਧਾਰ ਮਹੀਨ, ਜੋ ਬਾਰੀਕ ਤਾਰੀਕ ਦਏ ਗਵਾਈਆ । ਸੱਯਦਿਆਂ ਵਿਚ ਹੋ ਮਸਕੀਨ, ਨਿਉਂ ਨਿਉਂ ਸੀਸ ਝੁਕਾਈਆ । ਮੇਰਾ ਲਹਿਣਾ ਮੇਰਾ ਦੇਣ ਪ੍ਰਾਚੀਨ, ਚਿਰਾਂ ਦਾ ਚਲਿਆ ਆਈਆ । ਮੈਂ ਸ਼ਹਿਨਸ਼ਾਹੀ ਧਾਰ ਸਦਾ ਹੁਸੀਨ, ਜੋਬਨਵੰਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਰੱਖੇ ਆਪਣੇ ਅਧੀਨ, ਆਅਲਾ ਅਦਨਾ ਇਕੋ ਰੰਗ ਵਖਾਈਆ ।



### ❊ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ❊

ਸਦੀ ਚੌਧਵੀਂ ਕਹੇ ਗੁਰਮੁਖ ਸਿੰਘ ਹੋਵੇ ਅਸਵਾਰ, ਸਾਂਢਣੀ ਉਤੇ ਸੋਭਾ ਪਾਈਆ । ਜੋੜਾ ਹੋਵੇ ਤਿੱਲੇਦਾਰ, ਨਵਾਂ ਨਕੋਰ ਨਜ਼ਰੀ ਆਈਆ । ਸਿਰ ਤੇ ਤੁਰਲੇ ਵਾਲੀ ਹੋਵੇ ਦਸਤਾਰ, ਰੰਗ ਨੀਲਾ ਸੋਭਾ ਪਾਈਆ । ਹੱਥ ਵਿਚ ਫੜੀ ਹੋਵੇ ਕਟਾਰ, ਬਿਨਾ ਮਿਆਨ ਤੋਂ ਚਮਕ ਵਿਚ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਬਣਾਈਆ । ਗੁਰਮੁਖ ਚੜ੍ਹੇ ਉਤੇ ਊਠ, ਓਟਾ ਢਈਆ ਰੰਗ ਰੰਗਾਈਆ । ਗੇੜਾ ਲਿਆਵੇ ਚਾਰ ਕੂਟ, ਸੰਗਤ ਇਰਦ ਗਿਰਦ ਭੁਆਈਆ । ਨਾਲ ਕੱਚੇ ਤੰਦ ਦਾ ਰੱਖੇ ਸੂਤ, ਧਾਗਾ ਸੋਹਣਾ ਸੋਭਾ ਪਾਈਆ । ਅੱਗੇ ਬਿਠਾਇਆ ਹੋਵੇ ਸੁਰਜੀਤ ਸਿੰਘ ਸਚ ਸਪੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਜਮੇਰ ਸਿੰਘ ਫੜੀ ਹੋਵੇ ਮੁਹਾਰ, ਸਦੀ ਚੌਧਵੀਂ ਘੋਲੀ ਵਾਰੀ ਆਪਾ ਘੋਲ ਘੁਮਾਈਆ । ਇਸ ਦੀ ਟੇਢੀ ਹੋਵੇ ਦਸਤਾਰ, ਖੱਬਾ ਕੰਨ ਪੜਦੇ ਵਿਚ ਛੁਪਾਈਆ । ਹੱਥ

ਵਿਚ ਫੜੀ ਹੋਵੇ ਸਤਾਰ, ਕਿੰਗ ਨਿੱਕੀ ਜਿਹੀ ਵਡਿਆਈਆ । ਗਾਵੇ ਮਸਤੀ ਵਾਲੀ ਧਾਰ, ਤੂੰਹੀ ਤੂੰਹੀ ਰਾਗ ਅਲਾਈਆ । ਪਾਲ ਸਿੰਘ ਲਾਲ ਪਗੜੀ ਬੰਨ੍ਹ ਟੇਢੀ ਰੂਪ ਬਣੇ ਘੁਮਿਆਰ, ਪੇਚ ਵਿੰਗੇ ਟੇਢੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਸਦੀ ਚੌਧਵੀਂ ਕਹੇ ਪੰਜ ਬਣੇ ਹੋਣ ਰਾਕਸ਼, ਦੁਰਗਾ ਨਾਲ ਦੁਹਾਈਆ । ਪੰਜ ਲੈਂਦੇ ਹੋਣ ਆਤਸ਼, ਅਨਾਰ ਫੁਹਾਰਿਆਂ ਵਾਲੇ ਚਲਾਈਆ । ਪੰਜ ਕਰਦੇ ਔਣ ਸਾਜ਼ਸ਼, ਝਗੜਾ ਇਕ ਦੂਜੇ ਨਾਲ ਬਣਾਈਆ । ਪੰਜ ਚੁੱਕੀ ਔਣ ਬਾਲਕ, ਛੋਟੇ ਨੰਨ੍ਹੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਇਕ ਬਨਿਆ ਹੋਵੇ ਗੰਗੂ, ਬ੍ਰਾਹਮਣ ਰੂਪ ਵਟਾਈਆ । ਇਕ ਬਨਿਆ ਹੋਵੇ ਅੰਧੂ, ਨੈਣਹੀਣ ਸ਼ੁਦਾਈਆ । ਇਕ ਪੌਂਦਾ ਆਵੇ ਡੰਡੂ, ਰੌਲਾ ਵਾਹੋ ਦਾਹੀਆ । ਇਕ ਬਣ ਕੇ ਦੀਨਾਂ ਬੰਧੂ, ਬੰਧਨ ਆਪਣਾ ਆਪ ਪਵਾਈਆ । ਇਨ੍ਹਾਂ ਪਿਛੇ ਹੋਵੇ ਪੰਜਾਂ ਪਿਆਰਿਆਂ ਦਾ ਇਕ ਪੰਜੂ, ਪੰਜੇ ਲਾਲ ਰੰਗ ਰੰਗਾਈਆ । ਸਿਰ ਤੋਂ ਨੰਗਾ ਹੋਵੇ ਤੇਜਾ ਸਿੰਘ ਗੰਜੂ, ਗਿਰਧਾਰਾ ਸਿੰਘ ਸਿਰ ਤੇਲ ਨਾਲ ਚਮਕਾਈਆ । ਬੁੱਢੜਾ ਨਾਲ ਹੋਵੇ ਨੰਦੂ, ਭੱਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਸਾਚੀ ਖੇਲ ਵਖਾਈਆ । ਸਦੀ ਚੌਧਵੀਂ ਕਹੇ ਰਣਜੀਤ ਕੌਰ ਕੋਲ ਹੋਵੇ ਠੰਡਾ ਪਾਣੀ, ਸਵਾ ਸੇਰ ਵੰਡ ਵੰਡਾਈਆ । ਇੱਕੀ ਬੀਬੀਆਂ ਪੜ੍ਹਨ ਧੁਰ ਦੀ ਬਾਣੀ, ਸ਼ਬਦ ਧੁਰ ਦਾ ਨਾਦ ਸੁਣਾਈਆ । ਇਨ੍ਹਾਂ ਵਿਚ ਇਕ ਹੋਵੇ ਕਾਣੀ, ਦੋਏ ਲੋਚਨ ਰੂਪ ਨਾ ਕੋਇ ਚਮਕਾਈਆ । ਇਕ ਹੋਵੇ ਤਰਖਾਣੀ, ਜ਼ਾਤ ਬਾਡੀ ਵੰਡ ਵੰਡਾਈਆ । ਜਿਸ ਦੇ ਹੱਥ ਹੋਵੇ ਮਧਾਣੀ, ਸਿਰੀ ਨਵੀਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਨਾਲ ਲੈਣੀ ਤੇਜ ਭਾਨ ਵਾਲੀ ਗੀਤਾ, ਪੁਰਾਨ ਭਵਿਖਤ ਲੈਣਾ ਉਠਾਈਆ । ਅੰਜੀਲ ਉਤੇ ਲਾ ਕੇ ਕਾਲਾ ਫੀਤਾ, ਬਗ਼ਲ ਲੈਣੀ ਛੁਪਾਈਆ । ਪ੍ਰਭ ਨੇ ਵੇਖਣਾ ਸਭ ਦਾ ਕੀਤਾ, ਕੀ ਅੱਖਰ ਦੇਣ ਗਵਾਹੀਆ । ਪੜਦਾ ਲਾਹੁਣਾ ਸੱਤ ਦੀਪਾਂ, ਲੋਆਂ ਖੋਜ ਖੁਜਾਈਆ । ਪੰਜਾਂ ਸਿੱਖਾਂ ਚੜ੍ਹ ਕੇ ਉਪਰ ਜੀਪਾ, ਤਿੰਨ ਚੱਕਰ ਦੇਣੇ ਲਗਾਈਆ । ਜਿਨ੍ਹਾਂ ਵਿਚ ਇਕ ਹੋਵੇ ਜ਼ਰੂਰ ਦੀਪਾ, ਦਲੀਪ ਸਿੰਘ ਨਾਉਂ ਵਡਿਆਈਆ । ਓਹ ਖੜਕਾਉਂਦਾ ਜਾਏ ਪੀਪਾ, ਮੁਖੋਂ ਕਹੇ ਵੇਖੋ ਧੁਰ ਦਾ ਮਾਹੀਆ । ਇਕ ਬਨਿਆ ਹੋਵੇ ਸੀਤਾ, ਇਕ ਰਾਮ ਰੂਪ ਜਣਾਈਆ । ਇਕ ਖੇਲ ਕਰੇ ਕ੍ਰਿਸ਼ਨ ਅਨਡੀਠਾ, ਇਕ ਰਾਧਾ ਰੰਗ ਰੰਗਾਈਆ । ਇਕ ਅਸ਼ਟਭੁਜ ਦੀ ਲੈ ਸੀਟਾ, ਹੱਥਾਂ ਬਾਹਵਾਂ ਜੋੜ ਜੁੜਾਈਆ । ਇਕ ਮੰਗਦਾ ਹੋਵੇ ਭੀਖਾ, ਕੋਈ ਭਿਛਿਆ ਨਾਮ ਝੋਲੀ ਦੇਵੇ ਪਾਈਆ । ਇਕ ਤੱਤੀ ਕਰ ਕੇ ਹੱਥ ਵਿਚ ਸੀਖਾ, ਮੋਢਿਆਂ ਉਤੇ ਟਿਕਾਈਆ । ਇਕ ਕਾਲਾ ਮੁਖ ਕਰ ਕੇ ਮਾਰੇ ਚੀਕਾਂ, ਹਾਲ ਹਾਲ ਦੁਹਾਈਆ । ਇਕ ਜੋੜਾ ਹੋਵੇ ਪੁਤ੍ਰ ਧੀ ਕਾ, ਪ੍ਰੇਮ ਪ੍ਰੀਤੀ ਵਿਚ ਸਮਝਾਈਆ । ਇਕ ਰੋਗੀ ਹੋਵੇ ਰੀਂਹ ਕਾ, ਜਿਸ ਦਾ ਹੱਡ ਹੱਡ ਦਰਦ ਨਾਲ ਸਤਾਈਆ । ਇਕ ਹਿੰਦਸਾ ਲਿਖਿਆ ਹੋਵੇ ਵੀਹ ਕਾ, ਜੋ ਗੁਰਸਿੱਖ ਸਭ ਨੂੰ ਦਏ ਜਣਾਈਆ । ਇਕ ਦਾਣਾ ਹੋਵੇ ਬੀ ਕਾ, ਜਿਸ ਬੀਜ ਦੀ ਸਮਝ ਨਾ ਕੋਇ ਸਮਝਾਈਆ । ਇਕ ਹਿੱਸਾ ਹੋਣਾ ਹੀਹ ਕਾ, ਚੂਲ ਪਾਵੇ ਵਿਚੋਂ ਕਢਾਈਆ । ਇਕ ਡੱਬਾ ਹੋਣਾ ਸਵਾ ਪਾ ਘੀ ਕਾ, ਘਿਰਤ ਨਾਨਕ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰੰਗ ਰੰਗਾਈਆ ।

੫੧੭
੨੧

ਸਦੀ ਚੌਧਵੀਂ ਕਹੇ ਮੈਂ ਵੇਖਾਂ ਧਾਰ ਨੀਲੀ, ਨੀਲੇ ਵਾਲਾ ਸੋਭਾ ਪਾਈਆ । ਨੌਆਂ ਬੀਬੀਆਂ ਦੇ ਨੱਕ ਵਿਚ ਹੋਵੇ ਤੀਲੀ, ਨਗ ਸੂਹੇ ਨਾਲ ਵਡਿਆਈਆ । ਇਕ ਇਕ ਹੱਥ ਵਿਚ ਹੋਵੇ ਕੀਲੀ, ਨੌ ਨੌਂ ਇੰਚ ਵੱਡੀ ਛੋਟੀ ਨਾ ਕੋਇ ਸਮਝਾਈਆ । ਉਨ੍ਹਾਂ ਉਤੇ ਚੁੰਨੀ ਹੋਵੇ ਗੀਲੀ, ਸਰਦੀ ਠੰਡ ਨਾ ਕੋਇ ਡਰਾਈਆ । ਜਿਸ ਦੀ ਧਾਰ ਹੋਵੇ ਪੀਲੀ, ਰੰਗ ਧੁਰ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।

### ✻ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਤਰਿਪਤ ਕੌਰ ਦੇ ਗ੍ਰਿਹ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ✻

ਸਦੀ ਚੌਧਵੀਂ ਕਹੇ ਬਾਲਮੀਕ ਕੁਟੀਆ ਵੇਖ ਠੀਕ, ਠਾਕਰ ਹੋ ਕੇ ਦਇਆ ਕਮਾਈਆ । ਤ੍ਰੇਤਾ ਦਵਾਪਰ ਕਲਜੁਗ ਤੇਰੀ ਕਰਦੀ ਰਹੀ ਉਡੀਕ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਧਿਆਨ ਲਗਾਈਆ । ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਤ੍ਰਿਖਾ ਦੇ ਬੁਝਾਈਆ । ਧੁਰ ਦੇ ਹੁਕਮ ਨਾਲ ਕਰ ਤਸਦੀਕ, ਸਤਿਗੁਰ ਸ਼ਬਦ ਤੇਰੀ ਓਟ ਤਕਾਈਆ । ਤੂੰ ਸਾਹਿਬ ਸੁਲਤਾਨ ਸਚਖੰਡ ਦਵਾਰ ਸਦਾ ਵਸਨੀਕ, ਦੂਰ ਨੇੜੇ ਸੋਭਾ ਪਾਈਆ । ਭਗਤ ਭਗਵਾਨ ਦੇ ਪ੍ਰੀਤ, ਪ੍ਰੀਤਮ ਤੇਰੀ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਗਾਵਾਂ ਗੀਤ, ਗਹਿਰ ਗੰਭੀਰ ਢੋਲਾ ਧੁਰਦਰਗਾਹੀਆ । ਕਾਇਆ ਮਾਟੀ ਕਰ ਠਾਂਡੀ ਸੀਤ, ਅਗਨੀ ਤਤਵ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਭਗਤ ਵੇਖ ਅਸਥਾਨ, ਭੂਮਿਕਾ ਬੈਠੀ ਰਾਹ ਤਕਾਈਆ । ਪਰਵਰਦਿਗਾਰ ਵਡ ਮਿਹਰਵਾਨ, ਮਹਿਬੂਬ ਤੇਰੀ ਇਕ ਸਰਨਾਈਆ । ਜੋਧੇ ਸੂਰਬੀਰ ਨੌਜਵਾਨ, ਨਰ ਨਰਾਇਣ ਪਰਦਾ ਦੇ ਉਠਾਈਆ । ਸਚ ਦਵਾਰੇ ਬਖ਼ਸ਼ ਮਾਣ, ਮਿਹਰ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਸਤਿ ਧਰਮ ਪ੍ਰਗਟਾ ਨਿਸ਼ਾਨ, ਨਿਸ਼ਾਨੇ ਕੂੜੇ ਦੇ ਚੁਕਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨਾਂ ਵੱਜੇ ਵਧਾਈਆ । ਹੁਕਮ ਸੰਦੇਸਾ ਦੇ ਫ਼ਰਮਾਨ, ਫ਼ੁਰਨਾ ਮਨ ਰਹੇ ਨਾ ਰਾਈਆ । ਸ਼ਰਅ ਕੂੜੀ ਮੇਟ ਸ਼ੈਤਾਨ, ਸ਼ਰੀਅਤ ਵਿਚੋਂ ਬਾਹਰ ਕਢਾਈਆ । ਤੇਰਾ ਹਕੀਕੀ ਇਕ ਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਆਪਣੀ ਵੇਖ ਧਰਨੀ ਧਰਤ, ਧਵਲ ਧੌਲ ਬੈਠੀ ਆਸ ਲਗਾਈਆ । ਨਿਰਗੁਣ ਧਾਰ ਹੋ ਕੇ ਆਵੀਂ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਬਾਲਮੀਕ ਦੀ ਪੂਰੀ ਕਰ ਦੇ ਸ਼ਰਤ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰ ਗਰਦ, ਨੂਰੀ ਜੋਤ ਕਰ ਰੁਸ਼ਨਾਈਆ । ਤੇਰਾ ਖੇਲ ਸਦਾ ਅਸਚਰਜ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਦਰ ਠਾਂਡੇ ਸੀਸ ਨਿਵਾਈਆ । ਗ਼ਰੀਬ ਨਿਮਾਣਿਆਂ ਨਾਲ ਵੰਡ ਦਰਦ, ਦੀਨ ਦਿਆਲ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਇਹ ਭੂਮਿਕਾ ਵੇਖੋ ਭੂਮੀ, ਭਾਂਡਾ ਭਰਮ ਭੌ ਭੰਨਾਈਆ । ਤੂੰ ਗਹਿਰ ਗੰਭੀਰ ਦਾਤਾ ਗੁਣੀ, ਗੁਣਵੰਤ ਤੇਰੀ ਸਰਨਾਈਆ । ਸਾਚੇ ਨਾਮ

ਦੀ ਬਖ਼ਸ਼ ਧੁਨੀ, ਆਤਮਕ ਰਾਗ ਦੇ ਉਪਜਾਈਆ । ਪੁਕਾਰ ਤੇਰੇ ਦਵਾਰੇ ਜਾਵੇ ਸੁਣੀ, ਅਨਬੋਲਤ ਆਪਣਾ ਪੜਦਾ ਦੇਣਾ ਉਠਾਈਆ । ਸਾਰੇ ਛੱਡ ਗਏ ਰਿਖੀ ਮੁਨੀ, ਰਖੀਸ਼ਰ ਨਜ਼ਰ ਕੋਇ ਨਾ ਆਈਆ । ਜਾਪ ਜਗਤ ਦੀ ਰਿਹਾ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਝੁਕਾਈਆ । ਸਦੀ ਚੌਧਵੀਂ ਕਹੇ ਮੇਰਾ ਸੀਸ ਵੇਖ ਝੁਕਦਾ, ਹਰਿ ਕਰਤੇ ਮਿਹਰਵਾਨ । ਕਿਉਂ ਨਹੀਂ ਮਾਤ ਆ ਕੇ ਪੁਛਦਾ, ਜੀਵ ਜੰਤ ਹੋਏ ਹੈਰਾਨ । ਨਾਮ ਦੱਸ ਇਕੋ ਆਪਣੀ ਤੁਕ ਦਾ, ਲੇਖਾ ਮੁਕੇ ਆਵਣ ਜਾਣ । ਨਾਤਾ ਜੋੜ ਮੁਹੱਬਤ ਸੁਖ ਦਾ, ਕੂੜੀ ਕਿਰਿਆ ਮੇਟ ਸ਼ੈਤਾਨ । ਘਰ ਸੁਹਾ ਪਿਤਾ ਪੁਤ ਦਾ, ਆਤਮ ਪਰਮਾਤਮ ਦੇ ਗਿਆਨ । ਸਦੀ ਚੌਧਵੀਂ ਕਿਉਂ ਫਿਰੇਂ ਲੁਕਦਾ, ਚੌਦਾਂ ਤਬਕ ਹੋਏ ਹੈਰਾਨ । ਕੌਲ ਇਕਰਾਰ ਪੂਰਾ ਕਰ ਈਸਾ ਮੂਸਾ ਮੁਹੰਮਦ ਮੁਖ ਦਾ, ਤੀਸ ਬਤੀਸਾ ਕੀ ਹੁਕਮ ਦੇਵੇ ਕ਼ੁਰਾਨ । ਕਿਉਂ ਨਹੀਂ ਆਪਣੀ ਧਾਰੋਂ ਉਠਦਾ, ਸਤਿ ਸਵਾਮੀ ਨੌਜਵਾਨ । ਝਗੜਾ ਮੁਕਾ ਦੇ ਕਲਜੁਗ ਦਾ, ਸਤਿਜੁਗ ਸਾਚਾ ਕਰ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖ ਮਾਨਵ ਮਾਨੁੱਖ ਦਾ, ਪਾਰਬ੍ਰਹਮ ਪ੍ਰਭ ਨਿਰਗੁਣ ਮਾਰ ਧਿਆਨ । ਸਦੀ ਚੌਧਵੀਂ ਕਹੇ ਇਹ ਭੂਮਿਕਾ ਵੇਖ ਸੋਹਣੀ, ਧਰਨੀ ਧਰਤ ਧਵਲ ਵਡਿਆਈਆ । ਤੇਰੀ ਸੂਰਤ ਕੋਈ ਨਾ ਜਾਣੇ ਮੋਹਣੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਐਂ ਦਿਸਦਾ ਦੁਨੀ ਦੀਨ ਸਾਰੀ ਰੋਣੀ, ਨੇਤਰ ਨੈਣਾਂ ਨੀਰ ਵਹਾਈਆ । ਤੇਰੇ ਸ਼ਬਦ ਕਸਾਈ ਕੋਹਣੀ, ਸ਼ਰਅ ਛੁਰੀ ਜਗਤ ਵਾਲੀ ਝਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਹੋਇਆ ਜੇ ਦੁਆਪਰ ਅਠਾਰਾਂ ਲੇਖ ਲੇਖਾ ਹੋਇਆ ਅਕਸ਼ੂਣੀ, ਅਠਾਈ ਲੱਖ ਇਕ ਇਕ ਵੰਡ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਦੀਨ ਦੁਨੀਆ ਹੋਈ ਦੂਣੀ, ਹਿੰਸਿਆਂ ਵਿਚ ਅੰਕੜਿਆਂ ਵਿਚ ਹਿਸਾਬ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਦਰ ਤੇਰਾ ਠੰਡਾ, ਪਰਵਰਦਿਗਾਰ ਨਜ਼ਰੀ ਆਈਆ । ਕਲਜੁਗ ਕੂੜ ਕੁੜਿਆਰਾ ਮੇਟ ਦੇ ਕੰਢਾ, ਸ਼ੌਹ ਦਰਿਆ ਵਿਚ ਰੁੜ੍ਹਾਈਆ । ਸਾਚੇ ਨਾਮ ਦੀ ਬਖ਼ਸ਼ ਸੁਗੰਧਾ, ਕਾਇਆ ਮੰਦਰ ਅੰਦਰ ਮਹਿਕ ਮਹਿਕਾਈਆ । ਸਾਚੀ ਮੰਜ਼ਲ ਚੜ੍ਹਾ ਡੰਡਾ, ਅੱਧਵਿਚਕਾਰ ਨਾ ਕੋਇ ਅਟਕਾਈਆ । ਨਿਜ ਆਤਮ ਦੇ ਅਨੰਦਾ, ਪਰਮਾਨੰਦ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਛੰਦਾ, ਅੰਦਰ ਬਾਹਰ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੇਰਾ ਅੰਤ ਅਖੀਰੀ ਕੰਢਾ, ਕੰਢੀ ਵਾਲੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਰੰਗ ਰੰਗਾਈਆ । ਪੁਰਖ ਅਕਾਲ ਕਹੇ ਸਦੀ ਚੌਧਵੀਂ ਨਾ ਮਾਰੀਂ ਧਾਹ, ਧਰਮ ਧਾਰ ਸਮਝਾਈਆ । ਪ੍ਰਭ ਮਾਲਕ ਬੇਪ੍ਰਵਾਹ, ਪਰਵਰਦਿਗਾਰ ਰੂਪ ਅਲਾਹੀਆ । ਖ਼ੁਦੀ ਤਕੱਬਰ ਤੋਂ ਬਾਹਰ ਰਹੇ ਖ਼ੁਦਾ, ਖ਼ੁਦ ਮਾਲਕ ਵਡ ਵਡਿਆਈਆ । ਆਤਮ ਹੋਣ ਨਾ ਦੇਵੇ ਜੁਦਾ, ਜੋ ਪਰਮਾਤਮ ਢੋਲਾ ਗਾਈਆ । ਹਰ ਹਿਰਦੇ ਸੁਣਦਾ ਰਹੇ ਸਦਾ, ਨਾਦ ਧੁਨ ਸ਼ਨਵਾਈਆ । ਸਚ ਸੰਦੇਸ਼ਾ ਦਏ ਜਣਾ, ਕਲਮਿਆਂ ਬਾਹਰ ਪੜ੍ਹਾਈਆ । ਚਾਰ ਕੁੰਟ ਡੰਕਾ ਦਏ ਵਜਾ, ਉੱਤਰ ਪੂਰਬ ਪੱਛਮ ਦੱਖਣ ਦਏ ਹਿਲਾਈਆ । ਖੇਲ ਖੇਲ ਅਗੰਮ ਨਵਾਂ, ਚਾਰ ਕੁੰਟ ਪੜਦਾ ਲਾਹੀਆ । ਸਦੀ ਚੌਧਵੀਂ ਜ਼ਰੂਰ ਬਦਲੇ

੫੧੯ ੨੧

ਤੇਰਾ ਸਮਾਂ, ਸਮਾਪਤ ਹੋਏ ਲੋਕਾਈਆ । ਨੇਤਰ ਰੋਂਦੀ ਫਿਰੇ ਹੱਵਾ ਅੰਮਾਂ, ਬਾਵਾ ਆਦਮ ਰਿਹਾ ਕੁਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਨੀਰ ਵਹਾਵਣ ਛਮਛਮਾ, ਛਹਿਬਰ ਰਹੇ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਹੋਇਆ ਗ਼ਮਾ, ਗ਼ਮਖ਼ਾਰ ਕੀ ਕੀ ਖੇਲ ਕਰਾਈਆ । ਸਭ ਨੂੰ ਦੀਨਾਂ ਮਜ਼੍ਹਬਾਂ ਦੀ ਛੱਡਣੀ ਪੈਣੀ ਤਮਅ, ਲਾਲਚ ਨਜ਼ਰ ਕੋਇ ਨਾ ਆਈਆ । ਧੁਰ ਸੰਦੇਸਾ ਇਕੋ ਕਹਵਾਂ, ਜਿਸ ਦਾ ਭੇਤ ਨਾ ਕੋਇ ਖੁਲ੍ਹਾਈਆ । ਬਾਲਮੀਕ ਦਾ ਥਾਉਂ ਫੇਰ ਬਣਨਾ ਨਵਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਬਾਲਮੀਕ ਕਹੇ ਮੈਂ ਤੇਰਾ ਰਖੀਸ਼ਰ ਰਿਸ਼ੀ, ਅੰਤਰ ਧਿਆਨ ਲਗਾਈਆ । ਜਿਸ ਨੇ ਤਕ਼ਦੀਰ ਤਦਬੀਰ ਬੇਨਜ਼ੀਰ ਲਿਖੀ, ਬਿਨ ਲਕੀਰ ਫ਼ਕੀਰ ਸਮਝਾਈਆ । ਜ਼ਰਾ ਖੋਲ੍ਹ ਕੇ ਵੇਖ ਰਾਮ ਵਸ਼ਿਸ਼ਟ ਵਾਲੀ ਚਿੱਠੀ, ਜਿਸ ਦੇ ਹਰਫ਼ ਨਾ ਕੋਇ ਵੰਡ ਵੰਡਾਈਆ । ਅੱਖਰਾਂ ਵਿਚ ਕਿਸੇ ਨਾ ਡਿੱਠੀ, ਨੇਤਰ ਲੋਚਨ ਨਜ਼ਰ ਕੋਇ ਨਾ ਪਾਈਆ । ਨਾ ਕੋਈ ਸਿਹਾਰੀ ਬਿੰਦੀ ਟਿੱਪੀ, ਔਂਕੜ ਦੁਲੈਂਕੜ ਲਾਂਵ ਨਾ ਕੋਇ ਵਖਾਈਆ । ਨਾ ਕੋਈ ਵੱਡੀ ਨਾ ਕੋਈ ਨਿੱਕੀ, ਰੂਪ ਰਹੀ ਬਦਲਾਈਆ । ਜਾਂ ਵੇਖਾਂ ਤੇਰੇ ਸਤਿਗੁਰ ਪ੍ਰੇਮ ਪਿਆਰ ਦੀ ਸਿੱਖੀ, ਜਿਸ ਵਿਚ ਸਿਖਿਆ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਣ ਦੇਵੇ ਏਕੰਕਾਰਾ ਇੱਕੀ, ਇਕ ਇਕੱਲਾ ਦਇਆ ਕਮਾਈਆ । ਬਾਲਮੀਕ ਤੇਰੀ ਸੁਹਾਵੇ ਮਾਤ ਝੁੱਗੀ, ਝਗੜਾ ਮਿਟੇ ਲੋਕਾਈਆ । ਜਿਸ ਵੇਲੇ ਸਦੀ ਚੌਧਵੀਂ ਔਧ ਪੁੱਗੀ, ਖ਼ਾਕ ਦਰ ਖ਼ਾਕ ਹੋਏ ਲੋਕਾਈਆ । ਸਾਚਾ ਰਾਹ ਕਿਸੇ ਕੋਇ ਨਾ ਸੁੱਝੀ, ਬੁੱਧੀ ਅਕਲ ਨਾ ਕੋਇ ਚਤੁਰਾਈਆ । ਪੁਰਖ ਅਕਾਲਾ ਰਮਜ਼ ਲਗਾਵੇ ਗੁੱਝੀ, ਬਿਨ ਸੈਨਤ ਅੱਖ ਖੁਲ੍ਹਾਈਆ । ਧਾਰ ਰਹਿਣ ਨਾ ਦੇਵੇ ਦੂਜੀ, ਦੁਵੈਤ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਖੇਲ ਅਪਾਰ, ਅਪਰੰਪਰ ਸਵਾਮੀ ਦਿਆਂ ਜਣਾਈਆ । ਮੈਂ ਤਕਣੇ ਤੇਈ ਅਵਤਾਰ, ਜੋ ਤੇਰੀ ਜੋਤ ਵਿਚ ਸਮਾਈਆ । ਮੈਂ ਪੈਗ਼ੰਬਰਾਂ ਵੇਖਣਾ ਨੂਰ ਉਜਿਆਰ, ਜ਼ਹੂਰ ਦੇਣਾ ਚਮਕਾਈਆ । ਮੈਂ ਗੁਰੂਆਂ ਤਕਣਾ ਅਖਾੜ, ਜੋ ਆਪਣੀ ਧਾਰ ਵਖਾਈਆ । ਮੈਂ ਰੰਗ ਵੇਖਣਾ ਜੋ ਦੀਸੇ ਏਸੇ ਹਾੜ੍ਹ, ਹਾੜ੍ਹਾ ਕੱਢਕੇ ਰਹੀ ਸੁਣਾਈਆ । ਤੇਰੇ ਹੁਕਮ ਦਾ ਲੱਗੇ ਅਖਾੜ, ਬ੍ਰਹਿਮੰਡ ਖੰਡ ਦੇਣਾ ਨਚਾਈਆ । ਨਿਗਾਹ ਮਾਰਨੀ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਡੂੰਘੀ ਕੰਦਰ ਫੋਲ ਫੁਲਾਈਆ । ਤੇਰਾ ਨਾਉਂ ਇਕ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਮੈਂ ਜੁਗ ਜੁਗ ਫਿਰ ਫਿਰ ਗਈ ਹਾਰ, ਥੱਕੀ ਮਾਂਦੀ ਦਿਆਂ ਦੁਹਾਈਆ । ਚਾਰ ਕੁੰਟ ਦਿਸੇ ਨਾ ਕੋਇ ਗੁਲਜ਼ਾਰ, ਗੁਲਸ਼ਨ ਮਹਿਕ ਨਾ ਕੋਇ ਮਹਿਕਾਈਆ । ਮਨੁੱਸ਼ਾਂ ਅੰਦਰ ਕੂੜੀ ਕਿਰਿਆ ਖ਼ਿਜ਼ਾਂ ਦੀ ਆਈ ਬਹਾਰ, ਪੱਤ ਟਹਿਣੀ ਰਹੀ ਕੁਮਲਾਈਆ । ਪੁਰਖ ਅਕਾਲੇ ਤੇਰਾ ਕਰਦੀ ਰਹੀ ਇੰਤਜ਼ਾਰ, ਸਦੀ ਚੌਧਵੀਂ ਅੱਖ ਉਠਾਈਆ । ਆ ਮਿਲ ਮੇਰੇ ਧੁਰਦਰਗਾਹੀ ਯਾਰ, ਤੇਰੀ ਮੁਹੱਬਤ ਵਿਚ ਦੁਹਾਈਆ । ਮੈਂ ਤੇਰੀ ਖ਼ਿਦਮਤਗਾਰ, ਦਰ ਠਾਂਡੇ ਸੇਵ ਕਮਾਈਆ । ਗ਼ਫ਼ਲਤ ਵਿਚੋਂ ਕਰ ਬੇਦਾਰ, ਨਿੰਦਰਾ ਆਲਸ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਉਂ ਮਾਂਗਤ ਢਹਿ ਪਈ ਸਰਨਾਈਆ । ਸਦੀ ਚੌਧਵੀਂ ਕਹੇ ਮੇਰੇ ਨਬੀ ਉਲ ਜ਼ਵਾ, ਜ਼ਈਕੇ ਜ਼ਮੂ ਜੱਨਤੇ ਜਲਾਲ ਸੋਭਾ ਪਾਈਆ । ਤੈਨੂੰ ਵਲੀਆਂ ਕਿਹਾ ਖ਼ੁਦਾ, ਜੋਤੀ ਜੋਤ ਸਰੂਪ ਹਰਿ,


੫੨੦
੨੧

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵੱਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੈਂ ਬਣ ਗਈ ਤੇਰੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਚਾਰ ਜੁਗਾਂ ਵਿਚੋਂ ਮੈਨੂੰ ਤੇਰੇ ਨਾਮ ਦੀ ਲੱਭੀ ਕੋਈ ਨਾ ਪੰਗਤੀ, ਵਰਕੇ ਵਰਕੇ ਦਿਤੇ ਉਲਟਾਈਆ । ਮੈਂ ਪਿਛੇ ਰਹੀ ਸੰਗਦੀ, ਨੇਤਰ ਨੈਣ ਨਾ ਅੱਖ ਉਠਾਈਆ । ਜਿਸ ਵੇਲੇ ਮੈਂ ਖੇਲ ਤੱਕੀ ਭਗਤ ਭਗਵਾਨ ਦੇ ਸੰਗ ਦੀ, ਨਿਰਗੁਣ ਸਰਗੁਣ ਵਜਦੀ ਵੇਖੀ ਵਧਾਈਆ । ਮੇਰੀ ਮੰਜ਼ਲ ਮੁਕ ਗਈ ਪਿਛਲੇ ਪੰਧ ਦੀ, ਅੱਗਾ ਨੇੜੇ ਨਜ਼ਰੀ ਆਈਆ । ਕੁਛ ਧਾਰ ਹੋਣੀ ਮਿਸਲ ਮਸ਼ਹੂਰ ਤੇਰੇ ਜੰਗ ਦੀ, ਜਗਹ ਜਗਹ ਦੁਹਾਈਆ । ਧਾਰ ਵੇਖ ਓਸ ਦੁਲਦੁਲ ਤੰਗ ਦੀ, ਅਲੀ ਅੱਲਾ ਹੂ ਕਹਿ ਕੇ ਰਿਹਾ ਸੁਣਾਈਆ । ਨਿਸ਼ਾਨੀ ਮਿਟਣੀ ਤਾਰਾ ਚੰਦ ਦੀ, ਤੇਰਾ ਨੂਰ ਇਕੋ ਜੋਤ ਰੁਸ਼ਨਾਈਆ । ਕੀ ਹਾਲਤ ਹੋਣੀ ਵਰਭੰਡ ਦੀ, ਨੌ ਖੰਡ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਧਰਮ ਦਵਾਰੇ ਤੇਰਾ ਰਾਹ ਤਕਾਈਆ । ਧਰਮ ਦਵਾਰੇ ਤੱਕਾਂ ਰਾਹ, ਹਰਿ ਰਹਿਬਰ ਵੇਖ ਵਖਾਈਆ । ਕਿਰਪਾ ਕਰ ਮੇਰੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੇ ਹੱਥ ਵਡਿਆਈਆ । ਦੀਨ ਦੁਨੀ ਦਾ ਝਗੜਾ ਦੇ ਮੁਕਾ, ਮੁਕੰਮਲ ਆਪਣੀ ਕਾਰ ਕਮਾਈਆ । ਚਾਰ ਵਰਨ ਅਠਾਰਾਂ ਬਰਨ ਦੱਸ ਇਕ ਰਜ਼ਾ, ਰਹਿਮਤ ਹੱਕ ਦੇ ਸਮਝਾਈਆ । ਖ਼ਾਲਕ ਖ਼ਲਕ ਮਖ਼ਲੂਕ ਜੀਵਣ ਦੇ ਨਵਾਂ, ਨੌ ਦਵਾਰੇ ਡੇਰਾ ਢਾਹੀਆ । ਮਾਇਆ ਮਮਤਾ ਰਹੇ ਨਾ ਤਮਅ, ਤਾਮਸ ਤ੍ਰਿਸ਼ਨਾ ਦੇਣੀ ਗਵਾਈਆ । ਘਰ ਘਰ ਅੰਦਰ ਪਰਵਰਦਿਗਾਰ ਜਗਾ ਸ਼ਮਅ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਭੰਡਾਰਾ ਦੇ ਆਪਣਾ ਧਨਾ, ਨਾਮ ਖ਼ਜ਼ਾਨਾ ਝੋਲੀ ਦੇ ਟਿਕਾਈਆ । ਸਤਿਜੁਗ ਸਾਚਾ ਹੋਵੇ ਰਵਾਂ, ਕਲਜੁਗ ਕੂੜੀ ਕਿਰਿਆ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਰਹਿਮਤ ਧੁਰ ਦੀ ਆਪ ਕਮਾਈਆ । ਸਦੀ ਚੌਧਵੀਂ ਉਠ ਵੇਖ ਪਿਆਰੀ ਨੰਨ੍ਹੀ, ਬਿਨ ਨੈਣਾਂ ਦਿਆਂ ਜਣਾਈਆ । ਜੋ ਗੰਢ ਦੇ ਕੇ ਰੱਖੀ ਆਪਣੀ ਕੰਨੀ, ਮੁਹੰਮਦ ਵਾਲੇ ਹੱਥ ਛੁਹਾਈਆ । ਉਸ ਨੂੰ ਖੋਲ੍ਹ ਦੇ ਬੱਚੀ ਚੰਨੀ, ਤਾਰਾ ਚੰਦ ਦਏ ਦੁਹਾਈਆ । ਤੇਰਾ ਰਿਹਾ ਕੋਈ ਨਾ ਤਨੀ, ਸਾਚਾ ਸੰਗ ਨਾ ਕੋਇ ਬਣਾਈਆ । ਤੂੰ ਚੌਦਾਂ ਤਬਕਾਂ ਫਿਰੀ ਭੰਨੀ, ਭੱਜੀ ਵਾਹੋ ਦਾਹੀਆ । ਉਮਤ ਵੇਖੀ ਅੰਨ੍ਹੀ, ਨੈਣ ਅੱਖ ਨਾ ਕੋਇ ਰੁਸ਼ਨਾਈਆ । ਸਭ ਨੂੰ ਰੋਟੀ ਮਿਲੇ ਕੋਈ ਨਾ ਖੰਨੀ, ਰੋਜ਼ਿਆਂ ਵਾਲਾ ਦਏ ਦੁਹਾਈਆ । ਜਿਸ ਨੇ ਹੁਕਮੇ ਅੰਦਰ ਘੱਲੀ, ਸੁਨੇਹੜਾ ਇਕ ਸਮਝਾਈਆ । ਉਸ ਨੂੰ ਸੀਸ ਝੁਕੌਂਦਾ ਅਲੀ, ਮੁਹੰਮਦ ਚਰਨ ਧੂੜੀ ਖ਼ਾਕ ਰਮਾਈਆ । ਸਭ ਨੂੰ ਦੇਣੀ ਪੈਣੀ ਬਲੀ, ਬਲੀਵਾਨ ਵੇਖ ਵਖਾਈਆ । ਤੂੰ ਜਗਤ ਵਾਸਨਾ ਵਿਚ ਫਲੀ, ਫਲੀਭੂਤ ਦਿਤਾ ਕਰਾਈਆ । ਅੰਤਮ ਜਾਣਾ ਦਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਉਂ ਨਿਉਂ ਨਿਉਂ ਲਾਗਾਂ ਪਾਈਆ । ਸਦੀ ਚੌਧਵੀਂ ਸੁਣ ਲਾ ਬਾਤ ਅਗੰਮੀ ਏਕ, ਏਕੰਕਾਰ ਰਿਹਾ ਜਣਾਈਆ । ਗੁਰ ਅਵਤਾਰ ਪੈਗੰਬਰਾਂ ਬਖ਼ਸ਼ਾਂ ਇਕੋ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਮਜ਼੍ਹਬ ਤੋਂ ਸਭ ਨੂੰ ਕਰ ਬਿਬੇਕ, ਨਾਤਾ ਜਗਤ ਵਾਲਾ ਛੁਡਾਈਆ । ਸਚਖੰਡ ਦਵਾਰ ਵਖਾ ਕੇ ਦੇਸ, ਦਹਿ ਦਿਸ਼ਾ ਦਾ ਡੇਰਾ ਢਾਹੀਆ । ਜਿਥੇ ਸੁਵਾਮੀ ਹੋ ਕੇ ਵਸਾਂ ਹਮੇਸ਼, ਅੰਤਰਜਾਮੀ ਹੋ ਕੇ ਖੋਜ ਖੁਜਾਈਆ । ਝਗੜਾ ਮੇਟ ਕੇ ਮੁੱਲਾ ਸ਼ੇਖ਼, ਮੁਸਾਇਕਾਂ ਲੇਖਾ ਦਿਆਂ ਮੁਕਾਈਆ । ਜਗਤ ਰਹੇ ਕੋਈ ਨਾ ਭੇਖ, ਭੇਖਾਧਾਰੀ

ਦਿਆਂ ਗਵਾਈਆ । ਸਤਿਗੁਰ ਨਾਮ ਕੋਈ ਨਾ ਸਕੇ ਵੇਚ, ਹੱਟਾਂ ਵਿਚ ਮੁੱਲ ਪਵਾਈਆ । ਸਭ ਨੂੰ ਮਾਤਲੋਕ ਸਮਝਾਵਾਂ ਤੁਹਾਡਾ ਪਰਦੇਸ, ਦੇਸੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਸੁਣ ਸ਼ਬਦ ਸੰਦੇਸ਼ਾ ਆਦਿ, ਜੁਗ ਚੌਕੜੀ ਦਿਆਂ ਜਣਾਈਆ । ਜਿਸ ਨੇ ਖੇਲ ਰਚਿਆ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਬਦ ਅਗੰਮ ਵਜਾ ਕੇ ਨਾਦ, ਦੋ ਜਹਾਨਾਂ ਰਿਹਾ ਸੁਣਾਈਆ । ਕਲਜੁਗ ਬਦਲ ਦੇਵੇ ਸਮਾਜ, ਸਾਚੀ ਸਿਖਿਆ ਇਕ ਉਪਜਾਈਆ । ਜਿਸ ਨੂੰ ਕਹਿੰਦੇ ਅੱਲਾ ਵਾਹਿਗੁਰੂ ਗਾਡ, ਰਾਮ ਰਹੀਮ ਕਹਿ ਕੇ ਢੋਲਾ ਗਾਈਆ । ਰਸਨਾ ਜਿਹਵਾ ਬੱਤੀ ਦੰਦ ਲੈਂਦੇ ਸਵਾਦ, ਸਿਫ਼ਤਾਂ ਸਿਫ਼ਤ ਵਿਚ ਵਡਿਆਈਆ । ਸੋ ਸਭ ਦੀ ਖੋਲ੍ਹੇ ਅੰਤਰ ਜਾਗ, ਨਿਰੰਤਰ ਹੋ ਕੇ ਵੇਖ ਵਖਾਈਆ । ਜਿਸ ਗੋਬਿੰਦ ਦਾ ਸਾਰੇ ਉਡਦਾ ਤਕਦੇ ਬਾਜ਼, ਬਾਜ਼ਾਂ ਵਾਲਾ ਨਜ਼ਰ ਕਿਸੇ ਨਾ ਆਈਆ । ਸੋ ਹਰ ਹਿਰਦੇ ਹੋ ਵਿਸਮਾਦ, ਬਿਸਮਿਲ ਹੋ ਕੇ ਆਪਣੀ ਕਾਰ ਕਮਾਈਆ । ਸਤਿ ਧਰਮ ਦਾ ਬਖ਼ਸ਼ ਕੇ ਰਾਜ, ਰਈਆਤ ਚਾਰ ਵਰਨ ਉਪਜਾਈਆ । ਲੇਖਾ ਜਾਣੇ ਮੋਹਣ ਮਾਧਵ ਮਾਧ, ਮੁਕੰਦ ਮਨੋਹਰ ਲਖ਼ਮੀ ਨਰਾਇਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਝੋਲੀ ਪਾਈਆ । ਸਦੀ ਚੌਧਵੀਂ ਕਹੇ ਪ੍ਰਭ ਮੈਨੂੰ ਨਹੀਂ ਕੋਈ ਲਾਲਚ, ਤਮਅ ਨਾ ਕੋਇ ਰਖਾਈਆ । ਮੈਂ ਚਾਹੁੰਦੀ ਤੇਰਾ ਰੂਪ ਖ਼ਾਲਸ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੁਸ਼ਨਾਈਆ । ਤੇਰੇ ਮਿਲਣ ਦੀ ਸਭ ਨੂੰ ਹੋਵੇ ਲਾਲਸ, ਲਾਲਨ ਤੇਰਾ ਰਾਹ ਤਕਾਈਆ । ਮੈਂ ਬੁਧਹੀਣ ਅਨਜਾਣਤ, ਮੇਰੀ ਚਲੇ ਨਾ ਕੋਇ ਚਤੁਰਾਈਆ । ਲੱਖ ਚੁਰਾਸੀ ਤੇਰੀ ਧਾਰ ਅਮਾਨਤ, ਧਰਨੀ ਧਰਤ ਧਵਲ ਉਤੇ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਸਹੀ ਸਲਾਮਤ, ਸਚਖੰਡ ਬੈਠਾ ਡੇਰਾ ਲਾਈਆ । ਸਾਚਾ ਕਲਮਾ ਨਾਮ ਦੇ ਨਿਆਮਤ, ਰਸ ਅਨਡਿੱਠਾ ਆਪ ਚਖਾਈਆ । ਕਲਜੁਗ ਕੂੜੀ ਕਿਰਿਆ ਨਾ ਰਹੇ ਬਗ਼ਾਵਤ, ਝਗੜਾ ਕੂੜ ਦੇਣਾ ਚੁਕਾਈਆ । ਚਰਨ ਪ੍ਰੀਤੀ ਦੇ ਸਖ਼ਾਵਤ, ਸੁਖ਼ਨ ਆਪਣੇ ਨਾਲ ਤਰਾਈਆ । ਮਮਤਾ ਮੋਹ ਨਾ ਰਹੇ ਬਨਾਵਟ, ਪੰਚ ਵਿਕਾਰਾ ਡੇਰਾ ਢਾਹੀਆ । ਜਿਧਰ ਤੱਕਾਂ ਤੇਰੇ ਪਿਆਰ ਦੀ ਦਿਸੇ ਸਜਾਵਟ, ਗੁਰਮੁਖ ਸੋਹਣੇ ਨਜ਼ਰੀ ਆਈਆ । ਮੇਰੀ ਤੇਰਾਂ ਸੌ ਅਠਾਸੀ ਸਾਲ ਦੀ ਲਾਹ ਥਕਾਵਟ, ਥੱਕੀ ਮਾਂਦੀ ਦਿਆਂ ਦੁਹਾਈਆ । ਮੇਰੇ ਪੱਲੂ ਰਹੇ ਨਾ ਕੋਇ ਅਲਾਮਤ, ਇਲਮ ਵਾਲਿਆਂ ਤੋਂ ਪੱਲਾ ਦੇਣਾ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਸੇ ਕੰਮ ਨਾ ਆਈ ਅਲਿਫ਼ ਯੇ ਦੇ ਅੱਖਰਾਂ ਵਾਲੀ ਜ਼ਮਾਨਤ, ਬਿਨਾ ਨਿਰਅੱਖਰ ਤੇਰੀ ਧਾਰ ਨਾ ਕੋਇ ਮਿਲਾਈਆ । ਸਦੀ ਚੌਧਵੀਂ ਨਾ ਕਰ ਝਗੜਾ, ਪਰਵਰਦਿਗਾਰ ਰਿਹਾ ਦ੍ਰਿੜਾਈਆ । ਤੈਨੂੰ ਖੇਲ ਵਖਾਵਾਂ ਅਗਲਾ, ਪੜਦਾ ਆਪ ਉਠਾਈਆ । ਕਲਜੁਗ ਜੀਵ ਬਗੜਾ ਬਗਲਾ, ਨਹਾਤਾ ਧੋਤਾ ਸੋਭਾ ਪਾਈਆ । ਅੰਦਰ ਨਾਮਹੀਣ ਕੰਗਲਾ, ਧਨ ਦੌਲਤ ਨਾ ਕੋਇ ਵਡਿਆਈਆ । ਚੁਰਾਸੀ ਫਿਰੇ ਵਾਂਗ ਪਗ਼ਲਾ, ਭੱਜੇ ਵਾਹੋ ਦਾਹੀਆ । ਘਰ ਸੁਣੇ ਨਾ ਚਾਰ ਮੰਗਲਾ, ਧੁਨ ਸ਼ਬਦ ਨਾ ਕੋਇ ਸ਼ਨਵਾਈਆ । ਧਰਮ ਰਾਏ ਬੰਨ੍ਹਣ ਵਾਲਾ ਨਾਲ ਸੰਗਲਾ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਸਹਾਈਆ । ਦੀਨ ਮਜ਼੍ਹਬਾਂ ਫਿਰਨਾਂ ਵਿਚ ਜੰਗਲਾਂ, ਹਦ ਹਦੂਦ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ

੫੨੨
੨੧

ਸੰਦੇਸ਼ਾ ਇਕ ਸੁਣਾਈਆ । ਬਾਲਮੀਕ ਕਹੇ ਸਦੀ ਚੌਧਵੀਂ ਤੂੰ ਕਿਉਂ ਪਾਇਆ ਵਿਚ ਰੌਲਾ, ਮੁਖ਼ਾਤਬ ਮੋਹੇ ਪ੍ਰਭ ਦੇ ਨਾਲ ਕਰਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਮੌਲਾ, ਮੌਲਾ ਹੋ ਕੇ ਰਿਹਾ ਸਮਾਈਆ । ਨਾਨਕ ਕਿਹਾ ਅੱਵਲ ਔਲਾ, ਆਅਲਾ ਆਲਮੀਨ ਵਡਿਆਈਆ । ਮੈਂ ਓਸ ਦੇ ਕੋਲੋਂ ਪੂਰ ਕਰੌਣਾ ਕੌਲਾ, ਜੋ ਕਵਲ ਨੈਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਭਾਗ ਲਗੌਣਾ ਓਸ ਧੌਲਾ, ਜਿਸ ਧਰਨੀ ਸਾਚਾ ਰੰਗ ਰੰਗਾਇਆ । ਕੂੜੀ ਕਿਰਿਆ ਭਾਰ ਕਰੇ ਹੌਲਾ, ਜਨ ਭਗਤ ਸੁਹੇਲੇ ਸੰਗ ਮਿਲਾਈਆ । ਓਨ੍ਹਾਂ ਅੰਦਰ ਆਪਣਾ ਰਹਿਣ ਨਾ ਦੇਵੇ ਉਹਲਾ, ਆਤਮ ਪਰਮਾਤਮ ਪੜਦਾ ਦਏ ਉਠਾਈਆ । ਤੂੰ ਮੇਰਾ ਮੈਂ ਤੇਰਾ ਸਾਂਝਾ ਹੋਵੇ ਬੋਲਾ, ਅਨਬੋਲਤ ਰਾਗ ਸਮਝਾਈਆ । ਸਦੀ ਚੌਧਵੀਂ ਮੇਰਾ ਸਾਹਿਬ ਸੁਲਤਾਨ ਇਕੋ ਦੋ ਜਹਾਨਾਂ ਹੋਵੇ ਤੋਲਾ, ਤਰਾਜ਼ੂ ਆਪਣਾ ਨਾਮ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਵਖਾਈਆ । ਸਦੀ ਚੌਧਵੀਂ ਕਹੇ ਬਾਲਮੀਕ, ਪੁਰਖ ਅਕਾਲ ਸਭ ਦਾ ਵਸੀਲਾ, ਵਿਸ਼ਿਆਂ ਤੋਂ ਬਾਹਰ ਵੇਖ ਵਖਾਈਆ । ਜਿਸ ਦਾ ਭਗਤ ਸੰਤ ਆਦਿ ਜੁਗਾਦਿ ਕ਼ਬੀਲਾ, ਜੁਗ ਚੌਕੜੀ ਮੇਲ ਮਿਲਾਈਆ । ਤ੍ਰੇਤੇ ਦੀ ਪਿਛਲੇ ਜਨਮ ਦੀ ਭੈਣ ਸ਼ੀਲਾ, ਸ਼ੀਲਵੰਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਵੇਖ ਵਖਾਈਆ । ਬਾਲਮੀਕ ਕਹੇ ਮੈਨੂੰ ਮਾਰ ਲੈਣ ਦਿਓ ਝਾਕੀ, ਬਿਨ ਅੱਖਾਂ ਅੱਖ ਉਠਾਈਆ । ਕੀ ਓਹੋ ਬੰਦਾ ਖ਼ਾਕੀ, ਜੋ ਮੇਰਾ ਸੰਗ ਨਿਭਾਈਆ । ਬਣ ਕੇ ਸੇਵਕ ਦਾਸੀ, ਜਲ ਧਾਰਾ ਨਾਲ ਵਡਿਆਈਆ । ਇਕ ਦਿਨ ਹੋਇਆ ਅੰਧੇਰਾ ਰਾਤੀ, ਝੱਖੜ ਮੀਂਹ ਵਹਾਈਆ । ਵਕਤ ਸਮਝਿਆ ਨਾ ਕੋਇ ਪਰਭਾਤੀ, ਵਜੇ ਡੇਢ ਉਠ ਕੇ ਧਾਈਆ । ਅੱਗੇ ਆਈ ਡੂੰਘੀ ਖਾਡੀ, ਮੂੰਹ ਦੇ ਭਾਰ ਸੁਟਾਈਆ । ਢਾਈ ਵਾਰ ਲੱਗੀ ਬਾਜ਼ੀ, ਪਿਠ ਰਗੜ ਨਾਲ ਰਗੜਾਈਆ । ਓਧਰੋਂ ਆ ਗਿਆ ਸ਼ਾਹਸਵਾਰਾ ਇਕ ਤਾਜੀ, ਆਪਣਾ ਰੂਪ ਬਦਲਾਈਆ । ਹੱਸ ਕੇ ਕਿਹਾ ਵਾਹ ਵਾਹ ਜੀ, ਵਾਹਵਾ ਤੇਰੀ ਬੇਪ੍ਰਵਾਹੀਆ । ਸੇਵਕ ਕਿਹਾ ਹਾਂ ਜੀ, ਹਾਂ ਹਾਂ ਵਿਚ ਰਖਾਈਆ । ਘੋੜੇ ਵਾਲੇ ਕਿਹਾ ਇਕ ਵਾਰ ਲੈਣਾ ਮੇਰਾ ਨਾਂ ਜੀ, ਨਾਉਂ ਨਿਰੰਕਾਰਾ ਗਿਆ ਸਮਝਾਈਆ । ਇਹ ਸੋਹਣਾ ਚੰਗਾ ਥਾਂ ਜੀ, ਥਾਨ ਥਨੰਤਰ ਮਿਲੇ ਵਡਿਆਈਆ । ਬਾਲਮੀਕ ਉਚੀ ਕਰ ਕੇ ਕਿਹਾ ਬਾਂਹ ਜੀ, ਬਾਜ਼ਾਂ ਵਾਲਾ ਮੇਰੀ ਲੱਜਿਆ ਲਏ ਰਖਾਈਆ । ਪੁਰਖ ਅਕਾਲ ਸਭ ਦਾ ਪਿਤਾ ਮਾਂ ਜੀ, ਦੂਜੀ ਜੰਮਣ ਵਾਲੀ ਨਾ ਕੋਇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਤਾਈ ਹੱਥ ਖ਼ਜੂਰ ਕਹੇ ਮੈਂ ਉਚਾ ਲੰਮਾ ਬਿਰਛ, ਮੇਰੀ ਸਾਰ ਨਾ ਕੋਇ ਪਾਈਆ । ਮੇਰੇ ਅੰਦਰ ਪ੍ਰਭ ਮਿਲਣ ਦੀ ਹਿਰਸ, ਹਵਸ ਦਿਤੀ ਵਧਾਈਆ । ਮੈਂ ਸਦਾ ਛਾਂ ਦੇਣ ਦੀ ਕਰਦਾ ਰਿਹਾ ਕਿਰਤ, ਔਂਦਿਆਂ ਜਾਂਦਿਆਂ ਆਪਣੀ ਸੇਵ ਕਮਾਈਆ । ਮੈਨੂੰ ਵਿਸ਼ਵਾਸ ਹੋਇਆ ਦ੍ਰਿੜਤ, ਮੇਰਾ ਹਿਰਦਾ ਦਏ ਗਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ ਸਾਂਝਾ ਯਾਰਾ ਜ਼ਰੂਰ ਮੇਲੇ ਜੋ ਗਏ ਵਿਛੜਤ, ਵਿਛੜਿਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਧਾਮ ਸੋਭਾ ਪਾਈਆ । ਬਾਲਮੀਕ ਕਹੇ ਮੇਰੀ ਨਿੱਕੀ ਹੁੰਦੀ ਸੀ ਕੁੱਲੀ, ਕੁਲ ਭਗਤਾਂ ਦਏ ਵਡਿਆਈਆ । ਮੇਰੀ ਪਾਟੀ ਹੁੰਦੀ ਸੀ ਜੁੱਲੀ, ਆਸਣ ਸਿੰਘਾਸਣ ਨਾ ਕੋਇ ਸੁਹਾਈਆ । ਮੇਰੀ ਢੱਠੀ ਹੁੰਦੀ ਸੀ ਚੁਲ੍ਹੀ, ਦੋਵੇਂ ਵੇਲੇ ਅੱਗ ਨਾ ਕਦੇ ਤਪਾਈਆ । ਮੇਰੀ

ਸੁੱਕੀ ਹੁੰਦੀ ਸੀ ਗੁੱਲੀ, ਰੁੱਖੀ ਖਾ ਕੇ ਝਟ ਲੰਘਾਈਆ । ਮੇਰੀ ਆਸਾ ਹੁੰਦੀ ਸੀ ਡੁੱਲੀ, ਪ੍ਰਭ ਚਰਨਾਂ ਹੇਠ ਦਬਾਈਆ । ਮੇਰੀ ਖਾਹਸ਼ ਹੁੰਦੀ ਸੀ ਫੁੱਲੀ, ਗੁਲਸ਼ਨ ਰੂਪ ਮਹਿਕਾਈਆ । ਮੈਂ ਪ੍ਰਭ ਨੂੰ ਯਾਦ ਕੀਤਾ ਨਹੀਂ ਸੀ ਕਦੇ ਨਾਲ ਬੁੱਲ੍ਹੀਂ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਦਏ ਚੜ੍ਹਾਈਆ । ਬਾਲਮੀਕ ਕਹੇ ਮੇਰੇ ਕੋਲ ਹੁੰਦਾ ਸੀ ਤੂੰਬੇ ਦਾ ਇਕ ਪਿਆਲਾ, ਜਿਸ ਵਿਚ ਪਲਕ ਝਲਕ ਰੁਸ਼ਨਾਈਆ । ਓਸ ਦੇ ਵਿਚੋਂ ਨਜ਼ਰ ਔਂਦਾ ਸੀ ਦੀਨ ਦਿਆਲਾ, ਦਇਆਨਿਧ ਦਇਆ ਕਮਾਈਆ । ਮੈਂ ਇਕ ਦਿਨ ਉਸ ਨੂੰ ਟੰਗਿਆ ਨਾਲ ਖਜੂਰ ਦੇ ਪੱਤੇ ਜਿਸ ਦਾ ਨਹੀਂ ਕੋਈ ਡਾਲਾ, ਸਹਿਜ ਦਿਤਾ ਲਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਤਿਗੁਰ ਵਡ ਵਡਿਆਈਆ । ਧਰਤੀ ਕਹੇ ਤੁਸੀਂ ਸਾਰੇ ਪਾਵੋ ਸ਼ੋਰ, ਮੈਨੂੰ ਰਹੇ ਸੁਣਾਈਆ । ਮੈਂ ਵੇਖਾਂ ਕਲਜੁਗ ਅੰਧੇਰਾ ਘੋਰ, ਅੰਦਰ ਵੜ ਕੇ ਖੋਜ ਖੁਜਾਈਆ । ਦੀਨ ਦੁਨੀ ਹੋਈ ਚੋਰ, ਠੱਗੀ ਪ੍ਰਭ ਦੇ ਨਾਲ ਕਮਾਈਆ । ਬਾਹਰੋਂ ਹੋਰ ਤੇ ਅੰਦਰ ਹੋਰ, ਸਾਚਾ ਰੰਗ ਨਾ ਕੋਇ ਰੰਗਾਈਆ । ਮੈਨੂੰ ਓਹ ਚੰਗਾ ਲੱਗੇ ਜਿਹੜਾ ਰਵਦਾਸ ਚੰਮੜੀ ਲਾਹਵੇ ਢੋਰ, ਆਪਣੀ ਕਾਰ ਕਮਾਈਆ । ਨਾਤਾ ਛੱਡਕੇ ਮੜ੍ਹੀ ਗੋਰ, ਗੁਰ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਦੇਵੇ ਵਡਿਆਈਆ । ਸਦੀ ਚੌਧਵੀਂ ਕਹੇ ਕੀ ਕਹਿਣਾ ਰਿਖੀਕੇਸ਼, ਕੇਸ਼ਵ ਕੀ ਸਮਝਾਈਆ । ਕੀ ਦੱਸਦੇ ਬ੍ਰਹਮਾ ਵਿਸ਼ਨ ਮਹੇਸ਼, ਸ਼ੰਕਰ ਕੀ ਦ੍ਰਿੜਾਈਆ । ਕੀ ਲੇਖਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਦੇਣਾ ਸੁਣਾਈਆ । ਕੀ ਲਹਿਣਾ ਦੇਣਾ ਹਮੇਸ਼, ਜੁਗ ਜੁਗ ਝੋਲੀ ਪਾਈਆ । ਮੈਂ ਨਿਮਾਣੀ ਹੋਈ ਪੇਸ਼, ਪੇਸ਼ੀਨਗੋਈ ਦਿਆਂ ਦ੍ਰਿੜਾਈਆ । ਪ੍ਰਭ ਭਗਤਾਂ ਨਾਲ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਧੁਰ ਸੰਦੇਸਾ ਦੇਵੇ ਭੇਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਈਆ । ਬਾਲਮੀਕ ਕਹੇ ਮੇਰੇ ਧੁਰ ਦੇ ਭਗਵੰਤ, ਭਗਵਨ ਦੇ ਸਮਝਾਈਆ । ਕਿਹੜਾ ਕਲਜੁਗ ਵਿਚ ਸੰਤ, ਜੋ ਸਤਿਗੁਰ ਤੇਰੇ ਵਿਚ ਸਮਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਡੇਰਾ ਢਾਹੀਆ । ਬੋਧ ਅਗਾਧਾ ਬਣ ਕੇ ਪੰਡਤ, ਸੋਹਲਾ ਢੋਲਾ ਤੇਰਾ ਰਾਗ ਸੁਣਾਈਆ । ਝਗੜਾ ਛੱਡ ਬਹਿਸ਼ਤ ਜੱਨਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਦੂਸਰ ਅੱਗੇ ਕਦੇ ਕਰੇ ਨਾ ਮਿੰਨਤ, ਸੀਸ ਜਗਦੀਸ਼ ਇਕੋ ਇਕ ਨਿਵਾਈਆ । ਮੈਂ ਹੈਰਾਨ ਹੋ ਗਿਆ ਕਿਸੇ ਵਿਚ ਰਹੀ ਕੋਈ ਨਾ ਹਿੰਮਤ, ਹੌਸਲੇ ਸਾਰੇ ਬੈਠੇ ਢਾਹੀਆ । ਮਾਲਾ ਘੜ ਕੇ ਮਣਕੇ ਫੇਰ ਕੇ ਜਿਹੜੇ ਕਰਦੇ ਪ੍ਰਭੂ ਤੇਰੇ ਅੱਗੇ ਮਿੰਨਤ, ਕੀ ਦੂਜਿਆਂ ਲੈਣ ਤਰਾਈਆ । ਗ੍ਰੰਥਾਂ ਪੜ੍ਹ ਕੇ ਮੇਟਦੇ ਚਿੰਤਤ, ਢੋਲੇ ਗੀਤ ਸਾਲਾਹੀਆ । ਮਨੂਆ ਰੁਕ ਨਾ ਸਕੇ ਕਰਨੋਂ ਇੱਲਤ, ਆਲਮ ਉਲਮਾ ਚਲੇ ਨਾ ਕੋਇ ਚਤੁਰਾਈਆ । ਸਾਰੇ ਤੇਰੇ ਹੋਏ ਨਿੰਦਕ, ਗਰੰਥਾਂ ਦੀ ਕਰਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਬਾਲਮੀਕ ਪ੍ਰਭ ਕਦੇ ਨਾ ਚਾਹਵੇ ਉਲਫ਼ਤ, ਮਹਿਮਾ ਵਿਚ ਨਾ ਕੋਇ ਵਡਿਆਈਆ । ਉਸ ਨੂੰ ਗਾ ਸਕੇ ਕੋਈ ਨਾ ਪੁਸਤਕ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਭੇਵ ਜਾਣੇ ਕੋਈ ਨਾ ਮੁਰਸ਼ਦ, ਮੁਰੀਦਾਂ ਕੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਦਵਾਰੇ ਸਾਰੇ ਬੈਠੇ

ਮੁਫ਼ਲਿਸ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਸਦੀ ਚੌਧਵੀਂ ਕਿਸੇ ਨੂੰ ਮਿਲਣ ਜੋਗੀ ਪ੍ਰਭ ਨੇ ਰੱਖੀ ਨਹੀਂ ਕੋਈ ਫ਼ੁਰਸਤ, ਵਿਹਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਧਰਨੀ ਕਹੇ ਮੇਰਾ ਮਾਲਕ ਧੁਰ ਦਾ ਅੱਬਾ, ਨੂਰ ਇਕ ਅਲਾਹੀਆ । ਜਿਸ ਦਾ ਦੋ ਜਹਾਨਾਂ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਭੱਜਦੇ ਉਤੇ ਪੱਬਾਂ, ਨਿਉਂ ਨਿਉਂ ਸੀਸ ਨਿਵਾਈਆ । ਸਾਚੇ ਨਾਮ ਦੀ ਗੌਂਦੇ ਸਦਾ, ਢੋਲਾ ਧੁਰਦਰਗਾਹੀਆ । ਜਿਸ ਦੀ ਨਿਰਗੁਣ ਸਰਗੁਣ ਬਣ ਗਏ ਯੱਦਾ, ਪੁਸ਼ਤ ਪਨਾਹ ਹੱਥ ਟਿਕਾਈਆ । ਉਸ ਦਾ ਹੁਕਮ ਸਦਾ ਸੂਰਾ ਸਰਬੱਗਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਈ ਹੈਰਾਨੀ, ਹੈਰਤ ਵਿਚ ਦੁਹਾਈਆ । ਕਿਉਂ ਚਾਰੋਂ ਕੁੰਟ ਵਧੀ ਬੇਈਮਾਨੀ, ਬੇਵਾ ਹੋਈ ਲੋਕਾਈਆ । ਗੁਰ ਅਵਤਾਰ ਪੈਗ਼ੰਬਰੋ ਕਿੱਥੇ ਗਈ ਤੁਹਾਡੀ ਮਿਹਰਵਾਨੀ, ਮਹਿਬੂਬ ਨਾਲ ਨਾ ਕੋਇ ਵਡਿਆਈਆ । ਕਿਧਰ ਗਈ ਕਰਬਲਿਆਂ ਵਾਲੀ ਕ਼ੁਰਬਾਨੀ, ਗੜ੍ਹੀ ਚਮਕੌਰ ਦਏ ਦੁਹਾਈਆ । ਕਿਉਂ ਕਲਜੁਗ ਕੂੜੀ ਚੜ੍ਹੀ ਤੁਗ਼ਿਆਨੀ, ਸਾਧਾਂ ਸੰਤਾਂ ਰਹੀ ਰੁੜ੍ਹਾਈਆ । ਸਤਿ ਧਰਮ ਦੀ ਮਿਟੀ ਨਿਸ਼ਾਨੀ, ਨਿਸ਼ਾਨੇ ਸਾਰੇ ਗਈ ਚੁਕਾਈਆ । ਨੇਤਰ ਰੋਵੇ ਚਾਰੇ ਖਾਣੀ, ਚਾਰੇ ਬਾਣੀ ਸਾਰ ਕੋਇ ਨਾ ਪਾਈਆ । ਧਾਹੀਂ ਮਾਰੇ ਅਠਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਆਈਆ । ਨੱਠੀ ਭੱਜੀ ਫਿਰੇ ਅੱਲਾ ਰਾਣੀ, ਹੂ ਹੂ ਨਾਅਰਿਆਂ ਵਿਚ ਸੁਣਾਈਆ । ਕਿਧਰ ਗਈ ਬ੍ਰਹਮਾ ਦੀ ਮਿਸ਼ਰਾਣੀ, ਗਾਨਾ ਸਗਨ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਆਸਾ ਇਕ ਵਧਾਈਆ । ਧਰਤੀ ਕਹੇ ਏਥੇ ਬਾਲਮੀਕ ਦੀ ਝੁੱਗੀ, ਝੌਂਪੜੀ ਸੋਹਣੀ ਨਜ਼ਰੀ ਆਈਆ । ਜਿਸ ਦਾ ਲਹਿਣਾ ਚੌਂਹ ਜੁਗੀ, ਜੁਗ ਕਰਤਾ ਆਪ ਸਮਝਾਈਆ । ਅੰਤਮ ਉਹ ਵੀ ਔਧ ਪੁੱਗੀ, ਸਮਾਂ ਰਿਹਾ ਸੁਹਾਈਆ । ਜਨ ਭਗਤਾਂ ਨਿਰਮਲ ਕਰੇ ਬੁੱਧੀ, ਮਨ ਮਮਤਾ ਮੋਹ ਮਿਟਾਈਆ । ਆਤਮਾ ਪਰਮਾਤਮਾ ਕੋਲੋਂ ਰਹੇ ਨਾ ਲੁਕੀ, ਘਰ ਸਵਾਮੀ ਜੋੜ ਜੁੜਾਈਆ । ਬ੍ਰਹਮ ਧਾਰ ਰਹੇ ਨਾ ਰੁੱਠੀ, ਪਾਰਬ੍ਰਹਮ ਆਪ ਮਨਾਈਆ । ਗੁਰਮੁਖੋ ਕਦੀ ਵਿਚਾਰ ਨਾ ਕਰਿਓ ਤ੍ਰਿਕੁਟੀ, ਈੜਾ ਪਿੰਗਲ ਸੁਖਮਨ ਤੁਹਾਡੇ ਚਰਨਾਂ ਹੇਠ ਦਬਾਈਆ । ਤੁਹਾਡੀ ਜਗਤ ਵਾਸਨਾ ਜਾਏ ਟੁੱਟੀ, ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਈਆ । ਜਿਸ ਕਾਰਨ ਬਾਲਮੀਕ ਦਵਾਰੇ ਲੋਹ ਪੁੱਟੀ, ਤ੍ਰੈਗੁਣ ਭੇਟਾ ਦਿਤੀ ਕਰਾਈਆ । ਤੁਹਾਨੂੰ ਲੱਖ ਚੁਰਾਸੀ ਵਿਚੋਂ ਦੇ ਕੇ ਛੁੱਟੀ, ਪੁਰਖ ਅਕਾਲ ਨਾਲ ਮਿਲਾਈਆ । ਵੇਖਿਓ ਕਿਸੇ ਦੀ ਕਰਿਓ ਕੋਈ ਨਾ ਬੁੱਤੀ, ਬੁਤਖ਼ਾਨਿਆਂ ਤੋਂ ਲੇਖਾ ਦਿਤਾ ਮੁਕਾਈਆ । ਸਦਾ ਭਗਤਾਂ ਦੀ ਸ਼ਾਨ ਉਚੀ, ਉਚ ਅਗੰਮ ਦਏ ਵਡਿਆਈਆ । ਇਹ ਰਮਜ਼ ਰਹੇ ਨਾ ਲੁਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਕਰਨੀ ਕ਼ਦਮਬੋਸੀ, ਨਿਉਂ ਨਿਉਂ ਲਾਗਾਂ ਪਾਈਆ । ਬਾਲਮੀਕ ਕਹੇ ਮੈਂ ਰਖਣੀ ਨਹੀਂ ਖ਼ਾਮੋਸ਼ੀ, ਉਚੀ ਕੂਕ ਕੂਕ ਸੁਣਾਈਆ । ਧਰਨੀ ਕਹੇ ਮੈਂ ਬੈਠੀ ਹਾਂ ਨਿਰਦੋਸ਼ੀ, ਪਾਪ ਪੁੰਨ ਨਾ ਕੋਇ ਦਰਸਾਈਆ । ਪੁਰਖ ਅਕਾਲ ਕਹੇ ਮੈਂ ਸਭ ਦੇ ਵਾਸਤੇ ਰਿਹਾ ਸੋਚੀ, ਬੁੱਧੀ ਤੋਂ ਪਰੇ ਮੇਰੀ ਪੜ੍ਹਾਈਆ । ਬਾਲਮੀਕ ਤੇਰਾ ਸਾਥੀ ਰਵਦਾਸ ਚਮਾਰਾ ਮੋਚੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਦੂਰ ਦੁਰਾਡੀ ਨੇੜੇ, ਪਾਂਧੀ ਹੋ ਕੇ ਪੰਧ ਮੁਕਾਈਆ । ਬਾਲਮੀਕ ਕਹੇ ਤੂੰ ਵਸਜਾ ਓਸ ਖੇੜੇ, ਜਿਥੇ ਖੜ੍ਹਾ ਖੜੋਤਾ ਪ੍ਰਭ ਨਜ਼ਰ ਕਿਸੇ ਨਾ ਆਈਆ । ਧਰਨੀ ਕਹੇ ਤੂੰ ਛੱਡ ਦੇ ਪਿਛਲੇ ਝੇੜੇ, ਦੀਨਾਂ ਮਜ਼੍ਹਬਾਂ ਵਾਲੀ ਲੜਾਈਆ । ਚੜ੍ਹ ਜਾ ਓਸ ਪ੍ਰਭੂ ਦੇ ਬੇੜੇ, ਜਿਥੇ ਨਈਆ ਨੌਕਾ ਇਕੋ ਨਾਮ ਨਜ਼ਰੀ ਆਈਆ । ਅੱਗੇ ਸਿਰ ਤੇ ਨਿਗਾਹ ਪ੍ਰੇਮ ਦੀ ਫੇਰੇ, ਫੇਰੀ ਜਗਤ ਵਾਲੀ ਰਖਾਈਆ । ਲੈ ਜਾਏ ਓਸ ਸਚੇ ਡੇਰੇ, ਜਿਥੇ ਡੇਰਿਆਂ ਵਾਲਾ ਪਹੁੰਚ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਖਾਈਆ । ਸਦੀ ਚੌਧਵੀਂ ਕਹੇ ਮੈਂ ਧੂੜੀ ਲਾਵਾਂ ਖ਼ਾਕ, ਮਸਤਕ ਨਾਲ ਛੁਹਾਈਆ । ਬਾਲਮੀਕ ਕਹੇ ਕਮਲੀਏ ਹੋ ਜਾ ਪਾਕ, ਪ੍ਰਭ ਪੱਤਤ ਪੁਨੀਤ ਬਣਾਈਆ । ਧਰਨੀ ਕਹੇ ਮੇਰਾ ਖੋਲ੍ਹ ਕੇ ਵੇਖ ਤਾਕ, ਪੜਦਾ ਅੰਦਰੋਂ ਇਕ ਉਠਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਪੂਰਾ ਕਰਨਾ ਅੰਤ ਵਾਕ, ਵਾਅਦਾ ਧੁਰ ਦਾ ਚਲਿਆ ਆਈਆ । ਇਹ ਸੁਹੰਞਣੀ ਭਾਗਾਂ ਵਾਲੀ ਰਾਤ, ਮੱਘਰ ਛੇ ਮਿਲੇ ਵਡਿਆਈਆ । ਪਿਛਲੀ ਫੇਰ ਕਰਾਵਾਂ ਯਾਦ, ਯਾਦਦਾਸ਼ਤ ਅੱਗੇ ਨਾਲ ਰਲਾਈਆ । ਵਾਸਤਾ ਪਾ ਕੇ ਕਹੇ ਸਤਿਗੁਰ ਗੁਰਮੁਖਾਂ ਅੰਦਰੋਂ ਧੋਣਾ ਦਾਗ਼, ਦੁਰਮਤ ਮੈਲ ਧੁਆਈਆ । ਦੀਪਕ ਜੋਤ ਜਗੌਣਾ ਚਰਾਗ਼, ਅੰਧ ਅੰਧੇਰਾ ਰਹੇ ਨਾ ਰਾਈਆ । ਨਿਝਰ ਰਸ ਦਾ ਦੇਣਾ ਸਵਾਦ, ਬੂੰਦ ਸਵਾਂਤੀ ਇਕ ਟਪਕਾਈਆ । ਭਗਤਾਂ ਨੂੰ ਕੱਢਕੇ ਵਿਚੋਂ ਸਮਾਜ, ਆਤਮ ਬ੍ਰਹਮ ਦੇਣਾ ਦ੍ਰਿੜਾਈਆ । ਗੁਰਮੁਖ ਤੇਰਾ ਲੰਗੜਾ ਲੂਲ੍ਹਾ ਰਹੇ ਨਾ ਕੋਇ ਅਪਾਹਜ, ਬਲਧਾਰੀ ਦੇਣਾ ਬਣਾਈਆ । ਹਰ ਹਿਰਦੇ ਅੰਦਰ ਹੋ ਵਿਸਮਾਦ, ਵਿਸ਼ਵ ਆਪਣੀ ਕਲ ਵਰਤਾਈਆ । ਨਿਜ ਨੇਤਰ ਖੋਲ੍ਹ ਕੇ ਆਪਣੀ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਆਪ ਦਰਸਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਦਰ ਸੁਹੰਜਣਾ, ਸੋਭਾਵੰਤ ਨੂਰ । ਬਾਲਮੀਕ ਕਹੇ ਮੇਰਾ ਆਦਿ ਪੁਰਖ ਨਿਰੰਜਣਾ, ਨੂਰ ਜ਼ਹੂਰ । ਧਰਨੀ ਕਹੇ ਮੇਰਾ ਸੁਵਾਮੀ ਦਰਦ ਦੁੱਖ ਭੈ ਭੰਜਨਾ, ਸਰਬ ਕਲਾ ਭਰਪੂਰ । ਗੁਰਮੁਖਾਂ ਕਰਾਵੇ ਚਰਨ ਧੂੜੀ ਸਦ ਮਜਨਾ, ਨਿਰਗੁਣ ਸਰਗੁਣ ਇਹ ਦਸਤੂਰ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗਣਾ, ਨਾਤਾ ਤੋੜ ਕੇ ਕੂੜੋ ਕੂੜ । ਧੁਰ ਦਰਗਾਹ ਦੀ ਦੱਸ ਕੇ ਬੰਦਨਾ, ਸੱਯਦਾ ਇਕੋ ਕਰੇ ਮਸ਼ਹੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸਵਾਮੀ ਹਾਜ਼ਰ ਹਜ਼ੂਰ । ਬਾਲਮੀਕ ਕਹੇ ਮੇਰੇ ਨੇਤਰ ਰੋਂਦੇ ਨੀਰ, ਛਹਿਬਰ ਦੇਣ ਦੁਹਾਈਆ । ਸਦੀ ਚੌਧਵੀਂ ਕਹੇ ਉਫ਼ ਹਾਏ ਮੇਰਾ ਅਖ਼ੀਰ, ਆਖ਼ਰ ਰਹੀ ਕੁਰਲਾਈਆ । ਧਰਨੀ ਕਹੇ ਮੇਰਾ ਮੌਲਾ ਬਦਲੇ ਤਕ਼ਦੀਰ, ਤਦਬੀਰ ਆਪਣੀ ਇਕ ਜਣਾਈਆ । ਹੱਸ ਕੇ ਕਹੇ ਕਬੀਰ, ਸਚਖੰਡ ਬੈਠਾ ਤਾੜੀ ਲਾਈਆ । ਗੁਰ ਅਵਤਾਰ ਪੈਗ਼ੰਬਰੋ ਦੀਨ ਮਜ਼੍ਹਬ ਦੀ ਰਹੇ ਨਾ ਕੋਇ ਜਾਗੀਰ, ਹਿੱਸੇ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਦੀਨ ਦਿਆਲਾ ਪਿਛਲੀ ਉਤੇ ਮਾਰਨ ਲੱਗਾ ਲਕੀਰ, ਲਾਈਨ ਆਪਣੀ ਆਪ ਖਿਚਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤ ਰਿਹਾ ਨਾ ਕੋਇ ਫ਼ਕੀਰ, ਜੋ ਫ਼ਿਕਰਾ ਢੋਲਾ ਧੁਰ ਦਾ ਗਾਈਆ । ਤ੍ਰੈਗੁਣ ਮਾਇਆ ਸਭ ਦਾ ਅੰਦਰ ਤੱਕਿਆ ਖ਼ਮੀਰ, ਤਾਅਸੀਰ ਦਿਤੀ ਬਦਲਾਈਆ । ਕਿਸੇ ਨਜ਼ਰ ਨਾ ਆਵੇ ਬੇਨਜ਼ੀਰ, ਨੇਤਰ ਨੈਣ ਉਠਾਈਆ । ਤੋਬਾ ਮੇਰੀ ਜਿਸ ਦੀ ਕ਼ਸਮ ਪਾਈ ਨਾਂ ਦੱਸਿਆ ਖ਼ੰਜੀਰ, ਮੁਹੰਮਦ ਗਿਆ ਸਮਝਾਈਆ ।

ਓਹ ਮਮਤਾ ਓਹ ਮਾਇਆ ਓਹ ਕਲਪਣਾ ਸਭ ਦੀ ਹੋਈ ਬਗ਼ਲਗੀਰ, ਦਸਤਗੀਰਾਂ ਤੋਂ ਪੱਲੂ ਰਹੀ ਛੁਡਾਈਆ । ਆਲਮ ਫ਼ਾਜ਼ਲ ਸਾਫ਼ ਦਿਸੇ ਨਾ ਕੋਇ ਜ਼ਮੀਰ, ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਬਾਲਮੀਕ ਕਹੇ ਮੇਰੇ ਸੇਵਕ ਦਾ ਨਾਮ ਹੁੰਦਾ ਸੀ ਮਧੋਸਾ, ਮਧੂ ਕਹਿ ਕੇ ਸਾਰੇ ਗਾਈਆ । ਰਖਦਾ ਸੀ ਸਚ ਭਰੋਸਾ, ਸਿਦਕ ਵਿਚ ਸੀਸ ਝੁਕਾਈਆ । ਪਾਣੀ ਰਖਦਾ ਸੀ ਕੋਸਾ, ਅਗਨੀ ਤੱਤ ਤਪਾਈਆ । ਅੰਦਰ ਸੁਣਦਾ ਸੀ ਇਕੋ ਨਾਮ ਦਾ ਹੋਕਾ, ਹਰਿ ਹਿਰਦੇ ਵਿਚ ਟਿਕਾਈਆ । ਚਾਹੁੰਦਾ ਸੀ ਜਦ ਮਿਲਾਂ ਤੇ ਨਾਲ ਪੁਰਖ ਅਕਾਲ ਦੀ ਜੋਤਾ, ਤੱਤਾਂ ਵਾਲੇ ਗੁਰੂ ਦੀ ਲੋੜ ਰਹੇ ਨਾ ਰਾਈਆ । ਭਾਵੇਂ ਜੁਗਾਂ ਪਿਛੋਂ ਮਿਲੇ ਮੌਕਾ, ਜੁਗ ਬੀਤਦਿਆਂ ਦੇਰ ਨਾ ਕੋਇ ਲਗਾਈਆ । ਬਿਨਾ ਪੁਰਖ ਅਕਾਲ ਤੋਂ ਜੀਵਣ ਜਹਾਨ ਥੋਥਾ, ਹੋਛੀ ਮਤ ਦਿਸਾਈਆ । ਭਾਵੇਂ ਪਰਵਾਰ ਵਧ ਜਾਏ ਪੋਤ ਪੋਤਾ, ਦੋਹਤ ਪੋਤ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਕੇ ਮਾਰਗ ਸੌਖਾ, ਘਰ ਆਪਣਾ ਇਕ ਦ੍ਰਿੜਾਈਆ । ਮਧੂ ਕਹੇ ਮੈਂ ਇਕ ਦਿਨ ਪੁਛਿਆ ਕੋਲੋਂ ਬਾਲਮੀਕ, ਨਿਮਰਤਾ ਵਿਚ ਸੀਸ ਨਿਵਾਈਆ । ਕੁਛ ਮੈਨੂੰ ਦੱਸ ਗੀਤ, ਗੋਬਿੰਦ ਕਿਸ ਬਿਧ ਗਾਈਆ । ਓਸ ਨੇ ਦੇ ਦਿਤੀ ਤਾਰੀਖ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਕਲਜੁਗ ਅੰਤ ਹੋਇਆ ਠੀਕ, ਠਾਕਰ ਮਿਲੇ ਧੁਰਦਰਗਾਹੀਆ । ਆਤਮਾ ਪਰਮਾਤਮਾ ਦੀ ਓਹ ਆਪੇ ਦੱਸੇ ਪ੍ਰੀਤ, ਮੇਰੇ ਦੱਸਣ ਦੀ ਲੋੜ ਰਹੇ ਨਾ ਰਾਈਆ । ਅਜੇ ਤੇ ਮੈਂ ਓਸ ਨੂੰ ਰਿਹਾ ਉਡੀਕ, ਆਸਾ ਵਿਚ ਧਿਆਨ ਲਗਾਈਆ । ਜਦ ਓਹ ਤੇਰੇ ਮੇਰੇ ਆਪੇ ਆ ਗਿਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਕਿਉਂ ਓਸ ਦੇ ਵਿਚ ਸਚ ਤੌਫ਼ੀਕ, ਤੋਹਫ਼ੇ ਘਰ ਘਰ ਦਏ ਟਿਕਾਈਆ । ਮਧੂ ਕਿਹਾ ਕੀ ਕੋਈ ਹੋਣਾ ਪਏ ਸ਼ਹੀਦ, ਸ਼ਹਾਦਤ ਤਨ ਵਾਲੀ ਭੁਗਤਾਈਆ । ਬਾਲਮੀਕ ਕਿਹਾ ਹੁਣ ਓਹਦੇ ਚਰਨਾਂ ਵਿਚ ਰਖਣੀ ਆਪਣੀ ਦੀਦ, ਦੀਦਾ ਦਾਨਿਸਤਾ ਮੇਲ ਮਿਲਾਈਆ । ਇਹੋ ਆਸਾ ਤੇ ਇਹੋ ਉਮੀਦ, ਇਹੋ ਖ਼ਾਹਿਸ਼ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮਸਤਕ ਵੇਖ ਵਖਾਈਆ । ਧਰਨੀ ਕਹੇ ਕੀ ਬਾਲਮੀਕ ਦਏ ਸੰਦੇਸਾ, ਸਚ ਸਚ ਦਏ ਸਮਝਾਈਆ । ਬਾਲਮੀਕ ਕਿਹਾ ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈ ਓਸੇ ਦੀ ਰਿਹਾ ਦ੍ਰਿੜਾਈਆ । ਧਰਨੀ ਕਹੇ ਕੀ ਧਾਰ ਕੇ ਆਵੇ ਵੇਸਾ, ਕਵਣ ਰੂਪ ਬਦਲਾਈਆ । ਬਾਲਮੀਕ ਕਿਹਾ ਮੈਨੂੰ ਵੇਖ ਲਾ ਜਟਾ ਜੂਟ ਜਿਉਂ ਧਾਰੀ ਕੇਸਾ, ਦਸ ਦਸਮੇਸ਼ਾ ਖੇਲ ਕਰਾਈਆ । ਵੇਖੀਂ ਭੁੱਲ ਨਾ ਜਾਵੀਂ ਚੇਤਾ, ਚੇਤਨ ਸੁਰਤੀ ਨਾਲ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਮੁਕਾ ਦਏ ਠੇਕਾ, ਠਾਕਰ ਹੋ ਕੇ ਫੇਰਾ ਪਾਈਆ । ਸਭ ਦਾ ਮਾਲਕ ਬਣ ਜਾਏ ਏਕਾ, ਏਕੰਕਾਰ ਨੂਰ ਖ਼ੁਦਾਈਆ । ਤੀਰ ਅਣਿਯਾਲੇ ਨਾਲ ਕਰੇ ਛੇਕਾ, ਸ਼ਿਕਮ ਵਿਚ ਗੁਰਮੁਖਾਂ ਕਰੇ ਜਣਾਈਆ । ਲੇਖਾ ਜਾਣ ਕੇ ਸਚ ਸੰਦੇਸਾ, ਲੋਕਮਾਤ ਫੋਲ ਫੁਲਾਈਆ । ਜਿਸ ਦਾ ਸ਼ਬਦੀ ਧਾਰ ਇਕੋ ਬੇਟਾ, ਜੋ ਘਰ ਘਰ ਭਗਤਾਂ ਦਏ ਪੁਚਾਈਆ । ਜੁਗ ਚੌਕੜੀ ਬਣ ਕੇ ਖੇਵਟ ਖੇਟਾ, ਜਗਤ ਜਹਾਨ ਪਾਰ ਕਰਾਈਆ । ਸਚ ਮਿਲਾਵੇ ਧੁਰ ਦਾ ਨੇਤਾ, ਨਰ ਨਰਾਇਣ ਸਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਧਰਨੀ ਕਹੇ ਬਾਲਮੀਕ ਕਿਸ ਬੈਠੇਂ ਗੋਸ਼ੇ ਗੁੱਠੇ, ਨੁਕਰ ਦੇ ਸਮਝਾਈਆ । ਜਿਥੇ ਸਾਹਿਬ ਸਵਾਮੀ ਤੁੱਠੇ, ਮਿਹਰ ਨੈਣ ਉਠਾਈਆ ।

ਭਗਤ ਸੁਹੇਲੇ ਗੋਦੀ ਚੁੱਕੇ, ਧੁਰ ਦੀ ਗੋਦ ਬਹਾਈਆ । ਜਗਤ ਉਠਾਏ ਸੁੱਤੇ, ਨਿਜ ਨੇਤਰ ਅੱਖ ਖੁਲ੍ਹਾਈਆ । ਭਾਗ ਲਗਾਵੇ ਏਸੇ ਮੱਘਰ ਦੀ ਰੁੱਤੇ, ਛੇ ਪ੍ਰਵਿਸ਼ਟਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲਹਿਣਾ ਦਏ ਮੁਕਾਈਆ । ਸਦੀ ਚੌਧਵੀਂ ਕਹੇ ਸੁਣ ਧੁਰ ਦੇ ਦਾਸ ਦਾਸੀ, ਦਾਸਤਾਨ ਦਿਆਂ ਜਣਾਈਆ । ਪ੍ਰਭ ਦਾ ਖੇਲ ਅਗੰਮ ਤਮਾਸ਼ੀ, ਤਮਾਸ਼ਬੀਨ ਜਗਤ ਲੋਕਾਈਆ । ਜੋ ਸਚਖੰਡ ਵਸੇ ਸਾਹਿਬ ਅਬਿਨਾਸ਼ੀ, ਨਿਰਾਕਾਰ ਨੂਰ ਅਲਾਹੀਆ । ਉਸ ਦੀ ਮੰਨਣੀ ਸਭ ਨੇ ਆਖੀ, ਜੋ ਅੱਖਰਾਂ ਤੋਂ ਬਾਹਰ ਕਰੇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਬਣੇ ਭਾਟੀ, ਰਾਗਾਂ ਨਾਦਾਂ ਵਿਚ ਸਿਫ਼ਤ ਸਾਲਾਹੀਆ । ਓਹ ਖੇਲ ਕਰੇ ਜੋਤ ਪ੍ਰਭ ਜਾਤੀ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਦਰ ਵਖਾਈਆ । ਸਦੀ ਚੌਧਵੀਂ ਕਹੇ ਡਾਕਟਰ ਪਾਲ ਸਿੰਘ ਲੈ ਕੇ ਆਵੇ ਤਿੱਖੀ ਧਾਰ ਚਾਕੂ, ਚਕਨਾਚੂਰ ਹੋਵੇ ਲੋਕਾਈਆ । ਪ੍ਰਗਟ ਸਿੰਘ ਬਣ ਕੇ ਆਵੇ ਡਾਕੂ, ਭੇਖ ਅਵੱਲੜਾ ਇਕ ਵਟਾਈਆ । ਹਰਚਰਨ ਸਿੰਘ ਬਣਾ ਕੇ ਲਿਆਵੇ ਮਾਟੂ, ਰੰਗ ਸੱਤ ਵਿਚ ਸਮਝਾਈਆ । ਤਰਿਪਤ ਲਿਖ ਕੇ ਲਿਆਵੇ ਸੋਹੰ ਪਰਮਾਤਮ ਆਤਮ ਦਾ ਬਾਪੂ, ਆਦਿ ਜੁਗਾਦਿ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਚੌਦਾਂ ਲੋਕਾਂ ਵੇਖਣੀ ਹੱਟੀ, ਚੌਦਾਂ ਤਬਕਾਂ ਫੋਲ ਫੁਲਾਈਆ । ਮੈਂ ਪਤਿਪਰਮੇਸ਼ਵਰ ਨੂਰ ਅਲਾਹੀ ਜਗਤ ਵਸਨਾ ਵੇਖਣੀ ਸਤੀ, ਸਤਿ ਸਤਿਵਾਦ ਵਿਚ ਕਵਣ ਸਮਾਈਆ । ਕਿਸ ਦੀ ਹੁੰਦੀ ਅੰਤਮ ਗਤੀ, ਗੁਰ ਅਵਤਾਰ ਪੈਗ਼ੰਬਰ ਕੀ ਕੀ ਸੇਵ ਕਮਾਈਆ । ਸਾਧਾਂ ਸੰਤਾਂ ਅੰਦਰ ਵੇਖਣੀ ਜੋਤ ਦੀ ਜਗਦੀ ਨਿੰਮ੍ਹੀ ਨਿੰਮ੍ਹੀ ਮੋਮਬੱਤੀ, ਕਿਸ ਗ੍ਰਿਹਿ ਨੂਰ ਹੋਵੇ ਰੁਸ਼ਨਾਈਆ । ਜਗਤ ਮੰਡਲੇਸ਼ਵਰ ਵੇਖਣੇ ਯਤੀ, ਹਠ ਕਵਣ ਨਿਭਾਈਆ । ਵਿਦਵਾਨਾਂ ਦੀ ਪੜ੍ਹੀ ਵੇਖਣੀ ਪੱਟੀ, ਪਟਨੇ ਵਾਲਾ ਕਰੇ ਅਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰਦਰਗਾਹੀ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣੀ ਦੀਨ ਦੁਨੀ ਦੀ ਦ੍ਰਿਸ਼ਟ, ਅੰਤਰ ਨਿਰੰਤਰ ਫੋਲ ਫੁਲਾਈਆ । ਕਿਸ ਦਾ ਪੁਰਖ ਅਕਾਲ ਇਸ਼ਟ, ਇਸ਼ਟਦੇਵ ਕਵਣ ਮਨਾਈਆ । ਕਿਸ ਦੀ ਬੁੱਧੀ ਹੋਈ ਭ੍ਰਿਸ਼ਟ, ਕੁਕਰਮਾਂ ਵਿਚ ਹਲਕਾਈਆ । ਕਿਸ ਦਾ ਧੁਰ ਦਾ ਸਚਾ ਇਸ਼ਕ, ਹਕੀਕੀ ਮਜਾਜ਼ੀ ਤੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੈਂ ਅੰਦਰ ਦੀ ਬਣਾਂ ਖੋਜੀ, ਖੋਜਤ ਖੋਜਤ ਵੇਖ ਵਖਾਈਆ । ਕਿਸ ਘਰ ਵਸੇ ਪ੍ਰੀਤਮ ਮੇਰਾ ਚੋਜੀ, ਹਰਿ ਕਰਤਾ ਡੇਰਾ ਲਾਈਆ । ਕਵਣ ਹੋਇਆ ਮਮਤਾ ਦਾ ਰੋਗੀ, ਹਉਮੇ ਹੰਗਤਾ ਵਿਚ ਕੁਰਲਾਈਆ । ਕਵਣ ਬਣਿਆ ਧੁਰ ਸੰਜੋਗੀ, ਆਤਮ ਪਰਮਾਤਮ ਜੋੜ ਜੁੜਾਈਆ । ਕਵਣ ਨਾਰ ਕੰਤ ਦਾ ਭੋਗੀ, ਕਵਣ ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਬਣਾਈਆ । ਕਵਣ ਕਰਮ ਕਾਂਡ ਦਾ ਬੋਝੀ, ਭਾਰ ਕੁਕਰਮਾਂ ਵਾਲਾ ਉਠਾਈਆ । ਕਵਣ ਪਾ ਕੇ ਬੈਠਾ ਸੋਝੀ, ਘਰ ਠਾਕਰ ਵੇਖ ਵਖਾਈਆ । ਕਵਣ ਸਿਰ ਤੇ ਰੱਖਕੇ ਬੋਦੀ, ਰਾਮ ਕ੍ਰਿਸ਼ਨ ਨੈਣ ਮਿਲਾਈਆ । ਕਵਣ ਬਣ ਕੇ ਵੇਸ ਧਾਰ ਜੋਗੀ, ਜੁਗਤੀ ਵਿਚ ਸਮਾਈਆ । ਕਵਣ ਮੁੰਡੀ ਕਰ ਕੇ ਰੋਡੀ, ਮਿਲੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦਰ ਮੇਲਾ ਲਏ

ਮਿਲਾਈਆ । ਛੇ ਮੱਘਰ ਕਹੇ ਮੇਰੀ ਸੋਹਣੀ ਥਿਤ, ਸੰਮਤ ਸ਼ਹਿਨਸ਼ਾਹੀ ਵਡਿਆਈਆ । ਧੰਨ ਵਡਿਆਈ ਮਿਲਿਆ ਧੁਰ ਦਾ ਮਿਤ, ਮਿਤ੍ਰ ਪਿਆਰਾ ਬੇਪਰਵਾਹੀਆ । ਸਦਾ ਸਵਾਮੀ ਵਸੇ ਚਿਤ, ਮਨ ਠਗੌਰੀ ਰਹੇ ਨਾ ਰਾਈਆ । ਬਿਨ ਅੱਖਾਂ ਪਏ ਦਿਸ, ਚਾਰੋਂ ਕੁੰਟ ਨੂਰ ਰੁਸ਼ਨਾਈਆ । ਧੁਰ ਦਾ ਵੰਡੇ ਹਿੱਸ, ਨਾਤਾ ਤੋੜ ਕੂੜ ਲੋਕਾਈਆ । ਅੰਤਰ ਆਤਮ ਮਾਰੇ ਖਿਚ, ਸੁਰਤੀ ਸ਼ਬਦ ਵਿਚ ਸਮਾਈਆ । ਜਨ ਭਗਤਾਂ ਦਰਸ਼ਨ ਦੇਵੇ ਨਿਤ, ਜਾਗਤ ਸੋਵਤ ਸੋਭਾ ਪਾਈਆ । ਆਤਮ ਸੇਜਾ ਜਾਏ ਲਿਟ, ਸਚ ਸਿੰਘਾਸਣ ਡੇਰਾ ਲਾਈਆ । ਗੁਰਮੁਖੋ ਕਿਸੇ ਨੂੰ ਤਾਰੇ ਕੋਈ ਨਾ ਪੱਥਰ ਇੱਟ, ਪਾਹਨ ਪੂਜਨ ਕੋਇ ਨਾ ਜਾਈਆ । ਬਿਨਾ ਸਤਿਗੁਰ ਤੋਂ ਸੁਰਤੀ ਕਿਸੇ ਨਾ ਜਾਵੇ ਟਿਕ, ਸਮਾਧੀਆਂ ਵਿਚ ਸਮਝ ਨਾ ਕੋਇ ਪਾਈਆ । ਜਿਨ੍ਹਾਂ ਦੇ ਕੋਲ ਧੁਰ ਦੇ ਨਾਮ ਦੀ ਚਿਟ, ਚਿੱਟੀ ਧਾਰੀ ਦਸਮ ਦਵਾਰੀ ਲਏ ਮਿਲਾਈਆ । ਪੰਜਾਂ ਦਾ ਝਗੜਾ ਆਪੇ ਲਏ ਨਜਿੱਠ, ਇਹ ਸਤਿਗੁਰ ਹੱਥ ਵਡਿਆਈਆ । ਪੂਰਾ ਸਤਿਗੁਰ ਕਦੇ ਨਾ ਦੇਵੇ ਪਿੱਠ, ਸਨਮੁਖ ਹੋ ਕੇ ਗੋਦ ਟਿਕਾਈਆ । ਕੂੜੀ ਕਿਰਿਆ ਵਿਚ ਹੋਣ ਨਾ ਦੇਵੇ ਜਿੱਚ, ਔਖੇ ਰਾਹ ਨਾ ਕੋਇ ਪਾਈਆ । ਜਿਸ ਪ੍ਰੇਮ ਪਿਆਰ ਨਾਲ ਕੀਤਾ ਹਿਤ, ਉਸੇ ਨੂੰ ਲੱਖ ਚੁਰਾਸੀ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡੇ ਦਏ ਟਿਕਾਈਆ । ਧਰਨੀ ਕਹੇ ਮੇਰਾ ਸਾਹਿਬ ਸਤਿਗੁਰ ਠੰਡਾ, ਅਗਨੀ ਅੱਗ ਬੁਝਾਈਆ । ਆਤਮ ਬ੍ਰਹਮ ਦਾ ਦੇਵੇ ਅਨੰਦਾ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਬਿਨਾ ਬੰਦਗੀ ਤੋਂ ਪਾਰ ਕਰਾਵੇ ਬੰਦਾ, ਬੰਧਨ ਸਾਰੇ ਦਏ ਤੁੜਾਈਆ । ਨਹੌਣਾ ਪਏ ਕਿਸੇ ਨਾ ਗੰਗਾ, ਜਲ ਧਾਰਾ ਨਾ ਕੋਇ ਵਹਾਈਆ । ਖਲੋਣਾ ਪਏ ਨਾ ਕੋਇ ਇਕ ਟੰਗਾ, ਅੱਖੀਂ ਮੀਟ ਧਿਆਨ ਲਗਾਈਆ । ਜਿਸ ਦੇ ਉਤੇ ਸਾਹਿਬ ਸਤਿਗੁਰ ਹੋਵੇ ਬਖ਼ਸ਼ਿੰਦਾ, ਬਖ਼ਸ਼ੀਸ਼ ਰਹਿਮਤ ਨਾਮ ਕਮਾਈਆ । ਓਹ ਗੁਰਮੁਖ ਨੇਤਰ ਨੈਣ ਕਦੇ ਨਾ ਹੋਵੇ ਅੰਧਾ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਦਸਵੇਂ ਹਿੱਸੇ ਦਾ ਕਦੇ ਨਹੀਂ ਲੈਂਦਾ ਚੰਦਾ, ਚੁੰਗੀਖ਼ਾਨਿਆਂ ਉਤੇ ਮਸੂਲ ਨਾ ਕੋਇ ਲਗਾਈਆ । ਜਦੋਂ ਚਾਹਵੇ ਭਗਤਾਂ ਨੂੰ ਚਾੜ੍ਹ ਦੇਵੇ ਉਤੇ ਬ੍ਰਹਿਮੰਡਾਂ, ਪੌੜੀ ਡੰਡਾ ਨੇੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਬਾਲਮੀਕ ਕਹੇ ਮੈਂ ਕੀ ਦੱਸਾਂ ਹਾਲ, ਹਾਲਤ ਵਿਗੜੀ ਜਗਤ ਲੋਕਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕੂੜ ਨਗਾਰਾ ਰਿਹਾ ਵਜਾਈਆ । ਮੌਤ ਲਾੜੀ ਵਜਾਵੇ ਤਾਲ, ਤਾਲ ਤਲਵਾੜਾ ਸਮਝ ਕਿਸੇ ਨਾ ਆਈਆ । ਚਿਤ੍ਰਗੁਪਤ ਲੇਖਾ ਰਿਹਾ ਸੰਭਾਲ, ਵਰਕਾ ਵਰਕੇ ਨਾਲ ਉਲਟਾਈਆ । ਰਾਏ ਧਰਮ ਤੱਕੇ ਸ਼ਾਹ ਕੰਗਾਲ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਖੇਲ ਹੋਣਾ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਕੀ ਥੋੜ੍ਹਾ ਜਿਹਾ ਖੇਲ ਕੀਤਾ ਕ੍ਰਿਸ਼ਨ ਖੇਲਣ ਵਾਲੇ ਨਾਲ ਗਵਾਲ, ਗੋਕਲ ਬਿੰਦਰਾਬਨ ਕੀ ਸਮਝਾਈਆ । ਕੌਰਵ ਪਾਂਡਵ ਫੜ ਕੇ ਸ਼ਸਤਰ ਢਾਲ, ਤੀਰ ਤਲਵਾਰ ਨਾਲ ਲੜਾਈਆ । ਕਲਜੁਗ ਅੰਤ ਸਦੀ ਚੌਧਵੀਂ ਮਰਿਆਦਾ ਵਿਚ ਬਦਲ ਗਈ ਚਾਲ, ਚਾਲਾਕੀ ਵਿਚ ਬੰਦੇ ਖ਼ਾਕੀ ਦੇਣੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਮਾਲਕ ਖ਼ਲਕ ਦਾ ਖ਼ਾਲਕ ਖ਼ਲਕ ਦੇ ਉਤੇ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਪਰਵਰਦਿਗਾਰ ਦਾ ਤੱਕੋ ਹੁਜਰਾ, ਜਿਸ ਨੂੰ ਮੁਹੱਬਤ ਕਰੇ ਲੋਕਾਈਆ । ਜਿਸ ਦੀ

ਯਾਦ ਵਿਚ ਬੁੱਲ੍ਹੇਸ਼ਾਹ ਕਰ ਕੇ ਗਿਆ ਮੁਜਰਾ, ਇਨਾਇਤ ਵਾਲੀ ਮੰਜ਼ਲ ਨਾ ਕੋਇ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਦੀ ਮਰਦਮਸ਼ੁਮਾਰੀ ਵਿਚ ਖ਼ੁਸਰਾ, ਵਲਦ ਵਾਲਦਾ ਰੂਪ ਨਾ ਕੋਇ ਬਣਾਈਆ । ਨਿਰਗੁਣ ਸਰਗੁਣ ਏਕੋ ਧਾਰ ਨਹੀਂ ਕੋਈ ਦੂਸਰਾ, ਦੋਏ ਲੋਚਨ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਸਰਨਾਈਆ । ਸਦੀ ਚੌਧਵੀਂ ਕਹੇ ਵਾਹ ਮੇਰੇ ਭਗਵਾਨ, ਤੇਰੀ ਬੇਪ੍ਰਵਾਹੀਆ । ਬਾਲਮੀਕ ਦਾ ਲੇਖੇ ਲਾ ਪਕਵਾਨ, ਪੱਕਾ ਰਿੱਧਾ ਆਪਣੇ ਵਿਚ ਸਮਾਈਆ । ਜਨ ਭਗਤਾਂ ਸਾਚੇ ਦਰ ਕਰ ਪ੍ਰਵਾਨ, ਪ੍ਰਵਾਨੇ ਧੁਰ ਦੇ ਲਏ ਉਪਜਾਈਆ । ਤੇਰੀ ਜੋਤ ਦਾ ਵੇਖਣ ਸ਼ਮਾਦਾਨ, ਜਿਥੇ ਸੜਨ ਦੀ ਲੋੜ ਰਹੇ ਨਾ ਰਾਈਆ । ਤੂੰ ਦਾਤਾ ਦਾਨੀ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਤੇਰੀ ਬੇਪ੍ਰਵਾਹੀਆ । ਇਕ ਸੌ ਸਤਾਰਾਂ ਸਾਲ ਪਿਛੋਂ ਸੱਤ ਰੰਗਾ ਝੁੱਲੇ ਨਿਸ਼ਾਨ, ਨਿਸ਼ਾਨੀ ਸਤਿਜੁਗ ਦਏ ਉਪਜਾਈਆ । ਦੂਰੋਂ ਤੱਕੇ ਸਖ਼ੀਆਂ ਵਾਲਾ ਕਾਹਨ, ਨੇਤਰ ਨੈਣ ਉਠਾਈਆ । ਖ਼ੁਸ਼ੀ ਹੋਵੇ ਸੀਤਾ ਨਾਲ ਰਾਮ, ਰਾਮ ਰਾਮ ਨਾਲ ਸਿਫ਼ਤ ਸਾਲਾਹੀਆ । ਈਦ ਮਨਾਏ ਮੁਹੰਮਦ ਵਾਲਾ ਅਮਾਮ, ਮਹਿਦੀ ਦਿਸ਼ਾ ਲਹਿੰਦੀ ਡੇਰਾ ਢਾਹੀਆ । ਕਲਜੁਗ ਕੂੜੀ ਕਿਰਿਆ ਵੇਖਣੀ ਸ਼ਾਮ, ਸਤਿਜੁਗ ਸਾਚਾ ਸਚ ਕਰੇ ਰੁਸ਼ਨਾਈਆ । ਇਕੋ ਪੁਰਖ ਅਕਾਲ ਨੂੰ ਸ੍ਰਿਸ਼ਟੀ ਮੰਨੇ ਤਮਾਮ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਸੀਸ ਨਿਵਾਈਆ । ਇਕੋ ਇਸ਼ਟ ਦੇ ਹੋਣ ਗ਼ੁਲਾਮ, ਇਕੋ ਦ੍ਰਿਸ਼ਟ ਮਿਲੇ ਵਡਿਆਈਆ । ਇਕੋ ਸਭ ਦਾ ਹੋਵੇ ਪੀਣ ਖਾਣ, ਮਦਿਰਾ ਮਾਸ ਰਸਨ ਨਾ ਕੋਇ ਛੁਹਾਈਆ । ਕੁਛ ਛੇਤੀ ਔਣ ਵਾਲਾ ਜਪਾਨ, ਜੈਪਨ ਵਿਚ ਆਪਣਾ ਹੁਕਮ ਵਰਤਾਈਆ । ਜਗਤ ਬੇੜੇ ਦਾ ਸਤਿਗੁਰ ਸ਼ਬਦ ਬਣਿਆ ਕਪਤਾਨ, ਸਮੁੰਦ ਸਾਗਰ ਦੀਨ ਦੁਨੀ ਵਿਚ ਭਵਾਈਆ । ਪਤਾ ਨਹੀਂ ਕਿਸ ਬਿਧ ਜਗਤ ਕੂੜਾ ਡੁੱਬੇ ਈਮਾਨ, ਅਮਲ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦੀ ਕਰ ਪਹਿਚਾਨ, ਬੇਪਹਿਚਾਨ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਦੇਵਾਂ ਅੰਤਮ ਹੋਕਾ, ਹੁਕਮ ਇਕ ਸੁਣਾਈਆ । ਸੁਣੇ ਚੌਦਾਂ ਲੋਕਾ, ਪ੍ਰਲੋਕ ਮੇਰੀ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵੇ ਸਲੋਕਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਗੁਰ ਅਵਤਾਰ ਪੈਗ਼ੰਬਰ ਜਾਣ ਨਾ ਦਿਓ ਮੌਕਾ, ਮੁਕੰਮਲ ਪੜਦਾ ਦਿਆਂ ਉਠਾਈਆ । ਅੰਤ ਅਖ਼ੀਰ ਸਭ ਦੇ ਨਾਲ ਹੋਣ ਵਾਲਾ ਧੋਖਾ, ਧੂੰਆਂ ਧੁਖਦਾ ਦਿਸੇ ਲੋਕਾਈਆ । ਸਾਬਤ ਰਹਿਣਾ ਨਹੀਂ ਕਿਸੇ ਦਾ ਸਾਢੇ ਤਿੰਨ ਹੱਥ ਕਾਇਆ ਕੋਠਾ, ਪੰਜ ਤੱਤ ਨਾ ਕੋਇ ਬਚਾਈਆ । ਪੁਰਖ ਅਕਾਲ ਬਣ ਕੇ ਨਿਰਗੁਣ ਧਾਰ ਚੋਟਾ, ਚੋਟ ਸਭ ਨੂੰ ਰਿਹਾ ਲਗਾਈਆ । ਧਰਤੀ ਉਤੇ ਰਹਿਣ ਨਹੀਂ ਦੇਣਾ ਕੋਈ ਖੋਟਾ, ਮਨ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਜਗਾ ਕੇ ਜੋਤਾ, ਜੋਤੀ ਜੋਤ ਲਏ ਮਿਲਾਈਆ ।



੫੩੦
੨੧

✻ ੭ ਮੱਘਰ ਸ਼ਹਿਨਸ਼ਹਾਹੀ ਸੰਮਤ ੪ ਸੋਹਣ ਸਿੰਘ ਦੇ ਗ੍ਰਹਿ ਪਿੰਡ ਰਾਮ ਪੁਰ ਜ਼ਿਲਾ ਅੰਮ੍ਰਿਤਸਰ ✻

ਸਦੀ ਚੌਧਵੀਂ ਕਹੇ ਰਾਤੀਂ ਪੁਰਖ ਅਕਾਲ ਨੇ ਮੈਨੂੰ ਮਾਰਿਆ ਧੱਫਾ, ਮੇਰੀ ਗਰਦਨ ਦਿਤੀ ਹਿਲਾਈਆ । ਜਾ ਕੇ ਵੇਖ ਮੁਰੀਦਾਂ ਪੀਰਾਂ ਮੁਰਸ਼ਦਾਂ

ਦੀ ਸਫਾ, ਫੂੜੀਆਂ ਸਭ ਦੀਆਂ ਫੋਲ ਫੁਲਾਈਆ। ਮੇਰੀ ਹੁਕਮ ਵਾਲੀ ਲੱਗਣ ਲੱਗੀ ਦਫ਼ਾ, ਜਿਸ ਨੂੰ ਸਕੇ ਨਾ ਕੋਇ ਤੁੜਾਈਆ। ਗ਼ੁੱਸੇ ਵਿਚ ਹੋ ਕੇ ਖ਼ਫ਼ਾ, ਤਿਉੜੀ ਮੱਥੇ ਉਤੇ ਚੜ੍ਹਾਈਆ। ਕੀ ਦੁਨੀਆ ਦੀਨਾਂ ਵਿਚੋਂ ਖੱਟਿਆ ਨਫ਼ਾ, ਲੇਖਾ ਸਭ ਦਾ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਆਪਣੇ ਦਏ ਮਾਣ ਵਡਿਆਈਆ। ਸਦੀ ਚੌਧਵੀਂ ਕਹੇ ਫਿਰ ਪੋਲੀ ਜਿਹੀ ਮਾਰ ਚਪੇੜ, ਗੱਲ੍ਹ ਲਾਲ ਦਿਤੀ ਕਰਾਈਆ। ਹੁਕਮ ਦਿਤਾ ਜਾ ਕੇ ਵੇਖ ਨੰਦੇੜ, ਕਿਉਂ ਗੋਬਿੰਦ ਬੈਠਾ ਮੂੰਹ ਭਵਾਈਆ। ਖ਼ਾਲੀ ਦਿਸੇ ਵਿਹੜ, ਧਰਨੀ ਧਰਤ ਧਵਲ ਧੌਲ ਨਾ ਕੋਇ ਵਡਿਆਈਆ। ਕੀ ਅੱਗੇ ਛੇੜੇ ਛੇੜ, ਆਪਣੀ ਕਲ ਪ੍ਰਗਟਾਈਆ। ਕੀ ਉਲਟਾ ਦੇਵੇ ਗੇੜ, ਉਲਟੀ ਜਗਤ ਲਠ ਭਵਾਈਆ। ਫੇਰ ਆਖਿਆ ਜਾ ਕੇ ਵੇਖ ਭੀਲਣੀ ਵਾਲੇ ਬੇਰ, ਜੋ ਰਾਮ ਅੱਗੇ ਟਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ। ਸਦੀ ਚੌਧਵੀਂ ਕਹੇ ਮੈਨੂੰ ਪੀੜ ਹੋਈ ਗਿੱਚੀ, ਰਗ ਪੱਠੇ ਦੇਣ ਦੁਹਾਈਆ। ਮੇਰੇ ਅੰਦਰ ਪਈ ਖਿੱਚੀ, ਉਫ਼ ਹਾਏ ਨਾਲ ਦੁਹਾਈਆ। ਮੈਂ ਵੱਡੀਉਂ ਹੋ ਗਈ ਨਿੱਕੀ ਆਪਣਾ ਮਾਣ ਗਵਾਈਆ। ਹੁਕਮ ਸੁਣਿਆ ਜਾ ਕੇ ਵੇਖ ਭਗਤਾਂ ਵਾਲੀ ਸਿੱਖੀ, ਵਰਨ ਬਰਨ ਤੋਂ ਬਾਹਰ ਸੋਭਾ ਪਾਈਆ। ਪ੍ਰਭ ਦੇ ਚਰਨਾਂ ਵਿਚੋਂ ਕਢ ਗੋਬਿੰਦ ਵਾਲੀ ਚਿੱਠੀ, ਜੋ ਪਿਛਲੀ ਰਖੀ ਛੁਪਾਈਆ। ਫੇਰ ਵੇਖ ਹਾਹੇ ਵਾਲੀ ਟਿੱਪੀ, ਜੋ ਆਪਣਾ ਰੂਪ ਦਰਸਾਈਆ। ਫੇਰ ਭੈ ਵਖਾਇਆ ਜਿਸ ਵਿਚ ਮੈਂ ਉਚੀ ਰੋ ਰੋ ਪਿੱਟੀ, ਦੁਹੱਥੜਾਂ ਨਾਲ ਦੁਹਾਈਆ। ਵਿਸ਼ਨੂੰ ਕੋਲ ਦਿਸੀ ਨਿੱਕੀ ਜਿਹੀ ਟਿੱਕੀ, ਜੋ ਸਭ ਨੂੰ ਰਿਜ਼ਕ ਪੁਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਮਸਤਕ ਲਾਈ ਮਿੱਟੀ, ਉਂਗਲ ਆਪਣੀ ਨਾਲ ਛੁਹਾਈਆ। ਸਦੀ ਚੌਧਵੀਂ ਕਹੇ ਮੈਂ ਸੁਣਿਆ ਸੰਦੇਸਾ ਕੰਨੀ, ਕੰਨਾ ਮੰਨਾ ਕੁਰਲ ਕਰ ਸੁਣਾਈਆ। ਤੇਰਾ ਮਾਲਕ ਧੁਰ ਦਾ ਧਨੀ, ਧਨਾਢ ਵਡ ਵਡਿਆਈਆ। ਜਿਹੜਾ ਵਸੇ ਬਿਨ ਛੱਪਰ ਛੰਨੀ, ਸਚ ਦਵਾਰੇ ਸੋਭਾ ਪਾਈਆ। ਨੀ ਤੂੰ ਓਸ ਦੀ ਬਣਨਾ ਵੰਨੀ, ਵੰਨ ਸੁਵੰਨਾ ਵੇਸ ਵਟਾਈਆ। ਤੈਨੂੰ ਬਸਤਰ ਪਹਿਨਾਏ ਦਾਤੋ ਲੰਡੀ, ਡਗੋਰੀ ਬਗ਼ਲ ਵਿਚ ਟਿਕਾਈਆ। ਸਵਾ ਰੁਪਈਆ ਬੰਨ੍ਹ ਕੇ ਲਿਆਵੇ ਕੰਨੀ, ਦੁਪੱਟੇ ਚਿੱਟੇ ਗੰਢ ਰਖਾਈਆ। ਨਾਲ ਰੋਟੀ ਹੋਵੇ ਖੰਨੀ, ਅੱਧ ਵਿਚੋਂ ਤੁੜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਦਏ ਵਡਿਆਈਆ। ਸਦੀ ਚੌਧਵੀਂ ਕਹੇ ਮੇਰੇ ਕੋਲ ਔਣਾ ਅਬਲੀਸ, ਜਾਮਾ ਲਾਅਨਤ ਵਾਲਾ ਗਲ ਵਿਚ ਪਾਈਆ। ਨੌ ਜਵਾਨ ਹੋਣ ਪੁਲੀਸ, ਬਾਵਰਦੀ ਨਜ਼ਰੀ ਆਈਆ। ਓਸ ਨੂੰ ਫੜ ਕੇ ਲੈਣ ਘਸੀਟ, ਖਿੱਚਣ ਵਾਹੋ ਦਾਹੀਆ। ਕੱਢਕੇ ਰੋਲ ਸ਼ੀਟ, ਸ੍ਰਿਸ਼ਟੀ ਦੇਣ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਮਨਾਈਆ। ਸਦੀ ਚੌਧਵੀਂ ਕਹੇ ਮੈਂ ਮੰਗਦੀ ਇਕ ਧੋਬੀ, ਧੋਬਣ ਆਪਣੀ ਨਾਲ ਲਿਆਈਆ। ਜਿਸ ਦੇ ਸਿਰ ਤੇ ਬੱਧਾ ਹੋਵੇ ਫੁੱਲ ਗੋਭੀ, ਮੁਖ ਉਪਰ ਵਲ ਉਠਾਈਆ। ਗਠੜੀ ਚੁੱਕੀ ਹੋਵੇ ਮੋਢੀਂ, ਬਸਤਰ ਮੈਲੇ ਬੰਧ ਬੰਧਾਈਆ। ਇਕ ਨਾਲ ਹੋਵੇ ਜੋਗੀ, ਵਹਿੰਗੀ ਮੋਢੇ ਉਤੇ ਸੁਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚੀ ਸਰਨਾਈਆ। ਸਦੀ ਚੌਧਵੀਂ ਕਹੇ ਪੰਜ ਮੰਗਤੇ ਹੋਣ ਫ਼ਕੀਰ, ਚੀਥੜ ਪਾਟੇ ਨਜ਼ਰੀ ਆਈਆ। ਗਲ ਵਿਚ ਸੰਗਲ ਹੋਵੇ ਜ਼ੰਜੀਰ, ਪੈਰਾਂ ਵਿਚ ਲਟਕੇ ਵਾਹੋ ਦਾਹੀਆ। ਪਿਛੇ ਪੌਂਦਾ

ਆਵੇ ਲਕੀਰ, ਨਿਸ਼ਾਨ ਦਏ ਗਵਾਹੀਆ । ਇਹ ਹੋਣ ਸਾਰੇ ਘਰਾਂ ਦੇ ਅਮੀਰ, ਭੁੱਖਾ ਵਿਚ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਥਾਂਈਆ । ਸਦੀ ਚੌਧਵੀਂ ਕਹੇ ਪੰਜਾਂ ਕੋਲ ਹੋਵੇ ਢੋਲਕ ਛੈਣਾ, ਚਿਮਟਿਆਂ ਨਾਲ ਖੜਕਾਈਆ । ਹੱਥ ਵਿਚ ਫੜੀ ਹੋਵੇ ਰਮਾਇਣਾ, ਬਾਲਮੀਕ ਵਡਿਆਈਆ । ਸਭ ਦੇ ਹੱਥੀਂ ਕੜਾ ਕੰਗਣ ਹੋਵੇ ਗਹਿਣਾ, ਬਚਿਆ ਨਜ਼ਰ ਕੋਇ ਨਾ ਆਈਆ । ਸਾਥੀ ਬਣੇ ਸਿੰਘ ਨਰੈਣਾ, ਸਗਲਾ ਸੰਗ ਨਿਭਾਈਆ । ਪਾਗ਼ਲ ਹੋਵੇ ਨਾਲ ਸੁਰੈਣਾ, ਕੇਸ ਖੁਲ੍ਹੇ ਗਲ ਜਣਾਈਆ । ਪੰਜਾਂ ਸਿੱਖਾਂ ਦੇ ਗਲ ਹੋਵੇ ਬਨੈਣਾਂ, ਕ਼ਮੀਜ਼ ਗਲ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਦੇ ਕੱਜਲ ਵੇਖੇ ਨੈਣਾਂ, ਨੇਤਰ ਧਾਰ ਵਡਿਆਈਆ । ਸਦੀ ਚੌਧਵੀਂ ਕਹੇ ਪੰਜ ਵਖੌਂਦੇ ਔਣ ਮੁੱਕਾ, ਆਪਣਾ ਜ਼ੋਰ ਵਧਾਈਆ । ਭਾਗ ਸਿੰਘ ਦੇ ਹੱਥ ਵਿਚ ਹੋਵੇ ਹੁੱਕਾ, ਜਿਸ ਨੂੰ ਝਾਰੀ ਕਹੇ ਲੋਕਾਈਆ । ਦੀਦਾਰ ਸਿੰਘ ਫੜਿਆ ਹੋਵੇ ਡੱਬਾ ਕੁੱਤਾ, ਢਾਂਗੇ ਲੰਮੇ ਨਾਲ ਹਿਲਾਈਆ । ਮੇਲਾ ਸਿੰਘ ਦੇ ਹੱਥ ਵਿਚ ਹੋਵੇ ਕੁੱਪਾ, ਤੇਲੀਆਂ ਵਾਲਾ ਰੂਪ ਵਟਾਈਆ । ਸਦੀ ਚੌਧਵੀਂ ਕਹੇ ਪੰਜਾਂ ਬੀਬੀਆਂ ਦੇ ਸਿਰ ਤੇ ਹੋਣ ਬਨੌਟੀ ਕੇਸ, ਪੁੱਠੇ ਸਿੱਧੇ ਵਾਲ ਬੰਧਾਈਆ । ਜਿਨ੍ਹਾਂ ਨੂੰ ਵੇਖੇ ਆਪ ਸਾਹਿਬ ਦਸਮੇਸ਼, ਗੁਰ ਗੋਬਿੰਦ ਫੋਲ ਫੁਲਾਈਆ । ਫੇਰ ਕਹੇ ਵਾਹਵਾ ਕਲਜੁਗ ਤੇਰੇ ਵਿਚ ਸਿੱਖ ਹੋਏ ਮਲੇਸ਼, ਜੋ ਗੁਰਮੁਖ ਵੇਸਵਾ ਰੂਪ ਬਣਾਈਆ । ਮੈਂ ਕੋਈ ਵਸਦਾ ਨਹੀਂ ਪ੍ਰਦੇਸ, ਅੱਖਾਂ ਤੋਂ ਉਹਲੇ ਡੇਰਾ ਲਾਈਆ । ਗੁਰਮੁਖੋ ਮੈਂ ਤੇ ਵਸਾਂ ਤੁਹਾਡੇ ਵਿਚ ਹਮੇਸ਼, ਕਿਉਂ ਸਤਿਗੁਰ ਤੋਂ ਚੋਰੀ ਰਹੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੱਚਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਇਕ ਗੁਰਮੁਖ ਚੱਕੀ ਹੋਵੇ ਡੱਗੀ, ਹੋਕਾ ਅੱਗੇ ਪਿਛੇ ਲਗਾਈਆ । ਮੇਰੇ ਕੋਲੋਂ ਖਰੀਦੋ ਕੋਈ ਝੱਗੀ, ਨਵੀਂ ਨਕੋਰ ਦਿਆਂ ਵਖਾਈਆ । ਇਹਨੂੰ ਪਾ ਕੇ ਸਾਰੇ ਛਡ ਦਿਓ ਅੰਦਰੋਂ ਬਦੀ, ਬਦਕਾਰੀ ਦਾ ਡੇਰਾ ਢਾਹੀਆ । ਕਲਜੁਗ ਅੰਤਮ ਰਹਿਣੀ ਨਹੀਂ ਕਿਸੇ ਦੀ ਗੱਦੀ, ਗਦਾਗਰ ਹੋਵੇ ਲੋਕਾਈਆ । ਵੇਖੋ ਜੋਬਨਵੰਤੀ ਚੌਧਵੀਂ ਸਦੀ, ਸੱਦੇ ਘਰ ਘਰ ਰਹੀ ਸੁਣਾਈਆ । ਝਗੜਾ ਛੱਡੋ ਰਸੂਲ ਨਬੀ, ਪੈਗ਼ੰਬਰਾਂ ਪੰਧ ਮੁਕਾਈਆ । ਸ਼ਰਅ ਦਾ ਰਹੇ ਕੋਈ ਨਾ ਲਬੀ, ਲਬਾਂ ਦਾ ਝਗੜਾ ਦੇਣਾ ਮੁਕਾਈਆ । ਵੇਖਿਓ ਨੂਰ ਅਲਾਹੀ ਰੱਬੀ, ਜਲਵਾਗਰ ਖੁਦਾਈਆ । ਜੋ ਲੱਖ ਚੁਰਾਸੀ ਤਬੀ, ਤਬੀਅਤ ਦਏ ਬਦਲਾਈਆ । ਮੈਂ ਏਸੇ ਕਰ ਕੇ ਫਿਰਦੀ ਭੱਜੀ, ਨੱਠਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਨਿਸ਼ਾਨਾ ਰਿਹਾ ਗੱਡੀ, ਗਾਡ ਗੁਡ ਆਪਣੀ ਕਾਰ ਕਮਾਈਆ ।



### ✻ ੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਅਮੀਰ ਚੰਦ ਗੁਲਾਟੀ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✻

ਅਮੀਰ ਚੰਦ ਯਾਦ ਰਖ ਸੁਨਾਨ ਵਾਲੀ ਖੇਡਾ, ਪੂਰਬ ਭੇਵ ਚੁਕਾਈਆ । ਉਹਦੀਆਂ ਸੂਰੀਆਂ ਤੇ ਤੇਰੀਆਂ ਹੁੰਦੀਆਂ ਸੀ ਭੇਡਾਂ, ਦੋਵੇਂ ਮਿਲ ਕੇ ਝਟ ਲੰਘਾਈਆ । ਇਕ ਦਿਨ ਤੈਨੂੰ ਲੱਗਾ ਸੀ ਠੇਡਾ, ਮੁਖ ਭਾਰ ਡਿੱਗ ਕੇ ਹਾਏ ਦਿਤਾ ਜਣਾਈਆ । ਸੁਨਾਨ ਨੇ ਚੁੱਕਕੇ ਕੀਤਾ

ਟੇਡਾ, ਮੁਖੋਂ ਕਹੇ ਕਿਉਂ ਰੌਲਾ ਰਿਹਾ ਪਾਈਆ । ਐਵੇਂ ਨਖ਼ਰਾ ਕਰੇ ਵੇਦਾ, ਮਸਖ਼ਰਾ ਰੂਪ ਬਣਾਈਆ । ਤਲਾਸ਼ੀ ਲੈ ਕੇ ਵਿਚੋਂ ਜੇਬਾਂ, ਰੁਪਈਏ ਸਤਾਰਾਂ ਢਾਈ ਬਾਹਰ ਕਢਾਈਆ । ਫੇਰ ਰੋਣ ਲੱਗਾ ਨਾਲ ਫ਼ਰੇਬਾਂ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਸੁਨਾਨ ਕਹੇ ਭੇਡਾਂ ਨਾਲ ਵੇਖ ਚਰਦੀ ਸੂਰੀ, ਬੱਚੇ ਬੱਚੀਆਂ ਵਿਚ ਮਿਲਾਈਆ । ਸਦਾ ਮੱਥੇ ਰਖਦੀ ਘੂਰੀ, ਘੁਰਕ ਘੁਰਕ ਡਰਾਈਆ । ਬਣ ਕੇ ਮੂਰਖ ਮੂੜ੍ਹੀ, ਮੁਖ ਵਿਸ਼ਟੇ ਨਾਲ ਸੁਹਾਈਆ । ਇਹੋ ਭੇਡ ਕਰੇ ਮਜ਼ਦੂਰੀ, ਰਸ ਕੂੜ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਲੇਖਾ ਵੇਖ ਵਖਾਈਆ । ਸੁਨਾਨ ਕਿਹਾ ਤੂੰ ਡਿੰਗਾ ਨਾਲ ਚਲਾਕੀ, ਸਚ ਦਿਆਂ ਜਣਾਈਆ । ਜ਼ਰਾ ਮੇਰੇ ਵਲੇ ਝਾਕੀਂ, ਮੈਂ ਵੀ ਨਬੀਆਂ ਵਿਚੋਂ ਨਾਉਂ ਰਖਾਈਆ । ਮੇਰਾ ਵੀ ਓਹੋ ਅਲ੍ਹਾ ਪਾਕੀ, ਜੋ ਪਾਕੀਜ਼ਾ ਕਰੇ ਲੋਕਾਈਆ । ਵਸਤ ਦੇਵੇ ਸਾਚੀ, ਕਲਮਾ ਨੂਰ ਅਲਾਹੀਆ । ਓਸ ਵੇਲੇ ਤੇਰਾ ਜਨਮ ਹੁੰਦਾ ਸੀ ਘਰ ਮਰਾਸੀ, ਨਾਂ ਰਸੂਲਾ ਕਹਿ ਕੇ ਸਾਰੇ ਗਾਈਆ । ਸੁਨਾਨ ਨੂੰ ਕਰਨ ਲੱਗਾ ਹਾਸੀ, ਤਾਲੀ ਹੱਥਾਂ ਵਾਲੀ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦਏ ਮਿਲਾਈਆ । ਸੁਨਾਨ ਕਿਹਾ ਨਾ ਕਰ ਬੇਸਬਰੀ, ਸਬਰ ਵਿਚ ਜਣਾਈਆ । ਮਾਲਕ ਵੇਖ ਅਗੰਮਾ ਅੰਬਰੀ, ਜੋ ਅੰਬਰਾਂ ਤੋਂ ਬਾਹਰ ਡੇਰਾ ਲਾਈਆ । ਲੇਖਾ ਜਾਣੇ ਜਗਤ ਧਾਰ ਸੁਵੰਬਰੀ, ਸਭਾ ਵਿਚ ਸਮਝਾਈਆ । ਹਿਸਾਬ ਕਿਤਾਬ ਰੱਖੇ ਲੇਖੇ ਵਾਲੀ ਨੰਬਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਰਸੂਲੇ ਨੇ ਕਿਹਾ ਸੁਣ ਸੁਨਾਨ ਯਾਰ, ਯਰਾਨੇ ਵਿਚ ਜਣਾਈਆ । ਮੈਨੂੰ ਨਹੀਂ ਤੇਰਾ ਇਤਬਾਰ, ਤੇਰੇ ਖ਼ੁਦਾ ਦੀ ਕੀ ਵਡਿਆਈਆ । ਮੈਂ ਤੈਨੂੰ ਛੱਡਕੇ ਤੇਰੇ ਕੋਲੋਂ ਤੇਰੇ ਦਵਾਰਿਉਂ ਹੋਵਾਂ ਬਾਹਰ, ਮੁੜ ਕੇ ਔਣ ਦੀ ਲੋੜ ਰਹੇ ਨਾ ਰਾਈਆ । ਫੇਰ ਕਦੇ ਨਾ ਕਰਾਂ ਇੰਤਜ਼ਾਰ, ਆਸ ਉਮੀਦ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪਣਾ ਭੇਵ ਖੁਲ੍ਹਾਈਆ । ਰਸੂਲੇ ਕਿਹਾ ਮੈਂ ਤੈਨੂੰ ਜਾਵਾਂ ਛੋੜ, ਪਿਛਲਾ ਸਾਥ ਤੁੜਾਈਆ । ਮੈਨੂੰ ਕਿਸੇ ਪੈਗ਼ੰਬਰ ਦੀ ਨਹੀਂ ਲੋੜ, ਮੈਂ ਆਪਣਾ ਝਟ ਲੰਘਾਈਆ । ਮੈਂ ਠਗ ਨਹੀਂ ਕੋਈ ਚੋਰ, ਸਾਫ਼ ਸੁਥਰਾ ਇਸ਼ਟ ਮਨਾਈਆ । ਮੈਂ ਮੰਨਦਾ ਨਹੀਂ ਮੜ੍ਹੀ ਗੋਰ, ਤੱਤਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕ ਵਖਾਈਆ । ਸੁਨਾਨ ਕਿਹਾ ਛੱਡਣ ਵਾਲੀ ਛਡ ਦੇ ਬਾਤ, ਬਾਤਨ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਰੈਣ ਆਪਣਾ ਰੂਪ ਬਦਲਾਈਆ । ਵੇਖੇ ਖੇਲ ਪੁਰਖ ਅਬਿਨਾਸ਼, ਨਿਰਗੁਣ ਨੂਰ ਕਰ ਰੁਸ਼ਨਾਈਆ । ਤੂੰ ਓਸ ਦੀ ਕਰਨੀ ਮੁਹੱਬਤ ਵਿਚ ਤਲਾਸ਼, ਪਿਆਰ ਵਿਚ ਬੂਝ ਬੁਝਾਈਆ । ਲੇਖੇ ਲਾਵੇ ਸਵਾਸ ਸਵਾਸ, ਸਾਹ ਸਾਹ ਵਡਿਆਈਆ । ਰਹਿਣਾ ਦਾਸੀ ਦਾਸ, ਸੇਵਕ ਸੇਵਕ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸੁਨਾਨ ਕਿਹਾ ਵੇਖੀਂ ਪ੍ਰਭ ਛੱਡ ਨਾ ਜਾਵੀਂ, ਨਬੀਆਂ ਦਾ ਨਬੀ ਨਜ਼ਰੀ ਆਈਆ । ਸੇਵਾ ਕਰੀਂ ਨਾਲ ਚਾਵੀਂ, ਚਾਓ ਘਨੇਰਾ ਇਕ ਬਣਾਈਆ । ਚਰਨ ਧੂੜ ਧੁਰ ਦੀ ਨ੍ਹਾਵੀਂ, ਮਸਤਕ ਖ਼ਾਕ ਰਮਾਈਆ । ਪੁਤ੍ਰ ਧੀਆਂ ਸਰਬ ਤਜਾਵੀਂ, ਬੰਸ ਸਰਬੰਸ ਨਾ

ਕੋਇ ਵਡਿਆਈਆ । ਧੁਰ ਦਾ ਸਾਚਾ ਰਾਗ ਅਲਾਵੀਂ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਬਿਨਾ ਸਤਿਗੁਰ ਤੋਂ ਬਲ ਹੁੰਦਾ ਨਹੀਂ ਕਿਸੇ ਬਾਹਵੀਂ, ਬਲਧਾਰੀ ਕੋਟਨ ਗਏ ਫੇਰੀਆਂ ਪਾਈਆ । ਸਤਿਗੁਰ ਦਵਾਰਾ ਛੱਡ ਜਗਤ ਵਿਚ ਕਿਤੇ ਨਾ ਜਾਵੀਂ, ਆਵਣ ਜਾਵਣ ਏਸੇ ਵਿਚ ਦਏ ਕਟਾਈਆ । ਤੇਰੀ ਧਾਰ ਫੇਰ ਹੋਵੇ ਮਰਦਾਵੀਂ, ਤਤ ਸ਼ਰੀਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਈਆ । ਸੁਨਾਨ ਕਿਹਾ ਔਣ ਜਾਣ ਦਾ ਛੱਡੀਂ ਝਗੜਾ, ਜਗਤ ਪੰਧ ਨਾ ਕੋਇ ਭਵਾਈਆ । ਮਾਰਗ ਵੇਖੀਂ ਅਗਲਾ, ਪਤਤ ਪੁਨੀਤ ਜਣਾਈਆ । ਕਲਜੁਗ ਕਿਰਿਆ ਕਰਨਾ ਹਮਲਾ, ਭੈ ਭੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹੁਕਮੇ ਅੰਦਰ ਆਪ ਰਖਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਨਾਲ ਖ਼ਿਆਲੀ, ਧਿਆਨ ਧਿਆਨ ਵਿਚ ਪ੍ਰਗਟਾਈਆ । ਸਾਹਿਬ ਸਤਿਗੁਰ ਕੀ ਕਰੇ ਮਿਹਰਵਾਨੀ, ਮਹਿਬੂਬ ਆਪਣੀ ਦਇਆ ਕਮਾਈਆ । ਮੰਜ਼ਲ ਵੇਖ ਰੁਹਾਨੀ, ਰੋਮ ਰੋਮ ਫੋਲ ਫੁਲਾਈਆ । ਝਗੜਾ ਮੁਕਾ ਦੀਨ ਦੁਨੀ ਇਸਲਾਮੀ, ਇਸਮ ਆਜ਼ਮ ਇਕ ਵਖਾਈਆ । ਝਗੜਾ ਰਹੇ ਨਾ ਕੋਇ ਗ਼ੁਲਾਮੀ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਗੁਰਮੁਖ ਕਹਿਣ ਸਾਡੇ ਪਿਛੇ ਨਾ ਹੋਏ ਬਦਨਾਮੀ, ਬਦੀ ਦਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਇਹ ਖੇਲ ਪੁਰਖ ਸਮਰਥ, ਦਇਆ ਦਿਤੀ ਕਮਾਈਆ । ਮੇਰੇ ਕਾਰਨ ਲੱਗੀ ਥੋੜ੍ਹੀ ਸੱਟ, ਅੰਗ ਭੰਨ ਨਾ ਕੋਇ ਜਣਾਈਆ । ਜੀਵਣ ਸੁਆਰਥ ਦੇਣੇ ਸੀ ਠੱਪ, ਠੱਪਾ ਮੋਹਰ ਵਾਲਾ ਲਗਾਈਆ । ਮੈਂ ਬੋਲ ਕੇ ਦੱਸਾਂ ਸਚ, ਸਚ ਦਿਆਂ ਦ੍ਰਿੜਾਈਆ । ਆਵਣ ਜਾਵਣ ਤੋਂ ਸਦੀ ਚੌਧਵੀਂ ਕਹੇ ਮੈਂ ਵੀ ਗਈ ਅੱਕ, ਆਖ਼ਰ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੌਤ ਦੇ ਬਦਲੇ ਲੱਗੀ ਚੋਟ, ਚੁਟਕੀਆਂ ਰਹੀ ਵਜਾਈਆ । ਕਿਰਪਾ ਕੀਤੀ ਨਿਰਮਲ ਜੋਤ, ਮਿਹਰ ਨੂਰ ਨਾਲ ਚਮਕਾਈਆ । ਮੇਰੀ ਆਪਣੀ ਮੁਕ ਗਈ ਸੋਚ, ਬੁੱਧੀ ਦੇਵੇ ਨਾ ਕੋਇ ਵਡਿਆਈਆ । ਮੈਂ ਦਰਸ਼ਨ ਲੋਚਾਂ ਰੋਜ਼, ਰੋਜ਼ਾ ਰੱਖਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਦੁੱਖ ਦਲਿਦ੍ਰ ਹੋਵੇ ਦੂਰ, ਦਮਾਂ ਵਿਚ ਸਮਾਈਆ । ਮਨੂਆ ਪਾਏ ਨਾ ਕੋਇ ਫ਼ਤੂਰ, ਫ਼ੀਤਿਆਂ ਅੰਦਰ ਬੰਦ ਕਰਾਈਆ । ਗੁਰਮੁਖ ਰਹੇ ਨਾ ਕੋਇ ਮਗ਼ਰੂਰ, ਨਿਰਮਾਣਤਾ ਵਿਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮਨੂਆ ਮਨ ਕਰੇ ਨਾ ਕੋਇ ਫ਼ਤੂਰ, ਫ਼ਤਵਾ ਸਭ ਦੇ ਉਤੇ ਲਗਾਈਆ ।

✻ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਾਧੂ ਸਿੰਘ ਦੇ ਗ੍ਰਹਿ ਤੇਗਾ ਸਿੰਘ ਵਾਲੀ ਬਸਤੀ ਜ਼ਿਲਾ ਫ਼ਿਰੋਜ਼ਪੁਰ ✻

ਸਦੀ ਚੌਧਵੀਂ ਕਹੇ ਨੌਂ ਖੰਡ ਪ੍ਰਿਥਮੀ ਸੱਤ ਦੀਪ ਘੁੰਮੀ, ਘੁੰਮਣ ਘੇਰੀ ਵਿਚ ਵੇਖੀ ਜਗਤ ਲੋਕਾਈਆ । ਪੁਰਖ ਅਕਾਲ ਦੀਨ ਦਿਆਲ

ਤੇਰੀ ਵੇਖੀ ਦੀਨ ਦੁਨੀ, ਕਾਇਨਾਤ ਕਲਮਿਆਂ ਵਾਲੀ ਖੋਜ ਖੁਜਾਈਆ । ਹੱਕ ਪੁਕਾਰ ਏਕੰਕਾਰ ਸਚ ਦਵਾਰ ਕਿਸੇ ਨਾ ਸੁਣੀ, ਅਨਸੁਣਤ ਬੈਠੀ ਕੂੜ ਲੋਕਾਈਆ । ਸਤਿ ਧਰਮ ਦਾ ਦਿਸਿਆ ਕੋਇ ਨਾ ਮੁਨੀ, ਮੁਨੀਸ਼ਰ ਜੁਗੀਸ਼ਰ ਤਪੀਸ਼ਰ ਰਖੀਸ਼ਰ ਭੇਵ ਨਾ ਕੋਇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਦੀ ਚੋਟੀ ਗਈ ਮੁੰਨੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਦਿਸੇ ਲੋਕਾਈਆ । ਤੇਰਾ ਨਾਉਂ ਜਪਦੇ ਕਲਜੁਗ ਜੀਵ ਰਸਨਾ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਸਚ ਫੁਲਵਾੜੀ ਕੋਈ ਦਿਸੇ ਨਾ ਫੁੱਲੀ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਮਨ ਵਾਸਨਾ ਜਗਤ ਦੁਹਾਗਣ ਨਾਰੀ ਭੁੱਲੀ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਭਾਗ ਲੱਗੇ ਨਾ ਸਾਢੇ ਤਿੰਨ ਹੱਥ ਕਾਇਆ ਕੁੱਲੀ, ਮੰਦਰ ਅੰਦਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਦੀ ਕਹੇ ਮੇਰਾ ਅੰਤ ਅਖ਼ੀਰੀ ਇਕੋ ਮੁੱਦਾ, ਮੁਦਤਾਂ ਤੋਂ ਵਿਛੜੀ ਦਿਆਂ ਜਣਾਈਆ । ਕੀ ਕਰਿਆ ਖੇਲ ਉਤੇ ਬਸੁੱਧਾ, ਧਰਨੀ ਧਰਤ ਧਵਲ ਵੱਜੇ ਵਧਾਈਆ । ਤੇਰਾ ਨਾਮ ਹੋਵੇ ਉਘਾ, ਉਗਣ ਆਥਣ ਸਾਰੇ ਢੋਲਾ ਗਾਈਆ । ਕਲਜੁਗ ਕੂੜਾ ਬਦਲ ਦੇ ਜੁਗਾ, ਸਤਿਜੁਗ ਸਾਚੇ ਦੇ ਮਾਣ ਵਡਿਆਈਆ । ਕੀ ਆਸ਼ਾ ਰਖ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਦੇਣਾ ਸਮਝਾਈਆ । ਕਰਨਾ ਪਏ ਕੋਈ ਨਾ ਯੁੱਧਾ, ਯੁਧਿਸ਼ਟਰ ਦੀ ਆਸ਼ਾ ਰਹੀ ਕੁਰਲਾਈਆ । ਮੇਰਾ ਲੇਖਾ ਜਗਤ ਜਹਾਨ ਮੁੱਕਾ, ਮੁਕੰਮਲ ਮਿਲੇ ਇਕ ਸਰਨਾਈਆ । ਕੂੜ ਕੁੜਿਆਰਾ ਭੰਨ ਹੁੱਕਾ, ਹੁਕਮ ਮਿਲੇ ਧੁਰਦਰਗਾਹੀਆ । ਵਿਛੋੜੇ ਵਾਲਾ ਰਹੇ ਨਾ ਦੁੱਖਾ, ਦਰਦੀਆਂ ਦਰਦ ਵੰਡਾਈਆ । ਗੋਬਿੰਦ ਵਾਲਾ ਵੇਖ ਪੜ੍ਹ ਕੇ ਰੁੱਕਾ, ਜੋ ਬਿਨ ਅੱਖਰਾਂ ਗਿਆ ਲਿਖਾਈਆ । ਝਗੜਾ ਮੇਟ ਮਾਨਸ ਮਨੁੱਖਾ, ਮਾਨਵ ਆਪਣੇ ਰੰਗ ਰੰਗਾਈਆ । ਸੰਤ ਸੁਹੇਲੇ ਬਣਾ ਪੁੱਤਾ, ਪੂਤ ਸਪੂਤੇ ਗੋਦ ਟਿਕਾਈਆ । ਜਿਸ ਦਾ ਚਰਨ ਕਵਲ ਤੇਰੇ ਸੀਸ ਝੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਗੁਰਮੁਖ ਚਲ ਕੇ ਆਵਣ ਪੰਜ ਬੁੱਢੇ, ਬੁੜ੍ਹਾਪਾ ਅੰਤ ਅਖ਼ੀਰ ਨਜ਼ਰੀ ਆਈਆ । ਜਿਨ੍ਹਾਂ ਦੇ ਕੋਲ ਲਾਲ ਰੰਗ ਦੇ ਹੋਵਣ ਗੁੱਡੇ, ਸੋਹਣੇ ਹੱਥਾਂ ਵਿਚ ਟਿਕਾਈਆ । ਪੰਜ ਗੁਰਮੁਖ ਇਕ ਲੱਤੋਂ ਹੋਣ ਡੁੱਡੇ, ਫੌੜੀਆਂ ਬਗ਼ਲਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਮੇਰੀ ਧੁਰ ਦੀ ਆਸਾ, ਮਨਸਾ ਮਿਹਰਵਾਨ ਤੇਰੀ ਸਰਨਾਈਆ । ਕੁਛ ਲੇਖਾ ਧੁਰ ਅਵਤਾਰੀ ਤੇਰਾ ਹੰਸਾ, ਮਾਣਕ ਮੋਤੀ ਚੋਗ ਜਗਤ ਵਡਿਆਈਆ । ਅਗੰਮਾ ਨਾਮ ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਮੰਤਾ, ਮੰਤਵ ਸਭ ਦਾ ਹੱਲ ਕਰਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਬਣੌਣੀ ਆਪਣੀ ਬਣਤਾ, ਘੜਨ ਭੰਨਣਹਾਰ ਤੇਰੀ ਸਰਨਾਈਆ । ਸਚ ਸੰਦੇਸ਼ਾ ਦੇਵਾਂ ਧੁਰ ਦੀ ਸੰਗਤਾ, ਸਗਲਾ ਨਾਤਾ ਜੋੜ ਜੁੜਾਈਆ । ਗੁਰਮੁਖ ਕਿਸੇ ਦਵਾਰੇ ਕਦੇ ਹੋਏ ਨਾ ਮੰਗਤਾ, ਬਿਨਾ ਜਗਦੀਸ਼ ਸੀਸ ਨਾ ਕਿਸੇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੈਂ ਦਰ ਤੇਰੇ ਮਮਨੂਨ, ਮਿੰਨਤਾਂ ਵਿਚ ਦੁਹਾਈਆ । ਅੰਤ ਅਖ਼ੀਰੀ ਬਦਲ ਦੇ ਕ਼ਾਨੂੰਨ, ਕ਼ਾਇਦਾ ਆਪਣਾ ਇਕ ਦ੍ਰਿੜਾਈਆ । ਤੇਰੇ ਨਾਮ ਦਾ ਸਾਂਝਾ ਵਾਹਦ ਹੋਵੇ ਮਜ਼ਮੂਨ, ਅੱਖਰਾਂ ਵਾਲੀ ਵੰਡ ਨਾ ਕੋਇ ਵੰਡਾਈਆ ।

ਭਗਤ ਦਵਾਰੇ ਉਤੇ ਲੱਗਣਾ ਖ਼ੂਨ, ਇੱਟਾਂ ਸੱਤਰ ਦੇਣ ਗਵਾਹੀਆ । ਅਗਲਾ ਖੇਲ ਨਾਮਾਲੂਮ, ਪੜਦਾ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਧੁਰ ਸਰਨਾਈਆ । ਸਦੀ ਚੌਧਵੀਂ ਕਹੇ ਵੇਖੇ ਸਚ ਸਚ ਮਨਾਰ, ਭਗਤ ਦਵਾਰਾ ਸੋਭਾ ਪਾਈਆ । ਜੋ ਖੇਲ ਅਗੰਮ ਅਪਾਰ, ਹਰਿ ਕਰਤਾ ਦਏ ਵਡਿਆਈਆ । ਮੈਂ ਸੁਣਦੀ ਰਹੀ ਗੁਫ਼ਤਾਰ, ਗੁਫ਼ਤ ਸ਼ਨੀਦ ਧੁਰ ਕਲਮੇ ਵਿਚ ਜਣਾਈਆ । ਕੀ ਖੇਲ ਸੱਚੀ ਸਰਕਾਰ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮਸਤਕ ਆਪ ਛੁਹਾਈਆ । ਸਦੀ ਚੌਧਵੀਂ ਕਹੇ ਮੈਂ ਖੇਲ ਵੇਖਾਂ ਅਪਾਰਾ, ਅਪਰੰਪਰ ਵੇਖ ਵਖਾਈਆ । ਮੇਰਾ ਅੰਤ ਅਖ਼ੀਰ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਮੁਹੰਮਦ ਕੀ ਕਰੇ ਬੇਚਾਰਾ, ਪਰਵਰਦਿਗਾਰ ਚਲਣਾ ਹੁਕਮ ਰਜ਼ਾਈਆ । ਸੱਯਦਿਆਂ ਵਿਚ ਕਰੇ ਨਿਮਸਕਾਰਾ, ਕ਼ਦਮਬੋਸੀ ਕਰਕੇ ਸੀਸ ਝੁਕਾਈਆ । ਹੱਕ ਹੂ ਦਾ ਲਾ ਕੇ ਨਾਅਰਾ, ਧੂੜੀ ਖ਼ਾਕ ਵਾਲੀ ਰਮਾਈਆ । ਮਾਲਕ ਖ਼ਾਲਕ ਇਕ ਦਾਤਾਰਾ, ਦਇਆਵਾਨ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੇਰਾ ਸ਼ਬਦ ਸੰਦੇਸ਼ਾ ਪਤ੍ਰ, ਗੁਰਮੁਖਾਂ ਦਿਆਂ ਜਣਾਈਆ । ਮੇਰੇ ਸਾਥੀਆਂ ਮੇਰੇ ਲਈ ਦਾਜ ਲਿਔਣਾ ਇੱਟ ਸੱਤਰ, ਰਵਿਦਾਸ ਚਮਾਰਾ ਦਏ ਗਵਾਹੀਆ । ਚੌਦਾਂ ਨਾਲ ਲਿਔਣੇ ਪੱਥਰ, ਚੌਦਾਂ ਲੋਕ ਲਿਖਤ ਵਿਚ ਲਿਖਾਈਆ । ਚਾਰ ਜੁਗ ਦੇ ਇਲਮ ਤੋਂ ਵਖਰੇ ਹੋਣ ਅੱਖਰ, ਜਿਸ ਦੀ ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਵੱਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਸਭ ਨੇ ਔਣਾ ਨਾਲ ਸ਼ੌਕ, ਸੰਗਲ ਸ਼ਰਅ ਵਾਲਾ ਤੁੜਾਈਆ । ਕੇਹਰ ਸਿੰਘ ਦੇ ਗਲ ਵਿਚ ਲਿਖਿਆ ਹੋਵੇ ਝੋਕ, ਸਵਾ ਹੱਥ ਵਿਚ ਲੰਬਾਈਆ । ਜੂੜਾ ਕੀਤਾ ਹੋਵੇ ਚੌਂਕ, ਪਗੜੀ ਸੀਸ ਨਾ ਕੋਇ ਟਿਕਾਈਆ । ਲਾਲ ਕੀਤੇ ਹੋਣ ਹੋਂਟ, ਦਾੜ੍ਹੀ ਖੁਲ੍ਹੀ ਨਾਲ ਵਧਾਈਆ । ਤੇੜ ਬੰਧਾ ਹੋਵੇ ਲੰਗੋਟ, ਭਸਮ ਲੱਤਾਂ ਉਤੇ ਰਮਾਈਆ । ਕੁੱਜੀ ਵਿਚ ਪਾਈ ਹੋਵੇ ਜੋਕ, ਮਿੱਟੀ ਅੱਧ ਸੇਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਪੰਜ ਗੁਰਮੁਖ ਔਣ ਪੈਰੀਂ ਨੰਗੀਂ, ਜੋੜਾ ਚਰਨ ਨਾ ਕੋਇ ਛੁਹਾਈਆ । ਕੇਸਾਂ ਵਿਚ ਪਿਛੇ ਨੂੰ ਵਾਹੀ ਹੋਵੇ ਕੰਘੀ, ਚੀਰ ਅੱਧ ਵਿਚੋਂ ਕਢਾਈਆ । ਹੱਥ ਵਿਚ ਛਾਪੀ ਫੜੀ ਹੋਵੇ ਜੰਡੀ, ਹਰੀ ਤਾਜ਼ੀ ਸੋਭਾ ਪਾਈਆ । ਤੂੰਹੀ ਤੂੰਹੀ ਗਾਵਣ ਛੰਦੀ, ਸਾਹਿਬ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਚਲਾਂ ਹੱਕ ਰਜ਼ਾਈਆ । ਸਦੀ ਚੌਧਵੀਂ ਕਹੇ ਪੰਜਾਂ ਬੀਬੀਆਂ ਬੱਧੀ ਹੋਵੇ ਪੱਗ, ਤੁਰਲੇ ਹੇਠਾਂ ਉਤੇ ਰਖਾਈਆ । ਇਕ ਇਕ ਹੱਥ ਵਿਚ ਫੜਿਆ ਹੋਵੇ ਕਗ, ਜੋ ਕਾਂ ਕਾਂ ਕੁਰਲਾਈਆ । ਨਾਲ ਪਾਣੀ ਦਾ ਹੋਵੇ ਜਗ, ਠੰਡਾ ਸੀਤਲ ਧਾਰ ਵਹਾਈਆ । ਓਹ ਤੁਰਨ ਉਤੇ ਪੱਬ, ਅੱਡੀ ਜ਼ਮੀਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਾਹਵਾ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਪੰਜ ਬਣਾਵਣ ਇਕ ਹੁਜ਼ਰਾ, ਰੂਪ ਕਾਅਬੇ ਵਾਲਾ ਦਰਸਾਈਆ । ਪੰਜ ਬੁਲ੍ਹੇ ਵਾਲਾ ਲੈਣ ਮੁਜਰਾ, ਘੁੰਗਟ ਕੱਢਕੇ ਨਾਚ ਨਚਾਈਆ । ਪੰਜ ਹੱਥ ਵਿਚ ਫੜ ਕੇ ਮੁੰਗਲਾ,

ਮੁਤਹਿਰੇ ਮੋਢਿਆਂ ਉਤੇ ਟਿਕਾਈਆ । ਪੰਜ ਕੰਨਾਂ ਨੂੰ ਚੂੜੀਆਂ ਵਾਲੇ ਪਾ ਕੇ ਕੁੰਡਲਾ, ਗੋਰਖ ਦਾ ਲੇਖਾ ਦੇਣਾ ਮੁਕਾਈਆ । ਪੰਜ ਮੁੱਛਾਂ ਨੂੰ ਪਾ ਕੇ ਗੁੰਝਲਾਂ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਪੰਜ ਬੀਬੀਆਂ ਹੱਥ ਵਿਚ ਫੜੇ ਹੋਣ ਛੁਰੇ, ਹੂ ਹੂ ਕਰ ਕੇ ਰੌਲਾ ਪਾਈਆ । ਮੁਖੋਂ ਕਹਿਣ ਅਸੀਂ ਭੈਣ ਭਰਾ ਛੱਡ ਦਿਤੇ ਨਿਗੁਰੇ, ਨਾਤਾ ਗੁਰਮੁਖਾਂ ਨਾਲ ਰਖਾਈਆ । ਜੋ ਹੁਕਮ ਦਿਤਾ ਗੋਬਿੰਦ ਅਨੰਦਪੁਰੇ, ਪੁਰੀਆਂ ਲੋਆਂ ਤੋਂ ਬਾਹਰ ਦਏ ਜਣਾਈਆ । ਜਿਸ ਕਾਰਨ ਸਰਸੇ ਵਿਚ ਰੁੜ੍ਹੇ, ਵਹਿੰਦੇ ਵਹਿਣ ਵਹਾਈਆ । ਜਿਸ ਕਾਰਨ ਨਾਤੇ ਮਾਤ ਜੁੜੇ, ਵਿਛੜਿਆਂ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੇ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੈਂ ਹਾਰੀ ਥੱਕੀ, ਥਕਾਵਟ ਵਿਚ ਦੁਹਾਈਆ । ਜਨ ਭਗਤੋ ਤੁਹਾਡੇ ਨਾਲ ਗੱਲ ਕਰਾਂ ਪੱਕੀ, ਪਾਕੀਜ਼ਾ ਹੋ ਕੇ ਆਖ ਸੁਣਾਈਆ । ਮਾਲਵੇ ਵਾਲਿਆਂ ਮੇਰੇ ਲਈ ਲਿਔਣੀ ਇਕ ਪੱਖੀ, ਜੋ ਧੁਰ ਜੜਤ ਜੜਾਈਆ । ਉਹਨੂੰ ਹੱਥ ਵਿਚ ਪਕੜੇ ਓਹ ਸਖ਼ੀ, ਜੋ ਸੁਖ਼ਨ ਮੰਨੇ ਧੁਰਦਰਗਾਹੀਆ । ਜਿਸ ਦੀ ਦੂਜੇ ਵੱਲ ਨਾ ਜਾਏ ਅੱਖੀ, ਨੇਤਰ ਨੈਣ ਨਾ ਕੋਇ ਚਤੁਰਾਈਆ । ਇਕੋ ਤੂੰ ਮੇਰਾ ਮੈਂ ਤੇਰਾ ਪੜ੍ਹੇ ਪੱਟੀ, ਬਿਨ ਪਟਨੇ ਵਾਲੇ ਸੀਸ ਨਾ ਕਿਸੇ ਨਿਵਾਈਆ । ਦੀਨ ਮਜ਼੍ਹਬ ਦੀ ਹੱਦ ਜਾਏ ਟੱਪੀ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਤੇਰੇ ਚਰਨ ਧੂੜੀ ਖ਼ਾਕ ਰਮਾਈਆ । ਸਦੀ ਚੌਧਵੀਂ ਕਹੇ ਮੈਂ ਚੌਦਾਂ ਤਬਕਾਂ ਚੁਕਣਾ ਚੁਕੌਣਾ ਉਹਲਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਕੀ ਖੇਲ ਕਰਦਾ ਮੌਲਾ, ਮੌਲਵੀਆਂ ਦਿਤੀ ਵਡਿਆਈਆ । ਕੀ ਗੋਬਿੰਦ ਇਕਰਾਰ ਕੌਲਾ, ਕਵਣ ਕੌਲ ਰਿਹਾ ਨਿਭਾਈਆ । ਕੀ ਖੇਲ ਹੋਣਾ ਉਪਰ ਧੌਲਾ, ਧਰਨੀ ਧਰਤ ਧਵਲ ਮਿਲੇ ਕੀ ਵਡਿਆਈਆ । ਕਵਣ ਕਰੇ ਭਾਰ ਹੌਲਾ, ਕੂੜੀ ਕਿਰਿਆ ਸ਼ੌਹ ਦਰਿਆ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੂਰ ਅਲਾਹੀ ਆਲਮੀਨ ਅਵਲਾ, ਅਮਲ ਵੇਖ ਖ਼ਾਲਕ ਖ਼ਲਕ ਖ਼ੁਦਾਈਆ ।



### ✻ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਕੌਰ ਦੇ ਗ੍ਰਹਿ ਹੀਰਾ ਮੰਡੀ ਫ਼ਿਰੋਜ਼ਪੁਰ ✻

ਸਦੀ ਚੌਧਵੀਂ ਕਹੇ ਮੈਨੂੰ ਆਏ ਨਾ ਕਦੇ ਬੁਢਾਪਾ, ਬਿਰਧ ਰੂਪ ਨਾ ਕੋਇ ਵਟਾਈਆ । ਮੇਰਾ ਪਰਵਰਦਿਗਾਰ ਪੁਰਖ ਅਕਾਲ ਇਕੋ ਪਾਪਾ, ਅੱਬਾ ਕਹਿ ਕੇ ਜਿਸ ਨੂੰ ਆਵਾਜ਼ ਲਗਾਈਆ । ਨਿਰਗੁਣ ਧਾਰ ਮੇਰਾ ਸਾਕਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੁਕਮ ਦੇਣ ਵਾਲਾ ਧੁਰ ਦਾ ਆਕਾ, ਬੋਧ ਅਗਾਧ ਕਰੇ ਪੜ੍ਹਾਈਆ । ਜੁਗ ਚੌਕੜੀ ਧੁਰ ਦਾ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਮੁਹੰਮਦ ਦੀ ਬੇਨੰਤੀ ਆਰਜ਼ੂ ਮੰਨ ਕੇ ਆਖਾ, ਆਖ਼ਰ ਆਪਣਾ ਘਰ ਸਮਝਾਈਆ । ਦੀਨ ਦੁਨੀ ਦਾ ਬਣ ਕੇ ਰਾਖਾ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਜ਼ਿਮੀਂ ਅਸਮਾਨਾਂ ਭੇਵ ਖੁਲ੍ਹਾ ਕੇ ਸਾਤਾ, ਚੌਦਾਂ ਤਬਕਾਂ ਰੰਗ ਰੰਗਾਈਆ । ਧੁਰ ਦਾ ਕਲਮਾ ਦੱਸ ਕੇ ਪਾਠਾ, ਕਾਇਨਾਤ ਦਿਤਾ ਦ੍ਰਿੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੇਰੀ ਆਯੂ ਕਦੇ ਨਾ ਬੀਤੇ, ਸਾਲ ਬਸਾਲ ਵੰਡ ਨਾ ਕੋਇ ਵੰਡਾਈਆ । ਮੈਂ ਜੁਗ ਜੁਗ ਖੇਲ ਅਗੰਮੇ ਕੀਤੇ, ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਈਆ । ਕਲਮਿਆਂ ਵਿਚ ਦੱਸਦੀ ਰਹੀ ਹਦੀਸੇ, ਸਿਫ਼ਤਾਂ ਵਿਚ ਢੋਲੇ ਨਾਮ ਸਾਲਾਹੀਆ । ਸਭ ਦੀ ਪਰਖਦੀ ਰਹੀ ਨੀਤੇ, ਚੁਰਾਸੀ ਅੰਦਰ ਖੋਜ ਖੁਜਾਈਆ । ਪਾਰਬ੍ਰਹਮ ਦੀ ਕਰਦੀ ਰਹੀ ਤਮਹੀਦੇ, ਅੱਖਰਾਂ ਨਾਮ ਦ੍ਰਿੜਾਈਆ । ਲੇਟਦੀ ਰਹੀ ਧਰਤੀ ਉਪਰ ਖ਼ਾਕ ਨੀਚੇ, ਨੀਚੋਂ ਊਚ ਰਾਹ ਤਕਾਈਆ । ਫਲ ਫੁਲਵਾੜੀ ਵੇਖਦੀ ਰਹੀ ਬਗ਼ੀਚੇ, ਦੀਨਾਂ ਮਜ਼੍ਹਬਾਂ ਫੋਲ ਫੋਲਾਈਆ । ਪੜਦੇ ਲਾਹੁੰਦੀ ਰਹੀ ਮੰਦਰ ਮਸੀਤੇ, ਸ਼ਿਵਦਵਾਲੇ ਮਠ ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੇਰੀ ਕਦੇ ਨਾ ਮਿਟੇ ਜਵਾਨੀ, ਜੋਬਨਵੰਤੀ ਨਜ਼ਰੀ ਆਈਆ । ਆਬੇਹਯਾਤ ਸਦ ਪੀਵਾਂ ਠੰਡਾ ਪਾਣੀ, ਅੰਮ੍ਰਿਤ ਰਸ ਝਿਰਨਾ ਨਿਝਰ ਝਿਰਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਾਂ ਅਗੰਮੀ ਧੁਰ ਦੀ ਬਾਣੀ, ਚਾਰੇ ਖਾਣੀ ਡੇਰਾ ਢਾਹੀਆ । ਸਚ ਦਵਾਰ ਬਣ ਨਿਮਾਣੀ, ਨਿਉਂ ਨਿਉਂ ਸਾਹਿਬ ਸੁਲਤਾਨ ਲਾਗਾਂ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਵੇਖਾਂ ਕਥਾ ਕਹਾਣੀ, ਸਿਫ਼ਤਾਂ ਵਾਲੇ ਢੋਲੇ ਸਾਰੇ ਗਏ ਗਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਹੌਕਿਆਂ ਵਿਚ ਭਰਦੇ ਪਾਣੀ, ਸਿਸਕੀਆਂ ਵਿਚ ਆਪਣਾ ਝਟ ਲੰਘਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਦਰ ਦਰਬਾਨੀ, ਦਰ ਦਰਵੇਸ਼ ਹੋ ਕੇ ਆਪਣੀ ਅਲਖ ਜਗਾਈਆ । ਨਬੀ ਰਸੂਲ ਜਿਸ ਦੀ ਵੇਂਹਦੇ ਰਹੇ ਕੁਰਬਾਨੀ, ਕਰਬਲਾ ਰੋਵੇ ਮਾਰੇ ਧਾਈਆਂ । ਸ਼ਰਅ ਸ਼ਰੀਅਤ ਵਿਚ ਵੰਡ ਕੀਤੀ ਜਗਤ ਜਹਾਨੀ, ਮਾਨਵ ਮਾਨਵ ਨਾਲ ਟਕਰਾਈਆ । ਮੇਰੀ ਜੁਗ ਚੌਕੜੀ ਕਿਸੇ ਸਮਝ ਨਾ ਆਈ ਖ਼ਾਨਦਾਨੀ, ਖ਼ੁਦਾਵੰਦ ਕਰੀਮ ਅਜ਼ੀਮ ਮੇਰਾ ਗ੍ਰਿਹਿ ਨਾ ਕਿਸੇ ਸਮਝਾਈਆ । ਮੈਂ ਸਦਾ ਵਸਾਂ ਆਲਮੇ ਜ਼ਾਵਿਦਾਨੀ, ਜਿਸ ਘਰ ਮਿਲੇ ਨੂਰ ਅਲਾਹੀਆ । ਅੰਤ ਅਖ਼ੀਰ ਮੇਰੇ ਅੰਦਰ ਸਭ ਦੇ ਅੰਦਰ ਆਵੇ ਪਰੇਸ਼ਾਨੀ, ਪਸਚਾਤਾਪ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕੋ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਮੈਂ ਸਦਾ ਬਾਲੀ ਨੱਢੀ, ਨਿਰਗੁਣ ਦੇਵੇ ਮਾਣ ਵਡਿਆਈਆ । ਮੇਰਾ ਤਨ ਵਜੂਦ ਮਾਟੀ ਖ਼ਾਕ ਨਹੀਂ ਹੱਡੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਨਾ ਕੋਇ ਜੁੜਾਈਆ । ਮੈਂ ਅੱਖਰਾਂ ਵਾਲੀ ਨਹੀਂ ਸਦੀ, ਏਕਾ ਸਿਫ਼ਰਾ ਸਿਫ਼ਰਾ ਵੰਡ ਵੰਡਾਈਆ । ਮੇਰੀ ਕੋਈ ਗੁਰ ਅਵਤਾਰ ਪੈਗ਼ੰਬਰ ਵਾਲੀ ਨਹੀਂ ਗੱਦੀ, ਗਦਾਗਰ ਹੋ ਕੇ ਭੱਜਾਂ ਵਾਹੋ ਦਾਹੀਆ । ਮੈਂ ਇਕ ਅਕਾਲ ਦੇ ਹੁਕਮ ਅੰਦਰ ਬੱਝੀ, ਜਿਸ ਨੂੰ ਬੰਦਨਾ ਕਰ ਕੇ ਦੋ ਜਹਾਨ ਸੀਸ ਝੁਕਾਈਆ । ਜਿਸ ਦੀ ਜੋਤ ਅਗੰਮ ਅਥਾਹ ਜਗੀ, ਜਾਗਰਤ ਜੋਤ ਰੁਸ਼ਨਾਈਆ । ਮੈਂ ਓਸ ਦੀ ਸ਼ਰਨੀ ਲੱਗੀ, ਜੋ ਲਗ ਮਾਤਰ ਦਾ ਡੇਰਾ ਦੇਵੇ ਢਾਹੀਆ । ਪ੍ਰੀਤਮ ਪਿਆਰ ਮੁਹੱਬਤ ਵਿਚ ਬੱਧੀ, ਮਦਹੋਸ਼ ਹੋ ਕੇ ਨਾਮ ਖ਼ੁਮਾਰੀ ਲਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੇਰੀ ਆਯੂ ਕਦੇ ਨਾ ਜਾਵੇ ਬੀਤ, ਬਾਤਨ ਭੇਵ ਦਿਆਂ ਜਣਾਈਆ । ਕਲਜੁਗ ਅੰਦਰ ਸਤਿਜੁਗ ਬਦਲੇ ਰੀਤ, ਰੀਤੀਵਾਨ ਦਏ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਦੱਸਣਾ ਇਕੋ ਗੀਤ, ਹਿੰਦੂ ਮੁਸਲਿਮ

੫੩੮
੨੧

ਸਿੱਖ ਈਸਾਈ ਕਰਨੀ ਹੱਕ ਪੜ੍ਹਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਅੰਦਰ ਹੱਕ ਤੌਫ਼ੀਕ, ਹਕੀਕ਼ਤ ਵੇਖੇ ਚਾਈਂ ਚਾਈਆ । ਆਸਾ ਮਨਸਾ ਮੇਰੀ ਪੂਰੀ ਕਰੇ ਉਮੀਦ, ਆਹ ਵਿਚ ਧਾਹ ਨਾ ਕੋਇ ਲਗਾਈਆ । ਲਹਿਣਾ ਦੇਣਾ ਮੁਕਾਏ ਅੰਤ ਕ਼ੁਰਾਨ ਮਜੀਦ, ਤੀਸ ਬਤੀਸ ਆਪਣੇ ਪੇਟੇ ਪਾਈਆ । ਸਾਚੇ ਨੂਰ ਦੀ ਬਖ਼ਸ਼ ਕੇ ਦੀਦ, ਦੀਦਾ ਦਾਨਿਸਤਾ ਨੂਰ ਦਏ ਚਮਕਾਈਆ । ਮੈਂ ਓਸ ਦੀ ਬਣਾਂ ਅਜ਼ੀਜ਼, ਜੋ ਆਅਲਾ ਅਦਨਾ ਵੇਖੇ ਚਾਈਂ ਚਾਈਂਆ । ਸਚ ਦਵਾਰ ਦੀ ਦਏ ਤਮੀਜ਼, ਤਹਜ਼ੀਬ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੇਰੀ ਔਧ ਨਹੀਂ ਗਈ ਲੰਘ, ਵੇਲਾ ਵਕ਼ਤ ਦਿਆਂ ਦ੍ਰਿੜਾਈਆ । ਮੈਂ ਬੈਠਣਾ ਓਸ ਪਲੰਘ, ਜਿਸ ਨੂੰ ਗੁਰਮੁਖ ਚਾਰ ਲੈਣ ਉਠਾਈਆ । ਕੋਲ ਖਲੋਤਾ ਹੋਵੇ ਤੁਰੰਗ, ਜ਼ੀਨ ਪਾਖਰ ਨਜ਼ਰੀ ਆਈਆ । ਨਾਲ ਵਜਦਾ ਹੋਵੇ ਮਰਦੰਗ, ਨੌਬਤ ਡੰਕਾ ਨਾਮ ਸੁਣਾਈਆ । ਕੋਲ ਚਮਕਦਾ ਹੋਵੇ ਚੰਦ, ਸਤਾਰਾ ਅੱਧ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮੇਰੀ ਆਯੂ ਨਹੀਂ ਲੰਮੀ, ਸਦੀਆਂ ਵਿਚ ਨਾ ਕੋਇ ਵਡਿਆਈਆ । ਮੈਂ ਓਸ ਦੀ ਧਾਰੋਂ ਜੰਮੀ, ਜਿਸ ਦਾ ਜਨਮ ਮਰਨ ਨਾ ਕੋਇ ਸਮਝਾਈਆ । ਮੇਰੀ ਇਕੋ ਅੰਮੀ, ਪਿਛਾ ਪੁਰਖ ਅਕਾਲ ਧੁਰਦਰਗਾਹੀਆ । ਮੈਂ ਸਦਾ ਨਕੋਰ ਨਵੀਂ, ਜੋਬਨਵੰਤੀ ਸੋਭਾ ਪਾਈਆ । ਮੈਂ ਕੁਛ ਸੰਦੇਸ਼ਾ ਸੁਣਿਆ ਕੰਨੀਂ, ਅਬਿਨਾਸ਼ੀ ਕਰਤਾ ਰਿਹਾ ਸੁਣਾਈਆ । ਇਕ ਗੁਰਮੁਖ ਦੋ ਮੁਖਾਂ ਵਾਲਾ ਆਵੇ ਬਣ ਕੇ ਧਨੀ, ਨਾਰੀ ਪੁਰਸ਼ ਦੋਵੇਂ ਰੂਪ ਵਟਾਈਆ । ਤੇੜ ਧੋਤੀ ਹੋਵੇ ਬੰਨ੍ਹੀ, ਸਾੜ੍ਹੀ ਸੀਸ ਉਤੇ ਸੁਹਾਈਆ । ਲਾਲ ਹੋਵੇ ਕੰਨੀ, ਸਵਾ ਗਿੱਠ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਸਚੀ ਸਰਨਾਈਆ । ਸਦੀ ਚੌਧਵੀਂ ਕਹੇ ਮੇਰਾ ਪਰਵਰਦਿਗਾਰ ਇਕ ਵਸੀਲਾ, ਵਿਸ਼ਿਆਂ ਤੋਂ ਬਾਹਰ ਨਜ਼ਰੀ ਆਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦਾ ਕ਼ਬੀਲਾ, ਬੰਸ ਸਰਬੰਸ ਰਿਹਾ ਸੁਹਾਈਆ । ਮੁਹੰਮਦ ਦੀ ਜਾਨਣ ਵਾਲਾ ਦਲੀਲਾ, ਭਵਿਸ਼ ਭਵਿਖ ਨਾਲ ਦਸਾਈਆ । ਜਿਸ ਨੂੰ ਕਿਹਾ ਆਲਮੀਨਾ, ਆਲਮੀਨ ਕਹਿ ਕੇ ਸੀਸ ਝੁਕਾਈਆ । ਤਿਸ ਦੀ ਸਭ ਤੋਂ ਵਖਰੀ ਤਾਲੀਮਾ, ਅਲਿਫ਼ ਧੇ ਤੋਂ ਬਾਹਰ ਪੜ੍ਹਾਈਆ । ਉਸ ਦਾ ਨੂਰ ਜ਼ਹੂਰ ਹੁਸੀਨਾ, ਰੂਪ ਰੰਗ ਤੋਂ ਬਾਹਰ ਕਰੇ ਰੁਸ਼ਨਾਈਆ । ਕਦੇ ਨਾ ਹੋਵੇ ਕਮੀਨਾ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਏਕਾ ਰੰਗ ਚਾੜ੍ਹੇ ਭੀਨਾ, ਭਿੰਨੜੀ ਰੈਣ ਨਾਲ ਵਡਿਆਈਆ । ਇਕ ਗੁਰਮੁਖ ਦੇ ਹੱਥ ਵਿਚ ਹੋਵੇ ਮੀਨਾ, ਮਛਲੀ ਪਾਣੀ ਵਿਚ ਸੁਹਾਈਆ । ਇਕ ਵਜੌਂਦਾ ਆਵੇ ਬੀਨਾ, ਤੂੰਹੀ ਤੂੰਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਨਹੀਂ ਕੋਈ ਕੋਝੀ ਕਮਲੀ, ਬੁੱਧਹੀਣ ਨਾ ਕੋਇ ਅਖਵਾਈਆ । ਮੈਂ ਕੋਈ ਮੰਗਣ ਵਾਲੀ ਫੜੀ ਨਹੀਂ ਬਗ਼ਲੀ, ਮਾਂਗਤ ਹੋ ਕੇ ਝੋਲੀ ਕੋਇ ਨਾ ਡਾਹੀਆ । ਮੈਂ ਫਿਰਦੀ ਨਹੀਂ ਵਿਚ ਜੰਗਲੀਂ, ਟਿੱਲੇ ਪਰਬਤ ਵੇਖਾਂ ਵਾਹੋ ਦਾਹੀਆ । ਮੈਂ ਰੂਪ ਨਹੀਂ ਧਰਿਆ ਕੋਈ ਨਕਲੀ, ਨਕਲੀਆਂ ਵਾਂਗ ਵੇਸ ਵਟਾਈਆ । ਮੈਂ ਪਰਵਰਦਿਗਾਰ ਦੀ ਧਾਰ ਅਸਲੀ, ਅਸਲੀਅਤ ਵਿਚੋਂ ਅਸਲ ਦਿਆਂ ਦ੍ਰਿੜਾਈਆ । ਇਕੋ ਮਹਿਬੂਬ ਮੁਹੱਬਤ ਯਾਰ ਖ਼ੁਦਾ ਵੇਖਾਂ ਵਸਲੀ, ਦੂਜੇ

ਅੱਖ ਨਾ ਕਦੇ ਮਿਲਾਈਆ । ਨਾ ਮੋਟੀ ਨਾ ਪਤਲੀ, ਉਚੀ ਲੰਮੀ ਵੰਡ ਨਾ ਕੋਇ ਵੰਡਾਈਆ । ਨਾ ਤਨ ਵਜੂਦ ਬਦਨੀ, ਸ਼ਰੀਰ ਰੰਗ ਨਾ ਕੋਇ ਚੜ੍ਹਾਈਆ । ਨਾ ਨੈਣ ਸੁਹਾਵਾਂ ਕੱਜਲੀ, ਲੋਚਨ ਅੱਖ ਬਦਲਾਈਆ । ਮੈਂ ਚੌਦਾਂ ਸਦੀਆਂ ਪੰਧ ਮੁਕਾਇਆ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਵੇਖੀ ਚਾਈਂ ਚਾਈਂਆ । ਜਿਥੇ ਕਲਜੁਗ ਸਤਿਜੁਗ ਦੋਹਾਂ ਦੀ ਹੋਵੇ ਬਦਲੀ, ਬਦਲਾ ਚੁਕਾਵੇ ਧੁਰਦਰਗਾਹੀਆ । ਇਨਸਾਫ਼ ਕਮਾਏ ਏਕੰਕਾਰ ਅਦਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟ ਸਬਾਈ ਜਗ ਲਈ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ ।

### ✻ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਜਰਨੈਲ ਸਿੰਘ ਦੇ ਗ੍ਰਹਿ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✻

ਸਦੀ ਚੌਧਵੀਂ ਕਹੇ ਮੇਰਾ ਪ੍ਰੀਤਮ ਇਕ ਨਰਾਇਣ, ਹਰਿ ਕਰਤਾ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਮੁਕਟ ਬੈਣ, ਬੰਸਰੀਆਂ ਵਾਲੇ ਨਾਦ ਸੁਣਾਈਆ । ਸ਼ਹਾਦਤ ਦੇਵੇ ਬਾਲਮੀਕੀ ਰਮਾਇਣ, ਰਾਮ ਰਾਮ ਰੂਪ ਵਟਾਈਆ । ਮੈਂ ਸਭ ਨੂੰ ਆਈ ਕਹਿਣ, ਸੰਦੇਸਿਆਂ ਵਿਚ ਦ੍ਰਿੜਾਈਆ । ਇਕ ਜੋੜਾ ਆਵੇ ਭਾਈ ਭੈਣ, ਜੋ ਨਾਤਾ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਫਿਰਦੀ ਉਚੀ ਅੱਡੀ, ਨੇਤਰ ਲੋਚਣ ਨੈਣ ਉਠਾਈਆ । ਮੇਰੀ ਬੀਤਦੀ ਜਾਵੇ ਸਦੀ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਹਜ਼ਰਤ ਨੂਹ ਲੈ ਕੇ ਆਇਆ ਆਪਣੀ ਨਦੀ, ਤਟ ਕਿਨਾਰੇ ਘਾਟ ਰਿਹਾ ਵਖਾਈਆ । ਹੌਲੀ ਹੌਲੀ ਫਿਰਦਾ ਪੈਰ ਦੱਬੀ, ਖਟਕਾ ਸੁਣੇ ਕੋਇ ਨਾ ਰਾਈਆ । ਭੈ ਰੱਖੇ ਜੋਤ ਰੱਬੀ, ਡਰ ਕੰਨੀ ਰਿਹਾ ਕਤਰਾਈਆ । ਹੱਥ ਵਿਚ ਫੜ ਕੇ ਨਿੱਕੀ ਜਿਹੀ ਡੱਬੀ, ਬਿਨਾ ਢੱਕਣ ਰਿਹਾ ਵਖਾਈਆ । ਜਿਸ ਵਿਚ ਕੂੜ ਕੁੜਿਆਰਾ ਆਸ਼ਾ ਬੱਧੀ, ਮਾਇਆ ਮਮਤਾ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਆਈ ਆਹਿਸਤਾ ਆਹਿਸਤਾ, ਆਪਣਾ ਪੰਧ ਮੁਕਾਈਆ । ਗੁਰਮੁਖ ਚਾਰ ਰੂਪ ਧਰੌਣ ਵਾਂਗ ਫ਼ਰਿਸ਼ਤਾ, ਜਬਰਾਈਲ ਅਸਰਾਈਲ ਅਸਰਾਫ਼ੀਲ ਮੇਕਾਈਲ ਆਪਣਾ ਖੇਲ ਖਿਲਾਈਆ । ਮੈਂ ਫੇਰ ਵੇਖਿਆ ਭਗਤਾਂ ਦਾ ਨਵਿਸਤਾ, ਧੁਰ ਮਸਤਕ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਤਿੰਨ ਵਾਰ ਕਰਨਾ ਹਾਏ ਹਾਏ, ਬਹੁੜੀ ਬਹੁੜੀ ਕਰ ਸੁਣਾਈਆ । ਜਨ ਭਗਤ ਬਣਨਾ ਇਕ ਧਰਮ ਰਾਏ, ਸੰਗਲ ਮੋਢਿਆਂ ਹੱਥਾਂ ਵਿਚ ਲਟਕਾਈਆ । ਇਕ ਚਿਤ੍ਰਗੁਪਤ ਬਣ ਕੇ ਲੇਖਾ ਦਏ ਵਖਾਏ, ਸਫ਼ਾ ਸਫ਼ੇ ਨਾਲ ਬਦਲਾਈਆ । ਚਾਰ ਜਮਦੂਤਾਂ ਦੰਦ ਹੋਣ ਵਧਾਏ, ਨੌ ਨੌ ਇੰਚ ਲੰਬੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਤੇਰੀ ਸਚ ਸਰਨਾਈਆ । ਸਦੀ ਚੌਧਵੀਂ ਕਹੇ ਇਕ ਹੋਵੇ ਧੁਰ ਦੀ ਆਸ਼ਾ, ਇਸ਼ਾਰਿਆਂ ਨਾਲ ਜਣਾਈਆ । ਇਕ ਬੋਲੇ ਅਗੰਮੀ ਭਾਸ਼ਾ, ਭਾਸ਼ਨ ਸਮਝੇ ਕੋਈ ਨਾ ਰਾਈਆ । ਇਕ ਗੁਰਮੁਖ ਲੇਟ ਕੇ ਤਿੰਨ ਵਾਰ ਬਦਲੇ ਆਪਣਾ ਪਾਸਾ,

ਪਿੱਠ ਉਪਰ ਨੀਚੇ ਵਖਾਈਆ । ਇਕ ਤਾਲੀ ਮਾਰ ਕੇ ਕਰੇ ਹਾਸਾ, ਹਾ ਹਾ ਕਰ ਕੇ ਰਾਗ ਅਲਾਈਆ । ਇਕ ਬੀਬੀ ਨੌ ਸਾਲ ਦਾ ਬੱਚਾ ਕੁੱਛੜ ਚੁੱਕਕੇ ਢਾਕਾ, ਨੇਤਰ ਰੋਵੇ ਮਾਰੇ ਧਾਈਆ । ਮੇਰਾ ਵਿਛੜਨ ਲੱਗਾ ਕਾਕਾ, ਕੋਈ ਮਰਦਿਆਂ ਲਏ ਬਚਾਈਆ । ਸਦੀ ਚੌਧਵੀਂ ਕਹੇ ਮੈਂ ਬਚਨ ਦੱਸਾਂ ਸਾਚਾ, ਸਚ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਵਾਮੀ ਅੰਤਰਜਾਮੀ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਚੌਦਾਂ ਤਬਕਾਂ ਆਈ ਟੱਪੀ, ਕ਼ਦਮ ਕ਼ਦਮ ਨਾਲ ਬਦਲਾਈਆ । ਸਾਚੀ ਸਿਖ ਕੇ ਆਈ ਪੱਟੀ, ਪਟਨੇ ਵਾਲੇ ਦਿਤੀ ਦ੍ਰਿੜਾਈਆ । ਸਤਿ ਧਰਮ ਚਲੌਣੀ ਹੱਟੀ, ਗਾਂ ਜਿਬਹ ਨਾ ਕੋਇ ਵਖਾਈਆ । ਨਾਮ ਭੰਡਾਰਾ ਬਖ਼ਸ਼ ਕੇ ਰਤੀ, ਰਤਨ ਅਮੋਲਕ ਗੁਰਮੁਖ ਲੈਣੇ ਉਪਜਾਈਆ । ਜਿਨ੍ਹਾਂ ਦੀ ਉਜਲ ਹੋਵੇ ਮਤੀ, ਦੁਰਮਤ ਮੈਲ ਕਰੇ ਸਫ਼ਾਈਆ । ਨਾਤਾ ਜੋੜ ਹਕੀਕਤ ਵਾਲਾ ਹੱਕੀ, ਹੁਕਮ ਧੁਰ ਵਾਲਾ ਮਨਾਈਆ । ਜੋ ਏਥੇ ਓਥੇ ਦੋ ਜਹਾਨਾਂ ਧੁਰ ਦਾ ਕਮਲਾਪਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਫਿਰਦੀ ਚਾਰ ਚੁਫੇਰੇ, ਬਿਨ ਕ਼ਦਮਾ ਪੰਧ ਮੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਵਿਚ ਅੰਧੇਰੇ, ਨੂਰੀ ਚੰਦ ਨਾ ਕੋਇ ਚਮਕਾਈਆ । ਅਵਤਾਰ ਪੈਗ਼ੰਬਰ ਵੇਖੇ ਬਥੇਰੇ, ਨਾਮ ਢੋਲੇ ਗੀਤ ਸੁਣਾਈਆ । ਮੁਰੀਦ ਮੁਰਸ਼ਦ ਵੇਖੇ ਚੇਰੇ, ਨਿਉਂ ਨਿਉਂ ਲਾਗਣ ਪਾਈਆ । ਦੀਨ ਮਜ਼੍ਹਬ ਦੇ ਵੇਖੇ ਬੇੜੇ, ਘਾਟ ਪਤਣ ਡੇਰੇ ਲਾਈਆ । ਲਹਿਣਾ ਅੰਤ ਨਾ ਕੋਇ ਨਬੇੜੇ, ਲੇਖਾ ਸਾਫ਼ ਨਾ ਕੋਇ ਕਰਾਈਆ । ਮੈਂ ਬੈਠੀ ਰਹੀ ਕਰ ਕੇ ਜੇਰੇ, ਸਦੀਆਂ ਇਕੋ ਰਾਹ ਵੇਖ ਵਖਾਈਆ । ਕਵਣ ਵੇਲਾ ਪੁਰਖ ਅਕਾਲ ਕਰੇ ਮਿਹਰੇ, ਮਿਹਰਵਾਨ ਆਪਣਾ ਰੰਗ ਰੰਗਾਈਆ । ਜਿਸ ਦੀ ਯਾਦ ਵਿਚ ਤਸਬੀ ਮਾਲਾ ਮਣਕੇ ਬੜੇ ਫੇਰੇ, ਫੇਰੀ ਵਿਚ ਦੇਂਦੀ ਰਹੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਦੇਣੀ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਨੈਣ ਉਘਾੜ, ਅੱਖ ਪ੍ਰਤੱਖ ਖੁਲ੍ਹਾਈਆ । ਤੱਕਿਆ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਫੇਰੀ ਪਾਈਆ । ਚਾਰੋਂ ਕੁੰਟ ਕੂੜ ਕੁੜਿਆਰੀ ਧਾੜ, ਮਾਇਆ ਮਮਤਾ ਮੋਹ ਹਲਕਾਈਆ । ਸਾਚੀ ਨਜ਼ਰ ਨਾ ਆਈ ਕੋਈ ਨਾਰ, ਕਮਲਾਪਤਿ ਜੋ ਰਹੀ ਹੰਢਾਈਆ । ਨਵ ਨੌ ਚਾਰ ਦਿਸੇ ਵਿਭਚਾਰ, ਦੁਰਾਚਾਰੀ ਦੇਣ ਦੁਹਾਈਆ । ਮੈਂ ਰੋ ਕੇ ਕਿਹਾ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਮੇਰੇ ਪਰਵਰਦਿਗਾਰ, ਪਾਰਬ੍ਰਹਮ ਤੇਰੀ ਓਟ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰ ਸੁਧਾਰ, ਵਦੀ ਸੁਦੀ ਦਾ ਪੈਂਡਾ ਦੇ ਮੁਕਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤ ਅਕਾਲਾ ਦੀਨ ਦਿਆਲਾ ਕਰ ਰੁਸ਼ਨਾਈਆ । ਸਚ ਵਖਾ ਸਚਾ ਦਰਬਾਰ, ਧੁਰਦਰਬਾਰੀ ਪੜਦਾ ਲਾਹੀਆ । ਤੇਰੇ ਨਾਮ ਦਾ ਸੁਣਾਂ ਇਕ ਜੈਕਾਰ, ਤੂੰਹੀ ਤੂੰਹੀ ਰਾਗ ਅਲਾਈਆ । ਨਮੋ ਨਮੋ ਮੇਰੀ ਨਿਮਸਕਾਰ, ਸਯਦਿਆਂ ਵਿਚ ਧੂੜੀ ਖ਼ਾਕ ਰਮਾਈਆ । ਕ਼ਦਮਾਂ ਉਤੋਂ ਜਾਵਾਂ ਬਲਿਹਾਰ, ਖ਼ਾਦਮ ਹੋ ਕੇ ਤੇਰਾ ਰਾਹ ਤਕਾਈਆ । ਆਦਮ ਹੱਵਾ ਕਰੇ ਗਿਰਿਆਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਚਾਰੋਂ ਕੁੰਟ ਵੇਖ ਕੰਬੀ, ਬਲਹੀਣ ਦਿਆਂ ਦੁਹਾਈਆ । ਸਾਧ ਸੰਤ ਜਗਤ ਫ਼ਕੀਰ ਹੋਏ ਡੰਬੀ, ਡੰਬ ਮਮਤਾ ਨਾਲ ਬਣਾਈਆ ।

ਕਿਸੇ ਟੋਪੀ ਪਾਈ ਕਿਸੇ ਪਹਿਨੀ ਤੰਬੀ, ਧੋਤੀ ਵਾਲਾ ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਮੇਰੇ ਨਿਰੰਤਰ ਅੰਤਰ ਆਈ ਗ਼ਮੀ, ਗ਼ਮਖ਼ਾਰ ਗ਼ਮਗੀਨ ਹੋ ਕੇ ਦਿਆਂ ਸੁਣਾਈਆ । ਮੇਰੀ ਸੁਕਦੀ ਜਾਏ ਚੰਮੀ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਹੁਣ ਧਾਰ ਦੱਸ ਨਵੀਂ, ਨਵ ਜੋਬਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੇਰੀ ਧੁਰ ਦੀ ਇਕ ਅਰਦਾਸ, ਬੇਨੰਤੀ ਦਿਆਂ ਜਣਾਈਆ । ਸਦਾ ਵਸੀਂ ਭਗਤਾਂ ਪਾਸ, ਮੁਰੀਦ ਆਪਣਾ ਰੰਗ ਰੰਗਾਈਆ । ਨਿਰਗੁਣ ਨੂਰ ਦੇਣਾ ਪ੍ਰਕਾਸ਼, ਅੰਧੇਰਾ ਤੱਤ ਦੇਣਾ ਗਵਾਈਆ । ਤੇਰੀ ਯਾਦ ਵਿਚ ਆਵੇ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਦਿਸੇ ਇਕ ਜਮਾਤ, ਇਕੋ ਤੁਲਬਿਆਂ ਕਰ ਪੜ੍ਹਾਈਆ । ਇਕੋ ਨਾਮ ਅੱਖਰ ਦੱਸ ਆਪਣੀ ਓਸ ਅਗੰਮੀ ਲੁਗਾਤ, ਜੋ ਨਿਰਅੱਖਰ ਆਪਣੇ ਵਿਚ ਛੁਪਾਈਆ । ਦਰ ਦਵਾਰੇ ਤੇਰੇ ਰਹੇ ਆਖ, ਆਖ਼ਰ ਮੇਲਾ ਲੈਣਾ ਮਿਲਾਈਆ । ਪ੍ਰਭੂ ਆਤਮਾ ਤੇਰੀ ਸ਼ਾਖ਼, ਪਰਮਾਤਮ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਦੇਣਾ ਸਾਥ, ਸਗਲਾ ਸੰਗੀ ਬਹੁਰੰਗੀ ਆਪਣੀ ਖੇਲ ਵਖਾਈਆ ।



### ✻ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਦਾਸ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✻



ਸਦੀ ਚੌਧਵੀਂ ਕਹੇ ਸੀਸ ਸੁਹੰਵਣਾ ਸੋਹਣਾ ਗੁੰਦਾਂ, ਮੀਂਢੀ ਨੌ ਨੌਂ ਬਣਾਈਆ । ਕੰਨ ਵਿਚ ਪਾ ਕੇ ਨਿੱਕਾ ਬੁੰਦਾ, ਬੰਦਗੀ ਕਰਾਂ ਚਾਈਂ ਚਾਈਂਆ । ਇਕ ਗੁਰਮੁਖ ਦੇ ਹੱਥ ਵਿਚ ਫੜਿਆ ਵੇਖਾਂ ਦੁੰਬਾ, ਦੁੰਬ ਆਪਣੀ ਰਿਹਾ ਹਿਲਾਈਆ । ਇਕ ਨੇ ਸਿਰ ਤੇ ਭਰਿਆ ਹੋਵੇ ਕੁੰਭਾ, ਪਾਣੀ ਜਲ ਨਾਲ ਵਡਿਆਈਆ । ਇਕ ਦੇ ਹੱਥ ਵਿਚ ਹੋਵੇ ਗੋਲ ਕੁੰਡਾ, ਸਾਢੇ ਤਿੰਨ ਹੱਥ ਡੰਡੀ ਨਾਲ ਸੁਹਾਈਆ । ਇਕ ਬਣਿਆ ਹੋਵੇ ਗੁੰਡਾ, ਬਦਮਾਸ਼ਾਂ ਵਾਲਾ ਰੂਪ ਵਟਾਈਆ । ਇਕ ਹੱਥੋਂ ਹੋਵੇ ਟੁੰਡਾ, ਬਾਜ਼ੂ ਸਿੱਧੇ ਪੁੱਠੇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਾਹਿਬ ਸੁਲਤਾਨ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰੇ ਦੰਦੀ ਹੋਵੇ ਦੰਦਾਸਾ, ਦਹਿ ਦਿਸ਼ਾ ਵੇਖ ਵਖਾਈਆ । ਚਾਰ ਗੁਰਮੁਖ ਮੇਰੇ ਕੋਲ ਖੇਡਣ ਸਾਰ ਪਾਸ਼ਾ, ਲਹਿਣਾ ਕੌਰਵਾਂ ਪਾਂਡਵਾਂ ਵਾਲਾ ਸਮਝਾਈਆ । ਇਕ ਬੇਰੀ ਟਹਿਣੀ ਹੋਵੇ ਜਿਸ ਦੀਆਂ ਹੋਵਣ ਤਿੰਨ ਸ਼ਾਖਾਂ, ਹਰੀਆਂ ਪੱਤੀਆਂ ਨਾਲ ਸੋਭਾ ਪਾਈਆ । ਇਕ ਮਿੱਟੀ ਦਾ ਖ਼ਾਲੀ ਹੋਵੇ ਕਾਸਾ, ਨਵਾਂ ਨਕੋਰ ਦਿਆਂ ਜਣਾਈਆ । ਜਿਸ ਨੂੰ ਫੜਿਆ ਹੋਵੇ ਭਤੀਜੇ ਨਾਲ ਚਾਚਾ, ਚਾਚਾ ਭਤੀਜਾ ਦੋਵੇਂ ਹੱਥ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਮੇਰਾ ਇਕੋ ਨੁਕਤਾ, ਦੂਸਰ ਧਿਆਨ ਨਾ ਕਦੇ ਲਗਾਈਆ । ਇਕ ਗੁਰਮੁਖ ਜ਼ੋਰ ਨਾਲ ਆਵੇ ਬੁੱਕਦਾ, ਬੁਲਬੁਲੀਆਂ ਰਿਹਾ ਵਜਾਈਆ । ਇਕ ਨਿਉਂ ਨਿਉਂ ਆਵੇ ਝੁਕਦਾ, ਧੂੜੀ ਮਸਤਕ ਖ਼ਾਕ ਛੁਹਾਈਆ ।

ਇਕ ਵੱਡਾ ਰੋਗੀ ਹੋਵੇ ਦੁੱਖ ਦਾ, ਹਾਏ ਹਾਏ ਕਰ ਦਏ ਦੁਹਾਈਆ । ਇਕ ਨੂੰ ਹੋਵੇ ਵਿਛੋੜਾ ਪੁੱਤ ਦਾ, ਬੇਉਲਾਦਾ ਨਾਲ ਮਿਲਾਈਆ । ਇਕ ਭੁੱਖਾ ਹੋਵੇ ਟੁੱਕ ਦਾ, ਗ਼ਰੀਬੀ ਵਿਚ ਪੱਲੂ ਸਾਰੇ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਮੈਂ ਸਚ ਸੁਨੇਹੜਾ ਆਂਹਦੀ, ਆਦਮ ਹੱਵਾ ਨਾਲ ਮਿਲਾਈਆ । ਮੇਰੇ ਨਾਲ ਇਕ ਬੀਬੀ ਹੋਵੇ ਬਾਂਦੀ, ਗੋਲੀਆਂ ਵਾਂਗ ਸੇਵ ਕਮਾਈਆ । ਜਿਸ ਦੇ ਹੱਥ ਵਿਚ ਕੰਗਣ ਹੋਵੇ ਚਾਂਦੀ, ਬੋਰ ਪੰਜ ਪੰਜ ਛੁਹਾਈਆ । ਇਕ ਦੇ ਹੱਥ ਵਿਚ ਹੋਵੇ ਢਾਂਡੀ, ਬਗ਼ਲ ਛੁਰੀ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਖ਼ਬਰ ਸੁਣਾਵਾਂ ਚੰਗੀ, ਜਨ ਭਗਤਾਂ ਦਿਆਂ ਜਣਾਈਆ । ਕਿਸੇ ਵਾਸਨਾ ਮੂਲ ਨਾ ਹੋਵੇ ਗੰਦੀ, ਪੱਤਤ ਪੁਨੀਤ ਦਿਆਂ ਬਣਾਈਆ । ਪੰਜਾਂ ਗੁਰਮੁਖਾਂ ਪਿੱਠ ਕਰ ਕੇ ਔਣਾ ਨੰਗੀ, ਕਾਲਾ ਨਿਸ਼ਾਨ ਮਗਰਾਂ ਉਤੇ ਲਗਾਈਆ । ਕੂਕ ਕੂਕ ਪੌਂਦੇ ਔਣਾ ਭੰਡੀ, ਵਰਭੰਡ ਵਿਚ ਦੁਹਾਈਆ । ਉਨ੍ਹਾਂ ਪਿਛੇ ਇਕ ਬੀਬੀ ਹੋਵੇ ਰੰਡੀ, ਜਿਸ ਦੀ ਕੰਤ ਨਾਲ ਹੋਵੇ ਜੁਦਾਈਆ । ਉਸ ਦੇ ਹੱਥ ਵਿਚ ਹੋਵੇ ਚੰਡੀ, ਲਾਲ ਰੰਗ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਹੋਏ ਸਹਾਈਆ । ਪੰਜਾਂ ਗੁਰਮੁਖਾਂ ਬੰਨ੍ਹੀ ਹੋਵੇ ਤੇੜ ਤਹਿਮਤ, ਕੰਨੀ ਵਾਲੀ ਨਜ਼ਰੀ ਆਈਆ । ਓਹ ਬਣੇ ਹੋਣ ਅਹਿਮਕ਼, ਮੂਰਖਾਂ ਵਾਲਾ ਵੇਸ ਸਮਝਾਈਆ । ਇਸ਼ਾਰੇ ਕਰਨ ਨਾਲ ਸੈਨਤ, ਅੱਖਾਂ ਨਾਲ ਵਡਿਆਈਆ । ਪੁੱਠੀ ਲੱਗੀ ਹੋਵੇ ਐਨਕ, ਸ਼ੀਸ਼ਾ ਸਾਬਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਡ ਦਾਤਾ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਹੋ ਚੁਕੰਨੀ, ਚਾਰੋਂ ਕੁੰਟ ਧਿਆਨ ਲਗਾਈਆ । ਕਵਣ ਮੇਰਾ ਸਾਚਾ ਤਨੀ, ਪ੍ਰੇਮ ਪ੍ਰੀਤੀ ਰਿਹਾ ਬਣਾਈਆ । ਧੁਰ ਫ਼ਰਮਾਨ ਰਿਹਾ ਮੰਨੀ, ਸੰਦੇਸ਼ਾ ਸ਼ਹਿਨਸ਼ਾਹੀਆ । ਇਕ ਬੀਬੀ ਆਵੇ ਭੰਨੀ, ਵਾਲ ਖੁਲ੍ਹੇ ਦਏ ਦੁਹਾਈਆ । ਉਸ ਦਾ ਨਾਂ ਹੋਵੇ ਚੰਨੀ, ਚਾਰ ਵਾਰ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬੇੜਾ ਰਿਹਾ ਬੰਨ੍ਹੀਂ, ਬੰਨ੍ਹਣਹਾਰ ਆਪਣੇ ਰੰਗ ਰੰਗਾਈਆ ।



### ❋ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜਪੁਰ ❋

ਸਦੀ ਚੌਧਵੀਂ ਕਹੇ ਮੈਂ ਦੱਸਾਂ ਜੋੜ ਕੇ ਦੋਵੇਂ ਹੱਥ, ਹਥੇਲੀ ਹਥੇਲੀ ਨਾਲ ਮਿਲਾਈਆ । ਮਾਲਵੇ ਵਿਚੋਂ ਇਕ ਬੀਬੀ ਨੇ ਨੱਕ ਵਿਚ ਪਾਈ ਹੋਵੇ ਨੱਥ, ਬਲਾਕਾਂ ਤਿੰਨਾਂ ਨਾਲ ਵਡਿਆਈਆ । ਓਹ ਪ੍ਰਭ ਦਾ ਗੀਤ ਗਾਵੇ ਛੱਬੀ ਪੋਹ ਵਿਚ ਸੱਥ, ਹੱਥ ਢਾਕਾਂ ਉਪਰ ਰਖਾਈਆ । ਉਚੀ ਬਾਂਹ ਕਰ ਕੇ ਕਹੇ ਵੇਖੋ ਪੁਰਖ ਸਮਰਥ, ਜੋ ਮਾਲਕ ਧੁਰਦਰਗਾਹੀਆ । ਸਾਰੇ ਚਰਨੀ ਜਾਓ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਜੋ ਵਸੇ ਘਟ ਘਟ, ਆਪਣਾ ਖੇਲ ਰਿਹਾ ਵਖਾਈਆ । ਪੰਜ ਗੁਰਮੁਖ ਬਣੇ ਹੋਣ ਭੱਟ, ਲੇਖਾ ਗੁਰ ਅਰਜਨ ਵਾਲਾ ਵਖਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਮਿਲੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਪਿਆਰ ਮੇਰੀ ਅੰਦਰ ਛਾਤੀ, ਛੱਤ ਛੱਪਰ ਛੰਨ ਨਾ ਕੋਇ ਵਡਿਆਈਆ । ਖੇਲ ਦੱਸਾਂ ਆਪਣੀ ਅਗੰਮੀ ਰਾਤੀ, ਰੁਤੜੀ ਪ੍ਰਭ ਦੇ ਨਾਲ ਸੁਹਾਈਆ । ਮੰਜ਼ਲ ਵਖਾਵਾਂ ਅਗੰਮੀ ਘਾਟੀ, ਘਾਟੇ ਸਭ ਦੇ ਪੂਰ ਕਰਾਈਆ । ਨਾਜਰ ਸਿੰਘ ਦੀ ਮਾਂ ਦੇ ਹੱਥ ਵਿਚ ਹੋਵੇ ਬਾਟੀ, ਘਿਓ ਖੰਡ ਨਾਲ ਭਰਾਈਆ । ਉਤੇ ਦਿਤੀ ਹੋਵੇ ਨੀਲੇ ਰੰਗ ਦੀ ਖੱਦਰ ਵਾਲੀ ਟਾਕੀ, ਉਨਤੀ ਘਰ ਵਿਚ ਸੋਭਾ ਪਾਈਆ । ਚਲ ਕੇ ਆਵੇ ਖੁਲ੍ਹੀ ਝਾਟੀ, ਮੇਂਢੀ ਸੀਸ ਨਾ ਕੋਇ ਸੁਹਾਈਆ । ਹੱਥ ਵਿਚ ਫੜੀ ਹੋਵੇ ਮੋਮਬਾਤੀ, ਬਾਤਨ ਪੜਦਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਲੇਖਾ ਪਿਛਲਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਚਾਰ ਗੁਰਮੁਖ ਹੋਵਣ ਮੇਰੇ ਬੂਰੇ ਕੱਕੇ, ਕਾਲਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨੂੰ ਮਾਰਨ ਧੱਕੇ, ਧੱਕਿਆਂ ਨਾਲ ਹਿਲਾਈਆ । ਫਿਰ ਬੰਧਨ ਪਾਵਣ ਇਕੱਠੇ, ਬਾਹਵਾਂ ਬਾਹਵਾਂ ਵਿਚ ਫਸਾਈਆ । ਫਿਰ ਇਕ ਦੂਜੇ ਦੇ ਖਿੱਚਣ ਪਟੇ, ਵਾਲ ਕੇਸ ਫੜ ਕੇ ਦੇਣ ਦੁਹਾਈਆ । ਮੁਖੋਂ ਕਹਿਣ ਮਾਹੀ ਮਿਲਿਆ ਸੱਚੇ, ਸਚ ਸੱਚੀ ਸਰਨਾਈਆ । ਇਕ ਦੂਜੇ ਨੂੰ ਕਹਿਣ ਅਸੀਂ ਹੁਣ ਨਹੀਂ ਰਹਿਣਾ ਕੱਚੇ, ਗੁਰਮੁਖ ਬਣ ਕੇ ਦੇਣਾ ਵਖਾਈਆ । ਸਾਡੀ ਸਾਹਿਬ ਆਪੇ ਪਤ ਰੱਖੇ, ਲੇਖਾ ਕਰੇ ਥਾਈਂ ਥਾਈਆ । ਇਹ ਹੋਵਣ ਉਹ ਚਾਰ ਜਿਨ੍ਹਾਂ ਮੁਸਲਮਾਨਾਂ ਗੁਰੂ ਗੋਬਿੰਦ ਨੂੰ ਬੁਲਾਈ ਸੀ ਫ਼ਤਿਹ, ਸਲਾਮ ਦੀ ਜਗਹ ਸੱਯਦਾ ਕਰ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦ ਦਏ ਚੁਕਾਈਆ । ਸਦੀ ਚੌਧਵੀਂ ਕਹੇ ਇਕ ਬੀਬੀ ਬਣ ਕੇ ਆਵੇ ਮਿਸ਼ਰਾਣੀ, ਪੰਡਤਾਣੀ ਆਪਣਾ ਵੇਸ ਵਟਾਈਆ । ਹਰੀਓਮ ਤੱਤ ਸਤਿ ਦੀ ਪੜ੍ਹਦੀ ਆਵੇ ਬਾਣੀ, ਓਮ ਓਮ ਰਸਨਾ ਨਾਲ ਗਾਈਆ । ਗੜਵੀ ਵਿਚ ਭਰਿਆ ਹੋਵੇ ਪਾਣੀ, ਛਿਟੇ ਮਾਰ ਕੇ ਆਪਣਾ ਆਪ ਪਵਿੱਤ੍ਰ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਕਰਾਂ ਫ਼ਰਮਾਦਾਰੀ, ਸੇਵਕ ਹੋ ਕੇ ਸੇਵ ਕਮਾਈਆ । ਬਿਨਾ ਕ਼ਰਜ਼ ਤੋਂ ਲਾਹਵਾਂ ਉਧਾਰੀ, ਪੂਰਬ ਲੇਖ ਚੁਕਾਈਆ । ਸੀਸ ਝੁਕਾਵਾਂ ਜੋਤ ਨਿਰੰਕਾਰੀ, ਨਿਰਵੈਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦਰ ਘਰ ਸਾਚੇ ਬਹਿ ਕੇ ਖ਼ੁਸ਼ੀ ਮਨਾਈਆ । ਸਦੀ ਚੌਧਵੀਂ ਕਹੇ ਪੰਜਾਂ ਗੁਰਮੁਖਾਂ ਦੇ ਕੋਲ ਹੋਵੇ ਗੁਰਜ, ਕੰਧਿਆਂ ਉਤੇ ਰਖਾਈਆ । ਪੰਜਾਂ ਦੇ ਕੋਲ ਉਪਰ ਉਡੌਣ ਵਾਲੇ ਹੋਣ ਬੁਰਜ, ਜੋ ਆਤਸ਼ ਨਾਲ ਉਡਾਈਆ । ਪੰਜਾਂ ਨੇ ਤਾਲੀ ਵਜਾਵਣ ਦੀ ਲਾਈ ਹੋਵੇ ਬੁਰਦ, ਆਵਾਜ਼ ਜ਼ੋਰ ਜ਼ੋਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਰਬਾਰਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਤੱਕਾਂ ਓਹ ਚੰਦਾ, ਜੋ ਸੂਰੀਆ ਚੰਦ ਦੇਵੇ ਰੁਸ਼ਨਾਈਆ । ਮੈਂ ਤੱਕਾਂ ਓਹ ਬੰਦਾ, ਜੋ ਬੰਦਗੀ ਤੋਂ ਬਾਹਰ ਡੇਰਾ ਲਾਈਆ । ਮੈਂ ਤੱਕਾਂ ਓਹ ਫੰਦਾ, ਜੋ ਚੁਰਾਸੀ ਬੰਧਨ ਆਪਣੇ ਵਿਚ ਬੰਧਾਈਆ । ਮੈਂ ਤੱਕਾਂ ਓਹ ਰੰਦਾ, ਜੋ ਦੁਰਮਤ ਮੈਲ ਕਰੇ ਸਫ਼ਾਈਆ । ਮੈਂ ਤੱਕਾਂ ਓਹ ਖੰਡਾ, ਜੋ ਦੂਤਾਂ ਦੁਸ਼ਟਾਂ ਘਾਓ ਲਗਾਈਆ । ਮੈਂ ਤੱਕਾਂ ਓਹ ਕੰਢਾ, ਜਿਥੇ ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਕੋਟ ਜਨਮ ਦੀ ਭਗਤੀ ਨਾਲੋਂ ਪ੍ਰਭ

ਦਾ ਦਰਸ਼ਨ ਇਕੋ ਵਾਰ ਚੰਗਾ, ਜੋ ਚਾਰ ਜੁਗ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਧੁਰ ਦਾ ਸੰਗਾ, ਸਾਥੀ ਹੋ ਕੇ ਸੰਗ ਨਿਭਾਈਆ ।

### ❊ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਬੀਬੀ ਮਹਿੰਦਰ ਕੌਰ ਦੇ ਗ੍ਰਹਿ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ❊

ਸਦੀ ਚੌਧਵੀਂ ਕਹੇ ਮੈਂ ਚੌਦਾਂ ਤਬਕਾਂ ਤੋਂ ਬਾਹਰ ਆਈ ਘੁੰਮਣ, ਘੁੰਮਣਘੇਰੀ ਵੇਖਾਂ ਜਗਤ ਲੋਕਾਈਆ । ਜਨ ਭਗਤਾਂ ਦੇ ਪੈਰ ਆਈ ਚੁੰਮਣ, ਬਿਨ ਰਸਨਾ ਮੁਖ ਮੁਖ ਛੁਹਾਈਆ । ਮਨਮੁਖਾਂ ਚੋਟੀਆਂ ਆਈ ਮੁੰਨਣ, ਸਰ ਸਿਰ ਸੀਸ ਨਾ ਕੋਇ ਵਡਿਆਈਆ । ਸੰਤ ਸੁਹੇਲੇ ਆਈ ਚੁਣਨ, ਚੁਰਾਸੀ ਵਿਚੋਂ ਖੋਜ ਖੁਜਾਈਆ । ਨਾਮ ਦੀ ਧਾਰ ਬਣੌਣ ਆਈ ਕੁੰਦਨ, ਸਚ ਮੁਹੱਬਤ ਵਿਚ ਕਰ ਸਫ਼ਾਈਆ । ਦਰਸ਼ਨ ਕਰ ਕੇ ਨੈਣ ਮੂੰਦਨ, ਨੇਤਰ ਲੋਚਨ ਨੈਣ ਹੋਈ ਰੁਸ਼ਨਾਈਆ । ਅੰਮ੍ਰਿਤ ਪੀਣ ਆਈ ਬੂੰਦਨ, ਸਵਾਂਤੀ ਸਤਿਗੁਰ ਦਏ ਚਖਾਈਆ । ਉਚੀ ਉਚੀ ਆਈ ਕੂਕਣ, ਕੂਕ ਕੂਕ ਦਿਆਂ ਦੁਹਾਈਆ । ਲੇਖੇ ਲਾ ਲਓ ਆਪਣਾ ਕਾਇਆ ਮਾਟੀ ਪੰਜ ਭੂਤਨ, ਆਤਮ ਪਰਮਾਤਮ ਨਾਤਾ ਲੈਣਾ ਜੁੜਾਈਆ । ਜੋਤ ਅਕਾਲਣ ਜਗਤ ਅੰਗਿਆਰੀ ਮਾਇਆ ਮਮਤਾ ਲੱਗੀ ਫੂਕਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਸ਼ਵਰਾ ਹੁੰਦਾ ਦਿਸੇ ਰੂਸਣ, ਰਸ਼ੀਆ ਏਸ਼ੀਆ ਵਿਚ ਦੁਹਾਈਆ । ਖੇਲ ਕਰਨਾ ਈਸਾ ਮੂਸਣ, ਮੁਸਲਿਮ ਸੋਏ ਲੈਣੇ ਜਗਾਈਆ । ਮੁਹੰਮਦ ਹੋਣ ਲੱਗਾ ਕੂਚਣ, ਕੂਚਾ ਗਲੀ ਦਿਆਂ ਦੁਹਾਈਆ । ਅੰਤ ਅੱਥਰੂ ਲੱਗਾ ਪੂੰਝਣ, ਹੰਝੂ ਸਾਫ਼ ਕਰਾਈਆ । ਕੂੜਾ ਲੱਗਾ ਹੂੰਝਣ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੱਸੇ ਸਾਚੀ ਪੂਜਣ, ਦੂਜਾ ਇਸ਼ਟ ਨਾ ਕੋਇ ਬਣਾਈਆ । ਸਦੀ ਚੌਧਵੀਂ ਕਹੇ ਮੈਂ ਨਹਾਤੀ ਧੋਤੀ ਚਮਕੀ, ਸੋਹਣਾ ਨੂਰ ਬਣਾਈਆ । ਮੈਂ ਵੇਖਾਂ ਧਾਰ ਸ਼ਮਸੀ, ਤਬਰੇਜ਼ ਰਿਹਾ ਕੁਰਲਾਈਆ । ਮਨਸੂਰ ਇਸ਼ਾਰਾ ਦੇਵੇ ਨਾਲ ਰਮਜ਼ੀ, ਸੈਨਤ ਵਿਚ ਜਣਾਈਆ । ਸ੍ਰਿਸ਼ਟੀ ਉਤੇ ਘੜੀ ਔਣੀ ਗ਼ਮ ਦੀ, ਚਿੰਤਾ ਵਿਚ ਕੁਰਲਾਈਆ । ਖੇਲ ਵੇਖਣੀ ਛੱਪਰ ਛੰਨ ਦੀ, ਮੰਦਰ ਮਹੱਲ ਫੋਲ ਫੁਲਾਈਆ । ਹੱਦ ਮੁਕਣੀ ਕਾਇਆ ਮਾਟੀ ਤਨ ਦੀ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਵਡਿਆਈ ਹੋਣੀ ਭਗਤ ਜਨ ਦੀ, ਸਤਿਜੁਗ ਸਾਚੇ ਖ਼ੁਸ਼ੀ ਬਣਾਈਆ । ਖੇਲ ਮੁਕਣੀ ਮਮਤਾ ਮਨ ਦੀ, ਮੋਹ ਵਿਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਭਗਤਾਂ ਨਿਰਮਲ ਕਰਨੀ ਬੁੱਧੀ, ਭਗਤ ਦੇਣੇ ਬਣਾਈਆ । ਗੁਰਮੁਖ ਇਕ ਲਿਆਵੇ ਡੁਗਡੁਗੀ, ਡਬਰੂ ਵਾਂਗ ਖੜਕਾਈਆ । ਇਹ ਖੇਲ ਵੇਖਣਾ ਅੰਤ ਅਖ਼ੀਰ ਚੌਂਹ ਜੁਗੀ, ਕਲਜੁਗ ਕੂੜ ਕੁਟੰਬ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਦੇ ਕੇ ਆਪਣੀ ਰੁਚੀ, ਰਚਨਾ ਧੁਰ ਦੀ ਦਏ ਵਖਾਈਆ ।

## ☀ ੧੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ☀

ਸਦੀ ਚੌਧਵੀਂ ਕਹੇ ਮੇਰੇ ਪਰਵਰਦਿਗਾਰ ਮੇਰੀ ਪੁਸ਼ਤ ਪਨਾਹ ਦੇ ਥਾਪੀ, ਸਿਰ ਮੇਰੇ ਹੱਥ ਟਿਕਾਈਆ। ਮੈਂ ਉਮਤ ਵਿਚ ਰਹਿਣ ਦੇਣਾ ਕੋਈ ਨਹੀਂ ਪਾਕੀ, ਪਾਕੀਜ਼ਾ ਰੂਪ ਨਾ ਕੋਇ ਦਰਸਾਈਆ। ਤੇਰੀ ਖ਼ੂਬ ਮੰਨੀ ਆਖੀ, ਆਖ਼ਰ ਵਾਸਤਾ ਪਾ ਕੇ ਦਿਆਂ ਦੁਹਾਈਆ। ਮੇਰੀ ਮੁਆਫ਼ ਕਰ ਗੁਸਤਾਖੀ, ਗ਼ੁੱਸਾ ਗਿਲਾ ਦੇਣਾ ਗਵਾਈਆ। ਮੈਂ ਕੱਥਾ ਕਹਾਣੀ ਦੱਸਾਂ ਸਾਚੀ, ਸਾਹਿਬ ਸਤਿਗੁਰ ਸਚ ਸਮਝਾਈਆ। ਅੱਗੇ ਗੋਬਿੰਦ ਦੇ ਧੁਰ ਦਾ ਸਾਥੀ, ਜੋ ਬੱਚਿਆਂ ਨੀਹਾਂ ਹੇਠ ਦਬਾਈਆ। ਮੈਂ ਮੰਜ਼ਲ ਚੜ੍ਹ ਕੇ ਵੇਖਾਂ ਅਗੰਮੀ ਘਾਟੀ, ਅੱਗੇ ਹੋ ਨਾ ਕੋਇ ਅਟਕਾਈਆ। ਕਲਜੁਗ ਮਿਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ। ਇਕ ਗੁਰਮੁਖ ਹੋਵੇ ਜੋ ਕੁਕਰਮਾਂ ਦਾ ਹੋਵੇ ਪਾਪੀ, ਪਤਤ ਆਪਣਾ ਆਪ ਬਣਾਈਆ। ਤੂੰ ਮਿਹਰ ਨਿਗਾਹ ਨਾਲ ਝਾਕੀਂ, ਨੇਤਰ ਲੋਚਨ ਨੈਣ ਅੱਖ ਉਠਾਈਆ। ਨਾਮ ਪਿਆਲਾ ਦੇਵੀਂ ਬਣ ਕੇ ਸਾਕੀ, ਜਾਮ ਧੁਰ ਦਾ ਆਪ ਪਿਲਾਈਆ। ਮੈਂ ਸੇਵਕ ਤੇਰੀ ਦਾਸੀ, ਦਰ ਠਾਂਡੇ ਸੀਸ ਨਿਵਾਈਆ। ਤੂੰ ਪਰਮ ਪੁਰਖ ਅਬਿਨਾਸ਼ੀ, ਕਲ ਕਰਤੇ ਤੇਰੀ ਬੇਪ੍ਰਵਾਹੀਆ। ਖੇਲ ਵੇਖ ਮੰਡਲ ਰਾਸੀ, ਦੋ ਜਹਾਨਾਂ ਖੋਜ ਖੁਜਾਈਆ। ਮੁਹੰਮਦ ਦੇ ਅੰਦਰ ਹੋਵੇ ਉਦਾਸੀ, ਸਦੀ ਚੌਧਵੀਂ ਰਹੀ ਕੁਰਲਾਈਆ। ਈਸਾ ਨੂੰ ਯਾਦ ਆਵੇ ਫਾਸੀ, ਪੂਰਬ ਲੇਖਾ ਦਿਆਂ ਸਮਝਾਈਆ। ਜੋ ਕਰਵਤ ਪੰਡਤ ਦੇਂਦੇ ਰਹੇ ਕਾਸ਼ੀ, ਕਸਾਈਆਂ ਵਾਲਾ ਰੂਪ ਧਰਾਈਆ। ਸਵੇਰ ਵੇਲੇ ਨਹੌਂਦੇ ਰਹੇ ਪ੍ਰਭਾਤੀ, ਅੰਮ੍ਰਿਤ ਵੇਲੇ ਗੰਗਾ ਉਠ ਉਠ ਧਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ। ਸਦੀ ਚੌਧਵੀਂ ਕਹੇ ਤੇਰੇ ਉਤੇ ਇਕ ਭਰਵਾਸਾ, ਪੁਰਖ ਅਕਾਲ ਤੇਰੀ ਸਰਨਾਈਆ। ਮੈਂ ਚੌਦਾਂ ਤਬਕਾਂ ਛੱਡਿਆ ਸਾਥਾ, ਉਮਤ ਨਬੀ ਰਸੂਲ ਆਈ ਤਜਾਈਆ। ਮੇਰਾ ਅਗਲਾ ਪੂਰਾ ਕਰ ਦੇ ਖ਼ੁਆਬਾ, ਭਵਿਖਤਾਂ ਵਿਚ ਤੇਰੇ ਅੱਗੇ ਮੰਗ ਮੰਗਾਈਆ। ਪ੍ਰੇਮ ਪ੍ਰੀਤੀ ਜੋੜ ਨਾਤਾ, ਨਾਤਵਾਂ ਆਪਣੇ ਨਾਲ ਬੰਧਾਈਆ। ਸਾਚੇ ਨਾਮ ਦੀ ਬਖ਼ਸ਼ ਦਾਤਾ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ। ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਸਾਂਝੀ ਹੋਵੇ ਗਾਥਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ। ਤੈਨੂੰ ਝੁਕਦੇ ਰਾਮ ਵਸ਼ਿਸ਼ਟ ਤ੍ਰੈਲੋਕੀ ਨਾਥਾ, ਈਸਾ ਮੂਸਾ ਮੁਹੰਮਦ ਸੱਯਦਿਆਂ ਵਿਚ ਸੀਸ ਝੁਕਾਈਆ। ਨਾਨਕ ਨਿਰਗੁਣ ਸਰਗੁਣ ਟੇਕੇ ਮਾਥਾ, ਗੋਬਿੰਦ ਨਿਉਂ ਨਿਉਂ ਲਾਗੇ ਪਾਈਆ। ਤੂੰ ਆਦਿ ਜੁਗਾਦੀ ਏਕੰਕਾਰ ਇਕੋ ਪਿਤਾ ਮਾਤਾ, ਮਤ ਮਤਾਂਤਰ ਦੇ ਗਵਾਈਆ। ਦੀਨ ਦੁਨੀ ਦਾ ਬਦਲ ਦੇ ਸਾਕਾ, ਸਾਖਿਆਤ ਹੋ ਕੇ ਆਪਣਾ ਰੰਗ ਰੰਗਾਈਆ। ਗੁਰ ਅਵਤਾਰ ਪੈਗ਼ੰਬਰ ਅੰਤ ਰਹੇ ਕੋਈ ਨਾ ਚਾਚਾ, ਪਿਤਾ ਹੋ ਕੇ ਗੁਰਮੁਖ ਆਪਣੀ ਗੋਦ ਉਠਾਈਆ। ਏਥੇ ਓਥੇ ਦੋ ਜਹਾਨਾਂ ਬਣ ਰਾਖਾ, ਨਿਰਗੁਣ ਸਰਗੁਣ ਵੇਸ ਵਟਾਈਆ। ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਕਮਲਾਪਾਤਾ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਇਕ ਸਰਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਓਟ ਤਕਾਈਆ। ਸਦੀ ਚੌਧਵੀਂ ਕਹੇ ਮੈਂ ਵੇਖੀ ਚਾਰ ਕੁੰਟ, ਦਹਿ ਦਿਸ਼ਾ ਫੋਲ ਫੁਲਾਈਆ। ਮੈਂ ਤੱਕਿਆ ਤੇਰਾ ਬੈਕੁੰਠ, ਸਵਰਗਾਂ ਵਿਚ ਫੇਰਾ ਪਾਈਆ। ਤੇਰਾ ਨਾਮ ਸ਼ਬਦ ਸਦਾ ਅਨਸੁਨਤ, ਸਰਵਣ ਸਮਝੇ ਕੋਇ ਨਾ ਰਾਈਆ। ਤੇਰੀ ਮਹਿਮਾ ਦੋ ਜਹਾਨਾਂ ਅਗਣਤ, ਹਿੱਸਾ

ਵੰਡ ਨਾ ਕੋਇ ਵੰਡਾਈਆ । ਤੇਰੇ ਦਵਾਰੇ ਕਰਾਂ ਮਿੰਨਤ, ਨਿਉਂ ਨਿਉਂ ਸੀਸ ਨਿਵਾਈਆ । ਜਨ ਭਗਤਾਂ ਦੇ ਹਿੰਮਤ, ਹੌਸਲਾ ਅੰਦਰ ਦੇ ਬੰਨ੍ਹਾਈਆ । ਓਹ ਸਿੱਧੇ ਆਵਣ ਤੇਰੀ ਸਿੰਮਤ, ਰਾਹ ਵਿਚ ਨਾ ਕੋਇ ਅਟਕਾਈਆ । ਛੱਬੀ ਪੋਹ ਨੂੰ ਪੰਜ ਨਾਲ ਲਿਆਵਣ ਨਿੰਦਕ, ਜੋ ਨਿੰਦਿਆ ਵਿਚ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਵੇਖਾਂ ਅੰਧੇਰੀ ਆਂਧੀ, ਸਾਚਾ ਨੂਰ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਵੇਖਾਂ ਪਾਂਧੀ, ਰਸਤਿਆਂ ਵਿਚ ਬਸਤੇ ਚੁੱਕਕੇ ਭੱਜਣ ਵਾਹੋ ਦਾਹੀਆ । ਮੈਂ ਤੀਰਥ ਤੱਟਾਂ ਆਈ ਨਹਾਂਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਈਆ । ਮੈਂ ਦੁਨੀਆ ਸੂਰ ਗਾਂ ਵੇਖੀ ਖਾਂਦੀ, ਬੱਕਰੇ ਦੁੰਬੇ ਮੁਖਾਂ ਵਿਚ ਲਗਾਈਆ । ਮੋਹ ਵਧਿਆ ਸੋਨਾ ਚਾਂਦੀ, ਤੇਰਾ ਪ੍ਰੇਮ ਨਾ ਕੋਇ ਸਮਝਾਈਆ । ਤਨ ਵਜੂਦ ਤ੍ਰੈਗੁਣ ਮਾਇਆ ਉਬਲੇ ਹਾਂਡੀ, ਸਾਂਤਕ ਸਤਿ ਨਾ ਕੋਇ ਕਰਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਆਰੇ ਥਾਉਂ ਥਾਈਂ ਥਾਂ ਦੀ, ਅੰਤਰ ਨਿਰੰਤਰ ਤੇਰਾ ਪੜਦਾ ਨਾ ਕੋਇ ਉਠਾਈਆ ਕਲਜੁਗ ਜੀਵਾਂ ਬੁੱਧੀ ਹੋਈ ਕਾਂ ਦੀ, ਦਿਵਸ ਰੈਣ ਕਾਗ ਵਾਂਗ ਕੁਰਲਾਈਆ । ਲੱਜਿਆ ਰਹੀ ਨਾ ਪੁਤ੍ਰ ਮਾਂ ਦੀ, ਭੈਣ ਭਾਈ ਨਾ ਕੋਇ ਸ਼ਰਮਾਈਆ । ਅਦਾਲਤ ਰਹੀ ਨਾ ਕੋਇ ਨਿਆਂ ਦੀ, ਪੰਡਤ ਪਾਂਧੇ ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਆਪਣਾ ਆਪ ਗਏ ਗਵਾਈਆ । ਵਡਿਆਈ ਰਹੀ ਨਾ ਕਿਸੇ ਗਰਾਂ ਦੀ, ਸਾਚਾ ਧਰਮ ਨਾ ਕਿਸੇ ਸਮਝਾਈਆ । ਓਟ ਗਈ ਸਤਿਗੁਰ ਵਾਲੀ ਛਾਂ ਦੀ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਸਾ ਮਨਸਾ ਪੂਰੀ ਕਰ ਆਦਮ ਬਾਵਾ ਮਾਈ ਹੱਵਾ ਦੀ, ਹਵਾ ਵਿਚ ਹਵਾ ਦੇ ਬਦਲਾਈਆ ।



੫੪੭
੨੧

## ❊ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਜੰਡਿਆਲਾ ਜ਼ਿਲਾ ਜਲੰਧਰ ❊

ਸਦੀ ਚੌਧਵੀਂ ਕਹੇ ਮੈਂ ਭੱਜ ਭੱਜ ਥੱਕੀ, ਥਕਾਵਟ ਵਿਚ ਪੈਂਡਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਮੈਨੂੰ ਦਿਸੀ ਸ਼ੱਕੀ, ਸਤਿ ਸਚ ਵਿਚ ਨਾ ਕੋਇ ਸਮਾਈਆ । ਮੈਂ ਜਿਧਰੋਂ ਦੀ ਲੰਘੀ ਮੈਨੂੰ ਸਾਰੇ ਮਾਰਨ ਅੱਖੀਂ, ਸੈਨਤਾਂ ਨਾਲ ਸਮਝਾਈਆ । ਸਾਡੇ ਨਾਲ ਕਰ ਲੈ ਪੱਕੀ, ਨਾਤਾ ਆਪਣਾ ਲੈਣਾ ਜੁੜਾਈਆ । ਮੈਂ ਖਿੜ ਖਿੜਾ ਕੇ ਹੱਸੀ, ਤਾਲੀ ਹੱਥਾਂ ਦਿਤੀ ਵਜਾਈਆ । ਕਮਲਿਓ ਮੈਂ ਪੁਰਖ ਅਕਾਲ ਬਣਾਇਆ ਇਕੋ ਪਤੀ, ਦੂਸਰ ਅੰਗ ਨਾ ਕਦੇ ਲਗਾਈਆ । ਮੈਨੂੰ ਸਾਧ ਸੰਤ ਕਹਿਣ ਨਾ ਇਹ ਬੂਰੀ ਨਾ ਇਹ ਕੱਕੀ, ਕਾਲਾ ਸੂਹਾ ਰੂਪ ਨਾ ਕੋਇ ਬਣਾਈਆ । ਜੋਬਨਵੰਤੀ ਪੁਰੀਆਂ ਲੋਆਂ ਜਾਏ ਟੱਪੀ, ਭੱਜੇ ਵਾਹੋ ਦਾਹੀਆ । ਇਹਨੂੰ ਫੜ ਲਓ ਸਾਰੇ ਹੱਥੋ ਹੱਥੀ, ਆਪਣਾ ਬਲ ਧਰਾਈਆ । ਵਿਕਾਰ ਨਾਲ ਲਓ ਨੱਥੀ, ਹੰਕਾਰ ਵਿਚ ਦਬਾਈਆ । ਕਿਹੜੀ ਗੱਲੋਂ ਅੱਛੀ, ਕਵਣ ਵਿਦਿਆ ਰਹੀ ਸਿਖਾਈਆ । ਸਦੀ ਚੌਧਵੀਂ ਕਹੇ ਮੈਂ ਵਾਹੋ ਦਾਹੀ ਨੱਸੀ, ਆਪਣਾ ਬਲ ਪ੍ਰਗਟਾਈਆ । ਓਸ ਦਵਾਰੇ ਆ ਕੇ ਵਸੀ, ਜਿਥੇ ਵਸਲ ਮਿਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਡ ਦਾਤਾ ਇਕ ਅਖਵਾਈਆ । ਵੇਖਣਾ ਖੇਲ ਸਚੇ ਪਿਰ ਦਾ, ਪੀਆ ਪ੍ਰੀਤਮ ਦਏ ਵਖਾਈਆ ।

ਇਕ ਗੁਰਮੁਖ ਵਿਛੜਿਆ ਹੋਵੇ ਚਿਰ ਦਾ, ਨਾਤਾ ਮੁਹੰਮਦ ਨਾਲ ਬਣਾਈਆ । ਓਹ ਆਵੇ ਫਿਰਦਾ ਫਿਰਦਾ, ਮੰਜ਼ਲ ਪੰਧ ਮੁਕਾਈਆ । ਭੇਵ ਦੱਸਾਂ ਨਰਾਇਣ ਨਿਰ ਦਾ, ਨਰ ਨਿਰੰਕਾਰ ਪੜਦਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਛੱਬੀ ਪੋਹ, ਪਰੋਹਤ ਪੰਡਤ ਫੋਲ ਫੁਲਾਈਆ । ਮੁੱਲਾਂ ਦਾ ਤਕਣਾ ਗ੍ਰੋਹ, ਜੋ ਕੰਧਾ ਕੰਧੇ ਨਾਲ ਛੁਹਾਈਆ । ਕਰਮ ਧਰਮ ਦਾ ਲੇਖਾ ਵੇਖਣਾ ਦੋ, ਨਿਰਗੁਣ ਸਰਗੁਣ ਵੰਡ ਵੰਡਾਈਆ । ਜਗਤ ਵਿਕਾਰ ਦਾ ਤੋੜਨਾ ਮੋਹ, ਮੁਹੱਬਤ ਵਿਚ ਸਮਾਈਆ । ਸਭ ਦੇ ਕੋਲੋਂ ਸਭ ਕੁਛ ਲੈਣਾ ਖੋਹ, ਖ਼ਾਲੀ ਹੱਥ ਦੇਣੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਆਸ਼ਾ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਇਕ ਗੁਰਮੁਖ ਸੌਹਰਾ ਨਾਲ ਲਿਆਵੇ ਜੀਜਾ, ਜੀ ਆਇਆਂ ਕਹਿ ਕੇ ਖ਼ੁਸ਼ੀ ਮਨਾਈਆ । ਇਕ ਚਾਚਾ ਨਾਲ ਲਿਆਵੇ ਭਤੀਜਾ, ਜੋ ਸੀਸ ਨਿਵਾਵਣ ਧੁਰਦਰਗਾਹੀਆ । ਤਿੰਨਾਂ ਦਾ ਦਲ ਹੋਵੇ ਤੀਜਾ, ਜੋ ਤ੍ਰੈਗੁਣ ਮਾਇਆ ਨਾਉਂ ਧਰਾਈਆ । ਚੌਥੇ ਜੁਗ ਦਾ ਲਹਿਣਾ ਵੇਖਿਓ ਪੂਰੀ ਹੁੰਦੀ ਰੀਝਾ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਸਤ ਅਗੰਮ ਅਥਾਹ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਹੋਈ ਚੁਕੰਨੀ, ਚਾਰੋਂ ਕੁੰਟ ਧਿਆਨ ਲਗਾਈਆ । ਸ਼ਬਦ ਸੰਦੇਸ਼ਾ ਦੇਵਾਂ ਓਸ ਬੀਬੀ ਮੰਨੀ, ਜਿਸ ਦਾ ਮਾਲਕ ਸਵਰਨ ਧ੍ਰੂ ਨਾਲ ਵਡਿਆਈਆ । ਦੋ ਜਹਾਨਾਂ ਖੇਲ ਵੇਖਾਂ ਸੰਨ੍ਹੀ, ਗੱਭੇ ਭੱਜਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਦੇਵਾਂ ਹੋਕਾ, ਹੁਕਮ ਦੱਸਣਾ ਧੁਰਦਰਗਾਹੀਆ । ਕਲਮਾ ਸੁਣੌਣਾ ਚੌਦਾਂ ਲੋਕਾ, ਲੇਖਾ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਬਦਲ ਕੇ ਸੋਚਾ, ਸਮਝ ਸਮਝ ਨਾਲ ਬਦਲਾਈਆ । ਸ੍ਰਿਸ਼ਟੀ ਇਸ਼ਟੀ ਹਿੱਸਾ ਰਹਿਣਾ ਚੌਥਾ, ਚੌਥਾ ਜੁਗ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਵਡਿਆਈਆ ।



੫੪੮ ੨੧

❊ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਮਾਂ ਕੌਰ ਦੇ ਗ੍ਰਹਿ ਪਿੰਡ ਸੁੰਨੜਾ ਜ਼ਿਲਾ ਜਲੰਧਰ ❊

ਸਦੀ ਚੌਧਵੀਂ ਕਹੇ ਮੈਂ ਨਵ ਨੌ ਚਾਰ ਲਾਇਆ ਚੱਕਰ, ਦਹਿ ਦਿਸ਼ਾ ਅਨਭਵ ਦ੍ਰਿਸ਼ਟੀ ਫੋਲ ਫੁਲਾਈਆ । ਸਾਹਿਬ ਸਵਾਮੀ ਤੇਰਾ ਦਿਸਿਆ ਕੋਈ ਨਾ ਫ਼ੱਕਰ, ਜੋ ਫ਼ਿਕਰਾ ਢੋਲਾ ਤੇਰਾ ਨਾਮ ਸੁਣਾਈਆ । ਅੱਖਰਾਂ ਨਾਲ ਅੱਖਰਾਂ ਦੀ ਹੁੰਦੀ ਵੇਖੀ ਟੱਕਰ, ਝਗੜੇ ਵਿਚ ਦੀਨ ਦੁਨੀ ਦੇਵੇ ਦੁਹਾਈਆ । ਸਾਚੇ ਤੋਲ ਤੁਲੇ ਕੋਈ ਨਾ ਤੱਕੜ, ਨਾਮ ਪਦਾਰਥ ਹੱਥ ਕਿਸੇ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰ ਬਣਾਇਆ ਮਕਰ, ਫ਼ਰੇਬਾਂ ਵਿਚ ਆਪਣਾ ਝਟ ਲੰਘਾਈਆ । ਜਗਤ ਗੁਰੂ ਦਿਸੇ ਕੋਈ ਨਾ ਧਾਰੀ ਛਤਰ, ਛਤਰਧਾਰੀ ਤੇਰਾ ਰੂਪ ਨਾ ਕੋਇ ਦਰਸਾਈਆ । ਮੈਂ ਫੋਲ ਕੇ ਵੇਖੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੱਤ੍ਰ, ਪੱਤਨਾਂ ਉਤੇ ਭੱਜੀ ਵਾਹੋ ਦਾਹੀਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਤੇਰਾ ਸਿਫ਼ਤਾਂ ਵਾਲਾ ਦੱਸਣ ਪੱਤਣ, ਯਥਾਰਥ ਤੇਰਾ ਪੜਦਾ ਨਾ ਕੋਇ ਉਠਾਈਆ । ਵਰਨ ਬਰਨ ਜ਼ਾਤ

ਪਾਤ ਤਨ ਵਜੂਦ ਮਾਟੀ ਖ਼ਾਕ ਹੋਇਆ ਛੁੱਟਣ, ਸ਼ਾਹ ਪਾਤਸ਼ਾਹ ਤੇਰਾ ਵਸਲ ਅਸਲ ਮਿਲੇ ਨਾ ਯਾਰ ਖ਼ੁਦਾਈਆ । ਸਾਚੀ ਮੰਜ਼ਲ ਦਰਗਾਹ ਸਾਚੀ ਸਚਖੰਡ ਵੇਖੇ ਨਾ ਕੋਇ ਆਪਣਾ ਵਤਨ, ਬੇਵਤਨ ਹੋ ਕੇ ਸਾਰੇ ਰਹੇ ਕੁਰਲਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਸ਼ਾਹ ਸੁਲਤਾਨ ਤਨ ਵਜੂਦ ਓਢਣ ਵਾਲੇ ਕਫ਼ਨ, ਕਾਫ਼ ਗਾਫ਼ ਦਾ ਨੁਕਤਾ ਨੂਨ ਨਾ ਕੋਇ ਸਮਝਾਈਆ । ਸਦੀ ਚੌਧਵੀਂ ਕਹੇ ਹਕੀਕ਼ਤ ਵਿਚ ਲਾਸ਼ਰੀਕ ਸਾਰੇ ਕਰਦੇ ਦਫ਼ਨ, ਮੁਰਦਾ ਮੁਰੀਦ ਮੁਰਸ਼ਦ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸਚ ਦਵਾਰੇ ਧੁਰ ਦੀ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਦਹਿ ਦਿਸ਼ਾ ਭੱਜੀ ਨੱਠੀ, ਭਜਨ ਬੰਦਗੀ ਵਾਲਾ ਨਜ਼ਰ ਕੋਇ ਨਾ ਆਈਆ । ਕਾਇਆ ਮੰਦਰ ਅੰਦਰ ਸਤਿ ਵਸਤ ਲੱਭੀ ਕੋਇ ਨਾ ਚੰਗੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਭਰੀ ਲੋਕਾਈਆ । ਜਗਤ ਤ੍ਰਿਸ਼ਨਾ ਆਸ਼ਾ ਹੋਈ ਗੰਦੀ, ਪਤਤ ਪੁਨੀਤ ਤੇਰਾ ਮੀਤ ਨਾ ਕੋਇ ਦਰਸਾਈਆ । ਮੈਂ ਖੇਲ ਤੱਕਿਆ ਚਾਰ ਕੁੰਟ ਵਿਚ ਵਰਭੰਡੀ, ਨੌ ਖੰਡ ਪ੍ਰਿਥਮੀ ਸੱਤ ਦੀਪ ਫੋਲ ਫੁਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਔਝੜ ਹੋ ਗਈ ਡੰਡੀ, ਡੰਡਾਵਤ ਬੰਦਨਾ ਵਾਲਾ ਸੱਯਦਿਆਂ ਵਿਚ ਸੀਸ ਨਾ ਕੋਇ ਝੁਕਾਈਆ । ਸਚ ਸੁਹਾਗਣ ਨਾਰ ਪ੍ਰੇਮ ਪ੍ਰੀਤੀ ਦਰ ਕਦੇ ਨਾ ਲੰਘੀ, ਨੇਤਰ ਨੈਣਾਂ ਨਾਮ ਧਾਰ ਕੱਜਲ ਨਾ ਕੋਇ ਪਾਈਆ । ਮੈਨੂੰ ਐਂ ਦਿਸਦਾ ਦ੍ਰਿਸ਼ਟੀ ਸ੍ਰਿਸ਼ਟੀ ਮਾਇਆ ਮੋਹ ਵਿਚ ਫੰਦੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਸਾਹਿਬ ਸੁਲਤਾਨ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਦਾ ਬਹੁ ਢੰਗੀ, ਤਰੀਕਾ ਸਾਧਨ ਆਪਣਾ ਦੇ ਸਮਝਾਈਆ । ਆਤਮ ਪਰਮਾਤਮ ਪਰਮਾਤਮ ਆਤਮ ਚਾਰ ਵਰਨ ਅਠਾਰਾਂ ਬਰਨ ਦੇ ਸੁਖ ਅਨੰਦੀ, ਅਨੰਦ ਪਰਮਾਨੰਦ ਵਿਚੋਂ ਪ੍ਰਗਟਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਆਈ ਤੇਰੇ ਦਵਾਰੇ ਕੰਢੀ, ਪਰਵਰਦਿਗਾਰ ਸਾਂਝੇ ਯਾਰ ਪਰਦਾ ਓਹਲਾ ਅੰਦਰੋਂ ਦੇਣਾ ਚੁਕਾਈਆ । ਮੈਂ ਚੌਦਾਂ ਤਬਕ ਬਿਨ ਕ਼ਦਮਾਂ ਆਈ ਲੰਘੀ, ਪਦਮਾਂ ਅਰਬਾਂ ਦਾ ਡੇਰਾ ਢਾਹੀਆ । ਹੱਕ ਮਹਿਬੂਬ ਲਾਸ਼ਰੀਕ ਜਲਵਾਗਰ ਤੇਰੇ ਕੋਲੋਂ ਮੂਲ ਨਾ ਸੰਗੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਏਕੰਕਾਰ ਆਪਣਾ ਦੇਣਾ ਜਣਾਈਆ । ਸਦੀ ਚੌਧਵੀਂ ਕਹੇ ਮੈਂ ਕੀ ਦੱਸਾਂ ਹਾਲ, ਹਾਲਤ ਨਜ਼ਰ ਕੋਇ ਨਾ ਆਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੋਰੂ ਡੰਕ ਰਿਹਾ ਵਜਾਈਆ । ਗੁਰ ਅਵਤਾਰ ਪੈਗ਼ੰਬਰ ਹੱਲ ਕਰ ਸਕਿਆ ਨਾ ਕੋਇ ਸਵਾਲ, ਨੰਬਰੀ ਸਭ ਦੀ ਏਕੇ ਦੂਏ ਨਾਲ ਮਿਲ ਕੇ ਮਾਰੇ ਧਾਈਆਂ । ਸਦੀ ਚੌਧਵੀਂ ਕਹੇ ਮੇਰੇ ਅੰਤ ਔਣ ਵਾਲਾ ਜ਼ੁਆਲ, ਜ਼ੇਰ ਜ਼ਬਰ ਦਾ ਲੇਖਾ ਦੇ ਚੁਕਾਈਆ । ਆਲਮ ਫ਼ਾਜ਼ਲ ਧਰਮ ਵਿਦਿਆ ਵਲੋਂ ਹੋਏ ਕੰਗਾਲ, ਵਸਤ ਅਮੋਲਕ ਨਾਮ ਦੌਲਤ ਝੋਲੀ ਨਾ ਕੋਇ ਭਰਾਈਆ । ਤ੍ਰੈਗੁਣ ਮਾਇਆ ਤੋੜ ਸਕੇ ਨਾ ਕੋਇ ਜੰਜਾਲ, ਜਾਗਰਤ ਜੋਤ ਕਰੇ ਨਾ ਕੋਇ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਤੇਰੀ ਸਮਝੇ ਕੋਈ ਨਾ ਚਾਲ, ਚਾਰ ਵਰਨ ਅਠਾਰਾਂ ਬਰਨ ਪੜਦਾ ਓਹਲਾ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਗਨ ਦੀਪਕ ਵੇਖ ਅਗੰਮੀ ਥਾਲ, ਤ੍ਰੈ ਵਸਤੂ ਜਗਤ ਰੂਪ ਰੰਗ ਰੇਖ ਤੋਂ ਬਾਹਰ ਦਏ ਸਮਝਾਈਆ ।


੫੪੯ ੨੧

## ✹ ੧੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✹

ਸਦੀ ਚੌਧਵੀਂ ਕਹੇ ਮੈਂ ਸਾਚੀ ਦਾਤ ਆਈ ਮੰਗਣ, ਜਨ ਭਗਤੋ ਦਰ ਦਰਵੇਸ਼ ਹੋ ਕੇ ਦਿਆਂ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਨੇ ਰਖਣਾ ਅੰਗਣ, ਗ੍ਰਿਹ ਮੰਦਰ ਅੰਦਰ ਕਾਇਆ ਵਿਚ ਛੁਪਾਈਆ । ਨਾਮ ਖ਼ੁਮਾਰੀ ਸਚ ਪ੍ਰੀਤੀ ਚਾੜ੍ਹੇ ਅਗੰਮੀ ਰੰਗਣ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਗੁਰਮੁਖ ਭਾਗਹੀਣ ਹੋਏ ਕੋਇ ਨਾ ਮੰਦਨ, ਮੰਦਭਾਗੀ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਦੇਵੇ ਸਚ ਅਨੰਦਨ, ਕੂੜੀ ਕਿਰਿਆ ਕਰਮ ਕਾਂਡ ਦਾ ਡੇਰਾ ਦੇਵੇ ਢਾਹੀਆ । ਸਾਹਿਬ ਸਤਿਗੁਰ ਇਸ਼ਨਾਨ ਕਰੌਣਾ ਚੌਂਕੀ ਚੰਦਨ, ਚੰਦ ਸਿਤਾਰਾ ਨੂਰ ਜੋਤ ਰੁਸ਼ਨਾਈਆ । ਸਭ ਦੇ ਕੱਟਣਹਾਰਾ ਬੰਧਨ, ਬਿਨਾ ਬੰਦਗੀਉਂ ਬੰਦੇ ਦਏ ਬਣਾਈਆ । ਜਗਤ ਸ਼ਰਅ ਸ਼ਰੀਅਤ ਕਰੇ ਖੰਡਨ, ਖੰਡਾ ਖੜਗ ਨਾਮ ਚਮਕਾਈਆ । ਨਾਮ ਭੰਡਾਰਾ ਆਇਆ ਵੰਡਣ, ਭੈ ਭੌ ਇਕ ਜਣਾਈਆ । ਜਨ ਭਗਤਾਂ ਅੰਦਰ ਆਇਆ ਲੰਘਣ, ਨੌ ਦਵਾਰੇ ਪੰਧ ਮੁਕਾਈਆ । ਕਰੇ ਖੇਲ ਸੂਰਾ ਸਰਬੰਗਣ, ਬੇਅੰਤ ਆਪਣਾ ਪੜਦਾ ਦਏ ਉਠਾਈਆ । ਜਿਸ ਦੇ ਕੋਲ ਅਨੋਖਾ ਢੰਗਣ, ਤਰੀਕਾ ਤਵਾਰੀਖ਼ ਨਾ ਕੋਇ ਸਮਝਾਈਆ । ਜੁਗ ਜਨਮ ਦਿਆਂ ਵਿਛੜਿਆਂ ਆਇਆ ਗੰਢਣ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸ਼ਬਦ ਅਧਾਰੀ ਚੁੱਕੇ ਕੰਧਨ, ਬਾਹੋਂ ਪਕੜ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਕੀ ਦਲੀਲ, ਸੋਚ ਸਮਝ ਰਹੀ ਨਾ ਰਾਈਆ । ਮੇਰੀ ਮਨਜ਼ੂਰ ਹੋਈ ਅਪੀਲ, ਅਪਰੰਪਰ ਸਵਾਮੀ ਵੇਖ ਵਖਾਈਆ । ਸ਼ਰਅ ਦਾ ਰਹੇ ਨਾ ਕੋਇ ਵਕੀਲ, ਵੁਕਲਾ ਦਾ ਲੇਖਾ ਰਿਹਾ ਮੁਕਾਈਆ । ਜਿਸ ਨੇ ਬਸਤਰ ਪਹਿਨਣੇ ਨੀਲ, ਨੀਲੇ ਵਾਲਾ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਵੇਖੇ ਕੁਚੀਲ, ਜਗਤ ਕਾਮਨੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਲੇਖਾ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਤੱਕਾਂ ਓਹ ਰਾਹ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਵੇਖਾਂ ਓਹ ਖ਼ੁਦਾ, ਜੋ ਮੁਹੱਬਤ ਵਿਚ ਸਮਾਈਆ । ਹੋਏ ਨਾ ਕਦੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਦੋ ਜਹਾਨਾਂ ਬਣੇ ਮਲਾਹ, ਨਈਆ ਨੌਕਾ ਨਾਮ ਚੜ੍ਹਾਈਆ । ਸ਼ੌਹ ਦਰਿਆ ਪਕੜੇ ਬਾਂਹ, ਵਹਿੰਦੇ ਵਹਿਣ ਨਾ ਕੋਇ ਵਹਾਈਆ । ਨਾਮ ਅਗੰਮਾ ਦੇ ਕੇ ਨਾਂ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸਦਾ ਸੁਹੇਲਾ ਹੋ ਕੇ ਦੇਵੇ ਠੰਡੀ ਛਾਂ, ਅਗਨੀ ਤੱਤ ਬੁਝਾਈਆ । ਚੁਰਾਸੀ ਵਿਚੋਂ ਕਰੇ ਹੱਕ ਨਿਆਂ, ਅਦਲ ਇਨਸਾਫ਼ ਆਪਣਾ ਦਏ ਦ੍ਰਿੜਾਈਆ । ਜਨ ਭਗਤਾਂ ਬਣ ਕੇ ਪਿਤਾ ਮਾਂ, ਬਾਲ ਅੰਞਾਣੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਉਠ ਉਠ ਵੇਖਿਆ ਚਾਰ ਕੁੰਟ, ਬਿਨ ਨੇਤਰ ਨੈਣਾਂ ਅੱਖ ਖੁਲ੍ਹਾਈਆ । ਕਿਉਂ ਕੀਤੀ ਮਾਤ ਸੁੰਨਤ, ਸ਼ਰਅ ਵਿਚ ਦੁਹਾਈਆ । ਮੇਰੀ ਅੰਤ ਰਹੇ ਨਾ ਉਮਤ, ਅਮਲ ਹੱਕ ਨਾ ਕੋਇ ਕਮਾਈਆ । ਕਿਉਂ ਸੀਸ ਕਰਾਇਆ ਮੂੰਡਤ, ਮੁੰਡੀ ਖ਼ਾਕ ਵਿਚ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੁਹੰਮਦ ਹੱਥ ਰੱਖੇ ਉਤੇ ਛਾਤੀ, ਇਕ ਦੂਜਾ ਰਿਹਾ

ਦਬਾਈਆ। ਵੇਲਾ ਰਿਹਾ ਕੋਇ ਨਾ ਪ੍ਰਭਾਤੀ, ਸੰਧਿਆ ਰੰਗ ਨਾ ਕੋਇ ਰੰਗਾਈਆ। ਉੱਤਮ ਰਹੀ ਕੋਈ ਨਾ ਜ਼ਾਤੀ, ਪਤਤ ਪੁਨੀਤ ਨਾ ਕੋਇ ਬਣਾਈਆ। ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਅਧਵਾਟੇ ਬੈਠੀ ਕੂੜ ਲੋਕਾਈਆ। ਸਾਚਾ ਬਣੇ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਰਖਾਈਆ। ਪੁਰਖ ਅਕਾਲ ਪਰਵਰਦਿਗਾਰ ਦਾ ਬਣਿਆ ਨਾ ਕੋਇ ਜਮਾਤੀ, ਨਿਸ਼ਅੱਖਰ ਵਿਚੋਂ ਨਿਰਅੱਖਰ ਨਾ ਕੋਇ ਜਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ। ਸਦੀ ਚੌਧਵੀਂ ਕਹੇ ਪ੍ਰਭੂ ਮੈਨੂੰ ਦੇਣ ਵਾਲਾ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ। ਮੈਂ ਪੰਜਾਂ ਗੁਰਮੁਖਾਂ ਦਾ ਸੋਹਣਾ ਵੇਖਣਾ ਚਾਹੁੰਦੀ ਲਬਾਸ, ਨੈਣ ਨੈਣ ਮਟਕਾਈਆ। ਨੀਲੀ ਧਾਰ ਹੋਵੇ ਪ੍ਰਕਾਸ਼, ਨੀਲੇ ਰੰਗ ਨਾਲ ਵਡਿਆਈਆ। ਅੰਦਰ ਵਸਿਆ ਹੋਵੇ ਅਬਿਨਾਸ਼, ਅਬਿਨਾਸ਼ੀ ਕਰਤਾ ਬੇਪ੍ਰਵਾਹੀਆ। ਰੂਹ ਬੁਤ ਕਰੇ ਪਾਕ, ਪੱਤਤ ਪੁਨੀਤ ਆਪ ਹੋ ਜਾਈਆ। ਖੋਲ੍ਹ ਕੇ ਅੰਦਰੋਂ ਤਾਕ, ਪੜਦਾ ਦਏ ਉਠਾਈਆ। ਓਨ੍ਹਾਂ ਇਕ ਆਇਤ ਪੜ੍ਹਨੀ ਨਿਮਾਜ਼, ਬਿਨਾ ਵੁਜ਼ੂ ਤੋਂ ਨਿਮਾਜ਼ ਕਰਾਈਆ। ਇਹ ਮੇਰੀ ਅੰਤ ਅਖ਼ੀਰੀ ਖ਼ਾਹਿਸ਼, ਸਦੀ ਚੌਧਵੀਂ ਰਹੀ ਸੁਣਾਈਆ। ਮੈਂ ਕਰਦੀ ਰਹੀ ਤਲਾਸ਼, ਟਿੱਲੇ ਪਰਬਤ ਖੋਜ ਖੁਜਾਈਆ। ਸਾਰੀ ਉਮਤ ਦਿਸੀ ਬਦਮਾਸ਼, ਰੂਹ ਪਾਕ ਤਨ ਵਜੂਦ ਨਾ ਕੋਇ ਕਰਾਈਆ। ਸਭ ਨੇ ਗਾਂ ਦਾ ਖਾਧਾ ਮਾਸ, ਮੁਸ਼ਕਲ ਹੱਲ ਨਾ ਕੋਇ ਕਰਾਈਆ। ਅੰਤ ਰਹੇ ਕੋਈ ਨਾ ਸ਼ਾਖ਼, ਸ਼ਨਾਖ਼ਤ ਕਰੇ ਨਾ ਕੋਇ ਲੋਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਹਿਬ ਸੁਲਤਾਨ ਇਕ ਅਖਵਾਈਆ। ਸਦੀ ਚੌਧਵੀਂ ਕਹੇ ਪ੍ਰਭ ਦੇ ਉਡਦੇ ਰਹੇ ਗੋਗੇ, ਹਕੀਕਤ ਸਚ ਨਾ ਕੋਇ ਸੁਣਾਈਆ। ਗੁਰ ਅਵਤਾਰ ਪੈਗ਼ੰਬਰ ਜਿਤਨੇ ਜੋਗੇ, ਜੁਗਤਾਂ ਵਿਚ ਗਏ ਦ੍ਰਿੜਾਈਆ। ਅੰਤ ਅਖ਼ੀਰ ਪਾਏ ਕੋਈ ਨਾ ਮੌਕੇ, ਮੁਕੰਮਲ ਭੇਵ ਕੋਇ ਨਾ ਪਾਈਆ। ਜੋ ਆਇਆ ਸੋ ਗਿਆ ਰੋ ਕੇ, ਨੇਤਰ ਨੈਣਾਂ ਨੀਰ ਵਹਾਈਆ। ਲੋਕਮਾਤ ਖਟੀਆ ਖਾਟ ਉਤੇ ਸੌਂ ਕੇ, ਤੱਤਾਂ ਵਾਲਾ ਸਰੀਰ ਹੰਢਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ। ਸਦੀ ਚੌਧਵੀਂ ਕਹੇ ਤੱਕਣਾ ਓਹ ਨਜ਼ਾਰਾ, ਜੋ ਨਜ਼ਰੀਆ ਦਏ ਬਦਲਾਈਆ। ਪੰਜਾਂ ਸਿੱਖਾਂ ਨੇ ਢਿੱਡ ਉਤੇ ਬੱਧੀਆਂ ਹੋਣ ਤਲਵਾਰਾਂ, ਤਿੱਖੀ ਧਾਰ ਵਖਾਈਆ। ਖ਼ੁਸ਼ੀਆਂ ਨਾਲ ਲੌਂਦੇ ਆਵਣ ਟਾਹਰਾਂ, ਢੋਲੇ ਗੋਬਿੰਦ ਵਾਲੇ ਗਾਈਆ। ਦੱਸਣਾ ਖੇਲ ਸਰਸੇ ਵਾਲਾ ਉਹ ਕਿਨਾਰਾ, ਜਿਸ ਦਾ ਪਾਰ ਸਕਿਆ ਨਾ ਕੋਇ ਸਮਝਾਈਆ। ਜਿਸ ਕਾਰਨ ਗੋਬਿੰਦ ਖੇਲ ਕਰੇ ਦੁਬਾਰਾ, ਪੁਰਖ ਅਕਾਲ ਦੇਵੇ ਵਡ ਵਡਿਆਈਆ। ਤੂੰ ਮੇਰਾ ਮੈਂ ਤੇਰਾ ਲਾ ਕੇ ਨਾਅਰਾ, ਨਰ ਨਰਾਇਣ ਦਏ ਮਿਲਾਈਆ। ਇਹ ਖੇਲ ਅਗੰਮੀ ਸਰਕਾਰਾ, ਸਿਰਜਣਹਾਰ ਰਿਹਾ ਦ੍ਰਿੜਾਈਆ। ਪੰਜਾਂ ਗੁਰਮੁਖਾਂ ਦੀਆਂ ਪੱਗਾਂ ਨੂੰ ਕਾਲਾ ਰੰਗ ਹੋਵੇ ਗਾੜ੍ਹਾ, ਡੱਬ ਨਜ਼ਰ ਕੋਇ ਨਾ ਆਈਆ। ਗਲੋਂ ਕੁੜਤਾ ਹੋਵੇ ਉਤਾਰਾ, ਕ਼ਮੀਜ਼ ਤਨ ਨਾ ਕੋਇ ਛੁਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਧੁਰਦਰਗਾਹੀਆ। ਸਦੀ ਚੌਧਵੀਂ ਕਹੇ ਮੈਂ ਦੱਸਾਂ ਹੱਕ ਨਿਸ਼ਾਨੀ, ਨਿਛਾਵਰ ਆਪਣਾ ਆਪ ਕਰਾਈਆ। ਸੰਦੇਸਾ ਦੇਵੇ ਧੁਰ ਪੈਗ਼ਾਮੀ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ। ਜਿਸ ਦਾ ਖੇਲ ਨਹੀਂ ਜਿਸਮਾਨੀ, ਨਿਰਗੁਣ ਨੂਰ ਜੋਤ ਰੁਸ਼ਨਾਈਆ। ਦੇਣੀ ਪਏ ਨਾ ਕੋਇ ਕੁਰਬਾਨੀ, ਕਰਬਲਾ ਰੂਪ ਨਾ ਕੋਇ ਵਖਾਈਆ।

ਧੁਰਦਰਗਾਹੀ ਬਣ ਕੇ ਆਇਆ ਦਾਨੀ, ਦਇਆਵਾਨ ਬੇਪ੍ਰਵਾਹੀਆ । ਸਾਚੀ ਮੰਜ਼ਲ ਦੱਸ ਆਸਾਨੀ, ਅਸਲ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਕਰਿਓ ਕਦੇ ਨਾ ਬੇਈਮਾਨੀ, ਬੇਵਾ ਰੂਪ ਨਾ ਕੋਇ ਬਣਾਈਆ । ਮੇਰੇ ਅੰਤ ਹੋਣੀ ਓਹ ਤੁਗ਼ਿਆਨੀ, ਜਿਸ ਨੂੰ ਸਕੇ ਨਾ ਕੋਇ ਅਟਕਾਈਆ । ਇਹ ਸ੍ਰਿਸ਼ਟੀ ਦਿਸਦੀ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਮਾਤਲੋਕ ਤੁਹਾਡੀ ਜੂਹ ਬੇਗਾਨੀ, ਦਰਗਾਹ ਸਾਚੀ ਸਚ ਮਹੱਲ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਬਦਲ ਦੇਣੀ ਧਾਰ ਪੁਰਾਣੀ, ਪੁਰਾਨਾਂ ਵੇਦਾਂ ਝਗੜਾ ਦੇਣਾ ਚੁਕਾਈਆ । ਭੇਵ ਖੁਲ੍ਹੌਣਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਆਪ ਉਠਾਈਆ । ਪੜਦਾ ਲਾਹੁਣਾ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਲੇਖਾ ਦਏ ਦ੍ਰਿੜਾਈਆ । ਇਕੋ ਦੇਵੇ ਪਦ ਨਿਰਬਾਣੀ, ਨਿਰਵੈਰ ਆਪਣੀ ਕਾਰ ਕਮਾਈਆ । ਆਤਮ ਪਰਮਾਤਮ ਮੇਲਾ ਮਿਲਾ ਕੇ ਸਾਚੇ ਹਾਣੀ, ਸੁਰਤੀ ਸ਼ਬਦ ਵਿਚ ਮਿਲਾਈਆ । ਮੰਜ਼ਲ ਇਕੋ ਗੁਰਮੁਖੋ ਸਦਾ ਰੁਹਾਨੀ, ਦੂਜੀ ਨਜ਼ਰ ਕੋਇ ਨਾ ਆਈਆ । ਬਣਨਾ ਓਸ ਪਰਮ ਪੁਰਖ ਦੀ ਰਾਣੀ, ਜੋ ਰਹਿਮਤ ਹੱਕ ਕਮਾਈਆ । ਝਗੜਾ ਮੁਕ ਜਾਏ ਜਗਤ ਮਸਾਣੀ, ਮੜ੍ਹੀ ਗੋਰ ਦਾ ਡੇਰਾ ਢਾਹੀਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਆਬੇਹਯਾਤ ਮੁਖ ਚਵਾਈਆ । ਤੁਹਾਡੀ ਇਕੋ ਘਰ ਸਦਾ ਜਵਾਨੀ, ਜੋਬਨਵੰਤਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਸੋਹੰ ਧਾਰ ਧੁਰ ਨਿਸ਼ਾਨੀ, ਨਿਛਾਵਰ ਨਿਸ਼ਾਨੇ ਸਾਰੇ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਕੂੜੀ ਕਿਰਿਆ ਰਹਿਣ ਨਾ ਦੇਵੇ ਕੋਇ ਅਭਿਮਾਨੀ, ਮਾਣ ਨਿਮਾਣਿਆਂ ਆਪ ਹੋ ਜਾਈਆ ।



ਗੁਰਸਿਖ ਸਿਰ ਤੇ ਬੰਨ੍ਹ ਦਸਤਾਰ, ਪਗੜੀ ਗੁਰਮੁਖ ਭੇਟ ਕਰਾਈਆ । ਮਾਛੂਵਾੜੇ ਦਾ ਉਧਾਰ, ਚਿਊਂਟੀ ਚਾਰ ਵਰਨ ਤੋਂ ਬਾਹਰ ਦਰਸਾਈਆ । ਹਰਿ ਸੰਗਤ ਦਾ ਬਣਿਆ ਰਹੇ ਪਿਆਰ, ਮੁਹੱਬਤ ਬਖ਼ਸ਼ੇ ਚਾਈਂ ਚਾਈਂਆ । ਸੋਹਣਾ ਦਿਸਦਾ ਰਹੇ ਸ਼ਿੰਗਾਰ, ਸ਼ਰਅ ਵਿਚੋਂ ਬਾਹਰ ਕਢਾਈਆ । ਪੇਚ ਮਾਰਦਾ ਵਾਰੋ ਵਾਰ, ਖੱਬਾ ਸੱਜਾ ਹੱਥ ਬਦਲਾਈਆ । ਇਹ ਖੇਲ ਕਰੇ ਨਿਰੰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਜਨ ਭਗਤਾਂ ਪੈਜ ਰਿਹਾ ਸੁਆਰ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਦਸਤਾਰ ਕਹੇ ਮੇਰਾ ਤਾਣਾ ਪੇਟਾ ਸੂਤ, ਚਿੱਟਾ ਨਜ਼ਰੀ ਆਈਆ । ਧੁਰ ਦਰਗਾਹੋਂ ਆਵੇ ਦੂਤ, ਸ਼ਬਦ ਸੰਦੇਸ਼ੇ ਗੁਰਮੁਖਾਂ ਦਏ ਸੁਣਾਈਆ । ਦੂਸਰ ਅਵਰ ਨਾ ਕਰਿਓ ਪੂਜ, ਨਮਸਤੇ ਸੀਸ ਨਾ ਕੋਇ ਝੁਕਾਈਆ । ਸਾਹਿਬ ਸਤਿਗੁਰ ਜਿਧਰ ਵੇਖੋ ਸਦਾ ਮੌਜੂਦ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਜਿਸ ਦੀ ਇਕੋ ਮੰਜ਼ਲੇ ਮਕ਼ਸੂਦ, ਇਕੋ ਘਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਪ੍ਰਭੂ ਤੇਰਾ ਬਦਲਦਾ ਜਾਏ ਸਿੱਕਾ, ਸਿਕ ਗੁਰਮੁਖਾਂ ਪੂਰ ਕਰਾਈਆ । ਜਿਹੜਾ ਧੁਰ ਦਾ ਲੇਖ ਲਿਖਾ, ਸਭ ਦਾ ਪੂਰ ਕਰ ਵਖਾਈਆ । ਜਨ ਭਗਤ ਕਿਸੇ ਦਵਾਰੇ ਲੈਣ ਜਾਵੇ ਨਾ ਭਿੱਛਾ, ਭੰਡਾਰਾ ਨਾਮ ਦੇਣਾ ਭਰਾਈਆ । ਆਪਣਾ

ਤੀਰ ਅਣਿਆਲਾ ਲਾ ਤਿੱਖਾ, ਤਿੱਖੀ ਮੁੱਖੀ ਆਪ ਬਣਾਈਆ । ਧਰਮ ਦੀ ਧਾਰ ਬਣਾ ਹਿੱਸਾ, ਕਿਸਮਤ ਸਭ ਦੀ ਦੇ ਬਦਲਾਈਆ । ਮੈਨੂੰ ਯਾਦ ਔਂਦਾ ਪਿੱਛਾ, ਸੂਲਾਂ ਸੱਥਰ ਦਏ ਗਵਾਹੀਆ । ਚਿਉਂਟੀ ਜੇ ਤੇਰਾ ਰੂਪ ਨਿੱਕਾ, ਨਿਕਿਉਂ ਵੱਡਾ ਦਿਆਂ ਬਣਾਈਆ । ਬਣ ਕੇ ਧੁਰ ਦਾ ਪਿਤਾ, ਪੂਤ ਸਪੂਤ ਆਪਣੀ ਗੋਦ ਟਿਕਾਈਆ । ਮਾਣਸ ਜਨਮ ਜਾਵੇ ਜਿੱਤਾ, ਹਾਰ ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਵਦਾਸ ਕੋਲੋਂ ਲਾਲ ਦੇ ਮਸਤਕ ਚਮਕਾਵੇ ਟਿੱਕਾ, ਟਿਕਟਿਕੀ ਇਕੋ ਨਾਲ ਲਗਾਈਆ ।

### ❊ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਲਛਮਣ ਸਿੰਘ ਦੇ ਗ੍ਰਿਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ❊

ਸਦੀ ਚੌਧਵੀਂ ਕਹੇ ਮੈਂ ਰਾਤੀਂ ਚੜ੍ਹੀ ਮੁਨਾਰਿਆਂ ਉਤੇ ਮੰਬਰ, ਮੰਬਾ ਦੀਨ ਦੁਨੀ ਵੇਖ ਵਖਾਈਆ । ਅਵਤਾਰ ਪੈਗ਼ੰਬਰ ਸਾਰੇ ਬੈਠੇ ਕੰਬਣ, ਥਰ ਥਰਾਹਟ ਵਿਚ ਦੁਹਾਈਆ । ਮੁਰਸ਼ਦ ਮੁਰੀਦਾਂ ਤਾਈਂ ਲੱਭਣ, ਕਾਇਨਾਤ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਕਰਦੇ ਭਜਨ, ਸੋਹੰ ਢੋਲਾ ਰਹੇ ਗਾਈਆ । ਕਿਸੇ ਦਾ ਦਿਸਿਆ ਨਹੀਂ ਬਦਨ, ਜੋਤੀ ਸ਼ਬਦੀ ਧਾਰ ਵਡਿਆਈਆ । ਪੁਰਖ ਅਕਾਲ ਵੇਖਿਆ ਮਗਨ, ਸਤਿ ਸਰੂਪ ਸਮਾਈਆ । ਜਿਸ ਦੇ ਲੱਖ ਚੁਰਾਸੀ ਦੀਪਕ ਜੋਤੀ ਜਗਣ, ਚਾਰੇ ਖਾਣੀ ਕਰੇ ਰੁਸ਼ਨਾਈਆ । ਕਲਜੁਗ ਅੰਤ ਅਖ਼ੀਰ ਲੱਗੀ ਵੇਖੀ ਅਗਨ, ਤਤਵ ਤਤ ਰਹੀ ਜਲਾਈਆ । ਮੈਂ ਨਿਗਾਹ ਮਾਰੀ ਵੱਲ ਗਗਨ, ਅਸਮਾਨਾਂ ਨੈਣ ਉਠਾਈਆ । ਨਜ਼ਰ ਆਇਆ ਨਾ ਕੋਇ ਤ੍ਰੈਲੋਕੀ ਨੰਦਨ, ਰਾਮ ਦਏ ਦੁਹਾਈਆ । ਕਰਦਾ ਦਿਸਿਆ ਕੋਈ ਨਾ ਬੰਦਨ, ਬੰਦਗੀ ਵਿਚ ਸੀਸ ਨਾ ਕੋਇ ਝੁਕਾਈਆ । ਟੁੱਟੀ ਕੋਈ ਨਾ ਆਵੇ ਗੰਢਣ, ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਫਿਰੀ ਦਰੋਹੀ ਵਿਚ ਵਰਭੰਡਣ, ਬ੍ਰਹਿਮੰਡ ਰਿਹਾ ਕੁਰਲਾਈਆ । ਤਿੱਖੀ ਧਾਰ ਚਮਕੇ ਚੰਡਣ, ਪ੍ਰਚੰਡ ਖੇਲ ਖਿਲਾਈਆ । ਅਬਿਨਾਸ਼ੀ ਕਰਤਾ ਸਭ ਨੂੰ ਲੱਗਾ ਦੰਡਣ, ਹੁਕਮੇ ਅੰਦਰ ਹੁਕਮ ਵਰਤਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਚਾੜ੍ਹੇ ਰੰਗਣ, ਰੰਗਤ ਰੰਗ ਰੰਗੀਲਾ ਧੁਰਦਰਗਾਹੀਆ । ਧਰਤੀ ਦਾ ਖ਼ਾਲੀ ਦਿਸਿਆ ਅੰਗਣ, ਗ੍ਰਿਹਿ ਵੱਜੀ ਨਾ ਕੋਇ ਵਧਾਈਆ । ਗੋਬਿੰਦ ਦੇ ਮਸਤਕ ਤਿਲਕ ਲਗੌਣਾ ਨਾਲ ਚੰਦਨ, ਚੰਦ ਸੂਰਜ ਸੀਸ ਨਿਵਾਈਆ । ਰਸਨਾ ਢੋਲਾ ਗੀਤ ਗੌਣਾ ਬੱਤੀ ਦੰਦਨ, ਸਿਫ਼ਤਾਂ ਨਾਲ ਸਾਲਾਹੀਆ । ਵਿਹਾਰ ਕਰਨਾ ਪੰਕਜ ਪੰਜਨ, ਪੰਚਮ ਮੇਲਾ ਸਹਿਜ ਸੁਭਾਈਆ । ਕਰੇ ਪ੍ਰਕਾਸ਼ ਆਦਿ ਨਿਰੰਜਣ, ਨਿਰਵੈਰ ਨੂਰ ਗੁਸਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਗੁਰਮੁਖਾਂ ਸਭ ਨੇ ਨੇਤਰ ਪਾ ਕੇ ਔਣਾ ਅੰਜਣ, ਨੈਣ ਕਾਲੀ ਧਾਰ ਮਟਕਾਈਆ । ਧੁਰ ਦੇ ਹੁਕਮ ਦੀ ਕਰੇ ਨਾ ਕੋਇ ਉਲੰਘਣ, ਮਨਮਤ ਨਾ ਕੋਇ ਵਖਾਈਆ । ਜਿਸ ਵੇਲੇ ਚਾਰ ਕਹਾਰ ਗੁਰਮੁਖ ਚੁੱਕਣ ਪਲੰਘਣ, ਧਰਤੀ ਉਤੋਂ ਉਪਰ ਉਠਾਈਆ । ਮੈਂ ਓਸ ਵੇਲੇ ਸਦੀ ਚੌਧਵੀਂ ਕਹੇ ਸਭ ਦੇ ਚਰਨਾਂ ਕਰਨੀ ਬੰਦਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਨਾਜਰ ਸਿੰਘ ਕਲਜੁਗ

ਧਾਰ ਬਣੌਣੀ ਨਈਆ, ਨੌਕਾ ਸੋਹਣੀ ਖੂਬ ਸੁਹਾਈਆ । ਛੱਬੀ ਪੋਹ ਰਾਤ ਬਾਰਾਂ ਵਜੇ ਸਭ ਨੇ ਉਸ ਵਿਚ ਪਾਉਣਾ ਇਕ ਇਕ ਰੁਪਈਆ, ਰੁਪਾ ਰੇਖ ਨਾ ਕੋਇ ਬਦਲਾਈਆ । ਮੁਖੋਂ ਕਹਿਣਾ ਹਰਿ ਸੰਗਤ ਬਣ ਗਈ ਭੈਣਾ ਭਈਆ, ਨਾਤਾ ਧਰਮ ਦਾ ਧਰਮ ਬਣਾਈਆ । ਰਵਦਾਸ ਚਮਾਰੇ ਲੇਖ ਲਿਖਣਾ ਓਸ ਸਾਚੀ ਵਹੀਆ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਬੁਲ੍ਹੇ ਸ਼ਾਹ ਵੇਸ ਵਾਲਿਆਂ ਨੱਚ ਕੇ ਕਹਿਣਾ ਦਈਆ ਦਈਆ, ਪੈਰ ਧਰਤੀ ਉਤੇ ਹਿਲਾਈਆ । ਇਕ ਗੁਰਮੁਖ ਨੇ ਹੱਥ ਵਿਚ ਲਿਖ ਕੇ ਫੜਿਆ ਹੋਵੇ ਢਈਆ, ਗੋਬਿੰਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਲੇਖਾ ਸਭ ਦਾ ਫੋਲ ਫੁਲਈਆ, ਲੇਖਾ ਪੂਰਬ ਵੇਖ ਵਖਾਈਆ ।

✻ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਆਤਮਾ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ✻

ਸਦੀ ਚੌਧਵੀਂ ਕਹੇ ਹਾਏ ਮੇਰਿਆ ਅੱਲਾ, ਅਲਾਹ ਤੇਰੀ ਬੇਪ੍ਰਵਾਹੀਆ । ਜਗਤ ਸ਼ਰਅ ਦਾ ਖ਼ਾਲੀ ਵੇਖਿਆ ਮੁਸੱਲਾ, ਮੁਸਲਿਮ ਮੁਸਲਸਲ ਤੇਰਾ ਪਿਆਰ ਨਾ ਕੋਇ ਬਣਾਈਆ । ਮੁਹੰਮਦ ਦਿਸੇ ਇਕੱਲਾ, ਇਕ ਏਕਾ ਏਕ ਧਿਆਨ ਲਗਾਈਆ । ਲਹਿੰਦੀ ਦਿਸ਼ਾ ਉਜੜਨ ਵਾਲਾ ਮਹੱਲਾ, ਸੁੰਞ ਮਸਾਣ ਦਏ ਦੁਹਾਈਆ । ਉਮਤ ਦੀ ਕਰਨੀ ਦਾ ਫਲਾ, ਸਭ ਦੀ ਝੋਲੀ ਰਿਹਾ ਪਾਈਆ । ਜਿਸ ਦੀਆਂ ਜੁਗ ਚੌਕੜੀ ਸੁਣਦੇ ਰਹੇ ਗੱਲਾਂ, ਭਵਿਖਤਾਂ ਨਾਲ ਮਨ ਪ੍ਰਚਾਈਆ । ਸੋ ਸਵਾਮੀ ਪ੍ਰਕਾਸ਼ ਆਪਣੇ ਦੀਪਕ ਬਲਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਪਾਵੇ ਸਾਰ ਜਲਾ ਬਲਾ, ਅਸਗਾਹ ਥਲ ਖੋਜ ਖੁਜਾਈਆ । ਧਰਮ ਦਵਾਰੇ ਹੁਕਮ ਦੇਵੇ ਦਲਾ, ਸ਼ਬਦ ਸ਼ਹੀਦ ਆਪ ਉਠਾਈਆ । ਚਾਰ ਕੁੰਟ ਪਾਵੇ ਤਰਥੱਲਾ, ਧੀਰਜ ਧੀਰ ਨਾ ਕੋਇ ਧਰਾਈਆ । ਰਵਦਾਸ ਚਮਾਰੇ ਦੀ ਟੁੱਟੀ ਜੁੱਤੀ ਦਾ ਚਮਕਣ ਲੱਗਾ ਤਿੱਲਾ, ਛੱਬੀ ਪੋਹ ਰਾਹ ਤਕਾਈਆ । ਲਾਲ ਸਿੰਘ ਦੇ ਹੱਥ ਵਿਚ ਚੂਹੀ ਨਾਲ ਫੜਿਆ ਹੋਵੇ ਇਕ ਬਿੱਲਾ, ਰੰਗ ਚਿੱਟਾ ਸੋਭਾ ਪਾਈਆ । ਇਸ ਵਿਚ ਹੋਣਾ ਨਹੀਂ ਢਿੱਲਾ, ਹੁਕਮ ਮੰਨਣਾ ਸ਼ਹਿਨਸ਼ਾਹੀਆ । ਇੱਕੀਆਂ ਕਮਾਨ ਚੜ੍ਹੌਣਾ ਚਿੱਲਾ, ਹੱਥ ਅਸਮਾਨ ਵੱਲ ਉਠਾਈਆ । ਇਕ ਗੁਰਮੁਖ ਵਿਚ ਰਲੌਣਾ ਬਿੱਲਾ, ਅੱਖੀਂ ਵਿਚੋਂ ਕਾਲੀ ਨਾ ਕੋਇ ਪ੍ਰਗਟਾਈਆ । ਸਵਾ ਫੁਟ ਨਾਲ ਲਿਔਣੀ ਸਿਲਾ, ਜਿਸ ਨੂੰ ਰਾਮ ਚਰਨ ਗਿਆ ਛੁਹਾਈਆ । ਨੌ ਇੰਚ ਲੰਬਾ ਲਿਔਣਾ ਕਿੱਲਾ, ਲੋਹੇ ਧਾਤ ਦੇਣੀ ਵਡਿਆਈਆ । ਨੌ ਇੰਚ ਰੇਤ ਦਾ ਬਣੌਣਾ ਟਿੱਲਾ, ਮੁਹੰਮਦ ਮੰਜ਼ਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਵੇਖੇ ਇੱਲਲਿੱਲਾ, ਲਾ ਇਲਾਹ, ਪੜਦਾ ਦਏ ਉਠਾਈਆ ।

### ❋ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਕੇਹਰ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ❋

ਸਦੀ ਚੌਧਵੀਂ ਕਹੇ ਮੈਂ ਨਾਲ ਰਲਾਵਾਂ ਦੀਨ ਦੁਨੀ ਦੇ ਰਹਿਬਰ, ਜੋ ਰਸਤਾ ਗਏ ਵਖਾਈਆ । ਸਾਚੇ ਭਗਤਾਂ ਉਤੇ ਲਾਵਾਂ ਨਾਮ ਦੀ ਛਹਿਬਰ, ਮੇਘ ਅਗੰਮਾ ਇਕ ਬਰਸਾਈਆ । ਜਗਤ ਵਾਸਨਾ ਕੂੜੀ ਕਿਰਿਆ ਕਰਾਂ ਬੇਹਤਰ, ਬੇਹਤਰੀਨ ਆਪਣਾ ਖੇਲ ਖਿਲਾਈਆ । ਸ੍ਰਿਸ਼ਟੀ ਵਾਲਾ ਖੋਲ੍ਹ ਕੇ ਨੇਤਰ, ਨਿਜ ਨੈਣ ਦਿਆਂ ਚਮਕਾਈਆ । ਧਰਨੀ ਧਰਤ ਧਵਲ ਦਾ ਵੇਖਾਂ ਖੇਤਰ, ਕੂੜ ਕੁੜਿਆਰਾ ਡੇਰਾ ਢਾਹੀਆ । ਸਭ ਦਾ ਹੱਲ ਕਰ ਸਕਿਆ ਕੋਈ ਨਾ ਪੇਪਰ, ਸਵਾਲ ਸਮਝ ਕੋਇ ਨਾ ਪਾਈਆ । ਇਕ ਗੁਰਮੁਖ ਰਤੀ ਤਿੰਨ ਲਿਆਵੇ ਕੇਸਰ, ਜੋ ਕਿਸ਼ਤੀ ਵਿਚ ਟਿਕਾਈਆ । ਜਿਸ ਟਿੱਕਾ ਲੌਣਾ ਕਲਜੁਗ ਛੇਕੜ, ਪਿਛੇਕੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਨਾਲ ਰਲੌਣੇ ਪੈਗ਼ੰਬਰ ਔਲੀਏ ਗੌਂਸ, ਕਾਇਆ ਗ਼ੁਸਲਖਾਨੇ ਵਿਚੋਂ ਸਾਫ਼ ਕਰਾਈਆ । ਧਰਮ ਦੀ ਧਾਰ ਦੱਸਣੀ ਨਾਲ ਧੌਂਸ, ਧੌਲ ਉਤੇ ਡੰਕਾ ਇਕ ਵਜਾਈਆ । ਇਕ ਬੀਬੀ ਮਹਿੰਦੀ ਲਿਆਵੇ ਇਕ ਔਂਸ, ਪੁੜੀ ਕਾਗ਼ਜ਼ ਵਿਚ ਬੰਧਾਈਆ । ਜਿਸ ਦਾ ਬੁਢੜਾ ਹੋਵੇ ਖੌਂਤ, ਚਲ ਫਿਰ ਸਕੇ ਨਾ ਰਾਈਆ । ਓਸ ਸਿਰ ਵਿਚ ਗੁੰਦਿਆ ਹੋਵੇ ਨਾਲ ਚੌਂਕ, ਠੂਠੀ ਸੱਗੀ ਨਾਲ ਨਜ਼ਰੀ ਆਈਆ । ਇਕ ਦੇ ਹੱਥ ਵਿਚ ਲਿਖਿਆ ਹੋਵੇ ਗੁਰਮੁਖ ਮਨਮੁਖ ਦੀ ਮਰੇ ਕੋਈ ਨਾ ਮੌਤ, ਸਤਿਗੁਰ ਸ਼ਰਨ ਸਚੀ ਸਰਨਾਈਆ । ਇਕ ਨੇ ਲਾਟਾਂ ਵਾਲੀ ਦੀ ਜਗਾਈ ਹੋਵੇ ਜੋਤ, ਨੌ ਦੀਵੇ ਥਾਲ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਦਾ ਖੇਲ ਕਰਾਵੇ ਨਾਲ ਸ਼ੌਂਕ, ਸ਼ੌਂਕੀਨ ਦੇ ਬੱਚੇ ਤੌਹੀਨ ਵਿਚ ਕਦੇ ਨਾ ਆਈਆ ।

### ❋ ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਮੇਜ ਸਿੰਘ ਦੇ ਗ੍ਰਹਿ ਪਿੰਡ ਰੁੜਕਾ ਕਲਾਂ ਜ਼ਿਲਾ ਜਲੰਧਰ ❋

ਸਦੀ ਚੌਧਵੀਂ ਕਹੇ ਮੈਂ ਦੱਸਣਾ ਅਗੰਮੀ ਖੇਲ, ਨੌ ਖੰਡ ਪ੍ਰਿਥਮੀ ਸੱਤ ਦੀਪ ਦਿਆਂ ਸਮਝਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਕਰੇ ਸਚਾ ਮੇਲ, ਕਾਇਆ ਮਾਟੀ ਤਨ ਵਜੂਦ ਵੱਜੇ ਵਧਾਈਆ । ਨਿਰਗੁਣ ਜੋਤ ਪ੍ਰਕਾਸ਼ ਤੱਕੇ ਬਿਨ ਬਾਤੀ ਤੇਲ, ਸਾਹਿਬ ਸਵਾਮੀ ਅੰਤਰਜਾਮੀ ਘਟ ਕਰੇ ਰੁਸ਼ਨਾਈਆ । ਆਵਣ ਜਾਵਣ ਲੱਖ ਚੁਰਾਸੀ ਧਰਮ ਰਾਏ ਦੀ ਕੱਟੇ ਜੇਲ੍ਹ, ਚਿਤ੍ਰ ਗੁਪਤ ਦਾ ਲੇਖਾ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰਾ ਇਕੋ ਮੰਨੋ ਸੱਜਣ ਸੁਹੇਲ, ਗੁਰ ਅਵਤਾਰ ਪੈਗ਼ੰਬਰ ਜਿਸ ਨੂੰ ਬੈਠੇ ਸੀਸ ਨਿਵਾਈਆ । ਆਦਿ ਜੁਗਾਦਿ ਨਿਤ ਨਵਿਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਜੋ ਕਰਦਾ ਆਇਆ ਖੇਲ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਸੋ ਸਾਹਿਬ ਸਤਿਗੁਰ ਵਸਣਹਾਰਾ ਧਾਮ ਨਵੇਲ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਮੇਲਾ ਗੋਬਿੰਦ ਧਾਰ ਗੁਰੂ ਗੁਰ ਚੇਲ, ਤਤ ਵਜੂਦ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਾਮ ਨਿਧਾਨਾ ਇਕ ਦ੍ਰਿੜਾਈਆ । ਸਦੀ

ਚੌਧਵੀਂ ਕਹੇ ਮੈਂ ਮੁਹੰਮਦ ਦੀ ਦੱਸਾਂ ਖ਼ਾਹਿਸ਼, ਅੰਤਰ ਅੰਤਰ ਭੇਵ ਖੁਲ੍ਹਾਈਆ । ਜਿਸ ਦੀ ਨਾਨਕ ਕਰੀ ਤਲਾਸ਼, ਗੋਬਿੰਦ ਹੁਕਮੇ ਅੰਦਰ ਸੀਸ ਨਿਵਾਈਆ । ਸੋ ਸਾਹਿਬ ਪੁਰਖ ਅਬਿਨਾਸ਼, ਹਰਿ ਕਰਤਾ ਵਡ ਵਡਿਆਈਆ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਵੇਖ ਵਖਾਈਆ । ਲੱਖ ਚੁਰਾਸੀ ਲੇਖਾ ਜਾਣੇ ਪਵਣ ਸਵਾਸ, ਸਾਹ ਸਾਹ ਆਪਣੀ ਧਾਰ ਪ੍ਰਗਟਾਈਆ । ਜੁਗ ਜੁਗ ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਪਰਵਰਦਿਗਾਰ ਸਾਂਝਾ ਯਾਰ ਸਰਬ ਗੁਣਾਂ ਗੁਣਤਾਸ, ਗਹਿਰ ਗੰਭੀਰ ਬੇਨਜ਼ੀਰ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਪ੍ਰਭ ਮਾਲਕ ਰਿਜ਼ਕ ਰਹੀਮ, ਰਹਿਮਤ ਹੱਕ ਕਮਾਈਆ । ਜਿਸ ਨੇ ਦੀਨ ਮਜ਼੍ਹਬ ਜ਼ਾਤ ਪਾਤ ਕੀਤੀ ਤਕਸੀਮ, ਨਾਮ ਕਲਮਾ ਜੁਗ ਜੁਗ ਬਦਲਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਸਚਖੰਡ ਨਿਵਾਸੀ ਕ਼ਦੀਮ, ਕੁਦਰਤ ਦਾ ਕਰਤਾ ਇਕ ਅਖਵਾਈਆ । ਜਿਸ ਦੇ ਉਤੇ ਅਵਤਾਰ ਪੈਗ਼ੰਬਰਾਂ ਕੀਤਾ ਯਕੀਨ, ਸਿਦਕ ਭਰੋਸਾ ਗੁਰੂ ਗੁਰਦੇਵ ਗਏ ਸਮਝਾਈਆ । ਜਿਸ ਨੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਦੱਸੀ ਸਚ ਤਾਲੀਮ, ਅੱਖਰਾਂ ਵਿਚ ਲੋਕਮਾਤ ਸਮਝਾਈਆ । ਉਸ ਦਾ ਖੇਲ ਸਚ ਦਵਾਰੇ ਆਲੀਸ਼ਾਨ ਅਜ਼ੀਮ, ਆਅਲਾ ਅਦਨਾ ਇਕੋ ਰੰਗ ਰੰਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਸਦ ਹੁਸੀਨ, ਰੂਪ ਰੰਗ ਰੇਖ ਸਕੇ ਨਾ ਕੋਇ ਸਮਝਾਈਆ । ਜਿਸ ਦਾ ਮਾਰਗ ਰਸਤਾ ਕਾਇਆ ਮੰਦਰ ਅੰਦਰ ਮਹੀਨ, ਨੌਂ ਦਵਾਰੇ ਪਾਰ ਨਾ ਕੋਇ ਕਰਾਈਆ । ਸੋ ਜਨ ਭਗਤ ਸੁਹੇਲਾ ਖੇਲ ਖਿਲਾਏ ਜਿਸ ਨੂੰ ਸਮਝੇ ਨਾ ਕੋਇ ਜਲਮੀਨ, ਚੰਦ ਚਕੋਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਲਹਿਣਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਗੁਰ ਅਵਤਾਰ ਪੈਗ਼ੰਬਰਾਂ ਰਹੀ ਆਖ, ਸੁਨੇਹੜਾ ਸਚ ਸੁਣਾਈਆ । ਲੋਕਮਾਤ ਵੇਖੋ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਾਚੀ ਸੁਣੇ ਕੋਈ ਨਾ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਕੁਰਲਾਈਆ । ਅੰਮ੍ਰਿਤ ਰਸ ਦੇਵੇ ਕੋਈ ਨਾ ਦਾਤ, ਅਠਸਠ ਤੀਰਥ ਰੋਵਣ ਮਾਰਨ ਧਾਈਆ । ਛਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਬਣੇ ਨਾ ਕੋਇ ਜਮਾਤ, ਗ੍ਰਿਹਿ ਮੰਦਰ ਅੰਦਰ ਘਰ ਘਰ ਪਈ ਲੜਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਘਾਟ, ਪੁਰਖ ਅਬਿਨਾਸ਼ੀ ਦਰਸ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਪਿਛੇ ਪੁੱਛੀ ਕਿਸੇ ਨਾ ਵਾਤ, ਵਾਤਾਵਰਨ ਬਦਲਿਆ ਸਰਬ ਲੋਕਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸਵਾਮੀ ਹਰ ਘਟ ਅੰਦਰ ਵੇਖੇ ਮਾਰ ਝਾਕ, ਪੜਦਾ ਉਹਲਾ ਅੰਤਰ ਨਿਰੰਤਰ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਭਵਿਖਤ ਵਾਕ, ਵਾਕ਼ਫ਼ਕਾਰ ਹੋ ਕੇ ਖੋਜ ਖੁਜਾਈਆ । ਸਦੀ ਚੌਧਵੀਂ ਕਲਜੁਗ ਅੰਦਰ ਸਤਿਜੁਗ ਬਦਲ ਜਾਵੇ ਸਮਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਡ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਕੀ ਰਹੇ ਦੱਸ, ਦਹਿ ਦਿਸ਼ਾ ਧਿਆਨ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਖੇਲ ਕਰੇ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਦੀਨਾਂ ਮਜ਼੍ਹਬਾਂ ਲਾਹੇ ਸਥ, ਸੱਥਰ ਯਾਰੜਾ ਇਕ ਹੰਢਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਗਗਨ ਪਾਤਾਲਾਂ ਜ਼ਿਮੀਂ

ਅਸਮਾਨਾਂ ਨੇਤਰ ਰੋਣਾ ਅੱਖ, ਧੀਰਜ ਧੀਰ ਨਾ ਕੋਇ ਧਰਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਕਰੇ ਕੋਈ ਨਾ ਜਸ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਸਾਲਾਹੀਆ । ਮਨ ਕਲਪਣਾ ਦੀਨ ਦੁਨੀਆ ਜਗਤ ਦਵਾਰੇ ਰਹੀ ਨਠ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮਨ ਕਾ ਮਣਕਾ ਗੇੜੇ ਨਾ ਕੋਈ ਉਲਟੀ ਲਠ, ਮਾਲਾ ਮਣਕਿਆਂ ਵਾਲੀ ਕੰਮ ਕਿਸੇ ਨਾ ਆਈਆ । ਕਾਇਆ ਤਨ ਸਰੋਵਰ ਅੰਦਰ ਨਿਝਰ ਝਿਰਨਾ ਦੇਵੇ ਕੋਈ ਨਾ ਝੱਟ, ਅਠਸਠ ਤੀਰਥ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਸਦੀ ਚੌਧਵੀਂ ਕਹੇ ਮੈਂ ਦਿਵਸ ਰੈਣ ਰਹੀ ਨਠ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਮੁਹੰਮਦ ਉਠ ਉਠ ਵੇਖੇ ਝਟ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਵਣ ਦੀਨ ਮਜ਼੍ਹਬ ਦੀ ਮੇਟਣ ਲੱਗਾ ਵੱਟ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਸਾਚਾ ਨਾਮ ਧੁਰ ਦਾ ਕਲਮਾ ਅਗੰਮੀ ਲਾਏ ਸੱਟ, ਸੋਈ ਸੁਰਤੀ ਸ਼ਬਦ ਨਾਦ ਉਠਾਈਆ । ਸਤਿਜੁਗ ਮਾਰਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਰਖ, ਰੱਖਿਆ ਕਰੇ ਥਾਉਂ ਥਾਈਆ । ਗੁਰ ਅਵਤਾਰ ਪੈਗ਼ੰਬਰ ਜੋ ਬੋਲ ਕੇ ਗਏ ਸਚ, ਸੋ ਸਚ ਸਵਾਮੀ ਸਚ ਸਚ ਵਿਚ ਸਮਾਈਆ । ਜਨ ਭਗਤਾਂ ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦਏ ਵਡਿਆਈਆ । ਮਨੂਆ ਮਨ ਨਾ ਪਏ ਨੱਚ, ਸੁਰਤੀ ਸ਼ਬਦ ਨਾਲ ਜੁੜਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤੱਤ ਬੁਝਾਈਆ । ਏਕਾ ਮੇਲਾ ਕਰ ਪੁਰਖ ਸਮਰਥ, ਨਾਤਾ ਜੋੜੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਮਹਿੰਮਾ ਸਦਾ ਅਕਥ, ਰਸਨਾ ਜਿਹਵਾ ਬੱਤੀ ਦੰਦ ਕਥਨੀ ਕਥ ਸਕੇ ਨਾ ਰਾਈਆ ।



### ੧੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਿਹਿ ਪਿੰਡ ਡੱਲੇਵਾਲ ਜ਼ਿਲਾ ਜਲੰਧਰ

ਸਦੀ ਚੌਧਵੀਂ ਕਹੇ ਮੈਂ ਸੁਣਿਆ ਧੁਰ ਪੈਗ਼ਾਮ, ਹਰਿ ਕਰਤਾ ਆਪ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਵਿਗੜਿਆ ਜਗਤ ਨਿਜ਼ਾਮ, ਨੌਬਤ ਨਾਮ ਹੱਕ ਨਾ ਕੋਇ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਮਨ ਕਲਪਣਾ ਬਣੀ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਹਰਾਮ, ਨੇਤਰ ਨੈਣ ਅੱਖ ਨਾ ਕੋਇ ਸ਼ਰਮਾਈਆ । ਘਰ ਘਰ ਵੜਿਆ ਕਰੋਧ ਕਾਮ, ਲੋਭ ਮੋਹ ਵਿਕਾਰ ਹੰਕਾਰ ਹਲਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਏ ਬਦਨਾਮ, ਬਦੀ ਤੋਂ ਪਰੇ ਪੜਦਾ ਨਾ ਕੋਇ ਉਠਾਈਆ । ਹਿਰਦੇ ਵਸਿਆ ਦਿਸੇ ਨਾ ਕਿਸੇ ਹਰਿ ਨਾਮ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਉਜੜਿਆ ਦਿਸੇ ਕਾਇਆ ਖੇੜਾ ਗਰਾਮ, ਪੰਜ ਤੱਤ ਰੂਪ ਨਾ ਕੋਇ ਸੁਹਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਹਿਚਾਨ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਚ ਜਗਦੀਸ਼ ਬਿਨ ਹਦੀਸ ਕਰੇ ਨਾ ਕੋਇ ਸਲਾਮ, ਸਿਰ ਸਰ ਨਾ ਕੋਇ ਨਿਵਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹੇ ਨਾ ਕੋਈ ਕਲਾਮ, ਕਾਇਨਾਤ ਕਰਮ ਕਾਂਡ ਦਾ ਲੇਖ ਨਾ ਕੋਇ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨਾ ਮੇਟੇ ਕੋਈ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਨੂਰ ਨਾ ਕੋਇ ਰੁਸ਼ਨਾਈਆ । ਕਰਿਆ ਖੇਲ ਪੁਰਖ ਅਕਾਲ ਸਾਹਿਬ ਸੁਲਤਾਨ,

ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਚਾਰ ਵਰਨ ਅਠਾਰਾਂ ਬਰਨ ਅੰਤਰ ਨਿਰੰਤਰ ਦੇ ਆਰਾਮ, ਸਾਂਤਕ ਸਤਿ ਸਤਿ ਵਰਤਾਈਆ । ਤੇਰਾ ਅੰਮ੍ਰਿਤ ਝਿਰਨਾ ਨਿਝਰ ਝਿਰੇ ਮਹਾਨ, ਮਹਿੰਮਾ ਕਥ ਕਥ ਸੁਣਾਈਆ । ਲੇਖੇ ਲਾ ਪਵਣ ਸਵਾਸੀ ਪਰਾਣ, ਪੁਨਹ ਪੁਨਹ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਅਗੰਮੀ ਧੁਰ ਦੇ ਹੱਕ ਅਮਾਮ, ਕਲਜੁਗ ਕੂੜੀ ਕਿਰਿਆ ਅਮਲਾਂ ਦਾ ਡੇਰਾ ਦੇਣਾ ਢਾਹੀਆ । ਸਦੀ ਚੌਧਵੀਂ ਕਹੇ ਪਰਵਰਦਿਗਾਰ ਹੱਕੁਲ ਕਰ ਯਕੀਨ, ਯਕਤਰਫ਼ ਦੇ ਸਮਝਾਈਆ । ਧੁਰ ਦੀ ਧਾਰ ਦੇ ਤਾਲੀਮ, ਤਾਲਬ ਤੁਲਬੇ ਕਰ ਪੜ੍ਹਾਈਆ । ਘਰ ਵਖਾ ਆਅਲਾ ਅਜ਼ੀਮ, ਆਲੀਸ਼ਾਨ ਤੇਰੀ ਸ਼ਰਨਾਈਆ । ਤੂੰ ਸ਼ਹਿਨਸ਼ਾਹ ਕ਼ਦੀਮ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਤੇਰਾ ਆਤਮਾ ਨਾ ਨਰ ਨਾ ਮਦੀਨ, ਨਾਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਵਿਚ ਆਏ ਨਾ ਕਦੇ ਤਕ਼ਸੀਮ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਨਾਉਂ ਨਾ ਕੋਇ ਪ੍ਰਗਟਾਈਆ । ਸਦਾ ਸਦਾ ਸਦ ਲੱਖ ਚੁਰਾਸੀ ਤੇਰੇ ਅਧੀਨ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਹੁਕਮੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਦੀ ਵੇਖ ਗ਼ੁਰਬਤ, ਹੰਕਾਰ ਭਰੀ ਲੋਕਾਈਆ । ਤੂੰ ਪੁਰਖ ਅਕਾਲਾ ਇਕੋ ਮੁਰਸ਼ਦ, ਮੁਰੀਦਾਂ ਪੜਦਾ ਦਏਂ ਉਠਾਈਆ । ਕਲਜੁਗ ਕੂੜੀ ਕਿਰਿਆ ਨਾਲੋਂ ਕਰ ਕੇ ਫ਼ੁਰਸਤ, ਨਾਤਾ ਬੰਧਨ ਦੇਣਾ ਤੁੜਾਈਆ । ਤੇਰੇ ਨਾਮ ਦੀ ਮਹਿੰਮਾ ਇਕੋ ਹੋਵੇ ਉਲਫ਼ਤ, ਹਰ ਹਿਰਦੇ ਤੇਰਾ ਨਾਦ ਕਰੇ ਸ਼ਨਵਾਈਆ । ਤੇਰਾ ਖੇਲ ਆਦਿ ਜੁਗਾਦੀ ਜੁਗ ਜੁਗ, ਸਤਿਜੁਗ ਤਰੇਤਾ ਦੁਆਪਰ ਕਲਜੁਗ ਤੇਰੀ ਵੰਡ ਵੰਡਾਈਆ । ਸਦੀ ਚੌਧਵੀਂ ਕਹੇ ਮੇਰੀ ਅੰਤ ਅਖ਼ੀਰ ਔਧ ਰਹੀ ਪੁੱਗ, ਜੀਵਣ ਜੁਗਤੀ ਤੇਰੇ ਹੱਥ ਫੜਾਈਆ । ਮੈਨੂੰ ਸਚ ਦਵਾਰ ਏਕੰਕਾਰ ਇਕੋ ਰਿਹਾ ਸੁੱਝ, ਜਿਥੇ ਸੂਝ ਸਮਝ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਦੀਨਾਂ ਬੰਧੂ ਦੀਨ ਦਿਆਲ ਭੇਵ ਅਭੇਦਾ ਖੋਲ੍ਹ ਗੁਝ, ਰਮਜ਼ ਇਸ਼ਾਰਾ ਨਰ ਨਿਰੰਕਾਰਾ ਇਕੋ ਦੇਣਾ ਲਗਾਈਆ । ਸਾਹਿਬ ਸੁਲਤਾਨ ਨੌਜਵਾਨ ਮਿਹਰਵਾਨ ਸਭ ਦੀ ਨਿਰਮਲ ਕਰ ਬੁਧ, ਬਿਬੇਕ ਹੋ ਕੇ ਅਨੇਕ ਲੈ ਤਰਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਸਤਿਜੁਗ ਸੁਹਾ ਅਗੰਮੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਨਿਰਗੁਣ ਧਾਰੋਂ ਆਪੇ ਉਠ, ਜਨ ਭਗਤਾਂ ਉਪਰ ਤੁਠ, ਅੰਮ੍ਰਿਤ ਜਾਮ ਦੇ ਘੁਟ, ਰਸ ਇਕੋ ਇਕ ਵਖਾਈਆ । ਮਾਇਆ ਮਮਤਾ ਰਹੇ ਨਾ ਲੁੱਟ, ਦੂਈ ਦਵੈਤੀ ਕੱਢ ਫੁੱਟ, ਸੰਤ ਸੁਹੇਲੇ ਬਣਾ ਆਪਣੇ ਸੁਤ, ਕਲਜੁਗ ਜੀਵ ਅਪਰਾਧੀ ਲੈ ਤਰਾਈਆ । ਭਾਗ ਲਗਾ ਕਾਇਆ ਮਾਟੀ ਬੁਤ, ਕਰ ਪ੍ਰਕਾਸ਼ ਨਿਰਮਲ ਜੋਤ, ਝਗੜਾ ਰਹੇ ਨਾ ਵਰਨ ਗੋਤ, ਦੀਨ ਮਜ਼੍ਹਬ ਇਕੋ ਰੰਗ ਰੰਗਾਈਆ । ਅੰਤ ਅਖ਼ੀਰ ਹੋਣਾ ਖ਼ੁਸ਼, ਜਗਤ ਜਹਾਨ ਲੈਣਾ ਪੁਛ, ਕਿਉਂ ਤੇਰਾ ਆਤਮ ਤੇਰੇ ਨਾਲ ਗਿਆ ਰੁਸ, ਰੁਸਿਆਂ ਨੂੰ ਰੁਸਤਮ ਹੋ ਕੇ ਮੇਲ ਮਿਲਾਈਆ । ਝਗੜਾ ਪੈਣਾ ਚਾਰ ਕੁੰਟ, ਧਰਮ ਦਵਾਰਾ ਬਣੌਣਾ ਇਕ ਬੈਕੁੰਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਰਬਾਰੇ ਤੇਰੀ ਆਸ ਰਖਾਈਆ । ਸਦੀ ਚੌਧਵੀਂ ਕਹੇ ਨੇਤਰ ਵੇਖ ਮੇਰੇ ਭਗਵੰਤ, ਸਾਹਿਬ ਤੇਰੀ ਸਰਨਾਈਆ । ਆਤਮ ਨਾਰੀ ਦਿਸੇ ਮਿਲਿਆ ਕੋਈ ਨਾ ਕੰਤ, ਸੁਹੰਜਣੀ ਸੇਜ ਨਾ ਕੋਇ ਸੁਹਾਈਆ । ਕਲਜੁਗ ਭਰਮੇ ਭੁੱਲੇ ਸੰਤ, ਤੇਰੇ ਵਿਚ ਨਾ ਕੋਇ ਸਮਾਈਆ । ਗੜ੍ਹ ਤੋੜੇ ਕੋਈ ਨਾ ਹਉਮੇ ਹੰਗਤ, ਹੰ ਬ੍ਰਹਮ ਭੇਵ ਨਾ ਕੋਇ ਜਣਾਈਆ ।

੫੫੯
੨੧

ਬੋਧ ਅਗਾਧਾ ਬਣੇ ਕੋਈ ਨਾ ਪੰਡਤ, ਅੱਖਰਾਂ ਦੀ ਸਾਰੇ ਕਰਨ ਪੜ੍ਹਾਈਆ । ਧਰਮ ਦੀ ਧਾਰ ਦਿਸੇ ਕੋਈ ਨਾ ਸੰਗਤ, ਗੁਰਸਿਖ ਗੁਰ ਗੁਰ ਰੂਪ ਨਾ ਕੋਇ ਸਮਾਈਆ । ਮਾਇਆ ਮਮਤਾ ਮੋਹ ਵਿਕਾਰ ਕਰ ਖੰਡਤ, ਖੰਡਾ ਖੜਗ ਨਾਮ ਚਮਕਾਈਆ । ਝਗੜਾ ਮੁਕਾ ਦੇ ਆਵਣ ਜਾਵਣ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਦੇਣਾ ਢਾਹੀਆ । ਤੇਰੇ ਦਰ ਦਵਾਰੇ ਏਕੰਕਾਰੇ ਮੇਰੀ ਮਿੰਨਤ, ਸਦੀ ਚੌਧਵੀਂ ਨਿਉਂ ਨਿਉਂ ਲਾਗੇ ਪਾਈਂਆ । ਮਨੂਆ ਕੋਈ ਨਾ ਕਰੇ ਇੱਲਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਚਾਰੋਂ ਕੁੰਟ ਤੇਰੀ ਹੋਵੇ ਸਿਫ਼ਤ, ਸਿਫ਼ਤਾਂ ਵਿਚ ਜਗਤ ਸਾਲਾਹੀਆ । ਸਚ ਪ੍ਰੀਤੀ ਅੰਦਰ ਕਰ ਗ੍ਰਿਫ਼ਤ, ਮਾਇਆ ਮਮਤਾ ਮੋਹ ਗਵਾਈਆ । ਨਾਮ ਬਸਤਰ ਦੇ ਖਿਲਤ, ਤਨ ਪੋਸ਼ਾਕ ਹੱਕ ਵਖਾਈਆ । ਜਗਤ ਖ਼ੁਆਰੀ ਨਾ ਹੋਵੇ ਜ਼ਿੱਲਤ, ਜ਼ਲੀਲ ਦਲੀਲ ਦੇਣੀ ਬਦਲਾਈਆ । ਪਰਮ ਪੁਰਖ ਤੇਰਾ ਰਹੇ ਕੋਈ ਨਾ ਨਿੰਦਕ, ਦੁਸ਼ਟ ਦੁਰਾਚਾਰ ਲੇਖਾ ਦੇਣਾ ਮੁਕਾਈਆ । ਤੇਰਾ ਸ਼ਬਦ ਗੁਰੂ ਜਿਸ ਦੇ ਵਿਚ ਆਦਿ ਜੁਗਾਦੀ ਹਿੰਮਤ, ਬਲਧਾਰੀ ਨਜ਼ਰੀ ਆਈਆ । ਲੇਖਾ ਅੰਤ ਕਰਾ ਦੇ ਸੁੰਨਤ, ਸਮਾਜ ਦਾ ਸਮਾਂ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰਾ ਧੁਰ ਦਾ ਇਕੋ ਸੱਜਦਾ, ਸੀਸ ਜਗਦੀਸ਼ ਝੁਕਾਈਆ । ਖੇਲ ਵੇਖ ਆਪਣੇ ਘਰ ਦਾ, ਧਰਨੀ ਉਤੇ ਫੇਰਾ ਪਾਈਆ । ਤੇਰਾ ਨਾਮ ਕੋਈ ਨਾ ਪੜ੍ਹਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਤੇਰੀ ਮੰਜ਼ਲ ਕੋਈ ਨਾ ਚੜ੍ਹਦਾ, ਪੜਦਾ ਅੰਦਰੋਂ ਨਾ ਕੋਇ ਉਠਾਈਆ । ਜੀਵਤ ਜੀਵ ਕੋਈ ਨਾ ਮਰਦਾ, ਮੁਰਦਾ ਮੁਰੀਦ ਗੋਰ ਨਾ ਕੋਇ ਟਿਕਾਈਆ । ਜਿਧਰ ਵੇਖੋ ਜਗਤ ਜਹਾਨ ਲੜਦਾ, ਝਗੜਿਆਂ ਵਿਚ ਦੁਹਾਈਆ । ਮਾਇਆ ਮਮਤਾ ਵਿਚ ਸੜਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਂ ਰਾਹ ਤੱਕਾਂ ਤੇਰਾ ਨਰਾਇਣ ਨਰ ਦਾ, ਸ਼ਾਹ ਪਾਤਸ਼ਾਹ ਤੇਰੀ ਓਟ ਤਕਾਈਆ । ਕਵਣ ਵੇਲਾ ਜਨ ਭਗਤਾਂ ਆ ਕੇ ਵਰਦਾ, ਗੁਰਮੁਖ ਆਪਣੀ ਗੋਦ ਬਿਠਾਈਆ । ਸੰਤ ਸੁਹੇਲੇ ਸਾਜਣ ਫੜਦਾ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖਿਆ ਹਾੜੇ ਕੱਢਦਾ, ਚੌਦਾਂ ਤਬਕਾਂ ਪਈ ਦੁਹਾਈਆ । ਧੁਰ ਅਮਾਮ ਤੈਨੂੰ ਸੱਦਦਾ, ਉਚੀ ਕੂਕ ਕੂਕ ਜਣਾਈਆ । ਖੇਲ ਵੇਖਣਾ ਓਸ ਅਲਾਹੀ ਹੱਕ ਦਾ, ਜੋ ਮਹਿਬੂਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਤੇਰੀ ਆਸ ਰਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਰਿਹਾ ਵਿਚਾਰ, ਹਜ਼ਰਤ ਰਿਹਾ ਧਿਆਨ ਲਗਾਈਆ । ਕੀ ਕਰੇ ਖੇਲ ਪਰਵਰਦਿਗਾਰ, ਪਾਰਬ੍ਰਹਮ ਬੇਪ੍ਰਵਾਹੀਆ । ਮੇਰੀ ਉਮਤ ਦੀ ਖਿੜੀ ਗੁਲਜ਼ਾਰ, ਗੁਲਸ਼ਨ ਜਗਤ ਵਿਚ ਮਹਿਕਾਈਆ । ਹੁਣ ਔਣ ਵਾਲੀ ਖਿਜ਼ਾਂ ਬਹਾਰ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਗਿਰਿਅਜ਼ਾਰੀ ਵਿਚ ਇਜ਼ਹਾਰ, ਦਰੋਹੀ ਦਰੋਹੀ ਰਿਹਾ ਸੁਣਾਈਆ । ਯਾਮੁਬੀਨ ਸਚੀ ਸਰਕਾਰ, ਬੀਖ਼ੈਰ ਯਾ ਅਲਾਹ ਤੇਰੀ ਵਡ ਵਡਿਆਈਆ । ਸੱਜਦਾ ਨਮਸਤੇ ਡੰਡਾਵਤ ਬੰਦਨਾ ਮਸਤਕ ਲਾ ਕੇ ਧੂੜੀ ਛਾਰ, ਖ਼ਾਕ ਪਾਕ ਪਵਿੱਤ ਰਿਹਾ ਬਣਾਈਆ । ਨਾਤਾ ਰਿਹਾ ਨਾ ਕਿਸੇ ਯਾਰ, ਸਦੀ ਅੰਤ ਨਾ ਰਹੀ ਵਫ਼ਾਦਾਰ, ਉਮਤ ਮੇਰੀ ਹੋਈ ਗ਼ਦਾਰ, ਗਦਾਗਰ ਹੋ ਕੇ ਭੱਜੇ ਵਾਹੋ ਦਾਹੀਆ । ਮੇਰਾ ਰਿਹਾ ਨਾ ਕੋਇ ਇਤਬਾਰ, ਕਿਰਪਾ ਕਰ ਸਚੀ ਸਰਕਾਰ, ਆਦਿ ਜੁਗਾਦਿ ਤੇਰੇ ਅਖ਼ਤਿਆਰ, ਮੈਂ ਚੌਦਾਂ ਸਦੀਆਂ ਦਾ ਮੁਖ਼ਤਿਆਰ, ਅੰਤ ਮੁਖ਼ਤਿਆਰਨਾਮਾ ਤੇਰੇ ਚਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਜੋਤ ਸਚੇ ਸੁਲਤਾਨ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਤੇਰੀ ਓਟ ਤਕਾਈਆ ।

### ❊ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਦੇਵ ਸਿੰਘ ਦੇ ਗ੍ਰਿਹ ਨਵਾਂ ਪਿੰਡ ਜ਼ਿਲਾ ਜਲੰਧਰ ❊

ਸਦੀ ਚੌਧਵੀਂ ਕਹੇ ਮੈਨੂੰ ਹੁਕਮ ਦੇਵੇ ਈਸਾ, ਈਸੁਲਸਲਾਮ ਰਿਹਾ ਜਣਾਈਆ । ਵੇਖ ਖੇਲ ਹਰਿ ਜਗਦੀਸਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਸੰਮਤ ਚਲ ਰਿਹਾ ਬੀਸਾ, ਬੀਸਵੀਂ ਸਦੀ ਦਏ ਦੁਹਾਈਆ । ਇਕ ਢਾਈ ਫੁਟ ਦਾ ਲਿਔਣਾ ਸ਼ੀਸ਼ਾ, ਢਾਈ ਸਵਾ ਵੰਡ ਵੰਡਾਈਆ । ਤੇਰੀ ਪੂਰੀ ਹੋਵੇ ਇੱਛਾ, ਮਿਲੇ ਮਾਣ ਵਡਿਆਈਆ । ਮਾਰਗ ਦੱਸੇ ਸਿੱਧਾ, ਹਰਿ ਸ਼ਹਿਨਸ਼ਾਹ ਬੇਪ੍ਰਵਾਹੀਆ । ਮਨਸਾ ਪੂਰੀ ਹੋਵੇ ਉਮੀਦਾ, ਧੁਰ ਦਾ ਅਮਲ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਡ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਨੂੰ ਖ਼ਬਰ ਦੱਸੇ ਮੂਸਾ, ਮੁਰਸ਼ਦ ਆਪ ਕਰਾਈਆ । ਇਕ ਨਵਾਂ ਲਿਔਣਾ ਫੀਤਾ, ਜਰਮਨ ਰੂਪ ਬਦਲਾਈਆ । ਇਕ ਗੁਰਮੁਖ ਕੋਲ ਹੋਵੇ ਚੂਚਾ, ਛੋਟੀ ਅਵਸਥਾ ਵਿਚ ਵਡਿਆਈਆ । ਇਹ ਖੇਲ ਅਗੰਮੀ ਰੂਹ ਦਾ, ਜੋ ਰੂਹ ਬੁਤ ਵਿਚ ਸਮਾਈਆ । ਇਕ ਗੁਰਮੁਖ ਬਣਿਆ ਹੋਵੇ ਮੀਤ ਧੁਰ ਦਾ, ਧਰਮ ਦੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ , ਮੋਹ ਮੁਹੱਬਤ ਕੂੜ ਤੁੜਾਈਆ । ਸੁਣ ਮੇਰੀ ਅਗੰਮੀ ਰਮਜ਼, ਸੈਨਤ ਜਗਤ ਨਾ ਕੋਇ ਲਗਾਈਆ । ਕੀ ਹੋਣ ਲੱਗਾ ਗ਼ਜ਼ਬ, ਮੇਰੀ ਦੁਹਾਈ ਵਿਚ ਦੁਹਾਈਆ । ਮੇਰਾ ਕੋਈ ਨਾ ਕਰੇ ਅਦਬ, ਬੇਅਦਬੀ ਵਿਚ ਸ਼ਰਮਾਈਆ । ਮੇਟਣ ਲੱਗਾ ਮਜ਼੍ਹਬ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਮੈਂ ਹੈਰਾਨ ਹੋਇਆ ਤੁਅਜਬ, ਪਰੇਸ਼ਾਨੀ ਵਿਚ ਕੁਰਲਾਈਆ । ਮੇਰਾ ਕਿੱਧਰ ਗਿਆ ਮੁਤੱਸਬ, ਮੁਤਲਾ ਕਰ ਨਾ ਕੋਇ ਸਮਝਾਈਆ । ਚਾਰ ਯਾਰੀ ਦਾ ਨਜ਼ਰ ਨਾ ਆਵੇ ਵਫ਼ਦ, ਸੰਗੀ ਸੰਗ ਨਾ ਕੋਇ ਰਖਾਈਆ । ਸਿਫ਼ਤਾਂ ਵਾਲਾ ਗਾਏ ਕੋਈ ਨਾ ਲਫ਼ਜ਼, ਬੇਮਾਅਨੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਵੱਡੇ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੁਹੰਮਦ ਕਹਿ ਕੇ ਰਿਹਾ ਬੋਲ, ਬਿਨ ਰਸਨਾ ਜਿਹਵਾ ਗਾਈਆ । ਨੌਵਾਂ ਸਿੱਖਾਂ ਦੇ ਕੋਲ, ਝੰਡੇ ਨੀਲੇ ਸੋਭਾ ਪਾਈਆ । ਜਿਸ ਵੇਲੇ ਡੱਗਾ ਲੱਗੇ ਉਪਰ ਧੌਲ, ਓਹ ਸਾਰੇ ਦੇਣ ਹਿਲਾਈਆ । ਅੱਲਾ ਹੂ ਅਕਬਰ ਮੁਖੋਂ ਕਹਿਣ ਬੋਲ, ਮੇਰੀ ਆਸ਼ਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੂਸਾ ਦੱਸੇ ਆਪਣਾ ਮਸਲਾ, ਮੁਸਾਹਿਬ ਹੋ ਜਣਾਈਆ । ਖੇਲ ਹੋਣ ਲੱਗਾ ਅਸਲਾ, ਅਸਲੀਅਤ ਵਿਚ ਵਡਿਆਈਆ । ਦੀਨ ਦੁਨੀ ਦੀ ਬਦਲਣ ਲੱਗੀ ਨਸਲਾ, ਮਾਨਵ ਜ਼ਾਤੀ ਇਕੋ ਰੰਗ ਰੰਗਾਈਆ । ਪ੍ਰਭ ਮਿਲਣ ਦਾ ਮਿਲਣ ਲੱਗਾ ਇਕੋ ਰਸਾਇਲ ਰਸਲਾ, ਦੂਜਾ ਰਾਹ ਨਾ ਕੋਇ ਜਣਾਈਆ । ਸਚ ਸੁਨੇਹੜਾ ਇਕੋ ਦੱਸਣਾ, ਦਹਿ ਦਿਸ਼ਾ ਕਰ ਪੜ੍ਹਾਈਆ । ਪਰਵਰਦਿਗਾਰ ਦੇ

ਚਰਨਾਂ ਵਸਣਾ, ਦੂਸਰ ਥਾਨ ਨਾ ਕੋਇ ਵਡਿਆਈਆ । ਮੈਨੂੰ ਮਾਤਲੋਕ ਪਏ ਨੱਸਣਾ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਦੱਸੇ ਈਸੁਲਸਲਾਮ, ਸਲਾਮਅਲੈਕਮ ਕਹਿ ਕੇ ਰਿਹਾ ਜਣਾਈਆ । ਉਠ ਵੇਖ ਅਗੰਮੀ ਅਮਾਮ, ਅਮਲਾਂ ਤੋਂ ਬਾਹਰ ਸੋਭਾ ਪਾਈਆ । ਧੁਰ ਦੀ ਦੇ ਕਲਾਮ, ਕਲਮਾ ਕਾਇਨਾਤ ਜਣਾਈਆ । ਸਾਨੂੰ ਬਰਦੇ ਬਣਾ ਗ਼ੁਲਾਮ, ਸਚ ਸਾਚੀ ਸੇਵਾ ਵਿਚ ਰਖਾਈਆ । ਸਦੀ ਬੀਸਵੀਂ ਅਸੀਂ ਹੋਏ ਬਦਨਾਮ, ਬਦੀ ਕਮਾਵੇ ਜਗਤ ਲੋਕਾਈਆ । ਘਰ ਘਰ ਦਿਸੇ ਕੂੜਾ ਹਰਾਮ, ਸਤਿ ਧਰਮ ਨਾ ਕੋਇ ਰਖਾਈਆ । ਨਿਮਰਤਾ ਵਿਚ ਕਰੇ ਨਾ ਕੋਇ ਪ੍ਰਨਾਮ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਮੇਰੀ ਨਿਗਾਹ ਗਈ ਵਿਚ ਜਪਾਨ, ਜੈਪਨ ਵਿਚ ਅੱਖ ਖੁਲ੍ਹਾਈਆ । ਫੇਰ ਮਾਤ ਤੱਕੇ ਅਫ਼ਗਾਨ, ਖ਼ਾਨਾਂ ਵੇਖ ਵਖਾਈਆ । ਫੇਰ ਵੇਖਿਆ ਦੀਨ ਦੁਨੀ ਦਾ ਵਿਧਾਨ, ਜਿਸ ਦੀ ਧਾਰ ਨਾ ਕੋਇ ਬਦਲਾਈਆ । ਫੇਰ ਧੁਰ ਦੀ ਵੇਖੀ ਕਲਾਮ, ਜੋ ਧੁਰ ਦਾ ਸ਼ਬਦ ਕਰੇ ਸ਼ਨਵਾਈਆ । ਜਾਂ ਤੱਕਿਆ ਚਾਰ ਕੁੰਟ ਵਿਗੜਿਆ ਨਿਜ਼ਾਮ, ਬੰਦੋਬਸਤ ਹੱਕ ਨਾ ਕੋਇ ਕਰਾਈਆ । ਮੈਂ ਵੇਖ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਸਭ ਦੇ ਅੰਦਰ ਵੜਿਆ ਸ਼ੈਤਾਨ, ਸ਼ਰਅ ਸ਼ਰਮ ਹਯਾ ਦਿਤਾ ਮਿਟਾਈਆ । ਪਰਵਰਦਿਗਾਰ ਦਾ ਦਿਸਿਆ ਨਾ ਕੋਈ ਖ਼ਾਨਦਾਨ, ਸੂਫ਼ੀ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਮਨਸ਼ਾ ਕਹੇ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਸਭ ਦਾ ਲੇਖਾ ਮੇਟ ਵਿਚ ਜਹਾਨ, ਜਹਾਲਤ ਜਗਤ ਰਹੇ ਨਾ ਰਾਈਆ । ਨਿਰਗੁਣ ਦਾਤੇ ਆ ਵਿਚ ਮੈਦਾਨ, ਲੋਕਮਾਤ ਆਪਣਾ ਹੁਕਮ ਵਰਤਾਈਆ । ਤੇਰਾ ਝੁੱਲੇ ਧਰਮ ਨਿਸ਼ਾਨ, ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕੋ ਨਜ਼ਰੀ ਆਈਆ । ਆਦਿ ਜੁਗਾਦੀ ਸਦਾ ਪਹਿਲਵਾਨ, ਫੇਰੀ ਪਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭਗਤਾਂ ਦੇ ਆਪਣੀ ਪਹਿਚਾਨ, ਬੇਪਹਿਚਾਨ ਉਹਲਾ ਦੇਣਾ ਚੁਕਾਈਆ ।



### ✻ ੧੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਜ਼ੂਰਾ ਸਿੰਘ ਦੇ ਗ੍ਰਹਿ ਪਿੰਡ ਗੁਰਾਇਆ ਜ਼ਿਲਾ ਜਲੰਧਰ ✻

ਸਦੀ ਚੌਧਵੀਂ ਕਹੇ ਮੈਨੂੰ ਪੈਂਦੀਆਂ ਹਾਕਾਂ, ਚੌਦਾਂ ਤਬਕ ਰਹੇ ਕੁਰਲਾਈਆ । ਮੁਹੰਮਦ ਵਖਾਵੇ ਆਪਣਾ ਖਾਕਾ, ਖ਼ਾਕ ਮਿੱਟੀ ਧੂੜ ਉਡਾਈਆ । ਪੜਦਾ ਲਾਹ ਕੇ ਤਾਕਾ, ਝਲਕ ਰਿਹਾ ਝਮਕਾਈਆ । ਉਮਤ ਟੁੱਟਣ ਲੱਗਾ ਸਾਕਾ, ਸਾਥੀ ਰਹਿਣ ਕੋਇ ਨਾ ਪਾਈਆ । ਹੁਕਮ ਦੇਵੇ ਧੁਰ ਦਾ ਆਕ਼ਾ, ਪਰਵਰਦਿਗਾਰ ਦੇਵੇ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਨੂੰ ਖ਼ੁਸ਼ੀਆਂ ਨਾਲ ਆਇਆ ਹਾਸਾ, ਹੱਸ ਕੇ ਤਾਲੀ ਦਿਤੀ ਵਜਾਈਆ । ਮੈਂ ਹੱਥ ਰੱਖਕੇ ਉਪਰ ਢਾਕਾ, ਬਿਨਾ ਤਨ ਲਈ ਅੰਗੜਾਈਆ । ਵੇ ਮੁਹੰਮਦਾ ਤੂੰ ਕਲ ਦਾ ਨਿੱਕਾ ਜਿਹਾ ਕਾਕਾ, ਕਲਮਿਆਂ ਵਿਚ ਪ੍ਰਭ ਦਾ ਢੋਲਾ ਗਾਈਆ । ਮੈਂ ਦੱਸਣਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਸਾਕਾ, ਜਿਸ ਦੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਸ਼ਾਸਤਰ ਦੇਣ ਨਾ ਕੋਇ ਗਵਾਹੀਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਬਾਪਾ, ਪਿਤਾ ਪੁਰਖ ਅਕਾਲ ਦ੍ਰਿੜਾਈਆ । ਮੈਂ ਜੋੜਿਆ ਓਸ ਨਾਲ ਨਾਤਾ, ਘਰ

ਸਾਚੇ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਬੋਲਿਆ ਨਾਲ ਜ਼ੋਰ, ਜੋਰੂ ਜ਼ਰ ਦੁਹਾਈਆ । ਮੇਰੀ ਟੁੱਟਣ ਲੱਗੀ ਡੋਰ, ਬੰਧਨ ਬੰਦਾ ਨਾ ਕੋਇ ਰਖਾਈਆ । ਚੌਦਾਂ ਤਬਕ ਅੰਧੇਰਾ ਘੋਰ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਮੇਰੀ ਉਮਤ ਹੋ ਗਈ ਚੋਰ, ਠੱਗੀ ਵਿਚ ਦੁਹਾਈਆ । ਚਾਰੋਂ ਕੁੰਟ ਪਿਆ ਸ਼ੋਰ, ਸ਼ੌਹਰ ਸਚ ਨਾ ਕੋਇ ਹੰਢਾਈਆ । ਮੈਂ ਤੱਕਿਆ ਨਾਲ ਗ਼ੌਰ, ਕੀ ਗਹਿਰ ਗੰਭੀਰ ਖੇਲ ਵਰਤਾਈਆ । ਮੇਰੀ ਰਹੀ ਕੋਈ ਨਾ ਦੌੜ, ਬਲਹੀਣ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕਹੇ ਹਾਏ ਉਫ਼, ਉਲਫ਼ਤ ਨਜ਼ਰ ਕੋਇ ਨਾ ਆਈਆ । ਗ਼ਮੀ ਵਿਚ ਨਾ ਸਕਾਂ ਉਠ, ਤਾਕਤ ਅਵਰ ਰਹੀ ਨਾ ਰਾਈਆ । ਮੇਰੇ ਘਰ ਵਿਚ ਪੈਣੀ ਲੁੱਟ, ਮੱਕਾ ਮਦੀਨਾ ਮਾਰੇ ਧਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਵੇਖ ਵਖਾਈਆ । ਮੇਰੀ ਬਦਲਣ ਵਾਲੀ ਰੁਤ, ਖ਼ਿਜ਼ਾਂ ਆਪਣਾ ਰੰਗ ਰੰਗਾਈਆ । ਪੜਦਾ ਉਹਲਾ ਰਹੇ ਨਾ ਲੁਕ, ਭੇਵ ਅਭੇਦਾ ਦਏ ਜਣਾਈਆ । ਜਿਸ ਨੂੰ ਸੱਯਦਿਆਂ ਵਿਚ ਰਿਹਾ ਝੁਕ, ਕ਼ਦਮਾਂ ਉਤੇ ਸੀਸ ਨਿਵਾਈਆ । ਉਹ ਦੱਸ ਕੇ ਇਕੋ ਤੁਕ, ਤੁਖ਼ਮ ਤਾਅਸੀਰ ਸਭ ਦੀ ਰਿਹਾ ਬਦਲਾਈਆ । ਕਿਸੇ ਕੰਮ ਨਾ ਆਈ ਕੱਟੀ ਮੁੱਛ, ਅੰਤ ਅਖ਼ੀਰ ਪ੍ਰਭ ਦੇਵਣਹਾਰ ਸਜ਼ਾਈਆ । ਸਦੀ ਚੌਧਵੀਂ ਕਹੇ ਵੇਲਾ ਰਿਹਾ ਢੁਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਵਖਾਈਆ । ਮੁਹੰਮਦ ਕਹੇ ਮੇਰਿਆ ਅੱਲਾ, ਅਜਬ ਤੇਰੀ ਸਰਨਾਈਆ । ਜਨ ਭਗਤ ਮੇਰੇ ਲਈ ਲਿਆਵਣ ਇਕ ਮੁਸੱਲਾ, ਸੋਹਣਾ ਸਫ਼ਰੀ ਹੇਠ ਵਿਛਾਈਆ । ਨਾਲ ਹੋਵੇ ਇਕ ਚਮੜੇ ਦੀ ਖੱਲਾ, ਖ਼ਾਲਕ ਖ਼ਲਕ ਤੇਰੀ ਚਤੁਰਾਈਆ । ਲੋਟਾ ਭਰਿਆ ਹੋਵੇ ਜਲਾ, ਵਜ਼ੂ ਵਜਹ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੁਹੰਮਦ ਤੱਕੇ ਇਕੋ ਰਾਹ, ਰਹਿਬਰ ਹੋ ਕੇ ਵੇਖ ਵਖਾਈਆ । ਕੀ ਕਰੇ ਖੇਲ ਖ਼ੁਦਾ, ਖ਼ੁਦੀ ਤਕੱਬਰ ਡੇਰਾ ਢਾਹੀਆ । ਚਲੇ ਚਲਾਏ ਆਪਣੀ ਹੱਕ ਰਜ਼ਾ, ਰਹਿਮਤ ਰਹਿਮਾਨ ਰਹੀਮ ਬੇਪ੍ਰਵਾਹੀਆ । ਹੁਕਮ ਦੇਵਣਹਾਰ ਕ਼ਜ਼ਾ, ਕ਼ਜ਼ਾ ਅਜ਼ਲ ਨਾਲ ਚਤੁਰਾਈਆ । ਮੇਰੀ ਸ਼ਹਾਦਤ ਇਕ ਭੁਗਤਾ, ਭਗੌਤੀ ਵਾਲਾ ਰਿਹਾ ਉਠਾਈਆ । ਜਿਸ ਦਾ ਲੇਖਾ ਜਾਣੇ ਕੋਈ ਨਾ, ਨਬੀ ਨੂਹ ਢਹਿ ਢਹਿ ਪਏ ਸਰਨਾਈਆ । ਲਹਿਣਾ ਜਾਣੇ ਥਾਉਂ ਥਾਂ, ਹਰ ਘਟ ਵੇਖੇ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦਾ ਢਾਈ ਗਜ਼ ਹੋਵੇ ਦੁਪੱਟਾ, ਰੰਗ ਨੀਲੇ ਨਾਲ ਰੰਗਾਈਆ । ਵਿਚ ਕਾਲਾ ਹੋਵੇ ਪਟਾ, ਪਟਨੇ ਵਾਲਾ ਵੇਖ ਵਖਾਈਆ । ਕੰਨੀ ਧਾਗਾ ਹੋਵੇ ਖੱਟਾ, ਡੋਰੀ ਨੌ ਵੰਡ ਵੰਡਾਈਆ । ਇਕ ਸਵਾ ਹੱਥ ਦਾ ਹੋਵੇ ਗੱਤਾ, ਚਾਰੋਂ ਕੁੰਟ ਸੋਭਾ ਪਾਈਆ । ਉਸ ਦੇ ਉਤੇ ਲਿਖਿਆ ਹੋਵੇ ਮੱਕਾ, ਅੱਖਰ ਅਲਿਫ਼ ਵਾਲੇ ਸਾਲਾਹੀਆ । ਇਕ ਗੁਰਮੁਖ ਪਿਛੇ ਲੌਂਦਾ ਆਵੇ ਧੱਕਾ, ਜ਼ੋਰ ਜ਼ੋਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਪੰਜਾਂ ਗੁਰਮੁਖਾਂ ਸੁਬਹ ਤੋਂ ਰੱਖਿਆ ਹੋਵੇ ਰੋਜ਼ਾ, ਮਹੀਨਾ ਰਮਜ਼ਾਨ ਦਿਆਂ ਸਮਝਾਈਆ ।

ਜਿਨ੍ਹਾਂ ਨੇ ਬਿਨਾ ਬਾਹਵਾਂ ਤੋਂ ਗਲ ਵਿਚ ਪਾਇਆ ਹੋਵੇ ਚੋਗਾ, ਚੁਗਲੀ ਨਿੰਦਿਆ ਨਾ ਕੋਇ ਸੁਣਾਈਆ । ਅੱਧਵਾਟੇ ਮੁੰਨਿਆ ਹੋਵੇ ਬੋਦਾ, ਹਿੰਦੂ ਸਿੱਖ ਨਾ ਰੂਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੇਰੀ ਅੰਤ ਅਖ਼ੀਰ ਬਾਤ, ਬਾਤਨ ਦਿਆਂ ਜਣਾਈਆ । ਸਾਹਿਬ ਸਵਾਮੀ ਬਖ਼ਸ਼ ਦਾਤ, ਦਇਆਵਾਨ ਤੇਰੀ ਵਡਿਆਈਆ । ਨਿਰਗੁਣ ਸਰਗੁਣ ਦੇ ਸਾਥ, ਸਗਲਾ ਸੰਗ ਨਿਭਾਈਆ । ਚਾਰ ਵਰਨਾਂ ਬਣਾ ਇਕ ਜਮਾਤ, ਇਕੋ ਅੱਖਰ ਕਰ ਪੜ੍ਹਾਈਆ । ਨੂਰੀ ਨਜ਼ਰ ਆ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਅੰਮ੍ਰਿਤ ਦੇ ਆਬੇਹਯਾਤ, ਹਯਾਤੀ ਦੀਨ ਦੁਨੀ ਬਦਲਾਈਆ । ਸਚ ਦਵਾਰਾ ਵਖਾ ਘਾਟ, ਜਿਥੇ ਮੰਜ਼ਲ ਧੁਰਦਰਗਾਹੀਆ । ਝਗੜਾ ਦਿਸੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਇਕੋ ਪਤਿਪਰਮੇਸ਼ਵਰ ਕਮਲਾਪਾਤ, ਲੱਖ ਚੁਰਾਸੀ ਨਾਰੀ ਕੰਤ ਹੰਢਾਈਆ । ਆਤਮ ਪਰਮਾਤਮ ਬਣਾ ਕੇ ਧੁਰ ਦਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਜੀਵਣ ਜਨਮ ਦਾ ਪੂਰਾ ਕਰ ਦੇ ਘਾਟ, ਲੇਖਾ ਸਭ ਦਾ ਆਪ ਚੁਕਾਈਆ । ਮਾਇਆ ਮਮਤਾ ਮੇਟ ਦੇ ਵਾਟ, ਵਾਅਦਾ ਕਰ ਕੇ ਤੋੜ ਨਿਭਾਈਆ । ਆਤਮ ਸੇਜਾ ਸੁਹਾ ਦੇ ਖਾਟ, ਖਟਕਾ ਅਵਰ ਰਹੇ ਨਾ ਰਾਈਆ । ਤੂੰ ਧੁਰਦਰਗਾਹੀ ਪੁਰਖ ਸਮਰਾਥ, ਜਲਵਾਗਰ ਨੂਰ ਖ਼ੁਦਾਈਆ । ਰੂਹ ਬੁਤ ਕਰ ਪਾਕ, ਪਤਤ ਪੁਨੀਤ ਦੇ ਕਰਾਈਆ । ਸਭ ਦਾ ਪੂਰਾ ਕਰ ਭਵਿਖਤ ਵਾਕ, ਵਾਕਫ਼ਕਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਅੰਮ੍ਰਿਤ ਵੇਲਾ ਧਰਮ ਦੀ ਹੋਵੇ ਪ੍ਰਭਾਤ, ਸਤਿ ਸਚ ਮਿਲੇ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਰੱਖਿਆ ਕਰਨੀ ਥਾਉਂ ਥਾਈਂਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਉਡੇ ਖ਼ਾਕ, ਖ਼ਾਲਸ ਰੂਪ ਨਾ ਕੋਇ ਸਮਝਾਈਆ । ਪਰਮ ਪੁਰਖ ਪਰਮਾਤਮ ਆਤਮ ਤ੍ਰੈਗੁਣ ਮਾਇਆ ਦੀ ਬਦਲ ਦੇ ਪੋਸ਼ਾਕ, ਗਲਾਫ਼ ਕੂੜਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਮੁਹੰਮਦ ਹੋ ਰਿਹਾ ਦਿਲਗੀਰ, ਧੀਰਜ ਧੀਰ ਨਾ ਕੋਇ ਰਖਾਈਆ । ਕੀ ਕਰੇ ਖੇਲ ਅਗੰਮਾ ਪੀਰ, ਪੀਰ ਪੀਰਾਂ ਬੇਪ੍ਰਵਾਹੀਆ । ਜਿਸ ਦਾ ਨੂਰ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਆਈਆ । ਜਿਸ ਦੀ ਦੁਹਾਈ ਦੇਵੇ ਕਬੀਰ, ਕ਼ਬਰਾਂ ਤੋਂ ਬਾਹਰ ਰਿਹਾ ਸਮਝਾਈਆ । ਸੋ ਤੋੜਨ ਲੱਗਾ ਸ਼ਰਅ ਜ਼ੰਜੀਰ, ਸ਼ਰੀਅਤ ਡੇਰਾ ਢਾਹੀਆ । ਚਿੱਟੇ ਉਤੇ ਪਾ ਕੇ ਨਾਮ ਲਕੀਰ, ਲੇਖਾ ਸਭ ਦਾ ਰਿਹਾ ਬਦਲਾਈਆ । ਕੀ ਹੋਇਆ ਉਮਤ ਤਕ਼ਦੀਰ, ਕਵਣ ਤਦਬੀਰ ਰਿਹਾ ਜਣਾਈਆ । ਕੁਛ ਲੇਖਾ ਸਦੀ ਚੌਧਵੀਂ ਕਹੇ ਮੇਰਾ ਕਸ਼ਮੀਰ, ਕਸ਼ਮਕਸ਼ ਵਿਚ ਦੁਹਾਈਆ । ਮੂਸਾ ਫੜਨ ਵਾਲਾ ਸ਼ਮਸ਼ੀਰ, ਮੁਹੰਮਦੀ ਅੱਗੇ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੁਹੰਮਦ ਉਠ ਕੇ ਰਿਹਾ ਤੱਕ, ਤਕਵਾ ਇਕ ਰਖਾਈਆ । ਕੀ ਹੁਕਮ ਹਕ਼ੀਕ਼ਤ ਹੱਕ, ਹਾਕਮ ਕਵਣ ਜਣਾਈਆ । ਕੀ ਮੇਰਾ ਲੇਖਾ ਹੋਵਣ ਲੱਗਾ ਠਪ, ਹਿਸਾਬ ਅੰਤ ਰਿਹਾ ਚੁਕਾਈਆ । ਮੈਂ ਕਿਧਰ ਜਾਵਾਂ ਨਠ, ਕਵਣ ਕ਼ਦਮ ਲਵਾਂ ਉਠਾਈਆ । ਅਗੰਮੀ ਹੁਕਮ ਆਇਆ ਝਟ, ਸਹਿਜ ਦਿਤਾ ਦ੍ਰਿੜਾਈਆ । ਸਦੀ ਚੌਧਵੀਂ ਤੈਨੂੰ ਹੋਣਾ ਪਏ ਵਖ, ਵਖਰਾ ਆਪਣਾ ਰਾਹ ਤਕਾਈਆ । ਕਰੇ ਖੇਲ ਪੁਰਖ ਸਮਰਥ, ਦੂਜਾ ਅਵਰ ਨਾ ਕੋਇ ਸਮਝਾਈਆ ।

ਲਹਿਣਾ ਦੇਣਾ ਦੇਵੇ ਹੱਥੋ ਹੱਥ, ਜਗਤ ਉਧਾਰ ਦਾ ਡੇਰਾ ਢਾਹੀਆ । ਅੰਤਮ ਕਲਜੁਗ ਹੋਣਾ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਦੇਵਣਹਾਰਾ ਦਾਨ, ਦਾਤਾ ਦਾਨੀ ਕਰ ਮਿਹਰਵਾਨੀ ਮਹਿਬੂਬ ਮੁਹੱਬਤ ਵਿਚ ਮਹਿਵ ਆਪਣਾ ਭੇਵ ਖੁਲ੍ਹਾਈਆ ।



✻ ੨੦ ਮੱਘਰ ਸ਼ਹਿਨਸ਼ਾਹੀ ਸੰਮਤ ੪ ਨਛੱਤਰ ਕੌਰ ਦੇ ਗ੍ਰਿਹਿ ਗੁਰਾਇਆ ਜ਼ਿਲਾ ਜਲੰਧਰ ✻

ਸਦੀ ਚੌਧਵੀਂ ਕਹੇ ਮੈਂ ਖੇਲ ਤੱਕਾਂ ਪ੍ਰੀਤਮ ਅਰਸ਼ੀ, ਜੋ ਅਰਸ਼ੇ ਆਜ਼ਮ ਨੂਰ ਰੁਸ਼ਨਾਈਆ । ਜਿਸ ਦੀ ਸੋਹਣੀ ਸੁਹਾਵਣੀ ਸੁਹੰਞਣੀ ਹੋਵੇ ਬਰਸੀ, ਬਰਸਾਂ ਦੇ ਵਿਛੜੇ ਮੇਲ ਮਿਲਾਈਆ । ਖੇਲ ਸਮਝਾਵੇ ਆਪਣੇ ਘਰ ਦੀ, ਗ੍ਰਿਹਿ ਪੜਦਾ ਆਪ ਉਠਾਈਆ । ਜਨ ਭਗਤਾਂ ਭਗਤ ਦਵਾਰੇ ਕਰ ਕੇ ਭਰਤੀ, ਭਾਓ ਭਾਵਨਾ ਪਿਛਲੀ ਪੂਰ ਕਰਾਈਆ । ਚਲੇ ਖੇਲ ਅਗੰਮੇ ਨਰ ਦੀ, ਨਰ ਨਰਾਇਣ ਦਏ ਵਡਿਆਈਆ । ਅੰਮ੍ਰਿਤ ਬਖ਼ਸ਼ੇ ਧਾਰ ਸਚੇ ਸਰ ਦੀ, ਸਰੋਵਰ ਚਰਨ ਧੂੜ ਇਸ਼ਨਾਨ ਕਰਾਈਆ । ਦੀਨ ਦੁਨੀ ਹੋਵੇ ਸੜਦੀ, ਅਗਨੀ ਅੱਗ ਨਾ ਕੋਇ ਬੁਝਾਈਆ । ਹਰਿ ਸੰਗਤ ਤੂੰ ਮੇਰਾ ਮੈਂ ਤੇਰਾ ਢੋਲਾ ਹੋਵੇ ਪੜ੍ਹਦੀ, ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਧਾੜ ਮੁਕਾ ਦੇ ਕਪਟ ਛਲ ਦੀ, ਜੂਠ ਝੂਠ ਡੇਰਾ ਢਾਹੀਆ । ਇਕ ਜੋਤ ਪ੍ਰਕਾਸ਼ ਕਰੇ ਬਲਦੀ, ਬਲ ਬਾਵਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਸ੍ਰਿਸ਼ਟੀ ਵਾਲੀ ਸੀਵਾਂ, ਸੀਆਂ ਸਾਢੇ ਤਿੰਨ ਹੱਥ ਫੋਲ ਫੁਲਾਈਆ । ਸੰਦੇਸ਼ਾ ਦੇਵਾਂ ਜਗਤ ਜੀਵਾਂ, ਜੀਵਣ ਜੁਗਤ ਆਪ ਸਮਝਾਈਆ । ਮਨ ਆਪਣਾ ਕਰ ਲਓ ਨੀਵਾਂ, ਹੰਕਾਰ ਵਿਕਾਰ ਦੇਣਾ ਗਵਾਈਆ । ਪ੍ਰਭ ਸਰਨਾਈ ਸਿਖ ਲਓ ਥੀਵਾਂ, ਥਿਰ ਮੇਲਾ ਸਹਿਜ ਸੁਭਾਈਆ । ਪਰਦਾ ਖੋਲ੍ਹੇ ਅੰਤਰ ਨਿਰੰਤਰ ਅੰਤਰੀਵਾਂ, ਅੰਤਸ਼ਕਰਨ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਲੇਖ ਲਿਖਿਆ ਹੋਵੇ ਚੌਦਾਂ ਤਬਕ, ਗੁਰਮੁਖ ਹੱਥ ਉਠਾਈਆ । ਪੁਰਖ ਅਬਿਨਾਸ਼ੀ ਅਗਲਾ ਦੇਵੇ ਸਬਕ, ਅਗੰਮ ਅਥਾਹ ਕਰੇ ਪੜ੍ਹਾਈਆ । ਝਗੜਾ ਮੇਟੇ ਦੀਨ ਦੁਨੀ ਖ਼ਾਲਕ ਖ਼ਲਕ, ਮਖ਼ਲੂਕ ਪੜਦਾ ਦਏ ਉਠਾਈਆ । ਕਰੇ ਪ੍ਰਕਾਸ਼ ਖ਼ਾਲਕ ਖ਼ਲਕ, ਅਸਮਾਨਾਂ ਡਗਮਗਾਈਆ । ਜੋਤੀ ਨੂਰ ਦੇ ਕੇ ਝਲਕ, ਝੱਲੇ ਗੁਰਮੁਖ ਲਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਦਏ ਉਠਾਈਆ । ਸਦੀ ਚੌਧਵੀਂ ਕਹੇ ਇਕ ਗੁਰਮੁਖ ਮੰਬਰ ਮੁਨਾਰੇ ਚੜ੍ਹ ਕੇ ਦੇਵੇ ਬਾਂਗ, ਅੱਲਾ ਹੂ ਅਕਬਰ ਨਾਅਰਾ ਲਾਈਆ । ਇਕ ਗੁਰਮੁਖ ਚੌਦਾਂ ਰੰਗ ਦਾ ਬਦਲੇ ਸਵਾਂਗ, ਟਾਕੀ ਟਾਕੀ ਨਾਲ ਜੁੜਾਈਆ । ਇਕ ਮਾਰਦਾ ਹੋਵੇ ਚਾਂਗ, ਉਚੀ ਕੂਕ ਕੂਕ ਦਏ ਦੁਹਾਈਆ । ਇਕ ਵੱਡੀ ਪੱਟੇ ਪਲਾਂਘ, ਚੌਦਾਂ ਕ਼ਦਮ ਚਲ ਕੇ ਨਾਅਰਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰਾ ਪੂਰਾ ਹੋਇਆ ਤਪ, ਤਪਦਾ ਹਿਰਦਾ ਸਾਂਤ ਕਰਾਈਆ । ਇਕ ਗੁਰਮੁਖ ਕੋਲ ਮਰਿਆ

ਹੋਵੇ ਸੱਪ, ਛੋਟਾ ਲੰਮਾ ਹਿੱਸਾ ਨਾ ਕੋਇ ਵੰਡਾਈਆ । ਇਕ ਨੇ ਕਾਲੇ ਗੋਡਿਆਂ ਉਪਰੋਂ ਕੀਤੇ ਹੋਣ ਪੱਟ, ਸਿਆਹ ਰੂਪ ਵਖਾਈਆ । ਇਕ ਓਸ ਨੂੰ ਕੁੱਟਦਾ ਆਵੇ ਪਿਛੋਂ ਠਪ ਠਪ, ਸੱਟ ਪਿਠ ਉਤੇ ਲਗਾਈਆ । ਦੋ ਬਣੇ ਹੋਵਣ ਨਟ, ਸ੍ਵਾਂਗੀ ਆਪਣਾ ਭੇਖ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਖੇਲ ਜਣਾਏ ਪੱਕ, ਕੱਚੀ ਗੰਢ ਨਾ ਕੋਇ ਵਖਾਈਆ ।

### ❊ ੨੦ ਮੱਘਰ ਸ਼ਹਿਸ਼ਾਹੀ ਸੰਮਤ ੪ ਨਸੀਬ ਕੌਰ ਦੇ ਗ੍ਰਿਹਿ ਪਿੰਡ ਡਵਿਡਾ ਹਰਿਆਣਾ ਜ਼ਿਲਾ ਹੁਸ਼ਿਆਰਪੁਰ ❊

ਸਦੀ ਚੌਧਵੀਂ ਕਹੇ ਮੈਂ ਆਈ ਭਗਤ ਦਵਾਰ, ਭਗਵਨ ਦੇਵੇ ਮਾਣ ਵਡਿਆਈਆ । ਚਰਨ ਬੰਦਨਾ ਨਿਉਂ ਨਿਉਂ ਕਰਾਂ ਨਿਮਸ਼ਕਾਰ, ਸੱਯਦਿਆਂ ਵਿਚ ਬੈਠੀ ਸੀਸ ਝੁਕਾਈਆ । ਵੇਖਾਂ ਖੇਲ ਸਚੀ ਸਰਕਾਰ, ਹਰਿ ਕਰਤਾ ਕਾਰ ਕਮਾਈਆ । ਭਗਤ ਵਛਲ ਬਣ ਗਿਰਵਰ ਗਿਰਧਾਰ, ਬੇਪ੍ਰਵਾਹ ਆਪਣਾ ਹੁਕਮ ਵਰਤਾਈਆ । ਮੈਂ ਹੈਰਾਨ ਹੋਈ ਜੋ ਛੱਡ ਗਿਆ ਸੰਸਾਰ, ਸੰਸਾਰ ਸਿੰਘ ਸਰਸੇ ਵਾਲਿਆਂ ਵਿਚ ਰਲਿਆ ਚਾਈਂ ਚਾਈਆ । ਜਿਸ ਦੇ ਅੰਦਰ ਇਕ ਜੈਕਾਰ, ਤੂੰਹੀ ਤੂੰਹੀ ਰਾਗ ਅਲਾਈਆ । ਬੈਠ ਸਚਖੰਡ ਸਚੇ ਦਵਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਝੁਕਦੇ ਗੁਰ ਅਵਤਾਰ, ਪੈਗ਼ੰਬਰ ਨੈਣ ਸ਼ਰਮਾਈਆ । ਧੂੜੀ ਖ਼ਾਕ ਰਮੌਂਦੇ ਵਿਸ਼ਨ ਬ੍ਰਹਮਾ ਸ਼ਿਵ ਵਾਰੋ ਵਾਰ, ਕਰੋੜ ਤਤੀਸਾ ਦਏ ਦੁਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਰਖ਼ੁਰਦਾਰ, ਬਾਲ ਨਿਮਾਣੇ ਰੂਪ ਵਟਾਈਆ । ਤ੍ਰੈਗੁਣ ਮਾਇਆ ਪੰਜ ਤੱਤ ਪਨਿਹਾਰ, ਸੇਵਕ ਚਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਧੁਰ ਦਾ ਭਗਤ, ਹਰਿ ਭਗਵਾਨ ਦਏ ਵਡਿਆਈਆ । ਨਾਤਾ ਤੋੜ ਕੇ ਆਇਆ ਕੂੜੇ ਜਗਤ, ਜਾਗਰਤ ਜੋਤ ਹੋਈ ਰੁਸ਼ਨਾਈਆ । ਲਹਿਣਾ ਲੇਖਾ ਉਤੇ ਫ਼ਰਸ਼, ਧਰਨੀ ਧਰਤ ਧਵਲ ਡੇਰਾ ਢਾਹੀਆ । ਖ਼ੁਸ਼ੀ ਨਾਲ ਚੜ੍ਹਿਆ ਉਪਰ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਜਿਥੇ ਮੇਘ ਰਿਹਾ ਬਰਸ, ਅੰਮ੍ਰਿਤ ਬੂੰਦ ਸਵਾਂਤੀ ਆਪ ਟਪਕਾਈਆ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰ ਕੇ ਹਰਸ, ਹਵਸ ਅਗਲੀ ਦੇਣੀ ਬੁਝਾਈਆ । ਰਹਿਮਤ ਵਿਚ ਕੀਤਾ ਤਰਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸ਼ਰਨਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਗੁਰਮੁਖ ਮੀਤ, ਹਰਿਜਨ ਸੋਹਣਾ ਸੋਭਾ ਪਾਈਆ । ਜਿਸ ਦੀ ਸਤਿਗੁਰ ਨਾਲ ਪ੍ਰੀਤ, ਪ੍ਰੀਤਮ ਇਕੋ ਰਿਹਾ ਮਨਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗੀਤ, ਢੋਲਾ ਸੁਣਿਆ ਧੁਰਦਰਗਾਹੀਆ । ਨਾਤਾ ਛੱਡਕੇ ਮੰਦਰ ਮਸੀਤ, ਕਾਇਆ ਕਾਅਬਾ ਖੋਜ ਖੁਜਾਈਆ । ਤ੍ਰੈਗੁਣ ਮਾਇਆ ਵਿਚੋਂ ਹੋ ਅਤੀਤ, ਮਾਇਆ ਮਮਤਾ ਮੋਹ ਮਿਟਾਈਆ । ਕਾਇਆ ਮਾਟੀ ਕਰ ਕੇ ਠਾਂਡੀ ਸੀਤ, ਅਗਨੀ ਤੱਤ ਗਿਆ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਨੈਣ ਨੈਣ ਉਠਾਈਆ । ਉਸ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਿਉਂ ਨਿਉਂ ਲਾਗੇ ਪਾਈਆ । ਸਤਿਗੁਰ ਸ਼ਬਦ ਸੁਣਾਵੇ ਮਰਦੰਗਾ, ਅਨਹਦ ਨਾਦੀ ਨਾਦ ਵਜਾਈਆ । ਗੋਬਿੰਦ ਸੂਰਾ ਸਦਾ ਸੰਗਾ, ਸਾਥੀ ਇਕੋ ਧੁਰਦਰਗਾਹੀਆ । ਘਰ ਵਖਾਵੇ ਉਹ ਪੁਰੀ ਅਨੰਦਾ, ਜਿਥੇ ਸੂਰੀਆ ਚੰਦ ਨਾ ਕੋਇ

ਰੁਸ਼ਨਾਈਆ । ਥੱਲੇ ਦਿਸਣ ਕੋਟ ਬ੍ਰਹਿਮੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਕਹੇ ਮੈਂ ਚੌਦਵੀਂ ਓਹ, ਓੜਕ ਦਿਆਂ ਜਣਾਈਆ । ਸੰਸਾਰ ਸਿੰਘ ਨਾਤਾ ਕੂੜਾ ਤੋੜ ਕੇ ਮੋਹ, ਮਾਤਾ ਪਿਤਾ ਨਾਲੋਂ ਕੀਤੀ ਜੁਦਾਈਆ । ਭੈਣਾਂ ਭਾਈਆਂ ਛਡ ਗਰੋਹ, ਪੁਰਖ ਅਕਾਲ ਇਕ ਮਨਾਈਆ । ਆਤਮ ਪਰਮਾਤਮ ਨਾਲ ਗਈ ਛੋਹ, ਰੰਗ ਚੜ੍ਹਿਆ ਧੁਰਦਰਗਾਹੀਆ । ਇਕ ਦਾ ਰੂਪ ਇਕ ਅੱਗੇ ਨਾ ਰਹੇ ਦੋ, ਸਰਗੁਣ ਆਪਣਾ ਪੰਧ ਮੁਕਾਈਆ । ਦਰਗਾਹ ਸਾਚੀ ਵੇਖੀ ਲੋ, ਅੰਧ ਅੰਧੇਰਾ ਦਿਤਾ ਮਿਟਾਈਆ । ਜਿਥੇ ਕਾਲ ਸਕੇ ਨਾ ਪੋਹ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਸਿੰਘਾਸਣ ਗਿਆ ਸੌਂ, ਜਿਥੇ ਸੋਇਆ ਨਾ ਕੋਇ ਉਠਾਈਆ । ਜੋਤੀ ਨੂਰ ਗਿਆ ਹੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਖੁਲ੍ਹਾਈਆ । ਸੰਸਾਰ ਸਿੰਘ ਕਹੇ ਸਦੀ ਚੌਧਵੀਂ ਤੂੰ ਕੀ ਦੱਸੇਂ ਮੇਰੀ ਬਾਤ, ਕਮਲੀਏ ਤੈਨੂੰ ਸਮਝ ਕੁਛ ਨਾ ਆਈਆ । ਜ਼ਰਾ ਬਿਨ ਅੱਖਾਂ ਮੇਰੇ ਵਲ ਝਾਕ, ਨੇਤਰ ਨੈਣ ਨੈਣ ਉਠਾਈਆ । ਆ ਕੇ ਮੇਰਾ ਵੇਖ ਪੁਰਖ ਸਮਰਾਥ, ਜੋ ਗੋਦੀ ਰਿਹਾ ਟਿਕਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼, ਜਿਥੇ ਨਾ ਕੋਈ ਦਿਵਸ ਨਾ ਕੋਈ ਰਾਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਮੈਂ ਕਦੇ ਨਾ ਹੋਵਾਂ ਉਦਾਸ, ਚਿੰਤਾ ਚਿਖਾ ਨਾ ਕੋਇ ਜਲਾਈਆ । ਜਿਧਰ ਵੇਖਾਂ ਮੇਰੇ ਪਾਸ, ਪੁਰਖ ਅਕਾਲ ਦੀਨ ਦਿਆਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸੰਸਾਰ ਸਿੰਘ ਕਹੇ ਸੁਣ ਮੇਰੀ ਜਗਤ ਮਾਤਾ, ਮਾਤਰ ਭੂਮੀ ਉਤੇ ਦਿਆਂ ਜਣਾਈਆ । ਤੇਰਾ ਮੁਹੱਬਤ ਵਾਲਾ ਟੁੱਟੇ ਕਦੇ ਨਾ ਨਾਤਾ, ਪਿਆਰ ਪ੍ਰਭੂ ਨਾ ਕਦੇ ਭੁਲਾਈਆ । ਤੇਰਾ ਪੁਤ੍ਰ ਤੇਰਾ ਪੁਤ ਬਣਿਆ ਸਾਚਾ, ਛੱਡੀ ਕੂੜੀ ਦੁਨੀ ਲੋਕਾਈਆ । ਵਖਰਾ ਹੋਏ ਤਨ ਮਾਟੀ ਖ਼ਾਕਾ, ਖ਼ਾਲਸ ਆਪਣਾ ਰੰਗ ਰੰਗਾਈਆ । ਇਕੋ ਮਿਲਿਆ ਅਗੰਮੀ ਬਾਪਾ, ਫੜ ਬਾਹੋਂ ਗਲੇ ਲਗਾਈਆ । ਅੰਮ੍ਰਿਤ ਜਾਮ ਪਿਆਇਆ ਬਾਟਾ, ਰਸ ਧੁਰ ਦਾ ਦਿਆਂ ਚਖਾਈਆ । ਮੈਂ ਮਿਲ ਗਿਆ ਵਿਚ ਜੋਤੀ ਜਾਤਾ, ਜਾਗਰਤ ਜੋਤ ਡਗਮਗਾਈਆ । ਸਭ ਨੇ ਮੰਨਣਾ ਮੇਰਾ ਆਖਾ, ਭੈਣ ਭਰਾਵਾਂ ਦਿਆਂ ਦ੍ਰਿੜਾਈਆ । ਤੁਹਾਨੂੰ ਰਹੇ ਕੋਈ ਨਾ ਘਾਟਾ, ਘਾਟੀ ਮੰਜ਼ਲ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਹਿਰਦਾ ਫੋਲ ਫੁਲਾਈਆ । ਸੰਸਾਰ ਸਿੰਘ ਕਹੇ ਮੇਰੇ ਸੁਣ ਜਗਤ ਵੀਰ, ਵੀਰ ਨੂੰ ਦਿਆਂ ਜਣਾਈਆ । ਮੇਰੇ ਪਿਛੇ ਵਹਾਇਓ ਕੋਈ ਨਾ ਨੀਰ, ਨੇਤਰ ਨੈਣ ਨਾ ਕੋਇ ਵਹਾਈਆ । ਮੈਂ ਮੰਜ਼ਲ ਚੜ੍ਹਿਆ ਓਹ ਅਖ਼ੀਰ, ਜਿਥੇ ਮੰਜ਼ਲ ਮਿਲੇ ਬੇਪਰਵਾਹੀਆ । ਮੇਰੇ ਕੋਲ ਬੈਠਾ ਵੇਖੋ ਕਬੀਰ, ਕ਼ਬਰਾਂ ਦਾ ਡੇਰਾ ਢਾਹੀਆ । ਮੈਨੂੰ ਮਿਲ ਗਈ ਓਹ ਜਗੀਰ, ਜਿਸ ਦਾ ਹਿੱਸਾ ਵੰਡ ਨਾ ਕੋਇ ਵੰਡਾਈਆ । ਮੇਰੀ ਬਦਲ ਗਈ ਤਕਦੀਰ, ਤਦਬੀਰ ਪ੍ਰਭ ਨੇ ਦਿਤੀ ਸਮਝਾਈਆ । ਮੈਂ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੈਂਡਾ ਆਇਆ ਚੀਰ, ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਬੈਠੇ ਸੀਸ ਨਿਵਾਈਆ । ਮੇਰਾ ਅੰਤਰ ਨਾ ਹੋਇਆ ਦਿਲਗੀਰ, ਖ਼ੁਸ਼ੀ ਵਿਚ ਭੱਜਿਆ ਚਾਈਂ ਚਾਈਆ । ਮੇਰੀ ਆਸਾ ਮਨਸਾ ਪੂਰੀ ਹੋਈ ਉਮੀਦ, ਤ੍ਰਿਸ਼ਨਾ ਅਵਰ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਬੇਪ੍ਰਵਾਹੀਆ । ਸੰਸਾਰ ਸਿੰਘ ਕਹੇ ਮੇਰਾ ਵੇਖੋ ਧਾਮ


੫੯੬
੨੧

ਅਨੋਖਾ, ਸਰਬੰਸ ਦਿਆਂ ਜਣਾਈਆ । ਜਿਥੇ ਜਨਮ ਦਾ ਹੋਵੇ ਕਦੇ ਨਾ ਧੋਖਾ, ਚੁਰਾਸੀ ਗੇੜ ਨਾ ਕੋਇ ਭਵਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਬਿਨ ਅੱਖਰਾਂ ਮਿਲੇ ਵਡਿਆਈਆ । ਰਖਣਾ ਪਏ ਕੋਈ ਨਾ ਰੋਜ਼ਾ, ਰਾਜ਼ਕ ਰਿਜ਼ਕ ਰਹੀਮ ਦਏ ਸਰਨਾਈਆ । ਮੇਰੇ ਜੀਵਣ ਦਾ ਮੈਨੂੰ ਸੋਹਣਾ ਮਿਲ ਗਿਆ ਮੌਕਾ, ਸਤਿਗੁਰ ਪੂਰੇ ਲਿਆ ਉਠਾਈਆ । ਮੈਂ ਰਾਹ ਵਿਚ ਖੇਲ ਵੇਖਿਆ ਚੌਦਾਂ ਲੋਕਾ, ਚੌਦਾਂ ਤਬਕਾਂ ਅੱਖ ਉਠਾਈਆ । ਸਾਰੇ ਸੋਹੰ ਪੜ੍ਹਨ ਸਲੋਕਾ, ਧਰਤੀ ਤੋਂ ਉਪਰ ਪੈਂਦੀ ਇਹ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਸਚ ਸਰਨਾਈਆ । ਸੰਸਾਰ ਸਿੰਘ ਕਹੇ ਮੇਰਾ ਲੋਕਮਾਤ ਨਿਸ਼ਾਨਾ, ਮੇਰਾ ਸਤਿਗੁਰ ਨਜ਼ਰੀ ਆਈਆ । ਧੀਆਂ ਪੁੱਤ ਭੈਣ ਭਰਾ ਜਗਤ ਬੇਗਾਨਾ, ਮਾਤ ਪਿਤ ਸੰਗ ਨਾ ਕੋਇ ਨਿਭਾਈਆ । ਜਿਸ ਦਾ ਮੈਨੂੰ ਸਾਰੇ ਦੇਂਦੇ ਰਹੇ ਤਾਅਨਾ, ਓਹ ਤਨੀ ਮੇਰਾ ਇਕੋ ਨਜ਼ਰੀ ਆਈਆ । ਲੈ ਕੇ ਆਇਆ ਸਚਖੰਡ ਮਕਾਨਾ, ਸਚ ਦਵਾਰੇ ਦਿੱਤਾ ਟਿਕਾਈਆ । ਮੇਰੇ ਵਿਛੋੜੇ ਵਾਲਾ ਪੂਰਾ ਕਰ ਕੇ ਖ਼ਾਨਾ, ਅਗਲਾ ਲੇਖਾ ਦਿਤਾ ਮੁਕਾਈਆ । ਸਾਚਾ ਦੱਸ ਕੇ ਅਗੰਮ ਤਰਾਨਾ, ਤੁਰੀਆ ਤੋਂ ਅੱਗੇ ਕੀਤੀ ਪੜ੍ਹਾਈਆ । ਚਰਨ ਪ੍ਰੀਤੀ ਦੇ ਕੇ ਮਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕ ਸੁਹਾਈਆ । ਸੰਸਾਰ ਸਿੰਘ ਕਹੇ ਮੇਰਾ ਘਰ ਸੁਹੰਜਣਾ ਸੋਹਣਾ, ਛੱਪਰ ਛੰਨ ਨਾ ਕੋਇ ਵਡਿਆਈਆ । ਨੇਤਰ ਨਾਲ ਪਏ ਨਾ ਰੋਣਾ, ਹੰਝੂਆਂ ਹਾਰ ਨਾ ਕੋਇ ਬਣਾਈਆ । ਆਪਣਾ ਆਪ ਨਾ ਪਏ ਕੁਹਣਾ, ਦੁਹੱਥੜਾਂ ਨਾਲ ਨਾ ਕੋਇ ਦੁਹਾਈਆ । ਜਿਧਰ ਤੱਕਾਂ ਪ੍ਰਭ ਦਾ ਖੇਲ ਬੜਾ ਅਨਹੋਣਾ, ਸਮਝ ਸਕੇ ਨਾ ਰਾਈਆ । ਆਪਣਾ ਬਖ਼ਸ਼ ਅਗੰਮੀ ਲੋਇਣਾ, ਮੇਰੇ ਅੰਤਰ ਕੀਤੀ ਰੁਸ਼ਨਾਈਆ । ਮੇਰੇ ਭਰਾਵੋ ਮੈਂ ਮਾਤਲੋਕ ਵਿਚ ਮਾਤ ਪਿਤਾ ਦੇ ਘਰ ਜੰਮਿਆ ਚਾਰ ਦਿਨ ਦਾ ਪਰਾਹੁਣਾ, ਅੰਤਮ ਆਪਣੇ ਘਰ ਵਿਚ ਗਿਆ ਆਈਆ । ਜਿਥੇ ਸੁਖਾਂ ਦੀ ਨੀਂਦ ਸੌਣਾ, ਸੁੱਤਿਆਂ ਨਾ ਕੋਇ ਉਠਾਈਆ । ਜਦ ਜਾਗਾਂ ਤੇ ਤੂੰ ਮੇਰਾ ਮੈਂ ਤੇਰਾ ਢੋਲਾ ਗੌਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣੇ ਘਰ ਵਸਾਈਆ । ਸੰਸਾਰ ਸਿੰਘ ਕਹੇ ਸੁਣ ਮਾਤਾ ਮੇਰੀ ਕੌਰ ਨਸੀਬ, ਨਸੀਬਾਂ ਵਾਲੀਏ ਦਿਆਂ ਜਣਾਈਆ । ਸਚਖੰਡ ਧਾਮ ਵੇਖ ਅਜੀਬ, ਮੇਰੇ ਅੰਦਰ ਵੱਜੀ ਵਧਾਈਆ । ਜਿਸ ਵੇਲੇ ਤੂੰ ਆਵੇਂਗੀ ਮੇਰੇ ਨਜ਼ਦੀਕ, ਸਭ ਕੁਛ ਸਹਿਜੇ ਦਿਆਂ ਵਖਾਈਆ । ਏਥੇ ਸਭ ਬੈਠੇ ਨਾਲ ਤਰਤੀਬ, ਸੂਫ਼ੀਆਂ ਡੇਰੇ ਲਏ ਜਮਾਈਆ । ਨਾ ਕੋਈ ਅਮੀਰ ਨਾ ਕੋਈ ਗ਼ਰੀਬ, ਇਕੋ ਰੰਗ ਸੋਭਾ ਪਾਈਆ । ਜਿਧਰ ਵੇਖਾਂ ਸਾਰੇ ਪ੍ਰਭ ਨਾਲ ਕਰਨ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਦਾ ਸਦਾ ਬੈਠੇ ਠਾਂਡੇ ਸੀਤ, ਅਗਨੀ ਤੱਤ ਨਾ ਕੋਇ ਤਪਾਈਆ । ਮੈਂ ਵੀ ਓਨ੍ਹਾਂ ਦੇ ਬੈਠਾਂ ਬੀਚ, ਜੋ ਚਾਰ ਜੁਗ ਦੇ ਮੈਥੋਂ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਨਾਲ ਲਿਆ ਮਿਲਾਈਆ । ਸੰਸਾਰ ਸਿੰਘ ਕਹੇ ਮਾਤਾ ਮੈਂ ਤੇਰੀ ਓਹ ਔਲਾਦ, ਜਿਸ ਮਿਲੇ ਮਾਣ ਵਡਿਆਈਆ । ਉਠ ਵੇਖ ਮੇਰੇ ਨਾਲ ਹੱਥ ਮਿਲਾਵੇ ਪ੍ਰਹਿਲਾਦ, ਧ੍ਰੂ ਹੱਸ ਹੱਸ ਰਿਹਾ ਸੁਣਾਈਆ । ਰਵਦਾਸ ਚਮਾਰਾ ਕਰ ਕੇ ਯਾਦ, ਹਲੀਮੀ ਗ਼ਰੀਬੀ ਰਿਹਾ ਦ੍ਰਿੜਾਈਆ । ਮੈਂ ਸੁਣ ਕੇ ਅਗੰਮਾ ਨਾਦ, ਤਾਲੀ ਬਿਨ ਹੱਥਾਂ ਦਿਤੀ ਵਜਾਈਆ । ਵੇਖੀਂ ਕਦੇ ਰੋ ਕੇ ਕਰੀਂ ਮੈਨੂੰ ਨਾ ਯਾਦ, ਸਦ ਖ਼ੁਸ਼ੀਆਂ ਵਿਚ ਮੇਰਾ ਢੋਲਾ ਗਾਈਆ । ਮੁਖੋਂ ਕਦੇ ਨਾ ਕਹਿਣਾ ਮੈਨੂੰ ਸੰਸਾਰ ਸਿੰਘ ਕਰ ਕੇ ਗਿਆ


੫੯੭ ੨੧

ਬਰਬਾਦ, ਬਰਬਾਦੀ ਵਿਚੋਂ ਲਵਾਂ ਬਚਾਈਆ । ਮੇਰੀ ਅੰਦਰੋਂ ਖੁਲ੍ਹ ਗਈ ਜਾਗ, ਸੋਵਣ ਦਾ ਝਗੜਾ ਆਪ ਚੁਕਾਈਆ । ਜੀਵਣ ਦੀ ਹਰਸ ਬੁਝਣੀ ਆਗ, ਤ੍ਰਿਸ਼ਨਾ ਦਿਤੀ ਮੁਕਾਈਆ । ਤੇਰਾ ਪੁਤ ਨਹੀਂ ਬਣਿਆ ਕਾਗ, ਹੰਸਾਂ ਵਿਚ ਵੜਿਆ ਚਾਈਂ ਚਾਈਂਆ । ਆਪਣੀ ਜ਼ਿੰਦਗੀ ਵਿਚ ਮਾਤਾ ਪਿਤਾ ਨੂੰ ਲੱਗਣ ਨਹੀਂ ਦਿਤਾ ਦਾਗ਼, ਕੂੜੀ ਅੱਖ ਨਾ ਕੋਇ ਬਦਲਾਈਆ । ਚਾਰ ਜੁਗ ਮੇਰਾ ਜਗਦਾ ਰਹੇ ਚਰਾਗ਼, ਸ਼ਮਾਂਦਾਨ ਪ੍ਰਭ ਆਪਣੇ ਹੱਥ ਰਖਾਈਆ । ਬੇਸ਼ਕ ਤੈਨੂੰ ਤਾਅਨੇ ਦੇਵੇ ਸਮਾਜ, ਧੱਕੇ ਮਾਰੇ ਲੋਕਾਈਆ । ਪਰ ਤੇਰੇ ਪੁੱਤਰ ਨੂੰ ਮਿਲਿਆ ਓਹ ਰਾਜ, ਜਿਥੇ ਅਟਲ ਬੈਠਾ ਡੇਰਾ ਲਾਈਆ । ਵੱਡਾ ਹੋਇਆ ਵਕਤ ਸੁਹੰਵਣਾ ਸੁਭਾਗ, ਸੋਹਣੀ ਮਿਲੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸੰਸਾਰ ਸਿੰਘ ਕਹੇ ਮੈਂ ਸਚ ਸਿੰਘਾਸਣ ਸੁੱਤਾ, ਸੁੱਤਿਆਂ ਨਾ ਕੋਇ ਉਠਾਈਆ । ਮਿਲਿਆ ਮੇਲ ਅਬਿਨਾਸ਼ੀ ਅਚੁਤਾ, ਚੇਤਨ ਸੁਰਤੀ ਦਿਤੀ ਕਰਾਈਆ । ਸਚਖੰਡ ਸੁਹਾਈ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਮੈਨੂੰ ਟੰਗੇ ਕੋਈ ਨਾ ਪੁੱਠਾ, ਰਾਏ ਧਰਮ ਨਾ ਦਏ ਸਜ਼ਾਈਆ । ਮੇਰਾ ਪਿਆਰ ਅਜੇ ਨਹੀਂ ਟੁੱਟਾ, ਟੁੱਟਦੀ ਵੇਖਣੀ ਅੰਤ ਲੋਕਾਈਆ । ਮੈਂ ਕਿਸੇ ਨਾਲੋਂ ਨਹੀਂ ਰੁੱਠਾ, ਨਾਤਾ ਇਕੋ ਘਰ ਸਮਝਾਈਆ । ਪੁਰਖ ਅਕਾਲ ਦੀ ਮਿਲੀ ਓਟਾ, ਓੜਕ ਆਪਣਾ ਰੰਗ ਰੰਗਾਈਆ । ਮੇਰਾ ਤਨ ਵਜੂਦ ਹੋਇਆ ਨਹੀਂ ਖੋਟਾ, ਕ਼ੀਮਤ ਖਰਿਆਂ ਵਾਲੀ ਪਾਈਆ । ਬੇਸ਼ਕ ਮੇਰੇ ਘਰ ਪੁਤ ਮਾਤਾ ਤੇਰਾ ਹੋਇਆ ਨਹੀਂ ਕੋਈ ਪੋਤਾ, ਨਾਤਾ ਜਗਤ ਨਾ ਕੋਇ ਵਖਾਈਆ । ਇਹ ਕਦੇ ਕਦੀਂ ਨਾ ਸੋਚਾ, ਸਮਝ ਵਿਚ ਕਦੇ ਨਾ ਆਈਆ । ਜਗਤ ਪਰਿਵਾਰ ਮਾਇਆ ਮਮਤਾ ਦਾ ਧੋਖਾ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਏਕੋ ਵਰ, ਹਰਿ ਕਰਤਾ ਬੇਪ੍ਰਵਾਹੀਆ । ਸੰਸਾਰ ਸਿੰਘ ਕਹੇ ਗੁਰਮੁਖ ਵੇਖ ਮੇਰੇ ਵੀਰ, ਵੀਰ ਸੱਜਣ ਨਜ਼ਰੀ ਆਈਆ । ਕਦੇ ਨਾ ਹੋਣਾ ਦਿਲਗੀਰ, ਕਲਪਣਾ ਵਿਚ ਕੁਰਲਾਈਆ । ਅੰਮ੍ਰਿਤ ਪੀਣਾ ਸੀਰ, ਸਾਂਤਕ ਸਤਿ ਵਰਤਾਈਆ । ਬੰਸ ਸਰਬੰਸ ਸੱਜਣ ਮਿਤ੍ਰ ਜਗਤ ਕ਼ਬੀਲਾ ਨਾਤਾ ਤੁਟਿਆ ਅਖ਼ੀਰ, ਆਖ਼ਰ ਆਇਆ ਤਜਾਈਆ । ਪੁਰਖ ਅਕਾਲ ਦੀਨ ਦਿਆਲ ਆਤਮ ਪਰਮਾਤਮ ਮੇਲ ਮਿਲਾਇਆ ਪਾਤਸ਼ਾਹ ਵਜ਼ੀਰ, ਵਜ਼ਾਰਤ ਆਪਣੀ ਲਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਦਾ ਪੈਂਡਾ ਆਵੇ ਚੀਰ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ ।



### ✳ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੪ ਸੇਵਾ ਸਿੰਘ ਦੇ ਗ੍ਰਹਿ ਪਿੰਡ ਭਾਣਾ ਜ਼ਿਲਾ ਜਲੰਧਰ ✳

ਸਦੀ ਚੌਧਵੀਂ ਕਹੇ ਮੈਂ ਕੂਕਦੀ ਵੇਖੀ ਸ਼ਰਅ, ਰਸੂਲ ਪੈਗ਼ੰਬਰਾਂ ਰਹੀ ਜਣਾਈਆ । ਮੁਰੀਦ ਰਿਹਾ ਕੋਇ ਨਾ ਖਰਾ, ਮੁਰਸ਼ਦ ਬੈਠੇ ਮੁਖ ਛੁਪਾਈਆ । ਚੌਦਾਂ ਤਬਕਾਂ ਉਜੜਦਾ ਦਿਸੇ ਘਰਾ, ਗ੍ਰਿਹਿ ਮੰਦਰ ਨਾ ਕੋਇ ਸੁਹਾਈਆ । ਧੁਰ ਦਾ ਹੁਕਮ ਦੇਵੇ ਨਰਾਇਣ ਨਰਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਜਿਸ ਦਾ ਦੋ ਜਹਾਨਾਂ ਪਏ ਡਰਾ, ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਸੀਸ ਝੁਕਾਈਆ । ਜਿਧਰ ਵੇਖਾਂ

ਓਧਰ ਖੜ੍ਹਾ, ਖੰਡਾ ਖੜਗ ਨਾਮ ਰਿਹਾ ਚਮਕਾਈਆ । ਜਿਸ ਦਾ ਭਗਤਾਂ ਨਾਲ ਅਗੰਮੀ ਧੜਾ, ਸੰਗੀ ਹੋ ਕੇ ਸੰਗ ਰਖਾਈਆ । ਸਚ ਦਵਾਰ ਦਾ ਲੰਘ ਕੇ ਦਰਾ, ਦਰਦ ਦਰਦੀਆਂ ਰਿਹਾ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਵਹਿਣ ਵੇਖੇ ਹੜ੍ਹਾ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਦਾਤਾ ਬੇਪਰ੍ਵਾਹੀਆ । ਸਦੀ ਚੌਧਵੀਂ ਕਹੇ ਮੁਰਸ਼ਦੋ, ਮੁਰੀਦ ਰਿਹਾ ਕੋਈ ਨਾ ਸਾਬਤ, ਸਿਦਕ ਸਬੂਰੀ ਹੱਕ ਨਾ ਕੋਇ ਨਿਭਾਈਆ । ਸਾਚੇ ਕਲਮੇ ਵਾਲੀ ਛੁੱਟੀ ਇਬਾਦਤ, ਇਲਮ ਆਲਮਾ ਰਿਹਾ ਲੜਾਈਆ । ਨੇਕੀ ਵਿਚੋਂ ਬੁਰੀ ਵਾਲੀ ਆਦਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਅਕਲ ਬੁੱਧੀ ਰਹੀ ਨਾ ਕਿਸੇ ਦੀ ਲਿਆਕਤ, ਮੂਰਖ ਮੂੜ੍ਹ ਹੋਈ ਲੋਕਾਈਆ । ਬਾਹਰੋਂ ਮਜ਼੍ਹਬਾਂ ਵਾਲੀ ਬਨਾਵਟ, ਅੰਤਰ ਕੂੜ ਕੁੜਿਆਰ ਬੈਠਾ ਡੇਰਾ ਲਾਈਆ । ਮੇਰੇ ਅੰਤਰ ਆਈ ਥਕਾਵਟ, ਚੌਦਾਂ ਸਦੀਆਂ ਭੱਜੀ ਵਾਹੋ ਦਾਹੀਆ । ਅੰਤਮ ਹੋਣ ਲੱਗੀ ਬਗ਼ਾਵਤ, ਝਗੜਾ ਦਿਸੇ ਕੂੜ ਲੋਕਾਈਆ । ਸਾਚਾ ਨਾਮ ਕਲਮਾ ਕਰੇ ਨਾ ਕੋਇ ਸਖ਼ਾਵਤ, ਵਸਤ ਅਮੋਲਕ ਝੋਲੀ ਨਾ ਕੋਇ ਪਾਈਆ । ਮਾਇਆ ਮਮਤਾ ਆਸਾ ਤ੍ਰਿਸ਼ਨਾ ਲੱਗੀ ਅਦਾਵਤ, ਦੂਈ ਦਵੈਤੀ ਰੋਗ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੂੰ ਸਤਿਗੁਰ ਸਹੀ ਸਲਾਮਤ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਪੀਰ ਪੈਗ਼ੰਬਰੋ ਕਿਸੇ ਕੋਲ ਰਿਹਾ ਨਾ ਹੱਕ, ਹਕ਼ੀਕ਼ਤ ਸਚ ਨਾ ਕੋਇ ਦ੍ਰਿੜਾਈਆ । ਉਚੀ ਸ਼ਾਨ ਰਿਹਾ ਨਾ ਨੱਕ, ਸ਼ਰਅ ਮਿੱਟੀ ਖ਼ਾਕ ਮਿਲਾਈਆ । ਮੈਨੂੰ ਸਭ ਤੇ ਪਿਆ ਸ਼ੱਕ, ਸਾਬਤ ਰੂਪ ਨਾ ਕੋਇ ਦਰਸਾਈਆ । ਮਨ ਕਲਪਣਾ ਸਾਰੇ ਰਹੇ ਨਠ, ਵਾਸਨਾ ਅੰਦਰ ਭੱਜਣ ਥਾਉਂ ਥਾਈਆ । ਧੀਰਜ ਸੰਤੋਖ ਰਿਹਾ ਨਾ ਹੱਠ, ਸਬਰ ਸਬੂਰੀ ਨਾ ਕੋਇ ਹੰਢਾਈਆ । ਕਲਜੁਗ ਖੇਲ ਕੀਤਾ ਬਾਜ਼ੀਗਰ ਨੱਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਨਾਮ ਵਸਤ ਰਹਿਣ ਦਿਤੀ ਨਾ ਕਿਸੇ ਹੱਟ, ਖ਼ਾਲੀ ਭੰਡਾਰੇ ਦਿਤੇ ਕਰਾਈਆ । ਝਗੜਾ ਪਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰਦਵਾਰ ਰਹੇ ਕੁਰਲਾਈਆ । ਨੇਤਰ ਰੋਂਦੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਈਂਆ । ਮੱਕਾ ਕਾਅਬਾ ਰਿਹਾ ਢੱਠ, ਮਦੀਨੇ ਮੁੱਦਾ ਨਾ ਕੋਇ ਜਣਾਈਆ । ਮੈਂ ਅੰਤ ਅਖ਼ੀਰ ਪੰਧ ਮੁਕਾਇਆ ਨਠ, ਸਾਲ ਬਸਾਲਾ ਖੇਲ ਵਖਾਈਆ । ਕਿਰਪਾ ਕਰ ਪੁਰਖ ਸਮਰਥ, ਹਰਿ ਕਰਤਾ ਬੇਪਰ੍ਵਾਹੀਆ । ਤੇਰੇ ਚਰਨ ਕਵਲ ਚਰਨਾਂ ਜਾਵਾਂ ਢੱਠ, ਨਿਉਂ ਨਿਉਂ ਲਾਗਾਂ ਪਾਈਂਆ । ਜਨ ਭਗਤਾਂ ਜਣਾ ਮਾਰਗ ਸਚ, ਊਚ ਨੀਚ ਜ਼ਾਤ ਪਾਤ ਦਾ ਡੇਰਾ ਢਾਹੀਆ । ਭਾਗ ਲਗਾਇਆ ਕਾਇਆ ਮਾਟੀ ਕੱਚ, ਆਤਮ ਬ੍ਰਹਮ ਪੜਦਾ ਦਏ ਉਠਾਈਆ । ਹਰ ਹਿਰਦੇ ਅੰਦਰ ਵਸ, ਵਸਲ ਦਏ ਮਹਿਬੂਬ ਨੂਰ ਖ਼ੁਦਾਈਆ । ਚਾਰੋਂ ਕੁੰਟ ਤੇਰਾ ਹੋਵੇ ਜਸ, ਹਿੰਦੂ ਮੁਸਲਿਮ ਸਿੱਖ ਈਸਾਈ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਢੋਲਾ ਗਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਜੋੜ ਕੇ ਦੋਵੇਂ ਹੱਥ, ਸਯਦਿਆਂ ਵਿਚ ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਘਟ ਘਟ, ਘਟ ਭੀਤਰ ਗ੍ਰਿਹ ਮੰਦਰ ਕਾਇਆ ਅੰਦਰ ਵੇਖ ਵਖਾਈਆ ।

✻ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹਿ ਪਿੰਡ ਭਾਮ ਜ਼ਿਲਾ ਹੁਸ਼ਿਆਰਪੁਰ ✻

ਸਦੀ ਚੌਧਵੀਂ ਕਹੇ ਮੈਂ ਹੱਸ ਕੇ ਕਿਹਾ ਈਸਾ, ਈਸੁਲ ਇਸਲਾਮ ਦਿਤਾ ਦ੍ਰਿੜਾਈਆ । ਉਠ ਵੇਖ ਆਪਣਾ ਬੀਤਦਾ ਬੀਸਾ, ਬੀਸਵੀਂ ਸਦੀ ਨਾਲ ਮਿਲਾਈਆ । ਸਭ ਦਾ ਖ਼ਾਲੀ ਹੋਇਆ ਖੀਸਾ, ਵਸਤ ਅਮੋਲਕ ਨਜ਼ਰ ਕੋਇ ਨਾ ਆਈਆ । ਕੀ ਕਰੇ ਖੇਲ ਹਰਿ ਧੁਰ ਜਗਦੀਸ਼ਾ, ਜਗਦੀਸ਼ਰ ਆਪਣੀ ਕਾਰ ਕਮਾਈਆ । ਅੰਤ ਅਖ਼ੀਰ ਸਭ ਦੀ ਬਦਲਣਹਾਰਾ ਰੀਤਾ, ਰੀਤੀਵਾਨ ਵੇਖ ਵਖਾਈਆ । ਜੋ ਭੇਵ ਚੁਕਾਏ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੀਤਾ, ਗਹਿਰ ਗੰਭੀਰ ਬੇਨਜ਼ੀਰ ਪੜਦਾ ਆਪ ਉਠਾਈਆ । ਜਨ ਭਗਤਾਂ ਅੰਤਰ ਆਤਮ ਕਰੇ ਠਾਂਡਾ ਸੀਤਾ, ਅਗਨੀ ਤੱਤ ਦਏ ਬੁਝਾਈਆ । ਭੇਵ ਖੁਲ੍ਹਾ ਕੇ ਊਚਾਂ ਨੀਚਾਂ, ਰਾਓ ਰੰਕਾਂ ਇਕੋ ਘਰ ਵਸਾਈਆ । ਸਾਚਾ ਨਾਮ ਕਲਮਾ ਦੱਸੇ ਹੱਕ ਹਦੀਸਾ, ਹਜ਼ਰਤਾਂ ਤੋਂ ਪਰੇ ਦਿਸੇ ਪੜ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬਣ ਕੇ ਧੁਰ ਦਾ ਮੀਤਾ, ਮਿਤ੍ਰ ਪਿਆਰਾ ਏਕੰਕਾਰਾ ਨਜ਼ਰੀ ਆਈਆ । ਸਤਿ ਸਤਿਵਾਦ ਬ੍ਰਹਮ ਬ੍ਰਹਿਮਾਦ ਕਰੇ ਅਗੰਮ ਨਸੀਹਤਾ, ਨਸੀਹਤ ਗੁਰ ਅਵਤਾਰ ਪੈਗ਼ੰਬਰ ਜੋ ਕਰ ਕੇ ਗਏ ਵਸੀਅਤਾ, ਓਹ ਵਸੀਕਾ ਵੇਖੇ ਥਾਉਂ ਥਾਈਂਆ । ਦੀਨ ਦੁਨੀ ਦੀ ਬਦਲਣ ਵਾਲਾ ਤਬੀਅਤਾ, ਤਾਬਿਆਦਾਰੀ ਸਭ ਨੂੰ ਦਏ ਜਣਾਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਪਵਿੱਤ੍ਰ ਕਰੇ ਨੀਅਤਾ, ਨੀਤੀਵਾਨ ਆਪਣੀ ਕਾਰ ਕਮਾਈਆ । ਭੇਵ ਖੁਲ੍ਹਾਵੇ ਮੰਦਰ ਮਸੀਤਾ, ਮੁੱਲਾ ਸ਼ੇਖ਼ ਪੰਡਤ ਪਾਂਧੇ ਗ੍ਰੰਥੀ ਪੰਥੀ ਆਪਣਾ ਰਾਹ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਚਰਨ ਕਵਲ ਸਚ ਪ੍ਰੀਤਾ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਨੂੰ ਹਜ਼ਰਤ ਈਸਾ ਰਿਹਾ ਵਖਾ, ਪੜਦਾ ਅੰਤਰ ਨਿਰੰਤਰ ਇਕ ਉਠਾਈਆ । ਜੋ ਧੁਰਦਰਗਾਹੋਂ ਲੇਖਾ ਰਿਹਾ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਦੀਨ ਦੁਨੀ ਵਿਚ ਹਿੱਸਾ ਲਿਆ ਪਾ, ਸੋ ਪਰਵਰਦਿਗਾਰ ਝੋਲੀ ਪਾਈਆ । ਜਿਸ ਨੂੰ ਕਲਮਿਆਂ ਵਿਚ ਦੱਸਦੇ ਆਏ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਜਿਸ ਤੋਂ ਹੋ ਕੇ ਆਏ ਜੁਦਾ, ਫ਼ਾਸੀ ਗਲ ਦੇ ਵਿਚ ਲਟਕਾਈਆ । ਉਸ ਦਾ ਸਮਝਿਆ ਨਾ ਕੋਇ ਮੁੱਦਾ, ਮੁੱਦਤ ਤੋਂ ਬੈਠੇ ਰਾਹ ਤਕਾਈਆ । ਓਹ ਕਰੇ ਖੇਲ ਉਪਰ ਬਸੁਧਾ, ਧਰਨੀ ਧਰਤ ਧਵਲ ਆਪਣਾ ਡੇਰਾ ਲਾਈਆ । ਸ਼ਬਦੀ ਧਾਰ ਹੋ ਕੇ ਕੁੱਦਾ, ਜੋਤੀ ਨੂਰ ਡਗਮਗਾਈਆ । ਨੌਂ ਸੌ ਚੁਰਾਨਵੇ ਚੌਕੜੀ ਨਵ ਨੌਂ ਚਾਰ ਕਰਾਏ ਯੁੱਧਾ, ਅਨਭਵ ਅਨਦ੍ਰਿਸ਼ਟ ਭੇਵ ਨਾ ਕੋਇ ਸਮਝਾਈਆ । ਜੋ ਆਸਾ ਮਨਸਾ ਰੱਖਕੇ ਗਿਆ ਮਹਾਤਮਾ ਬੁੱਧਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਨੂੰ ਈਸਾ ਰਿਹਾ ਸਮਝਾ, ਸਮਝ ਸਮਝ ਵਿਚੋਂ ਬਦਲਾਈਆ । ਰਮਜ਼ ਇਸ਼ਾਰੇ ਰਿਹਾ ਲਗਾ, ਲਗ ਮਾਤਰ ਡੇਰਾ ਢਾਹੀਆ । ਜੁਗ ਬਦਲਣ ਦੀ ਪ੍ਰਭ ਨੂੰ ਪਈ ਅਦਾ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਅੰਤਮ ਸਾਥੋਂ ਹੋਣ ਲੱਗਾ ਜੁਦਾ, ਭੇਵ ਅਭੇਦਾ ਸਕੇ ਨਾ ਕੋਇ ਸਮਝਾਈਆ । ਲੇਖਾ ਮੁਕਾਉਣ ਲੱਗਾ ਏਕਾ ਦੂਜਾ, ਦੂਆ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਈਸਾ

੫੭੦
੨੧

ਨਿਉਂ ਨਿਉਂ ਕਰੇ ਸਲਾਮ, ਸੰਮਤ ਸੰਮਤੀ ਵੇਖ ਵਖਾਈਆ । ਕੌਣ ਬਦਲਣ ਲੱਗਾ ਕਲਾਮ, ਕਾਇਨਾਤ ਪੜਦਾ ਦਏ ਉਠਾਈਆ । ਕੌਣ ਵੇਖਣ ਲੱਗਾ ਨਜ਼ਾਮ, ਚਾਰੋਂ ਕੁੰਟ ਫੇਲ ਫੁਲਾਈਆ । ਕੌਣ ਸੰਦੇਸਾ ਦੇਵੇ ਪੈਗ਼ਾਮ, ਧੁਰ ਸੰਦੇਸਾ ਨੂਰ ਅਲਾਹੀਆ । ਸਾਚਾ ਕਰਨ ਆਏ ਇੰਤਜ਼ਾਮ, ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਕੇ ਆਪਣੇ ਗ਼ੁਲਾਮ, ਹੁਕਮੇ ਅੰਦਰ ਹੁਕਮ ਜਣਾਈਆ । ਮੈਂ ਅੰਤ ਅਖ਼ੀਰ ਹੋਇਆ ਹੈਰਾਨ, ਹੈਰਾਨੀ ਵਿਚ ਵਖਾਈਆ । ਸਭ ਦਾ ਮੇਟਣ ਲੱਗਾ ਨਿਸ਼ਾਨ, ਨਿਸ਼ਾਨੇ ਕੂੜੇ ਰਿਹਾ ਚੁਕਾਈਆ । ਆਤਮ ਪਰਮਾਤਮ ਦੇ ਕੇ ਇਕ ਗਿਆਨ, ਸਿਖਿਆ ਸਿਖ ਸਚ ਸਮਝਾਈਆ । ਜਨ ਭਗਤ ਸੁਹੇਲੇ ਕਰ ਪ੍ਰਵਾਨ, ਪਰਮ ਪੁਰਖ ਪ੍ਰਭ ਦੇਵੇ ਮਾਣ ਵਡਿਆਈਆ । ਚਰਨ ਪ੍ਰੀਤੀ ਏਕਾ ਧਿਆਨ, ਇਸ਼ਟ ਦੇਵ ਇਕ ਸਮਝਾਈਆ । ਸਚ ਦਵਾਰੇ ਬਖ਼ਸ਼ ਕੇ ਮਾਣ, ਮਾਇਆ ਮਮਤਾ ਮੋਹ ਮਿਟਾਈਆ । ਧੁਰ ਦੇ ਸ਼ਬਦ ਚੜ੍ਹਾ ਬਬਾਨ, ਕੂੜੀ ਕਿਰਿਆ ਪੰਧ ਮੁਕਾਈਆ । ਸਾਢੇ ਤਿੰਨ ਹੱਥ ਕਾਇਆ ਕਾਅਬਾ ਸੁਹਾ ਮਕਾਨ, ਘਰ ਵਿਚ ਘਰ ਕਰੇ ਰੁਸ਼ਨਾਈਆ । ਜਿਥੇ ਆਤਮ ਪਰਮਾਤਮ ਮੇਲਾ ਹੋਵੇ ਆਣ, ਸਚ ਵਜਦੀ ਰਹੇ ਵਧਾਈਆ । ਅੰਮ੍ਰਿਤ ਰਸ ਮਿਲੇ ਪੀਣ ਖਾਣ, ਜਗਤ ਕੂੜੀ ਤ੍ਰਿਸ਼ਨ ਬੁਝਾਈਆ । ਅਨਹਦ ਸ਼ਬਦ ਸੁਣੇ ਸਚੀ ਧੁਨਕਾਨ, ਅਨਰਾਗੀ ਆਪਣਾ ਰਾਗ ਅਲਾਈਆ । ਜੋਤੀ ਜੋਤ ਮਿਲੇ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਕੀ ਦੱਸੇ ਈਸਾ ਹਜ਼ਰਤ, ਹਜ਼ੂਰੀਆ ਰਿਹਾ ਜਣਾਈਆ । ਬੀਸ ਸਦੀ ਕੀਤੀ ਐਸ਼ੋ ਇਸ਼ਰਤ, ਖ਼ੁਸ਼ੀਆਂ ਵਿਚ ਦੁਹਾਈਆ । ਮੇਰੀ ਖ਼ਾਹਿਸ਼ਾਂ ਵਾਲੀ ਵੇਖ ਹਸਰਤ, ਹਰ ਘਟ ਅੰਦਰ ਦਿਆਂ ਸਮਝਾਈਆ । ਮੈਂ ਕਰਦਾ ਰਿਹਾ ਕਸਰਤ, ਦਿਵਸ ਰੈਣ ਆਪਣਾ ਬਲ ਰਿਹਾ ਵਧਾਈਆ । ਅੰਤ ਅਖ਼ੀਰ ਆਈ ਗਰਦਸ਼, ਮੇਰੀ ਚਲੇ ਨਾ ਕੋਇ ਚਤੁਰਾਈਆ । ਅੱਗੇ ਕਰੇ ਕੋਈ ਨਾ ਪਰਵਰਿਸ਼, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਈਸਾ ਕਹੇ ਮੈਂ ਸੁਣਾਵਾਂ ਕੂਕ, ਕੂਕ ਕੂਕ ਜਣਾਈਆ । ਵੇਖੋ ਕੀ ਹੋਣ ਲੱਗਾ ਸਲੂਕ, ਨਿਰਵੈਰ ਨਿਰੰਕਾਰ ਨਿਰਾਕਾਰ ਖੇਲ ਖਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਚਾਰੋਂ ਕੁੰਟ ਜਾਏ ਚੂਕ, ਆਲਸ ਨਿੰਦਰਾ ਦਏ ਮਿਟਾਈਆ । ਕੀ ਖੇਲ ਹੋਣਾ ਕਾਇਆ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੜਦਾ ਦਏ ਉਠਾਈਆ । ਕੀ ਝਗੜਾ ਹੋਣਾ ਚਾਰੇ ਕੂਟ, ਦਹਿ ਦਿਸ਼ਾ ਦਿਸੇ ਲੜਾਈਆ । ਲਹਿਣਾ ਦੇਣਾ ਮੁਕੌਣਾ ਜੂਠ ਝੂਠ, ਮਾਇਆ ਮਮਤਾ ਮੋਹ ਨਾਲ ਮਿਲਾਈਆ । ਪਵਿੱਤ੍ਰ ਰਿਹਾ ਨਾ ਕੋਇ ਕਲਬੂਤ, ਕਲਮੇ ਵਾਲੇ ਰਹੇ ਕੁਰਲਾਈਆ । ਪਰਵਰਦਿਗਾਰ ਹੋ ਮੌਜੂਦ, ਮਜਲਸ ਵੇਖੇ ਥਾਉਂ ਥਾਈਆ । ਮਾਇਆ ਮਮਤਾ ਕਰੇ ਨੇਸਤੋ ਨਾਬੂਦ, ਜੜ੍ਹ ਸਭ ਦੀ ਰਿਹਾ ਉਖੜਾਈਆ । ਜਨ ਭਗਤਾਂ ਕਰ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਘਰ ਵਖਾ ਅਰਸ਼ ਅਰੂਜ, ਆਲੀਸ਼ਾਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ । ਈਸਾ ਕਹੇ ਮੈਂ ਲਾਵਾਂ ਹੱਕ ਨਾਅਰਾ, ਬਿਨ ਰਸਨਾ ਜਿਹਵਾ ਗਾਈਆ । ਵੇਖੋ ਖੇਲ ਪਰਵਰਦਿਗਾਰਾ, ਯਾਮੁਬੀਨ ਤੇਰੀ ਸਰਨਾਈਆ । ਮੇਰਾ ਅੰਤਮ ਆਇਆ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਜੋ ਦੇ ਕੇ ਗਿਆ ਇਸ਼ਾਰਾ, ਪੋਪਾਂ ਤਾਈਂ

ਦ੍ਰਿੜਾਈਆ । ਓਹ ਹੋਣ ਲੱਗਾ ਜ਼ਾਹਰਾ, ਜ਼ਾਹਰ ਜ਼ਹੂਰ ਨੂਰ ਖ਼ੁਦਾਈਆ । ਜੋ ਨਿਰਗੁਣ ਧਾਰ ਆਏ ਦੁਬਾਰਾ, ਤੱਤਾਂ ਵਾਲਾ ਡੇਰਾ ਢਾਹੀਆ । ਜੋਤੀ ਜੋਤ ਜੋਤ ਚਮਤਕਾਰਾ, ਅੰਧ ਅੰਧੇਰ ਗਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਏ ਅਧਾਰਾ, ਧੀਰਜ ਧੀਰ ਆਪ ਧਰਾਈਆ । ਚਾਰ ਵਰਨ ਅਠਾਰਾਂ ਬਰਨ ਵਖਾਏ ਇਕ ਦਵਾਰਾ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਕਲ ਕਲਕੀ ਕਹਿੰਦੇ ਨਿਹਕਲੰਕ ਅਵਤਾਰਾ, ਅਮਾਮ ਅਮਾਮਾ ਧੁਰਦਰਗਾਹੀਆ । ਓਹ ਖੇਲੇ ਖੇਲ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਨਾਲ ਰਲਾਏ ਤੇਈ ਅਵਤਾਰਾ, ਮੂਸਾ ਈਸਾ ਮੁਹੰਮਦ ਬਚਿਆ ਰਹਿਣ ਕੋਇ ਨਾ ਪਾਈਆ । ਨਾਨਕ ਗੋਬਿੰਦ ਦੇ ਸਹਾਰਾ, ਸਗਲੇ ਸੰਗੀ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਭਿਖਾਰਾ, ਦਰ ਮਾਂਗਤ ਝੋਲੀ ਰਿਹਾ ਭਰਾਈਆ । ਦੇਵਤ ਸੁਰ ਕਰੋੜ ਤੇਤੀਸਾ ਰੋਂਦੇ ਜ਼ਾਰੋ ਜ਼ਾਰਾ, ਇੰਦ ਇੰਦਰਾਸਣ ਰਿਹਾ ਹਿਲਾਈਆ । ਰਵ ਸਸ ਕਰਨ ਪੁਕਾਰਾ, ਮੰਡਲ ਮੰਡਪ ਸੀਸ ਝੁਕਾਈਆ । ਦਰ ਡਿਗਦੇ ਸਤਿਜੁਗ ਤਰੇਤਾ ਦੁਆਪਰ ਕਲਜੁਗ ਵਾਰੋ ਵਾਰਾ, ਵਾਸਤਾ ਰਹੇ ਪਾਈਆ । ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਕਹਿਣ ਕੋਇ ਨਾ ਆਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਮਸ ਸਮੁੰਦ ਨਾ ਕੋਇ ਵਡਿਆਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪਰਵਰਦਿਗਾਰਾ, ਸਾਂਝਾ ਯਾਰਾ ਇਕ ਅਖਵਾਈਆ । ਤੇਰਾ ਖੇਲ ਸਦਾ ਜੁਗ ਚਾਰਾ, ਚੌਕੜੀ ਬੈਠੀ ਢੇਰੀਆਂ ਢਾਹੀਆ । ਕਲਜੁਗ ਕੂੜੀ ਕਿਰਿਆ ਕਰ ਪਾਰ ਕਿਨਾਰਾ, ਸਤਿ ਧਰਮ ਦਾ ਮਾਰਗ ਦੇਣਾ ਲਾਈਆ । ਸਦੀ ਚੌਧਵੀਂ ਕਹੇ ਮੈਂ ਨਿਉਂ ਨਿਉਂ ਕਰਾਂ ਨਿਮਸਕਾਰਾ, ਸਯਦਿਆਂ ਵਿਚ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਚਵੀਆਂ ਅਵਤਾਰਾ, ਜ਼ਹੂਰ ਹਜ਼ੂਰ ਆਪਣਾ ਦੇਣਾ ਵਖਾਈਆ ।



### ✻ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਧਰਮਜੀਤ ਦੇ ਗ੍ਰਿਹ ਮੌਜੂ ਮੁਜਾਰਾ ✻

ਸਦੀ ਚੌਧਵੀਂ ਕਹੇ ਸਤਿ ਦਿਸੇ ਨਾ ਕੋਇ ਨਿਸ਼ਾਨਾ, ਕੂੜ ਕੁੜਿਆਰਾ ਚਾਰੋਂ ਤਰਫ਼ ਨਜ਼ਰੀ ਆਈਆ । ਸ਼ਰਅ ਪੈਗ਼ੰਬਰ ਹੋਇਆ ਬੇਗਾਨਾ, ਬਗ਼ਲਗੀਰ ਨਾ ਕੋਇ ਅਖਵਾਈਆ । ਹਕ਼ੀਕ਼ੀ ਜਾਮ ਦੇਵੇ ਨਾ ਕੋਇ ਪੈਮਾਨਾ, ਆਬੇਹਯਾਤ ਨਾ ਕੋਇ ਚਖਾਈਆ । ਵਿਦਿਆ ਰਹੀ ਨਾ ਕਿਸੇ ਉਲਮਾਨਾ, ਇਲਮ ਆਲਮ ਦਏ ਦੁਹਾਈਆ । ਨੂਰੀ ਜੋਤ ਕਾਇਆ ਜਗੇ ਨਾ ਕੋਇ ਸ਼ਮਾਦਾਨਾ, ਅੰਧ ਅੰਧੇਰਾ ਗਿਆ ਛਾਈਆ । ਧੁੰਦੂਕਾਰ ਹੋਇਆ ਜ਼ਿਮੀਂ ਅਸਮਾਨਾ, ਚੌਦਾਂ ਤਬਕਾਂ ਪੜਦਾ ਨਾ ਕੋਇ ਉਠਾਈਆ । ਮਸਲਾ ਹੱਲ ਨਾ ਕਰੇ ਕੋਈ ਕ਼ੁਰਾਨਾ, ਤੀਸ ਬਤੀਸਾ ਭੇਵ ਨਾ ਕੋਇ ਖੁਲ੍ਹਾਈਆ । ਸਾਚਾ ਸੁਣਾਏ ਨਾ ਕੋਇ ਨਾਮ ਤਰਾਨਾ, ਨਾਅਰਾ ਹੱਕ ਨਾ ਕੋਇ ਜਣਾਈਆ । ਮੁਹੰਮਦ ਹੋਇਆ ਪਰੇਸ਼ਾਨਾ, ਹੈਰਾਨੀ ਹਿਰਦੇ ਅੰਦਰ ਆਈਆ । ਕੀ ਖੇਲ ਕਰੇ ਰਹਿਮਾਨਾ, ਰਾਜ਼ਕ ਰਿਜ਼ਕ ਰਹੀਮ ਧੁਰਦਰਗਾਹੀਆ । ਜਿਸ ਦੀ ਯਾਦ ਕਰੇ ਨਾ ਕੋਇ ਕਲਾਮਾ, ਧੁਰ ਦਾ ਕਲਮਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਪੜਦਾ

ਲਾਹੀਆ । ਸਦੀ ਚੌਧਵੀਂ ਕਹੇ ਮੁਹੱਬਤ ਦਿਸੇ ਨਾ ਮੁਰੀਦ ਮੁਰਸ਼ਦ, ਜਗਤ ਮਮਤਾ ਰਹੀ ਕੁਰਲਾਈਆ । ਨਿਰਗੁਣ ਧਾਰ ਕਰੇ ਕੋਈ ਨਾ ਉਲਫ਼ਤ, ਪੰਜਾਂ ਤੱਤਾਂ ਜਗਤ ਵਡਿਆਈਆ । ਕਲਪਣਾ ਵਿਚੋਂ ਮਿਲੇ ਕਿਸੇ ਨਾ ਫ਼ੁਰਸਤ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਤੇ ਆਈ ਮੁਸ਼ਕਲ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਮੁੱਲਾ ਸ਼ੇਖ਼ ਮੁਸਾਇਕ ਦਿਸੇ ਕੋਈ ਨਾ ਖ਼ੁਸ਼ਦਿਲ, ਗ਼ਮੀ ਘਰ ਘਰ ਡੇਰਾ ਲਾਈਆ । ਨੇਤਰ ਨਜ਼ਰ ਨਾ ਆਏ ਕਿਸੇ ਅਲੀ ਦਾ ਦੁਲਦੁਲ, ਦਾਅਵੇਦਾਰ ਨਾ ਕੋਇ ਅਖਵਾਈਆ । ਉਮਤ ਫੁਲਵਾੜੀ ਵਿਚ ਚਹਿਕੇ ਨਾ ਕੋਇ ਬੁਲਬੁਲ, ਨਾਮ ਸੁਰੀਲੀ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜਲਵਾਗਰ ਨੂਰ ਇਲਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਚਾਰ ਕੁੰਟ ਫ਼ਰੇਬ, ਦੀਨ ਦੁਨੀ ਦਗ਼ੇ ਵਿਚ ਹਲਕਾਈਆ । ਮਾਇਆ ਮਮਤਾ ਭਰੀ ਕਿਸੇ ਨਾ ਜੇਬ, ਹਿਰਦੇ ਹਵਸ ਨਾ ਕੋਇ ਮਿਟਾਈਆ । ਪੜ੍ਹ ਪੜ੍ਹ ਥੱਕੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਤੇਬ, ਕਾਅਬਿਆਂ ਵੱਲ ਸੀਸ ਨਿਵਾਈਆ । ਪਰਵਰਦਿਗਾਰ ਸਾਂਝਾ ਯਾਰ ਕੋਈ ਨਾ ਸਕਿਆ ਵੇਖ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜਿਧਰ ਤੱਕਾਂ ਓਧਰ ਕੂੜਾ ਭੇਖ, ਕੂੜ ਪਖੰਡ ਡੰਡ ਰਿਹਾ ਪਾਈਆ । ਭਰਮੇ ਭੁੱਲੇ ਮੁੱਲਾਂ ਸ਼ੇਖ਼, ਮੁਸਾਇਕਾਂ ਮਸਲਾ ਹੱਲ ਨਾ ਕੋਇ ਕਰਾਈਆ । ਲੋਕਮਾਤ ਸਮਝੇ ਨਾ ਕੋਇ ਪਰਦੇਸ਼, ਸਾਚਾ ਘਰ ਨਜ਼ਰ ਕਿਸੇ ਨਾ ਆਈਆ । ਜਿਥੇ ਪਰਮਾਤਮਾ ਰਹੇ ਹਮੇਸ਼, ਆਤਮ ਮੇਲਾ ਮੇਲੇ ਸਹਿਜ ਸੁਭਾਈਆ । ਸਦੀ ਚੌਧਵੀਂ ਕਹੇ ਸਚ ਸੰਦੇਸਾ ਦੇ ਕੇ ਗਿਆ ਗੁਰ ਦਸਮੇਸ਼, ਬਾਜ਼ਾਂ ਵਾਲਾ ਆਵਾਜ਼ ਲਗਾਈਆ । ਇਕ ਪਰਗਟ ਹੋਵੇ ਜੋਧਾ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਸੇਵਾ ਮਾਤ ਲਗਾਈਆ । ਅੰਤ ਕੰਤ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਲਏ ਵੇਖ, ਲੱਖ ਚੁਰਾਸੀ ਫੋਲ ਫੁਲਾਈਆ । ਜਗ ਨੇਤਰ ਨਜ਼ਰ ਨਾ ਆਏ ਬਿਨ ਰੂਪ ਰੰਗ ਰੇਖ, ਰਿਖੀਆਂ ਮੁਨੀਆਂ ਦਾ ਪੜਦਾ ਦਏ ਖੁਲ੍ਹਾਈਆ । ਜਿਸ ਦੀ ਮਹਿਮਾ ਸ਼ਾਸਤਰਾਂ ਤੋਂ ਬਾਹਰ ਵਿਸ਼ੇਸ਼, ਵਿਸ਼ਿਆਂ ਵਿਚ ਵਿਚਾਰ ਨਾ ਕੋਇ ਪ੍ਰਗਟਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਵਸੇ ਏਕ, ਏਕੰਕਾਰਾ ਆਪਣਾ ਡੇਰਾ ਲਾਈਆ । ਸੋ ਸਵਾਮੀ ਬਖ਼ਸ਼ਣਹਾਰਾ ਟੇਕ, ਟਿੱਕੇ ਮਸਤਕ ਧੂੜੀ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਦੁਨੀਆਂ ਵੇਖੀ ਕਰਮ ਕਾਂਡ ਦੀ ਰੋਗੀ, ਮਮਤਾ ਦੁੱਖ ਨਾ ਕੋਇ ਮਿਟਾਈਆ । ਆਤਮ ਪਰਮਾਤਮ ਬਣੇ ਨਾ ਕੋਇ ਸੰਜੋਗੀ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਮੈਂ ਚਾਹੁੰਦੀ ਪੰਜਾਂ ਭਗਤਾਂ ਦੇ ਸਿਰ ਤੇ ਹੋਵੇ ਬੋਦੀ, ਲੰਮੀ ਸੋਹਣੀ ਸੋਭਾ ਪਾਈਆ । ਕਾਲਾ ਨਿਸ਼ਾਨ ਹੋਵੇ ਉਤੇ ਗੋਡੀਂ, ਦੂਰ ਦੁਰਾਡਾ ਨਜ਼ਰੀ ਆਈਆ । ਨੀਲੀ ਬਿੰਦੀ ਹੋਵੇ ਉਪਰ ਠੋਡੀ, ਆਪਣਾ ਰੰਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖੇ ਦਸਤਗੀਰ, ਪੀਰ ਪੀਰਾਂ ਖੋਜ ਖੁਜਾਈਆ । ਸਭ ਨੂੰ ਸ਼ਰਅ ਦਾ ਬੱਝਾ ਜ਼ੰਜੀਰ, ਕੜੀ ਕੜੀ ਨਾਲ ਬੰਧਾਈਆ । ਅੱਖਰਾਂ ਵਾਲੀ ਪੜ੍ਹਨ ਤਕਬੀਰ, ਤਹਿਰੀਰ ਤਕਰੀਰ ਵਿਚ ਜਣਾਈਆ । ਜਿਹੜੀ ਆਸਾ ਰੱਖੀ ਕਬੀਰ, ਕਾਅਬਿਆਂ ਤੋਂ ਪਰੇ ਗਿਆ ਸਮਝਾਈਆ । ਓਹ ਮੰਜ਼ਲ ਇਕ ਅਖ਼ੀਰ, ਜਿਥੇ ਵਸੇ ਧੁਰਦਰਗਾਹੀਆ ।

੫੭੩
੨੧

ਜਿਸ ਨੂੰ ਸਮਝੇ ਬੁੱਧੀ ਨਾ ਕੋਇ ਜ਼ਮੀਰ, ਅਨਭਵ ਆਪਣੀ ਖੇਲ ਖਿਲਾਈਆ । ਸੋ ਦਾਤਾ ਦਾਨੀ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਕਰੇ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਮ੍ਰਿਤ ਰਸ ਮਿਲੇ ਸੀਰ, ਜਗਤ ਤ੍ਰਿਸ਼ਨਾ ਕੂੜੀ ਦੇਣੀ ਗਵਾਈਆ ।

ਤੇਰਾ ਜਨਮ ਨਾਨਕ ਧਾਰ, ਤਲਵੰਡੀ ਨਜ਼ਰੀ ਆਈਆ । ਤੇਰਾ ਪਿਛਾ ਹੁੰਦਾ ਸੀ ਘੁਮਿਆਰ, ਕੱਚੇ ਭਾਂਡੇ ਆਵਿਆਂ ਵਿਚ ਤਪਾਈਆ । ਇਕ ਦਿਨ ਨਾਨਕ ਲੰਘਿਆ ਓਸ ਬਾਜ਼ਾਰ, ਗਿਆਰਾਂ ਸਾਲ ਦੀ ਉਮਰ ਸੋਭਾ ਪਾਈਆ । ਤੂੰ ਛੋਟਾ ਬੱਚਾ ਸੈਂ ਢਾਈ ਸਾਲ, ਮਾਤਾ ਪਿਤਾ ਗੋਦ ਸੁਹਾਈਆ । ਭੱਜ ਕੇ ਮਾਰੀ ਛਾਲ, ਆਪਣੀ ਲਈ ਅੰਗੜਾਈਆ । ਇਕ ਨਿੱਕਾ ਜਿਹਾ ਪਿਆਲਾ ਲਿਆਂਦਾ ਉਠਾਲ, ਨਾਨਕ ਹੱਥ ਫੜਾਈਆ । ਓਸ ਹੱਸ ਕੇ ਕਿਹਾ, ਵਾਹ ਨੰਨ੍ਹੇ ਬਾਲ, ਤੇਰਾ ਪੁਰਖ ਅਕਾਲ ਹੋਵੇ ਸਹਾਈਆ । ਕੋਲੋਂ ਕੱਢਕੇ ਇਕ ਰੁਮਾਲ, ਮੁਖ ਤੇਰੇ ਦਿਤਾ ਛੁਹਾਈਆ । ਦਰਸ਼ਨ ਦਿਤਾ ਕਮਾਲ, ਅੰਦਰ ਹੋਈ ਰੁਸ਼ਨਾਈਆ । ਤੂੰ ਕੀਤਾ ਹਾਲ ਹਾਲ, ਰੌਲਾ ਦਿਤਾ ਪਾਈਆ । ਤੇਰੀ ਭੈਣ ਆਈ ਭੱਜੀ ਮੈਂ ਵੀਰ ਨੂੰ ਲਵਾਂ ਸੰਭਾਲ, ਕੀ ਦੁਖੜਾ ਲੱਗਾ ਅਨਿਆਈਆ । ਨਾਨਕ ਨੇ ਕਿਹਾ ਐਧਰ ਧਰੋ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਤੁਹਾਡਾ ੫੭੪
੫੭੪ ਮੇਲ ਕਰਾਵਾਂ ਅੰਤ ਨਾਲ ਓਸ ਸ੍ਰੀ ਭਗਵਾਨ, ਜਿਸ ਨਾਲੋਂ ਵਿਛੋੜਾ ਅੱਗੇ ਹੋਵੇ ਨਾ ਰਾਈਆ । ਓਸੇ ਕਾਰਨ ਤੁਹਾਨੂੰ ਜਨਮ ਮਿਲਿਆ ਫੇਰ ਇਨਸਾਨ,
੨੧ ਨਾਤਾ ਭੈਣ ਭਾਈ ਦਿਤਾ ਬਣਾਈਆ । ਅੱਗੇ ਦੀ ਚੁੱਕ ਗਈ ਕਾਣ, ਰਾਏ ਧਰਮ ਨਾ ਦਏ ਸਜ਼ਾਈਆ । ਜਦ ਵਸੇ ਚਰਨ ਕਵਲ ਸ੍ਰੀ ਭਗਵਾਨ, ੨੧
ਦੂਜਾ ਦਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦੀ ਆਸਾ ਮਨਸਾ ਪੂਰ ਕਰਾਈਆ ।

### ❊ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਭਜਨ ਸਿੰਘ ਦੇ ਗ੍ਰਹਿ ਡਾਂਡੀਆਂ ਜ਼ਿਲਾ ਹੁਸ਼ਿਆਰਪੁਰ ❊

ਸਦੀ ਚੌਧਵੀਂ ਕਹੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਮੂੜ੍ਹ, ਮੂਰਖ ਮੁਗਧ ਚਾਰ ਵਰਨ ਨਜ਼ਰੀ ਆਈਆ । ਅੰਤਰ ਸਭ ਦਾ ਨਾਤਾ ਜੁੜਿਆ ਕੂੜ, ਸਚ ਧਰਮ ਦੀ ਚਲੇ ਨਾ ਕੋਇ ਚਤੁਰਾਈਆ । ਮਾਇਆ ਮਮਤਾ ਮੋਹ ਰੰਗ ਚੜ੍ਹਿਆ ਗੂੜ੍ਹ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਪੁਰਖ ਅਕਾਲ ਚਰਨ ਲਾਵੇ ਕੋਈ ਨਾ ਧੂੜ, ਮਸਤਕ ਟਿੱਕੇ ਖ਼ਾਕ ਨਾ ਕੋਇ ਰਮਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਭੁੱਲ ਗਏ ਹਜ਼ੂਰ, ਜੋ ਗੁਰ ਅਵਤਾਰ ਪੈਗ਼ੰਬਰ ਗਏ ਸਮਝਾਈਆ । ਨਿਰਗੁਣ ਜੋਤੀ ਦਿਸੇ ਕਿਸੇ ਨਾ ਨੂਰ, ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਦੇਣ ਦੁਹਾਈਆ । ਨਾਮ ਭੰਡਾਰਾ ਕਰੇ ਨਾ ਕੋਇ ਭਰਪੂਰ, ਖ਼ਾਲੀ ਕਾਸੇ ਘਰ ਘਰ ਨਜ਼ਰੀ ਆਈਆ । ਮਨ ਵਾਸਨਾ ਦੁਨੀਆ ਹੋਈ ਮਜ਼ਦੂਰ, ਦਿਵਸ ਰੈਣ ਭੱਜੇ

ਥਾਉਂ ਥਾਈਆ । ਜੀਵਣ ਜ਼ਿੰਦਗੀ ਦਾ ਸਮਝੇ ਨਾ ਕੋਇ ਕ਼ਸੂਰ, ਦੁਰਮਤ ਮੈਲ ਨਾ ਕੋਇ ਧੁਆਈਆ । ਚਾਰੋਂ ਕੁੰਟ ਪਿਆ ਫ਼ਤੂਰ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਅੰਮ੍ਰਿਤ ਨਾਮ ਦੇਵੇ ਨਾ ਕੋਇ ਸਰੂਰ, ਮਦਿ ਪਿਆਲੇ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਸਦੀ ਚੌਧਵੀਂ ਕਹੇ ਚਾਰੋਂ ਕੁੰਟ ਦੀਨ ਦੁਨੀ ਭੁੱਲੀ, ਭਰਮ ਵਿਚ ਲੋਕਾਈਆ । ਭਾਗ ਲੱਗਾ ਦਿਸੇ ਨਾ ਕਿਸੇ ਕਾਇਆ ਕੁੱਲੀ, ਸਾਢੇ ਤਿੰਨ ਹੱਥ ਮੰਦਰ ਨਾ ਕੋਇ ਸੁਹਾਈਆ । ਦੁਨੀਆ ਪ੍ਰਭ ਦਾ ਨਾਮ ਜਪਦੀ ਭੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਸਚ ਤਰਾਜ਼ੂ ਤੋਲ ਕੋਈ ਨਾ ਤੁਲੀ, ਕੰਡਾ ਨਾਮ ਨਿਰੰਕਾਰ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਨਿਝਰ ਧਾਰ ਕਿਸੇ ਨਾ ਡੁੱਲ੍ਹੀ, ਸਰੋਵਰ ਪਿਆਲੇ ਕੰਮ ਕਿਸੇ ਨਾ ਆਈਆ । ਸਤਿ ਧਰਮ ਫੁਲਵਾੜੀ ਕੋਈ ਨਾ ਫੁੱਲੀ, ਕਰਮ ਕਾਂਡ ਪੱਤ ਟਹਿਣੀ ਨਾ ਕੋਇ ਮਹਿਕਾਈਆ । ਪ੍ਰਭ ਚਰਨ ਪ੍ਰੀਤੀ ਗੁਰਮੁਖ ਸਵਾਣੀ ਕੋਇ ਨਾ ਘੋਲ ਘੁੱਲੀ, ਨਿਛਾਵਰ ਆਪਣਾ ਆਪ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਸ੍ਰਿਸ਼ਟੀ ਵੇਖੀ ਕਰਦੀ ਹਾਹਾਕਾਰ, ਤੱਟ ਕਿਨਾਰੇ ਰਹੇ ਕੁਰਲਾਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕਾ ਸੰਸਾਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾ ਰਹੇ ਉਚਾਰ, ਗ੍ਰੰਥਾਂ ਰਹੇ ਸੁਣਾਈਆ । ਨਿਰਮਲ ਜੋਤ ਕਿਸੇ ਅੰਤਰ ਨਾ ਦਿਸੇ ਉਜਿਆਰ, ਦੀਆ ਬਾਤੀ ਕਮਲਾਪਾਤੀ ਨੂਰ ਕਰੇ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਆਤਮ ਰਸ ਕਿਸੇ ਮਿਲਿਆ ਨਾ ਠੰਡਾ ਠਾਰ, ਨਿਝਰ ਝਿਰਨਾ ਬੂੰਦ ਸਵਾਂਤ ਨਾ ਕੋਇ ਚੁਆਈਆ । ਚਾਰੋਂ ਕੁੰਟ ਦਿਸੇ ਧੂੰਆਂਧਾਰ, ਅਨਭਵ ਦ੍ਰਿਸ਼ਟੀ ਅੰਤਰ ਨਿਰੰਤਰ ਨਾ ਕੋਇ ਜਣਾਈਆ । ਕੀ ਖੇਲ ਕਰੇ ਹਰਿ ਕਰਤਾਰ, ਕ਼ੁਦਰਤ ਦਾ ਮਾਲਕ ਆਪਣੀ ਕਾਰ ਕਮਾਈਆ । ਭੈ ਰਿਹਾ ਨਾ ਕਿਸੇ ਤੇਈ ਅਵਤਾਰ, ਈਸਾ ਮੂਸਾ ਮੁਹੰਮਦ ਡਰ ਨਾ ਕੋਇ ਰਖਾਈਆ । ਨਾਨਕ ਗੋਬਿੰਦ ਹਿਰਦਿਉਂ ਦਿਤਾ ਵਿਸਾਰ, ਸਿਦਕ ਸਬੂਰੀ ਵਾਲਾ ਸਿੱਖ ਨਜ਼ਰ ਕੋਇ ਨਾ ਆਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਗਏ ਹਾਰ, ਤੀਰਥ ਤੱਟ ਨੇਤਰ ਰੋ ਕੇ ਮਾਰਨ ਧਾਈਆ । ਕਿਰਪਾ ਕਰ ਸੱਚੀ ਸਰਕਾਰ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਦੀਨ ਦੁਨੀ ਸੋਈ ਸੁਰਤੀ ਕਰ ਖ਼ਬਰਦਾਰ, ਬੇਖ਼ਬਰਾਂ ਆਪ ਉਠਾਈਆ । ਤੇਰਾ ਸਚ ਰਿਹਾ ਨਾ ਕੋਇ ਪਿਆਰ, ਚਰਨ ਕਵਲ ਮੰਗੇ ਨਾ ਕੋਇ ਸਰਨਾਈਆ । ਦੀਨਾਂ ਮਜ਼੍ਹਬਾਂ ਸਭ ਨੂੰ ਕੀਤਾ ਖ਼ੁਆਰ, ਜ਼ਾਤ ਪਾਤ ਘਰ ਘਰ ਕਰੇ ਲੜਾਈਆ । ਪਰਮਾਤਮ ਆਤਮ ਆਤਮ ਪਰਮਾਤਮ ਇਕ ਵਖਾ ਸੱਚਾ ਘਰ ਬਾਹਰ, ਗ੍ਰਿਹਿ ਏਕੰਕਾਰਾ ਆਪ ਦ੍ਰਿੜਾਈਆ । ਤੂੰ ਪਤਿ ਪਤਵੰਤਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਗੁਰਮੁਖ ਸੁਲਖਣੀ ਹੋਵੇ ਤੇਰੀ ਨਾਰ, ਨਾਰ ਕੰਤ ਮਿਲ ਕੇ ਆਤਮ ਸੇਜਾ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਲੋਕਮਾਤ ਵਿਚੋਂ ਕੱਢ ਬਾਹਰ, ਹਰ ਹਿਰਦੇ ਕਰ ਸਫ਼ਾਈਆ । ਸਤਿਜੁਗ ਸਾਚਾ ਧਰ ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਵਖਾ ਧਰਮ ਦਵਾਰ, ਆਤਮ ਬ੍ਰਹਮ ਪੜਦਾ ਆਪ ਉਠਾਈਆ । ਕਿਰਪਾ ਨਿਧਾਨ ਜਗਤ ਪ੍ਰਕਿਰਤੀ ਨਵਿਰਤੀ ਕਰ ਆਪ ਪਰਵਰਦਿਗਾਰ, ਸਚਖੰਡ ਨਿਵਾਸੀ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਉੱਤਰ ਪੂਰਬ ਪੱਛਮ ਦੱਖਣ ਵੇਖਿਆ ਵਾਰੋ ਵਾਰ, ਚੌਦਾਂ ਲੋਕ ਚੌਦਾਂ ਤਬਕ ਸਾਚਾ ਸਬਕ ਨਾ ਕੋਇ ਸਮਝਾਈਆ । ਸੰਤ ਸੁਹੇਲਾ ਭਗਤ ਗੁਰਮੁਖ ਗੁਰਸਿਖ ਸੂਫ਼ੀ

ਫ਼ਕੀਰ ਤੇਰਾ ਦਿਸੇ ਕੋਈ ਨਾ ਬਰਖ਼ੁਰਦਾਰ, ਆਜਜ਼ ਹੋ ਕੇ ਨਵਾਜ਼ਸ਼ ਵਿਚ ਤੈਨੂੰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੇ ਹੁਕਮ ਅੰਦਰ ਅਨਦ੍ਰਿਸ਼ਟ ਵਿਕਾਰ ਦ੍ਰਿਸ਼ਟੀ ਸਭ ਦੀ ਕਰ ਗ੍ਰਿਫ਼ਤਾਰ, ਧੁਰ ਫ਼ਰਮਾਨਾ ਬੰਧਨ ਏਕੋ ਪਾਈਆ ।

### ੨੨ ਮੱਘਰ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਸਿੰਘ ਦੇ ਗ੍ਰਿਹਿ ਗੋਬਿੰਦ ਪੁਰਾ ਫਗਵਾੜਾ

ਸਦੀ ਚੌਧਵੀਂ ਕਹੇ ਮੈਂ ਦੱਸਾਂ ਨਾਲ ਈਮਾਨ, ਅਮਲ ਦੀਨ ਦੁਨੀ ਵੇਖ ਵਖਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਗਿਆਨ, ਬੁਧ ਬਿਬੇਕ ਨਾ ਕੋਇ ਕਰਾਈਆ । ਸਚ ਸੁਚ ਦਿਸੇ ਨਾ ਕੋਇ ਨਿਸ਼ਾਨ, ਕੂੜ ਨਿਸ਼ਾਨਾ ਜਗਤ ਲੋਕਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦੁਵਾਲੇ ਮਠ ਦਿਸੇ ਹਰਾਮ, ਤੀਰਥ ਤੱਟਾਂ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦਿਸੇ ਅੰਧੇਰੀ ਸ਼ਾਮ, ਸਤਿਜੁਗ ਸਾਚਾ ਨੂਰ ਚੰਦ ਨਾ ਕੋਇ ਚਮਕਾਈਆ । ਭਾਗ ਲੱਗਾ ਦਿਸੇ ਨਾ ਕਿਸੇ ਕਾਇਆ ਮਾਟੀ ਗਰਾਮ, ਬੰਕ ਦਵਾਰਾ ਸੋਭਾ ਕੋਇ ਨਾ ਪਾਈਆ । ਧੁਰ ਸੰਦੇਸਾ ਜਣਾਏ ਨਾ ਕੋਇ ਪੈਗ਼ਾਮ, ਜਨਮ ਕਰਮ ਦਾ ਮਸਲਾ ਹਲ ਨਾ ਕੋਇ ਕਰਾਈਆ । ਚਾਰ ਕੁੰਟ ਵਿਗੜਿਆ ਇੰਤਜ਼ਾਮ, ਦੀਨ ਦੁਨੀ ਪਈ ਦੁਹਾਈਆ । ਸਦੀ ਚੌਧਵੀਂ ਕਹੇ ਮੈਂ ਰੋ ਰੋ ਕਰਾਂ ਪ੍ਰਨਾਮ, ਨਮਸਤਿਆਂ ਵਿਚ ਸੀਸ ਝੁਕਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਪ੍ਰਗਟ ਹੋ ਅਮਾਮਾ ਅਮਾਮ, ਮੁਹੰਮਦ ਦੇਵੇ ਜਗਤ ਦੁਹਾਈਆ । ਸਤਿ ਧਰਮ ਦਾ ਪੂਰਾ ਕਰ ਕਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੈਂ ਦੀਨ ਦੁਨੀ ਦਾ ਵੇਖਿਆ ਅੰਦਰ, ਨਿਗਾਹ ਤਨ ਵਜੂਦ ਟਿਕਾਈਆ । ਸਾਚਾ ਸੋਹੇ ਕੋਈ ਨਾ ਮੰਦਰ, ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਬਜਰ ਕਪਾਟੀ ਤੋੜੇ ਕੋਈ ਨਾ ਜੰਦਰ, ਪੜਦਾ ਦੂਨੀ ਨਾ ਕੋਇ ਉਠਾਈਆ । ਮਨੂਆ ਚਾਰੋਂ ਕੁੰਟ ਭੱਜੇ ਬੰਦਰ, ਸੁਰਤੀ ਸ਼ਬਦ ਨਾ ਕੋਇ ਬੰਧਾਈਆ । ਪ੍ਰਕਾਸ਼ ਹੋਏ ਨਾ ਅੰਧੇਰੀ ਕੰਦਰ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਸਚ ਵਸਤ ਆਈ ਮੰਗਣ, ਦਰ ਠਾਂਡੇ ਸੀਸ ਝੁਕਾਈਆ । ਪੁਰਖ ਅਕਾਲ ਚਾੜ੍ਹ ਦੇ ਰੰਗਣ, ਨਿਰਵੈਰ ਆਪਣਾ ਰੰਗ ਰੰਗਾਈਆ । ਦੀਨ ਮਜ਼੍ਹਬ ਦਾ ਤੋੜ ਦੇ ਬੰਧਨ, ਬੰਦਗੀ ਇਕੋ ਦੇ ਸਮਝਾਈਆ । ਚਰਨ ਧੂੜੀ ਕਰਾ ਮਜਨ, ਸਰ ਸਰੋਵਰ ਇਕ ਨੁਹਾਈਆ । ਮੈਨੂੰ ਝਗੜਾ ਦਿਸਦਾ ਵਿਚ ਅਦਨ, ਅਦਾਲਤ ਹੱਕ ਨਾ ਕੋਇ ਕਮਾਈਆ । ਮੈਂ ਵੇਖਿਆ ਉਪਰ ਗਗਨ, ਮੁਹੰਮਦ ਨੈਣਾਂ ਰਾਹ ਤਕਾਈਆ । ਤੂੰ ਬੈਠਾ ਇਕ ਇਕੱਲਾ ਮਗਨ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਖੇਲ ਖ਼ਾਸ, ਖ਼ਸੂਸੀਅਤ ਵਿਚ ਦਿਆਂ ਦ੍ਰਿੜਾਈਆ । ਪੁਰਖ ਅਕਾਲਾ ਬਦਲਣ ਲਗਾ ਲਿਬਾਸ, ਦੀਨ ਦੁਨੀ ਧਾਰ ਬਦਲਾਈਆ । ਝਗੜਾ ਮੁਕੌਣ ਲੱਗਾ ਗੋਪੀ ਕਾਹਨਾਂ ਵਾਲੀ ਰਾਸ, ਤਟ ਕਿਨਾਰੇ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਰਹਿਣ ਨਾ ਦੇਵੇ ਸ਼ਾਖ਼, ਸ਼ਨਾਖ਼ਤ ਆਪਣੀ ਇਕ ਕਰਾਈਆ ।

ਨਿਰਗੁਣ ਨੂਰ ਕਰ ਪ੍ਰਕਾਸ਼, ਕਲਜੁਗ ਕੂੜ ਅੰਧੇਰਾ ਦਏ ਗਵਾਈਆ । ਮਨੂਆ ਮਨ ਨਾ ਰਹੇ ਬਦਮਾਸ਼, ਮਨ ਕਾ ਮਣਕਾ ਦਏ ਭਵਾਈਆ । ਮੋਹ ਵਿਕਾਰ ਕਰ ਕੇ ਨਾਸ, ਨਾਸਤਕ ਆਸਤਕ ਦਏ ਜਣਾਈਆ । ਸਾਚੇ ਮੰਡਲ ਸੁਹਾ ਕੇ ਰਾਸ, ਰਸਤਾ ਆਪਣਾ ਇਕ ਵਖਾਈਆ । ਜਿਥੇ ਨਿਰਮਲ ਨੂਰ ਜੋਤ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਚਾਰੋਂ ਕੁੰਟ ਹੁੰਦੇ ਚਰਚੇ, ਚਰਚਾਂ ਵਿਚ ਪਏ ਦੁਹਾਈਆ । ਇੱਕੀ ਬੀਬੀਆਂ ਹੱਥ ਵਿਚ ਫੜਨੇ ਬਰਛੇ, ਬੁਰਛਾ ਗਰਦੀ ਦੇਣੀ ਮਿਟਾਈਆ । ਜਿਹੜਾ ਖੇਲ ਵੇਖਿਆ ਗੁਰਮੁਖਾਂ ਉਪਰ ਸਰਸੇ, ਸੋ ਸਾਹਿਬ ਦਏ ਸਮਝਾਈਆ । ਇਹ ਕਲਜੁਗ ਦੇ ਅੰਤ ਅਖ਼ੀਰੀ ਪਰਚੇ, ਪਰਾਚੀਨ ਦਾ ਲੇਖਾ ਦਏ ਮੁਕਾਈਆ । ਕਰਨੇ ਖੇਲ ਅਗੰਮੇ ਨਰ ਦੇ, ਨਰ ਨਰਾਇਣ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਜਗਤ ਬਿਵਹਾਰਾ, ਬਿਵਹਾਰੀ ਹੋ ਕੇ ਖੋਜ ਖੁਜਾਈਆ । ਛੱਬੀ ਪੋਹ ਨੂੰ ਇਕ ਹੋਣਾ ਵਿਚ ਸੁਨਿਆਰਾ, ਜਿਸ ਦੀ ਜ਼ਾਤ ਮਿਲੇ ਵਡਿਆਈਆ । ਮਸਤਕ ਨਿਸ਼ਾਨ ਲਾਇਆ ਹੋਵੇ ਨਾਲ ਗਾਰਾ, ਗਹਿਰ ਗੰਭੀਰ ਫੋਲ ਫੁਲਾਈਆ । ਜਿਸ ਦਾ ਜਨਮ ਹੋਇਆ ਦੁਬਾਰਾ, ਗੋਬਿੰਦ ਹਿੱਸਾ ਗਿਆ ਵੰਡਾਈਆ । ਉਸ ਦਾ ਭੇਵ ਖੋਲ੍ਹਣਾ ਸਾਰਾ, ਕਿਉਂ ਸਰਸਿਉਂ ਕੀਤੀ ਜੁਦਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਦੀਨ ਦੁਨੀ ਦਾ ਤੱਕਣਾ ਤਤ ਵਜੂਦ, ਕਾਇਆ ਮਾਟੀ ਵੇਖ ਵਖਾਈਆ । ਕਿਸ ਦੇ ਅੰਦਰ ਵਸੇ ਮਹਿਬੂਬ, ਮੁਹੱਬਤ ਵਿਚ ਮੇਲ ਮਿਲਾਈਆ । ਕਵਣ ਚੜ੍ਹਿਆ ਮੰਜ਼ਲੇ ਮਕਸੂਦ, ਸਚ ਦਵਾਰੇ ਡੇਰਾ ਲਾਈਆ । ਕਵਣ ਪਿਆਰ ਵਿਚ ਗਿਆ ਝੂਜ, ਏਕਾ ਦੂਆ ਦੂਜ ਮਿਟਾਈਆ । ਕਿਸ ਨੂੰ ਧੁਰ ਦੀ ਆਈ ਸੂਝ, ਸਮਝ ਲਈ ਬਦਲਾਈਆ । ਤੱਕਕੇ ਅਰਸ਼ ਅਰੂਜ, ਆਲਮ ਪੈਂਡਾ ਦਿਤਾ ਮੁਕਾਈਆ । ਜਨਮ ਕਰਮ ਦਾ ਲੇਖਾ ਕਰ ਮਨਸੂਖ਼, ਦੁਖ ਦਰਦ ਦਾ ਡੇਰਾ ਢਾਹੀਆ । ਆਵਣ ਜਾਵਣ ਗੇੜ ਮੁਕਾ ਕੇ ਉਲਟਾ ਰੁਖ਼, ਚੁਰਾਸੀ ਫਾਸੀ ਲਏ ਕਟਾਈਆ । ਧਰਮ ਦਵਾਰੇ ਬਣ ਕੇ ਸੁਤ, ਭਗਤ ਭਗਵਾਨ ਵਿਚ ਸਮਾਈਆ । ਮੇਲ ਮਿਲ ਕੇ ਨਾਲ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਲਈ ਕਰਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਦਹਿ ਦਿਸ਼ਾ ਜਨ ਭਗਤਾਂ ਵੇਖਣਾ ਕੀ ਕਾਇਆ ਅੰਤਰ ਦੁਖ, ਦੁਖਾਂ ਦਾ ਦਾਰੂ ਧੁਰ ਦਾ ਨਾਮ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਅੰਤ ਮੁਕੌਣਾ ਮਾਨਵ ਮਾਨੁਖ, ਮਾਣਸ ਆਪਣਾ ਰੰਗ ਰੰਗਾਈਆ ।

✻ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਹਿਲ ਸਿੰਘ ਦੇ ਗ੍ਰਿਹ ਫਗਵਾੜਾ ✻

ਸਦੀ ਚੌਧਵੀਂ ਕਹੇ ਮੈਂ ਦੱਸਾਂ ਹਕੀਕ਼ਤ ਹੱਕੇ, ਹੱਕ ਹੱਕ ਦਿਆਂ ਦ੍ਰਿੜਾਈਆ । ਜੋ ਵੇਖਿਆ ਬਿਨ ਨੇਤਰ ਲੋਚਣ ਨੈਣ ਅੱਖੇ, ਆਖ਼ਰ ਮੰਜ਼ਲ ਚੜ੍ਹ ਕੇ ਧਿਆਨ ਲਗਾਈਆ । ਜਿਸ ਵੇਲੇ ਨਾਨਕ ਨਿਰਗੁਣ ਸਰਗੁਣ ਧਾਰ ਗਿਆ ਮੱਕੇ, ਮਕ਼ਬਰਿਆਂ ਤੋਂ ਪਰੇ ਆਪਣਾ ਖੇਲ ਖਿਲਾਈਆ ।

ਜੀਵਣ ਜੀਵਤ ਰੂਪ ਮਾਰੇ ਧੱਕੇ, ਹੱਥਾਂ ਪੈਰਾਂ ਤਾਈਂ ਹਿਲਾਈਆ । ਨਾਨਕ ਅਸਮਾਨਾਂ ਤੋਂ ਉਪਰ ਪਰੇ ਤੱਕੇ, ਤਕਵਾ ਇਕੋ ਇਕ ਰਖਾਈਆ ।
ਧੁਰ ਫ਼ਰਮਾਨਾ ਆਇਆ ਤੇਰੀ ਪਤਿ ਆਪੇ ਰੱਖੇ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂ ਭੇਜੇ ਦੀਗਰੇ ਬਾਅਦ ਯੱਕੇ,
ਯੱਕ ਮਾਲਕ ਇਕ ਅਖਵਾਈਆ । ਚਾਰ ਕੁੰਟ ਦਹਿ ਦਿਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,
ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਦੀ ਚੌਧਵੀਂ ਕਹੇ ਨਾਨਕ ਕਿਹਾ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਜਣਾਈਆ । ਜ਼ਰਾ ਨਿਗਾਹ ਅਗੰਮੀ
ਮਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਧਰ ਨਹੀਂ ਮਹਿਬੂਬ ਦਾ ਦਰਬਾਰ, ਓਧਰ ਪਾਸਾ ਦੇ ਬਦਲਾਈਆ । ਜਿਥੇ ਮੱਕੇ ਕਾਅਬੇ ਦਾ ਨਹੀਂ
ਮਨਾਰ, ਹੁਜਰਾ ਨਜ਼ਰ ਕੋਇ ਨਾ ਆਈਆ । ਜਿਥੇ ਮੰਬਰਾਂ ਉਤੇ ਨਹੀਂ ਆਵਾਜ਼, ਗੀਤ ਨਾਦ ਨਗ਼ਮਾ ਨਾਮ ਨਾ ਕੋਇ ਸੁਣਾਈਆ । ਜਿਥੇ
ਪੜ੍ਹੀਦੀ ਨਹੀਂ ਨਮਾਜ਼, ਸਯਦਾ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ
ਵਰ, ਹਰਿ ਵੱਡਾ ਬੇਪ੍ਰਵਾਹੀਆ । ਜੀਵਣ ਅੰਦਰ ਮਾਰੀ ਝਾਕੀ, ਬਿਨ ਅੱਖਾਂ ਅੱਖ ਉਠਾਈਆ । ਨਾਨਕ ਖੋਲ੍ਹ ਕੇ ਪੜਦਾ ਤਾਕੀ, ਦੂਈ
ਦਵੈਤ ਦਿਤੀ ਮਿਟਾਈਆ । ਆਬੇਹਯਾਤ ਦਿਤਾ ਬਣ ਕੇ ਸਾਕੀ, ਅੰਮ੍ਰਿਤ ਰਸ ਚਖਾਈਆ । ਜੀਵਣ ਵਿਚੋਂ ਜ਼ਿੰਦਗੀ ਬਦਲ ਹਯਾਤੀ, ਹਿਰਦੇ
ਅੰਦਰ ਕਰੀ ਸਫ਼ਾਈਆ । ਜਿਧਰ ਵੇਖੇ ਓਧਰ ਨੂਰ ਅਲਾਹੀ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਚਾਰੋਂ ਕੁੰਟ ਧਰਤੀ ਖ਼ਾਕੀ,
ਧਵਲ ਰੋ ਕੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਹਿਬੂਬ ਮੁਹੱਬਤ ਵਿਚ
ਭੇਵ ਖੁਲ੍ਹਾਈਆ । ਨਾਨਕ ਕਿਰਪਾ ਕੀਤੀ ਅੰਤਰ, ਜੀਵਣ ਵੱਜੀ ਵਧਾਈਆ । ਖੁਲ੍ਹਿਆ ਭੇਵ ਨਿਰੰਤਰ, ਪੜਦਾ ਰਿਹਾ ਨਾ ਰਾਈਆ । ਵੜਿਆ
ਓਸ ਅੰਦਰ, ਜਿਥੇ ਤਾਰਾ ਚੰਦ ਨਾ ਕੋਇ ਰੁਸ਼ਨਾਈਆ । ਤੱਕਿਆ ਓਹ ਗਗਨੰਤਰ, ਚੌਦਾਂ ਤਬਕਾਂ ਪਰੇ ਰੁਸ਼ਨਾਈਆ । ਜਿਥੇ ਇਕੋ ਸਤਿ
ਦਾ ਮੰਤਰ, ਪੀਰ ਪੈਗ਼ੰਬਰ ਬਿਨ ਰਸਨਾ ਜਿਹਵਾ ਨਾਅਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ
ਦਏ ਖੁਲ੍ਹਾਈਆ । ਨਾਨਕ ਕਿਹਾ ਸੁਣ ਮੁਬੀਨ ਮੁਹੱਬਤ ਕ਼ਾਜ਼ੀ, ਕ਼ਜ਼ਾ ਤੋਂ ਪਰੇ ਦਿਆਂ ਸਮਝਾਈਆ । ਜਿਥੇ ਪਰਵਰਦਿਗਾਰ ਅਗੰਮ ਅਥਾਹ
ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਸੋਭਾ ਪਾਈਆ । ਜਿਸ ਦੀ ਮੰਜ਼ਲ ਚੜ੍ਹੇ ਨਾ ਕੋਇ ਨਮਾਜ਼ੀ, ਸਫ਼ਰੀ ਪੰਧ ਨਾ ਕੋਇ ਮੁਕਾਈਆ । ਜਿਥੇ ਮਹਿਰਾਬ
ਹੁਜਰਿਆਂ ਵਾਲੀ ਨਹੀਂ ਮਹਿਰਾਬੀ, ਮੰਬਰ ਮਨਾਰਾ ਨਜ਼ਰ ਕੋਇ ਨਾ ਆਈਆ । ਦੁਲਦੁਲ ਦਿਸੇ ਕੋਇ ਨਾ ਤਾਜੀ, ਮਕਬਰਾ ਸਾਰ ਨਾ ਕੋਇ
ਸਮਝਾਈਆ । ਓਥੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਆਦਾਬੀ, ਸਯਦਿਆਂ ਵਿਚ ਸੀਸ ਝੁਕਾਈਆ ।
ਮੇਰਾ ਖੇਲ ਓਸ ਦਾ ਜੋ ਆਦਿ ਜੁਗਾਦਿ ਜੁਗ ਚੌਕੜੀ ਆਪਣੀ ਰਜ਼ਾ ਵਿਚ ਰਾਜ਼ੀ, ਦੂਸਰ ਖੇਲ ਨਾ ਕੋਇ ਵਖਾਈਆ । ਕੀ ਹੋਇਆ ਤੂੰ ਵਸੇਂ
ਵਿਚ ਬਗ਼ਦਾਦੀ, ਬਗ਼ਲਗੀਰ ਮੁਹੰਮਦ ਧਿਆਨ ਲਗਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਇਕ ਇਮਦਾਦੀ, ਨਿਤ ਨਵਿਤ ਸਾਚਾ
ਸੰਗ ਨਿਭਾਈਆ । ਹੋਛੀ ਮਤਿ ਰਹਿਣ ਨਾ ਦੇਵੇ ਪਾਜੀ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਨਕ ਕਿਹਾ ਵੇਖ ਅਗੰਮ ਮਸੱਲਾ, ਹੱਕ ਦਿਆਂ ਦ੍ਰਿੜਾਈਆ ।

ਜਿਥੇ ਵਸੇ ਇਕ ਰਸੂਲ ਅੱਲਾ, ਆਲਮੀਨ ਡੇਰਾ ਲਾਈਆ । ਸੂਫ਼ੀਆਂ ਪਕੜਨ ਵਾਲਾ ਪੱਲਾ, ਵਾਹਦ ਜਲਵਾਗਰ ਨੂਰ ਰੁਸ਼ਨਾਈਆ । ਲੇਖਾ ਜਾਣੇ ਜਲਾ ਥਲਾ, ਘਟ ਭੀਤਰ ਖੋਜ ਖੁਜਾਈਆ । ਸੋ ਸਵਾਮੀ ਮੇਰੇ ਅੰਤਰ ਨਿਰਗੁਣ ਨੂਰ ਹੋ ਕੇ ਰਲਾ, ਜੋਤੀ ਜਾਤਾ ਡਗਮਗਾਈਆ । ਖ਼ਾਲੀ ਦਿਸੇ ਨਾ ਕੋਇ ਮਹੱਲਾ, ਮਹਿਬੂਬ ਮਿਹਰ ਨਜ਼ਰ ਆਪਣੀ ਨਾਲ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਭੇਵ ਖੁਲ੍ਹਾਈਆ । ਕ਼ਾਜ਼ੀ ਅੰਦਰੋਂ ਹੋਇਆ ਨਜ਼ਦੀਕ, ਨਿਮਰਤਾ ਵਿਚ ਧਿਆਨ ਲਗਾਈਆ । ਮੈਂ ਸਫ਼ਰੀ ਤੇਰਾ ਅਜ਼ੀਜ਼, ਢਹਿ ਢਹਿ ਲਾਗੇ ਪਾਈਂਆ । ਹੱਥਾਂ ਨਾਲ ਨਾ ਲਿਆ ਘਸੀਟ, ਟੰਗਾਂ ਚੁੱਕ ਨਾ ਕੋਇ ਬਦਲਾਈਆ । ਨਾਨਕ ਕਿਰਪਾ ਕਰ ਕੇ ਕਾਇਆ ਕਾਅਬਾ ਹੱਕ ਵਖਾਈ ਮਸੀਤ, ਮਸਲਾ ਅਗਲਾ ਹੱਲ ਕਰਾਈਆ । ਬਿਰਹੋਂ ਵਿਚ ਨਿਕਲ ਗਈ ਚੀਕ, ਜੀਵਣ ਰੋਵੇ ਮਾਰੇ ਧਾਹੀਆ । ਇਸ ਦੇ ਵਿਚ ਹੱਕ ਤੌਫ਼ੀਕ, ਤਾਰੀਫ਼ ਵਿਚ ਨੂਰ ਅਲਾਹੀਆ । ਜਿਸ ਦੀ ਕਲਮਾ ਕਰੇ ਤਸਦੀਕ, ਕ਼ੁਰਾਨ ਦਏ ਗਵਾਹੀਆ । ਮੇਰੀ ਮਨਸਾ ਆਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਧੁਰ ਦਾ ਕਲਮਾ ਦੱਸੇ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਪਤਤਾਂ ਕਰੇ ਪੁਨੀਤ, ਦੁਰਮਤ ਮੈਲ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਨਾਨਕ ਰੂਪ ਅਨੋਖਾ, ਸੇਲੀ ਟੋਪੀ ਸੀਸ ਸੁਹਾਈਆ । ਕਿਸੇ ਨਾਲ ਨਾ ਕਰਦਾ ਧੋਖਾ, ਧੋਖੇ ਵਾਲਿਆਂ ਲਏ ਤਰਾਈਆ । ਬਗ਼ਲ ਮਾਰ ਕ਼ੁਰਾਨ ਦਾ ਪੋਥਾ, ਤੀਸ ਬਤੀਸਾ ਸਿਫ਼ਤ ਸਾਲਾਹੀਆ । ਖੇਲ ਦੱਸੇ ਉਪਰ ਚੌਦਾਂ ਤਬਕਾਂ ਚੌਦਾਂ ਲੋਕਾ, ਪੜਦਾ ਉਹਲਾ ਆਪ ਉਠਾਈਆ । ਖ਼ੁਦਾ ਮਿਲਣ ਦਾ ਵਾਹਦ ਇਕੋ ਮੌਕਾ, ਮਾਣਸ ਜਨਮ ਰਿਹਾ ਸਮਝਾਈਆ । ਅੱਲਾ ਹੂ ਸਤਿ ਨਾਮ ਦਾ ਸਤਿ ਧਰਮ ਦਾ ਹੋਕਾ, ਹੁਕਮ ਇਕੋ ਬੇਪ੍ਰਵਾਹੀਆ । ਮਨ ਬੁੱਧੀ ਦੀ ਕਰੇ ਕੋਈ ਨਾ ਸੋਚਾ, ਅਨਭਵ ਵੇਖੇ ਨੂਰ ਅਲਾਹੀਆ । ਜਿਥੇ ਰੱਖਣਾ ਪਏ ਕੋਇ ਨਾ ਰੋਜ਼ਾ, ਰਮਜ਼ਾਨ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕੋ ਇਕ ਸੁਣਾਈਆ । ਨਾਨਕ ਕਿਹਾ ਸੁਣੋ ਮੁਹੰਮਦੀ ਮੀਤ, ਮਿਤ੍ਰ ਪਿਆਰਿਓ ਦਿਆਂ ਜਣਾਈਆ । ਓਸ ਮਹਿਬੂਬ ਦਾ ਵੇਖੋ ਕਾਅਬਾ ਹੱਕ ਮਸੀਤ, ਜਿਥੇ ਹੱਕੋ ਹੱਕ ਨਜ਼ਰੀ ਆਈਆ । ਅੰਤਰ ਵੜਦਿਆਂ ਬਦਲ ਜਾਵੇ ਨੀਤ, ਮਨ ਮਮਤਾ ਡੇਰਾ ਢਾਹੀਆ । ਤੂੰ ਮੇਰਾ ਮੇਰਾ ਤੇਰਾ ਅੰਤਰ ਉਪਜੇ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤਨ ਮਾਟੀ ਖ਼ਾਕ ਹੋਵੇ ਠੰਡੀ ਸੀਤ, ਅਗਨੀ ਤਤ ਦਏ ਗਵਾਈਆ । ਜਿਧਰ ਤੱਕੋ ਓਧਰ ਦੂਰ ਦੁਰਾਡਾ ਨੇਰਨ ਨੇਰਾ ਸਦਾ ਨਜ਼ਦੀਕ, ਨਿਰਗੁਣ ਸਰਗੁਣ ਆਪਣੀ ਖੇਲ ਖਿਲਾਈਆ । ਆਤਮ ਪਰਮਾਤਮ ਬਖ਼ਸ਼ੇ ਸਚ ਪ੍ਰੀਤ, ਅੱਲਾ ਹੂ ਅੱਨਾ ਹੂ ਹੂ ਹੂ ਆਪਣਾ ਭੇਵ ਚੁਕਾਈਆ । ਸਭ ਦੀ ਖ਼ੁਸ਼ ਕਰੇ ਤਬੀਅਤ, ਤਾਬੇਦਾਰੀ ਇਕ ਦ੍ਰਿੜਾਈਆ । ਸੁਣੋ ਮੇਰੀ ਸਚ ਨਸੀਹਤ, ਹੁਕਮ ਸੰਦੇਸੇ ਵਿਚ ਸਮਝਾਈਆ । ਹਿੰਦੂ ਮੁਸਲਿਮ ਇਕੋ ਜਿਹੀ ਅਹਿਮੀਅਤ, ਦੂਜੀ ਵੰਡ ਨਾ ਕੋਇ ਵੰਡਾਈਆ । ਕਿਸੇ ਦੀ ਬਦਲੇ ਨਾ ਕਦੇ ਬਦਨੀਅਤ, ਨੀਤੀਵਾਨ ਬਣਨਾ ਥਾਉਂ ਥਾਈਂਆ । ਸਚ ਖ਼ੁਦਾ ਸਚ ਮੁਰਸ਼ਦ ਹੱਕ ਮੁਰੀਦ ਸਭ ਦੇ ਅੰਦਰ ਨਿਰਗੁਣ ਨੂਰ ਜੋਤ ਅਸਲੀਅਤ, ਤਤ ਵਜੂਦ ਮਾਟੀ ਖ਼ਾਕ ਕੰਮ ਕਿਸੇ ਨਾ ਆਈਆ । ਪੜਦਾ ਖੋਲ੍ਹੇ ਵੇਖੇ ਜੋ ਮੁਹੰਮਦ ਕਰ ਕੇ ਗਿਆ ਵਸੀਅਤ, ਵਸਲ ਯਾਰ ਇਕੋ ਇਕ ਸਮਝਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਨਾਨਕ ਜੀਵਣ ਵਖਾਇਆ ਓਹ ਹੁਜਰਾ, ਜਿਥੇ ਹੁਜਤ ਨਾ ਕੋਇ ਕਰਾਈਆ । ਜਲਵਾਗਰ ਦਾ ਇਕੋ ਮੁਜਰਾ, ਨੂਰ ਨੁਰਾਨਾ ਨਾਚ ਨਚਾਈਆ । ਸ੍ਰਿਸ਼ਟੀ ਉਤੇ ਜਿਸ ਦਾ ਨਕਸ਼ਾ ਨਹੀਂ ਕੋਈ ਸ਼ਜਰਾ, ਨੈਣ ਅੱਖ ਨਾ ਕੋਇ ਸਮਝਾਈਆ । ਓਹ ਖੇਲ ਕਰੇ ਕਰੀਮ ਕ਼ਾਦਰ ਕ਼ਦਰਾ, ਕ਼ੁਦਰਤ ਦਾ ਮਾਲਕ ਨੂਰ ਇਲਾਹੀਆ । ਜੋ ਸਭ ਦੀਆਂ ਪੂਰੀਆਂ ਕਰੇ ਸੱਧਰਾਂ, ਅੰਤਰ ਅੰਤਰ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਵਿਚ ਰੂਪ ਧਰੇ ਕੋਈ ਨਾ ਵਖਰਾ, ਇਕੋ ਜੋਤ ਨੂਰ ਅਲਾਹੀਆ । ਜ਼ਰਾ ਵੇਖੋ ਨੌਵਾਂ ਖੋਲ੍ਹ ਕ਼ੁਰਾਨ ਦਾ ਪਤਰਾ, ਜਿਸ ਵਿਚ ਭੇਵ ਦਿਤਾ ਜਣਾਈਆ । ਬਿਨਾ ਹੱਕ ਨਾਮ ਹਕ਼ੀਕ਼ੀ ਕਲਮੇ ਤੋਂ ਮੁੱਲਾ ਸ਼ੇਖ਼ ਮੁਸਾਇਕ ਕ਼ਾਜ਼ੀ ਸਭ ਸੱਖਣਾ, ਤਨ ਵਜੂਦ ਸਚ ਰਬਾਬ ਨਾ ਕੋਇ ਵਜਾਈਆ । ਇਕੋ ਮੁਰਸ਼ਦ ਇਕੋ ਦੀ ਸਰਨੀ ਢਠਣਾ, ਇਕੋ ਗ੍ਰਿਹਿ ਇਕੋ ਮੰਦਰ ਇਕੋ ਘਰ ਇਕੋ ਦਵਾਰਾ ਦਏ ਵਖਾਈਆ । ਇਕੋ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਦਾ ਨਾਮ ਜਪਣਾ, ਇਕੋ ਦਾਤਾ ਸਿਫ਼ਤ ਸਾਲਾਹੀਆ । ਜਿਸ ਨੇ ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਧਾਰ ਰੱਖਣਾ, ਰੱਛਿਆ ਕਰੇ ਥਾਈਂ ਥਾਈਂਆ । ਜੀਵਣ ਨੀਵਣ ਨੀਵਾਂ ਹੋ ਕੇ ਚਰਨ ਧੂੜੀ ਖ਼ਾਕ ਲਾਵੇ ਮੱਥਣਾ, ਟਿੱਕਾ ਟਿਕਟਿਕੀ ਨਾਲ ਰਮਾਈਆ । ਨਾਨਕ ਸਚ ਤੇਰੇ ਦਵਾਰ ਵਸਣਾ, ਜਿਥੇ ਦੂਈ ਦਵੈਤ ਰਹੇ ਕੋਈ ਨਾ ਰਾਈਆ । ਨਾਨਕ ਹੱਸ ਕੇ ਕਿਹਾ ਤੇਰਾ ਮਾਲਕ ਓਹ ਪ੍ਰਭੂ ਸੁਲੱਖਣਾ, ਜਿਸ ਦੀਆਂ ਸੁੱਖਾਂ ਸੁੱਖ ਕੇ ਨਿਆਜ਼ਾਂ ਰਹੇ ਚੜ੍ਹਾਈਆ । ਅੰਤ ਅਖ਼ੀਰੀ ਓਸ ਨੇ ਲਹਿਣਾ ਦੇਣਾ ਮੇਰਾ ਪੂਰਾ ਕਰਨਾ ਫੇਰ ਜਨਮ ਲੈ ਵਿਚ ਪਟਨਾ, ਪੱਟੇਦਾਰੀ ਸਭ ਦੀ ਵੇਖ ਵਖਾਈਆ । ਫੇਰ ਤਨ ਵਜੂਦ ਦੀ ਕਰ ਕੇ ਘਟਨਾ, ਨਾਤਾ ਤੱਤਾਂ ਵਾਲਾ ਮਿਟਾਈਆ । ਜੋਤੀ ਜੋਤ ਸਰੂਪ ਹੋ ਕੇ ਸ਼ਬਦ ਨਗਾਰੇ ਜਿਸ ਦਾ ਡੰਕਾ ਵੱਜਣਾ, ਚੌਦਾਂ ਤਬਕ ਦਏ ਉਠਾਈਆ । ਜੀਵਣ ਓਸ ਵੇਲੇ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਦੋ ਜਹਾਨਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਇਕੋ ਨੱਸਣਾ, ਨਰ ਨਰਾਇਣ ਨਿਰਾਕਾਰ ਨਿਰਵੈਰ ਆਪਣੀ ਕਾਰ ਕਮਾਈਆ । ਤੇਰਾ ਲਹਿਣਾ ਦੇਣਾ ਮੁਕਾਵੇ ਹੱਥੋ ਹੱਥਣਾ, ਪੂਰਬ ਕਰਮਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਜੋ ਸੁਣ ਸੁਣਾ ਕੇ ਸੁਣ ਕੇ ਆਏ ਦਵਾਰੇ, ਦਰ ਮਾਂਗਤ ਸੀਸ ਨਿਵਾਈਆ । ਤਿਸ ਉਪਰ ਕਿਰਪਾ ਕਰੇ ਆਪ ਨਿਰੰਕਾਰੇ, ਨਿਰਗੁਣ ਨਿਰਵੈਰ ਵੇਖ ਵਖਾਈਆ । ਪੰਜ ਤਤ ਕਾਇਆ ਮਾਟੀ ਪੈਜ ਸਵਾਰੇ, ਦੁਰਮਤ ਅੰਦਰੋਂ ਮੈਲ ਧਵਾਈਆ । ਅੰਮ੍ਰਿਤ ਬਖ਼ਸ਼ੇ ਸਚ ਭੰਡਾਰੇ, ਨਿਝਰ ਝਿਰਨਾ ਆਪ ਚੁਆਈਆ । ਸ਼ਬਦ ਅਨਾਦ ਦਏ ਸੱਚੀ ਧੁਨਕਾਰੇ, ਅਨਹਦ ਰਾਗੀ ਰਾਗ ਸੁਣਾਈਆ । ਜੋਤੀ ਜੋਤ ਕਰੇ ਉਜਿਆਰੇ, ਆਤਮ ਬ੍ਰਹਮ ਬ੍ਰਹਮ ਰੁਸ਼ਨਾਈਆ । ਮੰਜ਼ਲ ਚਾੜ੍ਹੇ ਹੱਕ ਦਵਾਰੇ, ਜਿਥੇ ਸੂਰੀਆ ਚੰਨ ਨਜ਼ਰ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਦਿਸਣ ਪਨਿਹਾਰੇ, ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੈਗ਼ੰਬਰ ਨਿਉਂ ਨਿਉਂ ਕੱਢਣ ਹਾੜੇ, ਖ਼ਾਲੀ ਝੋਲੀਆਂ ਰਹੇ ਵਖਾਈਆ । ਓਹ ਦਵਾਰਾ ਏਕੰਕਾਰਾ ਸਚਖੰਡ ਸੱਚੀ ਸਰਕਾਰੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਦੇਂਦਾ ਆਇਆ ਜੁਗ ਚੌਕੜੀ ਵਾਰੋ ਵਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਭਗਤਾਂ ਨਾਲ ਕਰੇ ਹੱਕ ਪਿਆਰੇ, ਭਾਵ

ਭਗਤੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਬਖ਼ਸ਼ਣਹਾਰ ਇਕ ਸਰਨਾਈਆ । ਜੋ ਮੰਗਣ ਆਇਆ ਬਣ ਕੇ ਮੰਗਤਾ, ਅੰਤਰ ਆਤਮ ਧਿਆਨ ਲਗਾਈਆ । ਤਿਸ ਦਾ ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਭੇਵ ਖੁਲ੍ਹਾਏ ਬਣ ਕੇ ਬੋਧ ਅਗਾਧਾ ਪੰਡਤਾ, ਅਨਭਵ ਆਪਣੀ ਧਾਰ ਜਣਾਈਆ । ਝਗੜਾ ਮੁਕਾ ਕੇ ਜੇਰਜ ਅੰਡਤਾ, ਉਤਭੁਜ ਸੇਤਜ ਲੇਖਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਕਾਇਆ ਮੰਦਰ ਅੰਦਰ ਕਰੇ ਰੁਸ਼ਨਾਈਆ । ਸੁਣ ਸੁਣਾ ਕੇ ਜੋ ਆਏ ਨੱਠੇ, ਬਣ ਬਣ ਪਾਂਧੀ ਰਾਹੀਆ । ਕਿਰਪਾ ਕਰੇ ਪੁਰਖ ਸਮਰਥੇ, ਹਰਿ ਵੱਡਾ ਵਡ ਵਡਿਆਈਆ । ਨਾਮ ਪ੍ਰੀਤੀ ਕਾਇਆ ਚੋਲੀ ਰਤੇ, ਰੰਗ ਮਜੀਠ ਚੜ੍ਹਾਈਆ । ਆਤਮ ਪਰਮਾਤਮ ਨਾਤਾ ਜੋੜੇ ਸਕੇ, ਸਾਜਨ ਇਕੋ ਇਕ ਅਖਵਾਈਆ । ਲੱਖ ਚੁਰਾਸੀ ਵਿਚੋਂ ਕੱਢੇ, ਜਨਮ ਮਰਨ ਦਾ ਗੇੜ ਮੁਕਾਈਆ । ਸਚਖੰਡ ਦਵਾਰੇ ਆਪਣੇ ਛੱਡੇ, ਜਿਥੇ ਰਾਏ ਧਰਮ ਨਾ ਦਏ ਸਜ਼ਾਈਆ । ਨਾਮ ਨਿਧਾਨਾ ਨੌਬਤ ਵੱਜੇ, ਜਲਵਾ ਜੋਤ ਨੂਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਸੰਤ ਭਗਤ ਸੂਫ਼ੀ ਫ਼ਕੀਰ ਬੈਠੇ ਇਕੱਠੇ, ਆਸਣ ਸਿੰਘਾਸਣ ਸੋਭਾ ਪਾਈਆ । ਓਥੇ ਦੀਨ ਮਜ਼੍ਹਬ ਦੇ ਨਹੀਂ ਰੱਟੇ, ਜ਼ਾਤ ਪਾਤ ਨਾ ਕੋਇ ਲੜਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਸੱਚੀ ਸਰਕਾਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚ ਪ੍ਰੀਤੀ ਆਪਣੀ ਧਾਰ ਰਤੇ, ਰਤਨ ਅਮੋਲਕ ਗੁਰਮੁਖ ਹੀਰੇ ਲਏ ਬਣਾਈਆ । ਜੋ ਭਗਤ ਦਵਾਰੇ ਆਏ ਬਣ ਭਿਖਾਰੀ, ਭਿਖਕ ਭਿਛਿਆ ਦੇਵੇ ਚਾਈਂ ਚਾਈਂਆ । ਨਾਤਾ ਜੋੜ ਨਾਲ ਜੋਤ ਨਿਰੰਕਾਰੀ, ਨਿਰਾਕਾਰ ਸਾਕਾਰ ਮੇਲਾ ਮੇਲੇ ਸਹਿਜ ਸੁਭਾਈਆ । ਕਲਜੁਗ ਕੂੜੀ



ਕਿਰਿਆ ਗੜ੍ਹ ਤੋੜ ਹੰਕਾਰੀ, ਮਨ ਮਨਸਾ ਮਮਤਾ ਦਏ ਗਵਾਈਆ । ਨਾਦ ਸ਼ਬਦ ਦੇ ਧੁਨਕਾਰੀ, ਆਤਮ ਪਰਮਾਤਮ ਆਪਣਾ ਰਾਗ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਆਦਿ ਦੀ ਸੱਚੀ ਯਾਰੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਗੁਰ ਅਵਤਾਰ ਪੈਗ਼ੰਬਰ ਹੁਕਮੇ ਅੰਦਰ ਜੁਗ ਜੁਗ ਸੇਵਾਦਾਰੀ, ਚਾਕਰ ਆਪਣੀ ਕਾਰ ਕਮਾਈਆ । ਜਨ ਭਗਤਾਂ ਕਾਰਨ ਭਗਵਨ ਨਿਰਗੁਣ ਸਰਗੁਣ ਰੂਪ ਧਰੇ ਅਵਤਾਰੀ, ਅਵਤਰ ਆਪਣਾ ਵੇਸ ਵਟਾਈਆ । ਧੰਨ ਭਾਗ ਜੋ ਸਤਿਗੁਰ ਨਾਮ ਬਣੇ ਵਪਾਰੀ, ਵਣਜ ਇਕੋ ਹੱਟ ਜਣਾਈਆ । ਜਿਥੇ ਜਨਮ ਕਰਮ ਦੀ ਉਤਰੇ ਬੀਮਾਰੀ, ਕਰਮਾਂ ਦਾ ਰੋਗ ਰਹੇ ਨਾ ਰਾਈਆ । ਦੇਵਣਹਾਰਾ ਦਰਸ ਨੈਣ ਮੁੰਧਾਰੀ, ਨਿਜ ਨੇਤਰ ਅੱਖ ਖੁਲ੍ਹਾਈਆ । ਘਰ ਵਿਚ ਘਰ ਵਖਾ ਸੱਚਾ ਘਰ ਬਾਰੀ, ਦਸਮ ਦਵਾਰੀ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਇਆਂ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਵਜਦਾ ਵਾਜਾ, ਸੁਰ ਤਾਲ ਨਾਲ ਵਡਿਆਈਆ । ਗੀਤ ਗਾਇਆ ਗ਼ਰੀਬ ਨਿਵਾਜ਼ਾ, ਸਿਫ਼ਤਾਂ ਨਾਲ ਸਾਲਾਹੀਆ । ਨਾਉਂ ਸੁਣਿਆ ਗੋਬਿੰਦ ਜਿਸ ਦੇ ਸੀਸ ਉਤੇ ਤਾਜਾ, ਕਲਗੀ ਵਾਲਾ ਸੋਭਾ ਪਾਈਆ । ਦੋ ਜਹਾਨ ਰਾਜ ਮਹਾਰਾਜਾ, ਮਹਿਬੂਬ ਨੂਰ ਅਲਾਹੀਆ । ਜੋ ਲਹਿਣਾ ਦੇਣਾ ਜਾਣੇ ਸੰਤ ਸਾਧਾ, ਸਿਦਕ ਸਬੂਰੀ ਸਭ ਦੀ ਵੇਖ ਵਖਾਈਆ । ਜਿਸ ਕਲਜੁਗ ਅੰਤਮ ਰਚਿਆ ਆਪਣਾ ਕਾਜਾ, ਕਰਨੀ ਦਾ ਕਰਤਾ ਹੋ ਕੇ ਵੇਖ ਵਖਾਈਆ । ਨਿਰਗੁਣ ਨੂਰ ਜੋਤ ਪਰਕਾਸ਼ ਕਰੇ ਦੇਸ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਧੁਰ ਪ੍ਰੇਮ ਦਾ ਬਖ਼ਸ਼ ਅਨੁਰਾਗਾ, ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਨਾਲ ਤਬਲਾ, ਆਵਾਜ਼ ਆਪਣੀ ਰਿਹਾ ਸੁਣਾਈਆ । ਕਲਜੁਗ ਜੀਵ ਨਾਰ ਰਿਹੋ ਕੋਈ ਨਾ ਅਬਲਾ, ਮਾਲਕ ਇਕੋ ਲੈਣਾ ਪ੍ਰਨਾਈਆ । ਜਿਸ ਨੂੰ ਕਹਿੰਦੇ ਪਰਮੇਸ਼ਵਰ ਪਤਿ ਕਮਲਾ, ਕਵਲ ਨੈਣ ਧੁਰਦਰਗਾਹੀਆ । ਜੋ ਸਦਾ ਰਹਿਤ ਬਿਨ ਅਮਲਾਂ, ਕਰਮ ਕਾਂਡ ਵਿਚ ਕਦੇ ਨਾ ਆਈਆ । ਜਿਸ ਨੇ ਰੂਪ ਬਣਾਇਆ ਤ੍ਰੈਲੋਕੀ ਨਾਥ ਉਪਰ ਜਮਨਾ, ਤੱਟਾਂ ਉਤੇ ਖੇਲ ਖਿਲਾਈਆ । ਜਿਸ ਨੇ ਈਸਾ ਮੂਸਾ ਮੁਹੰਮਦ ਖਿਲਾਇਆ ਚਮਨਾ, ਗੁਲਸ਼ਨ ਉਮਤ ਦਿਤਾ ਮਹਿਕਾਈਆ । ਜਿਸ ਨੇ ਨਾਨਕ ਭੇਜਿਆ ਵਾਸਤੇ ਅਮਨਾ, ਸਿਦਕ ਸਬੂਰੀ ਝੋਲੀ ਪਾਈਆ । ਜਿਸ ਨੇ ਗੋਬਿੰਦ ਹੁਕਮ ਸੁਣਾਇਆ ਦੂਤਾਂ ਦੁਸ਼ਟਾਂ ਦੰਡਣਾ, ਖੰਡਾ ਖੜਗ ਇਕ ਚਮਕਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਸਭ ਨੂੰ ਦੱਸਣੀ ਇਕੋ ਬੰਦਨਾ, ਬੰਦਗੀ ਇਕੋ ਇਕ ਸਮਝਾਈਆ । ਆਤਮ ਬ੍ਰਹਮ ਦੇਣਾ ਅਨੰਦਨਾ, ਰਸਨਾ ਰਸ ਨਾ ਕੋਇ ਵਡਿਆਈਆ । ਸਾਚਾ ਨੂਰ ਚਮਕੌਣਾ ਚੰਦਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਾਚੇ ਗੁਰਮੁਖਾਂ ਲੌਣਾ ਅੰਗਨਾ, ਗੋਦੀ ਧੁਰ ਦੀ ਲੈਣਾ ਬਹਾਈਆ । ਸਾਚਾ ਨਾਮ ਕਿਸੇ ਦਵਾਰਿਉਂ ਪਏ ਨਾ ਮੰਗਣਾ, ਘਰ ਭੰਡਾਰਾ ਦੇਣਾ ਭਰਾਈਆ । ਤੇਰਾ ਨਾਉਂ ਸੂਰਾ ਸਰਬੰਗਣਾ, ਸਿਰ ਤੇਰੇ ਹੱਥ ਟਿਕਾਈਆ । ਗੋਬਿੰਦ ਦੀ ਮਹਿਮਾ ਕੀ ਕਰੇ ਲਾਲ ਨੰਦਨਾ, ਨੰਦ ਲਾਲ ਜੀ ਥੋੜ੍ਹੀ ਗਿਆ ਸੁਣਾਈਆ । ਫ਼ਾਰਸੀ ਦੇ ਦੋ ਚਾਰ ਅੱਖਰ ਜਿਸ ਨੂੰ ਦਿਤੇ ਗੰਢਣਾ, ਓਹ ਗੰਢ ਗਿਆ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਜੋੜੀ ਵਾਜਾ ਕਹੇ ਅਸਾਂ ਦੋਹਾਂ ਗਾਇਆ ਪ੍ਰਭ ਦਾ ਰਾਗ, ਨਾਨਕ ਨਾਮ ਵਡਿਆਈਆ । ਸਾਡੀ ਉਂਗਲਾਂ ਹੱਥਾਂ ਨਾਲ ਖੁਲ੍ਹ ਗਈ ਜਾਗ, ਸੋਈ ਸੁਰਤੀ ਲਈ ਅੰਗੜਾਈਆ । ਸਾਡੇ ਅੰਤਰ ਆਇਆ ਵੈਰਾਗ, ਵੈਰੀ ਦੁਸ਼ਮਨ ਬਾਹਰ ਕਢਾਈਆ । ਸਾਡੀ ਹੰਸ ਬੁੱਧੀ ਹੋਈ ਕਾਗ, ਜਿਸ ਵੇਲੇ ਨਾਦ ਸੁਣਿਆ ਧੁਰਦਰਗਾਹੀਆ । ਸਾਡਾ ਖੇੜਾ ਹੋਇਆ ਆਬਾਦ, ਕਾਇਆ ਵੱਜੀ ਵਧਾਈਆ । ਓਸੇ ਵੇਲੇ ਸਚ ਸਰਨਾਈ ਗਏ ਲਾਗ, ਨਿਵਣ ਸੁ ਅੱਖਰ ਸਿਖਿਆ ਆਪਣੇ ਵਿਚ ਸਮਾਈਆ । ਕਰ ਕੇ ਵਡ ਵਡ ਭਾਗ, ਭਾਗਾਂਵਾਲਾ ਆਪਣਾ ਆਪ ਬਣਾਈਆ । ਜਿਸ ਦਾ ਮੁਹੱਬਤ ਵਾਲਾ ਸ਼ਬਦੀ ਧਾਰ ਉਡਦਾ ਬਾਜ਼, ਬਾਜਾਂ ਵਾਲਾ ਹੋਏ ਸਹਾਈਆ । ਵਾਜਾ ਜੋੜੀ ਕਹੇ ਸੁਲੱਖਣੀ ਘੜੀ ਹੋਈ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਜਿਹੜੇ ਪ੍ਰੇਮ ਪ੍ਰੀਤੀ ਅੰਦਰ ਪਤਤ ਪੁਨੀਤੀ ਆਏ ਭਾਜ, ਭਜਨ ਬੰਦਗੀ ਦਿਤਾ ਸੁਣਾਈਆ । ਏਨ੍ਹਾਂ ਗੋਬਿੰਦ ਨਾਲ ਤਿੰਨ ਦਿਨ ਪਿਛਲੇ ਜਨਮ ਵਿਚ ਕੀਤਾ ਸੀ ਸਾਥ, ਆਪਣਾ ਸੰਗ ਬਣਾਈਆ । ਇਹ ਨਕਲੀਏ ਹੁੰਦੇ ਸੀ ਭਾਟ, ਸੋਭਾ ਸਤਿਗੁਰ ਘਰ ਸਮਝਾਈਆ । ਉਨ੍ਹਾਂ ਦਾ ਲੇਖਾ ਪੂਰਬ ਜਨਮ ਚੁਕਾਇਆ ਹੱਥੋ ਹਾਥ, ਬਾਕੀ ਅਵਰ ਨਾ ਕੋਇ ਰਖਾਈਆ । ਰਸਨਾ ਗਾਈ ਸਤਿਗੁਰ ਮਹਿੰਮਾ ਦੀ ਗਾਥ, ਲੇਖੇ ਪ੍ਰਭ ਸਾਚਾ ਲਏ ਲਗਾਈਆ । ਆਸਾ ਮਨਸਾ ਮਨ ਕਲਪਣਾ ਤੋਂ ਪਰੇ ਪੂਰੀ ਕਰੇ ਆਸ, ਪ੍ਰੇਮ ਮੁਹੱਬਤ ਪਿਆਰ ਵਿਚ ਸਤਿਗੁਰ ਦਰਸ ਦੀ ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਹਰ ਘਟ ਦੇਵਣਹਾਰਾ ਪ੍ਰਕਾਸ਼, ਅੰਧ ਅਗਿਆਨ ਵਿਚੋਂ ਆਪਣਾ ਨਾਮ ਕਰੇ ਰੁਸ਼ਨਾਈਆ ।


੫੮੨
੨੧

### ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਸਾਧੂ ਸਿੰਘ ਦੇ ਗ੍ਰਿਹ ਫਗਵਾੜਾ

ਸਦੀ ਚੌਧਵੀਂ ਕਹੇ ਮੈਨੂੰ ਦੱਸੇ ਫ਼ਲਕ ਵਾਲਾ ਸਤਾਰਾ, ਸਤਹ ਬੁਲੰਦੀ ਉਤੇ ਧਿਆਨ ਲਗਾਈਆ । ਦੂਰ ਦੁਰਾਡਾ ਚੰਦ ਕਰੇ ਇਸ਼ਾਰਾ, ਚੰਦ੍ਰਮਾ ਦੀ ਧਾਰ ਬੇਪ੍ਰਵਾਹੀਆ । ਦੋਹਾਂ ਦਾ ਕੀ ਲੇਖਾ ਵਿਚ ਸੰਸਾਰਾ, ਸੰਸਾਰ ਸਾਗਰ ਭੇਵ ਦੇਣਾ ਖੁਲ੍ਹਾਈਆ । ਜਿਸ ਕਾਰਨ ਨਿਰਗੁਣ ਧਾਰ ਆਇਆ ਦੁਬਾਰਾ, ਨਿਰਵੈਰ ਆਪਣਾ ਫੇਰਾ ਪਾਈਆ । ਕੀ ਕਰੇ ਖੇਲ ਸਚ ਨਿਰੰਕਾਰਾ, ਨਿਰਾਕਾਰ ਹੁਕਮ ਵਰਤਾਈਆ । ਲੱਖ ਚੁਰਾਸੀ ਵੇਖੇ ਜੀਵ ਗਵਾਰਾ, ਗਦਾਗਰ ਹੋ ਕੇ ਫੋਲ ਫੁਲਾਈਆ । ਜਿਹੜੇ ਕਰਦੇ ਚਰਨ ਕਵਲ ਨਿਮਸਕਾਰਾ, ਨਿਉਂ ਨਿਉਂ ਸੀਸ ਨਿਵਾਈਆ । ਓਨ੍ਹਾਂ ਮੇਲਾ ਮੇਲੇ ਸਚ ਦਰਬਾਰਾ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵੇਖਣ ਇਕ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਬੇਪ੍ਰਵਾਹੀਆ । ਚੰਦ ਸਿਤਾਰਾ ਕਹੇ ਕੀ ਖੇਲ ਕਰੇ ਭਗਵਾਨ, ਹਰਿ ਕਰਤਾ ਬੇਪ੍ਰਵਾਹੀਆ । ਕਿਉਂ ਸਾਡਾ ਉਠਾਏ ਨਿਸ਼ਾਨ, ਨਿਸ਼ਾਨੇ ਵਿਚ ਸਮਝਾਈਆ । ਅਸੀਂ ਸੁਣ ਕੇ ਹੋਏ ਹੈਰਾਨ, ਹੈਰਾਨੀ ਸਾਡੇ ਅੰਤਰ ਆਈਆ । ਸਾਡੀ ਚੁੱਕਣ ਲੱਗੀ ਕਾਣ, ਵੇਲਾ ਵਕ਼ਤ ਦਏ ਗਵਾਹੀਆ । ਮੁਹੰਮਦ ਸੁਣੇ ਨਾ ਕੋਇ ਫ਼ਰਮਾਨ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਈਆ । ਸਾਰੇ ਹੋਏ ਹੈਰਾਨ, ਹੈਰਾਨੀ ਅੰਦਰ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਵੇਖ ਵਖਾਈਆ । ਚੰਦ ਸਿਤਾਰ ਕਹੇ ਸਾਡਾ ਕਲਮੇ ਵਾਲਾ ਨਿਸ਼ਾਨ, ਕਾਇਨਾਤ ਉਡਾਈਆ । ਸਾਡਾ ਜੋਬਨ ਨੌਜਵਾਨ, ਨੂਰ ਨੁਰਾਨਾ ਸੋਭਾ ਪਾਈਆ । ਸਾਡਾ ਮੰਦਰ ਸਚ ਮਕਾਨ, ਸਚ ਦਵਾਰਾ ਇਕ ਵਖਾਈਆ । ਸਾਡਾ ਸਤਿਗੁਰ ਮਿਹਰਵਾਨ, ਮਹਿਬੂਬ ਧੁਰਦਰਗਾਹੀਆ । ਸਾਡਾ ਮਾਲਕ ਵਾਲੀ ਦੋ ਜਹਾਨ, ਜੁਗ ਚੌਕੜੀ ਵੇਖ ਵਖਾਈਆ । ਸਾਡਾ ਦਾਤਾ ਦੇਵੇ ਦਾਨ, ਦਇਆਵਾਨ ਝੋਲੀ ਆਪ ਭਰਾਈਆ । ਸਾਡਾ ਸਾਹਿਬ ਦੇਵੇ ਗਿਆਨ, ਬਿਨ ਅੱਖਰਾਂ ਕਰ ਪੜ੍ਹਾਈਆ । ਅਸੀਂ ਵੇਖ ਹੋਏ ਹੈਰਾਨ, ਹੈਰਾਨੀ ਸਾਡੇ ਅੰਦਰ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਭ ਦੀ ਕਰੇ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ ।

### ੨੩ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਮੀਤ ਸਿੰਘ ਦੇ ਗ੍ਰਿਹ ਫਰਾਲਾ ਜ਼ਿਲਾ ਜਲੰਧਰ

ਸਦੀ ਚੌਧਵੀਂ ਕਹੇ ਮੈਂ ਗਈ ਮੁਹੰਮਦ ਵਾਲੀ ਉਤੇ ਕ਼ਬਰ, ਮਕਬਰਾ ਵੇਖਿਆ ਚਾਈਂ ਚਾਈਂਆ । ਧਾਹੀਂ ਮਾਰ ਕੇ ਕਿਹਾ ਕਿੱਥੇ ਤੇਰਾ ਉਮਤ ਵਾਲਾ ਟੱਬਰ, ਸਾਕ ਸਨਬੰਧ ਮੁਖ ਛੁਪਾਈਆ । ਅਗੰਮੀ ਆਵਾਜ਼ ਆਈ ਨਿਗਾਹ ਮਾਰ ਵੱਲ ਸ਼ੇਰ ਬੱਬਰ, ਜੋ ਭੈ ਭਿਆਨਕ ਆਪਣੀ ਖੇਲ ਖਿਲਾਈਆ । ਥੋੜ੍ਹਾ ਸਮਾਂ ਕਰ ਹੋਰ ਸਬਰ, ਬੇਸਬਰੀ ਚਾਰੋਂ ਕੁੰਟ ਦਿਆਂ ਵਖਾਈਆ । ਮੇਰੀ ਬਦਲ ਰਹੀ ਨਜ਼ਰ, ਨਦਰੀ ਨਦਰ ਨਿਹਾਲ ਨਾ ਕੋਇ ਕਰਾਈਆ । ਕਿਸੇ ਦਾ ਰਹਿਣਾ ਨਹੀਂ ਕੋਈ ਕ਼ਦਰ, ਕ਼ੁਦਰਤ ਦਾ ਮਾਲਕ ਹੁਕਮ ਵਰਤਾਈਆ । ਚਾਰੋਂ ਕੁੰਟ ਪੈਣਾ ਗ਼ਦਰ, ਗਦਾਗਰ

ਹੋਵੇ ਲੋਕਾਈਆ । ਦੀਨਾਂ ਮਜ਼੍ਹਬਾਂ ਕਰਨਾ ਪੱਧਰ, ਹੱਦ ਬੰਨਾਂ ਵਿਚ ਨਾ ਕੋਇ ਅਟਕਾਈਆ । ਸਭ ਦੀ ਪੂਰੀ ਆਸਾ ਕਰਾਂ ਸੱਧਰ, ਸਦਮੇ ਸਭ ਦੇ ਵੇਖ ਵਖਾਈਆ । ਨੀ ਮੈਂ ਕੀ ਕਰਨ ਆਇਆ ਅਦਲ, ਇਨਸਾਫ਼ ਧੁਰ ਦਾ ਇਕ ਜਣਾਈਆ । ਦੀਨ ਦੁਨੀ ਦਾ ਖ਼ਾਕਾ ਦੇਣਾ ਬਦਲ, ਬਦਲਾ ਚੁਕਾਵਾਂ ਚਾਈਂ ਚਾਈਂਆ । ਸਚ ਦਵਾਰਾ ਇਕੋ ਦੱਸਾਂ ਲੰਘਣ, ਜਿਥੇ ਮੇਲਾ ਮਿਲੇ ਸ਼ਹਿਨਸ਼ਾਹੀਆ । ਧਰਮ ਧਾਰ ਵਖਾਵਾਂ ਪਲੰਘਨ, ਜਿਸ ਦੀ ਬਾਢੀ ਬਣਤ ਨਾ ਕੋਇ ਬਣਾਈਆ । ਨਾਮ ਨਿਧਾਨ ਵੱਜੇ ਮਰਦੰਗਣ, ਤੰਬੂਰਾ ਤੰਦ ਸਿਤਾਰ ਨਾ ਕੋਇ ਹਿਲਾਈਆ । ਕਰੇ ਖੇਲ ਸੂਰਾ ਸਰਬੰਗਨ, ਹਰਿ ਕਰਤਾ ਬੇਪ੍ਰਵਾਹੀਆ । ਸਦੀ ਚੌਧਵੀਂ ਸਭ ਨੂੰ ਦੱਸਾਂ ਇਕੋ ਬੰਦਨ, ਡੰਡਾਵਤ ਸੱਯਦਾ ਇਕ ਦ੍ਰਿੜਾਈਆ । ਭੇਵ ਚੁਕਾਵਾਂ ਖੰਡ ਬ੍ਰਹਿਮੰਡਣ, ਵਰਭੰਡਣ ਪੜਦਾ ਲਾਹੀਆ । ਝਗੜਾ ਰਹੇ ਨਾ ਕਾਇਆ ਮਾਟੀ ਬਦਨ, ਆਤਮ ਬ੍ਰਹਮ ਮੇਲਾ ਸਹਿਜ ਸੁਭਾਈਆ । ਚਰਨ ਧੂੜੀ ਕਰਾਵਾਂ ਇਕੋ ਮਜਨ, ਦੁਰਮਤ ਮੈਲ ਧੁਆਈਆ । ਸ੍ਰਿਸ਼ਟ ਸਬਾਈ ਬਣ ਕੇ ਸੱਜਣ, ਸਗਲਾ ਸੰਗੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਮੁਹੰਮਦ ਦੀ ਕ਼ਬਰ ਦੇ ਅੰਦਰ ਮਾਰੀ ਝਾਕੀ, ਆਪਣੀ ਅੱਖ ਚੁਰਾਈਆ । ਓਥੇ ਦਿਸਿਆ ਕੋਈ ਨਾ ਸਾਥੀ, ਮੇਰੀ ਰਾਮ ਦੁਹਾਈਆ । ਪੁੱਛੇ ਕੋਈ ਕਿਸੇ ਨਾ ਵਾਤੀ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਸੁਣਾਈ ਅਗੰਮੀ ਬਾਤੀ, ਫ਼ਰਮਾਨਾ ਧੁਰਦਰਗਾਹੀਆ । ਕਿਥੇ ਗਏ ਮੁਹੰਮਦਾ ਸਾਥੀ, ਸਗਲਾ ਸੰਗ ਤਜਾਈਆ । ਮੈਂ ਤੇਰੀ ਮੰਨਦੀ ਰਹੀ ਆਖੀ, ਆਖ਼ਰ ਤੋੜ ਨਿਭਾਈਆ । ਹੁਣ ਮਿਲ ਗਈ ਮੈਨੂੰ ਪਰਮ ਪੁਰਖ ਦੀ ਪਾਤੀ, ਸੁਨੇਹੜਾ ਦਿਤਾ ਸੁਣਾਈਆ । ਨਾਤਾ ਤੋੜ ਕੇ ਤਾਈ ਚਾਚੀ, ਮਾਸੀ ਫੁਫੀ ਦੇਣੀ ਤਜਾਈਆ । ਮੰਜ਼ਲ ਚੜ੍ਹ ਕੇ ਵੇਖ ਘਾਟੀ, ਚੌਦਾਂ ਤਬਕਾਂ ਪੰਧ ਮੁਕਾਈਆ । ਜਿਥੇ ਵਸੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਓਥੇ ਤੇਰੀ ਧਾਰ ਧਾਰ ਬਣਾਏ ਸਾਚੀ, ਸਚ ਸਚ ਵਡਿਆਈਆ । ਮੈਂ ਕੋਈ ਤਨ ਵਜੂਦ ਨਹੀਂ ਤਨ ਮਾਟੀ ਖ਼ਾਕੀ, ਰਜੋ ਤਮੋ ਸਤੋ ਨਾਲ ਵਡਿਆਈਆ । ਮੈਂ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ਤ ਕੀਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਕ਼ਬਰਸਤਾਨ ਵਿਚ ਦਿਸਿਆ ਇਕ ਰੁੱਕਾ, ਬਿਨ ਅੱਖਰਾਂ ਨਜ਼ਰੀ ਆਈਆ । ਇਕ ਮੂਧਾ ਉਲਟਿਆ ਹੁੱਕਾ, ਹੁਕਮ ਧੁਰ ਦਾ ਰਾਹ ਤਕਾਈਆ । ਜਿਸ ਦੇ ਵਿਚ ਨਹੀਂ ਕੋਈ ਤੁੱਕਾ, ਤੁਖ਼ਮ ਤਾਸੀਰ ਰਿਹਾ ਬਦਲਾਈਆ । ਇਕ ਰੂਪ ਦਿਸਿਆ ਚਾਰ ਜੁਗ ਦਾ ਭੁੱਖਾ, ਜਿਸ ਦੀ ਤ੍ਰਿਸ਼ਨਾ ਨਾ ਕੋਇ ਬੁਝਾਈਆ । ਇਕ ਬਿਨ ਛੱਪਰ ਛੰਨ ਤੋਂ ਦਿਸਿਆ ਝੁੱਗਾ, ਜੋ ਪਰਵਰਦਿਗਾਰ ਆਪ ਸੁਹਾਈਆ । ਹਜ਼ਰਤ ਮੁਹੰਮਦ ਹੋਇਆ ਬੁੱਢਾ, ਹੱਥ ਕਮਰ ਉਤੇ ਟਿਕਾਈਆ । ਹੱਥ ਵਿਚ ਫੜਿਆ ਮੋਟਾ ਗੁੱਦਾ, ਹੌਲੀ ਹੌਲੀ ਚਲੇ ਆਪਣਾ ਪੰਧ ਮੁਕਾਈਆ । ਪਤਾ ਨਹੀਂ ਕੀ ਹਾਲ ਹੋਣਾ ਉਤੇ ਬਸੁਧਾ, ਧਰਨੀ ਕੀ ਕੀ ਖੇਲ ਵਖਾਈਆ । ਪੁਰਖ ਅਕਾਲਾ ਬਦਲਣ ਵਾਲਾ ਜੁਗਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਦਾ ਸਮਝਿਆ ਕਿਸੇ ਨਾ ਮੁੱਦਾ, ਮੁੱਦਤਾਂ ਤੋਂ ਬੈਠੇ ਰਾਹ ਤਕਾਈਆ । ਓਹ ਅੰਤ ਅਖ਼ੀਰ ਆਪੇ ਪੁੱਜਾ, ਪੂਜਨੀਕ ਸ਼ਹਿਨਸ਼ਾਹੀਆ । ਜਿਸ ਦਾ ਖੇਲ ਰਹੇ ਨਾ ਲੁਕਾ, ਲੁਕ਼ਮਾਨ ਬੈਠਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ ।

ਸਦੀ ਚੌਧਵੀਂ ਕਹੇ ਮੈਂ ਕ਼ਬਰ ਦੇ ਅੰਦਰ ਵੇਖਿਆ ਪੜਦਾ, ਪਰਦਾਨਸ਼ੀਂ ਦਇਆ ਕਮਾਈਆ । ਜਗਤ ਜਹਾਨ ਤੱਕਿਆ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਕੂੜੇ ਵਹਿਣ ਵੇਖਿਆ ਹੜ੍ਹਦਾ, ਅੱਗੇ ਹੋ ਨਾ ਕੋਇ ਅਟਕਾਈਆ । ਪਰਦਾ ਖੁਲ੍ਹਿਆ ਕਿਸੇ ਨਾ ਸੱਚੇ ਦਰ ਦਾ, ਮੰਜ਼ਲ ਹੱਕ ਨਾ ਕੋਇ ਚੜ੍ਹਾਈਆ । ਮੁਰੀਦ ਮੁਰਸ਼ਦ ਸਾਥ ਜਾਵੇ ਛਡਦਾ, ਸੰਗੀ ਸੰਗ ਨਾ ਕੋਇ ਬਣਾਈਆ । ਨਾਤਾ ਮੁਕਦਾ ਜਾਵੇ ਮਾਸ ਨਾੜੀ ਹੱਡ ਦਾ, ਤਨ ਵਜੂਦ ਨਾ ਕੋਇ ਵਡਿਆਈਆ । ਮਾਰਗ ਮਿਲੇ ਨਾ ਸਾਚੇ ਪਦ ਦਾ, ਮੰਜ਼ਲ ਮਹਿਬੂਬ ਨਾ ਕੋਇ ਚੜ੍ਹਾਈਆ । ਨਜ਼ਾਰਾ ਤੱਕਿਆ ਕਲਜੁਗ ਬਦ ਦਾ, ਬਦੀ ਘਰ ਘਰ ਰਿਹਾ ਵਖਾਈਆ । ਖੇਲ ਵੇਖਿਆ ਦੀਨ ਮਜ੍ਹਬ ਦੀ ਹੱਦ ਦਾ, ਵੰਡਾਂ ਵਿਚ ਵੰਡੀਆਂ ਆਪ ਜਣਾਈਆ । ਨਜ਼ਾਰਾ ਵੇਖਿਆ ਓਸ ਪੁਰਖ ਸਮਰਥ ਦਾ, ਜੋ ਸਰਬ ਕਲਾ ਅਖਵਾਈਆ । ਜੋ ਜੁਗ ਜੁਗ ਪੈਜ ਰਖਦਾ, ਨਿਤ ਨਿਤ ਹੋਏ ਸਹਾਈਆ । ਗੁਰ ਅਵਤਾਰ ਪੈਗ਼ੰਬਰਾਂ ਮਾਰਗ ਦੱਸਦਾ, ਸ਼ਬਦ ਸੰਦੇਸ਼ੇ ਵਿਚ ਸੁਣਾਈਆ । ਅੰਤਮ ਖੇਲ ਕਰੇ ਹਕੀਕ਼ੀ ਹੱਕ ਦਾ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦਸ਼ਾ ਇਕ ਸੁਣਾਈਆ । ਮੁਹੰਮਦ ਦੀ ਕ਼ਬਰ ਕਹੇ ਸੁਣ ਸਦੀ ਚੌਧਵੀਂ ਬੁੱਢੜੀ ਮਾਈ, ਸਚ ਦਿਆਂ ਸੁਣਾਈਆ । ਮੇਰੀ ਪਰਦਿਆਂ ਵਿਚ ਦੁਹਾਈ, ਬਹੁੜੀ ਬਹੁੜੀ ਰਹੀ ਕੁਰਲਾਈਆ । ਮੁਹੰਮਦ ਦੀ ਸ਼ਰਅ ਬਣੀ ਕਸਾਈ, ਛੁਰੀਆਂ ਹੱਥਾਂ ਵਿਚ ਉਠਾਈਆ । ਉਮਤ ਹੋਣ ਲੱਗੀ ਜੁਦਾਈ, ਸਾਚਾ ਸੰਗ ਨਾ ਕੋਇ ਨਿਭਾਈਆ । ਜਿਹੜਾ ਗੋਬਿੰਦ ਬੂਟਾ ਪੁਟਿਆ ਕਾਹੀ, ਓਹ ਜੜ੍ਹ ਰਿਹਾ ਉਖੜਾਈਆ । ਜਿਹੜੇ ਬੱਚੇ ਨੀਹਾਂ ਹੇਠ ਦਬਾਈ, ਓਹ ਮੈਨੂੰ ਰਹੇ ਹਿਲਾਈਆ । ਮੇਰਾ ਅੰਤਰ ਖ਼ਾਲੀ ਵਿਚ ਵਸਤ ਕੋਇ ਨਾਹੀਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਧਰਮ ਆਪ ਉਪਜਾਈਆ । ਕ਼ਬਰ ਕਹੇ ਮੇਰੇ ਅੰਦਰ ਨਾ ਕੋਈ ਮਿੱਟੀ ਨਾ ਕੋਈ ਖ਼ਾਕ, ਹੱਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਮੈਂ ਮੁਰੀਦਾਂ ਮੁਰਦਾ ਹੋਣ ਦੀ ਦੱਸਾਂ ਜਾਚ, ਜੀਵਤ ਆਪਣਾ ਰੂਪ ਲਵੇ ਬਦਲਾਈਆ । ਧੁਰ ਦੇ ਮੁਰਸ਼ਦ ਦਾ ਰੱਖੋ ਸਦਾ ਸਾਥ, ਸਗਲਾ ਸੰਗ ਬਣਾਈਆ । ਸਦੀ ਚੌਧਵੀਂ ਆਈ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਮੁਹੰਮਦ ਦੀ ਮਹਰਮ ਵਾਲੀ ਖ਼ਾਹਿਸ਼, ਖ਼ਾਲਸ ਆਪਣਾ ਰੰਗ ਵਖਾਈਆ । ਜਿਸ ਦੀ ਸਾਰੇ ਕਰਨ ਤਲਾਸ਼, ਖੋਜਣ ਥਾਉਂ ਥਾਈਆ । ਓਹ ਕਰਨੀ ਦਾ ਕਰਤਾ ਕਰੇ ਜੋਤ ਪ੍ਰਕਾਸ਼, ਨਿਰਗੁਣ ਨੂਰ ਨੂਰ ਅਲਾਹੀਆ । ਪੈਗ਼ੰਬਰਾਂ ਕਰੇ ਦਾਸੀ ਦਾਸ, ਸੇਵਕ ਸੇਵਾ ਰੂਪ ਪ੍ਰਗਟਾਈਆ । ਮੇਰੇ ਅੰਦਰੋਂ ਸਭ ਕੁਛ ਰਿਹਾ ਭਾਖ, ਭਾਖਿਆ ਧੁਰ ਦੀ ਦੇਵਾਂ ਸੁਣਾਈਆ । ਮੁਹੰਮਦ ਦਾ ਪੂਰਾ ਹੋਣ ਲੱਗਾ ਭਵਿਖਤ ਵਾਕ, ਪੇਸ਼ੀਨਗੋਈ ਵੇਖ ਵਖਾਈਆ । ਮੇਰੇ ਅੰਦਰ ਕਿਸੇ ਨਬੀ ਦੀ ਛੁਪੀ ਨਹੀਂ ਕੋਈ ਜ਼ਾਤ, ਜਲਵਾ ਨੂਰ ਨਾ ਕੋਇ ਚਮਕਾਈਆ । ਮੈਂ ਤੇ ਧਰਤੀ ਵਿਚ ਪੁੱਟੀ ਖਾਡ, ਬੈਠੀ ਆਪਣਾ ਆਸਣ ਲਾਈਆ । ਈਸਾ ਮੇਰੇ ਵਿਚ ਵੜਨ ਲੱਗਿਆਂ ਤਿੰਨ ਵਾਰੀ ਮੁਖੋਂ ਕਿਹਾ ਗਾਡ, ਬਿਨਾ ਰੂਹ ਤੋਂ ਕਲਮਾ ਗਾਈਆ । ਮੁਹੰਮਦ ਅੰਦਰ ਵੜ ਕੇ ਕਿਹਾ ਮੈਨੂੰ ਵਾਹਦ, ਮੇਰਾ ਮਾਲਕ ਨੂਰ ਖ਼ੁਦਾਈਆ । ਮੈਨੂੰ ਇਕੋ ਗੱਲ ਮੁਹੰਮਦ ਦੀ ਰਹੀ ਯਾਦ, ਸੋ ਸਭ ਨੂੰ ਦਿਆਂ ਸੁਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਨੇ ਹੋਣਾ ਬਰਬਾਦ, ਬਦੀ ਕਰਨ ਵਾਲਾ ਰਹਿਣ ਕੋਇ ਨਾ ਪਾਈਆ । ਜਿਹੜਾ ਖ਼ੁਸ਼ੀਆਂ ਨਾਲ ਲਗਾਇਆ ਬਾਗ਼, ਗੁਲਸ਼ਨ ਮਾਤ ਮਹਿਕਾਈਆ । ਇਹਦਾ ਬੁਝਣਾ ਅੰਤ ਚਰਾਗ਼,

ਦੀਵਾ ਬਾਤੀ ਨਾ ਕੋਇ ਰੁਸ਼ਨਾਈਆ । ਕ਼ਬਰ ਕਹੇ ਇਹ ਮੇਰੀ ਧੀਮੀ ਜਿਹੀ ਆਵਾਜ਼, ਹੌਲੀ ਹੌਲੀ ਸੁਣਾਈਆ । ਸਾਰਾ ਛੱਬੀ ਪੋਹ ਨੂੰ ਦੱਸੂੰ ਰਾਜ਼, ਕੀ ਮੁਹੰਮਦ ਆਪਣੀ ਹਮਦ ਵਿਚ ਆਸਾ ਗਿਆ ਰਖਾਈਆ । ਕੀ ਨਾਨਕ ਨੇ ਨੌ ਫ਼ਿਕਰੇ ਬੋਲੇ ਵਿਚ ਬਗ਼ਦਾਦ, ਜਿਸ ਨੂੰ ਅੱਜ ਤਕ ਨਾ ਕੋਇ ਸਮਝਾਈਆ । ਕੀ ਨਗ਼ਮਾ ਕਿਹਾ ਜਿਸ ਵੇਲੇ ਗੋਬਿੰਦ ਨੇ ਉਂਗਲ ਉਤੋਂ ਉਡਾਇਆ ਬਾਜ਼, ਬਾਜਾਂ ਵਾਲੇ ਆਪਣਾ ਧਿਆਨ ਲਗਾਈਆ । ਕ਼ਬਰ ਕਹੇ ਮੈਂ ਸਭ ਦੀ ਸੁਣਦੀ ਰਹੀ ਆਵਾਜ਼, ਸੁਣ ਸੁਣ ਆਪਣਾ ਝਟ ਲੰਘਾਈਆ । ਇਕ ਦਿਨ ਸਾਰਿਆਂ ਕੱਠਿਆਂ ਕਿਹਾ ਸਾਡੇ ਮਾਲਕ ਦੇ ਸਿਰ ਤੇ ਹੋਣਾ ਤਾਜ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਦੇ ਅੱਗੇ ਨਾ ਕੋਈ ਸਵਾਲ ਨਾ ਕੋਈ ਜਵਾਬ, ਬੋਲਬਾਲਾ ਅੱਗੇ ਨਾ ਕੋਇ ਸੁਣਾਈਆ । ਸਾਰਿਆਂ ਝੁਕ ਝੁਕ ਕਰਨਾ ਆਦਾਬ, ਨਮਸਤਿਆਂ ਵਿਚ ਸੀਸ ਨਿਵਾਈਆ । ਕਬਰ ਕਹੇ ਮੁਹੰਮਦ ਨੇ ਹੋਰ ਦੱਸਿਆ ਓਸ ਦੇ ਕੋਲ ਅਗੰਮੀ ਕਿਤਾਬ, ਕੁਤਬਖ਼ਾਨੇ ਵਿਚ ਨਾ ਕੋਇ ਟਿਕਾਈਆ । ਜਿਸ ਦਾ ਲੇਖਾ ਨਹੀਂ ਹਿਸਾਬ, ਗਿਣਤੀ ਵਿਚ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕ਼ਬਰ ਕਹੇ ਮੁਹੰਮਦ ਨੇ ਤਿੰਨ ਵਾਰ ਕਿਹਾ ਅੱਲਾ ਮੇਰੇ ਅਹਿਬਾਬ, ਤੇਰੀ ਬੇਪ੍ਰਵਾਹੀਆ । ਮੇਰੇ ਪਿਛੋਂ ਨਾਨਕ ਆਵੇ ਲੈ ਕੇ ਤੇਰੀ ਰਬਾਬ, ਤੂੰ ਹੀ ਤੂੰ ਹੀ ਰਾਗ ਅਲਾਈਆ । ਨਾ ਓਹ ਸੰਤ ਹੋਵੇ ਨਾ ਓਹ ਜਗਤ ਵਾਲਾ ਸਾਧ, ਪੈਗ਼ੰਬਰਾਂ ਵਾਲਾ ਰੂਪ ਨਾ ਕੋਇ ਧਰਾਈਆ । ਨਾ ਓਹ ਹਕ਼ੀਕ਼ੀ ਹੋਵੇ ਨਾ ਹੋਵੇ ਇਸ਼ਕ ਮਜਾਜ਼, ਦੋਹਾਂ ਤੋਂ ਪਰੇ ਤੇਰਾ ਖੇਲ ਬੇਪ੍ਰਵਾਹੀਆ । ਓਹਨੂੰ ਬਖ਼ਸ਼ਣਾ ਓਹ ਖ਼ਤਾਬ, ਜੋ ਖ਼ਤਾ ਸਭ ਦੀ ਮੁਆਫ਼ ਕਰਾਈਆ । ਓਹ ਫਿਰ ਤੈਨੂੰ ਕਰੇ ਯਾਦ, ਤੇਰਾ ਧਿਆਨ ਲਗਾਈਆ । ਅੰਤਰ ਅੰਤਰ ਮਾਰ ਆਵਾਜ਼, ਪਰਵਰਦਿਗਾਰ ਦਏ ਸੁਣਾਈਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਣ ਲੱਗੇ ਬਰਬਾਦ, ਸਾਧਨਾ ਸਚ ਨਾ ਕੋਇ ਕਰਾਈਆ । ਦੀਨ ਦੁਨੀ ਦਾ ਵਿਗੜਨ ਲੱਗੇ ਸਮਾਜ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਸਹਾਈਆ । ਤੂੰ ਖੇਲ ਖਿਲੌਣਾ ਆਪ, ਆਪਣੀ ਦਇਆ ਕਮਾਈਆ । ਮੈਂ ਪਰਵਰਦਿਗਾਰ ਤੈਨੂੰ ਮੰਨਿਆ ਬਾਪ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਨਾਨਕ ਨੇ ਗੌਣਾ ਤੇਰਾ ਸੋਹੰ ਜਾਪ, ਆਸਾ ਮੁਹੰਮਦ ਇਕ ਜਣਾਈਆ । ਸਦੀ ਚੌਧਵੀਂ ਚਾਰੋਂ ਕੁੰਟ ਵਧਣਾ ਪਾਪ, ਪਤਤ ਪੁਨੀਤ ਨਾ ਕੋਇ ਕਰਾਈਆ । ਮਨੂਆ ਮਨ ਹੋਣਾ ਗੁਸਤਾਖ਼, ਮਨਮਤ ਕਰੇ ਲੜਾਈਆ । ਓਸ ਵੇਲੇ ਤੂੰ ਪ੍ਰਗਟ ਹੋਵੀਂ ਸਾਖਿਆਤ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਦਇਆ ਕਮਾਈਆ । ਝਗੜਾ ਮੁਕਾ ਦੇਈਂ ਦੀਨ ਮਜ਼੍ਹਬ ਕਾਗ਼ਜ਼ਾਤ, ਹਿੱਸਾ ਵੰਡ ਨਾ ਕੋਇ ਵਖਾਈਆ । ਸਾਨੂੰ ਸਭ ਨੂੰ ਦੇਈਂ ਸ਼ਾਬਾਸ਼, ਸਿਰ ਆਪਣਾ ਹੱਥ ਰਖਾਈਆ । ਅਸੀਂ ਤੱਕੀਏ ਤੇਰਾ ਨੂਰ ਜੋਤ ਪ੍ਰਕਾਸ਼, ਚਾਰੋਂ ਕੁੰਟ ਡਗਮਗਾਈਆ । ਕ਼ਬਰਾਂ ਵਿਚੋਂ ਪੈਗ਼ੰਬਰਾਂ ਨੂੰ ਕਰੀਂ ਖ਼ਲਾਸ, ਮਕ਼ਬਰਿਆਂ ਵਿਚ ਨਾ ਕੋਇ ਵਡਿਆਈਆ । ਸੰਤ ਸੁਹੇਲੇ ਕਰੀਂ ਤਲਾਸ਼, ਕਾਇਆ ਕਾਅਬਾ ਫੋਲ ਫੁਲਾਈਆ । ਕੂੜ ਕਲਪਣਾ ਕਰੀਂ ਫ਼ਾਸ਼, ਨਾਤਾ ਦੀਨ ਦੁਨੀ ਤੁੜਾਈਆ । ਮੇਰੀ ਇਕੋ ਆਸਾ ਮਨਸਾ ਇਕੋ ਅੰਤ ਅਖ਼ੀਰੀ ਸਾਸ, ਸਾਹ ਸਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਵਡਿਆਈਆ । ਮੁਹੰਮਦ ਕ਼ਬਰ ਕਹੇ ਤੂੰ ਸਾਰੇ ਕਰਨੇ ਕ਼ਾਬੂ, ਬਚਿਆ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਦਾ ਝਗੜਾ ਮੇਟਣਾ ਵਾਧੂ, ਵਾਧਲ ਰੂਪ ਨਾ ਕੋਇ ਦਰਸਾਈਆ । ਦੀਨ ਮਜ਼੍ਹਬ ਇਕ ਦੂਜੇ ਨਾਲ

ਮਿਲਾਵਣ ਬਾਜ਼ੂ, ਬਾਜ਼ੀਗਰ ਆਪਣਾ ਡੰਕ ਦੇਣਾ ਵਜਾਈਆ । ਤੇਰੇ ਭਗਤ ਧੁਰ ਦੇ ਹੋਣ ਸਾਧੂ, ਸਾਧਨਾ ਸਚ ਦੇਣੀ ਸਮਝਾਈਆ । ਜੋ ਜਨ ਸਰਨ ਸਰਨਾਈ ਤੇਰੀ ਲਾਗੂ, ਲਗ ਮਾਤਰ ਦਾ ਡੇਰਾ ਦੇਣਾ ਢਾਹੀਆ । ਤੇਰੇ ਧਰਮ ਦਵਾਰੇ ਸਤਿਜੁਗ ਵਿਚ ਕੋਇ ਨਾ ਪੀਏ ਤਮਾਕੂ, ਮੁਹੰਮਦ ਰੋ ਕੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਿਗਾਹ ਇਕ ਉਠਾਈਆ । ਮੁਹੰਮਦ ਕ਼ਬਰ ਕਹੇ ਪ੍ਰਭ ਮੇਟ ਦੇਣਾ ਤੂੰ ਧੱਬਾ, ਧੋਬੀ ਹੋ ਕੇ ਕਰੀਂ ਸਫ਼ਾਈਆ । ਸਚ ਪੈਗ਼ੰਬਰਾਂ ਦਾ ਬਣ ਕੇ ਅੱਬਾ, ਅੰਮੀ ਆਪਣੀ ਗੋਦ ਉਠਾਈਆ । ਤੇਰਾ ਨੂਰ ਜ਼ਹੂਰ ਜਲਵਾਗਰ ਖੇਲ ਹੋਵੇ ਬੱਗਾ, ਬਗ਼ਲਗੀਰ ਕਰੀਂ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਦਾ ਲੇਖੇ ਲਾ ਕੇ ਅੱਗਾ, ਅੱਗੇ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ ਨਾ ਕੋਈ ਬੱਕਰੀ ਗਾਂ ਖਾਏ ਢੱਗਾ, ਛੁਰੀ ਚਲੇ ਨਾ ਜਗਤ ਕਸਾਈਆ । ਸਾਰੇ ਮੰਨਣ ਤੇਰੀ ਰਜ਼ਾ, ਸਿਰ ਸਕੇ ਨਾ ਕੋਇ ਉਠਾਈਆ । ਅੰਮ੍ਰਿਤ ਰਸ ਦਾ ਦੇਣਾ ਮਜ਼ਾ, ਆਬੇਹਯਾਤ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦੀ ਚੌਧਵੀਂ ਕਹੇ ਨੌ ਗੁਰਮੁਖ ਚੜ੍ਹੇ ਹੋਣ ਉਪਰ ਗੱਡਾ, ਗਾਈਡ ਗਾਡ ਵੇਖ ਵਖਾਈਆ ।

### ❊ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਨਸਾ ਸਿੰਘ ਦੇ ਗ੍ਰਿਹ ਫਰਾਲਾ ਜ਼ਿਲਾ ਜਲੰਧਰ ❊

ਸਦੀ ਚੌਧਵੀਂ ਕਹੇ ਮੁਹੰਮਦ ਕ਼ਬਰ ਚੌਦਾਂ ਹੱਥ ਡੂੰਘੀ, ਚੌਦਸ ਚੰਦ ਚਮਕਾਈਆ । ਜਿਸ ਦੇ ਨਾਲ ਰੱਖੀ ਇਕ ਖੂੰਡੀ, ਕ਼ਦਮਾਂ ਨਾਲ ਛੁਹਾਈਆ । ਇਕ ਰੇਤ ਦੀ ਭਰ ਕੇ ਚੂੰਡੀ, ਦੋਹਾਂ ਚਰਨਾਂ ਵਿਚ ਰਖਾਈਆ । ਢਾਈ ਫੁਟ ਦੀ ਕੋਲ ਟਿਕਾਈ ਤੂੰਬੀ, ਲਹਿੰਦੀ ਦਿਸ਼ਾ ਸੋਭਾ ਪਾਈਆ । ਇਕ ਪੋਟਲੀ ਰੱਖੀ ਸਵਾ ਪਾ ਰੂੰ ਦੀ, ਚਿੱਟੀ ਸਫ਼ੈਦ ਦਿਤੀ ਟਿਕਾਈਆ । ਇਕ ਬੇੜੀ ਰੱਖੀ ਨਬੀ ਨੂਹ ਦੀ, ਛੋਟੀ ਜੇਹੀ ਬਣਾਈਆ । ਇਕ ਲੱਜ ਟਿਕਾਈ ਨਾਲ ਖੂਹ ਦੀ, ਮੋਟੀ ਪਤਲੀ ਨਾ ਕੋਇ ਸਮਝਾਈਆ । ਇਕ ਬੇਰੀ ਟਾਹਣੀ ਲਿਆਂਦੀ ਜੂਹ ਦੀ, ਜੰਗਲ ਵਿਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਮੁਹੰਮਦ ਨੂੰ ਕੀਤਾ ਦਫ਼ਨ, ਦਫ਼ਾ ਦਫ਼ਤਰ ਵਿਚ ਲਗਾਈਆ । ਚਾਰ ਕੰਨੀਆਂ ਵਾਲਾ ਉਤੇ ਪਾਇਆ ਕਫ਼ਨ, ਚਾਰੋਂ ਤਰਫ਼ ਰੰਗ ਰੰਗਾਈਆ । ਉਪਰ ਕਿਉੜਾ ਲੱਗਾ ਬਰਸਣ, ਗੁਲ ਰੂਪ ਮਹਿਕਾਈਆ । ਮੁਰੀਦਾਂ ਕੀਤਾ ਦਰਸ਼ਨ, ਪਰਦਾ ਠੋਡੀ ਤੋਂ ਉਪਰ ਉਠਾਈਆ । ਸਭ ਦਾ ਦਿਲ ਲੱਗਾ ਭਟਕਣ, ਹੌਕਿਆਂ ਵਿਚ ਹਿਲਾਈਆ । ਉਸ ਵੇਲੇ ਬੱਦਲ ਲੱਗਾ ਸੀ ਗਰਜਣ, ਘਨਘੋਰ ਘਟਾ ਛਾਈਆ । ਸੂਫ਼ੀ ਫ਼ਕੀਰਾਂ ਦਾ ਟੋਲਾ ਸੀ ਇਕ ਦਰਜਨ, ਬਾਰਾਂ ਮਸਤ ਨਜ਼ਰੀ ਆਈਆ । ਓਹ ਕਰਨ ਲੱਗੇ ਅਰਜ਼ਨ, ਖ਼ੁਦ ਖ਼ੁਦਾ ਤੇਰੀ ਬੇਪ੍ਰਵਾਹੀਆ । ਇਹ ਖੇਲ ਤੇਰਾ ਅਸਚਰਜਨ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਕਰਾਂ ਕੀ ਤਅਰੀਫ਼, ਸਿਫ਼ਤਾਂ ਵਿਚ ਸਾਲਾਹੀਆ । ਕ਼ਬਰ ਦੇ ਕੋਲ ਆਇਆ ਇਕ ਜ਼ਈਫ਼, ਜ਼ਈਫ਼ਉਲਉਮਰ ਨਜ਼ਰੀ ਆਈਆ । ਉਸ ਦੇ ਹੱਥ ਵਿਚ ਫੜੀ ਨਿੱਕੀ ਜਿਹੀ ਮਸੀਤ, ਹੁਜਰਾਂ ਹੱਥਾਂ ਨਾਲ ਬਣਾਈਆ । ਇਕ ਵਲਜ਼ਾਜ਼ੂ ਲਿਖਿਆ ਅੱਖਰ ਉਤੇ ਤਵੀਤ, ਤਾਜ਼ਾ ਲਿਆ

ਬਣਾਈਆ । ਮੁਖੋਂ ਕਹੇ ਮੁਹੰਮਦਾ ਤੂੰ ਤੇ ਰਾਜ਼ੀ ਕਰਦਾ ਸੈਂ ਮਰੀਜ਼, ਕਿਉਂ ਮੁਰਦਾ ਹੋ ਕੇ ਗੋਰ ਸਮਾਈਆ । ਨਾਲ ਸਪਾਰੇ ਪੜ੍ਹ ਕੁਰਾਨ ਮਜੀਦ, ਮੁਖੋਂ ਰਿਹਾ ਅਲਾਈਆ । ਜਿਸ ਖ਼ੁਦਾ ਦੀ ਕਰ ਕੇ ਗਿਉਂ ਤਾਈਦ, ਉਹਦਾ ਪੜਦਾ ਕਵਣ ਉਠਾਈਆ । ਹੁਕਮੇ ਅੰਦਰ ਕੀਤੀ ਤਾਕੀਦ, ਫ਼ਰਮਾਨਿਆਂ ਵਿਚ ਜਣਾਈਆ । ਆਪ ਓਸ ਦਾ ਬਣ ਕੇ ਅਜ਼ੀਜ਼, ਸੇਵਾ ਆਜ਼ਮ ਵਾਲੀ ਕਮਾਈਆ । ਅੱਖਰਾਂ ਦਾ ਬਣ ਹਫ਼ੀਜ਼, ਹਰਫ਼ ਹਿਫ਼ਜ਼ ਗਿਆ ਕਰਾਈਆ । ਕਿਹੜਾ ਲੁਤਫ਼ ਤੇ ਕਿਹੜਾ ਲਤੀਫ਼, ਲਤੀਫ਼ਾ ਅਗਲਾ ਕਵਣ ਸਮਝਾਈਆ । ਕਿਉਂ ਤੱਤਾਂ ਤੁੱਟੀ ਪ੍ਰੀਤ, ਰੂਹ ਕੀਤੀ ਜੁਦਾਈਆ । ਤਨ ਹੋਇਆ ਕਿਉਂ ਪਲੀਤ, ਖ਼ਾਕ ਵਿਚ ਦਬਾਈਆ । ਕਿਧਰ ਗਈ ਤੇਰੀ ਬਖ਼ਸ਼ੀਸ਼, ਰਹਿਮਤ ਨੂਰ ਅਲਾਹੀਆ । ਜਿਸ ਦੇ ਚਰਨਾਂ ਕ਼ਦਮਾਂ ਝੁਕਦਾ ਸੀਸ, ਕਿਉਂ ਚਲਿਆ ਖ਼ਾਕ ਲੁਕਾਈਆ । ਵੜ ਬੈਠੋਂ ਕਾਇਆ ਮਾਟੀ ਰੱਖਕੇ ਕ਼ਬਰਾਂ ਬੀਚ, ਮਕਬਰਿਆਂ ਵਿਚ ਸਾਲਾਹੀਆ । ਫੇਰ ਕਰੀਏ ਕਦੋਂ ਉਡੀਕ, ਸਚ ਦੇਣਾ ਸਮਝਾਈਆ । ਮੁਹੰਮਦ ਆਸ਼ਾ ਕਹੇ ਮੈਂ ਨਾਚੀਜ਼, ਜਗਤ ਨਿਮਾਣੀ ਸੇਵ ਕਮਾਈਆ । ਮੇਰੇ ਅਮਾਮ ਦੀ ਰੱਖੋ ਉਮੀਦ, ਜੋ ਅਮਲਾਂ ਤੋਂ ਬਾਹਰ ਨੂਰ ਖ਼ੁਦਾਈਆ । ਸਦੀ ਚੌਧਵੀਂ ਜਾਣ ਦਿਓ ਬੀਤ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਫਿਰ ਆਪੇ ਆਵੇ ਸਾਹਿਬ ਪਰਵਰਦਿਗਾਰ ਜੋ ਲਹਿਣਾ ਦੇਣਾ ਮੁਕਾਏ ਅਬਲੀਸ, ਚਾਰ ਯਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਠਾਂਡਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਕ਼ਬਰ ਵਿਚ ਦੋ ਕਬੂਤਰ ਦੇ ਰੱਖੇ ਖੰਬ, ਸੱਜੇ ਖੱਬੇ ਟਿਕਾਈਆ । ਨੌ ਪੱਤੇ ਰੱਖੇ ਅੰਬ, ਦੂਰ ਦੁਰਾਡੇ ਲਏ ਮੰਗਾਈਆ । ਇਕ ਟੋਟਾ ਰੱਖਿਆ ਨਾਲ ਚੰਮ, ਸਵਾ ਹੱਥ ਸੋਭਾ ਪਾਈਆ । ਇਕ ਲਿਖ ਕੇ ਰੱਖਿਆ ਖ਼ੁਸ਼ੀ ਗ਼ਮ, ਦੋਵੇਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਕ਼ਬਰ ਵਿਚ ਸਵਾ ਪਾ ਰੱਖੀ ਨਿਆਜ਼, ਸੱਤਾਂ ਰੰਗਾਂ ਸੋਭਾ ਪਾਈਆ । ਇਕ ਤਾਂਬੇ ਦਾ ਰੱਖਿਆ ਏਜ਼ਾਜ਼, ਮੁਹੰਮਦ ਅਹਿਮਦ ਨਾਮ ਲਿਖਾਈਆ । ਇਕ ਯਸੂ ਸੁਹਾਇਆ ਕਰਾਸ, ਸੱਜੇ ਹੱਥ ਨਾਲ ਛੁਹਾਈਆ । ਇਕ ਪਾਣੀ ਦਾ ਭਰ ਗਲਾਸ, ਸੀਸ ਨਾਲ ਟਿਕਾਈਆ । ਇਕ ਟੁਕੜਾ ਰੱਖ ਕੇ ਚਾਕ, ਆਪਣੀ ਖ਼ੁਸ਼ੀ ਬਣਾਈਆ । ਇਕ ਫੱਟੀ ਰੱਖ ਕੇ ਤਾਕ, ਖਿੜਕੀ ਦਿਤੀ ਸੁਹਾਈਆ । ਇਕ ਕੋਰੀ ਰੱਖ ਕਿਤਾਬ, ਕਾਨੀ ਕ਼ਲਮ ਨਾਲ ਟਿਕਾਈਆ । ਇਕ ਚਾਰ ਮੁਰੀਦਾਂ ਸਿਰ ਤੋਂ ਪੁੱਟ ਕੇ ਝਾਟ, ਵਾਲ ਪੰਜ ਪੰਜ ਟਿਕਾਈਆ । ਇਕ ਟੁੱਟੀ ਰੱਸੀ ਕੱਢਕੇ ਵਿਚੋਂ ਖਾਟ, ਅੰਦਰ ਦਿਤੀ ਰਖਾਈਆ । ਇਕ ਨੀਲਾ ਰੂਪ ਬਣਾ ਆਕਾਸ਼, ਗੱਤੇ ਉਤੇ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਕਬਰ ਅੰਦਰ ਰੱਖਿਆ ਰੰਗ ਨੀਲਾ, ਨੀਲਮ ਵਿਚੋਂ ਵੰਡ ਵੰਡਾਈਆ । ਸਵਾ ਗਿਠ ਦਾ ਰੱਖਿਆ ਤੀਲਾ, ਮਾਸ਼ੇ ਨੌ ਵਜ਼ਨ ਸਮਝਾਈਆ । ਇਕ ਦੋਪੱਟਾ ਧਰਿਆ ਗੀਲਾ, ਢਾਈ ਗਜ਼ ਵੰਡ ਵੰਡਾਈਆ । ਇਕ ਅੱਖਰਾਂ ਦਾ ਬਣਾ ਕ਼ਬੀਲਾ, ਉਮਤ ਨਬੀ ਨਾਲ ਮਿਲਾਈਆ । ਇਕ ਬਸਤਰ ਰੰਗ ਕੇ ਪੀਲਾ, ਥੱਲੇ ਦਿਤਾ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾੜ੍ਹਨਹਾਰਾ ਰੰਗ ਭੀਨਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।

## ✻ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਚਰਨ ਕੌਰ ਦੇ ਗ੍ਰਿਹ ਫਰਾਲਾ ਜ਼ਿਲਾ ਜਲੰਧਰ ✻

ਸਦੀ ਚੌਧਵੀਂ ਕਹੇ ਮੁਹੰਮਦ ਨੂੰ ਅੰਤ ਵੇਲੇ ਹੋਈ ਦਰਦ, ਦਰਦ ਦਰਦ ਵਿਚੋਂ ਉਪਜਾਈਆ । ਓਸੇ ਵੇਲੇ ਓਹਨੂੰ ਨਜ਼ਰੀ ਆਈ ਚੌਦਾਂ ਤਬਕ ਦੀ ਫ਼ਰਦ, ਲੇਖਾ ਵੇਖਿਆ ਥਾਉਂ ਥਾਈਂਆ । ਨਾਲ ਚਮਕਦੀ ਦਿਸੀ ਕਰਦ, ਜੋ ਸ਼ਰਅ ਕਸਾਈ ਰੂਪ ਵਟਾਈਆ । ਅੰਤ ਉਡਦੀ ਦਿਸੀ ਗਰਦ, ਅੰਧ ਅੰਧੇਰ ਲੋਕਾਈਆ । ਪ੍ਰਗਟ ਵੇਖਿਆ ਸੂਰਬੀਰ ਮਰਦਾਨਾ ਮਰਦ, ਅਕਲ ਕਲਧਾਰੀ ਨੂਰ ਅਲਾਹੀਆ । ਆਪਾ ਹੋਇਆ ਜ਼ਰਦ, ਲਾਲੀ ਰਹੀ ਨਾ ਰਾਈਆ । ਨਿਗਾਹ ਮਾਰੀ ਉਮਤ ਕੋਲ ਨਹੀਂ ਕੋਈ ਖਰਚ, ਕਲਮਾ ਹੱਕ ਨਜ਼ਰ ਕੋਇ ਨਾ ਆਈਆ । ਖ਼ਾਲੀ ਵੇਖੇ ਚਰਚ, ਚਰਾਗਾਹਾਂ ਵਿਚ ਦੁਹਾਈਆ । ਤੱਕਿਆ ਉਪਰ ਫ਼ਰਸ਼, ਫ਼ਲਕ ਪਰੇ ਰੁਸ਼ਨਾਈਆ । ਝਾਤੀ ਮਾਰੀ ਖ਼ਲਕ, ਚਾਰੋਂ ਕੁੰਟ ਦੁਹਾਈਆ । ਪੁੱਠੀ ਹੋਈ ਨਰਦ, ਸਾਰਪਾਸ਼ਾ ਰਿਹਾ ਸਮਝਾਈਆ । ਆਵਾਜ਼ ਸੁਣੀ ਗਰਜ, ਫ਼ਰਮਾਨਾ ਧੁਰਦਰਗਾਹੀਆ । ਕੁਛ ਅੰਤ ਕਰ ਲਾ ਅਰਜ਼, ਆਰਜ਼ੂ ਦੇ ਦ੍ਰਿੜਾਈਆ । ਅਗਲਾ ਖੇਲ ਵੇਖ ਅਸਚਰਜ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਤੱਕਿਆ ਅਜਬ ਨਜ਼ਾਰਾ, ਅਮੀਰ ਗ਼ਰੀਬ ਵੇਖ ਵਖਾਈਆ । ਸਦੀ ਦਾ ਸਦਮੇ ਵਾਲਾ ਕਿਨਾਰਾ, ਆਅਲਾ ਅਦਨਾ ਰਿਹਾ ਕੁਰਲਾਈਆ । ਕਰੇ ਖੇਲ ਪਰਵਰਦਿਗਾਰਾ, ਪਾਰਬ੍ਰਹਮ ਬੇਪ੍ਰਵਾਹੀਆ । ਜੋ ਨਿਰਗੁਣ ਧਾਰ ਲਏ ਅਵਤਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਖੇਲ ਵੇਖੇ ਵਿਚ ਸੰਸਾਰਾ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਵੇਸ ਵਟਾ ਕੇ ਆਪ ਦੁਬਾਰਾ, ਦੋ ਜਹਾਨਾਂ ਪੜਦਾ ਲਾਹੀਆ । ਲਹਿਣਾ ਚੁਕਾ ਤੇਈ ਅਵਤਾਰਾ, ਮੂਸਾ ਈਸਾ ਮੁਹੰਮਦ ਲੇਖਾ ਝੋਲੀ ਪਾਈਆ । ਅੱਗੇ ਵੇਖਿਆ ਦਸਾਂ ਗੁਰੂਆਂ ਦਾ ਪਸਾਰਾ, ਨਾਨਕ ਗੋਬਿੰਦ ਵੱਜੇ ਵਧਾਈਆ । ਇਸ ਤੋਂ ਪਰੇ ਅਮਾਮਾਂ ਦਾ ਅਮਾਮ ਬਣ ਸਿਕਦਾਰਾ, ਸ਼ਾਹੋ ਭੂਪ ਖੇਲ ਖਿਲਾਈਆ । ਜਿਸ ਨੂੰ ਕਹਿੰਦੇ ਕਹਿਣਗੇ ਕਲਕੀ ਅਵਤਾਰਾ, ਕਲ ਆਪਣੀ ਕਾਰ ਕਮਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰ ਗ੍ਰਿਫ਼ਤਾਰਾ, ਫ਼ਰਿਸ਼ਤਿਆਂ ਦਾ ਇਸ਼ਟ ਦਏ ਬਦਲਾਈਆ । ਚਾਰ ਜੁਗ ਦੀ ਬਦਲ ਕੇ ਧਰਮ ਧਾਰ ਦੀ ਧਾਰਾ, ਦਫ਼ਾ ਆਪਣੀ ਇਕ ਸਮਝਾਈਆ । ਜਿਸ ਦਾ ਲੇਖ ਲਿਖੇ ਆਪਣੇ ਹੁਕਮ ਨਾਮ ਨਾਲ ਇਸ਼ਾਰਾ, ਬੁੱਧੀ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਦੇ ਅੰਤਰ ਪਈ ਚੀਸ, ਦੁੱਖ ਦਿਤਾ ਸਤਾਈਆ । ਵੱਟ ਕੇ ਹੱਕ ਕਸੀਸ, ਕ਼ਸਮ ਖਾ ਕੇ ਦਿਤਾ ਜਣਾਈਆ । ਮੇਰੇ ਸਾਹਿਬ ਸਵਾਮੀ ਜਗਦੀਸ਼, ਤੇਰੀ ਬੇਪ੍ਰਵਾਹੀਆ । ਮੈਂ ਬਿਨਾ ਖੰਜਰ ਤੋਂ ਹੋਣ ਲੱਗਾ ਸ਼ਹੀਦ, ਸ਼ਹਾਦਤ ਦਿਆਂ ਭੁਗਤਾਈਆ । ਮੇਰੀ ਮਨਸਾ ਪੂਰੀ ਕਰਨੀ ਉਮੀਦ, ਆਮਦ ਵਿਚ ਤੇਰਾ ਰਾਹ ਤਕਾਈਆ । ਹੁਣ ਸੌਣਾ ਮੁਹੱਬਤ ਵਾਲੀ ਨੀਂਦ, ਗ਼ਫ਼ਲਤ ਗ਼ਾਫ਼ਲ ਰਹੇ ਨਾ ਰਾਈਆ । ਮੈਂ ਬਰਦਾ ਤੇਰਾ ਨਾਚੀਜ਼, ਅਜ਼ੀਜ਼ ਬਣ ਕੇ ਸੇਵ ਕਮਾਈਆ । ਮੇਰੇ ਕਲਮੇ ਦੀ ਕਰੀਂ ਤਸਦੀਕ਼, ਮਿਹਰ ਨਜ਼ਰ ਇਕ ਉਠਾਈਆ । ਚੌਦਾਂ ਸਦੀਆਂ ਦਿਸਣ ਨਜ਼ਦੀਕ, ਪੈਂਡਾ ਦੂਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦੇ ਅੰਦਰ ਪਈ

ਹੁੱਕ, ਹੂ ਅੱਲਾ ਅੱਲਾ ਹੂ ਨਾਅਰਾ ਦਿਤਾ ਲਾਈਆ । ਉਹਨੂੰ ਨਜ਼ਰੀ ਆਇਆ ਓਸ ਵੇਲੇ ਸੁੱਕਾ ਇਕ ਟੁੱਕ, ਟੁਕੜਾ ਬੇਹਾ ਰੂਪ ਵਖਾਈਆ । ਫਿਰ ਬਿਨਾ ਕੰਨਾਂ ਤੋਂ ਸੁਣੀ ਤੁਕ, ਸੋਹੰ ਰਾਗ ਅਗੰਮ ਅਥਾਹੀਆ । ਫਿਰ ਕਿਸੇ ਨੇ ਹੌਲੀ ਜਿਹੀ ਲਿਆ ਪੁਛ, ਮੁਹੰਮਦਾ ਕੀ ਆਸ਼ਾ ਹੋਰ ਵਧਾਈਆ । ਫੇਰ ਅਨਡਿੱਠਾ ਗਿਆ ਛੁਪ, ਨੇਤਰ ਨੂਰ ਨਾ ਕੋਇ ਚਮਕਾਈਆ । ਫੇਰ ਹੌਲੀ ਜਿਹੀ ਚੁੱਕ, ਹਲੂਣਾ ਦਿਤਾ ਲਗਾਈਆ । ਵੇਖ ਤੇਰੇ ਪਿਛੋਂ ਮੇਰਾ ਗੋਬਿੰਦ ਔਣ ਵਾਲਾ ਪੁਤ, ਸੁਤ ਦੁਲਾਰਾ ਦਿਆਂ ਵਖਾਈਆ । ਜਿਸ ਨੂੰ ਦੇਵਾਂ ਸਭ ਕੁਛ, ਕਸ਼ਮਕਸ਼ ਦਾ ਝਗੜਾ ਦਿਆਂ ਮੁਕਾਈਆ । ਜਿਸ ਕਟੌਣੀ ਨਹੀਂ ਦਾੜ੍ਹੀ ਮੁੱਛ, ਕੇਸ ਸੀਸ ਜਗਦੀਸ਼ ਸੋਭਾ ਪਾਈਆ । ਮੇਰੇ ਪਿਆਰ ਦੀ ਸੋਹਣੀ ਸੁਹੰਜਣੀ ਰੁਤ, ਰੁਤੜੀ ਧੁਰ ਦੇ ਨਾਲ ਮਹਿਕਾਈਆ । ਜਿਸ ਦਾ ਸੱਯਦਾ ਬਿਨਾ ਕ਼ਦਮਾਂ ਤੋਂ ਮੇਰੇ ਚਰਨ ਜਾਵੇ ਝੁਕ, ਝਾਕੀ ਅਗਲੀ ਫੇਰ ਦ੍ਰਿੜਾਈਆ । ਤਤ ਸਰੀਰ ਦਾ ਮਿਟਾ ਕੇ ਦੁੱਖ, ਦਰਦਾਂ ਦਾ ਡੇਰਾ ਢਾਹੀਆ । ਬਦਲਾ ਕੇ ਰੂਪ ਮਾਨਸ ਮਨੁੱਖ, ਸ਼ਬਦੀ ਧਾਰ ਕਰਾਂ ਅਗਵਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮਾਣੇ ਆਪ ਮੌਜ, ਮਾਣ ਨਿਮਾਣਿਆਂ ਆਪਣਾ ਰੰਗ ਰੰਗਾਈਆ ।



### ✻ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਬੀਬੀ ਹਰਭਜਨ ਕੌਰ ਦੇ ਗ੍ਰਿਹ ਪਿੰਡ ਕੋਟਲੀ ਥਾਨ ਸਿੰਘ ਜ਼ਿਲਾ ਜਲੰਧਰ ✻

ਸਦੀ ਚੌਧਵੀਂ ਕਹੇ ਮੈਂ ਕ਼ਬਰਾਂ ਨੂੰ ਕੀਤੀ ਹਾਸੀ, ਹੱਸ ਕੇ ਤਾਲੀ ਦਿਤੀ ਵਜਾਈਆ । ਨੀ ਤੁਹਾਡੇ ਵਿਚ ਵੜੇ ਜੋ ਚੜ੍ਹ ਗਏ ਉਤੇ ਫਾਸੀ, ਸਲੀਬ ਗਲ ਦੇ ਵਿਚ ਲਟਕਾਈਆ । ਜਿਨ੍ਹਾਂ ਰੀਤੀ ਮਿਟਾਈ ਪੰਡਤਾਂ ਵਾਲੀ ਕਾਸ਼ੀ, ਕਸ਼ਮਕਸ਼ ਕੀਤੀ ਨਾਮ ਖ਼ੁਦਾਈਆ । ਅੱਜ ਰਿਹਾ ਨਾ ਕੋਈ ਸਾਥੀ, ਤੱਤਾਂ ਵਾਲਾ ਸੰਗ ਨਾ ਕੋਇ ਨਿਭਾਈਆ । ਅੰਜੀਲ ਕ਼ੁਰਾਨ ਲਿਖ ਕੇ ਦੇ ਗਏ ਪਾਤੀ, ਸੁਨੇਹੜਾ ਇਕ ਸੁਣਾਈਆ । ਸਿਫ਼ਤਾਂ ਵਾਲੇ ਅੱਖਰ ਬਣਾਏ ਲੁਗਾਤੀ, ਮੈਹਨਿਆਂ ਵਿਚ ਛੁਪਾਈਆ । ਇਕ ਦੂਜੇ ਦਾ ਰਿਹਾ ਨਾ ਕੋਇ ਜਮਾਤੀ, ਸਗਲਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਤਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮਕਬਰਿਆਂ ਵੇਖ ਮਾਰੀ ਮੈਂ ਤਾਲੀ, ਤਲੀ ਤਲੀ ਨਾਲ ਠੁਕਰਾਈਆ । ਹੁਣ ਅੰਤ ਦੀ ਕਰੇ ਕਵਣ ਦਲਾਲੀ, ਵਿਚੋਲਾ ਗਿਆ ਮੁਖ ਛੁਪਾਈਆ । ਕਿਧਰ ਮੰਗਤਾ ਜਾਏ ਸਵਾਲੀ, ਕਿਸ ਅੱਗੇ ਝੋਲੀ ਡਾਹੀਆ । ਤੱਤਾਂ ਵਾਲਾ ਹੋਇਆ ਖ਼ਾਲੀ, ਖ਼ਾਲਕ ਖ਼ਲਕ ਭੇਵ ਨਾ ਰਾਈਆ । ਬਾਗ਼ ਦਾ ਰਿਹਾ ਅੰਤ ਨਾ ਮਾਲੀ, ਹਰਿਆ ਸਿੰਚ ਨਾ ਕੋਇ ਕਰਾਈਆ । ਹੁਣ ਕਵਣ ਵੇਖੇ ਸ਼ਾਲੀ, ਸ਼ਾਲਾ ਕਵਣ ਦਏ ਵਡਿਆਈਆ । ਸਿਰਫ਼ ਹਰਫ਼ਾਂ ਵਾਲੀ ਰਹਿ ਗਈ ਕਵਾਲੀ, ਸਦਾਂ ਵਿਚ ਆਵਾਜ਼ ਸੁਣਾਈਆ । ਲੇਖਾ ਵੇਖਿਆ ਮੈਂ ਹਾਲੀ, ਹਾਲਤ ਦਿਆਂ ਜਣਾਈਆ । ਜਿਥੇ ਮੁਹੰਮਦ ਦਾ ਮਕ਼ਬਰਾ ਓਥੇ ਬਿਰਛ ਹੁੰਦਾ ਸੀ ਟਾਹਲੀ, ਸ਼ੀਸ਼ਮ ਕਹਿ ਜਗਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਭੇਵ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਮਕ਼ਬਰੇ ਵੇਖੇ ਨਾਲ ਅੱਖਾਂ, ਬਿਨ ਨੇਤਰ ਨੈਣ ਖੁਲ੍ਹਾਈਆ । ਫਿਰ ਹੱਥ ਮਾਰਿਆ ਉਤੇ ਪੱਟਾਂ, ਆਵਾਜ਼ ਲਈ ਪ੍ਰਗਟਾਈਆ ।

ਫੇਰ ਠੋਡੀ ਉਤੇ ਉਂਗਲੀ ਰੱਖਾਂ, ਸੋਚਾਂ ਵਿਚ ਆਪਣਾ ਆਪ ਡੁਬਾਈਆ । ਫਿਰ ਚਾਰ ਕੁੰਟ ਨੱਸਾਂ, ਭੱਜੀ ਵਾਹੋ ਦਾਹੀਆ । ਫੇਰ ਦੁਹੱਥੜ ਮਾਰੀ ਪੱਟਾ, ਬਹੁੜੀ ਬਹੁੜੀ ਕਰ ਸੁਣਾਈਆ । ਕਿਹੜਾ ਲਾਹਾ ਖੱਟਾਂ, ਕਵਣ ਮਿਲੇ ਵਡਿਆਈਆ । ਫਿਰ ਚੌਦਾਂ ਤਬਕ ਤੱਕਾਂ, ਚਾਰੋਂ ਤਰਫ਼ ਵੇਖ ਵਖਾਈਆ । ਫਿਰ ਭੱਜ ਕੇ ਨੱਠ ਕੇ ਥੱਕਾਂ, ਹਿੰਮਤ ਰਹੇ ਨਾ ਰਾਈਆ । ਫੇਰ ਲੁਕ ਕੇ ਵਿਚ ਕੱਖਾਂ, ਓਢਣ ਲਿਆ ਬਣਾਈਆ । ਫਿਰ ਖਾਣ ਨੂੰ ਲੱਭਾਂ ਭੱਤਾ, ਖੋਜਿਆਂ ਹੱਥ ਕਿਛ ਨਾ ਆਈਆ । ਫਿਰ ਪਾਣੀ ਲੱਭਾਂ ਤੱਤਾਂ, ਨਹਾ ਧੋ ਕੇ ਖ਼ੁਸ਼ੀ ਮਨਾਈਆ । ਫਿਰ ਮੈਂ ਘੁੱਟਣ ਲੱਗੀ ਆਪਣੀਆਂ ਲੱਤਾਂ, ਉਂਗਲੀਆਂ ਨਾਲ ਦਬਾਈਆ । ਮੈਨੂੰ ਸਮਝ ਆਈ ਇਕ ਰਤਾ, ਕਿਸੇ ਅੰਦਰੋਂ ਦਿਤਾ ਹਿਲਾਈਆ । ਝਟ ਵਖਾਇਆ ਅਗੰਮੀ ਗੱਤਾ, ਜਿਸ ਦੀ ਗਤ ਮਿਤ ਆਪਣੇ ਹੱਥ ਰਖਾਈਆ । ਉਤੇ ਨਜ਼ਰੀ ਆਇਆ ਮੱਕਾ, ਮੁਕੰਮਲ ਦਿਤਾ ਸਮਝਾਈਆ । ਫਿਰ ਆਪਣੇ ਅੰਦਰ ਢਕਾ, ਨੂਰ ਨਾ ਕੋਇ ਰੁਸ਼ਨਾਈਆ । ਫਿਰ ਕੱਢਕੇ ਇਕ ਟਕਾ, ਕ਼ੀਮਤ ਦਿਤੀ ਵਖਾਈਆ । ਫਿਰ ਸੂਈ ਦਾ ਵਖਾ ਕੇ ਨੱਕਾ, ਮਾਰਗ ਛੋਟਾ ਦਿਤਾ ਸਮਝਾਈਆ । ਫਿਰ ਮੇਰੀ ਧੌਣ ਤੇ ਮਾਰਿਆ ਧੱਫਾ, ਪੈਰ ਦਿਤਾ ਹਿਲਾਈਆ । ਫਿਰ ਗ਼ੁੱਸੇ ਵਿਚ ਹੋਇਆ ਖ਼ਫ਼ਾ, ਆਪਣਾ ਭੈ ਵਖਾਈਆ । ਅੰਤ ਸਭ ਦਾ ਲੇਖਾ ਕਰ ਕੇ ਰਫ਼ਾ, ਲੋਕਮਾਤ ਰਹਿਣ ਨਾ ਪਾਈਆ । ਏਕੰਕਾਰ ਦੀ ਇਕੋ ਧਾਰਾ ਲੱਭ ਕੇ ਦਫ਼ਾ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਬਿਨ ਅੱਖਰਾਂ ਵਾਲਾ ਵੇਖ ਤੀਜਾ ਸਫ਼ਾ, ਜੋ ਸਫ਼ਾ ਸਭ ਦੀ ਸਾਫ਼ ਕਰਾਈਆ । ਫਿਰ ਮਿਹਰਵਾਨ ਹੋ ਕੇ ਦਿਤਾ ਗੱਫਾ, ਵਸਤ ਅਮੋਲਕ ਝੋਲੀ ਪਾਈਆ । ਇਸ ਦੇ ਵਿਚੋਂ ਤੈਨੂੰ ਹੋਵੇ ਨਫ਼ਾ, ਵਾਧਾ ਭਗਤਾਂ ਨਾਲ ਬਣਾਈਆ । ਮੈਂ ਜੋੜ ਕੇ ਦੋਵੇਂ ਹੱਥਾਂ, ਸੀਸ ਦਿਤਾ ਨਿਵਾਈਆ । ਓਧਰੋਂ ਵਗਣ ਲੱਗਾ ਠੱਕਾ, ਠੰਡੀ ਪਵਣ ਚਲਾਈਆ । ਮੇਰੇ ਪੈਰ ਵਿਚ ਚੁੱਭ ਗਿਆ ਡੱਕਾ, ਦਰਦ ਨਾਲ ਸਤਾਈਆ । ਓਧਰੋਂ ਕੋਈ ਬਣ ਕੇ ਆ ਗਿਆ ਹੱਟਾ ਕੱਟਾ, ਸੂਰਬੀਰ ਨਾਉਂ ਧਰਾਈਆ । ਹੱਥ ਮਾਰੇ ਉਪਰ ਪੱਟਾਂ, ਗੁਰ ਅਵਤਾਰ ਪੈਗ਼ੰਬਰਾਂ ਰਿਹਾ ਹਿਲਾਈਆ । ਕਹੇ ਤੀਰ ਨਿਸ਼ਾਨੇ ਨਾਲ ਫਟਾਂ, ਨਾਮ ਅਣਿਆਲਾ ਰਿਹਾ ਚਲਾਈਆ । ਫਿਰ ਵਧਾ ਕੇ ਆਪਣੀਆਂ ਜਟਾਂ, ਜਟਾ ਜੂਟ ਦਿਤਾ ਸਮਝਾਈਆ । ਫਿਰ ਮਖ਼ੌਲ ਵਿਚ ਕਰਨ ਲਗ ਪਿਆ ਠੱਠਾ, ਠੋਕਰਾਂ ਨਾਲ ਸਤਾਈਆ । ਮੈਂ ਖੇਲ ਵੇਖਣਾ ਤੱਤਾਂ ਅੱਠਾਂ, ਪੰਜ ਤਿੰਨ ਪੜਦਾ ਲਾਹੀਆ । ਸਭ ਦਾ ਲਹਿਣਾ ਮੁਕੌਣਾ ਇਕੱਠਾ, ਚਾਰ ਜੁਗ ਦਾ ਪੰਧ ਚੁਕਾਈਆ । ਦੀਨ ਮਜ਼੍ਹਬ ਦਾ ਮੇਟਣਾ ਰੱਟਾ, ਰਾਟੀਕੀਨ ਨਾ ਕੋਇ ਵਡਿਆਈਆ । ਇਕੋ ਧੁਰ ਦਾ ਦੱਸਣਾ ਟੱਪਾ, ਤੂੰ ਮੇਰਾ ਮੈਂ ਤੇਰਾ ਇਕ ਪੜ੍ਹਾਈਆ । ਸਦੀ ਚੌਧਵੀਂ ਸਭ ਦੇ ਉਤੇ ਪੌਣਾ ਛੱਪਾ, ਸਿਰ ਸਕੇ ਨਾ ਕੋਇ ਉਠਾਈਆ । ਮੇਰੇ ਪ੍ਰੇਮ ਦਾ ਪਹਿਲਾ ਪੱਪਾ, ਪੂਰਨ ਪਰਮੇਸ਼ਵਰ ਰੂਪ ਅਖਵਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਨਾਮ ਦਾ ਦਿਤਾ ਫੱਕਾ, ਫੱਕ ਸਭ ਦਾ ਹਿੱਸਾ ਕਰਾਈਆ । ਇਕੋ ਹੁਕਮ ਦੇ ਕੇ ਸੱਚਾ, ਸਚ ਦਿਆਂ ਸਮਝਾਈਆ । ਸਤਿਗੁਰ ਰਹੇ ਕੋਈ ਨਾ ਕੱਚਾ, ਕੂੜ ਕੁੜਿਆਰਾਂ ਡੇਰਾ ਢਾਹੀਆ । ਗੁਰ ਸ਼ਬਦ ਹੋਵੇ ਘਰ ਪੱਕਾ, ਗ੍ਰਿਹਿ ਮੰਦਰ ਸੋਭਾ ਪਾਈਆ । ਜਿਸ ਦਾ ਲੇਖ ਮਿਟੇ ਨਾ ਰਤਾ, ਰਤਨ ਅਮੋਲਕ ਗੁਰਮੁਖ ਹੀਰੇ ਲਏ ਬਣਾਈਆ । ਬੀਜ ਬੀਜ ਆਪਣੇ ਵੱਤਾ, ਫਲ ਫੁਲਵਾੜੀ ਆਪ ਮਹਿਕਾਈਆ । ਚਾਰੋਂ ਕੁੰਟ ਫਿਰੇ ਨੱਸਾ, ਭੱਜੇ ਵਾਹੋ ਦਾਹੀਆ । ਨਾਮ ਭੰਡਾਰਾ ਦੇ ਕੇ ਰਸਾ, ਰਸਤਾ ਅੰਦਰੋਂ ਦਏ ਵਖਾਈਆ । ਸਦੀ ਚੌਦਵੀਂ ਮਕ਼ਬਰਿਆਂ ਤੋਂ ਬਾਹਰ ਸਾਹਿਬ ਸਵਾਮੀ ਸਦਾ ਵਸਾ, ਵਸਲ ਆਪਣਾ ਦਏ ਸਮਝਾਈਆ । ਜੋਤੀ

੫੯੧
੨੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸ਼ਬਦ ਦੀ ਧਾਰ ਸਭ ਨੂੰ ਮਾਰਨਹਾਰ ਜੱਫਾ, ਬਚਿਆ ਨਜ਼ਰ ਕੋਇ ਨਾ ਆਈਆ ।

❊ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੪ ਨਗੀਨਾ ਸਿੰਘ ਦੇ ਗ੍ਰਿਹਿ ਮਾਡਲ ਹਾਉਸ ਜਲੰਧਰ ❊

ਸਦੀ ਚੌਧਵੀਂ ਕਹੇ ਮੁਹੰਮਦ ਥੋੜ੍ਹਾ ਰਹਿ ਗਿਆ ਸਮਾਂ, ਸਮਾਪਤ ਹੋਵੇ ਕੂੜ ਲੋਕਾਈਆ । ਕੀ ਖੇਲ ਵਖਾਵੇ ਬਾਵਾ ਆਦਮ ਹੱਵਾ, ਭੇਵ ਅਭੇਦਾ ਦਏ ਜਣਾਈਆ । ਕੀ ਸੰਦੇਸ਼ਾ ਦੇਵੇ ਧੁਰ ਦੀ ਅੰਮਾਂ, ਅੰਮੜੀ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਕਵਣ ਜਗਤ ਤ੍ਰਿਸ਼ਨਾ ਮਿਟਾਵੇ ਤਮਅ, ਅੰਤਰ ਤ੍ਰਿਪਤ ਦਏ ਕਰਾਈਆ । ਹਰਖ ਸੋਗ ਚੁਕਾਏ ਗ਼ਮਾ, ਗ਼ਮਖ਼ਾਰ ਵੇਖ ਵਖਾਈਆ । ਅਗਲਾ ਮਾਰਗ ਦੱਸੇ ਨਵਾਂ, ਹਿੰਦੂ ਮੁਸਲਿਮ ਸਿੱਖ ਈਸਾਈਆ । ਝਗੜਾ ਮੁਕਾਵੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਏਕਾ ਰੰਗ ਰੰਗਾਏ ਪਵਣ ਸਵਾਸ ਦਮਾਂ, ਦਾਮਨਗੀਰ ਆਪ ਹੋ ਜਾਈਆ । ਮਮਤਾ ਮੋਹ ਰਹੇ ਨਾ ਮਨਾ, ਮਨ ਕਾ ਮਣਕਾ ਦਏ ਭੁਆਈਆ । ਇਕੋ ਫ਼ਰਮਾਨ ਕਲਮਾ ਸੁਣਾਏ ਕੰਨਾਂ, ਸੰਦੇਸ਼ਾ ਸ਼ਹਿਨਸ਼ਾਹੀਆ । ਕਿੱਥੇ ਤੇਰਾ ਨਿਸ਼ਾਨ ਜਾਣਾ ਤਾਰਾ ਚੰਨਾ, ਚੰਦ ਧੁਰ ਦੇ ਦੇ ਦ੍ਰਿੜਾਈਆ । ਨਬੀ ਰਸੂਲਾਂ ਮੁੱਕਣ ਲੱਗਾ ਬੰਨਾ, ਬੰਦਗੀ ਅਗਲੀ ਕਵਣ ਸਮਝਾਈਆ । ਮੁਹੰਮਦ ਰੋ ਕੇ ਨੇਤਰ ਛਮਛੰਮਾ, ਛਹਿਬਰ ਰਿਹਾ ਵਖਾਈਆ । ਮੈਂ ਅੰਤ ਅਖ਼ੀਰੀ ਇਕ ਇਕੱਲਾ, ਕਲਧਾਰੀ ਆਪਣਾ ਹੁਕਮ ਵਰਤਾਈਆ । ਜਿਸ ਦੀਆਂ ਭਵਿਖਤਾਂ ਵਿਚ ਕਰਦੇ ਆਏ ਗੱਲਾਂ, ਪੇਸ਼ੀਨਗੋਈਆਂ ਵਿਚ ਸੁਣਾਈਆ । ਓਹ ਲੇਖਾ ਜਾਣੇ ਧੁਰ ਦਾ ਅੱਲਾ, ਆਲਮੀਨ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਉਠ ਵੇਖ ਬਲ ਧਾਰ, ਧਰਨੀ ਧਰਤ ਧਵਲ ਖੋਜ ਖੁਜਾਈਆ । ਕਿਧਰ ਗਏ ਤੇਰੇ ਚਾਰ ਯਾਰ, ਬੇਮੁਹਾਰ ਹੋਈ ਲੋਕਾਈਆ । ਦਹਿ ਦਿਸ਼ਾ ਹਾਹਾਕਾਰ, ਹੂ ਹੂ ਨਾਅਰਾ ਕੋਇ ਨਾ ਲਾਈਆ । ਕਲਮੇ ਵਿਚ ਪਿਆ ਤਕਰਾਰ, ਝਗੜੇ ਵਿਚ ਦੁਹਾਈਆ । ਤੇਰੇ ਪ੍ਰੇਮ ਦੀ ਕਰੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਪੜਦਾ ਨਾ ਕੋਇ ਚੁਕਾਈਆ । ਜਲਵਾ ਨੂਰ ਨਾ ਕੋਇ ਉਜਿਆਰ, ਅੰਧ ਅੰਧੇਰਾ ਗਿਆ ਛਾਈਆ । ਉਮਤ ਉਮਤੀ ਕਰੇ ਨਾ ਕੋਇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਮੁਹੰਮਦ ਕਹੇ ਮੇਰੇ ਕੋਲ ਚੌਦਾਂ ਸਦੀਆਂ ਦਾ ਪਟਾ, ਲਿਖਤ ਬਿਨ ਕ਼ਲਮ ਸ਼ਾਹੀ ਰਿਹਾ ਵਖਾਈਆ । ਅੱਗੇ ਪੈਣਾ ਦੀਨ ਦੁਨੀ ਵਿਚ ਰੱਟਾ, ਝਗੜਾ ਸਕੇ ਨਾ ਕੋਇ ਮੁਕਾਈਆ । ਔਹ ਵੇਖ ਈਸਾ ਫਿਰਦਾ ਨੱਠਾ, ਵੀਹਵੀਂ ਸਦੀ ਦਏ ਦੁਹਾਈਆ । ਔਹ ਵੇਖ ਗੋਬਿੰਦ ਸੂਰਬੀਰ ਹੱਟਾ ਕੱਟਾ, ਜੋਬਨਵੰਤਾ ਨਜ਼ਰੀ ਆਈਆ । ਪੁਰਖ ਅਕਾਲ ਜੋ ਵਸੇ ਘਟ ਘਟਾ, ਸੋ ਖੇਲ ਰਿਹਾ ਖਲਾਈਆ । ਨਿਜ ਨੇਤਰ ਖੋਲ੍ਹ ਵੇਖ ਆਪਣੀਆਂ ਅੱਖਾਂ, ਨੈਣਾਂ ਨੂਰ ਨੂਰ ਚਮਕਾਈਆ । ਮੈਂ ਸਚ ਸੰਦੇਸ਼ਾ ਦੱਸਾਂ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖ ਕੀ ਹੋਇਆ ਜਗਤ ਹਯਾਤੀ, ਜੀਵਣ ਜੁਗਤੀ ਨਜ਼ਰ ਕਿਸੇ ਨਾ ਆਈਆ । ਕਿਧਰ ਗਈ ਤੇਰੀ ਪ੍ਰਭਾਤੀ, ਸੰਧਿਆ ਰੋਵੇ ਮਾਰੇ ਧਾਹੀਆ । ਤੇਰੀ ਉਮਤ ਅਜੇ ਨਾ ਜਾਗੀ, ਸੋਈ ਸੁਰਤ ਨਾ ਕੋਇ ਉਠਾਈਆ ।

ਸਭ ਦੀ ਕਾਇਆ ਦਿਸੇ ਖ਼ਾਲੀ ਹਾਂਡੀ, ਵਸਤ ਅਮੋਲਕ ਨਾ ਕੋਇ ਟਿਕਾਈਆ । ਜਿਨ੍ਹਾਂ ਨੇ ਰਸਨਾ ਖਾਧੀ ਢਾਂਡੀ, ਓਨ੍ਹਾਂ ਅੰਤ ਮਿਲੇ ਸਜ਼ਾਈਆ । ਦੁਹਾਈ ਦੇਵੇ ਤੇਰਾ ਈਸਾ ਗਵਾਂਢੀ, ਕੂਕ ਕੂਕ ਸੁਣਾਈਆ । ਬਿਨ ਪੁਰਖ ਅਕਾਲ ਦੋਹਾਂ ਦੀ ਪਤ ਜਾਂਦੀ, ਬਿਨ ਪਰਵਰਦਿਗਾਰ ਹੋਇ ਨਾ ਕੋਇ ਸਹਾਈਆ । ਮੈਂ ਤੇਰਾਂ ਸੌ ਅਠਾਸੀ ਸਾਲ ਦੀ ਥੱਕੀ ਮਾਂਦੀ, ਪੰਧ ਮੁਕਾਇਆ ਚਾਈਂ ਚਾਈਂਆ । ਅੰਤਮ ਓਹ ਰਾਹ ਤਕਾਂਦੀ, ਜਿਸ ਵੇਲੇ ਅਮਾਮ ਅਮਾਮਾਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ, ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਭੇਵ ਖੁਲ੍ਹਾਈਆ । ਮੁਹੰਮਦ ਕਹੇ ਸਦੀ ਚੌਧਵੀਂ ਉਠ ਛੇਤੀ ਨਾਲ ਝਾਕ, ਇਸ਼ਾਰਾ ਦਿਆਂ ਜਣਾਈਆ । ਤਤ ਵਜੂਦ ਤੱਕ ਖ਼ਾਕ, ਮਾਇਆ ਪੜਦੇ ਫੋਲ ਫੁਲਾਈਆ । ਅੰਤ ਅਖ਼ੀਰੀ ਵੇਖ ਆਪਣਾ ਵਾਕ, ਜੋ ਸਭ ਨੂੰ ਆਇਆ ਸੁਣਾਈਆ । ਪੜਦਾ ਖੋਲ੍ਹ ਕੇ ਵੇਖ ਤਾਕ, ਤਕਵਾ ਰਖ ਨੂਰ ਅਲਾਹੀਆ । ਅੰਤਮ ਹੋਈ ਅੰਧੇਰੀ ਰਾਤ, ਚੌਦਸ ਚੰਦ ਨਾ ਕੋਇ ਚਮਕਾਈਆ । ਮੇਰੀ ਜ਼ਾਤ ਹੋਈ ਬਦਮਾਸ਼, ਬਦੀ ਘਰ ਘਰ ਡੇਰਾ ਲਾਈਆ । ਰਿਹਾ ਰੂਹ ਕੋਈ ਨਾ ਪਾਕ, ਪਤਤ ਪਾਪੀ ਰਹੇ ਕੁਰਲਾਈਆ । ਮੇਰਾ ਦੇਵੇ ਕੋਈ ਨਾ ਸਾਥ, ਸੰਗੀ ਸੰਗ ਨਾ ਕੋਇ ਸੁਹਾਈਆ । ਮੇਰੇ ਹੇਠ ਨਹੀਂ ਕੋਈ ਖਾਟ, ਖਟੀਆ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਕੀ ਖੇਲ ਉਤੇ ਅਸਮਾਨਾਂ, ਇਸਮ ਆਜ਼ਮ ਕੀ ਜਣਾਈਆ । ਕਵਣ ਹੁਕਮ ਮਿਲੇ ਫ਼ਰਮਾਨਾ, ਫ਼ਰਮਾਂਬਰਦਾਰ ਬਣ ਕੇ ਦੇਣਾ ਸੁਣਾਈਆ । ਕੀ ਲਿਖਿਆ ਲੇਖ ਵਿਚ ਕੁਰਾਨਾ, ਮਜੀਦ ਦਏ ਦੁਹਾਈਆ । ਕੀ ਦੇ ਕੇ ਆਇਆ ਬਿਆਨਾ, ਸੌਦਾ ਹੱਕ ਖ਼ੁਦਾ ਦ੍ਰਿੜਾਈਆ । ਤੇਰੀ ਆਸ਼ਾ ਦਾ ਬਦਲ ਜਾਣਾ ਜ਼ਮਾਨਾ, ਜ਼ਿਮੀਂ ਜ਼ਮਾਂ ਦਏ ਦੁਹਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮਾ, ਜ਼ੰਜੀਰ ਬੇਨਜ਼ੀਰ ਦਏ ਕਟਾਈਆ । ਜਿਸ ਦਾ ਵਜਣਾ ਇਕ ਦਮਾਮਾ, ਨੌਬਤ ਹੱਕ ਨਾਮ ਸੁਣਾਈਆ । ਸਤਿਜੁਗ ਸਾਚੀ ਦੱਸ ਕਲਾਮਾ, ਕਲਮਿਆਂ ਤੋਂ ਬਾਹਰ ਦਏ ਸਮਝਾਈਆ । ਜਿਥੇ ਮਿਲੇ ਮੇਲ ਸ੍ਰੀ ਭਗਵਾਨਾ, ਦੂਸਰ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦਾ ਝੁੱਲੇ ਨਿਸ਼ਾਨਾ, ਨਿਸ਼ਾਨੇ ਕੂੜੇ ਦਏ ਖਪਾਈਆ । ਮਾਨਵ ਰਹੇ ਨਾ ਕੋਇ ਬੇਗਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਧਾਰ ਨੂਰ ਨੁਰਾਨਾ ਧੁਰਦਰਗਾਹੀਆ । ਮੁਹੰਮਦ ਕਹੇ ਸੁਣ ਚੌਧਵੀਂ ਸਦੀ ਮੇਰੀ ਅਗੰਮੀ ਆਸ, ਆਹਿਸਤਾ ਆਹਿਸਤਾ ਦਿਆਂ ਦ੍ਰਿੜਾਈਆ । ਜਿਸ ਵੇਲੇ ਮੇਰਾ ਅੰਤਮ ਪੂਰਨ ਹੋਣ ਲੱਗਾ ਸੀ ਸਵਾਸ, ਜਾਨ ਲੱਬਾਂ ਉਤੇ ਆਈਆ । ਇਕ ਸੰਦੇਸ਼ਾ ਗਿਆ ਸਾਂ ਆਖ, ਆਖ਼ਰ ਦਿਤਾ ਦ੍ਰਿੜਾਈਆ । ਮੁਰੀਦੋ ਹੋਇਓ ਨਾ ਕੋਇ ਗੁਸਤਾਖ਼, ਮੁਰਸ਼ਦ ਨਾਲ ਕਰਿਓ ਨਾ ਬੇਵਫ਼ਾਈਆ । ਇਕੋ ਅੱਲਾ ਨੂੰ ਕਰਨਾ ਯਾਦ, ਯਾਦਦਾਸ਼ਤ ਇਕ ਦ੍ਰਿੜਾਈਆ । ਈਸਾ ਜਿਸ ਨੂੰ ਕਿਹਾ ਗਾਡ, ਵਾਹਦ ਲਾਸ਼ਰੀਕ ਨੂਰ ਖ਼ੁਦਾਈਆ । ਜਿਸ ਨੇ ਤੁਹਾਨੂੰ ਕੀਤਾ ਆਬਾਦ, ਉਮਤ ਦਿਤੀ ਬਣਾਈਆ । ਅੰਤਮ ਓਸੇ ਨੇ ਕਰਨਾ ਬਰਬਾਦ, ਸਭ ਦਾ ਲੇਖ ਚੁਕਾਈਆ । ਸ੍ਰਿਸ਼ਟੀ ਦਾ ਬਦਲ ਦੇਵੇ ਸਮਾਜ, ਸਾਹਿਬ ਸੁਲਤਾਨ ਧੁਰਦਰਗਾਹੀਆ । ਅੱਲਾ ਹੂ ਅੱਨਾ ਹੂ ਇਕੋ ਲਏ ਆਵਾਜ਼, ਤੂੰ ਮੇਰਾ ਮੈਂ ਤੇਰਾ ਢੋਲਾ ਦਏ ਜਣਾਈਆ । ਜਿਸ ਦੇ ਅੱਗੇ ਗੁਰ ਅਵਤਾਰ ਪੈਗ਼ੰਬਰ ਅਸੀਂ ਸਾਰੇ ਹੋਣੇ ਲਾਜਵਾਬ, ਸਿਰ ਸਕੇ ਨਾ ਕੋਇ ਉਠਾਈਆ । ਉਹਦੇ ਜੋਤੀ ਨੂਰ ਦਾ ਝਲ ਸਕੇ ਕੋਈ ਨਾ ਤਾਬ, ਨੇਤਰ ਅੱਖ ਨਾ ਕੋਇ ਉਠਾਈਆ ।


੫੯੩
੨੧

ਉਸ ਦੇ ਕੋਲ ਬਿਨ ਅੱਖਰਾਂ ਦੀ ਆਦਿ ਜੁਗਾਦੀ ਓਹ ਲੁਗ਼ਾਤ, ਜਿਸ ਦਾ ਨਾਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਕੀ ਦੱਸੀ ਗੱਲ ਚੰਗੀ, ਮੇਰੇ ਅੰਤਰ ਦੇ ਸਮਝਾਈਆ । ਮੈਨੂੰ ਐਂ ਜਾਪਦਾ ਪਰਵਰਦਿਗਾਰ ਬੜਾ ਬਹੁ ਢੰਗੀ, ਅਛਲ ਅਛੱਲ ਬੇਪ੍ਰਵਾਹੀਆ । ਜਿਸ ਦੀ ਧਾਰ ਸਦਾ ਦੋ ਰੰਗੀ, ਨਿਰਗੁਣ ਸਰਗੁਣ ਖੇਲ ਖਿਲਾਈਆ । ਕਿਸ ਬਿਧ ਸਦੀ ਚੌਧਵੀਂ ਕਰੇ ਅੰਤ ਕੰਢੀ, ਪੈਂਡਾ ਪੰਧ ਮੁਕਾਈਆ । ਪਵਣ ਦੇਵੇ ਠੰਡੀ, ਸਵਾਸਾਂ ਵਿਚ ਸਮਾਈਆ । ਸ੍ਰਿਸ਼ਟੀ ਕਰੇ ਰੰਡੀ, ਧੁਰ ਦਾ ਕੰਤ ਨਾ ਕੋਇ ਹੰਢਾਈਆ । ਦੀਨ ਮਜ਼੍ਹਬ ਵਖਾਵੇ ਡੰਡੀ, ਡੰਡਾਵਤ ਆਪਣੇ ਵਿਚ ਛੁਪਾਈਆ । ਅੰਤ ਸਭ ਦੀ ਕੰਡ ਕਰੇ ਨੰਗੀ, ਹੱਥ ਪੁਸ਼ਤ ਪਨਾਹ ਨਾ ਕੋਇ ਰਖਾਈਆ । ਫੇਰ ਪ੍ਰਗਟ ਹੋਵੇ ਸੂਰਾ ਸਰਬੰਗੀ, ਹਰਿ ਕਰਤਾ ਨੂਰ ਅਲਾਹੀਆ । ਸ਼ਬਦੀ ਗੁਰੂ ਉਠਾਏ ਜੰਗੀ, ਸੂਰਬੀਰ ਇਕ ਅਖਵਾਈਆ । ਝਗੜਾ ਮੁਕਾਏ ਵਿਚ ਵਰਭੰਡੀ, ਬ੍ਰਹਿਮੰਡੀ ਡੇਰਾ ਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਵੇਖੇ ਲਿਖੀ ਹੋਈ ਸੰਧੀ, ਸਨਦ ਸਭ ਦੀ ਫੋਲ ਫੁਲਾਈਆ । ਦੀਨਾਂ ਮਜ਼੍ਹਬਾਂ ਦੀ ਤੋੜੇ ਪਾਬੰਦੀ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਨੇਤਰ ਅੱਖ ਰਹਿਣ ਨਾ ਦੇਵੇ ਅੰਧੀ, ਲੋਚਣ ਨੈਣ ਕਰੇ ਰੁਸ਼ਨਾਈਆ । ਕਲਪਣਾ ਕੂੜ ਕੱਢੇ ਗੰਦੀ, ਸੁਗੰਧੀ ਇਕ ਭਰਾਈਆ । ਗੁਰਮੁਖ ਸੰਤ ਫ਼ਕੀਰ ਬਣਾਏ ਸਚ ਫ਼ਰਜ਼ੰਦੀ, ਅਜ਼ੀਜ਼ ਆਪਣੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਸੰਦੇਸ਼ਾ ਦੇਵਾਂ ਪੋਪ, ਪੂਰਨ ਬ੍ਰਹਮ ਦ੍ਰਿੜਾਈਆ । ਕਿਉਂ ਸਚ ਹੋ ਗਿਆ ਅਲੋਪ, ਭੇਵ ਦਿਓ ਖੁਲ੍ਹਾਈਆ । ਕਿਧਰ ਗਈ ਨਿਰਮਲ ਜੋਤ, ਜੋਤੀ ਜਾਤਾ ਨੂਰ ਗੁਸਾਈਆ । ਸੋਚ ਰਹੀ ਕਿਸੇ ਨਾ ਖੋਜ, ਪੜਦਾ ਸਕੇ ਨਾ ਕੋਇ ਉਠਾਈਆ । ਕਿਸ ਨੂੰ ਸਯਦੇ ਕਰਦੇ ਰੋਜ਼, ਅੱਖੀਂ ਨੂਰ ਨਾ ਕੋਇ ਚਮਕਾਈਆ । ਆਤਮ ਕਰੇ ਕਦੇ ਨਾ ਭੋਗ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਹੋਇਆ ਘਰ ਨਾ ਸਚ ਸੰਜੋਗ, ਵਿਛੋੜੇ ਵਿਚ ਸਰਬ ਦੁਹਾਈਆ । ਕਰਾਸ ਵਾਲੀ ਕਾਹਦੀ ਮੌਜ, ਗਲ ਵਿਚ ਰਹੇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਉਪਰ ਥੱਲੇ ਨੀਚੇ, ਨੀਚਾਂ ਊਚਾਂ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਲਾਏ ਬਾਗ਼ੀਚੇ, ਪੱਤ ਟਹਿਣੀ ਜਗਤ ਮਹਿਕਾਈਆ । ਮਾਨਵ ਮਾਨਵ ਵਖਰੇ ਵਖਰੇ ਆਪਣੇ ਕੀਤੇ, ਹਿੰਦੂ ਮੁਸਲਿਮ ਸਿੱਖ ਈਸਾਈ ਲਏ ਬਣਾਈਆ । ਨਾਪ ਕੇ ਸ਼ਰਅ ਦੇ ਫੀਤੇ, ਹੱਦਾਂ ਵੰਡ ਵੰਡਾਈਆ । ਸੁਣਾ ਕੇ ਢੋਲੇ ਗੀਤੇ, ਅੱਖਰਾਂ ਨਾਲ ਸੁਣਾਈਆ । ਵਖਾ ਕੇ ਮੰਦਰ ਮਸੀਤੇ, ਸ਼ਿਵਦਵਾਲਿਆਂ ਮੱਠਾਂ ਵਿਚ ਭਵਾਈਆ । ਮੰਗਾ ਕੇ ਧੁਰ ਦੀ ਭੀਖੇ, ਭਿਖਾਰੀ ਲਏ ਬਣਾਈਆ । ਪ੍ਰਭੂ ਦੀ ਸਚ ਹੱਕ ਮਿਲੀ ਨਾ ਕਿਸੇ ਪ੍ਰੀਤੇ, ਪ੍ਰੀਤਮ ਮਿਲ ਕੇ ਵੱਜੇ ਨਾ ਕੋਇ ਵਧਾਈਆ । ਤੇਰਾਂ ਸੌ ਅਠਾਸੀ ਸਾਲ ਏਸੇ ਤਰਾ ਬੀਤੇ, ਬੀਤੀ ਕਹਾਣੀ ਦੇਵਾਂ ਜਣਾਈਆ । ਝਗੜਾ ਪਿਆ ਹਸਤ ਕੀਟੇ, ਊਚਾਂ ਨੀਚਾਂ ਰਹੀ ਲੜਾਈਆ । ਰੰਗ ਚੜ੍ਹਿਆ ਨਾ ਕਿਸੇ ਤਨ ਚੋਲੀ ਜਗਤ ਮਜੀਠੇ, ਦੁਰਮਤ ਮੈਲ ਨਾ ਕੋਇ ਧੁਆਈਆ । ਨਾਮ ਪਿਆਲੇ ਜਾਮ ਕਿਸੇ ਨਾ ਪੀਤੇ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਗਵਾਈਆ । ਚੌਦਾਂ ਸਦੀਆਂ ਦੀ ਮੁਹੰਮਦਾ ਤੇਰੇ ਕੋਲ ਰਸੀਦੇ, ਅੱਗੇ ਮੁਨਿਆਦ ਨਾ ਕੋਇ ਵਧਾਈਆ । ਆਪਣੀ ਦੀਨ ਦੁਨੀ ਵਲ ਤੱਕ ਲਾ ਨਾਲ ਦੀਦੇ, ਦੀਦਾ ਦਾਨਿਸਤਾ ਅੱਖ ਉਠਾਈਆ ।

ਫਿਰ ਯਾਦ ਰਹਿਣੇ ਦਿਨ ਪਿਛਲੇ ਬੀਤੇ, ਅਗਲਾ ਭੇਵ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਬਦਲਣ ਵਾਲਾ ਰੀਤੇ, ਮੰਦਰ ਮਸੀਤਾਂ ਖਹਿੜਾ ਦਏ ਛੁਡਾਈਆ । ਦੀਨ ਦੁਨੀ ਦੀ ਅੰਦਰ ਸਾਫ਼ ਕਰੇ ਨੀਤੇ, ਨੀਤੀਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਹੇ ਹਾਏ ਉਫ਼ ਬਹੁੜੀ, ਸਦੀ ਚੌਦਵੀਂ ਦਿਆਂ ਸੁਣਾਈਆ । ਕਿਉਂ ਉਮਤ ਹੋ ਗਈ ਕੌੜੀ, ਫਲ ਰਸ ਨਾ ਕੋਇ ਚਖਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਪੌੜੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਨਿਰਗੁਣ ਧਾਰ ਨਿਰਗੁਣ ਬੰਨ੍ਹੇ ਕੋਈ ਨਾ ਡੋਰੀ, ਨਈਆ ਡੋਲੇ ਥਾਉਂ ਥਾਈਂਆ । ਮੇਰੇ ਮੇਰੇ ਨਾਲੋਂ ਕਰਦੇ ਚੋਰੀ, ਚੋਰੀ ਠੱਗੀ ਜਗਤ ਲੋਕਾਈਆ । ਸਚ ਈਮਾਨ ਦੀ ਰਹੀ ਕੋਈ ਨਾ ਜੋੜੀ, ਧੁਰ ਦਾ ਮੇਲ ਨਾ ਕੋਇ ਰਖਾਈਆ । ਕੁਛ ਲੇਖਾ ਬਾਕੀ ਦਿਸਦਾ ਸੱਖਰ ਰੋੜੀ, ਨੂਰ ਨਬੀਆਂ ਨਜ਼ਰੀ ਆਈਆ । ਜਿਸ ਦੇ ਕੋਲ ਦਾਤ ਭੋਰੀ, ਭੋਰੇ ਵਿਚ ਬਹਿ ਕੇ ਝਟ ਲੰਘਾਈਆ । ਘਰ ਛੱਡਕੇ ਤੇਰਾਂ ਸਾਲ ਦੀ ਛੋਹਰੀ, ਨਾਤਾ ਦੁਨੀ ਆਇਆ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਲੇਖਾ ਵੇਖ ਵਖਾਈਆ । ਮੁਹੰਮਦ ਕਹੇ ਮੈਂ ਕੀ ਕਰਾਂ ਮਤਾ, ਮਤਲਬ ਭਰੀ ਕੂੜ ਲੋਕਾਈਆ । ਸਾਚਾ ਦਿਸੇ ਨਾ ਕੋਈ ਭੱਤਾ, ਆਹਾਰ ਵਿਚਾਰ ਨਾ ਕੋਇ ਵਡਿਆਈਆ । ਖ਼ਾਲੀ ਹੋਇਆ ਮੱਕਾ, ਕਾਅਬਿਆਂ ਪਈ ਦੁਹਾਈਆ । ਚਾਰੋਂ ਕੁੰਟ ਪੈਂਦਾ ਧੱਕਾ, ਮਮਤਾ ਵਿਚ ਲੜਾਈਆ । ਭਾਈ ਭਾਈ ਰਿਹਾ ਨਾ ਸਕਾ, ਪਿਤਾ ਪੂਤ ਨਾ ਗੋਦ ਸੁਹਾਈਆ । ਐਂ ਦਿਸਦਾ ਝਗੜਾ ਪੈਣਾ ਬੂਰਾ ਕੱਕਾ, ਉਮਤ ਨਾਲ ਲੜਾਈਆ । ਇਹ ਖੇਲ ਵੇਖਣਾ ਅੱਖਾਂ, ਸਦੀ ਚੌਧਵੀਂ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਜਵਾਨ ਮਰਦ ਮਰਦਾਨ, ਦੋ ਜਹਾਨ ਵੇਖਣਹਾਰਾ ਬਿਨਾ ਅੱਖਾਂ, ਜੋਤੀ ਜਾਤਾ ਪੁਰਖ ਬਿਧਾਤਾ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨੂਰ ਅਲਾਹੀਆ ।

### ੨੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਦਿਆਲ ਸਿੰਘ ਦੇ ਗ੍ਰਹਿ ਜਲੰਧਰ

ਸਦੀ ਚੌਧਵੀਂ ਕਹੇ ਮੈਂ ਜਲਵਾਗਰ ਵੇਖਿਆ ਨੂਰ ਨੁਰਾਨਾ, ਮੁਬੈਣ ਮਹਿਬਾਨ ਮਿਹਰਵਾਨ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਮਿਹਰਵਾਨਾ, ਸੂਰਬੀਰ ਸੁਲਤਾਨ ਸ਼ਹਿਨਸ਼ਾਹੀਆ । ਨਾਮ ਸੰਦੇਸਾ ਨਿਤ ਨਵਿਤ ਦੇਵੇ ਦੋ ਜਹਾਨਾਂ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਸੰਦੇਸਾ ਇਕ ਸੁਣਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵਣਹਾਰਾ ਦਾਨਾ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਝੁਲਾਵਣਹਾਰਾ ਇਕ ਨਿਸ਼ਾਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਹੋ ਪ੍ਰਧਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਰਿਹਾ ਸੁਣਾਈਆ । ਜਿਸ ਨੂੰ ਸਯਦੇ ਕਰਦੇ ਜ਼ਿਮੀਂ ਅਸਮਾਨਾ, ਰਵ ਸਸ ਸੂਰੀਆ ਚੰਦ ਬੈਠੇ ਸੀਸ ਨਿਵਾਈਆ । ਜੋ ਲੱਖ ਚੁਰਾਸੀ ਸਤਿ ਸਰੂਪੀ ਧੁਰ ਦਾ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਮਾਲਕ ਹੱਕ, ਹਕੀਕਤ ਵਾਲਾ ਨਜ਼ਰੀ ਆਈਆ । ਸਾਹਿਬ ਸੁਹੇਲਾ ਸਦਾ ਸਮਰਥ,

ਸਤਿ ਸਤਿਵਾਦੀ ਸੋਭਾ ਪਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੌਂਦੀ ਜਸ, ਢੋਲੇ ਸਿਫ਼ਤਾਂ ਵਾਲੇ ਸਾਲਾਹੀਆ । ਜਿਸ ਦੀ ਸਰਨ ਸਰਨਾਈ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਢੱਠ, ਗੁਰ ਅਵਤਾਰ ਪੈਗ਼ੰਬਰ ਸੀਸ ਰਹੇ ਨਿਵਾਈਆ । ਜਿਸ ਖੇਲ ਖਿਲਾਇਆ ਪੰਜ ਤਤ ਤ੍ਰੈਗੁਣ ਨਾਲ ਅੱਠ, ਆਸਾ ਮਨਸਾ ਦਿਤੀ ਭਰਾਈਆ । ਸੋ ਸੰਦੇਸ਼ਾ ਨਰ ਨਰੇਸ਼ਾ ਦੇਵਣਹਾਰਾ ਸਚ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਇਕ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਜਿਸ ਨੇ ਮੂਸਾ ਬਖ਼ਸ਼ਿਆ ਜੋਤੀ ਜਲਵਾ ਕੋਹਤੂਰ, ਤੁਰੀਆ ਤੋਂ ਪਰੇ ਕੀਤੀ ਪੜ੍ਹਾਈਆ । ਜਿਸ ਨੇ ਲੇਖੇ ਲਾਇਆ ਸ਼ਾਹ ਮਨਸੂਰ, ਮਨਸਾ ਸੂਫ਼ੀਆਂ ਵੇਖ ਵਖਾਈਆ । ਜੋ ਜੁਗ ਚੌਕੜੀ ਖੇਲ ਕਰੇ ਜ਼ਰੂਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਾਰ ਕਮਾਈਆ । ਜਿਸ ਨੂੰ ਕਹਿੰਦੇ ਪਾਤਸ਼ਾਹ ਗ਼ਫ਼ੂਰ, ਗ਼ਫ਼ਲਤ ਸਭ ਦੀ ਮੇਟ ਮਿਟਾਈਆ । ਭਗਤ ਉਧਾਰਨਾ ਜਿਸ ਦਾ ਦਸਤੂਰ, ਦਸਤਬਰਦਾਰ ਕਰੇ ਲੋਕਾਈਆ । ਕੂੜੀ ਕਿਰਿਆ ਕਰ ਨਾ ਮਨਜ਼ੂਰ, ਅੰਤ ਅਖ਼ੀਰ ਧੱਕਾ ਦੇਵੇ ਲਾਈਆ । ਮਾਇਆ ਮਮਤਾ ਮੇਟ ਕੇ ਕੂੜ, ਸਚ ਸੁੱਚ ਦਏ ਵਡਿਆਈਆ । ਗੁਰਮੁਖਾਂ ਬਖ਼ਸ਼ ਅਗੰਮੀ ਧੂੜ, ਟਿੱਕੇ ਮਸਤਕ ਨਾਮ ਰਮਾਈਆ । ਆਸਾ ਮਨਸਾ ਪਾਰਬ੍ਰਹਮ ਬ੍ਰਹਮ ਆਪੇ ਪੂਰ, ਆਤਮ ਪਰਮਾਤਮ ਨਾਤਾ ਜੋੜੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗਹਿਰ ਗੰਭੀਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਏਕ, ਏਕੰਕਾਰ ਨਜ਼ਰੀ ਆਈਆ । ਸਤਿਜੁਗ ਸਾਚੀ ਬਖ਼ਸ਼ਣਹਾਰਾ ਧਰਮ ਧਾਰ ਦੀ ਟੇਕ, ਮਾਇਆ ਮਮਤਾ ਕੂੜ ਵਿਕਾਰ ਮਿਟਾਈਆ । ਖੇਲ ਖਿਲਾਏ ਬਿਨ ਰੂਪ ਰੰਗ ਰੇਖ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਕਲ ਵਰਤਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ ਸਚ ਆਪਣੇ ਦੇਸ, ਦਿਸ਼ਾ ਨਿਰੰਤਰ ਅੰਤਰ ਫੋਲ ਫੁਲਾਈਆ । ਸਚ ਸੰਦੇਸਾ ਦੇਵੇ ਨਾਮ ਸੰਦੇਸ਼, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਭਗਤ ਸੁਹੇਲਾ ਇਕ ਇਕੇਲਾ ਜੋਤੀ ਜਾਤਾ ਹੋ ਕੇ ਕਰੇ ਹੇਤ, ਹਿਤਕਾਰੀ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਪੜਦਾ ਉਹਲਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਧੁਰਦਰਗਾਹੀ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਨੂੰ ਡੰਡਾਵਤ ਬੰਦਨਾ ਸੱਯਦੇ ਕਰਦੇ ਗੁਰੂ ਅਵਤਾਰ, ਪੈਗ਼ੰਬਰ ਨਿਉਂ ਨਿਉਂ ਲਾਗਣ ਪਈਆ । ਸੋ ਹੁਕਮ ਸੰਦੇਸਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਰਿਹਾ ਸਮਝਾਈਆ । ਸਦੀ ਚੌਧਵੀਂ ਸ੍ਰਿਸ਼ਟੀ ਦ੍ਰਿਸ਼ਟੀ ਗਈ ਹਾਰ, ਇਸ਼ਟੀ ਨਜ਼ਰ ਕੋਇ ਨਾ ਆਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਨੂਰ ਜੋਤ ਕਰ ਉਜਿਆਰ, ਉਜਾਲਾ ਕਰੇ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੇਵੇ ਆਪਣੀ ਧਾਰ, ਸ਼ਬਦੀ ਸ਼ਬਦ ਡੰਕ ਵਜਾਈਆ । ਜਿਸ ਨੂੰ ਬੁੱਧੀ ਵਿਚ ਸਮਝ ਸਕੇ ਨਾ ਕੋਇ ਸੰਸਾਰ, ਅਨਭਵ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧਰਮ ਦੀ ਧਾਰ ਆਪ ਬੰਧਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਵਡਿਆਈਆ । ਬੈਠਾ ਸਚ ਅਰੂਜ, ਆਲੀਸ਼ਾਨ ਡੇਰਾ ਲਾਈਆ । ਜਿਸ ਦੀ ਮੰਜ਼ਲ ਹੱਕ ਮਕਸੂਦ, ਮਿਹਰਵਾਨ ਮਿਹਰਵਾਨ ਮਿਹਰਵਾਨ ਕਰੇ ਰੁਸ਼ਨਾਈਆ । ਜਿਧਰ ਤੱਕਾਂ ਓਧਰ ਮੌਜੂਦ, ਚਾਰੋਂ ਕੁੰਟ ਸੋਭਾ ਪਾਈਆ । ਜਗਤ ਕੂੜੀ ਕਿਰਿਆ ਤੋੜੇ ਹਦੂਦ, ਦੀਨਾਂ


੫੯੬
੨੧

ਮਜ਼੍ਹਬਾਂ ਲੇਖਾ ਦਏ ਚੁਕਾਈਆ । ਸਤਿ ਸਚ ਦੱਸੇ ਇਕ ਅਸੂਲ, ਅਸਲੀਅਤ ਆਪਣੀ ਦਏ ਸਮਝਾਈਆ । ਧੁਰ ਸੰਦੇਸਾ ਨਾਮ ਦੇਵੇ ਮਾਕੂਲ, ਮੁਕੰਮਲ ਆਪਣਾ ਹੁਕਮ ਵਰਤਾਈਆ । ਹੱਕ ਮੁਹੱਬਤ ਵਿਚ ਰਹੇ ਮਸ਼ਗ਼ੂਲ, ਦਿਵਸ ਰੈਣ ਆਪਣਾ ਰੰਗ ਰੰਗਾਈਆ । ਮਾਲਕ ਹੋ ਕੇ ਕੰਤ ਕੰਤੂਹਲ, ਨਾਰ ਭਤਾਰ ਲਏ ਪ੍ਰਨਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ, ਨਰ ਨਿਰੰਕਾਰਾ ਇਕੋ ਇਕ ਜਣਾਈਆ । ਸਦੀ ਚੌਧਵੀਂ ਕਹੇ ਮੈਂ ਕਰਾਂ ਇਕ ਅਰਜ਼ੋਈ, ਆਰਜ਼ੂ ਸਚ ਸੁਣਾਈਆ । ਮੇਰਾ ਸਾਹਿਬ ਮਿਲਾਵੇ ਕੋਈ, ਕੋਨਾ ਕੋਨਾ ਫੋਲ ਫੁਲਾਈਆ । ਜਿਸ ਦੀ ਮੁਹੰਮਦ ਪਾਈ ਦਰੋਹੀ, ਦਰੋਹੀ ਨਾਮ ਖ਼ੁਦਾਈਆ । ਉਸ ਦੇ ਦਰ ਮਿਲੇ ਜਗ ਢੋਈ, ਸਿਰ ਆਪਣਾ ਹੱਥ ਟਿਕਾਈਆ । ਓਸੇ ਦੀ ਮੁਹੱਬਤ ਵਿਚ ਮੋਈ, ਜ਼ਿੰਦਗੀ ਜੀਵਣ ਕੰਮ ਕਿਸੇ ਨਾ ਆਈਆ । ਬਿਨ ਨੇਤਰ ਨੈਣਾਂ ਰੋਈ, ਹੰਝੂਆਂ ਹਾਰ ਬਣਾਈਆ । ਮੈਨੂੰ ਸਚ ਸੁਭਾਵੇ ਮੇਲ ਮਿਲਾਵੇ ਜੋ ਸੋਈ, ਸੋ ਪੁਰਖ ਨਿਰੰਜਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਚਾਹੁੰਦੀ ਕੋਈ ਆਪਣਾ ਗੋਤੀ, ਗੌਤਮ ਦਾ ਸਾਥੀ ਨਜ਼ਰੀ ਆਈਆ । ਜਿਸ ਦੀ ਸੱਤ ਰੰਗ ਦੀ ਹੋਵੇ ਧੋਤੀ, ਕੰਨੀ ਕੰਨੀ ਨਾਲ ਬੰਧਾਈਆ । ਸਿਰ ਦੇ ਉਤੇ ਹੋਵੇ ਬੋਦੀ, ਮੁਖੋਂ ਰਾਮ ਰਾਮ ਦੁਹਾਈਆ । ਸੰਧੂਰ ਮਲਿਆ ਹੋਵੇ ਉਪਰ ਠੋਡੀ, ਤਰਸੂਲ ਮਸਤਕ ਵਿਚ ਬਣਾਈਆ । ਗਲ ਚੋਲਾ ਪਾਇਆ ਹੋਵੇ ਵਾਂਗ ਜੋਗੀ, ਬਾਜ਼ੂ ਨਜ਼ਰ ਕੋਇ ਨਾ ਆਈਆ । ਓਹ ਜ਼ਾਤ ਦਾ ਹੋਵੇ ਸੋਢੀ, ਗੋਬਿੰਦ ਵੇਖੇ ਚਾਈਂ ਚਾਈਆ । ਉਸ ਦੀ ਬੁੱਧ ਹੋਵੇ ਨਾ ਕੋਝੀ, ਉਜਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਤਕਣਾ ਖੇਲ ਅਪਾਰ, ਅਪਰੰਪਰ ਦਏ ਵਖਾਈਆ । ਚਾਰ ਹੋਵਣ ਮੁਹੰਮਦੀ ਯਾਰ, ਬਲਧਾਰੀ ਨਜ਼ਰੀ ਆਈਆ । ਮੁਖੋਂ ਨਾਅਰਾ ਕਹਿਣ ਪੁਕਾਰ, ਹੂ ਅੱਲਾ ਤੇਰੀ ਬੇਪ੍ਰਵਾਹੀਆ । ਬਗ਼ਲਾਂ ਵਿਚ ਹੋਵੇ ਤਲਵਾਰ, ਮੁੱਖ ਤਿੱਖਾ ਉਪਰ ਰਖਾਈਆ । ਭੱਜੇ ਫਿਰਨ ਚਾਰ ਚੁਫ਼ਾਰ, ਘੱਟਾ ਪੈਰਾਂ ਨਾਲ ਉਡਾਈਆ । ਮੁਖੋਂ ਕਹਿਣ ਮੁਹੰਮਦੀ ਯਾਰ, ਮਹਿਬਾਨ ਬੀਦੋ ਤੇਰੀ ਵਡਿਆਈਆ । ਯਾ ਮੁਬੀਨ ਇਸਤਗ਼ਫ਼ਾਰ, ਨਾਅਰਾ ਹੱਕ ਹੱਕ ਸੁਣਾਈਆ । ਛਾਤੀ ਉਤੇ ਖਿੱਚੀ ਹੋਵੇ ਲਕਾਰ, ਨਾਅਰਾ ਹੱਕ ਹੱਕ ਸੁਣਾਈਆ । ਓਨ੍ਹਾਂ ਵਿਚ ਇਕ ਹੋਵੇ ਘੁਮਿਆਰ, ਜਿਸ ਦਾ ਪਿਛਲਾ ਜਨਮ ਦਿਆਂ ਸਮਝਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਸਦੀ ਚੌਧਵੀਂ ਕਹੇ ਮੈਂ ਅੰਤਮ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੰਦੇਸਿਆਂ ਵਿਚ ਕਰਾਂ ਇਜ਼ਹਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਵੇਖੋ ਖੇਲ ਪਰਵਰਦਿਗਾਰ, ਪਾਰਬ੍ਰਹਮ ਆਪਣਾ ਪੜਦਾ ਰਿਹਾ ਉਠਾਈਆ । ਸਦੀ ਚੌਧਵੀਂ ਕਹੇ ਮੈਂ ਛੱਬੀ ਪੋਹ ਦਾ ਕਰਦੀ ਇੰਤਜ਼ਾਰ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸੋ ਸਹੁੰਵਣਾ ਆਵੇ ਵਾਰ, ਵਾਹਵਾ ਵੱਜੇ ਹੱਕ ਵਧਾਈਆ । ਮੈਂ ਨਿਉਂ ਨਿਉਂ ਕਰਾਂ ਨਿਮਸਕਾਰ, ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਬੇਪ੍ਰਵਾਹ ਬੇਅੰਤ ਆਪਣਾ ਹੁਕਮ ਵਰਤਾਈਆ ।

੫੯੭
੨੧

### ✻ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਹਿੰਗਾ ਸਿੰਘ ਦੇ ਗ੍ਰਿਹਿ ਹਰੀ ਪੁਰ ✻

ਸਦੀ ਚੌਧਵੀਂ ਕਹੇ ਪ੍ਰਭ ਤੇਰੀ ਧਾਰ ਬਾਰੀਕ, ਜਗ ਨੇਤਰ ਲੋਚਣ ਨੈਣ ਨਜ਼ਰ ਕਿਸੇ ਨਾ ਆਈਆ । ਪੈਗ਼ੰਬਰ ਨੱਕ ਨਾਲ ਕੱਢਦੇ ਵੇਖੇ ਲੀਕ, ਲਾਈਨ ਆਪਣੀ ਆਪਣੀ ਜਣਾਈਆ । ਇਕ ਦੂਜੇ ਦੀ ਸ਼ਹਾਦਤ ਵਿਚ ਕਰਨ ਤਸਦੀਕ਼, ਸਨਮੁਖ ਹੋ ਕੇ ਦੇਣ ਗਵਾਹੀਆ । ਬਹੁੜੀ ਦਰੋਹੀ ਯਾਮਬੀਨ ਤੇਰੀ ਉਡੀਕ, ਲਾਸ਼ਰੀਕ ਤੇਰੀ ਸਰਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕ ਤੇਰੇ ਵਿਚ ਤੌਫ਼ੀਕ਼, ਤਾਬੇਦਾਰੀ ਸਭ ਨੂੰ ਦੇਣੀ ਸਮਝਾਈਆ । ਸਾਡੀ ਆਸਾ ਮਨਸਾ ਪੂਰੀ ਕਰਨੀ ਉਮੀਦ, ਤ੍ਰਿਸ਼ਨਾ ਪਿਛਲੀ ਦੇਣੀ ਗਵਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਅਸੀਂ ਕਰਾ ਕੇ ਆਏ ਉਡੀਕ, ਸਦੀ ਸਦੀਵੀ ਰਾਹ ਜਣਾਈਆ । ਸੋ ਵਕ਼ਤ ਪਹੁੰਚਿਆ ਨਜ਼ਦੀਕ, ਦੂਰ ਦੁਰਾਡੇ ਨੇਰਨ ਨੇਰਾ ਪਰਦਾ ਦੇਣਾ ਉਠਾਈਆ । ਕਿਸੇ ਸੰਤ ਭਗਤ ਸੂਫ਼ੀ ਹੋਣਾ ਨਾ ਪਏ ਸ਼ਹੀਦ, ਕਲਜੁਗ ਕੂੜੀ ਕਿਰਿਆ ਦੇਣੀ ਮਿਟਾਈਆ । ਨਿਰਗੁਣ ਧਾਰ ਵੇਖ ਆਪਣੀ ਦੀਦ, ਬਿਨ ਅੱਖਾਂ ਅੱਖ ਖੁਲ੍ਹਾਈਆ । ਧੁਰ ਸਵਾਮੀ ਬਣ ਰਫ਼ੀਕ਼, ਰਿਸ਼ਤਾ ਆਪਣੇ ਨਾਲ ਜੁੜਾਈਆ । ਦੀਨ ਦੁਨੀ ਹੋਈ ਫ਼ਰੀਕ਼, ਫ਼ਿਰਕਿਆਂ ਵਿਚ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਅਲਖ ਅਗੋਚਰ ਅਗੰਮ ਅਥਾਹ, ਦਰ ਤੇਰੇ ਸੀਸ ਝੁਕਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਰਹੇ ਸਹਿਮ, ਸਿਰ ਸਕੇ ਨਾ ਕੋਇ ਉਠਾਈਆ । ਉਮਤ ਕਿਸੇ ਰਹੀ ਨਾ ਕ਼ਾਇਮ, ਕ਼ਿਆਮਤ ਅੰਤਮ ਦਏ ਦੁਹਾਈਆ । ਬਿਨ ਤੇਰੇ ਕਰੇ ਕੋਇ ਨਾ ਰਹਿਮ, ਰਹਿਮਤ ਹੱਕ ਨਾ ਕੋਇ ਕਮਾਈਆ । ਹਿਰਦੇ ਅੰਤਰ ਨਾ ਆਵੇ ਚੈਨ, ਸਾਂਤਕ ਸਤਿ ਨਾ ਕੋਇ ਕਰਾਈਆ । ਨੇਤਰ ਖੁਲ੍ਹੇ ਕਿਸੇ ਨਾ ਐਨ, ਪਰਦਾ ਸਕੇ ਨਾ ਕੋਇ ਉਠਾਈਆ । ਮੁਰੀਦ ਮੁਰਸ਼ਦ ਹੋਏ ਤ੍ਰਫ਼ੈਨ, ਯਕਤਰਫ਼ ਰੰਗ ਨਾ ਕੋਇ ਰੰਗਾਈਆ । ਕਿਰਪਾ ਕਰ ਮੇਰੇ ਮੁਬੈਨ, ਬੀ ਖ਼ੈਰ ਅੱਲਾਹ ਤੇਰੀ ਦੁਹਾਈਆ । ਤੂੰ ਨਿਰਗੁਣ ਧਾਰ ਆਦਿ ਨਰਾਇਣ, ਨਰ ਹਰਿ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਪੀਰ ਪੈਗ਼ੰਬਰ ਵੇਖਣ ਉਪਰ ਥੱਲੇ, ਜ਼ਿਮੀਂ ਅਸਮਾਨਾਂ ਧਿਆਨ ਲਗਾਈਆ । ਧੁਰ ਸੰਦੇਸ਼ਾ ਕਵਣ ਘੱਲੇ, ਪੈਗ਼ਾਮਾਂ ਵਿਚ ਕਰੇ ਸ਼ਨਵਾਈਆ । ਮੁਰੀਦਾਂ ਮੁਰਸ਼ਦਾਂ ਛੁੱਟਣ ਲੱਗੇ ਪੱਲੇ, ਪੱਲੂ ਗੰਢ ਨਾ ਕੋਇ ਬੰਧਾਈਆ । ਬਹੁੜੀ ਸਭ ਨੇ ਰਹਿ ਜਾਣਾ ਕੱਲੇ, ਦੂਜਾ ਨਜ਼ਰ ਕੋਇ ਨਾ ਆਈਆ । ਕਰੇ ਖੇਲ ਪਾਰਬ੍ਰਹਮ ਪਤਿਪਰਮੇਸ਼ਵਰ ਜੋ ਵਸੇ ਨਿਹਚਲ ਧਾਮ ਅਟੱਲੇ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਧਰੇ ਕੋਇ ਨਾ ਧੀਰ, ਧੀਰਜ ਨਜ਼ਰ ਕੋਇ ਨਾ ਆਈਆ । ਸ਼ਰਅ ਟੁੱਟਣ ਲੱਗਾ ਜ਼ੰਜੀਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸਭ ਦੀ ਬਦਲਣ ਲੱਗੀ ਤਕ਼ਦੀਰ, ਤਦਬੀਰ ਦੱਸੇ ਧੁਰਦਰਗਾਹੀਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਅਮਰਾਪਦ ਇਕ ਸਮਝਾਈਆ । ਨਾਮ ਖੰਡਾ ਫੜ ਸ਼ਮਸ਼ੀਰ, ਚਾਰੋਂ ਕੁੰਟ ਰਿਹਾ ਚਮਕਾਈਆ । ਦੀਨ ਦੁਨੀ ਕਰ ਦਿਲਗੀਰ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਹਾਲਤ ਵਿਗੜੀ ਵੇਖੇ ਜ਼ਮੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰਾਂ ਅੰਤਰ ਦਿਸੇ ਹੈਰਾਨੀ, ਹੈਰਤ ਵਿਚ ਦੁਹਾਈਆ । ਸਾਡੀ ਉਮਤ ਹੋਈ

ਬੇਗਾਨੀ, ਨਾਤਾ ਜਗਤ ਤੁੜਾਈਆ । ਭੁੱਲੀ ਅਗੰਮ ਕਲਾਮੀ, ਕਾਇਨਾਤ ਮੁਖ ਭਵਾਈਆ । ਛੱਡੀ ਮੁਹੱਬਤ ਵਾਲੀ ਗ਼ੁਲਾਮੀ, ਗ਼ੁਰਬਤ ਸਭ ਦੇ ਅੰਦਰ ਡੇਰਾ ਲਾਈਆ । ਸਾਡੇ ਨਾਮ ਦੀ ਹੋਈ ਬਦਨਾਮੀ, ਬਦੀ ਵਿਚ ਕੂੜ ਕੁਕਰਮ ਕਮਾਈਆ । ਅੰਤਮ ਸਾਰੇ ਦਿਸਣ ਫ਼ਾਨੀ, ਬਚਿਆ ਨਜ਼ਰ ਕੋਇ ਨਾ ਪਾਈਆ । ਲੰਘ ਗਈ ਬਾਲ ਅਵਸਥਾ ਨਾਲ ਜਵਾਨੀ, ਬੁਢਾਪਾ ਕਲਜੁਗ ਰੂਪ ਵਟਾਈਆ । ਪੈਗ਼ੰਬਰ ਕਹਿਣ ਰਹਿਣਾ ਨਹੀਂ ਕੋਈ ਹੁਣ ਬਾਨੀ, ਦਸਤ ਬਦਸਤ ਸਾਰੇ ਸੀਸ ਝੁਕਾਈਆ । ਅਸੀਂ ਦੇਂਦੇ ਆਏ ਬਕਰਿਆਂ ਕ਼ੁਰਬਾਨੀ, ਈਦ ਬਕਰੀਦ ਵਿਚ ਮਨਾਈਆ । ਹੁਣ ਔਣ ਵਾਲੀ ਤੁਗ਼ਿਆਨੀ, ਚਾਰੋਂ ਕੁੰਟ ਲਏ ਰੁੜ੍ਹਾਈਆ । ਮਮਤਾ ਮੇਟੇ ਸ਼ਰਅ ਬੇਈਮਾਨੀ, ਬੇਵਾ ਕਰੇ ਖ਼ਲਕ ਖ਼ੁਦਾਈਆ । ਪੁਰਖ ਅਕਾਲਾ ਸ਼ਾਹ ਸੁਲਤਾਨੀ, ਧੁਰ ਫ਼ਰਮਾਨੇ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਜ਼ਲ ਵੇਖਣਹਾਰਾ ਰੁਹਾਨੀ ਜਿਸਮਾਨੀ, ਹਰ ਘਟ ਵੇਖ ਵਖਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰਾਂ ਪੈ ਗਿਆ ਫ਼ਿਕਰ, ਫ਼ਿਕਰਿਆਂ ਵਿਚ ਸੁਣਾਈਆ । ਪਰਵਰਦਿਗਾਰ ਆਪਣੀ ਧਾਰੋਂ ਆਵੇ ਨਿਕਲ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਕਿਸੇ ਨਜ਼ਰ ਨਾ ਆਏ ਸ਼ਕਲ, ਬਿਨ ਰੂਪ ਰੰਗ ਰੇਖ ਖੇਲ ਕਰਾਈਆ । ਬੁੱਧੀ ਸਮਝੇ ਕੋਇ ਨਾ ਅਕ਼ਲ, ਮਨਮਤ ਨਾ ਕੋਇ ਚਤੁਰਾਈਆ । ਆਪਣਾ ਖੇਲ ਕਰੇ ਹਰਿ ਹੱਕਲ, ਹਕ਼ੀਕ਼ਤ ਆਪਣਾ ਰਾਹ ਚਲਾਈਆ । ਕੂੜੀ ਕਿਰਿਆ ਕਰ ਕੇ ਕ਼ਤਲ, ਧਰਮ ਦੀ ਧਾਰ ਲਏ ਪ੍ਰਗਟਾਈਆ । ਜਨ ਭਗਤਾਂ ਵਖਾ ਕੇ ਆਪਣਾ ਵਤਨ, ਸਚ ਦਵਾਰਾ ਦਏ ਸਮਝਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਜਪਣ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸਚ ਸਰਨਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਮੱਥੇ ਉਤੇ ਮਾਰਨ ਹੱਥ, ਹਥੇਲੀ ਪੇਸ਼ਾਨੀ. ਨਾਲ ਮਿਲਾਈਆ । ਕੀ ਖੇਲ ਕਰੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਸਾਡਾ ਮੁਨਾਰਾ ਰਿਹਾ ਢੱਠ, ਨਿਸ਼ਾਨਾ ਕੂੜ ਦਏ ਗਵਾਈਆ । ਜ਼ੋਰ ਚਲੇ ਕਿਸੇ ਨਾ ਹੱਠ, ਤੇਜ ਤਪ ਨਾ ਕੋਇ ਧਰਾਈਆ । ਦੀਨ ਮਜ਼੍ਹਬ ਦੀ ਮੇਟ ਕੇ ਵੱਟ, ਰਸਤਾ ਸਾਫ਼ ਰਿਹਾ ਬਣਾਈਆ । ਇਕੋ ਨਾਮ ਇਕੋ ਕਲਮਾ ਸ੍ਰਿਸ਼ਟ ਸਬਾਈ ਲੈਣਾ ਰਟ, ਰੱਟਾ ਮਜ਼੍ਹਬ ਰਹੇ ਨਾ ਰਾਈਆ । ਇਕੋ ਤੀਰਥ ਇਕੋ ਤਟ, ਇਕੋ ਘਰ ਦਏ ਸਮਝਾਈਆ । ਇਕੋ ਮੰਦਰ ਮਸੀਤ ਸ਼ਿਵਦਵਾਲਾ ਮੱਠ, ਗੁਰਦਵਾਰਾ ਇਕੋ ਨਜ਼ਰੀ ਆਈਆ । ਇਕੋ ਨੂਰ ਨੁਰਾਨਾ ਸ਼ਬਦ ਅਗੰਮੀ ਮਾਰੇ ਸੱਟ, ਸੋਈ ਸੁਰਤੀ ਸਰਬ ਜਗਾਈਆ । ਇਕੋ ਨਾਉਂ ਨਿਰੰਕਾਰ ਖੋਲ੍ਹ ਕੇ ਹੱਟ, ਵਣਜ ਵਪਾਰਾ ਦਏ ਸਮਝਾਈਆ । ਇਕੋ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਹੋਵੇ ਸਾਂਝਾ ਜਸ, ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰਾ ਸਾਂਝਾ ਯਾਰਾ ਕਰੇ ਸਚ ਪੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਵੇਖ ਕੇ ਕਰਾਂ ਹਾਸੀ, ਖ਼ੁਸ਼ੀ ਵਿਚੋਂ ਖ਼ੁਸ਼ੀ ਪ੍ਰਗਟਾਈਆ । ਕੀ ਹੁਕਮ ਦੇਵੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਕਿਸ ਬਿਧ ਮੇਟੇ ਕਲਜੁਗ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਬਣਾਏ ਇਕ ਜਮਾਤੀ, ਇਕੋ ਪੱਟੀ ਨਾਮ ਦਏ ਸਮਝਾਈਆ । ਸਭ ਦਾ ਮਾਲਕ ਪੁਰਖ ਅਕਾਲਾ ਬਣੇ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਚਾਰ ਕੁੰਟ ਦਹਿ ਦਿਸ਼ਾ ਦੀਨ ਦੁਨੀ ਦੀ ਕਰੇ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਨਿਰਗੁਣ ਸਰਗੁਣ ਦੇਵੇ ਸੱਚਾ ਸਾਥੀ, ਆਤਮ ਪਰਮਾਤਮ ਨਾਤਾ ਜੋੜੇ ਸਹਿਜ ਸੁਭਾਈਆ । ਮੰਜ਼ਲ ਅੰਤ ਕੰਤ ਭਗਵੰਤ ਚਾੜ੍ਹੇ ਅਗੰਮੀ ਘਾਟੀ, ਅੱਗੇ

ਹੋ ਨਾ ਕੋਇ ਅਟਕਾਈਆ । ਜਿਥੇ ਝੁਕਦੇ ਰਾਮ ਵਸ਼ਿਸ਼ਟ ਤ੍ਰਲੋਕੀ ਨਾਥੀ, ਈਸਾ ਮੂਸਾ ਮੁਹੰਮਦ ਸੱਜਦਿਆਂ ਵਿਚ ਸੀਸ ਨਿਵਾਈਆ । ਨਾਨਕ ਨਿਰਗੁਣ ਗੋਬਿੰਦ ਧਾਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰਾ ਸਾਹਿਬ ਸਵਾਮੀ ਕਲਜੁਗ ਅੰਤ ਸਭ ਦੀ ਬਦਲ ਦੇਵੇ ਹਯਾਤੀ, ਜੀਵਣ ਜੀਵਣ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਰਬ ਦਾ ਸਾਥੀ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ ।

### ✻ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਹਰਭਜਨ ਕੌਰ ਦੇ ਗ੍ਰਿਹ ਹਰੀਪੁਰ ✻

ਸਦੀ ਚੌਧਵੀਂ ਕਹੇ ਤੇਈ ਅਵਤਾਰ ਕਰੋ ਧਿਆਨ, ਅਨਦ੍ਰਿਸ਼ਟ ਵੇਖ ਵਖਾਈਆ । ਸਤਿ ਸਚ ਦਾ ਰਿਹਾ ਨਾ ਕੋਇ ਨਿਸ਼ਾਨ, ਨਵ ਸਤਿ ਰਿਹਾ ਕੁਰਲਾਈਆ । ਮਾਇਆ ਮਮਤਾ ਮੋਹ ਵਧੀ ਸ਼ੈਤਾਨ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਧੁਰ ਦਾ ਹੁਕਮ ਮੰਨੇ ਨਾ ਕੋਇ ਫ਼ਰਮਾਨ, ਫ਼ਰਮਾਂਬਰਦਾਰ ਨਾ ਕੋਇ ਅਖਵਾਈਆ । ਦੀਨ ਦੁਨੀ ਹੋਈ ਬੇਈਮਾਨ, ਬੇਵਾ ਵੇਖੀ ਕੂੜ ਲੋਕਾਈਆ । ਸੋਹੇ ਬੰਕ ਨਾ ਕੋਇ ਮਕਾਨ, ਦਵਾਰਾ ਤਨ ਨਾ ਕੋਇ ਵਡਿਆਈਆ । ਭੁੱਲੇ ਭਰਮੇ ਰਾਜ ਰਾਜਾਨ, ਜਗਤ ਸ਼ਾਹ ਰਹੇ ਕੁਰਲਾਈਆ । ਚਾਰੋਂ ਕੁੰਟ ਹੋਇਆ ਵੈਰਾਨ, ਵੈਰੀ ਘਰ ਘਰ ਸੋਭਾ ਪਾਈਆ । ਆਤਮ ਬ੍ਰਹਮ ਸਕੇ ਨਾ ਕੋਇ ਪਹਿਚਾਨ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਰਸ ਮਿਲੇ ਨਾ ਕਿਸੇ ਪੀਣ ਖਾਣ, ਅੰਮ੍ਰਿਤ ਧਾਰ ਨਾ ਕੋਇ ਵਹਾਈਆ । ਜੋਤ ਜਗੇ ਨਾ ਨੂਰ ਮਹਾਨ, ਅੰਧ ਅੰਧੇਰ ਨਾ ਕੋਇ ਗਵਾਈਆ । ਸਚ ਸਵਾਮੀ ਮਿਲੇ ਨਾ ਆਣ, ਨਿਰਗੁਣ ਸਰਗੁਣ ਜੋੜ ਜੁੜਾਈਆ । ਖੇਲ ਵੇਖੋ ਸ੍ਰੀ ਭਗਵਾਨ, ਹਰਿ ਕਰਤਾ ਕੀ ਕਾਰ ਕਮਾਈਆ । ਜੋਤੀ ਜਾਤਾ ਹੋ ਬਲਵਾਨ, ਪੁਰਖ ਬਿਧਾਤਾ ਹੁਕਮ ਸੁਣਾਈਆ । ਸਦੀ ਚੌਧਵੀਂ ਬਦਲ ਦੇਣੇ ਹੁਕਮਰਾਨ, ਹੁਕਮ ਹੁਕਮ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਵੇਖੋ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦਿਆਂ ਜਣਾਈਆ । ਨਾਮ ਕਲਮਾ ਅਣਿਆਲਾ ਮਾਰੇ ਕੋਈ ਨਾ ਤੀਰ, ਤਿੱਖੀ ਮੁੱਖੀ ਧਾਰ ਨਾ ਕੋਇ ਵਖਾਈਆ । ਜ਼ਾਤ ਅਜ਼ਾਤੀ ਹੋਈ ਦਿਲਗੀਰ, ਧੀਰਜ ਧੀਰ ਨਾ ਕੋਇ ਬੰਧਾਈਆ । ਸ਼ਰਅ ਟੁੱਟੇ ਨਾ ਕੋਇ ਜ਼ੰਜੀਰ, ਛੁਰੀ ਦਿਸੇ ਜਗਤ ਕਸਾਈਆ । ਸਾਬਤ ਰਿਹਾ ਨਾ ਕੋਇ ਫ਼ਕੀਰ, ਉਲਮਾ ਇਲਮ ਨਾ ਕੋਇ ਵਡਿਆਈਆ । ਪ੍ਰਭ ਦੇ ਪੁੱਜਾ ਨਾ ਕੋਇ ਕ਼ਰੀਬ, ਨੇਰਨ ਨੇਰ ਨਾ ਦਰਸ਼ਨ ਪਾਈਆ । ਝਗੜਾ ਪਿਆ ਅਮੀਰ ਗ਼ਰੀਬ, ਮਾਇਆ ਮਮਤਾ ਹੋਈ ਹਲਕਾਈਆ । ਸਾਚੀ ਦੇਵੇ ਨਾ ਕੋਇ ਤਰਤੀਬ, ਤਰੀਕਾ ਢੰਗ ਨਾ ਕੋਇ ਜਣਾਈਆ । ਪ੍ਰਭ ਦਾ ਬਣੇ ਨਾ ਕੋਇ ਅਜ਼ੀਜ਼, ਖ਼ਾਦਮ ਹੋ ਕੇ ਸੇਵ ਕਮਾਈਆ । ਸਤਿ ਸਚ ਦੀ ਕਰੇ ਨਾ ਕੋਇ ਤਮੀਜ਼, ਮੁਹੱਬਤ ਹੱਕ ਨਾ ਕੋਇ ਕਮਾਈਆ । ਵੇਖੋ ਖੇਲ ਪ੍ਰਭੂ ਅਜੀਬ, ਅਜਬ ਨਿਰਾਲਾ ਰਿਹਾ ਕਰਾਈਆ । ਜੋ ਮਾਲਕ ਖ਼ਾਲਕ ਆਦਿ ਜੁਗਾਦਿ ਕ਼ਦੀਮ, ਕ਼ੁਦਰਤ ਦਾ ਕ਼ਾਦਰ ਬੇਪ੍ਰਵਾਹੀਆ । ਜਿਸ ਦਾ ਮਹੱਲ ਅਟੱਲ ਆਲੀਸ਼ਾਨ ਅਜ਼ੀਮ, ਅਰਸ਼ ਫ਼ਰਸ਼ ਤੋਂ ਪਰੇ ਸੋਭਾ ਪਾਈਆ । ਸੋ ਵਖਾਵਣਹਾਰਾ ਅਗੰਮਾ ਸੀਨ, ਸੀਮਾ ਸਭ ਦੀ ਫੋਲ ਫੁਲਾਈਆ । ਹੁਕਮੇ ਅੰਦਰ ਕਰੇ ਤਰਮੀਮ,

ਧੁਰ ਫ਼ਰਮਾਨਾ ਇਕ ਜਣਾਈਆ । ਜਿਸ ਦਾ ਮਾਰਗ ਕਹਿੰਦੇ ਮਹੀਨ, ਸੋ ਰਸਤਾ ਦਏ ਪ੍ਰਗਟਾਈਆ । ਜਨ ਭਗਤਾਂ ਬੁੱਧੀ ਪਵਿੱਤ੍ਰ ਕਰੇ ਮਲੀਨ, ਮਲੇਛ ਵੇਖੇ ਕੂੜ ਲੋਕਾਈਆ । ਦੀਨ ਮਜ਼੍ਹਬ ਦੀ ਮੇਟੇ ਤਕਸੀਮ, ਆਤਮ ਪਰਮਾਤਮ ਇਕੋ ਬ੍ਰਹਮ ਜਣਾਈਆ । ਝਗੜਾ ਮੁਕਾ ਕੇ ਨਰ ਮਦੀਨ, ਨਰ ਨਰਾਇਣ ਦਏ ਦਰਸਾਈਆ । ਕਲਜੁਗ ਨੂੰ ਅੰਤ ਕਹੇ ਆਫ਼ਰੀਨ, ਹੱਥ ਪੁਸ਼ਤ ਪਨਾਹ ਟਿਕਾਈਆ । ਤੇਰੇ ਉਤੇ ਕਿਰਪਾ ਕਰੀ ਆਪ ਕਰੀਮ, ਰਹਿਮਤ ਸਚ ਕਮਾਈਆ । ਸਤਿ ਦਾ ਰਿਹਾ ਨਾ ਕੋਇ ਅਧੀਨ, ਕੂੜ ਕੁੜਿਆਰਾ ਡੰਕਾ ਦਿਤਾ ਵਜਾਈਆ । ਮਾਇਆ ਮਮਤਾ ਕਰ ਸ਼ੌਕੀਨ, ਸ਼ਰਅ ਸ਼ਰਅ ਨਾਲ ਦਿਤੀ ਟਕਰਾਈਆ । ਨੂਰ ਦਾ ਰਿਹਾ ਨਾ ਕੋਇ ਹੁਸੀਨ, ਚੰਮ ਦ੍ਰਿਸ਼ਟੀ ਭਰਮੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਤਿ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੁਰ ਦਸ ਮਾਰੇ ਝਾਤੀ, ਪੜਦਾ ਅੰਤਰ ਨਿਰੰਤਰ ਖੋਲ੍ਹ ਖੁਲ੍ਹਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਬ੍ਰਹਮ ਬਣੇ ਕੋਈ ਨਾ ਪਾਠੀ, ਪਾਠਸ਼ਾਲਾ ਰਹੀ ਕੁਰਲਾਈਆ । ਨਿਰਗੁਣ ਧਾਰ ਦਿਸੇ ਕੋਈ ਨਾ ਸਾਥੀ, ਸਰਗੁਣ ਪੂਜਣ ਚਾਈਂ ਚਾਈਆ । ਬਿਰਹੋਂ ਤੀਰ ਲਗਾਵੇ ਕੋਈ ਨਾ ਕਾਤੀ, ਕਾਇਆ ਕੂੜ ਵਿਕਾਰ ਨਾ ਕੋਇ ਮਿਟਾਈਆ । ਅੰਮ੍ਰਿਤ ਕਿਸੇ ਮਿਲੇ ਨਾ ਬੂੰਦ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਝਗੜਾ ਵੇਖੋ ਜ਼ਾਤੀ ਪਾਤੀ, ਤੁਹਾਡੀ ਕੀਤੀ ਸਾਰੇ ਰਹੇ ਉਲਟਾਈਆ । ਪੁਰਖ ਅਕਾਲਾ ਲੇਖਾ ਮੰਗੇ ਬਾਕੀ, ਵਹੀ ਖ਼ਾਤਾ ਆਪਣਾ ਰਿਹਾ ਸਮਝਾਈਆ । ਖ਼ਬਰ ਸੰਦੇਸ਼ਾ ਦੇਵੇ ਧੁਰ ਦੀ ਕਥਾ ਕਹਾਣੀ ਸਾਚੀ, ਸੁਚ ਸੰਜਮ ਇਕ ਸਮਝਾਈਆ । ਆਪਣੀ ਆਪਣੀ ਖੋਲ੍ਹ ਕੇ ਵੇਖੋ ਪਾਤੀ, ਜੋ ਪਤ੍ਰਕਾ ਦਿਤੀ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਲੱਖ ਚੁਰਾਸੀ ਵੇਖ ਆਪਣਾ ਕਰਮ, ਘਰ ਘਰ ਅੰਦਰ ਦਿਆਂ ਸੁਣਾਈਆ । ਮਾਨਵ ਦੱਸ ਤੇਰਾ ਕਿਹੜਾ ਧਰਮ, ਧੀਰਜ ਧਾਰ ਕਵਣ ਜਣਾਈਆ । ਕਿਸ ਬਿਧ ਮੇਟੇਂ ਆਪਣਾ ਭਰਮ, ਭਾਂਡਾ ਭਰਮ ਭੌ ਭੰਨਾਈਆ । ਕਿਸ ਬਿਧ ਭਾਗ ਲੱਗੇ ਕਾਇਆ ਮਾਟੀ ਚਰਮ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਕਿਸ ਬਿਧ ਲਹਿਣਾ ਦੇਣਾ ਮੁੱਕੇ ਜਨਮ ਮਰਨ, ਆਵਣ ਜਾਵਣ ਰਹੇ ਨਾ ਰਾਈਆ । ਕਿਸ ਬਿਧ ਸਾਹਿਬ ਸਵਾਮੀ ਦੇਵੇ ਸਰਨ, ਚਰਨ ਕਵਲ ਇਕ ਸਰਨਾਈਆ । ਕਿਸ ਬਿਧ ਆਪਣਾ ਪੂਰਾ ਕਰੇ ਪਰਨ, ਪਤਿਪਰਮੇਸ਼ਵਰ ਅੱਗੇ ਸੀਸ ਨਿਵਾਈਆ । ਕਿਸ ਬਿਧ ਝਗੜਾ ਮੁਕੇ ਵਰਨ ਬਰਨ, ਜ਼ਾਤ ਪਾਤ ਕਰੇ ਨਾ ਕੋਇ ਲੜਾਈਆ । ਕਿਸ ਬਿਧ ਆਪਣੀ ਮੰਜ਼ਲ ਸਿੱਖੇ ਚੜ੍ਹਨ, ਨੌ ਦਵਾਰੇ ਡੇਰਾ ਢਾਹੀਆ । ਕਿਸ ਬਿਧ ਧੁਨ ਆਤਮਕ ਰਾਗ ਲੱਗੇ ਪੜ੍ਹਨ, ਬਿਨ ਅੱਖਰਾਂ ਤੋਂ ਹੋਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਸੁਣੋ ਗੁਰੂ ਗੁਰਦੇਵ, ਮਾਨਸ ਜ਼ਾਤੀ ਦਿਆਂ ਜਣਾਈਆ । ਕਿਹੜੀ ਰਸਨਾ ਕਿਹੜੀ ਜਿਹਵ, ਜੀਭਾ ਕਵਣ ਸਿਫ਼ਤ ਸਾਲਾਹੀਆ । ਕਿਹੜਾ ਇਸ਼ਟ ਗੁਰੂ ਗੁਰਦੇਵ, ਦੇਵ ਆਤਮਾ ਕਵਣ ਮਨਾਈਆ । ਕਿਹੜਾ ਲੇਖਾ ਜਾਣੇ ਅਲਖ ਅਭੇਵ, ਅਗੰਮ ਅਥਾਹ ਦਿਓ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਬਿਨ ਅੱਖਾਂ ਨੇਤਰ ਨੈਣ ਤੱਕੋ, ਤਕਵਾ ਇਕੋ ਇਕ ਜਣਾਈਆ । ਮੈਂ

੬੦੧
੨੧

ਸ਼ਬਦ ਸੰਦੇਸਾ ਦੇਵਾਂ ਹਕੀਕਤ ਹੱਕੋ, ਧੁਰ ਦਾ ਹਾਕਮ ਰਿਹਾ ਸੁਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਛੱਡੋ, ਅੰਤਮ ਛੱਡਣੀ ਪਏ ਜਗਤ ਲੋਕਾਈਆ । ਆਤਮ ਧਾਰ ਪਰਮਾਤਮ ਨਿਰਗੁਣ ਧਾਰ ਨਾਤਾ ਬੰਨ੍ਹੋ, ਬੰਨ੍ਹਣਹਾਰ ਇਕ ਅਖਵਾਈਆ । ਕੂੜੀ ਕਿਰਿਆ ਜਗਤ ਵਿਕਾਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਬਾਹਰ ਕੱਢੋ, ਅੰਤਰ ਨਿਰੰਤਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਘਰ ਸਵਾਮੀ ਠਾਕਰ ਏਕਾ ਸੱਦੋ, ਜਿਸ ਦੀ ਆਸਾ ਗਏ ਰਖਾਈਆ । ਨਾਮ ਖ਼ੁਮਾਰੀ ਸਾਚਾ ਜਾਮ ਪਿਆਵੋ ਮੱਧੋ, ਮਦਹੋਸ਼ ਦਿਓ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਸੁਹਾਵੇ ਰਾਤੀ ਰੁਤੀ, ਰੁਤੜੀ ਦਿਓ ਮਹਿਕਾਈਆ । ਸ੍ਰਿਸ਼ਟੀ ਦੂਨੀ ਰਹੇ ਨਾ ਸੁੱਤੀ, ਨੇਤਰ ਅੱਖ ਦਿਓ ਖੁਲ੍ਹਾਈਆ । ਕਿਸੇ ਨੂੰ ਕਰਨੀ ਪਏ ਨਾ ਕਿਸੇ ਦੀ ਬੁੱਤੀ, ਡੂੰਮ ਮਰਾਸੀ ਝਗੜਾ ਦਿਓ ਚੁਕਾਈਆ । ਜਿਹੜੀ ਦੁਹਾਗਣ ਰਾਹੋਂ ਘੁੱਥੀ, ਸੁਹਾਗਣ ਦਰਗਾਹ ਸਾਚੀ ਦਿਓ ਬਣਾਈਆ । ਭਾਗ ਲਗਾਓ ਕਾਇਆ ਬੁੱਤੀ, ਬੁਤਖ਼ਾਨਿਆਂ ਕਰੋ ਸਫ਼ਾਈਆ । ਮਨ ਕਲਪਣਾ ਰਹਿਣ ਨਾ ਦੇਵੇ ਲੁੱਚੀ, ਸਚ ਸੁਚ ਦੇਣਾ ਵਖਾਈਆ । ਸਦੀ ਚੌਧਵੀਂ ਕਹੇ ਮੈਂ ਓਸ ਪ੍ਰਭੂ ਦੇ ਦਰਸ਼ਨ ਦੀ ਭੁੱਖੀ, ਜਿਸ ਨੂੰ ਭਵਿਖਤਾਂ ਵਿਚ ਆਏ ਗਾਈਆ । ਓਸ ਦਵਾਰੇ ਸਭ ਨੇ ਹੋਣਾ ਸੁਖੀ, ਸੁਖ ਸਾਗਰ ਵਿਚ ਸਮਾਈਆ । ਮਾਇਆ ਮਮਤਾ ਜੜ੍ਹ ਜਾਏ ਪੁੱਟੀ, ਪਟਨੇ ਵਾਲਾ ਦੇਵੇ ਮਾਣ ਵਡਿਆਈਆ । ਆਪਣੀ ਗੰਢ ਪਾਵੋ ਟੁੱਟੀ, ਆਤਮ ਪਰਮਾਤਮ ਨਾਤਾ ਜੋੜੋ ਸਹਿਜ ਸੁਭਾਈਆ । ਦੀਨ ਮਜ਼੍ਹਬ ਨੂੰ ਦੇ ਦਿਓ ਅੱਗੇ ਛੁੱਟੀ, ਛੁਟਕਾਰਾ ਹੋਵੇ ਕੋਲੋਂ ਲੋਕਾਈਆ । ਸਭ ਦੀ ਅੰਤ ਅਖ਼ੀਰੀ ਵਾਟ ਮੁਕੀ, ਮੁਕੰਮਲ ਧੁਰ ਦਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲੀ ਖੇਲ ਰਹਿਣ ਨਾ ਦੇਵੇ ਲੁਕੀ, ਲੋਕ ਪਰਲੋਕ ਸਲੋਕ ਆਪਣਾ ਇਕ ਸੁਣਾਈਆ ।

### ❊ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਗ੍ਰਿਹਿ ਅਹਿਮਦ ਪੁਰ ਜ਼ਿਲਾ ਕਪੂਰਥਲਾ ❊

ਸਦੀ ਚੌਧਵੀਂ ਕਹੇ ਪੈਗ਼ੰਬਰ ਦੇਵਣ ਹੋਕਾ, ਹੁਕਮ ਧੁਰ ਦਾ ਰਹੇ ਜਣਾਈਆ । ਲੇਖਾ ਮੁੱਕਣ ਲੱਗਾ ਚੌਦਾਂ ਤਬਕ ਚੌਦਾਂ ਲੋਕਾ, ਲੁਕਿਆ ਭੇਵ ਰਹੇ ਨਾ ਰਾਈਆ । ਪਰਵਰਦਿਗਾਰ ਸਾਂਝੇ ਯਾਰ ਦਾ ਆਇਆ ਮੌਕਾ, ਮੁਕੰਮਲ ਆਪਣਾ ਖੇਲ ਖਿਲਾਈਆ । ਦੀਨ ਦੁਨੀ ਦੇ ਨਾਲ ਕਰੇ ਨਾ ਧੋਖਾ, ਧਰਮ ਦੀ ਧਾਰ ਇਕ ਦ੍ਰਿੜਾਈਆ । ਅੰਤ ਅਖ਼ੀਰ ਬੇਨਜ਼ੀਰ ਮਾਰਗ ਦੱਸੇ ਸੌਖਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹਨਾ ਪਏ ਕੋਈ ਨਾ ਪੋਥਾ, ਹਿਰਦੇ ਅੰਤਰ ਨਿਰੰਤਰ ਆਪਣਾ ਨਾਮ ਦਏ ਉਪਜਾਈਆ । ਭਾਗ ਲਗਾ ਕੇ ਕਾਇਆ ਮਾਟੀ ਸਾਢੇ ਤਿੰਨ ਹੱਥ ਅਗੰਮੀ ਕੋਠਾ, ਨੌ ਦਵਾਰ ਨਰ ਨਿਰੰਕਾਰ ਕੂੜਾ ਪੰਧ ਮੁਕਾਈਆ । ਮਨਮਤ ਦੀ ਰਹਿਣ ਨਾ ਦੇਵੇ ਸੋਚਾ, ਬੁੱਧੀ ਤੋਂ ਪਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਉਚੀ ਉਚੀ ਰਹੇ ਕੂਕ, ਦਰੋਹੀ ਨਾਮ ਖ਼ੁਦਾਈਆ । ਸਾਡੀ ਚੁੱਕਣ ਲੱਗੀ ਚੂਕ, ਵੇਲਾ ਅੰਤ ਗਿਆ ਆਈਆ । ਝਗੜਾ

੬੦੨
੨੧

ਪੈਣਾ ਚਾਰੇ ਕੂਟ, ਦਹਿ ਦਿਸ਼ਾ ਹੋਏ ਲੜਾਈਆ । ਸਾਬਤ ਰਹੇ ਨਾ ਕੋਈ ਪੰਜ ਭੂਤ, ਤ੍ਰੈਗੁਣ ਰੰਗ ਨਾ ਕੋਇ ਚੜ੍ਹਾਈਆ । ਕਲਮੇ ਵਾਲਿਆਂ ਹੋਣਾ ਕੂਚ, ਗਲੀ ਕੂਚੇ ਦਰੋਹੀ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਪੈਗ਼ੰਬਰ ਚਾਰੋਂ ਕੁੰਟ ਤਕਦੇ, ਬਿਨ ਅੱਖਾਂ ਅੱਖ ਉਠਾਈਆ । ਵੇਖਣ ਖੇਲ ਪੁਰਖ ਸਮਰਥ ਦੇ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਬਿਨ ਕ਼ਦਮਾਂ ਤੋਂ ਚੌਦਾਂ ਤਬਕਾਂ ਨਠਦੇ, ਭੱਜਣ ਵਾਹੋ ਦਾਹੀਆ । ਸਾਚਾ ਕਲਮਾ ਫਿਰਨ ਦੱਸਦੇ, ਅੱਲਾ ਹੂ ਅੰਨਾ ਹੂ ਸੁਣਾਈਆ । ਇਸ਼ਾਰੇ ਦੇਂਦੇ ਨਿਜ ਨੇਤਰ ਨੈਣ ਅੱਖ ਦੇ, ਪ੍ਰਤੱਖ ਵੇਖੋ ਗੁਸਾਈਆ । ਹੁਣ ਖੇਲ ਰਹੇ ਨਹੀਂ ਸਾਡੇ ਵੱਸ ਦੇ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਇਕ ਦੂਜੇ ਦਾ ਤੱਕਣ ਰਾਹ, ਰਹਿਬਰ ਵੇਖਣ ਨੂਰ ਅਲਾਹੀਆ । ਕੀ ਖੇਲ ਕਰੇ ਖ਼ੁਦਾ, ਖ਼ੁਦੀ ਤਕੱਬਰ ਮੇਟ ਮਿਟਾਈਆ । ਉਮਤ ਉਮਤੀ ਕਰ ਜੁਦਾ, ਜੁਜ਼ ਜੁਜ਼ ਦਾ ਡੇਰਾ ਢਾਹੀਆ । ਜਲਵਾ ਨੂਰ ਕਰ ਰੁਸ਼ਨਾ, ਜ਼ਾਹਰ ਜ਼ਹੂਰ ਪੜਦਾ ਦਏ ਉਠਾਈਆ । ਸਾਚਾ ਮਾਰਗ ਦੱਸ ਨਵਾਂ, ਨਵ ਨੌ ਚਾਰ ਪੰਧ ਮੁਕਾਈਆ । ਦੀਨ ਮਜ਼੍ਹਬ ਮੇਟ ਕੇ ਤਮਅ, ਤਾਮਸ ਤ੍ਰਿਸ਼ਨਾ ਦਏ ਗਵਾਈਆ । ਆਤਮ ਬ੍ਰਹਮ ਜਗਾ ਕੇ ਸ਼ਮਅ, ਕੂੜ ਅੰਧੇਰਾ ਦਏ ਮਿਟਾਈਆ । ਹਰਖ ਸੋਗ ਗਵਾ ਕੇ ਗ਼ਮਾ, ਗ਼ਮਖ਼ਾਰ ਵੇਖ ਵਖਾਈਆ । ਸਤਿਜੁਗ ਸਾਚਾ ਕਰੇ ਰਵਾਂ, ਰਹਿਮਤ ਆਪਣੀ ਹੱਕ ਕਮਾਈਆ । ਲੇਖੇ ਲਾਵੇ ਯਾਰ ਚੌਹਾਂ, ਮੁਹੰਮਦ ਨਿਉਂ ਨਿਉਂ ਲਾਗੇ ਪਾਈਆ । ਭਰੋਸਾ ਕਿਸੇ ਨਹੀਂ ਕੋਈ ਦਮਾਂ, ਦਾਮਨਗੀਰ ਹੋਵੇ ਨੂਰ ਅਲਾਹੀਆ । ਸਦੀ ਚੌਧਵੀਂ ਸੁਹੰਵਣਾ ਹੋਵੇ ਸਮਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਦਾਤਾ ਆਪ ਅਖਵਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਕਰਦੇ ਹਾਹਾਕਾਰ, ਹੌਕਿਆਂ ਵਿਚ ਦੁਹਾਈਆ । ਖੇਲ ਕਰੇ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਅੰਤ ਆਈ ਸਭ ਨੂੰ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਧਰਮ ਦਾ ਰਿਹਾ ਨਾ ਖ਼ਿਦਮਤਗਾਰ, ਖ਼ਾਦਮ ਰੂਪ ਨਾ ਕੋਇ ਵਟਾਈਆ । ਕਾਗਦ ਕ਼ਲਮ ਸ਼ਾਹੀ ਪਾਏ ਨਾ ਸਾਰ, ਕਲਮੇ ਕਾਇਨਾਤ ਦੁਹਾਈਆ । ਦੀਨ ਦੁਨੀ ਨਾ ਹੋਵੇ ਤਾਬਿਆਦਾਰ, ਗ਼ਫ਼ਲਤ ਵਿਚ ਅੱਖ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਧੂੰਆਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਮੁਹੱਬਤ ਹੱਕ ਨਾ ਦਿਸੇ ਪਿਆਰ, ਮਾਇਆ ਮਮਤਾ ਹੋਏ ਹਲਕਾਈਆ । ਸੱਜਦਾ ਕਰੇ ਨਾ ਕੋਇ ਨਿਮਸਕਾਰ, ਡੰਡਾਵਤ ਵਿਚ ਨਾ ਕੋਇ ਵਡਿਆਈਆ । ਸਦੀ ਚੌਧਵੀਂ ਕਹੇ ਸਾਰੇ ਕਰਦੇ ਓਸ ਦਾ ਇੰਤਜ਼ਾਰ, ਜੋ ਆਦਿ ਅੰਤ ਇਕ ਅਖਵਾਈਆ । ਜਿਸ ਦਾ ਸਿਫ਼ਤਾਂ ਵਿਚ ਕਰ ਕੇ ਆਏ ਇਜ਼ਹਾਰ, ਰਾਗਾਂ ਨਾਦਾਂ ਵਿਚ ਸੁਣਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਕਰੇ ਗ੍ਰਿਫ਼ਤਾਰ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਰਹੇ ਵੇਖ, ਦਰਗਾਹ ਸਾਚੀ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤ ਕੰਤ ਭਗਵੰਤ ਕਰੇ ਕਿਹੜਾ ਵੇਸ, ਅਵੱਲੜਾ ਆਪਣਾ ਰੂਪ ਧਰਾਈਆ । ਜੋ ਸੰਦੇਸਾ ਦੇ ਕੇ ਗਿਆ ਗੁਰ ਦਸ ਦਸਮੇਸ਼, ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਜਗਤ

ਸਮਝਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਦਵਾਰੇ ਵਸੇ ਹਮੇਸ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨੂਰ ਰੁਸ਼ਨਾਈਆ । ਜਿਸ ਨੇ ਸਦੀ ਚੌਧਵੀਂ ਚਾਰ ਵਰਨ ਅਠਾਰਾਂ ਬਰਨ ਛੱਡ੍ਹੀ ਬ੍ਰਾਹਮਣ ਸ਼ੂਦਰ ਵੈਸ਼ ਕਰਨੇ ਏਕ, ਏਕੰਕਾਰ ਆਪਣੀ ਕਲ ਧਰਾਈਆ । ਦੀਨ ਦੁਨੀ ਦੀ ਬੁੱਧੀ ਕਰੇ ਬਿਬੇਕ, ਮਨਮਤ ਕੂੜ ਕਲਪਨਾ ਕਾਇਆ ਮੰਦਰ ਅੰਦਰੋਂ ਬਾਹਰ ਕਢਾਈਆ । ਝਗੜਾ ਮੁਕਾਵੇ ਪੰਡਤ ਕ਼ਾਜ਼ੀ ਮੁੱਲਾ ਸ਼ੇਖ਼, ਸ਼ਰਅ ਦਾ ਲੇਖਾ ਦਏ ਚੁਕਾਈਆ । ਧੁਰ ਫ਼ਰਮਾਨਾ ਦੇਵੇ ਹੱਕ ਸੰਦੇਸ਼, ਨਾਉਂ ਨਿਰੰਕਾਰਾ ਇਕ ਜਣਾਈਆ । ਜਿਸ ਦੇ ਅੱਗੇ ਚਲੇ ਕੋਇ ਕਿਸੇ ਨਾ ਪੇਸ਼, ਪੇਸ਼ਤਰ ਸਾਰੇ ਓਸੇ ਦਾ ਰਾਹ ਤਕਾਈਆ । ਸੋ ਸਵਾਮੀ ਚਾਰ ਵਰਨ ਅਠਾਰਾਂ ਬਰਨ ਮੇਟੇ ਫ਼ਰੇਬ, ਦਗੇਦਾਰ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਸਭ ਦੀ ਖ਼ਾਲੀ ਕਰੇ ਜੇਬ, ਜਿਹਵਾ ਕੂੜ ਵਿਕਾਰ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਠਾਕਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਕਰਦੇ ਸੱਜਦੇ, ਸਿਰ ਸਰ ਝੁਕਾਈਆ । ਹਉਂ ਸੇਵਕ ਤੇਰੇ ਬਰਦੇ, ਬੰਦਗੀ ਵਿਚ ਦੁਹਾਈਆ । ਹੁਕਮ ਰਜ਼ਾਈ ਚਲਦੇ, ਭਾਣੇ ਵਿਚ ਵਡਿਆਈਆ । ਚੌਦਾਂ ਸਦੀਆਂ ਰਹੇ ਪਲਦੇ, ਆਪਣਾ ਬਲ ਪ੍ਰਗਟਾਈਆ । ਖੇਲ ਵੇਖਦੇ ਰਹੇ ਕਲਜੁਗ ਕਲ ਦੇ, ਜਿਸ ਕਲਮੇ ਦਿਤੇ ਭੁਲਾਈਆ । ਸਚ ਫ਼ਰਮਾਨੇ ਰਹੇ ਫਲਦੇ, ਸੰਦੇਸਿਆਂ ਵਿਚ ਵਡਿਆਈਆ । ਰਾਹ ਤਕਦੇ ਰਹੇ ਨਿਹਚਲ ਧਾਮ ਅਟਲ ਦੇ, ਦੂਰ ਦੁਰਾਡੇ ਨੂਰ ਅਲਾਹੀਆ । ਘੋਲ ਵੇਖੇ ਜਲ ਥਲ ਦੇ, ਮਹੀਅਲ ਪਈ ਦੁਹਾਈਆ । ਤੇਰੇ ਹੁਕਮ ਭਾਣੇ ਕਦੇ ਨਾ ਟਲਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਕਹਿਣ ਨਾਲ ਈਮਾਨ, ਸਤਿ ਸਤਿ ਵਿਚ ਸਮਝਾਈਆ । ਸਾਡੀ ਉਮਤ ਹੋਈ ਬੇਈਮਾਨ, ਬੇਵਾ ਦਿਸੇ ਲੋਕਾਈਆ । ਸਿਦਕ ਸਬੂਰੀ ਵਾਲਾ ਰਿਹਾ ਨਾ ਕੋਇ ਖ਼ਾਨਦਾਨ, ਰੂਪ ਖ਼ਾਨਗੀ ਵਾਲਾ ਰਹੇ ਵਟਾਈਆ । ਹਕ਼ੀਕ਼ਤ ਵਿਚ ਸਮਝੇ ਨਾ ਕੋਈ ਇਸਲਾਮ, ਇਸਮ ਆਜ਼ਮ ਨਾ ਕੋਇ ਵਡਿਆਈਆ । ਮਸਲਾ ਦਿਸੇ ਨਾ ਕੋਇ ਕ਼ੁਰਾਨ, ਕਾਇਆ ਕੁਰਹ ਨਾ ਕੋਇ ਜਣਾਈਆ । ਜਗਤ ਸ਼ਰਅ ਬਣੀ ਗ਼ੁਲਾਮ, ਗ਼ੁਰਬਤ ਅੰਦਰ ਡੇਰਾ ਲਾਈਆ । ਸਦੀ ਚੌਧਵੀਂ ਸਾਨੂੰ ਕੀਤਾ ਬਦਨਾਮ, ਬਦੀ ਘਰ ਘਰ ਗਈ ਸਮਾਈਆ । ਸਿਖਿਆ ਰਹੀ ਨਾ ਸਚ ਕਲਾਮ, ਕਾਇਨਾਤ ਨਾ ਕੋਇ ਵਡਿਆਈਆ । ਅਸੀਂ ਆਸਾ ਰਖਦੇ ਸਾਡਾ ਆਵੇ ਅਮਾਮ, ਹਰਿ ਕਰਤਾ ਧੁਰਦਰਗਾਹੀਆ । ਦੀਨ ਦਾ ਦੁਨੀ ਕਰੇ ਆਪ ਇੰਤਜ਼ਾਮ, ਹੁਕਮ ਧੁਰ ਦਾ ਇਕ ਸੁਣਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮ, ਸਤਿਜੁਗ ਸ਼ਮਅ ਕਰੇ ਰੁਸ਼ਨਾਈਆ । ਮਜ਼੍ਹਬ ਦਾ ਰਹੇ ਨਾ ਕੋਈ ਗ਼ੁਲਾਮ, ਸ਼ਰਅ ਜ਼ੰਜੀਰ ਦਏ ਤੁੜਾਈਆ । ਇਕੋ ਨਾਮ ਜਪਣ ਤਮਾਮ, ਤਾਰਾ ਚੰਦ ਦਏ ਗਵਾਹੀਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਵੱਡਾ ਵਡ ਵਡਿਆਈਆ । ਧਰਮ ਝੁਲਾਏ ਇਕ ਨਿਸ਼ਾਨ, ਨਿਸ਼ਾਨੇ ਪਿਛਲੇ ਦਏ ਗਵਾਈਆ । ਸਾਚਾ ਮੰਦਰ ਸੁਹਾਏ ਮਕਾਨ, ਕਾਇਆ ਕਾਅਬਾ ਇਕ ਵਡਿਆਈਆ । ਜਿਥੇ ਦੀਵਾ ਜੋਤੀ ਜਗੇ ਮਹਾਨ, ਅੰਮ੍ਰਿਤ ਰਸ ਨਿਝਰ ਝਿਰਨਾ ਆਪ ਝਿਰਾਈਆ । ਸਾਚੀ ਸੇਜਾ ਕਰੇ ਬਿਸਰਾਮ, ਸਿੰਘਾਸਣ ਇਕੋ ਇਕ ਵਡਿਆਈਆ । ਪੈਗ਼ੰਬਰ ਕਹਿਣ ਸਦੀ ਚੌਧਵੀਂ ਵੇਖ ਖੇਲ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਕਰਾਈਆ । ਜਿਸ ਦਾ ਭੇਵ ਪਾਏ ਨਾ ਕੋਇ ਇਨਸਾਨ, ਅਕ਼ਲ ਬੁੱਧੀ ਵਿਚ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਮਾਰ ਧਿਆਨ, ਏਥੇ ਓਥੇ ਦੋ ਜਹਾਨਾਂ ਜੋਧਾ ਸੂਰਬੀਰ ਮਰਦ ਮਰਦਾਨ, ਆਦਿ ਪੁਰਖ ਅਪਰੰਪਰ ਸਵਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ ।

### ✻ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹ ਅਹਿਮਦ ਪੁਰ ਜ਼ਿਲਾ ਕਪੂਰਥਲਾ ✻

ਸਦੀ ਚੌਧਵੀਂ ਕਹੇ ਮੈਂ ਖੇਲ ਦੱਸਾਂ ਸਭੀ, ਸਬਬ ਪ੍ਰਭ ਨੇ ਦਿਤਾ ਬਣਾਈਆ । ਸਾਹਿਬ ਸਤਿਗੁਰ ਕੋਲ ਚਲ ਕੇ ਆਏ ਰਾਤੀਂ ਇਕ ਸੌ ਗਿਆਰਾਂ ਨਬੀ, ਗਲ ਪੱਲੂ ਵਾਸਤਾ ਪਾਈਆ । ਨੌ ਨੌ ਕ਼ਦਮ ਪੁੱਠੀਂ ਪੈਰੀਂ ਚਲੇ ਉਪਰ ਪੱਬੀਂ, ਏੜੀ ਜ਼ਿਮੀਂ ਨਾਲ ਨਾ ਕੋਇ ਛੁਹਾਈਆ । ਪਰਵਰਦਿਗਾਰ ਸਭ ਦੀ ਲੇਖੇ ਲਾ ਲੈ ਸਦੀ, ਸਦੀਵ ਦਾ ਲੇਖਾ ਦੇ ਚੁਕਾਈਆ । ਮਿਹਰਵਾਨ ਤੂੰ ਔਂਦਾ ਕਦੀ ਕਦੀ, ਕ਼ਦੀਮ ਦੇ ਕ਼ਾਦਰ ਹੋ ਸਹਾਈਆ । ਸਾਡੀ ਕੀਤੀ ਹੋਈ ਰੱਦੀ, ਕ਼ੀਮਤ ਨਜ਼ਰ ਕੋਇ ਨਾ ਆਈਆ । ਤੇਰੀ ਜੋਤ ਅਗੰਮੀ ਜਗੀ, ਨੂਰ ਨੂਰ ਹੋਇਆ ਰੁਸ਼ਨਾਈਆ । ਸਾਡੀ ਰੋਵੇ ਪਸਲੀ ਹੱਡੀ, ਮਕ਼ਬਰਿਆਂ ਵਿਚ ਦੁਹਾਈਆ । ਵਹਿਣ ਵਹਿਣ ਵਾਲਾ ਤੇਰਾ ਅਗੰਮਾ ਨੂਹ ਨਦੀ, ਜਿਸ ਦੀ ਨੂਹ ਸਮਝ ਕੋਇ ਨਾ ਪਾਈਆ । ਪਿਛਲੀ ਮਿਟਣ ਲੱਗੀ ਹੱਦੀ, ਹਦੂਦ ਅਗਲੀ ਨਜ਼ਰੀ ਆਈਆ । ਤੇਰਾ ਜਲਵਾ ਨੂਰ ਅਲਾਹੀ ਰੱਬੀ, ਰਬੀਉਲਸਾਨੀ ਭੇਵ ਨਾ ਕੋਇ ਖੁਲ੍ਹਾਈਆ । ਉਮਤ ਆਲਮ ਬਣ ਤਬੀ, ਤਬੀਅਤ ਸਭ ਦੀ ਦੇ ਬਦਲਾਈਆ । ਸਾਡੀ ਆਸ਼ਾ ਤੇਰੇ ਕ਼ਦਮਾਂ ਹੇਠਾਂ ਦੱਬੀ, ਧੂੜ ਲਾ ਕੇ ਧੂਲ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਨਬੀਆਂ ਪੁੱਠੇ ਜੋੜੇ ਹੱਥ, ਪੁਸ਼ਤ ਪੁਸ਼ਤ ਨਾਲ ਮਿਲਾਈਆ । ਦੂਰ ਦੁਰਾਡੇ ਗਏ ਨਠ, ਰੀਂਗ ਰੀਂਗ ਕੇ ਪੰਧ ਮੁਕਾਈਆ । ਓਧਰੋਂ ਈਸਾ ਦਾ ਕਲਾਕ ਕਰੇ ਟਕ ਟਕ, ਵਕ਼ਤ ਢਾਈ ਵਾਲਾ ਸੁਹਾਈਆ । ਮੂਸਾ ਬਦਲ ਆਪਣੀ ਕਰਵਟ, ਨੇਤਰ ਨੈਣ ਨੈਣ ਅੱਖ ਉਠਾਈਆ । ਕੀ ਖੇਲ ਪੁਰਖ ਸਮਰਥ, ਹਰਿ ਕਰਤਾ ਕਾਰ ਕਮਾਈਆ । ਨਬੀ ਝੁਕੇ ਝਟ, ਕ਼ਦਮਬੋਸੀ ਖ਼ਾਕ ਰਮਾਈਆ । ਅੰਦਰ ਕਲਮਾ ਲਿਆ ਰਟ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪਿਛਲੀ ਸਾਡੀ ਡੋਰੀ ਕੱਟ, ਅੱਗੇ ਆਪਣਾ ਤੰਦ ਜੁੜਾਈਆ । ਚੌਦਾਂ ਤਬਕ ਰਿਹਾ ਨਾ ਹੱਟ, ਹਟਵਾਣੇ ਬੈਠੇ ਢੇਰੀ ਢਾਹੀਆ । ਤੇਰਾ ਭਾਣਾ ਮੰਨਣਾ ਦਰ ਸਚ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਤੇਰੇ ਨਿੱਕੇ ਜਿਹੇ ਬੱਚ, ਬਚਪਨ ਤੇਰੀ ਗੋਦ ਸੁਹਾਈਆ । ਕਿਰਪਾ ਕਰ ਪੁਰਖ ਸਮਰਥ, ਮਿਹਰਵਾਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਿਹਰ ਨਜ਼ਰ ਸਾਡੇ ਉਤੇ ਰਹੇ ਅੱਖ, ਆਖ਼ਰ ਲੇਖਾ ਦੇਣਾ ਮੁਕਾਈਆ ।

### ✻ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਤਰਸੇਮ ਸਿੰਘ ਦੇ ਗ੍ਰਿਹ ਪਿੰਡ ਅਹਿਮਦ ਪੁਰ ਜ਼ਿਲਾ ਕਪੂਰਥਲਾ ✻

ਸਦੀ ਚੌਧਵੀਂ ਕਹੇ ਨਬੀ ਲੈ ਕੇ ਆਏ ਗੁਲਦਸਤਾ, ਗੁਲਦਾਨ ਮੁਹੱਬਤ ਵਾਲਾ ਬਣਾਈਆ । ਸਿਰ ਝੁਕਾਇਆ ਆਹਿਸਤਾ ਆਹਿਸਤਾ, ਨਿਉਂ ਨਿਉਂ ਚਰਨ ਧੂੜੀ ਖ਼ਾਕ ਰਮਾਈਆ । ਹੌਲੀ ਹੌਲੀ ਬੋਲੇ ਤੇਰੇ ਨਾਲ ਹੋਏ ਵਾਬਸਤਾ, ਮਾਲਕ ਖ਼ਾਲਕ ਤੇਰੀ ਓਟ ਰਖਾਈਆ । ਅਸੀਂ ਹੈਰਾਨ ਹੋ

ਗਏ ਤੇਰੇ ਭਗਤ ਦਾ ਰੂਪ ਧਰਨੀ ਲੱਗੇ ਫ਼ਰਿਸ਼ਤਾ, ਸੰਦੇਸ਼ੇ ਧੁਰ ਦੇ ਕਵਣ ਜਣਾਈਆ । ਨਾਪ ਮਿਣਤੀ ਖ਼ਤਮ ਹੋਣ ਲੱਗੀ ਬਾਲਿਸ਼ਤਾ, ਹੱਥ ਗਿਰਹਾ ਨਾ ਕੋਇ ਜਣਾਈਆ । ਗੁਰਮੁਖਾਂ ਦਾ ਬਦਲਣ ਲੱਗਾ ਨਵਿਸ਼ਤਾ, ਪੈਗ਼ੰਬਰਾਂ ਦੀ ਰਹੀ ਨਾ ਕੋਈ ਚਤੁਰਾਈਆ । ਦਰਸ਼ਨ ਹੋਣ ਲੱਗਾ ਦੀਦਾ ਦਾਨਿਸਤਾ, ਨੂਰ ਜ਼ਹੂਰ ਤੇਰਾ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਕਹੇ ਗੁਲਦਸਤੇ ਵਿਚ ਅਗੰਮੀ ਗੁਲ, ਜਗਤ ਗੁਲਸ਼ਨ ਨਜ਼ਰ ਕੋਇ ਨਾ ਆਈਆ । ਜਿਥੇ ਚਹਿਕੇ ਨਾ ਕੋਈ ਬੁਲਬੁਲ, ਕੋਇਲ ਰਾਗ ਨਾ ਕੋਇ ਅਲਾਈਆ । ਕ਼ੀਮਤ ਪਾਏ ਕੋਈ ਨਾ ਮੁੱਲ, ਖਾਰੀ ਵਿਚ ਨਾ ਕੋਇ ਟਿਕਾਈਆ । ਪੱਤ ਟਹਿਣੀ ਜਾਏ ਨਾ ਹੁਲ, ਖਿਜ਼ਾਂ ਰੁੱਤ ਨਾ ਕੋਇ ਬਦਲਾਈਆ । ਇਹ ਖੇਲ ਤੇਰਾ ਸੁਲਹਕੁਲ, ਸਾਹਿਬ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਕਹੇ ਪੈਗ਼ੰਬਰ ਕਹਿਣ ਨਬੀ ਕਹਿਣ ਤੇਰੇ ਭਗਤ ਜਾਣ ਨਾ ਰੁਲ, ਰੁਲਦਿਆਂ ਆਪਣੀ ਗੋਦ ਉਠਾਈਆ । ਮੈਂ ਵੇਖਣਾ ਚਾਹੁੰਦੀ ਤੇਰੀ ਹੋਵੇ ਇਕੋ ਕੁਲ, ਕੁਲਮਾਲਕ ਖ਼ਾਲਕ ਤੇਰਾ ਨੂਰ ਨਜ਼ਰੀ ਆਈਆ । ਤੇਰੇ ਦਵਾਰੇ ਜਾਏ ਕੋਈ ਨਾ ਭੁੱਲ, ਭਗਤਾਂ ਮਾਰਗ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਪਿਆਰ ਮੁਹੱਬਤ ਵਿਚ ਅਨਮੁੱਲ, ਕਰਤੇ ਕ਼ੀਮਤ ਸਕੇ ਕੋਇ ਨਾ ਪਾਈਆ ।

ਸਦੀ ਚੌਧਵੀਂ ਕਹੇ ਨਬੀ ਵਜੌਂਦੇ ਆਏ ਨੌਬਤ, ਡੱਗਾ ਪ੍ਰੇਮ ਵਾਲਾ ਲਗਾਈਆ । ਪਰਵਰਦਿਗਾਰ ਤੇਰੀ ਚਾਰੋਂ ਕੁੰਟ ਸੁਣੀ ਸੋਭਤ, ਲੋਕ ਪ੍ਰਲੋਕ ਰਹੇ ਜਸ ਗਾਈਆ । ਦਰੋਹੀ ਦੁਹਾਈ ਤੇਰੀ ਸਾਨੂੰ ਹੋਰ ਦੇ ਦੇ ਮੋਹਲਤ, ਕ਼ਦਮਾਂ ਉਤੇ ਸਿਰ ਝੁਕਾਈਆ । ਸਾਡੀ ਖ਼ਾਲੀ ਕਰ ਨਾ ਗੋਲਕ, ਭੰਡਾਰਾ ਦੇ ਵਰਤਾਈਆ । ਤੇਰਾ ਹੁਕਮ ਬਚਨ ਅਮੋਲਕ, ਅਮੁੱਲ ਤੇਰੀ ਬੇਪ੍ਰਵਾਹੀਆ । ਕਿਰਪਾ ਕਰ ਸਾਹਿਬ ਅਨਬੋਲਤ, ਸ਼ਬਦੀ ਹੁਕਮ ਜਣਾਈਆ । ਤੇਰਾ ਸਹਾਰਾ ਸਦਾ ਅਨਡੋਲਤ, ਡੋਲਦਿਆਂ ਲਏ ਬਚਾਈਆ । ਸਮਰਥ ਸਵਾਮੀ ਸਭ ਕੁਛ ਤੇਰੇ ਕੋਲਤ, ਕੁਲਮਾਲਕ ਰਹਿਮਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਨਾਮ ਦੁਹਾਈਆ । ਸਦੀ ਚੌਧਵੀਂ ਕਹੇ ਨਬੀ ਹੱਥ ਵਿਚ ਫੜ ਕੇ ਆਏ ਤਿਨਕਾ, ਕਾਹੀ ਕੱਖ ਨਜ਼ਰੀ ਆਈਆ । ਤੇਰਾ ਖੇਲ ਇਨ ਬਿਨ ਕਾ, ਭੇਵ ਸਕੇ ਨਾ ਕੋਇ ਜਣਾਈਆ । ਅੰਤਮ ਲੇਖਾ ਤਿੰਨ ਦਿਨ ਕਾ, ਵਦੀ ਸੁਦੀ ਨਾ ਕੋਇ ਵਡਿਆਈਆ । ਲਹਿਣਾ ਦੇਣਾ ਚੁਕਾ ਜਨ ਜਨ ਕਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੁਹੰਮਦ ਚੌਦਾਂ ਤਬਕ ਫਿਰੇ ਮਿਣਦਾ, ਚਾਰੋਂ ਕੁੰਟ ਵਾਹੋ ਦਾਹੀਆ । ਚੌਦਾਂ ਸਦੀਆਂ ਤੇਰਾ ਭੇਵ ਨਾ ਪਾਇਆ ਭਿੰਨ ਕਾ, ਪੜਦਾ ਉਹਲਾ ਨਾ ਕੋਇ ਚੁਕਾਈਆ । ਤੂੰ ਸਾਨੂੰ ਨੂਰ ਦਿਤਾ ਕਿਨਕਾ ਕਿਨਕਾ, ਬੱਚਿਆਂ ਵਾਂਗ ਪਰਚਾਈਆ । ਸਾਲ ਬਸਾਲਾ ਤੇਰਾ ਲੇਖਾ ਰਿਹਾ ਗਿਣਦਾ, ਹਿਸਾਬ ਅੰਕੜਿਆਂ ਵਿਚ ਲਗਾਈਆ । ਨਜ਼ਾਰਾ ਦੱਸਦਾ ਰਿਹਾ ਤੇਰੇ ਚਿੰਨ੍ਹ ਦਾ, ਚੰਦ ਸਤਾਰ ਸਮਝਾਈਆ । ਨਬੀ ਕਹਿਣ ਛੱਬੀ ਪੋਹ ਨੂੰ ਇਕ ਬੂਟਾ ਲਿਔਣਾ ਨਿੰਮ ਦਾ, ਜਿਸ ਦੇ ਪੱਤਿਆਂ ਦੀ ਸੇਜ ਮੁਹੰਮਦ ਗਿਆਰਾਂ ਸਾਲ ਹੰਢਾਈਆ । ਇਕ ਬੁਤ ਲਿਔਣਾ ਸ਼ਿਵ ਲਿੰਗ ਦਾ, ਇਕ ਪਾਰਬਤੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਨਬੀ ਹੱਥ ਵਿਚ ਫੜ ਕੇ ਆਏ ਮਹਿਤਾਬੀ, ਨੂਰ ਵਿਚ ਚਮਕਾਈਆ ।

ਕਿਉਂ ਕਰੇ ਪ੍ਰਭੂ ਸ਼ਤਾਬੀ, ਸ਼ਰਅ ਰਿਹਾ ਬਦਲਾਈਆ । ਨਿਗਾਹ ਮਾਰ ਹੱਕ ਮਹਿਰਾਬੀ, ਮਹਿਬੂਬ ਨੂਰ ਅਲਾਹੀਆ । ਅਸੀਂ ਸਭ ਤੇਰੇ ਅਸਹਾਬੀ, ਹਜ਼ਰਤ ਸੀਸ ਨਿਵਾਈਆ । ਛੱਡੀ ਮੁਹੱਬਤ ਇਸ਼ਕ ਹਕੀਕੀ ਤੇ ਮਜਾਜ਼ੀ, ਮਜ਼ਾ ਤੇਰੇ ਵਿਚੋਂ ਪਾਈਆ । ਤੇਰਾ ਫ਼ਰਮਾਨ ਸੁਣਿਆ ਇਕ ਜ਼ੁਵਾਬੀ, ਤਲਬ ਇਕ ਵਧਾਈਆ । ਤੇਰਾ ਹੁਕਮ ਅੰਤ ਅਗੰਮਾ ਵਿਚ ਪੰਜਾਬੀ, ਤੇਰੇ ਪੰਜੇ ਮਿਲੇ ਵਡਿਆਈਆ । ਸਾਡੀ ਉਮਤ ਹੋ ਗਈ ਬਾਗ਼ੀ, ਦਾਅਵੇਦਾਰ ਨਾ ਕੋਇ ਅਖਵਾਈਆ । ਤੇਰਾ ਖੇਲ ਸਦਾ ਜੁਗ ਆਦੀ, ਅੰਤ ਤੇਰੀ ਸਰਨਾਈਆ । ਹੋਕਾ ਦੇਂਦਾ ਫਿਰੇ ਨਾਨਕ ਰਬਾਬੀ, ਰੱਬੁਲ ਆਲਮੀਨ ਜਣਾਈਆ । ਜਗਤ ਭੁੰਨ ਖਾਂਦਾ ਰਿਹਾ ਕਬਾਬੀ, ਕਾਅਬਿਆਂ ਵਿਚ ਦੁਹਾਈਆ । ਸੱਚੀ ਰਹੀ ਨਾ ਕੋਈ ਅਦਾਬੀ, ਅਦਬ ਆਦਾਬ ਨਾ ਕੋਇ ਦ੍ਰਿੜਾਈਆ । ਨਬੀ ਕਹਿਣ ਇਕ ਢਾਈ ਗਜ਼ ਦੁਪੱਟਾ ਹੋਣਾ ਉਨਾਬੀ, ਜੋ ਮੁਹੰਮਦ ਤੇਤੀਵੇਂ ਸਾਲ ਆਪਣੀ ਗਰਦਨ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ ।

## ❊ ੨੭ ਮੱਘਰ ਸ਼ਹਿਨਸ਼ਾਹ ਸੰਮਤ ੪ ਫੁੰਮਣ ਸਿੰਘ ਦੇ ਗ੍ਰਿਹ ਪਿੰਡ ਅਹਿਮਦ ਪੁਰ ਜ਼ਿਲਾ ਕਪੂਰਥਲਾ ❊

ਸਦੀ ਚੌਧਵੀਂ ਕਹੇ ਨਬੀ ਛੱਡ ਕੇ ਆਏ ਬੁਤ, ਬੁੱਤਖ਼ਾਨਿਆਂ ਡੇਰਾ ਢਾਹੀਆ । ਸਾਰੇ ਕਹਿਣ ਪ੍ਰਭੂ ਤੇਰੇ ਸੁਤ, ਸੁਤ ਦੁਲਾਰੇ ਲੈ ਮਿਲਾਈਆ । ਤੇਰੇ ਚਰਨ ਰਹੇ ਝੁਕ, ਸੱਜਦਾ ਸੀਸ ਸੁਹਾਈਆ । ਸਾਡਾ ਪੈਂਡਾ ਰਿਹਾ ਮੁਕ, ਅੰਤ ਤੇਰੇ ਹੱਥ ਵਡਿਆਈਆ । ਸਾਨੂੰ ਸਮਝਾ ਅਗੰਮੀ ਤੁਕ, ਝਗੜਾ ਕਲਮਿਆਂ ਦੇ ਗਵਾਈਆ । ਤੇਰੇ ਦਵਾਰੇ ਜਾਈਏ ਰੁਕ, ਬਾਹਰ ਜਾਣ ਦੀ ਲੋੜ ਰਹੇ ਨਾ ਰਾਈਆ । ਅਗਲਾ ਹੁਕਮ ਲਈਏ ਪੁਛ, ਕੀ ਤੇਰੀ ਬੇਪ੍ਰਵਾਹੀਆ । ਸਾਨੂੰ ਸਭ ਕੁਛ ਜਾਵੇ ਸੁੱਝ, ਪਰਵਰਦਿਗਾਰ ਪਰਦਾ ਦੇਣਾ ਉਠਾਈਆ । ਪੰਧ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਭੱਜਣਾ ਪਏ ਨਾ ਵਾਹੋ ਦਾਹੀਆ । ਸਦਾ ਤੇਰੀ ਵੇਖੀਏ ਮੌਜ, ਮਜਲਸ ਭਗਤਾਂ ਨਾਲ ਬਣਾਈਆ । ਤੇਰੇ ਗੁਰਮੁਖਾਂ ਦੀ ਸਭ ਤੋਂ ਨਿਰਾਲੀ ਦਿਸਦੀ ਫ਼ੌਜ, ਫ਼ੌਜਦਾਰੀ ਜਗਤ ਦੀ ਦੇਣੀ ਗਵਾਈਆ । ਇਕ ਸੁਗੰਧੀ ਲਿਔਣੀ ਜਿਹੜੀ ਬਣੀ ਹੋਵੇ ਵਿਚ ਕਨੌਜ, ਮਹਿਕ ਨਾਲ ਮਹਿਕਾਈਆ । ਇਹ ਸਾਨੂੰ ਤੇਰੇ ਭਗਤਾਂ ਨੂੰ ਲਾਵਣ ਦਾ ਸ਼ੌਕ, ਖ਼ੁਸ਼ੀਆਂ ਨਾਲ ਸੇਵਾ ਕਰੀਏ ਚਾਈਂ ਚਾਈਆ । ਫੇਰ ਛੱਬੀ ਪੋਹ ਨੂੰ ਸਾਰੇ ਜਾਈਏ ਪਹੁੰਚ, ਆਪਣਾ ਪੰਧ ਮੁਕਾਈਆ । ਜਿਸ ਵੇਲੇ ਤੇਰੇ ਨਗਾਰੇ ਤੇ ਵੱਜੀ ਧੌਂਸ, ਡੰਕਾ ਬੇਪ੍ਰਵਾਹੀਆ । ਬੇਦਾਰ ਹੋਈਏ ਬਰਦੇ ਬਣੀਏ ਤੇਰੇ ਧੁਰ ਦੇ ਖੌਂਤ, ਖ਼ਸਮ ਤੇਰੀ ਵਡਿਆਈਆ । ਤੁਧ ਬਿਨ ਅੰਤ ਜਾਈਏ ਨਾ ਐਵੇਂ ਔਂਤ, ਬੰਧਨ ਨਾਤਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਨਬੀ ਕਹਿਣ ਤੇਰੇ ਪ੍ਰੇਮ ਦਾ ਵੇਖਣਾ ਤਗ਼ਮਾ, ਸੋਹੰ ਉਪਰ ਲਿਖਾਈਆ । ਅਸੀਂ ਫਿਰ ਮਿਲ ਕੇ ਗਾਈਏ ਨਗ਼ਮਾ, ਸੰਦੇਸਾ ਤੇਰਾ ਅਲਾਹੀਆ । ਝੁਕੀਏ ਤੇਰੇ ਕ਼ਦਮਾਂ, ਸਦ ਮਿਲੇ ਸਰਨਾਈਆ । ਅਗਲਾ ਰਹੇ ਨਾ ਸਦਮਾ, ਦਰਦ ਦੇਣਾ ਮਿਟਾਈਆ । ਸੁੰਭ ਨਿਸੁੰਭ ਦਾ ਲੇਖਾ ਮੁਕਣਾ ਪਦਮਾਂ, ਦੁਰਗਾ ਦਏ ਦੁਹਾਈਆ । ਤੇਰਾ ਜਲਵਾ ਤਕਣਾ ਚਸ਼ਮਾਂ, ਨੂਰ ਤੇਰੀ ਰੁਸ਼ਨਾਈਆ । ਸਭ ਦੇ ਪੂਰੇ ਕਰੀਂ ਬਚਨਾਂ, ਇਕ਼ਰਾਰਾਂ ਤੋੜ ਨਿਭਾਈਆ । ਅਗੰਮੀ ਵੇਖੀਏ ਘਟਨਾ, ਕੀ ਤੇਰਾ ਖੇਲ ਨਜ਼ਰੀ ਆਈਆ । ਛੱਬੀ ਪੋਹ ਨੂੰ ਨਾਲ ਲਿਔਣਾ ਵਟਨਾ, ਜੋ ਸੋਹਣਾ ਸਗਣ

ਬਣਾਈਆ । ਅੱਗੇ ਪ੍ਰਕਾਸ਼ ਹੋਣਾ ਜਿਸ ਨੇ ਖੇਲ ਕਰਾਇਆ ਪਟਨਾ, ਪੱਟੀ ਸਭ ਨੂੰ ਦਏ ਪੜ੍ਹਾਈਆ । ਪਿਛਲਾ ਲੇਖਾ ਸਭ ਦਾ ਕਟਣਾ, ਹੁਕਮ ਧੁਰਦਰਗਾਹੀਆ । ਤੇਰੇ ਭਗਤ ਦਵਾਰੇ ਨਬੀਆਂ ਬਹਿ ਕੇ ਸੋਹੰ ਨਾਮ ਰਟਣਾ, ਰਾਤੀ ਰੁਤੀ ਵੱਜੇ ਵਧਾਈਆ । ਅੱਗੇ ਅਵਰ ਨਾ ਕੋਈ ਯਤਨਾ, ਯਥਾਰਥ ਦਿਤਾ ਸਮਝਾਈਆ । ਸਦ ਵਸਣਾ ਤੇਰੇ ਵਤਨਾ, ਬੇਵਤਨ ਪੰਧ ਮੁਕਾਈਆ । ਪ੍ਰਭੂ ਕੋਈ ਰਹੇ ਨਾ ਸਖਣਾ, ਸਖ਼ੀ ਸੁਲਤਾਨ ਸਭ ਨੂੰ ਦੇਣੀ ਸਰਨਾਈਆ । ਤੇਰਾ ਪ੍ਰਸਾਦ ਤੇਰੇ ਹੱਥੋਂ ਸਭ ਨੇ ਛਕਣਾ, ਦੂਜਾ ਅਵਰ ਨਾ ਕੋਇ ਵਰਤਾਈਆ । ਜੋ ਖਾਵੇ ਉਸ ਅੰਤਰ ਤੇਰਾ ਨੂਰ ਤੇਰੀ ਧਾਰ ਰੱਖਣਾ, ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਨਾਮ ਦੀ ਇਕ ਸਰਨਾਈਆ । ਨਬੀ ਕਹਿਣ ਲਾਲ ਸਿੰਘ ਨੇ ਰਾਤ ਨੂੰ ਪੌਣੇ ਕਾਲੇ ਬਸਤਰ, ਸੋਹਣਾ ਰੰਗ ਰੰਗਾਈਆ । ਪੰਜ ਤਲਵਾਰਾਂ ਪਹਿਨਣੀਆਂ ਸ਼ਸਤਰ, ਸ਼ਮਅ ਹੱਥ ਉਤੇ ਟਿਕਾਈਆ । ਚਿੱਟਾ ਕਾਗ਼ਜ਼ ਪੜ੍ਹਨਾ ਪੱਤਰ, ਪੰਦਰਾਂ ਇੰਚ ਲੰਬਾਈ ਚੌੜਾਈਆ । ਉਤੇ ਪੜਦਾ ਕਰਨਾ ਗੁਰਮੁਖਾਂ ਛਤਰ, ਚਿੱਟੀ ਚਾਦਰ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਗਲਾ ਪੜਦਾ ਆਪ ਉਠਾਈਆ ।

### ❊ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਹਿ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ❊

ਸਦੀ ਚੌਧਵੀਂ ਕਹੇ ਨਬੀ ਲੈ ਕੇ ਆਏ ਟੋਪੀ ਸੇਲੀਆ, ਸਿਲਸਲੇ ਵਾਰ ਵਖਾਈਆ । ਸੁਣ ਪੁਰਖ ਅਕਾਲ ਧੁਰ ਅਲਬੇਲੀਆ, ਬੇਪ੍ਰਵਾਹ ਤੇਰੀ ਵਡਿਆਈਆ । ਤੇਰਾ ਖੇਲ ਰੰਗ ਨਵੇਲੀਆ, ਬੇਐਬ ਤੇਰੇ ਹੱਥ ਸਾਡੀ ਚਤੁਰਾਈਆ । ਅਸੀਂ ਰਹਿਣਾ ਨਹੀਂ ਅਕੇਲੀਆਂ, ਅਕਲ ਕਲਧਾਰੀ ਤੇਰੇ ਵਿਚ ਸਮਾਈਆ । ਤੂੰ ਮੁਰਸ਼ਦ ਅਸੀਂ ਤੇਰੀਆਂ ਚੇਲੀਆਂ, ਚਿਲਾ ਕੱਟਣ ਦੀ ਲੋੜ ਰਹੇ ਨਾ ਰਾਈਆ । ਜਗਤ ਜਹਾਨੋਂ ਹੋਈਆਂ ਵਿਹਲੀਆਂ, ਨਾਤਾ ਲਿਆ ਤੁੜਾਈਆ । ਚੌਦਾਂ ਤਬਕਾਂ ਬਾਜ਼ੀਆਂ ਪੇਲੀਆਂ, ਆਪਣੀ ਖੇਲ ਖਿਲਾਈਆ । ਅੰਤ ਪਸੀਨੇ ਵਿਚ ਆਈਆਂ ਤਰੇਲੀਆਂ, ਅਗਨੀ ਤਤ ਰਹੀ ਜਲਾਈਆ । ਸਾਡੀ ਉਮਤ ਸਾਨੂੰ ਕੱਢਦੀ ਡੇਲੀਆਂ, ਭੈ ਸਿਰ ਨਾ ਕੋਇ ਮਨਾਈਆ । ਝਗੜਾ ਪਿਆ ਜ਼ਾਤਾਂ ਪਾਤਾਂ ਡੂਮ ਮਰਾਸੀ ਨਾਈ ਤੇਲੀਆਂ, ਧੁਰ ਦੀ ਤੁਲਬਿਆਂ ਕਰੇ ਨਾ ਕੋਇ ਪੜ੍ਹਾਈਆ । ਜਗਤ ਡਰਾਇਆ ਮਨ ਮਮਤਾ ਝਮੇਲਿਆਂ, ਕੂੜ ਕੁੜਿਆਰ ਨਾਲ ਮਿਲਾਈਆ । ਆਹਾਰ ਬਣਾਇਆ ਬੱਕਰੇ ਛੇਲਿਆਂ, ਗਊ ਮਾਸ ਜਗਤ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਾਤੇ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਨਬੀ ਝੁਕ ਝੁਕ ਕਰਨ ਸਲਾਮ, ਸਹੀ ਸਲਾਮਤ ਧਿਆਨ ਲਗਾਈਆ । ਸਾਡਾ ਵਿਗੜ ਗਿਆ ਨਿਜ਼ਾਮ, ਨਾਜ਼ਮ ਵੇਖ ਜਗਤ ਲੋਕਾਈਆ । ਬਰਦਾ ਰਿਹਾ ਨਾ ਕੋਇ ਗ਼ੁਲਾਮ, ਕੋਟ ਗ਼ੁਰਬਤ ਭਰੀ ਲੋਕਾਈਆ । ਸਾਚਾ ਰਿਹਾ ਨਾ ਕੋਇ ਇੰਤਜਾਮ, ਭੈ ਡਰ ਨਾ ਕੋਇ ਮਨਾਈਆ । ਤਾਰਾ ਚੰਦ ਰੋਵੇ ਨਿਸ਼ਾਨ, ਨਿਸ਼ਾਨਾ ਨੂਰ ਨਾ ਕੋਇ ਚਮਕਾਈਆ । ਜਹਾਲਤ ਵਧੀ ਜੀਵ ਜਹਾਨ, ਅਦਾਲਤ ਸਚ ਨਾ ਕੋਇ ਕਮਾਈਆ । ਛੁਰੀ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਘਰ ਘਰ ਕਰੇ ਲੜਾਈਆ । ਪੈਗ਼ੰਬਰ ਕਹਿਣ ਛੱਡ ਆਏ ਮੈਦਾਨ, ਧਰਨੀ ਧਰਤ ਧਵਲ ਪੰਧ ਮੁਕਾਈਆ । ਅਗਲਾ ਸੁਣਨ ਆਏ ਫ਼ਰਮਾਨ, ਕੀ ਸੰਦੇਸ਼ਾ ਨੂਰ ਅਲਾਹੀਆ । ਚੌਦਾਂ ਤਬਕਾਂ ਲੁੱਟੀ ਜਾਣੀ ਦੁਕਾਨ,

ਵਸਤ ਅਨਮੁਲ ਨਾ ਕੋਇ ਵਰਤਾਈਆ । ਕਿਰਪਾ ਕਰ ਹਰਿ ਮਿਹਰਵਾਨ, ਮਹਿਬੂਬ ਮੰਗ ਮੰਗਾਈਆ । ਕੀ ਤੇਰਾ ਹੁਕਮ ਢੰਡੋਰਾ ਹੋਵੇ ਸ਼ਰੇਆਮ, ਕੀ ਤੇਰਾ ਹੁਕਮ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਸਦੀ ਚੌਧਵੀਂ ਕਹੇ ਨਬੀ ਧੂੜੀ ਲੈਂਦੇ ਛਾਰ, ਸ਼ਹਿਨਸ਼ਾਹ ਖ਼ਾਕ ਰਮਾਈਆ । ਅਸੀਂ ਤੇਰੇ ਬਰਖ਼ੁਰਦਾਰ, ਖ਼ੁਦੀ ਤਕੱਬਰ ਦਿਤਾ ਗਵਾਈਆ । ਮੰਗਦੇ ਦਰਸ ਦੀਦਾਰ, ਨੂਰ ਚਸ਼ਮ ਰੁਸ਼ਨਾਈਆ । ਦਰਗਾਹ ਸਾਚੀ ਦੇ ਬਣਾ ਹੱਕਦਾਰ, ਘਰ ਘਰਾਨੇ ਦੇ ਵਡਿਆਈਆ । ਸਾਡੀ ਉਮਤ ਹੋਈ ਗ਼ਦਾਰ, ਭੈ ਡਰ ਨਾ ਕੋਇ ਵਖਾਈਆ । ਅਸੀਂ ਛੱਡ ਦਿਤਾ ਸੰਸਾਰ, ਨਾਤਾ ਲਿਆ ਤੁੜਾਈਆ । ਕਲਮਿਆਂ ਵਾਲਾ ਰੱਖਿਆ ਨਾ ਕੋਇ ਬਾਜ਼ਾਰ, ਹੋਕਾ ਕੂਕ ਨਾ ਕੋਇ ਸੁਣਾਈਆ । ਅੱਗੇ ਸਭ ਕੁਛ ਤੇਰੇ ਅਖਤਿਆਰ, ਮੁਖ਼ਤਾਰਨਾਮੇ ਤੇਰੀ ਝੋਲੀ ਭਰਾਈਆ । ਤੂੰ ਸਾਹਿਬ ਸੱਚਾ ਸਿਕਦਾਰ, ਤੇਰਾ ਹੁਕਮ ਰਜ਼ਾਈਆ । ਕਰੇ ਕਰਾਵੇਂ ਕਰਨੇਹਾਰ, ਕੁਦਰਤ ਕ਼ਾਦਰ ਤੇਰੀ ਨਜ਼ਰੀ ਆਈਆ । ਸਚਖੰਡ ਸਚਾ ਤੇਰਾ ਦਰਬਾਰ, ਦਰਗਾਹ ਸਾਚੀ ਵੱਜੇ ਵਧਾਈਆ । ਨਬੀ ਕਹਿਣ ਅਸੀਂ ਤੇਰੇ ਬਰਖ਼ੁਰਦਾਰ, ਬਰਖ਼ੁਰਦਾਰੀ ਵਿਚ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਦਾ ਇੰਤਜ਼ਾਰ, ਇੰਤਜ਼ਾਰੀ ਵਿਚ ਬੈਠੇ ਰਾਹ ਤਕਾਈਆ ।

ਗੁਰਮੁਖ ਸਿੰਘ ਧੁਰ ਦਾ ਗੁਰਮੁਖ, ਗੁਰਮੁਖ ਗੁਰਮੁਖ ਰੂਪ ਵਟਾਈਆ । ਤੇਗ਼ ਬਹਾਦਰ ਨਾਲ ਢਾਈ ਸਾਲ ਮਾਣਿਆ ਸੁਖ, ਬਕਾਲੇ ਦੁਆਲੇ ਸੇਵ ਕਮਾਈਆ । ਨੌ ਵਾਰ ਸਤਿਗੁਰ ਨੂੰ ਕੰਧਿਆਂ ਉਤੇ ਚੁੱਕ, ਬਾਹਰੋਂ ਅੰਦਰ ਤੇ ਅੰਦਰੋਂ ਬਾਹਰ ਦਿਤਾ ਟਿਕਾਈਆ । ਜਿਸ ਵੇਲੇ ਤੇਗ਼ ਬਹਾਦਰ ਨੂੰ ਤਰਤਾਲੀਵੇਂ ਸਾਲ ਪੇਟ ਵਿਚ ਹੁੰਦਾ ਸੀ ਦੁੱਖ, ਦਰਦ ਦਰਦ ਨਾਲ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਵੀਂ ਵਾਰ ਜਿਸ ਦਿਨ ਚੁੱਕਿਆ, ਬਾਬਲ ਸੋਹਣਾ ਨਜ਼ਰੀ ਆਈਆ । ਕੰਧੇ ਸਹਾਰੇ ਨਾਲ ਉਠਿਆ, ਤੇਗ਼ ਬਹਾਦਰ ਲਈ ਅੰਗੜਾਈਆ । ਗੁਰਮੁਖ ਸਿੰਘ ਨੇ ਪੁਛਿਆ, ਸਤਿਗੁਰ ਤੇਰੀ ਵਡ ਵਡਿਆਈਆ । ਹਿਰਦਿਉਂ ਅੰਦਰ ਝੁਕਿਆ, ਨਿਮਰਤਾ ਵਿਚ ਸੀਸ ਨਿਵਾਈਆ । ਤੇਰਾ ਮੈਨੂੰ ਲੱਗ ਜਾਏ ਦੁੱਖਿਆ, ਤੂੰ ਸਤਿਗੁਰ ਸੋਹਣਾ ਸੋਭਾ ਪਾਈਆ । ਤੇਗ਼ ਬਹਾਦਰ ਉਸੇ ਵੇਲੇ ਨਵਾਂ ਨਰੋਆ ਹੋ ਕੇ ਉਠਿਆ, ਆਪਣੀ ਲਈ ਅੰਗੜਾਈਆ । ਛਾਤੀ ਨਾਲ ਲਗਾਇਆ ਤੇ ਕਿਹਾ ਮੇਰੇ ਪੁੱਤਿਆ, ਬੱਚਿਆ ਦਿਆਂ ਸਮਝਾਈਆ । ਜਿਹੜਾ ਪੁਰਖ ਅਕਾਲ ਜੁਗ ਚੌਕੜੀ ਰਿਹਾ ਲੁਕਿਆ, ਤੇਰਾ ਮੇਲਾ ਮੇਲਾਂ ਸਹਿਜ ਸੁਭਾਈਆ । ਸੋਹਣੀ ਸੁਹਾਵੇ ਰੁੱਤਿਆ, ਲੋਕਮਾਤ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਘਰ ਵਸਾਈਆ । ਗੁਰਮੁਖ ਕਿਹਾ ਸਾਹਿਬ ਸਤਿਗੁਰ ਤੇਰੀ ਲੋੜ, ਮੈਂ ਸੇਵਕ ਨਜ਼ਰੀ ਆਈਆ । ਤੇਗ਼ ਬਹਾਦਰ ਕਿਹਾ ਮੈਂ ਗੁਰੂ ਤੈਨੂੰ ਪੁਰਖ ਅਕਾਲ ਨਾਲ ਦੇਵਾਂ ਜੋੜ, ਇਹ ਮੇਰੀ ਸੇਵਾ ਬਣ ਆਈਆ । ਗੁਰਮੁਖ ਕਿਹਾ ਮੇਰੀ ਤੁੱਟੇ ਨਾ ਤੇਰੇ ਨਾਲੋਂ ਡੋਰ, ਪ੍ਰੀਤੀ ਤੇਰੇ ਨਾਲ ਰਖਾਈਆ । ਤੇਗ਼ ਬਹਾਦਰ ਕਿਹਾ ਮੈਂ ਤੈਨੂੰ ਉਸ ਦੇ ਨਾਲ ਦੇਵਾਂ ਤੋਰ, ਜੋ ਤੇਰਾ ਮੇਰਾ ਲੇਖਾ ਸਭ ਦਾ ਵੇਖ ਵਖਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਘੋਰ, ਚਾਰੋਂ ਕੁੰਟ ਅੰਧੇਰਾ ਛਾਈਆ । ਅੰਮ੍ਰਿਤ ਵੇਲਾ ਸਰਘੀ ਰਹੇ ਨਾ ਭੋਰ, ਭੋਰੀ ਦਰਸ ਨਾ ਕੋਇ ਕਰਾਈਆ ।

ਸਾਧ ਸੰਤ ਬਣ ਜਾਵਣ ਠਗ ਚੋਰ, ਸਤਿ ਵਿਚ ਨਾ ਕੋਇ ਸਮਾਈਆ । ਓਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਆਪਣੀਆਂ ਵਾਗਾਂ ਆਵੇ ਮੋੜ, ਨਿਰਗੁਣ ਹੋ ਕੇ ਆਪਣਾ ਨੂਰ ਲਏ ਚਮਕਾਈਆ । ਸਾਰੀ ਦੁਨੀਆ ਸ੍ਰਿਸ਼ਟੀ ਪਾਵੇ ਸ਼ੋਰ, ਕੂਕੇ ਹਾਲ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਗੁਰਮੁਖ ਸਿੰਘ ਕਿਹਾ ਕਿ ਮੇਰੀ ਫੇਰ ਕਿਹੜੀ ਹੋਵੇ ਜ਼ਾਤੀ, ਫੇਰ ਸਤਿਗੁਰ ਦੇ ਸਮਝਾਈਆ । ਤੇਗ਼ ਬਹਾਦਰ ਕਿਹਾ ਤੂੰ ਹੁਣ ਵੀ ਗੁਰਮੁਖ ਫੇਰ ਵੀ ਗੁਰਮੁਖ ਇਹ ਮੇਰੀ ਦੇਣ ਵਾਲੀ ਦਾਤੀ, ਗੁਰਮੁਖ ਨੂੰ ਗੁਰਮੁਖ ਵਿਚੋਂ ਪ੍ਰਗਟਾਈਆ । ਨਾਲ ਪ੍ਰੇਮ ਨਾਲ ਲਾਇਆ ਉਤੇ ਛਾਤੀ, ਤਿੰਨ ਵਾਰ ਪਾਣੀ ਉਤੇ ਦਿਤਾ ਧਰਾਈਆ । ਫੇਰ ਕਿਹਾ ਗੁਰਮੁਖ ਸਿੰਘ ਇਹ ਮੇਰੀ ਰੱਖਣੀ ਯਾਦੀ, ਯਾਦਦਾਸ਼ਤ ਪਿਛਲੀ ਤੇਰੇ ਵਿਚ ਲੁਕਾਈਆ । ਜਿਸ ਵੇਲੇ ਪ੍ਰੇਮ ਪਿਆਰ ਉਤਸ਼ਾਹ ਨਾਲ ਇਸ਼ਨਾਨ ਕਰਾਵੇਂਗਾ ਫੇਰ ਤੇਰੀ ਬਦਲ ਦੇਵਾਂ ਹਯਾਤੀ, ਜੀਵਣ ਆਪਣੇ ਲੇਖੇ ਪਾਈਆ । ਪਰ ਯਾਦ ਰੱਖੀਂ ਨੌ ਮਹੀਨੇ ਅਠਾਰਾਂ ਦਿਨ ਤੈਨੂੰ ਕਰਨੀ ਪਊ ਫ਼ਰਿਆਦੀ, ਮਾਤ ਗਰਭ ਦਾ ਅੱਗੇ ਲੇਖਾ ਰਹੇ ਨਾ ਰਾਈਆ । ਗੁਰਮੁਖ ਸਿੰਘ ਕਿਹਾ ਪ੍ਰਭੂ ਸਤਿਗੁਰ ਮੈਂ ਜ਼ਰੂਰ ਮੰਨਾ ਤੇਰੀ ਆਖੀ, ਅੰਦਰ ਵੜ ਕੇ ਮੈਨੂੰ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰਮੁਖ ਸਿੰਘ ਨੂੰ ਪਿਛਲਾ ਸੀ ਗਿਆਨ, ਅੰਦਰੇ ਅੰਦਰ ਰਿਹਾ ਹਿਲਾਈਆ । ਤੇਗ਼ ਬਹਾਦਰ ਦੀ ਧਾਰ ਕਹੇ ਓਸ ਪ੍ਰਭੂ ਦਾ ਕਰਾ ਇਸ਼ਨਾਨ, ਜਿਥੇ ਦੁਰਮਤ ਮੈਲ ਰਹੇ ਨਾ ਰਾਈਆ । ਓਹ ਕਾਇਆ ਵਰਗਾ ਮਕਾਨ, ਪੱਥਰਾਂ ਇੱਟਾਂ ਨਾਲ ਵਡਿਆਈਆ । ਸਤਿਗੁਰੂ ਦਾ ਅੰਮ੍ਰਿਤ ਉਪਰੋਂ ਆਵੇ ਅਸਮਾਨ, ਗੁਰਮੁਖ ਨੇ ਅੰਮ੍ਰਿਤ ਧਰਤੀ ਵਿਚੋਂ ਲਿਆ ਕਢਾਈਆ । ਕਿਸੇ ਦੇ ਘਰੋਂ ਮੰਗਣ ਗਿਆ ਨਹੀਂ ਦਾਨ, ਘੜਾ ਕੁੰਭ ਮੋਢਿਆਂ ਉਤੇ ਨਾ ਕੋਇ ਰਖਾਈਆ । ਸਤਿਗੁਰੂ ਦਾ ਹੁਕਮ ਮੰਨਿਆ ਤੇ ਮੰਨਿਆ ਹੋਇਆ ਪ੍ਰਵਾਨ, ਪ੍ਰਵਾਨਾ ਆ ਗਿਆ ਧੁਰਦਰਗਾਹੀਆ । ਜਿੰਨੇ ਚਿਰ ਵਿਚ ਕਰਾਇਆ ਇਸ਼ਨਾਨ, ਓਨੇ ਚਿਰ ਤੋਂ ਪਹਿਲੋਂ ਲੇਖਾ ਦਿਤਾ ਮੁਕਾਈਆ । ਦੀਨ ਦੁਨੀ ਦਾ ਦੁੱਖ ਦਰਦ ਰੋਗ ਨਾ ਵੇਖਿਆ ਵਿਚ ਜਹਾਨ, ਹੱਸਦਾ ਹੱਸਦਾ ਵਸਦਾ ਵਸਦਾ ਆਪਣੇ ਘਰ ਗਿਆ ਚਾਈਂ ਚਾਈਆ । ਗੁਰਮੁਖ ਸਿੰਘ ਦਾ ਗੁਰਮੁਖ ਗੁਰਮੁਖ ਸਿੰਘ ਫੇਰ ਬਣਿਆ ਆਣ, ਜਿਸ ਦੇ ਘਰ ਦਾ ਧਰਮ ਨਿਸ਼ਾਨ ਬੰਸ ਸਰਬੰਸ ਨੂੰ ਪ੍ਰਭੂ ਦੇਵੇ ਮਾਣ, ਵੱਡੇ ਨਿੱਕੇ ਬਿਰਧ ਬਾਲ ਸਾਰੇ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਸਿਰ ਕੋਈ ਕਰਨ ਨਹੀਂ ਔਂਦਾ ਅਹਿਸਾਨ, ਪੂਰਬ ਦਾ ਲੇਖਾ ਸਮੇਂ ਅਨੁਸਾਰ ਸਭ ਦੀ ਝੋਲੀ ਪਾਈਆ ।



## ✻ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਹਿ ਕਪੂਰਥਲਾ ✻

ਸਦੀ ਚੌਧਵੀਂ ਕਹੇ ਮੈਨੂੰ ਦਿਸਦਾ ਆਪਣਾ ਅੰਤ ਅਖ਼ੀਰ, ਆਖ਼ਰ ਧੁਰ ਕਰਤਾ ਰਿਹਾ ਵਖਾਈਆ । ਦੇਵੇ ਹੁਕਮ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਨਜ਼ੀਰ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਜੋ ਲੇਖਾ ਜਾਨਣਹਾਰਾ ਸ਼ਾਹ ਹਕੀਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਬਦਲਣ ਵਾਲਾ ਤਕਦੀਰ, ਤਦਬੀਰ ਨਾਮ ਨਿਧਾਨ ਆਪਣੀ ਇਕ ਉਪਜਾਈਆ । ਸ਼ਰਅ ਸ਼ਰੀਅਤ ਕੱਟਣ ਵਾਲਾ ਜ਼ੰਜੀਰ,

ਲਾਸ਼ਰੀਕ ਆਪਣਾ ਖੇਲ ਖਿਲਾਈਆ । ਸਰਬ ਸਵਾਮੀ ਅੰਤਰਜਾਮੀ ਆਤਮ ਪਰਮਾਤਮ ਬਣਨ ਵਾਲਾ ਦਸਤਗੀਰ, ਪਾਰਬ੍ਰਹਮ ਬ੍ਰਹਮ ਵੇਖੇ ਥਾਉਂ ਥਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਹਦੂਦ ਵੰਡ ਰਹਿਣ ਨਾ ਦੇਵੇ ਲਕੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੇਰਾ ਅੰਤ ਅਖ਼ੀਰ ਆਇਆ ਨੇੜੇ, ਨੇਰਨ ਨੇਰ ਹੋ ਕੇ ਦਿਆਂ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਛਿੜਨ ਵਾਲੇ ਝੇੜੇ, ਉੱਤਰ ਪੂਰਬ ਪੱਛਮ ਦੱਖਣ ਬਚਿਆ ਰਹਿਣ ਕੋਇ ਨਾ ਪਾਈਆ । ਪਰਵਰਦਿਗਾਰ ਸਾਂਝਾ ਯਾਰ ਦੀਨ ਦੁਨੀ ਦੇਵੇ ਗੇੜੇ, ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਲੱਠ ਭਵਾਈਆ । ਤਨ ਵਜੂਦ ਕਾਇਆ ਮਾਟੀ ਵੇਖੇ ਖੇੜੇ, ਬੰਦ ਕਿਵਾੜੀ ਖਿੜਕੀ ਪੜਦਾ ਅੰਦਰੋਂ ਦਏ ਉਠਾਈਆ । ਸੰਤ ਸੁਹੇਲੇ ਗੁਰਮੁਖ ਸੂਫ਼ੀ ਫ਼ਕੀਰ ਜਿਹੜੇ, ਵਰਨਾਂ ਬਰਨਾਂ ਵਿਚੋਂ ਬਾਹਰ ਕਢਾਈਆ । ਭੇਵ ਖੁਲ੍ਹਾਏ ਆਤਮ ਪਰਮਾਤਮ ਪਰਮਾਤਮ ਆਤਮ ਤੂੰ ਮੇਰਾ ਮੈਂ ਤੇਰੇ, ਅਨਭਵ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਅੰਤ ਅਖ਼ੀਰੀ ਚੱਕਰ, ਚਕਰਵਰਤੀ ਰਹਿਣ ਕੋਇ ਨਾ ਪਾਈਆ । ਸੂਫ਼ੀ ਸੁਰਤੀ ਵਾਲਾ ਦਿਸੇ ਕੋਈ ਨਾ ਫ਼ੱਕਰ, ਫ਼ਿਕਰੇ ਅਲਿਫ਼ ਯੇ ਢੋਲੇ ਸਾਰੀ ਸ੍ਰਿਸ਼ਟੀ ਰਹੀ ਗਾਈਆ । ਨਾਮ ਨਿਧਾਨ ਤੁਲੇ ਕੋਈ ਨਾ ਤੱਕੜ, ਜਗਤ ਵਿਦਿਆ ਤਰਾਜ਼ੂ ਕੰਮ ਕਿਸੇ ਨਾ ਆਈਆ । ਆਲਮ ਉਲਮਾ ਦੀਨ ਮਜ਼੍ਹਬ ਦੀ ਲੌਂਦੇ ਟੱਕਰ, ਜ਼ਾਤ ਪਾਤ ਵਿਚ ਦੁਹਾਈਆ । ਸਚ ਦਵਾਰ ਧੁਰਦਰਬਾਰ ਦਰਗਾਹ ਸਾਚੀ ਮੁਕ਼ਾਮੇ ਹੱਕ ਕੋਈ ਨਾ ਸਕੇ ਅੱਪੜ, ਨਿਰਗੁਣ ਧਾਰ ਨਿਰਵੈਰ ਨਿਰੰਕਾਰ ਨਿਰਮਲ ਜੋਤ ਨਾ ਕੋਇ ਮਿਲਾਈਆ । ਮਨ ਵਾਸਨਾ ਕੂੜੀ ਕਿਰਿਆ ਜਗਤ ਜਹਾਨ ਕੀਤਾ ਫੱਟੜ, ਧੁਰ ਦੀ ਪੱਟੀ ਨਾਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਖੇਲ ਦੋ ਜਹਾਨਾਂ, ਜਹਾਲਤ ਭਰੀ ਜਗਤ ਲੋਕਾਈਆ । ਸੰਦੇਸਾ ਦੇਵਾਂ ਧੁਰ ਫ਼ਰਮਾਨਾ, ਪੁਰਖ ਅਕਾਲਾ ਰਿਹਾ ਦ੍ਰਿੜਾਈਆ । ਜਗਤ ਬੁੱਧੀ ਪੜ੍ਹ ਪੜ੍ਹ ਥੱਕੀ ਸ਼ਾਸਤਰ ਸਿਮਰਤ ਵੇਦ ਪੁਰਾਨਾਂ, ਅੰਜੀਲ ਕ਼ੁਰਾਨ ਰਸਨਾ ਜਿਹਵਾ ਨਾਲ ਗਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਨੌਜਵਾਨਾ, ਨੌ ਦਵਾਰੇ ਕਾਇਆ ਮੰਦਰ ਅੰਦਰ ਪੰਧ ਮੁਕਾਈਆ । ਦੀਵਾ ਬਾਤੀ ਕਮਲਾਪਾਤੀ ਜਗਾਏ ਨਾ ਕੋਈ ਜੋਤੀ ਨੂਰ ਮਹਾਨਾ, ਅੰਮ੍ਰਿਤ ਬੂੰਦ ਸਵਾਂਤੀ ਠਾਂਡੀ ਠਾਰ ਨਿਝਰ ਝਿਰਨਾ ਨਾ ਕੋਇ ਝਿਰਾਈਆ । ਆਤਮ ਬ੍ਰਹਮ ਸਤਿ ਸਰੂਪ ਨਾ ਕਿਸੇ ਪਹਿਚਾਨਾ, ਭੇਵ ਅਭੇਦਾ ਭੇਵ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਅੱਲਾ ਵਾਹਿਗੁਰੂ ਰਾਮ ਗਾਡ ਸਤਿਨਾਮ ਸਾਰੇ ਗੌਂਦੇ ਗਾਣਾ, ਅਜਪਾ ਜਾਪ ਵਿਚ ਆਪਣਾ ਆਪ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਰਨੀ ਦਾ ਕਰਤਾ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ, ਥਕਾਵਟ ਵਿਚ ਵੇਖੀ ਲੋਕਾਈਆ । ਹੱਕ ਹਕ਼ੀਕ਼ਤ ਮਿਲੇ ਨਾ ਮਦੀਨੇ ਮੱਕੇ, ਕਾਅਬੇ ਅੰਦਰ ਪਈ ਦੁਹਾਈਆ । ਹੁਜਰਾ ਹੱਕ ਕੋਈ ਨਾ ਦੱਸੇ, ਮਹਿਰਾਬ ਅਹਿਬਾਬ ਰਬਾਬ ਨਾ ਕੋਇ ਸੁਣਾਈਆ । ਮਨ ਕਲਪਣਾ ਸਾਰੇ ਫਿਰਦੇ ਨੱਠੇ, ਕਲਮਾ ਨਾਦ ਧੁਨ ਕਰੇ ਨਾ ਕੋਇ ਸ਼ਨਵਾਈਆ । ਬੁੱਧੀ ਵਿਚਾਰ ਬਣ ਗਏ ਸੱਚੇ, ਅਕ਼ਲ

ਵਿਦਿਆ ਨਾਲ ਵਡਿਆਈਆ । ਮੰਜ਼ਲ ਮਿਲੀ ਕਿਸੇ ਨਾ ਹੱਕੇ, ਹੱਕਲੁਯਕੀਨ ਨਾ ਕੋਇ ਰਖਾਈਆ । ਮੈਂ ਚਾਰ ਵਰਨ ਅਠਾਰਾਂ ਬਰਨ ਤੱਕੇ, ਕਸ਼ੱਤ੍ਰੀ ਬ੍ਰਹਮਣ ਸ਼ੂਦਰ ਵੈਸ਼ ਫੋਲ ਫੁਲਾਈਆ । ਦਿਵਸ ਰੈਣ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਲਾਏ ਰੱਟੇ, ਮਾਲਾ ਮਣਕਿਆਂ ਵਾਲੀ ਭੁਵਾਈਆ । ਅੰਮ੍ਰਿਤ ਰਸ ਨਿਝਰ ਧਾਰ ਬੂੰਦ ਸਵਾਂਤੀ ਕੋਈ ਨਾ ਚੱਟੇ, ਚਾਤ੍ਰਿਕ ਤ੍ਰਿਖਾ ਨਾ ਕੋਇ ਬੁਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬਿਨ ਰਸਨਾ ਜਿਹਵਾ ਜਾਪ ਕੋਈ ਨਾ ਜਪੇ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਕੋਟਾਂ ਵਿਚੋਂ ਸੰਤ ਸੁਹੇਲੇ ਆਪਣੇ ਪ੍ਰੇਮ ਪਿਆਰ ਵਿਚ ਰੱਖੇ, ਰੱਖਕ ਹੋ ਕੇ ਵੇਖੇ ਚਾਈਂ ਚਾਈਂਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਗੁਰਦਰ ਮੰਦਰ ਮਸੀਤ, ਸ਼ਿਵਦਵਾਲੇ ਮੱਠਾਂ ਫੋਲ ਫੁਲਾਈਆ । ਦੀਨਾਂ ਮਜ਼੍ਹਬਾਂ ਵਾਲੀ ਰੀਤ, ਮਾਨਵ ਮਾਨਵ ਹਿੱਸਿਆਂ ਵਿਚ ਵੰਡ ਵੰਡਾਈਆ । ਤ੍ਰੈਗੁਣ ਤੋਂ ਬਾਹਰ ਨਜ਼ਰ ਆਇਆ ਨਾ ਕੋਇ ਅਤੀਤ, ਤ੍ਰੈਭਵਣ ਵਿਚ ਨਾ ਕੋਇ ਸਮਾਈਆ । ਸਾਚਾ ਛਤਰ ਝੁੱਲੇ ਕਿਸੇ ਨਾ ਸੀਸ, ਸਤਿਗੁਰ ਸਤਿ ਨਾ ਕੋਇ ਵਰਤਾਈਆ । ਝਗੜਾ ਪਿਆ ਚਾਰੋਂ ਕੁੰਟ ਹਸਤ ਕੀਟ, ਆਤਮ ਬ੍ਰਹਮ ਪੜਦਾ ਨਾ ਕੋਇ ਉਠਾਈਆ । ਮੈਂ ਸਭ ਦੀ ਅੰਦਰ ਵੜ ਕੇ ਵੇਖੀ ਨੀਤ, ਨੌਂ ਦਵਾਰੇ ਭੱਜਣ ਚਾਈਂ ਚਾਈਂਆ । ਤਨ ਵਜੂਦ ਖ਼ਾਕੀ ਮਾਟੀ ਤ੍ਰੈਗੁਣ ਅਗਨੀ ਵਿਚੋ ਕਿਸੇ ਨਾ ਹੋਈ ਸੀਤ, ਸਾਂਤਕ ਸਤਿ ਨਾ ਕੋਇ ਕਰਾਈਆ । ਪਰਮ ਪੁਰਖ ਦਾ ਗਾਏ ਕੋਇ ਨਾ ਗੀਤ, ਗੁਰ ਅਵਤਾਰ ਪੈਗ਼ੰਬਰਾਂ ਦੇ ਢੋਲੇ ਰਹੇ ਗਾਈਆ । ਅਬਿਨਾਸ਼ੀ ਕਰਤਾ ਘਟ ਨਿਵਾਸੀ ਪਰਵਰਦਿਗਾਰ ਸਾਂਝਾ ਯਾਰ ਵਸਿਆ ਕਿਸੇ ਨਾ ਚੀਤ, ਮਨ ਚਿਤ ਠਗੌਰੀ ਚਾਰੋਂ ਕੁੰਟ ਨਜ਼ਰੀ ਆਈਆ । ਸਚ ਸੰਦੇਸ਼ਾ ਧੁਰ ਦਾ ਕਲਮਾ ਅਗੰਮੀ ਧਾਰ ਸਮਝੇ ਨਾ ਕੋਇ ਹਦੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕ ਇਕੱਲਾ ਇਕੋ ਇਕ ਦਰਸਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਮੱਕਾ ਕਾਅਬਾ, ਕਾਇਆ ਉਮਤ ਫੋਲ ਫੁਲਾਈਆ । ਰਸ ਮਿਲੇ ਨਾ ਕੋਇ ਦੋਆਬਾ, ਆਬੇਹਯਾਤ ਨਾ ਕੋਇ ਪਿਆਈਆ । ਝਿਰਨਾ ਝਿਰੇ ਕੋਈ ਨਾ ਨਾਭਾ, ਕਵਲੀ ਕਵਲ ਨਾ ਕੋਇ ਵਡਿਆਈਆ । ਸੱਯਦਾ ਸੀਸ ਨਾ ਕੋਇ ਅਦਾਬਾ, ਕ਼ਦਮਬੋਸੀ ਧੂੜ ਨਾ ਕੋਇ ਰਮਾਈਆ । ਚਾਰੋਂ ਕੁੰਟ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਨਬੀ ਰਸੂਲਾਂ ਟੁੱਟਾ ਨਾਤਾ, ਪੈਗ਼ੰਬਰ ਗੰਢ ਨਾ ਕੋਇ ਪੁਆਈਆ । ਸਭ ਦਾ ਫੋਲ ਕੇ ਵੇਖਿਆ ਖਾਤਾ, ਪੜਦਾ ਉਹਲਾ ਆਪ ਚੁਕਾਈਆ । ਕੀ ਅੱਗੇ ਖੇਲ ਕਰੇ ਜੋਤੀ ਜਾਤਾ, ਪਾਰਬ੍ਰਹਮ ਪ੍ਰਭ ਧੁਰਦਰਗਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਬੋਲ ਕੇ ਗਏ ਅਗੰਮੀ ਭਾਸ਼ਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਸੋ ਵੇਖਣਹਾਰਾ ਦੀਨ ਦੁਨੀ ਤਮਾਸ਼ਾ, ਲੋਕ ਪ੍ਰਲੋਕ ਸਲੋਕ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਦ੍ਰਿੜ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਵੇਖ ਹੋਈ ਹੈਰਾਨ, ਹਰ ਹਿਰਦਾ ਫੋਲ ਫੁਲਾਈਆ । ਘਰ ਘਰ ਸ਼ਰਅ ਫਿਰੀ ਸ਼ੈਤਾਨ, ਛੁਰੀ ਮਮਤਾ ਕਰਦ ਉਠਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਚ ਅਮਲ ਨਾ ਕੋਇ ਜਣਾਈਆ । ਨੇਤਰ ਰੋਂਦੀ ਵੇਖੀ ਕੁਰਾਨ, ਮਸਲਿਆਂ ਵਿਚ ਦੁਹਾਈਆ । ਜਲਵਾ ਨੂਰ ਕਰੇ ਨਾ ਕੋਇ ਪਹਿਚਾਨ, ਨੇਤਰ ਅੱਖ ਨਾ ਕੋਇ ਬਦਲਾਈਆ । ਅੱਲ੍ਹਾ ਹੂ ਅਕਬਰ ਸਾਰੇ ਗਾਣ, ਨਾਅਰੇ ਹੁਜਰਿਆਂ ਵਿਚ ਸੁਣਾਈਆ । ਧੁਰ ਦਾ ਸੁਣੇ ਨਾ ਕੋਇ ਫ਼ਰਮਾਨ, ਪਰਵਰਦਿਗਾਰ ਕੀ ਸਮਝਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦੀ ਮਿਟਣ ਲੱਗੀ ਸ਼ਾਨ,

ਸ਼ਹਿਨਸ਼ਾਹ ਆਪਣਾ ਖੇਲ ਖਿਲਾਈਆ । ਅੰਤ ਅਖ਼ੀਰ ਹੋਣਾ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਪ੍ਰਭ ਉਤੇ ਕਿਸੇ ਦਾ ਰਿਹਾ ਨਾ ਇਤਮੀਨਾਨ, ਤਸੱਲੀ ਤਸੱਵਰ ਨਾ ਕੋਇ ਕਰਾਈਆ । ਦੀਨ ਦੁਨੀ ਹੋਈ ਨਾਦਾਨ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਮਰਦ ਮਰਦਾਨ, ਨੌਜਵਾਨ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪ੍ਰਭ ਦਾ ਕਲਮਾ ਅਗੰਮ ਅਥਾਹ, ਅੱਖਰਾਂ ਵਿਚ ਨਾ ਵੰਡ ਵੰਡਾਈਆ । ਜਿਹੜਾ ਜਪਿਆ ਜਾਏ ਬਿਨਾ ਸਾਹ, ਪਵਣ ਸਵਾਸ ਨਾ ਕੋਇ ਵਡਿਆਈਆ । ਨਾਮ ਨਿਧਾਨ ਨਿਰਗੁਣ ਧਾਰ ਜਾਏ ਸਮਾ, ਸਰਗੁਣ ਵੇਖਣ ਕੋਇ ਨਾ ਪਾਈਆ । ਨਾਦ ਧੁਨ ਧੁਨ ਨਾਦ ਵਿਚੋਂ ਉਪਜਾ, ਨਾਦ ਅਨਾਦੀ ਆਪੇ ਗਾਈਆ । ਜੋਤੀ ਨੂਰ ਕਰ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਡ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਤੱਕਿਆ ਪਾਪ, ਪਤਤ ਪੁਨੀਤ ਨਾ ਕੋਇ ਕਰਾਈਆ । ਬਿਨਾ ਭਗਤ ਤੋਂ ਕੋਈ ਜਪ ਸਕੇ ਨਾ ਅਜਪਾ ਜਾਪ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਜਿਥੇ ਝਗੜਾ ਨਹੀਂ ਤ੍ਰੈਗੁਣ ਤਾਪ, ਰਜੋ ਤਮੋ ਸਤੋ ਨਾ ਕੋਇ ਵਡਿਆਈਆ । ਰੂਹ ਬੁਤ ਹੋਵੇ ਪਾਕ, ਮਾਟੀ ਖ਼ਾਕ ਨੂਰ ਜੋਤ ਚਮਕਾਈਆ । ਅੱਖਰਾਂ ਵਾਲੀ ਰਹੀ ਨਾ ਗਾਥ, ਨਿਰਅੱਖਰ ਵਿਚ ਸਮਾਈਆ । ਜਿਥੇ ਮਿਲੇ ਪਰਮ ਪੁਰਖ ਪ੍ਰਭ ਆਪ, ਆਪ ਆਪਣਾ ਜੋੜ ਜੁੜਾਈਆ । ਆਤਮ ਬਣਾ ਕੇ ਸੱਚਾ ਸਾਕ, ਸੱਜਣ ਹੋ ਕੇ ਵੇਖ ਵਖਾਈਆ । ਸਦਾ ਖੁਲ੍ਹਾ ਰੱਖੇ ਤਾਕ, ਬਜਰ ਕਪਾਟੀ ਕੰਮ ਕਿਸੇ ਨਾ ਆਈਆ । ਸਾਚੀ ਪੌਂਦਾ ਦਿਸੇ ਰਾਸ, ਬਿਨ ਗੋਪੀ ਕਾਹਨ ਨਚਾਈਆ । ਸਾਚਾ ਨੂਰ ਕਰ ਪ੍ਰਕਾਸ਼, ਬਿਨ ਤੇਲ ਬਾਤੀ ਡਗਮਗਾਈਆ ।
੬੧੩ ਕਿਰਪਾ ਕਰੇ ਪੁਰਖ ਅਬਿਨਾਸ਼, ਮਿਹਰਵਾਨ ਮਹਿਬੂਬ ਆਪਣੇ ਰੰਗ ਰੰਗਾਈਆ । ਉਨ੍ਹਾਂ ਪੂਰਬ ਪੂਰੀ ਕਰੇ ਆਸ, ਜਨਮ ਜਨਮ ਦਾ ਲੇਖਾ ਲੇਖੇ ੬੧੩
੨੧ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਇਕ ਸੁਹਾਈਆ । ੨੧
ਸਦੀ ਚੌਧਵੀਂ ਕਹੇ ਅਜਪਾ ਜਾਪ ਉਹ ਗੁਰਮੁਖ ਜਪਦਾ, ਜਿਸ ਨੂੰ ਜਗਜੀਵਣ ਦਾਤਾ ਦਏ ਵਡਿਆਈਆ । ਜਗਤ ਦਵਾਰੇ ਮੰਜ਼ਲ ਟਪਦਾ, ਸੁਖਮਨ ਟੇਢੀ ਬੰਕ ਈੜਾ ਪਿੰਗਲ ਪੈਰਾਂ ਹੇਠ ਦਬਾਈਆ । ਪਿਆਰ ਛੱਡਕੇ ਨਿਜ ਅੰਮ੍ਰਿਤ ਰਸ ਦਾ, ਕਵਲ ਨਾਭੀ ਮੁਖ ਭਵਾਈਆ । ਸੁਣ ਆਵਾਜ਼ ਅਗੰਮੇ ਨਦ ਦਾ, ਸ਼ਬਦੀ ਧੁਨ ਧੁਨ ਵਡਿਆਈਆ । ਦੇ ਪ੍ਰਕਾਸ਼ ਨੂਰੀ ਸਤਿ ਦਾ, ਸਤਿ ਸਤਿ ਵਿਚ ਸਮਾਈਆ । ਨਾਤਾ ਤੋੜ ਕੇ ਪੰਜ ਤਤ ਦਾ, ਸੁਰਤੀ ਅਕਾਲ ਮੂਰਤੀ ਆਪਣੇ ਰੰਗ ਰੰਗਾਈਆ । ਜਿਉਂ ਭਾਵੇ ਤਿਉਂ ਰਖਦਾ, ਬੇਪ੍ਰਵਾਹ ਆਪਣੀ ਦਇਆ ਕਮਾਈਆ । ਓਥੇ ਇਸ਼ਾਰਾ ਨਹੀਂ ਕੋਈ ਅੱਖ ਦਾ, ਨੇਤਰ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਵਾਰਾ ਇਕੋ ਇਕ ਸੁਹਾਈਆ । ਸਦੀ ਚੌਧਵੀਂ ਕਹੇ ਅਜਪਾ ਜਾਪ ਜਗਤ ਧਾਰ ਨਿਰਾਲਾ, ਨਿਰਵੈਰ ਆਪ ਜਣਾਈਆ । ਮਣਕਿਆਂ ਵਾਲੀ ਫੇਰਨੀ ਪਏ ਨਾ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮੰਦਰ ਬਣਾ ਕੇ ਸੱਚੀ ਧਰਮਸਾਲਾ, ਘਰ ਵਿਚ ਘਰ ਪੜਦਾ ਦਏ ਉਠਾਈਆ । ਦੀਆ ਬਾਤੀ ਕਰ ਉਜਾਲਾ, ਕਮਲਾਪਾਤੀ ਵੇਖ ਵਖਾਈਆ । ਝਗੜਾ ਮੁਕਾ ਕੇ ਕਾਲ ਮਹਾਂਕਾਲਾ, ਆਵਣ ਜਾਵਣ ਗੇੜ ਚੁਕਾਈਆ । ਸਾਚਾ ਮਾਰਗ ਦੱਸ ਸੁਖਾਲਾ, ਸੁੱਖ ਆਸਣ ਵਿਚ ਭਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰਾ ਇਕੋ ਇਕ ਸੁਹਾਈਆ । ਅਜਪਾ ਜਾਪ ਜਪਾਏ ਕਾਇਆ ਮੰਦਰ, ਮਨਸਾ ਮਨ ਰਹਿਣ ਨਾ ਪਾਈਆ । ਭਾਗ ਲਗਾ ਕੇ ਡੂੰਘੀ ਕੰਦਰ, ਅੰਧ ਅੰਧੇਰਾ ਦਏ ਮਿਟਾਈਆ । ਬਜਰ ਕਪਾਟੀ ਤੋੜ ਕੇ ਜੰਦਰ, ਤ੍ਰੈਗੁਣ ਲੇਖਾ ਦਏ ਮੁਕਾਈਆ । ਮਨਸਾ ਵਿਚ ਫਿਰੇ ਨਾ ਮਨ ਬੰਦਰ, ਸ਼ਬਦ ਡੋਰੀ ਤੰਦ ਬੰਧਾਈਆ । ਕਰ ਪ੍ਰਕਾਸ਼ ਅੰਧੇਰਾ ਖੰਡਰ, ਨੂਰੀ ਜੋਤ ਡਗਮਗਾਈਆ । ਬੋਧ ਅਗਾਧਾ ਬਣ ਪੰਡਤ, ਸਾਚੀ ਸਿਖਿਆ ਇਕ ਸਮਝਾਈਆ । ਝਗੜਾ ਮੁਕਾ ਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਅਜਪਾ ਜਾਪ ਨਹੀਂ ਕੋਈ ਔਖਾ, ਇਹ ਸਤਿਗੁਰ ਹੱਥ ਵਡਿਆਈਆ । ਪੜ੍ਹਨਾ ਪਏ ਕੋਇ ਨਾ ਪੋਥਾ, ਪੁਸਤਕ ਲੋੜ ਰਹੇ ਨਾ ਰਾਈਆ । ਵੜਨਾ ਪਏ ਕਿਸੇ ਨਾ ਕੋਠਾ, ਮੰਦਰਾਂ ਵਿਚ ਨਾ ਫੇਰਾ ਪਾਈਆ । ਦੇਣਾ ਪਏ ਕਿਸੇ ਨਾ ਰੋਟਾ, ਪੁੰਨ ਦਾਨ ਨਾ ਕੋਇ ਸਮਝਾਈਆ । ਪਾਣੀ ਵਿਚ ਮਾਰਨਾ ਪਏ ਨਾ ਗੋਤਾ, ਅਠਸਠ ਨਾ ਪੰਧ ਮੁਕਾਈਆ । ਮਨ ਕਲਪਣਾ ਕਰਨੀ ਪਏ ਨਾ ਲੋਚਾ, ਜਗ ਨੇਤਰ ਨੈਣ ਨਾ ਕੋਇ ਉਠਾਈਆ । ਬੁੱਧੀ ਕਰਨੀ ਪਏ ਨਾ ਸੋਚਾ, ਅਕ਼ਲ ਵਿਚ ਨਾ ਕੋਇ ਚਤੁਰਾਈਆ । ਕਰਨਾ ਪਏ ਕੋਈ ਨਾ ਧੋਖਾ, ਜਗਤ ਫ਼ਰੇਬ ਨਾ ਕੋਇ ਜਣਾਈਆ । ਜਿਨ੍ਹਾਂ ਨੂੰ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਆਪਣੇ ਮਿਲਣ ਦਾ ਦੇਵੇ ਮੌਕਾ, ਜਨਮ ਜਨਮ ਦਾ ਪੂਰਬ ਲੇਖ ਵੇਖ ਵਖਾਈਆ । ਓਹ ਅਜਪਾ ਜਾਪ ਜਪਦੇ ਨਾਲ ਸ਼ੌਂਕਾ, ਰਸਨਾ ਜਿਹਵਾ ਬੱਤੀ ਦੰਦ ਆਤਮ ਪਰਮਾਤਮ ਪਰਮਾਤਮ ਆਤਮ ਢੋਲਾ ਗਾਈਆ । ਉਨ੍ਹਾਂ ਦਾ ਕਾਇਆ ਮੰਦਰ ਦੀਨ ਦਿਆਲਾ ਸਦਾ ਸਾਫ਼ ਰੱਖੇ ਚੌਂਕਾ, ਪਤਤ ਪੁਨੀਤ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਗ੍ਰਿਹ ਮੰਦਰ ਇਕ ਵਖਾਈਆ । ਅਜਪਾ ਜਾਪ ਜਪਦਾ ਜਿਸ ਨੂੰ ਧੁਰ ਦੀ ਲੋੜ, ਲੋੜੀਂਦਾ ਸੱਜਣ ਵੇਖ ਵਖਾਈਆ । ਸਤਿਗੁਰ ਸ਼ਬਦ ਆਪੇ ਲਏ ਜੋੜ, ਅੰਤਰ ਨਿਰੰਤਰ ਮੇਲ ਮਿਲਾਈਆ । ਭਟਕਣਾ ਪਏ ਨਾ ਵਿਚ ਕਾਇਆ ਗੋਰ, ਮਨਸਾ ਮਨ ਨਾ ਕੋਇ ਹਲਕਾਈਆ । ਠੱਗੀ ਕਰੇ ਨਾ ਕੋਈ ਪੰਜ ਚੋਰ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਵਧਾਈਆ । ਸਤਿਗੁਰ ਸੱਜਣ ਸਵਾਮੀ ਅੰਤਰ ਜਾਏ ਬਹੁੜ, ਬਹੁੜ ਆਪਣਾ ਮੇਲ ਮਿਲਾਈਆ । ਸਚ ਦਵਾਰ ਦਾ ਲਾ ਕੇ ਪੌੜ, ਮੰਜ਼ਲ ਹਕ਼ੀਕ਼ੀ ਇਕ ਵਖਾਈਆ । ਜਿਸ ਨੂਰ ਨੂੰ ਆਤਮ ਤਕਦਾ ਨਾਲ ਗ਼ੌਰ, ਗਹਿਰ ਗੰਭੀਰ ਦਏ ਵਖਾਈਆ । ਉਸ ਦਾ ਫੁਰਨਾ ਫੁਰਦਾ ਫੋਰ, ਪਿਛਲਾ ਫੁਰਨਾ ਰਹਿਣ ਕੋਇ ਨਾ ਪਾਈਆ । ਅਜਪਾ ਜਾਪ ਆਤਮ ਪਰਮਾਤਮ ਤੋਂ ਬਿਨਾ ਨਹੀਂ ਕੋਈ ਹੋਰ, ਹੋਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਘਰ ਪੜਦਾ ਆਪ ਚੁਕਾਈਆ । ਅਜਪਾ ਜਾਪ ਵਿਚ ਜਿਸ ਹੋਇਆ ਵਾਸਾ, ਵਸਲ ਮਿਲੇ ਨੂਰ ਅਲਾਹੀਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਭਰਵਾਸਾ, ਦੂਜਾ ਨਜ਼ਰ ਕੋਇ ਨਾ ਆਈਆ । ਚੰਚਲ ਮਨ ਕਰੇ ਕੋਈ ਨਾ ਹਾਸਾ, ਬੁੱਧੀ ਭਰਮ ਨਾ ਕੋਇ ਭੁਲਾਈਆ । ਸਮਰਥ ਪੁਰਖ ਇਕੋ ਜਾਤਾ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਨੇ ਚਾਰ ਜੁਗ ਅੱਖਰਾਂ ਵਾਲੇ ਸ਼ਬਦ ਬਣਾਈ ਗਾਥਾ, ਗੁਰ ਅਵਤਾਰ ਪੈਗੰਬਰਾਂ ਵੰਡ ਵੰਡਾਈਆ । ਸੋ ਵੇਖਣਹਾਰਾ ਖੇਲ ਤਮਾਸ਼ਾ, ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਜਿਸ ਨੂੰ ਝੁਕਦੇ ਤ੍ਰੈਲੋਕੀ ਨਾਥਾ,

ਰਾਮ ਵਸ਼ਿਸ਼ਟ ਸੀਸ ਨਿਵਾਈਆ । ਤੇਈ ਅਵਤਾਰ ਟੇਕਣ ਮਾਥਾ, ਈਸਾ ਮੂਸਾ ਮੁਹੰਮਦ ਸੱਯਦਿਆਂ ਵਿਚ ਧੂੜੀ ਖ਼ਾਕ ਰਮਾਈਆ । ਨਾਨਕ ਗੋਬਿੰਦ ਮੰਨਿਆ ਪਿਤਾ ਮਾਤਾ, ਪੁਰਖ ਅਕਾਲ ਬੇਪ੍ਰਵਾਹੀਆ । ਸੋ ਸਾਹਿਬ ਸਵਾਮੀ ਆਦਿ ਜੁਗਾਦੀ ਸਤਿਗੁਰ ਸਾਚਾ, ਹਰਿ ਸੱਜਣ ਇਕ ਅਖਵਾਈਆ । ਜਿਨ੍ਹਾਂ ਭਗਤਾਂ ਦੇ ਅੰਦਰ ਲੂੰ ਲੂੰ ਅੰਦਰ ਰਾਚਾ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਓਹ ਗੁਰਸਿਖ ਅਜਪਾ ਜਾਪ ਜਪਦੇ ਬਿਨਾ ਪਵਣ ਸਵਾਸਾ, ਸਾਹ ਤੋਂ ਬਿਨਾ ਸਾਹਿਬ ਤੁਰਤ ਸ਼ਬਦ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨੂਰ ਜੋਤ ਪ੍ਰਕਾਸ਼ਾ, ਵੇਖਣਹਾਰਾ ਥਾਉਂ ਥਾਈਂਆ ।

## ✻ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੪ ਮਨਜੀਤ ਕੌਰ ਦੇ ਗ੍ਰਿਹ ਪਿੰਡ ਮੰਗੂਪੁਰ ✻



ਸਦੀ ਚੌਧਵੀਂ ਕਹੇ ਕੀ ਹਾਲ ਹੋਣਾ ਇੱਤਲ, ਇਤਲਾਹ ਮੁਹੰਮਦ ਦੇ ਜਣਾਈਆ । ਕੀ ਖੇਲ ਵੇਖਣਾ ਮਿੱਤਲ, ਮਿਤ੍ਰ ਪਿਆਰੇ ਪੜਦਾ ਦੇ ਉਠਾਈਆ । ਕੀ ਰੰਗ ਰੰਗੌਣਾ ਸਿਤਲ, ਸਾਹਿਬ ਸਵਾਮੀ ਦਇਆ ਕਮਾਈਆ । ਤੇਰਾ ਕਲਮਾ ਜਾਏ ਕਿਤਲ, ਕਾਤਬ ਕਵਣ ਕਰੇ ਲਿਖਾਈਆ । ਧਾਤੂ ਰੂਪ ਵਟਾਏ ਪਿੱਤਲ, ਕ਼ੀਮਤ ਕਰਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਕੀ ਹੋਣਾ ਚੌਦਾਂ ਤਬਕ, ਸਚ ਤਬੀਅਤ ਨਾਲ ਦੇ ਜਣਾਈਆ । ਕੀ ਪੜ੍ਹਨਾ ਸਭ ਨੇ ਸਬਕ, ਸਿਖਿਆ ਕਵਣ ਸੁਣਾਈਆ । ਕੀ ਨੂਰ ਅਲਾਹੀ ਦੇਣੀ ਝਲਕ, ਜਲਵਾਗਰ ਡਗਮਗਾਈਆ । ਕੀ ਸੰਦੇਸਾ ਦੱਸਣਾ ਹਮਦ, ਲਾਸ਼ਰੀਕ ਪੜ੍ਹਾਈਆ । ਕੀ ਇਸ਼ਾਰਾ ਮਾਰ ਰਮਜ਼, ਰਹਿਮਤ ਹੱਕ ਕਮਾਈਆ । ਕੀ ਅੰਤ ਅਖ਼ੀਰ ਕਰੇ ਗ਼ਜ਼ਬ, ਮਿਹਰਵਾਨ ਮਹਿਬੂਬ ਧੁਰਦਰਗਾਹੀਆ । ਕਿਸ ਦਾ ਅੱਗੇ ਹੋਵੇ ਅਦਬ, ਸੱਯਦਿਆਂ ਵਿਚ ਸੀਸ ਝੁਕਾਈਆ । ਕੀ ਸਭ ਦਾ ਸਾਂਝਾ ਹੋਵੇ ਮਜ਼੍ਹਬ, ਪੜਦਾ ਉਹਲਾ ਦੇ ਉਠਾਈਆ । ਮੈਂ ਹੈਰਾਨ ਹੋਈ ਤਅੱਜੁਬ, ਪਰੇਸ਼ਾਨੀ ਵਿਚ ਕੁਰਲਾਈਆ । ਮੁਨਾਰਾ ਦਿਸੇ ਕੋਈ ਨਾ ਮਸਜਿਦ, ਹੁਜਰਾ ਹੱਕ ਨਾ ਕੋਇ ਸੁਹਾਈਆ । ਮਾਣ ਦਿਸੇ ਨਾ ਮੁਰੀਦ ਮੁਰਸ਼ਦ, ਸਿਰ ਸਰ ਨਾ ਕੋਇ ਨਿਵਾਈਆ । ਧਰਮ ਦੀ ਧਾਰ ਰਹੀ ਨਾ ਉਲਫ਼ਤ, ਕਲਮਾ ਕਲਾਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਦੱਸ ਅਗੰਮੀ ਰਾਜ਼, ਭੇਵ ਅਭੇਦ ਖੁਲ੍ਹਾਈਆ । ਫੇਰ ਪੜ੍ਹੇ ਕਵਣ ਨਿਮਾਜ਼, ਸੱਯਦਿਆਂ ਵਿਚ ਸੀਸ ਝੁਕਾਈਆ । ਕੀ ਉਮਤ ਮਿਲਣਾ ਇਜ਼ਾਜ਼, ਕਵਣ ਦੇਵੇ ਵਡਿਆਈਆ । ਕੀ ਪੜਦਾ ਖੋਲ੍ਹੇ ਆਗ਼ਾਜ਼, ਸਹਿਜ ਦੇਣਾ ਸਮਝਾਈਆ । ਨਿਗਾਹ ਮਾਰ ਉਪਰ ਆਕਾਸ਼, ਬਿਨ ਅੱਖਾਂ ਅੱਖ ਉਠਾਈਆ । ਕਵਣ ਨੂਰ ਕਰੇ ਪ੍ਰਕਾਸ਼, ਚੰਦ ਚਾਂਦਨੀ ਡੇਰਾ ਢਾਹੀਆ । ਮੈਂ ਅੰਤਮ ਹੋਈ ਉਦਾਸ, ਹੈਰਾਨੀ ਮੇਰੇ ਅੰਦਰ ਛਾਈਆ । ਸਾਚਾ ਦੇਵੇ ਕੋਈ ਨਾ ਸਾਥ, ਸੰਗੀ ਸੰਗ ਗਏ ਤਜਾਈਆ । ਮੰਜ਼ਲ ਮਿਲੇ ਕੋਈ ਨਾ ਘਾਟ, ਅੱਧਵਾਟੇ ਬੈਠੀ ਡੇਰਾ ਲਾਈਆ । ਮੁਹੱਬਤ ਜੁੜੇ ਕੋਈ ਨਾ ਨਾਤ, ਨਾਤਵਾਂ ਹੋ ਕੇ ਦਿਆਂ ਦੁਹਾਈਆ । ਪੈਗ਼ੰਬਰਾਂ ਦੀ ਫਿਰਦੀ ਵੇਖੀ ਜਮਾਤ, ਜੁਮਲਾ ਅੱਖਰ ਨਾ ਕੋਇ ਸਮਝਾਈਆ । ਬਗ਼ਲੇ ਰਹੀ ਨਾ ਕੋਈ ਕਿਤਾਬ, ਕੁਤਬਖਾਨਿਆਂ

ਹੋਈ ਸਫ਼ਾਈਆ । ਪੁਰਖ ਅਕਾਲ ਦਾ ਸਮਝੇ ਕਵਣ ਮਜਾਜ਼, ਪੜਦਾ ਓਹਲਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਪੁਛਣ ਲੱਗੀ ਆਜ, ਆਜਿਜ਼ ਹੋ ਕੇ ਸੀਸ ਨਿਵਾਈਆ । ਸਤਿ ਧਰਮ ਦਾ ਕਿਹੜਾ ਹੋਵੇ ਸਮਾਜ, ਮਾਨਵ ਮਾਨਵ ਏਕਾ ਘਰ ਵਸਾਈਆ । ਝਗੜਾ ਰਹੇ ਨਾ ਕਿਸੇ ਜ਼ਾਤ, ਜੋਰੂ ਜ਼ਰ ਨਾ ਕੋਇ ਲੜਾਈਆ । ਨਾਮ ਉਪਜੇ ਇਕੋ ਸਾਚ, ਸਤਿ ਸਤਿ ਮਿਲੇ ਵਡਿਆਈਆ । ਭਾਗ ਲੱਗੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਸੋਭਾ ਪਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਪੁਰਖ ਅਕਾਲਾ ਦੇਵੇ ਦਾਤ, ਦਾਨੀ ਹੋ ਕੇ ਆਪ ਵਰਤਾਈਆ । ਕੂੜੀ ਕਿਰਿਆ ਪਾਏ ਵਫ਼ਾਤ, ਮੜ੍ਹੀ ਗੋਰ ਵਿਚ ਦਬਾਈਆ । ਮਜ਼੍ਹਬਾਂ ਕੋਲੋਂ ਮਿਲੇ ਨਜਾਤ, ਬੰਦੀਖ਼ਾਨਾ ਤੋੜ ਤੁੜਾਈਆ । ਸਭ ਦੇ ਅੰਦਰੋਂ ਤੂੰਹੀ ਤੂੰਹੀ ਦੀ ਨਿਕਲੇ ਆਵਾਜ਼, ਦੂਜਾ ਰਾਗ ਨਾ ਕੋਇ ਸੁਣਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਜਾਵੇ ਜਾਗ, ਆਲਸ ਨਿੰਦਰਾ ਮੇਟ ਮਿਟਾਈਆ । ਹਿਰਦੇ ਉਪਜੇ ਹੱਕ ਵੈਰਾਗ, ਵੈਰੀ ਅੰਦਰੋਂ ਦੇਣੇ ਕਢਾਈਆ । ਕੂੜ ਕਿਰਿਆ ਹੋਵੇ ਤਿਆਗ, ਧਰਮ ਦੀ ਧਾਰ ਇਕ ਉਪਜਾਈਆ । ਸਚ ਸਵਾਮੀ ਮਿਲੇ ਸੁਹਾਗ, ਜਗਤ ਰੰਡੇਪਾ ਡੇਰਾ ਢਾਹੀਆ । ਗੁਰਮੁਖ ਹੰਸ ਬਣਨ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕੁਛ ਪਰਦਾ ਖੋਲ੍ਹ ਬਾਤਨ, ਬੇਵਤਨ ਦਿਆਂ ਜਣਾਈਆ । ਕੀ ਖੇਲ ਹੋਵੇ ਮਾਤਨ, ਮਾਤਰ ਭੂਮੀ ਵੇਖ ਵਖਾਈਆ । ਚਾਰੋਂ ਕੁੰਟ ਅੰਧੇਰੀ ਰਾਤਨ, ਰੁਤੀ ਨੂਰ ਨਾ ਕੋਇ ਰੁਸ਼ਨਾਈਆ । ਬਾਹਰੋਂ ਮਾਨਵ ਤੱਤਾਂ ਵਾਲੇ ਜਾਪਣ, ਅੰਤਰ ਕਰੇ ਨਾ ਕੋਇ ਸਫ਼ਾਈਆ । ਬੁਤ ਹੋਇਆ ਕਿਸੇ ਨਾ ਪਾਕਨ, ਪਲੀਤ ਵੇਖੀ ਜਗਤ ਲੋਕਾਈਆ । ਧੂੜੀ ਮਿਲੇ ਨਾ ਕਿਸੇ ਖ਼ਾਕਨ, ਮੱਟੀ ਮਸਤਕ ਨਾ ਕੋਇ ਰਮਾਈਆ । ਪੜਦਾ ਲੱਥੇ ਕਿਸੇ ਨਾ ਤਾਕਨ, ਤਕਵਾ ਹੱਕ ਨਾ ਕੋਇ ਜਣਾਈਆ । ਹੱਕ ਬੰਦਗੀ ਵਿਚ ਮੂਲ ਨਾ ਜਾਗਣ, ਸੋਈ ਸੁਰਤ ਨਾ ਕੋਇ ਉਠਾਈਆ । ਮੂਰਖ ਮੂੜ੍ਹ ਹੋਏ ਕਾਗਨ, ਹੰਸ ਰੂਪ ਨਾ ਕੋਇ ਬਣਾਈਆ । ਮਾਇਆ ਡੱਸੇ ਡੱਸਣੀ ਨਾਗਣ, ਘਰ ਘਰ ਆਪਣਾ ਡੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਦੇਣੀ ਦ੍ਰਿੜਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕੁਛ ਤੇ ਆਖ, ਬਿਨ ਅੱਖਰਾਂ ਦੇ ਸਮਝਾਈਆ । ਕਲਮਾ ਅਗੰਮੀ ਇਸ਼ਾਰਾ ਦੇ ਭਾਖ, ਪੜਦਾ ਅੰਦਰੋਂ ਆਪ ਚੁਕਾਈਆ । ਕੀ ਉਮਤ ਨਾਲ ਖੇਲ ਹੋਣਾ ਮਹੀਨੇ ਵਿਚ ਵਿਸਾਖ, ਵਸਾਹ ਕੇ ਕੀ ਕਰਤਾ ਕਾਰ ਕਮਾਈਆ । ਪੜਦਾ ਖੋਲ੍ਹ ਅਗਲੀ ਬਾਤ, ਬਾਤਨ ਭੇਵ ਰਹੇ ਨਾ ਰਾਈਆ । ਕਿਉਂ ਬਦਲਣ ਲੱਗਾ ਜਾਪ, ਜਗ ਜੀਵਣ ਦਾਤਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਮਿਲਣ ਦਾ ਦਏ ਆਪ ਇਤਫ਼ਾਕ, ਬੇਵਫ਼ਾਈ ਦੂਰ ਕਰਾਈਆ । ਮੁਹੰਮਦ ਕਹੇ ਸੁਣ ਚੌਧਵੀਂ ਸਦੀ ਮੇਰੀ ਸਾਥਣ, ਸਚ ਦਿਆਂ ਦ੍ਰਿੜਾਈਆ । ਮੈਂ ਸੁਨੇਹੜਾ ਆਇਆ ਆਖਣ, ਬਿਨ ਅੱਖਰਾਂ ਰਾਗ ਅਲਾਈਆ । ਸਭ ਦੇ ਕਰਮ ਆਇਆ ਵਾਚਣ, ਜਨਮ ਫੋਲ ਫੁਲਾਈਆ । ਘਾਟ ਆਇਆ ਪਾਤਣ, ਤੱਟਾਂ ਵੇਖ ਵਖਾਈਆ । ਸਭ ਦੀ ਵੇਖਾਂ ਆਸਣ, ਘਰ ਘਰ ਫੋਲ ਫੁਲਾਈਆ । ਰੂਹ ਬੁਤ ਰਿਹਾ ਕੋਈ ਨਾ ਪਾਕਨ, ਪਤਤ ਪੁਨੀਤ ਨਾ ਕੋਇ ਜਣਾਈਆ । ਮੇਰਾ ਸਭ ਨਾਲੋਂ ਤੁੱਟਾ ਨਾਤਣ, ਸੰਗੀ ਸੰਗ ਨਾ ਕੋਇ ਨਿਭਾਈਆ । ਪਰਵਰਦਿਗਾਰ ਵੇਖੇ ਖੇਲ ਤਮਾਸ਼ਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ

ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਧਰਮ ਇਕ ਉਪਜਾਈਆ । ਸਦੀ ਚੌਧਵੀਂ ਕਹੇ ਕੀ ਪ੍ਰਭ ਦੀ ਅੱਗੇ ਮਨਸਾ, ਮਨਸੂਰ ਤੋਂ ਪੁਛ ਕੇ ਦੇ ਸਮਝਾਈਆ । ਕਿੱਥੇ ਭਗਤ ਭਗਵਾਨ ਦਾ ਵਸਦਾ ਬੰਸਾ, ਬੰਸੀ ਵਾਲੇ ਜਿਥੇ ਸੀਸ ਨਿਵਾਈਆ । ਮੇਰਾ ਅੰਤਮ ਮੇਟ ਦੇ ਸੰਸਾ, ਭਰਮ ਰਹੇ ਨਾ ਰਾਈਆ । ਕਿਹੜੀ ਧਾਰ ਬਣੇ ਪ੍ਰਭ ਸਾਚੇ ਦੀ ਅੰਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਨ ਹੰਕਾਰੀ ਰਹੇ ਨਾ ਕੰਸਾ, ਕੂੜੀ ਕਿਰਿਆ ਡੇਰਾ ਢਾਹੀਆ । ਗੁਰਮੁਖ ਰੂਪ ਧਰੇ ਜਗ ਹੰਸਾ, ਹੰ ਬ੍ਰਹਮ ਭੇਵ ਖੁਲ੍ਹਾਈਆ । ਸਤਿ ਧਰਮ ਦੀ ਸਾਚੀ ਹੋਵੇ ਬਣਤਾ, ਘੜਨ ਭੰਨਣਹਾਰ ਦੇਣਾ ਦ੍ਰਿੜਾਈਆ । ਪੁਰਖ ਅਬਿਨਾਸ਼ੀ ਇਕੋ ਹੋਵੇ ਕੰਤਾ, ਕ਼ਦੀਮ ਦਾ ਮਾਲਕ ਖ਼ਸਮ ਗੋਸਾਈਆ । ਝਗੜਾ ਮੁਕਾਵੇ ਬਹਿਸ਼ਤ ਜੱਨਤਾ, ਸਚ ਦਵਾਰੇ ਦਏ ਇਕ ਸਰਨਾਈਆ । ਕਲਮਿਆਂ ਵਿਚ ਨਾਮਾਂ ਵਿਚ ਅੱਖਰਾਂ ਵਿਚ ਪੱਥਰਾਂ ਵਿਚ ਸੱਥਰਾਂ ਵਿਚ ਕਢਾਵੇ ਕੋਈ ਨਾ ਮਿੰਨਤਾ, ਅਗਨੀ ਤਤ ਨਾ ਕੋਇ ਤਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣੇ ਮਿਲਣ ਦੀ ਦੇਵੇ ਸਾਚੀ ਹਿੰਮਤਾ, ਹੌਸਲਾ ਇਕ ਵਧਾਈਆ । ਨਜ਼ਰੀ ਆਵੇ ਚਾਰ ਕੁੰਟ ਦਹਿ ਦਿਸ਼ਾ ਸਾਚੀ ਸਿੰਮਤਾ, ਸਿਮਰਨ ਪੂਜਾ ਪਾਠ ਜੋਗ ਅਭਿਆਸ ਦਾ ਲੇਖਾ ਦਏ ਚੁਕਾਈਆ । ਜਨਮ ਮਰਨ ਦੀ ਕਰਮ ਕਾਂਡ ਦੀ ਰਹਿਣ ਨਾ ਦੇਵੇ ਇੱਲਤਾ, ਕੂੜੀ ਕਿਰਿਆ ਡੇਰਾ ਢਾਹੀਆ । ਸਚ ਪੋਸ਼ਾਕ ਤਨ ਮਾਟੀ ਖ਼ਾਕ ਦੇਵੇ ਖ਼ਿਲਤਾ, ਖ਼ਾਲਕ ਖ਼ਲਕ ਦਇਆ ਕਮਾਈਆ । ਕਰਨੀ ਪਏ ਕੋਈ ਨਾ ਸੁੰਨਤਾ, ਸੀਸ ਮੁੰਡੌਣਾ ਪਏ ਕੋਈ ਨਾ ਮੁਨਤਾ, ਲਬਾਂ ਕਟੌਣ ਦੀ ਲੋੜ ਰਹੇ ਨਾ ਰਾਈਆ । ਏਕਾ ਨਾਮ ਨਿਧਾਨ ਦੇਵੇ ਸ਼ਬਦ ਅਗੰਮੀ ਧੁਨ ਦਾ, ਧੁਨ ਆਤਮਕ ਰਾਗ ਸੁਣਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਸਾਹਿਬ ਸਵਾਮੀ ਬਣੇ ਕੁੱਲ ਦਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਧੂੜੀ ਟਿੱਕਾ ਲਾਵੇ ਸਭ ਨੂੰ ਆਪਣੀ ਧੂਲ ਦਾ, ਧਰਮ ਦੀ ਧਾਰ ਇਕ ਜਣਾਈਆ । ਹੁਕਮ ਸੰਦੇਸ਼ਾ ਦੇਵੇ ਧੁਰ ਮਾਅਕੂਲ ਦਾ, ਮੁਕੰਮਲ ਕਰ ਪੜ੍ਹਾਈਆ । ਮਾਰਗ ਦੱਸ ਆਤਮ ਪਰਮਾਤਮ ਪਰਮਾਤਮ ਆਤਮ ਸਚ ਅਸੂਲ ਦਾ, ਅਸਲੀਅਤ ਵਿਚੋਂ ਆਪਣਾ ਅਸਲ ਸਮਝਾਈਆ । ਨਾਤਾ ਜੋੜ ਕੇ ਪਾਰਬ੍ਰਹਮ ਬ੍ਰਹਮ ਕੰਤ ਕੰਤੂਹਲ ਦਾ, ਮੇਲਾ ਮੇਲੇ ਸਹਿਜ ਸੁਭਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕਵਣ ਲਹਿਣੇ ਦੇਣੇ ਲੇਖੇ ਸਰਬ ਵਸੂਲਦਾ, ਹਿਸਾਬ ਮੰਗੇ ਥਾਉਂ ਥਾਈਂਆ । ਜਿਸ ਕੋਲ ਥਾਂ ਟਿਕਾਣਾ ਨਹੀਂ ਕੋਈ ਪੂਲ ਦਾ, ਆਰਜ਼ੀ ਖੇਲ ਨਾ ਕੋਇ ਵਖਾਈਆ । ਉਸ ਦਾ ਹੁਕਮ ਸੰਦੇਸ਼ਾ ਇਕੋ ਸ਼ਬਦ ਅਗੰਮੀ ਮਜ਼ਮੂਨ ਦਾ, ਜਿਸ ਨੂੰ ਪੜ੍ਹੇ ਕੋਇ ਨਾ ਵਿਚ ਲੋਕਾਈਆ । ਉਸ ਦਾ ਮਾਰਗ ਧਰਮ ਦਵਾਰ ਕ਼ਾਨੂੰਨ ਦਾ, ਕ਼ਾਇਦੇ ਵਿਚ ਤਰਮੀਮ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਲੇਖਾ ਕਦੇ ਨਾ ਭੁਲਦਾ, ਅਭੁੱਲ ਹੋ ਕੇ ਲੇਖੇ ਸਭ ਦੇ ਲੇਖੇ ਲਾਈਆ ।

## ❊ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਫ਼ਕੀਰ ਸਿੰਘ ਮਜੀਦ ਪੁਰ ਮਹਿੰਦਰ ਸਿੰਘ ਹਰਨਾਮ ਪੁਰ ❊

ਸਦੀ ਚੌਧਵੀਂ ਕਹੇ ਰਾਤੀਂ ਨਾਨਕ ਅਲਿਫ਼ ਨਾਲ ਮਿਲਾਇਆ ਊੜਾ, ਦੋਵੇਂ ਅੱਖਾਂ ਦੋਹਾਂ ਉਤੇ ਟਿਕਾਈਆ । ਤੱਕਿਆ ਰੰਗ ਗੂੜ੍ਹਾ, ਸੋਹਣਾ ਸੋਭਾ ਪਾਈਆ । ਅੰਤਰ ਕਹੇ ਕਿਸ ਨੂੰ ਕਹਾਂ ਕੂੜਾ, ਕੂੜਾ ਨਜ਼ਰ ਕੋਇ ਨਾ ਆਈਆ । ਜਾਂ ਧਰਨੀ ਵੇਖੇ ਜਗਤ ਜਹਾਨ ਹੋ ਗਿਆ ਮੂੜ੍ਹਾ, ਬੁਧ ਬਿਬੇਕ ਨਾ ਕੋਇ ਬਣਾਈਆ । ਮਸਤਕ ਲੱਗੇ ਕਿਸੇ ਨਾ ਧੂੜਾ, ਟਿੱਕੇ ਖ਼ਾਕ ਨਾ ਕੋਇ ਰਮਾਈਆ । ਫੇਰ ਤੱਕਿਆ ਯੇ ਦਾ ਵਕਤ ਹੋਇਆ ਪੂਰਾ, ਝਾੜਾ ਝਾੜਿ ਰਿਹਾ ਮਿਟਾਈਆ । ਪੁਰਖ ਅਕਾਲ ਦਾ ਸਚ ਦਸਤੂਰਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੋ ਭਵਿਖਤ ਦੱਸਿਆ ਹੁਕਮ ਵਿਚ ਹਜ਼ੂਰਾ, ਹਜ਼ੂਰੀਏ ਹੋ ਕੇ ਜਗਤ ਸੁਣਾਈਆ । ਸੋ ਵਕਤ ਰਿਹਾ ਨਾ ਦੂਰਾ, ਨੇਰਨ ਨੇਰਾ ਪੈਂਡਾ ਗਿਆ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਦਾਤਾ ਸ਼ਹਿਨਸ਼ਾਹੀਆ । ਨਾਨਕ ਕਹੇ ਮੈਂ ਵੇਖੀ ਪਿਆਰ ਨਾਲ ਅਲਿਫ਼, ਅਲਫ਼ੀ ਨਜ਼ਰ ਕੋਇ ਨਾ ਆਈਆ । ਜਿਸ ਨੇ ਇਕੋ ਚੁੱਕਿਆ ਹਲਫ਼, ਹਲਫ਼ੀਆ ਬਿਆਨ ਆਪਣੇ ਵਿਚ ਛੁਪਾਈਆ । ਮੈਂ ਸਦਾ ਰਹਿਣਾ ਯਕ ਤਰਫ਼, ਦੋ ਤਰਫ਼ ਨਾ ਵੰਡ ਵੰਡਾਈਆ । ਮੈਂ ਖ਼ੁਦਾ ਨੂੰ ਕਹਿਣਾ ਸ਼ਰਫ਼, ਮੁਸ਼ੱਰਫ਼ ਕਹਿ ਕੇ ਸੀਸ ਨਿਵਾਈਆ । ਮੈਂ ਤਕਣਾ ਉਤੇ ਅਰਸ਼, ਅਰਸ਼ੀ ਪ੍ਰੀਤਮ ਧਿਆਨ ਲਗਾਈਆ । ਮੈਂ ਵੇਖਣਾ ਉਤੇ ਫ਼ਰਸ਼, ਜਲਵਾਗਰ ਨੂਰ ਨੂਰ ਰੁਸ਼ਨਾਈਆ । ਮੈਂ ਨਿਰਗੁਣ ਕਰਨਾ ਦਰਸ, ਦਰਸ ਪਿਆਸੀ ਤਿਹਾਈਆ । ਮੈਂ ਆਪਣੀ ਬੁਝੌਣੀ ਹਰਸ, ਹਵਸ ਰਹੇ ਨਾ ਰਾਈਆ । ਅੰਮ੍ਰਿਤ ਦੇਵੇ ਬਰਸ, ਰਹਿਮਤ ਵਿਚ ਵਡਿਆਈਆ । ਮੇਰੀ ਮਨਜ਼ੂਰ ਕਰੇ ਅਰਜ਼, ਬੇਨੰਤੀ ਦਿਆਂ ਸੁਣਾਈਆ । ਆਪਣਾ ਖੇਲ ਵੇਖ ਅਸਚਰਜ, ਅਲਿਫ਼ ਯੇ ਦੀ ਚਲੇ ਨਾ ਕੋਇ ਚਤੁਰਾਈਆ । ਤੇਰੇ ਕਲਮੇ ਦੀ ਰਹੀ ਨਾ ਕੋਇ ਗ਼ਰਜ਼, ਗ਼ੁਰਬਤ ਅੰਦਰ ਭਰੀ ਲੋਕਾਈਆ । ਚਾਰੋਂ ਕੁੰਟ ਅੰਧੇਰਾ ਗਰਦ, ਗਰਦਸ਼ ਵਿਚ ਪਈ ਦੁਹਾਈਆ । ਦੁਖੀਆਂ ਵੰਡੇ ਕੋਇ ਨਾ ਦਰਦ, ਦੀਨਾਂ ਗੋਦ ਨਾ ਕੋਇ ਟਿਕਾਈਆ । ਤੇਰੀ ਸ਼ਰਅ ਕਸਾਈ ਹੋਈ ਕਰਦ, ਕ਼ਤਲਗਾਹ ਵੇਖੀ ਲੋਕਾਈਆ । ਹਉਮੇ ਦੀ ਮੇਟੇ ਕੋਈ ਨਾ ਮਰਜ਼, ਮਰੀਜ਼ ਘਰ ਘਰ ਰੋਵਣ ਮਾਰਨ ਧਾਈਆਂ । ਸਾਚਾ ਪੱਲੇ ਨਹੀਂ ਕਿਸੇ ਖਰਚ, ਦਾਮਨ ਦਾਮਨਗੀਰ ਨਾ ਕੋਇ ਫੜਾਈਆ । ਨਫ਼ਾ ਵੇਖਿਆ ਨਾ ਕਿਸੇ ਚਰਚ, ਮਸਜਿਦ ਖ਼ਾਲੀ ਝੋਲੀ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਆਪਣਾ ਹੁਕਮ ਵਰਤਾਈਆ । ਊੜਾ ਕਹੇ ਮੈਂ ਵੇਖਿਆ ਉਠ, ਚਾਰੋਂ ਕੁੰਟ ਧਿਆਨ ਲਗਾਈਆ । ਵਸਤ ਦਿਸੀ ਕੋਇ ਨਾ ਮੁਠ, ਨਾਮ ਨਿਧਾਨ ਨਾ ਕੋਇ ਵਰਤਾਈਆ । ਸਭ ਨੂੰ ਖ਼ਾਲੀ ਦਿਸੇ ਠੁਠ, ਪਿਆਲੇ ਠੂਠੇ ਮੂਧੇ ਹੋਈ ਸਫ਼ਾਈਆ । ਜਗਤ ਵਿਕਾਰ ਪਾਈ ਲੁੱਟ, ਘਰ ਘਰ ਦਿਸੇ ਲੜਾਈਆ । ਦੀਨ ਦੁਨੀ ਆਪਣੇ ਅੰਦਰੋਂ ਧਰਮ ਦਾ ਬੂਟਾ ਦਿਤਾ ਪੁੱਟ, ਬਿਨ ਹੱਥਾਂ ਬਾਹਰ ਸੁਟਾਈਆ । ਸਾਰੇ ਬਣ ਗਏ ਅਪਰਾਧੀ ਪੁਤ, ਸੁਤ ਦੁਲਾਰਾ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਰਹੇ ਚੁੱਕ, ਲੜ ਲਾਵਣ ਚਾਈਂ ਚਾਈਆ । ਹਉਮੇ ਹੰਗਤਾ ਵਿਚ ਖ਼ੁਸ਼, ਖ਼ੁਸ਼ੀ ਆਪਣੀ ਰਹੇ ਪ੍ਰਗਟਾਈਆ । ਜਗਤ ਵਿਕਾਰ ਸੁਹਾਈ ਰੁੱਤ, ਭੋਗ ਬਿਲਾਸ ਵਿਚ ਲੋਕਾਈਆ । ਸਤਿ ਸਚ ਗਿਆ ਛੁੱਪ, ਕਲਜੁਗ ਰੈਣ ਅੰਧੇਰਾ ਛਾਈਆ । ਨਾਨਕ ਦੀ ਸਾਰੇ ਭੁੱਲ ਗਏ ਤੁਕ, ਸੋਹੰ ਢੋਲਾ ਕੋਇ ਨਾ ਗਾਈਆ । ਊੜਾ ਕਹੇ ਮੈਨੂੰ ਹੋਇਆ ਬੜਾ ਦੁੱਖ, ਦੁਖੀ

ਹੋ ਕੇ ਦਿਆਂ ਸੁਣਾਈਆ । ਅੰਮ੍ਰਿਤ ਮਿਲੇ ਕਿਸੇ ਨਾ ਘੁਟ, ਜਾਮ ਹਕੀਕੀ ਨਾ ਕੋਇ ਪਿਆਈਆ । ਖ਼ਾਲੀ ਦਿਸਣ ਬੁਤ, ਤਤ ਅਗਨੀ ਰਿਹਾ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਅਲਿਫ਼ ਊੜਾ ਅੱਗੇ ਪਿਛੇ ਪਿਛੇ ਅੱਗੇ, ਪਾਸਾ ਰਹੇ ਬਦਲਾਈਆ । ਅੱਖਰਾਂ ਵਾਲੇ ਰਹਿਣ ਨਾ ਦਈਏ ਹਿੱਸੇ, ਹਿੱਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਸਾਡੇ ਅੰਦਰ ਇਕੋ ਨੂਰ ਦਿਸੇ, ਦੂਜੀ ਚਮਕ ਨਾ ਕੋਇ ਚਮਕਾਈਆ । ਅਸੀਂ ਇਕੇ ਚੜ੍ਹੀਏ ਚਿਖੇ, ਜਿਥੇ ਅਗਨੀ ਅੱਗ ਨਾ ਕੋਇ ਤਪਾਈਆ । ਇਕੋ ਮੰਨੀਏ ਪਿਤੇ, ਜੋ ਪਤਿਪਰਮੇਸ਼ਵਰ ਨੂਰ ਖ਼ੁਦਾਈਆ । ਹੁਣ ਛੱਡ ਦਈਏ ਦੀਨਾਂ ਮਜ਼੍ਹਬਾਂ ਦੇ ਕਿੱਤੇ, ਕਿਤੇ ਸਾਡੀ ਵੀ ਹੋਏ ਸਫ਼ਾਈਆ । ਜਿਸ ਨੇ ਸਾਨੂੰ ਭੰਡਾਰੇ ਦਿੱਤੇ, ਅੱਖਰਾਂ ਵਾਲਾ ਰੂਪ ਪ੍ਰਗਟਾਈਆ । ਮਾਤਲੋਕ ਚਲਾਏ ਸਿੱਕੇ, ਹੁਕਮਰਾਨ ਦਿਤਾ ਜਣਾਈਆ । ਅੰਤ ਡੋਰੀ ਪਿਛੇ ਨਾ ਖਿੱਚੇ, ਸਾਡੀ ਕਰੇ ਸਫ਼ਾਈਆ । ਅਸੀਂ ਕਾਲੇ ਉਤੇ ਫੇਰ ਹੋਈਏ ਚਿੱਟੇ, ਜਿਨ੍ਹਾਂ ਚਿੱਟੇ ਤੋਂ ਕਾਲੇ ਦਿਤੇ ਬਣਾਈਆ । ਅੰਤ ਅਖ਼ੀਰੀ ਨਿਕਲਣ ਲੱਗੇ ਸਿੱਟੇ, ਕ਼ੀਮਤ ਕਰਤਾ ਸਭ ਦੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਲਿਫ਼ ਕਹੇ ਸੁਣ ਊੜੇ ਵੀਰ, ਵੀਰਨਾ ਦਿਆਂ ਜਣਾਈਆ । ਸਾਡੀ ਸਾਂਝੀ ਹੋਵੇ ਤਕ਼ਦੀਰ, ਤਕੱਬਰ ਵਿਚ ਰਹੇ ਨਾ ਰਾਈਆ । ਬੰਧਨ ਤੁੱਟੇ ਜ਼ੰਜੀਰ, ਹੱਦ ਦੇਣੀ ਗੁਆਈਆ । ਮੰਨੀਏ ਇਕੋ ਪੀਰ, ਜਿਸ ਨੂੰ ਵਾਹਿਗੁਰੂ ਕਹਿ ਕੇ ਗਾਈਆ । ਤੱਕੀਏ ਓਹ ਤਸਵੀਰ, ਜਿਸ ਨੂੰ ਮਸੱਵਰ ਨਾ ਕੋਇ ਖਿਚਾਈਆ । ਬਦਲੀਏ ਓਹ ਜ਼ਮੀਰ, ਜਿਥੇ ਜ਼ਾਮਨ ਰਹੇ ਨਾ ਰਾਈਆ । ਚੜ੍ਹੀਏ ਚੋਟੀ ਅਖ਼ੀਰ, ਜਿਥੇ ਸਾਡੇ ਅੱਖਰਾਂ ਦੀ ਮੁਕੇ ਪੜ੍ਹਾਈਆ । ਦਵੈਤੀ ਵਾਲਾ ਰਹੇ ਨਾ ਕੋਇ ਖ਼ਮੀਰ, ਖ਼ੁਮਾਰੀ ਸਭ ਨੂੰ ਇਕ ਰਖਾਈਆ । ਮੰਜ਼ਲ ਦਾ ਪੈਂਡਾ ਰਿਹਾ ਚੀਰ, ਚਿਰੀ ਵਿਛੁੰਨੇ ਜੋੜ ਜੁੜਾਈਆ । ਅਲਿਫ਼ ਕਹੇ ਝਗੜਾ ਮਿਟਾਈਏ ਸ਼ਾਹ ਅਮੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਇਕ ਸੁਣਾਈਆ । ਊੜਾ ਕਹੇ ਸੁਣ ਅਲਿਫ਼ ਮੇਰੀ ਹਮਸ਼ੀਰਾ, ਹਮਦ ਵਿਚ ਸੁਣਾਈਆ । ਦੋਵੇਂ ਤੱਕੀਏ ਬੇਨਜ਼ੀਰਾ, ਜੋ ਨਜ਼ਰਾਂ ਤੋਂ ਉਹਲੇ ਡੇਰਾ ਲਾਈਆ । ਪਿਆਰ ਮੁਹੱਬਤ ਦਾ ਚੁਕੀਏ ਬੀੜਾ, ਧਰਮ ਧਾਰ ਦੀ ਗੰਢ ਪੁਆਈਆ । ਮੈਨੂੰ ਦੇ ਦੇ ਆਪਣਾ ਲੀੜਾ, ਮੇਰਾ ਬਸਤਰ ਤੇਰੇ ਹਿੱਸੇ ਆਈਆ । ਜਿਹੜੀਆਂ ਗ੍ਰੰਥਾਂ ਦੀਆਂ ਬੰਨ੍ਹੀਆਂ ਬੀੜਾਂ, ਸਿਫ਼ਤਾਂ ਵਿਚ ਸਾਲਾਹੀਆ । ਉਸ ਦਾ ਖੇਲ ਵੇਖ ਅਖ਼ੀਰਾ, ਜੋ ਆਖ਼ਰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਅਲਿਫ਼ ਕਹੇ ਊੜਾ ਤੇਰੀ ਵੇਖਣੀ ਲਿਖੀ ਹੋਈ ਪੈਂਤੀ, ਪੈਂਤੀਸ ਅੱਖਰਾਂ ਵਿਚ ਵਡਿਆਈਆ । ਗੁਰਮੁਖ ਦੇ ਹੱਥ ਵਿਚ ਹੋਣੀ ਕੈਂਚੀ, ਸ਼ਰਅ ਜ਼ੰਜੀਰ ਕਟਾਈਆ । ਮੈਂ ਢੋਲਾ ਗਾਵਾਂ ਬੈਂਤੀ, ਬੈਤੁਲਮੁਕੱਦਸ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਊੜਾ ਕਹੇ ਸੁਣ ਅਲਿਫ਼ ਭੈਣ ਏ, ਏਕਾ ਦਿਆਂ ਜਣਾਈਆ । ਜੇ ਮੇਰੀ ਪੈਂਤੀ ਤੇ ਤੇਰਾ ਵੀ ਲੇਖ ਲਿਖਿਆ ਜਾਏ ਨਾਲ ਯੇ, ਹਿੰਦਸੇ ਵਿਚਲੇ ਅੱਖਰ ਨਾਲ ਮਿਲਾਈਆ । ਪਰ ਸਚ ਜਾਣੀ ਧਰਮ ਦਵਾਰੇ ਦੋਹਾਂ ਦਾ ਲੱਗਣਾ ਨੇਂਹ, ਭਗਤਾਂ ਵਿਚ ਸੋਭਾ ਪਾਈਆ । ਪੁਰਖ ਅਕਾਲਾ ਬਰਖੇ ਮੇਂਹ, ਅੰਮ੍ਰਿਤ ਧਾਰ ਵਹਾਈਆ । ਦੀਨ ਦੁਨੀ ਮਾਟੀ ਹੋਣੀ ਖੇਹ, ਖ਼ਾਕ ਖ਼ਾਕ ਨਾਲ ਉਡਾਈਆ ।

ਸਾਡੀ ਪਵਿੱਤ੍ਰ ਹੋਵੇ ਦੇਹ, ਅੱਖਰ ਅੱਖਰ ਸੋਭਾ ਪਾਈਆ । ਹੰਕਾਰ ਰਹੇ ਕੋਈ ਨਾ ਮੈਂ, ਮੈਂ ਮਮਤਾ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇਣਾ ਉਠਾਈਆ । ਅਲਿਫ਼ ਕਹੇ ਮੈਨੂੰ ਕਿਹੜਾ ਲਿਖੇ ਕਾਤਬ, ਕ਼ਲਮ ਸ਼ਾਹੀ ਨਾਲ ਵਡਿਆਈਆ । ਮੇਰੇ ਸਾਹਮਣੇ ਹੋਵੇ ਮੁਖ਼ਾਤਬ, ਪੜਦਾ ਰਹੇ ਨਾ ਰਾਈਆ । ਮੈਂ ਜਾਵਾਂ ਓਸ ਦੀ ਜਾਨਬ, ਰਸਤਾ ਰਾਹ ਤਕਾਈਆ । ਓਹ ਮੇਰਾ ਕਰੇ ਤੁਆਕ਼ਬ, ਵੇਖੇ ਚਾਈਂ ਚਾਈਂਆ । ਮੇਰੀ ਬਦਲ ਜਾਵੇ ਆਦਤ, ਹਿੱਸਾ ਵੰਡ ਨਾ ਕੋਇ ਵੰਡਾਈਆ । ਮੈਂ ਵੀ ਕਹਾਂ ਸਾਂਝੀ ਹੋਵੇ ਇਕ ਇਬਾਦਤ, ਮਾਲਕ ਇਕ ਅਖਵਾਈਆ । ਮਿਲੇ ਅਗੰਮ ਨਿਆਮਤ, ਵਸਤ ਧੁਰਦਰਗਾਹੀਆ । ਰਹੀਏ ਸਹੀ ਸਲਾਮਤ, ਦੁੱਖ ਨਾ ਲਾਗੇ ਰਾਈਆ । ਤੂੰ ਮੇਰੀ ਮੈਂ ਤੇਰੀ ਦੇਵਾਂ ਜ਼ਮਾਨਤ, ਜ਼ਾਮਨ ਅਵਰ ਨਾ ਕੋਇ ਜਣਾਈਆ । ਅਲਿਫ਼ ਕਹੇ ਮੈਨੂੰ ਦਿਸਦਾ ਜ਼ਰੂਰ ਆਵੇ ਕ਼ਿਆਮਤ, ਕਾਮਲ ਮੁਰਸ਼ਦ ਹੁਕਮ ਮਨਾਈਆ । ਊੜਾ ਕਹੇ ਏਸੇ ਕਰ ਕੇ ਪੰਜਾਂ ਨੇ ਕਰਾ ਕੇ ਔਣਾ ਹਜਾਮਤ, ਚੋਟੀ ਸਭ ਦੀ ਦਏ ਮੁਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਪੜਦਾ ਲਾਹੀਆ । ਅਲਿਫ਼ ਕਹੇ ਸੁਣ ਭਈਆ ਊੜਾ, ਊੜੀ ਦੇ ਕੋਲ ਦੁਹਾਈਆ । ਪੰਜਾਂ ਬੀਬੀਆਂ ਗਿੱਚੀ ਤੋਂ ਥੱਲੇ ਚਾਰ ਉਂਗਲ ਕਰਨਾ ਜੂੜਾ, ਵੱਧ ਘੱਟ ਨਾ ਕੋਇ ਬਣਾਈਆ । ਮੱਥੇ ਲੱਗੀ ਹੋਵੇ ਧੂੜਾ, ਛਾਰ ਛਾਰ ਸ਼ੰਕਰ ਵਾਲੀ ਛੁਹਾਈਆ । ਬੁਲਾਂ ਨੂੰ ਨੀਲਾ ਰੰਗ ਚੜ੍ਹਿਆ ਹੋਵੇ ਗੂੜ੍ਹਾ, ਦੂਸਰ ਰੰਗ ਨਾ ਕੋਇ ਬਦਲਾਈਆ । ਉਚੀ ਉਚੀ ਮਾਰਦੀਆਂ ਔਣ ਖੰਗੂਰਾ, ਖ਼ਬਰਦਾਰ ਹੋ ਕੇ ਅੱਖ ਲਓ ਖੁਲ੍ਹਾਈਆ । ਹੱਥ ਵਿਚ ਫੜਿਆ ਹੋਵੇ ਇਕ ਇਕ ਮੂੜ੍ਹਾ, ਕਦੀ ਕਦੀ ਸਿਰ ਉਤੇ ਲੈਣ ਟਿਕਾਈਆ । ਪੌਂਦੀਆਂ ਔਣ ਫ਼ਤੂਰਾ, ਢੋਲਾ ਜ਼ੋਰ ਜ਼ੋਰ ਸੁਣਾਈਆ । ਪੁਰਖ ਅਕਾਲ ਕਰਨ ਮਸ਼ਹੂਰਾ, ਨਿਹਕਲੰਕ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾਵੇ ਬਹਿਸ਼ਤਾਂ ਵਾਲੀਆਂ ਹੂਰਾਂ, ਪੈਗ਼ੰਬਰਾਂ ਦੇ ਹੁਜਰਿਆਂ ਵਿਚੋਂ ਕਰੇ ਸਫ਼ਾਈਆ ।

## ❋ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੪ ਜਗੀਰ ਸਿੰਘ ਦੇ ਗ੍ਰਿਹ ਪਿੰਡ ਸ਼ਿਕਾਰ ਪੁਰ ਜ਼ਿਲਾ ਕਪੂਰਥਲਾ ❋

ਸਦੀ ਚੌਧਵੀਂ ਕਹੇ ਮੈਂ ਦੱਸਾਂ ਨਾਲ ਈਮਾਨ, ਅਮਲ ਦੀਨ ਦੁਨੀ ਜਣਾਈਆ । ਤੀਸ ਬਤੀਸਾ ਭੇਵ ਖੁਲ੍ਹੇ ਨਾ ਕੋਈ ਕ਼ੁਰਾਨ, ਕਾਇਆ ਕਾਅਬਾ ਨਾ ਕੋਇ ਵਡਿਆਈਆ । ਤਨ ਵਜੂਦ ਦਿਸੇ ਸ਼ੈਤਾਨ, ਸ਼ਰਅ ਸ਼ਰੀਅਤ ਵਿਚ ਦੁਹਾਈਆ । ਸੱਯਦਾ ਹੱਕ ਕਰੇ ਨਾ ਕੋਇ ਸਲਾਮ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਹੁਜਰਿਆਂ ਅੰਦਰ ਦਿਸੇ ਹਰਾਮ, ਮਾਇਆ ਮਮਤਾ ਮੋਹ ਹਲਕਾਈਆ । ਖ਼ੁਦੀ ਤਕੱਬਰ ਕੀਤਾ ਗ਼ੁਲਾਮ, ਗ਼ੁਰਬਤ ਕਰੇ ਨਾ ਕੋਇ ਸਫ਼ਾਈਆ । ਚਾਰੋਂ ਕੁੰਟ ਵਿਗੜਿਆ ਨਿਜ਼ਾਮ, ਨੌਬਤ ਹੱਕ ਨਾ ਕੋਇ ਵਜਾਈਆ । ਜੂਠ ਝੂਠ ਦਿਸੇ ਨਿਸ਼ਾਨ, ਸਤਿ ਸਚ ਨਾ ਕੋਇ ਵਖਾਈਆ । ਕੀ ਖੇਲ ਕਰੇ ਅਮਾਮ, ਹਰਿ ਦਾਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਸਦੀ ਚੌਧਵੀਂ ਕਹੇ ਚਾਰੋਂ ਕੁੰਟ ਤੱਕਿਆ ਅੰਧਿਆਰਾ, ਨੇਤਰ ਨੈਣ ਨਾ ਕੋਇ ਰੁਸ਼ਨਾਈਆ । ਮੁਹੱਬਤ ਕਰੇ ਨਾ ਕੋਇ ਪਿਆਰਾ, ਪ੍ਰੇਮ ਪ੍ਰੀਤੀ ਨਾ ਕੋਇ ਜਣਾਈਆ । ਜੀਵ ਜੰਤ ਹੋਇਆ ਗਵਾਰਾ, ਸਾਧ ਸੰਤ ਰਿਹਾ ਕੁਰਲਾਈਆ । ਸੂਫ਼ੀ ਮੰਜ਼ਲ

ਚੜ੍ਹੇ ਨਾ ਕੋਈ ਚੁਬਾਰਾ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਮੁਹੰਮਦ ਹੋ ਗਿਆ ਬੇਇਤਬਾਰਾ, ਸਗਲਾ ਸੰਗ ਨਾ ਕੋਇ ਨਿਭਾਈਆ । ਚਾਰ ਯਾਰੀ ਹੋਏ ਖ਼ੁਆਰਾ, ਖ਼ਾਲਸ ਭੇਵ ਨਾ ਕੋਇ ਖੁਲ੍ਹਾਈਆ । ਅੱਲਾ ਹੂ ਰਿਹਾ ਨਾ ਨਾਅਰਾ, ਤੂੰ ਹੀ ਤੂੰ ਹੀ ਨਾ ਰਾਗ ਅਲਾਈਆ । ਮਨ ਮਨੂਆ ਹੋਇਆ ਗਦਾਰਾ, ਕਲਪਨਾ ਵਿਚ ਰਿਹਾ ਕੁਰਲਾਈਆ । ਸ਼ਰਅ ਛੁਰੀ ਬਣੀ ਕਟਾਰਾ, ਕ਼ਤਲਗਾਹ ਦੀਨ ਦੁਨੀ ਵੇਖ ਵਖਾਈਆ । ਸੱਜਦਾ ਝੁਕੇ ਨਾ ਪਰਵਰਦਿਗਾਰਾ, ਸਤਿ ਸੰਤੋਖ ਨਾ ਕੋਇ ਵਖਾਈਆ । ਨੇਤਰ ਰੋਵੇ ਚੰਦ ਸਤਾਰਾ, ਚੌਦਸ ਨੂਰ ਨਾ ਕੋਇ ਚਮਕਾਈਆ । ਚੌਦਾਂ ਤਬਕ ਹਾਹਾਕਾਰਾ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਤੱਕੇ ਖੇਲ ਅਨੋਖੇ, ਅੰਤ ਦਿਆਂ ਦ੍ਰਿੜਾਈਆ । ਮੁਰੀਦ ਮੁਰਸ਼ਦਾਂ ਕਰਦੇ ਧੋਖੇ, ਮੁਰਸ਼ਦ ਮੁਰੀਦਾਂ ਰਹੇ ਭਰਮਾਈਆ । ਵਿਦਿਆ ਪੜ੍ਹ ਪੜ੍ਹ ਥੱਕੇ ਅੱਕੇ ਪੋਥੇ, ਮੰਜ਼ਲ ਹੱਕ ਕ਼ਦਮ ਨਾ ਕੋਇ ਟਿਕਾਈਆ । ਕਾਇਆ ਤੱਕਿਆ ਕਿਸੇ ਨਾ ਗੋਸ਼ੇ, ਕਾਇਆ ਕੁਰਹ ਨਾ ਫੋਲ ਫੁਲਾਈਆ । ਅਗਲੀ ਧਾਰ ਕੋਈ ਨਾ ਸੋਚੇ, ਪਿਛਲੀ ਕਰਦੇ ਸਰਬ ਪੜ੍ਹਾਈਆ । ਨੇਤਰ ਅੱਖ ਖੁਲ੍ਹੀ ਨਾ ਲੋਚੇ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਭੁੱਖੇ ਮਰ ਕੇ ਰੱਖੇ ਰੋਜ਼ੇ, ਰਾਜ਼ਕ ਰਿਜ਼ਕ ਰਹੀਮ ਨਾ ਕੋਇ ਵਡਿਆਈਆ । ਨੀਲੀ ਧਾਰ ਪਹਿਨੇ ਚੋਗੇ, ਹਰਿਆ ਵੇਸ ਵਟਾਈਆ । ਸੀਸ ਕਟਾਏ ਬੋਦੇ, ਲਬਾਂ ਕੀਤੀ ਸਫ਼ਾਈਆ । ਭੇਵ ਖੁਲ੍ਹੇ ਕਿਸੇ ਨਾ ਗੋਝੇ, ਪੜਦਾ ਅੰਤਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਹੱਕ ਹਕ਼ੀਕ਼ੀ ਨੂਰ, ਨੂਰਾਨਾ ਨਜ਼ਰੀ ਆਈਆ । ਜਿਸ ਦਾ ਸਤਿ ਸਚ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਲਹਿਣਾ ਦੇਣਾ ਲੇਖੇ ਲਾਏ ਜ਼ਰੂਰ, ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਖਾਏ ਹਜ਼ੂਰ, ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਧੁਰ ਦਾ ਹੁਕਮ ਸਭ ਨੂੰ ਕਰੇ ਮਜਬੂਰ, ਮਜਬੂਰੀ ਪਿਛਲੀ ਦਏ ਗੁਆਈਆ । ਜਨਮ ਜਨਮ ਦਾ ਮੇਟ ਕ਼ਸੂਰ, ਕੁਸ਼ਲਤਾ ਆਪਣੀ ਇਕ ਦ੍ਰਿੜਾਈਆ । ਨਾਮ ਭੰਡਾਰਾ ਕਰ ਭਰਪੂਰ, ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰ ਇਕ ਅਖਵਾਈਆ । ਪੈਗ਼ੰਬਰ ਕਹਿਣ ਅੱਗੇ ਕਿਹੜਾ ਕਲਮਾ ਲਈਏ ਰਟ, ਰਿਟਨ ਨਜ਼ਰ ਕੋਇ ਨਾ ਆਈਆ । ਈਸਾ ਕਹੇ ਮੇਰਾ ਕਲਾਕ ਕਰੇ ਟਕ ਟਕ, ਵੀਹਵੀਂ ਸਦੀ ਵਕਤ ਸਮਝਾਈਆ । ਮੂਸਾ ਕਹੇ ਪਿਛਲਾ ਸਾਰਾ ਛੱਡੀਏ ਹੱਠ, ਅੱਗੇ ਅਵਰ ਨਾ ਕੋਇ ਵਧਾਈਆ । ਸੀਸ ਨਿਵਾਈਏ ਪਰਵਰਦਿਗਾਰ ਝਟ, ਨਿਉਂ ਨਿਉਂ ਲਾਗੇ ਪਾਈਂਆ । ਦੀਨ ਮਜ਼੍ਹਬ ਦੀ ਡੋਰੀ ਦੇਵੇ ਕੱਟ, ਨਾਮ ਕਟਾਕਸ਼ ਇਕ ਲਗਾਈਆ । ਸਚ ਦਵਾਰ ਦਾ ਖੋਲ੍ਹ ਕੇ ਹੱਟ, ਧੁਰ ਦੀ ਵਸਤ ਦਏ ਵਰਤਾਈਆ । ਪੈਗ਼ੰਬਰ ਅਵਤਾਰਾਂ ਨਾਲ ਕਰੀਏ ਇਕੱਠ, ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਦੀਨ ਮਜ਼੍ਹਬ ਦੇ ਝਗੜੇ ਦੇਣੇ ਛੱਡ, ਛੱਡੀਏ ਕੂੜ ਲੋਕਾਈਆ । ਪੈਗ਼ੰਬਰ ਕਹਿਣ ਜੇ ਅਸੀਂ ਹੱਡੀਆਂ ਆਏ ਦੱਬ, ਕ਼ਬਰਾਂ ਵਿਚ ਟਿਕਾਈਆ । ਅੰਤ ਓਸ ਦੀ ਪੂਰੀ ਹੋਵੇ ਹੱਦ, ਲੇਖਾ ਅਵਰ ਰਹੇ ਨਾ ਰਾਈਆ । ਸਾਰੇ ਮਿਲ ਕੇ ਇਕੋ ਕਲਮਾ ਇਕੋ ਨਾਮ ਇਕੋ ਗਾਈਏ ਛਦ, ਛੰਦ ਇਕੋ ਇਕ ਜਣਾਈਆ । ਸਚ ਦਵਾਰ ਏਕੰਕਾਰ ਵੇਖੀਏ ਲੋਕਮਾਤ ਜਗ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਬਿਨ ਮੱਕੇ ਕਾਅਬਿਓਂ ਕਾਇਆ ਅੰਦਰ ਕਰਾਏ ਹੱਜ, ਹੁਜਰਾ ਹੱਕ ਹੱਕ ਸੁਹਾਈਆ ।

ਬਿਨ ਮੰਦਰ ਸ਼ਿਵਦਵਾਲੇ ਮੱਠ, ਪੜਦਾ ਉਹਲਾ ਦਏ ਉਠਾਈਆ । ਸਚ ਸਰੋਵਰ ਵਖਾਏ ਅਗੰਮੀ ਤਟ, ਕਿਨਾਰਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਆਤਮ ਦੇਵੇ ਰਸ, ਰਸਨਾ ਜਿਹਵਾ ਨਾ ਹੋਏ ਹਲਕਾਈਆ । ਨਾਮ ਅਣਿਆਲਾ ਤੀਰ ਮਾਰੇ ਕਸ, ਦੂਈ ਦਵੈਤੀ ਅੰਦਰੋਂ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਦੋ ਜਹਾਨ ਗਾਵਣ ਜਸ, ਸਿਫ਼ਤਾਂ ਵਿਚ ਸਾਹਿਬ ਸਾਲਾਹੀਆ । ਕਲਜੁਗ ਮਿਟੇ ਅੰਧੇਰੀ ਮੱਸ, ਸਤਿਜੁਗ ਸਾਚਾ ਚੰਦ ਨੂਰ ਹੋਵੇ ਰੁਸ਼ਨਾਈਆ । ਜਗਤ ਵਿਕਾਰਾ ਬੁਰਜ ਜਾਵੇ ਢੱਠ, ਹੰਕਾਰ ਗੜ੍ਹ ਰਹਿਣ ਨਾ ਪਾਈਆ । ਕਿਰਪਾ ਕਰੇ ਉਪਰ ਤਤ ਅੱਠ, ਨੌਂ ਦਵਾਰੇ ਹੋਏ ਸਹਾਈਆ । ਦਸਮ ਦਵਾਰੀ ਮਿਲੇ ਹੱਕ, ਵਸਤ ਅਮੋਲਕ ਝੋਲੀ ਪਾਈਆ । ਨਾੜ ਨਾੜ ਨਾ ਉਬਲੇ ਰੱਤ, ਲੂੰ ਲੂੰ ਅੰਦਰ ਨਿਰਗੁਣ ਨੂਰ ਕਰੇ ਰੁਸ਼ਨਾਈਆ । ਬੁੱਧ ਬਿਬੇਕ ਉਜਲ ਹੋਵੇ ਮਤ, ਮਨ ਕਾ ਮਣਕਾ ਦਏ ਭਵਾਈਆ । ਚਾਰ ਵਰਨ ਇਕੋ ਧਾਰ ਬਣੇ ਜਗਤ, ਜਗਜੀਵਣ ਦਾਤਾ ਦਏ ਵਡਿਆਈਆ । ਸਦੀ ਚੌਧਵੀਂ ਕਹੇ ਜਿਧਰ ਤੱਕਾਂ ਸੂਫ਼ੀ ਸੰਤ ਫ਼ਕੀਰ ਭਗਤ, ਜੋ ਭਗਵਨ ਢੋਲਾ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਵਖਾਵੇ ਧੁਰ ਦਾ ਵਕਤ, ਮਿਹਰ ਨਜ਼ਰ ਇਕ ਉਠਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਪੂਰਾ ਕਰੇ ਫ਼ਕਤ, ਫ਼ਿਕਰਾ ਆਪਣਾ ਇਕ ਸੁਣਾਈਆ । ਨਿਰਗੁਣ ਧਾਰ ਦੇਵੇ ਦਰਸ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਅਰਸ਼ਾਂ ਤੋਂ ਆਵੇ ਉਪਰ ਫ਼ਰਸ਼, ਜ਼ਮੀਨ ਖ਼ਾਕੀ ਸੋਭਾ ਪਾਈਆ । ਆਬੇਹਯਾਤ ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਚਿੰਤਾ ਸੋਗ ਮਿਟਾਵੇ ਹਰਖ, ਹਉਮੇ ਗੜ੍ਹ ਤੁੜਾਈਆ । ਚੁਰਾਸੀ ਲਵੇ ਪਰਖ, ਚਾਰੇ ਖਾਣੀ ਫੋਲ
੬੨੨ ਫੁਲਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਜ਼ੰਜੀਰ ਦਏ ਕਟਾਈਆ । ਕਲਜੁਗ ਕੂੜੀ ਕਿਰਿਆ ਕਰ ਕੇ ਗ਼ਰਕ, ਗਹਿਰ ਗੰਭੀਰ ਵੇਖ ੬੨੨
੨੧ ਵਖਾਈਆ । ਪਿਛਲਾ ਲਹਿਣਾ ਕਰ ਕੇ ਤਰਕ, ਤੁਰਤ ਅਗਲਾ ਹੁਕਮ ਸਮਝਾਈਆ । ਮਾਨਵ ਮਾਨਵ ਵਿਚ ਰਹੇ ਨਾ ਫ਼ਰਕ, ਹਿੰਦੂ ਮੁਸਲਿਮ ੨੧
ਸਿੱਖ ਈਸਾਈ ਇਕੋ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਬਹੁੜੀ ਮੇਰੇ ਰਹਿੰਦੇ ਬਾਰਾਂ ਬਰਸ, ਬਹੁਤੀ ਦੇਰ ਲਾਗੇ ਨਾ ਰਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਕ਼ਰਜ਼, ਮਕ਼ਰੂਜ਼ ਲੇਖਾ ਦਏ ਚੁਕਾਈਆ । ਅੰਤਮ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਪ੍ਰਗਟ ਹੋਵੇ ਸੂਰਬੀਰ ਮਰਦਾਨਾ ਮਰਦ, ਨਿਰਗੁਣ ਨੂਰ ਜੋਤ ਹੋਵੇ ਰੁਸ਼ਨਾਈਆ । ਸਭ ਦੀ ਲੇਖੇ ਲਾਏ ਅਰਜ਼, ਆਜਜ਼ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਓਹ ਮਹਿਬੂਬ, ਜੋ ਮਹਿਵ ਮੁਹੱਬਤ ਵਿਚ ਸਮਾਈਆ । ਦੀਨ ਦੁਨੀ ਵਿਚੋਂ ਕੱਢੇ ਦੂਜ, ਦੁਤੀਆ ਭਾਓ ਦਏ ਮਿਟਾਈਆ । ਸਚ ਧਰਮ ਦੀ ਬਖ਼ਸ਼ੇ ਸੂਝ, ਮਮਤਾ ਮੋਹ ਰਹੇ ਨਾ ਰਾਈਆ । ਨਜ਼ਰੀ ਆਵੇ ਚਾਰੇ ਕੂਟ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕੱਢੇ ਜੂਠ ਝੂਠ, ਸਤਿ ਸਚ ਇਕ ਸਮਝਾਈਆ । ਭਗਤ ਸੁਹੇਲੇ ਉਠਾਏ ਪੂਤ, ਪਤਿਪਰਮੇਸ਼ਵਰ ਵੇਖ ਵਖਾਈਆ । ਭਾਗ ਲਗਾ ਕੇ ਕਾਇਆ ਮਾਟੀ ਪੰਜ ਭੂਤ, ਪੰਚਮ ਨਾਦ ਧੁਨ ਕਰੇ ਸ਼ਨਵਾਈਆ । ਸਚ ਸੁਹੰਜਣੀ ਹੋਵੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਅੰਤ ਅਖ਼ੀਰ ਪੈਂਡਾ ਰਿਹਾ ਮੁਕ, ਸਫ਼ਰੀ ਲੇਖੇ ਸਫ਼ਰ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਗਾਈਏ ਇਕੋ ਤੁਕ, ਤੁਖ਼ਮ ਤਾਅਸੀਰ ਦਏ ਬਦਲਾਈਆ । ਸਤਿ ਧਰਮ ਸਤਿ ਸਤਿਵਾਦ ਸਤਿਜੁਗ ਸਚ ਮਿਲੇ ਸੁਖ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਇਸ਼ਟ ਦੇਵ ਸਵਾਮੀ ਇਕੋ ਮੰਨਣ ਜਗਤ ਜਹਾਨ

ਮਨੁੱਖ, ਚਾਰ ਵਰਨ ਅਠਾਰਾਂ ਬਰਨ ਦੂਜਾ ਰਾਹ ਨਾ ਕੋਇ ਤਕਾਈਆ । ਸਦੀ ਚੌਧਵੀਂ ਕਹੇ ਮੈਂ ਪਰਵਰਦਿਗਾਰ ਕੋਲੋਂ ਲੈਣਾ ਪੁਛ, ਨਿਮਰਤਾ ਵਿਚ ਸੀਸ ਝੁਕਾਈਆ । ਕੀ ਅੱਗੇ ਕਰਨਾ ਕੁੱਛ, ਕੁਸ਼ਲਤਾ ਨਾਲ ਦੇ ਸਮਝਾਈਆ । ਕਿਸ ਬਿਧ ਪੈਗ਼ੰਬਰਾਂ ਮੇਟੇਂ ਦੁੱਖ, ਦਰਦੀਆਂ ਦਰਦ ਵੰਡਾਈਆ । ਪਵਿੱਤ੍ਰ ਹੋਵੇ ਧਰਤ ਧਰਨੀ ਦੀ ਕੁੱਖ, ਧੌਲੀ ਧੌਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਭ ਦੀ ਦੇ ਕਰਾਈਆ ।

### ❊ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੪ ਗਿਆਨ ਸਿੰਘ ਦੇ ਗ੍ਰਿਹਿ ਪਿੰਡ ਸੁਰਖਪੁਰ ਜ਼ਿਲਾ ਕਪੂਰਥਲਾ ❊

ਸਦੀ ਚੌਧਵੀਂ ਕਹੇ ਮੈਂ ਬੋਲ ਸੁਣਾਵਾਂ ਸੱਬਾ, ਸਾਹਿਬ ਸੁਲਤਾਨ ਦਿਆਂ ਦ੍ਰਿੜਾਈਆ । ਮੈਨੂੰ ਗੋਬਿੰਦ ਮਾਰਿਆ ਦੱਬਾ, ਭੈ ਵਿਚ ਰਿਹਾ ਸਮਝਾਈਆ । ਕਮਲੀਏ ਉਠ ਵੇਖ ਪੁਰਖ ਅਕਾਲ ਧੁਰ ਦਾ ਅੱਬਾ, ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਦੀਪਕ ਅਗੰਮੀ ਜਗਾ, ਜਗਹ ਜਗਹ ਕਰੇ ਰੁਸ਼ਨਾਈਆ । ਕਿਸੇ ਨਾਲ ਕਰੇ ਨਾ ਦਗ਼ਾ, ਫ਼ਰੇਬ ਕੂੜਾ ਦਏ ਮਿਟਾਈਆ । ਸਤਿ ਧਰਮ ਦਾ ਸਾਚਾ ਲਾਵੇ ਅੱਗਾ, ਆਗਮਨ ਆਪਣੇ ਹੱਥ ਰਖਾਈਆ । ਨਾਮ ਖ਼ੁਮਾਰੀ ਦੇਵੇ ਮਧਾ, ਮਧੁਰ ਧੁਨ ਇਕ ਸੁਣਾਈਆ । ਸਾਚੇ ਸੰਤਾਂ ਦੇਵੇ ਸੱਦਾ, ਹੁਕਮ ਸੁਨੇਹੜਾ ਇਕ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਮੇਟੇ ਧੱਬਾ, ਮਾਇਆ ਮਮਤਾ ਮੋਹ ਚੁਕਾਈਆ । ਕਰੇ ਖੇਲ ਸੂਰਾ ਸਰਬਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕੂੜ ਕੁੜਿਆਰ ਲਾਵੇ ਧੱਕਾ, ਲੱਖ ਚੁਰਾਸੀ ਖੋਜ ਖੁਜਾਈਆ । ਝਗੜਾ ਮੁਕੇ ਕਾਅਬਾ ਮੱਕਾ, ਕਾਇਆ ਕਾਅਬਾ ਦਏ ਦ੍ਰਿੜਾਈਆ । ਚਾਰ ਵਰਨ ਭੈਣ ਭਾਈ ਬਣਾਏ ਸਕਾ, ਨਾਤਾ ਧੁਰ ਦਾ ਆਪ ਵਖਾਈਆ । ਲੇਖਾ ਮੁਕੇ ਬੂਰਾ ਕੱਕਾ, ਕਾਮਲ ਮਰਸ਼ਦ ਹੋਏ ਸਹਾਈਆ । ਕਲਜੁਗ ਅੰਤ ਅਖੀਰ ਵੇਖ ਥੱਕਾ, ਥਕਾਵਟ ਵਿਚ ਦੁਹਾਈਆ । ਬਿਨਾ ਗੁਰਮੁਖਾਂ ਕਿਸੇ ਦੀ ਕ਼ੀਮਤ ਪੈਣੀ ਨਹੀਂ ਟਕਾ, ਟਕਿਆਂ ਵਾਲਾ ਕੰਮ ਕਿਸੇ ਨਾ ਆਈਆ । ਚਾਰ ਕੁੰਟ ਪੈਣਾ ਰੱਟਾ, ਰੱਟਾ ਸਕੇ ਨਾ ਕੋਇ ਮਿਟਾਈਆ । ਮੁਹੰਮਦ ਦਾ ਚੌਧਵੀਂ ਸਦੀ ਦਾ ਪੂਰਾ ਹੋਣਾ ਪਟਾ, ਪਟਨੇ ਵਾਲਾ ਕਰੇ ਸਫ਼ਾਈਆ । ਮੂਸਾ ਈਸਾ ਮੁਹੰਮਦ ਫਿਰੇ ਨੱਠਾ, ਭੱਜੇ ਵਾਹੋ ਦਾਹੀਆ । ਸਭ ਦਾ ਲੇਖਾ ਮੁਕਣਾ ਇਕੱਠਾ, ਹਰਿ ਕਰਤਾ ਆਪ ਚੁਕਾਈਆ । ਝਗੜਾ ਰਹੇ ਨਾ ਚੂੰਕਿ ਚੁਨਾਚੇ ਅਲਬੱਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਕਿਹਾ ਨਾਲ ਜ਼ੋਰ, ਭੈ ਵਿਚ ਡਰਾਈਆ । ਤਕਣਾ ਨਾਲ ਗ਼ੌਰ, ਗਹਿਰ ਗੰਭੀਰ ਦਿਆਂ ਵਖਾਈਆ । ਜਿਸ ਦੇ ਸਿਰ ਤੇ ਛਤਰ ਅਗੰਮੀ ਝੁੱਲੇ ਚੌਰ, ਚਾਰ ਜੁਗ ਦਾ ਮਾਲਕ ਨਜ਼ਰੀ ਆਈਆ । ਜੋ ਹਰ ਥਾਂ ਜਾਵੇ ਬਹੁੜ, ਨਿਰਗੁਣ ਸਰਗੁਣ ਵੇਸ ਵਟਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਰਿਹਾ ਦੌੜ, ਧਰਨੀ ਧਰਤ ਧਵਲ ਖੋਜੇ ਥਾਉਂ ਥਾਈਆ । ਲੱਖ ਚੁਰਾਸੀ ਫਲ ਵੇਖੇ ਮਿੱਠਾ ਕੌੜ, ਜੂਨ ਅਜੂਨੀ ਫੋਲ ਫੁਲਾਈਆ । ਦੋ ਜਹਾਨਾਂ ਲਾ ਅਗੰਮੀ ਪੌੜ, ਸ਼ਬਦੀ ਡੰਡੇ ਆਪ ਚੜ੍ਹਾਈਆ । ਕਲਜੁਗ ਕੂੜ ਕਲਪਣਾ ਮੇਟੇ ਸ਼ੋਰ, ਸ਼ਰਅ ਦਾ ਝਗੜਾ ਦਏ ਗਵਾਈਆ । ਕਰੇ ਪ੍ਰਕਾਸ਼ ਅੰਧ ਘੋਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੇਟ ਮਿਟਾਏ ਪੰਜ ਚੋਰ, ਕਾਇਆ ਮੰਦਰ ਅੰਦਰ ਕਰੇ ਸਫ਼ਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਦਿਤਾ ਜਾਮ, ਰਸ ਅਨੋਖਾ ਦਿਤਾ ਚਖਾਈਆ । ਸ਼ਬਦੀ ਦੇ ਪੈਗ਼ਾਮ, ਸੁਨੇਹੜਾ ਹੱਕ ਸੁਣਾਈਆ । ਸੰਦੇਸ਼ਾ ਦੇ ਇਸਲਾਮ, ਇਸਮ ਆਜ਼ਮ ਇਕ ਜਣਾਈਆ । ਖੇਲੇ ਖੇਲ ਧੁਰ ਅਮਾਮ, ਅਮਲ ਵੇਖੇ ਖ਼ਲਕ ਖ਼ੁਦਾਈਆ । ਖ਼ਾਕੀ ਪਰਦੇ ਵੇਖੇ ਇਨਸਾਨ, ਤਨ ਵਜੂਦ ਫੋਲ ਫੁਲਾਈਆ । ਕਵਣ ਦਰਗਾਹ ਸਾਚੀ ਹੋਇਆ ਗ਼ੁਲਾਮ, ਨਫ਼ਸ ਹਵਸ ਵਿਚ ਮਿਟਾਈਆ । ਖੇਲ ਵੇਖੇ ਸ਼ਰਅ ਸ਼ੈਤਾਨ, ਸ਼ਰੀਅਤ ਪੜਦਾ ਆਪ ਚੁਕਾਈਆ । ਸਾਬਤ ਤਕੇ ਉਮਤ ਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਦਿਤਾ ਸੰਦੇਸ਼, ਹੱਕ ਹਕੀਕ਼ਤ ਦਿਤੀ ਦ੍ਰਿੜ੍ਹਾਈਆ । ਧਰਨੀ ਧਰਤ ਧਵਲ ਧੌਲ ਉਤੇ ਵੇਖ, ਮੱਕਾ ਕਾਅਬਾ ਫੋਲ ਫੁਲਾਈਆ । ਕੀ ਕਰਦੇ ਮੁੱਲਾ ਸ਼ੇਖ਼, ਸ਼ਖ਼ਸੀਅਤ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜਾ ਭੇਖ, ਮਾਇਆ ਮਮਤਾ ਵਿਚ ਦੁਨੀ ਹਲਕਾਈਆ । ਸਾਚੀ ਕਰੇ ਨਾ ਕੋਈ ਹਦਾਇਤ, ਮਮਤਾ ਮੋਹ ਨਾ ਕੋਇ ਚੁਕਾਈਆ । ਕਲਮਾ ਮਿਲੇ ਨਾ ਕਿਸੇ ਇਨਾਇਤ, ਵਸਤ ਅਗੰਮ ਨਾ ਕੋਇ ਵਖਾਈਆ । ਜਿਧਰ ਵੇਖਾਂ ਸਾਰੇ ਹੋਏ ਨਾਲਾਇਕ, ਬੁੱਧੀਵਾਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਾ ਕਰੇ ਆਪਣਾ ਹੱਕ ਫ਼ਰਾਇਜ਼, ਫ਼ਰਜ਼ ਵੇਖੇ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਕਹੇ ਮੇਰੇ ਗੋਬਿੰਦ ਰੱਖਿਆ ਹੱਥ ਸੀਸ, ਸਿਰ ਦਿਤਾ ਝੁਕਾਈਆ । ਸੱਜਦਾ ਕਰ ਇਕ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਜਿਸ ਨੇ ਲੇਖਾ ਮੁਕੌਣਾ ਮੂਸਾ ਦਾ ਬੀਸ, ਈਸਾ ਨਾਲ ਵੱਜੇ ਵਧਾਈਆ । ਪ੍ਰਗਟ ਹੋਵੇ ਅਵਤਾਰ ਚੌਬੀਸ, ਕਲ ਕਲਕੀ ਸੋਭਾ ਪਾਈਆ । ਧੁਰ ਦਾ ਕਲਮਾ ਦਏ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਝਗੜਾ ਮੁਕਾਏ ਊਚ ਨੀਚ, ਜ਼ਾਤ ਪਾਤ ਡੇਰਾ ਢਾਹੀਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਜਿਸ ਦੀ ਸਾਰੇ ਕਰਦੇ ਉਡੀਕ, ਪੇਸ਼ੀਨਗੋਈਆਂ ਵਿਚ ਸੁਣਾਈਆ । ਸੋ ਆਸਾ ਮਨਸਾ ਪੂਰੀ ਕਰੇ ਸਰਬ ਉਮੀਦ, ਨਿਰਗੁਣ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨੂਰ ਨੂਰ ਜ਼ਹੂਰ ਆਪ ਵਖਾਈਆ । ਸਦੀ ਚੌਧਵੀਂ ਕਹੇ ਮੈਂ ਗੋਬਿੰਦ ਵੇਖਿਆ ਖੰਡਾ, ਸ਼ਬਦ ਧਾਰ ਜਣਾਈਆ । ਜੋ ਫਿਰੇ ਵਿਚ ਬ੍ਰਹਿਮੰਡਾ, ਬ੍ਰਹਿਮਾਦ ਰਿਹਾ ਘੁਮਾਈਆ । ਵਖਾਵੇ ਅਗੰਮ ਅਨੰਦਾ, ਨਿਜਾਨੰਦ ਵਿਚੋਂ ਪ੍ਰਗਟਾਈਆ । ਚੜ੍ਹਾਵੇ ਓਹ ਡੰਡਾ, ਜਿਥੇ ਮੰਜ਼ਲ ਰਹੇ ਨਾ ਰਾਈਆ । ਸੁਣਾਵੇ ਓਹ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਲਗਾਵੇ ਓਸ ਕੰਢਾ, ਜਿਥੇ ਨਈਆ ਨੌਕਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਹਿਬੂਬ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਭੈ ਵਿਚ ਕੀਤੀ ਸਲਾਮ, ਅਲੈਕਮ ਕਹਿ ਕੇ ਸੀਸ ਨਿਵਾਈਆ । ਮੈਂ ਸੰਦੇਸਾ ਦੇਵਾਂ ਤਮਾਮ, ਤਮੰਨਾ ਆਪਣੀ ਨਾਲ ਰਲਾਈਆ । ਕਲਜੁਗ ਤੇਰਾ ਵਿਗੜ ਜਾਣਾ ਇੰਤਜ਼ਾਮ, ਬੰਦੋਬਸਤ ਨਾ ਕੋਇ ਕਰਾਈਆ । ਚਾਰੋਂ ਕੁੰਟ ਹੋਵੇ ਕ਼ਤਲੇਆਮ, ਕ਼ਾਤਲ ਮਕ਼ਤੂਲ ਸਮਝ ਕੋਇ ਨਾ ਪਾਈਆ । ਪੈਗ਼ੰਬਰ ਨਬੀ ਹੋਣ ਬਦਨਾਮ, ਇਸਮ ਆਜ਼ਮ ਨਾ ਕੋਇ ਵਡਿਆਈਆ । ਚਾਰੋਂ ਕੁੰਟ ਦਿਸੇ ਅੰਧੇਰੀ ਸ਼ਾਮ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਹੁਜਰਿਆਂ ਵਿਚ ਹੋਏ ਹਰਾਮ, ਮੱਕਾ ਕਾਅਬਾ ਦਏ ਦੁਹਾਈਆ । ਲੇਖਾ ਜਾਣੇ ਨਾ ਕੋਇ ਪਿਸਰ ਪਿਸਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੨੫
੨੧

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਗੋਬਿੰਦ ਕੀਤੀ ਮੇਰੇ ਉਤੇ ਰਹਿਮਤ, ਰਹਿਮ ਰਹੀਮ ਦਿਤਾ ਵਖਾਈਆ । ਮੈਂ ਨਿਉਂ ਕੇ ਚਰਨਾਂ ਉਤੇ ਢਹਿ ਕੇ ਹੋਈ ਸਹਿਮਤ, ਸਹਿਮ ਅੰਦਰੋਂ ਦਿਤਾ ਚੁਕਾਈਆ । ਮੇਰੀ ਲੇਖੇ ਲੱਗੀ ਮਿਹਨਤ, ਮੇਰੇ ਅੰਦਰ ਵੱਜੀ ਵਧਾਈਆ । ਫਿਰ ਸ਼ਬਦ ਇਸ਼ਾਰੇ ਕੀਤੀ ਸੈਨਤ, ਬਿਨ ਅੱਖਾਂ ਅੱਖਾਂ ਨਾਲ ਮਿਲਾਈਆ । ਚਾਰੋਂ ਕੁੰਟ ਹੈਰਾਨੀ ਹੋਵੇ ਹੈਬਤ, ਭੈ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਗੋਬਿੰਦ ਦੱਸਿਆ ਖੋਲ੍ਹ ਖ਼ੁਲਾਸਾ, ਸ਼ਬਦੀ ਧਾਰ ਜਣਾਈਆ । ਪੁਰਖ ਅਕਾਲ ਦਾ ਰਖ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਜਿਸ ਨੇ ਚੌਦਾਂ ਤਬਕ ਚੌਧਵੀਂ ਸਦੀ ਵੇਖਣਾ ਤਮਾਸ਼ਾ, ਤਮਾਸ਼ਬੀਨ ਨਜ਼ਰ ਕਿਸੇ ਨਾ ਆਈਆ । ਦੀਨ ਦੁਨੀ ਦਾ ਉਲਟੌਣਾ ਪਾਸਾ, ਕਰਵਟ ਬਦਲ ਸਕੇ ਕੋਇ ਨਾ ਰਾਈਆ । ਕੂੜ ਕੁੜਿਆਰ ਕਰਨਾ ਨਾਸਾ, ਮੋਹ ਵਿਕਾਰ ਡੇਰਾ ਢਾਹੀਆ । ਸਚ ਧਰਮ ਦਾ ਜੋੜਨਾ ਨਾਤਾ, ਸਤਿਜੁਗ ਸਚ ਲਏ ਪਰਗਟਾਈਆ । ਆਤਮ ਪਰਮਾਤਮ ਦੱਸਣੀ ਗਾਥਾ, ਤੂੰ ਮੇਰਾ ਮੈਂ ਤੇਰਾ ਪੜਦਾ ਦਏ ਚੁਕਾਈਆ । ਭਾਗ ਲਗਾਏ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਦਏ ਸੁਹਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਨਾਚਾ, ਨੌ ਦਵਾਰ ਡੇਰਾ ਢਾਹੀਆ । ਕਰੇ ਪ੍ਰਕਾਸ਼ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਸਤਿਗੁਰ ਸ਼ਬਦ ਜਿਨ੍ਹਾਂ ਜਨ ਹੋ ਕੇ ਵਾਚਾ, ਵਾਸਤਾ ਧੁਰ ਦੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਕਲਾ ਸਮਰਾਥਾ, ਸਮਰਥ ਸਵਾਮੀ ਅੰਤਰਜਾਮੀ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਗੋਬਿੰਦ ਮੈਨੂੰ ਵਖਾਇਆ ਮੁੱਕਾ, ਮੁਕੰਮਲ ਦਿਤਾ ਜਣਾਈਆ । ਔਹ ਵੇਖ ਪੈਗ਼ੰਬਰ ਅਵਤਾਰ ਝੁਕਾ, ਸਿਰ ਸਕੇ ਨਾ ਕੋਇ ਉਠਾਈਆ । ਪੈਂਡਾ ਸਭ ਦਾ ਅੰਤਮ ਮੁੱਕਾ, ਅੱਗੇ ਅਵਰ ਨਾ ਕੋਇ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਦੀਨ ਮਜ਼੍ਹਬ ਦਾ ਭੰਨਣਵਾਲਾ ਹੁੱਕਾ, ਹੁਕਮ ਆਪਣਾ ਇਕ ਪ੍ਰਗਟਾਈਆ । ਧਰਨੀ ਦੀ ਸਫ਼ਲੀ ਕਰੇ ਕੁੱਖਾ, ਦੂਤਾਂ ਦੁਸ਼ਟਾਂ ਡੇਰਾ ਢਾਹੀਆ । ਭਗਤਾਂ ਉਜਲ ਕਰਾਏ ਮੁਖਾ, ਦੁਰਮਤ ਮੈਲ ਧੁਆਈਆ । ਚਾਰ ਵਰਨ ਕਰਾਏ ਸੁਖਾ, ਏਕਾ ਰੰਗ ਰੰਗਾਈਆ । ਦੇਵੇ ਵਡਿਆਈ ਮਾਨਸ ਮਾਨੁੱਖਾ, ਮਾਨਵ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਉਪਰ ਬਸੁਧਾ, ਬੁੱਧੀ ਸਭ ਦੀ ਫੋਲ ਫੁਲਾਈਆ । ਸਦੀ ਚੌਧਵੀਂ ਕਹੇ ਸ਼ਬਦੀ ਗੋਬਿੰਦ ਆਖਿਆ ਨਾਲ ਪ੍ਰੀਤ, ਪ੍ਰੀਤਮ ਦਿਆਂ ਮਿਲਾਈਆ । ਜਿਹੜਾ ਵਸੇ ਬਾਹਰ ਮੰਦਰ ਮਸੀਤ, ਅੰਦਰ ਵੜ ਨਾ ਮੁਖ ਛੁਪਾਈਆ । ਜਿਸ ਦੀ ਜੁਗ ਜੁਗ ਵਖਰੀ ਰੀਤ, ਰੀਤੀਵਾਨ ਧੁਰਦਰਗਾਹੀਆ । ਕਾਇਆ ਮਾਟੀ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਝਗੜਾ ਮੁਕਾਏ ਊਚ ਨੀਚ, ਜ਼ਾਤ ਪਾਤ ਡੇਰਾ ਢਾਹੀਆ । ਨਿਰਗੁਣ ਧਾਰ ਵਸੇ ਸਭ ਦੇ ਬੀਚ, ਸਾਢੇ ਤਿੰਨ ਹੱਥ ਸੋਭਾ ਪਾਈਆ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਨ ਭਗਤਾਂ ਅੰਮ੍ਰਿਤ ਬਖ਼ਸ਼ੇ ਠਾਂਡਾ ਸੀਤ, ਮੇਘ ਮੇਘਲਾ ਇਕ ਬਰਸਾਈਆ । ਸਾਚੇ ਨਾਮ ਦੀ ਪਾਵੇ ਭੀਖ, ਭਿਖਕਾਂ ਝੋਲੀ ਦਏ ਭਰਾਈਆ । ਸਦੀ ਚੌਧਵੀਂ ਤੇਰੇ ਅੰਤ ਅਖ਼ੀਰ ਬੇਨਜ਼ੀਰ ਚਾਰ ਜੁਗ ਦੀ ਬਦਲ ਦੇਵੇ ਤਵਾਰੀਖ਼, ਤਾਰੀਖ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਵਖਾਇਆ

ਚਿੱਲਾ, ਤਰਕਸ਼ ਵੇਖ ਦੁਹਾਈਆ । ਮੇਰੇ ਮੁਖੋਂ ਨਿਕਲਿਆ ਇਲਲਿੱਲਾ, ਲਾ ਇਲਾ ਕਹਿ ਕੇ ਦਿਤਾ ਸੁਣਾਈਆ । ਸੀਸ ਝੁਕਾ ਕੇ ਕਿਹਾ ਬਿਸਮਿਲਾ, ਬਿਸਮਿਲ ਤੇਰੀ ਧਾਰ ਨਜ਼ਰੀ ਆਈਆ । ਚੌਦਾਂ ਤਬਕ ਵੇਖਿਆ ਹਿੱਲਾ, ਧੀਰਜ ਧੀਰ ਨਾ ਕੋਇ ਧਰਾਈਆ । ਫੇਰ ਅੰਬਰ ਤੱਕਿਆ ਨੀਲਾ, ਨੇਤਰ ਨੈਣ ਉਠਾਈਆ । ਚਾਰੋਂ ਕੁੰਟ ਨਾ ਕੋਇ ਵਸੀਲਾ, ਵਸਲ ਯਾਰ ਨਾ ਕੋਇ ਕਰਾਈਆ । ਮੁਹੰਮਦ ਦਾ ਵਿਛੜਿਆ ਦਿਸੇ ਕ਼ਬੀਲਾ, ਕਾਅਬਾ ਰਿਹਾ ਕੁਰਲਾਈਆ । ਨਾਅਰਾ ਸੁਣਿਆ ਕੋਇ ਨਾ ਹੱਕ ਆਮੀਨਾ, ਨਿਉਂ ਨਿਉਂ ਸੀਸ ਨਾ ਕੋਇ ਨਿਵਾਈਆ । ਅੰਤਮ ਮੁੱਕਣ ਲੱਗੀ ਤਾਲੀਮਾ, ਅਲਿਫ਼ ਯੇ ਨਾ ਕੋਇ ਵਡਿਆਈਆ । ਝਗੜਾ ਰਹੇ ਨਾ ਸ਼ਰਅ ਤਕਸੀਮਾ, ਯਕਤਰਫ਼ ਕਰੇ ਸਫ਼ਾਈਆ । ਕਰੇ ਖੇਲ ਹਰਿ ਅਜ਼ੀਮਾ, ਆਲੀਸ਼ਾਨ ਨੂਰ ਅਲਾਹੀਆ । ਜਿਸ ਦੀ ਇਕੋ ਮੰਜ਼ਲ ਤੇ ਇਕੋ ਜ਼ੀਨਾ, ਇਕੋ ਡੰਡੇ ਦਏ ਚੜ੍ਹਾਈਆ । ਝਗੜਾ ਮੁਕਾ ਕੇ ਨਰ ਮਦੀਨਾ, ਆਤਮ ਬ੍ਰਹਮ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਮੇਟ ਕਮੀਨਾ, ਕਾਮਲ ਮੁਰਸ਼ਦ ਹੋਏ ਸਹਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਕਰੇ ਅਧੀਨਾ, ਮਨ ਕਾ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵਡਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਪ੍ਰੇਮ ਨਾਲ ਲਾਇਆ ਹੱਥ, ਹੱਥ ਪੁਸ਼ਤ ਪਨਾਹ ਟਿਕਾਈਆ । ਮੈਂ ਚਰਨਾਂ ਗਈ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਫੇਰ ਵੇਖਿਆ ਝਟ, ਆਪਣੀ ਅੱਖ ਖੁਲ੍ਹਾਈਆ । ਅਵਤਾਰ ਪੈਗ਼ੰਬਰਾਂ ਕੀਤਾ ਇਕੱਠ, ਬੈਠੇ ਰਾਹ ਤਕਾਈਆ । ਸਾਡਾ ਪੂਰਾ ਹੋਇਆ ਹਠ, ਸਦੀ ਚੌਧਵੀਂ ਤੇਰੇ ਨਾਲ ਵਡਿਆਈਆ । ਹੁਣ ਕਿਧਰ ਜਾਈਏ ਨਠ, ਚਾਰੋਂ ਕੁੰਟ ਦੁਹਾਈਆ । ਦੀਨ ਮਜ਼੍ਹਬ ਗਏ ਛਡ, ਸਾਡਾ ਸੰਗ ਨਾ ਕੋਇ ਬਣਾਈਆ । ਕਲਮਿਉਂ ਹੋਏ ਅੱਡ, ਕਾਇਨਾਤ ਰਹੀ ਕੁਰਲਾਈਆ । ਮਕ਼ਬਰਿਆਂ ਵਿਚ ਰਿਹਾ ਕੋਈ ਨਾ ਹੱਡ, ਮਿੱਟੀ ਖ਼ਾਕ ਖ਼ਾਕ ਸਮਾਈਆ । ਪਰਵਰਦਿਗਾਰ ਲਈਏ ਸੱਦ, ਸੱਦਾ ਹੋਕਾ ਇਕ ਜਣਾਈਆ । ਕਿਰਪਾ ਕਰ ਆਪਣੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਦੀਨ ਦੁਨੀ ਬੁਝਾ ਅੱਗ, ਆਬੇਹਯਾਤ ਮੁਖ ਚੁਆਈਆ । ਹੰਸ ਹੋਏ ਕਗ, ਕਾਗੋਂ ਹੰਸ ਦੇ ਉਪਜਾਈਆ । ਕਿਰਪਾ ਕਰ ਉਪਰ ਸ਼ਾਹ ਰਗ, ਨੌਂ ਦਵਾਰੇ ਡੇਰਾ ਢਾਹੀਆ । ਮਨ ਕਲਪਣਾ ਜਾਏ ਬੱਝ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਦੀਨ ਮਜ਼੍ਹਬ ਦੀ ਮੇਟ ਦੇ ਹੱਦ, ਸ਼ਰਅ ਕਰੇ ਨਾ ਕੋਇ ਲੜਾਈਆ । ਸ੍ਰਿਸ਼ਟ ਸਬਾਈ ਤੇਰਾ ਗਾਵੇ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਨਾਮ ਖ਼ੁਮਾਰੀ ਪਿਆਵੇ ਮਦਿ, ਮਧਰ ਧੁਨ ਇਕ ਸੁਣਾਈਆ । ਤੇਰਾ ਆਤਮ ਤੈਥੋਂ ਰਹੇ ਨਾ ਕੋਇ ਅਲਗ, ਵਿਛੜਿਆਂ ਜੋੜ ਲੈਣਾ ਜੜਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਗੌਂਦੇ ਜਸ, ਸਿਫ਼ਤਾਂ ਵਿਚ ਸਾਲਾਹੀਆ । ਕਲਜੁਗ ਅੰਤਰ ਸਤਿਜੁਗ ਲੌਣਾ ਤੇਰੇ ਵੱਸ, ਵਾਸਤਾ ਤੇਰੇ ਅੱਗੇ ਪਾਈਆ । ਸਦੀ ਚੌਧਵੀਂ ਕਹੇ ਮੈਂ ਚਰਨਾਂ ਪਈ ਢੱਠ, ਢਹਿ ਪਈ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਕ ਹੋ ਕੇ ਵੇਖ ਵਖਾਈਆ । ਕਲਜੁਗ ਮੇਟ ਰੈਣ ਅੰਧੇਰੀ ਮੱਸ, ਨੂਰੀ ਚੰਦ ਕਰ ਰੁਸ਼ਨਾਈਆ । ਮੈਂ ਨਿਰਧਨ ਹੋ ਕੇ ਜੋੜਾਂ ਹੱਥ, ਸਾਹਿਬ ਸਵਾਮੀ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਚ ਧਰਮ ਦਾ ਵੇਖਾਂ ਇਕੋ ਹੱਟ, ਜਗਤ ਹਟਵਾਣਾ ਰਹਿਣ ਕੋਇ ਨਾ ਪਾਈਆ ।

## ❋ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਮੈਂ ਫਿਰ ਕੇ ਵੇਖੀ ਲੱਖ ਚੁਰਾਸੀ ਜੂਨੀ, ਜੂਏਬਾਜ਼ ਜਗਤ ਲੋਕਾਈਆ । ਕੀ ਹੋਇਆ ਜੇ ਦੁਆਪਰ ਖੇਲ ਖੇਲਿਆ ਅਠਾਰਾਂ ਖੂਹਣੀ, ਯੁੱਧ ਬੁੱਧ ਨਾਲ ਲੜਾਈਆ । ਕਲਜੁਗ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਕਾਰ ਵਿਚ ਅਨੰਤ ਗੁਣਾ ਹੋ ਗਈ ਦੂਣੀ, ਦੁਨੀਦਾਰ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ਬਰ ਪ੍ਰਭ ਦੇ ਗੋੜ੍ਹੇ ਵਿਚੋਂ ਕੱਤ ਕੇ ਗਏ ਨਹੀਂ ਪੂਣੀ, ਤੰਦ ਕੱਚੇ ਜਗਤ ਖਿਚਾਈਆ । ਅੱਗੇ ਖੇਲ ਵੇਖਣੀ ਅਨਹੋਣੀ, ਜਿਸ ਨੂੰ ਸਕੇ ਨਾ ਕੋਇ ਸਮਝਾਈਆ । ਖ਼ਾਲਕ ਦੀ ਖ਼ਲਕਤ ਚਾਰੋਂ ਕੁੰਟ ਰੋਣੀ, ਰੋਂਦਿਆਂ ਚੁੱਪ ਨਾ ਕੋਇ ਕਰਾਈਆ । ਪ੍ਰਭ ਦੀ ਧਾਰ ਵੇਖਣੀ ਮਨ ਮੋਹਣੀ, ਜਿਸ ਦਾ ਰੂਪ ਰੰਗ ਰੇਖ ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਖੇਲ ਵੇਖਾਂ ਮੁਫ਼ਤ, ਮੁਫ਼ਤੀਆਂ ਡੇਰਾ ਢਾਹੀਆ । ਪ੍ਰਭ ਦੀ ਧਾਰ ਵੇਖਣੀ ਅੰਗੁਸ਼ਤ, ਜੋ ਗੁਫ਼ਤ ਸ਼ਨੀਦ ਦਏ ਰੁਸ਼ਨਾਈਆ । ਮੁਹੰਮਦ ਦਾ ਲੇਖਾ ਵੇਖਣਾ ਦਰੁਸਤ, ਜੋ ਲਿਖਿਆ ਬਿਨ ਕ਼ਲਮ ਸ਼ਾਹੀਆ । ਧੁਰਦਰਗਾਹੀ ਤਕਣਾ ਇਕੋ ਮੁਰਸ਼ਦ, ਜਲਵਾਗਰ ਨੂਰ ਅਲਾਹੀਆ । ਜਿਸ ਦੀ ਕਰ ਸਕੇ ਕੋਇ ਨਾ ਉਲਫ਼ਤ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਖੇਲ ਨਿਰਾਲਾ, ਨਿਰਾਕਾਰ ਦਏ ਵਖਾਈਆ । ਸਭ ਦਾ ਹੱਲ ਕਰੇ ਸਵਾਲਾ, ਸਵਾਲੀ ਬੈਠੇ ਆਸ ਰਖਾਈਆ । ਚਾਰ ਕੁੰਟ ਕਰੇ ਬੇਹਾਲਾ, ਬਿਹਬਲ ਹੋ ਕੇ ਸਾਰੇ ਦੇਣ ਦੁਹਾਈਆ । ਚਾਰ ਕੁੰਟ ਦਹਿ ਦਿਸ਼ਾ ਆਪਣੀ ਬਦਲ ਦੇਵੇ ਚਾਲਾ, ਚਾਲ ਨਿਰਾਲੀ ਇਕ ਪ੍ਰਗਟਾਈਆ । ਸਾਰੇ ਗੀਤ ਗੌਂਦੇ ਮਾਝੀ ਕੋਈ ਸਮਝ ਸਕੇ ਨਾ ਹਾਲਾ, ਅਗਲਾ ਪੜਦਾ ਨਾ ਕੋਇ ਚੁਕਾਈਆ । ਫਲ ਦਿਸੇ ਨਾ ਕਿਸੇ ਡਾਲਾ, ਸ੍ਰਿਸ਼ਟੀ ਸਿਮਲ ਰੁੱਖ ਕੂੜ ਲਹਿਰਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਅਹਿਵਾਲਾ, ਭਵਿਖਤਾਂ ਵਿਚ ਲਿਖਤਾਂ ਵਿਚ ਸਾਲਾਹੀਆ । ਸੋ ਲੇਖਾ ਜਾਣੇ ਦੋ ਜਹਾਨਾਂ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਸ਼ਾਹੋ ਭੂਪ ਬਣ ਰਾਜਾਨਾ, ਲੱਖ ਚੁਰਾਸੀ ਰਈਅਤ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਸਦੀ ਚੌਧਵੀਂ ਕਹੇ ਹੁਕਮ ਦੇਵੇ ਪੁਰਖ ਅਬਿਨਾਸ਼ਨ, ਅਬਿਨਾਸ਼ੀ ਆਪ ਜਣਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਬਣਨੇ ਸਾਥਨ, ਸਗਲਾ ਸੰਗ ਪ੍ਰਗਟਾਈਆ । ਸੇਵਾ ਕਰਨ ਤ੍ਰੈਲੋਕੀ ਨਾਥਨ, ਨਾਥ ਅਨਾਥਾਂ ਦਇਆ ਕਮਾਈਆ । ਪੈਗ਼ੰਬਰ ਸੀਸ ਜਗਦੀਸ਼ ਨਵਾਜਨ, ਨਵਾਜ਼ਸ਼ ਵਿਚ ਧਿਆਨ ਲਗਾਈਆ । ਗੁਰੂ ਗੁਰਦੇਵ ਸ਼ਬਦ ਸੁਣਨ ਅਗੰਮੀ ਭਾਸ਼ਨ, ਜਿਸ ਦੀ ਭਾਸ਼ਾ ਸਕੇ ਨਾ ਕੋਇ ਦ੍ਰਿੜਾਈਆ । ਕਰੇ ਖੇਲ ਅੰਤ ਤਮਾਸ਼ਨ, ਪਾਰਬ੍ਰਹਮ ਪ੍ਰਭ ਧੁਰਦਰਗਾਹੀਆ । ਸਭ ਦਾ ਲੇਖਾ ਆਇਆ ਵਾਚਣ, ਘਟ ਭੀਤਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦੀ ਚੌਧਵੀਂ ਤੇਰਾ ਸੀਸ ਗੁੰਦੇ ਓਹ ਮਰਾਸਣ, ਜੋ ਮਿਸਰਾ ਪ੍ਰਭ ਦਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਹੁਕਮ ਅਪਾਰਾ, ਅਪਰੰਪਰ ਦਿਤਾ ਜਣਾਈਆ । ਤੇਰਾ ਖੇਲ ਜਗਤ ਤੋਂ ਨਿਆਰਾ, ਨਿਰੰਕਾਰ ਰਿਹਾ ਕਰਾਈਆ । ਚਰਨ ਪ੍ਰੀਤੀ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਤੇਰਾ ਸੰਗ ਹੋਵੇ

ਪੰਜ ਪਿਆਰਾ, ਪੰਚ ਵਿਕਾਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਜਨ ਇਕ ਅਖਵਾਈਆ । ਸਦੀ ਚੌਧਵੀਂ ਕਹੇ ਪ੍ਰਭ ਮੇਰੀ ਹੋਰ ਆਸ, ਅਸਲ ਦਿਆਂ ਸਮਝਾਈਆ । ਜੋ ਗੁਰਮੁਖ ਤੇਰੀ ਸ਼ਾਖ਼, ਸ਼ਨਾਖ਼ਤ ਦੇਣੀ ਦ੍ਰਿੜਾਈਆ । ਇੱਕੀਆਂ ਦੇ ਹੱਥ ਵਿਚ ਹੋਵੇ ਇਕ ਇਕ ਚਾਕ, ਜੋ ਚਾਕਰੀ ਤੇਰੀ ਕਮਾਈਆ । ਉਹ ਵਕਤ ਸੁਹਾਵਣ ਛੱਬੀ ਪੋਹ ਦੀ ਰਾਤ, ਰੁਤੜੀ ਤੇਰੇ ਨਾਲ ਮਹਿਕਾਈਆ । ਬਾਂਹ ਕੱਢਕੇ ਦੇਣ ਆਖ, ਉਚੀ ਕੂਕ ਕੂਕ ਸੁਣਾਈਆ । ਪ੍ਰਭੂ ਸਾਡਾ ਲੇਖਾ ਮੇਟ ਦੇ ਬਿਨ ਸ਼ਾਹੀ ਕਲਮ ਦਵਾਤ, ਚਿੱਟੇ ਉਤੇ ਚਿੱਟਾ ਦੇ ਲਗਾਈਆ । ਆਤਮ ਪਰਮਾਤਮ ਜੁੜੇ ਨਾਤ, ਪਾਰਬ੍ਰਹਮ ਬ੍ਰਹਮ ਤੇਰੇ ਵਿਚ ਸਮਾਈਆ । ਸਾਡਾ ਪਿਛਲਾ ਫੋਲੀਂ ਨਾ ਖਾਤ, ਅਗਲਾ ਰੰਗ ਦੇਣਾ ਰੰਗਾਈਆ । ਸਾਰੇ ਤੈਥੋਂ ਸਿਖ ਕੇ ਜਾਈਏ ਜਾਚ, ਯਾਚਕ ਬਣ ਕੇ ਸੀਸ ਨਿਵਾਈਆ । ਕਿਸ ਬਿਧ ਪ੍ਰਭ ਦੇ ਰਹੀ ਦਾ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਕਿਰਪਾ ਕਰਨੀ ਸਭ ਦੇ ਅੰਦਰ ਵਿਚ ਸਵਾਸ, ਸਾਹ ਸਾਹ ਆਪਣਾ ਆਪ ਸਮਾਈਆ । ਜਨ ਭਗਤਾਂ ਅੰਦਰ ਕਰ ਜੋਤ ਪ੍ਰਕਾਸ਼, ਨਿਰਗੁਣ ਨੂਰ ਦੇਣਾ ਚਮਕਾਈਆ । ਬਿਨਾ ਕੰਨਾਂ ਤੋਂ ਸੁਣਨ ਤੇਰੀ ਆਵਾਜ਼, ਨਾਦ ਸ਼ਬਦ ਧੁਨ ਸ਼ਨਵਾਈਆ । ਬਿਨਾ ਰਸਨਾ ਤੋਂ ਤੇਰਾ ਅੰਮ੍ਰਿਤ ਰਸ ਲੈਣ ਚਾਖ, ਅਨਰਸ ਦੇਣਾ ਵਖਾਈਆ । ਤੇਰੀ ਸੁਣਨ ਅਗੰਮੀ ਗਾਥ, ਰਾਤੀਂ ਸੁਤਿਆਂ ਦੇ ਅੰਦਰ ਵੜ ਕੇ ਕਰੀਂ ਪੜ੍ਹਾਈਆ । ਮੰਜ਼ਲ ਆਪਣੀ ਚੜ੍ਹੌਣਾ ਘਾਟ, ਪੈਂਡਾ ਇਕੋ ਵਾਰ ਮੁਕਾਈਆ । ਮਿਹਰਵਾਨ ਹੋ ਕੇ ਬਖ਼ਸ਼ਣੀ ਦਾਤ, ਦਾਤੇ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਮੇਰਾ ਅੰਤਮ ਆਇਆ ਕੰਢੀ, ਕੰਢੇ ਖਲੋਤੀ ਦਿਆਂ ਦੁਹਾਈਆ । ਗੁਰਮੁਖੋ ਵਾਸਨਾ ਰਖਿਓ ਕੋਈ ਨਾ ਗੰਦੀ, ਸੁਗੰਧੀ ਅੰਦਰ ਲੈਣੀ ਪ੍ਰਗਟਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਜ਼ਾਤ ਪਾਤ ਨਾ ਵੰਡ ਵੰਡਾਈਆ । ਭਗਤੋ ਨੇਤਰ ਅੱਖ ਰਹੇ ਨਾ ਊਂਦੀ, ਸਾਚੇ ਲੋਚਨ ਹੋਈ ਰੁਸ਼ਨਾਈਆ । ਤੁਸੀਂ ਗੋਬਿੰਦ ਦੇ ਸੁਤ ਦੁਲਾਰੇ ਜੰਗੀ, ਜਿਨ੍ਹਾਂ ਸਰਸੇ ਕੀਤੀ ਜੁਦਾਈਆ । ਹੁਣ ਵਰਭੰਡ ਵਿਚ ਪਾਓ ਭੰਡੀ, ਚਾਰੋਂ ਕੁੰਟ ਰਹੀ ਕੁਰਲਾਈਆ । ਤੁਹਾਡਾ ਮਾਰਗ ਸਿੱਧਾ ਜਗਤ ਜਹਾਨ ਦੀ ਔਝੜ ਡੰਡੀ, ਡੰਡਾਵਤ ਵਾਲਾ ਨਜ਼ਰ ਕੋਇ ਨਾ ਆਈਆ । ਤੁਸੀਂ ਓਸ ਪ੍ਰਭੂ ਦੇ ਸੰਗੀ, ਜੋ ਸਗਲਾ ਸੰਗ ਨਿਭਾਈਆ । ਵੇਖਿਓ ਕੋਈ ਪੰਜਾਂ ਤੱਤਾਂ ਵਾਲਾ ਵਜੂਦ ਨਾ ਮੰਨਿਓ ਡੰਬੀ, ਨਿਰਗੁਣ ਨੂਰ ਪੁਰਖ ਅਕਾਲ ਸਭ ਦਾ ਪਿਤਾ ਮਾਈਆ । ਜਗਤ ਨੇ ਤੋੜੀ ਅੰਤ ਜਗਤ ਦੇ ਮਾਲਕ ਗੰਢੀ, ਗੰਢਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਨੂੰ ਸੰਦੇਸਾ ਦੇਵੇ ਪੁਰਖ ਅਕਾਲ ਪਾਪਾ, ਭਾਪਾ ਕਹਿ ਕੇ ਮੈਂ ਵੀ ਦਿਆਂ ਜਣਾਈਆ । ਇੱਕੀ ਬੀਬੀਆਂ ਵੇਸ ਕਰਨ ਜਿਵੇਂ ਨੌਜਵਾਨ ਦਾ ਕਰਨ ਸਿਆਪਾ, ਬਸਤਰ ਆਪਣੇ ਲੈਣ ਸਜਾਈਆ । ਜਨ ਭਗਤਾਂ ਦੇ ਅੰਦਰੋਂ ਕੱਢਣਾ ਤ੍ਰੈਗੁਣ ਤਾਪਾ, ਤਪਦੇ ਹਿਰਦੇ ਸ਼ਾਂਤ ਕਰਾਈਆ । ਮੁਖੋਂ ਕਹਿਣਾ ਸੋਹੰ ਪਾਠਾ, ਹਾਏ ਹਾਏ ਆਵਾਜ਼ ਲਗਾਈਆ । ਹਾਏ ਹਾਏ ਸਤਿਗੁਰ ਪ੍ਰੇਮ ਮਾਰਦਾ ਠਾਠਾਂ, ਹਾਏ ਪ੍ਰਭ ਦੇ ਨਾਮ ਦੁਹਾਈਆ । ਹਾਏ ਛਡ ਦਿਤੀ ਦੇਵੀ ਵਾਲੀ ਲਾਟਾਂ, ਹਾਏ ਜੋਤ ਨਾ ਕੋਇ ਜਗਾਈਆ । ਹਾਏ ਹਾਏ ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕੀਤਾ ਨਾ ਘਾਟਾ, ਹਾਏ ਸਾਹਿਬ ਸੁਲਤਾਨ ਨਾ ਕੋਇ ਮਿਲਾਈਆ । ਹਾਏ ਹਾਏ ਮਿਲਿਆ ਪੁਰਖ ਸਮਰਾਥਾ, ਹਾਏ ਹਾਏ ਤੋਂ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ

੬੨੮
੨੧

ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਗੁਰਮੁਖ ਵੇਖਣੇ ਪੰਜ ਸ਼ਿਕਾਰੀ, ਜੋ ਭੱਜੇ ਫਿਰਨ ਵਾਹੋ ਦਾਹੀਆ । ਸਭ ਦੇ ਹੱਥ ਵਿਚ ਹੋਵੇ ਇਕ ਇਕ ਕੁਹਾੜੀ, ਤਿੱਖੀ ਧਾਰ ਬਣਾਈਆ । ਸਭ ਦੇ ਮੁਖ ਉਤੇ ਆਈ ਹੋਵੇ ਦਾੜ੍ਹੀ, ਬੱਚਾ ਵਿਚ ਨਾ ਕੋਇ ਰਲਾਈਆ । ਮੁੱਛਾਂ ਨੂੰ ਵੱਟ ਆਵਣ ਚਾੜ੍ਹੀ, ਚੜ੍ਹਦਿਉਂ ਲਹਿੰਦੇ ਵੇਖ ਵਖਾਈਆ । ਬੋਲੀ ਬੋਲਣ ਉਹ ਪਹਾੜੀ, ਮਿੰਝੇ ਤਿੰਝੇ ਕਰ ਸੁਣਾਈਆ । ਮੇਘੀ ਤੇਘੀ ਰਸਨਾ ਨਾਲ ਉਚਾਰੀ, ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਦਇਆ ਕਮਾਈਆ । ਸਦੀ ਚੌਧਵੀਂ ਕਹੇ ਪੰਜਾਂ ਬੀਬੀਆਂ ਗੁੰਦੇ ਹੋਣ ਸੀਸ, ਮੇਂਢੀ ਮੇਂਢੀ ਉਪਰ ਚੜ੍ਹਾਈਆ । ਰਸਨਾ ਬੋਲਣ ਪਹਾੜੀ ਗੀਤ, ਉਚੇ ਟਿੱਲੇ ਪਰਬਤ ਦੇਣ ਦੁਹਾਈਆ । ਇੱਕੀ ਕ਼ਦਮ ਚਲ ਕੇ ਇਕ ਵਿਚੋਂ ਮਾਰੇ ਚੀਕ, ਉਚੀ ਕੂਕ ਕੂਕ ਸੁਣਾਈਆ । ਪ੍ਰਭੂ ਗੁਰ ਅਵਤਾਰ ਪੈਗ਼ੰਬਰ ਰਹਿਣ ਨਾ ਦੇਣੇ ਸ਼ਰੀਕ, ਸ਼ਰਕਤ ਕੂੜੀ ਦੇਣੀ ਮਿਟਾਈਆ । ਇਕ ਤੇਰੇ ਵਿਚ ਤੌਫ਼ੀਕ਼, ਤੇਰੀ ਬੇਪ੍ਰਵਾਹੀਆ । ਓਸ ਵੇਲੇ ਸਿਆਪੇ ਵਾਲੀਆਂ ਬੀਬੀਆਂ ਪੱਟਾਂ ਉਤੇ ਹੱਥ ਮਾਰ ਕੇ ਕਹਿਣ ਤੇਰੀ ਉਡੀਕ, ਬਹੁੜੀ ਬਹੁੜੀ ਦੇਣ ਦੁਹਾਈਆ । ਹਾਏ ਹਾਏ ਸਾਡੀ ਬਦਲ ਦੇ ਨੀਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਪਹਾੜਨਾਂ ਕਹਿਣ ਸਾਡੀ ਕਾਇਆ ਕਰ ਦੇ ਠੰਡੀ ਸੀਤ, ਅਗਨੀ ਤਤ ਦੇਣਾ ਬੁਝਾਈਆ । ਸਾਚੀ ਦਾਤ ਕਰ ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਜੇ ਪ੍ਰਭੂ ਤੂੰ ਦੂਰ ਵਸਦਾ ਸਾਡੇ ਕਾਇਆ ਮੰਦਰ ਆ ਨਜ਼ਦੀਕ, ਬਾਹਰ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖੀ ਨੂਰੀ ਝਲਕ, ਮੈਨੂੰ ਝੱਲੀ ਦਿਤਾ ਬਣਾਈਆ । ਮੈਂ ਵੇਖੀ ਅਗੰਮੀ ਚਮਕ, ਬਿਨਾ ਚੰਦ ਸੂਰਜ ਰੁਸ਼ਨਾਈਆ । ਮੇਰੀ ਵਿਚ ਨਾ ਆਈ ਸਮਝ, ਕੀ ਸਾਹਿਬ ਰਿਹਾ ਦ੍ਰਿੜਾਈਆ । ਮੈਨੂੰ ਗੋਬਿੰਦ ਮਾਰੀ ਰਮਜ਼, ਸਹਿਜ ਨਾਲ ਸਮਝਾਈਆ । ਜਿਸ ਲੇਖੇ ਲਾਇਆ ਸੂਫ਼ੀ ਫ਼ਕੀਰ ਸ਼ਮਸ, ਤਬਰੇਜ਼ ਨੀਰ ਵਹਾਈਆ । ਓਸ ਦੁਨੀਆ ਕੀਤੀ ਅਹਿਮਕ, ਮੂਰਖ ਰੂਪ ਚਤੁਰਾਈਆ । ਕਿਸੇ ਨੇ ਧੋਤੀ ਕਿਸੇ ਨੇ ਪਹਿਨੀ ਤਹਿਮਤ, ਕੋਈ ਹੈਟ ਪੈਂਟ ਵਿਚ ਵਡਿਆਈਆ । ਪ੍ਰਭੂ ਜਾਂ ਤੱਕਿਆ ਤੇਰੇ ਨਾਲ ਕੋਈ ਨਾ ਸਹਿਮਤ, ਸਚ ਦਵਾਰੇ ਮਿਲਣ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਅੰਤ ਬਿਅਰਥ ਗਈ ਮਿਹਨਤ, ਮਜ਼ਦੂਰੀ ਝੋਲੀ ਕੋਇ ਨਾ ਪਾਈਆ । ਜਿਧਰ ਤੱਕਾਂ ਦੂਈ ਦਵੈਤ ਦੀ ਜ਼ਹਿਮਤ, ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਸਭ ਦੇ ਅੰਦਰ ਹੋਵੇ ਮਸਤੀ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਹਰਿਸੰਗਤ ਆਵੇ ਹਸਦੀ, ਹਸਤੀ ਤਕਣੀ ਬੇਪਰਵਾਹੀਆ । ਸਿਫ਼ਤ ਹੋਵੇ ਇਕੋ ਦੇ ਜਸ ਦੀ, ਮਹਿਮਾ ਧੁਰਦਰਗਾਹੀਆ । ਖੇਲ ਮੁਕੌਣੀ ਰਹਿਣਾ ਵੱਖ ਦੀ, ਦੂਜਾ ਦਰ ਨਾ ਨਜ਼ਰੀ ਆਈਆ । ਮੰਜ਼ਲ ਤਕਣੀ ਹੱਕ ਦੀ, ਮਿਲੇ ਮਹਿਬੂਬ ਸ਼ਹਿਨਸ਼ਾਹੀਆ । ਵਸਤ ਦੇਵੇ ਸਤਿ ਦੀ, ਸਤਿ ਵਿਚ ਸਮਾਈਆ । ਪਰਵਾਹ ਨਹੀਂ ਕਰਨੀ ਜਗ ਦੀ, ਜਾਗਰਤ ਜੋਤ ਵਿਚ ਸਮਾਈਆ । ਇਹ ਖੇਲ ਭਗਤੋ ਸੰਸਾਰ ਵਾਲੀ ਅੱਗ ਦੀ, ਅਗਨੀ ਤ੍ਰੈਗੁਣ ਸਰਬ ਤਪਾਈਆ । ਜਿਸ ਦੀ ਪ੍ਰੀਤ ਧੁਰ ਨਾਲ ਲੱਗ ਗਈ, ਲੱਗੀ ਅੱਗੇ ਨਾ ਕੋਇ ਤੁੜਾਈਆ । ਤੁਹਾਡੀ ਜ਼ਿੰਦਗੀ ਕੋਈ ਭੈਣ ਭਰਾ ਸਾਕ ਸੱਜਣ ਮਾਤ ਪਿਤ ਪੁੱਤਰ ਨਹੀਂ ਜਗ ਲਈ, ਜਗਜੀਵਣ ਦਾਤਾ ਆਪਣਾ ਰੰਗ ਰੰਗਾਈਆ । ਜਿਸ ਨੇ ਕਰਮ ਵਿਹੂੰਣੀ ਸ੍ਰਿਸ਼ਟੀ ਛਡ ਲਈ, ਜੋਤੀ ਜੋਤ



੬੨੯
੨੧

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਮਾਲਕ ਵੇਖ ਵਖਾਈਆ । ਸਦੀ ਚੌਧਵੀਂ ਕਹੇ ਧੁਰ ਦੇ ਹੁਕਮ ਦਾ ਕੋਈ ਨਾ ਸਮਝੇ ਮਾਇਨਾ, ਮਤਲਬ ਹੱਲ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਕਿਸੇ ਨਾਮ ਉਤੇ ਕਰ ਕੇ ਨਹੀਂ ਦਿਤੇ ਸਾਇਨਾ, ਦਸਖ਼ਤ ਨਾ ਕੋਇ ਵਖਾਈਆ । ਜੁਗ ਚੌਕੜੀ ਪਿਛੋਂ ਸਭ ਦਾ ਮਾਮਲਾ ਸਾਫ਼ ਕਰ ਕੇ ਕਹੇ ਉਹ ਮਾਲਕ ਹੁਣ ਹੈਨਾ, ਜਿਹੜੇ ਅੱਖਰ ਅਲਿਫ਼ ਯੇ ਊੜੇ ਐੜੇ ਵਿਚ ਵੰਡ ਵੰਡਾਈਆ । ਫਿਰ ਕਿਰਪਾ ਕਰੇ ਨਿਰਗੁਣ ਧਾਰ ਸਤਿਗੁਰ ਪੰਜ ਤਤ ਗੁਰ ਅਵਤਾਰ ਪੈਗ਼ੰਬਰ ਬੰਨ੍ਹ ਕੇ ਵਖਾਏ ਬਿਨਾ ਨੈਣਾਂ, ਪ੍ਰਤੱਖ ਬੇਪ੍ਰਵਾਹੀਆ । ਜਿਸ ਦਾ ਹੁਕਮ ਸਭ ਨੇ ਮੰਨਣਾ ਕਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਸਮਝਾਈਆ । ਸਦੀ ਚੌਧਵੀਂ ਕਹੇ ਬੋਲ ਸੁਣਾਵਾਂ ਕੂਕ, ਕੂਕਰ ਧੁਰਦਰਗਾਹੀਆ । ਸਭ ਨੇ ਸਾਂਝਾ ਕਰਨਾ ਸਲੂਕ, ਸੁਲਹਕੁਲ ਦਏ ਵਡਿਆਈਆ । ਹੱਕ ਖ਼ਾਲਕ ਦੀ ਬਣਿਓ ਮਖ਼ਲੂਕ, ਖ਼ਾਲਕ ਵੇਖੇ ਬੇਪ੍ਰਵਾਹੀਆ । ਜਿਸ ਨੇ ਪਿਛਲਾ ਹੁਕਮ ਕਰਨਾ ਮਨਸੂਖ਼, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਨੌ ਖੰਡ ਪ੍ਰਿਥਮੀ ਬਖ਼ਸ਼ ਸਲੂਕ, ਭੇਵ ਅਭੇਦਾ ਦੇਣਾ ਜਣਾਈਆ । ਕੂੜੀ ਕਿਰਿਆ ਚੁਕੇ ਚੂਕ, ਚੁਕੰਨੀ ਕਰੇ ਲੋਕਾਈਆ । ਜੋ ਮਾਇਆ ਨੀਂਦੇ ਸੁੱਤੇ ਘੂਕ, ਸ਼ਬਦ ਇਸ਼ਾਰੇ ਨਾਲ ਉਠਾਈਆ । ਭਾਗ ਲਗਾ ਕੇ ਕਾਇਆ ਪੰਜ ਭੂਤ, ਭੂਤ ਭਵਿਖਤ ਦਏ ਸਮਝਾਈਆ । ਸਤਿ ਸਤਿਵਾਦ ਸੁਹਾਏ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਭਗਤ ਸੁਹੇਲੇ ਗੋਦੀ ਚੁੱਕ, ਸਾਹਿਬ ਸਵਾਮੀ ਗਲੇ ਲਏ ਲਗਾਈਆ । ਸਦੀ ਚੌਧਵੀਂ ਕਹੇ ਮੈਂ ਸਭ ਤੋਂ ਲੈਣਾ ਪੁਛ, ਪੁਛਣਾ ਘਰ ਘਰ ਪਾਈਆ । ਦੱਸੋ ਕਿਸੇ ਦੇ ਕੋਲ ਕੀ ਕੁਛ, ਜੋ ਪ੍ਰਭ ਦੀ ਭੇਟ ਚੜ੍ਹਾਈਆ । ਪੈਗ਼ਬਰੋ ਕਿਉਂ ਦਾੜ੍ਹੀ ਮੁੰਨੀ ਮੁੱਛ, ਲਬਾਂ ਦੇਣ ਦੁਹਾਈਆ । ਤੁਹਾਨੂੰ ਚੌਦਾਂ ਸਦੀਆਂ ਤੋਂ ਅੱਗੇ ਗਿਆ ਕੁਛ ਨਹੀਂ ਸੁਝ, ਭੇਵ ਭਾਵ ਨਾ ਕੋਇ ਸਮਝਾਈਆ । ਕੁਛ ਉੱਤਰ ਦਿਓ ਮੁਝ, ਮੁਜਰਮ ਬਣ ਕੇ ਸੀਸ ਨਿਵਾਈਆ । ਕੀ ਸੰਦੇਸ਼ਾ ਮਿਲਿਆ ਤੁਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਮਨਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਮੇਰੀ ਬੇਨੰਤੀ ਇਕ ਅਰਦਾਸ, ਖ਼ੁਸ਼ੀਆਂ ਵਿਚ ਸੁਣਾਈਆ । ਜਨ ਭਗਤੋ ਤੁਹਾਡੀ ਜਨਮ ਜਨਮ ਦੀ ਬੁਝੇ ਪਿਆਸ, ਤ੍ਰਿਸ਼ਨਾ ਕਰਮ ਰਹੇ ਨਾ ਰਾਈਆ । ਛੱਬੀ ਪੋਹ ਸੁਹੌਣੀ ਰਾਤ, ਬਿਨਾ ਹੁਕਮ ਤੋਂ ਸੌਣ ਕੋਇ ਨਾ ਪਾਈਆ । ਤੁਹਾਨੂੰ ਮੁਹੱਬਤ ਵਿਚ ਲੈਣਾ ਡਾਟ, ਸ਼ਬਦੀ ਧਾਰ ਲੈਣਾ ਉਠਾਈਆ । ਤੁਹਾਡੇ ਸਭ ਦੇ ਬਣਨੇ ਧਰਮ ਦਵਾਰੇ ਦੇ ਕਾਟ, ਪਿਛਲਾ ਲੇਖਾ ਦੇਣਾ ਕਟਾਈਆ । ਜਨਮ ਕਰਮ ਮਿਟੌਣੀ ਵਾਟ, ਆਵਣ ਜਾਵਣ ਰਹੇ ਨਾ ਰਾਈਆ । ਸੇਜ ਸੁਹੌਣੀ ਖਾਟ, ਆਸਣ ਸਿੰਘਾਸਣ ਇਕ ਵਡਿਆਈਆ । ਜਿਥੇ ਮਿਲੇ ਪੁਰਖ ਅਬਿਨਾਸ਼, ਓਸ ਮੰਜ਼ਲ ਦੇਣਾ ਚੜ੍ਹਾਈਆ । ਲੇਖੇ ਲਾ ਕੇ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਜੇ ਜਨਮ ਲਿਆ ਤੇ ਲੈ ਕੇ ਜਾਇਓ ਸ਼ਾਬਾਸ਼, ਲਾਅਨਤ ਰਹਿਣ ਕੋਇ ਨਾ ਪਾਈਆ । ਜੇ ਤਤ ਵਜੂਦ ਲਿਆ ਤੇ ਕਰ ਕੇ ਜਾਇਓ ਪਾਕ, ਪੱਤਤ ਪੁਨੀਤ ਬਣਾਈਆ । ਜੇ ਸੀਸ ਨਿਵਾਇਆ ਪਰਮਾਤਮ ਰੱਖਿਓ ਸਾਥ, ਆਤਮ ਜੋੜ ਜੁੜਾਈਆ । ਜੇ ਸੋਹੰ ਗਾਇਆ ਪਾਠ, ਸ਼ਾਲਾ ਤਨ ਮਿਲੇ ਵਡਿਆਈਆ । ਤੁਹਾਨੂੰ ਮੰਜ਼ਲ ਚੋਟੀ ਅਖ਼ੀਰ ਚੜ੍ਹੌਣਾ ਟਾਪ, ਜਿਥੇ ਟੱਪਾ ਕਹਿਣ ਦੀ ਲੋੜ ਰਹੇ ਨਾ ਰਾਈਆ । ਤੁਹਾਡਾ ਲੇਖੇ ਲੱਗੇ ਆਵਣ ਜਾਵਣ ਚਲਣਾ ਫਿਰਨਾ ਵਾਕ, ਵਾਕ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ

੬੩੦
੨੧

ਆਪਣੀ ਕਿਰਪਾ ਕਰ, ਸਤਿ ਧਰਮ ਬਖ਼ਸ਼ ਇਤਫ਼ਾਕ, ਨਿਫ਼ਾਕ ਅੰਦਰੋਂ ਬਾਹਰ ਕਢਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਛੱਬੀ ਪੋਹ ਦੀ ਰਾਤ ਕਰਨੀ ਚੁਸਤੀ, ਚੁਸਤ ਚਲਾਕ ਆਪਣਾ ਆਪ ਲੈਣਾ ਬਣਾਈਆ । ਤੁਹਾਡੇ ਜਨਮ ਦੀ ਹੋਣੀ ਦਰੁਸਤੀ, ਜੀਵਣ ਨਵਾਂ ਦੇਣਾ ਬਣਾਈਆ । ਸ਼ਬਦੀ ਧਾਰ ਜਣੌਣੀ ਸੁਰਤੀ, ਸੁਰਤ ਸ਼ਬਦ ਵਿਚ ਮਿਲਾਈਆ । ਧੁਰ ਦੇ ਨਾਮ ਦੀ ਦੇਣੀ ਗੁੜ੍ਹਤੀ, ਪੁਰਖ ਅਕਾਲ ਬਣਨਾ ਧੁਰ ਦੀ ਦਾਈਆ । ਸਿਖਿਆ ਸੁਣੌਣੀ ਸ਼ਬਦੀ ਗੁਰ ਦੀ, ਜੋ ਸਤਿਗੁਰ ਇਕ ਅਖਵਾਈਆ । ਜਿਹੜੀ ਮਨਸਾ ਕੂੜ ਅੰਦਰੋਂ ਫੁਰਦੀ, ਓਹ ਮਮਤਾ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਛੱਬੀ ਪੋਹ ਰਾਤ ਦੇ ਬਾਰਾਂ ਵਜੇ ਮਾਰਿਓ ਤਾਲੀ, ਤਲੀ ਤਲੀ ਨਾਲ ਖੜਕਾਈਆ । ਮੁਖੋਂ ਕਹਿਣਾ ਪ੍ਰਭ ਮਿਲਿਆ ਜੋਤ ਅਕਾਲੀ, ਜੋ ਅਕਲ ਕਲ ਅਖਵਾਈਆ । ਜਿਸ ਦੇ ਦਵਾਰੇ ਇਕੋ ਵਾਰ ਬਣਨਾ ਸਵਾਲੀ, ਫਿਰ ਮੰਗਣ ਦੀ ਲੋੜ ਰਹੇ ਨਾ ਰਾਈਆ । ਜਨ ਭਗਤ ਰਹੇ ਕੋਈ ਨਾ ਖ਼ਾਲੀ, ਨਾਮ ਭੰਡਾਰਾ ਦੇਵੇ ਚਾਈਂ ਚਾਈਂਆ । ਦੀਨ ਦਿਆਲਾ ਧੁਰ ਦਾ ਦਾਨੀ, ਦਇਆਵਾਨ ਇਕ ਅਖਵਾਈਆ । ਜਨ ਭਗਤੋ ਤੁਸਾਂ ਧਾਰ ਖੜਕੌਣੀ ਇਕ ਸੌ ਪੰਜਾਂ ਇਕ ਦੂਜੇ ਨਾਲ ਕਿਰਪਾਨੀ, ਆਵਾਜ਼ ਟੱਪ ਟੱਪ ਲਗਾਈਆ । ਫੇਰ ਨਜ਼ਾਰਾ ਤੱਕਿਓ ਜਗਤ ਮੈਦਾਨੀ, ਜਗਤ ਸ਼ਰਅ ਦਿਆਂ ਭਿੜਾਈਆ । ਲੇਖਾ ਵੇਖਾਂ ਚਾਰ ਜੁਗ ਦੀਵਾਨੀ, ਜਿਸ ਦੀਆਂ ਗੁਰ ਅਵਤਾਰ ਪੈਗ਼ੰਬਰ ਤਾਰੀਖ਼ਾਂ ਗਏ ਪਾਈਆ । ਚਾਲਾਨ ਫ਼ਾਰਮ ਭਰਨਾ ਓਹ ਅਸਮਾਨੀ, ਜਿਸ ਦਾ ਜਿਸਮਾਨੀ ਭੇਵ ਕੋਇ ਨਾ ਪਾਈਆ । ਮੰਜ਼ਲ ਵੇਖਣੀ ਦੀਨ ਦੁਨੀ ਰੁਹਾਨੀ, ਰੂਹ ਬੁਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੩੧

੨੧

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸਚ ਜਣਾਈਆ । ਸਦੀ ਚੌਧਵੀਂ ਕਹੇ ਮੇਰੀ ਨਿਮਸਕਾਰ, ਡੰਡਾਵਤ ਬੰਦਨਾ ਸੱਯਦੇ ਵਿਚ ਸੀਸ ਝੁਕਾਈਆ । ਜਨ ਭਗਤੋ ਰਾਤ ਨੂੰ ਬਹਿਣਾ ਵਿਚ ਕਤਾਰ, ਲਾਈਨ ਲਾਈਨ ਨਾਲ ਮਿਲਾਈਆ । ਜਿਹੜਾ ਅੱਗੇ ਪਿਛੇ ਹੋਵੇ ਪੁਲੀਸ ਵਾਲੇ ਓਸ ਨੂੰ ਕਰਨਗੇ ਗ੍ਰਿਫ਼ਤਾਰ, ਏਸੇ ਕਰ ਕੇ ਲਏ ਬੁਲਾਈਆ । ਜਿਹੜੇ ਸ਼ੋਰ ਕਰਨਗੇ ਫੌਜੀ ਉਨ੍ਹਾਂ ਨੂੰ ਮਾਰਨਗੇ ਮਾਰ, ਚਾਰੋਂ ਕੁੰਟ ਕਰ ਤਕੜਾਈਆ । ਜਿਹੜੇ ਅੰਦਰ ਗੌਣਗੇ ਤੂੰ ਮੇਰਾ ਮੈਂ ਤੇਰਾ ਯਾਰ, ਓਨ੍ਹਾਂ ਦੇ ਅੰਦਰ ਵੜ ਕੇ ਸਭ ਨੂੰ ਦਰਸ ਦੇਵਾਂ ਵਖਾਈਆ । ਇਹ ਮੇਰਾ ਸਭ ਤੋਂ ਵਖਰਾ ਵਿਹਾਰ, ਨਿਰਗੁਣ ਹੋ ਕੇ ਨਿਰਗੁਣ ਮੇਲਾ ਮੇਲਾਂ ਸਹਿਜ ਸੁਭਾਈਆ । ਅੱਗੇ ਸੁਣਦੇ ਰਹੇ ਪੜ੍ਹਦੇ ਰਹੇ ਆਸਮਾਨਾਂ ਤੋਂ ਉਤੇ ਵਸੇ ਨਿਰੰਕਾਰ, ਸਚਖੰਡ ਬੈਠਾ ਸੋਭਾ ਪਾਈਆ । ਸੋ ਸਾਹਿਬ ਸੁਹੇਲਾ ਇਕ ਅਕੇਲਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਖੇਲ ਕਰੇ ਅਪਰ ਅਪਾਰ, ਅਪਰੰਪਰ ਸਵਾਮੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਆਪਣਾ ਪ੍ਰੇਮ ਬਣਾਈਆ । ਸਦੀ ਚੌਧਵੀਂ ਕਹੇ ਮੈਂ ਬਹੁਤ ਕੁਛ ਦੱਸਣਾ, ਦਸਤ ਦਸਤ ਨਾਲ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਬਹੁਤ ਕੁਛ ਬਕਣਾ, ਜਿਸ ਨੂੰ ਬਕਵਾਸ ਕਹੇ ਲੋਕਾਈਆ । ਸਦੀ ਚੌਧਵੀਂ ਕਹੇ ਮੈਂ ਬਹੁਤ ਕੁਛ ਲੱਭਣਾ, ਲੱਖ ਚੁਰਾਸੀ ਵੇਖ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖ ਤੇਰੇ ਬਿਨਾ ਨਹੀਂ ਮੇਰਾ ਕੋਈ ਸੱਜਣਾ, ਮਿਤ੍ਰ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਪੁਰਖ ਅਕਾਲ ਇਕੋ ਜਪਣਾ, ਗੋਬਿੰਦ ਗੁਰ ਦਏ ਵਡਿਆਈਆ । ਸ੍ਰਿਸ਼ਟੀ ਰੋਣਾ ਜਨ ਭਗਤਾਂ ਹੱਸਣਾ, ਹੱਸਦਿਆਂ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ

ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਉੱਤਰ ਪੂਰਬ ਪੱਛਮ ਦੱਖਣਾ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਮੁਜਰਗੀਆਲੇਜ਼ਾਹ ਜ਼ਾਲੇਜ਼ਾਹ ਵਾਲੇਜ਼ਾ ਵਾਲਜ਼ਾ ਕਜ਼ਾਲੇਯਾ ।

## ❋ ੬ ਪੋਹ ਸ਼ਹਿਨਸ਼ਾਹੀ ਸੰਮਤ ੪ ਠੇਕੇਦਾਰ ਠਾਕਰ ਸਿੰਘ ਦੇ ਗ੍ਰਹਿ ਪਿੰਡ ਜੇਠੂਵਾਲ ❋

ਸਦੀ ਚੌਧਵੀਂ ਕਹੇ ਕੁਛ ਆਸਾ ਰੱਖੀ ਅਸ਼ਟਭੁਜ ਜਵਾਲਾ, ਪੂਰਬ ਭੇਵ ਅਭੇਦ ਖੁਲ੍ਹਾਈਆ । ਪੰਜਾਂ ਗੁਰਮੁਖਾਂ ਦੇ ਹੱਥ ਵਿਚ ਹੋਣ ਮਸਾਲਾਂ, ਮਿਸਲ ਮਹਿਬੂਬ ਵਾਲੀ ਸਮਝਾਈਆ । ਵੰਡ ਨਹੀਂ ਕੋਈ ਸ਼ਾਹ ਕੰਗਾਲਾ, ਹਰਿਜਨ ਸਾਚੇ ਸੋਭਾ ਪਾਈਆ । ਗਲ ਵਿਚ ਇੱਕੀਆਂ ਮਣਕਿਆਂ ਦੀ ਹੋਵੇ ਮਾਲਾ, ਮਨ ਕੇ ਮਣਕੇ ਨਾਲ ਸਾਲਾਹੀਆ । ਜਗਤ ਖੇਲ ਕਰੇ ਨਿਰਾਲਾ, ਨਿਰਵੈਰ ਨਿਰਾਕਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਜਗਤ ਅਹਿਮਕ, ਮੂਰਖ ਮੁਗਧ ਕੂੜ ਲੋਕਾਈਆ । ਮੁਰੀਦ ਮੁਰਸ਼ਦ ਹੋਇਆ ਕੋਈ ਨਾ ਸਹਿਮਤ, ਸਾਚਾ ਸੰਗ ਨਾ ਕੋਇ ਬਣਾਈਆ । ਮੋਹ ਵਿਕਾਰ ਲੱਗੀ ਜ਼ਹਿਮਤ, ਹੰਕਾਰ ਗੜ੍ਹ ਨਾ ਕੋਇ ਤੁੜਾਈਆ । ਪਰਵਰਦਿਗਾਰ ਕਰੇ ਨਾ ਰਹਿਮਤ, ਮਿਹਰ ਨਜ਼ਰ ਨਾ ਕੋਇ ਉਠਾਈਆ । ਲੇਖੇ ਲੱਗੇ ਕੋਇ ਨਾ ਮਿਹਨਤ, ਮਜ਼ਦੂਰੀ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਫੋਲਣ ਲੱਗੀ ਆਪਣਾ ਬਸਤਾ, ਬਸਤੀ ਵੇਖ ਜਗਤ ਲੋਕਾਈਆ । ਦੀਨ ਦੁਨੀ ਦਾ ਬਦਲਣ ਲੱਗੀ ਰਸਤਾ, ਰਹਿਬਰ ਮਿਲਿਆ ਧੁਰਦਰਗਾਹੀਆ । ਜਿਸ ਦਾ ਨਾਮ ਭੰਡਾਰਾ ਸਸਤਾ, ਕ਼ੀਮਤ ਜਗਤ ਨਾ ਕੋਇ ਲਗਾਈਆ । ਜਿਸ ਨੂੰ ਤਕਦੀ ਉਪਰ ਅਰਸ਼ਾਂ, ਬਿਨ ਨੈਣਾਂ ਨੈਣ ਉਠਾਈਆ । ਉਸ ਦਾ ਖੇਲ ਵੇਖਾਂ ਉਪਰ ਫ਼ਰਸ਼ਾ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਚਰਨ ਧੂੜੀ ਨੂੰ ਤਰਸਾਂ, ਨਿਉਂ ਨਿਉਂ ਲਾਗਾਂ ਪਾਈਆ । ਪੰਜਾਂ ਬੀਬੀਆਂ ਹੱਥ ਵਿਚ ਬਣਾ ਲਿਔਣਾ ਗੁਲਦਸਤਾ, ਗੁਲ ਗੁਲਸ਼ਨ ਵਿਚੋਂ ਮਹਿਕਾਈਆ । ਪ੍ਰੇਮ ਪਿਆਲਾ ਦੇਣਾ ਅਗੰਮੀ ਰਸ ਦਾ, ਬਿਨ ਰਸਨਾ ਰਸ ਚਖਾਈਆ । ਢੋਲਾ ਗੌਣਾ ਧੁਰ ਦੇ ਜਸ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੜਦਾ ਉਹਲਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਅਜਬ ਕਹਾਣੀ, ਕਹਾਵਤ ਨਜ਼ਰ ਕਿਸੇ ਨਾ ਆਈਆ । ਕਿਸੇ ਨੇ ਮੰਗਣਾ ਆਬ ਕਿਸੇ ਨੇ ਮੰਗਣਾ ਪਾਣੀ, ਆਬ ਬੇਤਾਬ ਵਿਚ ਦੁਹਾਈਆ । ਪੈਗ਼ੰਬਰਾਂ ਹੋਏ ਪਰੇਸ਼ਾਨੀ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਭੇਵ ਖੋਲ੍ਹਣਾ ਜਗਤ ਜਿਸਮਾਨੀ, ਜਿਸਮ ਜ਼ਮੀਰ ਸਭ ਦੇ ਫੋਲ ਫੁਲਾਈਆ । ਮੰਜ਼ਲ ਨਿਰੰਤਰ ਤਕਣੀ ਰੂਹਾਨੀ, ਅੰਤਰ ਆਪਣਾ ਪੰਧ ਮੁਕਾਈਆ । ਲੇਖਾ ਜਾਣ ਦੋ ਜਹਾਨੀ, ਬ੍ਰਹਿਮੰਡਾਂ ਖੰਡਾਂ ਧੁਰ ਸੰਦੇਸ਼ਾ ਦੇਣਾ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰਾ ਸਾਂਝਾ ਯਾਰਾ ਸਭ ਦਾ ਜਾਣ ਜਾਣੀ, ਅਨਬੋਲਤ ਅਨਦ੍ਰਿਸ਼ਟ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਦਾਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਵਿਚੋਂ ਝਰੋਖੇ, ਚੌਦਾਂ ਤਬਕਾਂ ਧਿਆਨ ਲਗਾਈਆ । ਜਿਸ ਦੀ ਸੋਚ ਕੋਈ ਨਾ ਸੋਚੇ, ਬੁੱਧੀ ਵਿਚ

ਨਾ ਕੋਇ ਵਡਿਆਈਆ । ਜਿਸ ਨੂੰ ਲੋਚਣ ਕੋਈ ਨਾ ਲੋਚੇ, ਨੈਣ ਅੱਖ ਨਾ ਰਾਹ ਤਕਾਈਆ । ਮੈਂ ਖੇਲ ਤਕਣਾ ਓਥੇ, ਜਿਥੇ ਵਸਿਆ ਬੇਪ੍ਰਵਾਹੀਆ । ਜੀਵ ਜੰਤ ਕਲਜੁਗ ਜਗਤ ਜਹਾਨ ਖਾਵੇ ਗੋਤੇ, ਨਈਆ ਨੌਕਾ ਨਾਮ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਗ੍ਰਿਹ ਮੰਦਰ ਇਕ ਦਰਸਾਈਆ । ਸਦੀ ਚੌਧਵੀਂ ਕਹੇ ਮੈਂ ਮੰਦਰ ਵੇਖਣਾ ਅਗੰਮ ਅਥਾਹ, ਪਰਵਰਦਿਗਾਰ ਦਏ ਜਣਾਈਆ । ਜਿਥੇ ਵਸੇ ਨਿਰਗੁਣ ਨੂਰ ਜੋਤ ਸ਼ਹਿਨਸ਼ਾਹ, ਪਾਰਬ੍ਰਹਮ ਪਤਿਪਰਮੇਸ਼ਵਰ ਸੋਭਾ ਪਾਈਆ । ਬਿਨ ਤੇਲ ਬਾਤੀ ਜੋਤੀ ਜੋਤ ਹੋਵੇ ਰੁਸ਼ਨਾ, ਆਦਿ ਨਿਰੰਜਣ ਡਗਮਗਾਈਆ । ਗੁਰ ਅਵਤਾਰ ਪੈਗ਼ੰਬਰ ਬਿਨਾ ਤਤ ਵਜੂਦ ਬੈਠੇ ਹੋਣ ਸੀਸ ਝੁਕਾ, ਨਮਸਤੇ ਡੰਡਾਵਤ ਸੱਯਦਾ ਕਰ ਕੇ ਸ਼ੁਕਰ ਮਨਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਢੋਲਾ ਲੈਵਣ ਗਾ, ਦੂਜਾ ਰਾਗ ਨਾ ਕੋਇ ਸੁਣਾਈਆ । ਜਿਸ ਨੂੰ ਵਾਹਦ ਵਹਦਤ ਵਿਚ ਸਭ ਨੇ ਕਿਹਾ ਖ਼ੁਦਾ, ਖ਼ੁਦ ਮਾਲਕ ਨਜ਼ਰੀ ਆਈਆ । ਨਿਰਗੁਣ ਧਾਰ ਨਾ ਹੋਵੇ ਜੁਦਾ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖਾ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਰੁਤ ਸੁਹੰਜਣੀ, ਸੋਭਨੀਕ ਅਤਿਅੰਤ । ਜਗੇ ਜੋਤ ਆਦਿ ਨਿਰੰਜਣੀ, ਕਿਰਪਾ ਕਰੇ ਸ੍ਰੀ ਭਗਵੰਤ । ਸਭ ਦੇ ਨੇਤਰ ਪਾਏ ਅੰਜਣੀ, ਨਾਮ ਨਿਧਾਨਾ ਦੱਸੇ ਮਣੀਆ ਮੰਤ । ਦੀਨ ਦੁਨੀ ਜਗਤ ਜਹਾਨ ਕੂੜੇ ਵਿਚੋਂ ਵੰਞਣੀ, ਕੋਈ ਗੁਰਮੁਖ ਵਿਰਲਾ ਰਹਿਸੀ ਸੰਤ । ਧੂੜ ਮਿਲੇ ਕਿਸੇ ਨਾ ਮਜਨੀ, ਹੋਏ ਵਿਛੋੜਾ ਨਾਰ ਕੰਤ । ਭਗਤ ਸੁਹੇਲਾ ਸੂਫ਼ੀ ਧੁਰ ਦਾ ਸਜਣੀ, ਹੋਏ ਮਿਲਾਵਾ ਆਦਿ ਅੰਤ । ਝਗੜਾ ਰਹੇ ਨਾ ਕਾਇਆ ਬਦਨੀ, ਗੜ੍ਹ ਤੋੜੇ ਹਉਮੇ ਹੰਗਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਜੁਗਾ ਜੁਗੰਤ । ਸਦੀ ਚੌਧਵੀਂ ਕਹੇ ਮੈਂ ਵੇਖਣਾ ਜੁਗ ਕਰਤਾ ਕਰਤਾਰ, ਹਰਿ ਵੱਡਾ ਵਡ ਵਡਿਆਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੌਂਦੇ ਵਾਰ, ਅੰਜੀਲ ਕ਼ੁਰਾਨ ਸਿਫ਼ਤਾਂ ਵਿਚ ਸਾਲਾਹੀਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਨਿਉਂ ਨਿਉਂ ਕਰਦੇ ਨਿਮਸਕਾਰ, ਸੰਸਾਰੀ ਭੰਡਾਰੀ ਸੰਘਾਰੀ ਭੱਜਣ ਵਾਹੋ ਦਾਹੀਆ । ਜਿਸ ਦਾ ਹੁਕਮ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਲੱਖ ਚੁਰਾਸੀ ਆਤਮ ਪਰਮਾਤਮ ਨੂਰ ਉਜਿਆਰ, ਦੀਆ ਬਾਤੀ ਕਮਲਾਪਾਤੀ ਘਟ ਘਟ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖਣਹਾਰ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਸਭ ਨੂੰ ਕਰਨਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਗ਼ਫ਼ਲਤ ਵਿਚੋਂ ਹੋਵੋ ਬੇਦਾਰ, ਆਲਸ ਨਿੰਦਰਾ ਦੇਣੀ ਤਜਾਈਆ । ਹਕੀਕਤ ਦਾ ਮਾਲਕ ਖ਼ਲਕ ਦਾ ਖ਼ਾਲਕ ਇਕੋ ਤੱਕੋ ਹਕ਼ੀਕ਼ੀ ਯਾਰ, ਜੋ ਯਾਰਾਨੇ ਕੂੜੇ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਏਕੰਕਾਰਾ ਇਕ ਇਕੱਲਾ ਦਏ ਵਖਾਈਆ । ਸਦੀ ਚੌਧਵੀਂ ਕਹੇ ਮੈਂ ਸਚ ਸੰਦੇਸ਼ਾ ਦੇਣਾ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਟੇ ਅੰਧੇਰੀ ਰਾਤ, ਚਾਰ ਕੁੰਟ ਦਹਿ ਦਿਸ਼ਾ ਭੇਵ ਅਭੇਦਾ ਦਏ ਖੁਲ੍ਹਾਈਆ । ਲੇਖਾ ਰਹਿਣ ਨਾ ਦੇਵੇ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਨਾਮ ਨਿਧਾਨਾ ਨੌਜਵਾਨਾ ਦੇਵੇ ਅਗੰਮੀ ਦਾਤ,

ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਸਤਿ ਧਰਮ ਦੀ ਸਾਚੀ ਬਖ਼ਸ਼ ਸੌਗ਼ਾਤ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਭੇਵ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਆਦਿ ਜੁਗਾਦੀ ਅੱਲਾ, ਆਲਮੀਨ ਬੇਪ੍ਰਵਾਹੀਆ । ਜਿਸ ਵਸਾਇਆ ਸਚ ਮਹੱਲਾ, ਮਹਿਬੂਬ ਹੋ ਕੇ ਵੇਖ ਵਖਾਈਆ । ਨਬੀ ਰਸੂਲਾਂ ਫੜਾਇਆ ਪੱਲਾ, ਨਬੀਆਂ ਨਾਤਾ ਜੋੜ ਜੁੜਾਈਆ । ਨਿਰਗੁਣ ਧਾਰ ਅਛਲ ਅਛੱਲਾ, ਵਲ ਛਲ ਆਪਣੀ ਕਾਰ ਕਮਾਈਆ । ਅੰਤਮ ਸਭ ਨੂੰ ਕਰ ਕੇ ਝੱਲਾ, ਝਲਕ ਆਪਣੀ ਆਏ ਦ੍ਰਿੜਾਈਆ । ਅਰਸ਼ੋਂ ਫ਼ਰਸ਼ ਜ਼ਮੀਨ ਖ਼ਾਕੀ ਵੇਖੇ ਥਲਾ, ਜਲ ਥਲ ਮਹੀਅਲ ਖੋਜ ਖੁਜਾਈਆ । ਬਿਨ ਤੇਲ ਬਾਤੀ ਆਪਣੇ ਨੂਰ ਬਲਾ, ਬਲਧਾਰੀ ਵਡ ਵਡਿਆਈਆ । ਕਰੇ ਖੇਲ ਇਕ ਇਕੱਲਾ, ਅਕਲ ਕਲ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਇਕ, ਏਕੰਕਾਰ ਅਖਵਾਈਆ । ਜਿਸ ਦਾ ਲੇਖਾ ਸਾਰੇ ਗਏ ਲਿਖ, ਨਾਤਾ ਜੋੜ ਕ਼ਲਮ ਸ਼ਾਹੀਆ । ਓਸ ਪੂਰਾ ਕਰਨਾ ਭਵਿਖ, ਪੇਸ਼ੀਨਗੋਈਆਂ ਨਾਲ ਮਿਲਾਈਆ । ਇਸ਼ਾਰਾ ਕੀਤਾ ਜਿਸ ਜਿਸ, ਜਿਸਮ ਜ਼ਮੀਰ ਤੋਂ ਬਾਹਰ ਦਏ ਵਖਾਈਆ । ਜਗ ਨੇਤਰ ਕਿਸੇ ਨਾ ਆਵੇ ਦਿਸ, ਦਹਿ ਦਿਸ਼ਾ ਆਪਣਾ ਹੁਕਮ ਸੁਣਾਈਆ । ਜੋ ਸਦਾ ਰਹੇ ਹਮੇਸ਼ਾਂ ਨਿਤ, ਨਵਿਤ ਆਪਣੀ ਕਾਰ ਕਮਾਈਆ । ਓਹ ਬਣ ਪਰਮੇਸ਼ਵਰ ਪਿਤ, ਪਤਵੰਤਾ ਵੇਸ ਵਟਾਈਆ । ਲੱਖ ਚੁਰਾਸੀ ਆਸ਼ਾ ਲਏ ਜਿੱਤ, ਮਨਸਾ ਸਭ ਦੀ ਆਪਣੇ ਵਿਚ ਛੁਪਾਈਆ । ਸਭ ਦੀ ਨੰਗੀ ਕਰ ਕੇ ਪਿੱਠ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਖੇਲ ਕਰੇ ਅਨਡਿੱਠ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਨਵਲਜ਼ੂ ਜ਼ਲਾਕਾਲ, ਕੁਲ ਜ਼ਮਾਂ ਬੇਪ੍ਰਵਾਹੀਆ । ਜਿਸ ਦਾ ਮਹੱਲ ਆਲੀਸ਼ਾਨ, ਸ਼ਹਿਨਸ਼ਾਹ ਧੁਰਦਰਗਾਹੀਆ । ਪੈਗ਼ੰਬਰਾਂ ਲੈ ਕੇ ਬਲੀਦਾਨ, ਸ਼ਹਾਦਤ ਸ਼ਰਅ ਵਾਲੀ ਭੁਗਤਾਈਆ । ਜੋਤ ਜਗਾ ਕੇ ਉਪਰ ਅਸਮਾਨ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਸਿਫ਼ਤਾਂ ਵਿਚ ਬਣ ਕੇ ਰਹੀਮ ਰਹਿਮਾਨ, ਅਲਿਫ਼ ਯੇ ਅੱਖਰਾਂ ਵਿਚ ਵਡਿਆਈਆ । ਪੋਸ਼ੀਦਾ ਰੱਖ ਕੇ ਧੁਰ ਕਲਾਮ, ਕਲਮਾ ਕਾਇਨਾਤ ਸਿਫ਼ਤਾਂ ਵਾਲਾ ਸਮਝਾਈਆ । ਸਦੀ ਚੌਧਵੀਂ ਕਹੇ ਮਨਜ਼ੂਊ ਮੇਰਾ ਮੁਹੱਬਤ ਵਾਲਾ ਅਮਾਮ, ਮਜ਼੍ਹਬਾਂ ਵਾਲਾ ਮਜ਼ਮੂਨ ਨਾ ਕੋਇ ਦ੍ਰਿੜਾਈਆ । ਮੇਰਾ ਇਸਮ ਦਾ ਇਸਲਾਮ, ਜਿਸ ਦਾ ਬਦਲੇ ਨਾ ਕੋਇ ਨਜ਼ਾਮ, ਨੌਬਤ ਹੱਕ ਹੱਕ ਸੁਣਾਈਆ । ਚੌਥੇ ਜੁਗ ਲੈ ਇਕ ਦਾਮ, ਝਗੜਾ ਮੇਟੇ ਦੁਨੀ ਤਮਾਮ, ਤਮਅ ਦਾ ਲੇਖਾ ਦਏ ਗਵਾਈਆ । ਧੁਰ ਦਾ ਦੇ ਸਚ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਅੱਗੇ ਕਰੇ ਪੜ੍ਹਾਈਆ । ਜਿਥੇ ਬੁੱਧੀ ਸਮਝੇ ਨਾ ਕੋਇ ਇਨਸਾਨ, ਅਕ਼ਲ ਚਲੇ ਨਾ ਕੋਇ ਚਤੁਰਾਈਆ । ਸੋ ਖੇਲ ਕਰੇ ਭਗਵਾਨ, ਹਰਿ ਕਰਤਾ ਬੇਪ੍ਰਵਾਹੀਆ । ਕਲਜੁਗ ਕੂੜੀ ਕਿਰਿਆ ਮੇਟੇ ਸ਼ੈਤਾਨ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੀ ਹੋਣੀ ਸੁਹੰਜਣੀ ਰੁਤੀ, ਰੁਤੜੀ ਪ੍ਰਭ ਮਹਿਕਾਈਆ । ਮੈਂ ਪਿਛਲੀ ਪੂਰੀ ਕੀਤੀ ਬੁੱਤੀ, ਬੁਤਖ਼ਾਨੇ ਵੇਖ ਵਖਾਈਆ । ਜਗਤ ਲਾਲਸ ਵਿਚ ਰਹੀ ਸੁੱਤੀ, ਅੰਤ ਲਈ ਅੰਗੜਾਈਆ । ਭਗਤਾਂ ਨਾਲ ਮਿਲੌਣੀ ਰੁਚੀ, ਰਚਨਾ ਵੇਖਣੀ ਧੁਰਦਰਗਾਹੀਆ । ਸਚ ਦਵਾਰੇ ਬਣ ਕੇ ਸੁੱਚੀ,

੬੩੪
੨੧

ਸੰਜਮ ਲੈਣਾ ਬਦਲਾਈਆ । ਆਸਣ ਲਾ ਕੇ ਸਾਚੀ ਕੁਟੀ, ਚਾਰੇ ਕੁੰਟ ਦੇਣੀ ਤਜਾਈਆ । ਮੁਹੰਮਦ ਕੋਲੋਂ ਲੈ ਕੇ ਛੁੱਟੀ, ਆਪਣਾ ਲੇਖਾ ਲੈਣਾ ਮੁਕਾਈਆ । ਗਾਨਾ ਬੰਨ੍ਹ ਕੇ ਭਗਤਾਂ ਗੁੱਟੀਂ, ਸਾਚਾ ਸਗਨ ਦੇਣਾ ਵਖਾਈਆ । ਜਿਸ ਰਵਦਾਸ ਚਮਾਰੇ ਦੀ ਜੁੱਤੀ ਟੁੱਟੀ, ਟੁੱਟਿਆਂ ਗੰਢ ਪੁਆਈਆ । ਓਸ ਫਿਰਨਾ ਅੱਡੀ ਉਚੀ, ਉਚ ਅਗੰਮ ਦਏ ਵਡਿਆਈਆ । ਜਨ ਭਗਤੋ ਖੇਲ ਵੇਖਣਾ ਤੁਸੀਂ, ਤੁਰੀਆ ਤੋਂ ਪਰੇ ਦੇਣਾ ਸਮਝਾਈਆ । ਜਿਥੇ ਆਤਮਾ ਪਰਮਾਤਮਾ ਨਾਲੋਂ ਕਦੇ ਨਾ ਰੁਸੀ, ਵਿਛੋੜਾ ਨਜ਼ਰ ਕੋਇ ਨਾ ਆਈਆ । ਇਹ ਖੇਲ ਸਦਾ ਅਦੁਤੀ, ਅਨਭਵ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੇਰਾ ਵੱਡਾ ਮਾਲਕ, ਮਿਹਰਵਾਨ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਖ਼ਲਕ ਖ਼ਾਲਕ, ਮਖ਼ਲੂਕ ਨੂਰ ਕਰੇ ਰੁਸ਼ਨਾਈਆ । ਅੰਤ ਮੇਰਾ ਬਣੇ ਸਾਲਸ, ਸਾਹਿਬ ਸਵਾਮੀ ਦਇਆ ਕਮਾਈਆ । ਚਾਰ ਵਰਨ ਦੇ ਗੁਰਮੁਖ ਵੇਖੇ ਖ਼ਾਲਸ, ਖ਼ਾਲਸ ਖ਼ਾਲਸਾ ਆਪ ਪ੍ਰਗਟਾਈਆ । ਜਿਨ੍ਹਾਂ ਦੇ ਅੰਦਰੋਂ ਬਦਲੇ ਹਾਲਤ, ਜਹਾਲਤ ਕੂੜੀ ਦਏ ਕਢਾਈਆ । ਨਾਮ ਨਿਧਾਨਾ ਦੇ ਨਿਆਮਤ, ਰਸ ਅਗੰਮਾ ਦਏ ਚਖਾਈਆ । ਕੂੜੀ ਕਿਰਿਆ ਵਿਚੋਂ ਰੱਖ ਸਹੀ ਸਲਾਮਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀ ਗੁਰਮੁਖ ਵੇਖ ਅਮਾਨਤ, ਅਮਨ ਨਾਲ ਦਾਮਨ ਆਪਣੇ ਵਿਚੋਂ ਬਾਹਰ ਕਢਾਈਆ ।



੬੩੫ ੨੧

## ✻ ੭ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਤਿਗੁਰ ਸ਼ਬਦ ਮਹਿੰਮਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਜੁਗ ਜੁਗ ਹੁਕਮ ਸੰਦੇਸਾ ਦੇਵੇ ਪੁਰਖ ਸਮਰਥ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜਣਾਵੇ ਸਾਚਾ ਜਸ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹੇ ਅੱਖ, ਦੂਈ ਦਵੈਤੀ ਪੜਦਾ ਦਏ ਚੁਕਾਈਆ । ਭੇਵ ਅਭੇਦ ਜਣਾਏ ਹਕੀਕਤ ਹੱਕ, ਹਰ ਹਿਰਦੇ ਕਰ ਸਫ਼ਾਈਆ । ਮਨ ਕਲਪਣਾ ਕਰ ਕੇ ਵਸ, ਮਾਇਆ ਮਮਤਾ ਮੋਹ ਗਵਾਈਆ । ਅੰਮ੍ਰਿਤ ਝਿਰਨਾ ਦੇ ਕੇ ਰਸ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਆਦਿ ਜੁਗਾਦੀ ਧੁਰ ਦਾ ਦਾਤਾ, ਦਇਆਵਾਨ ਦਇਆ ਕਮਾਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਸਿਰ ਆਪਣਾ ਹੱਥ ਟਿਕਾਈਆ । ਨਿਤ ਨਵਿਤ ਵੇਖੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਕਲਜੁਗ ਚਾਰੋਂ ਕੁੰਟ ਅੰਧੇਰੀ ਰਾਤਾ, ਸਾਚਾ ਨੂਰ ਚੰਦ ਨਾ ਕੋਇ ਚਮਕਾਈਆ । ਸ਼ਾਹ ਪਾਤਸ਼ਾਹ ਸਭ ਦਾ ਹਾਰਦਾ ਦਿਸੇ ਪਾਸਾ, ਪੇਸ਼ੀਨਗੋਈ ਸਮਝ ਕਿਸੇ ਨਾ ਆਈਆ । ਜੋ ਸਾਹਿਬ ਸਤਿਗੁਰ ਗੋਬਿੰਦ ਚਰਨ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਤਿਸ ਦੀ ਨਿਰੰਤਰ ਅੰਤਰ ਪੂਰੀ ਹੋਵੇ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਪੁਰਖ ਸਮਰਾਥਾ, ਪਰਵਰਦਿਗਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਧੁਰਦਰਗਾਹੀਆ ।

ਸਤਿਗੁਰ ਸ਼ਬਦ ਕਹੇ ਆਦਿ ਜੁਗਾਦੀ ਇਕ ਮਿਹਰਵਾਨ, ਮਹਿਬੂਬ ਬੇਪ੍ਰਵਾਹੀਆ । ਜਿਸ ਦਾ ਸਤਿ ਧਰਮ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਗੁਰ ਅਵਤਾਰ ਪੈਗੰਬਰ ਮੰਨਣ ਆਣ, ਸਿਰ ਸਕੇ ਨਾ ਕੋਇ ਉਠਾਈਆ । ਹੁਕਮ ਸੰਦੇਸ਼ਾ ਦੇਵੇ ਨੌਜਵਾਨ, ਮਰਦ ਮਰਦਾਨਾ ਅਗੰਮ ਅਥਾਹੀਆ । ਸੋ ਲਹਿਣਾ ਦੇਣਾ ਲੇਖਾ ਵੇਖੇ ਜੀਵ ਜਹਾਨ, ਤਨ ਵਜੂਦ ਕਾਇਆ ਮਾਟੀ ਫੋਲ ਫੁਲਾਈਆ । ਜੋ ਗੋਬਿੰਦ ਚਰਨ ਸਰਨ ਕਰੇ ਧਿਆਨ, ਦੋਏ ਲੋਚਣ ਰਾਹ ਤਕਾਈਆ । ਉਸ ਦਾ ਹੋਏ ਮਾਤ ਕਲਿਆਣ, ਕਰਮ ਕਾਂਡ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਗੁਰ ਗੋਬਿੰਦ ਇਕ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਦਰ ਆਇਆਂ ਪੂਰੀ ਹੋਵੇ ਆਸਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦਾ ਜਗਤ ਬਿਵਹਾਰੀ ਖੇਲ ਤਮਾਸ਼ਾ, ਨਿਤ ਨਵਿਤ ਵੇਖ ਵਖਾਈਆ । ਜਿਸ ਦੇ ਹਿਰਦੇ ਅੰਤਰ ਸੁੱਚ ਸੰਜਮ ਹੋਵੇ ਸਾਚਾ, ਸਤਿ ਨਾਲ ਵਡਿਆਈਆ । ਤਿਸ ਭਾਗ ਲੱਗੇ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਸੋਭਾ ਪਾਈਆ । ਪ੍ਰਭ ਦਵਾਰ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਤਿਸ ਦਾ ਕਰਮ ਹੋਵੇ ਰਾਸਾ, ਜਨਮ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਜੇ ਆਸਾ ਲੋਕ ਰਾਜ, ਰਈਅਤ ਨਾਲ ਵਡਿਆਈਆ । ਫੇਰ ਵੇਖੋ ਓਹ ਗੋਬਿੰਦ ਜਿਸ ਸੀਸ ਕਲਗੀ ਤੇ ਕਲਗੀ ਵਾਲਾ ਤਾਜ, ਤਖ਼ਤ ਨਿਵਾਸੀ ਸੋਭਾ ਪਾਈਆ । ਘਰ ਬੈਠਿਆਂ ਮਾਣ ਵਡਿਆਈ ਦੇਵੇ ਦਾਤ, ਦਾਤਾ ਦਾਨੀ ਹੋਏ ਸਹਾਈਆ । ਅੰਦਰ ਬਾਹਰ ਚਾਰ ਕੁੰਟ ਦਹਿ ਦਿਸ਼ਾ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਪੰਜ ਵਾਰ ਗੋਬਿੰਦ ਗੁਰ ਨੂੰ ਜ਼ਰੂਰ ਕਰਨਾ ਯਾਦ, ਅੰਮ੍ਰਿਤ ਵੇਲੇ ਉਠ ਕੇ ਨਾਮ ਧਿਆਈਆ । ਆਪੇ ਉਜੜਿਆ ਖੇੜਾ ਕਰੇ ਆਬਾਦ, ਵਸਦਿਆਂ ਨਾਲ ਵਸਾਈਆ । ਪ੍ਰੇਮੀਆਂ ਦੀ ਪ੍ਰੇਮ ਵਿਚ ਪੂਰੀ ਹੋਵੇ ਇਮਦਾਦ, ਆਮਦ ਖ਼ੁਸ਼ਾਮਦ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਜਗਤ ਦਾ ਕਰਮ ਜਗਤ ਵਿਚ ਬਦਲਾਈਆ ।

### ✻ ੮ ਪੋਹ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਹਿ ਵਜ਼ਾਰਤ ਰੋਡ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਕਰ ਕਰ ਥੱਕੀ ਬੰਦਗੀ, ਬੰਧਨ ਬੰਧਨਾਂ ਵਿਚ ਦੁਹਾਈਆ । ਸਰਗੁਣ ਧਾਰ ਕਰਦੀ ਰਹੀ ਮਸ਼ੰਦਗੀ, ਮੁਸ਼ਕਲ ਵਿਚ ਭੱਜੀ ਵਾਹੋ ਦਾਹੀਆ । ਖੇਲ ਵੇਖਦੀ ਰਹੀ ਤਾਰਾ ਚੰਦ ਦੀ, ਸੂਰੀਆ ਨੂਰ ਜੋਤ ਰੁਸ਼ਨਾਈਆ । ਪਰਵਰਦਿਗਾਰ ਰਹੀ ਮੰਨਦੀ, ਜਲਵਾਗਰ ਨੂਰ ਅਲਾਹੀਆ । ਖੇਲ ਤਕਦੀ ਰਹੀ ਉਮਤ ਵਾਲੇ ਤਨ ਦੀ, ਵਜੂਦਾਂ ਵਿਚ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਹੋਈ ਮੰਗਤੀ, ਪ੍ਰਭ ਦੇਵਣਹਾਰ ਵਡਿਆਈਆ । ਮੈਂ ਖੇਲ ਜਣੌਣੀ ਹੰ ਬ੍ਰਹਮ ਦੀ, ਪਾਰਬ੍ਰਹਮ ਪੜਦਾ ਰਹੇ ਨਾ ਰਾਈਆ । ਜੋਤ ਪ੍ਰਕਾਸ਼ ਕਰਨੀ ਅਗੰਮੇ ਚੰਨ ਦੀ, ਜੋ ਦੋ ਜਹਾਨਾਂ ਡਗਮਗਾਈਆ । ਖੇਲ ਵਖੌਣੀ ਅਗੰਮੇ ਭਗਵਨ ਦੀ, ਜੋ ਭਾਗ ਸਭ ਦਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਅੰਤਮ ਕਰਨਾ ਸੱਜਦਾ, ਬਿਨ ਸੀਸ ਸੀਸ ਝੁਕਾਈਆ । ਪਰਮ ਪੁਰਖ ਤੇਰਾ ਦਿਸੇ ਕੋਈ ਨਾ ਬਰਦਾ, ਬੰਦਗੀ ਵਿਚ ਬੰਧਨ ਨਾ ਕੋਇ ਕਟਾਈਆ । ਝਗੜਾ ਮੇਟ ਚੌਦਾਂ ਤਬਕ ਆਪਣੇ ਘਰ ਦਾ, ਗ੍ਰਿਹਿ ਇਕੋ ਇਕ ਦ੍ਰਿੜਾਈਆ । ਜਿਥੇ ਦੀਪਕ ਨੂਰ ਅਲਾਹੀ ਹੋਵੇ ਜਗਦਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਤੂੰ ਹੀ ਤੂੰ ਹੀ ਹੋਵੇ ਜਪਦਾ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਜੈਕਾਰਾ ਹੋਵੇ ਇਕ ਅਲੱਖ ਦਾ, ਅਲਖ ਅਗੋਚਰ ਤੇਰੀ ਵਡਿਆਈਆ । ਮਾਰਗ ਮਿਲੇ ਧੁਰ ਦੇ ਸਚ ਦਾ, ਸਤਿ ਸਚ ਵਿਚੋਂ ਪ੍ਰਗਟਾਈਆ । ਝਗੜਾ ਮਿਟਾ ਦੇ ਕਾਇਆ ਮਾਟੀ ਕੱਚ ਦਾ, ਕੰਚਨ ਗੜ੍ਹ ਦੇ ਸੁਹਾਈਆ । ਹਰ ਘਟ ਅੰਤਰ ਨਿਰੰਤਰ ਹੋ ਕੇ ਵਸਦਾ, ਵਸਲ ਦੇਣਾ ਯਾਰ ਖ਼ੁਦਾਈਆ । ਨਜ਼ਾਰਾ ਦੇ ਅਗੰਮੀ ਅੱਖ ਦਾ, ਨਿਜ ਨੇਤਰ ਲੋਚਣ ਨੈਣ ਖੁਲ੍ਹਾਈਆ । ਜਗਤ ਜਹਾਨ ਵੇਖ ਤਪਦਾ, ਤ੍ਰੈਗੁਣ ਅਗਨ ਨਾ ਕੋਇ ਮਿਟਾਈਆ । ਝਗੜਾ ਪਿਆ ਮਨਮਤ ਦਾ, ਬੁੱਧੀ ਅਕਲ ਨਾ ਕੋਇ ਵਖਾਈਆ । ਉਬਾਲਾ ਆਇਆ ਬਹੱਤਰ ਨਾੜੀ ਰਤ ਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਸੰਤੋਖ ਰਿਹਾ ਕਿਸੇ ਨਾ ਹੱਠ ਦਾ, ਧੀਰਜ ਯਤ ਨਾ ਕੋਇ ਜਣਾਈਆ । ਮਾਣ ਰਿਹਾ ਨਾ ਅੱਠ ਸੱਠ ਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਮੱਕਾ ਕਾਅਬਾ ਵੇਖ ਢੱਠਦਾ, ਮਸੀਤ ਮਸਲਾ ਹਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਤੇਰੀ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਜਗਤ ਜਵਾਨੀ, ਜੋਬਨਵੰਤ ਧਿਆਨ ਲਗਾਈਆ । ਮੁਹੰਮਦ ਦੇ ਕੇ ਗਿਆ ਇਕ ਨਿਸ਼ਾਨੀ, ਨਿਸ਼ਾਨਾ ਅਵਰ ਨਾ ਕੋਇ ਸਮਝਾਈਆ । ਜਿਸ ਵੇਲੇ ਮੁੱਲਾ ਸ਼ੇਖ਼ ਮੁਸਾਇਕਾਂ ਅੰਦਰ ਆਈ ਬੇਈਮਾਨੀ, ਬੇਵਾ ਰੂਪ ਹੋਵੇ ਲੋਕਾਈਆ । ਚਾਰੋਂ ਕੁੰਟ ਕੂੜ ਚੜ੍ਹੇ ਤੁਗ਼ਿਆਨੀ, ਤਰਫ਼ ਦੋ ਤਰਫ਼ ਨਾ ਕੋਇ ਬਚਾਈਆ । ਮੇਰੇ ਕਲਮੇ ਹੋਵੇ ਬਦਨਾਮੀ, ਬਦੀ ਘਰ ਘਰ ਡੇਰਾ ਲਾਈਆ । ਆਬੇਹਯਾਤ ਮਿਲੇ ਨਾ ਪਾਣੀ, ਰੂਹ ਬੁਤ ਨਾ ਕੋਇ ਸਫ਼ਾਈਆ । ਕਲਮਾ ਹੱਕ ਨਾ ਸਮਝੇ ਕਲਾਮੀ, ਕਾਇਨਾਤ ਦਏ ਦੁਹਾਈਆ । ਝਗੜਾ ਪੈਣਾ ਚਾਰੇ ਖਾਣੀ, ਚਾਰੇ ਬਾਣੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਨੂੰ ਯਾਦ ਆਈ ਕਹਾਵਤ, ਹਜ਼ਰਤ ਸਹਿਜੇ ਗਿਆ ਜਣਾਈਆ । ਮੇਰੇ ਨਾਮ ਹੋਵੇ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਅਦਾਵਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਾਚਾ ਕਲਮਾ ਮਿਲੇ ਨਾ ਨਾਮ ਨਿਆਮਤ, ਨਾਅਰਾ ਹੱਕ ਨਾ ਕੋਇ ਸੁਣਾਈਆ । ਮਹਿਬੂਬ ਦਿਸੇ ਨਾ ਸਹੀ ਸਲਾਮਤ, ਸਤਿ ਸਤਿ ਨਾ ਕੋਇ ਦ੍ਰਿੜਾਈਆ । ਮਾਇਆ ਮਮਤਾ ਮੋਹ ਲੱਗੇ ਅਲਾਮਤ, ਦੁਰਮਤ ਮੈਲ ਨਾ ਕੋਇ ਧੁਆਈਆ । ਪੈਗ਼ੰਬਰ ਦੇਵੇ ਨਾ ਕੋਇ ਜ਼ਮਾਨਤ, ਸ਼ਰਅ ਸ਼ਰੀਅਤ ਕਰੇ ਲੜਾਈਆ । ਚਾਰੋਂ ਕੁੰਟ ਦਿਸੇ ਜਹਾਲਤ, ਦੁਰਮਤ ਮੈਲ ਨਾ ਕੋਇ ਧੁਆਈਆ । ਕੂੜੀ ਉਮਤ ਰਹੇ ਬਨਾਵਟ, ਹੱਕ ਹਕੀਕਤ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਕੀਤੀ ਹੱਕ ਕਦਮਬੋਸੀ, ਧੂੜੀ ਖ਼ਾਕ ਰਮਾਈਆ । ਫੇਰ ਆਪਣੇ ਅੰਤਰ ਕੀਤੀ ਖ਼ਾਮੋਸ਼ੀ, ਜਗਤ ਬੋਲ ਨਾ ਕੋਇ ਸੁਣਾਈਆ । ਮੁਹੱਬਤ ਵਿਚ ਹੋਈ ਮਦਹੋਸ਼ੀ, ਆਪਣਾ ਆਪ ਭੁਲਾਈਆ । ਅੰਤ ਅਖ਼ੀਰ ਸੋਚ ਅਗੰਮੀ ਸੋਚੀ,

੬੩੮ ੨੧

ਸਚ ਸਾਹਿਬ ਦਿਤੀ ਸਮਝਾਈਆ । ਸਾਚੇ ਨਾਮ ਦੀ ਰਹੇ ਕੋਈ ਨਾ ਰੋਜ਼ੀ, ਕਲਮਾ ਰਸ ਨਾ ਕੋਇ ਚਖਾਈਆ । ਮਨ ਵਾਸਨਾ ਸ੍ਰਿਸ਼ਟੀ ਹੋਵੇ ਭੋਗੀ, ਕਲਪਣਾ ਤਨ ਵਜੂਦ ਹਲਕਾਈਆ । ਸਾਬਤ ਰਹੇ ਨਾ ਕੋਇ ਜੰਞੂ ਬੋਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦੱਸ ਕੇ ਗਿਆ ਸਹਿਜ ਨਾਲ ਇਸ਼ਾਰੇ, ਬਿਨ ਨੇਤਰ ਨੈਣ ਅੱਖ ਹਿਲਾਈਆ । ਖੇਲ ਵੇਖਣਾ ਆਪਣੇ ਅੰਤ ਕਿਨਾਰੇ, ਜਗਤ ਨਈਆ ਡੋਲੇ ਥਾਉਂ ਥਾਈਂਆ । ਪੀਰ ਪੈਗ਼ੰਬਰਾਂ ਰਹੇ ਨਾ ਕੋਇ ਸਹਾਰੇ, ਸਿਰ ਹੱਥ ਨਾ ਕੋਇ ਟਿਕਾਈਆ । ਨਿਰਗੁਣ ਧਾਰ ਆਵੇ ਮੇਰਾ ਪਰਵਰਦਿਗਾਰੇ, ਮਹਿਬੂਬ ਬੇਪ੍ਰਵਾਹ ਨੂਰ ਖ਼ੁਦਾਈਆ । ਜੋਤੀ ਜੋਤ ਕਰੇ ਉਜਿਆਰੇ, ਕੂੜ ਅੰਧੇਰਾ ਦਏ ਗਵਾਈਆ । ਧੁਰ ਦਾ ਕਲਮਾ ਇਕ ਉਚਾਰੇ, ਕਾਇਨਾਤ ਸਚ ਪੜ੍ਹਾਈਆ । ਦੀਨ ਮਜ਼੍ਹਬ ਕਰ ਗ੍ਰਿਫ਼ਤਾਰੇ, ਬੰਧਨ ਆਪਣਾ ਦੇਵੇ ਪਾਈਆ । ਧੁਰ ਦਾ ਬੋਲ ਇਕ ਜੈਕਾਰੇ, ਚਾਰ ਵਰਨਾਂ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਮਨਾਈਆ । ਸਦੀ ਚੌਧਵੀਂ ਕਹੇ ਮੁਹੰਮਦ ਕਿਹਾ ਸਾਡਾ ਹੱਕ ਮੌਰੂਸੀ, ਪਰਵਰਦਿਗਾਰ ਦਿਤਾ ਬਣਾਈਆ । ਸਦੀ ਚੌਧਵੀਂ ਤੂੰ ਉਮਤ ਅੰਦਰ ਕਰਨੀ ਜਾਸੂਸੀ, ਤਨ ਵਜੂਦ ਵੇਖ ਵਖਾਈਆ । ਸਭ ਦੀ ਅਸਲੀਅਤ ਦੱਸਣੀ ਖ਼ਸੂਸੀ, ਖ਼ਸੂਸੀਅਤ ਦੇਣੀ ਜਣਾਈਆ । ਅੰਤ ਖੇਲ ਤਕਣੀ ਰੂਸੀ, ਰਹਿਬਰ ਹੋ ਕੇ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਸੰਦੇਸਾ ਦੇਵੇ ਸ੍ਰੀ ਭਗਵਾਨ, ਹਰਿ ਕਰਤਾ ਵਡ ਵਡਿਆਈਆ । ਪੰਜਾਂ ਬੀਬੀਆਂ ਮਸਤਕ ਹੋਵੇ ਨਿਸ਼ਾਨ, ਕਾਲਾ ਪੀਲਾ ਸੂਹਾ ਰੰਗ ਸੁਹਾਈਆ । ਆਯੂ ਵੀਹ ਤੀਹ ਸਾਲ ਦੇ ਹੋਵੇ ਦਰਮਿਆਨ, ਵੱਡਾ ਛੋਟਾ ਨਾ ਨਾਲ ਰਲਾਈਆ । ਤਨ ਤਿੱਖੀ ਹੋਵੇ ਕਿਰਪਾਨ, ਵਜੂਦ ਮਹਿਬੂਬ ਵੇਖ ਵਖਾਈਆ । ਸੱਜੇ ਹੱਥ ਵਿਚ ਹੋਣ ਰੁਮਾਲ, ਲਾਲ ਰੰਗ ਨਾਲ ਰੰਗਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕੋ ਗਾਣ, ਰਸਨਾ ਜਿਹਵਾ ਨਾਲ ਵਡਿਆਈਆ । ਕਦੀ ਵੇਖਣ ਉਪਰ ਅਸਮਾਨ, ਨੇਤਰ ਨੈਣਾਂ ਨਿਗਾਹ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਹੁਕਮ ਦੇਵੇ ਧੁਰ ਦਰਬਾਰੀ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਦੀ ਖੇਲ ਅਜਬ ਨਿਆਰੀ, ਰਚਨਾ ਆਪਣੀ ਰਿਹਾ ਰਚਾਈਆ । ਜਿਸ ਦਾ ਨੂਰ ਜੋਤ ਉਜਿਆਰੀ, ਨਿਰਗੁਣ ਨਿਰਵੈਰ ਕਰੇ ਰੁਸ਼ਨਾਈਆ । ਲੇਖਾ ਜਾਣੇ ਵਡ ਸੰਸਾਰੀ, ਸੰਸਾਰੀ ਭੰਡਾਰੀ ਪੜਦਾ ਦਏ ਉਠਾਈਆ । ਜੋਧਾ ਸੂਰਬੀਰ ਬਣ ਬਲਕਾਰੀ, ਸ਼ਬਦੀ ਧਾਰ ਲਏ ਅੰਗੜਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਰਹੇ ਪੁਜਾਰੀ, ਬਿਨਾ ਸੀਸ ਸੀਸ ਜਗਦੀਸ਼ ਝੁਕਾਈਆ । ਸੋ ਲੇਖਾ ਜਾਣੇ ਧੁਰ ਦੀ ਧਾਰੀ, ਧਰਮ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਪੰਜ ਗੁਰਮੁਖ ਹੋਣ ਛੋਟੇ ਬੱਚੇ, ਬਚਪਨ ਅਗਲਾ ਦਿਆਂ ਸਮਝਾਈਆ । ਜਿਨ੍ਹਾਂ ਦੀ ਰਸਨਾ ਤੂੰ ਮੇਰਾ ਮੈਂ ਤੇਰਾ ਨਾਮ ਜਪੇ, ਢੋਲਾ ਸੋਹੰ ਵਾਲਾ ਗਾਈਆ । ਇਕ ਦੂਜੇ ਮੋਢਿਆਂ ਉਤੇ ਹੱਥ ਹੋਣ ਰੱਖੇ, ਪਿਆਰ ਮੁਹੱਬਤ ਵਿਚ ਵਡਿਆਈਆ । ਖ਼ੁਸ਼ੀਆਂ ਨਾਲ ਜਾਵਣ ਨੱਸੇ, ਆਪਣਾ ਪੰਧ ਮੁਕਾਈਆ । ਤੇੜ ਹੋਵਣ ਨਿੱਕੇ ਨਿੱਕੇ ਕੱਛੇ, ਤਹਿਮਤ ਅਵਰ ਨਾ ਕੋਇ ਬੰਧਾਈਆ । ਹੱਥ ਵਿਚ ਫੜੇ ਹੋਣ ਲਿਖ ਕੇ ਪੱਪੇ, ਪਾਰਬ੍ਰਹਮ

ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਪੰਜਾਂ ਬੀਬੀਆਂ ਬੱਧਾ ਹੋਵੇ ਕਰਮ ਕਾਂਡ ਦਾ ਬਸਤਾ, ਨੀਲੀ ਟਾਕੀ ਵਿਚ ਬੰਧਾਈਆ । ਕਪੜਾ ਹੋਵੇ ਸਭ ਤੋਂ ਸਸਤਾ, ਕ਼ੀਮਤ ਵੱਧ ਨਾ ਕੋਇ ਲਗਾਈਆ । ਨਾਲ ਚਿੱਟੇ ਕਾਗ਼ਜ਼ ਦਾ ਹੋਵੇ ਪਰਚਾ, ਲਾਈਨ ਲਕੀਰ ਨਾ ਕੋਇ ਬਣਾਈਆ । ਜਿਸ ਦਾ ਦੂਜਾ ਹੋਵੇ ਦਰਜਾ, ਪਹਿਲੀ ਵੰਡ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਫਿਰਾਂ ਭੱਜੀ, ਭਜਨ ਬੰਦਗੀ ਵੇਖ ਵਖਾਈਆ । ਦਹਿ ਦਿਸ਼ਾ ਫਿਰਾਂ ਅੱਜੀ ਪੱਜੀ, ਨਿਰਗੁਣ ਆਪਣਾ ਰੂਪ ਬਦਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਜਾਵਾਂ ਪੈਰ ਦੱਬੀ, ਆਹਟ ਸੁਣਨ ਕੋਇ ਨਾ ਪਾਈਆ । ਸਾਧ ਸੰਤ ਵੇਖਾਂ ਕਿਸ ਦੇ ਅੰਦਰ ਨੂਰ ਰੱਬੀ, ਜਲਵਾ ਜੋਤ ਕਰੇ ਰੁਸ਼ਨਾਈਆ । ਕਿਹੜਾ ਨਾਮ ਦਾਰੂ ਦੇਵੇ ਬਣ ਕੇ ਤਬੀ, ਤਬੀਅਤ ਅੰਦਰੋਂ ਦਏ ਬਦਲਾਈਆ । ਜਾਂ ਤੱਕਿਆ ਮਾਇਆ ਮਮਤਾ ਦੇ ਰੋਗੀ ਸਭੀ, ਹਉਮੇ ਹੰਗਤਾ ਵਿਚ ਲੜਾਈਆ । ਚਾਰੋਂ ਕੁੰਟ ਦਿਸੇ ਬਦੀ, ਬਦਨ ਪਵਿੱਤ ਪੁਨੀਤ ਨਾ ਕੋਇ ਰਖਾਈਆ । ਮਨ ਵਾਸਨਾ ਕਿਸੇ ਨਾ ਕੱਢੀ, ਕੂੜ ਕਿਰਿਆ ਘਰ ਘਰ ਡੇਰਾ ਲਾਈਆ । ਬਿਨ ਗੁਰਮੁਖਾਂ ਭਗਤਾਂ ਪ੍ਰਭ ਦੀ ਜੋਤ ਕਿਤੇ ਨਾ ਜਗੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਹਜ਼ਰਤ ਨੂਹ ਵੇਖੇ ਅਗੰਮੀ ਨਦੀ, ਕਿਨਾਰੇ ਬੈਠਾ ਡੇਰਾ ਲਾਈਆ । ਅੰਤ ਬੀਤਦੀ ਜਾਵੇ ਚੌਧਵੀਂ ਸਦੀ, ਸਦਮਾ ਸਭ ਨੂੰ ਦਏ ਵਖਾਈਆ । ਪੈਗ਼ੰਬਰਾਂ ਰਹੇ ਕੋਈ ਨਾ ਗੱਦੀ, ਗਦਾਗਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਜਣ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਦੂਰ ਨੇੜਾ, ਨਿਰਗੁਣ ਹੋ ਕੇ ਦਇਆ ਕਮਾਈਆ । ਸਰਗੁਣ ਤੱਤਾਂ ਵਾਲਾ ਝੇੜਾ, ਝਗੜੇ ਵਿਚ ਜਗਤ ਦੁਹਾਈਆ । ਧਰਮ ਦਵਾਰ ਬੰਨ੍ਹੇ ਕੋਈ ਨਾ ਬੇੜਾ, ਭਾਰ ਕੰਧ ਨਾ ਕੋਇ ਉਠਾਈਆ । ਨੌਂ ਖੰਡ ਪ੍ਰਿਥਮੀ ਉਜੜਦਾ ਦਿਸੇ ਖੇੜਾ, ਬਸਤੀ ਹੱਕ ਨਾ ਕੋਇ ਵਸਾਈਆ । ਪਰਵਰਦਿਗਾਰ ਦੇਵਣਹਾਰਾ ਗੇੜਾ, ਕਲਜੁਗ ਉਲਟੀ ਲਠ ਭਵਾਈਆ । ਅਦਨ ਅਦਲ ਨਾਲ ਛੇੜੇ ਛੇੜਾਂ, ਇਨਸਾਫ਼ ਧੁਰ ਦਾ ਹੱਕ ਸਮਝਾਈਆ । ਧੁਰ ਫ਼ਰਮਾਨਾ ਮੇਟੇ ਕਿਹੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਭੁਲਾਏ ਦ੍ਰਿਸ਼ਟ ਅੰਦਰ ਕਰ ਕਰ ਹੇਰਾ ਫੇਰਾ, ਫੇਰੇ ਵਿਚ ਅੰਧੇਰਾ ਵੇਖੇ ਜਗਤ ਲੋਕਾਈਆ ।



## ❊ ੯ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਭਜਨ ਸਿੰਘ ਈਸ਼ਰ ਸਿੰਘ ਦੇ ਗ੍ਰਿਹਿ ਊਧਮ ਪੁਰ ❊

ਸਦੀ ਚੌਧਵੀਂ ਕਹੇ ਮੈਂ ਸੰਦੇਸਾ ਸੁਣਿਆ ਅਗੰਮ ਕਲਾਮੀ, ਬਿਨ ਰਸਨਾ ਜਿਹਵਾ ਦਿਤਾ ਸੁਣਾਈਆ । ਜਿਸ ਨੇ ਨਾਤਾ ਜੋੜਨਾ ਦੀਨ ਦੁਨੀ ਬਾਹਮੀ, ਵਰਨ ਬਰਨ ਡੇਰਾ ਢਾਹੀਆ । ਕਲਜੁਗ ਮੇਟੇ ਅੰਧੇਰੀ ਸ਼ਾਮੀ, ਸ਼ਮਅ ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਗ਼ੁਲਾਮੀ, ਗ਼ੁਰਬਤ ਅੰਦਰੋਂ ਦਏ ਕਢਾਈਆ । ਸਾਚੀ ਮੰਜ਼ਲ ਦੱਸੇ ਆਸਾਨੀ, ਰਹਿਮਤ ਆਪਣੀ ਹੱਕ ਕਮਾਈਆ । ਮਮਤਾ ਮੋਹ ਮੇਟੇ ਬਦਇੰਤਜ਼ਾਮੀ,

ਧੁਰ ਦਾ ਹੁਕਮ ਇਕ ਮਨਾਈਆ । ਲੱਖ ਚੁਰਾਸੀ ਹੋਵੇ ਜਾਣ ਜਾਣੀ, ਘਟ ਘਟ ਅੰਤਰ ਵੇਖ ਵਖਾਈਆ । ਜਨ ਭਗਤਾਂ ਭਗਤੀ ਦੀ ਪੂਰੀ ਕਰੇ ਕ਼ੁਰਬਾਨੀ, ਕਾਇਆ ਕਰਬਲਾ ਕਰ ਸਫ਼ਾਈਆ । ਹਉਮੇ ਹੰਗਤਾ ਗੜ੍ਹ ਨਾ ਰਹੇ ਤੁਗ਼ਿਆਨੀ, ਅੰਮ੍ਰਿਤ ਧਾਰ ਇਕ ਵਹਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਆਪ ਆਪਣੀ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਚਾਰ ਕੁੰਟ ਨਾਦਾਨੀ, ਨਿਗਾਹ ਆਪਣੀ ਇਕ ਉਠਾਈਆ । ਜੋ ਝਗੜਾ ਪਿਆ ਸ਼ਾਸਤਰ ਸਿਮਰਤ ਵੇਦ ਪੁਰਾਨੀ, ਕਾਇਆ ਕਾਅਬੇ ਕਰੇ ਸਫ਼ਾਈਆ । ਸਾਚੀ ਮੰਜ਼ਲ ਦੱਸ ਇਕ ਰੁਹਾਨੀ, ਰੂਹ ਬੁਤ ਮੇਲਾ ਮੇਲੇ ਸਹਿਜ ਸੁਭਾਈਆ । ਤਤ ਵਿਛੋੜਾ ਕਟ ਜਿਸਮਾਨੀ, ਜਿਸਮ ਜ਼ਮੀਰ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਇਕ ਅਹਿਬਾਬ, ਹਰਿ ਕਰਤਾ ਨਜ਼ਰੀ ਆਈਆ । ਤਨ ਵਜੂਦ ਵਜਾਏ ਰਬਾਬ, ਅਨਹਦ ਨਾਦੀ ਨਾਦ ਸੁਣਾਈਆ । ਝਗੜਾ ਲੱਗਾ ਪੁੰਨ ਸਵਾਬ, ਸੁਹਬਤ ਆਪਣੀ ਦਏ ਦ੍ਰਿੜਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਹੋਵਣ ਲਾਜਵਾਬ, ਮੰਜ਼ਲ ਹਕ਼ੀਕ਼ੀ ਦਏ ਚੜ੍ਹਾਈਆ । ਚਰਨ ਪ੍ਰੀਤੀ ਦੇ ਖ਼ਤਾਬ, ਖ਼ਤਾ ਭੁੱਲ ਮੁਆਫ਼ ਕਰਾਈਆ । ਸੱਯਦਾ ਸੀਸ ਦੱਸ ਅਦਾਬ, ਜਗਦੀਸ਼ ਚਰਨ ਧੂੜੀ ਟਿੱਕਾ ਮਸਤਕ ਦਏ ਛੁਹਾਈਆ । ਸ਼ਾਹੋ ਭੂਪ ਬਣ ਨਵਾਬ, ਨੌਬਤ ਨਾਮ ਹੱਕ ਸੁਣਾਈਆ । ਜਿਥੇ ਪੜ੍ਹਨੀ ਨਾ ਪਏ ਕੋਇ ਕਿਤਾਬ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਸਾਚਾ ਹੁਜਰਾ ਸੁਹਾਏ ਮਹਿਰਾਬ, ਮਹਿਬੂਬ ਆਪਣਾ ਪੜਦਾ ਦਏ ਉਠਾਈਆ । ਦੁਰਮਤ ਮੈਲ ਰਹੇ ਨਾ ਦਾਗ਼, ਪਤਤ ਪੁਨੀਤ ਆਪ ਕਰਾਈਆ । ਘਰ ਸ਼ਮਅ ਜਗਾਏ ਚਰਾਗ਼, ਅੰਧ ਅੰਧੇਰਾ ਦਏ ਮਿਟਾਈਆ । ਨਿਰਗੁਣ ਧਾਰ ਦੇਵੇ ਸਾਥ, ਸਰਗੁਣ ਮੇਲਾ ਸਹਿਜ ਸੁਭਾਈਆ । ਸੋਈ ਸੁਰਤੀ ਜਾਵੇ ਜਾਗ, ਆਲਸ ਨਿੰਦਰਾ ਦਏ ਮਿਟਾਈਆ । ਮਨ ਮਮਤਾ ਮੇਟ ਵਾਦ ਵਿਵਾਦ, ਵਿਖ ਕੂੜੀ ਬਾਹਰ ਕਢਾਈਆ । ਸਾਚਾ ਸ਼ਬਦ ਕਰੇ ਅਹਿਲਾਦ, ਧੁਨ ਅਗੰਮੀ ਨਾਦ ਸੁਣਾਈਆ । ਤਤਵ ਤਤ ਖੋਲ੍ਹੇ ਰਾਜ਼, ਭੇਵ ਅਭੇਦਾ ਆਪ ਸਮਝਾਈਆ । ਝਗੜਾ ਰਹੇ ਨਾ ਵੁਜ਼ੂ ਨਿਮਾਜ਼, ਬੰਦਗੀ ਬੰਦਨਾ ਇਕ ਪ੍ਰਗਟਾਈਆ । ਧੁਰ ਦਾ ਕਲਮਾ ਕਰੇ ਵਾਅਜ਼, ਵਜ਼ਾਹਤ ਨਾਲ ਦਏ ਸਮਝਾਈਆ । ਧਰਮ ਦਵਾਰੇ ਰਹੇ ਨਾ ਕੋਇ ਨਰਾਜ਼, ਦੂਈ ਦਵੈਤੀ ਡੇਰਾ ਢਾਹੀਆ । ਸਾਚੇ ਧਰਮ ਦਾ ਕਰੇ ਆਗ਼ਾਜ਼, ਦੋ ਜਹਾਨਾਂ ਦਏ ਵਡਿਆਈਆ । ਲਹਿਣਾ ਦੇਣਾ ਮੁੱਕੇ ਇਸ਼ਕ ਹਕ਼ੀਕ਼ੀ ਜਗਤ ਮਜਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਆਇਆ ਸਨਾਟਾ, ਸੁਨ ਸਮਾਧ ਵਿਚ ਸਮਾਈਆ । ਚੌਦਾਂ ਤਬਕ ਵੇਖਿਆ ਹਾਟਾ, ਹਟਵਾਣੇ ਬੈਠੇ ਮੁਖ ਛੁਪਾਈਆ । ਮੇਰਾ ਚੀਥੜ ਹੋਇਆ ਪਾਟਾ, ਬਸਤਰ ਤਨ ਨਾ ਕੋਇ ਦਰਸਾਈਆ । ਕੂੜ ਵਿਕਾਰਾ ਚੁੱਭੇ ਕਾਂਟਾ, ਦਿਵਸ ਰੈਣ ਹੋਇਆ ਦੁਖਦਾਈਆ । ਕਲਜੁਗ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸ੍ਵਾਂਗ ਵਰਤਾਈਆ । ਪਵਿਤਰ ਰਿਹਾ ਨਾ ਤੀਰਥ ਤਾਟਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਾਠਾ, ਗੁਰੂਦਵਾਰ ਨੈਣਾਂ ਨੀਰ ਵਹਾਈਆ । ਜੋਤ ਜਗੇ ਨਾ ਦੇਵੀ ਲਾਟਾਂ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਚਾਰ ਵਰਨ ਪਿਆ ਘਾਟਾ, ਚਾਰ ਕੁੰਟ ਸਮਝ ਕਿਸੇ ਨਾ ਆਈਆ । ਅੰਮ੍ਰਿਤ ਮਿਲੇ ਕਿਸੇ ਨਾ ਬਾਟਾ, ਗੋਬਿੰਦ ਰਸ ਨਾ ਕੋਇ ਚਖਾਈਆ । ਆਤਮ ਪਰਮਾਤਮ ਜੁੜੇ ਕੋਈ ਨਾ ਨਾਤਾ, ਨਾਤਵਾਂ

੬੪੦
੨੧

ਹੋਈ ਲੋਕਾਈਆ । ਸਭ ਦਾ ਧਰਮ ਰਾਏ ਵੇਖੇ ਖਾਤਾ, ਚਿਤ੍ਰ ਗੁਪਤ ਰਿਹਾ ਜਣਾਈਆ । ਅੰਤ ਅਖ਼ੀਰ ਅਠਾਈ ਕੁੰਡ ਦੱਸਦੇ ਅਹਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਲੌਣਾ ਇਕੋ ਨਾਅਰਾ, ਹੱਕ ਹੱਕ ਦੇਣਾ ਜਣਾਈਆ । ਕਲਜੁਗ ਕੂੜੀ ਕਿਰਿਆ ਵੇਖਣਾ ਮਜ਼ਾਹਰਾ, ਮਜ਼੍ਹਬਾਂ ਵਾਲੇ ਲੈਣੇ ਉਠਾਈਆ । ਆਪਣਾ ਕਰਨਾ ਅੰਤ ਕਿਨਾਰਾ, ਅਗਲਾ ਪੰਧ ਨਾ ਕੋਇ ਸਮਝਾਈਆ । ਮੁਹੰਮਦ ਪੂਰਾ ਕਰਨਾ ਇਸ਼ਾਰਾ, ਜੋ ਇਸ਼ਾਅਤ ਨਾਲ ਗਿਆ ਦ੍ਰਿੜਾਈਆ । ਜਿਸ ਨਿਰਗੁਣ ਧਾਰ ਔਣਾ ਦੁਬਾਰਾ, ਨਰ ਨਰਾਇਣ ਵੇਸ ਵਟਾਈਆ । ਨਿਰਗੁਣ ਨੂਰ ਕਰੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਨ ਭਗਤਾਂ ਬਣ ਸੱਚਾ ਬਖ਼ਸ਼ਣਹਾਰਾ, ਮੁਰੀਦ ਮੁਰਸ਼ਦ ਲਏ ਮਨਾਈਆ । ਚਾਰ ਵਰਨ ਸੁਹਾਏ ਇਕ ਦਵਾਰਾ, ਦੂਜਾ ਦਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਅੰਤ ਬੇਸ਼ੁਮਾਰਾ, ਸ਼ੁਮਾਰ ਵਿਚ ਕਥਣ ਕੋਇ ਨਾ ਪਾਈਆ ।



### ੯ ਪੋਹ ਸ਼ਹਿਨਸ਼ਾਹੀ ਸੰਮਤ ੪ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ

ਸਦੀ ਚੌਧਵੀਂ ਕਹੇ ਮੇਰੇ ਅੰਤਰ ਆਈ ਚੁਸਤੀ, ਚਲਾਕੀ ਦੀਨ ਦੁਨੀ ਵੇਖ ਵਖਾਈਆ । ਪੁਰਖ ਅਕਾਲ ਕਰਨੀ ਦਰੁਸਤੀ, ਪਰਵਰਦਿਗਾਰ ਅੰਕੜੇ ਦਏ ਬਦਲਾਈਆ । ਝਗੜਾ ਪੈਣਾ ਉਪਰ ਖ਼ੁਸ਼ਕੀ, ਤਰੀ ਵਾਲੇ ਰਹੇ ਕੁਰਲਾਈਆ । ਮੁੱਲਾ ਸ਼ੇਖ਼ ਵੇਖਣੇ ਮੁਫ਼ਤੀ, ਮੁਸਾਇਕਾਂ ਪੜਦਾ ਦੇਣਾ ਉਠਾਈਆ । ਕਲਜੁਗ ਲੱਠ ਗੇੜਨੀ ਉਲਟੀ, ਵਹਿੰਦੇ ਵਹਿਣ ਦਏ ਵਹਾਈਆ । ਖੇਲ ਹੋਣੀ ਸੱਚੇ ਸਤਿਗੁਰ ਦੀ, ਸ਼ਬਦੀ ਧਾਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣੀ ਜਗਤ ਚਲਾਕੀ, ਚਾਰੋਂ ਕੁੰਟ ਧਿਆਨ ਲਗਾਈਆ । ਪੰਜ ਤਤ ਮਾਇਆ ਖ਼ਾਕੀ, ਪੰਚਮ ਪੰਚਾਂ ਮੇਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਵੇਖਣੇ ਸਾਥੀ, ਕਵਣ ਸਗਲਾ ਸੰਗ ਨਿਭਾਈਆ । ਕਵਣ ਮੇਟੇ ਧੁਰ ਦੀ ਆਖੀ, ਇਸ਼ਟ ਦੇਵ ਵੇਖ ਵਖਾਈਆ । ਕਿਸ ਦੀ ਹੋਈ ਅੰਤਮ ਜਾਤੀ, ਜਗਤ ਜਾਤੀ ਡੇਰਾ ਢਾਹੀਆ । ਕਵਣ ਮਹਿੰਮਾ ਲਿਖੇ ਕਾਗ਼ਜ਼ ਕ਼ਲਮ ਦਵਾਤੀ, ਸਿਫ਼ਤਾਂ ਵਿਚ ਵਡਿਆਈਆ । ਕਵਣ ਬ੍ਰਹਮ ਧਾਰ ਰਿਹਾ ਅਰਾਧੀ, ਪਾਰਬ੍ਰਹਮ ਮਿਲ ਕੇ ਵੱਜੇ ਵਧਾਈਆ । ਕਵਣ ਜਿਸਮ ਜ਼ਮੀਰ ਰਿਹਾ ਸਾਧੀ, ਸਿਦਕ ਸਬੂਰੀ ਵਿਚ ਝਟ ਲੰਘਾਈਆ । ਕਵਣ ਕਲਜੁਗ ਕੂੜੀ ਕਿਰਿਆ ਕੀਤਾ ਦਾਗ਼ੀ, ਮਾਇਆ ਮਮਤਾ ਮੋਹ ਹਲਕਾਈਆ । ਕਵਣ ਖੇਲ ਕਰੇ ਕੰਤ ਸੁਹਾਗੀ, ਨਾਰ ਸੁਹੰਜਣੀ ਰੂਪ ਵਟਾਈਆ । ਕਵਣ ਸੁਰਤੀ ਸੋਈ ਕਵਣ ਜਾਗੀ, ਕਵਣ ਆਪਣਾ ਪੰਧ ਮੁਕਾਈਆ । ਕਵਣ ਬਣਿਆ ਧਰਮ ਤਿਆਗੀ, ਪ੍ਰੀਤਮ ਇਕੋ ਰਿਹਾ ਮਨਾਈਆ । ਕਵਣ ਪੁਰਖ ਅਕਾਲ ਤੋਂ ਹੋਇਆ ਬਾਗ਼ੀ, ਮਾਇਆ ਮਮਤਾ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਕਰਾਏ ਆਦੀ, ਜੁਗ ਚੌਕੜੀ ਸਦ ਆਪਣਾ ਹੁਕਮ ਵਰਤਾਈਆ ।

## ✻ ੯ ਪੋਹ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਿਹਿ ਜੰਮੂ ✻



ਸਦੀ ਚੌਧਵੀਂ ਕਹੇ ਮੈਨੂੰ ਨਜ਼ਰ ਆਇਆ ਰਵਦਾਸ ਦਾ ਕਸੀਰਾ, ਕ਼ਸਮ ਖਾ ਕੇ ਦਿਆਂ ਜਣਾਈਆ । ਜਿਸ ਦੇ ਅੰਤਰ ਨਿਰਗੁਣ ਧਾਰ ਜੋਤੀ ਜੋਤ ਦੀ ਤਸਵੀਰਾ, ਜਿਸ ਨੂੰ ਮੁਸੱਵਰ ਤਸੱਵਰ ਨਾ ਕੋਇ ਕਰਾਈਆ । ਜਿਸ ਨੂੰ ਨੂਰ ਚਮਕਦਾ ਦਿਸੇ ਕਬੀਰਾ, ਜੋ ਕ਼ਬਰਾਂ ਤੋਂ ਬਾਹਰ ਡੇਰਾ ਲਾਈਆ । ਓਸ ਦੇ ਵਿਚ ਲਿਖੀ ਅਗੰਮੀ ਤਦਬੀਰਾ, ਜਿਸ ਦਾ ਤਰੀਕਾ ਨਾ ਕੋਇ ਦ੍ਰਿੜ੍ਹਾਈਆ । ਜਿਸ ਦਾ ਖੇਲ ਵੇਖਿਆ ਬੇਨਜ਼ੀਰਾ, ਜੋ ਨਜ਼ਰੀਆ ਰਿਹਾ ਬਦਲਾਈਆ । ਜਿਸ ਦੇ ਵਿਚ ਦੀਨ ਦੁਨੀ ਦੀ ਤਕ਼ਦੀਰਾ, ਤਕੱਬਰੀ ਦਾ ਰੂਪ ਦਰਸਾਈਆ । ਨਜ਼ਰ ਆਇਆ ਜਿਸ ਵੇਲੇ ਸਦੀ ਚੌਧਵੀਂ ਦੀਨ ਦੁਨੀ ਦਾ ਰਸ ਹੋਇਆ ਖ਼ਮੀਰਾ, ਸਤਿ ਰਹਿਣ ਕੋਇ ਨਾ ਪਾਈਆ । ਭਰਾਤਾ ਤੱਕੇ ਜਗਤ ਹਮਸ਼ੀਰਾ, ਕਾਮ ਕਰੋਧ ਲੋਭ ਮੋਹ ਹੰਕਾਰ ਜਗਤ ਹਲਕਾਈਆ । ਧਰਮ ਕਰਮ ਦੀ ਬਦਲ ਜਾਣੀ ਤਾਸੀਰਾ, ਤਸਬੀ ਮਾਲਾ ਕੰਮ ਕੋਇ ਨਾ ਆਈਆ । ਸੂਫ਼ੀ ਸੰਤ ਹੋਣੇ ਦਿਲਗੀਰਾ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪੈਣਾ ਪਾਤਸ਼ਾਹ ਵਜੀਰਾ, ਜਨੋ ਮਰਦ ਨਾ ਕੋਇ ਸ਼ਨਵਾਈਆ । ਚਾਰ ਵਰਨ ਭ੍ਰਿਸ਼ਟ ਹੋਣਾ ਵਤੀਰਾ, ਦ੍ਰਿਸ਼ਟੀ ਸਚ ਨਾ ਕੋਇ ਖੁਲ੍ਹਾਈਆ । ਸ਼ਰਅ ਦਾ ਬੱਝ ਜਾਣਾ ਜ਼ੰਜੀਰਾ, ਬੰਧਨ ਸਕੇ ਨਾ ਕੋਇ ਤੁੜਾਈਆ । ਫਿਰੇ ਦੁਹਾਈ ਅਮੀਰਾ, ਗ਼ਰੀਬਾਂ ਗ੍ਰਿਹਿ ਨਾ ਕੋਇ ਸੁਹਾਈਆ । ਓਸ ਵੇਲੇ ਖੇਲ ਹੋਣਾ ਤਕ਼ਦੀਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਦੇਵੇ ਵਡਿਆਈਆ । ਸਦੀ ਚੌਧਵੀਂ ਕਹੇ ਰਵਦਾਸ ਕਸੀਰੇ ਨੂੰ ਕਹਿੰਦੇ ਕੌਡੀ, ਕੌਡੀ ਜਗਤ ਨਾ ਕੋਇ ਰਖਾਈਆ । ਓਸ ਵਿਚੋਂ ਮੈਨੂੰ ਦਿਸੀ ਗੁਲਾਬ ਦੀ ਡੋਡੀ, ਜਿਸ ਦਾ ਪੱਤ ਟਹਿਣੀ ਨਜ਼ਰ ਕੋਇ ਨਾ ਆਈਆ । ਵਿਚੋਂ ਨਜ਼ਰ ਆਇਆ ਅਗੰਮਾ ਜੋਗੀ, ਜੋ ਜੁਗੀਸ਼ਰਾਂ ਕਰੇ ਪੜ੍ਹਾਈਆ । ਠਾਕਰ ਤੱਕਿਆ ਮੌਜੀ, ਜੋ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜਿਸ ਦੇ ਹੱਥ ਦੋ ਜਹਾਨਾਂ ਰੋਜ਼ੀ, ਰਾਜ਼ਕ ਰਹੀਮ ਇਕ ਅਖਵਾਈਆ । ਲੱਖ ਚੁਰਾਸੀ ਜੀਵ ਜੰਤ ਆਤਮ ਬ੍ਰਹਮ ਦਾ ਖੋਜੀ, ਪਾਰਬ੍ਰਹਮ ਆਪਣਾ ਨਾਉਂ ਸਮਝਾਈਆ । ਜੁਗ ਚੌਕੜੀ ਧੁਰ ਸੰਦੇਸ਼ਾ ਦੇਵੇ ਅਗਾਧ ਬੋਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਨਾਮ ਸੁਣਾਏ ਅਗੰਮ ਸਲੋਕੀ, ਸੋਹਲਾ ਸਚ ਜਣਾਈਆ । ਵੇਖਣਹਾਰਾ ਲੋਕ ਪ੍ਰਲੋਕੀ, ਪੜਦਾ ਦੀਨ ਦੁਨੀ ਉਠਾਈਆ । ਮੰਜ਼ਲ ਦੱਸ ਸੌਖੀ, ਦਰ ਘਰ ਸਾਚਾ ਇਕ ਵਖਾਈਆ । ਜਿਥੇ ਪੜ੍ਹਨੀ ਪਏ ਕੋਈ ਨਾ ਪੋਥੀ, ਪੁਸਤਕ ਹੱਥ ਨਾ ਕੋਇ ਉਠਾਈਆ । ਬੁੱਧੀ ਰਹੇ ਕੋਇ ਨਾ ਥੋਥੀ, ਮਨ ਮਨਸਾ ਨਾ ਕੋਇ ਹਲਕਾਈਆ । ਆਤਮ ਦੀ ਆਵੇ ਸੋਝੀ, ਸਮਝ ਵਿਚੋਂ ਸਮਝ ਬਦਲਾਈਆ । ਰਮਜ਼ ਇਸ਼ਾਰਾ ਦੇ ਕੇ ਗੋਝੀ, ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਜਨ ਭਗਤਾਂ ਹੱਥ ਲਗਾਵਾਂ ਗੋਡੀਂ, ਘੁਟਨੇ ਟੇਕ ਕੇ ਆਪਣਾ ਸੀਸ ਨਿਵਾਈਆ ।

## ✻ ੯ ਪੋਹ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹਿ ਜੰਮੂ ✻

ਸਦੀ ਚੌਧਵੀਂ ਕਹੇ ਦੀਨ ਦੁਨੀਆ ਬੱਝੀ ਦੀਨ ਵਾਲੀ ਰੱਸੀ, ਰਸਤਾ ਹੱਕ ਗਈ ਭੁਲਾਈਆ । ਛੱਪਰ ਛੰਨਾਂ ਵਿਚ ਵਸੀ, ਵਸਲ ਯਾਰ ਨਾ ਕੋਇ ਕਰਾਈਆ । ਜੂਨੀ ਗਿਣਦੇ ਲੱਖ ਚਾਰ ਅੱਸੀ, ਹਿੱਸਿਆਂ ਵਾਲੀ ਵੰਡ ਨਾ ਕੋਇ ਸਮਝਾਈਆ । ਰਸਨਾ ਕਹਿੰਦੀ ਪੁਰਖ ਅਕਾਲ ਸਭ ਦਾ

ਕਮਲਾਪਤੀ, ਪਤਿਪਰਮੇਸ਼ਵਰ ਜਗਤ ਨਾ ਕੋਇ ਹੰਢਾਈਆ । ਕਲਜੁਗ ਅੰਤਮ ਰਿਹਾ ਕੋਇ ਨਾ ਯਤੀ, ਯਥਾਰਥ ਪ੍ਰਭ ਦੀ ਸੇਵ ਨਾ ਕੋਇ ਕਮਾਈਆ । ਸਚ ਵਸਤ ਰਹੀ ਨਾ ਰਤੀ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਤੀਰਥ ਤੱਟਾਂ ਉਤੇ ਜਾ ਕੇ ਕਰੌਂਦੇ ਗਤੀ, ਪ੍ਰਭ ਦੀ ਸਾਰ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਪਤ ਲੱਥੀ, ਮਿਹਰਵਾਨ ਮਹਿਬੂਬ ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਫਿਰਦੀ ਨੱਠੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਮ ਕੀ ਫ਼ਾਸੀ ਕਿਸੇ ਨਾ ਕੱਟੀ, ਕਟਾਕਸ਼ ਨਾਮ ਤੀਰ ਨਾ ਕੋਇ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਚਾਰ ਵਰਨ ਦੀ ਹੱਟੀ, ਜਗਤ ਪਰਚੂਨ ਵਾਲਾ ਹੱਟ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਅਭੇਦਾ ਜਾਣੇ ਤਤ ਅੱਠੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਸਤਿ ਆਪਣੇ ਨਾਲ ਬਦਲਾਈਆ ।

### ❊ ੯ ਪੋਹ ਸ਼ਹਿਨਸ਼ਾਹੀ ਸੰਮਤ ੪ ਪਰਕਾਸ਼ ਚੰਦ ਦੇ ਗ੍ਰਿਹ ਜੰਮੂ ❊

ਸਦੀ ਚੌਧਵੀਂ ਕਹੇ ਜਗਤ ਵਿਦਿਆ ਦੀਨ ਦੁਨੀ ਕੀਤੀ ਆਲਮ, ਇਲਮ ਵਾਲਾ ਸਚ ਅਮਲ ਨਾ ਕੋਇ ਕਮਾਈਆ । ਸ਼ਾਹ ਸੁਲਤਾਨ ਚਾਰ ਕੁੰਟ ਹੋਏ ਜ਼ਾਲਮ, ਪਿਆਰ ਮੁਹੱਬਤ ਨਾਤਾ ਸਚ ਨਾ ਕੋਇ ਜੁੜਾਈਆ । ਸਤਿ ਧਰਮ ਦੀ ਖ਼ਾਲੀ ਦਿਸੇ ਕਾਲਮ, ਕਲਮਿਆਂ ਵਾਲੇ ਰੋਵਣ ਮਾਰਨ ਧਾਹੀਂਆ । ਮਨ ਮਮਤਾ ਵਿਚ ਸ੍ਰਿਸ਼ਟੀ ਫਸੀ ਸਾਲਮ, ਗਿਰਹਾ ਪੱਲੂ ਸਕੇ ਨਾ ਕੋਇ ਛੁਡਾਈਆ । ਸਚ ਦਵਾਰਾ ਕਿਸੇ ਨਾ ਮਾਲਮ, ਨਾਮਾਲੂਮ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਹਿਬ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਜਗਤ ਵਿਦਿਆ ਬਣਿਆ ਜਗਤ ਨਸੀਬ, ਨਿਸਬਤ ਸਚ ਨਾ ਕੋਇ ਕਢਾਈਆ । ਦੀਨ ਦੁਨੀ ਵੇਖੀ ਗ਼ਰੀਬ, ਨਾਮ ਧਨ ਪੱਲੇ ਗੰਢ ਨਾ ਕੋਇ ਬੰਨ੍ਹਾਈਆ । ਮਨ ਮਨਸਾ ਵੇਖੀ ਅਜੀਬ, ਮਮਤਾ ਮੋਹ ਵਿਚ ਹਲਕਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੇ ਕੇ ਗਏ ਤਰਤੀਬ, ਸਿਲਸਲੇਵਾਰ ਸਮੇਂ ਸਮੇਂ ਸਮਝਾਈਆ । ਓਸ ਮੰਜ਼ਲ ਦੇ ਪੁਜਿਆ ਨਾ ਕੋਇ ਕ਼ਰੀਬ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਸਦੀ ਚੌਧਵੀਂ ਕਹੇ ਨੇਤਰ ਰੋ ਕੇ ਕਿਹਾ ਫ਼ਰੀਦ, ਫਿਰਕਾ ਪ੍ਰਭ ਦੇ ਨਾਲ ਬਣਾਈਆ । ਪਰਵਰਦਿਗਾਰ ਤੇਰੀ ਵਿਗੜ ਜਾਣੀ ਤਰਤੀਬ, ਤਰੀਕਾ ਢੰਗ ਤੇਰਾ ਅਨੋਖਾ ਨਜ਼ਰੀ ਆਈਆ । ਓਹ ਵੇਲਾ ਦੂਰ ਦੁਰਾਡਾ ਆਵੇ ਨਜ਼ਦੀਕ, ਨੇਰਨ ਨੇਰਾ ਪੰਧ ਮੁਕਾਈਆ । ਦੀਨ ਮਜ਼੍ਹਬ ਬਣਨ ਸ਼ਰੀਕ, ਗੁਰ ਅਵਤਾਰ ਪੈਗ਼ੰਬਰਾਂ ਹੋਵੇ ਲੜਾਈਆ । ਹੱਥ ਆਵੇ ਕਿਸੇ ਨਾ ਜੀਤ, ਹਾਰ ਵਿਚ ਹਾਰਦੀ ਦਿਸੇ ਲੋਕਾਈਆ । ਬਿਨ ਤੇਰੀ ਕਿਰਪਾ ਆਸਾ ਮਨਸਾ ਪੂਰੀ ਹੋਵੇ ਨਾ ਕਿਸੇ ਉਮੀਦ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਤੇਰਾ ਹੁਕਮ ਫ਼ਰਮਾਨਾ ਸ਼ਬਦ ਸੰਦੇਸ਼ਾ ਇਕ ਜਦੀਦ, ਯਦੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰਾ ਲੇਖਾ ਜਾਏ ਬੀਤ, ਭੀਤਰ ਹੋ ਨਾ ਕੋਇ ਅਟਕਾਈਆ । ਖ਼ਾਲੀ ਦਿਸੇ ਮਨਾਰਾ ਮਸੀਤ, ਮਿਸਰਾ ਸਚ ਨਾ ਕੋਇ ਸੁਣਾਈਆ । ਸਭ ਦੀ ਟੁੱਟਦੀ ਦਿਸੇ ਪ੍ਰੀਤ, ਪ੍ਰੀਤਮ ਪ੍ਰੇਮ ਨਾ ਕੋਇ ਰਖਾਈਆ । ਬਿਨ ਤੇਰੀ ਕਿਰਪਾ ਰਹੇ ਨਾ ਕੋਇ ਅਤੀਤ, ਤ੍ਰੈਗੁਣ ਲੇਖਾ ਸਕੇ ਨਾ ਕੋਇ


੬੪੩ ੨੧

ਚੁਕਾਈਆ । ਪੁਰਖ ਅਕਾਲ ਦੀਨ ਦਿਆਲ ਰਹਿਮਤ ਵਿਚ ਕਰਨੀ ਬਖ਼ਸ਼ੀਸ਼, ਮਿਹਰਵਾਨ ਮਹਿਬੂਬ ਮੁਹੱਬਤ ਧੁਰ ਦੀ ਦੇਣੀ ਵਰਤਾਈਆ । ਤੇਰਾ ਨਾਮ ਕਲਮਾ ਇਕੋ ਹੋਵੇ ਹਦੀਸ, ਹਜ਼ਰਤਾਂ ਤੋਂ ਪਰੇ ਦੇਣਾ ਸਮਝਾਈਆ । ਤੂੰ ਮਾਲਕ ਖ਼ਾਲਕ ਸਾਹਿਬ ਪ੍ਰਿਤਪਾਲਕ ਇਕ ਜਗਦੀਸ਼, ਜਗਦੀਸ਼ਰ ਮੇਲਾ ਲੈਣਾ ਮਿਲਾਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਧੁਰ ਦਾ ਚਾੜ੍ਹਨਾ ਰੰਗ ਮਜੀਠ, ਬਸੀਠ ਆਪਣਾ ਪ੍ਰੇਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀ ਪਿਛਲੀ ਮੇਟ ਲੀਕ, ਸਤਿਜੁਗ ਸਤਿ ਧਰਮ ਸਚ ਨਿਸ਼ਾਨ ਦੇਣਾ ਵਖਾਈਆ ।

### * ੯ ਪੋਹ ਸ਼ਹਿਨਸ਼ਾਹੀ ਸੰਮਤ ੪ ਲਾਲ ਚੰਦ ਦੇ ਗ੍ਰਿਹ ਜੰਮੂ *

ਸਦੀ ਚੌਧਵੀਂ ਕਹੇ ਦੀਨ ਦੁਨੀ ਭਰੀ ਨਾਲ ਗੁਨਾਹ, ਪਤਤ ਪੁਨੀਤ ਨਾ ਕੋਇ ਕਰਾਈਆ । ਮੁੱਲਾ ਸ਼ੇਖ਼ ਕਰਨ ਜਨਾਹ, ਹਦੀਸ ਹੱਕ ਨਾ ਕੋਇ ਸਾਲਾਹੀਆ । ਕਲਮਾ ਕਰੇ ਕੋਈ ਨਾ ਮਨ੍ਹਾਂ, ਮਨਫ਼ੀ ਵਾਲਾ ਸਾਰੇ ਰੂਪ ਵਟਾਈਆ । ਕੂੜੀ ਅਗਨੀ ਲੱਗੀ ਤਨਾਂ, ਵਜੂਦ ਰਹੀ ਜਲਾਈਆ । ਸਚ ਪ੍ਰਕਾਸ਼ ਮਿਲੇ ਨਾ ਸ਼ਮਅ, ਅੰਧ ਅੰਧੇਰ ਨਾ ਕੋਇ ਮਿਟਾਈਆ । ਮਾਰਗ ਦੱਸੇ ਕੋਇ ਨਾ ਨਵਾਂ, ਨੌਂ ਦਵਾਰੇ ਡੇਰਾ ਢਾਹੀਆ । ਦੀਨ ਮਜ਼੍ਹਬ ਦੀ ਵਧ ਗਈ ਤਮਅ, ਲਾਲਚ ਮਜ਼੍ਹਬ ਵਾਲਾ ਰਖਾਈਆ । ਮੈਂ ਧੁਰ ਸੰਦੇਸ਼ਾ ਕਹਿਵਾਂ, ਕਹਿ ਕੇ ਰਹੀ ਦ੍ਰਿੜਾਈਆ । ਸਚਖੰਡ ਦਵਾਰ ਗੁਰ ਅਵਤਾਰ ਪੈਗ਼ੰਬਰ ਹੋਏ ਜਮ੍ਹਾ, ਇਕੱਠੇ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲ ਲੱਖ ਚੁਰਾਸੀ ਲੇਖਾ ਵੇਖ ਦਮਾ, ਦਾਮਨਗੀਰ ਹੋ ਕੇ ਫੋਲ ਫੁਲਾਈਆ । ਧੁਰ ਦਾ ਮਾਰਗ ਦੱਸ ਨਵਾਂ, ਨਰ ਨਿਰੰਕਾਰ ਤੇਰੀ ਸਰਨਾਈਆ । ਨਿਉਂ ਨਿਉਂ ਤੇਰੇ ਚਰਨਾਂ ਢਹਵਾਂ, ਜਗਤ ਰਹੇ ਨਾ ਮਾਣ ਵਡਿਆਈਆ । ਇਕੋ ਢੋਲਾ ਧੁਰ ਦਾ ਗਵਾਂ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤੇਰੀ ਸੇਜ ਸੁਹੰਜਣੀ ਸਵਾਂ, ਜਿਥੋਂ ਸੁੱਤਿਆਂ ਨਾ ਕੋਇ ਜਗਾਈਆ । ਸਚਖੰਡ ਦਵਾਰੇ ਤੇਰੇ ਬਹਵਾਂ, ਚਰਨ ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰ ਹਿਰਦਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਸੀਤਲ ਹੋਵੇ ਛਾਤੀ, ਛਹਿਬਰ ਆਪਣੀ ਦਏ ਲਗਾਈਆ । ਤੇਰਾ ਖੇਲ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਕਲਜੁਗ ਮੇਟ ਅੰਧਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਤੂੰ ਵਸਣਹਾਰਾ ਇਕ ਇਕਾਂਤੀ, ਇਕ ਇਕੱਲਾ ਨੂਰ ਅਲਾਹੀਆ । ਧੁਰ ਸੰਦੇਸ਼ਾ ਦੇ ਦੇ ਕ਼ਲਮ ਦਵਾਤੀ, ਕਾਗ਼ਜ਼ ਸ਼ਾਹੀ ਨਾਲ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਬਣਾ ਇਕ ਜਮਾਤੀ, ਇਕੋ ਸਿਖਿਆ ਦੇ ਸਮਝਾਈਆ । ਸਾਚਾ ਨੂਰ ਪ੍ਰਕਾਸ਼ ਕਰ ਬਾਤੀ, ਬਾਤਨ ਭੇਵ ਰਹੇ ਨਾ ਰਾਈਆ । ਜਨ ਭਗਤ ਸੁਹੇਲੇ ਉਠਾ ਦਾਸਨ ਦਾਸੀ, ਦਾਸਤਾਨ ਪਿਛਲੀ ਦੇ ਸਮਝਾਈਆ । ਤੇਰਾ ਨਾਉਂ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਦੇ ਵਡਿਆਈਆ । ਤੂੰ ਸਾਹਿਬ ਸਤਿਗੁਰ ਨਾਥ ਅਨਾਥੀ, ਦੀਨਨ ਦੀਨਾਂ ਹੋ ਸਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਨੂਰ ਇਕੋ ਜ਼ਾਤੀ, ਜ਼ਾਤ ਪਾਤ ਦਾ ਝਗੜਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਲਿਖ ਨਾ ਸਕੇ ਕੋਈ ਲਫ਼ਜ਼ ਲੁਗਾਤੀ, ਅਲਿਫ਼ ਯੇ ਦੀ ਵਿਦਿਆ ਕੰਮ ਕਿਸੇ ਨਾ ਆਈਆ ।

## ❊ ੯ ਪੋਹ ਸ਼ਹਿਨਸ਼ਾਹੀ ਸੰਮਤ ੪ ਲੀਲਾਵਤੀ ਦੇ ਗ੍ਰਿਹ ਜੰਮੂ ❊



ਸਦੀ ਚੌਧਵੀਂ ਕਹੇ ਮੈਂ ਬਣਨਾ ਜੋਬਨਵੰਤੀ, ਨਿਰਗੁਣ ਨੂਰ ਜੋਤ ਚਮਕਾਈਆ । ਸਚ ਦਵਾਰੇ ਹੋਣਾ ਸੋਭਾਵੰਤੀ, ਸਾਹਿਬ ਸੁਲਤਾਨ ਲਾਗਾਂ ਸਰਨਾਈਆ । ਪੁਰਖ ਅਕਾਲ ਮਨੌਣਾ ਧੁਰ ਦਾ ਕੰਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਗੜ੍ਹ ਤੋੜ ਕੇ ਹਉਮੇ ਹੰਗਤੀ, ਹੰ ਬ੍ਰਹਮ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪੰਗਤੀ, ਸੋਹੰ ਨਾਦ ਕਰਾਂ ਸ਼ਨਵਾਈਆ । ਕਲਾ ਵੇਖਣੀ ਪ੍ਰਭ ਅਨੰਤੀ, ਅਕਲ ਕਲਧਾਰੀ ਦਏ ਵਖਾਈਆ । ਜਨ ਭਗਤ ਦਵਾਰੇ ਬਣ ਕੇ ਮੰਗਤੀ, ਦਰਵੇਸ਼ ਹੋ ਕੇ ਅਲਖ ਜਗਾਈਆ । ਕਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬਣ ਜਾਓ ਇਕ ਸੰਗਤੀ, ਵਰਨ ਬਰਨ ਝਗੜਾ ਰਹੇ ਨਾ ਰਾਈਆ । ਲੇਖਾ ਮੁਕ ਜਾਏ ਮੁੱਲਾ ਸ਼ੇਖ਼ ਮੁਸਾਇਕ ਪੰਡਤੀ, ਗ੍ਰੰਥੀ ਗ੍ਰਿਹਿ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਧੁਰ ਦੀ ਪੂਜਾ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਈਆ । ਇਸ਼ਟ ਰਹੇ ਕੋਈ ਨਾ ਦੂਜਾ, ਦੂਤੀਆ ਭਾਓ ਦੇਣਾ ਚੁਕਾਈਆ । ਜਨ ਭਗਤਾਂ ਨੇਤਰ ਖੋਲ੍ਹ ਤੀਜਾ, ਨਿਜ ਲੋਇਣ ਕਰਾਂ ਰੁਸ਼ਨਾਈਆ । ਧੁਰ ਦਾ ਮਾਰਗ ਦੱਸ ਕੇ ਸੀਧਾ, ਰਸਤਾ ਇਕੋ ਦਿਆਂ ਵਖਾਈਆ । ਜਿਥੇ ਨੂਰ ਰਾਮ ਸੀਤਾ, ਰਾਧਾ ਕ੍ਰਿਸ਼ਨ ਸੋਭਾ ਪਾਈਆ । ਪੁਰਖ ਅਕਾਲ ਇਕ ਅਤੀਤਾ, ਤ੍ਰੈਭਵਣ ਧਨੀ ਡੇਰਾ ਲਾਈਆ । ਪਰਵਰਦਿਗਾਰ ਠਾਂਡਾ ਸੀਤਾ, ਜਲਵਾਗਰ ਸੋਭਾ ਪਾਈਆ । ਸਭ ਦੀ ਆਸਾ ਮਨਸਾ ਪੂਰੀ ਕਰਾਂ ਉਮੀਦਾ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਗੁਰਮੁਖੋ ਸਭ ਦਾ ਪੂਰਾ ਹੋਵੇ ਅਕੀਦਾ, ਅਕੀਦਤ ਵਿਚ ਕ਼ਾਇਦਾ ਇਕ ਦ੍ਰਿੜਾਈਆ । ਜੋ ਲੇਖਾ ਲਿਖਿਆ ਮੁਹੰਮਦ ਵਿਚ ਕ਼ੁਰਾਨ ਮਜੀਦਾ, ਮੁਫ਼ਲਿਸ ਹੋ ਕੇ ਧਿਆਨ ਲਗਾਈਆ । ਜਿਸ ਦੀ ਆਇਤ ਕਰੇ ਤਮਹੀਦਾ, ਸਿਫ਼ਤਾਂ ਵਿਚ ਸਾਲਾਹੀਆ । ਉਸ ਦਾ ਲੇਖ ਜ਼ਲੂ ਵਜ਼ੀਦਾ, ਵਜ਼ਿਤ ਜ਼ੂਹ ਦ੍ਰਿੜਾਈਆ । ਸੋ ਖੇਲ ਵੇਖਣਾ ਚਸ਼ਮਦੀਦਾ, ਨੇਤਰ ਨੈਣ ਅੱਖ ਖੁਲ੍ਹਾਈਆ । ਜਿਸ ਨੂੰ ਕਹਿੰਦੇ ਮਿਹਰਵਾਨ ਮਹਿਬਾਨ ਬੀਦਾ, ਬੀਖ਼ੈਰ ਯਾ ਅਲਾਹ ਤੇਰੀ ਸਰਨਾਈਆ । ਉਸ ਦਾ ਹੁਕਮ ਅਗੰਮ ਪੇਚੀਦਾ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮੇਰੀ ਆਸਾ ਮਨਸਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਅਗੰਮ ਆਵਾਜ਼, ਬਿਨ ਰਸਨਾ ਦਿਆਂ ਸੁਣਾਈਆ । ਦੀਨ ਦੁਨੀ ਖੋਲ੍ਹੇ ਰਾਜ਼, ਪੜਦਾ ਨਿਰੰਤਰ ਰਹੇ ਨਾ ਰਾਈਆ । ਜਿਸ ਕਾਰਨ ਪੜ੍ਹੀ ਨਿਮਾਜ਼, ਰੋਜ਼ਾ ਰੱਖ ਕੇ ਝਟ ਲੰਘਾਈਆ । ਉਸ ਦਾ ਮਿਲਣ ਲੱਗਾ ਇਹਜ਼ਾਜ਼, ਪਰਵਰਦਿਗਾਰ ਝੋਲੀ ਪਾਈਆ । ਚਾਰੋਂ ਕੁੰਟ ਕਰੇ ਸਾਜ ਬਾਜ, ਅਛਲ ਅਛੱਲ ਆਪਣੀ ਖੇਲ ਖਿਲਾਈਆ । ਸੋਈ ਸੁਰਤ ਕਿਸੇ ਨਾ ਗਈ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਹੰਸ ਬੁੱਧੀ ਹੋਈ ਕਾਗ, ਦਿਵਸ ਰੈਣ ਰਹੀ ਕੁਰਲਾਈਆ । ਸਾਚੇ ਕਾਅਬੇ ਜਗੇ ਨਾ ਕੋਇ ਚਰਾਗ਼, ਮਹਿਰਾਬ ਹੱਕ ਨਾ ਕੋਇ ਸੁਹਾਈਆ । ਮੰਜ਼ਲ ਮਹਿਬੂਬ ਨਾ ਕੋਈ ਆਬਾਦ, ਸਚ ਸਿੰਘਾਸਣ ਨਜ਼ਰ ਕੋਇ ਨਾ ਆਈਆ । ਸੱਯਦਾ ਸੀਸ ਨਾ ਕੋਇ ਆਦਾਬ, ਨਮੋਂ ਨਮੋਂ ਨਾ ਕੋਇ ਦ੍ਰਿੜਾਈਆ । ਮਿਲਿਆ ਮੇਲ ਨਾ ਏਕਾ ਵਾਹਦ, ਵਾਹਵਾ ਵੱਜੀ ਨਾ ਕੋਇ ਵਧਾਈਆ । ਜੋ ਮੁਹੰਮਦ ਕਲਮਾ ਕੀਤਾ ਆਇਦ, ਆਇਤਾਂ ਵਿਚ ਸੁਣਾਈਆ । ਧੁਰ ਫ਼ਰਮਾਨੇ ਕਰ ਕੇ ਗਿਆ ਹਦਾਇਤ, ਹਦੀਸਾਂ ਵਿਚ ਵੰਡ ਵੰਡਾਈਆ । ਮੁਹੱਬਤ ਵਿਚ ਕਰ ਕੇ ਗਿਆ ਇਨਾਇਤ, ਆਅਲਾ ਅਦਨਾ ਜਗਤ ਸਮਝਾਈਆ । ਜਗਤ ਸ਼ਰਅ

ਦੱਸ ਸ਼ਰਾਇਤ, ਸ਼ਰੀਅਤ ਦਿਤੀ ਵਡਿਆਈਆ । ਅੰਤ ਸਾਰੇ ਹੁਕਮ ਹੋਏ ਜਾਇਜ਼, ਜਾਇਜ਼ਾ ਲੈਣ ਕੋਇ ਨਾ ਆਈਆ । ਮਾਇਆ ਮਮਤਾ ਹੋਈ ਰਾਇਜ, ਰਈਅਤ ਮੋਹ ਵਿਕਾਰ ਲਿਆ ਬਣਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤ ਅਖ਼ੀਰ ਸਭ ਦਾ ਨਿਕਲਣ ਵਾਲਾ ਨਤਾਇਜ, ਨਤੀਜਾ ਸਭ ਨੂੰ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਹੋਇਆ ਫ਼ਰਾਇਜ਼, ਫ਼ਰਜ਼ ਆਪਣਾ ਗਏ ਨਿਭਾਈਆ । ਅੰਤ ਅਖ਼ੀਰ ਬੇਨਜ਼ੀਰ ਵੇਖਣਹਾਰਾ ਨਾਲਾਇਕ ਲਾਇਕ, ਉਮਤ ਉਮਤੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਕਰੇ ਕਰਾਏ ਸਦਾ ਜਾਇਜ਼, ਨਾਜਾਇਜ਼ ਵੰਡ ਨਾ ਕੋਇ ਵੰਡਾਈਆ ।

### ❊ ੯ ਪੋਹ ਸ਼ਹਨਸ਼ਾਹੀ ਸੰਮਤ ੪ ਗੁਰਦਿਤ ਸਿੰਘ ਦੇ ਗ੍ਰਿਹਿ ਛੰਬ ਜ਼ਿਲਾ ਜੰਮੂ ❊

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰਾਂ ਬਦਲਣੀ ਗੱਦੀ, ਗਦਾਗਰ ਹੋਵੇ ਲੋਕਾਈਆ । ਮੇਰੀ ਅੰਤ ਅਖ਼ੀਰ ਅਨਹੋਣੀ ਹੋਣੀ ਸਦੀ, ਸਦਮਾ ਘਰ ਘਰ ਰਹੀ ਵਖਾਈਆ । ਹਜ਼ਰਤ ਨੂਹ ਦੀ ਵਹਿਣੀ ਨਦੀ, ਜਗਤ ਨਈਆ ਨੌਕਾ ਕੰਮ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਖ਼ਾਹਿਸ਼ ਰਹੇ ਨਾ ਦੱਬੀ, ਪੜਦਿਆਂ ਵਿਚੋਂ ਪੜਦਾ ਦਏ ਚੁਕਾਈਆ । ਪੁਰਖ ਅਕਾਲ ਖੇਲ ਕਰੌਣਾ ਯਦੀ, ਯਦਪ ਆਪਣਾ ਖੇਲ ਕਰਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਬਦੀ, ਬਦਲਾ ਦੇਵੇ ਥਾਉਂ ਥਾਈਆ । ਸਾਚੇ ਨਾਮ ਦਾ ਬਣ ਕੇ ਤਬੀ, ਤਬੀਅਤ ਸਭ ਦੀ ਦਏ ਬਦਲਾਈਆ । ਨਿਰਗੁਣ ਜੋਤ ਜਗਾ ਕੇ ਰੱਬੀ, ਰੱਬੁਲਆਲਮੀਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਅੰਧੇਰਾ ਘੁਪ, ਹੈਰਾਨੀ ਅੰਦਰ ਧਿਆਨ ਲਗਾਈਆ । ਸਤਿ ਧਰਮ ਗਿਆ ਛੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਭਾਗ ਲੱਗੇ ਕਿਸੇ ਨਾ ਬੁਤ, ਕਾਇਆ ਕਾਅਬਾ ਨਾ ਕੋਇ ਵਡਿਆਈਆ । ਚਾਰੋਂ ਕੁੰਟ ਦਿਸੇ ਦੁੱਖ, ਦਰਦਾਂ ਭਰੀ ਲੋਕਾਈਆ । ਉਜਲ ਕਰੇ ਕੋਈ ਨਾ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਜਨਣੀ ਲੇਖੇ ਲੱਗੇ ਕੋਈ ਨਾ ਕੁੱਖ, ਭਗਤ ਰੂਪ ਨਾ ਕੋਇ ਧਰਾਈਆ । ਭਰਮੇ ਭੁੱਲਾ ਮਾਨਵ ਮਾਨੁੱਖ, ਮਨ ਮਨਸਾ ਵਿਚ ਹਲਕਾਈਆ । ਸੀਸ ਜਗਦੀਸ਼ ਕਿਸੇ ਨਾ ਜਾਵੇ ਝੁਕ, ਡੰਡਾਵਤ ਬੰਦਨਾ ਨਾ ਕੋਇ ਦ੍ਰਿੜਾਈਆ । ਮੈਂ ਚਾਰ ਕੁੰਟ ਵੇਖਿਆ ਉਠ, ਬਿਨ ਅੱਖਾਂ ਅੱਖ ਉਠਾਈਆ । ਦਸਤ ਰਿਹਾ ਨਾਮ ਨਾ ਮੁੱਠ, ਖ਼ਾਲੀ ਹੱਥ ਸਰਬ ਵਖਾਈਆ । ਆਤਮ ਪਰਮਾਤਮ ਨਾਤਾ ਗਿਆ ਤੁੱਟ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਸਭ ਦੇ ਭਾਗ ਗਏ ਨਿਖੁਟ, ਕਰਮ ਕਾਂਡ ਰਿਹਾ ਕੁਰਲਾਈਆ । ਅੰਮ੍ਰਿਤ ਜਾਮ ਮਿਲੇ ਨਾ ਘੁਟ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਕਲਜੁਗ ਜੀਵ ਅਪਰਾਧੀ ਹੋਏ ਸੁਤ, ਸਾਹਿਬ ਸਤਿਗੁਰ ਮਿਲਣ ਕੋਇ ਨਾ ਜਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਹਰਿ ਕਰਤਾ ਧੁਰਦਰਗਾਹੀਆ । ਮੇਰੀ ਸੁਹੰਜਣੀ ਕਰੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮਿਹਰਵਾਨ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਚਾਰ ਕੁੰਟ ਦਿਸੇ ਨਾ ਕੋਈ ਸੱਜਣ, ਸੈਣ ਮੀਤ ਨਾ ਕੋਇ ਅਖਵਾਈਆ । ਸਚ ਪ੍ਰੀਤੀ ਹੋਏ ਕੋਈ ਨਾ ਮਗਨ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੈਂ ਚੜ੍ਹ ਕੇ ਵੇਖਿਆ

ਉਪਰ ਗਗਨ, ਨਿਰੰਤਰ ਹੋ ਕੇ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਮੰਗਣ, ਦਰਗਾਹ ਸਾਚੀ ਖ਼ਾਲੀ ਝੋਲੀਆਂ ਡਾਹੀਆ । ਤ੍ਰੈਗੁਣ ਮਾਇਆ ਚਾਰ ਕੁੰਟ ਦਹਿ ਦਿਸ਼ਾ ਲਗਾਈ ਅਗਨ, ਸਦੀ ਚੌਧਵੀਂ ਸਕੇ ਨਾ ਕੋਇ ਬੁਝਾਈਆ । ਦੀਨ ਮਜ਼੍ਹਬ ਅਸੀਂ ਸਾਰੇ ਲੱਗੇ ਛੱਡਣ, ਬਹੁੜੀ ਤੇਰਾ ਨਾਮ ਖ਼ੁਦਾਈਆ । ਤੇਰਾ ਦਰਸ ਦੀਦਾਰ ਲੱਗੇ ਮੰਗਣ, ਇਕੋ ਨੂਰ ਚਸ਼ਮ ਰੁਸ਼ਨਾਈਆ । ਪੰਚਮ ਮੀਤੇ ਪਾ ਦੇ ਸਗਣ, ਸਮਗਰੀ ਆਪਣੀ ਦੇ ਵਡਿਆਈਆ । ਝਗੜਾ ਰਹੇ ਨਾ ਕਾਇਆ ਮਾਟੀ ਬਦਨ, ਬਦਲੀ ਕਰਨੀ ਥਾਉਂ ਥਾਈਂਆ । ਤੇਰੇ ਹੱਥ ਇਨਸਾਫ਼ ਅਦਲ, ਅਦਾਲਤ ਆਪਣੀ ਦੇਣੀ ਦ੍ਰਿੜਾਈਆ । ਮਨ ਕਲਪਣਾ ਕਰਨੀ ਕ਼ਤਲ, ਕ਼ਾਤਲ ਮਕ਼ਤੂਲ ਆਪਣੀ ਖੇਲ ਵਖਾਈਆ । ਸਾਡਾ ਪੂਰਾ ਨਾ ਹੋਇਆ ਯਤਨ, ਯਥਾਰਥ ਸਾਰੇ ਰਹੇ ਸੁਣਾਈਆ । ਨਈਆ ਲੱਗੀ ਕਿਸੇ ਨਾ ਪੱਤਣ, ਅਧਵਾਟੇ ਘੁੰਮਣ ਘੇਰੀ ਵਿਚ ਘੁੰਮਾਈਆ । ਲੋਕਮਾਤ ਵੇਖ ਆਪਣਾ ਵਤਨ, ਬੇਵਤਨਾਂ ਲੈ ਮਿਲਾਈਆ । ਨਿਰਗੁਣ ਧਾਰ ਤੈਨੂੰ ਸਾਰੇ ਸੱਦਣ, ਸਰਗੁਣ ਬੈਠਾ ਸੀਸ ਨਿਵਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੁਦਵਾਰਿਆਂ ਵਿਚੋਂ ਲੱਭਣ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਉਪਰ ਅਰਸ਼ਾਂ, ਅਰਸ਼ੀ ਪ੍ਰੀਤਮ ਧਿਆਨ ਲਗਾਈਆ । ਕੀ ਵੇਸ ਵਟਾਏ ਉਪਰ ਫ਼ਰਸ਼ਾ, ਫ਼ਰਜ਼ ਆਪਣਾ ਕੀ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀਆਂ ਕਰੇ ਗ਼ਰਜ਼ਾਂ, ਗਰਜ਼ੇ ਕਿ ਸਭ ਨੂੰ ਵੇਖੇ ਥਾਉਂ ਥਾਈਆ । ਬੇਨੰਤੀਆਂ ਲੇਖੇ ਲਾਵੇ ਅਰਜ਼ਾਂ, ਆਰਜ਼ੂ ਸਭ ਦੀ ਝੋਲੀ ਪਾਈਆ । ਜੋ ਸਿਫ਼ਤਾਂ ਵਿਚ ਆਪਣੇ ਨਾਮ ਕਲਮੇ ਦੀਆਂ ਦੱਸੀਆਂ ਤਰਜ਼ਾਂ, ਤਰਾ ਤਰਾ ਦ੍ਰਿੜਾਈਆ । ਅੰਤਮ ਸਭ ਦੀਆਂ ਪੁੱਠੀਆਂ ਕਰ ਕੇ ਨਰਦਾਂ, ਨਰ ਨਰਾਇਣ ਵੇਖੇ ਥਾਉਂ ਥਾਈਂਆ । ਦੀਨ ਮਜ਼੍ਹਬ ਸ਼ਰਅ ਛੁਰੀ ਬਣ ਗਈ ਕਰਦਾਂ, ਕ਼ਤਲ ਹੋਵੇ ਅੰਤ ਲੋਕਾਈਆ । ਸਾਚਾ ਰਿਹਾ ਕੋਈ ਨਾ ਬਰਦਾ, ਬੰਦਗੀ ਵਿਚ ਨਾ ਸੀਸ ਨਿਵਾਈਆ । ਜਗਤ ਜਹਾਨ ਜਾਏ ਹਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਭੇਵ ਖੁਲ੍ਹੇ ਨਾ ਕਿਸੇ ਘਰ ਦਾ, ਗ੍ਰਿਹਿ ਮੰਦਰ ਮੰਜ਼ਲ ਪੰਧ ਨਾ ਕੋਇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਕੋਈ ਨਾ ਪੜ੍ਹਦਾ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਤੇਰੀ ਮੰਜ਼ਲ ਰੁਹਾਨੀ ਅਸਮਾਨੀ ਜਿਸਮਾਨੀ ਪੌੜੀ ਡੰਡਾ ਕੋਇ ਨਾ ਚੜ੍ਹਦਾ, ਮੰਜ਼ਲ ਪੰਧ ਨਾ ਕੋਇ ਚੁਕਾਈਆ । ਤੇਰਾ ਖੇਲ ਅਗੰਮੇ ਹਰਿ ਦਾ, ਨਰ ਨਰਾਇਣ ਤੇਰੀ ਬੇਪ੍ਰਵਾਹੀਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਚੁੱਕ ਦੇ ਪੜਦਾ, ਪਰਵਰਦਿਗਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨ ਸਚ ਦਵਾਰੇ ਜੋਤੀ ਧਾਰ ਖੜ੍ਹਦਾ, ਹੁਕਮ ਸੰਦੇਸਾ ਸ਼ਬਦੀ ਸ਼ਬਦ ਜਣਾਈਆ ।

### ✵ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਸੰਸਾਰ ਸਿੰਘ ਦੇ ਗ੍ਰਿਹਿ ਪਿੰਡ ਛੰਬ ਜ਼ਿਲਾ ਜੰਮੂ ✵

ਸਦੀ ਚੌਧਵੀਂ ਕਹੇ ਹਜ਼ਰਤ ਮੁਹੰਮਦ ਕਿਹਾ ਅਲਾਹ, ਅੱਲਾ ਆਲਮੀਨ ਵਡਿਆਈਆ । ਜੋਤੀ ਨੂਰ ਸਦਾ ਮਲਾਹ, ਲੋਕ ਪ੍ਰਲੋਕ ਇਕ ਅਖਵਾਈਆ ।

ਨਾਮ ਕਲਮਾ ਦਏ ਸਲਾਹ, ਸਿਫ਼ਤੀ ਸਿਫ਼ਤ ਵਿਚ ਵਡਿਆਈਆ । ਰਸੂਲ ਲਿੱਲਾ ਬਣੇ ਖ਼ੁਦਾ, ਅਸੂਲ ਆਪਣਾ ਇਕ ਪ੍ਰਗਟਾਈਆ । ਸੱਯਦਾ ਕਰਨਾ ਦੱਸੇ ਦੁਆ, ਲੋਚਣ ਨੈਣ ਅੱਖ ਖੁਲ੍ਹਾਈਆ । ਮੁਹੱਬਤ ਪਿਆਰ ਵਿਚ ਬਣੇ ਦਿਲਰੁਬਾ, ਦਿਲਦਾਰ ਇਕ ਅਖਵਾਈਆ । ਧੁਰ ਦੀ ਦੱਸੇ ਹੱਕ ਸਦਾ, ਸਦ ਢੋਲਾ ਇਕ ਸੁਣਾਈਆ । ਦਰਗਾਹ ਸਾਚੀ ਜਣਾਏ ਰਾਹ, ਰਹਿਬਰ ਹੋ ਕੇ ਆਪ ਸਮਝਾਈਆ । ਸੂਫ਼ੀਆਂ ਬਖ਼ਸ਼ਣਹਾਰ ਗੁਨਾਹ, ਰਹਿਮਤ ਆਪਣੀ ਵਿਚ ਰਖਾਈਆ । ਦੀਨ ਦੁਨੀ ਕਰਨਹਾਰ ਫ਼ਨਾਹ, ਬਿਸਮਿਲ ਆਪਣੀ ਖੇਲ ਖਿਲਾਈਆ । ਧੁਰ ਫ਼ਰਮਾਨਾ ਦੇਵਣਹਾਰ ਨਵਾਂ, ਨੌਜਵਾਨਾ ਆਪ ਸੁਣਾਈਆ । ਹਰਖ ਸੋਗ ਮੇਟ ਕੇ ਗ਼ਮਾਂ, ਚਿੰਤਾ ਚਿਖਾ ਦਏ ਗਵਾਈਆ । ਲਹਿਣਾ ਵੇਖਣਹਾਰਾ ਦਮ ਦਮਾਂ, ਦਾਮਨਗੀਰ ਇਕ ਹੋ ਆਈਆ । ਫੋਲ ਫੁਲਾਏ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਵੇਖੇ ਸਮਾਂ, ਸਮਾਪਤ ਹੁੰਦੀ ਦਿਸੇ ਲੋਕਾਈਆ । ਨਿਰਗੁਣ ਧਾਰ ਕਰੇ ਆਪਣਾ ਕੰਮਾ, ਕਮਤਰੀਨ ਗੁਰ ਅਵਤਾਰ ਪੈਗ਼ੰਬਰ ਵੇਖ ਵਖਾਈਆ । ਸਚ ਪ੍ਰਕਾਸ਼ ਕਰ ਕੇ ਸ਼ਮਅ, ਦੀਪਕ ਜੋਤ ਕਰੇ ਰੁਸ਼ਨਾਈਆ । ਕੂੜੀ ਕਿਰਿਆ ਮੇਟ ਕੇ ਤਮਅ, ਤ੍ਰਿਸ਼ਨਾ ਦਏ ਗਵਾਈਆ । ਸਾਚਾ ਮਾਰਗ ਕਰ ਕੇ ਰਵਾਂ, ਕੂੜ ਕਿਰਿਆ ਰਵਾਨਗੀ ਦਏ ਕਰਾਈਆ । ਲੇਖਾ ਵੇਖੇ ਬਾਵਾ ਆਦਮ ਹੱਵਾ, ਹਰਿ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਸੱਚੀ ਸਰਨਾਈਆ । ਸਦੀ ਚੌਧਵੀਂ ਕਹੇ ਮੁਹੰਮਦ ਨੌ ਵਾਰ ਰੰਗੇ ਹੋਂਟ, ਅਠੱਤੀ ਸਾਲ ਦੀ ਆਯੂ ਸੋਭਾ ਪਾਈਆ । ਆਪਣੇ ਤਨ ਲਗਾਈ ਚੋਟ, ਡੰਕ ਨਗਾਰੇ ਨਾਲ ਛੁਹਾਈਆ । ਏਕੰਕਾਰਾ ਰਖ ਏਕਾ ਓਟ, ਇਕ ਧਿਆਨ ਜਣਾਈਆ । ਨਜ਼ਾਰਾ ਮਿਲਿਆ ਨਿਰਮਲ ਜੋਤ, ਜੋਤੀ ਜੋਤ ਰੁਸ਼ਨਾਈਆ । ਅੰਤਰ ਨਿਰੰਤਰ ਖੁਲ੍ਹੇ ਸੋਤ, ਸੁਰਤੀ ਸ਼ਬਦ ਵਿਚ ਸਮਾਈਆ । ਆਪਣੀ ਧਾਰ ਵੇਖੀ ਧੁਰ ਦੀ ਗੋਤ, ਗੌਤਮ ਬੁੱਧ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਚ ਸਰਨਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਮੁਹੰਮਦ ਹੋਇਆ ਗਿਆਨ, ਵਕ਼ਤ ਪੰਜ ਪੰਜ ਸੋਭਾ ਪਾਈਆ । ਆਫ਼ਤਾਬ ਗ਼ਰੂਬ ਹੋਣ ਲੱਗਾ ਸੀ ਸ਼ਾਮ, ਕਿਰਨ ਕਿਰਨ ਵਿਚੋਂ ਚਮਕਾਈਆ । ਪਰਵਰਦਿਗਾਰ ਦੇਣ ਲੱਗਾ ਹਕੀਕ਼ੀ ਜਾਮ, ਰਸ ਅਗੰਮਾ ਆਪ ਚਖਾਈਆ । ਪਹਿਲੀ ਆਇਤ ਆਈ ਕਲਾਮ, ਅੱਲਾ ਹੂ ਹੂ ਅੱਲਾ ਦਿਤਾ ਸਮਝਾਈਆ । ਫਿਰ ਪੜਦਾ ਖੋਲ੍ਹ ਤਮਾਮ, ਤਮਅ ਦਿਤੀ ਚੁਕਾਈਆ । ਨਫ਼ਰ ਬਣਾ ਗ਼ੁਲਾਮ, ਸੇਵਾ ਸਚ ਸਮਝਾਈਆ । ਕਲਮਾ ਦੱਸਣਾ ਕਲਾਮ, ਚਾਰ ਕੁੰਟ ਸ਼ਨਵਾਈਆ । ਫਿਰ ਗੁਸਲ ਕਰ ਹਮਾਮ, ਬਾਹਰ ਕੀਤੀ ਸਫ਼ਾਈਆ । ਫਿਰ ਆਇਆ ਪੈਗ਼ਾਮ, ਨਾਦ ਧੁਨ ਵਡਿਆਈਆ । ਫਿਰ ਵਖਾਇਆ ਨਿਸ਼ਾਨ, ਤਾਰਾ ਚੰਦ ਵਡਿਆਈਆ । ਫਿਰ ਕਰਾਇਆ ਧਿਆਨ, ਸੁਰਤੀ ਸੁਰਤ ਬਦਲਾਈਆ । ਫਿਰ ਨਜ਼ਰ ਆਇਆ ਅਮਾਮ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਫਿਰ ਕਲਮਾ ਦੱਸ ਅਮਾਮ, ਕ਼ਾਇਦਾ ਬਕ਼ਾਇਦਾ ਦਿਤਾ ਪੜ੍ਹਾਈਆ । ਫਿਰ ਹੁਕਮੀ ਦੱਸ ਇੰਤਜ਼ਾਮ, ਬੰਦੋਬਸਤ ਸਮਝਾਈਆ । ਫਿਰ ਨੂਰ ਦੱਸ ਜਵਾਨ, ਬਿਰਧ ਬਾਲ ਪੰਧ ਮੁਕਾਈਆ । ਫਿਰ ਮੰਦਰ ਖੋਲ੍ਹ ਮਕਾਨ, ਦਰਗਾਹ ਸਾਚੀ ਦਿਤੀ ਵਖਾਈਆ । ਫਿਰ ਤਖ਼ਤ ਨਿਵਾਸੀ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਫਿਰ ਚੌਦਾਂ ਤਬਕਾਂ ਵੰਡ ਮਹਾਨ, ਹਿੱਸਾ ਝੋਲੀ ਦਿਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੁਹੰਮਦ ਇਸ਼ਾਰਾ ਹੋਇਆ ਵੇਖਿਆ ਅੰਬਰ,

ਲੋਚਨ ਨੈਣ ਨਾਲ ਮਿਲਾਈਆ । ਫਿਰ ਦਰਸਾਇਆ ਧੁਰ ਦਾ ਮੰਬਰ, ਮੁਨਾਰਿਆਂ ਵਿਚ ਵਡਿਆਈਆ । ਉਹ ਮਹੀਨਾ ਸੀ ਸਤੰਬਰ, ਯਸੂ ਦਏ ਗਵਾਹੀਆ । ਨੂਰ ਚਮਕਿਆ ਨੂਰੀ ਅੰਦਰ, ਨੂਰ ਜੋਤ ਰੁਸ਼ਨਾਈਆ । ਖੁਲ੍ਹਿਆ ਜੀਵਣ ਜੰਦਰ, ਪੜਦਾ ਦਿਤਾ ਉਠਾਈਆ । ਪ੍ਰਕਾਸ਼ ਹੋਇਆ ਕੰਦਰ, ਨੂਰ ਜੋਤ ਰੁਸ਼ਨਾਈਆ । ਤੱਕਣ ਲੱਗਾ ਉਪਰ ਗਗਨ, ਗਹਿਰ ਗੰਭੀਰ ਰਾਹ ਤਕਾਈਆ । ਮੁਹੱਬਤ ਵਿਚ ਹੋਇਆ ਮਗਨ, ਮਸਤੀ ਵਿਚ ਲਈ ਅੰਗੜਾਈਆ । ਸੁਰਤ ਰਹੀ ਨਾ ਤਨ ਵਜੂਦ ਬਦਨ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਸਚ ਦਵਾਰ ਦਰਵਾਜ਼ਾ ਲੱਗਾ ਲੰਘਣ, ਬਿਨਾ ਕ਼ਦਮ ਤੋਂ ਕ਼ਦਮ ਉਠਾਈਆ । ਦਰਵੇਸ਼ ਹੋ ਕੇ ਲੱਗਾ ਮੰਗਣ, ਖ਼ਾਲੀ ਝੋਲੀ ਅੱਗੇ ਰਖਾਈਆ । ਅੱਗੋਂ ਹੁਕਮ ਸੁਣ ਸੂਰਾ ਸਰਬੰਗਣ, ਜੋ ਸੰਦੇਸੇ ਰਿਹਾ ਦ੍ਰਿੜਾਈਆ । ਮੈਂ ਵੇਖਾਂ ਖੇਲ ਵਿਚ ਵਰਭੰਡਣ, ਬ੍ਰਹਿਮੰਡ ਖੋਜ ਖੁਜਾਈਆ । ਸ਼ਬਦੀ ਧਾਰ ਲੈ ਪਰਚੰਡਣ, ਚੰਡ ਪ੍ਰਚੰਡ ਦਿਆਂ ਚਮਕਾਈਆ । ਚਾਰ ਜੁਗ ਦੀ ਕਰਨੀ ਕਰ ਕੇ ਖੰਡਣ, ਖੰਡਾ ਖੜਗ ਇਕੋ ਇਕ ਸੁਹਾਈਆ । ਹੁਣ ਮੁਹੰਮਦ ਕੁਛ ਦਾਤ ਆਇਆ ਵੰਡਣ, ਤੇਰੀ ਝੋਲੀ ਦੇਵਾਂ ਪਾਈਆ । ਜਿਸ ਵੇਲੇ ਚੌਦਾਂ ਸਦੀਆਂ ਲੰਘਨ, ਆਪਣਾ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਦਿਸੇ ਅੰਧਨ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਮਸਤਕ ਦਿਸੇ ਕਿਸੇ ਨਾ ਚੰਦਨ, ਧੂੜੀ ਖ਼ਾਕ ਨਾ ਕੋਇ ਰਮਾਈਆ । ਮਾਣ ਰਹੇ ਨਾ ਕਿਸੇ ਪੰਡਣ, ਪੰਕਜ ਲੇਖਾ ਦਏ ਮੁਕਾਈਆ । ਸਚ ਸੁਣਾਏ ਕੋਈ ਨਾ ਛੰਦਣ, ਸੰਸਾ ਭਰਮ ਨਾ ਕੋਇ ਮਿਟਾਈਆ । ਚੁਰਾਸੀ ਤੋੜੇ ਕੋਈ ਨਾ ਬੰਧਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਚ ਅਨੰਦਨ, ਅਨੰਦ ਪਰਮਾਨੰਦ ਵਿਚ ਸਮਾਈਆ ।





ਜੇ ਗੁਰਮੁਖੋ ਤੁਸਾਂ ਆਸਰਾ ਰੱਖਿਆ ਇਕ, ਇਕ ਏਕ ਏਕੰਕਾਰ ਹੋ ਕੇ ਲਵਾਂ ਮਿਲਾਈਆ । ਤੁਹਾਨੂੰ ਬਣਾ ਕੇ ਸਚਖੰਡ ਦਵਾਰੇ ਦੇ ਸਿੱਖ, ਸਿਖਿਆ ਧੁਰ ਦੀ ਨਾਲ ਪੜ੍ਹਾਈਆ । ਅੱਗੇ ਸਦਾ ਵਸਾਂ ਤੁਹਾਡੇ ਵਿਚ, ਹਰ ਘਟ ਕਾਇਆ ਅੰਦਰ ਡੇਰਾ ਲਾਈਆ । ਸੌਂਦਿਆਂ ਜਾਗਦਿਆਂ ਤੁਰਦਿਆਂ ਫਿਰਦਿਆਂ ਨੂੰ ਲਾਈ ਰੱਖਾਂ ਖਿੱਚ, ਪ੍ਰੇਮ ਪ੍ਰੀਤੀ ਵਿਚ ਬੰਧਾਈਆ । ਤੁਹਾਡਾ ਮਾਤ ਪਿਤ ਭਾਈ ਭੈਣ ਸਾਕ ਸੱਜਣ ਬਣ ਕੇ ਕਰਾਂ ਹਿਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਲੋਕਮਾਤ ਤੁਹਾਡੀ ਲੱਗਣ ਨਾ ਦੇਵਾਂ ਪਿੱਠ, ਸਿਰ ਆਪਣਾ ਹੱਥ ਟਿਕਾਈਆ । ਤੁਹਾਡੇ ਜਨਮ ਕਰਮ ਦਾ ਲਹਿਣਾ ਦੇਣਾ ਦੇਵਾਂ ਨਜਿੱਠ, ਆਵਣ ਜਾਵਣ ਝਗੜਾ ਦਿਆਂ ਮੁਕਾਈਆ । ਪ੍ਰੇਮ ਪ੍ਰੀਤੀ ਦੀ ਤੁਹਾਡੇ ਅੰਦਰ ਪੈਦਾ ਕਰਾਂ ਸਿਕ, ਦਿਵਸ ਰੈਣ ਇਕੋ ਰੰਗ ਰੰਗਾਈਆ । ਕ਼ਲਮ ਸ਼ਾਹੀ ਨਾਲ ਤੁਹਾਡਾ ਲੇਖਾ ਜਾਵਾਂ ਲਿਖ, ਜਿਸ ਨੂੰ ਚਾਰ ਜੁਗ ਨਾ ਕੋਇ ਮਿਟਾਈਆ । ਭਗਤ ਭਗਵਾਨ ਵਿਚ ਰਹੇ ਕੋਈ ਨਾ ਵਿਥ, ਫ਼ਿਰਕਾ ਫ਼ਿਰਕਿਆਂ ਵਾਲਾ ਗੁਆਈਆ । ਅੱਜ ਦੀ ਸੁਹੰਜਣੀ ਹੋਈ ਥਿਤ, ਪੋਹ ਦਸ ਦਏ ਗਵਾਹੀਆ । ਬਾਲਮੀਕ ਏਥੇ ਆ ਕੇ ਕਾਗ਼ਜ਼ ਲਿਖਿਆ ਸੀ ਸਵਾ ਗਿਠ, ਕਲਜੁਗ ਦਾ ਅੰਤ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਜਨ ਭਗਤੋ ਤੁਸਾਂ ਰੱਖਿਆ ਇਕ ਸਹਾਰਾ, ਸਹਾਇਕ ਹੋ ਕੇ ਦਿਆਂ ਵਡਿਆਈਆ । ਵਖਾਵਾਂ ਓਹ ਦਰਬਾਰਾ, ਜਿਥੇ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਚਮਕਾਵਾਂ ਓਹ ਸਤਾਰਾ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਪ੍ਰਗਟਾਵਾਂ ਓਹ ਨਜ਼ਾਰਾ, ਜੋ ਜਗ ਨੇਤਰ ਵੇਖਣ ਕੋਇ ਨਾ

ਪਾਈਆ । ਜਨ ਭਗਤੋ ਜਿਸ ਕਾਰਨ ਤੁਹਾਨੂੰ ਏਥੇ ਵਸਾਇਆ ਫੇਰ ਦੁਬਾਰਾ, ਬਾਵਨ ਦਾ ਲਹਿਣਾ ਝੋਲੀ ਪਾਈਆ । ਤੁਹਾਡੇ ਪਿਛੇ ਧਰਤੀ ਦਾ ਲੱਗੇ ਅਖਾੜਾ, ਹਾਹਾਕਾਰ ਕੁਰਲਾਈਆ । ਗੁਰਮੁਖਾਂ ਰੰਗ ਚੜ੍ਹੇ ਗਾੜ੍ਹਾ, ਪ੍ਰੇਮ ਪ੍ਰੀਤੀ ਵਿਚ ਰੰਗਾਈਆ । ਚਾਰ ਕੁੰਟ ਹੋਵੇ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਵੇਖੇ ਖੇਲ ਪੁਰਖ ਕਰਤਾਰਾ, ਹਰਿ ਕਰਤਾ ਆਪਣੀ ਖੇਲ ਵਰਤਾਈਆ । ਤੁਹਾਡਾ ਪੂਰਬ ਕ਼ਰਜ਼ ਦੇਣਾ ਉਧਾਰਾ, ਲਹਿਣਾ ਸਭ ਦੀ ਝੋਲੀ ਪਾਈਆ । ਜੋ ਰਸਨਾ ਨਾਲ ਲਾਇਆ ਜੈਕਾਰਾ, ਜੈ ਜੈ ਕਾਰ ਦੇਣਾ ਕਰਾਈਆ । ਪ੍ਰਭ ਦਾ ਲੇਖ ਛਪਦਾ ਨਹੀਂ ਵਿਚ ਅਖ਼ਬਾਰਾਂ, ਜਗਤ ਸੰਦੇਸਾ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਚਰਨ ਕਵਲ ਸਹਾਰਾ, ਦੂਸਰ ਓਟ ਨਾ ਕੋਇ ਸਮਝਾਈਆ । ਜਨ ਭਗਤੋ ਤੁਸਾਂ ਆਸਰਾ ਲਿਆ ਤੱਕ, ਤਕਵਾ ਇਕੋ ਉਤੇ ਰਖਾਈਆ । ਤੁਹਾਡਾ ਜ਼ਰੂਰ ਪੂਰਾ ਕਰਾਂ ਹੱਕ, ਕਮੀ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਮੇਟ ਕੇ ਸ਼ੱਕ, ਸਹਿੰਸਾ ਅੰਦਰੋਂ ਦਿਆਂ ਕਢਾਈਆ । ਤੁਹਾਡੇ ਹਿਰਦੇ ਅੰਦਰ ਵਸ, ਰਸ ਆਪਣਾ ਦਿਆਂ ਚਖਾਈਆ । ਤੁਸੀਂ ਮੇਰੇ ਮੈਂ ਤੁਹਾਡਾ ਦੋਹਾਂ ਦਾ ਸਾਂਝਾ ਜਸ, ਸਿਫ਼ਤਾਂ ਵਿਚ ਜਗਤ ਸਾਲਾਹੀਆ । ਮਾਰਗ ਅਗਲਾ ਅਗੰਮਾ ਦੱਸ, ਦਹਿ ਦਿਸ਼ਾ ਦਾ ਡੇਰਾ ਢਾਹੀਆ । ਜਿਸ ਕਾਰਨ ਤੁਸੀਂ ਆਏ ਨੱਸ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਘਰ ਸਾਚੇ ਲਏ ਮਿਲਾਈਆ । ਜਨ ਭਗਤੋ ਤੁਸਾਂ ਇਕ ਦੀ ਰੱਖੀ ਆਸ, ਆਸਾ ਵਿਚ ਵਡਿਆਈਆ । ਤੁਹਾਡੀ ਜਨਮ ਜਨਮ ਦੀ ਮੁੱਕੀ ਪਿਆਸ, ਤ੍ਰਿਖਾ ਅਗਲੀ ਦਿਤੀ ਗਵਾਈਆ । ਤੁਸਾਂ ਵਸਣਾ ਉਤੇ ਆਕਾਸ਼, ਜਿਥੇ ਬੈਠਾ ਧੁਰਦਰਗਾਹੀਆ । ਤੁਸਾਂ ਮਿਲਣਾ ਓਸ ਵਿਚ ਪ੍ਰਕਾਸ਼, ਜਿਸ ਦੀ ਮਹਿੰਮਾ ਗੁਰ ਅਵਤਾਰ ਪੈਗੰਬਰ ਗਏ ਗਾਈਆ । ਤੁਹਾਡਾ ਲੇਖੇ ਲੌਣਾ ਸਵਾਸ ਸਵਾਸ, ਸਾਹ ਆਪਣੇ ਵਿਚ ਰਲਾਈਆ । ਸੇਵਕ ਬਣ ਕੇ ਦਾਸ, ਜਨ ਭਗਤੋ ਤੁਹਾਡੀ ਸੇਵਾ ਲੈਣੀ ਕਮਾਈਆ । ਬਖ਼ਸ਼ ਅਗੰਮੀ ਦਾਤ, ਨਾਮ ਭੰਡਾਰਾ ਦੇਣਾ ਭਰਾਈਆ । ਤੁਸੀਂ ਵੱਡਿਆਂ ਛੋਟਿਆਂ ਦੀ ਸੋਹਣੀ ਲੱਗੋ ਜਮਾਤ, ਵਰਨ ਬਰਨ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਤੁਹਾਡੀ ਸਚ ਪ੍ਰੀਤੀ ਤੇ ਪ੍ਰਭੂ ਦਾ ਸੱਚਾ ਨਾਤ, ਸਤਿ ਸਚ ਵਿਚ ਸਮਾਈਆ । ਜੋ ਕੁਛ ਰਸਨਾ ਦਿਓਗੇ ਆਖ, ਸੋ ਪੂਰਾ ਕਰ ਵਖਾਈਆ । ਹਰ ਹਿਰਦੇ ਦੀ ਸੁਣਨ ਆਇਆ ਬਾਤ, ਆਸ਼ਾ ਸਭ ਦੀ ਪੂਰ ਕਰਾਈਆ । ਤੁਸੀਂ ਕਦੀ ਕਦੀ ਵੇਖਦੇ ਤੇ ਮੈਂ ਸਦਾ ਤੁਹਾਡੇ ਅੰਦਰ ਰਿਹਾ ਝਾਕ, ਅੱਠੇ ਪਹਿਰ ਤੁਹਾਡਾ ਰਾਹ ਤਕਾਈਆ । ਤੁਸੀਂ ਮੇਰੇ ਸੱਜਣ ਸੁਹੇਲੇ ਤੁਹਾਡਾ ਧੁਰ ਦਾ ਸਾਥ, ਬਿਨਾ ਭਗਤਾਂ ਤੋਂ ਸਚਖੰਡ ਚੜ੍ਹਨ ਕੋਇ ਨਾ ਪਾਈਆ । ਤੁਸੀਂ ਮੰਜ਼ਲ ਤੇ ਮੈਂ ਤੁਹਾਡਾ ਘਾਟ, ਕਿਨਾਰਾ ਦੋਹਾਂ ਦਾ ਇਕੋ ਦੇਣਾ ਬਣਾਈਆ । ਸ੍ਰਿਸ਼ਟੀ ਸੁੱਤੀ ਤੇ ਤੁਸੀਂ ਗਏ ਜਾਗ, ਸਤਿਗੁਰ ਸ਼ਬਦ ਲਿਆ ਜਗਾਈਆ । ਤੁਹਾਡੀ ਜੀਉਂਦਿਆਂ ਦੀ ਆਪਣੇ ਹੱਥ ਵਿਚ ਫੜ ਕੇ ਵਾਗ, ਦੀਨ ਦੁਨੀ ਵਲੋਂ ਮੁਖ ਦਿਤਾ ਭਵਾਈਆ । ਤੁਸੀਂ ਹੰਸ ਬਣ ਗਏ ਕਾਗ, ਕਾਗ ਹੰਸ ਰੂਪ ਬਦਲਾਈਆ । ਤੁਹਾਡੀ ਸ਼ਮਅ ਦਾ ਪੁਰਖ ਅਕਾਲ ਚਰਾਗ, ਚਰਾਗਾਹਾਂ ਵਿਚ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਅੰਦਰ ਆਪਣੇ ਨਾਮ ਰਸ ਦਾ ਦੇਵੇ ਸਵਾਦ, ਵਿਖ ਅੰਦਰੋਂ ਬਾਹਰ ਕਢਾਈਆ ।


੬੫੦
੨੧

## ✲ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਗਿਆਨ ਚੰਦ, ਫੁੰਮਣ ਸਿੰਘ, ਭਾਗ ਸਿੰਘ, ਪੂਰਨ ਚੰਦ, ਸ਼ੰਕਰ ਦਾਸ, ਗਿਆਨ ਸਿੰਘ ਦੇ ਗ੍ਰਿਹਿ ਛੰਬ ਜੰਮੂ ✲



ਸਦੀ ਚੌਧਵੀਂ ਕਹੇ ਮੈਂ ਤੱਕਿਆ ਉਪਰ ਫ਼ਲਕ, ਆਸਮਾਨਾਂ ਪਰੇ ਧਿਆਨ ਲਗਾਈਆ । ਨੂਰ ਨੁਰਾਨੇ ਦਿਤੀ ਚਮਕ, ਪ੍ਰਕਾਸ਼ ਪ੍ਰਕਾਸ਼ ਵਿਚੋਂ ਪ੍ਰਗਟਾਈਆ । ਸ਼ਬਦ ਇਸ਼ਾਰੇ ਮਾਰੀ ਰਮਜ਼, ਸੰਦੇਸਾ ਇਕ ਸੁਣਾਈਆ । ਅੰਤ ਅਖ਼ੀਰ ਜਾਹ ਸਮਝ, ਸਿਖਿਆ ਇਕ ਦ੍ਰਿੜਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਵੇਖ ਵਿਚ ਖ਼ਲਕ, ਹਰਿ ਕਰਤਾ ਧੁਰਦਰਗਾਹੀਆ । ਝਮਕ ਕੇ ਤਕ ਆਪਣੀ ਪਲਕ, ਪਰਦਾ ਉਹਲਾ ਅੰਦਰੋਂ ਬਾਹਰ ਕਢਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਮੈਨੂੰ ਅਗੰਮੀ ਆਈ ਝਲਕ, ਝੱਲੀ ਰਿਹਾ ਬਣਾਈਆ । ਮੇਰੇ ਨੇਤਰ ਨੈਣਾਂ ਨੀਰ ਆਇਆ ਛਲਕ, ਹੰਝੂਆਂ ਧਾਰ ਵਹਾਈਆ । ਕੀ ਖੇਲ ਹੋਣਾ ਭਲਕ, ਪੜਦਾ ਸਕੇ ਨਾ ਕੋਇ ਚੁਕਾਈਆ । ਬੜੇ ਬੜੇ ਸੂਰਬੀਰ ਬਹਾਦਰ ਯੋਧੇ ਬੈਠੇ ਮਲਕ, ਬਲਧਾਰੀ ਨਜ਼ਰੀ ਆਈਆ । ਸਚ ਮਾਰਗ ਤੋਂ ਸਾਰੇ ਗਏ ਤਿਲਕ, ਸੰਭਲ ਕ਼ਦਮ ਨਾ ਕੋਇ ਉਠਾਈਆ । ਮਨੂਆ ਚਾਰੋਂ ਕੁੰਟ ਕਰੇ ਇੱਲਤ, ਕੂੜੀ ਤ੍ਰਿਸ਼ਨਾ ਜਗਤ ਵਧਾਈਆ । ਸ਼ਾਹ ਸੁਲਤਾਨਾਂ ਹੋਈ ਜ਼ਿੱਲਤ, ਖ਼ੁਆਰੀ ਸਕੇ ਨਾ ਕੋਇ ਮਿਟਾਈਆ । ਸਤਿ ਧਰਮ ਦੀ ਦੇਵੇ ਕੋਈ ਨਾ ਖਿੱਲਤ, ਤਨ ਪੁਸ਼ਾਕ ਨਾ ਕੋਇ ਸੁਹਾਈਆ । ਜਿਧਰ ਤੱਕਾਂ ਸਾਰੇ ਦਿਸਣ ਨਿੰਦਕ, ਪ੍ਰਭ ਦੀ ਸਿਫ਼ਤ ਨਾ ਕੋਇ ਸਾਲਾਹੀਆ । ਕੋਟਾਂ ਵਿਚੋਂ ਗੁਰਮੁਖ ਵਿਰਲੇ ਦਿਤੀ ਹਿੰਮਤ, ਜੋ ਪ੍ਰਭ ਨੂੰ ਸੀਸ ਨਿਵਾਈਆ । ਜਿਨ੍ਹਾਂ ਦਾ ਇਕ ਨਿਸ਼ਾਨਾ ਇਕੋ ਸਿੰਮਤ, ਇਕੋ ਬਣੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਉਪਰ ਅਸਮਾਨ, ਆਸਾ ਹੋਰ ਵਧਾਈਆ । ਸੁਣਿਆ ਧੁਰ ਫ਼ਰਮਾਨ, ਅਗੰਮ ਦਿਤਾ ਜਣਾਈਆ । ਤੇਰਾ ਮਾਲਕ ਨਿਗਾਹਬਾਨ, ਨਿਰਵੈਰ ਨੂਰ ਅਲਾਹੀਆ । ਧਰਨੀ ਉਤੇ ਕਰੇ ਕਲਿਆਣ, ਧਵਲ ਧੌਲ ਵੇਖ ਵਖਾਈਆ । ਓਸ ਦੇ ਚਰਨ ਕਰ ਪ੍ਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਦੇਵੇ ਸਾਚਾ ਨਾਮ, ਕਲਮਾ ਇਕ ਵਡਿਆਈਆ । ਵੇਖ ਵਖਾਏ ਚੌਦਾਂ ਤਬਕ ਤੇਰਾ ਗ੍ਰਾਮ, ਗ੍ਰਿਹਿ ਮੰਦਰ ਫੋਲ ਫੁਲਾਈਆ । ਸੱਜਦੇ ਵਿਚ ਓਸ ਮਹਿਬੂਬ ਨੂੰ ਕਰ ਸਲਾਮ, ਜੋ ਸੁਲਹਕੁਲ ਅਖਵਾਈਆ । ਪੈਗ਼ੰਬਰ ਬਰਦੇ ਤੱਕ ਗੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਸੋ ਦੇਵਣਹਾਰਾ ਹਕੀਕ਼ੀ ਜਾਮ, ਅਨਡਿੱਠਾ ਰਸ ਪਿਆਈਆ । ਜਿਸ ਨੇ ਬਦਲ ਦਿਤੀ ਧੁਰ ਦੀ ਕਲਾਮ, ਕਲਮਾ ਕਾਇਨਾਤ ਪੜ੍ਹਾਈਆ । ਸੋ ਖੇਲ ਕਰੇ ਅਮਾਮ, ਦਰਗਾਹ ਸਾਚੀ ਦਾ ਮਾਲਕ ਨੂਰ ਅਲਾਹੀਆ । ਕਲ ਮੇਟ ਅੰਧੇਰੀ ਸ਼ਾਮ, ਸਤਿਜੁਗ ਸਚ ਚੰਦ ਚਮਕਾਈਆ । ਝਗੜਾ ਕੂੜ ਮੇਟ ਅਵਾਮ, ਕਾਮਲ ਮੁਰਸ਼ਦ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਧਾਰ ਚਲਾਏ ਇਕ ਨਿਸ਼ਾਨ, ਨੌਜਵਾਨ ਮਰਦ ਮਰਦਾਨਾ ਇਕੋ ਇਕ ਵਖਾਈਆ ।

ਜਨ ਭਗਤੋ ਮੈਂ ਸਦਾ ਤੁਹਾਡੇ ਨਾਲ, ਇਕੱਲਾ ਨਜ਼ਰ ਕੋਇ ਨਾ ਆਈਆ । ਤੁਸੀਂ ਮੇਰੇ ਸ਼ਾਹ ਮੈਂ ਤੁਹਾਡਾ ਕੰਗਾਲ, ਪ੍ਰੇਮ ਪ੍ਰੀਤੀ ਤੁਹਾਡੀ

ਮੰਗਣ ਆਈਆ । ਨਾਮ ਵਿਚੋਲੇ ਬਣਾ ਦਲਾਲ, ਵਣਜ ਧੁਰ ਦਾ ਦਏ ਕਰਾਈਆ । ਜਿਸ ਗੋਬਿੰਦ ਨੇ ਵਾਰ ਕੇ ਆਪਣੇ ਲਾਲ, ਬੱਚੇ ਗੁਰਮੁਖ ਆਪਣੇ ਲਏ ਅਪਨਾਈਆ । ਉਹ ਤੁਹਾਡੀ ਸਦਾ ਕਰੇ ਸੰਭਾਲ, ਸਿਰ ਆਪਣਾ ਹੱਥ ਰਖਾਈਆ । ਜ਼ਰਾ ਵੇਖਦੇ ਜਾਵੋ ਕਿਸ ਤਰਾ ਦੀਨ ਦੁਨੀ ਦੀ ਬਦਲ ਦੇਵੇ ਚਾਲ, ਆਪਣੀ ਚਾਲ ਨਾ ਕਿਸੇ ਸਮਝਾਈਆ । ਸਭ ਦੇ ਪੂਰੇ ਕਰੇ ਸਵਾਲ, ਆਸਾ ਮਨਸਾ ਦੀ ਤ੍ਰਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਸਾਥੀ ਇਕ ਅਖਵਾਈਆ । ਜਨ ਭਗਤੋ ਤੁਸੀਂ ਕਦੇ ਨਹੀਂ ਇਕੱਲੇ, ਇਕੱਲਾ ਭਗਤ ਨਾ ਕੋਇ ਅਖਵਾਈਆ । ਤੁਸੀਂ ਵਸੋ ਉਸ ਪ੍ਰਭੂ ਦੇ ਮਹੱਲੇ, ਜਿਥੇ ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਤੁਹਾਡੇ ਅੰਤਰ ਦੀਪਕ ਉਹ ਬਲੇ, ਜਿਸ ਦਾ ਨੂਰ ਹੋਵੇ ਰੁਸ਼ਨਾਈਆ । ਤੁਹਾਡੀ ਸਹਾਇਤਾ ਕਰੇ ਜਲੇ ਥਲੇ, ਹਰ ਥਾਂ ਵੇਖੇ ਚਾਈਂ ਚਾਈਆ । ਜਿਸ ਪਿਆਰ ਮੁਹੱਬਤ ਵਿਚ ਤੁਸੀਂ ਪਲੇ, ਪਲਕ ਹੋਣ ਨਾ ਦੇਵੇ ਜੁਦਾਈਆ । ਪੂਰਬ ਜਨਮ ਦੇ ਕੀਤੇ ਕਰਮ ਕੁਛ ਹੁਣ ਫਲੇ, ਅੱਗੇ ਫਲੀਭੂਤ ਦਏ ਕਰਾਈਆ । ਕਿਤਨੀ ਖ਼ੁਸ਼ੀ ਮਨਾਵੇ ਜਿਹੜੀ ਧਰਨੀ ਤੁਹਾਡੇ ਚਰਨਾਂ ਥੱਲੇ, ਧੂੜੀ ਚੁੰਮ ਕੇ ਖ਼ੁਸ਼ੀ ਬਣਾਈਆ । ਧੰਨ ਭਾਗ ਜੋ ਪ੍ਰਭ ਜੋਤ ਵਿਚ ਰਲੇ, ਨਾਤਾ ਜਗਤ ਕੂੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਦਏ ਵਡਿਆਈਆ । ਗੁਰਮੁਖੋ ਕਦੇ ਨਾ ਇਕੱਲਿਆਂ ਦੇਣਾ ਆਖ, ਇਕੱਲਾ ਨਜ਼ਰ ਕੋਇ ਨਾ ਆਈਆ । ਜਦੋਂ ਤੁਸੀਂ ਅੰਦਰ ਕਰੋ ਯਾਦ, ਹਾਜ਼ਰ ਹੋ ਕੇ ਦਰਸ ਦਿਖਾਈਆ । ਤੁਸੀਂ ਉਜੜ ਕੇ ਹੋਏ ਆਬਾਦ, ਅਬਾਦੀ ਭਗਤਾਂ ਦਿਆਂ ਵਧਾਈਆ । ਤੁਹਾਡਾ ਲੇਖਾ ਲਿਖਿਆ ਵਿਚ ਓਸ ਕਿਤਾਬ, ਜਿਹੜੀ ਗੁਰ ਅਵਤਾਰ ਪੈਗੰਬਰਾਂ ਹੱਥ ਨਾ ਕਦੇ ਫੜਾਈਆ । ਜਦੋਂ ਚਾਹਾਂ ਭਗਤਾਂ ਦਾ ਕਰਾਂ ਆਪ ਹਿਸਾਬ, ਲੇਖਾ ਲਿਖਾਂ ਬਿਨ ਕ਼ਲਮ ਸ਼ਾਹੀਆ । ਝਗੜਾ ਮੁਕਾ ਕੇ ਪੁੰਨ ਸਵਾਬ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਤੁਹਾਡਾ ਲੇਖੇ ਲਾਇਆ ਔਣਾ ਜਾਣਾ ਆਜ, ਅੱਜ ਦੀ ਘੜੀ ਸੁਲੱਖਣੀ ਦਿਤੀ ਬਣਾਈਆ । ਤੁਸੀਂ ਪ੍ਰਭੂ ਦਾ ਬਗ਼ੀਚਾ ਸੋਹਣਾ ਸੁਹੰਵਣਾ ਬਾਗ਼, ਪ੍ਰੇਮ ਸੁਗੰਧੀ ਤੁਹਾਡੇ ਵਿਚੋਂ ਨਜ਼ਰੀ ਆਈਆ । ਜਨ ਭਗਤੋ ਤੁਹਾਡੇ ਤੋਂ ਵੱਡਾ ਹੋਰ ਨਹੀਂ ਕੋਈ ਸਾਧ, ਸਮਾਜਾਂ ਵਿਚ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਤੁਹਾਡੀ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਈਆ ।



### ❊ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਕੌਰ ਦੇ ਗ੍ਰਿਹ ਛੰਬ ਜ਼ਿਲਾ ਜੰਮੂ ❊

ਸਦੀ ਚੌਧਵੀਂ ਕਹੇ ਮੈਂ ਖ਼ੁਸ਼ੀ ਵੇਖੀ ਅਲੱਲ ਸੁਬਹ, ਸੁਬਹਾਨ ਅੱਲਾ ਤੇਰੀ ਵਡਿਆਈਆ । ਮਿਹਰਵਾਨ ਹੋਇਆ ਵੇਖਿਆ ਖ਼ੁਦਾ, ਖ਼ੁਦ ਮਾਲਕ ਦਇਆ ਕਮਾਈਆ । ਸੂਫ਼ੀਆਂ ਦਾ ਬਣ ਕੇ ਦਿਲ ਰੁਬਾ, ਦਿਲਦਾਰ ਦਇਆ ਕਮਾਈਆ । ਸਾਚੇ ਨਾਮ ਦੀ ਦੱਸ ਸਦਾ, ਆਵਾਜ਼ ਇਕੋ ਇਕ ਉਪਜਾਈਆ । ਆਪਣੇ ਮਿਲਣ ਦੀ ਬਣਾ ਅਦਾ, ਆਦਤ ਪਿਛਲੀ ਦਿਤੀ ਗਵਾਈਆ । ਸੰਤ ਸੁਹੇਲੇ ਮਾਤ ਜਗਾ, ਜਾਗਰਤ ਜੋਤ ਕਰੀ ਰੁਸ਼ਨਾਈਆ । ਸ਼ਬਦੀ ਹੁਕਮ ਲਏ ਉਠਾ, ਗ਼ਫ਼ਲਤ ਨਿੰਦਰਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਧੁਰ ਦਾ ਰੰਗ ਰਿਹਾ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਈ ਬਹੁ ਖ਼ੁਸ਼ਹਾਲੀ, ਖ਼ੁਸ਼ੀ ਵਿਚ ਦਿਆਂ ਜਣਾਈਆ । ਪ੍ਰਭ ਦੇ ਭਗਤ ਪ੍ਰਭ ਦੇ ਵੇਖੇ ਸਵਾਲੀ, ਦਰ ਠਾਂਡੇ ਮੰਗ ਮੰਗਾਈਆ । ਮੁਹੱਬਤ ਪਿਆਰ ਦੀ ਗੌਂਦੇ ਓਹ ਕਵਾਲੀ, ਜੋ ਕਾਇਲ ਕਰ ਕੇ ਜ਼ਖ਼ਮ ਘਾਇਲ ਵਾਲਾ ਲਗਾਈਆ । ਨਿਰੰਤਰ ਉਪਜੇ ਧਾਰ ਨਿਰਾਲੀ, ਨਿਰਾਕਾਰ ਨਾਲ ਵਡਿਆਈਆ । ਮਿਲ ਕੇ ਜੋਤ ਅਕਾਲੀ, ਅਕਲ ਕਲ ਆਪਣੀ ਰਹੇ ਬਣਾਈਆ । ਜਿਹੜੀ ਵਸਤ ਚੌਦਾਂ ਸਦੀਆਂ ਮੈਨੂੰ ਹੱਥ ਨਾ ਆਈ ਭਾਲੀ, ਭੱਜੀ ਨੱਠੀ ਵਾਹੋ ਦਾਹੀਆ । ਸੋ ਗੁਰਮੁਖਾਂ ਸਹਿਜ ਸੁਭਾਓ ਪਾ ਲਈ, ਕਰਤਾ ਕ਼ੀਮਤ ਨਾ ਕੋਇ ਲਗਾਈਆ । ਮੈਂ ਖੇਲ ਵੇਖਿਆ ਹਾਲੀ, ਮਾਜ਼ੀ ਝਗੜਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਸਚ ਸਵੇਰਾ, ਧੁੰਦੂਕਾਰ ਨਜ਼ਰ ਨਾ ਆਈਆ । ਜਨ ਭਗਤ ਗੌਂਦੇ ਤੂੰ ਮੇਰਾ ਮੈਂ ਤੇਰਾ, ਸਾਚਾ ਢੋਲਾ ਧੁਰਦਰਗਾਹੀਆ । ਪੁਰਖ ਅਕਾਲ ਕਰ ਕੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਦੂਰ ਦੁਰਾਡਾ ਪੈਂਡਾ ਦੱਸੇ ਨੇਰਨ ਨੇਰਾ, ਨੇੜਾ ਆਪਣਾ ਘਰ ਸਮਝਾਈਆ । ਜਿਥੇ ਵਸੇ ਗੁਰੂ ਗੁਰ ਚੇਰਾ, ਚੇਲਾ ਗੁਰ ਇਕੋ ਜੋਤ ਰੁਸ਼ਨਾਈਆ । ਭਾਗ ਲੱਗੇ ਧਰਮ ਦਵਾਰੇ ਖੇੜਾ, ਕਾਇਆ ਮੰਦਰ ਅੰਦਰ ਖਿੜਕੀ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਅੰਤਮ ਵੇਖਣਾ ਗੇੜਾ, ਚਾਰ ਜੁਗ ਦੀ ਕਥਾ ਕਹਾਣੀ ਫੋਲ ਫੁਲਾਈਆ । ਦੀਨ ਮਜ਼੍ਹਬ ਦਾ ਮੇਰੇ ਸਾਹਿਬ ਮੇਟਣਾ ਝੇੜਾ, ਝਗੜਾ ਦੁਨੀ ਵਿਚੋਂ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਇਕ ਅਖਵਾਈਆ । ਸਦੀ ਚੌਧਵੀਂ ਕਹੇ ਸੁਬਹ ਹੋਇਆ ਉਜਾਲਾ, ਉਜਲ ਗੁਰਮੁਖ ਵੇਖੇ ਚਾਈਂ ਚਾਈਆ । ਜਿਹੜੇ ਵਸਦੇ ਇਕ ਸੱਚੀ ਧਰਮਸਾਲਾ, ਸਚਖੰਡ ਦਵਾਰੇ ਸਾਚੇ ਸੋਭਾ ਪਾਈਆ । ਸੋਹੰ ਜਪ ਕੇ ਨਾਮ ਸੁਖਾਲਾ, ਸੁਖ ਸਾਗਰ ਵਿਚ ਡੇਰਾ ਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਪੰਚ ਵਿਕਾਰਾ ਡੇਰਾ ਢਾਹੀਆ । ਦਰਸ਼ਨ ਕਰ ਪੁਰਖ ਅਕਾਲਾ, ਅਕਲ ਕਲਧਾਰੀ ਵਿਚ ਸਮਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇਂਦੇ ਗਏ ਅਹਿਵਾਲਾ, ਰਾਗਾਂ ਨਾਦਾਂ ਵਿਚ ਸਾਲਾਹੀਆ । ਸੋ ਖੇਲੇ ਖੇਲ ਪੁਰਖ ਅਕਾਲਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲਾ ਬਣ ਦਲਾਲਾ, ਧਰਮ ਦਵਾਰੇ ਦੇਵੇ ਮਾਣ ਵਡਿਆਈਆ ।

### ❊ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਪ੍ਰਤਾਪ ਸਿੰਘ ਦੇ ਗ੍ਰਹਿ ਪਿੰਡ ਦੜ ਜ਼ਿਲਾ ਜੰਮੂ ❊

ਸਦੀ ਚੌਧਵੀਂ ਕਹੇ ਈਸਾ ਮੂਸਾ ਮੁਹੰਮਦ ਰਹੇ ਸੋਚ, ਧਿਆਨ ਧਿਆਨ ਵਿਚ ਲਗਾਈਆ । ਪਰਵਰਦਿਗਾਰ ਸਾਡੀ ਆਸਾ ਮਨਸਾ ਪੂਰੀ ਕਰੇ ਲੋਚ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਲੋਚਣ ਦਏ ਵਖਾਈਆ । ਕੀ ਖੇਲ ਕਰਨਾ ਪੁਸ਼ਕਰ ਵਿਚ ਕਰੌਚ, ਹੁਕਮ ਫਰਮਾਨਾ ਇਕ ਸੁਣਾਈਆ । ਜਿਥੇ ਸਾਡੀ ਨਹੀਂ ਕੋਈ ਪਹੁੰਚ, ਸੋ ਸਵਾਮੀ ਆਪਣੀ ਕਲ ਵਰਤਾਈਆ । ਅਸਾਂ ਖੇਲ ਵੇਖਿਆ ਬਹੁਤ, ਸਦੀ ਚੌਧਵੀਂ ਬੀਸਵੀਂ ਨਾਲ ਵਡਿਆਈਆ । ਅੰਤ ਅੰਧੇਰਾ ਹੋਇਆ ਮਾਤਲੋਕ, ਸਾਚਾ ਚੰਦ ਨਾ ਕੋਇ ਚਮਕਾਈਆ । ਧੁਰ ਦਾ ਕਲਮਾ ਭੁੱਲਿਆ ਸਲੋਕ, ਹਿਰਦੇ ਹਰਿ ਨਾ ਕੋਇ ਵਸਾਈਆ ।

ਗ੍ਰਿਹ ਗ੍ਰਿਹ ਵਧਿਆ ਹਰਖ ਸੋਗ, ਚਿੰਤਾ ਗ਼ਮ ਨਾ ਕੋਇ ਮਿਟਾਈਆ । ਸਤਿ ਧਰਮ ਦਾ ਰਿਹਾ ਕੋਈ ਨਾ ਜੋਗ, ਜੁਗੀਸ਼ਰ ਬੈਠੇ ਮੁਖ ਭਵਾਈਆ । ਪੁਰਖ ਅਕਾਲ ਦੀ ਰੱਖੇ ਕੋਈ ਨਾ ਓਟ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਥੱਕੀ ਲੋਕਾਈਆ । ਦਰਸ ਮਿਲੇ ਕਿਸੇ ਨਾ ਨਿਰਮਲ ਜੋਤ, ਮੰਦਰ ਮਸਜਿਦ ਸ਼ਿਵਦਵਾਲੇ ਮਠ ਬੈਠੇ ਰਾਹ ਤਕਾਈਆ । ਚਰਚਾਂ ਵਿਚ ਰੋਵਣ ਪੋਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੂਸਾ ਈਸਾ ਮੁਹੰਮਦ ਰਹੇ ਆਖ, ਅਨਬੋਲਤ ਆਪਣਾ ਰਾਗ ਸੁਣਾਈਆ । ਬਹੁੜੀ ਸਾਡੀ ਉਮਤ ਹੋਈ ਗੁਸਤਾਖ, ਸੱਯਦਾ ਸੀਸ ਨਾ ਕੋਇ ਨਿਵਾਈਆ । ਮਨ ਕਲਪਣਾ ਕੀਤਾ ਬਦਮਾਸ਼, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜ ਕਲਪਣਾ ਵਧੀ ਖ਼ਾਹਿਸ਼, ਧੀਰਜ ਧੀਰ ਨਾ ਕੋਇ ਧਰਾਈਆ । ਸਚ ਮੁਹੱਬਤ ਕਰੇ ਨਾ ਕੋਇ ਤਲਾਸ਼, ਮਾਇਆ ਮਮਤਾ ਮੋਹ ਹਲਕਾਈਆ । ਨਿਗਾਹ ਮਾਰੇ ਨਾ ਕੋਈ ਉਪਰ ਆਕਾਸ਼, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਰੂਹ ਬੁਤ ਕਰੇ ਕੋਈ ਨਾ ਪਾਕ, ਦੁਰਮਤ ਮੈਲ ਨਾ ਕੋਇ ਧੁਆਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਚ ਨੂਰ ਨਾ ਕੋਇ ਚਮਕਾਈਆ । ਜੋ ਭਵਿਖਤਾਂ ਵਿਚ ਆਏ ਆਖ, ਪੇਸ਼ੀਨਗੋਈਆਂ ਵਿਚ ਕਰ ਸ਼ਨਵਾਈਆ । ਸੋ ਕਰੇ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਸਾਡੀ ਕਰਨੀ ਹੋਣੀ ਨਾਸ, ਅੰਤ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਉਡਣੀ ਖ਼ਾਕ, ਖ਼ਾਕਸਾਰ ਦਿਸੇ ਲੋਕਾਈਆ । ਵਕ਼ਤ ਸੁਹੰਢਣਾ ਸਾਨੂੰ ਯਾਦ, ਵੇਲਾ ਵਕ਼ਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੂਸਾ ਕਹੇ ਸੁਣ ਈਸਾ ਸਾਜਣ ਮੀਤ, ਸਚ ਦਿਆਂ ਸਮਝਾਈਆ । ਪਰਵਰਦਿਗਾਰ ਬਦਲਣ ਵਾਲਾ ਰੀਤ, ਰਹਿਮਤ ਆਪਣੀ ਹੱਕ ਕਮਾਈਆ । ਮੁਹੰਮਦ ਦੀ ਚੌਧਵੀਂ ਸਦੀ ਰਹੀ ਬੀਤ, ਅੰਤ ਕਿਨਾਰਾ ਨੇੜੇ ਆਈਆ । ਝਗੜਾ ਮੁਕਣਾ ਜਗਤ ਮਸੀਤ, ਕਾਇਆ ਕਾਅਬੇ ਹੋਏ ਰੁਸ਼ਨਾਈਆ । ਕਰੇ ਖੇਲ ਸਾਹਿਬ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਅਸੀਂ ਬਰਦੇ ਓਹਦੇ ਨਾਚੀਜ਼, ਸਰਗੁਣ ਆਏ ਸੇਵ ਕਮਾਈਆ । ਕਲਮਿਆਂ ਵਿਚ ਦੱਸ ਕੇ ਆਏ ਤਮੀਜ਼, ਤਹਿਜ਼ੀਬ ਨਾਲ ਸਿਖਾਈਆ । ਸਾਰੇ ਹੱਕ ਖ਼ੁਦਾ ਦੇ ਬਣੇ ਅਜ਼ੀਜ਼, ਆਅਲਾ ਅਦਨਾ ਇਕੋ ਰੰਗ ਰੰਗਾਈਆ । ਧਰਮ ਦੀ ਧਾਰ ਦੱਸ ਕੇ ਆਏ ਹਦੀਸ, ਸਿਫ਼ਤਾਂ ਵਿਚ ਸਾਲਾਹੀਆ । ਸੋ ਖੇਲ ਕਰੇ ਜਗਦੀਸ਼, ਹਰਿ ਕਰਤਾ ਬੇਪ੍ਰਵਾਹੀਆ । ਲਹਿਣਾ ਦੇਣਾ ਚੁਕਾਏ ਬੀਸ ਬੀਸ, ਸਰਗੁਣ ਲੇਖਾ ਆਪਣੀ ਝੋਲੀ ਪਾਈਆ । ਸਦੀ ਚੌਧਵੀਂ ਆਸਾ ਮਨਸਾ ਪੂਰੀ ਕਰੇ ਉਡੀਕ, ਤ੍ਰਿਸ਼ਨਾ ਤ੍ਰਿਖਾ ਦੇਵੇ ਗਵਾਈਆ । ਕਲਜੁਗ ਅੰਤਮ ਬਦਲ ਦੇਵੇ ਤਵਾਰੀਖ, ਤਰੀਕਾ ਆਪਣਾ ਇਕ ਪ੍ਰਗਟਾਈਆ । ਸ਼ਾਹ ਸੁਲਤਾਨਾਂ ਮੰਗਾਵੇ ਭੀਖ, ਰਾਓ ਰੰਕਾਂ ਖੋਜ ਖੁਜਾਈਆ । ਕੂੜੀ ਕਿਰਿਆ ਕਰ ਸ਼ਹੀਦ, ਸ਼ਹਾਦਤ ਧਰਮ ਧਾਰ ਉਪਜਾਈਆ । ਈਸਾ ਮੂਸਾ ਮੁਹੰਮਦ ਤਿੰਨਾਂ ਆਸਾ ਮਨਸਾ ਪੂਰੀ ਕਰ ਉਮੀਦ, ਆਮਦ ਵੇਖੇ ਥਾਉਂ ਥਾਈਂਆ । ਧੁਰ ਦਾ ਹੁਕਮ ਦੇਵੇ ਸ਼ਦੀਦ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਖੇਲੇ ਖੇਲ ਅਜਬ ਅਜੀਬ, ਨਿਰਾਲੀ ਆਪਣੀ ਕਾਰ ਕਮਾਈਆ ।

## ✱ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਈਸ਼ਰ ਸਿੰਘ ਦੇ ਗ੍ਰਹਿ ਪਿੰਡ ਦੜ ਜ਼ਿਲਾ ਜੰਮੂ ✱

ਸਦੀ ਚੌਧਵੀਂ ਕਹੇ ਈਸਾ ਮੂਸਾ ਮੁਹੰਮਦ ਛੱਡਣ ਲੱਗੇ ਤਸਬੀ, ਮਣਕੇ ਮਾਲਾ ਵਾਲੇ ਤਜਾਈਆ । ਅੱਖਰ ਬਦਲਣ ਲੱਗੇ ਅਰਬੀ, ਲੇਖ ਲੇਖ ਵਿਚੋਂ ਸਮਝਾਈਆ । ਪਰਵਰਦਿਗਾਰ ਸਭ ਦਾ ਸਾਂਝਾ ਬਣਿਆ ਦਰਦੀ, ਦੀਨਾਂ ਦਾ ਝਗੜਾ ਰਿਹਾ ਚੁਕਾਈਆ । ਖੇਲ ਵਖਾ ਆਪਣੇ ਘਰ ਦੀ, ਘਰਾਨੇ ਸਾਰੇ ਵੇਖ ਵਖਾਈਆ । ਕਰ ਪ੍ਰਕਾਸ਼ ਜੋਤ ਨਰਾਇਣ ਨਰ ਦੀ, ਆਪਣਾ ਨੂਰ ਰਿਹਾ ਚਮਕਾਈਆ । ਸੰਦੇਸ਼ਾ ਦੇਵਣ ਵਾਲਾ ਜਲਦੀ, ਜਲ ਥਲ ਮਹੀਅਲ ਫੋਲ ਫੁਲਾਈਆ । ਜਿਹੜੀ ਧਾਰ ਸੰਦੇਸ਼ੇ ਰਹੀ ਘਲਦੀ, ਕਲਮੇ ਕਾਇਨਾਤ ਸੁਣਾਈਆ । ਓਹ ਖੇਲ ਕਰੇ ਅਛਲ ਅਛੱਲ ਦੀ, ਵਲ ਛਲਧਾਰੀ ਆਪਣਾ ਹੁਕਮ ਵਰਤਾਈਆ । ਸਾਨੂੰ ਖ਼ਬਰ ਨਹੀਂ ਘੜੀ ਪਲ ਦੀ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਈਸਾ ਮੂਸਾ ਮੁਹੰਮਦ ਕਹੇ ਹਾਏ ਰੱਬਾ, ਖ਼ੁਦਾ ਖ਼ੁਦ ਤੇਰੀ ਸਰਨਾਈਆ । ਕਿਉਂ ਸਾਥੋਂ ਜੀਵ ਕਰਾਏ ਜ਼ਿਬਹ, ਬੇਜ਼ਬਾਨ ਦਿਤੇ ਮਰਵਾਈਆ । ਤੂੰ ਸਾਰਿਆਂ ਦਾ ਇਕੋ ਸਾਂਝਾ ਅੱਬਾ, ਪਿਤਾ ਪੁਰਖ ਅਕਾਲ ਤੇਰੀ ਵਡਿਆਈਆ । ਸਾਡੀ ਉਮਤ ਲੱਗਾ ਧੱਬਾ, ਅੱਗੇ ਹੋ ਨਾ ਕੋਇ ਮਿਟਾਈਆ । ਤੇਰਾ ਨੂਰ ਕਿਸੇ ਨਾ ਲੱਭਾ, ਜਗਤ ਅੰਧੇਰੇ ਵਿਚ ਦੁਹਾਈਆ । ਕਿਸੇ ਦੀ ਅੰਦਰੋਂ ਬਦਲੇ ਨਾ ਤਬਾ, ਤਬੀਬ ਤਬੀਅਤ ਨਾ ਕੋਇ ਉਲਟਾਈਆ । ਅਸੀਂ ਸੰਦੇਸ਼ਾ ਦੇ ਕੇ ਆਏ ਤੇਰਾ ਸੱਦਾ, ਹੁਕਮ ਹੁਕਮਰਾਨ ਇਕ ਜਣਾਈਆ । ਅੰਤ ਅਖ਼ੀਰ ਸਾਨੂੰ ਸਮਝ ਨਾ ਆਈ ਕੋਈ ਵਜਹ, ਭੇਵ ਅਭੇਵ ਨਾ ਕੋਇ ਖੁਲ੍ਹਾਈਆ । ਕਿਸ ਬਿਧ ਸਾਡਾ ਮੇਟੇ ਅੱਗਾ, ਅਗਲੀ ਖੇਲ ਨਾ ਕੋਇ ਵਖਾਈਆ । ਭੇਦ ਦੱਸਿਆ ਨਹੀਂ ਪ੍ਰਗਟ ਹੋਵਾਂ ਕਿਹੜੀ ਜਗਹ, ਜ਼ਿਮੀਂ ਅਸਮਾਨ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੈ ਵਿਚ ਸਾਰੇ ਮੰਨਦੇ ਤੇਰਾ ਦੱਬਾ, ਸਿਰ ਸਕੇ ਨਾ ਕੋਇ ਉਠਾਈਆ ।

## ✱ ੧੦ ਪੋਹ ਸ਼ਹਿਨਸ਼ਾਹ ਸੰਮਤ ੪ ਪਰਕਾਸ਼ ਸਿੰਘ ਦੇ ਗ੍ਰਹਿ ਪਿੰਡ ਦੜ ਜੰਮੂ ✱

ਸਦੀ ਚੌਧਵੀਂ ਕਹੇ ਪੈਗ਼ਬਰੋ ਮੇਰਾ ਖ਼ੁਦਾ ਸਦਾ ਕ਼ਦੀਮੀ, ਕ਼ੁਦਰਤ ਦਾ ਕ਼ਾਦਰ ਨਜ਼ਰੀ ਆਈਆ । ਤੁਹਾਨੂੰ ਦੇ ਕੇ ਵਿਦਿਆ ਅੱਖਰਾਂ ਵਾਲੀ ਤਾਲੀਮੀ, ਤਮਅ ਵਿਚ ਲਿਆ ਫਸਾਈਆ । ਮਾਣ ਦੇ ਕੇ ਫ਼ਰਸ਼ ਉਤੇ ਜ਼ਮੀਨੀ, ਜ਼ਿਮਨੀ ਆਪਣੀ ਦਿਤੀ ਦ੍ਰਿੜਾਈਆ । ਤਨ ਵਜੂਦ ਬਖ਼ਸ਼ ਕੇ ਜੀਣੀ, ਜੀਵਣ ਜੁਗਤ ਦਿਤੀ ਸਮਝਾਈਆ । ਆਪਣੀ ਧਾਰ ਦੱਸ ਮਹੀਨੀ, ਰਸਤਿਆਂ ਉਤੇ ਭਵਾਈਆ । ਸ਼ਰਅ ਦੱਸ ਕਮੀਨੀ, ਤੱਤਾਂ ਨਾਲ ਲੜਾਈਆ । ਜੁਗ ਜੁਗ ਕਰਨ ਵਾਲਾ ਤਰਮੀਮੀ, ਬਦਲਾ ਸਭ ਦਾ ਦਏ ਚੁਕਾਈਆ । ਆਪਣੀ ਦੱਸੀ ਨਹੀਂ ਕਿਸੇ ਹਲੀਮੀ, ਨਿਮਰਤਾ ਵਿਚ ਨਿਰਵੈਰ ਨਾ ਕਿਸੇ ਬਣਾਈਆ । ਅੰਤ ਸਭ ਨੂੰ ਹੋਏ ਗ਼ਮਗੀਨੀ, ਚਿੰਤਾ ਵੇਖੇ ਥਾਉਂ ਥਾਈਆ । ਝਗੜਾ ਪੈਣਾ ਮੱਕਾ ਮਦੀਨੀ, ਯੇਰੋਸ਼ਲਮ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰ ਇਕ ਅਖਵਾਈਆ । ਸਦੀ

ਚੌਧਵੀਂ ਕਹੇ ਪੈਗ਼ਬਰੋ ਮੇਰਾ ਮਾਲਕ ਏਕਾ ਆਦੀ, ਅੰਤ ਇਕ ਅਖਵਾਈਆ । ਜਿਹੜਾ ਸਦਾ ਕਰੇ ਆਬਾਦੀ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਅਵਤਾਰਾਂ ਪੈਗ਼ੰਬਰਾਂ ਕੋਲੋਂ ਕਰਾਏ ਬਰਬਾਦੀ, ਮਾਨਵ ਮਾਨਵ ਨਾਲ ਲੜਾਈਆ । ਤੁਹਾਨੂੰ ਬਣਾ ਕੇ ਆਪਣੇ ਹਾਜੀ, ਦਰਗਾਹ ਸਾਚੀ ਦਿਤੀ ਵਖਾਈਆ । ਕਾਇਨਾਤ ਬਣਾ ਫ਼ਸਾਦੀ, ਹੁਜਰਾ ਕਾਅਬੇ ਵਾਲਾ ਸੁਹਾਈਆ । ਸ਼ਰੀਅਤ ਵਿਚ ਲੜਾ ਗਵਾਂਢੀ, ਅਸਲੀਅਤ ਪੜਦਾ ਲਿਆ ਛੁਪਾਈਆ । ਪੈਗ਼ੰਬਰੋ ਰਾਮ ਕ੍ਰਿਸ਼ਨ ਨਾਲੋਂ ਤੁਹਾਡੀ ਵਖਰੀ ਕਰ ਕੇ ਹਾਂਡੀ, ਅਗਨੀ ਤਤ ਦਿਤਾ ਤਪਾਈਆ । ਉਨ੍ਹਾਂ ਤੋਂ ਚਰਵੌਂਦਾ ਰਿਹਾ ਢਾਂਡੀ, ਤੁਹਾਨੂੰ ਛੁਰੀਆਂ ਫੜਾ ਕੇ ਬਣਾ ਦਿਤਾ ਕਸਾਈਆ । ਹੁਣ ਵੇਖੋ ਸਭ ਦੀ ਔਧ ਬੀਤਦੀ ਜਾਂਦੀ, ਅੱਗੇ ਹੋਰ ਨਾ ਕੋਇ ਵਧਾਈਆ । ਤੁਸਾਂ ਬਦਲੀ ਕੀਤੀ ਹੁਕਮੇ ਅੰਦਰ ਪ੍ਰਭ ਦੇ ਨਾਂ ਦੀ, ਸਿਫ਼ਤਾਂ ਵਾਲਾ ਢੋਲਾ ਗਾਈਆ । ਇਹ ਖੇਲ ਅਗੰਮ ਅਥਾਹ ਦੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਇਹ ਖ਼ਲਕਤ ਖੇਲ ਅੰਤ ਫ਼ਨਾਹ ਦੀ, ਫ਼ਿਲਹਾਲ ਹਾਲਤ ਨਾ ਕੋਇ ਦ੍ਰਿੜਾਈਆ । ਜਿਸਮ ਜ਼ਮੀਰ ਤੱਕੋ ਤੇ ਉਮਤ ਭਰੀ ਗੁਨਾਹ ਦੀ, ਪਵਿੱਤ ਪਾਕ ਨਾ ਕੋਇ ਵਖਾਈਆ । ਤੁਹਾਡੀ ਰਮਜ਼ ਨਹੀਂ ਕੋਈ ਸੁਲਹ ਦੀ, ਸੁਲਹਕੁਲ ਵੇਖ ਵਖਾਈਆ । ਤੁਹਾਡੀ ਸ਼ਰਅ ਚਲੀ ਮੁੱਲਾ ਦੀ, ਫ਼ਤਵਿਆਂ ਵਿਚ ਦੁਹਾਈਆ । ਤੁਹਾਡੀ ਨਿਮਾਜ਼ ਚਲੀ ਬੁੱਲਾਂ ਦੀ, ਹਿਰਦੇ ਹਰਿ ਨਾ ਕੋਇ ਟਿਕਾਈਆ । ਅੰਤ ਖੇਲ ਮੁਕਣੀ ਛੋਟੀਆਂ ਛੋਟੀਆਂ ਕੁਲਾਂ ਦੀ, ਜੋ ਕੁੱਲ ਮਾਲਕ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਗੇ ਬਰਖਾ ਬਰਸਾਵੇ ਫੁੱਲਾਂ ਦੀ, ਫੁੱਲ ਪੱਤੀ ਆਪਣੇ ਵਿਚੋਂ ਪ੍ਰਗਟਾਈਆ ।



੬੫੬ ੨੧

### ✻ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਝੰਡੂ ਰਾਮ ਦੇ ਗ੍ਰਿਹ ਪਿੰਡ ਜਿਉੜੀਆਂ ਜੰਮੂ ✻

ਸਦੀ ਚੌਧਵੀਂ ਕਹੇ ਪੈਗ਼ੰਬਰੋ ਵੇਖੋ ਪ੍ਰਭ ਦੀ ਮਰਜ਼ੀ, ਮਰੀਜ ਸਭ ਨੂੰ ਦਿਤਾ ਬਣਾਈਆ । ਤੁਹਾਨੂੰ ਸਮਝ ਨਾ ਦਿਤੀ ਤੁਹਾਡੇ ਘਰ ਦੀ, ਆਦਿ ਅੰਤ ਨਾ ਕੋਇ ਸਮਝਾਈਆ । ਮੈਂ ਚਾਰ ਕੁੰਟ ਫਿਰਦੀ ਰਹੀ ਡਰਦੀ ਡਰਦੀ, ਭੈ ਵਿਚ ਆਪਣਾ ਪੰਧ ਮੁਕਾਈਆ । ਸ਼ਰੀਅਤ ਵਿਚ ਦੁਨੀਆ ਵੇਖੀ ਲੜਦੀ, ਮਜ਼੍ਹਬਾਂ ਵਿਚ ਕੁਰਲਾਈਆ । ਸਤਿ ਦਾ ਮਿਲਿਆ ਕੋਇ ਨਾ ਦਰਦੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਜਗਤ ਅੰਧੇਰੀ ਵੇਖੀ ਕਲਜੁਗ ਕਲ ਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਮਾਇਆ ਮਮਤਾ ਫਿਰੇ ਛਲਦੀ, ਵੇਸਵਾ ਘਰ ਘਰ ਫੇਰਾ ਪਾਈਆ । ਮੈਨੂੰ ਯਾਦ ਆਈ ਰਾਜੇ ਬਲ ਦੀ, ਜੋ ਬਾਵਨ ਗਿਆ ਸੁਣਾਈਆ । ਜਿਸ ਵੇਲੇ ਖੇਲ ਹੋਣੀ ਭਗਤਾਂ ਦੇ ਦਲ ਦੀ, ਸਚ ਦਰਬਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੁਹੱਬਤ ਵਿਚ ਸਮਾਈਆ । ਸਦੀ ਚੌਧਵੀਂ ਕਹੇ ਬਾਵਨ ਦੇ ਕੇ ਗਿਆ ਦਲਾਸਾ, ਬਲਧਾਰੀ ਆਪ ਸਮਝਾਈਆ । ਪ੍ਰਭ ਦੇ ਉਤੇ ਰਖੋ ਭਰਵਾਸਾ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਕਲਜੁਗ ਅੰਤਮ ਜਿਸ ਨੇ ਸਭ ਦਾ ਫੋਲਣਾ ਖਾਤਾ, ਅੱਖਰ ਅੱਖਰ ਵੇਖ ਵਖਾਈਆ । ਚੌਦਾਂ ਲੋਕਾਂ ਟੋਹੇ ਅਹਾਤਾ, ਚੌਦਾਂ ਤਬਕਾਂ ਪੜਦਾ ਲਾਹੀਆ । ਝਗੜਾ ਮੁਕਾਏ ਜ਼ਿਮੀਂ ਸਾਤਾ, ਸੱਤ ਅਸਮਾਨਾਂ ਪੰਧ ਮੁਕਾਈਆ । ਵੇਸ ਵਟਾਏ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤਾਂ ਸੰਗ ਜੋੜ ਕੇ ਨਾਤਾ, ਨਰ

ਨਰਾਇਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਖੁਲ੍ਹਾਈਆ । ਸਦੀ ਚੌਧਵੀਂ ਕਿਹਾ ਕੀ ਸੰਦੇਸਾ ਦਿਤਾ ਬਾਵਨ, ਬਲਧਾਰੀ ਆਪ ਜਣਾਈਆ । ਕਲਜੁਗ ਅੰਤ ਅੰਧੇਰੀ ਹੋਵੇ ਸ਼ਾਮਣ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਮਾਤ ਪੂਤ ਸੇਜ ਰਾਵਣ, ਭੈਣ ਭਈਆ ਨਾ ਕੋਇ ਵਡਿਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਵਣ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਰਹੇ ਨਾ ਕੋਇ ਜ਼ਾਮਨ, ਗੁਰੂ ਗੁਰਦੇਵ ਪੱਲੂ ਜਾਣ ਛੁਡਾਈਆ । ਨਿਰਗੁਣ ਮਿਲੇ ਕਿਤੋਂ ਨਾ ਚਾਨਣ, ਅੰਧ ਗੁਬਾਰ ਨਾ ਕੋਇ ਗਵਾਈਆ । ਮਨ ਮਮਤਾ ਰੰਗ ਸਾਰੇ ਮਾਨਣ, ਹਿੰਸਾ ਵਿਚ ਦੁਹਾਈਆ । ਸਾਚੀ ਕਰੇ ਕੋਇ ਨਾ ਵਾਤਨ, ਤਮਅ ਕੂੜ ਫਿਰੇ ਲੋਕਾਈਆ । ਧਰਮ ਰਹੇ ਕਿਸੇ ਨਾ ਬਾਹਮਣ, ਬ੍ਰਾਹਮਣ ਬ੍ਰਹਮ ਨਾ ਕੋਇ ਦਰਸਾਈਆ । ਜਗਤ ਜੀਵ ਹੋਣ ਨਾ ਦਾਨਣ, ਨਿਜ ਨੈਣ ਨਾ ਕੋਇ ਖੁਲ੍ਹਾਈਆ । ਮਦਿਰਾ ਮਾਸ ਕਰੇ ਪਾਨਣ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਦੀ ਚੌਧਵੀਂ ਕਹੇ ਬਾਵਨ ਬਲ ਨੂੰ ਮਾਰੀ ਮੁੱਕੀ, ਪਿੱਠ ਉਤੇ ਲਗਾਈਆ । ਹੱਥ ਰੋਟੀ ਵਖਾ ਕੇ ਸੁੱਕੀ, ਸਹਿਜ ਨਾਲ ਸਮਝਾਈਆ । ਦੋ ਧਾਰੀ ਕੱਢਕੇ ਦੁੱਕੀ, ਸਹਿਜ ਦਿਤੀ ਵਖਾਈਆ । ਕਲਜੁਗ ਆਸਾ ਪ੍ਰਗਟਾ ਕੇ ਭੁੱਖੀ, ਪੜਦਾ ਦਿਤਾ ਉਠਾਈਆ । ਭਾਗ ਲੱਗਾ ਕਿਸੇ ਨਾ ਕੁੱਖੀ, ਜਨਣੀ ਜਨ ਦਿਤਾ ਸਮਝਾਈਆ । ਚਾਰੋਂ ਕੁੰਟ ਸ੍ਰਿਸ਼ਟੀ ਦੁਖੀ, ਦਰਦਾਂ ਵਿਚ ਕੁਰਲਾਈਆ । ਨਾਮ ਵਸਤ ਮਿਲੇ ਕਿਤੇ ਨਾ ਮੁੱਠੀ, ਭੰਡਾਰੇ ਖ਼ਾਲੀ ਰੋਵਣ ਮਾਰਨ ਧਾਹੀਂਆ । ਸਭ ਦੀ ਮਤ ਹੋਈ ਪੁੱਠੀ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਬਾਵਨ ਕਿਹਾ ਬਲ ਪੁਰਖ ਅਕਾਲ ਵੇਸ ਵਟਾਏ ਜੁਗ ਜੁਗੀ, ਨਿਰਗੁਣ ਆਪਣਾ ਫੇਰਾ ਪਾਈਆ । ਜਿਸ ਵੇਲੇ ਕਲਜੁਗ ਔਧ ਪੁੱਗੀ, ਵੇਲਾ ਵਕਤ ਗਿਆ ਆਈਆ । ਸਤਿ ਧਰਮ ਜੋਤ ਬੁਝੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਬਾਵਨ ਬਲ ਦੀ ਪਿੱਠ ਤੇ ਰੱਖ ਚਾਰ ਉਂਗਲ , ਨਿਸ਼ਾਨ ਦਿਤਾ ਲਗਾਈਆ । ਚੌਥੇ ਜੁਗ ਦੀ ਵੇਖ ਗੁੰਝਲ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਪ੍ਰਭ ਦਾ ਨਾਮ ਬਾਹਰੋਂ ਸਾਰੇ ਲੰਘਣ, ਅੰਦਰ ਟਿਕਣ ਕਿਸੇ ਨਾ ਪਾਈਆ । ਰਸਨਾ ਵਾਲਾ ਰਸ ਚੂੰਘਣ, ਪ੍ਰੇਮ ਰਸ ਨਾ ਕੋਇ ਚਖਾਈਆ । ਨਜ਼ਰ ਆਏ ਨਾ ਨੈਣ ਮੂੰਦਨ, ਨੇਤਰ ਲੋਚਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਬਾਵਨ ਕਿਹਾ ਬਲ ਆਹ ਵੇਖ ਮੇਰੇ ਪੋਟੇ, ਪੁਨਹ ਪੁਨਹ ਦਿਆਂ ਜਣਾਈਆ । ਮੇਰੀ ਜਾਨ ਹੋਈ ਟੋਟੇ ਟੋਟੇ, ਮਜ਼੍ਹਬਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਪ੍ਰਭ ਦੇ ਨਾਮ ਕਰਨੇ ਖੋਟੇ, ਖਰੇ ਆਪਣੇ ਨਾਮ ਸਮਝਾਈਆ । ਦੂਈ ਦਵੈਤ ਵਿਚ ਕਸਣੇ ਲੰਗੋਟੇ, ਪਹਿਲਵਾਨ ਬਣ ਕੇ ਕਰਨ ਲੜਾਈਆ । ਜਗਤ ਜਹਾਨ ਮਾਰੇ ਗੋਤੇ, ਡੂੰਘੀ ਧਾਰ ਵੇਖ ਵਖਾਈਆ । ਆਤਮ ਬ੍ਰਹਮ ਕੋਈ ਨਾ ਸੋਚੇ, ਪਾਰਬ੍ਰਹਮ ਨਾ ਕੋਇ ਮਿਲਾਈਆ । ਅੰਤਮ ਸਾਰੇ ਵੇਖੇ ਰੋਤੇ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤ ਗੁਰ ਅਵਤਾਰ ਪੈਗ਼ੰਬਰ ਹੋ ਜਾਣੇ ਚੋਖੇ, ਪੁਰਖ ਅਕਾਲ ਆਪਣਾ ਹੁਕਮ ਸੁਣਾਈਆ । ਸਾਚਾ ਵਜ਼ਨ ਕੋਈ ਨਾ ਜੋਖੇ, ਤਰਾਜ਼ੂ ਹੱਕ ਨਾ ਕੋਇ ਉਠਾਈਆ । ਆਪੋ ਆਪਣੇ ਲਿਖ ਕੇ ਪੋਥੇ, ਪੁਸਤਕ ਜਗਤ ਵਿਚ ਵਡਿਆਈਆ । ਅੰਤ ਸਾਰੇ ਹੋਏ ਥੋਥੇ,

ਕਰਤਾ ਕ਼ੀਮਤ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪੇ ਪਹੁੰਚੇ, ਲੱਭਣ ਦੀ ਲੋੜ ਰਹੇ ਨਾ ਰਾਈਆ ।

### ✻ ੧੦ ਪੋਹ ਸ਼ਹਿਨਸ਼ਾਹੀ ਸੰਮਤ ੪ ਸੂਬੇਦਾਰ ਤੇਜਭਾਨ ਦੇ ਗ੍ਰਿਹ ਬਖ਼ਸ਼ੀ ਨਗਰ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਹੋ ਉਜਿਆਰ, ਸਚਖੰਡ ਦਵਾਰ ਲਵਾਂ ਅੰਗੜਾਈਆ । ਨੇਤਰ ਲੋਚਣ ਨੈਣ ਵੇਖਾਂ ਅੱਖ ਉਘਾੜ, ਬਿਨ ਤੱਤਾਂ ਤਤ ਪ੍ਰਗਟਾਈਆ । ਨਿਉਂ ਕੇ ਪ੍ਰਭ ਦੇ ਚਰਨ ਕਵਲ ਕਰ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਹੁਕਮ ਦੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਰਨਾਈਆ । ਤੂੰ ਤਖ਼ਤ ਨਿਵਾਸੀ ਨਿਰਵੈਰ ਨਿਰਾਕਾਰ, ਮਿਹਰਵਾਨ ਤੇਰੀ ਵਡਿਆਈਆ । ਮੈਂ ਜੁਗ ਚੌਕੜੀ ਤੇਰਾ ਖੇਲ ਤੱਕਿਆ ਵਿਚ ਸੰਸਾਰ, ਨਵ ਨੌ ਚਾਰ ਫੇਲ ਫੁਲਾਈਆ । ਕਲਜੁਗ ਅੰਤ ਧੂੜੀ ਦੇ ਛਾਰ, ਮਸਤਕ ਟਿੱਕਾ ਖ਼ਾਕ ਰਮਾਈਆ । ਤੇਰਾ ਖੇਲ ਤੱਕਣਾ ਅਗੰਮ ਅਪਾਰ, ਅਲਖ ਅਗੋਚਰ ਪੜਦਾ ਦੇਣਾ ਉਠਾਈਆ । ਧੁਰ ਸੰਦੇਸ਼ਾ ਦੇਵੇ ਆਪ ਨਿਰੰਕਾਰ, ਹਰਿ ਕਰਤਾ ਹੱਕ ਜਣਾਈਆ । ਸਦੀ ਚੌਧਵੀਂ ਸਭ ਨੂੰ ਕਰਨਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਧੁਰ ਫ਼ਰਮਾਨਾ, ਧੁਰ ਦੀ ਧਾਰ ਵਿਚੋਂ ਪ੍ਰਗਟਾਈਆ । ਦੇਵਣਹਾਰਾ ਨੌਜਵਾਨਾ, ਮਰਦ ਮਰਦਾਨਾ ਸੋਭਾ ਪਾਈਆ । ਜੋ ਵਸੇ ਸਚਖੰਡ ਮਕਾਨਾ, ਮੁਕਾਮੇ ਹੱਕ ਡੇਰਾ ਲਾਈਆ । ਜਿਸ ਨੇ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਸ਼ਬਦ ਸੰਦੇਸ਼ਾ ਦੇ ਫ਼ਰਮਾਨਾ, ਫੁਰਨੇ ਕੂੜੇ ਬੰਦ ਕਰਾਈਆ । ਮਾਨਵ ਰਹਿਣ ਦੇਵੇ ਨਾ ਕੋਇ ਬੇਗਾਨਾ, ਹਰਿਜਨ ਆਪਣੇ ਨਾਲ ਜੁੜਾਈਆ । ਸ਼ਬਦੀ ਦੇ ਕੇ ਰਾਗ ਤਰਾਨਾ, ਤੁਰੀਆ ਤੋਂ ਪਰੇ ਦਏ ਸਮਝਾਈਆ । ਜਿਥੇ ਨਿਰਗੁਣ ਨੂਰ ਜੋਤ ਮਹਾਨਾ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਸੰਦੇਸ਼ਾ ਦੇਣਾ ਵਿਸ਼ਨੂੰ ਧਾਰ, ਵਿਸ਼ਵ ਵਿਚ ਜਣਾਈਆ । ਬ੍ਰਹਮਾ ਵੇਤਾ ਕਰਨਾ ਖ਼ਬਰਦਾਰ, ਪੂਰਬ ਪੜਦਾ ਆਪ ਉਠਾਈਆ । ਸ਼ੰਕਰ ਆਪਣਾ ਬਲ ਧਾਰ, ਨਿਰਗੁਣ ਧਾਰ ਲਏ ਅੰਗੜਾਈਆ । ਸੁਰਪਤ ਇੰਦ ਕਰ ਪਿਆਰ, ਪ੍ਰੇਮ ਪ੍ਰੀਤੀ ਦੇਣਾ ਸਮਝਾਈਆ । ਕਰੋੜ ਤੇਤੀਸਾ ਲੈਣਾ ਨਾਲ, ਬਚਿਆ ਰਹਿਣ ਕੋਇ ਨਾ ਪਾਈਆ । ਛੱਬੀ ਪੋਹ ਦਿਵਸ ਲੈਣਾ ਵਿਚਾਰ, ਵਿਚਰ ਕੇ ਸਭ ਨੂੰ ਦਿਆਂ ਸਮਝਾਈਆ । ਸਭ ਨੇ ਔਣਾ ਪੰਧ ਮਾਰ, ਦੂਰ ਦੁਰਾਡਾ ਪੰਧ ਚੁਕਾਈਆ । ਵੇਖਣਾ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਭਾਗ ਲਗੌਣਾ ਭਗਤ ਦਵਾਰ, ਭਗਵਨ ਮਿਲ ਕੇ ਵੱਜੀ ਵਧਾਈਆ । ਜੁਗ ਬੀਤ ਗਏ ਨੌ ਸੌ ਚੁਰਾਨਵੇਂ ਚੌਕੜੀ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਕਹਿਣਾ ਸੰਤ ਕੁਮਾਰ, ਸਚ ਸਚ ਸੁਣਾਈਆ । ਬ੍ਰਾਹ ਉਠ ਕੇ ਹੋ ਤਿਆਰ, ਆਪਣਾ ਪੰਧ ਮੁਕਾਈਆ । ਹਾਵ ਗਰੀਵ ਚਲਣਾ ਨਾਲ, ਭੱਜਣਾ ਚਾਈਂ ਚਾਈਆ । ਯਗੇ ਪੁਰਸ਼ ਤੇਰਾ ਖੇਲ ਕਮਾਲ, ਭੇਵ ਅਭੇਦਾ ਦਿਆਂ ਖੁਲ੍ਹਾਈਆ ।

ਨਰ ਨਰਾਇਣ ਮੇਰੇ ਦਾਤਾਰ, ਲੋਕਮਾਤ ਲੈ ਅੰਗੜਾਈਆ । ਦੱਤਾ ਤ੍ਰੈ ਵੇਖ ਵਿਵਹਾਰ, ਵਿਵਹਾਰੀ ਹੋ ਕੇ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਸਭ ਨੂੰ ਕਹਿਣਾ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਉਠੋ ਜਗਤ ਦਿਓ ਅਵਤਾਰ, ਆਪਣਾ ਰੂਪ ਬਦਲਾਈਆ । ਰਿਖਭ ਦੇਵ ਖ਼ਬਰਦਾਰ, ਪ੍ਰਿਥੂ ਸਾਚਾ ਸੰਗ ਸਮਝਾਈਆ । ਮੱਤਸ ਕਰਨੀ ਨਾ ਪਏ ਵਿਚਾਰ, ਕੱਛਪ ਭੱਜਣਾ ਵਾਹੋ ਦਾਹੀਆ । ਧਨੰਤਰ ਨੈਣ ਲੈਣਾ ਉਘਾੜ, ਬਾਵਨ ਆਪਣਾ ਰਾਹ ਤਕਾਈਆ । ਹੰਸ ਹੋਣਾ ਤੂੰ ਹੁਸ਼ਿਆਰ, ਮਨ ਮਤ ਬੁੱਧੀ ਤੋਂ ਪਰੇ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਗ੍ਰਿਹ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਨਰ ਸਿੰਘ ਨੂੰ ਕਹਿਣਾ ਨਾਲ ਜ਼ੋਰ, ਉਚੀ ਕੂਕ ਕੂਕ ਸੁਣਾਈਆ । ਹਰੀ ਹਰਿ ਨੂੰ ਲੈਣਾ ਤੋਰ, ਲੇਖਾ ਮੁੱਕੇ ਚਾਈਂ ਚਾਈਆ । ਨਰ ਨਰਾਇਣ ਪਕੜਨੀ ਡੋਰ, ਤੰਦ ਸਿਤਾਰ ਲੈਣੀ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਲੈਣੀ ਉਠਾਈਆ । ਸਦੀ ਚੌਧਵੀਂ ਕਹੇ ਮੈਂ ਕਹਿਣਾ ਦਸਰਥ ਬੇਟੇ ਰਾਮਚੰਦ, ਚੰਦ ਚਾਂਦਨਾ ਵੇਖ ਵਖਾਈਆ । ਜੋ ਤੂੰ ਗਾਇਆ ਅਗੰਮੀ ਛੰਦ, ਢੋਲਾ ਰਾਗ ਅਲਾਹੀਆ । ਅੰਤਮ ਵੇਖ ਪਰਮਾਨੰਦ, ਨਿਜਾਨੰਦ ਦਾ ਡੇਰਾ ਢਾਹੀਆ । ਪਰਸ ਰਾਮ ਲੈਣਾ ਸੰਗ, ਸੋਹਣਾ ਸੰਗ ਵਖਾਈਆ । ਜਿਸ ਕਾਰਨ ਕੀਤਾ ਜੰਗ, ਯੁੱਧਾਂ ਵਿਚ ਲੜਾਈਆ । ਸੋ ਵੇਖਣਾ ਸਾਹਿਬ ਸੂਰਾ ਸਰਬੰਗ, ਨਿਰਗੁਣ ਧਾਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਸੁਨੇਹੜਾ ਦੇਣਾ ਵੇਦ ਵਿਆਸ, ਬਿਨਾ ਵਿਦਿਆ ਤੋਂ ਦੇਣਾ ਸਮਝਾਈਆ । ਉਠ ਕਲਜੁਗ ਵੇਖ ਆਈ ਪ੍ਰਭਾਸ, ਪ੍ਰਭਾਤੀ ਆਪਣਾ ਰੂਪ ਬਦਲਾਈਆ । ਕਾਹਨਾ ਕ੍ਰਿਸ਼ਨਾ ਲੈਣਾ ਸਾਥ, ਤ੍ਰੈਲੋਕੀ ਨੰਦਨ ਨਾਲ ਜੁੜਾਈਆ । ਜੋ ਭਵਿਖਤਾਂ ਵਿਚ ਗਿਆ ਆਖ, ਸੰਦੇਸਾ ਲੋਕਮਾਤ ਸਮਝਾਈਆ । ਸੋ ਲਹਿਣਾ ਦੇਣਾ ਪੂਰਾ ਕਰੇ ਪੁਰਖ ਸਮਰਾਥ, ਹਰਿ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਕਹਿਣਾ ਜਾ ਕੇ ਮੂਸਾ, ਮੁਸਲਸਲ ਦੇਣਾ ਜਣਾਈਆ । ਬਸਤਰ ਪਹਿਨ ਲੈ ਕਾਲਾ ਸੂਸਾ, ਸੋਹਣਾ ਆਪਣਾ ਰੰਗ ਬਣਾਈਆ । ਵੇਖ ਖੇਲ ਬਿਨਾ ਪੰਜ ਭੂਤਾ, ਤਤ ਵਜੂਦ ਨਜ਼ਰ ਨਾ ਆਈਆ । ਨਿਗਾਹ ਫੇਰ ਚਾਰੇ ਕੂਟਾ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਤੇਰਾ ਬਚਨ ਹੋਵੇ ਨਾ ਝੂਠਾ, ਪਰਵਰਦਿਗਾਰਾ ਸਚ ਕਰਾਈਆ । ਦੀਨ ਦੁਨੀ ਦਾ ਵੇਖ ਠੂਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਮੈਂ ਸੰਦੇਸ਼ਾ ਦੇਣਾ ਈਸਾ, ਈਸੁਲਸਲਾਮ ਦਿਆਂ ਜਣਾਈਆ । ਉਠ ਤਕ ਲੈ ਆਪਣਾ ਬੀਸਾ, ਦੂਆ ਜ਼ੀਰੋ ਨਾਲ ਵਡਿਆਈਆ । ਸਭ ਦਾ ਖ਼ਾਲੀ ਹੋਇਆ ਸ਼ੀਸਾ, ਕਲਮਾ ਹੱਕ ਨਾ ਕੋਇ ਰਖਾਈਆ । ਦੀਨ ਦੁਨੀ ਬਦਲੀ ਨੀਤਾ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਤੇਰੇ ਵਾਸਤੇ ਸਾਢੇ ਤਿੰਨ ਹੱਥ ਦਾ ਫੀਤਾ, ਸਾਢੇ ਤਿੰਨ ਇੰਚ ਰੂਪ ਬਦਲਾਈਆ । ਭੇਵ ਖੋਲ੍ਹਣਾ ਜੀਵ ਜੀ ਕਾ, ਚੁਰਾਸੀ ਪੜਦਾ ਦੇਣਾ ਉਠਾਈਆ । ਜਿਸ ਦੇ ਨਾਲ ਲਾ ਕੇ ਗਏ ਪ੍ਰੀਤਾ, ਸੋ ਪ੍ਰੀਤਮ ਵੇਖ ਵਖਾਈਆ । ਪਿਛਲਾ ਸਮਾਂ ਸਭ ਦਾ ਬੀਤਾ, ਕਲਜੁਗ ਅੰਤ ਦਏ ਗਵਾਹੀਆ । ਅੱਗੇ ਬਦਲ ਜਾਣੀ ਰੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮੁਕਾਏ

੬੫੯
੨੧

ਮੰਦਰ ਮਸੀਤਾ, ਮਸਲਾ ਇਕੋ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਕਹਿਣਾ ਮੁਹੰਮਦ ਯਾਰ, ਯਾਰਾਨਾ ਧੁਰ ਦਾ ਵੇਖ ਵਖਾਈਆ । ਕਰੇ ਖੇਲ ਪਰਵਰਦਿਗਾਰ, ਬੇਐਬ ਨੂਰ ਅਲਾਹੀਆ । ਜਿਸ ਨੂੰ ਸੱਯਦੇ ਕੀਤੇ ਵਾਰੋ ਵਾਰ, ਬਿਨ ਕ਼ਦਮਾਂ ਸੀਸ ਨਿਵਾਈਆ । ਸੋ ਖੇਲ ਕਰੇ ਕਰਤਾਰ, ਧੁਰ ਦਾ ਮਾਲਕ ਇਕ ਅਖਵਾਈਆ । ਅੰਤ ਅਖ਼ੀਰੀ ਪਾਵੇ ਸਾਰ, ਸਦੀ ਚੌਧਵੀਂ ਦਏ ਦੁਹਾਈਆ । ਮੇਰੇ ਦਿਨ ਥੋੜ੍ਹੇ ਰਹਿ ਗਏ ਵਿਚ ਸੰਸਾਰ, ਲੇਖਾ ਅਵਰ ਨਾ ਕੋਇ ਵਧਾਈਆ । ਨੇਤਰ ਰੋਵਾਂ ਧਾਹਾਂ ਮਾਰ, ਨੈਣਾਂ ਹੰਝੂਆਂ ਧਾਰ ਬਣਾਈਆ । ਤੇਰਾ ਭਵਿਖਤ ਰਹੀ ਵਿਚਾਰ, ਅਕ਼ਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਧੂੰਆਂਧਾਰ, ਚੌਦਸ ਚੰਦ ਨਾ ਕੋਇ ਚਮਕਾਈਆ । ਸਾਚਾ ਦਿਸੇ ਨਾ ਕੋਇ ਖ਼ਿਦਮਤਗਾਰ, ਖ਼ਾਦਮ ਰੂਪ ਨਾ ਕੋਇ ਬਣਾਈਆ । ਮੈਂ ਕਰ ਕਰ ਥੱਕੀ ਇੰਤਜ਼ਾਰ, ਨੇਤਰ ਨੈਣ ਰਹੀ ਉਠਾਈਆ । ਕਿਸ ਵੇਲੇ ਪ੍ਰਗਟ ਹੋਵੇ ਸਾਂਝਾ ਯਾਰ, ਲਾਸ਼ਰੀਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਕਹਿਣਾ ਨਾਨਕ ਗੋਬਿੰਦ, ਧੁਰ ਦਾ ਹੁਕਮ ਸੁਣਾਈਆ । ਪੁਰਖ ਅਕਾਲ ਖੇਲ ਕਰੇ ਗੁਣੀ ਗਹਿੰਦ, ਗਹਿਰ ਗੰਭੀਰ ਵਡ ਵਡਿਆਈਆ । ਭਾਗ ਲਗਾਏ ਭਾਰਤ ਹਿੰਦ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਗਹਿਰ ਗੰਭੀਰ ਦਇਆ ਕਮਾਈਆ । ਜਨ ਭਗਤ ਬਣਾਏ ਆਪਣੀ ਬਿੰਦ, ਗੁਰਮੁਖ ਸਾਚੇ ਲਏ ਪ੍ਰਗਟਾਈਆ । ਜਨਮ ਕਰਮ ਦੀ ਮੇਟ ਕੇ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਸੁਣੋ ਅਵਤਾਰ ਪੈਗ਼ੰਬਰ ਗੁਰ, ਗੁਰਦੇਵ ਦਿਆਂ ਜਣਾਈਆ । ਪੂਰਬ ਨਾਤਾ ਵੇਖੋ ਧੁਰ, ਧੁਰ ਮਸਤਕ ਫੋਲ ਫੁਲਾਈਆ । ਜਿਸ ਦੀ ਸਭ ਨੂੰ ਪਈ ਲੋੜ, ਹਰਿ ਕਰਤਾ ਨੂਰ ਅਲਾਹੀਆ । ਉਸ ਦੇ ਅੱਗੇ ਨਹੀਂ ਜ਼ੋਰ, ਜੋਰੂ ਜ਼ਰ ਸੀਸ ਨਿਵਾਈਆ । ਸੋ ਚਾਰ ਕੁੰਟ ਵੇਖਣਹਾਰਾ ਕਰ ਕੇ ਗ਼ੌਰ, ਦੀਨ ਦੁਨੀ ਫੋਲ ਫੁਲਾਈਆ । ਸਦੀ ਚੌਧਵੀਂ ਜਾਏ ਬਹੁੜ, ਬਹੁੜੀ ਬਹੁੜੀ ਵੇਖੇ ਕਰਦੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਸੰਦੇਸਾ ਦੇਵਾਂ ਸੁਹੰਵਣੀ ਰਾਤ, ਭਿੰਨੜੀ ਨਾਲ ਰਲਾਈਆ । ਗੁਰ ਅਵਤਾਰ ਪੈਗ਼ੰਬਰਾਂ ਧਰਮ ਧਾਰ ਦੀ ਲੈ ਕੇ ਔਣਾ ਸੌਗ਼ਾਤ, ਸਚ ਸੰਦੇਸਾ ਰਹੀ ਸੁਣਾਈਆ । ਨਿਰਅੱਖਰ ਪੜ੍ਹ ਕੇ ਔਣਾ ਪ੍ਰਭੂ ਦੀ ਅਗੰਮੀ ਵਿਚੋਂ ਲੁਗ਼ਾਤ, ਜਿਥੇ ਅੱਖਰ ਭੇਵ ਕੋਇ ਨਾ ਪਾਈਆ । ਸਭ ਦੀ ਸਾਂਝੀ ਹੋਏ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗੌਣੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਲੋਕਮਾਤ ਇਕ ਬਣੌਣੀ ਜਮਾਤ, ਦੂਜਾ ਹਿੱਸਾ ਨਾ ਕੋਇ ਵੰਡ ਵੰਡਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਦੀਨ ਦਿਆਲ ਨਾਲ ਜੋੜਨਾ ਨਾਤ, ਪਰਵਰਦਿਗਾਰ ਸਾਂਝਾ ਯਾਰ ਇਕ ਸਮਝਾਈਆ । ਫੇਰ ਦੱਸਾਂ ਅਨੋਖੀ ਬਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਡਲ ਪਾਵੇ ਆਪਣੀ ਰਾਸ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਦੋ ਜਹਾਨ ਮਰਦ ਮਰਦਾਨ ਸ੍ਰੀ ਭਗਵਾਨ ਆਪਣਾ ਨਾਚ ਨਚਾਈਆ ।

੬੬੦
੨੧

## ✻ ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਅਜਮੇਰ ਸਿੰਘ ਦੇ ਗ੍ਰਹਿ ਗਾਂਧੀ ਨਗਰ ਜੰਮੂ ✻

ਸਦੀ ਚੌਧਵੀਂ ਕਹੇ ਪਰਵਰਦਿਗਾਰ ਮੈਥੋਂ ਰਿਹਾ ਪੁਛੀ, ਦੀਨ ਦੁਨੀ ਲੋਕਮਾਤ ਜਗਤ ਕੀ ਵਡਿਆਈਆ । ਮੈਂ ਨਿਰਮਾਣਤਾ ਵਿਚ ਚਰਨਾਂ ਉਤੇ ਝੁਕੀ, ਡੰਡਾਵਤ ਬੰਦਨਾ ਸੱਜਦਾ ਕਰ ਕੇ ਸੀਸ ਝੁਕਾਈਆ । ਨੇਤਰ ਰੋ ਕੇ ਕਿਹਾ ਚਾਰ ਵਰਨ ਅਠਾਰਾਂ ਬਰਨ ਵੇਖੇ ਦੁਖੀ, ਸਾਂਤਕ ਸਤਿ ਨਾ ਕੋਇ ਕਰਾਈਆ । ਧਰਮ ਦੀ ਧਾਰ ਔਧ ਦਿਸੇ ਮੁਕੀ, ਕੂੜੀ ਕਿਰਿਆ ਚਾਰ ਕੁੰਟ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਰ ਕੇ ਆਏ ਛੁੱਟੀ, ਲੋਕਮਾਤ ਵੇਖਣ ਕੋਇ ਨਾ ਪਾਈਆ । ਆਤਮ ਪਰਮਾਤਮ ਸਭ ਦੀ ਪ੍ਰੀਤ ਟੁੱਟੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਚ ਸੁਹੰਜਣੀ ਸੋਹੇ ਕੋਇ ਨਾ ਰੁਤੀ, ਰੁਤੜੀ ਨਾਮ ਨਾ ਕੋਇ ਮਹਿਕਾਈਆ । ਦੁਨੀਆ ਗ਼ਫ਼ਲਤ ਅੰਦਰ ਸੁੱਤੀ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਜੋ ਭੇਜਿਆ ਸੋ ਕਰ ਕੇ ਆਇਆ ਬੁੱਤੀ, ਬੁਤਖ਼ਾਨਿਆਂ ਆਇਆ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੈਗ਼ੰਬਰਾਂ ਵੰਡਣ ਵੰਡ ਵੰਡੀ ਜੁਸੀਂ, ਤਨ ਵਜੂਦ ਹਿੱਸੇ ਆਏ ਪਾਈਆ । ਸਦੀ ਚੌਧਵੀਂ ਕਹੇ ਮੈਨੂੰ ਪਵਰਦਿਗਾਰ ਲਾਇਆ ਅੱਗੇ, ਸ਼ਬਦ ਇਸ਼ਾਰਾ ਇਕ ਦ੍ਰਿੜਾਈਆ । ਸਚ ਦੱਸ ਜੋਤ ਕਵਣ ਦਵਾਰੇ ਜਗੇ, ਚੌਦਾਂ ਤਬਕ ਧਿਆਨ ਲਗਾਈਆ । ਮੈਂ ਰੋ ਕੇ ਕਿਹਾ ਪਰਮ ਪੁਰਖ ਕਲਜੁਗ ਜੀਵ ਮਾਇਆ ਮਮਤਾ ਅਗਨੀ ਤਪੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਿਸੇ ਨੂੰ ਤੇਰਾ ਦਰਸ ਨਾ ਹੋਏ ਉਪਰ ਸ਼ਾਹ ਰਗੇ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਮਨ ਵਾਸਨਾ ਵਿਚ ਚਾਰ ਵਰਨ ਬੱਧੇ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਪੱਲੂ ਨਾ ਕੋਇ ਛੁਡਾਈਆ । ਕਾਮ ਕਰੋਧ ਲੋਭ ਮੋਹ ਅੰਦਰ ਬੱਝੇ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਅੰਮ੍ਰਿਤ ਨਾਮ ਮਿਲੇ ਨਾ ਕਿਸੇ ਰਸੇ, ਰਸਤਾ ਰਹਿਬਰ ਨਾ ਕੋਇ ਵਖਾਈਆ । ਚਾਰੋਂ ਕੁੰਟ ਫਿਰਦੇ ਨੱਠੇ, ਮਮਤਾ ਮੋਹ ਫਿਰੀ ਦੁਹਾਈਆ । ਤਨ ਵਜੂਦ ਕਾਇਆ ਚੀਥੜ ਸਭ ਦੇ ਫੱਟੇ, ਮਜੀਠੀ ਰੰਗ ਨਾ ਕੋਇ ਚੜ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠੇ, ਗੁਰਦਵਾਰ ਗੁਰਦੇਵ ਨਜ਼ਰ ਕੋਇ ਨਾ ਆਈਆ । ਸਾਧ ਸੰਤ ਸੂਫ਼ੀ ਫ਼ਕੀਰ ਕਲਜੁਗ ਅੰਤ ਘਰ ਘਰ ਮੰਗਦੇ ਫਿਰਦੇ ਟਕੇ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਗੁਰ ਅਵਤਾਰ ਪੈਗ਼ੰਬਰਾਂ ਪੂਰੇ ਹੋ ਗਏ ਪਟੇ, ਉਤੇ ਮੁੱਦਤ ਨਾ ਕੋਇ ਵਧਾਈਆ । ਕਿਰਪਾ ਕਰ ਸਾਹਿਬ ਸਵਾਮੀ ਝਟੇ, ਝਟਕਾ ਖਾ ਖਾ ਥੱਕੀ ਜਗਤ ਲੋਕਾਈਆ । ਤੇਰੇ ਨਾਮ ਦੀ ਥਾਂ ਖਾਂਦੀ ਕੱਟੇ ਵੱਛੇ, ਸ਼ਰਅ ਛੁਰੀ ਜਗਤ ਵਿਚ ਕਸਾਈਆ । ਮੈਨੂੰ ਚੌਦਾਂ ਸਦੀਆਂ ਦਿਨ ਗਿਣ ਗਿਣ ਟੱਪੇ, ਟਾਪੂਆਂ ਵਿਚ ਭੱਜੀ ਥਾਉਂ ਥਾਈਂਆ । ਕਵਣ ਵੇਲਾ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਲੱਭੇ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਨਜ਼ਰੀ ਆਈਆ । ਚਾਰ ਜੁਗ ਜੋ ਆਇਆ ਸੋ ਕਰ ਕੇ ਗਿਆ ਦਗ਼ੇ, ਫ਼ਰੇਬਾਂ ਵਿਚ ਸਭ ਨੂੰ ਗਿਆ ਫਸਾਈਆ । ਦੀਨ ਮਜ਼੍ਹਬ ਦੇ ਭਾਰ ਲੱਦੇ ਵਾਂਗ ਗਧੇ, ਗਦਾਗਰ ਕੀਤੀ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਸਚ ਦਵਾਰ ਏਕੰਕਾਰ ਤੇਰਾ ਕਿਸੇ ਨਾ ਲੱਭੇ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਅੱਖਰਾਂ ਵਿਚ ਸੰਦੇਸਾ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਖ਼ੁਦਾ ਨੇ ਸੱਦਿਆ ਉਪਰ ਅੰਬਰ, ਰਹਿਮਤ ਹੱਕ ਕਮਾਈਆ । ਕੀ ਖੇਲ ਹੁੰਦਾ ਮੁਨਾਰੇ ਮੰਬਰ, ਪੜਦਾ ਦੇਣਾ ਚੁਕਾਈਆ । ਕੀ ਲਹਿਣਾ ਦੇਣਾ ਮੁਹੰਮਦ

ਉਮਤ ਟੱਬਰ, ਰਸੂਲ ਲਿੱਲਾ ਕਰ ਸਮਝਾਈਆ । ਮੈਂ ਰੋ ਕੇ ਕਿਹਾ ਤੇਰਾਂ ਸੌ ਅਠਾਸੀ ਸਾਲ ਬੈਠੀ ਰਹੀ ਕਰ ਕੇ ਸਬਰ, ਸਿਦਕ ਸਬੂਰੀ ਤੇਰਾ ਨਾਮ ਰਖਾਈਆ । ਹੁਣ ਜਿਧਰ ਵੇਖਾਂ ਚਾਰੋਂ ਕੁੰਟ ਪਿਆ ਗ਼ਦਰ, ਧੂਆਂਧਾਰ ਨਾ ਕੋਇ ਮਿਟਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਕਰੇ ਕੋਈ ਨਾ ਅਦਲ, ਕੂੜੀ ਕਿਰਿਆ ਘਰ ਘਰ ਹੋਈ ਹਲਕਾਈਆ । ਕਿਰਪਾ ਕਰ ਮੇਰੇ ਸਾਹਿਬ ਸਵਾਮੀ ਕਲਜੁਗ ਵਿਚ ਸਤਿਜੁਗ ਦੇ ਬਦਲ, ਧਰਮ ਦਵਾਰਾ ਅੰਤ ਪ੍ਰਗਟਾਈਆ । ਚਾਰ ਵਰਨ ਅਠਾਰਾਂ ਬਰਨ ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਤੇਰੀ ਸਰਨ ਲਗਣ, ਏਕੰਕਾਰ ਤੇਰਾ ਇਕੋ ਇਸ਼ਟ ਮਨਾਈਆ । ਕਾਇਆ ਮੰਦਰ ਅੰਦਰ ਆਤਮ ਪਰਮਾਤਮ ਪਾਵੇ ਸਗਣ, ਨਾਤਾ ਧੁਰ ਦਾ ਬਾਹਮੀ ਲੈ ਜੁੜਾਈਆ । ਜਿਧਰ ਵੇਖਾਂ ਤੇਰੇ ਦੀਪਕ ਜੋਤੀ ਜਗਣ, ਜਗਤ ਅੰਧੇਰਾ ਦੇ ਗਵਾਈਆ । ਸੰਤ ਸੁਹੇਲੇ ਗੁਰਮੁਖ ਗੁਰ ਗੁਰ ਹਰਿਜਨ ਭਗਤ ਸੁਹੇਲੇ ਤੇਰੇ ਪ੍ਰੇਮ ਅੰਦਰ ਹੋਵਣ ਮਗਨ, ਨਾਮ ਖ਼ੁਮਾਰੀ ਆਪਣੀ ਦੇ ਚੜ੍ਹਾਈਆ । ਕਾਇਆ ਮਾਟੀ ਤਨ ਵਜੂਦ ਪੰਜ ਤਤ ਅੰਦਰੋਂ ਪਵਿਤ੍ਰ ਕਰ ਬਦਨ, ਦੁਰਮਤ ਮੈਲ ਦੁਰਾਚਾਰੀ ਦੇ ਗਵਾਈਆ । ਮਨ ਕਲਪਣਾ ਨਾਮ ਖੰਡੇ ਕਰ ਕ਼ਤਲ, ਕ਼ਾਤਲ ਮਕ਼ਤੂਲ ਆਪਣਾ ਹੁਕਮ ਵਰਤਾਈਆ । ਚੌਥੇ ਜੁਗ ਗੁਰ ਅਵਤਾਰ ਪੈਗ਼ੰਬਰਾਂ ਚਲੇ ਕੋਈ ਨਾ ਯਤਨ, ਯਥਾਰਥ ਤੇਰਾ ਦਰਸ ਕੋਇ ਨਾ ਪਾਈਆ । ਸਾਰੀ ਦੁਨੀਆ ਦ੍ਰਿਸ਼ਟੀ ਅੰਦਰ ਹੋਈ ਬੇਵਤਨ, ਸਚਖੰਡ ਦਵਾਰ ਏਕੰਕਾਰ ਨਜ਼ਰ ਕਿਸੇ ਨਾ ਆਈਆ । ਮੇਰਾ ਅੰਤ ਅਖ਼ੀਰੀ ਇਕੋ ਘਾਟ ਤੇ ਇਕੋ ਪਤਣ, ਇਕੋ ਤਟ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੈਨੂੰ ਪੁਛੇ ਪੁਰਖ ਅਗੰਮ, ਹਰਿ ਕਰਤਾ ਧੁਰਦਰਗਾਹੀਆ । ਕੀ ਗੁਰ ਅਵਤਾਰ ਪੈਗ਼ੰਬਰਾਂ ਕੀਤਾ ਕੰਮ, ਮੈਨੂੰ ਦੇ ਸਮਝਾਈਆ । ਮੈਂ ਨੇਤਰ ਰੋ ਕੇ ਛੰਮ ਛੰਮ, ਮੈਂ ਹੰਝੂ ਦਿਤੇ ਵਹਾਈਆ । ਚਾਰੋਂ ਕੁੰਟ ਪਿਆ ਗ਼ਮ, ਚਿੰਤਾ ਚਿਖਾ ਰਹੀ ਜਲਾਈਆ । ਘਰ ਘਰ ਵਧੇ ਤ੍ਰਿਸ਼ਨਾ ਤਮ, ਮਾਇਆ ਮਮਤਾ ਮੋਹ ਹਲਕਾਈਆ । ਪਵਣ ਸਵਾਸ ਤੇਰਾ ਨਾਮ ਲਏ ਕੋਇ ਨਾ ਦਮ, ਵਰਨ ਗੋਤ ਪੱਲੂ ਨਾ ਕੋਇ ਫੜਾਈਆ । ਤੇਰੇ ਗੁਰ ਅਵਤਾਰ ਪੈਗ਼ੰਬਰ ਤਨ ਵਜੂਦ ਮਾਟੀ ਖ਼ਾਕ ਵੰਡ ਕੇ ਆਏ ਚੰਮ, ਦੀਨ ਮਜ਼੍ਹਬ ਜਗਤ ਨਾਮ ਧਰਾਈਆ । ਜਿਧਰ ਤੱਕਾਂ ਚਾਰ ਕੁੰਟ ਅੰਧੇਰਾ ਸਾਚਾ ਦਿਸੇ ਕੋਇ ਨਾ ਚੰਦ, ਨੂਰੀ ਨੂਰ ਨਾ ਕੋਇ ਡਗਮਗਾਈਆ । ਪੁਰਖ ਅਕਾਲ ਦੀਨ ਦਿਆਲ ਦੋਏ ਲੋਚਨ ਹੁੰਦਿਆਂ ਸ੍ਰਿਸ਼ਟ ਸਬਾਈ ਹੋਈ ਅੰਨ੍ਹ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਕਿਰਪਾ ਕਰ ਪਰਮ ਪੁਰਖ ਸ੍ਰੀ ਭਗਵਨ, ਦਰ ਤੇਰੇ ਸੀਸ ਝੁਕਾਈਆ । ਦੀਨ ਦੁਨੀ ਦਾ ਬੇੜਾ ਬੰਨ੍ਹ, ਨਾਮ ਭੰਡਾਰਾ ਦੇ ਧਨ, ਸ਼ਬਦ ਅਗੰਮੀ ਨਾਦ ਸੁਣਾ ਬਿਨਾ ਕੰਨ, ਜੋਤ ਪ੍ਰਕਾਸ਼ ਕਰ ਬਿਨਾ ਛੱਪਰੀ ਛੰਨ, ਪੜਦਾ ਰਹੇ ਨਾ ਹੰ ਬ੍ਰਹਮ, ਆਤਮ ਪਰਮਾਤਮ ਪਰਮਾਤਮ ਆਤਮ ਆਪਣੇ ਰੰਗ ਰੰਗਾਈਆ ।



### ✻ ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਕੇਸਰੀ ਦੇਵੀ ਸਤਵਾਰੀ ਜੰਮੂ ✻

ਸਦੀ ਚੌਧਵੀਂ ਕਹੇ ਮੁਹੰਮਦ ਪੁਛੇ ਮੈਨੂੰ ਦੱਸ ਦੀਨ ਦੁਨੀ ਦਾ ਅਕ਼ੀਦਾ, ਅਕ਼ੀਦਤ ਵਿਚ ਕਵਣ ਵਡਿਆਈਆ । ਕਵਣ ਦਵਾਰ ਵੇਖੀ ਧੁਰ ਦੀ ਸਾਚੀ ਈਦਾ, ਆਦਤ ਇਬਾਦਤ ਵਿਚ ਬਦਲਾਈਆ । ਕੀ ਉਮਤ ਖ਼ਾਹਸ਼ ਅੰਤ ਉਮੀਦਾ, ਪਰਦਾ ਉਹਲਾ ਦੇ ਚੁਕਾਈਆ । ਕੀ ਕਲਮਾ

ਸਿਫ਼ਤ ਕਰੇ ਤਮਹੀਦਾ, ਕਾਇਨਾਤ ਦ੍ਰਿੜਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਲਾ ਕੇ ਨੀਝਾ, ਲੋਚਨ ਨੈਣ ਨੇਤਰ ਅੱਖ ਖੁਲ੍ਹਾਈਆ । ਅੰਤ ਅਖ਼ੀਰ ਖੇਲ ਹੋਇਆ ਪੇਚੀਦਾ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਦੁਨੀਆਂ ਸੁੱਤੀ ਗ਼ਫ਼ਲਤ ਵਾਲੀ ਨੀਂਦਾ, ਬੇਦਾਰ ਨਾ ਕੋਇ ਕਰਾਈਆ । ਮੁਰਦਾ ਮੁਰੀਦ ਬਣੇ ਕੋਈ ਨਾ ਜੀਂਦਾ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਜਣ ਖੇਲ ਖਿਲਾਈਆ । ਸਦੀ ਚੌਧਵੀਂ ਕੀ ਉਮਤ ਵੇਖਿਆ ਹਾਲ, ਹਾਲਤ ਸਭ ਦੀ ਦੇ ਸਮਝਾਈਆ । ਕੀ ਘਾਲਣ ਆਈ ਘਾਲ, ਚਾਰ ਕੁੰਟ ਆਪਣਾ ਪੰਧ ਮੁਕਾਈਆ । ਕੀ ਹਕ਼ੀਕ਼ਤ ਵਾਲਾ ਵੱਜੇ ਤਾਲ, ਹੱਕ ਹੱਕ ਦੇਣਾ ਸਮਝਾਈਆ । ਕੀ ਜੋ ਮੈਂ ਸਿਖਿਆ ਆਇਆ ਸਿਖਾਲ, ਕ਼ਾਇਦੇ ਕ਼ਾਨੂੰਨ ਵਿਚ ਦ੍ਰਿੜਾਈਆ । ਕੀ ਸਾਰੇ ਝੁਕ ਕੇ ਕਰਨ ਸਲਾਮ, ਸੱਜਦਿਆਂ ਵਿਚ ਸੀਸ ਨਿਵਾਈਆ । ਕੀ ਰਾਹ ਤੱਕਣ ਅਗੰਮੀ ਅਮਾਮ, ਜੋ ਜਲਵਾਗਰ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਵਿਗੜ ਗਿਆ ਨਿਜ਼ਾਮ, ਭੈ ਭੌ ਨਾ ਕੋਇ ਰਖਾਈਆ । ਅੰਤਰ ਵਸੇ ਨਾ ਕਿਸੇ ਕਲਾਮ, ਕਾਇਨਾਤ ਪਈ ਦੁਹਾਈਆ । ਆਬੇਹਯਾਤ ਪੀਵੇ ਕੋਇ ਨਾ ਜਾਮ, ਦੁਰਮਤ ਮੈਲ ਨਾ ਕੋਇ ਧੁਆਈਆ । ਮਨ ਕਲਪਨਾ ਸਾਰੇ ਕੀਤੇ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਤੇਰਾ ਨਾਉਂ ਕਰਨ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਹਕ਼ੀਕ਼ੀ ਸੁਣੇ ਨਾ ਕੋਇ ਪੈਗ਼ਾਮ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਹੁਜਰਾ ਹੱਕ ਮਿਲੇ ਨਾ ਕੋਇ ਨਿਸ਼ਾਨ, ਮਹਿਬੂਬ ਮਿਲਣ ਕੋਇ ਨਾ ਪਾਈਆ । ਮੈਂ ਵੇਖ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਮੁੱਲਾ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਫਿਰੀ ਦਰੋਹੀ ਜ਼ਿਮੀਂ ਅਸਮਾਨ, ਚੌਦਾਂ ਤਬਕ ਰੋਵੇ ਮਾਰੇ ਧਾਈਆ । ਪਰਵਰਦਿਗਾਰ ਵੇਖਣਹਾਰਾ ਦੋ ਜਹਾਨ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਉਮਤ ਵੇਖੇ ਕਿਹੜਾ ਕਾਅਬਾ, ਅਮਲਾਂ ਵਿਚ ਦੇਣਾ ਦ੍ਰਿੜਾਈਆ । ਕਿਹੜਾ ਤੱਕਣ ਸ਼ਹਿਨਸ਼ਾਹ ਨਵਾਬਾ, ਜੋ ਨੌਬਤ ਨਾਮ ਹੱਕ ਸੁਣਾਈਆ । ਕਿਹੜਾ ਅੰਮ੍ਰਿਤ ਪੀਵਣ ਦੋ ਦੋਆਬਾ, ਜੋ ਜੀਵਣ ਜ਼ਿੰਦਗੀ ਦਏ ਬਦਲਾਈਆ । ਕਵਣ ਅੱਖਰ ਪੜ੍ਹਨ ਉਤੇ ਕਿਤਾਬਾ, ਅਲਿਫ਼ ਯੇ ਸਮਝ ਕਿਸੇ ਨਾ ਆਈਆ । ਕਵਣ ਸੀਸ ਨਿਵਾਏ ਵਿਚ ਮਹਿਰਾਬਾ, ਹੁਜਰੇ ਬਹਿ ਕੇ ਖ਼ੁਸ਼ੀ ਬਣਾਈਆ । ਕਵਣ ਸੱਜਦਾ ਕਰੇ ਆਦਾਬਾ, ਕ਼ਦਮਬੋਸੀ ਵਿਚ ਵਡਿਆਈਆ । ਕਵਣ ਛੱਡ ਕੇ ਬੈਠਾ ਇਸ਼ਕ ਹਕ਼ੀਕ਼ੀ ਨਾਲ ਮਜਾਜ਼ਾ, ਦੋਹਾਂ ਤੋਂ ਪਰੇ ਨੂਰ ਜੋਤ ਰੁਸ਼ਨਾਈਆ । ਕਵਣ ਸਾਚਾ ਰੋਜ਼ਾ ਰੱਖੇ ਪੜ੍ਹੇ ਨਿਮਾਜ਼ਾ, ਵੇਲਾ ਵਕ਼ਤ ਪੰਜ ਪੰਜ ਸ਼ਨਵਾਈਆ । ਸਦੀ ਚੌਧਵੀਂ ਕਹੇ ਮੁਹੰਮਦ ਇਹ ਤੇਰਾ ਪੂਰਾ ਹੋਵੇ ਨਾ ਖ਼ਵਾਬਾ, ਖ਼ਾਲਸ ਨਜ਼ਰ ਕੋਇ ਨਾ ਆਈਆ । ਉਚੀ ਕੂਕ ਸੁਣਾਏ ਮਾਈ ਹੱਵਾ ਪ੍ਰਭ ਬੁੱਢਾ ਆਦਮ ਬਾਬਾ, ਬਹੁੜੀ ਬਹੁੜੀ ਕਰ ਜਣਾਈਆ । ਅੰਤ ਅਖ਼ੀਰ ਬੇਨਜ਼ੀਰ ਲੇਖਾ ਜਾਣੇ ਦੋ ਦੋ ਆਬਾ, ਸ਼ਾਹ ਸੁਲਤਾਨਾ ਨੂਰ ਅਲਾਹੀਆ । ਚਾਰ ਕੁੰਟ ਦਹਿ ਦਿਸ਼ਾ ਫਿਰੇ ਭਾਜਾ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਸਦੀ ਚੌਧਵੀਂ ਦੱਸ ਬਖ਼ਸ਼ਣਾ ਕਿਹੜਾ ਹੁਜਰਾ, ਹੁੱਜਤ ਨਜ਼ਰ ਕੋਇ ਨਾ ਆਈਆ । ਕਵਣ ਖ਼ੁਸ਼ੀਆਂ ਵਾਲਾ ਮੁਜਰਾ, ਮੁਹੱਬਤ ਵਿਚ ਨਾਚ ਨਚਾਈਆ । ਕਿੱਥੇ ਲੇਖਾ ਚਾਰ ਯਾਰੀ ਉਮਰਾ, ਬੈਠਾ ਸੋਭਾ ਪਾਈਆ ।



੬੬੩ ੨੧

ਕਿਥੇ ਖੇਲ ਮੁਹੰਮਦ ਅਹਿਮਦ ਹਮਰਾ, ਹਰ ਹਿਰਦੇ ਦੇਣਾ ਦ੍ਰਿੜਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਗੁਮਰਾਹ, ਸਿਰ ਭੈ ਨਾ ਕੋਇ ਰਖਾਈਆ । ਸਦੀ ਚੌਧਵੀਂ ਕਹੇ ਮੁਹੰਮਦਾ ਤੇਰੀ ਉਮਤ ਭੁੱਲੀ ਰਾਹ, ਰਹਿਬਰ ਵੇਖਣ ਕੋਇ ਨਾ ਪਾਈਆ । ਤੂੰ ਦੱਸ ਕੇ ਆਇਆ ਮੰਨਣਾ ਇਕ ਖ਼ੁਦਾ, ਨੂਰ ਜ਼ਹੂਰ ਨੂਰ ਰੁਸ਼ਨਾਈਆ । ਸਾਰੇ ਮਕ਼ਬਰਿਆਂ ਸੀਸ ਰਹੇ ਝੁਕਾ, ਕ਼ਬਰਾਂ ਵਿਚ ਬੇਸਬਰ ਡੇਰਾ ਲਾਈਆ । ਕਿਸੇ ਦੀ ਕ਼ਬੂਲ ਨਾ ਹੋਵੇ ਦੁਆ, ਦਰਗਾਹ ਸਾਚੀ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕੀ ਮੇਰਾ ਹੁਕਮ ਮਾਅਕੂਲ, ਚਾਰ ਕੁੰਟ ਦੇਣਾ ਸਮਝਾਈਆ । ਦੀਨ ਦੁਨੀ ਮੰਨੇ ਸਚ ਅਸੂਲ, ਅਸਲੀਅਤ ਭੇਵ ਦੇਣਾ ਖੁਲ੍ਹਾਈਆ । ਕ਼ਦਮਬੋਸੀ ਧੂੜੀ ਟਿੱਕਾ ਲਾਵੇ ਧੂਲ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਸਦੀ ਚੌਧਵੀਂ ਕਿਹਾ ਸਭ ਦਾ ਮਾਣਸ ਜਾਮਾ ਦਿਸੇ ਫ਼ਜ਼ੂਲ, ਫ਼ਜ਼ਲ ਰਹਿਮਤ ਨਾ ਕੋਇ ਕਮਾਈਆ । ਤੇਰਾ ਕਲਮਾ ਕਾਇਨਾਤ ਗਈ ਭੂਲ, ਅਭੁੱਲ ਸਮਝ ਕੋਇ ਨਾ ਪਾਈਆ । ਅਸਲ ਰਿਹਾ ਕਿਸੇ ਕੋਲ ਨਾ ਮੂਲ, ਧੁਰ ਦਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਮੈਥੋਂ ਕੀ ਰਿਹਾ ਪੁਛ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਉਮਤ ਉਮਤੀ ਗਈ ਰੁੱਸ, ਰੁੱਸਿਆਂ ਮੇਲ ਨਾ ਕੋਇ ਮਿਲਾਈਆ । ਮੈਂ ਨਿਮਾਣੀ ਮੇਰੀ ਬੁੱਧੀ ਤੁਛ, ਵਰਨਣ ਕਰ ਨਾ ਕੁਛ ਸੁਣਾਈਆ । ਉਠ ਵੇਖ ਆਪਣੀ ਧਾਰ ਰਹੁ ਨਾ ਲੁਕ, ਪੜਦਾ ਉਹਲਾ ਆਪ ਚੁਕਾਈਆ । ਧੁਰਦਰਗਾਹੀ ਰਿਹਾ ਕੋਈ ਨਾ ਝੁਕ, ਸੱਜਦਾ ਸੀਸ ਨਾ ਕੋਇ ਨਿਵਾਈਆ । ਸਾਰੇ ਭੁੱਲ ਗਏ ਆਤਮ ਪਰਮਾਤਮ ਦੀ ਤੁਕ, ਤੂੰ ਮੇਰਾ ਮੈਂ ਤੇਰਾ ਧੁਰ ਦਾ ਰਾਗ ਨਾ ਕੋਇ ਸੁਣਾਈਆ । ਏਸੇ ਕਾਰਨ ਸਭ ਦਾ ਪੈਂਡਾ ਰਿਹਾ ਮੁਕ, ਅੰਤ ਅਖ਼ੀਰ ਵੇਲਾ ਨਜ਼ਰੀ ਆਈਆ । ਮੈਨੂੰ ਚਾਰ ਕੁੰਟ ਵੇਖ ਹੋਵੇ ਦੁੱਖ, ਦਹਿ ਦਿਸ਼ਾ ਹੈਰਾਨੀ ਅੰਦਰ ਆਈਆ । ਸਚ ਧਰਮ ਦਾ ਰਿਹਾ ਕੋਈ ਨਾ ਸੁਤ, ਅਪਰਾਧੀ ਕੂੜ ਹੋਈ ਲੋਕਾਈਆ । ਜਿਸ ਕਾਰਨ ਕਟਾਈ ਮੁੱਛ, ਲਬਾਂ ਦੁਨੀ ਵੰਡ ਵੰਡਾਈਆ । ਓਹ ਬੂਟਾ ਰਿਹਾ ਸੁੱਕ, ਆਬੇਹਯਾਤ ਜਾਮ ਨਾ ਕੋਇ ਪਿਆਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਬਦਲ ਕੇ ਆਪਣਾ ਰੁਖ਼, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਲ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸਚਖੰਡ ਦਵਾਰਿਉਂ ਆਪੇ ਉਠ, ਦਰਗਾਹ ਸਾਚੀ ਲਏ ਅੰਗੜਾਈਆ । ਜਗਤ ਇਛਿਆ ਮਨ ਕਾਮਨਾ ਵੇਖੇ ਜੂਠ ਝੂਠ, ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖ ਆਪਣੀ ਕੁੱਲੀ, ਕਾਇਨਾਤ ਧਿਆਨ ਲਗਾਈਆ । ਚੌਦਾਂ ਤਬਕ ਤੇਰੀ ਧਾਰ ਰਹੇ ਨਾ ਭੁੱਲੀ, ਅਭੁੱਲ ਪੜਦਾ ਦੇਣਾ ਉਠਾਈਆ । ਸਤਿ ਧਾਰ ਦੀ ਦਿਸੇ ਕੋਈ ਨਾ ਗੁੱਲੀ, ਅਨਰਸ ਹੱਥ ਕਿਸੇ ਨਾ ਆਈਆ । ਸਾਰੇ ਕਲਮਾ ਪੜ੍ਹਦੇ ਬੁੱਲੀਂ, ਅੰਤਰ ਨਿਰੰਤਰ ਨਾ ਕੋਇ ਵਸਾਈਆ । ਬੇਸ਼ਕ ਤੇਰੀ ਫੁਲਵਾੜੀ ਫਲੀ ਫੁਲੀ, ਪ੍ਰਫੁਲਤ ਨਜ਼ਰੀ ਆਈਆ । ਅੰਤ ਮਾਟੀ ਖ਼ਾਕ ਮਿਲਣੀ ਜੁੱਲੀ, ਓਢਣ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਵੇਖੇ ਰੁਲੀ, ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਹੋ ਕੇ ਸਰਗੁਣ ਵੇਖ ਵਖਾਈਆ ।

## ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਕੌਰ ਦੇ ਗ੍ਰਹਿ ਕੋਠਾ ਨਿਹਾਲਪੁਰ ਸਿੰਬਲ ਜੰਮੂ

ਸਦੀ ਚੌਧਵੀਂ ਕਹੇ ਮੁਹੰਮਦ ਵੇਖੇ ਉਤੇ ਬਸੁਧਾ, ਜ਼ਮੀਨ ਧਰਤੀ ਖ਼ਾਕ ਧਿਆਨ ਲਗਾਈਆ । ਜ਼ਈਫ਼ ਉਲਉਮਰ ਹੋਇਆ ਅੰਤਮ ਬੁੱਢਾ, ਬਲਹੀਣ ਰਿਹਾ ਸੁਣਾਈਆ । ਮੇਰਾ ਤਨ ਵਜੂਦ ਹੋਇਆ ਕੁੱਬਾ, ਕਾਅਬੇ ਵਾਲਾ ਹੁਜਰਾ ਦਏ ਗਵਾਹੀਆ । ਪਰਵਰਦਿਗਾਰ ਦਾ ਸਮਝਿਆ ਕੋਈ ਨਾ ਮੁੱਦਾ, ਮੁੱਦਤ ਤੋਂ ਬੈਠਾ ਧਿਆਨ ਲਗਾਈਆ । ਕੀ ਲਹਿਣਾ ਦੇਣਾ ਲੇਖਾ ਨਾਲ ਬੁੱਧਾ, ਪੜਦਾ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਧਰਤੀ ਉਤੇ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਸਤਿ ਸਚ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਜਗਤ ਗਿਆ ਬਦਲਾਈਆ । ਧੁਰ ਦਾ ਕਲਮਾ ਪੜ੍ਹੇ ਨਾ ਕੋਇ ਕਲਾਮ, ਕਾਇਨਾਤ ਰਹੀ ਕੁਰਲਾਈਆ । ਸੱਯਦਾ ਸੀਸ ਨਾ ਕੋਇ ਸਲਾਮ, ਸਹੀ ਸਲਾਮਤ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਜਗਤ ਅਵਾਮ, ਨੇਕੀ ਬਦੀ ਰਹੀ ਕੁਰਲਾਈਆ । ਸ਼ਰਅ ਜ਼ੰਜੀਰ ਕੀਤਾ ਗ਼ੁਲਾਮ, ਬੰਧਨ ਸਕੇ ਨਾ ਕੋਇ ਤੁੜਾਈਆ । ਨਜ਼ਰ ਆਏ ਨਾ ਨਿਗਾਹਬਾਨ, ਨਿਜ ਲੋਇਣ ਨਾ ਕੋਇ ਰੁਸ਼ਨਾਈਆ । ਚਾਰੋਂ ਕੁੰਟ ਦਿਸੇ ਵੈਰਾਨ, ਵੈਰੀ ਘਰ ਘਰ ਡੇਰਾ ਲਾਈਆ । ਅਸਲ ਵਸਲ ਮਿਲੇ ਨਾ ਕਿਸੇ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਦਾਤਾ ਨਿਰਵੈਰ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੁਹੰਮਦ ਧਰਤੀ ਵਲ ਰਿਹਾ ਤਕ, ਬਿਨ ਅੱਖਾਂ ਅੱਖ ਉਠਾਈਆ । ਉਮਤ ਉਤੇ ਪਿਆ ਸ਼ੱਕ, ਸ਼ਿਕਵਾ ਸਕੇ ਨਾ ਕੋਇ ਗਵਾਈਆ । ਹਕ਼ੀਕ਼ਤ ਮਿਲੇ ਕਿਸੇ ਨਾ ਹੱਕ, ਸਤਿ ਸਚ ਨਾ ਕੋਇ ਵਡਿਆਈਆ । ਅੰਤਮ ਖੇੜਾ ਹੁੰਦਾ ਦਿਸੇ ਭਠ, ਕਲਜੁਗ ਅਗਨੀ ਰਿਹਾ ਡਾਹੀਆ । ਚੌਦਾਂ ਤਬਕਾਂ ਵੇਖਿਆ ਨਠ, ਬਣ ਪਾਂਧੀ ਪੰਧ ਮੁਕਾਈਆ । ਸਚ ਨਗਾਰ ਲੱਗੇ ਕੋਈ ਨਾ ਸੱਟ, ਹੁਜਰਾ ਹੱਕ ਨਾ ਕੋਇ ਵਡਿਆਈਆ । ਅੰਤ ਜੋੜ ਕੇ ਦੋਵੇਂ ਹੱਥ, ਬਰਦਾ ਹੋ ਕੇ ਸੀਸ ਨਿਵਾਈਆ । ਤੂੰ ਸਾਹਿਬ ਸਰਬ ਕਲਾ ਸਮਰਥ, ਬੇਅੰਤ ਤੇਰੀ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰਖ, ਢਹਿ ਢਹਿ ਲਾਗੇ ਪਾਈਂਆ । ਚਾਰ ਦੀਵਾਰ ਰਿਹਾ ਨਾ ਹੱਟ, ਸਾਚੀ ਵਸਤ ਨਾ ਕੋਇ ਵਰਤਾਈਆ । ਮੇਰਾ ਵੇਲਾ ਰਿਹਾ ਟਪ, ਅੰਤ ਅਖ਼ੀਰੀ ਸੋਭਾ ਪਾਈਆ । ਤੂੰ ਨਿਰਗੁਣ ਧਾਰ ਰਖਣੀ ਪਤ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਤੇਰਾ ਖੇਲ ਅਲੱਖਣਾ ਅਲਖ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਮੈਂ ਜਗਤ ਮਸਲੇ ਬਿਨਾ ਮਸਲੇ ਸਾਰੇ ਦੇਣੇ ਠੱਪ, ਬੰਦਗੀ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹੇ ਮੈਂ ਧਰਤੀ ਉਤੇ ਮਾਰੀ ਝਾਕੀ, ਅਨਡਿੱਠੀ ਅੱਖ ਖੁਲ੍ਹਾਈਆ । ਤਨ ਵਜੂਦ ਤੱਕਿਆ ਦੀਨ ਦੁਨੀ ਖ਼ਾਕੀ, ਰੂਹ ਬੁਤ ਵੇਖ ਵਖਾਈਆ । ਲਹਿਣਾ ਦੇਣਾ ਲੇਖਾ ਕਿਸੇ ਨਾ ਬਾਕੀ, ਹਿਸਾਬ ਹੱਥ ਨਾ ਕੋਇ ਫੜਾਈਆ । ਦੀਨ ਮਜ਼੍ਹਬ ਵਿਚ ਆਈ ਗੁਸਤਾਖੀ, ਗ਼ੁੱਸੇ ਭਰੀ ਲੋਕਾਈਆ । ਅੰਤ ਅਖ਼ੀਰ ਕਰੇ ਕੋਈ ਨਾ ਰਾਖੀ, ਰੱਖਕ ਹੋ ਕੇ ਸਿਰ ਹੱਥ ਨਾ ਕੋਇ ਟਿਕਾਈਆ । ਝਗੜਾ ਮੁਕੇ ਨਾ ਜ਼ਾਤ ਪਾਤੀ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਬਿਨ ਸ਼ਬਦੀ ਧਾਰ ਸਾਚਾ ਰਿਹਾ ਕੋਈ ਨਾ ਸਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਕਹੇ ਕਿਉਂ ਧਰਨੀ ਪਾਈ ਵੰਡਾ, ਕਲਮਿਆਂ ਵਿਚ ਸ਼ਨਵਾਈਆ । ਜਾਂ ਤੱਕਾਂ ਦੋ ਜਹਾਨਾਂ ਸ਼ਬਦੀ ਧਾਰ ਦਿਸੇ ਖੰਡਾ, ਗੋਬਿੰਦ ਗੁਰ ਗਹਿਰ ਗੰਭੀਰ ਰਿਹਾ ਚਮਕਾਈਆ । ਜਿਸ ਨੇ ਛੱਡਿਆ ਪੁਰੀ ਅਨੰਦਾ, ਅਨੰਦ ਪ੍ਰਭ ਦੇ ਵਿਚ ਸਮਾਈਆ । ਅੰਤ ਵੇਖਣਹਾਰ ਦ੍ਰਿਸ਼ਟੀ ਇਸ਼ਟੀ ਵਿਚ ਵਰਭੰਡਾ, ਨਵ ਸੱਤ ਫੋਲ ਫੁਲਾਈਆ । ਜਿਹਨੂੰ ਝੁਕਦੇ ਤਾਰਾ ਚੰਦਾ, ਸੂਰੀਆ ਬੈਠਾ ਸੀਸ ਨਿਵਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦਾ ਸੀਸ ਹੋਣਾ ਨੰਗਾ, ਓਢਣ ਨਾਮ ਨਜ਼ਰ ਕੋਇ ਨਾ ਆਈਆ । ਲੇਖਾ ਮੁਕਣਾ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤੀਰਥ ਤਟ ਦੇਣ ਦੁਹਾਈਆ । ਭੇਵ ਖੁਲ੍ਹਾਏ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੁਹੰਮਦ ਕਹੇ ਮੈਂ ਜਿਧਰ ਤੱਕਾਂ ਮੈਨੂੰ ਦਿਸੇ ਦੰਗਾ, ਸਤਿ ਸਤਿ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜੀ ਧਾਰ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੁਹੰਮਦ ਵੇਖੇ ਮੇਰੀ ਪੂਰੀ ਹੋਈ ਸ਼ਰਤ, ਸ਼ਰਅ ਸ਼ਰੀਅਤ ਰਹਿਣ ਨਾ ਪਾਈਆ । ਪਰਵਰਦਿਗਾਰ ਆਵੇ ਪਰਤ, ਜਲਵਾਗਰ ਨੂਰ ਅਲਾਹੀਆ । ਕੂੜੀ ਕਿਰਿਆ ਮੇਟੇ ਗਰਦ, ਕਜ਼ਾ ਕਸਾਈ ਦਏ ਉਠਾਈਆ । ਚਾਰ ਵਰਨਾਂ ਵੰਡੇ ਦਰਦ, ਦੀਨ ਦੁਖੀ ਗੋਦ ਟਿਕਾਈਆ । ਮਾਇਆ ਮਮਤਾ ਮੇਟ ਕੇ ਮਰਜ਼, ਮਜ਼ਾ ਆਪਣਾ ਨਾਮ ਦਏ ਚਖਾਈਆ । ਧੁਰ ਦਾ ਖੇਲ ਕਰੇ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਚਾਰ ਜੁਗ ਦੀ ਪਿਛਲੀ ਕੱਢਕੇ ਫ਼ਰਦ, ਤੇਈ ਅਵਤਾਰਾਂ ਲਹਿਣਾ ਝੋਲੀ ਪਾਈਆ । ਮੂਸਾ ਈਸਾ ਮੁਹੰਮਦ ਹੋਏ ਕੋਇ ਨਾ ਹਰਜ, ਹਰਜਾਨੇ ਸਭ ਦੇ ਵੇਖ ਵਖਾਈਆ । ਨਾਨਕ ਗੋਬਿੰਦ ਜੋ ਕਰ ਕੇ ਗਿਆ ਅਰਜ਼, ਬੇਨੰਤੀ ਸਚ ਸੁਣਾਈਆ । ਸੋ ਖੇਲ ਕਰੇ ਅਰਸ਼ਾਂ ਦਾ ਮਾਲਕ ਉਪਰ ਧਰਤ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜੋਧਾ ਸੂਰਬੀਰ ਮਰਦਾਨਾ ਬਣ ਮਰਦ, ਸ਼ਬਦੀ ਡੰਕਾ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਹੁਕਮੇ ਅੰਦਰ ਏਥੇ ਓਥੇ ਦੋ ਜਹਾਨ ਪੈਣ ਨਾ ਦੇਵੇ ਫ਼ਰਕ, ਫ਼ਿਰਕੇਦਾਰੀ ਕੂੜੀ ਮੇਟ ਮਿਟਾਈਆ ।



### ✲ ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਭਗਤ ਸਿੰਘ ਦੇ ਗ੍ਰਿਹਿ ਪਿੰਡ ਕੀਰ ਜੰਮੂ ✲

ਸਦੀ ਚੌਧਵੀਂ ਕਹੇ ਪੁਰਖ ਅਕਾਲ ਮੇਟਿਆ ਮੇਰਾ ਸੰਸਾ, ਚਿੰਤਾ ਅੰਦਰੋਂ ਦਿਤੀ ਗਵਾਈਆ । ਚਾਰ ਵਰਨ ਅਠਾਰਾਂ ਬਰਨ ਬਣਾਵਾਂ ਸਾਚਾ ਬੰਸਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਈਆ । ਸਤਿ ਧਰਮ ਦੀ ਪ੍ਰਗਟ ਕਰ ਕੇ ਅੰਸਾ, ਸੰਤ ਸੁਹੇਲੇ ਮਾਤ ਵਡਿਆਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰਾਂ ਅੰਤਾ, ਸ੍ਰਿਸ਼ਟੀ ਦ੍ਰਿਸ਼ਟੀ ਅੰਤਸ਼ਕਰਨ ਦਿਆਂ ਬਦਲਾਈਆ । ਬੋਧ ਅਗਾਧਾ ਹੋ ਕੇ ਪੰਡਤਾ, ਨਾਮ ਸੰਦੇਸ਼ਾ ਧੁਰ ਦਾ ਕਲਮਾ ਦਿਆਂ ਦ੍ਰਿੜਾਈਆ । ਹਰਿਜਨ ਬਣਾ ਕੇ ਸਾਚਾ ਹੰਸਾ, ਕਾਗ ਬੁੱਧੀ ਡੇਰਾ ਢਾਹੀਆ । ਸਤਿਜੁਗ ਸਚ ਬਣਾ ਕੇ ਬਣਤਾ, ਧਰਮ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਰਘੁਰਾਈਆ ।

ਸਦੀ ਚੌਧਵੀਂ ਕਹੇ ਪੁਰਖ ਅਕਾਲ ਕਿਰਪਾ ਕਰਦਾ, ਕਰਨਹਾਰ ਵੱਡੀ ਵਡਿਆਈਆ । ਸਭ ਦਾ ਸਾਫ਼ ਕਰੇ ਹਿਰਦਾ, ਦੀਨ ਦੁਨੀ ਖੋਜ ਖੁਜਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਧਾਰ ਰਹੇ ਫਿਰਦਾ, ਗੁਰ ਅਵਤਾਰ ਪੈਗ਼ੰਬਰ ਨਾਉਂ ਧਰਾਈਆ । ਭੇਵ ਖੋਲ੍ਹੇ ਆਪਣੇ ਘਰ ਗ੍ਰਿਹ ਨਿਰਵੈਰ ਨਿਰ ਦਾ, ਨਿਰੰਕਾਰ ਆਪਣੀ ਕਾਰ ਕਮਾਈਆ । ਜਿਸ ਦੇ ਹੁਕਮੇ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੇੜਾ ਰਿਹਾ ਗਿੜਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਮੈਨੂੰ ਦੇਵੇ ਹੱਕ ਪਿਆਰ, ਮੁਹੱਬਤ ਵਿਚ ਜਣਾਈਆ । ਕੂੜੀ ਕਿਰਿਆ ਕਰਾਂ ਖ਼ੁਆਰ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਹੋਏ ਉਜਿਆਰ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਸਭ ਦਾ ਇਸ਼ਟ ਹੋਵੇ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਦਵਾਰਾ ਇਕੋ ਹੋਵੇ ਧਰਮਸਾਲ, ਚਾਰ ਵਰਨ ਬਹਿ ਕੇ ਆਪਣਾ ਏਕਾ ਇਸ਼ਟ ਮਨਾਈਆ । ਕਿਰਪਾ ਕਰੇ ਸਤਿਗੁਰ ਸ਼ਬਦ ਕਿਰਪਾਲ, ਕਿਰਪਨ ਵੇਖੇ ਚਾਈਂ ਚਾਈਆ । ਲਹਿਣਾ ਦੇਣਾ ਚੁਕਾਏ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ, ਜ਼ਿਮੀਂ ਅਸਮਾਨ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਮੇਰੇ ਅੰਦਰ ਖੋਲ੍ਹ ਜਾਗ, ਜਾਗਰਤ ਜੋਤ ਕੀਤੀ ਰੁਸ਼ਨਾਈਆ । ਸਚ ਮੁਹੱਬਤ ਦਾ ਦੇ ਵੈਰਾਗ, ਬਿਰਹੋਂ ਚੋਟ ਇਕ ਲਗਾਈਆ । ਦੀਨ ਮਜ਼੍ਹਬ ਦਾ ਕਰ ਤਿਆਗ, ਉਮਤ ਝਗੜਾ ਰਹੇ ਨਾ ਰਾਈਆ । ਸਤਿ ਧਰਮ ਜਗਾ ਚਰਾਗ਼, ਕਲਜੁਗ ਅੰਧੇਰਾ ਦੇਣਾ ਮਿਟਾਈਆ । ਹੰਸ ਬੁੱਧੀ ਬਣੌਣੀ ਕਾਗ, ਕਾਗ ਹੰਸ ਰੂਪ ਬਦਲਾਈਆ । ਸਤਿਜੁਗ ਸਾਚੀ ਸਾਜਣ ਸਾਜ, ਸਤਿ ਦਵਾਰਾ ਇਕ ਖੁਲ੍ਹਾਈਆ । ਚਾਰ ਵਰਨ ਬਣੇ ਇਕ ਸਮਾਜ, ਆਤਮ ਬ੍ਰਹਮ ਪੜਦਾ ਦੇਣਾ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝੀ ਹੋਏ ਆਵਾਜ਼, ਰਸਨਾ ਰਸ ਦੇਣਾ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਆਪਣਾ ਭੇਵ ਰਿਹਾ ਖੋਲ੍ਹ, ਪਰਦਾ ਓਹਲਾ ਹੱਕ ਚੁਕਾਈਆ । ਸਾਚੇ ਨਾਮ ਦਾ ਵੱਜੇ ਢੋਲ, ਦੋ ਜਹਾਨਾਂ ਕਰੇ ਸ਼ਨਵਾਈਆ । ਭਗਤ ਭੰਡਾਰਾ ਦੇਵੇ ਖੋਲ੍ਹ, ਨਿਰਗੁਣ ਸਰਗੁਣ ਆਪ ਵਰਤਾਈਆ । ਵਸਤ ਅਗੰਮ ਅਨਮੋਲ, ਅਨਡਿੱਠੀ ਝੋਲੀ ਪਾਈਆ । ਸਦਾ ਸਦਾ ਸਦ ਵਸਾਂ ਭਗਤਾਂ ਕੋਲ, ਨਿਜ ਘਰ ਬੈਠਾ ਡੇਰਾ ਲਾਈਆ । ਪਰਮਾਤਮ ਹੋ ਕੇ ਜਾਵਾਂ ਮੌਲ, ਆਤਮ ਆਪਣਾ ਰੰਗ ਵਖਾਈਆ । ਖੇਲਾਂ ਖੇਲ ਉਪਰ ਧੌਲ, ਧਰਨੀ ਧਰਤ ਆਸਾ ਮਨਸਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰਾਂ ਬੋਲ, ਭਵਿਖਤਾਂ ਦਾ ਲੇਖਾ ਲਿਖਤਾਂ ਵਿਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਬੈਠਾ ਰਹੇ ਅਡੋਲ, ਸਚਖੰਡ ਦਵਾਰ ਏਕੰਕਾਰ ਇਕ ਇਕੱਲਾ ਸਚ ਮਹੱਲਾ ਆਪਣਾ ਆਪ ਸੁਹਾਈਆ ।

## ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਸੇਵਾ ਸਿੰਘ ਦੇ ਗ੍ਰਹਿ ਪਿੰਡ ਕੀਰ ਜੰਮੂ



ਸਦੀ ਚੌਧਵੀਂ ਕਹੇ ਪੁਰਖ ਅਕਾਲਾ ਧੁਰ ਦਾ ਰਾਹੀ, ਰਹਿਬਰ ਆਦਿ ਅੰਤ ਅਖਵਾਇੰਦਾ । ਜਿਸ ਨੂੰ ਸਾਰੇ ਕਹਿੰਦੇ ਮਾਹੀ, ਮਹਿਬੂਬ ਮੁਹੱਬਤ ਵਿਚ ਸਮਾਇੰਦਾ । ਮਾਲਕ ਬਣ ਕੇ ਧੁਰਦਰਗਾਹੀ, ਦੋ ਜਹਾਨਾਂ ਵੇਖ ਵਖਾਇੰਦਾ । ਜੁਗ ਜੁਗ ਬਦਲਣਹਾਰਾ ਸ਼ਾਹੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਉਲਟਾਇੰਦਾ । ਸ਼ਾਸਤਰ ਸਿਮਰਤ ਜਿਸ ਦੀ ਦੇਣ ਗਵਾਹੀ, ਗੁਰ ਅਵਤਾਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਜਿਸ ਦੇ ਚਾਰ ਜੁਗ ਨਾਮ ਦੁਹਾਈ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਇੰਦਾ । ਸਦ ਵਸੇ ਨਿਹਚਲ ਧਾਮ ਅਗੰਮ ਅਥਾਹੀ, ਦਰਗਾਹ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਸਚ ਵਡਿਆਇੰਦਾ । ਸਦੀ ਚੌਧਵੀਂ ਕਹੇ ਪੁਰਖ ਅਕਾਲ ਮੇਰਾ ਦਰਦੀ, ਦਰਦਵੰਦ ਇਕ ਅਖਵਾਇੰਦਾ । ਮੈਂ ਗੋਲੀ ਓਸੇ ਘਰ ਦੀ, ਜੋ ਗੋਲਕ ਨਾਮ ਭਰਾਇੰਦਾ । ਸਦ ਭੈ ਵਿਚ ਰਹਾਂ ਡਰਦੀ, ਜੋ ਭੈ ਭੌ ਸਰਬ ਵਖਾਇੰਦਾ । ਓਸੇ ਦੀ ਯਾਦ ਰਹਾਂ ਕਰਦੀ, ਜੋ ਨਿਤ ਨਿਤ ਵੇਸ ਵਟਾਇੰਦਾ । ਓਸੇ ਦੀ ਪੱਟੀ ਰਹਾਂ ਪੜ੍ਹਦੀ, ਜੋ ਪਾਰਬ੍ਰਹਮ ਅਖਵਾਇੰਦਾ । ਓਸੇ ਦੀ ਚੋਟੀ ਰਹਾਂ ਚੜ੍ਹਦੀ, ਜੋ ਸਚ ਦਵਾਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਇੰਦਾ । ਸਦੀ ਚੌਧਵੀਂ ਕਹੇ ਮੇਰਾ ਮਾਲਕ ਧੁਰ ਦਾ ਪੂਜਨੀਕ, ਪੱਤਤ ਪਾਵਨ ਨਜ਼ਰੀ ਆਈਆ । ਆਦਿ ਜੁਗਾਦਿ ਲਾਸ਼ਰੀਕ, ਸ਼ਰਕਤ ਵੰਡ ਨਾ ਕੋਇ ਵੰਡਾਈਆ । ਸਭ ਦੀ ਮਨਸਾ ਪੂਰੀ ਕਰੇ ਉਮੀਦ, ਜੁਗ ਚੌਕੜੀ ਵੇਖ ਵਖਾਈਆ । ਦੀਨ ਦੁਨੀ ਦੀ ਗ਼ਫ਼ਲਤ ਵਿਚੋਂ ਖੋਲ੍ਹੇ ਨੀਂਦ, ਨੇਤਰ ਲੋਚਣ ਨੈਣ ਇਕ ਚਮਕਾਈਆ । ਜਿਸ ਦੀ ਸਦੀ ਜਾਂਦੀ ਬੀਤ, ਬੀਤੀ ਆਪਣੀ ਕਹਾਣੀ ਰਹੀ ਸੁਣਾਈਆ । ਕਲਜੁਗ ਅੰਦਰ ਸਤਿਜੁਗ ਲਾਵੇ ਰੀਤ, ਮਾਰਗ ਧੁਰ ਦਾ ਇਕ ਉਪਜਾਈਆ । ਆਤਮ ਪਰਮਾਤਮ ਦੱਸ ਕੇ ਪ੍ਰੀਤ, ਨਾਤਾ ਧੁਰ ਦਾ ਲਏ ਜੁੜਾਈਆ । ਕਰ ਕੇ ਕਾਇਆ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਮੇਰਾ ਮਾਲਕ ਵਜਾਵੇ ਤਾੜੀ, ਬਿਨ ਹੱਥਾਂ ਹੱਥ ਲਗਾਈਆ । ਪਰਕਾਸ਼ ਕਰ ਕੇ ਨਾੜੀ ਨਾੜੀ, ਅੰਧ ਅਗਿਆਨ ਦਿਤਾ ਗਵਾਈਆ । ਮੈਂ ਭੁੱਲ ਗਈ ਵਰਨ ਬਰਨ ਮਜ਼੍ਹਬਾਂ ਵਾਲੀ ਅਖਾੜੀ, ਗ੍ਰਹਿ ਇਕੋ ਵੇਖ ਵਖਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਨਿਰਵੈਰ ਸੋਭਾ ਪਾਈਆ । ਉਸ ਦੇ ਚਰਨ ਕਵਲ ਬਲਿਹਾਰੀ, ਨਿਉਂ ਨਿਉਂ ਲਾਗਾਂ ਪਾਈਆ । ਕਲਜੁਗ ਅੰਤਮ ਓਸੇ ਦੀ ਵਾਰੀ, ਵਾਰਤਾ ਪਿਛਲੀ ਵੇਖ ਵਖਾਈਆ । ਲੇਖਾ ਜਾਣੇ ਜਗਤ ਜੁਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਚਰਨ ਕਵਲ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ ।

੬੯੯
੨੧

### ✲ ੧੧ ਪੋਹ ਸ਼ਹਿਨਸ਼ਾਹੀ ਸੰਮਤ ੪ ਸ਼ਿਵ ਸਿੰਘ ਦੇ ਗ੍ਰਹਿ ਸਈ ਕੈਂਪ ਜੰਮੂ ✲

ਸਦੀ ਚੌਧਵੀਂ ਕਹੇ ਮੈਂ ਪੁਰਖ ਅਕਾਲ ਅੱਗੇ ਕੀਤੀ ਅਰਜ਼, ਆਰਜ਼ੂ ਤਮੰਨਾ ਆਪਣੀ ਦਿਤੀ ਦ੍ਰਿੜਾਈਆ । ਪਰਵਰਦਿਗਾਰ ਸਾਂਝੇ ਯਾਰ, ਗੁਰ ਅਵਤਾਰ ਪੈਗ਼ੰਬਰਾਂ ਵੇਖ ਗ਼ਰਜ਼, ਗਰਜ਼ੇ ਕਿ ਸਾਰੇ ਤੇਰੀ ਓਟ ਤਕਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਤੇਰਾ ਜੁਗ ਚੌਕੜੀ ਖੇਲ ਅਸਚਰਜ, ਅਚਰਜ ਲੀਲਾ ਆਪਣੀ ਦਏ ਵਰਤਾਈਆ । ਕਿਉਂ ਦੀਨ ਮਜ਼੍ਹਬ ਜ਼ਾਤ ਪਾਤ ਮਾਨਵ ਪਾਇਆ ਫ਼ਰਕ, ਫ਼ਿਰਕਿਆਂ ਵਿਚ ਵੰਡ ਵੰਡਾਈਆ । ਅੰਤ ਅਖ਼ੀਰ ਬੇਨਜ਼ੀਰ ਕੂੜੀ ਕਿਰਿਆ ਕਰਦੇ ਤਰਕ, ਤੁਰਤ ਆਪਣਾ ਹੁਕਮ ਸੁਣਾਈਆ । ਮੇਰੀ ਦੁਹਾਈ ਉਤੇ ਅਰਸ਼, ਫ਼ਰਸ਼ ਨਿਉਂ ਨਿਉਂ ਸੀਸ ਝੁਕਾਈਆ । ਅੰਮ੍ਰਿਤ ਅਗੰਮਾ ਮੇਘ ਬਰਸ, ਅਗਨੀ ਤਤ ਦੇਣਾ ਗਵਾਈਆ । ਤੁਧ ਬਿਨ ਕਰੇ ਕੋਈ ਨਾ ਤਰਸ, ਰਹਿਮਤ ਰਹੀਮ ਨਾ ਕੋਇ ਜਣਾਈਆ । ਸਭ ਦਾ ਪੂਰਾ ਕਰ ਪਿਛਲਾ ਕ਼ਰਜ਼, ਮਕ਼ਰੂਜ਼ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਨੌਜਵਾਨੇ, ਹਰਿ ਕਰਤੇ ਤੇਰੀ ਸ਼ਰਨਾਈਆ । ਦੀਨ ਦੁਨੀ ਦੇ ਵੇਖ ਖ਼ਾਨੇ, ਮੁਖ਼ਾਤਬ ਹੋ ਕੇ ਦੇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਦਾ ਦੇ ਕੇ ਗਏ ਬਿਆਨੇ, ਭੇਵ ਅਭੇਦਾ ਅਗਲਾ ਦੇ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜੇ ਮੇਟ ਦੇ ਨਿਸ਼ਾਨੇ, ਧਰਮ ਨਿਸ਼ਾਨਾ ਇਕ ਵਖਾਈਆ । ਜੁਗ ਚੌਕੜੀ ਬਦਲਦੇ ਵੇਖੇ ਬੇਅੰਤ ਜ਼ਮਾਨੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਫੇਰਾ ਪਾਈਆ । ਤੁਧ ਬਿਨ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਨਾ ਕੋਈ ਪਹਿਚਾਨੇ, ਨੇਤਰਹੀਣ ਹੋਈ ਲੋਕਾਈਆ । ਕਿਰਪਾ ਕਰ ਸ਼ਹਿਨਸ਼ਾਹ ਸੁਲਤਾਨੇ, ਹਰਿ ਸਤਿਗੁਰ ਤੇਰੀ ਵਡ ਵਡਿਆਈਆ । ਜਨਭਗਤ ਸੁਹੇਲੇ ਲੋਕਮਾਤ ਨਾ ਰਹਿਣ ਬੇਗਾਨੇ, ਸਚ ਦਵਾਰੇ ਮੇਲਾ ਲੈਣਾ ਮਿਲਾਈਆ । ਨਿਰੰਤਰ ਹੋ ਕੇ ਦੱਸਣੇ ਬ੍ਰਹਮ ਤਰਾਨੇ, ਤੁਰੀਆ ਤੋਂ ਅੱਗੇ ਕਰਨੀ ਪੜ੍ਹਾਈਆ । ਤੇਰਾ ਨਿਰਗੁਣ ਨੂਰ ਜੋਤ ਜਗੇ ਮਹਾਨੇ, ਚਾਰੋਂ ਕੁੰਟ ਕੁੰਟ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਸਦੀ ਚੌਧਵੀਂ ਕਹੇ ਖੇਲ ਆਪਣਾ ਦੱਸ ਫ਼ਰਮਾਨ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਕੀ ਲੇਖਾ ਜੀਵ ਜਹਾਨ, ਚਾਰ ਕੁੰਟ ਪੜਦਾ ਦੇ ਉਠਾਈਆ । ਪੁਰਖ ਅਕਾਲ ਕਹੇ ਸੰਦੇਸ਼ਾ ਦੇਵਾਂ ਧੁਰ ਫ਼ਰਮਾਨ, ਧਰਮ ਦੀ ਧਾਰ ਇਕ ਦ੍ਰਿੜਾਈਆ । ਜੋ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਨ, ਲਹਿਣਾ ਦੇਣਾ ਸਭ ਦਾ ਝੋਲੀ ਪਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਾਇਆ ਕਾਅਬਾ ਵੇਖ ਮਕਾਨ, ਮਕ਼ਬਰੇ ਦੀਨ ਦੁਨੀ ਫੋਲ ਫੁਲਾਈਆ । ਨੇਤਰ ਨੈਣ ਤੱਕਾਂ ਫ਼ਲਕ ਖ਼ਲਕ ਉਪਰ ਅਸਮਾਨ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਮੇਰਾ ਲਹਿਣਾ ਦੇਣਾ ਨਿਰਗੁਣ ਸਰਗੁਣ ਆਦਿ ਜੁਗਾਦੀ ਦੋ ਜਹਾਨ, ਬ੍ਰਹਿਮੰਡ ਖੰਡ ਆਪਣੀ ਕਾਰ ਕਰਾਈਆ । ਨਿਤ ਨਵਿਤ ਧਰਮ ਦੀ ਧਾਰ ਦੇਂਦਾ ਰਹਵਾਂ ਦਾਨ, ਵਸਤ ਅਮੋਲਕ ਇਕ ਵਰਤਾਈਆ । ਸਦੀ ਚੌਧਵੀਂ ਚਾਰ ਕੁੰਟ ਚਾਰ ਵਰਨ ਲਵਾਂ ਛਾਣ, ਬਚਿਆ ਰਹਿਣ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਲੋਕਮਾਤ ਪਹਿਚਾਨ, ਪਰਦਾ ਅੰਦਰੋਂ ਦਿਆਂ ਉਠਾਈਆ । ਘਰ ਸਵਾਮੀ ਮਿਲ ਕੇ ਰਾਮ, ਸੀਤਾ ਸੁਰਤ ਲਵਾਂ ਪਰਨਾਈਆ । ਨਜ਼ਰੀ ਆ ਕੇ ਧੁਰ ਦਾ ਕਾਹਨ, ਘਨਈਆ ਨਈਆ ਇਕ ਵਖਾਈਆ । ਸਚ

ਸੰਦੇਸ਼ਾ ਦੇ ਪੈਗ਼ਾਮ, ਪੈਗ਼ੰਬਰਾਂ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਮਾਲਕ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਪੁਰਖ ਅਕਾਲਾ ਦੀਨ ਦਿਆਲਾ ਧਰਮ ਧਾਰ ਦਾ ਦਿਸੇ ਜੋਗੀ, ਜੋਗੀਸ਼ਰਾਂ ਦਏ ਵਡਿਆਈਆ । ਆਤਮ ਪਰਮਾਤਮ ਨਿਰਗੁਣ ਧਾਰ ਦਾ ਦਿਸੇ ਭੋਗੀ, ਜਗਤ ਵਾਸਨਾ ਸੇਜ ਨਾ ਕੋਇ ਹੰਢਾਈਆ । ਆਤਮ ਪਰਮਾਤਮ ਬਣ ਕੇ ਧੁਰ ਸੰਜੋਗੀ, ਜੁਗ ਚੌਕੜੀ ਵਿਛੜੇ ਮੇਲ ਮਿਲਾਈਆ । ਨਾਮ ਸੰਦੇਸ਼ਾ ਦੇ ਕੇ ਅਗਾਧ ਬੋਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਭੇਵ ਚੁਕਾ ਕੇ ਲੋਕ ਪਰਲੋਕੀ, ਬ੍ਰਹਿਮੰਡ ਖੰਡ ਪੰਧ ਮੁਕਾਈਆ । ਸਾਚਾ ਕਲਮਾ ਦੱਸ ਸਲੋਕੀ, ਧੁਰ ਦਾ ਢੋਲਾ ਇਕ ਸੁਣਾਈਆ । ਪੁਰਖ ਅਕਾਲਾ ਠਾਕਰ ਬਣ ਕੇ ਮੌਜੀ, ਮੌਜੂਦਾ ਆਪਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹਿਰਦਾ ਰਿਹਾ ਸੋਧੀ, ਸੁਧ ਵਿਚ ਬੁੱਧੀ ਉਜਲ ਦਏ ਕਰਾਈਆ ।

ਭਗਤਾਂ ਦੀ ਮਾਤਾ ਦਾ ਇਕੋ ਮਤਾ, ਦੂਜੀ ਸਲਾਹ ਨਾ ਕੋਇ ਵਖਾਈਆ । ਨਾਤਾ ਛੱਡ ਕੇ ਪੰਜ ਤੱਤਾਂ, ਜਗਤ ਜਹਾਨ ਕਰੇ ਜੁਦਾਈਆ । ਪੁਰਖ ਅਕਾਲ ਚੁੱਕੇ ਹੱਥਾਂ, ਮਿਹਰਵਾਨ ਆਪਣਾ ਰੰਗ ਰੰਗਾਈਆ । ਜਿਸ ਹਿਰਦਿਉਂ ਇਕ ਵਾਰ ਟੇਕ ਲਿਆ ਮੱਥਾ, ਚੁਰਾਸੀ ਵਿਚ ਫੇਰ ਕਦੇ ਨਾ ਆਈਆ । ਸਦਾ ਚਰਨ ਕਵਲ ਦਵਾਰੇ ਰੱਖਾਂ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਭਗਤਾਂ ਨੂੰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਜਪਾਇਆ ਟੱਪਾ, ਬ੍ਰਹਿਮੰਡ ਖੰਡ ਟਾਪੂਆਂ ਤੋਂ ਪਰੇ ਆਪਣੇ ਘਰ ਵਸਾਈਆ ।

### ❊ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਤੇਜ ਭਾਨ ਦੇ ਗ੍ਰਿਹ ਸਈ ਕੈਂਪ ਜੰਮੂ ❊

ਸਦੀ ਚੌਧਵੀਂ ਕਹੇ ਮੈਂ ਬਚਨ ਅਗੰਮੇ ਸੁਣੇ, ਬਿਨ ਸਰਵਣ ਪ੍ਰਭ ਨੇ ਦਿਤੇ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਤੋਂ ਲੇਖਾ ਮੰਗੇ ਹੁਣੇ, ਅਨਹੋਣੀ ਆਪਣੀ ਕਾਰ ਕਮਾਈਆ । ਜਿਸ ਕਾਰਨ ਸ੍ਰਿਸ਼ਟੀ ਦੇ ਪਾਏ ਗੁਣੇ, ਹਿੱਸਿਆਂ ਵਿਚ ਵੰਡ ਵੰਡਾਈਆ । ਤੁਸਾਂ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਸੂਫ਼ੀ ਕਿਤਨੇ ਚੁਣੇ, ਮੈਨੂੰ ਲੇਖਾ ਦਿਓ ਵਖਾਈਆ । ਚਾਰ ਵਰਨ ਅਠਾਰਾਂ ਬਰਨ ਕਿਉਂ ਅੰਤ ਅਖ਼ੀਰੀ ਬਣੇ ਬੁਰੇ, ਬੁਰਿਆਈ ਆਪਣੇ ਤਨ ਸੁਹਾਈਆ । ਤੁਹਾਡੇ ਹੁੰਦਿਆਂ ਮਾਣਸ ਦਿਸਦੇ ਕਿਉਂ ਨਿਗੁਰੇ, ਗੁਰਦੇਵ ਸਵਾਮੀ ਇਸ਼ਟ ਨਾ ਕੋਇ ਮਨਾਈਆ । ਚਾਰੋਂ ਕੁੰਟ ਸਤਿ ਧਰਮ ਹੁੰਦਾ ਦੂਰੇ, ਦੁਰਾਚਾਰ ਕਰਨ ਲੜਾਈਆ । ਕਿਉਂ ਸ਼ਰਅ ਵਾਲੇ ਚਲਦੇ ਛੁਰੇ, ਸ਼ਰੀਅਤ ਕਰੇ ਲੜਾਈਆ । ਮੰਤਰ ਹੱਕ ਕਿਸੇ ਨਾ ਫੁਰੇ, ਫੁਰਨਾ ਮਨ ਨਾ ਕੋਇ ਤਜਾਈਆ । ਵਹਿੰਦੇ ਵਹਿਣ ਜਾਂਦੇ ਰੁੜ੍ਹੇ, ਅੱਗੇ ਹੋ ਨਾ ਕੋਇ ਬਚਾਈਆ । ਆਤਮ ਪਰਮਾਤਮ ਕਿਸੇ ਨਾ ਜੁੜੇ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਸਚ ਵਸਤ ਤੋਂ ਸਾਰੇ ਦਿਸਣ ਥੁੜੇ, ਅਗੰਮ ਝੋਲੀ ਨਾ ਕੋਇ ਭਰਾਈਆ । ਕੂੜੀ ਕਿਰਿਆ ਕਰਨੋਂ ਮੂਲ ਨਾ

ਮੁੜੇ, ਸ਼ਾਸਤਰ ਸਿਮਰਤ ਵੇਦ ਪੁਰਾਨ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਂ ਸੁਣੀ ਆਵਾਜ਼ ਧੀਮੀ, ਧਰਮ ਧਾਰ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਪਾਈ ਨੀਵੀਂ, ਸਿਰ ਸਕੇ ਨਾ ਕੋਇ ਉਠਾਈਆ । ਆਤਮ ਮੁਹੱਬਤ ਵਿਚ ਰਹੀ ਕਿਸੇ ਨਾ ਤੀਵੀਂ, ਤ੍ਰੀਮਤ ਰੰਗ ਨਾ ਕੋਇ ਰੰਗਾਈਆ । ਮਸਤੀ ਵਿਚ ਨਾ ਹੋਈ ਖੀਵੀ, ਖ਼ੈਰਖਾਹੀ ਨਜ਼ਰ ਕੋਇ ਨਾ ਆਈਆ । ਵੇਖੋ ਆਪਣੀ ਸਦੀ ਸਦੀਵੀ, ਜੋ ਪੈਂਡਾ ਰਹੀ ਮੁਕਾਈਆ । ਪਰਮ ਪੁਰਖ ਦੀ ਸਚ ਧਾਰ ਦਿਸੇ ਕੋਇ ਨਾ ਬੀਵੀ, ਖ਼ਾਵੰਦ ਖ਼ੁਦ ਖ਼ੁਦਾ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਨੂੰ ਸੰਦੇਸ਼ਾ ਦਿਤਾ ਬਿਨਾ ਜ਼ਬਾਨ ਹੌਲੀ, ਅਗੰਮ ਆਵਾਜ਼ ਸੁਣਾਈਆ । ਚਾਰ ਕੁੰਟ ਪਾ ਰੌਲੀ, ਦਹਿ ਦਿਸ਼ਾ ਦੇ ਸੁਣਾਈਆ । ਅਬਿਨਾਸ਼ੀ ਕਰਤਾ ਪ੍ਰਗਟ ਉਪਰ ਧੌਲੀ, ਧਰਨੀ ਧਰਤ ਧਵਲ ਵੇਖ ਵਖਾਈਆ । ਚਾਰ ਜੁਗ ਦੀ ਬਦਲਣ ਆਇਆ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਸਚ ਪਿਆਰ ਮੁਹੱਬਤ ਦੀ ਖੇਲੇ ਹੋਲੀ, ਧੁਰ ਦਾ ਰੰਗ ਆਪ ਚੜ੍ਹਾਈਆ । ਜਨ ਭਗਤਾਂ ਚੁੱਕਣ ਆਇਆ ਡੋਲੀ, ਆਪਣੇ ਕੰਧ ਲਏ ਉਠਾਈਆ । ਸਾਚਾ ਤੋਲਣ ਰਿਹਾ ਤੋਲੀ, ਤਰਾਜ਼ੂ ਇਕੋ ਇਕ ਵਖਾਈਆ । ਜੋਤੀ ਧਾਰ ਸਭ ਦੇ ਅੰਦਰ ਮੌਲੀ, ਹਰਿਜਨ ਆਪਣਾ ਮੇਲ ਮਿਲਾਈਆ । ਪੂਰਾ ਕਰੇ ਕੀਤਾ ਇਕਰਾਰ ਕੌਲੀ, ਕਵਲ ਨੈਣ ਨੂਰ ਅਲਾਹੀਆ । ਜਿਸ ਦੀ ਰੁਤ ਬਸੰਤੀ ਮੌਲੀ, ਪੱਤ ਟਾਹਣੀ ਗੁਲ ਗੁਲਸ਼ਨ ਗੁਰਮੁਖ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਹੁਕਮ ਅਸਮਾਨੀ, ਇਸਮ ਜਿਸਮ ਬਾਹਰ ਜਣਾਈਆ । ਜਲਵਾ ਤੱਕਿਆ ਅਗੰਮ ਨੁਰਾਨੀ, ਤਤਵ ਤਤ ਨਾ ਕੋਇ ਵਖਾਈਆ । ਸ਼ਬਦੀ ਧਾਰ ਵੇਖੀ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਕੂੜੀ ਕਿਰਿਆ ਕੱਢੇ ਬੇਈਮਾਨੀ, ਬੇਵਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਰਸ ਦੇਵੇ ਪਾਣੀ, ਆਬੇਹਯਾਤ ਪਿਆਈਆ । ਨਾਮ ਸੁਣਾ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਚਾਰੋਂ ਕੁੰਟ ਵੇਖ ਵਖਾਈਆ । ਸੁਰਤੀ ਸ਼ਬਦ ਬਣਾ ਕੇ ਹਾਣੀ, ਧੁਰ ਦਾ ਮੇਲਾ ਰਿਹਾ ਮਿਲਾਈਆ । ਲੇਖਾ ਜਾਣ ਜੀਵ ਪ੍ਰਾਣੀ, ਲੱਖ ਚੁਰਾਸੀ ਖੋਜ ਖੁਜਾਈਆ । ਸ਼ਾਹੋ ਭੂਪ ਬਣ ਸੁਲਤਾਨੀ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਕਰੇ ਖੇਲ ਦੋ ਜਹਾਨੀ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਤੁਗ਼ਿਆਨੀ, ਸਤਿ ਸਚ ਲਏ ਉਪਜਾਈਆ । ਸ਼ਰਅ ਰਹੇ ਨਾ ਕੋਇ ਸ਼ੈਤਾਨੀ, ਸ਼ਮਅ ਇਕੋ ਕਰੇ ਰੁਸ਼ਨਾਈਆ । ਸਾਚੀ ਮੰਜ਼ਲ ਦੱਸ ਆਸਾਨੀ, ਦਰਗਾਹ ਸਾਚੀ ਮੇਲ ਮਿਲਾਈਆ । ਜਨ ਭਗਤਾਂ ਦੇਣੀ ਨਾ ਪਏ ਕੁਰਬਾਨੀ, ਕਰਬਲਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਰਾਤੀਂ ਮੂਲ ਨਾ ਸੁੱਤੀ, ਨੇਤਰ ਅੱਖ ਨਾ ਕੋਇ ਲਗਾਈਆ । ਪਰਵਰਦਿਗਾਰ ਦੀ ਕਟਦੀ ਰਹੀ ਬੁੱਤੀ, ਬੁਤਖਾਨੇ ਖੋਜ ਖੁਜਾਈਆ । ਮੇਰੀ ਘਸ ਕੇ ਟੁੱਟ ਗਈ ਜੁੱਤੀ, ਚੰਮ ਦ੍ਰਿਸ਼ਟੀ ਲਈ ਬਦਲਾਈਆ । ਮੇਰੀ ਔਧ ਅਜੇ ਨਾ ਮੁਕੀ, ਬਾਕੀ ਹਿੱਸਾ ਸੋਭਾ ਪਾਈਆ । ਮੈਂ ਰੋਟੀ ਖਾ ਕੇ ਸੁੱਕੀ, ਆਪਣਾ ਝਟ ਲੰਘਾਈਆ । ਮੈਂ ਫਿਰਾਂ ਪਰਬਤ ਟਿੱਲੇ ਪਹਾੜ ਉਚੀ, ਜੰਗਲ ਜੂਹਾਂ ਖੋਜ ਖੁਜਾਈਆ । ਦੀਨ ਦੁਨੀ ਵੇਖੀ ਦੁਖੀ,

ਹਾਹਾਕਾਰ ਕਰੇ ਲੋਕਾਈਆ । ਭਾਗ ਲੱਗਾ ਕਿਸੇ ਨਾ ਕੁੱਖੀ, ਵਡਿਆਈ ਮਿਲੇ ਨਾ ਕਿਸੇ ਜਣੇਂਦੀ ਮਾਈਆ । ਪ੍ਰਭ ਦੀ ਧਾਰ ਅਗੰਮੀ ਲੁਕੀ, ਲੁਕਮਾਨ ਵੇਖ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਕਰ ਕੇ ਸੁੱਚੀ, ਸਚ ਸੁਚ ਆਪਣਾ ਨਾਮ ਸਮਝਾਈਆ ।

✻ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਗੂੜ੍ਹਾ ਰਾਮ ਦੇ ਗ੍ਰਹਿ ਸਈ ਕੈਂਪ ਜੰਮੂ ✻

ਸਦੀ ਚੌਧਵੀਂ ਕਹੇ ਮੈਨੂੰ ਪ੍ਰਭ ਨੇ ਵਖਾਇਆ ਇਕ ਹਰੂਫ਼, ਜੋ ਮਜਮੂਆ ਹਰਫ਼ਾਂ ਨਜ਼ਰੀ ਆਈਆ । ਜਿਸ ਨਾਲ ਪਿਛਲੇ ਹੁਕਮ ਹੁੰਦੇ ਮਨਸੂਖ਼, ਅਗਲਾ ਹੁਕਮ ਅਗੰਮ ਵਰਤਾਈਆ । ਸਾਚੇ ਨਾਮ ਦਾ ਮਿਲੇ ਰਸੂਖ਼, ਰੁਸਵਾ ਕਰੇ ਜਗਤ ਲੋਕਾਈਆ । ਝਗੜਾ ਮਿਟੇ ਹਰਖ ਦੂਖ, ਦਲਿਦ੍ਰਾਂ ਡੇਰਾ ਢਾਹੀਆ । ਭਾਗ ਲਗਾਏ ਪੰਜ ਭੂਤ, ਕਾਇਆ ਤਤ ਕਰੇ ਰੁਸ਼ਨਾਈਆ । ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਲਹਿਣਾ ਮੁਕਾ ਕੇ ਜੂਠ ਝੂਠ, ਸਚ ਸੁਚ ਲਏ ਪ੍ਰਗਟਾਈਆ । ਸੰਤ ਸੁਹੇਲੇ ਬਣਾ ਕੇ ਸੁਤ, ਆਤਮ ਪਰਮਾਤਮ ਜੋੜ ਜੁੜਾਈਆ । ਜਗਤ ਸੁਹੰਜਣੀ ਕਰ ਕੇ ਰੁੱਤ, ਪੱਤ ਟਾਹਣੀ ਆਪ ਮਹਿਕਾਈਆ । ਨਿਰਗੁਣ ਧਾਰ ਆਪੇ ਉਠ, ਦੋ ਜਹਾਨਾਂ ਵੇਖ ਵਖਾਈਆ । ਜਨ ਭਗਤਾਂ ਉਪਰ ਤੁੱਠ, ਜੁਗ ਜਨਮ ਦੇ ਵਿਛੜੇ ਲਏ ਜੁੜਾਈਆ । ਚਰਨ ਪ੍ਰੀਤੀ ਦੱਸ ਕੇ ਓਟ, ਓੜਕ ਆਪਣਾ ਘਰ ਵਖਾਈਆ । ਜਿਥੇ ਪ੍ਰਕਾਸ਼ ਨਿਰਗੁਣ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸੁਹੰਜਣਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਨੂੰ ਨਜ਼ਰ ਆਇਆ ਅਗੰਮਾ ਹਰਫ਼, ਜਿਸ ਦਾ ਹਿੱਸਾ ਨਾ ਕੋਇ ਵੰਡਾਈਆ । ਚਾਰੋਂ ਕੁੰਟ ਵਸਿਆ ਦਹਿ ਦਿਸ਼ਾ ਅਗੰਮੀ ਤਰਫ਼, ਜ਼ਿਮੀਂ ਅਸਮਾਨਾਂ ਸੋਭਾ ਪਾਈਆ । ਨਿਰਗੁਣ ਧਾਰ ਨਜ਼ਰ ਨਾ ਆਇਆ ਫ਼ਰਕ, ਫ਼ਿਰਕਾ ਵੰਡ ਨਾ ਕੋਇ ਵੰਡਾਈਆ । ਦੀਨਾਂ ਮਜ਼੍ਹਬਾਂ ਕਰ ਕੇ ਤਰਕ, ਦਰ ਠਾਂਡੇ ਸੋਭਾ ਪਾਈਆ । ਜਿਥੇ ਨਾ ਜ਼ਿਮੀਂ ਨਾ ਫ਼ਰਸ਼, ਖ਼ਾਕੀ ਫ਼ਰਸ਼ ਨਾ ਕੋਇ ਵਖਾਈਆ । ਨਾ ਕੋਈ ਨਾਰ ਨਾ ਕੋਈ ਮਰਦ, ਤਤ ਵਜੂਦ ਨਾ ਕੋਇ ਵਡਿਆਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਕਰੇ ਅਰਜ਼, ਵਿਸ਼ਨ ਬ੍ਰਹਮਾ ਸ਼ਿਵ ਨਾ ਸੀਸ ਨਿਵਾਈਆ । ਨਾ ਕੋਈ ਰੋਗ ਸੋਗ ਚਿੰਤਾ ਗ਼ਮ ਮਰਜ਼, ਮਰੀਜ਼ ਬਿਸਤਰ ਸੇਜ ਨਾ ਕੋਇ ਬਿਠਾਈਆ । ਮੈਂ ਵੇਖ ਹੋਈ ਅਸਚਰਜ, ਪ੍ਰਭ ਅਚਰਜ ਕਲ ਵਰਤਾਈਆ । ਜਿਸ ਦੇ ਕੋਲ ਪਿਛਲੀ ਸਭ ਦੀ ਫ਼ਰਦ, ਲੇਖਾ ਰਖਿਆ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦੀ ਆਸ਼ਾ ਵੇਖੇ ਨਾਵਲਦ, ਵਲਦੀਅਤ ਭੇਵ ਕੋਇ ਨਾ ਆਈਆ ।

✻ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਨੰਦੂ ਸ਼ਾਹ ਦੇ ਗ੍ਰਹਿ ਸਈ ਕੈਂਪ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਕਹਿਣਾ ਹੱਸ ਹੱਸ, ਬਿਨ ਬੁੱਲਾਂ ਬੁੱਲ ਹਿਲਾਈਆ । ਸਚਖੰਡ ਦਵਾਰੇ ਦੇਣਾ ਦੱਸ, ਦਹਿ ਦਿਸ਼ਾ ਜਗਤ ਤਜਾਈਆ ।

ਗੁਰ ਅਵਤਾਰ ਪੈਗ਼ੰਬਰੋ ਆਓ ਨੱਸ, ਭੱਜੋ ਚਾਈਂ ਚਾਈਂਆ । ਤੁਹਾਨੂੰ ਵਖਾਵਾਂ ਆਤਮ ਪਰਮਾਤਮ ਦਾ ਹੁੰਦਾ ਜਸ, ਰਾਗ ਸਾਂਝਾ ਬੇਪ੍ਰਵਾਹੀਆ । ਜਿਹੜੇ ਕਦੀ ਨਾ ਹੁੰਦੇ ਵਖ, ਵਖਰਾ ਘਰ ਨਾ ਕੋਇ ਬਣਾਈਆ । ਬਾਹਰ ਤੱਕਣ ਕਦੇ ਨਾ ਅੱਖ, ਅੰਦਰ ਮਿਲ ਕੇ ਖ਼ੁਸ਼ੀ ਵਖਾਈਆ । ਨਾਮ ਨਿਧਾਨਾ ਰਸ ਚੱਖ, ਜਿਹਵਾ ਰਸ ਗਏ ਗਵਾਈਆ । ਹਿਰਦੇ ਮੰਨ ਕੇ ਸਚ, ਪ੍ਰਭ ਨੂੰ ਸੀਸ ਨਿਵਾਈਆ । ਚਰਨੀ ਰਹੇ ਢੱਠ, ਨਿਉਂ ਨਿਉਂ ਲਾਗਣ ਪਾਈਂਆ । ਭਗਤਾਂ ਹੋਇਆ ਇਕੱਠ, ਮਿਲ ਕੇ ਵੱਜੀ ਵਧਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਹੇ ਰਟ, ਤੁਹਾਡੀ ਛੱਡੀ ਪੜ੍ਹਾਈਆ । ਸਭ ਦੀ ਉਜਲ ਹੋ ਗਈ ਮਤਿ, ਬੁੱਧ ਬਿਬੇਕ ਜਣਾਈਆ । ਜਗਤ ਦਵਾਰ ਨਾ ਉਬਲੀ ਰਤ, ਕੂੜੀ ਤ੍ਰਿਸ਼ਨਾ ਦਿਤੀ ਗਵਾਈਆ । ਜਦ ਬੋਲਣ ਤੇ ਬੋਲਣ ਨਾਅਰਾ ਹੱਕ, ਹਕ਼ੀਕਤ ਦੱਸੇ ਥਾਉਂ ਥਾਈਂਆ; । ਅੰਮ੍ਰਿਤ ਆਤਮ ਪੀ ਕੇ ਰਸ, ਰਸਤਾ ਪਿਛਲਾ ਗਏ ਭੁਲਾਈਆ । ਦੁਨੀਆ ਨਾਲੋਂ ਹੋ ਕੇ ਵੱਖ, ਸ੍ਰਿਸ਼ਟੀ ਆਪਣੀ ਲਈ ਵਸਾਈਆ । ਜਿਥੇ ਵਸੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਸੁਣਾਈਆ । ਸਦੀ ਚੌਧਵੀਂ ਕਹੇ ਮੇਰੀ ਠੀਕ ਰਹੀ ਨਾ ਸੁਰਤੀ, ਕੀ ਠਾਕਰ ਖੇਲ ਵਖਾਈਆ । ਮੈਂ ਖਲੋ ਗਈ ਤੁਰਦੀ ਤੁਰਦੀ, ਕ਼ਦਮ ਨਾ ਅੱਗੇ ਵਧਾਈਆ । ਮੈਨੂੰ ਖੇਲ ਆ ਗਈ ਯਾਦ ਅਨੰਦਪੁਰ ਦੀ, ਜੋ ਗੋਬਿੰਦ ਦਿਤੀ ਸਮਝਾਈਆ । ਮੈਨੂੰ ਵਿਚਾਰ ਆ ਗਈ ਦੇਵਤ ਸੁਰ ਦੀ, ਸੁਰ ਅਸੁਰ ਦੋਵੇਂ ਵੇਖ ਵਖਾਈਆ । ਮੈਨੂੰ ਸਮਝ ਆ ਗਈ ਸੱਚੇ ਸਤਿਗੁਰ ਦੀ, ਕਵਣ ਗੁਰੂ ਗੁਰਦੇਵ ਰੂਪ ਬਦਲਾਈਆ । ਜਾਂ ਖੇਲ ਤੱਕਾਂ ਤੇ ਸ੍ਰਿਸ਼ਟੀ ਵੇਖਾਂ ਰੁੜ੍ਹਦੀ, ਕਲਜੁਗ ਕੂੜਾ ਵਹਿਣ ਵਹਾਈਆ । ਮਾਇਆ ਮਮਤਾ ਵਿਚ ਮੁਰਦੀ, ਜ਼ਿਦਗੀ ਜ਼ਿੰਦਗਾਨੀ ਨਾ ਕੋਇ ਵਖਾਈਆ । ਨਿਮਕ ਵਾਂਗ ਜਾਏ ਖੁਰਦੀ, ਸਾਬਤ ਸੂਰਤ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਫੇਰ ਸੰਗਤ ਵੇਖੀ ਜੁੜਦੀ, ਗੁਰਮੁਖ ਮਿਲ ਕੇ ਵੱਜੇ ਵਧਾਈਆ । ਜਿਹੜੀ ਆਪਣੀ ਮੰਜ਼ਲੋਂ ਮੂਲ ਨਾ ਮੁੜਦੀ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਭੱਜ ਕੇ ਆਓ ਛੇਤੀ, ਸ਼ਰਅ ਵਾਲਿਓ ਦਿਓ ਵਖਾਈਆ । ਤੁਹਾਡੀ ਸ਼ਰਅ ਵਾੜ ਨੂੰ ਖਾ ਗਈ ਖੇਤੀ, ਖ਼ਸਮ ਕਿਰਸਾਣ ਨਾ ਕੋਇ ਬਣਾਈਆ । ਸ਼ਾਸਤਰ ਸਿਮਰਤ ਦਾ ਰਿਹਾ ਕੋਇ ਨਾ ਭੇਤੀ, ਪਰਦਾ ਅੰਦਰੋਂ ਨਾ ਕੋਇ ਉਠਾਈਆ । ਸਭ ਨੂੰ ਭੁੱਲ ਗਈ ਤੁਹਾਡੀ ਨੇਕੀ, ਬਦੀਆਂ ਵਿਚ ਹੋਈ ਲੋਕਾਈਆ । ਮੈਂ ਖੇਲ ਵੇਖਿਆ ਲੋਕਮਾਤ ਆਪਣੇ ਪੇਕੀਂ, ਅੱਗੇ ਸੌਹਰਾ ਘਰ ਰਾਹ ਤਕਾਈਆ । ਮੈਂ ਹੁਣ ਨਹੀਂ ਰਹਿਣਾ ਪ੍ਰਦੇਸੀ, ਪ੍ਰਦੇਸਣ ਹੋ ਕੇ ਨਾ ਝਟ ਲੰਘਾਈਆ । ਮੈਂ ਪ੍ਰਭ ਦੇ ਘਰ ਕੰਨਿਆ ਜੰਮੀ ਪਲੇਠੀ, ਜਿਸ ਨੂੰ ਜੰਮਣ ਵਾਲੀ ਇਕੋ ਮਾਈਆ । ਮੈਂ ਓਸ ਪ੍ਰਭੂ ਦੀ ਬੇਟੀ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਵਖਾਈਆ । ਮੇਰੀ ਸਭ ਤੋਂ ਵਖਰੀ ਨੇਕੀ, ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਇ ਸਮਝਾਈਆ । ਮੇਰੀ ਦੋ ਜਹਾਨ ਤੋਂ ਬਾਹਰ ਰੇਖੀ, ਜਿਸ ਦੀ ਰੇਖਾ ਨਜ਼ਰ ਕਿਸੇ ਨਾ ਆਈਆ । ਮੈਨੂੰ ਲਭਦੇ ਗਏ ਸੋਢੀ ਵੇਦੀ, ਵੇਦਾਂ ਵਾਲੇ ਧਿਆਨ ਲਗਾਈਆ । ਪੈਗ਼ੰਬਰ ਮੁੱਛ ਦਾੜ੍ਹੀ ਲਾ ਕੇ ਮਹਿੰਦੀ, ਮੇਰਾ ਰੰਗ ਗਏ ਰੰਗਾਈਆ । ਕਾਅਬੇ ਬਣਾ ਕੇ ਦਿਸ਼ਾ ਲਹਿੰਦੀ, ਹਿੱਸੇ ਗਏ ਵੰਡਾਈਆ । ਮੈਂ ਕੂਕ ਕੂਕ ਮੰਬਰ ਮੁਨਾਰਿਆਂ ਉਤੇ ਕਹਿੰਦੀ, ਕਲਮਾ ਧੁਰ ਦਾ ਹੱਕ ਸੁਣਾਈਆ । ਬਿਨਾ ਭਗਤਾਂ ਤੋਂ ਮੇਰੀ ਚੁੱਕੇ ਕੋਇ ਨਾ

ਵਹਿੰਗੀ, ਚਾਰ ਕਹਾਰ ਚਾਰ ਯਾਰੀ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਪਰਦੇ ਖੋਲ੍ਹ ਕੇ ਮਾਰੋ ਝਾਕੀ, ਨਾਪਣਦ ਦਿਆਂ ਕਰਾਈਆ । ਵੇਖੋ ਖੇਲ ਪੁਰਖ ਅਬਿਨਾਸ਼ੀ, ਹਰਿ ਕਰਤਾ ਰਿਹਾ ਕਰਾਈਆ । ਜਿਥੇ ਚਲੇ ਨਾ ਕੋਇ ਉਸਤਾਦੀ, ਸ਼ਾਗਿਰਦ ਸ਼ਰਅ ਨਾ ਕੋਇ ਬਣਾਈਆ । ਸਾਜ਼ ਵੱਜੇ ਨਾ ਕੋਇ ਰਬਾਬੀ, ਤੰਦ ਸਿਤਾਰ ਨਾ ਕੋਇ ਹਿਲਾਈਆ । ਮਿਤ੍ਰ ਦਿਸੇ ਨਾ ਕੋਇ ਅਹਿਬਾਬੀ, ਮਹਿਬੂਬ ਇਕੋ ਨੂਰ ਅਲਾਹੀਆ । ਜਿਸ ਦਾ ਹੁਕਮ ਸਵਾਲ ਨਾ ਕਦੇ ਜਵਾਬੀ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਾਰੇ ਸੱਜਦਾ ਕਰੋ ਆਦਾਬੀ, ਨਮਸਤਿਆਂ ਵਿਚ ਸੀਸ ਝੁਕਾਈਆ । ਮੈਂ ਚਾਹੁੰਦੀ ਛੱਬੀ ਪੋਹ ਨੂੰ ਗੁਰਮੁਖਾਂ ਦੇ ਕੋਲ ਰੁਮਾਲ ਹੋਣ ਅਨਾਭੀ, ਮੁਹੰਮਦ ਦੀ ਖ਼ਾਹਿਸ਼ ਅੰਤਮ ਆਸ ਦਿਆਂ ਸਮਝਾਈਆ । ਮੈਂ ਬੜੀ ਹੋਈ ਬੇਤਾਬੀ, ਬਿਹਬਲ ਹੋ ਕੇ ਰਹੀ ਕੁਰਲਾਈਆ । ਮੈਂ ਖੇਲ ਵੇਖਣਾ ਅਨਾਦੀ, ਜੋ ਧੁਰ ਦਾ ਮਾਲਕ ਦਏ ਵਖਾਈਆ । ਝਗੜਾ ਮੁਕੌਣਾ ਮੁੱਲਾ ਕਾਜ਼ੀ, ਕ਼ਜ਼ਾ ਦਾ ਡੇਰਾ ਦੇਣਾ ਢਾਹੀਆ । ਮੈਂ ਆਦਤ ਛੱਡਣੀ ਮਾਜ਼ੀ, ਮਜ਼ਾਕ਼ ਪਿਛਲਾ ਦੇਣਾ ਉਡਾਈਆ । ਭਗਤਾਂ ਨਾਲ ਮਿਲ ਕੇ ਮੇਰੀ ਤਬੀਅਤ ਹੋਵੇ ਰਾਜ਼ੀ, ਰਾਜ਼ਕ ਰਹੀਮ ਮਿਲ ਕੇ ਦੇਵੇ ਮਾਣ ਵਡਿਆਈਆ । ਜੋ ਮਾਲਕ ਧੁਰ ਦਾ ਆਦੀ, ਅੰਤ ਆਪਣੇ ਵਿਚ ਰਖਾਈਆ । ਲੇਖਾ ਜਾਣੇ ਧਰਮ ਸਮਾਜੀ, ਧੁਰ ਦਰਬਾਰਾ ਇਕ ਪ੍ਰਗਟਾਈਆ । ਗੁਰ ਅਵਤਾਰ ਪੈਗ਼ੰਬਰੋ ਸਚ ਦਵਾਰੇ ਦੇ ਸਾਰੇ ਬਣ ਜਾਓ ਹਾਜੀ, ਹੁਜਰਾ ਇਕੋ ਵੇਖ ਸੀਸ ਨਿਵਾਈਆ । ਅੰਤ ਅਖ਼ੀਰ ਰਹੇ ਕੋਈ ਨਾ ਬਾਗ਼ੀ, ਬਗ਼ਾਵਤ ਵਿਚ ਅਦਾਵਤ ਵਿਚ ਦੀਨ ਦੁਨੀ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੇ ਹੁਕਮ ਨਾਲ ਸਭ ਨੂੰ ਜਾਏ ਸਾਧੀ, ਸਾਧਨਾ ਆਪਣਾ ਨਾਮ ਇਕ ਵਖਾਈਆ ।



### ✻ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਰੰਗੀਲਾ ਰਾਮ ਦੇ ਗ੍ਰਿਹ ਸਈ ਕੈਂਪ ਜੰਮੂ ✻

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਚਟਕ, ਬਿਨ ਅੱਖਾਂ ਅੱਖ ਉਠਾਈਆ । ਦੀਨ ਮਜ਼੍ਹਬ ਸਾਰੇ ਰਹੇ ਭਟਕ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਮਾਇਆ ਮਮਤਾ ਚਾਰੋਂ ਕੁੰਟ ਚੜ੍ਹਿਆ ਕਟਕ, ਅੱਗੇ ਹੋ ਨਾ ਕੋਇ ਅਟਕਾਈਆ । ਬੋਧ ਅਗਾਧਾ ਰਿਹਾ ਕੋਈ ਨਾ ਪੰਡਤ, ਪਰਦਾ ਅੰਦਰੋਂ ਨਾ ਕੋਇ ਚੁਕਾਈਆ । ਮੁੱਲਾ ਸ਼ੇਖ਼ ਹੋਏ ਮੰਗਤ, ਦਰ ਦਰਵੇਸ਼ ਰੂਪ ਵਟਾਈਆ । ਧਰਮ ਦੀ ਦਿਸੇ ਕੋਈ ਨਾ ਸੰਗਤ, ਚਾਰ ਵਰਨ ਕਰੇ ਲੜਾਈਆ । ਤੁਹਾਡੀ ਕਿਧਰ ਗਈ ਹਿੰਮਤ, ਹੌਸਲਾ ਨਾ ਕੋਇ ਰਖਾਈਆ । ਬੇਈਮਾਨ ਦਿਸੇ ਚਾਰ ਸਿੰਮਤ, ਸਿੰਮਲ ਰੂਪ ਲਏ ਵਟਾਈਆ । ਦੀਨ ਦੁਨੀ ਬਣੀ ਨਿੰਦਕ, ਸਿਫ਼ਤੀ ਜਸ ਨਾ ਕੋਇ ਸੁਣਾਈਆ । ਮਨੂਆ ਮਨ ਕਰੇ ਇੱਲਤ, ਜਗਤ ਸ਼ਰਾਰਤ ਵਿਚ ਕੁਰਲਾਈਆ । ਅੰਤ ਅਖ਼ੀਰ ਦਰਗਾਹ ਸਾਚੀ ਕਰ ਲਓ ਮਿੰਨਤ, ਪੁਰਖ ਅਕਾਲ ਅੱਗੇ ਅਰਜ਼ੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਮਾਤਲੋਕ ਲਿਆਓ ਤਸ਼ਰੀਫ਼, ਦੀਨ ਮਜ਼੍ਹਬ

ਦੌਲਤਖ਼ਾਨਾ ਵੇਖ ਵਖਾਈਆ । ਸਾਚੀ ਕਰੇ ਨਾ ਕੋਇ ਤਾਰੀਫ਼, ਸਿਫ਼ਤ ਹੱਕ ਨਾ ਕੋਇ ਸੁਣਾਈਆ । ਪ੍ਰਭ ਦਾ ਰਿਹਾ ਨਾ ਕੋਇ ਅਜ਼ੀਜ਼, ਬਰਖ਼ੁਰਦਾਰ ਨਾ ਕੋਇ ਅਖਵਾਈਆ । ਬੁੱਧੀ ਵਿਚ ਨਾ ਰਹੀ ਤਮੀਜ਼, ਤਮਅ ਕਰੇ ਲੜਾਈਆ । ਜਿਸ ਦੀ ਕਰਦੇ ਗਏ ਉਡੀਕ, ਆਸਾ ਇਕ ਰਖਾਈਆ । ਉਸ ਦੀ ਵੇਖੋ ਧੁਰ ਦੀ ਤਵਾਰੀਖ਼, ਜੋ ਤਾਰੀਖ ਰਹੀ ਬਦਲਾਈਆ । ਜਿਸ ਦਵਾਰਿਉਂ ਮਿਲਦੀ ਰਹੀ ਭੀਖ, ਭਿਛਿਆ ਨਾਮ ਝੋਲੀ ਪਾਈਆ । ਜੋ ਸਚ ਦਵਾਰੇ ਦਾ ਵਸਨੀਕ, ਲੋਕਮਾਤ ਕਰੇ ਰੁਸ਼ਨਾਈਆ । ਤੁਹਾਡਾ ਭਵਿਖਤ ਕਰੇ ਤਸਦੀਕ਼, ਸ਼ਹਾਦਤ ਧੁਰ ਦੀ ਇਕ ਭੁਗਤਾਈਆ । ਸੋ ਵਕ਼ਤ ਪਹੁੰਚਿਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਖ਼ੁਦਾ ਵੇਖੇ ਲਾਸ਼ਰੀਕ, ਜੋ ਸ਼ਿਰਕਤ ਦਏ ਗਵਾਈਆ । ਜਿਸ ਦੇ ਉਤੇ ਹੱਕ ਉਮੀਦ, ਆਸ਼ਾ ਪੂਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਹੁਕਮ ਕਰੇ ਤਾਈਦ, ਤਾਬੇਦਾਰੀ ਸਭ ਦੀ ਵੇਖ ਵਖਾਈਆ ।



### * ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਨਾਨਕ ਚੰਦ ਦੇ ਗ੍ਰਿਹ ਸਈ ਕੈਂਪ ਜੰਮੂ *

ਸਦੀ ਚੌਧਵੀਂ ਕਹੇ ਮੈਂ ਆਕਾਸ਼ ਉਤੇ ਸੁਣਿਆ ਇਕ ਧਤੂਕਾ, ਆਵਾਜ਼ ਅਗੰਮ ਦਿਤੀ ਪ੍ਰਗਟਾਈਆ । ਹੁਕਮ ਹੋਇਆ ਦੀਨ ਦੁਨੀ ਦਾ ਲੇਖਾ ਹੋਣਾ ਮਤਰੂਕਾ, ਵਖਰਾ ਰਾਹ ਨਾ ਕੋਇ ਚਲਾਈਆ । ਹੁਕਮ ਵਰਤਣਾ ਸ਼ਬਦ ਗੁਰੂ ਕਾ, ਸਤਿਗੁਰ ਇਕੋ ਸੋਭਾ ਪਾਈਆ । ਸਤਿਜੁਗ ਵਕਤ ਸੁਹੰਜਣਾ ਹੋਵੇ ਸ਼ੁਰੂ ਕਾ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਗੁਰਮੁਖ ਵਿਰਲਾ ਭਗਤ ਜਨ ਸਾਚੇ ਮਾਰਗ ਤੁਰੂਗਾ, ਜਿਸ ਤੁਰਤ ਆਪਣਾ ਹੁਕਮ ਮਨਾਈਆ । ਜਗਤ ਵਾਸਨਾ ਵਿਚੋਂ ਮੁੜੂਗਾ, ਮਨ ਮਮਤਾ ਡੇਰਾ ਢਾਹੀਆ । ਸਾਚਾ ਮੰਤਰ ਅੰਤਰ ਫੁਰੂਗਾ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਕੂੜੀ ਕਿਰਿਆ ਬੇੜਾ ਸ਼ੌਹ ਦਰਿਆ ਰੁੜ੍ਹੂਗਾ, ਅੱਗੇ ਹੋ ਨਾ ਕੋਇ ਅਟਕਾਈਆ । ਨਾਮ ਭੰਡਾਰਾ ਚਾਰ ਵਰਨਾਂ ਕੋਲ ਥੁੜੂਗਾ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਮਾਨਵ ਮਾਨਵ ਨਾਲ ਲੜੂਗਾ, ਸੁਲਹ ਸਚ ਨਾ ਕੋਇ ਕਰਾਈਆ । ਭਗਤ ਭਗਵਾਨ ਨਾਲ ਜੁੜੂਗਾ, ਜੁਗ ਵਿਛੜੇ ਮੇਲ ਮਿਲਾਈਆ । ਕਲਜੁਗ ਗੁਰੂ ਚੇਲਿਆਂ ਦੇ ਹੁਕਮ ਨਾਲ ਤੁਰੂਗਾ, ਆਪਣੀ ਦੱਸੇ ਨਾ ਕੋਇ ਵਡਿਆਈਆ । ਡੰਕਾ ਵੱਜਣਾ ਦੂਡੂ ਦੂਡੂ ਦਾ, ਦੋਹਰੀ ਖੇਲ ਖਿਲਾਈਆ । ਕੋਈ ਵਿਰਲਾ ਗੁਰਮੁਖ ਜੀਵਤ ਮਰੂਗਾ, ਜੋ ਸਤਿਗੁਰ ਚਰਨ ਗੋਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਕਰਨੀ ਕਾਰ ਕਰੂਗਾ । ਸਦੀ ਚੌਧਵੀਂ ਕਹੇ ਧੁਰਦਰਗਾਹੀ ਵਜਦੇ ਦਬਕੇ, ਭੈ ਰਿਹਾ ਵਖਾਈਆ । ਮੈਨੂੰ ਲੇਖ ਵਖਾ ਸਭ ਕੇ, ਸਫ਼ਾ ਸਫ਼ੇ ਨਾਲ ਬਦਲਾਈਆ । ਜਨ ਭਗਤ ਮਿਲਾ ਲੱਭ ਕੇ, ਚਾਰੋਂ ਕੁੰਟ ਖੋਜ ਖੁਜਾਈਆ । ਜਿਹੜੇ ਆਸ਼ਕ ਹੋ ਗਏ ਧੁਰ ਦੇ ਰੱਬ ਦੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰਹੀ ਤੂੰਹੀ ਕਰਕੇ ਸੱਦਦੇ, ਅੰਤਰ ਆਤਮ ਧਿਆਨ ਵਧਾਈਆ । ਨਾਤੇ ਤੋੜ ਕੇ ਕੂੜੇ ਜਗ ਦੇ, ਜਾਗਰਤ ਜੋਤ ਵੇਖ ਵਖਾਈਆ । ਸੜਨੇ ਛੱਡੇ ਕੂੜੀ ਅੱਗ ਦੇ, ਤ੍ਰਿਸ਼ਨਾ ਦਿਤੀ ਗਵਾਈਆ । ਗ੍ਰਿਹ ਵੇਖੇ ਧੁਰ ਹੱਕ ਦੇ, ਹਕ਼ੀਕਤ ਫੋਲ ਫੁਲਾਈਆ । ਭਰਮ ਰਹੇ ਨਾ ਅੰਦਰ ਸ਼ੱਕ ਦੇ, ਸਹਿਸੇ ਲਏ ਮਿਟਾਈਆ । ਖ਼ੁਸ਼ੀਆਂ ਵਿਚ ਦਿਸਣ ਹੱਸਦੇ, ਹੱਸਤੀ ਪਾ

ਕੇ ਬੇਪਰਵਾਹੀਆ । ਚਾਰੋਂ ਕੁੰਟ ਫਿਰਨ ਨੱਸਦੇ, ਭੱਜਣ ਵਾਹੋ ਦਾਹੀਆ । ਇਸ਼ਾਰੇ ਕਰਨ ਅੱਖ ਦੇ, ਨੇਤਰ ਨੈਣ ਹਿਲਾਈਆ । ਦਰਸ਼ਨ ਕਰਨੇ ਪੁਰਖ ਸਮਰੱਥ ਦੇ, ਜੋ ਦਾਤਾ ਧੁਰਦਰਗਾਹੀਆ । ਜੋ ਆਵਣ ਜਾਵਣ ਕੱਟ ਦਏ, ਚੁਰਾਸੀ ਫੰਦ ਕਟਾਈਆ । ਦਰਗਾਹ ਸਾਚੀ ਰੱਖ ਦਏ, ਸਚਖੰਡ ਦਵਾਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਏ ਅਕਥਨੀ ਅਕਥ ਦੇ, ਜਿਸ ਨੂੰ ਕਥ ਸਕੇ ਕੋਇ ਨਾ ਰਾਈਆ ।



### ❊ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਅਮਰੋ ਦੇਵੀ ਦੇ ਗ੍ਰਿਹਿ ਸਈ ਖ਼ੁਰਦ ਕੈਂਪ ਜੰਮੂ ❊

ਸਦੀ ਚੌਧਵੀਂ ਕਹੇ ਮੈਂ ਸੋਹਲ ਛੈਲ ਛਬੀਲ ਤੇਰੀ ਮਲੂਕੜੀ, ਮਿਲਖ ਜਾਗੀਰ ਦੋ ਜਹਾਨ ਵੇਖ ਵਖਾਈਆ । ਕਿਉਂ ਬੰਦ ਕੀਤਾ ਚੌਦਾਂ ਤਬਕ ਸੰਦੂਕੜੀ, ਚੌਦਾਂ ਸਦੀਆਂ ਵੰਡ ਵੰਡਾਈਆ । ਮੈਂ ਚਾਰੋਂ ਕੁੰਟ ਫਿਰਾਂ ਕੂਕਦੀ, ਉਚੀ ਉਚੀ ਦਿਆਂ ਦੁਹਾਈਆ । ਵੇਖਿਓ ਕੋਈ ਪ੍ਰੀਤ ਕਰਿਓ ਨਾ ਆਸ਼ਕ ਮਾਸ਼ੂਕ ਦੀ, ਜੋ ਜੰਮਣ ਤੇ ਮਰ ਜਾਈਆ । ਇਕ ਮੁਹੱਬਤ ਰੱਖਿਓ ਮਹਿਬੂਬ ਦੀ, ਜੋ ਆਦਿ ਅੰਤ ਅਖਵਾਈਆ । ਜਿਹਦੀ ਖੇਲ ਸਦਾ ਜਗਤ ਕਲਬੂਤ ਦੀ, ਕਾਇਆ ਕਾਅਬੇ ਡੇਰਾ ਲਾਈਆ । ਮੰਜ਼ਲ ਦੱਸ ਆਪਣੇ ਅਰੂਜ ਦੀ, ਗ੍ਰਿਹਿ ਦੇਣਾ ਸਮਝਾਈਆ । ਮੈਨੂੰ ਲੋੜ ਸਦਾ ਤੇਰੇ ਮੌਜੂਦ ਦੀ, ਵਿਛੋੜਾ ਝੱਲ ਸਕਾਂ ਨਾ ਰਾਈਆ । ਖੇਲ ਮੁਕਾ ਦੇ ਦੀਨ ਮਜ਼੍ਹਬ ਹਦੂਦ ਦੀ, ਹੱਦ ਆਪਣੀ ਦੇ ਦਰਸਾਈਆ । ਕੂੜੀ ਕਿਰਿਆ ਜੜ੍ਹ ਉਖੇੜ ਖੇਲ ਕਰ ਨੇਸਤੋ ਨਾਬੂਦ ਦੀ, ਮਿਹਰਵਾਨ ਤੇਰੀ ਬੇਪਰਵਾਹੀਆ । ਤ੍ਰਿਸ਼ਨਾ ਰਹੇ ਕੋਇ ਨਾ ਦੂਜ ਦੀ, ਦੁਤੀਆ ਭਾਉ ਦੇਣਾ ਮਿਟਾਈਆ । ਹੁਣ ਸੁਲੱਖਣੀ ਘੜੀ ਲਿਆ ਦੇ ਕੂਚ ਦੀ, ਕੂਚੇ ਗਲੀ ਕਰ ਸਫ਼ਾਈਆ । ਤੇਰੀ ਪੋਹ ਫੁੱਟੇ ਤੇਰੀ ਆਸ਼ਾ ਵੇਖਾਂ ਚੂਕਦੀ, ਚਾਰੋਂ ਕੁੰਟ ਧਿਆਨ ਲਗਾਈਆ । ਨਿੰਦਰਾ ਲਾਹ ਦੇ ਦੁਨੀਆ ਸੁੱਤੀ ਘੂਕ ਦੀ, ਆਲਸ ਦੇ ਮਿਟਾਈਆ । ਤਹਿਰੀਰ ਕਰ ਦੇ ਭੈ ਹੁਕਮ ਮਨਸੂਖ਼ ਦੀ, ਧੁਰ ਫ਼ਰਮਾਣਾ ਇਕ ਸੁਣਾਈਆ । ਆਦਤ ਪਾ ਦੇ ਧਰਮ ਰਸੂਖ਼ ਦੀ, ਮਾਨਵ ਮਾਨਵ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਸਦੀ ਚੌਧਵੀਂ ਕਹੇ ਮੈਂ ਤੇਰਾ ਨੂਰ ਮੇਰੀ ਅਲ੍ਹੜ ਹੋਵੇ ਜਵਾਨੀ, ਜੋਬਨਵੰਤੀ ਨਜ਼ਰੀ ਆਈਆ । ਮੇਰੀ ਜੂਹ ਨਾ ਰਹੇ ਬੇਗਾਨੀ, ਹੱਦ ਪਿਛਲੀ ਦੇਣੀ ਗਵਾਈਆ । ਮੇਰੀ ਧਰਮ ਦੀ ਰਹੇ ਨਿਸ਼ਾਨੀ, ਚਾਰੋਂ ਕੁੰਟ ਗਈ ਬਣਾਈਆ । ਮੈਂ ਨਾ ਕਿਸੇ ਦੀ ਔਰਤ ਤੀਵੀਂ ਨਾ ਬਣਾਂ ਜਨਾਨੀ, ਜ਼ਨਾ ਵਿਚ ਕਦੇ ਨਾ ਆਈਆ । ਤੇਰੇ ਨਾਮ ਦੀ ਗਾਵਾਂ ਬਾਣੀ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਤੇਰਾ ਅੰਮ੍ਰਿਤ ਪੀਵਾਂ ਪਾਣੀ, ਦੂਸਰ ਤ੍ਰਿਖਾ ਨਾ ਕੋਇ ਰਖਾਈਆ । ਤੇਰੇ ਦਵਾਰੇ ਸੁਘੜ ਸੁਚੱਜੀ ਬਣਾਂ ਸਵਾਣੀ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਇਕੋ ਕੰਤ ਹੰਢਾਵਾਂ ਧੁਰ ਦਾ ਹਾਣੀ, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਸਦਾ ਬਖ਼ਸ਼ੀਂ ਚਰਨ ਧਿਆਨੀ, ਨਿਜ ਨੇਤਰ ਅੱਖ ਖੁਲ੍ਹਾਈਆ । ਤੇਰੀ ਮੰਜ਼ਲ ਰਹੇ ਰੂਹਾਨੀ, ਰਹਿਮਤ ਹੱਕ ਦੇਣੀ ਕਮਾਈਆ । ਮਿਲਦਾ ਰਹੀਂ ਨਾਲ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਬਹੁੜੀ ਮੈਥੋਂ ਦਿਤੀ ਨਹੀਂ ਜਾਣੀ ਕੋਈ ਕੁਰਬਾਨੀ, ਸੀਸ ਧੜ ਨਾ ਵੰਡ ਵੰਡਾਈਆ । ਝਗੜਾ ਮੇਟ ਦੇ ਪਿਛਲਾ ਦੀਵਾਨੀ, ਚੌਦਾਂ ਸਦੀਆਂ ਡੇਰਾ ਢਾਹੀਆ ।

੬੭੬
੨੧

ਸਾਚੀ ਦੱਸ ਇਕ ਕਲਾਮੀ, ਕਲਮਾ ਕਾਇਨਾਤ ਪੜ੍ਹਾਈਆ । ਮੈਥੋਂ ਝੱਲੀ ਨਾ ਜਾਏ ਤੇਰੀ ਬਦਨਾਮੀ, ਬਦੀਆਂ ਵਿਚ ਦਿਸੀ ਲੋਕਾਈਆ । ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਹਰ ਹਿਰਦੇ ਅੰਦਰ ਦਿਸੇ ਬੇਈਮਾਨੀ, ਪਤਤ ਪੁਨੀਤ ਆਪਣਾ ਆਪ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੈਂ ਜੋਬਨਵੰਤੀ ਨੂਰ ਨੂਰਾਨੀ ਤੇਰੀ ਛੈਲ, ਛੈਲ ਛਬੀਲੇ ਦੇ ਵਡਿਆਈਆ । ਸਚਖੰਡ ਦਵਾਰੇ ਵਸਾਂ ਤੇਰੇ ਅਗੰਮੇ ਮਹਿਲ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਪੁਰੀ ਲੋਅ ਅੰਦਰ ਆਵਾਂ ਟਹਿਲ, ਆਕਾਸ਼ ਪਾਤਾਲਾਂ ਆਪਣਾ ਫੇਰਾ ਪਾਈਆ । ਸਾਚੇ ਭਗਤਾਂ ਮਾਰਗ ਦੱਸਾਂ ਸ਼ਬਦ ਸੰਦੇਸ਼ੇ ਵਿਚ ਸਹਿਲ, ਔਝੜ ਰਾਹ ਨਾ ਕੋਇ ਭਵਾਈਆ । ਸਤਿਜੁਗ ਅੰਦਰ ਸਭ ਦੇ ਨਾਲੋਂ ਕਰਾਂ ਆਪਣੀ ਪਹਿਲ, ਪਹਿਲੀ ਵਾਰ ਧੁਰ ਦੀ ਮੰਗ ਮੰਗਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੀ ਹੋਵਣ ਜ਼ੈਲ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਹਰ ਹਿਰਦਾ ਤੇਰੇ ਉਤੇ ਕਰਾਂ ਕਾਇਲ, ਕਾਇਰਾਂ ਅੰਦਰੋਂ ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਦੀ ਚੌਧਵੀਂ ਕਹੇ ਮੈਂ ਤੇਰੀ ਆਦਿ ਜੁਗਾਦੀ ਜੋਬਨਵੰਤੀ, ਜੁਗ ਚੌਕੜੀ ਖੇਲ ਖਿਲਾਈਆ । ਤੂੰ ਸਾਹਿਬ ਸਵਾਮੀ ਧੁਰ ਦਾ ਏਕਾ ਕੰਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਮੇਰੀ ਚੋਲੀ ਰੰਗ ਚਾੜ੍ਹ ਬਸੰਤੀ, ਛੇ ਰੁੱਤਾਂ ਡੇਰਾ ਢਾਹੀਆ । ਮੈਂ ਤੇਰੇ ਦਰ ਦੀ ਮੰਗਤੀ, ਭਿਖਾਰਨ ਹੋ ਕੇ ਝੋਲੀ ਰਹੀ ਵਖਾਈਆ । ਤੇਰੀ ਖੇਲ ਜੁਗਾ ਜੁਗੰਤੀ, ਜੁਗ ਚੌਕੜੀ ਵੇਖ ਵਖਾਈਆ । ਤੇਰਾ ਸੰਦੇਸ਼ਾ ਬੋਧ ਅਗਾਧਾ ਪੰਡਤੀ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਧਾਰ ਜਣਾ ਦੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਮੈਂ ਅੰਤ ਅਖ਼ੀਰ ਕਲਜੁਗ ਰਹੀ ਕਿਸੇ ਨਾ ਕੰਮ ਦੀ, ਕੋਝੀ ਕਮਲੀ ਰੂਪ ਵਟਾਈਆ । ਮੈਂ ਨਿੱਜ ਮੁਹੰਮਦ ਦਵਾਰੇ ਜੰਮਦੀ, ਮਾਤਲੋਕ ਫੇਰਾ ਪਾਈਆ । ਮੈਂ ਆਸਾ ਕਾਹਨੂੰ ਰੱਖੀ ਤਾਰਾ ਚੰਨ ਦੀ, ਨਿਰਗੁਣ ਨੂਰ ਤੇਰਾ ਨਜ਼ਰ ਕੋਇ ਨਾ ਆਈਆ । ਮੈਂ ਆਵਾਜ਼ ਸੁਣਦੀ ਰਹੀ ਕੰਨ ਦੀ, ਤੇਰਾ ਕਲਮਾ ਗਈ ਭੁਲਾਈਆ । ਅੰਤ ਅਖ਼ੀਰ ਦਰ ਤੇਰੇ ਦੋਵੇਂ ਹੱਥ ਬੰਨ੍ਹਦੀ, ਨਿਉਂ ਨਿਉਂ ਸੀਸ ਝੁਕਾਈਆ । ਸਚ ਦਵਾਰਾ ਤੇਰਾ ਮਲਦੀ, ਦਰ ਠਾਂਡੇ ਡੇਰਾ ਲਾਈਆ । ਦੇ ਵਡਿਆਈ ਆਪਣੇ ਬਲ ਦੀ, ਬਲਧਾਰੀ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਦਵੀ ਦੇ ਨਿਹਚਲ ਧਾਮ ਅਟੱਲ ਦੀ, ਅਟੱਲ ਮਹੱਲ ਦੇਣਾ ਸੁਹਾਈਆ ।

## ✻ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਰਾਮ ਚੰਦ ਦੇ ਗ੍ਰਹਿ ਨਿਕੋਵਾਲ ਜੰਮੂ ✻

ਸਦੀ ਚੌਧਵੀਂ ਕਹੇ ਪ੍ਰਭੂ ਮੈਂ ਸਦਾ ਸੁਹਾਗਣ ਕਦੀ ਨਹੀਂ ਹੋਣਾ ਬੇਵਾ, ਖ਼ਾਵੰਦ ਜਗਤ ਨਾ ਕੋਇ ਹੰਢਾਈਆ । ਪਰਵਰਦਿਗਾਰ ਤੇਰੀ ਕਰਨੀ ਸੇਵਾ, ਸਾਂਝੇ ਯਾਰ ਤੇਰੀ ਸਰਨਾਈਆ । ਅੰਮ੍ਰਿਤ ਫਲ ਖਾਣਾ ਮੇਵਾ, ਦੂਜੀ ਭੁੱਖ ਨਾ ਕੋਇ ਵਧਾਈਆ । ਤੇਰੀ ਹਕੀਕਤ ਸੁਣਨੀ ਬਿਨਾ ਜਿਹਵਾ, ਕਲਮਾ ਧੁਰ ਦਾ ਦੇਣਾ ਦ੍ਰਿੜਾਈਆ । ਭੇਵ ਖੋਲ੍ਹਣਾ ਆਪਣਾ ਅਲਖ ਅਭੇਵਾ, ਪਰਦਾ ਦੇਣਾ ਉਠਾਈਆ । ਤੂੰ ਠਾਕਰ ਵਡ ਦੇਵੀ ਦੇਵਾ, ਦੇਵ

੬੭੭
੨੧

੬੭੮
੨੧

ਆਤਮਾ ਆਪਣਾ ਰੰਗ ਰੰਗਾਈਆ । ਮੰਦਰ ਵੇਖਣਾ ਨਿਹਚਲ ਧਾਮ ਤੇਰਾ ਨਿਹਕੇਵਾ, ਮਹੱਲ ਅਟੱਲ ਸੋਭਾ ਪਾਈਆ । ਮੇਰਾ ਕੋਈ ਤੱਤਾਂ ਵਾਲਾ ਨਹੀਂ ਪਹਿਰਾਵਾ, ਤਨ ਵਜੂਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਨੌਜਵਾਨ ਧੁਰ ਦੀ ਨੱਢੀ, ਨਵ ਜੋਬਨ ਰੂਪ ਬਦਲਾਈਆ । ਲੋਕਮਾਤ ਕਰਾਂ ਕਦੀ ਨਾ ਬਦੀ, ਬਦਕਾਰਾਂ ਕੋਲੋਂ ਪੱਲੂ ਲਵਾਂ ਛੁਡਾਈਆ । ਮੈਨੂੰ ਜਗਤ ਕਹਿੰਦਾ ਸਦੀ, ਸੈਂਕੜਿਆਂ ਵਿਚ ਗਿਣਾਈਆ । ਮੈਂ ਪੈਗ਼ੰਬਰਾਂ ਗੁਰ ਅਵਤਾਰਾਂ ਮਿਲਦੀ ਕਦੀ ਕਦੀ, ਕੁਦਰਤ ਦੇ ਮਾਲਕ ਸਦ ਤੇਰਾ ਸੰਗ ਨਿਭਾਈਆ । ਲੋਕਮਾਤ ਫਿਰਾਂ ਪੈਰ ਦੱਬੀ, ਆਹਟ ਸੁਣਨ ਕੋਇ ਨਾ ਪਾਈਆ । ਜਿਸ ਵੇਲੇ ਤੇਰੀ ਜੋਤ ਜਗੀ, ਨਿਰਗੁਣ ਨੂਰ ਕੀਤਾ ਰੁਸ਼ਨਾਈਆ । ਮੈਂ ਦੂਰ ਦੁਰਾਡੀ ਆਈ ਭੱਜੀ, ਭਜਨ ਬੰਦਗੀ ਦਿਤੀ ਤਜਾਈਆ । ਤੇਰੀ ਸਰਨ ਸਰਨਾਈ ਲੱਗੀ, ਲਗ ਮਾਤਰ ਡੇਰਾ ਢਾਹੀਆ । ਮੇਰੇ ਅੰਦਰ ਵਧਾਈ ਵੱਜੀ, ਖ਼ੁਸ਼ੀਆਂ ਰਾਗ ਸੁਣਾਈਆ । ਮੇਰਾ ਦੁਖੜਾ ਗਿਆ ਹਬੀ, ਸਹਿਸਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੈਣਾ ਲਗਾਈਆ । ਸਦੀ ਚੌਧਵੀਂ ਕਹੇ ਮੈਂ ਆਦਿ ਜੁਗਾਦੀ ਨਵੀਂ ਨਵੀਨ, ਤੇਰੇ ਰੰਗ ਸਮਾਈਆ । ਤੂੰ ਸ਼ਹਿਨਸ਼ਾਹ ਕਿੰਗ ਮੈਂ ਅਗੰਮੀ ਕੁਈਨ, ਕਾਇਨਾਤ ਵਿਚ ਨਜ਼ਰ ਕਿਸੇ ਨਾ ਆਈਆ । ਅਤਿ ਸੁੰਦਰ ਜੋਬਨਵੰਤੀ ਹੁਸੀਨ, ਰੂਪ ਰੰਗ ਨਜ਼ਰ ਕਿਸੇ ਨਾ ਆਈਆ । ਤੂੰ ਨਰਾਇਣ ਮੈਂ ਤੇਰੀ ਧਾਰ ਮਦੀਨ, ਮੁੱਦਤ ਤੋਂ ਵਿਛੜੀ ਦਿਆਂ ਦੁਹਾਈਆ । ਸਯਦਿਆਂ ਵਿਚ ਕਹਾਂ ਆਮੀਨ, ਨਿਉਂ ਨਿਉਂ ਲਾਗਾਂ ਪਾਈਆ । ਵੇਖੀਂ ਫੇਰ ਕਦੇ ਨਾ ਕਰੀਂ ਤਕਸੀਮ, ਹਿੱਸਿਆਂ ਵਾਲੀ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਉਮਤ ਅੰਤ ਹੋਵੇ ਯਤੀਮ, ਸਿਰ ਹੱਥ ਨਾ ਕੋਇ ਰਖਾਈਆ । ਤੂੰ ਖ਼ਾਲਕ ਆਦਿ ਜੁਗਾਦਿ ਕ਼ਦੀਮ, ਕੁਦਰਤ ਦਾ ਮਾਲਕ ਨਜ਼ਰੀ ਆਈਆ । ਮੈਂ ਸਦਾ ਸਦਾ ਤੇਰੇ ਅਧੀਨ, ਝੁਕ ਝੁਕ ਲਾਗਾਂ ਪਾਈਆ । ਖ਼ਿਦਮਤ ਕਰਾਂ ਬਣ ਮਸਕੀਨ, ਖ਼ਾਦਮ ਹੋ ਕੇ ਸੇਵ ਕਮਾਈਆ । ਕਿਰਪਾ ਕਰ ਕਲਜੁਗ ਅੰਤਮ ਕਰ ਤਰਮੀਮ, ਸਤਿਜੁਗ ਸਚ ਰਾਹ ਵਖਾਈਆ । ਬੇਸ਼ਕ ਤੇਰਾ ਮਾਰਗ ਬੜਾ ਮਹੀਨ, ਬਿਨ ਤੇਰੀ ਕਿਰਪਾ ਚੜ੍ਹਨ ਕੋਇ ਨਾ ਪਾਈਆ । ਅੰਤ ਅਖ਼ੀਰ ਦੀਨ ਦੁਨੀ ਹੋਈ ਗ਼ਮਗੀਨ, ਚਿੰਤਾ ਰੋਗ ਨਾ ਕੋਇ ਮਿਟਾਈਆ । ਸਾਚੇ ਕਲਮੇ ਦੀ ਕਰ ਤਲਕੀਨ, ਤਾਕ਼ਤ ਆਪਣੀ ਨਾਲ ਸਮਝਾਈਆ । ਤੂੰ ਕੁਦਰਤ ਕ਼ਾਦਰ ਕਰੀਮ, ਰਹਿਮਤ ਕਰ ਨੂਰ ਅਲਾਹੀਆ । ਖੇਲ ਵੇਖ ਉਤੇ ਜ਼ਮੀਨ, ਧਰਨੀ ਧਰਤ ਧਵਲ ਡੇਰਾ ਲਾਈਆ । ਮੈਨੂੰ ਤੇਰੇ ਉਤੇ ਯਕੀਨ, ਗੁਰ ਅਵਤਾਰ ਪੈਗ਼ੰਬਰ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਧਾਰ ਦੱਸ ਨਵੀਨ, ਨਵ ਆਪਣਾ ਖੇਲ ਖਿਲਾਈਆ ।

### ❊ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਸ਼ਾਂਤੀ ਦੇਵੀ ਦੇ ਗ੍ਰਿਹਿ ਸਈ ਖ਼ੁਰਦ ਕੈਂਪ ਜੰਮੂ ❊

ਸਦੀ ਚੌਧਵੀਂ ਕਹੇ ਮੈਂ ਤੇਰੀ ਧਾਰ ਚਰਨ ਧੂੜੀ, ਸਰਨ ਇਕ ਤਕਾਈਆ । ਛੱਡੀ ਦੁਨੀਆ ਕੂੜੀ, ਕੁਟੰਬ ਦਿਤੇ ਤਜਾਈਆ । ਕੀਤੀ ਸਬਰ ਸਬੂਰੀ, ਸਿਦਕ ਭਰੋਸਾ ਇਕ ਰਖਾਈਆ । ਸਦ ਰਹਵਾਂ ਹਾਜ਼ਰ ਹਜ਼ੂਰੀ, ਦਰ ਠਾਂਡੇ ਸੇਵ ਕਮਾਈਆ । ਮੇਰੀ ਮਨਸਾ ਕਰਨੀ ਪੂਰੀ, ਤ੍ਰਿਖਾ

ਦੇਣੀ ਬੁਝਾਈਆ । ਲੇਖੇ ਲੌਣੀ ਮਜ਼ਦੂਰੀ, ਚਾਕਰ ਰਹੀ ਕੁਰਲਾਈਆ । ਕਲਜੁਗ ਕਿਰਿਆ ਮੇਟਣੀ ਗ਼ਰੂਰੀ, ਹੰਗਤਾ ਗੜ੍ਹ ਤੁੜਾਈਆ । ਸਾਚੇ ਨਾਮ ਦੀ ਕਰੀਂ ਮਸ਼ਹੂਰੀ, ਮਸ਼ਵਰਾ ਆਪਣੇ ਨਾਲ ਰਖਾਈਆ । ਦੀਨ ਦੁਨੀ ਰਹੇ ਨਾ ਕੋਇ ਮਜਬੂਰੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਪੰਧ ਮੁਕਾ ਕੇ ਨੇੜ ਦੂਰੀ, ਘਰ ਇਕੋ ਦੇਣਾ ਵਖਾਈਆ । ਬੁੱਧੀ ਰਹੇ ਕੋਇ ਨਾ ਮੂੜ੍ਹੀ, ਚਤੁਰ ਸੁਘੜ ਦੇਣੇ ਬਣਾਈਆ । ਮਨ ਮਮਤਾ ਵਿਛੀ ਰਹੇ ਨਾ ਫੂੜ੍ਹੀ, ਸਫ਼ਾ ਸਭ ਦੀ ਦੇਣੀ ਬਦਲਾਈਆ । ਵਾਸਨਾ ਰਹੇ ਕਿਸੇ ਨਾ ਚੂੜ੍ਹੀ, ਚੰਡਾਲਕਾ ਅੰਦਰੋਂ ਦੇਣੀ ਕਢਾਈਆ । ਸਾਚੀ ਰੰਗਤ ਚਾੜ੍ਹ ਗੂੜ੍ਹੀ, ਨਿਰਗੁਣ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਆਸਾ ਮਨਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਧੂੰਆਂ ਧੁਖਦਾ, ਧੂੰਆਂਧਾਰ ਜਗਤ ਲੋਕਾਈਆ । ਝਗੜਾ ਦਿਸੇ ਮਾਨਵ ਮਨੁੱਖ ਦਾ, ਮਾਨਵ ਜ਼ਾਤੀ ਨਾ ਕੋਇ ਸਮਝਾਈਆ । ਸਚ ਚੰਦ੍ਰਮਾ ਗਿਆ ਛੁਪਦਾ, ਅੰਤ ਅੰਧੇਰਾ ਗਿਆ ਆਈਆ । ਝਗੜਾ ਪਿਆ ਪਿਓ ਪੁੱਤ ਦਾ, ਭੈਣ ਭਾਈ ਨਾ ਕੋਇ ਸਮਝਾਈਆ । ਠਗ ਚੋਰ ਫਿਰੇ ਲੁਕਦਾ, ਚਾਰੋਂ ਕੁੰਟ ਕੂੜ ਦੁਹਾਈਆ । ਸਮਾਂ ਗਿਆ ਸੁਹੰਜਣੀ ਰੁਤ ਦਾ, ਕਲਜੁਗ ਅਗਨੀ ਤਤ ਤਪਾਈਆ । ਪਾਠ ਭੁੱਲਿਆ ਸਭ ਨੂੰ ਤੇਰੀ ਤੁਕ ਦਾ, ਆਤਮ ਪਰਮਾਤਮ ਰਾਗ ਨਾ ਕੋਇ ਅਲਾਈਆ । ਦੀਨ ਮਜ੍ਹਬ ਇਕ ਦੂਜੇ ਕੋਲੋਂ ਪੁਛਦਾ, ਕਵਣ ਰਸਤਾ ਸੋਭਾ ਪਾਈਆ । ਕੀ ਲਹਿਣਾ ਦੇਣਾ ਦਾੜ੍ਹੀ ਮੁੱਛ ਦਾ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਮੈਂ ਵਕ਼ਤ ਵੇਖਿਆ ਨਹੀਂ ਕਿਸੇ ਤੇ ਸੁਖ ਦਾ, ਗੁਰ ਅਵਤਾਰ ਪੈਗ਼ੰਬਰ ਗਏ ਨੇਤਰ ਨੈਣਾਂ ਨੀਰ ਵਹਾਈਆ । ਹੁਣ ਪੜਦਾ ਉਹਲਾ ਰਹੇ ਨਾ ਲੁਕ ਦਾ, ਭੇਵ ਅਭੇਦਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਵਡ ਗੁਸਾਈਂਆ । ਸਦੀ ਚੌਧਵੀ ਕਹੇ ਮੈਂ ਤਕ ਤਕ ਥੱਕੀ ਕਲੇਸ਼, ਤੇਰੇ ਕਲਮਿਆਂ ਵਿਚ ਦੁਹਾਈਆ । ਧੀਰਜ ਧਰੇ ਨਾ ਕੋਇ ਮਹੇਸ਼, ਬ੍ਰਹਮਾ ਸ਼ਿਵ ਨਾ ਸਿਰ ਉਠਾਈਆ । ਛਤਰ ਝੁੱਲੇ ਨਾ ਕਿਸੇ ਗਣੇਸ਼, ਵਿਸ਼ਨੂੰ ਬੰਸ ਨਾ ਕੋਇ ਸੁਹਾਈਆ । ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਦੋ ਜਹਾਨਾਂ ਕਰ ਸ਼ਨਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧਾਰੇ ਭੇਖ, ਕਲ ਕਲਕੀ ਵੇਸ ਵਟਾਈਆ । ਜਿਸ ਦੀ ਨਜ਼ਰ ਨਾ ਆਵੇ ਰੇਖ, ਰੂਪ ਰੰਗ ਨਾ ਕੋਇ ਦਸਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਨਿਰਗੁਣ ਦਾਤਾ ਧੁਰਦਰਗਾਹੀਆ । ਨਿਰਗੁਣ ਨਿਰਵੈਰ ਹੋ ਪ੍ਰਵੇਸ਼, ਪ੍ਰਵਿਸ਼ਟਾ ਆਪਣਾ ਲਏ ਬਦਲਾਈਆ । ਮਾਣੇ ਕੋਇ ਨਾ ਬਾਸ਼ਕ ਸੇਜ, ਸਾਂਗੋਪਾਂਗ ਨਾ ਕੋਇ ਹੰਢਾਈਆ । ਜੋਤੀ ਜਲਵਾ ਦੇ ਕੇ ਤੇਜ, ਤੇਜ ਅਪ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧੁਰ ਦੀ ਕਰਨੀ ਖੇਲ ਕਰੇ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਆਪਣੀ ਕਾਰ ਕਮਾਈਆ ।

### ✻ ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਬੰਸੋ ਦੇਵੀ ਦੇ ਗ੍ਰਿਹਿ ਸਈ ਖ਼ੁਰਦ ਕੈਂਪ ਜ਼ਿਲਾ ਜੰਮੂ ✻

ਸਦੀ ਚੌਧਵੀਂ ਕਹੇ ਸਭ ਦਾ ਲੇਖਾ ਕਰ ਮੁਸਾਵੀ, ਮੁਸੱਮਮ ਇਕੋ ਰੰਗ ਰੰਗਾਈਆ । ਦੀਨ ਮਜ੍ਹਬ ਰਹੇ ਨਾ ਕੋਈ ਹਾਵੀ, ਹਰ ਹਿਰਦੇ

ਕਰ ਸਫ਼ਾਈਆ । ਲਹਿਣਾ ਦੇਣਾ ਵੇਖ ਅਰਜਨ ਕੰਢਾ ਰਾਵੀ, ਰਵਾਇਤ ਪਿਛਲੀ ਖੋਜ ਖੁਜਾਈਆ । ਸਤਿ ਧਰਮ ਦੀ ਤੱਕੜੀ ਕਰ ਦੇ ਸਾਵੀਂ, ਤਰਾਜ਼ੂ ਆਪਣਾ ਨਾਮ ਰਖਾਈਆ । ਪੁਰਖ ਅਕਾਲ ਦੀਨ ਦਿਆਲ ਭੁੱਲ ਨਾ ਜਾਵੀਂ, ਅਭੁੱਲ ਤੇਰੀ ਸਰਨਾਈਆ । ਦੀਨ ਦੁਨੀ ਹੋਈ ਨਥਾਵੀਂ, ਸਾਚਾ ਦਰ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਚੁੱਕੇ ਕੋਇ ਨਾ ਬਾਹਵੀਂ, ਬਾਹਮੀ ਨਾਤਾ ਨਾ ਕੋਇ ਜੁੜਾਈਆ । ਦੂਸਰ ਮਗਰ ਕਦੇ ਨਾ ਲਾਵੀਂ, ਨਿਤ ਆਪਣਾ ਰੰਗ ਰੰਗਾਈਆ । ਮੈਂ ਵੇਖਾਂ ਚਾਵੀਂ ਚਾਵੀਂ, ਚਾਓ ਘਨੇਰਾ ਦੇਣਾ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਕਹੇ ਮੈਂ ਤੱਕੇ ਜਗਤ ਕਿਨਾਰੇ, ਤੱਟਾਂ ਘਾਟਾਂ ਵੇਖ ਵਖਾਈਆ । ਵੇਖੇ ਪੈਗ਼ੰਬਰ ਗੁਰ ਅਵਤਾਰੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਫੇਰੀਆਂ ਗਏ ਪਾਈਆ । ਤੇਰੇ ਨਾਮ ਦੇ ਬੋਲ ਜੈਕਾਰੇ, ਸਿਫ਼ਤਾਂ ਵਾਲੇ ਰਾਗ ਅਲਾਈਆ । ਅਗੰਮੀ ਦੱਸਦੇ ਗਏ ਇਸ਼ਾਰੇ, ਸ਼ਬਦੀ ਹੁਕਮ ਸ਼ਨਵਾਈਆ । ਕਲ ਕਲਕੀ ਲੈ ਅਵਤਾਰੇ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦਰ ਸਾਰੇ ਹੋਣ ਭਿਖਾਰੇ, ਮਾਂਗਤ ਹੋ ਕੇ ਝੋਲੀ ਡਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਨਿਮਸਕਾਰੇ, ਦੇਵਤ ਸੁਰ ਲਾਗਣ ਪਾਈਆਂ । ਧੂੜੀ ਮੰਗਣ ਸੂਰਜ ਚੰਦ ਸਤਾਰੇ, ਮੰਡਲ ਮੰਡਪ ਖ਼ਾਕ ਰਮਾਈਆ । ਗੁਰ ਅਵਤਾਰ ਪੈਗ਼ੰਬਰ ਬਣਨ ਪਨਿਹਾਰੇ, ਦਰ ਠਾਂਡੇ ਸੇਵ ਕਮਾਈਆ । ਖੇਲ ਕਰੇ ਵਿਚ ਸੰਸਾਰੇ, ਹਰਿ ਆਪਣੀ ਕਲ ਧਰਾਈਆ । ਕਲਜੁਗ ਕੂੜੀ ਕਿਰਿਆ ਅੰਤ ਨਿਵਾਰੇ, ਸਤਿਜੁਗ ਸਾਚਾ ਰਾਹ ਵਖਾਈਆ । ਚਾਰ ਵਰਨ ਬਹਾਵੇ ਇਕ ਦਵਾਰੇ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਦੱਸ ਜੈਕਾਰੇ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਨਿਰਗੁਣ ਜੋਤ ਕਰ ਉਜਿਆਰੇ, ਜੋਤੀ ਜਾਤਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਦੀਨ ਦੁਨੀ ਤੇਰੇ ਸਹਾਰੇ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੧੨ ਪੋਹ ਸ਼ਹਿਨਸ਼ਾਹੀ ਸੰਮਤ ੪ ਲਛਮਣ ਸਿੰਘ ਦੇ ਗ੍ਰਿਹਿ ਕੈਂਪ ਸਈ ਕਲਾਂ ਜੰਮੂ

ਸਦੀ ਚੌਧਵੀਂ ਕਹੇ ਪੈਗ਼ੰਬਰੋ ਕਰ ਲਓ ਫੁਰਤੀ, ਫੁਰਨਾ ਧੁਰ ਦਾ ਦਿਓ ਸਮਝਾਈਆ । ਪਰਵਰਦਿਗਾਰਾ ਛੇੜ ਛੇੜਨ ਲੱਗਾ ਵਿਚ ਤੁਰਕੀ, ਤੁਰਕਿਸਤਾਨ ਨਾਲ ਮਿਲਾਈਆ । ਮੁਹੰਮਦ ਦੂਰ ਦੁਰਾਡਾ ਬੈਠਾ ਵੇਖੇ ਨਾਲ ਘੁਰਕੀ, ਅੱਖਾਂ ਲਾਲ ਕੱਢ ਦਿਖਾਈਆ । ਸਾਂਝੀ ਰਹਿਣੀ ਕਿਸੇ ਨਹੀਂ ਬੁਰਕੀ, ਸਗਲਾ ਸੰਗ ਨਾ ਕੋਇ ਨਿਭਾਈਆ । ਸਾਬਤ ਦਿਸੇ ਕੋਈ ਨਾ ਸੁਰਤੀ, ਸੂਰਤ ਹੱਕ ਨਾ ਕੋਇ ਜਣਾਈਆ । ਮਿਟਣ ਲੱਗੀ ਚਾਲਾਕੀ ਚੁਸਤੀ, ਚੋਰਾਂ ਯਾਰਾਂ ਠੱਗਾਂ ਡੇਰਾ ਢਾਹੀਆ । ਵਿਧਾਨ ਅੰਦਰ ਕਰਨ ਲੱਗਾ ਦਰੁਸਤੀ, ਪੁਰਖ ਅਕਾਲ ਬੇਪ੍ਰਵਾਹੀਆ । ਝਗੜਾ ਕਰੇ ਨਾ ਕੋਇ ਮੁੱਲਾ ਮੁਫ਼ਤੀ, ਲੇਖਾ ਸਭ ਦਾ ਰਿਹਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਕ਼ਾਇਮ ਰਹੇ ਨਾ ਕੁਰਸੀ, ਧੁਰ ਫ਼ਰਮਾਨਾ ਇਕ ਸਮਝਾਈਆ । ਅੰਤਮ ਮਿਟੇ ਅੰਧੇਰ ਬੁਰਛੀ, ਬੁਤਖ਼ਾਨਿਆਂ ਕਰੇ ਸਫ਼ਾਈਆ । ਅਗਨੀ ਤਤ ਰਹੇ ਨਾ ਤੁਰਸ਼ੀ, ਤੁਰਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਕਰ ਲਵੋ ਚਾਰਾ, ਚਾਰੋਂ ਕੁੰਟ ਮੇਰੀ ਦੁਹਾਈਆ । ਮੇਰਾ ਆਇਆ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਮੈਨੂੰ ਦਿਸੇ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਮੈਂ ਫਿਰ ਫਿਰ ਥੱਕੀ ਜੰਗਲ ਪਹਾੜਾਂ, ਉਚੇ ਟਿੱਲੇ ਵਾਹੋ ਦਾਹੀਆ । ਮੁਹੰਮਦ ਦੇ ਕੇ ਗਿਆ ਲਾਰਾ, ਇਸ਼ਾਰਿਆਂ ਨਾਲ ਸਮਝਾਈਆ । ਅੰਤਮ ਆਵੇ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਵੇਖੇ ਖੇਲ ਸਰਬ ਸੰਸਾਰਾ, ਬ੍ਰਹਿਮੰਡਾਂ ਖੰਡਾਂ ਫੋਲ ਫੁਲਾਈਆ । ਜੋਤੀ ਨੂਰ ਕਰੇ ਚਮਤਕਾਰਾ, ਤਨ ਵਜੂਦ ਨਾ ਕੋਇ ਵਖਾਈਆ । ਹੁਕਮ ਸੰਦੇਸ਼ਾ ਦੇਵੇ ਅਗੰਮ ਅਪਾਰਾ, ਕਲਮਾ ਕਾਇਨਾਤ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਬਰਖ਼ੁਰਦਾਰਾ, ਬਾਲੇ ਨੰਨ੍ਹੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਸੁਣੋ ਹੁਕਮ ਸੱਚੇ ਸਤਿਗੁਰ ਕਾ, ਕਲਮਿਆਂ ਵਾਲਿਓ ਦਿਆਂ ਦ੍ਰਿੜਾਈਆ । ਮੇਰਾ ਮੁਰਸ਼ਦ ਮੇਰਾ ਲਾਹੁਣ ਵਾਲਾ ਬੁਰਕਾ, ਨੇਤਰ ਨੈਣ ਅੱਖ ਉਠਾਈਆ । ਲਹਿਣਾ ਦੇਣਾ ਦੇਵਣ ਆਇਆ ਨਿਰਗੁਣ ਧਾਰ ਧੁਰ ਕਾ, ਧੁਰਦਰਗਾਹੀ ਬੇਪ੍ਰਵਾਹੀਆ । ਲੇਖਾ ਪੂਰਾ ਕਰੇ ਗੋਬਿੰਦ ਅਨੰਦਪੁਰ ਕਾ, ਪੁਰੀਆਂ ਲੋਆਂ ਤੋਂ ਬਾਹਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਮੈਂ ਦੱਸਾਂ ਹੱਕ ਹਕ਼ੀਕ਼ੀ, ਹੁਕਮ ਇਕ ਜਣਾਈਆ । ਪਿਛਲੀ ਛੱਡ ਦਿਓ ਸਾਰੇ ਰੀਤੀ, ਹੁਕਮ ਸੁਣੋ ਧੁਰਦਰਗਾਹੀਆ । ਮੇਰੀ ਅੰਤਮ ਸਦੀ ਬੀਤੀ, ਵੇਲਾ ਅਵਰ ਰਿਹਾ ਨਾ ਰਾਈਆ । ਆਪਣੀ ਝੋਲੀ ਪਾਓ ਆਪਣੀ ਕੀਤੀ, ਦੂਸਰ ਸੰਗ ਨਾ ਕੋਇ ਮਿਲਾਈਆ । ਅੱਗੇ ਖੇਲ ਵੇਖੋ ਅਨਡੀਠੀ, ਜਿਹੜੀ ਅਜੇ ਤਕ ਤੁਹਾਨੂੰ ਖ਼ੁਦਾ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਸੁਣੋ ਪੈਗ਼ੰਬਰ ਕੁਦਜ਼ੀਲਾ ਜ਼ਾਵਲ ਜ਼ਊ, ਜ਼ੀਨਾ ਜਗਤ ਨਾ ਕੋਇ ਵਡਿਆਈਆ । ਤੁਹਾਡਾ ਨਾਅਰਾ ਰਸਨਾ ਵਾਲਾ ਅੱਲਾ ਹੂ, ਹੂ ਅਲਾਹ ਕਾਇਨਾਤ ਦ੍ਰਿੜਾਈਆ । ਅੰਤ ਵੇਖੋ ਬੇਗਾਨੀ ਸਭ ਦੀ ਜੂਹ, ਜਗਤ ਹੱਦ ਨਾ ਕੋਇ ਰਖਾਈਆ । ਕਿਧਰ ਗਏ ਤੁਹਾਡੇ ਮੁਰੀਦਾਂ ਦੇ ਰੂਹ, ਮੁਰਸ਼ਦ ਬਣ ਕੇ ਦਿਓ ਸਮਝਾਈਆ । ਨੂਰ ਦੱਸੋ ਜ਼ਹੂਰ ਦੱਸੋ ਇਕੋ ਹੂਬਹੂ, ਜਿਸ ਦੀ ਰੇਖ ਨਾ ਕੋਇ ਬਦਲਾਈਆ । ਕਿਸ ਬਿਧ ਤੁਹਾਡਾ ਅੰਤ ਤੇ ਸਤਿਜੁਗ ਹੋਣਾ ਸ਼ੁਰੂ, ਸ਼ੁਰੂ ਦਾ ਕ਼ਾਇਦਾ ਦਿਓ ਦ੍ਰਿੜਾਈਆ । ਕਵਣ ਮੁਰਸ਼ਦ ਕਵਣ ਮੁਰੀਦ ਕਵਣ ਸਿਖ ਅੰਤ ਕਵਣ ਹੋਵੇ ਗੁਰੂ, ਗੁਰਦੇਵ ਕਵਣ ਅਖਵਾਈਆ । ਕਵਣ ਸਾਹਿਬ ਕਵਣ ਸੁਲਤਾਨ ਕਵਣ ਜੀਵਤ ਕਵਣ ਮਰੂ, ਕਵਣ ਮੜ੍ਹੀ ਗੋਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਕਵਣ ਤੁਹਾਡਾ ਕਾਇਦਾ, ਕਾਇਨਾਤ ਦ੍ਰਿੜਾਈਆ । ਕਿਸ ਬਿਧ ਹੋਏ ਅਲਾਹਿਦਾ, ਵਖਰਾ ਘਰ ਵਸਾਈਆ । ਆਪਣੇ ਆਪ ਦਾ ਲੈ ਕੇ ਦੱਸੋ ਜ਼ਾਇਜ਼ਾ, ਕੀ ਗੁਣਵੰਤ ਵਡਿਆਈਆ । ਕੀ ਅਖ਼ੀਰੀ ਹੋਇਆ ਮੁਆਹਿਦਾ, ਓਹ ਵੀ ਦੇਣਾ ਸਮਝਾਈਆ । ਕਿਤੇ ਵਕ਼ਤ ਐਵੇਂ ਨਾ ਜਾਏ ਸ਼ਾਇਦਾ, ਸ਼ਹਾਦਤ ਸਭ ਦੀ ਦੇਣੀ ਭੁਗਤਾਈਆ । ਜਨ ਭਗਤਾਂ ਦੀਨਾਂ ਮਜ਼੍ਹਬਾਂ ਵਿਚ ਕੀ ਮਿਲਿਆ ਫ਼ਾਇਦਾ, ਮਾਨਵ ਮਾਨਵ ਨਾਲ ਲੜਾਈਆ । ਚਾਰੋਂ ਕੁੰਟ ਨਾਅਰਾ

ਵੇਖੇ ਹਾਏ ਹਾਏ ਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਆਪਣਾ ਲੇਖਾ ਦੱਸੋ ਹਿਸਾਬ, ਅੰਕੜੇ ਨਾਲ ਮਿਲਾਈਆ । ਧੁਰ ਦੀ ਵੇਖੋ ਓਹ ਕਿਤਾਬ, ਜਿਥੇ ਲੇਖ ਮਿਲੇ ਨਾ ਕ਼ਲਮ ਸ਼ਾਹੀਆ । ਕਵਣ ਪੁੰਨ ਕਵਣ ਸਵਾਬ, ਕਵਣ ਰੰਗ ਰੰਗਾਈਆ । ਕਵਣ ਸੱਜਦਾ ਕਵਣ ਆਦਾਬ, ਕਵਣ ਦੁਆ ਸਲਾਮ ਦੇਣਾ ਸਮਝਾਈਆ । ਮੇਰੇ ਅੰਤ ਅਖ਼ੀਰ ਤੁਹਾਡਾ ਕਿਹੋ ਜਿਹਾ ਮਜ਼ਾਜ, ਮੇਰੇ ਅੰਤਰ ਵੱਜੇ ਵਧਾਈਆ । ਜੋ ਉਮਤ ਗਏ ਸਾਜ, ਨਾਤਾ ਜਗਤ ਵਿਚ ਬਣਾਈਆ । ਕੀ ਓਸ ਦਾ ਅੰਤ ਰਿਵਾਜ, ਰਹਿਬਰ ਹੋ ਕੇ ਦਿਓ ਦ੍ਰਿੜਾਈਆ । ਕਵਣ ਦਵਾਰੇ ਦੇਂਦੇ ਹਯਾਤੇ ਆਬ, ਧੁਰ ਦਾ ਜਾਮ ਇਕ ਪਿਆਈਆ । ਸਾਰੇ ਉਠ ਕੇ ਕਰੋ ਖ਼ਿਤਾਬ, ਮੁਖ਼ਾਤਬ ਹੋ ਕੇ ਧੁਰਦਰਗਾਹੀਆ । ਅੰਤਮ ਸਭ ਨੂੰ ਮਿਲਣ ਲੱਗਾ ਜਵਾਬ, ਜਵਾਬਤਲਬੀ ਵਿਚ ਦੁਹਾਈਆ । ਜਿਸ ਅਮਾਮ ਦਾ ਲੈਂਦੇ ਰਹੇ ਖ਼ੁਆਬ, ਓਹ ਆਇਆ ਖ਼ੈਰ ਖ਼ਾਹੀਆ । ਜਿਸ ਦਾ ਕਰਦੇ ਆਏ ਵਾਅਜ, ਵਹਦਤ ਨਾਲ ਜਣਾਈਆ । ਜਿਸ ਦੀ ਪੜ੍ਹਦੇ ਰਹੇ ਨਿਮਾਜ਼, ਸੱਜਦਿਆਂ ਸੀਸ ਝੁਕਾਈਆ । ਓਹ ਖੋਲ੍ਹਣਹਾਰ ਰਾਜ਼, ਪੜਦਾ ਦਏ ਉਠਾਈਆ । ਓਸੇ ਨੂੰ ਕਹਿੰਦੇ ਆਦਿ ਜੁਗਾਦਿ ਸ਼ਹਿਨਸ਼ਾਹ ਜਿਸ ਦੇ ਸੀਸ ਦੋ ਜਹਾਨਾਂ ਤਾਜ, ਤਖ਼ਤ ਨਿਵਾਸੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਭ ਦਾ ਅਹਿਬਾਬ, ਦੋਸਤ ਇਕੋ ਨਜ਼ਰੀ ਆਈਆ ।



੬੮੨ ੨੧

## ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਬਚਨ ਸਿੰਘ ਦੇ ਗ੍ਰਿਹਿ ਕੈਂਪ ਸਈ ਕਲਾਂ ਜੰਮੂ

ਸਦੀ ਚੌਧਵੀਂ ਕਹੇ ਦੀਨ ਦੁਨੀ ਦਿਸਦੀ ਮਿਥਿਆ, ਗੁਰ ਅਵਤਾਰ ਪੈਗ਼ੰਬਰ ਰਹਿਣ ਕੋਇ ਨਾ ਪਾਈਆ । ਜੁਗ ਜੁਗ ਤੇਰੀ ਅੱਖਰਾਂ ਵਾਲੀ ਸਿਖਿਆ, ਅੱਖਰਾਂ ਵਾਲੀ ਮਾਤ ਪੜ੍ਹਾਈਆ । ਕਿਰਪਾ ਕਰ ਆਪਣਾ ਗ੍ਰਿਹਿ ਵਖਾ ਅਨਡਿਠਿਆ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰੀ ਮੁਹੱਬਤ ਮਿਲੇ ਹਿਤਿਆ, ਦੂਸਰ ਅਵਰ ਨਾ ਕੋਇ ਜਣਾਈਆ । ਆਤਮ ਪਰਮਾਤਮ ਹੋਵੇ ਮਿੱਤਿਆ, ਨਿਰਗੁਣ ਨਿਰਗੁਣ ਸਾਚਾ ਜੋੜ ਜੁੜਾਈਆ । ਮੇਰੀ ਅੰਤ ਅਖ਼ੀਰੀ ਇਛਿਆ, ਆਸਾ ਮਨਸਾ ਪੂਰ ਵਖਾਈਆ । ਪਿਛਲਾ ਪਿਛੇ ਰਿਹਾ ਪਿਛਿਆ, ਭੇਵ ਅਗਲਾ ਦੇ ਵਖਾਈਆ । ਝਗੜਾ ਰਹੇ ਨਾ ਵੱਡਾ ਨਿੱਕਿਆ, ਏਕਾ ਰੰਗ ਰੰਗਾਈਆ । ਪੁਰਖ ਅਕਾਲ ਬਣ ਧੁਰ ਦਾ ਪਿਤਿਆ, ਪਤਿਪਰਮੇਸ਼ਵਰ ਦਇਆ ਕਮਾਈਆ । ਮਾਨਸ ਜਨਮ ਸਭ ਦਾ ਜਾਵੇ ਜਿਤਿਆ, ਜੋ ਤੇਰੀ ਓਟ ਤਕਾਈਆ । ਅੰਮ੍ਰਿਤ ਜਾਮ ਦੇ ਛਿਟਿਆ, ਮੇਘ ਅਗੰਮ ਵਰਤਾਈਆ । ਹਰਿਜਨ ਕਦੇ ਨਾ ਜਾਵੇ ਭਿਟਿਆ, ਦੂਸ਼ਨ ਨੇੜ ਕੋਇ ਨਾ ਆਈਆ । ਤੇਰਾ ਲੇਖ ਕਦੇ ਨਾ ਮਿਟਿਆ, ਮੇਟਣਹਾਰ ਨਾ ਕੋਇ ਅਖਵਾਈਆ । ਮੇਰੇ ਅੰਤ ਅਖ਼ੀਰ ਦੀਨ ਦੁਨੀ ਦਾ ਕੱਢ ਸਿਟਿਆ, ਸਿੱਟਬਾਜ਼ੀ ਵੇਖ ਜਗਤ ਲੋਕਾਈਆ । ਭਵਿਖਤਾਂ ਵਿਚ ਗੁਰ ਅਵਤਾਰ ਪੈਗ਼ੰਬਰ ਲਿਖ ਕੇ ਗਏ ਚਿੱਠਿਆ, ਸੰਦੇਸਿਆਂ ਵਿਚ ਜਗਤ ਸੁਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਾ ਕੇ ਗਏ ਪੱਥਰ ਇਟਿਆ, ਜਗਤ ਮਹੱਲ ਵਡਿਆਈਆ । ਤੇਰਾ ਨੂਰ ਕਿਤੇ ਨਾ ਦਿਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਦੀਨਾਂ ਮਜ਼੍ਹਬਾਂ ਵੇਖੇ ਹਿੱਸਿਆ, ਜ਼ਾਤ ਪਾਤ ਨਜ਼ਰੀ ਆਈਆ । ਤੇਰਾ ਤੰਦ ਕਿਸੇ ਨਾ ਖਿਚਿਆ, ਸਚ ਸਿਤਾਰ

ਨਾ ਕੋਇ ਵਜਾਈਆ । ਕਿਰਪਾ ਕਰ ਸਾਹਿਬ ਸਮਰਥਿਆ, ਸਾਹਿਬ ਤੇਰੀ ਸਰਨਾਈਆ । ਕਲਜੁਗ ਕੂੜ ਹੋਵੇ ਭੱਠਿਆ, ਭਵ ਸਾਗਰ ਦੇ ਰੁੜ੍ਹਾਈਆ । ਪਿਛਲਾ ਲੇਖਾ ਜਾਵੇ ਠੱਪਿਆ, ਸਤਿਜੁਗ ਸਾਚਾ ਰਾਹ ਚਲਾਈਆ । ਪੂਰਾ ਸਭ ਦਾ ਹੋਵੇ ਪਟਿਆ, ਪਟਨੇ ਵਾਲਾ ਰਿਹਾ ਸੁਣਾਈਆ । ਲੋਕਮਾਤ ਵਿਚੋਂ ਨਾਮ ਜਾਏ ਕੱਟਿਆ, ਲੇਖ ਅਵਰ ਰਹੇ ਨਾ ਰਾਈਆ । ਇਕੋ ਤੇਰੇ ਨਾਮ ਦਾ ਹੋਵੇ ਟੱਪਿਆ, ਦੋ ਜਹਾਨਾਂ ਕਰ ਸ਼ਨਵਾਈਆ । ਸਭ ਦਾ ਚੀਥੜ ਪੁਰਾਣਾ ਫੱਟਿਆ, ਓਢਣ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਖੇਲ ਚੂੰਕਿ ਚੁਨਾਂਚਿ ਅਲਬਤਿਆ, ਪਰਦਾ ਓਹਲਾ ਨਾ ਕੋਇ ਉਠਾਈਆ । ਚਾਰੋਂ ਕੁੰਟ ਸ਼ੋਰ ਮਚਿਆ, ਦਹਿ ਦਿਸ਼ਾ ਪਈ ਦੁਹਾਈਆ । ਮਨੂਆ ਕਲੰਦਰ ਬਣ ਕੇ ਨੱਚਿਆ, ਦਹਿ ਦਿਸ਼ਾ ਉਠ ਉਠ ਧਾਈਆ । ਸਤਿ ਰਿਹਾ ਕੋਈ ਨਾ ਸੱਚਿਆ, ਮਾਇਆ ਮਮਤਾ ਮੋਹ ਹਲਕਾਈਆ । ਦੁਹਾਈ ਫਿਰੀ ਮਦੀਨਾ ਮੱਕਿਆ, ਕਾਅਬਾ ਹੱਕ ਨਾ ਕੋਇ ਵਡਿਆਈਆ । ਭੈਣ ਭਾਈ ਨਾ ਰਿਹਾ ਸੱਕਿਆ, ਪਿਤਾ ਪੂਤ ਨਾ ਜੋੜ ਜੁੜਾਈਆ । ਨੌ ਖੰਡ ਪ੍ਰਿਥਮੀ ਮਾਨਵ ਮਾਨਸ ਥੱਕਿਆ, ਬਲਹੀਣ ਰਿਹਾ ਕੁਰਲਾਈਆ । ਤੁਧ ਬਿਨ ਸਭ ਨੂੰ ਕਰੇ ਨਾ ਕੋਈ ਇਕੱਠਿਆ, ਏਕਾ ਰੰਗ ਨਾ ਕੋਇ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਅੰਤ ਤੇਰੀ ਸਰਨ ਢੱਠਿਆ, ਚਰਨ ਧੂੜੀ ਖ਼ਾਕ ਰਮਾਈਆ । ਤੂੰ ਆਇਓਂ ਪੰਜਾਂ ਤੱਤਾਂ ਦੇ ਵੱਟਿਆ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਸਹਾਰਾ ਸਭ ਨੇ ਰੱਖਿਆ, ਬੈਠੇ ਧਿਆਨ ਲਗਾਈਆ । ਹੁਕਮ ਸੰਦੇਸ਼ਾ ਦੇ ਪੱਕਿਆ, ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਸੰਤ ਸੁਹੇਲਾ ਤੇਰਾ ਜਾਵੇ ਰੱਤਿਆ, ਗੁਰਮੁਖ ਆਪਣਾ ਰੰਗ ਰੰਗਾਈਆ । ਦੋ ਜਹਾਨਾਂ ਵੱਸਿਆ, ਹਰ ਘਟ ਬੈਠਾ ਸੋਭਾ ਪਾਈਆ । ਜੁਗ ਚੌਕੜੀ ਲਹਿਣਾ ਦੇਣਾ ਤੇਰੇ ਅੰਦਰ ਦੱਬਿਆ, ਤੁਧ ਬਿਨ ਬਾਹਰ ਨਾ ਕੋਇ ਸਮਝਾਈਆ । ਧੁਰ ਦੇ ਨੂਰ ਅਲਾਹੀ ਰੱਬਿਆ, ਯਾਮਬੀਨ ਤੇਰੀ ਵਡਿਆਈਆ । ਕਲਜੁਗ ਕੂੜਾ ਵਹਿਣ ਵੇਖ ਨਦੀਆ, ਲਹਿਰ ਲਹਿਰ ਨਾਲ ਟਕਰਾਈਆ । ਮੇਰੀ ਪੂਰੀ ਹੋਣ ਲੱਗੀ ਸਦੀਆ, ਚੌਧਵੀਂ ਆਪਣਾ ਪੰਧ ਮੁਕਾਈਆ । ਤੁਧ ਬਿਨ ਰਹੇ ਕੋਈ ਨਾ ਗੱਦੀਆ, ਗਦਾਗਰ ਦੇਣੇ ਬਣਾਈਆ । ਤੇਰਾ ਨਾਉਂ ਨਿਰੰਕਾਰਾ ਆਦਿ ਜੁਗਾਦੀ ਵਧੀਆ, ਵਾਹਵਾ ਵਜਦੀ ਰਹੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟ ਬਦੀਆ, ਬੰਧਨ ਮਮਤਾ ਦੇ ਤੁੜਾਈਆ । ਮੈਂ ਸਰਨ ਸਰਨਾਈ ਤੇਰੀ ਲੱਗੀਆ, ਇਕੋ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਮੇਟ ਹੱਦੀਆ, ਹਦੂਦ ਆਪਣੀ ਦੇ ਵਖਾਈਆ ।



੬੮੩
੨੧

### ✻ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਖੇਮ ਕੌਰ ਦੇ ਗ੍ਰਹਿ ਕੈਂਪ ਸਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਦੁਨੀਆ ਸੁੱਤੀ ਵੇਖੀ ਘੂਕ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਆਪਣੇ ਨਿਸ਼ਾਨਿਉਂ ਗਈ ਚੂਕ, ਰਹਿਬਰ ਰਾਹ ਨਾ ਕੋਇ ਦ੍ਰਿੜਾਈਆ । ਤਨ ਹੰਕਾਰੀ ਵੱਜੀ ਫੂਕ, ਮਾਇਆ ਮਮਤਾ ਰਹੀ ਜਲਾਈਆ । ਝਗੜਾ ਤੱਕਾਂ ਚਾਰੇ ਕੂਟ, ਦਹਿ ਦਿਸ਼ਾ ਦਿਸੇ ਦੁਹਾਈਆ । ਘਰ ਘਰ ਵਧਿਆ ਜੂਠ ਝੂਠ, ਹਉਮੇ ਹੰਗਤਾ ਨਾਲ ਲੜਾਈਆ । ਧਰਮ ਦਾ ਰਿਹਾ ਨਾ ਕੋਈ ਪੂਤ, ਸਤਿ ਸਚ ਨਾ ਕੋਇ ਸਮਝਾਈਆ । ਮਨੂਆ ਮਨ ਬਣ ਕੇ ਕਲਜੁਗ ਦੂਤ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸਤਿ ਧਰਮ ਕਰ ਗਿਆ ਕੂਚ, ਕੂਚਾ ਗਲੀ ਕਰ ਸਫ਼ਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਤਾਣਾ ਪੇਟਾ ਸੂਤ, ਸੂਤਰਧਾਰੀ ਆਪਣੀ ਖੇਲ ਖਿਲਾਈਆ ।

## * ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਕੁਲਵੰਤ ਸਿੰਘ ਦੇ ਗ੍ਰਹਿ ਕੈਂਪ ਸਈ ਕਲਾਂ ਜੰਮੂ *

ਸਦੀ ਚੌਧਵੀਂ ਕਹੇ ਮੈਨੂੰ ਕਲਜੁਗ ਸੂਈ ਚੁਭੀ, ਚੋਭ ਦਿਤੀ ਲਗਾਈਆ । ਮੈਨੂੰ ਯਾਦ ਆਈ ਪਿਛਲੀ ਚਹੁੰ ਜੁਗੀ, ਪੂਰਬ ਅੱਖ ਉਠਾਈਆ । ਜਿਸ ਵਿਚ ਮੈਂ ਕਦੇ ਨਾ ਹੋਈ ਬੁੱਢੀ, ਆਪਣਾ ਰੂਪ ਬਦਲਾਈਆ । ਧਾਰ ਰਹਿਣ ਨਾ ਦਿਤੀ ਦੂਜੀ, ਦੁਤੀਆ ਭਉ ਬਦਲਾਈਆ । ਹੁਣ ਮੇਰੀ ਔਧ ਪੁੱਗੀ, ਵਕ਼ਤ ਰਿਹਾ ਨਾ ਰਾਈਆ । ਕਲਜੁਗ ਜੀਵਾਂ ਮੂਰਖ ਹੋਈ ਬੁੱਧੀ, ਬਿਬੇਕ ਨਾ ਕੋਇ ਕਰਾਈਆ । ਰਸ ਰਿਹਾ ਕਿਸੇ ਨਾ ਦੁੱਧੀ, ਮਾਤਾ ਸੀਰ ਨਾ ਕੋਇ ਵਡਿਆਈਆ । ਰਮਜ਼ ਲਾਏ ਕੋਈ ਨਾ ਗੁੱਝੀ, ਅੰਤਰ ਪਰਦਾ ਨਾ ਕੋਇ ਉਠਾਈਆ । ਚਾਰੋਂ ਕੁੰਟ ਪੈਂਦੀ ਲੁੱਟੀ, ਮਾਇਆ ਮਮਤਾ ਨਾਚ ਨਚਾਈਆ । ਵਸਦੀ ਦਿਸੇ ਕੋਈ ਨਾ ਝੁੱਗੀ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਵਾਟ ਕਿਸੇ ਨਾ ਮੁਕੀ, ਪਾਂਧੀ ਪੰਧ ਨਾ ਕੋਇ ਮੁਕਾਈਆ ।



## * ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਇੰਦਰੋ ਦੇਵੀ ਦੇ ਗ੍ਰਹਿ ਕੈਂਪ ਸੋਈ ਕਲਾਂ ਜੰਮੂ *

ਸਦੀ ਚੌਧਵੀਂ ਕਹੇ ਪ੍ਰਭ ਤੂੰ ਬਣ ਇਕ ਸਿਕਦਾਰ, ਸਿਕ ਸਭ ਦੀ ਵੇਖ ਵਖਾਈਆ । ਜਗਤ ਮੁਤੱਸਬ ਮਜ਼੍ਹਬ ਬਣੇ ਨਾ ਕੋਇ ਗ਼ਦਾਰ, ਅੰਤਰ ਅੱਖ ਨਾ ਕੋਇ ਖੁਲ੍ਹਾਈਆ । ਤੇਰੇ ਧਰਮ ਦਾ ਸਜਿਆ ਰਹੇ ਦਰਬਾਰ, ਹਰਿਜਨ ਸਾਚੇ ਸੋਭਾ ਪਾਈਆ । ਤੇਰਾ ਨੂਰੀ ਚਮਕਦਾ ਰਹੇ ਚਮਤਕਾਰ, ਅੰਧ ਅੰਧੇਰ ਗਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਗੁਣ ਤੇਰੇ ਹੱਥ ਵਡਿਆਈਆ । ਸਾਚੀਆਂ ਸਖ਼ੀਆਂ ਗਾਵਣ ਮੰਗਲਾਚਾਰ, ਗੀਤ ਤੇਰਾ ਗੋਬਿੰਦ ਅਲਾਈਆ । ਮੈਂ ਵੇਖਣੀ ਚਾਹੁੰਦੀ ਅਜਬ ਬਹਾਰ, ਸੋਹਣਾ ਰੂਪ ਪ੍ਰਗਟਾਈਆ । ਛੱਬੀ ਪੋਹ ਤੇਰੀ ਅਗੰਮੀ ਯਾਦਗਾਰ, ਯਾਦ ਯਾਦ ਵਿਚੋਂ ਆਈਆ । ਗੁਰਮੁਖ ਸੋਹਣੇ ਜਨ ਭਗਤ ਤੇਰੇ ਬਰਖ਼ੁਰਦਾਰ, ਸੰਤ ਸੱਜਣ ਮਿਲੇ ਵਡਿਆਈਆ । ਮੈਂ ਪ੍ਰੀਤ ਵਿਚ ਕਰਾਂ ਪੁਕਾਰ, ਮੁਹੱਬਤ ਵਿਚ ਸੁਣਾਈਆ । ਪੰਜਾਂ ਬੀਬੀਆਂ ਦੇ ਗਲ ਵਿਚ ਹੋਵੇ ਇਕ ਇਕ ਹਾਰ, ਲਾਲ ਗੁਲਾਲਾ ਰੰਗ ਚੜ੍ਹਾਈਆ । ਹੱਥ ਖਿੱਚੀ ਹੋਵੇ ਕਟਾਰ, ਤਿੱਖੀ ਧਾਰ ਵਖਾਈਆ । ਰੰਗ ਚੜ੍ਹਿਆ ਹੋਵੇ ਲਾਲ, ਮੁੱਖੀ ਸਵਾ ਗਿਠ ਰੰਗਾਈਆ । ਰਸਨਾ ਬੋਲ ਕਹਿਣ ਪੁਕਾਰ, ਤੇਰੀ ਬੇਪ੍ਰਵਾਹੀਆ । ਜਿਹੜੇ ਸੁੰਭ ਨਿਸੁੰਭ ਦੇ ਸਰਦਾਰ, ਦੁਰਗਾ ਨਾਲ ਵੰਡ ਵੰਡਾਈਆ । ਉਨ੍ਹਾਂ ਲਹਿਣਾ ਦੇਣਾ ਦੇਣਾ ਲਹਿਣਾ ਉਤਾਰ, ਕ਼ਰਜ਼ਾ ਮਕਰੂਜ਼ ਨਾ ਕੋਇ ਰਖਾਈਆ । ਸਦੀ ਚੌਧਵੀਂ ਕਹੇ ਮੈਂ ਬਣਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਸੱਚੀ ਸਰਕਾਰ, ਦੂਸਰ ਹੱਥ ਨਾ ਕੋਇ ਫੜਾਈਆ ।

## ✻ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਸ਼ਾਹਣੀ ਦੇਵੀ ਦੇ ਗ੍ਰਿਹ ਪਿੰਡ ਮਾਜਰਾ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਵੇਖੇ ਤੇਰੇ ਨਗਰ ਖੇੜ, ਪਿੰਡ ਗਰਾਂ ਫੋਲ ਫੁਲਾਈਆ । ਜਿਧਰ ਜਾਵਾਂ ਮੈਨੂੰ ਰਹੇ ਛੇੜ, ਛੇਕੜ ਦਿਤੀ ਦੁਹਾਈਆ । ਪੁਰਖ ਅਕਾਲ ਲਹਿਣਾ ਦੇਣਾ ਕੁੱਲ ਨਬੇੜ, ਕੂੜ ਕੁੜਿਆਰਾਂ ਡੇਰਾ ਢਾਹੀਆ । ਗਲ ਪਾ ਚੁਰਾਸੀ ਗੇੜ, ਜੋ ਤੈਨੂੰ ਰਹੇ ਭੁਲਾਈਆ । ਜਨ ਭਗਤਾਂ ਉਤੇ ਕਰ ਮਿਹਰ, ਜੋ ਤੇਰਾ ਨਾਮ ਧਿਆਈਆ । ਤੂੰ ਸ਼ਬਦੀ ਸਤਿਗੁਰ ਬੱਬਰ ਸ਼ੇਰ, ਸ਼ਰਅ ਕੂੜੀ ਦੇ ਖਪਾਈਆ । ਚਾਰ ਕੁੰਟ ਲੈ ਘੇਰ, ਹੁਕਮ ਆਪਣਾ ਇਕ ਸੁਣਾਈਆ । ਸਭ ਦਾ ਲੇਖਾ ਦੇ ਨਬੇੜ, ਬਚਿਆ ਰਹਿਣ ਕੋਇ ਨਾ ਪਾਈਆ । ਮੇਰੇ ਮਾਲਕ ਮੈਂ ਤਹਿਮਤ ਬੱਧੀ ਤੇੜ, ਆਪਣਾ ਵੇਸ ਆਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਜਿਧਰ ਜਾਵਾਂ ਮੈਨੂੰ ਵੱਜਣ ਹੁੱਜਾਂ, ਠੋਕਰਾਂ ਨਾਲ ਹਿਲਾਈਆ । ਅਵਤਾਰ ਪੈਗ਼ੰਬਰੋ ਕੁਛ ਭੇਦ ਦੱਸੋ ਗੁੱਝਾ, ਪੜਦਾ ਦਿਓ ਉਠਾਈਆ । ਅਵਤਾਰ ਪੈਗ਼ੰਬਰ ਕਹਿਣ ਤੂੰ ਪ੍ਰਭ ਦੇ ਨਾਲ ਰਹੀ ਜੁਗ ਜੁਗਾ, ਚੌਕੜੀ ਆਪਣੀ ਖੇਲ ਖਿਲਾਈਆ । ਅੰਤਮ ਅੰਤ ਦਰੋਹੀ ਪਾਈ ਦੁਬਿਧਾ, ਸਾਫ਼ ਇਨਸਾਫ਼ ਦੇ ਜਣਾਈਆ । ਸਾਡਾ ਲੇਖਾ ਹੋਇਆ ਮੁਧਾ, ਫੜ ਬਾਹੋਂ ਨਾ ਕੋਇ ਉਲਟਾਈਆ । ਪ੍ਰਭ ਕਰੇ ਖੇਲ ਅਜੂਬਾ, ਅਜਬ ਆਪਣੀ ਕਾਰ ਕਮਾਈਆ । ਦੀਨ ਮਜ਼੍ਹਬ ਮੇਟਣ ਲੱਗਾ ਹਦੂਦਾ, ਝਗੜਾ ਮਜ਼੍ਹਬ ਰਿਹਾ ਗਵਾਈਆ । ਸਦੀ ਚਧਵੀਂ ਤੂੰ ਆਦਿ ਜੁਗਾਦਿ ਉਸ ਦੀ ਬਣੀ ਰਹੀ ਮਹਿਬੂਬਾ, ਮੁਹੱਬਤ ਕਰ ਕੇ ਖ਼ੁਸ਼ੀ ਮਨਾਈਆ । ਵਸਦੀ ਰਹੀ ਉਚ ਅਰਸ਼ ਅਰੂਜਾ, ਦਰ ਆਲੀਸ਼ਾਨ ਸੋਭਾ ਪਾਈਆ । ਵੇਖਦੀ ਰਹੀ ਗਲੀ ਕੂਚਾ, ਗਲੀ ਯਾਰ ਦੀ ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਦੂਜਾ, ਏਕੰਕਾਰ ਤੇਰੀ ਵਡ ਵਡਿਆਈਆ ।

## ✻ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਕਿਰਪਾਲ ਸਿੰਘ ਦੇ ਗ੍ਰਿਹ ਕੈਂਪ ਸੇਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਚੌਦਾਂ ਤਬਕੋ ਮੂਲ ਨਾ ਮਾਰੋ ਆਵਾਜ਼ਾਂ, ਮੈਂ ਗੱਲ ਸੁਣਨ ਕੋਇ ਨਾ ਪਾਈਆ । ਮੈਂ ਤੱਕਿਆ ਇਕੋ ਸ਼ਾਹੋ ਭੂਪ ਰਾਜਨ ਰਾਜਾ, ਪੁਰਖ ਅਕਾਲਾ ਦੀਨ ਦਿਆਲਾ ਧੁਰਦਰਗਾਹੀਆ । ਜਿਸ ਨੂੰ ਸਿਫ਼ਤਾਂ ਨਾਲ ਗੌਂਦੇ ਆਏ ਨਾਲ ਰਾਗਾਂ ਨਾਦਾਂ, ਕਲਮਿਆਂ ਵਿਚ ਕਾਇਨਾਤ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਰਖਦੇ ਆਏ ਆਸਾਂ, ਦੂਰ ਦੁਰਾਡੇ ਧਿਆਨ ਲਗਾਈਆ । ਉਹ ਸਾਹਿਬ ਸਵਾਮੀ ਮੇਰੀਆਂ ਪੂਰੀਆਂ ਕਰਨ ਆਇਆ ਖ਼ਾਹਿਸ਼ਾਂ, ਖ਼ਾਲਕ ਆਪਣਾ ਰੂਪ ਬਦਲਾਈਆ । ਪੰਧ ਮੁਕਾ ਕੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਡੇਰਾ ਢਾਹੀਆ । ਝਗੜਾ ਮੁਕਾ ਕੇ ਜ਼ਾਤਾਂ ਪਾਤਾਂ, ਮਾਨਵ ਵੇਖ ਵਖਾਈਆ । ਅੱਗੇ ਸੁਣਦੇ ਸਾਂ ਭਵਿਖਤਾਂ ਵਿਚ ਉਸ ਦੀਆਂ ਬਾਤਾਂ, ਹੁਣ ਦਰਸ਼ਨ ਕਰ ਕੇ ਖ਼ੁਸ਼ੀ ਮਨਾਈਆ । ਮੇਰੀਆਂ ਪੂਰੀਆਂ ਹੋਈਆਂ ਵਾਟਾਂ, ਰਸਤੇ ਪੰਧ ਨਾ ਕੋਇ ਭੁਲਾਈਆ । ਮੈਂ ਮੰਗਣੀਆਂ ਉਸ ਕੋਲੋਂ ਅਗੰਮੀ ਦਾਤਾਂ, ਜੋ ਦੇਵਣਹਾਰ ਅਖਵਾਈਆ । ਤੁਹਾਡੇ ਨਾਲੋਂ ਤੋੜਨਾ ਨਾਤਾ, ਨਾਤਾ ਗੁਰਮੁਖਾਂ ਨਾਲ ਜੁੜਾਈਆ । ਜਿਨ੍ਹਾਂ ਦਾ ਮਾਲਕ ਜੋਤੀ ਜਾਤਾ, ਹਰਿ ਕਰਤਾ ਇਕ ਅਖਵਾਈਆ । ਤੂੰ ਮੇਰਾ ਮੈਂ


੬੮੫
੨੧

ਤੇਰਾ ਦੱਸ ਕੇ ਗਾਥਾ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਨਿੱਕੀਆਂ ਨਿੱਕੀਆਂ ਸ਼ਾਖ਼ਾਂ, ਪੱਤ ਟਹਿਣੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਇਕ ਅਖਵਾਈਆ । ਸਦੀ ਚੌਧਵੀਂ ਕਹੇ ਚੌਦਾਂ ਤਬਕੋ ਕਿਉਂ ਮੈਨੂੰ ਕਰੋ ਇਸ਼ਾਰੇ, ਸੈਨਤਾਂ ਨਾਲ ਸਮਝਾਈਆ । ਮੈਂ ਛਡ ਦਿਤੇ ਤੁਹਾਡੇ ਕਿਨਾਰੇ, ਬੰਧਨ ਆਈ ਤੁੜਾਈਆ । ਦਰਸ਼ਨ ਕਰ ਏਕੰਕਾਰੇ, ਆਪਣੀ ਕਲਾ ਲਈ ਬਦਲਾਈਆ । ਢਹਿ ਕੇ ਚਰਨ ਦਵਾਰੇ, ਧੂੜੀ ਟਿੱਕਾ ਖ਼ਾਕ ਰਮਾਈਆ । ਮੈਨੂੰ ਭੁਲ ਗਏ ਯਾਰ ਪੁਰਾਣੇ, ਚਾਰ ਯਾਰੀ ਦਿਤੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਆਸ਼ਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਚੌਦਾਂ ਤਬਕੋ ਮੇਰਾ ਅੰਤ ਅਖ਼ੀਰੀ ਸਲਾਮ, ਸਲਾਮਾਲੈਕਮ ਕਹਿ ਕੇ ਦਰ ਜਣਾਈਆ । ਮੈਂ ਸਚ ਦੱਸਾਂ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਜਿਸ ਨੂੰ ਮੁਹੰਮਦ ਕਿਹਾ ਮਹਿਦੀ ਅਮਾਮ, ਓਹ ਮਾਲਕ ਮੇਰਾ ਮੈਨੂੰ ਨਜ਼ਰੀ ਆਈਆ । ਜਿਸ ਮੇਟਣੀ ਕੂੜੀ ਕਿਰਿਆ ਸ਼ਾਮ, ਸਾਚਾ ਨੂਰੀ ਚੰਦ ਚਮਕਾਈਆ । ਮੈਂ ਹੱਦਾਂ ਵਿਚ ਨਹੀਂ ਰਹੀ ਗ਼ੁਲਾਮ, ਬੰਧਨ ਪਿਛਲੇ ਆਈ ਤੁੜਾਈਆ । ਅੱਗੇ ਮੇਰੇ ਪੁਰਖ ਅਕਾਲ ਦਾ ਵੇਖਣਾ ਇੰਤਜ਼ਾਮ, ਜੋ ਬੰਦੋਬਸਤ ਕਰੇ ਥਾਉਂ ਥਾਈਂਆ । ਅਵਤਾਰ ਗੁਰੂ ਪੈਗ਼ੰਬਰ ਜਿਥੇ ਰਹੇ ਅੰਤ ਨਾਕਾਮ, ਬਲਹੀਣ ਦੇਣ ਦੁਹਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਸਤਿ ਧਰਮ ਝੁਲਾਏ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮੰਜ਼ਲ ਕੀਤੀ ਆਸਾਨ, ਮੁਸ਼ਕਲ ਪਿਛਲੀ ਰਿਹਾ ਗਵਾਈਆ ।

੬੮੬
੨੧

### ☀ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਫ਼ਰੰਗੀ ਰਾਮ ਦੇ ਗ੍ਰਿਹ ਪਿੰਡ ਤਰੇਵਾ ਜੰਮੂ ☀

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਦੇ ਦਿਓ ਅਸਤੀਫ਼ਾ, ਕਲਜੁਗ ਵੇਲਾ ਅੰਤਮ ਦਏ ਗਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਨਾਮ ਕਲਮਾ ਦੱਸ ਕੇ ਆਏ ਲਤੀਫ਼ਾ, ਸਿਫ਼ਤਾਂ ਵਾਲਾ ਢੋਲਾ ਮਾਤ ਦ੍ਰਿੜਾਈਆ । ਓਸ ਦਾ ਅੰਤਮ ਖ਼ਾਲੀ ਹੋਇਆ ਖੀਸਾ, ਧੰਨ ਦੌਲਤ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਜੀਭਾ, ਹਿਰਦੇ ਹਰਿ ਨਾ ਕੋਇ ਵਸਾਈਆ । ਅੰਤ ਅਖ਼ੀਰ ਸਚਖੰਡ ਦਵਾਰੇ ਸਾਰੇ ਲਓ ਵਜ਼ੀਫ਼ਾ, ਲੋਕਮਾਤ ਭੈ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਸਾਚੀ ਦੱਸੇ ਨਾਮ ਹਦੀਸਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਲਹਿਣਾ ਦੇਣਾ ਲੇਖਾ ਮੁਕਾਏ ਬੀਸਾ, ਬੀਸ ਬੀਸਾ ਵੇਖ ਵਖਾਈਆ । ਵੇਲਾ ਵਕਤ ਸੁਹੰਜਣਾ ਕਰੇ ਈਸਾ, ਮੂਸਾ ਮੁਸ਼ਕਲ ਦਏ ਮਿਟਾਈਆ । ਮੁਹੰਮਦ ਲੇਖੇ ਲਾਵੇ ਪੀਸਣ ਪੀਸਾ, ਸਦੀ ਚੌਧਵੀਂ ਨਾਲ ਰਲਾਈਆ । ਨਾਨਕ ਗੋਬਿੰਦ ਖੇਲ ਦੱਸੇ ਜਗ ਜੀਤਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਸਾਰੇ ਛਡ ਦਿਓ ਪਿਛਲੀ ਚਾਰ ਜੁਗ ਦੀ ਰੀਤਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਆਤਮ ਧਾਰ ਪ੍ਰਭ ਦਾ ਨੂਰ ਸਦਾ ਜੀਤਾ, ਜਨਮ ਮਰਨ ਵਿਚ ਨਾ ਆਈਆ । ਲੱਖ ਚੁਰਾਸੀ ਪਰਖਣਹਾਰਾ ਨੀਤਾ, ਘਟ ਘਟ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰ੍ਵਾਹੀਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਲਓ ਛੁੱਟੀ, ਛੁਟਕਾਰਾ ਆਪਣਾ ਲਓ ਕਰਾਈਆ । ਸਚ ਮੁਹੱਬਤ ਸ੍ਰਿਸ਼ਟੀ ਨਾਲੋਂ ਤੁੱਟੀ, ਦ੍ਰਿਸ਼ਟੀ ਭੇਵ ਨਾ ਕੋਇ ਖੁਲ੍ਹਾਈਆ । ਅੱਗੇ ਮੰਜ਼ਲ ਰਹੇ ਨਾ ਤ੍ਰੈਕੁਟੀ, ਦਸਮ ਦਵਾਰੀ ਹਿੱਸਾ ਨਾ ਕੋਇ ਸਮਝਾਈਆ । ਕਲਮਿਆਂ ਵਾਲੀ ਕਰੇ ਕੋਈ ਨਾ ਬੁੱਤੀ, ਬੁਤਖ਼ਾਨੇ ਪਈ ਦੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਧਾਰ ਲਗਾਏ ਆਪਣੀ ਰੁਚੀ, ਪਰਮਾਤਮ ਹੋ ਕੇ ਵੇਖ ਵਖਾਈਆ । ਸੁਰਤੀ ਸ਼ਬਦ ਕਰੇ ਸੁੱਚੀ, ਦੁਰਮਤ ਮੈਲ ਧੁਆਈਆ । ਕਾਇਆ ਸੁਹੰਜਣੀ ਕਰੇ ਰੁਤੀ, ਰੁਤੜੀ ਆਪਣੇ ਨਾਮ ਮਹਿਕਾਈਆ । ਧੁਰ ਪ੍ਰੀਤੀ ਜੋੜੇ ਟੁੱਟੀ, ਗੰਢਣਹਾਰ ਆਪ ਅਖਵਾਈਆ । ਸਦੀ ਚੌਧਵੀਂ ਕਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਛੱਡੋ ਖਹਿੜਾ, ਲੋਕਮਾਤ ਨਾ ਅੱਖ ਉਠਾਈਆ । ਧਰਨੀ ਧਰਤ ਧਵਲ ਖੁਲ੍ਹਾ ਹੋਣ ਦਿਓ ਵੇਹੜਾ, ਮਾਨਵ ਮਾਨਵ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਚਲਾਇਆ ਜਿਹੜਾ ਜਿਹੜਾ, ਅੰਤਮ ਕੰਮ ਕਿਸੇ ਨਾ ਆਈਆ । ਸਭ ਦਾ ਉਜੜਨ ਲੱਗਾ ਖੇੜਾ, ਰੁੱਤ ਬਸੰਤ ਨਾ ਕੋਇ ਸੁਹਾਈਆ । ਕਰੇ ਖੇਲ ਪ੍ਰਭ ਪੁਰਖ ਅਬਿਨਾਸ਼ੀ ਧੁਰ ਦਾ ਸ਼ੇਰਾ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਮਿਟੇ ਅੰਧੇਰਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਇਕੋ ਰੰਗ ਰੰਗਾਏ ਸੰਝ ਸਵੇਰਾ, ਚਾਰ ਵਰਨ ਬਖ਼ਸ਼ੇ ਇਕ ਸ਼ਰਨਾਈਆ । ਨਾਮ ਜਪਾਏ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਸੋਹੰ ਰਾਗ ਅਲਾਈਆ । ਜਨ ਭਗਤਾਂ ਅੰਦਰ ਹੋਵੇ ਚਾਓ ਘਨੇਰਾ, ਕੂੜੀ ਕਿਰਿਆ ਡੇਰਾ ਢਾਹੀਆ । ਅੰਤ ਅਖ਼ੀਰ ਬੰਨ੍ਹੇ ਬੇੜਾ, ਹਰਿਜੂ ਆਪਣੇ ਕੰਧ ਉਠਾਈਆ । ਲੱਖ ਚੁਰਾਸੀ ਦੇਵੇ ਗੇੜਾ, ਚਾਰੇ ਖਾਣੀ ਆਪ ਭੁਆਈਆ । ਸਦੀ ਚੌਧਵੀਂ ਕਹੇ ਮੇਰਾ ਵਕ਼ਤ ਅੰਤਮ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਜਨ ਇਕ ਅਖਵਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਦੀਨ ਦੁਨੀ ਦਾ ਛੱਡੋ ਨਾਤਾ, ਵੇਲਾ ਅੰਤਮ ਗਿਆ ਆਈਆ । ਆਪਣੇ ਆਪਣੇ ਕਰਮ ਦਾ ਵੇਖੋ ਖਾਤਾ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਕਿਸੇ ਮਿਲੇ ਨਾ ਨਾਮ ਸਾਚਾ, ਸਚ ਸੁਚ ਨਾ ਕੋਇ ਵਡਿਆਈਆ । ਭਾਗ ਲੱਗੇ ਨਾ ਕਾਇਆ ਪਿੰਡ ਕਾਚਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਨੌ ਖੰਡ ਪ੍ਰਿਥਮੀ ਨੌ ਦਵਾਰੇ ਮਨੂਆ ਨਾਚਾ, ਦਹਿ ਦਿਸ਼ਾ ਉਠ ਉਠ ਧਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਧੁਰ ਦਾ ਹੁਕਮ ਕਿਸੇ ਨਾ ਵਾਚਾ, ਵਾਚਕ ਦੀਨ ਦੁਨੀ ਬਣੀ ਲੋਕਾਈਆ । ਅੰਤ ਅਖ਼ੀਰ ਮੇਟੇ ਨਾ ਕੋਇ ਅੰਧੇਰੀ ਰਾਤਾ, ਧੁਆਂਧਾਰ ਨਾ ਕੋਇ ਗਵਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦੀ ਸਭ ਦਾ ਪਿਤਾ ਮਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦਾ ਚਾਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਲੇਖਾ ਆਪ ਵਖਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਜਗਤ ਨਾਤਾ ਛੱਡੋ ਮੋਹ, ਮੁਹੱਬਤ ਅਵਰ ਰਹੇ ਨਾ ਰਾਈਆ । ਏਕਾ ਖੇਲ ਵੇਖੋ ਸੋ, ਹੰ ਬ੍ਰਹਮ ਰਿਹਾ ਦ੍ਰਿੜਾਈਆ । ਚਾਰ ਕੁੰਟ ਕਰ ਲੋ, ਲੋਆਂ ਪੁਰੀਆਂ ਡਗਮਗਾਈਆ । ਪੁਰਖ ਬਿਧਾਤਾ ਆਪੇ ਹੋ, ਹੋਕਾ ਦੇਵੇ ਥਾਉਂ ਥਾਈਆ । ਸਭ ਦੀ ਤਾਕ਼ਤ ਆਪੇ ਖੋਹ, ਹੁਕਮ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰੇ ਛੱਬੀ ਪੋਹ, ਪੋਸ ਆਪਣਾ ਹੁਕਮ ਵਰਤਾਈਆ ।

### ❋ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਸਾਈਂ ਦਾਸ ਦੇ ਗ੍ਰਿਹ ਪਿੰਡ ਤਰੇਵਾ ਜੰਮੂ ❋

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਸਭ ਨੂੰ ਭਰਨਾ ਪਏ ਖ਼ਰਾਜ, ਜਜ਼ੀਆ ਸਭ ਦੇ ਉਪਰ ਲਾਈਆ । ਆਪਣੀ ਤਬੀਅਤ ਠੀਕ ਰੱਖਿਓ ਮਜ਼ਾਜ, ਮਜ਼ਾਹਮਤ ਕਰਨ ਦੀ ਲੋੜ ਰਹੇ ਨਾ ਰਾਈਆ । ਅੰਤ ਬਦਲਣ ਲੱਗਾ ਸਭ ਦਾ ਰਾਜ, ਨਾਤਾ ਰਈਅਤ ਨਾਲੋਂ ਤੁੜਾਈਆ । ਪੁਰਖ ਅਕਾਲਾ ਆਪਣੇ ਹੱਥ ਪਕੜੇ ਵਾਗ, ਵਾਗਾਂ ਸਭ ਦੀਆਂ ਆਪ ਹਿਲਾਈਆ । ਇਕੋ ਨੂਰ ਚਮਕਣ ਲੱਗਾ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਚਾਰ ਜੁਗ ਦਾ ਮੇਟ ਸਮਾਜ, ਸਮਗਰੀ ਆਪਣੀ ਇਕ ਵਰਤਾਈਆ । ਕੁਛ ਆਸਾ ਰੱਖ ਕੇ ਗਿਆ ਭਾਰਦਵਾਜ, ਸਪਤ ਰਿਖੀ ਕਰ ਸਾਲਾਹੀਆ । ਅਤਰੀ ਪੁਛਿਆ ਓਸ ਦਾ ਜਵਾਬ, ਬਿਨ ਅੱਖਰਾਂ ਦੇ ਸਮਝਾਈਆ । ਧੁਰ ਦੀ ਧਾਰ ਕੀਤਾ ਖ਼ਤਾਬ, ਮੁਖ਼ਾਤਬ ਹੋ ਦ੍ਰਿੜਾਈਆ । ਜਿਸ ਵੇਲੇ ਬੰਦਨਾ ਦੇ ਥਾਂ ਹੋਇਆ ਆਦਾਬ, ਸੱਯਦਿਆਂ ਵਿਚ ਸੀਸ ਝੁਕਾਈਆ । ਸ਼ਹਿਨਸ਼ਾਹ ਦੀ ਜਗਹ ਬਣੇ ਨਵਾਬ, ਨੌਬਤ ਨਾਮ ਹੱਕ ਵਜਾਈਆ । ਪੈਗ਼ੰਬਰ ਅਵਤਾਰਾਂ ਦੀ ਜਗਹ ਜਾਵਣ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਸਭ ਦਾ ਲੇਖਾ ਰਖ ਅਗੰਮੇ ਹਾਥ, ਅਗੰਮੜੀ ਕਾਰ ਕਮਾਈਆ । ਜੁਗ ਚੌਕੜੀ ਚਲਾ ਰਾਥ, ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ਬਰੋ ਅੰਤਮ ਦੇਣਾ ਪਏ ਸਭ ਨੂੰ ਟੈਕਸ, ਹੁਕਮ ਹਕੂਮਤ ਵਾਲਾ ਚਲਾਈਆ । ਆਪਣੇ ਨੂਰ ਦਾ ਵੇਖੋ ਐਕਸ, ਚਾਰੋਂ ਕੁੰਟ ਧਿਆਨ ਲਗਾਈਆ । ਦੀਨ ਮਜ਼੍ਹਬ ਦੇ ਛੋਟੇ ਛੋਟੇ ਰੈਕਸ, ਬੰਧਨਾਂ ਵਿਚ ਬੰਧਾਈਆ । ਝਗੜਾ ਪਾਇਆ ਸ਼ਖ਼ਸੀਅਤ ਵਿਚ ਸ਼ਖ਼ਸ਼, ਸ਼ੱਕ ਵਿਚ ਕੁਰਲਾਈਆ । ਕੁਛ ਆਸ਼ਾ ਰੱਖ ਕੇ ਗਿਆ ਦਸਵਾਂ ਅਵਤਾਰ ਮੱਤਸ, ਮੱਛ ਜਲ ਵਿਚ ਦੁਹਾਈਆ । ਕਲਜੁਗ ਅੰਤ ਜਿਸ ਵੇਲੇ ਮਾਣਸ ਵਿਕਾਰੀ ਹੋਏ ਰਕਸ਼, ਰਾਕਸ਼ ਬੁੱਧੀ ਨਜ਼ਰੀ ਆਈਆ । ਓਸ ਵੇਲੇ ਖੇਲ ਕਰੇ ਪੁਰਖ ਅਕਾਲ ਦੀਨ ਦਿਆਲ ਆਪਣੇ ਵਕ਼ਤ, ਬੇਵਕ਼ਤ ਕਲ ਨਾ ਕੋਇ ਵਰਤਾਈਆ । ਪ੍ਰਗਟ ਹੋ ਕੇ ਆਵੇ ਉਪਰ ਜਗਤ, ਧਰਨੀ ਧਰਤ ਸੋਭਾ ਪਾਈਆ । ਧੁਰ ਫ਼ਰਮਾਨਾ ਦੇਵੇ ਸਖ਼ਤ, ਨਾ ਕੋਈ ਮੇਟੇ ਮੇਟ ਮਿਟਾਈਆ । ਆਪਣੇ ਨਾਮ ਦਾ ਚਾੜ੍ਹ ਕੇ ਕਟਕ, ਚਾਰੋਂ ਕੁੰਟ ਭੈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦੀ ਚੌਧਵੀਂ ਦਾ ਜਗਤ ਸੁਹੰਜਣਾ ਵੇਖ ਬਰਸ, ਬਰਸੀ ਆਪਣੀ ਨਾਲ ਮਿਲਾਈਆ ।


੬੮੮
੨੧

## ✳ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਪਰੇਮੀ ਦੇਵੀ ਦੇ ਗ੍ਰਿਹ ਤਰੇਵਾ ਜੰਮੂ ✳

ਸਦੀ ਚੌਧਵੀ ਕਹੇ ਗੁਰ ਅਵਤਾਰ ਪੈਗ਼ੰਬਰੋ ਛੱਡੋ ਖੇਲ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਨਾਤਾ ਤੋੜੋ ਵੇਦ ਪੁਰਾਨੀ, ਅੰਜੀਲ ਕੁਰਾਨੀ ਡੇਰਾ ਢਾਹੀਆ । ਜਲਵਾ ਤੱਕੋ ਇਕ ਅਸਮਾਨੀ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦਾ ਖੇਲ ਜਗਤ ਅਸਮਾਨੀ, ਪੰਜ ਤੱਤ ਨੂਰ ਜੋਤ ਕਰੇ ਰੁਸ਼ਨਾਈਆ । ਸਾਚੀ ਮੰਜ਼ਲ ਦਏ ਰੁਹਾਨੀ, ਰੂਹ ਬੁਤ ਵੱਜੇ ਵਧਾਈਆ । ਧੁਰ ਦਾ ਨਾਮ ਦੇ ਨਿਸ਼ਾਨੀ, ਨਿਸ਼ਾਨਾ ਆਪਣਾ ਇਕ ਲਗਾਈਆ । ਤਨ ਵਜੂਦੋਂ ਕੱਢੇ ਬੇਈਮਾਨੀ, ਮਮਤਾ ਮੋਹ ਵਿਕਾਰ ਗਵਾਈਆ । ਜਨਮ ਜਨਮ ਦਾ ਕਰਮ ਕਰਮ ਦਾ ਝਗੜਾ ਰਹਿਣ ਨਾ ਦੇਵੇ ਦੀਵਾਨੀ, ਲੱਖ ਚੁਰਾਸੀ ਗੇੜ ਮੁਕਾਈਆ । ਸਾਚੀ ਮੰਜ਼ਲ ਦੱਸ ਆਸਾਨੀ, ਅਸਲ ਆਪਣੇ ਰੰਗ ਰੰਗਾਈਆ । ਸਚ ਸੰਦੇਸ਼ਾ ਦੇ ਫ਼ਰਮਾਨੀ, ਫ਼ਰਮਾਂਬਰਦਾਰ ਲਏ ਬਣਾਈਆ । ਕੋਈ ਜੂਹ ਨਾ ਰਹੇ ਬੇਗਾਨੀ, ਚਾਰੋਂ ਕੁੰਟ ਆਪਣਾ ਹੁਕਮ ਵਰਤਾਈਆ । ਸਭ ਦੇ ਉਪਰ ਕਰੇ ਮਿਹਰਵਾਨੀ, ਮਹਿਬੂਬ ਆਪਣੀ ਨਿਗਾਹ ਉਠਾਈਆ । ਲੇਖਾ ਜਾਣੇ ਚਾਰੇ ਖਾਣੀ, ਚਾਰੇ ਬਾਣੀ ਰਾਗ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਚੀ ਸਿਖ ਲਓ ਤਾਬੇਦਾਰੀ, ਤਬੀਅਤ ਆਪਣੀ ਲਓ ਬਦਲਾਈਆ । ਲੋਕਮਾਤ ਜਣਾਓ ਆਪਣੀ ਸੱਚੀ ਯਾਰੀ, ਦੀਨ ਮਜ਼੍ਹਬ ਹੱਦ ਨਾ ਕੋਇ ਰਖਾਈਆ । ਅੰਤ ਅਖ਼ੀਰ ਬਣੇ ਨਾ ਕੋਇ ਗ਼ਦਾਰੀ, ਦਰ ਘਰ ਸਾਚਾ ਸੋਭਾ ਪਾਈਆ । ਇਕੋ ਵੇਖੋ ਨੂਰ ਨਿਰੰਕਾਰੀ, ਜੋਤੀ ਜਾਤਾ ਡਗਮਗਾਈਆ । ਜਿਸ ਦੇ ਜੁਗ ਜੁਗ ਸਿਫ਼ਤਾਂ ਵਾਲੇ ਨਾਮ ਬਣੇ ਪੁਜਾਰੀ, ਪੂਜਾ ਕਰ ਕੇ ਆਪਣਾ ਝਟ ਲੰਘਾਈਆ । ਓਹ ਖੇਲੇ ਖੇਲ ਵਡ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਉਧਾਰੀ, ਲੇਖੇ ਪਿਛਲੇ ਦਏ ਚੁਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਜਾਨਣਹਾਰਾ ਬਰਖ਼ੁਰਦਾਰੀ, ਅਜ਼ੀਜ਼ਾਂ ਤਮੀਜ਼ ਵੇਖ ਵਖਾਈਆ । ਪੜਦਾ ਲਾਹਵੇ ਨਰ ਨਾਰੀ, ਨਰ ਨਰਾਇਣ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਬਖ਼ਸ਼ ਸੱਚੀ ਸਰਦਾਰੀ, ਦਰਗਾਹ ਸਾਚੀ ਸਭ ਨੂੰ ਦੇਵੇ ਮਾਣ ਵਡਿਆਈਆ ।

## ✳ ੧੩ ਪੋਹ ਸ਼ਹਿਨਸ਼ਾਹੀ ਸੰਮਤ ੪ ਦੇਵਾ ਸਿੰਘ ਦੇ ਗ੍ਰਿਹ ਸੇਈ ਕਲਾਂ ਜੰਮੂ ✳

ਸਦੀ ਚੌਧਵੀਂ ਕਹੇ ਮੈਂ ਰਾਮ ਕ੍ਰਿਸ਼ਨ ਨੂੰ ਪੁਛਿਆ ਮੁੱਛ ਦਾੜ੍ਹੀ ਚੰਗੀ ਕਿ ਖੋਦੇ, ਮੈਨੂੰ ਦਿਓ ਸਮਝਾਈਆ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਪੁਛਿਆ ਸੀਸ ਕੇਸ ਚੰਗੇ ਕਿ ਬੋਦੇ, ਪਰਦਾ ਦਿਓ ਚੁਕਾਈਆ । ਸਾਰੇ ਨੇਤਰ ਨੀਵੇਂ ਕਰ ਕੇ ਕਹਿਣ ਅਸੀਂ ਓਸੇ ਜੋਗੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੁਗ ਚੌਕੜੀ ਤਨ ਵਜੂਦ ਸਾਨੂੰ ਪੁਆਏ ਚੋਗੇ, ਤਤਵ ਤਤ ਨਾਲ ਵਡਿਆਈਆ । ਹੁਕਮ ਸੰਦੇਸ਼ੇ ਜਣਾਏ ਨਾਲ ਮੌਕੇ, ਧੁਰ ਫ਼ਰਮਾਨੇ ਅਗੰਮ ਅਲਾਈਆ । ਸਾਡੀ ਸਮਝ ਕੁਛ ਨਾ ਸੋਚੇ, ਵਿਚਾਰ ਵਿਚ ਵਿਚਰ ਨਾ ਕੋਇ ਸੁਣਾਈਆ । ਅਸੀਂ ਸਾਰੇ ਚਾਰ ਜੁਗ ਬੇਦੋਸ਼ੇ, ਹੁਕਮੇ ਅੰਦਰ

ਕਾਰ ਕਮਾਈਆ । ਸਾਡੇ ਸ਼ਰੀਰ ਓਸੇ ਜੋਗੇ, ਜੋ ਜੁਗਤੀ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਪੁਛਿਆ ਕ੍ਰਿਸ਼ਨ ਰਾਮ, ਮੇਰਾ ਰਾਮ ਦਿਓ ਮਿਲਾਈਆ । ਸਾਚਾ ਕਰੋ ਇੰਤਜ਼ਾਮ, ਬੰਦੋਬਸਤ ਵਿਚ ਵਡਿਆਈਆ । ਧੁਰ ਦਾ ਘਰ ਦੱਸੋ ਮਕਾਨ, ਗ੍ਰਿਹਿ ਇਕੋ ਇਕ ਵਖਾਈਆ । ਜਿਥੇ ਤੱਤਾਂ ਦਾ ਕੋਈ ਨਹੀਂ ਨਿਸ਼ਾਨ, ਮਾਟੀ ਵੰਡ ਨਾ ਕੋਇ ਵੰਡਾਈਆ । ਨਿਰਗੁਣ ਨੂਰ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨ ਸੀਸ ਨਿਵਾਈਆ । ਮੈਂ ਓਸ ਕਰਾਂ ਪਰਨਾਮ, ਜੋ ਪਰਮੇਸ਼ਵਰ ਧੁਰਦਰਗਾਹੀਆ । ਓਹ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਚਰਨ ਧੂੜ ਕਰਾਏ ਇਸ਼ਨਾਨ, ਦੁਰਮਤ ਮੈਲ ਰਹੇ ਨਾ ਰਾਈਆ । ਸਾਚੀ ਮੰਜ਼ਲ ਦਏ ਮਹਾਨ, ਘਰ ਆਪਣੇ ਆਪ ਟਿਕਾਈਆ । ਜਿਥੇ ਪੁੱਜ ਨਾ ਸਕੇ ਕੋਇ ਇਨਸਾਨ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਦੀ ਚੌਧਵੀਂ ਕਹੇ ਮੈਂ ਪੁੱਛਿਆ ਪੈਗ਼ੰਬਰ ਪੀਰੋ, ਪਰਮ ਪੁਰਖ ਦਿਓ ਮਿਲਾਈਆ । ਜਿਹੜਾ ਸਭ ਦਾ ਆਦਿ ਜੁਗਾਦੀ ਹੀਰੋ, ਹਰੀ ਹਰਿ ਆਪਣੀ ਖੇਲ ਖਿਲਾਈਆ । ਜਿਸ ਦੀ ਖਿੱਚ ਸਕੇ ਨਾ ਕੋਇ ਤਸਵੀਰੋ, ਮੁਸੱਵਰ ਤਸੱਵਰ ਨਾ ਕੋਇ ਜਣਾਈਆ । ਜੋ ਸ਼ਰਅ ਪਾਏ ਜ਼ੰਜੀਰੋ, ਕਾਇਨਾਤ ਵੰਡ ਨਾ ਕੋਇ ਵੰਡਾਈਆ । ਜੋ ਮੰਜ਼ਲ ਵਸੇ ਅਖ਼ੀਰੋ, ਆਖ਼ਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਨੂੰ ਪੈਗ਼ੰਬਰਾਂ ਆਖਿਆ ਵੇਖ ਓਸ ਦੀ ਸ਼ਮਅ, ਸ਼ਮਸ ਤਬਰੇਜ਼ ਨਾਲ ਦੁਹਾਈਆ । ਜਿਸ ਦੇ ਦਵਾਰੇ ਗੁਰ ਅਵਤਾਰ ਪੈਗ਼ੰਬਰ ਜਮ੍ਹਾਂ, ਸਾਰੇ ਬੈਠੇ ਸੀਸ ਨਿਵਾਈਆ । ਦੀਨਾਂ ਮਜ਼੍ਹਬਾਂ ਦੀ ਰੱਖ ਕੇ ਤਮਅ, ਆਪਣਾ ਆਪਣਾ ਬਲ ਸਮਝਾਈਆ । ਪੁਰਖ ਅਕਾਲ ਹੁਕਮ ਦੇਵੇ ਨਵਾਂ, ਧੁਰ ਸੰਦੇਸ਼ਾ ਇਕ ਸੁਣਾਈਆ । ਝਗੜਾ ਛੱਡ ਦਿਓ ਮਾਟੀ ਚੰਮਾ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਸਤਿਜੁਗ ਸਾਚਾ ਹੋਵੇ ਸਮਾਂ, ਸੁਹੰਜਣੀ ਰੁਤ ਮਹਿਕਾਈਆ । ਹਰਖ ਸੋਗ ਰਹੇ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਦੀਨ ਮਜ਼੍ਹਬ ਰਹੇ ਨਾ ਬੰਨਾ, ਜਗਤ ਹੱਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਪੁਛਿਆ ਗੁਰੂ ਦੱਸ, ਦੱਸੋ ਹਾਲ ਖ਼ੁਦਾਈਆ । ਕਿਸ ਬਿਧ ਅੰਤਮ ਹੋਵੇ ਬਸ, ਬਸਤੇ ਸਭ ਦੇ ਦਏ ਬੰਨ੍ਹਾਈਆ । ਸਾਂਝਾ ਹੋਵੇ ਜਸ, ਸਿਫ਼ਤਾਂ ਨਾਲ ਸਾਲਾਹੀਆ । ਹੰਕਾਰੀ ਬੁਰਜ ਜਾਵੇ ਢੱਠ, ਹਉਮੇ ਗੜ੍ਹ ਤੁੜਾਈਆ । ਭਾਗ ਲੱਗੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੱਜੇ ਵਧਾਈਆ । ਧੀਰਜ ਮਿਲੇ ਸੰਤੋਖ ਸਤਿ, ਅਗਨੀ ਤਤ ਗਵਾਈਆ । ਭੇਵ ਖੁਲ੍ਹਾਏ ਬ੍ਰਹਮ ਮਤ, ਪਾਰਬ੍ਰਹਮ ਵੇਖ ਵਖਾਈਆ । ਤੀਰ ਅਣਿਆਲਾ ਮਾਰੇ ਕਸ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਨਿਜ ਨੇਤਰ ਖੋਲ੍ਹ ਕੇ ਅੱਖ, ਲੋਚਣ ਆਪਣੇ ਕਰੇ ਰੁਸ਼ਨਾਈਆ । ਸਾਖਿਆਤ ਹੋ ਪ੍ਰਗਟ, ਜਨ ਭਗਤਾਂ ਵੇਖ ਵਖਾਈਆ । ਨਾਮ ਭੰਡਾਰਾ ਖੋਲ੍ਹ ਕੇ ਹੱਟ, ਚਾਰ ਵਰਨਾਂ ਦਏ ਵਰਤਾਈਆ । ਸਾਚਾ ਗ੍ਰਿਹਿ ਦੱਸ ਕੇ ਤਟ, ਕਿਨਾਰਾ ਇਕੋ ਇਕ ਸੁਹਾਈਆ । ਅੰਮ੍ਰਿਤ ਆਤਮ ਨਿਝਰ ਝੱਟ, ਅੰਮ੍ਰਿਤ ਬੂੰਦ ਸਵਾਂਤ ਪਿਆਈਆ । ਦੂਈ ਦਵੈਤ ਮੇਟ ਕੇ ਫੱਟ, ਨਾਮ ਪੱਟੀ ਦਏ ਬੰਧਾਈਆ । ਜੋ ਵਸਣਹਾਰਾ ਘਟ ਘਟ, ਘਟਨਾ ਵੇਖੇ ਕੂੜ ਲੋਕਾਈਆ । ਗੁਰੂ ਦਸ ਕਹਿਣ ਸਦੀ ਚੌਧਵੀਂ ਸਭ ਕੁਛ ਉਸ ਦੇ ਹੱਥ,

ਸਮਰਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਲਹਿਣਾ ਦੇਣਾ ਪੂਰਾ ਕਰੇ ਹੱਕ, ਹਕ਼ੀਕ਼ਤ ਦਾ ਮਾਲਕ ਦਇਆ ਕਮਾਈਆ ।

### ✻ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਰਾਜੋ ਦੇਵੀ ਦੇ ਗ੍ਰਹਿ ਸੇਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਖੇਲ ਤੱਕਿਆ ਚੌਂਹ ਜੁਗੀਂ, ਜੁਗ ਜੁਗ ਭੱਜੀ ਵਾਹੋ ਦਾਹੀਆ । ਦੀਨ ਮਜ਼੍ਹਬ ਧਰਮ ਦਵਾਰ ਦੀ ਬਣੀ ਵੇਖੀ ਚੁੰਗੀ, ਗੁਰ ਅਵਤਾਰ ਪੈਗ਼ੰਬਰ ਮਸੂਲ ਟੈਕਸ ਰਹੇ ਲਗਾਈਆ । ਦੀਨ ਦੁਨੀ ਦੀ ਪੁਰਖ ਅਕਾਲ ਦਿਤੀ ਨਹੀਂ ਕਿਸੇ ਨੂੰ ਕੁੰਜੀ, ਇਸ਼ਾਰਿਆਂ ਨਾਲ ਸਭ ਨੂੰ ਦਿਤਾ ਪਰਚਾਈਆ । ਰਸਨਾ ਰਸ ਚਖੌਂਦਾ ਰਿਹਾ ਚੁੰਝੀਂ, ਅੰਮ੍ਰਿਤ ਭੰਡਾਰਾ ਆਪਣੇ ਵਿਚ ਛੁਪਾਈਆ । ਏਸੇ ਕਾਰਨ ਸ੍ਰਿਸ਼ਟੀ ਅੰਤਮ ਹੋਈ ਸੁੰਞੀ, ਵੈਰਾਨੀ ਘਰ ਘਰ ਡੇਰਾ ਲਾਈਆ । ਜਗਤ ਸਨਿਆਸੀਆਂ ਚੋਟੀ ਗਈ ਮੁੰਨੀ, ਅਭਿਆਸੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਦਾਤਾ ਦਿਸੇ ਕੋਇ ਨਾ ਗੁਣੀ, ਵਸਤ ਨਾਮ ਨਾ ਕੋਇ ਵਰਤਾਈਆ । ਓਢਨ ਸੀਸ ਦਿਸੇ ਕਿਸੇ ਨਾ ਚੁੰਨੀ, ਖੁਲ੍ਹੀ ਮੇਂਢੀ ਜਗਤ ਦੁਹਾਈਆ । ਸਚ ਪੁਕਾਰ ਨਾ ਜਾਏ ਸੁਣੀ, ਕੂੜੀ ਕਿਰਿਆ ਰੌਲਾ ਪਾਈਆ । ਸਾਬਤ ਰਿਹਾ ਨਾ ਮੁਸਲਿਮ ਸੁੰਨੀ, ਈਮਾਨ ਹੱਕ ਨਾ ਕੋਇ ਰਖਾਈਆ । ਖ਼ਾਲੀ ਹੋਈ ਅੰਤਮ ਕੁੰਨੀ, ਵਸਤ ਸਚ ਨਾ ਕੋਇ ਟਿਕਾਈਆ । ਸ਼ਰਅ ਸ਼ਰੀਅਤ ਬਣੀ ਖ਼ੂਨੀ, ਕਲ ਰੂਪ ਕਸਾਈਆ । ਸਾਬਤ ਰਹੀ ਨਾ ਕਿਸੇ ਧੂਣੀ, ਸਾਧੂ ਸਾਧਨਾ ਵਿਚ ਨਾ ਕੋਇ ਜਣਾਈਆ । ਪਵਿਤ੍ਰ ਰਹੀ ਨਾ ਕਿਸੇ ਕੂਣੀ, ਰਸਨਾ ਕੂੜ ਨਾਲ ਹਲਕਾਈਆ । ਪਵਿਤ੍ਰ ਰਹੀ ਕੋਈ ਨਾ ਜੂਨੀ, ਲੱਖ ਚੁਰਾਸੀ ਮਾਰੇ ਧਾਹੀਂਆ । ਮਾਇਆ ਮਮਤਾ ਵਧ ਗਈ ਦੂਣੀ, ਗੁਰ ਅਵਤਾਰ ਪੈਗ਼ੰਬਰ ਮੋਹ ਨਾ ਕੋਇ ਤੁੜਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਕ਼ਾਨੂੰਨੀ, ਜਗਤ ਧਾਰ ਲਈ ਬਦਲਾਈਆ । ਪੁਰਖ ਅਕਾਲ ਨੂੰ ਸਮਝਣ ਇਕ ਮਾਮੂਲੀ, ਗੁਰ ਅਵਤਾਰ ਪੈਗ਼ੰਬਰਾਂ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾਂ ਨਾਲ ਕਰਨ ਵਡਿਆਈਆ । ਜਿਧਰ ਤੱਕਾਂ ਹੋਈ ਬੇਅਸੂਲੀ, ਅਸਲ ਵਸਲ ਯਾਰ ਨਾ ਕੋਇ ਵਖਾਈਆ । ਚਾਰੋਂ ਕੁੰਟ ਦਿਸੇ ਸੂਲੀ, ਦੁੱਖਾਂ ਭਰੀ ਲੋਕਾਈਆ । ਸਾਚੀ ਮਿਲੇ ਕਿਸੇ ਨਾ ਧੂਲੀ, ਮਸਤਕ ਖ਼ਾਕ ਨਾ ਕੋਇ ਰਮਾਈਆ । ਮਨਸਾ ਕਰੇ ਕੋਈ ਨਾ ਪੂਰੀ, ਪੁਰੀਆਂ ਲੋਆਂ ਪੰਧ ਨਾ ਕੋਇ ਮੁਕਾਈਆ । ਸਭ ਦੀ ਜ਼ਿੰਦਗੀ ਹੋਈ ਅਧੂਰੀ, ਜੀਵਣ ਲੇਖੇ ਕੋਇ ਨਾ ਲਾਈਆ । ਸ੍ਰਿਸ਼ਟ ਸਬਾਈ ਦਿਸੀ ਕੂੜੀ, ਸਾਚਾ ਸੰਗ ਨਾ ਕੋਇ ਨਿਭਾਈਆ । ਰੰਗਤ ਚੜ੍ਹੇ ਕੋਇ ਨਾ ਗੂੜ੍ਹੀ, ਦੁਰਮਤ ਮੈਲ ਨਾ ਕੋਇ ਧੁਆਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਚਾਰੋਂ ਕੁੰਟ ਬਣੀ ਮਜਬੂਰੀ, ਮੁਸ਼ਕਲ ਹਲ ਨਾ ਕੋਇ ਕਰਾਈਆ । ਮੈਂ ਤੇਰੀ ਚਰਨ ਸਰਨ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਮਸ਼ਕੂਰੀ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਨਾਲ ਤਕਾਈਆ । ਪੰਧ ਮੁਕਾ ਨੇੜੇ ਦੂਰੀ, ਹਾਜ਼ਰ ਹਜ਼ੂਰੀ ਸੋਭਾ ਪਾਈਆ । ਤੇਰਾ ਖੇਲ ਵੇਖਣਾ ਜ਼ਰੂਰੀ, ਜ਼ਰੂਰਤ ਸਭ ਦੀ ਰਹੀ ਜਣਾਈਆ । ਸਦੀ ਚੌਧਵੀਂ ਕਹੇ ਤੂੰ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਇਕ ਨੂਰੀ, ਨੂਰ ਨੁਰਾਨਾ ਨੂਰ ਅਲਾਹੀਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦੀ ਹੋਵੇ ਇਕ ਮਸ਼ਹੂਰੀ, ਮਿਸਾਲਾਂ ਦੇਣ ਦੀ ਲੋੜ ਰਹੇ ਨਾ ਰਾਈਆ । ਕੂੜੀ ਕਿਰਿਆ ਕਰ ਕਾਫ਼ੂਰੀ, ਸਤਿ

ਧਰਮ ਸਤਿ ਸਮਾਈਆ । ਹਰ ਘਟ ਅੰਦਰ ਤੇਰਾ ਜਲਵਾ ਹੋਵੇ ਕੋਹਤੂਰੀ, ਕਾਇਆ ਕਾਅਬੇ ਵੱਜੇ ਵਧਾਈਆ । ਜਨ ਭਗਤਾਂ ਝੋਲੀ ਪਾ ਮਜ਼ਦੂਰੀ, ਜੁਗ ਜੁਗ ਤੇਰੀ ਸੇਵ ਕਮਾਈਆ । ਅੰਤਰ ਰਹੇ ਨਾ ਗੜ੍ਹ ਗ਼ਰੂਰੀ, ਗ਼ੁਰਬਤ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜਲਵਾ ਇਕੋ ਨੂਰੀ, ਨੂਰੇ ਚਸ਼ਮ ਕਰ ਰੁਸ਼ਨਾਈਆ ।

✻ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਪੂਰਨ ਸਿੰਘ ਰਾਜਾ ਸਿੰਘ ਦੇ ਗ੍ਰਹਿ ਸੇਈ ਕਲਾ ਜੰਮੂ ✻

ਸਦੀ ਚੌਧਵੀਂ ਕਹੇ ਪ੍ਰਭ ਪਿਛਲੀ ਸ਼ਰਅ ਕਰ ਮੁਰਦੀ, ਗੁਰਮੁਖ ਮੁਰਦੇ ਮੁਰੀਦ ਲੈ ਬਣਾਈਆ । ਭੇਟਾ ਰਹੇ ਕਿਸੇ ਨਾ ਦੁਰਗੀ, ਕਾਲੀ ਕਲ ਨਾ ਕੋਇ ਵਰਤਾਈਆ । ਜ਼ਿਬਹ ਕਰੇ ਕੋਈ ਨਾ ਮੁਰਗੀ, ਸੀਸ ਤਨ ਨਾ ਵੰਡ ਵੰਡਾਈਆ । ਇਕੋ ਧਾਰ ਚਲੇ ਪੁਰਖ ਅਕਾਲ ਸਾਹਿਬ ਸੱਚੇ ਸਤਿਗੁਰ ਦੀ, ਪਾਰਬ੍ਰਹਮ ਸਭ ਤੇਰੀ ਸੇਵ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਥ ਕਰੇ ਇਕ ਦੂਜੇ ਦੇ ਲੋੜ ਦੀ, ਦੂਜਾ ਸੰਗ ਨਾ ਕੋਇ ਬਣਾਈਆ । ਤਾਕ਼ਤ ਰਹੇ ਨਾ ਕਿਸੇ ਦੇ ਜ਼ੋਰ ਦੀ, ਬਲਹੀਣ ਦੇਣੇ ਕਰਾਈਆ । ਵੇਖ ਖੇਲ ਕਲਜੁਗ ਅੰਤਮ ਘੋਰ ਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਵਡਿਆਈ ਵਧੀ ਠਗ ਚੋਰ ਦੀ, ਹਰਿਜਨ ਬੈਠੇ ਮੁਖ ਛੁਪਾਈਆ । ਜਨ ਭਗਤਾਂ ਆਸ਼ਾ ਤੇਰੇ ਲੋੜ ਦੀ, ਲੋੜੀਂਦੇ ਸੱਜਣ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਮਨਾਈਆ । ਸਦੀ ਚੌਧਵੀਂ ਕਹੇ ਸਭ ਦੀ ਬੰਦ ਕਰ ਦੇ ਭੇਟਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਚੁਰਾਸੀ ਵਿਚੋਂ ਮਾਰੇ ਕੋਈ ਨਾ ਕਿਸੇ ਦਾ ਬੇਟਾ, ਮਨੁਸ਼ ਮਾਨਵ ਦੇਣਾ ਸਮਝਾਈਆ । ਆਤਮ ਬ੍ਰਹਮ ਕਰਾ ਚੇਤਾ, ਚੇਤਨ ਸੁਰਤੀ ਆਪ ਜਣਾਈਆ । ਨਰ ਨਰਾਇਣ ਤੇਰਾ ਹੋਵੇ ਹੇਤਾ, ਸਚ ਪ੍ਰੀਤੀ ਵਿਚ ਸਮਾਈਆ । ਜਨਮ ਕਰਮ ਦਾ ਪੂਰਾ ਕਰ ਲੇਖਾ, ਭੇਵ ਅਭੇਦ ਖੁਲ੍ਹਾਈਆ । ਸਚਖੰਡ ਦਵਾਰ ਵਖਾ ਆਪਣਾ ਦੇਸਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਧੁਰ ਫ਼ਰਮਾਨ ਅਗੰਮੀ ਦੇ ਸੰਦੇਸ਼ਾ, ਧੁਰ ਦਾ ਹੁਕਮ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰੇ ਵਜਦੀ ਰਹੇ ਵਧਾਈਆ । ਸਦੀ ਚੌਧਵੀਂ ਕਹੇ ਨਾ ਕੋਈ ਕਰੇ ਕਿਸੇ ਕ਼ਤਲ, ਕ਼ਤਲਗਾਹ ਨਾ ਕੋਇ ਵਖਾਈਆ । ਮਾਨਵ ਜ਼ਾਤੀ ਤੱਕੇ ਤੇਰਾ ਪਤਣ, ਦਰ ਦਵਾਰਾ ਵੇਖ ਵਖਾਈਆ । ਤੇਰੇ ਮਿਲਣ ਦਾ ਸਭ ਨੂੰ ਹੋਵੇ ਯਤਨ, ਯਥਾਰਥ ਦੇਣਾ ਦ੍ਰਿੜਾਈਆ । ਹਰਿਜਨ ਭਗਤ ਉਠੌਣੇ ਅਮੋਲਕ ਰਤਨ, ਹੀਰੇ ਗੁਰਮੁਖ ਨਾਲ ਮਿਲਾਈਆ । ਸਚ ਦਵਾਰਾ ਵਖੌਣਾ ਵਤਨ, ਦਰਗਾਹ ਸਾਚੀ ਪੜਦਾ ਲਾਹੀਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਸਣ, ਨਿਰਗੁਣ ਨਿਰਗੁਣ ਵਿਚ ਸਮਾਈਆ । ਸੋ ਖੇਲ ਕਰਨਾ ਪੁਰਖ ਸਮਰਥਣ, ਹਰਿ ਕਰਤੇ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਸਭ ਦੀ ਪੈਜ ਆਇਉਂ ਰੱਖਣ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਲੱਖ ਚੁਰਾਸੀ ਵਿਚੋਂ ਹਰਿਜਨ ਆਇਉਂ ਕੱਢਣ, ਜੂਨੀ ਜੂਨ ਨਾ ਕੋਇ ਭਵਾਈਆ । ਸਤਿਗੁਰ ਧਾਰ ਸ਼ਬਦ ਆਇਉਂ ਸੱਦਣ, ਸੱਦਾ ਦੇਵੇਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੧੩

੨੧

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਇਕੋ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਕਿਉਂ ਭੇਟਾ ਚੜ੍ਹਦਾ ਰਿਹਾ ਭੈਸਾ, ਦੇਵੀ ਕਲਾ ਧਾਰ ਵਡਿਆਈਆ । ਮੇਰਾ ਦੂਰ ਕਰ ਦੇ ਸਹਿਸਾ, ਪੜਦਾ ਦੇ ਚੁਕਾਈਆ । ਕਿਉਂ ਲੇਖਾ ਬਣਦਾ ਰਿਹਾ ਨਾਲ ਦੈਂਤਾ, ਬੁੱਧੀ ਕੂੜ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਕਿਉਂ ਦੁਰਗਾ ਮੰਗਦੀ ਰਹੀ ਖ਼ੂਨ, ਆਪਣੀ ਖ਼ੁਸ਼ੀ ਬਣਾਈਆ । ਕੀ ਗੋਬਿੰਦ ਨੇ ਲਿਖਿਆ ਇਹਦਾ ਮਜ਼ਮੂਨ, ਵਾਰ ਚੰਡੀ ਦਏ ਗਵਾਹੀਆ । ਕੀ ਹੁਕਮ ਤੇਰਾ ਕ਼ਾਨੂੰਨ, ਸੰਦੇਸਾ ਦੇਣਾ ਦ੍ਰਿੜਾਈਆ । ਕੀ ਜਲਵਾ ਹੋਏ ਜਨੂਨ, ਜ਼ਾਹਰ ਕਰੇਂ ਰੁਸ਼ਨਾਈਆ । ਕੀ ਬਰਦਾ ਹੋਏ ਮਮਨੂਨ, ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ, ਦੇਵੀ ਮਾਤਾ ਖ਼ੂਨ ਦੀ ਬਣੀ ਰਹੀ ਪਿਆਸਾ, ਮਾਂ ਕਰ ਕੇ ਸਾਰੇ ਉਸ ਨੂੰ ਗਾਈਆ । ਇਹੋ ਪ੍ਰਭ ਦਾ ਅਜਬ ਤਮਾਸ਼ਾ, ਜੁਗ ਜੁਗ ਆਪਣਾ ਖੇਲ ਖਿਲਾਈਆ । ਜਗਤ ਦੀ ਮਾਂ ਬੱਚਿਆਂ ਦੇ ਖ਼ੂਨ ਨਾਲ ਭਰ ਕੇ ਆਪਣਾ ਕਾਸਾ, ਸਿੰਘ ਸਵਾਰ ਹੋ ਕੇ ਆਪਣਾ ਬਲ ਜਣਾਈਆ । ਤੂੰ ਖ਼ੁਸ਼ੀਆਂ ਨਾਲ ਕਰ ਹਾਸਾ, ਪ੍ਰਭ ਕਲਾ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ, ਓਹ ਮਾਤਾ ਨਹੀਂ ਜੋ ਬਚਿਆਂ ਖ਼ੂਨ ਪਿਆਸੀ, ਭੇਟਾ ਲੈ ਕੇ ਖ਼ੁਸ਼ੀ ਬਣਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਸਤਿਜੁਗ ਵਿਚ ਕਲਜੁਗ ਕੂੜੀ ਕਿਰਿਆ ਦਿਤੀ ਸਮਝਾਈਆ । ਤੇਰੇ ਵਿਚ ਵੇਖ ਕਿਤਨੀ ਹੋਈ ਬਦਮਾਸ਼ੀ, ਬਦੀ ਘਰ ਘਰ ਡੇਰਾ ਲਾਈਆ । ਚਾਰ ਕੁੰਟ ਅੰਧੇਰੀ ਰਾਤੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਪਿਤਾ ਪੂਤ ਬਣੇ ਇਕ ਦੂਜੇ ਦੇ ਘਾਤੀ, ਮਾਂ ਬੱਚਿਆਂ ਨੂੰ ਛੱਡ ਕੇ ਦੂਜੇ ਘਰ ਉਠ ਜਾਈਆ । ਕਿਸੇ ਦਾ ਕੋਈ ਨਹੀਂ ਸੱਚਾ ਸਾਥੀ, ਇਹ ਦੁਰਗਾ ਰਹੀ ਸਮਝਾਈਆ । ਇਕ ਕਥਾ ਕਹਾਣੀ ਓਸ ਨੇ ਆਖੀ, ਓਮ ਨਮੋ ਆਦੇਸ਼ ਗੁਰੂ ਜੀ ਕਾ ਮਰੂ ਦੇਵਾ ਜਿਸ ਦੀ ਸਮਝੇ ਕੋਇ ਨਾ ਬਾਤੀ, ਬਾਤਨ ਪੜਦਾ ਨਾ ਕੋਇ ਖੁਲ੍ਹਾਈਆ । ਅਸਮਾਲ ਜੋਗੀ ਕੀ ਸੁਰੱਈ ਕਥਾ ਕਹਾਣੀ ਆਖੀ, ਭੁਜਾਂ ਅੱਠਾਂ ਤਾਈਂ ਹਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਤਕ ਸ਼ਰਅ ਛੁਰੀ ਚਲਦੀ ਰਹਿਣੀ ਕਾਤੀ, ਕ਼ਤਲਗਾਹ ਬਣੀ ਰਹੇ ਲੋਕਾਈਆ । ਜਿਸ ਵੇਲੇ ਅੰਤ ਮੇਰਾ ਆਇਆ ਕਮਲਾਪਾਤੀ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਦੇਵਾ ਕਹੇ ਉਹ ਧੁਰ ਦਾ ਬਣ ਜਾਏ ਸਾਥੀ, ਮੇਰਾ ਸਗਲਾ ਸੰਗ ਵਖਾਈਆ । ਚਾਰ ਜੁਗ ਮੇਰੀ ਕਵਾਰੀ ਦੀ ਬੀਤ ਜਾਵੇ ਹਯਾਤੀ, ਅੰਗੀਕਾਰ ਨਾ ਕੋਇ ਕਰਾਈਆ । ਮੇਰੀ ਮਹਿਮਾ ਸਿਫ਼ਤ ਰਹੇ ਕਾਗ਼ਜ਼ਾਤੀ, ਪੱਥਰਾਂ ਵਿਚ ਵਡਿਆਈਆ । ਅੰਤ ਦਰਸ਼ਨ ਕਰਾਂ ਪੁਰਖ ਅਬਿਨਾਸ਼ੀ, ਜੋ ਪਾਰਬ੍ਰਹਮ ਧੁਰ ਦਾ ਮਾਹੀਆ । ਫੇਰ ਅਗਲੀ ਦੱਸਾਂ ਸਾਖੀ, ਸੁਖ਼ਨ ਸਚ ਸੁਣਾਈਆ । ਸਦੀ ਚੌਧਵੀਂ ਇਹ ਸਭ ਦਾ ਲਹਿਣਾ ਦੇਣਾ ਪੂਰਾ ਹੋਣਾ ਛੱਬੀ ਪੋਹ ਦੀ ਰਾਤੀ ਜਿਸ ਵੇਲੇ ਜਨ ਭਗਤ ਬਣੇ ਬਰਾਤੀ, ਸੋਹਣਾ ਸੰਗ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਜੁਗ ਜੁਗ ਕੀਤੀ ਆਖੀ, ਆਖ਼ਰ ਆਪਣੇ ਨਾਲ ਮਿਲਾਈਆ ।

੬੧੩

੨੧

## ✻ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਇੰਦਰ ਰਾਮ ਦੇ ਗ੍ਰਿਹ ਸੇਈ ਕਲਾਂ ਜੰਮੂ ✻



ਸਦੀ ਚੌਧਵੀਂ ਕਹੇ ਪ੍ਰਭ ਤੇਰਾ ਰਾਹ ਤੱਕਣ ਦੇਵ ਦਾਨਵ ਯਖ, ਪਵਣ ਹਵਾ ਧਿਆਨ ਲਗਾਈਆ । ਵਰੋਲਿਆਂ ਵਿਚ ਰਹੇ ਨਠ, ਵਲਵਲਿਆਂ ਵਿਚ ਭੱਜਣ ਚਾਈਂ ਚਾਈਂਆ । ਔਝੜ ਰਾਹ ਰਹੇ ਢੱਠ, ਆਪਣਾ ਆਪ ਮਿਟਾਈਆ । ਇਕ ਦੂਜੇ ਨੂੰ ਰਹੇ ਦੱਸ, ਦੂਰ ਦੁਰਾਡੇ ਆਪ ਜਣਾਈਆ । ਵੇਖੋ ਖੇਲ ਪੁਰਖ ਸਮਰਥ, ਹਰਿ ਕਰਤਾ ਆਪਣੀ ਖੇਲ ਰਚਾਈਆ । ਛੱਬੀ ਪੋਹ ਕਰ ਇਕੱਠ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਕਿਉਂ ਸਾਨੂੰ ਪਿਛੇ ਰਿਹਾ ਛਡ, ਸ਼ਬਦੀ ਆਵਾਜ਼ ਨਾ ਕੋਇ ਲਗਾਈਆ । ਅਸੀਂ ਰਹਿਣਾ ਨਹੀਂ ਅੱਡ, ਉਚੀ ਕੂਕੇ ਕਰੋ ਹਾਲ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਆਪਣੀ ਖੇਲ ਬਣਾਈਆ । ਦੇਵਤ ਸੁਰ ਦੇਵ ਦੈਂਤ ਸਾਥ ਰਖਾਓ ਯਖ ਯਖਨੀ, ਗੋਬਿੰਦ ਨਾਲ ਵਡਿਆਈਆ । ਕਲਾ ਰਹੇ ਕੋਈ ਨਾ ਸੱਖਣੀ, ਹਿੱਸਾ ਸਭ ਦਾ ਵੇਖ ਵਖਾਈਆ । ਡੇਰੇ ਛੱਡੋ ਆਪਣੇ ਪੱਤਣੀਂ, ਮੰਦਰ ਦਿਓ ਤਜਾਈਆ । ਲਾਲਸਾ ਕਰੋ ਨਾ ਹੀਰੇ ਰਤਨੀ, ਮਾਣਕ ਮੋਤੀ ਨਾ ਕੋਇ ਚਤੁਰਾਈਆ । ਲਾਲਚ ਰਹੇ ਨਾ ਕੂੜੇ ਵਤਨੀ, ਘਰ ਬਾਰ ਦੇਣਾ ਤਜਾਈਆ । ਸਾਚੀ ਧਾਰ ਇਕੋ ਤੱਕਣੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਦਇਆ ਕਮਾਈਆ । ਯਖ ਯਖਨੀ ਦੇਵ ਦਾਨਵ ਸੁਰ, ਸੁਰਤੀ ਅੰਦਰ ਲਓ ਅੰਗੜਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਵੇਖੋ ਧੁਰ, ਧਰਨੀ ਧਰਤ ਧਵਲ ਰਿਹਾ ਸੁਹਾਈਆ । ਜੋ ਆਦਿ ਜੁਗਾਦੀ ਦੋ ਜਹਾਨਾਂ ਗੁਰ, ਸਤਿਗੁਰ ਸੱਚਾ ਸਾਹਿਬ ਸੁਲਤਾਨ ਵੱਡੀ ਵਡਿਆਈਆ । ਆਪਣੀ ਕਰਨੀ ਤੋਂ ਕਦੇ ਜਾਵੇ ਨਾ ਮੁੜ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਲੱਗੀ ਪ੍ਰੀਤ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਅਟਕਾਈਆ । ਚਾਰ ਜੁਗ ਦੇ ਵਿਛੜੇ ਰਿਹਾ ਜੋੜ, ਨਿਰਗੁਣ ਸਰਗੁਣ ਮੇਲ ਮਿਲਾਈਆ । ਤੁਸੀਂ ਵੀ ਸਾਰੇ ਪਾਵੋ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਪ੍ਰਭੂ ਤੇਰੇ ਹੱਥ ਸਾਡੀ ਡੋਰ, ਦੂਜਾ ਰਹਿਣ ਕੋਇ ਨਾ ਪਾਈਆ । ਕਰ ਸਹਾਇਤਾ ਕਲਜੁਗ ਅੰਧਘੋਰ, ਘੋਰੀ ਹੋ ਕੇ ਵੇਖ ਵਖਾਈਆ । ਅਸੀਂ ਤੇਰੇ ਦਵਾਰੇ ਦੇ ਚੋਰ, ਚੋਰੀ ਮੱਖਣ ਖਾ ਕੇ ਝਟ ਲੰਘਾਈਆ । ਬਹੁੜੀ ਅੰਤਮ ਜਾਵੀਂ ਬਹੁੜ, ਨੇਤਰ ਨੈਣਾਂ ਨੀਰ ਵਹਾਈਆ । ਸਾਨੂੰ ਪਿਛੇ ਨਾ ਜਾਵੀਂ ਛੋੜ, ਬੰਦੀ ਛੋੜ ਤੇਰੀ ਸਰਨਾਈਆ । ਸਦੀ ਚੌਧਵੀਂ ਪੈ ਗਈ ਸਾਚੀ ਲੋੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰਾ ਇਕੋ ਦੇਣਾ ਸੁਹਾਈਆ । ਦੇਵਤ ਸੁਰ ਦਾਨਵ ਕਹਿਣ ਯਖ ਯਖਨੀ ਕਰੀਏ ਹੱਕ ਸਲਾਹ, ਮਤਾ ਇਕੋ ਇਕ ਪਕਾਈਆ । ਆਪਣੀ ਨਿਗਾਹ ਮਾਰੋ ਵਿਚ ਗਿਰਾਹ, ਅੰਦਰ ਅੰਤਰ ਫੋਲ ਫੁਲਾਈਆ । ਕੀ ਕਰਦੇ ਰਹੇ ਗੁਨਾਹ, ਹੁਕਮ ਮੰਨਿਆ ਨਾ ਧੁਰਦਰਗਾਹੀਆ । ਜਗਤ ਦੇਂਦੇ ਰਹੇ ਪਨਾਹ, ਆਪਣਾ ਬਲ ਵਖਾਈਆ । ਅੰਤਮ ਮਿਟਣ ਲੱਗਾ ਨਾਂ, ਨਿਸ਼ਾਨਾ ਕੂੜਾ ਦਏ ਗਵਾਈਆ । ਬਿਨ ਪੁਰਖ ਅਕਾਲ ਸਿਰ ਦੇਵੇ ਕੋਈ ਨਾ ਠੰਡੀ ਛਾਂ, ਅਗਨੀ ਤਤ ਨਾ ਕੋਇ ਬੁਝਾਈਆ । ਸਦੀ ਚੌਧਵੀਂ ਕਰੇ ਨਾ ਕੋਇ ਨਿਆਂ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਾਡੇ ਸਭ ਦੇ ਹੁੰਦਿਆਂ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਸਾਬਤ ਨਜ਼ਰ ਕੋਇ ਨਾ ਆਈਆ । ਕੀ ਕਰੇ ਬੇਚਾਰੀ ਧਰਤੀ ਮਾਂ, ਜੰਮਣ ਵਾਲੀ ਰੋ ਰੋ ਮਾਰੇ ਧਾਹੀਆ । ਸਾਨੂੰ ਮਿਲੇ ਕਿਤੇ ਨਾ ਥਾਂ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਪਈ ਦੁਹਾਈਆ ।

੬੯੪
੨੧

ਕਿਸ ਦਵਾਰੇ ਜਾ ਕੇ ਲਈਏ ਨਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੀਰਥ ਤਟ ਕਿਨਾਰੇ ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਦਿਸੇ ਨਾ ਕੋਈ ਨਾ ਰਾਹ, ਦੀਨ ਮਜ਼੍ਹਬ ਘਰ ਘਰ ਕਰਨ ਲੜਾਈਆ । ਗੁਰ ਅਵਤਾਰ ਪਕੜੇ ਕੋਈ ਨਾ ਬਾਂਹ, ਸਾਰੇ ਪੱਲੂ ਗਏ ਛੁਡਾਈਆ । ਨਿਥਾਵਿਆਂ ਦੇਵੇ ਨਾ ਕੋਈ ਥਾਂ, ਸਿਰ ਹੱਥ ਨਾ ਕੋਇ ਟਿਕਾਈਆ । ਸਦੀ ਚੌਧਵੀਂ ਕਹੇ ਇਕ ਮੰਨੋ ਮੇਰੀ ਰਜ਼ਾ, ਰਮਜ਼ ਨਾਲ ਸਮਝਾਈਆ । ਪੁਰਖ ਅਬਿਨਾਸ਼ੀ ਮਿਲੋ ਆ, ਸਾਹਿਬ ਸਵਾਮੀ ਦਇਆ ਕਮਾਈਆ । ਜਿਸ ਨੇ ਦੋ ਜਹਾਨਾਂ ਸਾਹ ਲਿਆ ਸੁਧਾ, ਥਿਤ ਵਾਰ ਵੰਡ ਵੰਡਾਈਆ । ਛੱਬੀ ਪੋਹ ਨੂੰ ਸਭ ਦੇ ਬਖ਼ਸ਼ ਦੇਵੇ ਗੁਨਾਹ, ਪੂਰਬ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨਾਂ ਕਰਨ ਆਇਆ ਹੱਕ ਨਿਆਂ, ਨਿਆਂਕਾਰ ਇਕੋ ਇਕ ਅਖਵਾਈਆ ।

### ❋ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਬੇਲਾ ਸਿੰਘ ਦੇ ਗ੍ਰਹਿ ਸੇਈ ਕਲਾਂ ਜੰਮੂ ❋

ਸਦੀ ਚੌਧਵੀਂ ਕਹੇ ਮੇਰੇ ਰਾਮ ਕਿਹੜਾ ਤੇਰਾ ਇਲਮ, ਧੁਰ ਆਲਮ ਦੇਣਾ ਸਮਝਾਈਆ । ਜਿਸ ਵਿਚ ਤੂੰ ਲੇਖ ਲਿਖਿਆ ਹੋਵੇ ਪੀਣਾ ਚਿਲਮ, ਦੁਰਗੰਧ ਤਮਾਕੂ ਵਾਲੀ ਭਰਾਈਆ । ਜਿਸ ਰਸਨਾ ਨਾਲ ਤੇਰਾ ਕਰਨਾ ਹੋਵੇ ਸਿਮਰਨ, ਤੇਰੀ ਮਹਿਮਾ ਗਾਈਆ । ਓਹ ਕਿਉਂ ਨਾ ਆਵੇ ਤੈਨੂੰ ਮਿਲਣ, ਜਿਸ ਦੇ ਅੰਤਰ ਤੇਰਾ ਨੂਰ ਜੋਤ ਰੁਸ਼ਨਾਈਆ । ਕਿਉਂ ਜਗਤ ਕੂੜੀ ਕਿਰਿਆ ਫਸਾਇਆ ਵਿਚ ਜਿਲ੍ਹਣ, ਬਾਹਰ ਸਕਿਆ ਨਾ ਕੋਇ ਕਢਾਈਆ । ਦੀਨਾਂ ਮਜ਼੍ਹਬਾਂ ਵਿਚੋਂ ਸਕੇ ਨਾ ਕੋਇ ਹਿਲਣ, ਗੁਰ ਅਵਤਾਰ ਪੈਗ਼ੰਬਰ ਬੰਧਨ ਨਾ ਕੋਇ ਤੁੜਾਈਆ । ਚੁਰਾਸੀ ਵਾਲਾ ਦੁਖੜਾ ਝੱਲਣ, ਮਰ ਜੰਮਣ ਜੰਮਣ ਤੇ ਮਰ ਜਾਈਆ । ਤੇਰੇ ਭੈ ਵਿਚ ਮੂਲ ਨਾ ਕੰਬਣ, ਡਰ ਸਿਰ ਨਾ ਕੋਇ ਰਖਾਈਆ । ਕੂੜੀ ਕਿਰਿਆ ਚਾੜ੍ਹਿਆ ਅਮਲ, ਸਤਿ ਸਰੂਰ ਨਾ ਕੋਇ ਵਖਾਈਆ । ਏਸੇ ਕਾਰਨ ਦੁਨੀਆ ਖ਼ਾਲੀ ਹੋਈ ਵਾਂਗ ਸਿੰਮਲ, ਫਲ ਫੁੱਲ ਨਾ ਕੋਇ ਵਡਿਆਈਆ । ਤੇਰਾ ਰੂਪ ਦਿਸੇ ਕਿਸੇ ਨਾ ਬਿਮਲ, ਜ਼ਹੂਰ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਕੀ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਕਿਉਂ ਰਸਨਾ ਜਿਹਵਾ ਜਗਤ ਲਗਾਇਆ ਤਮਾਕੂ, ਪ੍ਰਭੂ ਕੀ ਤੇਰੀ ਵਡਿਆਈਆ । ਕੀ ਇਹ ਕਿਹੜੀ ਉੱਤਮ ਸ੍ਰੇਸ਼ਟ ਤੇਰੀ ਧਾਤੂ, ਜਿਹੜੀ ਧਰਨੀ ਵਿਚੋਂ ਪ੍ਰਗਟਾਈਆ । ਤੂੰ ਆਦਿ ਜੁਗਾਦਿ ਧੁਰ ਦਾ ਸਭ ਦਾ ਬਾਪੂ, ਪਿਤਾ ਪੁਰਖ ਅਕਾਲ ਅਖਵਾਈਆ । ਲਖ ਚੁਰਾਸੀ ਅੰਤਮ ਦਿਸੇ ਨਾਸੂ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਪੂੰਝਾ ਕੇ ਆਂਸੂ, ਥੋੜ੍ਹਾ ਥੋੜ੍ਹਾ ਇਸ਼ਾਰਾ ਦਿਤਾ ਕਰਾਈਆ । ਬਣਾ ਕੇ ਸੇਵਕ ਧੁਰ ਦੇ ਦਾਸੂ, ਦਾਸਤਾਨ ਦਿਤੀ ਸਮਝਾਈਆ । ਕਲਜੁਗ ਅੰਤਮ ਬਾਂਹ ਕੱਢਕੇ ਕੋਇ ਨਾ ਆਖੂ, ਮੈਂ ਦੀਨ ਦੁਨੀ ਨੂੰ ਇਕੋ ਰਾਹ ਦਿਤਾ ਵਖਾਈਆ । ਮਜ਼੍ਹਬਾਂ ਦੇ ਨਿੱਕੇ ਨਿੱਕੇ ਟਾਪੂ, ਨਾਮ ਅੱਖਰ ਟੱਪਿਆਂ ਵਿਚ ਬਦਲਾਈਆ । ਵਖਰੇ ਵਖਰੇ ਬਣਾ ਕੇ ਪਾਠੂ, ਜਗਤ ਰੀਤੀ ਵਿਚ ਦੁਹਾਈਆ । ਪਾਣੀ ਦੇ ਸੁਹਾ ਕੇ ਅਠਸਾਠੂ, ਅੱਠਾਂ ਤੱਤਾਂ ਦਿਤਾ ਨੁਹਾਈਆ । ਸਚ ਦੱਸ ਤੁਧ ਬਿਨ ਦੁਰਮਤ ਮੈਲ ਕਵਣ ਕਾਟੂ, ਪਾਪਾਂ ਕਰੇ ਸਫ਼ਾਈਆ । ਲਖ ਚੁਰਾਸੀ ਘੁੰਮਦੀ ਵਾਂਗ ਲਾਟੂ, ਗਰਦਸ਼ ਵਿਚ ਦਿਸੇ ਲੋਕਾਈਆ । ਕਿਸੇ ਦਾ ਪੂਰਾ ਹੱਕ ਨਾ


੬੯੫
੨੧

ਬਣਿਆ ਉਤੇ ਚਾਚੂ, ਬਿਨਾ ਪਿਤਾ ਤੋਂ ਪੂਤ ਦੀ ਝੋਲੀ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮੇਰੇ ਸਾਹਿਬ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਕਿਉਂ ਰਸਨਾ ਲਾਇਆ ਕੂੜ, ਕੂੜ ਕੁਟੰਬ ਬਣਾਈਆ । ਚਤੁਰ ਸੁਘੜ ਬਣਾ ਕੇ ਮੂੜ੍ਹ, ਮੂਰਖਾਂ ਨਾਲ ਵਡਿਆਈਆ । ਆਪਣਾ ਛੁਪਾ ਕੇ ਨੂਰ, ਅੰਧੇਰੇ ਵਿਚ ਭਵਾਈਆ । ਮਨ ਮਨਸਾ ਦੇ ਬਣਾ ਮਜ਼ਦੂਰ, ਸਾਚੀ ਸੇਵ ਨਾ ਕੋਇ ਸਮਝਾਈਆ । ਜਗਤ ਖ਼ੁਮਾਰੀ ਦੇ ਸਰੂਰ, ਸੁਰਤੀ ਦਿਤੀ ਬਦਲਾਈਆ । ਆਪ ਛੁਪ ਕੇ ਹਾਜ਼ਰ ਹਜ਼ੂਰ, ਕਿਉਂ ਪਰਦਾ ਰਿਹਾ ਪਾਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਸਦੀ ਚੌਧਵੀਂ ਸੀਸ ਨਿਵਾਈਆ । ਜਿਸ ਫ਼ਕੀਰੀ ਨੂੰ ਕਹਿੰਦੇ ਉਚੀ ਨਾਲੋਂ ਖਜੂਰ, ਓਹ ਗੁਰਮੁਖਾਂ ਦੇ ਚਰਨਾਂ ਹੇਠਾਂ ਦੇ ਦਬਾਈਆ । ਤੂੰ ਸਰਬ ਕਲਾ ਭਰਪੂਰ, ਬੇਅੰਤ ਤੇਰੀ ਵਡਿਆਈਆ । ਜਗਤ ਨਾਤਾ ਤੋੜ ਦੇ ਗ਼ਰੂਰ, ਹਉਮੇ ਗੜ੍ਹ ਰਹਿਣ ਨਾ ਪਾਈਆ । ਸਾਚੇ ਨਾਮ ਦੀ ਬਖ਼ਸ਼ ਤੂਰ, ਘਰ ਘਰ ਤੇਰਾ ਰਾਗ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦੀ ਚੌਧਵੀਂ ਕਹੇ ਮੈਂ ਅੰਤ ਹੋਈ ਮਜਬੂਰ, ਮਜਬੂਰੀ ਵਿਚ ਹਾਲਤ ਸਭ ਦੀ ਰਹੀ ਸਮਝਾਈਆ ।



### ✻ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਸੋਭਾ ਸਿੰਘ ਦੇ ਗ੍ਰਿਹ ਸੇਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਤੱਕਿਆ ਪੁਰਖ ਅਕਾਲ ਅਗੰਮ ਸਵਾਮੀ, ਸਮੇਂ ਦਾ ਮਾਲਕ ਇਕ ਅਖਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਲੱਖ ਚਰਾਸੀ ਅੰਤਰਯਾਮੀ, ਘਟ ਘਟ ਅੰਤਰ ਵੇਖੇ ਚਾਈਂ ਚਾਈਂਆ । ਅਵਤਾਰ ਪੈਗ਼ੰਬਰਾਂ ਗੁਰੂਆਂ ਬਣਦਾ ਬਾਨੀ, ਲੋਕਮਾਤ ਤਨ ਵਜੂਦ ਦਏ ਵਡਿਆਈਆ । ਸਤਿ ਧਰਮ ਦੀ ਦਾਤ ਬਖ਼ਸ਼ੇ ਨਿਸ਼ਾਨੀ, ਵਸਤ ਅਮੋਲਕ ਆਪ ਵਰਤਾਈਆ । ਨਾਮ ਸੰਦੇਸ਼ਾ ਦੇਵੇ ਕਲਾਮੀ, ਕਾਇਨਾਤ ਕਰੇ ਪੜ੍ਹਾਈਆ । ਖੇਲੇ ਖੇਲ ਦੋ ਜਹਾਨੀ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਅੱਖਰਾਂ ਵਾਲੀ ਸੁਣਾ ਕੇ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਨਿਝਰ ਅੰਮ੍ਰਿਤ ਦੱਸ ਕੇ ਧੁਰ ਦਾ ਪਾਣੀ, ਰਸ ਇਕੋ ਇਕ ਵਖਾਈਆ । ਖੇਲ ਖਿਲਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚਾ ਮੇਲਾ ਦੱਸੇ ਹਾਣੀ, ਦੂਜਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਤੱਕੀ ਜੋਤ ਅਕਾਲਣ, ਅਕਲ ਕਲਾ ਅਖਵਾਈਆ । ਸੰਦੇਸ਼ਾ ਦੇਵੇ ਤੂੰ ਭਗਤਾਂ ਦੀ ਬਣ ਮਾਲਣ, ਫੁੱਲ ਸੁਗੰਧੀ ਨਾਲ ਲਿਆਈਆ । ਮੁਹੰਮਦ ਦੀ ਰਹੀਂ ਨਾ ਅੱਗੇ ਦਲਾਲਣ, ਵਿਚੋਲਣ ਨਜ਼ਰ ਕੋਇ ਨਾ ਆਈਆ । ਪ੍ਰਭ ਭਗਤਾਂ ਲੱਗਾ ਸੰਭਾਲਣ, ਨਿਰਗੁਣ ਆਪਣੀ ਗੋਦ ਉਠਾਈਆ । ਕਲਜੁਗ ਬਦਲਣ ਵਾਲਾ ਚਾਲਣ, ਸਤਿਜੁਗ ਸਾਚਾ ਰਾਹ ਪ੍ਰਗਟਾਈਆ । ਗੁਰ ਅਵਤਾਰਾਂ ਪੂਰਾ ਕਰੇ ਸਵਾਲਣ, ਭਵਿਖਤਾਂ ਵੇਖ ਵਖਾਈਆ । ਲੱਖ ਚੁਰਾਸੀ ਬਣ ਕੇ ਜਾਣੀ ਜਾਨਣ, ਚਾਰੇ ਕੂਟਾਂ ਖੋਜ ਖੁਜਾਈਆ । ਕੂੜੀ ਕਿਰਿਆ ਮੇਟੇ ਕਾਮਨ, ਮਾਇਆ ਮਮਤਾ ਮੋਹ ਗਵਾਈਆ । ਨਿਰਗੁਣ ਨੂਰ ਬਖ਼ਸ਼ੇ ਚਾਨਣ, ਜੋਤੀ ਜੋਤ

ਕਰੇ ਰੁਸ਼ਨਾਈਆ । ਸਾਚੇ ਭਗਤਾਂ ਫੜ ਕੇ ਦਾਮਨ, ਪਲੂ ਧੁਰ ਦਾ ਗੰਢ ਪੁਆਈਆ । ਪੰਧ ਮੁਕਾ ਜ਼ਿਮੀਂ ਅਸਮਾਨਣ, ਦਰਗਾਹ ਸਾਚੀ ਇਕ ਵਖਾਈਆ । ਜਿਥੇ ਨਿਰਗੁਣ ਜੋਤ ਜਗੇ ਭਗਵਾਨਨ, ਤਨ ਵਜੂਦ ਨਾ ਕੋਇ ਵਡਿਆਈਆ । ਬਿਨ ਛੱਪਰ ਛੰਨ ਸੋਹੇ ਮਕਾਨਨ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਹੋ ਆਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਸ਼ਾਹੋ ਭੂਪ, ਹਰਿ ਕਰਤਾ ਧੁਰਦਰਗਾਹੀਆ । ਜੋ ਵਸੇ ਚਾਰੇ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਕਲਜੁਗ ਮੇਟੇ ਜੂਠ ਝੂਠ, ਕੂੜੀ ਕਿਰਿਆ ਡੇਰਾ ਢਾਹੀਆ । ਭਾਗ ਲਗਾਏ ਕਾਇਆ ਮਾਟੀ ਪੰਜ ਭੂਤ, ਤਤਵ ਤਤ ਕਰੇ ਰੁਸ਼ਨਾਈਆ । ਆਸਾ ਤ੍ਰਿਸ਼ਨਾ ਕਰਾਏ ਕੂਚ, ਮਨ ਕਾ ਮਣਕਾ ਦਏ ਭਵਾਈਆ । ਹਿਰਦੇ ਅੰਦਰ ਬਖ਼ਸ਼ੇ ਸੂਚ, ਸੰਜਮ ਇਕੋ ਇਕ ਦਰਸਾਈਆ । ਸਭ ਦੀ ਬਦਲ ਦੇਵੇ ਬੂਝ, ਬੁਧ ਬਿਬੇਕ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਨੂਰ ਨੁਰਾਨਾ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਗ਼ੁਲਾਮਾ, ਜਗਤ ਸੇਵਾ ਮਾਤ ਕਮਾਈਆ । ਜਿਸ ਦਾ ਸ਼ਬਦ ਨਾਮ ਦਮਾਮਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਜਿਸ ਦੀ ਅਗੰਮੀ ਨਾਦ ਧੁਨ ਕਲਾਮਾ, ਅੱਖਰਾਂ ਨਾਲ ਸਿਫ਼ਤ ਸਾਲਾਹੀਆ । ਸੋ ਪਹਿਰ ਆਪਣਾ ਬਾਣਾ, ਨਿਰਗੁਣ ਨੂਰ ਡਗਮਗਾਈਆ । ਜਿਸ ਨੇ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਹੁਕਮ ਵਰਤਾਈਆ । ਜੋ ਸਭ ਦਾ ਬਣੇ ਕਾਹਨਾ, ਲੱਖ ਚੁਰਾਸੀ ਗੋਪੀ ਵੇਖ ਵਖਾਈਆ । ਜੋ ਆਦਿ ਅੰਤ ਦਾ ਰਾਮਾ, ਸੀਤਾ ਸੁਰਤੀ ਸਰਬ ਪਰਨਾਈਆ । ਜੋ ਨੂਰੀ ਜੋਤ ਅਮਾਮਾ, ਦਰਗਾਹ ਸਾਚੀ ਡੇਰਾ ਲਾਈਆ । ਜੋ ਸਤਿ ਸਰੂਪ ਨੌਜਵਾਨਾ, ਜਨਮ ਮਰਨ ਵਿਚ ਕਦੇ ਨਾ ਆਈਆ । ਸੋ ਖੇਲੇ ਖੇਲ ਵਿਚ ਜਹਾਨਾ, ਜਹਾਲਤ ਵੇਖੇ ਕੂੜ ਲੋਕਾਈਆ । ਦੀਨ ਦੁਨੀ ਹੋਈ ਬੇਈਮਾਨਾ, ਸਤਿ ਧਰਮ ਨਾ ਕੋਇ ਰਖਾਈਆ । ਜਗਤ ਸ਼ਰਅ ਛੁਰੀ ਹੋਈ ਕਿਰਪਾਨਾ, ਧਰਮ ਦੀ ਧਾਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਸ਼ਹਿਨਸ਼ਾਹ ਧੁਰ ਦਾ ਮਾਲਕ, ਨਾਮਾਲੂਮ ਦਇਆ ਕਮਾਈਆ । ਜਿਸ ਨੂੰ ਕਹਿੰਦੇ ਸਾਰੇ ਖ਼ਾਲਕ, ਜਲਵਾਗਰ ਨੂਰ ਅਲਾਹੀਆ । ਉਹ ਬਣਨ ਲੱਗਾ ਅੰਤਮ ਸਾਲਸ, ਨਵ ਨੌ ਚਾਰ ਡੇਰਾ ਢਾਹੀਆ । ਕਲਜੁਗ ਕੂੜੀ ਨਿੰਦਰਾ ਮੇਟੇ ਆਲਸ, ਸਵਾਧਾਨ ਕਰੇ ਲੋਕਾਈਆ । ਹਰਿਜਨ ਭਗਤ ਉਪਜਾਏ ਖ਼ਾਲਸ, ਚਾਰ ਵਰਨਾਂ ਏਕਾ ਰੰਗ ਰੰਗਾਈਆ । ਮਨ ਕਲਪਣਾ ਮੇਟੇ ਨਾਲਸ਼, ਕੂੜੀ ਕਿਰਿਆ ਕਰੇ ਸਫ਼ਾਈਆ । ਤ੍ਰੈਗੁਣ ਮਾਇਆ ਨਾ ਲਾਏ ਆਤਸ਼, ਅਗਨੀ ਅੱਗ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋ ਆਦਿ ਜੁਗਾਦੀ ਸਹੀ ਸਲਾਮਤ, ਦੁੱਖ ਰੋਗ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੈਨੂੰ ਪੁਰਖ ਅਕਾਲਾ ਗਿਆ ਮਿਲ, ਪਰਵਰਦਿਗਾਰ ਦਿਤੀ ਵਡਿਆਈਆ । ਮੇਰੇ ਧੀਰਜ ਦਿਤੀ ਦਿਲ, ਹੌਸਲਾ ਦਿਤਾ ਵਧਾਈਆ । ਜਿਸ ਬਸਤਰ ਪਹਿਨੇ ਨੀਲ, ਨੀਲੀ ਧਾਰੋਂ ਪਰੇ ਕਰੇ ਰੁਸ਼ਨਾਈਆ । ਉਹ ਗੁਰ ਅਵਤਾਰ ਪੈਗ਼ੰਬਰਾਂ ਸੁਣ ਅਪੀਲ, ਮਾਤਲੋਕ ਆਪਣਾ ਫੇਰਾ ਪਾਈਆ । ਦੀਨ ਦੁਨੀ ਦੀ ਬਦਲ ਦੇਵੇ ਦਲੀਲ, ਦਿਲਬਰ ਹੋ ਕੇ ਦਇਆ ਕਮਾਈਆ । ਜੋਧਾ ਬਣ ਕੇ ਸੂਰਬੀਰ ਛਬੀਲ, ਛੈਲ ਆਪਣਾ ਨਾਉਂ ਕਰਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਰਿਹਾ ਸੁਣਾਈਆ । ਸਦੀ ਚੌਧਵੀਂ ਕਹੇ ਮੈਨੂੰ ਸੰਦੇਸ਼ਾ ਦਿਤਾ ਇਕ, ਸਹਿਜ ਨਾਲ ਸੁਣਾਈਆ । ਜਾ ਕੇ ਵੇਖ ਭਗਤ ਭਗਵਾਨ ਦੇ ਸਿੱਖ, ਜੋ ਇਕੋ ਓਟ ਤਕਾਈਆ । ਜਿਨ੍ਹਾਂ ਅੰਤਰ ਪ੍ਰਭੂ ਮਿਲਣ ਦੀ ਸਿਕ, ਧੁਰ ਪ੍ਰੀਤਮ ਰਾਹ ਤਕਾਈਆ । ਓਹ ਤੈਨੂੰ ਆਵਣ ਦਿਸ, ਦਹਿ ਦਿਸ਼ਾ ਵਿਚੋਂ ਕਰਨ ਰੁਸ਼ਨਾਈਆ । ਜਿਨ੍ਹਾਂ ਦੇ ਸਵਾਮੀ ਵਸਿਆ ਵਿਚ, ਹਰਿ ਕਰਤਾ ਅੰਤਰ ਆਤਮ ਡੇਰਾ ਲਾਈਆ । ਓਹ ਮਾਣਸ ਜਨਮ ਰਹੇ ਜਿੱਤ, ਚੁਰਾਸੀ ਫਾਸੀ ਗਲੋਂ ਤੁੜਾਈਆ । ਅੰਮ੍ਰਿਤ ਨਾਮ ਧੁਰ ਦਾ ਰਸ ਲੈਣ ਮਿੱਠ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਧਾਮ ਤੱਕ ਸਾਹਿਬ ਅਨਡਿੱਠ, ਗ੍ਰਿਹ ਮੰਦਰ ਵੇਖਣ ਚਾਈਂ ਚਾਈਆ । ਅਬਿਨਾਸ਼ੀ ਕਰਤਾ ਵਸਿਆ ਚਿਤ, ਮਨ ਚਿਤ ਠਗੌਰੀ ਰਹੇ ਨਾ ਰਾਈਆ । ਪੁਰਖ ਅਕਾਲਾ ਬਣੇ ਮਿਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਨੂੰ ਆਖਿਆ ਸ਼ਬਦ ਸੰਦੇਸ਼ੇ ਧਾਰ, ਰਸਨਾ ਨਾ ਕੋਇ ਹਿਲਾਈਆ । ਉਠ ਵੇਖ ਗੁਰ ਅਵਤਾਰ ਪੈਗ਼ੰਬਰਾਂ ਦਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਕਿਸੇ ਦਾ ਰਿਹਾ ਨਾ ਕੋਇ ਇਖ਼ਤਿਆਰ, ਜਗਤ ਮਾਣ ਨਾ ਕੋਇ ਚਤੁਰਾਈਆ । ਵੀਹਵੀਂ ਚੌਧਵੀਂ ਸਦੀ ਦੇ ਸਾਰੇ ਮੁਖ਼ਤਿਆਰ, ਮੁਖ਼ਤਾਰਨਾਮੇ ਸਭ ਦੇ ਪੂਰ ਕਰਾਈਆ । ਅੱਗੇ ਹੁਕਮ ਚਲੇ ਸੱਚੀ ਸਰਕਾਰ, ਹਰਿ ਕਰਤਾ ਆਪ ਜਣਾਈਆ । ਦੀਨ ਮਜ਼੍ਹਬ ਦਾ ਝਗੜਾ ਮੇਟੇ ਵਿਚ ਸੰਸਾਰ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਇਕੋ ਰਸਨਾ ਜਿਹਵਾ ਬੋਲੇ ਨਾਮ ਜੈਕਾਰ, ਇਕੋ ਇਸ਼ਟ ਦੇਵ ਸ੍ਰਿਸ਼ਟ ਮਨਾਈਆ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਠ ਹੋਵੇ ਗੁਰਦਵਾਰ, ਇਕੋ ਗ੍ਰਿਹਿ ਪੁਰਖ ਅਕਾਲਾ ਨਜ਼ਰੀ ਆਈਆ । ਇਕੋ ਨਾਮ ਨਿਧਾਨਾ ਜੀਵ ਜਹਾਨਾ ਦੱਸੇ ਆਪ ਕਰਤਾਰ, ਆਤਮ ਪਰਮਾਤਮ ਪਰਮਾਤਮ ਆਤਮ ਰਾਗ ਅਲਾਈਆ । ਸਦੀ ਚੌਧਵੀਂ ਕਲਜੁਗ ਅੰਤਮ ਮੇਟੇ ਧੁੰਆਂਧਾਰ, ਰੈਣ ਅੰਧੇਰੀ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਤਿ ਕਰੇ ਉਜਿਆਰ, ਉਜਾਲਾ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਥੇ ਓਥੇ ਦੋ ਜਹਾਨ ਪਾਵੇ ਸਾਰ, ਮਹਾਂਸਾਰਥੀ ਆਪਣੀ ਕਲ ਵਰਤਾਈਆ ।



### ❊ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਥੋੜੂ ਰਾਮ ਦੇ ਗ੍ਰਿਹ ਸੇਈ ਜੰਮੂ ❊

ਸਦੀ ਚੌਧਵੀਂ ਕਹੇ ਪੁਰਖ ਅਕਾਲ ਏਕਾ ਬਣ ਜਾ ਇਸ਼ਟੀ, ਇਸ਼ਟ ਆਤਮ ਪਰਮਾਤਮ ਦੇ ਸਮਝਾਈਆ । ਦੀਨ ਦੁਨੀ ਦੀ ਬਦਲ ਦੇ ਦ੍ਰਿਸ਼ਟੀ, ਨਿਰਗੁਣ ਧਾਰ ਆਪਣਾ ਰੰਗ ਰੰਗਾਈਆ । ਜਗਤ ਕਲਪਣਾ ਵਿਚੋਂ ਕੱਢ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਰਾਹ ਸਮਝਾਈਆ । ਝਗੜਾ ਮੁਕਾ ਦੇ ਦੋਜ਼ਖ਼ ਬਹਿਸ਼ਤੀ, ਸਵਰਗ ਸਾਰ ਕਿਸੇ ਨਾ ਆਈਆ । ਚਾਰ ਜੁਗ ਦੇ ਵੇਖੇ ਗ੍ਰਹਿਸਤੀ, ਗੁਰ ਅਵਤਾਰ ਪੈਗ਼ੰਬਰ ਫੇਰੀਆਂ ਗਏ ਪਾਈਆ । ਓਨ੍ਹਾਂ ਤੇਰਾ ਨਾਮ ਸਾਲਾਹਿਆ ਲਿਖਤੀ, ਅੱਖਰਾਂ ਜੋੜ ਜੁੜਾਈਆ । ਭੇਵ ਪਾਇਆ ਨਾ ਟਾਂਕ ਜਿਸਤੀ, ਇਕ ਦੋ ਵੰਡ ਵੰਡਾਈਆ । ਅੰਤ ਅਖ਼ੀਰ ਦੁਨੀਆ

ਫ਼ਾਨੀ ਦਿਸਦੀ, ਚਾਰੋਂ ਕੁੰਟ ਅੰਧੇਰਾ ਛਾਈਆ । ਹਕੀਕੀ ਮੰਜ਼ਲ ਲੱਭੇ ਕਿਸੇ ਨਾ ਇਕ ਦੀ, ਜੋ ਏਕੰਕਾਰ ਤੇਰੀ ਜੋਤ ਵਿਚ ਸਮਾਈਆ । ਦੀਨ ਦੁਨੀ ਦੀ ਆਸ਼ਾ ਫਿਰੇ ਪਿਟਦੀ, ਖ਼ਾਹਸ਼ ਰੋ ਰੋ ਦਏ ਦੁਹਾਈਆ । ਮੇਰੇ ਸਾਹਿਬ ਸੁਲਤਾਨ ਕਲੇਸ਼ ਮੇਟ ਦੇ ਨਿਤ ਦੀ, ਨਰ ਨਰਾਇਣ ਆਪਣਾ ਪੜਦਾ ਲਾਹੀਆ । ਤੇਰੀ ਦੁਨੀਆ ਸਿਖਿਆ ਲੈ ਲਏ ਸਾਚੇ ਸਿੱਖ ਦੀ, ਹਿੰਦੂ ਮੁਸਲਿਮ ਸਿੱਖ ਈਸਾਈ ਨਜ਼ਰ ਕੋਇ ਨਾ ਆਈਆ । ਚਰਨ ਧੂੜੀ ਮੰਗਣ ਇਕੋ ਪਿਤ ਦੀ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੈਂ ਆਸਾ ਕਰਦੀ ਕਿਤ ਦੀ, ਜੁਗ ਚੌਕੜੀ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਸਭ ਦਾ ਇਕੋ ਬਣ ਧੁਰ ਦਾ ਸਾਕ, ਹਰਿ ਸਤਿਗੁਰ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਭਵਿਖਤ ਵਾਕ, ਪੇਸ਼ੀਨਗੋਈਆਂ ਆਪਣੇ ਨਾਲ ਮਿਲਾਈਆ । ਝਗੜਾ ਮੇਟ ਦੀਨ ਦੁਨੀ ਜ਼ਾਤ ਪਾਤ, ਮਜ਼੍ਹਬ ਕੌਮ ਨਾ ਕੋਇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਧੁਰ ਦਾ ਸਾਥ, ਸਗਲਾ ਸੰਗ ਆਪ ਹੋ ਜਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਹੋਵੇ ਤੇਰੀ ਗਾਥ, ਨਾਮ ਸੰਦੇਸ਼ਾ ਦੇਣਾ ਸੁਣਾਈਆ । ਸ਼ਬਦ ਸਵਾਮੀ ਅੰਤਰਜਾਮੀ ਸਚ ਚੜ੍ਹੌਣਾ ਆਪਣੇ ਰਾਥ, ਦੋ ਜਹਾਨਾਂ ਪਾਰ ਕਰਾਈਆ । ਕਲਜੁਗ ਕੂੜ ਕਲਪਣਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋ ਕਰ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਤੇਰਾ ਨਾਉਂ ਉਪਜੇ ਹਰ ਘਟ ਅੰਤਰ ਸਵਾਸ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਤੇਰਾ ਨੂਰ ਚਾਰ ਵਰਨ ਹੋਵੇ ਪਰਕਾਸ਼, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਦਰਸਾਈਆ । ਰੂਹ ਬੁਤ ਅਬਿਨਾਸ਼ੀ ਅਚੁਤ ਪਾਰਬ੍ਰਹਮ ਕਰ ਪਵਿਤ ਪਾਕ, ਦੁਰਮਤ ਮੈਲ ਰਹੇ ਨਾ ਰਾਈਆ । ਤੂੰ ਸਦਾ ਸਦਾ ਸਦ ਆਦਿ ਜੁਗਾਦਿ, ਜੁਗ ਚੌਕੜੀ ਤੇਰਾ ਖੇਲ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਲੇਖਾ ਲਿਖ ਕੇ ਗਏ ਨਾਲ ਕ਼ਲਮ ਦਵਾਤ, ਕਾਗ਼ਜ਼ ਸ਼ਾਹੀ ਵੰਡ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤ ਸ੍ਰੀ ਭਗਵੰਤ ਦੀਨ ਦੁਨੀ ਦਾ ਬਦਲ ਦੇਵੇ ਸਮਾਜ, ਚਾਰ ਵਰਨ ਅਠਾਰਾਂ ਬਰਨ ਇਕੋ ਘਰ ਵਸਾਈਆ । ਸੋ ਕਿਰਪਾ ਕਰ ਦੋ ਜਹਾਨਾਂ ਮਾਲਕ ਆਪ, ਆਪਣਾ ਪੜਦਾ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਧੁਰ ਦੀ ਆਸ ਰਖਾਈਆ । ਸਦੀ ਚੌਧਵੀਂ ਕਹੇ ਕੂੜੀ ਕਿਰਿਆ ਮੇਟ ਕਲੇਸ਼, ਕਰਮ ਕਾਂਡ ਦਾ ਡੇਰਾ ਢਾਹੀਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਫ਼ਰਮਾਨਾ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਕਰ ਪੜ੍ਹਾਈਆ । ਅੰਤ ਕੰਤ ਭਗਵੰਤ ਪ੍ਰਭ ਦਾਤਾ ਆਵੇ ਏਕ, ਏਕੰਕਾਰ ਆਪਣੀ ਕਲ ਧਰਾਈਆ । ਸ੍ਰਿਸ਼ਟ ਸਬਾਈ ਬਖ਼ਸ਼ੇ ਟੇਕ, ਮਸਤਕ ਧੂੜੀ ਖ਼ਾਕ ਰਮਾਈਆ । ਜਨ ਭਗਤਾਂ ਕਰੇ ਬੁੱਧ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਦਏ ਬੁਝਾਈਆ । ਆਤਮ ਪਰਮਾਤਮ ਕਰੇ ਹੇਤ, ਨਿਜ ਨੇਤਰ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦੀ ਸਚਖੰਡ ਸਚ ਦਵਾਰਾ ਧੁਰ ਦਾ ਦੇਸ, ਜਿਥੇ ਪਰਦੇਸੀ ਨਜ਼ਰ ਕੋਇ ਨਾ ਆਈਆ ।

## ❋ ੧੪ ਪੋਹ ਸ਼ਹਿਨਸ਼ਾਹੀ ਸੰਮਤ ੪ ਅੰਗਰੇਜ਼ ਸਿੰਘ ਦੇ ਗ੍ਰਿਹਿ ਸਈ ਕਲਾਂ ਜੰਮੂ ❋

ਸਦੀ ਚੌਧਵੀਂ ਕਹੇ ਮੈਂ ਜਗਤ ਸਮਾਜ ਦੀ ਦੇਵਾਂ ਰਪਟ, ਹਾਲ ਹਾਲਤ ਦਿਆਂ ਸਮਝਾਈਆ । ਜੀਂਦਿਆਂ ਮਰਦਿਆਂ ਸਭ ਨੂੰ ਰਹਿੰਦਾ ਖਟਕ, ਦੁੱਖਾਂ ਵਿਚ ਦੁਹਾਈਆ । ਕੂੜ ਕਲਪਣਾ ਮਾਰਦੀ ਝਪਟ, ਸਭ ਨੂੰ ਆਪਣੇ ਵਿਚ ਛੁਪਾਈਆ । ਭੇਖ ਪਖੰਡ ਦਾ ਵਧਿਆ ਕਟਕ, ਚਾਰੋਂ ਕੁੰਟ ਬਲ ਧਰਾਈਆ । ਸਤਿ ਧਰਮ ਗਿਆ ਲਟਕ, ਸੁਰਤ ਸੰਭਲ ਸਕੇ ਨਾ ਰਾਈਆ । ਗੁਰਮਤ ਦਿਤੀ ਝਟਕ, ਝਟਕਾ ਕੀਤਾ ਜਗਤ ਲੋਕਾਈਆ । ਤੇਰਾ ਹੁਕਮ ਰਿਹਾ ਨਾ ਸਖ਼ਤ, ਭੈ ਸਿਰ ਨਾ ਕੋਇ ਜਣਾਈਆ । ਸਦੀ ਚੌਦਵੀਂ ਕਹੇ ਮੈਨੂੰ ਵੇਖਦਿਆਂ ਆ ਗਿਆ ਉਹ ਵਕ਼ਤ, ਜਿਸ ਦਾ ਬੈਠੀ ਰਾਹ ਤਕਾਈਆ । ਦੁਰਗਾ ਰਹੀ ਕੋਇ ਨਾ ਸ਼ਕਤ, ਅਸ਼ਟਭੁਜ ਦਏ ਦੁਹਾਈਆ । ਤੇਈ ਅਵਤਾਰ ਛੱਡ ਕੇ ਗਏ ਫ਼ਰਸ਼, ਨਾਤਾ ਤਨ ਵਜੂਦ ਤੁੜਾਈਆ । ਈਸਾ ਮੂਸਾ ਮੁਹੰਮਦ ਵੇਖ ਅਰਸ਼, ਤੇਰੇ ਨੂਰ ਵਿਚ ਸਮਾਈਆ । ਨਾਨਕ ਗੋਬਿੰਦ ਦੱਸ ਕੇ ਗਏ ਸ਼ਰਤ, ਧੁਰ ਫ਼ਰਮਾਨ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਦੀਨ ਦੁਨੀ ਦੀ ਦੇਵਾਂ ਰਪੋਟ, ਦਰ ਤੇਰੇ ਦਰਜ ਕਰਾਈਆ । ਭੇਵ ਖੋਲ੍ਹ ਨਿਰਮਲ ਜੋਤ, ਜੋਤੀ ਜਾਤੇ ਤੇਰੀ ਵਡਿਆਈਆ । ਪਿਛੇ ਜੁਗ ਬੀਤ ਗਏ ਬਹੁਤ, ਆਪਣਾ ਪੰਧ ਮੁਕਾਈਆ । ਧੁਰ ਦਾ ਦਿਤਾ ਨਾ ਕਿਸੇ ਸਲੋਕ, ਸੰਦੇਸ਼ਾ ਸਚ ਨਾ ਕੋਇ ਜਣਾਈਆ । ਜੋ ਉਪਜਿਆ ਤਿਸ ਨੂੰ ਮਾਰੇ ਮੌਤ, ਬਚਿਆ ਰਹਿਣ ਕੋਇ ਨਾ ਪਾਈਆ । ਕਿਸੇ ਨੂੰ ਸਾੜਿਆ ਕੋਈ ਹੋਇਆ ਫ਼ੌਤ, ਮਕਬਰਿਆਂ ਵਿਚ ਦਬਾਈਆ । ਮੈਂ ਖੋਜਦੀ ਰਹੀ ਖੋਜ, ਕੀ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪ੍ਰਭ ਤੇਰੀ ਇਕ ਸਰਨਾਈਆ । ਸਦੀ ਚੌਧਵੀਂ ਕਹੇ ਮੇਰੇ ਸਾਹਿਬ ਦੀਨ ਦਿਆਲ, ਦਇਆਵਾਨ ਤੇਰੀ ਵਡਿਆਈਆ । ਲੱਖ ਚੁਰਾਸੀ ਤੇਰੇ ਲਾਲ, ਬੱਚੇ ਧੁਰ ਦੇ ਸੋਭਾ ਪਾਈਆ । ਚਾਰੇ ਖਾਣੀ ਕਰੇਂ ਸੰਭਾਲ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਇਹ ਖੇਲ ਤੇਰਾ ਕਮਾਲ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਮੇਰੀ ਬੇਨੰਤੀ ਮੇਰਾ ਸਵਾਲ, ਮੇਰੇ ਮੇਰੀ ਝੋਲੀ ਦੇਣਾ ਪਾਈਆ । ਮੈਂ ਚਾਹੁੰਦੀ ਸਤਿਜੁਗ ਸਾਚੇ ਤੇਰੀ ਚਲੇ ਸਾਚੀ ਚਾਲ, ਚਾਰ ਵਰਨ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਪ੍ਰਭ ਤੇਰੀ ਸਤਿਜੁਗ ਚਲੇ ਧਾਰਾ, ਧਰਮ ਧਾਰ ਦ੍ਰਿੜਾਈਆ । ਮਰਨ ਤੋਂ ਪਿਛੇ ਮਾਰੇ ਕੋਈ ਨਾ ਨਾਅਰਾ, ਨੇਤਰ ਨੀਰ ਨਾ ਕੋਇ ਵਹਾਈਆ । ਭਾਵੇਂ ਕੋਈ ਵਿਆਹਿਆ ਹੋਵੇ ਭਾਵੇਂ ਹੋਵੇ ਕੁਆਰਾ, ਬਿਰਧ ਬਾਲ ਨਾ ਕੋਇ ਵਡਿਆਈਆ । ਸਭ ਦਾ ਇਕੋ ਜਿਹਾ ਹੋਵੇ ਵਿਹਾਰਾ, ਸਾਰੇ ਚਲਣ ਹੁਕਮ ਰਜ਼ਾਈਆ । ਬੁੱਢਿਆਂ ਉਤੋਂ ਕੋਈ ਸੁੱਟੇ ਨਾ ਬਾਦਾਮ ਛੁਹਾਰਾ, ਮਖਾਣਾ ਹੱਥ ਨਾ ਕੋਇ ਰਖਾਈਆ । ਕਾਗ਼ਜ਼ਾਂ ਨਾਲ ਕਰੇ ਨਾ ਕੋਇ ਸ਼ਿੰਗਾਰਾ, ਕੋੜਮਾ ਜਗਤ ਨਾ ਕੋਇ ਬੁਲਾਈਆ । ਸਾਰੇ ਲਾਵਣ ਇਕੋ ਨਾਅਰਾ, ਤੇਰੇ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਮਨਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਮੈਂ ਦੇਣ ਆਈ ਇਤਲਾਹ, ਆਮ ਅਵਾਮ ਦੇਣਾ ਜਣਾਈਆ । ਪਰਵਰਦਿਗਾਰ ਮੇਰੀ ਸਲਾਹ, ਪੁਰਖ ਅਕਾਲ ਦਿਤੀ ਦ੍ਰਿੜਾਈਆ । ਸਤਿਜੁਗ ਸਤਿ ਦਾ ਚਲੇ ਰਾਹ, ਰਸਤਾ ਇਕੋ ਦੇਣਾ ਵਖਾਈਆ । ਬੁੱਢੇ ਨੱਢੇ ਮਰਿਆਂ ਸਭ ਨੂੰ ਇਕੋ ਜਿਹਾ ਹੋਵੇ

ਚਾ, ਦੁੱਖ ਦਰਦ ਨਾ ਲਾਗੇ ਰਾਈਆ । ਹਾਏ ਉਫ਼ ਕਹੇ ਨਾ ਮਾਂ, ਪਿਤਾ ਕੂਕ ਨਾ ਕੋਇ ਸੁਣਾਈਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਤੂੰ ਆਪਣੀ ਦਇਆ ਕਮਾ, ਦੀਨ ਦਿਆਲ ਤੇਰੀ ਸਰਨਾਈਆ । ਇੱਕੀ ਬੀਬੀਆਂ ਦੇ ਹੱਥ ਵਿਚ ਕਾਨੇ ਲਈਂ ਫੜਾ, ਸਾਢੇ ਤਿੰਨ ਫੁੱਟ ਹੋਵੇ ਲੰਬਾਈਆ । ਪੰਜ ਪੰਜ ਕਾਗ਼ਜ਼ ਟੁਕੜੇ ਲਈਂ ਜੁੜਾ, ਰੰਗ ਰੰਗ ਨਾਲੋਂ ਬਦਲਾਈਆ । ਛੱਬੀ ਪੋਹ ਨੂੰ ਚਲਣ ਨਾਲ ਚਾ, ਹੱਥਾਂ ਵਿਚ ਹਿਲਾਈਆ । ਮੁਖੋਂ ਕਹਿਣ ਸਾਡਾ ਭਾਵੇਂ ਮਰ ਜਾਏ ਪਿਉ ਮਾਂ, ਵੱਡਾ ਕਰਨ ਕੋਇ ਨਾ ਪਾਈਆ । ਅੰਤ ਜੈਕਾਰਾ ਦੇਣਾ ਲਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਕਰਾਈਆ । ਛੱਬੀ ਪੋਹ ਨੂੰ ਪੁਰਖ ਅਕਾਲ ਸਭ ਤੋਂ ਸੌਗੰਧ ਲਈਂ ਖੁਵਾ, ਘਰ ਆ ਕੇ ਮੁੱਕਰ ਕੋਇ ਨਾ ਜਾਈਆ । ਤੇਰੀ ਸੰਗਤ ਤੇਰੀ ਸੰਗਤ ਦੀ ਬਣੇ ਗਵਾਹ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਮੇਰੀ ਗ਼ਰੀਬਣੀ ਦੀ ਇਹੋ ਦੁਆ, ਸਦੀ ਚੌਧਵੀਂ ਸੀਸ ਨਿਵਾਈਆ । ਵੇਖੀਂ ਕਿਤੇ ਐਂਵੇ ਨਾ ਕਰ ਦੇਈਂ ਹਾਂ, ਹਾਂ ਹਾਂ ਨਾਲ ਮਿਲਾਈਆ । ਮੈਂ ਤੈਥੋਂ ਦਸਖ਼ਤ ਲੈਣੇ ਕਰਾ, ਹਰਫ਼ ਹਰੂਫ਼ ਲਿਖਣੇ ਜਿਹੜੀ ਨਾਲ ਰੱਖਣੀ ਨੀਲੀ ਲਾਲ ਸ਼ਾਹੀਆ । ਚੌਦਾਂ ਸਦੀਆਂ ਮੈਂ ਆਸਾ ਰਹੀ ਤਕਾ, ਸੋ ਅੰਤਮ ਗਿਆ ਆਈਆ । ਮੈਂ ਜ਼ਰੂਰ ਬਾਂਹ ਫੜ ਕੇ ਪ੍ਰਭੂ ਚੇਤਾ ਦਿਆਂ ਕਰਾ, ਚੇਤਨ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਢਹਿ ਪਈ ਸਰਨਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੁਧ ਬਿਨ ਕਵਣ ਸਹਾਈ, ਸਚ ਦੇ ਸਮਝਾਈਆ । ਮੈਂ ਕੂਕ ਕੇ ਦਿਆਂ ਦੁਹਾਈ, ਬਹੁੜੀ ਬਹੁੜੀ ਕਰ ਸੁਣਾਈਆ । ਗੁਰਮੁਖੋ ਨੇਤਰ ਰੋਣਾ ਨਹੀਂ ਭਾਵੇਂ ਸਜਰੀ ਧੀ ਵਿਆਹੀ ਦਾ ਪਤੀ ਮਰੇ ਜਵਾਈ, ਜੋਬਨਵੰਤਾ ਨਜ਼ਰੀ ਆਈਆ । ਜਿਸ ਭੇਜਿਆ ਓਹ ਸਭ ਦਾ ਮਾਲਕ ਗੋਸਾਈਂ, ਜ਼ੁੰਮੇਵਾਰ ਦੂਜਾ ਨਜ਼ਰ ਕੋਇ ਨਾ ਆਈਆ । ਜੇ ਭਗਤ ਬਣਨਾ ਤੇ ਬਣਿਓ ਚਾਈਂ ਚਾਈਂ, ਲੋਕ ਲੱਜਿਆ ਦੇਣੀ ਤਜਾਈਆ । ਜੇ ਸੰਤ ਬਣਨਾ ਤੇ ਖੜ੍ਹੀਆਂ ਕਰਿਓ ਬਾਹੀਂ, ਆਪ ਆਪਣਾ ਬਲ ਧਰਾਈਆ । ਜੇ ਗੁਰਮੁਖ ਬਣਨਾ ਤੇ ਹੁਕਮ ਮੰਨਣਾ ਧੁਰਦਰਗਾਹੀ, ਦੂਜਾ ਭੈ ਨਾ ਕੋਇ ਵਖਾਈਆ । ਜੇ ਸਿੱਖ ਬਣਨਾ ਆਪਣਾ ਆਪ ਨਿਛਾਵਰ ਦੇਣਾ ਕਰਾਈ, ਤਨ ਵਜੂਦ ਦੀ ਲੋੜ ਰਹੇ ਨਾ ਰਾਈਆ । ਜੇ ਮਨਮੁਖ ਹੋਣਾ ਛੱਬੀ ਪੋਹ ਨੂੰ ਪੱਲੇ ਆਇਓ ਛੁਡਾਈ, ਅੱਗੇ ਮਿਲਣ ਦੀ ਲੋੜ ਰਹੇ ਨਾ ਰਾਈਆ । ਤੁਹਾਡੀ ਜੇਬ ਦੀ ਪਰਚੀ ਤੁਹਾਡੀ ਦੇਵਣ ਵਾਲੀ ਗਵਾਹੀ, ਜੋ ਸਭ ਦੇ ਹੱਥ ਲੈਣੀ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੇ ਵੱਲ ਕਰੋ ਖ਼ਿਆਲ, ਜਨ ਭਗਤੋ ਦਿਆਂ ਸੁਣਾਈਆ । ਮੈਨੂੰ ਉਡੀਕਦੀ ਨੂੰ ਤੇਰਾਂ ਸੌ ਅਠਾਸੀ ਬੀਤ ਗਏ ਸਾਲ, ਆਸਾਂ ਵਿਚ ਆਪਣਾ ਝਟ ਲੰਘਾਈਆ । ਤੁਸੀਂ ਤੇ ਛੋਟੇ ਜਿਹੇ ਬਾਲ, ਬੱਚੇ ਨੰਨ੍ਹੇ ਵੇਖ ਵਖਾਈਆ । ਤੁਹਾਡੇ ਪਿਛੇ ਮੈਂ ਪ੍ਰਭੂ ਨੂੰ ਕਹਵਾਂ ਏਨ੍ਹਾਂ ਦੀ ਕਰੀਂ ਆਪ ਸੰਭਾਲ, ਆਪਣੀ ਗੋਦ ਉਠਾਈਆ । ਕਿਰਪਾ ਕਰ ਕੇ ਕੱਢੀਂ ਵਿਚੋਂ ਜਗਤ ਜੰਜਾਲ, ਮਿਹਰ ਨਜ਼ਰ ਨਾਲ ਤਰਾਈਆ । ਪ੍ਰਭੂ ਜੇ ਅੰਦਰ ਵੜ ਜਾਏਂ ਫੇਰ ਇਹ ਸਾਰੇ ਮਾਰਨ ਛਾਲ, ਆਪਣਾ ਬਲ ਆਪ ਪ੍ਰਗਟਾਈਆ । ਆਪਣੇ ਜਨਮ ਦਾ ਵਕਤ ਲੈਣ ਸੰਭਾਲ, ਅਗਲੇ ਜਨਮ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਬੜਾ ਵਿਸ਼ਾਲ, ਵਿਸ਼ਾ ਸਮਝ ਕਿਸੇ ਨਾ ਆਈਆ ।

### ✻ ੧੫ ਪੋਹ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਦੇ ਗ੍ਰਿਹ ਸਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਵੇਖ ਵੇਖ ਥੱਕੀ ਅੱਖਰ, ਅੱਖਰਾਂ ਵਿਚ ਜਗਤ ਲੜਾਈਆ । ਮੈਂ ਕਠੋਰ ਹੋ ਗਈ ਪੱਥਰ, ਨਰਮੀ ਨਜ਼ਰ ਕੋਇ ਨਾ ਆਈਆ । ਮੇਰੇ ਹੰਝੂ ਸੁੱਕ ਗਏ ਅੱਥਰ, ਨੈਣ ਨੀਰ ਨਾ ਕੋਇ ਵਹਾਈਆ । ਬਹੁੜੀ ਸਾਚਾ ਰਿਹਾ ਕੋਈ ਨਾ ਫ਼ੱਕਰ, ਫ਼ਕੀਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵਿਦਿਆ ਦੀ ਟੱਕਰ, ਹੰਕਾਰ ਨਾਲ ਲੜਾਈਆ । ਸਾਚਾ ਮਿਲੇ ਕਿਸੇ ਨਾ ਪਤਣ, ਕੰਢਾ ਘਾਟ ਨਾ ਕੋਇ ਸੁਹਾਈਆ । ਬੇਅਰਥ ਦਿਸੇ ਜੀਵਣ ਯਤਨ, ਯਥਾਰਥ ਮਿਲੇ ਨਾ ਧੁਰ ਦਾ ਮਾਹੀਆ । ਰਸਨਾ ਜਿਹਵਾ ਸਾਰੇ ਬਕਣ, ਉਚੀ ਕੂਕ ਕੂਕ ਸੁਣਾਈਆ । ਪ੍ਰਭ ਦਾ ਦਰਸ ਮੂਲ ਨਾ ਤੱਕਣ, ਨਿਜ ਨੇਤਰ ਨੈਣ ਕਰ ਰੁਸ਼ਨਾਈਆ । ਮਨ ਮਮਤਾ ਮਦਿਰਾ ਮਾਸ ਸਾਰੇ ਛਕਣ, ਹਿੰਦੂ ਮੁਸਲਿਮ ਬਚਿਆ ਨਜ਼ਰ ਕੋਇ ਨਾ ਆਈਆ । ਚੁਰਾਸੀ ਗੇੜ ਮੂਲ ਨਾ ਕੱਟਣ, ਜੂਨ ਅਜੂਨੀ ਡੇਰਾ ਲਾਈਆ । ਆਪਣਾ ਹਿਰਦਾ ਮੂਲ ਨਾ ਫੱਟਣ, ਨਾਮ ਅਣਿਆਲਾ ਤੀਰ ਚਲਾਈਆ । ਸਾਚਾ ਲਾਹਾ ਜਗਤ ਨਾ ਖੱਟਣ, ਮਨਮੁਖ ਬੈਠੇ ਮੁਖ ਭੁਆਈਆ । ਕੂੜੀ ਕਿਰਿਆ ਅੰਦਰ ਟੱਪਣ, ਭੱਜਣ ਵਾਹੋ ਦਾਹੀਆ । ਤੇਰਾ ਨਾਮ ਮੂਲ ਨਾ ਜਪਣ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਸ੍ਰਿਸ਼ਟੀ ਹੋਈ ਮਨ ਮੱਤਨ, ਗੁਰਮਤ ਗਈ ਭੁਲਾਈਆ । ਕੂੜ ਕੁੜਿਆਰਿਆਂ ਅੰਦਰ ਵੱਸਣ, ਵਾਸਤਾ ਛੱਡਿਆ ਬੇਪ੍ਰਵਾਹੀਆ । ਮੈਂ ਸਭ ਨੂੰ ਆਈ ਦੱਸਣ, ਉਚੀ ਕੂਕ ਦਿਆਂ ਜਣਾਈਆ । ਬਿਨਾ ਪੁਰਖ ਅਕਾਲ ਤੋਂ ਪਤ ਆਵੇ ਕੋਈ ਨਾ ਰੱਖਣ, ਦੋ ਜਹਾਨ ਨਾ ਕੋਇ ਸਹਾਈਆ । ਸਾਚਾ ਘਰ ਨਾ ਦੇਵੇ ਵਤਨ, ਬੇਵਤਨਾਂ ਘਰ ਪੁਚਾਈਆ । ਇਕੋ ਸਾਹਿਬ ਸਤਿਗੁਰ ਸਭ ਦਾ ਸਾਂਝਾ ਕਰ ਹੱਕਨ, ਹਕੀਕਤ ਆਪਣੀ ਦੇ ਦ੍ਰਿੜਾਈਆ । ਤੂੰ ਅੱਲਾ ਵਾਹਿਗੁਰੂ ਰਾਮ ਓਮ ਬਣ ਨਸ਼ੱਕਣ, ਸ਼ੱਕ ਸਭ ਦੇ ਦੂਰ ਕਰਾਈਆ । ਇਕੋ ਰੂਪ ਦੁਨੀਦਾਰ ਤੇਰਾ ਤੱਕਣ, ਇਕੋ ਜੋਤ ਡਗਮਗਾਈਆ । ਖੇਲ ਵਖਾ ਪੁਰਖ ਸਮਰਥਨ, ਹਰਿ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਚਾਰ ਵਰਨ ਰਟਣ, ਰੱਟਾ ਜਗਤ ਦੇਣਾ ਮੁਕਾਈਆ ।


੭੦੨

੨੧

### ✻ ੧੫ ਪੋਹ ਸ਼ਹਿਨਸ਼ਾਹੀ ਸੰਮਤ ੪ ਵਕੀਲ ਸਿੰਘ ਦੇ ਗ੍ਰਿਹ ਸਈ ਕਲਾਂ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਵੇਖੀ ਚਾਰ ਲੱਖ ਅੱਸੀ, ਆਸਾਵੰਦ ਧਿਆਨ ਲਗਾਈਆ । ਸਭ ਦੀ ਜਿਹਵਾ ਪੜ੍ਹ ਪੜ੍ਹ ਘਸੀ, ਤੱਕੀ ਥਾਉਂ ਥਾਈਆ । ਦੂਰ ਦੁਰਾਡੀ ਫਿਰੀ ਨੱਸੀ, ਭੱਜੀ ਵਾਹੋ ਦਾਹੀਆ । ਤੇਰੀ ਮੰਜ਼ਲ ਕਿਸੇ ਨਾ ਦੱਸੀ, ਪੰਡਤ ਪਾਂਧੇ ਪੁਛੇ ਚਾਈਂ ਚਾਈਂਆ । ਮੁੱਲਾਂ ਸ਼ੇਖ਼ਾਂ ਮਿਲੀ ਜੋਤ ਨਾ ਰੱਬੀ, ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਵਿਦਵਾਨਾਂ ਬੁੱਧੀਵਾਨਾਂ ਤੇਰੀ ਸਮਝੀ ਕਿਸੇ ਨਾ ਗੱਦੀ, ਮਾਲਕ ਹੱਕ ਨਾ ਕੋਇ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਦੀਨਾਂ ਮਜ਼੍ਹਬਾਂ ਦੀ ਬੰਦ ਹੋਇਆ ਵਿਚ ਡੱਬੀ, ਹਿੱਸੇ ਛੋਟੇ ਛੋਟੇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦੀ ਵਖੌਂਦੇ ਰਹੇ ਨਦੀ, ਸਮੁੰਦ ਸਾਗਰ ਨਾ ਕੋਇ ਸਮਝਾਈਆ । ਕਿਸੇ ਨੇ ਸ੍ਰਿਸ਼ਟ ਸਮਝਾਈ ਨਹੀਂ ਚੌਥਾਈ ਅੱਧੀ, ਛੋਟੀਆਂ ਛੋਟੀਆਂ ਵੰਡਾਂ ਗਏ ਪਾਈਆ । ਮੈਂ

ਵੀ ਫਿਰਦੀ ਪੈਰ ਦੱਬੀ, ਹੌਲੀ ਹੌਲੀ ਚਲਾਂ ਚਾਈਂ ਚਾਈਆ । ਦੀਨਾਂ ਮਜ਼੍ਹਬਾਂ ਵਿਚ ਜਾਵਾਂ ਕਦੀ ਕਦੀ, ਕ਼ਦੀਮ ਦੇ ਮਾਲਕ ਤੇਰੀ ਖੇਲ ਵੇਖ ਵਖਾਈਆ । ਜਿਧਰ ਵੇਖਾਂ ਓਧਰ ਬੱਝੀ ਹੱਦੀ, ਵੰਡਾਂ ਰਹੇ ਪਾਈਆ । ਤੇਰੀ ਨੂਰ ਧਾਰ ਕਿਤੇ ਨਾ ਲੱਭੀ, ਸਤਿ ਚੰਦ ਨਾ ਕੋਇ ਚਮਕਾਈਆ । ਮੈਂ ਵਾਸਤਾ ਪਾਵਾਂ ਹੱਥੀਂ ਬੱਧੀ, ਦੋਏ ਜੋੜ ਸੀਸ ਝੁਕਾਈਆ । ਸਾਹਿਬ ਸਰਨਾਈ ਤੇਰੀ ਲੱਗੀ, ਨਾਤੇ ਦੂਜੇ ਦਿਤੇ ਤੁੜਾਈਆ । ਮੈਨੂੰ ਬੰਧਨਾਂ ਵਿਚੋਂ ਕੱਢੀਂ, ਆਪਣੇ ਘਰ ਵਸਾਈਆ । ਟੁੱਟੀ ਪ੍ਰੀਤ ਗੰਢੀਂ, ਧੁਰ ਦਾ ਜੋੜ ਜੁੜਾਈਆ । ਸਦਾ ਸੁਹਾਗਣ ਰੱਖੀਂ ਹੋਣ ਨਾ ਦੇਵੀਂ ਰੰਡੀ, ਜਗਤ ਰੰਡੇਪਾ ਦੇਣਾ ਚੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਰਹੇ ਨਾ ਕੋਇ ਪਾਬੰਦੀ, ਪਾਬੰਦ ਆਪਣੇ ਲੈਣੇ ਬਣਾਈਆ । ਮੈਂ ਬੰਦ ਨਹੀਂ ਰਹਿਣਾ ਖ਼ਾਨੇ ਬਦੀ, ਬੰਦੀਖ਼ਾਨੇ ਦੇਣੇ ਤੁੜਾਈਆ । ਮੈਂ ਗੋਬਿੰਦ ਤਕਣਾ ਸੂਰਬੀਰ ਬਹਾਦਰ ਜੰਗੀ, ਜੋਧਾ ਇਕੋ ਵੇਖ ਵਖਾਈਆ । ਜਿਸ ਨੇ ਵਰਭੰਡ ਪੌਣੀ ਭੰਡੀ, ਬ੍ਰਹਿਮੰਡ ਲੇਖਾ ਦਏ ਮੁਕਾਈਆ । ਤੇਰੇ ਨਾਮ ਦੀ ਦਏ ਸੁਗੰਧੀ, ਵਸਤ ਅਮੋਲਕ ਇਕ ਵਰਤਾਈਆ । ਮੈਂ ਛੱਡ ਦੇਣੀ ਦੀਨਾਂ ਮਜ਼੍ਹਬਾਂ ਦੀ ਪੁਰਾਣੀ ਮੰਜੀ, ਸਿੰਘਾਸਣ ਤੇਰਾ ਇਕੋ ਵੇਖ ਵਖਾਈਆ । ਮੈਂ ਸਿਰੋਂ ਨਹੀਂ ਰਹਿਣਾ ਗੰਜੀ, ਸੀਸ ਗੁੰਦ ਕੇ ਆਪਣਾ ਰੂਪ ਲੈਣਾ ਬਦਲਾਈਆ । ਮੈਂ ਕੱਟਣੀ ਨਹੀਂ ਕੋਈ ਤੰਗੀ, ਸੁਖ ਸਾਗਰ ਵਿਚ ਸਮਾਈਆ । ਮੈਂ ਨਹੌਣ ਨਹੀਂ ਜਾਣਾ ਜਮਨਾ ਸੁਰਸਤੀ ਗੋਦਾਵਰੀ ਗੰਗੀ, ਤੇਰਾ ਚਰਨ ਧੂੜ ਇਸ਼ਨਾਨ ਮੇਰੀ ਦੁਰਮਤ ਮੈਲ ਦਏ ਧੁਵਾਈਆ । ਮੈਂ ਮੰਨਣੀ ਨਹੀਂ ਕੋਈ ਪਿੰਡੀ, ਸ਼ਿਵ ਸ਼ੰਕਰ ਸੀਸ ਨਾ ਕੋਇ ਨਿਵਾਈਆ । ਮੇਰੀ ਮੇਂਢੀ ਰਹਿਣੀ ਨਹੀਂ ਖਿੰਡੀ, ਸਾਚਾ ਰੰਗ ਲੈਣਾ ਰੰਗਾਈਆ । ਮੈਂ ਭੈ ਨਹੀਂ ਰੱਖਣਾ ਸੁਰਪਤ ਰਾਜੇ ਇੰਦੀ, ਇੰਦ ਇੰਦਰਾਸਨ ਆਈ ਤਜਾਈਆ । ਮੈਨੂੰ ਪੰਜ ਫੁੱਲ ਭੇਟਾ ਕਰੇ ਓਹ ਲੜਕੀ ਜੋ ਹੋਵੇ ਸਿੰਧੀ, ਤੋਹਫ਼ਾ ਗੁਰਮੁਖਾਂ ਹੱਥ ਘਲਾਈਆ । ਮੇਰੀ ਮਿਟ ਜਾਏ ਅਗਲੀ ਚਿੰਦੀ, ਚਿੰਤਾ ਰਹੇ ਨਾ ਰਾਈਆ । ਮੈਂ ਸਦਾ ਤੇਰੇ ਚਰਨਾਂ ਵਿਚ ਜ਼ਿੰਦੀ, ਜ਼ਿੰਦਗੀ ਤੇਰੀ ਝੋਲੀ ਪਾਈਆ । ਹੁਣ ਚਲਣਾ ਨਹੀਂ ਡੰਡੀ ਡਿੰਗੀ, ਰਾਹ ਸਿੱਧਾ ਲਿਆ ਅਪਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਅੱਖਰ ਵੇਖੇ ਤੇਰੇ ਉਤੇ ਸਲੇਟ, ਪੱਥਰ ਪੱਥਰਾਂ ਨਾਲ ਛੁਹਾਈਆ । ਇਕ ਦੂਜੇ ਦੇ ਅੱਗੇ ਪਿਛੇ ਰਹੇ ਲੇਟ, ਵਾਰੋ ਵਾਰੀ ਆਪਣਾ ਆਪ ਬਦਲਾਈਆ । ਇਕ ਦੂਜੇ ਨੂੰ ਆਪਾ ਕਰਦੇ ਰਹੇ ਭੇਟ, ਨਾਤਾ ਇਕ ਦੂਜੇ ਨਾਲ ਜੁੜਾਈਆ । ਇਕ ਦੂਜੇ ਨਾਲ ਦੱਸਦੇ ਰਹੇ ਹੇਤ, ਹਿਤਕਾਰੀ ਤੇਰੀ ਬੇਪ੍ਰਵਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਦੱਸ ਦੇ ਆਪੇ ਭੇਤ, ਭੇਵ ਅਭੇਦਾ ਦੇ ਖੁਲ੍ਹਾਈਆ । ਮੈਂ ਪੜ੍ਹਨ ਨਹੀਂ ਜਾਣਾ ਚਾਰ ਵੇਦ, ਪੁਰਾਨ ਅਠਾਰਾਂ ਵਰਕਾ ਨਾ ਕੋਇ ਉਲਟਾਈਆ । ਛੇ ਸ਼ਾਸਤਰ ਚੁਕਣੀ ਨਹੀਂ ਕਤੇਬ, ਅਠਾਰਾਂ ਧਿਆਏ ਨਾ ਢੋਲਾ ਗਾਈਆ । ਮੈਂ ਸਹੰਸਰ ਮੁਖ ਨਹੀਂ ਬਣੌਂਣਾ ਵਾਂਗ ਸ਼ੇਸ਼, ਜਿਹਵਾ ਸਹੰਸਰ ਦੋ ਹਿਲਾਈਆ । ਮੈਂ ਸਿਰ ਨਹੀਂ ਬਦਲੌਣਾ ਵਾਂਗ ਗਣੇਸ਼, ਸ਼ੰਕਰ ਤ੍ਰਸੂਲ ਨਾ ਕੋਇ ਵਡਿਆਈਆ । ਮੈਂ ਰਿਸ਼ੀਆਂ ਦੇ ਹੋਣਾ ਨਹੀਂ ਪੇਸ਼, ਜੰਗਲਾਂ ਵਿਚ ਕੁਰਲਾਈਆ । ਮੈਂ ਵਸਣਾ ਨਹੀਂ ਗੁਰ ਅਵਤਾਰ ਪੈਗ਼ੰਬਰਾਂ ਦੇ ਦੇਸ, ਜੋ ਜੰਮਣ ਤੇ ਮਰ ਜਾਈਆ । ਮੈਂ ਵੇਖਣਾ ਨਹੀਂ ਦੀਨ ਦੁਨੀ ਦਾ ਕਲੇਸ਼, ਕਲਮਿਆਂ ਵਾਲੀ ਨਾ ਕਰਾਂ ਪੜ੍ਹਾਈਆ । ਜਦ ਵਸਾਂ ਤੇ ਤੇਰੇ ਚਰਨ ਹਮੇਸ਼, ਦੂਜੀ ਓਟ ਨਾ ਕੋਇ ਤਕਾਈਆ । ਜਾਂ ਤੱਕਾਂ ਤੇ ਤੇਰਾ ਲਾਡਲਾ ਪੁਤ ਦਸਮੇਸ਼, ਜੋਤੀ ਜਾਤਾ ਨਜ਼ਰੀ ਆਈਆ । ਸਦੀ ਚੌਧਵੀਂ ਕਹੇ ਮੇਰੇ ਖੁਲ੍ਹੇ ਰਹਿਣ ਨਾ ਕੇਸ, ਮੀਂਢੀ ਸੀਸ ਦੇਣੀ ਗੁੰਦਾਈਆ । ਮੈਂ ਛੱਡ ਜਾਵਾਂ ਪਰਦੇਸ, ਪਰਦੇਸਣ

ਹੋ ਕੇ ਦਿਆਂ ਦੁਹਾਈਆ । ਦੀਨ ਦੁਨੀ ਨੂੰ ਕਹਾਂ ਆਓ ਮੇਰਾ ਮਾਹੀ ਲਓ ਵੇਖ, ਜੋ ਮਾਲਕ ਧੁਰਦਰਗਾਹੀਆ । ਜਿਹੜਾ ਕਿਸੇ ਹੱਥ ਨਾ ਆਇਆ ਮੁੱਲਾ ਸ਼ੇਖ਼, ਪੰਡਤ ਪਾਂਧਾ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ਼ਨ ਮੰਗਾਂ ਹਮੇਸ਼, ਦੂਸਰ ਅੱਖ ਨਾ ਕੋਇ ਮਿਲਾਈਆ ।

✻ ੧੫ ਪੋਹ ਸ਼ਹਿਨਸ਼ਾਹੀ ਸੰਮਤ ੪ ਦੌਲਤ ਸਿੰਘ ਦੇ ਗ੍ਰਹਿ ਕੋਟਲੀ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਹਰਫ਼ਾਂ ਦੀਆਂ ਪੜ੍ਹੀਆਂ ਕਤਾਰਾਂ, ਸਤਰਾਂ ਲਾਈਨਾਂ ਵੇਖ ਵਖਾਈਆ । ਕਾਗ਼ਜ਼ ਵੇਖੇ ਨਾਲ ਇਸ਼ਤਿਹਾਰਾਂ, ਪੰਨੇ ਸਫ਼ੇ ਲਏ ਬਦਲਾਈਆ । ਦਿਵਸ ਰੈਣ ਕਰਦੀ ਰਹੀ ਵਿਚਾਰਾਂ, ਸੋਚ ਆਪਣੇ ਅੰਦਰ ਰਖਾਈਆ । ਕਵਣ ਧਾਮ ਮਿਲੇ ਮੇਰਾ ਦਾਤਾਰਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਕਹਿੰਦੇ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਜਿਸ ਦਾ ਖੇਲ ਦੀਨ ਦੁਨੀ ਤੋਂ ਬਾਹਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸੋ ਸੁਵਾਮੀ ਅੰਤਰਜਾਮੀ ਘਟ ਨਿਵਾਸੀ ਨਿਰਗੁਣ ਨਿਰਵੈਰ ਦੇਵੇ ਦੀਦਾਰਾ, ਬਿਨ ਦੀਦ ਈਦ ਚੰਦ ਕਰੇ ਰੁਸ਼ਨਾਈਆ । ਸਰਬ ਸਵਾਮੀ ਮੈਂ ਵੇਖਾਂ ਸਿਰਜਣਹਾਰਾ, ਸਚਖੰਡ ਨਿਵਾਸੀ ਪੜਦਾ ਦਏ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਮੈਂ ਫਿਰ ਫਿਰ ਥੱਕੀ ਵਾਰੋ ਵਾਰਾ, ਸਾਲ ਬਸਾਲਾ ਆਪਣਾ ਪੰਧ ਮੁਕਾਈਆ । ਅੰਤ ਪੁੱਛਿਆ ਪੈਗ਼ੰਬਰ ਗੁਰ ਅਵਤਾਰਾ, ਆਪਣੀ ਆਸ਼ਾ ਦਿਤੀ ਜਣਾਈਆ । ਮੇਰਾ ਮੇਲੋ ਸਾਜਨ ਮੀਤ ਮੁਰਾਰਾ, ਮਿਤ੍ਰ ਪਿਆਰਾ ਨੂਰ ਅਲਾਹੀਆ । ਜਿਸ ਦਾ ਅਗੰਮ ਅਥਾਹ ਮਹੱਲ ਅਟਲ ਉਚ ਮੁਨਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਦਰਗਾਹ ਸਾਚੀ ਵਸੇ ਧਾਮ ਨਿਆਰਾ, ਚਾਰ ਦੀਵਾਰੀ ਵੰਡ ਨਾ ਕੋਇ ਕਰਾਈਆ । ਰਵ ਸਸ ਸੂਰੀਆ ਚੰਦ ਨਾ ਕੋਇ ਉਜਿਆਰਾ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਏਕਾ ਨਿਰਗੁਣ ਜੋਤ ਬਿਨ ਵਰਨ ਗੋਤ ਹੋਵੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਓਸ ਦੇ ਚਰਨ ਕਵਲ ਕਰਾਂ ਨਿਮਸਕਾਰਾ, ਰੋ ਰੋ ਲਾਗਾਂ ਪਾਈਆ । ਬੇਨੰਤੀ ਕਰਾਂ ਕਿਰਪਾ ਕਰ ਵੇਖ ਆਪਣਾ ਸੰਸਾਰਾ, ਲੋਕਮਾਤ ਧਿਆਨ ਲਗਾਈਆ । ਚਾਰ ਵਰਨ ਦਿਸੇ ਅੰਧਿਆਰਾ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੇਰਾ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਪੜ੍ਹ ਪੜ੍ਹ ਥੱਕੀ ਲੇਖ, ਅੱਖਰਾਂ ਨਾਲ ਵਡਿਆਈਆ । ਚਾਰੋਂ ਕੁੰਟ ਤੱਕਿਆ ਭੇਖ, ਭਾਂਡਾ ਭਰਮ ਨਾ ਕੋਇ ਭੰਨਾਈਆ । ਦਾੜ੍ਹੀ ਰੱਤੀ ਮੁੱਲਾ ਸ਼ੇਖ਼, ਮੁਸਾਇਕ ਨੇਤਰ ਰੋਵਨ ਮਾਰਨ ਧਾਈਆਂ । ਧੁਰ ਦਾ ਦੱਸੇ ਕੋਈ ਨਾ ਭੇਤ, ਪੜਦਾ ਸਕੇ ਨਾ ਕੋਇ ਉਠਾਈਆ । ਦਰਸ ਕਰਾਏ ਨਾ ਕੋਈ ਨੇਤਨ ਨੇਤ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਧਰਨੀ ਧਰਤ ਧਵਲ ਸਭ ਨੇ ਮੰਨਿਆ ਆਪਣਾ ਦੇਸ, ਪਰਦੇਸੀ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੜਦਾ ਉਹਲਾ ਦੇ ਚੁਕਾਈਆ । ਸਦੀ ਚੌਧਵੀਂ ਕਹੇ ਪੜ੍ਹ ਪੜ੍ਹ ਵੇਖੇ ਹਰਫ਼ ਅਨੇਕ, ਇਲਮਾਂ ਵਿਚ ਵਡਿਆਈਆ । ਬਿਨਾ ਪ੍ਰਭ ਤੋਂ ਮਿਲੇ ਨਾ ਸਾਚੀ ਟੇਕ, ਟਿੱਕੇ ਧੂੜੀ ਖ਼ਾਕ ਨਾ ਕੋਇ ਰਮਾਈਆ । ਧੁਰ ਦਾ ਦਿਸੇ ਕੋਈ ਨਾ ਦੇਸ, ਘਰ ਸੁਹੰਜਣਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ

੭੦੫

ਪੈਗ਼ੰਬਰ ਦੇ ਕੇ ਗਏ ਸੰਦੇਸ, ਧੁਰ ਫ਼ਰਮਾਨੇ ਹੁਕਮ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਨਰ ਨਰੇਸ਼, ਕਲ ਕਲਕੀ ਫੇਰਾ ਪਾਈਆ । ਜਿਸ ਦੀ ਮਹਿੰਮਾ ਕਰੇ ਕੋਈ ਨਾ ਜਿਹਵ, ਰਸਨਾ ਸਿਫਤ ਨਾ ਕੋਇ ਸਾਲਾਹੀਆ । ਦਾਤਾ ਦਾਨੀ ਹੋਵੇ ਅਲਖ ਅਭੇਵ, ਅਗੰਮ ਅਥਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਹਰਫ਼ਾਂ ਲਿਆ ਪੁਛ, ਸਹਿਜ ਨਾਲ ਸੁਣਾਈਆ । ਤੁਸੀਂ ਕਿਉਂ ਸਾਰੇ ਰਹਿੰਦੇ ਚੁਪ, ਕਾਗ਼ਜ਼ਾਂ ਉਤੇ ਆਸਣ ਲਾਈਆ । ਵੇਖੋ ਕਲਜੁਗ ਅੰਧੇਰਾ ਘੁਪ, ਤੁਹਾਡੇ ਪੜ੍ਹਿਆਂ ਸਮਝ ਕੋਇ ਨਾ ਪਾਈਆ । ਕਿਉਂ ਨਹੀਂ ਅੰਦਰੋਂ ਕੂੜ ਕਲਪਣਾ ਦੇਂਦੇ ਟੁੱਕ, ਖੰਡਾ ਨਾਮ ਵਾਲਾ ਖੜਕਾਈਆ । ਕਿਉਂ ਪ੍ਰਭ ਦੇ ਨਾਲੋਂ ਗਏ ਰੁੱਸ, ਆਪਣਾ ਪੱਲੂ ਜਗਤ ਛੁਡਾਈਆ । ਕੀ ਜਾਮ ਪੀਣਾ ਘੁਟ, ਮੈਨੂੰ ਦਿਓ ਦ੍ਰਿੜਾਈਆ । ਜਿਸ ਕਾਰਨ ਸਾਚੀ ਸੁਰਤੀ ਗਈ ਟੁੱਟ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਘਰ ਘਰ ਅੰਦਰ ਵੜਿਆ ਦੁੱਖ, ਦਰਦੀਆਂ ਦਰਦ ਨਾ ਕੋਇ ਗਵਾਈਆ । ਕੀ ਤੁਸੀਂ ਸਫ਼ਲ ਕਰ ਨਹੀਂ ਸਕਦੇ ਮਾਤਾ ਕੁੱਖ, ਜਨਨੀ ਜਨ ਨਾ ਦੇਵੇ ਕੋਇ ਵਡਿਆਈਆ । ਹਰਫ਼ ਕਹਿਣ ਸਦੀ ਚੌਧਵੀਂ ਸਾਡੀ ਮੰਜ਼ਲ ਰਹੀ ਮੁਕ, ਅੰਤਮ ਪੈਂਡਾ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਆਪਣੇ ਭਾਣੇ ਅੰਦਰ ਸਦਾ ਰਹਿੰਦਾ ਖ਼ੁਸ਼, ਜੁਗ ਚੌਕੜੀ ਆਪਣੀ ਕਰਨੀ ਕਾਰ ਕਮਾਈਆ ।


੨੧

### ✻ ੧੫ ਪੋਹ ਸ਼ਹਿਨਸ਼ਾਹੀ ਸੰਮਤ ੪ ਦੇਵੀ ਸਿੰਘ ਦੇ ਗ੍ਰਿਹ ਮਘੋਵਾਲੀ ਜੰਮੂ ✻

ਸਦੀ ਚੌਧਵੀਂ ਕਹੇ ਪ੍ਰਭ ਤੇਰੇ ਨਾਮ ਅੱਖਰ ਲਿਖੇ ਕਾਗ਼ਜ਼ ਸ਼ਾਹੀ, ਸ਼ਹਿਨਸ਼ਾਹ ਸ੍ਰਿਸ਼ਟੀ ਦਿਤੀ ਸਮਝਾਈਆ । ਚਾਰ ਜੁਗ ਦੇ ਗ੍ਰੰਥ ਦੇਣ ਗਵਾਹੀ, ਸ਼ਹਾਦਤ ਧੁਰ ਦੀ ਰਹੇ ਭੁਗਤਾਈਆ । ਮੇਰੀ ਤੇਰੇ ਅੱਗੇ ਇਕ ਦੁਹਾਈ, ਨੇਤਰ ਰੋ ਰੋ ਦਿਆਂ ਸੁਣਾਈਆ । ਜਿੰਨਾਂ ਚਿਰ ਦੀਨ ਦੁਨੀ ਦੇ ਹਿਰਦੇ ਅੰਦਰ ਕਰੇਂ ਨਾ ਆਪ ਲਿਖਾਈ, ਲੇਖ ਧੁਰ ਦਾ ਧੁਰ ਬਣਾਈਆ । ਓਨਾਂ ਚਿਰ ਮਿਟੇ ਨਾ ਕਦੇ ਜੁਦਾਈ, ਵਿਛੋੜਾ ਕੱਟ ਨਾ ਕੋਇ ਵਖਾਈਆ । ਕਿਰਪਾ ਕਰ ਮੇਰੇ ਗੋਸਾਈਂ, ਮਿਹਰਵਾਨ ਤੇਰੀ ਆਸ ਤਕਾਈਆ । ਹਰ ਘਟ ਅੰਤਰ ਕਰ ਰੁਸ਼ਨਾਈ, ਨਿਰਗੁਣ ਨੂਰ ਡਗਮਗਾਈਆ । ਨਿਝਰ ਝਿਰਨਾ ਦੇ ਝਿਰਾਈ, ਅੰਮ੍ਰਿਤ ਬੂੰਦ ਸਵਾਂਤੀ ਜਾਮ ਪਿਆਈਆ । ਕੂੜੀ ਕਿਰਿਆ ਮੇਟ ਦੇ ਸ਼ਾਹੀ, ਧੁਰ ਦਾ ਸਾਚਾ ਰੰਗ ਰੰਗਾਈਆ । ਆਤਮ ਦਾ ਪਰਮਾਤਮ ਬਣ ਮਾਹੀ, ਮਹਿਬੂਬ ਤੇਰੇ ਹੱਥ ਵਡਿਆਈਆ । ਮੈਂ ਨਿਉਂ ਨਿਉਂ ਲਾਗਾਂ ਪਾਈਂ, ਬਿਨ ਕ਼ਦਮਾ ਸੀਸ ਝੁਕਾਈਆ । ਤੂੰ ਸ਼ਹਿਨਸ਼ਾਹ ਧੁਰਦਰਗਾਹੀ, ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਤੇਰੇ ਅੱਖਰਾਂ ਨਾਲ ਲਿਖੀ ਤੇਰੀ ਸਿਫ਼ਤ ਸਾਲਾਹ, ਮਹਿਮਾ ਜੁਗ ਜੁਗ ਵਡਿਆਈਆ । ਜਗਤ ਮੁਹਾਣੇ ਦੱਸ ਕੇ ਗਿਉਂ ਬਣ ਮਲਾਹ, ਹੁਕਮੇ ਅੰਦਰ ਹੁਕਮ ਚਲਾਈਆ । ਤੇਰਾ ਖੇਲ ਬੇਪਰਵਾਹ, ਜੁਗ ਚੌਕੜੀ ਤੇਰਾ ਨਾਮ ਦੁਹਾਈਆ । ਜਿੰਨਾਂ ਚਿਰ ਅੰਤਰ ਆਪਣੀ ਦਇਆ ਨਾ ਦਏਂ ਕਮਾ, ਮਿਹਰ ਨਜ਼ਰ ਉਠਾਈਆ । ਓਨਾਂ ਚਿਰ ਤੇਰਾ ਦਰਸ਼ਨ ਸਕੇ ਕੋਈ ਨਾ ਪਾ, ਪੂਜਾ ਪਾਠ ਨਾ ਕੋਇ ਵਡਿਆਈਆ ।

ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕ ਖ਼ੁਦਾ, ਖ਼ੁਦੀ ਤਕੱਬਰੀ ਅੰਦਰੋਂ ਦੇ ਕਢਾਈਆ । ਤੇਰਾ ਨੂਰ ਤੈਥੋਂ ਹੋਏ ਨਾ ਕੋਇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸਚ ਦਵਾਰਾ ਇਕ ਸੁਹਾ, ਸੋਭਾਵੰਤ ਤੇਰੀ ਸਰਨਾਈਆ । ਦੀਆ ਬਾਤੀ ਕਮਲਾਪਾਤੀ ਇਕ ਜਗਾ, ਨਿਰਗੁਣ ਨੂਰ ਹੋਵੇ ਰੁਸ਼ਨਾਈਆ । ਬੰਕ ਦਵਾਰਾ ਏਕੰਕਾਰਾ ਇਕ ਵਡਿਆ, ਸਚ ਸਿੰਘਾਸਣ ਡੇਰਾ ਲਾਈਆ । ਮੇਰੀ ਤੇਰੇ ਅੱਗੇ ਦੁਆ, ਨਿਉਂ ਨਿਉਂ ਲਾਗਾਂ ਪਾਈਆ । ਬਿਨ ਤੇਰੀ ਕਿਰਪਾ ਮਿਹਰਵਾਨ ਮਹਿਬੂਬ ਤੇਰਾ ਦਰਸ਼ਨ ਕੋਈ ਨਾ ਸਕੇ ਪਾ, ਮੰਜ਼ਲ ਹਕ਼ੀਕ਼ੀ ਚੜ੍ਹਨ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਥੱਕਾ ਜਗਤ ਜਹਾਂ, ਪੰਡਤ ਪਾਂਧੇ ਮੁੱਲਾ ਸ਼ੇਖ਼ ਮੁਸਾਇਕ ਬਗ਼ਲ ਕੁਰਾਨਾਂ ਫਿਰਨ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਸਦੀ ਚੌਧਵੀਂ ਕਹੇ ਤੇਰੇ ਅੱਖਰ ਦੇਂਦੇ ਰਹੇ ਸੰਦੇਸ਼ਾ ਪਾਤੀ, ਖ਼ਬਰਾਂ ਖ਼ਬਰਾਂ ਨਾਲ ਮਿਲਾਈਆ । ਤੂੰ ਲੁਕਿਆ ਰਿਹੋਂ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਮੁਖ ਛੁਪਾਈਆ । ਮੈਂ ਝਗੜਾ ਤਕਦੀ ਰਹੀ ਕਾਗ਼ਜ਼ਾਤੀ, ਕਲਮਾਂ ਕਲਮੇ ਨਾਲ ਟਕਰਾਈਆ । ਲੇਖਾ ਵੇਖਦੀ ਰਹੀ ਕ਼ਲਮ ਦਵਾਤੀ, ਕਾਗ਼ਜ਼ਾਂ ਉਤੇ ਆਪਣੀ ਅੱਖ ਟਿਕਾਈਆ । ਬਿਨ ਤੇਰੀ ਕਿਰਪਾ ਲੋਕਮਾਤ ਬਣਿਆ ਕੋਈ ਨਾ ਤੇਰਾ ਸਾਥੀ, ਸਗਲਾ ਸੰਗ ਨਾ ਕੋਇ ਨਿਭਾਈਆ । ਕਿਰਪਾ ਕਰ ਮਿਹਰਵਾਨ ਜੀਵਣ ਜੁਗਤ ਬਦਲ ਦੇ ਹਯਾਤੀ, ਹਰ ਹਿਰਦੇ ਕਰ ਸਫ਼ਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਵਿਚ ਤੇਰੀ ਕਥਾ ਕਹਾਣੀ ਆਖੀ, ਕਹਿ ਕੇ ਗਏ ਸੁਣਾਈਆ । ਉਸ ਦਾ ਲਹਿਣਾ ਦੇਣਾ ਪੂਰਾ ਕਰ ਦੇ ਬਾਕੀ, ਬਾਕ਼ਾਇਦਾ ਆਪਣਾ ਹੁਕਮ ਵਰਤਾਈਆ । ਭੇਵ ਖੁਲ੍ਹਾ ਦੇ ਸ੍ਰੀ ਭਗਵਾਨ ਤਨ ਖ਼ਾਕੀ, ਤਨ ਵਜੂਦ ਪੜਦਾ ਦੇ ਉਠਾਈਆ । ਸਦੀ ਚੌਧਵੀਂ ਕਹੇ ਕਲਜੁਗ ਵੇਖ ਅੰਧੇਰੀ ਰਾਤੀ, ਸਾਹਿਬ ਸਵਾਮੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਤੇਰੇ ਅੱਖਰ ਕੀ ਕੁਛ ਕਹਿੰਦੇ, ਕਹਿ ਕਹਿ ਕਲਮੇ ਨਾਮ ਸੁਣਾਈਆ । ਮੈਂ ਫਿਰ ਫਿਰ ਵੇਖੇ ਚੜ੍ਹਦੇ ਲਹਿੰਦੇ, ਦੱਖਣ ਪਹਾੜ ਭੱਜੀ ਵਾਹੋ ਦਾਹੀਆ । ਚਾਰ ਵਰਨ ਅਠਾਰਾਂ ਬਰਨ ਨਾ ਮਿਲ ਕੇ ਬਹਿੰਦੇ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡਾਂ ਬੈਠੇ ਪਾਈਆ । ਮੁਖੋਂ ਸਾਰੇ ਅੱਲਾ ਵਾਹਿਗੁਰੂ ਰਾਮ ਤੈਨੂੰ ਕਹਿੰਦੇ, ਅੰਦਰ ਸ਼ਰਅ ਛੁਰੀ ਦਿਸੇ ਕਸਾਈਆ । ਬਾਹਰੋਂ ਸੱਯਦਿਆਂ ਵਿਚ ਬੰਦਨਾ ਵਿਚ ਡੰਡਾਵਤ ਵਿਚ ਸਾਰੇ ਤੈਨੂੰ ਢਹਿੰਦੇ, ਅੰਦਰੋਂ ਹਿਰਦੇ ਹਰਿ ਨਾ ਕੋਇ ਵਸਾਈਆ । ਬਿਨ ਤੇਰੀ ਕਿਰਪਾ ਭਾਣਾ ਕੋਇ ਨਾ ਸਹਿੰਦੇ, ਭਰਮ ਗੜ੍ਹ ਨਾ ਕੋਇ ਤੁੜਾਈਆ । ਕਲਜੁਗ ਕੂੜੀ ਕਿਰਿਆ ਵਹਿਣ ਜਾਂਦੇ ਵਹਿੰਦੇ, ਫੜ ਬਾਹੋਂ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੀ ਕਿਰਪਾ ਸਚ ਦਵਾਰ ਮੂਲ ਨਾ ਬਹਿੰਦੇ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ ।

### ❋ ੧੯ ਪੋਹ ਸ਼ਹਿਨਸ਼ਾਹੀ ਸੰਮਤ ੪ ਮਾਇਆ ਦੇਵੀ ਦੇ ਗ੍ਰਿਹ ਮਘੋਵਾਲੀ ਜੰਮੂ ❋

ਸਦੀ ਚੌਧਵੀਂ ਕਹੇ ਪ੍ਰਭ ਕੂੜੀ ਕਿਰਿਆ ਕਲਜੁਗ ਦੇ ਰੋੜ੍ਹ, ਸ਼ੌਹ ਦਰਿਆ ਵਹਿਣ ਵਹਾਈਆ । ਸਤਿ ਧਰਮ ਦਾ ਨਾਤਾ ਅੱਗੇ ਸਾਚਾ ਜੋੜ,

ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਚਾਰ ਕੁੰਟ ਰਹੇ ਨਾ ਕੋਈ ਅੰਧੇਰਾ ਘੋਰ, ਧੁਰ ਦਾ ਨੂਰ ਦੇ ਚਮਕਾਈਆ । ਝਗੜਾ ਮੁਕਾ ਦੇ ਠਗ ਚੋਰ, ਮਾਇਆ ਮਮਤਾ ਡੇਰਾ ਢਾਹੀਆ । ਆਤਮ ਪ੍ਰੀਤੀ ਨਿਭਾ ਤੋੜ, ਧੁਰ ਦਾ ਮੇਲਾ ਸਚ ਮਿਲਾਈਆ । ਇਕੋ ਤੇਰਾ ਮੰਤਰ ਫੁਰੇ ਫੁਰਨਾ ਫੋਰ, ਫੁਰਨਾ ਮਨ ਰਹੇ ਨਾ ਰਾਈਆ । ਮਨੂਆ ਪਾਏ ਕੋਈ ਨਾ ਸ਼ੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਕਰ ਦੇ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਵਿਚੋਂ ਤੇਰਾ ਨਾਮ ਨਿਕਲੇ ਸਵਾਸ ਸਵਾਸ, ਸਾਹ ਸਾਹ ਤੇਰੀ ਯਾਦ ਆਈਆ । ਸੁਰਤੀ ਸ਼ਬਦੀ ਘਰ ਗੋਪੀ ਕਾਹਨ ਪਾ ਰਾਸ, ਤਨ ਵਜੂਦ ਗ੍ਰਹਿ ਮੰਡਲ ਇਕ ਸੁਹਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼, ਬਿਨ ਤੇਲ ਬਾਤੀ ਦੀਪਕ ਜੋਤ ਕਰ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲਣ ਦੀ ਪੂਰੀ ਕਰ ਖ਼ਾਹਿਸ਼, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਤੇਰਾ ਜਲਵਾ ਮਿਲੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੇਰਾ ਜ਼ਹੂਰ ਵੇਖ ਵਖਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਅਮਾਵਸ ਕੂੜ ਰਹਿਣ ਨਾ ਪਾਈਆ । ਸਤਿ ਸਚ ਦੀ ਦੇ ਧੁਰ ਦੀ ਦਾਤ, ਦਾਤੇ ਦਾਨੀ ਆਪ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੇ ਨਾਮ ਸੌਗ਼ਾਤ, ਸੁਗੰਧੀ ਸਭ ਦੇ ਅੰਦਰ ਇਕ ਭਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੇ ਅੰਦਰੋਂ ਨਿਕਲੇ ਆਵਾਜ਼, ਸੋਹੰ ਢੋਲਾ ਸਾਚਾ ਰਾਗ ਅਲਾਈਆ । ਭੇਵ ਅਭੇਦਾ ਖੋਲ੍ਹ ਦੇ ਰਾਜ਼, ਰਾਜ਼ਕ ਰਿਜ਼ਕ ਰਹੀਮ ਤੇਰੇ ਅੱਗੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਵਾਮੀ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਕਰ ਦੇ ਦੂਰ, ਨੇਰਨ ਨੇਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਨਜ਼ਰ ਆ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਆਪਣੀ ਕਲ ਧਰਾਈਆ । ਤੂੰ ਸਮਰਥ ਸਵਾਮੀ ਸਰਬ ਕਲਾ ਭਰਪੂਰ, ਬੇਅੰਤ ਬੇਪਰਵਾਹ ਤੇਰੀ ਵਡ ਵਡਿਆਈਆ । ਜੁਗ ਚੌਕੜੀ ਤੇਰੇ ਸੇਵਕ ਮਜ਼ਦੂਰ, ਗੁਰ ਅਵਤਾਰ ਪੈਗ਼ੰਬਰ ਸੇਵ ਕਮਾਈਆ । ਮੇਰੀ ਬੇਨੰਤੀ ਅਰਜ਼ ਕਰ ਮਨਜ਼ੂਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤਾਂ ਜਨਮ ਕਰਮ ਦੇ ਮੁਆਫ਼ ਕਰ ਕ਼ਸੂਰ, ਦੁੱਖ ਦਰਦ ਦੇ ਗਵਾਈਆ । ਘਰ ਦਰਸ਼ਨ ਦੇ ਜ਼ਰੂਰ, ਕਾਇਆ ਮੰਦਰ ਅੰਦਰ ਪੜਦਾ ਆਪ ਉਠਾਈਆ । ਜੋਤੀ ਦੀਪਕ ਬਖ਼ਸ਼ ਨੂਰ, ਅੰਧ ਅੰਧੇਰਾ ਰਹੇ ਨਾ ਰਾਈਆ । ਨਾਮ ਖ਼ੁਮਾਰੀ ਦੇ ਸਰੂਰ, ਮਸਤ ਪਿਆਲਾ ਜਾਮ ਪਿਆਈਆ । ਜਿਧਰ ਵੇਖਣ ਓਧਰ ਦਿਸੇਂ ਹਾਜ਼ਰ ਹਜ਼ੂਰ, ਹਰ ਘਟ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਗੁਰਮੁਖ ਸੱਜਣ ਆਦਿ ਜੁਗਾਦਿ ਜੁਗ ਚੌਕੜੀ ਦਰਗਾਹ ਸਾਚੀ ਤੇਰੇ ਦਰ ਹੋਣ ਮਨਜ਼ੂਰ, ਸਚਖੰਡ ਦਵਾਰੇ ਮਿਲ ਕੇ ਧੁਰ ਦੀ ਵੱਜੇ ਹੱਕ ਵਧਾਈਆ ।



### ❊ ੧੯ ਪੋਹ ਸ਼ਹਿਨਸ਼ਾਹੀ ਸੰਮਤ ੪ ਪਰਕਾਸ਼ ਚੰਦ ਦੇ ਗ੍ਰਹਿ ਮਘੋਵਾਲੀ ਜੰਮੂ ❊

ਸਦੀ ਚੌਧਵੀਂ ਕਹੇ ਮੈਂ ਸੁਣੀ ਆਵਾਜ਼ ਅਗੰਮੀ, ਅਗੰਮ ਅਗੰਮੜੇ ਦਿਤੀ ਜਣਾਈਆ । ਮੇਰੀ ਮਿਟ ਗਈ ਹਰਖ਼ ਗ਼ਮੀ, ਚਿੰਤਾ ਦੁੱਖ ਰਿਹਾ

ਨਾ ਰਾਈਆ । ਤ੍ਰਿਸ਼ਨਾ ਬੁਝੀ ਤਮੀ, ਤਾਮਸ ਦਿਤੀ ਮਿਟਾਈਆ । ਖ਼ਾਹਿਸ਼ ਪੈਦਾ ਹੋਈ ਨਵੀਂ, ਨਵ ਜੋਬਨ ਲਈ ਅੰਗੜਾਈਆ । ਬਿਨ ਅੱਖਰਾਂ ਤੋਂ ਵੇਖੀ ਵਹੀ, ਵਾਅਦੇ ਸਭ ਦੇ ਫੋਲ ਫੁਲਾਈਆ । ਜਿਥੇ ਬਿਨ ਅੱਖਰਾਂ ਤੋਂ ਲਿਖਿਆ ਅਵਤਾਰ ਚਵੀ, ਚੌਦਾਂ ਤਬਕਾਂ ਚਲੇ ਕੀ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਸਿਫ਼ਤ ਕਰ ਨਾ ਸਕੇ ਧੁਰ ਦੀ ਭਾਸ਼ਾ ਵਾਲੇ ਕਵੀ, ਨਾਮ ਕਲਮਿਆਂ ਨਾਲ ਵਡਿਆਈਆ । ਮੈਂ ਦੱਸ ਨਾ ਸਕਾਂ ਕੀ ਖੇਲ ਕਰੇ ਅਨਭਵੀ, ਪ੍ਰਭ ਆਪਣੀ ਕਾਰ ਕਮਾਈਆ । ਜਿਸ ਦੀ ਤੁਕ ਆਦਿ ਅੰਤ ਸਭ ਨੇ ਇਕੋ ਗਵੀ, ਧੁਰ ਦਾ ਢੋਲਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਅਗੰਮੀ ਨਾਦ, ਅਨਾਦੀ ਦਿਤਾ ਜਣਾਈਆ । ਮੈਨੂੰ ਪਿਛਲੀ ਭੁੱਲ ਗਈ ਯਾਦ, ਅੱਗੇ ਅੱਗਾ ਨਜ਼ਰੀ ਆਈਆ । ਕਲਜੁਗ ਕੂੜਾ ਹੋਣਾ ਬਰਬਾਦ, ਸਤਿਜੁਗ ਸਾਚਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਉਜੜਨਾਂ ਬਾਗ਼, ਬਾਗ਼ਬਾਨ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਬੁਝਣਾ ਚਿਰਾਗ਼, ਦੀਵਾ ਬੱਤੀ ਨਾ ਕੋਇ ਰੁਸ਼ਨਾਈਆ । ਦੀਨ ਮਜ਼੍ਹਬ ਬਦਲਨਾ ਸਮਾਜ, ਜ਼ਾਤ ਪਾਤ ਪੰਧ ਮੁਕਾਈਆ । ਸਤਿ ਧਰਮ ਚਲਣਾ ਰਿਵਾਜ, ਮਾਨਵ ਏਕਾ ਰੰਗ ਵਖਾਈਆ । ਪੁਰਖ ਅਕਾਲ ਕਰਨਾ ਕਾਜ, ਹਰਿ ਕਰਤਾ ਦਇਆ ਕਮਾਈਆ । ਨਵੀਂ ਸਾਜਣਾ ਦੇਣੀ ਸਾਜ, ਧੁਰ ਦੀ ਸਾਚੀ ਬਣਤ ਸਮਝਾਈਆ । ਪੈਗ਼ੰਬਰਾਂ ਅੰਤ ਹੋਣਾ ਜਵਾਬ, ਧੁਰ ਦਾ ਹੁਕਮ ਇਕ ਅਲਾਹੀਆ । ਪੁਰਖ ਅਕਾਲੇ ਸਭ ਕੁਛ ਕਰਨਾ ਆਪ, ਆਪ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੱਸਣਾ ਜਾਪ, ਦੋ ਜਹਾਨਾਂ ਕਰ ਪੜ੍ਹਾਈਆ । ਦੀਨ ਦੁਨੀ ਦਾ ਬਣਨਾ ਬਾਪ, ਲੱਖ ਚੁਰਾਸੀ ਗੋਦ ਉਠਾਈਆ । ਖਹਿੜਾ ਚੁਕੌਣਾ ਜ਼ਿਮੀਂ ਸਾਤ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਧੁਰ ਦਾ ਨਾਮ, ਨਾਮ ਨਿਧਾਨ ਦਿਤਾ ਜਣਾਈਆ । ਮੈਨੂੰ ਪਿਛਲਾ ਭੁੱਲਿਆ ਜਹਾਨ, ਅੱਗਾ ਵੇਖਿਆ ਚਾਈਂ ਚਾਈਂਆ । ਦੀਨ ਮਜ਼੍ਹਬ ਦੀ ਰਹਿਣਾ ਨਹੀਂ ਗ਼ੁਲਾਮ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਪ੍ਰਭ ਮਿਲਣਾ ਇਕ ਅਮਾਮ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਕਹਿਣ ਸ੍ਰੀ ਭਗਵਾਨ, ਜਨ ਭਗਤਾਂ ਹੋਏ ਸਹਾਈਆ । ਜੁਗ ਚੌਕੜੀ ਖੇਲ ਖੇਲੇ ਮਹਾਨ, ਮਹਿਮਾ ਅਕਥ ਕਥ ਦ੍ਰਿੜਾਈਆ । ਸੋ ਸਾਹਿਬ ਦੇਵੇ ਪੈਗ਼ਾਮ, ਧੁਰ ਸੰਦੇਸ਼ਾ ਇਕ ਸੁਣਾਈਆ । ਖੇਲ ਵੇਖ ਜ਼ਿਮੀਂ ਅਸਮਾਨ, ਧਰਨੀ ਧਰਤ ਧਵਲ ਵਡਿਆਈਆ । ਸਭ ਦਾ ਲੇਖ ਚੁਕਾਏ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਕਹੇ ਓਸ ਦੇ ਚਰਨ ਕਰਾਂ ਧਿਆਨ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦੇਵਣਹਾਰਾ ਦਾਨ, ਦਾਤਾ ਆਦਿ ਅੰਤ ਅਖਵਾਈਆ ।

### ✻ ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਪ੍ਰੀਤੋ ਦੇਵੀ ਦੇ ਗ੍ਰਿਹ ਪਿੰਡ ਜਿੰਦੜ ਮੇਲੂ ਜੰਮੂ ✻

ਸਦੀ ਚੌਧਵੀਂ ਕਹੇ ਮੈਂ ਸੁਣਿਆ ਨਾਮ ਅਪਾਰਾ, ਅਪਰੰਪਰ ਸਵਾਮੀ ਦਿਤਾ ਸੁਣਾਈਆ । ਮੈਨੂੰ ਭੱਲ ਗਿਆ ਸੰਸਾਰਾ, ਦੀਨ ਦੁਨੀ ਦਿਤੀ

੭੦੮
੨੧

ਤਜਾਈਆ । ਨਜ਼ਰ ਤੱਕਾਂ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਜਿਸ ਦਾ ਪੈਗ਼ੰਬਰਾਂ ਦਿਤਾ ਇਸ਼ਾਰਾ, ਸੈਨਤ ਨਾਲ ਗਏ ਸਮਝਾਈਆ । ਨਿਰਗੁਣ ਨੂਰ ਹੋਏ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਦੋ ਜਹਾਨਾਂ ਪਾਵੇ ਸਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਕਲਜੁਗ ਮੇਟੇ ਧੁੰਆਂਧਾਰਾ, ਕੂੜੀ ਕਿਰਿਆ ਡੇਰਾ ਢਾਹੀਆ । ਸਤਿਜੁਗ ਸਚ ਕਰੇ ਵਪਾਰਾ, ਵਣਜਾਰਾ ਆਪਣਾ ਨਾਮ ਪ੍ਰਗਟਾਈਆ । ਚਾਰ ਵਰਨਾਂ ਦਏ ਸਹਾਰਾ, ਸਭ ਦਾ ਬਣ ਕੇ ਪਿਤਾ ਮਾਈਆ । ਨੌਂ ਖੰਡ ਪ੍ਰਿਥਮੀ ਖੋਲ੍ਹ ਕੇ ਇਕ ਦਵਾਰਾ, ਏਕਾ ਮਾਰਗ ਲਏ ਪ੍ਰਗਟਾਈਆ । ਏਕਾ ਇਸ਼ਟ ਹੋਵੇ ਦੁਬਾਰਾ, ਸ੍ਰਿਸ਼ਟ ਸਬਾਈ ਆਪ ਸਮਝਾਈਆ । ਏਕਾ ਨਾਮ ਹੋਵੇ ਜੈਕਾਰਾ, ਏਕਾ ਰਾਗ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਗੁਣ ਜੋਤ ਇਕ ਅਵਤਾਰਾ, ਸਰਗੁਣ ਲੇਖਾ ਜਾਣੇ ਥਾਉਂ ਥਾਈਂਆ ।



## ✲ ੧੬ ਪੋਹ ਸ਼ਹਿਨਸ਼ਾਹੀ ਸੰਮਤ ੪ ਸਰਦਾਰ ਸਿੰਘ ਦੇ ਗ੍ਰਿਹਿ ਪਿੰਡ ਸੀੜ ਜੰਮੂ ✲

ਸਦੀ ਚੌਧਵੀਂ ਕਹੇ ਮੈਂ ਵੇਖਿਆ ਸ੍ਰਿਸ਼ਟ ਸਬਾਈ ਜਗ, ਨੌਂ ਖੰਡ ਪ੍ਰਿਥਮੀ ਸੱਤ ਦੀਪ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਲੱਗੀ ਅੱਗ, ਅੰਮ੍ਰਿਤ ਮੇਘ ਧੁਰ ਦੀ ਧਾਰ ਨਾ ਕੋਇ ਬਰਸਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਉਪਰ ਸ਼ਾਹ ਰਗ, ਨੌਂ ਦਵਾਰੇ ਪੰਧ ਨਾ ਕੋਇ ਮੁਕਾਈਆ । ਬਿਨ ਮੱਕੇ ਕਾਅਬਿਉਂ ਸਾਚਾ ਮਿਲੇ ਕਿਸੇ ਨਾ ਹੱਜ, ਕਾਇਆ ਹੁਜਰਾ ਨਾ ਕੋਇ ਸੁਹਾਈਆ । ਫਿਰ ਫਿਰ ਥੱਕੀ ਮੰਦਰ ਮਸਜਿਦ ਸ਼ਿਵਦਵਾਲੇ ਮਠ, ਤੇਰਾ ਨੂਰ ਨੁਰਾਨਾ ਨਜ਼ਰ ਕੋਇ ਨਾ ਆਈਆ । ਮੈਂ ਪੰਧ ਮੁਕਾਇਆ ਵੇਖੇ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਨਾਮ ਭੰਡਾਰਾ ਮਿਲਿਆ ਕੋਈ ਨਾ ਹੱਟ, ਸਚ ਵਣਜਾਰਾ ਵਣਜ ਨਾ ਕੋਇ ਕਰਾਈਆ । ਜਿੱਧਰ ਤੱਕਾਂ ਓਧਰ ਕਾਮ ਕਰੋਧ ਲੋਭ ਮੋਹ ਹੰਕਾਰ ਲੱਗੀ ਅੱਗ, ਕੂੜੀ ਕਿਰਿਆ ਦੀਨ ਦੁਨੀ ਰਹੀ ਜਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੇਰਾ ਗਾਵੇ ਕੋਇ ਨਾ ਛੰਦ, ਸਚ ਸਵਾਮੀ ਅੰਤਰਜਾਮੀ ਤੈਨੂੰ ਮਿਲਣ ਕੋਇ ਨਾ ਆਈਆ । ਅੰਤਰ ਨਿਰੰਤਰ ਨਿਜ ਆਤਮ ਸਾਚਾ ਮਿਲੇ ਨਾ ਕਿਸੇ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਦੀਨ ਦਿਆਲ ਸਾਹਿਬ ਕਿਰਪਾਲ ਆਦਿ ਜੁਗਾਦਿ ਸਦਾ ਬਖ਼ਸ਼ੰਦ, ਤੇਰੀ ਬਖ਼ਸ਼ਿਸ਼ ਵਿਚ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਦੀ ਵੇਖੀ ਵਧੀ ਤ੍ਰਿਸ਼ਨਾ, ਤ੍ਰਿਖਾ ਤ੍ਰਿਪਤ ਨਾ ਕੋਇ ਕਰਾਈਆ । ਦੂਰ ਦੁਰਾਡੇ ਤੱਕਣ ਸ਼ਿਵ ਬ੍ਰਹਮਾ ਵਿਸ਼ਨਾ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਨਾਤਾ ਤੋੜ ਗਏ ਰਾਮਾ ਕ੍ਰਿਸ਼ਨਾ, ਕਿਸ਼ਨਾ ਪੱਖ ਡੇਰਾ ਕੋਇ ਨਾ ਢਾਹੀਆ । ਈਸਾ ਮੂਸਾ ਮੁਹੰਮਦ ਖੇਲ ਵਖਾ ਗਏ ਜਿਤਨਾ, ਅੱਗੇ ਪੜਦਾ ਨਾ ਕੋਇ ਚੁਕਾਈਆ । ਨਾਨਕ ਗੋਬਿੰਦ ਲੇਖ ਅਗੰਮੀ ਲਿਖਣਾ, ਭਵਿਖਤਾਂ ਵਿਚ ਗਏ ਸਮਝਾਈਆ । ਜਿਸ ਦੀ ਮਹਿੰਮਾ ਗਾ ਸਕੇ ਨਾ ਕੋਈ ਰਸਨਾ, ਸਿਫ਼ਤਾਂ ਵਿਚ ਨਾ ਕੋਇ ਵਡਿਆਈਆ । ਉਸ ਦਾ ਖੇਲ ਹੋਣਾ ਅਕਥਨਾ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਧੁਰ ਦਾ ਸੱਜਣਾ, ਮੀਤ ਪਿਆਰਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਵੇਖਿਆ ਤਨ ਵਜੂਦ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਵਾਸ ਸਵਾਸ ਪ੍ਰਭੂ ਤੇਰਾ ਨਾਮ ਕੋਇ ਨਾ ਜਪਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਮਨ ਕਲਪਣਾ ਜਗਤ ਜਹਾਨ ਨਸਦਾ, ਦਿਵਸ ਰੈਣ ਭੱਜੇ ਥਾਉਂ ਥਾਈਂਆ । ਕਿਸੇ ਨੂਰ ਮਿਲਿਆ ਨਾ ਨਿਜ ਨੇਤਰ ਅੱਖ ਦਾ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਮਾਰਗ ਸਮਝਾਏ ਨਾ ਕੋਇ ਸਚ ਦਾ, ਸਤਿ ਸਚ ਨਾ ਕੋਇ ਵਡਿਆਈਆ । ਤੇਰਾ ਖੇਲ ਨਜ਼ਰ ਨਾ ਆਇਆ ਰੂਪ ਪਰ੍ਖ ਦਾ, ਪਾਰਬ੍ਰਹਮ ਪ੍ਰਭ ਤੇਰੀ ਬੇਪ੍ਰਵਾਹੀਆ । ਅੰਤ ਖੇਲ ਵਖੌਣਾ ਹਕ਼ੀਕ਼ਤ ਹੱਕ ਦਾ, ਲਾਸ਼ਰੀਕ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਰਾਹ ਤੱਕਦਾ, ਨਿਰਗੁਣ ਬੈਠੇ ਨਿਰਗੁਣ ਧਿਆਨ ਲਗਾਈਆ । ਹੁਣ ਵੇਲਾ ਸਾਹਿਬ ਸੁਲਤਾਨ ਪੁਰਖ ਸਮਰਥ ਦਾ, ਪਰਵਰਦਿਗਾਰ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਸਾਰੀ ਵੇਖੀ ਦੁਖੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਚਾਰ ਕੁੰਟ ਹੋਈ ਭੁੱਖੀ, ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਸੁਫਲ ਦਿਸੇ ਕਿਸੇ ਨਾ ਕੁੱਖੀ, ਮਿਲੇ ਵਡਿਆਈ ਨਾ ਜਣੇਂਦੀ ਮਾਈਆ । ਤੈਨੂੰ ਗਰਦਨ ਕੋਇ ਨਾ ਝੁਕੀ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਮੈਂ ਘਰ ਘਰ ਰਹੀ ਪੁਛੀ, ਗ੍ਰਿਹ ਗ੍ਰਿਹ ਵੇਸ ਵਟਾਈਆ । ਦੁਨੀਆਦਾਰੋ ਮੈਨੂੰ ਦੱਸੋ ਤੁਸੀਂ, ਕਿਸ ਮਿਲਿਆ ਬੇਪ੍ਰਵਾਹੀਆ । ਤੇਰੀ ਰਮਜ਼ ਕਿਸੇ ਨਾ ਬੁੱਝੀ, ਇਸ਼ਾਰੇ ਕਰਨ ਕੋਇ ਨਾ ਪਾਈਆ । ਸਭ ਦੀ ਦੁਰਮਤ ਮੈਲ ਭਰੀ ਬੁੱਧੀ, ਪਤਤ ਪੁਨੀਤ ਨਾ ਕੋਇ ਕਰਾਈਆ । ਖੇਲ ਦੱਸੇ ਕੋਇ ਨਾ ਗੁੱਝੀ, ਪੜਦਾ ਅੰਦਰੋਂ ਨਾ ਕੋਇ ਉਠਾਈਆ । ਤੇਰੀ ਆਤਮਾ ਤੇਰੇ ਨਾਲੋਂ ਰੁੱਸੀ, ਸਾਚਾ ਮੇਲ ਨਾ ਕੋਇ ਕਰਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸਵਾਮੀ ਸਦੀ ਚੌਧਵੀਂ ਕਹੇ ਮੈਂ ਤੇਰੀ ਕਰਨ ਆਈ ਬੁੱਤੀ, ਬੁਤਖਾਨੇ ਵੇਖਾਂ ਥਾਉਂ ਥਾਈਂਆ । ਤੇਰਾ ਖੇਲ ਅਗੰਮਾ ਅਦੁੱਤੀ, ਤੁਧ ਬਿਨ ਭੇਵ ਨਾ ਕੋਇ ਜਣਾਈਆ । ਸਾਰੀ ਸ੍ਰਿਸ਼ਟੀ ਵੇਖੀ ਸੁੱਤੀ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸੁਹੰਜਣੀ ਹੋਏ ਕਿਸੇ ਨਾ ਰੁਤੀ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਅੰਤ ਔਧ ਸਭ ਦੀ ਪੁੱਗੀ, ਗੁਰ ਅਵਤਾਰ ਪੈਗ਼ੰਬਰ ਬੈਠੇ ਰਾਹ ਤਕਾਈਆ । ਜੋ ਖੇਲ ਕਰੇ ਪ੍ਰਭ ਜੁਗੀਂ, ਜੁਗ ਚੌਕੜੀ ਹੁਕਮ ਵਰਤਾਈਆ । ਸਦੀ ਚੌਧਵੀਂ ਕਦੇ ਨਾ ਉਕੀਂ, ਸਚ ਨਿਸ਼ਾਨਾ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਹੋਈ ਬਦਨੀਤੀ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਧੁਰ ਦੀ ਕਰੇ ਨਾ ਕੋਇ ਪ੍ਰੀਤੀ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਸਾਰੇ ਵੜ ਗਏ ਮੰਦਰ ਮਸੀਤੀ, ਕਾਇਆ ਹੁਜਰਾ ਹੱਕ ਨਾ ਕੋਇ ਸੁਹਾਈਆ । ਤੇਰੀ ਧਾਰ ਸਦਾ ਅਨਡੀਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਿਰਪਾ ਕਰ ਸਾਹਿਬ ਬਖ਼ਸ਼ੀਸ਼ੀ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਮੇਰੀ ਔਧ ਜਾਂਦੀ ਅੰਤ ਬੀਤੀ, ਬੀਤੀ ਕਹਾਣੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡੇ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਵਧਿਆ ਹਰਾਮ, ਧਰਮ ਦੀ ਧਾਰ ਨਾ ਕੋਇ ਬੰਧਾਈਆ । ਕਲਮਾ ਸੁਣੇ ਨਾ ਕੋਇ ਪੈਗ਼ਾਮ, ਪੈਗ਼ੰਬਰਾਂ

ਪੱਲੂ ਗਏ ਤੁੜਾਈਆ । ਸਾਚਾ ਝੁੱਲੇ ਨਾ ਕੋਇ ਨਿਸ਼ਾਨ, ਨਿਸ਼ਾਨਾ ਨਛਾਵਰ ਨਾ ਕੋਇ ਕਰਾਈਆ । ਮਨ ਵਾਸਨਾ ਹੋਏ ਗ਼ੁਲਾਮ, ਸ਼ਰਅ ਜ਼ੰਜੀਰ ਨਾ ਕੋਇ ਤੁੜਾਈਆ । ਮੇਰੇ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦੇ ਅਮਾਮ, ਅਮਲ ਵੇਖ ਜਗਤ ਲੋਕਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਸਾਚਾ ਸੱਯਦਾ ਕਰੇ ਨਾ ਕੋਇ ਸਲਾਮ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਕੂੜੀ ਕਿਰਿਆ ਕੀਤਾ ਬੇਈਮਾਨ, ਬੇਵਾ ਰੂਪ ਹੋਈ ਲੋਕਾਈਆ । ਕਿਰਪਾ ਕਰ ਮੇਰੇ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਮੇਰਾ ਸਯਦਾ ਤੈਨੂੰ ਸਲਾਮ, ਨਿਉਂ ਨਿਉਂ ਲਾਗਾਂ ਪਾਈਆ । ਸਦੀ ਚੌਧਵੀਂ ਕਹੇ ਤੁਧ ਬਿਨ ਦੂਜਾ ਅਵਰ ਨਾ ਕੋਈ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਕੰਤ ਪਰਵਰਦਿਗਾਰ ਸਾਂਝੇ ਯਾਰ ਆਪਣਾ ਸਾਂਭ ਆਪ ਇੰਤਜ਼ਾਮ, ਹੁਕਮ ਧੁਰ ਦਾ ਇਕ ਮਨਾਈਆ ।

## ❋ ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਮਾਨ ਕੌਰ ਦੇ ਗ੍ਰਹਿ ਸੀੜ ਜੰਮੂ ❋



ਸਦੀ ਚੌਧਵੀਂ ਕਹੇ ਮੇਰੀ ਪੂਰਨ ਹੋਣ ਲੱਗੀ ਆਖੀ, ਆਖ਼ਰ ਸਭ ਨੂੰ ਦਿਆਂ ਜਣਾਈਆ । ਕਿਰਪਾ ਕਰ ਪਰਮ ਪੁਰਖ ਅਬਿਨਾਸ਼ੀ, ਪਾਰਬ੍ਰਹਮ ਬੇਪ੍ਰਵਾਹੀਆ । ਜਨ ਭਗਤ ਬਣਾ ਦੇ ਮੇਰੇ ਸਾਥੀ, ਸਗਲਾ ਸੰਗ ਜਣਾਈਆ । ਮੇਰੀ ਸੁਹੰਜਣੀ ਹੋਵੇ ਰਾਤੀ, ਛੱਬੀ ਪੋਹ ਵਡਿਆਈਆ । ਸੰਤ ਸੁਹੇਲੇ ਵੇਖਣੇ ਇਕ ਜਮਾਤੀ, ਜੋ ਚਾਰ ਵਰਨ ਇਕੋ ਕਰਨ ਪੜ੍ਹਾਈਆ । ਮੈਂ ਪ੍ਰਭ ਦੀ ਹੋਵਾਂ ਦਾਸੀ, ਸੇਵਕ ਹੋ ਕੇ ਆਪਣੀ ਸੇਵ ਕਮਾਈਆ । ਭੱਜੀ ਫਿਰਾਂ ਪ੍ਰਿਥਮੀ ਆਕਾਸ਼ੀ, ਜ਼ਿਮੀਂ ਅਸਮਾਨਾਂ ਰਾਹ ਤਕਾਈਆ । ਸੰਦੇਸੇ ਦੇਂਦੀ ਜਾਵਾਂ ਪਾਤੀ, ਸੁਨੇਹੜਿਆਂ ਵਿਚ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਮੰਨੋ ਇਕੋ ਕਮਲਾਪਾਤੀ, ਜੋ ਜੀਵਣ ਮਰਨ ਵਿਚ ਨਾ ਆਈਆ । ਜੋ ਨਾਮ ਕਥਾ ਕਹਾਣੀ ਸੁਣਾਏ ਸਾਚੀ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਮਨਸ਼ਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਔਂਦੀ ਮਸਤੀ, ਖ਼ੁਸ਼ੀ ਵਿਚ ਵੱਜੇ ਵਧਾਈਆ । ਕਿਰਪਾ ਕਰੇ ਮਾਲਕ ਅਰਸ਼ੀ, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਖੇਲ ਵਖਾਏ ਉਪਰ ਧਰਤੀ, ਧਰਨੀ ਧੌਲ ਵੱਜੇ ਵਧਾਈਆ । ਧਾਰ ਪ੍ਰਗਟੀ ਨਰਾਇਣ ਨਰ ਦੀ, ਨਰ ਹਰਿ ਆਪਣੀ ਖੇਲ ਖਿਲਾਈਆ । ਬੂਝ ਬੁਝਾਏ ਧੁਰ ਦੇ ਘਰ ਦੀ, ਗ੍ਰਹਿ ਮੰਦਰ ਇਕ ਦ੍ਰਿੜਾਈਆ । ਜਿਥੇ ਆਤਮਾ ਪਰਮਾਤਮਾ ਵਰਦੀ, ਸੁਰਤ ਸ਼ਬਦ ਵਿਚ ਸਮਾਈਆ । ਤ੍ਰੈਗੁਣ ਅਗਨੀ ਜਾਏ ਸੜਦੀ, ਤਤਵ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਚਾਓ ਘਨੇਰਾ, ਘਰ ਵਜਦੀ ਰਹੇ ਵਧਾਈਆ । ਪਰਮ ਪੁਰਖ ਹੋਵਣ ਲੱਗਾ ਮੇਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਚੌਦਾਂ ਸਦੀਆਂ ਜੋ ਕੀਤਾ ਜੇਰਾ, ਹੌਸਲਾ ਹਿੰਮਤ ਨਾਲ ਬਣਾਈਆ । ਓਹ ਕੱਟਣ ਲੱਗਾ ਗੇੜਾ, ਆਪਣਾ ਹੁਕਮ

ਸੁਣਾਈਆ । ਸਚ ਦਵਾਰੇ ਰੱਖੇ ਡੇਰਾ, ਸੋਭਾਵੰਤ ਬੇਪ੍ਰਵਾਹੀਆ । ਕਲਜੁਗ ਕੂੜੀ ਕਿਰਿਆ ਡੋਬੇ ਬੇੜਾ, ਸ਼ੌਹ ਦਰਿਆ ਰਿਹਾ ਰੁੜ੍ਹਾਈਆ । ਜਨ ਭਗਤਾਂ ਤਾਰੇ ਕਰ ਕੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗੰਬਰਾਂ ਵਾਸਤਾ ਪਾਇਆ ਪੁਰਖ ਅਕਾਲ ਲੋਕਮਾਤ ਆ ਇਕ ਵੇਰਾਂ, ਵੇਰਵੇ ਨਾਲ ਗਏ ਜਣਾਈਆ । ਲਹਿਣਾ ਦੇਣਾ ਚੁਕਾ ਗੁਰੂ ਗੁਰ ਚੇਰਾ, ਚੇਲਾ ਗੁਰੂ ਵੇਖ ਵਖਾਈਆ । ਭਾਗ ਲਗਾ ਕਾਇਆ ਮਾਟੀ ਸਾਢੇ ਤਿੰਨ ਹੱਥ ਖੇੜਾ, ਖਿੜਕੀ ਅੰਦਰ ਦੀ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਦੇ ਵਡਿਆਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਵੇ ਹਾਸੀ, ਖ਼ੁਸ਼ੀਆਂ ਨਾਲ ਜਣਾਈਆ । ਮੈਂ ਛਡਣੇ ਪੁਰਾਣੇ ਸਾਥੀ, ਸੰਗ ਨਾ ਕੋਇ ਰਖਾਈਆ । ਮੈਂ ਤਕਣਾ ਪੁਰਖ ਅਬਿਨਾਸ਼ੀ, ਜੋ ਕਰਤਾ ਰਿਹਾ ਵਖਾਈਆ । ਗੁਰਮੁਖ ਲੱਭਣੇ ਜਿਹੜੇ ਹੋਵਣ ਨਾ ਮਦਿਰਾ ਮਾਸੀ, ਰਸਨਾ ਜਿਹਵਾ ਨਾ ਕੋਇ ਹਲਕਾਈਆ । ਜਿਨ੍ਹਾਂ ਦੇ ਅੰਤਰ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਅੰਧ ਅੰਧੇਰਾ ਗਏ ਮੁਕਾਈਆ । ਅੱਠੇ ਪਹਿਰ ਬਣੀ ਰਹੇ ਪ੍ਰਭਾਤੀ, ਸੰਧਿਆ ਰੂਪ ਨਾ ਕੋਇ ਬਦਲਾਈਆ । ਝਗੜਾ ਛੱਡ ਕੇ ਜ਼ਾਤ ਪਾਤੀ, ਇਕੋ ਆਤਮ ਬ੍ਰਹਮ ਵੇਖ ਵਖਾਈਆ । ਘਰ ਸਵਾਮੀ ਦਰਸ਼ਨ ਪਾਵਣ ਕਮਲਾਪਾਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਨੇਤਰ ਲੋਚਣ ਦਰਸ਼ਨ ਕਰਨ ਦਿਵਸ ਰਾਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੀਵਣ ਵਿਚੋਂ ਬਦਲ ਆਪਣੀ ਹਯਾਤੀ, ਜੀਵਣ ਜੀਵਣ ਰੰਗ ਰੰਗਾਈਆ । ਭਾਗ ਲਗਾ ਕੇ ਤਨ ਖ਼ਾਕੀ, ਮਾਟੀ ਸਾਚੀ ਸਚ ਸੁਹਾਈਆ । ਤੂੰ ਮੇਰਾ ਮੈਂ ਤੇਰਾ ਜੋ ਧੁਰ ਦੀ ਧਾਰ ਰਹੇ ਆਖੀ, ਆਖ਼ਰ ਮੰਜ਼ਲ ਚੜ੍ਹ ਕੇ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਥਾ ਕਹਾਣੀ ਦੱਸੇ ਸਾਚੀ, ਸਚ ਸਤਿ ਨਾਲ ਪ੍ਰਗਟਾਈਆ ।

੭੧੨ ੨੧

### * ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਬੰਤੀ ਦੇਵੀ ਦੇ ਗ੍ਰਿਹਿ ਪਿੰਡ ਖੌੜ ਸਲਾਰੀਆਂ ਜੰਮੂ *

ਸਦੀ ਚੌਧਵੀਂ ਕਹੇ ਮੇਰੇ ਅੰਤਰ ਵੱਜੀ ਧੁਨੀ, ਪ੍ਰਭ ਸਚ ਨਾਦ ਸੁਣਾਈਆ । ਮੈਥੋਂ ਛੁੱਟਣ ਲੱਗੀ ਦੁਨੀ, ਮਜ਼੍ਹਬਾਂ ਕਰਾਂ ਜੁਦਾਈਆ । ਹਾਂਡੀ ਖ਼ਾਲੀ ਕਰ ਕੇ ਕੁੰਨੀ, ਕੁਨਬਾ ਪਿਛਲਾ ਦੇਣਾ ਭੁਲਾਈਆ । ਗੁਰਮੁਖ ਲੱਭਕੇ ਸਾਚੇ ਗੁਣੀ, ਗੁਣਵਾਨ ਵੇਖ ਵਖਾਈਆ । ਜਿਨ੍ਹਾਂ ਇਕੋ ਤੁਕ ਹੋਵੇ ਸੁਣੀ, ਜੋ ਧੁਰ ਮਾਲਕ ਆਪ ਸੁਣਾਈਆ । ਓਹ ਜੁਗੀਸ਼ਰ ਧੁਰ ਦੇ ਮੁਨੀ, ਮੋਨ ਧਾਰਨ ਦੀ ਲੋੜ ਰਹੇ ਨਾ ਰਾਈਆ । ਮੈਂ ਸੀਸ ਨਿਵਾਵਾਂ ਓਨ੍ਹੀਂ, ਜੋ ਇਕੋ ਇਸ਼ਟ ਰਹੇ ਮਨਾਈਆ । ਮੈਂ ਜਨ ਭਗਤ ਦਵਾਰੇ ਭਗਤਾਂ ਬਣਨਾ ਪ੍ਰਹੌਣੀ, ਆਪਣਾ ਪੰਧ ਮੁਕਾਈਆ । ਧੁਰ ਦੀ ਖ਼ਬਰ ਅਗੰਮ ਸੁਣਾਉਣੀ, ਜਿਸ ਨੂੰ ਅਵਰ ਨਾ ਕੋਇ ਸੁਣਾਈਆ । ਕਲਾਮ ਅਥਾਹ ਗਾਉਣੀ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੇ ਅੰਤਰ ਕਰੀ ਰੁਸ਼ਨਾਈਆ । ਸਦੀ ਚੌਧਵੀਂ ਕਹੇ ਮੇਰਾ ਹੋਣਾ ਹੱਕ ਮਿਲਾਪ, ਜਨ ਭਗਤਾਂ ਨਾਲ ਵਡਿਆਈਆ । ਮੈਂ ਪਵਿਤ੍ਰ ਹੋਣਾ ਪਾਕ, ਦੁਰਮਤ ਮੈਲ ਰਹੇ ਨਾ ਰਾਈਆ । ਛਡ ਕੁੜਾਵੇ ਸਾਕ, ਇਕੋ ਕੰਤ ਮਨਾਈਆ । ਜਿਸ ਦੇ ਗ੍ਰਿਹਿ ਜਗੇ ਚਰਾਗ, ਦੀਪਕ ਨੂਰ ਰੁਸ਼ਨਾਈਆ । ਕਰਾਂ ਵਡ ਵਡ ਭਾਗ, ਭਗਤਾਂ ਮਿਲ ਕੇ ਵੱਜੇ ਵਧਾਈਆ । ਮੈਂ ਬਦਲ ਲੈਣਾ ਸਮਾਜ, ਸਭ ਨੂੰ ਦਿਆਂ ਸਮਝਾਈਆ । ਸ੍ਰਿਸ਼ਟੀ

ਦਰਸੌਣਾ ਮਾਲਕ ਇਕੋ ਵਾਹਦ, ਕਾਇਨਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਕਰੇ ਰਾਇਜ, ਰਈਅਤ ਵੇਖੇ ਥਾਉਂ ਥਾਈਆ ।

### ❊ ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਲਛਮੀ ਦੇਵੀ ਦੇ ਗ੍ਰਿਹਿ ਸੀੜ ਜੰਮੂ ❊

ਸਦੀ ਚੌਧਵੀਂ ਕਹੇ ਮੇਰੇ ਅੰਤਰ ਆਇਆ ਗਿਆਨ, ਹਰਿ ਕਰਤੇ ਦਿਤਾ ਦ੍ਰਿੜਾਈਆ । ਸੰਦੇਸਾ ਦੇ ਵਿਚ ਜਹਾਨ, ਦੀਨ ਦੁਨੀ ਮਾਤ ਸਮਝਾਈਆ । ਇਸ਼ਟ ਮੰਨਣਾ ਸਭ ਨੇ ਸ੍ਰੀ ਭਗਵਾਨ, ਦੂਸਰ ਸੀਸ ਨਾ ਕੋਇ ਨਿਵਾਈਆ । ਜੋ ਆਦਿ ਜੁਗਾਦੀ ਕਾਹਨ, ਧੁਰ ਦਾ ਰਾਮ ਬੇਪ੍ਰਵਾਹੀਆ । ਜਿਸ ਨੂੰ ਪੈਗ਼ੰਬਰਾਂ ਮੰਨਿਆ ਅਮਾਮ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਲਾਗਣ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਦੇ ਦਾਨ, ਕਰੋੜ ਤੇਤੀਸਾ ਝੋਲੀਆਂ ਡਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਣ ਵਿਚ ਮੈਦਾਨ, ਜੁਗ ਚੌਕੜੀ ਆਪਣੀ ਕਾਰ ਕਮਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦਾ ਇਕ ਸੁਲਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਾਚਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੇਰੇ ਅੰਦਰ ਆਵਾਜ਼ ਆਈ ਅਗੰਮੀ ਸਦ, ਛੰਦ ਸਾਹਿਬ ਦਿਤਾ ਸੁਣਾਈਆ । ਦੀਨ ਮਜ਼੍ਹਬ ਦੀ ਛਡਣੀ ਪਵੇ ਹੱਦ, ਸ਼ਰਅ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀ ਸਭ ਨੂੰ ਬਣਨਾ ਪਏ ਯਦ, ਦੂਸਰ ਨਜ਼ਰ ਕੋਇ ਨਾ ਆਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰਹੇ ਨਾ ਕੋਇ ਅਲਗ, ਵਖਰਾ ਰਾਹ ਨਾ ਕੋਇ ਚਲਾਈਆ । ਮਿਹਰਵਾਨ ਮਹਿਬੂਬ ਖੇਲ ਕਰੇ ਵਿਚ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾ ਕੇ ਅੱਗ, ਅਗਨੀ ਤਤ ਦਏ ਗਵਾਈਆ । ਸਾਚਾ ਹੁਜਰਾ ਸੁਹਾ ਕੇ ਹੱਕ, ਹੱਜ ਇਕੋ ਘਰ ਕਰਾਈਆ । ਇਕੋ ਦੱਸ ਦਵਾਰ ਮੰਦਰ ਮਠ, ਗੁਰੂਦਵਾਰ ਇਕ ਵਖਾਈਆ । ਜਿਥੇ ਅੰਮ੍ਰਿਤ ਝਿਰਨਾ ਰਸ ਲੈਣ ਚੱਟ, ਚੇਟਕ ਦੀਨ ਦੁਨੀ ਗਵਾਈਆ । ਨਿਰਮਲ ਜੋਤ ਜਗੇ ਲਟ ਲਟ, ਅੰਧ ਅਗਿਆਨ ਰਹੇ ਨਾ ਰਾਈਆ । ਸੋ ਖੇਲ ਕਰੇ ਪੁਰਖ ਸਮਰਥ, ਹਰਿ ਕਰਤਾ ਸ਼ਹਿਨਸ਼ਾਹੀਆ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਆਪ ਸਮਝਾਈਆ । ਸਦੀ ਚੌਧਵੀਂ ਕਹੇ ਕੋਈ ਕਿਸੇ ਨਾ ਵੱਸ, ਹੁਕਮ ਮਿਲੇ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨੂਰ ਇਕ ਚਮਕਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਆਇਆ ਧੁਰ ਪੈਗ਼ਾਮ, ਪੈਗ਼ੰਬਰਾਂ ਦਿਆਂ ਜਣਾਈਆ । ਵੇਖੋ ਖੇਲ ਅਗੰਮੜੇ ਅਮਾਮ, ਜੋ ਅਮਲਾਂ ਤੋਂ ਬਾਹਰ ਰਿਹਾ ਕਰਾਈਆ । ਸਭ ਦੀ ਬਦਲ ਦੇਵੇ ਕਲਾਮ, ਕਾਇਨਾਤ ਵੇਖ ਵਖਾਈਆ । ਤੁਸੀਂ ਪਿਛਲੇ ਦਿਸੋ ਗ਼ੁਲਾਮ, ਗ਼ੁਲਾਮੀ ਵਿਚ ਸੇਵ ਕਮਾਈਆ । ਤੁਹਾਡੇ ਹੁੰਦਿਆਂ ਚਾਰੋਂ ਕੁੰਟ ਵਧਿਆ ਹਰਾਮ, ਹਿਰਦਾ ਸਾਫ਼ ਨਾ ਕੋਇ ਬਣਾਈਆ । ਨੇਤਰ ਖੋਲ੍ਹੋ ਸਰਬ ਤਮਾਮ, ਲੋਚਣ ਨੈਣ ਅੱਖ ਉਠਾਈਆ । ਕਾਇਨਾਤ ਹੋਏ ਬਦਨਾਮ, ਬਦੀ ਘਰ ਘਰ ਨਜ਼ਰੀ ਆਈਆ । ਮੈਂ ਕਰਨ ਲੱਗਾ ਇੰਤਜ਼ਾਮ, ਹੁਕਮ ਧੁਰ ਦਾ ਇਕ ਸੁਣਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਧਰਮ ਦੇਣਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ ।

ਸਦੀ ਚੌਧਵੀਂ ਕਹੇ ਮੇਰੇ ਅੰਦਰ ਵੱਜੀ ਸਤਾਰ, ਸੁੱਤਿਆਂ ਲਿਆ ਉਠਾਈਆ । ਹੁਕਮ ਦੇਵੇ ਹਰਿ ਨਿਰੰਕਾਰ, ਹਰਿ ਕਰਤਾ ਬੇਪ੍ਰਵਾਹੀਆ । ਫਿਰ ਕੇ ਵੇਖ ਜਗਤ ਸੰਸਾਰ, ਚਾਰੋਂ ਕੁੰਟ ਪੰਧ ਮੁਕਾਈਆ । ਆ ਕੇ ਦੱਸ ਸਰਬ ਇਜ਼ਹਾਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਵਣ ਸੱਯਦਾ ਕਰੇ ਨਿਮਸਕਾਰ, ਕਵਣ ਡੰਡਾਵਤ ਵਿਚ ਸੀਸ ਨਿਵਾਈਆ । ਕਵਣ ਭਰਿਆ ਵਿਚ ਹੰਕਾਰ, ਕਵਣ ਗ਼ਦਾਰ ਨਜ਼ਰੀ ਆਈਆ । ਕਵਣ ਬਿਰਹੋਂ ਵਿਚ ਰੋਵੇ ਜ਼ਾਰੋ ਜ਼ਾਰ, ਕਵਣ ਬੈਠਾ ਮੁਖ ਬਦਲਾਈਆ । ਕਵਣ ਨੇਤਰ ਨੈਣ ਰਿਹਾ ਉਘਾੜ, ਕਵਣ ਨੈਣ ਮੂੰਦ ਅੱਖ ਨਾ ਕੋਇ ਉਠਾਈਆ । ਕਵਣ ਕਹੇ ਮੁਹੱਬਤ ਵਾਲਾ ਯਾਰ, ਕਵਣ ਬੇਵਫ਼ਾ ਬਣ ਕੇ ਝਟ ਲੰਘਾਈਆ । ਕਵਣ ਤੱਕੇ ਨੂਰ ਉਜਿਆਰ, ਕਵਣ ਜਗਤ ਅੰਧਿਆਰ ਬੈਠਾ ਆਸਣ ਲਾਈਆ । ਕਵਣ ਕੂਕ ਕੂਕ ਕਰੇ ਪੁਕਾਰ, ਅੰਤਰ ਅੰਤਰ ਧਿਆਨ ਰਖਾਈਆ । ਸਦੀ ਚੌਧਵੀਂ ਸਭ ਦਾ ਵੇਖਣਾ ਹਾਲ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਹਲ ਕਰੇ ਸਵਾਲ, ਜਵਾਬ ਸਹਿਜੇ ਦਏ ਵਖਾਈਆ ।

### ✻ ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਗੁਰਨਾਮ ਸਿੰਘ ਦੇ ਗ੍ਰਹਿ ਸੀੜ ਜੰਮੂ ✻



ਸਦੀ ਚੌਧਵੀਂ ਕਹੇ ਮੇਰਾ ਖ਼ੁਸ਼ੀਆਂ ਦਾ ਪੋਹ ਛੱਬੀ, ਜਨ ਭਗਤੋ ਦਿਆਂ ਸੁਣਾਈਆ । ਤਕਣਾ ਨੂਰ ਅਲਾਹੀ ਰੱਬੀ, ਮਿਹਰਵਾਨ ਖ਼ਲਕ ਖ਼ੁਦਾਈਆ । ਚਰਨ ਬੰਦਨਾ ਕਰਾਂ ਹੱਥੀਂ ਬੱਧੀ, ਬੰਦਗੀ ਵਿਚ ਸੀਸ ਨਿਵਾਈਆ । ਮੇਰੀ ਪੂਰੀ ਕਰ ਲਈਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਨੂਹ ਦੇ ਹੱਥ ਫੜਾ ਕੇ ਨਦੀ, ਨਈਆ ਆਪਣੀ ਲੈ ਉਠਾਈਆ । ਪਰਵਰਦਿਗਾਰ ਤੇਰਾ ਖੇਲ ਕਦੇ ਕਦੀ, ਜੁਗ ਚੌਕੜੀ ਪਿਛੋਂ ਆਈਆ । ਮੈਂ ਫਿਰੀ ਨੱਠੀ ਭੱਜੀ, ਭਜਨ ਬੰਦਗੀ ਵਾਲੇ ਵੇਖ ਵਖਾਈਆ । ਕੋਟਾਂ ਵਿਚੋਂ ਮੈਨੂੰ ਥੋੜ੍ਹੀ ਸੰਗਤ ਲੱਭੀ, ਜੋ ਤੇਰੇ ਦਵਾਰੇ ਸੋਭਾ ਪਾਈਆ । ਮੇਰੀ ਕੂਕ ਕੂਕ ਕੇ ਬਹਿ ਗਈ ਘੱਗੀ, ਆਵਾਜ਼ ਅਵਰ ਨਾ ਕੋਇ ਜਣਾਈਆ । ਤੇਰੀ ਸਰਨ ਬਿਨ ਤੇਰੀ ਕਿਰਪਾ ਆਤਮ ਕਦੇ ਨਾ ਲੱਗੀ, ਤਨ ਵਜੂਦ ਛੋਹਣ ਕੋਇ ਨਾ ਪਾਈਆ । ਮੇਰੀ ਲਾਲੀ ਹੋ ਗਈ ਬੱਗੀ, ਰੋ ਕੇ ਦਿਆਂ ਦੁਹਾਈਆ । ਕਲਜੁਗ ਜੀਵਾਂ ਕੁਕਰਮਾਂ ਭਾਰ ਬੰਨ੍ਹਿਆ ਡੱਗੀ, ਗਠੜੀਆਂ ਘਰ ਘਰ ਰਹੇ ਟਿਕਾਈਆ । ਖਾ ਖਾ ਸੂਰ ਤੇ ਢੱਗੀ, ਅੰਮ੍ਰਿਤ ਰਸ ਗਏ ਗਵਾਈਆ । ਤੇਰੀ ਨੂਰ ਜੋਤ ਕਿਸੇ ਨਾ ਲੱਭੀ, ਨਿਰਗੁਣ ਦਰਸ ਕੋਇ ਨਾ ਪਾਈਆ । ਦੁਨੀਆਦਾਰੀ ਚਲਦੀ ਕੂੜੀ ਗੱਦੀ, ਸਚ ਅਦਲ ਨਾ ਕੋਇ ਕਮਾਈਆ । ਮੈਂ ਵੇਖਿਆ ਸੁਦੀ ਵਦੀ, ਕਿਸ਼ਨਾ ਸ਼ੁਕਲਾ ਪੱਖ ਫੋਲ ਫੁਲਾਈਆ । ਸਾਰੀ ਦੁਨੀਆ ਦਿਸੀ ਅਜਨਬੀ, ਘਰ ਦਾ ਮਾਲਕ ਸੋਭਾ ਕੋਇ ਨਾ ਪਾਈਆ । ਤ੍ਰੈਗੁਣ ਅਗਨੀ ਖ਼ੂਬ ਮਘੀ, ਚਾਰ ਕੁੰਟ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਮੇਰੀ ਫਿਰ ਫਿਰ ਘਸ ਗਈ ਅੱਡੀ, ਅੱਗੇ ਹਿੰਮਤ ਰਹੀ ਨਾ ਰਾਈਆ । ਸਦੀ ਚੌਧਵੀਂ ਕਹੇ ਮੇਰਾ ਦਿਹਾੜਾ ਆਉਣਾ ਅੱਛਾ, ਅੱਛੀ ਮਿਲੇ ਮਾਣ ਵਡਿਆਈਆ । ਮੈਂ ਸੁਨੇਹੜਾ ਦੇ ਕੇ ਆਈ ਕੱਛਾਂ ਮੱਛਾਂ, ਜਲਹੋੜਿਆਂ ਤਾਈਂ ਸੁਣਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਕਹਿ ਕੇ ਆਈ ਅੱਛਾ, ਸੰਦੇਸ਼ਾ ਧੁਰ ਦਾ ਇਕ ਅਲਾਈਆ । ਜਿਹੜਾ

ਪੁਰਖ ਅਕਾਲ ਦਾ ਹੋਵੇ ਬੱਚਾ, ਓਹ ਜ਼ਰੂਰ ਆਵੇ ਚਾਈਂ ਚਾਈਆ । ਜਿਹੜਾ ਕਰਮ ਕਾਂਡ ਦਾ ਕੱਚਾ, ਓਹ ਕੰਨੀ ਜਾਏ ਕਤਰਾਈਆ । ਮੇਰੇ ਸਾਹਿਬ ਦੀਆਂ ਮੈਨੂੰ ਸਦਾ ਰੱਖਾਂ, ਰੱਖਕ ਹੋ ਕੇ ਵੇਖੇ ਥਾਉਂ ਥਾਈਆ । ਮੈਂ ਬਦਲ ਲੈਣੀਆਂ ਅੱਖਾਂ, ਉਮਤ ਨਾਲੋਂ ਮੁਖ ਭਵਾਈਆ । ਛੱਡ ਦੇਣੇ ਸਾਥੀ ਕਰੋੜਾਂ ਲੱਖਾਂ, ਭਗਤ ਸੁਹੇਲੇ ਥੋੜ੍ਹੇ ਲੈਣੇ ਅਪਣਾਈਆ । ਅੰਤਮ ਮਾਰ ਦੁਹੱਥੜ ਪਿੱਟਾਂ, ਪਿਟਣੇ ਘਰ ਘਰ ਦੇਣੇ ਪਾਈਆ । ਗੁਰਮੁਖਾਂ ਹਿਰਦੇ ਫਟਾਂ, ਪ੍ਰਭ ਦਾ ਤੀਰ ਨਾਮ ਚਲਾਈਆ । ਬਹੁੜੀ ਮੈਂ ਵੱਸ ਪੈ ਜਾਣਾ ਹੁਣ ਜੱਟਾਂ, ਕਮੀਨਿਆਂ ਕੋਲੋਂ ਪੱਲੂ ਲੈਣਾ ਛੁਡਾਈਆ । ਮੈਂ ਫਿਰਨਾ ਨਹੀਂ ਚੌਦਾਂ ਹੱਟਾਂ, ਦਰ ਦਰ ਨਾ ਕੁੰਡਾ ਖੜਕਾਈਆ । ਮੈਂ ਸੌਣਾ ਨਹੀਂ ਬਿਸਤਰੇ ਖੱਟਾਂ, ਲੇਫ਼ ਨਿਹਾਲੀ ਨਾ ਕੋਇ ਹੰਢਾਈਆ । ਮੈਂ ਪੜ੍ਹਨਾ ਨਹੀਂ ਕੋਈ ਟੱਪਾ, ਹੂ ਹੂ ਨਾ ਕੋਇ ਜਣਾਈਆ । ਮੈਂ ਖਾਣਾ ਨਹੀਂ ਕੋਈ ਵੱਛਾ ਕੱਟਾ, ਰਸਨਾ ਰਸ ਨਾ ਕੋਇ ਚਖਾਈਆ । ਮੈਂ ਕੋਈ ਪੁਟਨਾ ਨਹੀਂ ਹੁੱਕੇ ਦਾ ਗੱਟਾ, ਟੋਪੀ ਹੱਥ ਨਾ ਕੋਇ ਰਖਾਈਆ । ਮੈਂ ਕੋਈ ਦੀਨ ਮਜ਼੍ਹਬ ਦਾ ਵੇਖਣਾ ਨਹੀਂ ਰੱਟਾ, ਰੋਟੀ ਗੁੱਲੀ ਹੱਥ ਨਾ ਕੋਇ ਉਠਾਈਆ । ਮੈਂ ਕੋਈ ਪੈਗ਼ੰਬਰਾਂ ਕੋਲੋਂ ਮੰਗਣ ਨਹੀਂ ਜਾਣਾ ਫੱਕਾ, ਖ਼ਾਲੀ ਝੋਲੀ ਅੱਗੇ ਵਖਾਈਆ । ਮੈਂ ਰਾਹ ਨਹੀਂ ਤਕਣਾ ਮੱਕਾ, ਮਦੀਨੇ ਅੱਖ ਨਾ ਕੋਇ ਰਲਾਈਆ । ਮੈਂ ਸਾਕ ਨਹੀਂ ਬਣਾਉਣਾ ਬੂਰਾ ਕੱਕਾ, ਨਾਤਾ ਕਾਲਿਆਂ ਨਾਲੋਂ ਤੁੜਾਈਆ । ਮੈਂ ਸਭ ਨੂੰ ਦੇ ਕੇ ਆਈ ਧੱਕਾ, ਧੱਕੇ ਨਾਲ ਭੱਜੀ ਚਾਈਂ ਚਾਈਆ । ਇਕ ਬਚਨ ਸੁਣਾਵਾਂ ਸੱਚਾ, ਸਚ ਸੁਨੇਹੜਾ ਇਕ ਅਗੰਮ ਅਥਾਹੀਆ । ਪੁਰਖ ਅਕਾਲ ਦਾ ਕਿਸੇ ਨਹੀਂ ਪਤਾ, ਕਲਜੁਗ ਪੱਤਨ ਬੈਠੀ ਜਗਤ ਲੋਕਾਈਆ । ਜਿਸ ਵੇਲੇ ਮੈਂ ਦੁਨੀਆ ਤੱਕਾਂ ਮੈਨੂੰ ਪੈਂਦੀ ਗ਼ਸ਼ਾ, ਹੋਸ਼ ਸਮਝ ਰਹੇ ਨਾ ਰਾਈਆ । ਹਾਏ ਉਫ਼ ਅਰਬਾਂ ਵਿਚੋਂ ਖਰਬਾਂ ਵਿਚੋਂ ਅਸੰਖਾਂ ਵਿਚੋਂ ਪਰਮ ਪੁਰਖ ਦਾ ਵਿਰਲਾ ਕੋਈ ਬੱਚਾ, ਜਨ ਭਗਤ ਨਜ਼ਰੀ ਆਈਆ । ਓਸੇ ਦਾ ਰਾਹ ਤੱਕੇ ਦੂਰ ਦੁਰਾਡਾ ਬੈਠਾ ਨਾਨਕ ਤਪਾ, ਤਪੀਸ਼ਰਾਂ ਵੇਖ ਵਖਾਈਆ । ਮੈਨੂੰ ਸਚ ਪੁਛੋ ਮੈਂ ਵੇਖਿਆ ਓਹ ਅਗੰਮੀ ਸਫ਼ਾ, ਜਿਸ ਦੀ ਸਿਫ਼ਤ ਸਾਰੇ ਰਹੇ ਗਾਈਆ । ਓਥੇ ਲਿਖਿਆ ਬਿਨਾ ਪੁਰਖ ਅਕਾਲ ਦੀਨ ਦਿਆਲ ਤੋਂ ਜ਼ਿੰਦਗੀ ਦਾ ਹੋਰ ਕਿਤੇ ਨਹੀਂ ਹੋਣਾ ਨਫ਼ਾ, ਨੁਕਸਾਨ ਵਿਚ ਜਗਤ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਜੋ ਕਦੇ ਨਾ ਹੋਵੇ ਖ਼ਫ਼ਾ, ਗ਼ੁੱਸੇ ਵਿਚ ਕਦੇ ਨਾ ਆਈਆ । ਜਦ ਮਿਹਰ ਕਰੇ ਕੋਟ ਜਨਮ ਦੇ ਪਾਪ ਕਰ ਦਏ ਰਫ਼ਾ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਮੈਂ ਨਾਤਾ ਜੋੜਨਾ ਪੱਕਾ, ਪੱਕੀ ਤਰਾ ਜਣਾਈਆ । ਜਨ ਭਗਤੋ ਤੁਸੀਂ ਵੀ ਐਵੇਂ ਉਤੋਂ ਨਾ ਕਿਹੋ ਅੱਛਾ, ਹਿਰਦਿਉਂ ਹਰਿ ਲੈਣਾ ਅਪਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਠੇਕੇਦਾਰੀ ਦਾ ਪੂਰਾ ਕਰੇ ਪਟਾ, ਅੱਗੇ ਲੇਖਾ ਆਪਣੇ ਹੱਥ ਰਖਾਈਆ ।

## ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਖ਼ਜ਼ਾਨ ਸਿੰਘ ਦੇ ਗ੍ਰਹਿ ਰਣਬੀਰ ਸਿੰਘ ਪੁਰਾ ਜੰਮੂ

ਸਦੀ ਚੌਧਵੀਂ ਕਹੇ ਮੈਨੂੰ ਨਜ਼ਰ ਆਈ ਅਗੰਮੀ ਬਸਤੀ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਨਿਰਗੁਣ ਨੂਰ ਨਿਰਾਕਾਰ ਵੇਖੀ ਹਸਤੀ, ਰੂਪ ਰੰਗ ਰੇਖ ਜਗਤ ਨਾ ਕੋਇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਅਰਸ਼ੀ, ਜੋਤ ਜੋਤ ਵਿਚ ਸਮਾਈਆ । ਜਿਨ੍ਹਾਂ ਉਪਰ ਤੱਕੀ ਅਨੋਖੀ ਪਰਚੀ, ਜਿਸ ਦਾ ਲੇਖ ਅੱਖਰ ਵਿਚ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਹਰਿ ਸਾਚਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਨਿਰਅੱਖਰ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਜੋ ਲਿਖਿਆ ਜਾਵੇ ਨਾ ਕਿਸੇ ਉਪਰ ਪੱਥਰ, ਕਲਮ ਸ਼ਾਹੀ ਨਾ ਜੋੜ ਜੁੜਾਈਆ । ਜਿਸ ਦੀ ਲਾਈਣ ਬਣੇ ਕੋਇ ਨਾ ਸਤਰ, ਹਰੂਫ਼ ਵੰਡ ਨਾ ਕੋਇ ਵੰਡਾਈਆ । ਜਗਤ ਨੇਤਰ ਮੂਲ ਨਾ ਤੱਕਣ, ਨਿਗਾਹ ਅੱਖ ਨਾ ਕੋਇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਮੂਲ ਨਾ ਦੱਸਣ, ਸਮਝ ਰਮਜ਼ ਨਾ ਕੋਇ ਲਗਾਈਆ । ਓਹ ਲੇਖਾ ਹੱਥ ਪੁਰਖ ਸਮਰਥਨ, ਜੋ ਦਾਤਾ ਧੁਰਦਰਗਾਹੀਆ । ਜਿਸ ਦੇ ਵਿਚੋਂ ਜੁਗ ਜੁਗ ਨਿਰਗੁਣ ਧਾਰ ਸਰਗੁਣ ਦੇਵੇ ਕਥਨ, ਕਥਨੀ ਕਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਅਗੰਮੀ ਲੇਖ, ਜਿਸ ਦੀ ਲਿਖਤ ਲੋਕਮਾਤ ਨਾ ਕੋਇ ਸਮਝਾਈਆ । ਜਿਸ ਵਿਚੋਂ ਅਵਤਾਰ ਪੈਗ਼ੰਬਰਾਂ ਗੁਰੂਆਂ ਮਿਲੇ ਸੰਦੇਸ਼, ਜੁਗ ਜੁਗ ਕਲਮਾ ਨਾਮ ਸਮਝਾਈਆ । ਓਹ ਸਦਾ ਰਹੇ ਹਮੇਸ਼, ਜੁਗ ਚੌਕੜੀ ਵੰਡ ਨਾ ਕੋਇ ਵੰਡਾਈਆ । ਜਿਸ ਵਿਚੋਂ ਥੋੜ੍ਹਾ ਹਿੱਸਾ ਨਜ਼ਰੀ ਆਇਆ ਦਸ ਦਸਮੇਸ਼, ਗੋਬਿੰਦ ਸ਼ਬਦ ਗੁਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਦਇਆ ਕਮਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕਿਆ ਲੇਖ ਓਹ, ਜੋ ਬਿਨ ਅੱਖਰਾਂ ਨਜ਼ਰੀ ਆਈਆ । ਜਿਸ ਨਾਲ ਦੀਨ ਦੁਨੀ ਤੋਂ ਹੋਣ ਨਿਰਮੋਹ, ਨਾਤਾ ਨਿਰਾਕਾਰ ਨਾਲ ਰਖਾਈਆ । ਇਕੋ ਨਜ਼ਰੀ ਆਏ ਪੁਰਖ ਅਕਾਲ ਸੋ, ਸਾਹਿਬ ਸਵਾਮੀ ਧੁਰਦਰਗਾਹੀਆ । ਜਿਸ ਦੀ ਆਦਿ ਅੰਤ ਜੁਗਾ ਜੁਗੰਤ ਲੱਖ ਚੁਰਾਸੀ ਲੋ, ਘਟ ਅੰਤਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਨ ਮਿਹਰ ਨਜ਼ਰ ਉਠਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕੀ ਅਗੰਮੀ ਲਿਖਤ, ਜਿਸ ਦਾ ਲੇਖ ਨਾ ਕੋਇ ਦ੍ਰਿੜਾਈਆ । ਓਸ ਵਿਚ ਪਰਮ ਪੁਰਖ ਦਾ ਭਵਿਖਤ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲ ਦਾ ਇਸ਼ਟ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲਹਿਣਾ ਦੇਣਾ ਖ਼ਤਮ ਹੋਵੇ ਸ੍ਰਿਸ਼ਟ, ਤਤ ਵਜੂਦ ਨਾ ਕੋਇ ਰਖਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਦੀ ਲਿਸਟ, ਤਰਤੀਬ ਨਾਲ ਦਰਸਾਈਆ । ਜਿਸ ਕਾਰਨ ਭੇਜਿਆ ਰਾਮਾ ਵਸ਼ਿਸ਼ਟ, ਕ੍ਰਿਸ਼ਨ ਭੇਵ ਖੁਲ੍ਹਾਈਆ । ਕਿਉਂ ਮੂਸਾ ਈਸਾ ਮੁਹੰਮਦ ਖੁਲ੍ਹਾਈ ਦ੍ਰਿਸ਼ਟ, ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪੜਦਾ ਲਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਬਿਨ ਹਰਫ਼ਾਂ ਤੋਂ ਓਹ ਪਾਤਰ, ਜਿਸ ਦਾ ਪਤਾ ਨਾ ਕੋਇ ਸਮਝਾਈਆ । ਜਿਸ ਦੇ ਇਸ਼ਾਰੇ ਵਿਚੋਂ ਚਾਰ ਜੁਗ ਦੇ ਨਿਕਲਦੇ ਵੇਦ ਸ਼ਾਸਤਰ, ਅਵਤਾਰ ਪੈਗ਼ੰਬਰਾਂ ਵਾਲੀ ਪੜ੍ਹਾਈਆ । ਇਹ ਥੋੜ੍ਹੇ ਥੋੜ੍ਹੇ ਨਿੱਕੇ ਨਿੱਕੇ ਲਗ ਮਾਤਰ, ਅਗਲਾ ਪਰਦਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਚ ਦਏ ਸਰਨਾਈਆ । ਸਦੀ ਚੌਧਵੀਂ ਕਹੇ ਗੋਬਿੰਦ ਥੋੜ੍ਹੀ ਵੇਖੀ ਅਗੰਮੀ ਹੱਟੀ, ਪੁਰਖ ਅਕਾਲ ਦਿਤੀ ਵਖਾਈਆ । ਜਿਥੋਂ ਨਿਰਗੁਣ ਨਾਨਕ ਪੜ੍ਹੀ ਪੱਟੀ, ਬਿਨ ਅੱਖਰਾਂ ਆਪਣੇ ਅੰਤਰ ਲਈ ਟਿਕਾਈਆ । ਓਹ ਖੇਲ ਅਗੰਮੀ ਸਮਰਥੀ, ਹਰਿ ਕਰਤਾ ਆਪ ਸਮਝਾਈਆ । ਜਿਸ ਨੂੰ ਵੰਡ ਨਾ ਸਕੇ ਕੋਇ ਹੱਥੋ ਹੱਥੀ, ਲੋਕਮਾਤ ਝੋਲੀ ਨਾ ਕੋਇ ਭਰਾਈਆ । ਜਿਸ ਦੀ ਧਾਰ ਆਦਿ ਅੰਤ ਸੱਚੀ, ਜੁਗ ਜੁਗ ਆਪਣੀ ਕਾਰ ਕਮਾਈਆ । ਓਹ ਵਿਦਿਆ ਓਹ ਸਿਖਿਆ ਪੁਰਖ ਅਕਾਲ ਕਿਸੇ ਨਾ ਦੱਸੀ, ਹਰਫ਼ ਹਿਫ਼ਜ਼ ਨਾ ਕੋਇ ਕਰਾਈਆ । ਜੋਤੀ

੭੧੬
੨੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਆਪਣੀ ਧਾਰ ਜਣਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕਿਆ ਅਗੰਮ ਹਰੂਫ਼, ਹਰਫ਼ ਹਰਫ਼ ਨਾਲ ਮਿਲਾਈਆ । ਜਿਸ ਵਿਚ ਲਿਖਿਆ ਚਾਰ ਜੁਗ ਦਾ ਲਹਿਣਾ ਹੋਣਾ ਮਨਸੂਖ਼, ਅੰਤ ਰਹਿਣ ਕੋਇ ਨਾ ਪਾਈਆ । ਝਗੜਾ ਮੁਕਣਾ ਕਾਇਆ ਮਾਟੀ ਪੰਜ ਭੂਤ, ਭੂਤ ਭਵਿਖਤ ਕਾਲ ਦਏ ਗਵਾਹੀਆ । ਧੁਰ ਦਾ ਡੰਕਾ ਵੱਜਣਾ ਚਾਰੇ ਕੂਟ, ਚੌਥੇ ਜੁਗ ਰੰਗ ਰੰਗਾਈਆ । ਸ਼ਬਦ ਅਗੰਮੀ ਭੱਜੇ ਦੂਤ, ਦੋ ਜਹਾਨਾਂ ਵੇਖ ਵਖਾਈਆ । ਨਾਮ ਖੰਡਾ ਅਗੰਮਾ ਸੂਤ, ਸੂਤਰਧਾਰੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕਿਆ ਅਗੰਮ ਨਜ਼ਾਰਾ, ਨਜ਼ਰ ਨਜ਼ਰ ਵਿਚੋਂ ਬਦਲਾਈਆ । ਦੇਖ ਖੇਲ ਅਗੰਮ ਅਪਾਰਾ, ਅਲਖ ਅਗੋਚਰ ਖ਼ੁਸ਼ੀ ਬਣਾਈਆ । ਕਲਜੁਗ ਅੰਤਮ ਦਿਸਿਆ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਚਾਰ ਜੁਗ ਦਾ ਸ਼ਾਸਤਰ ਹੋਇਆ ਬੇਚਾਰਾ, ਸਿਰ ਸਕੇ ਨਾ ਕੋਇ ਉਠਾਈਆ । ਭੱਠ ਖੇੜਾ ਦਿਸੇ ਸੰਸਾਰਾ, ਸਚ ਮੰਦਰ ਨਾ ਕੋਇ ਵਡਿਆਈਆ । ਧੁਰ ਦਾ ਲੱਗੇ ਨਾ ਕੋਇ ਜੈਕਾਰਾ, ਸਿਫ਼ਤੀ ਨਾਮ ਸਿਫ਼ਤ ਵਡਿਆਈਆ । ਚਾਰੋਂ ਕੁੰਟ ਧੂੰਆਂਧਾਰਾ, ਧੁਰ ਦਾ ਚੰਦ ਨਾ ਕੋਇ ਚਮਕਾਈਆ । ਦੀਨਾਂ ਮਜ਼੍ਹਬਾਂ ਲੱਗਾ ਅਖਾੜਾ, ਨਾਮ ਕਲਮੇ ਨਾਲ ਟਕਰਾਈਆ । ਪਵਿਤ੍ਰ ਦਿਸਿਆ ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦਵਾਰਾ, ਬੁੱਧ ਬਿਬੇਕ ਨਾ ਕੋਇ ਰਖਾਈਆ । ਮਨ ਕਲਪਣਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਧਿਆ ਹੰਕਾਰਾ, ਹੰਕਾਰੀ ਗੜ੍ਹ ਨਾ ਕੋਇ ਤੁੜਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਵਿਭਚਾਰਾ, ਪਤਤ ਪੁਨੀਤ ਨਾ ਕੋਇ ਕਰਾਈਆ । ਜਗਤ ਵਿਦਿਆ ਕੂੜ ਕਲਪਣਾ ਦਏ ਹੁਲਾਰਾ, ਆਤਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਦਵਾਰਾ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਸਤਿ ਸੰਤੋਖ ਧੀਰਜ ਯਤ ਧਰਮ ਦਾ ਰਹੇ ਨਾ ਕੋਇ ਦੁਆਰਾ, ਦੀਨ ਦੁਨੀ ਹੋਈ ਹਲਕਾਈਆ । ਗੋਬਿੰਦ ਪੁਰਖ ਅਕਾਲ ਦੇ ਚਰਨਾਂ ਤਕ ਨਿਉਂ ਕੀਤੀ ਨਿਮਸਕਾਰਾ, ਡੰਡਾਵਤ ਵਿਚ ਸੀਸ ਨਿਵਾਈਆ । ਤੇਰਾ ਖੇਲ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਮਾਣ ਰਹੇ ਨਾ ਗੁਰੂ ਅਵਤਾਰਾ, ਪੈਗ਼ੰਬਰਾਂ ਭੈ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਵੇ ਵਿਭਚਾਰਾ, ਦੁਰਮਤ ਮੈਲ ਨਾ ਕੋਇ ਧੁਆਈਆ । ਕਿਰਪਾ ਕਰੀਂ ਮੇਰੇ ਗਿਰਵਰ ਗਿਰਧਾਰਾ, ਗਹਿਰ ਗੰਭੀਰ ਤੇਰੀ ਸਰਨਾਈਆ । ਤੂੰ ਆਦਿ ਜੁਗਾਦਿ ਸ਼ਹਿਨਸ਼ਾਹ ਸਚ ਸੱਚੀ ਸਰਕਾਰਾ, ਤੁਧ ਬਿਨ ਅਦਲ ਨਾ ਕੋਇ ਕਮਾਈਆ । ਨਿਰਗੁਣ ਨੂਰ ਜੋਤ ਕਰੀਂ ਉਜਿਆਰਾ, ਸ਼ਬਦੀ ਸਤਿਗੁਰ ਹੋ ਕੇ ਡੰਕ ਵਜਾਈਆ । ਤੇਰਾ ਨਾਉਂ ਜਗਤ ਜਹਾਨ ਹੋਵੇ ਕਲ ਕਲਕੀ ਅਵਤਾਰਾ, ਅਕਲ ਕਲਧਾਰੀ ਆਪਣਾ ਫੇਰਾ ਪਾਈਆ । ਚਾਰ ਵਰਨ ਅਠਾਰਾਂ ਬਰਨ ਧੁਰ ਦਾ ਦੱਸਣਾ ਨਾਮ ਜੈਕਾਰਾ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝੇ ਯਾਰ ਦੱਸਣਾ ਇਕ ਦਰਬਾਰਾ, ਜਿਸ ਦਰ ਤੇਰੀ ਇਕੋ ਵੱਜੇ ਵਧਾਈਆ । ਤੇਰਾ ਲੇਖ ਅਲੇਖ ਤੇਰਾ ਭੇਖ ਅਨੇਕ ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕ਼ੁਰਾਨ ਖਾਣੀ ਬਾਣੀ ਪਾਵੇ ਕੋਇ ਨਾ ਸਾਰਾ, ਬੇਅੰਤ ਬੇਅੰਤ ਬੇਅੰਤ ਕਹਿ ਕੇ ਸਾਰੇ ਤੈਨੂੰ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜੀ ਕਿਰਿਆ ਮੇਟ ਅੰਧਿਆਰਾ, ਸਤਿ ਧਰਮ ਸੀਤ ਸਚ ਦਾ ਮਾਰਗ ਦੇਣਾ ਵਖਾਈਆ ।

੭੧੭
੨੧

## ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਰਣੀਆ ਰਾਮ ਦੇ ਗ੍ਰਿਹਿ ਕਲੋਏ ਜੰਮੂ

ਸਦੀ ਚੌਧਵੀਂ ਕਹੇ ਗੋਬਿੰਦ ਤੱਕੀ ਓਹ ਲਕੀਰ, ਜੋ ਲਾਈਨ ਨੂਰ ਅਲਾਹੀਆ । ਜਿਥੋਂ ਸਿਖਿਆ ਮਿਲਦੀ ਸੰਤ ਸਾਧ ਫ਼ਕੀਰ, ਭਗਤ ਨਾਮ ਵਡਿਆਈਆ । ਸ਼ਰਅ ਦਾ ਤੁਟਦਾ ਜ਼ੰਜੀਰ, ਦੀਨ ਮਜ਼੍ਹਬ ਬੰਧਨ ਰਹੇ ਨਾ ਰਾਈਆ । ਝਗੜਾ ਮੁਕਦਾ ਸ਼ਾਹ ਹਕੀਰ, ਊਚ ਨੀਚ ਡੇਰਾ ਢਾਹੀਆ । ਲੇਖਾ ਰਹੇ ਨਾ ਗ਼ਰੀਬ ਅਮੀਰ, ਮਾਇਆ ਮਮਤਾ ਨਾ ਕੋਇ ਹਲਕਾਈਆ । ਵੰਡ ਰਹੇ ਨਾ ਤਨ ਸ਼ਰੀਰ, ਵਜੂਦ ਵਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਸਹਿਜ ਸੁਖਦਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕੀ ਓਹ ਲਾਈਨ, ਜਿਸ ਦੀ ਸਿੰਮਤ ਸਮਝ ਕੋਇ ਨਾ ਪਾਈਆ । ਜੋ ਮੇਲ ਮਿਲਾਵੇ ਪੁਰਖ ਅਕਾਲ ਨਾਲ ਐਨ, ਰਸਤੇ ਵਿਚ ਨਾ ਕੋਇ ਅਟਕਾਈਆ । ਨਾਤਾ ਤੋੜੇ ਕੂੜੇ ਸਾਕ ਸੱਜਣ ਭਾਈ ਭੈਣ, ਜੂਠ ਝੂਠ ਡੇਰਾ ਢਾਹੀਆ । ਨਾਮ ਧਨ ਮਿਲੇ ਰਸਾਇਨ, ਦੌਲਤ ਧੁਰ ਦੀ ਨਜ਼ਰੀ ਆਈਆ । ਕਾਇਆ ਮੰਦਰ ਅੰਦਰ ਉਪਜੇ ਗਾਇਨ, ਗੀਤ ਗੋਬਿੰਦ ਇਕ ਅਲਾਹੀਆ । ਨਿਰਗੁਣ ਨੂਰ ਨਜ਼ਰ ਆਏ ਨਿਜ ਨੈਣ, ਅੰਧ ਅੰਧੇਰ ਰਹੇ ਨਾ ਰਾਈਆ । ਸਚ ਧਾਰ ਤੱਕੀ ਜਿਸ ਉਤੇ ਕਿਸੇ ਦੇ ਨਹੀਂ ਸਾਇਨ, ਸਨਦ ਹੱਥ ਨਾ ਕੋਇ ਫੜਾਈਆ । ਗੁਰ ਅਵਤਾਰ ਪੈਗ਼ੰਬਰ ਦੂਰ ਦੁਰਾਡੇ ਕਹਿਣ, ਕਹਿ ਕਹਿ ਰਹੇ ਜਣਾਈਆ । ਏਸੇ ਧਾਰੋਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਿਕਲੇ ਧੁਰ ਰਮਾਇਣ, ਰਾਮਾ ਕ੍ਰਿਸ਼ਨਾ ਏਸੇ ਦਾ ਢੋਲਾ ਗਾਈਆ । ਇਹੋ ਖੇਲ ਆਦਿ ਜੁਗਾਦੀ ਨਰ ਨਰਾਇਣ, ਹਰਿ ਕਰਤਾ ਆਪ ਕਰਾਈਆ । ਦੀਨ ਦੁਨੀ ਜਗਤ ਦਿਸੇ ਪਰਾਇਨ, ਸਾਚਾ ਬੰਧਨ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਆਪ ਅਖਵਾਈਆ । ਸਦੀ ਚੌਧਵੀਂ ਕਹੇ ਗੋਬਿੰਦ ਤੱਕੀ ਬਿਨ ਸ਼ਰਅ ਜ਼ੰਜੀਰ, ਕੜੀ ਕੜੀ ਨਾ ਕੋਇ ਜੁੜਾਈਆ । ਜਿਥੇ ਨਾਅਰਾ ਹੱਕ ਬੋਲੇ ਕਬੀਰ, ਕ਼ਬਰਾਂ ਤੋਂ ਬਾਹਰ ਡੇਰਾ ਲਾਈਆ । ਹਕ਼ੀਕ਼ੀ ਨੂਰ ਚਮਕੇ ਤਸਵੀਰ, ਤਸੱਵਰ ਕਰ ਨਾ ਕੋਇ ਵਖਾਈਆ । ਲੇਖਾ ਜਾਣ ਬੇਨਜ਼ੀਰ, ਨਜ਼ਰ ਆਪਣੀ ਵਿਚ ਛੁਪਾਈਆ । ਜਿਸ ਨਾਲ ਬਦਲ ਜਾਏ ਸਰਬ ਤਦਬੀਰ, ਤਰੀਕਾ ਆਪਣਾ ਦਏ ਦ੍ਰਿੜਾਈਆ । ਜਿਸ ਦੇ ਵਿਚੋਂ ਚਾਰ ਜੁਗ ਦੀ ਬਾਣੀ ਨਿਕਲੀ ਤਕ਼ਰੀਰ, ਤਹਿਰੀਰ ਨਾਲ ਵਡਿਆਈਆ । ਸੋ ਖੇਲ ਅਗੰਮ ਅਖ਼ੀਰ, ਆਖ਼ਰ ਦਿਤਾ ਜਣਾਈਆ । ਸਦੀ ਚੌਧਵੀਂ ਕਹੇ ਮੈਂ ਵਾਸਤਾ ਪਾ ਕੇ ਕਿਹਾ ਪੀਰਨ ਪੀਰ, ਪੀਰ ਪੀਰਾ ਤੇਰੀ ਸਰਨਾਈਆ । ਮੇਰਾ ਸਾਹਿਬ ਬਣ ਦਸਤਗੀਰ, ਦਸਤਬਰਦਾਰ ਕਰੇ ਲੋਕਾਈਆ । ਮੇਰੇ ਅੰਤਮ ਪਾਟੇ ਚੀਥੜ ਵੇਖ ਚੀਰ, ਚੀਰੇ ਵਾਲੇ ਧੁਰ ਦੇ ਮਾਹੀਆ । ਤੂੰ ਕ਼ਾਦਰ ਕਰਤਾ ਕਰੀਮ, ਕਰਮ ਕਾਂਡ ਦਾ ਡੇਰਾ ਢਾਹੀਆ । ਤੇਰਾ ਨੂਰ ਨੁਰਾਨਾ ਸਦਾ ਹੁਸੀਨ, ਹੁਸੀਨਾ ਦੂਜੀ ਨਜ਼ਰ ਕੋਇ ਨਾ ਆਈਆ । ਤੂੰ ਸਰਬ ਕਲਾ ਪ੍ਰਬੀਨ, ਪਾਰਬ੍ਰਹਮ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦੀ ਹੋਵੇ ਨਾ ਕੋਇ ਤਕ਼ਸੀਮ, ਤਫ਼ੱਰਕਾ ਰਹਿਣ ਕੋਇ ਨਾ ਪਾਈਆ ।

## ❊ ੧੭ ਪੋਹ ਸ਼ਹਿਨਸ਼ਾਹ ਸੰਮਤ ੪ ਪਿਆਰੇ ਲਾਲ ਦੇ ਗ੍ਰਿਹ ਕਲੋਏ ਜੰਮੂ ❊

ਸਦੀ ਚੌਧਵੀਂ ਕਹੇ ਗੋਬਿੰਦ ਵੇਖਿਆ ਓਹ ਨੁਕਤਾ, ਜਿਸ ਦਾ ਨਿਸ਼ਾਨ ਨਾ ਕੋਇ ਜਣਾਈਆ । ਜਿਥੇ ਜੁਗ ਜੁਗ ਪੈਂਡਾ ਮੁਕਦਾ, ਅੱਗੇ ਪੰਧ ਨਾ ਕੋਇ ਸਮਝਾਈਆ । ਚਾਰ ਜੁਗ ਦਾ ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਦਸ ਗੁਰੂ ਪੁਜਦਾ, ਛੱਤੀ ਜੁਗ ਦਾ ਗੇੜ ਚੁਕਾਈਆ । ਅੱਗੇ ਫੇਰ ਕੁਛ ਨਹੀਂ ਸੁਝਦਾ, ਨੂਰ ਨੂਰ ਵਿਚ ਸਮਾਈਆ । ਪੁਰਖ ਅਕਾਲ ਆ ਕੇ ਪੁਛਦਾ, ਗੁਰ ਅਵਤਾਰ ਪੈਗ਼ੰਬਰਾਂ ਆਪ ਉਠਾਈਆ । ਨਾਤਾ ਵੇਖੋ ਅਗੰਮਾ ਪਿਤਾ ਪੁਤ ਦਾ, ਜਣਨ ਵਾਲੀ ਦਿਸੇ ਕੋਇ ਨਾ ਮਾਈਆ । ਕੀ ਖੇਲ ਤੁਹਾਡੀ ਰੁੱਤ ਦਾ, ਮੌਸਮ ਮੈਨੂੰ ਦਿਓ ਸਮਝਾਈਆ । ਕਿਸ ਬਿਧ ਜੀਵ ਜਹਾਨ ਡੰਡਾਵਤ ਬੰਦਨਾ ਸੱਯਦਿਆਂ ਵਿਚ ਮੈਨੂੰ ਝੁਕਦਾ, ਨਾਮ ਕਲਾਮਾਂ ਵਿਚ ਢੋਲੇ ਰਿਹਾ ਗਾਈਆ । ਕੀ ਹਾਲ ਵਿਛੋੜੇ ਵਾਲੇ ਦੁੱਖ ਦਾ, ਭੇਵ ਅਭੇਦਾ ਦਿਓ ਖੁਲ੍ਹਾਈਆ । ਕਿਸ ਬਿਧ ਜਾਪ ਹੁੰਦਾ ਮੇਰੀ ਆਤਮ ਪਰਮਾਤਮ ਤੁਕ ਦਾ, ਸੋਹੰ ਸਤਿ ਪੜ੍ਹਾਈਆ । ਕਿਸ ਬਿਧ ਮਾਣ ਹੁੰਦਾ ਮਾਣਸ ਮਾਨੁੱਖ ਦਾ, ਲੱਖ ਚੁਰਾਸੀ ਵਿਚੋਂ ਸੋਭਾ ਪਾਈਆ । ਕਿਸ ਬਿਧ ਸ਼ਬਦ ਅਗੰਮਾ ਅੰਦਰੋਂ ਉਠਦਾ, ਨਾਦ ਅਨਾਦੀ ਧੁਨ ਸੁਣਾਈਆ । ਕਿਸ ਬਿਧ ਪੁਰਖ ਅਕਾਲ ਹਰ ਘਟ ਅੰਦਰ ਲੁਕਦਾ, ਨਿਰਗੁਣ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਗੋਬਿੰਦ ਵੇਖਿਆ ਓਹ ਕੰਨਾ, ਜਿਸ ਦਾ ਅੱਗਾ ਪਿੱਛਾ ਨਜ਼ਰ ਕਿਸੇ ਨਾ ਆਈਆ । ਉਸ ਤੋਂ ਅੱਗੇ ਜਾਣ ਤੋਂ ਗੁਰ ਅਵਤਾਰ ਪੈਗ਼ੰਬਰ ਕੀਤੇ ਮਨ੍ਹਾ, ਮੰਜ਼ਲ ਅੱਗੇ ਨਾ ਕੋਇ ਸਮਝਾਈਆ । ਜਿਥੇ ਬਹਿ ਕੇ ਪੁਰਖ ਅਕਾਲ ਜੋਤ ਸ਼ਬਦੀ ਧਾਰ ਦੇਂਦਾ ਵਿਚ ਤਨਾਂ, ਲੋਕਮਾਤ ਵਜੂਦ ਦਏ ਵਡਿਆਈਆ । ਰਾਗ ਸੁਣਾਵੇ ਆਪਣਾ ਬਿਨਾ ਕੰਨਾਂ, ਧੁਰ ਦੀ ਧਾਰ ਆਪ ਪ੍ਰਗਟਾਈਆ । ਕਰੇ ਪ੍ਰਕਾਸ਼ ਨਿਰਗੁਣ ਜੋਤ ਚੰਨਾ, ਚੰਦ ਚਾਂਦਨੀ ਡਗਮਗਾਈਆ । ਲੇਖ ਮੁਕਾਵੇ ਹਰਖ ਸੋਗ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਮਾਇਆ ਮਮਤਾ ਮੇਟ ਕੇ ਤਮਅ, ਤ੍ਰਿਸ਼ਨਾ ਕੂੜੀ ਦਏ ਬੁਝਾਈਆ । ਜਦ ਦੇਵੇ ਤਦ ਆਪਣਾ ਨਾਮ ਨਵਾਂ, ਜੁਗ ਜੁਗ ਆਪਣਾ ਖੇਲ ਵਖਾਈਆ । ਜਦ ਬਦਲੇ ਦੀਨ ਦੁਨੀ ਦਾ ਸਮਾਂ, ਸਹਿਜ ਸੁਖਧਾਰੀ ਆਪਣੀ ਕਲ ਵਰਤਾਈਆ । ਜਾਂ ਬਣਾਏ ਦੀਨ ਦੁਨੀ ਦਾ ਬੰਨਾ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਹਰਿਜਨ ਮੇਲ ਮਿਲਾਈਆ । ਸਦੀ ਚੌਧਵੀਂ ਕਹੇ ਗੋਬਿੰਦ ਓਹ ਤੱਕਿਆ ਮੁਕਤਾ, ਜਿਥੇ ਮੁਕੰਮਲ ਨੂਰ ਅਲਾਹੀਆ । ਖੇਲ ਅਗੰਮੀ ਧਾਰ ਸੁਚ ਦਾ, ਸੰਜਮ ਨਜ਼ਰ ਕੋਇ ਨਾ ਆਈਆ । ਘਰਾਨਾ ਸੋਹੇ ਸਦਾ ਚੁਪ ਦਾ, ਸ਼ੋਰੋ ਗੁਲ ਨਾ ਕੋਇ ਮਚਾਈਆ । ਭਾਵ ਦਿਸੇ ਨਾ ਕਿਸੇ ਮਾਨੁੱਖ ਦਾ, ਤਤ ਵਜੂਦ ਨਾ ਕੋਇ ਵਡਿਆਈਆ । ਸ਼ਬਦ ਸੁਣੇ ਤੇ ਇਕੋ ਤੁਕ ਦਾ, ਤੂੰ ਮੇਰਾ ਮੈਂ ਤੇਰਾ ਢੋਲਾ ਅਲਾਹੀਆ । ਗੁਰ ਅਵਤਾਰ ਪੈਗ਼ੰਬਰ ਜੋਤੀ ਧਾਰ ਵੇਖੇ ਝੁਕਦਾ, ਬਿਨ ਸੀਸ ਸੀਸ ਨਿਵਾਈਆ । ਓਥੇ ਝਗੜਾ ਨਹੀਂ ਕਿਸੇ ਦੁੱਖ ਦਾ, ਚਿੰਤਾ ਰੋਗ ਨਾ ਕੋਇ ਸਤਾਈਆ । ਜਦ ਵੇਖੇ ਨਾਤਾ ਜੋਤੀ ਸ਼ਬਦੀ ਧਾਰ ਅਗੰਮੇ ਸੁਤ ਦਾ, ਅਪਰਾਧੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਧਾਰੋਂ ਆਪੇ ਉਠਦਾ, ਜਨ ਭਗਤਾਂ ਉਪਰ ਤੁਠਦਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪਣੀ ਇਕ ਉਠਾਈਆ ।

੭੨੦
੨੧

## ✻ ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਸੇਵਾ ਰਾਮ ਦੇ ਗ੍ਰਿਹ ਕਲੋਏ ਜੰਮੂ ✻

ਸਦੀ ਚੌਧਵੀਂ ਕਹੇ ਪ੍ਰਭ ਦੀ ਕਰੋ ਪਹਿਚਾਨ, ਜੋ ਬੇਪਹਿਚਾਨ ਰੂਪ ਵਟਾਈਆ । ਸ਼ਬਦ ਸੰਦੇਸ਼ਾ ਸੁਣੋ ਨਾਲ ਕਾਨ, ਧੁਰ ਦਾ ਹੁਕਮ ਇਕ ਜਣਾਈਆ । ਨੇਤਰ ਖੋਲ੍ਹ ਕਰੋ ਧਿਆਨ, ਅਨਡਿੱਠੜੀ ਖੇਲ ਵਖਾਈਆ । ਨਿਰਗੁਣ ਜੋਤ ਸ੍ਰੀ ਭਗਵਾਨ, ਆਪਣੀ ਕਲ ਵਰਤਾਈਆ । ਗੁਰ ਅਵਤਾਰ ਪੈਗ਼ੰਬਰਾਂ ਬੋਲ ਵੇਖ ਜ਼ਬਾਨ, ਅੱਖਰ ਅੱਖਰ ਖੋਜ ਖੁਜਾਈਆ । ਸਚ ਦਵਾਰੇ ਕਰ ਪਰਵਾਨ, ਪਰਵਾਨਗੀ ਵਿਚ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾ ਬਦਲ ਦੇਵੇ ਵਿਧਾਨ, ਵਾਹਦ ਆਪਣਾ ਹੁਕਮ ਚਲਾਈਆ । ਪੁਰਖ ਅਕਾਲਾ ਕਦੇ ਨਾ ਹੋਵੇ ਬੇਜ਼ਬਾਨ, ਜ਼ਬਾਨੀ ਕਲਾਮੀ ਕਾਰ ਨਾ ਕੋਇ ਭੁਗਤਾਈਆ । ਧੁਰ ਸੰਦੇਸ਼ਾ ਦੇਵੇ ਬਣ ਕੇ ਹੁਕਮਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਹੱਥ ਮਾਰੋ ਉਤੇ ਛਾਤੀ, ਬਲ ਆਪਣੇ ਅੰਤਰ ਪ੍ਰਗਟਾਈਆ । ਪ੍ਰਭ ਮਿਲਣਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਸੰਤ ਸੁਹੇਲੇ ਮਿਲਣੇ ਸਾਥੀ, ਗੁਰਮੁਖ ਗੁਰ ਗੁਰ ਜੋੜ ਜੁੜਾਈਆ । ਕਥਾ ਕਹਾਣੀ ਸੁਣਨੀ ਸਾਚੀ, ਸਚ ਮਾਰਗ ਲੈਣਾ ਅਪਨਾਈਆ । ਲੇਖੇ ਲਾਉਣੀ ਜ਼ਿੰਦਗੀ ਵਾਲੀ ਰਾਤੀ, ਜੀਵਣ ਜੀਵਣ ਵਿਚੋਂ ਪ੍ਰਗਟਾਈਆ । ਖੇਲ ਵੇਖਣਾ ਆਦਿ ਅੰਤ ਦਾ ਆਦੀ, ਕੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਜਨ ਭਗਤੋ ਕੀ ਮੇਰਾ ਮੰਨੋਗੇ ਆਖਾ, ਅੱਖਰਾਂ ਵਿਚ ਦਿਆਂ ਸੁਣਾਈਆ । ਕੀ ਨਿਰੰਤਰ ਤੁਹਾਡੇ ਭਾਖਾ, ਭਾਖਿਆ ਦਿਓ ਸਮਝਾਈਆ । ਜਨ ਭਗਤ ਕਹਿਣ ਸਾਨੂੰ ਪ੍ਰਭੂ ਤੇ ਭਰਵਾਸਾ, ਦੂਜਾ ਭਰਮ ਨਾ ਕੋਇ ਭੁਲਾਈਆ । ਓਹ ਮਾਲਕ ਧੁਰ ਦਾ ਸਾਚਾ, ਸਾਹਿਬ ਸੁਲਤਾਨ ਅਖਵਾਈਆ । ਅਸੀਂ ਓਸ ਦੇ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਸਦੀ ਚੌਧਵੀਂ ਆਪੇ ਦੇ ਥਾਂ ਕਰ ਲੈ ਸਾਡਾ ਸਾਥਾ, ਮਿਲ ਕੇ ਚਲੀਏ ਚਾਈਂ ਚਾਈਂਆ । ਅੱਗੇ ਤੇਰਾ ਸੀ ਮੁਹੰਮਦ ਨਾਲ ਨਾਤਾ, ਚਾਰ ਯਾਰੀ ਵੇਖ ਵਖਾਈਆ । ਹੁਣ ਵਖਾਈਏ ਤੈਨੂੰ ਓਹ ਪੁਰਖ ਅਕਾਲ ਬਿਧਾਤਾ, ਜੋ ਪਾਰਬ੍ਰਹਮ ਅਖਵਾਈਆ । ਅਸੀਂ ਸਾਰੇ ਓਸੇ ਦੀਆਂ ਸ਼ਾਖਾਂ, ਤੂੰ ਵੀ ਓਸੇ ਦਾ ਨੂਰ ਨਜ਼ਰੀ ਆਈਆ । ਓਸ ਪ੍ਰਭੂ ਦਾ ਖੋਲ੍ਹ ਕੇ ਦੱਸ ਖੁਲਾਸਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਓਹ ਧੁਰ ਦਾ ਇਕੋ ਦਾਤਾ, ਦੇਵਣਹਾਰ ਗੁਸਾਈਆ । ਜੁਗ ਚੌਕੜੀ ਸਭ ਦਾ ਰਾਖਾ, ਰੱਛਿਆ ਕਰੇ ਥਾਉਂ ਥਾਈਂਆ । ਜੋ ਓਸ ਦੀ ਚਰਨ ਧੂੜੀ ਸਚ ਸਰੋਵਰ ਨ੍ਹਾਤਾ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਸੋਭਾ ਪਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਨੂੰ ਦਿਓ ਛੁੱਟੀ, ਖ਼ੁਸ਼ੀਆਂ ਨਾਲ ਵਿਦਾ ਕਰਾਈਆ । ਮੈਂ ਮਸਤੀ ਵਿਚ ਕ਼ਦਮ ਜਾਵਾਂ ਪੁੱਟੀ, ਚਲਾਂ ਚਾਈਂ ਚਾਈਂਆ । ਤੁਸੀਂ ਹੱਥ ਮਿਲਾਉਂਣੇ ਆਪਣੇ ਗੁੱਟੀਂ, ਜ਼ੋਰ ਨਾਲ ਦਬਾਈਆ । ਮੁਖੋਂ ਕਹਿਣਾ ਜਗਤ ਨਾਲੋਂ ਤੁੱਟੀ, ਨਾਤਾ ਪ੍ਰਭ ਦੇ ਨਾਲ ਜੁੜਾਈਆ । ਤੁਹਾਡੀ ਧਾਰ ਕਦੇ ਨਾ ਜਾਵੇ ਲੁੱਟੀ, ਲੁਟੇਰੇ ਅੰਦਰੋਂ ਦੇਣੇ ਕਢਾਈਆ । ਤੁਹਾਡੇ ਨਾਲ ਦਸ ਦਿਨ ਬੜੀ ਸੋਹਣੀ ਸੁਹਾਈ ਰੁੱਤੀ, ਦਸਮ ਦੁਆਰੀ ਦਾ ਦਰਸ਼ਨ ਦਿਆਂ ਕਰਾਈਆ । ਤੁਸਾਂ ਚਲ ਚਲ ਘਸਾਈ ਜੁੱਤੀ, ਰਵਦਾਸ ਚਮਾਰੇ ਤੋਂ ਗੰਢ ਦਿਆਂ ਪੁਆਈਆ । ਜਿਹੜਾ ਬਸਤਰਾਂ ਦਾ ਭਾਰ ਕੰਧਿਆਂ ਉਤੇ ਫਿਰੇ ਚੁੱਕੀ, ਓਸ

ਬਦਲੇ ਤੁਹਾਨੂੰ ਚੁੱਕ ਕੇ ਸਚਖੰਡ ਪੁਚਾਈਆ । ਅੰਤ ਸਮੇਂ ਕਿਸੇ ਨੂੰ ਹੋਣ ਨਾ ਦੇਵਾਂ ਦੁੱਖੀ, ਪ੍ਰਗਟ ਹੋ ਕੇ ਆਪਣਾ ਦਰਸ ਕਰਾਈਆ । ਉਜਲ ਕਰ ਕੇ ਮਾਤ ਕੁੱਖੀ, ਲੇਖੇ ਲਾਵਾਂ ਜੰਮਣ ਵਾਲੀ ਮਾਈਆ । ਸਦੀ ਚੌਧਵੀਂ ਕਹੇ ਮੈਂ ਤੁਹਾਡੇ ਪਿਆਰ ਦੀ ਭੁੱਖੀ, ਤੁਸਾਂ ਭੁੱਖ ਤ੍ਰਿਸ਼ਨਾ ਦਿਤੀ ਗਵਾਈਆ । ਜਿਸ ਵੇਲੇ ਤੁਸਾਂ ਗੁੰਦੀ ਮੇਰੀ ਗੁੱਤੀ, ਮੀਂਢੀ ਮੀਂਢੀ ਨਾਲ ਜੁੜਾਈਆ । ਫਿਰ ਭਾਗ ਲਗਾਵਾਂ ਸਭ ਦੇ ਕਾਇਆ ਬੁੱਤੀਂ, ਰੰਡੇਪਾ ਦੋ ਜਹਾਨ ਦਿਆਂ ਕਟਾਈਆ । ਇਹ ਖੇਲ ਰਹਿਣੀ ਨਹੀਂ ਛੁਪੀ, ਛੱਪਰ ਛੰਨਾਂ ਤੋਂ ਬਾਹਰ ਕਰਾਂ ਰੁਸ਼ਨਾਈਆ । ਸਭ ਦੇ ਭਾਗ ਲਗਾਵਾਂ ਪੁੱਤੀਂ, ਔਂਤਰਾ ਰਹਿਣ ਕੋਇ ਨਾ ਪਾਈਆ । ਤੁਸਾਂ ਮੇਰੇ ਨਾਲ ਕੱਟੀ ਬੁਤੀ, ਭੱਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਸਾਚੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਬੇਸ਼ਕ ਤੁਸੀਂ ਗਏ ਥਕ, ਤੁਹਾਡੀ ਥਕਾਵਟ ਵੇਖ ਵਖਾਈਆ । ਜ਼ਰੂਰ ਇਸ ਮਿਹਨਤ ਦਾ ਦੇਵਾਂ ਹੱਕ, ਸਭ ਦੀ ਝੋਲੀ ਪਾਈਆ । ਸਚ ਦੁਆਰੇ ਲਵਾਂ ਰੱਖ, ਰੱਖਿਆ ਕਰਾਂ ਥਾਉਂ ਥਾਈਂਆ । ਮਾਰਗ ਧੁਰ ਦਾ ਦੱਸ, ਦਹਿ ਦਿਸ਼ਾ ਤੋਂ ਪੱਲੂ ਦਿਆਂ ਛੁਡਾਈਆ । ਅਣਿਆਲਾ ਤੀਰ ਮਾਰਾਂ ਕਸ, ਤਿੱਖੀ ਮੁੱਖੀ ਧਾਰ ਬਣਾਈਆ । ਤੁਹਾਡਾ ਲਹਿਣਾ ਹੱਥ ਪੁਰਖ ਸਮਰਥ, ਦੂਜਾ ਅਵਰ ਨਾ ਕੋਇ ਸਹਾਈਆ । ਇਕ ਵਾਰ ਏਕੰਕਾਰ ਚਰਨੀ ਜਾਓ ਢੱਠ, ਨਿਉਂ ਨਿਉਂ ਸੀਸ ਝੁਕਾਈਆ । ਸਦਾ ਤੁਹਾਡਾ ਸਾਂਝਾ ਬਣਿਆ ਰਹੇ ਇਕੱਠ, ਭਗਤਾਂ ਨਾ ਹੋਏ ਜੁਦਾਈਆ । ਨਾਮ ਭਗਤੀ ਦਾ ਖੁਲ੍ਹਾ ਰਹੇ ਹੱਟ, ਭੰਡਾਰਾ ਦੇਵੇ ਧੁਰਦਰਗਾਹੀਆ । ਅੰਮ੍ਰਿਤ ਧਾਰ ਬਖ਼ਸ਼ ਕੇ ਰਸ, ਅਗਨੀ ਤਤ ਦਏ ਬੁਝਾਈਆ । ਤੁਸਾਂ ਘਰ ਜਾਣਾ ਹੱਸ ਹੱਸ, ਖ਼ੁਸ਼ੀਆਂ ਵਿਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਤੁਹਾਡਾ ਰਾਹ ਰਿਹਾ ਤਕ, ਰਸਤੇ ਰਸਤੇ ਧੁਰ ਦਾ ਪੰਧ ਮੁਕਾਈਆ ।

### ੧੭ ਪੋਹ ਸ਼ਹਿਨਸ਼ਾਹੀ ਸੰਮਤ ੪ ਵਕੀਲ ਸਿਘ ਦੇ ਗ੍ਰਹਿ ਪਿੰਡ ਹੰਸਾ ਜੰਮੂ

ਸਦੀ ਚੌਧਵੀਂ ਕਹੇ ਤੁਹਾਡੇ ਸਾਫ਼ ਦਿਸਣ ਹਿਰਦੇ, ਹਿਰਦੇ ਹਰਿ ਵਡਿਆਈਆ । ਜਿਹੜੇ ਇਕ ਸਰਨਾਈ ਗਿਰਦੇ, ਗਿਰਹ ਵੰਡ ਨਾ ਕੋਇ ਵੰਡਾਈਆ । ਪਿਆਰੇ ਇਕ ਪਿਰ ਦੇ, ਪ੍ਰੀਤਮ ਇਕ ਮਨਾਈਆ । ਵਿਛੜੇ ਜੁਗਾਂ ਚਿਰ ਦੇ, ਸਹਿਜੇ ਲਿਆ ਜੁੜਾਈਆ । ਅੱਗੇ ਖੇਲ ਵੇਖਣੇ ਨਿਰਵੈਰ ਨਿਰ ਦੇ, ਨਿਰੰਕਾਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਤੁਹਾਡੇ ਅੰਤਰ ਵੇਖਿਆ ਨੂਰ ਨੁਰਾਨਾ, ਜਲਵਾ ਇਕ ਅਲਾਹੀਆ । ਸੁਣਿਆ ਅਗੰਮ ਤਰਾਨਾ, ਤੂੰਹੀ ਤੂੰਹੀ ਆਵਾਜ਼ ਸੁਣਾਈਆ । ਤੱਕਿਆ ਸਚ ਯਾਰਾਨਾ, ਯਾਰੀ ਪ੍ਰਭ ਦੇ ਨਾਲ ਲਗਾਈਆ । ਛੱਡਿਆ ਕੂੜ ਜਹਾਨਾ, ਨਾਤਾ ਲਿਆ ਤੁੜਾਈਆ । ਗੁਰਮੁਖ ਦਿਸੇ ਨਾ ਕੋਇ ਬੇਗਾਨਾ, ਹਰਿਜਨ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਹਿੱਸਾ ਸਭ ਦੀ ਝੋਲੀ ਪਾਈਆ ।

## ✻ ੧੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਚੌਥੀ ਮੰਜ਼ਲ ਜੇਠੂਵਾਲ ✻

ਸਦੀ ਚੌਧਵੀਂ ਕਹੇ ਮੈਂ ਛੱਡੇ ਮੁਨਾਰੇ ਮੰਦਰ, ਹੁਜਰੇ ਦਿਤੇ ਤਜਾਈਆ । ਚੜ੍ਹ ਕੇ ਪ੍ਰਭੂ ਦੇ ਉਪਰ ਅੰਬਰ, ਅਮਨ ਵੇਖਿਆ ਚਾਈਂ ਚਾਈਂਆ । ਮੇਰਾ ਚੌਥੀ ਮੰਜ਼ਲ ਤੋਂ ਉਤੇ ਹੋਣ ਲੱਗਾ ਸਵੰਬਰ, ਮੇਲ ਮਿਲਣਾ ਧੁਰਦਰਗਾਹੀਆ । ਜਨ ਭਗਤਾਂ ਗੁਲਸ਼ਨ ਖਿੜਨ ਲੱਗਾ ਚਮਨ, ਬਗ਼ੀਚਾ ਲੋਕਮਾਤ ਵਡਿਆਈਆ । ਲਹਿਣਾ ਮੁੱਕਣ ਲੱਗਾ ਦੁਸ਼ਟ ਦਮਨ, ਜੋ ਜਲਧਾਰਾ ਮੰਗ ਮੰਗਾਈਆ । ਦੋ ਜਹਾਨ ਲੱਗਾ ਕੰਬਨ, ਅਰਸ਼ ਫ਼ਰਸ਼ ਦਏ ਦੁਹਾਈਆ । ਪੁਰਖ ਅਕਾਲਾ ਸਾਚਾ ਮਾਰਗ ਲੱਗਾ ਬੰਨ੍ਹਣ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਦੁਸ਼ਟ ਦਮਨ ਦਾ ਮਜ਼ਮੂਨ, ਹੇਮਕੁੰਟ ਲਿਖਣ ਕੋਇ ਨਾ ਪਾਈਆ । ਗੋਬਿੰਦ ਸ਼ਬਦੀ ਧਾਰ ਦੱਸ ਕੇ ਗਿਆ ਕ਼ਾਨੂੰਨ, ਕ਼ਾਇਦਾ ਬਕ਼ਾਇਦਾ ਇਕ ਦ੍ਰਿੜਾਈਆ । ਮੇਰਾ ਲੇਖੇ ਲੱਗੇ ਅੰਤਮ ਖ਼ੂਨ, ਪੁਰਖ ਅਕਾਲ ਰੰਗ ਰੰਗਾਈਆ । ਜਿਥੇ ਬੱਚੇ ਦੱਬੇ ਬਾਲ ਮਾਸੂਮ, ਨੀਹਾਂ ਹੇਠ ਸੁਹਾਈਆ । ਓਥੇ ਬੰਨ੍ਹਣਾ ਸਚ ਅਸੂਲ, ਚਾਰ ਜੁਗ ਦੀ ਵੰਡ ਵੰਡਾਈਆ । ਧੁਰ ਫ਼ਰਮਾਨਾ ਮਿਲਣਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਚ ਧਰਮ ਦਾ ਦੱਸਣਾ ਰੂਲ, ਕਰੇ ਖੇਲ ਨੂਰ ਅਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਮੁੱਕੇ ਮਸੂਲ, ਚੁੰਗੀਖ਼ਾਨਾ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਦੁਸ਼ਟ ਦਮਨ ਨੇ ਵੇਖੀ ਧਾਰਾ, ਧਰਨੀ ਤੋਂ ਉਪਰ ਨਜ਼ਰੀ ਆਈਆ । ਜਿਥੇ ਪੁੱਜੇ ਨਾ ਕੋਇ ਗੁਰ ਅਵਤਾਰਾ, ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਸ਼ਬਦ ਨਾਮ ਨਾ ਕੋਇ ਜੈਕਾਰਾ, ਕਲਮਾ ਨਬੀ ਨਾ ਕੋਇ ਸੁਣਾਈਆ । ਇਕੋ ਪੁਰਖ ਅਕਾਲ ਏਕੰਕਾਰਾ, ਇਕ ਇਕੱਲਾ ਸੋਭਾ ਪਾਈਆ । ਨਵ ਨੌ ਚਾਰ ਦਾ ਲਾਹੇ ਉਧਾਰਾ, ਜੁਗ ਚੌਕੜੀ ਫੋਲ ਫੁਲਾਈਆ । ਮੇਲਾ ਮੇਲ ਕੇ ਗੋਬਿੰਦ ਸੁਤ ਦੁਲਾਰਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਲ ਕਲਕੀ ਲੈ ਅਵਤਾਰਾ, ਸਚ ਦਵਾਰਾ ਇਕ ਵਖਾਈਆ । ਜਿਥੇ ਝੁਕਣ ਗੁਰੂ ਅਵਤਾਰਾ, ਪੀਰ ਪੈਗ਼ੰਬਰ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਉਹ ਮੁਨਾਰਾ, ਜਿਸ ਦੀ ਮੰਜ਼ਲ ਨਜ਼ਰ ਕਿਸੇ ਨਾ ਆਈਆ । ਭਗਤਾਂ ਨਾਲ ਹੋਇਆ ਵਿਵਹਾਰਾ, ਦਰਗਾਹ ਸਾਚੀ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਦੁਸ਼ਟ ਦਮਨ ਕਰ ਕੇ ਗਿਆ ਆਸ, ਆਸਾ ਇਕ ਵਧਾਈਆ । ਗੋਬਿੰਦ ਮੰਗਦਾ ਗਿਆ ਸਾਥ, ਅੰਤ ਅਖ਼ੀਰ ਧਿਆਨ ਲਗਾਈਆ । ਕਰੇ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਕਲਜੁਗ ਅੰਤਮ ਕਰਨਾ ਨਾਸ, ਸਤਿਜੁਗ ਸਾਚਾ ਰੰਗ ਰੰਗਾਈਆ । ਭਗਤ ਸੁਹੇਲੇ ਰੱਖਣੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਖ਼ਾਹਿਸ਼, ਤ੍ਰਿਸ਼ਨਾ ਮੇਟੇ ਥਾਉਂ ਥਾਈਂਆ । ਸਦੀ ਚੌਧਵੀਂ ਕਹੇ ਮੇਰਾ ਕਾਰਜ ਹੋਣਾ ਰਾਸ, ਰਸਤਾ ਦੇਵੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਜਨ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਕਿਉਂ ਦਸਾਂ ਉਂਗਲੀਆਂ ਲਾਇਆ ਨਿਸ਼ਾਨ, ਕੀ ਖੇਲ ਬੇਪਰਵਾਹੀਆ । ਇਹ ਆਸਾ ਰਖ ਕੇ ਗਿਆ ਰਾਮ, ਕ੍ਰਿਸ਼ਨ ਭਗਵਾਨ, ਤ੍ਰੇਤਾ ਦੁਆਪਰ ਜਗਤ ਵਡਿਆਈਆ । ਮੂਸਾ ਕੂਕ ਸੁਣਾਏ ਪੈਗ਼ਾਮ, ਧੁਰ ਦੀ ਧਾਰ ਜਣਾਈਆ । ਈਸਾ ਜਿਸ ਵੇਲੇ ਤਖ਼ਤੇ ਚੜ੍ਹਿਆ ਪੜ੍ਹੀ ਅਗੰਮੀ



੭੨੨ ੨੧

ਕਲਾਮ, ਨਗ਼ਮਾ ਅੰਤਰ ਅੰਤਰ ਗਾਈਆ । ਮੁਹੰਮਦ ਕਿਹਾ ਮੇਰਾ ਅਮਾਮ, ਆਵੇ ਬੇਪਰਵਾਹੀਆ । ਜਿਸ ਦੀ ਜਗਤ ਮੁਨਾਰਿਆਂ ਤੋਂ ਬਾਹਰ ਸ਼ਾਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਬੰਦ ਨਾ ਕੋਇ ਕਰਾਈਆ । ਧੁਰ ਦਾ ਸਾਂਝਾ ਦੇਵੇ ਫ਼ਰਮਾਨ, ਫੁਰਨੇ ਪਿਛਲੇ ਵੇਖ ਵਖਾਈਆ । ਇਕੋ ਮੰਦਰ ਹੱਕ ਦੱਸੇ ਮੁਕਾਮ, ਮੁਕਾਮੇ ਹੱਕ ਦਏ ਜਣਾਈਆ । ਜਿਥੇ ਜਿਸਮ ਇਸਮ ਵੰਡ ਹੋਵੇ ਨਾ ਕੋਇ ਇਨਸਾਨ, ਤੱਤਵ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਸੋ ਮਾਲਕ ਖ਼ਾਲਕ ਪ੍ਰਿਤਪਾਲਕ ਮੇਰਾ ਸਾਹਿਬ ਹੋਇਆ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਲੇਖਾ ਮੰਗੇ ਬਲੀਦਾਨ, ਬਲਧਾਰੀ ਜਗ ਰਹਿਣ ਕੋਇ ਨਾ ਪਾਈਆ ।

## ❋ ੧੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਸੂਫ਼ੀਆਂ ਹੱਕ ਨਿਮਾਜ਼, ਇਜ਼ਾਜ਼ ਵਿਚ ਖ਼ੁਦ ਖ਼ੁਦਾ ਝੋਲੀ ਪਾਈਆ । ਹਕ਼ੀਕ਼ੀ ਕਲਮੇ ਨਾਲ ਖੋਲ੍ਹ ਰਾਜ਼, ਅੰਦਰ ਨੂਰ ਜ਼ਹੂਰ ਕੀਤਾ ਰੁਸ਼ਨਾਈਆ । ਭੇਵ ਅਭੇਦਾ ਖੋਲ੍ਹ ਆਗ਼ਾਜ਼, ਪਰਦਾ ਦਿਤਾ ਚੁਕਾਈਆ । ਰਿਹਾ ਨਾ ਕੋਇ ਰਾਜ਼, ਪੋਸ਼ੀਦਾ ਭੇਵ ਨਾ ਕੋਇ ਛੁਪਾਈਆ । ਸਦਾ ਲਈ ਇਕੋ ਵਾਰ ਦੱਸ ਕੇ ਸਚ ਆਦਾਬ, ਅਦਬ ਦਿਤਾ ਦ੍ਰਿੜਾਈਆ । ਸਾਚਾ ਮਾਲਕ ਹੱਕ ਜਨਾਬ, ਸਚ ਦੁਆਰੇ ਨਜ਼ਰੀ ਆਈਆ । ਜੋ ਪੰਜ ਵਕਤ ਦੀ ਪੂਰੀ ਕਰੇ ਖ਼ਾਹਿਸ਼, ਤ੍ਰਿਸ਼ਨਾ ਆਪਣੇ ਵਿਚ ਮਿਲਾਈਆ । ਸਦਾ ਪ੍ਰਕਾਸ਼ ਬਖ਼ਸ਼ੇ ਕਾਇਆ ਮਾਟੀ ਲਾਸ਼, ਸ਼ਮਅ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਆਪਣਾ ਰੰਗ ਰੰਗਾਈਆ । ਸਚ ਨਿਮਾਜ਼ ਹੱਕ ਹਕ਼ੀਕ਼ੀ, ਹਕ਼ੀਕ਼ਤ ਇਕ ਜਣਾਈਆ । ਨਾਤਾ ਮਿਲੇ ਨਾਲ ਲਾਸ਼ਰੀਕੀ, ਜੋ ਵਾਹਿਦ ਧੁਰ ਦਾ ਮਾਹੀਆ । ਜਿਸ ਦੇ ਹੱਥ ਸਚ ਤੌਫ਼ੀਕੀ, ਤੋਹਫ਼ਾ ਕਲਮਾ ਝੋਲੀ ਪਾਈਆ । ਬਰਖ਼ੁਰਦਾਰੀ ਦੱਸੇ ਅਜ਼ੀਜ਼ੀ, ਨਿਮਰਤਾ ਇਕ ਦ੍ਰਿੜਾਈਆ । ਸਚ ਜਣਾਏ ਤਮੀਜ਼ੀ, ਭਰਮਾਂ ਦੂਰ ਕਰਾਈਆ । ਅਗੰਮ ਦੱਸ ਹਦੀਸੀ, ਹਜ਼ਰਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਇਕ ਸੁਹਾਈਆ । ਸਦੀ ਚੌਧਵੀਂ ਕਹੇ ਜਿਸ ਹਿਰਦੇ ਅੰਦਰ ਮਹਿਬੂਬ, ਮੁਹੱਬਤ ਵਿਚ ਸਮਾਈਆ । ਦਿਵਸ ਰੈਣ ਮੌਜੂਦ, ਵਿਛੜ ਕਦੇ ਨਾ ਜਾਈਆ । ਸੁਹਾਏ ਉਚ ਅਰੂਜ, ਆਲੀਸ਼ਾਨ ਦਏ ਵਡਿਆਈਆ । ਮੰਜ਼ਲ ਹੱਕ ਮਕ਼ਸੂਦ, ਸਹਿਜੇ ਦਏ ਪੁਚਾਈਆ । ਜਿਥੇ ਖੇਲ ਹਜ਼ਾਰਾ ਦਰੂਦ, ਬਸਰੀ ਇਸਮ ਰਮਜ਼ ਸ਼ਨਵਾਈਆ । ਸੂਫ਼ੀਆਂ ਰੱਖੇ ਮਹਿਫ਼ੂਜ਼, ਨਜ਼ਰੇ ਕਰਮ ਦ੍ਰਿੜਾਈਆ । ਪਾਕ ਕਰ ਤਨ ਵਜੂਦ, ਰੂਹ ਬੁਤ ਕਰੇ ਸਫ਼ਾਈਆ । ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਤਿ ਸਚ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਰੰਗ ਦਏ ਰੰਗਾਈਆ । ਸਚ ਨਿਮਾਜ਼ ਸਦਾ ਸਚ ਕਲਾਮ, ਕਲਮਾ ਕਾਇਨਾਤ ਦਏ ਵਡਿਆਈਆ । ਜੋ ਵੇਖ ਵਖਾਣੇ ਆਲਮ ਆਲਮੀਨ ਉਲਮਾਨ, ਉਲਫਤ ਵਿਚ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਸਭ ਹਿੰਦੂ ਮੁਸਲਮਾਨ, ਮੁਸਮੱਮ ਆਪਣਾ ਖੇਲ ਕਰਾਈਆ । ਸਤਿ ਸਚ ਨਾਲ ਸਦਾ ਕ਼ਾਇਮ ਈਮਾਨ, ਖ਼ੁਦੀ ਤਕੱਬਰ ਡੇਰਾ ਢਾਹੀਆ । ਜਿਸ

ਦੇ ਅੰਦਰ ਵਸਿਆ ਹਜ਼ਰਤਾਂ ਦਾ ਹਜ਼ਰਤ ਇਮਾਮ, ਅਮਲਾਂ ਤੋਂ ਰਹਿਤ ਦਏ ਕਰਾਈਆ । ਮੇਟ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਬਿਨ ਰਸਨਾ ਤੋਂ ਦੇ ਪੈਗ਼ਾਮ, ਅਗੰਮ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ ਪਰਵਰਦਿਗਾਰ ਨੂਰ ਅਲਾਹੀਆ । ਸਚ ਨਿਮਾਜ਼ ਪੜ੍ਹੇ ਬਸ਼ੀਰ, ਬਸ਼ਰਤੇ ਇਕੋ ਰੰਗ ਵਖਾਈਆ । ਅੰਦਰ ਨਜ਼ਾਰਾ ਤੱਕੋ ਬੇਨਜ਼ੀਰ, ਜੋ ਨਜ਼ਰੀਆ ਦਏ ਬਦਲਾਈਆ । ਜਿਸ ਦੀ ਸਿਫ਼ਤਾਂ ਵਿਚ ਸਾਰੇ ਤਕਰੀਰ ਨਾਲ ਕਰ ਕੇ ਗਏ ਤਹਿਰੀਰ, ਲੇਖਾ ਲਿਖਤ ਨਾਲ ਵਡਿਆਈਆ । ਓਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਵੇਖਣਹਾਰ ਹਕੀਰ, ਪੀਰਾਂ ਦਾ ਪੀਰ ਨਜ਼ਰੀਂ ਆਈਆ । ਸੂਫ਼ੀਆਂ ਹੋਣ ਨਾ ਦੇਵੇ ਕਦੇ ਦਿਲਗੀਰ, ਦਿਲਦਾਰ ਦਿਲਬਰ ਆਪਣਾ ਮੇਲ ਮਿਲਾਈਆ । ਤਨ ਵਜੂਦ ਮਾਟੀ ਖ਼ਾਕ ਬਦਲ ਦਏ ਤਾਸੀਰ, ਤਹਿਜ਼ੀਬ ਇਕ ਦ੍ਰਿੜਾਈਆ । ਜਿਸ ਦੀ ਮਹਿੰਮਾ ਸਿਫ਼ਤ ਕਰੇ ਕੁਰਾਨ ਮਜੀਦ, ਧੁਰ ਦਾ ਭੇਵ ਖੁਲ੍ਹਾਈਆ । ਸੋ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਇਕ ਅਖਵਾਈਆ । ਸਦਾ ਕਰੇ ਖ਼ੁਦਾਵੰਦ ਮਿਹਰਵਾਨੀ, ਮਹਿਬੂਬ ਧੁਰਦਰਗਾਹੀਆ । ਜਿਸ ਦਾ ਆਦਿ ਜੁਗਾਦਿ ਨਾ ਕੋਇ ਸਾਨੀ, ਲਾਸ਼ਰੀਕ ਨੂਰ ਅਲਾਹੀਆ । ਸ਼ਾਹੋ ਭੂਪ ਧੁਰ ਸੁਲਤਾਨੀ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਫ਼ਰਮਾਨ ਪੈਗ਼ੰਬਰ ਦੇਂਦੇ ਗਏ ਪੈਗ਼ਾਮੀ, ਸੁਨੇਹੜਾ ਹੱਕ ਸੁਣਾਈਆ । ਓਸੇ ਦੀ ਸਿਫ਼ਤ ਓਸੇ ਦੀ ਮਹਿਮਾ ਓਸੇ ਦੀ ਸਲਾਮੀ, ਸਲਾਮਾਲੈਕਮ ਕਹਿ ਕੇ ਆਪਣਾ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਦੀਨ ਦੁਨੀ ਜਗਤ ਨਾਦਾਨੀ, ਆਲਮ ਇਲਮ ਨਾ ਕੋਇ ਵਡਿਆਈਆ । ਜਿੰਨਾਂ ਚਿਰ ਹੱਕ ਖ਼ੁਦਾ ਖ਼ੁਦ ਮਾਲਕ ਕਰੇ ਨਾ ਆਪ ਮਿਹਰਬਾਨੀ, ਮਹਿਬੂਬ ਮਿਲਣ ਕੋਇ ਨਾ ਪਾਈਆ । ਮਿਹਰ ਅੰਦਰ ਮੁਹੱਬਤ ਅੰਦਰ ਅੰਦਰੋਂ ਕੱਢ ਦੇਵੇ ਬੇਈਮਾਨੀ, ਸ਼ਰਅ ਸ਼ੈਤਾਨੀ ਨਾ ਕੋਇ ਜਣਾਈਆ । ਮਾਲਕ ਮਿਲੇ ਓਹ ਅਸਮਾਨੀ, ਜੋ ਜਿਸਮਾਨੀ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਵਾਹਦ ਲਾਸ਼ਰੀਕ ਨਿਰਗੁਣ ਧਾਰ ਨਿਰਾਕਾਰ ਨਿਰਵੈਰ ਇਕ ਅਖਵਾਈਆ ।



## ✻ ੨੦ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਦੀ ਚੌਧਵੀਂ ਕਹੇ ਸਤਿ ਧਰਮ ਹੋਣ ਲੱਗਾ ਤਲੂਹ, ਆਫ਼ਤਾਬ ਇਕ ਰੁਸ਼ਨਾਈਆ । ਸਭ ਦਾ ਪ੍ਰਗਟ ਹੋਣ ਲੱਗਾ ਸ਼ਬਦ ਗੁਰੂ, ਗੁਰਦੇਵ ਬੇਪ੍ਰਵਾਹੀਆ । ਜਿਸ ਨੇ ਆਦਿ ਕੀਤਾ ਸ਼ੁਰੂ, ਅੰਤ ਆਪਣੇ ਹੱਥ ਰਖਾਈਆ । ਆਪਣੀ ਕਰਨੀ ਕਰਨੇ ਤੋਂ ਕਦੇ ਨਾ ਮੁੜੂ, ਨਾ ਕੋਈ ਰੋਕੇ ਰੋਕ ਰੁਕਾਈਆ । ਆਪਣੇ ਹੁਕਮੇ ਅੰਦਰ ਆਪੇ ਤੁਰੂ, ਤੁਰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਖੇਲ ਅਪਾਰ, ਅਪਰੰਪਰ ਸੁਆਮੀ ਰਿਹਾ ਵਖਾਈਆ । ਜਿਸ ਦੀ ਮੈਂ ਖ਼ਿਦਮਤਗਾਰ, ਓਹ ਖ਼ਿਦਮਤ ਸਭ ਦੀ ਰਿਹਾ ਕਮਾਈਆ । ਕਿਰਪਾ ਕਰ ਸੱਚੀ ਸਰਕਾਰ, ਸਾਚਾ ਮੇਲਾ ਰਿਹਾ ਮਿਲਾਈਆ । ਮੈਂ

ਨਿਵ ਨਿਵ ਕਰਾਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਤੇਰਾ ਖੇਲ ਅਪਰ ਅਪਾਰ, ਅਗੰਮ ਤੇਰੀ ਵਡਿਆਈਆ । ਕਿਰਪਾ ਕਰ ਸੱਚੀ ਸਰਕਾਰ, ਹਰਿ ਕਰਤੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਸਚ ਕਰਾਂ ਇਜ਼ਹਾਰ, ਇਸ਼ਤਿਹਾਰੀ ਦਿਆਂ ਜਣਾਈਆ । ਲੋਆਂ ਪੁਰੀਆਂ ਕਰ ਕੇ ਖ਼ਬਰਦਾਰ, ਬ੍ਰਹਿਮੰਡਾਂ ਦਿਆਂ ਉਠਾਈਆ । ਮੇਰੀ ਆਈ ਖ਼ੁਸ਼ੀ ਬਹਾਰ, ਰੁਤੜੀ ਸਚ ਮਹਿਕਾਈਆ । ਹੁਕਮ ਦੱਸਾਂ ਧੁਰ ਸਰਕਾਰ, ਕੀ ਕਰਤਾ ਰਿਹਾ ਜਣਾਈਆ । ਛੱਬੀ ਪੋਹ ਵਕ਼ਤ ਵਿਚਾਰ, ਬਾਰਾਂ ਵਜੇ ਨਾਲ ਮਿਲਾਈਆ । ਦਸ ਗੁਰਮੁਖ ਸੋਹਣੇ ਲਿਆਉਣ ਹਾਰ, ਅੰਤਰ ਚਾਓ ਬਣਾਈਆ । ਦਸ ਬੀਬੀਆਂ ਨਾਲ ਹੋਣ ਤਿਆਰ, ਹੱਥਾਂ ਵਿਚ ਉਠਾਈਆ । ਜੋ ਸਦੀ ਚੌਧਵੀਂ ਦੀ ਗੋਲੀ ਹੋਵੇ ਸੇਵਾਦਾਰ, ਸੇਵਕਨ ਰੂਪ ਬਣਾਈਆ । ਇਕ ਇਕ ਫੜ ਕੇ ਗਲ ਵਿਚ ਦਏ ਡਾਲ, ਦਸ ਦਸ ਬੀਸ ਸੋਭਾ ਪਾਈਆ । ਗੁਰਮੁਖ ਖੜਕੌਣ ਤਲਵਾਰ ਨਾਲ ਤਲਵਾਰ, ਸੋਹਣੀ ਆਵਾਜ਼ ਬਣਾਈਆ । ਇਕ ਵਾਰ ਬੋਲ ਜੈਕਾਰ, ਜੈ ਜੈਕਾਰ ਦੇਣ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਾਚੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਚੌਦਾਂ ਹੋਣ ਪਹਿਰੇਦਾਰ, ਖ਼ਬਰਦਾਰੀ ਨਾਲ ਜਣਾਈਆ । ਇਹ ਹੁਕਮ ਸੱਚੀ ਸਰਕਾਰ, ਧੁਰ ਦੀ ਧਾਰ ਵਿਚੋਂ ਪ੍ਰਗਟਾਈਆ । ਸਭ ਨੂੰ ਕਰਦੇ ਰਹਿਣ ਖ਼ਬਰਦਾਰ, ਆਲਸ ਨਿੰਦਰਾ ਵਿਚ ਕੋਇ ਨਾ ਆਈਆ । ਖ਼ੁਸ਼ੀਆਂ ਨਾਲ ਫਿਰਨ ਅੰਦਰ ਬਾਹਰ, ਅੱਗੇ ਹੋ ਨਾ ਕੋਇ ਅਟਕਾਈਆ । ਚੌਦਾਂ ਫੁਟ ਸਾਹਮਣੇ ਕੋਈ ਨਾ ਬਹੇ ਪੈਰ ਪਸਾਰ, ਖ਼ਾਲੀ ਜਗਹ ਨਜ਼ਰੀ ਆਈਆ । ਜਿਥੇ ਮੈਂ ਨੱਚਾਂ ਟੱਪਾਂ ਖ਼ੁਸ਼ੀਆਂ ਕਰਾਂ ਇਜ਼ਹਾਰ, ਸੋਹਣਾ ਵੇਸ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਹੋਣਾ ਅਦਲੀ, ਮੇਰਾ ਸੰਗ ਬਣਾਈਆ । ਚੌਦਾਂ ਪਹਿਰੇਦਾਰਾਂ ਦੀ ਤਿੰਨ ਵਾਰ ਹੋਵੇ ਬਦਲੀ, ਪੋਹ ਛੱਬੀ ਸੋਭਾ ਪਾਈਆ । ਗੁਰਮੁਖ ਖੜ੍ਹਾ ਹੋਵੇ ਕੋਈ ਨਾ ਨਕਲੀ, ਜੋ ਅੰਦਰ ਵਿਕਾਰ ਬਣਾਈਆ । ਹਰਿਸੰਗਤ ਵਿਚ ਭਗਤ ਰਹਿਣਾ ਜੋ ਅਸਲੀ, ਅਸਲ ਦਾ ਅਸਲ ਦੇਣਾ ਸਮਝਾਈਆ । ਯਾਰ ਮਿਲੇ ਮਹਿਬੂਬ ਵਸਲੀ, ਨਾਤਾ ਆਪਣੇ ਨਾਲ ਰਖਾਈਆ । ਭਗਵਨ ਮਿਲਣ ਦੀ ਧਾਰ ਬੜੀ ਪਤਲੀ, ਬਾਰੀਕ ਨੇਤਰ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਅੰਦਰ ਰਮਜ਼ ਲੱਗ ਗਈ, ਇਸ਼ਾਰੇ ਨਾਲ ਜਣਾਈਆ । ਓਹ ਕਦੇ ਨਾ ਜਾਵਣ ਜੰਗਲੀਂ, ਜੂਹਾਂ ਵਿਚ ਨਾ ਫੇਰਾ ਪਾਈਆ । ਚੜ੍ਹ ਹਕੀਕੀ ਮੰਜ਼ਲੀ, ਪ੍ਰਭ ਦੇ ਵਿਚ ਸਮਾਈਆ । ਸੇਜ ਸੁਹੰਜਣੀ ਵੇਖਣ ਰੰਗਲੀ, ਹਰਿ ਕਰਤਾ ਆਪ ਰੰਗਾਈਆ । ਓਥੇ ਵਸਤ ਪਏ ਕੋਇ ਨਾ ਮੰਗਣੀ, ਤ੍ਰਿਸ਼ਨਾ ਭੁੱਖ ਨਾ ਕੋਇ ਰਖਾਈਆ । ਇਕੋ ਨੂਰ ਜੋਤ ਅਗੰਮੀ ਜਗਣੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਰਮਜ਼ ਡੂੰਘੀ, ਖ਼ਾਲਕ ਵਿਚੋਂ ਫੋਲ ਫੁਲਾਈਆ । ਇਕ ਧੂਣੀ ਤਾਉਣੀ ਧੂੰ ਦੀ, ਇੱਕੀ ਪਾਥੀਆਂ ਨਾਲ ਰਖਾਈਆ । ਉਤੇ ਪੋਟਲੀ ਸਾੜਨੀ ਸਵਾ ਪਾ ਰੂੰ ਦੀ, ਜੋ ਮੁਹੰਮਦ ਸੰਗ ਰਖਾਈਆ । ਇਕ ਬੇੜੀ ਉਤੇ ਰੱਖਣੀ ਨੂਹ ਦੀ, ਮੁਹੰਮਦ ਕ਼ਬਰ ਦਏ ਗਵਾਹੀਆ । ਇਕ ਬੇਰੀ ਟਹਿਣੀ ਰਖਣੀ ਜੂਹ ਦੀ, ਜੂਏਬਾਜ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੁਸ਼ਪਾ ਲੈ ਕੇ ਆਏ ਪੁਸ਼ਪ, ਪੋਸ਼ਾਕ ਫੂਲਨ ਸੋਭਾ ਪਾਈਆ ।

ਪੰਜ ਮੇਵੇ ਲਿਆਉਣੇ ਖ਼ੁਸ਼ਕ, ਪੰਜ ਛੁਹਾਰੇ ਨਾਲ ਸੁਹਾਈਆ । ਪੰਜ ਬਦਾਮ ਰੱਖਣੇ ਦਰੁਸਤ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਤਿੰਨ ਬਾਰ ਕਰਨੀ ਪੁਸ਼ਪ ਬਰਖਾ, ਪੰਜ ਪਿਆਰੇ ਸੇਵ ਕਮਾਈਆ । ਤਿੰਨ ਵਾਰ ਬੀਬੀਆਂ ਉਚਾ ਕਰਨ ਬਰਛਾ, ਜੋ ਤਿੱਖੇ ਮੁੱਖ ਰਖਾਈਆ । ਫੇਰ ਸਭ ਨੇ ਆਪਣੀ ਜੇਬ ਵਿਚੋਂ ਕੱਢਣਾ ਚਿੱਟਾ ਪਰਚਾ, ਪਰਚੀ ਹੱਥ ਵਿਚ ਉਠਾਈਆ । ਹਰ ਇਕ ਨੇ ਹਿਰਦੇ ਅੰਦਰ ਭਗਤ ਦੁਆਰੇ ਭਰਤੀ ਹੋਣ ਦੀ ਕਰਨੀ ਚਰਚਾ, ਚਿਰੀ ਵਿਛੁੰਨੇ ਲਏ ਮਿਲਾਈਆ । ਪੁਰਖ ਅਕਾਲ ਦੀਨ ਦਿਆਲ ਨਾਮ ਭੰਡਾਰਾ ਦੇਣ ਲੱਗਾ ਅੱਗੇ ਕਰੇ ਕੋਈ ਨਾ ਸਰਫਾ, ਮਿਹਰ ਨਜ਼ਰ ਨਾਲ ਤਰਾਈਆ । ਧੁਰ ਦਾ ਦੇਵੇ ਅਗੰਮੀ ਖਰਚਾ, ਰਾਹ ਵਿਚ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਆਸ ਰਖਾਈਆ । ਸਦੀ ਚੌਧਵੀਂ ਕਹੇ ਪੰਜ ਗੁਰਮੁਖ ਮੇਰੇ ਪੈਰਾਂ ਹੇਠਾਂ ਹੱਥ ਧਰਨ, ਕ਼ਦਮ ਵਾਰੀ ਵਾਰੀ ਟਿਕਾਈਆ । ਮੁਖੋਂ ਕਹਿਣ ਅਸੀਂ ਧਰਮ ਦਾ ਚਾਹੁੰਦੇ ਮਰਨ, ਜੀਵਣ ਸਤਿਗੁਰ ਝੋਲੀ ਪਾਈਆ । ਫੇਰ ਕੰਨੀ ਘੁੱਟ ਕੇ ਫੜਨ, ਨੇਤਰ ਨੈਣਾਂ ਨੀਰ ਵਹਾਈਆ । ਫੇਰ ਸੋਹੰ ਢੋਲਾ ਪੜ੍ਹਨ, ਸਾਡੀ ਕੱਟ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜੋ ਮੇਰੀ ਹੋਵੇ ਬਾਂਦੀ, ਬੰਦਨਾ ਕਰ ਕੇ ਸੀਸ ਨਿਵਾਈਆ । ਸਿਰ ਕਾਲੇ ਰੰਗ ਦੀ ਹੋਵੇ ਪਰਾਂਦੀ, ਸਵਾ ਹੱਥ ਲੰਮੀ ਸੋਭਾ ਪਾਈਆ । ਭਰੀ ਹੋਵੇ ਚਾਅ ਦੀ, ਚਿੰਤਾ ਗ਼ਮ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਗੁਰਮੁਖ ਸੁਣ ਲੈ ਇਕ ਬਾਤ, ਰਵਦਾਸ ਦਿਆਂ ਜਣਾਈਆ । ਤਿੰਨਾਂ ਰੰਗਾਂ ਦੀ ਤੇਰੇ ਕੋਲ ਹੋਵੇ ਦਵਾਤ, ਸਿਆਹੀ ਵੱਖ ਵੱਖ ਵੰਡਾਈਆ । ਨੌ ਕੋਰੇ ਰੱਖਣੇ ਕਾਗ਼ਜ਼ਾਤ, ਆਪਣੇ ਕੋਲ ਛੁਪਾਈਆ । ਇਕ ਜਲਕਾਜ਼ੂ ਲਿਖ ਕੇ ਰੱਖਣਾ ਪਾਸ, ਜੇਬ ਵਿਚ ਛੁਪਾਈਆ । ਅਗਲਾ ਖੇਲ ਪੁਰਖ ਅਬਿਨਾਸ਼, ਹਰਿ ਕਰਤਾ ਦਏ ਦ੍ਰਿੜ੍ਹਾਈਆ । ਜਿਹੜੀ ਸੇਵਾ ਬਾਕੀ ਕਰਨੀ ਖ਼ਾਸ, ਓਹ ਭੇਵ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਕਰਨੀ ਇਕ ਨਿਮਸਕਾਰੀ, ਨਿਉਂ ਨਿਉਂ ਸੀਸ ਨਿਵਾਈਆ । ਪ੍ਰਭੂ ਨੂੰ ਕਹਿਣਾ ਗੁਰਮੁਖ ਦੇ ਨਾਲ ਚਾਰ ਹੋਰ ਹੋਣ ਲਿਖਾਰੀ, ਜੋ ਲੇਖਾ ਲੇਖੇ ਨਾਲ ਬਣਾਈਆ । ਸਤਿਗੁਰ ਸ਼ਬਦ ਸਾਚੀ ਵੇਖਣ ਧਾਰੀ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ । ਰਵਦਾਸ ਵਾਂਗਣ ਪੱਕੀ ਲਾਵਣ ਯਾਰੀ, ਨਾਤਾ ਮਾਤ ਪਿਤ ਤੁੜਾਈਆ । ਭੈਣ ਭਰਾ ਦਾ ਦੁੱਖ ਨਾ ਲੱਗੇ ਭਾਰੀ, ਨਾਰ ਕੰਤ ਕਰੇ ਜੁਦਾਈਆ । ਮੰਜ਼ੂਰ ਕਰੇ ਸਾਹਿਬ ਦੀ ਬਰਖ਼ੁਰਦਾਰੀ, ਆਜਜ਼ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਮਿਲਾਈਆ । ਸਦੀ ਚੌਧਵੀਂ ਕਹੇ ਧੁਰ ਫ਼ਰਮਾਨਾ ਰਿਹਾ ਭੇਜ, ਹਰਿ ਕਰਤਾ ਆਪ ਜਣਾਈਆ । ਮੇਰੀ ਫੁੱਲਾਂ ਦੀ ਹੋਵੇ ਸੇਜ, ਸਿੰਘਾਸਣ ਸੋਹਣਾ ਲੈਣਾ ਸਜਾਈਆ । ਉਤੇ ਖ਼ਾਲੀ ਰੱਖੀ ਹੋਵੇ ਇਕ ਕਤੇਬ, ਕਾਗ਼ਜ਼ ਚਿੱਟੇ ਨਜ਼ਰੀ ਆਈਆ । ਗੁਰਮੁਖ ਸਤਿਗੁਰ ਨਾਲ ਕਦੇ ਨਾ ਕਰੇ ਫ਼ਰੇਬ, ਧੋਖਾ ਝੂਠ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਚ ਦਏ ਦ੍ਰਿੜ੍ਹਾਈਆ । ਸਦੀ ਚੌਧਵੀਂ ਕਹੇ ਛੱਬੀ ਪੋਹ ਸਾਢੇ ਨੌਂ, ਰੈਣ ਖ਼ੁਸ਼ੀਆਂ ਵਾਲੀ ਆਈਆ । ਹਰਿਭਗਤ ਕੋਈ ਨਾ

ਜਾਏ ਸੌਂ, ਸੁੱਤਿਆਂ ਲੈਣਾ ਉਠਾਈਆ । ਤਿੰਨ ਵਾਰ ਪੁਰਖ ਅਕਾਲ ਦੀਨ ਦਿਆਲ ਹਰਿ ਸੰਗਤ ਗਿਰਦ ਲਏ ਭੌਂ, ਚੱਕਰ ਚਾਕਰਾਂ ਵਾਲਾ ਲਾਈਆ । ਹਰਿਜਨ ਉਠਾਏ ਫੜ ਕੇ ਬਾਹੋਂ, ਸਹਿਜੇ ਲਏ ਮਿਲਾਈਆ । ਆਪ ਭਗਤਾਂ ਦੇ ਲਾਗੇ ਪਾਉਂ, ਨਿਉਂ ਕੇ ਸੀਸ ਨਿਵਾਈਆ । ਮੁਖੋਂ ਕਹੇ ਜਨ ਭਗਤੋ ਤੁਸਾਂ ਮੈਨੂੰ ਨਥਾਵੇਂ ਨੂੰ ਦਿਤਾ ਥਾਉਂ, ਭਗਤ ਦਵਾਰਾ ਮਾਤ ਬਣਾਈਆ । ਬੇਸ਼ਕ ਮੈਂ ਤੁਹਾਡਾ ਪਿਤਾ ਮਾਉਂ, ਤੁਸੀਂ ਸੋਹਣੇ ਬੱਚੇ ਜੋ ਬੱਚੇ ਹੋ ਕੇ ਸੇਵ ਕਮਾਈਆ । ਜਿਸ ਧਾਰ ਵਿਚ ਗੋਬਿੰਦ ਕਿਹਾ ਵਾਹੋ ਵਾਹੋ, ਵਾਹ ਵਹਿਗੁਰੂ ਤੇਰੀ ਵਡਿਆਈਆ । ਉਸ ਦਾ ਲੇਖਾ ਚੁਕਾਵਾਂ ਚਾਓ ਚਾਓ, ਚਾਓ ਘਨੇਰਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਪੁਸ਼ਪਾ ਤਿੰਨ ਸਾਲ ਤਰੇਠ ਦਿਨ ਰੁਕਮਣੀ ਦੀ ਰਹੀ ਦਾਸੀ, ਚੋਰੀ ਛੁਪੇ ਸੇਵ ਕਮਾਈਆ । ਖ਼ੁਸ਼ੀਆਂ ਨਾਲ ਕਰਦੀ ਹਾਸੀ, ਹੱਸ ਕੇ ਦਿਤਾ ਜਣਾਈਆ । ਸਖ਼ੀ ਤੇਰਾ ਕਾਹਨ ਸਾਡਾ ਪੁਰਖ ਅਬਿਨਾਸ਼ੀ, ਕਿਸ ਦੀ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਰੁਕਮਣੀ ਤੱਕਿਆ ਆ ਗਿਆ ਕਾਹਨ, ਘਨਈਆ ਬੰਸਰੀ ਹੱਥ ਉਠਾਈਆ । ਹੱਸ ਕੇ ਲੱਗਾ ਸੁਣਾਨ, ਕੀ ਬਾਤਾਂ ਰਹੀਆਂ ਪਾਈਆ । ਰੁਕਮਣੀ ਨੱਕ ਚੜ੍ਹਾ ਕੇ ਕਿਹਾ ਦਾਸੀ ਕਹੇ ਨੀ ਤੇਰਾ ਕਾਹਨ ਤੇ ਮੇਰਾ ਭਗਵਾਨ, ਕਿਸ ਵਿਚ ਵਡਿਆਈਆ । ਕ੍ਰਿਸ਼ਨ ਹੱਥ ਉਤੇ ਹੱਥ ਮਾਰ ਕੇ ਕਿਹਾ ਮੇਰਾ ਤੱਤਾਂ ਵਾਲਾ ਨਿਸ਼ਾਨ, ਅੰਤ ਰਹਿਣ ਕੋਇ ਨਾ ਪਾਈਆ । ਰੁਕਮਣੀ ਸਰੀਰ ਦਾ ਨਹੀਂ ਮਾਣ, ਅੰਤ ਸੰਗ ਨਾ ਕੋਇ ਨਿਭਾਈਆ । ਦਾਸੀ ਦਾ ਭਗਵਾਨ ਸਦਾ ਨੌਜਵਾਨ, ਜੰਮਣ ਮਰਨ ਵਿਚ ਕਦੇ ਨਾ ਆਈਆ । ਜਿਸ ਵੇਲੇ ਫੇਰ ਆਵਾਂ ਵਿਚ ਜਹਾਨ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਓਸ ਵੇਲੇ ਮੇਲਾ ਮੇਲਾਂ ਹੋ ਕੇ ਦਇਆਵਾਨ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਇਹ ਖੇਲ ਅਪਾਰ, ਅਪਰੰਪਰ ਦਿਆਂ ਜਣਾਈਆ । ਓਸ ਦਿਨ ਦਾਸੀ ਲੈ ਕੇ ਆਈ ਸੀ ਹਾਰ, ਰੁਕਮਣੀ ਗਲ ਨਾ ਕੋਇ ਛੁਹਾਈਆ । ਉਸ ਲਿਆ ਕੇ ਕ੍ਰਿਸ਼ਨ ਅੱਗੇ ਬਾਂਹ ਦਿਤੀ ਪਸਾਰ, ਖ਼ੁਸ਼ੀਆਂ ਨਾਲ ਵਧਾਈਆ । ਕ੍ਰਿਸ਼ਨ ਕਿਹਾ ਨਹੀਂ ਰੁਕਮਣੀ ਜਿਸ ਵੇਲੇ ਬਣ ਕੇ ਆਵਾਂ ਭਗਤਾਂ ਦਾ ਭਗਵਾਨ, ਭਗਵਨ ਹੋ ਕੇ ਫੇਰਾ ਪਾਈਆ । ਫੇਰ ਕਰਾਂ ਪਰਵਾਨ, ਪਰਵਾਨਾ ਧੁਰ ਦਾ ਨਾਮ ਜਣਾਈਆ । ਸਦੀ ਚੌਧਵੀਂ ਕਹੇ ਸੋ ਵਕ਼ਤ ਪਹੁੰਚਿਆ ਆਣ, ਲੇਖਾ ਲੇਖੇ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਗੁਰਮੁਖਾਂ ਰਿਹਾ ਚੁਕਾਈਆ ।

## ✻ ੨੨ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਤਿ ਪੁਰਖ ਨਿਰੰਜਣ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਰੂਪ ਵਟਾਈਆ । ਹਰਿ ਪੁਰਖ ਨਿਰੰਜਣ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਵਿਚ ਸਮਾਈਆ । ਆਦਿ ਨਿਰੰਜਣ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਜੋਤ ਜੋਤ ਰੁਸ਼ਨਾਈਆ । ਏਕੰਕਾਰ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਪੂਰ ਰਿਹਾ ਸਰਬ ਥਾਈਆ । ਅਬਿਨਾਸ਼ੀ ਕਰਤੇ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਰਿਹਾ ਪ੍ਰਗਟਾਈਆ । ਸ੍ਰੀ ਭਗਵਾਨ ਦੀ ਧਾਰ

ਪੂਰਨ, ਪੂਰਨ ਪੂਰਨ ਪੂਰਨ ਖੇਲ ਵਖਾਈਆ । ਪਾਰਬ੍ਰਹਮ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਪਰਮ ਪੁਰਖ ਵਡਿਆਈਆ । ਸ਼ਬਦ ਸੁਤ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਸਤਿਗੁਰ ਇਕ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸਰਕਾਰ ਪੂਰਨ, ਪੂਰਨ ਪੂਰਨ ਪੂਰਨ ਹੁਕਮ ਇਕ ਵਰਤਾਈਆ । ਤ੍ਰੈਗੁਣ ਮਾਇਆ ਪੰਜ ਤਤ ਦਾ ਅਧਾਰ ਪੂਰਨ, ਪੂਰਨ ਪੂਰਨ ਪੂਰਨ ਖੇਲ ਖਿਲਾਈਆ । ਚਾਰ ਖਾਣੀ ਚਾਰ ਬਾਣੀ ਦਾ ਵਿਹਾਰ ਪੂਰਨ, ਪੂਰਨ ਪੂਰਨ ਪੂਰਨ ਕਲ ਵਰਤਾਈਆ । ਲੱਖ ਚੁਰਾਸੀ ਦਾ ਉਜਿਆਰ ਪੂਰਨ, ਪੂਰਨ ਪੂਰਨ ਪੂਰਨ ਹਰ ਘਟ ਨੂਰ ਜੋਤ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀ ਧਾਰ ਪੂਰਨ, ਪੂਰਨ ਪੂਰਨ ਪੂਰਨ ਸਾਚੀ ਵੰਡ ਵੰਡਾਈਆ । ਅਵਤਾਰ ਪੈਗ਼ੰਬਰ ਗੁਰੂ ਪਿਆਰ ਪੂਰਨ, ਪੂਰਨ ਪੂਰਨ ਪੂਰਨ ਸਭ ਦਾ ਪਿਤਾ ਮਾਈਆ । ਨਿਰਗੁਣ ਸਰਗੁਣ ਅਗੰਮ ਅਥਾਹ ਪੂਰਨ, ਪੂਰਨ ਪੂਰਨ ਪੂਰਨ ਨਿਰਵੈਰ ਨਿਰਾਕਾਰ ਨਿਰੰਕਾਰ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਧਾਰ ਪੂਰਨ, ਪੂਰਨ ਪੂਰਨ ਪੂਰਨ ਧਰਮ ਦੀ ਧਾਰ ਮੀਤ ਮੁਰਾਰ ਬੇਪ੍ਰਵਾਹੀਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕ਼ੁਰਾਨ ਪੂਰਨ, ਖਾਣੀ ਬਾਣੀ ਦੋ ਜਹਾਨੀ ਖੇਲ ਅਪਾਰ ਦ੍ਰਿੜਾਈਆ । ਆਦਿ ਅੰਤ ਕੰਤ ਭਗਵੰਤ ਪੂਰਨ, ਪੂਰਨ ਪੂਰਨ ਪੂਰਨ ਆਤਮ ਪਰਮਾਤਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਹੋ ਜਾਈਆ । ਸੋ ਪੁਰਖ ਨਿਰੰਜਣ ਸਤਿ ਧਾਰ ਪੂਰਨ, ਹਰਿ ਪੁਰਖ ਨਿਰੰਜਣ ਪੂਰਨ ਆਪ ਅਖਵਾਈਆ । ਆਦਿ ਨਿਰੰਜਣ ਨੂਰ ਉਜਿਆਰ ਪੂਰਨ, ਪੂਰਨ ਏਕੰਕਾਰ ਅਕਲ ਕਲ ਵਡਿਆਈਆ । ਅਬਿਨਾਸ਼ੀ ਕਰਤਾ ਨਿਰਾਕਾਰ ਪੂਰਨ, । ਸ੍ਰੀ ਭਗਵਾਨ ਪੂਰਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਸਰਬ ਪਸਾਰ ਪੂਰਨ, ਲਾਏ ਦੀਬਾਨ ਪੂਰਨ ਹੁਕਮ ਵਰਤਾਈਆ । ਨਿਮਸਕਾਰ ਗੁਰਦੇਵ ਸਵਾਮੀ ਪੂਰਨ, ਸੀਸ ਜਗਦੀਸ਼ ਪੂਰਨ ਸਰਬ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਰਵ ਸਸ ਨੂਰ ਪ੍ਰਕਾਸ਼ ਪੂਰਨ, ਪੁਰੀ ਲੋਅ ਬ੍ਰਹਿਮੰਡ ਖੰਡ ਪੂਰਨ ਸੀਸ ਨਿਵਾਈਆ । ਦੇਵਤ ਸੁਰ ਗਣ ਗੰਧਰਬ ਪੂਰਨ, ਕਿੰਨਰ ਯਸ਼ਪ ਪੂਰਨ ਨਾਚ ਨਚਾਈਆ । ਦੇਵ ਮਵੱਕਲ ਧਾਰ ਪੂਰਨ, ਦੈਂਤ ਦਾਨਵ ਪੂਰਨ ਵੰਡ ਵੰਡਾਈਆ । ਕੱਛ ਮੱਛ ਜਲਹੋੜੇ ਸਾਗਰ ਸੰਸਾਰ ਪੂਰਨ, ਜਲ ਥਲ ਮਹੀਅਲ ਬਾਲੂ ਟਿੱਲੇ ਪੂਰਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਪ੍ਰਭ ਪੂਰਨ ਪੂਰਾ, ਪਰਮ ਪੁਰਖ ਵਡਿਆਈਆ । ਪ੍ਰਗਟ ਹੋਵੇ ਜੋਧਾ ਸੂਰਾ, ਮਹਾਂਬਲੀ ਅਖਵਾਈਆ । ਸਭ ਦਾ ਕੌਲ ਕਰੇ ਪੂਰਾ, ਪੁਰੀਆਂ ਲੋਆਂ ਵੇਖ ਵਖਾਈਆ । ਜੋਤੀ ਜੋਤ ਚਮਕਾ ਕੇ ਨੂਰਾ, ਅੰਧ ਅੰਧੇਰਾ ਦਏ ਮਿਟਾਈਆ । ਕਲਜੁਗ ਕੂੜੀ ਕਿਰਿਆ ਹੂੰਝ ਕੇ ਕੂੜਾ, ਸਤਿ ਸਚ ਲਏ ਉਪਜਾਈਆ । ਲਹਿਣਾ ਦੇਣਾ ਪੂਰਾ ਕਰਾਏ ਜੋ ਸੂਲੀ ਚੜ੍ਹਿਆ ਮਨਸੂਰਾ, ਮੁਸ਼ਕਲ ਹਲ ਕਰਾਈਆ । ਭਗਤ ਵਛਲ ਬਣ ਹਾਜ਼ਰ ਹਜ਼ੂਰਾ, ਹਰ ਹਿਰਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਹਾਏ, ਸਦੀ ਚੌਧਵੀਂ ਕਹੇ ਮੈਨੂੰ ਵੱਜੀ ਹੁੱਝ, ਹੁਜਰੇ ਵਾਲੇ ਦਿਤੀ ਲਗਾਈਆ । ਕਮਲੀਏ ਕਮਲਾਪਤਿ ਬੁੱਝ, ਕਵਲ ਨੈਣ ਵੇਖ ਵਖਾਈਆ । ਜਿਸ ਨੇ ਤੇਰੇ ਪਿਛੇ ਬਦਲਣਾ ਜੁਗ, ਜੁਗਾਂ ਪੰਧ ਮੁਕਾਈਆ । ਤੂੰ ਵੀ ਕਰ ਲੈ ਕੁਝ, ਆਪਣਾ ਬਲ ਧਰਾਈਆ । ਸਦੀ ਚੌਧਵੀਂ ਛੇਤੀ ਗਈ ਝੁਕ, ਨਿਉਂ ਕੇ ਸੀਸ ਨਿਵਾਈਆ ।

੭੨੮ ੨੧

ਮੇਰਾ ਪਿਛਲਾ ਯਾਰਾਨਾ ਗਿਆ ਮੁਕ, ਅੱਗੇ ਤੇਰਾ ਰਾਹ ਤਕਾਈਆ । ਮੈਨੂੰ ਖ਼ੁਸ਼ੀ ਹੋਈ ਸੁਣ ਕੇ ਤੇਰੀ ਤੁਕ, ਦੋ ਅੱਖਰ ਦਿਤੀ ਵਡਿਆਈਆ । ਜੁਗ ਜਨਮ ਦਿਆਂ ਵਿਛੜਿਆਂ ਲਿਆ ਚੁਕ, ਗੋਦੀ ਵਿਚ ਟਿਕਾਈਆ । ਮੈਂ ਬੋਲਣੋਂ ਹੋ ਗਈ ਚੁਪ, ਰਸਨਾ ਨਾ ਕੋਇ ਹਿਲਾਈਆ । ਪਿਤਾ ਵੇਖੇ ਆਪਣੇ ਪੁੱਤ, ਸਪੂਤੇ ਗੋਦ ਟਿਕਾਈਆ । ਮੈਂ ਚਲਣੋਂ ਗਈ ਰੁਕ, ਅੱਗੇ ਕ਼ਦਮ ਨਾ ਕੋਇ ਉਠਾਈਆ । ਫੇਰ ਹੱਥ ਮਾਰਿਆ ਆਪਣੀ ਕੁੱਖ, ਉਮਤ ਵਿਚੋਂ ਨਜ਼ਰ ਕੋਇ ਨਾ ਆਈਆ । ਮੈਨੂੰ ਇਹੋ ਵੱਡਾ ਦੁੱਖ, ਦੁਖੜੇ ਨਾਲ ਸੁਣਾਈਆ । ਪ੍ਰਭੂ ਵੇਖ ਮੇਰੀ ਖੁਲ੍ਹੀ ਗੁੱਤ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਆਹ ਪਈ ਹੁੱਕ, ਕੀ ਹੁਕਮ ਤੇਰਾ ਬੇਪ੍ਰਵਾਹੀਆ । ਹਾਏ ਏਥੇ ਕੁਝ ਗਿਆ ਠੁੱਕ, ਧੌਲ ਦਿਤੀ ਲਗਾਈਆ । ਮੈਨੂੰ ਮਾਰ ਕੇ ਦਿਤਾ ਸੁੱਟ, ਤੇਰੀ ਬੇਪ੍ਰਵਾਹੀਆ । ਮੈਨੂੰ ਰੋਂਦੀ ਨੂੰ ਕੌਣ ਕਰਾਵੇ ਚੁਪ, ਮੁਹੰਮਦ ਸੰਗ ਨਾ ਕੋਇ ਨਿਭਾਈਆ । ਸਾਰੇ ਗਏ ਰੁੱਠ, ਸੰਗ ਨਾ ਕੋਇ ਬਣਾਈਆ । ਖਾਣ ਨੂੰ ਦੇਂਦਾ ਨਹੀਂ ਕੋਈ ਟੁੱਕ, ਟੁਕੜੇ ਮੰਗਦੀ ਤੇਰੇ ਦਰ ਤੇ ਆਈਆ । ਸਚ ਪੁਛੇਂ ਦੁਨੀਆ ਨੂੰ ਸਰਦੀ ਤੇ ਮੈਨੂੰ ਲੱਗੇ ਧੁੱਪ, ਅੱਗ ਵਿਛੋੜੇ ਵਾਲੀ ਜਲਾਈਆ । ਚੌਦਾਂ ਤਬਕਾਂ ਭਾਰ ਕੀਤਾ ਰੁਖ਼, ਪਾਸਾ ਆਈ ਬਦਲਾਈਆ । ਧੰਨ ਭਾਗ ਜੇ ਤੂੰ ਕੋਝੀ ਕਮਲੀ ਨੂੰ ਲਿਆ ਪੁਛ, ਪਿਛਾ ਨਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੂੰ ਬਖ਼ਸ਼ੀ ਸਤ ਰੰਗ ਦੀ ਟੋਪੀ, ਸੋਹਣੀ ਸੀਸ ਸੁਹਾਈਆ । ਮੈਂ ਰਾਮ ਕ੍ਰਿਸ਼ਨ ਦੀ ਬਣੀ ਨਹੀਂ ਅੱਗੇ ਗੋਪੀ, ਸਖ਼ੀਆਂ ਵਿਚ ਮਿਲ ਨਾ ਮੰਗਲ ਗਾਈਆ । ਤੇੜ ਬੱਧੀ ਨਹੀਂ ਕੋਈ ਧੋਤੀ, ਅੰਗੀ ਸਾੜ੍ਹੀ ਅੰਗ ਨਾ ਕੋਇ ਛੁਹਾਈਆ । ਗੁਰ ਪੈਗ਼ੰਬਰਾਂ ਪਿਆਰ ਨਾਲ ਦਿੱਤੀ ਨਹੀਂ ਭੂਪੀ, ਭੂਪਾਂ ਦੇ ਭੂਪ ਦਿਤੇ ਤਜਾਈਆ । ਮੈਂ ਸਾਰਿਆਂ ਨਾਲ ਰਹੀ ਕਰੋਪੀ, ਅੱਖ ਨਾ ਕੋਇ ਮਿਲਾਈਆ । ਜਿਹੜੇ ਤੇਰੇ ਨਾਮ ਦੀ ਪੜ੍ਹਦੇ ਪੋਥੀ, ਨਿਤ ਉਠ ਕੇ ਸੀਸ ਨਿਵਾਈਆ । ਜਗਦੇ ਤੇਰੀ ਧਾਰ ਜੋਤੀ, ਤਨ ਵਜੂਦ ਰੁਸ਼ਨਾਈਆ । ਨਾਮ ਮਾਲਾ ਲੱਭਦੇ ਮਾਣਕ ਮੋਤੀ, ਭੱਜਣ ਵਾਹੋ ਦਾਹੀਆ । ਮੈਂ ਚਾਰ ਜੁਗ ਪਈ ਰਹੀ ਸੋਚੀ, ਮਤਾ ਆਪਣੇ ਅੰਦਰ ਪਕਾਈਆ । ਜਿਹੜੇ ਪ੍ਰਭ ਤੋਂ ਭਿਛਿਆ ਮੰਗਦੇ ਰੋਟੀ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਇਨ੍ਹਾਂ ਦੀ ਆਪਣੀ ਪੂਰੀ ਨਹੀਂ ਹੁੰਦੀ ਰੋਜ਼ੀ, ਕੀ ਅੱਗੇ ਦੇਣ ਵਰਤਾਈਆ । ਮੈਂ ਕਿਹਾ ਜਦ ਮਿਲਣਾ ਤੇ ਮਿਲਣਾ ਪ੍ਰੀਤਮ ਚੋਜੀ, ਜੋ ਚਾਰ ਜੁਗ ਦਾ ਵਖਰਾ ਹੋਵੇ ਮਾਹੀਆ । ਓਸ ਦੀ ਬਹਵਾਂ ਗੋਦੀ, ਜੋ ਗੋਦਾਵਰੀ ਵਾਲੇ ਨੂੰ ਗੋਦ ਬਹਾਈਆ । ਫੇਰ ਛੱਡ ਜਾਏ ਬੇਦੀ ਸੋਢੀ, ਸੁਧਾਸਰ ਨਾ ਕੋਇ ਨਹਾਈਆ । ਜੇ ਕੋਈ ਜਨਮ ਕਰਮ ਦਾ ਦਵਾਰੇ ਆ ਜਾਏ ਰੋਗੀ, ਕਰਮਾਂ ਦਾ ਗੇੜ ਮੁਕਾਈਆ । ਮੈਂ ਹੋਵਾਂ ਓਸੇ ਜੋਗੀ, ਜਗਤ ਜੁਗੀਸ਼ਰਾਂ ਨਾਲੋਂ ਪੱਲੂ ਲਵਾਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਸਤਿ ਦੀ ਚਲਣੀ ਧਾਰ, ਧਰਨੀ ਧਵਲ ਵਡਿਆਈਆ । ਪੂਰਨ ਨੇ ਪੂਰਾ ਕਰਨਾ ਵਿਹਾਰ, ਪੂਰਨ ਆਪਣਾ ਹੁਕਮ ਵਰਤਾਈਆ । ਬਣ ਕੇ ਖ਼ੁਦ ਮੁਖ਼ਤਿਆਰ, ਫ਼ੈਸਲੇ ਧੁਰ ਦੇ ਦਏ ਜਣਾਈਆ । ਧਰਮ ਦੀ ਬਣਾ ਕੇ ਸਰਕਾਰ, ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚੋਂ ਪ੍ਰਗਟਾਈਆ । ਸਦੀ ਚੌਧਵੀਂ ਕਹੇ ਮੈਂ ਹੋਕਾ ਦੇ ਕੇ ਕਹਿਣਾ ਪੂਰਨ ਸਤਿਗੁਰ ਪੂਰਾ, ਪਰਮ ਪੁਰਖ ਵਡਿਆਈਆ । ਜਿਸ ਲੇਖੇ ਲੌਣਾ ਚਾਰ ਖਾਣੀ ਦਾ ਤੋਤਾ ਘੁੱਗੀ ਕਤੂਰਾ, ਮੋਰ ਕਊਆ ਨਾਲ ਮਿਲਾਈਆ । ਜਨ ਭਗਤਾਂ

ਦੇ ਕੇ ਮਸਤਕ ਧੂੜਾ, ਟਿੱਕੇ ਖ਼ਾਕ ਰਮਾਈਆ । ਆਪਣੀ ਹੱਥੀਂ ਪਹਿਨ ਕੇ ਰੰਗਲਾ ਚੂੜਾ, ਗੁਰਮੁਖ ਸੁਹਾਗੀ ਦਏ ਬਣਾਈਆ । ਸਭ ਦਾ ਲੇਖਾ ਸਭ ਦਾ ਕਰਮ ਸਭ ਦਾ ਜਨਮ ਜਾਣ ਨਾ ਦੇਵੇ ਅਧੂਰਾ, ਭੁਲੇਖੇ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਟੋਪੀ ਕਹੇ ਹਿਲਣੇ ਸ਼ੁਰੂ ਹੋ ਗਏ ਟੋਪ, ਸ਼ਾਹ ਸੁਲਤਾਨ ਦੇਣੇ ਹਿਲਾਈਆ । ਖੇਲ ਕਰੇ ਧੁਰ ਦਾ ਪੋਪ, ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਨੇ ਸਭ ਕੁਛ ਪੂਰਨ ਨੂੰ ਦਿਤਾ ਸੌਂਪ, ਬਾਕੀ ਅਵਰ ਨਾ ਕੋਇ ਰਖਾਈਆ । ਨਾਮ ਦੀ ਦਾਤ ਬਖ਼ਸ਼ ਕੇ ਓਹ ਅਗੰਮੀ ਤੋਪ, ਜੋ ਤੋਪ ਤੁਖ਼ਮ ਤਾਅਸੀਰ ਦੁਨੀ ਦੀ ਦਏ ਬਦਲਾਈਆ । ਛੱਬੀ ਪੋਹ ਰਾਤ ਦੇ ਡੇਢ ਵਜੇ ਗੁਰਮੁਖ ਸਿਹਾਂ ਛੇਤੀ ਨਾਲ ਗਲ ਵਿਚ ਪਵਾ ਦੇਵੀਂ ਹਾਫ਼ ਕੋਟ, ਕੋਟਾਂ ਵਾਲਿਆਂ ਵੇਖ ਵਖਾਈਆ । ਜਿਸ ਵੇਲੇ ਸਦੀ ਚੌਧਵੀਂ ਦੀ ਗੋਲੀ ਦੇ ਸਿਰ ਵਿਚ ਲੱਗੀ ਚੋਟ, ਚਾਰ ਕੁੰਟ ਹਿਲਾਈਆ । ਪੰਜਾਂ ਗੁਰਸਿਖਾਂ ਨੇ ਖੋਟੇ ਰੁਪਈਏ ਕੱਢ ਕੇ ਉਤੋਂ ਦੀ ਸੁਟਣੀ ਸੋਟ, ਮੁਖੋਂ ਕਹਿਣਾ ਖੋਟਿਆਂ ਖਰੇ ਦੇ ਬਣਾਈਆ । ਫੇਰ ਸਤਿਗੁਰ ਕਹੇ ਭਗਤੋ ਤੁਹਾਡੇ ਨਾਲੋਂ ਨਹੀਂ ਹੋਣੀ ਛੋਟ, ਛੁੱਟੇ ਜਗਤ ਲੋਕਾਈਆ । ਤੁਸੀਂ ਥੋੜ੍ਹੇ ਪ੍ਰਭ ਨੂੰ ਦੋ ਜਹਾਨ ਨਾਲੋਂ ਬਹੁਤ, ਜੋ ਮੈਦਾਨ ਵਿਚ ਸਮਾਜ ਗਏ ਤਜਾਈਆ । ਤੁਹਾਡਾ ਇਸ਼ਟ ਇਕ ਨਿਰਮਲ ਜੋਤ, ਦੂਜੇ ਸਿਰ ਨਾ ਕਦੇ ਨਿਵਾਈਆ । ਜਿਹੜਾ ਮਾਲਕ ਤੁਹਾਡਾ ਕਦੇ ਨਾ ਹੋਵੇ ਫ਼ੌਤ, ਮਰ ਕੇ ਆਪਣਾ ਆਪ ਗਵਾਈਆ । ਸਤਿਗੁਰ ਪੂਰਨ ਦਰਸ਼ਨ ਮੰਗੋ ਰੋਜ਼, ਬਿਨਾ ਰੋਜ਼ੇ ਨਿਮਾਜ਼ ਤੋਂ ਘਰ ਘਰ ਦਰਸ਼ਨ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਹੁਣ ਪੂਰਨ ਬੰਦਿਆਂ ਵਰਗਾ ਨਹੀਂ ਰਹਿਣਾ ਬੰਦਾ, ਬੰਦਗੀ ਵਾਲਿਓ ਦਿਆਂ ਜਣਾਈਆ । ਇਹਦਾ ਮਨੁੱਸ਼ਾਂ ਵਾਲਾ ਨਹੀਂ ਰਹਿਣਾ ਧੰਦਾ, ਵੇਸ ਜਾਣਾ ਬਦਲਾਈਆ । ਕਿਸੇ ਨਹੀਂ ਸਮਝਣਾ ਚੰਗਾ ਕਿ ਮੰਦਾ, ਚੰਗਾ ਮੰਦਾ ਆਪਣੇ ਵਿਚ ਛੁਪਾਈਆ । ਯਾਦ ਰੱਖਿਓ ਛੱਬੀ ਪੋਹ ਨੂੰ ਗੁਰਸਿਖ ਸੀਸ ਉਤੇ ਵਾਰੀ ਵਾਰੀ ਝਲੌਂਦੇ ਰਹਿਣ ਸੱਤ ਰੰਗ ਦਾ ਝੰਡਾ, ਉਪਰ ਉਪਰ ਘੁੰਮਾਈਆ । ਸੇਵਾਦਾਰ ਅੰਦਰ ਯਾਦ ਕਰਦਾ ਰਹੇ ਬਿਨਾ ਦੰਦਾਂ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਇਕ ਗੱਲ ਯਾਦ ਰੱਖਿਓ ਪਲੰਘ ਦੇ ਉਤੇ ਜ਼ਰੂਰ ਇਕ ਨਵਾਂ ਰੱਖਣਾ ਕੰਘਾ, ਖ਼ੁਸ਼ੀ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਬਣ ਜਾਣਾ ਮੁਸ਼ਟੰਡੀ, ਸ਼ਰਾਰਤਨ ਰੂਪ ਵਟਾਈਆ । ਫਿਰਨਾ ਵਿੰਗੀ ਟੇਢੀ ਡੰਡੀ, ਭੱਜਾਂ ਚਾਈਂ ਚਾਈਂਆ । ਤੁਹਾਡੇ ਬੈਠਿਆਂ ਵਿਚ ਪਾਵਾਂ ਭੰਡੀ, ਸਾਰੇ ਦਿਆਂ ਹਿਲਾਈਆ । ਜਿਨ੍ਹਾਂ ਦੇ ਕੋਲ ਛਾਪੀ ਹੋਵੇ ਜੰਡੀ, ਓਹ ਖਲੋ ਕੇ ਅੱਗੇ ਦੇਣ ਵਖਾਈਆ । ਮੁਖੋਂ ਕਹਿਣ ਕਮਲੀਏ ਤੂੰ ਸੁਹਾਗਣ ਕਿ ਰੰਡੀ, ਸਾਨੂੰ ਦੇ ਦ੍ਰਿੜਾਈਆ । ਸਦੀ ਚੌਧਵੀਂ ਕਹੇ ਮੈਂ ਕਹਾਂ ਜਨ ਭਗਤੋ ਪ੍ਰਭ ਦੇ ਮਿਲਣ ਤੋਂ ਬਿਨਾ ਹੋ ਗਈ ਅੰਧੀ, ਰਾਹ ਖਹਿੜਾ ਨਜ਼ਰ ਨਾ ਆਈਆ । ਤੁਸੀਂ ਕਹਿਓ ਅਸੀਂ ਤੇਰੇ ਸੰਗੀ, ਚਲ ਸਹਿਜੇ ਦਈਏ ਮਿਲਾਈਆ । ਓਥੇ ਕੋਈ ਨਹੀਂ ਪਾਬੰਦੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਹੌਲੀ ਹੌਲੀ ਦੇਵੇ ਇਸ਼ਾਰੇ, ਚਾਰੇ ਕੰਨੀਆਂ ਰਿਹਾ ਹਿਲਾਈਆ । ਨਈਆ ਪਹੁੰਚੀ ਓਸ ਕਿਨਾਰੇ, ਜਿਸ ਦੀ ਆਸਾ ਗਈ ਤਕਾਈਆ । ਮੇਰੇ ਪੂਰੇ ਹੋਏ ਦਿਹਾੜੇ, ਖ਼ਿਦਮਤ ਲਈ ਕਮਾਈਆ । ਹੁਣ ਪ੍ਰਭ ਦੇ ਅੱਗੇ ਹਾੜੇ, ਮਿੰਨਤਾਂ

ਵਿਚ ਸੀਸ ਨਿਵਾਈਆ । ਜਿਸ ਨੂੰ ਚਾਹੇ ਓਸੇ ਨੂੰ ਬੇੜੇ ਚਾੜ੍ਹੇ, ਸਾਡੇ ਹੱਥ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਆਪਣੀ ਕਾਰੇ, ਕਰਨੀ ਕਰ ਕਰ ਵੇਖ ਵਖਾਈਆ ।

### ✻ ੨੪ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਦੀ ਚੌਧਵੀਂ ਕਹੇ ਮੈਂ ਅੱਜ ਨਹੀਂ ਸੌਣਾ, ਸੁੱਤਿਆਂ ਲਵਾਂ ਜਗਾਈਆ । ਦੋ ਜਹਾਨਾਂ ਧੁਰ ਦਾ ਰਾਗ ਸੁਣੌਣਾ, ਸ਼ਬਦ ਅਗੰਮ ਅਥਾਹੀਆ । ਗੁਰ ਅਵਤਾਰ ਪੈਗ਼ੰਬਰ ਹਿਲੌਣਾ, ਸਵਾਧਾਨ ਦੇਣਾ ਕਰਾਈਆ । ਅਗੰਮ ਇਸ਼ਾਰੇ ਨਾਲ ਦ੍ਰਿੜੌਣਾ, ਸਹਿਜ ਸਹਿਜ ਜਣਾਈਆ । ਉਠੋ ਪੁਰਖ ਅਕਾਲ ਜਿਸ ਦਰਸ਼ਨ ਪੌਣਾ, ਸਚਖੰਡ ਨਿਵਾਸੀ ਦਿਆਂ ਮਿਲਾਈਆ । ਜਿਸ ਨੇ ਸਭ ਦਾ ਲੇਖ ਮੁਕੌਣਾ, ਬਚਿਆ ਕੋਇ ਰਹਿਣ ਨਾ ਪਾਈਆ । ਸਭ ਦਾ ਬਸਤਾ ਫੋਲ ਵਖੌਣਾ, ਵਰਕਾ ਵਰਕਾ ਲਏ ਉਲਟਾਈਆ । ਧੁਰ ਦਾ ਹੁਕਮ ਇਕ ਜਣੌਣਾ, ਮਹੀਨਾ ਜਨਵਰੀ ਦਏ ਗਵਾਹੀਆ । ਯਸੂ ਤੇਰਾ ਲੇਖ ਵਖੌਣਾ, ਜੋ ਅੰਤ ਵਾਰ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਤਾ ਵੇਸ ਵਟਾਈਆ । ਸਦੀ ਚੌਧਵੀਂ ਕਹੇ ਮੈਂ ਛੱਡੀ ਆਲਸ ਨਿੰਦਰਾ, ਗ਼ਫ਼ਲਤ ਦਿਤੀ ਗਵਾਈਆ । ਜਗਤ ਧਾਰ ਮਾਰ ਕੇ ਜਿੰਦਰਾ, ਬੰਦ ਕਵਾੜ ਕਰਾਈਆ । ਖ਼ਬਰ ਦੇਣੀ ਜਾ ਕੇ ਇੰਦਰਾ, ਸੁਰਪਤ ਲੈਣਾ ਹਿਲਾਈਆ । ਡੰਕ ਵਜੌਣਾ ਕਿੰਗਰਾ ਕਿੰਗਰਾ, ਮਰਦੰਗ ਨਾਮ ਸੁਣਾਈਆ । ਫਿਰ ਕਹਿਣਾ ਕਾਹਨਾ ਵੇਖ ਆਪਣੀ ਬਿੰਦਰਾ, ਮਥਰਾ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਛੱਡ ਦੇਣਾ ਜਗਤ ਦਲਿਦ੍ਰ ਆਲਸ, ਅਸਲ ਦਿਆਂ ਜਣਾਈਆ । ਜਨ ਭਗਤਾਂ ਮਾਰਗ ਦੱਸਣਾ ਖ਼ਾਲਸ, ਜੋ ਖ਼ਾਲਸ ਗੋਬਿੰਦ ਵਿਚ ਪ੍ਰਗਟਾਈਆ । ਜਿਸ ਦੀ ਸਾਰੇ ਕਰ ਕੇ ਗਏ ਲਾਲਸ, ਲਾਲਨ ਰਾਹ ਤਕਾਈਆ । ਓਹ ਸਭ ਦੀ ਅੰਤਮ ਲਾਹਵੇ ਕਾਲਖ, ਟਿੱਕੇ ਮਜ਼੍ਹਬਾਂ ਦੂਰ ਕਰਾਈਆ । ਜਨ ਭਗਤਾਂ ਬਣਾ ਆਪਣੇ ਬਾਲਕ, ਹਰਿਜਨ ਗੋਦ ਟਿਕਾਈਆ । ਮਿਹਰਵਾਨ ਹੋ ਵਡ ਖ਼ਾਲਕ, ਮਖ਼ਲੂਕ ਖੋਜ ਖੁਜਾਈਆ । ਦੀਨ ਦੁਨੀ ਦੀ ਵੇਖੇ ਹਾਲਤ, ਘਟ ਅੰਦਰ ਫੋਲ ਫੁਲਾਈਆ । ਧਰਮ ਦਵਾਰ ਦੀ ਕਰੇ ਅਦਾਲਤ, ਇਨਸਾਫ਼ ਇਕੋ ਇਕ ਸਮਝਾਈਆ । ਮਨ ਕਲਪਣਾ ਕੂੜ ਮੇਟ ਜਹਾਲਤ, ਸਤਿ ਧਰਮ ਇਕ ਸਮਝਾਈਆ । ਪ੍ਰਭ ਦਾ ਨਾਮ ਅਗੰਮ ਨਿਆਮਤ, ਬਾਹਰੋਂ ਹੱਥ ਕਿਸੇ ਨਾ ਆਈਆ । ਮਾਲਕ ਓਹ ਜੋ ਰਹੇ ਸਹੀ ਸਲਾਮਤ, ਜਨਮ ਮਰਨ ਵਿਚ ਨਾ ਆਈਆ । ਜਿਸ ਦੀ ਯਾਦ ਵਿਚ ਮੁਹੰਮਦ ਮੰਗੀ ਕਿਆਮਤ, ਕਿਆਮਗਾਹ ਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਇਕ ਫ਼ਾਤਮਾ ਲਾਇਆ ਨਾਅਰਾ, ਜ਼ਾਏ ਜ਼ਾਏ ਜ਼ਾਏ ਕਰ ਸੁਣਾਈਆ । ਅੰਦਰ ਖ਼ਿਜ਼ਾਂ ਹੋਈ ਬਹਾਰਾ, ਬਸੰਤ ਰੁਤ ਬਦਲਾਈਆ । ਜੂਹ ਦਿਸੀ ਉਜਾੜਾ, ਬਾਲੂ ਰੇਤ ਤਪਾਈਆ । ਲੱਗੀ ਅੱਗ ਨਾੜਾ, ਅਗਨੀ ਰਹੀ ਜਲਾਈਆ । ਫੇਰ ਕੱਢਿਆ ਹਾੜਾ, ਰੋ ਕੇ ਦਿਤਾ ਸੁਣਾਈਆ । ਤੇਰਾ ਖੇਲ ਅਪਾਰਾ, ਤੇਰੀ ਬੇਪ੍ਰਵਾਹੀਆ ।

ਤੇਰਾ ਨੂਰ ਮੁਹੰਮਦੀ ਦੁਲਾਰਾ, ਚਾਰ ਯਾਰਾਂ ਨਾਲ ਵਡਿਆਈਆ । ਤੇਰਾ ਵੇਖਿਆ ਅਗੰਮ ਚਮਤਕਾਰਾ, ਜਲਵਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਸਦੀ ਚੌਧਵੀਂ ਕਹੇ ਫ਼ਾਤਮਾ ਨੇਤਰ ਵਗਿਆ ਨੀਰ, ਨੈਣ ਨੈਣ ਛਲਕਾਈਆ । ਹੱਥ ਨਾਲ ਖਿੱਚਦੀ ਗਈ ਲਕੀਰ, ਜ਼ਮੀਨ ਉਤੋਂ ਅਸਮਾਨ ਵਲ ਉਠਾਈਆ । ਮੱਥੇ ਕੋਲ ਉਂਗਲ ਲਿਆ ਕੇ ਕਹੇ ਬਦਲ ਦੇ ਤਕਦੀਰ, ਤਦਬੀਰ ਤੇਰੇ ਹੱਥ ਨਜ਼ਰੀ ਆਈਆ । ਅੱਗੋਂ ਹੁਕਮ ਮਿਲਿਆ ਅਖ਼ੀਰ, ਆਖ਼ਰ ਦਿਤਾ ਸੁਣਾਈਆ । ਜਦ ਆਵਾਂ ਤਾਂ ਸ਼ਰਅ ਦੀ ਤੋੜਾਂ ਜ਼ੰਜੀਰ, ਸ਼ਰੀਅਤ ਡੇਰਾ ਢਾਹੀਆ । ਫ਼ਾਤਮਾ ਮੇਰਾ ਫ਼ਾਤਿਆ ਪੜ੍ਹਨ ਵਾਲਾ ਨਾ ਹੋਵੇ ਸਰੀਰ, ਮੁਰਦਾ ਗੋਰ ਨਾ ਕੋਇ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਸਦੀ ਚੌਧਵੀਂ ਕਹੇ ਫ਼ਾਤਮਾ ਹੱਥ ਰੱਖਿਆ ਉਤੇ ਮੱਥੇ, ਸਹਿਜ ਨਾਲ ਦਬਾਈਆ । ਪਰਵਰਦਿਗਾਰ ਕਿਹੜੀ ਧਾਰ ਵਸੇਂ, ਸਚ ਦੇ ਜਣਾਈਆ । ਕਵਣ ਗ੍ਰਿਹਿ ਹੱਸੇਂ, ਹਸਤੀ ਇਕ ਪ੍ਰਗਟਾਈਆ । ਕਵਣ ਕੂਟੇ ਨੱਸੇਂ, ਭੱਜੇ ਚਾਈਂ ਚਾਈਆ । ਕਵਣ ਰੰਗ ਰੱਤੇਂ, ਆਪਣਾ ਰੰਗ ਰੰਗਾਈਆ । ਕਿਹੜੇ ਵਤਨ ਵੱਤੇਂ, ਆਪਣਾ ਫੇਰਾ ਪਾਈਆ । ਪਰਵਰਦਿਗਾਰ ਕਿਹਾ ਜਿਥੇ ਖਾਣੇ ਪੈਣ ਨਾ ਭੱਤੇ, ਨਿਆਜ਼ਾਂ ਲੋੜ ਰਹੇ ਨਾ ਰਾਈਆ । ਓਹ ਗ੍ਰਿਹਿ ਮੇਰੇ ਅੱਛੇ, ਜਿਥੇ ਆਪਣਾ ਡੇਰਾ ਲਾਈਆ । ਜਾ ਉਠ ਵਖਾਵਾਂ ਤੇਰੇ ਅੱਖੇ, ਅੱਖ ਇਕ ਖੁਲ੍ਹਾਈਆ । ਜਾਂ ਤੱਕਿਆ ਵੇਖਿਆ ਖੇਲ ਸਮਰਥੇ, ਹਰਿ ਕਰਤਾ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਹਿਣ ਜਿਉਂ ਭਾਵੇ ਤਿਉਂ ਰੱਖੇ, ਸਾਡੀ ਚਲੇ ਨਾ ਕੋਇ ਚਤੁਰਾਈਆ । ਬਿਨ ਤੇਰੀ ਕਿਰਪਾ ਮੂਲ ਨਾ ਹੋਈਏ ਸੱਚੇ, ਸਚ ਨਜ਼ਰ ਕੋਇ ਨਾ ਆਈਆ । ਅਸੀਂ ਗੁਰ ਅਵਤਾਰ ਪੈਗ਼ੰਬਰ ਮਾਟੀ ਦੇ ਭਾਂਡੇ ਕੱਚੇ, ਤਨ ਵਜੂਦ ਆਏ ਤਜਾਈਆ । ਹੁਣ ਤੇਰੇ ਦਵਾਰੇ ਵਸੇ, ਦਰਗਾਹ ਬਹਿ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਦ੍ਰਿੜਾਈਆ । ਸਦੀ ਚੌਧਵੀਂ ਕਹੇ ਫ਼ਾਤਮਾ ਖੇਲ ਅਗੰਮੀ ਦਿਖੀ, ਦੀਦ ਹੋਈ ਰੁਸ਼ਨਾਈਆ । ਅੰਦਰ ਪਈ ਖਿੱਚੀ, ਧਿਆਨ ਲਿਆ ਲਗਾਈਆ । ਹੁਕਮ ਮਿਲਿਆ ਪਰਵਰਦਿਗਾਰ ਦੀ ਵੇਖ ਸਿੱਖੀ, ਪੁਰਖ ਅਕਾਲ ਆਪ ਬਣਾਈਆ । ਜਿਸ ਦੀ ਧਾਰ ਸਭ ਤੋਂ ਤਿੱਖੀ, ਖੰਡਾ ਖੜਗ ਨਾ ਕੋਇ ਵਡਿਆਈਆ । ਫ਼ਾਤਮਾ ਤੇਰੇ ਨਾਲੋਂ ਵਡਿਆਈ ਮਿਲਣੀ ਓਨ੍ਹਾਂ ਬੀਬੀਆਂ ਇੱਕੀ, ਜੋ ਇੱਕੀ ਇਕੋ ਨਾਲ ਪਾਈਆ । ਓਨ੍ਹਾਂ ਦੇ ਕੋਲ ਤੂੰ ਮੇਰਾ ਮੈਂ ਤੇਰਾ ਸੋਹੰ ਧਾਰ ਦੀ ਲਿਖੀ ਹੋਵੇ ਚਿੱਠੀ, ਚਿੱਠੀ ਰਸੈਣ ਹੱਕ ਨਾ ਕੋਇ ਵਖਾਈਆ । ਪਹਿਲੋਂ ਰਵਿਦਾਸ ਚਮਾਰੇ ਹੋਵੇ ਡਿੱਠੀ, ਦੂਜਾ ਨੇਤਰ ਨਾ ਕੋਇ ਤਕਾਈਆ । ਹਾਹੇ ਉਤੇ ਟਿੱਪੀ, ਉਤੇ ਹੋਰ ਲਗਾਉਣੀ ਟਿੱਪੀ, ਦੋਹਰੀ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਇੱਕੀਆਂ ਇਕੋ ਮੰਨਣਾ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਭਾਵੇਂ ਤਜਣਾ ਪਏ ਘਰ ਬਾਰ ਗੋਦੀ ਦਾ ਲਾਲ, ਜਗਤ ਮਾਣ ਵਡਿਆਈਆ । ਭਾਵੇਂ ਰਹਿਣਾ ਪਵੇ ਗ਼ਰੀਬੀ ਵਿਚ ਕੰਗਾਲ, ਭੁੱਖਿਆਂ ਝਟ ਲੰਘਾਈਆ । ਭਾਵੇਂ ਸਤਿਗੁਰ ਪਿਛੇ ਹੋਣਾ ਪਏ ਬੇਹਾਲ, ਲੋਕ ਲੱਜਿਆ ਜਗਤ ਮਿਟਾਈਆ । ਫ਼ਾਤਮਾ ਹੱਸ ਕੇ ਕੀਤਾ ਸਵਾਲ, ਸਹਿਜ ਨਾਲ ਸੁਣਾਈਆ । ਕੀ ਇਹੋ ਜੇਹੀ ਘਾਲਣ ਲੈਣ ਘਾਲ, ਆਪਣਾ ਬਲ ਪ੍ਰਗਟਾਈਆ । ਸ਼ਬਦ ਅਗੰਮੀ ਕਿਹਾ ਤੈਨੂੰ ਸਹਿਜ ਦਿਆਂ ਵਖਾਲ, ਇਹ ਮੇਰੀ ਵਡਿਆਈਆ । ਫ਼ਾਤਮਾ ਕਿਹਾ ਕਿਸ ਬਿਧ ਲਵਾਂ ਭਾਲ,

ਭੇਵ ਦੇਣਾ ਖੁਲ੍ਹਾਈਆ । ਸਤਿਗੁਰ ਸ਼ਬਦ ਕਿਹਾ ਜਿਸ ਵੇਲੇ ਸਦੀ ਚੌਧਵੀਂ ਸਭ ਦਾ ਹੋਣ ਲੱਗਾ ਜ਼ਵਾਲ, ਜ਼ਾਵੀਆ ਮਜ਼੍ਹਬ ਰਹਿਣ ਨਾ ਪਾਈਆ । ਦੀਨ ਦੁਨੀ ਪ੍ਰਭ ਕਰਨ ਆਵੇ ਬਹਾਲ, ਬੰਧਨ ਸ਼ਰਅ ਵਾਲੇ ਤੁੜਾਈਆ । ਓਸ ਵੇਲੇ ਕਿਰਪਾ ਕਰੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਜਨ ਭਗਤ ਸੁਹੇਲੇ ਲਏ ਉਠਾਲ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਓਹ ਧੁਰ ਦੇ ਹੋਵਣ ਲਾਲ, ਗੁਰਮੁਖ ਗੁਰ ਗੁਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹਿਜੇ ਤੈਨੂੰ ਦਏ ਵਖਾਲ, ਅਨਡਿੱਠ ਹੋ ਕੇ ਆਪਣੀ ਖੇਲ ਖਿਲਾਈਆ । ਮੁਹੰਮਦ ਨੇ ਕਿਹਾ ਪ੍ਰਭੂ ਖ਼ੁਦਾ ਤੇਰਾ ਕਿਥੇ ਕਿਆਮ, ਕਿਆਮਗਾਹ ਦੇ ਜਣਾਈਆ । ਖ਼ੁਦਾ ਨੇ ਕਿਹਾ ਫ਼ਰਜ਼ੰਦ ਕਿੱਥੇ ਤੇਰਾ ਇਸਲਾਮ, ਇਸਮ ਦੇ ਸਮਝਾਈਆ । ਮੁਹੰਮਦ ਨੇ ਕਿਹਾ ਮੈਂ ਤੇਰਾ ਗ਼ੁਲਾਮ, ਫ਼ਰਮਾਬਰਦਾਰ ਅਖਵਾਈਆ । ਖ਼ੁਦਾ ਨੇ ਕਿਹਾ ਜਿਸ ਵੇਲੇ ਅਵਤਾਰ ਪੈਗ਼ੰਬਰਾਂ ਦਾ ਲੇਖਾ ਮੁਕਾਵਾਂ ਤਮਾਮ, ਤਮਅ ਤਮੰਨਾ ਮਜ਼੍ਹਬਾਂ ਵਾਲੀ ਮਿਟਾਈਆ । ਜਗਤ ਦੀ ਮੇਟਾਂ ਅੰਧੇਰੀ ਸ਼ਾਮ, ਆਪਣਾ ਸਾਚਾ ਚੰਦ ਚੜ੍ਹਾਈਆ । ਇਨਸਾਨਾਂ ਨਾਲ ਲੜਾ ਕੇ ਇਨਸਾਨ, ਹੈਵਾਨਾਂ ਨਾਲ ਹੈਵਾਨ ਦਿਆਂ ਬਣਾਈਆ । ਕਿਸੇ ਦਾ ਰਹੇ ਨਾ ਜਗਤ ਨਿਸ਼ਾਨ, ਗੁਰ ਅਵਤਾਰ ਪੈਗ਼ੰਬਰ ਮਿਟ ਜਾਏ ਆਣ, ਸੱਜਦਾ ਕਰੇ ਨਾ ਕੋਇ ਸਲਾਮ, ਡੰਡਾਵਤ ਬੰਦਨਾ ਨਾ ਕੋਈ ਨਾਮ, ਇਕੋ ਹੁਕਮ ਚਲੇ ਸ੍ਰੀ ਭਗਵਾਨ, ਓਸ ਨੂੰ ਮੁਹੰਮਦਾ ਕਿਆਮਤ ਕਹਿੰਦਾ ਜਹਾਨ, ਜੋ ਪਿਛਲੀ ਨੂੰ ਅਗਲੀ ਤੇ ਅਗਲੀ ਤੋਂ ਪਿਛਲੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸ਼ਬਦੀ ਕਲਮੇ ਕਿਹਾ ਮੁਹੰਮਦੇ ਕਿਆਮਤ, ਕਿਆਮਤੇ ਕੁਲ ਜ਼ੂ ਜ਼ਾਬਤੇ ਵਿਚ ਰਖਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਦੀ ਆਵੇ ਸ਼ਾਮਤ, ਸ਼ਾਮਿਆਨੇ ਮਜ਼੍ਹਬਾਂ ਵਾਲੇ ਉਖੜਾਈਆ । ਇਕ ਦੂਜੇ ਦੀ ਦੇਵੇ ਨਾ ਕੋਇ ਜ਼ਮਾਨਤ, ਸਾਥੀ ਸੰਗ ਜਾਣ ਤਜਾਈਆ । ਨਾਮ ਰਹੇ ਨਾ ਨਾਮ ਨਿਆਮਤ, ਰਸ ਰਸਨਾ ਨਾ ਕੋਇ ਚਖਾਈਆ । ਕਲਮਾ ਨਾਮ ਦੀ ਕਰੇ ਮਜ਼ਾਹਮਤ, ਤੇ ਨਾਮ ਕਲਮੇ ਨਾਲ ਟਕਰਾਈਆ । ਕਿਸੇ ਦੀ ਚਲੇ ਨਾ ਕੋਇ ਸਿਆਣਪ, ਬੁੱਧੀ ਕਰੇ ਲੜਾਈਆ । ਮਨ ਦੀ ਮਨਸਾ ਕਾਇਨਾਤ ਹੋਵੇ ਗ਼ੁਲਾਮਤ, ਗ਼ੁਲਾਮੀ ਵਿਚ ਆਪਣਾ ਆਪ ਪਵਾਈਆ । ਮੁਹੰਮਦਾ ਓਸ ਨੂੰ ਕਹਿੰਦੇ ਖ਼ੁਦਾ ਦੀ ਕਿਆਮਤ, ਜੋ ਸਭ ਦੀ ਖ਼ੁਦੀ ਦਏ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਲੱਖ ਚੁਰਾਸੀ ਜੀਵ ਜੰਤ ਸਾਰੀ ਸ੍ਰਿਸ਼ਟੀ ਧਰਤੀ ਅਸਮਾਨ ਮੇਰੀ ਆਰਜ਼ੀ ਇਕ ਦੂਜੇ ਕੋਲ ਅਮਾਨਤ, ਤੇ ਜ਼ਮੀਨ ਆਸਮਾਨ ਸਾਥੀ ਕਿਸੇ ਦਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਮੁਹੰਮਦ ਕਿਹਾ ਕਿਆਮਤ ਵਿਚ ਹੋਵੇ ਕੀ ਹਸ਼ਰ, ਹਾਸ਼ਮ ਦੇ ਜਣਾਈਆ । ਪਰਵਰਦਿਗਾਰ ਨੇ ਪੈਗ਼ੰਬਰਾਂ ਆਪਣੀ ਧਾਰ ਵਿਚ ਇਕ ਨੁਕਤਾ ਲਾ ਕੇ ਕਿਹਾ ਕਸਰ, ਕਸਰ ਇਸ਼ਾਰੀਏ ਨਾਲ ਸਾਰੇ ਦਿਤੇ ਉਡਾਈਆ । ਜਿਹੜੇ ਤੁਸੀਂ ਮੇਰੇ ਸਹਾਰੇ ਮਾਤਲੋਕ ਵਿਚ ਤਤ ਜੀਵਨ ਕਰ ਕੇ ਆਏ ਬਸਰ, ਬਿਸਤਰਿਆਂ ਉਤੇ ਆਸਣ ਲਾਈਆ । ਰੰਗ ਰਲੀਆਂ ਮਾਣ ਕੇ ਕਰਦੇ ਆਏ ਜਸ਼ਨ, ਤੇ ਮਾਤਲੋਕ ਗੁਰ ਅਵਤਾਰ ਪੈਗ਼ੰਬਰ ਅਖਵਾਈਆ । ਮਾਨਵ ਮੇਰੇ ਤੇ ਤੁਸੀਂ ਚਲਾਇਆ ਆਪਣਾ ਮਿਸ਼ਨ, ਮਿਸ਼ਨਰੀ ਮੇਰਾ ਨਾਮ ਬਣਾਈਆ । ਸਚ ਪੁਛੋ ਗੁਰ ਅਵਤਾਰ ਪੈਗ਼ੰਬਰੋ ਮੈਂ ਆਪਣੇ ਨਾਮ ਵਿਚੋਂ ਮਜ਼੍ਹਬਾਂ ਦਾ ਥੋੜ੍ਹਾ ਜਿਹਾ ਤੁਹਾਨੂੰ ਦਿਤਾ ਕਮਿਸ਼ਨ, ਅਸਲ ਹੱਥ ਨਾ ਕਿਸੇ ਫੜਾਈਆ । ਮੈਂ ਇਕ ਤੇ ਪੂਜਾ ਹੋਵੇ ਬ੍ਰਹਮ ਸ਼ਿਵ ਵਿਸ਼ਨ, ਜਿਹੜੇ ਚਰਨਾਂ ਥੱਲੇ ਰਗੜ ਰਗੜ ਕੇ ਰਗੜਿਆਂ ਵਿਚ ਰਖਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਮੈਂ ਮਨੁੱਸ਼ਾਂ ਨੂੰ

ਇਕ ਦੂਜੇ ਵੱਲੋਂ ਘੱਲਿਆ ਖਿੱਚਣ, ਸਾਥੀ ਆਪਣੇ ਆਪਣੇ ਬਣਾਈਆ । ਜਿਤਨੇ ਮੇਰੇ ਨਾਮ ਤੇ ਉਤਨੀ ਬਾਜ਼ੀ ਤਿਲਕਣ, ਪੈਰ ਸੰਭਲ ਨਾ ਕੋਇ ਟਿਕਾਈਆ । ਵੇਖੇ ਜਿੰਨੇ ਮੁਰੀਦ ਤੇ ਜਿੰਨੇ ਸਿਖ ਸਾਰੇ ਤਰਸਣ, ਪ੍ਰਭ ਦਾ ਦਰਸ਼ਨ ਕੋਇ ਨਾ ਪਾਈਆ । ਜਿਨ੍ਹਾਂ ਨੂੰ ਇਸ਼ਟ ਆਪਣਾ ਦੇਵਾਂ ਉਨ੍ਹਾਂ ਦੀ ਮੇਟਾਂ ਭਟਕਣ, ਇਹ ਜੁਗ ਜੁਗ ਦੀ ਰੀਤੀ ਚਲੀ ਆਈਆ । ਭਗਤ ਭਗਵਾਨ ਵਿਚ ਕੋਈ ਪਾ ਨਹੀਂ ਸਕਦਾ ਅਟਕਣ, ਕਿਸੇ ਦੀ ਚਲੇ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰੋ ਜਦੋਂ ਵੇਖੋ ਮੈਂ ਤੁਸਾਂ ਦੀ ਪੈਜ ਆਵਾਂ ਰੱਖਣ, ਨਿਰਗੁਣ ਤੋਂ ਸਰਗੁਣ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਮੇਰੇ ਭਗਤਾਂ ਦੀ ਤੁਸਾਂ ਗਾਈ ਬਾਣੀ, ਸਿਫ਼ਤਾਂ ਵਿਚ ਸਾਲਾਹੀਆ । ਕਿਸੇ ਅਵਤਾਰ ਪੈਗ਼ੰਬਰ ਗੁਰੂ ਦਾ ਸਿੱਖ ਬਣਿਆ ਨਹੀਂ ਉਨ੍ਹਾਂ ਦਾ ਸਾਨੀ, ਭਗਤਾਂ ਨਾਲ ਮਿਲ ਕੇ ਮੇਰਾ ਦਰਸ ਕੋਇ ਨਾ ਪਾਈਆ । ਕਿਸੇ ਨੇ ਰਾਮ ਕਿਸੇ ਨੇ ਕ੍ਰਿਸ਼ਨ ਕਿਸੇ ਨੇ ਈਸਾ ਮੂਸਾ ਮੁਹੰਮਦ ਕਿਸੇ ਨੇ ਨਾਨਕ ਦੀ ਪੜ੍ਹ ਲਈ ਬਾਣੀ, ਰਸਨਾ ਜਿਹਵਾ ਗਾ ਕੇ ਆਪਣਾ ਝਟ ਲੰਘਾਈਆ । ਗੁਰ ਅਵਤਾਰ ਪੈਗ਼ੰਬਰੋ ਭਗਤਾਂ ਨੂੰ ਦੇਵਾਂ ਪਦ ਨਿਰਬਾਣੀ, ਦਰ ਠਾਂਡਾ ਇਕ ਵਖਾਈਆ । ਜਿਥੇ ਜੋਤ ਨੂਰ ਨੁਰਾਨੀ, ਤੱਤਾਂ ਵਾਲਾ ਨਜ਼ਰ ਕੋਇ ਨਾ ਆਈਆ । ਜੇ ਤੁਸੀਂ ਆਪ ਵੜ ਗਏ ਗੋਰ ਤੇ ਮਸਾਣੀ, ਤਨ ਵਜੂਦ ਤਜਾਈਆ । ਕੀ ਕਰਨਗੇ ਤੁਹਾਡੇ ਪਰਾਣੀ, ਜਿਨ੍ਹਾਂ ਦਾ ਪਰਾਣਪਤ ਨਜ਼ਰ ਕਿਸੇ ਨਾ ਆਈਆ । ਤੁਹਾਥੋਂ ਮੈਂ ਨਿੱਕੀਆਂ ਨਿੱਕੀਆਂ ਬਾਤਾਂ ਤੇ ਛੋਟੀ ਛੋਟੀ ਕਹਾਣੀ, ਕਹਾਵਤ ਗ੍ਰੰਥਾਂ ਵਾਲੀ ਬਣਾਈਆ । ਕਿਸੇ ਨੂੰ ਪੈਸਾ ਕਿਸੇ ਨੂੰ ਟਕਾ ਕਿਸੇ ਨੂੰ ਦੇ ਕੇ ਦਵਾਨੀ, ਮਾਤਲੋਕ ਦਿਤਾ ਪਰਚਾਈਆ । ਕਦੀ ਅੰਦਰ ਤੇ ਕਦੀ ਬਾਹਰ ਦੇ ਕੇ ਝਲਕ ਨੁਰਾਨੀ, ਖ਼ਲਕ ਵਿਚ ਦਿਤਾ ਵਡਿਆਈਆ । ਫਿਰ ਹੁਕਮ ਦੀ ਲੈ ਕੁਰਬਾਨੀ, ਕਰਬਲਿਆਂ ਵਿਚ ਭਵਾਈਆ । ਗੁਰ ਅਵਤਾਰ ਪੈਗ਼ੰਬਰੋ ਸਚ ਦੱਸੋ ਮੇਰਾ ਕਿਹੜਾ ਰੂਪ ਤੇ ਕਿਹੜੀ ਜਵਾਨੀ, ਕਿਸ ਸਿੰਘਾਸਣ ਸੋਭਾ ਪਾਈਆ । ਤੁਹਾਡੇ ਵਾਸਤੇ ਮੇਰਾ ਸਚਖੰਡ ਵੱਡਾ ਮਹਾਨੀ, ਮੇਰੇ ਵਾਸਤੇ ਮੇਰੇ ਚਰਨਾਂ ਦੀ ਧੂੜ ਛਾਰ ਨਜ਼ਰੀ ਆਈਆ । ਤੁਹਾਡੇ ਵਾਸਤੇ ਮੇਰਾ ਨਾਮ ਮੇਰਾ ਕਲਮਾ ਵੱਡੀ ਉਚੀ ਮੰਜ਼ਲ ਰੁਹਾਨੀ, ਮੇਰੇ ਵਾਸਤੇ ਮੇਰਾ ਛੋਟਾ ਜਿਹਾ ਸ਼ਬਦ ਸੁਤ ਤੁਹਾਨੂੰ ਗੱਲਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆਮਤ ਦਾ ਸਿਰਫ਼ ਦੱਸਿਆ ਨਾਮ ਕਿਆਮਤ, ਕਿਆਮਤ ਦੀ ਸਮਝ ਕਿਸੇ ਨਾ ਆਈਆ ।



### ❊ ੨੯ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸਦੀ ਚੌਧਵੀਂ ਕਹੇ ਮਿਲਿਆ ਧੁਰ ਦਾ ਅਮਾਮ, ਮੇਰੀ ਮਨਸਾ ਪੂਰ ਕਰਾਈਆ । ਚੌਦਾਂ ਤਬਕ ਸਾਂਭ ਇੰਤਜ਼ਾਮ, ਹਜ਼ਰਤ ਮੁਹੰਮਦ ਦਿਤਾ ਜਣਾਈਆ । ਤੇਰੀ ਸੇਵਾ ਪੂਰੀ ਹੋਵੇ ਕਾਮ, ਕਾਮਨਾ ਅਵਰ ਰਹੇ ਨਾ ਰਾਈਆ । ਤਾਰਾ ਚੰਦ ਵੇਖ ਨਿਸ਼ਾਨ, ਨਿਸ਼ਾਨਾ ਜ਼ਿਮੀਂ ਅਸਮਾਨ ਸਮਝਾਈਆ । ਮੈਂ ਨਿਉਂ ਨਿਉਂ ਕਰਾਂ ਸਲਾਮ, ਸੱਯਦਿਆਂ ਵਿਚ ਸੀਸ ਝੁਕਾਈਆ । ਮੈਂ ਰਹਿਣਾ ਬਣ ਕੇ ਗ਼ੁਲਾਮ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਕਿਸੇ ਦਾ ਝਲਣਾ ਨਹੀਂ ਅਹਿਸਾਨ, ਅਹਿਸਾਨਮੰਦ ਨਾ ਕੋਇ ਬਣਾਈਆ । ਮੇਰਾ ਮਾਲਕ ਖ਼ਾਲਕ ਪਰਵਰਦਿਗਾਰ ਇਕ ਭਗਵਾਨ, ਪਾਰਬ੍ਰਹਮ ਬੇਪ੍ਰਵਾਹੀਆ ।

ਜਿਸ ਦਾ ਸਤਿ ਧਰਮ ਨਿਸ਼ਾਨ, ਸਚਖੰਡ ਸਾਚੇ ਰਿਹਾ ਝੁਲਾਈਆ । ਅੰਤ ਅਖ਼ੀਰ ਬੇਨਜ਼ੀਰ ਮੇਰੀ ਕੀਤੀ ਆਪ ਪਹਿਚਾਨ, ਬੇਪਹਿਚਾਨ ਲਿਆ ਮਿਲਾਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਚਾਰ ਜੁਗ ਦੇ ਵਿਛੜੇ ਸੰਤ ਸੁਹੇਲੇ ਜਨ ਭਗਤ ਸੂਫ਼ੀ ਫ਼ਕੀਰ ਇਕੱਠੇ ਕੀਤੇ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖੀ ਭਗਤਾਂ ਧਾਰ, ਧਰਨੀ ਧਰਤ ਧਵਲ ਵੱਜੀ ਵਧਾਈਆ । ਜਿਨ੍ਹਾਂ ਦੇ ਅੰਦਰ ਇਕ ਪ੍ਰਭੂ ਦਾ ਪਿਆਰ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੀ ਸਿਫ਼ਤ ਕਰਦੇ ਗਏ ਗੁਰੂ ਅਵਤਾਰ, ਪੈਗ਼ੰਬਰ ਢੋਲੇ ਗਾਈਆ । ਓਹ ਸਾਹਿਬ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਕੁੱਲ ਕਹਿੰਦੇ ਕਲਕੀ ਅਵਤਾਰ, ਅਮਾਮ ਅਮਾਮਾਂ ਵੇਸ ਵਟਾਈਆ । ਸੋ ਖੇਲ ਕਰੇ ਅਪਾਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤੋ ਤੁਹਾਥੋਂ ਜਾਵਾਂ ਬਲਿਹਾਰ, ਸਦਕੇ ਵਾਰੀ ਘੋਲ ਘੁਮਾਈਆ । ਤੁਸੀਂ ਪੰਧ ਆਏ ਮਾਰ, ਚਲ ਕੇ ਚਾਈਂ ਚਾਈਆ । ਮੈਂ ਤੁਹਾਡੀ ਖ਼ਿਦਮਤਗ਼ਾਰ, ਖ਼ੁਦੀ ਤਕੱਬਰ ਡੇਰਾ ਢਾਹੀਆ । ਚੁਰਾਸੀ ਵਿਚੋਂ ਥੋੜ੍ਹਿਆਂ ਉਤੇ ਆਇਆ ਇਤਬਾਰ, ਜੋ ਪਰਵਰਦਿਗਾਰ ਸੀਸ ਨਿਵਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਛੱਡੇ ਗੁਰੂਦਵਾਰ, ਗ੍ਰੰਥ ਸ਼ਾਸਤਰ ਰੰਗ ਨਾ ਕੋਇ ਰੰਗਾਈਆ । ਏਕਾ ਮੰਨ ਸੱਚੀ ਸਰਕਾਰ, ਸੀਸ ਜਗਦੀਸ਼ ਰਹੇ ਨਿਵਾਈਆ । ਮੈਂ ਵੇਖ ਕੇ ਖਿੜੀ ਗੁਲਜ਼ਾਰ, ਸਾਚੀ ਮਹਿਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ।

੭੩੫ ਸਦੀ ਚੌਧਵੀਂ ਕਹੇ ਮੇਰੇ ਮਨ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਜਣਾਈਆ । ਜਨ ਭਗਤੋ ਤੁਹਾਡਾ ਰਹੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਤੁਹਾਡਾ ਮੇਲ ਹੋਇਆ ਨਾਲ ਓਸ ਜਲਵਾਗਰ ਨੂਰ ਨੁਰਾਨੀ, ਜੋ ਨਿਰਵੈਰ ਨਿਰਾਕਾਰ ਅਖਵਾਈਆ । ਅੱਜ ਸਾਰੇ ਬਣਿਉਂ ਇਕ ਦੇ ਸਵਾਲੀ, ਆਪਣੀ ਝੋਲੀ ਅੱਗੇ ਡਾਹੀਆ । ਪਿਛੇ ਚੁਰਾਸੀ ਭੋਗ ਲਈ ਬਾਹਲੀ, ਚਾਰੇ ਖਾਣੀ ਫੇਰਾ ਪਾਈਆ । ਕਲਜੁਗ ਤੇਰੀ ਮੰਜ਼ਲ ਲੈਣੀ ਇਕ ਰੁਹਾਨੀ, ਦੂਜਾ ਰਾਹ ਨਾ ਕੋਇ ਤਕਾਈਆ । ਜੇ ਪ੍ਰਭ ਮੰਨਿਉਂ ਤੇ ਮੇਲਾ ਕਰਨਾ ਉਪਰ ਜ਼ਿਮੀਂ ਅਸਮਾਨੀ, ਗਗਨ ਗਗਨੰਤਰ ਡੇਰਾ ਢਾਹੀਆ । ਤੇਰਾ ਭਗਤ ਦੇਵੇ ਨਾ ਕੋਇ ਕ਼ੁਰਬਾਨੀ, ਸੀਸ ਤਨ ਨਾ ਕੋਇ ਕਟਾਈਆ । ਜਿਸ ਨੇ ਤੇਰਾ ਰਸਨਾ ਜਿਹਵਾ ਜਪਿਆ ਨਾਮ ਜ਼ਬਾਨੀ, ਜ਼ੇਰ ਜ਼ਬਰ ਦਿਤੀ ਮਿਟਾਈਆ । ਉਹਦੀ ਮੰਜ਼ਲ ਕਰੀਂ ਆਸਾਨੀ, ਇਹ ਧੁਰ ਦੀ ਮੰਗ ਮੰਗਾਈਆ । ਤੂੰ ਦਿਲਬਰ ਮੇਰਾ ਜਾਨੀ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਇਹ ਦੁਨੀਆ ਦਿਸਦੀ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਵੇਖੀ ਮਸਤਾਨੀ, ਅੰਤ ਕਲ ਆਪਣੀ ਕਾਰ ਕਮਾਈਆ । ਰਾਹ ਤਕਦੇ ਦੋ ਜਹਾਨੀ, ਚੌਦਾਂ ਤਬਕ ਨੈਣ ਸ਼ਰਮਾਈਆ । ਜਨ ਭਗਤੋ ਅੱਜ ਤੁਸੀਂ ਮੇਰੇ ਪਿਆਰ ਦੀ ਖਾਇਓ ਮਹਿਮਾਨੀ, ਦੂਜੀ ਹਰਸ ਨਾ ਕੋਇ ਵਧਾਈਆ । ਅੱਗੇ ਤੋਂ ਸਭ ਦਾ ਹੋਣਾ ਇਕੋ ਬਾਨੀ, ਮਾਲਕ ਸ਼ਹਿਨਸ਼ਾਹੀਆ । ਇਹ ਹੁਕਮ ਹੋਇਆ ਐਲਾਨੀ, ਦਾਅਵੇ ਨਾਲ ਸੁਣਾਈਆ । ਝਗੜਾ ਮੁਕੌਣਾ ਚਾਰੇ ਖਾਣੀ, ਚਾਰੇ ਬਾਣੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਭਗਤੋ ਤੁਹਾਡੇ ਦਰ, ਆਪਣਾ ਦਰਦ ਦੇਣਾ ਸੁਣਾਈਆ । ਚੌਦਾਂ ਸਦੀਆਂ ਦਾ ਛੱਡਿਆ ਝੇੜਾ ਘਰ, ਬੇਗਾਨਾ ਕਰ ਕੇ ਆਈ ਤਜਾਈਆ । ਪੈਗ਼ੰਬਰਾਂ ਦਾ ਲਾਹ ਕੇ ਡਰ, ਪਾਸਾ ਲਿਆ ਬਦਲਾਈਆ । ਇਕੋ ਮਿਲਣਾ ਧੁਰ ਦੇ ਹਰਿ, ਜੋ ਹਰਿ ਮੰਦਰ ਸੋਭਾ ਪਾਈਆ ।

ਜਿਹੜਾ ਨਾ ਜਨਮੇਂ ਨਾ ਜਾਏ ਮਰ, ਮੜ੍ਹੀ ਗੋਰ ਨਾ ਕੋਇ ਦਬਾਈਆ । ਜੋ ਚਾਹੇ ਸੋ ਕਰਨੀ ਦਾ ਕਰਤਾ ਲਏ ਕਰ, ਅੱਗੇ ਹੋ ਨਾ ਕੋਇ ਅਟਕਾਈਆ । ਸਭ ਤੋਂ ਸੋਹਣਾ ਸੁਹਾਵਣਾ ਦੇਵਾਂ ਦਰ, ਪ੍ਰੇਮ ਨਾਲ ਸਮਝਾਈਆ । ਜਨ ਭਗਤੋ ਅੱਜ ਦੀ ਰਾਤ ਜ਼ਰਾ ਉਨੀਂਦਰੀ ਲਿਓ ਜਰ, ਜ਼ਰਾ ਜ਼ਰਾ ਸਭ ਦਾ ਦੁੱਖੜਾ ਦਿਆਂ ਗਵਾਈਆ । ਸਭ ਦੇ ਅੰਦਰ ਜਾਵਾਂ ਵੜ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਇਕੋ ਵਾਰ ਤੇ ਇਕੋ ਵਕ਼ਤ ਸਭ ਨੂੰ ਨਹੌਣਾ ਧੁਰ ਦੇ ਸਰ, ਜਗਤ ਸਰੋਵਰ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਚਾਓ ਘਨੇਰਾ, ਖ਼ੁਸ਼ੀਆਂ ਵਿਚ ਜਣਾਈਆ । ਸਭ ਦਾ ਬੰਨ੍ਹਣਾ ਬੇੜਾ, ਬਨੀ ਨੌਅ ਦਾ ਬੇੜਾ ਡੁਬਾਈਆ । ਵਸਣਾ ਇਕੋ ਖੇੜਾ, ਜੋ ਪੁਰਖ ਅਕਾਲ ਸੁਹਾਈਆ । ਜੁਗ ਚੌਕੜੀ ਤੁਸੀਂ ਕਰਦੇ ਰਹੇ ਜੇਰਾ, ਹੌਸਲਾ ਹਿੰਮਤ ਨਾਲ ਬਣਾਈਆ । ਕਵਣ ਵੇਲੇ ਪ੍ਰਭ ਕਰੇ ਮਿਹਰਾ, ਮਿਹਰ ਨਜ਼ਰ ਨਾਲ ਤਰਾਈਆ । ਸੋ ਆ ਗਿਆ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਵੇਲਾ, ਵਕ਼ਤ ਆਪਣਾ ਨਾਲ ਮਿਲਾਈਆ । ਇਕੋ ਰੰਗ ਰੰਗਣਾ ਗੁਰੂ ਚੇਲਾ, ਚੇਲਾ ਗੁਰ ਭੇਵ ਰਹੇ ਨਾ ਰਾਈਆ । ਜਨ ਭਗਤੋ ਇਹ ਤੁਹਾਡਾ ਨਹੀਂ ਦੋ ਜਹਾਨ ਦਾ ਮੇਲਾ, ਲੱਖ ਚੁਰਾਸੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਛੇਤੀ ਖਾਇਓ ਫੁਲਕੇ, ਫੁਲ ਫੁਲ ਖ਼ੁਸ਼ੀ ਮਨਾਈਆ । ਮੈਂ ਚੌਦਾਂ ਤਬਕਾਂ ਆਈ ਰੁਲ ਕੇ, ਭੱਜੀ ਵਾਹੋ ਦਾਹੀਆ । ਦੋ ਜਹਾਨਾਂ ਆਈ ਸੁਣ ਕੇ, ਅਣਡਿੱਠੜੀ ਆਵਾਜ਼ ਸੁਣਾਈਆ । ਜੋ ਭਗਤ ਸੁਹੇਲੇ ਪੂਰੇ ਤੋਲ ਤੁਲ ਗਏ, ਜਗਤ ਤਰਾਜ਼ੂ ਤੱਕੜ ਡੇਰਾ ਢਾਹੀਆ । ਓਹ ਪਿਆਰੇ ਹੋ ਗਏ ਓਸ ਪ੍ਰਭੂ ਦੀ ਕੁਲ ਦੇ, ਜੋ ਕੁਲ ਮਾਲਕ ਧੁਰਦਰਗਾਹੀਆ । ਤੁਹਾਡੇ ਲਹਿਣੇ ਦੇਣੇ ਸੁਲਹਕੁਲ ਦੇ, ਸਾਹਿਬ ਸੁਲਤਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ ।

### ❋ ੨੯ ਪੋਹ ਸ਼ਹਿਨਸ਼ਾਹੀ ਸੰਮਤ ੪ ਇਸ਼ਨਾਨ ਕਰਨ ਸਮੇਂ ❋

ਚੌਕੀ ਕਹੇ ਮੈਂ ਲੱਕੜੀ ਚੰਨਣ, ਚੰਨ ਵੇਖਾਂ ਧੁਰ ਦਾ ਮਾਹੀਆ । ਜਿਸ ਦਾ ਹੁਕਮ ਆਈ ਮੰਨਣ, ਨਿਉਂ ਨਿਉਂ ਸੀਸ ਨਿਵਾਈਆ । ਧਰਮ ਦਾ ਬੇੜਾ ਆਈ ਬੰਨ੍ਹਣ, ਸਾਚੀ ਸੇਵ ਕਮਾਈਆ । ਚਾਰ ਵਰਨਾਂ ਪ੍ਰੀਤੀ ਆਈ ਰੱਖਣ, ਜ਼ਾਤ ਪਾਤ ਡੇਰਾ ਢਾਹੀਆ । ਸੰਤ ਸੁਹੇਲੇ ਵੇਖਣ ਆਈ ਸੱਜਣ, ਹਰਿਜਨ ਦੀਨ ਦੁਨੀ ਫੋਲ ਫੁਲਾਈਆ । ਚਰਨ ਧੂੜ ਕਰਨ ਆਈ ਮਜਨ, ਦੁਰਮਤ ਮੈਲ ਧਵਾਈਆ । ਪੰਜ ਪਿਆਰੇ ਸੇਵਾ ਕਰਨ ਪਾਣੀ ਪਾਵਣ ਉਪਰ ਬਦਨ, ਬਦਲਾ ਗੋਬਿੰਦ ਦਏ ਚੁਕਾਈਆ । ਪੁਰਖ ਅਕਾਲ ਆਈ ਸੱਦਣ, ਦੀਨ ਦਿਆਲ ਰਾਹ ਤਕਾਈਆ । ਜਿਸ ਦੇ ਭਗਤ ਸੁਹੇਲੇ ਦੀਪਕ ਜਗਣ, ਚਾਰ ਕੁੰਟ ਹੋਵੇ ਰੁਸ਼ਨਾਈਆ । ਤ੍ਰੈਗੁਣ ਬੁਝੇ ਅਗਨ, ਨਾਤਾ ਤਤ ਗਵਾਈਆ । ਸੋਹਣਾ ਸਦੀ ਚੌਧਵੀਂ ਲੱਗੇ ਸਗਨ, ਅੰਤ ਅਖ਼ੀਰ ਵੱਜੇ ਵਧਾਈਆ । ਹੱਕ ਪ੍ਰੀਤੀ ਵਿਚ ਹੋਵੇ ਮਗਨ, ਸੁਰਤੀ ਅੰਤਰ ਨਿਰੰਤਰ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਤੋਲੇ ਵਜ਼ਨ, ਬ੍ਰਹਿਮੰਡ ਖੰਡ ਨਾਮ ਕੰਡੇ ਆਪ ਤੁਲਾਈਆ ।

ਸਦੀ ਚੌਧਵੀਂ ਕਹੇ ਮੇਰਾ ਸੱਯਦਾ, ਅਮਾਮ ਧੁਰ ਦੇ ਸੀਸ ਨਿਵਾਈਆ । ਮੁਹੰਮਦ ਜਿਸ ਦਾ ਬਣਿਆ ਬਰਦਾ, ਖ਼ਾਦਮ ਹੋ ਕੇ ਸੀਸ ਨਿਵਾਈਆ । ਮਾਲਕ ਵੇਖਿਆ ਚੌਦਾਂ ਤਬਕ ਘਰ ਦਾ, ਚੌਦਸ ਚੰਦ ਨੂਰ ਰੁਸ਼ਨਾਈਆ । ਦਰਗਾਹ ਸਾਚੀ ਸਰਨੀ ਵੇਖਿਆ ਪੜਦਾ, ਧੂੜੀ ਖ਼ਾਕ ਰਮਾਈਆ । ਅੰਤਮ ਪਰਵਰਦਿਗਾਰ ਸਾਂਝੇ ਯਾਰ ਰਾਹ ਤਕਦਾ, ਤਰਫ਼ ਦੋਤਰਫ਼ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਵਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਧੁਰ ਦੇ ਯਾਰਾ, ਯਾਮੁਬੀਨ ਦਿਆਂ ਦ੍ਰਿੜਾਈਆ । ਅਲਾਹੀ ਨੂਰ ਤੇਰਾ ਚਮਤਕਾਰਾ, ਜੋਤੀ ਡਗਮਗਾਈਆ । ਅੰਤਮ ਤੇਰਾ ਆਇਆ ਕਿਨਾਰਾ, ਨਈਆ ਡੋਲੇ ਥਾਉਂ ਥਾਈਂਆ । ਕਰੇ ਖੇਲ ਧੁਰ ਦਾ ਹਰਿ ਸਾਂਝਾ ਯਾਰਾ, ਪਰਵਰਦਿਗਾਰ ਬੇਪਰਵਾਹੀਆ । ਜਿਹੜਾ ਕਲਮਾ ਦਿੰਦਾ ਰਿਹਾ ਅਗੰਮ ਅਪਾਰਾ, ਅਲਖ ਅਗੋਚਰ ਇਕ ਅਖਵਾਈਆ । ਸੋ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਹੋਵਣ ਲੱਗਾ ਜ਼ਾਹਰਾ, ਪਰਦਾ ਪਰਦਾਨਸ਼ੀਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੁਹੰਮਦ ਪੰਜਾਂ ਪਿਆਰਿਆਂ ਲਿਆਂਦਾ ਗੁੜ, ਮਿੱਠਤ ਨਾਲ ਵਡਿਆਈਆ । ਤੇਰੀ ਮੇਰੀ ਲੱਗੀ ਪ੍ਰੀਤੀ ਤੁੜ, ਅੰਤਮ ਦਿਤੀ ਨਿਭਾਈਆ । ਹੁਣ ਪ੍ਰਭ ਦੇ ਨਾਲ ਨਾਤਾ ਰਿਹਾ ਜੁੜ, ਪਿਛਲਾ ਲੇਖ ਮੁਕਾਈਆ । ਧੁਰ ਦੇ ਕਲਮੇ ਦਿਤੀ ਸੁਰ, ਮੇਰੀ ਸਮਝ ਦਿਤੀ ਬਦਲਾਈਆ । ਜੋ ਗੋਬਿੰਦ ਕਹਿ ਕੇ ਗਿਆ ਅਨੰਦਪੁਰ, ਧੁਰ ਫ਼ਰਮਾਨਾ ਚਾਰੋਂ ਕੁੰਟ ਸੁਣਾਈਆ । ਅੰਤ ਅਖ਼ੀਰ ਸਭ ਦਾ ਚਿਰਾਗ਼ ਹੋਣਾ ਗੁਲ, ਗੁਲਸ਼ਨ ਮਾਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਚੌਥੇ ਜੁਗ ਦੇ ਨਾਲ ਟੱਕਰ, ਟਾਕਰਾ ਆਪ ਜਣਾਈਆ । ਵੇਖੇ ਸਾਧ ਫ਼ਕੀਰ ਫ਼ੱਕਰ, ਜੋ ਫ਼ਿਕਰੇ ਧੁਰ ਦੇ ਗਾਈਆ । ਪੁਰਖ ਅਕਾਲਾ ਦੀਨ ਦਿਆਲਾ ਸ਼ਬਦੀ ਧਾਰ ਭਗਤਾਂ ਗਿਰਦ ਮਾਰੇ ਤਿੰਨ ਚੱਕਰ, ਤ੍ਰੈਲੋਕ ਚਰਨਾਂ ਹੇਠ ਦਬਾਈਆ । ਮੈਂ ਵੇਖਿਆ ਚਾਰ ਜੁਗ ਦਾ ਸਫ਼ਾ ਉਲਟਾ ਕੇ ਪੱਤਰ ਪੱਤਰ, ਅੱਖਰ ਅੱਖਰ ਖੋਜ ਖੁਜਾਈਆ । ਮੇਰੇ ਨੇਤਰ ਵਹਾਂਦੇ ਅੱਥਰ, ਨੈਣ ਰਹੇ ਕੁਰਲਾਈਆ । ਮੈਂ ਚੌਦਾਂ ਤਬਕਾਂ ਵੇਖਿਆ ਸੱਥਰ, ਦਰੋਹੀ ਤੇਰਾ ਨਾਮ ਖ਼ੁਦਾਈਆ । ਅੰਤ ਬੇਅਰਥ ਜਾਣ ਲੱਗਾ ਮੇਰਾ ਯਤਨ, ਯਥਾਰਥ ਖੇਲ ਨਾ ਕੋਇ ਵਖਾਈਆ । ਸਾਚਾ ਦਿਸੇ ਨਾ ਕੋਇ ਹੀਰਾ ਰਤਨ, ਅਣਮੁਲ ਨਜ਼ਰ ਕੋਇ ਨਾ ਆਈਆ । ਮੈਂ ਵੇਖਾਂ ਚੌਦਾਂ ਪੱਥਰ, ਜਿਨ੍ਹਾਂ ਦਾ ਲੇਖਾ ਨਾ ਕੋਇ ਸਮਝਾਈਆ । ਅੰਤ ਲਹਿਣਾ ਦਿਸੇ ਅਕੱਥਣ, ਬੇਪ੍ਰਵਾਹ ਤੇਰੀ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੀ ਜ਼ਾਨਜ਼ੂ ਨਵਾ, ਬਹਰੇ ਹਕਾ ਕਬੂ ਤਾਮੀਲੇ ਖ਼ੁਦਾ, ਸਕੂਲੇ ਤਹਿ ਦਿਲ ਜ਼ਾਹਰੇ ਨਵਾ ਆਸੀਨ ਕੁਜ਼ੂ ਜ਼ਬੂਤੋ ਜ਼ਵਾ, ਰਸੂਲੇ ਮੁਹੰਮਦ ਮਦੀਨੇ ਮੁਹੱਦਲ ਮੁਹੰਮਦੇ ਨਜ਼ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਜੋਬਨਵੰਤੀ, ਨੂਰ ਨੁਰਾਨੀ ਨਜ਼ਰੀ ਆਈਆ । ਮੈਂ ਛੱਡ ਦਿਤੇ ਮੁੱਲਾ ਸ਼ੇਖ਼ ਮੁਸਾਇਕ ਨਾਤਾ ਤੋੜਿਆ ਪੰਡਤੀ, ਅੱਖਰਾਂ ਵਾਲੀ ਛੱਡਾਂ ਪੜ੍ਹਾਈਆ । ਮੈਂ ਪ੍ਰਭ ਦੇ ਦਰ ਦੀ ਹੋ ਗਈ ਮੰਗਤੀ, ਝੋਲੀ ਇਕੋ ਅੱਗੇ ਡਾਹੀਆ । ਗੜ੍ਹ ਟੁੱਟ ਗਿਆ ਹਉਮੇ ਹੰਗਤੀ, ਹੰ ਬ੍ਰਹਮ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੈਂ ਨੂਰ ਨੁਰਾਨੀ, ਸੂਰਬੀਰ ਅਖਵਾਈਆ ।

ਮੇਰੀ ਮਸਤੀ ਮਸਤ ਜਵਾਨੀ, ਸੋਭਾਵੰਤ ਸੁਹਾਈਆ । ਹੁਣ ਤੱਕਾਂ ਨੂਰ ਨੁਰਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਹੜਾ ਕਦੇ ਨਾ ਹੋਵੇ ਫ਼ਾਨੀ, ਮੜ੍ਹੀ ਗੋਰ ਨਾ ਡੇਰਾ ਲਾਈਆ । ਜਿਸ ਨੂੰ ਕਹਿੰਦੇ ਮਾਲਕ ਅਸਮਾਨੀ, ਦਰਗਾਹ ਸਾਚੀ ਸੋਭਾ ਪਾਈਆ । ਮੇਰੀ ਮੁਹੱਬਤ ਓਸ ਦੇ ਨਾਲ ਪੁਰਾਣੀ, ਜੁਗ ਚੌਕੜੀ ਨਾ ਕੋਇ ਸਮਝਾਈਆ । ਜਿਸ ਦੇ ਵਿਚ ਸ਼ਰਅ ਨਹੀਂ ਕੋਈ ਬੇਗਾਨੀ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਸਦ ਵਸੇ ਆਲਮੇ ਜਾਵਦਾਨੀ, ਨਿਰਗੁਣ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਮਹਿਬੂਬ, ਤੇਰਾ ਰਾਹ ਤਕਾਈਆ । ਤੂੰ ਵਾਲੀ ਅਰਸ਼ ਅਰੂਜ, ਸ਼ਹਿਨਸ਼ਾਹ ਧੁਰਦਰਗਾਹੀਆ । ਤੇਰੀ ਮੰਜ਼ਲ ਹੱਕ ਮਕ਼ਸੂਦ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਜਿਧਰ ਤੱਕਾਂ ਓਧਰ ਮੌਜੂਦ, ਚਾਰੋਂ ਕੁੰਟ ਸੋਭਾ ਪਾਈਆ । ਸੂਫ਼ੀ ਸੰਤ ਫ਼ਕੀਰ ਰੱਖੀਂ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਤੇਰਾ ਭੇਵ ਅਗੰਮਾ ਗੂਝ, ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਗੀਤਾ ਗਿਆਨ ਕਹਿਣ ਕੁਛ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਵੰਞਣ ਵਾਲੇ ਹਦੂਦ, ਮਜ਼੍ਹਬਾਂ ਵਾਲਾ ਬੰਧਨ ਪਾਈਆ । ਮਾਨਵ ਦੀ ਮਾਨਵ ਨਾਲ ਕਰੌਂਦੇ ਦੂਜ, ਏਕਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਆਸ ਰਖਾਈਆ । ਸਦੀ ਚੌਧਵੀਂ ਕਹੇ ਮੈਂ ਮਸਤ ਦੀਵਾਨੀ, ਤੇਰੇ ਰੰਗ ਸਮਾਈਆ । ਮੇਰਾ ਤਤ ਵਜੂਦ ਨਹੀਂ ਜਿਸਮਾਨੀ, ਕਲਮਾ ਢੋਲਾ ਨਾ ਕੋਇ ਗਾਈਆ । ਮੇਰੀ ਮੰਜ਼ਲ ਨਹੀਂ ਰੁਹਾਨੀ, ਜਗਤ ਰਜਵਾੜਿਆਂ ਵੰਡ ਵੰਡਾਈਆ । ਮੇਰੇ ਕੋਲ ਸ਼ਰਅ ਦੀ ਨਹੀਂ ਪ੍ਰਧਾਨੀ, ਜ਼ੰਜੀਰਾਂ ਬੰਧਨ ਪਾਈਆ । ਮੈਂ ਜਗਤ ਦੀ ਨਹੀਂ ਮਹਾਰਾਣੀ, ਸਿੰਘਾਸਣਾਂ ਉਤੇ ਡੇਰਾ ਲਾਈਆ । ਮੈਂ ਆਤਮਾ ਜੀਵ ਨਹੀਂ ਪ੍ਰਾਨੀ, ਸਾਹ ਸਾਹ ਤੇਰਾ ਨਾਮ ਧਿਆਈਆ । ਮੈਂ ਤੇਰਾ ਨੂਰ ਜ਼ਹੂਰ ਤੂੰ ਮੇਰਾ ਸ਼ਾਹ ਸੁਲਤਾਨੀ, ਦੂਜਾ ਨਜ਼ਰ ਕੋਇ ਨਾ ਆਈਆ । ਜਦ ਵੱਜੇ ਤੇਰੇ ਨਾਮ ਸ਼ਬਦ ਦੀ ਕਾਨੀ, ਕਲਮਾ ਮਹਿਬੂਬ ਮੇਰੇ ਅੰਦਰੋਂ ਦੇਣਾ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਜ਼ਾਨਾ ਮਜ਼ੁਲ ਮੁਜ਼ਰੇ ਜ਼ਵਾ ਤੋਹਫ਼ੇ ਤਸ਼ਦਦ ਮਕਜ਼ੇ ਨਵਾ, ਜ਼ੂਤੇ ਜ਼ਾਮਨ ਮੂਸੇ ਮਦਾ, ਈਸੇ ਜਲੱਲ ਨੂਰੇ ਖ਼ੁਦਾ, ਖ਼ਾਕੀ ਬੰਦਾ ਤੌਹੀਨੇ ਜ਼ਹਾ, ਜ਼ਮੀਂ ਅਸਮਾਂ ਕ਼ਦਮੇ ਰਵਾ, ਮੇਰੀ ਦੁਆ ਮੇਰੇ ਮਹਿਬੂਬ ਰੁਸ਼ਨਾ, ਤੂੰ ਸ਼ਹਿਨਸ਼ਾਹ ਵਾਲੀ ਦੋ ਜਹਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੰਡ ਵੰਡਾਈਆ । ਸਦੀ ਚੌਧਵੀਂ ਕਹੇ ਮੈਂ ਆ ਗਈ ਧੁਰਦਰਗਾਹੀ, ਮੇਰੇ ਮਹਿਬੂਬ ਦਿਤੀ ਵਡਿਆਈਆ । ਮੁਹੰਮਦ ਦੀ ਬਦਲ ਜਾਣੀ ਸ਼ਾਹੀ, ਤੋਬਾ ਤੋਬਾ ਮੇਰੀ ਦੁਹਾਈਆ । ਮੈਂ ਚੌਦਾਂ ਤਬਕ ਦੀ ਬਣ ਗਈ ਰਾਹੀ, ਮੰਜ਼ਲ ਮੰਜ਼ਲ ਭੱਜੀ ਵਾਹੋ ਦਾਹੀਆ । ਕਿਸੇ ਨੂੰ ਡਰ ਨਹੀਂ ਖ਼ੁਦਾ ਦੀ ਖ਼ੁਦਾਈ, ਖ਼ੁਦ ਮਾਲਕ ਦੀਨ ਦੁਨੀ ਨਜ਼ਰੀ ਆਈਆ । ਮੈਂ ਕਾਇਨਾਤ ਅੰਦਰ ਪਈ ਵੇਖੀ ਦੁਹਾਈ, ਬਹੁੜੀ ਬਹੁੜੀ ਕਰ ਕੇ ਸਾਰੇ ਰਹੇ ਕੁਰਲਾਈਆ । ਜਾਂ ਤੱਕਿਆ ਬਿਨਾ ਭਗਤਾਂ ਤੋਂ ਪ੍ਰਭ ਦੇ ਨਾਲੋਂ ਸਭ ਦੇ ਨਾਲੋਂ ਸਭ ਦੀ ਹੋਈ ਜੁਦਾਈ, ਸਾਚਾ ਸੰਗ ਨਾ ਕੋਇ ਨਿਭਾਈਆ । ਮੈਂ ਲੜਦੇ ਵੇਖੇ ਮੁਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਭਾਈ ਭਾਈ, ਸਾਚਾ ਸੰਗ ਨਾ ਕੋਈ ਨਿਭਾਈਆ । ਹਜ਼ਰਤ ਮੁਹੰਮਦ ਦੀ ਸੁੱਕ ਗਈ ਕ਼ਲਮ ਨਾਲੋਂ ਸਿਆਹੀ, ਤਕਰੀਰ ਤਹਿਰੀਰ ਨਾ ਕੋਇ ਬਣਾਈਆ । ਇਕ ਦੂਜੇ ਨਾਲ ਹੋਣ ਲੱਗੀ ਜੁਦਾਈ, ਜੁਜ਼ ਵਖਰੇ ਵਖਰੇ ਹਿੱਸੇ ਦਿਤੇ ਵਖਾਈਆ ।

ਮੈਨੂੰ ਯਾਦ ਆ ਗਈ ਗੋਬਿੰਦ ਨੇ ਬੂਟਾ ਪੁਟਿਆ ਕਾਹੀ, ਜੜ੍ਹ ਉਮਤ ਗਿਆ ਉਖੜਾਈਆ । ਮੈਂ ਵਾਸਤਾ ਪਾਵਾਂ ਤੇਰਾ ਨਾਮ ਦੁਹਾਈ, ਬਹੁੜੀ ਬਹੁੜੀ ਕਰ ਸੁਣਾਈਆ । ਮੇਰੇ ਖ਼ੁਦਾ ਬੇਪ੍ਰਵਾਹ ਲਾਸ਼ਰੀਕ ਲਾਮਹਿਦੂਦ, ਤੇਰੀ ਕਵਣ ਹਦੂਦ, ਤੇਰਾ ਉਚ ਮੁਨਾਰ ਮਹਿਰਾਬ ਸ਼ਾਹਨਵਾਬ ਸ਼ਹਿਨਸ਼ਾਹ ਇਕ ਅਖਵਾਈਆ । ਪੈਗ਼ੰਬਰ ਤੈਨੂੰ ਕਰਨ ਆਦਾਬ, ਸੱਜਦਿਆਂ ਵਿਚ ਲੱਭਣ ਪੁੰਨ ਸੁਆਬ, ਤੂੰ ਪੈਗ਼ੰਬਰਾਂ ਦੇਵੇਂ ਖ਼ਤਾਬ, ਖ਼ਤਾ ਸਭ ਦੇ ਵਿਚ ਰਖਾਈਆ । ਤੇਰੀ ਲਿਖ ਜਾਣ ਅੱਖਰਾਂ ਵਾਲੀ ਕਿਤਾਬ, ਹਿੰਸਿਆਂ ਵਾਲੇ ਬਾਬ ਸਿਫ਼ਤਾਂ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਅੰਤ ਮੁਹੰਮਦ ਆ ਜਾ ਨੇੜੇ, ਦੂਰ ਦੁਰਾਡਾ ਪੰਧ ਚੁਕਾਈਆ । ਵੇਖ ਲਾ ਉਮਤ ਵਾਲੇ ਝੇੜੇ, ਝਗੜਾ ਸਕੇ ਨਾ ਕੋਇ ਮੁਕਾਈਆ । ਉਜੜਨ ਲੱਗੇ ਖੇੜੇ, ਮੇਰੀ ਖ਼ੁਦ ਖ਼ੁਦਾ ਦੇ ਅੱਗੇ ਦੁਹਾਈਆ । ਹੱਕ ਹਕੀਕਤ ਕਵਣ ਨਬੇੜੇ, ਪਰਦਾ ਦਏ ਉਠਾਈਆ । ਏਕਾ ਓਸ ਪ੍ਰਭੂ ਨੂੰ ਭੁੱਲ ਗਏ ਬਥੇਰੇ, ਮਿਲਣਵਾਲਾ ਨਜ਼ਰ ਕੋਇ ਨਾ ਆਈਆ । ਕੋਟਾਂ ਗੁਰੂ ਅਣਗਿਣਤ ਹੋ ਗਏ ਚੇਰੇ, ਸ਼ਬਦ ਗੁਰੂ ਸਮਝ ਕਿਸੇ ਨਾ ਪਾਈਆ । ਸਚ ਚੜ੍ਹਾਵੇ ਕੋਈ ਨਾ ਬੇੜੇ, ਨੂਹ ਦੀ ਨਈਆ ਡੋਲੇ ਥਾਉਂ ਥਾਈਂਆ । ਮੈਂ ਚਾਰੋਂ ਕੁੰਟ ਮਾਰੇ ਫੇਰੇ, ਉੱਤਰ ਪੂਰਬ ਪੱਛਮ ਦੱਖਣ ਭੱਜੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਮੁਹੰਮਦ ਕਹੇ ਮੇਰੀ ਅੰਤ ਅਖ਼ੀਰ ਆਵਾਜ਼ ਯਾਮੁਬੀਨ ਅੱਲ੍ਹਾ ਤਜ਼ਗੁਲੇ ਆਜਜ਼ੇ ਬੋਲੋ ਕੁਲੇ ਮਸਲਸਲ ਜ਼ੀਵੇਜਜ਼ਾ ਤੇਰੀ ਰਜ਼ਾ, ਤੇਰੀ ਬਾਂਗ ਤੇਰੀ ਦੁਆ, ਮੇਰੇ ਖ਼ੁਦਾ ਖ਼ੁਦ ਮਾਲਕ ਤੇਰੀ ਇਕ ਵਡਿਆਈਆ । ਪੀਰ ਪੈਗ਼ੰਬਰ ਤੇਰੇ ਉਤੋਂ ਹੁੰਦੇ ਗਏ ਫ਼ਿਦਾ, ਫ਼ੈਸਲਾ ਤੇਰੇ ਹੱਥ ਰਖਾਈਆ । ਅੰਤ ਅਖ਼ੀਰ ਲੋਕਮਾਤ ਮਾਰ ਨਿਗਾਹ, ਬਿਨਾ ਨੈਣ ਅੱਖ ਉਠਾਈਆ । ਮਾਰਗ ਰਹਿਣਾ ਕੋਇ ਨਾ ਸਿੱਧਾ, ਔਝੜ ਰਾਹ ਦਿਸੇ ਲੋਕਾਈਆ । ਤੇਰਾ ਮੰਬਰੇ ਮਨਾਰਾ ਡਿੱਗਾ, ਅੰਬਰ ਰਿਹਾ ਕੁਰਲਾਈਆ । ਸੂਫ਼ੀਆਂ ਮਿਲੇ ਕੋਈ ਨਾ ਜਗਹ, ਜਹਾਲਤ ਵਿਚ ਦੁਹਾਈਆ । ਮੁਲਾਂ ਸ਼ੇਖ਼ਾਂ ਅੰਦਰ ਦੀ ਵਿਗੜ ਗਈ ਤਬਅ, ਤਬੀਅਤ ਠੀਕ ਕਰਨ ਵਾਲਾ ਤਬੀਬ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰ ਹੋ ਗਈ ਚਿੰਤਾ, ਦੁੱਖ ਰਿਹਾ ਸਤਾਈਆ । ਮੈਂ ਪ੍ਰਭ ਦੇ ਅੱਗੇ ਕੱਢਾਂ ਮਿੰਨਤਾ, ਰੋ ਰੋ ਦਿਆਂ ਦੁਹਾਈਆ । ਪ੍ਰਭੂ ਸਦੀ ਚੌਧਵੀਂ ਮੇਰੇ ਪਰਵਰਦਿਗਾਰ ਕਾਇਨਾਤ ਸਾਰੀ ਕਰੇ ਇੱਲਤਾਂ, ਧੁਰ ਦੇ ਇਲਮ ਦੀ ਸਮਝ ਕਿਸੇ ਨਾ ਪਾਈਆ । ਮਾਣ ਵਡਿਆਈ ਚਾਹੁੰਦੇ ਖਿਲਤਾ, ਆਬਰੂ ਜਗਤ ਵਾਲੀ ਸਮਝਾਈਆ । ਮੈਂ ਫਿਰ ਫਿਰ ਵੇਖਿਆ ਘਰ ਘਰ ਡੇਰਾ ਲੱਗਾ ਨਿੰਦਕਾਂ, ਸੂਫ਼ੀ ਸੰਤ ਫ਼ਕੀਰ ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਝਗੜਾ ਵੇਖਿਆ ਤੱਤ ਵਜੂਦ ਸਰੀਰ ਪੰਜ ਤੱਤ ਪਿੰਡ ਕਾ, ਦੀਨਾਂ ਮਜ਼੍ਹਬਾਂ ਵਿਚ ਦੁਹਾਈਆ । ਪਤਾ ਨਹੀਂ ਕੀ ਹਾਲ ਹੋਣਾ ਇਹ ਭਾਰਤ ਵਾਸੀ ਹਿੰਦ ਕਾ, ਹਿੰਦਸਾ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਹੰਮਦ ਕਹੇ ਮੇਰਾ ਅੰਤ ਅਖ਼ੀਰੀ ਰਸਤਾ, ਰਹਿਬਰ ਹੋ ਕੇ ਦਿਆਂ ਜਣਾਈਆ । ਬੱਝਣ ਵਾਲਾ ਬਸਤਾ, ਤੀਸ ਬਤੀਸ ਨਾ ਵੰਡ ਵੰਡਾਈਆ । ਮੈਂ ਵੇਖਿਆ ਮੇਰਾ ਖ਼ੁਦਾ ਛੱਡ ਕੇ ਅਰਸ਼ਾਂ, ਫ਼ਰਸ਼ਾਂ ਉਤੇ ਡੇਰਾ ਲਾਈਆ । ਮੁਹੰਮਦ ਦੀਆਂ ਪੂਰੀਆਂ ਕਰਨ ਆਇਆ ਸ਼ਰਤਾਂ, ਭਵਿਖਤ ਗੁਰ ਅਵਤਾਰਾਂ ਦਾ ਨਾਲ ਮਿਲਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦਾ, ਬਲਧਾਰੀ ਜਲਵਾ ਨੂਰ ਕਰੇ ਰੁਸ਼ਨਾਈਆ । ਇਹ ਖੇਲ ਮੇਰੇ ਹਰਿ ਦਾ, ਜੋ ਹਰ ਹਿਰਦੇ ਰਿਹਾ ਸਮਾਈਆ ।

ਜਿਸ ਕੋਲੋਂ ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰ ਰਿਹਾ ਡਰਦਾ, ਨਿਉਂ ਨਿਉਂ ਸੀਸ ਝੁਕਾਈਆ । ਨਾਮ ਕਲਮੇ ਰਿਹਾ ਪੜ੍ਹਦਾ, ਵੇਦਾਂ ਸ਼ਾਸਤਰਾਂ ਪੁਰਾਣ ਅੰਜੀਲਾਂ ਕਰੇ ਲਿਖਾਈਆ । ਜਾਂ ਤੱਕਿਆ ਗੁਰ ਅਵਤਾਰ ਪੈਗ਼ੰਬਰ ਸਾਰਾ ਵੇਖਿਆ ਮਰਦਾ, ਥਿਰ ਰਹਿਣ ਕੋਇ ਨਾ ਪਾਈਆ । ਇਹ ਖੇਲ ਨਰਾਇਣ ਨਰ ਦਾ, ਜਿਸ ਨਾਨਕ ਗੋਬਿੰਦ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਮੁਜ਼ਲਜ਼ਦ ਵਜ਼ੀਦੇ ਨਵਲ, ਜ਼ਗੁਸੇ ਜ਼ਗੇ ਜ਼ੀਨਾ ਦੁਆ, ਮੇਰੇ ਦਿਲ ਰੁਬਾ, ਸਾਰੀ ਕਾਇਨਾਤ ਦੁਨੀਆ ਹੋਈ ਬੇਵਫ਼ਾ, ਆਪਣੀ ਹਕੀਕ਼ਤ ਦਾ ਲਾਸ਼ਰੀਕ ਬਦਲ ਦੇ ਸਫ਼ਾ ਧੁਰਦਰਗਾਹੀਆ । ਬਿਨਾ ਅੱਖਰਾਂ ਤੋਂ ਹਿੰਦਸਿਆਂ ਤੋਂ ਸਭ ਦੇ ਉਪਰ ਲਾ ਦੇ ਆਪਣੀ ਦਫ਼ਾ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਮੇਰੀ ਦੁਹਾਈ ਦਰੋਹੀ ਖ਼ੁਦਾ ਦੀ, ਖ਼ੁਦਾ ਦੇ ਨਬੀ ਦੀ, ਦ੍ਰੋਹੀ ਚੌਂਹ ਯਾਰਾਂ ਦੀ, ਦਰੋਹੀ ਹਜ਼ਰਤ ਪੀਰ ਦਸਤਗੀਰ ਦੀ, ਦਰੋਹੀ ਜੀਵ ਲੋਚਅਲ ਨੇਕ ਕਮਚ ਖੇਲ ਦੀ, ਸੌਂਹ ਖ਼ੁਦਾ ਤੇ ਖ਼ੁਦਾ ਦੇ ਨਬੀ ਦੀ, ਨਬੀ ਰਸੂਲਾਂ ਪਈ ਦੁਹਾਈਆ । ਸਦੀ ਚੌਧਵੀਂ ਕਹੇ ਮੈਂ ਕੀ ਜਾਣਾ ਪੈਗ਼ੰਬਰਾਂ ਵਾਲੀ ਗੱਦੀ ਨੂੰ, ਗਦਾਗਰ ਵੇਖੀ ਲੋਕਾਈਆ । ਮੈਂ ਇਕੋ ਜਾਣਦੀ ਪੁਰਖ ਅਕਾਲ ਦੀ ਜੋਤ ਰੱਬੀ ਨੂੰ, ਜੋ ਹਰ ਘਟ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਖੇਲ ਸਚ ਦਾ ਇਕ ਵਖਾਈਆ । ਸਦੀ ਚੌਧਵੀਂ ਕਹੇ ਕਾਨੂਸੇ ਕਵਾਂ ਜ਼ਨੂਸੇ ਮਰਦਾਂ ਮਨਹੂਸੇ ਸਵਾਂ ਚੌਦਾਂ ਤਬਕਾਂ ਦੁਆ ਸਿਰ ਕ਼ਦਮਾਂ ਨਿਵਾ ਵੇਖਾਂ ਅਰਬਾਂ ਦਾ ਰਾਹ ਮੁਹੱਬਤੇ ਨਜ਼ਾਅ ਸੁਹਬਤੇ ਖ਼ੁਦਾ ਜਾਜ਼ੀਨੇ ਅਦਾ ਮਦੀਨੇ ਰੁਦਾ ਮੱਕੇ ਕੁਦਾ ਸੂਖੇ ਸੁਬਾ ਚਾਰ ਯਾਰੀ ਮੁਬਾ, ਨਬੀਓ ਨਵਾ ਸਦੀਓ ਗ਼ਜ਼ਾ ਵਹਿਨਜ਼ੇ ਨਮਿਲ ਜ਼ਕੂਨੇ ਜ਼ਲਿਲ ਸ਼ਾਵੀਦੇ ਸਬੋ ਮੋਜ਼ੀਦੇ ਨਮੋ ਕੁਨ ਕੁਜ਼ੀਦੇ ਖ਼ਮੋ, ਖ਼ਾਨਾਏ ਖ਼ੁਦਾ ਮੇਰੀ ਦੁਆ, ਦਰ ਤੇਰੇ ਅਲਖ ਜਗਾਈਆ । ਰਸੂਲੇ ਰਜ਼ੱਲ, ਕਜ਼ੂਲੇ ਕਮਨ, ਮਾਜ਼ੂਲੇ ਚਲਿੱਲ, ਪੋਜਿਸਤਾ ਅਲਿੱਲ, ਨਵਿਸਤਾ ਖਲਿਲ, ਦੋਗੀਨਾ ਗੁਦਮ, ਮੁਹੰਮਦੇ ਜ਼ਗੁਮ, ਜਾਹਰੇ ਜ਼ਮੱਮ, ਸ਼ਾਹੇ ਕਮਨ, ਮੇਰੇ ਮਹਨ ਮਾਹੀ ਨੂਰ ਜ਼ਹੂਰ ਤੇਰੀ ਰੁਸ਼ਨਾਈਆ । ਆਸਾ ਵਜ਼ੂ, ਕਾਸਾ ਕਜ਼ੂ, ਭਰਵਾਸਾਏ ਰੂਹ, ਮੁਤਲਾਸ਼ੇ ਹੂ, ਖੁਲਾਸਾਏ ਨੂਹ, ਜ਼ੁਬਲੀ ਜ਼ਾਸਾਏ ਅਬੂ, ਤੇਰਾ ਨਾਮ ਤੂੰਹੀ ਤੂੰ ਨਜ਼ਰੀ ਆਈਆ । ਮੁਹੰਮਦ ਕਹੇ ਮੈਂ ਵਾਰੀ ਸਦਕਾ, ਸਦ ਸਦ ਘੋਲ ਘੁਮਾਈਆ । ਰਾਹ ਤੱਕਾਂ ਪੁਰਾਣਾ ਕਦ ਕਾ, ਕ਼ਦੀਮ ਦਾ ਵੇਖ ਵਖਾਈਆ । ਖੇਲ ਵੇਖਣਾ ਪੁਰਖ ਸਮਰਥ ਦਾ, ਜੋ ਦਾਤਾ ਧੁਰਦਰਗਾਹੀਆ । ਜੁਗ ਜੁਗ ਪੈਜ ਜੋ ਭਗਤਾਂ ਰੱਖਦਾ, ਸੂਫ਼ੀਆਂ ਹੋਏ ਸਹਾਈਆ । ਪ੍ਰਕਾਸ਼ ਦੇਵੇ ਨਿਜ ਨੇਤਰ ਅੱਖ ਦਾ, ਲੋਚਣ ਨੈਣ ਖੁਲ੍ਹਾਈਆ । ਲਹਿਣਾ ਚੁਕਾਏ ਕਰੋੜੀ ਲੱਖ ਦਾ, ਖ਼ਾਕੀ ਖ਼ਾਕ ਨਾਲ ਉਡਾਈਆ । ਭੇਵ ਖੁਲ੍ਹਾਏ ਹਕੀਕਤ ਹੱਕ ਦਾ, ਪਰਦਾ ਦੂਈ ਗਵਾਈਆ । ਮੈਨੂੰ ਐਂ ਜਾਪਦਾ ਹੁਣ ਵੇਲਾ ਆ ਗਿਆ ਸ਼ੱਕ ਦਾ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਕਲਜੁਗ ਕੂੜਾ ਫਿਰੇ ਟੱਪਦਾ, ਘਰ ਘਰ ਆਪਣਾ ਬਲ ਪ੍ਰਗਟਾਈਆ । ਮਾਇਆ ਰੂਪ ਧਰਿਆ ਸੱਪ ਦਾ, ਨਾਗਨੀ ਡੰਗੇ ਚਾਈਂ ਚਾਈਂਆ । ਹਿਰਦਿਉਂ ਮੇਰੇ ਖ਼ੁਦਾ ਨੂੰ ਪ੍ਰਭੂ ਪਰਮਾਤਮਾ ਨੂੰ ਕੋਈ ਨਹੀਂ ਜਪਦਾ, ਰੋਮ ਰੋਮ ਨਾ ਕੋਇ ਸਮਾਈਆ । ਨਜ਼ਾਰਾ ਤੱਕ ਲਓ ਮੇਰੇ ਖ਼ਾਲੀ ਹੱਥ ਦਾ, ਮੁਹੰਮਦ ਕੂਕ ਕੇ ਰਿਹਾ ਸੁਣਾਈਆ । ਇਹ ਝੂਠਾ ਖੇਲ ਸੰਸਾਰ ਜਗ ਦਾ, ਅੰਤ ਨਜ਼ਰ ਕੋਇ ਨਾ ਆਈਆ । ਅਵਤਾਰ ਗੁਰੂ ਪੈਗ਼ੰਬਰ ਵੇਖੋ ਖਪਦਾ, ਜੋ ਜੰਮਿਆ ਸੋ ਮਰ ਜਾਈਆ । ਚਾਰ ਕੁੰਟ ਅਗਨੀ ਭਠਿਆਰਾ ਵੇਖੋ ਤਪਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੪੦
੨੧

ਕਿਰਪਾ ਕਰ, ਹਰਿ ਆਪਣੀ ਧਾਰ ਸਮਝਾਈਆ । ਮੁਹੰਮਦ ਕਹੇ ਮੇਰਾ ਦੇ ਦਿਓ ਉਨਾਭੀ ਰੰਗ ਦਾ ਦੁਪੱਟਾ, ਮੈਂ ਪਿਛਲੀ ਮੰਗ ਮੰਗਾਈਆ । ਮੇਰਾ ਚੌਦਾਂ ਸਦੀਆਂ ਦਾ ਪੂਰਾ ਹੋਣ ਲੱਗਾ ਪੱਟਾ, ਪਟਨੇ ਵਾਲਾ ਸ਼ਹਾਦਤ ਰਿਹਾ ਭੁਗਤਾਈਆ । ਮੇਰਾ ਅੱਲਾ ਹੂ ਅਕਬਰ ਦਾ ਪੂਰਾ ਹੋਣ ਲੱਗਾ ਟੱਪਾ, ਟੀਕਾ ਟਿੱਪਣੀ ਰਹਿਣ ਕੋਇ ਨਾ ਪਾਈਆ । ਪ੍ਰਕਾਸ਼ ਹੋਣਾ ਇਕੋ ਪੱਪਾ, ਪਾਰਬ੍ਰਹਮ ਚਾਰੋਂ ਕੁੰਟ ਨਜ਼ਰੀ ਆਈਆ । ਜਿਹੜਾ ਉਮਤ ਮਜ਼੍ਹਬ ਕੌਮ ਉਪਰ ਪਾਇਆ ਸ਼ਰਅ ਦਾ ਛੱਪਾ, ਉਹ ਛੁਪਣ ਵਾਲਾ ਸੂਰੀਆ ਗ਼ਰੂਬ ਹੁੰਦਾ ਨਜ਼ਰੀ ਆਈਆ । ਮੇਰੇ ਕੋਲ ਨਹੀਂ ਕੁਛ ਖੱਪਾ, ਮੈਂ ਬਚਨ ਸੁਣਾਵਾਂ ਹੱਕਾ, ਮੇਰਾ ਮੁਰੀਦ ਧਰਮ ਦੀ ਸੂਈ ਵਿਚ ਦੀ ਲੰਘਿਆ ਨਹੀਂ ਕੋਈ ਨੱਕਾ, ਨਾਨਕ ਬਗ਼ਦਾਦ ਵਿਚ ਬੋਲ ਕੇ ਗਿਆ ਸੁਣਾਈਆ । ਮੈਂ ਜਿਧਰ ਤੱਕਾਂ ਉਧਰ ਉਡਦਾ ਘੱਟਾ, ਮਿੱਟੀ ਖ਼ਾਕ ਰੁਲਾਈਆ । ਫ਼ਕੀਰ ਫ਼ਕੀਰਾਂ ਨੂੰ ਕਰਦੇ ਠੱਠਾ, ਮੁੱਲਾ ਮੁੱਲਾ ਨਾਲ ਲੜਾਈਆ । ਮੈਂ ਸਮਝਿਆ ਏਦੂੰ ਚੰਗਾ ਯਰਾਨਾ ਨਾਲ ਜੱਟਾ, ਜਿਸ ਦਾ ਭੇਤ ਨਾ ਕੋਇ ਸਮਝਾਈਆ । ਜਿਸ ਦੀਨ ਦੁਨੀ ਦਾ ਮੇਟਣਾ ਰੱਟਾ, ਕਿਸੇ ਨੂੰ ਖਾਣ ਨਹੀਂ ਦੇਣਾ ਕੱਟਾ ਵੱਛਾ, ਗਾਂ ਸੂਰ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਮੁਹੰਮਦ ਕਹੇ ਮੇਰੀ ਦੁਹਾਈ ਮੇਰਿਆ ਅੱਬਾ, ਮੈਂ ਚਲਾਂ ਉਪਰ ਪੱਬਾਂ, ਤੂੰ ਤਬੀਅਤ ਬਦਲ ਦੇ ਸੱਭਾ, ਕੋਈ ਰਹੇ ਨਾ ਮਾਤ ਹਲਕਾਈਆ । ਮੈਨੂੰ ਸੁੱਕਾ ਟੁੱਕਰ ਮਿਲਣਾ ਅੱਧਾ, ਦੋ ਤਿੰਨ ਦਿਨ ਦਾ ਨਜ਼ਰੀ ਆਈਆ । ਅਸੀਂ ਸੁਣ ਲਿਆ ਅਰਸ਼ਾਂ ਤੋਂ ਉਤੇ ਵਜਦਾ ਡੱਗਾ, ਡੁਗਡੁਗੀ ਦਏ ਦੁਹਾਈਆ । ਜਿਸ ਤਾਰ ਦਿਤੇ ਪਸ਼ੂ ਪੰਛੀ ਚੋਪਾਏ ਕੱਗਾ, ਕਾਗੋਂ ਹੰਸ ਬਣਾਈਆ । ਜਾਂ ਮੈਂ ਹੱਥ ਮਾਰਿਆ ਮਜ਼੍ਹਬ ਦਾ ਕੋਈ ਨਹੀਂ ਦਿਸਿਆ ਤੱਗਾ, ਮੌਲੀ ਤੰਦ ਨਾ ਕੋਇ ਰਖਾਈਆ । ਮੇਰੇ ਪੀੜ ਹੋਈ ਹੱਡਾ, ਦੁੱਖ ਦਿਤਾ ਸਤਾਈਆ । ਸੋਚਿਆ ਸਮਝਿਆ ਜਾਣਿਆ ਬੁੱਝਿਆ ਕਿਸ ਤਰਾ ਉਮਤ ਨੂੰ ਸੁੰਨਤ ਵਾਲੀ ਨੂੰ ਕ਼ਬਰਾਂ ਵਿਚੋਂ ਕੱਢਾਂ, ਮਕ਼ਬਰੇ ਦੇਣ ਦੁਹਾਈਆ । ਮੇਰਾ ਕੋਈ ਨਾ ਦਿਸਿਆ ਸੱਜਣ ਮੀਤ ਮੁਰਾਰਾ ਸਕਾ, ਸਾਰੇ ਨਾਤੇ ਗਏ ਤੁੜਾਈਆ । ਮੈਂ ਫੇਰ ਚੁੱਕ ਲਈਆਂ ਅਸਮਾਨ ਤੋਂ ਜ਼ਿਮੀਂ ਵੱਲ ਅੱਖਾਂ, ਬਿਨ ਅੱਖਾਂ ਵੇਖ ਵਖਾਈਆ । ਜਿਨ੍ਹਾਂ ਨੂੰ ਕਹਿੰਦਾ ਸਾਂ ਅੱਲਾ ਦੀਆਂ ਰੱਖਾਂ, ਉਨ੍ਹਾਂ ਨੂੰ ਰੱਖਣ ਕੋਇ ਨਾ ਪਾਈਆ । ਮੈਂ ਜਿਧਰ ਜਾਵਾਂ ਮੈਨੂੰ ਓਧਰ ਵਜਦੀਆਂ ਸੱਟਾਂ, ਠੋਕਰਾਂ ਨਾਲ ਸਾਰੇ ਰਹੇ ਠੁਕਰਾਈਆ । ਫੇਰ ਮੈਂ ਕਦੀ ਓਧਰ ਕਦੀ ਏਧਰ ਚੌਦਾਂ ਤਬਕਾਂ ਨੱਠਾਂ, ਦੁਹਾਈ ਮੇਰੀ ਖ਼ੁਦਾਈ ਖ਼ੁਦ ਮਾਲਕ ਨਜ਼ਰ ਕਿਸੇ ਨਾ ਆਈਆ । ਓ ਸਦੀ ਚੌਧਵੀਂ, ਜਾ ਕੇ ਪ੍ਰਭੂ ਦੇ ਪਿਆਰਿਆਂ ਦੇ ਆ ਸੱਦਾ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਜਿਨ੍ਹਾਂ ਦੇ ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਵਸਦਾ ਉਪਰ ਸ਼ਾਹ ਰੱਗਾ, ਨੌ ਦਵਾਰੇ ਡੇਰਾ ਢਾਹੀਆ । ਉਨ੍ਹਾਂ ਨੂੰ ਮੇਰੇ ਮਹਿਬੂਬ ਦਾ ਮੇਰਾ ਸਾਚਾ ਦੇ ਦੇ ਸੱਦਾ, ਛੱਡ ਦੇ ਦੀਨ ਮਜ਼੍ਹਬ ਦੀਆਂ ਹੱਦਾਂ, ਸਭ ਦਾ ਖ਼ਾਲੀ ਵੇਖੋ ਡੱਬਾ, ਡੌਰੂ ਸਾਰੇ ਰਹੇ ਵਜਾਈਆ । ਮੈਂ ਵੇਖਿਆ ਮੁਕਾਮੇ ਹੱਕ ਦਰਗਾਹ ਸਾਚੀ ਸਚਖੰਡ ਦਵਾਰੇ ਕਿਸੇ ਨੂੰ ਮਿਲਦੀ ਨਹੀਂ ਜਗਹ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਓਹ ਪੈਗ਼ੰਬਰ ਕਾਹਦਾ ਓਹ ਪੀਰ ਕਾਹਦਾ ਓਹ ਪਿਓ ਕਾਹਦਾ ਓਹ ਪੁਤ ਕਾਹਦਾ ਜਿਸ ਦਾ ਧਰਮ ਦਾ ਨਾ ਵਧੇ ਅੱਗਾ, ਸਚ ਵਿਚ ਸੁਚ ਨਾ ਕੋਇ ਸਮਾਈਆ । ਹਜ਼ਰਤ ਮੁਹੰਮਦ ਕਹੇ ਮੈਨੂੰ ਤੁਰੇ ਜਾਂਦੇ ਨੂੰ ਸੱਟ ਲੱਗੀ ਲੱਤ ਸੱਜਾ, ਮੇਰੀ ਟੰਗ ਦਿਤੀ ਤੁੜਾਈਆ । ਮੇਰੇ ਦਰਦ ਹੋਣ ਲੱਗੀ ਹੱਡਾ, ਪਸਲੀਆਂ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖੇ ਭਗਤ ਚੜ੍ਹਦੇ ਉਪਰ ਰਾਕੀ,


੭੪੧
੨੧

ਦੁਲਦੁਲਾਂ ਉਪਰ ਆਸਣ ਲਾਈਆ । ਦਰਗਾਹ ਦੀ ਖੁਲ੍ਹੀ ਵੇਖੀ ਤਾਕੀ, ਤਕਵਾ ਇਕ ਜਣਾਈਆ । ਜਿਹੜੀ ਪੈਗ਼ੰਬਰਾਂ ਦੀ ਪਿੱਠ ਤੇ ਕਾਲੀ ਲੱਗੀ ਰਹੀ ਟਾਕੀ, ਮਜ਼੍ਹਬਾਂ ਦਾ ਧੱਬਾ ਦਿਤਾ ਲਾਹੀਆ । ਓਹ ਗੋਬਿੰਦ ਦੀ ਅੱਜ ਸੱਦ ਲਈ ਪਾਬੀ, ਜਿਸ ਨਾਲ ਅੰਗੀਠਾ ਗਿਆ ਤਪਾਈਆ । ਜਨ ਭਗਤਾਂ ਦੀ ਪਵਿਤ੍ਰ ਹੋਣੀ ਕਾਇਆ ਕਾਚੀ, ਕੰਚਨ ਗੜ੍ਹ ਸੁਹਾਈਆ । ਗੁਰਮੁਖੋ ਤੁਹਾਡੇ ਪਿਆਰ ਦੀ ਲੇਖੇ ਲੱਗ ਜਾਏ ਇਕ ਇਕ ਇਲਾਚੀ, ਲਾਚੀ ਜਿਹੜਾ ਪ੍ਰਸ਼ਾਦ ਰਾਮ ਵਸ਼ਿਸ਼ਟ ਨੂੰ ਗਿਆ ਵਰਤਾਈਆ । ਇਹ ਬਿਨ ਬੰਦਗੀ ਤੋਂ ਬਾਹਰ ਦੀ ਭਾਜੀ, ਤੁਹਾਨੂੰ ਮਾਲਾ ਮਣਕਿਆਂ ਤੋਂ ਲੈਣਾ ਛੁਡਾਈਆ । ਤੁਹਾਡੇ ਸ਼ਰੀਰ ਵਾਲੀ ਉਬਲਣ ਨਹੀਂ ਦੇਣੀ ਹਾਂਡੀ, ਹਾਂਡੀਆਂ ਦਾ ਲੇਖਾ ਦਿਤਾ ਵਖਾਈਆ । ਸਦੀ ਚੌਧਵੀਂ ਕਹੇ ਸਭ ਨਾਲੋਂ ਵਡਾ ਗੁਣ ਉਹਦਾ ਜਿਹੜਾ ਮੇਰੇ ਪਿਛੇ ਫੇਰੇ ਕਾਂਡੀ, ਹੱਥਾਂ ਦੀ ਕਰੇ ਸਫ਼ਾਈਆ । ਮੇਰੀ ਤੋਬਾ ਮੇਰੀ ਦੁਹਾਈ ਵੇਖਿਓ ਕੋਈ ਗਾਂ ਨਾ ਖਾਇਓ ਢਾਂਡੀ, ਕੱਟਾ ਵੱਛਾ ਖਾਣ ਵਾਲਾ ਦਰਗਾਹ ਪੁੱਜਣ ਕੋਇ ਨਾ ਪਾਈਆ । ਮੇਰੀ ਬੜੀ ਖ਼ੁਸ਼ੀ ਮੈਂ ਭਗਤ ਦਵਾਰੇ ਆ ਗਈ ਸੁਖੀ ਸਾਂਦੀ, ਸੁੱਖਣਾ ਸੁੱਖਦਿਆਂ ਤੇਰਾਂ ਸੌ ਅਠਾਸੀ ਸਾਲ ਦਿਤੇ ਲੰਘਾਈਆ । ਮੈਂ ਕਦੇ ਕਿਸੇ ਤੀਰਥ ਨਹੀਂ ਨਹਾਂਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣਾ ਪੈਰ ਨਾ ਕਦੇ ਲਗਾਈਆ । ਮੈਂ ਕੋਈ ਪੰਡਤ ਨਹੀਂ ਜਗਤ ਵਾਲੀ ਪਾਂਧੀ, ਮੈਂ ਕੋਈ ਦੀਨਾਂ ਮਜ਼੍ਹਬਾਂ ਦੀ ਨਹੀਂ ਬਾਂਦੀ, ਮੈਂ ਕੋਈ ਗੁਰ ਅਵਤਾਰ ਪੈਗ਼ੰਬਰਾਂ ਤੋਂ ਭੁੱਲ ਨਹੀਂ ਬਖ਼ਸ਼ਾਂਦੀ, ਮੈਂ ਜਦ ਚਾਹਵਾਂ ਪਰਵਰਦਿਗਾਰ ਸਾਂਝੇ ਯਾਰ ਦੇ ਰਾਹ ਨੂੰ ਬਿਨ ਅੱਖਾਂ ਤੋਂ ਜਾਂਦੀ, ਜਗਤ ਅੱਖਾਂ ਨਜ਼ਰ ਕਦੇ ਨਾ ਆਈਆ । ਮੁਹੰਮਦ ਦੀ ਖ਼ਾਹਿਸ਼ ਤੇ ਮੇਰੀ ਗੁਤ ਦੀ ਪਰਾਂਦੀ, ਤੇ ਗੌਤਮ ਦੀ ਧਾਰ ਲੇਖਾ ਦੇਣਾ ਮੁਕਾਈਆ । ਦੁਰਗਾ ਦੀ ਚਾਂਦੀ ਤੇ ਜਗਤ ਮਾਇਆ ਦੀ ਆਂਧੀ, ਜਿਹੜੀ ਸਾਰੇ ਸਾਧਾਂ ਤੇ ਸੰਤਾਂ ਨੂੰ ਖਾਂਦੀ, ਭਜਨ ਬੰਦਗੀ ਵਾਲਿਆਂ ਦਾ ਬੇੜਾ ਦਏ ਡੁਬਾਈਆ । ਮੈਂ ਇਕ ਮਾਲਕ ਦੇ ਸੋਹਣੇ ਗੀਤ ਗਾਂਦੀ, ਗਾ ਗਾ ਸ਼ੁਕਰ ਮਨਾਈਆ । ਜਨ ਭਗਤਾਂ ਵੇਖ ਕੇ ਮੇਰੀ ਅੱਖ ਸ਼ਰਮਾਂਦੀ, ਕਿਉਂ ਮੈਂ ਪੈਗ਼ੰਬਰਾਂ ਦੀ ਸਾਥਣ, ਓਹ ਪ੍ਰਭ ਦਾ ਢੋਲਾ ਵਾਚਣ, ਮਿਲ ਕੇ ਸਾਹਿਬ ਨੂੰ ਆਪਣੀ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਦਾ ਬਣਿਆ ਨਹੀਂ ਸਾਥਣ, ਭਗਤਾਂ ਦਾ ਭਗਵਾਨ ਸਦਾ ਨਜ਼ਰੀ ਆਈਆ । ਮੈਂ ਏਧਰ ਏਧਰ ਏਧਰ ਏਧਰ ਚਾਰੋਂ ਕੁੰਟ ਆਈ ਆਖਣ, ਆਖ਼ਰ ਦਿਆਂ ਜਣਾਈਆ । ਮੈਂ ਸਚਖੰਡ ਦੀ ਵਾਸਣ, ਦਰਗਾਹ ਸਾਚੀ ਸੋਭਾ ਪਾਈਆ । ਜਨ ਭਗਤੋ ਤੁਹਾਨੂੰ ਦਵਾਵਾਂ ਓਹ ਆਸਣ, ਜਿਥੇ ਪੁਰਖ ਅਬਿਨਾਸ਼ਣ ਸੋਭਾ ਪਾਈਆ । ਤੁਹਾਨੂੰ ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਕਾਸ਼ਾਂ ਪਾਤਾਲਾਂ ਜ਼ਿਮੀਂ ਅਸਮਾਨਾਂ ਮੜ੍ਹੀ ਗੋਰਾਂ ਵਿਚ ਕਦੇ ਨਾ ਦੇਵੇ ਗੁਆਚਣ, ਚੁਰਾਸੀ ਵਿਚੋਂ ਕੱਢਕੇ ਪ੍ਰਭ ਦੀ ਗੋਦ ਬਹਾਈਆ । ਤੁਹਾਨੂੰ ਪਤਾ ਨਹੀਂ, ਤੁਹਾਨੂੰ ਗੁਰ ਅਵਤਾਰ ਪੈਗ਼ੰਬਰ ਗਏ ਛੱਡ ਕੇ, ਲੋਕਮਾਤ ਵਿਚੋਂ ਗਏ ਲਦ ਕੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਦ ਕੇ, ਕ਼ਦੀਮ ਦੇ ਵਿਛੜਿਆਂ ਨਾ ਕੋਇ ਮਿਲਾਈਆ । ਅੱਜ ਮੌਕਾ ਦਰਸ਼ਨ ਕਰ ਲਓ ਰੱਜ ਕੇ, ਦਹਿ ਦਿਸ਼ਾ ਹੋਏ ਰੁਸ਼ਨਾਈਆ । ਤੁਹਾਡੀ ਮਨ ਕਲਪਣਾ ਜਾਵਾਂ ਬੱਧ ਕੇ, ਅੰਦਰੋਂ ਕਰਾਂ ਸਫ਼ਾਈਆ । ਪਿਛਲੀ ਕੀਤੀ ਜਾਵਾਂ ਰੱਦ ਕੇ, ਕੁਕਰਮਾਂ ਦਾ ਡੇਰਾ ਢਾਹੀਆ । ਤੁਹਾਡੇ ਅੰਦਰ ਆਤਮਾ ਪਰਮਾਤਮਾ ਜਾਵਾਂ ਰੱਖ ਕੇ, ਪ੍ਰਤੱਖ ਹੋ ਕੇ ਨਜ਼ਰੀ ਆਈਆ । ਇਹ ਬਚਨ ਧੁਰਦਰਗਾਹੀ ਸਚ ਦੇ, ਸਚ ਨਾਲ ਵਡਿਆਈਆ । ਮੂਰਖਾਂ ਨੂੰ ਨਹੀਂ ਪਚਦੇ, ਗੁਰਮੁਖ ਖ਼ੁਸ਼ੀਆਂ ਵਿਚ ਢੋਲੇ ਗਾਈਆ । ਸਦੀ ਚੌਧਵੀਂ ਕਹੇ ਮੇਰੇ ਵੀ ਲੇਖ ਜਾਂਦੇ ਵੱਧਦੇ, ਤੁਹਾਨੂੰ ਵੇਖ ਕੇ ਚਲਾਂ ਚਾਈਂ ਚਾਈਆ । ਸਾਰੇ ਆਪਣਾ ਸੀਨਾ ਵੇਖੋ ਤਗ

ਕੇ, ਤੁਹਾਡੇ ਅੰਦਰ ਕਿਹੜਾ ਡੇਰਾ ਲਾਈਆ । ਤੁਹਾਡਾ ਧਰਮ ਦਾ ਨਿਸ਼ਾਨਾ ਜਾਣਾ ਗੱਡ ਕੇ, ਗੱਡੇ ਵਾਲਿਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਬਖ਼ਸ਼ਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੈਨੂੰ ਡਾਗਾਂ ਸੋਟੇ ਦਿਸ ਪਏ ਬਰਛੇ, ਬਹੁੜੀ ਬਹੁੜੀ ਮੇਰੀ ਦੁਹਾਈਆ । ਮੇਰੇ ਕੋਲ ਨਹੀਂ ਰਹਿ ਗਏ ਖਰਚੇ, ਖੱਚਰਾਂ ਵਾਲੇ ਵਪਾਰੀ ਮੁਹੰਮਦ ਦੇ ਗਏ ਤਜਾਈਆ । ਹੁਣ ਜਗਤ ਵਾਲੇ ਰਹਿਣੇ ਚਰਚੇ, ਚਰਚਾਂ ਵਾਲੇ ਸਾਰੇ ਕੁਰਲਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਵੇਖਣ ਚਲੀ ਕਰਮ ਕਾਂਡ ਦੇ ਪਰਚੇ, ਪ੍ਰਾਚੀਨ ਦਾ ਪਰਦਾ ਦਿਆਂ ਉਠਾਈਆ । ਤੁਸੀਂ ਬਣੇ ਰਿਹੋ ਇਕ ਪ੍ਰਭੂ ਦੇ ਬਰਦੇ, ਦੂਜੀ ਓਟ ਨਾ ਕੋਇ ਤਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਧਾਰ ਜੋਤ ਨਿਰੰਕਾਰ ਤੁਹਾਡੇ ਅੰਦਰ ਜਾਏ ਵੜ ਕੇ, ਘਰ ਘਰ ਆਪਣਾ ਫੇਰਾ ਪਾਈਆ । ਗੁਰਮੁਖੋ ਤੁਸੀਂ ਸ਼ਬਦ ਪੰਜ ਪੜ੍ਹ ਕੇ, ਫਿਰ ਖ਼ੁਸ਼ੀ ਲੈਣੀ ਮਨਾਈਆ । ਸਦੀ ਚੌਧਵੀਂ ਕਹੇ ਮੈਂ ਚਲੀ ਹਾਂ ਕੋਲ ਆਪਣੇ ਵਰ ਦੇ, ਜੋ ਪੀਆ ਪ੍ਰੀਤਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੇਰੀ ਸਲਾਮ, ਸਲਾਮਾਲੈਕਮ ਨਾਲ ਮਿਲਾਈਆ । ਮੇਰਾ ਤੱਕੇ ਅਗੰਮੀ ਅਮਾਮ, ਜੋ ਅਮਨ ਦੇਵੇ ਖ਼ੁਦਾਈਆ । ਦੀਨ ਮਜ਼੍ਹਬ ਝਗੜੇ ਮੇਟੇ ਤਮਾਮ, ਸ਼ਰਅ ਦਏ ਬਦਲਾਈਆ । ਲੇਖਾ ਪੂਰਾ ਕਰੇ ਇਸਲਾਮ, ਇਸਮ ਆਜ਼ਮ ਇਕ ਦ੍ਰਿੜ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੰਗਾਏ ਇਨਸਾਨ, ਹੈਵਾਨ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਗਾਣ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਮਾਇਆ ਮਮਤਾ ਮੋਹ ਵਿਕਾਰ ਜੂਠ ਝੂਠ ਦਾ ਮੇਟੇ ਨਿਸ਼ਾਨ, ਨਿਸ਼ਾਨਾ ਧੁਰ ਦਾ ਨਾਮ ਸਮਝਾਈਆ । ਸਭ ਦਾ ਸਾਂਝਾ ਹੋਵੇ ਪੀਣ ਖਾਣ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਨਾਮ ਕਲਮੇ ਦਾ ਦੇਂਦਾ ਰਿਹਾ ਦਾਨ, ਦਾਤਾ ਦਾਨੀ ਧੁਰਦਰਗਾਹੀਆ । ਜਿਸ ਦੀ ਹਜ਼ਰਤ ਮੁਹੰਮਦ ਮੰਨੀ ਆਨ, ਨਿਉਂ ਨਿਉਂ ਸੱਯਦਾ ਸੀਸ ਝੁਕਾਈਆ । ਓਹ ਸਾਹਿਬ ਸਤਿਗੁਰ ਪੁਰਖ ਅਕਾਲ ਪਰਵਰਦਿਗਾਰ ਨੌਜਵਾਨ, ਪਹਿਲਵਾਨਾਂ ਨਾਲ ਮਿਲਾਈਆ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਬੀਆਬਾਨ, ਦੋ ਜਹਾਨਾਂ ਫੋਲ ਫੁਲਾਈਆ । ਸਦੀ ਚੌਧਵੀਂ ਕਹੇ ਤੁਸੀਂ ਉਸ ਦੇ ਮਹਿਮਾਨ, ਜੋ ਮਿਹਰ ਨਜ਼ਰ ਉਠਾਈਆ । ਸਭ ਦੀ ਕਰਨ ਆਇਆ ਕਲਿਆਣ, ਕਲਮਾ ਧੁਰ ਦਾ ਇਕ ਜਣਾਈਆ । ਤੁਹਾਨੂੰ ਰੱਖਣਾ ਪਏ ਨਾ ਰੋਜ਼ਾ ਵਿਚ ਕੋਇ ਰਮਜ਼ਾਨ, ਰਮਜ਼ ਆਪਣਾ ਨਾਮ ਲਗਾਈਆ । ਸਤਿਜੁਗ ਭੂਮਿਕਾ ਸੋਹੇ ਅਸਥਾਨ, ਜੋ ਹਰਿਜਨ ਡੇਰਾ ਲਾਈਆ । ਵੇਖਿਓ ਕੋਈ ਨਾ ਰਿਹੋ ਅੰਦਰੋਂ ਬੇਈਮਾਨ, ਬੇਵਾ ਰੂਪ ਨਾ ਕੋਇ ਵਟਾਈਆ । ਤੁਸੀਂ ਪ੍ਰਭੂ ਦਾ ਖ਼ਾਨਦਾਨ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਇਕ ਖ਼ੁਦਾ ਵਾਹਦ ਦੀ ਗਾਡ ਦੀ ਕਰੋ ਪਹਿਚਾਣ, ਜੋ ਬੇਪਹਿਚਾਣ ਨੂਰ ਅਲਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਉਪਰ ਧਰਮ ਦੀ ਕਮਾਨ, ਹੁਕਮਰਾਨ ਇਕ ਅਖਵਾਈਆ । ਅੱਲਾ ਰਾਮ ਵਾਹਿਗੁਰੂ ਓਸੇ ਦਾ ਢੋਲਾ ਗਾਣ, ਓਸੇ ਦੀ ਸਿਫ਼ਤ ਸਾਲਾਹੀਆ । ਸੋ ਖੇਲ ਕਰੇ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਨ ਕਲਜੁਗ ਅੰਤ ਸ੍ਰੀ ਭਗਵੰਤ ਕੂੜ ਮੇਟਣਾ ਨਿਸ਼ਾਨ, ਧਰਮ ਦੀ ਧਾਰ ਇਕ ਪ੍ਰਗਟਾਈਆ । ਸਚ ਪੁਛੋ ਦੋ ਜਹਾਨਾਂ ਦੀ ਲੌਣ ਆਇਆ ਮੀਜ਼ਾਨ, ਚਾਰ ਜੁਗ ਦਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਭਗਤੋ ਵੇਖੋ ਪਾ ਆਈ ਬੁਰਕਾ, ਬੁਰਿਆਂ ਤੋਂ ਮੁਖ ਛੁਪਾਈਆ । ਮੈਂ ਫੇਰਾ ਮਾਰਨਾ ਵਿਚ ਤੁਰਕਾਂ, ਤੁਰਤ ਆਪਣਾ ਪੰਧ ਮੁਕਾਈਆ । ਸਭ ਨੂੰ ਯਾਦ ਕਰਾਉਣਾ ਸ਼ਬਦ ਗੋਬਿੰਦ ਇਕ ਗੁਰ ਕਾ, ਜੋ ਪੁਰਖ ਅਕਾਲ ਦੱਸ ਕੇ ਗਿਆ ਸਭ ਦਾ ਪਿਤਾ ਮਾਈਆ । ਨਾਨਕ ਨੇ ਕਿਹਾ ਜਾਪ ਕਰਾਉਣਾ ਇਕੋ ਤੁਕ ਦਾ, ਸੋਹੰ ਢੋਲਾ ਧੁਰਦਰਗਾਹੀਆ । ਜਿਥੇ ਪੈਗ਼ੰਬਰਾਂ ਗੁਰੂਆਂ ਅਵਤਾਰਾਂ ਦਾ ਪੈਂਡਾ ਮੁਕਦਾ, ਮੰਜ਼ਲ ਅੱਗੇ ਨਾ ਕੋਇ ਵਖਾਈਆ । ਓਹ ਸਚਖੰਡ ਦਵਾਰਾ ਭਗਤ ਰਾਹ ਵਿਚ ਕੋਇ ਨਾ ਰੁਕਦਾ, ਅੱਗੇ ਹੋ ਨਾ ਕੋਇ ਅਟਕਾਈਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰਾਇਆ ਮਾਤਾ ਵਾਲੀ ਕੁੱਖ ਦਾ, ਜਨਣੀ ਲੇਖੇ ਪਾਈਆ । ਹੁਣ ਵੇਖਿਓ ਕੀ ਵੇਲਾ ਜਗਤ ਜਹਾਨ ਢੁਕਦਾ, ਤੁਹਾਡੇ ਢੋਲੇ ਚਾਰ ਜੁਗ ਦੇ ਪ੍ਰਭ ਆਪਣੇ ਨਾਲ ਮਿਲਾਈਆ । ਸ਼ੇਰ ਹੋ ਸ਼ਬਦ ਗੁਰੂ ਦੋ ਜਹਾਨਾਂ ਬੁਕਦਾ, ਬੁਕਲ ਵਿਚੋਂ ਸਾਰੇ ਲਏ ਕਢਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਗਗਨ ਗਗਨੰਤਰ ਆਪੇ ਪੁਛਦਾ, ਭੱਜੇ ਚਾਈਂ ਚਾਈਆ । ਹੁਣ ਵੇਲਾ ਨਹੀਂ ਰਹਿਣਾ ਚੁਪ ਦਾ, ਪਰਛਾਵਾਂ ਢਲਦਾ ਵੇਖੋ ਧੁੱਪ ਦਾ, ਜਗਤ ਅੰਧੇਰਾ ਮੇਟਣਾ ਘੁਪ ਦਾ, ਨਾਤਾ ਜੁੜਨਾ ਪੁਰਖ ਅਕਾਲ ਗੋਬਿੰਦ ਸੁਤ ਦਾ, ਦੂਜਾ ਰਹਿਣ ਕੋਇ ਨਾ ਪਾਈਆ । ਓਹੋ ਉਮਤ ਦਾ ਬੂਟਾ ਜਾਣਾ ਸੁੱਕਦਾ, ਅਗਲਾ ਸਾਲ ਹੋਣਾ ਬੜਾ ਦੁੱਖ ਦਾ, ਦੁਖੀ ਰੋਵਣ ਮਾਰ ਮਾਰ ਧਾਈਆ । ਬੇਗੁਨਾਹਾਂ ਕਲਜੁਗ ਵੇਖੋ ਕੁੱਟਦਾ, ਗ਼ਰੀਬ ਨਿਮਾਣਾ ਭੁੱਖਾ ਟੁੱਕ ਦਾ, ਪੇਟ ਭਰ ਨਾ ਕੋਇ ਰਜਾਈਆ । ਮੈਂ ਦੁਨੀਆ ਵੇਖੀ ਸ੍ਰਿਸ਼ਟੀ ਵੇਖੀ ਕਾਇਨਾਤ ਤੱਕੀ ਪੁਰਖ ਅਕਾਲ ਕੋਈ ਨਹੀਂ ਝੁਕਦਾ, ਗੁਰ ਅਵਤਾਰ ਪੈਗ਼ੰਬਰਾਂ ਦੇ ਅੱਗੇ ਵਾਸਤੇ ਰਹੇ ਪਾਈਆ । ਏਸੇ ਕਰ ਕੇ ਕਿਸੇ ਨੂੰ ਵੇਲਾ ਨਹੀਂ ਮਿਲਦਾ ਸੁਖ ਦਾ, ਸਾਚਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਦੇ ਦਿਓ ਸਵਾ ਸੇਰ ਪਾਣੀ, ਮੈਂ ਆਬੇਹਯਾਤ ਵੇਖ ਵਖਾਈਆ । ਮੈਂ ਤੱਕਣੀ ਚਾਰੇ ਖਾਣੀ, ਖ਼ਾਨਾਬਦੋਸ਼ ਵੇਖਾਂ ਲੋਕਾਈਆ । ਮੈਂ ਪੜ੍ਹਨੀ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਫੋਲ ਫੁਲਾਈਆ । ਮੈਂ ਵੇਖਣੀ ਧੁਰ ਦੀ ਰਾਣੀ, ਜੋ ਨਿਰਮਲ ਨੂਰ ਜੋਤ ਰੁਸ਼ਨਾਈਆ । ਮੈਂ ਵੇਖਣੀ ਮੁਹੰਮਦ ਦੀ ਓਹ ਸਵਾਣੀ, ਜਿਸ ਨੂੰ ਸੁੱਤੀ ਨਾ ਕੋਇ ਉਠਾਈਆ । ਮੈਂ ਤਕਣੇ ਜੀਵ ਜੰਤ ਪ੍ਰਾਣੀ, ਜੋ ਲੱਖ ਚੁਰਾਸੀ ਵੰਡ ਵੰਡਾਈਆ । ਸਾਰੇ ਫਿਰ ਫਿਰ ਆਈ ਥੱਕੀ, ਜਾਂ ਤੱਕੇ, ਜਨ ਭਗਤ ਸੁਹੇਲੇ ਜਿਹੜੇ ਪਰਮ ਪੁਰਖ ਦੇ ਹਾਣੀ, ਆਤਮ ਪਰਮਾਤਮ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਆਬੇਹਯਾਤ ਦਾ ਦੇਵਾਂ ਛਿੱਟਾ, ਜਨ ਭਗਤਾਂ ਸ਼ਾਂਤ ਕਰਾਈਆ । ਓ ਗੁਰਮੁਖੋ ਤੁਸੀਂ ਤਾਂ ਲਾਉਂਦੇ ਮੇਰੀਆਂ ਇੱਟਾਂ, ਮੈਂ ਤੁਹਾਨੂੰ ਇੱਟਾਂ ਪੱਥਰਾਂ ਤੋਂ ਲੈਣਾ ਛੁਡਾਈਆ । ਤੁਹਾਡੇ ਬਦਲੇ ਮੈਂ ਜਗਤ ਜਹਾਨ ਪਿੱਟਾਂ, ਪਿੱਟ ਕੇ ਦਿਆਂ ਦੁਹਾਈਆ । ਤੁਹਾਡੇ ਕੋਲ ਧੁਰ ਦੀ ਚਿਟਾਂ, ਜਿਹੜਾ ਗੋਬਿੰਦ ਮਾਛੂਵਾੜੇ ਗਿਆ ਸਮਝਾਈਆ । ਪੁਰਖ ਅਕਾਲ ਸਭ ਦਾ ਪਿਤਾ, ਜਣੇਂਦੀ ਓਹੋ ਇਕੋ ਮਾਈਆ । ਗੁਰਸਿਖ ਨਾ ਵੱਡਾ ਤੇ ਨਾ ਨਿੱਕਾ, ਸਦਾ ਇਕੋ ਰੰਗ ਰੰਗਾਈਆ । ਮੈਨੂੰ ਜਾਪਦਾ ਹੁਣ ਬਦਲ ਜਾਣਾ ਦੀਨ ਦੁਨੀ ਦਾ ਸਿੱਕਾ, ਸਿਕਮ ਦੇ ਉਤੇ ਪੈਣੀ ਲੜਾਈਆ । ਮੇਰੇ ਕੋਲ ਚਾਰ ਜੁਗ ਦਾ ਚਿੱਠਾ, ਗੁਰ ਅਵਤਾਰ ਪੈਗ਼ੰਬਰ ਜਿਸ ਦੀਆਂ ਪੇਸ਼ੀਨਗੋਈਆਂ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖੋ ਭਗਤੋ ਬਹੁੜੀ ਸਾਰੀ ਦੀਨ ਦੁਨੀਆ ਨੂੰ ਦੇ ਦਿਤਾ ਪਿਛਾ, ਪਿਛੇ ਬੈਠਾ ਨਜ਼ਰ ਕਿਸੇ ਨਾ ਆਈਆ । ਮੈਂ

ਜਾਂ ਵੇਖਿਆ ਜਨ ਭਗਤਾਂ ਵੱਲ ਇੱਕਾ, ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੀ ਕਰਦਾ ਰੱਛਾ, ਰੱਛਕ ਹੋ ਕੇ ਵੇਖ ਵਖਾਈਆ । ਜਗ ਨੇਤਰ ਦੀਨ ਦੁਨੀ ਕਿਸੇ ਨਾ ਦਿਸਾ, ਜਨ ਭਗਤੋ ਤੁਹਾਡੇ ਨਾਲ ਪਾ ਕੇ ਹਿੱਸਾ, ਲੇਖੇ ਲਾਵੇ ਲਹਿਣਾ ਦੇਣਾ ਸਵਾ ਗਿੱਠਾ, ਮਿਹਰ ਨਜ਼ਰ ਇਕ ਉਠਾਈਆ । ਜਿਸ ਨੇ ਮਾਨਸ ਜਨਮ ਦਿਤਾ, ਉਹ ਤੁਹਾਡਾ ਪਿਤਾ, ਸਭ ਨਾਲ ਕਰੇ ਹਿਤਾ, ਦਰਸ਼ਨ ਦੇਵੇ ਨਿਤ ਨਿਤਾ, ਅਗਲਾ ਪਿਛਲਾ ਬਦਲ ਦੇਵੇ ਕਿੱਸਾ, ਕਰੇ ਖੇਲ ਇਕ ਅਨਡਿੱਠਾ, ਸਭ ਨੇ ਭਾਣਾ ਮੰਨਣਾ ਮਿੱਠਾ, ਮਿਹਰਵਾਨ ਮਹਿਬੂਬ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦੇਵੇ ਸਭ ਨੂੰ ਸਿੱਖਾ, ਸਿਖਿਆ ਇਕ ਸਮਝਾਈਆ ।

ਸਦੀ ਚੌਧਵੀਂ ਕਹੇ ਸੁਹੰਜਣੀ ਰੁਤੀ, ਰੁਤੜੀ ਇਕ ਮਹਿਕਾਈਆ । ਮੈਂ ਕੱਟ ਕੇ ਆਈ ਬੁੱਤੀ, ਬੁਤਖ਼ਾਨੇ ਵੇਖ ਵਖਾਈਆ । ਕਾਇਨਾਤ ਵੇਖੀ ਸੁੱਤੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਓ ਮੇਰੀ ਫਿਰਦੀ ਫਿਰਦੀ ਦੀ ਘਸ ਗਈ ਜੁੱਤੀ, ਨੰਗੇ ਪੈਰ ਬਾਲੂ ਰੇਤ ਛਾਲਿਆਂ ਦਿਤੇ ਤਪਾਈਆ । ਮੈਂ ਮੁਹੰਮਦ ਨਾਲ ਬੜੀ ਹੋ ਗਈ ਦੁਖੀ, ਰੋਜ਼ੇ ਰਖ ਕੇ ਰਹੀ ਭੁੱਖੀ, ਬਹੁੜੀ ਤੇਰਾਂ ਸੌ ਅਠਾਸੀ ਸਾਲ ਦੀ ਹੋ ਗਈ ਬੁੱਢੀ, ਬੁਢਾਪੇ ਵਿਚ ਲੱਤੋਂ ਲੰਙੀ ਪੈਰਾਂ ਤੋਂ ਡੁੱਡੀ, ਮੇਰੀ ਸਮਝ ਨਾ ਕਰੇ ਬੁੱਧੀ, ਮੈਂ ਭੱਜੀ ਚੌਹ ਜੁਗੀ, ਮੇਰੀ ਅੰਤਮ ਔਧ ਪੁੱਗੀ, ਮੈਨੂੰ ਪਤਾ ਨਹੀਂ ਵਦੀ ਸੁਦੀ, ਗੁਰਮੁਖੋ ਮੇਰੇ ਸੀਰ ਨਹੀਂ ਰਿਹਾ ਦੁੱਧੀ, ਉਮਤ ਕਿਸ ਤਰਾ ਝਟ ਲੰਘਾਈਆ । ਜਿਹੜੀ ਮਾਰ ਕੇ ਲਿਆਂਦੀ ਘੁੱਗੀ, ਇਹ ਮੁਹੰਮਦ ਦੀ ਮਾਂ ਦੇ ਕੋਲੋਂ ਸੀ ਉਡੀ, ਓਹ ਰੋ ਪਈ ਭੁੱਬੀ, ਘੁੱਗੀ ਹਾਏ ਹਾਏ ਕਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਵਡਿਆਈਆ । ਸਦੀ ਚੌਧਵੀਂ ਕਹੇ ਕਿਸੇ ਕੋਲ ਡਾਂਗਾਂ ਕਿਸੇ ਕੋਲ ਤਲਵਾਰਾਂ ਕਿਸੇ ਫੜੇ ਬਰਛੇ, ਬਰਛਿਆਂ ਵਾਲੇ ਰਹੇ ਡਰਾਈਆ । ਕਿੱਡੇ ਕਿੱਡੇ ਸੂਰਬੀਰ ਬਹਾਦਰ ਪਠਾਣ ਖ਼ਾਨ ਜਰਗੇ, ਕੁੱਲਿਆਂ ਵਾਲੇ ਸੋਭਾ ਪਾਈਆ । ਨੀ ਹਾਏ ਮੈਂ ਤੱਕਿਆ ਤੇਰੇ ਦਵਾਰੇ ਉਤੇ ਬ੍ਰਾਹਮਣ ਪੰਡਤ ਮੁੱਲਾ ਸ਼ੇਖ਼ ਗ੍ਰੰਥੀ ਡਾਕੂ ਚੋਰ ਬਦਮਾਸ਼ ਗੁੰਡੇ ਟੁੰਡੇ ਮੁੰਡੇ ਗੁੰਗੇ ਪੁੱਠੇ ਸਿੱਧੇ ਸਾਰੇ ਤਰ ਗਏ, ਤਾਰਨਵਾਲਾ ਇਕੋ ਨਜ਼ਰੀ ਆਈਆ । ਮੇਰੇ ਭਾਣੇ ਸਾਰੇ ਮਰ ਗਏ, ਗੁਰ ਅਵਤਾਰ ਪੈਗ਼ੰਬਰ ਨਾ ਕੋਇ ਸਹਾਈਆ । ਓਹ ਮੈਂ ਤੱਕਣ ਚਲੀ ਰਿਖੀ ਮੁਨੀ, ਮੈਂ ਚੋਰੀ ਅੱਖ ਚੁਰਾਈਆ । ਮੈਂ ਲੱਭਣ ਚੱਲੀ ਸੰਤ ਜਿਨ੍ਹਾਂ ਦੇ ਅੰਦਰ ਨਾਮ ਦੀ ਧੁਨੀ, ਧੁਨ ਆਤਮਕ ਰਾਗ ਸੁਣਾਈਆ । ਮੈਂ ਵੇਖਣ ਚਲੀ ਨੌ ਖੰਡ ਪ੍ਰਿਥਮੀ ਦੇ ਗੁਣੀ, ਗੁਣਵੰਤ ਵੇਖ ਵਖਾਈਆ । ਮੈਂ ਏਧਰ ਮੈਂ ਓਧਰ ਸ੍ਰਿਸ਼ਟੀ ਛਾਣੀ ਪੁਣੀ, ਵੇਖੀ ਥਾਉਂ ਥਾਈਂਆ । ਸਭ ਦੀ ਚੋਟੀ ਗਈ ਮੁੰਨੀ, ਬੋਦੀ ਵਾਲਾ ਨਜ਼ਰ ਕੋਇ ਨਾ ਆਈਆ । ਕੀ ਹੋ ਗਿਆ ਕ੍ਰਿਸ਼ਨ ਨੇ ਗ਼ਰਕ ਕਰਾ ਦਿਤੀ ਅਠਾਰਾਂ ਖੂਣੀ, ਯਾਦਵ ਵੰਸ਼ ਹੋ ਕੇ ਪਾਂਡਵਾਂ ਕੌਰਵਾਂ ਕਰਾਈ ਲੜਾਈਆ । ਹੁਣ ਤੇ ਸ੍ਰਿਸ਼ਟੀ ਅੱਗੇ ਨਾਲੋਂ ਚੌਣੀ ਤੇ ਦੂਣੀ, ਅਣਗਿਣਤ ਸੋਭਾ ਪਾਈਆ । ਮੈਂ ਵੇਖਿਆ ਏਧਰ ਅਲਾਹ ਏਧਰ ਰਾਮ ਏਧਰ ਵਾਹਿਗੁਰੂ ਏਧਰ ਕ੍ਰਿਸ਼ਨ ਏਥੇ ਓਮ ਏਥੇ ਤਤ ਸਤਿ ਏਥੇ ਹਰੀ ਓਮ ਪੜ੍ਹਦੇ ਬਾਣੀ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਵੇ ਗੁਰਮੁਖੋ ਨੀ ਭੈਣੋਂ ਮੈਂ ਅੱਖੋਂ ਹੋ ਗਈ

ਕਾਣੀ, ਮੈਨੂੰ ਨਜ਼ਰ ਕੁਛ ਨਾ ਆਈਆ । ਜੇ ਮੈਨੂੰ ਮੇਰੇ ਪੁਰਖ ਅਕਾਲ ਦੀ ਦੱਸੇ ਕੋਈ ਨਿਸ਼ਾਨੀ, ਨਿਛਾਵਰ ਆਪਣਾ ਆਪ ਕਰਾਈਆ । ਜਿਸ ਦੇ ਪਿਛੇ ਦੇਣੀ ਨਾ ਪਏ ਕੋਇ ਕੁਰਬਾਨੀ, ਰੀਤ ਬਕਰੀਦ ਨਾ ਕੋਇ ਵਖਾਈਆ । ਜੋ ਆਦਿ ਜੁਗਾਦਿ ਦਾ ਦਾਨੀ, ਭਗਤ ਵਛਲ ਇਕੋ ਨੂਰ ਖ਼ੁਦਾਈਆ । ਉਸ ਦੀ ਜੂਹ ਕਦੇ ਨਹੀਂ ਹੁੰਦੀ ਬੇਗਾਨੀ, ਨਿਤ ਨਵਿਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਕਾਲਾ ਪਾ ਲਿਆ ਸੂਸਾ, ਸੋਹਣਾ ਰੰਗ ਰੰਗਾਈਆ । ਮੈਂ ਚੜ੍ਹ ਕੇ ਵੇਖਣ ਲੱਗੀ ਕਿੱਥੇ ਈਸਾ ਤੇ ਕਿੱਥੇ ਮੂਸਾ, ਮੁਸਲਸਲ ਆਪਣਾ ਡੇਰਾ ਲਾਈਆ । ਕੁਝ ਮੈਂ ਸੰਦੇਸ਼ ਦੇ ਆਵਾਂ ਜਾ ਕੇ ਮੂਸਾ, ਰੁਸਤਮ ਆਪਣੇ ਲੈਣੇ ਉਠਾਈਆ । ਸਭ ਦਾ ਠੂਠਾ ਕਰਨਾ ਮੂਧਾ, ਲੁਟੀਆ ਦੇਣੀ ਰੁੜ੍ਹਾਈਆ । ਚੌਦਾਂ ਸਦੀਆਂ ਦਾ ਮੁਹੰਮਦ ਦਾ ਲੱਗਾ ਅੰਗੂਠਾ, ਅੱਗੇ ਮੁਨਿਆਦ ਨਾ ਕੋਇ ਵਧਾਈਆ । ਦੁਨੀਆ ਵਾਲਿਓ ਜਗਤ ਜਹਾਨ ਝੂਠਾ, ਬਿਨਾ ਭਗਤ ਭਗਵਾਨ ਤੋਂ ਰਹਿਣ ਕੋਇ ਨਾ ਪਾਈਆ । ਇਹ ਕਲਜੁਗ ਸ਼ੈਤਾਨ ਦਾ ਟੂਟਾ, ਸਿਰ ਦੀਆਂ ਟੋਪੀਆਂ ਵਾਲੇ ਸਾਰੇ ਰਿਹਾ ਹਿਲਾਈਆ । ਧਰਮ ਦਾ ਰਹਿਣ ਨਹੀਂ ਦਿਤਾ ਕੋਈ ਬੂਟਾ, ਬੂਟੀ ਪੀਣ ਵਲਿਆਂ ਦਾ ਨਿਸ਼ਾਨਾ ਨਾ ਕੋਇ ਵਖਾਈਆ । ਜਿਹੜੇ ਵਿਚ ਮਾਰਦੇ ਝੂਟਾ, ਹੁਲਾਰੇ ਵਿਚ ਲੈਣ ਅੰਗੜਾਈਆ । ਮੇਰੇ ਵਾਸਤੇ ਸਦੀ ਚੌਧਵੀਂ ਕਹੇ ਆ ਗਿਆ ਇਕ ਜਰਮਨੀ ਦਾ ਜੂਤਾ, ਜੁੱਤੀਆਂ ਸਾਰਿਆਂ ਦੀਆਂ ਦਿਆਂ ਲੁਹਾਈਆ । ਕੋਈ ਸਾਧੂ ਫ਼ਕੀਰ ਮਲ ਕੇ ਆ ਗਏ ਭਬੂਤਾ, ਪੰਜ ਭੂਤ ਵੇਖ ਵਖਾਈਆ । ਸਦੀ ਚੌਧਵੀਂ ਕਹੇ ਵੇਖਿਓ ਕਿਤੇ ਭੁੱਲ ਨਾ ਜਾਇਓ ਮੇਰਾ ਵੇਖ ਕੇ ਕਾਲਾ ਸੂਟਾ, ਚਮਕ ਝੂਠੀ ਨਜ਼ਰੀ ਆਈਆ । ਜਿਹੜੇ ਆ ਗਏ ਬਣ ਜਮਦੂਤਾ, ਰਾਕਸ਼ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਨੂੰ ਵੇਖ ਲੈਣ ਦਿਓ ਚੋਰੀ, ਠੱਗਾਂ ਚੋਰਾਂ ਖੋਜ ਖੁਜਾਈਆ । ਮੈਨੂੰ ਵੇਖ ਲੈਣ ਦਿਓ ਸਾਧ ਘੋਰੀ, ਜੋ ਅੰਦਰ ਵੜ ਕੇ ਖੋਜ ਖੁਜਾਈਆ । ਮੈਨੂੰ ਵੇਖ ਲੈਣ ਦਿਓ ਦੀਨਾਂ ਮਜ਼੍ਹਬਾਂ ਦੇ ਮੋਹਰੀ, ਜੋ ਵਿਤਕਰੇ ਗਏ ਪਾਈਆ । ਮੈਨੂੰ ਵੇਖ ਲੈਣ ਦਿਓ ਭਗਤ ਭਗਵਾਨ ਦੀ ਜੋੜੀ, ਦੋਹਾਂ ਮਿਲ ਕੇ ਵੱਜੀ ਵਧਾਈਆ । ਮੈਨੂੰ ਵੇਖ ਲੈਣ ਦਿਓ ਆਪਣੀ ਧਾਰ ਬਾਂਕੀ ਛੋਹਰੀ, ਜਿਹੜੀ ਸ਼ੌਹਰ ਇਕ ਹੰਢਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਨਵੀਂ ਨਕੋਰੀ, ਜੋਬਨਵੰਤੀ ਨਜ਼ਰੀ ਆਈਆ । ਜੇ ਉਹਦਾ ਦਰਸ ਕਰੋ ਤੇ ਦੇਵੇ ਦਰਸ ਭੋਰੀ, ਭੋਰਿਆਂ ਵਿਚੋਂ ਮੈਨੂੰ ਲਏ ਉਠਾਈਆ । ਭਗਤੋ ਪ੍ਰਭ ਦੇ ਹੱਥ ਫੜਾ ਦਿਓ ਡੋਰੀ, ਆਪਣਾ ਲੇਖਾ ਲਓ ਮੁਕਾਈਆ । ਤੁਹਾਡੀ ਇਕੋ ਵਾਰ ਗੋਬਿੰਦ ਦੇ ਘਰ ਵੰਡੀ ਜਾਏ ਲੋੜ੍ਹੀ, ਲੋਹੜੇ ਕਰਵਾਣ ਕੋਇ ਨਾ ਪਾਈਆ । ਮਾਲਵੇ ਵਾਲਿਓ ਯਾਦ ਰੱਖਣਾ ਤੁਹਾਡੀ ਮਸਾਣਾਂ ਵਾਲੀ ਫੌਹੜੀ, ਗੁਰਮੁਖ ਦਾ ਮਸਾਣ ਫੇਰ ਫੋਲਣ ਕੋਇ ਨਾ ਜਾਈਆ । ਕਿਥੇ ਮੁਹੰਮਦ ਦਾ ਚਕੋਰੀ, ਚਕੋਰ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਵਾਹ ਮੇਰੇ ਮੁਹੰਮਦ ਦਿਆ ਚਕੋਰਾ, ਸੋਹਣਾ ਨਜ਼ਰੀ ਆਈਆ । ਇਹ ਕਿੱਡਾ ਪੈਣਾ ਲੋਹੜਾ, ਲੋਹੜੇ ਪੈਣਾ ਗਿਆ ਆਈਆ । ਉਮਤ ਦੇ ਢਿੱਡ ਵਿਚ ਪੈਣਾ ਮਰੋੜਾ, ਤੁਰਕੀ ਵਿਚ ਪਏ ਦੁਹਾਈਆ । ਸੱਜਣਾਂ ਮਿਤ੍ਰਾਂ ਦਾ ਹੋਣਾ ਵਿਛੋੜਾ, ਵਿਛੜਿਆਂ ਨਾ ਕੋਇ ਜੁੜਾਈਆ । ਮੂਸਾ ਈਸਾ ਮੁਹੰਮਦ ਵਿਚ ਰੜਕਾਣਾ ਰੋੜਾ, ਭਵਿਖਤ ਭਾਖਿਆ ਵਿਚ ਸੁਣਾਈਆ । ਜਨ ਭਗਤੋ ਤੁਹਾਡਾ ਭਾਗ ਹੋਣਾ ਮਥੋਰਾ, ਮਿਥਿਆ ਵੇਖਣੀ ਜਗਤ ਲੋਕਾਈਆ । ਤੁਹਾਡੇ ਕੋਲ ਕਾਗ਼ਜ਼ ਨਵਾਂ ਨਕੋਰਾ, ਆਪਣੇ ਚਕੋਰ ਨੂੰ ਗਿਆ

ਸੁਣਾਈਆ । ਜਿਸ ਦਿਨ ਮੁਹੰਮਦ ਨੇ ਚਕੋਰ ਫੜਿਆ ਓਸ ਦਿਨ ਉਹਦੇ ਸੱਜੇ ਪੱਟ ਤੇ ਨਿਕਲਿਆ ਫੋੜਾ, ਰਾਨ ਦੇ ਅੰਦਰ ਨਜ਼ਰੀ ਆਈਆ । ਉਸ ਨੇ ਗਾਇਆ ਇਕ ਵੇਰਾਂ ਅੱਲਾ ਹੂ ਅੱਨਾ ਹੂ ਦੋਹਰਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰਾ, ਸਿਰ ਸਕੇ ਨਾ ਕੋਇ ਉਠਾਈਆ । ਇਕ ਦੁਲਦੁਲ ਤੇ ਇਕ ਘੋੜਾ, ਹਰੀ ਦਾ ਨਾਲ ਰਲਾਈਆ । ਇਹ ਕਹੇ ਸਚ ਚਕੋਰਾ, ਮੁਹੰਮਦ ਖ਼ੁਸ਼ੀ ਨਾਲ ਆਹ ਚਾਂਦੀ ਦੀ ਜ਼ੰਜੀਰੀ ਗਲ ਵਿਚ ਮੇਰੇ ਪਾਈਆ । ਕਿੱਥੇ ਕਟਾਰ ਕਿੱਥੇ ਤਲਵਾਰ ਕਿੱਥੇ ਪਰਵਰਦਿਗਾਰ ਕਿੱਥੇ ਸਚੀ ਸਰਕਾਰ, ਜੋ ਨਿਰਗੁਣ ਜੋਤ ਕਰੇ ਰੁਸ਼ਨਾਈਆ । ਚਕੋਰ ਕਹੇ ਮੈਨੂੰ ਦੇ ਰਖ, ਗੁਰਮੁਖਾਂ ਦੇ ਚਰਨਾਂ ਵਿਚ ਟਿਕਾਈਆ । ਤਲਵਾਰ ਫੜ ਲੈ ਹੱਥ, ਕਟਾਰ ਮੁਖ ਵਿਚ ਟਿਕਾਈਆ । ਮੈਨੂੰ ਯਾਦ ਗੋਬਿੰਦ ਦਾ ਸੱਥਰ ਸਥ, ਮਾਛੂਵਾੜੇ ਦਿਆਂ ਦੁਹਾਈਆ । ਮੁਹੰਮਦ ਦੀ ਉਚੀ ਨਹੀਂ ਹੁੰਦੀ ਅੱਖ, ਨੀਵੀਂ ਨਜ਼ਰ ਨਜ਼ਰੀ ਆਈਆ । ਹਾਏ ਚੌਦਾਂ ਤਬਕ ਜਾਣੇ ਢੱਠ, ਕਿੰਗਰਾ ਕਿੰਗਰਾ ਦਏ ਦੁਹਾਈਆ । ਝਗੜਾ ਪੈਣਾ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਕਰੇ ਲੜਾਈਆ । ਜਿਹੜੇ ਇਕ ਦੂਜੇ ਨੂੰ ਕੁਟਦੇ ਰਹੇ ਠਪ ਠਪ, ਇਕ ਦੂਜੇ ਨੂੰ ਧੱਕਾ ਪਿਛੋਂ ਲਾਈਆ । ਜਿਹੜਾ ਮਰਿਆ ਲਿਆਂਦਾ ਸੱਪ, ਮੁਹੰਮਦ ਯਰਾਨਾ ਇਹਦੇ ਨਾਲ ਗਿਆ ਲਗਾਈਆ । ਇਹ ਕਰਦਾ ਸੀ ਵੱਡਾ ਤਪ, ਛੁਰੀ ਪੇਟ ਵਿਚ ਦਬਾਈਆ । ਇਕ ਦਿਨ ਰੱਖ ਕੇ ਉਪਰ ਸ਼ਾਹ ਰਗ, ਮੁਠੀ ਦਿਤੀ ਘੁਟਾਈਆ । ਫਿਰ ਕਿਹਾ ਦਰੋਹੀ ਹਾਏ ਅਜੇ ਨਹੀਂ ਮਿਲਿਆ ਰੱਬ, ਜਲਵਾਗਰ ਨੂਰ ਅਲਾਹੀਆ । ਅਗੰਮੀ ਅਵਾਜ਼ ਆਈ, ਜਿਸ ਵੇਲੇ ਅਮਾਮ ਆਏ ਪੈਗ਼ਾਮ ਸੁਣਾਏ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਰਹਿਣ ਨਾ ਦੇਵੇ ਅੱਡ, ਹੱਡ ਮਾਸ ਨਾੜੀ ਦਾ ਝਗੜਾ ਦਏ ਮੁਕਾਈਆ । ਧਰਮ ਦਾ ਨਿਸ਼ਾਨਾ ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਸ਼ਾਹ ਸੁਲਤਾਨਾ ਲੋਕਮਾਤ ਦੇਵੇ ਗੱਡ, ਖ਼ੁਦ ਗਾਡ ਗਾਈਡ ਹੋ ਕੇ ਸਭ ਨੂੰ ਦਏ ਵਖਾਈਆ । ਜਿਸ ਨੂੰ ਮੁਹੰਮਦ ਨੇ ਕਿਹਾ ਵਾਹਿਦ, ਸਮਝੋ ਹੁਣ ਆ ਗਿਆ ਉਹੋ ਸ਼ਾਇਦ, ਸ਼ਾਦਿਆਨੇ ਗੁਰਮੁਖਾਂ ਨਾਲ ਵਜਾਈਆ । ਜਨ ਭਗਤੋ ਦੀਨ ਮਜ਼੍ਹਬ ਦੀ ਸ਼ਰਅ ਦੀ ਜ਼ਾਤ ਪਾਤ ਦੀ ਅੱਜ ਤੋਂ ਕੋਈ ਨਹੀਂ ਰਹਿਣਾ ਵਿਚ ਹੱਦ, ਸ਼ਰਅ ਦਾ ਸੰਗਲ ਦੇਣਾ ਤੁੜਾਈਆ । ਸੰਗਲਾਂ ਵਾਲਿਓ ਉਠ ਕੇ ਕਹੋ ਮੇਰੇ ਸਾਹਿਬ ਦਾ ਹੁਕਮ ਜਾਇਜ਼, ਜਾਇਜ਼ਾ ਲੈ ਕੇ ਆਇਆ ਖ਼ਲਕ ਖ਼ੁਦਾਈਆ । ਆਪਣਾ ਹੁਕਮ ਕਰੇ ਰਾਇਜ, ਚਾਰੋਂ ਕੁੰਟ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਨਾਇਬ, ਜੁਗ ਜੁਗ ਮਾਤ ਸੇਵ ਕਮਾਈਆ । ਸਭ ਦਾ ਪੂਰਾ ਹੋਇਆ ਅਹਿਦ, ਸਦੀ ਚੌਧਵੀਂ ਦਏ ਸਮਝਾਈਆ । ਜਿਸ ਖ਼ੁਦਾ ਨੂੰ ਕਹਿੰਦੇ ਹੋ ਗਿਆ ਗ਼ਾਇਬ, ਓਹ ਵੇਖੋ ਖ਼ਾਹਮਖ਼ਾਹ ਆਪਣਾ ਰੂਪ ਬਦਲਾਈਆ । ਓਸ ਨੇ ਜਨ ਭਗਤ ਸੁਹੇਲੇ ਕੱਢੇ ਵਿਚੋਂ ਲਾਇਕ, ਲਾਅ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਤਕਣੇ ਗਿਰਜਿਆਂ ਵਾਲੇ ਪੋਪ, ਜਿਨ੍ਹਾਂ ਨੂੰ ਫ਼ਾਦਰ ਕਹੇ ਜਗਤ ਲੋਕਾਈਆ । ਉਤੇ ਕਰਾਸ ਵਾਲਾ ਟੋਪ, ਟੋਪ ਕਰਾਸ ਨਾਲ ਮਿਲਾਈਆ । ਪਰਵਰਦਿਗਾਰ ਵੇਖਿਆ ਕਰੋਪ, ਮਿਹਰ ਨਜ਼ਰ ਬਦਲਾਈਆ । ਉਸ ਝਗੜਾ ਮੁਕਾਉਣਾ ਕਾਇਆ ਮਾਟੀ ਪੋਸ਼, ਪੁਸ਼ਤ ਪਨਾਹ ਸੂਫ਼ੀ ਸੰਤ ਫ਼ਕੀਰਾਂ ਹੱਥ ਟਿਕਾਈਆ । ਜਿਹੜਾ ਸਦਾ ਹੋਇਆ ਰੂਪੋਸ਼, ਜਗ ਨੇਤਰ ਨਜ਼ਰ ਕੋਇ ਨਾ ਆਈਆ । ਉਸ ਨੇ ਸਭ ਕਰਨੇ ਖ਼ਾਮੋਸ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਮੇਰਾ ਅੰਤਮ ਹੋਇਆ ਸਿਆਪਾ, ਭਗਤਾਂ ਦਿਤਾ ਕਰਾਈਆ । ਜਗਤ ਦਾ ਤਕਿਆ ਪਾਪਾ, ਜਿਸ ਪਾਪਾਂ ਭਰੀ ਲੋਕਾਈਆ । ਧੁਰ ਦਾ ਸੁਣਿਆ ਪਾਠਾ, ਸੋਹੰ ਢੋਲਾ ਗਾਈਆ । ਧਰਮ ਦਾ ਵੇਖਿਆ ਹਾਟਾ, ਚਾਰ ਵਰਨ ਸੋਭਾ ਪਾਈਆ । ਜਿਹੜਾ ਜੁਗਿੰਦਰ ਸਿੰਘ ਸ਼ੀਸ਼ਾ ਲਿਆਇਆ ਵਿਚੋਂ ਟਾਟਾ, ਓਹ ਗੁਰਮੁਖੋ ਸਭ ਨੂੰ ਦੇਣਾ ਵਖਾਈਆ । ਤੁਹਾਡਾ ਪਿਛਲਾ ਪੂਰਾ ਕੀਤਾ ਘਾਟਾ, ਅੱਗੇ ਧੁਰਦਰਗਾਹੀ ਦੇ ਨਾਲ ਮਿਲਾਈਆ । ਜਿਹੜਾ ਗੋਬਿੰਦ ਦਾ ਅੰਮ੍ਰਿਤ ਰਸ ਪੀਤਾ ਬਾਟਾ, ਚਾਰ ਵਰਨਾਂ ਗੰਢ ਪਵਾਈਆ । ਓਹ ਪਤਾਸਾ ਹਰ ਇਕ ਕੋਲ ਮਾਰੇ ਠਾਠਾ, ਪੰਜਾਂ ਦਾ ਰੂਪ ਨਜ਼ਰੀ ਆਈਆ । ਜੋ ਰਾਮ ਕ੍ਰਿਸ਼ਨ ਦਾ ਪਹਿਨ ਆਏ ਲਿਬਾਸਾ, ਸੀਤਾ ਰਾਧਾ ਰੂਪ ਵਟਾਈਆ । ਜੋ ਅਸ਼ਟਭੁਜ ਦਾ ਖੇਲ ਕਰੇ ਤਮਾਸ਼ਾ, ਸੁੰਭ ਨਿਸੁੰਭ ਦੁਹਾਈਆ । ਸਦੀ ਚੌਧਵੀਂ ਕਹੇ ਮੈਨੂੰ ਤਕ ਲੈਣ ਦਿਓ ਉਪਰ ਅਕਾਸ਼ਾ, ਆਕਾਸ਼ਾਂ ਤੋਂ ਪਰੇ ਮੇਰਾ ਨੂਰ ਅਲਾਹੀਆ । ਜਿਸ ਦੀਆਂ ਪੈਗ਼ੰਬਰ ਆਇਤਾਂ ਵਿਚ ਸ਼ਰਾਇਤਾਂ ਵਿਚ ਹਦਾਇਤਾਂ ਵਿਚ ਅਲਾਇਤਾਂ ਵਿਚ ਕਰਦੇ ਗਏ ਬਾਤਾਂ, ਗੁਫ਼ਤ ਸ਼ਨੀਦ ਸੁਣਾਈਆ । ਉਸ ਨੇ ਸਭ ਦਾ ਕੱਢ ਲਿਆ ਖਾਤਾ, ਕਲਜੁਗ ਵੇਖ ਅੰਧੇਰੀ ਰਾਤਾ, ਚਾਰੋਂ ਤਰਫ ਜੂਠ ਝੂਠ ਜੁੜਿਆ ਨਾਤਾ, ਸਚ ਧਰਮ ਨਾ ਕੋਇ ਵਖਾਈਆ । ਝਗੜਾ ਪਿਆ ਪੁੱਤ ਮਾਤਾ, ਨਾਰ ਕੰਤ ਨਾ ਦੇਵੇ ਸਾਥਾ, ਭੈਣ ਭਾਈ ਨਾ ਰਿਹਾ ਭਰਾਤਾ, ਸੰਤ ਸਾਧ ਨਾ ਰਿਹਾ ਦਾਤਾ, ਗ੍ਰੰਥੀ ਪੰਥੀ ਸੁਣਾਏ ਕੋਈ ਨਾ ਗਾਥਾ, ਮੁੱਲਾ ਸ਼ੇਖ਼ ਮੁਸਾਇਕ ਕਲਮਾ ਹੱਕ ਕਿਸੇ ਨਾ ਵਾਚਾ, ਪੰਡਤ ਪਾਂਧਾ ਭੇਵ ਨਾ ਖੋਲ੍ਹੇ ਬਿਧਨਾ ਮਾਤਾ, ਪੀਰ ਪੈਗ਼ੰਬਰ ਧਰਮ ਸਵੰਬਰ ਵਿਚ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਕਹੇ ਮੈਂ ਜਿੰਨੇ ਮਜ਼੍ਹਬ ਤੱਕੇ ਗੁਰ ਅਵਤਾਰ ਪੈਗ਼ੰਬਰ ਤੱਕੇ ਇਹ ਪ੍ਰਭੂ ਦੀਆਂ ਨਿੱਕੀਆਂ ਨਿੱਕੀਆਂ ਸ਼ਾਖ਼ਾਂ, ਸ਼ਨਾਖ਼ਤ ਵਾਲੇ ਇਸ਼ਾਰੇ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਛੁਰੀ ਕਟਾਰ ਕਹੇ ਮੈਨੂੰ ਆਉਂਦਾ ਡਰ, ਡਰਪੋਕ ਦਿਤਾ ਬਣਾਈਆ । ਕਿਤੇ ਮਿਲੇ ਨਾ ਧੁਰ ਦਾ ਹਰਿ, ਜੋ ਹਰ ਹਿਰਦੇ ਵਿਚ ਸਮਾਈਆ । ਸਚ ਧਰਮ ਦੀ ਲਾ ਕੇ ਜੜ੍ਹ, ਕੂੜੀ ਕਿਰਿਆ ਡੇਰਾ ਢਾਹੀਆ । ਹਰ ਹਿਰਦੇ ਅੰਦਰ ਜਾਵੇ ਵੜ, ਤਨ ਵਜੂਦ ਕਰੇ ਸਫ਼ਾਈਆ । ਕਰੇ ਪ੍ਰਕਾਸ਼ ਸਾਢੇ ਤਿੰਨ ਹੱਥ ਘਰ, ਘਰ ਘਰਾਨਾ ਦੇਣਾ ਬਦਲਾਈਆ । ਜਿਸ ਨੂੰ ਕਹਿੰਦੇ ਨਰਾਇਣ ਨਰ, ਹਰਿ ਕਰਤਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਪਹੁੰਚ ਗਈ ਬਗ਼ਦਾਦ, ਬਗ਼ਲੀਆਂ ਵਾਲਾ ਦਏ ਗਵਾਹੀਆ । ਮੈਨੂੰ ਨਾਨਕ ਦੀ ਆ ਗਈ ਯਾਦ, ਜੋ ਕਲਮਾ ਆਇਆ ਸੁਣਾਈਆ । ਉਸ ਦੀ ਰੱਬੀਉਲ ਆਵਾਜ਼, ਨਬੀਆਂ ਤੋਂ ਪਰੇ ਪੜ੍ਹਾਈਆ । ਪੰਜ ਸੌ ਸਾਲ ਕੋਈ ਦੇ ਨਾ ਸਕਿਆ ਜਵਾਬ, ਇਸ਼ਾਰਾ ਕਰਨ ਕੋਇ ਨਾ ਪਾਈਆ । ਪੁਰਖ ਅਕਾਲ ਪੂਰਾ ਕਰਨ ਲੱਗਾ ਹਿਸਾਬ, ਖਾਤੇ ਸਭ ਦੇ ਫੋਲ ਫੁਲਾਈਆ । ਸਦੀ ਚੌਧਵੀਂ ਕਹੇ ਮੈਨੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਤਿਗੁਰ ਨੂੰ ਕਰ ਲੈਣ ਦਿਓ ਆਦਾਬ, ਨਿਉਂ ਕੇ ਸੀਸ ਝੁਕਾਈਆ । ਗੁਰਮੁਖੋ ਦੁਨੀਆ ਸੁੱਤੀ ਤੇ ਤੁਸੀਂ ਜਾਓ ਜਾਗ, ਆਪਣੀ ਅੱਖ ਖੁਲ੍ਹਾਈਆ । ਤੁਹਾਡਾ ਇਕੋ ਮਾਲਕ ਕੰਤ ਸੁਹਾਗ, ਜਿਸ ਨਾਲੋਂ ਹੋਵੇ ਨਾ ਕਦੇ ਜੁਦਾਈਆ । ਜਿਹੜਾ ਸ਼ਮਾਂਦਾਨ ਜਲਾਇਆ ਚਿਰਾਗ਼, ਪਹਿਰਾ ਤਲਵਾਰ ਵਾਲਾ ਲਗਾਈਆ । ਨਾਲ ਫੜਾ ਕੇ ਕ਼ਲਮ ਦਵਾਤ, ਚਾਲਾਨ ਫ਼ਾਰਮ ਦਿਤਾ ਵਖਾਈਆ । ਓਏ ਭਗਤੋ ਤੁਹਾਡੇ ਅੱਜ ਤੋਂ ਸਾਫ਼ ਕਰ ਦਿਤੇ ਕਾਗ਼ਜ਼ਾਤ, ਜਿਹੜਾ ਧਰਮ

ਰਾਏ ਬਣਿਆ ਤੁਹਾਡੇ ਵਿਚ ਬੈਠਾ ਨਿਉਂ ਨਿਉਂ ਸੀਸ ਝੁਕਾਈਆ । ਚਿਤ੍ਰ ਗੁਪਤ ਦਾ ਲੇਖਾ ਭਗਤਾਂ ਦੇ ਹੱਥ ਕਿਤਾਬ, ਅੱਗੇ ਹੋ ਕੇ ਪੁਛਣ ਕੋਇ ਨਾ ਪਾਈਆ । ਯਾਦ ਰੱਖੋ ਨਾਨਕ ਨੇ ਚੌਦਾਂ ਵਾਰ ਬਗਦਾਦ ਵਿਚ ਵਜਾਈ ਰਬਾਬ, ਰੱਬੀਉਲਸਾਨੀ ਜਮਾਦੁਲਸਾਨੀ ਦਾ ਜੁਮਲਾ ਮਜਮੂਆ ਇਕ ਸਮਝਾਈਆ । ਉਸ ਨੇ ਇਕ ਆਵਾਜ਼ ਕਹੀ ਬੋਲੀ ਵਿਚ ਈਰਾਨੀ, ਨਾਲ ਥੋੜ੍ਹੀ ਜਹੀ ਰੱਖੀ ਤੁਰਾਨੀ, ਕੁਛ ਰੱਖੀ ਅਸਮਾਨੀ, ਕੁਛ ਰੱਖੀ ਬੇਗਾਨੀ ਜੋ ਪ੍ਰਭ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਮੈਨੂੰ ਨਾ ਮਾਰੋ ਅੱਖਾਂ, ਅੱਖਾਂ ਵਾਲਿਓ ਦਿਆਂ ਸਮਝਾਈਆ । ਮੈਂ ਛੱਡ ਕੇ ਆਈ ਕਰੋੜਾਂ ਲੱਖਾਂ, ਕਿਸੇ ਨਾਲ ਨਾ ਅੱਖ ਮਿਲਾਈਆ । ਮੈਂ ਪਿਟਦੀ ਦੋਹੱਥੜ ਮਾਰ ਕੇ ਉਤੇ ਪੱਟਾਂ, ਪਾਟਲ ਦਾ ਰਾਹ ਤਕਾਈਆ । ਜਿਹੜਾ ਹੋਵੇ ਸੂਰਬੀਰ ਹੱਟਾ ਕੱਟਾ, ਮਿਹਰਬਾਨ ਜਲਵਾਗਰ ਖ਼ੁਦਾਈਆ । ਓਸ ਦੇ ਚਰਨ ਕਵਲ ਨੀਵੀਂ ਹੋ ਕੇ ਚੱਟਾਂ, ਚੇਟਕ ਆਪਣਾ ਹੋਰ ਵਧਾਈਆ । ਏਸੇ ਕਰ ਕੇ ਤੁਹਾਡਾ ਬਸਤਰ ਰਹਿਣ ਨਹੀਂ ਦਿਤਾ ਫਟਾ, ਅੱਜ ਤੋਂ ਤੁਹਾਡਾ ਜਨਮ ਸਤਿਗੁਰ ਦੇ ਘਰ ਦਿਤਾ ਬਣਾਈਆ । ਭਾਵੇਂ ਸਾਰੀ ਦੁਨੀਆ ਮਾਰੇ ਗੱਪਾਂ, ਇਹੋ ਜਿਹਾ ਖ਼ੁਦਾ ਨਜ਼ਰ ਕਿਸੇ ਨਾ ਆਈਆ । ਜੋ ਜਨਮ ਜਨਮ ਦਾ ਕਰਮ ਕਰਮ ਦਾ ਧੋਵੇ ਧੱਬਾ, ਦੁਰਮਤ ਮੈਲ ਰਹਿਣ ਨਾ ਪਾਈਆ । ਨਹੀਂ ਓਹ ਬੜਾ ਕੱਬਾ, ਜਿਸ ਗੁਰ ਅਵਤਾਰ ਪੈਗ਼ੰਬਰ ਬੰਦ ਕੀਤੇ ਵਿਚ ਡੱਬਾ, ਸਚਖੰਡ ਵਿਚ ਲਏ ਟਿਕਾਈਆ । ਦੀਨਾਂ ਮਜ਼੍ਹਬਾਂ ਦੀਆਂ ਵੰਡ ਕੇ ਹੱਦਾਂ, ਮਨੁੱਸ਼ ਮਨੁੱਸ਼ਾਂ ਨਾਲ ਲੜਾਈਆ । ਇਕੋ ਨਾਮ ਤੇ ਬਦਲਦਾ ਰਿਹਾ ਟੱਪਾ, ਅੱਖਰਾਂ ਵਾਲੀ ਪੜ੍ਹਾਈਆ । ਤੇ ਸਾਰੇ ਕਹਿੰਦੇ ਰਹੇ ਓਮ ਰਾਮ ਕ੍ਰਿਸ਼ਨ ਅੱਲਾ ਸਤਿਨਾਮ ਵਾਹਿਗੁਰੂ ਅੱਛਾ, ਤੇ ਬੁਰਾ ਕਿਹੜਾ ਨਜ਼ਰੀ ਆਈਆ । ਜਿਤਨੇ ਨਾਮ ਤੇ ਉਤਨੇ ਹੱਟਾ, ਚਾਰੋਂ ਤਰਫ਼ ਹਿੰਦੂ ਮੁਸਲਿਮ ਸਿੱਖ ਈਸਾਈ ਪ੍ਰਭ ਦੇ ਨਾਮ ਤੋਂ ਕਰਨ ਲੜਾਈਆ । ਸਚ ਕਰ ਕੇ ਇਕ ਪਾਰਬ੍ਰਹਮ ਪਤਿਪਰਮੇਸ਼ਵਰ ਮੰਨੋ ਪੱਕਾ, ਜਿਸ ਦਾ ਯਾਰਾਨਾ ਨਾ ਕੋਇ ਤੁੜਾਈਆ । ਜੋ ਆਦਿ ਜੁਗਾਦਿ ਸੱਚਾ, ਜੁਗ ਚੌਕੜੀ ਵੇਖ ਵਖਾਈਆ । ਫ਼ਰਕ ਪੈਣ ਨਾ ਦੇਵੇ ਰਤਾ, ਰਤਨ ਅਮੋਲਕ ਹੀਰੇ ਗੁਰਮੁਖ ਲਏ ਬਣਾਈਆ । ਜਿਹੜੇ ਲੜਦੇ ਆਏ ਇਕ ਦੂਜੇ ਨੂੰ ਮਾਰ ਕੇ ਧੱਕਾ, ਛੋਟੇ ਬੱਚੇ ਤੀਰ ਕਮਾਨ ਉਠਾਈਆ । ਜਿਹੜੇ ਗਤਕੇ ਨਾਲ ਮਾਰਦੇ ਆਏ ਸੱਟਾਂ, ਨੀਲੇ ਰੰਗ ਨਿਸ਼ਾਨੇ ਨਾਲ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਕਰ ਲੈਣ ਦਿਓ ਫੁਰਤੀ, ਫੁਰਨੇ ਸਭ ਦੇ ਵੇਖ ਵਖਾਈਆ । ਕਿਸੇ ਸੰਤ ਦੀ ਅੰਦਰ ਚੜ੍ਹੇ ਨਾ ਸੁਰਤੀ, ਕਲਜੁਗ ਨੇ ਪਰਦਾ ਦਿਤਾ ਪਾਈਆ । ਬਿਨਾ ਪੁਰਖ ਅਕਾਲ ਤੋਂ ਅੱਗੇ ਦੇਵੇ ਕੋਈ ਨਾ ਗੁੜ੍ਹਤੀ, ਜੰਮਣ ਵਾਲੀ ਨਜ਼ਰ ਨਾ ਆਵੇ ਕੋਈ ਧੁਰ ਦੀ ਮਾਈਆ । ਵੇ ਭਗਤੋ, ਮੈਂ ਤੁਹਾਡੇ ਸਾਹਮਣੇ ਬਹਿ ਗਈ ਉਤੇ ਕੁਰਸੀ, ਕੁਰਸੀ ਦੀਨ ਦੁਨੀ ਦੇਣੀ ਹਿਲਾਈਆ । ਇਹ ਧਾਰ ਸੱਚੇ ਸਤਿਗੁਰ ਦੀ, ਜੋ ਸ਼ਬਦ ਰੂਪ ਬਦਲਾਈਆ । ਵੇਖੋ ਖੇਲ ਸਵਾ ਸੇਰ ਗੁੜ ਦੀ, ਜੋ ਪੰਜ ਪਿਆਰੇ ਭੇਟ ਚੜ੍ਹਾਈਆ । ਚਾਰ ਕੁੰਟ ਦਿਸੇ ਰੁੜ੍ਹਦੀ, ਅੱਗੇ ਹੋ ਨਾ ਕੋਇ ਬਚਾਈਆ । ਜਿਨ੍ਹਾਂ ਖੇਲ ਕੀਤਾ ਨਾਲ ਦੁਰਗੀ, ਤੀਰ ਕਮਾਨ ਮੋਢਿਆਂ ਉਤੇ ਛੁਹਾਈਆ । ਹੁਣ ਲਾਟਾਂ ਵਾਲੀ ਦੀਵੇ ਜਗਾ ਕੇ ਆ ਗਈ ਤੁਰਦੀ, ਆਪਣਾ ਪੰਧ ਮੁਕਾਈਆ । ਖੇਲ ਮੁਕਣੀ ਦੇਵਤ ਸੁਰ ਦੀ, ਸੁੱਤਿਆਂ ਲਏ ਉਠਾਈਆ । ਦੁਨੀਆਂ ਵੇਖੇ ਰੁੜ੍ਹਦੀ, ਅੱਗੇ ਹੋ ਨਾ ਕੋਇ ਬਚਾਈਆ । ਕਥਾ ਕਹਾਣੀ ਯਾਦ ਕਰੋ ਅਨੰਦਪੁਰ ਦੀ, ਕੀ ਸਰਸਾ ਖੇਲ ਖਿਲਾਈਆ ।

੭੫੦
੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖੀ ਲਾਟਾਂ ਵਾਲੀ, ਲਿਟਾਂ ਖੁਲ੍ਹੀਆਂ ਨਜ਼ਰੀ ਆਈਆ । ਜਿਸ ਦੀ ਪ੍ਰਭ ਦੇ ਘਰ ਦੀਵਾਲੀ, ਗੁਰਮੁਖਾਂ ਰਹੀ ਵਖਾਈਆ । ਜਨ ਭਗਤੋ ਇਕੋ ਮੰਨਣਾ ਜੋਤ ਅਕਾਲੀ, ਦੂਸਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਛੱਬੀ ਪੋਹ ਵਕ਼ਤ ਰਾਤ ਬਾਰਾਂ, ਜਨ ਭਗਤੋ ਖੜਕਾ ਦਿਓ ਤਲਵਾਰਾਂ । ਸਦੀ ਚੌਧਵੀਂ ਕਹੇ ਮੇਰੇ ਪਾਸ ਆ ਜਾਏ ਮੇਰੀ ਗੋਲੀ, ਹੌਲੀ ਹੌਲੀ ਕ਼ਦਮ ਟਿਕਾਈਆ । ਉਸ ਨੂੰ ਸਮਝਾਵਾਂ ਧੁਰ ਦੀ ਬੋਲੀ, ਅਨਬੋਲਤ ਰਾਗ ਜਣਾਈਆ । ਜਿਸ ਦੀ ਧਾਰ ਸਭ ਦੇ ਨਾਲ ਮੌਲੀ, ਮੌਲਾ ਰੂਪ ਸੋਭਾ ਪਾਈਆ । ਜਨ ਭਗਤੋ ਤੁਸਾਂ ਕਹਾਰ ਬਣ ਕੇ ਚੁੱਕੀ ਡੋਲੀ, ਧੁਰ ਦਾ ਭਾਰ ਉਠਾਈਆ । ਤੁਹਾਨੂੰ ਸਚਖੰਡ ਦਵਾਰੇ ਖੜਨ ਦੀ ਕਰ ਲਈ ਬੋਹਣੀ, ਧੁਰ ਦਾ ਸਗਣ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਜਿਹੜਾ ਤੁਸਾਂ ਕੀਤਾ ਹਾਸਾ, ਹੱਸ ਹੱਸ ਦਿਤਾ ਵਖਾਈਆ । ਇਹ ਦੁਨੀਆ ਦਾ ਤਮਾਸ਼ਾ, ਪ੍ਰਭ ਦੀ ਬੇਪਰਵਾਹੀਆ । ਚਾਰ ਗੁਰਸਿਖ ਉਠੋ ਜਿਨ੍ਹਾਂ ਖੇਡਣਾ ਸਾਰ ਪਾਸ਼ਾ, ਬਾਜ਼ੀ ਚੌਪਟ ਵਾਲੀ ਲਗਾਈਆ । ਚਾਰ ਗੁਰਸਿਖ ਉਠੋ ਜਿਨ੍ਹਾਂ ਪਲੰਘ ਉਠਾਉਣਾ ਉਪਰ ਅਕਾਸ਼ਾ, ਧਰਨੀ ਧਰਤ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਨੂੰ ਕਰ ਲੈਣ ਦਿਓ ਪਰਦਾ, ਆਪਣਾ ਮੁਖ ਛੁਪਾਈਆ । ਮੇਰਾ ਹਿਰਦਾ ਅੰਦਰੋਂ ਸੜਦਾ, ਦੁੱਖੀ ਹੋ ਕੇ ਦਏ ਦੁਹਾਈਆ । ਵੇਖੇ ਪ੍ਰਭ ਦੀ ਮੰਜ਼ਲ ਕੋਈ ਨਾ ਚੜ੍ਹਦਾ, ਸਚਖੰਡ ਦੁਆਰੇ ਮਿਲਣ ਕੋਇ ਨਾ ਜਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਕੋਈ ਨਾ ਪੜ੍ਹਦਾ, ਆਤਮ ਪਰਮਾਤਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਜਣਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਆ ਗਏ ਦੇਵਤ ਦੇਵਾ, ਆਪਣਾ ਪੰਧ ਮੁਕਾਈਆ । ਨਾਲ ਮੈਂ ਵੀ ਕਰਾਂ ਸੇਵਾ, ਫਿਰਾਂ ਚਾਈਂ ਚਾਈਂਆ । ਅੰਮ੍ਰਿਤ ਰਸ ਦੇਵਾਂ ਮੇਵਾ, ਧੁਰ ਦਾ ਫਲ ਖੁਆਈਆ । ਧਾਮ ਵਖਾਵਾਂ ਇਕ ਨਿਹਕੇਵਾ, ਨਿਹਚਲ ਦਿਆਂ ਵਡਿਆਈਆ । ਜਿਸ ਦੀ ਮਹਿੰਮਾ ਕਰਦੀ ਜਿਹਵਾ, ਓਹ ਮਾਲਕ ਦਿਆਂ ਮਿਲਾਈਆ । ਜਿਸ ਨੂੰ ਕਹਿੰਦੇ ਅਲਖ ਅਭੇਵਾ, ਪਾਰਬ੍ਰਹਮ ਨੂਰ ਖ਼ੁਦਾਈਆ । ਓਹ ਤੁਹਾਡੇ ਮਸਤਕ ਲਾਉਣ ਆਇਆ ਥੇਵਾ, ਆਪਣਾ ਰੰਗ ਰੰਗਾਈਆ । ਵੇਖਿਓ ਦੁਹਾਗਣ ਹੋ ਕੇ ਕਿਸੇ ਸਾਧ ਸੰਤ ਦਾ ਕਰਿਓ ਨਾ ਕਰੇਵਾ, ਬਿਨਾ ਖ਼ੁਦਾਵੰਦ ਕਰੀਮ ਮਾਲਕ ਮਹਿਬੂਬ ਮੁਹੱਬਤ ਖਾਵੰਦ ਖ਼ਸਮ ਪਤੀ ਪਰਮੇਸ਼ਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਤੋਬਾ, ਤੋਬਾ ਮੇਰੇ ਖ਼ੁਦਾਈਆ । ਮੈਂ ਸੁਣ ਕੇ ਆਈ ਸੋਭਾ, ਭੱਜੀ ਵਾਹੋ ਦਾਹੀਆ । ਛੱਡ ਕੇ ਚੌਦਾਂ ਲੋਕਾਂ, ਤਬਕਾਂ ਪੰਧ ਮੁਕਾਈਆ । ਸੁਣਿਆ ਇਕ ਸਲੋਕਾ, ਤੂੰ ਮੇਰਾ ਮੈਂ ਤੇਰਾ ਨਜ਼ਰੀ ਆਈਆ । ਜਿਸ ਨੇ ਕੁੱਜੀ ਵਿਚ ਬੰਦ ਕਰਾਈ ਜੋਕਾ, ਇਹ ਮੁਹੰਮਦ ਦਾ ਖ਼ੈਰਖਾਹੀਆ । ਜਿਨ੍ਹਾਂ ਡਾਂਗ ਨੂੰ ਲਵਾਇਆ ਟੋਕਾ, ਇਹ ਦੁਰਗਾ ਸੰਗ ਰਖਾਈਆ । ਜਿਨ੍ਹਾਂ ਨੇ ਖੱਬੇ ਹੱਥ ਦਾ ਰੰਗ ਲਿਆ ਪੋਟਾ, ਇਹ ਗੋਬਿੰਦ ਦੇ ਮੇਲੀ ਸੋਭਾ ਪਾਈਆ । ਨਾ ਕੋਈ ਵੱਡਾ ਤੇ ਨਾ ਕੋਈ ਛੋਟਾ, ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ

ਚੌਧਵੀਂ ਕਹੇ ਮੈਨੂੰ ਵੇਖ ਲੈਣ ਦਿਓ ਦਿਸ਼ਾ ਲਹਿੰਦੀ, ਮਗ਼ਰਬ ਧਿਆਨ ਲਗਾਈਆ । ਵੈਸਟ ਵਾਲੀ ਧਾਰ ਕੀ ਕਹਿੰਦੀ, ਈਸਾ ਮੂਸਾ ਮੁਹੰਮਦ ਦੇਣਾ ਟਕਰਾਈਆ । ਜਿਨ੍ਹਾਂ ਬੀਬੀਆਂ ਨੇ ਸੱਜੇ ਹੱਥ ਨੂੰ ਲਾ ਲਈ ਮਹਿੰਦੀ, ਇਹ ਅਮਾਮ ਮਹਿੰਦੀ ਦਾ ਦਰਸ਼ਨ ਲਓ ਪਾਈਆ । ਬੇਸ਼ਕ ਭਗਤੋ ਜਨਮ ਜਨਮ ਤੁਹਾਡੀ ਆਤਮਾ ਚੁਰਾਸੀ ਦਾ ਦੁੱਖ ਰਹੀ ਸਹਿੰਦੀ, ਅੱਗੇ ਦੁਖੜਾ ਦੇਣਾ ਕਟਾਈਆ । ਗਿਰਧਾਰਾ ਸਿੰਘ ਜਿਹੜੀ ਚਾਟੀ ਰੱਖੀ ਦਹੀ ਦੀ, ਓਹ ਗੁਰਮੁਖਾਂ ਦਾ ਅੱਜ ਇਸ਼ਨਾਨ ਦੇਣਾ ਕਰਾਈਆ । ਜਨ ਭਗਤੋ ਜਿਹੜੀ ਜੋੜੀ ਮਹੀਂ ਦੀ, ਓਹ ਭਗਤਾਂ ਨੂੰ ਦਏ ਰਜਾਈਆ । ਜਿਹੜੀ ਸੰਗਤ ਆਈ ਕੈਂਪ ਸਈ ਦੀ, ਇਹ ਬਾਵਨ ਦੇ ਸਾਥੀ ਸੋਭਾ ਪਾਈਆ । ਤੁਹਾਡੀ ਤਕਦੀਰ ਮੁਕੀ ਸ਼ਰਅ ਜ਼ੰਜੀਰ ਮੁਕੀ ਲਕੀਰ ਮੁਕੀ ਧਰਮ ਰਾਏ ਵਹੀ ਦੀ, ਅੱਗੇ ਖਾਤਾ ਨਾ ਕੋਇ ਖੁਲ੍ਹਾਈਆ । ਜਿਨ੍ਹਾਂ ਨੇ ਸੇਵਾ ਕੀਤੀ ਕਹੀ ਦੀ, ਕਰਮਾਂ ਦਾ ਡੇਰਾ ਜਾਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਗੁਰਮੁਖ ਸਾਚੇ ਪਲੰਘ ਚੁੱਕਣ, ਚੁਕੰਨੇ ਦਿਆਂ ਕਰਾਈਆ । ਕਲਜੁਗ ਪੈਂਡਾ ਆਇਆ ਮੁੱਕਣ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਕਾਲ ਆਇਆ ਪੁਛਣ, ਗੁਰ ਅਵਤਾਰ ਪੈਗ਼ੰਬਰਾਂ ਰਿਹਾ ਉਠਾਈਆ । ਸੰਤ ਫ਼ਕੀਰ ਦੇਵੇ ਨਾ ਲੁਕਣ, ਜੰਗਲ ਜੂਹ ਖੋਜ ਖੁਜਾਈਆ । ਮਾਇਆ ਮਮਤਾ ਜੜ੍ਹ ਆਇਆ ਪੁੱਟਣ, ਪਟਨਾਧਾਰ ਨਾਲ ਮਿਲਾਈਆ । ਕੂੜੀ ਕਿਰਿਆ ਆਇਆ ਲੁੱਟਣ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਪਲੰਘ ਕਹੇ ਮੈਂ ਹੋਇਆ ਉਚਾ, ਉਚੀ ਕੂਕ ਸੁਣਾਈਆ । ਭਗਤ ਦੁਆਰਾ ਧੁਰ ਦਾ ਸੁੱਚਾ, ਭਗਵਨ ਲਿਆ ਪ੍ਰਗਟਾਈਆ । ਓਹ ਗੁਰਮੁਖੋ ਸਾਰੇ



ਬਾਹਰ ਕੱਢ ਲਓ ਚਿੱਟਾ ਰੁੱਕਾ, ਹੱਥਾਂ ਵਿਚ ਉਠਾਈਆ । ਭਾਗ ਸਿਆਂ ਤੂੰ ਵੀ ਚੁਕ ਲੈ ਹੁੱਕਾ, ਅੱਗੇ ਤੋਂ ਹੁੱਕਾ ਪੀਣ ਕੋਇ ਨਾ ਪਾਈਆ । ਜਿਨ੍ਹਾਂ ਵਟ ਚਾੜ੍ਹੇ ਮੁੱਛਾਂ, ਨਾਅਰਾ ਦਿਓ ਲਗਾਈਆ । ਜਿਨ੍ਹਾਂ ਨੂੰ ਥੋੜ ਪੁੱਤਾਂ, ਘਾਟੇ ਪੂਰ ਕਰਾਈਆ । ਜਿਨ੍ਹਾਂ ਸੋਹੰ ਪੜ੍ਹੀ ਤੁਕਾ, ਤੁਖ਼ਮ ਤਾਸੀਰ ਦਿਆਂ ਬਦਲਾਈਆ । ਜਿਨ੍ਹਾਂ ਪੈਰੀਂ ਨਹੀਂ ਪਾਇਆ ਜੁੱਤਾ, ਚਲੇ ਵਾਹੋ ਦਾਹੀਆ । ਜਿਨ੍ਹਾਂ ਕਾਲਾ ਰੰਗ ਕੀਤਾ ਪਿੱਠਾ, ਠੋਡੀਆਂ ਉਤੇ ਨਿਸ਼ਾਨ ਲਗਾਈਆ । ਓਨ੍ਹਾਂ ਦਾ ਅੰਤ ਅਖ਼ੀਰੀ ਦਰਗਾਹ ਨਿਕਲੇ ਸਿੱਟਾ, ਸਚਖੰਡ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਜਿਹੜੇ ਇਕ ਇਕ ਵੰਡੇ ਵੰਡ, ਅਕੱਲਾ ਅਕੱਲਾ ਦਿਤੇ ਕਰਾਈਆ । ਉਨ੍ਹਾਂ ਦੀ ਧਰਮ ਦੀ ਬੱਧੀ ਗੰਢ, ਨਾਤਾ ਇਕ ਜੁੜਾਈਆ । ਅੰਤਮ ਪਵੇ ਠੰਡ, ਅਗਨੀ ਤੱਤ ਨਾ ਕੋਇ ਤਪਾਈਆ । ਜਿਹੜੀ ਬੀਬੀ ਰੰਡੀ ਨੇ ਪਕੜੀ ਚੰਡ, ਦੁਰਗਾ ਦੀ ਪਿਛਲੀ ਸੇਵਕਨ ਨਜ਼ਰੀ ਆਈਆ । ਜਿਨ੍ਹਾਂ ਬੁਰਕੀ ਖਾਧੀ ਖੰਡ, ਘਿਰਤ ਨਾਲ ਰਲਾਈਆ । ਜਿਨ੍ਹਾਂ ਫੜੀ ਹੱਥ ਵਿਚ ਚੰਡੀ ਚੰਡ, ਸੋਹਣਾ ਰੂਪ ਸੁਹਾਈਆ । ਜਿਨ੍ਹਾਂ ਦੇ ਅੰਤਰ ਆਇਆ ਅਨੰਦ, ਨਿਗਾਹ ਪ੍ਰਭ ਦੇ ਵਿਚ ਮਿਲਾਈਆ । ਜਿਸ ਨੇ ਫੜਿਆ ਤਾਰਾ ਚੰਦ, ਚੰਦ ਸਤਾਰ ਦਾ ਲੇਖ ਚੁਕਾਈਆ । ਜਿਹੜਾ ਪਾਉਂਦਾ ਆਇਆ ਡੰਡ, ਰੌਲੇ ਨਾਲ ਦੁਹਾਈਆ । ਜਿਨ੍ਹਾਂ ਵਧਾ ਕੇ ਲਾਏ ਦੰਦ, ਆਪਣਾ ਭੇਸ ਬਦਲਾਈਆ । ਜਿਹੜੇ ਕਰਦੇ ਆਏ ਜੰਗ, ਮੁੱਕੀਆਂ ਨਾਲ ਲੜਾਈਆ । ਜਿਹੜੇ ਆਪਣੇ ਆਪ ਨੂੰ ਕਰ ਪਾਬੰਦ, ਦੀਨਾਂ ਬੰਧੂ ਨਾਉਂ ਦਿਤਾ ਜਣਾਈਆ । ਜਿਸ ਨੇ ਮੁਸੱਲਾ ਉਠਾਇਆ ਹੱਥ, ਲੋਟੇ ਖੱਲ ਨਾਲ ਵਡਿਆਈਆ । ਜਿਨ੍ਹਾਂ ਪੁੱਠੀ ਐਨਕ ਲਗਾਈ ਅੱਖ, ਛੁਰੇ ਫੜ ਕੇ ਹੂ ਹੂ ਬੋਲ ਸੁਣਾਈਆ । ਜਿਹੜੇ ਤੂੰਹੀ

ਤੂੰਹੀ ਆਏ ਜਪ, ਧੁਰ ਦਾ ਰਾਗ ਅਲਾਈਆ । ਜਿਹੜੇ ਚਲਦੇ ਆਏ ਉਤੇ ਪੱਬ, ਪੱਗਾਂ ਸੀਸ ਉਤੇ ਸੁਹਾਈਆ । ਓਹ ਕਹਿਣ ਹੁਣ ਪਲੰਘ ਥੱਲੇ ਦਿਓ ਰਖ, ਸਹਿਜ ਨਾਲ ਟਿਕਾਈਆ । ਜਿਹੜਾ ਤੁਲ੍ਹਾ ਲਿਆਂਦਾ ਕੱਖ, ਤੁਲਸੀ ਬੂਟੇ ਨਾਲ ਵਡਿਆਈਆ । ਜਿਸ ਨੇ ਪਾਟੀ ਪਾਈ ਕੱਛ, ਵੱਛਾ ਹੱਥ ਰਖਾਈਆ । ਜਿਸ ਨੇ ਫੜ ਕੇ ਲਿਆਂਦੀ ਮੱਛ, ਮੀਨਾ ਰੰਗ ਰੰਗਾਈਆ । ਜਿਹੜੇ ਇਕੋ ਨਾਮ ਆਏ ਜਪ, ਇਕੋ ਮੰਨਣ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਜਿਹੜੇ ਆਏ ਬਣ ਕੇ ਜੋਟੇ, ਧੁਰ ਦਾ ਸੰਗ ਬਣਾਈਆ । ਜਿਨ੍ਹਾਂ ਹੱਥ ਵਿਚ ਫੜੇ ਲੋਟੇ, ਸੰਖਾਂ ਨਾਲ ਦਿਤਾ ਜਣਾਈਆ । ਮਸਤਕ ਲੇਖ ਲਿਖਿਆ ਖੋਤੇ, ਗਧੇ ਰੰਗ ਰੰਗਾਈਆ । ਜਿਹੜੇ ਚੜ੍ਹੇ ਉਤੇ ਬੋਤੇ, ਜਗਤ ਗ਼ਰੀਬੀ ਡੇਰਾ ਢਾਹੀਆ । ਜਿਨ੍ਹਾਂ ਨਾਲ ਲਿਆਂਦੇ ਪੋਤੇ, ਉਨ੍ਹਾਂ ਪੀੜ੍ਹੀ ਲਈ ਬਣਾਈਆ । ਜਿਹੜੇ ਕਰਦੇ ਆਏ ਰੋਸੇ, ਰੁਸਿਆਂ ਲਏ ਮਨਾਈਆ । ਜਿਨ੍ਹਾਂ ਉਤੋਂ ਸਿਰ ਘੋਟੇ, ਬੋਦੀਆਂ ਵਾਲਿਆਂ ਨਾਲ ਜੁੜਾਈਆ । ਜਿਨ੍ਹਾਂ ਹੱਥ ਵਿਚ ਫੜੇ ਡਾਂਗ ਸੋਟੇ, ਮੁਤਹਿਰੇ ਲਏ ਉਠਾਈਆ । ਜਿਨ੍ਹਾਂ ਤੇੜ ਬੰਨ੍ਹੇ ਲੰਗੋਟੇ, ਸੋਹਣਾ ਰੰਗ ਰੰਗਾਈਆ । ਜਨ ਭਗਤੋ ਤੁਹਾਡੇ ਨਾਲ ਕਰੇ ਕੌਣ ਧੋਖੇ, ਸ਼ਰੇਆਮ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਨੂੰ ਕੰਮ ਇਕ ਜ਼ਰੂਰੀ, ਜ਼ਰੂਰਤ ਆਪਣੀ ਦਿਆਂ ਸਮਝਾਈਆ । ਬਿਸ਼ਨ ਕੌਰ ਹੱਥ ਫੜਾ ਦੇਵੇ ਕਸਤੂਰੀ, ਗਲਾਸੀ ਬਸੰਤ ਕੌਰ ਨਾਲ ਮਿਲਾਈਆ । ਸਭ ਦੀ ਲੇਖੇ ਲਾਵਾਂ ਮਜ਼ਦੂਰੀ, ਮੁਸ਼ਕਲ ਹਲ ਕਰਾਈਆ । ਰੰਗਣ ਚਾੜ੍ਹਾਂ ਗੂੜ੍ਹੀ, ਧੁਰ ਦਾ ਰੰਗ ਰੰਗਾਈਆ । ਤੋੜ ਕੇ ਗੜ੍ਹ ਗ਼ਰੂਰੀ, ਹੰਗਤਾ ਦਿਆਂ ਮਿਟਾਈਆ । ਭਗਤੋ ਤੁਸੀਂ ਘਰ ਵਸੋ ਮੈਂ ਤੁਹਾਡੀ ਦੋ ਜਹਾਨ ਕਰਾਂ ਮਸ਼ਹੂਰੀ, ਮਸ਼ਵਰਾ ਇਕੋ ਨਾਲ ਮਿਲਾਈਆ । ਪ੍ਰਭ ਨੂੰ ਸਮਝੋ ਨਾ ਕੋਈ ਦੂਰੀ, ਦੂਰ ਦੁਰਾਡਾ ਨਾ ਕੋਇ ਵਖਾਈਆ । ਇਹ ਦੁਨੀਆ ਵੇਖੋ ਕੂੜੀ, ਨਾਤਾ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਜਨ ਭਗਤੋ ਇਹ ਕਸਤੂਰੀ ਦੀ ਵੇਖੋ ਡੱਬੀ, ਡੱਬੇ ਕੁੱਤੇ ਵਾਲੇ ਨਾਲ ਮਿਲਾਈਆ । ਤੁਹਾਡਾ ਮੇਲ ਹੋਇਆ ਰੱਬੀ, ਆਲਮੀਨ ਜੋੜ ਜੁੜਾਈਆ । ਇਹ ਮੇਰੀ ਅਖ਼ੀਰੀ ਸਦੀ, ਸਦਮੇ ਵਿਚ ਦੁਹਾਈਆ । ਮੈਂ ਫਿਰਾਂ ਪੈਰੀਂ ਨੰਗੀ, ਹੌਲੀ ਹੌਲੀ ਪੰਧ ਮੁਕਾਈਆ । ਜਿਸ ਨੇ ਮੋਢੇ ਉਪਰ ਚੁੱਕੀ ਡੱਗੀ, ਹੋਕਾ ਦੇ ਕੇ ਰਿਹਾ ਸੁਣਾਈਆ । ਜਿਨ੍ਹਾਂ ਅਨਾਰਾਂ ਲਾਈ ਅੱਗੀ, ਸ੍ਰਿਸ਼ਟ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਵੇਖੋ ਇਕ ਗਲਾਸੀ, ਗਲਾਸ ਸ਼ੀਸ਼ਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਈਸਾ ਚੜ੍ਹਿਆ ਸੀ ਫਾਸੀ, ਸਲੀਬ ਗਲ ਵਿਚ ਲਟਕਾਈਆ । ਉਸ ਨੇ ਇਕ ਕਥਾ ਕਹਾਣੀ ਆਖੀ, ਹੱਕ ਆਵਾਜ਼ ਸੁਣਾਈਆ । ਜਿਸ ਵੇਲੇ ਵੀਹਵੀਂ ਸਦੀ ਆਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੁਰੀਦ ਰਹੇ ਨਾ ਕੋਇ ਜਮਾਤੀ, ਮੁਰਸ਼ਦ ਪੱਲੂ ਜਾਣ ਛੁਡਾਈਆ । ਸਚ ਦਿਸੇ ਕੋਈ ਨਾ ਹਾਟੀ, ਧੁਰ ਦਾ ਵਣਜ ਨਾ ਕੋਇ ਕਰਾਈਆ । ਮੇਰੀ ਯਾਦ ਰਖਿਓ ਬਾਤੀ, ਬਾਤਨ ਦਿਆਂ ਸੁਣਾਈਆ । ਖੇਲ ਹੋਣਾ ਬਹੁਭਾਤੀ, ਹਰਿ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਈਸਾ ਅੰਤ ਹੱਥ ਲਾਇਆ ਸਲੀਬ ਆਪਣੀ ਢਾਈ, ਉਂਗਲਾਂ ਨਾਲ ਛੁਹਾਈਆ । ਕਿਹਾ ਮੇਰਾ ਤਨ ਵਜੂਦ ਜਿਹੜਾ ਨਾਮ ਦੀ

੭੫੨
੨੧

ਬਣਿਆ ਸੀ ਡਾਈ, ਅਣਘੜਤ ਘਾੜ ਘੜਾਈਆ । ਓਹ ਡੈਡ ਹੋਇਆ ਮੇਰੀ ਦੁਹਾਈ, ਬਹੁੜੀ ਬਹੁੜੀ ਕਰ ਸੁਣਾਈਆ । ਓਸ ਵੇਲੇ ਨਾਤਾ ਤੁਟਨਾ ਭੈਣ ਭਾਈ, ਸਾਚਾ ਸੰਗ ਨਾ ਕੋਇ ਵਖਾਈਆ । ਓਹ ਈਸਾ ਦੇ ਸਾਥੀ ਜਿਹੜੇ ਪੰਜ ਬਣੇ ਸ਼ੁਦਾਈ, ਭੱਜੇ ਵਾਹੋ ਦਾਹੀਆ । ਸਦੀ ਚੌਧਵੀਂ ਕਹੇ ਮੈਂ ਕਿਉਂ ਚੂੜਾ ਪਾਇਆ ਨਾਲ ਕਲਾਈ, ਕਲਮੇ ਵਾਲਿਆਂ ਦਿਆਂ ਸੁਣਾਈਆ । ਜਿਸ ਵੇਲੇ ਖੇਲ ਕਰੇ ਬੇਪਰਵਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਸਦੀ ਚੌਧਵੀਂ ਕਹੇ ਕਿੱਥੇ ਨੇ ਲਾਉਣ ਵਾਲੇ ਮੁਜਰਾ, ਬੁੱਲ੍ਹੇ ਦੇ ਸਾਥੀ ਵੇਖ ਵਖਾਈਆ । ਕਿੱਥੇ ਜੇ ਹੁਜਰਾ, ਉਪਰ ਲਓ ਉਠਾਈਆ । ਵੇਖਿਓ ਕੋਈ ਨਾ ਬਣਿਓ ਨਾਸ਼ੁਕਰਾ, ਸ਼ੁਕਰਗੁਜ਼ਾਰ ਸਾਰੇ ਸੀਸ ਲਓ ਨਿਵਾਈਆ । ਜਿਹੜਾ ਪਰਵਰਦਿਗਾਰ ਆਪਣੀ ਧਾਰੋਂ ਉਤਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਕੋਈ ਪਿਤਾ ਕਹੇ ਨਾ ਪੁੱਤਰਾ, ਗੋਦ ਨਾ ਕੋਇ ਉਠਾਈਆ । ਓਹ ਭਗਤੋ ਤੁਹਾਥੋਂ ਮੰਗਦਾ ਟੁਕੜਾ, ਪੰਜੇ ਬੀਬੀਆਂ ਘਰ ਦੇ ਫੁਲਕੇ ਦਿਓ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣੀ ਜਗਤ ਦੀ ਘਟਨਾ, ਘਾਟੇ ਵਿਚ ਲੋਕਾਈਆ । ਮੈਨੂੰ ਇਕ ਵੇਰਾਂ ਲਾ ਦੇ ਵਟਣਾ, ਸਗਨ ਲੈਣਾ ਮਨਾਈਆ । ਜ਼ਰਾ ਦਈਏ ਵਾਲਿਆਂ ਨੱਚਣਾ, ਥਈਆ ਕਰ ਕੇ ਦੇਣਾ ਸੁਣਾਈਆ । ਇਹ ਪੀਰਾਂ ਦਾ ਸੁਫ਼ਨਾ, ਦਰ ਹਰਿ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਟੋਪੀ ਸੱਤ ਰੰਗੀ, ਸੱਤ ਰੰਗ ਰਹੇ ਵਖਾਈਆ । ਜਿਸ ਖੇਲ ਵਖਾਉਣਾ ਮੁਹੰਮਦੀ ਤੇ ਫ਼ਰੰਗੀ, ਫ਼ਰਾਖ਼ ਦਿਲੀ ਨਾਲ ਸਮਝਾਈਆ । ਚਾਰੋਂ ਕੁਟ ਹੋਣੀ ਤੰਗੀ, ਤੰਗਦਸਤ ਲੋਕਾਈਆ । ਤੁੱਟੀ ਕਿਸੇ ਨਾ ਜਾਵੇ ਗੰਢੀ, ਗੰਢਣਹਾਰ ਆਪਣੀ ਦਇਆ ਕਮਾਈਆ । ਮਨ ਕਲਪਣਾ ਸ੍ਰਿਸ਼ਟੀ ਹੋਈ ਰੰਡੀ, ਪਰਮਾਤਮ ਕੰਤ ਨਾ ਕੋਇ ਹੰਢਾਈਆ । ਫਿਰੇ ਦੁਹਾਈ ਵਿਚ ਵਰਭੰਡੀ, ਬ੍ਰਹਿਮੰਡੀ ਭੇਵ ਨਾ ਕੋਇ ਖੁਲ੍ਹਾਈਆ । ਜਗਤ ਸੁਆਣੀ ਰਹੀ ਨਾ ਕੋਈ ਚੰਗੀ, ਹਰਿ ਕੰਤ ਨਾ ਕੋਇ ਹੰਢਾਈਆ । ਨੇਤਰ ਹੁੰਦਿਆਂ ਹੋਈ ਅੰਧੀ, ਪ੍ਰਭ ਦਾ ਦਰਸ ਕੋਇ ਨਾ ਪਾਈਆ । ਜਗਤ ਬੰਦਨਾ ਪਾਈ ਬੰਦੀ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਧੁਰ ਦੇ ਨਾਮ ਦੀ ਕਿਸੇ ਕੋਲ ਨਹੀਂ ਸੰਧੀ, ਸਨਦ ਹੱਥ ਨਾ ਕੋਇ ਫੜਾਈਆ । ਜਗਤ ਵਾਸਨਾ ਹੋਈ ਗੰਦੀ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਸੱਤ ਰੰਗ ਦਾ ਵੇਖੋ ਕ਼ਮੀਜ਼, ਸੋਹਣਾ ਨਜ਼ਰੀ ਆਈਆ । ਸਭ ਨੂੰ ਸਾਂਝੀ ਦਏ ਤਮੀਜ਼, ਮਿਲ ਕੇ ਚਲੋ ਭਾਈ ਭਾਈਆ । ਇਕ ਪ੍ਰਭੂ ਦੇ ਹੋਵੋ ਅਧੀਨ, ਇਕੋ ਪਰਵਰਦਿਗਾਰ ਮਨਾਈਆ । ਆਪਣੀ ਪੂਰੀ ਕਰੋ ਰੀਝ, ਆਤਮ ਪਰਮਾਤਮ ਪਰਦਾ ਲਾਹੀਆ । ਸਤਿ ਦਵਾਰੇ ਜਾਓ ਪਤੀਜ, ਪਤਿਪਰਮੇਸ਼ਵਰ ਵੇਖ ਵਖਾਈਆ । ਆਸਾ ਮਨਸਾ ਪੂਰੀ ਕਰੋ ਉਮੀਦ, ਤਮੰਨਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਆਪਣੀ ਕੱਢੋ ਪਰਚੀ, ਪਰਮ ਪੁਰਖ ਸਮਝਾਈਆ । ਭਗਤ ਦਵਾਰੇ ਹੋਣਾ ਭਰਤੀ, ਭਰਤ ਰਾਮ ਦਏ ਦੁਹਾਈਆ । ਕਿਰਪਾ ਕਰੇ ਪ੍ਰੀਤਮ ਅਰਸ਼ੀ, ਅਰਸ਼ਾਂ ਦਾ ਮਾਲਕ ਨੂਰ ਅਲਾਹੀਆ । ਤੁਹਾਨੂੰ ਦੇਵੇ ਨਾਮ ਦੀ ਖਰਚੀ, ਅੱਗੇ ਤੋਟ ਰਹੇ ਨਾ ਰਾਈਆ । ਕਿਸੇ ਨੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਜਾਣਾ ਨਹੀਂ ਚਰਚੀਂ, ਚਰਾਗਾਹਾਂ ਦਾ ਡੇਰਾ ਦਿਤਾ ਢਾਹੀਆ । ਪੁਰਖ ਅਕਾਲ ਪਰਵਰਦਿਗਾਰ ਤੁਹਾਡਾ ਦਰਦੀ, ਦੁਖੀਆਂ ਦਰਦ ਮਿਟਾਈਆ । ਸਭ ਦੀ ਮਨਜ਼ੂਰ ਕਰੇ ਅਰਜ਼ੀ,

੭੫੩ ੨੧

ਆਜਜ਼ਾਂ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਬਣ ਕੇ ਗ਼ਰਜ਼ੀ, ਗ਼ਰਜ਼ ਸਭ ਦੀ ਪੂਰ ਕਰਾਈਆ । ਜਿਨ੍ਹਾਂ ਪੁਲੀਸ ਦੀ ਪਾਈ ਵਰਦੀ, ਗੁਰਮੁਖ ਧੁਰ ਦੇ ਨਜ਼ਰੀ ਆਈਆ । ਜਿਹੜੇ ਫੌਜੀ ਆਏ ਕਲਾ ਚੜ੍ਹਦੀ, ਇਹ ਧਰਮ ਦੀ ਧਾਰ ਵਡਿਆਈਆ । ਜਿਨ੍ਹਾਂ ਸੀਖ ਫੜੀ ਤੱਤੀ ਸੜਦੀ, ਕੁੰਡਿਆਂ ਵਾਲੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰਾ ਰੰਗ ਅਨੋਖਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਨਾਲ ਕਦੇ ਨਾ ਕਰੇ ਧੋਖਾ, ਸ੍ਰਿਸ਼ਟੀ ਭਰਮ ਵਿਚ ਭੁਲਾਈਆ । ਜੋ ਜਗਾ ਕੇ ਲਿਆਏ ਜੋਤਾਂ, ਅਸ਼ਟਭੁਜ ਸਖੀ ਸਹੇਲੀ ਸੋਭਾ ਪਾਈਆ । ਜਿਨ੍ਹਾਂ ਬਨਾਉਟੀ ਵਾਲ ਵਧਾਏ ਇਨ੍ਹਾਂ ਕ੍ਰਿਸ਼ਨ ਦਵਾਰੇ ਮਿਲੇ ਸੋਭਾ, ਗਰਵਰਧਨ ਧਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰਾ ਵੇਖ ਲਓ ਚੂੜਾ, ਚੂੜੇ ਵਾਲੀਆਂ ਦਿਆਂ ਜਣਾਈਆ । ਸਤਿਗੁਰ ਨਾਲ ਪਿਆਰ ਪਾਇਓ ਗੂੜ੍ਹਾ, ਗੂੜ੍ਹੈ ਵਾਂਗ ਰੰਗ ਰੰਗਾਈਆ । ਜਗਤ ਨਾਤਾ ਸਮਝੋ ਕੂੜਾ, ਕੁਕਰਮਾਂ ਵਿਚ ਫਸਾਈਆ । ਮਸਤਕ ਲਾਉਣੀ ਇਕੋ ਧੂੜਾ, ਜੋ ਦੁਰਮਤ ਮੈਲ ਧਵਾਈਆ । ਪੁਰਖ ਅਕਾਲ ਸਤਿਗੁਰ ਪੂਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਹੜਾ ਬਾਟੀ ਵਿਚ ਲਿਆਂਦਾ ਚੂਰਾ, ਖੱਦਰ ਟਾਕੀ ਨਾਲ ਢਕਾਈਆ । ਸੋ ਲੇਖਾ ਜਾਣੇ ਸਾਹਿਬ ਸੂਰਾ, ਸਭ ਦੀ ਸੁਰਤੀ ਖੋਲ੍ਹ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਸਭ ਕੁਛ ਮੇਰੇ ਪ੍ਰਭੂ ਦੇ ਹੱਥ, ਹਥੇਲੀਆਂ ਰਹੀ ਵਖਾਈਆ । ਜਿਸ ਬੀਬੀ ਨੇ ਪਾਈ ਨੱਥ, ਤਿੰਨਾਂ ਬਲਾਕਾਂ ਨਾਲ ਵਡਿਆਈਆ । ਓਹ ਉਠ ਕੇ ਗਾਵੇ ਵਿਚ ਸੱਥ, ਧੁਰ ਦਾ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਗਲ ਵਿਚ ਵੇਖੋ ਤਵੀਤ, ਸਭ ਨੂੰ ਦਿਆਂ ਵਖਾਈਆ । ਸਾਂਝੇ ਪ੍ਰਭੂ ਦੀ ਕਰਿਓ ਪ੍ਰੀਤ, ਪ੍ਰੀਤਮ ਇਕੋ ਵੇਖ ਵਖਾਈਆ । ਮਾਣਸ ਜਨਮ ਜਾਣਾ ਜੀਤ, ਜਗਜੀਵਣ ਦਾਤਾ ਦਏ ਵਡਿਆਈਆ । ਏਥੇ ਓਥੇ ਰੱਖੇ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਕਰੇ ਠਾਂਡੀ ਸੀਤ, ਅਗਨੀ ਤੱਤ ਦਏ ਬੁਝਾਈਆ । ਜਨ ਭਗਤੋ ਕਲਜੁਗ ਦੀ ਬਦਲ ਦੇਣੀ ਰੀਤ, ਸਤਿਜੁਗ ਸਾਚਾ ਰਾਹ ਵਖਾਈਆ । ਜਿਹੜਾ ਗੁਰਮੁਖ ਮੰਗਦਾ ਆਇਆ ਭੀਖ, ਭਿਖਿਆ ਸਭ ਨੂੰ ਧੁਰ ਦੀ ਦੇਣੀ ਪਾਈਆ । ਸਾਚੇ ਨਾਮ ਦੀ ਕਰ ਬਖ਼ਸ਼ੀਸ਼, ਰਹਿਮਤ ਹੱਕ ਕਮਾਈਆ । ਜਿਨ੍ਹਾਂ ਨੇ ਮੁਕਟ ਬੱਧੇ ਸੀਸ, ਸੋਹਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਜਿਨ੍ਹਾਂ ਗਲ ਵਿਚ ਪਾਈ ਫਾਂਸੀ, ਰੱਸੀਆਂ ਰਹੇ ਲਟਕਾਈਆ । ਓਹ ਨਹਾਵਣ ਜਾਣ ਕਦੇ ਨਾ ਕਾਂਸ਼ੀ, ਤ੍ਰਬੈਣੀ ਚਰਨ ਨਾ ਕੋਇ ਟਿਕਾਈਆ । ਜਿਨ੍ਹਾਂ ਟੋਪੀ ਪਾਈ ਗਾਂਧੀ, ਗੰਧਰਵ ਪਿਛਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਜ਼ੰਜੀਰ ਵੇਖੋ ਚਾਂਦੀ, ਸਭ ਨੂੰ ਦਿਆਂ ਵਖਾਈਆ । ਮੇਰੇ ਕੋਲ ਆ ਜਾਏ ਮੇਰੀ ਬਾਂਦੀ, ਬੰਦਨਾ ਕਰ ਕੇ ਸੀਸ ਨਿਵਾਈਆ । ਜਿਹੜੀ ਸੰਗਤ ਸੋਹੰ ਢੋਲੇ ਆਈ ਗਾਂਦੀ, ਘਰ ਸਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਵੇਖੋ ਆਪਣਾ ਛੱਲਾ, ਮਾਝਾ ਮਾਲਵਾ ਦੁਆਬਾ ਜੰਮੂ ਦਿਆਂ ਵਖਾਈਆ ।

ਨਾਲੇ ਤੱਕੋ ਮੇਰਾ ਅੱਲਾ, ਆਲਮੀਨ ਅਖਵਾਈਆ । ਮੱਕੇ ਵੱਲ ਰਹਿ ਗਿਆ ਮੁਹੰਮਦ ਇਕੱਲਾ, ਕਲਮੇ ਨਾਲ ਦੁਹਾਈਆ । ਮੈਂ ਕੇਹਦਾ ਫੜਾਂ ਪੱਲਾ, ਕਵਣ ਗੰਢ ਰਖਾਈਆ । ਜਗਤ ਜਹਾਨ ਹੋ ਗਿਆ ਝੱਲਾ, ਮੈਨੂੰ ਪਗਲੀ ਦਿਤਾ ਬਣਾਈਆ । ਬੀਬੀਆਂ ਆਪਣਾ ਖੜ੍ਹਾ ਕਰ ਲਓ ਭੱਲਾ, ਜੋ ਬਰਛੇ ਰਹੀਆਂ ਉਠਾਈਆ । ਸਾਰੇ ਵੇਖੋ ਜ਼ਮੀਨ ਤੇ ਥਲਾ, ਨਿਗਾਹ ਲਓ ਬਦਲਾਈਆ । ਜੈਕਾਰਿਆਂ ਨਾਲ ਬੁਲਾ ਦਿਓ ਹੱਲਾ, ਹੌਲ ਪਵੇ ਜਗਤ ਲੋਕਾਈਆ । ਆਪਣੀ ਕਰਨੀ ਦਾ ਸਭ ਨੂੰ ਮਿਲੇ ਫਲਾ, ਕਰਮ ਕਾਂਡ ਵੇਖੇ ਥਾਉਂ ਥਾਈਂਆ । ਜਨ ਭਗਤੋ ਸਤਿਜੁਗ ਅੰਦਰ ਜ਼ਾਤ ਪਾਤ ਦਾ ਰਹਿਣ ਨਹੀਂ ਦੇਣਾ ਰਲਾ, ਇਕੋ ਆਤਮ ਬ੍ਰਹਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰੀ ਉਂਗਲ ਦੀ ਵੇਖ ਲਓ ਪੋਟੀ, ਪੋਟਾ ਪੋਟਾ ਹੋ ਗਈ ਲੋਕਾਈਆ । ਮੇਰੀ ਸੋਹਣੀ ਬਣਨੀ ਟੋਪੀ, ਟੋਪਾਂ ਵਾਲੇ ਦੇਣੇ ਹਿਲਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਜਗਤ ਵਾਲੀ ਗੋਪੀ, ਗੋਪਾ ਰੂਪ ਨਾ ਕੋਇ ਵਖਾਈਆ । ਜਿਹੜਾ ਫੁੱਲ ਸਿਰ ਤੇ ਬੰਨ੍ਹ ਕੇ ਲਿਆਇਆ ਧੋਬੀ, ਯਾਦਵ ਪਿਛਲਾ ਨਜ਼ਰੀ ਆਈਆ । ਜਿਨ੍ਹਾਂ ਰੰਗ ਚੜ੍ਹਾਇਆ ਉਤੇ ਠੋਡੀ, ਲੇਖਾ ਆਪਣਾ ਰਹੇ ਮੁਕਾਈਆ । ਜਿਨ੍ਹਾਂ ਕਾਲੇ ਕਰਾਇਆ ਗੋਡੀਂ, ਗੁਡ ਮਾਲਕ ਲੈ ਕੇ ਜਾਈਆ । ਗੁਰਨਾਮ ਸਿੰਘ ਵੇਰਕੇ ਵਾਲਾ ਦੇ ਦਏ ਡੋਡੀ, ਫੁੱਲ ਗੁਲਾਬ ਹੱਥ ਫੜਾਈਆ । ਜਿਹੜੇ ਪੰਜੇ ਬੈਠੇ ਦੋਧੀ, ਡੋਹਣੇ ਉਪਰ ਦਿਓ ਉਠਾਈਆ । ਜਿਹੜਾ ਬਣ ਕੇ ਆਇਆ ਜੋਗੀ, ਵਹਿੰਗੀ ਦਏ ਹਿਲਾਈਆ । ਜਿਹੜਾ ਸਭ ਤੋਂ ਵੱਡਾ ਰੋਗੀ, ਓਸ ਦਾ ਚੁਰਾਸੀ ਗੇੜਾ ਦਏ ਕਟਾਈਆ । ਗੁਰਮੁਖੋ ਤੁਹਾਨੂੰ ਤਾਅਨੇ ਦੇਵਣ ਲੋਕੀ, ਇਸ਼ਾਰੇ ਰਹੇ ਕਰਾਈਆ । ਇਹ ਕਿੱਥੇ ਫਿਰਦੇ ਤੇ ਕਿਹੜੀ ਇਨ੍ਹਾਂ ਦੀ ਜੋਤੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਹੜਾ ਦੁਆਬੇ ਵਾਲਿਆਂ ਲਿਆਂਦਾ ਤੋਤਾ ਦੁਨੀਆ ਦੀ ਬੋਲਣੀ ਤੋਤੀ, ਤੂੰ ਮੈਂ ਕਰੇ ਲੜਾਈਆ । ਸਭ ਦੀ ਨੀਅਤ ਹੋਣੀ ਖੋਟੀ, ਖੋਟੇ ਖਰੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰੇ ਵੇਖੋ ਪਾਉਂਟੇ, ਖੜਕ ਖੜਕ ਕੇ ਰਹੇ ਸੁਣਾਈਆ । ਗੋਬਿੰਦ ਢਈਏ ਵਾਲਿਆ ਵਖਾ ਦੇ ਢਈਏ ਦੇ ਲਾਏ ਢੌਂਕੇ, ਆਪਣੀ ਲੈ ਅੰਗੜਾਈਆ । ਜਿਸ ਨੇ ਸਾਫ਼ ਕਰਨੇ ਸਭ ਦੇ ਕਾਇਆ ਚੌਂਕੇ, ਦੁਰਮਤ ਮੈਲ ਧਵਾਈਆ । ਜਨ ਭਗਤ ਕਾਇਆ ਮੰਦਰ ਦਵਾਰੇ ਪਹੁੰਚੇ, ਆਪਣਾ ਪੰਧ ਮੁਕਾਈਆ । ਗੁਰਮੁਖ ਹੋ ਕੇ ਕੋਈ ਨਾ ਜਾਇਓ ਸੌਂ ਕੇ, ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਸਾਰੇ ਕਹਿੰਦੇ ਬੁੱਢੀ ਤੇ ਚਿੱਟਾ ਝਾਟਾ, ਟਿੱਕਾ ਮੱਥੇ ਵਿਚ ਲਗਾਈਆ । ਮੈਂ ਦੀਨ ਦੁਨੀ ਦੀ ਬਦਲਣ ਆਈ ਕਾਂਟਾ, ਲਾਈਨ ਪਿਛਲੀ ਦੇਣੀ ਠੁਕਰਾਈਆ । ਖੇਲ ਕਰਨਾ ਤੱਤ ਆਠਾ, ਤਨ ਮਾਟੀ ਫੋਲ ਫੁਲਾਈਆ । ਜਿਹੜਾ ਗੋਬਿੰਦ ਵਾਲਾ ਬਾਟਾ, ਅੰਮ੍ਰਿਤ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਵੇਖੋ ਮੇਰੀ ਗੁੱਤ, ਸਭ ਨੂੰ ਦਿਆਂ ਵਖਾਈਆ । ਜਨ ਭਗਤੋ ਸਤਿਜੁਗ ਵਿਚ ਮਾਤਾ ਪਿਤਾ ਖ਼ਾਲੀ ਰਹੇ ਕੋਈ ਨਾ ਬਿਨਾ ਪੁੱਤ, ਔਂਤਰਾ ਮਰਨ ਕੋਇ ਨਾ ਪਾਈਆ । ਮੈਨੂੰ ਫੇਰ ਇਕ ਵੇਰਾਂ ਮੁਹੰਮਦ ਨੂੰ ਲੈਣ ਦਿਓ ਪੁਛ, ਕੁਛ ਮੈਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਰਸਤਾ

ਕਿਹੜਾ ਵਾਈਡ, ਨੈਰੋ ਦਿਤਾ ਤਜਾਈਆ । ਦਰਗਾਹ ਸਾਚੀ ਦਾ ਕਿਹੜਾ ਗਾਈਡ, ਗਾਡ ਦਏ ਮਿਲਾਈਆ । ਪੈਗ਼ੰਬਰ ਹੋ ਗਏ ਡਾਈਡ, ਡੂ ਡਿਡ ਨਾ ਕੋਇ ਜਣਾਈਆ । ਮੈਂ ਵੇਖਿਆ ਤੇ ਮੇਰੇ ਮਾਲਕ ਦੀ ਬੜੀ ਉਚੀ ਹਾਈਟ, ਉਸ ਨੇ ਹੈਟ ਪੈਂਟ ਨਾ ਕੋਇ ਲਗਾਈਆ । ਜਾਂ ਤੱਕਿਆ ਤੇ ਨੂਰ ਅਲਾਹੀ ਵਾਈਟ, ਵਾਹਦ ਇਕ ਖ਼ੁਦਾਈਆ । ਮੈਂ ਵਿਡੋ ਨਾ ਹੋਵਾਂ ਮੈਂ ਆਪਣੇ ਮਾਲਕ ਦੀ ਚਲਾਂ ਰਾਈਟ, ਲੈਫ਼ਟ ਸਾਈਡ ਬੀਹਾਂਈਡ ਉਸ ਦੀ ਆਸ ਰਖਾਈਆ । ਈਸਾ ਕਹੇ ਕੁਆਈਟ, ਮੂਸਾ ਕਹੇ ਰਾਈਟ, ਮੈਂ ਕਹਾਂ ਮੇਰਾ ਗਾਡ ਫਿਟ ਫ਼ਾਰ ਫ਼ਾਈਟ, ਫ਼ਰਾਗ ਮੇਂਡਕ ਡੱਡੂ ਦਏ ਬਣਾਈਆ । ਮੁਹੰਮਦ ਆ ਗਈ ਅੰਧੇਰੀ ਨਾਈਟ, ਜਗਤ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਹੰਮਦ ਕਹੇ ਈਸੁਲਸ਼ਮੱਸ ਜ਼ੀਨਾ ਜ਼ਕੂਲੇ ਖਜ਼ਮੇ ਜ਼ਹੂਲੇ ਜ਼ਾਵੀਜ਼ੇ ਖ਼ੁਦਾਈ ਮਸ਼ਗੂਲੇ ਦੁਨੀਆਂਦਾਰੋ ਦੂਨੀ ਵਿਚ ਭੂਲੇ, ਭਰਮ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੋ ਕਿਤੇ ਡੇੜ੍ਹ ਦਾ ਵਕਤ ਨਾ ਹੋ ਜਾਏ ਪੰਦਰਾਂ ਮਿੰਟ ਬਾਕੀ, ਵਾਚ ਕਲਾਈਆਂ ਉਤੇ ਨਜ਼ਰੀ ਆਈਆ । ਤੁਹਾਡੀ ਅੱਗੇ ਤੇ ਪ੍ਰਭ ਦੀ ਤੁਹਾਡੇ ਵਿਚ ਤਾਕੀ, ਜਿਥੇ ਬਣਨਾ ਪ੍ਰੇਮ ਦਾ ਸਾਕੀ, ਜਾਮ ਧੁਰ ਦਾ ਦਏ ਪਿਲਾਈਆ । ਕੀ ਇਹ ਬੰਦਾ ਖ਼ਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਵੇਸ ਵਟਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਸੱਤ ਰੰਗਾ, ਰੰਗ ਆਪਣਾ ਬਦਲਾਈਆ । ਮੈਂ ਸਭ ਨੂੰ ਕਰ ਦੇਵਾਂ ਨੰਗਾ, ਪਰਦਾ ਦੇਵਾਂ ਉਠਾਈਆ । ਬਿਨਾ ਪੁਰਖ ਅਕਾਲ ਤੋਂ ਕੋਈ ਅੰਮ੍ਰਿਤ ਨਾ ਦੇਵੇ ਠੰਡਾ, ਬਿਨਾ ਗੋਬਿੰਦ ਤੋਂ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਇਧਰ ਕੋਈ ਫਿਰਦਾ ਤੇ ਨਹੀਂ ਗ਼ੁੱਸੇ, ਅੰਦਰੇ ਅੰਦਰ ਰੋਸ ਬਣਾਈਆ । ਮੈਂ ਵੇਖਣੇ ਸਭ ਦੇ ਜੁੱਸੇ, ਕਾਇਆ ਮਾਟੀ ਫੋਲ ਫੁਲਾਈਆ । ਜਿਹੜੇ ਮਾਤ ਗਰਭ ਵਿਚ ਨੌਂ ਮਹੀਨੇ ਅਠਾਰਾਂ ਦਿਨ ਰਹੇ ਪੁੱਠੇ, ਅਗਨੀ ਤਨ ਤਪਾਈਆ । ਓਹ ਹੁਣ ਨਾ ਰਹਿਣ ਸੁੱਤੇ, ਅੱਖਾਂ ਲੈਣੀਆਂ ਖੁਲ੍ਹਾਈਆ । ਫਿਰ ਸਭ ਦੇ ਪੈਂਡੇ ਮੁੱਕੇ, ਫੇਰ ਜਨਮ ਵਿਚ ਕੋਇ ਨਾ ਆਈਆ । ਆਵਣ ਜਾਵਣ ਦੇ ਰਹੇ ਕੋਈ ਨਾ ਦੁੱਖੇ, ਦੁੱਖ ਦਰਦ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਕਰ ਲੈਣ ਦਿਓ ਬਦਲੀ, ਆਪਣਾ ਰੂਪ ਬਦਲਾਈਆ । ਮਾਲਕ ਇਕ ਅਦਲੀ, ਇਨਸਾਫ਼ ਵਿਚ ਦੁਹਾਈਆ । ਮੰਜ਼ਲ ਮੰਗੋ ਇਕ ਪਦ ਲਈ, ਪਿਛਲਾ ਲੇਖਾ ਰਹੇ ਨਾ ਰਾਈਆ । ਨਾਤਾ ਜੋੜੋ ਭਗਤ ਭਗਵਾਨ ਦੀ ਯਦ ਲਈ, ਦੂਜਾ ਰਾਹ ਨਾ ਕੋਇ ਤਕਾਈਆ । ਜਿਸ ਕਾਰਨ ਹਰਿ ਸੰਗਤ ਸਦ ਲਈ, ਸਦਮੇ ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਜਣਾਈਆ । ਸਦੀ ਚੌਧਵੀਂ ਕਹੇ ਨੱਥ ਵਾਲੀ ਬੀਬੀ ਅਜੇ ਨਹੀਂ ਗਾਇਆ ਕਾਵ, ਮੈਂ ਭੁੱਲ ਕਦੇ ਨਾ ਜਾਈਆ । ਗੁਰਮੁਖ ਸਿੰਘ ਕੋਟ ਲਿਆ ਦੇ ਹਾਫ਼, ਪ੍ਰੇਮ ਨਾਲ ਪਹਿਨਾਈਆ । ਸਭ ਦਾ ਕੁਕਰਮ ਕਰਾਂ ਮੁਆਫ਼, ਮੁਫ਼ਤ ਦਇਆ ਕਮਾਈਆ । ਹਰਿਜਨ ਰਹੇ ਨਾ ਕੋਇ ਗੁਸਤਾਖ, ਗਿਲਾ ਦੇਵਾਂ ਚੁਕਾਈਆ । ਜੋ ਈਸਾ ਮੂਸਾ ਮੁਹੰਮਦ ਗਏ ਆਖ, ਉਹੋ ਕਾਰ ਭੁਗਤਾਈਆ । ਜੋ ਸੰਦੇਸ਼ਾ ਦੇਵੇ ਗੋਬਿੰਦ ਦੀ ਰਾਖ, ਪ੍ਰੇਮ ਧਾਰ ਦ੍ਰਿੜਾਈਆ । ਸਭ ਦਾ ਪੂਰਾ ਕਰਾਂ ਹਿਸਾਬ, ਸਾਹਿਬ ਹੋ ਸਮਝਾਈਆ । ਬਿਨਾ ਅੱਖਰਾਂ ਤੋਂ ਦੇ ਦਿਓ ਕਿਤਾਬ, ਚਿੱਟਾ ਰੰਗ ਵਖਾਈਆ । ਜਿਸ ਨੇ ਰਚਨਾ ਰਚੀ ਆਦਿ, ਕਲਜੁਗ ਅੰਤਮ ਵੇਖ ਵਖਾਈਆ ।

੭੫੬ ੨੧

ਭੇਵ ਜਣਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਪਰਦਾ ਲਾਹੀਆ । ਜਿਹੜੇ ਸੰਖ ਵਜਾਏ ਨਾਦ, ਨਾਦ ਧੁਨ ਸ਼ਨਵਾਈਆ । ਜਿਹੜਾ ਕੀਤਾ ਧੁਰ ਦਾ ਪਾਠ, ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਚਿੱਟਾ ਵਰਕਾ, ਸਫ਼ੈਦ ਨਜ਼ਰੀ ਆਈਆ । ਜੋ ਗੋਬਿੰਦ ਲੇਖਾ ਸਰਸਾ, ਬਾਕੀ ਗਿਆ ਦ੍ਰਿੜਾਈਆ । ਜਿਸ ਕਾਰਨ ਮੁੜ ਕੇ ਪਰਤਾ, ਪਤਿਪਰਮੇਸ਼ਵਰ ਨਾਲ ਰਲਾਈਆ । ਬਣ ਕੇ ਧੁਰ ਦਾ ਭਰਤਾ, ਭਰਮ ਦਏ ਚੁਕਾਈਆ । ਵੇਖ ਕੇ ਖੇਲ ਅਰਸ਼ਾ, ਅਸਮਾਨੀ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਇਹ ਕਾਪੀ ਨਹੀਂ ਪੁਸਤਕ, ਅੱਖਰਾਂ ਵਾਲੀ ਨਾ ਕੋਇ ਲਿਖਾਈਆ । ਇਸ ਦੇ ਵਿਚ ਨਹੀਂ ਕੋਈ ਉਸਤਤ, ਸਿਫ਼ਤਾਂ ਨਾਲ ਸਾਲਾਹੀਆ । ਇਹ ਕੋਈ ਪੈਗ਼ੰਬਰ ਨਹੀਂ ਮੁਰਸ਼ਦ, ਗੁਰ ਅਵਤਾਰ ਪੈਗ਼ੰਬਰ ਨਾਉਂ ਧਰਾਈਆ । ਕੋਈ ਮਹਿੰਮਾ ਨਹੀਂ ਉਲਫ਼ਤ, ਸਿਫ਼ਤ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਕੋਟ ਨੇ ਬੜੀ ਦਿਤੀ ਗਰਮੀ, ਮੈਨੂੰ ਦਿਤਾ ਤਪਾਈਆ । ਮੇਰੇ ਅੱਗ ਲੱਗੀ ਚਰਨੀ, ਅੰਤਰ ਦਏ ਦੁਹਾਈਆ । ਮੈਂ ਹੁਣ ਨਹੀਂ ਵਰਤਣੀ ਨਰਮੀ, ਨਰ ਮਾਦਾ ਦੇਣੇ ਲੜਾਈਆ । ਮੈਂ ਪ੍ਰਭ ਦੇ ਘਰ ਜਨਮੀ, ਜਨਮ ਸਭ ਦਾ ਦੇਣਾ ਬਦਲਾਈਆ । ਕੋਇ ਰਹਿਣ ਨਹੀਂ ਦੇਣਾ ਭਰਮੀ, ਭਾਂਡਾ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਮੈਂ ਗਰਮੀ ਤੋਂ ਬੜੀ ਅੱਕੀ, ਬਹੁੜੀ ਬਹੁੜੀ ਦੁਹਾਈਆ । ਮੈਨੂੰ ਪੱਖਾ ਝੱਲਿਓ ਓਹ ਸਖ਼ੀ, ਜਿਹੜੀ ਇਕੋ ਪੁਰਖ ਅਕਾਲ ਮਨਾਈਆ । ਮੱਕੇ ਵਲੋਂ ਵਾ ਆਈ ਤੱਤੀ, ਮੇਰਾ ਸੀਨਾ ਰਹੀ ਤਪਾਈਆ । ਜੇ ਮੈਨੂੰ ਮਿਲ ਜਾਏ ਮੇਰਾ ਧੁਰ ਦਾ ਕਮਲਾਪਤੀ, ਮੇਰੀ ਅਗਨੀ ਦਏ ਬੁਝਾਈਆ । ਮੈਂ ਉਹਦਾ ਦਰਸ਼ਨ ਕਰਾਂ ਅੱਖੀਂ, ਅੱਖੀਆਂ ਵਾਲਿਓ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਕੋਟ ਲਗਦਾ ਅੱਛਾ, ਸਚ ਦੇਣਾ ਸਮਝਾਈਆ । ਮੇਰੀ ਬਗ਼ਲ ਵਿਚ ਮੱਛ ਕੱਛਾ, ਬ੍ਰਾਹਾ ਲਏ ਦਬਾਈਆ । ਜਿਹੜਾ ਸ਼ਰਅ ਵਿਚ ਫਸਾ, ਜ਼ੰਜੀਰ ਦਿਆਂ ਕਟਾਈਆ । ਸਾਰੇ ਇਧਰ ਕਰ ਲਓ ਅੱਖਾਂ, ਦਰਸ਼ਨ ਲਵੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੇਰੀ ਭੁੱਖੀ ਦੀ ਭਰੀ ਨਾ ਪੇਟ, ਤ੍ਰਿਸ਼ਨਾ ਰਹੀ ਸਤਾਈਆ । ਮੇਰੀ ਗੋਲੀ ਅੱਗੇ ਆਵੇ ਉਹਦੀ ਪਿਠ ਤੇ ਲੱਗੇ ਚੋਟ, ਚੋਟੀਆਂ ਵਾਲੇ ਦਿਆਂ ਹਿਲਾਈਆ । ਖੋਟੇ ਰੁਪਏ ਵਾਲਿਓ ਕਰ ਦਿਓ ਉਤੋਂ ਸੋਟ, ਮੁੱਠਾਂ ਲਓ ਖੁਲ੍ਹਾਈਆ । ਇਹ ਵਕ਼ਤ ਫੇਰ ਨਹੀਂ ਲੱਭਣਾ ਰੋਜ਼, ਰੋਜ਼ਿਆਂ ਵਾਲੇ ਦੇਣ ਦੁਹਾਈਆ । ਸਭ ਦਾ ਪੂਰਾ ਹੋਇਆ ਜੋਗ, ਜੋਗੀ ਰਹੇ ਕੁਰਲਾਈਆ । ਮੈਂ ਕਿਸੇ ਦਾ ਰਹਿਣ ਨਹੀਂ ਦੇਣਾ ਬੋਝ, ਭਾਰ ਸਭ ਦਾ ਲੈਣਾ ਉਠਾਈਆ । ਗੁਰਮੁਖ ਚੁਕਣਾ ਆਪਣੀ ਗੋਦ, ਗੋਦਾਵਰੀ ਵਾਲਾ ਨਾਲ ਮਿਲਾਈਆ । ਸਭ ਨੂੰ ਲੈਣਾ ਸੋਧ, ਸਵਾਧਾਨ ਕਰ ਕੇ ਦੇਣਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਪਾਲ ਸਿੰਘਾ ਕਿੱਥੇ ਤੇਰਾ ਚਾਕੂ, ਸਹਿਜੇ ਦੇ ਵਖਾਈਆ । ਜਨ ਭਗਤੋ ਕੋਈ ਨਾ ਪੀਓ ਤਮਾਕੂ, ਕੂੜੀ ਤਮਅ ਦੇਣੀ ਮਿਟਾਈਆ । ਸਭ ਨੇ ਮੰਨਣਾ ਇਕੋ ਬਾਪੂ, ਪੁਰਖ ਅਕਾਲ ਧੁਰਦਰਗਾਹੀਆ ।

ਜਿਸ ਦੇ ਕੋਲ ਨਾਮ ਦਾ ਜਾਦੂ, ਮਜ਼੍ਹਬਾਂ ਵਿਚੋਂ ਕੱਢਕੇ ਤੁਹਾਨੂੰ ਆਪਣੇ ਫੰਦੇ ਵਿਚ ਲਿਆ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੇਰਾ ਭਗਤਾਂ ਨਾਲ ਰਿਸ਼ਤਾ, ਨਾਤਾ ਦੀਨ ਦੁਨੀ ਤੁੜਾਈਆ । ਪਿਛਲਾ ਲੇਖਾ ਮੁਕਾਇਆ ਆਹਿਸਤਾ ਆਹਿਸਤਾ, ਪੂਰਬ ਪੰਧ ਚੁਕਾਈਆ । ਅੱਗੇ ਪੱਕਾ ਕੀਤਾ ਨਿਸਚਾ, ਨੀਅਤ ਲਈ ਬਦਲਾਈਆ । ਪੁਰਖ ਅਕਾਲ ਦਾ ਮੰਨਣਾ ਇਸ਼ਟਾ, ਦੂਸਰ ਸੀਸ ਨਾ ਕੋਇ ਝੁਕਾਈਆ । ਜਿਸ ਨੇ ਰਚਨ ਰਚਾਈ ਸ੍ਰਿਸ਼ਟਾ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਲੱਖ ਚੁਰਾਸੀ ਭੋਗੇ ਗ੍ਰਹਿਸਤਾ, ਆਤਮ ਪਰਮਾਤਮ ਸੇਜ ਹੰਢਾਈਆ । ਖੇਲ ਖਿਲਾਇਆ ਦੋਜ਼ਖ਼ ਬਹਿਸ਼ਤਾ, ਨਰਕ ਸਵਰਗ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰਾਏ ਲਿਖਤਾਂ, ਅੱਖਰ ਅੱਖਰਾਂ ਨਾਲ ਵਡਿਆਈਆ । ਕੋਟਾਂ ਵਿਚੋਂ ਕਿਸੇ ਵਿਰਲੇ ਰੂਪ ਦੇਵੇ ਸੱਚੇ ਗੁਰਸਿਖ ਦਾ, ਗੁਰਮੁਖ ਆਪ ਬਣਾਈਆ । ਅੰਤਰ ਨਾਤਾ ਜੋੜੇ ਹਿਤ ਦਾ, ਹਿਤਕਾਰੀ ਵੇਖ ਵਖਾਈਆ । ਝਗੜਾ ਰਹੇ ਨਾ ਮਨੂਏ ਚਿਤ ਦਾ, ਠਗੌਰੀ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੇਟੇ ਪੱਥਰ ਇੱਟ ਦਾ, ਏਕਾ ਨੂਰ ਨੂਰ ਚਮਕਾਈਆ । ਸਦੀ ਚੌਧਵੀਂ ਕਹੇ ਇਹ ਚਾਕੂ ਤਿੱਖਾ, ਸੋਹਣੀ ਧਾਰ ਵਖਾਈਆ । ਉਠ ਵੇਖ ਪ੍ਰਭੂ ਦਿਆ ਸਿੱਖਾ, ਤੈਨੂੰ ਦਿਆਂ ਸਮਝਾਈਆ । ਗੋਬਿੰਦ ਦਾ ਨਜ਼ਰੀ ਆਵੇ ਚਿੱਠਾ, ਮੁਹੰਮਦ ਦੀ ਲਿਖਤ ਦਏ ਗਵਾਹੀਆ । ਸਭ ਦੀ ਨੰਗੀ ਹੋਈ ਪਿੱਠਾ, ਓਢਨ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਸੁਣੋ ਇਕ ਏਕ, ਏਕੰਕਾਰ ਦ੍ਰਿੜਾਈਆ । ਜਿਸ ਦੀ ਸਭ ਨੇ ਰੱਖੀ ਟੇਕ, ਟਿੱਕੇ ਮਸਤਕ ਖ਼ਾਕ ਰਮਾਈਆ । ਓਹ ਵਸੇ ਸਚਖੰਡ ਸਾਚੇ ਦੇਸ, ਦਿਸ਼ਾ ਆਪਣੀ ਸੋਭਾ ਪਾਈਆ । ਆਦਿ ਅੰਤ ਰਹੇ ਹਮੇਸ਼, ਜਨਮ ਮਰਨ ਵਿਚ ਨਾ ਆਈਆ । ਕਲਜੁਗ ਅੰਤ ਮੇਟੇ ਕਲੇਸ਼, ਕਲ ਆਪਣੀ ਇਕ ਪ੍ਰਗਟਾਈਆ । ਭਾਗ ਲਗਾ ਕੇ ਮਾਝੇ ਦੇਸ, ਮਜਲਸ ਗੁਰਮੁਖਾਂ ਨਾਲ ਬਣਾਈਆ । ਇਹ ਖੇਲ ਸਾਹਿਬ ਦਸਮੇਸ਼, ਰਾਮ ਕ੍ਰਿਸ਼ਨ ਵੱਜੇ ਵਧਾਈਆ । ਈਸਾ ਮੂਸਾ ਮੁਹੰਮਦ ਹੋਏ ਪੇਸ਼, ਪੇਸ਼ੀਨਗੋਈ ਆਪਣੀ ਨਾਲ ਲਿਆਈਆ । ਜਿਹੜਾ ਸੰਮਤ ਬਦਲਣਾ ਚੇਤ, ਚੇਤਨ ਕਰੇ ਲੋਕਾਈਆ । ਰਣ ਭੂਮੀ ਹੋਣਾ ਖੇਤ, ਖ਼ਾਲਕ ਖ਼ਲਕ ਵੇਖ ਵਖਾਈਆ । ਕਲਜੁਗ ਦੀ ਕਿਰਿਆ ਹੋਣਾ ਭੇਟ, ਬਲੀਦਾਨ ਲਏ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਪੰਚਮ ਸਾਲ ਹੋਣਾ ਚਾਲੂ, ਚਾਲਾਕੀ ਸਭ ਦੀ ਵੇਖ ਵਖਾਈਆ । ਲਹਿੰਦੀ ਦਿਸ਼ਾ ਤਪਣੀ ਬਾਲੂ, ਅਗਨੀ ਤੱਤ ਤਪਾਈਆ । ਜੋ ਸੰਦੇਸ਼ਾ ਦੇ ਕੇ ਆਇਆ ਪੁੱਤ ਕਾਲੂ, ਨਾਨਕ ਨਿਰਗੁਣ ਨਾਦ ਵਜਾਈਆ । ਓਹ ਵੇਲਾ ਵਕ਼ਤ ਕਵਣ ਸੰਭਾਲੂ, ਸਮਝ ਕੌਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਨਾਨਕ ਕਿਹਾ ਇਕ ਨਰਾਇਣੇ, ਨਰ ਨਿਰੰਕਾਰ ਨਜ਼ਰੀ ਆਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਲੋਕਮਾਤ ਨਹੀਂ ਰਹਿਣੇ, ਤਨ ਵਜੂਦ ਨਾ ਕੋਇ ਵਖਾਈਆ । ਸਭ ਨੂੰ ਭਾਣੇ ਪੈਣੇ ਸਹਿਣੇ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਮੁਕੌਣੇ ਲਹਿਣੇ ਦੇਣੇ, ਖਾਤੇ ਆਪਣੇ ਫੋਲ ਫੁਲਾਈਆ । ਪੁਰਖ ਅਕਾਲ ਨਜ਼ਰ ਨਾ ਔਣਾ ਕਿਸੇ ਨੈਣੇ, ਨੇਤਰਹੀਣ ਹੋਏ ਲੋਕਾਈਆ । ਗੁਰਮੁਖਾਂ ਵਜੌਣੇ ਢੋਲਕ ਛੈਣੇ, ਸੋਹਣਾ ਰਾਗ ਅਲਾਈਆ । ਕੱਜਲ ਪੌਣੇ

ਨੈਣੇ, ਨੇਤਰ ਅੱਖ ਚਮਕਾਈਆ । ਜੋਟੇ ਬਣਨੇ ਭਾਈ ਭੈਣੇ, ਭਾਂਡਾ ਭਰਮ ਭੰਨਾਈਆ । ਜਗਤ ਵਿਛੋੜੇ ਸਹਿਣੇ, ਪ੍ਰਭ ਮਿਲੇ ਸਰਨਾਈਆ । ਸੋਹੰ ਢੋਲੇ ਕਹਿਣੇ, ਧੁਰ ਦਾ ਰਾਗ ਅਲਾਈਆ । ਬਸਤਰ ਭੂਸ਼ਨ ਬਦਲਣੇ ਗਹਿਣੇ, ਤਨ ਵਜੂਦ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਸਦੀ ਚੌਧਵੀਂ ਕਿਹਾ ਨਾਨਕ ਬੋਲਿਆ ਕੀ ਬਗ਼ਦਾਦ, ਬਗ਼ਲੀ ਬਗ਼ਲਾਂ ਵਿਚ ਲਟਕਾਈਆ । ਪੁਰਖ ਅਕਾਲ ਸੁਣੇ ਫ਼ਰਿਆਦ, ਮਹਿਬੂਬ ਧੁਰਦਰਗਾਹੀਆ । ਜਿਹੜਾ ਮੁਹੰਮਦ ਖੇੜਾ ਕੀਤਾ ਆਬਾਦ, ਅੰਤਮ ਓਸੇ ਕਰੇ ਸਫ਼ਾਈਆ । ਇਹ ਖੇਲ ਹੋਣਾ ਬੜੇ ਸ਼ੁਕਰਾਨੇ ਵਿਚ ਆਦਾਬ, ਮਾਣ ਨਾਲ ਵਡਿਆਈਆ । ਲੇਖਾ ਚੁਕਾਏ ਵਿਚ ਪੰਜਾਬ, ਪੰਚਮ ਸ਼ਰਅ ਦਏ ਗਵਾਈਆ । ਧੁਰ ਦੇ ਨਾਮ ਵਜਾਏ ਰਬਾਬ, ਤੰਦ ਸਤਾਰ ਨਾ ਕੋਇ ਹਿਲਾਈਆ । ਝਗੜਾ ਰਹੇ ਨਾ ਝਟਕਾ ਕਬਾਬ, ਕਾਅਬਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਗੋਬਿੰਦ ਉਂਗਲ ਤੋਂ ਉਡਾਇਆ ਬਾਜ਼, ਬਾਜਾਂ ਵਾਲੇ ਦਿਤਾ ਸੁਣਾਈਆ । ਪੁਰਖ ਅਕਾਲ ਨੇ ਬਦਲਣਾ ਰਿਵਾਜ, ਲੇਖਾ ਦੀਨ ਦੁਨੀ ਚੁਕਾਈਆ । ਧੁਰ ਦਾ ਪਹਿਨ ਅਗੰਮੀ ਤਾਜ, ਤਾਜਾਂ ਵਾਲਿਆਂ ਕਰੇ ਸਫ਼ਾਈਆ । ਨਾਮ ਦੱਸ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਗੁਰਮੁਖ ਬਣਾ ਕੇ ਸਾਚੇ ਸਾਧ, ਸਾਧਨਾ ਇਕੋ ਵਾਰ ਦ੍ਰਿੜ੍ਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਆਰਾਧ, ਦੂਜੀ ਕਰਨੀ ਨਾ ਪਏ ਪੜ੍ਹਾਈਆ । ਸੋਈ ਸੁਰਤੀ ਖੁਲ੍ਹਾਵੇ ਜਾਗ, ਆਲਸ ਨਿੰਦਰਾ ਦਏ ਗਵਾਈਆ । ਆਤਮ ਜੋਤ ਜਗਾਏ ਚਿਰਾਗ਼, ਚਰਾਗਾਹਾਂ ਡੇਰਾ ਢਾਹੀਆ । ਤਨ ਵਜੂਦ ਕਰਾਏ ਆਬਾਦ, ਮਿਹਰ ਨਜ਼ਰ ਉਠਾਈਆ । ਲਾਲ ਸਿੰਘ ਅੱਗੇ ਆਵੇ ਜਿਸ ਤਨ ਬਸਤਰ ਪਹਿਨੇ ਸਾਜ, ਕਾਲਾ ਸੂਸਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਨੇੜੇ ਆ ਜਾਏ ਗੋਲੀ ਬਾਂਦੀ, ਬੰਦਨਾ ਸੀਸ ਨਿਵਾਈਆ । ਜਿਸ ਕੰਗਣ ਪਾਇਆ ਚਾਂਦੀ, ਬਾਂਹ ਕੱਢ ਕੇ ਦਏ ਛਣਕਾਈਆ । ਸਾਰੀ ਸੰਗਤ ਕਹੇ ਪੁਰਖ ਅਕਾਲ ਬਿਨਾ ਪਤ ਜਾਂਦੀ, ਅੰਤ ਹੋਏ ਨਾ ਕੋਇ ਸਹਾਈਆ । ਕਲਜੁਗ ਅੰਧੇਰ ਝੁਲਣੀ ਆਂਧੀ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਗੋਲੀ ਬਣੋ ਗ਼ੁਲਾਮ, ਨਫ਼ਰਾਂ ਵਾਲਾ ਰੂਪ ਵਟਾਈਆ । ਤੁਹਾਡਾ ਇਕੋ ਸੱਯਦਾ ਇਕੋ ਸਲਾਮ, ਸੀਸ ਜਗਦੀਸ਼ ਇਕ ਨਿਵਾਈਆ । ਇਕੋ ਕਲਮਾ ਇਕ ਕਲਾਮ, ਇਕੋ ਹੱਕ ਪੜ੍ਹਾਈਆ । ਵੇਖਿਓ ਕਿਤੇ ਆਪਣੇ ਪ੍ਰਭ ਨੂੰ ਨਾ ਕਰਿਓ ਬਦਨਾਮ, ਬਚਨ ਭੁੱਲ ਕੇ ਆਪਣਾ ਆਪ ਭੁਲਾਈਆ । ਕਲਜੁਗ ਰੈਣ ਅੰਧੇਰੀ ਸ਼ਾਮ, ਬਿਨਾ ਗੁਰਮੁਖਾਂ ਤੋਂ ਸ਼ਮਾਂਦਾਨ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਮੁਕਾਈਆ । ਸਦੀ ਚੌਧਵੀਂ ਕਹੇ ਕੀੜੀ ਤੋਂ ਬਣਿਆ ਲਾਲ, ਲਾਲ ਤੋਂ ਲਾਲ ਵਡਿਆਈਆ । ਕਲਜੁਗ ਵਿਚੋਂ ਲਿਆ ਭਾਲ, ਵੇਖੀ ਖ਼ਲਕ ਖ਼ੁਦਾਈਆ । ਗੋਦੀ ਲਏ ਸਵਾਲ, ਆਪਣੇ ਅੰਗ ਲਗਾਈਆ । ਅੱਗੇ ਚਲ ਕੇ ਵਖਾ ਚਾਲ, ਕਿਸ ਬਿਧ ਚਲੇਂ ਚਾਈਂ ਚਾਈਆ । ਇਹ ਪਿਛਲਾ ਕੋਈ ਅਹਿਵਾਲ, ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਕਾਲੀਏ ਕਮਲੀਏ ਆਜਾ, ਕਲਜੁਗ ਵੇਸ ਵਟਾਈਆ । ਤੈਨੂੰ ਪਤਾ ਨਹੀਂ ਪ੍ਰਭ ਆ ਗਿਆ ਦੇਸ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਓਥੇ

ਤੇਰਾ ਕੋਈ ਨਹੀਂ ਤਾਇਆ ਚਾਚਾ, ਭੈਣ ਭਾਈ ਨਾ ਕੋਇ ਵਖਾਈਆ । ਕੂੜਾ ਨਹੀਂ ਕੋਈ ਸਾਥਾ, ਗੁਰਮੁਖ ਸਾਰੇ ਸੋਭਾ ਪਾਈਆ । ਇਕ ਸ਼ਬਦ ਦੀ ਪੜ੍ਹਦੇ ਗਾਥਾ, ਸੋਹਣਾ ਰਾਗ ਅਲਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰਾਂ ਮੇਰਾ ਸੁਧਾਇਆ ਸਾਹ, ਚਾਰ ਜੁਗ ਦਾ ਖੇਲ ਵਖਾਈਆ । ਮੈਨੂੰ ਪ੍ਰਭ ਨੇ ਬਚਾਈ ਰੱਖਿਆ ਕੋਲੋਂ ਗੁਨਾਹ, ਅੰਗੀਕਾਰ ਨਾ ਕੋਇ ਕਰਾਈਆ । ਅੰਦਰੇ ਅੰਦਰ ਕਰਦੀ ਰਹੀ ਦੁਆ, ਵਾਸਤਾ ਧੁਰ ਦਾ ਪਾਈਆ । ਜਦ ਹੋਵੇ ਤੇਰੇ ਨਾਲ ਨਕਾਹ, ਦੂਜਾ ਸੰਗ ਨਾ ਕੋਇ ਬਣਾਈਆ । ਗੁਰਮੁਖੋ ਤੁਸਾਂ ਸੋਹਣਾ ਰਚਾਇਆ ਵਿਆਹ, ਆਪਣੀ ਖ਼ੁਸ਼ੀ ਬਣਾਈਆ । ਮੈਂ ਵੀ ਛੱਡ ਕੇ ਆਈ ਪਿਛਲੇ ਰਾਹ, ਰਹਿਬਰਾਂ ਆਈ ਤਜਾਈਆ । ਜਿਸ ਤਰਾ ਤੁਹਾਡਾ ਇਕ ਖ਼ੁਦਾ, ਮੈਂ ਵੀ ਇਕੇ ਨੂੰ ਸੀਸ ਨਿਵਾਈਆ । ਤੁਸਾਂ ਮੇਰਾ ਤੇ ਮੈਂ ਤੁਹਾਡਾ ਸਮਝਣਾ ਮੁੱਦਾ, ਮੁੱਦਤ ਤੋਂ ਵਿਛੜੀ ਵੇਖ ਵਖਾਈਆ । ਕੀ ਸੰਦੇਸ਼ਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਜਣਾਈਆ । ਸਦੀ ਚੌਧਵੀਂ ਕਹੇ ਮੇਰਾ ਹੋਇਆ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਮੈਂ ਤੁਹਾਥੋਂ ਸੁਣ ਕੇ ਜਾਪ, ਆਪਣਾ ਆਪ ਲਿਆ ਬਦਲਾਈਆ । ਜਿਹੜਾ ਕੋਟ ਪਹਿਨਿਆ ਹਾਫ਼, ਇਹ ਹਰਫ਼ਾਂ ਦੀ ਕਰੇ ਸਫ਼ਾਈਆ । ਜਿਸ ਦਾ ਕੋਈ ਸਮਝੇ ਨਾ ਕਾਫ਼ੀਆ ਕਾਵ, ਨੁਕਤਾ ਨਾ ਕੋਇ ਦ੍ਰਿੜਾਈਆ । ਮੈਂ ਓਸ ਦੀ ਕਰੌਣ ਆਈ ਯਾਦ, ਸਭ ਨੂੰ ਰਹੀ ਸਮਝਾਈਆ । ਸਭ ਦਾ ਉਜੜਨ ਵਾਲਾ ਬਾਗ਼, ਪਤ ਟਾਹਣੀ ਰਹੀ ਕੁਮਲਾਈਆ । ਸੋਏ ਉਠੋ ਜਾਗ, ਆਪਣੀ ਲਓ ਅੰਗੜਾਈਆ । ਪੁਰਖ ਅਕਾਲ ਬਦਲਣ ਵਾਲਾ ਸਮਾਜ, ਸਮਗਰੀ ਨਾਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲੇਖਾ ਦਏ ਚੁਕਾਈਆ । ਸਦੀ ਚੌਧਵੀਂ ਕਹੇ ਮੇਰਾ ਹੋਇਆ ਅਗੰਮੀ ਮੇਲਾ, ਮਿਲਣੀ ਜਗਦੀਸ਼ ਕਰਾਈਆ । ਜਨ ਭਗਤਾਂ ਸੁਹਾਇਆ ਵੇਲਾ, ਸੋਹਣੀ ਮਿਲੀ ਵਡਿਆਈਆ । ਇਕੋ ਰੰਗ ਗੁਰੂ ਗੁਰ ਚੇਲਾ, ਚੇਲਾ ਗੁਰ ਵਿਚ ਸਮਾਈਆ । ਪੁਰਖ ਅਕਾਲ ਸਭ ਦੇ ਨਾਲੋਂ ਹੋ ਕੇ ਵਿਹਲਾ, ਨਾਤਾ ਗੁਰਮੁਖਾਂ ਨਾਲ ਰਖਾਈਆ । ਮੈਂ ਤੱਕੇ ਜੰਗਲ ਬੇਲਾ, ਜੂਹਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਭਗਤਾਂ ਕੀਤੀ ਸ਼ਾਦੀ, ਸ਼ਾਦਿਆਨੇ ਦਿਤੇ ਵਜਾਈਆ । ਦੀਨ ਦੁਨੀ ਹੋਈ ਬਰਬਾਦੀ, ਘਰ ਘਰ ਪਈ ਦੁਹਾਈਆ । ਭਗਤਾਂ ਦੀ ਵਧਨੀ ਆਬਾਦੀ, ਪੁਰਖ ਅਕਾਲ ਦਏ ਵਡਿਆਈਆ । ਜਿਹੜੀ ਮੇਰੀ ਬਣੀ ਬਾਂਦੀ, ਬਾਰਾਂ ਸਾਲ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਸੋਹਣਾ ਜੋੜਿਆ ਜੋੜ, ਸਚ ਦਿਤੀ ਵਡਿਆਈਆ । ਪਿਛਲਾ ਨਾਤਾ ਆਈ ਤੋੜ, ਅੱਗੇ ਪ੍ਰਭ ਦੇ ਨਾਲ ਜੁੜਾਈਆ । ਜਿਹੜੇ ਗੁਰਮੁਖ ਜਾਂਵੀ ਚੜ੍ਹੇ ਘੋੜ, ਰਾਕੀਆਂ ਆਏ ਭਜਾਈਆ । ਜਿਨ੍ਹਾਂ ਮੋਢੇ ਧਰੀ ਪੌੜ, ਪੌੜੀ ਡੰਡੇ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਕਲਜੁਗ ਰਹਿਣ ਨਹੀਂ ਦੇਣਾ ਗੋਰਖ ਧੰਦਾ, ਗੁਰ ਪੀਰਾਂ ਹੋਵੇ ਸਫ਼ਾਈਆ । ਮਾਨਵ ਮਾਨਵ ਨੂੰ ਸਮਝੇ ਬੰਦਾ, ਬੰਦਗੀ ਇਕੋ ਪ੍ਰਭ ਦੀ ਨਜ਼ਰੀ ਆਈਆ । ਇਕੋ ਪਤਣ ਇਕੋ ਘਾਟ ਦੱਸਣਾ ਕੰਢਾ, ਇਕੋ ਦਵਾਰਾ ਦੇਣਾ ਵਖਾਈਆ । ਇਕੋ ਭੈ ਰਖਾਏ ਸੱਤ ਰੰਗ ਦਾ ਡੰਡਾ, ਡੰਡਾਵਤ ਧੁਰ ਦੀ ਦਏ ਜਣਾਈਆ । ਆਤਮ ਅੰਤਰ ਦਏ ਅਨੰਦਾ, ਰਸ ਇਕੋ ਇਕ ਵਖਾਈਆ । ਸਾਰੇ ਬਾਦਾਮ ਪਤਾਸੇ ਲਾਚੀ ਦੀਆਂ ਖੋਲ੍ਹ ਦੇਵੋ ਗੰਢਾ,

੭੯੦ ੨੧

ਹੱਥਾਂ ਉਤੇ ਟਿਕਾਈਆ । ਕਹੋ ਪ੍ਰਭ ਦਾ ਸਗਨ ਸਭ ਨਾਲੋਂ ਚੰਗਾ, ਨਾਤੇ ਕੂੜੇ ਜਗਤ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਗੁਰਮੁਖੋ ਸਾਰੇ ਖਾਵੋ ਇਕ ਇਕ ਲਾਚੀ, ਦਾਣੇ ਮੁਖ ਵਿਚ ਟਿਕਾਈਆ । ਨਾਤਾ ਛੁਟਿਆ ਤਾਈ ਚਾਚੀ, ਭੈਣ ਭਾਈ ਨਾ ਕੋਇ ਵਡਿਆਈਆ । ਜਿਹੜਾ ਸਤਿਗੁਰ ਕਰੇ ਰਾਖੀ, ਓਸੇ ਦੀ ਮੰਨੋ ਰਜ਼ਾਈਆ । ਤੁਹਾਡੀ ਲੇਖੇ ਲੱਗੇ ਲਿਆਂਦੀ ਪਾਤੀ, ਪਤ੍ਰਿਕਾ ਸੋਭਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਛੱਬੀ ਪੋਹ ਦੀ ਇਹ ਫੇਰ ਨਹੀਂ ਔਣੀ ਰਾਤੀ, ਰੁਤੜੀ ਜਗਤ ਨਾ ਕੋਇ ਮਹਿਕਾਈਆ । ਜਿਹੜੇ ਗੁਰੂ ਗ੍ਰੰਥ ਦੇ ਪਾਠੀ, ਗੋਬਿੰਦ ਆਪਣੇ ਰੰਗ ਰੰਗਾਈਆ । ਜਿਨ੍ਹਾਂ ਨਿੰਮ ਦੀ ਪੁੱਟ ਕੇ ਲਿਆਂਦੀ ਗਾਚੀ, ਕੂੜ ਜੜ੍ਹ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਪਤਾਸੇ ਲਓ ਖਾ, ਮਿੱਠਾ ਮੁਖ ਕਰਾਈਆ । ਦੁਨੀਆ ਸੁੱਤੀ ਤੇ ਤੁਹਾਡਾ ਲੱਗ ਗਿਆ ਦਾਅ, ਜਗਤ ਵੇਖਣ ਕੋਇ ਨਾ ਪਾਈਆ । ਜਿਹੜੇ ਪ੍ਰਭ ਦੇ ਭਗਤ ਨੇ ਖੜ੍ਹੀ ਕਰੋ ਬਾਂਹ, ਉਪਰ ਹੱਥ ਉਠਾਈਆ । ਭਾਵੇਂ ਨਾਤਾ ਤੁੱਟ ਜਾਏ ਪਿਤਾ ਮਾਂ, ਪੁਰਖ ਅਕਾਲ ਰਖਣੀ ਸੱਚੀ ਸਰਨਾਈਆ । ਨਾ ਕੋਈ ਸੂਰ ਖਾਇਓ ਨਾ ਗਾਂ, ਛੁਰੀ ਕਰਦ ਨਾ ਕੋਇ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਗੁਰਮੁਖੋ ਸਾਰੇ ਦੰਦਾਂ ਨਾਲ ਭੰਨੋ ਬਾਦਾਮ, ਕੜਾਕੜ ਲਗਾਈਆ । ਇਹੋ ਬਾਣ ਲਗਾਇਆ ਰਾਮ, ਦਹਿ ਸਿਰ ਤਾਈਂ ਘਾਈਆ । ਇਹੋ ਖੇਲ ਕੀਤਾ ਕ੍ਰਿਸ਼ਨ ਭਗਵਾਨ, ਚੌਦਾਂ ਲੋਕ ਦਾੜ੍ਹਾਂ ਹੇਠ ਦਬਾਈਆ । ਇਹੋ ਕਲਾ ਵਰਤੇ ਸ੍ਰੀ ਭਗਵਾਨ, ਚਾਰੋਂ ਕੁੰਟ ਪਏ ਦੁਹਾਈਆ । ਤੁਸੀਂ ਵੇਖਣਾ ਖੇਲ ਮਹਾਨ, ਹਰਿ ਕਰਤਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਸਦੀ ਚੌਧਵੀਂ ਕਹੇ ਤੁਸੀਂ ਖਾਓ ਲਾਚੀ ਨਾਲ ਬਾਦਾਮ, ਪਤਾਸਿਆਂ ਮੁਖ ਭਰਾਈਆ । ਮੈਨੂੰ ਭੁੱਖੀ ਨੂੰ ਪੈ ਗਈ ਸ਼ਾਮ, ਸ਼ਾਮ ਮਿਲਣ ਕੋਇ ਨਾ ਆਈਆ । ਮੇਰੇ ਸਿਰ ਵੀ ਕੋਈ ਕਰੋ ਅਹਿਸਾਨ, ਆਪਣੀ ਨਿਗਾਹ ਬਦਲਾਈਆ । ਮੇਰਾ ਨਿੱਕਾ ਰਿਹਾ ਕਾਮ, ਤੁਹਾਨੂੰ ਦਿਆਂ ਸੁਣਾਈਆ । ਜਨ ਭਗਤੋ ਮੈਂ ਤੁਹਾਡੀ ਤੁਸੀਂ ਪ੍ਰਭੂ ਦੇ ਮਹਿਮਾਨ, ਦੋਹਾਂ ਮਿਲ ਕੇ ਵੱਜੀ ਵਧਾਈਆ । ਮੈਂ ਸਚ ਸਮਝ ਗਈ ਵਾਕਈ ਪ੍ਰਭੂ ਆਦਿ ਅੰਤ ਦਾ ਕਿਸਾਨ, ਕਿਰਸਾਣਾ ਆਪਣਾ ਕੰਮ ਚਲਾਈਆ । ਜਿਸ ਨੇ ਕੱਠੇ ਕਰ ਲਏ ਸ਼ਾਸਤਰ ਪੁਰਾਣ ਗੀਤਾ ਨਾਲ ਕੁਰਾਨ, ਅੰਜੀਲ ਰਲਾ ਕੇ ਅੰਜਮਨ ਲਈ ਬਣਾਈਆ । ਬਾਹਮੀਂ ਨਾਤਾ ਜੋੜਿਆ ਤਮਾਮ, ਤਮਅ ਮਜ਼੍ਹਬਾਂ ਵਾਲੀ ਗਵਾਈਆ । ਅੱਗੇ ਸਾਰੇ ਪੜ੍ਹਨ ਇਕੋ ਕਲਾਮ, ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਕਿਉਂ ਤੁਸਾਂ ਕੱਢੇ ਤੁਰਲੇ, ਤੁਰੀਆ ਦਾ ਲੇਖਾ ਦਿਤਾ ਮੁਕਾਈਆ । ਤੁਸੀਂ ਕੋਈ ਬੰਸਰੀ ਨਹੀਂ ਵਜੌਣੀ ਮੁਰਲੇ, ਜਗਤ ਨਾਦਾਂ ਵਿਚ ਵਡਿਆਈਆ । ਤੁਸਾਂ ਕੋਈ ਨਾਮ ਦੇ ਕਰਨੇ ਨਹੀਂ ਕੁਰਲੇ, ਦੰਦਾਂ ਬੁੱਲ੍ਹਾਂ ਉਤੇ ਫਿਰਾਈਆ । ਤੁਸਾਂ ਕੋਈ ਬਚਨ ਨਹੀਂ ਬੋਲਣੇ ਹੁੱਰੇ, ਹਾ ਹਾ ਕਰ ਸੁਣਾਈਆ । ਤੁਹਾਡੇ ਲਹਿਣੇ ਦੇਣੇ ਅਨੰਦਪੁਰ ਦੇ, ਪਰਮ ਪੁਰਖ ਝੋਲੀ ਪਾਈਆ । ਜਿਹੜੇ ਲੇਖ ਨਹੀਂ ਬਣੇ ਦੇਵਤ ਸੁਰ ਦੇ, ਰਾਤ ਤੁਹਾਡੇ ਦਿਤੇ ਬਣਾਈਆ । ਤੁਸਾਂ ਸਗਨ ਲਿਆਂਦੇ ਗੁੜ ਦੇ, ਮਿੱਠਾ ਰਸ ਚਖਾਈਆ । ਅੱਗੇ ਨਾਤੇ ਵੇਖਿਓ ਜੁੜਦੇ, ਆਤਮ ਪਰਮਾਤਮ ਵੱਜੇ ਵਧਾਈਆ । ਕਲਜੁਗ ਦੇ ਵਹਿਣ ਵੇਖੇ ਰੁੜ੍ਹਦੇ, ਅੱਗੇ ਹੋ ਨਾ ਕੋਇ

ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਰਿਹਾ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਨਾਲ ਰੱਖਿਓ ਖ਼ਤੋ ਖ਼ਤਾਬਤ, ਚਿੱਠੀ ਨਾਮ ਵਾਲੀ ਪਾਈਆ । ਮੈਂ ਚਲਾਂ ਪ੍ਰਭੂ ਦੀ ਸਿਖਿਆ ਮੁਤਾਬਕ, ਹੁਕਮ ਮੰਨਾਂ ਚਾਈਂ ਚਾਈਆ । ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਤੁਸੀਂ ਵੀ ਬਦਲ ਲਿਓ ਆਦਤ, ਰੀਤੀ ਲੈਣੀ ਬਦਲਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਭ ਨੇ ਸਾਂਝੀ ਪੜ੍ਹਨੀ ਇਬਾਦਤ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੇਰੇ ਪ੍ਰਭ ਦੇ ਕੋਲ ਚਾਰ ਜੁਗ ਦੀ ਯਾਦਦਾਸ਼ਤ, ਦਹਿ ਦਿਸ਼ਾ ਵੇਖ ਵਖਾਈਆ । ਤੁਹਾਡੀ ਦੀਨਾਂ ਮਜ਼੍ਹਬਾਂ ਦੀ ਕੀਤੀ ਹੋਈ ਕਾਸ਼ਤ, ਅੰਤਮ ਇਕੇ ਵਾਰ ਕਰੇ ਸਫ਼ਾਈਆ । ਮੁਹੰਮਦਾ ਤੂੰ ਕਰੇਂਗਾ ਇਹ ਬਰਦਾਸ਼ਤ, ਮੂਸਾ ਈਸਾ ਤੂੰ ਵੀ ਦੇ ਸਮਝਾਈਆ । ਕੀ ਮੇਰੇ ਨੂਰ ਦੀ ਤੁਸਾਂ ਦਿਤੀ ਸ਼ਨਾਖ਼ਤ, ਸਾਖਿਆਤ ਕੀ ਵਖਾਈਆ । ਮੇਰੀ ਮਹਿੰਮਾ ਦੇ ਛੋਟੇ ਛੋਟੇ ਲਿਖ ਕੇ ਕਾਗ਼ਜ਼, ਆਪਣੇ ਆਪ ਤੋਂ ਵੱਡੇ ਆਏ ਅਖਵਾਈਆ । ਸਾਰੇ ਕਹਿਣ ਤੇਰਾ ਹੁਕਮ ਮੰਨਿਆ ਵਾਜਬ, ਜੋ ਵਜਹ ਦਿਤੀ ਦ੍ਰਿੜਾਈਆ । ਅਸੀਂ ਤੇਰੇ ਤੁਲਬੇ ਤਾਲਬ, ਤਾਲੀਮ ਤੇਰੇ ਕੋਲੋਂ ਪਾਈਆ । ਤੂੰ ਸਭ ਦਾ ਇਕੋ ਮਾਲਕ, ਪ੍ਰਿਤਪਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਛੱਡ ਦੇਣਾ ਪਾਉਣਾ ਤੰਬਾ, ਬਸਤਰ ਤਨ ਨਾ ਕੋਇ ਵਖਾਈਆ । ਮੈਂ ਇਕੋ ਵੇਖਣਾ ਮੰਬਾ, ਜਿਥੋਂ ਨਿਰਗੁਣ ਨੂਰ ਕਰੇ ਰੁਸ਼ਨਾਈਆ । ਇਕੋ ਮੰਜ਼ਲ ਚੜ੍ਹਨੀ ਖੰਭਾ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਆਪਣੀ ਸੰਦਾ, ਸਨਦ ਸਭ ਦੀ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਕਹੇ ਜਾਗੋ ਰੀ ਬੀਬੀ, ਬੇਗ਼ਮ ਹੋ ਕੇ ਦਿਆਂ ਸੁਣਾਈਆ । ਵੇਲਾ ਆ ਗਿਆ ਕ਼ਰੀਬੀ, ਕਿਰਿਆ ਦੇਣੀ ਬਦਲਾਈਆ । ਪ੍ਰਭ ਦਾ ਵੇਸ ਅਜੀਬੀ, ਅਜੀਬ ਲਿਆ ਬਦਲਾਈਆ । ਮੈਂ ਚਾਹੁੰਦੀ ਸਭ ਦੇ ਘਰੋਂ ਨਿਕਲ ਜਾਏ ਗ਼ਰੀਬੀ, ਭੁੱਖਾ ਰਹਿਣ ਕੋਇ ਨਾ ਪਾਈਆ । ਧਰਮ ਦੀ ਧਾਰ ਦੱਸਾਂ ਅਜ਼ੀਜ਼ੀ, ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਹਰ ਹਿਰਦੇ ਵੇਖਣ ਲੱਗੀ, ਆਪਣੀ ਅੱਖ ਬਦਲਾਈਆ । ਵਿਚੋਂ ਬਹੁਤਿਆਂ ਨੂੰ ਨੀਂਦ ਰਹੀ ਸੱਦੀ, ਅੰਦਰੇ ਅੰਦਰ ਵਾਜਾਂ ਰਹੀ ਸੁਣਾਈਆ । ਬਾਹਰ ਨਿਕਲਿਓ ਪੈਰ ਦੱਬੀ, ਆਪਣੀ ਕੰਨੀ ਲਓ ਕਤਰਾਈਆ । ਮੈਂ ਹੈਰਾਨ ਹੋਈ ਇਹ ਕਿਹੜੀ ਕੋਈ ਸ਼ਿਵਾਂ ਵਾਲੀ ਗੱਦੀ, ਜਿਸ ਦੇ ਉਤੇ ਬਹਿ ਕੇ ਤੱਕੜੀ ਵਾਲੇ ਠੂੰਗਾ ਮਾਰ ਕੇ ਕਰਦੇ ਠੱਗੀ, ਮੁਖੋਂ ਕਹਿਣ ਇਹ ਸ਼ਿਵਾਂ ਦੇ ਆਸਣ ਵਿਚ ਵਡਿਆਈਆ । ਜਨ ਭਗਤੋ ਛੱਡ ਦੇਣੀ ਕਰਨੀ ਬਦੀ, ਬਦਕਾਰੀ ਰਹਿਣ ਕੋਇ ਨਾ ਪਾਈਆ । ਮੇਰੇ ਵਾਸਤੇ ਜੰਮੂਉਂ ਰੋਟੀ ਸੁੱਕੀ ਆਈ ਤੇ ਰਾਮਪੁਰੇ ਤੋਂ ਆਈ ਅੱਧੀ, ਇਹ ਅੰਤਮ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੁਹਾਡੇ ਨਾਲ ਮੇਰੀ ਡੋਰੀ ਬੱਧੀ, ਅੱਗੇ ਹੋ ਨਾ ਕੋਇ ਤੁੜਾਈਆ । ਸਦੀ ਚੌਧਵੀਂ ਕਹੇ ਮੇਰੇ ਵਾਸਤੇ ਵੇਖੋ ਸੁੱਕਾ ਟੁੱਕਰ, ਟੁਕੜਾ ਟੁਕੜਾ ਨਜ਼ਰੀ ਆਈਆ । ਤੁਸਾਂ ਪ੍ਰਸ਼ਾਦ ਖਾਣਾ ਤੇ ਕਰਨਾ ਸ਼ੁਕਰ, ਸ਼ੁਕਰੀਏ ਵਿਚ ਧਿਆਨ ਲਗਾਈਆ । ਜੇ ਗੁਰ ਅਵਤਾਰ ਪੈਗ਼ੰਬਰਾਂ ਦੇ ਕੌਲ ਕਰ ਕੇ ਪ੍ਰਭੂ ਜਾਂਦਾ ਮੁਕਰ, ਫੇਰ ਤੁਹਾਨੂੰ ਕਿਵੇਂ ਮਿਲਦੀ ਵਡਿਆਈਆ । ਤੁਸੀਂ ਓਸ ਸਾਹਿਬ ਦੇ ਪੁਤ੍ਰ, ਜਿਹੜਾ ਮਰਨ ਦੇ ਪਿਛੋਂ ਗੋਦ ਉਠਾਈਆ । ਖ਼ੁਸ਼ੀਆਂ ਨਾਲ ਚੜ੍ਹਨਾ ਕੁੱਛੜ, ਗਲਵਕੜੀ ਲੈਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਤੁਹਾਡੇ ਨਾਲ

ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਛੱਡੀ ਚਾਰ ਯਾਰੀ, ਯਾਰਾਨਾ ਪ੍ਰਭ ਦੇ ਨਾਲ ਲਗਾਈਆ । ਮੈਂ ਤੇਰਾਂ ਸੌ ਅਠਾਸੀ ਸਾਲ ਰਹੀ ਕਵਾਰੀ, ਜਨ ਭਗਤੋ ਤੁਹਾਨੂੰ ਦਿਆਂ ਸਮਝਾਈਆ । ਜਗਤ ਤ੍ਰਿਸ਼ਨਾ ਦੀ ਛੱਡ ਦਿਓ ਬੀਮਾਰੀ, ਹਉਮੇ ਰੋਗ ਦਿਓ ਗਵਾਈਆ । ਜੇ ਬਣਨਾ ਤਾਂ ਬਣਿਓ ਉਸ ਪ੍ਰਭੂ ਦੀ ਲਾੜੀ, ਜੋ ਲੋੜੀਂਦਾ ਸੱਜਣ ਸੋਭਾ ਪਾਈਆ । ਲੱਭਿਆਂ ਹੱਥ ਨਾ ਆਵੇ ਜੰਗਲ ਪਹਾੜੀਂ, ਟਿੱਬਿਆਂ ਵਿਚ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਦੀ ਚੌਧਵੀਂ ਕਹੇ ਮੇਰੇ ਕੋਲ ਮੁਹੰਮਦ ਦੱਸੀ ਬਾਤ, ਹੌਲੀ ਜੇਹੀ ਗਿਆ ਸੁਣਾਈਆ । ਮੈਨੂੰ ਸੋਹਣੀ ਲੱਗੀ ਜਮਾਤ, ਧੁਰ ਦੇ ਸੂਫ਼ੀ ਨਜ਼ਰੀ ਆਈਆ । ਜਿਹੜੇ ਤੇਰੀ ਚੜ੍ਹੇ ਬਰਾਤ, ਖ਼ੁਸ਼ੀਆਂ ਰੰਗ ਰੰਗਾਈਆ । ਮੇਰੇ ਕੋਲ ਸਿਫਤ ਵਾਲੇ ਨਹੀਂ ਅਲਫ਼ਾਜ਼, ਜੋ ਮਹਿੰਮਾ ਦੇਣ ਸੁਣਾਈਆ । ਤੇਰਾ ਲੇਖਾ ਵਿਚ ਅਗੰਮੀ ਕਿਤਾਬ, ਜਿਸ ਦਾ ਹਰਫ਼ ਨਾ ਕੋਇ ਬਦਲਾਈਆ । ਵੇਖੀਂ ਕਿਤੇ ਫੇਰ ਨਾ ਦੱਸੀਂ ਭੁੰਨ ਕੇ ਖਾਣਾ ਕਬਾਬ, ਸੀਖਾਂ ਉਤੇ ਬਣਾਈਆ । ਇਕੋ ਸੱਜਦਾ ਦੱਸਣਾ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਮੁਹੰਮਦ ਕਹੇ ਮੇਰਾ ਪੂਰਾ ਹੋਇਆ ਖ਼ੁਆਬ, ਪ੍ਰਭ ਖ਼ਲਕ ਦਿਤੀ ਵਡਿਆਈਆ । ਜਿਸ ਮੇਰੀ ਸੁਹਾਈ ਮਹਿਰਾਬ, ਮਹਿਬੂਬ ਬਣ ਕੇ ਵੇਖ ਵਖਾਈਆ । ਆਪਣੇ ਦਵਾਰੇ ਤੇ ਕ਼ਬੂਲ ਕੀਤੀ ਨਿਮਾਜ਼, ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਬਖ਼ਸ਼ਣਹਾਰ ਸਰਨਾਈਆ । ਸਦੀ ਚੌਧਵੀਂ ਕਹੇ ਮੇਰਾ ਸੰਗ ਨਿਭਾਉਣਾ ਬਣ ਕੇ ਸੰਗੀ, ਸਚ ਸਚ ਵਡਿਆਈਆ । ਮੈਂ ਭਗਤ ਦਵਾਰੇ ਅੰਦਰ ਲੰਘੀ, ਪਿਛਲਾ ਪੰਧ ਚੁਕਾਈਆ । ਭਾਵੇਂ ਮਾੜੀ ਭਾਵੇਂ ਚੰਗੀ, ਚੰਗੀ ਲੈਣਾ ਬਣਾਈਆ । ਮੈਂ ਆਈ ਓਸ ਦੇ ਕੰਢੀ, ਜੋ ਕੰਢੇ ਆਇਆ ਪਾਰ ਕਰਾਈਆ । ਜਿਸ ਦੀ ਚਮਕੇ ਤੇਜ ਪ੍ਰਚੰਡੀ, ਡਲਕ ਨੂਰ ਰੁਸ਼ਨਾਈਆ । ਕੂੜੀ ਕਿਰਿਆ ਕੱਢ ਗੰਦੀ, ਮਾਇਆ ਮਮਤਾ ਮੋਹ ਗਵਾਈਆ । ਧਾਰ ਬਖ਼ਸ਼ ਇਕ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜਗਤ ਰਹੇ ਨਾ ਕੋਇ ਪਾਬੰਦੀ, ਸ਼ਰਅ ਜ਼ੰਜੀਰ ਦਏ ਕਟਾਈਆ । ਜਿਹੜੀ ਆਤਮਾ ਪਰਮਾਤਮਾ ਦਵਾਰਾ ਲੰਘੀ, ਆਪਣਾ ਪੰਧ ਮੁਕਾਈਆ । ਉਸ ਦਾ ਸਾਹਿਬ ਸਵਾਮੀ ਸੰਗੀ, ਲੱਗੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਜਿਸ ਨੇ ਸਿਰ ਤੇ ਪਾਈ ਠੂਠੀ, ਬਿਰਧ ਅਵਸਥਾ ਨਜ਼ਰੀ ਆਈਆ । ਇਸ ਦਾ ਲੇਖਾ ਮੁਕਣਾ ਚਾਰੇ ਕੂਟੀ, ਕਾਇਆ ਕੁਟੀਆ ਵੇਖ ਵਖਾਈਆ । ਲੇਖਾ ਰਹੇ ਨਾ ਪੰਜ ਭੂਤੀ, ਪੰਚਮ ਖੋਜ ਖੁਜਾਈਆ । ਜਿਨ੍ਹਾਂ ਬਸਤਰ ਪਹਿਨੇ ਸੂਤੀ, ਖੱਦਰ ਨਾਲ ਵਖਾਈਆ । ਜਿਨ੍ਹਾਂ ਭਗਤ ਦਵਾਰਾ ਚਿੱਟਾ ਕੀਤਾ ਨਾਲ ਕੂਚੀ, ਕੂਚੇ ਗਲੀ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਦਏ ਰੰਗਾਈਆ । ਸਦੀ ਚੌਧਵੀਂ ਕਹੇ ਜਿਨ੍ਹਾਂ ਨੇ ਮੇਰੇ ਅਮਾਮ ਨੂੰ ਦਿਤੀ ਪੇਟੀ, ਪਟਨੇ ਵਾਲਾ ਦਏ ਵਡਿਆਈਆ । ਓਹ ਗੁਰਮੁਖ ਧਰਮ ਧਾਰ ਦੀ ਬੇਟੀ, ਪ੍ਰਭ ਬਖ਼ਸ਼ਣਹਾਰ ਸਰਨਾਈਆ । ਤਨ ਵਜੂਦ ਕੌੜਾ ਰਹੇ ਨਾ ਰੇਠੀ, ਅੰਮ੍ਰਿਤ ਰਸ ਭਰਾਈਆ । ਕੂੜ ਵਿਜਨ ਦੀ ਮੇਟ ਕੇ ਲੇਖੀ, ਲੇਖਾ ਆਪਣੇ ਨਾਲ ਰਖਾਈਆ । ਪ੍ਰਭ ਦੇ ਅੱਗੇ ਕੋਈ ਚਲੇ ਨਾ ਕਿਸੇ ਦੀ ਸ਼ੇਖ਼ੀ, ਚਲਾਕੀ ਕਰਨ ਕੋਇ ਨਾ ਪਾਈਆ । ਅਬਿਨਾਸ਼ੀ ਕਰਤਾ ਸਭ ਦਾ ਭੇਤੀ, ਅੰਦਰ ਵੜ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਤਵੀਤ ਜਿਨ੍ਹਾਂ ਬਣਾਇਆ, ਮੇਰੀ ਬਣਤ ਬਣਾਈਆ । ਮੈਂ ਉਨ੍ਹਾਂ ਦਾ ਸ਼ੁਕਰ ਮਨਾਇਆ,

ਨਿਉਂ ਨਿਉਂ ਸੀਸ ਨਿਵਾਈਆ । ਸਾਚਾ ਮੰਗਲ ਘਰ ਸੁਣਾਇਆ, ਢੋਲਾ ਧੁਰਦਰਗਾਹੀਆ । ਜਿਨ੍ਹ ਕਾਗੋਂ ਹੰਸ ਬਣਾਇਆ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸੋ ਧੁਰ ਦਾ ਪਿਤਾ ਮਾਇਆ, ਗੁਰਮੁਖ ਬਾਲੇ ਗੋਦ ਉਠਾਈਆ । ਕਲਜੁਗ ਅੰਤ ਮੇਟਣ ਆਇਆ, ਸਤਿਜੁਗ ਸਾਚਾ ਲਏ ਜਗਾਈਆ । ਜਨ ਭਗਤਾਂ ਧਾਰ ਬਦਲ ਕੇ ਕਾਇਆ, ਕਾਇਆ ਕਾਅਬਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਜਿਨ੍ਹ ਲਿਆਂਦਾ ਕਾਲਾ ਧਾਗਾ, ਸੂਤਰਧਾਰੀ ਵੇਖ ਵਖਾਈਆ । ਕਿਰਪਾ ਕਰੇ ਧੁਰ ਦਾ ਆਕ਼ਾ, ਅਕ਼ਲ ਬੁੱਧੀ ਦਏ ਵਡਿਆਈਆ । ਆਤਮ ਪਰਮਾਤਮ ਬਖ਼ਸ਼ੇ ਸਾਥਾ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਆਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਹੁਣ ਕਰ ਦੇ ਕਥਾ ਕਹਾਣੀ ਬੱਸ, ਬਿਸਮਿੱਲਾ ਕਹਿ ਸੁਣਾਈਆ । ਜਨ ਭਗਤਾਂ ਨੂੰ ਲੈਣ ਦੇ ਹੱਸ, ਖ਼ੁਸ਼ੀਆਂ ਰਾਗ ਸੁਣਾਈਆ । ਧੁਰ ਫ਼ਰਮਾਨਾ ਦੇਣਾ ਦੱਸ, ਭੇਵ ਅਭੇਦ ਜਣਾਈਆ । ਸਚ ਦਵਾਰਾ ਸਮਝਾ ਕੇ ਹੱਟ, ਪਤਣ ਦੇਣਾ ਦ੍ਰਿੜਾਈਆ । ਸਦੀ ਚੌਧਵੀਂ ਕਹੇ ਪਹਿਲੋਂ ਮੈਂ ਵੀ ਸਮਝਦੀ ਰਹੀ ਏਸ ਨੂੰ ਜੱਟ, ਤੱਤਾਂ ਵਾਲਾ ਨਜ਼ਰੀ ਆਈਆ । ਵੇਖਦੀ ਰਹੀ ਹੱਥ ਮੂੰਹ ਪੈਰ ਨੱਕ, ਅੱਖਾਂ ਵਾਲਾ ਸੋਭਾ ਪਾਈਆ । ਸਰੀਰ ਬਣਿਆ ਮਾਸ ਨਾੜੀ ਰੱਤ, ਕਲਬੂਤ ਵਜੂਦ ਨਾਲ ਸੁਹਾਈਆ । ਜਾਂ ਤੱਕਿਆ ਇਹ ਧਾਰ ਪ੍ਰਭੂ ਸਮਰਥ, ਦੂਜਾ ਅਵਰ ਨਾ ਕੋਇ ਵਖਾਈਆ । ਜਿਸ ਦੇ ਸਭ ਕੁਝ ਹੱਥ, ਹਥੇਲੀ ਉਤੇ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਮਨਸਾ ਪੂਰ ਕਰਾਈਆ । ਸਦੀ ਚੌਧਵੀਂ ਕਹੇ ਮੈਂ ਜੋੜ ਕਰਾਂ ਦੋਏ ਬੰਦਨ, ਬੰਦਗੀ ਸੀਸ ਨਿਵਾਈਆ । ਪੰਜਾਂ ਪਿਆਰਿਆਂ ਮੈਨੂੰ ਲਾਇਆ ਟਿੱਕਾ ਚੰਦਨ, ਚੰਦ ਨਾਲ ਰੁਸ਼ਨਾਈਆ । ਮੈਂ ਤੁੱਟੀ ਆਈ ਗੰਢਨ, ਸਭ ਦਾ ਮੇਲ ਮਿਲਾਈਆ । ਮੰਗਾਂ ਇਕ ਅਨੰਦਨ, ਧੁਰ ਦਾ ਰਸ ਚਖਾਈਆ । ਲੇਖੇ ਲੱਗਾ ਸਗਨ, ਵੱਜੀ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡੇ ਹੋਣਾ ਸਹਾਈਆ । ਸਦੀ ਚੌਧਵੀਂ ਕਹੇ ਪ੍ਰੇਮ ਪ੍ਰੀਤੀ ਨਾਲ ਵਰਤਾਉਣਾ ਪ੍ਰਸ਼ਾਦ, ਪ੍ਰਸਾਦ ਸਤਿਗੁਰ ਦਏ ਬਣਾਈਆ । ਇਹ ਭਗਤਾਂ ਦੀ ਦਾਦ, ਗੁਰਮੁਖਾਂ ਝੋਲੀ ਪਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਮੈਂ ਤੁਹਾਡੇ ਵਿਚ ਰਲ ਗਈ ਆਜ, ਅੱਗੇ ਵਿਛੜ ਕਦੇ ਨਾ ਜਾਈਆ । ਤੁਹਾਡਾ ਮੇਰੇ ਨਾਲ ਸਮਾਜ, ਮੇਰੀ ਤੁਹਾਡੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਸ, ਲੇਖਾ ਜਾਣ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਸੁਣਾਈਆ ।



ਦਸ ਦਸ ਬੀਸ ਹੋਵੋ ਤਿਆਰ, ਗੁਰਮੁਖ ਅੱਗੇ ਆਈਆ । ਸੱਜੇ ਹੱਥ ਵਿਚ ਉਠਾਓ ਹਾਰ, ਹਿਰਦੇ ਅੰਦਰ ਕਰ ਸਫ਼ਾਈਆ । ਬਾਂਦੀ ਹੋਵੇ ਖ਼ਬਰਦਾਰ, ਗੋਲੀ ਲਏ ਅੰਗੜਾਈਆ । ਇਕ ਇਕ ਪਾਵੇ ਨਾਲ ਪਿਆਰ, ਖੁਸ਼ੀਆਂ ਆਪਣਾ ਰੰਗ ਵਖਾਈਆ । ਇਹ ਖੇਲ ਸੱਚੀ ਸਰਕਾਰ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਸਦੀ ਚੌਧਵੀਂ ਕਹੇ ਦਸ ਦਸ ਦਾ ਬੀਸਾ, ਬੀਸ ਬੀਸ ਵਡਿਆਈਆ । ਮੇਰਾ ਮਾਲਕ ਹਰਿ ਜਗਦੀਸ਼ਾ, ਜਗਦੀਸ਼ਰ ਇਕ ਅਖਵਾਈਆ । ਜਿਸ ਦੀ ਕਰੇ ਕੋਈ ਨਾ

ਰੀਸਾ, ਰਿਸ਼ਤੇਦਾਰੀ ਸਭ ਤੁੜਾਈਆ । ਮਾਨ ਦਿਤਾ ਮੂਸਾ ਈਸਾ, ਇਸਮ ਆਜ਼ਮ ਇਕ ਸਮਝਾਈਆ । ਅੰਤਮ ਸਭ ਦਾ ਖ਼ਾਲੀ ਕਰੇ ਖ਼ੀਸਾ, ਪੱਲੇ ਗੰਢ ਨਾ ਕੋਇ ਬੰਧਾਈਆ । ਜਨ ਭਗਤਾਂ ਦੱਸ ਕੇ ਧੁਰ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਜਿਨ੍ਹਾਂ ਛਾਤੀ ਉਤੇ ਲਾਈਆਂ ਲੀਕਾਂ, ਜਗਤ ਨਿਸ਼ਾਨ ਬਣਾਈਆ । ਅੱਗੇ ਪੈਣ ਨਾ ਦੇਵੇ ਤਰੀਕਾਂ, ਲੇਖਾ ਏਸੇ ਜਨਮ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੀ ਧਾਰ ਇਕ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਮੁਹੱਬਤ ਵਾਲਾ ਨਾਤਾ, ਮੁਬੈਨ ਨਾਲ ਸਰਨਾਈਆ । ਜਿਸ ਤਰਾ ਮੈਂ ਮੰਨਦੀ ਰਹੀ ਆਖਾ, ਗੁਰਮੁਖੋ ਤੁਸੀਂ ਵੀ ਮੰਨਣਾ ਚਾਈਂ ਚਾਈਂਆ । ਸਭ ਦੀਆਂ ਪੂਰੀਆਂ ਕਰੇ ਆਸਾਂ, ਭਰਵਾਸਾ ਦਏ ਬੰਧਾਈਆ । ਸਚਖੰਡ ਦਵਾਰ ਕਰਾਏ ਵਾਸਾ, ਵਸਲ ਦੇਵੇ ਨੂਰ ਅਲਾਹੀਆ । ਸਭ ਦਾ ਲੇਖੇ ਲਾਵੇ ਕਾਸਾ, ਕਾਇਆ ਕਾਅਬਾ ਆਪ ਸਮਝਾਈਆ । ਜਿਨ੍ਹਾਂ ਧੁਰ ਦਾ ਸ਼ਬਦ ਵਾਚਾ, ਵਿਚੋਲਾ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਸਾਢੇ ਤਿੰਨ ਇੰਚ ਦਾ ਫ਼ੀਤਾ, ਪਿਛਲਾ ਲਹਿਣਾ ਚੁਕਾਈਆ । ਜਿਸ ਜੋਗਨ ਦਾ ਲੇਖਾ ਬਾਲਮੀਕਾ, ਰਾਵੀ ਕੰਢਾ ਦਏ ਵਖਾਈਆ । ਓਸ ਦੀਆਂ ਪੂਰੀਆਂ ਆਸਾਂ ਉਮੀਦਾਂ, ਮੁਸ਼ਕਲ ਹਲ ਬਣਾਈਆ । ਸਦਾ ਸਾਫ਼ ਰੱਖੇ ਨੀਤਾਂ, ਨੀਤੀਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਗੁਰਮੁਖ ਸੱਚਾ ਪ੍ਰੇਮੀ, ਪ੍ਰੇਮ ਇਕ ਬਣਾਈਆ । ਜੋ ਪੁਰਖ ਅਕਾਲ ਦਾ ਹੋਵੇ ਨੇਮੀ, ਨਮਕ ਸਵਾ ਪਾ ਦਏ ਗਵਾਹੀਆ । ਉਹਦੀ ਰਸਨਾ ਹੋਵੇ ਹਲੀਮੀ, ਉਚੀ ਕੂਕ ਨਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਤੁਹਾਡਾ ਖਾਧਾ ਲੂਣ, ਨਿਮਕ ਹਰਾਮ ਨਾ ਕਦੇ ਅਖਵਾਈਆ । ਸਭ ਨੇ ਮੰਨਣਾ ਓਸ ਪ੍ਰਭੂ ਦਾ ਕ਼ਾਨੂੰਨ, ਜੋ ਕਲਮੇ ਜੁਗ ਜੁਗ ਪੜ੍ਹਾਈਆ । ਓਸ ਦਾ ਵੱਖਰਾ ਸਭ ਤੋਂ ਮਜ਼ਮੂਨ, ਬੁੱਧੀ ਵਿਚ ਨਾ ਕੋਇ ਸਮਝਾਈਆ । ਜਿਸ ਹੰਕਾਰ ਤੋੜਿਆ ਫ਼ਰਊਨ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਂਆ । ਸਦੀ ਚੌਧਵੀਂ ਕਹੇ ਉਪਰ ਹੋ ਗੁਰਸਿੱਖਾ, ਪ੍ਰਭੂ ਦਏ ਵਡਿਆਈਆ । ਤੇਰਾ ਲੇਖ ਜਾਏ ਲਿਖਾ, ਲਿਖਤ ਵਿਚ ਬਦਲਾਈਆ । ਸਵਾਮੀ ਕਰੇ ਰਿਛਾ, ਪਿਛਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬਣ ਕੇ ਧੁਰ ਦਾ ਪਿਤਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ ।



੭੬੫
੨੧

### ❋ ੨੭ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਮੇਰਾ ਕਰਤਾ ਕ਼ਾਦਰ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਆਦਿ ਜੁਗਾਦੀ ਸੂਰਬੀਰ ਬਹਾਦਰ, ਬਲਧਾਰੀ ਨੂਰ ਅਲਾਹੀਆ । ਜਿਸ ਦਰ ਆਈ ਦਿਤਾ ਆਦਰ, ਸਿਰ ਆਪਣਾ ਹੱਥ ਟਿਕਾਈਆ । ਮੇਰੇ ਉਤੇ ਪਾ ਕੇ ਚਿੱਟੀ ਚਾਦਰ, ਸੁਰਿੰਦਰ ਦਾ ਲਹਿਣਾ ਦਿਤਾ ਮੁਕਾਈਆ । ਮੈਂ ਕਰੌਣਾ ਸੱਚਾ ਆਦਲ, ਇਨਸਾਫ਼ ਇਕ ਵਖਾਈਆ । ਜੋ ਚਾਰੋਂ ਕੁੰਟ ਕੂੜੇ ਦਿਸਣ ਬਾਦਲ, ਘਟਾ ਦੇਣੀ ਹਟਾਈਆ ।

ਸ਼ਰਅ ਰਹੇ ਕੋਈ ਨਾ ਕ਼ਾਤਲ, ਕ਼ਾਤਲ ਮਕਤੂਲ ਲੇਖਾ ਵੇਖ ਵਖਾਈਆ । ਜਨ ਭਗਤਾਂ ਭੇਵ ਖੁਲ੍ਹੌਣਾ ਬਾਤਨ, ਅੰਤਰ ਨੈਣ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਧੁਰ ਦੀ ਬਣੀ ਖ਼ਾਦਮ, ਖ਼ਿਦਮਤਗਾਰ ਅਖਵਾਈਆ । ਮੈਨੂੰ ਵੇਖੇ ਕੋਈ ਨਾ ਆਦਮ, ਨੇਤਰ ਨੈਣ ਨਾ ਕੋਇ ਮਿਲਾਈਆ । ਮੈਂ ਲਹਿਣਾ ਵੇਖਿਆ ਯਾਦਵ, ਕ੍ਰਿਸ਼ਨ ਦਿਤੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਹਾਏ ਪੁਕਾਰੀ, ਕੂਕ ਦਿਤਾ ਸੁਣਾਈਆ । ਮੈਂ ਲੱਭਣੇ ਚਾਰ ਲਿਖਾਰੀ, ਜੋ ਗੁਰਮੁਖ ਨਾਲ ਰਲਾਈਆ । ਉਨ੍ਹਾਂ ਦੀ ਧੁਰ ਦੀ ਹੋਵੇ ਯਾਰੀ, ਪੁਰਖ ਅਕਾਲ ਨਾਲ ਵਡਿਆਈਆ । ਇਹ ਅਚਰਜ ਖੇਲ ਨਿਆਰੀ, ਹਰਿ ਕਰਤਾ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ ।

ਜਾਗੀਰ ਸਿੰਘ ਨੇ ਆਪਣੀ ਜਿੰਦੜੀ ਵਾਰੀ, ਬੇਨੰਤੀ ਦਿਤੀ ਸੁਣਾਈਆ । ਨਾਲ ਰਲੀ ਤ੍ਰਿਪਤ ਕਵਾਰੀ, ਜਿਹੜੀ ਕੰਤ ਨਾ ਜਗਤ ਹੰਢਾਈਆ । ਮਾਇਆ ਮਮਤਾ ਗੜ੍ਹ ਤੋੜ ਹੰਕਾਰੀ, ਆਸਾ ਲਈ ਵਧਾਈਆ । ਇਹ ਖੇਲ ਪ੍ਰਭੂ ਦੀ ਨਿਆਰੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਕੋਈ ਗੁਰਮੁਖ ਹੋਰ ਉਠੇ ਜਿਹੜਾ ਆਪਣਾ ਤਨ ਮਨ ਦੇਵੇ ਵਾਰੀ, ਵਿਰਸਾ ਬਾਪ ਦਾਦਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਿਨ੍ਹਾਂ ਮੇਰੀ ਕਰਨੀ ਲਿਖਤ, ਲਿਖਤ ਦਏ ਗਵਾਹੀਆ । ਬਿਦਰ ਦਾ ਪੂਰਾ ਕਰਨਾ ਭਵਿਖਤ, ਪਰਦਾ ਆਪ ਚੁਕਾਈਆ । ਲਹਿਣਾ ਵਿਚ ਸ੍ਰਿਸ਼ਟ, ਦੀਨ ਦੁਨੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੈਂ ਵਾਸਤਾ ਪਾ ਕੇ ਕਹਿੰਦੀ, ਕਹਿ ਕੇ ਦਿਆਂ ਜਣਾਈਆ । ਬਿਨਾ ਲਿਖਾਰੀਆਂ ਮੇਰੀ ਪਤ ਨਹੀਂ ਰਹਿੰਦੀ, ਉੱਤਰ ਪੂਰਬ ਪੱਛਮ ਦੱਖਣ ਚਾਰੇ ਵੇਖ ਵਖਾਈਆ । ਮੈਂ ਤੇ ਅਜੇ ਆਈ ਸੰਦੇਸਾ ਦੱਸਣ, ਥੋੜ੍ਹਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਜਨ ਭਗਤ ਕਿਹੜਾ ਬਣੇ ਸਾਥੀ, ਨਾਤਾ ਗੁਰਮੁਖ ਨਾਲ ਜੁੜਾਈਆ । ਨਾ ਦਿਨੇ ਸੋਵੇ ਨਾ ਰਾਤੀ, ਅੰਤਰ ਆਤਮ ਧਿਆਨ ਲਗਾਈਆ । ਰਿਸ਼ਤਾ ਰਹੇ ਨਾ ਭੈਣ ਭਰਾਤੀ, ਮਾਤ ਪਿਤ ਦੇਵੇ ਤਜਾਈਆ । ਸਦ ਬਣ ਕੇ ਚਰਨ ਦਾਸੀ, ਹਰਿ ਸਤਿਗੁਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਦਰਸ਼ਨ ਸਿੰਘ ਲਿਖਾਰੀ ਪਿਛਲਾ ਮਿਤ੍ਰ, ਗੁਰਦਾਸ ਨਾਲ ਵਡਿਆਈਆ । ਕੂੜੀ ਧਾਰ ਵਿਚੋਂ ਨਿਕਲ, ਆਪਣਾ ਸੀਸ ਝੁਕਾਈਆ । ਅੱਗੇ ਸਤਿਗੁਰ ਨੇ ਕਰਨਾ ਸਿਕਲ, ਰੂਪ ਦੇਣਾ ਬਦਲਾਈਆ । ਪ੍ਰੇਮ ਪਿਆਰ ਦੀ ਧਾਰ ਅੰਦਰ ਲੈਣਾ ਚਿਤਰ, ਚਿਤ੍ਰਗੁਪਤ ਦਾ ਲੇਖਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਲਿਖਾਰੀ ਪੂਰੇ ਹੋਏ ਚਾਰ, ਮੁਹੰਮਦਾ ਤੇਰੀ ਚਾਰ ਯਾਰੀ ਦਿਤੀ ਤਜਾਈਆ । ਮੈਂ ਹੋ ਗਈ ਖ਼ੁਦਮੁਖਤਿਆਰ, ਖ਼ੁਦ ਮਾਲਕ ਨਾਲ ਵਡਿਆਈਆ । ਉੱਤਰ ਪੂਰਬ ਪੱਛਮ ਦੱਖਣ ਚੌਹਾਂ ਦੀ ਵੰਡ ਕਰਨੀ ਕਮਾਲ, ਕਮਲਿਆ ਸਮਝ ਕੋਇ ਨਾ ਪਾਈਆ । ਜੋਗਿੰਦਰ ਕੌਰ ਸਾਢੇ ਤਿੰਨ ਸਾਲ ਗੁਰਮੁਖ ਦੇ ਰਹਿਣਾ ਨਾਲ, ਕਲਮ ਕਲਮ ਨਾਲ

ਬਦਲਾਈਆ । ਪਤਾ ਨਹੀਂ ਜੇ ਮੇਰਾ ਕਿੱਡਾ ਕੁ ਹੋਰ ਸਵਾਲ, ਕੀ ਕੀ ਮੰਗ ਮੰਗਾਈਆ । ਜਨ ਭਗਤੋ ਏਥੇ ਕੋਈ ਖਾਣ ਨਹੀਂ ਔਂਦੇ ਮੰਡਾ ਦਾਲ, ਰਸਨਾ ਵਾਲਾ ਰਸ ਬਣਾਈਆ । ਇਕ ਇਕ ਗੁਰਮੁਖ ਨੂੰ ਲੈਣਾ ਸੰਭਾਲ, ਨਾਤਾ ਜਗਤ ਨਾਲੋਂ ਦੇਣਾ ਤੁੜਾਈਆ । ਆਪ ਬਣਾ ਕੇ ਆਪਣੇ ਬਾਲ, ਸ੍ਰਿਸ਼ਟੀ ਦੇ ਵਿਚ ਦੇਣਾ ਵਖਾਈਆ । ਜਿਹੜਾ ਝੱਲ ਗਿਆ ਮੇਰੀ ਝਾਲ, ਓਸ ਨੂੰ ਭਗਤ ਦਵਾਰੇ ਦੇ ਉਤੇ ਦੇਣਾ ਬਹਾਈਆ । ਉਹਨੂੰ ਵੇਖਣ ਗੁਰੂ ਅਵਤਾਰ, ਉਪਰੋਂ ਨੀਚੇ ਤੇ ਨੀਚਿਉਂ ਉਪਰ ਧਿਆਨ ਲਗਾਈਆ । ਓ ਗੁਰਸਿਖੋ ਵਾਅਦਾ ਕਰ ਲਓ ਅੱਜ ਤੋਂ ਤੁਸੀਂ ਆਪਣੇ ਮਾਪਿਆਂ ਦੇ ਨਹੀਂ ਜੇ ਬਾਲ, ਮਾਪੇ ਲਿਖ ਕੇ ਦੇ ਦਿਓ ਬੱਚੇ ਸਤਿਗੁਰ ਝੋਲੀ ਪਾਈਆ । ਜੇ ਲਿਖਣ ਵਾਸਤੇ ਕ਼ਲਮ ਦਵਾਤ ਨਹੀਂ ਤੇ ਬਾਹਵਾਂ ਦਿਓ ਉਠਾਲ, ਸਾਰੇ ਕਹੋ ਤੇਰੀ ਵਸਤ ਤੇਰੀ ਝੋਲੀ ਪਾਈਆ । ਜਨ ਭਗਤੋ ਤੁਹਾਡੇ ਵਾਸਤੇ ਸਚਖੰਡ ਦੁਆਰਾ ਬਣਾ ਦਿਤੀ ਸੱਚੀ ਧਰਮਸਾਲ, ਜਿਸ ਦਾ ਨਮੂਨਾ ਸਾਹਮਣੇ ਦਿਤਾ ਵਖਾਈਆ । ਬੱਚੂ ਤੁਸੀਂ ਅਜੇ ਨਹੀਂ ਸਮਝੇ ਪ੍ਰਭੂ ਦੀ ਚਾਲ, ਕੀ ਚਲਾਕੀ ਨਾਲ ਤੁਹਾਨੂੰ ਰਿਹਾ ਮਿਲਾਈਆ । ਵੇਖੋ ਸੰਦੇਸ਼ਾ ਦੇਂਦਾ ਉਤੇ ਸਿੰਘ ਪਾਲ, ਜਿਸ ਦਾ ਪੂਰਨ ਪੂਰਨ ਰੂਪ ਅਖਵਾਈਆ । ਜਿਸ ਦਿਆਂ ਚਰਨਾਂ ਹੇਠਾਂ ਕਾਲ ਮਹਾਂਕਾਲ, ਚਰਨਾਂ ਥੱਲੇ ਰਗੜ ਰਗੜ ਕੇ ਤੁਹਾਡੇ ਥੱਲੇ ਦਏ ਵਿਛਾਈਆ । ਤੁਸੀਂ ਪਾਤਸ਼ਾਹ ਦੇ ਪੁੱਤ ਤੇ ਸਚਖੰਡ ਨੂੰ ਚਲਿਓ ਆਕੜ ਦੇ ਨਾਲ, ਧਰਮ ਰਾਏ ਲੁਕੇ, ਚਿਤਰਗੁਪਤ ਛੁਪੇ, ਵਿਸ਼ਨੂੰ ਬ੍ਰਹਮਾ ਨੂੰ ਪੁਛੇ, ਸ਼ੰਕਰ ਆਪਣੀਆਂ ਮੁੱਠੀਆਂ ਘੁੱਟੇ, ਬਹੁੜੀ ਬਹੁੜੀ ਕਰ ਸੁਣਾਈਆ । ਮੈਂ ਤੇ ਚੁਰਾਸੀ ਨੂੰ ਵੇਖਦਾ ਰਿਹਾ ਕਰ ਕਰ ਸਿੱਧੇ ਪੁੱਠੇ, ਅੰਤ ਆਪਣਾ ਹੁਕਮ ਵਰਤਾਈਆ । ਬਹੁੜੀ ਮੈਨੂੰ ਅੰਤ ਕੋਈ ਨਾ ਪੁਛੇ, ਮੇਰੀ ਚਲੀ ਨਾ ਕੋਇ ਵਡਿਆਈਆ । ਪ੍ਰਭੂ ਨੇ ਆਪਣੇ ਭਗਤ ਸਾਡੇ ਨਾਲੋਂ ਬਣਾ ਲਏ ਸੁੱਚੇ, ਸੰਜਮ ਆਪਣਾ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਮੈਂ ਮੰਗਤੀ ਨਹੀਂ ਭਿਖਾਰਨ ਨਹੀਂ ਦਰਵੇਸ਼ਨ ਨਹੀਂ ਭੁੱਖੀ ਨਹੀਂ ਅੰਨ ਲਈ, ਅੰਤ ਦਿਆਂ ਜਣਾਈਆ । ਮੈਂ ਸੁਖੀ ਨਹੀਂ, ਦੁਖੀ ਨਹੀਂ, ਲੁੱਟੀ ਨਹੀਂ, ਪੁੱਟੀ ਨਹੀਂ, ਓ ਮੇਰਿਓ ਸਾਥੀਓ ਮੈਂ ਪਿਆਸੀ ਦਰਸ਼ਨ ਇਕ ਛਿੰਨ ਲਈ, ਜਿਸ ਛਿੰਨ ਨਾਲ ਚੰਦ ਹੋਣ ਰੁਸ਼ਨਾਈਆ । ਮੈਂ ਵੈਰਾਗਣ ਨਹੀਂ ਕਿਸੇ ਤਨ ਲਈ, ਲੱਤਾਂ ਬਾਹਵਾਂ ਵਾਲਾ ਖ਼ਸਮ ਨਾ ਕੋਇ ਹੰਢਾਈਆ । ਮੈਂ ਤੇ ਇਕੋ ਪ੍ਰਭੂ ਦੀ ਮੰਨਣ ਮੰਨ ਲਈ, ਮਿੰਨਤਾਂ ਕੱਢ ਕੇ ਰਹੀ ਸੁਣਾਈਆ । ਜੇ ਆਪਣੇ ਵਿਚੋਂ ਜਣ ਲਈ, ਬਣ ਜਣੇਂਦੀ ਮਾਈਆ । ਓਹ ਗੁਰਮੁਖ ਦੇ ਨਾਲ ਮਿਲ ਕੇ ਮੇਰਾ ਬੇੜ੍ਹਾ ਬੰਨ੍ਹ ਲਈਂ, ਬੰਨ੍ਹਣਹਾਰੇ ਤੇਰੇ ਹੱਥ ਵਡਿਆਈਆ । ਗੁਰਮੁਖੋ ਮੈਂ ਕੋਈ ਭਗਤ ਦੁਆਰੇ ਆਈ ਨਹੀਂ ਕਿਸੇ ਧਨ ਲਈ, ਮਾਇਆ ਧਾਰੀਆਂ ਅੱਗੇ ਪੱਲੂ ਡਾਹੀਆ । ਮੈਂ ਤੇ ਆਈ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀ ਪਾਲਣ ਗੱਲ ਲਈ, ਗਲਵਕੜੀ ਤੁਹਾਡੇ ਨਾਲ ਪਾਈਆ । ਸਚ ਜਾਣਿਓ ਪ੍ਰਭੂ ਦੀ ਕੀਤੀ ਕਦੇ ਨਾ ਟਲ ਗਈ, ਅਟਲ ਇਕ ਅਖਵਾਈਆ । ਮੈਂ ਕੱਢਣ ਆਈ ਭੇਸ ਧਰਿਆ ਵਲ ਛਲ ਲਈ, ਵਲੀਏ ਛਲੀਏ ਮੈਨੂੰ ਦਿਤਾ ਸਮਝਾਈਆ । ਓ ਗੁਰਮੁਖੋ ਮੈਂ ਤੁਹਾਡੇ ਵਿਚ ਰਲ ਗਈ, ਵੇਖਿਓ ਕਿਤੇ ਬੇਗਾਨੀ ਸਮਝ ਕੇ ਧੱਕਾ ਨਾ ਦੇਣਾ ਲਗਾਈਆ । ਮੈਂ ਆਈ ਸਤਿਗੁਰ ਦੇ ਪਿਆਰ ਬਲ ਲਈ, ਜੋ ਬਲਧਾਰੀ ਬੇਪਰਵਾਹੀਆ । ਜਿਨ੍ਹ ਤੁਹਾਡੀ ਆਤਮਾ ਸੇਜਾ ਮੱਲ ਲਈ, ਦੋ ਜਹਾਨ ਦਿਤੇ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਤੇ ਛੱਡ ਕੇ ਆਈ ਚੌਦਾਂ ਤਬਕ ਘਰਾਨਾ, ਨਾਤਾ



੭੬੭
੨੧

੭੯੮
੨੧

ਮੁਹੰਮਦ ਨਾਲੋਂ ਤੁੜਾਈਆ । ਵਾਅਦਾ ਕਰ ਲਓ ਕਿਹੜਾ ਮੇਰੇ ਪ੍ਰਭੂ ਦੇ ਨਾਲ ਪੱਕਾ ਰੱਖੂ ਯਾਰਾਨਾ, ਦੋਵੇਂ ਹੱਥ ਦਿਓ ਵਖਾਈਆ । ਜਿਸ ਨੇ ਰਹਿਣਾ ਬੇਗਾਨਾ, ਓਹ ਮੁੜ ਕੇ ਭਗਤ ਦਵਾਰੇ ਕਦੇ ਨਾ ਆਈਆ । ਓਹ ਆਪਣਾ ਮਿਲਦਾ ਰਹੇ ਮਾਸੜ ਫੁੱਫੀ ਮਾਮਾ, ਤਾਇਆਂ ਚਾਚਿਆਂ ਨਾਲ ਆਪਣਾ ਝਟ ਲੰਘਾਈਆ । ਮਾਂ ਪਿਓ ਦਾ ਜੋ ਝਲ ਨਾ ਸਕੇ ਸਤਿਗੁਰ ਵਾਸਤੇ ਤਾਅਨਾ, ਧ੍ਰਿਗ ਜੀਵਣ ਓਹਦਾ ਧ੍ਰਿਗ ਉਹਦੀ ਮਾਈਆ । ਕਿਸੇ ਕੰਮ ਨਾ ਆਵੇ ਰਸਨਾ ਦਾ ਖਾਣਾ, ਜਿਸ ਦੀ ਰਸਨਾ ਸਤਿਗੁਰ ਨਾ ਢੋਲਾ ਗਾਈਆ । ਗੁਰਮੁਖੋ ਤੁਹਾਡਾ ਸਾਹਿਬ ਸਤਿਗੁਰੂ ਪੁਰਖ ਅਕਾਲ ਦੀਨ ਦਿਆਲ ਕੋਈ ਅੱਖੋਂ ਨਹੀਂ ਕਾਣਾ, ਲੱਤੋਂ ਡੁੱਡਾ ਹੱਥੋਂ ਟੁੰਡਾ ਨਾ ਕੋਇ ਵਖਾਈਆ । ਹੁਣ ਦੱਸੋ ਕਿਹੜਾ ਕਰੋਗੇ ਬਹਾਨਾ, ਸਾਹਮਣੇ ਬੈਠਾ ਨਜ਼ਰੀ ਆਈਆ । ਗੁਰੂ ਅਵਤਾਰ ਦੱਸਦੇ ਗਏ ਕਲਮੇ ਪੜ੍ਹੇ ਤੱਕੋ ਜ਼ਿਮੀਂ ਉਪਰ ਅਸਮਾਨਾਂ, ਫੋਲੋ ਬਸਤੇ ਕੁਰਾਨਾਂ, ਤਸਬੀਆਂ ਪਾਓ ਮਾਲਾ ਹੱਥ ਵਿਚ ਫੜੋ ਮਸਾਲਾਂ, ਤੇ ਮਸਲੇ ਕਰ ਕਰ ਗਏ ਸਮਝਾਈਆ । ਦੁੱਖ ਦੇ ਕੇ ਕਾਇਆ ਮਾਟੀ ਖਾਲਾ, ਭੁੱਖੇ ਰਹਿ ਕੇ ਘਾਲਦੇ ਰਹੇ ਘਾਲਾ, ਮੈਂ ਚੌਦਾਂ ਤਬਕਾਂ ਭੱਜੀ ਫਿਰੀ ਮੈਨੂੰ ਕੋਈ ਨਾ ਲੱਭਿਆ ਬਾਲਾ, ਬਾਲੂ ਰੇਤ ਵਿਚ ਮੈਂ ਆਪਣੇ ਪੈਰ ਆਈ ਸੜਾਈਆ । ਕਿਸੇ ਪਾਸੇ ਮੈਂ ਵੇਖਾਂ ਕੋਈ ਦਿਸੇ ਗੋਰਾ ਕੋਈ ਦਿਸੇ ਕਾਲਾ, ਵੱਡੇ ਵੱਡੇ ਸ਼ਾਹ ਸੁਲਤਾਨਾਂ ਵੇਖਿਆ ਅਸੀਂ ਸਭ ਦਾ ਬਣੀਏ ਭਣੋਈਆ ਬਣਨਾ ਨਹੀਂ ਚਾਹੁੰਦੇ ਸਾਲਾ, ਮੈਂ ਮਾਲਵੇ ਵਿਚੋਂ ਦੀ ਲੰਘੀ ਤੇ ਬੋਲੀ ਸਾਲਿਓ ਕਿਹੜਾ ਤੁਹਾਡਾ ਬਾਪੂ ਆਅਲਾ, ਤੁਹਾਨੂੰ ਰਿਹਾ ਸਮਝਾਈਆ । ਸਾਰੇ ਕਹਿਣ ਹਾਏ ਓ ਖ਼ੁਦਾ ਦੀ ਬੜੀ ਔਖੀ ਝਲਣੀ ਝਾਲਾ, ਜਿਸ ਵੇਲੇ ਝਲਕ ਦੇਵੇ ਮੂਸਾ ਵਰਗੇ ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹਣਾ ਆਪਣਾ ਰੰਗ ਵਖਾਈਆ । ਜਨ ਭਗਤੋ ਤੁਹਾਡੇ ਕਿਹੜੇ ਪੁੱਤਰ ਧੀ, ਮੈਨੂੰ ਦਿਓ ਵਖਾਈਆ । ਤੁਹਾਡਾ ਕਿਹੜਾ ਰਸਤਾ ਤੇ ਕਿਹੜੀ ਲੀਹ, ਲਾਈਨ ਦਿਓ ਜਣਾਈਆ । ਸਾਰੇ ਸੋਚੋ ਮਰਨ ਤੋਂ ਪਹਿਲੋਂ ਤੇ ਮਰਨ ਤੋਂ ਬਾਦ ਕਰੋਗੇ ਕੀ, ਜੇ ਸਤਿਗੁਰ ਨਾ ਹੋਏ ਸਹਾਈਆ । ਕਿਸੇ ਕੰਮ ਨਹੀਂ ਔਣਾ ਖਾਧਾ ਖੰਡ ਘੀ, ਨਾਜ਼ਰ ਸਿੰਘ ਦੀ ਮਾਂ ਦੀ ਬਾਟੀ ਦਏ ਦੁਹਾਈਆ । ਕੀ ਗੋਬਿੰਦ ਦਾ ਜਾਮ ਪਿਆਲਾ ਲਉਗੇ ਪੀ, ਜੋ ਨਾਮ ਖ਼ੁਮਾਰੀ ਦਏ ਚੜ੍ਹਾਈਆ । ਜਿਸ ਦਾ ਦਵਾਰਾ ਬੜਾ ਵਸੀਹ, ਪਿਛਲੀਆਂ ਵਸੀਅਤਾਂ ਸਭ ਦੀਆਂ ਖ਼ਤਮ ਕਰਾਈਆ । ਅੱਗੇ ਨਵੀਂ ਦੇ ਕੇ ਤਰਜੀਹ, ਤਰੀਕਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਸਾਂ ਸੁਣਿਆ ਸੀ ਮਿਹਰ ਸਿੰਘ ਗਾਉਂਦਾ ਸੀ ਕਹਿ ਕੇ ਬਾਪੂ, ਤੇ ਸਾਰਿਆਂ ਨੇ ਰਸਨਾ ਵਿਚੋਂ ਲਿਆ ਗਾਈਆ । ਅੱਗੇ ਤੋਂ ਪੁਰਖ ਅਕਾਲ ਤੋਂ ਬਿਨਾ ਜਨ ਭਗਤ ਕੇਹਨੂੰ ਆਪਣਾ ਪਿਤਾ ਆਖੂ, ਸਨਮੁਖ ਹੋ ਕੇ ਦਿਓ ਸਮਝਾਈਆ । ਤੁਹਾਨੂੰ ਪਤਾ ਨਹੀਂ ਪਰਗਟ ਸਿੰਘ ਦਿਲੀਉਂ ਆਇਆ ਡਾਕੂ, ਕਲਜੁਗ ਦਾ ਜੂਠਾ ਝੂਠਾ ਤੁਹਾਡਾ ਗਹਿਣਾ ਜੇਠੂਵਾਲ ਦੇ ਭਗਤ ਦੁਆਰੇ ਵਿਚੋਂ ਕੱਢ ਕੇ ਹੁਣ ਦਿੱਲੀ ਦੇਣਾ ਪੁਚਾਈਆ । ਉਥੇ ਇਕ ਫੇਰ ਐਸਾ ਝੁਰਲ ਮੁਰਲ ਦਾ ਫੇਰਨਾ ਜਾਦੂ, ਜਿਸ ਜਾਦੂ ਨੇ ਯਾਦਵ ਕੌਰਵ ਪਾਂਡਵਾਂ ਨਾਲ ਦਿਤੇ ਖਪਾਈਆ । ਜਨ ਭਗਤੋ ਭਗਤਾਂ ਤੋਂ ਬਿਨਾ ਕੋਈ ਰਹਿਣ ਨਾ ਦੇਣਾ ਵਾਧੂ, ਵਾਅਦੇ ਨਾਲ ਵਾਅਦਾ ਪੂਰ ਕਰਾਈਆ । ਸਤਿਜੁਗ ਵਿਚ ਤੁਹਾਡੇ ਬਿਨਾ ਕੋਈ ਨਜ਼ਰ ਨਹੀਂ ਆਉਣਾ ਆਗੂ, ਬਿਰਧ ਬਾਲ ਨੌਜਵਾਨ ਇਸਤਰੀ ਪੁਰਸ਼ ਸਭ ਨੂੰ ਇਕੋ ਦਿਆਂ ਵਡਿਆਈਆ । ਬੱਚੂ ਹੁਣ ਤੁਸੀਂ ਆ ਗਏ ਮੇਰੇ ਕਾਬੂ, ਵਿੰਗਿਓ ਟੇਡਿਓ ਕੱਬਿਓ ਹੁਣ ਸਿੱਧੇ ਦਉਂ ਕਰਾਈਆ । ਚਰਨ ਸਿੰਘ ਮਹਿਰਾਜ ਪੁਰੀਏ ਵਾਂਗੂ ਕੋਈ ਐਵੇਂ

ਨਾ ਬਨਿਓ ਨਾਢੂ, ਸਭ ਦੀ ਆਕੜ ਦਿਆਂ ਭੰਨਾਈਆ । ਕਿਉਂ ਇਹ ਵਾਸਤਾ ਪਾਇਆ ਸੀ ਗੋਬਿੰਦ ਅੱਗੇ ਦਾਦੂ, ਦੇਹਰੇ ਅੰਦਰ ਵੜ ਕੇ ਸੀਸ ਨਿਵਾਈਆ । ਐ ਗੋਬਿੰਦ ਮੈਂ ਫ਼ਕੀਰ ਕਿ ਸਾਧੂ, ਕਿ ਸੰਤ ਨਜ਼ਰੀ ਆਈਆ । ਗੋਬਿੰਦ ਕਿਹਾ ਬਿਨਾ ਗੋਬਿੰਦ ਸ਼ਬਦ ਤੋਂ ਪੁਰਖ ਅਕਾਲ ਮੈਨੂੰ ਦਿਸੇ ਬੇਔਲਾਦੂ, ਔਲਾਦ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਭਗਤ ਚੰਗੇ ਕਿ ਸਾਕ, ਫ਼ੈਸਲਾ ਜਾਣਾ ਕਰਾਈਆ । ਓ ਗੁਰਭਾਈ ਚੰਗਾ ਕਿ ਤੁਹਾਡੀ ਜ਼ਾਤ, ਪਰਦਾ ਜਾਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਚਾਚੇ ਚੰਗੇ ਕਿ ਪੁਰਖ ਅਕਾਲ ਬਾਪ, ਪਿਓ ਨੂੰ ਛੱਡ ਕੇ ਕਿਉਂ ਮਾਂ ਨੂੰ ਕਰੇਵੇ ਰਹੇ ਕਰਾਈਆ । ਹੁਣ ਚਾਦਰ ਪੌਣ ਦਾ ਹਟਾ ਦੇਣਾ ਰਿਵਾਜ਼, ਇਕ ਖ਼ਸਮ ਨੂੰ ਛੱਡ ਕੇ ਦੂਜੇ ਅੰਗ ਨਾ ਕੋਇ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਮੈਨੂੰ ਕਿਹਾ ਨਾਲ ਇਤਫ਼ਾਕ, ਸਾਰਿਆਂ ਦਿਤਾ ਸੁਣਾਈਆ । ਪ੍ਰਭੂ ਪਰਵਰਦਿਗਾਰ ਤੇਰੇ ਬਿਨਾ ਕੋਈ ਨਹੀਂ ਹੁੰਦਾ ਪਾਕ, ਪਵਿਤ੍ਰ ਨਜ਼ਰ ਕੋਇ ਨਾ ਆਈਆ । ਜਨ ਭਗਤੋ ਤੁਸੀਂ ਭੁੱਲ ਗਏ ਰਾਤੀਂ ਇੱਕੀਆਂ ਨੇ ਨਹੀਂ ਵਖਾਏ ਚਾਕ, ਜਿਸ ਦੇ ਨਾਲ ਕਹਿਣਾ ਸੀ ਸਾਡਾ ਪਿਛਲਾ ਲੇਖਾ ਦੇ ਮੁਕਾਈਆ । ਅੱਜ ਏਸੇ ਕਰ ਕੇ ਤੁਹਾਨੂੰ ਲਿਆ ਰਾਖ, ਜੇ ਤੁਸੀਂ ਚਲੇ ਗਏ ਤੇ ਮੈਂ ਲਹਿਣਾ ਕਿਨ੍ਹਾਂ ਦੀ ਝੋਲੀ ਪਾਈਆ । ਜੇ ਹੁਣ ਖੁਲ੍ਹਣ ਲੱਗਾ ਹਾਟ, ਤੁਸੀਂ ਗੰਢਾਂ ਲਓ ਖੁਲ੍ਹਾਈਆ । ਮੈਂ ਕੋਈ ਭਗਤੀ ਨਹੀਂ ਕਰਾਉਣੀ ਨਾਮ ਨਹੀਂ ਜਪਾਉਣਾ, ਦਾਨ ਨਹੀਂ ਵਖਾਉਣਾ, ਪਾਣੀ ਨਾਲ ਨਹੀਂ ਨਹਾਉਣਾ, ਅੱਗ ਨਾਲ ਨਹੀਂ ਤਨ ਸੁਕਾਉਣਾ, ਖ਼ਾਕ ਭਬੂਤੀ ਨਹੀਂ ਮਲਾਉਣਾ, ਫੂੜੀਆਂ ਸਫ਼ਾਂ ਉਤੇ ਨਹੀਂ ਬਠਾਉਣਾ, ਚਲਦੇ ਫਿਰਦੇ ਪੰਜ ਵਾਰ ਢੋਲਾ ਗਾਓ ਤੇ ਸਚਖੰਡ ਦਿਆਂ ਪੁਚਾਈਆ । ਕਿਸੇ ਨੂੰ ਨਾਥ ਨਹੀਂ ਬਣਾਉਣਾ, ਕਿਸੇ ਤੋਂ ਪਾਠ ਨਹੀਂ ਕਰਾਉਣਾ, ਕਿਸੇ ਤੋਂ ਘਾਟ ਨਹੀਂ ਫਿਰਾਉਣਾ, ਫਿਰਦਿਆਂ ਤੁਰਦਿਆਂ ਦਰਸ਼ਨ ਦੇ ਆਪਣੇ ਘਰ ਪਹੁੰਚਾਈਆ । ਜਨ ਭਗਤੋ ਤੁਹਾਡਾ ਮਰਨ ਤੋਂ ਬਾਦ ਕਿਸੇ ਨੇ ਕਾਜ ਨਹੀਂ ਰਚਾਉਣਾ, ਭੈਣ ਭਰਾਵਾਂ ਗਲ ਪੱਲੂ ਨਹੀਂ ਪਾਉਣਾ, ਜੀਂਵਦਿਆਂ ਤੁਹਾਡਾ ਕੁਕਰਮਾਂ ਦਾ ਸਿਆਪਾ ਛੱਬੀ ਪੋਹ ਤੇ ਇਕੋ ਵਾਰ ਦਿਤਾ ਕਰਾਈਆ । ਜੇ ਜੀਵੋ ਤਾਂ ਸੋਹੰ ਢੋਲਾ ਗਾਉਣਾ, ਜੇ ਮਰੋ ਸੋਹੰ ਢੋਲਾ ਗਾਉਣਾ, ਬਿਨਾ ਸੋਹੰ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਤੁਹਾਡੇ ਭੈਣ ਭਰਾ ਤੁਹਾਡੇ ਮਾਤਾ ਪਿਤਾ ਤੁਹਾਨੂੰ ਕੋਈ ਪਾ ਨਹੀਂ ਸਕਦਾ ਬਸਤਰ ਗਹਿਣਾ, ਕੋਈ ਸਜਾ ਨਹੀਂ ਸਕਦਾ ਨੇਤਰ ਕੱਜਲ ਨੈਣਾਂ, ਕੋਈ ਸਮਝਾ ਨਹੀਂ ਸਕਦਾ ਕਿਸ ਦਵਾਰੇ ਭਗਤਾਂ ਵਿਚ ਮਿਲ ਕੇ ਬਹਿਣਾ, ਜੇ ਭਗਤੋ ਤੁਹਾਡਾ ਪ੍ਰਭੂ ਨਾ ਹੁੰਦਾ ਮਾਝਾ ਮਾਲਵਾ ਜੰਮੂ ਦੋਆਬਾ ਦਿੱਲੀ ਇਟਾਰਸੀ ਕਾਨਪੁਰ ਪੂਨੇ ਵਾਲਿਓ ਮੇਲ ਨਾ ਕੋਇ ਮਿਲਾਈਆ । ਪੰਜਾਂ ਤੱਤਾਂ ਵਾਲਿਓ ਸਾਢੇ ਤਿੰਨ ਹੱਥ ਦਾ ਕੀ ਸੰਦੇਸਾ ਦੇ ਕੇ ਗਿਆ ਕੱਲ ਕਾਨਾ, ਕੰਨਾਂ ਨੂੰ ਹੱਥ ਲਵੋ ਲਗਾਈਆ । ਸਾਰੇ ਕਹਿ ਦਿਓ ਅੱਜ ਤੋਂ ਪੁਰਖ ਅਕਾਲ ਦਾ ਮੰਨਾਂਗੇ ਭਾਣਾ, ਇਹ ਨਹੀਂ ਬੱਚੇ ਦੇ ਹੋਵੇ ਢਿਡ ਪੀੜ ਤੇ ਸਾਰਾ ਟੱਬਰ ਅੱਥਰੂ ਦੇਣ ਵਹਾਈਆ । ਤੁਹਾਨੂੰ ਪਤਾ ਜੇ ਦੂਜੇ ਪਿੰਡ ਹੋਵੇ ਠਾਣਾ, ਅਗਲੇ ਪਿੰਡ ਦੇ ਪਹਿਲੋਂ ਆਪਣਾ ਚੋਰੀ ਦਾ ਮਾਲ ਲੈਣ ਛੁਪਾਈਆ । ਓ ਭਗਤੋ ਦੁਨੀਆ ਠਾਣੇਦਾਰਾਂ ਕੋਲੋਂ ਡਰਦੀ, ਤੇ ਤੁਹਾਡੇ ਸਤਿਗੁਰ ਸਰੂਪ ਸਿੰਘ ਠਾਣੇਦਾਰ ਕੋਲੋਂ ਤੁਹਾਡੇ ਲਈ ਮਿੱਠਾ ਲਿਆ ਮੰਗਾਈਆ । ਉਹਦਾ ਰੁਮਾਲ ਸੀ ਛੋਟਾ ਵਿਚ ਆਈ ਨਹੀਂ ਖੰਡ ਦਾਣਾ, ਕਿਉਂ ਪੰਜਾਂ ਪਿਆਰਿਆਂ ਨੇ ਪ੍ਰਭ ਲਈ ਸਗਣ ਲਿਆਂਦਾ ਗੁੜ ਦਾ ਤੇ ਤੁਹਾਨੂੰ ਖੰਡ ਖਾਣ ਨੂੰ ਹੱਥ ਨਾ ਕੋਇ ਫੜਾਈਆ । ਕਿਉਂਕਿ ਤੁਸੀਂ ਸਿਆਣੇ ਤੇ ਤੁਹਾਡਾ ਪ੍ਰਭੂ ਤੁਹਾਡੇ ਨਾਲੋਂ ਸਿਆਣਾ, ਜੇ ਉਹ ਗੁੜ

ਖਾਵੇ ਤੇ ਤੁਹਾਨੂੰ ਵੀ ਗੁੜ ਖਵਾਈਆ । ਭਾਵੇਂ ਤੁਸੀਂ ਬੱਚਿਆਂ ਤੇ ਬੁਢਿਆਂ ਮੋਢਿਆਂ ਤੇ ਰੱਖੀਆਂ ਤੀਰ ਕਮਾਨਾਂ, ਨਿਸ਼ਾਨਾ ਦਏ ਡਰਾਈਆ । ਸਚ ਪੁਛੋ ਜ਼ਿਮੀਂ ਤੇ ਆਇਆ ਜਿਹੜਾ ਉਪਰ ਵਸੇ ਅਸਮਾਨਾਂ, ਇਸਮ ਆਪਣਾ ਇਕ ਜਣਾਈਆ । ਸਚ ਪੁਛੋ ਏਥੇ ਤੇ ਛੱਬੀ ਪੋਹ ਨੂੰ ਤੁਹਾਡਾ ਬੰਦੋਬਸਤ ਕੀਤਾ ਮਹਿੰਦਰ ਸਿੰਘ ਕਪਤਾਨਾ, ਸਚਖੰਡ ਵਿਚ ਬਿਨਾ ਧੁਰ ਦੇ ਕਾਇਪ ਬਿਨਾ ਵੱਡੇ ਭਾਰੀ ਟਪ ਤੋਂ ਅਟੈਨਸ਼ਨ ਨਾ ਕੋਇ ਕਰਾਈਆ । ਜਿਨ੍ਹਾਂ ਬੀਬੀਆਂ ਨੇ ਬੱਧਾ ਚੁਰਾਸੀਆਂ ਨੇ ਦੋਹਾਂ ਹੱਥਾਂ ਨਾਲ ਗਾਨਾ, ਭਾਵੇਂ ਓਹ ਅਸੂਲਾਂ ਵਿਚ ਨਹੀਂ ਪੂਰੀਆਂ, ਬੇਅਸੂਲਾਂ ਨੂੰ ਪ੍ਰਭ ਨੇ ਆਪਣੇ ਨਾਲ ਲਿਆ ਮਿਲਾਈਆ । ਮਾਲਵੇ ਵਾਲਿਓ ਰਾਮ ਸਿੰਘ ਨੇ ਸੁਰਖੀ ਲਿਆਂਦੀ ਤੇ ਬੁੱਲਾਂ ਨੂੰ ਅਜੇ ਤਕ ਨਹੀਂ ਲਾਇਆ ਨਿਸ਼ਾਨਾ, ਸਤਿਗੁਰ ਪੂਰਾ ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਜੇ ਭੁੱਲ ਜਾਏ ਫੇਰ ਭਗਤਾਂ ਨਾਲ ਰਹੇ ਕੋਈ ਨਾ ਖ਼ਾਨਾ, ਚਾਰੇ ਖਾਣੀ ਵਿਚ ਧੱਕੇ ਲੈਵਣ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਥੋੜ੍ਹਾ ਜਿਹਾ ਰੰਗ ਲਾ ਦਿਓ ਲਾਲ ਬੁੱਲਾਂ, ਗੁਰਮੁਖੋ ਸਾਰੇ ਬੁਲਬੁਲੀਆਂ ਦਿਓ ਵਜਾਈਆ । ਸਾਰੇ ਸੀਨੇ ਉਤੇ ਹੱਥ ਰੱਖੋ ਸਦੀ ਚੌਧਵੀਂ ਵੇਖ ਕੇ ਕਿਸੇ ਦਾ ਮਨ ਤੇ ਨਹੀਂ ਡੁੱਲਾ, ਕਿਤੇ ਨਵੇਂ ਨਮੂਨੇ ਦੀ ਵੇਖ ਕੇ ਘਰ ਦੇ ਦਿਓ ਤਜਾਈਆ । ਓ ਸ਼ਿਵ ਸਿੰਘਾ ਇਧਰ ਆ ਜਾ, ਜਿਨ੍ਹ ਮੌਰਾਂ ਤੇ ਬੱਧਾ ਸੀ ਜੁੱਲਾ, ਤੈਨੂੰ ਆ ਰੱਬ ਦੀ ਜੁਲੇਖਾਂ ਦਿਆਂ ਵਖਾਈਆ । ਓ ਬ੍ਰਾਹਮਣਾ ਆਜਾ ਜਿਹੜਾ ਲੈ ਕੇ ਆਇਆ ਤੁਲ੍ਹਾ, ਤੁਲਸੀ ਦਾ ਬੂਟਾ ਹੱਥ ਉਠਾਈਆ । ਜੰਮੂ ਵਲਿਓ ਇਹ ਵੇਖੋ ਤੁਹਾਡਾ ਸਭ ਤੋਂ ਵੱਡਾ ਕੁੱਲਾ, ਤੁਸੀਂ ਕੁੱਲੀਆਂ ਵਿਚੋਂ ਉਜੜੇ ਤੇ ਸਚਖੰਡ ਦਿਆਂ ਵਸਾਈਆ । ਮੈਂ ਤੇ ਸਮਝਿਆ ਭਗਤਾਂ ਦਾ ਦਵਾਰਾ ਬੜਾ ਵੱਡਾ ਤੇ ਖੁਲ੍ਹਾ, ਮੈਨੂੰ



ਆਦਰ ਮਾਣ ਨਾਲ ਲੈਣ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਨੀ ਭੈਣੋ, ਨੀ ਬੀਬੀਓ, ਤੁਹਾਡਿਆਂ ਬੁੱਲਾਂ ਨੂੰ ਸੀ ਰੰਗ ਗੂੜ੍ਹਾ, ਮੈਂ ਦਿਆਂ ਸੁਣਾਈਆ । ਤੁਹਾਨੂੰ ਤੇ ਫੇਰ ਵੀ ਪ੍ਰਭ ਨੇ ਸਿਰ ਉਤੇ ਥੱਲੇ ਬਹਿਣ ਨੂੰ ਹੱਥ ਵਿਚ ਫੜਾ ਦਿਤਾ ਮੂੜ੍ਹਾ, ਮੂੜ੍ਹੀ ਮਤ ਦਿਤੀ ਗਵਾਈਆ । ਚਰਨ ਲਾ ਕੇ ਧੂੜਾ, ਤੁਹਾਡੀ ਦੁਰਮਤ ਮੈਲ ਧਵਾਈਆ । ਬਚਨ ਕਰ ਕੇ ਪੂਰਾ, ਸਾਹਮਣੇ ਦਿਤਾ ਵਖਾਈਆ । ਕਿਸੇ ਦੇ ਹੱਥ ਵਿਚ ਕੁੱਤਾ ਤੇ ਕਿਸੇ ਦੇ ਹੱਥ ਵਿਚ ਕਤੂਰਾ, ਕੁੱਤਿਆਂ ਦੀਆਂ ਜੂਨਾਂ ਤੋਂ ਲਿਆ ਛੁਡਾਈਆ । ਤੁਸੀਂ ਸਾਰੀਆਂ ਕਹਿੰਦੀਆਂ ਹੋਵੋਗੀਆਂ ਇਹ ਪੁਰਖ ਅਕਾਲ ਦੀ ਕਿੱਥੋਂ ਆ ਗਈ ਹੂਰਾ, ਆਪਣਾ ਰੂਪ ਬਦਲਾਈਆ । ਤੁਹਾਨੂੰ ਤੇ ਮਿਲ ਗਿਆ ਚੰਗਾ ਥਾਂ ਆਹ ਵੇਖੋ ਪ੍ਰਭ ਨੇ ਮੇਰੇ ਲਈ ਰੱਖਿਆ ਮੂੜ੍ਹਾ, ਤੁਸੀਂ ਚੰਗੀਆਂ ਕਿ ਮੈਂ ਚੰਗੀ ਕੱਖਾਂ ਦੇ ਤੁਲੇ ਤੇ ਦਿਤਾ ਬਹਾਈਆ । ਮੈਂ ਫਿਰ ਵੀ ਸ਼ੁਕਰਾਨੇ ਵਿਚ ਇਸ ਦਾ ਕਰਾਂ ਮਸ਼ਕੂਰਾ, ਜਿਸ ਕੋਝੀ ਕਮਲੀ ਨੂੰ ਗਲੇ ਲਿਆ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੈਂ ਭਗਤੋ ਪੁਰਾਣੀ ਤੇ ਨਵੇਂ ਜ਼ਮਾਨੇ ਦੀ ਸ਼ੌਕਣ, ਬੁੱਲ ਵੇਖੋ ਲਾਲ ਕਰਾਈਆ । ਕੋਈ ਗ਼ੁੱਸਾ ਨਾ ਕਰੀਓ ਮੇਰੀ ਅਜੇ ਤਕ ਕੋਈ ਨਹੀਂ ਬਣੀ ਸੌਂਕਣ, ਜੇ ਕੋਈ ਮੇਰੀ ਸੌਂਕਣ ਬਣ ਜਾਵੇ ਤੇ ਮੈਂ ਉਨ੍ਹਾਂ ਨੂੰ ਮਾਤਲੋਕ ਦੀ ਲੜਾਈ ਲੜਨ ਤੋਂ ਨਾ ਦੇਂਦੀ ਹਟਾਈਆ । ਕਿਉਂ ਮੈਂ ਤਾਂ ਆਈ ਭਗਤੋ ਤੁਹਾਡੇ ਨਾਲ ਪ੍ਰਭੂ ਦੇ ਦਰ ਤੇ ਪਹੁੰਚਣ, ਆਪਣਾ ਪੰਧ ਮੁਕਾਈਆ । ਜੇ ਸਚ ਪੁਛੋ ਮੇਰੇ ਵਿਚ ਬੜਾ ਵੱਡਾ ਔਗੁਣ, ਗੁਰ ਅਵਤਾਰ ਪੈਗ਼ੰਬਰ ਮੈਨੂੰ ਚੋਰੀ ਚੋਰੀ ਵੇਂਹਦੇ ਰਹੇ, ਮੈਂ ਪਾਸਾ ਲੈ ਕੇ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਮੇਰਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਓ ਬੁਢੜਿਓ ਪੁਰਖ ਅਕਾਲ ਪਿਓ ਚੰਗਾ ਕਿ ਪੋਤੇ, ਸਚ ਦੇਣਾ ਸੁਣਾਈਆ । ਯਾਦ ਰੱਖਿਓ ਅੱਗੇ ਨੂੰ ਪਿਓ ਨੂੰ ਧੱਕਿਓ ਨਾ ਕਿਸੇ ਪਿਛਲੇ ਕੋਠੇ, ਜਿਥੇ ਮੱਛਰ ਮੱਖੀਆਂ ਦੇਣ ਸਤਾਈਆ । ਤੁਸੀਂ ਅਜੇ ਬਾਲ ਨੱਢੇ ਆਯੂ ਵਿਚ ਛੋਟੇ, ਬੁੱਧੀ ਬਲ ਨਾ ਕੋਇ ਧਰਾਈਆ । ਜਿਸ ਤਰ੍ਹਾਂ ਬੱਚਿਆਂ ਨਾਲ ਪਿਆਰ ਕਰਦੇ ਏਸੇ ਤਰਾ ਪੁਰਖ ਅਕਾਲ ਨੂੰ ਛੱਡ ਕੇ ਸਾਧਾਂ ਦੇ ਵਿਚ ਆ ਜਾਂਦੇ ਧੋਖੇ, ਜਗਤ ਦੇ ਸਾਧ ਤੁਹਾਡਿਆਂ ਪੋਤਰਿਆਂ ਨਾਲੋਂ ਵੀ ਭੈੜੇ ਨਜ਼ਰੀ ਆਈਆ । ਅੰਮ੍ਰਿਤ ਵੇਲੇ ਉਠ ਕੇ ਕਰਨਾ ਇਸ਼ਨਾਨ ਪਾਣੀ ਨਾਲ ਕੋਸੇ, ਗੁਸਲਖਾਨਿਆਂ ਵਿਚ ਡੇਰਾ ਲਾਈਆ । ਉੱਤੋਂ ਸਾਫ਼ ਕਰਦੇ ਪੋਸ਼ੇ, ਅੰਤਰ ਦੁਰਮਤ ਮੈਲ ਨਾ ਕੋਇ ਧਵਾਈਆ । ਮੈਂ ਫਿਰ ਕੇ ਆਈ ਕੋਨੇ ਗੋਸ਼ੇ, ਚਾਰੋਂ ਕੁੰਟ ਫੋਲ ਫੁਲਾਈਆ । ਜਨ ਭਗਤੋ ਤੁਹਾਡੇ ਵਰਗਾ ਫੇਰ ਨਹੀਂ ਵੇਖਿਆ ਗੁਰਮੁਖ ਫਿਰਨ ਜੋਟੇ ਜੋਟੇ, ਬਾਹਵਾਂ ਬਾਹਵਾਂ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰਨ ਵਾਲਿਆ ਐਵੇਂ ਕਿਰਪਾ ਕਰ ਕਿਰਪਾ ਕਰ ਕਿਰਪਾ ਕਰ ਕਹੀ ਜਾਨਾ ਏਂ, ਹੁਣ ਕਿਰਪਾ ਕਰ ਕੇ ਦੇ ਵਖਾਈਆ । ਕਿਰਪਾ ਕਹਿੰਦੀ ਸੁਣ ਨੀ ਮਿਹਰ ਭੈਣ, ਮੈਂ ਚਾਰ ਜੁਗ ਦੇ ਗ੍ਰੰਥਾਂ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਸਿਫ਼ਤਾਂ ਕਰਦੇ ਗਏ ਪ੍ਰਭੂ ਦਾ ਨਾਮ ਦੱਸਦੇ ਗਏ ਕੋਈ ਬੇਰੀ ਦਾ ਨਹੀਂ ਬੇਰ, ਜੋ ਫੜ ਕੇ ਮੂੰਹ ਵਿਚ ਲਵੇ ਪਾਈਆ । ਓ ਜਗਿਆਸੂਓ, ਆਸਣ ਲਾਓ, ਸਮਾਧੀ ਲਾਓ, ਸੁਰਤੀ ਚੜ੍ਹਾਓ, ਮਾਲਾ ਦੇ ਮਣਕੇ ਲਓ ਫੇਰ, ਮਣਕੇ ਫੇਰਦਿਆਂ ਫੇਰਦਿਆਂ ਪਤਾ ਨਹੀਂ ਕਿੰਨੇ ਜੁਗ ਚੁਰਾਸੀ ਵਿਚ ਭਵਾਈਆ । ਸਦੀ ਚੌਧਵੀਂ ਕਹੇ ਮੈਂ ਵੇਂਹਦੀ ਰਹੀ ਗੇੜ, ਸਤਿਜੁਗ ਤਰੇਤਾ ਦਵਾਪਰ ਕਲਜੁਗ ਧਿਆਨ ਲਗਾਈਆ । ਮੈਨੂੰ ਪਿਛਲੇ ਸਾਲ ਗੁਰ ਅਵਤਾਰ ਪੈਗ਼ੰਬਰਾਂ ਕਿਹਾ, ਕਮਲੀਏ, ਜਾ ਕੇ ਖਲੋਤਾ ਵੇਖ ਸ਼ੇਰ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਹੜਾ ਇਕ ਮਿਹਰ ਨਜ਼ਰ ਕਰ ਜਾਏ ਤੇ ਦੋ ਜਹਾਨਾਂ ਦਾ ਲੇਖਾ ਦਏ ਨਬੇੜ, ਗੁਰ ਅਵਤਾਰਾਂ ਦੇ ਪੈਗ਼ੰਬਰਾਂ ਦੇ ਤਨ ਵਜੂਦ ਵਾਲੇ ਪੁਰਾਣੇ ਚਿਰੋਕ, ਬਾਜ਼ੀ ਪਾਸ਼ਾ ਇਕੋ ਵਾਰ ਪਾਸ ਕਰ ਕੇ ਖਾਲਸ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਗਲ ਬੱਧਾ ਵੇਖਿਆ ਅਬਲੀਸ, ਬੰਧਨ ਨਜ਼ਰੀ ਆਈਆ । ਉਹਨੂੰ ਕਾਬੂ ਕੀਤਾ ਅੱਠ ਸਿਪਾਹੀ ਨੌਂਵਾਂ ਗੁਰਚਰਨ ਸਿੰਘ ਠਾਣੇਦਾਰ ਪੁਲੀਸ, ਦਿੱਲੀਉਂ ਚਲ ਕੇ ਆਈਆ । ਜਨ ਭਗਤੋ ਇਹ ਸਿਖਿਆ ਲੈਣੀ ਗੁਰਮੁਖੋ ਗੁਰਸਿਖ ਦਾ ਬਣੇ ਨਾ ਕੋਈ ਸ਼ਰੀਕ, ਵੈਰੀ ਬਣ ਕੇ ਵੈਰ ਨਾ ਕੋਇ ਕਮਾਈਆ । ਜਿਹੜਾ ਗੁਰਮੁਖ ਮੂੰਹੋਂ ਗਾਏ ਸੋਹੰ ਗੀਤ, ਓਹ ਪਿਓ ਦਾਦੇ ਦਾ ਵੈਰੀ ਹੋਵੇ ਫਿਰ ਵੀ ਹੱਥ ਜੋੜ ਜੁੜਾਈਆ । ਕਿਉਂ ਤੁਹਾਡਾ ਸਾਹਿਬ ਦੋਹਾਂ ਦੇ ਵੀਚ, ਵਿਚੋਲਾ ਇਕ ਵਖਾਈਆ । ਗੁਰਸਿਖ ਕਿਸੇ ਗੁਰਸਿਖ ਨੂੰ ਕਿਹੋ ਨਾ ਕੋਇ ਨੀਚ, ਚੂੜ੍ਹਾ ਚਮਿਆਰ ਰਸਨਾ ਬੋਲ ਨਾ ਕੋਇ ਸੁਣਾਈਆ । ਇਨ੍ਹਾਂ ਨੂੰ ਮਿਲੌਣ ਪਿਛੇ ਗੋਬਿੰਦ ਨੇ ਸ਼ਹੀਦ ਕਰਾ ਦਿਤੇ ਜੁਝਾਰ ਤੇ ਅਜੀਤ, ਅਜ਼ਲ ਨਾਲ ਪ੍ਰਨਾਈਆ । ਅੱਜ ਤਕ ਇਹ ਬਦਲ ਨਾ ਸਕੀ ਰੀਤ, ਏਸੇ ਕਰ ਕੇ ਗੋਬਿੰਦ ਦੁਬਾਰਾ ਫੇਰਾ ਪਾਈਆ । ਝਗੜਾ ਮਿਟਿਆ ਨਾ ਹਸਤ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਵੇਖੇ ਥਾਉਂ ਥਾਈਂਆ । ਸਦੀ ਚੌਧਵੀਂ ਕਹੇ ਮੇਰਾ ਕਿਥੇ ਬੂਟਾ ਤੁਲਸੀ, ਹੱਥ ਦਿਓ ਫੜਾਈਆ । ਜਨ ਭਗਤੋ ਤੁਹਾਡਾ ਹਿਸਾਬ ਕਿਤਾਬ ਕਰਨ ਵਾਲਾ ਰਿਹਾ ਕੋਈ ਨਹੀਂ ਮੁਨਸ਼ੀ, ਲੇਖਾ ਸਭ ਦਾ ਦਿਤਾ ਮੁਕਾਈਆ । ਅੱਗੇ ਤੁਸੀਂ ਬ੍ਰਾਹਮਣਾਂ ਨੂੰ ਬਹੌਂਦੇ ਸੀ ਉਤੇ ਕੁਰਸੀ, ਹੁਣ ਸੁਖਦੇਵ ਬ੍ਰਾਹਮਣ


੭੭੧
੨੧

ਕੁਰਸੀ ਤੁਹਾਡੇ ਲਈ ਲੈ ਕੇ ਆਈਆ । ਜੇ ਵੇਖੋ ਖੇਲ ਸੱਚੇ ਸਤਿਗੁਰ ਦੀ, ਕਲਜੁਗ ਦੀ ਰੀਤੀ ਰਿਹਾ ਬਦਲਾਈਆ । ਤੁਹਾਨੂੰ ਕੋਈ ਲੋੜ ਨਹੀਂ ਪੈਣੀ ਅੱਖਾਂ ਮੀਟ ਕੇ ਚਾੜ੍ਹਨ ਦੀ ਸੁਰਤੀ, ਤੁਸੀਂ ਸੁੱਤੇ ਤੇ ਮੈਂ ਘਰ ਘਰ ਫੇਰਾ ਪਾਈਆ । ਤੁਹਾਡੀ ਆਤਮਾ ਕਦੇ ਨਹੀਂ ਹੋਣੀ ਮੁਰਦੀ, ਜਿਉਂਦੇ ਮੁਰਦੇ ਬਣ ਕੇ ਮੁਰੀਦੋ ਮੁਰਸ਼ਦ ਵੇਖ ਵਖਾਈਆ । ਭਾਵੇਂ ਤੁਸੀਂ ਅੱਖੀਆਂ ਨਾਲ ਵੇਖਦੇ ਸਦੀ ਚੌਧਵੀਂ ਫਿਰਦੀ ਤੁਰਦੀ, ਸਚ ਪੁਛੋ ਮੈਂ ਤੁਰਨ ਫਿਰਨ ਵਾਲੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਆਹ ਵੇਖੋ ਮੋਮਬੱਤੀ, ਜੋ ਰਾਜ ਕੌਰ ਕੋਲੋਂ ਲਈ ਮੰਗਾਈਆ । ਉਸ ਇਹ ਕੱਲ ਨਹੀਂ ਫੜਾਈ ਹੱਥੀਂ, ਏਸੇ ਕਰ ਕੇ ਰਾਜ ਮੋਗੇ ਵਾਲੀ ਕੋਲੋਂ ਲਈ ਮੰਗਾਈਆ । ਮੇਰਾ ਲੇਖਾ ਕੋਈ ਜੁਗ ਨਹੀਂ ਛੱਤੀ, ਛਤਰਧਾਰੀ ਵੇਖ ਵਖਾਈਆ । ਮੈਂ ਕੋਈ ਸ਼ਿਵ ਦੀ ਨਹੀਂ ਪਾਰਬਤੀ, ਢਾਕਾਂ ਉਤੇ ਹੱਥ ਰਖ ਕੇ ਲੱਤ ਲੱਤ ਉਤੇ ਚੜ੍ਹਾਈਆ । ਮੈਂ ਕੋਈ ਲਕਸ਼ਮੀ ਨਹੀਂ ਵਿਸ਼ਨੂੰ ਨਾਲ ਹੋਣਾ ਸਤੀ, ਸਤਿਆਗ੍ਰਹਿ ਨਾ ਕੋਇ ਕਰਾਈਆ । ਮੈਂ ਕੋਈ ਬ੍ਰਹਮਾ ਦੀ ਨਹੀਂ ਸੁਰਸਤੀ, ਸੂਤਰਧਾਰੀ ਵੰਡ ਵੰਡਾਈਆ । ਮੈਂ ਭਗਤੋ ਆਦਿ ਤੋਂ ਲੈ ਕੇ ਅੰਤ ਤੱਕ ਭਗਤਾਂ ਲਈ ਚੰਗੀ ਤੇ ਸ੍ਰਿਸ਼ਟੀ ਲਈ ਕੁਪੱਤੀ, ਫ਼ਰੇਬਣ ਨਜ਼ਰੀ ਆਈਆ । ਕਿਉਂ ਜਿਸ ਤਰ੍ਹਾਂ ਭਗਤ ਬਿਨਾ ਭਗਵਾਨ ਤੋਂ ਕਿਸੇ ਨੂੰ ਬਣਾਉਂਦੇ ਨਹੀਂ ਪਤੀ, ਮੈਂ ਗੁਰ ਅਵਤਾਰ ਪੈਗ਼ੰਬਰਾਂ ਨਾਲ ਅੱਖ ਨਾ ਕੋਇ ਮਿਲਾਈਆ । ਭਾਵੇਂ ਮੈਨੂੰ ਸੌਣਾ ਪਿਆ ਵਿਚ ਕੱਖੀਂ, ਮੈਂ ਸ਼ਾਹ ਸੁਲਤਾਨਾਂ ਦੀਆਂ ਸੇਜਾਂ ਦਿਤੀਆਂ ਤਜਾਈਆ । ਮੇਰੀ ਆਸਾ ਜੁਗ ਜੁਗ ਦੀ ਮੇਰੇ ਵਿਚ ਰਹੀ ਦੱਬੀ, ਆਹ ਬਾਹਰ ਨਾ ਕੋਇ ਕਢਾਈਆ । ਮੈਂ ਹੈਰਾਨ ਹੋ ਗਈ ਜਿਹੜੀਆਂ ਬੀਬੀਆਂ ਕੁੜੀਆਂ ਤੋਂ ਬਣ ਕੇ ਮੁੰਡੇ ਚਲਦੇ ਆਏ ਉਤੇ ਪੱਬੀਂ, ਕਊਏ ਹੱਥਾਂ ਉਤੇ ਉਠਾਈਆ । ਇਨ੍ਹਾਂ ਅਹੱਲਿਆ ਨੂੰ ਮਖ਼ੌਲ ਕੀਤਾ ਉਤੇ ਜਲ ਕਿਨਾਰੇ ਨਦੀ, ਨਹਾਵਨ ਲੱਗੀ ਨੂੰ ਝਾੜੀਆਂ ਵਿਚ ਛੁਪ ਕੇ ਵੇਖ ਵਖਾਈਆ । ਜਿਸ ਵੇਲੇ ਉਹਦੇ ਬਦਨ ਉਤੇ ਸਾੜ੍ਹੀ ਰਹਿ ਗਈ ਅੱਧੀ, ਪੰਜਾਂ ਨੇ ਤਾਲੀ ਦਿਤੀ ਵਜਾਈਆ । ਕਿੱਡੀ ਸੋਹਣੀ ਤੇ ਕਿਡੀ ਬੱਗੀ, ਹਾਹਾ ਕਰ ਕੇ ਦਿਤਾ ਵਖਾਈਆ । ਉਸ ਗ਼ੁੱਸੇ ਵਿਚ ਕਿਹਾ ਉਠ ਕੇ ਭੱਜੀ, ਜ਼ੋਰ ਨਾਲ ਦਿਤੀ ਦੁਹਾਈਆ । ਮੇਰੇ ਸਾਹਿਬ ਮੇਰੀ ਪਤ ਰੱਖੀਂ, ਇਨ੍ਹਾਂ ਤੋਂ ਲੈਣਾ ਬਚਾਈਆ । ਇਨ੍ਹਾਂ ਭੱਜੀ ਜਾਂਦੀ ਨੂੰ ਮਾਰੀਆਂ ਅੱਖੀਂ, ਇਸ਼ਾਰੇ ਅੱਖਾਂ ਵਾਲੇ ਕਰਾਈਆ । ਫਿਰ ਕਿਹਾ ਉਸ, ਪ੍ਰਭੂ ਇਨ੍ਹਾਂ ਨੂੰ ਕੋਈ ਸੱਚਾ ਪ੍ਰੇਮ ਦੱਸੀਂ, ਇਹ ਮੈਨੂੰ ਤੱਕਣ ਦੀ ਜਗਹ ਤੇਰਾ ਰਾਹ ਤਕਾਈਆ । ਪੁਰਖ ਅਕਾਲ ਕਿਹਾ ਗੌਤਮ ਨਾਰੀ ਮੈਂ ਵੀ ਬੜਾ ਸ਼ੱਕੀ, ਭੁਲੇਖੇ ਸਭ ਨੂੰ ਰਿਹਾ ਪਾਈਆ । ਹੁਣ ਤੇ ਹਠੀ ਤਪੀ, ਰਿਖੀ ਮੁਨੀ ਨਜ਼ਰੀ ਆਈਆ । ਜਿਸ ਵੇਲੇ ਕ੍ਰਿਸ਼ਨ ਬਣ ਕੇ ਭਗਵਾਨ ਅਖਵਾ ਕੇ ਅਣਗਿਣਤ ਰਖਾਵਾਂ ਸਖ਼ੀ, ਸਖ਼ੀਆਂ ਮੰਗਲਾਚਾਰ ਸੁਣਾਈਆ । ਫੇਰ ਕਲਜੁਗ ਆਉਣਾ ਸਤਿ ਧਰਮ ਦੀ ਰਹਿਣੀ ਨਹੀਂ ਰੱਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਇਸਤਰੀ ਜੀਉਂਦਾ ਛੱਡੇ ਆਪਣਾ ਪਤੀ, ਆਪਣਾ ਉਜਾੜ ਕੇ ਤੇ ਅਗਲਾ ਉਜੜਿਆ ਘਰ ਬਸਾਈਆ । ਓਸ ਵੇਲੇ ਮੁਹੰਮਦ ਦੀ ਆਉਣੀ ਇਕ ਚੌਧਵੀਂ ਸਦੀ, ਮੈਂ ਸਚ ਦਿਆਂ ਸੁਣਾਈਆ । ਓਨ ਚੌਦਾਂ ਤਬਕਾਂ ਦੀ ਛੱਡ ਕੇ ਗੱਦੀ, ਭਗਤਾਂ ਵਿਚ ਮਿਲਣਾ ਚਾਈਂ ਚਾਈਆ । ਓਸ ਵੇਲੇ ਇਨ੍ਹਾਂ ਪੰਜਾਂ ਦੀ ਕਾਇਆ ਤੇਰੇ ਵਾਂਗੂੰ ਜਗਤ ਕੰਨਿਆ ਵਿਚ ਹੋਵੇ ਬੱਧੀ, ਧੁਰ ਦਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਸਭ ਦਾ ਰਿਹਾ ਮੁਕਾਈਆ । ਸਦੀ ਚੌਧਵੀਂ ਕਹੇ ਗੁਰਮੁਖੋ ਤੁਸਾਂ ਕੱਲ ਵੇਖਿਆ ਸੀ ਚਾਰ ਮੁਖ ਦਾ ਦੀਵਾ,

ਸਭ ਨੂੰ ਦਿਤਾ ਵਖਾਈਆ । ਓਸ ਦੀਵੇ ਦੇ ਕੋਲ ਹੋਣਾ ਚਾਹੀਦਾ ਸੀ ਨੀਵਾਂ, ਲੇਕਨ ਕਲਜੁਗ ਦੀ ਮਾਇਆ ਨੇ ਤਲਵਾਰ ਮੋਢਿਆਂ ਉਤੇ ਉਠਾਈਆ । ਕਿਸੇ ਨੂੰ ਯਾਦ ਨਹੀਂ ਪਹਿਲੋਂ ਰਵਿਦਾਸ ਨੇ ਵੰਡ ਵੰਡਾਈ ਸੀ ਸਾਢੇ ਤਿੰਨ ਹੱਥ ਸੀਆਂ, ਹੁਣ ਸਾਢੇ ਤਿੰਨ ਹੱਥ ਸੀਆਂ ਤੋਂ ਤੁਹਾਨੂੰ ਜੁਆਬ ਰਿਹਾ ਵਖਾਈਆ । ਪਿਛਲੀਆਂ ਰਹਿਣ ਨਹੀਂ ਦੇਣੀਆਂ ਲੀਹਾਂ, ਲਾਈਨਾਂ ਦੇਣੀਆਂ ਬਦਲਾਈਆ । ਜਿਹੜਾ ਭਗਤ ਭਗਵਾਨ ਦੇ ਪਿਆਰ ਵਿਚ ਹੋ ਗਿਆ ਖੀਵਾ, ਖਿਲਤ ਉਸ ਨੂੰ ਦੇਣੀ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਨ ਭਗਤੋ ਤੁਹਾਡੇ ਅੰਦਰ ਏਸੇ ਤਰਾ ਜਗਦੀ ਪ੍ਰਭ ਦੀ ਆਤਮਾ ਦੀ ਮੋਮਬੱਤੀ, ਅੰਧੇਰੇ ਵਿਚ ਚਾਨਣ ਰਹੀ ਵਖਾਈਆ । ਪ੍ਰਕਾਸ਼ ਨਾਲ ਪ੍ਰਕਾਸ਼ ਵੇਖਣ ਅੱਖੀਂ, ਬਿਨਾ ਪ੍ਰਕਾਸ਼ ਤੋਂ ਨੇਤਰ ਕੰਮ ਕਿਸੇ ਨਾ ਆਈਆ । ਮੈਂ ਤੇ ਦੁੱਖੀ ਹੋ ਗਈ ਮੈਨੂੰ ਪੈਂਦੀ ਗ਼ਸ਼ੀ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਮੈਂ ਬਥੇਰੀ ਪੋਥੀ ਪੜ੍ਹੀ ਮਾਲਾ ਫੇਰੀ ਅੱਖਰਾਂ ਵਾਲੀ ਬਾਣੀ ਜਪੀ, ਦਿਵਸ ਰੈਣ ਘੜੀਆਂ ਪਲ ਪੰਧ ਮੁਕਾਈਆ । ਤੀਰਥ ਤੱਟਾਂ ਜਾਂਦਿਆਂ ਮੇਰੇ ਦਰਦ ਪੈ ਗਿਆ ਲੱਤੀਂ, ਥਕਾਵਟ ਦੂਰ ਨਾ ਕੋਇ ਕਰਾਈਆ । ਮੈਂ ਹੁਣ ਗ੍ਰੰਥਾਂ ਪੰਥਾਂ ਸ਼ਾਸਤਰਾਂ ਵੇਦਾਂ ਪੁਰਾਣਾਂ ਅੰਜੀਲਾਂ ਕ਼ੁਰਾਨਾਂ ਕੋਲੋਂ ਅੱਕੀ, ਅੱਕ ਕੇ ਰਹੀ ਸੁਣਾਈਆ । ਭਗਤੋ ਇਹ ਦੁਨੀਆਦਾਰਾਂ ਦੀ ਢੱਕੀ, ਠਗ ਚੋਰ ਵਿਚ ਬੈਠੇ ਡੇਰਾ ਲਾਈਆ । ਅੱਜ ਤੋਂ ਸਾਰੇ ਪ੍ਰਭ ਦੇ ਨਾਲ ਕਰ ਲਓ ਪੱਕੀ, ਪੱਕਾ ਨਾਤਾ ਲਓ ਜੁੜਾਈਆ । ਤੁਹਾਡੀ ਆਤਮਾ ਜਿਸ ਨੇ ਤੁਹਾਡੇ ਵਿਚ ਰੱਖੀ, ਜਦੋਂ ਚਾਹੇ ਫੂਕ ਮਾਰ ਕੇ ਦਏ ਬੁਝਾਈਆ । ਫਿਰ ਨਾ ਕੋਈ ਕਿਸੇ ਦੀ ਨਾਰ ਨਾ ਕੋਈ ਕਿਸੇ ਦਾ ਪਤੀ, ਬਾਂਹ ਵਿਚ ਬਾਂਹ ਪਾ ਕੇ, ਹੈਟ ਪੈਂਟ ਸਜਾ ਕੇ, ਸਾੜ੍ਹੀ ਬੂਟ ਲਗਾ ਕੇ, ਪੇਟੀ ਕੋਟ ਛੁਹਾ ਕੇ, ਬੁੱਲੀਂ ਸੁਰਖੀ ਲਾ ਕੇ, ਮੱਥੇ ਬਿੰਦੀ ਟਿਕਾ ਕੇ, ਟੇਢਾ ਚੀਰ ਕਢਾ ਕੇ, ਮੇਂਢੀ ਸੀਸ ਗੁੰਦਾ ਕੇ, ਵਾਲ ਬਨਾਉਟੀ ਬਣਾ ਕੇ, ਕੰਨੀ ਕਾਂਟੇ ਲਟਕਾ ਕੇ, ਗਲ ਹਾਰ ਸੁਹਾ ਕੇ, ਚੂੜੀਆਂ ਗੁੱਟਾਂ ਨਾਲ ਰਲਾ ਕੇ, ਮਾਤਲੋਕ ਦਿਆਂ ਬਾਜ਼ਾਰਾਂ ਵਿਚ ਟਹਿਲਣ ਕੋਇ ਨਾ ਜਾਈਆ । ਧ੍ਰਿਗ ਇਹੋ ਜਿਹੇ ਰਿਸ਼ਤਿਆਂ ਨੂੰ ਜਿਹੜੇ ਮਰਨ ਤੋਂ ਪਿਛੋਂ ਸਾਰੇ ਜਾਣ ਤਜਾ ਕੇ, ਹੱਥੀਂ ਆਉਣ ਜਲਾ ਕੇ, ਰੋਵਨ ਸਿਆਪੇ ਪਾ ਕੇ, ਹਾਏ ਹਾਏ ਕਰ ਸੁਣਾਈਆ । ਬਲਹਾਰੀ ਜਾਓ ਉਸ ਸਤਿਗੁਰ ਸੱਚੇ ਸ਼ਾਹ ਕੇ, ਜੋ ਮਰਨ ਤੋਂ ਪਹਿਲੋਂ ਸ਼ਾਹ ਰਗ ਦੇ ਉਤੇ ਪਹੁੰਚੇ ਆ ਕੇ, ਸਹਿਜ ਨਾਲ ਆਤਮ ਸੇਜਾ ਉਤੇ ਬਹਿ ਕੇ, ਗੁਰਸਿਖ ਆਪਣੀ ਗੋਦ ਟਿਕਾ ਕੇ, ਕ੍ਰਿਪਾਲ ਵਿਚੋਂ ਦਿਆਲ ਹੋ ਕੇ ਭੱਜੇ ਚਾਈਂ ਚਾਈਂਆ । ਸਾਕਾਂ ਸਨਬੰਧੀਆਂ ਦੇ ਕੋਲੋਂ ਡਾਕਟਰ ਵੈਦ ਹਕੀਮ ਮੁਨੀਆਂ ਦੇ ਕੋਲੋਂ, ਆਪਣੀ ਆਤਮਾ ਆਪਣੇ ਵਿਚ ਲੈ ਜਾਏ ਛੁਪਾ ਕੇ, ਉਸ ਵੇਲੇ ਕੋਈ ਨਾ ਕਹੇ ਕਿਉਂ ਸਾਡਾ ਮਾਂ ਪਿਓ ਭੈਣ ਭਰਾ ਪੁੱਤਰ ਧੀ ਸਾਕ ਸੱਜਣ ਸੈਣ ਨਾਰ ਕੰਤ ਨਾਲੋਂ ਕਰੇ ਜੁਦਾਈਆ । ਜੇ ਜੀਉਂਦਾ ਕੋਈ ਘਰ ਛੱਡ ਕੇ ਸਤਿਗੁਰ ਚਰਨ ਲੱਗੇ ਆ ਕੇ, ਪਿਛੋਂ ਸਾਰੇ ਰਿਸ਼ਤੇਦਾਰ ਕਰਨ ਲੜਾਈਆ । ਜੇ ਕੋਈ ਕੱਚਾ ਭਗਤ ਹੋਵੇ ਤੇ ਓਹਨੂੰ ਛੱਡਣ ਹਟਾ ਕੇ, ਪ੍ਰਭ ਦਾ ਭਗਤ ਆਪਣਾ ਤਨ ਮਨ ਸਤਿਗੁਰ ਲੇਖੇ ਲਾਈਆ । ਏਸੇ ਕਰ ਕੇ ਧ੍ਰੂ ਪ੍ਰਹਿਲਾਦ ਗਏ ਸਮਝਾ ਕੇ, ਰਵਦਾਸ ਚਮਾਰਾ ਦਏ ਗਵਾਹੀਆ । ਜਿਸ ਪਾਇਆ ਤਿਸ ਆਪਣਾ ਆਪ ਗੁਆ ਕੇ, ਨਾਤਾ ਦੁਨੀ ਨਾਲੋਂ ਤਜਾਈਆ । ਅਜੀਤ ਸਿੰਘ ਕਸਬੀ ਜ਼ਰਾ ਉਠ ਖਾਂ ਤੈਨੂੰ ਦੱਸੀਏ ਸਮਝਾ ਕੇ, ਕੀ ਮਜ਼੍ਹਬਾਂ ਚਾਲ ਚਲਾਈਆ । ਭਲਾ ਕੋਈ ਤੈਨੂੰ ਮੇਰੇ ਨਾਲੋਂ ਲੈ ਜਾਵੇ ਭਰਮਾ ਕੇ, ਗੱਲਾਂ ਝੂਠੀਆਂ ਸੱਚੀਆਂ ਸੁਣਾਈਆ । ਕੋਈ ਰਾਤੀਂ ਸੁੱਤਿਆਂ ਲੈ ਜਾਵੇ ਖਾਂ ਚੁਰਾ ਕੇ, ਚਰਾਗਾਹਾਂ ਵਿਚ ਛੁਪਾਈਆ । ਜਿਸ ਸਤਿਗੁਰ ਦਾ ਸ਼ਬਦ ਰੂਪੀ

ਦਰਸ਼ਨ ਕੀਤਾ ਆ ਕੇ, ਉਹ ਬਿਨਾ ਸਤਿਗੁਰ ਤੋਂ ਕਿਸੇ ਦੇ ਨਾਲ ਨਾਤਾ ਨਾ ਕੋਇ ਰਖਾਈਆ । ਏਸੇ ਕਰ ਕੇ ਮਨਸੂਰ ਨਾਅਰਾ ਲਾਇਆ ਸੂਲੀ ਉਤੇ ਆ ਕੇ, ਆਖ਼ਰ ਗਿਆ ਜਣਾਈਆ । ਮੇਰਾ ਐਨਲੁਹੱਕ ਖ਼ੁਦਾ ਤੇ ਲੋਕਾਂ ਮੈਨੂੰ ਭੈਣ ਦਾ ਯਾਰ ਦੱਸਿਆ ਬਣਾ ਕੇ, ਬਹੁੜੀ ਮੇਰੀ ਦੁਹਾਈਆ । ਕੋਈ ਵੇਖ ਲਓ ਅਜ਼ਮਾ ਕੇ, ਫਾਸੀ ਤੇ ਲਟਕਦਿਆਂ ਖੱਲਾਂ ਲਹੌਂਦਿਆਂ ਨੂੰ ਆਪਣਾ ਨੂਰ ਦਏ ਚਮਕਾਈਆ । ਦੁਨੀਆਦਾਰੋ ਜ਼ਰਾ ਵੇਖੋ ਖਾਂ ਓਥੇ ਜਾ ਕੇ, ਜਿਥੇ ਬੈਠਾ ਜੋਤ ਟਿਕਾ ਕੇ, ਕਾਲੇ ਕੋਟਾਂ ਦਾ ਲੇਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਸਵਰਨ ਸਿੰਘ ਦੱਸ ਖਾਂ ਕ਼ੁਰਾਨ ਸ਼ਰੀਫ਼, ਇਕ ਮਸਲਾ ਦੇ ਜਣਾਈਆ । ਮੁਹੰਮਦ ਦਿਆ ਯਾਰਾ ਹੋਇਆ ਨਕਾਰਾ ਕਿਹੜੇ ਖ਼ੁਦਾ ਦੀ ਕਰੇਂ ਤਾਰੀਫ਼, ਸਿਫ਼ਤਾਂ ਨਾਲ ਸੁਣਾਈਆ । ਤੁਹਾਡਾ ਯਾਰ ਹੋ ਗਿਆ ਜ਼ਈਫ਼, ਬੁੱਢਾ ਨਜ਼ਰੀ ਆਈਆ । ਸਦੀ ਚੌਧਵੀਂ ਕਹੇ ਮੈਂ ਤੇ ਆਖਿਆ ਖੌਰੇ ਕੋਈ ਹੋਊਗਾ ਸ਼ਰੀਫ਼, ਸ਼ੁਰਫ਼ਾ ਉਰਫ਼ਾ ਸੋਭਾ ਪਾਈਆ । ਮੈਂ ਰਾਤੀਂ ਤਕ ਕੇ ਆਈ ਓਹ ਥੱਲਿਉਂ ਨਿਉਂ ਨਿਉਂ ਵੇਖੇ ਮੇਰੇ ਵਿਚ ਬੁਰਕਾ, ਮੈਂ ਕਿਹਾ ਜਾ ਵੇ ਔਧਰ ਵਲ ਤੁਰਕਾਂ, ਤੁਰਕੀ ਵਾਲਿਆਂ ਦੇ ਹਿਲਾਈਆ । ਓਸ ਕਿਹਾ ਤੈਨੂੰ ਕਿਹੜਾ ਸਤਿਗੁਰ ਮਿਲ ਗਿਆ ਧੁਰ ਦਾ, ਮੈਨੂੰ ਦੇ ਦ੍ਰਿੜਾਈਆ । ਮੈਂ ਕਿਹਾ ਜਿਹੜਾ ਵਾਸੀ ਅਨੰਦਪੁਰ ਦਾ, ਓਹ ਪੁਰਖ ਅਕਾਲ ਨੂੰ ਨਾਲ ਲੈ ਕੇ ਆਈਆ । ਮੋੜਿਆਂ ਨਹੀਂ ਮੁੜਦਾ, ਮੋੜੇ ਲਾ ਲਾ ਥੱਕੀ, ਉਹ ਸਗੋਂ ਭੱਜਾ ਆਵੇ ਚਾਈਂ ਚਾਈਂਆ । ਮੈਂ ਓਹਨੂੰ ਬਥੇਰੀ ਪੰਜਾਂ ਸਿੱਖਾਂ ਤੋਂ ਸੁਣਾਈ ਅੱਲਾ ਹੂ ਅਕਬਰ ਦੀ ਕਥਾ, ਬਾਂਗ ਮਨਾਰਿਆਂ ਉਤੇ ਕਰਾਈਆ । ਉਨ ਮੈਨੂੰ ਕਿਹਾ ਮੈਂ ਕੋਈ ਗੁਰ ਅਵਤਾਰ ਪੈਗ਼ੰਬਰਾਂ ਦਾ ਨਾਮ ਭਾੜੇ ਉਤੇ ਨਹੀਂ ਕੀਤਾ ਟਕਿਆਂ ਵਾਲਾ ਯੱਕਾ, ਅੱਜ ਹੋਰ ਤੇ ਕੱਲ ਨੂੰ ਹੋਰ ਬਦਲੀ ਹੋ ਕੇ ਆਈਆ । ਮੈਂ ਕੋਈ ਮਾੜਾ ਨਹੀਂ ਅੱਛਾ, ਮੱਛ ਨਹੀਂ ਕੱਛਾ, ਰਾਮ ਕ੍ਰਿਸ਼ਨ ਵਾਂਗੂ ਕੁੱਖ ਵਿਚੋਂ ਜੰਮਣ ਵਾਲਾ ਨਹੀਂ ਬੱਚਾ, ਈਸਾ ਮੂਸਾ ਮੁਹੰਮਦ ਵਾਂਗ ਕੋਈ ਜਨਣੀ ਨਹੀਂ ਬਣਾਈ ਜ਼ੱਚਾ, ਨਾਨਕ ਗੋਬਿੰਦ ਵਾਂਗ ਤਨ ਸ਼ਰੀਰ ਨਹੀਂ ਰੱਖਿਆ ਕੱਚਾ, ਜੋ ਭੰਨ ਤੋੜ ਕੇ ਨਾਤਾ ਜਾਏ ਤੁੜਾਈਆ । ਮੈਂ ਓਸ ਦੁਆਰੇ ਵਸਾਂ, ਜਿਥੇ ਧੋਤੀ ਤਹਿਮਤ ਪੈਂਟ ਪਹਿਨਣਾ ਨਾ ਪਏ ਕੱਛਾ, ਬਸਤਰ ਸ਼ਸਤਰ ਨਾ ਕੋਇ ਉਠਾਈਆ । ਨਾ ਕੋਈ ਘਾਟਾ ਨਾ ਕੋਈ ਨਫ਼ਾ, ਨੁਕਸਾਨ ਵਾਸਤੇ ਗੁਰ ਅਵਤਾਰ ਪੈਗ਼ੰਬਰ ਦਿਤੇ ਬਣਾਈਆ । ਏਧਰੋਂ ਭਰੀ ਚੂੰਡੀ ਤੇ ਥੋੜ੍ਹਾ ਜਿਹਾ ਦੇ ਕੇ ਗੱਫ਼ਾ, ਕਾਇਆ ਗੁਫ਼ਾ ਵਿਚ ਫਸਾਈਆ । ਕਿਸੇ ਨੂੰ ਕਿਹਾ ਰਾਮ ਕਿਸੇ ਨੂੰ ਕਿਹਾ ਕ੍ਰਿਸ਼ਨ ਕਿਸੇ ਨੂੰ ਕਿਹਾ ਅੱਲਾ ਕਿਸੇ ਨੂੰ ਕਿਹਾ ਸਤਿਨਾਮ ਕਿਸੇ ਨੂੰ ਕਿਹਾ ਸ੍ਰੀ ਵਾਹਿਗੁਰੂ ਅੱਛਾ, ਤੇ ਸਤਿਨਾਮ ਭਤੂਆ ਕਿਹੜਾ ਨਜ਼ਰੀ ਆਈਆ । ਜੇ ਅੱਲਾ ਦਾ ਗਾਇਆ ਟੱਪਾ, ਕਿਉਂ ਟਾਪੂਆਂ ਵਿਚ ਝਗੜਾ ਦਿਤਾ ਪਾਈਆ । ਜੇ ਰਾਧਾ ਕ੍ਰਿਸ਼ਨ ਦਾ ਸਾਕ ਬਣਾਇਆ ਸਕਾ, ਫੇਰ ਕੋਈ ਪੁਤ ਧੀ ਕਿਉਂ ਨਾ ਜੰਮਿਆ ਤੇ ਨਾਤਾ ਜਗਤ ਜੁੜਾਈਆ । ਜੇ ਮੁਹੰਮਦ ਤੂੰ ਕਿਹਾ ਤੈਨੂੰ ਅੱਲਾ ਰਾਣੀ ਦਿਆਂ ਵਖਾ, ਚੌਦਾਂ ਤਬਕਾਂ ਵਿਚ ਕੰਨੋਂ ਫੜ ਕੇ ਦਿਤਾ ਭੁਆਈਆ । ਫਿਰ ਨਾ ਕਹੀਂ ਮੇਰੇ ਨਾਲ ਕੀਤਾ ਠੱਠਾ, ਠਾਕਰਾਂ ਦੇ ਬਦਲੇ ਕੰਨਾਂ ਵਿਚ ਉਂਗਲੀਆਂ ਦਿਤੀਆਂ ਪੁਆਈਆ । ਪਰ ਭੇਤ ਅੰਦਰ ਇਕ ਗਿੱਠ ਤੇ ਇਕ ਚੱਪਾ, ਓਸ ਤੋਂ ਅੱਗੇ ਨਾ ਕਿਸੇ ਨੂੰ ਸਮਝਾਈਆ । ਸਾਰਿਆਂ ਨੂੰ ਵਖਾਉਂਦਾ ਰਿਹਾ ਪੰਝੀ ਪ੍ਰਕਿਰਤੀਆਂ ਪੰਜ ਤੱਤ ਤ੍ਰੈਗੁਣ ਮਾਇਆ ਤੇ ਪੰਝੀਆਂ ਦਾ ਆਖ਼ਰੀ ਅੱਖਰ ਪੱਪਾ, ਕਿਉਂ ਪੰਝੀਆਂ ਤੋਂ ਅੱਗੇ ਬਿਨਾ ਪੱਪੇ ਤੋਂ ਨਜ਼ਰ ਕੋਇ ਨਾ ਆਈਆ । ਜਿਸ ਨੇ ਜਾਪ ਕੋਈ ਨਹੀਂ ਜਪਾ, ਜਗਜੀਵਣ

ਦਾਤਾ ਵੇਖ ਵਖਾਈਆ । ਏਸੇ ਕਰ ਕੇ ਨਾਨਕ ਨੂੰ ਕਿਹਾ ਤਪਾ, ਨਾਨਕ ਨੂੰ ਤਪ ਵਿਚੋਂ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਸੁਣਿਆ ਸਾਰਿਆਂ ਕਿਹਾ ਬਹਿ ਜਾ ਪ੍ਰਭੂ ਦੇ ਕੋਲ, ਆਹਾ ਡੱਗਾ ਢੋਲ ਉਤੇ ਲਗਾਈਆ । ਮੈਨੂੰ ਐਂ ਦਿਸਦਾ ਇਹ ਕੰਮ ਸਾਰਿਆਂ ਦੇ ਹਿਰਦੇ ਗੋਲ, ਹੁਣ ਗੋਲ ਮੋਲ ਦੀ ਲੋੜ ਰਹੇ ਨਾ ਰਾਈਆ । ਜਨ ਭਗਤੋ ਜੇ ਤੁਸੀਂ ਬਣ ਗਏ ਨਿਰੋਲ, ਉਠ ਕੇ ਦਿਓ ਵਖਾਈਆ । ਜਿਹੜਾ ਹਰਚੰਦ ਸਿੰਘ ਨੇ ਤੰਦ ਲਿਆਂਦਾ ਮੌਲ, ਮੌਲਾ ਦੇ ਹੱਥ ਦੇਣਾ ਫੜਾਈਆ । ਗੁਰਮੁਖੋ ਰਹਿਣਾ ਅਡੋਲ, ਡੁਲ ਕੋਇ ਨਾ ਜਾਈਆ । ਤੁਹਾਡਾ ਇਕੋ ਨਿਸ਼ਾਨਾ ਤੇ ਇਕੋ ਕੌਲ, ਇਕੋ ਰੋਲ ਕਰ ਕੇ ਦੇਣਾ ਵਖਾਈਆ । ਭਾਵੇਂ ਤੁਸੀਂ ਬੜੇ ਨਾਜ਼ਕ ਮਲੂਕ ਸੋਹਣੇ ਤੇ ਸੋਹਲ, ਸਾਫ਼ ਸੁਥਰੇ ਨਜ਼ਰੀ ਆਈਆ । ਆਪਣਿਆਂ ਬੱਚਿਆਂ ਨੂੰ ਲੋਰੀਆਂ ਦਿਓ ਤੇ ਨਵੇਂ ਨਵੇਂ ਬੋਲੋ ਬੋਲ, ਬਿਨਾ ਸਿਖਾਇਆਂ ਤੋਂ ਆਪਣੇ ਗੀਤ ਬਣਾਈਆ । ਕੀ ਪੁਰਖ ਅਕਾਲ ਦੀ ਮਹਿੰਮਾ ਵਾਸਤੇ ਤੁਹਾਡੇ ਅੰਦਰ ਪ੍ਰੇਮ ਨਹੀਂ ਜੋ ਤੁਸੀਂ ਸਕੋ ਬੋਲ, ਉਚੀ ਕੂਕ ਸੁਣਾਈਆ । ਵੇਖੋ ਮੈਂ ਤੁਹਾਡੇ ਪਿਛੇ ਆ ਗਿਆ ਉਪਰ ਧੌਲ, ਧਰਤੀ ਉਤੇ ਫੇਰਾ ਪਾਈਆ । ਪਿਛਲਾ ਪੂਰਾ ਕਰਨਾ ਕੌਲ, ਇਕਰਾਰ ਲੈਣਾ ਨਿਭਾਈਆ । ਫ਼ਰਕ ਪੈਣ ਨਹੀਂ ਦੇਣਾ ਰਤੀ ਚੌਲ, ਚਾਵਲ ਖਾਣ ਵਾਲਿਓ ਖਾਣ ਲੱਗੇ ਕਦੇ ਇਕ ਦਾਣਾ ਮੇਰੇ ਲਈ ਵੀ ਲੈਣਾ ਬਚਾਈਆ । ਤੁਹਾਨੂੰ ਪਤਾ ਤੁਹਾਡੇ ਬਦਲੇ ਕਰਨਾਲ ਵਾਲਿਆਂ ਤੋਂ ਮੰਗਾ ਲਿਆ ਬੋਹਲ, ਚਾਰ ਦੇਗਾਂ ਦਿਤੀਆਂ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਛੱਡਿਆ ਮੌਲੀ ਦਾ ਤੰਦ, ਗਾਨਾ ਦਿਤਾ ਤੁੜਾਈਆ । ਬਦਲ ਕੇ ਆਪਣੀ ਕੰਡ, ਪਾਸਾ ਆਈ ਬਦਲਾਈਆ । ਭਾਵੇਂ ਮੈਨੂੰ ਸੁਹਾਗਣ ਕਹੋ ਭਾਵੇਂ ਕਹੋ ਰੰਡ, ਇਹ ਤੁਹਾਡੇ ਹੱਥ ਵਡਿਆਈਆ । ਤੁਸੀਂ ਭਾਵੇਂ ਮੈਨੂੰ ਕੁਛ ਕਹੋ ਮੈਂ ਤੁਹਾਨੂੰ ਕਹਾਂ ਸਾਹਿਬ ਦੇ ਚੰਦ, ਚਾਰ ਕੁੰਟ ਰੁਸ਼ਨਾਈਆ । ਸਾਰੇ ਜ਼ੋਰ ਨਾਲ ਖ਼ੁਸ਼ੀ ਨਾਲ ਖੰਗੂਰੇ ਮਾਰ ਕੇ ਲਓ ਖੰਘ, ਖੰਘ ਤਾਪ ਦਾ ਰੋਗ ਦਿਆਂ ਗੁਆਈਆ । ਇਕ ਹੁਕਮ ਦੇ ਰਹਿਣਾ ਪਾਬੰਦ, ਚਲਣਾ ਪ੍ਰਭ ਰਜ਼ਾਈਆ । ਮੈਂ ਤੁਹਾਡਾ ਮਾਨਣਾ ਅਨੰਦ, ਅੰਦਰ ਵੜ ਕੇ ਸੋਭਾ ਪਾਈਆ । ਤੁਸੀਂ ਵੇਖਿਆ ਜੇ ਤੇਜਾ ਸਿੰਘ ਦਾ ਸਿਰ ਤੋਂ ਘਸ ਗਿਆ ਗੰਜ, ਵਾਲ ਰਹਿਣ ਕੋਇ ਨਾ ਪਾਈਆ । ਸੇਵਾ ਕਰਦਾ ਸੀ ਨਾਲ ਬੰਦ ਬੰਦ, ਦਿਨੇ ਲੜਨਾ ਤੇ ਰਾਤ ਸਿਰ੍ਹਾਣੇ ਖਲੋ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਧੁਰ ਦੀ ਗੋਲੀ, ਗ਼ੁਲਾਮ ਨਜ਼ਰੀ ਆਈਆ । ਮੈਂ ਵਿਚੋਂ ਡਾਂਗ ਵਾਂਗੂ ਪੋਲੀ, ਮਲ ਮੈਲ ਨਾ ਕੋਇ ਟਿਕਾਈਆ । ਮੇਰੀ ਖੁਲ੍ਹੀ ਨਹੀਂ ਕੋਈ ਚੋਲੀ, ਬੱਚਿਆਂ ਵਾਲੇ ਚੋਲੇ ਦੇਣ ਗਵਾਹੀਆ । ਮੈਂ ਤੇ ਸੁਣਨ ਆਈ ਤੁਹਾਡੀ ਆਤਮ ਪਰਮਾਤਮ ਦੀ ਬੋਲੀ, ਜੋ ਅਨਬੋਲਤ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਇਕ ਧਰਮ ਧਾਰ ਦੀ ਬਾਂਦੀ, ਗੋਲੀ ਲਈ ਬਣਾਈਆ । ਜਿਸ ਨੇ ਸਵਾ ਹੱਥ ਪਾਈ ਪਰਾਂਦੀ, ਪਾਰਬ੍ਰਹਮ ਦਏ ਵਡਿਆਈਆ । ਲੋਭ ਰਿਹਾ ਨਾ ਸੋਨਾ ਚਾਂਦੀ, ਜਗਤ ਸ਼ਰਅ ਦਿਤੀ ਤੁੜਾਈਆ । ਜਿਨ੍ਹਾਂ ਬੀਬੀਆਂ ਨੇ ਢੋਲਾ ਗਾਇਆ ਸਤਿਗੁਰ ਬਾਝੋਂ ਪਤ ਜਾਂਦੀ, ਓਹ ਸਭ ਨੂੰ ਰਿਹਾ ਉਠਾਈਆ । ਜਨ ਭਗਤੋ ਇਹ ਕਲਜੁਗ ਅੰਧੇਰ ਨਹੀਂ ਇਹ ਕਰਮ ਕਾਂਡ ਦੀ ਆਂਧੀ, ਅੰਨ੍ਹਾ ਪਾਲ ਸਿੰਘ

੭੭੫
੨੧

ਲੱਲੀਆਂ ਵਾਲਾ ਦਏ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕੋਈ ਨਹੀਂ ਆਂਢੀ ਗੁਆਂਢੀ, ਇਕੇ ਘਰ ਵਿਚ ਇਕੇ ਮੰਦਰ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਕੋਈ ਪਹਿਲਵਾਨ ਕਰੋ ਕੁਸ਼ਤੀ, ਅੱਗੇ ਜਾਓ ਆਈਆ । ਤੁਹਾਨੂੰ ਘਿਓ ਖਾਂਦਿਆਂ ਨੂੰ ਵੇਖ ਕੇ ਮੇਰੀ ਚੌਦਾਂ ਸਦੀਆਂ ਦੀ ਉਤਰ ਜਾਏ ਖ਼ੁਸ਼ਕੀ, ਕਿਉਂ ਜੰਮੂ ਵਾਲਿਆਂ ਨੇ ਤਿੰਨ ਦਿਨ ਦਾ ਸੁੱਕਾ ਟੁੱਕੜ ਖੁਆ ਕੇ ਮੇਰੀਆਂ ਪਸਲੀਆਂ ਦਿਤੀਆਂ ਭੰਨਾਈਆ । ਹੁਣ ਮੈਂ ਕਰਨ ਲੱਗੀ ਚੁਸਤੀ, ਚਾਲਾਕੀ ਨਾਲ ਤੁਹਾਡੇ ਅੰਦਰ ਵੜ ਕੇ ਵੇਖ ਵਖਾਈਆ । ਜ਼ਰਾ ਤਕੜੇ ਹੋ ਕੇ ਆਪਣੇ ਆਪ ਦੀ ਕਰਿਓ ਦਰੁਸਤੀ, ਦੁਰਾਚਾਰਾਂ ਤੋਂ ਦਿਆਂ ਬਚਾਈਆ । ਏਸੇ ਕਰ ਕੇ ਤੁਹਾਡੇ ਪਿਛੇ ਪਹਿਨੀ ਸੱਤ ਰੰਗ ਦੀ ਕੁੜਤੀ, ਕੁੜਮਾਂ ਕੜਮੇਟਿਆਂ ਤੋਂ ਦਿਆਂ ਛੁਡਾਈਆ । ਮੈਂ ਰਾਤੀਂ ਗਈ ਦਰਗਾਹ ਸਾਚੀ ਤੇ ਫੇਰ ਪੈਰੀਂ ਆ ਗਈ ਮੁੜਦੀ, ਪੁਰਖ ਅਕਾਲ ਦਿਤਾ ਭਜਾਈਆ । ਚਲੀ ਜਾ ਪਰੇ ਮੇਰੇ ਭਗਤਾਂ ਵਿਚ ਅੱਜ ਰਹੀਂ ਫਿਰਦੀ ਤੁਰਦੀ, ਤੁਰਲੇ ਵਾਲਿਆਂ ਦਾ ਜਾ ਕੇ ਦਿਲ ਪਰਚਾਈਆ । ਸਾਰਿਆਂ ਨੂੰ ਕਹਿਣਾ ਅੱਖਾਂ ਖੋਲ੍ਹੋ ਮੈਂ ਸੁਹਾਗਣ ਤੁਹਾਡੇ ਅੱਗੇ ਲੰਘਾਂ ਮੋਹਰਦੀ, ਸੋਹਣਾ ਆਪਣਾ ਰੂਪ ਧਰਾਈਆ । ਜਿਹੜੇ ਤੁੱਟੇ ਉਨ੍ਹਾਂ ਦੇ ਨਾਤੇ ਜਾਵਾਂ ਜੋੜਦੀ, ਜੋੜੀ ਭਗਤ ਭਗਵਾਨ ਬਣਾਈਆ । ਜਿਹੜੇ ਭੁੱਲੇ ਉਨ੍ਹਾਂ ਨੂੰ ਜਾਵਾਂ ਰੋੜ੍ਹਦੀ, ਅੱਗੇ ਹੋ ਨਾ ਕੋਇ ਅਟਕਾਈਆ । ਸਾਰੇ ਕਹੋ ਇਹ ਪ੍ਰੇਮ ਘਟਾ ਘਨਘੋਰ ਦੀ, ਕਿਤੇ ਬਿਜਲੀ ਬਣ ਕੇ ਸਾਡੇ ਕੂੜੇ ਕਰਮ ਨਾ ਦਏ ਜਲਾਈਆ । ਪੁਰਖ ਅਕਾਲ ਕਿਹਾ ਇਹ ਖੇਲ ਮੇਰੇ ਗ਼ੌਰ ਦੀ, ਗਹਿਰ ਗੰਭੀਰ ਹੋ ਕੇ ਦਿਆਂ ਸੁਣਾਈਆ । ਸਦੀ ਚੌਧਵੀਂ ਤੂੰ ਭਗਤ ਦੁਆਰੇ ਅੰਦਰੋਂ ਸਫ਼ਾਈ ਕਰਨੀ ਠਗ ਚੋਰ ਦੀ, ਜੋ ਭਗਤਾਂ ਵਿਚ ਮਿਲ ਕੇ ਪ੍ਰਭ ਦਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਹਾਏ ਮੈਂ ਹਾਰੇ ਉਤੇ ਵੇਖੀ ਦੋਹਰੀ ਟਿੱਪੀ, ਆਤਮ ਉਤੇ ਆਤਮ ਨਜ਼ਰੀ ਆਈਆ । ਜਨ ਭਗਤੋ ਸ੍ਰਿਸ਼ਟੀ ਦੀ ਆਤਮਾ ਸਰੀਰ ਵਿਚ ਛੁਪੀ, ਤੁਹਾਡੀ ਆਤਮਾ ਕਾਗ਼ਜ਼ ਉਤੇ ਚੜ੍ਹ ਕੇ ਸਾਰੇ ਜਗ ਨੂੰ ਕਰੇ ਰੁਸ਼ਨਾਈਆ । ਤੁਹਾਡੇ ਬਿਨਾ ਰਹਿਣੀ ਨਹੀਂ ਕੋਈ ਸਿੱਖੀ, ਇਹ ਗੋਬਿੰਦ ਨੇ ਧਾਰ ਲਿਖੀ, ਚਾਰ ਵਰਨ ਇਕੋ ਰੰਗ ਰੰਗਾਈਆ । ਮੈਂ ਉਮਤ ਨੂੰ ਤੱਕਿਆ ਦੁਹੱਥੜ ਮਾਰ ਕੇ ਪਿੱਟੀ, ਪਟਨੇ ਵਾਲਿਆ ਕੀ ਗਿਉਂ ਲਿਖਾਈਆ । ਓਨ ਝਟ ਜੇਬ ਵਿਚੋਂ ਕੱਢੀ ਆਹ ਪੁਰਾਣੀ ਚਿੱਠੀ, ਸਹਿਜੇ ਦਿਤੀ ਵਖਾਈਆ । ਸਦੀ ਚੌਧਵੀਂ ਤੂੰ ਕੱਲ ਦੀ ਬੱਚੀ, ਤੇ ਉਮਰ ਦੀ ਨਿੱਕੀ, ਮੈਂ ਸ਼ਬਦ ਗੁਰੂ ਆਦਿ ਅੰਤ ਦਾ ਨਜ਼ਰੀ ਆਈਆ । ਸਦੀ ਚੌਧਵੀਂ ਨੇ ਕਿਹਾ ਮੈਂ ਪੁਰਾਣੀ ਸ਼ੌਕੀਨਣ, ਤੂੰ ਵੇਖੇ ਨਹੀਂ ਚਾਰ ਉਂਗਲ ਮੇਰੀਆਂ ਸਹੇਲੀਆਂ ਦਾ ਜੂੜਾ ਪਿਛੇ ਗਿੱਚੀ, ਇਹ ਸਭ ਤੋਂ ਪਹਿਲੋਂ ਦੀ ਧਾਰ ਦਿਤੀ ਸਮਝਾਈਆ । ਗੋਬਿੰਦ ਜੇ ਤੂੰ ਸ਼ਬਦ ਗੁਰੂ ਸੋਹਣਾ ਤੇ ਮੈਂ ਵੀ ਨਹੀਂ ਅਜੇ ਤਾਈਂ ਕਿਸੇ ਦੇ ਦੁਆਰੇ ਵਿਕੀ, ਬੁੱਢਿਆਂ ਨੱਢਿਆਂ ਨਾਲ ਗਲਵਕੜੀ ਪਾ ਕੇ ਚਾਲ ਨਾ ਕੋਇ ਵਖਾਈਆ । ਜਗਤ ਨੇਤਰ ਕਿਸੇ ਨੂੰ ਨਹੀਂ ਦਿਸੀ, ਅੱਖਾਂ ਪਾੜ ਪਾੜ ਕੇ ਵੇਖੇ ਸਰਬ ਲੋਕਾਈਆ । ਇਹ ਬਾਲਮੀਕ ਜਿਸ ਨੇ ਮੇਰੀ ਰਮਾਇਣ ਲਿਖੀ, ਬਧਕਾ ਅੱਗੇ ਆ ਤੀਰ ਮਾਰ ਕੇ ਹੁਣ ਬੈਠਾ ਮੁਖ ਛੁਪਾਈਆ । ਮੈਂ ਵੀ ਹੁਣ ਜੱਟੀ ਫਿੱਟੀ, ਮਾਝੇ ਵਾਲਿਆਂ ਨਾਲ ਰਲ ਕੇ ਮਾਝੇ ਦੀ ਜੱਟੀ ਬਣ ਕੇ ਆਈਆ । ਮੈਂ ਕੋਈ ਬੰਨ੍ਹਣੀ ਨਹੀਂ ਕੱਟੀ ਵੱਛੀ, ਧਾਰਾਂ ਚੋ ਕੇ ਘਮ ਘਮ ਦੁੱਧ ਰਿੜਕਨਾ ਨਾ ਕੋਇ ਪਾਈਆ । ਕਿਉਂ ਮੈਂ ਸੁਹਾਗਣ ਇਕੋ ਮੇਰਾ ਪਤੀ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਮੈਂ ਕੋਈ ਮਰਾਸਨ

ਨਹੀਂ ਨੈਣ ਨਹੀਂ ਮੇਰਾ ਨਾਂ ਨਹੀਂ ਕੋਈ ਫੱਤੂ ਦੀ ਧੀ ਫੱਤੀ, ਤੇ ਨਾ ਕੋਈ ਮੈਨੂੰ ਫ਼ਾਤਮਾ ਕਹਿ ਕੇ ਬੁਲਾਈਆ । ਮੈਂ ਸਾਰਿਆਂ ਤੋਂ ਪਰੇ ਤੇ ਅੱਗੇ ਤੋਂ ਅਗਲੀ ਹੱਦ ਟੱਪੀ, ਜਿਥੇ ਲਕੀਰ ਵਾਲੇ ਫ਼ਕੀਰ ਨਜ਼ਰ ਕੋਇ ਨਾ ਆਈਆ । ਇਕ ਗੱਲ ਸੁਣ ਲਓ ਮੇਰਾ ਪਰਮਾਤਮਾ ਮੇਰਾ ਖ਼ਸਮ ਮੇਰਾ ਪਤੀ ਆਦਿ ਅੰਤ ਦਾ ਗੱਪੀ, ਗਪੌੜਿਆਂ ਵਿਚ ਪਕੌੜੇ ਸਭ ਨੂੰ ਦਏ ਖੁਆਈਆ । ਤੁਸੀਂ ਤੇ ਚਲਾਉਂਦੇ ਲੂਣ ਮਿਰਚ ਦੀ ਹੱਟੀ, ਉਨ੍ਹ ਅੱਲਾ ਰਾਮ ਵਾਹਿਗੁਰੂ ਰਾਧਾ ਕ੍ਰਿਸ਼ਨ ਪੁੜੀਆਂ ਵਿਚ ਬੰਦ ਕਰ ਕੇ ਖੁੱਡਾਂ ਵਿਚ ਟਿਕਾਈਆ । ਜਾ ਇਹ ਲੈ ਜਾ ਦੁਆ ਇਨ੍ਹਾਂ ਸਿੱਖਾਂ ਮਰੀਦਾਂ ਨੂੰ ਖੁਆ ਤੇ ਉਨ੍ਹਾਂ ਦੀ ਹੋ ਜਾਊ ਗਤੀ, ਗਤਮਿਤ ਸਮਝਣ ਵਾਲਾ ਨਜ਼ਰ ਕੋਇ ਨਾ ਆਈਆ । ਭਗਤੋ ਮੈਂ ਸਭ ਕੁਝ ਵੇਂਹਦੀ ਰਹੀ ਅੱਖੀਂ, ਅੱਖਾਂ ਵਾਲਿਓ ਅੱਖਾਂ ਲਓ ਖੁਲ੍ਹਾਈਆ । ਮੇਰਾ ਪਰਮਾਤਮਾ ਚੁਰਾਸੀ ਲੱਖ ਆਤਮਾ ਸਰਬ ਦਾ ਭੱਖੀ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰ ਸਾਰਿਆਂ ਨੂੰ ਖਾ ਕੇ ਡਕਾਰ ਨਾ ਕਦੇ ਲਗਾਈਆ । ਮੈਂ ਵੇਖਿਆ ਸਭ ਦਾ ਲੇਖਾ ਸਾਰ ਪਾਸ਼ੇ ਵਾਲਿਓ ਪੈ ਗਿਆ ਨੱਟੀ, ਬਿਨਾ ਸਤਿਗੁਰ ਨਾਮ ਦੇ ਪੌਂ ਤੋਂ ਨਰਦ ਨਾ ਕੋਇ ਪੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਿਆਂ ਜਣਾਈਆ । ਸਦੀ ਚੌਧਵੀਂ ਕਹੇ ਸੁਣਿਆ ਜੇ ਪਾਠ ਗੁਰੂ ਗ੍ਰੰਥ, ਸਭ ਤੋਂ ਉਚਾ ਕਰ ਕੇ ਦਿਤਾ ਸੁਣਾਈਆ । ਜਿਸ ਵਿਚ ਨਾ ਕੋਈ ਮਜ਼੍ਹਬ ਨਾ ਕੋਈ ਪੰਥ, ਆਤਮਾ ਪਰਮਾਤਮਾ ਦਾ ਰਾਹ ਵਖਾਈਆ । ਜਿਹੜੇ ਪਿਛੇ ਵਜਾਉਂਦੇ ਸੰਖ, ਸੰਧਿਆ ਸਰਘੀ ਵੰਡ ਵੰਡਾਈਆ । ਸਦੀ ਚੌਧਵੀਂ ਕਹੇ ਮੈਨੂੰ ਆ ਗਈ ਅਣਖ, ਅਣਖੀਲੀ ਹੋ ਕੇ ਦਿਤਾ ਸੁਣਾਈਆ । ਓ ਪ੍ਰਭੂ ਜਿਹੜੇ ਗੁਰ ਅਵਤਾਰ ਪੈਗ਼ੰਬਰ ਬਚਦੇ ਰਹੇ ਖਾ ਕੇ ਦਾਲ ਕਣਕ, ਚਪਾਤੀਆਂ ਨਾਲ ਰਲਾਈਆ । ਓਹ ਮੈਨੂੰ ਦੱਸ ਕਿੰਨਾ ਚਿਰ ਜੀਵੇ ਤੇ ਕਿੰਨੀ ਭੋਗੀ ਆਯੂ ਤੇ ਕਿਤਨੇ ਰਹੇ ਬਰਸ, ਮਹੀਨੇ ਦਿਨ ਨਾਲ ਮਿਲਾਈਆ । ਮੇਰਿਆ ਬਾਪੂ ਤੈਨੂੰ ਨਹੀਂ ਆਉਂਦਾ ਤਰਸ, ਅਰਸ਼ ਤੋਂ ਸੁੱਟ ਕੇ ਫ਼ਰਸ਼, ਥੋੜ੍ਹਾ ਜਿਹਾ ਨਾਮ ਦਾ ਦੇ ਖਰਚ, ਵਾੜ ਦਿਤੇ ਮੰਦਰ ਮਸੀਤਾਂ ਚਰਚ, ਗੁਰੂ ਗੁਰਦਵਾਰਿਆਂ ਨਾਲ ਗਏ ਪਰਚ, ਤੇਰਾ ਪ੍ਰਾਚੀਨ ਦਾ ਲੇਖਾ ਨਾ ਕੋਇ ਜਣਾਈਆ । ਪ੍ਰਭ ਤੇਰਾ ਤੇ ਕੁਝ ਨਹੀਂ ਹੋਇਆ ਹਰਜ, ਚਾਰ ਖਾਣੀਆਂ ਵਿਚ ਸਭ ਨੂੰ ਕਰ ਦਿਤਾ ਦਰਜ, ਆਪਣੇ ਨਾਮ ਦਾ ਸਭ ਨੂੰ ਦੇ ਕੇ ਕ਼ਰਜ਼, ਲਹਿਣੇਦਾਰ ਹੋ ਕੇ ਸੂਦ ਦਿਤਾ ਲਗਾਈਆ । ਰਾਮ ਕ੍ਰਿਸ਼ਨ ਫੜਾਈ ਮਾਲਾ ਤੇ ਈਸਾ ਮੂਸਾ ਮੁਹੰਮਦ ਨੂੰ ਫੜਾ ਕੇ ਕਰਦ, ਛੁਰੀ ਇਨਸਾਨਾਂ ਉਤੇ ਚਲਾਈਆ । ਹੇ ਪ੍ਰਭੂ ਵੇਖ ਆਪਣੀ ਪਿਛਲੀ ਫ਼ਰਦ, ਭੇਵ ਅਭੇਦ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਪਿਛਲੇ ਜ਼ਮਾਨੇ ਦੀ ਪੀਹਣ ਵਾਲੀ ਚੱਕੀ, ਹੱਥਾ ਪ੍ਰਭ ਦਾ ਨਾਮ ਹੱਥ ਰਖਾਈਆ । ਜ਼ਿਮੀਂ ਅਸਮਾਨਾਂ ਦੇ ਪੁੜ ਇਕ ਦੂਜੇ ਦੇ ਉਤੇ ਰਹੀ ਰੱਖੀ, ਗੱਲਾ ਚੁਰਾਸੀ ਵਾਲਾ ਵਿਚ ਪਾਈਆ । ਨਾਲੇ ਪੀਹਵਾਂ ਤੇ ਨਾਲੇ ਆਪਣੇ ਆਪ ਨੂੰ ਝੱਲਾਂ ਪੱਖੀ, ਸੋਹਣਾ ਰੰਗ ਰੰਗਾਈਆ । ਮੈਨੂੰ ਮੇਰੇ ਵਰਗੀ ਤੂੰ ਹੋਰ ਨਹੀਂ ਕੋਈ ਦੱਸੀ ਸਖ਼ੀ, ਜੋ ਸੁਖ਼ਨ ਮੰਨ ਕੇ ਪ੍ਰਭ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦੁਨੀਆ ਨੂੰ ਦੇ ਦੇ ਮੱਤੀ, ਮਤਲਬ ਵਾਲੇ ਆਪਣੇ ਨਾਲ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਵੇਖੋ ਬੁੱਲ ਲਾਲ, ਲਾਲਨ ਰੰਗ ਰੰਗਾਈਆ । ਸਾਹਿਬ ਸਵਾਮੀ ਕਰੇ ਭਾਲ, ਸੰਬਲ ਬੈਠਾ ਸੋਭਾ ਪਾਈਆ । ਲੇਖੇ ਲਾਏ ਸ਼ਾਹ ਕੰਗਾਲ, ਆਪਣੀ ਗੋਦ ਟਿਕਾਈਆ । ਪ੍ਰੇਮ ਪ੍ਰੀਤੀ ਦਏ ਉਛਾਲ, ਅੰਤਰ ਆਸ ਭਰਾਈਆ । ਜਨ ਭਗਤੋ ਤਾੜੀ ਵਜਾਓ ਨਾਲ ਤਾਲ, ਤਲਬ ਸਭ ਦੀ ਪੂਰ ਕਰਾਈਆ । ਭੁੱਲ ਨਾ ਜਾਇਓ ਮੇਰੀ ਵੇਖ ਕੇ ਨਖਰਿਆਂ ਵਾਲੀ ਚਾਲ, ਮਟਕ

ਮਟਕ ਕੇ ਆਪਣਾ ਕ਼ਦਮ ਉਠਾਈਆ । ਜੇ ਪ੍ਰੀਤੀ ਲਾਉਣੀ ਤੇ ਲਾਇਓ ਉਸ ਦੇ ਨਾਲ, ਜੋ ਆਦਿ ਅੰਤ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਗਲਾ ਹੋ ਗਿਆ ਬੰਦ, ਹਾਏ ਬੰਦਗੀ ਕੌਣ ਸੁਣਾਈਆ । ਮੇਰੇ ਟੇਢੇ ਹੋ ਗਏ ਦੰਦ, ਹੁਣ ਮੈਨੂੰ ਪਸੰਦ ਕਰਨ ਕੋਇ ਨਾ ਆਈਆ । ਮੇਰੀ ਟੁੱਟ ਗਈ ਟੰਗ, ਮੈਨੂੰ ਵਿਆਹ ਕੇ ਘਰ ਨਾ ਕੋਇ ਲੈ ਜਾਈਆ । ਮੈਂ ਹੁਣ ਪਾਉਣੀ ਡੰਡ, ਕੋਈ ਮੈਨੂੰ ਲਓ ਪ੍ਰਨਾਈਆ । ਸਾਰੇ ਕਹਿਣ ਇਹ ਕਿਥੋਂ ਆ ਗਈ ਮੁਸ਼ਟੰਡ, ਧੱਕੇ ਖਾਂਦੀ ਦਏ ਦੁਹਾਈਆ । ਮੈਂ ਸਭ ਨੂੰ ਕਹਿਣਾ ਦੁਨੀਆ ਵਾਲਿਓ ਵਿਸ਼ਾ ਭੋਗਣਾ ਚਾਰ ਜੁਗ ਦਾ ਗੰਦ, ਗੰਦਗੀ ਦੇ ਕੀੜੇ ਗੰਦਗੀ ਵਿਚ ਸਮਾਈਆ । ਮੇਰੇ ਪਰਮ ਪੁਰਖ ਦਾ ਮਾਣੋ ਇਕ ਅਨੰਦ, ਜੋ ਸਾਂਤਕ ਸਤਿ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਨੂੰ ਕਰ ਲੈਣ ਦਿਓ ਰਗ ਤੇਜ਼, ਨਾੜਾਂ ਮਲ ਕੇ ਗਰਮ ਲਵਾਂ ਕਰਾਈਆ । ਓ ਈਸਾ ਮੂਸਾ ਯੂਰਪ ਵਿਚੋਂ ਖੜ੍ਹੇ ਕਰ ਦੇ ਅੰਗਰੇਜ਼, ਇੰਗਲਿਸਤਾਨ ਦੇ ਹਿਲਾਈਆ । ਮੂਸਾ ਕਹੇ ਈਸਾ ਕਹੇ ਮੇਰੇ ਪਰਵਰਦਿਗਾਰ ਆਪਣਾ ਸ਼ਬਦ ਦੁਲਾਰਾ ਦੇ ਭੇਜ, ਭਜਨ ਬੰਦਗੀ ਇਕ ਸਮਝਾਈਆ । ਜੋ ਸਭ ਦੀ ਮਾਣੇ ਸੇਜ, ਆਤਮ ਡੇਰਾ ਲਾਈਆ । ਓਥੇ ਕੀ ਕਰਨ ਚਾਰ ਵੇਦ, ਸ਼ਾਸਤਰ ਸਿਮਰਤ ਮਿਲੇ ਨਾ ਕੋਇ ਵਡਿਆਈਆ । ਅੰਜੀਲ ਕ਼ੁਰਾਨ ਨਾ ਖੋਲ੍ਹੇ ਭੇਵ, ਬਾਣੀ ਬੰਨ੍ਹ ਨਾ ਕੋਇ ਤੁੜਾਈਆ । ਬਿਨਾ ਤੇਰੇ ਤੋਂ ਘੱਲੇ ਕੋਈ ਨਾ ਸਿੱਧੀ ਸੇਧ, ਦੀਨਾਂ ਮਜ਼੍ਹਬਾਂ ਦਾ ਪੰਧ ਮੁਕਾਈਆ । ਪ੍ਰਭੂ ਕਹੇ ਓ ਮੂਸਾ ਈਸਾ ਤੁਹਾਨੂੰ ਰੱਖਿਆ ਵਿਚ ਪਾਕਟ ਤੇ ਜੇਬ, ਆਪਣੇ ਸੱਜੇ ਖੱਬੇ ਲਟਕਾਈਆ । ਤੁਹਾਨੂੰ ਇਕ ਵਾਰ ਵਖਾਉਣਾ ਤੁਹਾਡਿਆਂ ਮੁਰੀਦਾਂ ਦਾ ਫ਼ਰੇਬ, ਧੋਖੇਦਾਰ ਜਣਾਈਆ । ਇਕ ਹੋਰ ਸਮਝਾਉਣੀ ਕਿਤੇਬ, ਜਿਸ ਦੀ ਕਤਾਰ ਨਜ਼ਰ ਕਿਸੇ ਨਾ ਆਈਆ । ਕੋਈ ਨਾ ਸਕੇ ਦੇਖ, ਦੇਖਣ ਕੋਇ ਨਾ ਪਾਈਆ । ਜਿਸ ਕਾਰਨ ਗੋਬਿੰਦ ਰਖਾਏ ਕੇਸ, ਦਸਮੇਸ਼ ਦਿਤੀ ਵਡਿਆਈਆ । ਓਹ ਵੀ ਮੇਰੇ ਨਾਲ ਰਹੇ ਹਮੇਸ਼, ਸਾਚਾ ਸੰਗ ਬਣਾਈਆ । ਹੁਣ ਅਸੀਂ ਆ ਗਏ ਮਿਲ ਕੇ ਮਾਝੇ ਦੇਸ, ਸੰਬਲ ਨਗਰੀ ਡੇਰਾ ਲਾਈਆ । ਨਾਨਕ ਨਾਲ ਫਿਰਦਾ ਧਰ ਕੇ ਮੋਢੇ ਖੇਸ, ਖੂੰਡੀ ਹੱਥ ਵਿਚ ਉਠਾਈਆ । ਹੱਡ ਹਿਲਾਉਣੇ ਮੁੱਲਾ ਸ਼ੇਖ਼, ਸ਼ੇਖ਼ੀ ਰਹਿਣ ਕੋਇ ਨਾ ਪਾਈਆ । ਪੂਜਾ ਮੁਕਣੀ ਪਾਰਬਤੀ ਸ਼ਿਵ ਗਣੇਸ਼, ਸ਼ੰਕਰ ਆਪਣੇ ਵਿਚ ਸਮਾਈਆ । ਜਨ ਭਗਤੋ ਕੁਛ ਤੁਸੀਂ ਵੀ ਦੱਸੋ ਆਪਣਾ ਭੇਤ, ਕੀ ਯਾਰਾਨਾ ਅੰਦਰੋਂ ਪ੍ਰਭ ਦੇ ਨਾਲ ਲਗਾਈਆ । ਘਰ ਵਿਚ ਸੌਣਾ ਚੰਗਾ ਕਿ ਲੜਨਾ ਨਾਲ ਤੇਗ਼, ਸ਼ਹਾਦਤ ਤੇਗ਼ ਬਹਾਦਰ ਵਾਂਗੂ ਪਾਈਆ । ਸਾਰਿਆਂ ਦੇ ਪੁੱਠੇ ਸਿੱਧੇ ਵੇਖੇ ਪੇਚ, ਜੋ ਪਗੜੀ ਦਿਤੇ ਲਗਾਈਆ । ਜਿਨ੍ਹਾਂ ਤੀਲੀ ਵਾਲੀਆਂ ਨੇ ਕੰਨ ਵਿਚ ਕੱਢੇ ਛੇਕ, ਨੱਕ ਵਿਚ ਤੀਲੀ ਲਈ ਛੁਹਾਈਆ । ਉਨ੍ਹਾਂ ਦੀ ਕੁਲ ਵਿਚੋਂ ਬਣੇ ਨਾ ਕੋਇ ਪ੍ਰੇਤ, ਗੁਰਮੁਖ ਭੂਤਾਂ ਦੀ ਜੂਨ ਕੋਇ ਨਾ ਪਾਈਆ । ਅੱਜ ਤੋਂ ਇਕ ਲੱਖ ਅੱਸੀ ਹਜ਼ਾਰ ਜੂਨ ਦਿਤੀ ਭਗਤਾਂ ਦੇ ਦਵਾਰੇ ਉਤੋਂ ਛੇਕ, ਸ਼ਬਦ ਡੰਡੇ ਨਾਲ ਭਜਾਈਆ । ਵੇਖੋ ਭਗਤੋ ਰਾਤੀਂ ਵੇਂਹਦੇ ਸੋ ਸਲਵਾਰ ਹੁਣ ਤਕਦੇ ਜੋ ਪਜਾਮਾ ਰੇਬ, ਛੋਟਾ ਥੱਲਿਉਂ ਨਜ਼ਰੀ ਆਈਆ । ਜਿੰਨੇ ਤੁਸੀਂ ਛੋਟੇ ਓਨਾਂ ਤੁਹਾਡਾ ਆਵੇ ਦਰੇਗ, ਏਸੇ ਕਰ ਕੇ ਲਿਆ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੈਨੂੰ ਲਿਆਂਦਾ ਮਾਲਕ ਜ਼ਰੂਰ, ਜ਼ਰੂਰਤ ਮੇਰੀ ਵੇਖ ਵਖਾਈਆ । ਮੈਂ ਆਈ ਤੁਹਾਡੇ ਹਜ਼ੂਰ, ਹਜ਼ੂਰੀਏ ਦਿਤਾ


੭੭੮
੨੧

ਸਮਝਾਈਆ । ਤੁਸੀਂ ਬਖ਼ਸ਼ਿਓ ਮੇਰੇ ਕ਼ਸੂਰ, ਆਪਣੀ ਨਿਗਾਹ ਉਠਾਈਆ । ਭਗਤ ਦਵਾਰੇ ਦਾ ਦੱਸਿਓ ਦਸਤੂਰ, ਕ਼ਾਇਦਾ ਦੇਣਾ ਜਣਾਈਆ । ਮੈਨੂੰ ਭਾਵੇਂ ਗ਼ੁੱਸੇ ਵਿਚ ਲਿਓ ਘੂਰ, ਗਹਿਰੀ ਅੱਖ ਵਖਾਈਆ । ਪਰ ਇਕ ਗੱਲ ਕਿਤੇ ਕਹਿ ਨਾ ਦਿਓ ਤੈਨੂੰ ਕ਼ਸਮ ਸੂਰ, ਤੇ ਗਾਂ ਖਾ ਕੇ ਝਟ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਪ੍ਰਭ ਦੇ ਮਜ਼ਦੂਰ, ਨਾਮ ਮਜ਼ਦੂਰੀ ਕਰ ਕੇ ਆਪਣਾ ਝਟ ਗਏ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਗੁਰਮੁਖਾਂ ਹੱਥ ਵਿਚ ਵੇਖੇ ਚਾਕ, ਜੋ ਚਾਕਰੀ ਪੂਰੀ ਜਾਣ ਕਮਾਈਆ । ਸਾਰੇ ਪ੍ਰਭੂ ਨੂੰ ਰਹੇ ਆਖ, ਸਾਡਾ ਪਿਛਲਾ ਲੇਖਾ ਦੇ ਮੁਕਾਈਆ । ਜਨਮ ਦਾ ਕਰਮ ਕਰ ਮੁਆਫ, ਧੁਰ ਦਾ ਧਰਮ ਇਕ ਸਮਝਾਈਆ । ਮਨੂਆ ਰਹੇ ਨਾ ਕੋਇ ਗੁਸਤਾਖ਼, ਕੂੜੀ ਕਿਰਿਆ ਦੇ ਤਜਾਈਆ । ਤੇਰਾ ਨਾਤਾ ਜੁੜੇ ਸਾਚ, ਸਚ ਤੇਰੀ ਸਰਨਾਈਆ । ਤੇਰਾ ਨਾਮ ਪੜ੍ਹਨ ਦੀ ਸਾਨੂੰ ਆ ਗਈ ਜਾਚ, ਜਾਚਕ ਹੋ ਕੇ ਸੀਸ ਨਿਵਾਈਆ । ਸਾਡੀ ਲੇਖੇ ਲਾਈਂ ਰਾਤ, ਭਿੰਨੜੀ ਨਾਲ ਵਖਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਤੇਰੀ ਬੇਪ੍ਰਵਾਹੀਆ । ਸਚ ਪ੍ਰੀਤੀ ਦੇ ਵਿਸ਼ਵਾਸ਼, ਵਿਸਰ ਕਦੇ ਨਾ ਜਾਈਆ । ਤੂੰ ਸਾਹਿਬ ਸਰਬ ਗੁਣਤਾਸ, ਗੁਣਵੰਤਾ ਇਕ ਅਖਵਾਈਆ । ਤੇਰਾ ਖੇਲ ਸਦਾ ਬਹੁ ਭਾਂਤ, ਜੁਗ ਜੁਗ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਦਏ ਬਦਲਾਈਆ । ਸਦੀ ਚੌਧਵੀਂ ਕਹੇ ਸਭ ਦੀ ਬਦਲ ਦੇਵੇ ਤਕ਼ਦੀਰ, ਮਿਹਰ ਨਜ਼ਰ ਉਠਾਈਆ । ਮੈਂ ਸੁਣਦੀ ਰਹੀ ਤਕਰੀਰ, ਜੋ ਹਰਿਜੂ ਰਿਹਾ ਜਣਾਈਆ । ਉਸ ਦੀ ਬਣਦੀ ਜਾਏ ਤਹਿਰੀਰ, ਅੱਖਰ ਕਾਗਜ਼ਾਂ ਨਾਲ ਮਿਲਾਈਆ । ਮਾਣ ਦੇਵੇ ਸ਼ਾਹ ਹਕੀਰ, ਇਕੋ ਰੰਗ ਰੰਗਾਈਆ । ਧਰਮ ਧਾਰ ਦੀ ਦੱਸ ਤਦਬੀਰ, ਤਰੀਕਾ ਇਕ ਸਮਝਾਈਆ । ਕੂੜ ਰਹੇ ਨਾ ਖ਼ਮੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਦੀ ਚੌਧਵੀਂ ਕਹੇ ਮੈਨੂੰ ਬੜੀ ਖ਼ੁਸ਼ੀ, ਖ਼ੁਸ਼ੀਆਂ ਭਗਤਾਂ ਦਿਆਂ ਕਰਾਈਆ । ਮੇਰਾ ਖੇਲ ਹੋਏ ਨੌ ਸੌ ਚੁਰਾਨਵੇ ਚੌਕੜੀ ਜੁਗੀ, ਜੁਗਤੀ ਆਪਣੇ ਨਾਲ ਰਖਾਈਆ । ਜਗਤ ਔਧ ਦਿਸੇ ਪੁੱਗੀ, ਵੇਲਾ ਵਕ਼ਤ ਵਿਹਾਈਆ । ਮੇਰਾ ਸਾਹਿਬ ਮੈਨੂੰ ਕਰੇ ਉਘੀ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਨਿਰਮਲ ਹੋਵੇ ਬੁੱਧੀ, ਬੁੱਧੀਵਾਨ ਹੋ ਜਾਈਆ । ਜਿਨ੍ਹਾਂ ਧੁਰ ਦੀ ਰਮਜ਼ ਅੰਦਰ ਬੁਝੀ, ਬੁਝਿਆ ਦੀਪਕ ਲੈਣਾ ਜਗਾਈਆ । ਮੈਂ ਨੱਚੀ ਨਾਲੇ ਕੁੱਦੀ, ਭੱਜੀ ਵਾਹੋ ਦਾਹੀਆ । ਮੇਰੀ ਅੱਡੀ ਹੋ ਗਈ ਉਚੀ, ਸੋਹਣਾ ਨੱਚ ਕੇ ਨਾਚ ਕਰਾਈਆ । ਮੈਂ ਅੱਗੇ ਕਿਸੇ ਦੀ ਕਰਨੀ ਨਹੀਂ ਬੁੱਤੀ, ਬੁਤਖ਼ਾਨਿਆਂ ਖੋਜ ਖੁਜਾਈਆ । ਮੈਂ ਅੰਤਮ ਉਠੀ ਸੁੱਤੀ, ਰੈਣ ਗਈ ਸਵੇਰਾ ਗਿਆ ਆਈਆ । ਮੈਂ ਖਾ ਕੇ ਰੁੱਖੀ ਸੁੱਖੀ, ਜਨ ਭਗਤਾਂ ਨਾਲ ਝਟ ਲੰਘਾਈਆ । ਭਗਤਾਂ ਨੂੰ ਭਾਗ ਲੱਗੇ ਦੁੱਧੀ ਪੁੱਤੀਂ, ਪ੍ਰਭ ਮੇਰਾ ਹੋਏ ਸਹਾਈਆ । ਮੈਂ ਸੁਹਾਗਣ ਬਣ ਕੇ ਮੇਂਢੀ ਗੁੱਤੀ, ਤਨ ਸ਼ਿੰਗਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਸਾਹਿਬ ਦਾ ਆਇਆ ਸੰਦੇਸਾ, ਸਦਕੇ ਦਿਆਂ ਜਣਾਈਆ । ਤੁਸੀਂ ਖ਼ੁਸ਼ੀਆਂ ਮਾਣੋ ਹਮੇਸ਼ਾਂ, ਖ਼ੁਸ਼ੀਆਂ ਵਿਚ ਵਡਿਆਈਆ । ਮੇਰਾ ਲਹਿਣਾ ਮੁਕਾਇਆ ਮਾਝੇ ਦੇਸਾ, ਦੂਰ ਦੁਰਾਡੇ ਚਲ ਕੇ ਆਈਆ । ਹੁਣ ਮੈਂ ਫਿਰਾਂਗੀ ਵਿਚ ਖੇਤਾ, ਅੱਗੇ ਪਿਛੇ ਆਪਣਾ ਪੰਧ ਮੁਕਾਈਆ । ਜਨ ਭਗਤੋ ਮੇਰਾ ਰੱਖਿਓ ਚੇਤਾ, ਚੇਤਨ ਹੋ ਕੇ ਰਹੀ ਜਣਾਈਆ । ਪੈਗ਼ੰਬਰਾਂ ਦਾ ਮੁਕਣਾ ਠੇਕਾ, ਅੱਗੇ ਬੋਲੀ ਨਾ ਕੋਇ ਕਰਾਈਆ । ਮੇਰਾ

ਅਮਾਮ ਜੰਮਣਾ ਨਹੀਂ ਕਿਸੇ ਦੇ ਪੇਟਾ, ਰਕਤ ਬੂੰਦ ਨਾ ਵੰਡ ਵੰਡਾਈਆ । ਓਹ ਆਦਿ ਜੁਗਾਦੀ ਇਕੋ ਨੇਤਾ, ਨਰ ਨਰਾਇਣ ਸੋਭਾ ਪਾਈਆ । ਜੋ ਵਸੇ ਸਚਖੰਡ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ, ਪੇਸ਼ੀਨਗੋਈ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰੇ ਲੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਸਾਹਿਬ ਵੇਖਿਆ ਪੂਰਨ, ਪੂਰਨ ਪੂਰਨ ਪੂਰਨ ਨਜ਼ਰੀ ਆਈਆ । ਫੇਰ ਮੈਂ ਸਭ ਦਾ ਲੇਖ ਵੇਖਿਆ ਪੂਰਨ, ਪੂਰਨ ਪੂਰਨ ਪੂਰਨ ਕ਼ਲਮ ਦਵਾਤ ਸ਼ਾਹੀਆ । ਮੈਂ ਸਭ ਦਾ ਕਰਮ ਵੇਖਿਆ ਪੂਰਨ, ਪੂਰਨ ਪੂਰਨ ਪੂਰਨ ਜਨਮ ਧਰਮ ਸਮਝਾਈਆ । ਮੈਂ ਸਭ ਦਾ ਵਰਨ ਵਰਨ ਵੇਖਿਆ ਪੂਰਨ, ਪੂਰਨ ਪੂਰਨ ਪੂਰਨ ਵੰਡਾਂ ਤੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਚੌਦਾਂ ਤਬਕਾਂ ਨੂੰ ਆਈ ਆਖ, ਪੱਲਾ ਆਈ ਛੁਡਾਈਆ । ਅਜੇ ਦੇਣ ਜਾਣਾ ਤਲਾਕ, ਲਿਖਤ ਪ੍ਰਭ ਦੇ ਅੱਗੇ ਭੁਗਤਾਈਆ । ਫੇਰ ਹੋਣਾ ਸਭ ਜਵਾਬ, ਸੁਆਲ ਹੱਲ ਨਾ ਕੋਇ ਕਰਾਈਆ । ਤੁਸਾਂ ਸਭ ਨੇ ਰੱਖਣਾ ਯਾਦ, ਜ਼ਿਹਨ ਦਿਆਂ ਕਰਾਈਆ । ਗੁਰਮੁਖੋ ਤੁਹਾਡੀ ਛੱਬੀ ਸਤਾਈ ਦੀ ਸੁਲੱਖਣੀ ਰਾਤ, ਸੋਭਾ ਪਾਈਆ । ਅੱਗੇ ਖ਼ੁਸ਼ੀ ਦੀ ਹੋਈ ਪ੍ਰਭਾਤ, ਘਰਾਂ ਨੂੰ ਜਾਣਾ ਚਾਈਂ ਚਾਈਂਆ । ਪੁਰਖ ਅਕਾਲ ਕਿਰਪਾ ਕਰੇ ਆਪ, ਰਹਿਮਤ ਸਚ ਕਮਾਈਆ । ਜਿਸ ਵੇਲੇ ਭਗਤ ਦਵਾਰਿਉਂ ਨਿਕਲਿਓ ਪੰਜ ਵਾਰ ਜ਼ਰੂਰ ਕਰਿਓ ਸੋਹੰ ਦਾ ਜਾਪ, ਭੁੱਲਣ ਕੋਇ ਨਾ ਪਾਈਆ । ਹੁਣ ਪ੍ਰੇਮ ਨਾਲ ਖਾਇਓ ਪ੍ਰਸ਼ਾਦ, ਸਾਹਿਬ ਸਤਿਗੁਰ ਦਇਆ ਕਮਾਈਆ । ਜੋ ਮੇਰੇ ਪਿਛੇ ਗਏ ਜਾਗ, ਆਲਸ ਨਿੰਦਰਾ ਗਏ ਤਜਾਈਆ । ਉਨ੍ਹਾਂ ਵੇਖਿਆ ਮੇਰਾ ਸੁਹਾਗ, ਕਮਲਾਪਤਿ ਸੋਭਾ ਪਾਈਆ । ਜਨ ਭਗਤੋ ਤੁਹਾਡਾ ਵਖਰਾ ਹੋ ਗਿਆ ਸਮਾਜ, ਸਮੇਂ ਨਾਲ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਤੁਹਾਡੇ ਸਾਥ, ਵਿਛੋੜਾ ਨਜ਼ਰ ਕੋਇ ਨਾ ਆਈਆ ।

ਗੁਰਮੁਖ ਸਾਚਾ ਸਿੰਘ ਮੈਹਿਲ, ਮਹਿਲ ਵਿਚ ਬਹਿ ਕੇ ਖ਼ੁਸ਼ੀ ਮਨਾਈਆ । ਦਰਗਾਹ ਸਾਚੀ ਰਿਹਾ ਟਹਿਲ, ਫਿਰੇ ਚਾਈਂ ਚਾਈਂਆ । ਜਨਮ ਕਰਮ ਦਾ ਲੇਖਾ ਮੁਕ ਗਿਆ ਸਹਿਲ, ਲਹਿਣਾ ਰਿਹਾ ਨਾ ਰਾਈਆ । ਨਾਤਾ ਤੁੱਟ ਗਿਆ ਭਾਈ ਭੈਣ, ਸਾਕ ਸੱਜਣ ਗਿਆ ਤਜਾਈਆ । ਸਦਾ ਦਰ ਪ੍ਰਭੂ ਦੇ ਚਰਨ ਦਵਾਰੇ ਮਿਲਿਆ ਰਹਿਣ, ਰੇਣ ਧੂੜੀ ਸ਼ਾਰ ਮਸਤਕ ਟਿੱਕੇ ਦਾ ਲੇਖਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਆਪਣੇ ਘਰ ਵਸਾਈਆ ।

## ❋ ੨੮ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਤਿਜੁਗ ਧਾਰ ਸਚ ਦੀ ਰੀਤ, ਰੀਤੀਵਾਨ ਦਇਆ ਕਮਾਈਆ । ਚਾਰ ਵਰਨ ਇਕ ਪ੍ਰੀਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਸ਼ਿਵਦਵਾਲਾ ਮਠ ਗੁਰਦਵਾਰਾ ਨਾ ਕੋਇ ਲੜਾਈਆ । ਸਭ ਦੀ ਅੰਦਰੋਂ ਸਾਫ਼ ਹੋਵੇ ਨੀਤ, ਨੀਤ

ਪੁਨੀਤ ਕਰਾਈਆ । ਦੀਨ ਦੁਨੀ ਪੁਰਖ ਅਕਾਲ ਦੇ ਗਾਵੇ ਗੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋ ਕਾਇਆ ਮਾਟੀ ਕਰੇ ਠਾਂਡੀ ਸੀਤ, ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੇ ਰੰਗ ਰੰਗਾਈਆ । ਸਤਿਜੁਗ ਕਹੇ ਮੇਰਾ ਧੁਰ ਦਾ ਰਾਹ, ਰਹਿਬਰ ਇਕ ਅਖਵਾਈਆ । ਦੀਨ ਮਜ਼੍ਹਬ ਤੋਂ ਜੋ ਮਾਨਵ ਹੋਏ ਜੁਦਾ, ਸਭ ਨੂੰ ਮੇਲਾਂ ਸਹਿਜ ਸੁਭਾਈਆ । ਅੱਲਾ ਵਾਹਿਗੁਰੂ ਰਾਮ ਸਭ ਦਾ ਇਕ ਖ਼ੁਦਾ, ਦੂਜਾ ਨਜ਼ਰ ਕੋਇ ਨਾ ਆਈਆ । ਵਰਨਾਂ ਬਰਨਾਂ ਮਾਰਗ ਦੱਸ ਕੇ ਸਿੱਧਾ, ਜਗਤ ਸਮਾਜਾਂ ਤੋਂ ਲਵਾਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਿਜੁਗ ਕਹੇ ਮੈਂ ਦੱਸਾਂ ਰਸਤਾ ਚੰਗਾ, ਸ੍ਰਿਸ਼ਟ ਰਿਹਾ ਸਮਝਾਈਆ । ਜਿਸ ਨੇ ਕਰਨਾ ਹੋਵੇ ਕਾਰਜ ਅਨੰਦਾ, ਅਨੰਦ ਆਤਮ ਪਰਮਾਤਮ ਵੇਖ ਵਖਾਈਆ । ਬਿਨਾ ਬੰਦਗੀ ਤੋਂ ਬਣੇ ਉਹ ਬੰਦਾ, ਜੋ ਬੰਧਨ ਜਾਏ ਤੁੜਾਈਆ । ਸਾਜਣ ਮਿਤ੍ਰ ਪਿਆਰਾ ਮੀਤ ਇਕ ਸੁਹੰਦਾ, ਸਾਹਿਬ ਸੁਲਤਾਨ ਵਡਿਆਈਆ । ਮਨ ਕੁਕਰਮ ਕੱਢੇ ਗੰਦਾ, ਜੂਠ ਝੂਠ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਗਾ ਦੇ ਛੰਦਾ, ਇਹੋ ਸਤਿ ਸਚ ਕੁੜਮਾਈਆ । ਜਨ ਭਗਤਾਂ ਲੱਭਣਾ ਪਏ ਕੋਈ ਨਾ ਪੰਡਾ, ਮੁੱਲਾ ਬਗ਼ਲ ਕੁਰਾਨ ਨਾ ਕੋਇ ਟਿਕਾਈਆ । ਗ੍ਰੰਥੀ ਗਾਏ ਕੋਈ ਨਾ ਛੰਦਾ, ਰਾਗਾਂ ਨਾਦਾਂ ਵਿਚ ਸੁਣਾਈਆ । ਧੁਰ ਦਾ ਖੇਲ ਸੂਰਾ ਸਰਬੰਗਾ, ਹਰਿ ਕਰਤਾ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਜੁਗ ਕਹੇ ਵੇਖੋ ਸੱਸੇ ਉਤੇ ਹੋੜਾ, ਨਿਰਗੁਣ ਸਰਗੁਣ ਧਾਰ ਜਣਾਈਆ । ਗੁਰਮੁਖ ਸਦਾ ਚੜ੍ਹੇ ਸ਼ਬਦ ਦੇ ਘੋੜਾ, ਜਗਤ ਘੋੜਿਆਂ ਵਾਲੀ ਰੀਤੀ ਕੰਮ ਕਿਸੇ ਨਾ ਆਈਆ । ਇਸਤਰੀ ਪੁਰਸ਼ ਬਣੇ ਧਰਮ ਦਾ ਜੋੜਾ, ਜਿਨ੍ਹਾਂ ਦੇ ਅੰਤਰ ਆਤਮ ਪਰਮਾਤਮ ਵੱਜੇ ਵਧਾਈਆ । ਓਨ੍ਹਾਂ ਆਵਣ ਜਾਵਣ ਲੱਖ ਚੁਰਾਸੀ ਮਿਟੇ ਝੇਰਾ, ਜੂਨੀ ਜੂਨ ਨਾ ਕੋਇ ਭਵਾਈਆ । ਇਕ ਦੂਜੇ ਦੀ ਸਾਂਝੀ ਹੋਵੇ ਲੋੜਾ, ਨਾਤਾ ਪ੍ਰੇਮ ਮੁਹੱਬਤ ਵਾਲਾ ਰਖਾਈਆ । ਕੋਈ ਭਰਮ ਨਾ ਜਾਣੇ ਕਾਲਾ ਗੋਰਾ, ਗੁਰਸਿਖ ਵੇਖ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਤਿਜੁਗ ਕਿਹਾ ਮੇਰਾ ਮਾਰਗ ਇਕ ਅਜੀਬ, ਅਜਬ ਨਿਰਾਲਾ ਦਿਆਂ ਵਖਾਈਆ । ਮੇਰੇ ਅੰਦਰ ਫ਼ਰਕ ਰਹੇ ਨਾ ਅਮੀਰ ਗ਼ਰੀਬ, ਵੱਡਾ ਛੋਟਾ ਵੰਡ ਨਾ ਕੋਇ ਕਰਾਈਆ । ਦੀਨ ਮਜ਼੍ਹਬ ਜ਼ਾਤ ਪਾਤ ਰਹੇ ਨਾ ਕੋਇ ਤਰਤੀਬ, ਊਚ ਨੀਚ ਨਾ ਕੋਇ ਲੜਾਈਆ । ਪਿਛਲੀ ਕਰਨੀ ਉਤੇ ਮਾਰ ਲੀਕ, ਰਸਤਾ ਧੁਰ ਦਾ ਦੇਣਾ ਵਖਾਈਆ । ਗੋਬਿੰਦ ਸ਼ਬਦ ਕਰੇ ਤਸਦੀਕ, ਨਾਨਕ ਨਾਲ ਗਵਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਸੋ ਖੇਲ ਕਰੇ ਲਾਸ਼ਰੀਕ, ਵਾਹਦ ਮਾਲਕ ਨੂਰ ਅਲਾਹੀਆ । ਜਿਸ ਦੇ ਵਿਚ ਹੱਕ ਤੌਫ਼ੀਕ, ਬੇਪਰਵਾਹ ਬੇਪਰਵਾਹੀਆ । ਓਹ ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਗਵਾਈਆ । ਏਕੋ ਰੰਗ ਰੰਗਾ ਕੇ ਊਚ ਨੀਚ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਇਕ ਘਰ ਬਹਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਰਸਨਾ ਜਿਹਵਾ ਬੱਤੀ ਦੰਦ ਕੋਈ ਨਾ ਲਾਏ ਮਾਸ ਕਬਾਬ ਮੀਟ, ਮਮਤਾ ਮੋਹ ਜਗਤ ਤੁੜਾਈਆ । ਸਾਚਾ ਕਲਮਾ ਏਕੋ ਪੜ੍ਹੇ ਹਦੀਸ, ਸੋਹੰ ਢੋਲਾ ਨਾਮ ਅਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਇਹੋ ਗਾਇਆ ਗੀਤ, ਦੂਜਾ ਰਾਗ ਨਾ ਕੋਇ ਸੁਣਾਈਆ । ਸੰਤ ਸੁਹੇਲਾ ਹੋਵੇ ਠਾਂਡਾ ਸੀਤ, ਅਗਨੀ ਤੱਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਹਰਿ ਸਾਜਣ ਇਕ ਅਖਵਾਈਆ । ਸਤਿਜੁਗ ਕਹੇ ਮੇਰਾ ਸਚ ਦਾ ਹੋਣਾ ਮਾਰਗ, ਔਰਤ ਮਰਦ ਮਿਲੇ ਵਡਿਆਈਆ । ਧਰਮ ਧਾਰ ਦਾ ਹੋਵੇ ਕਾਰਜ, ਕਰਮਾਂ ਦਾ ਡੇਰਾ ਢਾਹੀਆ । ਪਿਛਲਾ ਲੇਖਾ ਕਰਨਾ ਖ਼ਾਰਜ, ਰੀਤੀ ਜਗਤ ਵਾਲੀ ਤਜਾਈਆ । ਪੁਰਖ ਅਕਾਲ ਨੇ ਲੈਣਾ ਚਾਰਜ, ਹੁਕਮਰਾਨ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਤਿਜੁਗ ਕਹੇ ਮੇਰਾ ਮਾਲਕ ਇਕ, ਪੁਰਖ ਅਕਾਲ ਵਡਿਆਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਓਸੇ ਦੇ ਸਾਰੇ ਸਿੱਖ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਦਰਗਾਹ ਸਾਚੀ ਵੰਡ ਨਾ ਕੋਇ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਲੇਖਾ ਅੱਗੇ ਦੇਵੇ ਲਿਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਅੱਗੇ ਪੂਜਾ ਹੋਣੀ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਪੱਥਰ ਇੱਟ, ਦੇਵੀ ਦੇਵਤ ਸੀਸ ਨਾ ਕੋਇ ਨਿਵਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਭ ਦਾ ਸਾਂਝਾ ਹੋਣਾ ਇਸ਼ਟ, ਇਸ਼ਟ ਦੇਵ ਆਤਮਾ ਪਰਮਾਤਮਾ ਵੇਖ ਵਖਾਈਆ । ਜਨ ਭਗਤਾਂ ਮਾਨਸ ਜਨਮ ਜਾਣਾ ਜਿੱਤ, ਲੋਕਮਾਤ ਜਗਤ ਹਾਰਦੀ ਦਿਸੇ ਲੋਕਾਈਆ । ਜਨ ਭਗਤੋ ਤੁਹਾਡੇ ਅੰਦਰ ਤੁਹਾਡਾ ਮਾਲਕ ਇਕ, ਤਨ ਵਜੂਦ ਜਗਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਲੇਖੇ ਲਾਏ ਗੋਬਿੰਦ ਵਾਲੀ ਚਿੱਟ, ਚਿੱਟੇ ਉਤੇ ਚਿੱਟਾ ਨਾਮ ਧੁਰ ਦਾ ਲਏ ਲਿਖਾਈਆ ।

੭੮੨ ੭੮੨

੨੧ ੨੧

ਸਦੀ ਚੌਧਵੀਂ ਕਹੇ ਮੈਂ ਥੱਕੀ ਟੁੱਟੀ, ਥਕਾਵਟ ਵਿਚ ਦੁਹਾਈਆ । ਚੌਦਾਂ ਤਬਕ ਗਈ ਨਾ ਲੁੱਟੀ, ਲੀਡਰ ਹੱਥ ਕਿਸੇ ਨਾ ਆਈਆ । ਸੁਖ ਦੀ ਨੀਂਦ ਕਦੇ ਨਾ ਸੁੱਤੀ, ਸੋਹਣੀ ਸੇਜ ਨਾ ਕੋਇ ਸੁਹਾਈਆ । ਮੇਰੀ ਵੈਰਾਗਣ ਦੀ ਟੁੱਟ ਗਈ ਜੁੱਤੀ, ਭੱਜੀ ਚਾਈਂ ਚਾਈਂਆ । ਦੁਨੀਆ ਭਾਗ ਲਗਦਾ ਪੁੱਤੀਂ, ਪੁਤ ਪੋਤਰੇ ਨਾਲ ਵਡਿਆਈਆ । ਮੈਨੂੰ ਇਕੋ ਪ੍ਰਭ ਦੇ ਮਿਲਣ ਦੀ ਖ਼ੁਸ਼ੀ, ਖ਼ੁਸ਼ੀਆਂ ਵਿਚ ਰਾਹ ਤਕਾਈਆ । ਮੈਂ ਮੰਜ਼ਲ ਬਾਮੰਜ਼ਲ ਆਈ ਪੁਛੀ, ਮੁਹੰਮਦ ਆ ਕੇ ਦਿਤਾ ਸੁਣਾਈਆ । ਵੇਖ ਖੇਲ ਇਕ ਅਦੁਤੀ, ਕੀ ਕਰਤਾ ਕਾਰ ਕਮਾਈਆ । ਜਿਸ ਗੁੰਦ ਕੇ ਆਪਣੀ ਗੁੱਤੀ, ਰੂਪ ਲਿਆ ਵਟਾਈਆ । ਸ੍ਰਿਸ਼ਟ ਉਠਾ ਦੇ ਸੁੱਤੀ, ਨੇਤਰ ਅੱਖ ਉਠਾਈਆ । ਤੇਰੀ ਪੂਰੀ ਕਰੇ ਬੁੱਤੀ, ਬੁਤਖ਼ਾਨੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੇਰੇ ਵਿਚ ਆਈ ਥਕਾਵਟ, ਨਾੜੀ ਨਾੜੀ ਦਏ ਦੁਹਾਈਆ । ਜਗਤ ਜਹਾਨ ਵੇਖੀ ਬਨਾਵਟ, ਕੂੜੀ ਕਿਰਿਆ ਬੰਧਨ ਪਾਈਆ । ਸਾਚਾ ਕਲਮਾ ਕਰੇ ਨਾ ਕੋਇ ਸਖ਼ਾਵਤ, ਵਸਤ ਅਮੋਲਕ ਨਾ ਕੋਇ ਵਰਤਾਈਆ । ਮੈਂ ਜਨ ਭਗਤਾਂ ਦੀ ਖਾ ਕੇ ਦਾਅਵਤ, ਦਾਅਵੇ ਨਾਲ ਦਿਆਂ ਸੁਣਾਈਆ । ਵੇਖਿਓ ਪ੍ਰਭ ਦੇ ਸਾਹਮਣੇ ਬੁੱਧੀ ਦੀ ਦੱਸਿਓ ਕੋਈ ਨਾ ਲਿਆਕਤ, ਅਕ਼ਲ ਦੀ ਅਕਲ ਨਾ ਕੋਇ ਦ੍ਰਿੜਾਈਆ । ਸਦਾ ਰਹਿਣਾ ਹੁਕਮ ਮੁਤਾਬਕ, ਮਤਲਾ ਕਰ ਕੇ ਦਿਆਂ ਦ੍ਰਿੜਾਈਆ । ਜੇ ਪਿਛੇ ਝੂਠ ਬੋਲਣ ਦੀ ਆਦਤ, ਅੱਗੇ ਲਓ ਬਦਲਾਈਆ । ਕਲਜੁਗ ਕੂੜਾ ਵੇਖਿਓ ਰਾਕਸ਼, ਸਭ ਨੂੰ ਰਿਹਾ ਖਾਈਆ । ਮਨੂਆ ਨਾਲ ਕਰੇ ਸਾਜ਼ਸ਼, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ

ਚੌਧਵੀਂ ਕਹੇ ਮੈਂ ਬੜੀ ਹੋਈ ਸ਼ਰਮਿੰਦੀ, ਸ਼ਰਮ ਨਾਲ ਅੱਖ ਨਾ ਉਪਰ ਉਠਾਈਆ । ਮੇਰੇ ਪਿਛੇ ਮੇਰੇ ਪਰਵਰਦਿਗਾਰ ਨੇ ਲਾਈ ਬਿੰਦੀ, ਬਿੰਦੀ ਬਿੰਦਰਾਬਨ ਦੀ ਪੂਰ ਕਰਾਈਆ । ਸ਼ੰਕਰ ਦੀ ਮੰਗਵਾਈ ਪਿੰਡੀ, ਲਿੰਗ ਭਗ ਦੀ ਪੂਜ ਹਟਾਈਆ । ਜਗਤ ਸਿਤਾਰ ਵਜਾ ਕਿੰਗੀ, ਕਿੰਗਾਂ ਕਰੇ ਸਫ਼ਾਈਆ । ਫੂਲ ਮੰਗਾ ਕੋਲੋਂ ਭੇਟਾ ਬੇਟੀ ਸਿੰਧੀ, ਸਿੰਧ ਸਾਗਰ ਪਾਰ ਕਰਾਈਆ । ਆਪਣੀ ਆਪ ਕਰਾ ਕੇ ਨਿੰਦੀ, ਨਿੰਦਕ ਦੀਨ ਦੁਨੀ ਵਖਾਈਆ । ਜਨ ਭਗਤਾਂ ਧਾਰ ਕਰ ਕੇ ਜ਼ਿੰਦੀ, ਜ਼ਿੰਦਗੀ ਜੀਵਨ ਦਿਤਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਪ੍ਰਭ ਦੀਆਂ ਦੇਂਦੇ ਵੇਖੇ ਮਸਾਲਾਂ, ਮਿਸਰੇ ਆਪਣੇ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖੀਆਂ ਪਾਲਾਂ, ਕਤਾਰਾਂ ਵਿਚ ਬੈਠੇ ਨਜ਼ਰੀ ਆਈਆ । ਸਾਚਾ ਨੂਰ ਚਮਕੇ ਨੁਰਾਨਾ, ਨੂਰ ਨੁਰਾਨਾ ਨੂਰੋ ਨੂਰ ਡਗਮਗਾਈਆ । ਲੇਖਾ ਮੁਕੇ ਜਗਤ ਅੰਜੀਲ ਕ਼ੁਰਾਨਾ, ਮੁਖ਼ਾਤਬ ਹੋ ਕੇ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਅਗੰਮੀ ਰਾਜ਼, ਰਾਜ਼ਕ ਰਿਜ਼ਕ ਰਹੀਮ ਜਣਾਈਆ । ਜਿਸ ਸੀਸ ਪਹਿਨਿਆ ਤਾਜ, ਤਖ਼ਤ ਨਿਵਾਸੀ ਨਜ਼ਰੀ ਆਈਆ । ਮੇਰਾ ਸੋਹਣਾ ਕਰ ਕੇ ਕਾਜ, ਓਢਣ ਸੀਸ ਇਕ ਟਿਕਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਫਿਰਦੀ ਰਹੀ ਉਪਰ ਥੱਲੇ, ਨਿਰਗੁਣ ਧਾਰ ਰੰਗ ਵਖਾਈਆ । ਸਿਫ਼ਤਾਂ ਵਿਚ ਨਾ ਕਰਾਇਆ ਬੱਲੇ ਬੱਲੇ, ਗੁਰ ਅਵਤਾਰ ਪੈਗ਼ੰਬਰਾਂ ਹੁਕਮ ਵਰਤਾਈਆ । ਜੋ ਵਸੇ ਨਿਹਚਲ ਧਾਮ ਅਟੱਲੇ, ਸਚਖੰਡ ਸਾਚੇ ਸੋਭਾ ਪਾਈਆ । ਹੁਣ ਹੋ ਗਿਆ ਭਗਤਾਂ ਵੱਲੇ, ਵਲਵਲੇ ਸਾਰੇ ਦੇਣੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਸਮਾਨਾਂ ਉਪਰੋਂ ਆਇਆ ਥੱਲੇ, ਜਲ ਥਲ ਮਹੀਅਲ ਸਾਰੇ ਵੇਖ ਵਖਾਈਆ ।

ਨ਼ਗਮਾ ਨਾਜ਼ੂ ਕ਼ਦਮ ਕਨਜ਼ਵੀਉਲ ਜ਼ਲਮਾ ਮਲਸ਼ਵੀਨੇਯੇ ਕੁਸ਼ਾ ਮੇਰੀ ਤੇਰੇ ਅੱਗੇ ਦੁਆ, ਤੂੰ ਖ਼ੁਦ ਮਾਲਕ ਤੇ ਮੈਂ ਮਾਤਲੋਕ ਵਿਚ ਖ਼ੁਦੀ ਗਵਾਵਣ ਵਾਲਾ ਖ਼ੁਦਾ, ਤੂੰ ਜੋਤ ਨੂਰ ਮੈਂ ਸ਼ਬਦ ਸਤਿਗੁਰੂ ਨਾਦ ਰਿਹਾ ਵਜਾ, ਐ ਮੇਰੇ ਮਹਿਬੂਬ ਮੇਰੇ ਦਿਲ ਰੁਬਾ, ਤੂੰ ਮੇਰੀ ਹਸਤੀ ਦੱਸ ਇਕ ਦੂਜੇ ਤੋਂ ਕੌਣ ਹੋਏ ਫਿਦਾ । ਪੁਰਖ ਅਕਾਲ ਦੀਨ ਦਿਆਲ ਇਕੇ ਵਾਰ ਅੰਦਰ ਜੋਤ ਦੀ ਝਲਕ ਦਿਤੀ ਵਖਾ, ਹਲੂਣਾ ਦਿਤਾ ਲਗਾ, ਬਿਨ ਕੰਨਾਂ ਦਿਤਾ ਸੁਣਾ, ਗੋਬਿੰਦ ਬਾਜ਼ ਦੇ ਉਡਾ, ਬਾਜ਼ਾਂ ਵਾਲਿਆ ਤੇਰੀ ਬਾਜ਼ੀ ਦੇਵਾਂ ਬਦਲਾ, ਕਿਉਂ ਫਿਰ ਤੈਨੂੰ ਆਪ ਆਪਣੀ ਉਂਗਲੀ ਤੋਂ ਧੁਰ ਦਾ ਸ਼ਬਦ ਗੁਰੂ ਬਾਜ਼ ਬਣਾ ਕੇ ਦਿਆਂ ਉਡਾ, ਬਿਨਾ ਖੰਭਾਂ ਤੋਂ ਦੋ ਜਹਾਨਾਂ ਪਰੇ ਚੱਕਰ ਲੈਣਾ ਲਗਾ, ਖਾਣ ਪੀਣ ਦੀ ਰਹਿਣ ਨਾ ਦੇਵਾਂ ਕੋਇ ਅਦਾ, ਰੋਗ ਸੋਗ ਦੀ ਰਹੇ ਨਾ ਕੋਇ ਵਬਾ, ਚਿੰਤਾ ਗ਼ਮ ਨਾ ਕੋਇ ਸਤਾਈਆ । ਤੇਰੇ ਬਾਜ਼ ਤੋਂ ਬਚੂ ਚਿੜੀ ਲਵਾਂ ਤੁੜਾ, ਆਪਣੇ ਬਾਜ਼ ਤੋਂ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀਆਂ ਧੌਣਾਂ ਲਵਾਂ ਨਿਵਾ, ਇਹ ਮੇਰੇ ਹੱਥ ਵਡਿਆਈਆ । ਗੋਬਿੰਦ ਕਿਹਾ ਵਾਹ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਪੁਰਖ ਅਕਾਲ

ਨੇ ਬਿਨਾ ਚਰਨਾਂ ਤੋਂ ਆਪਣੇ ਚਰਨ ਉਪਰ ਲਏ ਉਠਾ, ਗੋਬਿੰਦ ਬਿਨਾ ਸੀਸ ਤੋਂ ਚਰਨਾਂ ਹੇਠਾਂ ਸੀਸ ਦਿਤਾ ਟਿਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

### ❊ ੨੯ ਪੋਹ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸਦੀ ਚੌਧਵੀਂ ਕਹੇ ਮੇਰੀ ਖ਼ੁਸ਼ੀਆਂ ਵਾਲੀ ਲੋਹੜੀ, ਅੰਕ ਸਹੇਲੜੀਓ ਦਿਆਂ ਜਣਾਈਆ । ਵੇਖੋ ਮੇਰੀ ਪ੍ਰਭ ਦੇ ਨਾਲ ਬਣ ਗਈ ਜੋੜੀ, ਜੋੜਾ ਧੁਰ ਦਾ ਲਿਆ ਬਣਾਈਆ । ਨਾ ਮੈਂ ਕਾਲੀ ਨਾ ਮੈਂ ਗੋਰੀ, ਰੂਪ ਰੰਗ ਰੇਖ ਨਜ਼ਰ ਨਾ ਕੋਇ ਪਾਈਆ । ਮੇਰੇ ਮਾਲਕ ਮੇਰੇ ਉਤੇ ਕਿਰਪਾ ਕੀਤੀ ਭੋਰੀ, ਭਾਂਡਾ ਭਰਮ ਦਿਤਾ ਭੰਨਾਈਆ । ਦੀਨ ਦੁਨੀ ਤੋਂ ਕਰ ਕੇ ਚੋਰੀ, ਚਰਨਾਂ ਵਿਚ ਲਿਆ ਰਖਾਈਆ । ਮੇਰਾ ਮਾਣ ਤਾਣ ਨਾ ਜ਼ੋਰੀ, ਨਿਉਂ ਨਿਉਂ ਲਾਗਾਂ ਪਾਈਆਂ । ਮੈਂ ਆਦਿ ਜੁਗਾਦਿ ਦੀ ਬਾਂਕੀ ਛੋਹਰੀ, ਛੈਲ ਛਬੀਲੀ ਨਜ਼ਰੀ ਆਈਆ । ਮੇਰੀ ਆਸਾ ਨਵੀਂ ਨਕੋਰੀ, ਨਿਰਵੈਰ ਦਿਤੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਮੇਰਾ ਸਾਹਿਬ ਸਵਾਮੀ ਸੱਜਣ, ਸੋਹਣਾ ਨਜ਼ਰੀ ਆਈਆ । ਮੈਂ ਪ੍ਰੇਮ ਪ੍ਰੀਤੀ ਕਰਾਂ ਮਜਨ, ਧੁਰ ਦਾ ਰੰਗ ਰੰਗਾਈਆ । ਸਚ ਸੰਦਸ਼ੇ ਆਈ ਸੱਦਣ, ਹੋਕਾ ਇਕ ਅਲਾਈਆ । ਮਿਹਰਵਾਨ ਮਹਿਬੂਬ ਸਚ ਮੁਹੱਬਤ ਵਿਚ ਰਹੇ ਤੇਰੀ ਲਗਨ, ਦੂਸਰ ਅਵਰ ਨਾ ਕੋਇ ਮਨਾਈਆ । ਮਮਤਾ ਮੋਹ ਰਹੇ ਨਾ ਬੰਧਨ, ਕੂੜੀ ਕਿਰਿਆ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਦੀ ਚੌਧਵੀਂ ਕਹੇ ਮੈਂ ਲੋਹੜੀ ਵੰਡਾਂ, ਵੰਡੀ ਧੁਰ ਦੀ ਪਾਈਆ । ਮੈਂ ਪ੍ਰਭ ਦੇ ਕੋਲੋਂ ਪ੍ਰੀਤੀ ਲੈ ਕੇ ਆਈ ਪੰਡਾਂ, ਅਨਡਿੱਠੜਾ ਭਾਰ ਉਠਾਈਆ । ਮੈਂ ਕਿਸੇ ਵੜੀ ਨਹੀਂ ਮੰਦਰ ਮਸੀਤ ਗੁਰਦਵਾਰ ਸ਼ਿਵਦਵਾਲੇ ਮਠ ਪੱਥਰ ਇੱਟਾਂ ਵਾਲੀ ਕੰਧਾਂ, ਮਹਿਰਾਬਾਂ ਵਿਚ ਨਾ ਡੇਰਾ ਲਾਈਆ । ਮੈਂ ਤੱਕਦੀ ਇਕ ਚੰਦਾ, ਜੋ ਚੰਦ ਨੂਰ ਕਰੇ ਰੁਸ਼ਨਾਈਆ । ਜੋ ਖੇਲ ਵਖਾਏ ਸੂਰਾ ਸਰਬੰਗਾ, ਸੋ ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੇਰੀ ਲੋਹੜੀ ਦਾ ਲੋਹੜੇ ਪੈਣਿਆਂ ਨਾ ਕੀਤਾ ਚਾਓ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਹਲੂਣਿਆ ਫੜ ਕੇ ਬਾਹੋਂ, ਅੱਖ ਦਿਤੀ ਖੁਲ੍ਹਾਈਆ । ਵੇਖੋ ਹੰਸ ਹੋਏ ਕਾਉਂ, ਕਾਗ ਹੰਸ ਰੂਪ ਬਦਲਾਈਆ । ਸਾਚਾ ਧਰਮ ਨਾ ਕੋਇ ਨਿਆਉਂ, ਅਦਲ ਇਨਸਾਫ਼ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਲੋਹੜੀ ਦੇ ਥਾਂ ਪ੍ਰਭ ਦਾ ਮਿਲੇ ਪਿਆਰ, ਪ੍ਰੇਮ ਪ੍ਰੇਮ ਵਿਚੋਂ ਪ੍ਰਗਟਾਈਆ । ਤੁਸੀਂ ਉਹਦੇ ਉਹ ਤੁਹਾਡਾ ਯਾਰ, ਯਾਰਾਨਾ ਧੁਰ ਦਾ ਲਿਆ ਲਗਾਈਆ । ਭਰੋਸੇ ਵਿਚ ਰੱਖੋ ਇਤਬਾਰ, ਭਾਂਡਾ ਭਰਮ ਭੌ ਭੰਨਾਈਆ । ਮਿਹਰਵਾਨ ਕਰੇ ਸਚ ਸ਼ਿੰਗਾਰ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਚਾਓ ਅੰਦਰ ਗਾਓ ਮੰਗਲ, ਮੰਗਲਾਚਾਰ ਵਡਿਆਈਆ । ਸ਼ਰਅ ਕੱਟੋ ਸੰਗਲ, ਜ਼ੰਜੀਰੀ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਚੜ੍ਹੇ

ਅਗੰਮੀ ਰੰਗਨ, ਰੰਗਤ ਇਕ ਰੰਗਾਈਆ । ਤੁਹਾਡਾ ਪਵਿਤ੍ਰ ਹੋਵੇ ਬਦਨ, ਅੰਤਰ ਆਤਮਾ ਨੂਰ ਰੁਸ਼ਨਾਈਆ । ਸਚ ਦਵਾਰਾ ਮਿਲਿਆ ਪਤਣ, ਦਰਗਾਹ ਵਿਚ ਵਡਿਆਈਆ । ਦੀਨ ਦਿਆਲਾ ਆਇਆ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੁਆਰਾ ਇਕ ਵਖਾਈਆ । ਸਦੀ ਚੌਧਵੀਂ ਕਹੇ ਮੇਰੇ ਸਾਹਿਬ ਦਾ ਵੇਖੋ ਆਗਾਜ਼, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਧੁਰ ਦੇ ਨਾਮ ਦੀ ਸੁਣੋ ਆਵਾਜ਼, ਜੋ ਅਜ਼ਲ ਤੋਂ ਦਏ ਬਚਾਈਆ । ਜਿਸ ਆਪਣੀ ਸਾਜਣ ਸਾਜ, ਸਗਲਾ ਸੰਗ ਗੁਰਮੁਖ ਰਿਹਾ ਤਰਾਈਆ । ਸਤਿ ਧਰਮ ਦਾ ਬਦਲ ਕੇ ਆਪ ਰਿਵਾਜ, ਰਿਆਇਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਆਪਣੀ ਖੇਲ ਖਿਲਾਈਆ ।

ਸੰਸਾਰ ਵਿਚ ਨਿਕਲੇ ਸਿੱਟਾ, ਸਿੱਟੇਬਾਜ਼ੀ ਜਗਤ ਲੋਕਾਈਆ । ਜਨ ਭਗਤਾਂ ਦਾ ਲੇਖ ਕਰ ਕੇ ਚਿੱਟਾ, ਚਿੱਟੀ ਧਾਰ ਵਿਚ ਸਮਾਈਆ । ਜਿਥੇ ਮੰਦਰ ਨਹੀਂ ਕੋਈ ਪੱਥਰ ਇੱਟਾਂ, ਛੱਪਰ ਛੰਨ ਨਾ ਕੋਇ ਛੁਹਾਈਆ । ਰੂਪ ਨਹੀਂ ਕੋਈ ਵੱਡਾ ਨਿੱਕਾ, ਬਾਲ ਬਿਰਧ ਨਾ ਵੇਖ ਵਖਾਈਆ । ਸੋਨਾ ਚਾਂਦੀ ਰੁਪਾ ਨਹੀਂ ਕੋਈ ਸਿੱਕਾ, ਧਾਤੂ ਵੰਡ ਨਾ ਕੋਇ ਵੰਡਾਈਆ । ਜਗਤ ਅੱਖਰ ਲੇਖ ਨਹੀਂ ਕੋਈ ਲਿਖਾ, ਕ਼ਲਮ ਸ਼ਾਹੀ ਨਾ ਜੋੜ ਜੁੜਾਈਆ । ਓਥੇ ਲੈ ਕੇ ਜਾਏ ਧੁਰ ਦਾ ਪਿਤਾ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਜਿਥੇ ਭਗਤਾਂ ਦਾ ਕਿੱਤਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਦਾ ਸਿੱਟਾ ਬੜਾ ਲੰਮਾ, ਕੱਦ ਨਜ਼ਰ ਕੋਇ ਨਾ ਆਈਆ । ਜਿਸ ਧਾਰ ਨੂੰ ਕਹਿੰਦੇ ਮੰਬਾ, ਧਾਰ ਸਭ ਨੂੰ ਦਏ ਦ੍ਰਿੜਾਈਆ । ਜਨ ਭਗਤਾਂ ਥਾਨ ਥਨੰਤਰ ਦੇਵੇ ਚੰਗਾ, ਚੰਗੀ ਬਖ਼ਸ਼ੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਹਾਨ ਵਖਾ ਕੇ ਕੂੜਾ ਧੰਦਾ, ਹਰਿਜਨ ਧਰਮ ਧਾਰ ਵਿਚ ਰਖਾਈਆ ।



## ❊ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❊

ਸਦੀ ਚੌਧਵੀਂ ਕਹੇ ਹਾਜ਼ਰ ਹੋਏ ਅਵਤਾਰ ਪੈਗ਼ੰਬਰ ਗੁਰ ਪੀਰ, ਪੀਰਨ ਪੀਰ ਦਇਆ ਕਮਾਈਆ । ਸੰਤ ਸੁਹੇਲੇ ਗੁਰਮੁਖ ਕੱਠੇ ਹੋਏ ਸੂਫ਼ੀ ਫ਼ਕੀਰ, ਜੋ ਫ਼ਿਕਰਾ ਢੋਲਾ ਇਕੋ ਨਾਮ ਧਿਆਈਆ । ਵਿਚੋਂ ਉਠ ਕੇ ਕਹੇ ਕਬੀਰ, ਸ਼ਬਦ ਅਗੰਮੀ ਆਵਾਜ਼ ਜਣਾਈਆ । ਸਾਡਾ ਕਿਸੇ ਦਾ ਨਹੀਂ ਤਤ ਸ਼ਰੀਰ, ਵਜੂਦ ਨਜ਼ਰ ਕੋਇ ਨਾ ਆਈਆ । ਹੱਥ ਫੜੇ ਨਾ ਕੋਇ ਸ਼ਮਸ਼ੀਰ, ਖ਼ੰਜਰ ਕਟਾਰ ਨਾ ਕੋਇ ਚਲਾਈਆ । ਸ਼ਰਅ ਦਾ ਦਿਸੇ ਨਾ ਕੋਇ ਜ਼ੰਜੀਰ, ਸੰਗਲ ਹੱਥ ਨਾ ਕੋਇ ਉਠਾਈਆ । ਆਬੇਹਯਾਤ ਲੱਭੇ ਕੋਇ ਨਾ ਨੀਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਖੇਲ ਵੇਖੇ ਆਪ ਅਖ਼ੀਰ, ਆਖ਼ਰ ਧੁਰ ਦਾ ਪਰਦਾ ਲਾਹੀਆ । ਕਿਸ ਬਿਧ ਦੀਨ ਦੁਨੀ ਦੀ ਬਦਲੇ ਤਕਦੀਰ, ਤਦਬੀਰ ਆਪਣੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਹੋਏ ਕੱਠੇ, ਦਰ

ਠਾਂਡੇ ਡੇਰਾ ਲਾਈਆ । ਹੱਥਾਂ ਵਿਚ ਫੜੇ ਸਭ ਨੇ ਆਪਣੇ ਪਟੇ, ਪਟੇਦਾਰੀ ਰਹੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਚਾਰੋਂ ਕੁੰਟ ਫਿਰਨ ਨੱਠੇ, ਭੱਜਣ ਵਾਹੋ ਦਾਹੀਆ । ਦਹਿ ਦਿਸ਼ਾ ਹੋਵਣ ਠੱਠੇ, ਸਤਿਕਾਰ ਵਿਚ ਨਾ ਕੋਇ ਜਣਾਈਆ । ਜਿਧਰ ਵੇਖਣ ਓਧਰ ਰੱਟੇ, ਰੱਟਾ ਸਕੇ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਇਕੋ ਕਰਨੀ ਨਿਮਸਕਾਰ, ਸਚ ਸੱਯਦਾ ਸੀਸ ਝੁਕਾਈਆ । ਕਿਰਪਾ ਕਰ ਸੱਚੀ ਸਰਕਾਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਸਤਿ ਸਚ ਦਾ ਰਹੇ ਪਿਆਰ, ਧਰਮ ਧਰਮ ਦੀ ਧਾਰ ਪ੍ਰਗਟਾਈਆ । ਇਕੋ ਤੇਰਾ ਹੋਵੇ ਅਖਤਿਆਰ, ਦੂਜਾ ਨਜ਼ਰ ਕੋਇ ਨਾ ਆਈਆ । ਪਿਛਲੇ ਤੇਰੇ ਸੇਵਾਦਾਰ, ਜੁਗ ਜੁਗ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਪੁੱਜੇ, ਪੂਜਨੀਕ ਡੇਰਾ ਲਾਈਆ । ਆਪਣੇ ਭੇਵ ਦੱਸਣ ਗੁੱਝੇ, ਕਿਸ ਬਿਧ ਰੋ ਕੇ ਝਟ ਲੰਘਾਈਆ । ਕਵਣ ਸਾਥ ਦੇਵੇ ਇਕ ਦੂਜੇ, ਸਗਲਾ ਸੰਗ ਨਿਭਾਈਆ । ਕਵਣ ਭਾਂਡੇ ਕਰ ਕੇ ਮੂਧੇ, ਪਿੱਠਾਂ ਰਿਹਾ ਬਦਲਾਈਆ । ਕਵਣ ਭੇਵ ਚੁਕਾਏ ਬੁੱਤ ਰੂਹ ਦੇ, ਆਤਮ ਪਰਮਾਤਮ ਵੇਖ ਵਖਾਈਆ । ਇਹ ਖੇਲ ਕਲਜੁਗ ਹੂਬਹੂ ਦੇ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਸੱਚੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਧਾਰ ਵੇਖੋ ਸਾਦੀ, ਜਿਸਮ ਤਨ ਨਾ ਕੋਇ ਰਖਾਈਆ । ਜਿਸ ਦਾ ਨੂਰ ਆਦਿ ਆਦੀ, ਅੰਤ ਓਹੋ ਵੇਖ ਵਖਾਈਆ । ਜੋ ਸਾਹਿਬ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਨਜ਼ਰੀ ਆਈਆ । ਸਾਚੀ ਮੰਜ਼ਲ ਚੜ੍ਹੇ ਘਾਟੀ, ਘਾਟਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਿਆ ਹਕ਼ੀਕ਼ੀ ਹੱਕੀ, ਹੁਕਮ ਧੁਰਦਰਗਾਹੀਆ । ਅੰਤਰ ਰਿਹਾ ਕੋਈ ਨਾ ਸ਼ੱਕੀ, ਸੰਸਾ ਦਿਤਾ ਮਿਟਾਈਆ । ਮੈਂ ਕਰ ਕੇ ਜਾਣਾ ਪੱਕੀ, ਸਹਿਜ ਨਾਲ ਸਮਝਾਈਆ । ਸੰਤ ਸੁਹੇਲੇ ਵੇਖੋ ਅੱਖੀਂ, ਗੁਰਮੁਖ ਆਪਣੇ ਰੰਗ ਰੰਗਾਈਆ । ਜੋ ਨਿਰਗੁਣ ਧਾਰ ਜਗਾ ਬੱਤੀ, ਸਰਗੁਣ ਤਤ ਕਰੇ ਰੁਸ਼ਨਾਈਆ । ਜੋਤ ਸਰੂਪੀ ਬਣ ਕੇ ਪਤੀ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਹੱਥੀਂ, ਹੱਥੋ ਹੱਥੀ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਸਚ ਗੁਰ ਅਵਤਾਰ ਪੈਗ਼ੰਬਰਾਂ ਦਏ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕ਼ਦੀਮ ਦਾ ਪਿਆ ਝਗੜਾ, ਝਗੜੇ ਵਿਚ ਲੋਕਾਈਆ । ਕਲਜੁਗ ਜੀਵ ਹੋਇਆ ਬਗ ਬਪੜਾ, ਕਾਗ ਕਾਗ ਵਾਂਗ ਕੁਰਲਾਈਆ । ਕੋਈ ਭੇਵ ਨਾ ਖੋਲ੍ਹੇ ਅਗਲਾ, ਪਰਦਾ ਦੇਵੇ ਕੋਇ ਨਾ ਲਾਹੀਆ । ਜਨ ਭਗਤਾਂ ਨਾਤਾ ਜੁੜਿਆ ਸਗਲਾ, ਧੁਰ ਦਾ ਸੰਗ ਬਣਾਈਆ । ਇਕੋ ਦੱਸ ਬੰਦਨਾ, ਬੰਦਗੀ ਬੇਪ੍ਰਵਾਹੀਆ । ਇਕੋ ਦਏ ਅਨੰਦਨਾ, ਅਨੰਦ ਅਨੰਦ ਵਿਚੋਂ ਚਮਕਾਈਆ । ਦੂਸਰ ਦਰ ਪਏ ਨਾ ਮੰਗਣਾ, ਭਿਖਕ ਗੁਰਮੁਖ ਨਜ਼ਰ ਕੋਇ ਨਾ ਆਈਆ । ਸਭ ਨੂੰ ਆਪਣੇ ਲਾਏ ਅੰਗਣਾ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਹੁਕਮ ਲੈਣਾ ਦਸਤੀ, ਦਸਤਖ਼ਤ ਆਪਣੇ ਦੇ ਕੇ ਝਟ ਲੰਘਾਈਆ । ਇਕੋ

ਤਕਣੀ ਪਰਮ ਪੁਰਖ ਦੀ ਹਸਤੀ, ਦੂਸਰ ਸੰਗ ਨਾ ਕੋਇ ਨਿਭਾਈਆ । ਜੋ ਮਾਲਕ ਧੁਰ ਦਾ ਅਰਸ਼ੀ, ਫ਼ਰਸ਼ਾਂ ਉਤੇ ਡੇਰਾ ਲਾਈਆ । ਜਨ ਭਗਤਾਂ ਹੋਵੇ ਗ਼ਰਜ਼ੀ, ਗ਼ਰਜ਼ ਕੂੜੀ ਮੇਟ ਮਿਟਾਈਆ । ਸਭ ਦੀ ਮਨਜ਼ੂਰ ਕਰ ਕੇ ਅਰਜ਼ੀ, ਹਰਿ ਭਗਤ ਦਵਾਰੇ ਲਏ ਬਹਾਈਆ । ਇਹ ਖੇਲ ਅਗੰਮੇ ਨਰਾਇਣ ਨਰ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਸੁਣੋ ਦਲੀਲ, ਦਿਲੋਂ ਦਈਏ ਜਣਾਈਆ । ਤੁਹਾਡਾ ਮਜ਼੍ਹਬਾਂ ਵਾਲਾ ਰਿਹਾ ਨਾ ਕੋਇ ਵਕੀਲ, ਜ਼ਿੰਮੇਦਾਰੀ ਅਸਾਂ ਨਾ ਕੋਇ ਉਠਾਈਆ । ਤੁਹਾਡੀ ਸਦਾ ਮਨਜ਼ੂਰ ਅਪੀਲ, ਅਪਰੰਪਰ ਸਵਾਮੀ ਵੇਖ ਵਖਾਈਆ । ਜਿਸ ਬਸਤਰ ਪਹਿਨੇ ਨੀਲ, ਇਹ ਗੋਬਿੰਦ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤੋ ਵੇਖੋ ਪ੍ਰਭੂ ਦੀ ਮਾਘੀ, ਮਜਨ ਭਗਤਾਂ ਰਿਹਾ ਕਰਾਈਆ । ਤੁਸੀਂ ਹੋਏ ਵਡ ਵਡ ਭਾਗੀ, ਭਾਗਾਂ ਵਾਲਿਓ ਦੇਵਾਂ ਸੁਣਾਈਆ । ਤੁਹਾਡੀ ਧਾਰ ਤੁਹਾਡੇ ਵਿਚੋਂ ਜਾਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਉਧਾਰਨਾ ਜਿਸ ਦੀ ਵਾਦੀ, ਓਹ ਵਾਅਦੇ ਸਭ ਦੇ ਵੇਖ ਵਖਾਈਆ । ਤੁਸਾਂ ਕਿਸੇ ਨੇ ਕਰਨੀ ਨਹੀਂ ਬਰਖ਼ਲਾਫ਼ੀ, ਖ਼ਿਲਾਫ਼ਤ ਨਜ਼ਰ ਕੋਇ ਨਾ ਆਈਆ । ਸਭ ਨੇ ਬਣਨਾ ਇਕ ਦੂਜੇ ਦੇ ਇਤਹਾਦੀ, ਨਾਤਾ ਪ੍ਰੇਮ ਵਾਲਾ ਜੁੜਾਈਆ । ਏਥੇ ਓਥੇ ਹੋਵੇ ਨਾ ਕੋਇ ਬਰਬਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਭੱਜੇ ਦੌੜੇ, ਛੇਤੀ ਪੰਧ ਮੁਕਾਈਆ । ਅੱਗੇ ਪਿਛੇ ਸਾਨੂੰ ਕੁਛ ਨਾ ਬਹੁੜੇ, ਬਹੁੜੀ ਬਹੁੜੀ ਸਰਬ ਦੁਹਾਈਆ । ਜਨ ਭਗਤ ਚੜ੍ਹਦੇ ਵੇਖੇ ਅਗੰਮੇ ਪੌੜੇ, ਜੋ ਪੌੜੀ ਡੰਡੇ ਨਾਲ ਸੁਹਾਈਆ । ਜਿਸ ਸਾਹਿਬ ਦੀ ਸਦਾ ਲੋੜੇ, ਓਹ ਮਾਲਕ ਨੂਰ ਅਲਾਹੀਆ । ਜਿਸ ਅੱਗੇ ਨਹੀਂ ਕੋਇ ਜ਼ੋਰੇ, ਜ਼ੋਰ ਜ਼ਬਰ ਨਾ ਕੋਇ ਜਣਾਈਆ । ਓਸ ਦਾ ਮੇਲ ਹੋਵੇ ਬਤੌਰੇ, ਸਾਚਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਵੇਖੋ ਪ੍ਰਭ ਨੇ ਮਾਰਿਆ ਹੰਭਲਾ, ਹਬਲੇ ਦਿਤੇ ਤਜਾਈਆ । ਭਗਤ ਦਵਾਰ ਸੁਹਾ ਕੇ ਧੁਰ ਦਾ ਬੰਗਲਾ, ਸਚਖੰਡ ਦਏ ਵਡਿਆਈਆ । ਨੇਤਰ ਰਹੇ ਕੋਈ ਨਾ ਅੰਧਲਾ, ਦੋਏ ਲੋਇਣ ਲੋਇਣ ਰੁਸ਼ਨਾਈਆ । ਹਰਿਜਨ ਦਿਸੇ ਕੋਈ ਨਾ ਕੰਗਲਾ, ਨਾਮ ਖ਼ਜ਼ੀਨਾ ਝੋਲੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਦਇਆ ਕਮਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਮੁਕਾਮ, ਮੁਕ਼ਾਮੇ ਹੱਕ ਨਜ਼ਰੀ ਆਈਆ । ਜਿਥੇ ਇਕੋ ਢੋਲਾ ਇਕ ਜ਼ਬਾਨ, ਦੂਜਾ ਰਾਗ ਨਾ ਕੋਇ ਅਲਾਈਆ । ਇਕ ਦਿਸੇ ਪੀਣ ਖਾਣ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਇਕੋ ਮਨਾਵਣਹਾਰਾ ਆਨ, ਸਿਰ ਸਕੇ ਨਾ ਕੋਇ ਉਠਾਈਆ । ਇਹ ਖੇਲ ਪ੍ਰਭੂ ਮਹਾਨ, ਹਰਿ ਕਰਤਾ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵਣਹਾਰਾ ਜੀਆ ਦਾਨ, ਜੀਵਣ ਜੁਗਤ ਜਾਗਰਤ ਜੋਤ ਬਿਨ ਵਰਨ ਗੋਤ ਨਿਰਗੁਣ ਧਾਰ ਕਰੇ ਰੁਸ਼ਨਾਈਆ ।

੭੮੮
੨੧

## ✲ ੯ ਮਾਘ ਸ਼ਹਿਨਸ਼ਾਹੀ ਸੰਮਤ ੪ ਕੇਹਰ ਸਿੰਘ ਦੇ ਗ੍ਰਿਹ ਰਜੀ ਵਾਲਾ ✲

ਸਦੀ ਚੌਧਵੀਂ ਕਹੇ ਕਿਰਪਾ ਕੀਤੀ ਬੇਪਰਵਾਹ, ਬੇਪਰਵਾਹ ਦਇਆ ਕਮਾਈਆ । ਮੇਰੀ ਕ਼ਬੂਲ ਕਰ ਦੁਆ, ਦੋ ਜਹਾਨਾਂ ਹੋਇਆ ਸਹਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਇਕ ਖ਼ੁਦਾ, ਜਲਵਾਗਰ ਨੂਰ ਅਲਾਹੀਆ । ਜਿਸ ਦੀ ਮੁਹੰਮਦ ਅਗੰਮ ਸਦਾ, ਸੰਦੇਸ਼ਾ ਦੇਵੇ ਧੁਰਦਰਗਾਹੀਆ । ਸੱਜਦਾ ਕਰ ਇਕ ਅੱਲਾਹ, ਰਹਿਮਤ ਧੁਰ ਦੀ ਮੰਗ ਮੰਗਾਈਆ । ਜਿਸ ਦਰਗਾਹ ਇਕ ਨਵਾ, ਨਵ ਨੌ ਚਾਰ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੇਰੀ ਬੇਨੰਤੀ ਹੋਈ ਮੰਜ਼ੂਰ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਕਿਰਪਾ ਕੀਤੀ ਹਾਜ਼ਰ ਹਜ਼ੂਰ, ਸ਼ਹਿਨਸ਼ਾਹ ਧੁਰਦਰਗਾਹੀਆ । ਮੇਰਾ ਪਿਛਲਾ ਬਖ਼ਸ਼ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਅਗਲਾ ਹੁਕਮ ਦੱਸ ਦਸਤੂਰ, ਰਹਿਬਰ ਹੋ ਕੇ ਰਿਹਾ ਸਮਝਾਈਆ । ਨਾਮ ਖ਼ੁਮਾਰੀ ਕਰ ਮਖ਼ਮੂਰ, ਖ਼ੁਦੀ ਤਕੱਬਰ ਡੇਰਾ ਢਾਹੀਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਅੰਮ੍ਰਿਤ ਰਸ ਇਕ ਚਖਾਈਆ । ਤਨ ਵਿਕਾਰ ਨਾ ਰਹੇ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਸਤਿ ਸਚ ਦੇ ਸਰੂਰ, ਸਾਹਿਬ ਸੁਲਤਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਵਡ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੇਰੀ ਪੁੰਨੀ ਆਸਾ, ਮੇਲ ਮਿਲਾਇਆ ਧੁਰਦਰਗਾਹੀਆ । ਮੁਹੰਮਦ ਦੇ ਕੇ ਗਿਆ ਭਰਵਾਸਾ, ਭਰਮ ਭੁਲੇਖਾ ਰਿਹਾ ਨਾ ਰਾਈਆ । ਮੈਂ ਛੱਡ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਡੇਰਾ ਢਾਹੀਆ । ਚੌਦਾਂ ਤਬਕ ਤਜਿਆ ਸਾਥਾ, ਜਗਤ ਸੰਗ ਨਾ ਕੋਇ ਨਿਭਾਈਆ । ਨਾਤਾ ਰਿਹਾ ਨਾ ਕੋਇ ਭਰਾਤਾ, ਦੀਨ ਦੁਨੀ ਨਾ ਕੋਇ ਵਡਿਆਈਆ । ਕਵਣ ਧਾਰ ਜੋੜ ਕੇ ਨਾਤਾ, ਨਿਰਵੈਰ ਪੁਰਖ ਲਿਆ ਮਨਾਈਆ । ਜੋ ਅਮਾਮ ਧੁਰ ਦਾ ਸਾਚਾ, ਸਚ ਸਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਕਿਰਪਾ ਕੀਤੀ ਸਾਹਿਬ ਸੁਲਤਾਨ, ਮਿਹਰ ਨਜ਼ਰ ਇਕ ਉਠਾਈਆ । ਮਹਿਬੂਬ ਮੁਹੱਬਤ ਵਿਚ ਹੋ ਮਿਹਰਵਾਨ, ਬੇਨਜ਼ੀਰ ਨਜ਼ਰ ਦਿਤੀ ਬਦਲਾਈਆ । ਮੇਰੀ ਮੰਜ਼ਲ ਕਰ ਆਸਾਨ, ਦਰ ਘਰ ਸਾਚਾ ਇਕ ਜਣਾਈਆ । ਜਗਤ ਤ੍ਰਿਸ਼ਨਾ ਖ਼ਾਹਿਸ਼ ਨਾ ਰਹੀ ਜਹਾਨ, ਜਹਾਲਤ ਵਿਚ ਨਾ ਕੋਇ ਵਡਿਆਈਆ । ਮੰਜ਼ਲ ਹੱਕ ਦੱਸ ਮਕਾਨ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਨਿਰਗੁਣ ਨੂਰ ਜੋਤ ਮਹਾਨ, ਜਲਵਾਗਰ ਇਕ ਰੁਸ਼ਨਾਈਆ । ਨਾ ਕੋਈ ਜ਼ਿਮੀਂ ਨਾ ਅਸਮਾਨ, ਮੰਡਲ ਮੰਡਪ ਨਾ ਕੋਇ ਦਰਸਾਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਤਨ ਵਜੂਦ ਸੋਭਾ ਕੋਇ ਨਾ ਪਾਈਆ । ਨਾ ਕੋਈ ਰਵ ਸਸ ਸੂਰੀਆ ਚੰਦ ਭਾਨ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ ਪੀਣ ਖਾਣ, ਨਾਦ ਧੁਨ ਸ਼ਬਦ ਨਾ ਕੋਈ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਬੇਪਰਵਾਹ ਆਪਣਾ ਪਰਦਾ ਆਪ ਉਠਾਈਆ । ਸਦੀ ਚੌਧਵੀਂ ਕਹੇ ਕਿਰਪਾ ਕੀਤੀ ਆਪ ਸਮਰਥ, ਸਾਹਿਬ ਦਿਤੀ ਸਰਨਾਈਆ । ਮੈਂ ਬਿਨਾ ਸੀਸ ਤੋਂ ਟੇਕ ਕੇ ਮਥ, ਨਮੋਂ ਸੱਜਦਾ ਇਕ ਜਣਾਈਆ । ਸ਼ਬਦ ਕਹਾਣੀ ਸੁਣ ਅਕਥ, ਮਹਿਮਾ ਧੁਰਦਰਗਾਹੀਆ । ਖ਼ੁਸ਼ੀਆਂ ਵਿਚ ਪਈ ਹੱਸ, ਹਸਤੀ ਤੱਕੀ ਨੂਰ ਅਲਾਹੀਆ । ਚਰਨ

ਕਵਲਾਂ ਉਪਰ ਢੱਠ, ਮਸਤਕ ਧੂੜੀ ਖ਼ਾਕ ਰਮਾਈਆ । ਤੂੰ ਵਸਣਹਾਰਾ ਘਟ ਘਟ, ਲਖ ਚੁਰਾਸੀ ਰਿਹਾ ਸਮਾਈਆ । ਤੇਰਾ ਜੋਤੀ ਨੂਰ ਲਟ ਲਟ, ਦੋ ਜਹਾਨ ਕਰੇ ਰੁਸ਼ਨਾਈਆ । ਕਿਰਪਾ ਕਰ ਸਾਹਿਬ ਸਮਰਥ, ਦਰ ਠਾਂਡੇ ਮੰਗ ਮੰਗਾਈਆ । ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਬੁਰਜ ਰਿਹਾ ਢੱਠ, ਤੁਧ ਬਿਨ ਹੋਵੇ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਗ਼ਰੀਬ ਨਿਵਾਜ਼, ਪਾਰਬ੍ਰਹਮ ਬੇਪ੍ਰਵਾਹ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੋ ਜਹਾਨਾਂ ਰਾਜ, ਰਈਅਤ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਜਿਸ ਦਾ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਮਾਜ, ਸ਼ਬਦ ਸਮਗਰੀ ਇਕ ਵਰਤਾਈਆ । ਅੰਮ੍ਰਿਤ ਰਸ ਅਗੰਮਾ ਅਗੰਮ ਸਵਾਦ, ਰਸਨਾ ਰਸ ਨਾ ਕੋਇ ਚਖਾਈਆ । ਜੁਗ ਚੌਕੜੀ ਬਿਨ ਆਲਸ ਨਿੰਦਰਾ ਰਿਹਾ ਜਾਗ, ਗ਼ਫ਼ਲਤ ਵਿਚ ਕਦੇ ਨਾ ਆਈਆ । ਹੁਕਮ ਸੰਦੇਸਾ ਦੇਵੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਖਿਲਾਈਆ । ਧੁਨ ਆਤਮਕ ਸੁਣਾ ਨਾਦ, ਅਨਹਦ ਨਾਦੀ ਨਾਦ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰੇ ਕਾਜ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਸਾਜਣ ਸਾਜ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਰਾਗ ਅਲਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦੇ ਕਲਮੇ ਮਾਰੇ ਆਵਾਜ਼, ਰਾਜ਼ ਆਪਣਾ ਰਿਹਾ ਖੁਲ੍ਹਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਦੁਰਮਤ ਮੈਲ ਧਵਾਵਾਂ ਦਾਗ਼, ਪਤਤ ਪੁਨੀਤ ਆਪ ਕਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਹੋ ਕੇ ਪਕੜਾਂ ਵਾਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਫ਼ਰਮਾਨਾ ਏਕਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਭੇਵ ਅਭੇਦਾ ਆਪ ਜਣਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਦਰਗਾਹ ਸਾਚੀ ਸਚਖੰਡ ਨਜ਼ਾਰਾ, ਜਿਸ ਨਜ਼ਰੀਆ ਦਿਤਾ ਬਦਲਾਈਆ । ਨਿਰਗੁਣ ਨੂਰ ਮੇਰਾ ਪਰਵਰਦਿਗਾਰਾ, ਪਤਿਪਰਮੇਸ਼ਵਰ ਨਜ਼ਰੀ ਆਈਆ । ਬਿਨ ਤਨ ਵਜੂਦ ਮਾਟੀ ਖ਼ਾਕ ਜੋਤੀ ਧਾਰ ਗੁਰੂ ਅਵਤਾਰਾ, ਪੈਗ਼ੰਬਰ ਬਿਨ ਸੀਸ ਸੀਸ ਜਗਦੀਸ਼ ਝੁਕਾਈਆ । ਇਕੋ ਨਾਮ ਇਕੋ ਕਲਮਾ ਇਕੋ ਹੋਏ ਜੈਕਾਰਾ, ਦੂਜਾ ਰਾਗ ਨਾ ਕੋਇ ਅਲਾਈਆ । ਇਕੋ ਸੱਯਦਾ ਇਕ ਡੰਡਾਵਤ ਇਕ ਨਿਮਸਕਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕ ਮਹੱਲ ਅਟੱਲ ਇਕੋ ਕਾਅਬਾ ਇਕੋ ਮੰਦਰ ਗੁਰੂਦਵਾਰਾ, ਸ਼ਿਵਦਵਾਲਾ ਮਠ ਵੰਡ ਨਾ ਕੋਇ ਵੰਡਾਈਆ । ਇਕੋ ਪੀਰ ਦਸਤਗੀਰ ਇਕੋ ਲੇਖਾ ਸ਼ਾਹ ਹਕੀਰ ਇਕੋ ਲਹਿਣਾ ਬੇਨਜ਼ੀਰ, ਦੂਜਾ ਰੂਪ ਨਾ ਕੋਇ ਦਰਸਾਈਆ । ਦਰ ਦਰਵੇਸ਼ ਸੰਤ ਭਗਤ ਵੇਖੇ ਫ਼ਕੀਰ, ਫ਼ਿਕਰੇ ਵਿਚ ਤੂੰਹੀ ਤੂੰਹੀ ਰਾਗ ਅਲਾਈਆ । ਸ਼ਰਅ ਸੰਗਲ ਦਿਸਿਆ ਨਾ ਕੋਇ ਜ਼ੰਜੀਰ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਮੰਜ਼ਲ ਚੋਟੀ ਚੜ੍ਹ ਵੇਖੀ ਅਖ਼ੀਰ, ਸਚ ਦਵਾਰੇ ਸੋਭਾ ਪਾਈਆ । ਜਿਥੇ ਚਲੇ ਨਾ ਕੋਇ ਦਲੀਲ, ਕਲਪਣਾ ਵਿਚ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਇਕ ਸੁਹਾਈਆ । ਦਰਗਾਹ ਸਾਚੀ ਦਵਾਰਾ ਸਚਖੰਡ, ਖੰਡਾ ਖੜਗ ਨਾ ਕੋਇ ਖੜਕਾਈਆ । ਨਾ ਕੋਈ ਜ਼ਾਤ ਪਾਤੀ ਵੰਡ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਨਾ ਕੋਈ ਢੋਲਾ ਨਾ ਕੋਈ ਛੰਦ, ਗੀਤ ਸੰਗੀਤ ਨਾ ਕੋਇ ਸੁਣਾਈਆ । ਨਾ ਕੋਈ ਬੰਦਗੀ ਅੰਦਰ

ਹੋਏ ਪਾਬੰਦ, ਨਾ ਕੋਈ ਹੁਕਮੇ ਹੁਕਮ ਮਨਾਈਆ । ਨਾ ਕੋਈ ਸੂਰੀਆ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾ ਕੋਈ ਢੋਲਾ ਹਕੀਕੀ ਛੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਿਧਰ ਤੱਕਾਂ ਨਿਰਗੁਣ ਨੂਰ ਜੋਤ ਪਰਕਾਸ਼ਨ ਪੁਰਖ ਅਕਾਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਮਿਹਰਵਾਨ ਮਹਿਬੂਬ ਬਖ਼ਸ਼ੰਦ, ਰਹਿਮਤ ਹੱਕ ਹੱਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਜਾ ਕੇ ਕਿਹਾ ਸਲਾਮ, ਨਿਮਰਤਾ ਵਿਚ ਸੀਸ ਨਿਵਾਈਆ । ਅੱਗੋਂ ਹੁਕਮ ਦੇਵੇ ਅਮਾਮ, ਹਰਿ ਕਰਤਾ ਬੇਪਰਵਾਹੀਆ । ਕਮਲੀਏ ਅਗਲੀ ਸੁਣ ਕਲਾਮ, ਜੋ ਕਲਮਿਆਂ ਤੋਂ ਬਾਹਰ ਕਰੇ ਪੜ੍ਹਾਈਆ । ਕਲਜੁਗ ਅੰਤਮ ਬਦਲ ਜਾਣਾ ਇੰਤਜਾਮ, ਧੁਰ ਫ਼ਰਮਾਨਾ ਇਕ ਸੁਣਾਈਆ । ਹੁਕਮ ਦੇਵੇ ਸ੍ਰੀ ਭਗਵਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਮੰਨਣ ਆਨ, ਸਿਰ ਸਕੇ ਨਾ ਕੋਇ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਝੁਲਣਾ ਇਕ ਨਿਸ਼ਾਨ, ਨਵ ਨੌਂ ਚਾਰ ਦਏ ਗਵਾਹੀਆ । ਆਤਮ ਪਰਮਾਤਮ ਸਭ ਨੇ ਗੌਣਾ ਗਾਣ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਸ਼ਰਅ ਛੁਰੀ ਨਾ ਰਹੇ ਸ਼ੈਤਾਨ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਸਭ ਦਾ ਇਕੋ ਹੋਵੇ ਰਾਮ, ਅਮਾਮ ਇਕੋ ਸੋਭਾ ਪਾਈਆ । ਬੰਧਨ ਵਿਚ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਕੂੜ ਦੇਣਾ ਤੁੜਾਈਆ । ਕਾਇਆ ਕਾਅਬਾ ਦੱਸਣਾ ਇਕ ਮੁਕਾਮ, ਹਕੀਕਤ ਲਾਸ਼ਰੀਕਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਸੁਣ ਹਦੀਸ, ਹਜ਼ਰਤਾਂ ਤੋਂ ਪਰੇ ਦਏ ਦ੍ਰਿੜਾਈਆ । ਸਭ ਦਾ ਮਾਲਕ ਇਕ ਜਗਦੀਸ਼, ਜਗਦੀਸ਼ਰ ਨੂਰ ਅਲਾਹੀਆ । ਜਿਸ ਨੂੰ ਸਭ ਦਾ ਝੁਕਦਾ ਸੀਸ, ਚਰਨ ਕਵਲ ਸਰਨਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸੇ ਇਕ ਪ੍ਰੀਤ, ਪਰਮ ਪੁਰਖ ਪਰਮਾਤਮ ਪਰਦਾ ਇਕ ਚੁਕਾਈਆ । ਦੀਨ ਦੁਨੀ ਦੀ ਬਦਲ ਦੇਵੇ ਨੀਤ, ਨੀਤੀਵਾਨ ਹੋਏ ਸਹਾਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਮਾਨਵ ਮਨ ਮਨਸਾ ਜਾਏ ਜੀਤ, ਤਨ ਵਜੂਦ ਹੋਏ ਸਫ਼ਾਈਆ । ਲੇਖਾ ਰਹੇ ਨਾ ਊਚ ਨੀਚ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਪ੍ਰਭੂ ਤੇਰਾ ਤੱਕਾਂ ਸਚਖੰਡ ਦਵਾਰਾ, ਦਰਗਾਹ ਸਾਚੀ ਵੇਖ ਵਖਾਈਆ । ਜਿਥੇ ਇਕੋ ਨੂਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਨੰਨ੍ਹੇ ਬੱਚੇ ਤੇਰੇ ਸੇਵਾਦਾਰਾ, ਬਾਲਕ ਬਾਲੇ ਸੋਭਾ ਪਾਈਆ । ਤੂੰ ਸਭ ਦਾ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਤੇਰਾ ਕਰਕੇ ਗਏ ਇਜ਼ਹਾਰਾ, ਸਿਫ਼ਤਾਂ ਵਿਚ ਸਾਲਾਹੀਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕ ਅਵਤਾਰਾ, ਅਵਤਰ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕੂੜੀ ਕਿਰਿਆ ਕਰ ਪਾਰ ਕਿਨਾਰਾ, ਨਈਆ ਨੌਕਾ ਮਾਇਆ ਮਮਤਾ ਰਹਿਣ ਕੋਇ ਨਾ ਪਾਈਆ । ਤੇਰਾ ਨਾਮ ਤੇਰਾ ਕਲਮਾ ਹੋਵੇ ਇਕ ਜੈਕਾਰਾ, ਚਾਰ ਵਰਨ ਅਠਾਰਾਂ ਬਰਨ ਆਤਮ ਪਰਮਾਤਮ ਤੇਰਾ ਢੋਲਾ ਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਹੋਏ ਸਹਾਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਾਗਰਤ ਜੋਤ ਬਿਨ ਵਰਨ ਗੋਤ ਹੋ


੭੯੦
੨੧

ਉਜਿਆਰਾ, ਹਰਖ਼ ਸੋਗ ਚਿੰਤਾ ਗ਼ਮ ਕੂੜ ਕਲਪਣਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਕਹੇ ਕਿਰਪਾ ਕਰ ਮੇਰੇ ਸਵਾਮੀ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਤੂੰ ਹਰ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਚਾਰੋਂ ਕੁੰਟ ਅੰਧੇਰਾ ਛਾਈਆ । ਜਗਤ ਵਿਦਿਆ ਹੋਏ ਗਿਆਨੀ, ਬ੍ਰਹਮਵੇਤਾ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਸਕੇ ਨਾ ਕੋਇ ਉਠਾਈਆ । ਤੇਰਾ ਇਸ਼ਾਰਾ ਸਮਝੇ ਨਾ ਕੋਇ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਸਾਰੇ ਰਹੇ ਗਾਈਆ । ਤੇਰਾ ਨੂਰ ਨਜ਼ਰ ਨਾ ਆਏ ਜਲਵਾਗਰ ਨੂਰਾਨੀ, ਨਾਦ ਧੁਨ ਨਾ ਕੋਇ ਸ਼ਨਵਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਕਲਪਣਾ ਵਧੀ ਬੇਈਮਾਨੀ, ਬੇਵਾ ਰੂਪ ਹੋਈ ਹਲਕਾਈਆ । ਮੰਜ਼ਲ ਚੜ੍ਹੇ ਨਾ ਕੋਇ ਰੂਹਾਨੀ, ਇਸਮ ਆਜ਼ਮ ਲਾਸ਼ਰੀਕ ਤੇਰਾ ਵੇਖਣ ਕੋਇ ਨਾ ਪਾਈਆ । ਮਨ ਕਲਪਣਾ ਕਰੇ ਨਾ ਕੋਇ ਕੁਰਬਾਨੀ, ਕਾਇਆ ਕਾਅਬੇ ਵੱਜੇ ਨਾ ਕੋਇ ਵਧਾਈਆ । ਕਲਜੁਗ ਜੀਵ ਝਗੜਾ ਪਿਆ ਜਿਸਮਾਨੀ, ਅਸਮਾਨੀ ਤੇਰਾ ਮੇਲ ਨਾ ਕੋਇ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕਿਰਿਆ ਚੜ੍ਹੀ ਤੁਗਿਆਨੀ, ਅੱਗੇ ਹੋ ਨਾ ਕੋਇ ਅਟਕਾਈਆ । ਤੇਰੀ ਜੋਤ ਦਿਸੇ ਬੇਗਾਨੀ, ਮੰਜ਼ਲ ਬਾਮੰਜ਼ਲ ਚੜ੍ਹ ਕੇ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਛੱਡਣਾ ਚਾਹੁੰਦੀ ਲੋਕਮਾਤ, ਧਰਨੀ ਧਰਤ ਧੌਲ ਧਵਲ ਰਹਿਣ ਕੋਇ ਨਾ ਪਾਈਆ । ਧਰਮ ਦੀ ਰਹੀ ਨਾ ਕੋਇ ਜਮਾਤ, ਸਤਿ ਧਰਮ ਨਾ ਕੋਇ ਰਖਾਈਆ । ਜੋ ਲਿਖ ਕੇ ਲੇਖਾ ਗੁਰੂ ਅਵਤਾਰ ਪੈਗ਼ੰਬਰ ਆਏ ਕ਼ਲਮ ਦਵਾਤ, ਕਾਇਨਾਤ ਪਈ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕ ਵਾਰੀ ਮਾਰ ਝਾਤ, ਪਰਦਾਨਸ਼ੀਂ ਪਰਦਾ ਆਪ ਉਠਾਈਆ । ਦੀਨ ਦੁਨੀ ਦੇ ਵੇਖ ਹਾਲਾਤ, ਹਾਲਤ ਸਭ ਦੀ ਦਿਆਂ ਜਣਾਈਆ । ਧੁਰ ਦਾ ਦੇਵੇ ਕੋਈ ਨਾ ਸਾਥ, ਸਾਚਾ ਸੰਗ ਨਾ ਕੋਇ ਨਿਭਾਈਆ । ਮਨ ਕਲਪਣਾ ਜਗਤ ਸੁਰਤੀ ਕਰੇ ਨਾਚ, ਸੁਰਤ ਸ਼ਬਦ ਮੇਲ ਨਾ ਕੋਇ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਅੰਧੇਰੀ ਰਾਤ, ਤੇਰਾ ਨਾਮ ਨੂਰੀ ਚੰਦ ਨਾ ਕੋਇ ਚਮਕਾਈਆ । ਬੇਨੰਤੀ ਕਰ ਕੇ ਰਹੀ ਆਖ, ਸੀਸ ਜਗਦੀਸ਼ ਤੇਰੇ ਕ਼ਦਮ ਟਿਕਾਈਆ । ਤੇਰੇ ਉਤੋਂ ਪ੍ਰਭੂ ਸਭ ਦਾ ਗਿਆ ਵਿਸ਼ਵਾਸ਼, ਵਿਸ਼ਿਆਂ ਵਿਚ ਕੂੜ ਲੋਕਾਈਆ । ਪੁੱਤ ਪਿਓ ਦਾ ਕਰੇ ਘਾਤ, ਪੂਤ ਪਿਤਾ ਕਰੇ ਲੜਾਈਆ । ਜੋ ਅਵਤਾਰ ਪੈਗ਼ੰਬਰ ਗੁਰ ਗਏ ਆਖ, ਆਖ਼ਰ ਵੇਲਾ ਦਏ ਦੁਹਾਈਆ । ਪ੍ਰਗਟ ਹੋ ਸਾਖਿਆਤ, ਸਮਰਥ ਤੇਰੀ ਸਰਨਾਈਆ । ਮੈਂ ਨਿਮਾਣੀ ਅਨਾਥਾਂ ਅਨਾਥ, ਦੀਨਨ ਤੇਰੇ ਅੱਗੇ ਦੇਵਾਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪੁਰਖ ਅਕਾਲ ਤੇਰੀ ਵਡਿਆਈਆ । ਸਦੀ ਚੌਧਵੀਂ ਕਹੇ ਮੇਰੇ ਪਰਮ ਪੁਰਖ ਪਰਵਰਦਿਗਾਰ, ਬੇਪ੍ਰਵਾਹ ਤੇਰੀ ਵਡਿਆਈਆ । ਸਾਚਾ ਰਿਹਾ ਨਾ ਕੋਈ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਨਾ ਕੋਇ ਕਮਾਈਆ । ਤੇਰੇ ਨਾਮ ਦਾ ਚਾਰ ਕੁੰਟ ਚਲੇ ਤਕਰਾਰ, ਝਗੜੇ ਵਿਚ ਦੁਹਾਈਆ । ਮੇਰਾ ਅੰਤ ਅਖ਼ੀਰੀ ਪੂਰਾ ਕਰ ਕੌਲ ਇਕਰਾਰ, ਇਕਰਾਨਾਮੇ ਪਿਛਲੇ ਵੇਖ ਵਖਾਈਆ । ਤੇਰਾ ਸਚਖੰਡ ਸੱਚਾ ਦਰਬਾਰ, ਦਰਗਾਹ ਸਾਚੀ ਨਜ਼ਰੀ ਆਈਆ । ਹੁਕਮ ਕਰ ਆਪਣੀ ਧਾਰ, ਜੋਤੀ ਜਾਤੇ ਆਪਣੀ ਦਇਆ ਕਮਾਈਆ । ਸ਼ਬਦੀ ਹੁਕਮ ਤੇਰਾ ਸਰਕਾਰ, ਨਾ

੭੯੧
੨੧

ਕੋਈ ਮੇਟੇ ਮੇਟ ਮਿਟਾਈਆ । ਬਰਦੇ ਖੜ੍ਹੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਸਭ ਕੁਛ ਤੇਰੇ ਅਖਤਿਆਰ, ਮੁਖ਼ਤਿਆਰਨਾਮੇ ਸਭ ਦੇ ਵੇਖ ਵਖਾਈਆ । ਮੈਂ ਰੋ ਰੋ ਕਰਾਂ ਗਿਰਿਆਜ਼ਾਰ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਸਦੀ ਚੌਧਵੀਂ ਕਹੇ ਮੈਂ ਕਰਦੀ ਰਹੀ ਇੰਤਜ਼ਾਰ, ਸਮਾਂ ਸਮੇਂ ਨਾਲ ਮਿਲਾਈਆ । ਸੋ ਵਕ਼ਤ ਪਹੁੰਚਿਆ ਆਣ, ਮਿਹਰਵਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਉਠ ਵੇਖ ਮਾਰ ਕੇ ਝਾਕੀ, ਪਰਦਾ ਦਿਆਂ ਉਠਾਈਆ । ਮੇਰਾ ਖੇਲ ਹੋਣਾ ਇਤਫ਼ਾਕੀ, ਜਗਤ ਸਮਝੇ ਨਾ ਕੋਇ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਦੇਣਾ ਦੇਵਾਂ ਬਾਕੀ, ਲੇਖਾ ਸਭ ਦੇ ਹੱਥ ਫੜਾਈਆ । ਝਗੜਾ ਰਹੇ ਨਾ ਮਾਟੀ ਖ਼ਾਕੀ, ਤਨ ਵਜੂਦ ਨਾ ਵੰਡ ਵੰਡਾਈਆ । ਆਤਮ ਪਰਮਾਤਮ ਬਣਾ ਕੇ ਸਾਥੀ, ਸਗਲਾ ਸੰਗ ਦਿਆਂ ਨਿਭਾਈਆ । ਤੂੰ ਮੰਨੀ ਮੇਰੀ ਆਖੀ, ਚਲਣਾ ਹੁਕਮ ਰਜ਼ਾਈਆ । ਮੈਂ ਚੌਦਾਂ ਤਬਕ ਖੋਲ੍ਹ ਕੇ ਤਾਕੀ, ਪਰਦਾ ਅਗਲਾ ਦਿਆਂ ਉਠਾਈਆ । ਤੇਰੇ ਅੰਤ ਅਖ਼ੀਰ ਰਹੇ ਕੋਇ ਨਾ ਪਾਪੀ, ਪੱਤਤਾਂ ਕਰਾਂ ਸਫ਼ਾਈਆ । ਜਨ ਭਗਤਾਂ ਦੇਵਾਂ ਪੁਸ਼ਤ ਪਨਾਹ ਥਾਪੀ, ਸਾਚੇ ਸੰਤਾਂ ਆਪ ਜਗਾਈਆ । ਸ਼ਬਦ ਅਗੰਮੇ ਘੋੜੇ ਚੜ੍ਹ ਕੇ ਰਾਕੀ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਮਿਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਬਣਨ ਇਕ ਜਮਾਤੀ, ਪੁਰਖ ਅਕਾਲ ਕਰੇ ਪੜ੍ਹਾਈਆ । ਝਗੜਾ ਮਿਟੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਡੇਰਾ ਢਾਹੀਆ । ਸਾਚੇ ਮੰਡਲ ਪਾਵੇ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਸਵਾਮੀ ਹੋ ਕੇ ਪੁਛਾਂ ਵਾਤੀ, ਵਾਤਾਵਰਨ ਬਦਲੇ ਸਰਬ ਲੋਕਾਈਆ । ਖੇਲੇ ਖੇਲ ਬਹੁ ਬਿਧ ਭਾਤੀ, ਪਾਰਬ੍ਰਹਮ ਪ੍ਰਭ ਆਪਣੀ ਕਲ ਵਰਤਾਈਆ । ਦੀਨ ਦੁਨੀ ਕਰ ਕੇ ਦਾਸ ਦਾਸੀ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਪ੍ਰਗਟਾਈਆ । ਸਦੀ ਚੌਧਵੀਂ ਪ੍ਰਭ ਦੇਵੇ ਧੁਰ ਫ਼ਰਮਾਨਾ, ਹੁਕਮ ਸੰਦੇਸ਼ਾ ਇਕ ਸੁਣਾਈਆ । ਨੌ ਖੰਡ ਪ੍ਰਿਥਮੀ ਆਤਮ ਪਰਮਾਤਮ ਜਣਾਵੇ ਇਕੋ ਗਾਣਾ, ਗਹਿਰ ਗੰਭੀਰ ਆਪ ਦ੍ਰਿੜਾਈਆ । ਅੰਮ੍ਰਿਤ ਰਸ ਨਿਝਰ ਧਾਰ ਦੇਵੇ ਪੀਣਾ ਖਾਣਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਾਚਾ ਮੰਦਰ ਵਖਾ ਮਕਾਨਾ, ਬਿਨ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਾਚਾ ਸ਼ਬਦ ਸੁਣਾ ਅਗੰਮੀ ਧੁਨਕਾਨਾ, ਅਨਹਦ ਨਾਦੀ ਨਾਦ ਦਏ ਵਜਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਲਾਸ਼ਰੀਕ ਬਦਲ ਦਏ ਜ਼ਮਾਨਾ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਚਾਰ ਵਰਨ ਹੋਏ ਤਰਾਨਾ, ਤੁਰੀਆ ਪਦ ਤੋਂ ਅਗਲਾ ਪਰਦਾ ਦਏ ਉਠਾਈਆ । ਸਚ ਸਰੋਵਰ ਦੱਸੇ ਇਕੋ ਨਹਾਣਾ, ਅਠਸਠ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਸਦੀ ਚੌਧਵੀਂ ਕਹੇ ਮੈਂ ਦੱਸਾਂ ਅਗੰਮਾ ਪ੍ਰੇਮ, ਪ੍ਰੀਤੀ ਇਕ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਕੋ ਨੇਮ, ਨਿਯਮ ਇਕ ਸਮਝਾਈਆ । ਜੋ ਇਸ਼ਾਰਾ ਕੀਤਾ ਗੋਬਿੰਦ ਕੁੰਟ ਹੇਮ, ਦੁਸ਼ਟ ਦਮਨ ਸਮਝਾਈਆ । ਸੋ ਲੇਖਾ ਪੂਰਾ ਹੋਣਾ ਐਨ, ਅੱਗੇ ਹੋ ਨਾ ਕੋਇ ਅਟਕਾਈਆ । ਕਲਜੁਗ ਕੂੜੀ ਕਿਰਿਆ ਮਿਟੇ ਅੰਧੇਰੀ ਰੈਣ, ਸਤਿਜੁਗ ਸਾਚਾ ਚੰਦ ਚਮਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲੇਖਾ ਪੂਰਾ ਕਰੇ ਲਹਿਣ ਦੇਣ, ਮਕ਼ਰੂਜ਼ ਸਭ ਦਾ ਲੇਖਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੭੯੨
੨੧

ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਸਦੀ ਚੌਧਵੀਂ ਉਠ ਬਲਧਾਰ, ਬਲਧਾਰੀ ਦਏ ਵਡਿਆਈਆ । ਅੰਤ ਅਖ਼ੀਰੀ ਵੇਖ ਆਪਣੀ ਗੁਲਜ਼ਾਰ, ਗੁਲਸ਼ਨ ਜੋ ਮਹਿਕਾਈਆ । ਨਾਤਾ ਤੁੱਟਣ ਲੱਗਾ ਮੁਹੰਮਦੀ ਯਾਰ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਖ਼ਿਜ਼ਾਂ ਆਉਣ ਵਾਲੀ ਬਹਾਰ, ਬਸੰਤ ਆਪਣੀ ਰੁਤ ਬਦਲਾਈਆ । ਪੂਰਾ ਹੋਣ ਲੱਗਾ ਇਕ਼ਰਾਰ, ਇਕ਼ਬਾਲ ਦੇ ਕੇ ਮੁਹੰਮਦ ਗਿਆ ਜਣਾਈਆ । ਕਿਸੇ ਦਾ ਚਲੇ ਨਾ ਕੋਇ ਤਕਰਾਰ, ਝਗੜੇ ਵਿਚ ਨਾ ਕੋਇ ਖ਼ੁਦਾਈਆ । ਭਰੋਸਾ ਕਰਨਾ ਪਏ ਇਤਬਾਰ, ਬੇਇਤਬਾਰੀ ਦੇਣੀ ਗਵਾਈਆ । ਪਰਵਰਦਿਗਾਰ ਦੇ ਸਭ ਕੁਛ ਇਖ਼ਤਿਆਰ, ਬੇਇਖ਼ਤਿਆਰੀ ਕਰੇ ਲੋਕਾਈਆ । ਅੰਤ ਅਖ਼ੀਰੀ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਪੁਰਖ ਅਕਾਲ ਦੀਨ ਦਿਆਲ ਹੁਕਮੇ ਅੰਦਰ ਸਭ ਨੂੰ ਕਰਨਾ ਗ੍ਰਿਫ਼ਤਾਰ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਬੈਠੇ ਸੀਸ ਨਿਵਾਈਆ ।

### ✻ ੧੦ ਮਾਘ ਸ਼ਹਿਨਸ਼ਾਹੀ ਸੰਮਤ ੪ ਮਲ ਸਿੰਘ ਦੇ ਗ੍ਰਿਹ ਰਜੀ ਵਾਲਾ ਜ਼ਿਲਾ ਫ਼ਿਰੋਜ਼ਪੁਰ ✻

ਸਦੀ ਬੀਸਵੀਂ ਕਹੇ ਤੂੰ ਮੈਥੋਂ ਨਿੱਕੀ, ਸਦੀ ਚੌਧਵੀਂ ਤੈਨੂੰ ਦਿਆਂ ਜਣਾਈਆ । ਕਿਸ ਦਵਾਰਿਉਂ ਤੂੰ ਸਿਖਿਆ ਸਿੱਖੀ, ਪਰਦਾ ਦੇਣਾ ਖੁਲ੍ਹਾਈਆ । ਮੈਂ ਵੇਖਦੀ ਰਹੀ ਆਪਣੀ ਮਿਤੀ, ਕਵਣ ਵੇਲਾ ਮਿਤ੍ਰ ਪਿਆਰਾ ਦਏ ਵਡਿਆਈਆ । ਭਰਵਾਸਾ ਇਕੋ ਉਤੇ ਸਿੱਟੀ, ਸਿੱਟੇਬਾਜ਼ੀ ਤੱਕਾਂ ਜਗਤ ਲੋਕਾਈਆ । ਦੀਨ ਦੁਨੀ ਪੁਜਾਰਨ ਵੇਖਾਂ ਪੱਥਰ ਇੱਟੀਂ, ਜਲਧਾਰਾ ਸੀਸ ਨਿਵਾਈਆ । ਕੋਈ ਧਾਰ ਨਜ਼ਰ ਨਾ ਆਈ ਚਿੱਟੀ, ਚਾਰੋਂ ਕੁੰਟ ਅੰਧੇਰਾ ਛਾਈਆ । ਮੈਂ ਦੋਹੱਥੜ ਮਾਰ ਕੇ ਪਿੱਟੀ, ਬਹੁੜੀ ਬਹੁੜੀ ਕਰ ਅਲਾਈਆ । ਮੇਰਾ ਪਰਵਰਦਿਗਾਰ ਮੈਨੂੰ ਵਖੌਣ ਲੱਗਾ ਪੁਰਾਣੀ ਚਿੱਠੀ, ਸਚ ਦਵਾਰਿਉਂ ਆਪ ਉਠਾਈਆ । ਜਿਸ ਨੂੰ ਸਮਝੇ ਕੋਈ ਨਾ ਮੁਨੀ ਰਿਖੀ, ਸੰਤ ਫ਼ਕੀਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਸੁਣ ਮੇਰੀ ਵੱਡੀ ਭੈਣ, ਭਰਮ ਦਿਆਂ ਗਵਾਈਆ । ਮੈਂ ਤੈਨੂੰ ਆਈ ਕਹਿਣ, ਸਚ ਸੰਦੇਸ਼ਾ ਇਕ ਸੁਣਾਈਆ । ਕੀ ਹੁਕਮ ਦੇਵੇ ਨਰਾਇਣ, ਨਰ ਨਿਰੰਕਾਰਾ ਬੇਪਰਵਾਹੀਆ । ਜਿਸ ਨੇ ਸਾਰੇ ਛੁਡਾਏ ਸਾਕ ਸੈਣ, ਸੱਜਣ ਆਈ ਤਜਾਈਆ । ਨਾਤਾ ਤੋੜ ਕੇ ਭਾਈ ਭੈਣ, ਮੀਤ ਮੁਰਾਰ ਨਾ ਸੰਗ ਰਖਾਈਆ । ਜਗਤ ਵਾਸਨਾ ਛੱਡ ਕੇ ਵਹਿਣ, ਭੱਜੀ ਵਾਹੋ ਦਾਹੀਆ । ਇਸ਼ਾਰਾ ਕਰ ਬਾਲਮੀਕ ਰਮਾਇਣ, ਜੋ ਰਾਮ ਦਏ ਗਵਾਹੀਆ । ਸੋ ਵਕ਼ਤ ਪਹੁੰਚਿਆ ਐਨ, ਐਨਲਹੱਕ ਨਾਲ ਰਲਾਈਆ । ਮੈਨੂੰ ਸਬਰ ਨਾ ਆਇਆ ਚੈਨ, ਬੇਸਬਰੀ ਵਿਚ ਕੁਰਲਾਈਆ । ਮੁਹੰਮਦ ਕਹਿ ਕੇ ਗਿਆ ਖੇਲ ਹੋਣਾ ਵਿਚ ਹਿੰਦਵਾਇਣ, ਵਾਹਦ ਖ਼ੁਦਾ ਆਪਣਾ ਡੰਕ ਵਜਾਈਆ । ਓਸ ਨੂੰ ਤੱਕਾਂ ਆਪਣੇ ਨੈਣ, ਪ੍ਰਤੱਖ ਰੂਪ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਏ ਸਰਨਾਈਆ । ਸਦੀ ਬੀਸਵੀਂ ਕਹੇ ਤੂੰ ਅਜੇ ਬਾਲ ਅੰਞਾਣੀ ਛੋਟੀ, ਕਿਉਂ ਛੁਟਕਾਰਾ ਰਹੀ ਪਾਈਆ । ਚੜ੍ਹ ਕੇ ਵੇਖ ਅਗੰਮੀ ਚੋਟੀ, ਚੋਟੀ ਮੁੰਨਿਆਂ ਖੋਜ ਖੁਜਾਈਆ । ਸਭ ਦੀ ਆਸਾ ਦਿਸੇ ਖੋਟੀ, ਜੋ ਈਸਾ ਮੂਸਾ ਧਿਆਨ ਲਗਾਈਆ । ਝਗੜਾ ਪਿਆ ਜਗਤ

ਰੋਟੀ, ਰੱਟੇ ਵਿਚ ਕੁਰਲਾਈਆ । ਜਿਸ ਨੂੰ ਲਭਦੇ ਕੋਟਨ ਕੋਟੀ, ਅਣਗਿਣਤ ਖੋਜ ਖੁਜਾਈਆ । ਜਿਸ ਖੇਲ ਖਿਲਾਇਆ ਜੰਞੂ ਬੋਦੀ, ਮੂੰਡ ਮੁੰਡਾਇਆ ਵੰਡ ਵੰਡਾਈਆ । ਜਿਸ ਭਾਗ ਲਗਾਇਆ ਵੇਦੀ ਸੋਢੀ, ਬੰਸ ਸਰਬੰਸ ਸੁਹਾਈਆ । ਜੋ ਜਗਤ ਨੂੰ ਦੇਵੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਓਹ ਮਾਲਕ ਧੁਰ ਦਾ ਚੋਜੀ, ਪ੍ਰੀਤਮ ਬਣ ਕੇ ਖੋਜ ਖੁਜਾਈਆ । ਜੋ ਆਦਿ ਜੁਗਾਦੀ ਜੋਗੀ, ਜੋਗੀਸ਼ਰਾਂ ਦਏ ਵਡਿਆਈਆ । ਜੋ ਆਤਮ ਪਰਮਾਤਮ ਭੋਗੀ, ਰਸ ਰਸੀਆ ਨੂਰ ਖ਼ੁਦਾਈਆ । ਜੋ ਨਿਰਗੁਣ ਧਾਰ ਸੰਜੋਗੀ, ਜਨਮ ਮਰਨ ਵਿਚ ਨਾ ਆਈਆ । ਜਿਸ ਦੀ ਦੋ ਜਹਾਨਾਂ ਓਟੀ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਜੋ ਸਭ ਨੂੰ ਦੇਵੇ ਸੋਝੀ, ਪਰਦਿਆਂ ਅੰਦਰ ਪਰਦਾ ਖੁਲ੍ਹਾਈਆ । ਜੋ ਲੇਖਾ ਜਾਣੇ ਚੌਦਾਂ ਲੋਕੀ, ਚੌਦਾਂ ਤਬਕ ਕਰੇ ਰੁਸ਼ਨਾਈਆ । ਜੋ ਦੇਵੇ ਸਾਚਾ ਨਾਮ ਸਲੋਕੀ, ਧੁਰ ਦਾ ਕਲਮਾ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਤੂੰ ਵੇਖ ਆਪਣਾ ਬੀਸਵੀਂ ਸਦੀ ਹਾਲ, ਸਾਲ ਬਸਾਲਾ ਨਾਲ ਰਲਾਈਆ । ਮੈਨੂੰ ਗੋਬਿੰਦ ਬੱਚੇ ਗਏ ਸਖਾਲ, ਜੋ ਛੋਟੇ ਨੀਹਾਂ ਹੇਠ ਦਬਾਈਆ । ਮੈਨੂੰ ਸੁੱਤੀ ਨੂੰ ਗਏ ਉਠਾਲ, ਆਲਸ ਨਿੰਦਰਾ ਦਿਤਾ ਗਵਾਈਆ । ਜਿਨ ਪੁਛਣਾ ਮੁਰੀਦਾਂ ਹਾਲ, ਓਹ ਮੁਰਸ਼ਦ ਬੇਪਰਵਾਹੀਆ । ਓਸ ਦੇ ਅੱਗੇ ਕਰ ਸਵਾਲ, ਨਿਮਾਣੀ ਹੋ ਕੇ ਸੀਸ ਝੁਕਾਈਆ । ਤੇਰਾ ਲਹਿਣਾ ਦੇਣਾ ਲੇਖਾ ਲਏ ਸੰਭਾਲ, ਸੰਬਲ ਆਪਣਾ ਡੇਰਾ ਲਾਈਆ । ਕਲਜੁਗ ਕੂੜੀ ਕਿਰਿਆ ਕਰੇ ਜ਼ਵਾਲ, ਜੋਰੂ ਜ਼ਰ ਨਾ ਕੋਇ ਵਡਿਆਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੰਕ ਨਗਾਰਾ ਰਿਹਾ ਵਜਾਈਆ । ਪਰਵਰਦਿਗਾਰ ਦੀਨ ਦੁਨੀ ਦੀ ਬਦਲ ਦੇ ਚਾਲ, ਚਾਲ ਨਿਰਾਲੀ ਆਪਣੇ ਹੱਥ ਵਖਾਈਆ ।

ਝਗੜਾ ਮਿਟੇ ਕਾਇਆ ਮਾਟੀ ਖਾਲ, ਤਤ ਵਜੂਦ ਨਾ ਕੋਇ ਲੜਾਈਆ । ਸੋ ਸਵਾਮੀ ਲੈਣਾ ਭਾਲ, ਜੋ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਦੀ ਬੀਸਵੀਂ ਕਹੇ ਤੂੰ ਮੈਥੋਂ ਬਾਲੀ ਅੰਞਾਣੀ, ਨੰਨ੍ਹੀ ਮੈਨੂੰ ਨਜ਼ਰੀ ਆਈਆ । ਸਦੀ ਚੌਧਵੀਂ ਕਹੇ ਮੈਨੂੰ ਗੋਬਿੰਦ ਕੀਤਾ ਸੁਘੜ ਸਿਆਣੀ, ਸਿਰ ਮੇਰੇ ਹੱਥ ਟਿਕਾਈਆ । ਮੈਂ ਪਰਵਰਦਿਗਾਰ ਸਾਂਝਾ ਯਾਰ ਖ਼ਲਕ ਦਾ ਖ਼ਾਲਕ ਤੱਕਿਆ ਹਾਣੀ, ਨਿਰਵੈਰ ਨਿਰਾਕਾਰ ਨੂਰ ਅਲਾਹੀਆ । ਜੋ ਆਬੇਹਯਾਤ ਅੰਮ੍ਰਿਤ ਰਸ ਦੇਵੇ ਠੰਡਾ ਪਾਣੀ, ਸਰ ਸਰੋਵਰ ਇਕ ਨੁਹਾਈਆ । ਜਿਥੇ ਝਗੜਾ ਨਹੀਂ ਚਾਰੇ ਖਾਣੀ, ਚਾਰੇ ਬਾਣੀ ਨਾ ਵੰਡ ਵੰਡਾਈਆ । ਜਿਥੇ ਲੇਖਾ ਨਹੀਂ ਜੀਵ ਪਰਾਣੀ, ਸਾਹ ਸਾਹ ਨਾ ਕੋਇ ਸਮਾਈਆ । ਜੋ ਆਦਿ ਜੁਗਾਦਿ ਜੋਤ ਨੁਰਾਨੀ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਦਾ ਪਦ ਇਕ ਨਿਰਬਾਣੀ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦੀ ਸ਼ਾਸਤਰ ਸਿਮਰਤ ਅੰਜੀਲ ਕ਼ੁਰਾਨ ਖਾਣੀ ਬਾਣੀ ਕਥਾ ਕਹਾਣੀ, ਗੁਰ ਅਵਤਾਰ ਪੀਰ ਪੈਗ਼ੰਬਰ ਸੋਹਲੇ ਢੋਲੇ ਨਗਮੇ ਕਲਮਿਆਂ ਵਿਚ ਸੁਣਾਈਆ । ਸੋ ਕਰਨੀ ਕਰਤਾ ਪਰਮ ਪੁਰਖ ਬਣ ਕੇ ਜਾਣ ਜਾਣੀ, ਜਾਣਨਹਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰੇ ਦਏ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਇਕੋ ਮੰਗੀ ਮੰਗ, ਦਰ ਠਾਂਡੇ ਸੀਸ ਨਿਵਾਈਆ । ਮੈਂ ਬਾਲੀ ਨੱਢੀ ਚਾੜ੍ਹ ਆਪਣਾ ਰੰਗ, ਰੰਗਤ ਇਕ ਵਖਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਦਾ ਸਵਾਮੀ ਰਹਿ ਸੰਗ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਜਾ ਮਰਦੰਗ, ਮਰਦ ਮਰਦਾਨੇ ਲੈ

ਉਠਾਈਆ । ਮੈਨੂੰ ਛੋਟਿਆਂ ਬਾਲਿਆਂ ਦੱਸਿਆ ਢੰਗ, ਤਰੀਕਾ ਇਕੋ ਇਕ ਸੁਣਾਈਆ । ਓਹ ਸਾਹਿਬ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਸ਼ਾਹਾਂ ਕਰੇ ਤੰਗ, ਰਾਜ ਰਾਜਾਨਾ ਖ਼ਾਕ ਮਿਲਾਈਆ । ਸੋ ਬਖ਼ਸ਼ਣਹਾਰ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਸ ਨੇ ਮੁਹੰਮਦ ਨਿਸ਼ਾਨ ਬਖ਼ਸ਼ਿਆ ਤਾਰਾ ਚੰਦ, ਚੰਦ ਤਾਰਾ ਆਪਣਾ ਰੰਗ ਰੰਗਾਈਆ । ਓਹ ਖੇਲ ਕਰੇ ਵਿਚ ਵਰਭੰਡ, ਬ੍ਰਹਿਮੰਡ ਖੇਲ ਖਿਲਾਈਆ । ਤੇਰਾ ਮੇਟੇ ਅੰਤਮ ਪੰਧ, ਸਫ਼ਰਾਂ ਵਿਚ ਨਾ ਕੋਇ ਭਵਾਈਆ । ਸਦਾ ਸਵਾਮੀ ਬਣ ਕੇ ਸੰਗ, ਸਾਥੀ ਇਕੋ ਨਜ਼ਰੀ ਆਈਆ । ਤੇਰਾ ਰੰਡੇਪਾ ਕਟੇ ਰੰਡ, ਜਗਤ ਸੁਹਾਗਣ ਲਏ ਵਖਾਈਆ । ਭਗਤ ਸੁਹੇਲੇ ਚਾੜ੍ਹ ਕੇ ਜੰਞ, ਧੁਰ ਦੇ ਸੰਗੀ ਲਏ ਬਣਾਈਆ । ਵੇਖੀਂ ਨੇਤਰ ਨੀਰ ਨਾ ਵਹਾਵੀਂ ਹੰਝ, ਅਥਰੂਆਂ ਵਹਿਣ ਨਾ ਕੋਇ ਵਹਾਈਆ । ਜਿਸ ਨੇ ਸ਼ਰਅ ਸ਼ਰਾਇਤੀ ਢੌਣੀ ਕੰਧ, ਭਾਂਡਾ ਭਰਮ ਭੌ ਭੰਨਾਈਆ । ਦੀਨ ਦੁਨੀ ਨੂੰ ਦੇ ਕੇ ਕੰਡ, ਕਰਵਟ ਆਪਣੀ ਲਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਇਕ ਹੁਕਮ ਦੇ ਕਰ ਪਾਬੰਦ, ਦੀਨ ਮਜ਼੍ਹਬ ਦਾ ਝਗੜਾ ਦਏ ਚੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗੌਣਾ ਛੰਦ, ਸੋਹੰ ਢੋਲਾ ਸਿਫ਼ਤ ਸਾਲਾਹੀਆ । ਝਗੜਾ ਮੁਕੌਣਾ ਜਮਨਾ ਗੋਦਾਵਰੀ ਸੁਰਸਤੀ ਗੰਗ, ਗੰਗੋਤਰੀ ਧਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਹਿਬ ਸੁਲਤਾਨ ਸੂਰਾ ਸਰਬੰਗ, ਸਰਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਮੇਰਾ ਮੇਰਾ ਤੇਰਾ ਲੇਖਾ ਲਹਿਣਾ ਮੇਟੇ ਥਾਉਂ ਥਾਈਆ ।



### ੧੦ ਮਾਘ ਸ਼ਹਿਨਸ਼ਾਹੀ ਸੰਮਤ ੪ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਜ਼ਿਲਾ ਫ਼ਿਰੋਜ਼ਪੁਰ

ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਤੱਕਿਆ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਬਿਨ ਤਨ ਵਜੂਦ ਸ਼ਰੀਰ ਅਗੰਮੀ ਕੀਤੀ ਸਲਾਮ, ਨਿਵ ਨਿਵ ਸੀਸ ਝੁਕਾਈਆ । ਧੁਰ ਫ਼ਰਮਾਨਾ ਮਿਲਿਆ ਕਲਾਮ, ਪਰਵਰਦਿਗਾਰ ਦਿਤਾ ਦ੍ਰਿੜਾਈਆ । ਹੁਣ ਸ਼ਰਅ ਦੀ ਰਹਿਣਾ ਨਹੀਂ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਤੂੰ ਮੇਰਾ ਮੈਂ ਤੇਰਾ ਜਪਣਾ ਨਾਮ, ਨਾਉਂ ਨਿਰੰਕਾਰਾ ਇਕ ਸਮਝਾਈਆ । ਧੁਰ ਸੰਦੇਸ਼ਾ ਦੇਣਾ ਅਗੰਮ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਵਖੌਣਾ ਹੱਕ ਨਿਸ਼ਾਨ, ਨਿਸ਼ਾਨੇ ਦੇਣੇ ਬਦਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰਨ ਵਾਲਾ ਇੰਤਜ਼ਾਮ, ਬੰਦੋਬਸਤ ਧੁਰ ਦਾ ਦਏ ਸਮਝਾਈਆ । ਬੇਨਜ਼ੀਰ ਵਿਗੜਨ ਨਾ ਦੇਵੇ ਕੋਇ ਨਜ਼ਾਮ, ਨੌਬਤ ਨਾਮ ਆਪਣਾ ਹੱਕ ਸੁਣਾਈਆ । ਕੂੜੀ ਕਿਰਿਆ ਮੇਟੇ ਸ਼ਾਮ, ਸ਼ਮਾਂਦਾਨ ਨਿਰਗੁਣ ਜੋਤ ਕਰੇ ਰੁਸ਼ਨਾਈਆ । ਸਤਿ ਸਵਾਮੀ ਕਰੇ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਗਿਆਨ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਪੁਰਖ ਅਕਾਲਾ ਹੋਵੇ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਝਗੜਾ ਮੁਕਾ ਮਾਟੀ ਚਾਮ, ਅੰਤਰ ਬ੍ਰਹਮ ਇਕ ਸਮਝਾਈਆ । ਕੂੜੀ ਕਿਰਿਆ ਕਰੇ ਨਾ ਕੋਇ ਹਰਾਮ, ਸ਼ਰਅ ਸ਼ੈਤਾਨ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਰਗੁਣ ਦਾਤਾ ਨੂਰ ਅਲਾਹੀਆ । ਸਦੀ ਚੌਧਵੀਂ ਕਹੇ ਮੈਂ ਦਰਗਾਹ

ਸਾਚੀ ਵੇਖਿਆ ਨੂਰ ਅਲਾਹ, ਮਿਹਰਵਾਨ ਮਿਹਬਾਨ ਬੀਦੋ ਨਜ਼ਰੀ ਆਈਆ । ਜੋ ਆਦਿ ਜੁਗਾਦੀ ਬੇਪਰਵਾਹ, ਪਾਰਬ੍ਰਹਮ ਵਡ ਵਡਿਆਈਆ । ਜਿਸ ਨੂੰ ਜਲਵਾਗਰ ਕਿਹਾ ਖ਼ੁਦਾ, ਖ਼ੁਦ ਮਾਲਕ ਸ਼ਹਿਨਸ਼ਾਹੀਆ । ਮੈਂ ਉਸ ਦੇ ਅੱਗੇ ਕੀਤੀ ਦੁਆ, ਸੀਸ ਕ਼ਦਮਾਂ ਉਤੇ ਟਿਕਾਈਆ । ਮੁਹੱਬਤ ਵਾਲੇ ਦਿਲਰੁਬਾ, ਮਿਹਰ ਨਜ਼ਰ ਇਕ ਰਖਾਈਆ । ਦੀਨਾਂ ਮਜ਼੍ਹਬਾਂ ਵਿਚੋਂ ਕਰ ਰਿਹਾ, ਸ਼ਰਅ ਜ਼ੰਜੀਰ ਦਿਤਾ ਤੁੜਾਈਆ । ਧੁਰ ਸੰਦੇਸ਼ਾ ਦਿਤਾ ਸੁਣਾ, ਅਗੰਮ ਕਰ ਪੜ੍ਹਾਈਆ । ਪੁਰਖ ਅਕਾਲ ਦਾ ਇਕੋ ਜਪਣਾ ਨਾਂ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਨੌ ਖੰਡ ਸੱਤ ਦੀਪ ਵੇਖਣਾ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਥਿਆਂ, ਲੇਖਾ ਸਭ ਦਾ ਫੋਲ ਫੁਲਾਈਆ । ਲੱਖ ਚੁਰਾਸੀ ਕਾਇਆ ਮਾਟੀ ਵੇਖਣਾ ਗਰਾਂ, ਅੰਦਰ ਵੜ ਕੇ ਪਰਦਾ ਲਾਹੀਆ । ਚਾਰ ਕੁੰਟ ਦਹਿ ਦਿਸ਼ਾ ਤੂੰ ਫਿਰਨਾ ਨਾਲ ਚਾਅ, ਚਾਓ ਘਨੇਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰਾ ਏਕੰਕਾਰਾ ਇਕ ਸਮਝਾਈਆ । ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਚਰਨ ਕਵਲ ਗਈ ਛੂਹ, ਬਿਨ ਮਸਤਕ ਧੂੜੀ ਖ਼ਾਕ ਰਮਾਈਆ । ਮੇਰਾ ਨਾਅਰਾ ਰਿਹਾ ਨਾ ਅੱਲਾ ਹੂ, ਰੀਤੀ ਆਪਣੀ ਗਈ ਬਦਲਾਈਆ । ਜਿਧਰ ਵੇਖਾਂ ਤੂੰਹੀ ਤੂੰ, ਗੁਰ ਅਵਤਾਰ ਪੈਗ਼ੰਬਰ ਢੋਲਾ ਗਾਈਆ । ਮੇਰਾ ਖ਼ੁਸ਼ੀ ਹੋਇਆ ਲੂੰ ਲੂੰ, ਰੋਮ ਰੋਮ ਵੱਜੀ ਵਧਾਈਆ । ਮੇਰਾ ਸਿਫ਼ਤ ਕਰਨ ਵਾਲਾ ਨਹੀਂ ਮੂੰਹ, ਬੱਤੀ ਦੰਦ ਨਾ ਕੋਇ ਵਡਿਆਈਆ । ਜਾਂ ਤੱਕਿਆ ਦੋ ਜਹਾਨਾਂ ਵੇਖਿਆ ਇਕੋ ਗੁਰੂ, ਗੁਰਦੇਵ ਸਵਾਮੀ ਪਾਰਬ੍ਰਹਮ ਨੂਰ ਅਲਾਹੀਆ । ਜਿਸ ਨੇ ਸਤਿਜੁਗ ਸਾਚਾ ਕਰਨਾ ਸ਼ੁਰੂ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰਗਾਹ ਸਾਚੀ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਸਚ ਅਮਾਮ ਨੂੰ ਗਈ ਝੁਕ, ਕ਼ਦਮਬੋਸੀ ਕਰ ਕੇ ਖ਼ੁਸ਼ੀ ਮਨਾਈਆ । ਅੱਗੋਂ ਸੁਣੀ ਅਗੰਮੀ ਤੁਕ, ਜਿਸ ਮੇਰਾ ਤੁਖ਼ਮ ਤਾਸੀਰ ਦਿਤਾ ਬਦਲਾਈਆ । ਮੇਰਾ ਪੈਂਡਾ ਗਿਆ ਮੁਕ, ਅੱਗੇ ਕ਼ਦਮ ਨਾ ਕੋਇ ਰਖਾਈਆ । ਮੇਰਾ ਉਜਲ ਹੋਇਆ ਮੁਖ, ਕਿਰਪਾ ਕੀਤੀ ਬੇਪ੍ਰਵਾਹੀਆ । ਸਾਚਾ ਮਿਲਿਆ ਸੁਖ, ਦੁੱਖਾਂ ਡੇਰਾ ਢਾਹੀਆ । ਜਾਂ ਤੱਕਿਆ ਮੇਰਾ ਪਰਵਰਦਿਗਾਰ ਨਿਰਗੁਣ ਧਾਰ ਬਦਲ ਕੇ ਰੁਖ਼, ਗੁਰ ਅਵਤਾਰ ਪੈਗ਼ੰਬਰਾਂ ਰੁਖ਼ਸਤ ਦੇਵੇ ਥਾਉਂ ਥਾਈਂਆ । ਮਹੱਲ ਅਟੱਲ ਮੁਨਾਰ ਬੈਠਾ ਉਚ, ਉਚ ਅਗੰਮ ਅਥਾਹ ਵੱਡੀ ਵਡਿਆਈਆ । ਜਿਥੇ ਕੋਇ ਨਾ ਸਕੇ ਪੁੱਜ, ਨਿਉਂ ਨਿਉਂ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਆਪਣੀ ਕਲ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਦਰਗਾਹ ਸਾਚੀ ਦੁਆਰਾ ਸਚਖੰਡ, ਪਰਵਰਦਿਗਾਰ ਦਿਤਾ ਵਖਾਈਆ । ਜਿਥੇ ਹਿੱਸਾ ਨਹੀਂ ਕੋਈ ਵੰਡ, ਦੁਤੀਆ ਭਾਓ ਨਾ ਕੋਇ ਜਣਾਈਆ । ਢੋਲਾ ਗੀਤ ਨਹੀਂ ਕੋਈ ਛੰਦ, ਸਿਫ਼ਤਾਂ ਰਾਗ ਨਾ ਕੋਇ ਸਾਲਾਹੀਆ । ਦੀਨ ਮਜ਼੍ਹਬ ਦਾ ਨਹੀਂ ਕੋਈ ਪਾਬੰਦ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸੂਰੀਆ ਨਾ ਕੋਈ ਚੰਦ, ਮੰਡਲ ਮੰਡਪ ਨਾ ਕੋਇ ਵਖਾਈਆ । ਨਾ ਕੋਈ ਗੁਰ ਅਵਤਾਰ ਪੈਗ਼ੰਬਰ ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕ਼ੁਰਾਨ ਖਾਣੀ ਬਾਣੀ ਰੱਖੇ ਸੰਗ, ਕਲਮ ਸ਼ਾਹੀ ਲੇਖ ਨਾ ਕੋਇ ਲਿਖਾਈਆ । ਨਾ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮਠ ਚਾਰ ਦੀਵਾਰੀ ਦਿਸੇ ਕੰਧ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਮੁਰੀਦ ਮੁਰਸ਼ਦ ਗੁਰੂ ਚੇਲਾ

੭੯੬
੨੧

ਮੰਗੇ ਮੰਗ, ਝੋਲੀ ਅੱਗੇ ਕੋਇ ਨਾ ਡਾਹੀਆ । ਜਿਧਰ ਵੇਖਾਂ ਨਿਰਗੁਣ ਧਾਰ ਸੂਰਾ ਸਰਬੰਗ, ਪੁਰਖ ਅਕਾਲਾ ਦੀਨ ਦਿਆਲਾ ਨਜ਼ਰੀ ਆਈਆ । ਜੋ ਭੇਵ ਖੁਲ੍ਹਾਵੇ ਬ੍ਰਹਮ ਹੰ, ਆਤਮ ਪਰਮਾਤਮ ਜੋੜ ਜੁੜਾਈਆ । ਝਗੜਾ ਮੇਟੇ ਕਾਇਆ ਮਾਟੀ ਚੰਮ, ਚਮਨ ਗੁਲਸ਼ਨ ਇਕ ਮਹਿਕਾਈਆ । ਅੰਤ ਅਖ਼ੀਰ ਬੇਨਜ਼ੀਰ ਲੇਖਾ ਚੁਕਾਏ ਖ਼ੁਸ਼ੀ ਗ਼ਮ, ਚਿੰਤਾ ਰੋਗ ਦਏ ਗੁਆਈਆ । ਸਚ ਭੰਡਾਰਾ ਦੇਵੇ ਨਾਮ ਧਨ, ਅਮੁੱਲੜੀ ਦਾਤ ਆਪ ਵਰਤਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕ ਜਣਾਏ ਬ੍ਰਹਮ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਦਰਗਾਹ ਸਾਚੀ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਇਕੋ ਕੀਤਾ ਸੱਜਦਾ, ਸੀਸ ਸਵਾਮੀ ਇਕ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਬਰਦਾ, ਦਰ ਘਰ ਬੈਠੇ ਸੇਵ ਕਮਾਈਆ । ਫਿਰ ਖੇਲ ਵੇਖਿਆ ਅਗੰਮੇ ਹਰਿ ਦਾ, ਜੋ ਹਰ ਹਿਰਦੇ ਡੇਰਾ ਲਾਈਆ । ਜੋ ਮੰਜ਼ਲ ਆਪਣੀ ਚੜ੍ਹਦਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਸੰਤ ਸੁਹੇਲੇ ਸੱਜਣ ਫੜਦਾ, ਗੁਰਸਿਖ ਗੁਰ ਗੁਰ ਜੋੜ ਜੁੜਾਈਆ । ਨਿਰਅੱਖਰ ਧਾਰ ਅਗੰਮਾ ਢੋਲਾ ਪੜ੍ਹਦਾ, ਜਿਸ ਵਿਚੋਂ ਅੱਖਰਾਂ ਵਾਲੀ ਕਰੇ ਪੜ੍ਹਾਈਆ । ਆਦਿ ਜੁਗਾਦਿ ਨਾ ਜੰਮਦਾ ਨਾ ਮਰਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਇਸ਼ਨਾਨ ਕਰਾਵੇ ਆਪਣੇ ਸਰ ਦਾ, ਸਰੋਵਰ ਇਕੋ ਇਕ ਵਖਾਈਆ । ਭੇਵ ਖੁਲ੍ਹਾ ਕੇ ਧੁਰ ਦੇ ਘਰ ਦਾ, ਗਹਿਰ ਗੰਭੀਰ ਪਰਦਾ ਦਏ ਉਠਾਈਆ । ਰੂਪ ਜਣਾ ਕੇ ਨਰਾਇਣ ਨਰ ਦਾ, ਨਰ ਹਰਿ ਆਪਣੀ ਕਲ ਵਰਤਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਜੋਤ ਧਰਦਾ, ਜੋਤੀ ਜਾਤਾ ਪੁਰਖ ਬਿਧਾਤਾ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧਰਮ ਦੁਆਰਾ ਇਕ ਸੁਹਾਈਆ । ਸਦੀ ਚੌਧਵੀਂ ਕਹੇ ਮੈਂ ਕੀਤੀ ਇਕ ਨਿਮਸਕਾਰ, ਨਮੋ ਨਮੋ ਸੀਸ ਨਿਵਾਈਆ । ਪ੍ਰਭੂ ਅੱਗੇ ਸੁਣਾਈ ਸਚ ਗੁਫ਼ਤਾਰ, ਕੀਤੀ ਅਗੰਮ ਪੜ੍ਹਾਈਆ । ਹੁਕਮ ਦੇ ਸੱਚੀ ਸਰਕਾਰ, ਸੰਦੇਸਾ ਦਿਤਾ ਸੁਣਾਈਆ । ਜਾ ਕੇ ਬੋਲ ਇਕ ਜੈਕਾਰ, ਢੋਲਾ ਧੁਰਦਰਗਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਕਰ ਖ਼ਬਰਦਾਰ, ਸੋਈ ਸੁਰਤੀ ਮਾਤ ਉਠਾਈਆ । ਜੀਵੋ ਜੰਤੋ ਸਾਧੋ ਸੰਤੋ ਇਕੋ ਮੰਨੋ ਪੁਰਖ ਅਕਾਲ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਾਇਆ ਕਾਅਬਾ ਸਾਚੀ ਧਰਮਸਾਲ, ਸ਼ਿਵਦਵਾਲਾ ਮੰਦਰ ਮਠ ਇਹੋ ਦੇਣਾ ਸਮਝਾਈਆ । ਜਿਸ ਗ੍ਰਿਹ ਆਤਮ ਪਰਮਾਤਮ ਦੀਪਕ ਜੋਤੀ ਰਿਹਾ ਬਾਲ, ਨਿਰਗੁਣ ਨੂਰ ਡਗਮਗਾਈਆ । ਸ਼ਬਦ ਅਨਾਦ ਸਾਚੀ ਦੇਵੇ ਧੁਨਕਾਨ, ਅਨੁਰਾਗੀ ਰਾਗ ਸੁਣਾਈਆ । ਅੰਮ੍ਰਿਤ ਰਸ ਨਿਝਰ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਚ ਸਵਾਮੀ ਅੰਤਰਜਾਮੀ ਏਕੋ ਏਕ ਓਅੰਕਾਰ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਸਾਚਾ ਮੰਦਰ ਹੱਕ ਮਕਾਨ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮਦਵਾਰਾ ਇਕੋ ਇਕ ਵਖਾਈਆ । ਸਦੀ ਚੌਧਵੀਂ ਕਹੇ ਮੈਂ ਲਾਈ ਚਰਨ ਧੂੜ, ਧੁਰ ਦਾ ਟਿੱਕਾ ਖ਼ਾਕ ਰਮਾਈਆ । ਮੇਰੀ ਸੁਰਤ ਨਾ ਰਹੀ ਮੂਰਖ ਮੂੜ੍ਹ, ਚਤੁਰ ਸੁਘੜ ਦਿਤੀ ਵਡਿਆਈਆ । ਮੇਰਾ ਨਾਤਾ ਤੁੱਟਿਆ ਕੂੜੋ ਕੂੜ, ਸਚ ਸੁਚ ਮਿਲੀ ਸਰਨਾਈਆ । ਨਜ਼ਰੀ ਆਇਆ ਇਕ ਹਜ਼ੂਰ, ਜੋ ਹਜ਼ਰਤ ਨੂਰ ਅਲਾਹੀਆ । ਮਿਹਰ ਨਿਗਾਹ ਨਾਲ ਕਰ ਕੇ ਮੁਆਫ਼ ਕਸੂਰ, ਮੁਹੱਬਤ ਆਪਣੇ ਵਿਚ ਬੰਧਾਈਆ । ਅੰਤਰ ਰਿਹਾ ਨਾ ਕੋਇ ਗ਼ਰੂਰ, ਗ਼ੁਰਬਤ ਦਿਤੀ ਗੁਆਈਆ । ਮੈਨੂੰ ਸੰਦੇਸ਼ਾ

੭੯੮
੨੧

ਦਿਤਾ ਮੇਰਾ ਨਾਮ ਕਰ ਮਸ਼ਹੂਰ, ਮਸ਼ਵਰਾ ਇਕੋ ਨਾਲ ਪਕਾਈਆ । ਕੀ ਹੋਇਆ ਜੇ ਮੂਸਾ ਜਲਵਾ ਤੱਕਿਆ ਨੂਰ, ਕੋਹਤੂਰ ਚਮਕ ਚਮਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਗੁਰ ਅਵਤਾਰ ਵੇਖੇ ਪੈਗ਼ੰਬਰ, ਬਿਨ ਪਰਾ ਪਸੰਤੀ ਮਧਮ ਬੈਖਰੀ ਪ੍ਰਭ ਦਾ ਢੋਲਾ ਗਾਈਆ । ਜਿਨ੍ਹਾਂ ਦਾ ਨਿਰਗੁਣ ਧਾਰ ਹੋਇਆ ਸਵੰਬਰ, ਸਚਖੰਡ ਕੰਤ ਰਹੇ ਹੰਢਾਈਆ । ਮਾਲਕ ਮਿਲਿਆ ਸਰਬ ਗੁਣਾ ਭਰਤੰਬਰ, ਭਰਪੂਰ ਰਿਹਾ ਸਰਬ ਠਾਈਂਆ । ਜੋ ਲੈ ਗਿਆ ਸਚਖੰਡ ਦਵਾਰੇ ਮੈਨੂੰ ਅੰਦਰ, ਜਿਸ ਦੀ ਦਿਸ਼ਾ ਕੂਟ ਵੰਡ ਨਾ ਕੋਇ ਵੰਡਾਈਆ । ਨਾ ਕੋਈ ਤਾਲਾ ਨਾ ਕੋਈ ਜੰਦਰ, ਹੱਦ ਸਮਝ ਕੋਇ ਨਾ ਪਾਈਆ । ਫਿਰ ਵਖਾਈ ਅਗੰਮੀ ਕੰਦਰ, ਜਿਥੇ ਬਿਨ ਸੂਰੀਆ ਚੰਦ ਹੋਏ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਓਥੇ ਸਾਰੇ ਬੈਠੇ ਮੰਗਣ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਦੀਨ ਦਿਆਲਾ ਚਾੜ੍ਹੇ ਰੰਗਣ, ਅਨਡਿੱਠੜਾ ਰੰਗ ਰੰਗਾਈਆ । ਨਮਸਤੇ ਕਲਮਾ ਸੱਯਦਾ ਡੰਡਾਵਤ ਦੱਸੇ ਆਪਣੀ ਬੰਦਨ, ਬੰਦਗੀ ਇਕ ਜਣਾਈਆ । ਦੀਨ ਮਜ਼੍ਹਬ ਦੇ ਪਾ ਕੇ ਫੰਦਨ, ਤੰਦਨ ਨਾਲ ਜੁੜਾਈਆ । ਕਰੇ ਖੇਲ ਸੂਰਾ ਸਰਬੰਗਣ, ਹਰਿ ਕਰਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਮਾਲਕ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਗੁਰ ਅਵਤਾਰ ਪੈਗ਼ੰਬਰ ਵੇਖੇ ਝੁਕਦੇ, ਨਿਉਂ ਨਿਉਂ ਸੀਸ ਨਿਵਾਈਆ । ਜਿਨ੍ਹਾਂ ਦੇ ਪੈਂਡੇ ਅੰਤਮ ਮੁਕਦੇ, ਅੱਗੇ ਰਾਹ ਨਾ ਕੋਇ ਵਖਾਈਆ । ਅੱਗੇ ਲੇਖੇ ਹੋਣੇ ਗੋਬਿੰਦ ਸੂਰੇ ਪੁੱਤ ਦੇ, ਪਿਤਾ ਪੁਰਖ ਅਕਾਲ ਦੇਵੇ ਵਡਿਆਈਆ । ਪੱਤ ਫੁੱਲ ਮੌਲਣੇ ਸਤਿਜੁਗ ਵਾਲੀ ਰੁਤ ਦੇ, ਰੁਤੜੀ ਆਪਣੇ ਨਾਲ ਮਹਿਕਾਈਆ । ਕਲਜੁਗ ਕੂੜੇ ਲੇਖੇ ਰਹਿਣੇ ਨਹੀਂ ਦੁੱਖ ਦੇ, ਦੁਖੀਆਂ ਦਰਦ ਦਏ ਗੁਆਈਆ । ਝਗੜੇ ਮੁਕਾਉਣੇ ਮਾਨਸ ਮਾਨਵ ਮਾਨੁੱਖ ਦੇ, ਆਤਮ ਬ੍ਰਹਮ ਦੇਣਾ ਸਮਝਾਈਆ । ਡੰਕੇ ਵੱਜਣੇ ਸ਼ਬਦ ਅਗੰਮੀ ਸੁਤ ਦੇ, ਜੋ ਸੁੱਤਿਆਂ ਲਏ ਜਗਾਈਆ । ਸੰਤ ਸੁਹੇਲੇ ਵੇਖਣੇ ਉਠਦੇ, ਜਨ ਭਗਤ ਲੈਣ ਅੰਗੜਾਈਆ । ਸਦੀ ਚੌਧਵੀਂ ਕਹੇ ਪ੍ਰਭ ਦੇ ਭਾਣੇ ਕਦੇ ਨਾ ਰੁਕਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਨਾਅਰੇ ਜੈਕਾਰੇ ਲੱਗਣੇ ਇਕੋ ਤੁਕ ਦੇ, ਜੋ ਤੁਰੀਆ ਤੋ ਪਰੇ ਮੇਲਾ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਣਜ ਕਰਾਏ ਸਾਚੇ ਨਾਮ ਸਲੋਕ ਦੇ, ਸੁਲਾਹਕੁਲ ਆਪ ਪ੍ਰਗਟਾਈਆ ।

ਜਨ ਭਗਤੋ ਤੁਹਾਡੇ ਸੀਸ ਸੋਹੇ ਦਸਤਾਰ, ਦਸਤ ਪ੍ਰਭ ਦੇ ਨਾਲ ਮਿਲਾਈਆ । ਤੁਹਾਡੇ ਅੰਦਰ ਹੋਵੇ ਗੁਫ਼ਤਾਰ, ਗੁਫ਼ਤ ਸ਼ਨੀਦ ਕਰੇ ਪੜ੍ਹਾਈਆ । ਤੁਸੀਂ ਓਸ ਪ੍ਰਭੂ ਦੇ ਯਾਰ, ਜੋ ਆਤਮ ਪਰਮਾਤਮ ਮੇਲ ਮਿਲਾਈਆ । ਕਲਜੁਗ ਵਿਚ ਹੋ ਕੇ ਖ਼ਬਰਦਾਰ, ਆਪਣੀ ਲੈਣੀ ਆਪ ਅੰਗੜਾਈਆ । ਤੁਹਾਡਾ ਮੇਲਾ ਨਾਲ ਓਸ ਨਿਰੰਕਾਰ, ਜੋ ਨਿਰਗੁਣ ਨੂਰ ਜੋਤ ਅਲਾਹੀਆ । ਸਚ ਮੁਹੱਬਤ ਵਿਚ ਬਣਿਓ ਬਰਖ਼ੁਰਦਾਰ, ਅਜ਼ੀਜ਼ ਅਜ਼ੀਜ਼ਾਂ ਰੂਪ ਬਣਾਈਆ । ਮਾਣਸ ਜਨਮ ਨਾ ਆਵੇ ਹਾਰ, ਜੂਨੀ ਜੂਨ ਨਾ ਕੋਇ ਭਵਾਈਆ । ਦਰਗਾਹ ਸਾਚੀ ਸਚਖੰਡ ਮਿਲੇ ਦੁਆਰ, ਜਿਥੇ ਦੁਆਰਕਾਵਾਸੀ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਦਸਤਾਰ ਕਹੇ ਮੈਨੂੰ ਕਹਿੰਦੇ ਪਗੜੀ, ਜਗਤ

ਰੀਤੀ ਚਲੀ ਆਈਆ । ਮੈਂ ਜਗਤ ਵਡਿਆਈ ਵਿਚ ਗਈ ਜੱਕੜੀ, ਆਬਰੂ ਦੁਨੀ ਵਾਲੀ ਵਧਾਈਆ । ਮੰਜ਼ਲ ਚੜ੍ਹ ਨਾ ਵੇਖੀ ਸਿਖ਼ਰੀ, ਅੰਤਸ਼ਕਰਨ ਨਾ ਕੋਇ ਬਦਲਾਈਆ । ਮੈਂ ਸੁਣਿਆ ਮੁਹੰਮਦ ਦਾ ਸੰਮਤ ਖ਼ਤਮ ਹੋਣਾ ਹਿਜਰੀ, ਹਿਜਰ ਵਾਲੇ ਗੁਰਮੁਖ ਵੇਖਾਂ ਚਾਈਂ ਚਾਈਂਆ । ਜਿਨ੍ਹਾਂ ਦਾ ਨਾਤਾ ਅੰਤਰ ਇਕ ਜਿਗਰੀ, ਲਖ਼ਤੇਜਿਗਰ ਪ੍ਰਭ ਦੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਤੁਸਾਂ ਕੱਢੇ ਪੱਗਾਂ ਦੇ ਤੁਰਲੇ, ਤੁਰੀਆ ਤੋਂ ਪਰੇ ਤੁਹਾਡੀ ਚੜ੍ਹਾਈਆ । ਜ਼ਰਾ ਹਾਲ ਸੁਣ ਲਓ ਮੁਢਲੇ, ਪਿਛਲਾ ਲੇਖਾ ਦਿਆਂ ਜਣਾਈਆ । ਜਿਹੜੇ ਭੇਵ ਰੱਖੇ ਪ੍ਰਭ ਗੁੰਝਲੇ, ਗੰਢ ਨਾ ਕੋਇ ਖੁਲ੍ਹਾਈਆ । ਜਿਸ ਵੇਲੇ ਗੋਬਿੰਦ ਬਾਜ਼ ਟਿਕਾਇਆ ਆਪਣੀ ਉਂਗਲੇ, ਓਸ ਵੇਲੇ ਜ਼ਿਮੀਂ ਅਸਮਾਨ ਹੋਏ ਸੀ ਧੁੰਦਲੇ, ਸੂਰੀਆ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਇਹ ਪਗੜੀ ਨਹੀਂ ਨਾ ਇਹ ਪਟਕਾ, ਤਾਣਾ ਪੇਟਾ ਸੂਤ ਨਾ ਕੋਇ ਵਡਿਆਈਆ । ਇਹ ਕੋਈ ਰੂਪ ਨਹੀਂ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਝੀਵਰ ਛੀਂਬੇ ਨਾਈ ਜੱਟ ਕਾ, ਤਤ ਵਜੂਦ ਨਾ ਕੋਇ ਵਡਿਆਈਆ । ਇਹ ਕੋਈ ਵਣਜ ਵਪਾਰ ਨਹੀਂ ਜਗਤ ਵਣਜਾਰੇ ਹੱਟ ਕਾ, ਕ਼ੀਮਤ ਕਹਿਣ ਕੋਇ ਨਾ ਪਾਈਆ । ਇਹ ਮਾਣ ਵਡਿਆਈ ਗੁਰਮੁਖੋ ਜੋ ਗੁਰ ਗੋਬਿੰਦ ਲਾਜ ਰੱਖਦਾ, ਦੂਸਰ ਸੀਸ ਨਾ ਕੋਇ ਝੁਕਾਈਆ । ਤੁਹਾਡੇ ਸਿਰ ਤੇ ਪੁਰਖ ਅਬਿਨਾਸ਼ੀ ਪੱਗੜੀ ਓਹ ਰੱਖਦਾ, ਜਿਸ ਨੂੰ ਗੋਬਿੰਦ ਪਗ ਗਿਆ ਛੁਹਾਈਆ । ਅੱਜ ਤੋਂ ਬਾਦ ਤੁਹਾਡਾ ਮੇਲਾ ਸਦਾ ਹੋਵੇ ਸ਼ਾਹ ਰਗ ਦਾ, ਨਿਰਗੁਣ ਨੂਰ ਦਏ ਚਮਕਾਈਆ । ਝਗੜਾ ਕੂੜ ਮੇਟ ਕੇ ਜਗ ਦਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਹ ਖੇਲ ਵੇਖੋ ਸਚ ਦਾ, ਸਚ ਮੇਲਾ ਲਏ ਮਿਲਾਈਆ । ਜੋ ਜੁਗ ਜੁਗ ਪੈਜ ਰੱਖਦਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਮੈਂ ਵੇਖਿਆ ਧੁਰ ਦਾ ਕਮਲਾਪਤੀ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦਾ ਨਾਮ ਭੇਰਾ ਜੁਗ ਜੁਗ ਮਿਲਦਾ ਰਤੀ, ਰਤਨ ਅਮੋਲਕ ਹੀਰੇ ਦਏ ਬਣਾਈਆ । ਜਿਸ ਨੇ ਤੁਹਾਡੇ ਅੰਦਰ ਜਗਾਈ ਮੋਮਬੱਤੀ, ਆਤਮ ਬ੍ਰਹਮ ਕੀਤੀ ਰੁਸ਼ਨਾਈਆ । ਓਸ ਦਾ ਘਰ ਘਰਾਨਾ ਵੱਡਾ ਸਚਖੰਡ ਦਵਾਰਾ ਧੁਰ ਦੀ ਹੱਟੀ, ਹਟਵਾਣਾ ਇਕੋ ਸੋਭਾ ਪਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੈਗ਼ੰਬਰਾਂ ਪੜ੍ਹੀ ਪੱਟੀ, ਪਟਨੇ ਵਾਲਾ ਗਿਆ ਸਮਝਾਈਆ । ਨਾਨਕ ਦੇ ਲੇਖ ਭੇਵ ਖੁਲ੍ਹਾਉਂਦੇ ਜੁਗ ਛੱਤੀ, ਛਤੀਸਾ ਰਾਗ ਦਏ ਦੁਹਾਈਆ । ਮੁਹੰਮਦ ਜਣਾ ਕੇ ਗਿਆ ਧਾਰ ਤੀਸ ਬਤੀਸਾ ਬੱਤੀ, ਬਾਵਨ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸਤਿਗੁਰ ਲਹਿਣਾ ਦੇਣਾ ਸਭ ਦਾ ਚੁਕਾਵੇ ਹੱਥੋ ਹੱਥੀ, ਲੇਖਾ ਅਵਰ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਹੋਵੇ ਸਰਬ ਪੱਖੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਚੜ੍ਹ ਗਈ ਉਤੇ ਚੋਟੀ, ਥੱਲੇ ਚੋਟਿਆਂ ਵੇਖ ਵਖਾਈਆ । ਜਨ ਭਗਤੋ ਅੱਗੇ ਕਿਸੇ ਨੂੰ ਲਭਦੀ ਨਹੀਂ ਰੋਟੀ, ਸੁੱਕਾ ਟੁਕੜਾ ਹੱਥ ਕਿਸੇ ਨਾ ਆਈਆ । ਸਚ ਦਵਾਰੇ ਇਕੋ ਨੂਰ ਤੇ ਇਕੋ ਜੋਤੀ, ਜੋਤੀ ਜੋਤ ਜੋਤ ਵਿਚ ਸਮਾਈਆ । ਤੁਸੀਂ ਉਸ ਪ੍ਰਭੂ ਦੇ ਗੋਤੀ, ਜਿਸ ਦਾ ਵਰਨ ਬਰਨ ਵੰਡ ਨਾ ਕੋਇ ਕਰਾਈਆ । ਉਹ ਠਾਕਰ ਸਵਾਮੀ ਆਦਿ ਜੁਗਾਦੀ ਧੁਰ ਦਾ ਮੌਜੀ, ਰਵਦਾਸ ਚਮਾਰਾ ਦਏ ਗਵਾਹੀਆ । ਸਚ ਦਵਾਰੇ ਦੇਵੇ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਉਸ ਦੇ ਹੱਥ ਵਿਚ ਸਭ ਦੀ ਰੋਜ਼ੀ,

ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਵੇਖਿਓ ਰੋਟੀ ਪਿਛੇ ਕਿਸੇ ਦੇ ਬਣਿਓ ਨਾ ਦੋਖੀ, ਦੁਖੀਆਂ ਦਾ ਦਰਦ ਲੈਣਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਧਾਰ ਨਿਰਵੈਰ ਦੇਵੇ ਪਾਰਬ੍ਰਹਮ ਬ੍ਰਹਮ ਧਾਰ ਦੀ ਸੋਝੀ, ਮਨ ਮਤ ਬੁੱਧੀ ਤੋਂ ਪਰੇ ਆਪਣਾ ਭੇਵ ਖੁਲ੍ਹਾਈਆ ।

### ❋ ੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਧਨੀ ❋

ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਮੁਕਾਮੇ ਹੱਕ ਪੁੱਜੀ, ਸਚਖੰਡ ਦਵਾਰਾ ਵੇਖਿਆ ਚਾਈਂ ਚਾਈਂਆ । ਨੇਤਰ ਰੋ ਕੇ ਕਿਹਾ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਔਧ ਮੁਕੀ, ਪਰਵਰਦਿਗਾਰ ਸਾਂਝੇ ਯਾਰ ਤੇਰੀ ਬੇਪ੍ਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਉਮਤ ਪਲੀਤ ਹੋਈ ਬੁੱਧੀ, ਪਾਕ ਰਸੂਲ ਤੇਰਾ ਪਾਕ ਨੂਰ ਨਜ਼ਰ ਕੋਇ ਨਾ ਆਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਖੇਲ ਕਰੇਂ ਚੌਂਹ ਜੁਗੀ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਕਲ ਵਰਤਾਈਆ । ਚੌਦਾਂ ਤਬਕ ਮੈਂ ਫਿਰ ਫਿਰ ਹੋ ਗਈ ਬੁੱਢੀ, ਹੱਡ ਮਾਸ ਨਾੜੀ ਅੰਤਮ ਕੰਮ ਕਿਸੇ ਨਾ ਆਈਆ । ਸੀਰ ਰਿਹਾ ਨਾ ਕੋਈ ਦੁੱਧੀ, ਅਕ਼ਲ ਬੁੱਧੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੈਂ ਦਰਗਾਹ ਸਾਚੀ ਮੁਹੰਮਦ ਨਿਰਗੁਣ ਧਾਰ ਵੇਖਿਆ ਦਿਲਗੀਰ, ਈਸਾ ਮੂਸਾ ਨਾਲ ਮਿਲਾਈਆ । ਨਜ਼ਰ ਆਇਆ ਨਾ ਕੋਇ ਪੀਰ, ਸੂਫ਼ੀ ਸੀਸ ਨਾ ਕੋਇ ਉਠਾਈਆ । ਸਚਖੰਡ ਦਵਾਰੇ ਸਾਰੇ ਵੇਖੇ ਹਕੀਰ, ਸ਼ਹਿਨਸ਼ਾਹ ਇਕੋ ਨੂਰ ਅਲਾਹੀਆ । ਜਿਸ ਦਾ ਰੂਪ ਰੰਗ ਰੇਖ ਦੱਸ ਸਕਿਆ ਨਾ ਕੋਇ ਤਸਵੀਰ, ਮੁਸੱਵਰ ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਚੋਟੀ ਚੜ੍ਹ ਕੇ ਬੈਠਾ ਇਕ ਅਖ਼ੀਰ, ਏਕੰਕਾਰਾ ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਈਆ । ਜਿਸ ਨੇ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਸ਼ਰਅ ਬਣਾਈ ਜ਼ੰਜੀਰ, ਹਿੰਦੂ ਮੁਸਲਿਮ ਸਿੱਖ ਈਸਾਈ ਲੋਕਮਾਤ ਵੰਡ ਵੰਡਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਸਾਰੇ ਪੜ੍ਹਦੇ ਤਕਬੀਰ, ਤਕ਼ਦੀਰ ਦਾ ਮਾਲਕ ਨੂਰ ਅਲਾਹੀਆ । ਸੋ ਲੇਖਾ ਜਾਣੇ ਸ਼ਾਹ ਹਕੀਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਖੋਜ ਖੁਜਾਈਆ । ਜਿਸ ਦਾ ਖੇਲ ਅਨੋਖਾ ਹੋਣਾ ਬੇਨਜ਼ੀਰ, ਜਗ ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦੀ ਗਹਿਰ ਗੰਭੀਰ, ਬੇਐਬ ਨੂਰ ਖ਼ੁਦਾਈਆ । ਸੋ ਸਤਿਜੁਗ ਸਾਚੀ ਬਣਾ ਰਿਹਾ ਤਦਬੀਰ, ਤਰੀਕਾ ਢੰਗ ਸਾਧਨ ਲੋਕਮਾਤ ਨਾ ਕਿਸੇ ਜਣਾਈਆ । ਨਿਉਂ ਨਿਉਂ ਝੁਕਦਾ ਬਿਨ ਤਨ ਸਰੀਰ ਵੇਖਿਆ ਕਬੀਰ, ਜੋ ਕਾਅਬੇ ਤੋਂ ਬਾਹਰ ਵੇਖੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੁਹੰਮਦ ਅੰਦਰ ਵੇਖੀ ਹੈਰਾਨੀ, ਹੈਰਤ ਵਿਚ ਧਿਆਨ ਲਗਾਈਆ । ਮੇਰੀ ਸ਼ਰਅ ਹੋਈ ਬੇਗਾਨੀ, ਜਿਸਮ ਜ਼ਮੀਰ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਜੂਠ ਝੂਠ ਤ੍ਰਗਿਆਨੀ, ਕਲਜੁਗ ਵਹਿਣ ਰਿਹਾ ਵਖਾਈਆ । ਸਦੀ ਚੌਧਵੀਂ ਹਰ ਹਿਰਦੇ ਹੋਏ ਪਰੇਸ਼ਾਨੀ, ਪਰਮਾਨੰਦ ਨਾ ਕੋਇ ਸਮਾਈਆ । ਸੂਫ਼ੀ ਸੰਤ

ਫ਼ਕੀਰ ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਪੜ੍ਹ ਪੜ੍ਹ ਪੁਸਤਕ ਢੋਲੇ ਸਾਰੇ ਰਹੇ ਗਾਈਆ । ਲੇਖਾ ਮੁੱਕਣ ਲੱਗਾ ਗੋਬਿੰਦ ਸੁਤ ਦੁਲਾਰੇ ਕੁਰਬਾਨੀ, ਚਾਰੋਂ ਕੁੰਟ ਪਏ ਦੁਹਾਈਆ । ਵਰਨ ਬਰਨ ਜ਼ਾਤ ਪਾਤ ਵਧੀ ਬੇਈਮਾਨੀ, ਬੇਵਾ ਰੂਪ ਦਿਸੇ ਲੋਕਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਗੁਰ ਅਵਤਾਰ ਪੈਗ਼ੰਬਰ ਸਾਰੇ ਤੱਕਣ ਰਹਿਬਰ ਤੇਰਾ ਰਾਹ ਨਿਗਾਹਬਾਨੀ, ਨਰ ਨਿਰੰਕਾਰ ਤੇਰੇ ਹੱਥ ਵਡਿਆਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਆਬੇਹਯਾਤ ਦੇਵੇ ਕੋਇ ਨਾ ਪਾਣੀ, ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਰੋਵੇ ਮਾਰੇ ਧਾਈਆ । ਕਲਜੁਗ ਜੀਵ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਥੱਕੇ ਬਾਣੀ, ਅੰਤਰ ਆਤਮ ਨਿਰੰਤਰ ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਰੰਗ ਨਾ ਕੋਇ ਰੰਗਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਏ ਨਾ ਕੋਇ ਜੀਵ ਪ੍ਰਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਰਾਗਾਂ ਨਾਦਾਂ ਰਸਨਾ ਜਿਹਵਾ ਸ੍ਰਿਸ਼ਟੀ ਰਹੀ ਗਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਵੇਖਣਹਾਰਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਕਰ ਮਿਹਰਵਾਨੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਸਦੀ ਚੌਧਵੀਂ ਕਹੇ ਮੁਹੰਮਦ ਚਾਰ ਕੁੰਟ ਮਾਰੇ ਨਿਗਾਹ, ਬਿਨ ਨੈਣਾਂ ਨੈਣ ਉਠਾਈਆ । ਲੋਕਮਾਤ ਵਿਚੋਂ ਮੇਰਾ ਕਲਮਾ ਹੋਣਾ ਵਿਦਾ, ਕਾਇਨਾਤ ਰਿਹਾ ਸੁਣਾਈਆ । ਪਰਵਰਦਿਗਾਰ ਸਾਂਝੇ ਯਾਰ ਧੁਰ ਦੇ ਅਮਾਮ ਮਾਰਗ ਦੱਸਣਾ ਸਿੱਧਾ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਮਸੀਤ ਇਕੋ ਹੋਵੇ ਜਗਹ, ਤਨ ਵਜੂਦ ਮਾਟੀ ਖ਼ਾਕ ਵੰਡ ਨਾ ਕੋਇ ਵੰਡਾਈਆ । ਦੀਨ ਦੁਨੀ ਬਦਲ ਦੇਵੇ ਤਬਅ, ਤਬੀਅਤ ਸ਼ਰੀਅਤ ਜਗਤ ਵਿਕਾਰ ਡੇਰਾ ਢਾਹੀਆ । ਸਤਿ ਧਰਮ ਦੀ ਇਕੋ ਹੋਵੇ ਸਭਾ, ਸਚ ਸਵਾਮੀ ਨਿਰਗੁਣ ਦਾਤਾ ਆਪੇ ਵੇਖ ਵਖਾਈਆ । ਰਸਨਾ ਰਸ ਅੰਮ੍ਰਿਤ ਦੇਵੇ ਧੁਰ ਦੀ ਮਧਾ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹ ਰਗਾ, ਨੌ ਦਵਾਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਧੁਰ ਦਾ ਹਰਿ, ਦਰ ਠਾਂਡਾ ਖੋਜ ਖੁਜਾਈਆ । ਸਦੀ ਚੌਧਵੀਂ ਕਹੇ ਮੁਹੰਮਦ ਸੰਦੇਸੇ ਵਿਚ ਰਿਹਾ ਦੱਸ, ਅਗੰਮ ਆਵਾਜ਼ ਸੁਣਾਈਆ । ਮੇਰਾ ਰਿਹਾ ਕੁਛ ਨਾ ਵੱਸ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਅੰਤ ਅਖ਼ੀਰ ਮੇਰਾ ਦੇ ਦੇ ਹੱਕ, ਹੱਕ ਹਕੀਕਤ ਵੇਖ ਨੂਰ ਅਲਾਹੀਆ । ਮੇਰੀ ਉਮਤ ਬਣੀ ਚੋਰ ਯਾਰ ਠਗ, ਠਗੌਰੀ ਘਰ ਘਰ ਨਜ਼ਰੀ ਆਈਆ । ਝਗੜਾ ਪਿਆ ਮਾਸ ਨਾੜੀ ਹੱਡ, ਤਨ ਵਜੂਦ ਕਰੇ ਲੜਾਈਆ । ਸਾਚਾ ਮਾਰਗ ਮੁੱਲਾ ਸ਼ੇਖ਼ ਮੁਸਾਇਕ ਗਏ ਛੱਡ, ਕਾਇਆ ਕਾਅਬਾ ਨਜ਼ਰ ਕਿਸੇ ਨਾ ਆਈਆ । ਦਰੋਹੀ ਦਰੋਹੀ ਦਰੋਹੀ ਮੇਰੀ ਰਹੀ ਕੋਈ ਨਾ ਹੱਦ, ਹੱਦ ਆਪਣੀ ਦੇ ਸਮਝਾਈਆ । ਪਰਵਰਦਿਗਾਰ ਧੁਰ ਦੇ ਯਾਰ ਗੁਰ ਅਵਤਾਰ ਪੈਗ਼ੰਬਰ ਅਸੀਂ ਸਾਰੇ ਤੇਰੀ ਨੂਰੀ ਯੱਦ, ਨੂਰ ਨੁਰਾਨੇ ਨੂਰ ਨੂਰ ਕਰ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਉੱਤਰ ਪੂਰਬ ਪੱਛਮ ਦੱਖਣ ਵੇਖ ਲੱਗੀ ਅੱਗ, ਤ੍ਰੈਗੁਣ ਮਾਇਆ ਪੰਜ ਤਤ ਅਗਨੀ ਅੱਗ ਨਾ ਕੋਇ ਬੁਝਾਈਆ । ਮਿਹਰਵਾਨ ਮਹਿਬੂਬ ਪ੍ਰਗਟ ਹੋ ਵਿਚ ਜਗ, ਜਾਗਰਤ ਜੋਤ ਬਿਨ

ਵਰਨ ਗੋਤ ਕਰ ਰੁਸ਼ਨਾਈਆ । ਤੂੰ ਸਰਬ ਕਲਾ ਸਮਰਥ, ਆਦਿ ਜੁਗਾਦਿ ਤੇਰੇ ਹੱਥ, ਜੁਗ ਚੌਕੜੀ ਚਲਾਵੇਂ ਰਥ, ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਕਵਲ ਰਹੇ ਢੱਠ, ਦਰ ਠਾਂਡੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜੀਵ ਜੰਤ ਅੰਤਰ ਆਤਮ ਪਰਮਾਤਮ ਆਪਣਾ ਦੇ ਅਗੰਮੀ ਰਸ, ਜਿਸ ਰਸ ਨੂੰ ਰਸਨਾ ਜਿਹਵਾ ਚਖ ਕੋਇ ਨਾ ਪਾਈਆ ।

## ❋ ੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਖਰਾਮ ਦੇ ਗ੍ਰਿਹ ਪਿੰਡ ਚੱਕਰ ❋

ਮੁਹੰਮਦ ਚੌਦਾਂ ਤਬਕ ਵੇਖੇ ਨਾਲ ਇਤਫ਼ਾਕ, ਆਪ ਆਪਣੀ ਅੱਖ ਉਠਾਈਆ । ਚਾਰੋਂ ਕੁੰਟ ਦਿਸੇ ਨਫ਼ਾਕ, ਮੁਹੱਬਤ ਹੱਕ ਨਾ ਕੋਇ ਕਮਾਈਆ । ਦੀਨ ਮਜ਼੍ਹਬ ਕਰੇ ਫ਼ਸਾਦ, ਜ਼ਾਤ ਪਾਤ ਜਗਤ ਲੜਾਈਆ । ਧੁਨ ਆਤਮਕ ਸੁਣੇ ਨਾ ਕੋਇ ਆਵਾਜ਼, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਹੱਕ ਖ਼ੁਦਾ ਹੋਇਆ ਨਾਰਾਜ਼, ਧੁਰ ਦਾ ਪ੍ਰੇਮ ਨਾ ਕੋਇ ਬਣਾਈਆ । ਅੰਤਰ ਆਤਮ ਪਰਦਾ ਖੋਲ੍ਹੇ ਨਾ ਕੋਇ ਆਗ਼ਾਜ਼, ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਜੋੜ ਨਾ ਕੋਇ ਜੁੜਾਈਆ । ਮਨ ਮਨਸਾ ਘਰ ਘਰ ਕਰੇ ਨਾਚ, ਕਲਜੁਗ ਨਟੂਆ ਆਪਣਾ ਸਵਾਂਗ ਵਰਤਾਈਆ । ਸਤਿ ਧਰਮ ਵਸਤ ਅਮੋਲਕ ਰਹੀ ਕੋਈ ਨਾ ਸਾਚ, ਜੂਠ ਝੂਠ ਜਗਤ ਕੁੜਮਾਈਆ । ਹਉਮੇ ਹੰਗਤਾ ਲੱਗੀ ਆਂਚ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਆਤਮ ਪਰਮਾਤਮ ਮੇਲਾ ਮਿਲੇ ਨਾ ਕਮਲਾਪਾਤ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਦਰਸ ਦੇਵੇ ਨਾ ਕਿਸੇ ਸਾਖਿਆਤ, ਸਤਿ ਸਰੂਪੀ ਸ਼ਾਹੋ ਭੂਪੀ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਅੰਤ ਅਖ਼ੀਰ ਹੋਈ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਬਣਾਏ ਨਾ ਕੋਈ ਇਕ ਜਮਾਤ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਭੇਵ ਨਾ ਕੋਇ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪੜ੍ਹੇ ਕੋਈ ਨਾ ਗਾਥ, ਅੱਲਾ ਵਾਹਿਗੁਰੂ ਰਾਮ ਨਾਮ ਜਗਤ ਪਈ ਲੜਾਈਆ । ਸੋਈ ਸੁਰਤੀ ਤਨ ਵਜੂਦ ਮਾਟੀ ਖ਼ਾਕ ਕਿਤੇ ਨਾ ਰਹੀ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤ੍ਰੈਗੁਣ ਮਾਇਆ ਲੱਗੀ ਆਗ, ਦੀਨ ਦੁਨੀ ਰਹੀ ਜਲਾਈਆ । ਕੀ ਕਰੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਮੁਹੰਮਦ ਕਹੇ ਮੈਂ ਵੇਖਿਆ ਮਾਟੀ ਖ਼ਾਕ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਮਿਤ੍ਰ ਪਿਆਰਾ ਦੋਸਤ ਰਫ਼ੀਕ ਰਿਹਾ ਕੋਈ ਨਾ ਸਾਕ, ਸੱਜਣ ਸੰਗ ਨਾ ਕੋਇ ਬਣਾਈਆ । ਹੰਸ ਬੁੱਧੀ ਕਲਜੁਗ ਜੀਵਾਂ ਹੋਈ ਕਾਗ, ਕੂੜ ਕਲਪਣਾ ਵਿਚ ਕੁਰਲਾਈਆ । ਦੁਰਮਤ ਮੈਲ ਧੋਏ ਕੋਈ ਨਾ ਦਾਗ਼, ਪਤਤ ਪੁਨੀਤ ਰੂਪ ਨਾ ਕੋਇ ਵਟਾਈਆ । ਸਤਿ ਧਰਮ ਹੋਇਆ ਅਪਾਹਜ, ਕਲਜੁਗ ਕੂੜ ਆਪਣਾ ਡੰਕ ਵਜਾਈਆ । ਗੁਰ ਅਵਤਾਰ ਪੈਗ਼ੰਬਰ ਕੋਈ ਨਾ ਦੇਵੇ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰਸਨਾ ਜਿਹਵਾ ਬੱਤੀ ਦੰਦ ਪੜ੍ਹਦੇ ਗਾਥ, ਅੰਤਰ ਆਤਮ ਪਰਮਾਤਮ

ਮੇਲ ਨਾ ਕੋਇ ਮਿਲਾਈਆ । ਦੀਨ ਦੁਨੀ ਜਗਤ ਵਿਕਾਰੇ ਵਿਕੀ ਹਾਟ, ਧੁਰ ਦਾ ਨਾਮ ਵਣਜ ਨਾ ਕੋਇ ਜਣਾਈਆ । ਤਨ ਵਜੂਦ ਮਾਟੀ ਖ਼ਾਕ ਸੁਖ ਮਾਨਣ ਸੇਜਾ ਖਾਟ, ਆਤਮ ਸੇਜਾ ਆਸਣ ਸਿੰਘਾਸਣ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਦੀ ਚੌਧਵੀਂ ਤੇਰਾ ਲੇਖਾ ਦਏ ਚੁਕਾਈਆ । ਮੁਹੰਮਦ ਕਹੇ ਮੇਰਾ ਲੇਖ ਬਿਨ ਕ਼ਲਮ ਸ਼ਾਹੀ ਲਿਖਤ, ਕਾਗ਼ਜ਼ ਦਏ ਨਾ ਕੋਇ ਗਵਾਹੀਆ । ਪੈਗ਼ੰਬਰ ਅਵਤਾਰਾਂ ਦੱਸਿਆ ਭਵਿਖਤ, ਗੁਰੂ ਗੁਰਦੇਵ ਦੇਣ ਗਵਾਹੀਆ । ਅੰਤ ਅਖ਼ੀਰ ਬੇਨਜ਼ੀਰ ਸਭ ਦਾ ਇਕੋ ਕਰੇ ਇਸ਼ਟ, ਪੁਰਖ ਅਕਾਲਾ ਇਕੋ ਨਜ਼ਰੀ ਆਈਆ । ਦੀਨ ਦੁਨੀ ਦੀ ਖੋਲ੍ਹੇ ਦ੍ਰਿਸ਼ਟ, ਅੰਤਰ ਪਰਦਾ ਆਪ ਚੁਕਾਈਆ । ਮਨ ਵਿਕਾਰ ਬੁੱਧੀ ਮਲੀਣ ਨਾ ਹੋਵੇ ਭ੍ਰਿਸ਼ਟ, ਸਾਚੀ ਸਿਖਿਆ ਇਕ ਸਮਝਾਈਆ । ਝਗੜਾ ਮੁਕਾ ਕੇ ਦੋਜ਼ਖ਼ ਬਹਿਸ਼ਤ, ਸਵਰਗ ਸਵਰਗਾਂ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸਦੀ ਚੌਧਵੀਂ ਕਹੇ ਮੁਹੰਮਦ ਕੀ ਰਿਹਾ ਸੋਚ, ਸੋਚ ਵਿਚ ਨਾ ਕੋਇ ਵਡਿਆਈਆ । ਹੱਕ ਖ਼ੁਦਾ ਰਖ ਓਟ, ਪੁਰਖ ਅਕਾਲ ਬੇਪ੍ਰਵਾਹੀਆ । ਜੋ ਲੱਖ ਚੁਰਾਸੀ ਆਤਮ ਪਰਮਾਤਮ ਜਗਾਵੇ ਜੋਤ, ਹਰ ਘਟ ਅੰਦਰ ਨਿਰਗੁਣ ਨੂਰ ਕਰੇ ਰੁਸ਼ਨਾਈਆ । ਸੋ ਤੇਰਾ ਲਹਿਣਾ ਦੇਣਾ ਚੁਕਾਵੇ ਚੌਦਾਂ ਤਬਕ ਚੌਦਾਂ ਲੋਕ, ਪਰਲੋਕ ਆਪਣਾ ਹੁਕਮ ਮਨਾਈਆ । ਸਤਿਜੁਗ ਸਤਿ ਧਰਮ ਦੀ ਧਾਰਾ ਇਕ ਸੁਣਾਵੇ ਹੱਕ ਸਲੋਕ, ਸੋਹਲਾ ਢੋਲਾ ਇਕ ਅਲਾਹੀਆ । ਜੋ ਸ੍ਰਿਸ਼ਟੀ ਦ੍ਰਿਸ਼ਟੀ ਕਰੇ ਮੋਹਤ, ਮਨ ਕਲਪਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਹਜ਼ਰਤ ਕੀ ਅੰਤਮ ਕਰੇਂ ਵਿਚਾਰ, ਵਿਚਰ ਕੇ ਦੇ ਜਣਾਈਆ । ਕਰੇ ਖੇਲ ਪਰਵਰਦਿਗਾਰ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਦੀ ਭਵਿਖਤਾਂ ਵਿਚ ਕਰਦੇ ਰਹੇ ਇੰਤਜ਼ਾਰ, ਅਮਾਮ ਅਮਾਮਾ ਨੂਰ ਅਲਾਹੀਆ । ਕਲ ਕਲਕੀ ਇਕ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰੂ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਵਸੇ ਸਚਖੰਡ ਦਵਾਰ, ਮੁਕਾਮੇ ਹੱਕ ਸੋਭਾ ਪਾਈਆ । ਜਿਸ ਦਾ ਸ਼ਬਦ ਗੁਰੂ ਆਦਿ ਜੁਗਾਦਿ ਜੁਗ ਚੌਕੜੀ ਬੰਨ੍ਹੇ ਧਾਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਈਆ । ਸੋ ਕਰਨੀ ਦਾ ਕਰਤਾ ਕਰਤਾ ਪੁਰਖ ਹੋਵੇ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣੀ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਸੱਤ ਦੀਪ ਪਾਵੇ ਸਾਰ, ਮਹਾਂਸਾਰਥੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਤੇਰਾ ਮੇਰਾ ਪੈਂਡਾ ਰਿਹਾ ਮੁਕ, ਅੰਤ ਅਖ਼ੀਰ ਗਿਆ ਆਈਆ । ਉਮਤ ਬੂਟਾ ਜਾਣਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦੱਸਣੀ ਇਕੋ ਤੁਕ, ਤੁਖ਼ਮ ਤਾਸੀਰ ਦੇਣਾ ਬਦਲਾਈਆ । ਇਕੋ ਰੰਗ ਰੰਗੌਣੇ ਮਾਨਸ ਮਾਨੁੱਖ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਰੇ ਜਾਣੇ ਝੁਕ, ਡੰਡਾਵਤ ਬੰਦਨਾ ਸੱਯਦਾ ਇਕੋ ਇਕ ਸਮਝਾਈਆ । ਦੀਨ ਦੁਨੀ ਜ਼ਾਤ ਪਾਤ ਰਾਓ ਰੰਕ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬਦਲ ਦਏ ਰੁਖ਼, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਦਏ ਖੁਲ੍ਹਾਈਆ । ਜਨ ਭਗਤ ਸੁਹੇਲੇ ਗੁਰ ਗੁਰ ਚੇਲੇ ਪ੍ਰਗਟ ਕਰੇ ਆਪਣੇ ਸੁਤ, ਹਰਿਜਨ ਸਾਚੇ ਮੇਲ

ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਦਾਤਾ ਸਹਿਜ ਸੁਖਦਾਈਆ । ਮੁਹਮੰਦ ਕਹੇ ਮੈਂ ਅੰਤਮ ਰਿਹਾ ਤੱਕ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਕਰੇ ਪੁਰਖ ਸਮਰਥ, ਮੇਰਾ ਮਾਲਕ ਨੂਰ ਅਲਾਹੀਆ । ਕਿਸ ਬਿਧ ਸਦੀ ਚੌਧਵੀਂ ਤੇਰਾ ਪੂਰਾ ਕਰੇ ਹੱਕ, ਹੱਕ ਹਕੀਕਤ ਖੋਜ ਖੁਜਾਈਆ । ਸਤਿਜੁਗ ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਕਲਜੁਗ ਰੈਣ ਅੰਧੇਰੀ ਮੇਟੇ ਮਸ, ਧਰਮ ਦਾ ਚੰਦ ਇਕ ਚਮਕਾਈਆ । ਜਨ ਭਗਤਾਂ ਨਿਜ ਨੇਤਰ ਖੋਲ੍ਹੇ ਅੱਖ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸ਼ਬਦ ਨਾਦ ਸੁਣਾਏ ਅਨਹਦ, ਧੁਨ ਆਤਮਕ ਰਾਗ ਅਲਾਹੀਆ । ਨਿਝਰ ਝਿਰਨਾ ਅੰਮ੍ਰਿਤ ਰਸ ਬੂੰਦ ਸਵਾਂਤੀ ਦੇਵੇ ਝੱਟ, ਕਵਲ ਨਾਭੀ ਆਪ ਉਲਟਾਈਆ । ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼, ਕਾਇਆ ਮੰਦਰ ਅੰਦਰ ਹੱਕ ਰੁਸ਼ਨਾਈਆ । ਲੇਖੇ ਲਾਵੇ ਪਵਣ ਸਵਾਸ, ਸਾਹ ਸਾਹ ਆਪਣਾ ਨਾਮ ਜਪਾਈਆ । ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਸੁਰਤੀ ਸ਼ਬਦ ਰੂਪ ਬਦਲਾਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਸੋ ਸਾਹਿਬ ਸਤਿਗੁਰ ਪੁਰਖ ਅਕਾਲਾ ਦੀਨ ਦਿਆਲਾ ਹਰ ਘਟ ਅੰਦਰ ਰੱਖੇ ਵਾਸ, ਅੰਤਰ ਨਿਰੰਤਰ ਮੇਲਾ ਮੇਲੇ ਸਹਿਜ ਸੁਭਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਉਤੇ ਰੱਖ ਕੇ ਬੈਠੇ ਵਿਸ਼ਵਾਸ, ਜੁਗ ਚੌਕੜੀ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਬ੍ਰਹਮ ਬ੍ਰਹਿਮਾਦ ਪਾਰਬ੍ਰਹਮ ਪ੍ਰਭ ਆਪਣੀ ਖੇਲ ਖਿਲਾਈਆ ।


੮੦੪


੨੧

## ✻ ੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਦਰਬਾਰੀ ਦਾਸ ਦੇ ਨਾਲ ਪਿੰਡ ਲੋਪੋ ✻

ਅਕਾਲ ਪੁਰਖ ਦੀ ਉਸਤਤ ਸਦਾ ਠੀਕ, ਜੋ ਠਾਕਰ ਧੁਰਦਰਗਾਹੀਆ । ਜੁਗ ਜੁਗ ਲੋਕਮਾਤ ਮੇਟੇ ਅੰਧੇਰਾ ਤਾਰੀਕ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਸਦਾ ਰਹੇ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਹੱਥ ਰੱਖੇ ਤੌਫ਼ੀਕ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੈਗ਼ੰਬਰ ਸੰਤ ਸੂਫ਼ੀ ਫ਼ਕੀਰ ਕਰਦੇ ਤਅਰੀਫ਼, ਸਿਫ਼ਤਾਂ ਵਿਚ ਸੋਹਲੇ ਢੋਲੇ ਰਾਗਾਂ ਨਾਦਾਂ ਨਾਲ ਸੁਣਾਈਆ । ਸੋ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਹਰ ਘਟ ਕਾਇਆ ਮੰਦਰ ਅੰਦਰ ਵਸੇ ਨਜ਼ਦੀਕ, ਆਤਮ ਸੇਜਾ ਸਚ ਸਿੰਘਾਸਣ ਸੋਭਾ ਪਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਦੱਸੇ ਸਚ ਪ੍ਰੀਤ, ਪ੍ਰੀਤਮ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸੋ ਖ਼ਾਲਕ ਪ੍ਰਿਤਪਾਲਕ ਨਿਰਗੁਣ ਨੂਰ ਜੋਤ ਅਨਡੀਠ, ਕਰਨੀ ਦਾ ਕਰਤਾ ਧੁਰ ਦਾ ਮਾਲਕ ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਵਾਰਿਉਂ ਜੁਗ ਚੌਕੜੀ ਸਾਰੇ ਮੰਗਦੇ ਭੀਖ, ਭਿਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਾਚੀ ਕਰਨੀ ਕਾਰ ਕਮਾਈਆ । ਸਾਚੇ ਠਾਕਰ ਦੀ ਸਦਾ ਸਿਫ਼ਤ ਸਾਲਾਹ, ਮਹਿੰਮਾ ਅੱਖਰਾਂ ਨਾਲ ਵਡਿਆਈਆ ।

ਜੋ ਆਦਿ ਅੰਤ ਜੁਗਾ ਜੁਗੰਤ ਦੋ ਜਹਾਨਾਂ ਮਲਾਹ, ਬੇੜਾ ਲੱਖ ਚੁਰਾਸੀ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਮ ਕਲਮਾ ਦਏ ਸਿਖਾ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਸਾਰੇ ਰਹੇ ਗਾ, ਗਾਵਤ ਗਾ ਗਾ ਖ਼ੁਸ਼ੀ ਮਨਾਈਆ । ਸੋ ਕਰਨੀ ਦਾ ਕਰਤਾ ਕੁਦਰਤ ਦਾ ਮਾਲਕ ਖ਼ਲਕ ਦਾ ਖ਼ੁਦਾ, ਖ਼ੁਦੀ ਤਕੱਬਰ ਡੇਰਾ ਢਾਹੀਆ । ਅੰਦਰ ਬਾਹਰ ਗੁਪਤ ਜ਼ਾਹਰ ਕਦੇ ਨਾ ਹੋਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਜਿਸ ਦੀ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚ ਕਰਦੇ ਦੁਆ, ਗੁਰੂਦਵਾਰ ਬਹਿ ਕੇ ਮੰਗ ਮੰਗਾਈਆ । ਓਸ ਦੀ ਮਹਿੰਮਾ ਤੋਂ ਬਿਨਾ ਹੋਰ ਕਿਹੜਾ ਰਾਹ, ਕਵਣ ਰਾਗ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਸਿਫ਼ਤ ਦਾ ਨਾਦ ਧੁਨ ਆਤਮਕ ਰਾਗ ਦਏ ਸੁਣਾ, ਸ਼ਬਦ ਅਗੰਮੀ ਆਵਾਜ਼ ਲਗਾਈਆ । ਸਚ ਠਾਕਰ ਦਾ ਸ਼ਬਦੀ ਸਾਚਾ ਗੀਤ, ਅੱਖਰ ਸਿਫ਼ਤਾਂ ਨਾਲ ਵਡਿਆਈਆ । ਜਿਹਦੀ ਆਦਿ ਅੰਤ ਇਕ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਨਾਨਕ ਨਿਰਗੁਣ ਕਰ ਕੇ ਗਿਆ ਤਸਦੀਕ਼, ਗੋਬਿੰਦ ਸ਼ਹਾਦਤ ਇਕ ਭੁਗਤਾਈਆ । ਜੋ ਸਚਖੰਡ ਦਵਾਰੇ ਦਾ ਵਸਨੀਕ, ਵਾਸਤਾ ਲੱਖ ਚੁਰਾਸੀ ਨਾਲ ਜੁੜਾਈਆ । ਆਤਮ ਪਰਮਾਤਮ ਰੱਖੇ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਸਭ ਦੇ ਵਸੇ ਬੀਚ, ਭੀਤਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਸਾ ਮਨਸਾ ਜਨ ਭਗਤਾਂ ਸੰਤਾਂ ਸਦਾ ਪੂਰੀ ਕਰੇ ਉਮੀਦ, ਆਮਦ ਵਿਚ ਖ਼ੁਸ਼ਾਮਦ ਵਿਚ ਰਹਿਮਤ ਆਪਣੀ ਆਪ ਕਮਾਈਆ । ਸੂਫ਼ੀ ਸੰਤਾਂ ਫ਼ਕੀਰਾਂ ਨੂੰ ਦੱਸ ਕੇ ਆਪਣਾ ਅਗੰਮੀ ਇਸ਼ਕ, ਇਸ਼ਕ ਆਪਣਾ ਇਕ ਦ੍ਰਿੜਾਈਆ । ਅੰਦਰੋਂ ਖੋਲ੍ਹ ਕੇ ਦ੍ਰਿਸ਼ਟ, ਮੰਜ਼ਲ ਬਾਮੰਜ਼ਲ ਪੰਧ ਦਿਤਾ ਮੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਦਾ ਸਾਚਾ ਗ੍ਰਹਿਸਤ, ਦੂਜਾ ਪੱਲੂ ਨਾ ਕੋਇ ਫੜਾਈਆ । ਝਗੜਾ ਮੁਕਾ ਕੇ ਸਵਰਗ ਬਹਿਸ਼ਤ, ਸਚ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣੀ ਕਲ ਵਰਤਾਈਆ । ਗੁਰਮੁਖ ਦੀ ਰਸਨਾ ਕਹੇ ਸ਼ਾਬਾਸ਼, ਸ਼ਾਬਾਸ਼ ਦੇਣ ਵਾਲਾ ਇਕੋ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਦੀ ਵਸਤ ਖ਼ਾਸ, ਨਾਮ ਭੰਡਾਰਾ ਸਭ ਨੂੰ ਰਿਹਾ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ ਜਿਸ ਦੇ ਦਾਸੀ ਦਾਸ, ਸੇਵਕ ਸੇਵਕ ਰੂਪ ਜਣਾਈਆ । ਜਿਸ ਦਾ ਖੇਲ ਉਪਰ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣਾ ਰੰਗ ਰੰਗਾਈਆ । ਹਰ ਘਟ ਅੰਦਰ ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼, ਆਤਮ ਬ੍ਰਹਮ ਆਪਣਾ ਨੂਰ ਚਮਕਾਈਆ । ਸ਼ਬਦ ਨਾਮ ਧੁਨ ਦੇਵੇ ਸਵਾਸ ਸਵਾਸ, ਅਨਡਿੱਠ ਆਪਣਾ ਰਾਗ ਅਲਾਈਆ । ਜਨ ਭਗਤ ਸੁਹੇਲੇ ਸਦ ਰੱਖੇ ਆਪਣੇ ਸਾਥ, ਜੁਗ ਜੁਗ ਆਪਣਾ ਮੇਲ ਮਿਲਾਈਆ । ਜਿਸ ਦਾ ਸਿਮਰਨ ਜਿਸ ਦੀ ਪੂਜਾ ਜਿਸ ਦਾ ਅਭਿਆਸ ਜਿਸ ਦਾ ਕਰਦੇ ਪਾਠ, ਪਾਠਸ਼ਾਲਾ ਸਾਢੇ ਤਿੰਨ ਹੱਥ ਕਾਇਆ ਮੰਦਰ ਦਏ ਵਖਾਈਆ । ਜਿਥੇ ਅੰਮ੍ਰਿਤ ਰਸ ਨਿਝਰ ਮਾਰੇ ਠਾਠ, ਬੂੰਦ ਬੂੰਦ ਵਿਚੋਂ ਟਪਕਾਈਆ । ਬਿਨਾ ਸਾਚੇ ਸੰਤਾਂ ਤੋਂ ਰਸ ਕੋਈ ਨਾ ਸਕੇ ਚਾਟ, ਸੋ ਚੱਟੇ ਜੋ ਚੇਟਕ ਬਾਹਰ ਦਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਮੰਜ਼ਲ ਸਚ ਦਵਾਰ ਤੇ ਦੱਸੇ ਧੁਰ ਦਾ ਆਪਣਾ ਘਾਟ, ਜਿਥੇ ਘਾਟੀ ਹੋਰ ਨਾ ਕੋਇ ਰਖਾਈਆ ।

## ✱ ੧੧ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਦਿਆਲ ਸਿੰਘ ਦੇ ਗ੍ਰਿਹਿ ਰਾਮੂਵਾਲਾ ✱

ਸਦੀ ਚੌਧਵੀਂ ਕਹੇ ਪਰਮ ਪੁਰਖ ਦੀ ਹੋਣੀ ਇਕੋ ਪੂਜਾ, ਸਤਿਜੁਗ ਸਾਚੇ ਸਚ ਮਿਲੇ ਵਡਿਆਈਆ । ਦੁਤੀਆ ਭਾਓ ਰਹੇ ਕੋਈ ਨਾ ਦੂਜਾ, ਮਾਨਵ ਮਾਨਵ ਵੰਡ ਨਾ ਕੋਇ ਵੰਡਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਖੁਲ੍ਹੇ ਗੁੱਝਾ, ਨਿਰਗੁਣ ਸਰਗੁਣ ਪੜਦਾ ਦਏ ਚੁਕਾਈਆ । ਕਵਲ ਨਾਭੀ ਅੰਮ੍ਰਿਤ ਕਰੇ ਮੁਧਾ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਪ੍ਰਭ ਧਰਮ ਵਜਾਉਣਾ ਡੰਕਾ, ਚਾਰ ਕੁੰਟ ਸ਼ਨਵਾਈਆ । ਸਹੌਣਾ ਇਕ ਬੰਕਾ, ਗ੍ਰਿਹਿ ਮੰਦਰ ਵੇਖ ਵਖਾਈਆ । ਮਾਣ ਗਵਾਉਣਾ ਰਾਓ ਰੰਕਾ, ਊਚ ਨੀਚ ਨਾ ਕੋਇ ਲੜਾਈਆ । ਗੜ੍ਹ ਤੋੜਨਾ ਹਉਮੇ ਹੰਗਤਾ, ਹੰ ਬ੍ਰਹਮ ਦੇਣਾ ਪੜ੍ਹਾਈਆ । ਚਾਰ ਵਰਨ ਬਣਾਉਣੀ ਸਾਚੀ ਸੰਗਤਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਅੱਖ ਨਾ ਕੋਇ ਉਠਾਈਆ । ਬੋਧ ਅਗਾਧਾ ਇਕੋ ਬਣਨਾ ਪੰਡਤਾ, ਨਿਰਅੱਖਰ ਦਏ ਸਮਝਾਈਆ । ਮਨ ਕਲਪਣਾ ਮੇਟੇ ਕੂੜੀ ਚਿੰਤਾ, ਰੋਗ ਸੋਗ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਪ੍ਰਭ ਦੱਸਣਾ ਇਕ ਤਰੀਕਾ, ਧਰਮ ਦੀ ਧਾਰ ਜਗਤ ਦ੍ਰਿੜਾਈਆ । ਚਰਨ ਪ੍ਰੀਤੀ ਬਖ਼ਸ਼ ਪ੍ਰੀਤਾ, ਪਾਰਬ੍ਰਹਮ ਬ੍ਰਹਮ ਮੇਲਾ ਲੈਣਾ ਮਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਕੇ ਨੀਤਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਾਚਾ ਕਲਮਾ ਦੱਸ ਹਦੀਸਾ, ਹਜ਼ਰਤ ਹੋ ਕੇ ਦਏ ਸਮਝਾਈਆ । ਲਹਿਣਾ ਦੇਣਾ ਚੁਕਾਵੇ ਮੁਹੰਮਦ ਮੂਸਾ ਈਸਾ, ਸਦੀ ਬੀਸਵੀਂ ਨਾਲ ਸੁਹਾਈਆ । ਜਨ ਭਗਤਾਂ ਚਾੜ੍ਹੇ ਰੰਗ ਮਜੀਠਾ, ਜੁਗ ਚੌਕੜੀ ਉਤਰ ਕਦੇ ਨਾ ਜਾਈਆ । ਖੇਲ ਵਖਾਏ ਅਗੰਮ ਅਨਡੀਠਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰਭ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਪ੍ਰਭ ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਦਇਆ ਕਮਾਈਆ । ਸਤਿਜੁਗ ਲਾ ਕੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਹੁਕਮ ਦਏ ਸੁਣਾਈਆ । ਹੁਕਮ ਦੇ ਕੇ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਨਾਲ ਮਿਲਾਈਆ । ਨਾਨਕ ਗੋਬਿੰਦ ਕਰ ਉਜਿਆਰਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਕਲ ਕਲਕੀ ਇਕ ਅਵਤਾਰਾ, ਅਮਾਮ ਅਮਾਮਾ ਨੂਰ ਖ਼ੁਦਾਈਆ । ਦੋ ਜਹਾਨ ਬਣ ਸਿਕਦਾਰਾ, ਬ੍ਰਹਿਮੰਡ ਖੰਡ ਆਪਣਾ ਹੁਕਮ ਮਨਾਈਆ । ਜ਼ਿਮੀਂ ਅਸਮਾਨਾਂ ਲਾਏ ਅਖਾੜਾ, ਆਤਮ ਪਰਮਾਤਮ ਗੋਪੀ ਕਾਹਨ ਨਚਾਈਆ । ਸ਼ਬਦੀ ਧਾਰ ਬੋਲ ਜੈਕਾਰਾ, ਦੋ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪ੍ਰਭ ਕਰੇ ਖੇਲ ਅਗੰਮ, ਹਰਿ ਕਰਤਾ ਵਡ ਵਡਿਆਈਆ । ਝਗੜਾ ਮੇਟੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਹਉਮੇ ਹੰਗਤਾ ਕੂੜੀ ਕਿਰਿਆ ਮੇਟ ਕੇ ਗ਼ਮ, ਨਾਮ ਧੁਰ ਦਾ ਇਕ ਸੁਣਾਈਆ । ਜੋ ਪਵਣ ਸਵਾਸੀ ਚਲੇ ਤਨ, ਵਜੂਦ ਮਿਲੇ ਵਡਿਆਈਆ । ਖੇਲ ਕਰੇ ਸ੍ਰੀ ਭਗਵਨ, ਭਗਵਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨੂਰ ਚਾੜ੍ਹ ਕੇ ਚੰਨ, ਕਲਜੁਗ ਅੰਧ ਅੰਧੇਰ ਦਏ ਗਵਾਈਆ । ਸਦੀ ਚੌਧਵੀਂ ਕਹੇ ਪ੍ਰਭ ਮੇਟੇ

ਕਲਜੁਗ ਅੰਧੇਰੀ ਰਾਤ, ਨਿਰਗੁਣ ਨੂਰ ਨੂਰ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗੰਬਰਾਂ ਪੂਰੀ ਕਰੇ ਖ਼ਾਹਿਸ਼, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਲਹਿਣਾ ਦੇਣਾ ਮੁਕਾਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਲੇਖਾ ਦੇਵੇ ਥਾਉਂ ਥਾਈਆ । ਸਾਚੇ ਮੰਡਲ ਪਾਵੇ ਰਾਸ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਲਹਿਣਾ ਦੇਣਾ ਵੇਖੇ ਡੂੰਘਾ ਖਾਤ, ਜੁਗ ਚੌਕੜੀ ਪੂਰਬ ਫੋਲ ਫੁਲਾਈਆ । ਜਨ ਸੰਤ ਸੁਹੇਲੇ ਲੱਖ ਚੁਰਾਸੀ ਵਿਚੋਂ ਕਰ ਤਲਾਸ਼, ਭਗਤ ਭਗਵਾਨ ਮੇਲ ਮਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਕਰੇ ਹੁਕਮ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਸਤਿ ਧਰਮ ਦਾ ਸਾਚਾ ਖੋਲ੍ਹ ਹਾਟ, ਦਵਾਰਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਵੇਖਣਹਾਰਾ ਚਾਈਂ ਚਾਈਆ । ਸਦੀ ਚੌਧਵੀਂ ਕਹੇ ਕਰੇ ਖੇਲ ਮੇਰਾ ਭਗਵੰਤ, ਹਰਿ ਭਗਵਨ ਵਡ ਵਡਿਆਈਆ । ਜੋ ਆਦਿ ਜੁਗਾਦੀ ਧੁਰ ਦਾ ਕੰਤ, ਕੰਤ ਕੰਤੂਹਲ ਸੋਭਾ ਪਾਈਆ । ਜਿਸ ਦਾ ਨਾਮ ਅਗੰਮਾ ਮਣੀਆ ਮੰਤ, ਨਿਰਗੁਣ ਸਰਗੁਣ ਕਰੇ ਸਚ ਪੜ੍ਹਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਫੋਲ ਫੁਲਾਈਆ । ਸਦੀ ਚੌਧਵੀਂ ਕੂੜੀ ਕਿਰਿਆ ਕਰੇ ਅੰਤ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਸਤਿ ਧਰਮ ਦੀ ਬਣਾਵੇ ਸਾਚੀ ਬਣਤ, ਘੜਨ ਭੰਨਣਹਾਰ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ । ਸਦੀ ਚੌਧਵੀਂ ਕਹੇ ਕੀ ਖੇਲ ਕਰੇ ਮੇਰਾ ਪੁਰਖ ਨਿਰੰਜਣ, ਹਰਿ ਕਰਤਾ ਵਡ ਵਡਿਆਈਆ । ਜੋ ਆਦਿ ਜੁਗਾਦਿ ਦਰਦ ਦੁੱਖ ਭੈ ਭੰਜਨ, ਭਵਸਾਗਰ ਪਾਰ ਕਰਾਈਆ । ਸਾਚੇ ਨਾਮ ਦਾ ਦੇਵੇ ਅੰਜਨ, ਨਿਜ ਨੇਤਰ ਕਰੇ ਨੂਰ ਜੋਤ ਰੁਸ਼ਨਾਈਆ । ਤ੍ਰੈਗੁਣ ਮਾਇਆ ਮਿਟੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧੁਆਈਆ । ਭਗਤ ਸੁਹੇਲਾ ਬਣ ਕੇ ਸੱਜਣ, ਹਰਿਜਨ ਸਾਚੇ ਲਏ ਉਠਾਈਆ । ਇਕ ਡੰਡਾਵਤ ਦੱਸ ਕੇ ਬੰਦਨ, ਸੱਯਦਾ ਇਕੋ ਇਕ ਸਮਝਾਈਆ । ਚਾਰ ਵਰਨ ਲਾ ਕੇ ਅੰਗਨ, ਅੰਗੀਕਾਰ ਆਪ ਹੋ ਆਈਆ । ਸ਼ਬਦੀ ਡੋਰੀ ਬੰਨ੍ਹੇ ਤੰਦਨ, ਸ਼ਰਅ ਜ਼ੰਜੀਰ ਜਗਤ ਤੁੜਾਈਆ । ਖੇਲੇ ਖੇਲ ਵਿਚ ਵਰਭੰਡਨ, ਬ੍ਰਹਿਮੰਡਨ ਵੇਖ ਵਖਾਈਆ । ਲੇਖਾ ਜਾਣ ਜੇਰਜ ਅੰਡਨ, ਉਤਭੁਜ ਸੇਤਜ ਲਹਿਣਾ ਦਏ ਮੁਕਾਈਆ । ਸੋ ਸਾਹਿਬ ਸਵਾਮੀ ਪੁਰਖ ਅਕਾਲ ਦੀਨ ਦਿਆਲ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਅਗੰਮੀ ਨੂਰ ਨੁਰਾਨਾ ਚੰਦਨ, ਚੰਦ ਸੂਰੀਆ ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਸੀਸ ਨਿਵਾਈਆ ।

### ❋ ੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਦਿਆਲ ਸਿੰਘ ਦੇ ਗ੍ਰਿਹਿ ਪਿੰਡ ਰਾਮੂਵਾਲਾ ਜ਼ਿਲਾ ਫ਼ਿਰੋਜ਼ਪੁਰ ❋

ਈਸਾ ਕਹੇ ਸਦੀ ਚੌਧਵੀਂ ਸਚਖੰਡ ਦਵਾਰੇ ਹੋ ਜਾ ਸ਼ਿੱਟ, ਸਿਟੀਜ਼ਨ ਵੇਖੇ ਖ਼ਾਲਕ ਖ਼ਲਕ ਖ਼ੁਦਾਈਆ । ਸ਼ਬਦੀ ਚੋਟ ਲਗਾਵੇ ਅਗੰਮੀ ਹਿੱਟ, ਹੇਟ ਵਧੀ ਕੂੜ ਲੋਕਾਈਆ । ਚੌਦਾਂ ਤਬਕਾਂ ਡੂੰਘਾ ਖਾਤ ਵੇਖ ਪਿਟ, ਕਿਨਾਰਾ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਪੜ੍ਹ ਚਿਟ, ਜਿਸ

ਨੇ ਅਲਿਫ਼ ਯੇ ਏ ਬੀ ਸੀ ਡੀ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਜਨਮ ਕਰਮ ਕਰਨੀ ਕਿਰਤ ਦੀ ਵੇਖੇ ਕਿਟ, ਕਰਮ ਧਰਮ ਫੋਲ ਫੁਲਾਈਆ । ਧੁਰ ਫ਼ਰਮਾਨਾ ਸਚ ਸੰਦੇਸ਼ਾ ਦੇਵੇ ਜਿਸ ਦੀ ਅੱਗੇ ਕਰੇ ਕੋਈ ਨਾ ਰਿਟ, ਰਿਟਾਇਰ ਗੁਰ ਅਵਤਾਰ ਪੈਗ਼ੰਬਰ ਦਏ ਕਰਾਈਆ । ਜੋ ਜੁਗ ਜੁਗ ਸਿਫ਼ਤੀ ਨਾਮ ਲੈ ਕੇ ਲੋਕਮਾਤ ਹੁਕਮੇ ਅੰਦਰ ਲਾਉਂਦੇ ਰਹੇ ਟ੍ਰਿਪ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਅੰਤਮ ਸਭ ਦੇ ਕੋਲੋਂ ਆਪਣੇ ਹੁਕਮ ਦੀ ਲੈਣ ਲੱਗਾ ਸਲਿਪ, ਦਸਤਬਰਦਾਰ ਕਰੇ ਨੂਰ ਅਲਾਹੀਆ । ਪਾਰਬ੍ਰਹਮ ਬ੍ਰਹਮ ਧਾਰ ਨਿਰਵੈਰ ਆਪਣਾ ਚਲਾਏ ਸ਼ਿਪ, ਸ਼ਾਪ ਜਗਤ ਦੂਜੀ ਨਜ਼ਰ ਕੋਇ ਨਾ ਆਈਆ । ਤੇਰੇ ਅੰਤ ਅਖ਼ੀਰ ਬੇਨਜ਼ੀਰ ਸਭ ਨੂੰ ਕਰੇ ਚਿਕ, ਚਾਰੋਂ ਕੁੰਟ ਖੋਜ ਖੁਜਾਈਆ । ਲੇਖਾ ਰਹਿਣ ਨਾ ਦੇਵੇ ਕੋਈ ਬਾਕੀ ਇਟ, ਐਟ ਐਂਡ ਆਊਟ ਵੰਡ ਨਾ ਕੋਇ ਵੰਡਾਈਆ । ਧੁਰ ਫ਼ਰਮਾਨਾ ਨਾਮ ਅਗੰਮਾ ਹਰ ਹਿਰਦੇ ਕਰੇ ਫ਼ਿਟ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਹਜ਼ਰਤ ਮੈਂ ਪੁਰਾਣੀ ਥੱਕੀ, ਥਕਾਵਟ ਵਿਚ ਆਈਆ । ਉਮਤ ਵਿਚ ਫਿਰ ਫਿਰ ਅੱਕੀ, ਆਕ਼ਬਤ ਦਾ ਪਰਦਾ ਨਾ ਕੋਇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਨੱਸੀ, ਭੱਜੀ ਵਾਹੋ ਦਾਹੀਆ । ਮਸੀਹ ਮੈਨੂੰ ਸਚ ਗੱਲ ਕਿਸੇ ਨਾ ਦੱਸੀ, ਮਸਲਿਆਂ ਵਾਲੀ ਵੇਖੀ ਲੋਕਾਈਆ । ਮੈਂ ਨਿਗਾਹ ਮਾਰੀ ਜੂਨੀ ਚਾਰ ਲੱਖ ਅੱਸੀ, ਚੁਰਾਸੀ ਖੋਜ ਖੁਜਾਈਆ । ਸਾਰੀ ਮਨ ਮਮਤਾ ਕਲਪਣਾ ਵਿਚ ਫਸੀ, ਫਾਸੀ ਗਲੋਂ ਨਾ ਕੋਇ ਤੁੜਾਈਆ । ਜੋਧਾ ਸੂਰਬੀਰ ਬਹਾਦਰ ਕੋਈ ਨਾ ਦਿਸੇ ਹਠੀ, ਤਪੀਆ ਤਪ ਨਾ ਕੋਇ ਕਮਾਈਆ । ਚਾਰ ਵਰਨ ਜੂਠ ਝੂਠ ਅੰਗਿਆਰ ਦੀ ਤਪੇ ਭੱਠੀ, ਭਠਿਆਲਾ ਕਲਜੁਗ ਅਗਨੀ ਡਾਹੀਆ । ਸਾਚਾ ਨਾਮ ਕਿਸੇ ਤਨ ਵਜੂਦ ਨਾ ਲੱਭਿਆ ਰਤੀ, ਰਤਨ ਅਮੋਲਕ ਹੀਰਾ ਜਨਮ ਨਾ ਕੋਇ ਵਖਾਈਆ । ਚੌਦਾਂ ਤਬਕ ਫਿਰ ਕੇ ਮੈਂ ਜ਼ਿਮੀਂ ਅਸਮਾਨਾਂ ਵਿਚ ਖਿੜ ਖਿੜ ਹੱਸੀ, ਤਾਲੀ ਹੱਥਾਂ ਨਾਲ ਵਜਾਈਆ । ਲੇਖਾ ਚੁਕਿਆ ਮੁਹੰਮਦ ਲਹਿਣਾ ਮੁੱਕਣ ਵਾਲਾ ਯਸੂ ਮਸੀਹ, ਮੁਸਾਹਿਬ ਸਾਹਿਬ ਨਜ਼ਰ ਕੋਇ ਨਾ ਆਈਆ । ਜਿਸ ਦੇ ਗਲ ਵਿਚ ਪਾਈ ਰੱਸੀ, ਫਾਂਸੀ ਤਖ਼ਤਿਆਂ ਉਤੇ ਲਟਕਾਈਆ । ਉਸ ਦੀ ਰਹਿਣੀ ਅੰਤ ਨਹੀਂ ਹੱਟੀ, ਜਗਤ ਵਣਜ ਨਾ ਕੋਇ ਵਖਾਈਆ । ਪਰਵਰਦਿਗਾਰ ਸਭ ਦੀ ਡੋਰ ਰਿਹਾ ਕੱਟੀ, ਨਾਮ ਕਟਾਕਸ਼ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੁਕਾਵੇ ਓਸ ਰਾਮ ਜੋ ਬਨਬਾਸ ਕਟਦਾ ਰਿਹਾ ਪੰਚਬਟੀ, ਬਟੇ ਸਭ ਦੇ ਦਏ ਬਦਲਾਈਆ । ਸਦੀ ਚੌਧਵੀਂ ਕਹੇ ਮਸੀਹ ਕੁਛ ਅਗਲਾ ਵੇਖ ਮਸਾਇਲ, ਮਸੱਰਤ ਵਿਚ ਦਿਆਂ ਜਣਾਈਆ । ਜਿਸ ਦੇ ਉਤੇ ਸਾਰੇ ਹੁੰਦੇ ਕਾਇਲ, ਕ਼ਾਇਮ ਮੁਕਾਮ ਬੈਠਾ ਧੁਰਦਰਗਾਹੀਆ । ਉਹਦੇ ਭਗਤਾਂ ਦੀ ਫ਼ੈਮਲੀ ਰਾਇਲ, ਰਹਿਬਰ ਇਕੋ ਨਜ਼ਰੀ ਆਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਕਰੇ ਮੋਬਾਇਲ, ਹੁਕਮੇ ਅੰਦਰ ਦੀਨ ਦੁਨੀ ਚਲਾਈਆ । ਓਹ ਤੇਰਾ ਲੇਖਾ ਜਾਣ ਨਾ ਦੇਵੇ ਜ਼ਾਇਲ, ਜ਼ਾਹਰ ਹੋ ਕੇ ਆਪਣਾ ਹੁਕਮ ਵਰਤਾਈਆ । ਜੀਵ ਜੰਤ ਸਭ ਦੇ ਨਿਰੰਤਰ ਵੇਖੇ ਅਮਾਇਲ, ਅਮਲ ਖੋਜੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮਸੀਹ ਸੁਣ ਅਗੰਮੀ ਆਵਾਜ਼, ਬਿਨ ਕੰਨਾਂ ਰਿਹਾ ਸੁਣਾਈਆ । ਜਿਸ ਦੇ ਉਤੇ ਸਭ ਨੂੰ ਨਾਜ਼, ਨਰ ਨਰਾਇਣ ਧੁਰਦਰਗਾਹੀਆ । ਓਹ ਖੋਲ੍ਹਣ ਲੱਗਾ ਆਗ਼ਾਜ਼, ਪਰਦਾ ਰਿਹਾ ਚੁਕਾਈਆ । ਜਿਸ ਮੇਰੀ ਖੋਲ੍ਹੀ ਜਾਗ, ਨਿੰਦਰਾ

ਦਿਤੀ ਤਜਾਈਆ । ਮੈਂ ਚੌਦਾਂ ਤਬਕਾਂ ਛੱਡ ਕੇ ਆਈ ਸਾਕ, ਨਾਤਾ ਸੱਜਣਾਂ ਨਾਲੋਂ ਤੁੜਾਈਆ । ਸਚਖੰਡ ਦਵਾਰੇ ਆ ਕੇ ਸੁਣਿਆ ਇਕ ਵਾਕ, ਤੂੰ ਮੇਰਾ ਮੈਂ ਤੇਰਾ ਢੋਲਾ ਜੋ ਸੁਣਾਵੇ ਬੇਪਰਵਾਹੀਆ । ਜਿਸ ਨੇ ਦੀਨ ਦੁਨੀ ਸਭ ਦਾ ਕਰੌਣਾ ਇਤਫ਼ਾਕ, ਇਤਫ਼ਾਕੀਆ ਆਪਣੀ ਖੇਲ ਖਿਲਾਈਆ । ਦੀਨ ਮਜ਼੍ਹਬ ਦਾ ਰਹਿਣ ਨਾ ਦੇਵੇ ਨਿਫ਼ਾਕ, ਮਾਰਗ ਇਕੋ ਇਕ ਸਮਝਾਈਆ । ਆਪਣਾ ਟਾਈਮ ਵੇਖ ਕੀ ਵਕ਼ਤ ਹੋਇਆ ਉਪਰ ਕਲਾਕ, ਟਿੱਕ ਟਿੱਕ ਕਵਣ ਆਵਾਜ਼ ਸੁਣਾਈਆ । ਸਭ ਨੂੰ ਮਿਲਣ ਲੱਗਾ ਤਲਾਕ, ਅਗਲਾ ਸੰਗ ਨਾ ਕੋਇ ਬਣਾਈਆ । ਕੀ ਹਾਲਤ ਹੋਵੇ ਦੀਨ ਦੁਨੀ ਮਾਟੀ ਖ਼ਾਕ, ਵਰਭੰਡੀ ਭੰਡੀ ਰਿਹਾ ਪਾਈਆ । ਓਧਰ ਮੂਸਾ ਵੇਖ ਹੋਇਆ ਉਦਾਸ, ਮਸਲਾ ਹੱਲ ਨਾ ਕੋਇ ਕਰਾਈਆ । ਸ਼ਿਵਜੀ ਭੱਜਾ ਫਿਰੇ ਉਪਰ ਕੈਲਾਸ਼, ਦਿਵਸ ਰੈਣ ਨੱਠੇ ਵਾਹੋ ਦਾਹੀਆ । ਬ੍ਰਹਮਾ ਚਾਰੋਂ ਕੁੰਟ ਵੇਖੇ ਕਵਣ ਕਰੇ ਪਰਕਾਸ਼, ਪਰਕਾਸ਼ਤ ਨੂਰ ਅਲਾਹੀਆ । ਵਿਸ਼ਨੂੰ ਆਪਣੀ ਖੋਲ੍ਹ ਕੇ ਆਂਖ, ਬਿਨ ਅੱਖਾਂ ਰਾਹ ਤਕਾਈਆ । ਅਬਿਨਾਸ਼ੀ ਕਰਤਾ ਲੇਖਾ ਜਾਣੇ ਸਭ ਦਾ ਆਪ, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਜਿਸ ਮੇਰਾ ਥਾਪਣ ਦਿਤਾ ਥਾਪ, ਥਪਕੀ ਦੇ ਕੇ ਆਪਣੀ ਗੋਦ ਸੁਆਈਆ । ਪੈਗ਼ੰਬਰੋ ਤੁਹਾਡੀ ਉਮਤ ਵਿਚ ਵੇਖੇ ਵਧਿਆ ਪਾਪ, ਪਾਕ ਪਾਕੀਜ਼ਾ ਨਜ਼ਰ ਕੋਇ ਨਾ ਆਈਆ । ਕਾਇਨਾਤ ਹੋਈ ਗੁਸਤਾਖ਼, ਗ਼ੁੱਸੇ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਸਭ ਦੇ ਪੂਰੇ ਕਰੇ ਭਵਿਖਤ ਵਾਕ, ਪੇਸ਼ੀਨਗੋਈਆਂ ਚਿਹਮੇਗੋਈਆਂ ਵਿਚ ਰਹਿਣ ਕੋਇ ਨਾ ਪਾਈਆ ।





## ✻ ੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਬਲਵਿੰਦਰ ਸਿੰਘ ਦੇ ਗ੍ਰਹਿ ਪਿੰਡ ਚੜਿਕ ਜ਼ਿਲਾ ਫ਼ਿਰੋਜ਼ਪੁਰ ✻

ਸਦੀ ਚੌਧਵੀਂ ਕਹੇ ਸੁਣ ਹਜ਼ਰਤ ਈਸਾ, ਮਸੀਹ ਮਸਲਾ ਦਿਆਂ ਜਣਾਈਆ । ਮੁਹੰਮਦ ਦਾ ਖ਼ਾਲੀ ਹੋਇਆ ਸ਼ੀਸਾ, ਚੌਦਾਂ ਤਬਕ ਰਹੇ ਕੁਰਲਾਈਆ । ਆਪਣਾ ਸੰਮਤ ਵੇਖ ਬੀਸਾ, ਬੀਸਵੀਂ ਸਦੀ ਦਏ ਗਵਾਹੀਆ । ਕੀ ਕਰੇ ਖੇਲ ਜਗਦੀਸ਼ਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦੀ ਬਦਲ ਗਈ ਨੀਤਾ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਮੰਦਰ ਮਸੀਤਾ, ਦੀਨ ਮਜ਼੍ਹਬ ਕਰੇ ਲੜਾਈਆ । ਸੂਫ਼ੀ ਸੰਤ ਫ਼ਕੀਰ ਰਿਹਾ ਨਾ ਕੋਇ ਅਤੀਤਾ, ਤ੍ਰੈਗੁਣ ਡੇਰਾ ਕੋਇ ਨਾ ਢਾਹੀਆ । ਮਨ ਹੋਏ ਨਾ ਕਿਸੇ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਬੁਝਾਈਆ । ਨੇਤਰ ਰੋਵੇ ਅਠਾਰਾਂ ਧਿਆਏ ਗੀਤਾ, ਵੇਦ ਪੁਰਾਨ ਸ਼ਾਸਤਰ ਰਹੇ ਕੁਰਲਾਈਆ । ਅੰਜੀਲ ਕੁਰਾਨ ਦੱਸੇ ਹਾਲ ਬੀਤਾ, ਬੇਵਤਨ ਹੋਈ ਲੋਕਾਈਆ । ਪਿਆਰ ਰਿਹਾ ਨਾ ਉਚਾਂ ਨੀਚਾਂ, ਜ਼ਾਤ ਪਾਤ ਰਹੀ ਕੁਰਲਾਈਆ । ਸਤਿ ਧਰਮ ਦਾ ਦਿਸੇ ਨਾ ਕੋਇ ਬਾਗ਼ੀਚਾ, ਫੁੱਲ ਫੁਲਵਾੜੀ ਸਚ ਨਾ ਕੋਇ ਮਹਿਕਾਈਆ । ਭਰਮ ਪਿਆ ਹਸਤ ਕੀਟਾ, ਸ਼ਾਹ ਸੁਲਤਾਨ ਦੇਣ ਦੁਹਾਈਆ । ਛਤ੍ਰ ਝੁੱਲੇ ਕਿਸੇ ਨਾ ਸੀਸਾ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਤਪੇ ਅੰਗੀਠਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅੰਤ ਵਕ਼ਤ ਹੋਇਆ ਪੇਚੀਦਾ, ਪੇਚ ਗੰਢ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਰੰਜੀਦਾ, ਗ਼ਮੀ ਗ਼ਮਖ਼ਾਰ ਨਾ ਕੋਇ ਮਿਟਾਈਆ । ਸਾਚਾ ਰਸ ਮਿਲੇ ਕਿਸੇ ਨਾ ਸੀਧਾ, ਆਤਮ ਰਸ ਨਾ ਕੋਇ ਚਖਾਈਆ ।

ਕਲਜੁਗ ਅੰਤ ਸ੍ਰੀ ਭਗਵੰਤ ਲੱਖ ਚਰਾਸੀ ਜੀਵ ਜੰਤ ਵੇਖੇ ਆਸਾਂ ਉਮੀਦਾਂ, ਹਰ ਘਟ ਅੰਤਰ ਨਿਰੰਤਰ ਹੋ ਕੇ ਵੇਖ ਵਖਾਈਆ । ਨਿਜ ਨੇਤਰ ਲੋਚਣ ਨੈਣ ਖੁਲ੍ਹਿਆ ਕਿਸੇ ਨਾ ਦੀਦਾ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਈਸਾ ਤੇਰੇ ਉਤੇ ਤੇਰੇ ਮੁਰੀਦਾਂ ਦਾ ਰਿਹਾ ਨਾ ਕੋਇ ਅਕੀਦਾ, ਮੁਰਸ਼ਦ ਮੁਰੀਦ ਸੰਗ ਨਾ ਕੋਇ ਨਿਭਾਈਆ । ਆਪਣਾ ਭਵਿਖਤ ਵੇਖ ਜਿਸ ਦੇ ਉਤੇ ਅਸਲੀਅਤਾ, ਅਸਲੀਅਤ ਦਏ ਗਵਾਹੀਆ । ਅੱਖਰਾਂ ਵਾਲੀ ਬਣਾਈ ਵਸੀਅਤਾ, ਜੋ ਵਾਸਤਾ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਈਸਾ ਕਹੇ ਸਦੀ ਚੌਧਵੀਂ ਮੇਰੇ ਅੰਤਰ ਆਈ ਹੈਰਾਨੀ, ਮੁਹੰਮਦ ਇਸ਼ਾਰੇ ਨਾਲ ਜਣਾਈਆ । ਚਾਰ ਕੁੰਟ ਦਿਸੇ ਪਰੇਸ਼ਾਨੀ, ਪ੍ਰੇਮ ਪਰਵਰਦਿਗਾਰ ਨਾ ਕੋਇ ਬਣਾਈਆ । ਮੰਜ਼ਲ ਚੜ੍ਹੇ ਨਾ ਕੋਇ ਰੂਹਾਨੀ, ਜਿਸਮਾਨੀ ਝਗੜਾ ਪਿਆ ਲੋਕਾਈਆ । ਤਨ ਵਜੂਦ ਬਣਿਆ ਨਾ ਕੋਇ ਬ੍ਰਹਮ ਗਿਆਨੀ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਜਲਵਾ ਨੂਰ ਨਾ ਤੱਕਿਆ ਕਿਸੇ ਅਸਮਾਨੀ, ਇਸਮ ਆਜ਼ਮ ਨਾ ਵੇਖ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਜਗਤ ਜੀਵ ਜਹਾਨ ਪੜ੍ਹਦੇ ਬਾਣੀ, ਬਾਣ ਨਿਰਾਲਾ ਤੀਰ ਅੰਤਰ ਆਤਮ ਨਾ ਕੋਇ ਲਗਾਈਆ । ਪਿਛਲੀ ਕਥਾ ਚਾਰ ਜੁਗ ਦੀ ਹੋਈ ਪੁਰਾਣੀ, ਪੁਰਾਨ ਵੇਦ ਸ਼ਾਸਤਰ ਬੈਠੇ ਅੱਖ ਸ਼ਰਮਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਅੰਧੇਰਾ ਧੁਰ ਦਾ ਚੰਦ ਦਿਸੇ ਨਾ ਕੋਇ ਨੁਰਾਨੀ, ਅੰਧ ਅਗਿਆਨ ਨਾ ਕੋਇ ਗਵਾਈਆ । ਮੈਂ ਵੇਖਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮੈਂ ਵਾਚਾਂ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖ਼ਰੀ ਖੋਜ ਖੁਜਾਈਆ । ਜਿਧਰ ਤੱਕਾਂ ਸਤਿਗੁਰ ਸ਼ਬਦ ਕਿਸੇ ਨਾ ਮਿਲਿਆ ਹਾਣੀ, ਧੁਰ ਦਾ ਕਲਮਾ ਕਾਇਨਾਤ ਨਾ ਕੋਇ ਦ੍ਰਿੜ੍ਹਾਈਆ । ਸਦੀ ਚੌਧਵੀਂ ਤੇਰਾ ਲੇਖਾ ਅੰਤ ਅਖ਼ੀਰ ਮੇਟੇ ਬੇਨਜ਼ੀਰ ਜੋ ਚਾਰ ਜੁਗ ਦਾ ਝਗੜਾ ਜਾਣੇ ਦੀਵਾਨੀ, ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਦਾਇਰ ਗਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਹਜ਼ਰਤ ਮੈਂ ਮੁਹੰਮਦ ਨਾਲੋਂ ਤੋੜਨ ਲੱਗੀ ਨਾਤਾ, ਤੋੜ ਕੇ ਦਿਆਂ ਵਖਾਈਆ । ਮੈਨੂੰ ਹੁਕਮ ਦੇਵੇ ਪੁਰਖ ਸਮਰਾਥਾ, ਸਾਹਿਬ ਸਵਾਮੀ ਧੁਰਦਰਗਾਹੀਆ । ਜਿਸ ਦੀ ਤੁਸੀਂ ਕਲਮਿਆਂ ਵਿਚ ਗੌਂਦੇ ਆਏ ਗਾਥਾ, ਨਾਮ ਨਾਦਾਂ ਵਿਚ ਸ਼ਨਵਾਈਆ । ਉਹ ਭਵਿਖਤਾਂ ਦੀਆਂ ਪੂਰੀਆਂ ਕਰੇ ਆਸਾਂ, ਤ੍ਰਿਸ਼ਨਾ ਸਰਬ ਬੁਝਾਈਆ । ਸਚਖੰਡ ਦਵਾਰੇ ਮੈਨੂੰ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਮੈਂ ਸਚ ਸੁਨੇਹੜਾ ਤੈਨੂੰ ਆਖਾਂ, ਅੰਤ ਅਖ਼ੀਰ ਦਿਆਂ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨੌ ਖੰਡ ਪ੍ਰਿਥਮੀ ਸੱਤ ਦੀਪ ਦੀਨ ਦੁਨੀ ਵੇਖਣਾ ਤਮਾਸ਼ਾ, ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ ਖੋਜ ਖੁਜਾਈਆ । ਅੰਤਮ ਉਲਟਾ ਹੋਵੇ ਸਭ ਦਾ ਪਾਸ਼ਾ, ਪੇਸ਼ੀਨਗੋਈ ਸ਼ਹਾਦਤ ਵਿਚ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਬਣ ਕੇ ਧੁਰ ਦਾ ਦਾਤਾ, ਸਰਗੁਣ ਵਸਤ ਅਮੋਲਕ ਨਾਮ ਇਕ ਵਰਤਾਈਆ ।

## ੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹ ਚੜਿਕ ਜ਼ਿਲਾ ਫ਼ਿਰੋਜ਼ਪੁਰ

ਹਜ਼ਰਤ ਈਸਾ ਕਹੇ ਮੈਂ ਵੇਖੀ ਅਗੰਮੀ ਚੰਡੀ, ਜੋ ਚੰਡਕਾ ਚੰਡਾਲਾਂ ਦਏ ਮਿਟਾਈਆ । ਜਿਸ ਨੇ ਸਿੱਧੀ ਕਰਨੀ ਦੀਨਾਂ ਮਜ਼੍ਹਬਾਂ ਦੀ ਡੰਡੀ, ਮਾਰਗ ਰਸਤਾ ਇਕੋ ਦਏ ਵਖਾਈਆ । ਮਨ ਹੰਕਾਰੀ ਰਹਿਣ ਨਾ ਦੇਵੇ ਕੋਇ ਘਮੰਡੀ, ਗੜ੍ਹ ਹਉਮੇ ਤੋੜ ਤੁੜਾਈਆ । ਸਾਚੇ ਹੁਕਮ ਦੀ ਕਰ ਪਾਬੰਦੀ, ਇਸ਼ਟ ਇਕੋ ਦਏ ਜਣਾਈਆ । ਦੀਨ ਦੁਨੀ ਵਿਚੋਂ ਕੱਢ ਕੇ ਵਾਸਨਾ ਗੰਦੀ, ਸੁਗੰਧੀ ਸਚ ਭਰਾਈਆ । ਨੇਤਰ ਅੱਖ ਰਹਿਣ ਨਾ ਦੇਵੇ ਅੰਧੀ, ਲੋਚਣ ਧੁਰ ਦਾ ਦਏ ਖੁਲ੍ਹਾਈਆ । ਸਭ ਦਾ ਅੰਤ ਅਖ਼ੀਰ ਆਇਆ ਕੰਢੀ, ਕੰਢਾ ਪਾਰ ਕਿਨਾਰਾ ਦਏ ਜਣਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਢੋਲਾ ਗਾਉਂਦੇ ਛੰਦੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜ਼ਾਤ ਪਾਤ ਦੀ ਤੋੜ ਕੇ ਖ਼ਾਨਾਬੰਦੀ, ਬੰਦਗੀ ਇਕੋ ਦਏ ਕਰਾਈਆ । ਆਤਮ ਸੇਜਾ ਸਚ ਸਿੰਘਾਸਣ ਸੁਹਾ ਕੇ ਮੰਜੀ, ਮਜਲਸ ਭਗਤਾਂ ਨਾਲ ਲਗਾਈਆ । ਜਿਹੜੀ ਮੰਜ਼ਲ ਰਸਨਾ ਜਿਹਵਾ ਬੱਤੀ ਦੰਦ ਪੂਜਾ ਪਾਠ ਕਰ ਕੇ ਗੁਰਮੁਖ ਆਤਮ ਨਹੀਂ ਲੰਘੀ, ਸੋ ਸਹਿਜ ਸੁਭਾਓ ਦਏ ਵਖਾਈਆ । ਜਿਥੇ ਨਿਰਗੁਣ ਧਾਰ ਜੋਤ ਬਹੁ ਰੰਗੀ, ਨਿਰਾਕਾਰ ਆਪਣੀ ਖੇਲ ਖਿਲਾਈਆ । ਸਚ ਦਵਾਰੇ ਬਣ ਕੇ ਧੁਰ ਦਾ ਸੰਗੀ, ਸਾਥੀ ਹੋ ਕੇ ਵੇਖ ਵਖਾਈਆ । ਕੂੜੀ ਕਿਰਿਆ ਕਲਜੁਗ ਰਹਿਣ ਨਾ ਦੇਵੇ ਪਾਖੰਡੀ, ਧਰਮ ਨਿਸ਼ਾਨਾ ਇਕ ਝੁਲਾਈਆ । ਸੂਰਬੀਰ ਯੋਧਾ ਸਤਿਗੁਰ ਸ਼ਬਦ ਦਿਸੇ ਜੰਗੀ, ਜੰਗਜੂ ਬਹਾਦਰ ਨਜ਼ਰੀ ਆਈਆ । ਜਿਨ੍ਹ ਦੂਈ ਦਵੈਤ ਢੌਹਣੀ ਕੰਧੀ, ਕੰਧਾ ਏਕਾ ਸਭ ਦੇ ਥੱਲੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਈਸਾ ਕਹੇ ਮੈਂ ਤੱਕਿਆ ਅਗੰਮਾ ਤੀਰ ਕਮਾਨ, ਜਿਸ ਦਾ ਚਿੱਲਾ ਇਕ ਚੜ੍ਹਾਈਆ । ਫਿਰੇ ਵਿਚ ਲੱਖ ਚੁਰਾਸੀ ਜੀਵ ਜਹਾਨ, ਜਹਾਲਤ ਵੇਖ ਵਖਾਈਆ । ਕੂੜੀ ਕਿਰਿਆ ਮੇਟੇ ਗੁਮਾਨ, ਹੰਕਾਰ ਵਿਕਾਰ ਡੇਰਾ ਢਾਹੀਆ । ਸਾਚੇ ਸੰਤਾਂ ਕਰ ਪਹਿਚਾਨ, ਮੇਲਾ ਮੇਲੇ ਸਹਿਜ ਸੁਭਾਈਆ । ਸਚ ਸਿੰਘਾਸਣ ਦੇ ਆਰਾਮ, ਦਰਦੀਆਂ ਦਰਦ ਵੰਡਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਮਾਰ ਧਿਆਨ, ਬਿਨ ਨੇਤਰ ਅੱਖ ਉਠਾਈਆ । ਸਾਚੀ ਕਰਨੀ ਕਰ ਪਰਵਾਨ, ਪਰਵਾਨਾ ਸਭ ਦੇ ਹੱਥ ਫੜਾਈਆ । ਸ਼ਰਅ ਦਾ ਰਹਿਣ ਨਾ ਦੇਵੇ ਕੋਇ ਬੇਈਮਾਨ, ਬੇਵਾ ਕਰੇ ਕੂੜ ਲੋਕਾਈਆ । ਸਾਚਾ ਡੰਕ ਵਜਾਏ ਨਾਮ ਨਿਧਾਨਾ ਦੋ ਜਹਾਨ, ਪ੍ਰਿਥਮੀ ਆਕਾਸ਼ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਈਸਾ ਕਹੇ ਮੈਂ ਵੇਖਿਆ ਅਗੰਮੀ ਤਰਕਸ਼, ਜਿਸ ਦੀ ਧਾਰ ਸਮਝ ਨਾ ਕੋਇ ਸਮਝਾਈਆ । ਜਿਸ ਦੇ ਵਿਚੋਂ ਨਿਕਲੇ ਅਗੰਮੀ ਬਖ਼ਸ਼ਿਸ਼, ਰਹਿਮਤ ਵਡ ਵਡਿਆਈਆ । ਪਿਆਰ ਮੁਹੱਬਤ ਭਰੀ ਵੇਖੀ ਹਸਰਤ, ਜਿਸ ਦਾ ਹਜ਼ਰਤ ਧਿਆਨ ਲਗਾਈਆ । ਜਿਸ ਦੀ ਉਡੀਕ ਰੱਖੀ ਰਾਮ ਬੇਟੇ ਦਸਰਥ, ਦਹਿ ਦਿਸ਼ਾ ਵੇਖ ਵਖਾਈਆ । ਜਿਸ ਦੇ ਹੁਕਮੇ ਅੰਦਰ ਕ੍ਰਿਸ਼ਨ ਜੀਵਣ ਕੀਤਾ ਬਸਰਤ, ਸ਼ਰਤੀਆ ਓਹੋ ਖੇਲ ਖਿਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਐਸ਼ੋ ਇਸ਼ਰਤ, ਆਲੀਸ਼ਾਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਹਾਨ ਵਿਚੋਂ ਮੇਟੇ ਨਫ਼ਰਤ, ਦੂਈ ਦਵੈਤੀ ਪੰਧ ਮੁਕਾਈਆ । ਈਸਾ ਕਹੇ ਮੈਂ ਵੇਖਿਆ ਧੁਰ ਦਾ ਇਕੋ ਖੜਗ, ਖ਼ੈਰਖ਼ਾਹੀ ਨਾਲ ਜਣਾਈਆ । ਜਿਸ ਨੂੰ ਸਾਹਿਬ ਫੜੇ ਨਧੜਕ, ਬੇਖ਼ੌਫ਼ ਨਜ਼ਰੀ ਆਈਆ । ਉਚੀ ਬੋਲ ਕੇ ਕਹੇ ਕੜਕ,


੮੧੧ ੨੧

ਢੋਲਾ ਅਗੰਮ ਅਥਾਹੀਆ । ਸਭ ਦਾ ਮਾਰਗ ਸਿੱਧੀ ਕਰਨੀ ਸੜਕ, ਪਗਡੰਡੀ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਨਾਮ ਦੀ ਹੋਵੇ ਗਰਜ, ਜ਼ਿਮੀਂ ਅਸਮਾਨ ਗੂੰਜਣ ਥਾਉਂ ਥਾਈਂਆ । ਕਰਨਾ ਖੇਲ ਪ੍ਰਭੂ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਸਭ ਦਾ ਪੂਰਬ ਲੈਹਣਾ ਕ਼ਰਜ਼, ਮਕਰੂਜ਼ ਹੋ ਕੇ ਲੇਖਾ ਦਏ ਮੁਕਾਈਆ । ਹਿਸਾਬ ਕਿਤਾਬ ਦੀ ਕੱਢ ਕੇ ਫ਼ਰਦ, ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਦਏ ਚੁਕਾਈਆ । ਕਲਜੁਗ ਪੁੱਠੀ ਕਰ ਕੇ ਨਰਦ, ਨਾਰਦ ਮੁਨੀ ਹੱਥ ਫੜਾਈਆ । ਸ਼ਰਅ ਛੁਰੀ ਖੋਹ ਕੇ ਕਰਦ, ਕਸਾਈਆਂ ਤੋਂ ਲਏ ਛੁਡਾਈਆ । ਦੀਨਾਂ ਨਾਥਾਂ ਵੰਡੇ ਦਰਦ, ਦੁਖੀਆਂ ਦੁੱਖ ਗਵਾਈਆ । ਜੋਧਾ ਸੂਰਬੀਰ ਬਣ ਕੇ ਮਰਦ, ਮਦਦ ਕਰੇ ਥਾਉਂ ਥਾਈਂਆ । ਆਪਣਾ ਪੂਰਾ ਕਰੇ ਫ਼ਰਜ਼, ਫ਼ਰਾਇਜ਼ ਸਭ ਦੇ ਵੇਖ ਵਖਾਈਆ । ਈਸਾ ਕਹੇ ਮੇਰੀ ਮਨਜ਼ੂਰ ਹੋਣ ਲੱਗੀ ਅਰਜ਼, ਸਦੀ ਬੀਸਵੀਂ ਨਾਲ ਮਿਲਾਈਆ । ਜਗਤ ਮੇਟੇ ਅੰਧੇਰਾ ਗਰਦ, ਗਿਰਦੋਨਵਾਹ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਪਣੀ ਧਾਰ ਵਿਚੋਂ ਆਪਣਾ ਲਿਖਤ ਪੜ੍ਹਤ, ਅੱਖਰਾਂ ਵਾਲੀ ਵੰਡ ਨਾ ਕੋਇ ਵਖਾਈਆ ।

### ❊ ੧੨ ਮਾਘ ਸ਼ਹਿਨਸ਼ਾਹੀ ਸੰਮਤ ੪ ਨਾਜ਼ਰ ਸਿੰਘ ਜਾਗੀਰ ਸਿੰਘ ਦੇ ਗ੍ਰਿਹ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ ❊



ਸਦੀ ਚੌਧਵੀਂ ਕਹੇ ਪੈਗ਼ੰਬਰ ਵੇਖ ਆਪਣਾ ਟਾਈਮ, ਵਕਤ ਬਵਕਤ ਖੋਜ ਖੁਜਾਈਆ । ਉਮਤ ਨਬੀ ਰਸੂਲ ਰਹੀ ਕੋਈ ਨਾ ਕਾਇਮ, ਸਾਬਤ ਸਤਿ ਸਤਿ ਨਾ ਕੋਇ ਦ੍ਰਿੜਾਈਆ । ਚਾਰ ਕੁੰਟ ਦਹਿ ਦਿਸ਼ਾ ਵਧਿਆ ਜਰਾਇਮ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਜਿਸ ਦੀ ਸ਼ਹਾਦਤ ਦੇਵੇ ਬਾਲਮੀਕ ਜਿਸ ਰਾਮ ਲਿਖੀ ਰਮਾਇਣ, ਰਾਮ ਰਾਮਾ ਨਾਲ ਮਿਲਾਈਆ । ਇਸ਼ਾਰਾ ਦੇ ਕੇ ਗਿਆ ਨਾਈ ਸੈਣ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਦੀ ਕਥਾ ਕਹਾਣੀ ਸਕੇ ਕੋਇ ਨਾ ਕਹਿਣ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਸੋ ਪਰਵਰਦਿਗਾਰ ਸਾਂਝਾ ਯਾਰ ਹੁਕਮ ਦੇਵੇ ਆਪਣਾ ਐਨ, ਜਿਸ ਨੂੰ ਐਨਲਹੱਕ ਮਨਸੂਰ ਗਿਆ ਗਾਈਆ । ਧੁਰ ਦਾ ਲੇਖਾ ਜਾਣੇ ਆਪ ਨਰਾਇਣ, ਨਰ ਹਰਿ ਆਪਣੀ ਕਾਰ ਕਮਾਈਆ । ਜਿਸ ਨੇ ਚੌਥਾ ਜੁਗ ਕਰਨਾ ਪਰਾਇਣ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਕਰਨੇ ਜਾਇਣ, ਹੁਕਮੇ ਅੰਦਰ ਹੁਕਮ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਵਹਿਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਹਜ਼ਰਤ ਈਸਾ ਕਹੇ ਮੈਂ ਵੇਖਾਂ ਆਪਣਾ ਵਕ਼ਤ, ਕਲਾਕ ਕਲਾ ਵਾਲੀ ਉਠਾਈਆ । ਕੀ ਖੇਲ ਹੋਇਆ ਜਗਤ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਮੇਰਾ ਲੇਖਾ ਵੇਖੇ ਫ਼ਕ਼ਤ, ਫਿਕ਼ਰਾ ਪਿਛਲਾ ਨਾਲ ਮਿਲਾਈਆ । ਸਦੀ ਬੀਸਵੀਂ ਪੂਰੀ ਹੋਣੀ ਸ਼ਰਤ, ਸ਼ਰਅ ਦੀਨ ਦੁਨੀ ਬਦਲਾਈਆ । ਜੋ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਸੋ ਖੇਲੇ ਖੇਲ ਆ ਕੇ ਫ਼ਰਸ਼, ਜ਼ਿਮੀਂ ਜ਼ਮਾਂ ਫੋਲ ਫੁਲਾਈਆ । ਲੇਖਾ ਜਾਣੇ ਧਰਨੀ ਧਰਤ, ਧਵਲ ਧੌਲ ਪਰਦਾ ਦਏ ਉਠਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਜ਼ੰਜੀਰ ਦਏ ਕਟਾਈਆ । ਦੀਨ ਮਜ਼੍ਹਬਾਂ ਪੁੱਠੀ ਹੋਵੇ ਨਰਦ, ਸਿੱਧੀ ਕਰੇ ਕੋਇ ਨਾ ਰਾਈਆ । ਸਦੀ ਚੌਧਵੀਂ ਮਨਜ਼ੂਰ ਹੋਈ ਅਰਜ਼, ਆਜਜ਼ਾਂ ਵੇਖੇ ਚਾਈਂ ਚਾਈਂਆ । ਪੋਪਾਂ

੮੧੨ ੨੧

ਰੋਣਾ ਅੰਤਮ ਵਿਚ ਚਰਚ, ਚਰਾਗਾਹਾਂ ਪਏ ਦੁਹਾਈਆ । ਸਚ ਨਾਮ ਦਾ ਪੱਲੇ ਕਿਸੇ ਨਹੀਂ ਖਰਚ, ਜਗਤ ਮਾਇਆ ਕੌਡੀ ਕੰਮ ਕਿਸੇ ਨਾ ਆਈਆ । ਸਭ ਦੀ ਪੂਰੀ ਹੋਣੀ ਲਿਖਤ ਪੜ੍ਹਤ, ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵੱਡ ਵਡਿਆਈਆ । ਸਦੀ ਚੌਧਵੀ ਕਹੇ ਪੈਗ਼ੰਬਰ ਵੇਖੋ ਆਪਣਾ ਵੇਲਾ, ਬਿਨ ਅੱਖਾਂ ਅੱਖ ਉਠਾਈਆ । ਸਾਚਾ ਦਿਸੇ ਨਾ ਕੋਈ ਗੁਰੂ ਗੁਰ ਚੇਲਾ, ਚਾਰੋਂ ਕੁੰਟ ਪਈ ਦੁਹਾਈਆ । ਨਿਰਗੁਣ ਧਾਰ ਮਿਲੇ ਨਾ ਮੇਲਾ, ਕੂੜ ਕੁੜਿਆਰ ਨਾ ਡੇਰਾ ਢਾਹੀਆ । ਸਾਚਾ ਰਿਹਾ ਨਾ ਕੋਈ ਸੱਜਣ ਸੁਹੇਲਾ, ਠੱਗੀ ਚੋਰੀ ਕੂੜ ਕਮਾਈਆ । ਰੰਗ ਚੜ੍ਹੇ ਨਾ ਕਿਸੇ ਨਵੇਲਾ, ਨਰ ਨਿਰੰਕਾਰ ਨਾ ਕੋਇ ਦਰਸ਼ਨ ਪਾਈਆ । ਅੰਤ ਕੰਤ ਭਗਵੰਤ ਸਦੀ ਚੌਧਵੀਂ ਅਚਰਜ ਖੇਲ ਖੇਲਾ, ਖ਼ਾਲਕ ਖ਼ਲਕ ਰਿਹਾ ਰੁਲਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਕਲਪਣਾ ਤਨ ਵਜੂਦ ਹੋਇਆ ਜੰਗਲ ਬੇਲਾ, ਸਚ ਫੁਲਵਾੜੀ ਮਾਤ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਈਸਾ ਕਹੇ ਸੁਣ ਮੁਹੰਮਦ ਅਗੰਮੀ ਗ਼ਜ਼ਲ, ਗ਼ਰਜ਼ ਸਭ ਦੀ ਵੇਖ ਵਖਾਈਆ । ਚਾਰੋਂ ਕੁੰਟ ਦਿਸੇ ਅਜ਼ਲ, ਅੱਗੇ ਹੋ ਨਾ ਕੋਇ ਬਚਾਈਆ । ਤੇਰੀ ਪੂਰੀ ਹੋਈ ਮਜ਼ਲ, ਮੇਰੀ ਮੰਜ਼ਲ ਰਾਹ ਤਕਾਈਆ । ਵੇਲਾ ਰਿਹਾ ਕੋਈ ਨਾ ਫ਼ਜ਼ਲ, ਰਹਿਮਤ ਹੱਕ ਨਾ ਕੋਇ ਕਮਾਈਆ । ਚਾਰੋਂ ਕੁੰਟ ਲੱਗੀ ਅਗਨ, ਅੱਗੇ ਹੋ ਨਾ ਕੋਇ ਬੁਝਾਈਆ । ਸਾਚੀ ਦ੍ਰਿਸ਼ਟੀ ਵਿਚ ਦਿਸੇ ਕੋਈ ਨਾ ਮਗਨ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਮੈਨੂੰ ਇਉਂ ਦਿਸਦਾ ਕੁਛ ਖੇਲ ਹੋਣਾ ਵਿਚ ਅਦਨ, ਝਗੜਾ ਸਕੇ ਨਾ ਕੋਇ ਮਿਟਾਈਆ । ਮਾਨਸ ਰੁਲਣੇ ਮਾਟੀ ਬਦਨ, ਬਦੀ ਦਾ ਲੇਖਾ ਦਏ ਚੁਕਾਈਆ । ਸਦੀ ਚੌਧਵੀਂ ਅੰਤ ਅਖ਼ੀਰ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਾਵੇ ਸਗਨ, ਸਗਲੇ ਸਾਥੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਹਜ਼ਰਤ ਈਸਾ ਕਹੇ ਮੇਰਾ ਕਲਾਕ ਚਲੇ ਕਵਿਕ, ਟਾਇਮ ਟਾਇਮ ਵਿਚੋਂ ਬਦਲਾਈਆ । ਸਾਚਾ ਵਕ਼ਤ ਦਿਸੇ ਇਕ, ਏਕੰਕਾਰ ਵੇਖ ਵਖਾਈਆ । ਜੋ ਸਭ ਦਾ ਮਾਲਕ ਪਿਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਲੇਖਾ ਜਾਣੇ ਨਿਤ ਨਵਿਤ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜਗਤ ਨੇਤਰ ਕਿਸੇ ਨਾ ਪਏ ਦਿਸ, ਨਿਜ ਲੋਚਣ ਕਰੇ ਰੁਸ਼ਨਾਈਆ । ਅੰਤ ਅਖ਼ੀਰ ਖੇਲ ਕਰੇ ਅਨਡਿੱਠ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਪੈਗ਼ੰਬਰੋ ਆਪਣੀ ਕੱਢ ਕੇ ਵੇਖੋ ਚਿਟ, ਜੋ ਦਸਤ ਬਦਸਤ ਫੜਾਈਆ । ਜਿਸ ਦੇ ਵਿਚ ਚੌਥੇ ਜੁਗ ਕੀਤੀ ਰਿਟ, ਰੱਟਾ ਘਰ ਘਰ ਦੇਵੇ ਪਾਈਆ । ਸਦੀ ਚੌਧਵੀਂ ਜਿਸ ਖ਼ਾਤਰ ਮੰਗੀ ਇੱਟ, ਇੱਟ ਨਾਲ ਇੱਟ ਦਏ ਖੜਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਹਿਬੂਬ ਆਪਣੀ ਅੱਖ ਖੁਲ੍ਹਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਕਹਿੰਦਾ ਕੀ ਕਲਾਕ, ਸਾਚੀ ਕਲ ਦਿਓ ਜਣਾਈਆ । ਕਿਸ ਰਫ਼ਤਾਰ ਨਾਲ ਕਰਦਾ ਵਾਕ, ਕ਼ਦਮ ਕ਼ਦਮ ਨਾਲ ਉਠਾਈਆ । ਕੀ ਲੇਖਾ ਲਿਖ ਕੇ ਆਏ ਨਾਲ ਕ਼ਲਮ ਦਵਾਤ, ਗਾਡ ਗੁਡ ਸਮਝਾਈਆ । ਮੁਹੰਮਦ ਕਹਿ ਕੇ ਗਿਆ ਵਾਹਿਦ, ਲਾਸ਼ਰੀਕ ਨੂਰ ਅਲਾਹੀਆ । ਸਾਰੇ ਪਿਛਲੀ ਕੀਤੀ ਕਰੋ ਯਾਦ, ਯਾਦਦਾਸ਼ਤ ਨਾਲ ਮਿਲਾਈਆ । ਜਿਸ ਨੇ ਲੋਕਮਾਤ ਤੁਹਾਨੂੰ ਕੀਤਾ ਆਬਾਦ, ਖੇੜਾ ਉਮਤ ਵਸਾਈਆ । ਓਹ ਕਿਸ ਬਿਧ ਅੰਤ ਕਰੇ ਬਰਬਾਦ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਬਿਨ

੮੧੩
੨੧

ਅੱਖਾਂ ਨੇਤਰ ਖੋਲ੍ਹੋ ਜਾਗ, ਜਾਗਰਤ ਜੋਤ ਵੇਖ ਵਖਾਈਆ । ਕਿਸ ਬਿਧ ਬੁਝਾਵੇ ਆਗ, ਆਬੇਹਯਾਤ ਅੰਮ੍ਰਿਤ ਮੇਘ ਬਰਸਾਈਆ । ਹੰਸ ਬੁੱਧੀ ਹੋਵੇ ਕਾਗ, ਕੂੜ ਕਲਪਣਾ ਡੇਰਾ ਢਾਹੀਆ । ਕਿਸ ਬਿਧ ਕਾਇਆ ਮੰਦਰ ਅੰਦਰ ਨਿਰਗੁਣ ਜੋਤ ਜਗੇ ਚਰਾਗ਼, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅੰਤ ਅਖ਼ੀਰ ਇਸ ਦਾ ਦਿਓ ਜਵਾਬ, ਕਿਉਂ ਭਰਮੇ ਭੁੱਲੀ ਲੋਕਾਈਆ । ਜਿਸ ਨੇ ਤੁਹਾਨੂੰ ਦਿਤਾ ਖ਼ਤਾਬ, ਦੀਨ ਦੁਨੀ ਵਡਿਆਈਆ । ਜਿਸ ਨੂੰ ਸੱਯਦਾ ਕੀਤਾ ਅਦਾਬ, ਨਿਉਂ ਨਿਉਂ ਲਾਗੇ ਪਾਈਆ । ਓਹ ਕਿਸ ਬਿਧ ਲੇਖਾ ਪੂਰਾ ਕਰੇ ਹਿਸਾਬ, ਨਿਸਬਤ ਨਾਲ ਦਿਓ ਦ੍ਰਿੜਾਈਆ । ਸਭ ਦਾ ਮਿਤ੍ਰ ਪਿਆਰਾ ਬਣੇ ਅਹਿਬਾਬ, ਨਾਮ ਰਬਾਬ ਇਕ ਵਜਾਈਆ । ਭੇਵ ਖੁਲ੍ਹਾਏ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰੇ ਆਜ਼ਾਦ, ਬੰਦੀਖ਼ਾਨਾ ਤੋੜ ਤੁੜਾਈਆ । ਤੁਹਾਡਾ ਝਗੜਾ ਮੇਟੇ ਦੀਨ ਦੁਨੀ ਫ਼ਸਾਦ, ਫ਼ੈਸਲਾ ਹੱਕ ਸੁਣਾਈਆ । ਚਾਰ ਵਰਨ ਦਾ ਸਾਂਝਾ ਕਰੇ ਸਮਾਜ, ਰਿਵਾਜ ਆਪਣਾ ਨਾਮ ਵਖਾਈਆ । ਇਕ ਦਵਾਰੇ ਸਭ ਨੇ ਔਣਾ ਭਾਜ, ਭਜਨ ਬੰਦਗੀ ਇਕੋ ਇਕ ਜਣਾਈਆ । ਹਰ ਹਿਰਦੇ ਅੰਦਰ ਹੋਵੇ ਵਿਸਮਾਦ, ਬਿਸਮਿਲ ਹੋ ਕੇ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਕੀ ਤੁਹਾਨੂੰ ਦੇਵੇ ਦਾਦ, ਵਸਤ ਅਗੰਮ ਅਥਾਹੀਆ । ਕੀ ਅੰਤ ਅਖ਼ੀਰ ਸੁਣੇ ਫ਼ਰਿਆਦ, ਫ਼ਰਮਾਂਬਰਦਾਰ ਹੋ ਕੇ ਦਿਓ ਸਮਝਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹਿਣ ਜਿਸ ਨੇ ਰਚਨਾ ਰਚੀ ਆਦਿ, ਅੰਤ ਓਹੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਕਰੇ ਲਾਜਵਾਬ, ਅੱਗੇ ਸਿਰ ਸਕੇ ਨਾ ਕੋਇ ਉਠਾਈਆ ।





✻ ੧੩ ਮਾਘ ਸ਼ਹਿਨਸ਼ਾਹੀ ਸੰਮਤ ੪ ਭਾਗ ਸਿੰਘ ਕੁਲਵੰਤ ਸਿੰਘ ਦੇ ਗ੍ਰਿਹਿ ਪਿੰਡ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ ✻

ਮਸੀਹ ਕਹੇ ਮੈਨੂੰ ਆਉਣ ਲੱਗਾ ਕਿਆਸ, ਅੰਤਰ ਅੰਤਰ ਵੇਖ ਵਖਾਈਆ । ਮੇਰੀ ਨਿਗਾਹ ਪਈ ਉਤੇ ਕਰਾਸ, ਜਗਤ ਨਿਸ਼ਾਨਾ ਸੋਭਾ ਪਾਈਆ । ਫੇਰ ਵੇਖੀ ਆਪਣੀ ਕਲਾਸ, ਸਾਥੀ ਨਜ਼ਰ ਕੋਇ ਨਾ ਆਈਆ । ਫੇਰ ਤੱਕਿਆ ਨੂਰ ਪਰਕਾਸ਼, ਪਰਵਰਦਿਗਾਰ ਦਿਤਾ ਚਮਕਾਈਆ । ਫੇਰ ਸ਼ਬਦ ਸੰਦੇਸਾ ਸੁਣਿਆ ਖ਼ਾਸ, ਸੁਨੇਹੜਾ ਇਕ ਜਣਾਈਆ । ਤੁਹਾਡਾ ਲਹਿਣਾ ਦੇਣਾ ਹੋਣ ਲੱਗਾ ਖ਼ਲਾਸ, ਖ਼ਲਾਸੀ ਸਭ ਦੀ ਦਏ ਕਰਾਈਆ । ਜੋ ਹੁਕਮ ਦਿਤਾ ਮਕ਼ਬਰਿਆਂ ਵਿਚ ਲਾਸ਼, ਬਿਨ ਤੱਤਾਂ ਤਤ ਦ੍ਰਿੜਾਈਆ । ਓਸ ਵੇਲੇ ਦੀ ਕਰੋ ਤਲਾਸ਼, ਖੋਜੋ ਥਾਉਂ ਥਾਈਆ । ਸਭ ਨੂੰ ਮਿਲਣ ਵਾਲੀ ਸ਼ਾਬਾਸ਼, ਸਿਰ ਆਪਣਾ ਹੱਥ ਟਿਕਾਈਆ । ਦੀਨਾਂ ਮਜ਼੍ਹਬਾਂ ਕਰ ਕੇ ਨਾਸ, ਨਾਸਤਕਾਂ ਪਰਦਾ ਦਏ ਖੁਲ੍ਹਾਈਆ । ਸਦੀ ਦੀ ਪੂਰੀ ਹੋਵੇ ਆਸ, ਆਸ ਨਾਲ ਵਧਾਈਆ । ਜਿਸ ਦਾ ਰਾਹ ਤੱਕੇ ਪ੍ਰਿਥਮੀ ਆਕਾਸ਼, ਮੰਡਲ ਧਿਆਨ ਲਗਾਈਆ । ਸੋ ਖੇਲ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਨੂਰ ਖ਼ੁਦਾਈਆ । ਵਕ਼ਤ ਸੁਹੰਜਣਾ ਧੁਰ ਦਾ ਦੱਸੇ ਕਲਾਕ, ਕਾਇਮ ਮੁਕਾਮ ਇਕ ਜਣਾਈਆ । ਜਿਸ ਵੇਲੇ ਦੀ ਸਾਰੇ ਕਰਦੇ ਰਹੇ ਜਾਂਚ, ਯਾਚਕ ਹੋ ਕੇ ਧਿਆਨ ਲਗਾਈਆ । ਓਹ ਲੌਣ ਲੱਗਾ ਆਂਚ, ਅਗਨੀ ਅੱਗ ਤਪਾਈਆ । ਜਿਸ ਨੇ ਭੇਵ ਖੁਲੌਣਾ ਪੰਚਮ ਪਾਂਚ, ਪਰਪੰਚ ਦਏ ਗਵਾਈਆ । ਸਾਡੀ ਦੀਨਾਂ ਮਜ਼੍ਹਬਾਂ ਦੀ ਮੇਟ ਕੇ ਬ੍ਰਾਂਚ, ਰਾਸਤਾ ਬਰਾਸਤਾ ਇਕੋ ਦਏ ਵਖਾਈਆ । ਝਗੜਾ ਮਿਟੇ ਕਾਇਆ ਮਾਟੀ ਕਾਂਚ, ਕੰਚਨ

ਗੜ੍ਹ ਸੁਹਾਈਆ । ਮਨੂਆ ਕਰੇ ਕੋਈ ਨਾ ਨਾਚ, ਚਾਰ ਕੁੰਟ ਨਾ ਕੋਇ ਹਲਕਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕ, ਪੜਦਾ ਦਏ ਉਠਾਈਆ । ਸਾਡਾ ਪੂਰਾ ਕਰ ਕੇ ਭਵਿਖਤ ਵਾਕ, ਵਾਕ ਪੂਰਾ ਪੂਰਨ ਹੱਥ ਫੜਾਈਆ । ਲੇਖਾ ਜਾਣ ਪਿਛਲੀ ਕਥਾ ਕਹਾਣੀ ਬਾਤ, ਬਾਤਨ ਆਪਣਾ ਭੇਵ ਜਣਾਈਆ । ਸੋ ਕਲਜੁਗ ਮੇਟੇ ਅੰਧੇਰੀ ਰਾਤ, ਨਿਰਗੁਣ ਨੂਰੀ ਚੰਦ ਕਰ ਰੁਸ਼ਨਾਈਆ । ਸਾਡੀ ਰਹੀ ਨਾ ਕੋਈ ਜਮਾਤ, ਅੱਖਰਾਂ ਨਾਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਹੋਏ ਸਹਾਈਆ । ਮਸੀਹ ਕਹੇ ਲੇਖਾ ਰਿਹਾ ਨਾ ਜਿਸਤ ਟਾਂਕ, ਟਾਕ ਕਰਨ ਦੀ ਲੋੜ ਰਹੀ ਨਾ ਰਾਈਆ । ਕੋਈ ਕਹੇ ਨਾ ਵਟ ਯੂ ਵਾਂਟ, ਸਾਰੇ ਬੈਠੇ ਸੀਸ ਨਿਵਾਈਆ । ਕਾਇਆ ਖ਼ਾਲੀ ਦਿਸਣ ਬਰਤਣ ਪਾਟ, ਝੋਲੀ ਅੱਗੇ ਨਾ ਕੋਇ ਭਰਾਈਆ । ਸਦੀ ਤੋਂ ਅੱਗੇ ਸਦੀ ਹੋਵੇ ਨਾ ਕੋਇ ਅਲਾਟ, ਹੁਕਮ ਹੁਕਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ਿਸ਼ ਦੀ ਦੇਵੇ ਨਾ ਕੋਇ ਗਰਾਂਟ, ਗਰਾਂਡ ਫ਼ਾਦਰ ਆਪਣਾ ਹੁਕਮ ਵਰਤਾਈਆ । ਯਸੂਹ ਕਹੇ ਸਦੀ ਚੌਧਵੀਂ ਬਣ ਬੈਠੀ ਕਵੀਨ, ਕਾਇਨਾਤ ਵਿਚ ਮਿਲੀ ਵਡਿਆਈਆ । ਅਗਲਾ ਲੇਖਾ ਜਾਣੇ ਨਾ ਕੋਇ ਬਿਟਵੀਨ, ਪਰਦਾ ਪਰਦਾ ਨਾ ਕੋਇ ਚੁਕਾਈਆ । ਹਕੀਕਤ ਵਾਲੀ ਦਿਸੇ ਨਾ ਕੋਇ ਤਾਲੀਮ, ਤੁਲਬੇ ਰਹੇ ਕੁਰਲਾਈਆ । ਮੈਂ ਤੱਕਾਂ ਉਪਰ ਜ਼ਮੀਨ, ਜ਼ਾਮਨ ਬੈਠੇ ਮੁਖ ਭਵਾਈਆ । ਕਿਸੇ ਦਾ ਰਿਹਾ ਨਾ ਕੋਇ ਯਕੀਨ, ਭਰੋਸਾ ਭਰਮ ਵਿਚ ਬਦਲਾਈਆ । ਪਰਵਰਦਿਗਾਰ ਕਰਨ ਵਾਲਾ ਤਰਮੀਮ, ਤਰਤੀਬ ਆਪਣੇ ਹੱਥ ਰਖਾਈਆ । ਜਿਸ ਨੂੰ ਕਹਿੰਦੇ ਖ਼ਾਲਕ ਖ਼ਲਕ ਕਰੀਮ, ਕੁਦਰਤ ਦਾ ਕਾਦਰ ਨੂਰ ਅਲਾਹੀਆ । ਜਿਸ ਦਾ ਦਰਗਾਹ ਸੱਚੀ ਥਾਨ ਆਲੀਸ਼ਾਨ ਅਜ਼ੀਮ, ਆਜ਼ਮ ਹੋ ਕੇ ਸੋਭਾ ਪਾਈਆ । ਸੋ ਦਰਸਾਵੇ ਆਪਣਾ ਇਕ ਸੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਈਸਾ ਕਹੇ ਮੇਰਾ ਹੋਣ ਲੱਗਾ ਐਂਡ, ਐਂਡ ਆਫ਼ ਰਿਹਾ ਕਰਾਈਆ । ਮਿਤ੍ਰ ਪਿਆਰਾ ਦਿਸੇ ਨਾ ਕੋਇ ਫ਼ਰੈਂਡ, ਸਾਚਾ ਮੇਲ ਨਾ ਕੋਇ ਮਿਲਾਈਆ । ਮੇਰਾ ਖਾਲੀ ਹੋਇਆ ਹੈਂਡ, ਹੈਂਡਜ਼ ਅਪ ਕਰਕੇ ਦਿਆਂ ਵਖਾਈਆ । ਅੱਗੇ ਹੁਕਮ ਸੰਦੇਸਾ ਕਰੇ ਕੋਈ ਨਾ ਸੈਂਡ, ਭਜਨ ਬੰਦਗੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਮਸੀਹ ਕਹੇ ਮੈਂ ਤੱਕਾਂ ਕੀ ਕੀ ਕੀ, ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਬਦਲਣ ਵਾਲਾ ਲੀਹ, ਰਸਤਾ ਰਿਹਾ ਬਦਲਾਈਆ । ਲੇਖਾ ਜਾਣੇ ਹੀ ਸ਼ੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੈਨ ਮੈਂਨ ਦਾ ਬੀਜੇ ਬੀ, ਪਰਮਾਤਮ ਆਤਮ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਬੀਸਵੀਂ ਸਦੀ ਵੀਹ, ਵੀਹ ਵੀਹ ਨਾਲ ਮਿਲਾਈਆ ।

**❊ ੧੩ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਦਾਗਰ ਸਿੰਘ ਦੇ ਘਰ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ❊**

ਈਸਾ ਕਹੇ ਮੈਂ ਤੱਕਾਂ ਜ਼ਿਮੀਂ ਅਸਮਾਨ, ਦੋਹਰੀ ਧਾਰ ਵੇਖ ਵਖਾਈਆ । ਕੀ ਹੁਕਮ ਦੇਵੇ ਮਿਹਰਵਾਨ, ਬੇਪ੍ਰਵਾਹ ਬੇਪ੍ਰਵਾਹੀਆ । ਕੀ ਸ਼ਬਦ

੮੧੫
੨੧

ਹੋਵੇ ਫ਼ਰਮਾਨ, ਨਿਗਾਹਬਾਨ ਆਪ ਜਣਾਈਆ । ਕੀ ਸ਼ਰਅ ਦੱਸੇ ਅੰਜੀਲ ਕੁਰਾਨ, ਸਿਫ਼ਤਾਂ ਵਿਚ ਸਾਲਾਹੀਆ । ਕੀ ਲੇਖਾ ਲੱਗੇ ਈਮਾਨ, ਅਮਲ ਵੇਖੇ ਖ਼ਲਕ ਖ਼ੁਦਾਈਆ । ਜਿਸ ਨੇ ਬਦਲ ਦੇਣਾ ਇਸਲਾਮ, ਇਸਮ ਆਜ਼ਮ ਇਕ ਹੋ ਜਾਈਆ । ਜਿਸ ਨੂੰ ਮੁਹੰਮਦ ਮੰਨਿਆ ਅਮਾਮ, ਅੱਲਾ ਨੂਰ ਅਲਾਹੀਆ । ਮੈਂ ਓਸੇ ਦੀ ਦੱਸ ਕੇ ਆਇਆ ਪਹਿਚਾਨ, ਬੇਪਹਿਚਾਨਾਂ ਮਾਤ ਦ੍ਰਿੜਾਈਆ । ਮੇਰਾ ਬਾਪ ਬੜਾ ਬਲਵਾਨ, ਬਲਧਾਰੀ ਇਕ ਅਖਵਾਈਆ । ਸਦੀ ਬੀਸਵੀਂ ਹੋਵੇ ਪਰਧਾਨ, ਪਰਧਾਨਗੀ ਆਪਣੇ ਹੱਥ ਰਖਾਈਆ । ਈਸਾ ਵੇਖੇ ਦੋ ਜਹਾਨ, ਤਬਕ ਸਬਕ ਇਕ ਪੜ੍ਹਾਈਆ । ਚਾਰ ਜੁਗ ਦੀ ਪਿਛਲੀ ਜਾਣੇ ਕਲਾਮ, ਕਾਇਨਾਤ ਖੋਜ ਖੁਜਾਈਆ । ਮਜ਼੍ਹਬ ਦਾ ਰਹਿਣ ਨਾ ਦੇਵੇ ਕੋਇ ਗ਼ੁਲਾਮ, ਜ਼ੰਜੀਰ ਫ਼ਕੀਰ ਦਏ ਕਟਾਈਆ । ਦੀਨ ਦੁਨੀ ਵਿਚ ਰਹੇ ਨਾ ਕੋਇ ਬੇਈਮਾਨ, ਅੰਤਰ ਨਿਰੰਤਰ ਕਰੇ ਸਫ਼ਾਈਆ । ਜੋਤੀ ਦੀਪ ਜਗਾ ਕੇ ਸ਼ਮਾਂਦਾਨ, ਅੰਧ ਅੰਧੇਰਾ ਦਏ ਮਿਟਾਈਆ । ਸੰਤ ਸੁਹੇਲੇ ਵੇਖੇ ਆਣ, ਹਰਿਜਨ ਆਪਣਾ ਰੰਗ ਰੰਗਾਈਆ । ਧਰਮ ਪ੍ਰੀਤੀ ਦੇ ਕੇ ਦਾਨ, ਵਸਤ ਅਮੋਲਕ ਅਗੰਮ ਵਰਤਾਈਆ । ਸਚਖੰਡ ਦਵਾਰੇ ਕਰ ਪਰਵਾਨ, ਬਖ਼ਸ਼ੇ ਹਰਿ ਸਰਨ ਸਰਨਾਈਆ । ਧੁਰ ਦਾ ਬਣ ਕੇ ਅਗੰਮੀ ਕਾਹਨ, ਸੰਤ ਸੁਹੇਲੇ ਲਏ ਪਰਨਾਈਆ । ਦੀਨ ਦੁਨੀ ਦਾ ਤੋੜ ਅਭਿਮਾਨ, ਮਾਣ ਨਿਮਾਣਿਆਂ ਦਏ ਸਮਝਾਈਆ । ਸਾਂਝਾ ਕਰ ਕੇ ਪੀਣ ਖਾਣ, ਝਗੜਾ ਦੂਈ ਦਵੈਤ ਗਵਾਈਆ । ਏਕਾ ਕਲਮਾ ਏਕੋ ਹੋਵੇ ਨਾਮ, ਡੰਡਾਵਤ ਬੰਦਨਾ ਸੀਸ ਸੱਜਦਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਹਰਿ ਕਰਨੀ ਕਾਰ ਕਮਾਈਆ । ਈਸਾ ਕਹੇ ਮੈਂ ਵੇਖਾਂ ਧੁਰ ਦੀ ਧਾਰ, ਧਰਮ ਦਵਾਰਾ ਰਾਹ ਤਕਾਈਆ । ਕੀ ਹੁਕਮ ਪਰਵਰਦਿਗਾਰ, ਧੁਰ ਸੰਦੇਸਾ ਦਏ ਸੁਣਾਈਆ । ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਲਏ ਉਠਾਈਆ । ਜਿਸ ਦਾ ਕਰ ਕੇ ਆਏ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਸੋ ਨਿਰਗੁਣ ਨੂਰ ਜੋਤ ਕਰੇ ਉਜਿਆਰ, ਕਲਜੁਗ ਅੰਧੇਰਾ ਦਏ ਮਿਟਾਈਆ । ਕਲਜੁਗ ਜੀਵ ਵੇਖੇ ਮੂਰਖ ਮੁਗਧ ਗਵਾਰ, ਤਨ ਮਾਟੀ ਖ਼ਾਕ ਪੋਚ ਪੁਚਾਈਆ । ਜਨ ਭਗਤਾਂ ਦੇ ਕੇ ਇਕ ਇਤਬਾਰ, ਬੇਇਤਬਾਰੀ ਅੰਦਰੋਂ ਦਏ ਕਢਾਈਆ । ਸੂਫ਼ੀਆਂ ਦਿਸੇ ਸਾਂਝਾ ਯਾਰ, ਨਿਰਾਕਾਰ ਆਪਣਾ ਰੰਗ ਰੰਗਾਈਆ । ਬਿਨ ਰਸਨਾ ਜਿਹਵਾ ਬੋਲ ਅਗੰਮੀ ਗੁਫ਼ਤਾਰ, ਗੁਫ਼ਤ ਸ਼ਨੀਦ ਦਏ ਸੁਣਾਈਆ । ਦੀਨ ਦੁਨੀ ਦੀ ਵੇਖੇ ਰਫ਼ਤਾਰ, ਰਫ਼ਤਾ ਰਫ਼ਤਾ ਸਾਰੇ ਖੋਜ ਖੁਜਾਈਆ । ਈਸਾ ਕਹੇ ਜਿਸ ਹਫ਼ਤੇ ਦੀ ਮੈਂ ਛੁੱਟੀ ਕਰ ਕੇ ਆਇਆ ਐਤਵਾਰ, ਸੰਡੇ ਕਹਿ ਕੇ ਜਗਤ ਸੁਣਾਈਆ । ਏਸੇ ਦਿਨ ਦੀਨ ਦੁਨੀ ਦਾ ਵੇਲਾ ਅੰਤਮ ਹੋਣਾ ਜ਼ਾਹਰ, ਇਜ਼ਹਾਰ ਕਰੇ ਬੇਪ੍ਰਵਾਹੀਆ । ਚਾਰ ਕੁੰਟ ਹੋਵੇ ਖ਼ੁਆਰ, ਖ਼ੁਆਰੀ ਘਰ ਘਰ ਨਜ਼ਰੀ ਆਈਆ । ਸਾਚਾ ਮਿਲੇ ਨਾ ਕਿਸੇ ਦੀਦਾਰ, ਦੀਦ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਨਾ ਕੋਇ ਮਦਦਗਾਰ, ਸਾਥੀ ਸਾਥ ਨਾ ਕੋਇ ਨਿਭਾਈਆ । ਇਹ ਖੇਲ ਧੁਰ ਦੇ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਵਡ ਵਡਿਆਈਆ । ਈਸਾ ਕਹੇ ਮੈਂ ਦੱਸਿਆ, ਸਾਰੇ ਪਾਕ ਕਰਿਓ ਬੁਤ ਰੂਹ, ਖ਼ਾਲਕ ਖ਼ਲਕ ਵੇਖ ਵਖਾਈਆ । ਜਿਸ ਵੇਲੇ ਨੂਰੀ ਸੂਰੀਆ ਹੋਵੇ ਤਲੂਹ, ਆਫ਼ਤਾਬ ਵਡਿਆਈਆ । ਹਜ਼ਰਤਾਂ ਦਾ ਹਜ਼ਰਤ ਪੈਗ਼ੰਬਰਾਂ ਦਾ ਪੈਗ਼ੰਬਰ ਗੁਰੂਆਂ ਦਾ ਗੁਰਦੇਵ ਸਵਾਮੀ ਸ਼ਬਦ ਸਤਿਗੁਰੂ, ਆਦਿ ਅੰਤ ਦਾ ਮਾਲਕ ਇਕ ਅਖਵਾਈਆ । ਉਸ ਦਾ ਹੁਕਮ ਸੰਦੇਸਾ ਆਦਿ ਅੰਤ ਕਦੇ ਨਾ ਮੁੜੂ, ਅੱਗੇ ਹੋ ਨਾ ਕੋਇ ਅਟਕਾਈਆ । ਚਾਰ ਕੁੰਟ

ਦਹਿ ਦਿਸ਼ਾ ਨਿਰਗੁਣ ਧਾਰ ਸਚ ਸਵਾਮੀ ਹੋ ਕੇ ਤੁਰੂ, ਤੁਰਤ ਆਪਣੀ ਕਾਰ ਕਮਾਈਆ । ਆਸਾ ਮਨਸਾ ਪੂਰੀ ਕਰੂ ਧ੍ਰੂ, ਜਨ ਭਗਤ ਭਗਤ ਨਾਲ ਬਦਲਾਈਆ । ਸਭ ਦੇ ਅੰਦਰ ਇਕੋ ਮੰਤਰ ਫੁਰੂ, ਫੁਰਨੇ ਪਿਛਲੇ ਦਏ ਗਵਾਈਆ । ਕੂੜੀ ਕਿਰਿਆ ਸ਼ੌਹ ਦਰਿਆਏ ਰੁੜ੍ਹੂ, ਧੱਕਾ ਲਾਵੇ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਈਸਾ ਕਹੇ ਝਗੜਾ ਮੇਟਣਾ ਮਜਲਸੀ, ਮਜਲਸ ਇਕੋ ਇਕ ਵਖਾਈਆ । ਪਰਵਰਦਿਗਾਰ ਰਹਿਣਾ ਅਦਬੀ, ਬੇਅਦਬੀ ਹੋਵੇ ਖ਼ਲਕ ਖ਼ੁਦਾਈਆ । ਧੁਰ ਦਾ ਕਲਮਾ ਹੋਣਾ ਜਜ਼ਬੀ, ਜਜ਼ਬਾਤ ਦੀਨ ਦੁਨੀ ਖੋਜ ਖੁਜਾਈਆ । ਇਕੋ ਪਰਵਰਦਿਗਾਰ ਦੇ ਝੁਕਣਾ ਕ਼ਦਮੀਂ, ਦੂਸਰ ਸੀਸ ਨਾ ਕੋਇ ਨਿਵਾਈਆ । ਝਗੜਾ ਰਹੇ ਨਾ ਕੋਇ ਤਮੱਦਨੀ, ਧਰਮ ਦੀ ਧਾਰ ਇਕ ਵਖਾਈਆ । ਵੰਡ ਦਿਸੇ ਨਾ ਕੋਇ ਬਦਨੀ, ਬਦਲਾ ਚੁਕਾਏ ਥਾਉਂ ਥਾਈਆ । ਪੁਰਖ ਅਕਾਲਾ ਹੋਵੇ ਅਦਲੀ, ਅਦਲ ਇਨਸਾਫ਼ ਕਰੇ ਲੋਕਾਈਆ । ਕਲਜੁਗ ਸਤਿਜੁਗ ਦੋਹਾਂ ਦੀ ਹੋਵੇ ਬਦਲੀ, ਹੁਕਮ ਦੇਵੇ ਧੁਰਦਰਗਾਹੀਆ । ਪੈਂਡਾ ਸਭ ਦਾ ਮੁਕੇ ਮਜ਼ਲੋ ਮਜ਼ਲੀ, ਮੰਜ਼ਲ ਆਪਣੀ ਇਕ ਜਣਾਈਆ । ਇਹ ਖੇਲ ਪ੍ਰਭੂ ਦੀ ਰੰਗਲੀ, ਜਗਤ ਨੇਤਰ ਵੇਖਣ ਗੁਰ ਅਵਤਾਰ ਪੈਗ਼ੰਬਰ ਚਾਈਂ ਚਾਈਂਆ । ਸ਼ਾਹ ਸੁਲਤਾਨਾਂ ਥਾਂ ਮਿਲੇ ਨਾ ਜੰਗਲੀਂ, ਕੁੰਟ ਕੁੰਟ ਪਏ ਦੁਹਾਈਆ । ਨਾਤਾ ਰਹੇ ਨਾ ਅੰਗਲੀ ਸੰਗਲੀ, ਸਗਲਾ ਸੰਗ ਸਰਬ ਤਜਾਈਆ । ਭਿੱਛਿਆ ਪਾਏ ਨਾ ਕੋਇ ਨਾਮ ਬਗ਼ਲੀ, ਬਗ਼ਲਗੀਰ ਰਹਿਣ ਵਾਲਾ ਨਜ਼ਰੀਆ ਨਜ਼ਰ ਨਾ ਕੋਇ ਰਖਾਈਆ । ਮਨ ਕਲਪਣਾ ਦੁਨੀਆ ਹੋਵੇ ਪਗ਼ਲੀ, ਬੁਧ ਬਿਬੇਕ ਨਾ ਕੋਇ ਕਰਾਈਆ । ਕਿਸੇ ਸਮਝ ਨਾ ਆਵੇ ਅਗਲੀ, ਅਕਲ ਵਿਦਿਆ ਤੋਂ ਬਾਹਰ ਕੀ ਕਰੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਈਸਾ ਕਹੇ ਮੈਂ ਹੈਰਾਨ ਹੋਇਆ ਉਤੇ ਅਸਮਾਨਾਂ, ਅਸਲ ਦਿਆਂ ਜਣਾਈਆ । ਪਰਵਰਦਿਗਾਰ ਬਦਲ ਦੇਣਾ ਜ਼ਮਾਨਾ, ਗਾਡ ਗਾਈਡ ਬਣੇ ਨੂਰ ਅਲਾਹੀਆ । ਦੋ ਜਹਾਨਾਂ ਆਪਣੇ ਹੱਥ ਫੜੇ ਕਮਾਨਾ, ਕਾਮਲ ਮੁਰਸ਼ਦ ਨੂਰ ਅਲਾਹੀਆ । ਜਿਸ ਨੂੰ ਮੁਹੰਮਦ ਕਿਹਾ ਮਹਿਦੀ ਅਮਾਮਾ, ਅਮਾਮ ਅਮਾਮਾ ਇਕ ਅਖਵਾਈਆ । ਉਸ ਦਾ ਸੁਣ ਅਗੰਮ ਫ਼ਰਮਾਨਾ, ਫ਼ਰਮਾਂਬਰਦਾਰ ਹੋ ਕੇ ਸੀਸ ਨਿਵਾਈਆ । ਬਿਨ ਸੀਸ ਤੋਂ ਝੁਕ ਝੁਕ ਕਰਾਂ ਸਲਾਮਾ, ਸੱਯਦਿਆਂ ਵਿਚ ਲਾਗਾਂ ਪਾਈਆ । ਤੂੰ ਮਿਹਰਵਾਨ ਮਹਿਬੂਬ ਸ਼ਾਹ ਸੁਲਤਾਨਾ, ਸਭ ਤੇਰੀ ਓਟ ਰਖਾਈਆ । ਮੇਰਾ ਲਹਿਣਾ ਦੇਣਾ ਵੇਖ ਮੇਰੇ ਭਗਵਾਨਾ, ਭਗਵਨ ਤੇਰੀ ਆਸ ਤਕਾਈਆ । ਈਸਾ ਕਹੇ ਝਗੜਾ ਰਹੇ ਨਾ ਕੋਇ ਜਿਸਮਾਨਾ, ਜਿਸਮ ਜ਼ਮੀਰ ਦਏ ਬਦਲਾਈਆ । ਚੌਥੇ ਜੁਗ ਦਾ ਅੰਤਮ ਪੂਰਾ ਕਰੇ ਖ਼ਾਨਾ, ਖ਼ਾਮੀ ਵਿਚ ਨਾ ਕੋਇ ਜਣਾਈਆ । ਸਤਿਜੁਗ ਸਚ ਕਰੇ ਪ੍ਰਧਾਨਾ, ਨਾਮ ਪ੍ਰਧਾਨਗੀ ਇਕ ਰਖਾਈਆ । ਨਿਰਗੁਣ ਚੰਦ ਚੜ੍ਹੇ ਜੋਤੀ ਨੂਰ ਜਹਾਨਾ, ਜਾਗਰਤ ਜੋਤ ਡਗਮਗਾਈਆ । ਜਨ ਭਗਤ ਸੁਹੇਲਾ ਰਹੇ ਨਾ ਕੋਇ ਬੇਗਾਨਾ, ਗੁਰਮੁਖ ਆਪਣੇ ਘਰ ਟਿਕਾਈਆ । ਸ੍ਰਿਸ਼ਟੀ ਤੂੰ ਮੇਰਾ ਮੈਂ ਤੇਰਾ ਗਾਉਣਾ ਗਾਣਾ, ਅੰਤਰ ਆਤਮ ਪਰਮਾਤਮ ਰਾਗ ਅਲਾਈਆ । ਈਸਾ ਕਹੇ ਮੈਂ ਹੋ ਕੇ ਮਾਣ ਨਿਮਾਣਾ, ਨਿਉਂ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਅਲਾਹੀ ਅਮਾਮਾ, ਅਮਾਮ ਇਕੋ ਵੇਖ ਵਖਾਈਆ ।

### ❊ ੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ ❊

ਸਚਖੰਡ ਦਵਾਰ ਕਹੇ ਗੁਰ ਅਵਤਾਰ ਪੈਗ਼ੰਬਰ ਗਏ ਸਹਿਮ, ਸਮਾਜਵਾਦੀ ਸੀਸ ਨਾ ਕੋਇ ਉਠਾਈਆ । ਕਲਜੁਗ ਅੰਤਮ ਰਿਹਾ ਕੋਇ ਨਾ ਕਾਇਮ, ਮੁਕਾਮੇ ਹੱਕ ਅੱਖ ਨਾ ਕੋਇ ਖੁਲ੍ਹਾਈਆ । ਦੀਨ ਮਜ਼੍ਹਬ ਵਧਿਆ ਜਰਾਇਮ, ਜਨਮ ਸਫ਼ਲ ਨਾ ਕੋਇ ਕਰਾਈਆ । ਨੇਤਰ ਖੁਲ੍ਹਿਆ ਕਿਸੇ ਨਾ ਨੈਣ, ਲੋਚਨ ਅੱਖ ਪ੍ਰਤੱਖ ਦਰਸ਼ਨ ਕੋਇ ਨਾ ਪਾਈਆ । ਪਿਆਰ ਰਿਹਾ ਨਾ ਮਾਤ ਪਿਤ ਭਾਈ ਭੈਣ, ਸੱਜਣ ਸੰਗ ਨਾ ਕੋਇ ਰਖਾਈਆ । ਮਿਤ੍ਰ ਪਿਆਰਾ ਦਿਸੇ ਕੋਇ ਨਾ ਸੈਣ, ਸਾਚਾ ਮੇਲ ਨਾ ਕੋਇ ਵਖਾਈਆ । ਮੁਰੀਦ ਮੁਰਸ਼ਦ ਹੋਏ ਤਰਫ਼ੈਣ, ਗੁਰ ਚੇਲੇ ਬੈਠੇ ਮੁਖ ਛੁਪਾਈਆ । ਮਨ ਕਲਪਣਾ ਕਿਸੇ ਨਾ ਆਵੇ ਚੈਣ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਮੁਕੇ ਨਾ ਲਹਿਣ ਦੇਣ, ਹਿਸਾਬ ਬੇਬਾਕ ਨਾ ਕੋਇ ਵਖਾਈਆ । ਮਾਇਆ ਮਮਤਾ ਵਿਚੋਂ ਹੋਏ ਨਾ ਕੋਇ ਉਜੈਣ, ਬੰਧਨ ਸਕੇ ਨਾ ਕੋਇ ਤੁੜਾਈਆ । ਜੂਠ ਝੂਠ ਵਗਦਾ ਵਹਿਣ, ਸਤਿ ਧਰਮ ਨਾ ਕੋਇ ਬਚਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਢੋਲੇ ਗੀਤ ਕਰਦੇ ਗਾਇਣ, ਹਿਰਦੇ ਹਰਿ ਨਾ ਕੋਇ ਵਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹਦੇ ਰਮਾਇਣ, ਰਾਮ ਰਾਮਾ ਮਿਲਣ ਕਿਸੇ ਨਾ ਪਾਈਆ । ਆਤਮ ਧਾਰ ਸਭ ਦੀ ਹੋਈ ਪਰਾਇਣ, ਪ੍ਰਾਣਪਤਿ ਮਿਲ ਕੇ ਵਜੇ ਨਾ ਕੋਇ ਵਧਾਈਆ । ਕੀ ਖੇਲ ਕਰੇ ਪੁਰਖ ਅਕਾਲਾ ਦੀਨ ਦਿਆਲਾ ਨਰ ਨਰਾਇਣ, ਨਰ ਹਰਿ ਆਪਣੀ ਖੇਲ ਖਿਲਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਖਾਏ ਮੌਤ ਲਾੜੀ ਡਾਇਣ, ਕਾਲ ਨਗਾਰਾ ਆਪਣੀ ਚੋਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵਡ ਵਡਿਆਈਆ । ਸਚਖੰਡ ਦਵਾਰ ਕਹੇ ਗੁਰ ਅਵਤਾਰ ਪੈਗ਼ੰਬਰ ਬੈਠੇ ਚੁਪ, ਸ਼ਬਦੀ ਸ਼ਬਦ ਨਾ ਕੋਇ ਸੁਣਾਈਆ । ਚਾਰੋਂ ਕੁੰਟ ਵੇਖਣਾ ਅੰਧੇਰਾ ਘੁਪ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਧਰਮ ਦਾ ਰਿਹਾ ਕੋਈ ਨਾ ਪੁਤ, ਪਿਤਾ ਪੂਤ ਨਾ ਕੋਇ ਵਡਿਆਈਆ । ਸ਼ਬਦ ਦੁਲਾਰਾ ਦਿਸੇ ਕੋਈ ਨਾ ਸੁਤ, ਅਪਰਾਧੀ ਹੋਈ ਖ਼ਲਕ ਖ਼ੁਦਾਈਆ । ਅੰਤਰ ਅੰਧੇਰਾ ਮੇਟੇ ਕੋਈ ਨਾ ਲੁਕ, ਅਗਿਆਨ ਅੰਧੇਰਾ ਢਾਹੀਆ । ਪੁਰਖ ਅਕਾਲ ਦੀਨ ਦਿਆਲ ਸੀਸ ਕਿਸੇ ਨਾ ਜਾਵੇ ਝੁਕ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਬੈਠੇ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪੜ੍ਹੇ ਕੋਈ ਨਾ ਤੁਕ, ਅੱਲਾ ਵਾਹਿਗੁਰੂ ਰਾਮ ਸਤਿ ਸਤਿ ਰਾਗ ਅਲਾਈਆ । ਆਵਣ ਜਾਵਣ ਲੱਖ ਚੁਰਾਸੀ ਕਿਸੇ ਨਾ ਜਾਵੇ ਛੁਟ, ਜੂਨ ਅਜੂਨੀ ਪੰਧ ਨਾ ਕੋਇ ਮੁਕਾਈਆ । ਮਾਇਆ ਮਮਤਾ ਮੋਹ ਵਿਕਾਰ ਜਗਤ ਤ੍ਰਿਸ਼ਨਾ ਮਿਟੇ ਕੋਈ ਨਾ ਭੁੱਖ, ਸਾਂਤਕ ਸਤਿ ਨਾ ਕੋਇ ਕਰਾਈਆ । ਹਉਮੇ ਹੰਗਤਾ ਕੂੜੀ ਕਿਰਿਆ ਮਿਟੇ ਕਿਸੇ ਨਾ ਦੁੱਖ, ਦੂਈ ਦਵੈਤੀ ਪੰਧ ਨਾ ਕੋਇ ਮੁਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੇਵੇ ਕੋਈ ਨਾ ਸੁਖ, ਸੁਖਸਾਗਰ ਵਿਚ ਸਮਾਈਆ । ਆਵਣ ਜਾਵਣ ਮਾਤ ਗਰਭ ਲੇਖਾ ਮਿਟੇ ਨਾ ਜਨਣੀ ਕੁੱਖ, ਸਚ ਦਵਾਰ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਚਖੰਡ ਦਵਾਰ ਕਹੇ ਗੁਰ ਅਵਤਾਰ ਪੈਗ਼ੰਬਰ ਨੇਤਰ ਨੈਣ ਵਹਾਵਣ ਨੀਰ, ਵੈਰਾਗੀ ਰੂਪ ਵਟਾਈਆ । ਜਗਤ ਤਿਆਗੀ ਹੋਏ ਦਿਲਗੀਰ, ਧਰਨੀ ਧਰਤ ਧਵਲ ਧੌਲ ਧਿਆਨ ਨਾ ਕੋਈ ਰਖਾਈਆ । ਝਗੜਾ ਵੇਖ ਕੇ ਸ਼ਰਅ ਜ਼ੰਜੀਰ,

ਸਾਰੇ ਰਹੇ ਕੁਰਲਾਈਆ । ਮੰਜ਼ਲ ਮਿਲੇ ਨਾ ਕਿਸੇ ਅਖ਼ੀਰ, ਕਾਇਆ ਕਾਅਬੇ ਨਾ ਕੋਇ ਵਧਾਈਆ । ਨੇਤਰ ਰੋਂਦੇ ਸ਼ਾਹ ਹਕੀਰ, ਫ਼ਕੀਰ ਫ਼ਿਕਰਿਆਂ ਵਿਚ ਰਹੇ ਕੁਰਲਾਈਆ । ਅੰਦਰੋਂ ਬਦਲੇ ਨਾ ਕਿਸੇ ਜ਼ਮੀਰ, ਜ਼ਾਹਰ ਜ਼ਹੂਰ ਨਾ ਕੋਇ ਰੁਸ਼ਨਾਈਆ । ਨਾਮ ਖੰਡਾ ਹੱਥ ਨਾ ਆਏ ਸ਼ਮਸ਼ੀਰ, ਪੰਜ ਵਿਕਾਰ ਨਾ ਕੋਇ ਢਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਕੱਢੇ ਨਾ ਕੋਇ ਪੀੜ, ਦਰਦੀਆਂ ਦੁੱਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਸਚਖੰਡ ਦਵਾਰ ਕਹੇ ਗੁਰ ਅਵਤਾਰ ਪੈਗ਼ੰਬਰ ਰਹੇ ਸੋਚ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਆਪਣੀ ਆਸ਼ਾ ਨਾਲ ਮਿਲਾਵਣ ਲੋਚ, ਤ੍ਰਿਸ਼ਨਾ ਵਡ ਵਡਿਆਈਆ । ਜਿਸ ਪਰਵਰਦਿਗਾਰ ਪੁਰਖ ਅਕਾਲ ਦੀ ਰਖ ਕੇ ਆਏ ਓਟ, ਨਿਰਗੁਣ ਦਾਤਾ ਨੂਰ ਅਲਾਹੀਆ । ਜੋ ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ ਕੋਟ, ਸੰਬਲ ਡੇਰਾ ਇਕ ਸੁਹਾਈਆ । ਸ਼ਬਦ ਨਗਾਰੇ ਲਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਕਲਜੁਗ ਅੰਧ ਅੰਧੇਰਾ ਦਏ ਗਵਾਈਆ । ਆਤਮ ਪਰਮਾਤਮ ਉਪਰ ਕਰੇ ਮੋਹਤ, ਮੁਹੱਬਤ ਇਕੋ ਘਰ ਵਖਾਈਆ । ਝਗੜਾ ਮੁਕਾ ਕੇ ਲੋਕ ਪ੍ਰਲੋਕ, ਦੋ ਜਹਾਨਾਂ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਸਲੋਕ, ਸੋਹੰ ਸਤਿ ਕਰੇ ਪੜ੍ਹਾਈਆ । ਅੰਤਰ ਅੰਤਮ ਦੇ ਕੇ ਮੋਖ਼, ਮੁਕਤੀ ਤੋਂ ਪਰੇ ਦਰ ਸਮਝਾਈਆ । ਜਿਥੇ ਨਾਮ ਖ਼ੁਮਾਰੀ ਰਹੇ ਮਦਹੋਸ਼, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਸਚਖੰਡ ਦਵਾਰ ਕਹੇ ਗੁਰ ਅਵਤਾਰ ਪੈਗ਼ੰਬਰ ਕਰਨ ਸਲਾਹ, ਮਸ਼ਵਰਾ ਪ੍ਰੇਮ ਪ੍ਰੇਮ ਬਣਾਈਆ । ਵੇਖੋ ਖੇਲ ਬੇਪਰਵਾਹ, ਬੇਪਰਵਾਹੀ ਵਿਚ ਕਰਾਈਆ । ਜਿਸ ਨੂੰ ਕਹਿ ਕੇ ਆਏ ਗਾਡ ਖ਼ੁਦਾ, ਅੱਲਾ ਵਾਹਿਗੁਰੂ ਨਾਮ ਅਲਾਹੀਆ । ਸਾਨੂੰ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਕਰ ਕੇ ਜੁਦਾ ਜੁਦਾ, ਜੁਜ਼ ਹਿੱਸੇ ਵੰਡ ਦਿਤੀ ਵੰਡਾਈਆ । ਆਪਣੇ ਨਾਮ ਦਾ ਝਗੜਾ ਪਾ, ਕਲਮਿਆਂ ਵਿਚ ਕਰੀ ਲੜਾਈਆ । ਕਿਸੇ ਨੂੰ ਦੱਸ ਕੇ ਸਲਾਮ ਦੁਆ, ਕਿਸੇ ਤੋਂ ਡੰਡਾਵਤ ਰਿਹਾ ਕਰਾਈਆ । ਕਿਸੇ ਤੋਂ ਨਾਅਰਾ ਜੈਕਾਰਾ ਲਵਾ, ਕਿਸੇ ਨੂੰ ਖ਼ਾਕ ਉਤੇ ਲਿਟਾਈਆ । ਸਾਡੇ ਵਿਚ ਝਗੜਾ ਪਾ, ਦੀਨ ਮਜ਼੍ਹਬ ਦਿਤੇ ਬਣਾਈਆ । ਵਖਰੇ ਵਖਰੇ ਚਲਾ ਕੇ ਰਾਹ, ਆਪ ਆਪਣਾ ਲਿਆ ਛੁਪਾਈਆ । ਏਸੇ ਕਾਰਨ ਓਸ ਨੂੰ ਆਏ ਧਿਆ, ਧਿਆਨ ਵਿਚ ਧਿਆਨ ਲਗਾਈਆ । ਜਿਸ ਵੇਲੇ ਸਾਡੀ ਚਲੇ ਕੋਈ ਨਾ ਵਾਹ, ਵਾਹਿਗੁਰੂ ਹੋਏ ਨਾ ਕਿਸੇ ਸਹਾਈਆ । ਫਿਰ ਪ੍ਰਗਟ ਹੋਵੇ ਨਿਰਗੁਣ ਨੂਰ ਜੋਤ ਰੁਸ਼ਨਾ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਸੋ ਸਵਾਮੀ ਠਾਕਰ ਅੰਤਰਜਾਮੀ ਕਲਜੁਗ ਅੰਤਮ ਗਿਆ ਆ, ਆਮਦ ਵਿਚ ਆਪਣਾ ਖੇਲ ਖਿਲਾਈਆ । ਸੰਤ ਸੁਹੇਲੇ ਜਨ ਭਗਤ ਲਏ ਜਗਾ, ਜਾਗਰਤ ਜੋਤ ਡਗਮਗਾਈਆ । ਸਾਥੋਂ ਖਹਿੜਾ ਦਿਤਾ ਛੁਡਾ, ਨਾਤਾ ਅਵਰ ਰਿਹਾ ਨਾ ਰਾਈਆ । ਇਕੋ ਪੁਰਖ ਅਕਾਲ ਰਹੇ ਮਨਾ, ਦੂਜੀ ਓਟ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਧਾਰ ਸਭ ਦਾ ਪਿਤਾ ਮਾਂ, ਮਾਲਕ ਖ਼ਾਲਕ ਖ਼ੁਦ ਇਕੋ ਇਕ ਅਖਵਾਈਆ ।


੮੧੯
੨੧

## ❊ ੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਜਸਵੰਤ ਸਿੰਘ ਦੇ ਗ੍ਰਿਹਿ ਪਿੰਡ ਰਾਜੇਆਣਾ ਜ਼ਿਲਾ ਫ਼ਿਰੋਜ਼ਪੁਰ ❊

ਸਚਖੰਡ ਦਵਾਰ ਕਹੇ ਦਰਗਾਹ ਸਾਚੀ, ਨਿਰਗੁਣ ਧਾਰ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਤਨ ਵਜੂਦ ਪੰਜ ਤਤ ਦਿਸੇ ਨਾ ਮਾਟੀ ਕਾਚੀ, ਕੰਚਨ ਗੜ੍ਹ ਨਾ ਕੋਇ ਤੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਹੀਂ ਕੋਈ ਸਾਖੀ, ਸਾਖ਼ਿਆਤ ਨੁਕਤਾ ਨੂਨ ਦਾਤਾ ਨੂਰ ਅਲਾਹੀਆ । ਮੰਦਰ ਮਸਜਿਦ ਗੁਰੂਦਵਾਰ ਨਾ ਦਿਸੇ ਕੋਈ ਮਾਟੀ, ਸ਼ਿਵਦਵਾਲਾ ਵੰਡ ਨਾ ਕੋਇ ਵੰਡਾਈਆ । ਦੀਨ ਮਜ੍ਹਬ ਜ਼ਾਤ ਪਾਤ ਰਾਓ ਰੰਕ ਨਹੀਂ ਕੋਈ ਹਾਟੀ, ਜਗਤ ਵਣਜਾਰਾ ਵਣਜ ਨਾ ਕੋਇ ਕਰਾਈਆ । ਤੀਰਥ ਤਟ ਕਿਨਾਰਾ ਦਿਸੇ ਕੋਈ ਨਾ ਤਾਟੀ, ਜਲ ਥਲ ਮਹੀਅਲ ਵੇਸ ਨਾ ਕੋਇ ਵਟਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹ ਰਿਹਾ ਕੋਈ ਨਾ ਆਖੀ, ਰਾਗ ਨਾਦ ਢੋਲਾ ਗੀਤ ਨਾ ਕੋਇ ਸੁਣਾਈਆ । ਸੂਰੀਆ ਚੰਦ ਨਾ ਕੋਈ ਦਿਸੇ ਦਿਵਸ ਰੈਣ ਰਾਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲ ਜੋ ਸਭ ਦਾ ਪਿਤਾ ਮਾਤੀ, ਪਤਿਪਰਮੇਸ਼ਵਰ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਮੰਨਦੇ ਆਏ ਆਖੀ, ਸਰਗੁਣ ਹੋ ਕੇ ਸਾਚੀ ਸੇਵ ਕਮਾਈਆ । ਸੋ ਸਵਾਮੀ ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਲੋਕਮਾਤ ਵੇਖੇ ਸਭ ਦੀ ਹਯਾਤੀ, ਜੀਵਣ ਜੁਗਤੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਇਕ ਅਖਵਾਈਆ । ਸਚਖੰਡ ਦਵਾਰ ਕਹੇ ਦਰਗਾਹ ਸਾਚੀ ਪੈਗ਼ੰਬਰ ਰਹੇ ਤਕ, ਨਿਗਾਹ ਨਿਗਾਹ ਵਿਚੋਂ ਉਠਾਈਆ । ਕੀ ਹੁਕਮ ਮਿਲੇ ਹਕ਼ੀਕ਼ਤ ਹੱਕ, ਹਰਿ ਕਰਤਾ ਕੀ ਜਣਾਈਆ । ਕਿਸ ਬਿਧ ਦੀਨ ਦੁਨੀ ਪੈਜ ਲਏ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਜੋ ਮਾਰਗ ਲੋਕਮਾਤ ਅਸੀਂ ਆਏ ਦੱਸ, ਭਰਮੇ ਭੁੱਲੀ ਸਰਬ ਲੋਕਾਈਆ । ਸਾਡੇ ਰਿਹਾ ਕੋਈ ਨਾ ਵੱਸ, ਤੋਬਾ ਤੋਬਾ ਕਰ ਸੁਣਾਈਆ । ਸਾਚਾ ਕਲਮਾ ਲਏ ਕੋਈ ਨਾ ਰਟ, ਰੱਟਿਆਂ ਵਿਚ ਸਾਰੇ ਰਹੇ ਕੁਰਲਾਈਆ । ਦੁਰਮਤ ਮੈਲ ਦੇਵੇ ਕੋਈ ਨਾ ਕੱਟ, ਪੱਤਤ ਪੁਨੀਤ ਨਾ ਕੋਇ ਬਣਾਈਆ । ਸਤਿ ਧਰਮ ਦਾ ਦਿਸੇ ਕੋਈ ਨਾ ਹੱਟ, ਵਸਤ ਅਮੋਲਕ ਕਾਇਆ ਗੋਲਕ ਝੋਲੀ ਕੋਇ ਨਾ ਪਾਈਆ । ਮਨ ਕਲਪਣਾ ਸਾਰੇ ਰਹੇ ਨਠ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸਭ ਦਾ ਕਾਇਆ ਖੇੜਾ ਹੋਇਆ ਭੱਠ, ਕਲਜੁਗ ਕੂੜੀ ਕਿਰਿਆ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸਚਖੰਡ ਦਵਾਰ ਕਹੇ ਦਰਗਾਹ ਸਾਚੀ ਖੇਲ ਅਜੀਬ, ਅਜਬ ਨਿਰਾਲਾ ਆਪ ਬਣਾਈਆ । ਅਵਤਾਰ ਪੈਗ਼ੰਬਰਾਂ ਦੇ ਤਰਤੀਬ, ਗੁਰੂਆਂ ਰੰਗ ਰੰਗਾਈਆ । ਝਗੜਾ ਦਿਸੇ ਨਾ ਕੋਇ ਅਮੀਰ ਗ਼ਰੀਬ, ਵੱਡਾ ਛੋਟਾ ਨਾ ਕੋਇ ਦਿਸਾਈਆ । ਨਿਰਗੁਣ ਧਾਰ ਸਭ ਦਾ ਮੀਤ, ਮਿਤ੍ਰ ਪਿਆਰਾ ਇਕ ਹੋ ਆਈਆ । ਤੂੰ ਮੇਰਾ ਮੈਂ ਤੇਰਾ ਗਾਵੇ ਗੀਤ, ਸੋਹੰ ਢੋਲਾ ਸਚ ਸ਼ਨਵਾਈਆ । ਆਦਿ ਜੁਗਾਦੀ ਕਲਮਾ ਇਕ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਅੰਤਮ ਲੇਖਾ ਵੇਖਣਾ ਸਦੀ ਬੀਸ, ਚੌਧਵੀਂ ਲੇਖਾ ਰਹੇ ਨਾ ਰਾਈਆ । ਸਭ ਦਾ ਸਾਂਝਾ ਹੋਣਾ ਗੀਤ, ਹਿੰਦੂ ਮੁਸਲਿਮ ਸਿੱਖ ਈਸਾਈ ਇਕ ਸਰਨਾਈਆ । ਪਰਵਰਦਿਗਾਰ ਵਸਣਾ ਨਜ਼ਦੀਕ, ਕਾਇਆ ਕਾਅਬੇ ਸੋਭਾ ਪਾਈਆ । ਜੋ ਆਦਿ ਜੁਗਾਦੀ ਲਾਸ਼ਰੀਕ, ਸ਼ਿਰਕਤ ਸ਼ਰਅ ਦਏ ਗਵਾਈਆ । ਜਿਸ ਦੇ ਵਿਚ ਹੱਕ ਤੌਫ਼ੀਕ, ਪਾਰਬ੍ਰਹਮ ਪਤਿਪਰਮੇਸ਼ਵਰ

ਇਕ ਹੋ ਆਈਆ । ਸਤਿਜੁਗ ਸਚ ਚਲਾਏ ਰੀਤ, ਰੀਤੀਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਦੇਵੇ ਮਾਣ ਵਡਿਆਈਆ । ਸਚਖੰਡ ਕਹੇ ਦਰਗਾਹ ਸਾਚੀ ਸਚ ਭੂਮਿਕਾ ਅਸਥਾਨ, ਮੁਕੱਦਸ ਧੁਰ ਦਾ ਨਜ਼ਰੀ ਆਈਆ । ਜਿਥੇ ਨਾ ਕੋਈ ਜ਼ਿਮੀਂ ਨਾ ਕੋਈ ਅਸਮਾਨ, ਮੰਡਲ ਮੰਡਪ ਨਾ ਕੋਇ ਵੰਡ ਵੰਡਾਈਆ । ਇਕੋ ਦੀਪਕ ਜੋਤ ਜਗੇ ਮਹਾਨ, ਆਦਿ ਜੁਗਾਦਿ ਸਦਾ ਰੁਸ਼ਨਾਈਆ । ਤਖ਼ਤ ਨਿਵਾਸੀ ਬੈਠਾ ਸ੍ਰੀ ਭਗਵਾਨ, ਜੋਤੀ ਜਾਤਾ ਨਜ਼ਰੀ ਆਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦੇਵੇ ਦਾਨ, ਵਸਤ ਅਮੋਲਕ ਨਾਮ ਵਰਤਾਈਆ । ਜੋ ਲੱਖ ਚੁਰਾਸੀ ਸਖ਼ੀਆਂ ਬਣਿਆ ਕਾਹਨ, ਆਤਮ ਪਰਮਾਤਮ ਜੋੜ ਜੁੜਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਬਣੇ ਗਿਆਨ, ਸਿਖਿਆ ਦੀਨ ਦੁਨੀ ਦ੍ਰਿੜਾਈਆ । ਜਿਸ ਨੂੰ ਝੁਕਦੇ ਦੋ ਜਹਾਨ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜਿਸ ਦਾ ਨਾਮ ਅਣਿਆਲਾ ਬਾਣ, ਕਾਇਆ ਮੰਦਰ ਅੰਦਰ ਕਰੇ ਸਫ਼ਾਈਆ । ਜੋ ਏਥੇ ਓਥੇ ਸਦਾ ਹੁਕਮਰਾਨ, ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਡਿਆਈਆ । ਦਰਗਾਹ ਸਾਚੀ ਕਹੇ ਮੇਰੀ ਸਚ ਦਰਗਾਹ, ਦੁਰਗਾ ਇਸ਼ਟ ਨਜ਼ਰ ਕੋਇ ਨਾ ਆਈਆ । ਤਤ ਵਜੂਦ ਕੋਈ ਦਿਸੇ ਨਾ, ਮਾਟੀ ਖ਼ਾਕ ਨਾ ਸੋਭਾ ਪਾਈਆ । ਕਲਮਾ ਇਸਮ ਨਾ ਲਏ ਗਾ, ਜਿਸਮ ਜ਼ਮੀਰ ਨਾ ਕੋਇ ਵਡਿਆਈਆ । ਵਾਹਦ ਜਲਵਾਗਰ ਖ਼ੁਦਾ, ਨੂਰ ਨਰਾਨਾ ਨਜ਼ਰੀ ਆਈਆ । ਜਿਸ ਦੇ ਅੱਗੇ ਕ਼ਬੂਲ ਹੋਵੇ ਦੁਆ, ਦੂਈ ਦਵੈਤੀ ਡੇਰਾ ਢਾਹੀਆ । ਆਦਿ ਜੁਗਾਦਿ ਹੋਏ ਮਿਹਰਵਾਂ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਦੇਣਾ ਦਏ ਮੁਕਾ, ਸਦੀ ਚੌਧਵੀਂ ਦਏ ਗਵਾਹੀਆ । ਬੀਸ ਬੀਸਾ ਖੇਲ ਖਿਲਾ, ਖ਼ਾਲਕ ਖ਼ਲਕ ਵੇਖ ਵਖਾਈਆ । ਧੁਰ ਦਾ ਹੁਕਮ ਇਕ ਵਰਤਾ, ਵਾਰਤਾ ਪਿਛਲੀ ਖੋਜ ਖੁਜਾਈਆ । ਈਸਾ ਮੂਸਾ ਮੁਹੰਮਦ ਨੇਤਰ ਨੈਣਾ ਨੀਰ ਰਹੇ ਵਹਾ, ਧੀਰਜ ਧੀਰ ਨਾ ਕੋਇ ਧਰਾਈਆ । ਅੰਤ ਵਕ਼ਤ ਪਹੁੰਚਿਆ ਆ, ਆਦਮ ਹਵਾ ਨਾ ਕੋਇ ਵਡਿਆਈਆ । ਹੁਕਮ ਦੇਵੇ ਬੇਪਰਵਾਹ, ਪਰਵਰਦਿਗਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰਾ ਦਏ ਕਰਾ, ਨਿਹਕਰਮੀ ਆਪਣਾ ਕਰਮ ਕਮਾਈਆ ।



### ✳ ੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਬਸੰਤ ਕੌਰ ਦੇ ਗ੍ਰਿਹਿ ਪਿੰਡ ਸਮਾਲਸਰ ਜ਼ਿਲਾ ਫ਼ਿਰੋਜ਼ਪੁਰ ✳

ਦਰਗਾਹ ਸਾਚੀ ਕਹੇ ਮੇਰਾ ਸਚਖੰਡ ਦਾ ਰੂਪ, ਰੂਪ ਰੇਖਾ ਨਜ਼ਰ ਕਿਸੇ ਨਾ ਆਈਆ । ਜਿਥੇ ਵਸੇ ਧੁਰ ਦਾ ਸ਼ਾਹੋ ਭੂਪ, ਹਰਿ ਸ਼ਹਿਨਸ਼ਾਹ ਨੂਰ ਅਲਾਹੀਆ । ਜੋ ਲੇਖਾ ਜਾਣੇ ਚਾਰੇ ਕੂਟ, ਦਹਿ ਦਿਸ਼ਾ ਫੋਲ ਫੁਲਾਈਆ । ਜੁਗ ਚੌਕੜੀ ਝਗੜਾ ਮਿਟਾਵੇ ਜੂਠ ਝੂਠ, ਸਚ ਸੁੱਚ ਮਾਤ ਪ੍ਰਗਟਾਈਆ । ਜਨ ਭਗਤਾਂ ਉਤੇ ਤੁਠ, ਅੰਤਰ ਆਤਮ ਰਸ ਚਖਾਈਆ । ਆਬੇਹਯਾਤ ਦੇ ਕੇ ਘੁਟ, ਜੀਵਣ ਜ਼ਿੰਦਗੀ ਦਏ ਬਦਲਾਈਆ । ਸਤਿ ਧਰਮ ਸੁਹਾ ਕੇ ਰੁਤ, ਮੌਲਾ ਆਪਣਾ ਖੇਲ ਖਿਲਾਈਆ । ਧਰਮ ਦੀ ਧਾਰ ਬਣਾ ਕੇ ਸੁਤ, ਦਰਗਾਹ ਸਾਚੀ ਦਏ ਵਡਿਆਈਆ । ਜਿਥੇ

੮੨੨
੨੧

ਗੁਰ ਅਵਤਾਰ ਪੈਗ਼ੰਬਰ ਰਹੇ ਝੁਕ, ਗੁਰੂ ਗੁਰਦੇਵ ਸੀਸ ਨਿਵਾਈਆ । ਝਗੜਾ ਰਹੇ ਨਾ ਮਾਨਸ ਮਨੁੱਖ, ਤਤਵ ਤਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਦਰਸਾਈਆ । ਦਰਗਾਹ ਕਹੇ ਮੇਰਾ ਧਾਮ ਅਵੱਲਾ, ਸਚਖੰਡ ਵੱਜੇ ਵਧਾਈਆ । ਦੋ ਜਹਾਨਾਂ ਨਾਲੋਂ ਵਖਰਾ ਮਹੱਲਾ, ਛੱਪਰ ਛੰਨ ਨਾ ਕੋਇ ਛੁਹਾਈਆ । ਮੇਰਾ ਮਾਲਕ ਖ਼ਾਲਕ ਦਿਸੇ ਇਕ ਇਕੱਲਾ, ਏਕੰਕਾਰਾ ਸੋਭਾ ਪਾਈਆ । ਸ਼ਬਦੀ ਧਾਰ ਲੱਖ ਚੁਰਾਸੀ ਫੜਾਏ ਪੱਲਾ, ਆਤਮ ਪਰਮਾਤਮ ਗੰਢ ਪੁਆਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਘੱਲਾ, ਨਾਮ ਸੰਦੇਸੇ ਗਏ ਸੁਣਾਈਆ । ਓਹ ਨਿਹਚਲ ਧਾਮ ਅਟੱਲਾ, ਸਚਖੰਡ ਕਹਿ ਕੇ ਸਾਰੇ ਰਹੇ ਗਾਈਆ । ਜਿਥੇ ਦੂਈ ਦਵੈਤ ਨਹੀਂ ਕੋਈ ਸੱਲਾ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਓਥੇ ਇਕੋ ਰਾਮ ਵਾਹਿਗੁਰੂ ਅੱਲਾ, ਦੂਸਰ ਨੂਰ ਨਾ ਕੋਇ ਚਮਕਾਈਆ । ਜੋ ਵਸੇ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ । ਜਿਸ ਦਾ ਪ੍ਰਕਾਸ਼ ਲੱਖ ਚੁਰਾਸੀ ਜੀਵ ਜੰਤ ਬਲਾ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋ ਭਾਗ ਲਗਾਏ ਕਾਇਆ ਮਾਟੀ ਖੱਲਾ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਦਰਗਾਹ ਸਾਚੀ ਕਹੇ ਮੇਰੇ ਦਵਾਰੇ ਅਗੰਮੀ ਚਮਕ, ਨੂਰ ਜੋਤ ਰੁਸ਼ਨਾਈਆ । ਸ਼ਬਦੀ ਧਾਰ ਉਪਜੇ ਰਮਜ਼, ਇਸ਼ਾਰਾ ਅਵਰ ਨਾ ਕੋਇ ਰਖਾਈਆ । ਬਿਨਾ ਬੁੱਧੀ ਤੋਂ ਆਵੇ ਸਮਝ, ਮਨਮਤ ਨਾ ਕੋਇ ਚਤੁਰਾਈਆ । ਲਿਖਣ ਵਾਲਾ ਨਹੀ ਕੋਈ ਲਫ਼ਜ਼, ਅੱਖਰਾਂ ਰੂਪ ਨਾ ਕੋਇ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਨੂੰ ਧੁਰ ਦੀ ਧਾਰੋਂ ਮਿਲਦਾ ਸਬਕ, ਸੰਦੇਸਾ ਦੇਵੇ ਆਪ ਬੇਪਰਵਾਹੀਆ । ਜਿਸ ਨੇ ਮੁਹੰਮਦ ਧਾਰ ਬਖ਼ਸ਼ੀ ਚੌਦਾਂ ਤਬਕ, ਚੌਦਾਂ ਲੋਕ ਵੇਖ ਵਖਾਈਆ । ਸੋ ਲੇਖਾ ਜਾਣੇ ਆਦਿ ਜੁਗਾਦਿ ਜੁਗ ਚੌਕੜੀ ਘੜੀ ਪਲਕ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਕਲ ਵਰਤਾਈਆ । ਸੋ ਅੰਤ ਅਖ਼ੀਰ ਲੇਖਾ ਮੇਟੇ ਖ਼ਾਲਕ ਖ਼ਲਕ, ਮਖ਼ਲੂਕ ਲਹਿਣਾ ਦਏ ਚੁਕਾਈਆ । ਜਿਸ ਦਾ ਪ੍ਰਕਾਸ਼ ਉਪਰ ਫ਼ਲਕ, ਓਹ ਧਰਨੀ ਧਰਤ ਧਵਲ ਦਏ ਵਡਿਆਈਆ । ਜਿਸ ਦੀ ਮੂਸਾ ਝਲ ਨਾ ਸਕਿਆ ਝਲਕ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਨਜ਼ਰੀ ਆਈਆ । ਦਰਗਾਹ ਕਹੇ ਮੈਂ ਦਰਦਵੰਦ, ਦਰਦੀਆਂ ਦਿਆਂ ਜਣਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਖ਼ਾਵੰਦ, ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੈਗ਼ੰਬਰ ਹੋਏ ਪਾਬੰਦ, ਵਿਸ਼ਨ ਬ੍ਰਹਮਾ ਸ਼ਿਵ ਨਾ ਸਿਰ ਉਠਾਈਆ । ਜਿਸ ਦਾ ਨਿਸ਼ਾਨਾ ਤਾਰਾ ਚੰਦ, ਮੰਡਪ ਜਗਤ ਦਿਤਾ ਸਮਝਾਈਆ । ਅੰਤਮ ਓਸ ਨੇ ਕਰਨਾ ਖੰਡ ਖੰਡ, ਖੰਡਾ ਖੜਗ ਨਾਮ ਉਠਾਈਆ । ਜਿਸ ਨੇ ਦੀਨ ਦੁਨੀ ਦੀ ਪਾਈ ਵੰਡ, ਅੰਤਮ ਉਹ ਲੇਖਾ ਦਏ ਚੁਕਾਈਆ । ਜਿਸ ਨੇ ਉਪਜਾਏ ਤੀਰਥ ਤਟ ਗੰਗਾ ਗੋਦਵਰੀ ਜਮਨਾ ਸੁਰਸਤੀ ਸੰਗ, ਜਗਤ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਵਾਰ ਏਕੰਕਾਰ ਵਖਾਏ ਆਪਣਾ ਰੰਗ, ਜਿਸ ਦੀ ਰੰਗਤ ਲੋਕਮਾਤ ਨਜ਼ਰ ਕਿਸੇ ਨਾ ਆਈਆ ।

੮੨੨
੨੧

### ✻ ੧੪ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਹਾਵਾ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆ ਜ਼ਿਲਾ ਫ਼ਿਰੋਜ਼ਪੁਰ ✻

ਦਰਗਾਹ ਸਾਚੀ ਕਹੇ ਮੇਰਾ ਮਾਲਕ ਇਕ ਹਜ਼ੂਰ, ਸਚਖੰਡ ਨਿਵਾਸੀ ਨੂਰ ਅਲਾਹੀਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਹੱਕ ਦਸਤੂਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦੇ ਅਵਤਾਰ ਪੈਗ਼ੰਬਰ ਨਿਤ ਨਵਿਤ ਮਜ਼ਦੂਰ, ਚਾਕਰ ਹੋ ਕੇ ਸੇਵ ਕਮਾਈਆ । ਜੋ ਨਾਮ ਧੁਨੀ ਕਲਮਾ ਦੇਵੇ ਤੂਰ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਭੇਵ ਖੁਲ੍ਹਾਏ ਏਥੇ ਓਥੇ ਦੋ ਜਹਾਨਾਂ ਨੇੜੇ ਦੂਰ, ਪਰਦਾ ਉਹਲਾ ਆਪ ਉਠਾਈਆ । ਸਭ ਦੀ ਆਸਾ ਬੇਨੰਤੀ ਨਿਰਗੁਣ ਧਾਰ ਕਰੇ ਮਨਜ਼ੂਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਜਿਸ ਨੇ ਮੂਸਾ ਜਲਵਾ ਦਿਤਾ ਉਤੇ ਕੋਹਤੂਰ, ਨੂਰ ਨੁਰਾਨਾ ਕਰ ਰੁਸ਼ਨਾਈਆ । ਸੋ ਬਖ਼ਸ਼ਣਹਾਰਾ ਚਰਨ ਧੂੜ, ਟਿੱਕੇ ਲਾਵੇ ਥਾਉਂ ਥਾਈਆ । ਚਤੁਰ ਸੁਘੜ ਬਣਾਵਣਹਾਰਾ ਮੂਰਖ ਮੂੜ੍ਹ, ਪਤਤ ਪੁਨੀਤ ਦਏ ਕਰਾਈਆ । ਸੋ ਅੰਤ ਕੰਤ ਭਗਵੰਤ ਖੇਲ ਕਰੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਦੀਨ ਦੁਨੀ ਦਾ ਅੰਦਰ ਬਾਹਰ ਗੁਪਤ ਜ਼ਾਹਰ ਵੇਖੇ ਕ਼ਸੂਰ, ਹੰਕਾਰ ਵਿਕਾਰ ਖੋਜੇ ਚਾਈਂ ਚਾਈਆ । ਮਨ ਮਮਤਾ ਹਉਮੇ ਹੰਗਤਾ ਗੜ੍ਹ ਵੇਖੇ ਗ਼ਰੂਰ, ਗ਼ੁਰਬਤ ਫੋਲੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਦਰਗਾਹ ਸਾਚੀ ਕਹੇ ਸੁਣੋ ਪੈਗ਼ੰਬਰ ਧੁਰ ਦੇ ਪੀਰ, ਪੀਰੋ ਦਿਆਂ ਜਣਾਈਆ । ਆਪਣਾ ਵੇਖੋ ਅੰਤ ਅਖ਼ੀਰ, ਆਖ਼ਰ ਸੰਦੇਸਾ ਸੁਣੋ ਧੁਰਦਰਗਾਹੀਆ । ਜਿਸ ਨੇ ਕੱਟਣੇ ਸ਼ਰਅ ਜ਼ੰਜੀਰ, ਜ਼ੋਰ ਜ਼ਬਰ ਦਏ ਗਵਾਈਆ । ਦੀਨ ਦੁਨੀ ਦੀ ਬਦਲ ਦੇਵੇ ਤਕਦੀਰ, ਤਕੱਬਰ ਤੋੜੇ ਥਾਉਂ ਥਾਈਆ । ਝਗੜਾ ਮੇਟੇ ਸ਼ਾਹ ਹਕੀਰ, ਏਕੰਕਾਰ ਏਕੋ ਰੰਗ ਰੰਗਾਈਆ । ਸੰਦੇਸਾ ਦੇਵੇ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਸੰਤ ਸੁਹੇਲੇ ਸੂਫ਼ੀ ਮੰਜ਼ਲ ਚੋਟੀ ਚੜ੍ਹ ਕੇ ਵੇਖੇ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਤੀਰ ਨਾਮ ਅਣਿਆਲੇ ਨਾਲ ਬਜਰ ਕਪਾਟੀ ਦੇਵੇ ਚੀਰ, ਅੱਗੇ ਹੋ ਨਾ ਕੋਇ ਅਟਕਾਈਆ । ਜਿਸ ਦੀ ਨਜ਼ਰ ਨਾ ਆਵੇ ਕਿਸੇ ਤਸਵੀਰ, ਓਹ ਨੂਰ ਨਰਾਨਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਯਾਰ ਆਪਣੀ ਕਾਰ ਕਮਾਈਆ । ਦਰਗਾਹ ਸਾਚੀ ਕਹੇ ਸਚਖੰਡ ਅਗੰਮ ਨਜ਼ਾਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨੂਰ ਜੋਤ ਧਰੇ ਦੁਬਾਰਾ, ਤੱਤਾਂ ਵਾਲਾ ਰੂਪ ਨਾ ਕੋਇ ਸਮਝਾਈਆ । ਜੋ ਕਲਜੁਗ ਅੰਤਮ ਸਤਿਜੁਗ ਲਾਵੇ ਇਕ ਅਖਾੜਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਗੋਪੀ ਕਾਹਨ ਖੇਲ ਰਚਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਖੋਜ ਖੁਜਾਈਆ । ਧੁਰ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਸਿਕਦਾਰਾ, ਧੁਰ ਫ਼ਰਮਾਨਾ ਸ੍ਰੀ ਭਗਵਾਨਾ ਇਕ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਨਿਰਗੁਣ ਸਰਗੁਣ ਪਾਵੇ ਸਾਰਾ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਵੇਖੇ ਥਾਉਂ ਥਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਦੀ ਧਾਰ ਦੱਸੇ ਦਵਾਰਾ, ਜ਼ਾਤ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਕ਼ੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਹੋ ਉਜਿਆਰਾ, ਉਜਾਲਾ ਕਰੇ ਚਾਈਂ ਚਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਰਵਦਾਸ ਚਮਾਰਾ, ਕਬੀਰ ਜੁਲਾਹਾ ਮੰਬਰ ਚੜ੍ਹ ਕੇ ਰਿਹਾ ਕੁਰਲਾਈਆ । ਈਸਾ ਮੂਸਾ ਮੁਹੰਮਦ ਦੇ ਇਸ਼ਾਰਾ, ਐਸ਼ੋ ਇਸ਼ਰਤ ਡੇਰਾ ਢਾਹੀਆ । ਸਦੀ ਚੌਧਵੀਂ ਵੇਖੇ ਅੰਤ ਕਿਨਾਰਾ, ਆਰ ਪਾਰ ਆਪਣਾ ਕ਼ਦਮ ਟਿਕਾਈਆ ।

ਕਲਜੁਗ ਕੂੜੀ ਕਿਰਿਆ ਮੇਟੇ ਅੰਧ ਗੁਬਾਰਾ, ਅੰਧ ਅੰਧੇਰਾ ਦਏ ਚੁਕਾਈਆ । ਨਿਰਗੁਣ ਨੂਰ ਜੋਤ ਹੋਵੇ ਚਮਤਕਾਰਾ, ਜੋਤੀ ਜਾਤਾ ਲਏ ਅੰਗੜਾਈਆ । ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਿਰਗੁਣ ਧਾਰ ਕਹਿੰਦੇ ਕਲ ਕਲਕੀ ਅਵਤਾਰਾ, ਕਲ ਕਲੇਸ਼ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ ।

### ✻ ੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਬਿਸ਼ਨ ਸਿੰਘ ਦੇ ਗ੍ਰਿਹ ਪਿੰਡ ਪੰਜ ਗਰਾਈਆ ✻

ਦਰਗਾਹ ਸਾਚੀ ਪੈਗ਼ੰਬਰ ਕਹਿਣ ਸਭ ਨੇ ਪੌਣੀ ਆਪਣੀ ਕੀਤੀ, ਕੀਟ ਹਸਤ ਬਚਿਆ ਰਹਿਣ ਕੋਇ ਨਾ ਪਾਈਆ । ਪਰਵਰਦਿਗਾਰ ਝਗੜਾ ਮੇਟਣਾ ਸ਼ਰਅ ਮਸੀਤੀ, ਮਸਲਾ ਸਭ ਨੂੰ ਇਕ ਸਮਝਾਈਆ । ਦੀਨ ਦੁਨੀ ਦੀ ਬਦਲ ਦੇਣੀ ਨੀਤੀ, ਰਹਿਬਰ ਹੋ ਕੇ ਇਕੋ ਰਾਹ ਵਖਾਈਆ । ਪਿਛਲੀ ਕਹਾਣੀ ਯਾਦ ਰਹੇ ਨਾ ਬੀਤੀ, ਸਤਿਜੁਗ ਸੱਚਾ ਰਾਹ ਸਮਝਾਈਆ । ਨਿਰਗੁਣ ਧਾਰ ਖੇਲ ਕਰੇ ਅਨਡੀਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸੇ ਹੱਕ ਪ੍ਰੀਤੀ, ਪਰਵਰਦਿਗਾਰ ਮੇਲਾ ਮੇਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਕਾਰ ਕਮਾਈਆ । ਪੈਗ਼ੰਬਰ ਕਹਿਣ ਪ੍ਰਭ ਦੱਸਣੀ ਅਗੰਮ ਕਲਾਮ, ਕਲਮਾ ਕਾਇਨਾਤ ਜਣਾਈਆ । ਝਗੜਾ ਮੇਟਣਾ ਦੀਨ ਦੁਨੀ ਸਲਾਮ, ਸਮਾਂ ਸਭ ਦਾ ਦਏ ਬਦਲਾਈਆ । ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦਏ ਕਟਾਈਆ । ਮਾਨਵ ਜ਼ਾਤੀ ਇਕੋ ਜਪਣਾ ਨਾਮ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਚਾਰ ਵਰਨ ਅਠਾਰਾਂ ਬਰਨ ਕਰੇ ਨਾ ਕੋਇ ਹਰਾਮ, ਹਿਰਦੇ ਸਚ ਸਚ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇਵੇ ਨਿਜ਼ਾਮ, ਮਾਇਆ ਮਮਤਾ ਧਾਰ ਰਹਿਣ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਹਰ ਘਟ ਬਣ ਕੇ ਜਾਣੀ ਜਾਣ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਧੁਰ ਦਾ ਸ਼ਬਦ ਸੁਣਾਏ ਅਗੰਮੀ ਧੁਨਕਾਨ, ਅਨਾਦੀ ਆਪਣਾ ਰਾਗ ਅਲਾਈਆ । ਸੰਤ ਸੁਹੇਲੇ ਲਏ ਪਹਿਚਾਣ, ਭਗਤ ਭਗਵਾਨ ਜੋੜ ਜੁੜਾਈਆ । ਸੂਫ਼ੀ ਫ਼ਕੀਰਾਂ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਈਆ । ਧਰਮ ਝੁਲਾਏ ਧਰਮ ਨਿਸ਼ਾਨ, ਧਰਮ ਦਵਾਰਾ ਇਕ ਵਖਾਈਆ । ਜਿਥੇ ਲੇਖਾ ਹੋਵੇ ਸੀਤਾ ਸੁਰਤੀ ਸ਼ਬਦ ਧਾਰਾ ਗੋਪੀ ਕਾਹਨ, ਨਿਰਗੁਣ ਨਿਰਗੁਣ ਆਪਣਾ ਵੇਸ ਵਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਹਿਬਾਨ ਬੀਦੋ ਹੋਵੇ ਮਿਹਰਵਾਨ, ਬੀਖ਼ੈਰ ਯਾ ਅਲਾਹ ਤੇਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਧੁਰ ਦਾ ਹਰਿ, ਦਰ ਦਵਾਰਾ ਇਕ ਖੁਲ੍ਹਾਈਆ । ਪੈਗ਼ੰਬਰ ਕਹਿਣ ਖੇਲ ਕਰੇ ਪ੍ਰਭੂ ਹਰਿ ਠਾਕਰ, ਹਰਿ ਕਰਤਾ ਵਡ ਵਡਿਆਈਆ । ਦੀਨ ਦੁਨੀ ਦਾ ਵੇਖੇ ਸਾਗਰ, ਗਹਿਰ ਗੰਭੀਰ ਖੋਜ ਖੁਜਾਈਆ । ਜਨ ਭਗਤਾਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਅੰਦਰੋਂ ਦਏ ਧੁਆਈਆ । ਸਾਚਾ ਵਣਜ ਕਰਾਏ ਬਣ ਹੱਕ ਸੌਦਾਗਰ, ਵਸਤ ਅਮੋਲਕ ਇਕ ਵਰਤਾਈਆ । ਕਰਨੀ ਦਾ ਕਰਤਾ ਬਣ ਕੇ ਕ਼ਾਦਰ, ਕ਼ੁਦਰਤ ਦਾ ਮਾਲਕ ਵੇਸ ਵਟਾਈਆ । ਜੋਧਾ

ਸੂਰਬੀਰ ਬਣ ਬਹਾਦਰ, ਭੈ ਦੇਵੇ ਥਾਉਂ ਥਾਈਂਆ । ਅੰਤ ਅਖ਼ੀਰ ਕਰੇ ਆਦਲ, ਸਦੀ ਚੌਧਵੀਂ ਵੇਖ ਵਖਾਈਆ । ਚਾਰੋਂ ਕੂਟ ਅੰਧੇਰਾ ਮੇਟੇ ਬਾਦਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮਿਲਣ ਦਾ ਦੱਸੇ ਧੁਰ ਦਾ ਸਾਧਨ, ਸਚ ਪ੍ਰੀਤਾ ਨੀਕਣ ਨੀਕਾ ਇਕ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੂੰ ਮੇਰਾ ਮੈਂ ਤੇਰਾ ਢੋਲਾ ਸਰਬ ਅਰਾਧਣ, ਰਾਧਾ ਕ੍ਰਿਸ਼ਨ ਦਾ ਲੇਖਾ ਦਏ ਮੁਕਾਈਆ । ਸੰਤ ਸੁਹੇਲੇ ਸੁਰਤੀ ਧਾਰ ਤੇਰੀ ਅਗੰਮੀ ਵਾਜ ਜਾਗਣ, ਆਲਸ ਨਿੰਦਰਾ ਦੇ ਗਵਾਈਆ । ਸਤਿਜੁਗ ਸਾਚਾ ਵੇਲਾ ਹੋਵੇ ਸੁਭਾਗਣ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਕਰੇ ਖੇਲ ਹਰਿ ਮੋਹਨ ਮਾਧਵ, ਮੋਹਨ ਮਾਧਵ ਮਾਦਨ, ਮਧੁਰ ਧੁਨ ਅਗੰਮੀ ਰਾਗ ਸੁਣਾਈਆ । ਬਿਨ ਮੱਕੇ ਕਾਅਬਿਉਂ ਕਰਾਏ ਹੱਕ ਹਾਜਨ, ਹਾਜ਼ਰ ਹਜ਼ੂਰ ਹੋ ਕੇ ਨਜ਼ਰੀ ਆਈਆ । ਸ਼ਾਹੋ ਭੂਪ ਸੁਲਤਾਨ ਬਣ ਰਾਜਨ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਜਗਤ ਵਣਜਾਰਾ ਦਿਸੇ ਨਾ ਕੋਇ ਮਹਾਜਨ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਧਾਰ ਇਕ ਦ੍ਰਿੜਾਈਆ । ਪੈਗ਼ੰਬਰ ਕਹਿਣ ਹਕ਼ੀਕ਼ਤ ਵਾਲੀ ਕਥਾ ਕਹਾਣੀ, ਹਰਿ ਕਰਤਾ ਆਪ ਜਣਾਈਆ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਵੇਸ ਵਟਾਈਆ । ਸਤਿ ਧਰਮ ਦੀ ਸਤਿਜੁਗ ਧਾਰ ਦਿਸੇ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਠੰਡਾ ਪਾਣੀ, ਕਲਜੁਗ ਕੂੜੀ ਕਿਰਿਆ ਅਗਨੀ ਤਤ ਬੁਝਾਈਆ । ਲੱਖ ਚੁਰਾਸੀ ਅੰਤਰ ਭੀਤਰ ਹੋਵੇ ਜਾਣ ਜਾਣੀ, ਨਿਰੰਤਰ ਵੇਖੇ ਥਾਉਂ ਥਾਈਂਆ । ਜਨ ਭਗਤਾਂ ਸੰਤਾਂ ਦੇਵੇ ਇਕੋ ਪਦ ਨਿਰਬਾਣੀ, ਨਿਰਾਕਾਰ ਨਿਰੰਕਾਰ ਆਪਣੀ ਦਇਆ ਕਮਾਈਆ । ਜਿਸ ਲੱਖ ਚੁਰਾਸੀ ਜੀਵ ਜੰਤ ਸ੍ਰਿਸ਼ਟੀ ਦ੍ਰਿਸ਼ਟੀ ਪੁਣੀ ਛਾਣੀ, ਖੋਜਣਹਾਰਾ ਥਾਉਂ ਥਾਈਂਆ । ਲੇਖਾ ਜਾਣੇ ਜੀਵ ਜੀਵ ਪ੍ਰਾਣੀ, ਪ੍ਰਾਣ ਅਧਾਰੀ ਆਪਣਾ ਪਰਦਾ ਲਾਹੀਆ । ਪੈਗ਼ੰਬਰ ਕਹਿਣ ਓਸ ਉਤੋਂ ਦਿਓ ਕ਼ੁਰਬਾਨੀ, ਜੋ ਕਰਬਲਿਆਂ ਦੇ ਲੇਖੇ ਰਿਹਾ ਮੁਕਾਈਆ । ਸਾਰੀ ਸ੍ਰਿਸ਼ਟੀ ਦੀਨ ਦੁਨੀ ਮਾਨਵ ਦਾਨਵ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਦੱਸ ਇਕ ਆਸਾਨੀ, ਬਿਨ ਅਹਿਸਾਨ ਇਨਸਾਨ ਆਪਣੇ ਰੰਗ ਰੰਗਾਈਆ ।

### ❊ ੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਵਾਂਦਰ ❊

ਸਚਖੰਡ ਦਵਾਰ ਕਹੇ ਪ੍ਰਭ ਜਗਤ ਜੀਵ ਬਣਾ ਦੇ ਸੱਚੇ, ਹਰਿ ਹਿਰਦੇ ਅੰਤਰ ਨਿਰੰਤਰ ਸਚ ਪ੍ਰਗਟਾਈਆ । ਭਾਗ ਲਗਾ ਦੇ ਤਨ ਵਜੂਦ ਮਾਟੀ ਭਾਂਡੇ ਕੱਚੇ, ਕੰਚਨ ਗੜ੍ਹ ਦੇ ਸੁਹਾਈਆ । ਤੇਰੇ ਨਾਮ ਕਲਮੇ ਅੰਦਰ ਜਾਣ ਰੱਤੇ, ਰਤਨ ਅਮੋਲਕ ਹੀਰੇ ਆਪਣੇ ਲੈ ਉਠਾਈਆ । ਤ੍ਰੈਗੁਣ ਮਾਇਆ ਅਗਨੀ ਤਤ ਕੋਈ ਨਾ ਤਪੇ, ਪੰਚ ਵਿਕਾਰਾ ਦੇਣਾ ਢਾਹੀਆ । ਚਾਰ ਵਰਨ ਅਠਾਰਾਂ ਬਰਨ ਭਾਈ ਭੈਣ ਬਣਾ ਸਕੇ, ਨਾਤਾ ਬਾਹਮੀ ਜੋੜ ਜੁੜਾਈਆ । ਜ਼ਾਤ ਪਾਤ ਊਚ ਨੀਚ ਦੀਨ ਮਜ਼੍ਹਬ ਰਹਿਣ ਨਾ ਰੱਟੇ, ਰੱਟਾ ਦੀਨ ਦੁਨੀ ਗਵਾਈਆ । ਸਚ ਸੰਦੇਸ਼ ਨਰ ਨਰਾਇਣ ਦੇ ਆਪਣੇ



੮੨੫
੨੧

ਰਸੇ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਕੂੜੀ ਕਿਰਿਆ ਮੇਟ ਮਨਮੱਤੇ, ਗੁਰਮਤ ਇਕੋ ਸੋਭਾ ਪਾਈਆ । ਤੇਰਾ ਜੈਕਾਰਾ ਗੋਬਿੰਦ ਵਾਲਾ ਡੰਕਾ ਹੋਵੇ ਫ਼ਤਿਹ, ਪਰਮ ਪੁਰਖ ਤੇਰੀ ਓਟ ਰਖਾਈਆ । ਸਾਧ ਸੰਤ ਤੇਰੀ ਸਰਨ ਸਰਨਾਈ ਵਸੇ, ਵਾਸਤਾ ਇਕੋ ਨਾਲ ਜੁੜਾਈਆ । ਕਲਜੁਗ ਰੈਣ ਅੰਧੇਰੀ ਮੇਟ ਮੱਸੇ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੇਰਾ ਦੀਪਕ ਇਕੋ ਜਗੇ, ਪਾਰਬ੍ਰਹਮ ਪਰਦਾ ਲੈਣਾ ਉਠਾਈਆ । ਝਗੜਾ ਮਿਟਾ ਦੇ ਅੱਠ ਸੱਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੋੜ ਰਹੇ ਨਾ ਰਾਈਆ । ਫਿਰਨਾ ਪਏ ਨਾ ਕਿਸੇ ਮੱਕੇ, ਕਾਇਆ ਕਾਅਬੇ ਵੱਜੇ ਵਧਾਈਆ । ਖੋਜਣਾ ਪਏ ਨਾ ਮੰਦਰ ਮਸਜਿਦ ਸ਼ਿਵਦਵਾਲੇ ਮੱਠੇ, ਸਾਢੇ ਤਿੰਨ ਹੱਥ ਤੇਰਾ ਨੂਰ ਨਜ਼ਰੀ ਆਈਆ । ਅੰਤ ਅਖ਼ੀਰ ਬੇਨਜ਼ੀਰ ਸਭ ਦੇ ਪੂਰੇ ਕਰ ਦੇ ਪਟੇ, ਪਟਨੇ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੋਏ ਸਹਾਈਆ । ਸਚਖੰਡ ਦਵਾਰਾ ਕਹੇ ਪ੍ਰਭੂ ਦੀਨ ਦੁਨੀ ਉਤੇ ਕਰ ਕਿਰਪਾ, ਕਿਰਪਾਲ ਆਪਣੀ ਦਇਆ ਕਮਾਈਆ । ਜਗਤ ਵਿਕਾਰ ਹੰਕਾਰ ਵਿਭਚਾਰ ਕਟ ਬਿਪਤਾ, ਪੰਚ ਵਿਕਾਰ ਡੇਰਾ ਢਾਹੀਆ । ਚਾਰ ਵਰਨ ਰੂਪ ਬਣਾ ਸਾਚੇ ਸਿੱਖ ਦਾ, ਸਿਖਿਆ ਇਕੋ ਇਕ ਸਮਝਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਲੇਖ ਲਿਖਦਾ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਸੰਦੇਸਾ ਦੇਵੇ ਨਿਤ ਨਵਿਤ ਦਾ, ਸੁਨੇਹੜਾ ਆਪ ਜਣਾਈਆ । ਉਹ ਰੂਪ ਦਰਸਾਵੇ ਆਪਣਾ ਇਕ ਦਾ, ਏਕੰਕਾਰ ਤੇਰੀ ਵਡਿਆਈਆ । ਨਾਤਾ ਜੋੜ ਦੇ ਸਾਚਾ ਹਿਤ ਦਾ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਕਹੇ ਪ੍ਰਭ ਮੇਰੇ ਮਾਲਕ ਖ਼ਾਲਕ ਸਵਾਮੀ, ਦਰ ਤੇਰੇ ਸੀਸ ਨਿਵਾਈਆ । ਤੂੰ ਆਦਿ ਜੁਗਾਦਿ ਸਭ ਦਾ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਸਾਚਾ ਕਲਮਾ ਦੱਸ ਦੇ ਧੁਰ ਦੀ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਝਗੜਾ ਰਹੇ ਨਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦੇ ਸਮਝਾਈਆ । ਤੇਰਾ ਨਿਰਗੁਣ ਨੂਰ ਜੋਤ ਨੁਰਾਨੀ, ਨੂਰ ਨੁਰਾਨਾ ਡਗਮਗਾਈਆ । ਤੇਰਾ ਸ਼ਬਦ ਨਾਦ ਸਤਿਗੁਰ ਦੋ ਜਹਾਨੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਦੇ ਉਠਾਈਆ । ਤੂੰ ਆਤਮ ਬ੍ਰਹਮ ਗਿਆਨੀ, ਬੋਧ ਅਗਾਧ ਕਰ ਪੜ੍ਹਾਈਆ । ਕਲਜੁਗ ਅੰਤਮ ਹੋਈ ਹੈਰਾਨੀ, ਹੈਰਤ ਵਿਚ ਲੋਕਾਈਆ । ਸਤਿ ਧਰਮ ਦੀ ਦਿਸੇ ਨਾ ਕੋਈ ਨਿਸ਼ਾਨੀ, ਨਿਸ਼ਾਨੇ ਸਾਰੇ ਰਹੇ ਬਦਲਾਈਆ । ਲੇਖੇ ਲਾ ਗੋਬਿੰਦ ਵਾਲੀ ਕੁਰਬਾਨੀ, ਕਰਬਲਾ ਮੁਹੰਮਦ ਦਏ ਦੁਹਾਈਆ । ਮੂਸਾ ਮਸਤਕ ਵੇਖ ਪੇਸ਼ਾਨੀ, ਕੋਹਤੂਰ ਰਿਹਾ ਕੁਰਲਾਈਆ । ਈਸਾ ਲੇਖਾ ਜਾਣ ਆਲਮੇ ਜਾਵਿਦਾਨੀ, ਸਲੀਬ ਗਲ ਵਿਚ ਲਟਕਾਈਆ । ਤੂੰ ਸਾਹਿਬ ਸਤਿਗੁਰ ਬੇਅੰਤ ਬੇਪਰਵਾਹ ਪਾਰਬ੍ਰਹਮ ਕਰ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚ ਸੁਲਤਾਨੀ, ਹੁਕਮੇ ਅੰਦਰ ਹੁਕਮ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਚਖੰਡ ਦਵਾਰ ਕਹੇ ਮੇਰੇ ਸਾਹਿਬ ਸਤਿਗੁਰ ਠਾਕਰ, ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਡੂੰਘਾ ਸਾਗਰ, ਗਹਿਰ ਗੰਭੀਰ ਗਵਰ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਰਿਹਾ ਕੋਈ ਨਾ ਆਦਰ, ਆਦਰਸ਼ ਤੇਰਾ ਗਏ ਭੁਲਾਈਆ । ਅੰਤਰ ਨਿਰੰਤਰ ਹੋਏ ਕੋਈ ਨਾ ਸਾਬਤ, ਧੀਰਜ ਧੀਰ ਨਾ ਕੋਇ ਧਰਾਈਆ । ਦੀਨ

੮੨੬
੨੧

ਦੁਨੀ ਦੀ ਬਦਲੀ ਆਦਤ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਸਾਚੀ ਕਰੇ ਨਾ ਕੋਇ ਇਬਾਦਤ, ਮਨਸਾ ਮਨ ਨਾ ਕੋਇ ਗਵਾਈਆ । ਬੁੱਧੀ ਵਿਚ ਰਹੀ ਨਾ ਕੋਇ ਲਿਆਕਤ, ਅਕਲ ਕਲਧਾਰੀ ਤੇਰੀ ਕਲ ਸਮਝ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਮਨ ਮਨੂਆ ਕਰੇ ਬਗ਼ਾਵਤ, ਤਨ ਵਜੂਦ ਹੋਵੇ ਲੜਾਈਆ । ਸਾਚਾ ਨਾਮ ਕਰੇ ਨਾ ਕੋਇ ਸਖ਼ਾਵਤ, ਮੁਹੱਬਤ ਹੱਕ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਮ ਦੇ ਸਰਬ ਨਿਆਮਤ, ਅਨਰਸ ਆਪਣਾ ਸਚ ਚਖਾਈਆ ।

❊ ੧੫ ਮਾਘ ਸ਼ਹਿਨਸ਼ਾਹੀ ਸੰਮਤ ੪ ਖੇਮ ਸਿੰਘ ਦੇ ਗ੍ਰਹਿ ਕੋਟਕਪੂਰਾ ❊

ਦਰਗਾਹ ਸਾਚੀ ਕਹੇ ਪੈਗ਼ੰਬਰੋ ਪਰਵਰਦਿਗਾਰ ਨੂੰ ਕਰੋ ਸਯਦਾ, ਬਿਨ ਕ਼ਦਮਾਂ ਸੀਸ ਝੁਕਾਈਆ । ਜੋ ਏਥੇ ਓਥੇ ਦੋ ਜਹਾਨਾਂ ਮਾਲਕ ਸੱਚੇ ਘਰ ਦਾ, ਗ੍ਰਹਿ ਮੰਦਰ ਨਿਰਗੁਣ ਧਾਰ ਸੋਭਾ ਪਾਈਆ । ਜੋ ਨਿਤ ਨਵਿਤ ਲੋਕਮਾਤ ਆਪਣੀ ਖੇਲ ਕਰਦਾ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਰਸਨਾ ਜਿਹਵਾ ਬੱਤੀ ਦੰਦ ਜਗਤ ਸਾਲਾਹੀ ਕਲਮਾ ਸਰਬ ਪੜ੍ਹਦਾ, ਕਾਇਨਾਤ ਢੋਲੇ ਨਗ਼ਮਿਆਂ ਵਿਚ ਗਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਨਾ ਜੰਮਦਾ ਨਾ ਮਰਦਾ, ਮੜ੍ਹੀ ਗੋਰ ਨਾ ਡੇਰਾ ਲਾਈਆ । ਓਹ ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਹਿਰਦਾ, ਹਰ ਘਟ ਅੰਤਰ ਨਿਰੰਤਰ ਹੋ ਕੇ ਫੋਲ ਫੁਲਾਈਆ । ਮਹੱਲ ਅਟਲ ਉਚ ਅਗੰਮ ਅਥਾਹ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਜੁੜਦਾ, ਚਾਰ ਵਰਨ ਅਠਾਰਾਂ ਬਰਨ ਲੇਖਾ ਜਾਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਏਕੰਕਾਰ ਦਰਗਾਹ ਸਾਚੀ ਮੁਕਾਮੇ ਹੱਕ ਹੱਕ ਦਏ ਸਮਝਾਈਆ । ਦਰਗਾਹ ਸਾਚੀ ਕਹੇ ਪੈਗ਼ੰਬਰ ਸੁਣੋ ਧੁਰ ਸੰਦੇਸ਼, ਸਦਮੇ ਵਿਚ ਜਣਾਈਆ । ਕਲਜੁਗ ਕੂੜੀ ਕਿਰਿਆ ਵੇਖੋ ਕਲੇਸ਼, ਜੋ ਕਲਮੇ ਰਹੀ ਭੁਲਾਈਆ । ਨੂਰ ਨੁਰਾਨਾ ਕਰੇ ਕੋਈ ਨਾ ਹੇਤ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਹੋਈ ਖੇਡ, ਜਗਤ ਵਿਕਾਰ ਵੱਜੀ ਵਧਾਈਆ । ਨਿਜ ਨੇਤਰ ਲੋਚਨ ਨੈਣ ਪਾਰਬ੍ਰਹਮ ਪਤਿਪਰਮੇਸ਼ਵਰ ਕੋਈ ਨਾ ਸਕੇ ਵੇਖ, ਸਚ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਗ੍ਰਹਿ ਮੰਦਰ ਸੋਭਾ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਵਧਿਆ ਭੇਖ, ਮਨ ਕਲਪਣਾ ਕੂੜੀ ਕਿਰਿਆ ਨੌ ਦਵਾਰੇ ਜਗਤ ਰਹੀ ਨਚਾਈਆ । ਝਗੜਾ ਪਿਆ ਕਾਇਨਾਤ ਦੀਨ ਦੁਨੀ ਮੁੱਲਾ ਮੁਸਾਇਕ ਸ਼ੇਖ਼, ਪਰਾ ਪਸੰਤੀ ਮਧਮ ਬੈਖਰੀ ਪਰਦਾ ਓਹਲਾ ਅੰਤਰ ਨਿਰੰਤਰ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਦਰਗਾਹ ਸਾਚੀ ਕਹੇ ਸੁਣੋ ਮਿਤ੍ਰ ਮੀਤ, ਮਿਤ੍ਰ ਪਿਆਰਿਓ ਦਿਆਂ ਜਣਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦੀ ਬਦਲੀ ਕਰਨ ਵਾਲਾ ਰੀਤ, ਰੀਤੀਵਾਨ ਬੇਪਰਵਾਹੀਆ । ਸਦੀ ਚੌਧਵੀਂ ਅੰਤ ਕੰਤ ਭਗਵੰਤ ਸਭ ਦਾ ਲਹਿਣਾ ਦੇਣਾ ਕਰੇ ਤਸਦੀਕ਼, ਸ਼ਹਾਦਤ ਵਿਚ ਇਬਾਦਤ ਸਭ ਦੀ ਅੰਤ ਦਏ ਭੁਗਤਾਈਆ । ਮੇਰੀ ਆਸਾ

ਮਨਸਾ ਖ਼ਾਹਸ਼ ਤਮੰਨਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਕੂੜੀ ਲੋਕਮਾਤ ਦਏ ਚੁਕਾਈਆ । ਝਗੜਾ ਰਹਿਣ ਨਾ ਦੇਵੇ ਸ਼ਿਵਦਵਾਲਾ ਮਠ ਮੰਦਰ ਮਸੀਤ, ਮਸਲਾ ਅਸਲਾ ਇਕੋ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣਾ ਗੀਤ, ਗਹਿਰ ਗੰਭੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਇਕੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲਾ ਏਕੰਕਾਰਾ ਇਕੋ ਇਕ ਖੁਲ੍ਹਾਈਆ । ਦਰਗਾਹ ਸਾਚੀ ਕਹੇ ਲੋਕਮਾਤ ਤੱਕੋ ਆਪਣਾ ਚਮਨ, ਚਾਰੋਂ ਕੁੰਟ ਧਿਆਨ ਲਗਾਈਆ । ਤੁਹਾਡੀ ਉਮਤ ਰਿਹਾ ਨਾ ਅਮਨ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਚਾ ਕਲਮਾ ਕਰ ਕੇ ਗ਼ਬਨ, ਕੂੜੀ ਕਿਰਿਆ ਵਿਚ ਦਬਾਈਆ । ਮਾਇਆ ਮਮਤਾ ਹੋ ਕੇ ਮਗਨ, ਹਉਮੇ ਹੰਗਤਾ ਕਰੇ ਲੜਾਈਆ । ਚਾਰੋਂ ਕੁੰਟ ਦਹਿ ਦਿਸ਼ਾ ਭੱਜਣ, ਨੱਠਣ ਵਾਹੋ ਦਾਹੀਆ । ਆਪਣਾ ਪਰਦਾ ਮੂਲ ਨਾ ਕੱਜਣ, ਓਢਣ ਨਜ਼ਰ ਕੋਇ ਨਾ ਆਈਆ । ਸਚ ਧਾਰ ਸਚ ਦਵਾਰੇ ਪਾਏ ਕੋਈ ਨਾ ਸਗਣ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਚੌਦਾਂ ਤਬਕ ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਕਾਇਆ ਅੰਦਰ ਸਭ ਦੇ ਲੱਗੀ ਅਗਨ, ਆਬੇਹਯਾਤ ਅੰਮ੍ਰਿਤ ਮੇਘ ਬੂੰਦ ਸਵਾਂਤੀ ਨਾ ਕੋਇ ਟਪਕਾਈਆ । ਜਿਧਰ ਵੇਖਾਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਫਿਰੇ ਨਗਨ, ਨਾਮ ਦੁਸ਼ਾਲਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤ ਅਖ਼ੀਰ ਸਭ ਦਾ ਕਰਨ ਲੱਗਾ ਵਜ਼ਨ, ਤੋਲਾ ਹੋ ਕੇ ਨਾਮ ਤਰਾਜ਼ੂ ਹੱਥ ਉਠਾਈਆ । ਦਰਗਾਹ ਸਾਚੀ ਕਹੇ ਪੈਗ਼ੰਬਰੋ ਲੋਕਮਾਤ ਮਾਰੋ ਨਿਗਾਹ, ਬਿਨ ਨੈਣਾਂ ਨੈਣ ਉਠਾਈਆ । ਪਰਵਰਦਿਗਾਰ ਤੁਹਾਨੂੰ ਕਰਨ ਲੱਗਾ ਵਿਦਾ, ਲੇਖਾ ਸਭ ਦਾ ਝੋਲੀ ਪਾਈਆ । ਸਤਿ ਧਰਮ ਦਾ ਮਾਰਗ ਲਾਵੇ ਸਿੱਧਾ, ਸਾਧਨਾ ਸਭ ਨੂੰ ਦਏ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਮਾਲਕ ਇਕਾ, ਏਕੰਕਾਰ ਦਏ ਦ੍ਰਿੜਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਸਿੱਕਾ, ਸਾਖਿਆਤ ਆਪਣਾ ਰੰਗ ਰੰਗਾਈਆ । ਜ਼ਾਤ ਪਾਤ ਦਾ ਵੰਡੇ ਕੋਈ ਨਾ ਹਿੱਸਾ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬੰਸ ਸਰਬੰਸ ਨਾ ਕੋਇ ਸੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਬਣੇ ਪਿਤਾ, ਪਤਿਪਰਮੇਸ਼ਵਰ ਨੂਰ ਅਲਾਹੀਆ । ਆਤਮ ਪਰਮਾਤਮ ਕਰੇ ਹਿੱਤਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਚਾਰ ਜੁਗ ਦਾ ਵਾਚੇ ਚਿੱਠਾ, ਪਰਦਾ ਓਹਲਾ ਆਪਣਾ ਆਪ ਖੁਲ੍ਹਾਈਆ । ਅਗਲਾ ਖੇਲ ਕਰੇ ਅਨਡਿੱਠਾ, ਧੁਰ ਫ਼ਰਮਾਨਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਸੁਣਾਈਆ । ਦਰਗਾਹ ਸਾਚੀ ਕਹੇ ਮੇਰੇ ਪੈਗ਼ੰਬਰ ਸੱਜਣ, ਮਿਤ੍ਰੋ ਦਿਆਂ ਦ੍ਰਿੜਾਈਆ । ਝਗੜਾ ਮੁਕਣ ਲੱਗਾ ਮਾਟੀ ਬਦਨ, ਬਦਲੀ ਕਰੇ ਬੇਪਰਵਾਹੀਆ । ਅੰਤ ਅਖ਼ੀਰ ਬੇਨਜ਼ੀਰ ਕਰੇ ਅਦਲ, ਇਨਸਾਫ਼ ਧੁਰ ਦਾ ਇਕ ਸਮਝਾਈਆ । ਸ਼ਰਅ ਛੁਰੀ ਕਰੇ ਕੋਈ ਨਾ ਕ਼ਤਲ, ਕ਼ਾਤਲ ਮਕ਼ਤੂਲ ਲੇਖਾ ਦਏ ਮੁਕਾਈਆ । ਅੰਤ ਤੁਹਾਡਾ ਰਹੇ ਨਾ ਕੋਇ ਯਤਨ, ਯਥਾਰਥ ਦਿਆਂ ਸਮਝਾਈਆ । ਤੁਸਾਂ ਲੋਕਮਾਤ ਦਾ ਛੱਡਣਾ ਵਤਨ, ਬੇਵਤਨ ਦਿਸੇ ਖ਼ਲਕ ਖ਼ੁਦਾਈਆ । ਸਭ ਦਾ ਸਾਂਝਾ ਕਰਨਾ ਪਰਮ ਪੁਰਖ ਨੇ ਇਕੋ ਪਤਣ, ਕਿਨਾਰਾ ਇਕੋ ਇਕ ਸੁਹਾਈਆ । ਸਦੀ ਚੌਧਵੀਂ ਜਾਏ ਪੈਜ ਰੱਖਣ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰਦਰਗਾਹੀ ਆਪਣਾ ਭੇਵ ਚੁਕਾਈਆ । ਦਰਗਾਹ ਸਾਚੀ ਕਹੇ ਕੀ ਮੈਂ ਕਰਾਂ ਤਾਰੀਫ਼, ਸਿਫ਼ਤਾਂ ਵਿਚ ਸਾਲਾਹੀਆ । ਜਿਸ

ਦੀ ਕਰਦੇ ਗਏ ਉਡੀਕ, ਬਿਨ ਅੱਖਾਂ ਅੱਖ ਉਠਾਈਆ । ਜਿਸ ਦੀਆਂ ਸਿਫ਼ਤਾਂ ਕਰੇ ਕੁਰਾਨ ਮਜੀਦ, ਅਲਿਫ਼ ਯੇ ਜੋੜ ਜੁੜਾਈਆ । ਜਿਸ ਦੀ ਮਹਿੰਮਾ ਵਾਲੀ ਤਮਹੀਦ, ਤੁਆਰਫ਼ ਵਿਚ ਲੋਕਾਈਆ । ਜਿਸ ਦੇ ਬਰਦੇ ਬਣਦੇ ਆਏ ਅਜ਼ੀਜ਼, ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਦੀਨ ਦੁਨੀ ਦੇਵਣ ਵਾਲਾ ਤਮੀਜ਼, ਸਾਚੀ ਸਿਖਿਆ ਇਕ ਸਮਝਾਈਆ । ਭਗਤ ਦਵਾਰੇ ਭਗਤ ਦੀ ਪ੍ਰਵਾਨ ਕਰ ਕ਼ਮੀਜ਼, ਜਗਤ ਗ਼ਰੀਬੀ ਡੇਰਾ ਢਾਹੀਆ । ਹਰਿਜਨ ਸਾਚੇ ਪੂਰੀ ਕਰੇ ਰੀਝ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਖੜਗ ਖੰਡਾ ਕਰੇ ਤਸਦੀਕ਼, ਸ਼ਹਾਦਤ ਇਕ ਭੁਗਤਾਈਆ । ਪੈਗ਼ੰਬਰੋ ਤੁਹਾਡਾ ਵਕ਼ਤ ਆ ਗਿਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਮਜ਼੍ਹਬ ਦਾ ਰਹੇ ਨਾ ਕੋਇ ਸ਼ਰੀਕ, ਸ਼ਿਰਕਤ ਅੰਦਰੋਂ ਦੇਣੀ ਕਢਾਈਆ । ਜਿਸ ਦੇ ਹੱਥ ਹੱਕ ਤੌਫ਼ੀਕ਼, ਓਹ ਵੇਖੇ ਚਾਈਂ ਚਾਈਂਆ । ਮਨਸਾ ਪੂਰੀ ਕਰੇ ਉਮੀਦ, ਸਹਿੰਸਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਦਰਗਾਹ ਸਾਚੀ ਕਹੇ ਮੇਰਾ ਨਾ ਕੋਈ ਛੱਪਰ ਛੰਨ, ਚਾਰ ਦੀਵਾਰੀ ਨਾ ਕੋਇ ਸੁਹਾਈਆ । ਧੁਰ ਫ਼ਰਮਾਨਾ ਸੁਣੋ ਬਿਨਾ ਕੰਨ, ਸੰਦੇਸ਼ਾ ਇਕ ਜਣਾਈਆ । ਸਾਚਾ ਨਾਮ ਕਲਮਾ ਲਓ ਮੰਨ, ਮਨ ਮਨਸਾ ਰਹੇ ਨਾ ਰਾਈਆ । ਆਪਣੀ ਉਮਤ ਦਾ ਵੇਖੋ ਤਨ, ਵਜੂਦ ਅੰਦਰ ਫੋਲ ਫੁਲਾਈਆ । ਅੰਤ ਹੋਵਣ ਵਾਲਾ ਗ਼ਮ, ਖ਼ੁਸ਼ੀ ਜਗਤ ਨਾ ਕੋਇ ਜਣਾਈਆ । ਪਰਵਰਦਿਗਾਰ ਦੇਵੇ ਡੰਨ, ਡੰਕਾ ਵੱਜੇ ਥਾਉਂ ਥਾਈਂਆ । ਜਿਸ ਕਾਰਨ ਸੂਫ਼ੀਆਂ ਲੁਹਾਈ ਪੁੱਠੀ ਖੱਲ੍ਹ, ਖ਼ਾਲਕ ਖ਼ਲਕ ਗਏ ਜਣਾਈਆ । ਓਹ ਅੰਤ ਸਵਾਲ ਹੋਣਾ ਹੱਲ, ਹਾਲਤ ਵਿਗੜੇ ਨੂਰ ਖ਼ੁਦਾਈਆ । ਝਗੜਾ ਪੈਣਾ ਜਲ ਥਲ, ਮਹੀਅਲ ਮਿਲੇ ਨਾ ਕੋਇ ਵਡਿਆਈਆ । ਪੈਗ਼ੰਬਰੋ, ਤੁਸਾਂ ਵਸਣਾ ਨਿਹਚਲ ਧਾਮ ਅਟਲ, ਸਚ ਦਵਾਰੇ ਸੋਭਾ ਪਾਈਆ । ਅੰਤਮ ਰਹੇ ਕਿਸੇ ਕੋਈ ਨਾ ਬਲ, ਤਾਕ਼ਤਵਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਘੜੀ ਘੜੀ ਪਲ ਪਲ, ਪਲਕ ਦੇ ਪਿਛੇ ਖ਼ਲਕ ਖ਼ਾਲਕ ਵੇਖ ਵਖਾਈਆ ।

### ✻ ੧੬ ਮਾਘ ਸ਼ਹਿਨਸ਼ਾਹੀ ਸੰਮਤ ੪ ਊਸ਼ਾ ਰਾਣੀ ਦੇ ਗ੍ਰਿਹ ਪੁਰਾਣਾ ਮਹੱਲਾ ਕੋਟਕਪੂਰਾ ✻

ਪੈਗ਼ੰਬਰ ਕਹਿਣ ਦਰਗਾਹ ਸਾਚੀ ਤੇਰਾ ਸਚ ਮਹੱਲਾ, ਪਰਵਰਦਿਗਾਰ ਸਾਂਝਾ ਯਾਰ ਜਲਵਾਗਰ ਇਕ ਸੁਹਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਵਸੇ ਜਲਾ ਥਲਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ ਨੂਰ ਜੋਤ ਚਮਕਾਈਆ । ਜਿਸ ਨੇ ਨਾਮ ਸੰਦੇਸਾ ਸਤਿਜੁਗ ਤਰੇਤਾ ਦਵਾਪਰ ਕਲਜੁਗ ਲੋਕਮਾਤ ਘੱਲਾ, ਨਾਉਂ ਨਿਰੰਕਾਰਾ ਨਿਰਗੁਣ ਧਾਰਾ ਆਪ ਦ੍ਰਿੜਾਈਆ । ਜੋ ਨਿਰਗੁਣ ਸਰਗੁਣ ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫੜਾਏ ਪੱਲਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਵਿਚ ਓਅੰਕਾਰ ਨਿਰਾਕਾਰ ਨਿਰਗੁਣ ਜੋਤ ਹੋ ਕੇ ਰਲਾ, ਤਨ ਵਜੂਦ ਕਾਇਆ ਮਾਟੀ ਖ਼ਾਕ ਤਜਾਈਆ । ਸੋ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੇਟਣਹਾਰ ਦੂਈ ਦਵੈਤ ਦਾ ਸੱਲਾ, ਮਾਇਆ ਮਮਤਾ ਮੋਹ ਵਿਕਾਰ ਮਿਹਰ ਮਿਹਰ ਵਿਚ ਕਰੇ ਸਫ਼ਾਈਆ । ਆਦਿ ਅੰਤ ਸ੍ਰੀ ਭਗਵੰਤ ਸਚ ਸਵਾਮੀ ਅੰਤਰਜਾਮੀ ਵਸਣਹਾਰਾ

ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਪੈਗ਼ੰਬਰ ਕਹਿਣ ਦਰਗਾਹ ਸਾਚੀ ਤੇਰੇ ਅੰਤਰ ਹੱਕ ਸਿੰਘਾਸਣ, ਸੋਭਾਵੰਤ ਆਪ ਸੁਹਾਈਆ । ਖੇਲੇ ਖੇਲ ਪੁਰਖ ਅਬਿਨਾਸ਼ਣ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਰੂਪ ਰੇਖ ਰੰਗ ਦੀਨ ਮਜ਼੍ਹਬ ਨਾ ਕੋਈ ਜ਼ਾਤਣ, ਜ਼ਾਤੀ ਵੰਡ ਨਾ ਕੋਇ ਵੰਡਾਈਆ । ਜੋ ਨਿਤ ਨਵਿਤ ਖੇਲੇ ਖੇਲ ਪੁਰਖ ਅਬਿਨਾਸ਼ਣ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਰੇ ਦਾਸੀ ਦਾਸਨ, ਸੇਵਕ ਸੇਵਾ ਸਚ ਸਮਝਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਅੰਤ ਅਖ਼ੀਰ ਬੇਨਜ਼ੀਰ ਧੁਰ ਸੰਦੇਸ਼ਾ ਲੋਕਮਾਤ ਆਏ ਆਖਣ, ਨਵ ਨੌ ਚਾਰ ਭੇਵ ਅਭੇਦਾ ਪਰਦਾ ਓਹਲਾ ਦਏ ਉਠਾਈਆ । ਹੁਕਮ ਸੰਦੇਸ਼ਾ ਦੇਵੇ ਜ਼ਾਹਰ ਬਾਤਨ, ਗਹਿਰ ਗੰਭੀਰ ਗੁਣੀ ਗਹੀਰ ਬੇਨਜ਼ੀਰ ਨਜ਼ਰੀਆ ਸਭ ਦਾ ਦਏ ਬਦਲਾਈਆ । ਜਿਸ ਦੇ ਹੁਕਮੇ ਅੰਦਰ ਸਾਧ ਸੰਤ ਸੂਫ਼ੀ ਫ਼ਕੀਰ ਜਾਗਣ, ਦਿਵਸ ਰੈਣ ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲੇ ਧੁਰ ਦੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਦਵਾਰਾ ਏਕੰਕਾਰਾ ਸਤਿ ਸਚ ਸਮਝਾਈਆ । ਦਰਗਾਹ ਸਾਚੀ ਕਹੇ ਪੈਗ਼ੰਬਰ ਸੁਣੋ ਹਕ਼ੀਕ਼ਤ ਹੱਕ, ਲਾਸ਼ਰੀਕ ਦਿਆਂ ਜਣਾਈਆ । ਚਾਰ ਵਰਨ ਅਠਾਰਾਂ ਬਰਨ ਰਿਹਾ ਕੋਈ ਨਾ ਸਤਿ, ਧੀਰਜ ਧੀਰ ਨਾ ਕੋਇ ਧਰਾਈਆ । ਝਗੜਾ ਪਿਆ ਮਨਮਤ, ਗੁਰਮਤ ਬੈਠੀ ਮੁਖ ਛੁਪਾਈਆ । ਨਾੜ ਬਹੱਤਰ ਘਰ ਘਰ ਉਬਲੇ ਰੱਤ, ਹੱਡ ਮਾਸ ਦਏ ਦੁਹਾਈਆ । ਧੀਰਜ ਸੰਤੋਖ ਰਿਹਾ ਕੋਈ ਨਾ ਯਤ, ਕੂੜ ਕਲਪਣਾ ਰਹੀ ਸਤਾਈਆ । ਮਾਇਆ ਮਮਤਾ ਮੋਹ ਵਿਕਾਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪਰਵਰਦਿਗਾਰ ਦਰਸ਼ਨ ਪਾਵੇ ਨਾ ਕੋਇ ਉਪਰ ਸ਼ਾਹ ਰਗ, ਨੌ ਦਵਾਰੇ ਤ੍ਰਿਸ਼ਨਾ ਨਾ ਕੋਇ ਬੁਝਾਈਆ । ਸਚ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਮਿਲੇ ਮੇਲ ਨਾ ਕਿਸੇ ਕਮਲਾਪਤ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਰਦਾ ਉਹਲਾ ਆਪ ਉਠਾਈਆ । ਦਰਗਾਹ ਕਹੇ ਪੈਗ਼ੰਬਰੋ ਸੁਣੋ ਅਗੰਮੀ ਫ਼ਰਮਾਨ, ਫ਼ਰਮਾਂਬਰਦਾਰੋ ਦਿਆਂ ਜਣਾਈਆ । ਅੰਤਮ ਲੇਖਾ ਮੁੱਕਣਾ ਜਗਤ ਕ਼ੁਰਾਨ, ਕਾਇਆ ਕੁਰਹ ਵੱਜੇ ਵਧਾਈਆ । ਸਭ ਦਾ ਸਾਂਝਾ ਹੋਣਾ ਇਕ ਈਮਾਨ, ਸਾਬਤ ਸੂਰਤ ਦਏ ਦ੍ਰਿੜਾਈਆ । ਸ਼ਰਅ ਛੁਰੀ ਨਾ ਰਹੇ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਇਕ ਕਲਮੇ ਦਾ ਇਕੋ ਹੋਵੇ ਐਲਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਢੋਲਾ ਗਾਈਆ । ਦ੍ਰਿਸ਼ਟੀ ਵਿਚ ਰਹੇ ਨਾ ਕੋਇ ਬੇਈਮਾਨ, ਇਸ਼ਟ ਸਭ ਦਾ ਦਏ ਬਦਲਾਈਆ । ਜਿਸ ਦੀ ਕਥਾ ਕਹਾਣੀ ਸੁਣਦੇ ਰਹੇ ਕਾਨ, ਸੰਦੇਸਿਆਂ ਵਿਚ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪ੍ਰਗਟ ਹੋਵੇ ਇਕ ਅਮਾਮ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਲ ਧਰਾਈਆ । ਜਨ ਭਗਤਾਂ ਸੰਤਾਂ ਦੇਵੇ ਹਕ਼ੀਕ਼ੀ ਜਾਮ, ਅੰਮ੍ਰਿਤ ਰਸ ਰਸ ਰਸੀਆ ਇਕ ਚਖਾਈਆ । ਮਜ਼੍ਹਬ ਦਾ ਰਹਿਣ ਨਾ ਦੇਵੇ ਕੋਈ ਗ਼ੁਲਾਮ, ਸ਼ਰਅ ਜ਼ੰਜੀਰ ਦਏ ਕਟਾਈਆ । ਚਾਰ ਵਰਨ ਇਕੋ ਇਸ਼ਟ ਮੰਨੇ ਸ੍ਰੀ ਭਗਵਾਨ, ਸਿਲ ਪਾਹਨ ਪੂਜਨ ਕੋਇ ਨਾ ਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਿਫ਼ਤਾਂ ਵਾਲਾ ਗਾਇਣ ਗਾਨ, ਮਹਿੰਮਾ ਵਾਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ


੮੩੦ ੨੧

ਇਕ ਪ੍ਰਗਟਾਈਆ । ਪੈਗ਼ੰਬਰ ਕਹਿਣ ਕਿਰਪਾ ਕਰੇ ਮਿਹਰਵਾਨ, ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਅਲਾਹੀਆ । ਜਿਸ ਦਾ ਆਦਿ ਅੰਤ ਇਕ ਈਮਾਨ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਧਰਮ ਝੁਲਾਏ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ ਜਿਸ ਦਾ ਚਸ਼ਮੇ ਨੂਰ ਇਕ ਅਸਲਾਮ, ਕਾਇਆ ਕਾਅਬਾ ਦਏ ਵਡਿਆਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਲੇਖਾ ਜਾਣੇ ਜ਼ਿਮੀਂ ਅਸਮਾਨ, ਪਰਦਾਨਸ਼ੀਨ ਪਰਦਾ ਆਪ ਉਠਾਈਆ । ਜੋਧਾ ਸੂਰਬੀਰ ਬਲਵਾਨ, ਬਲਧਾਰੀ ਵਡ ਵਡਿਆਈਆ । ਕਲਜੁਗ ਅੰਤ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਮਖ਼ਲੂਕ ਵੇਖੇ ਥਾਉਂ ਥਾਈਂਆ । ਜਿਸ ਦਾ ਰਾਹ ਤੱਕਣ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਲੌਣ ਧਿਆਨ, ਗਣ ਗੰਧਰਬ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਨਰ ਨਰੇਸ਼ਾ ਇਕ ਇਕੱਲਾ ਆਪ ਜਣਾਈਆ । ਪੈਗ਼ੰਬਰ ਕਹਿਣ ਦਰਗਾਹ ਸਾਚੀ ਖੇਲ ਪ੍ਰਭੂ ਦੇ ਹੱਥ, ਅਵਰ ਨਾ ਕੋਇ ਚਤੁਰਾਈਆ । ਜਿਸ ਦੀ ਸਰਨੀ ਸਾਰੇ ਰਹੇ ਢੱਠ, ਅਵਤਾਰ ਪੈਗ਼ੰਬਰ ਸੀਸ ਨਾ ਕੋਇ ਉਠਾਈਆ । ਉਹ ਸਭ ਦਾ ਲਹਿਣਾ ਦੇਣਾ ਪੂਰਾ ਕਰੇ ਪੁਰਖ ਸਮਰਥ, ਜੋ ਸਰਬ ਕਲਾ ਅਖਵਾਈਆ । ਸਾਡੀ ਅੰਤ ਅਖ਼ੀਰ ਹੋਣੀ ਬਸ, ਬਸਤਾ ਸਭ ਦਾ ਦਏ ਬੰਧਾਈਆ । ਉਮਤ ਉਮਤੀ ਬੁਰਜ ਜਾਣਾ ਢੱਠ, ਨਬੀ ਰਸੂਲ ਨਾ ਕੋਇ ਬਚਾਈਆ । ਸਤਿ ਧਰਮ ਦਾ ਖੁਲ੍ਹਣਾ ਹੱਟ, ਵਣਜਾਰਾ ਇਕੋ ਨੂਰ ਅਲਾਹੀਆ । ਜਿਸ ਨੇ ਆਦਿ ਰਚਨਾ ਲਈ ਰਚ, ਅੰਤਮ ਓਹੋ ਵੇਖ ਵਖਾਈਆ । ਨਵ ਨੌਂ ਚਾਰ ਖੇਲ ਕਰਾਏ ਸਚ, ਕੂੜੀ ਕਿਰਿਆ ਡੇਰਾ ਢਾਹੀਆ । ਜੋ ਗੁਰ ਅਵਤਾਰ ਪੈਗ਼ੰਬਰ ਭਵਿਖਤ ਗਏ ਦੱਸ, ਧੁਰ ਸੰਦੇਸੇ ਨਾਲ ਜਣਾਈਆ । ਜਿਸ ਨੂੰ ਵੇਖੇ ਅਗੰਮੀ ਅੱਖ, ਜਗ ਨੇਤਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਦਰਗਾਹ ਸਾਚੀ ਧਾਮ ਸੁਹੰਜਣਾ, ਸੋਭਾਵੰਤ ਰਮਣੀਕ । ਜਿਥੇ ਵਸੇ ਆਦਿ ਨਿਰੰਜਣਾ, ਜਿਸ ਦੇ ਵਿਚ ਹੱਕ ਤੌਫ਼ੀਕ । ਗੁਰ ਅਵਤਾਰ ਪੈਗ਼ੰਬਰ ਬਣ ਕੇ ਸੱਜਣਾ, ਆਸਾ ਮਨਸਾ ਪੂਰੀ ਕਰੇ ਉਮੀਦ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨਾ, ਜਿਸ ਦੀ ਸਾਰੇ ਕਰਨ ਉਡੀਕ । ਚਾਰ ਕੁੰਟ ਦਹਿ ਦਿਸ਼ਾ ਜਿਸ ਦਾ ਨਾਮ ਡੰਕਾ ਵੱਜਣਾ, ਕਲਜੁਗ ਕੂੜੀ ਕਿਰਿਆ ਮੇਟੇ ਲੀਕ । ਜਨ ਭਗਤ ਸੁਹੇਲੇ ਲਾਏ ਅੰਗਣਾ, ਕਾਇਆ ਮੰਦਰ ਵਸੇ ਨਜ਼ਦੀਕ । ਸਚ ਨਾਮ ਦੀ ਚਾੜ੍ਹੇ ਰੰਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਦਰ ਠਾਂਡਾ ਇਕ ਅਗੰਮ, ਹਰਿ ਕਰਤਾ ਆਪ ਜਣਾਈਆ । ਜਿਥੇ ਦੀਨ ਦਿਆਲਾ ਧੁਰ ਦਾ ਦੇਵੇ ਧਨ, ਅਗੰਮ ਆਪਣਾ ਆਪ ਵਰਤਾਈਆ । ਫੁਰਨਾ ਦਿਸੇ ਕੋਈ ਨਾ ਮਨ, ਮਨਸਾ ਮੋਹ ਨਾ ਕੋਇ ਹਲਕਾਈਆ । ਨਿਰਗੁਣ ਨੂਰ ਚਾੜ੍ਹ ਕੇ ਚੰਨ, ਸੂਰੀਆ ਚੰਦ ਪੰਧ ਮੁਕਾਈਆ । ਸਤਿ ਧਰਮ ਦਾ ਬੇੜਾ ਬੰਨ੍ਹ, ਮਾਰਗ ਇਕੋ ਇਕ ਵਖਾਈਆ । ਹਰਖ ਸੋਗ ਮੇਟ ਕੇ ਗ਼ਮ, ਚਿੰਤਾ ਚਿਖਾ ਦਏ ਜਲਾਈਆ । ਪਰਦਾ ਲਾਹ ਕੇ ਆਤਮ ਬ੍ਰਹਮ, ਪਾਰਬ੍ਰਹਮ ਦਏ ਸਮਝਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਨਿਰਗੁਣ ਦਾਤਾ ਨੂਰ ਖ਼ੁਦਾਈਆ । ਪੈਗ਼ੰਬਰ ਕਹਿਣ ਉਸ ਦਾ ਫ਼ਰਮਾਨਾ ਸਾਰੇ ਲਈਏ ਮੰਨ, ਮਨਸਾ ਅਵਰ ਨਾ ਕੋਇ ਰਖਾਈਆ । ਦਰਗਾਹ ਸਾਚੀ ਤੇਰੇ ਸਚ ਦਵਾਰ ਸਾਰੇ ਕਹੀਏ ਧੰਨ ਧੰਨ, ਪ੍ਰਭੂ ਤੇਰੀ ਬੇਪਰਵਾਹੀਆ । ਜੇ ਸਤਿਜੁਗ ਤਰੇਤਾ ਦੁਆਪਰ ਕੀਤਾ ਖੰਨ ਖੰਨ, ਕਲਜੁਗ ਅੰਤਮ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਪਰਦਾ ਦੇਵੇ ਬੰਨ੍ਹ, ਬੰਨ੍ਹਣਹਾਰ ਗੋਪਾਲ ਸਵਾਮੀ ਇਕੋ ਨਜ਼ਰੀ ਆਈਆ ।

### ❊ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਮੁਖ਼ਤਿਆਰ ਕੌਰ ਦੇ ਗ੍ਰਿਹ ਡੋਗਰ ਬਸਤੀ ਫ਼ਰੀਦ ਕੋਟ ❊

ਦਰਗਾਹ ਸਾਚੀ ਕਹੇ ਨਿਰਗੁਣ ਧਾਰ ਵੇਖੋ ਅਵਤਾਰ ਪੈਗ਼ੰਬਰ ਆਪਣਾ ਵੇਲਾ, ਸਦੀ ਸਦੀਵੀ ਨਾਲ ਮਿਲਾਈਆ । ਪਿਆਰ ਰਿਹਾ ਨਾ ਮੁਰੀਦ ਮੁਰਸ਼ਦ ਗੁਰੂ ਚੇਲਾ, ਭਗਤ ਭਗਵਾਨ ਜੋੜ ਨਾ ਕੋਇ ਜੁੜਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਰੰਗ ਲਾਏ ਨਾ ਕੋਇ ਸੱਜਣ ਸੁਹੇਲਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚਾ ਜੋੜ ਨਾ ਕੋਇ ਜੁੜਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਵਸਣਹਾਰਾ ਧਾਮ ਨਵੇਲਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਪੱਲੂ ਨਾ ਕਿਸੇ ਫੜਾਈਆ । ਕਲਜੁਗ ਦੀਨ ਦੁਨੀ ਰਾਹ ਤੱਕੇ ਧਰਮ ਰਾਏ ਦੀ ਜੇਲ੍ਹਾ, ਜਮ ਕੀ ਫਾਸੀ ਅੱਗੇ ਹੋ ਨਾ ਕੋਇ ਕਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦਾ ਵਕ਼ਤ ਹੋਇਆ ਦੁਹੇਲਾ, ਚਾਰ ਕੁੰਟ ਦਹਿ ਦਿਸ਼ਾ ਜੀਵ ਜੰਤ ਰਹੇ ਕੁਰਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਚਰਜ ਖੇਲ ਅਗੰਮੀ ਖੇਲਾ, ਖ਼ਾਲਕ ਖ਼ਲਕ ਲੋਕਮਾਤ ਰਿਹਾ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਇਕ ਅਖਵਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡੀ ਡੰਡੌਤ ਬੰਦਨਾ ਏਕ, ਸਯਦਿਆਂ ਵਿਚ ਸੀਸ ਨਿਵਾਈਆ । ਜਿਸ ਦੀ ਦੱਸ ਕੇ ਆਏ ਟੇਕ, ਅਮਾਮ ਅਮਾਮਾ ਨੂਰ ਅਲਾਹੀਆ । ਸੋ ਨਿਰਗੁਣ ਧਾਰ ਰਿਹਾ ਵੇਖ, ਏਕੰਕਾਰ ਬਿਨ ਅੱਖਾਂ ਅੱਖ ਖੁਲ੍ਹਾਈਆ । ਸ੍ਰਿਸ਼ਟੀ ਦਾ ਦ੍ਰਿਸ਼ਟੀ ਅੰਦਰ ਵੇਖੇ ਭੇਖ, ਕੂੜੀ ਕਿਰਿਆ ਖੋਜ ਖੁਜਾਈਆ । ਭਰਮੇ ਭੁੱਲੇ ਮੁੱਲਾ ਸ਼ੇਖ਼, ਪੰਡਤ ਪਾਂਧਾ ਸੁਰਤ ਸ਼ਬਦ ਨਾ ਕੋਇ ਮਿਲਾਈਆ । ਸਚ ਧਰਮ ਦੀ ਕਰੇ ਕੋਈ ਨਾ ਭੇਟ, ਕੂੜੀ ਕਿਰਿਆ ਘਰ ਘਰ ਸੋਭਾ ਪਾਈਆ । ਸਚਖੰਡ ਦਵਾਰਾ ਕਿਸੇ ਨਜ਼ਰ ਨਾ ਆਏ ਆਪਣਾ ਦੇਸ਼, ਪ੍ਰਦੇਸੀ ਮਾਤਲੋਕ ਬੈਠੇ ਆਸਣ ਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਰਹੇ ਹਮੇਸ਼, ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਇਕ ਅਖਵਾਈਆ । ਸੋ ਦੇਵਣਹਾਰਾ ਅੰਤ ਸੰਦੇਸ਼, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪ ਸੁਣਾਈਆ । ਲਹਿਣਾ ਦੇਣਾ ਪੂਰਾ ਕਰੇ ਭਵਿਖਤਾਂ ਵਿਚ ਕਹਿ ਕੇ ਗਿਆ ਗੁਰੂ ਦਸਮੇਸ਼, ਵੇਦ ਵਿਆਸਾ ਸ਼ਹਾਦਤ ਇਕ ਭੁਗਤਾਈਆ । ਈਸਾ ਮੂਸਾ ਮੁਹੰਮਦ ਜਿਸ ਨੂੰ ਕਰਦੇ ਗਏ ਆਦੇਸ, ਸਯਦਿਆਂ ਵਿਚ ਸੀਸ ਝੁਕਾਈਆ । ਸੋ ਪਰਮ ਪੁਰਖ ਪਰਮਾਤਮ ਧੁਰ ਦਾ ਦਾਤਾ ਇਕ ਨਰੇਸ਼, ਸਚਖੰਡ ਨਿਵਾਸੀ ਆਪਣੀ ਕਲ ਵਰਤਾਈਆ । ਜਿਸ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਗਤ ਸੰਦੇਸੇ ਲਿਖੇ ਲੇਖ, ਕੋਟਨ ਕੋਟ ਹਰਫ਼ ਹਰੂਫ਼ ਸਿਫ਼ਤਾਂ ਵਿਚ ਵਡਿਆਈਆ । ਸੋ ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਖੇਲੇ ਆਪਣੀ ਖੇਡ, ਗੁਰ ਅਵਤਾਰ ਪੈਗ਼ੰਬਰ ਸਾਰੇ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ । ਦਰਗਾਹ ਸਾਚੀ ਕਹੇ ਜਿਸ ਦਾ ਖੇਲ ਉਪਰ ਧਰਤੀ, ਧਰਨੀ ਧਰਤ ਧੌਲ ਵੇਖ ਵਖਾਈਆ । ਓਹ ਦੋ ਜਹਾਨਾਂ ਨਿਧਪਰਤੀ, ਜਿਸ ਨੇ ਕਲਜੁਗ ਵਿਚ ਸਤਿਜੁਗ ਲੌਣਾ

ਸ਼ਰਤੀ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਜਲਵਾ ਨੂਰ ਪ੍ਰਕਾਸ਼ ਕਰੇ ਅਰਸ਼ੀ, ਨੂਰ ਨੁਰਾਨਾ ਡਗਮਗਾਈਆ । ਗ਼ਰੀਬ ਨਿਮਾਣਿਆਂ ਬਣੇ ਦਰਦੀ, ਕੋੜ੍ਹੇ ਕਮਲਿਆਂ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਸੁਣ ਕੇ ਅਰਜ਼ੀ, ਆਰਜ਼ੂ ਸਭ ਦੀ ਵੇਖ ਵਖਾਈਆ । ਲਹਿਣਾ ਦੇਣਾ ਚੁਕਾਵੇ ਕੂੜ ਕੁੜਿਆਰ ਫ਼ਰਜ਼ੀ, ਫ਼ਰਜ਼ ਆਪਣਾ ਤੋੜ ਨਿਭਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦੀ, ਹੁਕਮ ਦੇਵੇ ਚਾਈਂ ਚਾਈਂਆ । ਸਦੀ ਚੌਧਵੀਂ ਨੌ ਖੰਡ ਪ੍ਰਿਥਮੀ ਸੱਤ ਦੀਪ ਮਿਟਾਵੇ ਅੰਧੇਰਗਰਦੀ, ਜ਼ਾਤ ਪਾਤ ਊਚ ਨੀਚ ਦਾ ਝਗੜਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਦਰਗਾਹ ਸਾਚੀ ਕਹੇ ਮੇਰੇ ਅੰਤਰ ਸਦੀ ਚੌਧਵੀਂ ਪ੍ਰਗਟ ਹੋਵੇ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਜਿਸ ਦੀ ਅਕ਼ਲ ਬੁੱਧੀ ਕਰੇ ਕੋਈ ਨਾ ਸੋਚ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਅੰਤ ਕਹਿਣ ਕੋਇ ਨਾ ਪਾਈਆ । ਜਿਸ ਨੂੰ ਝੁਕਦੇ ਆਦਿ ਜੁਗਾਦਿ ਜੁਗ ਚੌਕੜੀ ਲੋਕ ਪ੍ਰਲੋਕ, ਦੋ ਜਹਾਨ ਸੀਸ ਨਿਵਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਹਿੰਦੇ ਨਾਮ ਸਲੋਕ, ਸੋਹਲੇ ਲੋਕਮਾਤ ਸੁਣਾਈਆ । ਜਿਸ ਨੂੰ ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਸੋ ਸਵਾਮੀ ਜਨ ਭਗਤਾਂ ਦੇਵੇ ਧਰਮ ਦਾ ਜੋਗ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜੋ ਨਿਰਗੁਣ ਸਰਗੁਣ ਕਰਨਹਾਰ ਸੰਜੋਗ, ਸੁਰਤੀ ਸ਼ਬਦ ਜੋੜ ਜੁੜਾਈਆ । ਜੋ ਆਤਮ ਸੇਜਾ ਭੋਗੇ ਭੋਗ, ਸਚ ਸਿੰਘਸਣ ਡੇਰਾ ਲਾਈਆ । ਸੋ ਸਵਾਮੀ ਕਲਜੁਗ ਅੰਤਮ ਹਉਮੇ ਕਟੇ ਰੋਗ, ਹੰਕਾਰ ਗੜ੍ਹ ਦਏ ਤੁੜਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ ਕੋਟ, ਬੰਕ ਦਵਾਰਾ ਇਕ ਵਡਿਆਈਆ । ੮੩੩
੮੩੩ ੨੧ ਨਾਮ ਨਿਧਾਨ ਸ੍ਰੀ ਭਗਵਾਨ ਕਾਇਆ ਅੰਦਰ ਲਾਵੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਝਗੜਾ ਮੁਕਾਏ ਵਰਨ ਗੋਤ, ਆਤਮ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਦਰਗਾਹ ਸਾਚੀ ਕਹੇ ਮੇਰੇ ਅੰਤਰ ਅਗੰਮੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰ ਕੇ ਆਏ ਮਸ਼ਹੂਰ, ਮਸ਼ਵਰਿਆਂ ਵਿਚ ਢੋਲੇ ਸੋਹਲੇ ਰਾਗ ਨਾਦ ਸੁਣਾਈਆ । ਜਿਸ ਦੀ ਨਾਮ ਨਿਧਾਨ ਅਗੰਮੀ ਤੂਰ, ਤੁਰੀਆ ਤੋਂ ਪਰੇ ਆਪਣਾ ਪਰਦਾ ਓਹਲਾ ਲਾਹੀਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਮੇਟੇ ਕਿਰਿਆ ਕੂੜ, ਜੂਠ ਝੂਠ ਡੇਰਾ ਢਾਹੀਆ । ਚਾਰ ਵਰਨਾਂ ਅਠਾਰਾਂ ਬਰਨਾਂ ਬਖ਼ਸ਼ੇ ਚਰਨ ਧੂੜ, ਹਿੰਦੂ ਮੁਸਲਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਮਨਸਾ ਕਰੇ ਪੂਰ, ਜੋ ਭਵਿਖਤਾਂ ਵਿਚ ਸਿਫ਼ਤ ਆਏ ਸਾਲਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਬਖ਼ਸ਼ਣਹਾਰ ਕ਼ਸੂਰ, ਮਿਹਰ ਨਜ਼ਰ ਨਾਲ ਤਰਾਈਆ । ਨਾਮ ਭੰਡਾਰਾ ਹੋਵੇ ਭਰਪੂਰ, ਦੋ ਜਹਾਨਾਂ ਦਏ ਵਰਤਾਈਆ । ਦਾਤਾ ਜੋਧਾ ਹੋਵੇ ਸੂਰ, ਬਲਧਾਰੀ ਨੂਰ ਅਲਾਹੀਆ । ਗੜ੍ਹ ਹਉਮੇ ਹੰਗਤਾ ਤੋੜੇ ਗ਼ਰੂਰ, ਗ਼ੁਰਬਤ ਅੰਦਰੋਂ ਦਏ ਕਢਾਈਆ । ਸਭ ਦੀ ਬੇਨੰਤੀ ਕਰੇ ਮਨਜ਼ੂਰ, ਮਨਸਾ ਵੇਖੇ ਚਾਈਂ ਚਾਈਂਆ । ਜਿਸ ਨੇ ਜਲਵਾ ਦਿਤਾ ਮੂਸਾ ਉਤੇ ਕੋਹਤੂਰ, ਸੋ ਲੇਖਾ ਜਾਣੇ ਥਾਉਂ ਥਾਈਂਆ । ਸੋ ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਦਾਤਾ ਪੁਰਖ ਬਿਧਾਤਾ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਦਰਗਾਹ ਸਾਚੀ ਕਹੇ ੨੧

ਮੇਰੇ ਅੰਤਰ ਅੰਤਰ ਜੋਤ ਪ੍ਰਕਾਸ਼, ਨਿਰਗੁਣ ਨੂਰ ਨੂਰ ਅਲਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਹੋਵੇ ਨਾ ਕਦੇ ਵਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕਰ ਕੇ ਦਾਸੀ ਦਾਸ, ਸੇਵਕਾਂ ਸੇਵਾ ਸਚ ਸਮਝਾਈਆ । ਦੀਨ ਮਜ਼੍ਹਬ ਜ਼ਾਤਾਂ ਪਾਤਾਂ ਵੰਡ ਵੰਡਾ ਕੇ ਖੇਲੇ ਖੇਲ ਤਮਾਸ਼, ਬਾਜ਼ੀਗਰ ਆਪਣਾ ਸਵਾਂਗ ਵਰਤਾਈਆ । ਗੋਪੀ ਕਾਹਨ ਪਵਾਏ ਰਾਸ, ਮੰਡਲ ਮੰਡਪ ਨਾਚ ਨਚਾਈਆ । ਸੀਤਾ ਰਾਮ ਫਿਰਾਏ ਬਨਬਾਸ, ਪੈਗ਼ਬਰਾਂ ਫਾਸੀ ਉਤੇ ਲਟਕਾਈਆ । ਗੁਰੂਆਂ ਵੇਖੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਇਕ ਰੰਗਾਈਆ । ਦਰਗਾਹ ਸਾਚੀ ਕਹੇ ਪ੍ਰਗਟ ਹੋਵੇ ਇਕ ਨਿਰੰਕਾਰ, ਨਰ ਨਰਾਇਣ ਵੱਡੀ ਵਡਿਆਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜਿਸ ਨੂੰ ਸੱਜਦੇ ਹੁੰਦੇ ਬਾਰੰਬਾਰ, ਪਾਰਬ੍ਰਹਮ ਪ੍ਰਭ ਆਪਣੀ ਕਲ ਧਰਾਈਆ । ਜਿਸ ਦਾ ਸਿਫ਼ਤਾਂ ਵਿਚ ਸਾਰੇ ਕਰਨ ਇਜ਼ਹਾਰ, ਰਾਗਾਂ ਨਾਦਾਂ ਢੋਲਿਆਂ ਵਿਚ ਗਾਈਆ । ਜਿਸ ਨੂੰ ਪੇਸ਼ੀਨਗੋਈਆਂ ਵਿਚ ਦੱਸ ਕੇ ਗਏ ਕਲ ਕਲਕੀ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਜਿਸ ਦਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਇੰਦ ਇੰਦ੍ਰਾਸਣ ਬੈਠੇ ਸੀਸ ਝੁਕਾਈਆ । ਰਵ ਸਸ ਭੱਜਣ ਵਾਰੋ ਵਾਰ, ਮੰਡਲ ਮੰਡਪ ਆਪਣਾ ਪੰਧ ਮੁਕਾਈਆ । ਜੁਗ ਚੌਕੜੀ ਬਣੇ ਪਨਿਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਕਾਰ ਕਮਾਈਆ । ਸੋ ਖੇਲ ਕਰੇ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਨਾ ਕੋਈ ਮੇਟੇ ਵਿਚ ਸੰਸਾਰ, ਅੱਗੇ ਹੋ ਨਾ ਕੋਇ ਅਟਕਾਈਆ । ਲੱਖ ਚੁਰਾਸੀ ਕਰਨਹਾਰ ਗ੍ਰਿਫ਼ਤਾਰ, ਸ਼ਬਦੀ ਡੋਰੀ ਤੰਦ ਬੰਧਾਈਆ । ਸੋ ਕਲਜੁਗ ਅੰਤ ਮੇਟਣਹਾਰ ਅੰਧ ਅੰਧਿਆਰ, ਸਤਿਜੁਗ ਸਾਚਾ ਨੂਰ ਦਏ ਚਮਕਾਈਆ । ਮਾਨਵ ਮਾਨਵ ਮਾਨਵ ਕਰੇ ਪਿਆਰ, ਮਾਨੁਖ ਮਾਨੁਖ ਮਾਨੁਖ ਇਕੋ ਰੰਗ ਰੰਗਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਦਏ ਨਿਵਾਰ, ਆਤਮ ਬ੍ਰਹਮ ਪਰਦਾ ਦਏ ਉਠਾਈਆ । ਤੂੰ ਮੇਰਾ ਮੈਂ ਤੇਰਾ ਸ਼ਬਦ ਹੋਵੇ ਜੈਕਾਰ, ਧੁਰ ਦਾ ਨਾਮ ਵੱਜੇ ਵਧਾਈਆ । ਸੋ ਲੇਖਾ ਜਾਣੇ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹੀਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਲਾਸ਼ਰੀਕ ਨੂਰ ਅਲਾਹੀਆ । ਸੋ ਚੌਦਾਂ ਲੋਕਾਂ ਚੌਦਾਂ ਤਬਕਾਂ ਪਾਵੇ ਸਾਰ, ਚੌਦਾਂ ਵਿਦਿਆ ਵੇਖ ਵਖਾਈਆ । ਚੌਦਸ ਚੰਦ ਦਏ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕ ਅਵਤਾਰ, ਦੂਜਾ ਨਜ਼ਰ ਕੋਇ ਨਾ ਆਈਆ ।



੮੩੪ ੨੧

### ☀ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਚਰਨਜੀਤ ਕੌਰ ਦੇ ਗ੍ਰਿਹਿ ਫ਼ਰੀਦਕੋਟ ☀

ਵੇਖੋ ਨੇਤਰ ਰੋਵਣ ਲੱਗੀ ਸਤੀ, ਬਿਨ ਅੱਖਾਂ ਨੀਰ ਵਹਾਈਆ । ਮੇਰੀ ਬੁਝਣ ਲੱਗੀ ਬੱਤੀ, ਜਗਤ ਵਿਚ ਨਾ ਕੋਇ ਵਡਿਆਈਆ । ਹੁਕਮ ਦੇਵੇ ਧੁਰ ਦਾ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੇ ਬਿਨਾ ਕਰੇ ਕੋਈ ਨਾ ਗਤੀ, ਆਵਣ ਜਾਵਣ ਨਾ ਕੋਇ ਮੁਕਾਈਆ । ਮੈਂ ਕਲਪਣਾ ਵਿਚ ਰਹੀ ਤਪੀ, ਤੱਤੀ ਅੱਗ ਵਾਂਗ ਤਪਾਈਆ । ਮੈਨੂੰ ਨਾਮ ਨਾ ਮਿਲਿਆ ਭੋਰਾ ਰਤੀ, ਮੇਰੀ ਸਵਾਹ ਨਾ ਲੇਖੇ ਪਾਈਆ । ਇਕ

ਸੌ ਉਨੱਤਰ ਸਾਲ ਮਿਲੀ ਕੋਈ ਨਾ ਖੱਟੀ, ਬੈਠੀ ਆਪਣਾ ਝਟ ਲੰਘਾਈਆ । ਬਿਰਹੋਂ ਵੈਰਾਗਣ ਗਈ ਫੱਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਤੀ ਕਹੇ ਮੈਂ ਰੋਵਾਂ ਮਾਰਾਂ ਧਾਹ, ਹਾਏ ਉਫ਼ ਸੁਣਾਈਆ । ਮੇਰਾ ਰਿਹਾ ਕੋਈ ਨਾ ਰਾਹ, ਰਸਤਾ ਅੱਗੇ ਨਾ ਕੋਇ ਵਖਾਈਆ । ਮੈਂ ਸੜ ਕੇ ਹੋਈ ਸਵਾਹ, ਮਾਟੀ ਕੰਮ ਕਿਸੇ ਨਾ ਆਈਆ । ਮੈਂ ਰੋ ਰੋ ਕਰਦੀ ਰਹੀ ਦੁਆ, ਵਾਸਤਾ ਇਕੋ ਅੱਗੇ ਪਾਈਆ । ਮੇਰੇ ਸਾਹਿਬ ਹੋਣਾ ਸਹਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਤਕਦੀ ਰਹੀ ਕਵਣ ਵੇਲਾ ਮਿਲੇ ਆ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤੀ ਕਹੇ ਮੇਰੀ ਬੁਝਣ ਲੱਗੀ ਸ਼ਮਅ, ਸ਼ਮਾਂਦਾਨ ਨਜ਼ਰ ਕੋਇ ਨਾ ਆਈਆ । ਮੇਰੀ ਵਿਛੜਨ ਲੱਗੀ ਧਰਤੀ ਅੰਮਾਂ, ਅੰਮੜੀ ਸੰਗ ਨਾ ਕੋਇ ਨਿਭਾਈਆ । ਮੇਰਾ ਨਾਤਾ ਤੁੱਟਣ ਲੱਗਾ ਕਾਇਆ ਮਾਟੀ ਚੰਮਾ, ਹੱਡ ਮਾਸ ਰਹੀ ਛੁਡਾਈਆ । ਮੈਂ ਵਹਿ ਗਈ ਵਿਚ ਗ਼ਮਾਂ, ਖ਼ੁਸ਼ੀ ਨਜ਼ਰ ਕੋਇ ਨਾ ਆਈਆ । ਬਹੁੜੀ ਮੇਰਾ ਪੂਰਾ ਹੋਣ ਲੱਗਾ ਸਮਾਂ, ਸਮਾਪਤ ਹੋਵੇ ਮੇਰੀ ਲੋਕਾਈਆ । ਮੇਰਾ ਅੰਤ ਅਖ਼ੀਰੀ ਦਮਾਂ, ਸਾਹ ਸਾਹ ਦਿਆਂ ਸੁਣਾਈਆ । ਮੇਰਾ ਜੀਵਣ ਹੋਣਾ ਨਵਾਂ, ਨਰ ਨਿਰੰਕਾਰ ਦਏ ਵਡਿਆਈਆ । ਮੈਨੂੰ ਜਗਤ ਰਹੇ ਨਾ ਤਮਅ, ਤ੍ਰਿਸ਼ਨਾ ਰਿਹਾ ਬੁਝਾਈਆ । ਓਸ ਦੀ ਚਰਨੀ ਢਹਵਾਂ, ਜੋ ਢੱਠਿਆਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਆਪਣੀ ਦਇਆ ਕਮਾਈਆ । ਸਤੀ ਕਹੇ ਮੇਰੇ ਕੋਲ ਪੁਰਾਣਾ ਪੱਤਰ, ਪਤ੍ਰਕਾ ਦਿਆਂ ਵਖਾਈਆ । ਮੇਰੇ ਦਿਨ ਬਾਕੀ ਰਹਿੰਦੇ ਸੱਤਰ, ਸਾਤੇ ਨਾਲ ਜ਼ੀਰੋ ਦਏ ਗਵਾਹੀਆ । ਮੈਂ ਬਦਲ ਦੇਣਾ ਸੀ ਗ੍ਰਹਿ ਨਛੱਤਰ, ਜੀਵਣ ਜਗਤ ਦੇਣਾ ਮਿਟਾਈਆ । ਮੈਨੂੰ ਕੋਈ ਨਾ ਸਕਿਆ ਪਕੜ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਮੇਰੇ ਨਾਲ ਸਾਥੀ ਹੋਰ ਫ਼ੱਕਰ, ਜੋ ਫ਼ਕੀਰ ਫ਼ਿਕਰਾ ਇਕੋ ਗਾਈਆ । ਜਿਹੜਾ ਦੱਬਿਆ ਸੀ ਵਿਚ ਕ਼ਬਰ, ਮਕ਼ਬਰੇ ਵਿਚੋਂ ਆਪਣਾ ਆਪ ਬਦਲਾਈਆ । ਅਸੀਂ ਦੋਵੇਂ ਬੈਠੇ ਰਹੇ ਕਰ ਕੇ ਸਬਰ, ਸਬਰ ਪਿਆਲਾ ਪੀ ਕੇ ਝਟ ਲੰਘਾਈਆ । ਕਿਸ ਵੇਲੇ ਆਵੇ ਸ਼ੇਰ ਬੱਬਰ, ਹਰਿ ਕਰਤਾ ਨੂਰ ਅਲਾਹੀਆ । ਜਿਹੜਾ ਸਾਡੇ ਕੋਲੋਂ ਛੁਡਾਵੇ ਸਾਰਾ ਟੱਬਰ, ਵੱਡੇ ਛੋਟੇ ਲਏ ਤਰਾਈਆ । ਚੌਦਾਂ ਸਾਲ ਤੋਂ ਲੱਗੇ ਮਗਰ, ਖ਼ੁਸ਼ੀ ਗ਼ਮੀ ਨਾ ਕੋਇ ਵਖਾਈਆ । ਜਿਸ ਦੇ ਹੱਥ ਧੁਰ ਦਾ ਅਦਲ, ਇਨਸਾਫ਼ ਰਿਹਾ ਕਮਾਈਆ । ਸੋ ਜੀਵਣ ਦੇਵੇ ਬਦਲ, ਮਿਹਰ ਨਜ਼ਰ ਇਕ ਟਿਕਾਈਆ । ਸਾਡੀ ਬੁੱਧੀ ਰਹੀ ਨਾ ਅਕਲ, ਚਤੁਰਾਈ ਨਾ ਕੋਇ ਜਣਾਈਆ । ਸਾਡਾ ਕਿਸੇ ਨੂੰ ਰੂਪ ਨਜ਼ਰ ਨਹੀਂ ਔਂਦਾ ਸ਼ਕਲ, ਸ਼ੱਕ ਸਾਰੇ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਫ਼ਕੀਰ ਕਹੇ ਮੇਰਾ ਫ਼ਿਕਰਾ, ਫ਼ਾਤਿਆ ਦਏ ਪੜ੍ਹਾਈਆ । ਜਿਸ ਦਾ ਪੈਗ਼ੰਬਰ ਕਰਦੇ ਜ਼ਿਕਰਾ, ਜ਼ਕਰੀਆ ਦਏ ਦੁਹਾਈਆ । ਜੋ ਆਪਣੀ ਧਾਰੋਂ ਨਿਕਲਾ, ਨਿਰਗੁਣ ਨੂਰ ਅਲਾਹੀਆ । ਜੋ ਲੇਖਾ ਮੁਕਾਵੇ ਸੱਜਣ ਮਿਤਰਾ, ਮਿਤ੍ਰ ਪਿਆਰਾ ਦਇਆ ਕਮਾਈਆ । ਅਸੀਂ ਡਰਦੇ ਉਹਦੇ ਕੋਲੋਂ ਛਿਤਰਾਂ, ਜੋ ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜਨਮ ਦਾ ਸਭ ਦਾ ਲੇਖਾ ਜਾਣੇ ਸ਼ਜਰਾ, ਖਾਤਾ ਬਚਿਆ ਰਹਿਣ ਕੋਇ ਨਾ ਪਾਈਆ ।

## ❋ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਸ਼ਿਵ ਇੰਦਰ ਸਿੰਘ ਦੇ ਗ੍ਰਹਿ ਫ਼ਰੀਦਕੋਟ ❋

ਸਤਿਗੁਰ ਸ਼ਬਦ ਸਦਾ ਉਧਾਰਨ, ਆਦਿ ਜੁਗਾਦਿ ਦਇਆ ਕਮਾਇੰਦਾ । ਜਨ ਭਗਤਾਂ ਪੈਜ ਸਵਾਰਨ, ਨਿਤ ਨਵਿਤ ਵੇਖ ਵਖਾਇੰਦਾ । ਹਉਮੇ ਗੜ੍ਹ ਤੋੜ ਹੰਕਾਰਨ, ਪ੍ਰੇਮ ਪ੍ਰੀਤੀ ਇਕ ਦ੍ਰਿੜਾਇੰਦਾ । ਕਾਇਆ ਕੱਪੜ ਰੂਪ ਨਿਵਾਰਨ, ਹਉਮੇ ਹੰਗਤਾ ਡੇਰਾ ਢਾਇੰਦਾ । ਨਿਰਗੁਣ ਨੂਰ ਜੋਤ ਕਰੇ ਉਜਿਆਰਨ, ਅੰਧ ਅੰਧੇਰਾ ਕੂੜ ਮਿਟਾਇੰਦਾ । ਨਾਮ ਸ਼ਬਦ ਸੁਣਾਏ ਧੁਨਕਾਨਣ, ਅਨਰਾਗੀ ਰਾਗ ਅਲਾਇੰਦਾ । ਅੰਮ੍ਰਿਤ ਜਾਮ ਆਏ ਪਿਆਲਣ, ਨਿਝਰ ਝਿਰਨਾ ਰਸ ਝਿਰਾਇੰਦਾ । ਦੀਵਾ ਬਾਤੀ ਆਏ ਬਾਲਣ, ਨਿਰਗੁਣ ਨੂਰ ਜੋਤ ਰੁਸ਼ਨਾਇੰਦਾ । ਦਰਗਾਹ ਸਾਚੀ ਆਏ ਵਖਾਲਣ, ਸਚਖੰਡ ਦਵਾਰਾ ਇਕ ਪ੍ਰਗਟਾਇੰਦਾ । ਜਿਥੇ ਵਸੇ ਜੋਤ ਅਕਾਲਣ, ਦੂਜਾ ਨਜ਼ਰ ਨਾ ਕੋਇ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਇੰਦਾ । ਸਤਿਗੁਰ ਸ਼ਬਦ ਸਦਾ ਸੁਖਦਾਈ, ਲੋਕਮਾਤ ਦਏ ਵਡਿਆਈਆ । ਆਤਮ ਬ੍ਰਹਮ ਦਏ ਸਮਝਾਈ, ਦੂਈ ਦਵੈਤ ਪਰਦਾ ਲਾਹੀਆ । ਕਾਇਆ ਮੰਦਰ ਕਰੇ ਰੁਸ਼ਨਾਈ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਮੇਲਾ ਮੇਲੇ ਸਹਿਜ ਸੁਭਾਈ, ਹਰਿ ਠਾਕਰ ਨੂਰ ਅਲਾਹੀਆ । ਆਵਣ ਜਾਵਣ ਕਟੇ ਜੁਦਾਈ, ਚੁਰਾਸੀ ਬੰਧਨ ਦਏ ਕਟਾਈਆ । ਸਚ ਮਹੱਲ ਅਟਲ ਦਏ ਬਹਾਈ, ਦਰਗਾਹ ਸਾਚੀ ਇਕ ਵਖਾਈਆ । ਜਿਸ ਗ੍ਰਿਹਿ ਮਿਲੇ ਧੁਰ ਦਾ ਮਾਹੀ, ਮਾਲਕ ਖ਼ਾਲਕ ਪ੍ਰਿਤਪਾਲਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰਾ ਇਕ ਸੁਹਾਈਆ । ਸਤਿਗੁਰ ਸ਼ਬਦ ਸਦਾ ਦਿਆਲ, ਦਇਆਨਿਧ ਅਖਵਾਇੰਦਾ । ਜਨ ਭਗਤ ਸੁਹੇਲੇ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਇੰਦਾ । ਸਾਚਾ ਮਾਰਗ ਦੱਸ ਸੁਖਾਲ, ਪਰਦਾ ਉਹਲਾ ਆਪ ਉਠਾਇੰਦਾ । ਗੋਦ ਉਠਾ ਕੇ ਆਪਣੇ ਲਾਲ, ਹਰਿਜਨ ਆਪਣੇ ਰੰਗ ਰੰਗਾਇੰਦਾ । ਦੇ ਕੇ ਨਾਮ ਸੱਚਾ ਧਨ ਮਾਲ, ਘਰ ਖ਼ਜ਼ੀਨਾ ਆਪ ਭਰਾਇੰਦਾ । ਝਗੜਾ ਮੁਕਾ ਕੇ ਕਾਲ ਮਹਾਂਕਾਲ, ਰਾਏ ਧਰਮ ਡੇਰਾ ਢਾਹਿੰਦਾ । ਅੰਤ ਕੰਤ ਕਰੇ ਸੰਭਾਲ, ਭਗਵਨ ਆਪਣਾ ਜੋੜ ਜੁੜਾਇੰਦਾ । ਬਣ ਮੁਰਸ਼ਦ ਮੁਰੀਦਾਂ ਪੁਛੇ ਹਾਲ, ਮਿਹਰਵਾਨ ਆਪਣੇ ਵਿਚ ਸਮਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਡਗਮਗਾਇੰਦਾ । ਜਨਮ ਜਨਮ ਦੀ ਕਰਮ ਕਰਮ ਦੀ ਪੂਰੀ ਕਰੇ ਘਾਲ, ਲਹਿਣਾ ਦੇਣਾ ਨਿਰਗੁਣ ਧਾਰ ਝੋਲੀ ਪਾਇੰਦਾ । ਏਥੇ ਓਥੇ ਕਰੇ ਸੰਭਾਲ, ਸਤਿ ਸਤਿਵਾਦੀ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦਵਾਰਾ ਏਕੰਕਾਰਾ ਸਾਂਝਾ ਘਰ ਇਕ ਵਡਿਆਇੰਦਾ । ਸਤਿਗੁਰ ਸ਼ਬਦ ਚਾੜ੍ਹੇ ਰੰਗਣ, ਹਰਿ ਕਰਤਾ ਆਪ ਰੰਗਾਈਆ । ਭੇਵ ਰਹੇ ਨਾ ਮਾਟੀ ਬਦਨ, ਚੰਮ ਦ੍ਰਿਸ਼ਟੀ ਦਏ ਗਵਾਈਆ । ਨਾਮ ਨਿਧਾਨ ਵਜਾ ਮਰਦੰਗਣ, ਸੋਈ ਸੁਰਤੀ ਲਏ ਉਠਾਈਆ । ਸਚ ਪ੍ਰੇਮ ਦਾ ਦੇ ਅਨੰਦਨ, ਅਨਰਸ ਕੂੜਾ ਦਏ ਗਵਾਈਆ । ਆਤਮ ਪਰਮਾਤਮ ਟੁੱਟੀ ਆਵੇ ਗੰਢਣ, ਵਿਛੋੜਾ ਅੱਗੇ ਰਹੇ ਨਾ ਰਾਈਆ । ਦੇਵੇ ਵਡਿਆਈ ਵਿਚ ਵਰਭੰਡਣ, ਬ੍ਰਹਿਮੰਡਨ ਪੈਂਡਾ ਦਏ ਮੁਕਾਈਆ । ਕਰੇ ਪਰਕਾਸ਼ ਬਿਨ ਸੂਰੀਆ ਚੰਦਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਵਖਾਵੇ ਇਕੋ ਡੰਡਾਵਤ ਬੰਦਨ, ਸੱਯਦਾ ਸੀਸ ਜਗਦੀਸ਼ ਵਖਾਈਆ । ਦੂਈ ਦਵੈਤੀ ਢਾਹ ਕੇ ਕੰਧਨ, ਭਾਂਡਾ ਭਰਮ ਭੌ ਭੰਨਾਈਆ । ਚਰਨ ਧੂੜੀ ਮਸਤਕ ਟਿੱਕਾ ਲਾ ਕੇ ਚੰਦਨ, ਦੁਰਮਤ ਮੈਲ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,



੮੩੬ ੨੧

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੂਰਾ ਸਰਬੰਗਣ, ਸਾਹਿਬ ਸੁਲਤਾਨ ਮਰਦ ਮਰਦਾਨ ਆਪਣਾ ਹੁਕਮ ਵਰਤਾਈਆ ।

### ✻ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਕਿਰਪਾਲ ਸਿੰਘ ਦੇ ਗ੍ਰਿਹਿ ਪਿੰਡ ਗੋਲੇ ਵਾਲ ਜ਼ਿਲਾ ਫ਼ਿਰੋਜ਼ਪੁਰ ✻

ਸਚਖੰਡ ਦਵਾਰੇ ਈਸਾ ਕਹੇ ਮੁਹੰਮਦ ਓਹ ਵੇਖ ਨਾਨਕ, ਨਿਰਗੁਣ ਧਾਰ ਨਿਰਾਕਾਰ ਨਿਗਾਹ ਟਿਕਾਈਆ । ਕੀ ਹੁਕਮ ਸੰਦੇਸਾ ਦੇਵੇ ਅਗੰਮ ਅਚਾਨਕ, ਬੇਖ਼ਬਰਾਂ ਖ਼ਬਰ ਸੁਣਾਈਆ । ਪੈਗ਼ੰਬਰੋ ਪਰਵਰਦਿਗਾਰ ਕਰਨਾ ਖੇਲ ਭਿਆਨਕ, ਭੈ ਭੌ ਦੇਵੇ ਥਾਉਂ ਥਾਈਆ । ਤੁਹਾਡਾ ਨਾਮ ਕ਼ਲਮਾ ਦੇ ਕੇ ਆਪਣੀ ਅਮਾਨਤ, ਘਰ ਘਰ ਅੰਤਰ ਨਿਰੰਤਰ ਖੋਜ ਖੁਜਾਈਆ । ਲੋਕਮਾਤ ਤੁਸੀਂ ਕਿਸ ਦੀ ਦਿਓ ਜ਼ਮਾਨਤ, ਸਚ ਸਚ ਦੇਣਾ ਸਮਝਾਈਆ । ਸਚ ਵਸਤ ਕਿਸੇ ਕੋਲ ਨਾ ਰਹੀ ਨਿਆਮਤ, ਖ਼ਾਲੀ ਭਾਂਡੇ ਨਜ਼ਰੀ ਆਈਆ । ਕਰੇ ਖੇਲ ਮੇਰਾ ਪਰਮਾਤਮ ਜੋ ਆਤਮ ਹੋਵੇ ਜਾਨਤ, ਜਾਣੀ ਜਾਣ ਦਇਆ ਕਮਾਈਆ । ਕੂੜੀ ਕਿਰਿਆ ਮਮਤਾ ਮੋਹ ਮੇਟੇ ਅਲਾਮਤ, ਸ਼ਰਅ ਜ਼ੰਜੀਰ ਦਏ ਕਟਾਈਆ । ਬਿਨ ਪੁਰਖ ਅਕਾਲ ਦੂਜਾ ਦਿਸੇ ਨਾ ਕੋਇ ਸਹੀ ਸਲਾਮਤ, ਸੁਲਹਕੁਲ ਆਪਣੀ ਕਲ ਵਰਤਾਈਆ । ਝਗੜਾ ਮੇਟੇ ਬੋਦੀ ਜੰਞੂ ਹਜਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਈਸਾ ਕਹੇ ਮੁਹੰਮਦ ਓ ਨਾਨਕ ਵੇਖ ਤਪੱਸਵੀ, ਜੋ ਮਨ ਕਾ ਮਣਕਾ ਰਿਹਾ ਫਿਰਾਈਆ । ਕੀ ਝਗੜਾ ਹੋਣਾ ਵਿਚ ਅਰਬੀ, ਅਰਬਸਤਾਨ ਦਏ ਦੁਹਾਈਆ । ਕਿਉਂ ਢੋਰਾਂ ਖਵਾਈ ਚਰਬੀ, ਚਰਾਗਾਹਾਂ ਵਿਚ ਰੁਲਾਈਆ । ਕੀ ਨਾਮ ਚਲਾਏ ਫ਼ਰਜ਼ੀ, ਫ਼ਰਦ ਜ਼ੁਲਮ ਨਾਲ ਵਡਿਆਈਆ । ਆਪਣੀ ਵੇਖੇ ਦਿਤੀ ਅਰਜ਼ੀ, ਜੋ ਲਿਖੀ ਬਿਨ ਕ਼ਲਮ ਸ਼ਾਹੀਆ । ਸਦੀ ਚੌਧਵੀਂ ਰਿਹਾ ਕੋਈ ਨਾ ਦਰਦੀ, ਦੁਖੀਆਂ ਦੁੱਖ ਨਾ ਕੋਇ ਵੰਡਾਈਆ । ਚਾਰੋਂ ਕੁੰਟ ਅੰਧੇਰ ਗਰਦੀ, ਸਾਚਾ ਅਦਲ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਕਰਨ ਵਾਲਾ ਮਰਜ਼ੀ, ਮਰੀਜ਼ ਹੋਈ ਕੂੜ ਲੋਕਾਈਆ । ਕਿਸੇ ਸਮਝ ਨਾ ਆਵੇ ਸਾਚੇ ਘਰ ਦੀ, ਬੇਵਤਨ ਬੈਠੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪਰਦਾ ਰਿਹਾ ਚੁਕਾਈਆ । ਈਸਾ ਕਹੇ ਮੁਹੰਮਦ ਕੀ ਨਾਨਕ ਰਿਹਾ ਦੱਸ, ਸੰਦੇਸਾ ਨੂਰ ਅਲਾਹੀਆ । ਸਾਡਾ ਰਿਹਾ ਕੋਇ ਨਾ ਵਸ, ਵਾਸਤੇ ਪਾ ਕੇ ਦਈਏ ਦੁਹਾਈਆ । ਸਦੀ ਚੌਧਵੀਂ ਹੋਣਾ ਬਸ, ਬਸਤੇ ਸਭ ਦੇ ਦੇਣੇ ਬੰਧਾਈਆ । ਝਗੜਾ ਰਿਹੇ ਨਾ ਤਤ ਅੱਠ, ਨੌ ਦਵਾਰੇ ਡੇਰਾ ਢਾਹੀਆ । ਜਿਹੜੇ ਮਜ਼੍ਹਬਾਂ ਵਿਚ ਦੀਨਾਂ ਵਿਚ ਇਸਲਾਮਾਂ ਵਿਚ ਕਲਾਮਾਂ ਵਿਚ ਮਾਣਸ ਮਾਨੁਖ ਕਰ ਕੇ ਆਏ ਅੱਡ, ਵਖਰੀ ਵਖਰੀ ਧਾਰ ਜਣਾਈਆ । ਸੋ ਅੰਤ ਸਚਖੰਡ ਦਵਾਰੇ ਸਾਰੇ ਦਈਏ ਛੱਡ, ਖਹਿੜਾ ਛੁੱਟੇ ਜਗਤ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਕ ਸਰਨਾਈ ਜਾਏ ਲੱਗ, ਲਗ ਮਾਤਰ ਦਾ ਰੂਪ ਰਹੇ ਨਾ ਰਾਈਆ । ਤ੍ਰੈਗੁਣ ਮਾਇਆ ਪੰਜ ਤਤ ਬੁਝੇ ਅੱਗ, ਅੰਮ੍ਰਿਤ ਮੇਘ ਬਰਸੇ ਥਾਉਂ ਥਾਈਆ । ਸਭ ਦਾ ਮੇਲਾ ਹੋਵੇ ਪਰਮ ਪੁਰਖ ਦਾ ਉਪਰ ਸ਼ਾਹ ਰਗ, ਸਚਖੰਡ ਦਵਾਰਾ ਏਕੰਕਾਰਾ ਇਕੋ ਦਏ ਸੁਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰਹੇ ਨਾ ਕੋਇ ਅਲਗ, ਦੂਜਾ ਦਰ ਨਾ ਕੋਇ ਜਣਾਈਆ । ਨਾਮ ਖ਼ੁਮਾਰੀ ਦੇਵੇ ਆਪਣੀ ਮਦਿ, ਧੁਨ ਨਾਮ ਸ਼ਬਦ ਮਧੁਰ ਧੁਨ

ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਈਸਾ ਕਹੇ ਮਹੰਮਦ ਕੀ ਨਾਨਕ ਦੇਵੇ ਇਸ਼ਾਰਾ, ਸ਼ਬਦ ਸੰਦੇਸੇ ਵਿਚ ਜਣਾਈਆ । ਪੈਗ਼ੰਬਰ ਹੋਵੇ ਖ਼ਬਰਦਾਰਾ, ਤੇਈ ਅਵਤਾਰ ਲਓ ਉਠਾਈਆ । ਸਾਰੇ ਵੇਖੇ ਆਪਣਾ ਅੰਤ ਕਿਨਾਰਾ, ਤਟ ਦਵਾਰੇ ਵੱਜੇ ਵਧਾਈਆ । ਖੇਲ ਕਰੇ ਧੁਰਦਰਗਾਹੀ ਪਾਰਬ੍ਰਹਮ ਪਰਵਰਦਿਗਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਮਹਿੰਮਾ ਸਿਫ਼ਤ ਕਾਗਦ ਕ਼ਲਮ ਨਾ ਲਿਖਣਹਾਰਾ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਸੋ ਸਵਾਮੀ ਪ੍ਰਗਟ ਹੋਵੇ ਜਿਸ ਨੂੰ ਕਲ ਕਲਕੀ ਕਹਿ ਕੇ ਆਏ ਚੌਵੀਵਾਂ ਅਵਤਾਰਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਸਚ ਹੋਵੇ ਇਕ ਦਵਾਰਾ, ਦਰਬਾਰਾ ਇਕੋ ਇਕ ਸੁਹਾਈਆ । ਸਚ ਨਾਮ ਦਾ ਲਾਏ ਜੈਕਾਰਾ, ਤੂੰਹੀ ਤੂੰਹੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਇਕ ਵਰਤਾਈਆ । ਈਸਾ ਕਹੇ ਮੁਹੰਮਦ ਬਿਨ ਰਸਨਾ ਨਾਨਕ ਨਿਰਗੁਣ ਰਿਹਾ ਬੋਲ, ਅਨਬੋਲਤ ਰਾਗ ਅਲਾਈਆ । ਵੇਖੇ ਪਰਮ ਪੁਰਖ ਬੈਠਾ ਅਡੋਲ, ਅਡੁਲ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਧਰਮ ਕੰਡੇ ਰਿਹਾ ਤੋਲ, ਧਰਮ ਤਰਾਜ਼ੂ ਆਪਣੇ ਹੱਥ ਰਖਾਈਆ । ਸਚ ਵਸਤ ਰਹੀ ਕਿਸੇ ਨਾ ਕੋਲ, ਕਾਇਆ ਮਾਟੀ ਸੋਭਾ ਕੋਇ ਨਾ ਪਾਈਆ । ਦੀਨ ਦੁਨੀ ਹੋਈ ਅਨਭੋਲ, ਭਰਮੇ ਭੁੱਲੀ ਲੋਕਾਈਆ । ਹਰਿ ਹਿਰਦੇ ਕਿਸੇ ਨਾ ਜਾਏ ਮੌਲ, ਮੌਲਾ ਰੂਪ ਨਾ ਕੋਇ ਰੁਸ਼ਨਾਈਆ । ਅੰਤ ਪੂਰਾ ਕਰਨ ਲੱਗਾ ਕੌਲ, ਇਕ਼ਰਾਰਨਾਮੇ ਖੋਜ ਖੁਜਾਈਆ । ਜਿਸ ਦਾ ਆਦਿ ਜੁਗਾਦੀ ਇਕੋ ਪੋਲ, ਨਿਸ਼ਾਨਾ ਦੋ ਜਹਾਨ ਦਏ ਵਖਾਈਆ । ਸੋ ਫ਼ਰਮਾਨਾ ਦੇਵੇ ਅਗੰਮ ਅਨਮੋਲ, ਅਨਡਿੱਠੜੀ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਈਸਾ ਕਹੇ ਮੁਹੰਮਦ ਛੇਤੀ ਨਾਨਕ ਕੋਲੋਂ ਪੁਛ, ਬਿਨ ਅੱਖਾਂ ਅੱਖ ਮਿਲਾਈਆ । ਪਰਦਾ ਓਹਲਾ ਰਹੇ ਨਾ ਲੁਕ, ਭੇਵ ਦੇਣਾ ਜਣਾਈਆ । ਹੁਣ ਵੇਲਾ ਨਹੀਂ ਰਹਿਣਾ ਚੁਪ, ਉਚੀ ਕੂਕ ਦਿਆਂ ਦ੍ਰਿੜਾਈਆ । ਮੁਹੰਮਦ ਕਹੇ ਵੇਖ ਚਾਰੋਂ ਕੁੰਟ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਪਿਓ ਪੁਤ, ਮਾਇਆ ਮਮਤਾ ਹੋਈ ਹਲਕਾਈਆ । ਕਲਜੁਗ ਬਦਲੇ ਆਪਣਾ ਰੁਖ਼, ਦੀਨ ਦੁਨੀ ਦਿਤੀ ਭੁਲਾਈਆ । ਸਾਬਤ ਰਿਹਾ ਨਾ ਕੋਇ ਮਨੁੱਖ, ਕਾਮ ਕਰੋਧ ਕੀਤਾ ਹਲਕਾਈਆ । ਸੁਫਲ ਦਿਸੇ ਕਿਸੇ ਨਾ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਉਲਟਾ ਮਾਤ ਗਰਭ ਦਾ ਰੁਖ਼, ਚੁਰਾਸੀ ਗੇੜ ਨਾ ਕੋਇ ਕਟਾਈਆ । ਆਤਮ ਪਰਮਾਤਮ ਨਾਤਾ ਸਭ ਦਾ ਗਿਆ ਤੁਟ, ਟੁੱਟੀ ਗੰਢ ਨਾ ਕੋਇ ਪਵਾਈਆ । ਆਤਮ ਲਿਵ ਗਈ ਛੁਟ, ਛੁੱਟੀ ਲਿਵ ਨਾ ਕੋਇ ਲਗਾਈਆ । ਪੁਰਖ ਅਕਾਲ ਨਾਲੋਂ ਗਏ ਰੁਠ, ਅੰਤ ਰੁੱਠਿਆਂ ਨਾ ਕੋਇ ਮਨਾਈਆ । ਸਭ ਦੇ ਖ਼ਾਲੀ ਦਿਸਣ ਠੂਠ, ਵਸਤ ਸਚ ਨਾ ਕੋਇ ਵਰਤਾਈਆ । ਭਾਗ ਲੱਗਾ ਨਾ ਕਾਇਆ ਪੰਜ ਭੂਤ, ਤਤਵ ਤਤ ਨਾ ਕੋਇ ਰੁਸ਼ਨਾਈਆ । ਦਿਸ਼ਾ ਮਿਲੇ ਕਿਸੇ ਨਾ ਕੂਟ, ਕਾਇਆ ਕੁਟੀਆ ਨਾ ਕੋਇ ਦਿਸਾਈਆ । ਪੁਰਖ ਅਕਾਲਾ ਦੀਨ ਦਿਆਲਾ ਪੈਗ਼ੰਬਰੋ ਸਭ ਦਾ ਲਹਿਣਾ ਦੇਣਾ ਕਰੇ ਮਨਸੂਖ਼, ਹੁਕਮ ਧੁਰ ਦਾ ਇਕ ਸੁਣਾਈਆ । ਸਦੀ ਚੌਧਵੀਂ ਚੁੱਕੇ ਚੂਕ, ਚੁਕੰਨੀ ਕਰੇ ਖ਼ਲਕ ਖ਼ੁਦਾਈਆ । ਸ਼ਬਦ ਸੰਦੇਸਾ ਦੇਵੇ ਅਗੰਮੀ ਦੂਤ, ਦੁਤੀਆ ਭਾਓ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਆਪ ਸੁਣਾਈਆ । ਮੁਹੰਮਦ


੮੩੮
੨੧

ਕਹੇ ਈਸਾ ਮੈਂ ਸੁਣੀ ਅਗੰਮੀ ਕਲਾਮ, ਕਲਮਾ ਕਲਮਿਆਂ ਬਾਹਰ ਜਣਾਈਆ । ਇਹ ਖੇਲ ਧੁਰ ਅਮਾਮ, ਜੋ ਆਪਣਾ ਹੁਕਮ ਵਰਤਾਈਆ । ਜਿਸ ਨੇ ਸਾਨੂੰ ਬਰਦੇ ਬਣਾਇਆ ਗ਼ੁਲਾਮ, ਹੁਕਮੇਂ ਅੰਦਰ ਹੁਕਮ ਭੁਆਈਆ । ਓਹ ਕਰਨ ਵਾਲਾ ਸੱਚਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਜ਼ਾਮ, ਨੌਬਤ ਨਾਮ ਹੱਕ ਜਣਾਈਆ । ਸੋਹੰ ਆਪਣਾ ਦੇ ਪੈਗ਼ਾਮ, ਧੁਰ ਸੰਦੇਸਾ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟੇ ਹਰਾਮ, ਸ਼ਰਅ ਸ਼ਰਾਇਤੀ ਡੇਰਾ ਢਾਹੀਆ । ਅੰਤ ਸਾਡਾ ਨਹੀਂ ਰਹਿਣਾ ਇਸਲਾਮ, ਸਲਾਮਾਲੈਕਮ ਨਾ ਕੋਇ ਵਡਿਆਈਆ । ਉਮਤ ਥੋੜ੍ਹੀ ਆਯੂ ਹੋਰ ਮਹਿਮਾਨ, ਲੋਕਮਾਤ ਨਜ਼ਰੀ ਆਈਆ । ਧੁਰ ਦਾ ਮਾਲਕ ਹੋਵੇ ਮਿਹਰਵਾਨ, ਮਹਿਬਾਨ ਦਇਆ ਕਮਾਈਆ । ਝਗੜਾ ਮੁਕਾਏ ਅੰਜੀਲ ਕ਼ੁਰਾਨ, ਕਾਇਆ ਕੁਰਹ ਇਕ ਸਮਝਾਈਆ । ਲੇਖਾ ਵੇਖੇ ਜਗਤ ਅਵਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਅੰਤ ਮੁਕਾਵੇ ਆਣ, ਆਨਨ ਫ਼ਾਨਨ ਆਪਣੀ ਖੇਲ ਕਰਾਈਆ ।

### ❊ ੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਗੋਲੇਵਾਲ ਜ਼ਿਲਾ ਫ਼ਿਰੋਜ਼ਪੁਰ ❊



ਨਾਨਕ ਕਹੇ ਪੈਗ਼ੰਬਰੋ ਵੇਖੋ ਧੁਰ ਦਾ ਰਾਣਾ, ਜਿਸ ਨੂੰ ਰਾਮ ਰਹੀਮ ਕਹਿ ਕੇ ਸਾਰੇ ਗਾਈਆ । ਜੋ ਆਦਿ ਜੁਗਾਦੀ ਨੌਜਵਾਨਾ, ਸ਼ਾਹ ਪਾਤਸ਼ਾਹ ਧੁਰਦਰਗਾਹੀਆ । ਜਿਸ ਦਾ ਹੁਕਮ ਸੰਦੇਸਾ ਮਿਲੇ ਪਰਵਾਨਾ, ਨਿਰਗੁਣ ਨਿਰਗੁਣ ਕਰੇ ਪੜ੍ਹਾਈਆ । ਆਤਮ ਪਰਮਾਤਮ ਜਿਸ ਦਾ ਗਾਣਾ, ਸੋਹੰ ਮੈਂ ਗਾ ਕੇ ਆਇਆ ਚਾਈਂ ਚਾਈਂਆ । ਸੋ ਕਲਜੁਗ ਅੰਤਮ ਹੋ ਪ੍ਰਧਾਨਾ, ਨਾਮ ਪ੍ਰਧਾਨਗੀ ਆਪ ਕਮਾਈਆ । ਲੇਖਾ ਵੇਖ ਦੋ ਜਹਾਨਾਂ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਅਵਤਾਰ ਪੈਗ਼ੰਬਰਾਂ ਕੋਲੋਂ ਆਪਣੇ ਹੱਥ ਲਏ ਕਮਾਨਾ, ਲਹਿਣੇ ਸਭ ਦੇ ਪੂਰੇ ਕਰ ਕੇ ਪੂਰ ਕਰਾਈਆ । ਕਿਸੇ ਨੂੰ ਲੌਣ ਨਾ ਦੇਵੇ ਬਹਾਨਾ, ਲਹਿਣਾ ਦੇਣਾ ਹੱਥੋ ਹੱਥ ਚੁਕਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਜ਼ਮਾਨਾ, ਸਤਿਜੁਗ ਸੱਚਾ ਰਾਹ ਵਖਾਈਆ । ਦੀਨ ਦੁਨੀ ਦਾ ਸਾਂਝਾ ਕਰਨਾ ਪੀਣਾ ਖਾਣਾ, ਜ਼ਾਤੀ ਵੰਡ ਨਾ ਕੋਇ ਰਖਾਈਆ । ਹੰਗਤਾ ਗੜ੍ਹ ਤੋੜੇ ਅਭਿਮਾਨਾ, ਮਮਤਾ ਮੋਹ ਮਿਟਾਈਆ । ਸ਼ਰਅ ਕੂੜ ਮੇਟੇ ਨਿਸ਼ਾਨਾ, ਛੁਰੀ ਜਗਤ ਨਾ ਕੋਇ ਕਸਾਈਆ । ਮਾਨਵ ਰਹੇ ਨਾ ਕੋਇ ਬੇਗਾਨਾ, ਚਾਰ ਵਰਨ ਇਕੋ ਘਰ ਟਿਕਾਈਆ । ਸਾਹਿਬ ਸਤਿਗੁਰ ਹੋ ਕੇ ਬੀਨਾ ਦਾਨਾ, ਦਇਆਵਾਨ ਵੇਖ ਵਖਾਈਆ । ਸਾਚੇ ਗ੍ਰਹਿ ਮੰਦਰ ਘਰ ਵਸੇ ਹੱਕ ਬਿਸਰਾਮਾ, ਬਿਛਰਤ ਵਿਛੜੇ ਜੋੜ ਜੁੜਾਈਆ । ਸੋ ਮਾਲਕ ਸਦੀ ਚੌਧਵੀਂ ਅੰਤ ਅਖ਼ੀਰ ਜੋਤੀ ਪਹਿਰ ਕੇ ਆਪਣਾ ਜਾਮਾ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਨਾਨਕ ਕਹੇ ਪੈਗ਼ੰਬਰੋ ਜੋ ਕਰ ਕੇ ਆਏ ਤਬਲੀਗ, ਤਬਅ ਦੀਨ ਦੁਨੀ ਬਦਲਾਈਆ । ਉਸ ਦਾ ਲੇਖਾ ਚੁਕਾਏ ਲਾਸ਼ਰੀਕ, ਪਰਵਰਦਿਗਾਰ ਨੂਰ ਅਲਾਹੀਆ । ਪਿਛਲੀ ਕੀਤੀ ਉਤੇ ਮਾਰੇ ਲੀਕ, ਲਾਈਨ ਐਨ ਦਏ ਲਗਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜਿਸ ਦੀ ਸਿਫ਼ਤਾਂ ਵਿਚ ਕਰ ਕੇ ਆਏ ਤਮਹੀਦ,

ਨਗ਼ਮਿਆਂ ਕਲਮਿਆਂ ਵਿਚ ਗਾਈਆ । ਓਹ ਖੇਲ ਕਰੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੁਹਾਡੀ ਸਭ ਦੀ ਕਰੇ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਜਿਸ ਦੇ ਵਿਚ ਹੱਕ ਤੌਫ਼ੀਕ, ਤਾਕਤਵਰ ਨੂਰ ਅਲਾਹੀਆ । ਸਾਚਾ ਕਲਮਾ ਦੇ ਹਦੀਸ, ਹਜ਼ਰਤੇ ਤੁਹਾਥੋਂ ਪਰੇ ਕਰੇ ਪੜ੍ਹਾਈਆ । ਮਿਹਰ ਮਿਹਰ ਮਿਹਰ ਨਾਲ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਝਗੜਾ ਰਹੇ ਨਾ ਕਿਸੇ ਖ਼ਬੀਸ, ਪਰਦਾ ਓਹਲਾ ਦਏ ਉਠਾਈਆ । ਲਹਿਣਾ ਪੂਰਾ ਕਰਾ ਅਬਲੀਸ, ਅਸਲੀਅਤ ਆਪਣੀ ਇਕ ਸਮਝਾਈਆ । ਲੇਖੇ ਮੇਟੇ ਜਗਤ ਅਕਲੀਅਤ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਸਭ ਦੀ ਸਾਂਝੀ ਕਰੇ ਵਲਦੀਅਤ, ਪਿਤਾ ਪੁਰਖ ਅਕਾਲ ਨਜ਼ਰੀ ਆਈਆ । ਇਕੋ ਨਾਮ ਦੀ ਅੱਗੇ ਰਹੇ ਅਹਮੀਅਤ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਪ੍ਰਥਾਏ ਅਵਤਾਰ ਪੈਗ਼ੰਬਰ ਗੁਰ ਕਰ ਕੇ ਆਏ ਵਸੀਅਤ, ਸੋ ਵਸਲ ਦੇਵੇ ਯਾਰ ਖ਼ੁਦਾਈਆ । ਦੀਨ ਦੁਨੀ ਦੀ ਬਦਲ ਦੇਵੇ ਤਬੀਅਤ, ਤਬੀਬ ਹੋ ਕੇ ਵੇਖ ਵਖਾਈਆ । ਨਾਨਕ ਨਿਰਗੁਣ ਕਹੇ ਸਚਖੰਡ ਦਵਾਰ ਮੇਰੀ ਇਕੋ ਨਸੀਹਤ, ਸਤਿ ਸਤਿ ਨਾਲ ਸਮਝਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਕਾਬਲੀਅਤ, ਨਿਫ਼ਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹਰਿ ਕਰਨੀ ਕਾਰ ਕਮਾਈਆ । ਨਾਨਕ ਕਹੇ ਪੈਗ਼ੰਬਰੋ ਤੱਕੋ ਆਪਣਾ ਅਮਾਮ, ਜੋ ਮਾਲਕ ਧੁਰਦਰਗਾਹੀਆ । ਜਿਸ ਨੇ ਸ਼ਰਅ ਮੇਟਣੀ ਤਮਾਮ, ਤਮਅ ਤਮੱਨਾ ਦੇਣੀ ਗਵਾਈਆ । ਸਚ ਸੰਦੇਸ ਸੁਣੌਣਾ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਸਤਿ ਧਰਮ ਝੁਲੌਣਾ ਨਿਸ਼ਾਨ, ਨਿਸ਼ਾਨੇ ਪਿਛਲੇ ਦਏ ਬਦਲਾਈਆ । ਸਤਿਜੁਗ ਮਾਤ ਕਰੇ ਪ੍ਰਧਾਨ, ਸਿਰ ਆਪਣਾ ਹੱਥ ਟਿਕਾਈਆ । ਸਾਨੂੰ ਮੰਨਣੀ ਪਏ ਓਸ ਦੀ ਆਨ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੂੰ ਅੱਲਾ ਵਾਹਿਗੁਰੂ ਖ਼ੁਦਾ ਕਿਹਾ ਭਗਵਾਨ, ਸੋ ਭਗਵਨ ਆਪਣੀ ਕਲ ਵਰਤਾਈਆ । ਜਿਸ ਦੇ ਕੋਲੋਂ ਲੈਂਦੇ ਰਹੇ ਦਾਨ, ਦਾਤਾ ਦਾਨੀ ਸ਼ਹਿਨਸ਼ਾਹੀਆ । ਸੋ ਪ੍ਰਗਟ ਹੋਇਆ ਵਿਚ ਜਹਾਨ, ਜਹਾਲਤ ਕੂੜ ਕਿਰਿਆ ਦਏ ਮਿਟਾਈਆ । ਸਤਿਜੁਗ ਸਾਚਾ ਮਾਰਗ ਦੱਸੇ ਆਸਾਨ, ਅਸਲੀਅਤ ਆਪਣੀ ਆਪ ਦ੍ਰਿੜ੍ਹਾਈਆ । ਭਾਗ ਲਗਾਏ ਕਾਇਆ ਮਾਟੀ ਸਾਢੇ ਤਿੰਨ ਹੱਥ ਮਕਾਨ, ਮੰਦਰ ਇਕੋ ਇਕ ਵਡਿਆਈਆ । ਜਿਥੇ ਦੀਪਕ ਨੂਰ ਜੋਤ ਜਗੇ ਮਹਾਨ, ਸ਼ਬਦ ਅਨਾਦ ਧੁਨ ਸ਼ਨਵਾਈਆ । ਜਿਥੇ ਆਤਮ ਪਰਮਾਤਮ ਹੋਏ ਪਹਿਚਾਨ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ ਇਕ ਸੁਣਾਈਆ । ਨਾਨਕ ਨਿਰਗੁਣ ਕਹੇ ਮੈਂ ਸਚ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਜਣਾਈਆ । ਸਭ ਦਾ ਵਕਤ ਪਹੁੰਚਿਆ ਐਨ, ਅੱਗੇ ਅਵਰ ਨਾ ਕੋਇ ਵਧਾਈਆ । ਤੁਸੀਂ ਰਹਿਣਾ ਨਾ ਕੋਈ ਤਰਫ਼ੈਨ, ਦੁਤੀਆ ਰੂਪ ਨਾ ਕੋਇ ਬਦਲਾਈਆ । ਪੁਰਖ ਅਕਾਲ ਸਭ ਦਾ ਚੁਕਾਏ ਲਹਿਣ ਦੇਣ, ਲੇਖਾ ਸਭ ਦਾ ਝੋਲੀ ਪਾਈਆ । ਚਾਰ ਵਰਨਾਂ ਨਾਤਾ ਜੋੜੇ ਭਾਈ ਭੈਣ, ਸਾਕ ਸੱਜਣ ਇਕ ਵਡਿਆਈਆ । ਆਤਮ ਪਰਮਾਤਮ ਢੋਲਾ ਸਾਰੇ ਕਰਨ ਗਾਇਣ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਨਰਾਇਣ, ਨਰ ਨਿਰੰਕਾਰਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ ਸਾਚੀ ਕਰਨੀ ਕਾਰ ਕਮਾਈਆ ।

❊ ੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਨਿਹਾਲ ਕੌਰ ਦੇ ਗ੍ਰਿਹਿ ਪਿੰਡ ਗੋਲੇਵਾਲ ਜ਼ਿਲਾ ਫ਼ਿਰੋਜ਼ਪੁਰ ❊

ਨਾਨਕ ਕਹੇ ਪੈਗ਼ੰਬਰੋ ਮੈਂ ਦੱਸਾਂ ਹੁਕਮ ਮੁਤਾਬਕ, ਮੁਤਲਾ ਸਭ ਨੂੰ ਰਿਹਾ ਕਰਾਈਆ । ਜੋ ਸਾਡੇ ਚਾਰ ਜੁਗ ਦੇ ਲੇਖ ਜਗਤ ਕਤਾਬਤ, ਅੱਖਰਾਂ ਜੋੜ ਜੁੜਾਈਆ । ਉਹ ਪ੍ਰਭੂ ਦੀ ਬੰਦਗੀ ਭਜਨ ਦਸਦੇ ਇਬਾਦਤ, ਸਿਫ਼ਤਾਂ ਵਾਲੀ ਪੜ੍ਹਾਈਆ । ਦੀਨ ਮਜ਼੍ਹਬ ਵਿਚ ਵੰਡੀ ਆਦਤ, ਹਿੱਸਾ ਵੰਡ ਵੰਡਾਈਆ । ਅੰਤਮ ਸਾਰੇ ਹੋਏ ਵਿਚ ਹਿਰਾਸਤ, ਹੈਰਾਨੀ ਮੇਰੇ ਅੰਦਰ ਆਈਆ । ਸਭ ਦੀ ਇਕੱਠੀ ਭੁਗਤਣੀ ਸ਼ਹਾਦਤ, ਗੁਰ ਅਵਤਾਰ ਪੈਗ਼ੰਬਰ ਲਏ ਭੁਗਤਾਈਆ । ਅੰਤ ਸਾਂਭੇ ਆਪਣੀ ਅਮਾਨਤ, ਆਪ ਆਪਣੇ ਵਿਚ ਟਿਕਾਈਆ । ਸਭ ਦੇ ਕੋਲ ਮਚੱਲਕਾ ਰਹੇ ਨਾ ਕੋਈ ਦੇਣ ਵਾਲਾ ਜ਼ਮਾਨਤ, ਬੋਝ ਕੰਧ ਨਾ ਕੋਇ ਉਠਾਈਆ । ਕਰੇ ਖੇਲ ਸਹੀ ਸਲਾਮਤ, ਹਰਿ ਕਰਤਾ ਹੁਕਮ ਵਰਤਾਈਆ । ਸਦੀ ਚੌਧਵੀਂ ਅੰਤ ਪੈਣੀ ਬਗ਼ਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਦੀਨ ਦੀਨਾਂ ਹੋਣੀ ਅਦਾਵਤ, ਅਦਲ ਇਨਸਾਫ਼ ਨਾ ਕੋਇ ਕਮਾਈਆ । ਮਨਮਤ ਕਰੇ ਜਹਾਲਤ, ਪਤਤ ਪੁਨੀਤ ਨਾ ਕੋਇ ਕਰਾਈਆ । ਸਾਚੀ ਰਹੇ ਨਾ ਕਿਸੇ ਲਿਆਕਤ, ਅਕਲ ਕਲਧਾਰੀ ਦੇਵੇ ਗਵਾਹੀਆ । ਮੁਹੱਬਤ ਵਾਲਾ ਕਰੇ ਹਮਾਕਤ, ਹਮ ਸਾਜਣ ਨਾ ਕੋਇ ਅਖਵਾਈਆ । ਵਜੂਦ ਵਿਚੋਂ ਨਿਕਲੇ ਸ਼ਰਾਫ਼ਤ, ਸ਼ਰਅ ਕਰੇ ਲੜਾਈਆ । ਸੂਫ਼ੀ ਦਿਸੇ ਨਾ ਵਿਚ ਕੋਈ ਮਾਰਫ਼ਤ, ਹਕ਼ੀਕ਼ੀ ਪਰਦਾ ਨਾ ਕੋਇ ਉਠਾਈਆ । ਏਕੋ ਖੇਲ ਕਰੇ ਆਸਤਕ, ਵਾਹਵਾ ਆਪਣੀ ਕਾਰ ਕਮਾਈਆ । ਜਗਤ ਵਜੂਦ ਰਹਿਣ ਨਾ ਦੇਵੇ ਕੋਈ ਨਾਸਤਕ, ਨਿਸ਼ਾਨਾ ਕੂੜਾ ਦਏ ਗਵਾਈਆ । ਝਗੜਾ ਮੇਟੇ ਮਨ ਬੁੱਧੀ ਸਿਆਸਤ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਮਾਇਆ ਰਹੇ ਨਾ ਕੋਈ ਵਿਰਾਸਤ, ਜਗਤ ਵਿਕਾਰਾਂ ਡੇਰਾ ਢਾਹੀਆ । ਇਕੋ ਪਰਮ ਪੁਰਖ ਦਾ ਇਸ਼ਟ ਹਰ ਘਟ ਸੁਹਾਣਾ ਹੋਵੇ ਉਪਾਸ਼ਕ, ਉਪਨਿਸ਼ਦਾਂ ਵਾਲੀ ਛੱਡੇ ਪੜ੍ਹਾਈਆ । ਜਨ ਭਗਤ ਉਠਾਏ ਆਪਣੇ ਬਾਲਕ, ਬਾਲ ਅੰਞਾਣੇ ਆਪ ਪ੍ਰਗਟਾਈਆ । ਕਿਰਪਾ ਕਰ ਸਾਹਿਬ ਪ੍ਰਭ ਖ਼ਾਲਕ, ਖ਼ਲਕ ਖ਼ੁਦਾ ਵੇਖ ਵਖਾਈਆ । ਸਭ ਦੀ ਆਲਸ ਨਿੰਦਰਾ ਲਾਹੇ ਬਣ ਕੇ ਸਾਲਸ, ਸਾਹਿਬ ਸੁਲਤਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਨਾਨਕ ਕਹੇ ਪੈਗ਼ੰਬਰੋ ਜੋ ਲੇਖਾ ਲੇਖ ਧੁਰਦਰਗਾਹ, ਅੱਖਰਾਂ ਨਾਲ ਵਡਿਆਈਆ । ਓਹ ਤੁਹਾਡਾ ਸਭ ਦਾ ਬਣੇ ਗਵਾਹ, ਸ਼ਹਾਦਤ ਦੇਵੇ ਚਾਈਂ ਚਾਈਂਆ । ਸਾਰੇ ਨੈਣ ਲਓ ਉਠਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਚਾਰ ਕੁੰਟ ਦਹਿ ਦਿਸ਼ਾ ਪ੍ਰਭ ਦਾ ਭੁਲਿਆ ਨਾਂ, ਨਾਉਂ ਨਿਰੰਕਾਰਾ ਨਾ ਕੋਇ ਗਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਗਹਿਰ ਗੰਭੀਰ ਮਿਲਣ ਕੋਇ ਨਾ ਪਾਈਆ । ਤੁਸਾਂ ਕਿਸੇ ਦੀ ਪਕੜੀ ਨਹੀਂ ਬਾਂਹ, ਅੱਗੇ ਹੋ ਨਾ ਕੋਇ ਬਚਾਈਆ । ਦਰਗਾਹ ਸਾਚੀ ਮਿਲਣਾ ਨਹੀਂ ਥਾਂ, ਸਚਖੰਡ ਨਾ ਕੋਇ ਟਿਕਾਈਆ । ਵੇਖਿਓ ਐਵੇਂ ਹਾਂ ਵਿਚ ਕਰਿਓ ਨਾ ਹਾਂ, ਧੁਰ ਦਾ ਹੁਕਮ ਇਕ ਮਨਾਈਆ । ਕਲਜੁਗ ਜੀਵ ਹੰਸ ਬੁੱਧੀ ਹੋਏ ਕਾਂ, ਕਾਗ ਵਾਂਗ ਕੁਰਲਾਈਆ । ਭਾਗ ਲੱਗਾ ਨਾ ਕਿਸੇ ਗਰਾਂ, ਸਾਢੇ ਤਿੰਨ ਹੱਥ ਪਈ ਦੁਹਾਈਆ । ਤੁਹਾਡੀ ਸਦੀ ਚੌਧਵੀਂ ਦੀ ਅੰਤ ਕ਼ਬੂਲ ਹੋਈ ਦੁਆ, ਨਿਉਂ ਨਿਉਂ ਲਾਗੇ ਪਾਈਂਆ । ਮਿਹਰ ਕਰੇ ਹੱਕ ਖ਼ੁਦਾ, ਖ਼ੁਦ ਮਾਲਕ ਵੇਖ ਵਖਾਈਆ । ਜਿਸ ਦੀ ਮੰਨਦੇ ਆਏ ਰਜ਼ਾ, ਨਿਉਂ ਨਿਉਂ ਸੀਸ ਝੁਕਾਈਆ । ਓਹ ਸਭ ਦੇ ਸਿਰ ਤੇ ਫਿਰਦੀ ਵਖਾਏ ਕ਼ਜ਼ਾ, ਕ਼ਾਜ਼ੀ ਮੁੱਲਾ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਹਰਿ ਸਚ ਸਚ ਸਮਝਾਈਆ । ਨਾਨਕ ਕਹੇ ਪੈਗ਼ੰਬਰੋ ਜੋ ਕ਼ਲਮਾ ਦੱਸਿਆ ਕਾਗ਼ਜ਼ਾਤ, ਅੱਖਰਾਂ ਵਿਚ ਲਿਖਾਈਆ । ਓਹ ਸਿਫ਼ਤ ਕਰੇ ਓਸ ਜ਼ਾਤ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਜਿਸ ਵਿਚ ਸਭ ਤੋਂ ਵੱਖਰੀ ਕਰਾਮਾਤ, ਕਰਮ ਕਾਂਡ ਨਾ ਕੋਇ ਵਡਿਆਈਆ । ਲਹਿਣਾ ਦੇਣਾ ਚੁਕਾਏ ਕਾਇਨਾਤ, ਸ੍ਰਿਸ਼ਟੀ ਦ੍ਰਿਸ਼ਟੀ ਵੇਖ ਵਖਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਤੁਹਾਡਾ ਲੇਖਾ ਪੂਰਾ ਕਰੇ ਜੋ ਲਿਖ ਕੇ ਆਏ ਕ਼ਲਮ ਦਵਾਤ, ਕਾਗ਼ਜ਼ ਸ਼ਾਹੀ ਜੋੜ ਜੁੜਾਈਆ । ਅੰਤ ਅਖ਼ੀਰ ਸਭ ਨੂੰ ਹੋਣੀ ਮੁਸ਼ਕਲਾਤ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਸਦੀ ਚੌਧਵੀਂ ਫ਼ਾਤਮਾ ਖ਼ਾਹਸ਼ ਬਣਨੀ ਵਫ਼ਾਤ, ਵਫ਼ਾਦਾਰ ਨਜ਼ਰ ਕੋਇ ਨਾ ਆਈਆ । ਚਾਰ ਯਾਰੀ ਰਹੇ ਨਾ ਕੋਇ ਜਮਾਤ, ਅਗਲਾ ਸੰਗ ਨਾ ਕੋਇ ਵਖਾਈਆ । ਦੀਨ ਦੁਨੀ ਦਾ ਵਿਗੜ ਜਾਣਾ ਹਾਲਾਤ, ਹਾਲਾਂਕਿ ਪ੍ਰਭ ਆਪਣਾ ਹੁਕਮ ਵਰਤਾਈਆ । ਤੁਹਾਡੀ ਪਿਛਲੀ ਪੂਰੀ ਹੋਵੇ ਖ਼ਿਦਮਾਤ, ਖ਼ਾਦਮ ਅਗਲੇ ਲਏ ਬਣਾਈਆ । ਮਜ਼੍ਹਬ ਦਾ ਛੱਡ ਦਿਓ ਜਜ਼ਬਾਤ, ਜਜ਼ਬ ਆਪਣੇ ਵਿਚ ਕਰਾਈਆ । ਚਾਰ ਕੁੰਟ ਹੋਣੇ ਫ਼ਸਾਦਾਤ, ਫ਼ੈਸਲਾ ਹੱਕ ਨਾ ਕੋਇ ਰਖਾਈਆ । ਅੰਤਮ ਪੂਰੀ ਹੋਣ ਲੱਗੀ ਮੁਨਿਆਦ, ਮਾਅਨੇ ਸਕੇ ਨਾ ਕੋਇ ਸਮਝਾਈਆ । ਸਾਰੇ ਹੋਏ ਲਾਜਵਾਬ, ਜਵਾਬਤਲਬੀ ਵਿਚ ਦੁਹਾਈਆ । ਧੁਰ ਦਾ ਮਿਲੇ ਨਾ ਕੋਇ ਖ਼ਿਤਾਬ, ਖ਼ਤਾ ਵਿਚ ਦਿਸਦੀ ਲੋਕਾਈਆ । ਧਰਮ ਦੀ ਧਾਰ ਕਰੇ ਨਾ ਕੋਇ ਆਦਾਬ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਦੀਨ ਦੁਨੀ ਦਾ ਵਿਗੜਿਆ ਮਿਜ਼ਾਜ, ਤਬੀਅਤ ਤਬਾ ਨਾ ਕੋਇ ਬਦਲਾਈਆ । ਅੰਤਮ ਲੇਖਾ ਲੈਣ ਲੱਗਾ ਅਖ਼ਰਾਜ, ਖੋਟੇ ਖਰੇ ਵੇਖ ਵਖਾਈਆ । ਏਕੰਕਾਰਾ ਇਕੋ ਪਹਿਨ ਅਗੰਮਾ ਤਾਜ, ਤਖ਼ਤ ਨਿਵਾਸੀ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਰਹੇ ਕੋਈ ਨਾ ਰਾਜ, ਰਈਅਤ ਦੀਨ ਮਜ਼੍ਹਬ ਦੇਣੀ ਤਜਾਈਆ । ਪਰਮ ਪੁਰਖ ਦਾ ਬਣਨਾ ਇਕ ਸਮਾਜ, ਸਮਗਰੀ ਨਾਮ ਸਤਿ ਵਰਤਾਈਆ । ਸਾਚਾ ਹੁਜਰਾ ਦੱਸੇ ਮਹਿਰਾਬ, ਮਹਿਬੂਬ ਨੂਰ ਅਲਾਹੀਆ । ਹੁਕਮ ਦੇਵੇ ਵਿਚੋਂ ਅਗੰਮੀ ਕਿਤਾਬ, ਕਰਨੀ ਦਾ ਕਰਤਾ ਆਪ ਦ੍ਰਿੜਾਈਆ । ਅੰਤ ਅਖ਼ੀਰ ਸਾਰੇ ਦਿਓ ਹਿਸਾਬ, ਲੇਖਾ ਮੰਗੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਖੋਲ੍ਹਣਹਾਰਾ ਜਾਗ, ਆਲਸ ਨਿੰਦਰਾ ਵਿਚ ਰਹਿਣ ਕੋਇ ਨਾ ਪਾਈਆ ।



### ❊ ੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਹਜ਼ੂਰਾ ਸਿੰਘ ਦੇ ਗ੍ਰਹਿ ਪਿੰਡ ਗੋਲੇਵਾਲ ਜ਼ਿਲਾ ਫ਼ਿਰੋਜ਼ਪੁਰ ❊

ਨਾਨਕ ਕਹੇ ਪੈਗ਼ੰਬਰੋ ਸੁਣੋ ਸੰਦੇਸ਼ਾ ਯਕ, ਸੁਣਾਵੇ ਧੁਰਦਰਗਾਹੀਆ । ਆਪਣਾ ਆਪਣਾ ਵੇਖੋ ਹੱਕ, ਹਕ਼ੀਕ਼ਤ ਵਿਚੋਂ ਫੋਲ ਫੁਲਾਈਆ । ਜੁਗ ਚੌਕੜੀ ਚਲਦਿਆਂ ਚਲਦਿਆਂ ਸਾਰੇ ਗਏ ਥੱਕ, ਥਕਾਵਟ ਅੰਤਰ ਵੇਖ ਵਖਾਈਆ । ਕੀ ਸੰਦੇਸ਼ਾ ਦੇਵੇ ਪੁਰਖ ਸਮਰਥ, ਹਰਿ ਕਰਤਾ ਵਡ ਵਡਿਆਈਆ । ਜੋ ਜੁਗ ਚੌਕੜੀ ਚਲੌਂਦਾ ਰਿਹਾ ਰਥ, ਬਣ ਰਥਵਾਹੀ ਸੇਵ ਕਮਾਈਆ । ਖੇਲ ਖਲੌਂਦਾ ਰਿਹਾ ਤਤ ਅੱਠ, ਤਨ ਵਜੂਦ ਸੋਭਾ ਪਾਈਆ । ਸੋ ਅੰਤਮ ਲੇਖਾ ਮੁਕਾਵੇ ਹੱਥੋ ਹੱਥ, ਜਗਤ ਉਧਾਰ ਨਾ ਕੋਇ ਬਣਾਈਆ । ਜਿਸ ਦੀ ਮਹਿੰਮਾ ਸਿਫ਼ਤ ਅਕਥ, ਰਸਨਾ ਕਹਿਣ ਕੋਇ ਨਾ ਪਾਈਆ । ਓਹ ਆਪਣੀ ਕਰਵਟ ਰਿਹਾ ਵੱਟ, ਬਦਲੀ ਕਰੇ ਲੋਕਾਈਆ । ਜਿਸ ਨੇ ਖੇਲ ਕਰਨਾ ਝਟ, ਝਟਕੇ ਹਲਾਲੀ ਵਾਲੇ ਦਏ ਮੁਕਾਈਆ ।

ਲੇਖਾ ਪੂਰਾ ਕਰ ਕੇ ਤੀਰਥ ਤਟ, ਸਰੋਵਰਾਂ ਪੰਧ ਮੁਕਾਈਆ । ਝਗੜਾ ਮੁਕਾ ਕੇ ਮੰਦਰ ਮਠ, ਮਸੀਤਾਂ ਮਸਲਾ ਨਾ ਕੋਇ ਜਣਾਈਆ । ਇਕੋ ਨਾਮ ਸਭ ਨੇ ਲੈਣਾ ਰੱਟ, ਤੂੰਹੀ ਤੂੰਹੀ ਰਾਗ ਅਲਾਹੀਆ । ਸਤਿ ਧਰਮ ਦਾ ਖੋਲ੍ਹੇ ਹੱਟ, ਵਣਜਾਰਾ ਬੇਪਰਵਾਹੀਆ । ਦੂਈ ਦਵੈਤੀ ਮੇਟੇ ਫੱਟ, ਨਾਮ ਪੱਟੀ ਇਕ ਬੰਧਾਈਆ । ਸਾਰੇ ਓਸ ਦੀ ਚਰਨੀਂ ਜਾਓ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਜੋ ਸਚਖੰਡ ਦਵਾਰੇ ਕੀਤਾ ਇਕੱਠ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਜੋ ਲੋਕਮਾਤ ਨਿਰਗੁਣ ਧਾਰ ਆਵੇ ਵਤ, ਵਤਨ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਦਇਆ ਕਮਾਈਆ । ਨਾਨਕ ਕਹੇ ਪੈਗ਼ੰਬਰੋ ਹੁਣ ਛੱਡੋ ਆਪਣਾ ਰੁਤਬਾ, ਪੈਗ਼ੰਬਰਾਂ ਵਾਲੀ ਨਾ ਕੋਇ ਵਡਿਆਈਆ । ਮਾਣ ਰਹੇ ਨਾ ਕਿਸੇ ਕੁਤਬਾ, ਕੁਤਬਖ਼ਾਨੇ ਦੇਣ ਦੁਹਾਈਆ । ਪਰਵਰਦਿਗਾਰ ਨੂਰ ਅਲਾਹੀ ਉਤਰਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਇਕ ਸ਼ਬਦੀ ਗੋਬਿੰਦ ਬਣਾਏ ਪੁੱਤਰਾ, ਦੂਜਾ ਸੰਗ ਨਾ ਕੋਇ ਰਖਾਈਆ । ਸਦੀ ਚੌਧਵੀਂ ਸਾਰੇ ਕਰੋ ਓਸ ਦਾ ਸ਼ੁਕਰਾ, ਸ਼ੁਕਰੀਏ ਵਿਚ ਸੀਸ ਨਿਵਾਈਆ । ਜੋ ਕੌਲ ਇਕਰਾਰ ਕਰ ਨਹੀਂ ਮੁਕਰਾ, ਮੁਕੱਰਰ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾ ਮੇਟੇ ਦੁਖੜਾ, ਹਉਮੇ ਰੋਗ ਗਵਾਈਆ । ਜਨ ਭਗਤਾਂ ਉਜਲ ਕਰੇ ਮੁਖੜਾ, ਦੁਰਮਤ ਮੈਲ ਧਵਾਈਆ । ਸਭ ਦਾ ਲੇਖਾ ਪੂਰਾ ਕਰੇ ਮੁੱਢਲਾ, ਅੰਤ ਆਪਣਾ ਹੁਕਮ ਜਣਾਈਆ । ਤਨ ਵਜੂਦ ਨਾਤਾ ਤੁੱਟੇ ਪੁਤਲਾ, ਪੰਚਮ ਪੰਚ ਨਾ ਕੋਇ ਵਡਿਆਈਆ । ਸਭ ਦੀਆਂ ਅੰਦਰੋਂ ਖੋਲ੍ਹੇ ਗੁੰਝਲਾ, ਗੰਢ ਪਿਛਲੀ ਦਏ ਖੁਲ੍ਹਾਈਆ । ਨਿੰਦਕ ਰਹੇ ਕੋਈ ਨਾ ਚੁਗ਼ਲਾ, ਮੂਰਖ ਮੂੜ੍ਹਾਂ ਦਏ ਸਜ਼ਾਈਆ । ਗੁਰ ਅਵਤਾਰ ਪੈਗ਼ੰਬਰ ਬਣਾਏ ਕੋਈ ਨਾ ਜੁਗਲਾ, ਇਕ ਇਕ ਦਾ ਲੇਖਾ ਦਏ ਮੁਕਾਈਆ । ਜਿਸ ਨੇ ਨਾਮ ਸੰਦੇਸ਼ਾ ਦਿਤਾ ਤੁਕਲਾ, ਲਾ ਤੁਕ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਨਕ ਕਹੇ ਆਪਣੀ ਆਪਣੀ ਕਰੋ ਸੋਝੀ, ਅਵਤਾਰ ਪੈਗ਼ੰਬਰੋ ਦਿਆਂ ਜਣਾਈਆ । ਸਭ ਦੀ ਲੇਖੇ ਲਾਵੇ ਧੋਤੀ ਟਿੱਕਾ ਬੋਦੀ, ਬੋਦਿਆਂ ਵਾਲੇ ਵੇਖ ਵਖਾਈਆ । ਸਾਧਨਾ ਕਰੇ ਜਗਤ ਜਗਿਆਸੂ ਜੋਗੀ, ਜੁਗੀਸ਼ਰਾਂ ਖੇਲ ਖਿਲਾਈਆ । ਜਿਸ ਨੇ ਲੱਖ ਚੁਰਾਸੀ ਦਿਤੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਓਹ ਬਣ ਕੇ ਠਾਕਰ ਮੌਜੀ, ਮੌਜੂਦਾ ਹੋ ਕੇ ਖੇਲ ਖਿਲਾਈਆ । ਵੇਖਣਹਾਰਾ ਵੇਦੀ ਸੋਢੀ, ਬੰਸ ਸਰਬੰਸ ਫੋਲ ਫੁਲਾਈਆ । ਜਨ ਭਗਤਾਂ ਦੇਵੇ ਦਰਸ ਅਮੋਘੀ, ਪਰਦਾ ਓਹਲਾ ਅੰਤ ਉਠਾਈਆ । ਦੀਨ ਦੁਨੀ ਦਾ ਰਹੇ ਕੋਈ ਨਾ ਰੋਗੀ, ਹੰਗਤਾ ਕੂੜਾ ਗੜ੍ਹ ਤੁੜਾਈਆ । ਸਚ ਸੰਦੇਸ਼ ਸੁਣਾਏ ਅਗੰਮ ਸਲੋਕੀ, ਸੋਹਲਾ ਰਾਗ ਅਲਾਹੀਆ । ਪੜ੍ਹਨੀ ਪਏ ਕਿਸੇ ਨਾ ਪੋਥੀ, ਬਗ਼ਲ ਕੁਰਾਨ ਨਾ ਕੋਇ ਟਿਕਾਈਆ । ਮੰਜ਼ਲ ਦੱਸ ਇਕੋ ਸੌਖੀ, ਸਚ ਜੈਕਾਰਾ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਹੋਏ ਸਹਾਈਆ । ਨਾਨਕ ਕਹੇ ਪੈਗ਼ੰਬਰੋ ਛੱਡ ਦਿਓ ਆਪਣਾ ਆਪਣਾ ਇਲਮ, ਜਗਤ ਵਿਦਿਆ ਨਾ ਕੋਇ ਵਡਿਆਈਆ । ਅੱਗੇ ਭਰੇ ਕੋਈ ਨਾ ਚਿਲਮ, ਚਸ਼ਮ ਨੂਰ ਕਰੇ ਰੁਸ਼ਨਾਈਆ । ਝਗੜਾ ਰਹੇ ਕਿਸੇ ਨਾ ਜਿਸਮ, ਜ਼ਮੀਰ ਸਭ ਦੀ ਦਏ ਬਦਲਾਈਆ । ਪੁਰਖ ਅਕਾਲਾ ਹੋਵੇ ਇਸਮ, ਆਜ਼ਮ ਨੂਰ ਖ਼ੁਦਾਈਆ । ਮਾਣਸ ਦੀ ਪੰਜ ਤਤ ਦੀ ਕ਼ਿਸਮ, ਆਤਮ ਬ੍ਰਹਮ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਦਾ

ਲੇਖਾ ਆਇਆ ਲਿਖਣ, ਲਿਖੇ ਲੇਖੇ ਪਿਛਲੇ ਵੇਖ ਵਖਾਈਆ । ਨਾਨਕ ਕਹੇ ਪੈਗ਼ੰਬਰੋ ਜਿਸ ਦੀ ਕਰਦੇ ਰਹੇ ਤਸ਼ਰੀਹ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਨੂੰ ਪੈਗ਼ੰਬਰਾਂ ਮੰਨਿਆ ਮਸੀਹ, ਮਸਲਿਆਂ ਵਿਚ ਵਡਿਆਈਆ । ਜਿਸ ਨੂੰ ਮਾਲਕ ਜਾਣਿਆ ਤਿੱਬੀ, ਤਬੀਅਤ ਰਿਹਾ ਬਦਲਾਈਆ । ਜਿਹੜਾ ਨੂਰ ਅਲਾਹੀ ਰੱਬੀ, ਰਬੀਉਲ ਸਾਨੀ ਵੇਖ ਵਖਾਈਆ । ਜਿਸ ਦੀ ਅੰਤ ਅਖ਼ੀਰੀ ਤੁਹਾਡੀ ਸਦੀ, ਸਦਮੇ ਸਭ ਦੇ ਦਏ ਚੁਕਾਈਆ । ਤੁਹਾਡੀ ਪੂਰੀ ਕਰ ਕੇ ਗੱਦੀ, ਗਦਾਗਾਰ ਵੇਖੇ ਜਗਤ ਲੋਕਾਈਆ । ਤੁਹਾਨੂੰ ਦੀਨ ਦੁਨੀਆ ਜਿਹੜੀ ਲੱਭੀ, ਲਬਾਂ ਨਾਲ ਆਏ ਗਾਈਆ । ਅੰਤਮ ਸਾਰੀ ਪੈਣੀ ਛੱਡੀ, ਨਾਤਾ ਤੁੱਟੇ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰ ਕੇ ਆਪਣੀ ਕਰਨੀ ਆਪੇ ਕਰ ਕੇ ਰੱਦੀ, ਅਗਲਾ ਆਪਣਾ ਹੁਕਮ ਵਰਤਾਈਆ ।



### ❊ ੧੭ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਲੱਖਣ ਸਿੰਘ ਦੇ ਗ੍ਰਹਿ ਪਿੰਡ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ❊

ਨਿਰਗੁਣ ਨਾਨਕ ਕਹੇ ਪੈਗ਼ੰਬਰੋ ਮੈਂ ਸੁਣਿਆ ਅਗੰਮੀ ਛੰਦ, ਧੁਰ ਸੰਦੇਸ਼ਾ ਦਿਆਂ ਜਣਾਈਆ । ਜਿਸ ਦੇ ਵਿਚੋਂ ਉਪਜਿਆ ਇਕ ਅਨੰਦ, ਅਨੰਦ ਅਨੰਦ ਮਿਲੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਹੁਕਮੇ ਅੰਦਰ ਬੰਦ, ਬੰਦਗੀ ਵਿਚ ਦਏ ਸ਼ਨਵਾਈਆ । ਸੋ ਖੇਲ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਦੀਨ ਮਜ਼੍ਹਬ ਹੱਦ ਬਣਾਈ ਕੰਧ, ਸ਼ਰਅ ਸ਼ਰੀਅਤ ਦਿਤੀ ਸਮਝਾਈਆ । ਸੋ ਅੰਤਮ ਕਰਨ ਵਾਲਾ ਖੰਡ ਖੰਡ, ਖੰਡਾ ਗੋਬਿੰਦ ਹੱਥ ਫੜਾਈਆ । ਸਦੀ ਚੌਧਵੀਂ ਪੂਰਨ ਹੋਵਣ ਵਾਲਾ ਪੰਧ, ਸਫ਼ਰੀਆਂ ਸਫ਼ਰ ਦਏ ਚੁਕਾਈਆ । ਆਤਮ ਪਰਮਾਤਮ ਨਿਰਗੁਣ ਧਾਰ ਪਾਏ ਗੰਢ, ਸਰਗੁਣ ਲਹਿਣਾ ਦੇਣਾ ਦੇਵੇ ਚਾਈਂ ਚਾਈਂਆ । ਚਾਰ ਵਰਨ ਅਠਾਰਾਂ ਬਰਨ ਨਿਰਗੁਣ ਨੂਰ ਚਮਕਾਏ ਚੰਦ, ਜਿਸ ਨੂੰ ਸੂਰੀਆ ਚੰਦ ਸੀਸ ਝੁਕਾਈਆ । ਜਨ ਭਗਤ ਸੁਹੇਲੇ ਰੱਖੇ ਆਪਣੇ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਇਕ ਵਖਾਈਆ । ਨਿਰਗੁਣ ਨਾਨਕ ਕਹੇ ਪੈਗ਼ੰਬਰੋ ਮੈਂ ਸੁਣਿਆ ਅਗੰਮਾ ਗੀਤ, ਗਹਿਰ ਗੰਭੀਰ ਦਿਤਾ ਜਣਾਈਆ । ਜਿਸ ਦਾ ਖੇਲ ਸਦਾ ਅਨਡੀਠ, ਅਨਡਿੱਠੜੀ ਕਾਰ ਕਮਾਈਆ । ਕਰਵਟ ਵਿਚ ਬਦਲ ਕੇ ਪੀਠ, ਭਾਸ਼ਾ ਦੀਨ ਦੁਨੀ ਉਲਟਾਈਆ । ਸਤਿਜੁਗ ਸਚ ਚਲਾਏ ਰੀਤ, ਕਲਜੁਗ ਕੂੜੀ ਕਿਰਿਆ ਕਰੇ ਸਫ਼ਾਈਆ । ਜਿਸ ਨੇ ਲੇਖਾ ਮੁਕਾਉਣਾ ਮੰਦਰ ਮਸੀਤ, ਮਸਲਾ ਇਕੋ ਦਏ ਜਣਾਈਆ । ਆਤਮ ਪਰਮਾਤਮ ਸਾਂਝਾ ਹੋਏ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਏਕਾ ਰੰਗ ਰੰਗਾਉਣਾ ਹਸਤ ਕੀਟ, ਊਚ ਨੀਚ ਜੋੜ ਜੁੜਾਈਆ । ਸੋ ਵਸਣਹਾਰਾ ਹਰ ਘਟ ਭੀਤ, ਭੀਤਰ ਆਪਣਾ ਡੇਰਾ ਲਾਈਆ । ਸੋ ਆਸਾ ਮਨਸਾ ਪੂਰੀ ਕਰੇ ਉਮੀਦ, ਖ਼ਾਹਸ਼ ਸਭ ਦੀ ਪੂਰ ਕਰਾਈਆ । ਅੰਤ ਅਖ਼ੀਰ ਬੇਨਜ਼ੀਰ ਕਰ ਤਸਦੀਕ, ਤਸੱਵਰ ਸਭ ਨੂੰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਪ੍ਰਗਟਾਈਆ । ਨਾਨਕ ਕਹੇ ਪੈਗ਼ੰਬਰੋ ਮੈਂ ਸੁਣਿਆ ਧੁਰ ਫ਼ਰਮਾਨਾ, ਸਾਹਿਬ ਸੁਲਤਾਨ ਦ੍ਰਿੜਾਈਆ । ਜਿਸ ਦਾ ਹੁਕਮ ਵਰਤੇ

ਦੋ ਜਹਾਨਾਂ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਸਵਾਧਾਨਾ, ਭੈ ਭੌ ਵਿਚ ਵਖਾਏ ਸਰਬ ਲੋਕਾਈਆ । ਸ਼ਬਦ ਸਤਿਗੁਰੂ ਉਠਾਏ ਨੌਜਵਾਨਾ, ਬਲਧਾਰੀ ਆਪ ਪ੍ਰਗਟਾਈਆ । ਜੋਧਾ ਸੂਰਬੀਰ ਬਣ ਮਰਦਾਨਾ, ਖੇਲੇ ਖੇਲ ਅਗੰਮ ਅਥਾਹੀਆ । ਲੱਖ ਚੁਰਾਸੀ ਆਤਮ ਪਰਮਾਤਮ ਹੋਵੇ ਕਾਹਨਾ, ਸੀਤਾ ਸੁਰਤੀ ਧੁਰ ਦਾ ਰਾਮ ਖੋਜ ਖੁਜਾਈਆ । ਅੱਲਾ ਹੂ ਦਾ ਜੋ ਗਾਇਆ ਤਰਾਨਾ, ਸਿਫ਼ਤਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਸੰਦੇਸ਼ਾ ਦਏ ਸੁਣਾਈਆ । ਨਿਰਗੁਣ ਨਾਨਕ ਕਹੇ ਮੈਂ ਸੁਣਿਆ ਅਗੰਮ ਸੰਦੇਸ਼, ਜਿਸ ਦੀ ਸਮਝ ਨਾ ਕੋਇ ਸਮਝਾਈਆ । ਨੇਤਰ ਰੋਂਦਾ ਵੇਖਿਆ ਸ਼ੇਸ਼, ਬਾਸ਼ਕ ਤਸ਼ਕਾ ਦਿਆਂ ਸਮਝਾਈਆ । ਚਾਰ ਜੁਗ ਦੇ ਵਿਚਾਰ ਜਿਸ ਦੇ ਅੱਗੇ ਹੋਏ ਪੇਸ਼, ਆਸਾ ਦੀਨ ਦੁਨੀ ਨਾਲ ਮਿਲਾਈਆ । ਓਹ ਦਰਗਾਹ ਸਾਚੀ ਬੈਠਾ ਵੇਖੇ ਸਭ ਦਾ ਭੇਖ, ਭੇਖਾਧਾਰੀ ਨੂਰ ਅਲਾਹੀਆ । ਜਿਸ ਨੇ ਨਿਰਗੁਣ ਹੋ ਕੇ ਸਰਗੁਣ ਦਿਤਾ ਭੇਜ, ਭਜਨ ਬੰਦਗੀ ਬਾਹਰ ਕਢਾਈਆ । ਓਹ ਅੰਤਮ ਜੋਤੀ ਜਲਵਾ ਦੇਵੇ ਤੇਜ, ਅਪ ਵਾਏ ਤੇਜ ਪ੍ਰਿਥਮੀ ਆਕਾਸ਼ ਕਰੇ ਸਫ਼ਾਈਆ । ਜਿਸ ਦਾ ਨਾਮ ਜਗਤ ਮੁਹੱਬਤ ਵਿਚ ਸਾਰੇ ਆਏ ਵੇਚ, ਕ਼ੀਮਤ ਢੋਲਿਆਂ ਵਾਲੀ ਪਾਈਆ । ਓਹ ਹੁਕਮ ਸੁਣਾਵੇ ਅਗੰਮੜੇ ਦੇਸ, ਸਚਖੰਡ ਬੈਠਾ ਨੂਰ ਅਲਾਹੀਆ । ਜਿਸ ਦਾ ਨਾਤਾ ਨਿਰਗੁਣ ਧਾਰ ਸ਼ਬਦੀ ਗੁਰ ਦਸ ਦਸਮੇਸ਼, ਤਤ ਵਜੂਦ ਨਾ ਕੋਇ ਵਡਿਆਈਆ । ਸੋ ਖੇਲੇ ਖੇਲ ਸਦਾ ਹਮੇਸ਼, ਹਮਸਾਜਣ ਨਜ਼ਰੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਸੁਹਾਈਆ । ਨਾਨਕ ਕਹੇ ਮੈਂ ਸੁਣੀ ਅਗੰਮੀ ਖ਼ਬਰ, ਖ਼ੈਰਖ਼ਾਹੀ ਵਿਚ ਜਣਾਈਆ । ਨੂਰ ਚਮਕਿਆ ਉਪਰ ਅੰਬਰ, ਨੂਰ ਨੁਰਾਨਾ ਡਗਮਗਾਈਆ । ਸਭ ਨੇ ਕਰਨਾ ਅੰਤਮ ਸਬਰ, ਸਿਦਕ ਭਰੋਸਾ ਇਕ ਰਖਾਈਆ । ਦੀਨ ਮਜ਼੍ਹਬ ਦਾ ਵਿਛੜਨਾ ਟੱਬਰ, ਕ਼ਬੀਲਾ ਰਹਿਣ ਕੋਇ ਨਾ ਪਾਈਆ । ਪੈਗ਼ੰਬਰੋ ਜਿਹੜੇ ਤੁਸੀਂ ਤਨ ਵਜੂਦ ਛੱਡ ਕੇ ਆਏ ਵਿਚ ਕ਼ਬਰ, ਮੜ੍ਹੀ ਗੋਰ ਡੇਰਾ ਲਾਈਆ । ਉਸ ਦਾ ਲਹਿਣਾ ਦੇਣਾ ਪਾਰਬ੍ਰਹਮ ਪ੍ਰਭ ਦੇਵੇ ਸ਼ੇਰ ਬੱਬਰ, ਸ਼ਬਦੀ ਭੱਬਕ ਇਕ ਲਗਾਈਆ । ਓਥੇ ਪੁਰਖ ਅਕਾਲ ਇਕੋ ਨਾਮ ਤੇ ਇਕੋ ਹੋਣਾ ਕ਼ਦਰ, ਇਕੋ ਕ਼ਦਮ ਸੋਭਾ ਪਾਈਆ । ਸਦੀ ਚੌਧਵੀਂ ਤੁਹਾਡੀ ਸਭ ਦੀ ਪੂਰੀ ਕਰੇ ਸੱਧਰ, ਸਹਿੰਸਾ ਅਵਰ ਰਹੇ ਨਾ ਰਾਈਆ । ਦੀਨ ਦੁਨੀ ਦਾ ਕਰ ਕੇ ਅਦਲ, ਇਨਸਾਫ਼ ਇਕ ਕਮਾਈਆ । ਕਲਜੁਗ ਵਿਚ ਸਤਿਜੁਗ ਦੇਵੇ ਬਦਲ, ਪੁਰਖ ਅਕਾਲਾ ਦੀਨ ਦਿਆਲਾ ਆਪਣਾ ਹੁਕਮ ਵਰਤਾਈਆ । ਝਗੜਾ ਰਹਿਣ ਨਾ ਦੇਵੇ ਮਾਟੀ ਬਦਨ, ਤਤ ਵਜੂਦ ਨਾ ਕੋਇ ਵਡਿਆਈਆ । ਨਿਰਗੁਣ ਨਾਨਕ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਰੇ ਇਕੋ ਮੰਨੋ ਸੱਜਣ, ਇਕੋ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਹੋ ਕੇ ਇਕੋ ਦੇਵੇ ਲਗਨ, ਲਗ ਮਾਤਰ ਦਾ ਲੇਖਾ ਦਏ ਮਿਟਾਈਆ ।



❊ ੧੮ ਮਾਘ ਸ਼ਹਿਨਸ਼ਾਹੀ ਸੰਮਤ ੪ ਰਾਮ ਸਿੰਘ ਦੇ ਗ੍ਰਹਿ ਫ਼ਿਰੋਜ਼ਪੁਰ ਛਾਉਣੀ ❊

ਨਾਨਕ ਕਹੇ ਪੈਗ਼ੰਬਰੋ ਸੁਣੋ ਹੁਕਮ ਅਗੰਮਾ ਸਾਚਾ, ਸਤਿ ਸਤਿਵਾਦੀ ਹੋ ਕੇ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਝਗੜਾ

ਮੇਟਣ ਵਾਲਾ ਕਾਇਆ ਮਾਟੀ ਪੰਜ ਤਤ ਕਾਚਾ, ਕੰਚਨ ਗੜ੍ਹ ਅੰਦਰ ਵੜ ਨਿਰਗੁਣ ਨਿਰਵੈਰ ਵੇਖ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਚਾਰ ਜੁਗ ਦਾ ਬਦਲਣ ਲੱਗਾ ਖ਼ਾਕਾ, ਖ਼ਾਲਕ ਖ਼ਲਕ ਆਪਣਾ ਹੁਕਮ ਵਰਤਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਸਭ ਦਾ ਬਣੇ ਆਕ਼ਾ, ਪਤਿਪਰਮੇਸ਼ਵਰ ਪੁਰਖ ਅਕਾਲਾ ਏਕਾ ਸੋਭਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨਾਂ ਖੋਲ੍ਹ ਕੇ ਵੇਖੇ ਤਾਕਾ, ਪਰਦਾ ਉਹਲਾ ਨੌ ਨੌਂ ਆਪ ਉਠਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚੌਦਾਂ ਤਬਕ ਵੇਖੇ ਆਪਣਾ ਹਾਤਾ, ਦਹਿ ਦਿਸ਼ਾ ਫੋਲ ਫੁਲਾਈਆ । ਸਦੀ ਚੌਧਵੀਂ ਉਲਟਣ ਲੱਗਾ ਪਾਸਾ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਸਾਹਿਬ ਸਵਾਮੀ ਅੰਤਰਜਾਮੀ ਕਰੇ ਖੇਲ ਅਗੰਮ ਤਮਾਸ਼ਾ, ਸੁਆਂਗੀ ਹੋ ਕੇ ਆਪਣਾ ਸੁਆਂਗ ਵਰਤਾਈਆ । ਲਹਿਣਾ ਦੇਣਾ ਪੂਰਾ ਕਰੇ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੋ ਆਦਿ ਜੁਗਾਦੀ ਆਤਮ ਪਰਮਾਤਮ ਸਭ ਦਾ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੇ ਉਤੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖ ਕੇ ਆਏ ਭਰਵਾਸਾ, ਕ਼ਦਮਬੋਸੀ ਕਰ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਨਕ ਕਹੇ ਪੈਗ਼ੰਬਰੋ ਸੁਣੋ ਹੁਕਮ ਪ੍ਰਭੂ ਸੁਲਤਾਨ, ਧੁਰ ਸੰਦੇਸ਼ੇ ਵਿਚ ਜਣਾਈਆ । ਪੁਰਖ ਅਕਾਲਾ ਹੋ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਦੀਨ ਦੁਨੀ ਦਾ ਬਦਲਣ ਵਾਲਾ ਨਿਜ਼ਾਮ, ਨੌਬਤ ਨਾਮ ਹੱਕ ਸੁਣਾਈਆ । ਤੁਹਾਨੂੰ ਸ਼ਰਅ ਵਿਚ ਕਰੇ ਗ਼ੁਲਾਮ, ਗ਼ੁਰਬਤ ਰਹੇ ਕੋਇ ਨਾ ਰਾਈਆ । ਪੈਗ਼ੰਬਰੋ ਅਵਤਾਰਾਂ ਨਾਲ ਲੱਗਾ ਮਿਲਾਣ, ਗੁਰੂਆਂ ਗੰਢ ਪਵਾਈਆ । ਸ਼ਰਅ ਰਹੇ ਨਾ ਕੋਇ ਸ਼ੈਤਾਨ, ਛੁਰੀ ਹੱਥ ਨਾ ਕੋਇ ਰਖਾਈਆ । ਸਾਰਿਆਂ ਦੀ ਸਾਂਝੀ ਕਰੇ ਜ਼ਬਾਨ, ਜ਼ੇਰ ਜ਼ਬਰ ਵੰਡ ਨਾ ਕੋਇ ਵੰਡਾਈਆ । ਦਰਗਾਹ ਸਾਚੀ ਸਚਖੰਡ ਦਵਾਰਾ ਧੁਰ ਦਾ ਦੱਸ ਇਕ ਮਕਾਨ, ਮੁਕਾਮ ਇਕੋ ਇਕ ਜਣਾਈਆ । ਸਦੀ ਚੌਧਵੀਂ ਹੋ ਪ੍ਰਧਾਨ, ਬਲਧਾਰੀ ਵੇਖ ਵਖਾਈਆ । ਜੋ ਆਤਮ ਪਰਮਾਤਮ ਦੱਸੇ ਸਚ ਈਮਾਨ, ਅਮਲ ਆਲਮ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਨਾਨਕ ਕਹੇ ਪੈਗ਼ੰਬਰ ਅਵਤਾਰ ਸੁਣੋ ਸੰਦੇਸਾ ਅਗੰਮ ਦੀ ਧਾਰ, ਧਰਮ ਦਵਾਰੇ ਦਿਆਂ ਪ੍ਰਗਟਾਈਆ । ਜੋ ਆਦਿ ਜੁਗਾਦੀ ਏਕੰਕਾਰ, ਕਰਨੀ ਦਾ ਕਰਤਾ ਵਡ ਵਡਿਆਈਆ । ਸਭ ਦੇ ਲਹਿਣੇ ਦੇਣੇ ਰਿਹਾ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਤਖ਼ਤ ਨਿਵਾਸੀ ਸ਼ਾਹੋ ਭੂਪ ਸੱਚਾ ਸਿਕਦਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਸਾਡਾ ਸਭ ਦਾ ਸਾਂਝਾ ਕਰੇ ਪਿਆਰ, ਪ੍ਰੇਮ ਪ੍ਰੀਤੀ ਨਾਲ ਜਣਾਈਆ । ਇਕੋ ਕਲਮਾ ਇਕੋ ਨਾਮ ਇਕੋ ਹੋਏ ਜੈਕਾਰ, ਇਕੋ ਸੀਸ ਜਗਦੀਸ਼ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਨਾਨਕ ਕਹੇ ਪੈਗ਼ੰਬਰ ਅਵਤਾਰ ਸੁਣੋ ਸੁਣੋ ਸੁਖ਼ਨਵੰਤ, ਫ਼ਰਮਾਨਾ ਅਗੰਮ ਅਥਾਹੀਆ । ਹੁਕਮ ਦੇਵੇ ਧੁਰ ਦਾ ਕੰਤ, ਕੰਤੂਹਲ ਨੂਰ ਅਲਾਹੀਆ । ਜਿਸ ਦਾ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਰਗੁਣ ਧਾਰ ਬਣਾਏ ਸਭ ਦੀ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਜਿਸ ਨੂੰ ਕਹਿ ਕੇ ਆਏ ਬੇਅੰਤ, ਬੇਪਰਵਾਹ ਵਡ ਵਡਿਆਈਆ । ਜੋ ਆਦਿ ਜੁਗਾਦੀ ਬੋਧ ਅਗਾਧਾ ਪੰਡਤ, ਨਿਰਅੱਖਰ ਸਾਨੂੰ ਕਰੇ ਪੜ੍ਹਾਈਆ । ਸਦੀ ਚੌਧਵੀਂ ਗੜ੍ਹ ਤੋੜਿਆ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਰਹੇ ਕੋਇ ਨਾ ਨਿੰਦਕ, ਨਿਰਾਕਾਰ ਦਏ

ਵਡਿਆਈਆ । ਸਭ ਦੀ ਮੇਟੇ ਗ਼ਮੀ ਚਿੰਤਾ ਚਿੰਤਕ, ਦੁੱਖ ਰੋਗ ਡੇਰਾ ਢਾਹੀਆ । ਸਾਰੇ ਇਕੋ ਕਰੋ ਹਿੰਮਤ, ਹੌਸਲੇ ਲਓ ਵਧਾਈਆ । ਪੁਰਖ ਅਕਾਲ ਅੱਗੇ ਕਰੋ ਮਿੰਨਤ, ਗਲ ਪੱਲੂ ਵਾਸਤਾ ਪਾਈਆ । ਸਾਡੀ ਸਭ ਦੀ ਸਾਂਝੀ ਹੋਈ ਮਿੱਲਤ, ਮਜ਼੍ਹਬਾਂ ਵੰਡ ਨਾ ਕੋਇ ਵਖਾਈਆ । ਸ਼ਰਅ ਕਰੇ ਕੋਇ ਨਾ ਇੱਲਤ, ਇਸਮ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਨਾਨਕ ਕਹੇ ਅਵਤਾਰ ਪੈਗ਼ੰਬਰੋ ਸੁਣੋ ਸੰਦੇਸਾ ਸ੍ਰੀ ਭਗਵਾਨ, ਸਹਿਜੇ ਸਹਿਜੇ ਰਿਹਾ ਜਣਾਈਆ । ਇਸ਼ਾਰਾ ਦੇਵੇ ਧੁਰ ਦਾ ਅਮਾਮ, ਬਿਨ ਅੱਖੋਂ ਅੱਖ ਖੁਲ੍ਹਾਈਆ । ਸਾਰੇ ਮੇਰਾ ਕਲਮਾ ਕਰੋ ਪ੍ਰਵਾਨ, ਨਿਉਂ ਕੇ ਸੀਸ ਝੁਕਾਈਆ । ਮੁਖੋਂ ਕਹੋ ਅਸੀਂ ਬਾਲ ਅੰਞਾਣ, ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਛੱਡਿਆ ਜਗਤ ਜਹਾਨ, ਸੰਗ ਨਾ ਕੋਇ ਬਣਾਈਆ । ਸਾਡਾ ਸਭ ਦਾ ਸਾਂਝਾ ਪੀਣ ਖਾਣ, ਜ਼ਿਬਹ ਬਣੇ ਨਾ ਕੋਇ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦਾਤਾ ਨੂਰ ਅਲਾਹੀਆ । ਨਾਨਕ ਕਹੇ ਮੇਰੇ ਨਿਰੰਕਾਰ, ਤੇਰੀ ਇਕ ਸਰਨਾਈਆ । ਮੈਂ ਤੇਰਾ ਚੋਬਦਾਰ, ਦਰ ਦਰਵੇਸ਼ ਸੀਸ ਨਿਵਾਈਆ । ਅੰਤ ਕੰਤ ਸੁਣ ਪੁਕਾਰ, ਭਗਵੰਤ ਦਿਆਂ ਦ੍ਰਿੜਾਈਆ । ਚਾਰ ਜੁਗ ਦੇ ਸਾਰੇ ਤੇਰੇ ਉਤੇ ਆਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਝੁਕ ਝੁਕ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਂਆ । ਕਿਰਪਾ ਕਰ ਆਪ ਅਪਾਰ, ਅਪਰੰਪਰ ਸਵਾਮੀ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਸੁਣ ਨਾਨਕ ਨਿਰਗੁਣ, ਸਚ ਦਿਆਂ ਦ੍ਰਿੜਾਈਆ । ਤੇਰੀ ਪੁਕਾਰ ਲਈ ਸੁਣ, ਮਿਹਰ ਨਜ਼ਰ ਉਠਾਈਆ । ਹੁਕਮ ਸੰਦੇਸ਼ਾ ਦੇਵਾਂ ਅਗੰਮੀ ਹੁਣ, ਦੋ ਜਹਾਨ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਾਂ ਛਾਣ ਪੁਣ, ਸ਼ਬਦ ਗੁਰੂ ਸੇਵ ਲਗਾਈਆ । ਚਾਰ ਕੁੰਟ ਵੇਖਾਂ ਰਿਖ ਮੁਨ, ਸੂਫ਼ੀ ਸੰਤ ਫ਼ਕੀਰ ਖੋਜ ਖੁਜਾਈਆ । ਕਿਸ ਦਵਾਰੇ ਸਾਚੀ ਧੁਨ, ਆਤਮਕ ਰਾਗ ਕਵਣ ਸੁਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਜਣਾਈਆ । ਨਾਨਕ ਕਹੇ ਪ੍ਰਭੂ ਮੇਰੇ ਠਾਕਰ, ਤੇਰੀ ਬੇਪ੍ਰਵਾਹੀਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਤੇਰੀ ਬੇਪਰਵਾਹੀਆ । ਦਰ ਆਏ ਦਰ ਦੇ ਆਦਰ, ਮਾਣ ਨਿਮਾਣੇ ਹੋ ਸਹਾਈਆ । ਤੂੰ ਆਦਿ ਜੁਗਾਦਿ ਕ਼ੁਦਰਤ ਦਾ ਮਾਲਕ ਕਰਨੀ ਦਾ ਕਾਦਰ, ਕਾਇਨਾਤ ਵੇਖ ਵਖਾਈਆ । ਹਉਂ ਗ਼ਰੀਬ ਨਿਮਾਣਾ ਆਜਜ਼, ਸੇਵਕ ਸੇਵਕ ਨਜ਼ਰੀ ਆਈਆ । ਸਦੀ ਚੌਧਵੀਂ ਸਭ ਦੀ ਮੇਟ ਦੇ ਸਾਜਸ਼, ਕੂੜ ਕਲਪਣਾ ਰਹੇ ਨਾ ਰਾਈਆ । ਚਾਰ ਵਰਨਾਂ ਇਕੋ ਹੋਵੇ ਇਬਾਦਤ, ਦੂਜਾ ਕਲਮਾ ਨਾ ਕੋਇ ਪੜ੍ਹਾਈਆ । ਸਚ ਨਾਮ ਦੀ ਕਰ ਸਖ਼ਾਵਤ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕੂੜੀ ਕਿਰਿਆ ਨਾ ਰਹੇ ਅਲਾਮਤ, ਦੁਰਮਤ ਮੈਲ ਦੇਣੀ ਧਵਾਈਆ । ਸਤਿ ਸਚ ਦੀ ਬਖ਼ਸ਼ ਨਿਆਮਤ, ਤੋਹਫ਼ਾ ਘਰ ਘਰ ਦੇਣਾ ਪਹੁੰਚਾਈਆ । ਕਲਜੁਗ ਜੀਵ ਅਣਜਾਣਤ, ਤੇਰੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਸੁਹਾਈਆ । ਪੁਰਖ ਅਕਾਲ ਕਹੇ ਸੁਣ ਨਿਰਗੁਣ ਨਾਨਕ ਅਵਤਾਰ ਪੈਗ਼ੰਬਰ ਗੁਰ ਸੱਦ, ਸੱਦਾ ਨਾਮ ਜਣਾਈਆ । ਆਪਣਾ ਆਪਣਾ ਲੇਖਾ ਲੈਣ ਕੱਢ, ਬਿਨਾ ਹੱਥਾਂ ਹੱਥ ਵਟਾਈਆ । ਆਪਣਾ ਆਪਣਾ ਨਾਮ ਸੁਣਾਵਣ ਸਦ, ਢੋਲਾ ਗੀਤ ਰਾਗ ਅਲਾਈਆ । ਆਪਣੀ ਆਪਣੀ ਵੇਖਣ ਯੱਦ, ਦੀਨ ਮਜ਼੍ਹਬ ਧਿਆਨ ਲਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਨਾਨਕ ਕਹੇ ਗੁਰ ਅਵਤਾਰ ਪੈਗ਼ੰਬਰੋ ਸੁਣੋ ਹੁਕਮ ਸੰਦੇਸ਼, ਬਿਨ ਸੰਧਿਆ ਪ੍ਰਭਾਤੀ ਦਿਆਂ ਸੁਣਾਈਆ । ਆਪਣਾ ਆਪਣਾ ਕੱਢੋ ਲੇਖ, ਜੋ ਲਿਖਤ ਦਏ ਗਵਾਹੀਆ । ਜਿਸ ਹੁਕਮ ਨਾਲ ਮੂੰਡ ਮੁੰਡਾਇਆ ਬੋਦੀ ਜੰਞੂ ਖੇਲ ਖਿਲਾਏ ਮੁੱਛ ਦਾੜ੍ਹੀ ਕੇਸ, ਚੋਟੀ ਸੀਸ ਕਟਾਈਆ । ਦੀਨ ਮਜ਼੍ਹਬਾਂ ਕੀਤਾ ਹੇਤ, ਮਾਨਵ ਮਾਨਵ ਨਾਲ ਟਕਰਾਈਆ । ਅੰਤਮ ਸਾਰੇ ਹੋਏ ਖੇਤ, ਬਚਿਆ ਰਹਿਣ ਕੋਇ ਨਾ ਪਾਈਆ । ਸ਼ਰਅ ਸ਼ਰੀਅਤ ਵਾਲੀ ਕੱਢਕੇ ਵੇਖੋ ਆਇਤ, ਹਦੀਸ ਕੌਣ ਸਮਝਾਈਆ । ਅਵਤਾਰ ਗੁਰੂ ਸਾਰੇ ਵੇਖੋ ਤੁਹਾਡੀ ਕਿੱਥੋਂ ਹੋਈ ਪੈਦਾਇਸ਼, ਕੌਣ ਜੰਮਣ ਵਾਲੀ ਮਾਈਆ । ਕਿਸ ਦੇ ਘਰ ਕਰੋ ਰਹਾਇਸ਼, ਰਹਿਣ ਕਵਣ ਅਖਵਾਈਆ । ਕਿਸ ਨੇ ਨਾਮ ਦੀ ਦਿਤੀ ਹਦਾਇਤ, ਕਲਮੇ ਦਿਤੇ ਪੜ੍ਹਾਈਆ । ਕਿਸ ਪ੍ਰੇਮ ਦੀ ਕੀਤੀ ਇਨਾਇਤ, ਬਖ਼ਸ਼ਿਸ਼ ਝੋਲੀ ਪਾਈਆ । ਕਵਣ ਅੰਤ ਕਰੇ ਰਿਆਇਤ, ਹੋਵੇ ਆਪ ਸਹਾਈਆ । ਤੁਹਾਡੀ ਪੂਰੀ ਕਰੇ ਸ਼ਰਾਇਤ, ਸ਼ਰਅ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਏ ਵਡਿਆਈਆ । ਅਵਤਾਰ ਪੈਗ਼ੰਬਰ ਕਹਿਣ ਗੁਰ, ਨਾਨਕ ਸਚ ਦਈਏ ਸੁਣਾਈਆ । ਅਸੀਂ ਹੁਕਮ ਮੰਨਣਾ ਧੁਰ, ਸਾਡੀ ਚਲੇ ਨਾ ਕੋਇ ਚਤੁਰਾਈਆ । ਗੋਬਿੰਦ ਕਹੇ ਮੈਂ ਛੱਡਕੇ ਅਨੰਦ ਪੁਰ, ਮਾਛੂਵਾੜੇ ਸੇਜ ਸੁਹਾਈਆ । ਲੱਗੀ ਪ੍ਰੀਤ ਨਿਭਾ ਦੇ ਤੋੜ, ਤੁਰਤ ਆਪਣਾ ਰੰਗ ਰੰਗਾਈਆ । ਅੰਤ ਉਸੇ ਨਾਲ ਮੁੜ, ਜੋਤ ਸ਼ਬਦ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਏਕ, ਨਾਨਕ ਨਿਰਗੁਣ ਸਚ ਜਣਾਈਆ ।



ਸਾਡਾ ਲੇਖਾ ਪ੍ਰਭੂ ਨੂੰ ਕਹੀਏ ਅੱਗੇ ਨਾ ਵੇਖ, ਵੇਖਣ ਦੀ ਲੋੜ ਰਹੇ ਨਾ ਰਾਈਆ । ਅਸੀਂ ਛੱਡਕੇ ਆਏ ਮਾਤਲੋਕ ਦਾ ਦੇਸ, ਦਰਗਾਹ ਸਾਚੀ ਤੇਰੇ ਵਿਚ ਸਮਾਈਆ । ਜਿਥੇ ਇਕੋ ਜੋਤੀ ਇਕੋ ਨੂਰ ਮੁੱਛ ਦਾੜ੍ਹੀ ਨਾ ਕੋਇ ਕੇਸ, ਨਾ ਕੋਇ ਮੂੰਡ ਮੂੰਡ ਮੁੰਡਾਈਆ । ਦਰ ਤੇਰੇ ਠਾਂਡੇ ਹੋਏ ਪੇਸ਼, ਪੇਸ਼ੀਨਗੋਈ ਦਏ ਗਵਾਹੀਆ । ਅੱਗੇ ਤੇਰੇ ਦਰ ਦੇ ਰਹੀਏ ਦਰਵੇਸ਼, ਬਣ ਬਰਦੇ ਸੇਵ ਕਮਾਈਆ । ਤੂੰ ਆਦਿ ਜੁਗਾਦੀ ਏਕ, ਏਕੰਕਾਰ ਤੇਰੀ ਵਡਿਆਈਆ । ਸਾਨੂੰ ਸਾਚੀ ਬਖ਼ਸ਼ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਕਲਜੁਗ ਕੂੜੀ ਕਿਰਿਆ ਮੇਟ, ਭੇਖ ਪਖੰਡ ਦੇਣਾ ਗਵਾਈਆ । ਝਗੜਾ ਰਹੇ ਨਾ ਪੰਡਤ ਪਾਂਧਾ ਮੁੱਲਾ ਸ਼ੇਖ਼, ਮੁਸਾਇਕ ਨਜ਼ਰ ਕੋਇ ਨਾ ਆਈਆ । ਸਚ ਦਵਾਰ ਏਕੰਕਾਰ ਵਖਾ ਆਪਣਾ ਦੇਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਤੂੰ ਸਹੀ ਸਲਾਮਤ ਰਹੇਂ ਸਦਾ ਹਮੇਸ਼, ਹਮ ਸਾਜਣ ਨਜ਼ਰੀ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਨਾਮ ਕਲਮਾ ਪਿਛਲਾ ਤੇਰੀ ਕੀਤਾ ਭੇਟ, ਸਾਡੀ ਰਹੀ ਨਾ ਕੋਇ ਚਤੁਰਾਈਆ । ਅੱਗੇ ਵੇਖੀਏ ਤੇਰੀ ਖੇਡ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਪਾਓ ਗਲਵੱਕੜੀ, ਬਿਨ ਭੁਜਾਂ ਭੁਜਾਂ ਉਠਾਈਆ । ਵੈਰੀ ਰਹੇ ਨਾ ਕੋਇ ਸ਼ੂਦਰ ਵੈਸ਼ ਬ੍ਰਾਹਮਣ ਛੱਤ੍ਰੀ, ਛਤਰਧਾਰੀ ਇਕ ਸੁਣਾਈਆ । ਲੇਖਾ ਲਾ ਸਕੇ ਨਾ ਕੋਈ ਅੱਖਰਾਂ ਵਾਲੀ ਪੱਤਰੀ, ਗ੍ਰਹਿ ਨਛੱਤਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਰਹੇ ਨਾ ਕੋਇ ਮੰਤਰੀ, ਪੁਰਖ ਅਕਾਲਾ ਇਕੋ ਹੁਕਮ ਸੁਣਾਈਆ । ਧਰਮ ਦੀ ਧਾਰ ਸ਼ਬਦ ਅਗੰਮਾ ਤੱਕੜੀ, ਤਰਾਜ਼ੂ ਵੇਖੇ ਅਗੰਮ ਅਥਾਹੀਆ । ਸ਼ਬਦੀ ਧਾਰ ਸ੍ਰਿਸ਼ਟੀ ਦ੍ਰਿਸ਼ਟੀ ਜਾਏ ਜੱਕੜੀ, ਤੰਦਵ ਤੰਦ ਨਾ ਕੋਇ ਤੁੜਾਈਆ । ਜੋਤੀ

੮੪੮ ੨੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਜਣਾਈਆ । ਨਾਨਕ ਕਹੇ ਪ੍ਰਭੂ ਮੇਰੀ ਸੁਣੀ ਅਰਦਾਸ, ਸੀਸ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਇਕੱਠੇ ਹੋਵੇ ਪਾਸ ਪਾਸ, ਪਾਸਾ ਦੀਨ ਦੁਨੀ ਨਾਲੋਂ ਬਦਲਾਈਆ । ਸਾਰੇ ਇਕੋ ਨੇਤਰ ਤੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਧਿਆਨ ਲਗਾਈਆ । ਝਗੜਾ ਰਹੇ ਨਾ ਮਾਟੀ ਖ਼ਾਕ, ਵਜੂਦ ਵਿਚੋਂ ਮਹਿਬੂਬ ਵੇਖ ਵਖਾਈਆ । ਕਿਸੇ ਦੀ ਕਰਨੀ ਨਹੀਂ ਇਮਦਾਦ, ਮਦਦ ਵਿਚ ਮਾਤਲੋਕ ਕੋਇ ਨਾ ਜਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਹੱਕ ਇਨਸਦਾਦ, ਹੁਕਮ ਫ਼ਰਮਾਨਾ ਇਕ ਦ੍ਰਿੜਾਈਆ । ਜੋ ਮਾਲਕ ਸਵਾਮੀ ਵਾਹਿਦ, ਏਕੰਕਾਰ ਅਖਵਾਈਆ । ਓਹ ਗਾਡ ਬਣੇ ਗਾਈਡ, ਗੁਡ ਮਾਰਗ ਵੇਖ ਵਖਾਈਆ । ਧੁਰ ਫ਼ਰਮਾਨਾ ਕਰੇ ਆਇਦ, ਹੁਕਮ ਇਕ ਵਰਤਾਈਆ । ਸਾਹਿਬ ਸਵਾਮੀ ਬਣ ਕੇ ਸਾਹਿਬ, ਸਤਿਗੁਰ ਇਕੋ ਨਜ਼ਰੀ ਆਈਆ । ਵੱਖਰਾ ਰਹੇ ਨਾ ਕੋਇ ਅਲਹਿਦ, ਬਾਹਮੀ ਨਾਤਾ ਦਏ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਨਾਨਕ ਕਹੇ ਬੋਲ ਪੁਕਾਰ, ਪ੍ਰਭ ਤੇਰੀ ਬੇਪਰਵਾਹੀਆ । ਹੁਕਮ ਹੁਕਮ ਸੱਚੀ ਸਰਕਾਰ, ਹੁਕਮ ਹੁਕਮ ਵਿਚੋਂ ਜਣਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਉਤੇ ਕਰੋ ਇਤਬਾਰ, ਬੇਇਤਬਾਰੀ ਦੇਣੀ ਗਵਾਈਆ । ਬਿਨ ਰਸਨਾ ਜਿਹਵਾ ਸਾਰੇ ਦਿਓ ਉਚਾਰ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬੇਖ਼ਬਰ ਹੋਵੋ ਖ਼ਬਰਦਾਰ, ਖ਼ਬਰ ਸੰਦੇਸਾ ਇਕ ਦ੍ਰਿੜਾਈਆ । ਜੋਗਿੰਦਰ ਸਿੰਘ ਲਿਆਵੇ ਤਿੰਨ ਹਾਰ, ਜੋਗਿੰਦਰ ਕੌਰ ਹੱਥ ਫੜਾਈਆ । ਨਾਨਕ ਵੇਲੇ ਦਾ ਤੁਹਾਡਾ ਲੇਖਾ ਬਕਾਇਆ ਦਿਸੇ ਵਿਚ ਸੰਸਾਰ, ਸੱਤ ਸਾਲ ਦੀ ਬੱਚੀ ਧਿਆਨ ਲਗਾਈਆ । ਤੇਰਾ ਤੱਤਾਂ ਨਾਲ ਨਾਨਕ ਕਰਦਾ ਸੀ ਪਿਆਰ, ਬ੍ਰਿਧ ਅਵਸਥਾ ਮੁਤੂ ਨਾਮ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਹਰ ਹਿਰਦੇ ਕਰੋ ਸਫ਼ਾਈ, ਸਿਫ਼ਤਾਂ ਨਾਲ ਵਡਿਆਈਆ । ਤੁਹਾਡੀ ਨਿਰਗੁਣ ਧਾਰ ਕਰੇ ਕੁੜਮਾਈ, ਕੁੜਮੇਟਾ ਨਜ਼ਰ ਕੋਇ ਨਾ ਆਈਆ । ਦਰਗਾਹ ਸਾਚੀ ਵੇਖੋ ਇਕ ਰੁਸ਼ਨਾਈ, ਨੂਰ ਨੁਰਾਨਾ ਡਗਮਗਾਈਆ । ਏਸੇ ਨੇ ਲੋਕਮਾਤ ਜੋਤ ਜਗਾਈ, ਲੱਖ ਚੁਰਾਸੀ ਰਿਹਾ ਸਮਾਈਆ । ਜੋ ਦੀਨ ਦੁਨੀ ਵੰਡ ਵੰਡਾਈ, ਮਾਨਵ ਹਿੱਸੇ ਆਏ ਪਾਈਆ । ਅੱਜ ਤੋਂ ਸਾਰੇ ਛੱਡਣ ਆਪਣੀ ਨਾਲ ਰਜ਼ਾਈ, ਰਜ਼ਾ ਪ੍ਰਭ ਦੀ ਵਿਚ ਸੀਸ ਨਿਵਾਈਆ । ਵੇਖਿਓ ਸ਼ਰਅ ਦਾ ਅੱਗੇ ਨਾ ਬਣਿਓ ਕੋਈ ਕਸਾਈ, ਕ਼ਲਮੇ ਵਾਲੀ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਨਾਨਕ ਕਹੇ ਗੁਰ ਅਵਤਾਰ ਪੈਗ਼ੰਬਰੋ ਹਰ ਹਿਰਦਾ ਲਓ ਤਕ, ਯਕ ਤਰਫ਼ ਧਿਆਨ ਲਗਾਈਆ । ਸੇਵਾ ਕਰੋ ਸਰਬ ਅਨਥੱਕ, ਨੌਂ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਪੁਰਖ ਅਬਿਨਾਸ਼ੀ ਵੇਖੋ ਜੋ ਵਸੇ ਘਟ ਘਟ, ਗ੍ਰਿਹ ਮੰਦਰ ਡੇਰਾ ਲਾਈਆ । ਸੋ ਖੇਲ ਕਰੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਓਸ ਦੇ ਚਰਨਾਂ ਟੇਕ ਦਿਓ ਮਥ, ਬਿਨ ਮਸਤਕ ਸੀਸ ਝੁਕਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਅੱਗੇ ਚਲੇ ਨਾ ਕਿਸੇ ਚਤੁਰਾਈਆ । ਇਕੋ ਹੁਕਮ ਵਰਤਣਾ ਸਚ, ਨਾ ਕੋਇ ਮੇਟੇ ਮੇਟ ਮਿਟਾਈਆ । ਜੋ ਲੂੰ ਲੂੰ ਅੰਦਰ ਰਿਹਾ ਰਚ, ਸਾਢੇ ਤਿੰਨ ਕਰੋੜ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਅਵਤਾਰ ਪੈਗ਼ੰਬਰ ਕਹਿਣ ਸੁਣ ਨਾਨਕ ਨਿਰਗੁਣ ਧਾਰ ਵਿਚੋਲੇ, ਵਿਚਲਾ ਭੇਵ ਜਣਾਈਆ । ਅਸੀਂ ਪ੍ਰਭ ਦੇ ਬੁਲਾਏ ਬੋਲੇ,

ਆਪਣਾ ਰਾਗ ਨਾ ਕੋਇ ਸੁਣਾਈਆ । ਤੂੰ ਵੀ ਦੱਸਿਆ ਅਸੀਂ ਤੇਰੇ ਘਰ ਦੇ ਗੋਲੇ, ਤੇਰੀ ਵਡ ਵਡਿਆਈਆ । ਜੋ ਹਰ ਘਟ ਅੰਦਰ ਮੌਲੇ, ਮੌਲਾ ਰੂਪ ਨੂਰ ਅਲਾਹੀਆ । ਸਾਨੂੰ ਦੀਨ ਮਜ਼੍ਹਬ ਬਣਾ ਕੇ ਤੋਲੇ, ਜਗਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਸਮਝਾਈਆ । ਨਾਨਕ ਕਹੇ ਹੁਕਮ ਸੁਣੋ ਆਪਣੇ ਮਹਿਬੂਬ ਖ਼ੁਦਾ, ਹੋ ਕੇ ਖ਼ੁਦ ਮਾਲਕ ਰਿਹਾ ਜਣਾਈਆ । ਜਿਸ ਨਾਲੋਂ ਕਦੀ ਨਾ ਹੋਵੇ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਸਭ ਦੀ ਇਕੱਠੀ ਕ਼ਬੂਲ ਕਰੇ ਦੁਆ, ਮਿਹਰ ਨਜ਼ਰ ਇਕ ਟਿਕਾਈਆ । ਸਾਚੇ ਕ਼ਲਮੇ ਦੀ ਦਏ ਸਦਾ, ਹੁਕਮ ਇਕ ਅਲਾਹੀਆ । ਖ਼ੁਸ਼ੀਆਂ ਨਾਲ ਅਵਤਾਰ ਪੈਗ਼ੰਬਰ ਗੁਰੂਆਂ ਦੀ ਪ੍ਰੀਤੀ ਦੇ ਹਾਰ ਦੇ ਪਹਿਨਾ, ਪਿਆਰ ਪਿਆਰ ਵਿਚ ਵਡਿਆਈਆ । ਸਾਰੇ ਬਿਨਾ ਕੰਨਾਂ ਤੋਂ ਕੰਨੀਂ ਹੱਥ ਲਓ ਲਗਾ, ਕੰਨਾਂ ਵਾਲੀ ਗਈ ਪੜ੍ਹਾਈਆ । ਪਿਛਲੇ ਸਭ ਦੇ ਬਖ਼ਸ਼ੇ ਜਾਣ ਗੁਨਾਹ, ਅੱਗੇ ਗੁਮਰਾਹ ਨਾ ਕੋਇ ਕਰਾਈਆ । ਜਗਤ ਮ੍ਰਿਸ਼ਟੀ ਦਿਸੇ ਫ਼ਨਾਹ, ਅੰਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਸਤਿਜੁਗ ਸਾਚਾ ਬਣੇ ਆਪ ਮਲਾਹ, ਦੋ ਜਹਾਨਾਂ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬੇੜਾ ਆਪਣੇ ਕੰਧ ਉਠਾਈਆ ।



### ❋ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਜੋਗਿੰਦਰ ਕੌਰ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ ❋

੮੫੦ ੨੧

ਨਾਨਕ ਨਿਰਗੁਣ ਕਹੇ ਵੇਖੋ ਗੁਰ ਅਵਤਾਰ ਪੈਗ਼ੰਬਰੋ ਖੇਲ ਹਾਲਾ, ਹਾਲਤ ਬਦਲੀ ਜਗਤ ਲੋਕਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਪੂਜਾ ਪਾਠ ਕਰ ਕੇ ਫੇਰ ਕੇ ਮਾਲਾ, ਮਣਕਿਆਂ ਨਾਲ ਮਨ ਕਾ ਮਣਕਾ ਨਾ ਕੋਇ ਭਵਾਈਆ । ਪੰਜ ਤਤ ਤ੍ਰੈਗੁਣ ਤੋੜੇ ਨਾ ਕੋਈ ਜੰਜਾਲਾ, ਮਾਇਆ ਮਮਤਾ ਮੋਹ ਵਿਕਾਰ ਨਾ ਕੋਇ ਮਿਟਾਈਆ । ਸਚ ਦਵਾਰ ਦਿਸੇ ਨਾ ਕੋਈ ਕਿਸੇ ਧਰਮਸਾਲਾ, ਕਾਇਆ ਕਾਅਬਾ ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਫਲ ਤਨ ਵਜੂਦ ਦਿਸੇ ਕਿਸੇ ਨਾ ਡਾਲਾ, ਪੱਤ ਟਾਹਣੀ ਨਾ ਕੋਇ ਲਹਿਰਾਈਆ । ਜਿਸ ਦਾ ਸਾਰੇ ਦੇ ਕੇ ਗਏ ਅਹਿਵਾਲਾ, ਭਵਿਖਤਾਂ ਵਿਚ ਸੁਣਾਈਆ । ਸੋ ਖੇਲ ਕਰੇ ਪੁਰਖ ਅਕਾਲਾ, ਅਕਲ ਕਲਧਾਰੀ ਨੂਰ ਅਲਾਹੀਆ । ਜਿਸ ਦੇ ਅੱਗੇ ਕਰਦੇ ਰਹੇ ਸਵਾਲਾ, ਮਾਂਗਤ ਹੋ ਕੇ ਮੰਗ ਮੰਗਾਈਆ । ਸੋ ਨਿਰਗੁਣ ਨੂਰ ਜੋਤ ਕਰੇ ਉਜਾਲਾ, ਚਾਰੋਂ ਕੁੰਟ ਡਗਮਗਾਈਆ । ਕਲਜੁਗ ਕੂੜੀ ਕਿਰਿਆ ਕਰੇ ਬੇਹਾਲਾ, ਸਤਿਜੁਗ ਸਤਿ ਸਤਿ ਵਰਤਾਈਆ । ਸ਼ਬਦੀ ਗੁਰੂ ਬਣ ਦਲਾਲਾ, ਚਾਰ ਵਰਨਾਂ ਵੇਖ ਵਖਾਈਆ । ਲੇਖਾ ਜਾਣੇ ਕਾਲ ਮਹਾਂਕਾਲਾ, ਪਰਦਾ ਦੀਨ ਦੁਨੀ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਨਕ ਕਹੇ ਗੁਰ ਅਵਤਾਰ ਪੈਗ਼ੰਬਰੋ ਭੇਵ ਅਭੇਦ ਚੁਕਾਓ ਦੂਜਾ, ਨੁਕ਼ਤਾ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਕਿਸੇ ਕੰਮ ਨਾ ਔਂਦੀ ਦਿਸੇ ਪੂਜਾ, ਪਾਠ ਜੋਗ ਅਭਿਆਸ ਨਾ ਕੋਇ ਵਡਿਆਈਆ । ਅੰਤਰ ਨਿਰੰਤਰ ਭੇਵ ਖੁਲ੍ਹੇ ਕਿਸੇ ਨਾ ਗੁਝਾ, ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਫਿਰੀ ਦਰੋਹੀ ਉਪਰ ਬਸੁਧਾ, ਚਾਰ ਕੁੰਟ ਰਿਹਾ ਕੁਰਲਾਈਆ । ਸਭ ਦਾ ਅੰਤਮ ਵੇਲਾ ਪੁੱਜਾ, ਵਕਤ ਦਏ ਗਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਅੰਤ ਅਖ਼ੀਰ ਰਹੇ ਨਾ ਲੁਕਾ, ਨਿਰਵੈਰ ਨੂਰ ਕਰੇ ਰੁਸ਼ਨਾਈਆ ।

ਚਾਰ ਵਰਨਾਂ ਦਾ ਮਾਰਗ ਕਰ ਕੇ ਸੁੱਚਾ, ਸੰਜਮ ਇਕੋ ਦਏ ਦ੍ਰਿੜਾਈਆ । ਜਨ ਭਗਤ ਸੁਹੇਲੇ ਉਠਾਏ ਆਪਣੇ ਸੁਤਾ, ਦੁਲਾਰੇ ਗੋਦ ਟਿਕਾਈਆ । ਸਚ ਪ੍ਰੇਮ ਸੁਹਾ ਕੇ ਰੁਤਾ, ਰੁਤੜੀ ਆਪਣੀ ਆਪ ਮਹਿਕਾਈਆ । ਗੁਰ ਅਵਤਾਰ ਪੈਗ਼ੰਬਰੋ ਸਭ ਦਾ ਪੈਂਡਾ ਮੁਕਾ, ਮੁਕੰਮਲ ਦਿਆਂ ਜਣਾਈਆ । ਸਤਿਜੁਗ ਅੰਦਰ ਮਦਿਰਾ ਮਾਸ ਰਸਨਾ ਕੋਈ ਨਾ ਲਾਵੇ ਹੁੱਕਾ, ਤੁਖ਼ਮ ਤਾਸੀਰ ਸਭ ਦੀ ਦਏ ਬਦਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਮਝਾਏ ਮੁੱਦਾ, ਮੁੱਦਤ ਦੇ ਵਿਛੜੇ ਆਪਣੇ ਨਾਲ ਮਿਲਾਈਆ । ਕਾਇਆ ਮੰਦਰ ਸਚ ਦਵਾਰ ਸੁਹਾ ਕੇ ਝੁੱਗਾ, ਗ੍ਰਿਹਿ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਨਿਰਗੁਣ ਨਾਨਕ ਕਹੇ ਗੁਰ ਅਵਤਾਰ ਪੈਗ਼ੰਬਰ ਦੀਨ ਦੁਨੀ ਦਾ ਵੇਖੋ ਨਹਾਉਣਾ ਧੋਣਾ, ਇਸ਼ਨਾਨ ਵਿਚ ਨਾ ਕੋਇ ਵਡਿਆਈਆ । ਚਾਰ ਕੁੰਟ ਦਹਿ ਦਿਸ਼ਾ ਸਭ ਨੂੰ ਪਿਆ ਰੋਣਾ, ਬਿਨ ਨੈਣਾਂ ਨੀਰ ਸਰਬ ਵਹਾਈਆ । ਸਦੀ ਚੌਧਵੀਂ ਸਤਿ ਧਰਮ ਦਾ ਬੀਜ ਕਿਸੇ ਨਾ ਬੋਣਾ, ਆਤਮ ਬ੍ਰਹਮ ਪਰਦਾ ਨਾ ਕੋਇ ਉਠਾਈਆ । ਸਾਚੇ ਮੰਦਰ ਉਚ ਮੁਨਾਰ ਧੁਰ ਦੇ ਮੰਬਰ ਚੜ੍ਹ ਨਾ ਕਿਸੇ ਖਲੋਣਾ, ਆਵਾਜ਼ ਹੱਕ ਨਾ ਕੋਇ ਸੁਣਾਈਆ । ਦੁਰਮਤ ਦਾਗ਼ ਚਾਰ ਵਰਨ ਅਠਾਰਾਂ ਬਰਨ ਕਿਸੇ ਨਾ ਧੋਣਾ, ਹਿੰਦੂ ਮੁਸਲਿਮ ਸਿੱਖ ਈਸਾਈ ਝਗੜਾ ਨਾ ਕੋਇ ਚੁਕਾਈਆ । ਜਗਤ ਵਿਕਾਰ ਹੰਕਾਰ ਕਾਇਆ ਤਤ ਵਿਚੋਂ ਨਾ ਕਿਸੇ ਬਿਲੋਣਾ, ਨਾਮ ਮਧਾਣਾ ਹੱਥ ਨਾ ਕੋਇ ਉਠਾਈਆ । ਕਲਜੁਗ ਅੰਤ ਅਖ਼ੀਰ ਜਗਤ ਜਹਾਨ ਪ੍ਰਾਹੁਣਾ, ਵੇਲਾ ਵਕਤ ਦਏ ਗਵਾਹੀਆ । ਸਚ ਸੰਦੇਸ਼ ਨਰ ਨਰੇਸ਼ ਦੋ ਜਹਾਨ ਸੁਣੌਣਾ, ਨਿਰਗੁਣ ਨਿਰਵੈਰ ਨਿਰੰਕਾਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਵੇਖ ਵਖਾਈਆ । ਨਾਨਕ ਨਿਰਗੁਣ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਸੁਬਹ ਸ਼ਾਮ, ਵਕਤ ਬਵਕਤ ਧਿਆਨ ਲਗਾਈਆ । ਹਿਰਦੇ ਵਸੇ ਕਿਸੇ ਨਾ ਰਾਮ, ਰਮਈਆ ਮਿਲਣ ਕੋਇ ਨਾ ਪਾਈਆ । ਮੀਤ ਬਣੇ ਕੋਈ ਨਾ ਸ਼ਾਮ, ਘਨਈਆ ਕਾਹਨ ਨਾ ਕੋਇ ਚਤੁਰਾਈਆ । ਪੈਗ਼ੰਬਰ ਦਏ ਕੋਈ ਨਾ ਦਾਨ, ਇਸਮ ਆਜ਼ਮ ਨਾ ਕੋਇ ਸਮਝਾਈਆ । ਗੁਰੂ ਗੁਰਦੇਵ ਕਰੇ ਨਾ ਕੋਇ ਪਹਿਚਾਨ, ਪਰਦਾ ਉਹਲਾ ਨਾ ਕੋਇ ਉਠਾਈਆ । ਆਤਮ ਬ੍ਰਹਮ ਨਾ ਕੋਇ ਗਿਆਨ, ਅੱਖਰਾਂ ਵਾਲੀ ਜਗਤ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਹੋਏ ਹੈਰਾਨ, ਖਾਣੀ ਬਾਣੀ ਚਾਰ ਕੁੰਟ ਵੇਖੇ ਨੈਣ ਉਠਾਈਆ । ਦਹਿ ਦਿਸ਼ਾ ਫਿਰੇ ਸ਼ੈਤਾਨ, ਸ਼ਰਅ ਆਪਣੀ ਨਾਲ ਵਰਤਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਹਿੰਦੂ ਮੁਸਲਿਮ ਸਿੱਖ ਈਸਾਈ ਦੇਣ ਦੁਹਾਈਆ । ਕਿਸੇ ਕੰਮ ਨਾ ਆਵੇ ਬਗ਼ਲ ਰੱਖੀ ਕ਼ੁਰਾਨ, ਕਾਇਆ ਕਾਅਬੇ ਨਾ ਵੱਜੇ ਵਧਾਈਆ । ਰਸਨਾ ਜਿਹਵਾ ਸਿਫ਼ਤ ਸਾਲਾਹੀ ਸਾਰੇ ਢੋਲੇ ਗਾਣ, ਨਿਰਗੁਣ ਨਿਰਵੈਰ ਨਿਰਾਕਾਰ ਦਰਸ ਕੋਇ ਨਾ ਪਾਈਆ । ਸ਼ਬਦ ਸੰਦੇਸਾ ਧੁਰ ਫ਼ਰਮਾਨ, ਹਰਿ ਕਰਤਾ ਆਪ ਦ੍ਰਿੜਾਈਆ । ਸਭ ਦਾ ਸਾਂਝਾ ਹੋਵੇ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਜੋ ਲੇਖਾ ਮੁਕਾਏ ਜਗਤ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਸਭ ਦਾ ਸਯਦਾ ਇਕੋ ਹੋਏ ਸਲਾਮ, ਡੰਡਾਵਤ ਬੰਦਨਾ ਇਕ ਦਰਸਾਈਆ । ਇਕੋ ਨਾਮ ਕ਼ਲਮਾ ਦੱਸੇ ਕਲਾਮ, ਕਾਇਨਾਤ ਇਕ ਪੜ੍ਹਾਈਆ । ਇਕ ਸਿੰਘਾਸਣ ਆਸਣ ਸਚ ਦੱਸੇ ਬਿਸਰਾਮ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਮੰਡਲ ਮੰਡਪ ਲਾਗਣ ਪਾਈਆ । ਸੋ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਸਭ ਨੇ

ਮੰਨਣੀ ਓਸ ਦੀ ਆਣ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਵਿਧਾਨ, ਹੁਕਮ ਹੁਕਮ ਵਿਚੋਂ ਪ੍ਰਗਟਾਈਆ । ਸ਼ਰਅ ਦਾ ਰਹਿਣ ਨਹੀਂ ਦੇਣਾ ਕੋਈ ਗ਼ੁਲਾਮ, ਬੰਧਨ ਮਜ਼੍ਹਬਾਂ ਵਾਲੇ ਤੁੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਕਰ ਪਹਿਚਾਨ ਬੇਪਹਿਚਾਨ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੇ ਨਾ ਕੋਇ ਹਰਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਨਕ ਨਿਰਗੁਣ ਕਹੇ ਗੁਰ ਅਵਤਾਰ ਪੈਗ਼ੰਬਰੋ ਸਿਮਰਨ ਪਾਠ ਵੇਖੋ ਨਿਮਾਜ਼, ਰੋਜ਼ਿਆਂ ਵਿਚ ਧਿਆਨ ਲਗਾਈਆ । ਕਿਸੇ ਦਾ ਖੁਲ੍ਹੇ ਨਾ ਅੰਦਰੋਂ ਰਾਜ਼, ਪਰਦਾ ਪਰਦੇ ਵਿਚੋਂ ਨਾ ਕੋਇ ਚੁਕਾਈਆ । ਭੇਵ ਖੋਲ੍ਹੇ ਨਾ ਕੋਈ ਆਗ਼ਾਜ਼, ਸੰਦੇਸ਼ਾ ਧੁਰ ਨਾ ਕੋਇ ਸੁਣਾਈਆ । ਸਤਿ ਦਾ ਹੋਏ ਨਾ ਕੋਇ ਮੁਹਤਾਜ, ਪਾਰਬ੍ਰਹਮ ਮਿਲਣ ਕੋਇ ਨਾ ਆਈਆ । ਦੀਨ ਮਜ਼੍ਹਬ ਦਾ ਗੁਰ ਅਵਤਾਰ ਪੈਗ਼ੰਬਰੋ ਤੁਸਾਂ ਦੱਸਿਆ ਇਤਰਾਜ਼, ਸ਼ਰਅ ਵਿਚ ਸ਼ਰਅ ਦਿਤੀ ਲੜਾਈਆ । ਇਹ ਖੇਲ ਪ੍ਰਭੂ ਤਮਾਸ਼, ਜੁਗ ਚੌਕੜੀ ਦਿਤਾ ਕਰਾਈਆ । ਅੰਤਮ ਸਭ ਨੂੰ ਕਰੇ ਫ਼ਾਸ਼, ਲੋਕਮਾਤ ਰਹਿਣ ਨਾ ਪਾਈਆ । ਤੁਹਾਡੀ ਪੂਰੀ ਕਰੇ ਆਸ, ਜੋ ਭਵਿਖਤਾਂ ਵਿਚ ਢੋਲੇ ਗਾਈਆ । ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਜੋਤੀ ਜਾਤਾ ਪੁਰਖ ਬਿਧਾਤਾ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਬਣ ਕੇ ਸਾਂਝਾ ਯਾਰ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਦੀਨ ਦੁਨੀ ਤਨ ਵਜੂਦ ਮਾਟੀ ਖ਼ਾਕ ਅੰਤਰ ਨਿਰੰਤਰ ਵੇਖੋ ਮਾਰ ਝਾਕ, ਝਾਕੀ ਤਨ ਖ਼ਾਕੀ ਇਕ ਲਗਾਈਆ । ਸਭ ਦਾ ਬਦਲ ਰਿਹਾ ਹਾਲਾਤ, ਹਾਲਾਂਕਿ ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਢੋਲੇ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਨਾਨਕ ਨਿਰਗੁਣ ਕਹੇ ਮੈਨੂੰ ਸਰਗੁਣ ਯਾਦ ਆਈ ਤਲਵੰਡੀ, ਪੂਰਬ ਭੇਵ ਜਣਾਈਆ । ਜਿਥੇ ਤੋਲੇ ਦੀ ਬੇਟੀ ਨੂੰ ਵੰਡ ਸੀ ਵੰਡੀ, ਆਯੂ ਸੱਤ ਸਾਲ ਸਮਝਾਈਆ । ਮੇਰਾ ਪਿਆਰਾ ਸੀ ਮਾਤੂ ਸੰਗੀ, ਬਿਰਧ ਅਵਸਥਾ ਨਜ਼ਰੀ ਆਈਆ । ਓਸ ਵੇਲੇ ਕੋਲ ਬੈਠਾ ਸੀ ਹੱਥ ਰੱਖ ਕੇ ਆਪਣੀ ਕੰਧੀ, ਮੋਢਿਆਂ ਰਿਹਾ ਦਬਾਈਆ । ਮੁਖੋਂ ਹੱਸ ਕੇ ਕਿਹਾ ਨਾਨਕ ਵਸਤ ਦਿਤੀ ਤੂੰ ਚੰਗੀ, ਚਿੱਠੀ ਅੱਖਰਾਂ ਵਾਲੀ ਬਣਾਈਆ । ਮੈਨੂੰ ਐਂ ਜਾਪਦਾ ਇਹ ਦੋ ਜਹਾਨਾਂ ਸੰਧੀ, ਸਨਦ ਸੋਭਾ ਪਾਈਆ । ਨਾਨਕ ਕਿਹਾ ਏਸ ਮੰਗ ਅਗੰਮੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਵੇਲੇ ਸਦੀ ਚੌਧਵੀਂ ਲੰਘੀ, ਆਪਣਾ ਪੰਧ ਮੁਕਾਈਆ । ਪ੍ਰਗਟ ਹੋਵੇ ਪੁਰਖ ਅਕਾਲ ਸੂਰਾ ਸਰਬੰਗੀ, ਹਰਿ ਕਰਤਾ ਸ਼ਹਿਨਸ਼ਾਹੀਆ । ਇਨ੍ਹਾਂ ਦੀ ਆਤਮਾ ਤਤ ਸ਼ਰੀਰ ਵਿਚ ਫੇਰ ਜਾਏ ਗੰਢੀ, ਨਾਤਾ ਧਰਮ ਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੀ ਇਕ ਸਰਨਾਈਆ । ਮਾਤੂ ਕਰ ਕੇ ਨਿਮਸਕਾਰ, ਸੀਸ ਦਿਤਾ ਨਿਵਾਈਆ । ਜੇ ਦੋਵੇਂ ਦਿਤੇ ਤਾਰ, ਸਿਰ ਮੇਰੇ ਹੱਥ ਰਖਾਈਆ । ਮੇਰਾ ਤੇਰੇ ਨਾਲ ਪਿਆਰ, ਚਰਨ ਕਵਲ ਸਰਨਾਈਆ । ਨਾਨਕ ਕਿਹਾ ਮੇਰੇ ਚਰਨਾਂ ਦੀ ਮਸਤਕ ਲਾ ਛਾਰ, ਧੂੜੀ ਖ਼ਾਕ ਰਮਾਈਆ । ਫੇਰ ਅਗਲਾ ਜਨਮ ਦਿਆਂ ਸਵਾਰ, ਜਨਮ ਵਿਚੋਂ ਮਾਨਸ ਜਨਮ ਵਿਚ ਬਦਲਾਈਆ । ਮਾਤੂ ਨੇ ਉਠ ਕੇ ਮਾਰੀ ਛਾਲ, ਖ਼ੁਸ਼ੀ ਵਿਚ ਵਡਿਆਈਆ । ਤੂੰ ਸ਼ਾਹ ਤੇ ਮੈਂ ਕੰਗਾਲ, ਤੇਰੀ ਬੇਪਰਵਾਹੀਆ । ਓਨੇ ਚਿਰ ਨੂੰ ਇਕ ਮਾਲਣ ਲੈ ਕੇ ਆ ਗਈ ਹਾਰ, ਫੁੱਲਾਂ ਨਾਲ ਸੁਹਾਈਆ । ਮਾਤੂ ਕੋਲ ਸੀ ਪੈਸੇ ਚਾਰ, ਚਾਰੇ ਕੱਢ ਕੇ ਹੱਥ ਦਿਤੇ ਫੜਾਈਆ । ਮੰਗੇ

ਨਾਲ ਪਿਆਰ, ਮੈਨੂੰ ਦੇ ਦੇ ਜਗਤ ਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਧੁਰ ਮਸਤਕ ਵੇਖ ਵਖਾਈਆ । ਮਾਤ੍ਰ ਲੈ ਕੇ ਤਿੰਨ ਹਾਰ, ਹਿਰਦੇ ਵਿਚ ਵਡਿਆਈਆ । ਨਾਨਕ ਦੇ ਗਲ ਵਿਚ ਦੇਵਾਂ ਡਾਰ, ਨਾਤਾ ਤਿੰਨਾਂ ਦਾ ਤਿੰਨਾਂ ਲੋਕਾਂ ਵਿਚੋਂ ਬਾਹਰ ਸਮਝਾਈਆ । ਆਪਣੀਆਂ ਬਾਹਾਂ ਲਏ ਉਠਾਲ, ਹੱਥਾਂ ਵਿਚ ਲਟਕਾਈਆ । ਨੰਨ੍ਹੀ ਬੱਚੀ ਅੱਗੇ ਆਈ ਬਾਲ, ਹੱਸ ਕੇ ਰਹੀ ਸੁਣਾਈਆ । ਮੈਂ ਪੋਤੇ ਨਾਲ ਪਿਆਰ, ਕਿਉਂ ਮੇਰਾ ਬਾਬਾ ਮੈਨੂੰ ਗੋਦ ਉਠਾਈਆ । ਨਾਨਕ ਕਿਹਾ ਤੁਸੀਂ ਦੋਵੇਂ ਰੱਖੋ ਸੰਭਾਲ, ਆਪਣੇ ਕੋਲ ਟਿਕਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਵਧੇ ਵਿਕਾਰ, ਚਾਰ ਕੁੰਟ ਅੰਧੇਰਾ ਛਾਈਆ । ਤੁਹਾਡਾ ਜਨਮ ਹੋਣਾ ਵਿਚ ਸੰਸਾਰ, ਵਖਰੀ ਵਖਰੀ ਪਿਤਾ ਮਾਈਆ । ਅੰਤ ਲਹਿਣਾ ਦੇਣਾ ਦਏ ਉਤਾਰ, ਮਕ਼ਰੂਜ਼ ਕ਼ਰਜ਼ਾ ਆਪ ਚੁਕਾਈਆ । ਕਲ ਕਲਕੀ ਲਏ ਅਵਤਾਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਮਾਤ੍ਰ ਤੇਰਾ ਪਿਛਲਾ ਹੋਰ ਵਿਹਾਰ, ਨਾਨਕ ਦਏ ਸਮਝਾਈਆ । ਤੇਰਾ ਲੇਖਾ ਬਧਕ ਧਾਰ, ਜਿਸ ਕਮਾਨ ਦਿਤੀ ਬਣਾਈਆ । ਘਰ ਬਾੜੀਆਂ ਤੇਰਾ ਜਨਮ ਅਪਾਰ, ਪੂਰਬ ਲੇਖਾ ਦਏ ਗਵਾਹੀਆ । ਸੋ ਲਹਿਣਾ ਦੇਣਾ ਪੂਰਾ ਕਰੇ ਆਪ ਕਰਤਾਰ, ਕ਼ੁਦਰਤ ਦਾ ਮਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਹਾਰ ਕਹਿਣ ਸਾਨੂੰ ਛੱਡਿਆ ਰੱਖ, ਜਗਤ ਵਿਚ ਲੋਕਾਈਆ । ਅਸੀਂ ਵੇਂਹਦੇ ਰਹੇ ਨਾਲ ਅੱਖ, ਸਾਲ ਬਸਾਲਾ ਖੋਜ ਖੁਜਾਈਆ । ਕਵਣ ਵੇਲਾ ਸਾਡਾ ਮਿਲੇ ਹੱਕ, ਹਕ਼ੀਕ਼ਤ ਪਿਛਲੀ ਝੋਲੀ ਪਾਈਆ । ਪ੍ਰਗਟ ਹੋਵੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਓਹ ਮੰਗੇ ਆਪਣੀ ਵਥ, ਸੰਦੇਸੇ ਵਿਚ ਸੁਣਾਈਆ ।

ਸਾਨੂੰ ਫੜਨ ਦੋਵੇਂ ਵਾਰੋ ਵਾਰੀ ਹੱਥ, ਹੱਥਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਹਾਰ ਕਹੇ ਮਾਤ੍ਰ ਬਣਿਆ ਜਗਤ ਜੁਗਿੰਦਰ, ਨਾਤਾ ਬੱਧਕ ਨਾਲ ਜੁੜਾਈਆ । ਛੋਟੀ ਬੱਚੀ ਧਾਰ ਜੁਗਿੰਦਰ, ਕੌਰ ਕਰਮ ਕਾਂਡ ਵਡਿਆਈਆ । ਸੰਦੇਸੇ ਵਾਲਾ ਯਾਦ ਰਿਹਾ ਪਤ੍ਰ, ਬਿਨ ਪਤ੍ਰਿਕਾ ਦਿਤਾ ਦ੍ਰਿੜਾਈਆ । ਜਿਸ ਦੀ ਲਿਖੀ ਨਹੀਂ ਕੋਈ ਸਤਰ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਓਹ ਸ਼ਬਦ ਸੰਦੇਸ਼ਾ ਦਿਤਾ ਆਪਣੀ ਧਾਰ ਕਰ ਕੇ ਯਤਨ, ਯਥਾਰਥ ਦਿਤਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਜੁਗ ਚੌਕੜੀ ਲਹਿਣਾ ਮੁਕਾਏ ਹੱਥੋ ਹੱਥਨ, ਲੇਖਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਰਗਾਹ ਸਾਚੀ ਆਪਣਾ ਘਰ ਵਖਾਏ ਅਗੰਮਾ ਵਤਨ, ਜਿਸ ਵਤਨ ਵਿਚ ਬੇਵਤਨਾਂ ਲਏ ਮਿਲਾਈਆ ।

### ✳ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਸੋਭਾ ਸਿੰਘ ਦੇ ਗ੍ਰਹਿ ਪਿੰਡ ਵਲੂਰ ਜ਼ਿਲਾ ਫ਼ਿਰੋਜ਼ਪੁਰ ✳

ਅਵਤਾਰ ਕਹਿਣ ਕਲਜੁਗ ਅੰਤਮ ਹੋਣੀ ਜਗਤ ਖ਼ੁਆਰੀ, ਧੀਰਜ ਧੀਰ ਧਰਤ ਧਵਲ ਧੌਲ ਨਾ ਕੋਇ ਰਖਾਈਆ । ਪੈਗ਼ੰਬਰ ਕਹਿਣ ਨੇਤਰ ਰੋ ਕੇ ਦੀਨ ਦੁਨੀ ਕਰਨੀ ਗਿਰਿਆਜ਼ਾਰੀ, ਪਰਵਰਦਿਗਾਰ ਸਾਂਝੇ ਯਾਰ ਸਿਰ ਹੱਥ ਨਾ ਕੋਇ ਟਿਕਾਈਆ । ਗੁਰ ਦਸ ਕਹਿਣ ਕਲਜੁਗ ਜੀਵਾਂ

ਅੰਤਮ ਆਪਣੀ ਬਾਜ਼ੀ ਹਾਰੀ, ਜੀਵਣ ਜੁਗਤ ਮਿਲੇ ਨਾ ਕਿਸੇ ਵਡਿਆਈਆ । ਪੁਰਖ ਅਕਾਲ ਕਹੇ ਮੈਂ ਸਭ ਨੂੰ ਵੇਖਾਂ ਵਾਰੋ ਵਾਰੀ, ਨਿਰਗੁਣ ਹੋ ਕੇ ਸਰਗੁਣ ਖੋਜ ਖੁਜਾਈਆ । ਜੋ ਸ਼ਾਸਤਰ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬਣੇ ਪੁਜਾਰੀ, ਰਸਨਾ ਜਿਹਵਾ ਬੱਤੀ ਦੰਦ ਸੋਹਲੇ ਢੋਲੇ ਰਾਗ ਅਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖਾਂ ਗੁਰੂਦਵਾਰੀ, ਸਾਢੇ ਤਿੰਨ ਹੱਥ ਕਾਇਆ ਮਾਟੀ ਫੋਲ ਫੁਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੱਕਾਂ ਤੀਰਥ ਤਟ ਕਿਨਾਰੀ, ਸਰ ਸਰੋਵਰ ਜਗਤ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਦ੍ਰਿਸ਼ਟੀ ਪਾਵਾਂ ਸਾਰੀ, ਚਾਰ ਵਰਨ ਅਠਾਰਾਂ ਬਰਨ ਵੇਖਾਂ ਚਾਓ ਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਸਭ ਦਾ ਲਹਿਣਾ ਦੇਣਾ ਦੇਵਾਂ ਬਣ ਵਡ ਸੰਸਾਰੀ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਾਲ ਰਲਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਗੜ੍ਹ ਤੋੜਾਂ ਹੰਕਾਰੀ, ਆਤਮ ਪਰਮਾਤਮ ਪਰਮਾਤਮ ਆਤਮ ਇਕ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਦੱਸਾਂ ਨਾਮ ਜੈਕਾਰੀ, ਤੂੰ ਮੇਰਾ ਮੈਂ ਤੇਰਾ ਢੋਲਾ ਇਕ ਸਮਝਾਈਆ । ਦੀਨ ਮਜ਼੍ਹਬ ਦੀ ਚਾਰ ਕੁੰਟ ਦਹਿ ਦਿਸ਼ਾ ਵੇਖਾਂ ਗ਼ਦਾਰੀ, ਮਨਮੁਖ ਜੀਵ ਲੱਭਣ ਥਾਉਂ ਥਾਈਂਆ । ਸਦੀ ਚੌਧਵੀਂ ਸਭ ਨੂੰ ਰਹੀ ਵੰਗਾਰੀ, ਉਚੀ ਕੂਕ ਕੂਕ ਸੁਣਾਈਆ । ਕੁਦਰਤ ਦਾ ਕ਼ਾਦਰ ਕਰਨੀ ਦਾ ਕਰਤਾ ਕਰੇ ਖੇਲ ਨਿਆਰੀ, ਨਿਆਂਕਾਰ ਆਪਣਾ ਹੁਕਮ ਵਰਤਾਈਆ । ਸਚ ਦਵਾਰ ਸਚ ਧਰਮ ਦੀ ਦੱਸੇ ਯਾਰੀ, ਯਰਾਨੇ ਕੂੜੇ ਤੋੜ ਤੁੜਾਈਆ । ਦਰਗਾਹ ਸਾਚੀ ਸਚਖੰਡ ਬਹਿ ਕੇ ਧੁਰ ਦਾ ਬਣੇ ਸ਼ਿਕਦਾਰੀ, ਨਾਮ ਸੰਦੇਸਾ ਇਕ ਸੁਣਾਈਆ । ਅੰਤਮ ਸਭ ਦੀ ਲੋਕਮਾਤ ਆਈ ਵਾਰੀ, ਵਾਰਸ ਰਹਿਣ ਕੋਇ ਨਾ ਪਾਈਆ । ਝਗੜਾ ਮੁਕੇ ਜੀਵ ਗਵਾਰੀ, ਤਨ ਵਜੂਦ ਮਹਿਬੂਬ ਕਰੇ ਸਫ਼ਾਈਆ । ਜਿਹੜੀ ਗੁਰੂਆਂ ਉਤੇ ਹੋਈ ਬੇਇਤਬਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਤੇਈ ਅਵਤਾਰ ਕਹਿਣ ਸਾਡੀ ਮਾਤਲੋਕ ਵਿਚੋਂ ਹੋਈ ਤ੍ਰਿਪਤ, ਤ੍ਰਿਸ਼ਨਾ ਅੱਗੇ ਨਾ ਕੋਇ ਵਖਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਸਾਡਾ ਪੂਰਾ ਹੋਇਆ ਭਵਿਖਤ, ਅੱਗੇ ਰਾਹ ਨਾ ਕੋਇ ਜਣਾਈਆ । ਨਾਨਕ ਗੋਬਿੰਦ ਕਹੇ ਲੇਖਾ ਮੁੱਕਣ ਲੱਗਾ ਜਗਤ ਲਿਖਤ, ਪੁਰਖ ਅਕਾਲਾ ਲਹਿਣਾ ਦੇਣਾ ਜਾਣੇ ਥਾਉਂ ਥਾਈਂਆ । ਪਰਵਰਦਿਗਾਰ ਕਹੇ ਮੈਂ ਸਭ ਦਾ ਸਾਂਝਾ ਕਰਨਾ ਇਸ਼ਟ, ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਦੇਣਾ ਮੁਕਾਈਆ । ਮਾਨਵ ਜ਼ਾਤੀ ਅੰਦਰੋਂ ਖੋਲ੍ਹ ਕੇ ਦ੍ਰਿਸ਼ਟ, ਦਿਸ਼ਾ ਆਪਣੀ ਦੇਣੀ ਸਮਝਾਈਆ । ਮਮਤਾ ਕਰ ਕੇ ਨਿਸ਼ਟ, ਦੂਰ ਦੁਰਾਚਾਰ ਡੇਰਾ ਢਾਹੀਆ । ਲੇਖਾ ਅਜੇ ਨਾ ਕੋਇ ਬਾਲਿਸ਼ਤ, ਨਾਮ ਨਾਪ ਦੇਣਾ ਸਮਝਾਈਆ । ਤਨ ਵਜੂਦ ਮਿਟੇ ਇਸ਼ਕ, ਆਤਮ ਪਰਮਾਤਮ ਮੇਲਾ ਗਿਆ ਮਿਲਾਈਆ । ਕੂੜ ਕੁੜਿਆਰਾ ਰਹੇ ਕੋਇ ਨਾ ਨਿੰਦਕ, ਹਰਿਜਨ ਸਾਚੇ ਲੈਣੇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਰੰਗ ਆਪ ਰੰਗਾਈਆ । ਤੇਈ ਅਵਤਾਰ ਕਹਿਣ ਲੇਖਾ ਮੁੱਕਣ ਲੱਗਾ ਲੋਕਮਾਤ, ਹਰਿ ਕਰਤਾ ਆਪ ਮੁਕਾਈਆ । ਪੈਗ਼ੰਬਰ ਕਹਿਣ ਸਾਡਾ ਲਹਿਣਾ ਦੇਣਾ ਪੂਰਾ ਹੋਣ ਲੱਗਾ ਜਗਤ ਸਾਥ, ਅੱਗੇ ਲੇਖਾ ਅਵਰ ਨਾ ਕੋਇ ਵਧਾਈਆ । ਗੁਰੂ ਗੁਰਦੇਵ ਕਹਿਣ ਸਾਡਾ ਪੂਰਾ ਹੋਏ ਭਵਿਖਤ ਵਾਕ, ਵਾਕਿਫ਼ਕਾਰ ਦਏ ਗਵਾਹੀਆ । ਜਿਸ ਨੇ ਜਗਤ ਨਾਤਾ ਤੋੜਨਾ ਨਾਤ, ਪਿਤਾ ਭੈਣ ਭਾਈ ਸੱਜਣ ਸਾਕ, ਸਾਕਾ ਆਪਣਾ ਦਏ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਦੱਸਣਾ ਇਤਫ਼ਾਕ, ਇਤਫ਼ਾਕੀਆ ਆਪਣੀ ਖੇਲ ਖਿਲਾਈਆ । ਨਾਮ ਸੰਦੇਸ਼ੇ ਦੱਸਣੇ ਬਾਤ, ਰਸਨਾ

ਜਿਹਵਾ ਨਾ ਕੋਇ ਪੜ੍ਹਾਈਆ । ਝਗੜਾ ਮੇਟ ਦੇਣਾ ਕਾਗ਼ਜ਼ਾਤ, ਕਲਮਾ ਕਲਮਾ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਨੂਰ ਅਲਾਹੀਆ । ਤੇਈ ਅਵਤਾਰ ਕਹਿਣ ਅਸੀਂ ਕਰੀਏ ਨਮਸਕਾਰ, ਡੰਡਾਵਤ ਵਿਚ ਸੀਸ ਨਿਵਾਈਆ । ਪੈਗ਼ੰਬਰ ਕਹਿਣ ਕੀ ਕਰੇ ਸਾਡਾ ਸਾਂਝਾ ਯਾਰ, ਜਲਵਾਗਰ ਨੂਰ ਅਲਾਹੀਆ । ਕਲਜੁਗ ਅੰਤ ਦੀਨ ਦੁਨੀ ਹੋਈ ਗ਼ਦਾਰ, ਗ਼ਦਰ ਪਿਆ ਥਾਉਂ ਥਾਈਂਆ । ਆਤਮ ਜੋਤੀ ਹੋਏ ਨਾ ਕਿਸੇ ਉਜਿਆਰ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਦੀਨ ਦੁਨੀ ਕਰੇ ਵਿਭਚਾਰ, ਕੁਕਰਮਾਂ ਵਿਚ ਵਡਿਆਈਆ । ਸਾਚੇ ਨਾਮ ਦਾ ਬੋਲੇ ਨਾ ਕੋਇ ਜੈਕਾਰ, ਤੂੰ ਹੀ ਤੂੰ ਹੀ ਰਾਗ ਨਾ ਕੇਇ ਅਲਾਹੀਆ । ਚਾਰ ਵਰਨਾਂ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸਦੀ ਚੌਧਵੀਂ ਅੰਤ ਸਭ ਨੇ ਹੋਣਾ ਖ਼ੁਆਰ, ਖ਼ੁਆਰੀ ਘਰ ਘਰ ਵੇਖ ਵਖਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਰ ਨਿਰੰਕਾਰਾ ਵੇਖ ਵਖਾਈਆ । ਜੋ ਏਥੇ ਓਥੇ ਦੋ ਜਹਾਨਾਂ ਪਾਏ ਸਾਰ, ਚੌਦਾਂ ਲੋਕ ਚੌਦਾਂ ਤਬਕ ਖੋਜ ਖੁਜਾਈਆ । ਜਨ ਭਗਤਾਂ ਬੇੜਾ ਡੁੱਬਣ ਨਾ ਦੇਵੇ ਵਿਚ ਸੰਸਾਰ, ਨਈਆ ਨੌਕਾ ਨਾਮ ਆਪਣਾ ਇਕ ਪ੍ਰਗਟਾਈਆ । ਸੰਤ ਸੁਹੇਲਾ ਬਣ ਕੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸਿਫ਼ਤਾਂ ਵਾਲਾ ਦੱਸ ਇਜ਼ਹਾਰ, ਮਹਿੰਮਾ ਅਗਾਧ ਬੋਧ ਜਣਾਈਆ । ਸਭ ਨੂੰ ਮੰਨਣਾ ਪਵੇ ਇਕ ਨਿਰੰਕਾਰ, ਇਕੋ ਢੋਲਾ ਰਾਗ ਨਾਦ ਦਏ ਸੁਣਾਈਆ । ਜਗਤ ਛੱਡਣਾ ਪਏ ਸੰਸਾਰ, ਸਾਹਿਬ ਸਵਾਮੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰਬ ਜਨਮ ਦਾ ਕ਼ਰਜ਼ ਲਾਹੇ ਉਧਾਰ, ਉੱਤਰ ਪੂਰਬ ਪੱਛਮ ਦੱਖਣ ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ ।

੮੫੫ ੨੧

### ✻ ੧੯ ਮਾਘ ਸ਼ਹਿਨਸ਼ਾਹੀ ਸੰਮਤ ੪ ਕੁਲਵੰਤ ਕੌਰ ਦੇ ਗ੍ਰਿਹ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ✻

ਤੇਈ ਅਵਤਾਰ ਕਹਿਣ ਪ੍ਰਭ ਦੀ ਧਾਰ ਤੱਕਿਆ ਪੂਰਨ, ਪ੍ਰਭ ਪੂਰਨ ਨਜ਼ਰੀ ਆਈਆ । ਪੈਗ਼ੰਬਰ ਕਹਿਣ ਪ੍ਰਭੂ ਦਾ ਪਿਆਰ ਤੱਕਿਆ ਪੂਰਨ, ਪਰਵਰਦਿਗਾਰ ਪੂਰਨ ਨੂਰ ਅਲਾਹੀਆ । ਗੁਰ ਦਸ ਕਹਿਣ ਪ੍ਰਭ ਦਾ ਸ਼ਿੰਗਾਰ ਤੱਕਿਆ ਪੂਰਨ, ਸ਼ਬਦੀ ਧਾਰ ਸ਼ਬਦ ਵਡਿਆਈਆ । ਭਗਤ ਕਹਿਣ ਪ੍ਰਭੂ ਦਾ ਵਿਹਾਰ ਤੱਕਿਆ ਪੂਰਨ, ਉਜਾਲਾ ਪੂਰਨ ਨਜ਼ਰੀ ਆਈਆ । ਸੂਫ਼ੀ ਕਹਿਣ ਜਲਵਾ ਨੂਰ ਉਜਿਆਰ ਤੱਕਿਆ ਪੂਰਨ, ਅਲਾਹੀ ਨੂਰ ਪੂਰਨ ਨਜ਼ਰੀ ਆਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਂਝਾ ਯਾਰ ਤੱਕਿਆ ਪੂਰਨ, ਦੇਵਤ ਸੁਰ ਪੂਰਨ ਸੀਸ ਨਿਵਾਈਆ । ਚਾਰ ਜੁਗ ਕਹਿਣ ਸਭ ਦਾ ਮਾਲਕ ਅਖਤਿਆਰ ਤੱਕਿਆ ਪੂਰਨ, ਮੁਖ਼ਤਿਆਰ ਪੂਰਨ ਸੋਭਾ ਪਾਈਆ । ਦੋ ਜਹਾਨ ਬ੍ਰਹਿਮੰਡ ਖੰਡ ਕਹਿਣ ਨਿਮਸਕਾਰ ਇਕੋ ਪ੍ਰਭੂ ਪ੍ਰਭ ਪੂਰਨ, ਡੰਡਾਵਤ ਬੰਦਨਾ ਸੱਯਦਾ ਪੂਰਨ ਸੋਭਾ ਪਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਸਿਫ਼ਤ ਦੀ ਧਾਰ ਪੂਰਨ, ਚਾਰ ਬਾਣੀ ਦੀ ਮਹਿੰਮਾ ਪ੍ਰਭ ਪੂਰਨ ਨਜ਼ਰੀ ਆਈਆ । ਮਹੱਲ ਅਟੱਲ ਮੁਨਾਰ ਕਹਿਣ ਸਚਖੰਡ ਕਰਤਾਰ ਪੂਰਨ, ਕਰਨੀ ਦਾ ਕਰਤਾ ਪ੍ਰਭ ਪੂਰਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸੋ ਪੁਰਖ ਨਿਰੰਜਣ ਕਹੇ ਮੇਰਾ ਵਿਵਹਾਰ ਪੂਰਨ, ਹਰਿ

ਪੁਰਖ ਨਿਰੰਜਣ ਪੂਰਨ ਰੰਗ ਰੰਗਾਈਆ । ਏਕੰਕਾਰ ਕਹੇ ਸਭ ਦਾ ਅਧਾਰ ਪੂਰਨ, ਆਦਿ ਨਿਰੰਜਣ ਪੂਰਨ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕਹੇ ਸ਼ਾਹ ਸਵਾਰ ਪੂਰਨ, ਸ੍ਰੀ ਭਗਵਾਨ ਪੂਰਨ ਰੂਪ ਨਜ਼ਰੀ ਆਈਆ । ਪਾਰਬ੍ਰਹਮ ਕਹੇ ਮੇਰਾ ਆਕਾਰ ਪੂਰਨ, ਨਿਰਾਕਾਰ ਪੂਰਨ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਤਿਕਾਰ ਪੂਰਨ, ਬਿਨ ਪੂਰਨ ਪੂਰਨ ਪੂਰਨ ਸਤਿਗੁਰ ਨਾ ਕੋਇ ਅਖਵਾਈਆ । ਦੋ ਜਹਾਨਾਂ ਮਦਦਗਾਰ ਪੂਰਨ, ਬਿਨ ਪੂਰਨ ਪਰਮ ਪੁਰਖ ਨਾ ਕੋਇ ਮਿਲਾਈਆ । ਸਚਖੰਡ ਦਾ ਸੱਚਾ ਹੱਕਦਾਰ ਪੂਰਨ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੂਰਨ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸਚਖੰਡ ਕਹੇ ਮੇਰਾ ਪ੍ਰੀਤਮ ਪੂਰਨ, ਪੂਰਨ ਪੂਰਨ ਪੂਰਬ ਜਣਾਈਆ । ਦਰਗਾਹ ਸਾਚੀ ਬਹੇ ਮੇਰਾ ਖ਼ਬਰਦਾਰ ਪੂਰਨ, ਪੂਰਨ ਪੂਰਨ ਪੂਰਨ ਬ੍ਰਹਮ ਰਿਹਾ ਜਗਾਈਆ । ਸਚ ਸਿੰਘਾਸਣ ਕਹੇ ਮੇਰਾ ਤਰਫ਼ਦਾਰ ਪੂਰਨ, ਬਿਨਾ ਪੂਰਨ ਪੂਰਨ ਸੋਭਾ ਕੋਇ ਨਾ ਪਾਈਆ । ਤਖ਼ਤ ਕਹੇ ਮੇਰਾ ਤਖ਼ਤਨਿਵਾਸੀ ਨਿਰਾਕਾਰ ਪੂਰਨ, ਸਾਕਾਰ ਪੂਰਨ ਪੂਰਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਕਹੇ ਪ੍ਰਭ ਪੂਰਨ ਪੂਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦੀ ਹਾਜ਼ਰ ਹਜ਼ੂਰਾ, ਹਜ਼ਰਤਾਂ ਦਏ ਵਡਿਆਈਆ । ਜਿਸ ਨੇ ਸੂਲੀ ਚਾੜ੍ਹੇ ਮਨਸੂਰਾ, ਐਹਨਲਹੱਕ ਦੁਹਾਈਆ । ਸੋ ਲੇਖਾ ਸਭ ਦਾ ਜਾਣੇ ਜ਼ਰੂਰਾ, ਜ਼ਰੂਰਤ ਵੇਖੇ ਥਾਉਂ ਥਾਈਆ । ਢੋਲਾ ਹੁਕਮ ਕਰੇ ਮਨਜ਼ੂਰਾ, ਮਨਜ਼ੂਰੀ ਵਿਚ ਮੰਜ਼ਲ ਰਾਹ ਜਣਾਈਆ । ਧਰਮ ਦੀ ਧਾਰ ਬਣ ਭਰਪੂਰਾ, ਦੋ ਜਹਾਨਾਂ ਖੇਲ ਖਿਲਾਈਆ । ਸਭ ਦੇ ਬਖ਼ਸ਼ਣਹਾਰ ਕ਼ਸੂਰਾ, ਕਰਮ ਕਾਂਡ ਦਾ ਡੇਰਾ ਢਾਹੀਆ । ਜਿਨ੍ਹਾਂ ਨੂੰ ਬਖ਼ਸ਼ੇ ਚਰਨ ਧੂੜਾ, ਦੁਰਮਤ ਮੈਲ ਦਏ ਗਵਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਅਗੰਮਾ ਰੰਗ ਰੰਗਾਈਆ । ਸਚ ਦਵਾਰ ਬਣਾ ਮਜ਼ਦੂਰਾ, ਸਭ ਦੀ ਸੇਵਾ ਆਪਣੇ ਹੱਥ ਵਿਚ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦ ਭਰਪੂਰਾ, ਮਾਂਗਤ ਹੋ ਨਾ ਝੋਲੀ ਡਾਹੀਆ । ਕਲਜੁਗ ਅੰਤ ਜਨ ਭਗਤਾਂ ਮੇਟੇ ਸਰਬ ਕ਼ਸੂਰਾ, ਵਿਛੜਿਆਂ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਦਹਿ ਦਿਸ਼ਾ ਹਾਜ਼ਰ ਹਜ਼ੂਰਾ, ਹਰਿ ਹਿਰਦੇ ਅੰਤਰ ਨਿਰੰਤਰ ਹੋ ਕੇ ਆਪਣਾ ਡੇਰਾ ਲਾਈਆ ।

### ✻ ੨੦ ਮਾਘ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਹਿ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਗਹਿਰ ਗੰਭੀਰ ਸਾਗਰ ਸਿੰਧੂ, ਸਾਹਿਬ ਸਵਾਮੀ ਤੇਰੀ ਇਕ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਦੇਵਤ ਸੁਰ ਰਾਜਾ ਇੰਦੂ, ਇੰਦ੍ਰਾਸਣ ਸਿੰਘਾਸਣ ਨਾ ਕੋਇ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਫ਼ਕੀਰ ਤੇਰਾ ਬਿੰਦੂ, ਬਿਨ ਆਤਮ ਤਨ ਵਜੂਦ ਨਾ ਕੋਇ ਵਡਿਆਈਆ । ਸਾਢੇ ਤਿੰਨ ਹੱਥ ਪੰਜ ਤਤ ਕਾਇਆ ਤੇਰਾ ਪਿੰਡੂ, ਜੀਵ ਜੀਅ ਤੇਰਾ ਨਜ਼ਰੀ ਆਈਆ । ਸਤਿਜੁਗ ਸਾਚੇ ਪ੍ਰਭੂ ਤੈਨੂੰ ਮਾਤ ਕੋਇ ਨਾ ਨਿੰਦੂ, ਨਿੰਦਕ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਕਰਮ ਕਾਂਡ ਦਾ ਮੇਟਣਾ ਚਿੰਦੂ, ਚਿੰਤਾ ਦੁੱਖ ਨਾ ਕੋਇ ਰਖਾਈਆ ।

ਤੇਰਾ ਸਾਂਝਾ ਪਿਆਰ ਹੋਵੇ ਸਿੱਖ ਈਸਾਈ ਮੁਸਲਿਮ ਹਿੰਦੂ, ਹਰ ਹਿਰਦਾ ਤੇਰਾ ਨਾਮ ਧਿਆਈਆ । ਪ੍ਰੇਮ ਪਿਆਰ ਮੁਹੱਬਤ ਵਿਚ ਤੂੰ ਪ੍ਰੀਤਮ ਹੋਵੇ ਜਿੰਦੂ, ਜ਼ਿੰਦਗਾਨੀ ਜੀਵਨ ਜੁਗਤ ਤੇਰੇ ਹੱਥ ਰਖਾਈਆ । ਤੇਰਾ ਗੁਰਮੁਖ ਦਵਾਰਾ ਤੇਰਾ ਹੋਵੇ ਛਿੰਦੂ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀ ਗੋਦ ਟਿਕਾਈਆ । ਕਲਜੁਗ ਕੂੜੀ ਕਿਰਿਆ ਜਗਤ ਵਾਸਨਾ ਮਾਇਆ ਮਮਤਾ ਗੁਰਮੁਖਾਂ ਅੰਦਰੋਂ ਕੱਢ ਜਿਉਂ ਨਿਚੋੜਿਆ ਨਿੰਬੂ, ਨਿਮਰਤਾ ਹਲੀਮੀ ਸੁਚੱਜਤਾ ਨੂੰ ਦੇ ਵਡਿਆਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਵਡ ਮਰਗਿੰਦੂ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਤੇਰਾ ਡੰਕਾ ਵੱਜੇ ਦੋ ਜਹਾਨ ਮਰਦੰਗ ਕਿੰਗਰੇ ਕਿੰਗਰੇ ਕਿੰਗੂ, ਨਾਦ ਅਨਾਦੀ ਦੇਣਾ ਸੁਣਾਈਆ । ਅਸੀਂ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਨਿੱਕੇ ਨਿੱਕੇ ਟਿੰਡੂ, ਸ਼ਾਖ਼ਾਂ ਟਹਿਣੀਆਂ ਨਜ਼ਰੀ ਆਈਆ । ਚਾਰ ਜੁਗ ਦੇ ਪਿਛਲੇ ਮਾਰਗ ਰਾਹ ਮੇਟ ਦੇ ਡਿੰਗੂ, ਮਜ਼੍ਹਬਾਂ ਵਾਲੀ ਧਾਰ ਨਾ ਕੋਇ ਜਣਾਈਆ । ਪੂਜਾ ਰਹੇ ਨਾ ਕਿਸੇ ਸਰਗੁਣ ਧਾਰ ਪਾਹਨ ਪੱਥਰ ਲਿੰਗੂ, ਪੱਥਰ ਇੱਟ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਚੀ ਸਿਖਿਆ ਦਏ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਬਹੁ ਤੇਰੀ ਕੀਤੀ ਸਿਫ਼ਤ, ਸਿਫ਼ਤਾਂ ਵਿਚ ਸਾਲਾਹੀਆ । ਅੱਖਰਾਂ ਨਾਲ ਬਣਾਈ ਲਿਖਤ, ਸ਼ਬਦਾਂ ਵਿਚ ਵਡਿਆਈਆ । ਪ੍ਰੇਮ ਦਾ ਦੱਸਿਆ ਇਸ਼ਕ, ਮੁਹੱਬਤ ਨਾਲ ਜੁੜਾਈਆ । ਰਾਹ ਦੱਸ ਕੇ ਸਾਰੇ ਆਏ ਖ਼ਿਸਕ, ਲੋਕਮਾਤ ਪੰਧ ਮੁਕਾਈਆ । ਮੁੜ ਕੇ ਵੇਖਣ ਗਿਆ ਕੋਇ ਨਾ ਲੱਗਾ ਤਿਲਕ, ਜੰਞੂ ਬੋਦੀ ਨਾ ਖੋਜ ਖੁਜਾਈਆ । ਸੀਸ ਪੱਟੀ ਨਾ ਤੱਕੀ ਕਿਹੜੀ ਰੱਖੀ ਲਿਸ਼ਕ, ਆਪਣੀ ਚਮਕ ਚਮਕਾਈਆ । ਪਰਦਾ ਖੋਲ੍ਹਿਆ ਨਾ ਟਾਂਕ ਜਿਸਤ, ਨਿਰਗੁਣ ਸਰਗੁਣ ਨਾ ਜੋੜ ਜੁੜਾਈਆ । ਏਸੇ ਕਰ ਕੇ ਪ੍ਰਭੂ ਸਭ ਨੂੰ ਲੈਣੀ ਪਈ ਰਿਸਕ, ਝੋਲੀਆਂ ਤੇਰੇ ਅੱਗੇ ਡਾਹੀਆ । ਲਾਰਾ ਦੇਂਦੇ ਆਏ ਸਵਰਗ ਬਹਿਸ਼ਤ, ਥਪਕੀਆਂ ਨਾਲ ਥਪਕਾਈਆ । ਜਗਤ ਵਾਸਨਾ ਭੋਗ ਕੇ ਆਏ ਗ੍ਰਹਿਸਤ, ਪੁੱਤਰ ਧੀਆਂ ਨਾਲ ਵਡਿਆਈਆ । ਚਾਰ ਜੁਗ ਦੀ ਸਾਡੀ ਵੇਖ ਲਿਸਟ, ਫ਼ਰਿਸਤ ਆਪਣੀ ਫੋਲ ਫੁਲਾਈਆ । ਸਦੀ ਚੌਧਵੀਂ ਅਸੀਂ ਖੋਲ੍ਹ ਨਾ ਸਕੀਏ ਕਿਸੇ ਦੀ ਦ੍ਰਿਸ਼ਟ, ਦ੍ਰਿਸ਼ਟਾਂਤ ਗ੍ਰੰਥ ਦੇਣ ਗਵਾਹੀਆ । ਤੇਰਾ ਏਕਾ ਨੂਰ ਨਜ਼ਰ ਨਾ ਆਇਆ ਇਸ਼ਟ, ਈਸ਼ਵਰ ਤੇਰੀ ਸਮਝ ਕਿਸੇ ਨਾ ਆਈਆ । ਸਭ ਦੀ ਬੁੱਧੀ ਹੋਈ ਭ੍ਰਿਸ਼ਟ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਧੂ ਦਿਸੇ ਨਾ ਕੋਇ ਨਿਰਇਛਤ, ਇਛਿਆ ਵਿਚ ਸਰਬ ਹਲਕਾਈਆ । ਸਾਚਾ ਨਜ਼ਰ ਨਾ ਆਏ ਕੋਈ ਭਿਖਕ, ਭਿਖਿਆ ਨਾਮ ਨਾ ਕੋਇ ਵਰਤਾਈਆ । ਸਾਹਿਬ ਸਤਿਗੁਰ, ਸਾਬਤ ਰਿਹਾ ਨਾ ਕਿਸੇ ਸਿਦਕ, ਸਬੂਰੀ ਵਿਚ ਨਾ ਕੋਇ ਸਮਾਈਆ । ਤੂੰ ਘਰ ਘਰ ਦੇਵਣਹਾਰਾ ਰਿਜ਼ਕ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਜੀਵ ਜਗਤ ਤਮਾਸ਼ਾ ਵੇਖਣ ਮਿਊਜ਼ਕ, ਮਜ਼ਾ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਜਗਤ ਵੇਖ ਗੰਢ, ਗੰਢਣਹਾਰ ਗੋਪਾਲ ਸਵਾਮੀ ਦਇਆ ਕਮਾਈਆ । ਪਿਛਲੀ ਦਵੈਤ ਦੀ ਢਾਹ ਦੇ ਕੰਧ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਾਰੇ ਤੇਰਾ ਢੋਲਾ ਗਾਈਏ ਛੰਦ, ਸੋਹੰ ਰਾਗ ਅਲਾਹੀਆ । ਸਚਖੰਡ ਨਿਵਾਸੀ ਤੇਰਾ ਮਾਣੀਏ ਆਨੰਦ, ਅਨੰਦ ਅਨੰਦ ਵਿਚੋਂ ਵਖਾਈਆ । ਗਾਈਏ ਸਿਫ਼ਤ ਬਿਨ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਤੇਰਾ ਪ੍ਰਕਾਸ਼ ਤੱਕੀਏ ਬਿਨ ਸੂਰੀਆ ਚੰਦ, ਦਿਵਸ ਰੈਣ ਨਾ ਵੰਡ ਵੰਡਾਈਆ । ਤੇਰਾ

ਹੁਕਮ ਮੰਨੀਏ ਵਿਚ ਬ੍ਰਹਿਮੰਡ, ਵਰਭੰਡ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਪਾਖੰਡ, ਧਰਨੀ ਧਰਤ ਧਵਲ ਧੌਲ ਸੁੱਖ ਸੁੱਖਾਈਆ । ਲਹਿਣਾ ਦੇਣਾ ਵੇਖ ਜੇਰਜ ਅੰਡ, ਉਤਭੁਜ ਸੇਤਜ ਖੋਜ ਖੁਜਾਈਆ । ਸਾਡਾ ਵਕਤ ਵੇਲਾ ਰਿਹਾ ਲੰਘ, ਘੜੀ ਪਲ ਦਏ ਗਵਾਹੀਆ । ਤੇਰਾ ਨੂਰ ਜ਼ਹੂਰ ਤੱਕੀਏ ਸੇਜਾ ਇਕ ਪਲੰਘ, ਸਿੰਘਾਸਣ ਸੋਹਣਾ ਸੋਭਾ ਪਾਈਆ । ਤੇਰੇ ਨਾਮ ਦਾ ਵੱਜੇ ਮਰਦੰਗ, ਦੂਜਾ ਰਾਗ ਨਾ ਕੋਇ ਅਲਾਈਆ । ਆਤਮ ਧਾਰ ਉਪਜੇ ਸੰਜਅ, ਪਰਮਾਤਮ ਵਡ ਵਡਿਆਈਆ । ਜਨ ਭਗਤਾਂ ਨੰਗੀ ਹੋਣ ਨਾ ਦੇਵੀਂ ਕੰਡ, ਕੰਢੀ ਬੈਠੇ ਧਿਆਨ ਲਗਾਈਆ । ਜਗਤ ਸ੍ਰਿਸ਼ਟੀ ਹੈਰਾਨ ਹੋਵੇ ਦੰਗ, ਦੰਗੇ ਫ਼ਸਾਦ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਲੇਖਾ ਰਹੇ ਨਾ ਜਮਨਾ ਸੁਰਸਤੀ ਗੋਦਾਵਰੀ ਗੰਗ, ਗੰਗੋਤਰੀ ਧਾਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦਿਸੇ ਨਿਗੁਰੀ, ਸਤਿਗੁਰ ਇਸ਼ਕ ਗਏ ਭੁਲਾਈਆ । ਜਗਤ ਕਸਾਈ ਬਣੀ ਸ਼ਰਅ ਛੁਰੀ, ਸ਼ਰੀਅਤ ਵਿਚ ਰਗੜਾਈਆ । ਸਭ ਦੀ ਨੀਤੀ ਹੋ ਗਈ ਬੁਰੀ, ਭੈਣਾਂ ਨੂੰ ਤੱਕਣ ਭਾਈਆ । ਮਾਣ ਰਿਹਾ ਨਾ ਕਿਸੇ ਧੀ ਕੁੜੀ, ਨਾਰ ਕੰਤ ਨਾ ਕੋਇ ਸੁਹਾਈਆ । ਤੇਰੇ ਨਾਲ ਪ੍ਰਭੂ ਪ੍ਰੀਤੀ ਕਿਸੇ ਨਾ ਜੁੜੀ, ਸਾਰੇ ਸਾਨੂੰ ਮੰਨ ਕੇ ਝਟ ਲੰਘਾਈਆ । ਤੇਰੇ ਪਿਆਰ ਦੀ ਮਿਲੀ ਕਿਸੇ ਨਾ ਪੁੜੀ, ਹਉਮੇ ਰੋਗ ਨਾ ਕੋਇ ਮੁਕਾਈਆ । ਦੀਨ ਦੁਨੀ ਜਾਏ ਰੁੜ੍ਹੀ, ਖੇਵਟ ਖੇਟਾ ਨਾ ਕੋਇ ਸਹਾਈਆ । ਝੂਠੇ ਮਾਰਗ ਜਾਂਦੀ ਟੁਰੀ, ਤੁਰੀਆ ਪਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਛੱਡੀਏ ਜਗਤ ਕ਼ਬੀਲਾ, ਕਾਮਲ ਮੁਰਸ਼ਦ ਤੇਰੀ ਸ਼ਰਨਾਈਆ । ਦੀਨ ਮਜ਼੍ਹਬ ਦਾ ਬਣੇ ਨਾ ਕੋਇ ਵਸੀਲਾ, ਇਕੋ ਵਸਲ ਤੇਰਾ ਯਾਰ ਨੂਰ ਅਲਾਹੀਆ । ਸਚ ਧਾਰ ਤੂੰ ਨਿਰੰਕਾਰ ਤੱਕਿਆ ਅਮੀਨਾ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਜਗਤ ਜਹਾਨ ਹੋਇਆ ਕਮੀਨਾ, ਹੋਛੀ ਮਤ ਬਣਾਈਆ । ਤੇਰਾ ਨੂਰ ਨਜ਼ਰ ਨਾ ਆਵੇ ਕਿਸੇ ਵਿਚ ਸੀਨਾ, ਛਾਤੀ ਕਮਲਾਪਾਤੀ ਸੋਭਾ ਕੋਇ ਨਾ ਪਾਈਆ । ਮਨ ਕਲਪਣਾ ਜਗਤ ਬੁੱਧੀ ਹੋਈ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਕੋਟਾਂ ਵਿਚੋਂ ਤੇਰਾ ਭਗਤ ਵੇਖਿਆ ਇਕ ਨਗੀਨਾ, ਜਿਸ ਦੀ ਕ਼ੀਮਤ ਨਾ ਕੋਇ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸਾਨੂੰ ਮਿਲਿਆ ਇਹੋ ਮਾਘ ਮਹੀਨਾ, ਜਿਸ ਦੀ ਮਹੀਨ ਧਾਰ ਸਮਝ ਕਿਸੇ ਨਾ ਪਾਈਆ । ਅਗਲਾ ਹੁਕਮ ਸੁਣ ਕੇ ਸਾਨੂੰ ਬਿਨਾ ਤੱਤਾਂ ਤੋਂ ਆਵੇ ਪਸੀਨਾ, ਅੰਤਰ ਗਰਮੀ ਰਹੀ ਸਤਾਈਆ । ਦੀਨ ਦੁਨੀ ਦੀ ਹਾਲਤ ਵਿਗੜੇ ਕੀ ਖੇਲ ਕਰਨਾ ਰੂਸਾ ਚੀਨਾ, ਚੈਨ ਐਨ ਲੈਣ ਕੋਇ ਨਾ ਪਾਈਆ । ਕੀ ਝਗੜਾ ਪੈਣਾ ਮੱਕਾ ਮਦੀਨਾ, ਕਾਅਬਿਆਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਪਿਆਰ ਕੋਈ ਸ਼ਹਾਦਤ ਨਹੀਂ ਜਲ ਮੀਨਾ, ਮੀਨ ਜਲ ਪਿਆਰ ਕੰਮ ਕਿਸੇ ਨਾ ਆਈਆ ।

## ✻ ੨੦ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਲੱਖਣ ਸਿੰਘ ਦੇ ਗ੍ਰਿਹਿ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ✻

ਅਵਤਾਰ ਪੈਗ਼ੰਬਰ ਗੁਰ ਸਚਖੰਡ ਸਾਚੀ ਕਰਨ ਡੰਡਾਵਤ, ਬਿਨ ਸੀਸ ਸੀਸ ਜਗਦੀਸ਼ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਅਗੰਮੀ ਕਰ ਸਖ਼ਾਵਤ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਚਾਰ ਵਰਨ ਕੂੜੀ ਕਿਰਿਆ ਕੱਢ ਅਲਾਮਤ, ਹਰ ਹਿਰਦੇ ਅੰਤਰ ਨਿਰੰਤਰ ਹੋਏ ਸਫ਼ਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹੇ ਨਾ ਕੋਈ ਬਨਾਵਟ, ਜੂਠ ਝੂਠ ਲਹਿਣਾ ਦੇਣਾ ਲੇਖਾ ਦੇਣਾ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦੀ ਹੋਵੇ ਸਜਾਵਟ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਭ ਨੂੰ ਹੋਈ ਥਕਾਵਟ, ਥੱਕੀ ਮਾਂਦੀ ਦੀਨ ਦੁਨੀ ਨਜ਼ਰੀ ਆਈਆ । ਸਾਚਾ ਇਲਮ ਆਲਮ ਦੱਸੇ ਨਾ ਕੋਈ ਆਰਫ਼, ਤੁਆਰਫ਼ ਵਿਚ ਸਫ਼ਾਰਸ਼ ਵਿਚ ਤੇਰਾ ਪਰਦਾ ਨਾ ਕੋਇ ਉਠਾਈਆ । ਭੇਵ ਖੋਲ੍ਹੇ ਨਾ ਕੋਈ ਮਾਰਫ਼ਤ, ਨਿਰਗੁਣ ਤੇਰਾ ਨੂਰ ਨੂਰ ਨਾ ਕੋਇ ਰੁਸ਼ਨਾਈਆ । ਸ਼ਾਹ ਪਾਤਸ਼ਾਹ ਹਰ ਹਿਰਦੇ ਅੰਦਰੋਂ ਕੂੜੀ ਕੱਢ ਅਲਾਮਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਕਹਿਣ ਪ੍ਰਭੁ ਸਾਚੇ ਸਚ ਤੇਰੀ ਸਰਨਾ, ਜੁਗ ਜੁਗ ਤੇਰੀ ਸਰਨਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਾਚੀ ਮੰਜ਼ਲ ਦੱਸ ਚੜ੍ਹਨਾ, ਔਝੜ ਰਾਹ ਨਾ ਕੋਇ ਭਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਗਤ ਢੋਲਾ ਦੱਸ ਪੜ੍ਹਨਾ, ਨਿਰਅੱਖਰ ਧਾਰ ਅੱਖਰ ਵਿਚ ਸਮਝਾਈਆ । ਅੰਤ ਤੇਰੇ ਚਰਨਾਂ ਕੋਲ ਸਚ ਦਵਾਰੇ ਹੋਵੇ ਮਰਨਾ, ਮਰ ਜੀਵਤ ਰੂਪ ਵਟਾਈਆ । ਭਾਗ ਲਗਾ ਦੇ ਧਰਨੀ ਧਰਤ ਧਵਲ ਉਪਰ ਧਰਨਾ, ਧਰਨਾਪਤਿ ਤੇਰੀ ਇਕ ਸਰਨਾਈਆ । ਸਚ ਦਵਾਰੇ ਚਾਰ ਕੁੰਟ ਦਹਿ ਦਿਸ਼ਾ ਨਰ ਨਿਰੰਕਾਰ ਏਕੰਕਾਰ ਇਕੋ ਤੂੰ ਖੜ੍ਹਨਾ, ਦੂਜਾ ਨੂਰ ਜ਼ਹੂਰ ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਝਗੜਾ ਮੇਟ ਦੀਨ ਮਜ਼੍ਹਬ ਜ਼ਾਤ ਪਾਤ ਵਰਨਾਂ ਬਰਨਾਂ, ਮਜ਼੍ਹਬਾਂ ਰਹੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਏਕੰਕਾਰ ਦਰਗਾਹ ਸਾਚੀ ਹੱਕ ਮੁਕਾਮ ਤੇਰਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਠਾਂਡੇ ਤੇਰੇ ਸਯਦਾ, ਨਿਉਂ ਨਿਉਂ ਲਾਗਾਂ ਪਾਈਆਂ । ਹਉ ਬਾਲਕ ਤੇਰੇ ਬਰਦਾ, ਜੁਗ ਜੁਗ ਸੇਵ ਕਮਾਈਆ । ਲੋਕਮਾਤ ਖੇਲ ਵੇਖ ਆਪਣੇ ਘਰ ਦਾ, ਗ੍ਰਿਹਿ ਮੰਦਰ ਪਰਦਾ ਦੇ ਗਵਾਈਆ । ਤੇਰਾ ਰੂਪ ਨਰਾਇਣ ਨਰ ਦਾ, ਨਰ ਹਰਿ ਤੇਰੀ ਇਕ ਸਰਨਾਈਆ । ਜੋ ਸ਼ਬਦ ਸੰਦੇਸੇ ਰਿਹਾ ਘਲਦਾ, ਨਿਤ ਨਵਿਤ ਗਏ ਪੜ੍ਹਾਈਆ । ਲਹਿਣਾ ਦੇਣਾ ਵੇਖ ਆਪਣੇ ਜਲ ਥਲ ਦਾ, ਮਹੀਅਲ ਆਪਣਾ ਪਰਦਾ ਦੇ ਉਠਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਮਹੱਲ ਅਟਲ ਦਾ, ਦਰਗਾਹ ਸਾਚੀ ਸਚ ਸਿੰਘਾਸਣ ਡੇਰਾ ਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕਿਸੇ ਨੂੰ ਪਤਾ ਨਹੀਂ ਕਲ੍ਹ ਦਾ, ਕਲਕਾਤੀ ਚਾਰੋਂ ਕੁੰਟ ਕੂੜ ਬਣਿਆ ਕਸਾਈਆ । ਤੇਰੀ ਧਾਰ ਆਤਮ ਪਰਮਾਤਮ ਨਹੀਂ ਕੋਈ ਰਲਦਾ, ਜਾਗਰਤ ਜੋਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸਚ ਦਵਾਰ ਏਕੰਕਾਰ ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਸੁਣੋ ਸੰਦੇਸ਼ਾ ਅਗੰਮ ਫ਼ਰਮਾਨ, ਫੁਰਨਿਆਂ ਤੋਂ ਬਾਹਰ ਦਿਆਂ ਜਣਾਈਆ । ਨਿਗਾਹ ਮਾਰੋ ਆਪਣੀ ਦੀਨ ਦੁਨੀ ਵਿਚ ਜਹਾਨ, ਚਾਰੋਂ ਕੁੰਟ ਅੱਖ ਉਠਾਈਆ । ਸਾਚਾ


੮੫੯ ੨੧

ਰਿਹਾ ਨਾ ਕੋਈ ਕਾਇਆ ਮੰਦਰ ਮਕਾਨ, ਹਕੀਕੀ ਕਾਅਬੇ ਸੋਭਾ ਕੋਇ ਨਾ ਪਾਈਆ । ਧੁਰ ਦਾ ਨਾਮ ਆਤਮਕ ਧੁਨ ਸੁਣੇ ਕੋਈ ਨਾ ਕਾਨ, ਅਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਪੀਣ ਖਾਣ, ਜਗਤ ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਕੂੜ ਕਲਪਨਾ ਹੋਈ ਪ੍ਰਧਾਨ, ਮਾਇਆ ਮਮਤਾ ਭੱਜੇ ਚਾਈਂ ਚਾਈਂਆ । ਸਾਰੇ ਤੱਕੋ ਆਪਣਾ ਆਪਣਾ ਇਸਲਾਮ, ਇਸਮ ਆਜ਼ਮ ਨਾ ਇਕ ਅਖਵਾਈਆ । ਲੇਖਾ ਤੱਕੋ ਅੰਜੀਲ ਕੁਰਾਨ, ਤੀਸ ਬਤੀਸੇ ਫੋਲ ਫੁਲਾਈਆ । ਕੀ ਖੇਲ ਕਰੇ ਅਵਾਮ, ਅਮਨ ਵਿਚ ਨਾ ਕੋਇ ਅਟਕਾਈਆ । ਸਾਰੇ ਕੂੜ ਦੇ ਹੋਏ ਗ਼ੁਲਾਮ, ਗ਼ੁਰਬਤ ਅੰਦਰੋਂ ਨਾ ਕੋਇ ਕਢਾਈਆ । ਨਜ਼ਰ ਆਏ ਨਾ ਕਿਸੇ ਅਮਾਮ, ਅਮਲਾਂ ਤੋਂ ਰਹਿਤ ਨਾ ਕੋਇ ਕਰਾਈਆ । ਸਦੀ ਚੌਧਵੀਂ ਸਭ ਦਾ ਬਦਲਿਆ ਇੰਤਜ਼ਾਮ, ਹੁਕਮ ਹੱਕ ਨਾ ਕੋਇ ਸੁਣਾਈਆ । ਅੰਤ ਅਖ਼ੀਰ ਬੇਨਜ਼ੀਰ ਲੱਖ ਚੁਰਾਸੀ ਕਰੇ ਆਪ ਪਹਿਚਾਨ, ਪਰਦਾ ਉਹਲਾ ਆਪ ਉਠਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡੇ ਮਾਲਕ, ਹਰਿ ਤੇਰੀ ਬੇਪ੍ਰਵਾਹੀਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਖ਼ਲਕ ਖ਼ਾਲਕ, ਕੁਦਰਤ ਦੇ ਕ਼ਾਦਰ ਤੇਰੀ ਇਕ ਸਰਨਾਈਆ । ਅਸੀਂ ਚਾਹੁੰਦੇ ਸਭ ਦੇ ਅੰਦਰੋਂ ਬਦਲ ਦੇ ਆਦਤ, ਅਦਲ ਇਨਸਾਫ਼ ਆਪਣਾ ਇਕ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਦੀ ਹੋਏ ਇਬਾਦਤ, ਤੇਰਾ ਜਸ ਤੇਰਾ ਢੋਲਾ ਤੇਰੀ ਸਿਫ਼ਤ ਸਲਾਹ ਤੇਰਾ ਰਾਗ ਨਾਦ ਗਾਈਆ । ਕਲਜੁਗ ਕੂੜ ਕਲਪਣਾ ਰਹੇ ਨਾ ਕੋਇ ਮਿਲਾਵਟ, ਜਗਤ ਮੁਲੰਮਾ ਕੰਚਨ ਪਾਰਸ ਰੂਪ ਵਖਾਈਆ । ਮਿਹਰਵਾਨ ਮਹਿਬੂਬ ਹਰ ਹਿਰਦੇ ਵਿਚੋਂ ਕੱਢ ਅਦਾਵਤ, ਦੂਈ ਦਵੈਤੀ ਡੇਰਾ ਢਾਹੀਆ । ਸਚ ਪਿਆਰ ਮੁਹੱਬਤ ਏਕੰਕਾਰ ਏਕਾ ਕਰ ਸਖ਼ਾਵਤ, ਸੱਜਣ ਸੁਹੇਲੇ ਇਕ ਅਕੇਲੇ ਸਭ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਅਟੋਟ ਅਤੁੱਟ ਆਪ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲੇ ਦੀਨ ਦਿਆਲੇ ਧਰਮ ਧਾਰ ਦੀ ਭਰ ਦੇ ਝੋਲੀ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਸਾਂਝੀ ਕਰ ਦੇ ਬੋਲੀ, ਅਨਬੋਲਤ ਆਪਣਾ ਰਾਗ ਸੁਣਾਈਆ । ਸ਼ਬਦ ਨਾਦ ਸਤਿਗੁਰ ਉਠਾ ਆਪਣਾ ਢੋਲੀ, ਦੋ ਜਹਾਨਾਂ ਕਰੇ ਸ਼ਨਵਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਹੋਵੇ ਤੇਰੀ ਗੋਲੀ, ਨਿਉਂ ਨਿਉਂ ਸੀਸ ਝੁਕਾਈਆ । ਮਨ ਕਲਪਣਾ ਕੂੜ ਕਿਰਿਆ ਕੋਇ ਨਾ ਪਾਵੇ ਰੌਲੀ, ਹਾਹਾਕਾਰ ਨਾ ਕੋਇ ਜਣਾਈਆ । ਕਿਰਪਾ ਕਰ ਸ੍ਰੀਧਰ ਉਪਰ ਧੌਲੀ, ਧਰਨੀ ਧਰਤ ਧੌਲ ਵੱਜੇ ਵਧਾਈਆ । ਤੇਰੀ ਧਾਰ ਪਿਆਰ ਵਿਚ ਪਰਮ ਪੁਰਖ ਆਤਮ ਪਰਮਾਤਮ ਜਾਵੇ ਮੌਲੀ, ਮੌਲਾ ਤੇਰਾ ਨੂਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪਰਵਰਦਿਗਾਰ ਸਾਂਝੇ ਯਾਰ, ਦਰ ਠਾਂਡੇ ਤੇਰੇ ਇਕੋ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚਰਨ ਕਵਲ ਪ੍ਰਨਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਤੇਰੀ ਸ਼ਨਵਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਇਕ ਅਮਾਮ, ਤੇਰੀ ਆਮਦ ਵਿਚ ਖ਼ੁਸ਼ਾਮਦ ਵਿਚ ਬੈਠੇ ਰਾਹ ਤਕਾਈਆ । ਹਉਂ ਬਾਲਕ ਨੰਨ੍ਹੇ ਤੇਰੇ ਸਦਾ ਨਾਦੀ ਸੁਤ ਨੌਜਵਾਨ, ਪੂਤ ਸਪੂਤੇ ਗੋਦ ਉਠਾਈਆ । ਸਦੀ ਚੌਧਵੀਂ ਅੰਤ ਕੰਤ ਨਿਰਗੁਣ ਧਾਰ ਹੋ ਪ੍ਰਧਾਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਪਾ ਇਕੋ ਆਣ, ਆਨਣ ਫ਼ਾਨਣ ਆਪਣਾ ਝਗੜਾ ਦੇ ਚੁਕਾਈਆ । ਤੇਰਾ ਇਸ਼ਟ ਸਾਂਝਾ

ਹੋਵੇ ਇਕ ਅਮਾਮ, ਇਸਮ ਜਿਸਮ ਵਿਚੋਂ ਦੇਣਾ ਸਮਝਾਈਆ । ਸੰਦੇਸ਼ਾ ਧੁਰ ਦਾ ਦੇ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਤੇਰੀ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਸ਼ਰਅ ਮੇਟ ਸ਼ੈਤਾਨ, ਸਤਿਜੁਗ ਸਾਚਾ ਰਾਹ ਚਲਾਈਆ । ਨਿਰਗੁਣ ਧਾਰ ਹੋ ਮਿਹਰਵਾਨ, ਸਰਗੁਣ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਇਕੋ ਦੇਣਾ ਵਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਲੋਕਮਾਤ ਹੋਵੋ ਸਵਾਧਾਨ, ਆਪਣੇ ਦੀਨ ਮਜ਼੍ਹਬ ਵੇਖੋ ਚਾਈਂ ਚਾਈਂਆ । ਸਚ ਸਤਿ ਦੀ ਕਰੋ ਪਹਿਚਾਨ, ਪੜਦਾ ਪੜਦਿਆਂ ਵਿਚੋਂ ਖੁਲ੍ਹਾਈਆ । ਕਿਸ ਦਾ ਸਾਬਤ ਦਿਸੇ ਈਮਾਨ, ਧਰਮ ਦੀ ਧਾਰ ਕਵਣ ਸਮਝਾਈਆ । ਹੁਕਮ ਚਲਾਏ ਸਚ ਨਿਸ਼ਾਨ, ਕਵਣ ਨਾਅਰਾ ਸਚ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੱਚੀ ਸਰਕਾਰ, ਹਰਿ ਕਰਤੇ ਤੇਰੀ ਵਡਿਆਈਆ । ਹਉਂ ਤੇਰੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਦੀਨ ਮਜ਼੍ਹਬ ਦੇ ਗੁਲਸ਼ਨ ਬਗ਼ੀਚੇ ਲਾਏ ਵੇਖ ਲਈ ਬਹਾਰ, ਫੁੱਲ ਟਹਿਣੀ ਰਹੀ ਮਹਿਕਾਈਆ । ਇਹ ਖੇਲ ਤੇਰਾ ਅਪਾਰ, ਅਪਰੰਪਰ ਸਵਾਮੀ ਤੇਰੀ ਬੇਪ੍ਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਕਹਿਣ ਅਸੀਂ ਕੀ ਪਾਉਣੀ ਸਾਰ, ਪਾਰਬ੍ਰਹਮ ਬ੍ਰਹਮ ਤੇਰੇ ਹੱਥ ਫੜਾਈਆ । ਨਿਰਗੁਣ ਨੂਰ ਜੋਤ ਕਰ ਉਜਿਆਰ, ਨਿਰਵੈਰ ਪੁਰਖ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਪੈਗ਼ੰਬਰਾਂ ਦਿਸੇ ਹਾਰ, ਹੌਸਲੇ ਰਹੇ ਢਾਹੀਆ । ਕਰ ਖੇਲ ਆਪਣੀ ਧਾਰ, ਨਿਰਗੁਣ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੇ ਅਖ਼ਤਿਆਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ ।



### ❋ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੰਪੂਰਨ ਸਿੰਘ ਦੇ ਗ੍ਰਿਹ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ❋

ਪੈਗ਼ੰਬਰ ਕਹਿਣ ਪਰਵਰਦਿਗਾਰ ਤੇਰੇ ਖ਼ਾਦਮ, ਖ਼ਿਦਮਤ ਕਰ ਕੇ ਸੇਵ ਕਮਾਈਆ । ਸਾਡਾ ਲੇਖਾ ਪੂਰਾ ਕਰ ਦੇ ਜੋ ਹੁਕਮ ਦੇਵੇਂ ਆਦਲ, ਅਦਲ ਇਨਸਾਫ਼ ਆਪਣਾ ਇਕ ਕਮਾਈਆ । ਨੌਂ ਲੱਖ ਜੰਤੂ ਦਿਸੇ ਦਵਾਪਰ ਸਮਾਂ ਕੁਲ ਯਾਦਵ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਜਗਤ ਅੰਧੇਰਾ ਮੇਟ ਦੇ ਬਾਦਲ, ਨਿਰਗੁਣ ਨੂਰ ਸੂਰੀਆ ਇਕ ਚਮਕਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਕ਼ਾਤਲ, ਕ਼ਤਲਗਾਹ ਨਜ਼ਰ ਕੋਇ ਨਾ ਆਈਆ । ਸਚ ਦਵਾਰਾ ਏਕੰਕਾਰਾ ਤੇਰਾ ਇਕੋ ਪਾਤਨ, ਪਤ੍ਰਕਾ ਪਿਛਲੀ ਇਕ ਰਖਾਈਆ । ਸਦੀ ਚੌਧਵੀਂ ਅਸੀਂ ਲੱਗੇ ਵਾਚਣ, ਬਿਨ ਅੱਖਰਾਂ ਬੋਲ ਸੁਣਾਈਆ । ਸਾਡਾ ਨਾਤਾ ਤੁੱਟਾ ਸਾਕਨ, ਸੱਜਣ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤਨ, ਰੁਤੜੀ ਇਕ ਮਹਿਕਾਈਆ । ਭਗਤਾਂ ਸੂਫ਼ੀਆਂ ਭੇਵ ਰਹੇ ਨਾ ਬਾਤਨ, ਪਰਦਾ ਉਹਲਾ ਆਪ ਚੁਕਾਈਆ । ਅਸੀਂ ਸਾਰੇ ਆਏ ਆਖਣ, ਕਹਿ ਕਹਿ ਇਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਸੁੱਟ ਡੂੰਘੇ ਖਾਤਨ, ਖ਼ਤਰਾ ਜਗਤ ਰਹੇ ਨਾ ਰਾਈਆ । ਸਭ ਦੀ ਸਾਂਝੀ ਹੋਏ ਪ੍ਰਭਾਤਨ, ਇਕੋ ਪ੍ਰਭੂ ਲੈਣਾ ਨਾਮ ਧਿਆਈਆ ।

ਏਕਾ ਰੰਗ ਰੰਗਾ ਦੇ ਸੰਧਿਆ ਆਥਣ, ਸ਼ਾਮ ਸ਼ਮਅ ਇਕ ਜਗਾਈਆ । ਸਰਗੁਣ ਧਾਰ ਨਿਰਗੁਣ ਤੇਰੇ ਵੱਲ ਝਾਕਣ, ਦੂਜਾ ਇਸ਼ਟ ਨਾ ਕੋਇ ਮਨਾਈਆ । ਮਾਨਵ ਅੰਦਰ ਰਹੇ ਨਾ ਕੋਇ ਸ਼ਾਕਣ, ਸਹਿਸਾ ਸ਼ੰਕਾ ਦੇਣਾ ਗਵਾਈਆ । ਇਕੋ ਅੰਤ ਰੂਪ ਦਿਸੇ ਪ੍ਰਿਥਮੀ ਆਕਾਸ਼ਨ, ਜ਼ਿਮੀਂ ਅਸਮਾਨਾਂ ਰੰਗ ਰੰਗਾਈਆ । ਤੂੰ ਸਾਹਿਬ ਸੁਲਤਾਨ ਪੁਰਖ ਅਬਿਨਾਸ਼ਣ, ਪਾਰਬ੍ਰਹਮ ਤੇਰੀ ਬੇਪ੍ਰਵਾਹੀਆ । ਸਾਡਾ ਇਕੋ ਰੰਗ ਰੰਗਾ ਦੇ ਚਾਰ ਜੁਗ ਦਾ ਵਖਰਾ ਵਖਰਾ ਭਾਸ਼ਨ, ਜੋ ਭਾਸ਼ਾ ਜਗਤ ਆਏ ਬਣਾਈਆ । ਦੀਨ ਮਜ਼੍ਹਬ ਦਾ ਲੇਖੇ ਲਾ ਲਾ ਵਖਰਾ ਵਖਰਾ ਰਾਸ਼ਨ, ਗਾਂ ਸੂਰ ਖਾ ਕੇ ਤੈਨੂੰ ਸਰਬ ਭੁਲਾਈਆ । ਜੀਵ ਜੰਤ ਦਾ ਕਰੇ ਨਾ ਕੋਇ ਘਾਤਨ, ਛੁਰੀ ਫੜੇ ਨਾ ਕੋਇ ਕਸਾਈਆ । ਝਗੜਾ ਮੁਕੇ ਤਤ ਆਠਣ, ਤਤਵ ਤਤ ਨਾ ਕੋਇ ਲੜਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਪਾਠਨ, ਸੋਹੰ ਢੋਲਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਈਆ । ਯੋਧੇ ਸੂਰਬੀਰ ਰਾਠਨ, ਬਲਧਾਰੀ ਲੈਣੀ ਅੰਗੜਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਤੇਰੇ ਭੈ ਅੰਦਰ ਨਾਚਨ, ਕੂੜੀ ਤ੍ਰਿਸ਼ਨਾ ਦਏ ਦੁਹਾਈਆ । ਸਚ ਦਵਾਰ ਏਕੰਕਾਰ ਖੋਲ੍ਹ ਹਾਟਣ, ਨਾਮ ਅਮੋਲਕ ਵਸਤ ਵਰਤਾਈਆ । ਨਿਝਰ ਰਸ ਅੰਮ੍ਰਿਤ ਤੇਰਾ ਸਾਰੇ ਚਾਟਣ, ਚੇਟਕ ਅਵਰ ਨਾ ਕੋਇ ਰਖਾਈਆ । ਸਚ ਦਵਾਰ ਦੱਸ ਦੇ ਘਾਟਣ, ਤਟ ਇਕੋ ਸੋਭਾ ਪਾਈਆ । ਆਤਮ ਸੇਜਾ ਸੁਹਾ ਖਾਟਣ, ਖਟੀਆ ਕੂੜੀ ਦੇ ਮੁਕਾਈਆ । ਮਿਹਰਵਾਨ ਮਹਿਬੂਬ ਖੇਲ ਵੇਖ ਨਟੂਆ ਨਾਟਣ, ਸੁਆਂਗੀ ਆਪਣਾ ਸੁਆਂਗ ਵਰਤਾਈਆ । ਲੱਖ ਚੁਰਾਸੀ ਵਿਚੋਂ ਭਗਤਾਂ ਕਰ ਖੁਲਾਸਨ, ਬੰਧਨ ਬੰਦਗੀ ਵਾਲਾ ਤੁੜਾਈਆ । ਆਵਣ ਜਾਵਣ ਪੱਤਤ ਪਾਵਨ ਮਾਤ ਗਰਭ ਨਾ ਅਗਨ ਤਪਾਈਆ । ਨਿਰਗੁਣ ਨੂਰ ਜੋਤ ਜਗਾ ਲਲਾਟਣ, ਅੰਧ ਅੰਧੇਰ ਦੇਣਾ ਗਵਾਈਆ । ਸਾਚਾ ਨਾਮ ਬਖ਼ਸ਼ ਸੌਗ਼ਾਤਨ, ਅਗੰਮ ਦਾਤ ਵਰਤਾਈਆ । ਮਨੂਆ ਰਹੇ ਨਾ ਕੋਇ ਬਦਮਾਸ਼ਣ, ਬਦੀ ਦਾ ਡੇਰਾ ਦੇ ਢਾਹੀਆ । ਤੇਰੇ ਮਿਲਣ ਦੀ ਸਭ ਨੂੰ ਹੋਏ ਖ਼ਾਹਿਸ਼ਣ, ਖ਼ਾਹਿਸ਼ ਇਕੋ ਦੇ ਸਮਝਾਈਆ । ਜਗਤ ਜਗਿਆਸੂ ਦੀਨ ਦੁਨੀ ਸਮਝਣ ਵਿਨਾਸਣ, ਥਿਰ ਰਹਿਣ ਕੋਇ ਨਾ ਪਾਈਆ । ਸ਼ਬਦ ਅਗੰਮੀ ਘੋੜੇ ਚਾੜ੍ਹ ਪ੍ਰਭੂ ਰਾਕਣ, ਦੋ ਜਹਾਨਾਂ ਵੇਖ ਵਖਾਈਆ । ਸਾਚਾ ਨਾਮ ਜ਼ੀਨ ਪਾਖਰ ਪਾ ਕਾਠਣ, ਤੰਗ ਤੰਗਦਸਤ ਲੈ ਕਸਾਈਆ । ਤੇਰੇ ਭਗਤ ਸੁਹੇਲੇ ਤੇਰੇ ਪਿਆਰ ਵਿਚ ਚਾਰ ਕੁੰਟ ਪਟਾਕਣ, ਉਚੀ ਕੂਕ ਕੂਕ ਸੁਣਾਈਆ । ਸਚ ਦਵਾਰੇ ਤੇਰੇ ਖ਼ੁਸ਼ੀਆਂ ਵਿਚ ਬਿਰਾਜਣ, ਪ੍ਰੇਮ ਪ੍ਰੀਤੀ ਨੀਂਦ ਸਵਾਈਆ । ਤੂੰ ਸ਼ਾਹੋ ਭੂਪ ਵਡ ਰਾਜਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਆਦਿ ਜੁਗਾਦੀ ਤੇਰੇ ਸਾਜਣ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਸਦੀ ਚੌਧਵੀਂ ਸਾਡਾ ਪੂਰਾ ਕਰ ਦੇ ਕ਼ਾਜਨ, ਕ਼ਰਜ਼ਾ ਮਕਰੂਜ਼ ਦੇ ਚੁਕਾਈਆ । ਨੌ ਖੰਡ ਪ੍ਰਿਥਮੀ ਵਿਚੋਂ ਥੋੜ੍ਹੇ ਜੀਵ ਜਾਗਣ, ਜੋ ਤੇਰੇ ਨਾਮ ਧਿਆਨ ਲਗਾਈਆ । ਜਿਨ੍ਹਾਂ ਅੰਤਰ ਦਿਤਾ ਵੈਰਾਗਨ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਪੰਜ ਤਤ ਕਾਇਆ ਹੋਈ ਵਡਭਾਗਣ, ਪ੍ਰਭ ਵਡਭਾਗੀ ਵੇਖ ਵਖਾਈਆ । ਤੁਧ ਬਿਨ ਚਾਰ ਕੁੰਟ ਮਾਤ ਹੋਏ ਨਾ ਸੁਹਾਗਣ, ਨਾਰ ਕੰਤ ਭਗਵੰਤ ਰੂਪ ਨਾ ਕੋਇ ਜਣਾਈਆ । ਨਿਰਗੁਣ ਦੀਵਾ ਜਗਾ ਚਰਾਗ਼ਣ, ਚਰਾਗਾਹਾਂ ਵਿਚ ਹੋਏ ਰੁਸ਼ਨਾਈਆ । ਕਲਜੁਗ ਜੀਵ ਬੁੱਧੀ ਬਣਾ ਹੰਸ ਕਾਗਣ, ਕਾਗੋਂ ਹੰਸ ਬਣਾਈਆ । ਦੁਰਮਤ ਮੈਲ ਧੋ ਦਾਗ਼ਣ, ਪੱਤਤ ਪੁਨੀਤ ਦੇ ਕਰਾਈਆ । ਪਵਿੱਤ੍ਰ ਕਰ ਮਾਸ ਨਾੜੀ ਹਾਡਣ, ਮਿਹਰ ਨਿਗਾਹ ਇਕ ਉਠਾਈਆ । ਪੀਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਸਾਡੀ ਪੂਰੀ ਹੋਈ ਨਿਮਾਜ਼ਣ, ਹਾਜ਼ਰ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ

ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਦਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਦੇਵੇ ਗਵਾਚਣ, ਸਚ ਦਵਾਰੇ ਧੁਰ ਦੇ ਖਾਤੇ ਵਿਚੋਂ ਜੁਗ ਜੁਗ ਵੇਖ ਵਖਾਈਆ ।

❋ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਸੀਤਲ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ ❋

ਅਵਤਾਰ ਕਹਿਣ ਪ੍ਰਭੂ ਆਤਮ ਪਰਮਾਤਮ ਹੋਵੇ ਤੇਰੀ ਗਾਥਾ, ਗਹਿਰ ਗੰਭੀਰ ਬੇਨਜ਼ੀਰ ਪਰਦਾ ਆਪਣਾ ਸਰਬ ਉਠਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਸ੍ਰੀ ਭਗਵਾਨ ਖੋਲ੍ਹ ਹਾਟਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਇਕੋ ਘਰ ਵਸਾਈਆ । ਅੰਮ੍ਰਿਤ ਰਸ ਨਿਝਰ ਧਾਰ ਸਚ ਸਵਾਮੀ ਦੇ ਅਗੰਮੀ ਬਾਟਾ, ਜਗਤ ਰਸ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹਿਣ ਨਾ ਪਾਈਆ । ਪਾਰਬ੍ਰਹਮ ਬ੍ਰਹਮ ਤੇਰਾ ਏਥੇ ਓਥੇ ਦੋ ਜਹਾਨਾਂ ਜੁੜੇ ਨਾਤਾ, ਦੂਈ ਦਵੈਤੀ ਸ਼ਰਅ ਸ਼ਰਾਇਤ ਪੰਧ ਦੇਣਾ ਮੁਕਾਈਆ । ਖੇਲ ਅਪਾਰਾ ਨਰ ਨਿਰੰਕਾਰਾ ਆਦਿ ਜੁਗਾਦਿ ਜੁਗ ਚੌਕੜੀ ਸਾਚਾ, ਸਤਿਜੁਗ ਤਰੇਤਾ ਦਵਾਪਰ ਕਲਜੁਗ ਦੇਵਣਹਾਰ ਗਵਾਹੀਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਏਕੰਕਾਰ ਇਕੋ ਆਕ਼ਾ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਸਦੀ ਚੌਧਵੀਂ ਸਭ ਦਾ ਬਦਲ ਦੇ ਸਾਕਾ, ਸਾਖ਼ਿਆਤ ਹੋ ਕੇ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਹੁਕਮ ਵਰਤਾਈਆ ।

ਅਵਤਾਰ ਕਹਿਣ ਪੁਰਖ ਅਕਾਲ ਧੁਰ ਦੇ ਸਵਾਮੀ, ਸਮਾਂ ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਨਿਰਵੈਰ ਨਿਰਾਕਾਰ ਲੇਖਾ ਵੇਖ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਭੇਵ ਅਭੇਦਾ ਅਛਲ ਅਛੇਦਾ ਸਭ ਨੂੰ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ । ਆਤਮ ਬ੍ਰਹਮ ਪਾਰਬ੍ਰਹਮ ਤਤ ਵਜੂਦ ਕਾਇਆ ਮਾਟੀ ਅੰਦਰ ਪਹਿਚਾਨੀ, ਬੇਪਹਿਚਾਨੀ ਅੰਦਰ ਪੜਦਾ ਉਹਲਾ ਆਪ ਉਠਾਈਆ । ਰਸਨਾ ਜਿਹਵਾ ਬੱਤੀ ਦੰਦ ਜੀਵ ਜਹਾਨ ਪੜ੍ਹਦੇ ਬਾਣੀ, ਸਾਧ ਸੰਤ ਹਿਰਦੇ ਹਰਿ ਨਾ ਕੋਇ ਵਸਾਈਆ । ਤੇਰਾ ਨੂਰ ਜ਼ਹੂਰ ਦਿਸੇ ਨਾ ਕਿਸੇ ਪਰਾਣੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ ਕਿਸੇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਦੀ ਕੂੜ ਦਿਸੇ , ਘਰ ਮੰਦਰ ਅੰਦਰ ਸੋਭਾ ਕੋਇ ਨਾ ਪਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹੇਰਵਾ ਨਾ ਕੋਇ ਵਡਿਆਈਆ । ਕਿਰਪਾ ਕਰ ਪਾਰਬ੍ਰਹਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧਰਮ ਦਵਾਰੇ ਏਕ ਇਕੋ ਇਕ ਇਕ ਸਮਝਾਈਆ । ਪੈਗ਼ੰਬਰ ਅਵਤਾਰ ਕਹਿਣ ਪਰਮ ਪੁਰਖ ਸਾਡਾ ਪ੍ਰਨਾਮ, ਨਮਸਤੇ ਕਹਿ ਕੇ ਸੀਸ ਨਿਵਾਈਆ । ਧੁਰ ਦੀ ਧਾਰ ਦੇ ਦੇ ਨਾਮ, ਨਾਉਂ ਨਿਰੰਕਾਰਾ ਇਕ ਅਲਾਹੀਆ । ਚਾਰ ਵਰਨ ਅਠਾਰਾਂ ਬਰਨ ਰਸਨਾ ਜਿਹਵਾ ਬੱਤੀ ਦੰਦ ਗਾਵਣ ਗਾਣ, ਹਿਰਦੇ ਅੰਦਰ ਦੇਣਾ ਵਸਾਈਆ । ਕੂੜੀ ਕਿਰਿਆ ਮੇਟ ਸ਼ਰਅ ਸ਼ੈਤਾਨ, ਮਾਇਆ ਮਮਤਾ ਮੋਹ ਮਿਟਾਈਆ । ਨਵ ਨੌਂ ਚਾਰ ਝੁੱਲੇ ਇਕ ਧਰਮ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖ ਖੇਲ ਭਗਤ ਧਰਮ ਈਮਾਨ, ਅਮਲ ਖੋਜ ਥਾਉਂ ਥਾਈਂਆ ।

## ✻ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਧੰਨਾ ਸਿੰਘ ਦੇ ਗ੍ਰਿਹ ਪਿੰਡ ਡਗਰੂ ✻

ਅਵਤਾਰ ਕਹਿਣ ਅਸੀਂ ਤੋੜ ਨਾ ਸਕੇ ਮਮਤਾ, ਸਚ ਸਚ ਸੁਣਾਈਆ । ਅਸੀਂ ਹੋੜ ਨਾ ਸਕੇ ਹੰਗਤਾ, ਹੰ ਬ੍ਰਹਮ ਜਣਾਈਆ । ਬੋਧ ਦੇ ਨਾ ਸਕੇ ਪੰਡਤਾ, ਪਾਰਬ੍ਰਹਮ ਮਿਲਾਈਆ । ਕਾਗ ਬਣਾ ਨਾ ਸਕੇ ਹੰਸਾ, ਹਸਤੀ ਇਕ ਦਰਸਾਈਆ । ਮਨੂਆ ਕਾਇਲ ਨਾ ਕੀਤਾ ਕੰਸਾ, ਸ਼ਸਤਰ ਨਾਮ ਚਲਾਈਆ । ਚਾਰ ਵਰਨ ਬਣਾ ਨਾ ਸਕੇ ਬੰਸਾ, ਇਕੋ ਰੰਗ ਰੰਗਾਈਆ । ਤੇਰੇ ਅੱਗੇ ਪ੍ਰਭੂ ਸਾਰੇ ਕਰਦੇ ਮਿੰਨਤਾ, ਨਿਊਂ ਨਿਊਂ ਸੀਸ ਝੁਕਾਈਆ । ਸਾਡੀ ਰਹੀ ਕੋਈ ਨਾ ਹਿੰਮਤਾ, ਹੌਸਲੇ ਰਹੇ ਢਾਹੀਆ । ਸਾਨੂੰ ਪੂਜਣ ਵਾਲੇ ਹੁੱਕਿਆਂ ਨਾਲ ਬੰਨ੍ਹੀ ਬੈਠੇ ਚਿਮਟਾ, ਜਗਤ ਦੇ ਧਾਰਾ ਰੂਪ ਬਦਲਾਈਆ । ਸਾਚੀ ਮਿਲੀ ਨਾ ਕਿਸੇ ਨਿਮਰਤਾ, ਨਿਰਮਾਣਤਾ ਵਿਚ ਨਾ ਕੋਇ ਸਮਾਈਆ । ਤੇਰਾ ਨਾਮ ਕੋਈ ਨਾ ਸਿਮਰਦਾ, ਪੂਜਾ ਪਾਠਣ ਵਿਚ ਦੁਹਾਈਆ । ਬਿਨ ਤੇਰੇ ਕਲਜੁਗ ਅੰਤਮ ਲਹਿਣਾ ਦੇਣਾ ਮੂਲ ਨਾ ਨਿਬੜਦਾ, ਸਾਹਿਬ ਸੁਹੇਲੇ ਹੋ ਸਹਾਈਆ । ਕਲਜੁਗ ਕੂੜ ਕੁੜਿਆਰਾ ਸ਼ੇਰ ਰੂਪ ਬਣਿਆ ਗਿੱਦੜ ਦਾ, ਤੇਰੇ ਕਲਮੇ ਨਾ ਕੋਇ ਚਤੁਰਾਈਆ । ਮਾਇਆ ਮਮਤਾ ਨਾਲ ਸਾਧ ਸੰਤ ਲਿਬੜਦਾ, ਅੰਤਰ ਕਰੇ ਨਾ ਕੋਇ ਸਫ਼ਾਈਆ । ਤੂੰ ਲੇਖਾ ਮੁਕਾ ਅਵਤਾਰ ਪੈਗ਼ੰਬਰ ਮਿਤਰ ਦਾ, ਮਿਤ੍ਰ ਪਿਆਰੇ ਤੇਰੇ ਹੱਥ ਵਡਿਆਈਆ । ਖੇਲ ਵੇਖ ਕੂੜੀ ਕਿਰਿਆ ਸਿਖ਼ਰਦਾ, ਤੇਰੀ ਚੋਟੀ ਚੜ੍ਹ ਕੇ ਦਏ ਦੁਹਾਈਆ । ਹੁਣ ਵਕਤ ਨਹੀਂ ਪੂਜਾ ਪਾਠ ਨਿਮਾਜ਼ ਜ਼ਿਕਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਕਹਿਣ ਸਾਨੂੰ ਚਾਰੇ ਕੁੰਟ ਖ਼ਤਰਾ, ਦਰ ਸਾਫ਼ ਨਾ ਕੋਇ ਕਰਾਈਆ । ਕਿਸੇ ਅੰਤਰ ਨਾਮ ਰਿਹਾ ਨਾ ਕਤਰਾ, ਕੁਤਬਖਾਨੇ ਸਿਫ਼ਤਾਂ ਵਾਲੇ ਭਰੇ ਸੋਭਾ ਪਾਈਆ । ਪੜ੍ਹਦੇ ਉਂਗਲਾਂ ਰੱਖ ਕੇ ਉਪਰ ਸਤਰਾਂ, ਸਤਹ ਸਚ ਨਾ ਕੋਇ ਸਮਝਾਈਆ । ਤੇਰਾ ਖੇਲ ਸਭ ਤੋਂ ਵਖਰਾ, ਬਿਨ ਤੇਰੀ ਕਿਰਪਾ ਭੇਵ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਅਸੀਂ ਚਾਰ ਜੁਗ ਤੇਰਾ ਵੇਂਹਦੇ ਰਹੇ ਨਖ਼ਰਾ, ਕੀ ਆਪਣੀ ਕਲ ਵਰਤਾਈਆ । ਅੰਤਮ ਸਾਡੇ ਦੀਨਾਂ ਮਜ਼੍ਹਬਾਂ ਦਾ ਕੱਢ ਲੈ ਖ਼ਸਰਾ, ਨੰਬਰ ਨੰਬਰੀਆਂ ਵਾਲੇ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਸਭ ਦਾ ਹੋਵੇ ਹਸ਼ਰਾ, ਬਾਅਸਲੀਅਤ ਅਸਲੀਅਤ ਸਭ ਦੀ ਦੇਣੀ ਸਮਝਾਈਆ ।

## ✻ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਮੇਲਾ ਸਿੰਘ ਦੇ ਗ੍ਰਿਹ ਪਿੰਡ ਡਗਰੂ ✻

ਅਵਤਾਰ ਕਹਿਣ ਪ੍ਰਭੂ ਦੁਨੀਆ ਹੋ ਗਈ ਬੇਇਲਾਜੀ, ਅਵਤਾਰ ਪੈਗ਼ੰਬਰ ਗੁਰ ਤਬੀਬ ਨਾ ਕੋਇ ਵਡਿਆਈਆ । ਸਾਚਾ ਇਸਮ ਨਜ਼ਰ ਨਾ ਆਏ ਕੋਈ ਆਦਾਬੀ, ਅਦਬ ਕਰੇ ਨਾ ਕੋਇ ਲੋਕਾਈਆ । ਭੇਵ ਸਮਝੇ ਨਾ ਕੋਇ ਹਕੀਕੀ ਮਜਾਜ਼ੀ, ਵਿਪਰਾਤੀ ਰਹੇ ਜਣਾਈਆ । ਮੁੱਲਾ ਪੰਡਤ ਹੋ ਗਏ ਸ਼ਰਾਬੀ, ਸ਼ਰਅ ਵਿਚ ਦੁਹਾਈਆ । ਗ੍ਰੰਥੀ ਹੋ ਗਏ ਕਬਾਬੀ, ਸਤਿ ਧਰਮ ਨਾ ਕੋਇ ਰਖਾਈਆ । ਅਸੀਂ ਰਹਿਣਾ ਨਹੀਂ ਕਿਸੇ ਦਾ ਇਮਦਾਦੀ, ਅੱਗੇ ਹੋ ਨਾ ਕੋਇ ਬਚਾਈਆ । ਚਾਰ ਜੁਗ ਦੇ ਪਿਛਲੇ ਗਾਡੀ, ਗਾਰਡੀਅਨ ਤੇਰੇ ਬਣਾਏ ਸੋਭਾ ਪਾਈਆ । ਅੱਗੇ ਛੱਡੀਏ ਆਪਣੀ ਆਬਾਦੀ, ਗਿਣਤੀ ਤੇਰੇ ਹੱਥ ਫੜਾਈਆ । ਸਾਡੇ ਕੋਲੋਂ ਸਾਰੇ ਕਰਦੇ ਖ਼ਰਾਬੀ, ਖ਼ਰਾਬਾ ਤੈਨੂੰ ਰਹੇ ਵਖਾਈਆ । ਤੇਰੇ ਨਾਮ ਦੀ ਵੱਜੇ ਨਾ ਕੋਇ

ਰਬਾਬੀ, ਰੱਬੀ ਨੂਰ ਨਾ ਕੋਇ ਵਖਾਈਆ । ਜਿਧਰ ਵੇਖੀਏ ਤਨ ਵਜੂਦ ਦਿਸਣ ਦਾਗ਼ੀ, ਦੁਰਮਤ ਮੈਲ ਨਾ ਕੋਇ ਧਵਾਈਆ । ਦੀਪਕ ਜੋਤ ਨਾ ਕੋਇ ਚਰਾਗ਼ੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਲੱਗੀ ਆਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਹੰਸ ਬੁੱਧੀ ਹੋਈ ਕਾਗੀ, ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਅੰਤ ਅਖ਼ੀਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਸੀਂ ਰਹੇ ਨਾ ਕਿਸੇ ਦੇ ਵਾਗੀ, ਵਾਗਾਂ ਤੇਰੇ ਹੱਥ ਫੜਾਈਆ । ਝਗੜਾ ਮੇਟ ਦੇ ਪੰਜ ਤਤ ਬਾਡੀ, ਵਜੂਦ ਰਹੇ ਨਾ ਕੋਇ ਲੜਾਈਆ । ਕਿਸੇ ਨੂੰ ਲੋੜ ਰਹੇ ਨਾ ਸਾਡੀ, ਇਕੋ ਤੇਰਾ ਢੋਲੇ ਗਾਈਆ । ਤੇਰੀ ਖੇਲ ਵਰਤੇ ਡਾਹਢੀ, ਡੰਡਾਵਤ ਸਭ ਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਨਿਰਾਕਾਰ ਜਨ ਭਗਤਾਂ ਆਤਮ ਪਰਮਾਤਮ ਤੇਰੇ ਨਾਲ ਹੋਵੇ ਸ਼ਾਦੀ, ਸ਼ਾਦਿਆਨੇ ਧਰਮ ਦਵਾਰ ਇਕੋ ਵਾਰ ਵਜਾਈਆ ।

## ❋ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਜਗੀਰ ਦਾਸ ਦੇ ਗ੍ਰਿਹ ਪਿੰਡ ਡਗਰੂ ❋

ਜਗੀਰ ਦਾਸ ਬਖ਼ਸ਼ੇ ਅਗੰਮੀ ਜਗੀਰ, ਜਗਹ ਧੁਰ ਦੀ ਦਿਤੀ ਸਮਝਾਈਆ । ਜਿਥੇ ਪੁੱਜੇ ਨਾ ਕੋਇ ਗ਼ਰੀਬ ਅਮੀਰ, ਬਿਨ ਭਗਤਾਂ ਥਾਂ ਕੋਇ ਨਾ ਪਾਈਆ । ਜਨਮ ਕਰਮ ਦੀ ਪਿਛਲੀ ਮੇਟ ਲਕੀਰ, ਰਸਤਾ ਸਾਫ਼ ਦਿਤਾ ਬਣਾਈਆ । ਤੱਤਾਂ ਵਿਚੋਂ ਆਤਮਾ ਦੀ ਕਰ ਕੇ ਤਾਮੀਰ, ਤਕਦੀਰ ਦਿਤੀ ਵਟਾਈਆ । ਘਰ ਵਖਾ ਕੇ ਆਪਣਾ ਅਖ਼ੀਰ, ਗ੍ਰਿਹ ਦਿਤਾ ਸੁਹਾਈਆ । ਤਨ ਚੋਲਾ ਜਿਉਂ ਬਸਤਰ ਚੀਰ, ਚੀਰੇ ਵਾਲਾ ਵੇਖ ਵਖਾਈਆ । ਜਿਸ ਦਾ ਮੇਲਾ ਨਾਲ ਹੋਵੇ ਕਬੀਰ, ਦਰਗਾਹ ਸਾਚੀ ਵੱਜੇ ਵਧਾਈਆ । ਕਬੀਰ ਦੇ ਨਾਲ ਅਲਫ਼ੀ ਵਾਲਾ ਪਿਛੇ ਵੀ ਇਹ ਹੁੰਦਾ ਸੀ ਫ਼ਕੀਰ, ਮਾਲਾ ਗਲ ਲਟਕਾਈਆ । ਕੋਲ ਲੋਟਾ ਰੱਖਦਾ ਸੀ ਭਰਿਆ ਨੀਰ, ਸਦਾ ਆਪਣੇ ਸੰਗ ਜਣਾਈਆ । ਤਿੰਨ ਦਫ਼ਾ ਦਿਨ ਵਿਚ ਪੀਂਦਾ ਸੀ ਸੀਰ, ਸੀਰਾ ਖਾ ਕੇ ਨੌ ਸਾਲ ਝਟ ਲੰਘਾਈਆ । ਅੰਤ ਮਰਨ ਤੋਂ ਪਹਿਲੋਂ ਹੋਈ ਪੀੜ, ਤਤ ਗਿਆ ਤਜਾਈਆ । ਬੜੀ ਲੱਗੀ ਸੀ ਭੀੜ, ਇਕੱਠੇ ਹੋ ਕੇ ਵੇਖਣ ਸਾਰੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਭੇਵ ਆਪ ਖੁਲ੍ਹਾਈਆ । ਜਗੀਰ ਦਾਸ ਕਬੀਰ ਦਾ ਸਾਥੀ, ਫ਼ਕੀਰ ਫ਼ੱਕਰ ਨਜ਼ਰੀ ਆਈਆ । ਅੰਤ ਬੇਨੰਤੀ ਇਕ ਆਖੀ, ਅੰਦਰੇ ਅੰਦਰ ਧਿਆਨ ਲਗਾਈਆ । ਮੇਰੇ ਪਰਵਰਦਿਗਾਰ ਮੇਰੀ ਕਰਨੀ ਮਾਫ਼ ਗੁਸਤਾਖੀ, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਬੜੀ ਤਪੱਸਿਆ ਵਾਲੀ ਹੁੰਦੀ ਸੀ ਇਹਦੀ ਇਕ ਚਾਚੀ, ਨਾਂ ਤਾਲੋ ਨਜ਼ਰੀ ਆਈਆ । ਓਸ ਫੜ ਕੇ ਪਾਣੀ ਦੀ ਬਾਟੀ, ਇਹਦੇ ਮੁਖ ਵਿਚ ਦਿਤੀ ਪਾਈਆ । ਫ਼ਕੀਰਾ ਤੇਰੀ ਮੁਸ਼ਕਲ ਤੇ ਔਖੀ ਘਾਟੀ, ਬਿਨਾ ਪਰਵਰਦਿਗਾਰ ਤੇਰਾ ਨਾ ਕੋਇ ਸਹਾਈਆ । ਮੈਨੂੰ ਐਂ ਦਿਸਦਾ ਸਾਡਾ ਅਮਾਮ ਫੇਰ ਆਸੀ, ਆਸਾ ਵਿਚ ਰਾਹ ਤਕਾਈਆ । ਓਸੇ ਨੂੰ ਸਭ ਨੇ ਕਹਿਣਾ ਪੁਰਖ ਅਬਿਨਾਸ਼ੀ, ਪਤਿਪਰਮੇਸ਼ਵਰ ਰੂਪ ਵੇਸ ਵਟਾਈਆ । ਤੇਰੀ ਜਨਮ ਵਿਚ ਫੇਰ ਹੋਵੇ ਹਯਾਤੀ, ਜੀਵਣ ਜ਼ਿੰਦਗੀ ਰੰਗ ਰੰਗਾਈਆ । ਓਹ ਤੇਰਾ ਲਹਿਣਾ ਦੇਣਾ ਚੁਕਾਵੇ ਬਾਕੀ, ਲੇਖਾ ਪਿਛਲਾ ਵੇਖ ਵਖਾਈਆ । ਦੇ ਕੇ ਮਾਣ ਪੰਜ ਤਤ ਖ਼ਾਕੀ, ਖ਼ਾਕ

ਵਿਚੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਜਾਮ ਦੇਵੇ ਆਬੇਹਯਾਤੀ, ਸੌਗਾਤੀ ਧੁਰ ਦੀ ਨਾਲ ਰਲਾਈਆ ।

### ✻ ੨੧ ਮਾਘ ਸ਼ਹਿਨਸ਼ਾਹੀ ਸੰਮਤ ੪ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਸਦਾਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਅਗੰਮੀ ਸ਼ਬਦ ਦਾ ਮਾਰ ਛਾਪਾ, ਛਾਪੇਖ਼ਾਨੇ ਵਾਲੇ ਅੱਖਰ ਦੇ ਬਦਲਾਈਆ । ਦੀਨ ਦੁਨੀ ਜਗਤ ਜਹਾਨ ਦੀ ਵੇਖ ਭਾਖਾ, ਪਾਰਬ੍ਰਹਮ ਹਰ ਹਿਰਦਾ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਸਭ ਨੂੰ ਆਇਆ ਘਾਟਾ, ਪੂਰਾ ਤੋਲ ਤਰਾਜ਼ੂ ਨਾ ਕੋਇ ਤੁਲਾਈਆ । ਤੇਰਾ ਨਾਮ ਰਸ ਮਿਲੇ ਕਿਸੇ ਨਾ ਬਾਟਾ, ਨਿਝਰ ਝਿਰਨਾ ਬੂੰਦ ਸਵਾਂਤ ਨਾ ਕੋਇ ਟਪਕਾਈਆ । ਪਰਵਰਦਿਗਾਰ ਸਾਂਝੇ ਯਾਰ ਸਦੀ ਚੌਧਵੀਂ ਹੋਈ ਅੰਧੇਰੀ ਰਾਤਾ, ਚੌਦਸ ਨੂਰੀ ਚੰਨ ਨਾ ਕੋਇ ਚਮਕਾਈਆ । ਦੇਵਤ ਸੁਰ ਸਾਥ ਨਾ ਦੇਵੇ ਕੋਈ ਮਾਤਾ, ਗਣ ਗੰਧਰਵ ਨਾ ਕੋਇ ਬਚਾਈਆ । ਕਲਜੁਗ ਕੂੜੀ ਕਿਰਿਆ ਖੇਲ ਬਾਜ਼ੀਗਰ ਨਾਟਾ, ਨਟੂਆ ਆਪਣਾ ਸਵਾਂਗ ਵਰਤਾਈਆ । ਸੇਜ ਸੁਹੰਜਣੀ ਸੋਏ ਕੋਈ ਨਾ ਖਾਟਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਤੂੰ ਸਾਹਿਬ ਸੁਲਤਾਨਾ ਆਤਮ ਪਰਮਾਤਮ ਜਾਤਾ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਨੂਰ ਕਰ ਰੁਸ਼ਨਾਈਆ । ਅਸੀਂ ਸਾਰੇ ਮੰਨੀਏ ਤੇਰਾ ਆਖਾ, ਆਖ਼ਰ ਤੇਰੀ ਓਟ ਤਕਾਈਆ । ਤਨ ਵਜੂਦ ਪਰਦਾ ਖੋਲ੍ਹ ਬਜਰ ਕਪਾਟਾ, ਨਵ ਨੌ ਚਾਰ ਡੇਰਾ ਢਾਹੀਆ । ਸਾਡੀ ਪੂਰੀ ਕਰ ਮਨਸਾ ਆਸਾ, ਆਹਿਸਤਾ ਆਹਿਸਤਾ ਸਾਰੇ ਰਹੇ ਸੁਣਾਈਆ । ਅਸੀਂ ਬੈਠੇ ਉਪਰ ਆਕਾਸ਼ਾ, ਧਰਤੀ ਉਤੇ ਦੀਨ ਦੁਨੀ ਦੇ ਕੇ ਆਏ ਤੇਰਾ ਭਰਵਾਸਾ, ਕਲਜੁਗ ਅੰਤਮ ਪ੍ਰਗਟ ਹੋਵੇ ਪੁਰਖ ਅਬਿਨਾਸ਼ਾ, ਕਲ ਕਲਕੀ ਵੇਸ ਵਟਾਈਆ । ਤੂੰ ਸਰਬ ਗੁਣਾਂ ਗੁਣਦਾਤਾ, ਆਤਮ ਪਰਮਾਤਮ ਜੋੜ ਦੇ ਨਾਤਾ, ਬ੍ਰਹਮ ਧਾਰ ਬਣ ਪਛਾਤਾ, ਭੇਵ ਅਭੇਦਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਦੇ ਦੇ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਦੇ ਹੁਕਮ ਅਪਰੰਪਰ, ਭੇਵ ਅਭੇਦਾ ਦੇ ਖੁਲ੍ਹਾਈਆ । ਤੂੰ ਸਰਬ ਕਲਾ ਭਰਤੰਬਰ, ਸਵਾਮੀ ਨੂਰ ਅਲਾਹੀਆ । ਕਲਜੁਗ ਸਤਿਜੁਗ ਰਚ ਸਵੰਬਰ, ਗੁਰ ਅਵਤਾਰ ਪੈਗ਼ੰਬਰ ਵੇਖਣ ਚਾਈਂ ਚਾਈਂਆ । ਜੂਠ ਝੂਠ ਕੂੜੀ ਕਿਰਿਆ ਮੇਟ ਅਡੰਬਰ, ਸਚ ਸਚ ਮਾਰਗ ਦੇ ਲਗਾਈਆ । ਕਰ ਪ੍ਰਕਾਸ਼ ਅੰਧੇਰੀ ਕੰਦਰ, ਧੂੰਆਂਧਾਰ ਮਿਟੇ ਲੋਕਾਈਆ । ਸਚ ਦੁਆਰ ਦਾ ਖੋਲ੍ਹ ਜੰਦਰ, ਜ਼ਿੰਦਗੀ ਜੀਵਣ ਵਿਚ ਬਦਲਾਈਆ । ਮਹੱਲ ਅਟਲ ਸੁਹਾ ਇਕੋ ਅੰਦਰ, ਸਚਖੰਡ ਦਵਾਰਾ ਏਕੰਕਾਰਾ ਦੇ ਵਖਾਈਆ । ਤੇਰੇ ਦਰ ਤੇ ਦਰਵੇਸ਼ ਹੋ ਕੇ ਆਏ ਮੰਗਣ, ਮਾਂਗਤ ਹੋ ਕੇ ਝੋਲੀਆਂ ਡਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪਣੇ ਨਾਮ ਦੀ ਚਾੜ੍ਹ ਰੰਗਣ, ਨਿਰਗੁਣ ਧਾਰ ਸਰਗੁਣ ਉਤਰ ਕਦੇ ਨਾ ਜਾਈਆ । ਕਿਰਪਾ ਕਰ ਸੂਰੇ ਸਰਬੰਗਣ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਮਿਹਰਵਾਨ ਮਹਿਬੂਬ ਦਇਆ ਕਰ ਵਿਚ ਵਰਭੰਡਣ, ਬ੍ਰਹਿਮੰਡ ਤੇਰੀ ਵੱਜੇ ਵਧਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰਾ ਨੂਰ ਅਲਾਹੀ ਚੰਨਣ, ਚੰਦ ਚਾਨਣੀ ਦੇ ਚਮਕਾਈਆ । ਏਥੇ ਓਥੇ ਦੋ ਜਹਾਨਾਂ ਤੇਰੇ ਨਾਲ ਹੰਢਣ,

ਵਿਛੋੜਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿਜਨ ਸਾਚੇ ਲੈਣੇ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਖ਼ਸ਼ ਦੇ ਸਿਦਕ ਸਬੂਰੀ, ਭਰੋਸਾ ਇਕ ਦ੍ਰਿੜਾਈਆ । ਦਰ ਮੰਗੀਏ ਤੇਰੀ ਹਜ਼ੂਰੀ, ਹਜ਼ਰਤ ਹੋ ਕੇ ਸੀਸ ਨਿਵਾਈਆ । ਸਾਡੀ ਲੇਖੇ ਲਾ ਮਜ਼ਦੂਰੀ, ਚੌਦਾਂ ਸਦੀਆਂ ਸੇਵ ਕਮਾਈਆ । ਆਸਾ ਕਿਸੇ ਨਾ ਰਹੇ ਅਧੂਰੀ, ਹੱਦ ਹਦੂਦ ਦਿਤੀ ਗਵਾਈਆ । ਸ਼ਰਅ ਦੀ ਰਹੇ ਨਾ ਕੋਇ ਮਗ਼ਰੂਰੀ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸਾਡੀ ਬੇਨੰਤੀ ਕਰ ਮਨਜ਼ੂਰੀ, ਮਿਹਰ ਨਜ਼ਰ ਇਕ ਉਠਾਈਆ । ਤੂੰ ਸਰਬ ਕਲਾ ਭਰਪੂਰੀ, ਭਰਪੂਰ ਰਿਹਾ ਸਰਬ ਥਾਈਂਆ । ਸਾਡੀ ਅੰਤ ਵੇਖ ਮਜਬੂਰੀ, ਮੁਜਰਮ ਸਾਰੇ ਨਜ਼ਰੀ ਆਈਆ । ਤੂੰ ਖ਼ਾਲਕ ਖ਼ਲਕ ਦਸਤੂਰੀ, ਦਸਤ ਤੇਰੇ ਹੱਥ ਲੋਕਾਈਆ । ਮਨ ਕਲਪਨਾ ਪਈ ਫ਼ਤੂਰੀ, ਫ਼ਤਵਾ ਲਾ ਥਾਉਂ ਥਾਈਂਆ । ਇਕੋ ਨਾਮ ਦੀ ਕਰ ਮਸ਼ਹੂਰੀ, ਮਸ਼ਵਰੇ ਗੁਰ ਅਵਤਾਰ ਪੈਗ਼ੰਬਰ ਤੇਰੇ ਨਾਲ ਰਲਾਈਆ । ਕਲਜੁਗ ਕਿਰਿਆ ਮਾਤ ਵਿਚੋਂ ਕੱਢ ਕੂੜੀ, ਕੂੜ ਕੁਟੰਬ ਦੇਣਾ ਕਟਾਈਆ । ਇਕੋ ਬਖ਼ਸ਼ ਚਰਨ ਪ੍ਰੀਤੀ ਸਤਿ ਧਾਰ ਦੀ ਧੂੜੀ, ਧੂਲ ਮਸਤਕ ਨਾਮ ਲਗਾਈਆ । ਕੀ ਹੋ ਗਿਆ ਜੇ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਮੂਰਖ ਮੂੜ੍ਹੀ, ਮੂੜ੍ਹ ਸੁਘੜ ਸੁਚੱਜੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜੁਗ ਚੌਕੜੀ ਏਕੰਕਾਰਾ ਸਾਚਾ ਨੂਰੀ, ਨੂਰ ਨੁਰਾਨੇ ਦਇਆ ਕਮਾਈਆ ।



੮੬੭
੨੧

### ✵ ੨੨ ਮਾਘ ਸ਼ਹਿਨਸ਼ਾਹ ਸੰਮਤ ੪ ਗੁਰਦਿਆਲ ਸਿੰਘ ਦੇ ਘਰ ਪਿੰਡ ਸੱਦਾਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✵

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਵੇਖ ਸ਼ਰਕਨ ਗਰਬਨ, ਸ਼ਰੀਅਤ ਵਾਲੇ ਸ਼ਰਅ ਜਗਤ ਖੋਜ ਖੁਜਾਈਆ । ਦੂਰ ਨੇੜਾ ਤਕ ਖ਼ਾਕਾ ਆਪਣਾ ਅਰਬਨ ਸੁਅਰਬਨ, ਪਰਵਰਦਿਗਾਰ ਸਾਂਝੇ ਯਾਰ ਆਪਣਾ ਧਿਆਨ ਲਗਾਈਆ । ਜੋਧੇ ਸੂਰਬੀਰ ਬਲੀ ਬਲਕਾਰ ਆਪਣੀ ਧਾਰ ਕਰ ਮਰਦਨ, ਮਰਦ ਮਰਦਾਨੇ ਤੇਰੇ ਹੱਥ ਵਡਿਆਈਆ । ਚਾਰ ਜੁਗ ਦਾ ਪੂਰਬ ਲੇਖਾ ਲਹਿਣਾ ਮੁਕਾ ਕਰਜ਼ਨ, ਮਕ਼ਰੂਜ਼ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਸਾਡੀ ਸਭ ਦੀ ਪੁੱਠੀ ਦਿਸੇ ਨਰਦਨ, ਨਰ ਨਰਾਇਣ ਤੇਰਾ ਦਰ ਨਜ਼ਰ ਕਿਸੇ ਨਾ ਆਈਆ । ਕੀ ਸੰਦੇਸ਼ਾ ਦੇ ਕੇ ਗਿਆ ਤੱਤੀ ਲੋਹ ਉਤੇ ਅਰਜਨ, ਅਰਜ਼ ਬੇਨੰਤੀ ਤੇਰੇ ਅੱਗੇ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਹੋਣ ਨਾ ਦੇਵੀਂ ਹਰਜਨ, ਹਰਿਜਨ ਸਾਚੇ ਆਪਣੇ ਰੰਗ ਰੰਗਾਈਆ । ਕੀ ਯਾਦ ਕੀਤਾ ਤੇਗ਼ ਬਹਾਦਰ ਜਿਸ ਵੇਲੇ ਕਟਾਰ ਲੱਗੀ ਉਪਰ ਗਰਦਨ, ਗਦਾਗਰ ਹੋਣੀ ਕੂੜ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਦੀਨ ਦੁਨੀ ਲੱਗੇ ਧੜਕਨ, ਧੀਰਜ ਧੀਰ ਨਾ ਕੋਇ ਰਖਾਈਆ । ਮਾਇਆ ਮਮਤਾ ਵਿਚ ਸਾਰੇ ਲੱਗੇ ਭਟਕਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਪ੍ਰਭੂ ਤੇਰੇ ਮਿਲਣ ਦੀ ਕਾਇਆ ਅੰਦਰ ਸਭ ਦੇ ਪਏ ਅੜਚਣ, ਨਿਰਗੁਣ ਨੂਰੀ ਤੇਰਾ ਦਰਸ ਕੋਇ ਨਾ ਪਾਈਆ । ਦੀਨ ਮਜ਼੍ਹਬ ਹੰਕਾਰ ਵਿਚ ਇਕ ਦੂਜੇ ਨਾਲ ਖੜਕਣ, ਖੰਡਾ ਖੜਗ ਜੂਠ ਝੂਠ ਹੱਥ ਰਖਾਈਆ । ਬਿਨ ਤੇਰੀ ਕਿਰਪਾ ਸਾਚਾ ਮਾਰਗ ਮਿਲੇ ਕੋਈ ਨਾ ਸੜਕਣ, ਸਹਿਸਾ ਰੋਗ

ਨਾ ਕੋਇ ਚੁਕਾਈਆ । ਮਮਤਾ ਮਿਟੇ ਕਿਸੇ ਨਾ ਤੜਫਨ, ਮੋਹ ਸਕੇ ਨਾ ਕੋਇ ਤੁੜਾਈਆ । ਵਕਤ ਯਾਦ ਆਇਆ ਜਿਸ ਵੇਲੇ ਗੋਬਿੰਦ ਬੱਚੇ ਨੀਹਾਂ ਹੇਠਾਂ ਲੱਗੇ ਰੱਖਣ, ਰੱਖਕ ਦਇਆ ਕਮਾਈਆ । ਉਨ੍ਹਾਂ ਦੀ ਨਿਗਾਹ ਪਈ ਵਿਚ ਕੂਟ ਦੱਖਣ, ਅੱਖ ਅੱਖ ਬਿਨਾ ਖੁਲ੍ਹਾਈਆ । ਦੀਨ ਦੁਨੀ ਦੀ ਚੋਲੀ ਦਿਸੀ ਸੀ ਸੱਖਣ, ਨਾਮ ਵਸਤ ਨਾ ਕੋਇ ਟਿਕਾਈਆ । ਕੁਛ ਲੇਖਾ ਲਿਖਿਆ ਘਰ ਗਵਾਲਿਆਂ ਜੋ ਕ੍ਰਿਸ਼ਨ ਖਾਧਾ ਮੱਖਣ, ਸ਼ਹਾਦਤ ਸ਼ਬਦ ਧਾਰ ਭੁਗਤਾਈਆ । ਸਚ ਪ੍ਰੀਤੀ ਵਿਚ ਕਲਜੁਗ ਜੀਵ ਮੂਲ ਨਾ ਵਸਣ, ਵਾਸਤਾ ਪ੍ਰਭ ਦੇ ਨਾਲ ਨਾ ਕੋਇ ਰਖਾਈਆ । ਕੂੜ ਵਿਕਾਰੇ ਅੰਦਰ ਸਾਰੇ ਟੱਪਣ, ਮਨ ਮਨਸਾ ਭੱਜੇ ਚਾਈਂ ਚਾਈਂਆ । ਆਤਮ ਪਰਮਾਤਮ ਪਰਮਾਤਮ ਆਤਮ ਨਾਮ ਮੂਲ ਨਾ ਜਪਣ, ਜਗਜੀਵਣ ਦਾਤੇ ਤੇਰਾ ਦਰਸ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਅੰਦਰ ਸਾਰੇ ਦਗਣ, ਜਗਤ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਸਚ ਦਵਾਰ ਏਕੰਕਾਰ ਲੱਭੇ ਕੋਈ ਨਾ ਪਤਣ, ਚਾਰ ਜੁਗ ਦੇ ਸ਼ਾਸਤਰ ਪਤ੍ਰਿਕਾ ਪੜ੍ਹ ਕੇ ਝੱਟ ਲੰਘਾਈਆ । ਬੇਵਤਨਾਂ ਵਖਾਏ ਕੋਈ ਨਾ ਤੇਰਾ ਸਚਖੰਡ ਵਤਨ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਜਿਧਰ ਤੱਕਾਂ ਚਾਰ ਕੁੰਟ ਦਿਸੇ ਰੱਟਣ, ਰੱਟਾ ਪਿਆ ਕੂੜ ਲੋਕਾਈਆ । ਨੇਤਰ ਰੋਵੇ ਮੰਦਰ ਮਸਜਿਦ ਸ਼ਿਵਦਵਾਲਾ ਮੱਠਨ, ਗੁਰੂਦਵਾਰਾ ਧਰਮ ਦੀ ਧਾਰ ਨਾ ਕੋਇ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਉਲਟੀ ਗੇੜੇ ਕੋਈ ਨਾ ਲੱਠਣ, ਧਰਮ ਦੀ ਧਾਰ ਨਾ ਕੋਇ ਚਲਾਈਆ । ਸਾਧਾਂ ਸੰਤਾਂ ਰਹੇ ਕੋਈ ਨਾ ਹੱਠਣ, ਧੀਰਜ ਸੰਤੋਖ ਨਜ਼ਰ ਕੋਇ ਨਾ ਆਈਆ । ਸ਼ਰਅ ਸ਼ਰੀਅਤ ਜਗਤ ਜ਼ੰਜੀਰੀ ਆਏ ਕੋਈ ਨਾ ਕੱਟਣ, ਦੂਈ ਦਵੈਤ ਨਾ ਡੇਰਾ ਢਾਹੀਆ । ਕੌਲ ਇਕਰਾਰ ਕਰ ਕੇ ਪੂਰਾ ਕਰੇ ਕੋਈ ਨਾ ਬਚਨ, ਵਾਅਦੇ ਖਿਲਾਫ਼ ਹੋਈ ਲੋਕਾਈਆ । ਸਚ ਸਰਨਾਈ ਚਰਨ ਤੇਰੇ ਨਾ ਵਸਣ, ਵਾਸਤਾ ਤੇਰੇ ਨਾਲ ਨਾ ਕੋਇ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਜ ਨੇਤਰ ਤੇਰਾ ਦਰਸ਼ਨ ਮਿਲੇ ਕੋਈ ਨਾ ਅੱਖਣ, ਲੋਚਣ ਬੰਦ ਨਾ ਕੋਇ ਖੁਲ੍ਹਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਹੀਰਾ ਬਣੇ ਤੇਰਾ ਰਤਨ, ਜਿਸ ਦੀ ਕ਼ੀਮਤ ਜਗਤ ਨਾ ਕੋਇ ਚੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੋੜੇ ਨੱਤਨ, ਨਾਤਾ ਬਿਧਾਤਾ ਇਕ ਰਖਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਸਿਰ ਰੱਖਣਾ ਭਗਤਾਂ ਹੱਥਨ, ਹੱਥ ਸਿਰ ਉਪਰ ਟਿਕਾਈਆ । ਅੰਤ ਅਖ਼ੀਰ ਸਭ ਦਾ ਬਿਅਰਥ ਹੋਣਾ ਯਤਨ, ਯਥਾਰਥ ਤੇਰਾ ਮੇਲ ਨਾ ਕੋਇ ਮਿਲਾਈਆ । ਬਿਨ ਤੇਰੇ ਕੋਈ ਨਾ ਜਾਣੇ ਦੀਨ ਦੁਨੀ ਦਾ ਲੱਛਣ, ਲੱਖ ਚੁਰਾਸੀ ਖੋਜ ਨਾ ਕੋਇ ਖੁਜਾਈਆ । ਤੇਰਾ ਖੇਲ ਸਦਾ ਜੁਗ ਚਾਰ ਨਿਤ ਨਵਿਤਨ, ਨਰ ਨਿਰੰਕਾਰ ਤੇਰੀ ਬੇਪਰਵਾਹੀਆ । ਪਤਾ ਨਹੀਂ ਤੂੰ ਖੇਲ ਕਰਨਾ ਕੀਕਨ, ਕਿਸ ਬਿਧ ਆਪਣੀ ਖੇਲ ਰਚਾਈਆ । ਜਿਧਰ ਤੱਕੀਏ ਸਾਧ ਸੰਤ ਸਾਰੇ ਵੇਖਣ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਕਹਿਣ ਪ੍ਰਭੂ ਸਾਨੂੰ ਤੇਰੇ ਦਵਾਰਿਉਂ ਸਚ ਧਰਮ ਦੀ ਅੰਤਮ ਹੋਣੀ ਪੈਨਸ਼ਨ, ਚਾਰ ਜੁਗ ਦੀ ਸੇਵਾ ਤੇਰੀ ਝੋਲੀ ਪਾਈਆ । ਜੋ ਉਪਜਿਆ ਸੋ ਅੰਤ ਬਿਨਸਨ, ਥਿਰ ਨਜ਼ਰ ਕੋਇ ਨਾ ਆਈਆ । ਤਤ ਰਿਹਾ ਨਾ ਰਾਮਾ ਕ੍ਰਿਸ਼ਨ, ਈਸਾ ਮੂਸਾ ਮੁਹੰਮਦ ਨਜ਼ਰ ਕੋਇ ਨਾ ਆਈਆ । ਦਸ ਗੁਰੂ ਮਾਟੀ ਖੱਲ ਨਾ ਕੋਇ ਚਮਕਣ, ਬੁਤਖ਼ਾਨੇ ਵੱਜੇ ਨਾ ਕੋਇ ਵਧਾਈਆ । ਇਹ ਸਾਰੇ ਸਾਹਿਬ ਸੁਲਤਾਨ ਤੇਰੇ ਕਮਸਨ, ਕਿਰਪਾ ਨਿਧਾਨ ਤੇਰੀ ਖੇਲ ਖਿਲਾਈਆ । ਅੰਤ ਅਖ਼ੀਰ ਸਭ ਦੀ ਪੂਰੀ ਕਰਦੇ ਹਰਸਨ, ਹਿਰਸ ਹਵਸ ਨਾ ਕੋਇ ਵਧਾਈਆ । ਸਚਖੰਡ ਦਵਾਰੇ ਬੈਠੇ ਸਾਰੇ ਤਰਸਣ, ਬਿਨ ਦੀਦ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਤ੍ਰਿਖਾ ਮੇਟ ਦੇ ਹਿਰਸਨ, ਹਿਫ਼ਜ਼ ਇਕੋ ਆਪਣਾ ਨਾਮ ਕਰਾਈਆ ।

❊ ੨੨ ਮਾਘ ਸ਼ਹਿਨਸ਼ਾਹੀ ਸੰਮਤ ੪ ਸਰਦਾਰਾ ਸਿੰਘ ਦੇ ਘਰ ਪਿੰਡ ਮਨਾਵਾਂ ਜ਼ਿਲਾ ਫ਼ਿਰੋਜ਼ਪੁਰ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੀਨ ਦੁਨੀ ਦਾ ਫੜ ਪੱਲਾ, ਆਤਮ ਅੰਤਰ ਨਿਰੰਤਰ ਪਰਮਾਤਮ ਖੋਜ ਖੁਜਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਇਆ ਝੱਲਾ, ਮਾਇਆ ਮੋਹ ਵਿਕਾਰ ਹੰਕਾਰ ਵਿਚ ਲੜਾਈਆ । ਫਿਰੀ ਦਰੋਹੀ ਚਾਰ ਕੁੰਟ ਦਹਿ ਦਿਸ਼ਾ ਉਜਾੜ ਪਹਾੜ ਜਲਾ ਥਲਾ, ਤੁਧ ਬਿਨ ਮਹੀਅਲ ਪ੍ਰਭ ਸਕੇ ਨਾ ਕੋਇ ਤਰਾਈਆ । ਤੇਰਾ ਨਾਮ ਗਾਇਆ ਰਾਮ ਕ੍ਰਿਸ਼ਨ ਵਾਹਿਗੁਰੂ ਅੱਲਾ, ਆਲਮੀਨ ਤੇਰੀ ਸਿਫ਼ਤ ਸਾਲਾਹੀਆ । ਜਿਧਰ ਵੇਖੀਏ ਦੀਨਾਂ ਮਜ਼੍ਹਬਾਂ ਪਾਇਆ ਤਰਥੱਲਾ, ਧੀਰਜ ਧੀਰ ਧਰਮ ਧਾਰ ਨਾ ਕੋਇ ਵਖਾਈਆ । ਕਲਜੁਗ ਕੂੜ ਕੁੜਿਆਰਾ ਕਾਮ ਕਰੋਧ ਦਾ ਕੱਢੀ ਫਿਰੇ ਭੱਲਾ, ਤਿੱਖੀ ਧਾਰ ਚਾਰ ਵਰਨ ਰਿਹਾ ਜਣਾਈਆ । ਪਤਾ ਨਹੀਂ ਸਦੀ ਚੌਧਵੀਂ ਕਿਹੜੀ ਕੂਟੋਂ ਅੰਤ ਅਖ਼ੀਰ ਹੋਵੇ ਹੱਲਾ, ਰੂਪ ਬਦਲੇ ਜਗਤ ਲੋਕਾਈਆ । ਤੇਰਾ ਧਾਮ ਕਿਸੇ ਨਾ ਦਿਸੇ ਨਿਹਚਲ ਅਟੱਲਾ, ਅਟਲ ਪਦਵੀ ਸਕੇ ਨਾ ਕੋਇ ਸਮਝਾਈਆ । ਬਿਨ ਤੇਰੀ ਕਿਰਪਾ ਨੂਰੀ ਜੋਤ ਕੋਇ ਨਾ ਬਲਾ, ਬਲਧਾਰੀ ਤੇਰੀ ਆਸ ਰਖਾਈਆ । ਨਿਤ ਨਵਿਤ ਕਰਦਾ ਆਇਉਂ ਵਲ ਛਲਾ, ਅਛਲ ਛਲਧਾਰੀ ਤੇਰੀ ਵਡ ਵਡਿਆਈਆ । ਤਨ ਵਜੂਦ ਮਾਟੀ ਖ਼ਾਕ ਸਾਚੇ ਨਾਮ ਦਾ ਦਿਸੇ ਕੋਈ ਨਾ ਫਲਾ, ਸਿੰਮਲ ਰੂਪ ਖ਼ਾਲੀ ਨਜ਼ਰੀ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਵਖਾਈਆ । ਤੂੰ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਇਕ ਅਕੱਲਾ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਕੁੰਟ ਦਹਿ ਦਿਸ਼ਾ ਦਿਸੇ ਕੋਈ ਨਾ ਸਾਂਤ, ਕਲਜੁਗ ਅਗਨੀ ਤਤ ਤਪਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦੀ ਰਹੀ ਨਾ ਕੋਈ ਜਮਾਤ, ਪੱਟੀ ਨਾਮ ਨਾ ਕੋਇ ਪੜ੍ਹਾਈਆ । ਦੀਨ ਮਜ਼੍ਹਬ ਇਕ ਦੂਜੇ ਦਾ ਕਰਨ ਘਾਤ, ਘਾਓ ਡੂੰਘਾ ਰਹੇ ਲਗਾਈਆ । ਸਾਚੀ ਮਿਲੇ ਕਿਸੇ ਨਾ ਦਾਤ, ਨਾਮ ਭੰਡਾਰਾ ਨਾ ਕੋਇ ਭਰਾਈਆ । ਸਦੀ ਚੌਧਵੀਂ ਪੁਛੇ ਕੋਈ ਨਾ ਵਾਤ, ਵਾਤਾਵਰਨ ਵਿਗੜਿਆ ਜਗਤ ਲੋਕਾਈਆ । ਸਾਡਾ ਰਿਹਾ ਕੋਈ ਨਾ ਦਾਸ, ਸੇਵਕ ਸੇਵਾ ਸਚ ਨਾ ਕੋਇ ਕਮਾਈਆ । ਸਾਹਿਬ ਸਵਾਮੀ ਅਸੀਂ ਸਾਰੇ ਹੋਏ ਉਦਾਸ, ਹੈਰਾਨੀ ਸਾਡੇ ਅੰਦਰ ਆਈਆ । ਫਿਰੀ ਦਰੋਹੀ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਰਹੇ ਕੁਰਲਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਰੰਗਾਈਆ । ਲੇਖਾ ਰਹੇ ਨਾ ਮਨ ਮਮਤਾ ਨਾਰ ਕਮਜ਼ਾਤ, ਕੁਲੱਖਣੀ ਝਗੜਾ ਦੇਣਾ ਚੁਕਾਈਆ । ਸਭ ਨੂੰ ਆਤਮ ਪਰਮਾਤਮ ਪਰਮਾਤਮ ਆਤਮ ਦੱਸਣੀ ਜ਼ਾਤ, ਜ਼ਾਤ ਅਜ਼ਾਤੀ ਪਰਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਰੱਖ ਕੇ ਗਏ ਆਸ, ਅੰਤ ਅਖ਼ੀਰੀ ਬਿਨ ਨੈਣਾਂ ਰਾਹ ਤਕਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਪਾਰਬ੍ਰਹਮ ਪਤਿਪਰਮੇਸ਼ਵਰ ਦੀਨ ਦੁਨੀ ਖੋਜ ਖੁਜਾਈਆ ।

ਹਰ ਹਿਰਦੇ ਅੰਦਰ ਕਾਇਆ ਮੰਦਰ ਤੇਰੀ ਹੋਵੇ ਯਾਦ, ਤਨ ਵਜੂਦ ਮਾਟੀ ਖ਼ਾਕ ਪੰਜ ਤਤ ਵੱਜੇ ਵਧਾਈਆ । ਸਤਿ ਧਰਮ ਦਾ ਸਾਚਾ ਜੁਗ ਧਰਨੀ ਕਰ ਆਬਾਦ, ਕੂੜੀ ਕਿਰਿਆ ਜਗਤ ਵਿਕਾਰ ਸੁੱਟ ਡੂੰਘੇ ਖਾਤ, ਸ਼ੌਹ ਦਰਿਆ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲੇ ਤੇਰਾ ਰਾਹ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਵੇਖ ਜਗਤ ਧਾਰ, ਧਰਮ ਦਵਾਰਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਚਾਰ ਵਰਨਾਂ ਦਿਸੇ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਰਿਹਾ ਨਾ ਕੋਇ ਪਿਆਰ, ਪਰਾ ਪਸੰਤੀ ਮਧਮ ਬੈਖਰੀ ਢੋਲੇ ਜਗਤ ਗਾਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ ਤੇਰਾ ਨੂਰ ਜੋਤ ਕਰੇ ਨਾ ਕੋਇ ਉਜਿਆਰ, ਗ੍ਰਿਹ ਮੰਦਰ ਅੰਦਰ ਹੋਏ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਅਗੰਮੀ ਧੁਨ ਸੁਣਾਏ ਨਾ ਕੋਇ ਜੈਕਾਰ, ਆਤਮਕ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਰਸ ਬਿਨ ਰਸਨਾ ਜਿਹਵਾ ਕੋਈ ਨਾ ਪੀਵੇ ਠੰਡਾ ਠਾਰ, ਅਗਨੀ ਤਤ ਨਾ ਕੋਇ ਬੁਝਾਈਆ । ਪੁਰਖ ਅਕਾਲ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੀਨ ਦੁਨੀ ਦੀ ਪਾ ਸਾਰ, ਮਹਾਂਸਾਰਥੀ ਆਪਣੀ ਖੇਲ ਰਚਾਈਆ । ਕੂੜੀ ਕਿਰਿਆ ਜਗਤ ਤ੍ਰਿਸ਼ਨਾ ਦੇ ਨਿਵਾਰ, ਨਿਵਾਜ਼ਸ਼ ਵਿਚ ਸਾਰੇ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ, ਯਾਦ ਭੁੱਲੀ ਸਭ ਦੀ ਵੇਖ ਵਖਾਈਆ । ਵਡ ਅਮਾਮ ਬਣ ਸਿਕਦਾਰ, ਕਲ ਕਲਕੀ ਤੇਰਾ ਅਵਤਾਰ, ਨਿਹਕਲੰਕ ਖੇਲ ਅਪਾਰ ਅਪਰੰਪਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸੱਚੀ ਸਰਕਾਰ, ਧੁਰ ਫ਼ਰਮਾਨਾ ਦੋ ਜਹਾਨਾਂ ਇਕੋ ਇਕ ਜਣਾਈਆ ।



੮੭੦ ੨੧

### ❊ ੨੩ ਮਾਘ ਸ਼ਹਿਨਸ਼ਾਹੀ ਸੰਮਤ ੪ ਸੁਰਜੀਤ ਕੌਰ ਦੇ ਗ੍ਰਿਹ ਪਿੰਡ ਮਨਾਵਾ ਜ਼ਿਲਾ ਫ਼ਿਰੋਜ਼ਪੁਰ ❊

ਸਦੀ ਚੌਧਵੀਂ ਕਹੇ ਮੈਂ ਰਾਤੀਂ ਗਈ ਮੱਕੇ ਗਾਂਦੀ, ਕ਼ਲਮਾ ਤੇਰਾ ਨਾਮ ਸੁਣਾਈਆ । ਰਾਹ ਵਿਚ ਮੈਨੂੰ ਮਰੀ ਮਿਲ ਗਈ ਢਾਂਡੀ, ਚੋਖਰ ਚੌਪਾਇਆ ਦਏ ਦੁਹਾਈਆ । ਰੋ ਕੇ ਕਿਹਾ ਅੜੀਏ ਕਿਉਂ ਸ਼ੋਰ ਮਚਾਂਦੀ, ਰੌਲਾ ਰਹੀ ਪਾਈਆ । ਆਪ ਤੂੰ ਪਹਿਨ ਕੇ ਸੋਨਾ ਚਾਂਦੀ, ਨਾਤਾ ਪਰਵਰਦਿਗਾਰ ਨਾਲ ਜੁੜਾਈਆ । ਵੇਖ ਲੈ ਸਾਡਾ ਹਾਲ ਸੁਖੀਂ ਸਾਂਦੀ, ਮਾਣਸ ਸਾਨੂੰ ਰਹੇ ਖਾਈਆ । ਮੇਰੇ ਥਣੀਂ ਸੀਰ ਤੇ ਮੇਰੀ ਪਸ਼ੂ ਜਾਤੀ ਗਾਂ ਦੀ, ਗਊ ਮਾਤਾ ਕਹਿ ਕੇ ਜਿਸ ਨੂੰ ਸਾਰੇ ਗਾਈਆ । ਹੁਣ ਮੈਂ ਰਹੀ ਨਹੀਂ ਕਿਸੇ ਥਾਂ ਦੀ, ਕਸਾਈਆਂ ਮੇਰੀ ਖਲੜੀ ਦਿਤੀ ਲਾਹੀਆ । ਮੈਂ ਦੁਨੀਆ ਦੀ ਬੁੱਧੀ ਵੇਖੀ ਕੁਰਲੌਣ ਵਾਲੀ ਕਾਂ ਦੀ, ਕਾਗ ਹੰਸ ਨਾ ਕੋਇ ਬਣਾਈਆ । ਤੂੰ ਜੋਬਨਵੰਤੀ ਭਰੀ ਫਿਰੇਂ ਚਾ ਦੀ, ਚਾਓ ਘਨੇਰਾ ਆਪਣੇ ਅੰਦਰ ਟਿਕਾਈਆ । ਮੈਂ ਆਸਾ ਰਖਦੀ ਇਕ ਨਿਆਂ ਦੀ, ਜੇ ਕੋਈ ਅਦਲ ਇਨਸਾਫ਼ ਦਏ ਕਮਾਈਆ । ਕੁਛ ਸ਼ਰਮ ਕਰ ਆਪਣੀ ਚੂੜੇ ਵਾਲੀ ਬਾਂਹ ਦੀ, ਜੋ ਲਾਲ ਰੰਗ ਨਾਲ ਰੰਗਾਈਆ । ਮੈਂ ਕ਼ਸਮ ਖਾ ਕੇ ਕਹਾਂ ਖ਼ੁਦਾ ਦੀ, ਖ਼ੁਦੀ ਦਾ ਡੇਰਾ ਕੋਇ ਨਾ ਢਾਹੀਆ । ਮੇਰੀ ਬੇਨੰਤੀ ਮਨਜ਼ੂਰ ਨਾ ਹੋਈ ਦੁਆ ਦੀ, ਦਰੋਹੀ ਦਰੋਹੀ ਕਰ ਕੇ ਦਿਆਂ ਸੁਣਾਈਆ । ਸਾਇਆ ਉਠ ਗਈ ਸਿਰ ਤੋਂ ਠੰਡੀ ਛਾਂ ਦੀ, ਕਲਜੁਗ ਅਗਨੀ ਰਹੀ ਤਪਾਈਆ ।

ਨੀ ਤੂੰ ਵਸਣ ਵਾਲੀ ਸਚਖੰਡ ਗਰਾਂ ਦੀ, ਘਰ ਸੋਹਣੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਸੁੱਤੀ ਨਹੀਂ ਰਤੀ, ਪੰਜ ਪੰਜ ਭੱਜੀ ਵਾਹੋ ਦਾਹੀਆ । ਮੈਂ ਨਿਮਾਣੀ ਵੇਖੀ ਢੱਠੀ, ਪਿਆਸੀ ਦਏ ਦੁਹਾਈਆ । ਜਿਸ ਦੀ ਖਲੜੀ ਬੱਧੀ ਸੀ ਵਿਚ ਰੱਸੀ, ਘੁੱਟ ਕੇ ਗੰਢ ਪਵਾਈਆ । ਉਸ ਦੀਆਂ ਹੱਡੀਆਂ ਕਹਿਣ ਜਾਹ ਆਪਣੇ ਮਾਲਕ ਨੂੰ ਕਹਿ ਜ਼ਰਾ ਹਾਲਤ ਵੇਖ ਚਾਰ ਲੱਖ ਤੇ ਅੱਸੀ, ਚੁਰਾਸੀ ਖੋਜ ਖੁਜਾਈਆ । ਮੈਂ ਨਿਕਰਮਣ ਕਿਹੜੀ ਗੱਲ ਤੋਂ ਫਸੀ, ਮੈਨੂੰ ਮਿਲੀ ਸਜ਼ਾਈਆ । ਜੋਬਨ ਵੰਤੀਏ ਤੂੰ ਤੇ ਕ਼ਸਮ ਖਾਂਦੀ ਸੈਂ ਪੋਹ ਛੱਬੀ, ਮੱਥੇ ਟਿੱਕੇ ਨਾਲ ਸੁਹਾਈਆ । ਦਾਅਵੇ ਨਾਲ ਕਹਿੰਦੀ ਸੈਂ ਮੇਰਾ ਮਾਲਕ ਰੱਬੀ, ਨੂਰ ਨੁਰਾਨਾ ਇਕ ਅਖਵਾਈਆ । ਮੈਂ ਚਾਵਾਂ ਭਰੀ ਸਦੀ, ਸਦਮੇ ਸਭ ਦੇ ਦਿਆਂ ਮੁਕਾਈਆ । ਪੈਗ਼ੰਬਰਾਂ ਦੀ ਮੇਟ ਕੇ ਗੱਦੀ, ਗੁਰ ਅਵਤਾਰ ਲੇਖਾ ਲੇਖੇ ਲਾਈਆ । ਬਹੁੜੀ ਸਾਡੀ ਸਾਡੀ ਪੁਕਾਰ ਕਿੱਥੇ ਛੱਡੀ, ਕਿੱਥੇ ਆਈਉਂ ਗਵਾਈਆ । ਆਹ ਵੇਖ ਮੇਰੀ ਹੱਡੀ, ਕਸਾਈਆਂ ਖੱਲ ਨਾਲੋਂ ਕੀਤੀ ਜੁਦਾਈਆ । ਕੁਛ ਸਾਨੂੰ ਦੱਸ ਕਿੱਥੇ ਤੇਰੇ ਪਰਵਰਦਿਗਾਰ ਦੀ ਜੋਤ ਜਗੀ, ਜਗਹ ਦੇਣੀ ਸਮਝਾਈਆ । ਜਿਹੜਾ ਕੂੜ ਮਿਟਾਵੇ ਅੱਗੀ, ਅੱਗਾ ਰਿਹਾ ਬਣਾਈਆ । ਵੇਖ ਮੈਂ ਬਾਹਰੋਂ ਕਿੱਡੀ ਬੱਗੀ, ਚਿੱਟੇ ਰੋਮਾਂ ਨਾਲ ਸੁਹਾਈਆ । ਪਰ ਕੁਕਰਮਾਂ ਪਾਪਾਂ ਨਾਲ ਦੱਬੀ, ਸਿਰ ਨਾ ਸਕਾਂ ਉਠਾਈਆ । ਤੇਰੇ ਵਰਗੀ ਮੈਨੂੰ ਹੋਰ ਨਹੀਂ ਕੋਈ ਲੱਭੀ, ਜਿਸ ਦੇ ਅੱਗੇ ਹੋ ਕੇ ਦਿਆਂ ਦੁਹਾਈਆ । ਮੁਹੰਮਦ ਨੂੰ ਕਿਹਾ ਕਮਲਿਆ ਤੇਰੀ ਉਮਤ ਖਾਂਦੀ ਢੱਗੀ, ਢੋਰਾਂ ਨਾਲ ਝਟ ਡੰਘਾਈਆ । ਸਦੀ ਚੌਧਵੀਂ ਕਹੇ ਮੇਰੀ ਚਲਦੀ ਦੀ ਰੁਕ ਗਈ ਅੱਡੀ, ਪੱਬ ਭਾਰ ਨਾ ਕੋਇ ਰਖਾਈਆ । ਮੈਂ ਚਾਰ ਕੁੰਟ ਵੇਖਣ ਲੱਗੀ, ਧੁਰ ਦਾ ਨੇਤਰ ਅੱਖ ਖੁਲ੍ਹਾਈਆ । ਜੋਤ ਅਕਾਲਣ ਆ ਗਈ ਭੱਜੀ, ਮੇਰੀ ਮੇਰੇ ਵਾਲਾ ਰੂਪ ਵਟਾਈਆ । ਨੇੜੇ ਆ ਕੇ ਪਾ ਲਈ ਜੱਫੀ, ਗਲਵਕੜੀ ਵਿਚ ਸੁਹਾਈਆ । ਨੀ ਆਹ ਵੇਖ ਧੁਰ ਦਾ ਮਾਲਕ ਪਿਛਲੇ ਲੇਖੇ ਕਰਨ ਲੱਗਾ ਨਫ਼ੀ, ਜਗਤ ਦੇ ਬੱਟੇ ਦਏ ਬਦਲਾਈਆ । ਪੈਗ਼ੰਬਰ ਰਹਿਣ ਨਹੀਂ ਦੇਣਾ ਕੋਈ ਸ਼ਫ਼ਾਖ਼ਾਨੇ ਵਾਲਾ ਸ਼ਫ਼ੀ, ਸ਼ਫ਼ਕਤ ਵਿਚ ਨਾ ਕੋਇ ਵਡਿਆਈਆ । ਹਲੂਣਾ ਮਿਲਦਾ ਵੇਖ ਮਸੀਹ, ਮਸਲੇ ਸਭ ਦੇ ਹੱਲ ਕਰਾਈਆ । ਸ਼ਬਦੀ ਡੋਰੀ ਰਿਹਾ ਕਸੀ, ਕ਼ਸਮ ਨਾਲ ਕਿਸਮਤ ਢੋਰਾਂ ਦਏ ਬਦਲਾਈਆ । ਇਹ ਦੁੱਖ ਵੇਖ ਕੇ ਮੈਨੂੰ ਵੀ ਪੈਂਦੀ ਗਸ਼ੀ, ਗਸ਼ ਵਿਚ ਆਪਣਾ ਆਪ ਭੁਲਾਈਆ । ਕਥਾ ਕਹਾਣੀ ਸੁਣਾਵਾਂ ਸੱਚੀ, ਸਚ ਦਰਬਾਰ ਦੇਣਾ ਦ੍ਰਿੜਾਈਆ । ਪ੍ਰਭੂ ਵੇਖ ਚਾਰ ਕੁੰਟ ਦੁਹਾਈ ਮੱਚੀ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਢਾਂਡੀ ਕਹੇ ਮੇਰੇ ਤਨ ਦਾ ਚਿੱਟਾ ਪੋਸ਼, ਜਗਤ ਨੇਤਰ ਵੇਖ ਵਖਾਈਆ । ਮੈਂ ਨਿਮਾਣੀ ਨਿਰਦੋਸ਼, ਕਿਉਂ ਮਿਲੀ ਸਜ਼ਾਈਆ । ਓਨੇ ਚਿਰ ਨੂੰ ਕਸਾਈ ਗਿਆ ਪਹੁੰਚ, ਹੱਟਾ ਕੱਟਾ ਰੂਪ ਵਖਾਈਆ । ਮੈਂ ਪੈ ਗਈ ਵਿਚ ਸੋਚ, ਸਮਝ ਵਿਚੋਂ ਵੇਖ ਵਖਾਈਆ । ਅੱਖਾਂ ਖੋਲ੍ਹੀਆਂ ਮੈਨੂੰ ਦਿਸੀ ਸ਼ਬਦੀ ਢੋਕ, ਲਹਿੰਦੀ ਦਿਸ਼ਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਿਹੜਾ ਖੱਲ ਲਾਹਵੇ ਕਸਾਈ, ਉਸ ਰੋ ਕੇ ਦਿਤਾ ਸੁਣਾਈਆ । ਮੈਨੂੰ ਲੈ ਬਚਾਈ, ਮੇਰੀ ਤੇਰੇ ਅੱਗੇ ਦੁਹਾਈਆ । ਮੈਂ ਫ਼ਕੀਰੇ ਦਾ ਜੁਆਈ, ਜਿਹੜਾ ਤਰਿਆਸੀ ਸਾਲ ਪਹਿਲੇ ਆਪਣਾ ਆਪ ਗਿਆ ਤਜਾਈਆ । ਓਹ ਫ਼ਕੀਰਾ ਅੱਗੇ ਕਰਦਾ ਰਿਹਾ ਸੀ ਦੁਆਈਂ, ਹੱਥ ਜੋੜ ਕੇ ਵਾਸਤਾ ਪਾਈਆ ।

ਕੋਈ ਮੈਨੂੰ ਮਿਲਾਓ ਧੁਰ ਦਾ ਮਾਹੀ, ਮਹਿਬੂਬ ਨੂਰ ਅਲਾਹੀਆ । ਇਕ ਫ਼ੱਕਰ ਮਿਲਿਆ ਮਸਤ ਤੇ ਕਹਿਣ ਉਹਨੂੰ ਗੁਸਾਈਂ, ਹੱਸ ਕੇ ਤਾਲੀ ਰਿਹਾ ਵਜਾਈਆ । ਅਵਧੂਤ ਨੰਗਾ ਬਸਤਰ ਕੋਈ ਨਾਹੀਂ, ਮਿੱਟੀ ਰਿਹਾ ਉਡਾਈਆ, ਫ਼ਕੀਰੇ ਕਿਹਾ ਫ਼ਕੀਰਾ ਤੈਨੂੰ ਸ਼ਰਮ ਹਯਾ ਨਾਹੀਂ, ਧੀਆਂ ਭੈਣਾਂ ਵੇਖ ਵਖਾਈਆ । ਮਸਤ ਕਿਹਾ ਇਹ ਖੇਲ ਮੇਰੇ ਬੇਪ੍ਰਵਾਹੀ, ਜਿਹੜਾ ਆਪਣੇ ਰੰਗ ਰੰਗਾਈਆ । ਮੇਰੇ ਵਿਚ ਵੜ ਕੇ ਸਦ ਆਪਣਾ ਦਰਸ ਵਖਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਫ਼ਕੀਰੇ ਕਿਹਾ ਉਹ ਮਸਤਾਨੇ ਮਸਤ, ਕਿਉਂ ਮਸਤੀ ਵਿਚ ਆਈਆ । ਮਸਤ ਕਿਹਾ ਮਿਲਾ ਦਸਤ, ਹੱਥ ਨਾਲ ਹੱਥ ਛੁਹਾਈਆ । ਫੇਰ ਵੇਖ ਉਪਰ ਅਰਸ਼, ਨੂਰ ਨੂਰ ਦਿਆਂ ਚਮਕਾਈਆ । ਫੇਰ ਤਕ ਫ਼ਰਸ਼, ਨੰਗਾ ਅਵਧੂਤ ਨਜ਼ਰੀ ਆਈਆ । ਕਿਸ ਦੇ ਉਤੇ ਕਰੇਂ ਹਰਖ, ਦੁੱਖ ਕਿਸ ਜਣਾਈਆ । ਕਿਸ ਦੀ ਕਰੇਂ ਪਰਖ, ਕੌਣ ਵੇਖ ਵਖਾਈਆ । ਜਿਸ ਦਾ ਲੋਚਣ ਦਰਸ, ਉਹ ਮਾਲਕ ਧੁਰਦਰਗਾਹੀਆ । ਫ਼ਕੀਰਾ ਪਿਆ ਤੜਫ, ਹੌਕਿਆਂ ਵਿਚ ਅੱਖਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਫ਼ਕੀਰਾ ਕਹੇ ਮੈਂ ਮਸਤ ਨੂੰ ਦੇਵਾਂ ਬਸਤਰ, ਪਿਛਲੀ ਭੁੱਲ ਬਖ਼ਸ਼ਾਈਆ । ਇਸ ਦੇ ਕੋਲ ਅਗੰਮਾ ਕੋਈ ਸ਼ਸਤਰ, ਜੋ ਸ਼ਰਅ ਰਿਹਾ ਬਦਲਾਈਆ । ਮਸਤ ਕਿਹਾ ਇਹ ਖੇਲ ਪ੍ਰਭੂ ਦਾ ਅਕਸਰ, ਪਰਵਰਦਿਗਾਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਫ਼ਕੀਰਾ ਕਪੜੇ ਲੈ ਕੇ ਆਇਆ ਚਿੱਟੇ, ਮਸਤ ਅੱਗੇ ਟਿਕਾਈਆ । ਮਸਤ ਤੱਕ ਕੇ ਪਟ ਪਟੇ, ਅੱਖਾਂ ਅਸਮਾਨ ਉਤੇ ਰਖਾਈਆ । ਫੇਰ ਘੱਟੇ ਉਤੇ ਲਿਟੇ, ਧੂਲ ਦਿਤੀ ਧਮਾਈਆ । ਦੋਹੱਥੜ ਮਾਰ ਕੇ ਪਿੱਟੇ, ਬਹੁੜੀ ਬਹੁੜੀ ਕਰ ਸੁਣਾਈਆ । ਫਿਰ ਫੜ ਕੇ ਪੱਥਰ ਇੱਟੇ, ਚਾਰੋਂ ਤਰਫ਼ ਸੁਟਾਈਆ । ਫੇਰ ਚੁੰਮ ਕੇ ਆਪਣੇ ਗਿੱਟੇ, ਰੌਲਾ ਦਿਤਾ ਪਾਈਆ । ਹੱਸ ਕੇ ਕਿਹਾ ਫ਼ਕੀਰਿਆ ਇਹ ਵੱਡੇ ਛੋਟੇ ਮੈਨੂੰ ਦਿਸਦੇ ਨਿੱਕੇ, ਬੁੱਢਾ ਨਜ਼ਰ ਕੋਇ ਨਾ ਆਈਆ । ਮੈਨੂੰ ਧੀ ਭੈਣ ਕੋਈ ਨਾ ਦਿੱਸੇ, ਸਾਰੇ ਆਤਮਕ ਰੂਪ ਸੋਭਾ ਪਾਈਆ । ਪਰ ਯਾਦ ਰੱਖੀਂ ਤੇਰਾ ਮਰਦ ਤੋਂ ਇਸਤਰੀ ਰੂਪ ਜ਼ਰੂਰ ਆਵੇ ਤੇਰੇ ਹਿੱਸੇ, ਜਿਸ ਫ਼ਕੀਰ ਨੂੰ ਤਾਅਨਾ ਦਿਤਾ ਲਗਾਈਆ । ਫ਼ਕੀਰੇ ਕਿਹਾ ਓਹ ਧਾਮ ਕਿਹੜਾ ਤੇ ਵਸਾਂ ਕਿੱਥੇ, ਮੈਨੂੰ ਦੇ ਸਮਝਾਈਆ । ਮਸਤ ਕਿਹਾ ਜਿਥੇ ਮੇਰਾ ਪਰਵਰਦਿਗਾਰ ਸਾਂਝਾ ਯਾਰ ਜਨ ਭਗਤਾਂ ਦੇ ਲੇਖ ਲਿਖੇ, ਕਰਮ ਕਰਮ ਦਾ ਡੇਰਾ ਢਾਹੀਆ । ਦੀਨ ਦੁਨੀ ਨਾਲੋਂ ਵਖਰੇ ਪਾਏ ਹਿੱਸੇ, ਵੰਡ ਆਪਣੀ ਨਾਲ ਵੰਡਾਈਆ । ਬੱਚੂ ਇਹ ਤੇਰੇ ਬਸਤਰ ਚਿੱਟੇ, ਓਸੇ ਵੇਲੇ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਫ਼ਕੀਰੇ ਦਾ ਜਾਮਾ ਬਦਲਿਆ ਕੰਨਿਆ ਬਣ ਗਈ ਸੰਤੋਖ, ਜਨਮ ਦਾ ਲੇਖਾ ਰਿਹਾ ਨਾ ਰਾਈਆ । ਚਿੱਟੇ ਬਸਤਰ ਨਾਲ ਧਰਮ ਧਾਰ ਦੀ ਮੋਖ, ਸਤਿਗੁਰ ਸ਼ਬਦ ਵਿਚ ਜਣਾਈਆ । ਇਹ ਓਸੇ ਪ੍ਰਭੂ ਦਾ ਚੋਜ, ਜਿਸ ਦੀ ਸਮਝ ਕੋਇ ਨਾ ਆਈਆ । ਲਹਿਣਾ ਦੇਣਾ ਦੇਵੇ ਰੋਜ਼, ਰੋਜ਼ੇ ਨਿਮਾਜ਼ਾਂ ਰੱਖਣ ਵਾਲੇ ਆਪਣੇ ਨਾਲ ਰਖਾਈਆ । ਇਸ ਤੋਂ ਵੱਡਾ ਅਜੇ ਹੋਰ ਭੇਵ ਗੋਝ, ਸਮੇਂ ਨਾਲ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਆਉਣ ਨਾ ਦੇਵੇ ਵਿਚ ਕਿਸੇ ਦੀ ਸੋਚ, ਬੁੱਧੀ ਤੋਂ ਪਰੇ ਸਾਰਾ ਆਪਣਾ ਖੇਲ ਖਿਲਾਈਆ ।


੮੭੨
੨੧

॥ ੨੩ ਮਾਘ ਸ਼ਹਿਨਸ਼ਾਹੀ ਸੰਮਤ ੪ ਬਲਵੰਤ ਸਿੰਘ ਦੇ ਘਰ ਪਿੰਡ ਤਲਵੰਡੀ ਜ਼ਿਲਾ ਫ਼ਿਰੋਜ਼ਪੁਰ ॥

ਸਦੀ ਚੌਧਵੀਂ ਕਹੇ ਮੈਂ ਚਾਰ ਜੁਗ ਦੇ ਇੱਟਾਂ ਪੱਥਰ ਵੇਖੇ ਪਾਹਨ, ਬਨ ਪਾਹਨੀ ਚਾਰ ਕੁੰਟ ਦਹਿ ਦਿਸ਼ਾ ਭੱਜੀ ਚਾਈਂ ਚਾਈਂਆ । ਤਨ ਵਜੂਦ ਮਾਟੀ ਵਾਲੇ ਵੇਖੇ ਕਾਹਨ, ਬੰਸਰੀ ਵਾਲੀ ਧੁਨ ਸੁਣੀ ਚਾਈਂ ਚਾਈਂਆ । ਜੰਗਲਾਂ ਵਿਚ ਫਿਰਦੇ ਵੇਖੇ ਰਾਮ, ਬਨਵਾਸੀ ਹੋ ਕੇ ਅਪਨਾ ਝੱਟ ਲੰਘਾਈਆ । ਮਕ਼ਬਰਿਆਂ ਵਿਚ ਸੁੱਤੇ ਵੇਖੇ ਪੈਗ਼ੰਬਰ ਅਮਾਮ, ਤਨ ਵਜੂਦ ਨਾ ਕੋਇ ਵਡਿਆਈਆ । ਗੁਰ ਗੁਰ ਖੇਲ ਵੇਖੇ ਜਗਤ ਜਹਾਨ, ਜੀਵਣ ਜੁਗਤ ਜੁਗਤ ਜਣਾਈਆ । ਦੀਨ ਮਜ਼੍ਹਬ ਵੇਖੇ ਇਸਲਾਮ, ਫ਼ਿਰਕੇ ਕੌਮ ਖੋਜ ਖੁਜਾਈਆ । ਧੁਰ ਸੰਦੇਸ਼ੇ ਕ਼ਲਮੇ ਵੇਖੇ ਨਾਮ, ਸਿਫ਼ਤਾਂ ਵਾਲੇ ਢੋਲੇ ਗਾਈਆ । ਸ਼ਾਸਤਰ ਸਿਮਰਤ ਵੇਦ ਵੇਖੇ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਖੋਜ ਖੁਜਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹਦੇ ਵੇਖੇ ਨਾਲ ਜ਼ਬਾਨ, ਉਚੀ ਕੂਕ ਕੂਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਸਰਵਣ ਕਰਦੇ ਵੇਖੇ ਕਾਨ, ਸਰੋਤੇ ਹੋ ਕੇ ਧਿਆਨ ਲਗਾਈਆ । ਤੀਰਥ ਤਟ ਵੇਖੇ ਸ਼ਿਵਦਵਾਲੇ ਮੱਠ ਮਕਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਮਾਨਵ ਮਾਨੁੱਖ ਮਾਨਸ ਵੇਖੇ ਸਭ ਦੇ ਅੰਦਰ ਸ਼ਰਅ ਸ਼ੈਤਾਨ, ਸਾਬਤ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਬੁੱਧੀ ਹੋਈ ਬੇਈਮਾਨ, ਧਰਮ ਧੀਰ ਨਾ ਕੋਇ ਧਰਾਈਆ । ਇਕ ਦੂਜੇ ਦੇ ਨਾਲ ਲੜਨ ਇਨਸਾਨ, ਇਨਸਾਨੀਅਤ ਗਈ ਰੂਪ ਬਦਲਾਈਆ । ਮਾਇਆ ਮਮਤਾ ਕੂੜ ਕੁੜਿਆਰ ਹੋਇਆ ਬਲਵਾਨ, ਸਾਧਾਂ ਸੰਤਾਂ ਰਿਹਾ ਡੁਲਾਈਆ । ਪੁਰਖ ਅਕਾਲ ਦੀਨ ਦਿਆਲ ਦਾ ਦਿਸਿਆ ਨਾ ਕੋਇ ਖ਼ਾਨਦਾਨ, ਭਗਤ ਭਗਵਾਨ ਦਾ ਰੂਪ ਨਾ ਕੋਇ ਬਣਾਈਆ । ਚਾਰ ਕੁੰਟ ਦਿਸਣ ਸੁੰਞ ਮਸਾਣ, ਆਤਮ ਬ੍ਰਹਮ ਨਿਰਗੁਣ ਜੋਤ ਨੂਰ ਨਾ ਕੋਇ ਰੁਸ਼ਨਾਈਆ । ਉਚੀ ਕੂਕ ਕੂਕ ਸਾਰੇ ਕਰਨ ਕਲਿਆਣ, ਸ਼ਬਦ ਅਗੰਮੀ ਨਾਦ ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਤੂੰ ਮੇਰਾ ਮੈਂ ਤੇਰਾ ਕਰੇ ਨਾ ਕੋਇ ਪਹਿਚਾਨ, ਪਾਰਬ੍ਰਹਮ ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਦੀ ਚੌਧਵੀਂ ਕਹੇ ਮੈਂ ਵੇਖ ਵੇਖ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਦੇਣ ਦੁਹਾਈਆ । ਜਿਧਰ ਤੱਕਿਆ ਸ਼ਰਅ ਦੇ ਸਰਬ ਦਿਸੇ ਗ਼ੁਲਾਮ, ਮਜ਼੍ਹਬਾਂ ਬੰਧਨ ਨਾ ਕੋਇ ਕਟਾਈਆ । ਭਵਿਖਤਾਂ ਵਾਲਾ ਜਾਣਿਆ ਨਾ ਕੋਇ ਫ਼ਰਮਾਨ, ਗੁਰ ਅਵਤਾਰ ਪੈਗ਼ੰਬਰ ਕੀ ਗਏ ਦ੍ਰਿੜਾਈਆ । ਕਵਣ ਵੇਲਾ ਪਹੁੰਚਿਆ ਆਣ, ਕਲਜੁਗ ਅੰਤਮ ਲਏ ਅੰਗੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਨਾਦਾਨ, ਪਰਦਾ ਮਾਇਆ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਧੁਰਦਰਗਾਹੀਆ । ਸਦੀ ਚੌਧਵੀਂ ਕਹੇ ਮੈਂ ਦੀਨ ਦੁਨੀ ਤੱਕੀ, ਤਕਵੇ ਵਾਲਾ ਨਜ਼ਰ ਕੋਇ ਨਾ ਆਈਆ । ਮਿਲਿਆ ਮੇਲ ਕਿਸੇ ਨਾ ਹੱਕੀ, ਹਕ਼ੀਕ਼ਤ ਵਾਲਾ ਰੰਗ ਨਾ ਕੋਇ ਰੰਗਾਈਆ । ਸਭ ਦਾ ਅੰਤਰ ਹੋਇਆ ਸ਼ੱਕੀ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਜੋਤ ਵੇਖੇ ਕੋਈ ਨਾ ਅੱਖੀਂ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਆਤਮ ਧਾਰ ਬਣੇ ਕੋਈ ਨਾ ਸਖ਼ੀ, ਪਰਮਾਤਮ ਕਾਹਨ ਨਾ ਕੋਇ ਹੰਢਾਈਆ । ਪਰਵਰਦਿਗਾਰ ਮਿਲੇ ਨਾ ਕਿਸੇ ਪਤੀ, ਪਤਿਪਰਮੇਸ਼ਵਰ ਅੰਗ ਨਾ ਕਿਸੇ ਲਗਾਈਆ । ਨਾਮ ਵਸਤ ਅਮੋਲਕ ਦੇਵੇ ਕੋਈ ਨਾ ਰਤੀ, ਰਤਨ ਅਮੋਲਕ ਰੂਪ ਨਾ ਕੋਇ ਬਣਾਈਆ । ਧੁਰ ਦੇ ਨਾਮ ਦੀ ਪੜ੍ਹੇ ਕੋਈ ਨਾ ਪੱਟੀ, ਅੱਖਰਾਂ ਵਾਲੇ ਢੋਲੇ ਸਾਰੇ ਗਾਈਆ । ਧਰਮ ਧਾਰ ਵਿਚ ਦਿਸੇ ਕੋਈ ਨਾ ਯਤੀ, ਕਾਮ

ਵਾਸਨਾ ਹੋਈ ਹਲਕਾਈਆ । ਸਾਹਿਬ ਸਤਿਗੁਰ ਉਤੇ ਹੋਵੇ ਕੋਈ ਨਾ ਸਤੀ, ਸਤਿ ਧਾਰ ਨਾ ਕੋਇ ਸਮਾਈਆ । ਕਲਜੁਗ ਕੂੜ ਕਿਰਿਆ ਚਾਰੋਂ ਕੁੰਟ ਖੁਲ੍ਹੀ ਹੱਟੀ, ਮਾਇਆ ਮਮਤਾ ਮੋਹ ਵਿਕਾਰ ਰਿਹਾ ਵਰਤਾਈਆ । ਘਰ ਪ੍ਰਕਾਸ਼ ਹੋਵੇ ਨਾ ਕਿਸੇ ਮੋਮਬੱਤੀ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਹੰਕਾਰ ਵਿਕਾਰੀ ਦੁਨੀਆ ਗਈ ਫੱਟੀ, ਪੱਟੀ ਨਾਮ ਨਾ ਕੋਇ ਬੰਧਾਈਆ । ਮੁਹੰਮਦ ਦੀ ਕੰਮ ਨਾ ਆਈ ਮੌਲੀ ਅੱਟੀ, ਕੱਚਾ ਤੰਦ ਨਾ ਕੋਇ ਵਡਿਆਈਆ । ਅੰਤ ਅਖ਼ੀਰ ਲੇਖੇ ਲੱਗੇ ਕਿਸੇ ਨਾ ਖੱਟੀ, ਖਟਕਾ ਦਿਸੇ ਥਾਉਂ ਥਾਈਂਆ । ਕਰੇ ਖੇਲ ਪ੍ਰਭ ਜੋ ਵਸੇ ਘਟ ਘਟੀ, ਹਰ ਘਟ ਅੰਦਰ ਡੇਰਾ ਲਾਈਆ । ਜਿਸ ਰਾਮ ਭਵਾਇਆ ਪੰਚਵਟੀ, ਹੁਕਮੀ ਹੁਕਮ ਸੁਣਾਈਆ । ਜਿਸ ਰਥ ਚਲਵਾਇਆ ਕ੍ਰਿਸ਼ਨ ਕੋਲੋਂ ਹੱਥੀਂ, ਧੁਰ ਫ਼ਰਮਾਨਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਵੇਖਿਆ ਅੰਧੇਰਾ ਅੰਧ, ਨਿਰਗੁਣ ਜੋਤ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਵਸਿਆ ਕਿਸੇ ਨਾ ਸੰਗ, ਮਰੀਦ ਮੁਰਸ਼ਦ ਰੰਗ ਨਾ ਕੋਇ ਰੰਗਾਈਆ । ਭਰਮਾਂ ਦੀ ਦਵੈਤੀ ਢਾਹੇ ਕੋਈ ਨਾ ਕੰਧ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਅੰਤਮ ਨੰਗੀ ਹੋਣੀ ਸਭ ਦੀ ਕੰਡ, ਸਿਰ ਹੱਥ ਨਾ ਕੋਇ ਟਿਕਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗ, ਅਠਸਠ ਤੀਰਥ ਅੱਖ ਨਾ ਕੋਇ ਖੁਲ੍ਹਾਈਆ । ਭੇਵ ਖੁਲ੍ਹੇ ਨਾ ਕਿਸੇ ਹੰ ਬ੍ਰਹਮ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਢੋਲੇ ਗਾਉਂਦੇ ਬੱਤੀ ਦੰਦ, ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਵਿਕਾਰ ਮਾਣਦੇ ਅਨੰਦ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮਨ ਕਲਪਣਾ ਕਰਦੇ ਜੰਗ, ਬੁੱਧੀ ਬਿਬੇਕ ਨਾ ਕੋਇ ਰਖਾਈਆ । ਜਗਤ ਦੁਹਾਗਣ ਹੋਈ ਰੰਡ, ਕੰਤ ਕੰਤੂਹਲ ਸੇਜ ਨਾ ਕੋਇ ਸੁਹਾਈਆ । ਸਤਿਗੁਰ ਪੂਰਾ ਪਾਵੇ ਕੋਈ ਨਾ ਠੰਡ, ਕਲਜੁਗ ਅਗਨੀ ਤਤ ਜਲਾਈਆ । ਸਤਿ ਧਰਮ ਦੀ ਪੱਲੇ ਕਿਸੇ ਨਾ ਗੰਢ, ਕੂੜ ਕੁੜਿਆਰਾ ਬੋਝ ਰਹੇ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਛੰਦ, ਪੁਰਖ ਅਕਾਲਾ ਇਸ਼ਟ ਨਾ ਕੋਇ ਮਨਾਈਆ । ਸਦੀ ਚੌਧਵੀਂ ਦੀਨ ਦੁਨੀ ਅੰਤਮ ਹੋਈ ਭਾਗਾਂਮੰਦ, ਸੁਭਾਗਾ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਦੀ ਚੌਧਵੀਂ ਕਹੇ ਚਾਰ ਕੁੰਟ ਤੱਕਿਆ ਕਲਜੁਗ ਕੂੜੀ ਕਿਰਿਆ ਉਡੇ ਧੂੜ, ਪ੍ਰਭ ਦੀ ਧੂੜੀ ਮਸਤਕ ਖ਼ਾਕ ਨਾ ਕੋਇ ਰਮਾਈਆ । ਚਤੁਰ ਸੁਘੜ ਬਣ ਗਏ ਮੂਰਖ ਮੂੜ੍ਹ, ਮਾਇਆ ਮਮਤਾ ਵਿਚ ਕੁਰਲਾਈਆ । ਹਉਮੇ ਗੜ੍ਹ ਬਣਿਆ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਨਾ ਕੋਇ ਕਢਾਈਆ । ਸਾਚਾ ਨਾਮ ਨਾ ਮਿਲੇ ਸਰੂਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਆਤਮ ਜੋਤ ਨਾ ਚਮਕੇ ਨੂਰ, ਅੰਧ ਅੰਧੇਰ ਨਾ ਦਏ ਗਵਾਈਆ । ਅੰਮ੍ਰਿਤ ਭੰਡਾਰਾ ਨਾ ਮਿਲੇ ਭਰਪੂਰ, ਜਗਤ ਤ੍ਰਿਸ਼ਨਾ ਨਾ ਕੋਇ ਬੁਝਾਈਆ । ਰਸਨਾ ਢੋਲੇ ਗਾਉਂਦੇ ਸਿਫ਼ਤਾਂ ਕਰਨ ਮਨਸੂਰ, ਐਹਨਲਹੱਕ ਨਾ ਕੋਇ ਮੇਲ ਮਿਲਾਈਆ । ਕਲਜੁਗ ਅੰਤ ਕੂੜੀ ਕਿਰਿਆ ਸਭ ਨੂੰ ਕੀਤਾ ਚੂਰ, ਬਲਹੀਣ ਹੋਈ ਲੋਕਾਈਆ । ਪੁਰਖ ਅਕਾਲ ਦਾ ਸਮਝੇ ਨਾ ਕੋਇ ਦਸਤੂਰ, ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਨਿਤ ਨਵਿਤ ਜਨ ਭਗਤਾਂ ਬਖ਼ਸ਼ੇ ਸਰਬ ਕ਼ਸੂਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਲੇਖਾ ਜਾਣੇ ਹਾਜ਼ਰ ਹਜ਼ੂਰ, ਹਜ਼ਰਤ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦੀ ਚੌਧਵੀਂ ਸਰਬ ਦੀ ਬੇਨੰਤੀ ਕਰੇ ਮਨਜ਼ੂਰ, ਮੰਜ਼ਲ ਬਾਮੰਜ਼ਲ ਵੇਖੇ ਥਾਉਂ ਥਾਈਂਆ ।

### ❊ ੨੩ ਮਾਘ ਸ਼ਹਿਨਸ਼ਾਹੀ ਸੰਮਤ ੪ ਸੋਹਣ ਸਿੰਘ ਦੇ ਗ੍ਰਹਿ ਪਿੰਡ ਸ਼ਾਹ ਬੁਕਰ ਜ਼ਿਲਾ ਫ਼ਿਰੋਜ਼ਪੁਰ ❊

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਪ੍ਰਭ ਸਰਨਾਈ ਜਾਓ ਝੁਕ, ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਇਕੋ ਇਕ ਮਨਾਈਆ । ਕਲਜੁਗ ਕੂੜੀ ਕਿਰਿਆ ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਵਿਚੋਂ ਪੰਧ ਜਾਏ ਮੁਕ, ਲੋਕਮਾਤ ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਗਾਏ ਇਕੋ ਤੁਕ, ਤੁਖ਼ਮ ਤਾਅਸੀਰ ਬੇਨਜ਼ੀਰ ਨਰ ਨਰਾਇਣ ਦਏ ਬਦਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਜੁੜੇ ਪਿਤਾ ਪੁਤ, ਪਤਿਪਰਮੇਸ਼ਵਰ ਪਰਮ ਪੁਰਖ ਆਪਣੀ ਦਇਆ ਕਮਾਈਆ । ਦੀਨ ਮਜ਼੍ਹਬ ਕੂੜ ਕਿਰਿਆ ਰਹੇ ਕੋਈ ਨਾ ਦੁੱਖ, ਦਰਦ ਦੁੱਖ ਭੰਜਨ ਪ੍ਰਭ ਧੁਰ ਦਾ ਅੰਜਨ ਕੂੜੀ ਕਿਰਿਆ ਦਏ ਮਿਟਾਈਆ । ਮਨ ਕਲਪਣਾ ਜਗਤ ਤ੍ਰਿਸ਼ਨਾ ਮੇਟੇ ਭੁੱਖ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ, ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣੀ ਗੋਦੀ ਲਏ ਚੁਕ, ਏਥੇ ਓਥੇ ਦੋ ਜਹਾਨਾ ਨੌਜਵਾਨਾ ਮਰਦ ਮਰਦਾਨਾ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਰਗੁਣ ਧਾਰ ਦੋ ਜਹਾਨਾ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਇਕੋ ਝੁਕੇ ਸੀਸ, ਬਿਨ ਕ਼ਦਮਾਂ ਸੀਸ ਨਿਵਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਤੱਕੀਏ ਨੂਰ ਨੁਰਾਨਾ ਦੋ ਜਹਾਨਾ ਰਹਿਬਰ ਜਗਤ ਜਗਦੀਸ਼, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਿਸ ਦਾ ਨਾਮ ਕ਼ਲਮਾ ਪੜ੍ਹਦੇ ਆਏ ਹਦੀਸ, ਸਿਫ਼ਤਾਂ ਵਿਚ ਅੱਖਰ ਅੱਖਰਾਂ ਨਾਲ ਮਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਚਾਰ ਕੁੰਟ ਦਹਿ ਦਿਸ਼ਾ ਬਦਲਣ ਵਾਲਾ ਰੀਤ, ਮੰਦਰ ਮਸੀਤ ਸ਼ਿਵਦਵਾਲਾ ਮਠ ਝਗੜਾ ਦਏ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚਾ ਢੋਲਾ ਦੱਸੇ ਗੀਤ, ਗਹਿਰ ਗੰਭੀਰ ਬੇਨਜ਼ੀਰ ਭੇਵ ਅਭੇਦਾ ਆਪ ਖੁਲ੍ਹਾਈਆ । ਬਿਰਧ ਬਾਲਾਂ ਨੌਜਵਾਨਾਂ ਸਭ ਦੀ ਕਾਇਆ ਕਰੇ ਠੰਡੀ ਸੀਤ, ਕਰੋਧ ਅਗਨ ਅੰਤਰ ਦਏ ਬੁਝਾਈਆ । ਸਤਿ ਧਰਮ ਦੀ ਸਾਚੀ ਦੱਸ ਕੇ ਰੀਤ, ਰੀਤੀਵਾਨ ਆਪਣਾ ਰੰਗ ਰੰਗਾਈਆ । ਝਗੜਾ ਮਿਟਾ ਕੇ ਹਸਤ ਕੀਟ, ਊਚ ਨੀਚ ਇਕੋ ਘਰ ਬਹਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖਦੇ ਜੁਗ ਜੁਗ ਦੀ ਧਾਰ, ਦੀਨ ਦੁਨੀ ਖੋਜ ਖੁਜਾਈਆ । ਸਾਡੇ ਨਾਲ ਰਿਹਾ ਨਾ ਕਿਸੇ ਪਿਆਰ, ਮੁਹੱਬਤ ਹੱਕ ਨਾ ਕੋਇ ਕਮਾਈਆ । ਚਾਰ ਕੁੰਟ ਹੋਇਆ ਅੰਧਿਆਰ, ਨੂਰੀ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲਣ ਸਰਬ ਜੈਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਪੜ੍ਹ ਪੜ੍ਹ ਥੱਕਾ ਜੀਵ


੮੭੫
੨੧

ਜਗਤ ਸੰਸਾਰ, ਵਿਦਿਆ ਅਕਲ ਬੁੱਧੀ ਨਾਲ ਟਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਿਲਿਆ ਕਿਸੇ ਨਾ ਕਾਇਆ ਮੰਦਰ ਸਚ ਦਵਾਰ, ਬਜਰ ਕਪਾਟੀ ਪੜਦਾ ਨਾ ਕੋਇ ਖੁਲ੍ਹਾਈਆ । ਸ਼ਬਦ ਨਾਦ ਧੁਨ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਅੰਮ੍ਰਿਤ ਰਸ ਮਿਲੇ ਨਾ ਠੰਡਾ ਠਾਰ, ਬੂੰਦ ਸਵਾਂਤੀ ਨਿਝਰ ਝਿਰਨਾ ਨਾ ਕੋਇ ਝਿਰਾਈਆ । ਦੀਆ ਬਾਤੀ ਕਮਲਾਪਾਤੀ ਘਰ ਵਿਚ ਘਰ ਕਰੇ ਨਾ ਕੋਇ ਉਜਿਆਰ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਹਾਹਾਕਾਰ, ਇਸ਼ਟ ਦੇਵ ਸਤਿਗੁਰ ਸਵਾਮੀ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਆਪਣਾ ਆਪਣਾ ਵੇਖੋ ਦੀਨ ਮਜ਼੍ਹਬ, ਨਿਗਾਹਬਾਨ ਹੋ ਕੇ ਨਿਗਾਹ ਲਓ ਉਠਾਈਆ । ਭਰਮੇ ਭੁੱਲੇ ਜਗਤ ਜੀਵ ਮੈਂ ਹੈਰਾਨ ਹੋਈ ਤੁਅੱਜਬ, ਪਰੇਸ਼ਾਨੀ ਵਿਚ ਦੁਹਾਈਆ । ਪ੍ਰਭ ਦੇ ਨਾਮ ਕ਼ਲਮੇ ਤੋਂ ਹੋਇਆ ਮੁਤੱਸਬ, ਅੱਲਾ ਵਾਹਿਗੁਰੂ ਪਈ ਲੜਾਈਆ । ਦਰੋਹੀ ਖ਼ੁਦਾ ਦੀ ਕਿਸ ਦੀ ਕਰੋਗੇ ਮਦਦ, ਕਵਣ ਭਗਤ ਜਣਾਈਆ । ਮਨ ਕਲਪਣਾ ਵਧਿਆ ਤਸ਼ੱਦਦ, ਨਿਫ਼ਾਕ ਵਿਚ ਕੁਰਲਾਈਆ । ਅੰਕੜੇ ਵੇਖੋ ਪ੍ਰਭ ਦੇ ਨਾਮ ਦਾ ਕਿਹੜਾ ਅਦਦ, ਹਿੰਦਸੇ ਦਿਓ ਜਣਾਈਆ । ਸਾਰੇ ਕਹਿਣ ਕਲਜੁਗ ਕੀਤਾ ਗ਼ਜ਼ਬ, ਸਾਡੀ ਚਲੇ ਨਾ ਕੋਇ ਵਡਿਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਰਿਹਾ ਕੋਈ ਨਾ ਅਦਬ , ਬੇਅਦਬੀ ਵਿਚ ਦੁਹਾਈਆ । ਸਾਚੇ ਮਾਰਗ ਚਲੇ ਨਾ ਕੋਇ ਕ਼ਦਮ, ਰਾਹ ਹੱਕ ਨਾ ਕੋਇ ਅਪਣਾਈਆ । ਕੂੜੀ ਕਿਰਿਆ ਜੀਵ ਜਗਤ ਜਹਾਨ ਹੋਏ ਨਗਨ, ਮਾਇਆ ਮਮਤਾ ਖ਼ੁਸ਼ੀ ਮਨਾਈਆ । ਸਦੀ ਚੌਧਵੀਂ ਮੈਨੂੰ ਐਂ ਦਿਸਦਾ ਕੁਛ ਝਗੜਾ ਪੈਣ ਵਾਲਾ ਅਦਨ, ਅਦਾਲਤ ਧੁਰ ਦੀ ਸੁਣਾਈਆ । ਮੂਸਾ ਮੁਹੰਮਦ ਦੀ ਧਾਰ ਹੋਣਾ ਕ਼ਤਲ, ਈਸਾ ਦਏ ਦੁਹਾਈਆ । ਸਿਆਸਤ ਚਲੇ ਨਾ ਕੋਇ ਯਤਨ, ਯਥਾਰਥ ਹੁਕਮ ਨੂਰ ਅਲਾਹੀਆ । ਜਿਸ ਉਤੇ ਸੋਗ ਕੋਇ ਨਾ ਹਰਖਨ, ਚਿੰਤਾ ਗ਼ਮ ਨਾ ਕੋਇ ਵਡਿਆਈਆ । ਸੋ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਲਾਵੇ ਭਟਕਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਭ ਦੀ ਪੂਰੀ ਹੋਵੇ ਸ਼ਰਤਨ, ਪੇਸ਼ੀਨਗੋਈਆਂ ਨਾਲ ਮਿਲਾਈਆ । ਕੁਛ ਸੰਦੇਸ਼ਾ ਦੇ ਕੇ ਗਿਆ ਪੰਚਮ ਗੁਰ ਅਰਜਨ, ਤੱਤੀ ਲੋਹ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਏਕ ਅਸਚਰਜਨ, ਬੁੱਧੀ ਤੋਂ ਪਰੇ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਂ ਦੇਵਾਂ ਅਗੰਮੀ ਹੋਕਾ, ਹੁਕਮ ਸੁਣਾਵਾਂ ਅਗੰਮੀ ਨੂਰ ਅਲਾਹੀਆ । ਮੁਹੰਮਦਾ ਛੱਡਣੇ ਪੈਣੇ ਚੌਦਾਂ ਤਬਕ ਝਗੜਾ ਰਹੇ ਨਾ ਚੌਦਾਂ ਲੋਕਾ, ਲੁਕਿਆ ਭੇਵ ਨਾ ਕੋਇ ਜਣਾਈਆ । ਕਿਸੇ ਨਾਲ ਕਰਾਂ ਨਾ ਧੋਖਾ, ਮੂਸਾ ਈਸਾ ਦਿਆਂ ਦ੍ਰਿੜਾਈਆ । ਆਪਣਾ ਆਪਣਾ ਪਿਛਲਾ ਵੀਹਵੀਂ ਸਦੀ ਦਾ ਫੋਲ ਲਓ ਪੋਥਾ, ਪੁਸਤਕ ਲਓ ਉਠਾਈਆ । ਜਿਸ ਖ਼ੁਦਾ ਦੀਆਂ ਸੋਚਦੇ ਆਏ ਸੋਚਾ, ਅੰਤਰ ਅੰਤਰ ਵੇਖ ਵਖਾਈਆ । ਓਹ ਸਭ ਦੀਆਂ ਪੂਰੀਆਂ ਕਰੇ ਲੋਚਾ, ਪਰਦੇ ਆਪਣੇ ਲਓ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਖੇਲ ਪਰਵਰਦਿਗਾਰਾ, ਪਾਰਬ੍ਰਹਮ ਕੀ ਵਰਤਾਈਆ । ਸਾਕਾਰ ਚਲੇ ਨਾ ਕੋਈ ਚਾਰਾ, ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਭੇਵ ਕੋਈ ਨਾ ਆਈਆ । ਭਵਿਖਤਾਂ ਵਿਚ ਲਿਖਤਾਂ ਵਿਚ ਅਸੀਂ ਕਹਿ ਕੇ ਆਏ ਕਲਜੁਗ ਅੰਤ


੮੭੬ ੨੧

ਕਲ ਕਲਕੀ ਹੋਏ ਅਵਤਾਰਾ, ਅਮਾਮ ਅਮਾਮਾ ਰੂਪ ਵਟਾਈਆ । ਜੋ ਏਥੇ ਓਥੇ ਦੋ ਜਹਾਨ ਬਣੇ ਸਿਕਦਾਰਾ, ਸਿਕਮ ਦਾ ਝਗੜਾ ਵੇਖ ਵਖਾਈਆ । ਜਿਸ ਦਾ ਨੂਰ ਹੋਵੇ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਓਹ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵੇ ਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜਿਸ ਦਾ ਖੇਲ ਅਗੰਮ ਅਥਾਹ ਅਲਖ ਅਗੋਚਰ ਜਗਤ ਤੋਂ ਨਿਆਰਾ, ਨਿਆਂਕਾਰੀ ਇਕ ਹੋ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਓਸ ਦੇ ਚਰਨ ਸਰਨ ਕਰੀਏ ਨਿਮਸਕਾਰਾ, ਡੰਡਾਵਤ ਬੰਦਨਾ ਨਮਸਤੇ ਕਰ ਕੇ ਸੱਜਦੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਵਤਾਰਾ, ਨਿਰਗੁਣ ਨੂਰ ਨੂਰ ਅਲਾਹੀਆ ।

੮੭੭

੨੧

## ❊ ੨੪ ਮਾਘ ਸ਼ਹਿਨਸ਼ਾਹੀ ਸੰਮਤ ੪ ਕੈਪਟਨ ਤਾਰੂ ਸਿੰਘ ਦੇ ਗ੍ਰਿਹ ਪਿੰਡ ਜੰਡੀਰੇ ❊

ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਕਰਨ ਅਰਜੋਈ, ਦਰਗਾਹ ਸਾਚੀ ਸਚਖੰਡ ਦਵਾਰੇ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਮਿਲੇ ਕਿਸੇ ਨਾ ਢੋਈ, ਪਾਰਬ੍ਰਹਮ ਪਤਿਪਰਮੇਸ਼ਵਰ ਸਤਿ ਸਤਿਵਾਦੀ ਨਜ਼ਰ ਕੋਇ ਨਾ ਆਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਤੇਰੇ ਨਾਮ ਦੀ ਦੇਵੇ ਨਾ ਕੋਇ ਦਰੋਹੀ, ਹੋਕਾ ਹੱਕ ਨਾ ਕੋਇ ਜਣਾਈਆ । ਸੰਤ ਭਗਤ ਭਗਵੰਤ ਕੰਤ ਮਿਲਿਆ ਕਿਸੇ ਨਾ ਕੋਈ, ਚਾਰ ਵਰਨ ਅਠਾਰਾਂ ਬਰਨ ਆਤਮ ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਨੌ ਖੰਡ ਪ੍ਰਿਥਮੀ ਦਿਸੀ ਸੋਈ, ਸੁਰਤੀ ਸ਼ਬਦ ਬਿਨ ਦੀਨ ਮਜ਼੍ਹਬ ਨਾ ਕੋਇ ਮਿਲਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਰਿਹਾ ਕੋਈ ਨਾ ਚੋਈ, ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਕੰਮ ਕਿਸੇ ਨਾ ਆਈਆ । ਬਿਨ ਕਿਰਪਾ ਤੇਰੀ ਦੀਨ ਦਿਆਲ ਪਤ ਸਭ ਦੀ ਗਈ ਖੋਹੀ, ਖ਼ਾਲਕ ਖ਼ਲਕ ਉਪਰ ਵੇਖ ਫ਼ਲਕ ਧਰਨੀ ਧਰਤ ਧਵਲ ਧਰਮ ਦੀ ਧਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰ ਏਕੰਕਾਰ ਦਰਗਾਹ ਸਾਚੀ ਤੇਰੇ ਅੱਗੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ ਕਲਜੁਗ ਵੇਖ ਬਦੀ ਨੇਕੀ, ਨਿੱਕੇ ਵੱਡੇ ਚਾਰੋਂ ਕੁੰਟ ਖੋਜ ਖੁਜਾਈਆ । ਸਾਹਿਬ ਸਤਿਗੁਰ ਤੇਰੇ ਉਤੇ ਧਰੇ ਕੋਈ ਨਾ ਟੇਕੀ, ਟਿੱਕੇ ਮਸਤਕ ਧੂੜੀ ਖ਼ਾਕ ਨਾ ਕੋਇ ਰਮਾਈਆ । ਮਨ ਕਲਪਣਾ ਬੁਧ ਕਰੇ ਨਾ ਕੋਇ ਬਿਬੇਕੀ, ਦੁਰਮਤ ਮੈਲ ਨਾ ਕੋਇ ਧਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਮੰਨਦੇ ਵੇਖੋ ਵੇਖੀ, ਨਿਜ ਨੇਤਰ ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜ ਕੁੜਿਆਰਾ ਲੈਣਾ ਵੇਖੀ, ਮੋਹ ਵਿਕਾਰ ਵਿਚ ਲੋਕਾਈਆ । ਪਰਵਰਦਿਗਾਰ ਸਾਂਝੇ ਯਾਰ ਕਲਜੁਗ ਅੰਤ ਸ੍ਰੀ ਭਗਵੰਤ ਕਰ ਛੇਤੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਭੇਖੀ, ਕੂੜ ਕੁੜਿਆਰੇ ਧੀਆਂ ਭੈਣਾਂ ਰਹੇ ਤਕਾਈਆ । ਤੇਰਾ ਆਤਮ ਪਰਮਾਤਮ ਧਰਤੀ ਉਤੇ ਬਣਿਆ ਪਰਦੇਸੀ, ਸਾਚੀ ਦਿਸ਼ਾ ਸਮਝ ਨਾ ਕੋਇ ਸਮਝਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਰਗੁਣ

੮੭੭

੨੧

ਨਿਰਗੁਣ ਅਗੰਮ ਅਗੰਮੜਾ ਭੇਤੀ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦਵਾਰੇ ਇਕੋ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਰੇ ਧਰੋ ਧਰਵਾਸ, ਧਰਮ ਦਵਾਰਾ ਦਿਆਂ ਜਣਾਈਆ । ਖੇਲਾਂ ਖੇਲ ਪ੍ਰਿਥਮੀ ਆਕਾਸ਼, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕਰਾਂ ਫ਼ਾਸ਼, ਫ਼ੈਸਲਾ ਇਕੋ ਹੱਕ ਸੁਣਾਈਆ । ਦੀਨ ਦੁਨੀ ਰਹੇ ਨਾ ਰਾਤ, ਰੁਤੜੀ ਆਪਣੇ ਰੰਗ ਰੰਗਾਈਆ । ਮਨ ਕਲਪਣਾ ਸਭ ਦੀ ਪਾਏ ਵਫ਼ਾਤ, ਜੀਵਤ ਜੀਅ ਨਾ ਕੋਇ ਜਣਾਈਆ । ਨਾਮ ਸਤਿ ਸਭ ਦੀ ਕਾਇਆ ਅੰਦਰ ਦੇਵਾਂ ਅਗੰਮ ਸੌਗ਼ਾਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਪੜ੍ਹਾਈਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਹਰ ਹਿਰਦੇ ਕਰਾਂ ਰੁਸ਼ਨਾਈਆ । ਅੰਮ੍ਰਿਤ ਰਸ ਬਖ਼ਸ਼ ਕੇ ਬੂੰਦ ਸਵਾਂਤ, ਨਿਝਰ ਝਿਰਨਾਂ ਦਿਆਂ ਝਿਰਾਈਆ । ਝਗੜਾ ਮੇਟ ਕੇ ਜ਼ਾਤ ਪਾਤ, ਆਤਮ ਬ੍ਰਹਮ ਇਕ ਸਮਝਾਈਆ । ਜੋ ਗੁਰ ਅਵਤਾਰ ਪੈਗ਼ੰਬਰ ਆਏ ਆਖ, ਆਖ਼ਰ ਓਹੋ ਪੂਰ ਕਰਾਈਆ । ਕੋਈ ਰਹਿਣ ਨਾ ਦੇਵਾਂ ਮਾਤ ਗੁਸਤਾਖ਼, ਹੰਕਾਰ ਵਿਕਾਰ ਦਿਆਂ ਗਵਾਈਆ । ਜਨ ਭਗਤਾਂ ਦੇ ਕੇ ਸਾਥ, ਸਗਲਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪੂਜਾ ਪਾਠ, ਆਤਮ ਬ੍ਰਹਮ ਪਾਰਬ੍ਰਹਮ ਜੋੜ ਜੁੜਾਈਆ । ਸਾਚੀ ਮੰਜ਼ਲ ਦੇ ਕੇ ਘਾਟ, ਪਤਣ ਧੁਰ ਦਾ ਇਕੋ ਇਕ ਵਖਾਈਆ । ਜਿਸ ਗ੍ਰਿਹਿ ਵਸੇ ਪੁਰਖ ਅਬਿਨਾਸ਼, ਜੋਤੀ ਜਾਤਾ ਡੇਰਾ ਲਾਈਆ । ਝਗੜਾ ਮੁਕੇ ਜ਼ਾਤ ਪਾਤ, ਪੁਰਖ ਅਕਾਲਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਹਰਿ ਕਰਤਾ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਬਹੁੜੀ, ਹਾਹਾਕਾਰ ਵੇਖ ਲੋਕਾਈਆ । ਦੀਨ ਦੁਨੀ ਹੋਈ ਕੌੜੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਸਾਚੀ ਮੰਜ਼ਲ ਲਾਏ ਕੋਈ ਨਾ ਪੌੜੀ, ਦਰਗਾਹ ਸਾਚੀ ਚੜ੍ਹਨ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਵਿਕਾਰ ਤੋਂ ਰਹੇ ਹੋੜੀ, ਨੇਤਰ ਅੱਖ ਨਾ ਕੋਇ ਸ਼ਰਮਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਜੋੜੀ, ਨਾਰ ਕੰਤ ਰਹੇ ਕੁਰਲਾਈਆ । ਏਕਾ ਮੰਤਰ ਦੱਸ ਫੋਰੀ, ਫੁਰਨੇ ਮਨ ਦੇ ਬੰਦ ਕਰਾਈਆ । ਤੇਰੇ ਹੱਥ ਫੜਾਈ ਪ੍ਰਭੂ ਡੋਰੀ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸੁਣੋ ਮੇਰੇ ਬਾਲ ਨਾਦਾਨ, ਤੁਹਾਨੂੰ ਦਿਆਂ ਜਣਾਈਆ । ਵੇਖੋ ਖੇਲ ਜ਼ਿਮੀਂ ਅਸਮਾਨ, ਪਰਦੇ ਪਰਦਿਆਂ ਵਿਚੋਂ ਉਠਾਈਆ । ਮੈਂ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਪ੍ਰਗਟਾਈਆ । ਨਾਮ ਸੰਦੇਸ਼ਾ ਧੁਰ ਦਾ ਕ਼ਲਮਾ ਲੱਖ ਚੁਰਾਸੀ ਦੇਵਾਂ ਗਿਆਨ, ਜੀਵਤ ਜੀਅ ਆਤਮ ਬ੍ਰਹਮ ਕਰਾਂ ਪੜ੍ਹਾਈਆ । ਸਤਿਗੁਰ ਸ਼ਬਦ ਏਕਾ ਏਕ ਕਰ ਪ੍ਰਧਾਨ, ਹੁਕਮ ਦੇਵਾਂ ਥਾਉਂ ਥਾਈਂਆ । ਦੀਨ ਦੁਨੀ ਦਾ ਝਗੜਾ ਮੇਟ ਇਸਲਾਮ, ਇਸਮ ਆਜ਼ਮ ਨੂਰੀ ਨੂਰ ਕਰਾਂ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸਭ ਦੀ ਸਾਂਝੀ ਹੋਏ ਕਲਾਮ, ਕ਼ਲਮਾ ਇਕੋ ਇਕ ਦੇਣਾ ਦ੍ਰਿੜਾਈਆ । ਅਮਾਮਾਂ ਦਾ ਅਮਾਮ ਪੈਗ਼ੰਬਰਾਂ ਦਏ ਪੈਗ਼ਾਮ, ਰਸੂਲਾਂ ਨਬੀਆਂ ਕਰੇ ਪੜ੍ਹਾਈਆ । ਅੰਤ ਅਖ਼ੀਰ ਬੇਨਜ਼ੀਰ ਕਰੇ ਹੱਕ ਇੰਤਜ਼ਾਮ, ਸ਼ਬਦ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕੂੜੀ ਕਿਰਿਆ ਮੇਟੇ ਜਗ ਹਰਾਮ, ਸਾਚਾ ਨਾਮ ਇਕ ਪ੍ਰਗਟਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਆਪਣੀ

ਆਪਣੀ ਮਾਰੇ ਨਿਗਾਹ, ਨਿਗਾਹਬਾਨ ਆਪ ਜਣਾਈਆ । ਤੁਹਾਡੇ ਨਾਮ ਨੇ ਕਿਸ ਦਾ ਹਿਰਦਾ ਵਿੱਧਾ, ਮੈਨੂੰ ਸਚ ਦਿਓ ਜਣਾਈਆ । ਧੁਰ ਦਾ ਮਾਰਗ ਕਿਹੜਾ ਸਿੱਧਾ, ਧੁਰ ਸਹਿਜ ਦਏ ਮਿਲਾਈਆ । ਕਿਉਂ ਦੀਨਾਂ ਮਜ਼੍ਹਬਾਂ ਵਿਚ ਕਰਦੇ ਜ਼ਿੱਦਾਂ, ਝਗੜੇ ਵਿਚ ਦੁਹਾਈਆ । ਕਿਉਂ ਵੰਡ ਵੰਡਾਈ ਪੱਥਰ ਇੱਟਾਂ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਬਣਾਈਆ । ਅੰਤ ਅਖ਼ੀਰ ਇਸ ਦਾ ਵੇਖੋ ਨਿਕਲਦਾ ਸਿੱਟਾ, ਸਿੱਟੇਬਾਜ਼ੀ ਕੂੜ ਲੋਕਾਈਆ । ਸਭ ਦੇ ਕੋਲ ਕਾਗ਼ਜ਼ ਕੋਰਾ ਵੇਖੋ ਚਿੱਟਾ, ਪੁਰਖ ਅਕਾਲਾ ਰਿਹਾ ਦ੍ਰਿੜਾਈਆ । ਜੋਧਾ ਸੂਰਬੀਰ ਬਹਾਦਰ ਵੇਖੇ ਤੁਹਾਥੋਂ ਨਿੱਕਾ, ਜੋ ਅੰਤ ਅਖ਼ੀਰ ਵੇਸ ਵਟਾਈਆ । ਜਿਸ ਨੇ ਕਲਜੁਗ ਬਦਲ ਦੇਣਾ ਸਿੱਕਾ, ਸਤਿਜੁਗ ਸਾਚਾ ਰਾਹ ਚਲਾਈਆ । ਹੁਕਮ ਮੰਨਣਾ ਇਕੋ ਇਕਾ, ਏਕੰਕਾਰ ਰੰਗ ਰੰਗਾਈਆ । ਪਰਵਰਦਿਗਾਰ ਸਭ ਦਾ ਦੱਸਣਾ ਪਿਤਾ, ਪਤਿਪਰਮੇਸ਼ਵਰ ਨੂਰ ਅਲਾਹੀਆ । ਕਰੇ ਖੇਲ ਜਗਤ ਅਣਡਿੱਠਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਕਰ ਦੇ ਇਕੋ ਬੋਲੀ, ਅਨਬੋਲਤ ਰਾਗ ਸੁਣਾਈਆ । ਝਗੜਾ ਰਹੇ ਨਾ ਕਾਇਆ ਚੋਲੀ, ਪੰਜ ਤਤ ਨਾ ਕੋਇ ਬੁਝਾਈਆ । ਅੰਤਮ ਤੇਰੇ ਘਰ ਦੀ ਹੋਵੇ ਗੋਲੀ, ਪਰਮਾਤਮ ਤੇਰੇ ਘਰ ਦੀ ਸਾਚੀ ਸੇਵ ਕਮਾਈਆ । ਨਾਮ ਕ਼ਲਮਾ ਦੱਸ ਹੌਲੀ ਹੌਲੀ, ਹਰ ਹਿਰਦੇ ਕਰ ਰੁਸ਼ਨਾਈਆ । ਤੇਰੀ ਰੁਤ ਜਾਏ ਮੌਲੀ, ਖ਼ਿਜ਼ਾਂ ਕੂੜ ਰਹੇ ਨਾ ਰਾਈਆ । ਤੇਰੀ ਤੁਕ ਇਕੋ ਸਭ ਨੇ ਗਾਉਣੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਮੰਜ਼ਲ ਹੱਕ ਅਗੰਮ ਵਖੌਣੀ, ਜਿਥੇ ਆਪਣਾ ਆਸਣ ਲਾਈਆ । ਨਿਰਗੁਣ ਨੂਰ ਜੋਤ ਚਮਕਾਉਣੀ, ਅੰਧ ਅਗਿਆਨ ਅੰਧੇਰਾ ਦੇਣਾ ਗਵਾਈਆ । ਸ਼ਬਦ ਧਾਰ ਨਾਦ ਸੁਣਾਉਣੀ, ਅਨਰਾਗੀ ਰਾਗ ਅਲਾਹੀਆ । ਦਰਗਾਹ ਸਾਚੀ ਸਚ ਦਵਾਰ ਆਪਣੀ ਧਾਰ ਪ੍ਰਗਟਾਉਣੀ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤ ਸ੍ਰੀ ਭਗਵੰਤ ਤੇਰੀ ਦੀਨ ਦੁਨੀ ਤੇਰੇ ਹੱਥ ਫੜਾਉਣੀ, ਅਮਾਨਤ ਵਿਚ ਖ਼ਿਆਨਤ ਕਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਕਲਜੁਗ ਵੇਖੋ ਆਯੂ ਆਰਜ, ਆਜਜ਼ ਹੋ ਕੇ ਧਿਆਨ ਲਗਾਈਆ । ਸਭ ਨੂੰ ਦੇਣਾ ਪੈ ਜਾਏ ਚਾਰਜ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਅੰਤਮ ਲੇਖਾ ਹੋਣਾ ਖ਼ਾਰਜ, ਖਵਾਜਾ ਰੂਪ ਨਾ ਕੋਇ ਦਰਸਾਈਆ । ਕਰੇ ਖੇਲ ਅਗੰਮਾ ਧਰਮ ਦੀ ਲਾ ਅਦਾਲਤ, ਇਨਸਾਫ਼ ਇਕੋ ਇਕ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਰੇ ਨਾ ਕੋਇ ਬਗ਼ਾਵਤ, ਝਗੜਾ ਦੀਨ ਦੁਨੀ ਚੁਕਾਈਆ । ਸਾਚੇ ਨਾਮ ਦੀ ਕਰ ਸਖ਼ਾਵਤ, ਵਸਤ ਅਗੰਮ ਦੇਣੀ ਵਰਤਾਈਆ । ਮਾਇਆ ਮਮਤਾ ਮੇਟ ਅਦਾਵਤ, ਨਿਫ਼ਾਕ਼ ਅੰਦਰੋਂ ਦੇਣਾ ਕਢਾਈਆ । ਪ੍ਰਭ ਮੇਲ ਕੇ ਸਹੀ ਸਲਾਮਤ, ਸਾਚਾ ਨਾਅਰਾ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਪ੍ਰਗਟਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਧੁਰ ਦੇ ਬਣ ਜਾਓ ਸਾਥੀ, ਮੁਹੱਬਤ ਸਚ ਰਖਾਈਆ । ਵੇਖੋ ਖੇਲ ਸਾਹਿਬ ਸਮਰਾਥੀ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਧਾਰ ਦੇ ਬਣਿਓ ਪਾਠੀ, ਆਤਮ ਪਰਮਾਤਮ ਸਚ ਪੜ੍ਹਾਈਆ । ਕਾਇਆ ਸਰੋਵਰ ਨਹਾਉਣਾ ਧੁਰ ਦੇ ਘਾਟੀ, ਜਗਤ ਕਿਨਾਰਾ ਲੋੜ ਰਹੇ ਨਾ ਰਾਈਆ । ਧੁਨ ਆਤਮਕ ਰਾਗ ਸੁਣੇ ਸ਼ਬਦ ਅਨਾਦੀ, ਅਗੰਮ ਅਗੰਮੜਾ ਦਿਓ ਸੁਣਾਈਆ । ਇਕੋ ਪੁਰਖ ਅਕਾਲ

ਲੈਣਾ ਅਰਾਧੀ, ਰਸਨਾ ਜਿਹਵਾ ਬੱਤੀ ਦੰਦ ਢੋਲਾ ਸਿਫ਼ਤ ਸਾਲਾਹੀਆ । ਮਨੂਆ ਹੋਵੇ ਕਦੀ ਨਾ ਬਾਗ਼ੀ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਮਾਟੀ ਕਾਇਆ ਮੰਦਰ ਜਗਾਓ ਚਰਾਗ਼ੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੁਸੀਂ ਪ੍ਰਭ ਦੀ ਧਾਰ ਆਦੀ, ਅੰਤ ਓਸੇ ਵਿਚ ਸਮਾਈਆ । ਸਤਿਗੁਰ ਸ਼ਬਦ ਸੱਚੀ ਸਮਾਧੀ, ਅੱਖਾਂ ਮੀਟਣ ਦੀ ਲੋੜ ਰਹੇ ਨਾ ਰਾਈਆ । ਧੁਰ ਦੇ ਮਾਰਗ ਬਣੋ ਪਾਂਧੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਕਿਸੇ ਕੰਮ ਨਹੀਂ ਆਉਣਾ ਸੋਨਾ ਚਾਂਦੀ, ਚੰਦ ਸਿਤਾਰਾ ਦਏ ਗਵਾਹੀਆ । ਸਤਿਜੁਗ ਅੰਦਰ ਕੋਈ ਨਾ ਸੂਰ ਗਾਂ ਖਾਇਓ ਢਾਂਡੀ, ਗੁਰ ਅਵਤਾਰ ਮਿਲ ਕੇ ਰਹੇ ਸੁਣਾਈਆ । ਜਨ ਭਗਤ ਆਤਮਾ ਪਰਮਾਤਮਾ ਆਦਿ ਜੁਗਾਦਿ ਦੇ ਗੁਆਂਢੀ, ਕਿਉਂ ਵਿਛੜ ਕੇ ਦਿਓ ਦੁਹਾਈਆ । ਜਿਸ ਸਾਹਿਬ ਬਿਨਾ ਪਤ ਜਾਂਦੀ, ਓਹ ਪਰਮੇਸ਼ਵਰ ਲਓ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਘਰ ਮੰਦਰ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਹੁਕਮ ਮੰਨੀਏ ਇਕਾ, ਏਕੰਕਾਰ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਸਿੱਕਾ, ਮੋਹਰ ਸਾਚੇ ਨਾਮ ਦੇ ਲਗਾਈਆ । ਦੀਨ ਦਿਆਲ ਬਣ ਪਿਤਾ, ਪਤਿਪਰਮੇਸ਼ਵਰ ਹੋ ਸਹਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਹਿੱਸਾ, ਹਿੱਸੇਦਾਰੀ ਦੇਣੀ ਤਜਾਈਆ । ਜਿਹੜਾ ਪੇਸ਼ੀਨਗੋਈਆਂ ਵਿਚ ਤੇਰਾ ਭਵਿਖਤ ਲਿਖਾ, ਓਹ ਪੂਰਾ ਕਰ ਵਖਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਸਿੱਖਾ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੱਸ ਸਾਚਾ ਹਿੱਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੇਰਾ ਖੇਲ ਸਦਾ ਨਿਤ ਨਵਿਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਨੂਰ ਨਜ਼ਰੀ ਆਈਆ । ਸਾਡੇ ਕੋਲ ਪੁਰਾਣਾ ਤੇਰਾ ਚਿੱਠਾ, ਜੋ ਜਨਮ ਤੋਂ ਪਹਿਲੋਂ ਸਚਖੰਡ ਦਿਤਾ ਵਖਾਈਆ । ਅੰਤ ਓਸੇ ਦਾ ਨਿਕਲਣ ਲੱਗਾ ਸਿੱਟਾ, ਸਿਟੇਬਾਜ਼ੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਜੋਤ ਪ੍ਰਕਾਸ਼ ਕਿਸੇ ਨਾ ਦਿਸਾ, ਨਿਜ ਨੇਤਰ ਲੋਚਣ ਨੈਣ ਦਿੱਬ ਨੇਤਰ ਅੱਖ ਖੁਲ੍ਹਾਈਆ ।



### ❋ ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਪਿਆਰਾ ਸਿੰਘ ਦੇ ਘਰ ਭੋਗਪੁਰ ਸ਼ੂਗਰ ਮਿਲ ❋

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਝਗੜਾ ਮਿਟੇ ਨਾ ਚਾਰ ਵਰਨ, ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਪਈ ਦੁਹਾਈਆ । ਪਰਦਾ ਉਹਲਾ ਚੁਕਾਏ ਨਾ ਕੋਈ ਅਠਾਰਾਂ ਬਰਨ, ਭਾਂਡਾ ਭਰਮ ਭੌ ਅੰਤਰ ਨਿਰੰਤਰ ਨਾ ਕੋਇ ਭੰਨਾਈਆ । ਪੁਰਖ ਅਕਾਲ ਦੀਨ ਦਿਆਲ ਤੇਰੀ ਆਏ ਕੋਈ ਨਾ ਸਰਨ, ਇਸ਼ਟ ਦੇਵ ਸਵਾਮੀ ਤੇਰਾ ਦਰਸ ਕੋਇ ਨਾ ਪਾਈਆ । ਸਦੀ ਚੌਧਵੀਂ ਕਲਜੁਗ ਜੀਵ ਸਾਚੀ ਮੰਜ਼ਲ ਮੂਲ ਨਾ ਚੜ੍ਹਨ, ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਸਕੇ ਨਾ ਕੋਇ ਜੁੜਾਈਆ । ਮਨ ਕਲਪਣਾ ਮਾਇਆ ਮਮਤਾ ਜ਼ਾਤ ਪਾਤ ਦੀਨ ਮਜ਼੍ਹਬ ਲੜਨ, ਪਰਵਰਦਿਗਾਰ ਸਾਂਝੇ ਯਾਰ ਤੇਰੀ ਨਿਰਗੁਣ ਧਾਰ ਰੰਗ ਨਾ ਕੋਇ ਰੰਗਾਈਆ । ਉੱਤਰ ਪੂਰਬ ਪੱਛਮ ਦੱਖਣ ਤ੍ਰੈਗੁਣ ਮਾਇਆ ਨਾਲ ਲੱਗੀ ਸੜਨ, ਅੰਮ੍ਰਿਤ ਮੇਘ ਬੂੰਦ ਸਵਾਂਤੀ ਨਿਝਰ ਰਸ ਨਾ ਕੋਇ ਚੁਆਈਆ । ਫਿਰੀ ਦਰੋਹੀ ਉਪਰ ਧਰਨੀ ਧਰਤ ਧਵਲ ਧਰਨ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਆਵਣ

ਜਾਵਣ ਲੱਖ ਚੁਰਾਸੀ ਗੇੜ ਮਿਟੇ ਨਾ ਕਿਸੇ ਜਨਮ ਮਰਨ, ਜੂਨ ਅਜੂਨੀ ਪੰਧ ਨਾ ਕੋਇ ਮੁਕਾਈਆ । ਮਾਨਸ ਜਨਮ ਅੰਤ ਅਖ਼ੀਰ ਬੇਨਜ਼ੀਰ ਸਭ ਦਰਬ ਕਰਨ, ਹਿਰਦੇ ਹਰਿਜੂ ਤੇਰਾ ਨਾਮ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸੁਲਤਾਨਾ ਨੌਜਵਾਨਾ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਲੋਕਮਾਤ ਰਿਹਾ ਨਾ ਸਤਿ ਸਤਿਵਾਦ, ਸਤਿ ਧਰਮ ਦਵਾਰ ਨਜ਼ਰ ਕੋਇ ਨਾ ਆਈਆ । ਘਰ ਘਰ ਅੰਦਰ ਵਧਿਆ ਕੂੜ ਵਿਕਾਰਾ ਵਿਵਾਦ, ਮਾਇਆ ਮਮਤਾ ਮੋਹ ਹਲਕਾਈਆ । ਮਾਇਆ ਭਰਮੇ ਭੁੱਲਾ ਸੰਤ ਸਾਧ, ਆਤਮ ਬ੍ਰਹਮ ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਤੇਰੀ ਕਰਦੇ ਯਾਦ, ਧੁਨ ਆਤਮਕ ਰਾਗ ਅਗੰਮੀ ਨਾਦ ਨਾ ਕੋਇ ਸ਼ਨਵਾਈਆ । ਦੀਨ ਮਜ਼੍ਹਬ ਤੈਨੂੰ ਅੱਲਾ ਵਾਹਿਗੁਰੂ ਰਾਮ ਕਹਿੰਦੇ ਗਾਡ, ਤੇਰੇ ਨਾਮ ਕਲਮੇ ਉਤੋਂ ਸਾਰੇ ਕਰਨ ਲੜਾਈਆ । ਤੇਰੇ ਮਜ਼੍ਹਬਾਂ ਦੀਨ ਦੁਨੀ ਵਿਚ ਪਾਇਆ ਫ਼ਸਾਦ, ਸਾਚਾ ਮੇਲ ਨਾ ਕੋਈ ਮਿਲਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਿਨ ਤੇਰੀ ਕਿਰਪਾ ਖੁਲ੍ਹੇ ਕਿਸੇ ਨਾ ਜਾਗ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਘਰ ਘਰ ਲੱਗੀ ਆਗ, ਪੰਜ ਤਤ ਕਾਇਆ ਰਹੀ ਜਲਾਈਆ । ਕਿਰਪਾ ਕਰ ਸਾਹਿਬ ਸੁਲਤਾਨ ਪੁਰਖ ਅਬਿਨਾਸ਼, ਪਾਰਬ੍ਰਹਮ ਤੇਰੀ ਓਟ ਰਖਾਈਆ । ਤੇਰੇ ਉਪਰ ਸਭ ਨੇ ਰੱਖੀ ਆਸ, ਆਸ਼ਾ ਵੇਖ ਖ਼ਲਕ ਖ਼ੁਦਾਈਆ । ਸਾਚੇ ਮੰਦਰ ਪਾਵੇ ਕੋਈ ਨਾ ਰਾਸ, ਗੋਪੀ ਕਾਹਨ ਰੂਪ ਨਾ ਕੋਇ ਧਰਾਈਆ । ਚਾਰ ਵਰਨ ਅਠਾਰਾਂ ਬਰਨ ਏਕੰਕਾਰ ਇਕੋ ਦੇਦੇ ਆਪਣਾ ਅਗੰਮੀ ਜਾਪ, ਜਗਜੀਵਣ ਦਾਤੇ ਧੁਰ ਦਾ ਨਾਦ ਸੁਣਾਈਆ । ਰੂਹ ਬੁਤ ਤਨ ਵਜੂਦ ਮਾਟੀ ਖ਼ਾਕ, ਕਿਰਪਾ ਕਰ ਪੱਤਤ ਪੁਨੀਤ ਦੇ ਬਣਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਨਾ ਕੋਇ ਚਮਕਾਈਆ । ਹਰ ਘਟ ਅੰਦਰ ਤੇਰਾ ਵਾਸ, ਕਿਉਂ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਫ਼ਰਮਾਨਾ ਵੇਖ ਵਖਾਈਆ । ਪੁਰਖ ਅਕਾਲ ਕਹੇ ਸਦੀ ਚੌਧਵੀਂ ਅੰਤ ਆਇਆ ਵਕ਼ਤ, ਪੈਗ਼ੰਬਰੋ ਦਿਆਂ ਸੁਣਾਈਆ । ਸਭ ਦੀ ਭਵਿਖਤਾਂ ਵਾਲੀ ਪੂਰੀ ਕਰਾਂ ਸ਼ਰਤ, ਸ਼ਰਅ ਦੀਨ ਦੁਨੀ ਬਦਲਾਈਆ । ਜੋ ਸੰਦੇਸ਼ਾ ਦੇ ਆਏ ਉਪਰ ਧਰਤ, ਜੋ ਸ੍ਰਿਸ਼ਟੀ ਦ੍ਰਿਸ਼ਟੀ ਕਾਇਆ ਅੰਦਰ ਆਪ ਸੁਣਾਈਆ । ਸੋ ਤੁਹਾਡੀ ਪੂਰੀ ਕਰਾਂ ਸ਼ਰਤ, ਸਾਹਿਬ ਸੁਲਤਾਨ ਹੋ ਕੇ ਆਪਣਾ ਹੁਕਮ ਵਰਤਾਈਆ । ਤੁਸੀਂ ਖੇਲ ਵੇਖੋ ਉਪਰ ਅਰਸ਼, ਸਚ ਦਵਾਰੇ ਲਓ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਮੇਟੇ ਹਰਸ, ਮਰੀਜ਼ ਵੇਖੇ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਬੇਨੰਤੀ ਇਕ ਅਰਦਾਸ, ਚਰਨ ਕਵਲ ਤੇਰੀ ਸ਼ਰਨਾਈਆ । ਸਚ ਵਸਤ ਕਿਸੇ ਨਾ ਪਾਸ, ਦੀਨ ਦੁਨੀ ਖ਼ਾਲੀ ਨਜ਼ਰੀ ਆਈਆ । ਚਾਰੋਂ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਜੋ ਨਾਮ ਕਲਮਾ ਸੰਦੇਸ਼ਾ ਆਏ ਆਖ, ਆਖ਼ਰ ਓਹ ਸਾਰੇ ਗਏ ਭੁਲਾਈਆ । ਤੁਧ ਬਿਨ ਅੰਤ ਕੰਤ ਭਗਵੰਤ ਕਲਜੁਗ ਸੰਤ ਪੁਛੇ ਕੋਈ ਨਾ ਵਾਤ, ਵਾਤਾਵਰਨ ਬਦਲਿਆ ਦੀਨ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸੁਣੋ ਸਚ ਸੰਦੇਸ਼, ਧੁਰ ਕਲਮਾ ਨਾਮ ਦ੍ਰਿੜਾਈਆ । ਲਹਿਣਾ ਦੇਣਾ ਦੇਖੇ ਤੁਹਾਡਾ ਚਾਰ ਜੁਗ ਦਾ ਪਿਛਲਾ ਉਪਦੇਸ਼,

ਜੋ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਰਹੇ ਸੁਣਾਈਆ । ਸਤਿਜੁਗ ਸਾਚੀ ਧਾਰ ਨਰ ਨਿਰੰਕਾਰ ਅਗੰਮਾ ਆਪਣਾ ਦੇ ਸੰਦੇਸ਼, ਧੁਰ ਫ਼ਰਮਾਨਾ ਨੌਜਵਾਨਾ ਮਰਦ ਮਰਦਾਨਾ ਆਪ ਸੁਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਸਭ ਨੂੰ ਕਰਨਾ ਪਏ ਹੇਤ, ਸ੍ਰਿਸ਼ਟੀ ਅੰਦਰ ਇਕੋ ਇਸ਼ਟ ਦੇ ਵਖਾਈਆ । ਝਗੜਾ ਰਹੇ ਨਾ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼, ਦੇਵਤ ਸੁਰ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਸਭ ਨੂੰ ਛੱਡਣਾ ਪਏ ਮਾਤਲੋਕ ਦਾ ਦੇਸ, ਸਚਖੰਡ ਦਵਾਰੇ ਜੋਤੀ ਜੋਤ ਸਮਾਈਆ । ਮੈਂ ਆਦਿ ਜੁਗਾਦੀ ਜੁਗੋ ਜੁਗ ਮਾਲਕ ਖ਼ਾਲਕ ਪ੍ਰਿਤਪਾਲਕ ਏਕ, ਏਕੰਕਾਰ ਇਕ ਅਖਵਾਈਆ । ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਨਰ ਨਰੇਸ਼, ਧੁਰ ਫ਼ਰਮਾਨਾ ਇਕੋ ਇਕ ਸੁਣਾਈਆ । ਸੋ ਕਲਜੁਗ ਅੰਤ ਨਿਰਗੁਣ ਧਾਰ ਜੋਤੀ ਜਾਮਾ ਧਰ ਕੇ ਭੇਸ, ਸਰਗੁਣ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ੍ਰਿਸ਼ਟ ਸਬਾਈ ਬਖ਼ਸ਼ੇ ਇਕੋ ਟੇਕ, ਟਿੱਕੇ ਮਸਤਕ ਨਾਮ ਧੂੜੀ ਖ਼ਾਕ ਰਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਬਾਲਕ ਤੇਰੇ ਨੰਨ੍ਹੇ, ਕਲਜੁਗ ਅੰਤ ਨਾ ਕੋਇ ਵਡਿਆਈਆ । ਬੇਨੰਤੀ ਅਰਦਾਸ ਅਰਜ਼ ਇਕੋ ਮੰਨੇ, ਮਨ ਮਨਸਾ ਕੂੜ ਦੇ ਗਵਾਈਆ । ਤੇਰਾ ਨੂਰ ਜੋਤ ਪ੍ਰਕਾਸ਼ ਹੋਵੇ ਧੁਰ ਦੇ ਚੰਨੇ, ਚੰਨ ਸੂਰੀਆ ਸੀਸ ਨਿਵਾਈਆ । ਜਗਤ ਜੀਵ ਹੋਏ ਅੰਨ੍ਹੇ, ਨਿਜ ਨੇਤਰ ਲੋਚਣ ਨੈਣ ਦੇ ਖੁਲ੍ਹਾਈਆ । ਤੁਧ ਬਿਨ ਗੜ੍ਹ ਹੰਕਾਰ ਕੋਇ ਨਾ ਭੰਨੇ, ਇਹ ਗੁਰ ਅਵਤਾਰ ਪੈਗ਼ੰਬਰ ਰਹੇ ਸੁਣਾਈਆ । ਸਾਚਾ ਰਾਗ ਸੁਣਾ ਬਿਨ ਰਸਨਾ ਜਿਹਵਾ ਕੰਨੇ, ਧੁੰਨ ਆਤਮਕ ਨਾਦ ਵਜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬਦਲ ਦੇ ਸਾਰੇ ਸਮੇਂ, ਕਲਜੁਗ ਕੂੜੀ ਕਿਰਿਆ ਸਮਾਪਤ ਦੇ ਕਰਾਈਆ । ਪਵਣ ਸਵਾਸ ਸਾਹ ਸਾਹ ਨਾਮ ਜਪਾ ਦਮੇ, ਦਾਮਨਗੀਰ ਆਤਮ ਪਰਮਾਤਮ ਆਪ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਧਰਨੀ ਧਰਤ ਧਵਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਜਿਸ ਨੂੰ ਨੂਰ ਅਲਾਹੀ ਮੰਨਿਆ ਅਵਲ, ਆਲਮੀਨ ਬੇਪਰਵਾਹੀਆ । ਓਹ ਹਰ ਹਿਰਦੇ ਲੱਖ ਚੁਰਾਸੀ ਰਿਹਾ ਮਵਲ, ਮੌਲਾ ਰੂਪ ਨੂਰ ਅਲਾਹੀਆ । ਜਿਸ ਨੇ ਸਭ ਦੇ ਅੰਦਰ ਟਿਕਾਇਆ ਨਾਭੀ ਕਵਲ, ਅੰਮ੍ਰਿਤ ਬੂੰਦ ਸਵਾਂਤੀ ਵਿਚ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਹ ਲੈਣਹਾਰਾ ਸਭ ਦੀ ਖ਼ਬਰ, ਬੇਖ਼ਬਰਾਂ ਲਏ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਹੋਈ ਜਿਹੜੀ ਬੇਖ਼ਬਰ, ਸਾਡੇ ਕ਼ਲਮੇ ਕੰਮ ਕਿਸੇ ਨਾ ਆਈਆ । ਮਨ ਕਲਪਣਾ ਸਾਢੇ ਤਿੰਨ ਹੱਥ ਸ਼ਰੀਰ ਅੰਦਰ ਪਾਇਆ ਗ਼ਦਰ, ਝਗੜਾ ਸਕੇ ਨਾ ਕੋਇ ਮਿਟਾਈਆ । ਬੁੱਧੀ ਕਰੇ ਕੋਈ ਨਾ ਅਦਲ, ਮਮਤਾ ਮੋਹ ਹੋਈ ਹਲਕਾਈਆ । ਸਤਿ ਧਰਮ ਹੋਇਆ ਕ਼ਤਲ, ਕੂੜੀ ਕਿਰਿਆ ਡੰਕ ਰਹੀ ਵਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਚਲੇ ਕੋਈ ਨਾ ਯਤਨ, ਯਥਾਰਥ ਤੈਨੂੰ ਦਈਏ ਦ੍ਰਿੜ੍ਹਾਈਆ । ਪੁਰਖ ਅਕਾਲ ਦੀਨ ਦੁਨੀ ਭੁੱਲਿਆ ਤੇਰਾ ਵਤਨ, ਬੇਵਤਨ ਹੋ ਕੇ ਬੈਠੇ ਆਸਣ ਲਾਈਆ । ਪਰਵਰਦਿਗਾਰ ਸਾਂਝੇ ਯਾਰ ਸਦੀ ਚੌਧਵੀਂ ਤੈਨੂੰ ਸਾਰੇ ਆਏ ਦੱਸਣ, ਹਕ਼ੀਕਤ ਹੱਕ ਲਾਸ਼ਰੀਕ ਦਈਏ ਸੁਣਾਈਆ । ਚਰਨ ਕਵਲ ਸਰਨਾਈ ਤੇਈ ਅਵਤਾਰ ਮੂਸਾ ਈਸਾ ਮੁਹੰਮਦ ਨਾਨਕ ਗੋਬਿੰਦ ਢੱਠਣ, ਢਹਿ ਢਹਿ ਲਾਗਣ ਪਾਈਆ । ਕਿਰਪਾ ਕਰ ਪੁਰਖ ਸਮਰਥਨ, ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਅਸੀਂ ਸਭ ਕੁਛ ਵੇਖਿਆ ਕਲਜੁਗ ਧਾਰ

ਅੱਖਣ, ਬਿਨ ਅੱਖਾਂ ਅੱਖ ਉਠਾਈਆ । ਤੁਧ ਬਿਨ ਪੈਜ ਆਏ ਕੋਈ ਨਾ ਰੱਖਣ, ਚਾਰ ਕੁੰਟ ਨਾ ਕੋਇ ਸਹਾਈਆ । ਝਗੜਾ ਮੇਟ ਦੇ ਉੱਤਰ ਪੂਰਬ ਪੱਛਮ ਦੱਖਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਲੈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਪੁਰਖ ਅਕਾਲ ਸਰਬ ਕਲਾ ਸਮਰਥਨ, ਸਮਰਥ ਸਵਾਮੀ ਅੰਤਜਰਾਮੀ ਘਟ ਨਿਵਾਸੀ ਤੇਰੀ ਬੇਪਰਵਾਹੀਆ ।

### ❊ ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਕੌਰ ਦੇ ਗ੍ਰਹਿ ਪਿੰਡ ਸੁਸਾਣਾ ❊

ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਆਸਾ ਮਨਸਾ ਪੂਰੀ ਕਰ ਉਮੀਦ, ਆਲਮੀਨ ਤੇਰਾ ਰਾਹ ਤਕਾਈਆ । ਜੋਤ ਸਰੂਪੀ ਨਿਤ ਨਵਿਤ ਤੇਰਾ ਰਹੇ ਦੀਦ, ਦੀਦਾ ਦਾਨਿਸਤਾ ਤੇਰਾ ਨੂਰ ਨਜ਼ਰੀ ਆਈਆ । ਤੇਰੇ ਨਾਮ ਕਲਮੇ ਦੀ ਜੋ ਕਰ ਕੇ ਗਏ ਤਾਕੀਦ, ਰਾਗ ਨਾਦ ਸਿਫ਼ਤ ਢੋਲੇ ਕਲਮਿਆਂ ਵਿਚ ਗਾਈਆ । ਭਵਿਖਤਾਂ ਵਿਚ ਲਿਖਤਾਂ ਵਿਚ ਰੱਖ ਕੇ ਗਏ ਤੇਰੀ ਉਡੀਕ, ਇਸ਼ਟਾਂ ਵਿਚੋਂ ਤੇਰਾ ਇਸ਼ਟ ਮਨਾਈਆ । ਕਲਜੁਗ ਅੰਤ ਸਦੀ ਚੌਧਵੀਂ ਵੇਖ ਅੰਧੇਰਾ ਤਾਰੀਕ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਤੇਰੇ ਵਿਚ ਹੱਕ ਤੌਫ਼ੀਕ, ਸਾਹਿਬ ਸੁਲਤਾਨ ਤੇਰੇ ਹੱਥ ਵਡਿਆਈਆ । ਹਰ ਘਟ ਅੰਦਰ ਨਜ਼ਰੀ ਆ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਆਦਿ ਜੁਗਾਦੀ ਲਾਸ਼ਰੀਕ, ਦੀਨ ਮਜ਼੍ਹਬ ਵਰਨ ਗੋਤ ਨਾ ਕੋਇ ਰਖਾਈਆ । ਤੇਰੇ ਨਾਮ ਦੀ ਇਕੋ ਹੋਵੇ ਤਬਲੀਗ, ਡੰਕਾ ਇਕੋ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧੁਰ ਦੀ ਦੱਸ ਅਗੰਮ ਤਾਲੀਮ, ਤੁਲਬੇ ਗੁਰ ਅਵਤਾਰ ਪੈਗ਼ੰਬਰ ਮੰਗ ਮੰਗਾਈਆ । ਦਰਗਾਹ ਸਾਚੀ ਸਚਖੰਡ ਦਵਾਰ ਧਾਮ ਵਖਾ ਅਜ਼ੀਮ, ਆਲੀਸ਼ਾਨ ਮਹਿਬਾਨ ਤੇਰੀ ਇਕ ਸਰਨਾਈਆ । ਤੂੰ ਮਾਲਕ ਖ਼ਾਲਕ ਕ਼ਦੀਮ, ਕ਼ੁਦਰਤ ਦਾ ਕਰਤਾ ਨਜ਼ਰੀ ਆਈਆ । ਸਾਡੇ ਕੋਲੋਂ ਜੋ ਤੂੰ ਕਰਾਈ ਤਕਸੀਮ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਭਰੋਸਾ ਦਵਾਇਆ ਯਕੀਨ, ਏਤਮਾਦ ਦਿਤਾ ਬੰਧਾਈਆ । ਤੇਰੀ ਬੇਪਰਵਾਹੀ ਦੇ ਆਫ਼ਰੀਨ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਆਪਣਾ ਮਾਰਗ ਰੱਖ ਮਹੀਨ, ਮੰਜ਼ਲ ਅੰਤ ਨਾ ਕਿਸੇ ਚੜ੍ਹਾਈਆ । ਦੋ ਜਹਾਨਾਂ ਕਰ ਅਧੀਨ, ਹੁਕਮ ਹਾਕਮ ਇਕ ਸੁਣਾਈਆ । ਅਸੀਂ ਬਾਲੇ ਨੱਢੇ ਤੇਰੇ ਮਸਕੀਨ, ਮੁਸ਼ਕਲ ਕਲਜੁਗ ਅੰਤਮ ਆਈਆ । ਨਿਗਾਹ ਮਾਰ ਉਤੇ ਧਰਨੀ ਧਰਤ ਧਵਲ ਜ਼ਮੀਨ, ਲੋਕ ਪ੍ਰਲੋਕ ਰਹੇ ਕੁਰਲਾਈਆ । ਝਗੜਾ ਵੇਖ ਨਰ ਮਦੀਨ, ਆਤਮ ਬ੍ਰਹਮ ਭੇਵ ਰਹੇ ਨਾ ਰਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦਿ ਨਵਾਂ ਨਵੀਨ, ਜੋਬਨਵੰਤਾ ਸੋਭਾ ਪਾਈਆ । ਸਤਿ ਸਤਿਵਾਦੀ ਇਕ ਕਰੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਸਾਚੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਹੁਕਮ ਮੰਨਿਆ ਦਰੁਸਤ, ਦਰੋਹੀ ਤੇਰਾ ਨਾਮ ਖ਼ੁਦਾਈਆ । ਅੰਤ ਸਦੀ ਚੌਧਵੀਂ ਸਾਰੇ ਹੋ ਗਏ ਸੁਸਤ, ਗ਼ਫ਼ਲਤ ਨਿੰਦਰਾ ਵਿਚ ਦੁਹਾਈਆ । ਪਰਵਰਦਿਗਾਰ ਸਭ ਦਾ ਸਾਂਝਾ ਬਣ ਮੁਰਸ਼ਦ, ਪਰਮਾਤਮ ਆਤਮ ਰੰਗ ਰੰਗਾਈਆ ।



੮੮੩
੨੧

ਇਕੋ ਤੇਰੀ ਹੋਵੇ ਉਲਫ਼ਤ, ਦੂਜਾ ਰਾਗ ਨਾ ਕੋਇ ਸੁਣਾਈਆ । ਮਾਇਆ ਮਮਤਾ ਨਾਲੋਂ ਸਭ ਦੀ ਕਰਾ ਫ਼ੁਰਸਤ, ਨਾਤਾ ਕੂੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਨਾਮ ਦੇ ਮੁਫ਼ਤ, ਮੁਫ਼ਤੀਆਂ ਕੋਲੋਂ ਪੱਲੇ ਦੇ ਛੁਡਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਨਾਮ ਖ਼ੁਮਾਰੀ ਮਸਤੀ ਇਕੋ ਹੋਵੇ ਝੋਕ, ਝੁਕ ਝੁਕ ਤੇਰੇ ਕ਼ਦਮਾਂ ਡੰਡਾਵਤ ਬੰਦਨਾ ਸਯਦਾ ਸੀਸ ਨਿਵਾਈਆ । ਤੇਰਾ ਖੇਲ ਹੋਵੇ ਲੋਕ ਪ੍ਰਲੋਕ, ਦੋ ਜਹਾਨਾਂ ਵੱਜੇ ਵਧਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਗਾਵਣ ਤੇਰਾ ਨਾਮ ਇਕ ਸਲੋਕ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਤੇਰਾ ਨਾਮ ਸ਼ਬਦ ਭੰਡਾਰਾ ਆਦਿ ਜੁਗਾਦੀ ਥੋਕ, ਗੁਰ ਅਵਤਾਰ ਪੈਗ਼ੰਬਰ ਪਰਚੂਨ ਲੋਕਮਾਤ ਆਏ ਵਰਤਾਈਆ । ਤੂੰ ਮਾਲਕ ਸਭ ਦਾ ਪਰਮਾਤਮ ਜੋਤ, ਆਤਮਾ ਤੇਰਾ ਨੂਰ ਜੋਤ ਰੁਸ਼ਨਾਈਆ । ਤੇਰਾ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਕੂੜੀ ਕਿਰਿਆ ਦੀਨ ਦੁਨੀ ਦੀ ਬਦਲ ਦੇ ਸੋਚ, ਸਮਝ ਸਮਝ ਵਿਚੋਂ ਪ੍ਰਗਟਾਈਆ । ਕਾਇਆ ਮੰਦਰ ਅੰਦਰ ਨਿਜ ਨੇਤਰ ਲੋਚਨ ਖੋਲ੍ਹ ਕੇ ਲੋਚ, ਲੋਚਾ ਮਨਸਾ ਸਭ ਦੀ ਪੂਰ ਕਰਾਈਆ । ਨਾਮ ਖ਼ੁਮਾਰੀ ਵਿਚ ਕਰ ਮਦਹੋਸ਼, ਮਧੁਰ ਪਿਆਲੇ ਲੋੜ ਰਹੇ ਨਾ ਰਾਈਆ । ਧੁਰ ਦੀ ਧਾਰ ਸਚ ਪਿਆਰ ਭੇਵ ਖੁਲ੍ਹਾ ਅਗੰਮੇ ਕੋਸ਼, ਜਿਸ ਵਿਚ ਅੱਖਰਾਂ ਵਾਲੀ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਵਾਹਵਾ ਤੇਰੀ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਤਮ ਪਰਮਾਤਮ ਸਭ ਨੂੰ ਦੱਸ ਧਾਰ, ਧਰਮ ਦਵਾਰਾ ਇਕ ਵਖਾਈਆ । ਇਕੋ ਇਸ਼ਟ ਹੋਏ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਦੇ ਬਦਲਾਈਆ । ਇਕੋ ਹੋਵੇ ਜੈ ਜੈਕਾਰ, ਚਾਰੋਂ ਕੁੰਟ ਵੱਜੇ ਵਧਾਈਆ । ਇਕੋ ਹੋਵੇ ਤੇਰਾ ਪਿਆਰ, ਪੂਰਨ ਪ੍ਰਭ ਦੇਣਾ ਸਮਝਾਈਆ । ਇਕੋ ਮੰਦਰ ਦਿਸੇ ਦਵਾਰ, ਦੂਜਾ ਗ੍ਰਿਹ ਨਾ ਕੋਇ ਵਖਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਅਵਤਾਰ ਪੈਗ਼ੰਬਰ ਗੁਰੂ ਗਏ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਕੁੰਟ ਧੂੰਆਂਧਾਰ, ਦਹਿ ਦਿਸ਼ਾ ਅੰਧੇਰਾ ਛਾਈਆ । ਸਾਚਾ ਨੂਰ ਜੋਤ ਕਰੇ ਨਾ ਕੋਇ ਉਜਿਆਰ, ਉਜਾਲਾ ਰੂਪ ਨਾ ਕੋਇ ਵਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਪਈ ਹਾਹਾਕਾਰ, ਮਾਨਵ ਮਾਨੁਖ ਮਾਨਸ ਰਹੇ ਕੁਰਲਾਈਆ । ਤੁਧ ਬਿਨ ਕੋਈ ਨਾ ਕਲਜੁਗ ਅੰਤਮ ਪਾਏ ਸਾਰ, ਮਹਾਂਸਾਰਥੀ ਤੇਰੇ ਅੱਗੇ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਦਸਤ ਬਦਸਤ ਬੰਦਨਾ ਤੇਰੇ ਦਰਬਾਰ, ਬਿਨ ਸੀਸ ਸਯਦਾ ਕਰ ਕੇ ਤੇਰਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੂਰਬ ਲੇਖਾ ਕਰ ਲੈ ਯਾਦ, ਯਾਦਦਾਸਤ ਤੇਰੇ ਵਿਚ ਸਮਾਈਆ । ਜਿਸ ਕਾਰਨ ਲੋਕਮਾਤ ਸਾਨੂੰ ਕੀਤਾ ਆਬਾਦ, ਦੀਨ ਮਜ਼੍ਹਬ ਵੰਡ ਵੰਡਾਈਆ । ਧੁਰ ਦਾ ਮਿਤ੍ਰ ਪਿਆਰਾ ਬਣ ਅਹਿਬਾਬ, ਸਚ ਸੰਦੇਸਾ ਮਾਤ ਸੁਣਾਈਆ । ਨਮੋਂ ਨਮਸਤੇ ਕਰਨੀ ਦੱਸੀ ਆਦਾਬ, ਅਦਬ ਵਿਚ ਵਡਿਆਈਆ । ਅੱਲਾ ਰਾਮ ਵਾਹਿਗੁਰੂ ਓਮ ਕ੍ਰਿਸ਼ਨ ਨਾਮ ਜਪਾਇਆ ਗਾਡ, ਗਾਈਡ ਬਣ ਕੇ ਆਪਣਾ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਤੇਰੇ ਦੇ ਮੰਗਤੇ, ਦਰ ਠਾਂਡੇ ਸੀਸ ਨਿਵਾਈਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਪਰਦਾ ਦੇ ਉਠਾਈਆ ।

ਦੀਨ ਮਜ਼੍ਹਬ ਗੁਰ ਅਵਤਾਰ ਪੈਗ਼ੰਬਰ ਤੇਰੀ ਧਾਰੋਂ ਜੰਮਦੇ, ਅੰਤਮ ਤੇਰੇ ਵਿਚ ਸਮਾਈਆ । ਸਦੀ ਚੌਧਵੀਂ ਅੰਤਮ ਸਾਡੇ ਹੁਕਮ ਫ਼ਰਮਾਨੇ ਰਹੇ ਕਿਸੇ ਨਹੀਂ ਕੰਮ ਦੇ, ਕਾਅਬੇ ਭੇਵ ਨਾ ਕੋਇ ਖੁਲ੍ਹਾਈਆ । ਅਸੀਂ ਸਾਰੇ ਵਣਜਾਰੇ ਤੇਰੇ ਦਮ ਦੇ, ਦਾਮਨਗੀਰ ਵੇਖ ਵਖਾਈਆ । ਲੇਖੇ ਲਗਾ ਦੇ ਖ਼ੁਸ਼ੀ ਗ਼ਮ ਦੇ, ਗ਼ਮਖ਼ਾਰ ਹੋ ਸਹਾਈਆ । ਝਗੜੇ ਮੁਕਾ ਦੇ ਕਾਇਆ ਮਾਟੀ ਚੰਮ ਦੇ, ਹਿੰਦੂ ਮੁਸਲਿਮ ਸਿੱਖ ਈਸਾਈ ਕਰੇ ਨਾ ਕੋਇ ਲੜਾਈਆ । ਸ਼ਬਦ ਜੈਕਾਰ ਸਮਝਾ ਦੇ ਧੰਨ ਧੰਨ ਦੇ, ਦੀਨ ਦੁਨੀ ਤੇਰਾ ਨਾਮ ਧਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਤੇਰੀ ਰਜ਼ਾ ਮੰਨਦੇ, ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਜੋਤ ਧਾਰ ਨਿਰਗੁਣ ਨਿਰਾਕਾਰ ਸੰਸਾਰ ਵਿਚ ਅਗੰਮਾ ਘੱਲ ਦੇ, ਜੋ ਕੂੜੀ ਕਿਰਿਆ ਘਾਇਲ ਕਰੇ ਥਾਉਂ ਥਾਈਆ ।

### ✳ ੨੫ ਮਾਘ ਸ਼ਹਿਨਸ਼ਾਹੀ ਸੰਮਤ ੪ ਰਾਮ ਸਿੰਘ ਦੇ ਗ੍ਰਿਹ ਪਿੰਡ ਫ਼ਤੋਵਾਲ ਜ਼ਿਲਾ ਹੁਸ਼ਿਆਰਪੁਰ ✳

ਅਵਤਾਰ ਪੈਗ਼ੰਬਰ ਕਹਿਣ ਪੁਰਖ ਅਬਿਨਾਸ਼ੀ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਾਡੀ ਕਰ ਬੰਦ ਖ਼ਲਾਸੀ, ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਤੇਰੀ ਇਕ ਸਰਨਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਖੇਲ ਵੇਖੀਏ ਤੇਰਾ ਮੰਡਲ ਰਾਸੀ, ਜ਼ਿਮੀਂ ਅਸਮਾਨਾਂ ਨੌਜਵਾਨਾ ਮਰਦ ਮਰਦਾਨਾ ਵੱਜੇ ਇਕ ਵਧਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਿਰਗੁਣ ਧਾਰ ਬਣ ਸਭ ਦਾ ਸਾਥੀ, ਸਗਲਾ ਸੰਗ ਸੂਰੇ ਸਰਬੰਗ ਏਕੰਕਾਰ ਆਪ ਨਿਭਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਮੰਨ ਕੇ ਆਏ ਆਖੀ, ਸਰਗੁਣ ਹੋ ਕੇ ਤਨ ਵਜੂਦ ਸੇਵ ਕਮਾਈਆ । ਤੇਰਾ ਭੇਵ ਅਭੇਦ ਅਛਲ ਅਛੇਦ ਦੱਸਿਆ ਬਹੁਭਾਂਤੀ, ਪਾਰਬ੍ਰਹਮ ਤੇਰੀ ਸੋਭਾ ਸਿਫ਼ਤਾਂ ਢੋਲਿਆਂ ਵਿਚ ਸਾਲਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਨਿਰਗੁਣ ਨਿਰਵੈਰ ਨਿਰਾਕਾਰ ਨਿਰਗੁਣ ਰੂਪ ਜੋਤ ਚੰਦ ਕਰ ਰੁਸ਼ਨਾਈਆ । ਮਾਨਵ ਮਾਨਸ ਮਾਨੁਖ ਜੀਵਣ ਜੁਗਤ ਬਦਲ ਦੇ ਹਯਾਤੀ, ਆਬੇ ਹਯਾਤ ਅੰਮ੍ਰਿਤ ਰਸ ਧੁਰ ਦਾ ਮੁਖ ਚੁਆਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਕਮਲਾਪਾਤੀ, ਪਤਿਪਰਮੇਸ਼ਵਰ ਬੇਅੰਤ ਬੇਅੰਤ ਬੇਅੰਤ ਤੇਰੇ ਅੱਗੇ ਸੀਸ ਨਿਵਾਈਆ । ਝਗੜਾ ਮੁਕਾ ਦੀਨ ਦੁਨੀ ਜ਼ਾਤ ਪਾਤੀ, ਹਿੰਦੂ ਮੁਸਲਿਮ ਸਿੱਖ ਈਸਾਈ ਕਰੇ ਨਾ ਕੋਇ ਲੜਾਈਆ । ਸਾਚੀ ਮੰਜ਼ਲ ਦੱਸ ਅਗੰਮੀ ਘਾਟੀ, ਅੱਗੇ ਹੋ ਨਾ ਕੋਇ ਅਟਕਾਈਆ । ਕਲਜੁਗ ਵੇਖ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਰਚਾਈਆ । ਹੁਜਰਾ ਹੱਕ ਸੋਹੇ ਨਾ ਕੋਇ ਮਹਿਰਾਬੀ, ਕਾਇਆ ਕਾਅਬਾ ਨਾ ਕੋਇ ਰੁਸ਼ਨਾਈਆ । ਮਨ ਕਲਪਣਾ ਕਾਇਨਾਤ ਹੋਈ ਬਾਗ਼ੀ, ਬਗ਼ਾਵਤ ਘਰ ਘਰ ਨਜ਼ਰੀ ਆਈਆ । ਤ੍ਰੈਗੁਣ ਮਾਇਆ ਬੁਝੇ ਕੋਇ ਨਾ ਆਗੀ, ਸਾਂਤਕ ਸਤਿ ਨਾ ਕੋਇ ਵਰਤਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਦੀਪਕ ਜੋਤ ਨਾ ਜਗੇ ਚਰਾਗ਼ੀ, ਅੰਧ ਅੰਧੇਰ ਨਾ ਕੋਇ ਗਵਾਈਆ । ਧਰਮ ਦਾ ਮਿਲੇ ਕੋਈ ਨਾ ਹਾਜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਤੇਰੇ ਮੰਗ

ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਸਾਹਿਬ ਸੁਲਤਾਨ ਨਿਰਗੁਣ ਸਵਾਮੀ ਅੰਤਰਜਾਮੀ, ਤੇਰੇ ਅੱਗੇ ਮੰਗ ਮੰਗਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਵਾਲੀ ਦੋ ਜਹਾਨੀ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਤੇਰੀ ਸੇਵ ਕਮਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ, ਨੌਜਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਇਕ ਅਖਵਾਈਆ । ਧੁਰ ਫ਼ਰਮਾਨਾ ਹਕੀਕੀ ਕ਼ਲਮਾ ਕਰ ਫ਼ਰਮਾਨੀ, ਫ਼ਰਮਾਂਬਰਦਾਰ ਦੀਨ ਦੁਨੀ ਲੈ ਬਣਾਈਆ । ਤੇਰਾ ਇਕੋ ਨੂਰ ਨੁਰਾਨੀ ਚਮਕੇ ਜ਼ਿਮੀਂ ਅਸਮਾਨੀ, ਗੁਪਤ ਜ਼ਾਹਰ ਪੜਦਾ ਦੇ ਉਠਾਈਆ । ਤੂੰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਧੁਰ ਦਾ ਕਾਹਨੀ, ਨਾਮ ਬੰਸਰੀ ਕਾਇਆ ਮੰਦਰ ਅੰਦਰ ਦੇ ਸੁਣਾਈਆ । ਨਿਝ ਨੇਤਰ ਨਰ ਨਰਾਇਣ ਦੇ ਪਹਿਚਾਨੀ, ਬਜਰ ਕਪਾਟੀ ਪਰਦਾ ਦੇ ਖੁਲ੍ਹਾਈਆ । ਸਤਿ ਸਤਿਵਾਦੀ ਸਤਿ ਧਰਮ ਵਖਾ ਨਿਸ਼ਾਨੀ, ਨਿਸ਼ਾਨਾ ਅਵਰ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਗਾਣੀ, ਪੁਰਖ ਅਕਾਲੇ ਦੀਨ ਦਿਆਲੇ ਇਕੋ ਤੇਰੇ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਤਿਗੁਰ ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਮੰਗਾਂ ਰਹੇ ਮੰਗ, ਦਰ ਠਾਂਡੇ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਸਾਹਿਬ ਸੁਲਤਾਨ ਤੇਰੇ ਹੱਥ ਵਡਿਆਈਆ । ਦੀਨ ਦੁਨੀ ਬਖ਼ਸ਼ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਕਰਵਟ ਬਦਲ ਆਪਣੀ ਕੰਡ, ਕੰਢਾ ਕਲਜੁਗ ਅੰਤ ਵੇਖ ਵਖਾਈਆ । ਖ਼ਾਲਕ ਖ਼ਲਕ ਸਭ ਦੀ ਆਤਮ ਹੋਈ ਰੰਡ, ਸ਼ਾਹੋ ਭੂਪ ਸ਼ੌਹਰ ਕੰਤ ਨਾ ਕੋਇ ਹੰਢਾਈਆ । ਜਿਉਂ ਭਾਵੇ ਤਿਉਂ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਦਰ ਤੇਰੇ ਅਲਖ ਜਗਾਈਆ । ਕੂੜ ਕਲਪਨਾ ਮਾਇਆ ਮਮਤਾ ਮੇਟ ਗੰਦ, ਨਾਮ ਸੁਗੰਧ ਕਾਇਆ ਮਾਟੀ ਵਿਚ ਰਖਾਈਆ । ਨਿਰਗੁਣ ਨੂਰ ਜੋਤ ਚਾੜ੍ਹ ਚੰਦ, ਜਗਤ ਅੰਧੇਰਾ ਰਹੇ ਨਾ ਰਾਈਆ । ਆਤਮ ਪਰਮਾਤਮ ਤੇਰਾ ਢੋਲਾ ਹੋਵੇ ਛੰਦ, ਸਹਿੰਸਾ ਰੋਗ ਦੇਣਾ ਗਵਾਈਆ । ਭਾਂਡਾ ਭਰਮ ਭੌ ਢਾਹ ਦੇ ਕੰਧ, ਹਉਮੇ ਹੰਗਤਾ ਗੜ੍ਹ ਤੁੜਾਈਆ । ਆਤਮ ਸੇਜ ਸੁਹਾ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਅਗੰਮੀ ਸ਼ਬਦ ਸੁਣਾ ਮਰਦੰਗ, ਨਾਦ ਧੁਨ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਕਰਤੇ ਦੇਵਣਹਾਰ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਵੇਖ ਆਪਣੀ ਸਿੰਮਤ, ਬਿਨ ਨਿਗਾਹ ਨਿਗਾਹ ਉਠਾਈਆ । ਸ੍ਰਿਸ਼ਟ ਸਬਾਈ ਕਰੇ ਇੱਲਤ, ਇਲਮ ਆਲਮਾਂ ਰਿਹਾ ਰੁਲਾਈਆ । ਕਲਜੁਗ ਬੁੱਧੀ ਕੀਤੀ ਜ਼ਿੱਲਤ, ਖ਼ੁਆਰੀ ਵਿਚ ਦੁਹਾਈਆ । ਜਿਧਰ ਤੱਕੀਏ ਤੇਰੇ ਨਿੰਦਕ, ਤੇਰਾ ਨਾਮ ਨਾ ਕੋਇ ਵਡਿਆਈਆ । ਸਤਿ ਸੰਤੋਖ ਰਿਹਾ ਕੋਈ ਨਾ ਸਿਦਕ, ਸਬੂਰੀ ਸਚ ਨਾ ਕੋਇ ਕਮਾਈਆ । ਸਾਡੀ ਰਹੀ ਕੋਈ ਨਾ ਹਿੰਮਤ, ਹੌਸਲੇ ਰਹੇ ਢਾਹੀਆ । ਤੁਧ ਬਿਨ ਸਾਚੀ ਦੇਵੇ ਕੋਈ ਨਾ ਖਿਲਤ, ਲੋਕਮਾਤ ਨਾ ਕੋਇ ਚਤੁਰਾਈਆ । ਸਚ ਪਿਆਰ ਦੀ ਬਖ਼ਸ਼ ਮਿੱਲਤ, ਦੁਬਦਾ ਰੋਗ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਅਲਖ ਅਗੋਚਰ ਤੇਰੇ ਦਵਾਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਵੇਖ ਅਖ਼ੀਰ ਵਕਤ, ਠਾਕਰ ਸਵਾਮੀ ਕੀ ਧਿਆਨ ਲਗਾਈਆ । ਕੀ ਦਸ਼ਾ ਹੋਈ ਜਗਤ, ਬਿਨ ਤੇਰੀ ਕਿਰਪਾ ਦਿਸੇ ਕੋਈ ਨਾ ਭਗਤ, ਭਰਮਾਂ ਭਰੀ ਲੋਕਾਈਆ । ਫਿਰੀ ਦਰੋਹੀ ਉਤੇ ਅਰਸ਼, ਅਰਸ਼ੀ ਨੂਰ ਨਾ ਕੋਇ ਰੁਸ਼ਨਾਈਆ । ਮਿਹਰਵਾਨ ਮਹਿਬੂਬ ਕਰ ਤਰਸ, ਰਹਿਮਤ


੯੯੬
੨੧

ਵਿਚ ਦੁਹਾਈਆ । ਲਹਿਣਾ ਦੇਣਾ ਪੂਰਾ ਕਰ ਮਕ਼ਰੂਜ਼ ਲਾਹ ਦੇ ਕ਼ਰਜ਼, ਲੇਖਾ ਬੇਬਾਕ ਦੇ ਕਰਾਈਆ । ਤੇਰੀ ਸ਼ਰਨ ਸਰਨਾਈ ਬੇਨੰਤੀ ਇਕੋ ਅਰਜ਼, ਆਰਜੂ ਰਹੇ ਜਣਾਈਆ । ਪਰਵਰਦਿਗਾਰ ਤੇਰੀ ਗ਼ਰਜ਼, ਗ਼ਰੀਬ ਨਿਮਾਣੇ ਦੇਣ ਦੁਹਾਈਆ । ਸਦੀ ਚੌਧਵੀਂ ਵੇਖ ਖੇਲ ਅਸਚਰਜ, ਚਾਰ ਵਰਨ ਅਠਾਰਾਂ ਬਰਨ ਕਰੇ ਲੜਾਈਆ । ਕਿਰਪਾ ਕਰ ਜੋਧੇ ਸੂਰਬੀਰ ਮਰਦਾਨੇ ਮਰਦ, ਮਦਦ ਤੇਰੀ ਮੰਗ ਮੰਗਾਈਆ । ਮਾਇਆ ਮਮਤਾ ਰਹੇ ਨਾ ਕੋਇ ਤਸ਼ੱਦਦ, ਨਾਮ ਖੰਡਾ ਇਕ ਉਠਾਈਆ । ਸਾਡੀ ਸਭ ਦੀ ਪੂਰੀ ਹੋਈ ਸਨਦ, ਲੇਖਾ ਰਿਹਾ ਨਾ ਰਾਈਆ । ਅਖ਼ੀਰ ਵੇਖਣਾ ਚਾਹੁੰਦੇ ਅੰਤ, ਅੰਤਸ਼ਕਰਨ ਤੱਕੀਏ ਦੀਨ ਦੁਨੀ ਲੋਕਾਈਆ । ਤੂੰ ਆਦਿ ਜੁਗਾਦੀ ਸਾਹਿਬ ਸਤਿਗੁਰ ਸੁਲਤਾਨ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਤੇਰਾ ਨਾਮ ਅਧਾਰੀ ਬਣੀਏ ਸੰਤ, ਮਨ ਮਮਤਾ ਦੇ ਮਿਟਾਈਆ । ਤੂੰ ਸਚ ਸਵਾਮੀ ਸੁਹਾਗੀ ਕੰਤ, ਸਗਲਾ ਸੰਗ ਰਖਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਪਰਦਾ ਦੇ ਚੁਕਾਈਆ । ਦਰ ਤੇਰੇ ਭਿਖਾਰੀ ਬਣੇ ਮੰਗਤ, ਭਿੱਖਕ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਈ ਜਿਸ ਨਾਲ ਹੋਵੇ ਮਿੱਲਤ, ਮੇਲਾ ਆਪਣਾ ਲੈਣਾ ਮਿਲਾਈਆ ।

### ❊ ੨੬ ਮਾਘ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਦੇ ਘਰ ਪਿੰਡ ਫ਼ਤੂਵਾਲ ਜ਼ਿਲਾ ਹੁਸ਼ਿਆਪੁਰ ❊

ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਭਜਨ, ਨਾਮ ਕਲਮਾ ਦੀਨ ਦੁਨੀ ਫੋਲ ਫੁਲਾਈਆ । ਸਚ ਸ਼ਬਦ ਧਾਰ ਦਾ ਰਿਹਾ ਕੋਈ ਨਾ ਸੱਜਣ, ਨਾਮ ਖ਼ੁਮਾਰੀ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਵਿਚ ਸਾਰੇ ਦਗਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕੂੜੀ ਕਿਰਿਆ ਪੀ ਕੇ ਮਦਿਨ, ਮਾਇਆ ਮਮਤਾ ਮੋਹ ਕਰੇ ਹਲਕਾਈਆ । ਸਾਚੀ ਮੰਜ਼ਲ ਮੂਲ ਨਾ ਲੰਘਣ, ਤਨ ਵਜੂਦ ਚੜ੍ਹੀ ਕਿਸੇ ਨਾ ਰੰਗਣ, ਦੁਰਮਤ ਮੈਲ ਨਾ ਕੋਇ ਧਵਾਈਆ । ਆਤਮ ਮਿਲੇ ਨਾ ਪਰਮਾਨੰਦਨ, ਨਿਜਾਨੰਦ ਨਾ ਕੋਇ ਦਰਸਾਈਆ । ਸਭ ਦਾ ਜੋਤੀ ਨੂਰ ਹੋਇਆ ਮਧਮ, ਮਦਿ ਮਾਸੀ ਹੋਈ ਲੋਕਾਈਆ । ਆਤਮ ਪਰਮਾਤਮ ਟੁੱਟੀ ਮੂਲ ਨਾ ਗੰਢਣ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਝਗੜਾ ਪਿਆ ਕਾਇਆ ਮਾਟੀ ਮਾਸ ਨਾੜੀ ਹੱਡਣ, ਚੰਮ ਦ੍ਰਿਸ਼ਟੀ ਸਕੇ ਨਾ ਕੋਇ ਬਦਲਾਈਆ । ਦੀਨ ਮਜ਼੍ਹਬ ਵੇਖੋ ਆਪਣੀ ਹੱਦਨ, ਹਦੂਦ ਮਹਿਦੂਦ ਨਾ ਕੋਇ ਰਖਾਈਆ । ਧਰਮ ਦਵਾਰੇ ਰਹੇ ਕੋਈ ਨਾ ਬੰਦਨ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਦਰਸਾਈਆ । ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀ ਬੰਦਗੀ, ਬੰਦਾ ਬੰਦਾ ਫੋਲ ਫੁਲਾਈਆ । ਤੁਹਾਡੀ ਰਹੀ ਨਾ ਕੋਇ ਮਸ਼ੰਦਗੀ, ਸਚ ਪਿਆਰ ਨਾ ਕੋਇ ਬਣਾਈਆ । ਧਾਰ ਦਿਸੇ ਨਾ ਨੂਰੀ ਚੰਨ ਦੀ, ਨਿਰਗੁਣ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਮਜ਼੍ਹਬ ਓਹਲਾ ਹੋਇਆ ਰੂਪ ਬਣਿਆ ਕੰਧ ਦੀ, ਮਾਨਵ ਵੰਡ ਰਿਹਾ ਵੰਡਾਈਆ । ਮਨ ਕਲਪਣਾ ਖ਼ਾਹਿਸ਼ ਵਧਾਈ ਜੂਠ ਝੂਠ ਗੰਦ ਦੀ, ਸਚ ਸੁਚ ਨਾ ਕੋਇ ਸਮਝਾਈਆ । ਤੁਹਾਡੀ ਔਧ ਵੇਖੋ ਲੰਘਦੀ, ਵੇਲਾ ਅੰਤਮ ਆਈਆ । ਖੇਲ ਹੋਣੀ ਸੂਰੇ ਸਰਬੰਗ

ਦੀ, ਬੇਪਰਵਾਹ ਹੁਕਮ ਵਰਤਾਈਆ । ਆਵਾਜ਼ ਸੁਣਾਏ ਨਾਮ ਸਚ ਮਰਦੰਗ ਦੀ, ਜੋ ਮਰਦ ਮਰਦਾਨਾ ਦਏ ਜਣਾਈਆ । ਗੂੰਜ ਪੈਣੀ ਪਾਰਬ੍ਰਹਮ ਪਤਿਪਰਮੇਸ਼ਵਰ ਦੇ ਛੰਦ ਦੀ, ਦੋ ਜਹਾਨਾਂ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣਾ ਦੀਨ ਦੁਨੀ ਦਾ ਪਾਠ, ਪਾਠਸ਼ਾਲਾ ਨਜ਼ਰ ਕੋਇ ਨਾ ਆਈਆ । ਕਾਇਆ ਮੰਦਰ ਅੰਦਰ ਸਭ ਨੂੰ ਆਈ ਘਾਟ, ਧਰਮ ਦੀ ਘਾਟੀ ਚੜ੍ਹਨ ਕੋਇ ਨਾ ਪਾਈਆ । ਕਿਧਰ ਗਿਆ ਤੁਹਾਡਾ ਨਾਮ ਭੰਡਾਰਾ ਦਾਦ, ਬਖ਼ਸ਼ਿਸ਼ ਰਹਿਮਤ ਬੈਠੇ ਛੁਪਾਈਆ । ਚਾਰੋਂ ਕੁੰਟ ਵੇਖੋ ਅੰਧੇਰੀ ਰਾਤ, ਸਾਚਾ ਨੂਰ ਚੰਦ ਨਾ ਕੋਇ ਚਮਕਾਈਆ । ਤੁਸਾਂ ਝਗੜਾ ਪਾਇਆ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਕਰੇ ਲੜਾਈਆ । ਪ੍ਰਭ ਦਾ ਨਾਮ ਕਲਮਾ ਲਿਖ ਕੇ ਆਏ ਨਾਲ ਕ਼ਲਮ ਦਵਾਤ, ਕਾਗ਼ਜ਼ ਸਿਆਹੀ ਨਾਲ ਜੋੜ ਜੁੜਾਈਆ । ਦੀਨ ਦੁਨੀ ਦਾ ਤੱਕੋ ਹਾਲਾਤ, ਹਾਲਤ ਬਿਗੜੀ ਖ਼ਲਕ ਖ਼ੁਦਾਈਆ । ਤੁਸੀਂ ਬੈਠੇ ਉਪਰ ਆਕਾਸ਼, ਦਰਗਾਹ ਸਾਚੀ ਸੋਭਾ ਪਾਈਆ । ਤੁਹਾਡੀ ਉਮਤ ਮਾਤ ਹੋਈ ਬਦਮਾਸ਼, ਕਾਇਆ ਮੰਦਰ ਕਰੇ ਨਾ ਕੋਇ ਸਫ਼ਾਈਆ । ਸਾਚੇ ਮੰਡਲ ਪਾਵੇ ਕੋਈ ਨਾ ਰਾਸ, ਗੋਪੀ ਕਾਹਨ ਆਤਮ ਪਰਮਾਤਮ ਨਾਚ ਨਾ ਕੋਇ ਕਰਾਈਆ । ਮਾਨਵ ਮਾਨਵ ਕਰਦੇ ਘਾਤ, ਨਾਮ ਕਲਮੇ ਪਈ ਲੜਾਈਆ । ਆਪਣੇ ਮੁਰਸ਼ਦ ਦੀ ਖੋਲ੍ਹ ਕੇ ਵੇਖੋ ਕਿਤਾਬ, ਜਿਸ ਵਿਚੋਂ ਤੁਹਾਨੂੰ ਕਰੇ ਪੜ੍ਹਾਈਆ । ਅਗੰਮੀ ਵੇਖੋ ਓਹ ਲ਼ੁਗਾਤ, ਜਿਸ ਦਾ ਮਤਲਬ ਨਾ ਕੋਇ ਸਮਝਾਈਆ । ਜਿਸ ਕਾਰਨ ਤੁਹਾਡਾ ਪਾਇਆ ਨਿਫ਼ਾਕ਼, ਝਗੜੇ ਦਰ ਲੜਾਈਆ । ਹਿੰਦੂ ਮੁਸਲਿਮ ਸਿੱਖ ਕਰਾ ਕੇ ਫ਼ਸਾਦ, ਈਸਾ ਹਜ਼ਰਤ ਦਿਤੀ ਵਡਿਆਈਆ । ਤੁਸੀਂ ਓਸੇ ਨੂੰ ਕਰਦੇ ਆਏ ਯਾਦ, ਵਾਹਿਗੁਰੂ ਖ਼ੁਦਾ ਗਾਡ ਕਹਿ ਕੇ ਸੀਸ ਨਿਵਾਈਆ । ਓਸੇ ਕੋਲੋਂ ਅੰਤ ਮੰਗੋ ਇਤਹਾਦ, ਮੇਲਾ ਲਏ ਮਿਲਾਈਆ । ਜਿਸ ਨੇ ਦਰਗਾਹ ਸਾਚੀ ਤੁਹਾਨੂੰ ਕੀਤੀ ਅਬਾਦ, ਸਚਖੰਡ ਦਵਾਰੇ ਹਿੱਸਾ ਕੋਇ ਨਾ ਪਾਈਆ । ਮਾਤਲੋਕ ਮਾਨਵ ਜ਼ਾਤੀ ਸਾਂਝੀ ਕਰੇ ਆਬਾਦ, ਇਕਾ ਰੰਗ ਰੰਗਾਈਆ । ਕਾਇਆ ਕਾਅਬਾ ਹੁਜਰਾ ਹੱਕ ਦਿਸੇ ਹੱਕ ਮਹਿਰਾਬ, ਮਹਿਬੂਬ ਆਪਣਾ ਨੂਰ ਜੋਤ ਕਰ ਰੁਸ਼ਨਾਈਆ । ਮਿਤ੍ਰ ਪਿਆਰਾ ਸਭ ਦਾ ਬਣੇ ਅਹਿਬਾਬ, ਪਰਵਰਦਿਗਾਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੋ ਆਪਣੀ ਪੂਜਾ, ਚਾਰ ਵਰਨ ਅਠਾਰਾਂ ਬਰਨ ਆਪਣਾ ਧਿਆਨ ਲਗਾਈਆ । ਨਾਭੀ ਕਵਲ ਕਿਸੇ ਨਾ ਹੋਇਆ ਮੂਧਾ, ਅੰਮ੍ਰਿਤ ਝਿਰਨਾ ਨਾ ਕੋਇ ਝਿਰਾਈਆ । ਸਚ ਦਵਾਰ ਦਾ ਭੇਵ ਖੁਲਾਵੇ ਕੋਇ ਨਾ ਗੂਝਾ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਫਿਰੀ ਦੁਹਾਈ ਉਪਰ ਬਸੁੱਧਾ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਕੀ ਖੇਲ ਕਰ ਕੇ ਸੰਦੇਸ਼ਾ ਦੇ ਕੇ ਗਈ ਅਸ਼ਟਭੁਜ ਦੁਰਗਾ, ਸੁੰਭ ਨਿਸੁੰਭ ਕਰ ਜਣਾਈਆ । ਕੀ ਖ਼ਬਰ ਸੁਣਾਈ ਈਸਾ ਮੂਸਾ ਮੁਹੰਮਦ ਬਣ ਤੁਰਕਾ, ਤੁਰਤ ਸੁਨੇਹੜਾ ਕੀ ਜਣਾਈਆ । ਕੀ ਨਾਨਕ ਗੋਬਿੰਦ ਭੇਵ ਖੁਲ੍ਹਾਇਆ ਪੁਰਖ ਅਕਾਲ ਧੁਰ ਦਾ, ਬੋਧ ਅਗਾਧ ਰਾਗ ਅਲਾਈਆ । ਕਿਸ ਬਿਧ ਲੇਖਾ ਮੁਕਣਾ ਹਰਖ ਸੋਗ ਦਾ, ਚਿੰਤਾ ਗ਼ਮ ਡੇਰਾ ਢਾਹੀਆ । ਕੀ ਮਾਰਗ ਚਲਣਾ ਧੁਰ ਦੇ ਜੋਗ ਦਾ, ਸਤਿ ਸਚ ਵਿਚ ਸਮਾਈਆ । ਕਿਸ ਬਿਧ ਪ੍ਰਭ ਨੇ ਰੋਗ ਮੇਟਣਾ ਹਉਮੇ ਵਿਯੋਗ ਦਾ, ਵਿਛੜਿਆਂ ਜੋੜ ਜੁੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਕੀ



ttt
੨੧

੮੮੯
੨੧

ਕੁਝ ਸੋਚਦਾ, ਬਿਨਾ ਬੁੱਧੀ ਤੋਂ ਆਪਣਾ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰੋ ਕਲਜੁਗ ਕੂੜੀ ਕਿਰਿਆ ਕੁਕਰਮ ਵੇਲਾ ਰਹਿਣਾ ਨਹੀਂ ਮੌਜ ਦਾ, ਮੋਹ ਮਮਤਾ ਰਹਿਣ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਮਾਲਕ ਲੋਕ ਪ੍ਰਲੋਕ ਦਾ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਜਿਸ ਦਾ ਨਾਮ ਸੁਨੇਹੜਾ ਧੁਰ ਦਾ ਕ਼ਲਮਾ ਇਕ ਸਲੋਕ ਦਾ, ਚੌਦਾਂ ਲੋਕ ਚੌਦਾਂ ਤਬਕ ਦਏ ਸਮਝਾਈਆ । ਜਿਸ ਦਾ ਭਾਣਾ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਇ ਨਾ ਰੋਕਦਾ, ਹੁਕਮੇ ਅੰਦਰ ਸਾਰੇ ਬੈਠਣ ਸੀਸ ਨਿਵਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰਕਾਸ਼ ਕਰੇ ਆਪਣੀ ਨਿਰਮਲ ਜੋਤ ਦਾ, ਸਰਗੁਣ ਤੱਤ ਸਰੀਰ ਨਾ ਕੋਇ ਵਡਿਆਈਆ । ਅੰਤ ਅਖ਼ੀਰ ਬੇਨਜ਼ੀਰ ਲੇਖਾ ਜਾਣੇ ਦੋਸ਼ ਨਿਰਦੋਸ਼ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਸਦਾ ਆਪਣੀ ਮੌਜ ਦਾ, ਮੌਜੂਦਾ ਹੋ ਕੇ ਦੀਨ ਦੁਨੀ ਵੇਖ ਵਖਾਈਆ ।

### ❊ ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਬੰਸ ਸਿੰਘ ਦੇ ਘਰ ਪਿੰਡ ਫਤੂਆਲ ਜ਼ਿਲਾ ਹੁਸ਼ਿਆਰਪੁਰ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸਾਹਿਬ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਆਪਣੀ ਹੱਕ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਧੁਰ ਦੇ ਨਾਮ ਦੀ ਲਾ ਪਾਬੰਦੀ, ਦੀਨ ਮਜ਼੍ਹਬ ਜ਼ਾਤ ਪਾਤ ਸਿਰ ਸਕੇ ਨਾ ਕੋਈ ਉਠਾਈਆ । ਸਾਡੀ ਅੰਤ ਅਖ਼ੀਰ ਬੇਨਜ਼ੀਰ ਪੂਰੀ ਹੋਣ ਲੱਗੀ ਸੰਧੀ, ਸਨਦ ਸਾਰੇ ਰਹੇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਦੀਨ ਦੁਨੀ ਹੋਏ ਗੰਦੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਚ ਹਲਕਾਈਆ । ਸਚ ਧਰਮ ਦੀ ਸਚ ਸਵਾਮੀ ਦੇ ਸੁਗੰਧੀ, ਸਚ ਸਚ ਹਰ ਹਿਰਦੇ ਦੇ ਵਸਾਈਆ । ਬਿਨ ਤੇਰੀ ਕਿਰਪਾ ਮਿਹਰਵਾਨ ਮਹਿਬੂਬ ਤੇਰੀ ਕਾਇਨਾਤ ਹੋਏ ਅੰਧੀ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਅਸੀਂ ਦੀਨ ਮਜ਼੍ਹਬ ਦੀ ਨਿੱਕੀ ਨਿੱਕੀ ਲਾ ਕੇ ਆਏ ਡੰਡੀ, ਡੰਡਾਵਤ ਬੰਦਨਾ ਸਯਦਾ ਸੀਸ ਤੇਰੀ ਧਾਰ ਝੁਕਾਈਆ । ਅੰਤ ਅਖ਼ੀਰ ਵਕ਼ਤ ਪਹੁੰਚਿਆ ਕੰਢੀ, ਕੰਢੀ ਦੇ ਮਾਲਕ ਵੇਖ ਵਖਾਈਆ । ਦਰ ਠਾਂਡੇ ਤੇਰੇ ਵਸਤ ਅਗੰਮੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਚੇ ਨਾਮ ਦੀ ਰੰਗਤ ਦੇ ਰੰਗੀ, ਅਨਡਿੱਠੜੇ ਆਪ ਰੰਗਾਈਆ । ਅੰਮ੍ਰਿਤ ਧਾਰ ਹਰ ਘਟ ਫੇਰ ਦੇ ਗੰਗੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਕਾਇਆ ਅੰਦਰ ਨਜ਼ਰੀ ਆਈਆ । ਨੂਰ ਜੋਤ ਚਾੜ੍ਹ ਆਪਣਾ ਚੰਦੀ, ਅਗਿਆਨ ਅੰਧੇਰ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਝੁਕਦੇ ਤੇਰੇ ਕ਼ਦਮਾਂ, ਨਿਉਂ ਨਿਉਂ ਸੀਸ ਨਿਵਾਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਦੀਨ ਦਿਆਲ ਦੀਨ ਦੁਨੀ ਦਾ ਮੇਟ ਸਦਮਾ, ਹਰਿ ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਗਿਣਤੀ ਵੇਖ ਅਰਬਾਂ ਖਰਬਾਂ ਪਦਮਾਂ, ਜਨ ਸੰਖਿਆ ਰੌਲਾ ਪਾਈਆ । ਸਭ ਦੀ ਜੋਤੀ ਹੋਈ ਮਧਮਾ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਸਾਚੀ ਸਿਖਿਆ ਇਕੋ ਦੇ ਦੇ ਬੰਦਨਾ, ਡੰਡਾਵਤ ਇਕ ਪ੍ਰਗਟਾਈਆ । ਤੇਰਾ ਦੀਦਾਰਾ ਏਕੰਕਾਰਾ ਇਕੋ ਪਏ ਸਭ ਨੂੰ ਮੰਗਣਾ, ਦੂਜੇ ਦਰ ਅਲਖ ਨਾ ਕੋਇ ਜਗਾਈਆ । ਤੇਰਾ ਖੇਲ ਵੇਖਣਾ ਵਿਚ ਵਰਭੰਡਣਾ, ਬ੍ਰਹਿਮੰਡ

ਤੇਰੀ ਵਡਿਆਈਆ । ਪਕੜ ਉਠਾ ਦੇ ਜੇਰਜ ਅੰਡਣਾ, ਉਤਭੁਜ ਸੇਤਜ ਨਾ ਕੋਇ ਲੜਾਈਆ । ਤੇਰਾ ਨੂਰ ਜੋਤ ਪ੍ਰਕਾਸ਼ ਅਗੰਮੀ ਚੰਦਨਾ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਚਾਰ ਵਰਨ ਅਠਾਰਾਂ ਬਰਨ ਕਰੇ ਕਾਰ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਸਚ ਦਵਾਰ ਬਿਨ ਤੇਰੀ ਕਿਰਪਾ ਕਿਸੇ ਨਾ ਲੰਘਣਾ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਸਚ ਡੰਕਾ ਵਜਾ ਨਾਮ ਮਰਦੰਗਣਾ, ਸੋਈ ਸੁਰਤੀ ਜਗਤ ਦੇ ਉਠਾਈਆ । ਫਿਰੀ ਦਰੋਹੀ ਵਿਚ ਵਰਭੰਡਣਾ, ਬ੍ਰਹਿਮੰਡ ਰਹੇ ਕੁਰਲਾਈਆ । ਪੁਰਖ ਅਕਾਲ ਸੂਰੇ ਸਰਬੰਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਤਕ, ਤਾਕ਼ਤਵਰ ਤੇਰੀ ਬੇਪ੍ਰਵਾਹੀਆ । ਤੇਰੀ ਝੋਲੀ ਪਾਇਆ ਤੇਰਾ ਹਕੀਕ਼ਤ ਹੱਕ, ਪੂਰਬ ਲੇਖਾ ਰਹੇ ਨਾ ਰਾਈਆ । ਅੰਤ ਆਸਾ ਸਾਚੀ ਰਹੇ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਸਦੀ ਚੌਧਵੀਂ ਸਾਡੀ ਹੋਈ ਬਸ, ਬਸਤੇ ਸਭਦੇ ਦੇ ਬੰਧਾਈਆ । ਅੱਗੇ ਇਕੋ ਮਾਲਕ ਨਜ਼ਰੀ ਆਵੇ ਪੁਰਖ ਸਮਰਥ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਚਖੰਡ ਦਵਾਰੇ ਤੇਰੇ ਚਰਨ ਰਹੇ ਢੱਠ, ਨਿਉਂ ਨਿਉਂ ਸੀਸ ਨਿਵਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਕੀਤਾ ਇਕੱਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਡਾ ਦੀਨ ਦੁਨੀ ਦਾ ਰਿਹਾ ਨਾ ਕੋਈ ਹਠ, ਹਟਵਾਣੇ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਜੈਕਾਰਾ ਦੇ ਅਲੱਖ, ਅਲਖ ਅਗੋਚਰ ਅਗੰਮ ਅਥਾਹ ਬੇਪ੍ਰਵਾਹ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਰਦੇ ਕ਼ਦਮਬੋਸੀ, ਨਿਉਂ ਨਿਉਂ ਸੀਸ ਨਿਵਾਈਆ । ਸਾਥੋਂ ਸੋਚ ਜਾਏ ਨਾ ਸੋਚੀ, ਕੀ ਤੇਰੀ ਖੇਲ ਅੱਗੇ ਬੇਪ੍ਰਵਾਹੀਆ । ਤੇਰਾ ਲੇਖਾ ਲਿਖਦਾ ਰਿਹਾ ਰਵਦਾਸ ਚਮਾਰਾ ਮੋਚੀ, ਕਬੀਰ ਕਾਅਬਿਆਂ ਤੋਂ ਪਰੇ ਰਿਹਾ ਸੁਣਾਈਆ । ਅਸੀਂ ਤੇਰੇ ਨਾਮ ਦੀ ਖਾਂਦੇ ਰਹੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਚੋਜੀ, ਪ੍ਰੀਤਮ ਇਕੋ ਸੋਭਾ ਪਾਈਆ । ਅਸੀਂ ਤੇਰੇ ਸ਼ਬਦ ਦੇ ਬਣੇ ਖੋਜੀ, ਖੋਜਤ ਖੋਜਤ ਰਾਗ ਸੁਣਾਈਆ । ਤੂੰ ਆਦਿ ਜੁਗਾਦਿ ਅਗਾਧ ਬੋਧੀ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਦੇਵਣਹਾਰ ਅਵਰ ਨਾ ਕੋਇ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਦੋਵੇਂ ਬੰਨ੍ਹੇ ਹੱਥ, ਹਥੇਲੀ ਹਥੇਲੀ ਨਾਲ ਮਿਲਾਈਆ । ਤੇਰੀ ਮਹਿਮਾ ਸਦਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਨਿਰਗੁਣ ਧਾਰ ਸਰਗੁਣ ਚਲਾਵੇਂ ਰਥ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਅੰਤਮ ਖੇੜਾ ਕਰ ਭੱਠ, ਭਠਿਆਰਾ ਕੂੜ ਰਹੇ ਨਾ ਰਾਈਆ । ਸਚ ਮਾਰਗ ਰਾਹ ਦੇ ਸਤਿ, ਸਤਿ ਸਤਿਵਾਦੀ ਹੋ ਸਹਾਈਆ । ਨਾੜ ਬਹੱਤਰ ਉਬਲੇ ਕਿਸੇ ਨਾ ਰੱਤ, ਅਗਨੀ ਅੱਗ ਦੇਣੀ ਜਲਾਈਆ । ਆਤਮ ਪਰਮਾਤਮ ਮੇਲਾ ਮੇਲ ਕਮਲਾਪਤਿ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਸਰਨ ਸਰਨਾਈ ਰਹੇ ਢੱਠ, ਨਿਉਂ ਨਿਉਂ ਲਾਗਣ ਪਾਈਆਂ । ਦੀਨ ਦੁਨੀ ਦਾ ਏਕਾ ਮਾਰਗ ਦੱਸ, ਦਹਿ ਦਿਸ਼ਾ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਹੋਵੇ ਇਕੱਠ, ਦੁਤੀਆ ਧਾਰ ਨਾ ਕੋਇ ਜਣਾਈਆ । ਹਰ ਹਿਰਦੇ ਵਸੇ ਸਚ, ਸਚ ਸੰਜਮ ਦੇ ਦ੍ਰਿੜਾਈਆ । ਭਾਗ ਲਗਾ ਮਾਟੀ ਕੱਚ, ਕੰਚਨ ਗੜ੍ਹ ਦੇ ਬਣਾਈਆ । ਲੂੰ ਲੂੰ ਅੰਦਰ ਜਾ ਰਚ, ਸਾਢੇ ਤਿੰਨ ਕਰੋੜ ਰਚਨਾ ਵੇਖ ਵਖਾਈਆ । ਮਨ ਮਨੂਆ ਨਾ ਪਏ ਨੱਚ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਨਿਜ ਨੇਤਰ ਖੋਲ੍ਹ ਅੱਖ, ਲੋਚਨ

ਇਕੋ ਹੋਏ ਰੁਸ਼ਨਾਈਆ । ਤੂੰ ਸਾਹਿਬ ਪੁਰਖ ਸਮਰਥ, ਵਡ ਦਾਤਾ ਨੂਰ ਅਲਾਹੀਆ । ਵਕ਼ਤ ਵੇਲਾ ਵੇਖ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਲੱਗੀ ਅੱਗ, ਤੁਧ ਬਿਨ ਸਕੇ ਨਾ ਕੋਇ ਬੁਝਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹ ਰਗ, ਨਾਮ ਖ਼ੁਮਾਰੀ ਦੇ ਮਧ, ਮਧੁਰ ਧੁਨ ਨਾਲ ਉਪਜਾਈਆ । ਬਿਨ ਮੱਕੇ ਕਾਅਬਿਓ ਕਰਾ ਹੱਜ, ਹੁਜਰਾ ਹੱਕ ਦੇ ਦ੍ਰਿੜਾਈਆ । ਸਾਚਾ ਮੰਦਰ ਸੁਹਾ ਮਠ, ਸਾਢੇ ਤਿੰਨ ਹੱਥ ਤੇਰਾ ਨੂਰ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੁਧ ਬਿਨ ਕੋਇ ਨਾ ਸਕੇ ਰੱਖ, ਰਖਕ ਹੋ ਕੇ ਰੱਖਿਆ ਕਰੇ ਨਾ ਥਾਉਂ ਥਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨਾਂ ਵਿਚ ਤੇਰਾ ਕਰ ਕੇ ਆਏ ਜਸ, ਰਾਗਾਂ ਨਾਦਾਂ ਵਿਚ ਸਿਫ਼ਤੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਤ ਨਵਿਤ ਤੇਰੇ ਹੱਥ, ਸਚ ਸਵਾਮੀ ਅੰਤਰਜਾਮੀ ਘਟਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਨਿਰਗੁਣ ਧਾਰ ਤੇਰੀ ਓਟ ਤਕਾਈਆ ।

### ✻ ੨੬ ਮਾਘ ਸ਼ਹਿਨਸ਼ਾਹੀ ਸੰਮਤ ੪ ਅਮਰੀਕ ਸਿੰਘ ਦੇ ਘਰ ਪਿੰਡ ਸਰਾਈਂ ਜ਼ਿਲਾ ਹੁਸ਼ਿਆਰਪੁਰ ✻

ਸਦੀ ਚੌਧਵੀਂ ਕਹੇ ਮੈਂ ਵੇਖਿਆ ਸੋ ਪੁਰਖ ਨਿਰੰਜਣ, ਜੋ ਅੰਜਮਨ ਬਾਹਮੀ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਬਣਾਈਆ । ਇਸ਼ਾਰਾ ਦੇਵੇ ਆਦਿ ਪੁਰਖ ਨਿਰੰਜਣ, ਜੋ ਅੰਜਣ ਨੇਤਰ ਨਾਉਂ ਨਿਰੰਕਾਰਾ ਇਕ ਪਾਈਆ । ਕਰੇ ਖੇਲ ਏਕੰਕਾਰ ਦਰਦ ਦੁੱਖ ਭੈ ਭੰਜਨ, ਰੋਗ ਸੋਗ ਚਿੰਤਾ ਦੁੱਖ ਵੇਖੇ ਜਗਤ ਲੋਕਾਈਆ । ਪ੍ਰਕਾਸ਼ ਤੱਕਿਆ ਆਦਿ ਨਿਰੰਜਣ, ਜੋ ਹਰ ਘਟ ਅੰਦਰ ਆਪਣਾ ਨੂਰ ਰਿਹਾ ਚਮਕਾਈਆ । ਅਬਿਨਾਸ਼ੀ ਕਰਤਾ ਤੱਕਿਆ ਧੁਰ ਦਾ ਸੱਜਣ, ਸਗਲਾ ਸਾਥੀ ਧੁਰ ਦਾ ਸੋਭਾ ਪਾਈਆ । ਸ੍ਰੀ ਭਗਵਾਨ ਧੂੜ ਕਰਾਏ ਸਭ ਨੂੰ ਮਜਨ, ਸਰਗੁਣ ਧਾਰ ਏਕੰਕਾਰ ਦੁਰਮਤ ਮੈਲ ਕਰੇ ਸਫ਼ਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਰਦਾ ਵੇਖਿਆ ਅਦਲ, ਇਨਸਾਫ਼ ਦੋ ਜਹਾਨਾਂ ਇਕ ਕਮਾਈਆ । ਪਰਵਰਦਿਗਾਰ ਸਾਂਝਾ ਯਾਰ ਸਭ ਦੀ ਧਾਰ ਰਿਹਾ ਬਦਲ, ਤਰਤੀਬ ਅਜੀਬ ਆਪਣੇ ਹੱਥ ਰਖਾਈਆ । ਧੁਰ ਫ਼ਰਮਾਨਾ ਨੌਜਵਾਨਾ ਮਰਦ ਮਰਦਾਨਾ ਸੰਦੇਸਾ ਦੇਵੇ ਆਪਣਾ ਬਚਨ, ਫ਼ਰਮਾਨਾ ਰਾਣਾ ਇਕ ਦ੍ਰਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸਾਰੇ ਭੱਜਣ, ਦੋ ਜਹਾਨ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਵੇਖਿਆ ਸਚਖੰਡ ਦਵਾਰਾ ਸੋਭਾਵੰਤ, ਸਾਹਿਬ ਸਵਾਮੀ ਅੰਤਰਜਾਮੀ ਆਪ ਸੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਬੈਠਾ ਇਕੋ ਕੰਤ, ਕੰਤ ਕੰਤੂਹਲ ਨੂਰ ਅਲਾਹੀਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਬੋਧ ਅਗਾਧੀ ਸਿਖਿਆ ਦੇਵੇ ਬਣ ਕੇ ਧੁਰ ਦਾ ਪੰਡਤ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਲਹਿਣਾ ਦੇਣਾ ਨਿਰਗੁਣ ਧਾਰ ਏਕੰਕਾਰ ਦੇਵੇ ਜੇਰਜ ਅੰਡਜ਼, ਉਤਭੁਜ ਸੇਤਜ ਸਾਹਿਬ ਸਵਾਮੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਦਰ ਦਰਵੇਸ਼ ਸਾਰੇ ਬੈਠੇ ਮੰਗਤ, ਦਰਗਾਹ ਸਾਚੀ ਬੈਠੇ ਸੀਸ ਨਿਵਾਈਆ । ਸਦੀ ਚੌਧਵੀਂ ਸਭ ਦਾ ਪੂਰਾ ਹੋਣ ਵਾਲਾ ਸੰਮਤ, ਸਮਾਂ ਸਮਾਪਤ ਦਏ ਕਰਾਈਆ ।

ਦਰੋਹੀ ਫਿਰੀ ਵਿਚ ਨਬੀ ਰਸੂਲਾਂ ਉਮਤ, ਅਮਨ ਚਮਨ ਨਾ ਕੋਇ ਮਹਿਕਾਈਆ । ਉਚੀ ਹੋਕਾ ਦੇਵੇ ਚੌਦਾਂ ਤਬਕਾਂ ਵਿਚ ਮੁਹੰਮਦ, ਦਰੋਹੀ ਖ਼ੁਦਾ ਯਾਮੁਬੀਨ ਮਹਿਬਾਨ ਬੀਦੋ ਤੇਰੀ ਬੇਪ੍ਰਵਾਹੀਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਇਸ਼ਾਰਾ ਰਹਿਣ ਕੋਇ ਨਾ ਪਾਈਆ । ਕੀ ਹੋਣ ਲੱਗਾ ਦੀਨ ਦੁਨੀ ਗ਼ਜ਼ਬ, ਤੁਅੱਜਬ ਵਿਚ ਹੈਰਾਨੀ ਮੇਰੇ ਅੰਦਰ ਆਈਆ । ਵੇਲਾ ਲੇਖਾ ਪੂਰਾ ਹੋਣ ਲੱਗਾ ਮਜ਼੍ਹਬ, ਅੱਗੇ ਚਲੇ ਨਾ ਕੋਇ ਵਡਿਆਈਆ । ਪਰਵਰਦਿਗਾਰ ਸਾਂਝੇ ਯਾਰ ਕ਼ਦਮਬੋਸੀ ਕਰਾਂ ਤੇਰੇ ਕ਼ਦਮ, ਕ਼ਦੀਮ ਦੇ ਮਾਲਕ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਖ਼ੁਦਾ ਕਹੇ ਮੁਹੰਮਦ ਮੇਰੇ ਕੁਜ਼ਾ, ਕਲਜ਼ਮੀਮੇ ਨੁਜ਼ਾ ਤਰਗ਼ੀਮੇ ਜ਼ਹਾ ਨਿਵੇਜ਼ੋ ਰੂਹ ਬੁਤ ਪਰਦਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰਗਾਹ ਸਾਚੀ ਵੇਖ ਵਖਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਨੂਰ ਅਸਮਾਨੀ, ਜਿਸ ਦਾ ਇਸਮ ਨਾ ਕੋਇ ਦ੍ਰਿੜਾਈਆ । ਜੋ ਲੇਖਾ ਜਾਣੇ ਜੀਵ ਜਗਤ ਇਸਲਾਮੀ, ਜਿਸਮਾਨੀ ਜ਼ਮੀਰ ਸਭ ਦੀ ਫੋਲ ਫੁਲਾਈਆ । ਮੰਜ਼ਲ ਤੱਕੇ ਨੂਰ ਨੁਰਾਨੀ, ਰਹਿਮਤ ਆਪਣੀ ਨਾਲ ਵੇਖੇ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਦਿਸੀ ਬੇਈਮਾਨੀ, ਸਤਿ ਸਚ ਨਾ ਕੋਇ ਜਣਾਈਆ । ਝਗੜਾ ਪਿਆ ਚਾਰੇ ਖਾਣੀ, ਚਾਰੇ ਬਾਣੀ ਦਏ ਦੁਹਾਈਆ । ਪਵਿਤ੍ਰ ਦਿਸੇ ਨਾ ਕੋਇ ਜੀਵ ਪ੍ਰਾਣੀ, ਪੁਰਾਣ ਸ਼ਾਸਤਰ ਰਹੇ ਕੁਰਲਾਈਆ । ਸਭ ਦੀ ਜੂਹ ਹੋਈ ਬੇਗਾਨੀ, ਗ੍ਰਿਹ ਮੰਦਰ ਨਾ ਕੋਇ ਸੁਹਾਈਆ । ਅੰਮ੍ਰਿਤ ਰਸ ਦਿਸੇ ਨਾ ਠੰਡਾ ਪਾਣੀ, ਅਗਨੀ ਅੱਗ ਨਾ ਕੋਇ ਬੁਝਾਈਆ । ਕਿਰਪਾ ਕਰ ਸ਼ਹਿਨਸ਼ਾਹ ਸੁਲਤਾਨੀ, ਪੁਰਖ ਅਕਾਲੇ ਤੇਰੀ ਵਡਿਆਈਆ । ਕਲਜੁਗ ਅੰਤਮ ਮਿਟਣੀ ਨਿਸ਼ਾਨੀ, ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਹੋਣੀ ਵੈਰਾਨੀ, ਵੈਰੀ ਘਰ ਘਰ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਮੈਂ ਸਚਖੰਡ ਸਤਿ ਸਰੂਪ ਤੱਕਿਆ ਨਾਨਕ, ਨਿਰਗੁਣ ਨਿਰਗੁਣ ਵਿਚ ਸਮਾਈਆ । ਜੋ ਲੇਖਾ ਜਾਣੇ ਅਚਨ ਅਚਾਨਕ, ਭੇਵ ਅਭੇਦ ਦਏ ਉਠਾਈਆ । ਸਦਾ ਰਹੇ ਸਹੀ ਸਲਾਮਤ, ਸਤਿ ਸਤਿ ਵਿਚ ਸਮਾਈਆ । ਦੀਨ ਦੁਨੀ ਜਗਤ ਜਾਣ ਅਮਾਨਤ, ਪੁਰਖ ਅਕਾਲ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਧੁਰ ਦਾ ਬੰਕ, ਦਵਾਰਾ ਦਵਾਰ ਇਕ ਸੁਹਾਈਆ । ਜਿਥੇ ਵੱਜੇ ਅਗੰਮਾ ਡੰਕ, ਨਾਮ ਨਗਾਰਾ ਨਾਉਂ ਨਿਰੰਕਾਰਾ ਰਿਹਾ ਸੁਣਾਈਆ । ਝਗੜਾ ਦਿਸੇ ਨਾ ਰਾਓ ਰੰਕ, ਊਚ ਨੀਚ ਨਾ ਕੋਇ ਲੜਾਈਆ । ਸਤਿ ਧਰਮ ਦੀ ਬਣੀ ਬਣਤ, ਘੜਨ ਭੰਨਣਹਾਰ ਅਖਵਾਈਆ । ਕਲਜੁਗ ਕੂੜੀ ਕਿਰਿਆ ਕਰੇ ਅੰਤ, ਸਤਿਜੁਗ ਸਾਚਾ ਰਾਹ ਚਲਾਈਆ । ਭਗਤ ਸੁਹੇਲੇ ਪ੍ਰਗਟਾਏ ਸੰਤ, ਗੁਰਮੁਖ ਗੁਰ ਗੁਰ ਲਏ ਉਠਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਧੁਰ ਦਾ ਨਾਮ ਦੇ ਕੇ ਮੰਨਤ, ਇਕੋ ਕਰੇ ਪੜ੍ਹਾਈਆ । ਹਰਖ ਸੋਗ ਰਹੇ ਨਾ ਚਿੰਨਤ, ਗ਼ਮੀ ਗ਼ਮਖਾਰ ਦਏ ਗਵਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨ ਕੇ ਮਿੰਨਤ, ਮਿਹਰ ਨਜ਼ਰ ਇਕ ਉਠਾਈਆ । ਦੋ ਜਹਾਨਾਂ ਤੱਕ ਕੇ ਸਿੰਮਤ, ਲੇਖਾ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕੁੜਿਆਰ ਮੇਟੇ ਨਿੰਦਕ, ਸਤਿ ਸਚ ਦਾ ਮਾਰਗ ਇਕ ਪ੍ਰਗਟਾਈਆ ।

## ❈ ੨੭ ਮਾਘ ਸ਼ਹਿਨਸ਼ਾਹੀ ਸੰਮਤ ੪ ਮੁਨਸ਼ੀ ਰਾਮ ਦੇ ਗ੍ਰਿਹ ਬੇਗੋਵਾਲ ਜ਼ਿਲਾ ਹੁਸ਼ਿਆਰਪੁਰ ❈

ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਹੱਕ ਮਹਿਬੂਬ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ, ਵਸਣਹਾਰੇ ਅਰਸ਼ ਫ਼ਰਸ਼ ਉਚ ਅਰੂਜ਼ ਆਲੀਸ਼ਾਨ, ਨੌਜਵਾਨ ਨਿਰਵੈਰ ਤੇਰੀ ਓਟ ਤਕਾਈਆ । ਦਰਗਾਹ ਸਾਚੀ ਸਚਖੰਡ ਦਵਾਰਾ ਤੇਰਾ ਅਗੰਮ ਮਕਾਨ, ਛੱਪਰ ਛੰਨ ਸ੍ਰੀ ਭਗਵਾਨ ਨਜ਼ਰ ਕੋਇ ਨਾ ਆਈਆ । ਤੂੰ ਆਦਿ ਜੁਗਾਦੀ ਨਿਤ ਨਵਿਤ ਨਿਰੰਕਾਰ ਨਿਰਾਕਾਰ ਸਭ ਦਾ ਕਾਹਨ, ਬੇਅੰਤ ਬੇਅੰਤ ਬੇਅੰਤ ਤੇਰੇ ਢੋਲੇ ਸਾਰੇ ਗਾਣ, ਜੁਗ ਚੌਕੜੀ ਤੇਰੀ ਮਹਿਮਾ ਸਿਫ਼ਤ ਗਾ ਕੇ ਆਏ ਗਾਣ, ਲੋਕਮਾਤ ਰਾਗਾਂ ਨਾਦਾਂ ਵਿਚ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਾਰੇ ਹੋਏ ਹੈਰਾਨ, ਪਰੇਸ਼ਾਨੀ ਵਿਚ ਦੁਹਾਈਆ । ਸਿਦਕ ਸਬੂਰੀ ਸਾਬਤ ਰਿਹਾ ਨਾ ਕਿਸੇ ਈਮਾਨ, ਆਲਮਾ ਇਲਮ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਹੇ ਸੁਣ ਗੁਰ ਅਵਤਾਰ ਪੈਗ਼ੰਬਰ ਮੀਤ, ਨਾਮ ਸੰਦੇਸ਼ਾ ਕ਼ਲਮਾ ਦਿਆਂ ਦ੍ਰਿੜਾਈਆ । ਸਤਿਜੁਗ ਸਾਚੇ ਸਚ ਦੱਸਾਂ ਹਦੀਸ, ਹਜ਼ਰਤੋ ਹਜ਼ਰਤਾਂ ਤੋਂ ਬਾਹਰ ਕਰਾਂ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਚਲਾਵਾਂ ਸਾਂਝੀ ਰੀਤ, ਦੀਨ ਮਜ਼੍ਹਬ ਦਾ ਲੇਖਾ ਜਗਤ ਮੁਕਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਸਚ ਸੁਹਾਈਆ । ਜਿਥੇ ਬੈਠਾ ਰਹੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਦਾਤਾ ਨਜ਼ਰੀ ਆਈਆ । ਤਨ ਵਜੂਦ ਕਾਇਆ ਮਾਟੀ ਸਭ ਦੀ ਕਰ ਕੇ ਠਾਂਡੀ ਸੀਤ, ਅੰਮ੍ਰਿਤ ਮੇਘ ਬੂੰਦ ਸਵਾਂਤੀ ਇਕ ਚੁਆਈਆ । ਝਗੜਾ

ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਇਕੱਲਾ, ਲੋਕਮਾਤੀ ਜਗਤ ਮਹੱਲਾ, ਨਵ ਸੱਤ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਚਰਨ ਕਵਲ ਪ੍ਰਭ ਨਿਮਸਕਾਰ, ਨਮਸਤੇ ਕਹਿ ਕੇ ਸੀਸ ਨਿਵਾਈਆ । ਹਉਂ ਬਾਲਕ ਤੇਰੇ ਸੇਵਕ ਸੇਵਾਦਾਰ, ਨੰਨ੍ਹੇ ਨੱਢੇ ਰੂਪ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬਣੇ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਤੇਰੇ ਚਰਨ ਕਵਲਾ ਸੀਸ ਨਿਵਾਈਆ । ਨਾਮ ਸੰਦੇਸ਼ੇ ਕ਼ਲਮੇ ਦੇ ਕੇ ਆਏ ਵਾਰੋ ਵਾਰ, ਵਾਰਤਾ ਕਾਗ਼ਜ਼ ਕ਼ਲਮ ਸ਼ਾਹੀ ਨਾਲ ਰਖਾਈਆ । ਉਚੀ ਕੂਕ ਕਰਦੇ ਆਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਠਾਕਰ ਸਵਾਮੀ ਅੰਤਰਜਾਮੀ ਵੇਖੀਂ ਵਿਗਸੀਂ ਵੇਖਣਹਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਸ਼ਾਹ ਪਾਤਸ਼ਾਹ ਸਚੀ ਸਰਕਾਰ, ਖੜ੍ਹੇ ਦਰ ਤੇਰੇ ਠਾਂਡੇ ਦਰਬਾਰ, ਘਰ ਸੁਹੰਜਣਾ ਇਕੋ ਨਜ਼ਰੀ ਆਈਆ । ਦੀਨ ਦੁਨੀ ਕਰ ਖ਼ਬਰਦਾਰ, ਨਾਮ ਭੰਡਾਰਾ ਦੇ ਅਗੰਮ ਅਪਾਰ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਕ਼ੁਦਰਤ ਦੇ ਕਾਦਰ ਦੇ ਆਧਾਰ, ਨਿਰਗੁਣ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜਗਤ ਅੰਧ ਅੰਧੇਰ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰਗਾਹ ਸਾਚੀ ਸਚਖੰਡ ਦਵਾਰਾ ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਸੁਣੋ ਮੇਰੇ ਬੱਚੇ ਨਾਦਾਨ, ਗੁਣਵੰਤ ਹੋ ਕੇ ਦਿਆਂ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟਾਂ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਸਤਿ ਸਚ ਦੀ ਪਾਵਾਂ ਆਨ, ਆਨਣ ਫ਼ਾਨਣ ਆਪਣੀ ਖੇਲ ਖਿਲਾਈਆ । ਸਿਖਿਆ

ਸਾਰਿਆਂ ਕਰਨੀ ਪ੍ਰਵਾਨ, ਪਰਮ ਪੁਰਖ ਇਕੋ ਹੁਕਮ ਦ੍ਰਿੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਦੇਵਾਂ ਇਕ ਗਿਆਨ, ਅਗਿਆਨ ਅੰਧੇਰਾ ਦਿਆਂ ਮਿਟਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵਾਂ ਪੀਣ ਖਾਣ, ਤ੍ਰਿਸ਼ਨਾ ਕੂੜ ਕੁੜਿਆਰ ਦਿਆਂ ਗਵਾਈਆ । ਨਾਦ ਧੁਨ ਆਤਮ ਰਾਗ ਸੁਣਾਵਾਂ ਬਿਨਾ ਕਾਨ, ਸ਼ਬਦ ਅਨਾਦੀ ਨਾਦ ਜਣਾਈਆ । ਨਿਰਗੁਣ ਦੀਵਾ ਬਾਤੀ ਜੋਤ ਜਗਾਵਾਂ ਮਹਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਠਾਕਰ ਸਵਾਮੀ ਹੋ ਕੇ ਮਿਲਾਂ ਆਣ, ਘਰ ਘਰ ਵਿਚ ਆਪਣਾ ਜੋੜ ਜੁੜਾਈਆ । ਤੂੰ ਮੇਰਾ ਮੈਂ ਤੇਰਾ ਸਭ ਦਾ ਇਕੋ ਹੋਵੇ ਗਾਣ, ਗਾਵਤ ਗਾ ਗਾ ਖ਼ੁਸ਼ੀ ਬਣਾਈਆ । ਲੱਖ ਚੁਰਾਸੀ ਗੋਪੀ ਬਣੇ ਧੁਰ ਦਾ ਕਾਹਨ, ਜੋ ਨਾਮ ਬੰਸਰੀ ਹਰ ਹਿਰਦੇ ਦਏ ਦ੍ਰਿੜਾਈਆ । ਸਭ ਦਾ ਸਾਂਝਾ ਹੋਵੇ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਅੰਤਰ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅਰਦਾਸ, ਆਰਜ਼ੂ ਇਕ ਸੁਣਾਈਆ । ਸਦੀ ਚੌਧਵੀਂ ਵੇਖ ਖੇਲ ਤਮਾਸ਼, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਅਸੀਂ ਲੋਕਮਾਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਏ ਆਖ, ਭਵਿਖਤਾਂ ਲਿਖਤਾਂ ਵਿਚ ਦ੍ਰਿੜਾਈਆ । ਅੰਤਮ ਲਹਿਣਾ ਦੇਣਾ ਪੁਰਖ ਅਕਾਲ ਕਲਜੁਗ ਕਾਇਨਾਤ, ਦੀਨ ਦੁਨੀ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਮਿਟੇ ਅੰਧੇਰੀ ਰਾਤ, ਨਿਰਗੁਣ ਨੂਰ ਸਾਚਾ ਚੰਦ ਚਮਕਾਈਆ । ਚਾਰ ਵਰਨ ਬਣਾਏ ਇਕ ਜਮਾਤ, ਨਿਰਅੱਖਰ ਧਾਰ ਵਿਚੋਂ ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਸਤ ਅਮੋਲਕ ਕਾਇਆ ਗੋਲਕ ਹਰਿ ਅੰਤਰ ਆਪ ਟਿਕਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਲਓ ਅੰਗੜਾਈ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਆਪਣੀ ਸਿਖਿਆ ਸਾਰੇ ਵੇਖੋ ਪੜ੍ਹਾਈ, ਅੱਖਰ ਅੱਖਰ ਖੋਜ ਖੁਜਾਈਆ । ਕੀ ਸੰਦੇਸ਼ਾ ਦਿਤਾ ਕ਼ਲਮ ਸ਼ਾਹੀ, ਸ਼ਹਿਨਸ਼ਾਹ ਨਾਲ ਮਿਲਾਈਆ । ਕਿਉਂ ਉਮਤ ਉਮਤੀ ਪਈ ਦੁਹਾਈ, ਸਾਂਤਕ ਸਤਿ ਨਾ ਕੋਇ ਕਰਾਈਆ । ਕਿਉਂ ਖ਼ਲਕ ਮਖ਼ਲੂਕ ਰਹੇ ਕੁਰਲਾਈ, ਕਾਇਆ ਕੁਰਹ ਨਾ ਕੋਇ ਸਫ਼ਾਈਆ । ਕਿੱਥੇ ਛੁਪਿਆ ਪੈਗ਼ਬਰੋ ਤੁਹਾਡਾ ਨੂਰ ਅਲਾਹੀ, ਜਿਸਮ ਇਸਮ ਵਿਚ ਕਰੇ ਨਾ ਕੋਇ ਰੁਸ਼ਨਾਈਆ । ਕਿਉਂ ਬਲਹੀਣ ਹੋਏ ਤੁਹਾਡੇ ਮੁਰੀਦ ਕਲਮਾ ਰਹੇ ਭੁਲਾਈ, ਭਰਮ ਨਾ ਕੋਇ ਮਿਟਾਈਆ । ਜੇ ਸੰਭਾਲ ਨਹੀਂ ਸਕਦੇ ਤੇ ਖੜ੍ਹੀਆਂ ਕਰ ਦਿਓ ਬਾਹੀਂ, ਖ਼ਾਲੀ ਹੱਥ ਦਿਓ ਵਖਾਈਆ । ਹਜ਼ਰਤ ਈਸਾ ਕਹੇ ਦਰੋਹੀ ਤੇਰਾ ਨਾਮ ਖ਼ੁਦਾਈ, ਖ਼ੁਦਗ਼ਰਜ਼ੀ ਨਜ਼ਰ ਕੋਇ ਨਾ ਆਈਆ । ਜੋ ਗੋਬਿੰਦ ਬੂਟਾ ਪੁਟਿਆ ਕਾਹੀ, ਸਾਡੀ ਜੜ੍ਹ ਗਿਆ ਉਖੜਾਈਆ । ਛੋਟੇ ਬੱਚੇ ਨੀਂਹਾਂ ਹੇਠਾਂ ਹਲੂਣੇ ਰਹੇ ਲਗਾਈ, ਸਦੀ ਚੌਧਵੀਂ ਕੱਲਰ ਕੰਧ ਉਮਤ ਸਾਡੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰ ਆਪਣਾ ਪੂਰਬ ਵੇਖੋ ਭਵਿਖਤ ਲੇਖ, ਲਿਖਤ ਨਾਲ ਮਿਲਾਈਆ । ਕਿਸ ਬਿਧ ਦੀਨ ਦਿਆਲਾ ਧਰੇ ਭੇਖ, ਧੁਰ ਦੀ ਭਿਖਿਆ ਕੀ ਜਣਾਈਆ । ਕਵਣ ਸੁਹੰਜਣੇ ਵਸੇ ਦੇਸ, ਦਿਸ਼ਾ ਕਵਣ ਸਮਝਾਈਆ । ਜਿਸ ਨੂੰ ਵੇਖੇ ਅਵਤਾਰ ਪੈਗ਼ੰਬਰ ਗੁਰ ਬ੍ਰਹਮ ਮਹੇਸ਼, ਮਹਿਖਾਸੁਰ ਦੈਂਤ ਨਿਉਂ ਨਿਉਂ ਲਾਗਣ ਪਾਈਆ । ਜਿਸ ਨੇ ਦੋ ਜਹਾਨ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰਨੇ ਏਕ, ਏਕ ਏਕੰਕਾਰ ਨਜ਼ਰੀ ਆਈਆ । ਸਭ ਦੀ ਬੁੱਧੀ ਕਰ ਬਿਬੇਕ, ਬਿਰਤੀ ਸੁਰਤੀ

ਨਿਰਤੀ ਆਪਣੇ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਮਾਨਵ ਮਾਨਸ ਮਾਨੁਖ ਦੱਸੇ ਆਪਣੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮਾਤਲੋਕ ਵਸਾ ਕੇ ਦੇਸ, ਦੀਨ ਦੁਨੀ ਦੇ ਉਜੜਿਆਂ ਲਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਾਕਾਰ ਨਿਰੰਕਾਰ ਸ਼ਬਦੀ ਧਾਰ ਆਪਣੀ ਕਲ ਵਰਤਾਈਆ । ਪੈਗ਼ੰਬਰ ਕਹਿਣ ਸਾਡਾ ਇਕੋ ਵਾਰ ਸਯਦਾ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਤੂੰ ਮਾਲਕ ਸਚਖੰਡ ਘਰ ਦਾ, ਦਰਗਾਹ ਸਾਚੀ ਸੋਭਾ ਪਾਈਆ । ਤੇਰੇ ਹੁਕਮੇ ਅੰਦਰ ਪੰਜ ਤਤ ਕਾਇਆ ਚੋਲਾ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਤੇਰੇ ਕਲਮੇ ਦਾ ਪੈਗ਼ੰਬਰ ਕਲਮਾ ਰਿਹਾ ਪੜ੍ਹਦਾ, ਅੱਲਾ ਹੂ ਹੂ ਨਾਅਰਾ ਲਾਈਆ । ਆਦਿ ਜੁਗਾਦਿ ਜੋ ਚਾਹੇ ਸੋ ਤੂੰ ਆਪੇ ਕਰਦਾ, ਖ਼ੁਦ ਖ਼ੁਦਾ ਤੇਰੀ ਵਡਿਆਈਆ । ਤੇਰਾ ਅੰਤ ਖੇਲ ਹੋਣਾ ਨਰਾਇਣ ਨਰ ਦਾ, ਨਿਰਗੁਣ ਨੂਰੀ ਨੂਰ ਜੋਤ ਕਰੇ ਰੁਸ਼ਨਾਈਆ । ਹਉਂ ਸੇਵਕ ਤੇਰਾ ਬਰਦਾ, ਖ਼ਾਦਮ ਕ਼ਦਮਬੋਸੀ ਕਰ ਕੇ ਝਟ ਲੰਘਾਈਆ । ਤੂੰ ਪਾਤਸ਼ਾਹ ਸ਼ਾਹ ਸ਼ਹਿਨਸ਼ਾਹ ਸਚਖੰਡ ਨਿਵਾਸੀ ਅਗੰਮੇ ਦਰ ਦਾ, ਦਰਵੇਸ਼ਾਂ ਦੇਣੀ ਮਾਣ ਵਡਿਆਈਆ । ਤੇਰਾ ਹੁਕਮ ਮਾਕ਼ੂਲ ਅਵਤਾਰ ਪੈਗ਼ੰਬਰ ਮਨਜ਼ੂਰ ਕਰਦਾ, ਹਜ਼ੂਰ ਹਾਜ਼ਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸ਼ਬਦ ਗੁਰੂ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੀ ਖੇਲ ਕਰਦਾ, ਦੂਸਰ ਹੁਕਮ ਨਾ ਕੋਇ ਵਰਤਾਈਆ ।



੮੯੫ ੨੧

## ✻ ੨੭ ਮਾਘ ਸ਼ਹਿਨਸ਼ਾਹੀ ਸੰਮਤ ੪ ਅਰਜਨ ਸਿੰਘ ਦੇ ਗ੍ਰਿਹ ਸਲੀਮਪੁਰ ਜ਼ਿਲਾ ਹੁਸ਼ਿਆਰਪੁਰ ✻

ਗੁਰ ਅਵਤਾਰ ਪੈਗ਼ੰਬਰ ਖੋਲ੍ਹੋ ਅੱਖੀਆਂ, ਆਖ਼ਰ ਅਕਲ ਕਲਧਾਰੀ ਰਿਹਾ ਜਣਾਈਆ । ਤੁਹਾਡੇ ਨਾਮ ਕ਼ਲਮੇ ਵਾਲੀਆਂ ਮੇਰੇ ਨਾਲ ਪੱਤੀਆਂ, ਹਿੱਸੇਦਾਰੀ ਮਜ਼੍ਹਬਾਂ ਵੰਡ ਵੰਡਾਈਆ । ਲੋਕਮਾਤ ਮੁਰੀਦ ਗੁਰਮੁਖ ਵੇਖੇ ਆਪਣੀਆਂ ਸਖ਼ੀਆਂ, ਕਾਹਨ ਹੋ ਕੇ ਧਿਆਨ ਲਗਾਈਆ । ਸਚ ਦੱਸੇ ਕਵਣ ਮੇਰੇ ਪ੍ਰੇਮ ਪਿਆਰ ਵਿਚ ਰੱਤੀਆਂ, ਰਤਨ ਅਮੋਲਕ ਹੀਰਾ ਆਪਣਾ ਰੂਪ ਗਏ ਬਣਾਈਆ । ਸਤਿ ਸੰਤੋਖ ਧੀਰਜ ਵਿਚ ਕਿਹੜੀਆਂ ਸਤੀਆਂ, ਸਤਿ ਸਤਿਵਾਦ ਵਿਚ ਆਪਣਾ ਰੂਪ ਸਮਾਈਆ । ਕਾਇਆ ਮੰਦਰ ਅੰਦਰ ਵੇਖੋ ਕਿੱਥੇ ਜਗਣ ਨਿਰਗੁਣ ਧਾਰ ਮੋਮਬੱਤੀਆਂ, ਬਾਤਨ ਭੇਵ ਰਹੇ ਨਾ ਰਾਈਆ । ਅੰਤ ਅਖ਼ੀਰ ਬੇਨਜ਼ੀਰ ਨਾਲ ਕੀਤੀਆਂ ਕੀ ਪੱਕੀਆਂ, ਵਾਹਦੇ ਆਪਣੇ ਆਪ ਵਿਚ ਜਣਾਈਆ । ਕੀ ਕਥਾ ਕਹਾਣੀਆਂ ਭਵਿਖਤਾਂ ਵਿਚ ਦੱਸੀਆਂ, ਦਹਿ ਦਿਸ਼ਾ ਕਰ ਪੜ੍ਹਾਈਆ । ਕਿਸ ਬਿਧ ਅੰਤਮ ਹੋਵਣ ਸੱਚੀਆਂ, ਸਚ ਸਚ ਨਾਲ ਮਿਲਾਈਆ । ਕਿਤੇ ਗੱਲਾਂ ਨਾ ਹੋਵਣ ਕੱਚੀਆਂ, ਕੱਚਾ ਤੰਦ ਨਾ ਕੋਇ ਵਖਾਈਆ । ਤੁਹਾਡੀਆਂ ਧਾਰਾਂ ਹੋਣੀਆਂ ਇਕੱਠੀਆਂ, ਦਰਗਾਹ ਸਾਚੀ ਸੋਭਾ ਪਾਈਆ । ਤਨ ਵਜੂਦ ਪੰਜ ਤੱਤ ਰਿਹਾ ਨਾ ਮਿੱਟੀਆਂ, ਸ਼ਰੀਰ ਸ਼ਰਅ ਨਾ ਕੋਇ ਵਖਾਈਆ । ਕੀ ਨਾਮ ਵਾਲੀਆਂ ਪੜ੍ਹ ਕੇ ਆਏ ਪੱਟੀਆਂ, ਸੰਦੇਸੇ ਵਿਚ ਦਿਓ ਸੁਣਾਈਆ । ਕੀ ਦੀਨ ਇਸਲਾਮ ਦੀਆਂ ਖੋਲ੍ਹੀਆਂ ਹੱਟੀਆਂ, ਹਟਵਾਣੇ ਹੋ ਕੇ ਹੱਟ ਚਲਾਈਆ । ਕੀ ਕਥਾ ਕਹਾਣੀਆਂ ਰਟੀਆਂ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਢੋਲੇ ਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਆਪਣੀ ਤੱਕੋ ਕ਼ਿਸਮ, ਕ਼ਿਸਮਤ ਵੇਖੋ ਜਗਤ ਲੋਕਾਈਆ । ਕੀ ਧੁਰ ਦਾ ਦੱਸਿਆ ਇਸਮ, ਆਜ਼ਮ ਇਕ ਜਣਾਈਆ । ਕੀ ਭੇਵ ਖੁਲ੍ਹਾਇਆ ਜਿਸਮ, ਜ਼ਮੀਰ ਦਿਤਾ ਬਦਲਾਈਆ । ਕੀ ਨੂਰ ਚਲਾਇਆ ਚਸ਼ਮ, ਅੰਧ ਅੰਧੇਰ ਮਿਟਾਈਆ । ਦੱਸੇ ਕੀ ਖੇਲ ਹੋਣਾ ਅੰਤਮ ਪੱਛਮ, ਪਸਚਾਤਾਪ ਵਿਚ ਦੁਹਾਈਆ । ਕੀ ਹੁਕਮ ਵਰਤਣਾ ਦੱਖਣ, ਪਰਦਾ ਦਿਓ ਉਠਾਈਆ । ਕਿਸ ਬਿਧ ਸਭ ਦਾ ਕਿਹਾ ਆਇਆ ਕੱਟਣ, ਕਟਾਕਸ਼ ਧੁਰ ਦਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕੀ ਕਿਹਾ ਦੱਸਿਆ ਪੰਜ ਭੂਤ, ਭਵਿਖਤ ਦਿਓ ਜਣਾਈਆ । ਕਿਸ ਬਿਧ ਝਗੜਾ ਮਿਟੇ ਕਲਬੂਤ, ਕ਼ਲਮਾ ਦਿਓ ਸੁਣਾਈਆ । ਸ੍ਰਿਸ਼ਟ ਸਬਾਈ ਕਰੇ ਮਹਿਫ਼ੂਜ਼, ਹਿਫ਼ਾਜ਼ਤ ਕਰੇ ਜਗਤ ਲੋਕਾਈਆ । ਸਚ ਵਖਾਏ ਮੰਜ਼ਲੇ ਮਕ਼ਸੂਦ, ਘਰਾਨਾ ਇਕੋ ਇਕ ਦ੍ਰਿੜਾਈਆ । ਜਿਥੇ ਮਿਲੇ ਹੱਕ ਮਹਿਬੂਬ, ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਜਿਧਰ ਤੱਕੋ ਉਧਰ ਮੌਜੂਦ, ਦੋ ਜਹਾਨਾਂ ਸੋਭਾ ਪਾਈਆ । ਦੀਨ ਮਜ਼੍ਹਬ ਦੀ ਮੇਟੇ ਹਦੂਦ, ਗ੍ਰਿਹਿ ਇਕੋ ਇਕ ਵਖਾਈਆ । ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਸਚ ਸੁਚ ਲਏ ਪ੍ਰਗਟਾਈਆ । ਭਗਤ ਸੁਹੇਲੇ ਬਣਾ ਕੇ ਪੂਤ, ਸਪੂਤ ਆਪਣੀ ਗੋਦ ਉਠਾਈਆ । ਸਤਿਗੁਰ ਸ਼ਬਦ ਬਣਾ ਕੇ ਦੂਤ, ਦੁਤੀਆ ਭਾਓ ਦਏ ਗਵਾਈਆ । ਕਲਜੁਗ ਕੂੜੀ ਕਿਰਿਆ ਕਰਾਏ ਕੂਚ, ਕੂਚਾ ਗਲੀ ਕਰੇ ਸਫ਼ਾਈਆ । ਸਚ ਸੁਹੰਝਣੀ ਕਰੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਮਿਹਰਵਾਨ ਹੋ ਕੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਉਠਾਈਆ । ਮਨ ਕਲਪਣਾ ਅੰਦਰੋਂ ਕੱਢੇ ਕੁੱਟ, ਕੁਟੀਆ ਕਾਇਆ ਕਰੇ ਸਫ਼ਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਵੇਖ ਵਖਾਈਆ । ਕਿਸੇ ਦੀ ਸਮਝ ਵਿਚ ਨਾ ਆਵੇ ਨਾ ਬੁੱਧੀ ਸਕੇ ਸੋਚ, ਅਕ਼ਲ ਆਕ਼ਲ ਨਾ ਕੋਇ ਦ੍ਰਿੜਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਰਹੇ ਲੋਚ, ਲੋਚਾ ਸਭ ਦੀ ਪੂਰ ਕਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸਾਹਿਬ ਸਤਿਗੁਰ ਇਕੋ ਬਹੁਤ, ਅਵਰ ਲੋੜ ਰਹੇ ਨਾ ਰਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਦੱਸੋ ਕਥਾ ਕਹਾਣੀ, ਕਹਾਵਤ ਕੀ ਜਣਾਈਆ । ਕਿਸ ਬਿਧ ਲੇਖਾ ਮੁਕੇ ਚਾਰੇ ਖਾਣੀ, ਖ਼ਾਨਾਬਦੋਸ਼ ਹੋਏ ਲੋਕਾਈਆ । ਕਿਸ ਬਿਧ ਪਰਦਾ ਖੁਲ੍ਹੇ ਚਾਰੇ ਬਾਣੀ, ਬਾਵਾ ਆਦਮ ਅੰਮਾਂ ਹੱਵਾ ਨਾਲ ਸਾਲਾਹੀਆ । ਕਿਸ ਬਿਧ ਖੇਲ ਕਰੇ ਸ਼ਹਿਨਸ਼ਾਹਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਕਸੇ ਇਕ ਰੁਹਾਨੀ, ਰਹਿਮਤ ਹੱਕ ਕਮਾਈਆ । ਦੀਨ ਦੁਨੀ ਰਹੇ ਨਾ ਕੋਈ ਬੇਈਮਾਨੀ, ਬੇਵਾ ਰੂਪ ਨਾ ਕੋਇ ਜਣਾਈਆ । ਸਭ ਦਾ ਭਾਗ ਉਦੇ ਕਰੇ ਪੇਸ਼ਾਨੀ, ਮਸਤਕ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਲੇਖਾ ਜਾਣੇ ਆਵਣ ਜਾਣੀ, ਜਾਨਣਹਾਰ ਦਇਆ ਕਮਾਈਆ । ਸਦੀ ਚੌਧਵੀਂ ਕਰੇ ਧੁਰ ਦੀ ਮਿਹਰਬਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਮੰਜ਼ਲ ਦੱਸ ਆਸਾਨੀ, ਬਿਨਾ ਅਹਿਸਾਨ ਗੁਰਮੁਖ ਇਨਸਾਨ ਆਪਣੇ ਰੰਗ ਰੰਗਾਈਆ ।

## ✻ ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਨਸੀਬ ਕੌਰ ਦੇ ਗ੍ਰਿਹ ਪਿੰਡ ਸਰੀਂ ਪੁਰ ਜ਼ਿਲਾ ਹੁਸ਼ਿਆਰ ਪੁਰ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਕਲਜੁਗ ਸਮਾਂ ਅਖ਼ੀਰ, ਆਖ਼ਰ ਅੱਖਰਾਂ ਵਾਲੀ ਵੇਖ ਪੜ੍ਹਾਈਆ । ਸਾਬਤ ਰਿਹਾ ਨਾ ਕੋਈ ਪੀਰ ਫ਼ਕੀਰ, ਸਾਧ ਸੰਤ ਨਾ ਜਗਤ ਵਡਿਆਈਆ । ਝਗੜਾ ਦਿਸੇ ਸ਼ਾਹ ਹਕੀਰ, ਉਚ ਨੀਚ ਰਿਹਾ ਕੁਰਲਾਈਆ । ਮਦਦ ਕਰੇ ਨਾ ਕੋਇ ਦਸਤਗੀਰ, ਦਸਤਬਰਦਾਰ ਹੋਈ ਲੋਕਾਈਆ । ਲੋਕਮਾਤ ਧਰਮ ਦੀ ਧਾਰ ਦਿਸੇ ਨਾ ਕੋਇ ਲਕੀਰ, ਰਾਹ ਸਚ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਧਰੇ ਨਾ ਕੋਇ ਧੀਰ, ਧੁਰ ਦੀ ਧਾਰ ਨਾ ਕੋਇ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਘੱਤੀ ਫਿਰੇ ਵਹੀਰ, ਵਹਿਣਾਂ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਰਿਹਾ ਰੁੜ੍ਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸ਼ਰਅ ਦੀ ਬੱਝੇ ਵਿਚ ਜ਼ੰਜੀਰ, ਬੋਧ ਅਗਾਧੇ ਤੇਰਾ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਸਰ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਅਗੰਮੀ ਵੇਖ ਲਿਖਤ, ਨਿਰਵੈਰ ਨਿਰਾਕਾਰ ਨਿਰੰਕਾਰ ਖੋਜ ਖੁਜਾਈਆ । ਸਾਚਾ ਰਿਹਾ ਕਿਸੇ ਨਾ ਇਸ਼ਟ, ਸਚਖੰਡ ਨਿਵਾਸੀ ਤੇਰਾ ਦਰਸ ਕੋਇ ਨਾ ਪਾਈਆ । ਕੂੜ ਕਲਪਣਾ ਵਧੀ ਵਿਚ ਸ੍ਰਿਸ਼ਟ, ਦੀਨ ਦੁਨੀ ਹੋਈ ਹਲਕਾਈਆ । ਚਾਰ ਜੁਗ ਦੀ ਤੇਰੇ ਕੋਲ ਫ਼ਿਰਿਸਤ, ਦੋ ਜਹਾਨਾਂ ਨਜ਼ਰੀ ਆਈਆ । ਲਹਿਣਾ ਦੱਸ ਕੇ ਗਿਆ ਰਾਮਾ ਨਾਲ ਵਸ਼ਿਸ਼ਟ, ਜਗਤ ਵਿਸ਼ੇ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਆਸਾ ਇਕ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਆਪਣੀ ਵੇਖ ਲੈ ਚਾਰੇ ਖਾਣੀ, ਚਾਰੋਂ ਕੁੰਟ ਧਿਆਨ ਲਗਾਈਆ । ਮਾਣ ਰਿਹਾ ਨਾ ਚਾਰੇ ਬਾਣੀ, ਚਾਰੇ ਵਰਨ ਰਹੇ ਕੁਰਲਾਈਆ । ਚੌਥੇ ਜੁਗ ਅੰਮ੍ਰਿਤ ਰਸ ਮਿਲੇ ਕਿਸੇ ਨਾ ਪਾਣੀ, ਆਬੇਹਯਾਤ ਨਾ ਕੋਇ ਪਿਲਾਈਆ । ਪਾਰਬ੍ਰਹਮ ਬ੍ਰਹਮ ਬਣੇ ਕੋਈ ਨਾ ਹਾਣੀ, ਆਤਮ ਜੋੜ ਨਾ ਕੋਇ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਵਧੀ ਬੇਈਮਾਨੀ, ਸਚ ਸ਼ਬਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖ ਆਪਣੀ ਸਦੀ ਚੌਧਵੀਂ ਦੀ ਧਾਰ, ਮੁਹੰਮਦ ਕੂਕ ਕੂਕ ਸੁਣਾਈਆ । ਈਸਾ ਕਹੇ ਬੀਸਵੀਂ ਦੀ ਤਕ ਰਫ਼ਤਾਰ, ਜੋ ਰਫ਼ਤਾ ਰਫ਼ਤਾ ਪੰਧ ਮੁਕਾਈਆ । ਪਿਛਲੇ ਜੁਗ ਦੇ ਸੋਹਲੇ ਦੇਣ ਤੇਈ ਅਵਤਾਰ, ਵੇਦ ਵਿਆਸਾ ਕਰੇ ਸ਼ਨਵਾਈਆ । ਨਾਨਕ ਵਜਾ ਕੇ ਨਿਰਗੁਣ ਨਾਮ ਸਿਤਾਰ, ਤੂੰਹੀ ਤੂੰਹੀ ਰਾਗ ਅਲਾਹੀਆ । ਗੋਬਿੰਦ ਕਹੇ ਕਲ ਕਲਕੀ ਅਵਤਾਰ, ਨਿਹਕਲੰਕ ਤੇਰੀ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਕਰਨ ਵਿਚਾਰ, ਹਿੰਦੂ ਮੁਸਲਿਮ ਸਿੱਖ ਈਸਾਈ ਕੁਕਰਮਾਂ ਵਿਚ ਆਪਣਾ ਕਰਮ ਜਣਾਈਆ । ਝਗੜਾ ਪਿਆ ਸ਼ਿਵਦਵਾਲਾ ਮਠ ਗੁਰੂਦਵਾਰ, ਦੂਈ ਦਵੈਤੀ ਪੰਧ ਨਾ ਕੋਇ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚੇ ਘਰ ਮਿਲੇ ਨਾ ਕਿਸੇ ਆਪ ਨਿਰੰਕਾਰ, ਨਿਰਾਕਾਰ ਨਜ਼ਰ ਕਿਸੇ ਨਾ ਆਈਆ । ਦਹਿ ਦਿਸ਼ਾ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਜੋ ਭਵਿਖਤਾਂ ਵਿਚ ਤੇਰਾ ਸ਼ਬਦ ਸੰਦੇਸ਼ਾ ਗਏ ਵਿਚਾਰ, ਲਿਖ ਲਿਖ ਲੇਖ ਅੱਖਰਾਂ ਨਾਲ ਵਡਿਆਈਆ । ਸੋ ਸਵਾਮੀ ਅੰਤਰਜਾਮੀ ਪੂਰਾ ਕਰ ਵਿਚ ਸੰਸਾਰ, ਸੰਸਾਰੀ

ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਹੋਇਆ ਅੰਤਮ ਅੰਤ, ਅੰਤਸ਼ਕਰਨ ਵੇਖ ਜਗਤ ਲੋਕਾਈਆ । ਮਿਹਰਵਾਨ ਮਹਿਬੂਬ ਧੁਰ ਭਗਵੰਤ, ਮਿਹਰਵਾਨ ਤੇਰੀ ਸਰਨਾਈਆ । ਸਾਚਾ ਦਿਸੇ ਧਰਮ ਦਾ ਨਾ ਕੋਈ ਸੰਤ, ਸੱਜਣ ਸਚ ਨਾ ਕੋਇ ਵਡਿਆਈਆ । ਕਲਜੁਗ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਜਣਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਜੋ ਨਿਰਅੱਖਰ ਦਏ ਸਮਝਾਈਆ । ਆਪਣਾ ਸਦੀ ਚੌਧਵੀਂ ਦਾ ਅੰਤ ਵੇਖ ਲੈ ਸੰਮਤ, ਸਮਾਂ ਸਮੇਂ ਨਾਲ ਭੁਗਤਾਈਆ । ਸਾਡੇ ਵਿਚ ਰਹੀ ਕੋਈ ਨਾ ਹਿੰਮਤ, ਕਲਮਿਆਂ ਵਿਚ ਦੁਹਾਈਆ । ਜਿਧਰ ਤੱਕੀਏ ਚਾਰ ਵਰਨ ਤੇਰੇ ਨਿੰਦਕ, ਧੁਰ ਦਾ ਗੀਤ ਨਾ ਕੋਇ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰੇ ਅੱਗੇ ਸਾਡੀ ਮਿੰਨਤ, ਸਚਖੰਡ ਦਵਾਰੇ ਦਰਗਾਹ ਸਾਚੀ ਸੀਸ ਨਿਵਾਈਆ । ਸਾਡੀ ਮੇਟ ਦੇ ਅੰਤਮ ਚਿੰਨਤ, ਜਗਤ ਰੋਗ ਸੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵੇਖ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਮਜ਼੍ਹਬ, ਇਸਮ ਇਸਲਾਮ ਨਾ ਕੋਇ ਜਣਾਈਆ । ਚਾਰੋਂ ਕੁੰਟ ਅੰਧੇਰਾ ਗ਼ਜ਼ਬ, ਤੇਰੀ ਗ਼ਰਜ਼ ਨਾ ਕੋਇ ਜਣਾਈਆ । ਧਰਮ ਦਵਾਰ ਦਿਸੇ ਨਾ ਅਦਬ, ਬੇਅਦਬੀ ਵਿਚ ਦੁਹਾਈਆ । ਅਸੀਂ ਝੁਕਦੇ ਤੇਰੇ ਕ਼ਦਮ, ਨਿਉਂ ਨਿਉਂ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਮਧਮ, ਅੰਮ੍ਰਿਤ ਮੇਘ ਇਕ ਬਰਸਾਈਆ । ਲੋਕਮਾਤ ਜੀਵ ਜੰਤ ਚਾਰ ਕੁੰਟ ਦਹਿ ਦਿਸ਼ਾ ਤੈਨੂੰ ਲੱਭਣ, ਬਿਨਾ ਅੱਖਾਂ ਅੱਖ ਉਠਾਈਆ । ਤ੍ਰੈਗੁਣ ਮਾਇਆ ਸ੍ਰਿਸ਼ਟੀ ਸਾੜੇ ਅਗਨ, ਕੂੜੀ ਤ੍ਰਿਸ਼ਨਾ ਨਾ ਕੋਇ ਬੁਝਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਸਚਖੰਡ ਦਵਾਰੇ ਨਿਰਗੁਣ ਧਾਰ ਬੈਠੋਂ ਮਗਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਜ਼ੋਰ, ਜੋਰੂ ਜ਼ਰ ਮਿਲੀ ਵਡਿਆਈਆ । ਤੇਰੇ ਹੱਥ ਸਭ ਦੀ ਡੋਰ, ਆਤਮ ਪਰਮਾਤਮ ਜੋੜ ਜੁੜਾਈਆ । ਚਾਰ ਕੁੰਟ ਦਿਸਣ ਠਗ ਚੋਰ, ਧਰਮ ਦਾ ਰੂਪ ਨਾ ਕੋਇ ਰੰਗਾਈਆ । ਤੇਰਾ ਮੰਤਰ ਫੁਰਨਾ ਫੁਰੇ ਨਾ ਕਿਸੇ ਫੋਰ, ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਹੋਈ ਜਗਤ ਹਲਕਾਈਆ । ਜਿਧਰ ਤੱਕੀਏ ਅੰਧੇਰਾ ਘੋਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਪਾਰਬ੍ਰਹਮ ਪਰਮੇਸ਼ਵਰ ਤੇਰੀ ਲੋੜ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੈਗ਼ੰਬਰ ਬਿਨ ਹੱਥਾਂ ਹੱਥ ਰਹੇ ਜੋੜ, ਨਿਉਂ ਨਿਉਂ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਹਿਬ ਤੇਰੇ ਅਜ਼ੀਜ਼, ਆਜਜ਼ ਹੋ ਕੇ ਸੀਸ ਨਿਵਾਈਆ । ਦੀਨ ਦੁਨੀ ਵਿਚ ਰਹੀ ਨਾ ਕੋਇ ਤਮੀਜ਼, ਭਾਂਡਾ ਭਰਮ ਨਾ ਕੋਇ ਭੰਨਾਈਆ । ਸਤਿ ਧਾਰ ਦੀ ਦਿਸੇ ਕੋਈ ਨਾ ਈਦ, ਕਲਮਾ ਹੱਕ ਨਾ ਕੋਇ ਸੁਣਾਈਆ । ਸ੍ਰਿਸ਼ਟੀ ਸੁੱਤੀ ਗ਼ਫ਼ਲਤ ਨੀਂਦ, ਨੇਤਰ ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਤੇਰੀ ਸਾਰੇ ਕਰਨ ਉਡੀਕ, ਜ਼ਿਮੀਂ ਅਸਮਾਨਾਂ ਰਾਹ ਤਕਾਈਆ । ਤੇਰੇ ਵਿਚ ਇਕ ਤੌਫ਼ੀਕ, ਤਾਕ਼ਤਵਰ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰੂ ਅੰਤ ਸਾਰੇ ਹੋਏ ਜ਼ਈਫ਼, ਜ਼ਈਫ਼ੁਲ ਉਮਰ ਨਜ਼ਰੀ ਆਈਆ । ਤੇਰਾ ਸ਼ਬਦ ਗੁਰੂ ਕਰੇ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਕਲਜੁਗ ਅੰਤਮ ਵੇਲਾ ਨਜ਼ਦੀਕ, ਦੂਰ ਦੁਰਾਡੇ ਪੰਧ ਮੁਕਾਈਆ । ਤੂੰ ਮਾਲਕ ਖ਼ਾਲਕ ਲਾਸ਼ਰੀਕ, ਵਾਹਦ ਤੇਰੀ ਸਰਨਾਈਆ । ਸਾਡੀ ਆਸਾ

ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਪਿਛਲੀ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਲਮਾ ਸਚ ਨਾਮ ਤੇਰੀ ਸਤਿ ਹੋਵੇ ਹਦੀਸ, ਹਜ਼ਰਤਾਂ ਤੋਂ ਪਰੇ ਆਪਣੀ ਦੱਸ ਪੜ੍ਹਾਈਆ ।

### ✻ ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਦਿਆਲ ਸਿੰਘ ਦੇ ਗ੍ਰਿਹ ਪਿੰਡ ਡੱਡ ਜ਼ਿਲਾ ਹੁਸ਼ਿਆਰਪੁਰ ✻

ਸਦੀ ਚੌਧਵੀਂ ਕਹੇ ਪ੍ਰਭ ਦੀਨ ਦੁਨੀ ਹੋਈ ਅੰਧੀ, ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜਗਤ ਦਵਾਰੇ ਹੋਈ ਗੰਦੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੇ ਨਾਮ ਦੀ ਦਿਸੇ ਨਾ ਕੋਇ ਸੁਗੰਧੀ, ਹਿਰਦੇ ਹਰਿ ਨਾ ਕੋਇ ਵਸਾਈਆ । ਦੀਨ ਮਜ਼੍ਹਬ ਔਝੜ ਦਿਸਦੀ ਡੰਡੀ, ਹਿੰਦੂ ਮੁਸਲਿਮ ਸਿੱਖ ਈਸਾਈ ਕਰਨ ਲੜਾਈਆ । ਤੇਰਾ ਨਿਰਗੁਣ ਨੂਰ ਜੋਤ ਚੰਦ ਨਾ ਦਿਸੇ ਕਿਸੇ ਨੌਚੰਦੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਆਤਮ ਪਰਮਾਤਮ ਬਣੇ ਕੋਇ ਨਾ ਸੰਗੀ, ਤਨ ਵਜੂਦ ਮਾਟੀ ਖ਼ਾਕ ਨਾਤਾ ਜਗਤ ਲੋਕਾਈਆ । ਦੂਈ ਦਵੈਤੀ ਸ਼ਰਅ ਦੀ ਢਾਏ ਕੋਈ ਨਾ ਕੰਧੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਚ ਦਵਾਰ ਦੀ ਦਿਸੇ ਨਾ ਕੋਇ ਪਾਬੰਦੀ, ਮਨ ਕਲਪਣਾ ਸਾਰੇ ਰਹੇ ਕੁਰਲਾਈਆ । ਕਲਜੁਗ ਵੇਲਾ ਅੰਤਮ ਦਿਸੇ ਕੰਢੀ, ਪੂਰਬ ਪਿਛਲਾ ਪੰਧ ਮੁਕਾਈਆ । ਜਿਹੜੀ ਗੁਰ ਅਵਤਾਰ ਪੈਗ਼ੰਬਰਾਂ ਕਥਾ ਕਹਾਣੀ ਆਖੀ ਛੰਦੀ, ਭਵਿਖਤਾਂ ਵਿਚ ਤੇਰਾ ਨਾਮ ਵਡਿਆਈਆ । ਸੋ ਸਭ ਦੀ ਪੂਰੀ ਸਨਦ ਵੇਖ ਸੰਧੀ, ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਵਾਹਵਾ ਤੇਰੇ ਨਾਮ ਦੀ ਵੱਜੇ ਵਧਾਈਆ । ਸਦੀ ਚੌਧਵੀਂ ਕਹੇ ਪ੍ਰਭੂ ਚਾਰੋਂ ਕੁੰਟ ਦਿਸੇ ਅੰਧੇਰਾ, ਅੰਧ ਅਗਿਆਨ ਨਾ ਕੋਇ ਮਿਟਾਈਆ । ਚਾਰ ਵਰਨ ਪਿਆ ਝਗੜਾ ਝੇੜਾ, ਸੁਲਹਕੁਲ ਤੇਰੀ ਸਮਝ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਸਭ ਦਾ ਉਜੜਦਾ ਦਿਸੇ ਖੇੜਾ, ਗ੍ਰਿਹ ਮੰਦਰ ਅੰਦਰ ਵੱਜੇ ਨਾ ਕੋਇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਬੰਨ੍ਹੇ ਕੋਈ ਨਾ ਬੇੜਾ, ਨਿਰਗੁਣ ਨੂਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਉਲਟਾ ਦਿਸੇ ਗੇੜਾ, ਸ੍ਰਿਸ਼ਟੀ ਦ੍ਰਿਸ਼ਟੀ ਸਾਚਾ ਰਾਹ ਗਈ ਭੁਲਾਈਆ । ਪਰਮ ਪੁਰਖ ਪਰਮਾਤਮ ਆਤਮ ਉਤੇ ਕਰ ਮਿਹਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੂਰ ਦੁਰਾਡੇ ਵਸ ਨੇਰਨ ਨੇਰਾ, ਨਿਜ ਘਰ ਆਤਮ ਪਰਦਾ ਦੇ ਉਠਾਈਆ । ਤੇਰਾ ਸ਼ਬਦੀ ਧਾਰ ਸੁਤ ਸਤਿ ਸਵਾਮੀ ਧੁਰ ਦਾ ਸ਼ੇਰਾ, ਭਬਕ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਦੀਨ ਦੁਨੀ ਜਾਂਦੀ ਰੁੜ੍ਹਦੀ, ਵਹਿੰਦੇ ਵਹਿਣ ਜਗਤ ਲੋਕਾਈਆ । ਕਿਸੇ ਸਮਝ ਨਾ ਆਵੇ ਸ਼ਬਦ ਸਾਚੇ ਗੁਰ ਦੀ, ਸਤਿਗੁਰ ਮੇਲ ਨਾ ਕੋਇ ਕਰਾਈਆ । ਮਸਤਕ ਰੇਖ ਸਮਝੇ ਕੋਇ ਨਾ ਧੁਰ ਦੀ, ਪਰਦਾ ਉਹਲਾ ਨਾ ਕੋਇ ਉਠਾਈਆ । ਸਭ ਦੀ ਸੁਰਤੀ ਹੋਈ ਮੁਰਦੀ, ਬਿਨ ਤੇਰੀ ਕਿਰਪਾ ਲਏ ਨਾ ਕੋਇ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਖੇਲ ਤੇਰੀ ਕਮਜ਼ੋਰ ਦੀ, ਜੋਰੂ ਜ਼ਰ ਦਾ ਝਗੜਾ ਦੇ ਗਵਾਈਆ ।

❁ ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ❁

ਸਦੀ ਚੌਧਵੀਂ ਕਹੇ ਪ੍ਰਭ ਤੇਰੇ ਨਾਮ ਬਹੁ ਬਿਧ ਭਾਂਤ, ਲੋਕਮਾਤ ਅਗਣਤ ਅਗਣਤ ਨਜ਼ਰੀ ਆਈਆ । ਲੋਕਮਾਤ ਮੇਟੇ ਨਾ ਕੋਈ ਅੰਧੇਰੀ ਰਾਤ, ਸਤਿ ਧਰਮ ਦਾ ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਜੋੜੇ ਕੋਈ ਨਾ ਨਾਤ, ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲੀ ਗਾਥ, ਅੱਖਰਾਂ ਨਾਲ ਦੱਸੀ ਜਗਤ ਪੜ੍ਹਾਈਆ । ਤੇਰਾ ਭੇਵ ਖੋਲ੍ਹੇ ਨਾ ਕੋਈ ਪੁਰਖ ਸਮਰਾਥ, ਕਾਇਆ ਮੰਦਰ ਗ੍ਰਿਹਿ ਹੋਏ ਨਾ ਕੋਇ ਰੁਸ਼ਨਾਈਆ । ਦੀਨ ਮਜ਼੍ਹਬ ਝਗੜਾ ਪਾਇਆ ਜ਼ਾਤ ਪਾਤ, ਮਾਨਵ ਮਾਨਵ ਵੰਡ ਵੰਡਾਈਆ । ਦਰਸ਼ਨ ਦਿਸੇ ਨਾ ਕਿਸੇ ਤੇਰਾ ਸਾਖ਼ਿਆਤ, ਸਤਿ ਸਰੂਪ ਨਜ਼ਰ ਕੋਇ ਨਾ ਪਾਈਆ । ਧਰਨੀ ਉਪਰ ਖੇਲ ਵੇਖ ਪ੍ਰਭੂ ਮਾਤ, ਚਾਰ ਕੁੰਟ ਦਹਿ ਦਿਸ਼ਾ ਫੇਲ ਫੁਲਾਈਆ । ਸਾਚੇ ਨੇਤਰ ਖੁਲ੍ਹੀ ਕਿਸੇ ਨਾ ਜਾਗ, ਆਲਸ ਨਿੰਦਰਾ ਗ਼ਫ਼ਲਤ ਵਿਚ ਸੁੱਤੀ ਕੂੜ ਲੋਕਾਈਆ । ਦੁਰਮਤ ਮੈਲ ਨਿਰੰਤਰ ਧੋਵੇ ਕੋਈ ਨਾ ਦਾਗ਼, ਪਤਤ ਪੁਨੀਤ ਜਗਤ ਨਾ ਕੋਇ ਕਰਾਈਆ । ਅੰਤਰ ਆਤਮ ਉਪਜੇ ਨਾ ਕੋਇ ਵੈਰਾਗ, ਵੈਰੀ ਪੰਚ ਵਿਕਾਰ ਅੰਦਰੋਂ ਨਾ ਕੋਇ ਕਢਾਈਆ । ਮਾਇਆ ਮਮਤਾ ਮੋਹ ਅੰਦਰੋਂ ਕਰੇ ਨਾ ਕੋਇ ਤਿਆਗ, ਦੂਈ ਦਵੈਤੀ ਡੇਰਾ ਕੋਇ ਨਾ ਢਾਹੀਆ । ਤ੍ਰੈਗੁਣ ਮਾਇਆ ਬੁਝੇ ਕਿਸੇ ਨਾ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸੱਜਣ ਸਵਾਮੀ ਮਿਲੇ ਨਾ ਕੰਤ ਸੁਹਾਗ, ਸਾਢੇ ਤਿੰਨ ਹੱਥ ਮੰਦਰ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਪ੍ਰਭ ਦੀਨ ਦੁਨੀ ਭੁੱਲੀ ਤੇਰਾ ਨਾਉਂ, ਨਰ ਨਿਰੰਕਾਰ ਤੇਰਾ ਦਰਸ ਕੋਇ ਨਾ ਪਾਈਆ । ਕਾਇਆ ਮੰਦਰ ਸੋਹੇ ਨਾ ਕਿਸੇ ਗਾਉਂ, ਗ੍ਰਿਹਿ ਨੂਰ ਜੋਤ ਨਾ ਕੋਇ ਰੁਸ਼ਨਾਈਆ । ਦੀਨ ਦਿਆਲ ਤੇਰੀ ਸਰਨਾ ਲਾਗੇ ਨਾ ਕੋਇ ਪਾਉਂ, ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਸੀਸ ਨਿਵਾਈਆ । ਸਦੀ ਚੌਧਵੀਂ ਅੰਤ ਅਖ਼ੀਰ ਨਿਥਾਵਿਆਂ ਮਿਲੇ ਕੋਈ ਨਾ ਥਾਉਂ, ਦਰਗਾਹ ਸਚ ਮਹੱਲ ਅਟਲ ਚੜ੍ਹਨ ਕੋਇ ਨਾ ਪਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਪਕੜੇ ਕੋਈ ਨਾ ਬਾਹੋਂ, ਜੁਗ ਜਨਮ ਦੇ ਵਿਛੜਿਆਂ ਮੇਲ ਨਾ ਕੋਇ ਮਿਲਾਈਆ । ਸਭ ਦੀ ਹੰਸ ਬੁੱਧੀ ਹੋਈ ਕਾਉਂ, ਕਾਗ ਵਾਂਗ ਕੁਰਲਾਈਆ । ਭਵਜਲ ਪਾਰ ਕਰੇ ਨਾ ਕੋਈ ਸ਼ੌਹ ਦਰਿਆਉਂ, ਵਹਿੰਦਾ ਵਹਿਣ ਨਾ ਕੋਇ ਵਹਾਈਆ । ਤਖ਼ਤ ਨਿਵਾਸੀ ਤੁਧ ਬਿਨ ਕਰੇ ਨਾ ਕੋਈ ਸਚ ਨਿਆਉਂ, ਅਦਲ ਇਨਸਾਫ਼ ਹੱਕ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਦੀ ਚੌਧਵੀ ਕਹੇ ਪ੍ਰਭ ਤਕ ਲੈ ਆਪਣੀ ਦੀਨ ਦੁਨੀ ਦੀ ਧਾਰ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਆਤਮ ਪਰਮਾਤਮ ਰਿਹਾ ਨਾ ਕੋਇ ਪਿਆਰ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਜਿਧਰ ਤੱਕਾਂ ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਸੋਭਾ ਪਾਈਆ । ਕੂੜੀ ਕਿਰਿਆ ਵੇਖਿਆ ਗੜ੍ਹ ਹੰਕਾਰ, ਹਉਮੇ ਹੰਗਤਾ ਨਾ ਕੋਇ ਗਵਾਈਆ । ਸਾਚਾ ਸੰਤ ਭਗਤ ਤੇਰਾ ਦਿਸੇ ਨਾ ਕੋਈ ਖ਼ਿਦਮਤਗਾਰ, ਖ਼ਾਦਮ ਹੋ ਕੇ ਸੀਸ ਨਾ ਕੋਇ ਨਿਵਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਗੁਰ ਅਵਤਾਰ ਪੈਗ਼ੰਬਰ ਤੇਰਾ ਕਰਦੇ ਇੰਤਜ਼ਾਰ, ਮਰਦ ਮਰਦਾਨੇ ਤੇਰਾ ਰਾਹ ਤਕਾਈਆ । ਅੰਤ ਕੰਤ ਭਗਵੰਤ ਤੈਨੂੰ ਕਹਿ ਕੇ ਆਏ ਕਲ ਕਲਕੀ ਅਵਤਾਰ, ਅਮਾਮ

ਅਮਾਮਾ ਨੂਰ ਅਲਾਹੀਆ । ਜਿਸ ਦਾ ਨਾਮ ਡੰਕਾ ਧੁਰ ਦਾ ਕਲਮਾ ਸੁਣਨਾ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਦੇਣਾ ਦ੍ਰਿੜਾਈਆ । ਚੌਥੇ ਜੁਗ ਲਹਿਣਾ ਦੇਣਾ ਪੂਰਬ ਕਰਜ਼ ਉਤਾਰ, ਭੇਵ ਅਭੇਦਾ ਖੋਲ੍ਹ ਥਾਉਂ ਥਾਈਂਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗਈ ਹਾਰ, ਅੰਤਮ ਹੌਸਲੇ ਸਾਰੇ ਗਏ ਢਾਹੀਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਪਾਵੇ ਕੋਈ ਨਾ ਸਾਰ, ਮਹਾਂਸਾਰਥੀ ਸਾਚਾ ਨਜ਼ਰ ਕੋਇ ਨਾ ਆਈਆ । ਨੇਤਰ ਰੋ ਰੋ ਕਰਾਂ ਗਿਰਿਆਜ਼ਾਰ, ਉਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਪਰਵਰਦਿਗਾਰ ਤੇਰੀ ਸਰਨਾਈਆ । ਆਸਾ ਲੈ ਕੇ ਆਈ ਤੇਰੇ ਦਰਬਾਰ, ਦਰਗਾਹ ਸਾਚੀ ਸੀਸ ਨਿਵਾਈਆ । ਸਤਿਜੁਗ ਸਾਚਾ ਕਰ ਉਜਿਆਰ, ਚਾਰ ਕੁੰਟ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦਰਗਾਹ ਸਾਚੀ ਸਚਖੰਡ ਸੱਚੀ ਸਰਕਾਰ, ਆਅਲਾ ਅਦਨਾ ਨੌਜਵਾਨਾਂ ਦੋ ਜਹਾਨਾਂ ਵੇਖੇ ਥਾਉਂ ਥਾਈਂਆ ।

### ❊ ੨੮ ਮਾਘ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ❊

ਸਦੀ ਚੌਧਵੀਂ ਕਹੇ ਮੈਂ ਥੱਕੀ ਟੁੱਟੀ, ਬਹੁੜੀ ਤੇਰਾ ਨਾਮ ਦੁਹਾਈਆ । ਕੀ ਨਿਮਸਕਾਰ ਕਰਾਂ ਮੇਰੀ ਤਾਕਤ ਰਹੀ ਨਾ ਗੁੱਟੀਂ, ਘੁਟਨੇ ਟੇਕ ਕੇ ਰਹੀ ਕੁਰਲਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੀ ਪਤ ਗਈ ਲੁੱਟੀ, ਸਿਰ ਹੱਥ ਨਾ ਕੋਇ ਰਖਾਈਆ । ਸਾਬਤ ਦਿਸੀ ਕੋਈ ਨਾ ਕਾਇਆ ਕੁਟੀ, ਕੂੜੀ ਕਿਰਿਆ ਹੋਈ ਹਲਕਾਈਆ । ਚੌਦਾਂ ਤਬਕ ਫਿਰਦਿਆਂ ਪਰਵਰਦਿਗਾਰ ਮੇਰੀ ਘਸ ਗਈ ਜੁੱਤੀ, ਰਵਦਾਸ ਚਮਾਰਾ ਗੰਢ ਨਾ ਕੋਇ ਪੁਆਈਆ । ਨਿਰਗੁਣ ਧਾਰ ਤੇਰੇ ਵਿਚੋਂ ਸੁੱਤੀ ਉਠੀ, ਆਪਣੀ ਲਈ ਅੰਗੜਾਈਆ । ਜਾਂ ਤੱਕਾਂ ਮੇਰੀ ਖ਼ਾਲੀ ਦਿਸੇ ਮੁੱਠੀ, ਵਸਤ ਸਚ ਰਹੀ ਨਾ ਰਾਈਆ । ਮੈਂ ਮੁਹੰਮਦ ਦੀ ਕਰਦੀ ਰਹੀ ਬੁੱਤੀ, ਬੁਤਖ਼ਾਨੇ ਵੇਖ ਵਖਾਈਆ । ਸਾਚੀ ਵਸੀ ਅੰਤ ਨਾ ਰੁਤੀ, ਰੁਤੜੀ ਰੁਤ ਨਾ ਕੋਇ ਮਹਿਕਾਈਆ । ਉਮਤ ਦੀ ਜੜ੍ਹ ਰਹੀ ਪੁੱਟੀ, ਪਟਨੇ ਵਾਲਾ ਰਿਹਾ ਉਖੜਾਈਆ । ਨਾਤਾ ਤੁੱਟਣ ਲੱਗਾ ਮਾਸੀ ਫੁੱਫੀ, ਕੂੜੀ ਕਿਰਿਆ ਡੇਰਾ ਢਾਹੀਆ । ਸਾਹਿਬ ਸੁਲਤਾਨ ਮਿਹਰਵਾਨ ਇਕ ਬਚਨ ਰਹੀ ਪੁਛੀ, ਪੇਸ਼ੀਨਗੋਈਆਂ ਤੋਂ ਪਰੇ ਦੇਣਾ ਸਮਝਾਈਆ । ਕਿਹੜੀ ਭਗਤਾਂ ਮੰਜ਼ਲ ਦੇਵੇਂ ਉਚੀ, ਉਚ ਅਗੰਮ ਅਥਾਹ ਦੇਣਾ ਦ੍ਰਿੜਾਈਆ । ਕਿਸ ਬਿਧ ਤੇਰੇ ਨਾਲ ਆਤਮ ਪਰਮਾਤਮ ਲੱਗੀ ਰਹੇ ਰੁਚੀ, ਰਚਨਾ ਧੁਰ ਦੀ ਦੇਣੀ ਸਮਝਾਈਆ । ਸ਼ਬਦੀ ਧਾਰ ਰਹੇ ਨਾ ਗੁੱਝੀ, ਮੇਲਾ ਮਿਲੇ ਚਾਈਂ ਚਾਈਂਆ । ਦੀਪਕ ਜੋਤ ਰਹੇ ਨਾ ਬੁੱਝੀ, ਸਚ ਚਰਾਗ਼ ਕਰੇ ਰੁਸ਼ਨਾਈਆ । ਜਨ ਭਗਤਾਂ ਉਤਮ ਹੋਵੇ ਬੁੱਧੀ, ਬਿਬੇਕ ਰੂਪ ਵਟਾਈਆ । ਮੇਰੀ ਅੰਤਮ ਔਧ ਮੁੱਕੀ, ਮੁਕੰਮਲ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਨਿਉਂ ਨਿਉਂ ਲਾਗਾਂ ਪਾਈਂਆ । ਸਦੀ ਚੌਧਵੀਂ ਕਹੇ ਮੇਰੀ ਖ਼ਾਲੀ ਵੇਖ ਕੰਨੀ, ਕਾਇਨਾਤ ਵਿਚ ਵਖਾਈਆ । ਪੁਰਖ ਅਕਾਲ ਦੀਨ ਦਿਆਲ ਧੁਰ ਦਾ ਧਨੀ, ਵਡ ਭੰਡਾਰੀ ਸੋਭਾ ਪਾਈਆ । ਮਿਹਰਵਾਨ ਮਹਿਬੂਬ ਅੰਤ ਅਖ਼ੀਰ ਮੇਰੀ ਮੰਨੀਂ, ਮਿੰਨਤਾਂ ਕਰ ਕਰ ਸੀਸ ਨਿਵਾਈਆ । ਜਿਹੜੀ ਧਾਰ ਤੂੰ ਆਪਣੀ ਧਾਰ ਵਿਚੋਂ ਜੰਮੀ, ਆਪੇ ਬਣਿਉਂ ਧੁਰ ਜਣੇਂਦੀ ਮਾਈਆ । ਉਸ ਦਾ ਬੇੜਾ ਅੰਤਮ ਬੰਨ੍ਹੀ, ਬੰਨ੍ਹਣਹਾਰ

ਤੇਰੀ ਸਰਨਾਈਆ । ਵੇਖੀਂ ਖੇਲ ਕਰੀਂ ਨਾ ਕਲਜੁਗ ਕੂਚਾ ਗਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਮੈਂ ਅੰਤ ਅਖ਼ੀਰ ਕੀ ਪ੍ਰਭੂ ਦੱਸਾਂ, ਦੱਸਣ ਦੀ ਲੋੜ ਰਹੀ ਨਾ ਰਾਈਆ । ਸਚ ਦੱਸ ਕਿਹਦੇ ਦਵਾਰੇ ਵਸਾਂ, ਪਰਵਰਦਿਗਾਰ ਦੇਣਾ ਸਮਝਾਈਆ । ਚੌਦਾਂ ਤਬਕਾਂ ਬਦਲ ਕੇ ਆਈ ਅੱਖਾਂ, ਨੇਤਰ ਮੁਹੰਮਦ ਨਾ ਕੋਇ ਮਿਲਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਇਹ ਕੀ ਤੇਰੀ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਮੇਰੀਆਂ ਫਿਰ ਫਿਰ ਥੱਕੀਆਂ ਲੱਤਾਂ, ਬਲਹੀਣ ਦਿਆਂ ਦੁਹਾਈਆ । ਪਤਾ ਨਹੀਂ ਕੀ ਉਮਤ ਦੀ ਹੋਈ ਮੱਤਾ, ਬੁਧ ਬਿਬੇਕ ਨਾ ਕੋਇ ਵਖਾਈਆ । ਸਭ ਦੇ ਅੰਦਰ ਪਾਣੀ ਉਬਲੇ ਤੱਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਪਿਆਰ ਨਾ ਦਿਸਿਆ ਰਤਾ, ਰਤਨ ਅਮੋਲਕ ਹੀਰਾ ਰੂਪ ਨਾ ਕੋਇ ਬਦਲਾਈਆ । ਭੈਣ ਭਾਈ ਰਿਹਾ ਨਾ ਸਕਾ, ਪਿਤਾ ਪੂਤ ਨਾ ਜੋੜ ਜੁੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵੇ ਕੋਈ ਨਾ ਟੱਪਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਭੇਵ ਅਭੇਦਾ ਖੋਲ੍ਹੇ ਤੇਰਾ ਕੋਈ ਨਾ ਹੱਕਾ, ਹਕ਼ੀਕ਼ਤ ਹੱਕ ਨਾ ਕੋਇ ਜਣਾਈਆ । ਸਚ ਦਵਾਰੇ ਸਾਹਿਬ ਸੁਲਤਾਨ ਤੇਰੇ ਦੱਸਾਂ, ਦਹਿ ਦਿਸ਼ਾ ਵੇਖ ਵਖਾਈਆ । ਮੈਂ ਅੰਤ ਅਖ਼ੀਰ ਤੇਰੇ ਦਵਾਰੇ ਬੋਲਣ ਆਈ ਅੱਛਾ, ਦੂਜਾ ਲਫ਼ਜ਼ ਨਾ ਕੋਇ ਸੁਣਾਈਆ । ਵੇਖੀਂ ਹੁਣ ਕਿਤੇ ਘੱਲ ਨਾ ਦੇਵੀਂ ਲੋਕਮਾਤ ਮੱਛਾਂ ਕੱਛਾਂ, ਗੁਰ ਅਵਤਾਰ ਪੈਗ਼ੰਬਰਾਂ ਸੰਦੇਸ਼ਾ ਜਗਤ ਸੁਣਾਈਆ । ਅੰਤ ਅਖ਼ੀਰ ਸਦੀ ਚੌਧਵੀਂ ਦੀਨ ਦੁਨੀ ਦਿਸੇ ਭਾਂਡਾ ਕੱਚਾ, ਕੰਚਨ ਗੜ੍ਹ ਨਾ ਕੋਇ ਵਡਿਆਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਹਰਿਜਨ ਭਗਤ ਵੇਖ ਆਪਣਾ ਬੱਚਾ, ਜੋ ਇਸ਼ਟ ਦ੍ਰਿਸ਼ਟ ਤੇਰੇ ਵਿਚ ਸਮਾਈਆ । ਧਰਮ ਦੀ ਧਾਰ ਹੋਇਆ ਪੱਕਾ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਕਰ ਰੱਛਾ, ਰੱਛਕ ਹੋ ਕੇ ਸਿਰ ਆਪਣਾ ਹੱਥ ਟਿਕਾਈਆ ।



### ❊ ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ❊

ਸਚਖੰਡ ਦਵਾਰੇ ਸਚ ਬੇਨੰਤੀ ਕਰੇ ਵਿਸ਼ਨ, ਵਿਸ਼ਨੂੰ ਵਿਸ਼ਵ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਤੇਰਾ ਇਜਲਾਸ ਵੇਖਿਆ ਸ਼ਿਸ਼ਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੋਹਣਾ ਸੋਭਾ ਪਾਈਆ । ਸਚ ਸਵਾਮੀ ਪੈਗ਼ਾਮ ਲੱਗਾ ਦੱਸਣ, ਸਤਿ ਸਚ ਸਚ ਜਣਾਈਆ । ਚਾਰ ਜੁਗ ਅੱਲਾ ਵਾਹਿਗੁਰੂ ਸਤਿਨਾਮ ਰਾਮ ਕ੍ਰਿਸ਼ਨ ਤੇਰੇ ਨਾਮ ਦਾ ਲੈਂਦੇ ਰਹੇ ਕਮਿਸ਼ਨ, ਮਾਤਲੋਕ ਖੇਲ ਖਿਲਾਈਆ । ਜਗਤ ਵਡਿਔਂਦੇ ਰਹੇ ਤਨ ਵਜੂਦ ਰਾਮ ਕ੍ਰਿਸ਼ਨ, ਈਸਾ ਮੂਸਾ ਮੁਹੰਮਦ ਸੋਭਾ ਪਾਈਆ । ਨਾਨਕ ਗੋਬਿੰਦ ਦੱਸਦੇ ਰਹੇ ਤੇਰਾ ਮਿਸ਼ਨ, ਮਸ਼ੀਰ ਬਣ ਕੇ ਹੋਕਾ ਗਏ ਸੁਣਾਈਆ । ਅੰਤ ਧਰਨੀ ਧਰਤ ਧਵਲ ਧੌਲ ਮੂਲ ਨਾ ਦਿਸਣ, ਨੇਤਰ ਨਜ਼ਰ ਕੋਇ ਨਾ ਆਈਆ । ਸਰੀਰ ਮਾਟੀ ਸਭ ਦਾ ਦਿਸਿਆ ਮਿਥਨ, ਮਿਥਿਆ ਕੂੜ ਲੋਕਾਈਆ । ਜੋ ਤੇਰੀ ਮਹਿੰਮਾ ਸਿਫ਼ਤ ਦੱਸ ਕੇ ਗਏ ਸਿਖਨ, ਸਿਖਿਆ ਜਗਤ ਸਮਝਾਈਆ । ਕ਼ਲਮ ਸ਼ਾਹੀ ਸ਼ਾਸਤਰ ਸਿਮਰਤ ਵੇਦ ਪੁਰਾਣ ਅੰਜੀਲ ਕ਼ੁਰਾਨਾਂ ਲੇਖਾ ਲਿਖਣ, ਗ੍ਰੰਥਾਂ ਤਾਈਂ ਗੁਰੂ ਮਾਤ ਸਮਝਾਈਆ । ਓਹ ਤੇਰੇ ਨਾਮ ਪ੍ਰਭ ਪੈਸਿਆਂ ਟਕਿਆਂ ਧੇਲਿਆਂ ਉਤੋਂ ਵਿਕਣ, ਤੇਰੀ ਕ਼ੀਮਤ ਹੱਟੋ ਹੱਟ ਪਵਾਈਆ । ਚਾਰ

ਜੁਗ ਦੇ ਨਾਂ ਅੰਤ ਕਲਜੁਗ ਰੋਵਣ ਵਿਲਕਣ, ਕੂਕ ਕੂਕ ਸੁਣਾਈਆ । ਤੇਰੀ ਧਾਰ ਖੇਲ ਪ੍ਰਭੂ ਬਾਜ਼ੀ ਤਿਲਕਣ, ਸੰਭਲ ਕਦਮ ਨਾ ਕੋਇ ਰਖਾਈਆ । ਸਦੀ ਚੌਧਵੀਂ ਸਾਰੇ ਲੱਗੇ ਖ਼ਿਸਕਣ, ਪੱਲੂ ਆਪਣਾ ਆਪਣਾ ਛੁਡਾਈਆ । ਨਵ ਨੌਂ ਚਾਰ ਨਿਰੰਕਾਰ ਤੇਰੀ ਧਾਰ ਮੂਲ ਨਾ ਦਿਸਣ, ਦਹਿ ਦਿਸ਼ਾ ਨਾ ਅੱਖ ਖੁਲ੍ਹਾਈਆ । ਦੀਨਾਂ ਮਜ਼੍ਹਬਾਂ ਦਾ ਵੰਡ ਕੇ ਹਿੱਸਣ, ਮਾਨਵ ਦਿਤੇ ਟਕਰਾਈਆ । ਜੀਵ ਜੰਤ ਸਾਰੇ ਪਿੱਟਣ, ਰੋ ਰੋ ਰਹੇ ਸੁਣਾਈਆ । ਖੇਲ ਖਿਲਾ ਕੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਪੱਥਰ ਇੱਟਣ, ਤੇਰੀਆਂ ਮੂਰਤੀਆਂ ਗਏ ਵਖਾਈਆ । ਅੰਤ ਸਮਾਂ ਆਏ ਨਾ ਕੋਇ ਨਜਿੱਠਣ, ਮਿਹਰ ਨਜ਼ਰ ਨਾ ਕੋਇ ਟਿਕਾਈਆ । ਸਾਚਾ ਰਸ ਮਿਲੇ ਕਿਸੇ ਨਾ ਮਿੱਠਣ, ਕੂੜ ਕੁੜਿਆਰ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਦਰਗਾਹ ਸਾਚੀ ਸਚਖੰਡ ਵਿਸ਼ਨ ਕਰਨ ਲੱਗਾ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸੁਣ ਸਾਹਿਬ ਮੇਰੇ ਨਿਰੰਕਾਰ, ਨਿਰਵੈਰ ਦਿਆਂ ਸਮਝਾਈਆ । ਅਸੀਂ ਬਾਲਕ ਸੇਵਾਦਾਰ, ਸਦ ਸਦ ਸੇਵ ਕਮਾਈਆ । ਤੇਰਾ ਖੇਲ ਅਪਰ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਜੋ ਵੇਸ ਵਟਾਏ ਗੁਰੂ ਅਵਤਾਰ, ਪੈਗ਼ੰਬਰ ਰੰਗ ਰੰਗਾਈਆ । ਦੱਸ ਕੇ ਆਏ ਜਗਤ ਸੰਸਾਰ, ਤੇਰਾ ਨਾਮ ਖ਼ੁਦਾਈਆ । ਲਿਖਦੇ ਰਹੇ ਨਾਲ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਦੁਨੀ ਦੀਨਾਂ ਵਿਚ ਕਰ ਗ੍ਰਿਫ਼ਤਾਰ, ਬੰਧਨ ਆਏ ਪਾਈਆ । ਮਜ਼੍ਹਬਾਂ ਵਿਚ ਬਣ ਹੁਸ਼ਿਆਰ, ਹੁਸ਼ਿਆਰੀ ਆਪਣੀ ਆਏ ਦ੍ਰਿੜਾਈਆ । ਤੇਰਾ ਸਮਝਿਆ ਨਾ ਕਿਸੇ ਖੇਲ ਅਪਾਰ, ਅਪਰੰਪਰ ਤੇਰੀ ਬੇਪਰਵਾਹੀਆ । ਹੁਕਮੇ ਅੰਦਰ ਹੁਕਮ ਕਰੇਂ ਤਿਆਰ, ਤ੍ਰੈਗੁਣ ਅਤੀਤੇ ਆਪ ਵਰਤਾਈਆ । ਕਲਜੁਗ ਵੇਖ ਆਪਣੀ ਧਾਰ, ਧਰਨੀ ਧਰਤ ਧੌਲ ਧਵਲ ਖੋਜ ਖੁਜਾਈਆ । ਸਾਚਾ ਰਿਹਾ ਨਾ ਕੋਇ ਦਵਾਰ, ਧਰਮ ਦਵਾਰੇ ਰੋਵਨ ਮਾਰਨ ਧਾਈਆ । ਸਾਚਾ ਵਣਜ ਨਾ ਕੋਇ ਵਪਾਰ, ਨਾਮ ਹੱਟ ਨਾ ਕੋਇ ਚਲਾਈਆ । ਕਿੱਥੇ ਗਏ ਤੇਰੇ ਚਾਰ ਜੁਗ ਦੇ ਸਿਕਦਾਰ, ਸਿਰ ਸਕੇ ਨਾ ਕੋਇ ਉਠਾਈਆ । ਵੇਖ ਵਧਿਆ ਕਾਮ ਕਰੋਧ ਲੋਭ ਮੋਹ ਹੰਕਾਰ, ਹਉਮੇ ਅਗਨੀ ਤੱਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਤੇਰੀ ਆਸ ਰਖਾਈਆ । ਦਰਗਾਹ ਸਾਚੀ ਵਿਸ਼ਨ ਕਹੇ ਵੇਖ ਲੈ ਆਪਣੀ ਖ਼ਲਕਤ, ਖ਼ਾਲਕ ਖ਼ਲਕ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਮਲਕੀਅਤ ਰਹੀ ਕਿਸੇ ਨਾ ਮਿਲਕਤ, ਵਾਰਸ ਨਜ਼ਰ ਕੋਇ ਨਾ ਆਈਆ । ਮਨ ਕਲਪਣਾ ਮੇਟੇ ਕੋਈ ਨਾ ਹਰਕਤ, ਹਰਸ ਹਵਸ ਨਾ ਕੋਇ ਬੁਝਾਈਆ । ਤੇਰੇ ਪੈਗ਼ੰਬਰਾਂ ਗੁਰ ਅਵਤਾਰਾਂ ਪਾਈ ਸ਼ਿਰਕਤ, ਸ਼ਰੀਕੇ ਦਾ ਤਰੀਕਾ ਦੀਨ ਮਜ਼੍ਹਬ ਆਏ ਸਮਝਾਈਆ । ਮੇਰੀ ਨਿਗਾਹ ਜਾਂਦੀ ਵਿਚ ਮਸ਼ਰਕ, ਮਗ਼ਰਬ ਅੱਖ ਬਦਲਾਈਆ । ਇਕ ਦੂਜੇ ਦੀ ਹੋਣੀ ਆਪਸ ਵਿਚ ਨਫ਼ਰਤ, ਨਫ਼ਾ ਨੁਕ਼ਸਾਨ ਨਾ ਕੋਇ ਸਮਝਾਈਆ । ਸਾਚੀ ਸਮਝੇ ਕੋਈ ਨਾ ਹਸਰਤ, ਹਾਸਲ ਜ਼ਰਬ ਨਜ਼ਰ ਕਿਸੇ ਨਾ ਆਈਆ । ਪਿਛਲਾ ਲੇਖਾ ਸਭ ਦਾ ਵੇਖੇ ਜੋ ਦੀਨ ਦੁਨੀ ਕੀਤਾ ਬਿਛਰਤ, ਬਸ਼ਰਤੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਵਿਸ਼ਨ ਕਹੇ ਪ੍ਰਭੂ ਤੂੰ ਸਰਗੁਣ ਆਦੀ ਖੇਲ ਕੀਤਾ ਸ਼ੁਰੂ, ਸ਼ਾਇਰੀ ਸਿਫ਼ਤਾਂ ਵਾਲੀ ਜਣਾਈਆ । ਤੱਤਾਂ ਵਾਲੇ ਬਣਾ ਕੇ ਗੁਰੂ, ਵਿਸ਼ਿਆਂ ਵਿਚ ਦਿਤਾ ਲਗਾਈਆ । ਝਗੜਿਆਂ ਵਿਚ ਕਰਾ ਕੇ ਦੂਤੂ ਦੂਤੂ, ਮਜ਼੍ਹਬਾਂ ਵਿਚ ਟਕਰਾਈਆ । ਹੁਕਮ ਵਿਚ ਕਿਹਾ ਬੁਰੀ ਕਰਨੋਂ ਕੋਈ ਨਾ ਮੁੜੂ, ਬੁਰਾ ਆਪਣਾ ਨਾਮ ਬਣਾਈਆ । ਭੰਡਾਰਾ ਅੱਖਰਾਂ ਵਾਲਾ

੯੦੪ ੨੧

ਦੇ ਕੇ ਕਿਹਾ ਕਦੇ ਨਾ ਬੁਝੂ, ਥੋਕ ਹੱਥ ਨਾ ਕਿਸੇ ਫੜਾਈਆ । ਜਿਹੜਾ ਮੰਜ਼ਲ ਮੇਰੀ ਤੁਰੂ, ਤੁਰਤ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਹਰਿ, ਦਰਦਵੰਦ ਤੇਰੀ ਸਰਨਾਈਆ । ਵਿਸ਼ਨ ਕਹੇ ਗੁਰ ਅਵਤਾਰ ਪੈਗ਼ੰਬਰ ਬਣਾਏ ਲੋਕਮਾਤ ਤਨ ਮਾਟੀ, ਤਤਵ ਤਤ ਜਣਾਈਆ । ਅੰਦਰ ਰੱਖ ਕੇ ਨੂਰ ਜੋਤ ਬਾਤੀ, ਬਾਤਨ ਕੀਤੀ ਰੁਸ਼ਨਾਈਆ । ਆਪ ਬਣ ਕੇ ਧੁਰ ਦਾ ਕਮਲਾਪਾਤੀ, ਪਰਮੇਸ਼ਵਰ ਹੋ ਕੇ ਕਰੇਂ ਪੜ੍ਹਾਈਆ । ਉਹਨਾਂ ਨੂੰ ਇਸਤਰੀ ਮਰਦ ਬਣਾ ਕੇ ਸਾਥੀ, ਭੋਗ ਜਗਤ ਵਾਲੇ ਭੁਗਾਈਆ । ਇਹ ਖੇਲ ਤੇਰੀ ਅਬਿਨਾਸ਼ੀ, ਚਾਰ ਜੁਗ ਸਮਝ ਕਿਸੇ ਨਾ ਆਈਆ । ਨਾਲੇ ਸਤਿਗੁਰੂ ਨਾਲੇ ਜਗਤ ਕਾਂਡ ਦੇ ਨਾਤੀ, ਧੀਆਂ ਪੁਤ੍ਰਾਂ ਸੰਗ ਨਿਭਾਈਆ । ਨਾਲੇ ਸ਼ਬਦ ਸੁਨੇਹੜਾ ਦੇਵੇਂ ਪਾਤੀ, ਨਾਲੇ ਸ਼ਸਤਰਾਂ ਨਾਲ ਲੜਾਈਆ । ਨਾਲੇ ਖੇਲ ਦੱਸੇਂ ਇਕ ਜ਼ਾਤੀ, ਨਾਲੇ ਮਜ਼੍ਹਬਾਂ ਵਿਚ ਫਸਾਈਆ । ਨਾਲੇ ਇਲਮ ਦੱਸੇਂ ਸਫ਼ਾਤੀ, ਨਾਲੇ ਅੱਖਰਾਂ ਨਾਲ ਵਡਿਆਈਆ । ਨਾਲੇ ਆਪਣਾ ਬਣਾ ਕੇ ਦਰਸੀ, ਨਾਲੇ ਇਸਤਰੀਆਂ ਪਿਛੇ ਜੰਗਲਾਂ ਵਿਚ ਭਵਾਈਆ । ਨਾਲੇ ਆਪਣੀ ਦੱਸ ਕੇ ਹਾਟੀ, ਨਾਲੇ ਜਗਤ ਹਟਵਾਣੇ ਦਿਤੇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਤਕਾਈਆ । ਵਿਸ਼ਨ ਕਹੇ ਪ੍ਰਭ ਜੇ ਗੁਰ ਅਵਤਾਰ ਪੈਗ਼ੰਬਰ ਭੋਗਦੇ ਰਹੇ ਭੋਗ, ਭੋਗੀ ਲੋਕਮਾਤ ਅਖਵਾਈਆ । ਉਨ੍ਹਾਂ ਅੰਦਰ ਸੰਸਾਰੀਆਂ ਵਾਲਾ ਰੋਗ, ਮਮਤਾ ਮੋਹ ਵਧਾਈਆ । ਉਨ੍ਹਾਂ ਦਾ ਭਿਖਾਰੀਆਂ ਵਾਲਾ ਜੋਗ, ਦਰ ਤੇਰੇ ਮੰਗਣ ਥਾਉਂ ਥਾਈਂਆ । ਉਨ੍ਹਾਂ ਅੰਦਰ ਚਿੰਤਾ ਵਾਲਾ ਸੋਗ, ਮਜ਼੍ਹਬਾਂ ਵੰਡ ਵੰਡਾਈਆ । ਉਨ੍ਹਾਂ ਅੰਦਰ ਹਉਮੇ ਵਾਲਾ ਰੋਗ, ਤੇਰੇ ਨਾਮ ਦੀ ਕਰਨ ਲੜਾਈਆ । ਉਨ੍ਹਾਂ ਅੰਦਰ ਦੀਨ ਦੁਨੀ ਵਿਜੋਗ, ਜੋ ਘਰ ਬਾਰ ਤਜਾਈਆ । ਉਨ੍ਹਾਂ ਦੀ ਮਨੁੱਸ਼ਾਂ ਵਰਗੀ ਚੋਗ, ਖਾ ਪੀ ਕੇ ਝਟ ਲੰਘਾਈਆ । ਉਹ ਬੱਚਿਆਂ ਵਾਂਗ ਬੈਠੇ ਮਾਂ ਦੀ ਗੋਦ, ਸੀਰ ਮੁਖ ਨਾਲ ਚੁੰਘਾਈਆ । ਉਨ੍ਹਾਂ ਅੱਖਰਾਂ ਵਾਲੇ ਪੜ੍ਹੇ ਬੋਧ, ਤੇਰੀ ਸੁਣੀ ਸਚ ਪੜ੍ਹਾਈਆ । ਉਨ੍ਹਾਂ ਜਗਤ ਸੇਜਾ ਮਾਣੀ ਮੌਜ, ਸੀਸ ਉਤੇ ਛਤਰ ਝੁਲਾਈਆ । ਉਨ੍ਹਾਂ ਸੈਂਟ ਲਵਾਏ ਕਨੌਜ, ਸੁਗੰਧੀ ਵਿਚ ਸਮਾਈਆ । ਓਹ ਤੀਰ ਤਰਕਸ਼ ਕਮਾਨ ਸ਼ਸਤਰ ਨਾਲ ਰੱਖਦੇ ਰਹੇ ਫ਼ੌਜ, ਫ਼ੌਜਦਾਰ ਬਣ ਕੇ ਕਰਨ ਲੜਾਈਆ । ਥੋੜ੍ਹਾ ਥੋੜ੍ਹਾ ਮੋਢਿਆਂ ਉਪਰ ਚੁੱਕੀ ਫਿਰਦੇ ਰਹੇ ਬੋਝ, ਜਿਉਂ ਚੇਲੇ ਪ੍ਰਭੂ ਮੁਰੀਦ ਰਹੇ ਤਕਾਈਆ । ਆਪਣੇ ਆਪ ਦੀ ਕਰਦੇ ਰਹੇ ਸੋਧ, ਪ੍ਰਭੂ ਤੂੰ ਨਾਤੇ ਦਿਤੇ ਜੋੜ, ਉਹ ਤੈਨੂੰ ਯਾਦ ਕਰਦੇ ਰਹੇ ਰੋਜ਼, ਰੋਜ਼ੇ ਰੱਖ ਕੇ ਸੀਸ ਨਿਵਾਈਆ । ਤੂੰ ਥੋੜ੍ਹੀ ਥੋੜ੍ਹੀ ਨਾਮ ਦੀ ਦਿੰਦਾ ਰਿਹੋਂ ਚੋਗ, ਰਸੀਏ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸੱਜਣ ਤੇਰੀ ਸਰਨਾਈਆ । ਵਿਸ਼ਨ ਕਹੇ ਗੁਰ ਅਵਤਾਰ ਪੈਗ਼ੰਬਰ ਮਾਂ ਪਿਓ ਦੇ ਬਣਾਏ ਟੱਬਰ, ਬਿਨਾ ਰਕਤ ਬੂੰਦ ਤੋਂ ਜਨਮ ਕੋਇ ਨਾ ਪਾਈਆ । ਉਨ੍ਹਾਂ ਦੇ ਅੰਦਰ ਨਿਰਗੁਣ ਧਾਰ ਉਤਰ, ਸ਼ਬਦੀ ਸ਼ਬਦ ਸ਼ਨਵਾਈਆ । ਓਹ ਸਦਾ ਸਦਾ ਕਰਦੇ ਰਹੇ ਤੇਰਾ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਚਾਰ ਜੁਗ ਚਾਰ ਕੁੰਟ ਤੂੰ ਥੋੜ੍ਹਾ ਥੋੜ੍ਹਾ ਹਿੱਸਾ ਦੀਨ ਦੁਨੀ ਦਾ ਵੰਡਿਆ ਉਨ੍ਹਾਂ ਦਿਤੀ ਮਜ਼੍ਹਬਾਂ ਵਾਲੀ ਨੁੱਕਰ, ਕੋਨੇ ਗੁਠਾਂ ਵਿਚ ਲਗਾਈਆ । ਉਨ੍ਹਾਂ ਮੁਰੀਦ ਸ਼ਿਸ਼ ਸਿੱਖ ਸਿੰਘ ਥੋੜ੍ਹੇ ਥੋੜ੍ਹੇ ਚੁੱਕੇ ਆਪਣੇ ਕੁੱਛੜ, ਬਾਕੀ ਸਾਰ ਕੋਇ ਨਾ ਪਾਈਆ । ਦੁਨੀਆਦਾਰਾਂ ਵਾਂਗ ਜਗਤ ਸਾਕ ਸੱਜਣ ਸੈਣ ਪਿਤਾ ਪੁੱਤ ਭਾਈ ਭੈਣ ਚਾਚਾ ਤਾਇਆ ਬਣਦੇ ਰਹੇ ਫੁੱਫੜ, ਨਾਤਾ ਸ੍ਰਿਸ਼ਟੀ ਵਾਲਾ ਬਣਾਈਆ । ਤੇਰੀ ਕਿਰਪਾ ਨਾਲ ਤੇਰੇ ਦਵਾਰੇ ਗਏ ਉਪੜ, ਦਰ

ਤੇਰੇ ਸੀਸ ਨਿਵਾਈਆ । ਤੇਰੇ ਭੰਡਾਰੇ ਦਾ ਰੁੱਖਾ ਸੁੱਖਾ ਖਾਂਦੇ ਰਹੇ ਟੁੱਕਰ, ਟੁਕੜੇ ਤੇਰੇ ਮੰਗ ਕੇ ਝਟ ਲੰਘਾਈਆ । ਸਦੀ ਚੌਧਵੀਂ ਆਪਣੀ ਕਰਨੀ ਤੋਂ ਕੋਈ ਨਾ ਸਕੇ ਮੁਕਰ, ਲੇਖਾ ਦੇਵਣ ਥਾਉਂ ਥਾਈਂਆ । ਜਿਨ੍ਹਾਂ ਨੇ ਖੇਲ ਖਿਲਾਇਆ ਅਦੁਤਰ, ਦੂਤੀਆ ਭਾਓ ਦੇਣਾ ਸਮਝਾਈਆ । ਤੂੰ ਸਭ ਤੋਂ ਅੰਤਮ ਆਇਉਂ ਪੁਛਣ, ਲੇਖਾ ਲੈਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਆਇਉਂ ਗੋਦੀ ਚੁੱਕਣ, ਗੋਦੜੀ ਵਾਲੇ ਫੋਲ ਫੁਲਾਈਆ ।

## ❊ ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਦਰਬਾਰਾ ਸਿੰਘ ਦੇ ਗ੍ਰਿਹਿ ਪਿੰਡ ਗਾਲੜੀ ❊

ਵਿਸ਼ਨੂੰ ਕਹੇ ਕਿਉਂ ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਤੋਂ ਆਏ ਬਹਿਸੀ, ਬਹਿਸ ਮੁਬਾਹਸੇ ਵਿਚ ਤੇਰੇ ਨਾਮ ਵਡਿਆਈਆ । ਕਵਣ ਆਦਿ ਕਵਣ ਅੰਤ ਕਵਣ ਹੈਸੀ, ਕੀ ਸਿਖਿਆ ਸਭ ਨੂੰ ਦਿਤੀ ਸਮਝਾਈਆ । ਸਾਹਿਬ ਸਤਿਗੁਰ ਕਵਣ ਰਹਿਸੀ, ਕਿਸ ਮਿਲੇ ਵਡਿਆਈਆ । ਕੀ ਕ਼ਲਮਾ ਤੇਰਾ ਫ਼ਰਮਾਇਸ਼ੀ, ਸਿਫ਼ਤਾਂ ਵਿਚ ਸਾਲਾਹੀਆ । ਗੁਰ ਅਵਤਾਰ ਕਿੱਥੋਂ ਦੇ ਰਿਹਾਇਸ਼ੀ, ਘਰਾਨਾ ਤੇਰਾ ਕਵਣ ਸੋਭਾ ਪਾਈਆ । ਕੀ ਪ੍ਰਭੂ ਤੂੰ ਆਪਣੇ ਨਾਮ ਲੋਕਮਾਤ ਭੇਜਦਾ ਰਿਹੋਂ ਨੁਮਾਇਸ਼ੀ, ਨਵੇਂ ਨਵੇਂ ਰੂਪ ਦਰਸਾਈਆ । ਚਾਰ ਜੁਗ ਤੇਰੇ ਨਾਮ ਦਾ ਬਣਿਆ ਹਮਾਇਤੀ, ਸ਼ਤਰੂ ਬਣ ਕੇ ਕਰਦਾ ਰਿਹਾ ਲੜਾਈਆ । ਤੇਰੀ ਖੇਲ ਆਦਿ ਅੰਤ ਵੈਸੀ ਦੀ ਵੈਸੀ, ਵਿਸ਼ਵ ਵਿਚ ਅਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਦੇ ਖੁਲ੍ਹਾਈਆ । ਵਿਸ਼ਨੂੰ ਕਹੇ ਪ੍ਰਭ ਤੇਰਾ ਨਾਮ ਕਿਹੜਾ ਅਦਦ, ਸਤਿ ਦੇ ਸਮਝਾਈਆ । ਰਾਮ ਅੱਲਾ ਵਾਹਿਗੁਰੂ ਵਿਚ ਵੇਖੀਂ ਤਸ਼ੱਦਦ, ਮਿਲ ਕੇ ਸੰਗ ਨਾ ਕੋਇ ਨਿਭਾਈਆ । ਇਨ੍ਹਾਂ ਵਿਚੋਂ ਤੂੰ ਕਿਸ ਦੀ ਕਰਦਾ ਮਦਦ, ਸਿਰ ਕਿਸ ਦੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਵਿਸ਼ਨੂੰ ਕਹੇ ਪ੍ਰਭੂ ਤੇਰੇ ਨਾਮ ਦੀ ਵਡਿਆਈ ਕੀ, ਵੱਡੇ ਦੇਣਾ ਜਣਾਈਆ । ਜਿਸ ਨਾਮ ਨੇ ਦੁਨੀਆ ਵਿਚ ਵੰਡਾਂ ਵਾਲੀ ਪਾਈ ਨਹੀਂ ਲੀਹ, ਲਾਈਨ ਚੱਕਰ ਬੰਧਾਈਆ । ਦੀਨਾਂ ਮਜ਼੍ਹਬਾਂ ਰੱਖ ਕੇ ਨੀਂਹ, ਝਗੜੇ ਵਾਲਾ ਮਹੱਲ ਸੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਤੇਰੇ ਨਾਮ ਦੀ ਬਣ ਗਏ ਕੀਅ, ਰੂਪ ਚਾਬੀ ਦਿਤਾ ਸਮਝਾਈਆ । ਜਿਸ ਨੂੰ ਸਮਝੇ ਨਾ ਕੋਈ ਜੀਅ, ਜੀਵਣ ਵਿਚ ਭੇਦ ਕਿਸੇ ਨਾ ਆਈਆ । ਆਪਣਾ ਖੇਲ ਰੱਖ ਵਸੀਹ, ਨਾਮ ਪੈਮਾਨੇ ਨਾਲ ਦੀਨ ਦੁਨੀ ਦਿਤੀ ਮਿਣਾਈਆ । ਹੇ ਪ੍ਰਭੂ ਇਹ ਵਖਰਾ ਵਖਰਾ ਤੂੰ ਕਿੱਥੋਂ ਕੱਢੇਂ ਆਪਣਾ ਬੀ, ਜੋ ਗੁਰ ਅਵਤਾਰ ਪੈਗ਼ੰਬਰਾਂ ਦੇ ਅੰਦਰ ਉਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰਦਾਤੇ ਤੇਰੇ ਹੱਥ ਵਡਿਆਈਆ । ਵਿਸ਼ਨੂੰ ਕਹੇ ਪ੍ਰਭੂ ਤੇਰੇ ਨਾਮ ਦੀ ਵੇਖੀ ਨਾਮ ਨਾਲ ਟੱਕਰ, ਟਾਕਰਾ ਗੁਰ ਅਵਤਾਰ ਪੈਗ਼ੰਬਰ ਗਏ ਕਰਾਈਆ । ਪਤਾ ਨਹੀਂ ਤੂੰ ਕਿਹੜੀ ਧਾਰ ਵਿਚ ਪਕੜ, ਆਪਣੇ ਰਾਗ ਨਾਦ ਢੋਲੇ ਗਵਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀਨ ਦੁਨੀ ਮਜ਼੍ਹਬਾਂ ਵਿਚ ਦਿਤੀ ਜਕੜ, ਡੋਰੀ ਅੱਲਾ ਵਾਹਿਗੁਰੂ ਨਾਮ ਨਾਲ ਬੰਧਾਈਆ । ਤੂੰ ਕਿਸ ਬਿਧ ਸਾਰੀ ਦੁਨੀਆਂ ਤੋਲੇਂ ਆਪਣੇ ਤੱਕੜ, ਕੰਡੇ ਹੱਕ ਚੜ੍ਹਾਈਆ । ਕਿਰਪਾ ਕਰ ਦੱਸ ਕਲਜੁਗ ਛੇਕੜ, ਛੇਦ

ਉਤੋਂ ਪੰਧ ਮੁਕਾਈਆ । ਸਦੀ ਚੌਧਵੀਂ ਤੇਰਾ ਅੰਤ ਅਖ਼ੀਰ ਜੇਕਰ, ਸਾਹਿਬ ਸਤਿਗੁਰ ਦੇਣਾ ਸਮਝਾਈਆ । ਗੁਰ ਅਵਤਾਰ ਤੇਰੇ ਨਾਮ ਦੇ ਟੇਕਰ, ਬੋਝ ਥੋੜ੍ਹਾ ਥੋੜ੍ਹਾ ਕੰਧਿਆਂ ਉਤੇ ਟਿਕਾਈਆ । ਤੂੰ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣਾ ਬਦਲਦਾ ਰਿਹੋਂ ਮੇਕਰ, ਮਾਰਕ ਅੱਖਰਾਂ ਵਾਲੇ ਲਗਾਈਆ । ਪਤਾ ਨਹੀਂ ਗਾਉਂਦੇ ਗਏ ਕਿਤਨੇ ਕੇਕੜ, ਕੇਤੀ ਧਿਆਨ ਲਗਾਈਆ । ਸਦੀ ਚੌਧਵੀਂ ਕ਼ਾਇਮ ਰਿਹਾ ਕੋਈ ਨਾ ਛੇਕੜ, ਛਡ ਗਏ ਕੂੜ ਲੋਕਾਈਆ । ਰਵਦਾਸ ਦਾ ਲੇਖਾ ਸਾਰੀ ਧਰਨੀ ਵਿਚੋਂ ਮਾਨਸ ਦਾ ਹਿੱਸਾ ਸਾਢੇ ਤਿੰਨ ਹੱਥ ਦਾ ਏਕੜ, ਜਿਸ ਦਾ ਤੂਲ ਅਰਜ਼ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰਬਾਨ ਤੇਰੀ ਵਡਿਆਈਆ । ਵਿਸ਼ਨੂੰ ਕਹੇ ਮੈਂ ਤੇਰੇ ਉਤੋਂ ਘੋਲ ਘੋਲੀ, ਆਪਣਾ ਆਪ ਘੋਲ ਘੁਮਾਈਆ । ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਤੇਰੀ ਨਵੀਂ ਬੋਲਦੇ ਗਏ ਬੋਲੀ, ਬੋਲੀਆਂ ਪਾ ਕੇ ਜਗਤ ਸੁਣਾਈਆ । ਸੰਦੇਸ਼ੇ ਦੇਂਦੇ ਗਏ ਹੌਲੀ ਹੌਲੀ, ਹਰ ਹਿਰਦੇ ਕਰ ਜਣਾਈਆ । ਅੰਤਮ ਰੁਤ ਕਿਸੇ ਨਾ ਮੌਲੀ, ਮੌਲਾ ਵੇਖ ਥਾਉਂ ਥਾਈਆ । ਝਗੜਾ ਪਿਆ ਉਪਰ ਧੌਲੀ, ਧੌਲ ਧਰਨੀ ਦਏ ਦੁਹਾਈਆ । ਕਿਸੇ ਦੀ ਕ਼ੀਮਤ ਰਹੀ ਨਾ ਪੌਲੀ, ਸਾਚੇ ਹੱਟ ਨਾ ਕੋਇ ਵਿਕਾਈਆ । ਤੰਦ ਟੁੱਟਣ ਲੱਗਾ ਅੰਤਮ ਮੌਲੀ, ਮੌਲਾ ਮੁਖ ਛੁਪਾਈਆ । ਰਸ ਰਿਹਾ ਨਾ ਅੰਤਮ ਪਾਹੁਲੀ, ਹਕ਼ੀਕ਼ੀ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਪ੍ਰਾਹੁਣਾ ਪ੍ਰਾਹੁਣੀ, ਸਰੀਰ ਅੰਤਰ ਆਤਮ ਦੋਵੇਂ ਨਜ਼ਰ ਕੋਇ ਨਾ ਆਈਆ ।



### ❊ ੨੯ ਮਾਘ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਤਲਵਾੜਾ ❊

ਸਦੀ ਚੌਧਵੀਂ ਕਹੇ ਮੇਰਾ ਵਕ਼ਤ ਅੰਤ ਅਖ਼ੀਰੀ, ਆਖ਼ਰ ਅੱਖਰਾਂ ਵਾਲਿਓ ਦਿਆਂ ਜਣਾਈਆ । ਕਰੇ ਖੇਲ ਮੇਰਾ ਪਰਵਰਦਿਗਾਰ ਦਸਤਗੀਰੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੇ ਕੋਲ ਦੋ ਜਹਾਨਾਂ ਅਮੀਰੀ ਫ਼ਕੀਰੀ, ਫ਼ਿਕਰੇ ਸੋਹਲੇ ਨਾਦ ਰਾਗਾਂ ਵਿਚ ਜਣਾਈਆ । ਜੋ ਝਗੜਾ ਮੁਕਾਵੇ ਸ਼ਾਹ ਹਕੀਰੀ, ਸ਼ਹਿਨਸ਼ਾਹ ਇਕੋ ਨੂਰ ਅਲਾਹੀਆ । ਦੀਨ ਦੁਨੀ ਦੀ ਮੇਟ ਦਿਲਗੀਰੀ, ਦਿਲਦਾਰ ਹੋ ਕੇ ਵੇਖ ਵਖਾਈਆ । ਜਿਸ ਦੀ ਧਾਰ ਬੇਨਜ਼ੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਉਪਜਾਈਆ । ਸਦੀ ਚੌਧਵੀਂ ਕਹੇ ਧੁਰ ਦਾ ਮਾਲਕ ਦੱਸੇ ਇਕ ਅਦਾਬ, ਅਦਬ ਇਕ ਜਣਾਈਆ । ਪਰਦਾ ਲਾਹੇ ਨਕ਼ਾਬ, ਨੂਰ ਜ਼ਹੂਰ ਰੁਸ਼ਨਾਈਆ । ਭੇਵ ਖੋਲ੍ਹੇ ਰਾਜ਼, ਮਮਤਾ ਮੋਹ ਮਿਟਾਈਆ । ਹੱਕੀ ਦੱਸੇ ਨਿਮਾਜ਼, ਵੇਲਾ ਵਕ਼ਤ ਜਣਾਈਆ । ਕਵਣ ਅਗੰਮ ਆਗ਼ਾਜ਼, ਪਰਦਾ ਦਏ ਚੁਕਾਈਆ । ਨੇਤਰ ਖੋਲ੍ਹ ਜਾਗ, ਨਿੰਦਰਾ ਦਏ ਮਿਟਾਈਆ । ਬਖ਼ਸ਼ ਇਕ ਵੈਰਾਗ, ਵੈਰੀ ਦਏ ਭਜਾਈਆ । ਬਣ ਕੇ ਕੰਤ ਸੁਹਾਗ, ਆਤਮ ਸੇਜ ਸੁਹਾਈਆ । ਕਰ ਜੋਤ ਪ੍ਰਕਾਸ਼, ਅੰਧ ਅੰਧੇਰ ਮਿਟਾਈਆ । ਸ਼ਬਦ ਸੁਣਾ ਨਾਦ, ਸੋਈ ਸੁਰਤੀ ਉਠਾਈਆ । ਅੰਮ੍ਰਿਤ ਜਾਮ ਪਿਆਏ ਬੁਝਾਏ ਪਿਆਸ, ਤ੍ਰਿਸ਼ਨਾ ਦਏ ਗਵਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਆਸ, ਆਸ਼ਾ ਵੇਖੇ ਥਾਉਂ ਥਾਈਆ । ਸਚ

ਦਵਾਰੇ ਕਰ ਨਿਵਾਸ, ਸੰਬਲ ਡੇਰਾ ਇਕ ਸੁਹਾਈਆ । ਜਿਥੇ ਕਦੇ ਨਾ ਹੋਏ ਵਿਨਾਸ, ਜੰਮਣ ਮਰਨ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਸਤ ਅਮੋਲਕ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਆਲੀਸ਼ਾਨ, ਮਹਿਬੂਬ ਨੂਰ ਅਲਾਹੀਆ । ਵਸੇ ਹੱਕ ਮਕਾਨ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਸੂਰੀਆ ਚੰਦ ਨਾ ਕੋਈ ਭਾਨ, ਮੰਡਲ ਮੰਡਪ ਨਾ ਕੋਇ ਰੁਸ਼ਨਾਈਆ । ਚੌਦਾਂ ਤਬਕ ਨਾ ਕੋਇ ਨਿਸ਼ਾਨ, ਚੌਦਾਂ ਲੋਕ ਨਾ ਵੰਡ ਵੰਡਾਈਆ । ਰਸਨਾ ਜਿਹਵਾ ਨਾ ਕੋਇ ਗਾਣ, ਖਾਣੀ ਬਾਣੀ ਨਾ ਕੋਇ ਸੁਣਾਈਆ । ਪਵਣ ਪਾਣੀ ਨਾ ਕੋਇ ਮਸਾਣ, ਤਤਵ ਤਤ ਨਾ ਵੰਡ ਵੰਡਾਈਆ । ਨਾ ਕੋਈ ਸੀਤਾ ਨਾ ਕੋਈ ਰਾਮ, ਬੰਸਰੀ ਕਾਹਨ ਨਾ ਕੋਇ ਜਣਾਈਆ । ਨਾ ਕੋਈ ਪੈਗ਼ੰਬਰ ਕਰੇ ਸਲਾਮ, ਸਜਦਾ ਸੀਸ ਨਾ ਕੋਇ ਝੁਕਾਈਆ । ਨਾ ਕੋਈ ਮੰਤਰ ਸਤਿਨਾਮ, ਨਾ ਕੋਈ ਡੰਕਾ ਫ਼ਤਿਹ ਵਜਾਈਆ । ਨਾ ਕੋਈ ਜ਼ਿਮੀਂ ਨਾ ਅਸਮਾਨ, ਮੰਡਲ ਮੰਡਪ ਨਾ ਕੋਇ ਰਖਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਰਾਗ ਨਾ ਕੋਇ ਅਲਾਈਆ । ਨਾ ਕੋਈ ਲੱਖ ਚੁਰਾਸੀ ਦੇਵੇ ਦਾਨ, ਵਿਸ਼ਨ ਬ੍ਰਹਮਾ ਸ਼ਿਵ ਨਾ ਸੇਵ ਕਮਾਈਆ । ਸੋ ਖੇਲ ਕਰੇ ਮਿਹਰਵਾਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੈਂ ਅੰਤ ਅਖ਼ੀਰ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਪੈਗ਼ੰਬਰ ਚਾਰ ਦਿਨ ਦੇ ਮਹਿਮਾਨ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਫਿਰ ਵਸਣਾ ਪਏ ਉਤੇ ਅਸਮਾਨ, ਜ਼ਿਮੀਂ ਨਾ ਕੋਇ ਵਡਿਆਈਆ । ਕਰੇ ਖੇਲ ਧੁਰ ਅਮਾਮ, ਹਰਿ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੁਕਮੇ ਅੰਤਰ ਨਿਰੰਤਰ ਆਪਣਾ ਹੁਕਮ ਵਰਤਾਈਆ ।



### ✻ ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਗਿਆਨ ਚੰਦ ਦੇ ਗ੍ਰਿਹ ਤਲਵਾੜਾ ✻

ਸਦੀ ਚੌਧਵੀਂ ਕਹੇ ਔਣ ਲੱਗਾ ਖ਼ੁਸ਼ੀਆਂ ਵਾਲਾ ਮਹੀਨਾ, ਰੁੱਤ ਆਪਣੀ ਰਿਹਾ ਬਦਲਾਈਆ । ਜਿਸ ਮਹੀਨੇ ਵਿਚ ਪਿਆਰ ਬਣਿਆ ਸੀ ਜਲ ਮੀਨਾ, ਆਦਿ ਦੀ ਖੇਲ ਬਣਾਈਆ । ਰਾਮ ਵਸ਼ਿਸ਼ਟ ਨੂੰ ਮਿਲ ਕੇ ਕੀਤਾ ਸੀ ਠਾਂਡਾ ਸੀਨਾ, ਧਾਰ ਧਾਰ ਵਿਚ ਮਿਲਾਈਆ । ਵੇਦ ਵਿਆਸ ਬਿਨ ਵਿਦਿਆ ਦੇ ਬਲ ਤੋਂ ਚੀਨਾ, ਨਿਰਗੁਣ ਨਿਰਵੈਰ ਅੱਖ ਮਿਲਾਈਆ । ਕ੍ਰਿਸ਼ਨ ਨੇ ਭੇਦ ਖੋਲ੍ਹਿਆ ਲੋਕ ਤੀਨਾ, ਤ੍ਰੈਲੋਕੀ ਵੰਡ ਵੰਡਾਈਆ । ਮੂਸਾ ਹੋ ਕੇ ਹੀਨਾ, ਕ਼ਦਮਾਂ ਸੀਸ ਝੁਕਾਈਆ । ਈਸਾ ਹੱਕ ਖ਼ੁਦਾ ਚੀਨਾ, ਰੂਪ ਚਰਚਾਂ ਵਿਚ ਵੇਖ ਵਖਾਈਆ । ਮੁਹੰਮਦ ਆਸਾ ਰੱਖੀ ਵਿਚ ਮਦੀਨਾ, ਮੱਕਾ ਰਾਹ ਤਕਾਈਆ । ਨਾਨਕ ਮੱਝੀਂ ਚਾਰਦੇ ਆਇਆ ਪਸੀਨਾ, ਰੁਤ ਪਿਛਲੀ ਵੇਖ ਵਖਾਈਆ । ਗੋਬਿੰਦ ਪਾਖਰ ਪਾਈ ਨੀਲੇ ਉਤੇ ਜ਼ੀਨਾ, ਜ਼ਿਮੀਂ ਅਸਮਾਨ ਵੱਜੀ ਵਧਾਈਆ । ਸਦੀ ਚੌਧਵੀਂ ਕਹੇ ਪੁਰਖ ਅਕਾਲ ਮੇਰਾ ਮਾਲਕ ਜਦ ਵੇਖਾਂ ਤੇ ਨਵਾਂ ਨਵੀਨਾ, ਨਵ ਜੋਬਨ ਸੋਹਣਾ ਨਜ਼ਰੀ ਆਈਆ । ਨਾ ਓਹ ਨਰ ਨਾ ਓਹ ਮਦੀਨਾ, ਜੋਤੀ ਜਾਤਾ ਨੂਰ ਅਲਾਹੀਆ । ਸਦਾ ਚਾੜ੍ਹੇ ਰੰਗ ਭੀਨਾ, ਮਿਹਰ ਨਜ਼ਰ ਉਠਾਈਆ ।

ਕਲਜੁਗ ਕੂੜੀ ਕਿਰਿਆ ਮੇਟੇ ਧਾਰ ਕਮੀਨਾ, ਕਾਮਲ ਮੁਰਸ਼ਦ ਹੋਏ ਸਹਾਈਆ । ਜਨ ਭਗਤਾਂ ਦੱਸੇ ਕਿਸ ਬਿਧ ਮਰਨਾ ਤੇ ਕਿਸ ਬਿਧ ਜੀਣਾ, ਜੀਵਣ ਜੁਗਤ ਜਗਤ ਕਵਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਇਕੋ ਵਾਰ ਕਰੇ ਅਧੀਨਾ, ਅਧੀਨਗੀ ਦਰਗਾਹ ਸਾਚੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਵਖਾਈਆ । ਸਦੀ ਚੌਧਵੀਂ ਕਹੇ ਮਹੀਨਾ ਆਵਣ ਵਾਲਾ ਚੰਗਾ, ਜੋ ਮੇਰੀ ਕ਼ਿਸਮਤ ਦਏ ਬਦਲਾਈਆ । ਚਾੜ੍ਹੇ ਅਗੰਮਾ ਰੰਗਾ, ਰੁਤੜੀ ਰੁਤ ਮਹਿਕਾਈਆ । ਬਖ਼ਸ਼ੇ ਸਾਚਾ ਸੰਗਾ, ਸਗਲਾ ਸੰਗ ਬਣਾਈਆ । ਦੀਨ ਦੁਨੀ ਵਖਾਏ ਦੰਗਾ, ਝਗੜੇ ਵਿਚ ਦੁਹਾਈਆ । ਸ਼ਾਹ ਸੁਲਤਾਨ ਹੋਵੇ ਨੰਗਾ, ਸਿਰ ਓਢਣ ਨਾ ਕੋਇ ਪਹਿਨਾਈਆ । ਭਾਰ ਚੁੱਕੇ ਗੁਰ ਅਵਤਾਰ ਪੈਗ਼ੰਬਰ ਕੋਈ ਨਾ ਕੰਧਾ, ਕੰਢੀ ਬੈਠੇ ਡੇਰਾ ਲਾਈਆ । ਸਤਿਗੁਰੂ ਬਣੇ ਕੋਈ ਨਾ ਬੰਦਾ, ਬਿਨਾ ਸ਼ਬਦ ਸਤਿਗੁਰੂ ਨਜ਼ਰ ਕੋਇ ਨਾ ਆਈਆ । ਜਿਸ ਦੀ ਇਕੋ ਮੰਜ਼ਲ ਤੇ ਇਕੋ ਡੰਡਾ, ਡੰਡਾਵਤ ਧੁਰ ਦੀ ਦਏ ਸੁਣਾਈਆ । ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜਿਸ ਮਹੀਨੇ ਦੀ ਗੁਰ ਅਵਤਾਰ ਪੈਗ਼ੰਬਰ ਆਪਣੇ ਅੰਦਰ ਵੇਖਦੇ ਗਏ ਸਨਦਾ, ਬਿਨ ਅੱਖਰਾਂ ਹਿੰਦਸਿਆਂ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਪ੍ਰਭ ਬਦਲਣ ਵਾਲਾ ਰੁੱਤ, ਮਹੀਨਾ ਫਲਗੁਣ ਨਾਲ ਸਮਝਾਈਆ । ਜਿਹੜਾ ਨੌ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਚੁੱਪ, ਓਹ ਚਾਰ ਜੁਗ ਦਾ ਲੇਖਾ ਰਿਹਾ ਮੁਕਾਈਆ । ਸ਼ਬਦੀ ਧਾਰ ਉਠਾ ਕੇ ਸੁਤ, ਦੂਲ੍ਹਾ ਦੋ ਜਹਾਨ ਬਣਾਈਆ । ਉਜਲ ਕਰ ਕੇ ਮੁਖ, ਮੁਫ਼ਤ ਆਪਣਾ ਰੰਗ ਰੰਗਾਈਆ । ਦੀਨਾਂ ਮੇਟ ਕੇ ਦੁੱਖ, ਦਰਦੀਆਂ ਦਰਦ ਵੰਡਾਈਆ । ਕਲਜੁਗ ਮੇਟੇ ਅੰਧੇਰਾ ਘੁਪ, ਅੰਧ ਅਗਿਆਨ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਪ੍ਰਕਾਸ਼ ਆਦਿ ਜੁਗਾਦਿ ਕਦੇ ਨਾ ਜਾਵੇ ਛੁਪ, ਅੰਧੇਰੇ ਵਿਚ ਅੰਧ ਨਾ ਕੋਇ ਬਣਾਈਆ ।



### ✻ ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਜੀਆ ਲਾਲ ਦੇ ਗ੍ਰਿਹ ਤਲਵਾੜਾ ✻

ਸਦੀ ਚੌਧਵੀਂ ਕਹੇ ਪਹਿਲੀ ਫੱਗਣ ਮੁਹੰਮਦ ਨੇ ਕੱਢੀ ਸੀ ਦੋਧੀ ਦੰਦੀ, ਦਿਵਸ ਪਿਛਲਾ ਨਜ਼ਰੀ ਆਈਆ । ਢਾਈ ਸਾਲ ਜ਼ਬਾਨ ਥੱਲੇ ਰੱਖੀ ਸੀ ਤੰਦੀ, ਸਾਫ਼ ਗੱਲ ਨਾ ਕਹਿ ਸੁਣਾਈਆ । ਅਠਾਰਾਂ ਮਹੀਨੇ ਕੰਡ ਰੱਖੀ ਸੀ ਨੰਗੀ, ਮਾਤਾ ਓਢਣ ਨਾ ਕੋਇ ਟਿਕਾਈਆ । ਨੌ ਵਾਰ ਆਪਣੇ ਪਿਤਾ ਨੂੰ ਗਾਲ ਕੱਢੀ ਸੀ ਗੰਦੀ, ਰਸਨਾ ਨਾਲ ਹਿਲਾਈਆ । ਤਿੰਨ ਵਾਰ ਵੇਖਿਆ ਚੰਦ ਨਵਚੰਦੀ, ਅੱਖ ਬਚਪਨ ਵਾਲੀ ਖੁਲ੍ਹਾਈਆ । ਸੱਤ ਵਾਰ ਮਾਂ ਦੀ ਖਿੱਚੀ ਡੰਡੀ, ਕੰਨਾਂ ਤਾਈਂ ਹਿਲਾਈਆ । ਇਕ ਵਾਰ ਭੈਣ ਨੂੰ ਕਿਹਾ ਰੰਡੀ, ਹੱਸ ਕੇ ਦਿਤਾ ਸੁਣਾਈਆ । ਇਹ ਖੇਲ ਬੜੀ ਪਿਆਰੀ ਚੰਗੀ, ਚੰਗੀ ਸਭ ਨੂੰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੁਹੰਮਦ ਢਾਈ ਸਾਲ ਨਹੀਂ ਕੱਟੇ ਵਾਲ, ਬੋਦਾ ਸੀਸ ਨਾ ਕੋਇ ਸੁਹਾਈਆ । ਰੋਟੀ ਖਾਧੀ ਨਹੀਂ ਵਿਚ ਕਿਸੇ ਥਾਲ,

ਹੱਥਾਂ ਵਿਚ ਰਖਾਈਆ । ਪੁੱਠੀਂ ਪੈਰੀਂ ਭੱਜਦਾ ਸੀ ਆਪਣੀ ਚਾਲ, ਰੋਜ਼ ਰੋਜ਼ ਰੋਜ਼ ਵਾਰ ਆਪਣਾ ਮਤਾ ਪਕਾਈਆ । ਸੱਠ ਕੌਡੀਆਂ ਕੋਲ ਰਖਦਾ ਸੀ ਧਨ ਮਾਲ, ਕ਼ੀਮਤ ਢਾਈਆਂ ਟੱਕਿਆਂ ਵਾਲੀ ਵਖਾਈਆ । ਛੋਟਾ ਹੱਥ ਵਿਚ ਫੜ ਕੇ ਰਖੇ ਜਾਲ, ਢਾਈ ਢਾਈ ਨਜ਼ਰੀ ਆਈਆ । ਦੋ ਵੇਰਾਂ ਰਿੜ੍ਹ ਕੇ ਡਿਗਿਆ ਵਿਚ ਪਾਣੀ ਤਾਲ, ਜੋ ਢਾਬ ਛੋਟੀ ਨਜ਼ਰੀ ਆਈਆ । ਇਕ ਵੇਰ ਉਹਨੂੰ ਨਜ਼ਰੀ ਆਇਆ ਕਾਲ, ਜਿਸ ਭੈ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੁਹੰਮਦ ਦੇ ਚਾਚੇ ਡੱਬੇ ਰੰਗ ਦੀ ਰੱਖੀ ਸੀ ਕੁੱਤੀ, ਜੋ ਗਿਆਰਾਂ ਸਾਲ ਜੀ ਕੇ ਝਟ ਲੰਘਾਈਆ । ਮੁਹੰਮਦ ਪੈਰੀਂ ਪਾਈ ਨਹੀਂ ਸੀ ਜੁੱਤੀ, ਨੰਗੀ ਪੈਰੀਂ ਚਲ ਕੇ ਖ਼ੁਸ਼ੀ ਬਣਾਈਆ । ਇਕ ਦਿਨ ਮਾਂ ਉਹਦੀ ਸੀ ਸੁੱਤੀ, ਮਹੀਨਾ ਫਲਗੁਣ ਪਹਿਲੀ ਵਾਰ ਨਜ਼ਰੀ ਆਈਆ । ਇਸ ਨੇ ਮੱਥੇ ਵਿਚ ਮਾਰੀ ਮੁੱਕੀ, ਸਹਿਜੇ ਦਿਤਾ ਉਠਾਈਆ । ਉਸ ਨੇ ਧਾਰ ਗਾਈ ਦੋ ਤੁੱਕੀ, ਤੂੰ ਬੱਚਾ ਮੇਰਾ ਮੈਂ ਤੇਰੀ ਮਾਈਆ । ਮੁਹੱਬਤ ਤੇਰੀ ਦੀ ਭੁੱਖੀ, ਕਿਉਂ ਰਿਹਾ ਸਤਾਈਆ । ਮੁਹੰਮਦ ਬੋਲ ਕੇ ਕਿਹਾ ਉਚੀ, ਕੂਕ ਕੂਕ ਜਣਾਈਆ । ਤੂੰ ਕਿਉਂ ਨਹੀਂ ਮੇਰੇ ਨਾਲ ਰੁੱਸੀ, ਮੁਖੜਾ ਲਿਆ ਭਵਾਈਆ । ਓਹ ਛੇਤੀ ਨਾਲ ਉਠੀ, ਗਲਵਕੜੀ ਲਈ ਪਾਈਆ । ਮੇਰੀ ਸੀਰ ਧਾਰ ਨਹੀਂ ਟੁੱਟੀ, ਜਿਹੜੀ ਤੇਰੇ ਮੁਖ ਚੁਆਈਆ । ਮੁਹੰਮਦ ਹੱਥ ਲਾ ਕੇ ਕਿਹਾ ਬੁੱਲੀਂ ਬੁੱਟੀਂ, ਵੇਖ ਰਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਥਾ ਕਹਾਣੀ ਕੋਈ ਰਹਿਣ ਨਾ ਦੇਵੇ ਲੁਕੀ, ਲੁਕਮਾਨ ਦਾ ਲਹਿਣਾ ਲੁਕਮਿਆਂ ਵਾਲਾ ਅੱਗੇ ਬਣਾਈਆ ।





## ❊ ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਪ੍ਰਮੇਸ਼ਵਰੀ ਰਾਣੀ ਦੇ ਗ੍ਰਿਹ ਤਲਵਾੜਾ ❊

ਸਦੀ ਚੌਧਵੀ ਕਹੇ ਪਹਿਲੀ ਫਲਗੁਣ ਫੁੱਲਾਂ ਸੋਹੇ ਤਖ਼ਤ, ਤਖ਼ਤ ਨਿਵਾਸੀ ਆਸਣ ਲਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸੋਹਵਣ ਭਗਤ, ਜਨ ਭਗਤ ਮਿਲੇ ਵਡਿਆਈਆ । ਸਾਢੇ ਅੱਠ ਦਾ ਹੋਵੇ ਵਕ਼ਤ, ਰੈਣ ਰੁਤੜੀ ਨਾਲ ਮਿਲਾਈਆ । ਪੰਜ ਬੂੰਦਾਂ ਕੱਢਣੀਆਂ ਰਕਤ, ਪੰਜ ਗੁਰਮੁਖ ਸੇਵ ਕਮਾਈਆ । ਪ੍ਰਭ ਖੇਲ ਦੱਸਣਾ ਉਤੇ ਅਰਸ਼, ਸਚਖੰਡ ਵੱਜੇ ਕੀ ਵਧਾਈਆ । ਕੀ ਖੇਲ ਹੋਣਾ ਉਤੇ ਧਰਤ ਫ਼ਰਸ਼, ਮਾਤਲੋਕ ਪਰਦਾ ਦਏ ਉਠਾਈਆ । ਵੇਖੋ ਇਹੋ ਜਿਹਾ ਸੋਹਣਾ ਅਗਲਾ ਵਰਸ਼, ਦਰਸ ਦਰਸ ਨਾਲ ਬਦਲਾਈਆ । ਇਕ ਛੋਟਾ ਕੋਲ ਹੋਵੇ ਪਰਸ, ਜੋ ਪੈਰਸ ਦਾ ਲੇਖਾ ਦਏ ਮੁਕਾਈਆ । ਚਾਂਦੀ ਦਾ ਹੋਵੇ ਕਲਸ, ਕਾਇਨਾਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਦੇ ਕੇ ਆਪਣਾ ਨੂਰ ਜੋਤ ਦੀ ਝਲਕ, ਖ਼ਾਲਕ ਖ਼ਲਕ ਵੇਖ ਵਖਾਈਆ ।

## ✻ ੩੦ ਮਾਘ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਪਕੌੜਾ ਕਹੇ ਮੈਂ ਲੰਘ ਕੇ ਆਇਆ ਕੱਲਰ ਰੱਕੜ, ਸਹਿਜੇ ਸਹਿਜੇ ਪੰਧ ਚੁਕਾਈਆ । ਮੈਂ ਤੁਲਿਆ ਨਹੀਂ ਕਿਸੇ ਤੱਕੜ, ਤਰਾਜ਼ੂ ਵਿਚ ਨਾ ਕੋਇ ਟਿਕਾਈਆ । ਮੈਂ ਜਗਤ ਨਾਲ ਲੈਂਦਾ ਆਇਆ ਟੱਕਰ, ਆਪਣਾ ਜੋਰ ਵਖਾਈਆ । ਕੂਕ ਕੇ ਕਹਿੰਦਾ ਆਇਆ ਵੇਖਣਾ ਨਹੀਂ ਕੋਈ ਫੱਕੜ, ਫ਼ਕੀਰ ਫ਼ਿਕਰਾ ਨਾ ਕੋਇ ਸੁਣਾਈਆ । ਘੁੰਮਦਾ ਆਇਆ ਵਿਚ ਚੱਕਰ, ਚਕਰਵਰਤੀ ਖੋਜ ਖੁਜਾਈਆ । ਜਿਧਰ ਤੱਕਿਆ ਓਧਰ ਦਿਸਿਆ ਮਕਰ, ਫ਼ਰੇਬਾਂ ਵਿਚ ਸਾਰੇ ਰਹੇ ਫਸਾਈਆ । ਮੇਰੀ ਰਹੀ ਨਾ ਅੱਕੜ, ਹੰਗਤਾ ਦਿਤੀ ਗਵਾਈਆ । ਜਾਂ ਤੱਕਿਆ ਭਗਤ ਭਗਵਾਨ ਇਕ ਦੂਜੇ ਨੂੰ ਰਹੇ ਜਕੜ, ਪ੍ਰੇਮ ਨਾਤਾ ਬੰਧਨ ਵਾਲਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪਕੌੜਾ ਕਹੇ ਮੇਰਾ ਸਵਾਦ ਲੂਣ ਮਿਰਚ ਹਲਦੀ ਨਾਲ ਮਸਾਲਾ, ਮਸਾਲ ਮਿਸਲ ਨਾ ਕੋਇ ਜਣਾਈਆ । ਮੈਂ ਖੇਲ ਵੇਖਿਆ ਹਾਲਾ, ਕਥਾ ਕਹਾਣੀ ਅੱਜ ਦੀ ਦਿਆਂ ਸੁਣਾਈਆ । ਜਨ ਭਗਤਾਂ ਅੰਦਰ ਪੁਰਖ ਅਕਾਲ ਆਪਣੇ ਨਾਮ ਦੀ ਫੇਰਦਾ ਵੇਖਿਆ ਮਾਲਾ, ਬਿਨਾ ਮਣਕਿਉਂ ਮਣਕਾ ਮਨ ਦਾ ਆਪ ਭਵਾਈਆ । ਨਾਨਕ ਦੀ ਰਬਾਬ ਵਜੌਂਦਾ ਸੀ ਬਾਲਾ, ਭਗਤਾਂ ਦੀ ਰਬਾਬ ਪ੍ਰਭ ਆਪਣੇ ਹੱਥ ਵਜਾਈਆ । ਮਾਰਗ ਦੱਸਦਾ ਵੇਖਿਆ ਸੁਖਾਲਾ, ਸਹਿਜ ਸਹਿਜ ਸਹਿਜ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪਕੌੜਾ ਕਹੇ ਮੇਰਾ ਰਸਨਾ ਨਾਲ ਲਿਓ ਸਵਾਦ, ਆਪਣਾ ਵਕਤ ਸੁਹਾਈਆ । ਮੇਰੇ ਵਿਚ ਮਿਰਚ ਤੇਜ਼ ਤੇ ਸੁਭਾਅ ਰੱਖਣਾ ਯਾਦ, ਤੇਜ ਰੂਪ ਇਹੋ ਨੂਰ ਅਲਾਹੀਆ । ਮੈਂ ਦੂਰ ਦੁਰਾਡਾ ਆਇਆ ਭਾਜ, ਭਜਨ ਬੰਦਗੀ ਵਾਲਿਓ ਤੁਹਾਡਾ ਦਰਸ਼ਨ ਪਾਈਆ । ਮੇਰੇ ਚੰਗੇ ਹੋ ਗਏ ਭਾਗ, ਭਾਗਾਂ ਵਾਲਿਆਂ ਨਾਲ ਮਿਲ ਕੇ ਵੱਜੇ ਵਧਾਈਆ । ਮੈਂ ਕੋਈ ਜਗਤ ਵਾਲਾ ਨਹੀਂ ਖਾਜ, ਪ੍ਰਭੂ ਦੇ ਚਰਨ ਆ ਕੇ ਸੀਤ ਪ੍ਰਸਾਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੁਸਾਂ ਸਾਰਿਆਂ ਨੇ ਰੱਖਣਾ ਇਕ ਇਤਹਾਦ, ਮਸਾਲ ਮੇਰੀ ਆਪਣੀ ਮਿਸਲ ਲੈਣੀ ਬਣਾਈਆ । ਪਕੌੜਾ ਕਹੇ ਮੇਰਾ ਰਸ ਲਵੇ ਜੀਭ, ਜਿਹਵਾ ਵਡ ਵਡਿਆਈਆ । ਇਹ ਖੇਲ ਇਕ ਅਜੀਬ, ਅਜਬ ਅਜੀਬ ਰਿਹਾ ਸਮਝਾਈਆ । ਜਨ ਭਗਤਾਂ ਸਾਚੀ ਦੇ ਕੇ ਤਰਤੀਬ, ਤਰਾ ਤਰਾ ਬਖ਼ਸ਼ੇ ਮਾਣ ਵਡਿਆਈਆ । ਦੂਰ ਦੁਰਾਡਾ ਚਲ ਕੇ ਆਇਆ ਕ਼ਰੀਬ, ਨੇੜਨ ਨੇੜਾ ਵੇਖ ਵਖਾਈਆ । ਤੁਹਾਡੀ ਸਭ ਦੀ ਆਸਾ ਮਨਸਾ ਪੂਰੀ ਹੋਵੇ ਉਮੀਦ, ਜੋ ਪੈਰਾਂ ਉਤੇ ਝੁਕ ਕੇ ਆਪਣਾ ਪੰਧ ਮੁਕਾਈਆ । ਸਾਚੇ ਨਾਮ ਦੀ ਮਿਲੇ ਬਖ਼ਸ਼ੀਸ਼, ਰਹਿਮਤ ਪਿਆਰ ਵਾਲੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

## ✻ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻

ਸਦੀ ਚੌਧਵੀਂ ਕਹੇ ਮੈਂ ਪਹਿਲੀ ਫਲਗੁਣ ਪਰਵਰਦਿਗਾਰ ਤੱਕਿਆ, ਨੂਰ ਨੁਰਾਨਾ ਨੌਜਵਾਨਾ ਨੂਰ ਅਲਾਹੀਆ । ਜਿਹੜਾ ਚੌਦਾਂ ਤਬਕਾਂ ਨਾ ਮਿਲਿਆ ਮਦੀਨਾ ਮੱਕਿਆ, ਕਾਅਬਿਆਂ ਵਿਚ ਨਜ਼ਰ ਕੋਇ ਨਾ ਆਈਆ । ਜਿਸ ਦੇ ਪਿਛੇ ਗੁਰ ਅਵਤਾਰ ਪੈਗ਼ੰਬਰ ਫਿਰੇ ਨੱਠਿਆ, ਜੁਗ ਚੌਕੜੀ

ਬਣ ਬਣ ਪਾਂਧੀ ਰਾਹੀਆ । ਜਿਸ ਨਾਮ ਕ਼ਲਮਾ ਧੁਰ ਫ਼ਰਮਾਨ ਦੱਸਿਆ, ਨਿਰ ਅੱਖਰ ਵਿਚੋਂ ਅੱਖਰਾਂ ਕਰੀ ਪੜ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰੱਥਿਆ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦੀ ਸਰਨਾਈ ਵਿਚ ਵਿਸ਼ਨ ਬ੍ਰਹਮਾ ਸ਼ਿਵ ਢੱਠਿਆ, ਦੇਵਤ ਸੁਰ ਧੂੜੀ ਖ਼ਾਕ ਰਮਾਈਆ । ਜਿਹੜਾ ਕਦੀ ਨਹੀਂ ਵਸਿਆ, ਸ਼ਿਵਦਵਾਲੇ ਮਸਜਿਦ ਮੰਦਰ ਮੱਠਿਆ, ਤੀਰਥ ਤਟ ਨਾ ਸੋਭਾ ਪਾਈਆ । ਜਿਸ ਦਾ ਅੱਖਰਾਂ ਵਾਲਾ ਪੱਥਰਾਂ ਵਾਲਾ ਨਾਮ ਰਸਨਾ ਜਿਹਵਾ ਰਟਿਆ, ਸਿਫ਼ਤਾਂ ਵਿਚ ਢੋਲੇ ਰਾਗ ਨਾਦ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਤੱਕਿਆ ਪਰਮ ਪੁਰਖ ਪਰਵਰਦਿਗਾਰ, ਜਿਸ ਨਿਗਾਹ ਵਿਚੋਂ ਨਿਗਾਹ ਦਿਤੀ ਬਦਲਾਈਆ । ਮੈਂ ਕਰ ਕੇ ਨਿਮਸਕਾਰ, ਡੰਡਾਵਤ ਬੰਦਨਾ ਸੱਯਦਾ ਸੀਸ ਝੁਕਾਈਆ । ਓਸ ਕਿਹਾ ਇਸ਼ਾਰੇ ਨਾਲ, ਸਹਿਜ ਨਾਲ ਉਠਾਈਆ । ਉਠ ਵੇਖ ਜਗਤ ਸੰਸਾਰ, ਵਡ ਸੰਸਾਰੀ ਹੋ ਕੇ ਦਿਆਂ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਕੰਗਾਲ, ਨਾਮ ਧਨ ਨਜ਼ਰ ਕੋਇ ਨਾ ਆਈਆ । ਮੁਰਸ਼ਦ ਮੁਰੀਦ ਦੋਵੇਂ ਹੱਲ ਕਰ ਨਾ ਸਕੇ ਸਵਾਲ, ਚੇਲਾ ਗੁਰ ਗੁਰ ਚੇਲਾ ਇਕ ਰੰਗ ਨਾ ਕੋਇ ਸੁਹਾਈਆ । ਉਚੀ ਕੂਕਦੇ ਵੇਖ ਗੋਬਿੰਦ ਵਾਲੇ ਬਾਲ, ਜੋ ਧਰਨੀ ਧਰਤ ਨੀਹਾਂ ਰਹੇ ਹਿਲਾਈਆ । ਚਾਰੋਂ ਕੁੰਟ ਕੂਕੇ ਕੂਕ ਪੁਕਾਰੇ ਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਆਇਆ ਫਲਗੁਣ ਲੈ ਕੇ ਆਪਣੀ ਰੁਤ, ਮੇਰੀ ਰੁਤੜੀ ਨਾਲ ਮਹਿਕਾਈਆ । ਕਿਰਪਾ ਕਰੀ ਅਬਿਨਾਸ਼ੀ ਅਚੁਤ, ਮਿਹਰਵਾਨ ਨਜ਼ਰ ਉਠਾਈਆ । ਮੈਂ ਛੱਡ ਕੇ ਤੱਤਾਂ ਵਾਲੇ ਬੁਤ, ਬੁਤਖ਼ਾਨੇ ਆਈ ਤਜਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਲਿਆ ਪੁਛ, ਆਪ ਆਪਣਾ ਭੇਵ ਚੁਕਾਈਆ । ਓਨ੍ਹਾਂ ਖ਼ਬਰ ਸੰਦੇਸ਼ਾ ਦਿਤਾ ਕੁਛ, ਜੋ ਭਵਿਖਤਾਂ ਵਿਚ ਗਏ ਦ੍ਰਿੜਾਈਆ । ਏਸੇ ਕਾਰਨ ਸਚ ਦਵਾਰੇ ਗਏ ਪੁੱਜ, ਜਿਥੇ ਪੂਜਾ ਪਾਠ ਇਕੋ ਨੂਰ ਅਲਾਹੀਆ । ਅੱਗੇ ਭੇਵ ਰਹੇ ਨਾ ਗੁਝ, ਪਰਦਾ ਦਏ ਉਠਾਈਆ । ਸਤਿ ਧਰਮ ਦੀ ਸਾਚੀ ਆਵੇ ਸੁੱਧ, ਦੀਨ ਮਜ਼੍ਹਬ ਦਾ ਲੇਖਾ ਦਏ ਮੁਕਾਈਆ । ਨਿਰਮਲ ਹੋਵੇ ਬੁੱਧ, ਮਨ ਕਲਪਣਾ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਵਖਾਈਆ । ਸਦੀ ਚੌਧਵੀਂ ਕਹੇ ਫਲਗੁਣ ਤੇਰੀ ਅਜਬ ਬਹਾਰ, ਰੁਤੜੀ ਰੁਤ ਮਹਿਕਾਈਆ । ਮੈਂ ਵੇਖਾਂ ਭਗਤਾਂ ਦੀ ਗੁਲਜ਼ਾਰ, ਜੋ ਮਹਿਕਣ ਥਾਉਂ ਥਾਈਂਆ । ਇਕੋ ਅੰਮ੍ਰਿਤ ਬਖ਼ਸ਼ਾਂ ਧਾਰ, ਨਿਝਰ ਝਿਰਨਾ ਆਪ ਝਿਰਾਈਆ । ਪ੍ਰਭੂ ਦੇ ਬਣੇ ਬਰਖ਼ੁਰਦਾਰ, ਅਜ਼ੀਜ਼ ਹੋ ਕੇ ਸੀਸ ਨਿਵਾਈਆ । ਨਾਤਾ ਤੋੜ ਜਗਤ ਸੰਸਾਰ, ਕੂੜੀ ਕਿਰਿਆ ਗਏ ਤਜਾਈਆ । ਤੂੰ ਮੇਰਾ ਮੈਂ ਤੇਰਾ ਬੋਲ ਜੈਕਾਰ, ਧੁਰ ਦਾ ਢੋਲਾ ਰਹੇ ਗਾਈਆ । ਖੇਲ ਵੇਖਣਾ ਗੁਰੂ ਅਵਤਾਰ, ਪੈਗ਼ੰਬਰ ਨੈਣ ਉਠਾਈਆ । ਸਭ ਦਾ ਲਹਿਣਾ ਦੇਣਾ ਕ਼ਰਜ਼ਾ ਮੁਕਣਾ ਉਧਾਰ, ਪੂਰਬ ਲੇਖਾ ਰਹੇ ਨਾ ਰਾਈਆ । ਅਗਲਾ ਹੁਕਮ ਵਰਤੇ ਮੇਰੇ ਨਿਰੰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਜਨ ਭਗਤਾਂ ਹੁੰਦਾ ਰਿਹਾ ਦਰਸ, ਜੁਗ ਜੁਗ ਪ੍ਰਭ ਨੇ ਦਇਆ ਕਮਾਈਆ । ਪਹਿਲੀ ਫਲਗੁਣ ਸਭ ਤੇ ਹੁੰਦਾ ਰਿਹਾ ਤਰਸ, ਅੰਤਰ ਆਤਮ ਵੱਜਦੀ ਰਹੀ ਵਧਾਈਆ । ਅੰਮ੍ਰਿਤ ਮੇਘ ਧਾਰ ਰਿਹਾ ਬਰਸ, ਬਰਸੀ ਸਤਿਜੁਗ ਤੋਂ ਚਲੀ ਆਈਆ । ਤੇਈ ਅਵਤਾਰਾਂ ਦੇ ਨਾਂ ਏਸੇ ਤਾਰੀਖ ਵਿਚ ਹੋਏ ਸੀ ਦਰਜ, ਵੇਦ ਵਿਆਸਾ ਦਏ ਗਵਾਹੀਆ । ਏਸੇ ਵਿਚ ਸਭ

ਨੂੰ ਨਾਮ ਧਨ ਦਾ ਮਿਲਦਾ ਰਿਹਾ ਖਰਚ, ਪ੍ਰਾਚੀਨ ਦਾ ਭੇਵ ਖੁਲ੍ਹਾਈਆ । ਏਸੇ ਮਹੀਨੇ ਪਹਿਲੇ ਦਿਨ ਈਸਾ ਧਾਰ ਜਣਾਈ ਚਰਚ, ਚਾਰ ਕੁੰਟ ਨਜ਼ਰੀ ਆਈਆ । ਏਸੇ ਦਿਨ ਅਕਾਲ ਪੁਰਖ ਪਰਮਾਤਮ ਅਵਤਾਰ ਬਣੌਣ ਦੀ ਆਸਾ ਰੱਖੀ ਉਤੇ ਅਰਸ਼, ਆਪ ਆਪਣਾ ਭੇਵ ਖੁਲ੍ਹਾਈਆ । ਏਸੇ ਦਿਨ ਬ੍ਰਹਮਾ ਸੁਤ ਨੂੰ ਦਰਸ਼ਨ ਦਿਤਾ ਉਤੇ ਫ਼ਰਸ਼, ਸੰਤ ਕੁਮਾਰ ਰੰਗ ਰੰਗਾਈਆ । ਏਸੇ ਦਿਨ ਗੁਰ ਅਵਤਾਰ ਪੈਗ਼ੰਬਰਾਂ ਦੀ ਸੁਣਦਾ ਰਿਹਾ ਅਰਜ਼, ਵੱਲ ਬੇਨੰਤੀ ਧਿਆਨ ਲਗਾਈਆ । ਏਸੇ ਦਿਨ ਸ਼ੁਰੂ ਤੋਂ ਬੱਦਲ ਪਿਆ ਸੀ ਗਰਜ, ਹਵਾ ਪਾਣੀ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਫਲਗੁਣ ਰੁੱਤ ਵਡ ਗੁਣੀ, ਗਹਿਰ ਗੰਭੀਰ ਦਿਤੀ ਵਡਿਆਈਆ । ਏਸੇ ਦਿਨ ਲਛਮੀ ਦੇ ਸਿਰ ਤੇ ਲਾਲ ਦਿਤੀ ਸੀ ਚੁੰਨੀ, ਚਿੱਟੀ ਧਾਰ ਸੁਹਾਈਆ । ਓਸ ਨੇ ਉਤੇ ਰੱਖੀ ਸੀ ਦਿਨ ਉਨੀਂ, ਉਨੀਸੇ ਵਿਚ ਮੁਹੰਮਦ ਈਸਾ ਬੀਸੇ ਨਾਲ ਸਮਝਾਈਆ । ਏਸੇ ਵਿਚੋਂ ਧਾਰ ਨਿਕਲੀ ਮੁਸਲਿਮ ਸੁੰਨੀ, ਹੁਕਮ ਆਦਿ ਆਦਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਨਿਰਗੁਣ ਸਰਗੁਣ ਨੂੰ ਲਾਈ ਲਗਨ, ਆਪਣਾ ਭੇਵ ਖੁਲ੍ਹਾਈਆ । ਜਗਤ ਮਰਿਆਦਾ ਵਾਸਤੇ ਆਦਿ ਵਿਚ ਬਿਨਾ ਖੋਪਰੇ ਤੋਂ ਬਣਾਇਆ ਸਗਣ, ਮਿਹਰ ਨਜ਼ਰ ਉਠਾਈਆ । ਸੰਤਕੁਮਾਰ ਲੱਗਾ ਮੰਗਣ, ਬ੍ਰਹਮਾ ਬੇਟਾ ਸੀਸ ਨਿਵਾਈਆ । ਤੇਰੀ ਪ੍ਰੀਤੀ ਵਿਚ ਹੋ ਕੇ ਮਗਨ, ਤੇਰੇ ਵਿਚ ਸਮਾਈਆ । ਕਿਸ ਬਿਧ ਸੰਸਾਰ ਵਿਚ ਪਏ ਗੰਢਣ, ਨਾਤਾ ਜੋੜੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਿਹਾ ਨਿਰਗੁਣ ਸਰਗੁਣ ਮੇਰੀ ਧਾਰ ਸੁਤ, ਧੁਰ ਦਾ ਖੇਲ ਖਿਲਾਈਆ । ਨਿਰਗੁਣ ਸਰਗੁਣ ਦੋਹਾਂ ਦਾ ਹੋਵੇ ਜੁਟ, ਜੋੜੀ ਇਕੋ ਦਰ ਬਣਾਈਆ । ਓਹ ਫਲਗੁਣ ਪਹਿਲੀ ਸੀ ਸਾਚੀ ਰੁਤ, ਰੁਤੜੀ ਨਾਲ ਵਡਿਆਈਆ । ਕਰਿਆ ਖੇਲ ਅਬਿਨਾਸ਼ੀ ਅਚੁਤ, ਚਾਰ ਜੁਗ ਦੇ ਸ਼ਾਸਤਰ ਵੇਦ ਸਮਝ ਕਿਸੇ ਨਾ ਆਈਆ । ਕੀ ਜਾਣੇ ਮਾਨਸ ਮਾਨੁਖ, ਬੁੱਧੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਜਗਤ ਵਿਵਹਾਰ, ਗੁਰ ਚੇਲਾ ਵੰਡ ਵੰਡਾਈਆ । ਸੱਚੇ ਸਤਿਗੁਰੂ ਦਾ ਪਿਆਰ, ਜੋਟਾ ਖੋਰ ਦਏ ਗਵਾਹੀਆ । ਬਦਾਮ ਛੁਹਾਰੇ ਜਿਸ ਦੇ ਨਾਲ, ਕਿਸ਼ਮਿਸ਼ ਸੋਭਾ ਪਾਈਆ । ਇਹ ਖੇਲ ਸੱਚੀ ਸਰਕਾਰ, ਆਦਿ ਵਿਚ ਦਿਤੀ ਸਮਝਾਈਆ । ਇਹ ਰੁਪਈਏ ਧਾਹਾਂ ਰਹੇ ਮਾਰ, ਕੂਕ ਕੂਕ ਸੁਣਾਈਆ । ਕਿਸ ਬਿਧ ਚਲੇ ਜਗਤ ਵਿਹਾਰ, ਇਹ ਵੀ ਦੇਣਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਸੁਣ ਸੰਦੇਸ਼ਾ ਇਕੋ ਵਾਰ, ਏਕੰਕਾਰ ਆਪ ਜਣਾਈਆ । ਜਗਤ ਮਾਇਆ ਮਾਇਆ ਵਿਚ ਪਿਆਰ, ਮਾਇਆ ਨਾਲ ਸ੍ਰਿਸ਼ਟੀ ਬੰਧਨ ਦਿਤਾ ਵਖਾਈਆ । ਇਹ ਖੇਲ ਰਹਿਣਾ ਜੁਗ ਚਾਰ, ਕਲਜੁਗ ਅੰਤ ਅੱਤ ਵੇਖ ਵਖਾਈਆ । ਸਗਣ ਮਨੌਣਾ ਤੱਤ ਸ਼ਰੀਰ ਅਵਤਾਰ, ਪੈਗ਼ੰਬਰਾਂ ਇਹੋ ਗੰਢ ਪਵਾਈਆ । ਇਹੋ ਗੁਰੂ ਗੁਰਦੇਵ ਕਰਨ ਪ੍ਰਨਾਮ, ਮਿਹਰਵਾਨ ਦਏ ਸਮਝਾਈਆ । ਅੰਤਮ ਏਸੇ ਦਾ ਹੋਣਾ ਜਗਤ ਨਿਸ਼ਾਨ, ਨਿਸ਼ਾਨੇ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚਾਰ ਜੁਗ ਨਿਰਗੁਣ ਸਰਗੁਣ ਚਲਦਾ ਰਹਿਣਾ ਵਿਵਹਾਰ, ਵਿਵਹਾਰੀ ਆਪ ਕਰਾਈਆ । ਮਾਣ ਮਿਲਦਾ ਰਹਿਣਾ ਪੈਗ਼ੰਬਰ ਅਵਤਾਰ, ਗੁਰੂ ਗੁਰਦੇਵ ਸੋਭਾ ਪਾਈਆ । ਸਦੀ ਚੌਧਵੀਂ ਸਭ ਦਾ ਲਹਿਣਾ ਦੇਣਾ ਦੇਣਾ ਨਿਵਾਰ,

ਬਾਕੀ ਨਜ਼ਰ ਕੋਇ ਨਾ ਆਈਆ । ਸੰਤ ਸੁਹੇਲੇ ਲੈਣੇ ਉਠਾਲ, ਚਾਰ ਵਰਨਾਂ ਵਿਚੋਂ ਬਾਹਰ ਕਢਾਈਆ । ਅੰਤਰ ਆਤਮ ਬਖ਼ਸ਼ ਪਿਆਰ, ਪ੍ਰੀਤਮ ਧੁਰ ਦਾ ਲਏ ਮਨਾਈਆ । ਝਗੜਾ ਮੁਕਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ । ਸ਼ਬਦ ਗੁਰੂ ਹੋਵੇ ਦਲਾਲ, ਵਿਚੋਲਾ ਇਕੋ ਸੋਭਾ ਪਾਈਆ । ਨਾਮ ਭੰਡਾਰਾ ਦਏ ਮਾਲ, ਧਨ ਦੌਲਤ ਇਕੋ ਇਕ ਵਰਤਾਈਆ । ਕਿਰਪਾ ਕਰ ਦੀਨ ਦਿਆਲ, ਦੀਨਾਂ ਵੇਖੇ ਚਾਈਂ ਚਾਈਂਆ । ਨਾਤਾ ਤੋੜ ਜਗਤ ਮੰਦਰ ਮਸਜਿਦ ਸ਼ਿਵਦਵਾਲੇ ਮਠ ਧਰਮਸਾਲ, ਗੁਰੂਦਵਾਰ ਕਾਇਆ ਮੰਦਰ ਅੰਦਰ ਇਕ ਵਖਾਈਆ । ਜਿਥੇ ਵਸਤ ਅਮੋਲਕ ਅਨਮੁੱਲੜਾ ਲਾਲ, ਨਾਮ ਖ਼ਜ਼ੀਨਾ ਦਿਤਾ ਟਿਕਾਈਆ । ਅਗੰਮੀ ਜੋਤ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਸਮਝਾਈਆ । ਨਿਝਰ ਝਿਰਨਾ ਮਾਰੇ ਅਗੰਮ ਛਾਲ, ਬੂੰਦ ਸਵਾਂਤੀ ਆਪ ਟਪਕਾਈਆ । ਇਹ ਖੇਲ ਕਰੇ ਪੁਰਖ ਅਕਾਲ, ਹਰਿ ਕਰਤਾ ਨੂਰ ਅਲਾਹੀਆ । ਜਿਸ ਵੇਲੇ ਦੀਨ ਦੁਨੀ ਗੁਰੂ ਅਵਤਾਰ ਪੈਗ਼ੰਬਰ ਨਾ ਸਕਣ ਸੰਭਾਲ, ਵਾਰਸ ਨਜ਼ਰ ਕੋਇ ਨਾ ਆਈਆ । ਜੋਧਾ ਸੂਰਬੀਰ ਪ੍ਰਗਟੇ ਪੁਰਖ ਅਕਾਲ, ਨੌਜਵਾਨਾ ਮਰਦ ਮਰਦਾਨਾ ਧੁਰਦਰਗਾਹੀਆ । ਉਹ ਸੰਤ ਸੁਹੇਲੇ ਗੁਰਮੁਖ ਹਰਿ ਸੱਜਣ ਕਰੇ ਪ੍ਰਵਾਨ, ਜਨ ਭਗਤਾਂ ਵੇਖ ਵਖਾਈਆ । ਜੋ ਗੁਰੂ ਅਵਤਾਰ ਪੈਗ਼ੰਬਰਾਂ ਮਿਲਦਾ ਰਿਹਾ ਦਾਨ, ਜੁਗ ਜੁਗ ਧੁਰਦਰਗਾਹੋਂ ਆਪ ਵਰਤਾਈਆ । ਸੋ ਪੁਰਖ ਅਕਾਲ ਹੋ ਕੇ ਮਿਹਰਵਾਨ, ਲੋਕਮਾਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਸੁਣੋ ਮੇਰੀ ਆਵਾਜ਼, ਧੁਰ ਦਾ ਹੁਕਮ ਸੁਣਾਈਆ । ਪੁਰਖ ਅਕਾਲਾ ਖੋਲ੍ਹਣ ਲੱਗਾ ਰਾਜ਼, ਪਰਦਾ ਅੰਦਰੋਂ ਦਏ ਚੁਕਾਈਆ । ਤੁਹਾਨੂੰ ਖਾਣੀ ਪਏ ਨਾ ਕਿਤੋਂ ਨਿਆਜ਼, ਖ਼ਾਲੀ ਹੱਥ ਨਾ ਕੋਇ ਫੈਲਾਈਆ । ਕਿਰਪਾ ਕਰੇ ਆਪ ਮਹਾਰਾਜ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਤੁਹਾਡਾ ਸਭ ਤੋਂ ਉਤਮ ਸ੍ਰੇਸ਼ਟ ਧੁਰ ਦਾ ਨਾਮ ਖਾਜ, ਜਗਤ ਤ੍ਰਿਸ਼ਨਾ ਦਏ ਬੁਝਾਈਆ । ਤੁਹਾਡੇ ਉਤੋਂ ਵਾਰ ਕੇ ਜਗਤ ਦਾ ਰਿਵਾਜ, ਪਿਛਲਾ ਲੇਖਾ ਦਿਤਾ ਮੁਕਾਈਆ । ਇਹੋ ਗੋਬਿੰਦ ਚੋਗ ਪੌਂਦਾ ਸੀ ਆਪਣੇ ਬਾਜ਼, ਖ਼ੁਸ਼ੀਆਂ ਨਾਲ ਆਪ ਖਵਾਈਆ । ਜਿਸ ਸ਼ਰਅ ਵਿਚੋਂ ਕ਼ਾਨੂੰਨ, ਜਿਸ ਸ਼ਰਅ ਵਿਚੋਂ ਕਾਇਦੇ, ਜਿਸ ਸ਼ਰਅ ਵਿਚੋਂ ਧਰਮ, ਜਿਸ ਸ਼ਰਅ ਵਿਚੋਂ ਦਵਾਰ, ਜਿਸ ਸ਼ਰਅ ਵਿਚੋਂ ਪਰਿਵਾਰ, ਜਿਸ ਸ਼ਰਅ ਵਿਚੋਂ ਨਿਰੰਕਾਰ, ਜਿਸ ਸ਼ਰਅ ਵਿਚੋਂ ਸੱਚੀ ਸਰਕਾਰ, ਜਿਸ ਸ਼ਰਅ ਵਿਚੋਂ ਗੁਰਸਿਖਾਂ ਬਖ਼ਸ਼ਿਆ ਰਾਜ, ਰਹਿਮਤ ਆਪ ਕਮਾਈਆ । ਸੀਸ ਜਗਦੀਸ਼ ਸੁਹਾ ਕੇ ਤਾਜ, ਤਖ਼ਤ ਨਿਵਾਸੀ ਵੇਖ ਵਖਾਈਆ । ਜਨਮ ਜਨਮ ਦਾ ਕਰਮ ਕਰਮ ਦਾ ਦੁਰਮਤ ਮੈਲ ਧੋ ਕੇ ਦਾਗ਼, ਪਤਤ ਪੁਨੀਤ ਆਪ ਕਰਾਈਆ । ਗੁਰਮੁਖੋ ਪਿਛਲਾ ਖ਼ੁਸ਼ੀਆਂ ਵਾਲਾ ਮਹੀਨਾ ਲੰਘਿਆ ਮਾਘ, ਅੱਗੇ ਫਲਗੁਣ ਗਿਆ ਆਈਆ । ਤੁਹਾਡੀ ਆਤਮ ਸੇਜਾ ਉਤੇ ਜਾਣਾ ਬਿਰਾਜ, ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਤੁਸਾਂ ਸੌਣਾ ਆਪਣੀ ਨਿੰਦਰਾ, ਸੁਖ ਆਸਣ ਡੇਰਾ ਲਾਈਆ । ਸ਼ਬਦ ਗੁਰੂ ਤੁਹਾਡੇ ਅੰਦਰ ਵੜ ਕੇ ਬਜਰ ਕਪਾਟੀ ਦਾ ਤੋੜੇ ਜੰਦਰਾ, ਜ਼ਿੰਦਗੀ ਵਿਚੋਂ ਜ਼ਿੰਦਗੀ ਦਏ ਬਦਲਾਈਆ । ਜਿਸ ਰਾਮ ਦੀ ਪੂਜਾ ਕਰਦੇ ਬਨ ਬਿੰਦਰਾ, ਓਹ ਕਾਹਨ ਤੁਹਾਡੀ ਸੇਵ ਕਮਾਈਆ । ਜਿਸ ਨੂੰ ਕਹਿੰਦੇ ਸੁਰਪਤ ਰਾਜਾ ਇੰਦਰਾ, ਤੁਹਾਡੇ ਚਰਨਾਂ ਹੇਠਾਂ ਹੱਥ ਰਖਾਈਆ । ਪੁਰਖ ਅਕਾਲ ਦੀਨ ਦਿਆਲ ਕੋਈ ਹੱਥ ਉਤੇ ਪਰਬਤ ਚੁਕਣਾ ਨਹੀਂ ਮਿੰਦਰਾ, ਦੋ ਜਹਾਨ ਇਸ਼ਾਰੇ ਨਾਲ ਉਠਾਈਆ । ਕਿਸੇ ਨੂੰ ਲੁਕਣਾ ਪਏ ਨਾ ਕਿਸੇ

ਕੁੰਦਰਾ, ਕੁੰਦਰਾਂ ਵਿਚ ਨਾ ਡੇਰਾ ਲਾਈਆ । ਕੋਈ ਰੁਕਾਵਟ ਨਾ ਪਾਵੇ ਤੁਹਾਨੂੰ ਸੁਖਮਨ ਈੜਾ ਪਿੰਗਲਾ, ਤ੍ਰੈਕੁਟੀ ਨਾ ਕੋਇ ਵਡਿਆਈਆ । ਮਾਲਾ ਮਣਕਾ ਫੇਰਨਾ ਪਏ ਨਾ ਨਾਲ ਉਂਗਲਾ, ਮਨ ਦਾ ਮਣਕਾ ਦਏ ਭਵਾਈਆ । ਰਾਤੀਂ ਸੁੱਤਿਆਂ ਦੀਆਂ ਅੰਦਰੋਂ ਖੋਲ੍ਹ ਦੇਵੇ ਗੁੰਝਲਾ, ਰਾਹ ਇਕੋ ਦਏ ਵਖਾਈਆ । ਜਿਥੇ ਵੇਦ ਪੁਰਾਨਾਂ ਮੂਲ ਨਹੀਂ ਪੁੱਜਣਾ, ਓਥੇ ਭਗਤਾਂ ਮਿਲੇ ਵਡਿਆਈਆ । ਓਥੇ ਸੂਰੀਆ ਚੰਦ੍ਰਮਾ ਕੋਈ ਨਹੀਂ ਉਗਣਾ, ਮੰਡਲ ਮੰਡਪ ਨਾ ਸੋਭਾ ਪਾਈਆ । ਜਿਸ ਦਾ ਕਿਸੇ ਨੂੰ ਕਦੇ ਆਇਆ ਨਹੀਂ ਸੁਫ਼ਨਾ, ਓਹ ਧਾਮ ਦਏ ਵਖਾਈਆ । ਪੂਜਾ ਪਾਠ ਕਰਦਿਆਂ ਬਿਨਾ ਸਤਿਗੁਰੂ ਤੋਂ ਪੈਂਡਾ ਕਿਸੇ ਨਹੀਂ ਮੁਕਣਾ, ਮੰਜ਼ਲ ਹੱਕ ਨਾ ਕੋਇ ਪੁਚਾਈਆ । ਗੁਰਮੁਖੋ ਬਿਨਾ ਗੋਬਿੰਦ ਤੋਂ ਗੋਦੀ ਕਿਸੇ ਨਹੀਂ ਚੁੱਕਣਾ, ਪੁਰਖ ਅਕਾਲ ਦੇ ਚਰਨਾਂ ਨਾ ਕੋਇ ਟਿਕਾਈਆ । ਕਲਜੁਗ ਕੂੜਾ ਬੂਟਾ ਜ਼ਰੂਰ ਸੁੱਕਣਾ, ਹਰਿਆ ਸਿੰਚ ਨਾ ਕੋਇ ਕਰਾਈਆ । ਧੁਰ ਦੇ ਸਾਹਿਬ ਦਾ ਭਾਣਾ ਕਦੇ ਨਾ ਰੁਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੇ ਦੀਨ ਮਜ਼੍ਹਬ ਦਾ ਬੂਟਾ ਪੁੱਟਣਾ, ਆਤਰ ਬ੍ਰਹਮ ਸਰਬ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੇਰਾ ਸੋਹਣਾ ਸੁਹੰਞਣਾ ਬਰਸ, ਖ਼ੁਸ਼ੀਆਂ ਵਿਚ ਵਡਿਆਈਆ । ਜਨ ਭਗਤੋ ਸਭ ਤੋਂ ਉਤਮ ਪਰਮ ਪੁਰਖ ਦਾ ਦਰਸ, ਜੋ ਦੀਦਾ ਦਾਨਿਸਤਾ ਕਰੇ ਰੁਸ਼ਨਾਈਆ । ਜਿਹੜਾ ਆਦਿ ਜੁਗਾਦਿ ਜਗਤ ਸ਼ੁਕੀਨ ਤੇ ਧਰਮ ਦਾ ਰੱਖੇ ਪਰਸ, ਮਾਇਆ ਮਮਤਾ ਹੱਥ ਨਾ ਕਦੇ ਉਠਾਈਆ । ਵੇਖਿਓ ਜਗਤ ਤ੍ਰਿਸ਼ਨਾ ਵਿਚ ਕਦੇ ਨਾ ਜਾਇਓ ਪਰਚ, ਪ੍ਰਾਚੀਨ ਦਾ ਲੇਖਾ ਰਿਹਾ ਮੁਕਾਈਆ । ਜੇ ਯਸੂ ਨੂੰ ਤੱਕਣਾ ਤੇ ਵੇਖੋ ਆਪਣੇ ਕਾਇਆ ਚਰਚ, ਮੁਹੰਮਦ ਕਾਇਆ ਕਾਅਬੇ ਵਿਚ ਬੈਠਾ ਆਬੇਹਯਾਤ ਰਿਹਾ ਪਿਆਈਆ । ਜੇ ਨਾਨਕ ਦੀ ਤੜਪ, ਘਰ ਵਿਚੋਂ ਖੋਜ ਕੇ ਘਰ ਵਿਚ ਲੈਣਾ ਟਿਕਾਈਆ । ਜੇ ਤੁਹਾਨੂੰ ਗੋਬਿੰਦ ਦੀ ਗ਼ਰਜ਼, ਤੇ ਗੋਬਿੰਦ ਚਲ ਕੇ ਤੁਹਾਡੇ ਘਰ ਵਿਚ ਡੇਰਾ ਲਾਈਆ । ਜਿਸ ਨੇ ਮਾਤ ਪਿਤਾ ਬੱਚਿਆਂ ਦਾ ਸਮਝਿਆ ਨਹੀਂ ਕੁਛ ਹਰਜ, ਬੰਸ ਵਾਰ ਕੇ ਸਹੰਸ ਲਏ ਪ੍ਰਗਟਾਈਆ । ਓਹ ਜ਼ਰੂਰ ਤੁਹਾਡਾ ਵੰਡੇ ਦਰਦ, ਦੁਖੀਆਂ ਦੁੱਖ ਗਵਾਈਆ । ਅੱਜ ਭਾਵੇਂ ਕੋਈ ਨਾ ਕਰੇ ਅਰਜ਼, ਸਭ ਦਾ ਰੋਗ ਦੇਣਾ ਮਿਟਾਈਆ । ਸਤਿਗੁਰ ਸ਼ਬਦ ਮਰਦਾਨਾ ਮਰਦ, ਮੱਦਦ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰਾ ਵੇਖਿਓ ਪਰਸ, ਤੁਹਾਨੂੰ ਦਿਆਂ ਵਖਾਈਆ । ਤੁਹਾਡਾ ਖ਼ੁਸ਼ੀਆਂ ਵਾਲਾ ਬਰਸ, ਉਮਤ ਰਹੀ ਕੁਰਲਾਈਆ । ਮੁਹੰਮਦ ਦਾ ਦੇਣਾ ਕ਼ਰਜ਼, ਮਕ਼ਰੂਜ ਰਿਹਾ ਚੁਕਾਈਆ । ਚਾਰੋਂ ਕੁੰਟ ਉਡਣੀ ਗਰਦ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਸਦੀ ਚੌਧਵੀਂ ਕਹੇ ਸਾਰੇ ਹੋਵੋ ਸਾਵਧਾਨਾ, ਅੱਖਾਂ ਲਓ ਖੁਲ੍ਹਾਈਆ । ਪੁਰਖ ਅਕਾਲ ਕਰੋ ਚਰਨ ਧਿਆਨਾ, ਨੀਤੀ ਨੀਤੀ ਵਿਚੋਂ ਬਦਲਾਈਆ । ਤੱਕੋ ਖੇਲ ਜ਼ਿਮੀ ਅਸਮਾਨਾ, ਜੋ ਦੋ ਜਹਾਨਾਂ ਰਿਹਾ ਕਰਾਈਆ । ਜੋ ਲੱਖ ਚੁਰਾਸੀ ਹੋਵੇ ਮਿਹਰਵਾਨਾ, ਮਹਿਬੂਬ ਨੂਰ ਅਲਾਹੀਆ । ਧਰਮ ਝੁਲਾਏ ਇਕ ਨਿਸ਼ਾਨਾ, ਨਵ ਨੌ ਚਾਰ ਆਪ ਉਠਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਬਣੇ ਕਾਹਨਾ, ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੈਂ ਜਨ ਭਗਤੋ ਬਣੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਹੜੀ ਪਿਛਲਿਆਂ ਚਹੁੰ ਜੁਗਾਂ ਦਿਆਂ ਗ੍ਰੰਥਾਂ ਦੀ ਪੜ੍ਹੀ ਪੰਗਤੀ, ਇਹਦੇ ਵਿਚ ਦਿਓ ਟਿਕਾਈਆ ।

ਸਚ ਪਿਆਰ ਬਣੌਣਾ ਸਾਚਾ ਸੰਗਤੀ, ਚਾਰ ਵਰਨ ਇਕ ਸਰਨਾਈਆ । ਗੜ੍ਹ ਰਹੇ ਨਾ ਹਉਮੇ ਹੰਗਤੀ, ਕੂੜ ਕੁੜਿਆਰ ਦੇਣਾ ਤਜਾਈਆ । ਪੁੱਛਣਾ ਪੁੱਛਣੀ ਨਹੀਂ ਕਿਸੇ ਮੂਲ ਜਾ ਕੇ ਪੰਡਤੀ, ਗ੍ਰਹਿ ਨਛੱਤਰ ਨਾ ਫੋਲ ਫੁਲਾਈਆ । ਇਹ ਕਥਾ ਕਹਾਣੀ ਅੰਤ ਦੀ, ਅੰਤ ਦਏ ਸਮਝਾਈਆ । ਵਡਿਆਈ ਰਹਿਣੀ ਨਹੀਂ ਕਿਸੇ ਸਾਧ ਸੰਤ ਦੀ, ਬਿਨਾ ਸ਼ਬਦ ਗੁਰੂ ਤੋਂ ਗੁਰੂ ਨਾ ਕੋਇ ਅਖਵਾਈਆ । ਜਵਾਨੀ ਰਹਿਣੀ ਨਹੀਂ ਕਿਸੇ ਨਾਰ ਕੰਤ ਦੀ, ਬੁਢੇਪਾ ਸਭ ਦੇ ਉਪਰ ਛਾਈਆ । ਆਵਾਜ਼ ਰਹਿਣੀ ਨਹੀਂ ਪਿਛਲੇ ਮੰਤ ਦੀ, ਚਾਰ ਜੁਗ ਦਾ ਪੰਧ ਮੁਕਾਈਆ । ਰੁਤ ਮੌਲਣੀ ਪਰਮ ਪੁਰਖ ਦੇ ਨਾਮ ਵਾਲੀ ਬਸੰਤ ਦੀ, ਖ਼ਿਜ਼ਾਂ ਕੂੜ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤੋ ਪਿਛਲਾ ਇਹਦੇ ਵਿਚ ਪਾਇਓ ਪਾਠ ਪੂਜਾ, ਜੋ ਪਿਛੇ ਲਿਆ ਕਮਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਰਹਿਓ ਕੋਈ ਨਾ ਦੂਜਾ, ਦੁਤੀਆ ਭਾਓ ਨਾ ਕੋਇ ਰਖਾਈਆ । ਪਿਛਲਾ ਭਾਂਡਾ ਹੋਣ ਲੱਗਾ ਮੂਧਾ, ਪ੍ਰਭ ਅੰਦਰੋਂ ਕਰੇ ਸਫ਼ਾਈਆ । ਅੰਤ ਅਖ਼ੀਰੀ ਰੋ ਕੇ ਗਿਆ ਬੁੱਧਾ, ਬਿਨ ਨੈਣਾਂ ਨੀਰ ਵਹਾਈਆ । ਜਿਸ ਵੇਲੇ ਮੇਰਾ ਮਾਲਕ ਆਵੇ ਉਤੇ ਬਸੁੱਧਾ, ਧਰਨੀ ਧਰਤ ਧਵਲ ਡੇਰਾ ਲਾਈਆ । ਓਸ ਵੇਲੇ ਓਹਦਾ ਸਮਝੇ ਕੋਈ ਨਾ ਮੁੱਦਾ, ਮੁੱਦਤ ਦੀਆਂ ਪੇਸ਼ੀਨਗੋਈਆਂ ਇਸ਼ਾਰਿਆਂ ਵਾਲੀਆਂ ਨਜ਼ਰੀ ਆਈਆ । ਜਿਸ ਨੇ ਬਦਲਣਾ ਕਲਜੁਗਾ, ਕਲ ਕਲਕਾਤੀ ਮੇਟੇ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਜਨ ਭਗਤੋ ਮੰਗਤੀ ਨੂੰ ਦੇ ਦਿਓ ਦਾਨ, ਇਕ ਟੰਗ ਤੇ ਮੰਗ ਮੰਗਾਈਆ । ਜੇ ਮੰਨਣਾ ਇਕ ਭਗਵਾਨ, ਹੱਥ ਦਿਓ ਉਠਾਈਆ । ਜੇ ਕਿਸੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠਸਠ ਕੀਤਾ ਇਸ਼ਨਾਨ, ਉਹ ਵੀ ਇਹਦੇ ਵਿਚ ਦਿਓ ਟਿਕਾਈਆ । ਜੇ ਕਿਸੇ ਬ੍ਰਾਹਮਣਾਂ ਨੂੰ ਦਿਤਾ ਦਾਨ, ਉਹ ਵੀ ਲੇਖਾ ਲਓ ਮੁਕਾਈਆ । ਵੇਖਿਓ ਤੱਤਾਂ ਵਾਲਾ ਕੋਈ ਨਾ ਮੰਨਿਓ ਕਾਹਨ, ਤੱਤਾਂ ਵਾਲਾ ਰਾਮ ਅੰਤ ਸਾਥ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਜਨ ਭਗਤੋ ਜੇ ਕਿਸੇ ਪਿਛੇ ਮੱਥੇ ਲਾਇਆ ਤਿਲਕ, ਤਰਸੂਲ ਸੰਧੂਰ ਨਾਲ ਬਣਾਈਆ । ਜੇ ਕਿਸੇ ਹਨੂਵੰਤ ਦੀ ਮਾਰੀ ਕਿਲਕ, ਕੂਕ ਕੂਕ ਸੁਣਾਈਆ । ਜੇ ਦੁਰਗਾ ਦਾ ਮੰਨ ਕੇ ਇਸ਼ਟ, ਸੀਸ ਲਿਆ ਨਿਵਾਈਆ । ਓਹ ਭਗਤਾਂ ਦੀ ਆ ਜਾਉ ਵਿਚ ਲਿਸਟ, ਫ਼ਰਿਸਤ ਪਿਛਲੀ ਰਿਹਾ ਵਖਾਈਆ । ਜੇ ਕਿਸੇ ਨੇ ਲੋਕਮਾਤ ਝੂਠਾ ਪਿਆਰ ਕੀਤਾ ਇਸ਼ਕ, ਉਹ ਵੀ ਇਸ ਦੇ ਵਿਚ ਦਿਓ ਪਵਾਈਆ । ਵੇਖਿਓ ਜਗਤ ਯਾਰਾਨੇ ਲੌਣ ਵਾਲਿਓ ਨਾ ਜਾਇਓ ਖ਼ਿਸਕ, ਇਹ ਹੁਕਮ ਧੁਰਦਰਗਾਹੀਆ । ਜਿਨ੍ਹਾਂ ਨੇ ਖਾ ਕੇ ਹਰਾਮ ਕੀਤਾ ਨਿਮਕ, ਓਹ ਵੀ ਆਪਣੀ ਕੀਤੀ ਇਹਦੇ ਵਿਚ ਲਓ ਛੁਪਾਈਆ । ਜੇ ਪੁਰਖ ਅਕਾਲ ਉਤੇ ਭਰੋਸਾ ਕਰਨਾ ਤੇ ਗੋਬਿੰਦ ਉਤੇ ਰੱਖਣਾ ਸਿਦਕ, ਹੱਥ ਸੀਨੇ ਉਤੇ ਲਓ ਟਿਕਾਈਆ । ਜੇ ਨਿੰਦਕ ਬਣਨਾ ਫੇਰ ਭਗਤਾਂ ਵਿਚ ਰਹਿਣਾ ਨਹੀਂ ਮਿੰਟ, ਸਚ ਜਗਹ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਦੀ ਚੌਧਵੀਂ ਕਹੇ ਜੇ ਮੰਨਿਆ ਕੋਈ ਪੀਰ, ਲਾਲਾਂ ਵਾਲਿਆਂ ਸੀਸ ਨਿਵਾਈਆ । ਜੇ ਸੱਯਦਾ ਕੀਤਾ ਕਿਸੇ ਫ਼ਕੀਰ, ਕ਼ਬਰਾਂ ਖ਼ਾਕ ਧੂੜ ਰਮਾਈਆ । ਜੇ ਕਿਸੇ ਕੱਢੀ ਤੱਕੀਏ ਜਾ ਲਕੀਰ, ਨੱਕ ਜ਼ਿਮੀਂ ਉਤੇ ਘਸਾਈਆ । ਉਹ ਸਾਰੇ ਐਸ ਵਿਚ ਰੱਖ ਦਿਓ ਨਾਲ ਤਰਤੀਬ, ਹੌਲੀ ਹੌਲੀ ਵਿਚ ਟਿਕਾਈਆ । ਫੇਰ ਨਾਮ ਦਾ ਰਹਿਣ ਨਹੀਂ ਦੇਣਾ ਕੋਈ ਗਰੀਬ, ਕਾਇਆ

ਮੰਦਰ ਦੇਣਾ ਭਰਾਈਆ । ਇਹ ਖੇਲ ਪ੍ਰਭੂ ਨੇ ਕਰਨਾ ਅਜੀਬ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਪੜ੍ਹਨੀ ਪਏ ਨਾ ਕੁਰਾਨ ਮਜੀਦ, ਨਿਮਾਜ਼ ਰੋਜ਼ਾ ਨਾ ਕੋਇ ਵਡਿਆਈਆ । ਤੁਹਾਡੇ ਕਾਇਆ ਅੰਦਰੋਂ ਤੁਹਾਡਾ ਮਿਲ ਜਾਏ ਤਬੀਬ, ਰੋਗ ਹਉਮੇ ਦਏ ਗਵਾਈਆ । ਸਾਚਾ ਮੰਦਰ ਵਖਾ ਮਸੀਤ, ਮਸਲਾ ਅਗਲਾ ਹੱਲ ਕਰਾਈਆ । ਸਿਰਫ਼ ਤੁਸਾਂ ਗੌਣਾ ਤੂੰ ਮੇਰਾ ਤੇ ਮੈਂ ਤੇਰਾ ਗੀਤ, ਸੋਹੰ ਨਾਮ ਅਲਾਹੀਆ । ਝਗੜਾ ਮਿਟ ਜਾਏ ਹਸਤ ਕੀਟ, ਊਚ ਨੀਚ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਜਨ ਭਗਤੋ ਆਪਣਾ ਇਸ ਵਿਚ ਪਾਇਓ ਕਰਮ ਕਾਂਡ, ਸਭ ਕੁਛ ਸਤਿਗੁਰ ਝੋਲੀ ਪਾਈਆ । ਜਿਸ ਦੇ ਕੋਲ ਸੱਤ ਰੰਗ ਦੀ ਡਾਂਗ, ਸੱਤ ਜ਼ਿਮੀਂ ਸੱਤ ਅਸਮਾਨਾਂ ਮੁਹੰਮਦ ਦਾ ਲੇਖਾ ਚਰਨਾਂ ਹੇਠ ਰਗੜਾਈਆ । ਜੋ ਈਸਾ ਕਹਿ ਕੇ ਗਿਆ ਨਾਲ ਟੰਗ ਉਸ ਨੂੰ ਲੰਘੌਣਾ ਹੇਠੋਂ ਦੀ ਟਾਂਗ, ਹੁਕਮ ਬੇਪ੍ਰਵਾਹੀਆ । ਲੇਖਾ ਮੁਕਣਾ ਦੋ ਜਹਾਨ ਲੋਕ ਪਰਲੋਕ ਬ੍ਰਹਿਮੰਡ ਬ੍ਰਹਿਮਾਂਡ, ਬ੍ਰਹਿਮਾਦ ਬ੍ਰਹਮ ਵੇਖ ਵਖਾਈਆ । ਜਨ ਭਗਤਾਂ ਨੰਗੀ ਨਾ ਹੋਵੇ ਕੰਡ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਨਹੀਂ ਬਹੁਤਾ ਕੂਣਾ, ਉਚੀ ਉਚੀ ਨਾ ਬੋਲ ਸੁਣਾਈਆ । ਮੇਰਾ ਪਰਸ ਅਜੇ ਊਣਾ, ਸਕਿਆ ਨਾ ਕੋਇ ਭਰਾਈਆ । ਮੈਨੂੰ ਅਗਲੇ ਸਾਲ ਦੁਨੀਆ ਨੂੰ ਲਾ ਲੈਣ ਦਿਓ ਹਲੂਣਾ, ਸ਼ਾਹ ਸੁਲਤਾਨਾਂ ਦਿਆਂ ਹਿਲਾਈਆ । ਫੇਰ ਮੇਰਾ ਭਾਗ ਵਧਣਾ ਦੂਣਾ, ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਪਰਸ ਕਹੇ ਵੇਖੋ ਮੈਨੂੰ ਕਵਣ ਭਰਦਾ, ਭਾਰ ਆਪਣਾ ਵਿਚ ਰਖਾਈਆ । ਮੈਂ ਵੀ ਓਸ ਪ੍ਰਭੂ ਦਾ ਬਰਦਾ, ਜੋ ਬੰਦੀਖ਼ਾਨੇ ਰਿਹਾ ਤੁੜਾਈਆ । ਜੁਗ ਚੌਕੜੀ ਰਿਹਾ ਡਰਦਾ, ਆਪਣਾ ਮੂੰਹ ਨਾ ਕੋਇ ਖੁਲ੍ਹਾਈਆ । ਲੁਕ ਲੁਕ ਅੰਦਰ ਰਿਹਾ ਵੜਦਾ, ਬਾਹਰੋਂ ਨਾ ਲਈ ਅੰਗੜਾਈਆ । ਮੈਨੂੰ ਸ਼ੌਕ ਆਇਆ ਹੁਣ ਫੱਗਣ ਮਹੀਨਾ ਚੜ੍ਹਦਾ, ਚੜ੍ਹਦੀ ਦਿਸ਼ਾ ਦਏ ਦੁਹਾਈਆ । ਲਹਿੰਦੇ ਮਾਨਵ ਵੇਖਣਾ ਸੜਦਾ, ਆਤਸ਼ ਜਗਤ ਨਾ ਕੋਇ ਬੁਝਾਈਆ । ਇਹ ਖੇਲ ਮੇਰੇ ਪ੍ਰਭੂ ਦੇ ਘਰ ਦਾ, ਅਵਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪਰਸ ਕਹੇ ਮੈਨੂੰ ਸਮਝਿਓ ਨਾ ਕੋਈ ਚਮੜਾ, ਜਗਤ ਖੱਲ ਵਡਿਆਈਆ । ਮੈਂ ਤੇ ਦੱਸਣ ਆਇਆ ਤੁਹਾਡਾ ਪੁਰਖ ਅਕਾਲ ਅਗੰਮ ਅਗੰਮੜਾ, ਜਿਸ ਦਾ ਭੇਵ ਕੋਇ ਨਾ ਪਾਈਆ । ਵੇਖਿਓ ਆਪਣੇ ਸਤਿਗੁਰ ਨੂੰ ਲਾਲਚ ਦਿਓ ਨਾ ਕਦੀ ਕੋਈ ਦਮੜਾ, ਮਾਇਆ ਮੋਹ ਵਿਚ ਨਾ ਕੋਇ ਫਸਾਈਆ । ਬਿਨਾ ਸਤਿਗੁਰ ਸ਼ਬਦ ਤੋਂ ਤਨ ਮਾਟੀ ਖ਼ਾਕ ਨਿਕੰਮੜਾ, ਸਚ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਪਰਸ ਕਹੇ ਜਨ ਭਗਤੋ ਇਹਦੇ ਵਿਚ ਪਾਓ ਆਪਣਾ ਕੁਕਰਮ, ਬਾਕੀ ਰਹਿਣ ਕੁਛ ਨਾ ਪਾਈਆ । ਸਭ ਦਾ ਇਕੋ ਸਾਚਾ ਧਰਮ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਅੰਤਰ ਰਹੇ ਕੋਈ ਨਾ ਭਰਮ, ਭਾਂਡਾ ਭਰਮ ਦੇਣਾ ਭੰਨਾਈਆ । ਤੁਹਾਡਾ ਪੁਰਖ ਅਕਾਲ ਦੇ ਘਰ ਜਰਮ, ਜੋਤ ਅਕਾਲਣ ਤੁਹਾਡੀ ਜੰਮਣ ਵਾਲੀ ਮਾਈਆ । ਇਕੋ ਸਾਹਿਬ ਦੀ ਲੱਗਣਾ ਸਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੇ ਹੱਥ ਅੰਤਮ ਮਰਨ, ਮਰ ਜੀਵਤ ਲਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਨੂੰ ਕੀ ਕਹੋਗੇ

ਇਹ ਫੁਲਾਂ ਰਾਣੀ, ਫੁਲਾਂ ਸੇਜ ਸੁਹਾਈਆ । ਮੈਨੂੰ ਕੀ ਕਹੋਗੇ ਇਹ ਧੁਰ ਦੀ ਸਵਾਣੀ, ਹਰਿ ਸੋਹਣਾ ਕੰਤ ਹੰਢਾਈਆ । ਮੈਨੂੰ ਕੀ ਕਹੋਗੇ ਇਹ ਕਿਹੜੀ ਪੜ੍ਹਦੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਜਿਸ ਦਾ ਭੇਵ ਕੋਇ ਨਾ ਪਾਈਆ । ਮੈਨੂੰ ਕੀ ਕਹੋਗੇ ਇਹ ਕਿਹੜਾ ਪੀਂਦੀ ਪਾਣੀ, ਜਿਸ ਦਾ ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਹ ਨਾ ਕੋਇ ਸਮਝਾਈਆ । ਮੈਨੂੰ ਕੀ ਕਹੋਗੇ ਇਹ ਕਿਹੜਾ ਰੱਖਦੀ ਹਾਣੀ, ਜਿਸ ਦੀ ਆਯੂ ਆਦਿ ਅੰਤ ਨਾ ਕੋਇ ਦ੍ਰਿੜਾਈਆ । ਮੈਨੂੰ ਕੀ ਕਹੋਗੇ ਇਹ ਕੋਈ ਜੀਵਤ ਜੀਵ ਪਰਾਣੀ, ਸਵਾਸਾਂ ਨਾਲ ਆਪਣਾ ਝਟ ਲੰਘਾਈਆ । ਮੈਨੂੰ ਕੀ ਕਹੋਗੇ ਇਹ ਫਿਰਦੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਸ ਵਟਾਈਆ । ਮੈਨੂੰ ਕੀ ਕਹੋਗੇ ਇਹ ਬੁੱਢੀ ਨੱਢੀ ਕਿ ਜੋਬਨਵੰਤੀ ਤਰਲ ਜਵਾਨੀ, ਸੋਹਣੇ ਰੂਪ ਵਿਚ ਸਮਾਈਆ । ਮੈਨੂੰ ਕੀ ਕਹੋਗੇ ਕੀ ਕਹੇ ਕਥਾ ਕਹਾਣੀ, ਕੀ ਗਾਵਤ ਰਾਗ ਅਲਾਈਆ । ਜਨ ਭਗਤੋ ਜੇ ਸਚ ਪੁੱਛੋ ਮੈਂ ਤੁਹਾਡੇ ਪ੍ਰੇਮ ਮਸਤਾਨੀ, ਮਸਤੀ ਵਿਚ ਆਪਣੀ ਖ਼ੁਸ਼ੀ ਬਣਾਈਆ । ਪ੍ਰਭੂ ਦੇ ਦਰ ਦੀ ਸੇਵਕਣ ਅਧੀਨਗੀ ਵਿਚ ਨਿਮਾਣੀ, ਨਿਰਮਾਣਤਾ ਵਿਚ ਸੇਵ ਕਮਾਈਆ । ਜੇ ਫੇਰ ਪੁੱਛੋ ਤੇ ਲੱਖ ਚੁਰਾਸੀ ਦੀ ਜਾਣ ਜਾਣੀ, ਹਰ ਘਟ ਅੰਦਰ ਵੇਖ ਵਖਾਈਆ । ਜੇ ਫੇਰ ਪੁੱਛੋ ਮੇਰਾ ਡੇਰਾ ਉਪਰ ਅਸਮਾਨੀ, ਮਾਤਲੋਕ ਵਿਚ ਜੁਗ ਜੁਗ ਆਪਣਾ ਵੇਸ ਵਟਾਈਆ । ਜੇ ਫੇਰ ਪੁੱਛੋ ਗੁਰ ਅਵਤਾਰ ਪੈਗ਼ੰਬਰਾਂ ਲਵਾਂ ਕੁਰਬਾਨੀ, ਇਹ ਮੇਰੀ ਧਾਰ ਧੁਰ ਦੀ ਚਲੀ ਆਈਆ । ਜੇ ਫੇਰ ਪੁੱਛੋ ਸਾਰੀ ਫੋਲਿਓ ਆਪਣੀ ਆਪਣੀ ਮੰਜ਼ਲ ਰੁਹਾਨੀ, ਪ੍ਰਭ ਕਿਰਪਾ ਸਚਖੰਡ ਦਿਆਂ ਪੁਚਾਈਆ । ਤੁਹਾਡੀ ਕਾਇਆ ਜੂਹ ਰਹਿਣ ਨਹੀਂ ਦੇਣੀ ਬੇਗਾਨੀ, ਘਰ ਸਾਚੇ ਦਿਆਂ ਵਸਾਈਆ । ਕਿਉਂ ਤੁਸਾਂ ਸਦੀ ਚੌਧਵੀਂ ਉਤੇ ਕੀਤੀ ਬੜੀ ਮਿਹਰਵਾਨੀ, ਮਿਹਰਵਾਨ ਹੋ ਕੇ ਭਗਤ ਦਵਾਰੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਗੋਲੀ ਜੁਗਿੰਦਰ ਪਾਣੀ ਦਾ ਲਿਆਵੇ ਗਲਾਸ, ਕਿਰਪਾ ਕਰੇ ਬੇਪ੍ਰਵਾਹੀਆ । ਜਨ ਭਗਤੋ ਅੱਜ ਮੰਗੋ ਜੋ ਤੁਹਾਡੀ ਆਸ, ਸਭ ਦੀ ਝੋਲੀ ਦਿਆਂ ਭਰਾਈਆ । ਸਭ ਕੁਛ ਓਸ ਦੇ ਪਾਸ, ਜੋ ਤੁਹਾਡਾ ਮਾਲਕ ਪਾਰਬ੍ਰਹਮ ਅਖਵਾਈਆ । ਕਦੀ ਨਾ ਸਮਝਿਓ ਵਸੇ ਉਪਰ ਆਕਾਸ਼, ਹਰ ਘਟ ਅੰਦਰ ਡੇਰਾ ਲਾਈਆ । ਤੁਹਾਡਾ ਬਾਹਰੋਂ ਤਨ ਚਮੜਾ ਨਾੜੀ ਹੱਡ ਮਾਸ, ਅੰਦਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੁਸੀਂ ਓਸ ਪ੍ਰਭੂ ਦੀ ਆਤਮਾ ਖ਼ਾਸ, ਜਿਸ ਨੂੰ ਪਰਮਾਤਮਾ ਕਹਿ ਕੇ ਗੁਰ ਅਵਤਾਰ ਪੈਗ਼ੰਬਰ ਗਏ ਗਾਈਆ । ਵੇਖਿਓ ਮਨ ਦੇ ਅਧੀਨ ਹੋ ਕੇ ਹੋ ਨਾ ਜਾਇਓ ਬਦਮਾਸ਼, ਬੁੱਧੀ ਦਾ ਡੇਰਾ ਢਾਹੀਆ । ਕਿਉਂ ਤੁਹਾਡਾ ਸਤਿਗੁਰੂ ਤੁਹਾਡਾ ਜਨਮ ਕਰੇ ਰਾਸ, ਜੋ ਆਦਿ ਜੁਗਾਦਿ ਦਾ ਪਿਤਾ ਮਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੀ ਧਾਰ ਇਕ ਵਖਾਈਆ । ਸਦੀ ਚੌਧਵੀਂ ਕਹੇ ਖ਼ਬਰ ਆ ਗਈ ਮਹੀਨਾ ਔਣ ਵਾਲਾ ਚੇਤਰ, ਚਿੱਤ ਸਭ ਦਾ ਦੇਣਾ ਬਦਲਾਈਆ । ਮੈਂ ਢਾਈ ਘੰਟੇ ਖੁਲ੍ਹੇ ਰੱਖਾਂਗੀ ਨੇਤਰ, ਲੋਚਣ ਨੈਣ ਅੱਖ ਖੁਲ੍ਹਾਈਆ । ਜੋ ਇਕ ਹਿੰਦਸਾ ਤੱਕਿਆ ਉਤੇ ਪੇਪਰ, ਉਹ ਸਭ ਨੂੰ ਦਿਆਂ ਸਮਝਾਈਆ । ਕਿਸ ਤਰਾ ਦੁਨੀਆ ਦਾ ਅੰਤਮ ਹੁੰਦਾ ਛੇਕੜ, ਸ਼ਰਅ ਦੇ ਜ਼ੰਜੀਰ ਦਏ ਕਟਾਈਆ । ਕਿਉਂ ਇਹ ਸਮਝਿਓ ਨਾ ਇਹ ਪਰਸ ਨਵੇਂ ਜ਼ਮਾਨੇ ਦਾ ਮੇਕਰ, ਮੇਕਅਪ ਕਰਨ ਦੀ ਲੋੜ ਰਹੇ ਨਾ ਰਾਈਆ । ਸਤਿਗੁਰ ਸ਼ਬਦ ਚੇਲਾ ਸਿੰਘ ਵਾਂਗ ਰੇਂਜ ਟੇਕਰ, ਪੈਮਾਨੇ ਸਭ ਦੇ ਵੇਖ ਵਖਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਪਾਲ ਸਿੰਘ ਆਹ ਲੈ ਅੰਮ੍ਰਿਤ ਧਾਰ, ਸਭ ਦੇ ਉਤੇ ਦੇ ਵਰਸਾਈਆ । ਆਹ ਲੈ ਪ੍ਰਭੂ ਦਾ ਪਿਛਲਾ ਇਕ ਪਿਆਰ, ਪ੍ਰੇਮ ਰਸ ਵਖਾਈਆ । ਫੇਰ ਤੱਕਣੀ ਨਵੀਂ ਬਹਾਰ, ਗੁਲਸ਼ਨ ਆਪਣਾ ਰੰਗ ਵਖਾਈਆ । ਜਨ ਭਗਤਾਂ ਪੈਜ ਸਵਾਰ, ਜਨਮ ਜਨਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਦੇਵਤ ਕਹਿਣ ਸਦੀ ਚੌਧਵੀਂ ਸਾਨੂੰ ਅੰਮ੍ਰਿਤ ਮਿਲਦਾ ਸੀ ਵਿਚ ਕਲਸ, ਬਰਤਨ ਪਿਛਲਾ ਇਕ ਵਖਾਈਆ । ਹੁਣ ਖੇਲ ਵੇਖਿਆ ਉਤੇ ਫ਼ਰਸ਼, ਆਪ ਆਪਣੀ ਖੇਲ ਜਣਾਈਆ । ਫਲਗੁਣ ਦਾ ਪੁਰਾਣਾ ਬਰਸ, ਜਨ ਭਗਤਾਂ ਭਰ ਭਰ ਗਲਾਸ ਮੁਖੜੇ ਰਿਹਾ ਉਲਟਾਈਆ । ਅੱਗੇ ਰਹੇ ਨਾ ਜਨਮ ਦੀ ਕੋਈ ਹਰਸ, ਮਰਨ ਦਾ ਪੰਧ ਮੁਕਾਈਆ । ਇਹ ਵੀ ਸਾਹਿਬ ਸਤਿਗੁਰ ਦਾ ਤਰਸ, ਅਣਮੰਗੀ ਦਾਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਜਾਣਾ ਰਾਵੀ ਕੰਢੀ, ਕੰਢੇ ਤੇ ਬੈਠੇ ਸਾਰੇ ਲੈਣੇ ਉਠਾਈਆ । ਜਿਹੜੀ ਗੁਰ ਅਰਜਨ ਨੇ ਮੰਗ ਸੀ ਮੰਗੀ, ਉਹਦਾ ਪਰਦਾ ਦੇਣਾ ਖੁਲ੍ਹਾਈਆ । ਗਿਆਰਾਂ ਦਿਨ ਇਹ ਖੇਲ ਹੋਣੀ ਚੰਗੀ, ਜਿਸ ਦਾ ਭੇਵ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਕਹਿਣ ਕੋਇ ਨਾ ਪਾਈਆ । ਜਿਸ ਹੁਕਮ ਨਾਲ ਗੁਰ ਅਵਤਾਰ ਪੈਗ਼ੰਬਰਾਂ ਉਤੇ ਦੀਨ ਮਜ਼੍ਹਬ ਦੀ ਲੱਗਦੀ ਰਹੀ ਪਾਬੰਦੀ, ਉਹ ਭੇਵ ਦੇਣਾ ਖੁਲ੍ਹਾਈਆ । ਕਿਉਂ ਨਿਸ਼ਾਨ ਬਣਾਇਆ ਤਾਰਾ ਚੰਦੀ, ਮੁਹੰਮਦ ਮਿਲੀ ਵਡਿਆਈਆ । ਉਹ ਲੇਖ ਦੱਸਣਾ ਜਿਹੜਾ ਬਿਨਾ ਅਲਿਫ਼ ਯੇ ਤੋਂ ਲਿਖੀ ਗਈ ਸੰਧੀ, ਅੱਖਰਾਂ ਵਾਲਾ ਅੱਖਰ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਧਾਰ ਇਕ ਪ੍ਰਗਟਾਈਆ । ਸਦੀ ਚੌਧਵੀਂ ਕਹੇ ਜਨ ਭਗਤ ਪਿਆਰੇ ਪ੍ਰਭੂ ਦੇ ਬੱਚੇ, ਆਪਣਾ ਬਚਪਨ ਵੇਖ ਵਖਾਈਆ । ਜੋ ਅੰਤਰ ਨਿਰੰਤਰ ਰਹੇ ਜਪੇ, ਹਿਰਦੇ ਅੰਦਰ ਧਿਆਨ ਲਗਾਈਆ । ਦੀਨ ਦੁਨੀ ਵਿਚ ਹੋ ਗਏ ਪੱਕੇ, ਨਾਤਾ ਇਕੋ ਨਾਲ ਰਖਾਈਆ । ਚਾਰ ਵਰਨ ਸਮਝ ਕੇ ਭਾਈ ਭੈਣ ਸਕੇ, ਜ਼ਾਤ ਪਾਤੀ ਡੇਰਾ ਢਾਹੀਆ । ਇਕੋ ਧੂੜੀ ਟਿੱਕਾ ਲਾਵਣ ਮਸਤਕ ਮੱਥੇ, ਖ਼ਾਕੀ ਖ਼ਾਕ ਰਮਾਈਆ । ਪਰਮ ਪੁਰਖ ਦੀ ਧਾਰ ਅੰਦਰ ਰਤੇ, ਰਤਨ ਅਮੋਲਕ ਹੀਰੇ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੈਂ ਧੁਰ ਦਾ ਵੱਡਾ, ਵੱਡੇ ਨੇ ਵੱਡੀ ਦਿਤੀ ਵਡਿਆਈਆ । ਜੁਗ ਜੁਗ ਦੇਵਾਂ ਸੱਦਾ, ਸੁਨੇਹੜਾ ਰਾਮ ਦੁਹਾਈਆ । ਦੋ ਜਹਾਨਾਂ ਫਿਰਾਂ ਭੱਜਾਂ, ਚਲਾਂ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰੂ ਵਧਾਵਾਂ ਅੱਗਾ, ਭੇਵ ਅਭੇਦ ਖੁਲ੍ਹਾਈਆ । ਦੀਨ ਮਜ਼੍ਹਬ ਵੰਡਾਂ ਵੰਡਾ, ਇਹ ਮੇਰੀ ਬਹੁ ਚਤੁਰਾਈਆ । ਨਿਰਗੁਣ ਸਰਗੁਣ ਖੇਲ ਖਿਲਾਵਾਂ ਦ਼ਗਾ, ਜਗਤ ਫ਼ਰੇਬ ਨਾਲ ਬੰਧਾਈਆ । ਸਚ ਪਿਆਰ ਦਾ ਬਖ਼ਸ਼ਣਾ ਰਸਾ, ਮਜ਼ਾ ਇਕੋ ਇਕ ਚਖਾਈਆ । ਅੰਤਮ ਸਭ ਦੇ ਉਤੇ ਵਾਰਦ ਕਰ ਕੇ ਕ਼ਜ਼ਾ, ਲੇਖਾ ਸਭ ਦਾ ਦਿਆਂ ਮੁਕਾਈਆ । ਭਾਵੇਂ ਪਰਮ ਪੁਰਖ ਦੀ ਚਲਦੇ ਰਹੇ ਵਿਚ ਰਜ਼ਾ, ਅੰਤ ਰਹਿਣ ਕੋਇ ਨਾ ਪਾਈਆ । ਸਚਖੰਡ ਦਵਾਰ ਸਭ ਦੀ ਇਕੋ ਜਗਹ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਜੋ ਆਵੇ ਪਹਿਲੀ ਚੇਤ, ਸੁਰਤੀ ਚੇਤਨ

ਕਰਾਈਆ । ਇਕੋ ਹੋਵੇ ਹੇਤ, ਹਿਤਕਾਰੀ ਰੂਪ ਵਟਾਈਆ । ਦਰਸ਼ਨ ਕਰਨਾ ਨੇਤ, ਨਿਜ ਨੇਤਰ ਅੱਖ ਖੁਲ੍ਹਾਈਆ । ਇਕ ਇਕ ਫੁੱਲ ਸਭ ਨੇ ਕਰਨਾ ਭੇਟ, ਦੂਰ ਨੇੜਾ ਨਾ ਕੋਇ ਵਖਾਈਆ । ਸਾਹਿਬ ਸਤਿਗੁਰ ਦਾ ਨੰਗਾ ਹੋਵੇ ਪੇਟ, ਰੂਪ ਅਚਰਜ ਨਜ਼ਰੀ ਆਈਆ । ਦੋ ਸਹਾਰਾ ਹੋਵੇ ਟੇਕ, ਟਿੱਕਾ ਨੂਰੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਚੇਤ ਕਹੇ ਗੁਰਮੁਖੋ ਔਣਾ ਬਣ ਕੇ ਚਾਤਰ, ਚਾਤਰਕ ਰੂਪ ਬਣਾਈਆ । ਤੁਹਾਡੀ ਔਂਦਿਆਂ ਦੀ ਪ੍ਰੇਮ ਨਾਲ ਹੋਵੇ ਖ਼ਾਤਰ, ਸੇਵਾ ਸਤਿਗੁਰ ਸਚ ਕਮਾਈਆ । ਸਭ ਨੂੰ ਸੁਨੇਹੜਾ ਅਗੰਮਾ ਮਿਲੇ ਪਾਤਰ, ਪਤ੍ਰਕਾ ਇਕ ਜਣਾਈਆ । ਭੇਵ ਖੋਲ੍ਹੇ ਅਗੰਮਾ ਬਾਤਨ, ਸ਼ਬਦ ਕਰੇ ਸ਼ਨਵਾਈਆ । ਇਕ ਇਕ ਸਾਰੇ ਨਾਲ ਲੈ ਕੇ ਆਇਓ ਦਾਤਨ, ਇਹ ਗੋਬਿੰਦ ਪਿਛਲੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਫਲਗੁਣ ਕਹੇ ਜਨ ਭਗਤ ਪੰਜ ਦੇ ਦਿਓ ਰਕਤ, ਬੂੰਦ ਬੂੰਦ ਛੁਹਾਈਆ । ਹੁਣ ਧਰਮ ਦਾ ਆਇਆ ਵਕ਼ਤ, ਪਿਛਲੀ ਗਈ ਪੜ੍ਹਾਈਆ । ਖੇਲ ਵੇਖਣਾ ਜਗਤ, ਦੀਨ ਦੁਨੀ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰਨਾ ਖੇਲ ਉਪਰ ਅਰਸ਼, ਫ਼ਰਸ਼ ਪਏ ਦੁਹਾਈਆ । ਭਗਤ ਸੁਹੰਜਣਾ ਬਰਸ, ਬਰਸ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਨ ਭਗਤ ਪੰਜ ਇਕ ਇਕ ਬੂੰਦ ਦੇਣਾ ਖ਼ੂਨ, ਪੰਜ ਲਓ ਅੰਗੜਾਈਆ । ਜਿਸ ਨਾਲ ਧਰਮ ਦਾ ਬਣੇ ਮਜ਼ਮੂਨ, ਅਗਲਾ ਮਸਲਾ ਹੱਲ ਕਰਾਈਆ । ਸ਼ਬਦ ਦਾ ਬਣੇ ਕ਼ਾਨੂੰਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦਏ ਚੁਕਾਈਆ । ਖ਼ੂਨ ਕਹੇ ਮੈਂ ਕਰਨਾ ਖ਼ੂਨ ਖ਼ਰਾਬਾ, ਦੀਨ ਦੁਨੀ ਖਾਰ ਵਖਾਈਆ । ਭੇਵ ਚੁਕੌਣਾ ਦੋ ਦੋਆਬਾ, ਆਬੇਹਯਾਤ ਕਵਣ ਵਡਿਆਈਆ । ਕੀ ਧਾਰ ਬਣੌਣੀ ਦੁਆਬਾ, ਮਾਲਵਾ ਮਾਝਾ ਜੰਮੂ ਜਮ੍ਹਾ ਕਰਾਈਆ । ਜਿਸ ਦਾ ਸਾਰੇ ਲੈਂਦੇ ਰਹੇ ਖ਼ਆਬਾ, ਉਹ ਖ਼ਬਰ ਦੇਣੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰੱਖਣਹਾਰਾ ਲਾਜਾ, ਲਾਜਵੰਤ ਸ੍ਰੀ ਭਗਵੰਤ ਆਦਿ ਅੰਤ ਇਕ ਅਖਵਾਈਆ ।

### ✳ ੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✳

ਫਲਗੁਣ ਕਹੇ ਮੇਰੇ ਨਾਲ ਆਈ ਮੇਰੀ ਬਹਾਰ, ਬਾਹਰੋ ਬਾਹਰ ਖ਼ੁਸ਼ੀ ਵਖਾਈਆ । ਮੇਘਲਾ ਬਰਸੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਰੁੱਤ ਮਹਿਕਾਈਆ । ਗੁਰ ਅਵਤਾਰ ਪੈਗ਼ੰਬਰੋ ਖ਼ੁਸ਼ੀਆਂ ਦਾ ਕਰਨਾ ਇਜ਼ਹਾਰ, ਸਚਖੰਡ ਸਾਚੇ ਖ਼ੁਸ਼ੀ ਬਣਾਈਆ । ਕਿਰਪਾ ਕਰੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਨਜ਼ਰੀਂ ਆਈਆ । ਸਦੀ ਚੌਧਵੀਂ ਕਰ ਬੇਦਾਰ, ਗ਼ਫ਼ਲਤ ਆਲਸ ਦਿਤੀ ਕਢਾਈਆ । ਸਾਂਝਾ ਦੱਸ ਇਕ ਪਿਆਰ, ਮੁਹੱਬਤ ਵਿਚ ਜਣਾਈਆ । ਜਨ ਭਗਤਾਂ ਮਿਲੇ ਅਧਾਰ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਫਲਗੁਣ ਕਹੇ ਮੈਂ ਤੱਕਾਂ ਰਾਹ ਕਦ ਕਾ, ਪੁਰਾਤਨ ਵੇਖ ਵਖਾਈਆ । ਸਹਾਰਾ ਲਿਆ ਪੁਰਖ ਅਕਾਲ ਸਦ ਕਾ, ਸਦਕੇ

ਵਾਰੀ ਘੋਲ ਘੁਮਾਈਆ । ਜਿਸ ਖੇਲ ਮੁਕਾਉਣਾ ਦੀਨ ਮਜ਼੍ਹਬ ਹੱਦ ਕਾ, ਵੰਡਣ ਵੰਡ ਚੁਕਾਈਆ । ਪ੍ਰਕਾਸ਼ ਕਰਨਾ ਇਕੋ ਵਿਸ਼ਵ ਯਦ ਕਾ, ਯਾਦਦਾਸ਼ਤ ਆਪਣੇ ਨਾਲ ਬਣਾਈਆ । ਪੈਂਡਾ ਮੁਕਾਉਣਾ ਰਹਿਣਾ ਅਲਗ ਦਾ, ਚਾਰ ਵਰਨਾਂ ਜੋੜ ਜੁੜਾਈਆ । ਰੂਪ ਧਰ ਸੂਰੇ ਸਰਬੱਗ ਦਾ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਦਰਗਾਹ ਸਾਚੀ ਖ਼ੁਸ਼ੀਆਂ ਵਾਲਾ ਦਿਹਾੜਾ ਅੱਜ ਦਾ, ਗੁਰ ਅਵਤਾਰ ਪੈਗ਼ੰਬਰ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਫਲਗੁਣ ਕਹੇ ਮੇਰੀ ਸੋਹਣੀ ਰੁਤੜੀ ਮੌਲੀ, ਮੌਲਾ ਦਿਤੀ ਵਡਿਆਈਆ । ਵੇਲਾ ਵਕਤ ਆ ਗਿਆ ਹੌਲੀ ਹੌਲੀ, ਜੁਗ ਚੌਕੜੀ ਪੰਧ ਚੁਕਾਈਆ । ਮੈਂ ਉਚੀ ਕੂਕ ਕੇ ਪਾਉਣੀ ਰੌਲੀ, ਦੋ ਜਹਾਨਾਂ ਦਿਆਂ ਸੁਣਾਈਆ । ਜਿਸ ਨੇ ਅੰਮ੍ਰਿਤ ਦਿਤੀ ਪਾਹੁਲੀ, ਪਹਿਲਾ ਲੇਖਾ ਰਿਹਾ ਚੁਕਾਈਆ । ਪ੍ਰਗਟ ਹੋ ਕੇ ਉਪਰ ਧੌਲੀ, ਦਇਆ ਧਰਮ ਵੇਖ ਵਖਾਈਆ । ਚਾਰ ਕੁੰਟ ਤੱਕਾਂ ਰੌਲੀ, ਹਾਹਾਕਾਰ ਵਿਚ ਦੀਨ ਦੁਨੀ ਕੁਰਲਾਈਆ । ਅੰਤ ਕਿਸੇ ਦੀ ਕ਼ੀਮਤ ਧੇਲਾ ਪਾਈ ਪਈ ਨਹੀਂ ਪੌਲੀ, ਲੇਖਾ ਲੇਖ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਫਲਗੁਣ ਕਹੇ ਮੇਰਾ ਪ੍ਰੇਮ ਦਾ ਵੇਖੋ ਫਲ, ਫਲੀਭੂਤ ਦਏ ਕਰਾਈਆ । ਸਾਹਿਬ ਦਾ ਵੇਖੋ ਬਲ, ਬਲਧਾਰੀ ਇਕ ਅਖਵਾਈਆ । ਮੇਰੇ ਸਾਹਿਬ ਦਾ ਵੇਖੋ ਦਲ, ਸ਼ਬਦ ਧਾਰ ਇਕ ਪ੍ਰਗਟਾਈਆ । ਮੇਰੇ ਸਾਹਿਬ ਦਾ ਵੇਖੋ ਜਲ, ਜੋ ਅੰਮ੍ਰਿਤ ਰਸ ਚਵਾਈਆ । ਮੇਰੇ ਸਾਹਿਬ ਦਾ ਵੇਖੋ ਥਲ, ਜਿਥੇ ਬਾਲੂ ਰੇਤ ਮਿਲੇ ਵਡਿਆਈਆ । ਮੇਰੇ ਸਾਹਿਬ ਦਾ ਵੇਖੋ ਪਲ, ਕੋਟਨ ਜੁਗ ਬੀਤਣ ਚਾਈਂ ਚਾਈਂਆ । ਮੇਰੇ ਸਾਹਿਬ ਦਾ ਵੇਖੋ ਮਹੱਲ, ਸੰਬਲ ਬੈਠਾ ਡੇਰਾ ਲਾਈਆ । ਮੇਰੇ ਸਾਹਿਬ ਦਾ ਘਰ ਤੱਕੋ ਧਾਮ ਅਟਲ, ਸਚਖੰਡ ਦਵਾਰਾ ਨਜ਼ਰੀ ਆਈਆ । ਮੇਰੇ ਸਾਹਿਬ ਦਾ ਰੂਪ ਵੇਖੋ ਜੋ ਹਰ ਘਟ ਬੈਠਾ ਰਲ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਇਕ ਅਖਵਾਈਆ । ਫਲਗੁਣ ਕਹੇ ਮੈਂ ਹੋਇਆ ਫਲੀਭੂਤ, ਪੰਜ ਭੂਤਕ ਦਏ ਸਮਝਾਈਆ । ਪੁਰਖ ਅਕਾਲ ਦਾ ਇਕੋ ਦੂਤ, ਸ਼ਬਦੀ ਧਾਰ ਵੇਸ ਵਟਾਈਆ । ਜੋ ਲੇਖਾ ਜਾਣੇ ਪੰਜ ਤੱਤ ਕਲਬੂਤ, ਕਾਇਆ ਕਾਅਬਾ ਵੇਖ ਵਖਾਈਆ । ਮੇਲ ਮਿਲਾਏ ਨਾਲ ਮਹਿਬੂਬ, ਮੁਹੱਬਤ ਵਿਚ ਜੋੜ ਜੁੜਾਈਆ । ਚਾਰ ਜੁਗ ਦੇ ਸ਼ਾਸਤਰ ਦੇਣ ਸਬੂਤ, ਗੁਰ ਅਵਤਾਰ ਪੈਗ਼ੰਬਰ ਦੇਣ ਗਵਾਹੀਆ । ਜਿਧਰ ਤੱਕੋ ਓਧਰ ਮੌਜੂਦ, ਹਰ ਘਟ ਬੈਠਾ ਡੇਰਾ ਲਾਈਆ । ਜੋ ਪਿਛਲੀ ਕਰਨੀ ਕਰੇ ਮਨਸੂਖ਼, ਅਗਲਾ ਹੁਕਮ ਆਪ ਸਮਝਾਈਆ । ਝਗੜਾ ਮੁਕਾ ਕੇ ਹਰਖ ਦੂਖ, ਸੋਗ ਚਿੰਤਾ ਦਏ ਚੁਕਾਈਆ । ਲਹਿਣਾ ਦੇਣਾ ਪੂਰਾ ਕਰ ਕੇ ਈਸ ਮੂਸ, ਮੁਹੰਮਦ ਮੋਹਰ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤਤ ਤਤਵ ਸਭ ਦਾ ਜਨਮ ਕਰਮ ਕਰੇ ਮਹਿਸੂਸ, ਅਭੁੱਲ ਪ੍ਰਭੂ ਭੁੱਲ ਕਦੇ ਨਾ ਜਾਈਆ ।

❁ ੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਹਿ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ❁

ਸਦੀ ਚੌਧਵੀਂ ਕਹੇ ਮੇਰੀ ਅੰਤ ਅਖ਼ੀਰ ਇਕ ਦੁਆ, ਦਰਗਾਹ ਸਾਚੀ ਸਚਖੰਡ ਦਵਾਰ ਆਪਣਾ ਧਿਆਨ ਲਗਾਈਆ । ਕਿਰਪਾ ਕਰ ਮੇਰੇ

ਮਿਹਰਵਾਨ ਮਹਿਬੂਬ ਖ਼ੁਦਾ, ਖ਼ੁਦ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਆਸ ਤਕਾਈਆ । ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਪੈਗ਼ੰਬਰਾਂ ਕਰ ਅਲਵਿਦਾ, ਵਾਹਿਦਾ ਸਭ ਦਾ ਵੇਖ ਵਖਾਈਆ । ਇਸਮ ਵਿਚ ਜਿਸਮ ਵਿਚ ਤੇਰੇ ਤੋਂ ਹੋਏ ਫ਼ਿਦਾ, ਫ਼ਿਤਰਤ ਵੇਖ ਖ਼ਲਕ ਖ਼ੁਦਾਈਆ । ਸਚ ਦਵਾਰ ਪਰਵਰਦਿਗਾਰ ਤੇਰਾ ਸਮਝੇ ਨਾ ਕੋਇ ਮੁੱਦਾ, ਮੁੱਦਤ ਤੋਂ ਬੈਠੀ ਤੇਰਾ ਖੇਲ ਵੇਖ ਵਖਾਈਆ । ਨੂਰ ਨੂਰ ਨਾਲੋਂ ਹੋਇਆ ਜੁਦਾ, ਜੁਜ਼ ਵਖਰਾ ਵਖਰਾ ਵੰਡ ਵੰਡਾਈਆ । ਮੇਰੇ ਸਾਹਿਬ ਸੁਲਤਾਨ ਘਟ ਨਿਵਾਸੀ ਦਿਲਰੁਬਾ, ਮਿਹਰਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੇ ਮਨਜ਼ੂਮੇ ਜ਼ਬਲ ਜ਼ਾਕੂਲ ਜ਼ਜਾ ਜ਼ਾਹਿਰੇ ਜ਼ਹੂਰ ਤੇਰੀ ਰੁਸ਼ਨਾਈਆ । ਨਵ ਜ਼ਲੇ ਮੁਜ਼ਸਤੇ ਕਜ਼ੂਮੇ ਕਵਾਂ ਕ਼ਾਦਰੇ ਕ਼ੁਦਰਤ ਤੇਰੀ ਬੇਪਰਵਾਹੀਆ । ਚਸ਼ਮੇ ਨਜ਼ੂਅ ਗੋਸ਼ੇ ਜ਼ਬੂਹ ਤਾਨਿਕਸ਼ੇ ਨੂਜ਼ਾ ਵਾਹਿਦੇ ਖ਼ੁਦਾ, ਨੂਰ ਨੁਰਾਨੇ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਾਹਿਬ ਸਤਿਗੁਰ ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਤੱਕਾਂ ਚਾਰ ਚੁਫੇਰਾ, ਨਵ ਨੌ ਚਾਰ ਖੋਜ ਖੁਜਾਈਆ । ਉੱਤਰ ਪੂਰਬ ਪੱਛਮ ਦੱਖਣ ਦਿਸੇ ਅੰਧੇਰਾ, ਨਿਰਗੁਣ ਨੂਰੀ ਚੰਦ ਨਾ ਕੋਇ ਚਮਕਾਈਆ । ਹਉਮੇ ਹੰਗਤਾ ਗੜ੍ਹ ਤੋੜੇ ਨਾ ਕੋਇ ਕਰੇ ਮਿਹਰਾ, ਮਾਇਆ ਮਮਤਾ ਵਿਕਾਰ ਨਾ ਕੋਇ ਮਿਟਾਈਆ । ਮਾਇਆ ਮਮਤਾ ਕੂੜੀ ਕਿਰਿਆ ਸਭ ਨੂੰ ਦਿਤਾ ਗੇੜਾ, ਗੇੜੇ ਵਿਚ ਦੀਨ ਦੁਨੀ ਚੱਕਰ ਰਹੀ ਲਗਾਈਆ । ਚਾਰ ਵਰਨ ਅਠਾਰਾਂ ਬਰਨ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਬੰਨ੍ਹੇ ਨਾ ਕੋਈ ਬੇੜਾ, ਨਈਆ ਨੌਕਾ ਨਾਮ ਨਜ਼ਰ ਕਿਸੇ ਨਾ ਆਈਆ । ਸਾਢੇ ਤਿੰਨ ਹੱਥ ਕਾਇਆ ਮਾਟੀ ਵਜੂਦ ਉਜੜਦਾ ਦਿਸੇ ਖੇੜਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੇਲ ਨਾ ਕੋਇ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਢਾਹੇ ਕੋਈ ਨਾ ਢੇਰਾ, ਤਾਮਸ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਜਿਧਰ ਤੱਕਾਂ ਝਗੜਾ ਪਿਆ ਗੁਰੂ ਗੁਰ ਚੇਰਾ, ਚੇਲਾ ਗੁਰ ਗੁਰ ਚੇਲਾ ਇਕ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਦਵਾਰ ਏਕੰਕਾਰ ਘਰ ਠਾਂਡੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੈਂ ਚਾਰ ਕੁੰਟ ਭੱਜੀ, ਦਿਵਸ ਰੈਣ ਪੰਧ ਮੁਕਾਈਆ । ਸਚ ਧਾਰ ਕਿਤੇ ਨਾ ਲੱਭੀ, ਹਿੰਦੂ ਮੁਸਲਿਮ ਸਿੱਖ ਈਸਾਈ ਵੇਖੇ ਥਾਉਂ ਥਾਈਂਆ । ਜਲਵਾ ਜੋਤ ਨਾ ਤੱਕਿਆ ਰੱਬੀ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਮਾਇਆ ਮਮਤਾ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਬੱਧੀ, ਬੰਧਨ ਸਕੇ ਨਾ ਕੋਇ ਤੁੜਾਈਆ । ਸਾਧ ਸੰਤ ਜਗਤ ਫ਼ਕੀਰ ਲੱਭਦੇ ਗੱਦੀ, ਗਦਾਗਾਰ ਰੂਪ ਨਾ ਕੋਇ ਵਟਾਈਆ । ਮੋਹ ਵਿਕਾਰਾ ਵਹਿੰਦੀ ਨਦੀ, ਸ਼ੌਹ ਦਰਿਆ ਪਾਰ ਨਾ ਕੋਇ ਲੰਘਾਈਆ । ਸਚ ਪ੍ਰੀਤ ਪਰਮਾਤਮ ਨਾਲ ਨਾ ਕਿਸੇ ਲੱਗੀ, ਆਤਮ ਜੋੜ ਨਾ ਕੋਇ ਜੁੜਾਈਆ । ਜਿਧਰ ਤੱਕਾਂ ਜੀਵ ਜੰਤ ਕਰਦੇ ਬਦੀ, ਬਦਕਾਰੀ ਵੇਖੀ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕੋ ਓਟ ਤਕਾਈਆ । ਸਦੀ ਚੌਧਵੀਂ ਕਹੇ ਮੈਂ ਅੰਤ ਕਰਾਂ ਅਰਦਾਸ, ਬੇਨੰਤੀ ਇਕ ਸੁਣਾਈਆ । ਅਵਤਾਰ ਪੈਗ਼ੰਬਰੋ ਸਾਰੇ ਦਿਓ ਸਾਥ, ਸਗਲਾ ਸੰਗ ਸੰਗ ਬਣਾਈਆ । ਦੀਨ ਦੁਨੀ ਦਾ ਵੇਖੋ ਹਾਲਾਤ, ਹਾਲਤ ਵਿਗੜੀ ਕੂੜ ਲੋਕਾਈਆ । ਸਾਚੀ ਦਿਸੇ ਨਾ ਕੋਇ ਜਮਾਤ, ਪੱਟੀ ਨਾਮ ਨਾ ਕੋਇ ਪੜ੍ਹਾਈਆ । ਸਦਕਾ ਰਿਹਾ ਨਾ ਕਿਸੇ ਆਇਤ, ਸ਼ਰਅ ਸ਼ਰਾਇਤ ਰਹੀ ਕੁਰਲਾਈਆ । ਫਿਰੀ ਦਰੋਹੀ ਕਾਇਨਾਤ, ਨੌ ਖੰਡ ਸੱਤ ਦੀਪ

ਧੀਰ ਨਾ ਕੋਇ ਧਰਾਈਆ । ਕੀ ਖੇਲ ਕਰੇ ਪ੍ਰਭ ਸ਼ਾਇਦ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਤੁਹਾਡੇ ਨਾਲ ਅਹਿਦ, ਅੰਤ ਅਖ਼ੀਰ ਲੇਖਾ ਦਏ ਮੁਕਾਈਆ । ਧੁਰ ਦਾ ਹੁਕਮ ਕਰੇ ਰਾਇਜ, ਰਾਜ ਰਾਜਾਨਾ ਨੂਰ ਅਲਾਹੀਆ । ਸਭ ਦਾ ਕਲਜੁਗ ਅੰਤਮ ਕੱਢੇ ਨਤਾਇਜ, ਭੇਵ ਅਭੇਦਾ ਦਏ ਖੁਲ੍ਹਾਈਆ । ਕਰੇ ਖੇਲ ਮਾਲਕ ਵਾਹਿਦ, ਲਾਸ਼ਰੀਕ ਦਇਆ ਕਮਾਈਆ । ਤੁਸਾਂ ਅੱਗੇ ਰਹਿਣਾ ਨਹੀਂ ਕਿਸੇ ਅਲਾਹਿਦ, ਨਰ ਨਰਾਇਣ ਆਪਣੀ ਕਲ ਵਰਤਾਈਆ । ਮਾਤਲੋਕ ਵਿਚੋਂ ਅੰਤਮ ਹੋਣਾ ਗ਼ਾਇਬ, ਸਚਖੰਡ ਦਰਗਾਹ ਸਾਚੀ ਜੋਤ ਵਿਚ ਸਮਾਈਆ । ਇਹ ਖੇਲ ਪ੍ਰਭੂ ਦਾ ਅਜੀਬ ਹੋਣਾ ਅਜਾਇਬ, ਅਜਬ ਨਿਰਾਲਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਦੀ ਚੌਧਵੀ ਕਹੇ ਮੇਰਾ ਸੰਦੇਸਾ ਅਵਤਾਰ ਤੇਈ, ਤ੍ਰੈਗੁਣ ਅਤੀਤੇ ਦਿਆਂ ਜਣਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਵੇਖੋ ਆਪਣਾ ਹੱਕ ਸਨੇਹੀ, ਸਾਹਿਬ ਸੁਲਤਾਨ ਦਿਆਂ ਸਮਝਾਈਆ । ਜਿਸ ਕਾਰਨ ਨਾਨਕ ਚੁੱਭੀ ਮਾਰੀ ਵਿਚ ਬੇਈਂ, ਧਾਰ ਜਲ ਜਲ ਵਿਚ ਸਮਾਈਆ । ਉਹ ਕਿਸੇ ਨਾ ਸਮਝੀ ਧੁਰ ਦੀ ਪੇਸ਼ੀਨਗੋਈ, ਅੱਖਰਾਂ ਵਿਚ ਲੇਖ ਨਾ ਕੋਇ ਬਣਾਈਆ । ਦਰਗਾਹ ਸਾਚੀ ਜਿਸ ਨੇ ਤੁਹਾਡੇ ਨਾਮ ਦੀ ਪਾਈ ਦਰੋਹੀ, ਦਰੋਹੀ ਦਰੋਹੀ ਤੇਰਾ ਖੇਲ ਦਏ ਵਖਾਈਆ । ਜਿਸ ਦੀ ਸਮਝ ਨਾ ਪਾਵੇ ਕੋਈ, ਕੁਤਬਖ਼ਾਨਿਆਂ ਵਿਚ ਲੇਖ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਪੈਗ਼ੰਬਰੋ ਨਾਨਕ ਮਿਲਿਆ ਜਲਧਾਰ, ਧਾਰ ਵਿਚ ਸਮਾਈਆ । ਪੁੱਜਾ ਸਚ ਦਵਾਰ, ਦਰਗਾਹ ਸਾਚੀ ਸੋਭਾ ਪਾਈਆ । ਨੂਰ ਜੋਤ ਹੋਇਆ ਉਜਿਆਰ, ਜੋਤ ਜੋਤ ਵਿਚ ਮਿਲਾਈਆ । ਸੰਦੇਸਾ ਦਿਤਾ ਅਗੰਮੀ ਸਰਕਾਰ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਜਾ ਕੇ ਵੇਖ ਜਗਤ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਮਝ ਕੋਇ ਨਾ ਪਾਈਆ । ਦੇ ਕੇ ਨਾਮ ਅਪਰ ਅਪਾਰ, ਅਪਰੰਪਰ ਸਵਾਮੀ ਝੋਲੀ ਦਿਤੀ ਭਰਾਈਆ । ਭੇਵ ਖੋਲ੍ਹ ਕੇ ਅਗਲਾ ਲੇਖਾ ਦਿਤਾ ਵਿਖਾਲ, ਬਿਨ ਨੈਣਾ ਨੈਣ ਉਠਾਈਆ । ਨਾਨਕ ਤੇਰਾ ਅੰਤ ਗੋਬਿੰਦ ਧਾਰ ਲੇਖੇ ਲਾਵੀਂ ਬਾਲ, ਬਾਲਾ ਨਾਉਂ ਆਪਣਾ ਆਪ ਪ੍ਰਗਟਾਈਆ । ਇਸ ਤੋਂ ਅਗਲਾ ਹੋਰ ਅਹਿਵਾਲ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਕਲਜੁਗ ਅੰਤ ਕੂੜੀ ਕਿਰਿਆ ਵਧੇ ਜਹਾਨ, ਜਹਾਲਤ ਵਿਚ ਦੁਹਾਈਆ । ਸਾਚਾ ਰਹੇ ਨਾ ਧਰਮ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਕੂੜੀ ਕਿਰਿਆ ਹੋਏ ਪ੍ਰਧਾਨ, ਨੌ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਕਲਜੁਗ ਜੀਵ ਦਿਸਣ ਬੇਈਮਾਨ, ਬੇਵਾ ਰੂਪ ਹੋਏ ਲੋਕਾਈਆ । ਸਾਚਾ ਚਮਕੇ ਨਾ ਕੋਈ ਭਾਨ, ਅੰਧ ਅੰਧੇਰਾ ਨਾ ਕੋਇ ਗਵਾਈਆ । ਜੋਤੀ ਜਗੇ ਨਾ ਸ਼ਮਾਂਦਾਨ, ਸ਼ੱਮਸ ਤਬਰੇਜ਼ ਨੇਤਰ ਰੋ ਕੇ ਮਾਰੇ ਧਾਈਆ । ਚਾਰ ਵਰਨ ਅਠਾਰਾਂ ਬਰਨ ਕਰੇ ਨਾ ਕੋਈ ਕਿਸੇ ਕਲਿਆਣ, ਕ਼ਲਮਾ ਕਾਇਨਾਤ ਨਾ ਕੋਇ ਦ੍ਰਿੜਾਈਆ । ਓਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ, ਮਹਿਬਾਨ ਬੀਦੋ ਨੂਰ ਅਲਾਹੀਆ । ਸਭ ਦਾ ਲਹਿਣਾ ਦੇਣਾ ਚੁਕਾਏ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਚਾਈਂ ਚਾਈਆ । ਭਾਗ ਲਗਾਏ ਸਾਢੇ ਤਿੰਨ ਹੱਥ ਮੰਦਰ ਮਕਾਨ, ਸੰਬਲ ਸੋਭਾ ਇਕ ਸੁਹਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਬੁੱਧੀ ਤੋਂ ਪਰੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਇਕ ਸੁਣਾਈਆ । ਧੁਰ ਸੰਦੇਸਾ ਇਕ ਸੁਣਾਵਾਂਗਾ । ਨਿਰਗੁਣ ਨਿਰਵੈਰ ਨਿਰਾਕਾਰ ਰੂਪ ਪ੍ਰਗਟਾਵਾਂਗਾ ।

ਨਾਮ ਸਤਿ ਬੋਲ ਜੈਕਾਰ, ਭੇਵ ਅਭੇਦ ਖੁਲ੍ਹਾਵਾਂਗਾ । ਚਾਰ ਵਰਨ ਕਰ ਪਿਆਰ, ਦੂਈ ਦਵੈਤੀ ਪੰਧ ਮੁਕਾਵਾਂਗਾ । ਕੂੜੀ ਕਿਰਿਆ ਮੇਟ ਅੰਧਿਆਰ, ਅੰਧ ਅਗਿਆਨ ਗਵਾਵਾਂਗਾ । ਸਾਚਾ ਮੰਦਰ ਕਰ ਉਜਿਆਰ, ਜ਼ਹੂਰ ਇਕੋ ਇਕ ਵਖਾਵਾਂਗਾ । ਸ਼ਬਦੀ ਧਾਰ ਕਰ ਗੁਫ਼ਤਾਰ, ਗੁਫ਼ਤ ਸ਼ਨੀਦ ਰਾਗ ਅਲਾਵਾਂਗਾ । ਧਰਨੀ ਧਰਤ ਧਵਲ ਧੌਲ ਪਾ ਸਾਰ, ਮਹਾਂਸਾਰਥੀ ਹੋ ਕੇ ਰਥ ਚਲਾਵਾਂਗਾ । ਲਹਿਣਾ ਦੇਣਾ ਪੂਰਾ ਕਰ ਗੁਰੂ ਅਵਤਾਰ, ਪੈਗ਼ੰਬਰਾਂ ਝੋਲੀ ਮਾਤ ਭਰਾਵਾਂਗਾ । ਸਤਿਜੁਗ ਸਚ ਕਰ ਉਜਿਆਰ, ਸਤਿ ਸਤਿ ਡੰਕਾ ਇਕ ਵਜਾਵਾਂਗਾ । ਧੁਰ ਦਾ ਹੁਕਮ ਮਿਲੇ ਸੱਚੀ ਸਰਕਾਰ, ਸਿਰ ਸਿਰ ਸਭ ਦੇ ਆਪ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਮਿਹਰਵਾਨ ਵੇਖ ਵਖਾਏਗਾ । ਸਦੀ ਚੌਧਵੀਂ ਵੇਸ ਵਟਾਏਗਾ । ਰੂਪ ਅਨੂਪਾ ਆਪ ਪ੍ਰਗਟਾਏਗਾ । ਸ਼ਾਹੋ ਭੂਪਾ ਖੇਲ ਖਿਲਾਏਗਾ । ਸਤਿ ਸਰੂਪਾ ਸੋਭਾ ਪਾਏਗਾ । ਪੰਜ ਤੱਤ ਭੂਤਾ ਰੰਗ ਰੰਗਾਏਗਾ । ਵੇਖੇ ਚਾਰੇ ਕੂਟਾ, ਦਹਿ ਦਿਸ਼ਾ ਫੋਲ ਫੁਲਾਏਗਾ । ਸਤਿ ਧਰਮ ਦਾ ਲਾ ਕੇ ਬੂਟਾ, ਅੰਮ੍ਰਿਤ ਸਿੰਚ ਹਰਾ ਕਰਾਏਗਾ । ਨਾਮ ਖ਼ੁਮਾਰੀ ਦੇ ਕੇ ਹੂਟਾ, ਦੋ ਜਹਾਨਾਂ ਪਾਰ ਕਰਾਏਗਾ । ਕਲਜੁਗ ਕੂੜ ਰਹਿਣ ਨਾ ਦੇਵੇ ਝੂਠਾ, ਸਚ ਸੁਚ ਉਪਜਾਏਗਾ । ਨਾਨਕ ਸਤਿਗੁਰ ਸ਼ਬਦ ਅੰਤਮ ਆਪੇ ਆਪ ਹੋਵੇ ਤੁੱਠਾ, ਦੂਜਾ ਨਜ਼ਰ ਕੋਇ ਨਾ ਆਏਗਾ । ਭਗਤ ਸੁਹੇਲਾ ਆਤਮ ਧਾਰ ਰਹੇ ਕੋਈ ਨਾ ਤੁੱਟਾ, ਵਿਛੜਿਆਂ ਮੇਲ ਮਿਲਾਏਗਾ । ਸੰਤ ਸੁਹੇਲਾ ਰਹੇ ਕੋਈ ਨਾ ਸੁੱਤਾ, ਸੁਰਤੀ ਸ਼ਬਦੀ ਆਪ ਜਗਾਏਗਾ । ਗੁਰਮੁਖ ਬਣਾ ਕੇ ਆਪਣਾ ਸੁਤਾ, ਸੋਹਣੀ ਗੋਦ ਉਠਾਏਗਾ । ਗੁਰਸਿਖ ਤ੍ਰਿਸ਼ਨਾ ਰਹੇ ਕੋਈ ਨਾ ਭੁੱਖਾ, ਆਤਮ ਤ੍ਰਿਪਤ ਆਪ ਕਰਾਏਗਾ । ਸਚ ਦਵਾਰ ਦਾ ਦੇ ਕੇ ਸੁਖਾ, ਸੁਖਆਸਣ ਆਪ ਟਿਕਾਏਗਾ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਪੈਂਡਾ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਏਗਾ । ਸਤਿਜੁਗ ਸਾਚੇ ਕੋਈ ਨਾ ਪੀਵੇ ਹੁੱਕਾ, ਨੜੀ ਮੁਖ ਨਾ ਕੋਇ ਲਗਾਏਗਾ । ਚਾਰ ਵਰਨ ਹੋਵੇ ਕੋਈ ਨਾ ਦੁੱਖਾ, ਹਿੰਦੂ ਮੁਸਲਿਮ ਸਿੱਖ ਈਸਾਈ ਮੇਲ ਮਿਲਾਏਗਾ । ਬਿਨਾ ਸਤਿਗੁਰ ਸ਼ਬਦ ਤੋਂ ਰਹੇ ਕੋਈ ਨਾ ਉਚਾ, ਊਚ ਨੀਚ ਦਾ ਡੇਰਾ ਢਾਏਗਾ । ਪੁਰਖ ਅਕਾਲ ਦੀਨ ਦਿਆਲ ਸਰਬ ਸਵਾਮੀ ਬਣੇ ਸੁੱਚਾ, ਸੁਚ ਸੰਜਮ ਇਕ ਸਮਝਾਏਗਾ । ਪੰਜ ਤੱਤ ਪੁਤਲਾ ਮਾਨਵ ਮਾਨੁਖਾ, ਹੱਡ ਮਾਸ ਨਾੜੀ ਜੋੜ ਜੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਏਗਾ । ਸਦੀ ਚੌਧਵੀਂ ਕਹੇ ਮੇਰਾ ਭੇਵ ਖੁਲ੍ਹਾ ਦੇ ਪ੍ਰਭ, ਹਰਿ ਕਰਤੇ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਯੱਦ, ਬੰਸ ਸਰਬੰਸ ਰਹੇ ਸੁਹਾਈਆ । ਨਾਮ ਖ਼ੁਮਾਰੀ ਦੇਵੇ ਮਦਿ, ਮਧੁਰ ਧੁਨ ਰਾਗ ਸੁਣਾਈਆ । ਦੀਪਕ ਦੀਆ ਜਾਏ ਜਗ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਤ੍ਰੈਗੁਣ ਮੇਟੇ ਅੱਗ, ਹਉਮੇ ਰੋਗ ਗਵਾਈਆ । ਜਗਤ ਵਾਸਨਾ ਮੇਟੇ ਹੱਦ, ਹਦੂਦ ਆਪਣੀ ਦਏ ਸਮਝਾਈਆ । ਜਿਥੇ ਰਹਿਣਾ ਨਾ ਪਏ ਅਲਗ, ਜੋਤੀ ਜੋਤ ਵਿਚ ਸਮਾਈਆ । ਝਗੜਾ ਮੁਕ ਜਾਏ ਮਾਸ ਨਾੜੀ ਹੱਡ, ਤਤਵ ਤਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸੂਰਾ ਸਰਬੱਗ, ਸਾਹਿਬ ਸੁਲਤਾਨ ਮਰਦ ਮਰਦਾਨ ਨੌਜਵਾਨ ਮਿਹਰਵਾਨ ਮਹਿਬੂਬ ਇਕੋ ਨਜ਼ਰੀ ਆਈਆ ।

## ✻ ੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਸਵਰਨ ਸਿੰਘ ਦੇ ਗ੍ਰਿਹਿ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ✻

ਪੁਰਖ ਅਕਾਲ ਕਹੇ ਉਠ ਸ਼ਬਦ ਸੁਤ ਸੂਰਬੀਰ ਜੋਧੇ, ਬਲਧਾਰੀ ਲੈ ਅੰਗੜਾਈਆ । ਤੁਧ ਬਿਨ ਸ੍ਰਿਸ਼ਟੀ ਕੋਈ ਨਾ ਸੋਧੇ, ਸੂਝ ਸਮਝ ਨਾ ਕੋਇ ਬਦਲਾਈਆ । ਚਾਰ ਜੁਗ ਦੇ ਵੇਖੇ ਜੰਞੂ ਬੋਦੇ, ਧੋਤੀ ਮਸਤਕ ਟਿੱਕੇ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖੇ ਅਰਦਾਸੇ ਸੋਧੇ, ਦੁਆ ਵਿਚ ਖ਼ੁਦਾ ਅੱਗੇ ਸੀਸ ਨਿਵਾਈਆ । ਜਿਸ ਕਾਰਨ ਰੱਖਦੇ ਗਏ ਰੋਜ਼ੇ, ਰਾਜ਼ਕ ਰਿਜ਼ਕ ਰਹੀਮ ਮਨਾਈਆ । ਗੌਂਦੇ ਆਏ ਸਲੋਕੇ, ਧੁਰ ਦਾ ਕਲਮਾ ਨਾਮ ਕਰ ਸ਼ਨਵਾਈਆ । ਜਗਤ ਜਹਾਨ ਤਕਦੇ ਆਏ ਮੌਕੇ, ਵਕਤ ਸੁਹੰਜਣਾ ਫੋਲ ਫੁਲਾਈਆ । ਮਨ ਬੁੱਧੀ ਤੋਂ ਪਰੇ ਸੋਚਦੇ ਰਹੇ ਸੋਚੇ, ਅਨਭਵ ਦ੍ਰਿਸ਼ਟੀ ਦਿਤੀ ਦ੍ਰਿੜਾਈਆ । ਜਿਸ ਸਾਹਿਬ ਦਾ ਦਰਸ਼ਨ ਰਹੇ ਲੋਚੇ, ਨਿਜ ਲੋਚਣ ਅੱਖ ਖੁਲ੍ਹਾਈਆ । ਜਿਸ ਦੀ ਖੋਜ ਕੋਈ ਨਾ ਖੋਜੇ, ਸਦੀ ਚੌਧਵੀਂ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਪ੍ਰਗਟਾਈਆ । ਸ਼ਬਦ ਗੁਰੂ ਉਠ ਬਲਵਾਨ, ਹਰਿ ਕਰਤਾ ਆਪ ਉਠਾਈਆ । ਚਾਰ ਜੁਗ ਦਾ ਵੇਖ ਵਿਧਾਨ, ਜੋ ਗੁਰ ਅਵਤਾਰ ਪੈਗ਼ੰਬਰ ਆਏ ਬਣਾਈਆ । ਦੀਨ ਮਜ਼੍ਹਬ ਵੇਖ ਈਮਾਨ, ਇਸਮ ਜਿਸਮ ਫੋਲ ਫੁਲਾਈਆ । ਕੀ ਸੰਦੇਸ਼ਾ ਦੇਵੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਬਾਈਬਲ ਤੁਰੈਤ ਕਹਿ ਕੇ ਕੀ ਸੁਣਾਈਆ । ਸ਼ਬਦ ਧਾਰ ਕਰੇ ਕੀ ਵਖਿਆਨ, ਗੁਰੂ ਗ੍ਰੰਥ ਕੀ ਵਡਿਆਈਆ । ਕੀ ਨਿਰਗੁਣ ਸਰਗੁਣ ਮਾਰੇ ਬਾਣ, ਅਣਿਆਲਾ ਤੀਰ ਚਲਾਈਆ । ਕੀ ਖੇਲ ਜ਼ਿਮੀਂ ਅਸਮਾਨ, ਮੰਡਲ ਮੰਡਪ ਵੇਖ ਵਖਾਈਆ । ਕੀ ਗੁਰ ਅਵਤਾਰ ਪੈਗ਼ੰਬਰਾਂ ਭਵਿਖਤਾਂ ਦਿਤਾ ਫ਼ਰਮਾਨ, ਫੁਰਨੇ ਅੰਦਰ ਸ਼ਬਦੀ ਫੁਰਨਾ ਇਕ ਸੁਣਾਈਆ । ਕਿਸ ਬਿਧ ਸ੍ਰਿਸ਼ਟੀ ਹੋਵੇ ਕਲਿਆਣ, ਕ਼ਲਮ ਕਵਣ ਮਿਲੇ ਵਡਿਆਈਆ । ਕਵਣ ਉਤਮ ਨਾਮ, ਜੋ ਰਸਨਾ ਜਿਹਵਾ ਬੱਤੀ ਦੰਦ ਗਾਈਆ । ਕਿਸ ਬਿਧ ਸਾਹਿਬ ਮਿਲੇ ਸੁਲਤਾਨ, ਹਰਿ ਕਰਤਾ ਨੂਰ ਅਲਾਹੀਆ । ਕਿਸ ਬਿਧ ਅੰਮ੍ਰਿਤ ਰਸ ਮਿਲੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਕਿਸ ਬਿਧ ਮੰਜ਼ਲ ਹੋਵੇ ਆਸਾਨ, ਅੱਗੇ ਹੋ ਨਾ ਕੋਇ ਅਟਕਾਈਆ । ਕਿਸ ਬਿਧ ਸਚਖੰਡ ਦਵਾਰ ਮਿਲੇ ਮਕਾਨ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਤੇਰੇ ਨਾਮ ਅਨੋਖੇ, ਪੁਰਖ ਅਕਾਲ ਤੇਰੀ ਵਡਿਆਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਵੇਖੇ ਪੋਥੇ, ਕਾਗ਼ਜ਼ ਕ਼ਲਮ ਸਿਆਹੀ ਅੱਖਰਾਂ ਵਡ ਵਡਿਆਈਆ । ਬੁੱਧੀ ਵਿਚ ਦੀਨ ਦੁਨੀ ਸਾਰੀ ਘੋਖੇ, ਨਿਰਗੁਣ ਧਾਰ ਤੇਰਾ ਮੇਲ ਨਾ ਕੋਇ ਮਿਲਾਈਆ । ਕਰੇ ਪ੍ਰਕਾਸ਼ ਨਾ ਨਿਰਮਲ ਜੋਤੇ, ਅੰਧ ਅੰਧੇਰ ਨਾ ਕੋਇ ਗਵਾਈਆ । ਕਰਮ ਕੁਕਰਮ ਨਾ ਜਾਵਣ ਧੋਤੇ, ਦੁਰਮਤ ਮੈਲ ਨਾ ਕੋਇ ਸਫ਼ਾਈਆ । ਦੁਨੀਦਾਰ ਵੇਖੇ ਰੋਤੇ, ਨੇਤਰ ਨੈਣਾਂ ਨੀਰ ਵਹਾਈਆ । ਸਚ ਦਵਾਰ ਕੋਈ ਨਾ ਸੋਚੇ, ਬੁੱਧ ਬਿਬੇਕ ਨਾ ਕੋਇ ਬਣਾਈਆ । ਬਾਹਰੋਂ ਕਾਇਆ ਮਾਟੀ ਭਾਂਡੇ ਦਿਸਦੇ ਪੋਚੇ, ਅੰਤਰ ਪਾਪਾਂ ਭਰੀ ਲੋਕਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਹੁੰਦੇ ਧੋਖੇ, ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਕੂੜ ਕੁਕਰਮੀ ਵੇਖੇ ਬਹੁਤੇ, ਸਚ ਧਰਮ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮਿਹਰ ਨਿਗਾਹ ਇਕ ਉਠਾਈਆ । ਪੁਰਖ ਅਕਾਲ ਤੇਰਾ ਜਪਦੇ ਅੱਲਾ ਵਾਹਿਗੁਰੂ


੯੨੪
੨੧

੯੨੫ ੨੧

ਰਾਮ, ਜੈ ਜੈ ਨਾਅਰੇ ਅਨਕ ਲਗਾਈਆ । ਸਿਫ਼ਤਾਂ ਵਾਲੀ ਕਰਨ ਕਲਾਮ, ਕ਼ਲਮੇ ਕਾਇਨਾਤ ਸੁਣਾਈਆ । ਅੰਤਰ ਮਿਲੇ ਨਾ ਕਿਸੇ ਧੁਨਕਾਨ, ਅਨਾਦੀ ਨਾਦ ਨਾ ਕੋਇ ਸ਼ਨਵਾਈਆ । ਦਾਸਨ ਹੋਏ ਨਾ ਧੁਰ ਅਮਾਮ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਦੀਨਾਂ ਮਜ਼੍ਹਬਾਂ ਵਿਚ ਸਾਰੇ ਕੀਤੇ ਗ਼ੁਲਾਮ, ਗ਼ੁਰਬਤ ਵਿਚ ਲੜਾਈਆ । ਹਿੱਸਾ ਵੰਡਿਆ ਨਾਲ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਮਨ ਕਲਪਣਾ ਸਾਰੇ ਕੁਰਲਾਣ, ਮਮਤਾ ਮੋਹ ਜਗਤ ਹਲਕਾਈਆ । ਕਸ਼ੱਤ੍ਰੀ ਸ਼ਰਅ ਬਣੀ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਤੇਰਾ ਦਿਸੇ ਨਾ ਧਰਮ ਨਿਸ਼ਾਨ, ਧਰਮ ਦਵਾਰਾ ਨਾ ਕੋਇ ਸੁਹਾਈਆ । ਕੂੜੀ ਕਿਰਿਆ ਨਾ ਮਿਟੇ ਜਹਾਨ, ਜਹਾਲਤ ਅੰਦਰੋਂ ਨਾ ਕੋਇ ਕਢਾਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋਵੇ ਨਾ ਕਿਸੇ ਗਿਆਨ, ਤੂੰ ਮੇਰਾ ਮੈਂ ਤੇਰਾ ਧੁਰ ਦਾ ਰਾਗ ਨਾ ਕੋਇ ਗਾਈਆ । ਮਾਇਆ ਮਮਤਾ ਪੀਂਦੇ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸ਼ਬਦ ਗੁਰੂ ਕਹੇ ਮੇਰੇ ਮਿਹਰਵਾਨ, ਮਹਿਬੂਬ ਤੇਰੀ ਸਰਨਾਈਆ । ਹੁਕਮ ਦੇ ਦੇ ਹੁਕਮਰਾਨ, ਹਕੂਮਤ ਦੀਨ ਦੁਨੀ ਦਿਆਂ ਬਦਲਾਈਆ । ਕਲਜੁਗ ਅੰਦਰ ਸਤਿਜੁਗ ਕਰਾਂ ਸੱਚਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਪਿਛਲੀ ਸਭ ਦੀ ਕਰਨੀ ਕਰ ਨਾਕਾਮ, ਨਾਉਂ ਨਿਰੰਕਾਰਾ ਤੇਰਾ ਇਕੋ ਇਕ ਸੁਣਾਈਆ । ਭਾਗ ਲਗਾ ਕੇ ਕਾਇਆ ਸਾਢੇ ਤਿੰਨ ਹੱਥ ਗਰਾਮ, ਗ੍ਰਿਹ ਮੰਦਰ ਦਿਆਂ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਮੇਲਾ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਆਤਮ ਪਰਮਾਤਮ ਜੋੜਾਂ ਰਿਸ਼ਤਾ, ਨਾਤਾ ਇਕੋ ਇਕ ਬਣਾਈਆ । ਲੇਖਾ ਰਹੇ ਨਾ ਕਿਸੇ ਹੱਥ ਫਰਿਸ਼ਤਾ, ਜਬਰਾਈਲ ਮੇਕਾਈਲ ਅਸਰਾਈਲ ਅਸਰਾਫ਼ੀਲ ਰਹੇ ਨਾ ਕੋਇ ਵਡਿਆਈਆ । ਜੋ ਚਾਰ ਜੁਗ ਪ੍ਰਭ ਖੇਲ ਕੀਤਾ ਤੂੰ ਆਹਿਸਤਾ ਆਹਿਸਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਜਿਸ ਦਾ ਲਹਿਣਾ ਦੇਣਾ ਚੁਕੌਣਾ ਦੀਦਾ ਦਾਨਿਸਤਾ, ਗੁਰ ਅਵਤਾਰ ਪੈਗ਼ੰਬਰਾਂ ਝੋਲੀ ਪਾਈਆ । ਭੇਵ ਰਹੇ ਨਾ ਸਵਰਗ ਬਹਿਸ਼ਤਾ, ਬਹਿਰਹਾਲ ਦਿਆਂ ਜਣਾਈਆ । ਜੋ ਆਸਾ ਰੱਖੀ ਰਾਮ ਵਸ਼ਿਸ਼ਟਾ, ਵਿਸ਼ਿਆਂ ਤੋਂ ਪਰੇ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਫ਼ਰਮਾਨਾ ਅਗੰਮ ਸੁਣਾਈਆ । ਸ਼ਬਦ ਗੁਰੂ ਕਹੇ ਹੁਕਮ ਦੇ ਦੇ ਹੁਕਮਰਾਨ, ਹਕੂਮਤ ਦੋ ਜਹਾਨਾਂ ਦਿਆਂ ਬਦਲਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਧਰਮ ਦਿਆਂ ਝੁਲਾਈਆ । ਚਾਰ ਵਰਨ ਅਠਾਰਾਂ ਬਰਨ ਹੋਵੇ ਇਕ ਗਿਆਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਮੇਟ ਤਮਾਮ, ਪੰਜ ਤੱਤ ਇਨਸਾਨ ਦਿਆਂ ਵਖਾਈਆ । ਸਭ ਦੇ ਅੰਤਰ ਇਕੋ ਰਾਮ, ਇਕੋ ਅੱਲਾ ਵਾਹਿਗੁਰੂ ਨੂਰ ਅਲਾਹੀਆ । ਇਕੋ ਕ਼ਲਮਾ ਸਾਰੇ ਗਾਵਣ ਕਲਾਮ, ਇਕੋ ਢੋਲਾ ਰਾਗ ਅਲਾਈਆ । ਇਕੋ ਮੰਦਰ ਹੋਵੇ ਹੱਕ ਮਕਾਨ, ਜਿਥੇ ਮਿਲੇ ਮਹਿਬੂਬ ਨੂਰ ਖ਼ੁਦਾਈਆ । ਸਚ ਧਰਮ ਦਾ ਉਠਾਵਾਂ ਅਕ਼ਦਾਮ, ਕ਼ਦੀਮ ਦਾ ਲੇਖਾ ਦਿਆਂ ਮੁਕਾਈਆ । ਆਤਮ ਬ੍ਰਹਮ ਹੋਵੇ ਪਛਾਣ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਕੂੜੀ ਕਿਰਿਆ ਮੇਟ ਅੰਧ ਅਗਿਆਨ, ਮਮਤਾ ਮੋਹ ਰਹੇ ਨਾ ਰਾਈਆ । ਤੂੰਹੀ ਤੂੰਹੀ ਸਾਰੇ ਗਾਣ, ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨ, ਵਾਲੀ ਦੋ ਜਹਾਨ ਅਖਵਾਈਆ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹਰਿ ਪੁਰਖ ਨਿਰੰਜਣ ਤੇਰੀ ਸ਼ਰਨਾਈਆ । ਏਕੰਕਾਰੇ ਦੇ ਦਾਨ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਕਿਰਪਾ ਕਰ ਮਹਾਨ, ਸ੍ਰੀ ਭਗਵਾਨ

ਤੇਰੇ ਹੱਥ ਵਡਿਆਈਆ । ਪਾਰਬ੍ਰਹਮ ਕਰ ਪ੍ਰਧਾਨ, ਸ਼ਬਦ ਗੁਰੂ ਸੀਸ ਨਿਵਾਈਆ । ਬ੍ਰਹਮ ਦੀ ਕਰਾਂ ਜਗਤ ਪਛਾਣ, ਲਖ ਚੁਰਾਸੀ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਕਲਿਆਣ, ਕਲਮਾ ਕਾਇਨਾਤ ਸੁਣਾਈਆ । ਸਭ ਦਾ ਲੇਖਾ ਮੁਕਾਵਾਂ ਆਣ, ਸਦੀ ਚੌਧਵੀਂ ਰਹਿਣ ਨਾ ਪਾਈਆ । ਸਤਿਜੁਗ ਸਤਿ ਧਰਮ ਸਚ ਹੋਵੇ ਪ੍ਰਧਾਨ, ਪ੍ਰਧਾਨਗੀ ਆਪਣੇ ਹੱਥ ਰਖਾਈਆ । ਸ਼ਰਅ ਦਾ ਰਹੇ ਨਾ ਕੋਇ ਬੇਈਮਾਨ, ਸ਼ੈਤਾਨ ਅੰਦਰੋਂ ਦਿਆਂ ਕਢਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ੍ਰੀ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਭਗਤ ਦੁਲਾਰਾ ਨੌਜਵਾਨ, ਮਰਦ ਮਰਦਾਨੇ ਤੇਰੇ ਅੱਗੇ ਸੀਸ ਨਿਵਾਈਆ ।

### * ੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ *

ਸਦੀ ਚੌਧਵੀਂ ਕਹੇ ਪ੍ਰਭ ਦਾ ਇੰਤਜ਼ਾਰ ਕਰਦੀ ਰਾਵੀ, ਬਾਲਮੀਕ ਰਵੀ ਧਿਆਨ ਲਗਾਈਆ । ਜਿਸ ਦਾ ਲੇਖਾ ਨਾਲ ਗੁਰ ਅਰਜਨ ਵਾਲੀ ਭਾਵੀ, ਭਾਵਨਾ ਦੀਨ ਦੁਨੀ ਵੇਖ ਵਖਾਈਆ । ਜਿਸ ਨੇ ਭਗਤ ਭਗਵਾਨ ਦੀ ਤਰਾਜ਼ੂ ਕਰਨੀ ਸਾਵੀਂ, ਕੰਡਾ ਇਕੋ ਤੋਲ ਤੁਲਾਈਆ । ਦੀਨ ਦੁਨੀ ਤੇ ਹੋਣਾ ਹਾਵੀ, ਹੌਕਿਆਂ ਵਿਚ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਸੱਦਣਾ ਬਿਖੜੇ ਰਾਹਵੀਂ, ਤਬਕਾਂ ਲੋਕਾਂ ਪੰਧ ਮੁਕਾਈਆ । ਆਪ ਬਣ ਕੇ ਬਹਿਣਾ ਬਾਵੀ, ਬਾਬਾ ਆਦਮ ਸੀਸ ਨਿਵਾਈਆ । ਪੁਰਖ ਅਕਾਲ ਖੇਲ ਕਰਨਾ ਨਾਲ ਚਾਵੀਂ, ਚਾਉ ਘਨੇਰਾ ਇਕ ਦਰਸਾਈਆ । ਸੰਤ ਸੁਹੇਲੇ ਉਠਾਉਣੇ ਪਕੜ ਬਾਹਵੀਂ, ਹਲੂਣਾ ਆਪਣਾ ਧੁਰ ਦਾ ਨਾਮ ਲਗਾਈਆ । ਕਲਜੁਗ ਕੂੜੀ ਕਿਰਿਆ ਰੌਲਾ ਪੈਣਾ ਵਾਂਗ ਕਾਵੀਂ, ਕਾਗ ਕਾਗ ਵਾਂਗ ਕੁਰਲਾਈਆ । ਮਾਣ ਰਹਿਣਾ ਨਾ ਸ਼ਹਿਰ ਗਰਾਵੀਂ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਇਲਮ ਧਾਰ ਹੋਣੀ ਨਥਾਵੀਂ, ਸਚ ਧਾਰ ਨਾ ਕੋਇ ਵਖਾਈਆ । ਵਿਛੋੜਾ ਦਿਸੇ ਪੁਤ੍ਰਾਂ ਮਾਵੀਂ, ਪਿਤਾ ਪੂਤ ਨਾ ਗੋਦ ਸੁਹਾਈਆ । ਲਹਿਣਾ ਚੁੱਕਣਾ ਤੇਗ਼ ਬਹਾਦਰ ਪਾਤਸ਼ਾਹ ਨਾਵੀਂ, ਜੋ ਅੰਤ ਗਿਆ ਸੁਣਾਈਆ । ਝਗੜਾ ਪੈਣਾ ਦੋ ਥਾਵੀਂ, ਪਰਦਾ ਦੇ ਉਠਾਈਆ । ਜਗਤ ਵਹਿਣ ਵੇਖਣਾ ਦਰ ਦਰਿਆਵੀਂ, ਥਲ ਰੇਤਾ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਆਪਣਾ ਇਕ ਵਖਾਈਆ । ਸਦੀ ਚੌਧਵੀਂ ਕਹੇ ਰਾਹ ਤੱਕੇ ਰਾਵੀ ਕੰਢਾ, ਕੰਢੀ ਬੈਠਾ ਧਿਆਨ ਲਗਾਈਆ । ਗੁਰਮੁਖਾਂ ਦੇ ਕੋਲ ਹੋਣਾ ਹੱਥ ਵਿਚ ਇਕ ਇਕ ਮੰਡਾ, ਨਿਮਕ ਨਾਲ ਜੋੜ ਜੁੜਾਈਆ । ਜੋੜ ਬਣੇ ਪਿਆਜ਼ ਗੰਢਾ, ਵੱਡਾ ਛੋਟਾ ਨਾ ਕੋਇ ਵਖਾਈਆ । ਸਭ ਨੇ ਖਾਣਾ ਨਾਲ ਦੰਦਾਂ, ਦਾਹੜ ਥੱਲੇ ਨਾ ਕੋਇ ਦਬਾਈਆ । ਮੁਖੋਂ ਗਾਉਣਾ ਸੋਹੰ ਛੰਦਾ, ਢੋਲਾ ਇਕ ਅਲਾਹੀਆ । ਨਾਲ ਬਰਤਨ ਰੱਖਣਾ ਸਾਗਰ ਗੰਗਾ, ਕਿਸ਼ਨ ਸਿੰਘ ਹੱਥ ਉਠਾਈਆ । ਵਿੰਗਾ ਟੇਢਾ ਹੋਵੇ ਡੰਡਾ, ਪੰਜ ਗੁਰਮੁਖ ਮੋਢਿਆਂ ਉਤੇ ਟਿਕਾਈਆ । ਗੋਬਿੰਦ ਧਾਰ ਹੋਵੇ ਖੰਡਾ, ਖੜਗ ਨਾਲ ਸੁਹਾਈਆ । ਤੇਲੀ ਦੇ ਤਾੜੇ ਦਾ ਹੋਵੇ ਤੰਦਾ, ਢਾਈ ਹੱਥ ਵਿਚ ਲੰਬਾਈਆ । ਬਿਨਾ ਕੁੰਜੀ ਤੋਂ ਹੋਵੇ ਜਿੰਦਾ, ਧਾਤ ਲੋਹਾ ਸੋਭਾ ਪਾਈਆ । ਪੰਜਾਂ ਗੁਰਮੁਖਾਂ ਮਸਤਕ ਲਾਇਆ ਹੋਵੇ ਬਿੰਦਾ, ਬਿੰਦਰਾਬਨ ਦਾ ਲੇਖਾ ਵੇਖ ਵਖਾਈਆ । ਇਕ ਗੁਰਸਿਖ ਬਣਿਆ ਹੋਵੇ ਛਿੰਦਾ, ਸਤਿਗੁਰ ਗੋਦੀ ਵਿਚ ਸੁਹਾਈਆ । ਸਭ ਨੇ ਪਾਣੀ ਪਾਉਣਾ ਉਤੇ ਪਿੰਡਾ,

ਬਸਤਰ ਤਨ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਰਾਵੀ ਕਹੇ ਪੰਜ ਵੇਰੀ ਸਭ ਨੇ ਕਹਿਣਾ ਮੁਖੋਂ ਰਾਮ, ਧੁਰ ਦੇ ਰਾਮ ਤੇਰੀ ਦੁਹਾਈਆ । ਪੰਜ ਵੇਰਾਂ ਮੁਖੋਂ ਕਹਿਣਾ ਕਾਹਨ, ਧੁਰ ਦੇ ਕਾਹਨ ਤੇਰੀ ਸਰਨਾਈਆ । ਪੰਜ ਵੇਰੀਂ ਮੁਖੋਂ ਕਹਿਣਾ ਧੁਰ ਦੇ ਅਮਾਮ, ਮਹਿੰਦੀ ਤੇਰੀ ਰੰਗਲੀ ਨਜ਼ਰੀ ਆਈਆ । ਪੰਜ ਵੇਰੀ ਮੁਖੋਂ ਕਹਿਣਾ ਸਤਿਨਾਮ, ਨਾਨਕ ਨਿਰਗੁਣ ਨਾਲ ਰਲਾਈਆ । ਪੰਜ ਵੇਰੀ ਮੁਖੋਂ ਵਾਹਿਗੁਰੂ ਕਰਨੀ ਕਲਿਆਣ, ਫ਼ਤਿਹ ਜ਼ੋਰ ਜ਼ੋਰ ਬੁਲਾਈਆ । ਪੰਜ ਵੇਰ ਜੈਕਾਰਾ ਲਾਉਣਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥ ਛਾਤੀ ਉਤੇ ਅਟਕਾਈਆ । ਪੰਜ ਵਾਰ ਪ੍ਰਦੱਖਣਾ ਕਰ ਕੇ ਸਾਰਿਆਂ ਕਰਨੀ ਪ੍ਰਨਾਮ, ਚੱਕਰ ਫ਼ੱਕਰ ਵਾਲਾ ਬਣਾਈਆ । ਪੰਜ ਵੇਰਾਂ ਸਭ ਨੇ ਉਂਗਲੀਆਂ ਪਾਉਣੀਆਂ ਵਿਚ ਕਾਨ, ਦੋਵੇਂ ਹੱਥ ਟਿਕਾਈਆ । ਪੰਜ ਵੇਰਾਂ ਸਭ ਨੇ ਮੁਖੋਂ ਮੰਗਣਾ ਪ੍ਰੀਤੀ ਦਾਨ, ਨਿਉਂ ਨਿਉਂ ਸਸਿ ਨਿਵਾਈਆ । ਪੰਜ ਵਾਰ ਉਪਰ ਪ੍ਰਕਾਸ਼ ਤੱਕਣਾ ਸੂਰੀਆ ਭਾਨ, ਨਿਗਾਹ ਅਸਮਾਨ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਰਾਵੀ ਕੰਢੇ ਪੈਣੀ ਠੰਡ, ਹਰਿ ਠੰਡਕ ਇਕ ਵਰਤਾਈਆ । ਗੁਰਮੁਖਾਂ ਕੰਨੀ ਨਾਲ ਕੰਨੀ ਲੈਣੀ ਗੰਢ, ਕੱਲਾ ਰਹਿਣ ਕੋਇ ਨਾ ਪਾਈਆ । ਸਭ ਨੇ ਘੁੱਟ ਕੇ ਰੱਖਣੇ ਦੰਦ, ਮੁਖੋਂ ਬੋਲ ਨਾ ਕੋਇ ਸੁਣਾਈਆ । ਅੱਖਾਂ ਮੀਟ ਕੇ ਲੈਣਾ ਅਨੰਦ, ਪ੍ਰਭ ਅੰਮ੍ਰਿਤ ਦੇ ਬਰਸਾਈਆ । ਹੁਕਮ ਇਕੋ ਲੈਣਾ ਮੰਨ, ਮਨਸਾ ਪਿਛਲੀ ਰਹੇ ਨਾ ਰਾਈਆ । ਫੇਰ ਸਭ ਨੇ ਕਹਿਣਾ ਧੰਨ ਧੰਨ, ਧੰਨ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਜਨ ਭਗਤੋ ਤੁਸੀਂ ਮੇਰੇ ਚੰਨ, ਧੰਨ ਜਣੇਂਦੀ ਮਾਈਆ । ਫੇਰ ਨਾਲ ਖੜਿਆ ਖਾਣਾ ਅੰਨ, ਮੰਡਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਜੁਗ ਚੌਕੜੀ ਰਹੀ ਰੋਂਦੀ, ਹੰਝੂਆਂ ਨੀਰ ਵਹਾਈਆ । ਖ਼ੁਸ਼ੀ ਵਿਚ ਨਾ ਰਹੀ ਸੌਂਦੀ, ਸੁਖਆਸਣ ਨਾ ਕੋਇ ਟਿਕਾਈਆ । ਵਹਿਣਾਂ ਵਿਚ ਰਹੀ ਭੌਂਦੀ, ਭਵਜਲ ਵਿਚ ਦੁਹਾਈਆ । ਔਂਸੀ ਰਹੀ ਪੌਂਦੀ, ਜਗਤ ਵੰਡ ਵੰਡਾਈਆ । ਢੋਲੇ ਰਹੀ ਗਾਉਂਦੀ, ਜੁਗ ਜੁਗ ਨਾਮ ਬਦਲਾਈਆ । ਖੇਲ ਤਕਦੀ ਰਹੀ ਹਉਮੇ ਹਉਂ ਦੀ, ਹੰ ਬ੍ਰਹਮ ਨਾ ਕੋਇ ਜਣਾਈਆ । ਕੋਟਨ ਕੋਟ ਦੁਨੀਆ ਮੇਰੇ ਵਿਚ ਰਹੀ ਨਹਾਉਂਦੀ, ਇਸ਼ਨਾਨ ਜਗਤ ਵਾਲਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਰਾਵੀ ਕੰਢਾ ਇਕ ਉਡੀਕ, ਵੇਲਾ ਵਕਤ ਇਕ ਧਿਆਨ ਲਗਾਈਆ । ਜਿਸ ਦੀ ਨੇੜੇ ਆਈ ਇਕ ਤਾਰੀਕ, ਤਵਾਰੀਖ ਦਏ ਬਦਲਾਈਆ । ਜਨ ਭਗਤਾਂ ਮਿਲੇ ਭੀਖ, ਭਿਛਿਆ ਦਏ ਵਰਤਾਈਆ । ਇਕ ਨਾਲ ਲੋਹੇ ਦੀ ਰੱਖਣੀ ਜ਼ਰੂਰ ਸੀਖ, ਦੋਵੇਂ ਮੁਖ ਤਿਖੇ ਕਰਾਈਆ । ਸਦੀ ਚੌਧਵੀਂ ਦਾ ਨਾਲ ਹੋਵੇ ਤਵੀਤ, ਅਗਲਾ ਭੇਵ ਦਏ ਖੁਲ੍ਹਾਈਆ । ਇਹ ਮੇਰੀ ਆਸਾ ਮਨਸਾ ਉਮੀਦ, ਵੇਖੇ ਮੇਰਾ ਮਾਹੀਆ । ਜਨ ਭਗਤੋ ਕਰਾਂ ਤਾਕੀਦ, ਸਭ ਨੂੰ ਦਿਆਂ ਸੁਣਾਈਆ । ਕਿਸੇ ਸੌਣਾ ਨਹੀਂ ਗ਼ਫ਼ਲਤ ਨੀਂਦ, ਹਲੂਣਿਆਂ ਨਾਲ ਉਠਾਈਆ । ਮੇਰੇ ਹੁਲਾਰਿਆਂ ਵਾਲੀ ਪੀਂਘ, ਜ਼ਿਮੀਂ ਅਸਮਾਨਾਂ ਝੂਲਾ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਰਾਵੀ ਕੰਢੇ ਕੋਲ ਹੋਵੇ ਇਕ ਅਸਤਰ, ਜਗਤ ਰੂਪ ਵਖਾਈਆ । ਪ੍ਰਭੂ ਦਾ ਸ਼ਬਦੀ ਧਾਰ ਹੋਵੇ ਬਸਤਰ, ਤਨ ਵਜੂਦ ਸੋਭਾ ਪਾਈਆ ।


੯੨੭
੨੧

ਸਭ ਨੇ ਪੜ੍ਹਨਾ ਧੁਰ ਦਾ ਮੰਤਰ, ਤੂੰ ਹੀ ਤੂੰ ਰਾਗ ਅਲਾਈਆ । ਲੇਖਾ ਵੇਖਣਾ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਹਰਿਜਨ ਰਹਿਣੇ ਨਹੀਂ ਬਗਲੇ ਬਪੜੇ, ਗੁਰਮੁਖ ਹੰਸ ਬਣਾਈਆ । ਪੜ੍ਹਨੇ ਨਹੀਂ ਪੈਣੇ ਪੱਤਰੇ, ਵਰਕਿਆਂ ਨਾ ਕੋਇ ਉਲਟਾਈਆ । ਜਨਮ ਮਰਨ ਦੇ ਮੇਟਣੇ ਖ਼ਤਰੇ, ਖ਼ਤਰਾ ਰਹੇ ਨਾ ਰਾਈਆ । ਪਹੁੰਚਣਾ ਓਸ ਪਤਣੇ, ਜਿਥੇ ਹਰਿ ਗੋਬਿੰਦ ਧਿਆਨ ਲਗਾਈਆ । ਹਰਿਜਨ ਹੱਥੋਂ ਜਾਣ ਮੂਲ ਨਾ ਸੱਖਣੇ, ਵਸਤ ਹੱਥੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਸਦੀ ਚੌਧਵੀਂ ਕਹੇ ਮੈਂ ਵੇਖਣਾ ਚਾਰੋਂ ਕੂਟ, ਦਹਿ ਦਿਸ਼ਾ ਧਿਆਨ ਲਗਾਈਆ । ਰਾਵੀ ਕੰਢਾ ਓਹ ਮਜ਼ਬੂਤ, ਜਿਸ ਦੀ ਧਾਰ ਨਾ ਕੋਇ ਸਮਝਾਈਆ । ਪੁਰਖ ਅਕਾਲਾ ਦਏ ਸਬੂਤ, ਚਾਰ ਜੁਗ ਦਾ ਭੇਵ ਖੁਲ੍ਹਾਈਆ । ਹਰਿ ਸੰਗਤ ਹੋਏ ਮੌਜੂਦ, ਕੰਢੀ ਵਾਲੇ ਡੇਰਾ ਲਾਈਆ । ਗੋਲੀ ਦਾ ਲਾਲ ਰੰਗ ਦਾ ਹੋਵੇ ਸੂਟ, ਨੀਲੀ ਬਿੰਦੀ ਮੱਥੇ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਰਵਦਾਸ ਨੇ ਬੰਨ੍ਹ ਕੇ ਆਉਣਾ ਨੀਲੀ ਪੱਗ, ਗੁਰਮੁਖ ਆਪਣਾ ਰੰਗ ਬਦਲਾਈਆ । ਤੀਰ ਕਮਾਨ ਰੱਖਿਆ ਹੋਵੇ ਉਪਰ ਕੰਧ, ਬਗ਼ਲ ਵਿਚ ਲਟਕਾਈਆ । ਨੌ ਗੁਰਮੁਖ ਹੋਣ ਸੰਗ, ਅੱਗੇ ਪਿਛੇ ਚਲਣ ਚਾਈਂ ਚਾਈਂਆ । ਭਾਗ ਰਹੇ ਨਾ ਕਿਸੇ ਮੰਦ, ਮੰਦਭਾਗਾਂ ਦਏ ਵਡਿਆਈਆ । ਕੱਖਾਂ ਦੀ ਸੇਜ ਬਣਾਉਣੀ ਪਲੰਘ, ਆਸਣ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਰਾਵੀ ਸੁਹਾਉਣਾ ਤਟ, ਤੁੱਟਿਆਂ ਨਾਲ ਮਿਲਾਈਆ । ਗੁਰਮੁਖ ਸਾਰੇ ਬਣਨੇ ਭੱਟ, ਢੋਲਾ ਧੁਰ ਦਾ ਧਰਮ ਧਾਰ ਗਾਈਆ । ਇਕ ਦੂਜੇ ਦੇ ਉਤੋਂ ਸਾਰਿਆਂ ਜਾਣਾ ਟੱਪ, ਵਾਰੀ ਵਾਰੀ ਲੰਘਾਈਆ । ਮਾਣ ਤਾਣ ਦਾ ਨਾਤਾ ਤੋੜਨਾ ਪੱਕ, ਹਲੀਮੀ ਗ਼ਰੀਬੀ ਸਮਝਾਈਆ । ਜਗਤ ਮਾਇਆ ਰਹੇ ਨਾ ਤਪ, ਤ੍ਰਿਸ਼ਨਾ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਖੇਲ ਕਰਨਾ ਵਿਚ ਪਾਣੀ, ਜਲ ਜਲ ਧਾਰ ਵਹਾਈਆ । ਮੇਰੀ ਗੋਲੀ ਕਾਨੇ ਦੀ ਬਣਾ ਕੇ ਲਿਆਵੇ ਮਧਾਣੀ, ਸਿਰੀ ਨਿਰੀ ਕਾਨਾ ਨਜ਼ਰੀ ਆਈਆ । ਮੈਂ ਸੋਹਣੀ ਬਣਾਂ ਸਵਾਣੀ, ਸੁਘੜ ਸੁਚੱਜੀ ਸੋਭਾ ਪਾਈਆ । ਛਾਣ ਕੇ ਵੇਖਾਂ ਚਾਰੇ ਖਾਣੀ, ਲੱਖ ਚੁਰਾਸੀ ਸੋਭਾ ਪਾਈਆ । ਫੇਰ ਮੈਨੂੰ ਸਾਰੇ ਕਹਿਣ ਮਹਾਰਾਣੀ, ਘਰ ਸ਼ਹਿਨਸ਼ਾਹ ਸੋਭਾ ਪਾਈਆ । ਮੇਰੀ ਸਭ ਤੋਂ ਤਰਲ ਜਵਾਨੀ, ਜੋਬਨ ਜ਼ਿਬਹ ਨਾ ਕੋਇ ਕਰਾਈਆ । ਜਨ ਭਗਤਾਂ ਪਿਛੇ ਕੱਟਾਂ ਜਗਤ ਬਦਨਾਮੀ, ਬਦੀਆਂ ਦਾ ਡੇਰਾ ਢਾਹੀਆ । ਜਨ ਭਗਤੋ ਤੁਹਾਥੋਂ ਇਕ ਇਕ ਰੁਪਿਆ ਉਥੇ ਲੈਣੀ ਸਲਾਮੀ, ਪਾਣੀ ਵਿਚ ਚਰਨ ਟਿਕਾਈਆ । ਨਾਲੇ ਓਹ ਲਿਖਾਉਣੀ ਬਾਣੀ, ਜੋ ਖ਼ਾਸ ਗੋਬਿੰਦ ਮੰਗ ਮੰਗਾਈਆ । ਸਭ ਨੂੰ ਇਕ ਇਕ ਬੂੰਦ ਪਿਆਉਣਾ ਪਾਣੀ, ਚੁਲੀਆਂ ਨਾਲ ਉਠਾਈਆ । ਅਗਲੀ ਦੱਸੂੰ ਫੇਰ ਕਹਾਣੀ, ਜਿਸ ਦਾ ਭੇਵ ਨਾ ਕੋਇ ਸੁਣਾਈਆ । ਧੁਰ ਦਾ ਹੁਕਮ ਹੋਣਾ ਐਲਾਨੀ, ਔਧ ਰਹੀ ਵਿਹਾਈਆ । ਮੈਂ ਫਿਰਨਾ ਉਪਰ ਅਸਮਾਨੀ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਚਾਰ ਜੁਗ ਦਾ ਦੀਵਾਨੀ, ਝਗੜੇ ਪਿਛਲੇ ਰਿਹਾ ਮੁਕਾਈਆ ।


੯੨੮ ੨੧

## ❋ ੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਸਭ ਦਾ ਮੁਖ ਹੋਣਾ ਵਲ ਉੱਤਰ, ਪੂਰਬ ਪੱਛਮ ਦੱਖਣ ਖੇਲ ਖਿਲਾਈਆ । ਕਿਸੇ ਦੇ ਗੋਦੀ ਕੁੱਛੜ ਚੁਕਿਆ ਨਾ ਹੋਵੇ ਪੁੱਤਰ, ਇਕੱਲਾ ਇਕੱਲਾ ਨਜ਼ਰੀ ਆਈਆ । ਅੰਦਰ ਭਾਉ ਨਾ ਹੋਵੇ ਦੁੱਤਰ, ਦੂਤੀਆ ਭਾਓ ਨਾ ਕੋਇ ਬਣਾਈਆ । ਸਾਰੇ ਪ੍ਰਭ ਦਾ ਕਰਨ ਸ਼ੁਕਰ, ਸ਼ੁਕਰੀਏ ਵਿਚ ਸੀਸ ਨਿਵਾਈਆ । ਕਰ ਕੇ ਕੌਲ ਨਾ ਜਾਣਾ ਮੁਕਰ, ਇਕਰਾਰ ਦੇਣਾ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲ ਕੇ ਕਰਾਂ ਸਵਾਗਤ, ਸਭਾ ਧਰਮ ਧਾਰ ਬਣਾਈਆ । ਪ੍ਰਭੂ ਮੇਰੀ ਝੋਲੀ ਪੌਣੀ ਮੇਰੀ ਕਰਨੀ ਕੀਤੀ ਦੀ ਲਾਗਤ, ਲੇਖਾ ਲੇਖੇ ਵਿਚੋਂ ਚੁਕਾਈਆ । ਸਭ ਦੀ ਬਦਲ ਦੇਣੀ ਆਦਤ, ਤੇਰੇ ਹੱਥ ਵਡਿਆਈਆ । ਮੈਨੂੰ ਸਾਂਝੀ ਦੱਸਣੀ ਇਬਾਦਤ, ਜੋ ਭਗਤਾਂ ਦਿਤੀ ਦ੍ਰਿੜਾਈਆ । ਮੈਂ ਖਾਵਾਂ ਅਗੰਮ ਨਿਆਮਤ, ਬਿਨ ਰਸਨਾ ਰਸ ਚਖਾਈਆ । ਕੂੜੀ ਕਿਰਿਆ ਨਾ ਰਹੇ ਅਲਾਮਤ, ਇਲਮ ਆਲਮ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਸੁਣ ਰਾਵੀ ਸਖ਼ੀਏ, ਅੰਕ ਸਹੇਲੀ ਦਿਆਂ ਜਣਾਈਆ । ਜੰਗਲ ਬੇਲਿਆਂ ਦੇ ਵਿਚ ਵਸੀਏ, ਟਿੱਲੇ ਪਹਾੜਾਂ ਠੋਕਰ ਖਾਈਆ । ਉਚੇ ਥਾਉਂ ਨੀਵੇਂ ਨੂੰ ਨੱਸੀਏ, ਭੱਜੀਏ ਵਾਹੋ ਦਾਹੀਆ । ਕਿਸ ਔਕੜ ਵਿਚ ਫਸੀਏ, ਫਾਸੀ ਨਾ ਕੋਇ ਕਟਾਈਆ । ਉਠ ਵੇਖ ਜਿਸ ਪ੍ਰਭ ਦੇ ਚਰਨਾਂ ਹੇਠਾਂ ਵਸੀਏ, ਜੁਗ ਜੁਗ ਸੇਵ ਕਮਾਈਆ । ਉਸ ਨੂੰ ਵਖਰਾ ਰਹਿਣਾ ਦੱਸੀਏ, ਦਰਦਾਂ ਨਾਲ ਜਣਾਈਆ । ਨਿਉਂ ਨਿਉਂ ਚਰਨਾਂ ਢੱਠੀਏ, ਧੂੜੀ ਖ਼ਾਕ ਰਮਾਈਆ । ਸਚ ਦਾ ਲਾਹਾ ਖੱਟੀਏ, ਮਿਲੇ ਮਾਣ ਵਡਿਆਈਆ । ਧੂੜੀ ਚਰਨ ਚੱਟੀਏ, ਦੁਰਮਤ ਮੈਲ ਗਵਾਈਆ । ਤਨ ਕਾਇਆ ਚੋਲੀ ਰੱਤੀਏ, ਰੰਗ ਅਗੰਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਦੀ ਚੌਧਵੀਂ ਕਹੇ ਢਾਈ ਗਜ਼ ਲਿਔਣਾ ਖੱਦਰ, ਖ਼ਾਦਮ ਸੇਵ ਕਮਾਈਆ । ਮੇਰੀ ਪੁਰਾਣੀ ਸੱਧਰ, ਆਸਾ ਵਿਚ ਰਖਾਈਆ । ਜਿਸ ਦੀਨ ਦੁਨੀ ਦੇਣੀ ਬਦਲ, ਬਦਲਾ ਦਏ ਚੁਕਾਈਆ । ਓਹ ਸਾਚਾ ਕਰੇ ਅਦਲ, ਇਨਸਾਫ਼ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਦੀ ਚੌਧਵੀਂ ਕਹੇ ਢਾਈ ਸੇਰ ਭੁੰਨੇ ਹੋਵਣ ਚਨੇ, ਗੋਬਿੰਦ ਆਸ ਜਣਾਈਆ । ਇਕ ਸੌ ਇਕ ਭੰਨੇ ਹੋਵਣ ਗੰਨੇ, ਮੇਲਾ ਸਿੰਘ ਹੱਥ ਛੁਹਾਈਆ । ਜਨ ਭਗਤੋ ਮੁਖੋਂ ਕਹਿਣਾ ਸਾਹਿਬ ਸਾਡੀਆਂ ਮੰਨੇ, ਸਾਡੀ ਚਲੇ ਰਜ਼ਾਈਆ । ਕੀ ਹੋਇਆ ਜੇ ਮਾਲ ਚਰਾਇਆ ਧੰਨੇ, ਤੁਹਾਨੂੰ ਰਸ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਸਦੀ ਚੌਧਵੀਂ ਕਹੇ ਰਾਵੀ ਕੰਢੇ ਨਾਲ ਲਿਔਣਾ ਖੁਰਪਾ, ਜੋ ਤੱਤੀ ਰੇਤ ਹਿਲਾਈਆ । ਮੈਂ ਵੇਖਣ ਜਾਵਾਂ ਤੁਰਕਾਂ, ਤੁਰਤ ਆਪਣਾ ਕਦਮ ਉਠਾਈਆ । ਜਗਤ ਜਹਾਨ ਬਣੌਣਾ ਮੁਰਦਾ, ਮਰਿਆਂ ਨਾ ਕੋਇ ਜਿਵਾਈਆ । ਪੜਦਾ ਲਾਹੁਣਾ ਸੱਚੇ ਸਤਿਗੁਰ ਦਾ, ਗੁਰੂ ਗੁਰਦੇਵ ਇਕ ਅਖਵਾਈਆ । ਸਾਚਾ ਮੰਤਰ ਜਾਏ ਫੁਰਦਾ, ਫੁਰਨੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੇਰਾ ਖੇਲ ਹੋਣਾ ਅਨਡਿੱਠਾ, ਨੇਤਰ ਵੇਖਣ ਕੋਇ ਨਾ ਪਾਈਆ । ਪ੍ਰਭ ਦਾ ਭਾਣਾ ਮੰਨਣਾ ਮਿੱਠਾ, ਸਿਰ ਸਕੇ

ਨਾ ਕੋਇ ਉਠਾਈਆ । ਸਭ ਦਾ ਲੇਖੇ ਵਾਲਾ ਚਿੱਠਾ, ਹਰਿ ਕਰਤਾ ਫੋਲ ਫੁਲਾਈਆ । ਜਨ ਭਗਤੋ ਨਾਲ ਲਿਔਣਾ ਇੱਟਾ, ਇੰਚ ਚਾਰ ਚਾਰ ਸੋਭਾ ਪਾਈਆ । ਉਸ ਦਾ ਇਕ ਪਾਸਾ ਕੀਤਾ ਹੋਵੇ ਚਿੱਟਾ, ਡੱਬ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦਏ ਮਾਣ ਵਡਿਆਈਆ । ਸਦੀ ਚੌਧਵੀਂ ਕਹੇ ਸਭ ਨੇ ਹਿਰਦੇ ਹੋਵਣ ਸੋਧੇ, ਪੁਨੀਤ ਰੂਪ ਵਟਾਈਆ । ਰਾਵੀ ਦਾ ਕੰਢਾ ਪ੍ਰਭ ਦੀ ਬੈਠਣਾ ਗੋਦੇ, ਗੋਦਾਵਰੀ ਦਾ ਲੇਖ ਮੁਕਾਈਆ । ਪੰਜ ਕੌਡੀਆਂ ਪੰਜ ਨਾਲ ਲਿਔਣੇ ਘੋਗੇ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਰਾਵੀ ਕਹੇ ਮੈਂ ਵੇਖਣਾ ਆਪਣਾ ਰਾਮ, ਰਮਿਆਂ ਰਾਮ ਦੁਹਾਈਆ । ਤੱਕਣਾ ਧੁਰ ਦਾ ਕਾਹਨ, ਘਨਈਆ ਵੇਖ ਵਖਾਈਆ । ਮਿਲਣਾ ਓਸ ਅਮਾਮ, ਜੋ ਅਮਲਾਂ ਤੋਂ ਬਾਹਰ ਡੇਰਾ ਲਾਈਆ । ਵੇਖਣਾ ਖੇਲ ਤਮਾਮ, ਕਿਸ ਬਿਧ ਤਮਅ ਦਏ ਗਵਾਈਆ । ਝਗੜਾ ਮੇਟੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਭਾਗ ਹਿੱਸਾ ਝੋਲੀ ਦੇਵੇ ਪਾਈਆ ।

## ✻ ੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਿ ਭਗਤ ਦਵਾਰ ਜੇਠੂਵਾਲ ✻



ਰਾਵੀ ਕਹੇ ਮੈਂ ਰੋਵਾਂ ਮਾਰ ਕੇ ਭੁੱਬੀ, ਬਿਨ ਨੈਣਾਂ ਨੇਤਰ ਨੀਰ ਵਹਾਈਆ । ਕਲਜੁਗ ਜੀਵਾਂ ਮੂਰਖ ਹੋਈ ਬੁੱਧੀ, ਬਿਬੇਕ ਨਜ਼ਰ ਕੋਇ ਨਾ ਆਈਆ । ਮੇਰਾ ਵਹਿਣ ਵਹੇ ਚਹੁੰ ਜੁਗੀ, ਅੱਗੇ ਹੋ ਨਾ ਕੋਇ ਅਟਕਾਈਆ । ਮੈਂ ਭੱਜੀ ਨੱਠੀ ਕੁੱਦੀ, ਚਲੀ ਵਾਹੋ ਦਾਹੀਆ । ਵਹਿਣਾਂ ਵਿਚ ਵਹਿਣ ਬਣ ਕੇ ਰੁਝੀ, ਆਪਣਾ ਝਟ ਲੰਘਾਈਆ । ਇਕ ਅਗੰਮੀ ਆਵਾਜ਼ ਸੁਣੀ ਉਚੀ, ਉਚ ਅਗੰਮ ਅਥਾਹ ਦਿਤਾ ਦ੍ਰਿੜਾਈਆ । ਯਾਦ ਕਰ ਲੈ ਅਰਜਨ ਵਾਲੀ ਰੁੱਤੀ, ਸ਼ਹਾਦਤ ਦੇ ਭੁਗਤਾਈਆ । ਮੈਂ ਉਬੜ ਵਾਹੀ ਉਠੀ, ਨੈਣ ਲਿਆ ਖੁਲ੍ਹਾਈਆ । ਮੇਰੀ ਖੁਲ੍ਹੀ ਹੋਈ ਗੁੱਤੀ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਪੈਰੀਂ ਪਾ ਨਾ ਸਕੀ ਜੁੱਤੀ, ਅੰਗੀ ਅੰਗ ਨਾ ਕੋਇ ਲਗਾਈਆ । ਮੈਂ ਵੇਖ ਕੇ ਹੋਈ ਦੁਖੀ, ਦੁਖੜਾ ਰਿਹਾ ਸਤਾਈਆ । ਭਾਗ ਲੱਗਾ ਨਾ ਮੇਰੀ ਕੁੱਖੀ, ਪਤਤ ਪੁਨੀਤ ਨਾ ਕੋਇ ਕਰਾਈਆ । ਬਹੁੜੀ ਕਲਜੁਗ ਗਈ ਲੁੱਟੀ, ਲੁਟੇਰੇ ਪਏ ਥਾਉਂ ਥਾਈਆ । ਜਗਤ ਵਿਕਾਰ ਫੜ ਫੜ ਕੁੱਟੀ, ਅੰਗਹੀਣ ਦਿਤਾ ਬਣਾਈਆ । ਮੇਰੀ ਧਾਰ ਪਿਆਰ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪੁਆਈਆ । ਹੁਣ ਵੇਖਾਂ ਕਿਹੜੀ ਗੁੱਠੀ, ਚਾਰੇ ਕੁੰਟਾਂ ਫੋਲ ਫੁਲਾਈਆ । ਮੈਂ ਕਰ ਕਰ ਥੱਕੀ ਬੁੱਤੀ, ਬੁਤਖ਼ਾਨਿਆਂ ਪਈ ਦੁਹਾਈਆ । ਮੇਰੇ ਕਿਨਾਰੇ ਰਾਖ ਲਿਔਣੀ ਇਕ ਮੁੱਠੀ, ਵੱਧ ਘੱਟ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਰੋਵਾਂ ਮਾਰਾਂ ਕੂਕਾਂ, ਕੂਕ ਕੂਕ ਸੁਣਾਈਆ । ਆਪਣਾ ਹਾਰ ਸ਼ਿੰਗਾਰ ਫੂਕਾਂ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਸਾੜਾਂ ਆਪਣਿਆਂ ਸੂਟਾਂ, ਤਨ ਸ਼ਿੰਗਾਰ ਨਾ ਕੋਇ ਬਣਾਈਆ । ਵੇਖਾਂ ਚਾਰੇ ਕੂਟਾਂ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਜਾਂ ਵੇਖਿਆ ਜਗਤ ਜਹਾਨ ਝੂਠਾ, ਸੱਚਾ

ਸੰਗੀ ਨਾ ਕੋਇ ਅਖਵਾਈਆ । ਸਚ ਪੁਛੋ ਮੇਰੇ ਵਿਚ ਗੁਰ ਅਰਜਨ ਲਾ ਕੇ ਗਿਆ ਅੰਗੂਠਾ, ਅੰਤ ਅਖੀਰ ਨਿਸ਼ਾਨ ਬਣਾਈਆ । ਬਿਨਾ ਭਗਤਾਂ ਤੋਂ ਧਰਮ ਦਾ ਰਹੇ ਕੋਈ ਨਾ ਬੂਟਾ, ਸਿੰਮਲ ਰੂਪ ਜਗਤ ਲਹਿਰਾਈਆ । ਸਚ ਨਾਮ ਦਾ ਲਏ ਕੋਈ ਨਾ ਝੂਟਾ, ਮੂੰਹ ਦੇ ਭਾਰ ਡਿੱਗੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੈਂ ਵੇਖਾਂ ਦੀਨ ਦੁਨੀ ਅੰਧੀ, ਅੰਧਲਾਪਨ ਬਣਾਈਆ । ਲੱਗ ਕੇ ਝੂਠੇ ਧੰਦੀਂ, ਧੰਨ ਦੌਲਤ ਕੀਤਾ ਹਲਕਾਈਆ । ਆਸਾ ਹੋ ਗਈ ਮੰਦੀ, ਮਨਸਾ ਮੋਹ ਹਲਕਾਈਆ । ਦੁਹਾਗਣ ਹੋ ਗਈ ਰੰਡੀ, ਹਰਿ ਕੰਤ ਨਾ ਕੋਇ ਹੰਢਾਈਆ । ਸਚ ਪ੍ਰੀਤ ਕੋਇ ਨਾ ਗੰਢੀ, ਟੁੱਟੀ ਗੰਢ ਨਾ ਕੋਇ ਪੁਆਈਆ । ਸਭ ਦੀ ਪਿੱਠ ਦਿਸੇ ਨੰਗੀ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਮੈਂ ਮੰਗ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਲਈ ਲਿਔਣੀ ਇਕ ਕੰਘੀ, ਰੰਗ ਲਾਲ ਵੇਖ ਵਖਾਈਆ । ਇਕ ਗੁਰਮੁਖ ਬਣਿਆ ਹੋਵੇ ਭੰਗੀ, ਭੰਗ ਪੀ ਕੇ ਚਲੇ ਚਾਈਂ ਚਾਈਂਆ । ਇਕ ਨੇ ਮੱਛੀ ਨੇਜ਼ੇ ਉਤੇ ਹੋਵੇ ਟੰਗੀ, ਉਚੀ ਉਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਰਾਵੀ ਕਹੇ ਮੈਂ ਰੋ ਕੇ ਮਾਰਾਂ ਭੁੱਬਾਂ, ਬਹੁੜੀ ਕਰ ਦੁਹਾਈਆ । ਪ੍ਰਭ ਦਾ ਸਮਝੇ ਕੋਈ ਨਾ ਮੁੱਦਾ, ਮੁੱਦਤ ਦਾ ਭੇਵ ਨਾ ਕੋਇ ਖੁਲ੍ਹਾਈਆ । ਰੋਂਦੀ ਵੇਖੀ ਬਸੁੱਧਾ, ਧਰਨੀ ਦਏ ਦੁਹਾਈਆ । ਕਲਜੁਗ ਕੂੜਾ ਵੇਖਿਆ ਜੁਗਾ, ਜੁਗਤੀ ਨਾ ਕੋਇ ਜਣਾਈਆ । ਗੁਰਮੁਖ ਵਿਚ ਹੋਵੇ ਉਘਾ, ਜਿਸ ਉਘਣ ਆਥਣ ਮਿਲੇ ਵਡਿਆਈਆ । ਬਾਕੀ ਪ੍ਰਭ ਦੇ ਨਾਮ ਦਾ ਖਾਂਦੇ ਭੁੱਗਾ, ਕਲਜੁਗ ਸੰਤ ਕੂੜ ਦੁਹਾਈਆ । ਮੇਰਾ ਮਨ ਨਹੀਂ ਲਗਦਾ ਉਕਾ, ਰੋ ਕੇ ਦਿਆਂ ਸੁਣਾਈਆ । ਸਾਹਿਬ ਸੁਲਤਾਨ ਸੀਸ ਝੁਕਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਆ ਕੇ ਮੇਟੇ ਦੁੱਖਾ, ਦੁਖਿਆਰਨ ਹੋ ਕੇ ਰਹੀ ਸੁਣਾਈਆ ।

### ❋ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਦਈਆ ਜ਼ਿਲਾ ਗੁਰਦਾਸਪੁਰ ❋

ਸਦੀ ਚੌਧਵੀਂ ਕਹੇ ਮੈਂ ਭਿਖਾਰਨ ਹੋ ਕੇ ਮੰਗਦੀ, ਦਰਗਾਹ ਸਾਚੀ ਸਚਖੰਡ ਦਵਾਰੇ ਝੋਲੀ ਡਾਹੀਆ । ਮੈਂ ਸੂਰਤ ਤੱਕਾਂ ਅਗੰਮੀ ਓਸ ਗੋਬਿੰਦ ਚੰਨ ਦੀ, ਜੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦੀ ਖ਼ੁਸ਼ੀ ਆਦਿ ਅੰਤ ਬੰਦ ਬੰਦ ਦੀ, ਬੰਦਗੀ ਵਿਚ ਮਸ਼ੰਦਗੀ ਰਹਿਣ ਕੋਇ ਨਾ ਪਾਈਆ । ਜਿਸ ਨੇ ਧਰਨੀ ਧਰਤ ਧਵਲ ਛੱਡੀ ਪੁਰ ਅਨੰਦ ਦੀ, ਧੁਰ ਦੇ ਅਨੰਦ ਵਿਚ ਗਿਆ ਸਮਾਈਆ । ਉਸ ਦੀ ਖੇਲ ਵੇਖਣੀ ਲੋਕਮਾਤ ਚਾਰ ਕੁੰਟ ਜੰਗ ਦੀ, ਜੰਗਜੂ ਬਹਾਦਰ ਆਪਣੀ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਗਤ ਹੰਕਾਰੀ ਵੇਖਣੀ ਹੰ ਦੀ, ਹੰ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਰੋਜ਼ ਬਰੋਜ਼, ਸ਼ਬੇ ਸ਼ਬ ਧਿਆਨ ਲਗਾਈਆ । ਪੁਰਖ ਅਕਾਲਾ ਕਰੇ ਚੋਜ, ਚੋਜੀ ਪ੍ਰੀਤਮ ਨੂਰ ਅਲਾਹੀਆ । ਚਾਰ ਜੁਗ ਦਾ ਤੱਕੇ ਜੋਗ, ਜਗਤ ਜੁਗੀਸ਼ਰ ਖੋਜ ਖੁਜਾਈਆ । ਦੀਨ ਦੁਨੀ ਦਾ ਵੇਖੇ ਰੋਗ, ਹਉਮੇ ਹੰਗਤਾ ਵਿਚ ਦੁਹਾਈਆ । ਚਿੰਤਾ ਗ਼ਮ ਤੱਕੇ ਸੋਗ, ਲੱਖ ਚੁਰਾਸੀ ਫੋਲੇ ਥਾਉਂ

ਥਾਈਂਆ । ਆਤਮ ਪਰਮਾਤਮ ਹੋਇਆ ਵਿਜੋਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਸਾਚੀ ਚੁੱਕੇ ਕੋਈ ਨਾ ਗੋਦ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਧੁਰ ਸੰਦੇਸ਼ਾ ਦੇਵੇ ਕੋਈ ਨਾ ਬੋਧ, ਬੁੱਧੀ ਤੋਂ ਪਰੇ ਨਾ ਕੋਇ ਪੜ੍ਹਾਈਆ । ਆਤਮ ਰਸ ਨਾ ਭੋਗੇ ਭੋਗ, ਭਸਮੜ ਰੂਪ ਨਾ ਕੋਇ ਵਟਾਈਆ । ਨਾਮ ਸੰਦੇਸਾ ਜਣਾਏ ਨਾ ਕੋਇ ਸਲੋਕ, ਸੋਹਲਾ ਧੁਰ ਨਾ ਕੋਇ ਅਲਾਈਆ । ਝਗੜਾ ਪਿਆ ਚੌਦਾਂ ਲੋਕ, ਚੌਦਾਂ ਤਬਕ ਰਹੇ ਕੁਰਲਾਈਆ । ਸਚ ਨਾਮ ਦੀ ਮਿਲੇ ਕੋਈ ਨਾ ਮੌਜ, ਮਜਲਸ ਹੱਥ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਦੀ ਚੌਧਵੀਂ ਕਹੇ ਚਾਰ ਜੁਗ ਭੱਜੀ ਨੱਠੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਸਾਧ ਸੰਤ ਫ਼ਕੀਰ ਹਠੀ, ਜਤੀ ਸਤੀ ਖੋਜ ਖੁਜਾਈਆ । ਨਾਮ ਭੰਡਾਰ ਜਗਤ ਵੰਡ ਹਿੱਸਿਆਂ ਵਾਲੀ ਵੇਖੀ ਪੱਤੀ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਮਨ ਕਲਪਣਾ ਚਾਰ ਕੁੰਟ ਦਹਿ ਦਿਸ਼ਾ ਹਰ ਹਿਰਦੇ ਵੇਖੀ ਤੱਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਕੂੜੀ ਕਿਰਿਆ ਕਲਪਣਾ ਪਵਿਤ੍ਰ ਰਹਿਣ ਨਾ ਦਿਤੀ ਮੱਤੀ, ਬੁੱਧ ਬਿਬੇਕ ਨਾ ਕੋਇ ਕਰਾਈਆ । ਚਾਰ ਵਰਨ ਅਠਾਰਾ ਬਰਨ ਨੌਂ ਖੰਡ ਪ੍ਰਿਥਮੀ ਸੱਤ ਦੀਪ ਖੇਲ ਵੇਖਿਆ ਅੱਖੀਂ, ਅੱਖਰ ਵੱਖਰ ਭੇਵ ਨਾ ਕੋਇ ਖੁਲ੍ਹਾਈਆ । ਸਚ ਧਾਰ ਦੀ ਸਚ ਦਵਾਰ ਬਣੀ ਕੋਈ ਨਾ ਸਖ਼ੀ, ਆਤਮ ਪਰਮਾਤਮ ਗੋਪੀ ਕਾਹਨ, ਰੂਪ ਨਾ ਕੋਇ ਬਣਾਈਆ । ਸਤਿ ਧਰਮ ਦੀ ਪਤ ਰਿਹਾ ਕੋਈ ਨਾ ਰੱਖੀ, ਰੱਖਕ ਰੱਖਿਆ ਕਰੇ ਨਾ ਥਾਉਂ ਥਾਈਂਆ । ਜਗਤ ਵਿਕਾਰ ਹੰਕਾਰ ਵਿਭਚਾਰ ਦੀ ਵਹਿੰਦੀ ਨਦੀ, ਵਹਿਣ ਵਹਿਣਾਂ ਵਿਚੋਂ ਵਹਾਈਆ । ਚਾਰ ਜੁਗ ਦੀ ਮੁਕਣ ਲੱਗੀ ਗੱਦੀ, ਗਦਾਗਰ ਹੋਵੇ ਖ਼ਲਕ ਖ਼ੁਦਾਈਆ । ਲਹਿਣਾ ਦੇਣਾ ਮੁਕਣ ਲੱਗਾ ਚੌਧਵੀਂ ਸਦੀ, ਸਦਮੇ ਵਿਚ ਪਏ ਦੁਹਾਈਆ । ਆਸਾ ਮਨਸਾ ਖ਼ਾਹਸ਼ ਰਹੇ ਕਿਸੇ ਨਾ ਦੱਬੀ, ਗੁਰ ਅਵਤਾਰ ਪੈਗ਼ੰਬਰਾਂ ਮਨਸਾ ਪੂਰ ਕਰਾਈਆ । ਵਰਤੇ ਹੁਕਮ ਖੇਲ ਅਲਾਹੀ ਰੱਬੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਦੀਨ ਮਜ਼੍ਹਬ ਦੀ ਪਾਰ ਕਰਾਵੇ ਹੱਦੀ, ਹੱਦ ਹਦੂਦ ਹੱਕ ਮਹਿਬੂਬ ਇਕੋ ਦਏ ਜਣਾਈਆ । ਜਿਸ ਦੀ ਜੋਤ ਬਿਨ ਵਰਨ ਗੋਤ ਅਗੰਮ ਅਥਾਹ ਜਗੀ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਹੰਸ ਬੁੱਧੀ ਬਣਾਏ ਕੱਗੀ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਸਾਚੇ ਨਾਮ ਦੀ ਦੇ ਕੇ ਮਧੀ, ਮਧੁਰ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਨੂਰ ਨੁਰਾਨਾ, ਹਰਿ ਕਰਤਾ ਬੇਪਰਵਾਹੀਆ । ਜਿਸ ਨੇ ਬਦਲ ਦੇਣਾ ਜ਼ਮਾਨਾ, ਜ਼ਾਹਰ ਜ਼ਹੂਰ ਦਇਆ ਕਮਾਈਆ । ਧਰਮ ਝੁਲਾਏ ਇਕ ਨਿਸ਼ਾਨਾ, ਨੌਂ ਖੰਡ ਵੱਜੇ ਵਧਾਈਆ । ਗ਼ਰੀਬ ਨਿਮਾਣਿਆਂ ਦੇਵੇ ਮਾਣਾ, ਚਾਰ ਵਰਨਾਂ ਰੰਗ ਰੰਗਾਈਆ । ਸਾਚੇ ਨਾਮ ਦਾ ਦੱਸ ਪੈਮਾਨਾ, ਪੈਮਾਇਸ਼ ਆਪਣੇ ਵਿਚ ਪ੍ਰਗਟਾਈਆ । ਧੁਰ ਦਾ ਦੇ ਕੇ ਨਾਮ ਨਿਧਾਨਾ, ਗਿਆਨ ਨੇਤਰ ਦਏ ਖੁਲ੍ਹਾਈਆ । ਹੰਗਤਾ ਗੜ੍ਹ ਤੋੜ ਅਭਿਮਾਨਾ, ਨਿਵਣ ਸੁ ਅੱਖਰ ਇਕ ਦ੍ਰਿੜਾਈਆ । ਆਤਮ ਪਰਮਾਤਮ ਜਣਾ ਕੇ ਕਾਹਨਾ, ਸੁਰਤੀ ਸ਼ਬਦੀ ਮੇਲ ਮਿਲਾਈਆ । ਸਾਚਾ ਮੰਦਰ ਸੁਹਾ ਮਕਾਨਾ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਣਾ, ਗਹਿਰ ਗੰਭੀਰ ਪਰਦਾ ਦਏ ਉਠਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇ ਕੇ ਪੀਣਾ ਖਾਣਾ, ਮਨ ਕਲਪਣਾ ਕੂੜ ਗਵਾਈਆ । ਮੁਹੱਬਤ ਵਿਚ ਹੋ ਕੇ

ਮਿਹਰਵਾਨਾ, ਮਹਿਬੂਬ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮਾਲਕ ਇਕ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਹੋਏ ਗ਼ੁਲਾਮਾ, ਬਰਦੇ ਬਣ ਬਣ ਸੀਸ ਨਿਵਾਈਆ । ਓਸ ਦਾ ਵੱਜਣਾ ਇਕ ਦਮਾਮਾ, ਜਿਸ ਨੂੰ ਮੰਨਿਆ ਮਹਿੰਦੀ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਓਹ ਪਹਿਰ ਕੇ ਆਪਣਾ ਜਾਮਾ, ਜਾਨਣਹਾਰ ਨੂਰ ਅਲਾਹੀਆ । ਲਹਿਣਾ ਦੇਣਾ ਚੁਕਾ ਕੇ ਜ਼ਿਮੀ ਅਸਮਾਨਾ, ਸਮਾਂ ਅੰਤਮ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੀਵ ਜੰਤ ਜਹਾਨਾ, ਆਦਿ ਅੰਤ ਜੁਗਾ ਜੁਗੰਤ ਜੁਗ ਕਰਤਾ ਆਪਣਾ ਹੁਕਮ ਵਰਤਾਈਆ ।

### ✻ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੰਤਾ ਸਿੰਘ ਦੇ ਗ੍ਰਹਿ ਪੰਜ ਗਰਾਈਆਂ ਜ਼ਿਲਾ ਗੁਰਦਾਸਪੁਰ ✻

ਤੇਈ ਅਵਤਾਰ ਕਹਿਣ ਚਾਰ ਜੁਗ ਦੇ ਚੁਕੀਏ ਕਾਗ਼ਜ਼, ਦੋ ਜਹਾਨਾਂ ਬਿਨ ਅੱਖਰਾਂ ਲੇਖ ਬਣਾਈਆ । ਈਸਾ ਮੂਸਾ ਮੁਹੰਮਦ ਕਹੇ ਉਮਤ ਦੀ ਵੇਖੀਏ ਸਾਜ਼ਸ਼, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਦਸ ਗੁਰ ਕਹਿਣ ਮਨ ਕਲਪਣਾ ਵੇਖੀਏ ਸਾਜ਼ਸ਼, ਕਸ਼ੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਫੋਲ ਫੁਲਾਈਆ । ਸਤਿਗੁਰ ਸ਼ਬਦ ਕਹੇ ਭਗਤ ਸੁਹੇਲੇ ਤੱਕੀਏ ਆਜਜ਼, ਗੁਰਮੁਖ ਗੁਰ ਗੁਰ ਵੇਖ ਵਖਾਈਆ । ਸਦੀ ਚੌਧਵੀਂ ਕਹੇ ਕਵਣ
੯੩੩ ਕਰੇ ਹੱਕ ਇਬਾਦਤ, ਨਾਮ ਕਲਮਾ ਧੁਰ ਦਾ ਨਗ਼ਮਾ ਅਗੰਮ ਗਾਈਆ । ਕੂੜੀ ਕਿਰਿਆ ਬਦਲ ਕੇ ਆਦਤ, ਸਚ ਸੁੱਚ ਸਮਝਾਈਆ । ਅਕਲ ੯੩੩
੨੧ ਬੁੱਧੀ ਤੋਂ ਪਰੇ ਸਮਝ ਲਿਆਕਤ, ਸੁਰਤੀ ਸ਼ਬਦ ਨਾਲ ਮਿਲਾਈਆ । ਉਸ ਦੀ ਦੇਣੀ ਸਰਬ ਸ਼ਹਾਦਤ, ਅੰਤ ਕੰਤ ਭਗਵੰਤ ਦਏ ਸਮਝਾਈਆ । ੨੧
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਬੇਪ੍ਰਵਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦੀ ਵੇਖੀਏ ਅੰਤਰਗਤ, ਇਸ਼ਟ ਦੇਵ ਗੁਰਦੇਵ ਸਵਾਮੀ ਖੋਜ ਖੁਜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹਦਿਆਂ ਕਿਉਂ ਵਿਗੜ ਗਈ ਮਤ, ਮਨਮਤ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹਲਕਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਪਾਰਬ੍ਰਹਮ ਪਤਿਪਰਮੇਸ਼ਵਰ ਮਿਲੇ ਨਾ ਕਿਸੇ ਸਮਰਥ, ਆਤਮ ਪਰਮਾਤਮ ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਭਚਾਰ ਕੁਕਰਮ ਭ੍ਰਿਸ਼ਟਾਚਾਰ ਸਭ ਨੂੰ ਪਾਈ ਨੱਥ, ਸਾਧ ਸੰਤ ਜੀਵ ਜੰਤ ਬਚਿਆ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਨੌ ਖੰਡ ਪ੍ਰਿਥਮੀ ਸੱਤ ਦੀਪ ਹਰ ਘਟ ਅੰਦਰ ਉਬਲੇ ਰੱਤ, ਅੰਮ੍ਰਿਤ ਮੇਘ ਆਬੇਹਯਾਤ ਜਾਮ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਲੋ ਵੇਖੀਏ ਜਗਤ ਜਹਾਲਤ, ਬੁਧ ਬਿਬੇਕ ਨਾ ਕੋਇ ਬਣਾਈਆ । ਸਾਚਾ ਨਾਮ ਨਜ਼ਰ ਨਾ ਆਵੇ ਧੁਰ ਦੀ ਨਿਆਮਤ, ਖ਼ਾਲੀ ਭਾਂਡੇ ਕਾਇਆ ਕਾਸੇ ਨਜ਼ਰੀ ਆਈਆ । ਜਿਸ ਕੂੜ ਕਿਰਿਆ ਦੀ ਕਰ ਕੇ ਆਏ ਮਮਾਨਤ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਡੇਰਾ ਢਾਹੀਆ । ਉਹ ਕਲਜੁਗ ਕੂੜੇ ਸਭ ਨੂੰ ਕੀਤੀ ਸਿਖਾਵਤ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਘਰ ਘਰ ਦਿਤੀ ਵਰਤਾਈਆ । ਜਿਧਰ ਤੱਕੀਏ ਅੱਲਾ ਰਾਮ ਵਾਹਿਗੁਰੂ ਦੇ ਨਾਮ ਦੀ ਪਈ ਅਦਾਵਤ, ਹਿੰਦੂ ਮੁਸਲਿਮ ਸਿੱਖ ਈਸਾਈ ਪ੍ਰਭ ਦੇ ਨਾਮ ਤੋਂ ਕਰਨ

ਲੜਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤੱਤ ਪੁਤਲਾ ਵੇਖ ਬਨਾਵਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕੀ ਹੋਇਆ ਦੀਨ ਦੁਨੀ ਦੀ ਬੁੱਧੀ, ਆਕ਼ਲ ਅਕਲ ਨਾ ਕੋਇ ਜਣਾਈਆ । ਨੀਤੀ ਦਿਸੇ ਕਿਸੇ ਨਾ ਸੁਧੀ, ਬਸੁਧਾ ਰੋ ਰੋ ਦਏ ਦੁਹਾਈਆ । ਪੀਰ ਪੈਗ਼ੰਬਰੋ ਅੰਤਮ ਸਭ ਦੀ ਔਧ ਮੁਕੀ, ਅਗਲਾ ਲੇਖਾ ਅਵਰ ਨਾ ਕੋਇ ਬਣਾਈਆ । ਜਿਹੜੀ ਰਮਜ਼ ਸ਼ਬਦ ਇਸ਼ਾਰੇ ਵਿਚ ਦੱਸ ਕੇ ਆਏ ਗੁੱਝੀ, ਭਵਿਖਤਾਂ ਵਿਚ ਲਿਖਤਾਂ ਵਿਚ ਇਕੋ ਰਾਹ ਜਣਾਈਆ । ਓਹ ਧਾਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋਵੇ ਉਘੀ, ਪਰਵਰਦਿਗਾਰ ਸਾਂਝਾ ਯਾਰ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਕਾਇਆ ਮਾਟੀ ਤਨ ਵਜੂਦ ਵੇਖੇ ਝੁੱਗੀ, ਪਰਦਿਆਂ ਅੰਦਰ ਪਰਦਾ ਆਪ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਕਾਰ ਕਮਾਈਆ । ਤੇਈ ਅਵਤਾਰ ਕਹਿਣ ਪ੍ਰਭ ਲੇਖਾ ਦੇਵਣਹਾਰਾ ਦਸਤੀ, ਦਸਤਬਰਦਾਰ ਕਰੇ ਲੋਕਾਈਆ । ਕੂੜੀ ਕਿਰਿਆ ਲਾਹੁਣ ਵਾਲਾ ਮਸਤੀ, ਗੜ੍ਹ ਹੰਕਾਰ ਦਏ ਤੁੜਾਈਆ । ਸਚਖੰਡ ਨਿਵਾਸੀ ਖੇਲ ਕਰੇ ਪ੍ਰੀਤਮ ਅਰਸ਼ੀ, ਬ੍ਰਹਮ ਪਾਰਬ੍ਰਹਮ ਆਪਣਾ ਭੇਵ ਖੁਲ੍ਹਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਹਿੰਦੇ ਗਏ ਧਾਰ ਧੁਰ ਦੀ, ਧਰਮ ਦਵਾਰੇ ਸੋਭਾ ਪਾਈਆ । ਓਹ ਆਸਾ ਮਨਸਾ ਪੂਰੀ ਕਰੇ ਅਨੰਦਪੁਰ ਦੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਤੋਂ ਬਾਹਰ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੈਗ਼ੰਬਰ ਕਹਿਣ ਕੀ ਬਸਤਾ ਵੇਖੀਏ ਕਿਤਾਬ, ਕੁਤਬਖ਼ਾਨੇ ਫੋਲ ਫੁਲਾਈਆ । ਪਰਵਰਦਿਗਾਰ ਸਾਂਝਾ ਯਾਰ ਧੁਰਦਰਗਾਹੀ ਸਭ ਦੀ ਰੱਖੇ ਯਾਦ, ਯਾਦਦਾਸ਼ਤ ਨਾ ਕਦੇ ਭੁਲਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਕੀਤੀ ਆਬਾਦ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਸੋ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਸਭ ਦਾ ਅੰਤਮ ਵੇਖੇ ਰਾਜ, ਮੁਮਤਾਜ਼ ਹੋ ਕੇ ਪਰਦੇ ਓਹਲੇ ਦਏ ਚੁਕਾਈਆ । ਜਿਸ ਦਾ ਨਾਮ ਕ਼ਲਮਾ ਸ਼ਬਦ ਅਗੰਮ ਰਸਨਾ ਜਿਹਵਾ ਬੱਤੀ ਦੰਦ ਸੁਣਾ ਕੇ ਆਏ ਆਵਾਜ਼, ਰਾਗਾਂ ਨਾਦਾਂ ਸੋਹਲਿਆਂ ਢੋਲਿਆਂ ਵਿਚ ਗਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਅੰਤਮ ਦੀਨ ਦੁਨੀ ਦਾ ਵੇਖੇ ਸਮਾਜ, ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਮਾਨਵ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਅੰਤ ਅਖ਼ੀਰ ਕਰੇ ਬੇਬਾਕ, ਲੇਖਾ ਲੋਕਮਾਤ ਅਵਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੁਕਮ ਵਰਤਾਈਆ । ਗੁਰ ਦਸ ਕਹਿਣ ਵੇਖੀਏ ਲੋਕਮਾਤ ਦੀ ਧਰਤੀ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਜਿਥੇ ਪ੍ਰਗਟ ਹੋਵੇ ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲਾ ਅਰਸ਼ੀ, ਨਿਰਗੁਣ ਨੂਰ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਚਾਰ ਜੁਗ ਦੀ ਸਿਫ਼ਤਾਂ ਵਾਲੀ ਪਰਚੀ, ਪ੍ਰਾਚੀਨ ਦਾ ਪਰਦਾ ਰਹੀ ਉਠਾਈਆ । ਕਿਸੇ ਸਮਝ ਨਾ ਆਵੇ ਸੰਮਤ ਸੰਮਤੀ ਕੀ ਸਾਲ ਬਸਾਲ ਖੇਲ ਹੋਵੇ ਬਰਸੀ, ਭੇਵ ਅਭੇਦਾ ਸਕੇ ਨਾ ਕੋਇ ਖੁਲ੍ਹਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਪੁਰਖ ਅਕਾਲ ਅੱਗੇ ਦੇ ਕੇ ਗਏ ਸਾਰੇ ਅਰਜ਼ੀ, ਆਰਜ਼ੂ ਬੇਨੰਤੀ ਇਕ ਜਣਾਈਆ । ਜਿਸ ਵੇਲੇ ਦੀਨ ਦੁਨੀ ਵਿਚ ਰਿਹਾ ਕੋਈ ਨਾ ਦਰਦੀ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਮਨ ਮਮਤਾ ਹੋਈ ਬੇਗ਼ਰਜ਼ੀ, ਗ਼ਰਜ਼ ਲੋੜ ਨਾ

ਕੋਇ ਵਖਾਈਆ । ਹੰਕਾਰੀ ਦਸ਼ਾ ਹੋਈ ਜਗ ਦੀ, ਜਾਗਰਤ ਜੋਤ ਨਾ ਕੋਇ ਜਗਾਈਆ । ਤ੍ਰੈਗੁਣ ਮਾਇਆ ਅਗਨੀ ਹੋਣੀ ਵਗਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਖੇਲ ਵੇਖਣੀ ਦੀਨ ਮਜ਼੍ਹਬ ਹੱਦ ਦੀ, ਜ਼ਾਤ ਪਾਤ ਕਰੇ ਲੜਾਈਆ । ਓਸ ਸਮੇਂ ਪੁਰਖ ਅਕਾਲ ਦੀਨ ਦਿਆਲ ਗੁਰ ਅਵਤਾਰ ਪੈਗ਼ੰਬਰਾਂ ਆਸਾ ਤੈਨੂੰ ਸੱਦ ਦੀ, ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਤਿਪਰਮੇਸ਼ਵਰ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚਖੰਡ ਦਵਾਰੇ ਸਾਰੇ ਕਰੋ ਤਿਆਰੀ, ਦਰਗਾਹ ਸਾਚੀ ਮੁਕਾਮੇ ਹੱਕ ਲਓ ਅੰਗੜਾਈਆ । ਵੇਖੀਏ ਖੇਲ ਜੋਤ ਨਿਰੰਕਾਰੀ, ਜੋ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ । ਤੱਕੀਏ ਅੰਮ੍ਰਿਤ ਜਲ ਧਾਰੀ, ਠੰਡਾ ਠਾਰੀ ਵੇਖ ਵਖਾਈਆ । ਜਿਥੇ ਅਰਜਨ ਆਵਾਜ਼ ਮਾਰੀ, ਰਾਵੀ ਕੰਢਾ ਆਸ ਲਗਾਈਆ । ਸੋ ਬਾਲੂ ਰੇਤ ਕਰੇ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਦੋਏ ਜੋੜ ਕਰੇ ਨਿਮਸਕਾਰੀ, ਡੰਡਾਵਤ ਬੰਦਨਾ ਇਕੋ ਰੰਗ ਵਖਾਈਆ । ਸਦੀ ਚੌਧਵੀਂ ਕੂਕ ਕੂਕ ਪੁਕਾਰੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰਾ ਲਹਿਣਾ ਦੇਣਾ ਦਏ ਉਧਾਰੀ, ਈਸਾ ਮੂਸਾ ਮੁਹੰਮਦ ਨਾਲ ਮਿਲਾਈਆ । ਤੇਈ ਅਵਤਾਰ ਚਰਨ ਧੂੜੀ ਲਾਵਣ ਛਾਰੀ, ਮਸਤਕ ਟਿੱਕੇ ਰਹੇ ਰਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪਾਰਬ੍ਰਹਮ ਪ੍ਰਭ ਆਈ ਤੇਰੀ ਵਾਰੀ, ਤ੍ਰੈਲੋਕੀ ਨਾਥ ਸਾਰ ਕੋਇ ਨਾ ਪਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦਿ ਸੱਚਾ ਸਿਕਦਾਰੀ, ਹੁਕਮਰਾਨਾ ਨੌਜਵਾਨਾ ਮਰਦ ਮਰਦਾਨਾ ਇਕੋ ਇਕ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਕਵਲ ਪਨਿਹਾਰੀ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਦੁਖਿਆਰੀ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਲੱਗੀ ਬੀਮਾਰੀ, ਜਗਤ ਤਬੀਬ ਸ਼ਮਅ ਹੱਥ ਨਾ ਕੋਇ ਫੜਾਈਆ । ਰਾਵੀ ਕੰਢੇ ਤੇਰੇ ਅੱਗੇ ਆਪਣੀ ਆਸ਼ਾ ਦੱਸੀਏ ਸਾਰੀ, ਸਮੇਂ ਦੇ ਨਾਲ ਸਮਾਂ ਟਕਰਾਈਆ । ਜਿਸ ਨੂੰ ਚਾਰ ਜੁਗ ਲਿਖ ਸਕਿਆ ਨਾ ਕੋਇ ਲਿਖਾਰੀ, ਕਾਗ਼ਜ਼ ਕ਼ਲਮ ਸ਼ਾਹੀ ਕਾਤਬ ਮਿਲੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਜਾ ਅਵਰ ਨਾ ਕੋਇ ਸਿਕਦਾਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ ।

## ❊ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਪ੍ਰੀਤਮ ਕੌਰ ਦੇ ਗ੍ਰਿਹ ਪਿੰਡ ਠੀਕਰੀ ਜ਼ਿਲਾ ਗੁਰਦਾਸਪੁਰ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਲੈ ਕੇ ਜਾਈਏ ਪਿਛਲੀ ਸੰਧੀ, ਸਨਦ ਚਾਰ ਜੁਗ ਦੀ ਹੱਥ ਉਠਾਈਆ । ਜਿਸ ਦੇ ਵਿਚੋਂ ਦੀਨ ਮਜ਼੍ਹਬ ਦੀ ਨਿਕਲੇ ਪਾਬੰਦੀ, ਮਾਨਵ ਮਾਨੁਖ ਮਾਨਸ ਵੰਡ ਨਾ ਕੋਇ ਵੰਡਾਈਆ । ਚੁਰਾਸੀ ਧਾਰ ਰਹੇ ਨਾ ਬੰਦੀ, ਬੰਦੀਖ਼ਾਨਾ ਦਏ ਤੁੜਾਈਆ । ਨੇਤਰਹੀਣ ਸ੍ਰਿਸ਼ਟੀ ਰਹੇ ਨਾ ਅੰਧੀ, ਗਿਆਨ ਨੇਤਰ ਲੋਚਣ ਅੱਖ ਖੁਲ੍ਹਾਈਆ । ਜੋ ਭਵਿਖਤਾਂ ਵਿਚ ਆਪਣੀ ਆਸਾ ਇਕੋ ਲੰਘੀ, ਪੇਸ਼ੀਨਗੋਈਆਂ ਵਿਚ ਦ੍ਰਿੜਾਈਆ । ਸੋ ਸਦੀ ਚੌਧਵੀਂ ਪਿੱਠ ਸਭ ਦੀ ਹੋਈ ਨੰਗੀ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਮਨ ਕਲਪਣਾ ਵਾਸਨਾ ਹੋਈ ਗੰਦੀ, ਸੁਗੰਧੀ ਨਾਮ



੯੩੫
੨੧

ਨਾ ਕੋਇ ਭਰਾਈਆ । ਦੀਨ ਮਜ਼੍ਹਬਾਂ ਦੀ ਬਿਖੜ ਗਈ ਡੰਡੀ, ਰਾਸਤਾ ਬਰਾਸਤਾ ਭੁੱਲੀ ਜਗਤ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਪਾਖੰਡੀ, ਪਾਰਬ੍ਰਹਮ ਪ੍ਰਭ ਭੇਵ ਨਾ ਕੋਇ ਖੁਲ੍ਹਾਈਆ । ਬਿਨ ਹਰਿ ਕੰਤ ਸੁਹਾਗੀ ਹੋਈ ਰੰਡੀ, ਸੇਜ ਸੁਹੰਜਣੀ ਸੋਭਾ ਕੋਇ ਨਾ ਪਾਈਆ । ਬਿਨ ਸ਼ਬਦ ਗੋਬਿੰਦ ਦਿਸੇ ਨਾ ਕੋਈ ਜੰਗੀ, ਪੰਚ ਵਿਕਾਰ ਕਟਾਰ ਨਾ ਕੋਇ ਡਰਾਈਆ । ਸਤਿ ਸਚ ਦਾ ਦਿਸੇ ਕੋਈ ਨਾ ਸੰਗੀ, ਸਗਲਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਨੂੰ ਵਖਾਈਏ ਓਹ ਫ਼ਰਿਸਤ, ਜਿਸ ਵਿਚ ਫ਼ੈਸਲਾ ਹੱਕ ਸੁਣਾਈਆ । ਝਗੜਾ ਰਹੇ ਨਾ ਸਵਰਗ ਬਹਿਸ਼ਤ, ਦੋਜ਼ਖ਼ ਵੰਡ ਨਾ ਕੋਇ ਵੰਡਾਈਆ । ਪਿਆਰ ਦਿਸੇ ਨਾ ਮਾਸ਼ੂਕ ਇਸ਼ਕ, ਹਕੀਕ਼ੀ ਮਜਾਜ਼ੀ ਨਾ ਕੋਇ ਵਖਾਈਆ । ਬੋਦੀ ਜੰਞੂ ਨਾ ਦਿਸੇ ਤਿਲਕ, ਮੂੰਡ ਮੁੰਡਾਏ ਨਾ ਸੋਭਾ ਪਾਈਆ । ਰਸਨਾ ਜਿਹਵਾ ਨਾ ਦਿਸੇ ਨਿੰਦਕ, ਕਲਪਣਾ ਕੂੜ ਨਾ ਕੋਇ ਕੁਰਲਾਈਆ । ਦਰ ਠਾਂਡੇ ਸਾਰੇ ਕਰਦੇ ਮਿੰਨਤ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਸਦੀ ਚੌਧਵੀਂ ਰਹੀ ਨਾ ਕੋਇ ਹਿੰਮਤ, ਹੌਸਲੇ ਰਹੇ ਢਾਹੀਆ । ਪੁਰਖ ਅਕਾਲੇ ਦੀਨ ਦਿਆਲੇ ਵੇਖ ਆਪਣੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਆਤਮ ਪਰਮਾਤਮ ਕਰੇ ਨਾ ਕੋਇ ਮਿੱਲਤ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਘਟ ਘਟ ਅੰਤਰ ਨਿਰੰਤਰ ਮਨੂਆ ਕਰੇ ਇੱਲਤ, ਇਲਮ ਆਲਮਾ ਚਲੇ ਨਾ ਕੋਇ ਚਤੁਰਾਈਆ । ਜੋਧਾ ਸੂਰਬੀਰ ਮਰਦ ਮਰਦਾਨਾ ਕਰੇ ਕੋਈ ਨਾ ਹਿੰਮਤ, ਹੌਸਲੇ ਸਾਰੇ ਬੈਠੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸਚਖੰਡ ਦਵਾਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਆਪਣੀ ਆਪਣੀ ਜਾਈਏ ਲੈ ਕੇ ਫ਼ਰਦ, ਬਿਨਾ ਹੱਥਾਂ ਹੱਥ ਉਠਾਈਆ । ਜਿਸ ਵਿਚ ਲੇਖਾ ਦਿਸੇ ਸ਼ਰਅ ਛੁਰੀ ਕਰਦ, ਕ਼ਾਤਲ ਮਕ਼ਤੂਲ ਦੋਵੇਂ ਰੂਪ ਵਟਾਈਆ । ਸਚ ਮੁਹੱਬਤ ਰਿਹਾ ਕੋਈ ਨਾ ਦਰਦ, ਦੀਨਾਂ ਨਾਥ ਨਾ ਕੋਇ ਸਹਾਈਆ । ਜਿਸ ਵਿਚ ਕਲ ਕਲਕੀ ਅਮਾਮ ਕੀਤੀ ਅਰਜ਼, ਨਿਹਕਲੰਕ ਤੇਰੀ ਸ਼ਰਨਾਈਆ । ਸੋ ਕਿਸ ਬਿਧ ਪੂਰਾ ਕਰੇ ਆਪਣਾ ਫ਼ਰਜ਼, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਧਾ ਸੂਰਬੀਰ ਮਰਦਾਨਾ ਬਣੇ ਮਰਦ, ਦੂਸਰ ਮਦਦ ਨਾ ਕੋਇ ਕਰਾਈਆ । ਉਚੀ ਕੂਕ ਸੁਣਾਈਏ ਗਰਜ, ਦਰੋਹੀ ਤੇਰਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰਾ ਖੇਲ ਅਸਚਰਜ, ਅਚਰਜ ਵਿਚ ਅਚਰਜ ਤੇਰਾ ਭੇਵ ਕੋਇ ਨਾ ਪਾਈਆ ।

### ❊ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਭੂਮਲੀ ਜ਼ਿਲਾ ਗੁਰਦਾਸ ਪੁਰ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੋਂ ਗੱਲ ਸੁਣੀਏ ਅਗਲੀ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਦਏ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਕੀ ਖੇਲ ਹੋਣਾ ਸ੍ਰਿਸ਼ਟ ਸਗਲੀ, ਗ੍ਰਿਹਿ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਆਪਣਾ

ਹੁਕਮ ਵਰਤਾਈਆ । ਕੀ ਦਸ਼ਾ ਹੋਣੀ ਟਿੱਲੇ ਪਰਬਤ ਸਮੁੰਦ ਸਾਗਰ ਜੂਹ ਉਜਾੜ ਪਹਾੜ ਜੰਗਲੀ, ਡੂੰਘੀ ਕੰਦਰ ਵਹਿੰਦੀ ਧਾਰ ਕੀ ਕੀ ਖੇਲ ਵਰਤਾਈਆ । ਕਿਸ ਬਿਧ ਤੇਰੀ ਧਾਰ ਚਮਕੇ ਨੂਰ ਨੁਰਾਨੇ ਰੰਗਲੀ, ਸਚ ਸਵਾਮੀ ਅੰਤਰਜਾਮੀ ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਹੋਈ ਕਮਲੀ, ਵਸਤ ਅਮੋਲਕ ਕਾਇਆ ਗੋਲਕ ਹੱਕ ਹਕ਼ੀਕ਼ਤ ਵਿਚ ਨਾ ਕੋਇ ਵਖਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਦਰ ਦਰਵੇਸ਼ ਹੋ ਕੇ ਇਕੋ ਮੰਗ ਮੰਗ ਲਈ, ਮਾਂਗਤ ਹੋ ਕੇ ਦਰ ਠਾਂਡੇ ਝੋਲੀ ਡਾਹੀਆ । ਚਾਰ ਜੁਗ ਦੇ ਵਿਛੜੇ ਇਕੱਠੇ ਹੋਏ ਸਾਰੇ ਤੇਰੇ ਸੰਗ ਲਈ, ਸਗਲਾ ਸੰਗ ਸੂਰੇ ਸਰਬੰਗ ਇਕੋ ਦਰ ਦੇਣਾ ਬਣਾਈਆ । ਜੁਗ ਜਨਮ ਦੀ ਵਿਛੜੀ ਆਤਮ ਸਭ ਆਪਣੇ ਨਾਲ ਗੰਢ ਲਈਂ, ਗੰਢਣਹਾਰ ਸਵਾਮੀ ਆਪਣੀ ਦਇਆ ਕਮਾਈਆ । ਅਸੀਂ ਸਭ ਨੇ ਆਸਾ ਰੱਖੀ ਤੇਰੇ ਨਾਮ ਅਨੰਦ ਲਈ, ਅਨੰਦ ਅਨੰਦ ਅਨੰਦ ਵਿਚੋਂ ਦੇਣਾ ਪ੍ਰਗਟਾਈਆ । ਜੋ ਕੁਛ ਕੌਲ ਇਕ਼ਰਾਰ ਕੀਤਾ ਗੁਜਰੀ ਚੰਨ ਲਈ, ਮਾਛੂਵਾੜੇ ਪਰਦਾ ਆਪਣਾ ਉਠਾਈਆ । ਅੰਤ ਅਖ਼ੀਰ ਬੇਨਜ਼ੀਰ ਸਾਡੀ ਔਧ ਹੰਢ ਲਈ, ਸਦੀ ਚੌਧਵੀਂ ਆਪਣਾ ਪੰਧ ਜਣਾਈਆ । ਦੀਨ ਮਜ਼੍ਹਬ ਝਗੜਾ ਪਾਇਆ ਦੂਈ ਦਵੈਤੀ ਕੰਧ ਲਈ, ਧਰਮ ਦੀ ਧਾਰ ਪਰਵਰਦਿਗਾਰ ਏਕੰਕਾਰ ਤੇਰੇ ਵਿਚ ਸਮਾਈਆ । ਹੁਣ ਪ੍ਰਕਾਸ਼ ਮੰਗੀਏ ਨਿਜ ਨੇਤਰ ਲੋਚਣ ਨੈਣ ਜਗਤ ਅੰਧਿਆਰੇ ਅੰਧ ਲਈ, ਗਿਆਨ ਨੇਤਰ ਦੇਣਾ ਖੁਲ੍ਹਾਈਆ । ਕੀ ਹੁਕਮ ਵਰਤਣਾ ਤੇਰਾ ਬ੍ਰਹਿਮੰਡ ਲਈ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਕੀ ਆਪਣੀ ਖੇਲ ਖਿਲਾਈਆ । ਅਸੀਂ ਆਸਾ ਰੱਖੀ ਸਾਹਿਬ ਸੁਲਤਾਨ ਸੂਰੇ ਸਰਬੰਗ ਲਈ, ਸ਼ਹਿਨਸ਼ਾਹ ਪਾਤਸ਼ਾਹ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰ ਏਕੰਕਾਰ ਇਕ ਇਕੱਲੇ ਤੇਰੀ ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਲੋ ਸੁਣੀਏ ਅਗੰਮ ਸਲੋਕਾ, ਜੋ ਨਿਰਅੱਖਰ ਧਾਰ ਦਏ ਦ੍ਰਿੜਾਈਆ । ਅੰਤ ਅਖ਼ੀਰ ਸਭ ਨੂੰ ਇਕੋ ਮੌਕਾ, ਮੁਕੰਮਲ ਹੁਕਮ ਦਏ ਸਮਝਾਈਆ । ਸਤਿ ਧਰਮ ਦਾ ਮਾਰਗ ਕਿਹੜਾ ਸੌਖਾ, ਦੀਨ ਮਜ਼੍ਹਬ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦੀ ਸਮਝ ਨਾ ਜਾਣੇ ਕੋਈ ਪੁਸਤਕ ਪੋਥਾ, ਵਿਦਿਆ ਵਿਚ ਨਾ ਕੋਇ ਵਡਿਆਈਆ । ਬੁੱਧੀ ਵਿਚ ਕਰੇ ਕੋਈ ਨਾ ਸੋਚਾ, ਅਕ਼ਲ ਚਲੇ ਨਾ ਕੋਇ ਚਤੁਰਾਈਆ । ਜਗਤ ਨੇਤਰ ਕੋਈ ਵੇਖੇ ਨਾ ਲੋਚਾ, ਨੈਣ ਅੱਖ ਨਾ ਕੋਇ ਖੁਲ੍ਹਾਈਆ । ਸੋ ਸਾਹਿਬ ਸਤਿਗੁਰ ਕਿਸ ਬਿਧ ਸ਼ਬਦੀ ਧਾਰ ਦੇਵੇ ਹੋਕਾ, ਹੁਕਮ ਹਾਕਮ ਦਏ ਦ੍ਰਿੜਾਈਆ । ਕਵਣ ਨਾਮ ਚਲਾਏ ਨੂਹ ਨੌਕਾ, ਨੂਰ ਅਲਾਹੀ ਜਿਸ ਵਿਚ ਦੀਨ ਮਜ਼੍ਹਬ ਦਾ ਨਹੀਂ ਕੋਈ ਧੋਖਾ, ਜ਼ਾਤ ਪਾਤ ਵੰਡ ਨਾ ਕੋਇ ਕਰਾਈਆ । ਇਕੋ ਪ੍ਰਕਾਸ਼ ਮਿਲੇ ਨੂਰੀ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਲੋ ਵੇਖੀਏ ਅਗੰਮ ਨਜ਼ਾਰਾ, ਕੀ ਨਜ਼ਰੀਆ ਦਏ ਬਦਲਾਈਆ । ਕੀ ਲਹਿਣਾ ਦੇਣਾ ਚੁਕਾਵੇ ਰਾਵੀ ਕਿਨਾਰਾ, ਅਰਜਨ ਬੈਠਾ ਧਿਆਨ ਲਗਾਈਆ । ਕੀ ਹੁਕਮ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਕੀ ਜਣਾਈਆ । ਕੀ ਲਹਿਣਾ ਦੇਣਾ ਪੂਰਾ ਕਰੇ ਅਵਤਾਰਾ, ਪੈਗ਼ੰਬਰਾਂ ਝੋਲੀ ਦਏ ਭਰਾਈਆ । ਗੁਰੂ ਗੁਰਦੇਵ ਦੇਵੇ ਕੀ ਇਸ਼ਾਰਾ, ਬਿਨ ਸੈਨਤ ਅੱਖ ਉਠਾਈਆ । ਜਿਸ ਦਾ ਲਹਿਣਾ ਦੇਣਾ ਕਾਗਤ ਕ਼ਲਮ ਨਾ ਲਿਖਣਹਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਭੇਵ ਸਕੇ ਨਾ ਕੋਇ ਜਣਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ

ਕਰੇ ਖੇਲ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਵੇਖਣਹਾਰਾ ਥਾਉਂ ਥਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਦੇਵੇ ਪਰਵਰਦਿਗਾਰਾ, ਸਾਂਝਾ ਯਾਰ ਲਾਸ਼ਰੀਕ ਵਾਹਿਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਸ ਪ੍ਰਭੂ ਨਿਵ ਨਿਵ ਕਰੀਏ ਨਿਮਸਕਾਰਾ, ਝੁਕ ਝੁਕ ਸਯਦਾ ਸੀਸ ਝੁਕਾਈਆ । ਜਿਸ ਦਾ ਆਦਿ ਜੁਗਾਦਿ ਜੁਗਾ ਜੁਗੰਤ ਆਦਿ ਅੰਤ ਨਾ ਪਾਰਵਾਰਾ, ਭੇਵ ਅਭੇਦ ਸਕੇ ਨਾ ਕੋਇ ਦ੍ਰਿੜਾਈਆ । ਉਸ ਦਾ ਲਹਿਣਾ ਦੇਣਾ ਵੇਖੀਏ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਦੀ ਚੌਧਵੀਂ ਸਭ ਦਾ ਦਏ ਉਧਾਰਾ, ਬੀਸ ਬੀਸਾ ਹਰਿ ਜਗਦੀਸਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਅਵਤਾਰਾ, ਅਵਤਰ ਨਿਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਅਨੂਪ ਬਦਲਾਈਆ ।

### ❋ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਜੋਗਿੰਦਰ ਸਿੰਘ ਦੇ ਗ੍ਰਿਹ ਪਿੰਡ ਡਡਵਾਂ ❋

ਤੇਈ ਅਵਤਾਰ ਕਹਿਣ ਆਪਣੀ ਵੇਖੀਏ ਪੋਥੀ ਪੁਸਤਕ, ਗਿਆਨ ਗਿਆਨ ਵਿਚ ਧਿਆਨ ਲਗਾਈਆ । ਪੈਗ਼ੰਬਰ ਕਹਿਣ ਆਪਣੀ ਖੇਲ ਵੇਖੀਏ ਜਿਹੜੀ ਨਿਰਗੁਣ ਧਾਰ ਮੁਰਸ਼ਦ, ਮੁਰੀਦਾਂ ਮੁਫ਼ਤ ਨਾਮ ਵਰਤਾਈਆ । ਗੁਰੂ ਗੁਰਦੇਵ ਕਹਿਣ ਜਗਤ ਜਹਾਨੋਂ ਕਰ ਕੇ ਫ਼ੁਰਸਤ, ਫ਼ਰਮਾਂਬਰਦਾਰ ਹੋ ਕੇ ਸੇਵ ਕਮਾਈਆ । ਪੁਰਖ ਅਕਾਲ ਕਹੇ ਮੈਂ ਸਭ ਦੀ ਜਾਣਾ ਉਲਫ਼ਤ, ਆਦਿ ਅੰਤ ਜੁਗਾ ਜੁਗੰਤ ਖੋਜ ਖੁਜਾਈਆ । ਸਦੀ ਚੌਧਵੀਂ ਕਹੇ ਅੰਤ ਅਖ਼ੀਰ ਕੋਈ ਨਾ ਧੋਵੇ ਮੈਲ ਦੁਰਮਤ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖੀਏ ਸ੍ਰਿਸ਼ਟੀ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਸੁਰਤੀ ਉਠੇ ਨਾ ਕਿਸੇ ਸੋਤੀ, ਸ਼ਬਦੀ ਨਾਦ ਨਾ ਕੋਇ ਸ਼ਨਵਾਈਆ । ਆਤਮ ਪਰਮਾਤਮ ਬਣੇ ਕੋਈ ਨਾ ਗੋਤੀ, ਚਾਰ ਵਰਨ ਅਠਾਰਾਂ ਬਰਨ ਭਰਮ ਭੁਲਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਚੋਟੀ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਫਿਰਦੇ ਕੋਟਨ ਕੋਟੀ, ਜੋਗ ਅਭਿਆਸ ਵਿਚ ਧਿਆਨ ਲਗਾਈਆ । ਸਤਿ ਧਾਰ ਦਾ ਬਣੇ ਨਾ ਕੋਇ ਮਾਣਕ ਮੋਤੀ, ਗੁਰਮੁਖ ਹੰਸ ਕਾਗ ਰੂਪ ਨਾ ਕੋਇ ਬਦਲਾਈਆ । ਗ੍ਰਿਹਿ ਮੰਦਰ ਅੰਦਰ ਜਗੇ ਕਿਸੇ ਨਾ ਜੋਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਦੀਨ ਦਿਆਲ ਰੱਖੇ ਕੋਈ ਨਾ ਓਟੀ, ਧੁਰ ਦਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰੇ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਦੀ ਅੰਤਰ ਵੇਖੀਏ ਦਿਸ਼ਾ, ਕਾਇਆ ਕਾਅਬਾ ਮੰਦਰ ਫੋਲ ਫੁਲਾਈਆ । ਆਤਮ ਪਰਮਾਤਮ ਮਿਲਣ ਦੀ ਕਿਸ ਦੀ ਸਾਚੀ ਇੱਛਾ, ਨਿਰਇੱਛਤ ਪ੍ਰਭ ਦਾ ਨਾਮ ਧਿਆਈਆ । ਸਚ ਦਵਾਰੇ ਕਿਸ ਨੂੰ ਪਾਉਣੀ ਭਿੱਛਾ, ਵਸਤ ਅਮੋਲਕ ਇਕ ਵਰਤਾਈਆ । ਮੰਜ਼ਲ ਪੰਧ ਮੁਕਾਉਣੀ ਸਵਾ ਗਿੱਠਾ, ਜਗਤ ਪੈਮਾਨਾ ਨਾਪ ਨਾ ਕੋਇ ਜਣਾਈਆ । ਝਗੜਾ ਮੁਕਾਉਣਾ ਪੱਥਰ ਇੱਟਾਂ, ਪੁਰਖ ਅਕਾਲਾ ਇਕੋ ਸੋਭਾ

ਪਾਈਆ । ਚਾਰ ਜੁਗ ਦੇ ਸ਼ਾਸਤਰ ਨਾਮ ਵਡਿਆਈ ਸਿਫ਼ਤਾਂ ਵਾਲੀਆਂ ਚਿੱਟਾਂ, ਚੇਟਕ ਦੀਨ ਦੁਨੀ ਜਣਾਈਆ । ਬਿਨ ਭਗਤਾਂ ਪ੍ਰਭ ਦੀ ਚਰਨ ਧੂੜ ਲੱਗੇ ਕਿਸੇ ਨਾ ਟਿੱਕਾ, ਖ਼ਾਕੀ ਖ਼ਾਕ ਨਾ ਕੋਇ ਰਮਾਈਆ । ਪੁਰਖ ਅਕਾਲ ਮਿਲੇ ਨਾ ਪਿਤਾ, ਪਤਿਪਰਮੇਸ਼ਵਰ ਗੋਦ ਨਾ ਕੋਇ ਉਠਾਈਆ । ਜਗ ਨੇਤਰ ਲੋਚਣ ਦੋਏ ਕਿਸੇ ਨਾ ਦਿਸਾ, ਦਿੱਬ ਨੇਤਰ ਨਿਜ ਨੈਣ ਨਾ ਕੋਇ ਰੁਸ਼ਨਾਈਆ । ਸਦੀ ਚੌਧਵੀਂ ਸਭ ਨੂੰ ਦੇ ਕੇ ਪਿਠਾ, ਪਰਮ ਪੁਰਖ ਪ੍ਰਭ ਬੈਠਾ ਮੁਖ ਛੁਪਾਈਆ । ਹਉਂਮੇ ਰੋਗ ਲੱਗਾ ਜਗ ਖਿਟਾ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਅੰਤ ਅਖ਼ੀਰ ਸਭ ਦਾ ਨਿਕਲਣਾ ਸਿੱਟਾ, ਸਿੱਟੇਬਾਜ਼ੀ ਜਗਤ ਲੋਕਾਈਆ । ਬਿਨ ਸਤਿਗੁਰ ਸ਼ਬਦ ਲੇਖਾ ਹੋਵੇ ਕਿਸੇ ਨਾ ਚਿੱਟਾ, ਤੱਤਾਂ ਕਰੇ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਸੁਣੋ ਅਵਤਰਾ ਮੀਤ, ਸਹਿਜ ਸਹਿਜ ਸੁਣਾਈਆ । ਸਭ ਨੇ ਗਾਉਣਾ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ । ਪਿਛਲੀ ਬਦਲ ਦੇਣੀ ਰੀਤ, ਰੀਤੀਵਾਨ ਆਪ ਸੁਣਾਈਆ । ਇਕੋ ਸਾਹਿਬ ਝੁਕਣਾ ਸੀਸ, ਜਗਦੀਸ਼ ਹੋਏ ਸਹਾਈਆ । ਪਿਛਲਾ ਪੀਸਣ ਜੁਗ ਚੌਕੜੀ ਲਿਆ ਪੀਸ, ਚਾਰ ਵਰਨਾਂ ਫੇਰ ਫਰਾਈਆ । ਜਿਸ ਦੀ ਕਰਦੇ ਰਹੇ ਉਡੀਕ, ਓਹ ਹੁਕਮ ਇਕ ਵਰਤਾਈਆ । ਜਿਸ ਨੇ ਬਦਲ ਦੇਣੀ ਤਵਾਰੀਖ, ਤਾਰੀਖ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਹੁਕਮ ਸੁਣਾਈਆ । ਪਰਵਰਦਿਗਾਰ ਕਹੇ ਸੁਣੋ ਪੈਗ਼ੰਬਰੋ ਧੁਰ ਫ਼ਰਮਾਨ ਅਗੰਮ, ਅਗੰਮੜਾ ਹੋ ਕੇ ਦਿਆਂ ਜਣਾਈਆ । ਝਗੜਾ ਛੱਡਣਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਲੈਣੀ ਬਦਲਾਈਆ । ਹਰਖ ਸੋਗ ਰਹੇ ਨਾ ਗ਼ਮ,



ਚਿੰਤਾ ਚਿਖਾ ਨਾ ਕੋਇ ਜਲਾਈਆ । ਸਭ ਨੇ ਰਸਨਾ ਜਿਹਵਾ ਬਿਨ ਕਹਿਣਾ ਧੰਨ ਧੰਨ, ਪ੍ਰਭੂ ਧੰਨ ਤੇਰੀ ਵਡਿਆਈਆ । ਆਪਣਾ ਆਪਣਾ ਬੇੜਾ ਸਭ ਨੇ ਲੈਣਾ ਬੰਨ੍ਹ, ਪਤਣ ਵੇਖਣਾ ਧੁਰਦਰਗਾਹੀਆ । ਹੋਏ ਵਸੇਰਾ ਬਿਨ ਛੱਪਰ ਛੰਨ, ਸ਼ਾਹ ਸੁਲਤਾਨ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਉਪਜਾਈਆ । ਪੁਰਖ ਅਕਾਲ ਕਹੇ ਸੁਣੋ ਗੁਰੂ ਗੁਰਦੇਵ, ਆਤਮਾ ਦਿਆਂ ਜਣਾਈਆ । ਆਤਮ ਪਰਮਾਤਮ ਸਾਚੀ ਸੇਵ, ਧਰਮ ਦੀ ਧਾਰ ਇਕ ਅਖਵਾਈਆ । ਧੁਰ ਦਾ ਨਾਮ ਅਗੰਮਾ ਮੇਵ, ਬਿਨ ਰਸਨਾ ਰਸ ਚਖਾਈਆ । ਗਾਉਣਾ ਪਏ ਨਾ ਕਿਸੇ ਜਿਹਵ, ਬੱਤੀ ਦੰਦ ਨਾ ਕੋਇ ਅਲਾਈਆ । ਨਿਰਗੁਣ ਹੋ ਕੇ ਖੋਲ੍ਹਾਂ ਭੇਵ, ਅਭੇਵ ਦਿਆਂ ਦ੍ਰਿੜਾਈਆ । ਧਾਮ ਸੁਹੰਜਣਾ ਸਦਾ ਨਿਹਚਲ ਨਿਹਕੇਵ, ਸਤਿ ਸਤਿਵਾਦੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਲੋਕਮਾਤ ਸਾਰੇ ਬਣੋ ਸੱਜਣ, ਰੀਤੀ ਸਚਖੰਡ ਸਮਝਾਈਆ । ਇਕੋ ਚਰਨ ਪ੍ਰੀਤੀ ਕਰੋ ਮਜਨ, ਦੂਜਾ ਦਰ ਨਾ ਕੋਇ ਵਡਿਆਈਆ । ਪੂਜਾ ਪਾਠ ਬੰਦਗੀ ਇਕੋ ਹੋਵੇ ਭਜਨ, ਸਿਮਰਨ ਇਕੋ ਇਕ ਦਰਸਾਈਆ । ਇਕੋ ਵਸਤ ਸਾਰੇ ਮੰਗਣ, ਝੋਲੀ ਇਕੋ ਅੱਗੇ ਡਾਹੀਆ । ਇਕੋ ਚਾੜ੍ਹੇ ਪ੍ਰਭੂ ਰੰਗਣ, ਨਰ ਨਰਾਇਣ ਦਇਆ ਕਮਾਈਆ । ਇਕੋ ਰੱਖੇ ਆਪਣੇ ਅੰਗਣ, ਗੋਦ ਸੁਹੰਜਣੀ ਆਪ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਧੁਰ ਫ਼ਰਮਾਨਾ ਇਕੋ ਮੰਨਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਜਣਾਈਆ । ਸਚ ਸੰਦੇਸ਼ ਸੁਣੋ ਫ਼ਰਮਾਨਾ, ਹਰਿ ਕਰਤਾ ਆਪ ਦ੍ਰਿੜਾਈਆ ।

੯੩੯
੨੧

ਕਲਜੁਗ ਅੰਤਮ ਮਿਟੇ ਕੂੜ ਨਿਸ਼ਾਨਾ, ਚਾਰ ਕੁੰਟ ਹੋਏ ਰੁਸ਼ਨਾਈਆ । ਖੇਲੇ ਖੇਲ ਵਾਲੀ ਦੋ ਜਹਾਨਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਨਾਮ ਚਲਾਈਆ । ਜੋਧਾ ਸੂਰਬੀਰ ਬਣ ਮਰਦ ਮਰਦਾਨਾ, ਮਦਦ ਦੇਵੇ ਥਾਉਂ ਥਾਈਂਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਇਕ ਗਿਆਨਾ, ਅਗਿਆਨ ਅੰਧੇਰਾ ਦੂਰ ਕਰਾਈਆ । ਅੰਮ੍ਰਿਤ ਰਸ ਬਖ਼ਸ਼ੇ ਪੀਣਾ ਖਾਣਾ, ਤ੍ਰਿਸ਼ਨਾ ਭੁੱਖ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਉਣਾ ਗਾਣਾ, ਗਾਵਤ ਗਾ ਗਾ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਲੇਖਾ ਜਾਣੇ ਜੀਵ ਜਹਾਨਾ, ਜਾਗਰਤ ਜੋਤ ਬਿਨ ਵਰਨ ਗੋਤ ਨੂਰ ਜ਼ਹੂਰ ਏਕੰਕਾਰ ਏਕਾ ਏਕ ਕਰੇ ਰੁਸ਼ਨਾਈਆ ।

## ❊ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਜਗੀਰ ਸਿੰਘ ਦੇ ਘਰ ਪਿੰਡ ਸੋਹਲ ❊

ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੀ ਵਖਾਓ ਆਪਣੀ ਲਿਖੀ ਹੋਈ ਤਖ਼ਤੀ, ਅੱਖਰਾਂ ਨਾਲ ਅੱਖਰ ਜੋੜ ਜੁੜਾਈਆ । ਕੀ ਪਰਮ ਪੁਰਖ ਪਰਮਾਤਮ ਪਾਰਬ੍ਰਹਮ ਪਰਵਰਦਿਗਾਰ ਬਖ਼ਸ਼ਿਸ਼ ਬਖ਼ਸ਼ੀ, ਰਹਿਮਤ ਰਹੀਮ ਰਹਿਮ ਕਮਾਈਆ । ਕੀ ਨਾਮ ਕਲਮਾ ਸ਼ਬਦ ਸੰਦੇਸਾ ਦਿਤਾ ਧੁਰ ਦੇ ਅਰਸ਼ੀ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਕੀ ਅੰਤ ਅਖ਼ੀਰ ਤੁਸਾਂ ਦਰਗਾਹ ਸਾਚੀ ਦਿਤੀ ਅਰਜ਼ੀ, ਬੇਨੰਤੀ ਸਚ ਸਚ ਸੁਣਾਈਆ । ਕਿਉਂ ਕਲਜੁਗ ਅੰਤ ਦੀਨ ਦੁਨੀ ਹੋਈ ਬੇਦਰਦੀ, ਦਰਦ ਸਕੇ ਨਾ ਕੋਇ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੇ ਨਾਮ ਚਲੇ ਫ਼ਰਜ਼ੀ, ਹਕੀਕੀ ਨਾਮ ਨਾ ਕੋਇ ਜਣਾਈਆ । ਮਨ ਕਲਪਣਾ ਹੋਈ ਗ਼ਰਜ਼ੀ, ਬੁੱਧ ਬਿਬੇਕ ਨਾ ਕੋਇ ਸਮਝਾਈਆ । ਚਾਰ ਕੁੰਟ ਅੰਧੇਰ ਗਰਦੀ, ਸਤਿ ਧਰਮ ਨਾ ਕੋਇ ਵਖਾਈਆ । ਕਿਸੇ ਸਮਝ ਨਹੀਂ ਆਪਣੇ ਘਰ ਦੀ, ਗ੍ਰਹਿ ਮੰਦਰ ਪਰਦਾ ਨਾ ਕੋਇ ਉਠਾਈਆ । ਹਾਲਤ ਵਿਗੜੀ ਨਾਰੀ ਨਰ ਦੀ, ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਢੋਲੇ ਸ੍ਰਿਸ਼ਟੀ ਸਾਰੀ ਪੜ੍ਹਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਕੀ ਧਾਰ ਦੱਸੀ ਚੋਟੀ ਜੜ੍ਹ ਦੀ, ਚੇਤਨ ਭੇਵ ਕਵਣ ਚੁਕਾਈਆ । ਜਿਧਰ ਵੇਖੋ ਕਾਇਨਾਤ ਦੀਨਾਂ ਮਜ਼੍ਹਬਾਂ ਵਿਚ ਲੜਦੀ, ਜ਼ਾਤ ਪਾਤ ਪਈ ਦੁਹਾਈਆ । ਗੁਰ ਅਵਤਾਰ ਪੈਗ਼ੰਬਰੋ ਕੀ ਖੇਲ ਕਲਜੁਗ ਕਲ ਦੀ, ਕਲਾ ਵਿਚੋਂ ਕਲਾਧਾਰੀ ਦਿਓ ਸਮਝਾਈਆ । ਕੀ ਖੇਲ ਹੋਣੀ ਜਲ ਥਲ ਦੀ, ਮਹੀਅਲ ਪੜਦਾ ਦੇਣਾ ਉਠਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਪਤਿਪਰਮੇਸ਼ਵਰ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰੋ ਚਾਰ ਜੁਗ ਦਾ ਆਪਣਾ ਵੇਖੋ ਲੇਖ, ਜੋ ਕ਼ਲਮ ਸ਼ਾਹੀ ਕਾਗ਼ਜ਼ ਨਾਲ ਜੁੜਾਈਆ । ਜਿਸ ਵਿਚ ਭਵਿਖਤਾਂ ਦਾ ਦੇ ਕੇ ਆਏ ਸੰਦੇਸ਼, ਕਲਮਾ ਨਾਮ ਅਗੰਮ ਅਥਾਹੀਆ । ਜੋ ਸਾਹਿਬ ਸਵਾਮੀ ਅੰਤਰਜਾਮੀ ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਮਾਲਕ ਖ਼ਾਲਕ ਪ੍ਰਿਤਪਾਲਕ ਮੰਨ ਕੇ ਆਏ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੂੰ ਪਿਤਾ ਮੰਨਿਆ ਗੁਰ ਦਸਮੇਸ਼, ਪੁਰਖ ਅਕਾਲ ਵੱਡੀ

੯੪੧
੨੧

ਵਡਿਆਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਮਹਿਖ਼ਾਸੁਰ ਸੀਸ ਨਿਵਾਈਆ । ਉਹ ਸਦੀ ਚੌਧਵੀਂ ਅੰਤ ਅਖ਼ੀਰ ਦੇਵੇ ਕੀ ਸੰਦੇਸ਼, ਧੁਰ ਦਾ ਨਗ਼ਮਾ ਨਾਮ ਸੁਣਾਈਆ । ਜਿਸ ਦੇ ਸਾਰਿਆਂ ਹੋਣਾ ਪੇਸ਼, ਪੇਸ਼ੀਨਗੋਈਆਂ ਵੇਖ ਵਖਾਈਆ । ਧਰਮ ਰਿਹਾ ਨਾ ਕਿਸੇ ਦੇਸ, ਨੌ ਖੰਡ ਪ੍ਰਿਥਮੀ ਸੱਤ ਦੀਪ ਪਈ ਦੁਹਾਈਆ । ਆਤਮ ਪਰਮਾਤਮ ਕਰੇ ਕੋਈ ਨਾ ਹੇਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਦਰਸ਼ਨ ਕਰੇ ਕੋਈ ਨਾ ਨੇਤਨ ਨੇਤ, ਨਿਜ ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਕਿਉਂ ਸਭ ਦੇ ਹੁੰਦਿਆਂ ਵਿਗੜੀ ਖੇਡ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਕਿਉਂ ਅੱਲਾ ਵਾਹਿਗੁਰੂ ਨਾਮ ਸਤਿ ਖਾਧਾ ਵੇਚ, ਕ਼ੀਮਤ ਗ੍ਰੰਥਾਂ ਰਹੇ ਪਾਈਆ । ਕੀ ਸਮਝਾਇਆ ਧੁਰ ਦਾ ਦੇਸ, ਮੰਡਲ ਮੰਡਪ ਪੁਰੀ ਲੋਅ ਆਕਾਸ਼ ਪਾਤਾਲ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਚਾਰ ਜੁਗ ਦਾ ਲੇਖਾ ਵੇਖੋ ਧੁਰ ਦੀ ਬਾਣੀ, ਅਗੰਮ ਅਗੰਮੜਾ ਰਿਹਾ ਜਣਾਈਆ । ਕੀ ਸੰਦੇਸ਼ਾ ਦਿਤਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਲਾਹੀਆ । ਕੀ ਅੰਮ੍ਰਿਤ ਰਸ ਪਿਆਇਆ ਅਗੰਮਾ ਪਾਣੀ, ਬੂੰਦ ਸਵਾਂਤ ਚੁਆਈਆ । ਕੀ ਸੁਰਤ ਸ਼ਬਦ ਮਿਲਾਇਆ ਹਾਣੀ, ਘਰ ਘਰ ਵਿਚ ਵੱਜੀ ਵਧਾਈਆ । ਕੀ ਦੱਸੀ ਕਥਾ ਕਹਾਣੀ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਕੀ ਗ੍ਰਿਹ ਵਖਾਇਆ ਪਦ ਨਿਰਬਾਣੀ, ਦਰ ਘਰ ਸਾਚਾ ਇਕ ਸੁਹਾਈਆ । ਕੀ ਪੁਰਖ ਅਕਾਲ ਦੀ ਦੱਸੀ ਨਿਸ਼ਾਨੀ, ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਘਰ ਸਾਚਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰੋ ਕੀ ਮੇਰੇ ਨਾਮ ਦੀ ਕੀਤੀ ਖ਼ਤੋਖ਼ਤਾਬਤ, ਅੱਖਰ ਅੱਖਰਾਂ ਨਾਲ ਮਿਲਾਈਆ । ਕੀ ਸੰਦੇਸ਼ਾ ਦਿਤਾ ਮੇਰੀ ਬਾਬਤ, ਬਾਬਲ ਕਵਣ ਨੂਰ ਅਲਾਹੀਆ । ਕਿਸ ਬਿਧ ਮੈਨੂੰ ਕਰ ਕੇ ਆਏ ਸਾਬਤ, ਸਬੂਤ ਸਾਬਤ ਦਿਓ ਜਣਾਈਆ । ਕਿਉਂ ਵਖ ਵਖ ਮੇਰੀ ਬੰਦਗੀ ਜਣਾਈ ਇਬਾਦਤ, ਹਿੱਸਿਆਂ ਵਿਚ ਮੇਰਾ ਨਾਮ ਵੰਡਾਈਆ । ਕੀ ਮੇਰੀ ਸਮਝੀ ਤੁਸਾਂ ਤਾਕ਼ਤ, ਜ਼ੋਰਾਵਰ ਕਵਣ ਅਖਵਾਈਆ । ਕੀ ਰਸਮ ਚਲਾਈ ਸਮਾਜਿਕ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਦਿਤੀ ਵੰਡਾਈਆ । ਕੀ ਵਸਤ ਅਮੋਲਕ ਦੇ ਕੇ ਆਏ ਨਿਆਮਤ, ਨਿਰਗੁਣ ਸਰਗੁਣ ਝੋਲੀ ਪਾਈਆ । ਕੀ ਦੱਸ ਕੇ ਆਏ ਸਾਹਿਬ ਸਹੀ ਸਲਾਮਤ, ਆਦਿ ਜੁਗਾਦਿ ਜੁਗ ਚੌਕੜੀ ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਮਜ਼੍ਹਬਾਂ ਬਣਾਈ ਰੀਤ, ਰੀਤੀਵਾਨ ਪੁਛ ਪੁਛਾਈਆ । ਕਿਉਂ ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਾਈ ਮਸੀਤ, ਚਰਚਾਂ ਗੁਰੂਦਵਾਰਿਆਂ ਕੀ ਵਡਿਆਈਆ । ਕਿਉਂ ਅੱਖਰਾਂ ਦੱਸੀ ਹਦੀਸ, ਕਿਉਂ ਅੱਖਰਾਂ ਕਰੀ ਪੜ੍ਹਾਈਆ । ਕਿਉਂ ਸਭ ਨੇ ਮੇਰੀ ਰੱਖੀ ਉਡੀਕ, ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਵੇਸ ਵਟਾਈਆ । ਕਿਉਂ ਸਤਿਜੁਗ ਤਰੇਤਾ ਦਵਾਪਰ ਕਲਜੁਗ ਬਦਲਦੀ ਆਈ ਤਵਾਰੀਖ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਿਉਂ ਨਾਮ ਕਲਮਾ ਢੋਲਾ ਬਦਲਦਾ ਰਿਹਾ ਗੀਤ, ਸਿਫ਼ਤਾਂ ਵਿਚ ਸਿਫਤ ਸਾਲਾਹੀਆ । ਕਿਉਂ ਸਦੀ ਚੌਧਵੀਂ ਸਭ ਦੀ ਬਦਲ ਗਈ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਕਰੇ ਨਾ ਕੋਇ ਪ੍ਰੀਤ, ਪ੍ਰੀਤਮ ਮਿਲ ਕੇ ਨਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚਖੰਡ

ਦਵਾਰਾ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਅੰਤਮ ਆਪਣਾ ਦਿਓ ਲੇਖਾ, ਹਰਿ ਕਰਤਾ ਇਕ ਦ੍ਰਿੜਾਈਆ । ਚੌਥੇ ਜੁਗ ਨਾ ਰਹੇ ਭੁਲੇਖਾ, ਚਾਰੇ ਖਾਣੀ ਚਾਰੇ ਬਾਣੀ ਪਰਦਾ ਲਾਹੀਆ । ਕੀ ਦੇ ਕੇ ਆਏ ਮੇਰਾ ਸੰਦੇਸਾ, ਫ਼ਰਮਾਨ ਧੁਰਦਰਗਾਹੀਆ । ਕਿਉਂ ਮੂੰਡ ਮੁੰਡਾਏ ਟਿੱਕਾ ਬੋਦੀ ਜੰਞੂ ਬਣਾ ਕੇ ਕਿਉਂ ਖੇਲ ਖਿਲਾਈ ਧਾਰੀ ਕੇਸਾ, ਮੁੱਛ ਦਾੜ੍ਹੀ ਕੀ ਵਡਿਆਈਆ । ਕਿਉਂ ਜੀਵਣ ਜੀਵਣ ਵਿਚੋਂ ਕੀਤਾ ਭੇਟਾ, ਆਪਣਾ ਆਪ ਮਿਟਾਈਆ । ਕਿਉਂ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਮਝਿਆ ਖੇਵਟ ਖੇਟਾ, ਦੋ ਜਹਾਨਾਂ ਨੌਂਜਵਾਨਾ ਮਰਦ ਮਰਦਾਨਾ ਲੱਖ ਚੁਰਾਸੀ ਬੇੜਾ ਆਪਣੇ ਕੰਧ ਉਠਾਈਆ । ਕਿਉਂ ਸ਼ਬਦ ਗੁਰੂ ਗੁਰਦੇਵ ਸਵਾਮੀ ਆਦਿ ਜੁਗਾਦਿ ਪਾਰਬ੍ਰਹਮ ਪੁਰਖ ਸੁਲਤਾਨ ਦਾ ਇਕੋ ਬੇਟਾ, ਦੂਜਾ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਸਦਾ ਰਹੇ ਹਮੇਸ਼ਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਦਿੰਦਾ ਰਿਹਾ ਸੰਦੇਸ਼ਾ, ਨਿਰਗੁਣ ਹੋ ਕੇ ਸਰਗੁਣ ਕਰੀ ਪੜ੍ਹਾਈਆ । ਜਨ ਭਗਤਾਂ ਸੰਤਾਂ ਕਰ ਕੇ ਆਤਮ ਹੇਤਾ, ਪਰਮਾਤਮ ਹੋ ਕੇ ਮੇਲ ਮਿਲਾਈਆ । ਕਿਉਂ ਸਦੀ ਚੌਧਵੀਂ ਮੁਹੰਮਦ ਮਿਲਿਆ ਠੇਕਾ, ਬੀਸਵੀਂ ਸਦੀ ਈਸਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਾਚੇ ਘਰ, ਗ੍ਰਿਹ ਮੰਦਰ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰੋ ਕਲਜੁਗ ਵੇਖੋ ਅੰਤਮ ਧਾਰ, ਕੂੜੀ ਕਿਰਿਆ ਵਹਿਣ ਵਹਾਈਆ । ਸਤਿ ਧਰਮ ਨਾ ਰਿਹਾ ਵਿਚ ਸੰਸਾਰ, ਕੂੜ ਕੁਕਰਮ ਪਈ ਦੁਹਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਵੇ ਵਿਭਚਾਰ, ਧੀਰਜ ਧੀਰ ਨਾ ਕੋਇ ਧਰਾਈਆ । ਪੜ੍ਹ ਪੜ੍ਹ ਥੱਕਾ ਜਗਤ ਸੰਸਾਰ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਚਾਰੋਂ ਕੁੰਟ ਹਾਹਾਕਾਰ, ਦੀਨ ਦੁਨੀ ਰਹੀ ਕੁਰਲਾਈਆ । ਨਾਮ ਸ਼ਬਦ ਧੁਨ ਆਤਮਕ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਘਰ ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਨਾ ਕੋਇ ਉਜਿਆਰ, ਅੰਧ ਅੰਧੇਰਾ ਦੂਰ ਨਾ ਕੋਇ ਕਰਾਈਆ । ਅੰਮ੍ਰਿਤ ਬੂੰਦ ਸਵਾਂਤੀ ਮਿਲੇ ਨਾ ਠੰਡੀ ਠਾਰ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮਨ ਕਲਪਣਾ ਸਭ ਨੂੰ ਕੀਤਾ ਗ੍ਰਿਫ਼ਤਾਰ, ਅੱਗੇ ਹੋ ਨਾ ਕੋਇ ਛਡਾਈਆ । ਜਿਧਰ ਤੱਕੋ ਕਾਮ ਕਰੋਧ ਲੋਭ ਮੋਹ ਹੰਕਾਰ, ਆਸ਼ਾ ਤ੍ਰਿਸ਼ਨਾ ਭੱਜੇ ਵਾਹੋ ਦਾਹੀਆ । ਤੁਹਾਡੇ ਹੁੰਦਿਆਂ ਦੀਨ ਦੁਨੀ ਕਿਉਂ ਹੋਈ ਦੁਖਿਆਰ, ਲਿਖ ਕੇ ਦਿਓ ਸਮਝਾਈਆ । ਜਾ ਤੱਕੋ ਸਾਰੇ ਕਹੋ ਪ੍ਰਭੂ ਸਾਡਾ ਨਹੀਂ ਕੁਛ ਅਖ਼ਤਿਆਰ, ਬੇਅਖ਼ਤਿਆਰ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਖੇਲੇ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਆਪਣੀ ਕਾਰ ਕਮਾਈਆ ।



### ੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਸ਼ੰਭੂ ਨਾਥ ਦੇ ਨਾਲ ਗੁਰਦਾਸ ਪੁਰ

ਕੀ ਪਰਮ ਪੁਰਖ ਅਬਿਨਾਸ਼ੀ ਇਕ ਇਕਾਂਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਕੀ ਸ਼ਬਦ ਧਾਰ ਖੇਲ ਅਬਿਨਾਸ਼, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਕੀ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਜ਼ੇਵਰਾਤ, ਗਹਿਣੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ

ਜ਼ਿਮੀਂ ਅਸਮਾਨ ਧਰਨੀ ਧਰਤ ਧਵਲ ਧੌਲ ਨਜ਼ਰੀ ਆਈਆ । ਕੀ ਕਰਨੀ ਕਰਤਬ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਾਇਨਾਤ, ਤ੍ਰੈਗੁਣ ਮਾਇਆ ਪੰਜ ਤਤ ਮਨ ਮਨੂਆ ਵੰਡ ਵੰਡਾਈਆ । ਕੀ ਬੋਧ ਅਗਾਧ ਸ਼ਬਦ ਅਨਾਦ ਧੁਨ ਆਤਮਕ ਅਗੰਮੀ ਰਾਗ, ਬਿਨ ਰਸਨਾ ਜਿਹਵਾ ਢੋਲਾ ਧੁਰ ਸੰਦੇਸ਼ ਸੁਣਾਈਆ । ਕੀ ਗੁਰ ਅਵਤਾਰ ਪੈਗ਼ੰਬਰ ਤਨ ਵਜੂਦ ਪਹਿਨ ਕੇ ਮਾਟੀ ਖ਼ਾਕ, ਦੀਨ ਦੁਨੀ ਵਿਚ ਫੇਰਾ ਪਾਈਆ । ਕੀ ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਜ਼ਾਤ ਪਾਤ, ਦੀਨ ਮਜ਼੍ਹਬ ਨਾਉਂ ਧਰਾਈਆ । ਕੀ ਈਸ਼ ਜੀਵ ਖੇਲ ਤਮਾਸ਼, ਕੀ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਆਪਣਾ ਵੇਸ ਵਟਾਈਆ । ਕੀ ਬ੍ਰਹਮ ਕੀ ਪਾਰਬ੍ਰਹਮ ਪ੍ਰਕਾਸ਼, ਕੀ ਅੰਧ ਅਗਿਆਨ ਅੰਧੇਰਾ ਸੋਭਾ ਪਾਈਆ । ਕੀ ਸੋਨਾ ਕੀ ਸਵਰਨ, ਕੀ ਨੇਤਰ ਹਰਨ ਫਰਨ, ਕੀ ਜਨਮ ਕੀ ਮਰਨ, ਕੀ ਮੰਜ਼ਲ ਕੀ ਪੌੜੀ ਚੜ੍ਹਨ, ਕੀ ਸਿਮਰਨ ਕੀ ਪੂਜਾ ਪਾਠ ਕੀ ਸਰਨਾਈ ਕੀ ਸਰਨ, ਚਰਨ ਕਵਲ ਗੁਰਦੇਵ ਕਵਣ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਕੀ ਸੋਨਾ ਸਚ ਨਾਮ, ਜਿਸ ਨੂੰ ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਤਤ ਸਤਿ ਕਹਿ ਕੇ ਗਾਈਆ । ਕੀ ਸੋਨਾ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਗੀਤਾ ਗਿਆਨ ਕੀ ਗੁਰੂ ਗ੍ਰੰਥ ਨਾਲ ਵਡਿਆਈਆ । ਕੀ ਸੋਨਾ ਸਤਿ ਧਰਮ ਏਥੇ ਓਥੇ ਦੋ ਜਹਾਨਾਂ ਜਗਤ ਨਿਸ਼ਾਨ, ਚਾਰ ਵਰਨਾਂ ਅਠਾਰਾਂ ਬਰਨਾਂ ਕਵਣ ਭੇਵ ਖੁਲ੍ਹਾਈਆ । ਕੀ ਸੋਨਾ ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲਾ ਗਾਨ, ਕੀ ਕਾਗ਼ਜ਼ ਕ਼ਲਮ ਸ਼ਾਹੀ ਲੇਖ ਦਏ ਬਣਾਈਆ । ਕੀ ਸੋਨਾ ਆਤਮਾ ਕੀ ਸੋਨਾ ਪਰਮਾਤਮਾ ਕੀ ਬੁੱਧੀ ਤੋਂ ਪਰ੍ਹੇ ਗਿਆਨ, ਕੀ ਬਿਨਾ ਨਾਦ ਸ਼ਬਦ ਵਿਸ਼ਵ ਦਾ ਭੇਦ ਦਏ ਜਣਾਈਆ । ਕੀ ਸੋਨਾ ਮਿੱਟੀ ਵਿਚ ਮਿਲ ਕੇ ਮਿੱਟੀ ਤੇ ਵਿਕਦਾ ਫਿਰੇ ਹੱਟੀ ਵਿਚ ਦੁਕਾਨ, ਪੈਸਿਆਂ ਵਾਲੀ ਕ਼ੀਮਤ ਪਾਈਆ । ਕੀ ਸੋਨਾ ਸਤਿ ਸਰੂਪ ਦਾ ਦਿਸੇ ਸਚ ਵਿਧਾਨ, ਜਿਥੇ ਵਿਦਿਆ ਅਕਲ ਬੁੱਧੀ ਕੰਮ ਨਾ ਆਈਆ । ਕੀ ਸੋਨਾ ਅਲਿਫ਼ ਯੇ ਊੜਾ ਐੜਾ ਈੜੀ ਸੱਸਾ ਹਾਹਾ, ਕੀ ਏ ਬੀ ਸੀ ਡੀ ਕਰੇ ਕਲਿਆਣ, ਅੱਖਰਾਂ ਵਾਲੀ ਅੱਖਰ ਵੰਡ ਵੰਡਾਈਆ । ਜਿਸ ਦਾ ਸੋਨੇ ਤੋਂ ਪਰੇ ਨਿਸ਼ਾਨ, ਜਿਥੇ ਨਾ ਜ਼ਿਮੀਂ ਨਾ ਆਸਮਾਨ, ਨਾ ਕੋਈ ਪੁੱਟਣ ਖੋਦਣ ਵਾਲੀ ਖਾਨ, ਨਾ ਕੋਈ ਕਰਨ ਵਾਲਾ ਪਹਿਚਾਨ, ਧਾਤੂ ਧਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖਣਹਾਰਾ ਇਕ ਦਰ, ਜਿਸ ਗ੍ਰਿਹਿ ਪਰਮਾਤਮਾ ਪਰਮਾਤਮਾ ਪਰਮਾਤਮਾ ਆਪਣੇ ਵਿਚ ਸਮਾਈਆ । ਕੀ ਸੋਨੇ ਦੀ ਜਗਤ ਸ਼ਹਾਦਤ, ਜ਼ੇਵਰਾਤ ਨਾਲ ਵਡਿਆਈਆ । ਕੀ ਸੋਨਾ ਧੁਰ ਦੀ ਇਬਾਦਤ, ਬੰਦਗੀ ਨਾਮ ਕਲਮਾ ਰੂਪ ਧਰਾਈਆ । ਕੀ ਸੋਨਾ ਲੱਖ ਚੁਰਾਸੀ ਜੀਵ ਜੰਤ ਦੀ ਆਦਤ, ਮਨ ਮਤ ਬੁਧ ਨਾਲ ਟਕਰਾਈਆ । ਕੀ ਸੋਨਾ ਸਚ ਨਾਮ ਸਖ਼ਾਵਤ, ਬਖ਼ਸ਼ਿਸ਼ ਰਹਿਮਤ ਨਜ਼ਰੀਂ ਆਈਆ । ਕੀ ਸੋਨਾ ਜਗਤ ਜੀਵ ਬਣਾਵੇ ਅਦਾਵਤ, ਦੀਨ ਮਜ਼੍ਹਬ ਵੰਡ ਵੰਡਾਈਆ । ਬਿਨਾ ਸੋਨੇ ਤੋਂ ਬਿਨਾ ਸਰੂਪ ਤੋਂ ਜੋ ਆਦਿ ਜੁਗਾਦਿ ਸਹੀ ਸਲਾਮਤ, ਸੋ ਸਵਾਮੀ ਅੰਤਰਜਾਮੀ ਦੇਣਾ ਸਮਝਾਈਆ । ਜਿਸ ਦੀ ਕੁਠਾਲੀ ਵਿਚ ਪਾ ਕੇ ਬਣੇ ਨਾ ਕਦੇ ਬਨਾਵਟ, ਅਗਨੀ ਨਾਲ ਜਲਾ ਕੇ ਸੁਨਿਆਰਾ ਫੂਕ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਓਹ ਵਰ, ਜਿਥੇ ਨਾ ਕੋਈ ਸੋਨਾ ਨਾ ਕੋਈ ਚਾਂਦੀ, ਨਾ ਕੋਈ ਗੁਰ ਅਵਤਾਰ ਪੈਗ਼ੰਬਰ ਨਾ ਕੋਈ ਤਤ ਵਜੂਦ ਦਿਸੇ ਬਾਂਦੀ,

ਨਾ ਈਸ਼ ਜੀਵ ਜਗਦੀਸ਼ ਨਾ ਪਾਰਬ੍ਰਹਮ ਬ੍ਰਹਮ, ਨਾ ਸ਼ਬਦ ਨਾਦ ਧੁਨ, ਨਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ, ਨਾ ਸਾਧ ਸੰਤ ਫ਼ਕੀਰ, ਨਾ ਵਿਦਿਆ ਦੇ ਅੱਖਰਾਂ ਵਾਲੀ ਕੋਈ ਲਕੀਰ, ਨਾ ਕੋਈ ਰਸਨਾ ਜਿਹਵਾ ਵਾਲੀ ਤਕਰੀਰ, ਨਾ ਕੋਈ ਸ਼ਹਿਨਸ਼ਾਹ, ਨਾ ਕੋਈ ਪਾਤਸ਼ਾਹ ਨਾ ਕੋਈ ਫ਼ਕੀਰ, ਨਾ ਕੋਈ ਦਰਵੇਸ਼ ਨਾ ਕੋਈ ਮੰਗਤਾ ਨਾ ਕੋਈ ਹਉਮੇ ਨਾ ਕੋਈ ਹੰਗਤਾ, ਮੋਹ ਵਿਕਾਰ ਵਿਭਚਾਰ ਕੁਕਰਮ ਭ੍ਰਿਸ਼ਟਾਚਾਰ, ਨਾ ਕੋਈ ਜਨ ਸ਼ਕਤੀ ਨਾ ਕੋਈ ਭਗਤੀ ਸਿਮਰਨ ਪੂਜਾ ਪਾਠ ਦਿਸੇ ਪੱਤਰ, ਨਾ ਕੋਈ ਤੀਰਥ ਤਟ ਨਾ ਕੋਈ ਸ਼ਿਵਦਵਾਲਾ ਮਠ ਦਿਸੇ ਖੇਤਰ, ਨਾ ਕੋਈ ਦਿਵਸ ਨਾ ਕੋਈ ਮਾਸ ਨਾ ਕੋਈ ਰੁੱਤ ਬਸੰਤ ਮੌਲੇ ਚੇਤਰ, ਆਦਿ ਅੰਤ ਏਕਰ ਮੇਕਰ ਛੇਕੜ ਪ੍ਰੈਜ਼ੇਂਟ ਪਾਸਟ ਫ਼ਿਊਚਰ ਫ਼ਿਊਚਰ ਤੋਂ ਲਾਸਟ ਕੀ ਆਪਣਾ ਖੇਲ ਖਿਲਾਈਆ ।





### ❊ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹ ਪਿੰਡ ਹੇਮਰਾਜਪੁਰ ਜ਼ਿਲਾ ਗੁਰਦਾਸਪੁਰ ❊

ਸਦੀ ਚੌਧਵੀਂ ਕਹੇ ਰਾਵੀ ਰੋ ਰੋ ਬਿਨ ਨੈਣਾਂ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਚਾਰ ਜੁਗ ਮੈਂ ਵਹਿਣਾਂ ਧਾਰ ਰਹੀ ਵਹਿੰਦੀ, ਜਲ ਥਲਾਂ ਉਤੇ ਵਹਾਈਆ । ਉਚੇ ਨੀਵੇਂ ਥਾਂ ਰਹੀ ਢਹਿੰਦੀ, ਭੱਜੀ ਵਾਹੋ ਦਾਹੀਆ । ਸਚ ਸਿੰਘਾਸਣ ਕਦੇ ਨਾ ਬਹਿੰਦੀ, ਦਿਵਸ ਰੈਣ ਆਪਣੀ ਸੇਵ ਕਮਾਈਆ । ਮੇਰੀ ਨਿਗਾਹ ਹੋਈ ਇਕ ਦਿਨ ਦਿਸ਼ਾ ਲਹਿੰਦੀ, ਕਾਅਬੇ ਰਹੇ ਕੁਰਲਾਈਆ । ਮੈਂ ਕਦੇ ਉਠਦੀ ਕਦੇ ਬਹਿੰਦੀ, ਕੀ ਖੇਲ ਵਰਤਣੀ ਖਵਾਜੇ ਖ਼ਿਜ਼ਰ ਦੀ, ਹੁਕਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਹੁਕਮ ਹੁਕਮ ਵਰਤਾਈਆ । ਰਾਵੀ ਕਹੇ ਮੈਂ ਵੇਖਿਆ ਦਿਸ਼ਾ ਲਹਿੰਦੀ, ਬਿਨ ਨੈਣਾ ਨੈਣ ਉਠਾਈਆ । ਮੁਹੰਮਦ ਆਸ਼ਾ ਕੀ ਕੁਛ ਕਹਿੰਦੀ, ਕਹਿ ਕਹਿ ਰਹੀ ਸੁਣਾਈਆ । ਉਫ਼ ਹਾਏ, ਓਹ ਆ ਗਿਆ ਅਮਾਮ ਮਹਿੰਦੀ, ਮਿਹਰਵਾਨ ਨੂਰ ਅਲਾਹੀਆ । ਜਿਸ ਦਾ ਭਾਣਾ ਜੁਗ ਚੌਕੜੀ ਰਹੀ ਸਹਿੰਦੀ, ਸਿਰ ਸਕਿਆ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣੀ ਕਾਰ ਕਮਾਈਆ । ਰਾਵੀ ਕਹੇ ਮੈਂ ਰੋਵਾਂ ਮਾਰ ਦੁਹੱਥੜ ਪਿੱਟਾਂ, ਪਟਨੇ ਵਾਲਾ ਵੇਸ ਵਟਾਈਆ । ਜਿਸ ਨੇ ਉਮਤ ਹਿਸਾਬ ਵਿਚ ਲੇਖਾ ਕਰਨਾ ਬਟਾ, ਹਿੰਦਸਾ ਹਿੰਦਸੇ ਨਾਲ ਬਦਲਾਈਆ । ਚਾਰ ਜੁਗ ਦੇ ਗ੍ਰੰਥਾਂ ਦੀ ਮਹਿੰਮਾ ਨਾਲੋਂ ਅੱਗੇ ਮਾਣ ਦਵਾਉਣਾ ਇਕੋ ਟੱਪਾ, ਆਤਮ ਪਰਮਾਤਮ ਰੰਗ ਰੰਗਾਈਆ । ਦੋ ਜਹਾਨਾਂ ਮਾਲਕ ਸਮਝਾਉਣਾ ਜਿਸ ਦੀ ਸਿਫ਼ਤਾਂ ਵਿਚੋਂ ਸਿਫ਼ਤ ਕਰੇ ਅੱਖਰ ਪੱਪਾ, ਪੂਰਨ ਪਾਰਬ੍ਰਹਮ ਦ੍ਰਿੜਾਈਆ । ਸਭ ਦਾ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਪੱਕਾ, ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਲੇਖੇ ਲਾਉਣਾ ਚਚਾ, ਅਬਿਨਾਸ਼ੀ ਕਰਤਾ ਪੁਰਖ ਅਕਾਲ ਦੇਣਾ ਵਖਾਈਆ । ਜਿਸ ਦੀਨ ਦੁਨੀ ਦਾ ਵੇਖਣਾ ਚਾਰ ਕੁੰਟ ਦਾ ਹਿੱਸਾ, ਹਿੱਸੇਦਾਰੀ ਫੋਲ ਫੋਲਾਈਆ । ਜਨ ਭਗਤਾਂ ਪਿਛਲਾ ਵਖਾਉਣਾ ਪਿੱਛਾ, ਪੂਰਬ ਦਾ ਪਰਦਾ ਦੇਣਾ ਉਠਾਈਆ । ਅੱਗੇ ਸਾਚੀ ਦੇ ਕੇ ਭਿੱਛਾ, ਖ਼ਾਲੀ ਭਾਂਡੇ ਦੇਣੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਰਾਵੀ ਤੱਕੇ ਰਾਹ, ਓਹ ਰਹਿਬਰ ਨੂਰ ਅਲਾਹੀਆ । ਪੀਰਾਂ ਦਾ ਪੀਰ ਜਾਏ ਆ, ਪੈਗ਼ੰਬਰਾਂ ਦਾ ਪੈਗ਼ੰਬਰ ਫੇਰਾ ਪਾਈਆ । ਨਿਉਂ

ਕੇ ਸੀਸ ਲਵਾਂ ਝੁਕਾ, ਧੂੜੀ ਖ਼ਾਕ ਰਮਾਈਆ । ਦੋਏ ਜੋੜ ਮੰਗਾਂ ਦੁਆ, ਵਾਸਤਾ ਇਕੋ ਅੱਗੇ ਰਖਾਈਆ । ਮੇਰੇ ਮਹਿਬੂਬ ਹੱਕ ਖ਼ੁਦਾ, ਖ਼ੁਦ ਤੇਰੀ ਸਰਨਾਈਆ । ਕਲਜੁਗ ਕੂੜੀ ਮੇਟ ਵਬਾ, ਧੁਰ ਤਬੀਬ ਲਏ ਅੰਗੜਾਈਆ । ਭਗਤ ਉਧਾਰਨਾ ਤੇਰੀ ਅਦਾ, ਅਦਬ ਦੇਣਾ ਸਮਝਾਈਆ । ਨਾਮ ਭੰਡਾਰਾ ਦੇ ਗ਼ਿਜ਼ਾ, ਭੁੱਖਿਆਂ ਭੁੱਖ ਮਿਟਾਈਆ । ਸਾਚਾ ਮਾਰਗ ਇਕ ਸਮਝਾ, ਸਮਝ ਸਮਝ ਵਿਚੋਂ ਬਦਲਾਈਆ । ਨਜ਼ਰੀ ਆ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਈਆ । ਸਭ ਦਾ ਬਣ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾਈਆ । ਕਿਉਂ ਮਾਨਵ ਹੰਸ ਹੋਏ ਕਾਂ, ਕਾਗ ਵਾਂਗ ਰਹੇ ਕੁਰਲਾਈਆ । ਕਿਉਂ ਪੈਗ਼ੰਬਰਾਂ ਦੋਸ਼ ਲਗਾਇਆ ਖਾ ਕੇ ਗਾਂ, ਸੂਰਾਂ ਜਗਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਦਾ ਉਹਲਾ ਦੇਣਾ ਉਠਾਈਆ । ਰਾਵੀ ਕਹੇ ਮੈਂ ਤੱਕਾਂ ਧੁਰ ਦਾ ਰਸਤਾ, ਚੁਰਾਸੀ ਵੇਖ ਵਖਾਈਆ । ਬੰਨ੍ਹ ਕੇ ਬੈਠੀ ਬਸਤਾ, ਆਪਣੀ ਗੰਢ ਘੁਟਾਈਆ । ਕਿਸ ਵੇਲੇ ਹੁਕਮ ਮਿਲੇ ਉਤੋਂ ਅਰਸ਼ਾਂ, ਅਰਸ਼ੀ ਪ੍ਰੀਤਮ ਵੇਸ ਵਟਾਏ ਧਰਨੀ ਉਤੇ ਫ਼ਰਸ਼ਾ, ਫ਼ੈਸਲਾ ਹੱਕ ਸੁਣਾਈਆ । ਜੋਧਾ ਸੂਰਬੀਰ ਮਰਦਾਨਾ ਬਣੇ ਮਰਦਾ, ਮੱਦਦ ਅਵਰ ਨਾ ਕੋਇ ਰਖਾਈਆ । ਸ਼ਰਅ ਦੀਆਂ ਝੂਠੀਆਂ ਭੰਨੇ ਕਰਦਾਂ, ਮੋਹ ਵਿਕਾਰ ਗਵਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀਆਂ ਕਰੇ ਸ਼ਰਤਾਂ, ਸ਼ਰਅ ਦੀ ਧਾਰ ਦਏ ਉਲਟਾਈਆ । ਸਾਡੀਆਂ ਆਸਾਂ ਵੇਖੇ ਅਰਜ਼ਾਂ, ਬੇਨੰਤੀਆਂ ਧਿਆਨ ਲਗਾਈਆ । ਅੰਤ ਅਖ਼ੀਰ ਜਿਸ ਦੀ ਗ਼ਰਜ਼ਾ, ਗਰਜ਼ੇ ਕਿ ਓਹੋ ਮਿਲੇ ਚਾਈਂ ਚਾਈਂਆ । ਕਲਜੁਗ ਪੁੱਠੀਆਂ ਸਿੱਧੀਆਂ ਕਰੇ ਨਰਦਾਂ, ਨਰ ਨਰਾਇਣ ਦਇਆ ਕਮਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦਾਂ, ਦਰਦੀਆਂ ਦੁੱਖ ਗਵਾਈਆ । ਮੇਰੀ ਥੋੜ੍ਹੀ ਜੇਹੀ ਸ਼ਰਧਾ, ਰਾਵੀ ਕਹਿ ਸੁਣਾਈਆ । ਮੈਂ ਭਗਤ ਸੁਹੇਲਾ ਵੇਖਣਾ ਬਰਦਾ, ਜੋ ਬਰੀ ਆਪਣਾ ਆਪ ਕਰਾਈਆ । ਮੈਨੂੰ ਬਚਨ ਯਾਦ ਆ ਗਿਆ ਚਿਰ ਦਾ, ਚਿਰੀ ਵਿਛੁੰਨਿਆਂ ਦਿਆਂ ਸੁਣਾਈਆ । ਗੁਰ ਅਰਜਨ ਦਾ ਤਿੰਨ ਵਾਰ ਅੱਖਾਂ ਵਿਚੋਂ ਹੰਝੂ ਮੇਰੇ ਵਿਚ ਸੀ ਗਿਰਦਾ, ਤ੍ਰੈ ਲੋਕ ਦਾ ਰਸ ਦਿਤਾ ਵਖਾਈਆ । ਮੇਰਾ ਅੰਤਰ ਹਿਰਦਾ ਖਿੜਦਾ, ਖਿੜਕੀ ਦਿਤੀ ਖੁਲ੍ਹਾਈਆ । ਮੈਂ ਰੋ ਕੇ ਕਿਹਾ ਕਿਸ ਵੇਲੇ ਦਰਸ਼ਨ ਹੋਵੇ ਓਸ ਪਿਰ ਦਾ, ਜੋ ਪ੍ਰੀਤਮ ਇਕ ਅਖਵਾਈਆ । ਅਰਜਨ ਕਿਹਾ ਜਿਸ ਵੇਲੇ ਕਲ ਕਲਕੀ ਆਵੇ ਫਿਰਦਾ ਫਿਰਦਾ, ਫਿਰਤ ਫਿਰਤ ਆਪਣਾ ਪੰਧ ਮੁਕਾਈਆ । ਤੇਰਾ ਲੇਖਾ ਓਸ ਦੇ ਕੋਲੋਂ ਨਿਬੜਦਾ, ਲਹਿਣਾ ਦਏ ਚੁਕਾਈਆ । ਓਸ ਨੇ ਨਿਸ਼ਾਨਾ ਲਾਉਣਾ ਪੰਜਾਂ ਗੁਰਮੁਖਾਂ ਨੂੰ ਤੇਰੇ ਚਿੱਕੜ ਦਾ, ਚਕਨਾ ਚੂਰ ਕਰੇ ਲੋਕਾਈਆ । ਬਿਰਖ ਸੁਹਾਉਣਾ ਇਕ ਕਿੱਕਰ ਦਾ, ਜਿਸ ਦਾ ਪੂਰਬ ਲਹਿਣਾ ਸੋਭਾ ਪਾਈਆ । ਇਹ ਖੇਲ ਹੋਣਾ ਅਗੰਮੀ ਮਿਤ੍ਰ ਦਾ, ਜੋ ਮਿਤ੍ਰਾਂ ਲਏ ਮੰਗਾਈਆ । ਭੇਵ ਖੋਲ੍ਹਣਾ ਚੋਟੀ ਸ਼ਿਖ਼ਰ ਦਾ, ਅੰਤ ਅਖ਼ੀਰ ਵੇਖ ਵਖਾਈਆ । ਓਹ ਸਮਾਂ ਹੋਣਾ ਅਗੰਮਾ ਲੇਖ ਲਿਖਣ ਦਾ, ਲਿਖਤ ਵਿਚ ਵਡਿਆਈਆ । ਸਮਾਂ ਸੁਹੰਜਣਾ ਹੋਣਾ ਸਾਚੀ ਸਿਖਿਆ ਸਿਖਣ ਦਾ, ਸਿਖ ਸਤਿਗੁਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੈਂ ਤੱਕਾਂ ਰਾਹ ਅਖ਼ੀਰੀ, ਆਖ਼ਰ ਧਿਆਨ ਲਗਾਈਆ । ਕਿਧਰੋਂ ਆ ਜਾਵੇ ਤਕਦੀਰੀ, ਤਕਦੀਰ ਮੇਰੀ ਦਏ ਬਦਲਾਈਆ । ਦੀਨ ਦੁਨੀ ਦੀ ਕਟ ਜ਼ੰਜੀਰੀ, ਸ਼ਰਅ ਦਏ ਉਲਟਾਈਆ । ਜਿਸ ਦੇ ਕੋਲ ਹੋਵੇ ਗ਼ਰੀਬੀ ਅਮੀਰੀ, ਦੋਵੇਂ ਧਾਰ ਵਹਾਈਆ । ਚਰਨ ਛੁਹਾਵੇ ਮੇਰੇ ਨੀਰੀ, ਨੈਣਾਂ ਨੀਰ ਵਹਾਈਆ । ਕੁਛ ਆਸ਼ਾ ਰੱਖੀ ਭਗਤ ਕਬੀਰੀ, ਕਾਅਬਿਉਂ ਪਰੇ ਦਿਤੀ ਦੁਹਾਈਆ । ਇਹ ਖੇਲ ਬੇਨਜ਼ੀਰੀ, ਨਜ਼ਰੀਆ ਦਏ ਬਦਲਾਈਆ ।

੯੪੬
੨੧

ਮੇਰਾ ਦਾਤਾ ਗਹਿਰ ਗੰਭੀਰੀ, ਗਹਿਰ ਗਵਰ ਵੇਖ ਵਖਾਈਆ । ਕੁਛ ਲੇਖ ਲਿਖਾਉਣਾ ਕਸ਼ਮੀਰੀ, ਹਰਿ ਗੋਬਿੰਦ ਆਸ ਤਕਾਈਆ । ਜਿਸ ਨੂੰ ਬਖ਼ਸ਼ੀ ਮੀਰੀ ਪੀਰੀ, ਓਹ ਪੀਰਾਂ ਦਾ ਪੀਰ ਵੇਖ ਵਖਾਈਆ । ਜਿਸ ਦੀ ਸਾਰੇ ਕਹਿੰਦੇ ਗਲੀ ਭੀੜੀ, ਰਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚੜ੍ਹਾਏ ਆਪਣੀ ਸੀੜ੍ਹੀ, ਡੰਡਾ ਧੁਰ ਦਾ ਨਾਮ ਹੱਥ ਫੜਾਈਆ । ਰਾਵੀ ਕਹੇ ਮੈਂ ਭੱਜੀ ਨੱਠੀ ਟੱਪੀ, ਆਪਣਾ ਜ਼ੋਰ ਲਗਾਈਆ । ਮੈਂ ਚਾਰ ਜੁਗ ਦੇ ਸ਼ਾਸਤਰ ਵੇਖੇ ਗੱਪੀ, ਗਪੌੜਿਆਂ ਵਿਚ ਵਡਿਆਈਆ । ਪੜ੍ਹਨ ਵਾਲਿਆਂ ਸਾਚੀ ਮੰਜ਼ਲ ਕਿਸੇ ਨਾ ਟੱਪੀ, ਟੱਪਿਆਂ ਵਿਚ ਝਟ ਲੰਘਾਈਆ । ਰਸਨਾ ਨਾਲ ਸਾਰੇ ਗੁਰ ਅਵਤਾਰ ਪੈਗ਼ੰਬਰ ਕਰ ਕੇ ਗਏ ਪੱਕੀ, ਪਾਰਬ੍ਰਹਮ ਦੀ ਗੰਢ ਪਵਾਈਆ । ਮੈਂ ਜਾਂ ਵੇਖਿਆ ਤੇ ਸਾਰੇ ਹੋ ਗਏ ਸ਼ੱਕੀ, ਸ਼ਿਕਵਾ ਸਾਰੇ ਗਏ ਗਵਾਈਆ । ਕਿਸੇ ਨੇ ਸੀਤਾ ਸੁਰਤੀ ਕਿਸੇ ਨੇ ਰਾਧਾ ਮੈਂ ਕਹਿੰਦੀ ਇਹ ਸਾਰਿਆਂ ਤੋਂ ਵਖਰੀ ਰਾਮਰੱਖੀ, ਰਖਨੇ ਵਿਚ ਲੁਕ ਕੇ ਆਪਣਾ ਝਟ ਲੰਘਾਈਆ । ਜੋ ਆਇਆ ਸੋ ਚਲਾ ਕੇ ਗਿਆ ਛੋਟੀ ਨਾਮ ਦੀ ਹੱਟੀ, ਕੱਟੀ ਵੱਛੀ ਵੰਡ ਵੰਡਾਈਆ । ਰਾਵੀ ਕਹੇ ਮੈਂ ਵੀ ਵਹਿੰਦੀ ਰਹੀ ਧਾਰ ਮੱਠੀ ਮੱਠੀ, ਹੌਲੀ ਹੌਲੀ ਚਲੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਈਆ । ਰਾਵੀ ਕਹੇ ਮੈਂ ਵੇਖਦੀ ਰਹੀ ਗੁਰ ਅਵਤਾਰ ਪੈਗ਼ੰਬਰ ਲੈਂਦੇ ਗੱਫੇ, ਝੋਲੀਆਂ ਅੱਗੇ ਡਾਹੀਆ । ਖ਼ੁਸ਼ੀਆਂ ਵਿਚ ਉਦੋਂ ਹੱਸੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖ਼ੁਸ਼ੀ ਮਨਾਈਆ । ਸਦੀ ਚੌਧਵੀਂ ਕਲਜੁਗ ਅੰਤਮ ਸਾਰੇ ਫਸੇ, ਬੰਧਨ ਸਕੇ ਨਾ ਕੋਇ ਛੁਡਾਈਆ । ਦੀਨਾਂ ਮਜ਼੍ਹਬਾਂ ਪਾ ਕੇ ਰੱਟੇ, ਝਗੜੇ ਰਹੇ ਕਰਾਈਆ । ਵੰਡ ਵੰਡ ਕੇ ਤਤ ਅੱਠੇ, ਆਪਣੀ ਕੀਤੀ ਚਤੁਰਾਈਆ । ਅੱਲਾ ਵਾਹਿਗੁਰੂ ਨਾਮ ਸਤਿ ਰਾਮ ਕ੍ਰਿਸ਼ਨ ਅਸੀਂ ਸਭ ਤੋਂ ਅੱਛੇ, ਅੱਛੀ ਕੀਤੀ ਜਣਾਈਆ । ਧੋਤੀ ਬੋਧੀ ਜੰਞੂ ਟਿੱਕਾ ਸੁੰਨਤ ਤੇੜ ਬੰਨ੍ਹਾ ਕੇ ਕੱਛੇ, ਕੱਛਾਂ ਮਾਰ ਕੇ ਖ਼ੁਸ਼ੀ ਬਣਾਈਆ । ਅੰਤ ਅਖ਼ੀਰ ਵੇਖਿਆ ਸਾਰੇ ਫਿਰਦੇ ਨੱਸੇ, ਪੁਰਖ ਅਕਾਲ ਭੈ ਰਿਹਾ ਜਣਾਈਆ । ਨਾਲੇ ਇਕ ਦੂਜੇ ਨੂੰ ਪੁੱਛਣ ਕਿਹੜਾ ਨਾਮ ਤੇ ਕਿਹੜੇ ਚੰਗੇ ਟੱਪੇ, ਕਲਮੇ ਕਿਸ ਵਡਿਆਈਆ । ਕਿਹੜਾ ਗੁਰੂ ਤੇ ਕਿਹੜਾ ਸਵਾਮੀ ਕਿਹੜਾ ਮੁਰਸ਼ਦ ਕਿਹੜਾ ਲੈਂਦਾ ਟਕੇ, ਕ਼ੀਮਤ ਕਵਣ ਰਖਾਈਆ । ਜਾਂ ਵੇਖਣ ਤੇ ਸਭ ਦੇ ਘਰ ਘਰ ਰੱਟੇ, ਰੱਟਾ ਸਕੇ ਨਾ ਕੋਇ ਮੁਕਾਈਆ । ਜਾਂ ਵੇਖਣ ਦੀਨ ਮਜ਼੍ਹਬ ਦੇ ਪੱਟੇ, ਲਿਖਤ ਲਿਖਤਾਂ ਵਿਚ ਲੋਕਾਈਆ । ਰਾਵੀ ਕਹੇ ਮੇਰੀ ਆਸਾ ਖ਼ੁਸ਼ੀਆਂ ਵਿਚ ਹੱਸੇ, ਹਸਤੀ ਤੱਕਣੀ ਬੇਪਰਵਾਹੀਆ । ਓਹ ਵਕਤ ਸਮਾਂ ਆਇਆ ਮਸੇ, ਮਸਾਂ ਮਸਾਂ ਆਪਣਾ ਪੰਧ ਮੁਕਾਈਆ । ਜਿਹੜੇ ਕਾਗ਼ਜ਼ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਪ੍ਰਭ ਦੀ ਮਹਿੰਮਾ ਕਰ ਕੇ ਅਜੇ ਨਹੀਂ ਛਪੇ, ਓਹ ਛੁਪਿਆਂ ਹੋਇਆਂ ਦਾ ਪਰਦਾ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਤਮ ਪਰਮਾਤਮ ਪਰਮਾਤਮ ਆਤਮ ਆਪਣੀ ਧਾਰ ਤੇ ਆਪੇ ਜਪੇ, ਜਪਾਵਣਹਾਰਾ ਆਪ ਅਖਵਾਈਆ ।

ਸਤਿਗੁਰ ਸੋ ਜੋ ਵਿਛੜਿਆਂ ਜੋੜੇ, ਵਿਛੋੜਾ ਦਏ ਕਟਾਈਆ । ਸਤਿਗੁਰ ਸੋ ਜੋ ਡੁਬਦਿਆਂ ਬੋਹੜੇ, ਜਗਤ ਜਹਾਨ ਲਏ ਤਰਾਈਆ । ਸਤਿਗੁਰ ਸੋ ਜੋ ਸਿੱਖਾਂ ਦੇ ਪਿਛੇ ਦੌੜੇ, ਜਗਤ ਵਿਕਾਰ ਨਾ ਵੰਡ ਵੰਡਾਈਆ । ਸਤਿਗੁਰ ਸੋ ਜੋ ਗੁਰਮੁਖਾਂ ਤੋਂ ਖਾ ਕੇ ਪੱਥਰ ਰੋੜੇ, ਆਪਣੀ ਖ਼ੁਸ਼ੀ ਬਣਾਈਆ । ਸਤਿਗੁਰ ਸੋ ਜੋ ਮਨ ਚੰਚਲ ਤਾਈਂ ਮੋੜੇ, ਮੁੜ ਮੁੜ ਆਪਣੇ ਚਰਨ ਲਗਾਈਆ । ਸਤਿਗੁਰ ਸੋ ਜੋ ਦਿਨ ਥੋੜ੍ਹੇ ਕਰੇ ਵਿਛੋੜੇ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਤਿਗੁਰ ਸੋ ਜੋ ਛੱਡੇ ਕਦੇ ਨਾ ਪਿਛਾ, ਪਾਪਾਂ ਵਲ ਨਾ ਧਿਆਨ ਲਗਾਈਆ । ਸਤਿਗੁਰ ਸੋ ਜੋ ਅਪਰਾਧੀਆਂ ਉਤੇ ਕਰੇ ਰੱਛਾ, ਦੁਖੀਆਂ ਦੁੱਖ ਗਵਾਈਆ । ਚਰਨ ਸਿੰਘ ਤੂੰ ਅੱਜ ਦਾ ਨਹੀਂ ਤੂੰ ਗੋਬਿੰਦ ਵਾਲਾ ਸਿੱਖਾ, ਜਾਮਾ ਮਲੀਨ ਦਰਸਾਈਆ । ਤੇਰਾ ਕਾਗ਼ਜ਼ ਪਿਛਲੇ ਜਨਮ ਮਰਨ ਦਾ ਚਿੱਟਾ, ਇਹ ਸ਼ਾਹੀ ਲੇਖ ਬਣਾਈਆ । ਏਸ ਜ਼ਿੰਦਗੀ ਦਾ ਵੇਖ ਲੈ ਸਿੱਟਾ, ਤੇਰੇ ਅੱਗੇ ਰਿਹਾ ਵਖਾਈਆ । ਇਹ ਸ਼ੀਸ਼ਾ ਕਦੇ ਨਾ ਭੱਜੇ ਨਾਲ ਇੱਟਾਂ, ਪੱਥਰਾਂ ਨਾਲ ਠੁਕਰਾਈਆ । ਤੂੰ ਜਨਮ ਵਿਚ ਨਿੱਕਾ, ਕਰਮ ਵਿਚ ਵਡਿਆਈਆ । ਪੁਰਖ ਅਕਾਲ ਜਿਸ ਦਾ ਬਣ ਗਿਆ ਪਿਤਾ, ਜੁਗ ਜਨਮ ਦੇ ਵਿਛੜਿਆਂ ਗੋਦ ਉਠਾਈਆ । ਜਿਹੜਾ ਪਿਛਲਿਆਂ ਸਾਥੀਆਂ ਨਾਲ ਸੀ ਹਿੱਸਾ, ਓਹ ਤੈਨੂੰ ਦਿਤਾ ਖਵਾਈਆ । ਅੱਗੇ ਲੇਖ ਅਗੰਮਾ ਲਿਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਇਹ ਅੱਖਰ ਕਹਿਣ ਤੇਰੀ ਭਰੀਏ ਗਵਾਹੀ, ਸ਼ਹਾਦਤ ਰੂਪ ਰੂਪ ਭੁਗਤਾਈਆ । ਅੱਗੇ ਹੋਵੇ ਨਾ ਕਦੇ ਜੁਦਾਈ, ਵਿਛੋੜਾ ਰਹਿਣ ਕੋਇ ਨਾ ਪਾਈਆ । ਇਹ ਖੇਲ ਬੇਪ੍ਰਵਾਹੀ, ਬੇਪ੍ਰਵਾਹ ਹੋਇਆ ਸਹਾਈਆ । ਤੇਰੀ ਪਿਛਲੀ ਮਿਟੇ ਲਿਖੀ ਸ਼ਾਹੀ, ਸ਼ਹਿਨਸ਼ਾਹ ਅਗਲਾ ਆਪਣਾ ਰੰਗ ਰੰਗਾਈਆ । ਅੱਜ ਸਾਰੇ ਮਿਲ ਕੇ ਤੈਨੂੰ ਦੇਣ ਆਏ ਵਧਾਈ, ਪਿਛਲਾ ਮੂਲ ਚੁਕਾਈਆ । ਇਹ ਗੁਰ ਸੰਗਤ ਤੇਰੀ ਬਣ ਗਈ ਫੇਰ ਭੈਣ ਭਾਈ, ਮੇਲਾ ਸਾਂਝਾ ਲਿਆ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਚਰਨ ਸਿੰਘ ਇਹ ਚਿੱਠੀ ਗਈ ਪਾਟ, ਪਟਨੇ ਵਾਲਾ ਦਇਆ ਕਮਾਈਆ । ਕ਼ਲਮ ਸ਼ਾਹੀ ਦਾ ਲਿਖਿਆ ਕਾਟ, ਤੇਰੇ ਕਰਮਾਂ ਨੂੰ ਕਟਾਕਸ਼ ਗਿਆ ਲਗਾਈਆ । ਜਿਸ ਕਾਰਨ ਰੱਖਿਆ ਸਾਂਭ, ਆਪਣੇ ਦਰ ਟਿਕਾਈਆ । ਉਸ ਦਾ ਇਹੋ ਮਿਲਿਆ ਲਾਭ, ਹਰਿ ਸੰਗਤ ਮਿਲ ਕੇ ਖ਼ੁਸ਼ੀ ਬਣਾਈਆ । ਅੱਗੇ ਸਵਾਲ ਦਾ ਸੀ ਜਵਾਬ, ਜੋ ਲਿਖਿਆ ਦਿਤਾ ਸਮਝਾਈਆ । ਹੁਣ ਸੱਯਦੇ ਵਾਲਾ ਆਦਾਬ, ਮੁਸਲਿਆ ਗ਼ੁਸਲ ਧੁਰ ਦਾ ਦਿਆਂ ਕਰਾਈਆ । ਜਿਹੜਾ ਭੁੰਨ ਕੇ ਖਾਧਾ ਕਬਾਬ, ਦੰਦਾਂ ਹੇਠ ਦਬਾਈਆ । ਉਹਦਾ ਅੱਗੇ ਮਿਲੇ ਨਾ ਕੋਇ ਅਜ਼ਾਬ, ਅਜ਼ੀਅਤ ਤੋਂ ਦਿਆਂ ਛੁਡਾਈਆ । ਲੇਖਾ ਮੰਗੇ ਨਾ ਕੋਇ ਹਿਸਾਬ, ਰਾਏ ਧਰਮ ਨਾ ਦਏ ਸਜ਼ਾਈਆ । ਜਦੋਂ ਤੱਕੇਂ ਤੇ ਨਜ਼ਰ ਆਵਾਂ ਆਪ, ਆਪ ਆਪਣਾ ਦਰਸ ਵਖਾਈਆ । ਤੂੰ ਪੁੱਤਰ ਮੈਂ ਤੇਰਾ ਬਾਪ, ਆਤਮ ਪਰਮਾਤਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਦੇ ਕੇ ਫੇਰ ਆਪਣਾ ਜਾਪ, ਜਗ ਜੀਵਣ ਦਾਤਾ ਆਪਣੇ ਘਰ ਵਸਾਈਆ ।

### ※ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਜ ਸਿੰਘ ਦੇ ਘਰ ਪਿੰਡ ਹੇਮਰਾਜ ਪੁਰਾ ※

ਰਾਵੀ ਕਹੇ ਗੁਰੂ ਤੱਤਾਂ ਵਾਲੀ ਮੋਮਬੱਤੀ, ਥੋੜ੍ਹਾ ਸਮਾਂ ਜਗ ਕੇ ਫੇਰ ਆਪਣਾ ਆਪ ਬੁਝਾਈਆ । ਸਾਹਿਬ ਸਤਿਗੁਰੂ ਆਦਿ ਜੁਗਾਦਿ ਦਾ ਕਮਲਾਪਤੀ, ਪਤਿਪਰਮੇਸ਼ਵਰ ਜੁਗ ਚੌਕੜੀ ਕਰੇ ਰੁਸ਼ਨਾਈਆ । ਜੋ ਨਾਮ ਵਸਤ ਦੇਣ ਵਾਲਾ ਰਤੀ ਰਤੀ, ਥੋੜ੍ਹੀ ਥੋੜ੍ਹੀ ਆਪ ਵਰਤਾਈਆ । ਜਗਤ ਵਾਲਾ ਰੱਖ ਕੇ ਹਿੱਸਾ ਪੱਤੀ, ਨਾਮ ਦੇ ਪੱਤਿਆ ਉਤੇ ਡੇਰੇ ਦਿਤੇ ਲਗਾਈਆ । ਥੋੜ੍ਹੀ ਥੋੜ੍ਹੀ ਕਥਾ ਕਹਾਣੀ ਦੱਸੀ, ਸਿਫ਼ਤਾਂ ਵਿਚ ਸਾਲਾਹੀਆ । ਲੇਖ ਲਿਖਾ ਕੇ ਨਾਲ ਕ਼ਲਮ ਮੱਸੀ, ਮੱਸ ਸਿਆਹੀ ਨਾਲ ਦ੍ਰਿੜਾਈਆ । ਜਿਸ ਸਮੇਂ ਜਿਹੜੀ ਗੱਲ ਲੱਗੀ ਅੱਛੀ, ਓਹੋ ਗੁਰੂਆਂ ਦਿਤੀ ਸਮਝਾਈਆ । ਤਨ ਮਾਟੀ ਪ੍ਰੀਤ ਰੱਖ ਕੇ ਕੱਚੀ, ਕੱਚੇ ਭਾਂਡੇ ਭੰਨ ਵਖਾਈਆ । ਕੀ ਹੋ ਗਿਆ ਜੇ ਅਰਜਨ ਬਹਿ ਗਿਆ ਲੋਹ ਤੱਤੀ, ਤੱਤੀ ਤਵੀ ਤੇ ਬਹਿ ਕੇ ਆਪਣਾ ਝਟ ਲੰਘਾਈਆ । ਕਥਾ ਕਹਾਣੀ ਦੱਸ ਕੇ ਗਿਆ ਸੱਚੀ, ਸ਼ਬਦ ਸ਼ਬਦ ਵਿਚ ਸ਼ਨਵਾਈਆ । ਕਿਸੇ ਕੰਮ ਨਹੀਂ ਆਉਂਣੀ ਰਸਨਾ ਨਾਲ ਜਪੀ, ਜਪ ਜਪ ਜਾਪ ਨਾ ਕੋਇ ਬਣਾਈਆ । ਜਿੰਨਾਂ ਚਿਰ ਪੁਰਖ ਅਕਾਲ ਨਾ ਮਿਲੇ ਸਤਿਗੁਰ ਸਮਰਥੀ, ਜਨਮ ਕਰਮ ਦਾ ਲੇਖ ਨਾ ਕੋਇ ਮੁਕਾਈਆ । ਮੈਂ ਵੀ ਨਾਨਕ ਰਾਹੀਂ ਜਗੀ ਹੋਈ ਮੋਮਬੱਤੀ, ਅੰਤਮ ਜੋਤ ਬਾਣੀ ਵਿਚ ਮਿਲਾਈਆ । ਜਿਥੇ ਕਦੇ ਬਾਲੂ ਰੇਤ ਸੀ ਤਪੀ, ਹੁਣ ਪਾਣੀ ਦੇ ਵਹਿਣਾਂ ਵਿਚ ਆਪਣਾ ਰਾਹ ਵਖਾਈਆ । ਜਿਸ ਨੇ ਸਭ ਦਾ ਲੇਖਾ ਕਰਨਾ ਨਫ਼ੀ, ਨਫ਼ਾ ਨੁਕਸਾਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਗੁਰੂ ਬੱਤੀ ਮੋਮ, ਮੋਮਨ ਕਾਫ਼ਰ ਵੰਡ ਵੰਡਾਈਆ । ਲੋਕਮਾਤ ਬਣਾ ਕੇ ਨਿੱਕੇ ਨਿੱਕੇ ਹੋਮ, ਹੋਮਲੈਂਡ ਗਏ ਜਣਾਈਆ । ਦੀਨ ਮਜ਼੍ਹਬ ਵੰਡ ਵੰਡਾ ਕੇ ਕੌਮ, ਕਾਮਨ ਦਾ ਝਗੜਾ ਗਏ ਗਵਾਈਆ । ਮੇਰੇ ਨਾਮ ਸਿਫ਼ਤਾਂ ਵਾਲੇ ਗਾਉਣ, ਵਖਰੇ ਵਖਰੇ ਢੋਲੇ ਰਾਗ ਸੁਣਾਈਆ । ਬੰਦਨਾ ਡੰਡਾਵਤ ਸੱਯਦੇ ਕਰਦੇ ਰਹੇ ਨਾਲ ਧੌਣ, ਪੇਸ਼ਾਨੀ ਮਸਤਕ ਵਾਲੀ ਨਿਵਾਈਆ । ਨਾਲੇ ਦੱਸ ਕੇ ਗਏ ਗੁਰੂ ਪਾਣੀ ਪੌਣ, ਮਾਤਾ ਧਰਤ ਮਹਤੁ ਵਡਿਆਈਆ । ਜੀਵਾਂ ਜੰਤਾਂ ਨੂੰ ਮੇਰਾ ਨਾਮ ਕਲਮਾ ਲੈ ਕੇ ਆਏ ਪਰਚਾਉਣ, ਆਪ ਪਰਚ ਕੇ ਦੂਜਿਆਂ ਗਏ ਪਰਚਾਈਆ । ਮੇਰੀ ਮਹਿੰਮਾ ਸਿਫ਼ਤ ਆਏ ਲਿਖਾਉਣ, ਹੁਕਮੇ ਅੰਦਰ ਸੇਵ ਕਮਾਈਆ । ਮੇਰਾ ਅੰਮ੍ਰਿਤ ਮੇਘ ਆਏ ਬਰਸਾਉਣ, ਸੇਵਕ ਹੋ ਸੇਵ ਕਮਾਈਆ । ਮੇਰਾ ਘਰ ਆਏ ਸਮਝਾਉਣ, ਸਿਖਿਆ ਵਿਚ ਦ੍ਰਿੜਾਈਆ । ਦੀਨ ਦੁਨੀ ਦੀ ਵੰਡਾਂ ਆਏ ਪਾਉਣ, ਹਿੱਸਿਆਂ ਵਿਚ ਹਿੱਸਾ ਬਣਾਈਆ । ਬਿਨਾ ਸਤਿਗੁਰੂ ਤੋਂ ਸਹਾਈ ਹੋਵੇ ਕੌਣ, ਗੁਰੂ ਗੁਰ ਸਾਰੇ ਸਤਿਗੁਰ ਦੀ ਆਸ ਰਖਾਈਆ । ਜੋ ਆਇਆ ਚਾਰ ਦਿਨ ਦਾ ਪ੍ਰਾਹੁਣ, ਜੀਵਣ ਆਪਣਾ ਗਿਆ ਲੰਘਾਈਆ । ਮੇਰੇ ਨਾਮ ਤੋਂ ਮੇਰਾ ਨਾਮ ਲੈ ਕੇ ਅਗਲੇ ਰਸਤੇ ਤੋਂ ਆਇਆ ਤਿਲਕਾਉਣ, ਤਿਲਕਣਬਾਜ਼ੀ ਵਿਚ ਆਪਣੀ ਖੇਲ ਖਿਲਾਈਆ । ਡੰਡੇ ਨਾਲ ਖੰਡਾ ਆਇਆ ਖੜਕਾਉਣ, ਵੰਡਾਂ ਵਿਚ ਦੁਹਾਈਆ । ਜਗਤ ਵਾਸਨਾ ਆਇਆ ਤੜਫਾਉਣ, ਸਾਂਤਕ ਸਤਿ ਨਾ ਕਿਸੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਰਾਵੀ ਕਹੇ ਗੁਰੂ ਅਰਜਨ ਕਿਹਾ ਗੁਰੂ ਤੱਤਾਂ ਵਾਲੀ ਬੁਰਜੀ, ਬੁਰਜ ਮੁਨਾਰਾ ਰਹਿਣ ਕੋਇ ਨਾ ਪਾਈਆ । ਥੋੜ੍ਹੀ ਥੋੜ੍ਹੀ ਖ਼ਬਰ ਦੇ ਕੇ ਧੁਰ ਦੀ, ਸੰਦੇਸਿਆਂ ਵਿਚ ਸੁਣਾਈਆ । ਮਾਤਲੋਕ ਵਿਚ ਆਵਣ ਤੇ ਫੇਰ ਜਾਵਣ ਪੈਰੀਂ ਮੁੜਦੀ, ਏਥੇ ਆਪਣਾ ਘਰ ਨਾ ਕੋਇ ਬਣਾਈਆ । ਇਕੋ ਓਟ ਰੱਖਣ ਸਾਚੇ

ਸਤਿਗੁਰ ਦੀ, ਜੋ ਸਚ ਦਾ ਮਾਲਕ ਸਚ ਵਿਚ ਸਮਾਈਆ । ਜਿਸ ਦੀ ਧਾਰ ਕਦੇ ਨਾ ਰੁੜ੍ਹਦੀ, ਵਹਿਣਾਂ ਵਿਚ ਨਾ ਕੋਇ ਵਹਾਈਆ । ਰਾਵੀ ਕਹੇ ਮੇਰੇ ਕੰਢੇ ਲਿਆਉਣੀ ਇਕ ਢੇਲੀ ਗੁੜ ਦੀ, ਅਗਲਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਾਵੀ ਕਹੇ ਗੁਰੂ ਮੰਨਣ ਵਾਲੇ ਭਾਣਾ, ਭਾਣਾ ਭਾਣੇ ਵਿਚ ਸਮਾਈਆ । ਸਤਿਗੁਰ ਸਭ ਦਾ ਇਕੋ ਰਾਣਾ, ਜੋ ਆਦਿ ਅੰਤ ਅਖਵਾਈਆ । ਗੁਰੂ ਗਾਉਂਦੇ ਸਤਿਗੁਰੂ ਦਾ ਗਾਣਾ, ਗਾ ਕੇ ਆਪਣਾ ਝਟ ਲੰਘਾਈਆ । ਜੇ ਸਤਿਗੁਰੂ ਨਾ ਹੋਵੇ ਤੇ ਗੁਰੂ ਹੋਵੇ ਬੇਪ੍ਰਾਣਾ, ਜੀਵਣ ਦੀ ਆਸ ਨਾ ਕੋਇ ਬਣਾਈਆ । ਬਿਨਾ ਸਤਿਗੁਰੂ ਤੋਂ ਗੁਰੂ ਮਾਤਲੋਕ ਨਿਥਾਵਾਂ, ਜਿੰਨਾਂ ਚਿਰ ਸਤਿਗੁਰੂ ਸ਼ਬਦ ਨਾ ਦੇਵੇ ਗੁਰੂ ਕਰੇ ਕੀ ਪੜ੍ਹਾਈਆ । ਕਿਉਂ ਗੁਰੂ ਦੀਆਂ ਦੂਨੀਆਂ ਵਰਗੀਆਂ ਲੱਤਾਂ ਬਾਹਵਾਂ, ਨੌ ਦਵਾਰੇ ਸ੍ਰਿਸ਼ਟੀ ਰੂਪ ਦਰਸਾਈਆ । ਸਤਿਗੁਰੂ ਦੀ ਕਿਰਪਾ ਗੁਰੂ ਦੇ ਅੰਦਰ ਆਵੇ ਓਹ ਨਾਵਾਂ, ਜੋ ਨੌਵਾਂ ਦਵਾਰਿਆਂ ਦਾ ਲੇਖਾ ਦਏ ਛੁਡਾਈਆ । ਸਤਿਗੁਰ ਆਪਣੇ ਤੋਲ ਤੋਲ ਕੇ ਗੁਰੂ ਨੂੰ ਕਰੇ ਸਾਂਵਾਂ, ਮਿਹਰ ਨਜ਼ਰ ਨਜ਼ਰ ਉਠਾਈਆ । ਰਾਵੀ ਕਹੇ ਉਸ ਸਤਿਗੁਰੂ ਤੋਂ ਬਲ ਬਲ ਜਾਵਾਂ, ਜਿਸ ਸਤਿਗੁਰ ਨੇ ਗੁਰ ਅਰਜਨ ਅਰਜ਼ ਦਿਤੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਲੱਖ ਚੁਰਾਸੀ ਗਰਾਵਾਂ, ਗ੍ਰਿਹਿ ਗ੍ਰਿਹਿ ਭੀਤਰ ਵੇਖ ਵਖਾਈਆ ।



## * ੧੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਕੌਰ ਦੇ ਗ੍ਰਿਹਿ ਕਾਲਾ ਨੰਗਲ *



ਗੁਰ ਅਵਤਾਰ ਪੈਗ਼ੰਬਰੋ ਨਾਮ ਕਲਮੇ ਦੀਆਂ ਖੋਲ੍ਹੋ ਗੰਢਾਂ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੁਕਮ ਜਣਾਈਆ । ਜਿਸ ਨਾਲ ਸਤਿਜੁਗ ਤਰੇਤਾ ਦਵਾਪਰ ਕਲਜੁਗ ਪਾਈਆਂ ਵੰਡਾਂ, ਦੀਨਾਂ ਮਜ਼੍ਹਬਾਂ ਹਿੱਸਿਆਂ ਵਿਚ ਰਖਾਈਆ । ਜਗਤ ਵਾਸਨਾ ਰੱਖੀਆਂ ਕੰਧਾਂ, ਦੂਈ ਦਵੈਤ ਜਣਾਈਆ । ਬੰਦਗੀ ਵਿਚ ਫਸਾ ਕੇ ਬੰਦਾ, ਬੰਧਨ ਆਪਣਾ ਲਿਆ ਪਵਾਈਆ । ਕਿਹੜੀ ਮੰਜ਼ਲ ਕਿਹੜਾ ਡੰਡਾ, ਪੌੜਾ ਕਵਣ ਵਡਿਆਈਆ । ਕੀ ਖੇਲ ਵਿਚ ਵਰਭੰਡਾ, ਬ੍ਰਹਿਮੰਡਾਂ ਕੀ ਵਡਿਆਈਆ । ਕੀ ਆਤਮ ਪਰਮਾਤਮ ਦੱਸਿਆ ਅਨੰਦਾ, ਨਿਜਾਨੰਦ ਕੀ ਸ਼ਨਵਾਈਆ । ਕੀ ਲੇਖਾ ਲਹਿਣਾ ਮੁਕੇ ਸੂਰੀਆ ਚੰਦਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਕਿਉਂ ਜਗਤ ਜਹਾਨ ਹੋਇਆ ਨਿਜ ਨੇਤਰ ਅੰਧਾ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਕੀ ਬੋਧ ਅਗਾਧੀ ਬਣ ਕੇ ਪੰਡਾ, ਜੀਉ ਪਿੰਡ ਆਏ ਦ੍ਰਿੜਾਈਆ । ਕਿਉਂ ਮਨ ਹੰਕਾਰੀ ਵਿਕਾਰੀ ਹੋਇਆ ਗੰਦਾ, ਪਤਤ ਪੁਨੀਤ ਨਾ ਕੋਇ ਕਰਾਈਆ । ਸਾਰੇ ਕੱਢ ਕੇ ਵਖਾਓ ਆਪਣੀ ਸਨਦਾ, ਸਨਦ ਪਿਛਲੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਗੁਰ ਅਵਤਾਰ ਪੈਗ਼ੰਬਰੋ ਆਪਣੀ ਦਿਓ ਸ਼ਹਾਦਤ, ਸ਼ਹਿਨਸ਼ਾਹ ਦਿਓ ਸਮਝਾਈਆ । ਕਿਉਂ ਦੀਨ ਦੁਨੀ ਦੀ ਲਿਆਕਤ, ਬੁੱਧੀ ਬਿਬੇਕ ਨਾ ਕੋਇ ਕਰਾਈਆ । ਕੀ ਸੰਦੇਸ਼ਾ ਦਿਤਾ ਮਾਰਫ਼ਤ, ਸੂਫ਼ੀਆਂ ਸਫ਼ਾ ਆਏ ਬਦਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੀਨਾਂ ਮਜ਼੍ਹਬਾਂ ਕਰੇ ਨਾ ਕੋਇ ਹਿਫ਼ਾਜ਼ਤ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਕਿਉਂ ਆਤਮ ਪਰਮਾਤਮ ਛੁੱਟੀ ਰਫ਼ਾਕਤ,

ਰਫ਼ੀਕ ਫ਼ਰੀਕ ਰੂਪ ਵਟਾਈਆ । ਕਿਧਰ ਨਾਮ ਗਿਆ ਕਲਮਾ ਧਰਮ ਧਾਰ ਦੀ ਨਿਆਮਤ, ਨਿਹਕਰਮੀ ਕਰਮ ਦਿਓ ਦ੍ਰਿੜਾਈਆ । ਅੰਤ ਅਖ਼ੀਰ ਬੇਨਜ਼ੀਰ ਸਭ ਦਾ ਮਚਲਕਾ ਲਏ ਜ਼ਮਾਨਤ, ਜ਼ਾਮਨ ਦਾਮਨਗੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਦੀਨ ਦੁਨੀ ਹੋਇਆ ਸਦਮਾ, ਦੁਖੜੇ ਵਿਚ ਦੁਹਾਈਆ । ਜੇ ਤੁਸੀਂ ਝੁਕਦੇ ਪ੍ਰਭੂ ਦੇ ਕ਼ਦਮਾਂ, ਕ਼ਦੀਮ ਦੀ ਰੀਤੀ ਚਲੀ ਆਈਆ । ਕਿਉਂ ਝਗੜਾ ਪਾਇਆ ਤਨ ਸ਼ਰੀਰ ਬਦਨਾ, ਮਾਟੀ ਖ਼ਾਕ ਵੰਡ ਵੰਡਾਈਆ । ਕਿਉਂ ਰਹਿਣਾ ਦੱਸਿਆ ਅਲੱਗਣਾ, ਵਖਰਾ ਦਰ ਸੁਹਾਈਆ । ਚਾਰੇ ਕੁੰਟ ਵੇਖੋ ਤਨ ਮਾਟੀ ਦਿਸੇ ਸਖਣਾ, ਨਾਮ ਵਸਤ ਨਾ ਕੋਇ ਰਖਾਈਆ । ਕੀ ਖੇਲ ਕਰੇ ਅਬਿਨਾਸ਼ੀ ਕਰਤਾ ਅਲਖ ਅਲੱਖਣਾ, ਅਗੋਚਰ ਨੂਰ ਅਲਾਹੀਆ । ਸਦੀ ਚੌਧਵੀਂ ਕਿਸੇ ਦਾ ਚਲੇ ਕੋਈ ਨਾ ਯਤਨਾ, ਯਥਾਰਥ ਚਾਰੋਂ ਕੁੰਟ ਪਈ ਦੁਹਾਈਆ । ਕਿਉਂ ਗੋਬਿੰਦ ਛੱਡਿਆ ਪਟਨਾ, ਪੌਂਟਾ ਪਾਟਲ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਘਰ ਸਾਚਾ ਇਕ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਾਰਬ੍ਰਹਮ ਪਤਿਪਰਮੇਸ਼ਵਰ ਬੇਨਜ਼ੀਰ, ਪਰਵਰਦਿਗਾਰ ਤੇਰੀ ਸ਼ਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਤੇਰੇ ਕੋਲ ਸ਼ਰਅ ਜ਼ੰਜੀਰ, ਨਾਮ ਕਲਮੇ ਬੰਧਨ ਵਿਚ ਬੰਧਾਈਆ । ਤੇਰੇ ਹੁਕਮ ਦੀ ਕਰ ਕੇ ਆਏ ਤਕਰੀਰ, ਤਹਿਰੀਰ ਵਿਚ ਵਡਿਆਈਆ । ਤੂੰ ਪਾਤਸ਼ਾਹ ਅਸੀਂ ਫ਼ਕੀਰ, ਸ਼ਾਹ ਹਕੀਰ ਤੇਰੀ ਸਰਨਾਈਆ । ਹੁਜਰੇ ਹੱਕ ਆਵਾਜ਼ ਲਗਾਈ ਇਕ ਕਬੀਰ, ਕਾਅਬਿਆਂ ਪਰੇ ਸੁਣਾਈਆ । ਪਰਵਰਦਿਗਾਰ ਦੀਨ ਦੁਨੀ ਦੀ ਬਦਲ ਦੇ ਜ਼ਮੀਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਹਰ ਘਟ ਅੰਤਰ ਨਿਰੰਤਰ ਤੇਰੀ ਤਾਅਸੀਰ, ਨਿਰਗੁਣ ਨੂਰ ਜੋਤ ਆਤਮ ਬ੍ਰਹਮ ਰੁਸ਼ਨਾਈਆ । ਹਉਮੇ ਹੰਗਤਾ ਕੱਟ ਦੇ ਪੀੜ, ਦੂਈ ਦਵੈਤ ਡੇਰਾ ਢਾਹੀਆ । ਅੰਮ੍ਰਿਤ ਬਖ਼ਸ਼ ਦੇ ਠੰਡਾ ਨੀਰ, ਸੀਰ ਆਪਣਾ ਜਾਮ ਪਿਲਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਬਦਲ ਤਕਦੀਰ, ਤੋਬਾ ਤੋਬਾ ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਨੂਰ ਅਲਾਹੀ ਪੱਕਾ, ਪਾਕੀਜ਼ਾ ਵਡ ਵਡਿਆਈਆ । ਮੁਹੰਮਦ ਕਹੇ ਇਕੋ ਮਹਿਬੂਬ ਦੇਣ ਲੱਗਾ ਧੱਕਾ, ਜ਼ੋਰਾਵਰ ਤੇਰੀ ਸਰਨਾਈਆ । ਲੇਖਾ ਮੁਕਣਾ ਮਦੀਨਾ ਮੱਕਾ, ਕਾਅਬਿਆਂ ਪਏ ਦੁਹਾਈਆ । ਝਗੜਾ ਪੈਣਾ ਬੂਰਾ ਕੱਕਾ, ਕਾਇਨਾਤ ਵੇਖ ਵਖਾਈਆ । ਤੇਰਾ ਲੇਖ ਅਲੱਖਣਾ ਅਲਖਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਮੇਰਾ ਪੂਰਾ ਹੋਣ ਵਾਲਾ ਅੰਤ ਅਖ਼ੀਰੀ ਪਟਾ, ਪਟਨੇ ਵਾਲੇ ਮਿਲੇ ਮਾਣ ਵਡਿਆਈਆ । ਮੇਰਾ ਚੀਥੜ ਵੇਖ ਪੁਰਾਣਾ ਫਟਾ, ਤਨ ਲਿਬਾਸ ਨਾ ਕੋਇ ਹੰਢਾਈਆ । ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹੀ ਬੇਪਰਵਾਹੀ ਤੇਰੀ ਸਰਨਾਈ ਢੱਠਾ, ਕ਼ਦਮਬੋਸੀ ਵਿਚ ਮਦਹੋਸ਼ੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਧੁਰਦਰਗਾਹੀ ਸੱਚਾ, ਸਤਿ ਸਚ ਸਚ ਤੇਰੀ ਸਰਨਾਈਆ ।

## ੧੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਗ੍ਰਹਿ ਨਿਆਸ਼ਾਲਾ



ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਚਾਰ ਜੁਗ ਦਾ ਨਾਮ ਕਲਮਾ ਦੱਸਿਆ ਬਣ ਕੇ ਕਾਤਬ, ਕ਼ਲਮ ਸ਼ਾਹੀ ਕਾਗ਼ਜ਼ਾਂ ਉਤੇ ਜੋੜ ਜੁੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੇਦ ਦੱਸਦੇ ਰਹੇ ਹੋ ਮੁਖ਼ਾਤਬ, ਮੁਖ ਰਸਨਾ ਜਿਹਵਾ ਨਾਲ ਕਰੀ ਵਡਿਆਈਆ । ਜੁਗ ਚੌਕੜੀ ਬਣੇ ਰਹੇ ਆਜਜ਼, ਨਿਮਰਤਾ ਵਿਚ ਨਿਉਂ ਨਿਉਂ ਸੀਸ ਨਿਵਾਈਆ । ਸੇਵਾਦਾਰ ਬਣ ਕੇ ਖ਼ਾਦਮ, ਖ਼ਾਲਕ ਖ਼ਲਕ ਤੇਰੀ ਓਟ ਤਕਾਈਆ । ਤੂੰ ਸਾਹਿਬ ਸਵਾਮੀ ਅੰਤਰਜਾਮੀ ਮੋਹਣ ਮਾਧਵ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਨਾਮ ਦੀ ਕਰਦੇ ਆਏ ਸਿਫ਼ਤ, ਅੱਖਰਾਂ ਵਿਚ ਵਡਿਆਈਆ । ਜਗਤ ਇਸ਼ਾਰਾ ਦੇ ਕੇ ਸਵਰਗ ਬਹਿਸ਼ਤ, ਸ਼ਰਅ ਵਿਚ ਸਮਝਾਈਆ । ਤੇਰਾ ਨੂਰ ਅਲਾਹੀ ਵਖਰਾ ਵਖਰਾ ਇਸ਼ਟ, ਦੀਨਾਂ ਮਜ਼੍ਹਬਾਂ ਵਿਚ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕੀਤੀ ਲਿਖਤ, ਹਰਫ਼ਾਂ ਹਰੂਫ਼ਾਂ ਮੇਲ ਮਿਲਾਈਆ । ਭਗਤੀ ਜੋਗ ਜੁਗਤੀ ਦੱਸੀ ਖੋਲ੍ਹਣੀ ਦ੍ਰਿਸ਼ਟ, ਦੀਦਾ ਦਾਨਿਸ਼ਤਾ ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਨਾਮ ਦੀ ਜੁਗ ਜੁਗ ਕੀਤੀ ਬਦਲੀ, ਸਤਿਜੁਗ ਤਰੇਤਾ ਦਵਾਪਰ ਵੰਡ ਵੰਡਾਈਆ । ਦੋ ਜਹਾਨਾਂ ਬਣਿਆ ਕੋਈ ਨਾ ਅਦਲੀ, ਹੱਕ ਇਨਸਾਫ਼ ਨਾ ਕੋਇ ਕਰਾਈਆ । ਦੀਨਾਂ ਮਜ਼੍ਹਬਾਂ ਵਿਚ ਤੇਰੀ ਦੁਨੀਆ ਕ਼ਤਲੀ, ਕ਼ਤਲੇਆਮ ਦਿਤੀ ਕਰਾਈਆ । ਅੱਲਾ ਵਾਹਿਗੁਰੂ ਨਾਮ ਦੇ ਫਿਰਦੇ ਰਹੇ ਪੱਤਣੀ, ਕੰਢਿਆਂ ਉਤੇ ਡੇਰਾ ਲਾਈਆ । ਤੇਰਾ ਨਾਮ ਅਮੋਲਕ ਆਦਿ ਜੁਗਾਦਿ ਜੁਗ ਚੌਕੜੀ ਇਕੋ ਰਤਨੀ, ਰਤਨ ਅਮੋਲਕ ਸੋਭਾ ਪਾਈਆ । ਕਿਸੇ ਸਮਝ ਨਾ ਆਈ ਯਥਾਰਥ ਯਤਨੀ, ਯਕੇ ਬਾਦ ਦੀਗਰੇ ਦੇਂਦੇ ਆਏ ਦੁਹਾਈਆ । ਸਿਫ਼ਤ ਕਰਦੇ ਆਏ ਕਾਗ਼ਜ਼ਾਂ ਪੱਤਰੀਂ, ਅੱਖਰਾਂ ਨਾਲ ਵਡਿਆਈਆ । ਵੰਡ ਵੰਡਾਈ ਸ਼ੂਦਰ ਬ੍ਰਾਹਮਣ ਵੈਸ਼ ਖੱਤ੍ਰੀ, ਖ਼ਤਰਾ ਘਰ ਘਰ ਦਿਤਾ ਰਖਾਈਆ । ਤੇਰਾ ਨਾਮ ਮਿਲਿਆ ਕਿਸੇ ਨਾ ਅਸਲੀ, ਸਚ ਦੀ ਧਾਰ ਨਾ ਕੋਇ ਜਣਾਈਆ । ਤੇਰੀ ਦੀਨ ਦੁਨੀਆ ਖੇਲ ਕੀਤੀ ਨਕਲੀ, ਮਾਨਸ ਮਾਨਵ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਦੁਨੀ ਵਿਚ ਪਾਇਆ ਵੈਰ, ਨਾਮ ਕਲਮਾ ਵੰਡ ਵੰਡਾਈਆ । ਦੀਨ ਮਜ਼੍ਹਬ ਬਣਾ ਕੇ ਵਰਤਾਇਆ ਕਹਿਰ, ਸਾਂਤਕ ਸਤਿ ਨਾ ਕੋਇ ਕਰਾਈਆ । ਮਾਨਸ ਮਾਨਸ ਕੀਤੇ ਗ਼ੈਰ, ਗਹਿਰ ਗੰਭੀਰ ਤੇਰੀ ਬੇਪਰਵਾਹੀਆ । ਨਾਮ ਕਲਮੇ ਢੋਲੇ ਗੀਤ ਸੁਣਾਏ ਬਣ ਕੇ ਸ਼ਾਇਰ, ਸ਼ਰਅ ਦੀ ਵੰਡ ਆਏ ਪਾਈਆ । ਤੇਰਾ ਨਾਮ ਪਿਆਲਾ ਬਣਾਇਆ ਜ਼ਹਿਰ, ਵਿਸ਼ ਘਰ ਘਰ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਸਚ ਮਾਰਗ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਨਾਮ ਜ਼ਹਿਰ ਪਿਆਲਾ, ਦੀਨ ਦੁਨੀਆ ਨਜ਼ਰੀ ਆਈਆ । ਅੱਲਾ ਵਾਲਾ ਰਾਮ ਕਹਿ ਕੇ ਹੋਏ ਨਾ ਕੋਇ ਮਤਵਾਲਾ, ਵਾਹਿਗੁਰੂ ਵਾਲਾ ਅੱਲਾ ਨਾ ਕੋਇ ਧਿਆਈਆ । ਇਹ ਕੀ ਖੇਲ ਕਰਾਇਆ ਸ਼ਾਲਾ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸਾਨੂੰ ਦੀਨਾਂ ਮਜ਼੍ਹਬਾਂ ਦਾ

ਪਾ ਜੰਜਾਲਾ, ਹਿੱਸਿਆਂ ਵਿਚ ਦਿਤਾ ਵੰਡਾਈਆ । ਮਾਣਸ ਮਾਣਸਾਂ ਕੋਲੋਂ ਕਰੌਂਦੇ ਰਹੇ ਹਲਾਲਾ, ਖੰਡਾ ਖੜਗ ਚਮਕਾਈਆ । ਤੋੜ ਸਕਿਆ ਨਾ ਕੋਈ ਤ੍ਰੈਗੁਣ ਜਗਤ ਜੰਜਾਲਾ, ਮਾਇਆ ਮਮਤਾ ਨਾ ਕੋਇ ਮਿਟਾਈਆ । ਕਿਸੇ ਤੋਂ ਅਧੀਨ ਹੋਇਆ ਨਾ ਕਾਲ ਮਹਾਂਕਾਲਾ, ਆਪਣਾ ਤਨ ਸਰੀਰ ਨਾ ਕੋਇ ਬਚਾਈਆ । ਪੁਰਖ ਅਕਾਲੇ ਦੀਨ ਦਿਆਲੇ ਸਦੀ ਚੌਧਵੀਂ ਵੇਖ ਲੈ ਹਾਲਾ, ਹਾਲਤ ਵਿਗੜੀ ਕੂੜ ਲੋਕਾਈਆ । ਫਲ ਰਿਹਾ ਨਾ ਕਿਸੇ ਡਾਲਾ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਰੋਵਣ ਮਾਰਨ ਧਾਹੀਆ । ਸਤਿਗੁਰ ਸ਼ਬਦ ਨਜ਼ਰ ਨਾ ਆਏ ਕੋਇ ਦਲਾਲਾ, ਧਰਮ ਵਿਚੋਲਾ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਇਕੋ ਤੇਰਾ ਨਾਮ ਵੱਜੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਕਲਮਾ ਦੱਸਿਆ ਕਾਇਨਾਤ, ਕਾਅਬਿਆਂ ਵਿਚ ਵਡਿਆਈਆ । ਅੰਮ੍ਰਿਤ ਜਣਾਇਆ ਆਬੇਹਯਾਤ, ਜੀਵਣ ਜ਼ਿੰਦਗੀ ਦੇ ਬਦਲਾਈਆ । ਤੇਰਾ ਨੂਰ ਦਰਸਾਇਆ ਸਾਖਿਆਤ, ਸਵੱਛ ਸਰੂਪੀ ਤੇਰੀ ਕੀਤੀ ਵਡਿਆਈਆ । ਆਤਮ ਪਰਮਾਤਮ ਜਣਾਇਆ ਨਾਤ, ਅੱਲਾ ਹੂ ਅੱਨਾ ਹੂ ਕਹਿ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਕਿਰਪਾ ਨਾਲ ਦੁਨੀਆ ਵਿਚ ਝਗੜਾ ਪਾਇਆ ਕਾਗ਼ਜ਼ਾਤ, ਤੇਰੇ ਨਾਮ ਨੂੰ ਵਖਰਿਆਂ ਵਖਰਿਆਂ ਲੇਖਾਂ ਵਿਚ ਦਿਤਾ ਲਿਖਾਈਆ । ਕਿਸੇ ਨੇ ਈਸਾਈ ਪਾਰਸੀ ਮੁਸਲਿਮ ਬਣਾਈ ਜਮਾਤ, ਕੋਈ ਹਿੰਦੂ ਸਿੱਖ ਬਣਾ ਕੇ ਆਪਣੀ ਕਰ ਕੇ ਆਇਆ ਵਡਿਆਈਆ । ਪ੍ਰਭੂ ਤੇਰਾ ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਸਮਝਿਆ ਖੇਲ ਤਮਾਸ਼, ਖ਼ਾਲਕ ਖ਼ਲਕ ਕੀ ਤੇਰੀ ਬੇਪ੍ਰਵਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਅਸੀਂ ਸਾਰੇ ਹੋਏ ਉਦਾਸ, ਹੈਰਾਨੀ ਅੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਦੇਵੇ ਸਾਥ, ਸਗਲੇ ਸੰਗੀ ਬਹੁ ਰੰਗੀ ਆਪਣਾ ਖੇਲ ਖਿਲਾਈਆ ।



੯੫੨ ੨੧

### ✳ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹ ਪਿੰਡ ਕੱਤੋਵਾਲ ✳

ਸਦੀ ਚੌਧਵੀਂ ਕਹੇ ਮੈਂ ਕੱਢਦੀ ਰਹੀ ਹਾੜੇ, ਦਰੋਹੀ ਦਰੋਹੀ ਦਰੋਹੀ ਤੇਰਾ ਨਾਮ ਦ੍ਰਿੜਾਈਆ । ਕਿਰਪਾ ਕਰ ਮੇਰੇ ਅਮਾਮ ਸੱਚੀ ਸਰਕਾਰੇ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਮੈਂ ਬਿਨ ਅੱਖਾਂ ਨੈਣ ਉਘਾੜੇ, ਚੌਦਾਂ ਤਬਕਾਂ ਬਾਹਰ ਵੇਖ ਵਖਾਈਆ । ਕਵਣ ਕੂਟੇ ਨਿਰਗੁਣ ਨੂਰ ਹੋਵੇ ਉਜਿਆਰੇ, ਜੋਤੀ ਜਾਤਾ ਕਰੇ ਰੁਸ਼ਨਾਈਆ । ਜਿਸ ਦਾ ਰਾਹ ਤਕਦੇ ਪੈਗ਼ੰਬਰ ਗੁਰ ਅਵਤਾਰੇ, ਜੁਗ ਚੌਕੜੀ ਅੱਖ ਖੁਲ੍ਹਾਈਆ । ਸੋ ਸਵਾਮੀ ਅੰਤਰਜਾਮੀ ਨਿਹਕਲੰਕ ਲਏ ਅਵਤਾਰੇ, ਕਲ ਕਲਕੀ ਵੇਸ ਵਟਾਈਆ । ਦਿਸ ਨਾ ਆਏ ਦੋਏ ਲੋਚਨ ਵਿਚ ਸੰਸਾਰੇ, ਸਹਿਸਾ ਰੋਗ ਨਾ ਕੋਇ ਮਿਟਾਈਆ । ਮੈਨੂੰ ਗੁਰ ਅਰਜਨ ਦੱਸ ਕੇ ਗਿਆ ਸਦੀ ਚੌਧਵੀਂ ਉਸ ਦਾ ਮੇਲਾ ਹੋਣਾ ਅੰਤਮ ਰਾਵੀ ਕਿਨਾਰੇ, ਰਵਾਦਾਰੀ ਸਮਝ ਕਿਸੇ ਨਾ ਆਈਆ । ਚਾਰ ਜੁਗ ਦੇ ਛੋਟੇ ਛੋਟੇ ਇਸ਼ਾਰੇ, ਪੇਸ਼ੀਨਗੋਈਆਂ ਵਿਚ ਸਮਝਾਈਆ । ਪ੍ਰਭ ਦਾ ਅੰਤ ਨਾ ਕੋਈ ਪਾਰਾਵਾਰੇ, ਬੇਅੰਤ ਕਹਿ ਕੇ ਪਲੂ ਰਹੇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਦੀ ਚੌਧਵੀਂ ਕਹੇ ਮੈਂ ਮਿਹਰ

ਮੰਗੀ ਤੇਰੀ, ਮੇਰੀ ਰਹਿਮਤ ਵਿਚ ਦੁਹਾਈਆ । ਧਰਮ ਅਮਾਮ ਪਾਵੀਂ ਫੇਰੀ, ਬੇਪਰਵਾਹ ਨੂਰ ਅਲਾਹੀਆ । ਮੇਰਾ ਲਹਿਣਾ ਅੰਤ ਨਬੇੜੀਂ, ਚੌਦਾਂ ਤਬਕਾਂ ਪੰਧ ਮੁਕਾਈਆ । ਜਗਤ ਜਹਾਨ ਤਾਰੀਂ ਬੇੜੀ, ਖੇਵਟ ਖੇਟਾ ਰੂਪ ਪ੍ਰਗਟਾਈਆ । ਅੱਗੇ ਰਹੇ ਨਾ ਕੋਈ ਝੇੜੀ, ਝਗੜਾ ਦੇਣਾ ਮੁਕਾਈਆ । ਦੀਨਾਂ ਮਜ਼੍ਹਬਾਂ ਦੀ ਛੇੜ ਜੋ ਛੇੜੀ, ਤੁਧ ਬਿਨ ਕਰੇ ਨਾ ਕੋਇ ਸਫ਼ਾਈਆ । ਚਾਰੋਂ ਕੁੰਟ ਹੋਣੀ ਰੈਣ ਅੰਧੇਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਉਮਤ ਨਬੀ ਰਸੂਲਾਂ ਵਧਣੀ ਬਥੇਰੀ, ਮਾਨਵ ਮਾਨਵ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਮੰਗ ਮੰਗਾਈਆ । ਸਦੀ ਚੌਧਵੀਂ ਕਹੇ ਮੇਰੀ ਆਸਾ ਵੱਡੀ ਲੰਮੀ, ਸ਼ਬਦੀ ਧਾਰ ਸਮਝਾਈਆ । ਮੈਂ ਤੱਤੀ ਤਵੀ ਵੇਖ ਕੰਬੀ, ਤੋਬਾ ਤੋਬਾ ਕਰ ਸੁਣਾਈਆ । ਨੇਤਰ ਰੋ ਪਈ ਧਰਨੀ ਅੰਮੀ, ਬਿਨ ਨੈਣਾਂ ਨੀਰ ਵਹਾਈਆ । ਜਿਸ ਦੇ ਛਾਲੇ ਪਏ ਚੰਮੀ, ਚੰਮ ਦ੍ਰਿਸ਼ਟੀ ਬੈਠਾ ਡੇਰਾ ਢਾਹੀਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮੀ, ਪ੍ਰਭ ਭਾਣੇ ਵਿਚ ਸਮਾਈਆ । ਉਚੀ ਕੂਕ ਪੁਕਾਰ ਕਿਹਾ ਪੁਰਖ ਅਕਾਲ ਖੇਲ ਕਰਨੀ ਨਵੀਂ, ਨਵ ਨੌਂ ਚਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਭੇਵ ਖੁਲ੍ਹਾਈਆ । ਸਦੀ ਚੌਧਵੀਂ ਕਹੇ ਅਰਜਨ ਦੱਸੀ ਅਗੰਮ ਨਿਸ਼ਾਨੀ, ਨਿਸ਼ਾਨੇ ਨਿਛਾਵਰ ਦਿਤੇ ਕਰਾਈਆ । ਉਮਤ ਨਬੀਆਂ ਹੋਣੀ ਬੇਗਾਨੀ, ਬੇਵਾ ਰੂਪ ਲੋਕਾਈਆ । ਜਲਵਾ ਰਹੇ ਨਾ ਕੋਇ ਨੁਰਾਨੀ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਚੜ੍ਹੇ ਤੁਗ਼ਿਆਨੀ, ਜਗਤ ਵਹਿਣਾਂ ਵਿਚ ਵਹਾਈਆ । ਕਲਮੇ ਵਾਲੇ ਕਰਨ ਬੇਈਮਾਨੀ, ਸਯਦਾ ਸੀਸ ਨਾ ਕੋਇ ਝੁਕਾਈਆ । ਓਸ ਵੇਲੇ ਪਰਵਰਦਿਗਾਰ ਧੁਰ ਦੇ ਮਿਹਰ ਕਰਨੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਨਿਰਗੁਣ ਨੂਰ ਜੋਤ ਪ੍ਰਗਟੇ ਨੁਰਾਨੀ, ਅਮਾਮ ਅਮਾਮਾ ਵੇਸ ਵਟਾਈਆ । ਜਨ ਭਗਤਾਂ ਮੰਜ਼ਲ ਦੱਸੇ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਰਾਵੀ ਦਾ ਨਿਰਮਲ ਕਰੇ ਪਾਣੀ, ਚਰਨ ਕਵਲ ਛੁਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਏ ਨਾਦਾਨੀ, ਵਿਦਵਾਨੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਮਾਰਗ ਦੱਸ ਆਸਾਨੀ, ਅਸਲ ਦਰਅਸਲ ਰਾਹ ਸਮਝਾਈਆ ।

ਸਦੀ ਚੌਧਵੀਂ ਕਹੇ ਮੈਂ ਧੁਰ ਦੀ ਧਾਰ ਲਕਸ਼ਮੀ, ਵਿਸ਼ਨੂੰ ਅੰਸ ਸਰਬੰਸ ਸੁਹਾਈਆ । ਲੇਖਾ ਜਾਣਾਂ ਉੱਤਰ ਪੂਰਬ ਦੱਖਣ ਪੱਛਮੀ, ਚਾਰੇ ਕੁੰਟਾਂ ਵੇਖ ਵਖਾਈਆ । ਜਗਤ ਮਾਰਿਆਦਾ ਵੇਖਾਂ ਰਸਮੀ, ਸਮਾਜ ਰਾਜ ਖੋਜ ਖੁਜਾਈਆ । ਭੇਵ ਅਭੇਦਾ ਤੱਕਾਂ ਜਿਸਮੀਂ, ਕਾਇਆ ਮਾਟੀ ਫੋਲ ਫੁਲਾਈਆ । ਇਸ਼ਟ ਵੇਖਾਂ ਧੁਰ ਦਾ ਇਸਮੀ, ਆਜ਼ਮ ਕਵਣ ਨੂਰ ਰੁਸ਼ਨਾਈਆ । ਮਾਨਵ ਜ਼ਾਤੀ ਤੱਕਾਂ ਕ਼ਿਸਮੀ, ਰੂਪ ਅਨੂਪ ਵੇਖ ਵਖਾਈਆ । ਭੱਜੀ ਫਿਰਾਂ ਸਾਰੀ ਸਿੰਮਤੀ, ਨਿਰਗੁਣ ਹੋ ਕੇ ਵਾਹੋ ਦਾਹੀਆ । ਅੰਤ ਅਖ਼ੀਰ ਸਭ ਦੇ ਵਿਚ ਵੇਖਾਂ ਬੇਹਿੰਮਤੀ, ਹੌਸਲਾ ਹੱਕ ਨਾ ਕੋਇ ਵਧਾਈਆ । ਦੀਨ ਦੁਨੀ ਹੋਈ ਹਰਾਮ ਨਿੰਦਕੀ, ਸੱਜਣ ਮੀਤ ਨਾ ਕੋਇ ਵਡਿਆਈਆ । ਗੁਰ ਚੇਲਿਆਂ ਦੀਆਂ ਕੱਢਣ ਮਿੰਨਤੀ, ਦੂਰੋਂ ਸੀਸ ਨਿਵਾਈਆ । ਦ੍ਰਿਸ਼ਟੀ ਹੋਈ ਨਿੰਦਕੀ, ਨਿੰਦਿਆ ਵਿਚ ਕੁਰਲਾਈਆ । ਵਡਿਆਈ ਰਹੀ ਨਾ ਕਿਸੇ ਬਿੰਦ ਕੀ, ਰਕਤ ਬੂੰਦ ਨਾ ਰੰਗ ਰੰਗਾਈਆ । ਪੂਜਾ ਰਹੀ ਨਾ ਦੇਵਤ ਸੁਰ ਇੰਦ ਕੀ, ਵਿਸ਼ਨ ਬ੍ਰਹਮਾ ਸ਼ਿਵ ਨਾ ਸੀਸ ਨਿਵਾਈਆ । ਧਾਰ ਰਹੀ ਨਾ ਗੁਰ ਅਵਤਾਰ ਪੈਗ਼ੰਬਰ ਸਾਗਰ ਸਿੰਧ ਕੀ, ਅੰਮ੍ਰਿਤ ਬੂੰਦ

ਜਾਮ ਨਾ ਕੋਇ ਪਿਆਈਆ । ਰਾਗਨੀ ਰਹੀ ਨਾ ਜੀਉ ਪਿੰਡ ਕੀ, ਬ੍ਰਹਿਮੰਡ ਖੰਡ ਨਾ ਕੋਇ ਸ਼ਨਵਾਈਆ । ਖੇਲ ਮਿਟੀ ਨਾ ਹਉਮੇ ਚਿੰਦ ਕੀ, ਚਿੰਤਾ ਚਿਖਾ ਨਾ ਕੋਇ ਬੁਝਾਈਆ । ਅੰਤ ਅਖ਼ੀਰ ਮੇਰੀ ਪ੍ਰਭ ਦੇ ਲੇਖੇ ਜ਼ਿੰਦਗੀ, ਜੀਵਣ ਓਸੇ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਰਾ ਸੰਗ ਨਿਭਾਈਆ । ਸਦੀ ਚੌਧਵੀਂ ਕਹੇ ਮੈਂ ਓਸੇ ਰਾਮ ਦੀ ਸੀਤਾ, ਜੋ ਰਮਿਆ ਸਰਬ ਲੋਕਾਈਆ । ਜੋ ਆਦਿ ਜੁਗਾਦੀ ਧੁਰ ਦਾ ਮੀਤਾ, ਮਿਤ੍ਰ ਪਿਆਰਾ ਨੂਰ ਅਲਾਹੀਆ । ਜਿਸ ਦਾ ਦਰ ਅਗੰਮਾ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਜਲਾਈਆ । ਨਾਮ ਨਿਧਾਨਾ ਗਾਏ ਗੀਤਾ, ਗਹਿਰ ਗੰਭੀਰ ਕਰੇ ਸ਼ਨਵਾਈਆ । ਸਾਚਾ ਕਲਮਾ ਦੱਸੇ ਹਦੀਸਾ, ਹਜ਼ਰਤਾਂ ਆਪ ਪੜ੍ਹਾਈਆ । ਲੱਖ ਚੁਰਾਸੀ ਜਾਣੇ ਨੀਤਾ, ਨੀਤੀਵਾਨ ਫੋਲ ਫੁਲਾਈਆ । ਭੇਦ ਵੇਖੇ ਹਸਤ ਕੀਟਾਂ, ਊਚਾਂ ਨੀਚਾਂ ਖੋਜ ਖੁਜਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਸੀਟਾਂ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਬਣਾਏ ਨਾਲ ਇੱਟਾਂ, ਪੱਥਰਾਂ ਰੰਗ ਰੰਗਾਈਆ । ਸਦੀ ਚੌਧਵੀਂ ਸਭ ਦਾ ਕੱਢੇ ਆਪ ਸਿੱਟਾ, ਸਿੱਟੇਬਾਜ਼ੀ ਲਾ ਖ਼ਲਕ ਖ਼ੁਦਾਈਆ । ਲੇਖਾ ਸਾਫ਼ ਦਿਸੇ ਕਿਸੇ ਨਾ ਚਿੱਟਾ, ਦੁਰਮਤ ਮੈਲ ਨਾ ਕੋਇ ਧਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੁਰਖ ਅਕਾਲ ਮੰਨਿਆ ਕਿਸੇ ਨਾ ਪਿਤਾ, ਗੋਬਿੰਦ ਕੂਕ ਕੂਕ ਗਿਆ ਸੁਣਾਈਆ । ਏਸੇ ਕਰ ਕੇ ਪੂਰਨ ਹੋਏ ਕਿਸੇ ਨਾ ਇੱਛਾ, ਆਤਮ ਬ੍ਰਹਮ ਨਾ ਵੱਜੇ ਵਧਾਈਆ । ਪਿਛਲਾ ਯਾਦ ਨਾ ਆਵੇ ਪਿਛਾ, ਅੱਗੇ ਪਰਦਾ ਨਾ ਕੋਇ ਖੁਲ੍ਹਾਈਆ । ਅੰਤ ਅਖ਼ੀਰ ਕਰੇ ਕੋਈ ਨਾ ਰਿਛਾ, ਸਹਾਇਕ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਮੈਂ ਧੁਰ ਦੀ ਰਾਧਾ, ਕਾਹਨ ਇਕੋ ਇਕ ਮਿਲਾਈਆ । ਜਿਹੜਾ ਲੇਖਾ ਜਾਣੇ ਸੰਤਾਂ ਸਾਧਾਂ, ਸੂਫ਼ੀਆਂ ਵੇਖ ਵਖਾਈਆ । ਨਾਮ ਜਣਾਏ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਧੁਨ ਨਾਦ ਵਜਾਏ ਅਨਹਦ ਨਾਦਾ, ਅਨਰਾਗੀ ਰਾਗ ਸੁਣਾਈਆ । ਸਤਿਗੁਰ ਸਭ ਦਾ ਹੋਵੇ ਸਾਂਝਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਮੇਟੇ ਵਾਦ ਵਿਵਾਦਾ, ਵਿਖ ਅੰਮ੍ਰਿਤ ਰੂਪ ਬਣਾਈਆ । ਸ਼ਾਹੋ ਭੂਪ ਬਣੇ ਸਚ ਰਾਜਾ, ਸ਼ਾਹ ਸੁਲਤਾਨ ਇਕ ਅਖਵਾਈਆ । ਜੁਗ ਚੌਕੜੀ ਰਚ ਰਚ ਕਾਜਾ, ਕਰਨੀ ਦਾ ਕਰਤਾ ਕਾਰ ਕਮਾਈਆ । ਸਦੀ ਚੌਧਵੀਂ ਵੇਖੇ ਖੇਲ ਤਮਾਸ਼ਾ, ਕਲਜੁਗ ਦਾਤਾ ਬੇਪ੍ਰਵਾਹੀਆ । ਸਭ ਦੀਆਂ ਪੂਰੀਆਂ ਕਰੇ ਖ਼ਾਹਸ਼ਾਂ, ਨਿਰਾਸ਼ਾ ਰਹਿਣ ਕੋਇ ਨਾ ਪਾਈਆ । ਸਾਚੇ ਸੰਬਲ ਕਰੇ ਵਾਸਾ, ਸੰਭਲ ਆਪਣਾ ਕ਼ਦਮ ਟਿਕਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਅੰਧ ਅੰਧੇਰ ਨਾ ਕੋਇ ਵਖਾਈਆ । ਜਨ ਭਗਤਾਂ ਸੱਜਣ ਸਾਕਾ, ਗੁਰਮੁੱਖਾਂ ਰੰਗ ਰੰਗਾਈਆ । ਕਾਇਆ ਮਾਟੀ ਖੋਲ੍ਹ ਕੇ ਤਾਕਾ, ਪੜਦਾ ਦਏ ਗਵਾਈਆ । ਨਜ਼ਰੀ ਆਵੇ ਧੁਰ ਕਾ ਆਕ਼ਾ, ਮਾਲਕ ਨੂਰ ਅਲਾਹੀਆ । ਜ਼ਿਮੀਂ ਅਸਮਾਨਾਂ ਬਦਲੇ ਖ਼ਾਕਾ, ਖ਼ਾਨਗਾਹਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਮੇਰਾ ਮਾਲਕ ਇਕ ਅਲਾਹ, ਇਲਾਹੁਲ ਆਲਮੀਨ ਅਖਵਾਈਆ । ਜੋ ਦੋ ਜਹਾਨਾਂ ਬਣ ਮਲਾਹ, ਖੇਵਟ ਖੇਟਾ ਸੋਭਾ ਪਾਈਆ । ਸਾਚਾ ਕਲਮਾ ਦਏ ਦ੍ਰਿੜਾ, ਕਾਇਨਾਤ ਪੜ੍ਹਾਈਆ । ਹਦੀਸਾਂ ਵਿਚ ਦੱਸ ਦੁਆ, ਨਿਮਾਜ਼ਾਂ ਵਿਚ ਸੀਸ ਝੁਕਾਈਆ । ਰਹਿਬਰ ਬਣ ਕੇ ਰਹਿਨੁਮਾ, ਰਸਤਾ ਰਿਹਾ ਵਖਾਈਆ । ਪੈਗ਼ੰਬਰਾਂ ਦੇ ਕੇ ਆਪਣਾ ਨਾਂ, ਨਾਮ ਨਿਧਾਨਾ ਇਕ ਸਮਝਾਈਆ । ਮੁਹੱਬਤ ਵਿਚ ਹੋ ਮਿਹਰਵਾਂ, ਮਹਿਬੂਬ ਦਇਆ

ਕਮਾਈਆ । ਦੀਨਾਂ ਮਜ਼੍ਹਬਾਂ ਵੰਡ ਵੰਡਾ, ਹਿੱਸਾ ਦੀਨ ਦੁਨੀ ਰਖਾਈਆ । ਬ੍ਰਹਿਮੰਡ ਖੰਡ ਖੋਜ ਖੁਜਾ, ਲੋਆਂ ਪੁਰੀਆਂ ਫੋਲ ਫੁਲਾਈਆ । ਬੰਦੇ ਬੰਦਗੀ ਵਿਚ ਬਦਲਾ, ਆਪਣੇ ਨਾਮ ਨਾਲ ਕਰੇ ਜਣਾਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹ, ਸਚਖੰਡ ਨਿਵਾਸੀ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਆਤਮਾ ਕਹੇ ਮੈਂ ਓਸੇ ਦੀ ਸੁਰਤੀ, ਜੋ ਸ਼ਬਦ ਨਾਦ ਸ਼ਨਵਾਈਆ । ਮੈਂ ਓਸੇ ਦੀ ਮੂਰਤੀ, ਜੋ ਪੁਰਖ ਅਕਾਲ ਅਖਵਾਈਆ । ਮੈਂ ਓਸੇ ਦੀ ਤੂਰਤੀ, ਜੋ ਤੁਰੀਆ ਤੋਂ ਪਰੇ ਕਰੇ ਸ਼ਨਵਾਈਆ । ਜਿਸ ਖੇਲ ਮੁਕਾਈ ਨੇੜੇ ਦੂਰ ਦੀ, ਘਰ ਘਰ ਵਿਚ ਡੇਰਾ ਲਾਈਆ । ਮੈਂ ਜੋਤ ਪ੍ਰਕਾਸ਼ ਹਾਜ਼ਰ ਹਜ਼ੂਰ ਦੀ, ਜੋ ਹਿਰਦੇ ਰਿਹਾ ਸਮਾਈਆ । ਜੋ ਆਸਾ ਮਨਸਾ ਸਭ ਦੀ ਪੂਰਦੀ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਕਲਜੁਗ ਬੁੱਧੀ ਰਹਿਣ ਨਹੀਂ ਦੇਣੀ ਮੂੜ੍ਹ ਦੀ, ਮੂਰਖ ਮੂੜ੍ਹ ਚਤੁਰ ਸੁਘੜ ਸੁਜਾਨ ਬਣਾਈਆ । ਇਕ ਮਾਟੀ ਖ਼ਾਕ ਦੇ ਕੇ ਚਰਨ ਧੂੜ ਦੀ, ਟਿੱਕੇ ਸਭ ਨੂੰ ਦੇਣੇ ਲਾਈਆ । ਨੂਰ ਬਖ਼ਸ਼ ਕੇ ਨਿਰਗੁਣ ਨੂਰ ਦੀ, ਨੂਰੀ ਚੰਦ ਦੇਣੇ ਚਮਕਾਈਆ । ਗੜ੍ਹ ਤੋੜ ਹਉਮੇ ਗ਼ਰੂਰ ਦੀ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਲੇਖੇ ਲਾਉਣੀ ਸੇਵਾ ਗੁਰਮੁਖ ਮਜ਼ਦੂਰ ਦੀ, ਜੋ ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰੀ ਚਾਰ ਜੁਗ ਦੀ ਆਸਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਵੇਖਦੀ ਰਹੀ ਤਮਾਸ਼ਾ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣਾ ਸੰਗ ਨਿਭਾਈਆ । ਹੱਥ ਵਿਚ ਫੜ ਕੇ ਫਿਰਦੀ ਰਹੀ ਖ਼ਾਲੀ ਕਾਸਾ, ਕ਼ਸਮ ਖਾ ਕੇ ਦਿੰਦੀ ਰਹੀ ਦੁਹਾਈਆ । ਵੇਖੇ ਬਿਨਾ ਪੁਰਖ ਅਕਾਲ ਤੋਂ ਪੂਰਾ ਕਰਿਓ ਨਾ ਕਿਸੇ ਤੇ ਭਰਵਾਸਾ, ਜੋ ਜੰਮਿਆ ਸੋ ਅੰਤ ਮਰ ਜਾਈਆ । ਏਥੇ ਓਥੇ ਦੇਵੇ ਕੋਈ ਨਾ ਸਾਥਾ, ਸਗਲਾ ਸੰਗ ਨਾ ਕੋਇ ਬਣਾਈਆ । ਬਿਨਾ ਸਤਿਗੁਰ ਸ਼ਬਦ ਤੋਂ ਕਿਸੇ ਕੰਮ ਨਹੀਂ ਔਣਾ ਪੂਜਾ ਪਾਠਾ, ਸਿਮਰਨ ਜੋਗ ਅਭਿਆਸ ਨਾ ਕੋਇ ਵਡਿਆਈਆ । ਸੋਹੇ ਕੋਈ ਨਾ ਤੀਰਥ ਤਾਟਾ, ਜਿਥੇ ਪ੍ਰਭ ਚਰਨ ਕਵਲ ਨਾ ਆਪ ਛੁਹਾਈਆ । ਵਸਤ ਮਿਲੇ ਕਿਸੇ ਨਾ ਹਾਟਾ, ਚੌਦਾਂ ਤਬਕ ਰਹੇ ਕੁਰਲਾਈਆ । ਨੇਤਰ ਰੋਵੇ ਦੇਵੀ ਲਾਟਾ, ਅਸ਼ਟਭੁਜ ਨੇਤਰ ਨੈਣਾਂ ਨੀਰ ਵਹਾਈਆ । ਬਿਨ ਪੁਰਖ ਅਕਾਲੇ ਦੀਨ ਦਿਆਲੇ ਸਦੀ ਚੌਧਵੀਂ ਮੱਕੇ ਮੂਲ ਨਾ ਵਾਟਾ, ਪੈਂਡਾ ਪੰਧ ਨਾ ਕੋਇ ਚੁਕਾਈਆ । ਨਾਲੇ ਰੋਵਾਂ ਤੇ ਨਾਲੇ ਮੇਰਾ ਨਿਕਲੇ ਹਾਸਾ, ਸਦੀ ਚੌਧਵੀਂ ਰਹੀ ਸੁਣਾਈਆ । ਕੁਛ ਲਹਿਣਾ ਦੇਣਾ ਦਿਸੇ ਬਾਕਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਸਮਝਾਈਆ । ਸਦੀ ਚੌਧਵੀਂ ਕਹੇ ਮੈਨੂੰ ਯਾਦ ਆਇਆ ਪਿਛਾ, ਗੁਰ ਅਰਜਨ ਰਿਹਾ ਜਣਾਈਆ । ਜਿਸ ਨੇ ਰਾਵੀ ਕੰਢੇ ਰੱਖੀ ਇੱਛਾ, ਅੰਤ ਅਖ਼ੀਰ ਪ੍ਰਭ ਦੇ ਵਿਚ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਬਿਨ ਤੇਰੀ ਕਿਰਪਾ ਸਾਡੀ ਸਮਝੇ ਕੋਈ ਨਾ ਸਿੱਖਾ, ਸਿਖਿਆ ਚਲੇ ਨਾ ਕੋਇ ਚਤੁਰਾਈਆ । ਤੂੰ ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਏਕੰਕਾਰ ਇਕਾ, ਇਕ ਇਕੱਲੇ ਤੇਰੀ ਸਰਨਾਈਆ । ਤੇਰੀ ਚਰਨ ਧੂੜ ਮਸਤਕ ਲਾ ਕੇ ਟਿੱਕਾ, ਟਿਕਟਿਕੀ ਤੇਰੇ ਵਿਚ ਲਗਾਈਆ । ਤੇਰਾ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਨਿੱਕਾ ਜਿਹਾ ਕਿੱਤਾ, ਬੇਅੰਤ ਤੇਰੀ ਬੇਪਰਵਾਹੀਆ । ਜਿਧਰ ਵੇਖਾਂ ਤੂੰ ਸਭ ਦੀ ਮਾਈ ਸਭ ਦਾ ਪਿਤਾ, ਆਤਮ ਦਾ ਦਾਤਾ ਨਜ਼ਰੀ ਆਈਆ । ਜੁਗ ਚੌਕੜੀ ਗੁਰ ਅਵਤਾਰ

੯੫੬
੨੧

ਪੈਗ਼ੰਬਰ ਤੇਰੀ ਸਿਫ਼ਤਾਂ ਵਾਲੀ ਕਹਾਣੀ ਮਹਿਮਾ ਵਾਲਾ ਦੱਸਦੇ ਕਿੱਸਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਤੇਰਾ ਨਾਮ ਵਡਿਆਈਆ । ਕੁਛ ਮਿਹਰਵਾਨ ਮਹਿਬੂਬ ਮੈਨੂੰ ਆਪਣੇ ਪ੍ਰੇਮ ਦੀ ਦੇ ਦੇ ਚਿਟਾ, ਜਿਸ ਦਾ ਲੇਖਾ ਜਗਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਸਦੀ ਚੌਧਵੀਂ ਕਹੇ ਪ੍ਰਭ ਹੋਇਆ ਮਿਹਰਵਾਨ, ਮਿਹਰ ਨਜ਼ਰ ਲਈ ਉਠਾਈਆ । ਗੁਰ ਅਰਜਨ ਕਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਾਰੀ ਸ੍ਰਿਸ਼ਟੀ ਵੇਖ ਪਰੇਸ਼ਾਨ, ਤੇਰੀ ਅਗਨੀ ਜਗਤ ਰਹੀ ਤਪਾਈਆ । ਪੈਗ਼ੰਬਰ ਰਹੇ ਕੋਈ ਨਾ ਮਾਣ, ਕਲਮਾ ਕਾਇਨਾਤ ਨਾ ਕੋਇ ਚਤੁਰਾਈਆ । ਚਾਰ ਕੁੰਟ ਫਿਰੇ ਸ਼ੈਤਾਨ, ਸ਼ਰਅ ਵਿਚ ਦੁਹਾਈਆ । ਮੁੱਲਾ ਸ਼ੇਖ਼ ਮੁਸਾਇਕ ਹੋਵਣ ਬੇਈਮਾਨ, ਬੇਵਾ ਰੂਪ ਲੋਕਾਈਆ । ਇਕੋ ਨੂਰ ਹੋਵੇ ਪ੍ਰਧਾਨ, ਜੋਤੀ ਜਾਤਾ ਡਗਮਗਾਈਆ । ਜੋ ਝਗੜਾ ਮੇਟੇ ਜ਼ਿਮੀਂ ਅਸਮਾਨ, ਜੀਵ ਜਹਾਨ ਵੇਖ ਵਖਾਈਆ । ਸਾਚੇ ਭਗਤਾਂ ਕਰ ਪਹਿਚਾਨ, ਚੁਰਾਸੀ ਵਿਚੋਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਰਜਨ ਕਿਹਾ ਮੇਰੇ ਪਰਮ ਪੁਰਖ ਅਕਾਲ, ਅਕਲ ਕਲਧਾਰੀ ਦੇ ਜਣਾਈਆ । ਕੀ ਸ੍ਰਿਸ਼ਟੀ ਦਾ ਹੋਵੇ ਹਾਲ, ਹਾਲਤ ਕਵਣ ਬਦਲਾਈਆ । ਚਾਰੋਂ ਕੁੰਟ ਕੂਕੇ ਕਾਲ, ਕਲਾ ਤੇਰੀ ਬੇਪਰਵਾਹੀਆ । ਤੇਰਾ ਹੁਕਮ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਤੂੰ ਦਾਤਾ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਪਰਮ ਪੁਰਖ ਪਰਮਾਤਮ ਹੋ ਕੇ ਮਿਹਰਵਾਨ, ਮੁਹੱਬਤ ਵਿਚ ਸਮਝਾਈਆ । ਮੇਰਾ ਸ਼ਬਦ ਗੁਰੂ ਆਦਿ ਜੁਗਾਦੀ ਸੂਰਬੀਰ ਨੌਜਵਾਨ, ਮਰਦ ਮਰਦਾਨਾ ਇਕ ਅਖਵਾਈਆ । ਸਦੀ ਚੌਧਵੀਂ ਤਤ ਕਰਾਂ ਪ੍ਰਧਾਨ, ਪ੍ਰਧਾਨਗੀ ਆਪਣੇ ਹੱਥ ਵਖਾਈਆ । ਲੇਖਾ ਮੁਕਾ ਕੇ ਸੀਤਾ ਰਾਮ, ਗੋਪੀ ਕਾਹਨ ਆਪਣੇ ਵਿਚ ਸਮਾਈਆ । ਈਸਾ ਮੂਸਾ ਮੁਹੰਮਦ ਚੁਕਾ ਕੇ ਕਾਨ, ਕਲਮਾ ਅਗਲਾ ਦਿਆਂ ਦ੍ਰਿੜਾਈਆ । ਝਗੜਾ ਮੇਟ ਦੀਨ ਇਸਲਾਮ, ਇਸਮ ਆਜ਼ਮ ਇਕ ਜਣਾਈਆ । ਧੁਰ ਸੰਦੇਸ਼ਾ ਦਿਆਂ ਪੈਗ਼ਾਮ, ਪੈਗ਼ੰਬਰਾਂ ਤੋਂ ਪਰੇ ਪੜ੍ਹਾਈਆ । ਸੋ ਵੇਲਾ ਵਕ਼ਤ ਲੈਣਾ ਪਹਿਚਾਣ, ਬੇਪਹਿਚਾਣ ਰਿਹਾ ਜਣਾਈਆ । ਜਿਸ ਵੇਲੇ ਰਾਵੀ ਕੰਢੇ ਆਵੇ ਨਿਗਾਹ ਮਾਰੇ ਨਿਗਾਹਬਾਨ, ਬਿਨ ਨੇਤਰ ਨੈਣਾਂ ਅੱਖ ਖੁਲ੍ਹਾਈਆ । ਰੀਤੀ ਨੀਤੀ ਬਦਲੇ ਜਗਤ ਜਹਾਨ, ਮਨਮਤ ਪਿਛਲੀ ਦਏ ਮਿਟਾਈਆ । ਰਾਵੀ ਕੰਢਾ ਹੋਣਾ ਪ੍ਰਧਾਨ, ਜਿਸ ਦੀ ਬੰਦਾ ਸਾਰ ਕੋਇ ਨਾ ਪਾਈਆ । ਓਸ ਵੇਲੇ ਗੁਰ ਅਰਜਨ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਸੋਹੰ ਸਚ ਆਵਾਜ਼ ਲਗਾਈਆ । ਤੂੰ ਮੇਰਾ ਮੈਂ ਤੇਰਾ ਨੂਰੀ ਚੰਦਾ, ਮੇਰੇ ਬਿਨ ਤੇਰੀ ਕਰੇ ਨਾ ਕੋਇ ਰੁਸ਼ਨਾਈਆ । ਪੁਰਖ ਅਕਾਲ ਝਟ ਕਿਹਾ ਅਰਜਨ ਓਹ ਵੇਖ ਗੋਬਿੰਦ ਵਾਲਾ ਖੰਡਾ, ਸੂਰਬੀਰ ਤੇਰਾ ਨੂਰ ਲਵਾਂ ਪ੍ਰਗਟਾਈਆ । ਜਿਸ ਦਾ ਵਾਸਾ ਰੱਖਾਂ ਉਪਰ ਬ੍ਰਹਿਮੰਡਾ, ਵਰਭੰਡ ਦਿਆਂ ਵਡਿਆਈਆ । ਓਹ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਨੂੰ ਸਮਝੇ ਚੰਗਾ, ਹਿੰਦੂ ਮੁਸਲਿਮ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਬਖ਼ਸ਼ ਇਕ ਅਨੰਦਾ, ਪੁਰ ਅਨੰਦ ਵੱਜੇ ਵਧਾਈਆ । ਗੁਰ ਅਰਜਨ ਕਿਹਾ ਮੇਰੇ ਦੀਨ ਦਿਆਲ ਦੀਨਾਂ ਬੰਧੂ, ਤੇਰੀ ਇਕ ਸਰਨਾਈਆ । ਕੀ ਲਹਿਣਾ ਮੇਰੇ ਨਾਲ ਰਖਾਇਆ ਚੰਦੂ, ਧੁਰ ਦੇ ਚੰਦ ਕਰ ਰੁਸ਼ਨਾਈਆ । ਪੁਰਖ ਅਕਾਲ ਕਿਹਾ ਇਹ ਰਾਵੀ ਤੇਰੀ ਮੰਗ ਮੰਗੂ, ਅੰਤ ਪ੍ਰਭ ਦੇ ਅੱਗੇ ਵਾਸਤਾ ਪਾਈਆ । ਜਿਸ ਨੇ ਭੰਗ ਪੀ ਕੇ ਬਣ ਕੇ ਔਣਾ ਭੰਗੂ, ਉਹਦਾ ਲੇਖਾ ਪਿਛਲਾ ਨਾਲ ਮਿਲਾਈਆ । ਪਰਵਰਦਿਗਾਰ

ਆਦਿ ਜੁਗਾਦੀ ਢੰਗੁ, ਭੇਵ ਆਪਣੇ ਵਿਚ ਛੁਪਾਈਆ । ਜਿਹੜਾ ਆਰ ਪਾਰ ਕਿਨਾਰਾ ਤੇਰਾ ਲੰਘੁ, ਲਗ ਮਾਤਰ ਡੇਰਾ ਢਾਹੀਆ । ਗੁਰ ਅਰਜਨ ਪਿਆਰ ਵਿਚ ਦੀਦਾਰ ਵਿਚ ਇਜ਼ਹਾਰ ਵਿਚ ਉਧਾਰ ਵਿਚ ਤਿੰਨ ਵਾਰ ਵਹਾਏ ਹੰਝੂ, ਖ਼ੁਸ਼ੀਆਂ ਵਹਿਣ ਵਹਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਮੈਂ ਲਹਿਣਾ ਦੇਣਾ ਮੁਕਾਇਆ ਧੋਤੀ ਬੋਦੀ ਜੰਞੂ, ਮੂੰਡ ਮੁੰਡਾਇਆ ਸੁੰਨਤ ਵਾਲਾ ਲੇਖਾ ਪੂਰ ਕਰਾਈਆ । ਫੇਰ ਦੀਨ ਦੁਨੀ ਦਾ ਦਾਤਾ ਬਣ ਕੇ ਦੀਨਾ ਬੰਧੁ, ਦੀਨ ਮਜ਼੍ਹਬ ਦੇ ਬੰਧਨ ਦਿਆਂ ਕਟਾਈਆ । ਜਨ ਭਗਤਾਂ ਰੰਗ ਅਨੋਖਾ ਰੰਗੁ, ਜੋ ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਰਾਵੀ ਕਹੇ ਮੈਂ ਸੁਣ ਕੇ ਅਨੋਖੀ ਬਾਤ, ਆਪਣੇ ਅੰਤਰ ਲਈ ਅੰਗੜਾਈਆ । ਕਵਣ ਵੇਲਾ ਹੋਵੇ ਅੰਧੇਰੀ ਰਾਤ, ਕਲਜੁਗ ਅੰਧੇਰਾ ਛਾਈਆ । ਫੇਰ ਆਵੇ ਮੇਰਾ ਪੁਰਖ ਅਬਿਨਾਸ਼, ਆਪਣਾ ਵੇਸ ਵਟਾਈਆ । ਭਗਤਾਂ ਰੱਖੇ ਸਾਥ, ਸਗਲਾ ਸੰਗ ਜਣਾਈਆ । ਪੂਰੀ ਕਰੇ ਗਾਥ, ਵਾਅਦਾ ਤੋੜ ਨਿਭਾਈਆ । ਸੁਹਾਏ ਕਿਨਾਰਾ ਤਾਟ, ਆਪਣਾ ਚਰਨ ਛੁਹਾਈਆ । ਕੂੜੀ ਮੇਟੇ ਵਾਟ, ਸਚ ਲਏ ਪ੍ਰਗਟਾਈਆ । ਆਸਣ ਲਾਏ ਬਿਨਾ ਖਾਟ, ਕੱਖਾਂ ਸੇਜ ਸੁਹਾਈਆ । ਗੀਤ ਗਵਾਏ ਬਣ ਕੇ ਭਾਟ, ਗੁਰਮੁਖ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੈਂ ਅੱਜ ਤੋਂ ਉਠੀ, ਆਪਣੇ ਘਰ ਲਈ ਅੰਗੜਾਈਆ । ਮੈਂ ਹੱਥ ਲਾਇਆ ਆਪਣੀ ਦੋਹੀਂ ਗੁੱਟੀਂ, ਬਿਨ ਉਂਗਲਾਂ ਰਹੀ ਦਬਾਈਆ । ਮੇਰਾ ਨੇਤਰ ਕੋਈ ਹੋਰ ਰਿਹਾ ਪੁੱਟੀ, ਸਹਿਜ ਨਾਲ ਉਠਾਈਆ । ਵੇਖੀਂ ਕਿਤੇ ਧੋਖੇ ਨਾਲ ਨਾ ਜਾਵੀਂ ਲੁੱਟੀ, ਕਲਜੁਗ ਕੂੜ ਅੰਧੇਰਾ ਛਾਈਆ । ੯੫੭
੨੧
ਰਾਵੀ ਕਿਹਾ ਮੈਂ ਗੁਰ ਅਰਜਨ ਕੋਲੋਂ ਚੋਰੀ ਚੋਰੀ ਸੀ ਗੱਲ ਪੁਛੀ, ਨਿਸ਼ਾਨੀ ਦੱਸ ਜਾ ਆਪਣੇ ਮਾਹੀਆ । ਅਰਜਨ ਕਿਹਾ ਓਸ ਦਿਨ ਓਸ ਨੇ ਪੈਰੀਂ ਪੌਣੀ ਨਹੀਂ ਜੁੱਤੀ, ਜੋੜਾ ਚਰਨ ਨਾ ਕੋਇ ਛੁਹਾਈਆ । ਭਗਤਾਂ ਦੀ ਮੰਜ਼ਲ ਕਰ ਕੇ ਉਚੀ, ਸੇਵਾ ਸਚ ਦੀ ਲੈਣੀ ਕਮਾਈਆ । ਤੇਰੀ ਫੇਰ ਸੁਹੌਣੀ ਰੁੱਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਰਾਵੀ ਕਹੇ ਮੈਂ ਖ਼ੁਸ਼ੀਆਂ ਨਾਲ ਕੂਕ ਕੂਕ ਉਚੀ, ਨਾਅਰਾ ਸਚ ਦਿਤਾ ਲਗਾਈਆ । ਮੈਂ ਓਸ ਵੇਲੇ ਧਾਰ ਗਾਈ ਦੋ ਤੁਕੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਾਗ ਸੁਣਾਈਆ । ਮੈਨੂੰ ਖ਼ੁਸ਼ੀ ਹੋਈ ਸਾਧਾਂ ਸੰਤਾਂ ਤੋਂ ਮਿਲਣੀ ਛੁੱਟੀ, ਜਗਤ ਆਸ਼ਕ ਮਾਸ਼ੂਕਾਂ ਸੰਗ ਨਾ ਕੋਇ ਬਣਾਈਆ । ਮੇਰੀ ਪੁਰਾਣੀ ਧਾਰ ਚਰੋਕਣੀ ਟੁੱਟੀ, ਪੁਰਖ ਅਕਾਲਾ ਮੇਲ ਮਿਲਾਈਆ । ਮੈਂ ਓਸੇ ਤੇ ਆਪਣੀ ਡੋਰੀ ਸੁੱਟੀ, ਜੋ ਸੁੱਤਿਆਂ ਲਏ ਜਗਾਈਆ । ਜਨ ਭਗਤੋ ਮੇਰੇ ਨਾਲ ਮਿਲ ਕੇ ਤੁਸਾਂ ਸਭ ਮਨੌਣੀ ਖ਼ੁਸ਼ੀ, ਖ਼ੁਸ਼ਹਾਲੀ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਹਰਿ ਆਪਣੀ ਦਇਆ ਕਮਾਈਆ ।

❊ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਗੁਰਚਰਨ ਸਿੰਘ ਦੇ ਗ੍ਰਹਿ ਪਿੰਡ ਕੱਤੋਵਾਲ ਜ਼ਿਲਾ ਗੁਰਦਾਸਪੁਰ ❊

ਰਾਵੀ ਕਹੇ ਮੈਂ ਤਟ ਕਿਨਾਰੇ ਰਹੀ ਸਵਾਰ, ਕੰਢੀ ਬਹਿ ਬਹਿ ਆਪਣੀ ਖ਼ੁਸ਼ੀ ਮਨਾਈਆ । ਰਾਹ ਤਕਦੀ ਰਹੀ ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਜੁਗ ਚਾਰ, ਚੌਕੜੀ ਬਿਨ ਅੱਖਾਂ ਅੱਖ ਉਠਾਈਆ । ਖ਼ਬਰਾਂ ਪੁਛਦੀ ਰਹੀ ਕੋਲੋਂ ਪੈਗ਼ੰਬਰ ਗੁਰ ਅਵਤਾਰ, ਤੱਤਾਂ ਵਾਲਿਓ ਦਿਓ ਜਣਾਈਆ । ਕੀ ਖੇਲ ਕਰੇ ਮੇਰਾ ਨਿਰੰਕਾਰ, ਨਿਰਗੁਣ ਦਾਤਾ ਧੁਰਦਰਗਾਹੀਆ । ਕੀ ਹੁਕਮ ਸੱਚੀ ਸਰਕਾਰ, ਸਚ ਸੰਦੇਸ਼ਾ ਦਿਓ ਸੁਣਾਈਆ । ਸਾਰੇ ਕਹਿ ਕੇ ਗਏ ਕਲਜੁਗ ਅੰਤਮ ਆਵੇ ਕਲ ਕਲਕੀ ਅਵਤਾਰ, ਨਿਹਕਲੰਕ ਰੂਪ ਵਟਾਈਆ । ਮੈਂ ਖ਼ੁਸ਼ੀਆਂ ਵਿਚ ਕਰਦੀ ਰਹੀ ਇੰਤਜ਼ਾਰ, ਆਪ ਆਪਣੀ ਆਸ ਵਧਾਈਆ । ਕੁਛ ਸੰਦੇਸ਼ਾ ਅਰਜਨ ਦਿਤਾ ਨਾਲ ਪਿਆਰ, ਮੁਹੱਬਤ ਵਿਚ ਸੁਣਾਈਆ । ਤੂੰ ਰਹਿਣਾ ਖ਼ਬਰਦਾਰ, ਬੇਖ਼ਬਰੇ ਖ਼ਬਰ ਦਿਆਂ ਪੁਚਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਓਹ ਬਣ ਕੇ ਸਾਂਝਾ ਯਾਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅਮਾਮਾਂ ਦਾ ਸਿਕਦਾਰ, ਪੈਗ਼ੰਬਰਾਂ ਦਾ ਦਿਲਦਾਰ, ਮਸੀਹਾਂ ਦਾ ਮਸਲਾ ਹੱਲ ਕਰਾਈਆ । ਜਲਵਾ ਨੂਰ ਕਰ ਉਜਿਆਰ, ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਦੀਨ ਦੁਨੀ ਦਾ ਪਿਛਲਾ ਕ਼ਰਜ਼ ਉਤਾਰ, ਵੇਖਣਹਾਰ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਸਾਚਾ ਮਾਰਗ ਦੱਸ ਆਪਣੀ ਧਾਰ, ਧਰਨੀ ਧਰਤ ਧਵਲ ਦਏ ਅਧਾਰ, ਧਰਮ ਦਾ ਰਾਹ ਦਏ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬੋਲ ਜੈਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬਣ ਆਪ ਕਰਤਾਰ, ਨਿਰਗੁਣ ਨਿਰਵੈਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਮੇਲਾ ਮੇਲ ਮਿਲਾਈਆ । ਰਾਵੀ ਕਹੇ ਮੈਂ ਤਟ ਕਿਨਾਰੇ ਕੀਤੇ ਸਾਫ਼, ਸਫ਼ਾ ਪਿਆਰ ਦਿਤੀ ਵਿਛਾਈਆ । ਕਲਪਣਾ ਰਹੀ ਨਾ ਕੋਇ ਗੁਸਤਾਖ਼, ਕੂੜੀ ਕਿਰਿਆ ਬਾਹਰ ਕਢਾਈਆ । ਰੱਖ ਕੇ ਇਕੋ ਆਸ, ਆਸਾਂ ਭਰੀ ਦੁਹਾਈਆ । ਮੇਰਾ ਆਵੇ ਪੁਰਖ ਅਬਿਨਾਸ਼, ਹਰਿ ਕਰਤਾ ਨੂਰ ਅਲਾਹੀਆ । ਜਨਮ ਕਰਮ ਦਾ ਕੁਕਰਮ ਕਰੇ ਮੁਆਫ਼, ਦੁਰਮਤ ਮੈਲ ਧਵਾਈਆ । ਸਦੀ ਚੌਧਵੀਂ ਵੇਖੇ ਹੱਕ ਇਨਸਾਫ਼, ਅਦਲ ਵਿਚ ਵਡਿਆਈਆ । ਜਨ ਭਗਤਾਂ ਪੈਜ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਅਗੰਮੀ ਦੱਸੇ ਬਾਤ, ਬਾਤਨ ਪਰਦਾ ਲਾਹੀਆ । ਅੰਧੇਰੀ ਮੇਟੇ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਦੀਨ ਦੁਨੀ ਬਣਾ ਕੇ ਇਕ ਜਮਾਤ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥ, ਗਹਿਰ ਗੰਭੀਰ ਕਰੇ ਪੜ੍ਹਾਈਆ । ਦਰ ਸੁਹਾ ਕੇ ਪੁਰਖ ਸਮਰਾਥ, ਹਰਿ ਕਰਤਾ ਨੂਰ ਅਲਾਹੀਆ । ਲਹਿਣਾ ਦੇਣਾ ਚੁਕਾਏ ਮੇਰਾ ਮਾਤ, ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਤਟ ਕਿਨਾਰੇ ਕੀਤੇ ਚੰਗੇ, ਸੋਹਣੇ ਸਾਫ਼ ਕਰਾਈਆ । ਵੇਖਣ ਆਈ ਜਮਨਾ ਸੁਰਸਤੀ ਗੋਦਾਵਰੀ ਗੰਗੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਆਵਣ ਪੈਰੀਂ ਨੰਗੇ, ਬਿਨ ਤਨ ਵਜੂਦ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਮੰਗ ਮੰਗੇ, ਦੂਰ ਦੁਰਾਡੇ ਧਿਆਨ ਲਗਾਈਆ । ਦੇਵਤ ਸੁਰ ਦੇਵਣ ਅਨੰਦੇ, ਰਸ ਦੇਵੇ ਧੁਰਦਰਗਾਹੀਆ । ਅਸ਼ਟਭੁਜ ਸ਼ਸਤਰਾਂ ਚੰਡੇ, ਸਿੰਘ ਅਸਵਾਰ ਪਈ ਦੁਹਾਈਆ । ਚਾਰ ਜੁਗ ਆਪਣਾ ਭਾਰ ਚੁੱਕ ਕੇ ਕੰਧੇ, ਭੱਜਣ ਵਾਹੋ ਦਾਹੀਆ । ਤ੍ਰੈਗੁਣ ਮਾਇਆ ਮੇਟ ਕੇ ਪੰਧੇ, ਸਚ ਦਵਾਰੇ ਡੇਰਾ ਲਾਈਆ । ਪੰਜ ਤਤ ਦੇ ਵੇਖਣੇ ਬੰਦੇ, ਬੰਦਗੀ ਵਾਲੇ ਫੋਲ ਫੁਲਾਈਆ । ਸਾਹਿਬ ਸਵਾਮੀ ਦੇਵੇ ਸੰਗੇ, ਸਗਲਾ ਸੰਗ ਬਣਾਈਆ ਜਨ ਭਗਤ ਸੁਹੇਲੇ ਲਾ ਕੇ ਅੰਗੇ, ਅੰਗੀਕਾਰ ਆਪ ਅਖਵਾਈਆ ।



੯੫੮
੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੇਰਾ ਤਟ ਕਿਨਾਰਾ ਸੋਹਣਾ, ਸੋਭਾਵੰਤ ਸੁਹਾਈਆ । ਜਿਥੇ ਕਲਜੁਗ ਜੀਵਾਂ ਕਾਇਆ ਕੱਪੜ ਦੁਰਮਤ ਮੈਲ ਧੋਣਾ, ਪੱਤਤ ਪੁਨੀਤ ਬਣਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਪ੍ਰਗਟ ਹੋਣਾ, ਹੋਕਾ ਹੱਕ ਸੁਣਾਈਆ । ਜਨ ਭਗਤਾਂ ਖੁਲ੍ਹਾਏ ਆਪਣਾ ਲੋਇਣਾ, ਲੋਚਨ ਇਕ ਵਡਿਆਈਆ । ਗ਼ਫ਼ਲਤ ਵਿਚ ਕਿਸੇ ਨਾ ਸੌਣਾ, ਸੁੱਤਿਆਂ ਲਏ ਜਗਾਈਆ । ਪਰਮ ਪੁਰਖ ਦਾ ਖੇਲ ਹੋਣਾ ਮਨਮੋਹਣਾ, ਮੋਹਣੀਆਂ ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੇਰੇ ਅੰਦਰ ਚਾਓ ਘਨੇਰਾ, ਘੜੀ ਪਲ ਵਿਸਰ ਨਾ ਜਾਈਆ । ਕਦ ਆਵੇ ਸਾਹਿਬ ਸਵਾਮੀ ਮੇਰਾ, ਮੋਹੇ ਵਿਛੜੀ ਲਏ ਮਿਲਾਈਆ । ਮੇਰੇ ਕੰਢੀ ਲਾਵੇ ਡੇਰਾ, ਤੱਟਾਂ ਦਏ ਵਡਿਆਈਆ । ਬੰਨੇ ਲਾਵੇ ਬੇੜਾ, ਜਗਤ ਵਹਿਣ ਨਾ ਕੋਇ ਵਹਾਈਆ । ਧਰਮ ਵਸਾਵੇ ਖੇੜਾ, ਵੱਜੇ ਨਾਮ ਵਧਾਈਆ । ਨੌ ਹੱਥ ਦਾ ਨਾਲ ਹੋਵੇ ਜੇੜਾ, ਨਵ ਨੌ ਚਾਰ ਦਾ ਪੰਧ ਮੁਕਾਈਆ । ਜਿਸ ਕਾਰਨ ਮਾਰਨਾ ਫੇਰਾ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਮੋਹੇ ਸੱਜਣ ਮਿਲੇ ਸਾਹਿਬ ਪ੍ਰਭ ਮੋਰਾ, ਮਿਲ ਮਿਲ ਵੱਜੇ ਵਧਾਈਆ । ਮੇਰੇ ਅੰਤਰ ਨਿਰੰਤਰ ਖ਼ੁਸ਼ੀਆਂ ਦਾ ਬਾਦਲ ਹੋਵੇ ਘਨਘੋਰਾ, ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਈਆ । ਰਾਵੀ ਕਹੇ ਮੇਰੇ ਸਾਹਿਬ ਤੱਕੀਂ ਨਾ ਬਾਲੂ ਰੇਤ, ਰੀਤੀਵਾਨ ਤੇਰੀ ਸਰਨਾਈਆ । ਮੈਂ ਮੰਗਦੀ ਤੇਰਾ ਹੇਤ, ਪ੍ਰੀਤਮ ਬੇਪ੍ਰਵਾਹੀਆ । ਦਰਸ ਨੇਤਨ ਨੇਤ, ਨਿਜ ਲੋਚਨ ਨੈਣ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਹੋ ਗਏ ਕੇਤ, ਜੁਗ ਚੌਕੜੀ ਫੇਰਾ ਪਾਈਆ । ਤੇਰਾ ਆਇਆ ਕਿਸੇ ਨਾ ਭੇਤ, ਬੇਅੰਤ ਕਹਿ ਕੇ ਸਾਰੇ ਗਏ ਗਾਈਆ । ਮੇਰਾ ਲਿਖਿਆ ਕਿਸੇ ਨਾ ਲੇਖ, ਓਟ ਤੇਰੀ ਗਏ ਸਮਝਾਈਆ । ਮੈਂ ਰੱਖ ਕੇ ਧੁਰ ਦੀ ਟੇਕ, ਬੈਠੀ ਰਾਹ ਤਕਾਈਆ । ਮੇਰੇ ਸਾਹਿਬ ਸੁਲਤਾਨ ਆ ਕੇ ਵੇਖ, ਆਖ਼ਰ ਪੰਧ ਮੁਕਾਈਆ । ਮੈਂ ਤੇਰੇ ਚਰਨ ਝਾੜਾਂ ਨਾਲ ਆਪਣੇ ਧਰਮ ਧਾਰ ਦੇ ਕੇਸ, ਸੋਹਣਾ ਜੋੜ ਕਰਾਈਆ । ਬੇਸ਼ਕ ਮੇਰੇ ਕੰਢੇ ਆਇਆ ਨਹੀਂ ਦਸਮੇਸ਼, ਪਾਰ ਬਿਆਸੋਂ ਗਿਆ ਸਮਝਾਈਆ । ਜਿਸ ਵੇਲੇ ਮਿਟੌਣੇ ਮੁੱਲਾ ਸ਼ੇਖ਼, ਫੇਰ ਆਵਾਂ ਚਾਈਂ ਚਾਈਂਆ । ਮੇਰਾ ਪ੍ਰਭ ਆਦਿ ਮੇਰਾ ਸਾਹਿਬ ਏਕ, ਜਿਸ ਦੇ ਗੁਰ ਅਵਤਾਰ ਪੈਗ਼ੰਬਰ ਅਨੇਕ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਵੇਲੇ ਆਵੇ ਮਾਝੇ ਦੇਸ, ਮਜਲਸ ਭਗਤਾਂ ਨਾਲ ਬਣਾਈਆ । ਧੁਰ ਦਾ ਮਾਲਕ ਬਣ ਨਰੇਸ਼, ਨਰ ਨਰਾਇਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਮਸਤਕ ਲਾਵੇ ਮੇਖ, ਧੂੜੀ ਨਾਮ ਵਾਲੀ ਰਮਾਈਆ ।



### ❋ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਜਵੰਦ ਸਿੰਘ ਦੇ ਗ੍ਰਹਿ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ❋

ਰਾਵੀ ਕਹੇ ਮੇਰੇ ਤਟ ਕਿਨਾਰੇ ਰਹੇ ਕੁੱਦ, ਖ਼ੁਸ਼ੀ ਖ਼ੁਸ਼ੀ ਵਿਚੋਂ ਉਪਜਾਈਆ । ਕਿਉਂ ਸੰਦੇਸ਼ਾ ਦੇ ਕੇ ਗਿਆ ਬੁੱਧ, ਬੁੱਧੀ ਤੋਂ ਪਰੇ ਪਰੇ ਸਮਝਾਈਆ । ਜਿਸ ਕਾਰਨ ਸਭ ਕੁਛ ਰਿਹਾ ਸੁਝ, ਸੋਝੀ ਸਮਝ ਮੇਰੇ ਵਿਚ ਆਈਆ । ਜਿਸ ਕਲਜੁਗ ਕੂੜਾ ਮੇਟਣਾ ਜੁਗ, ਜੁਗ ਚੌਕੜੀ ਵੇਖ ਵਖਾਈਆ ।

ਸੋ ਸਵਾਮੀ ਨਿਰਗੁਣ ਧਾਰੋਂ ਆਵੇ ਉਠ, ਜੋਤੀ ਜੋਤ ਕਰ ਰੁਸ਼ਨਾਈਆ । ਤੇਰੇ ਉਪਰ ਜਾਏ ਤੁਠ, ਮਿਹਰ ਨਜ਼ਰ ਇਕ ਉਠਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤ ਸੁਹੇਲੇ ਥੋੜ੍ਹੇ ਲੈ ਕੇ ਮੁਠ, ਮੁੱਠੀ ਰਾਖ ਤੇਰੇ ਵਿਚ ਸੁਟਾਈਆ । ਇਕ ਖੋਪਰਾ ਲਿਆਵੇ ਜੁੱਟ, ਦੋਹਾਂ ਦਾ ਮੇਲਾ ਦਏ ਮਿਲਾਈਆ । ਇਕ ਕਾਲਾ ਗਾਨਾ ਬੰਨ੍ਹ ਕੇ ਗੁੱਟ, ਸਗਣ ਰਾਮ ਵਾਲਾ ਭੁਗਤਾਈਆ । ਤੇਰਾ ਭਾਗ ਨਾ ਜਾਏ ਨਿਖੁੱਟ, ਨਿਹਕਰਮਣ ਰੂਪ ਨਾ ਕੋਇ ਵਖਾਈਆ । ਸਾਫ਼ ਕਰਾ ਕੇ ਤੇਰਾ ਅਨੋਖਾ ਬੁਤ, ਬੁਤਖ਼ਾਨੇ ਦੀ ਲੋੜ ਰਹੇ ਨਾ ਰਾਈਆ । ਵੇਸ ਵਟਾ ਕੇ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਆਪਣਾ ਪੜਦਾ ਲਾਹੀਆ । ਤੇਰਾ ਬਦਲ ਦੇਵੇ ਰੁਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਰਾਵੀ ਕਹੇ ਮੇਰੇ ਤਟ ਕਿਨਾਰੇ ਖ਼ੁਸ਼ੀਆਂ ਨਾਲ ਰਹੇ ਨੱਚ, ਅੱਗਾ ਪਿਛਾ ਨਜ਼ਰ ਕਿਸੇ ਨਾ ਆਈਆ । ਮੈਂ ਉਠ ਕੇ ਵੇਖਿਆ ਝਟ, ਚਾਰੋਂ ਕੁੰਟ ਧਿਆਨ ਲਗਾਈਆ । ਰੋਂਦੇ ਵੇਖੇ ਅਠਸਠ, ਚਾਰ ਕੁੰਟ ਰਹੀ ਕੁਰਲਾਈਆ । ਹਰਿ ਕਾ ਨਾਮ ਰਿਹਾ ਕੋਈ ਨਾ ਰਟ, ਰੱਟਾ ਪਿਆ ਜਗਤ ਲੋਕਾਈਆ । ਨਾਮ ਅਲੂਣੀ ਸਿਲ ਲਏ ਕੋਈ ਨਾ ਚੱਟ, ਚੇਟਕ ਮਾਇਆ ਮਮਤਾ ਮੋਹ ਵਧਾਈਆ । ਨਾੜੀ ਨਾੜੀ ਉਬਲੇ ਰੱਤ, ਲੱਖ ਚੁਰਾਸੀ ਰਹੀ ਕੁਰਲਾਈਆ । ਵਸਤ ਅਮੋਲਕ ਕਿਸੇ ਨਾ ਆਵੇ ਹੱਥ, ਖ਼ਾਲੀ ਹੱਥ ਦੇਣ ਦੁਹਾਈਆ । ਪੰਚ ਵਿਕਾਰੇ ਪਾਈ ਨੱਥ, ਤਤਵ ਤਤ ਨਾ ਕੋਇ ਤੁੜਾਈਆ । ਜੋ ਗੁਰ ਅਵਤਾਰ ਪੈਗ਼ੰਬਰ ਮਾਰਗ ਗਏ ਦੱਸ, ਦੀਨ ਦੁਨੀ ਗਈ ਭੁਲਾਈਆ । ਮਨ ਕਲਪਣਾ ਵਿਚ ਰਹੇ ਨੱਸ, ਤ੍ਰਿਸ਼ਨਾ ਕੂੜ ਹੋਈ ਹਲਕਾਈਆ । ਨਿਜ ਨੇਤਰ ਖੁਲ੍ਹੀ ਕਿਸੇ ਨਾ ਅੱਖ, ਦੋਏ ਲੋਚਨ ਦਰਸ ਕੋਇ ਨਾ ਪਾਈਆ । ਸਭ ਦਾ ਕਾਇਆ ਖੇੜਾ ਹੁੰਦਾ ਦਿਸੇ ਭੱਠ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਕਰ ਕੇ ਗਏ ਜਸ, ਵੇਦ ਪੁਰਨਾਂ ਸਿਫ਼ਤ ਸਾਲਾਹੀਆ । ਸੋ ਸਾਹਿਬ ਮੇਰਾ ਸਮਰਥ, ਹਰਿ ਕਰਤਾ ਨਜ਼ਰੀ ਆਈਆ । ਸਦੀ ਚੌਧਵੀਂ ਹੋ ਪ੍ਰਗਟ, ਨੂਰ ਨੁਰਾਨਾ ਡਗਮਗਾਈਆ । ਮੇਰੇ ਔਣ ਵਾਲਾ ਤਟ, ਕਿਨਾਰੇ ਦਏ ਵਡਿਆਈਆ । ਮੈਂ ਲਾਹਾ ਲੈਣਾ ਖੱਟ, ਨਿਉਂ ਨਿਉਂ ਸੀਸ ਝੁਕਾਈਆ । ਮੇਰੀ ਉਜਲ ਹੋਣੀ ਮਤ, ਦੁਰਮਤ ਰਹੇ ਨਾ ਰਾਈਆ । ਮੇਰਾ ਨਾਤਾ ਹੋਵੇ ਪੱਕ, ਵਾਅਦਾ ਪੂਰ ਕਰਾਈਆ । ਓਹ ਮਾਲਕ ਹਕ਼ੀਕਤ ਹੱਕ, ਲਾਸ਼ਰੀਕ ਨੂਰ ਅਲਾਹੀਆ । ਜਿਸ ਦਾ ਹੁਕਮ ਹੋਣਾ ਯੱਕ, ਯਕਤਰਫ਼ ਕਾਰ ਕਮਾਈਆ । ਸਭ ਦੀ ਜਾਣੇ ਮਿਤ ਗੱਤ, ਲੱਖ ਚੁਰਾਸੀ ਖੋਜ ਖੁਜਾਈਆ । ਜੋ ਕਾਹਨ ਗਿਆ ਦੱਸ, ਸੋ ਬੰਸਰੀ ਧੁਨ ਸੁਣਾਈਆ । ਮੈਂ ਜੋੜ ਕੇ ਦੋਵੇਂ ਹੱਥ, ਬਿਨ ਹੱਥਾਂ ਸੀਸ ਨਿਵਾਈਆ । ਚਰਨ ਕਵਲਾਂ ਢੱਠ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨਾਲ ਤਰਾਈਆ । ਰਾਵੀ ਕਹੇ ਮੇਰੇ ਤਟ ਕਿਨਾਰੇ ਹੋਵਣ ਸੋਭਾਵੰਤ, ਸੋਭਾਵੰਤ ਸੁਹਾਈਆ । ਮੇਲਾ ਮਿਲੇ ਸ੍ਰੀ ਭਗਵੰਤ, ਜੋ ਨਿਰਗੁਣ ਆਪਣਾ ਰੰਗ ਰੰਗਾਈਆ । ਜੋ ਆਦਿ ਜੁਗਾਦੀ ਕੰਤ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਕਿਸੇ ਨਾ ਪਾਇਆ ਅੰਤ, ਬੇਅੰਤ ਕਹਿ ਕੇ ਸਾਰੇ ਗਾਈਆ । ਜਿਸ ਨੂੰ ਖੋਜਦੇ ਸਾਧ ਸੰਤ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਦੀ ਮਹਿਮਾ ਸਦਾ ਬੇਅੰਤ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਗੌਂਦੀ ਮੰਤ, ਢੋਲੇ ਸਿਫ਼ਤਾਂ ਵਾਲੇ ਸਾਲਾਹੀਆ । ਓਹ ਸਭ ਦਾ ਤੋੜੇ ਗੜ੍ਹ ਹੰਗਤ, ਹਉਮੇ ਦਏ ਗਵਾਈਆ । ਬੋਧ ਅਗਾਧਾ ਬਣ ਕੇ ਪੰਡਤ, ਅਗਲੀ ਸਿਖਿਆ ਦਏ ਸਮਝਾਈਆ । ਭਗਤ ਸੁਹੇਲੇ

ਤਾਰੇ ਸਾਚੀ ਸੰਗਤ, ਸਗਲਾ ਸੰਗ ਨਿਭਾਈਆ । ਮੇਰੀ ਮੰਨ ਕੇ ਜੁਗ ਜੁਗ ਦੀ ਮਿੰਨਤ, ਦਰ ਠਾਂਡੇ ਚਰਨ ਟਿਕਾਈਆ । ਗ਼ਮੀ ਮਿਟਾਏ ਚਿੰਨਤ, ਹਰਖ ਸੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਏ ਮੇਰੀ ਅਗੰਮੀ ਸਿੰਮਤ, ਜਿਸ ਦਿਸ਼ਾ ਦੀ ਸਾਰ ਕੋਇ ਨਾ ਪਾਈਆ ।

## ❊ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹ ਨਵਾਂ ਪਿੰਡ ❊

ਰਾਵੀ ਕਹੇ ਮੇਰੇ ਤਟ ਕਿਨਾਰੇ ਵੇਖ ਸੁਥਰੇ, ਸੋਹਣੇ ਸਾਫ਼ ਨਜ਼ਰੀ ਆਈਆ । ਸੂਫ਼ੀ ਫ਼ਕੀਰ ਲੌਂਦੇ ਮੁਜਰੇ, ਹੋਕੇ ਹੱਕ ਹੱਕ ਸੁਣਾਈਆ । ਬੀਤੇ ਯਾਦ ਕਰਦੇ ਦਿਨ ਗੁਜ਼ਰੇ, ਮਾਜ਼ੀ ਵੇਖ ਵਖਾਈਆ । ਬਿਨ ਪ੍ਰਭ ਮਾਨਸ ਜਨਮ ਕਿਸੇ ਨਾ ਸੁਧਰੇ, ਸਾਧਕ ਸਿਧ ਨਾ ਕੋਇ ਕਰਾਈਆ । ਬਿਨ ਪਾਰਬ੍ਰਹਮ ਪਾਰ ਕੋਈ ਨਾ ਉਤਰੇ, ਸਚ ਕਿਨਾਰ ਨਾ ਕੋਇ ਲਗਾਈਆ । ਜਿਹੜੇ ਹਰਫ਼ ਹਰੂਫ਼ ਕ਼ਲਮ ਸ਼ਾਹੀ ਨਾਲ ਉਕਰੇ, ਮੰਤਰਾਂ ਕਲਮਿਆਂ ਵਿਚ ਜਣਾਈਆ । ਓਸ ਕਰਨੀਉਂ ਕਦੇ ਨਾ ਮੁਕਰੇ, ਜੋ ਭਵਿਖਤ ਗਿਆ ਦ੍ਰਿੜਾਈਆ । ਜੋਤੀ ਧਾਰੋਂ ਆਪੇ ਉਤਰੇ, ਜਨਮ ਦੇਵੇ ਕੋਈ ਨਾ ਮਾਈਆ । ਭਗਤ ਹੋਣ ਨਾ ਦੇਵੇ ਨਾਸ਼ੁਕਰੇ, ਸ਼ੁਕਰੀਆ ਸਭ ਤੋਂ ਰਿਹਾ ਕਰਾਈਆ । ਜਿਹੜੇ ਏਸ ਦਵਾਰਿਉਂ ਉਖੜੇ, ਦੋ ਜਹਾਨ ਨਾ ਕੋਇ ਵਡਿਆਈਆ । ਮੇਰੇ ਕਿਨਾਰੇ ਜਨ ਭਗਤਾਂ ਦੇ ਧੋਵਣ ਆਏ ਮੁਖੜੇ, ਅੰਮ੍ਰਿਤ ਆਪਣਾ ਨਾਮ ਲਿਆਈਆ । ਉਲਟੇ ਗਰਭ ਨਾ ਹੋਵਣ ਰੁੱਖੜੇ, ਰੁਖ਼ਸਤ ਲੱਖ ਚੁਰਾਸੀ ਵਿਚੋਂ ਪਾਈਆ । ਜਨਮ ਮਰਨ ਦੇ ਮੇਟ ਕੇ ਦੁਖੜੇ, ਦੁਖੀਆਂ ਦਰਦੀਆਂ ਦਰਦ ਵੰਡਾਈਆ । ਸੋਹਣੀ ਸੁਹੰਜਣੀ ਕਰੇ ਰੁਤੜੇ, ਪ੍ਰੇਮ ਮਹਿਕ ਮਹਿਕਾਈਆ । ਇਹ ਖੇਲ ਅਬਿਨਾਸ਼ੀ ਅਚੁਤੜੇ, ਚੇਤਨ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਰਾਵੀ ਕਹੇ ਮੇਰੇ ਤਟ ਕਿਨਾਰੇ ਵੇਖੇ ਨਾ ਟੇਡੇ ਵਿੰਗੇ, ਸਿੱਧਾ ਆਪਣਾ ਧਿਆਨ ਲਗਾਈਆ । ਜਿਹੜੀ ਕਹਿੰਦੇ ਧੌਲ ਚੁੱਕੀ ਧਵਲ ਸਿੰਗੇ, ਧਰਤੀ ਭਾਰ ਉਠਾਈਆ । ਰਾਵੀ ਕਹੇ ਓਹ ਖੇਲ ਪ੍ਰਭੂ ਦਾ ਨਿੱਜੇ, ਮੈਂ ਸਹਿਜ ਦਿਆਂ ਜਣਾਈਆ । ਜਿਸ ਦੀ ਨੀਂਹ ਕੋਈ ਨਾ ਚਿਣੇ, ਓਹ ਧਰਨੀ ਸੋਭਾ ਪਾਈਆ । ਜਿਸ ਨੇ ਕੋਟ ਬ੍ਰਹਿਮੰਡ ਖੰਡ ਪਤਾ ਨਹੀਂ ਬਣਾਏ ਕਿੰਨੇ, ਗੁਰ ਅਵਤਾਰ ਪੈਗ਼ੰਬਰ ਸਮਝ ਕਿਸੇ ਨਾ ਆਈਆ । ਜੋ ਆਇਆ ਸੋ ਕਰਦਾ ਗਿਆ ਬਿਨੈ, ਬੇਨੰਤੀਆਂ ਵਿਚ ਜਣਾਈਆ । ਲੇਖਾ ਲਿਖ ਕੇ ਗਏ ਤ੍ਰੈਲੋਕੀ ਧਾਰ ਤਿੰਨੇ, ਦੀਨ ਦੁਨੀ ਵੰਡ ਵੰਡਾਈਆ । ਜਿਸ ਧਰਤੀ ਵਿਚੋਂ ਪਾਣੀ ਅਗੰਮਾ ਸਿੰਮੇ, ਉਸ ਦਾ ਵਹਿਣ ਨਾ ਕੋਇ ਜਣਾਈਆ । ਜਿਸ ਦੀ ਕੁੱਖ ਵਿਚੋਂ ਨਿੰਮੇ, ਓਹ ਪ੍ਰਭੂ ਜਣੇਂਦੀ ਇਸ ਦੀ ਮਾਈਆ । ਜਿਸ ਨੇ ਬਣਾਏ ਰਾਤ ਦਿਨੇ, ਸੂਰੀਆ ਚੰਦ ਕਰ ਰੁਸ਼ਨਾਈਆ । ਓਹ ਲੇਖਾ ਇਸ ਦਾ ਆਪੇ ਮਿਣੇ, ਓੜਕ ਓੜਕ ਕਹਿਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਰਾਵੀ ਕਹੇ ਧੌਲ ਚੁੱਕੇ ਕੋਈ ਨਾ ਭਾਰ, ਆਪਣਾ ਬਲ ਨਾ ਕੋਇ ਰਖਾਈਆ । ਇਹ ਖੇਲ ਸੱਚੀ ਸਰਕਾਰ, ਜਿਸ ਨੇ ਆਪਣੀ ਚਰਨ ਧੂੜ ਨਾਲ ਧਰਤੀ ਦਿਤੀ ਬਣਾਈਆ । ਖਿੱਚੀ ਰੱਖੇ ਨਾਲ ਪਿਆਰ, ਸਹਾਰਾ ਅਵਰ ਨਾ ਕੋਇ ਰਖਾਈਆ । ਅੰਮ੍ਰਿਤ ਦੇ ਕੇ ਰਸ ਧਾਰ, ਚਰਨੋਦਕ ਇਸ ਦੇ ਵਿਚ ਟਿਕਾਈਆ । ਜਿਸ

ਦੀ ਪਾ ਸਕਿਆ ਨਾ ਕੋਇ ਸਾਰ, ਅੰਤ ਕਹਿਣ ਕੋਇ ਨਾ ਪਾਈਆ । ਸੱਤ ਜ਼ਿਮੀਂ ਸੱਤ ਅਸਮਾਨਾਂ ਕਹਿ ਕੇ ਗਏ ਉਚਾਰ, ਇਹ ਨਿੱਕੀ ਜਿਹੀ ਵਡਿਆਈਆ । ਲੱਖ ਪਾਤਾਲ ਆਕਾਸ਼ਾਂ ਨਾਨਕ ਦਿਤੇ ਵਖਾਲ, ਓਹ ਇਹੋ ਕਹਿ ਕੇ ਸ਼ੁਕਰ ਮਨਾਈਆ । ਇਸ ਤੋਂ ਪਰੇ ਵੇਖ ਕਿਸੇ ਨਹੀਂ ਪਾਈ ਸਾਰ, ਸਮਝ ਵਿਚ ਸਮਝ ਨਾ ਕੋਇ ਜਣਾਈਆ । ਸਾਹਿਬ ਮੇਰਾ ਸਭ ਦਾ ਮਾਲਕ ਇਕ ਮੁਖ਼ਤਿਆਰ, ਅਗਣਤ ਅਨੰਤ ਨਜ਼ਰੀ ਆਈਆ । ਮੈਂ ਉਹਦੇ ਚਰਨ ਚਰਨੋਦਕ ਦੀ ਉਹ ਅਨੋਖੀ ਧਾਰ, ਜਿਸ ਦੀ ਬੂੰਦ ਬੂੰਦ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਮੇਰਾ ਸੁਹਾਏ ਤਟ ਕਿਨਾਰ, ਜਿਥੇ ਗੁਰ ਅਵਤਾਰ ਪੈਗ਼ੰਬਰਾਂ ਦਾ ਲੱਗਣਾ ਦਰਬਾਰ, ਦਰਬਾਰੀ ਹੋ ਕੇ ਵੇਖ ਵਖਾਈਆ ।

### ✻ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਦੁਰਗੀ ਦੇ ਗ੍ਰਹਿ ਨਵਾਂ ਪਿੰਡ ✻

ਰਾਵੀ ਕਹੇ ਇਕ ਦਿਨ ਆਏ ਸਪਤ ਰਿੱਖੀ, ਬਸਤਰ ਤਨ ਨਾ ਕੋਇ ਰਖਾਈਆ । ਉਨ੍ਹਾਂ ਉਂਗਲਾਂ ਨਾਲ ਇਕ ਪੱਟੀ ਆਪ ਲਿਖੀ, ਲਿਖ ਕੇ ਖ਼ੁਸ਼ੀ ਬਣਾਈਆ । ਮੈਂ ਗ਼ੌਰ ਨਾਲ ਤੱਕਿਆ ਮੈਨੂੰ ਮੂਲ ਨਾ ਦਿੱਸੀ, ਰੂਪ ਰੰਗ ਰੇਖ ਨਾ ਕੋਇ ਜਣਾਈਆ । ਮੈਂ ਗ਼ੁੱਸੇ ਵਿਚ ਆ ਕੇ ਖਿੱਝੀ, ਜ਼ੋਰ ਨਾਲ ਦਿਤਾ ਜਣਾਈਆ । ਇਹ ਕੀ ਧਾਰ ਬਾਰੀਕ ਨਿੱਕੀ, ਮੈਨੂੰ ਦਿਓ ਸਮਝਾਈਆ । ਅਤਰੀ ਨੇ ਚਪੇੜ ਮਾਰੀ ਮੇਰੀ ਵਿਚ ਗਿੱਚੀ, ਮੂੰਹ ਦੇ ਭਾਰ ਸੁਟਾਈਆ । ਕਮਲੀਏ ਆਹ ਵੇਖ ਸਦੀ ਚੌਧਵੀਂ ਦੀ ਅੰਤਮ ਮਿਤੀ, ਤੈਨੂੰ ਦਿਆਂ ਵਖਾਈਆ । ਜਿਹੜੀ ਪ੍ਰਭ ਦੇ ਚਰਨਾਂ ਵਿਚ ਟਿਕੀ, ਦੂਜਾ ਅਸਥਾਨ ਨਾ ਕੋਇ ਵਡਿਆਈਆ । ਮੇਰੇ ਮਸਤਕ ਨੂੰ ਲੱਗ ਗਈ ਮਿੱਟੀ, ਧੂੜੀ ਖ਼ਾਕ ਰਮਾਈਆ । ਧਾਰ ਨਜ਼ਰ ਆਈ ਚਿੱਟੀ, ਆਪਣਾ ਰੰਗ ਬਦਲਾਈਆ । ਮੈਨੂੰ ਹਾਹੇ ਉਤੇ ਦਿਸੀ ਟਿੱਪੀ, ਹੰ ਬ੍ਰਹਮ ਨੂਰ ਅਲਾਹੀਆ । ਇਹ ਪ੍ਰਭੂ ਦੀ ਸਿੱਖੀ, ਜੋ ਤਨ ਵਜੂਦ ਨਾਤਾ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਉਨ੍ਹਾਂ ਮੇਰੀ ਫੇਰ ਇਕ ਲਕੀਰ, ਲਹਿੰਦੇ ਚੜ੍ਹਦੇ ਲਾਈਨ ਲਗਾਈਆ । ਮੇਰਾ ਜਿਗਰ ਦਿਤਾ ਚੀਰ, ਅੰਗ ਪੀੜ ਪੀੜ ਕਰਾਈਆ । ਮੇਰੀ ਟੁੱਟ ਗਈ ਹੱਡੀ ਰੀੜ੍ਹ, ਦੁੱਖ ਵਿਚ ਦੁਹਾਈਆ । ਉਨ੍ਹਾਂ ਹੱਸ ਕੇ ਕਿਹਾ ਆਹ ਵੇਖ ਜਗਤ ਸ਼ਰਅ ਜ਼ੰਜੀਰ, ਜੋ ਗੁਰ ਅਵਤਾਰ ਪੈਗ਼ੰਬਰਾਂ ਦਿਤੇ ਬਣਾਈਆ । ਫੇਰ ਵਖਾਈ ਅਗਲੀ ਤਸਵੀਰ, ਨੂਰ ਨੂਰ ਰੁਸ਼ਨਾਈਆ । ਫੇਰ ਨਜ਼ਰੀ ਆਇਆ ਕਬੀਰ, ਬਿਨਾ ਜਨਮ ਤੋਂ ਸੋਭਾ ਪਾਈਆ । ਫੇਰ ਖੰਡਾ ਦਿਸਿਆ ਗੋਬਿੰਦ ਵਾਲੀ ਸ਼ਮਸ਼ੀਰ, ਦੋਵੇਂ ਧਾਰ ਚਮਕਾਈਆ । ਫਿਰ ਰੋਂਦੇ ਵੇਖੇ ਸ਼ਾਹ ਹਕੀਰ, ਧੀਰਜ ਧੀਰ ਨਾ ਕੋਇ ਧਰਾਈਆ । ਫੇਰ ਤੱਕਿਆ ਬੇਨਜ਼ੀਰ, ਨੂਰ ਨੁਰਾਨਾ ਨੂਰ ਅਲਾਹੀਆ । ਫੇਰ ਸਹਿਜ ਨਾਲ ਦੱਸੀ ਤਦਬੀਰ, ਤਰੀਕਾ ਇਕ ਦ੍ਰਿੜਾਈਆ । ਜਿਸ ਨੇ ਬਦਲਣੀ ਤੇਰੀ ਤਕਦੀਰ, ਓਹ ਸਾਡਾ ਮਾਲਕ ਧੁਰਦਰਗਾਹੀਆ । ਇਹ ਖੇਲ ਕਰੇ ਕਲਜੁਗ ਅੰਤ ਅਖ਼ੀਰ, ਸਦੀ ਚੌਧਵੀਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਬਦਲ ਦੇਵੇ ਜ਼ਮੀਰ, ਜ਼ਾਮਨ ਇਕੋ ਇਕ ਰਖਾਈਆ ।

### ✻ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਸ਼ਹਿਨਸ਼ਾਹ ਜੀ ਦੇ ਨਾਲ ਪਿੰਡ ਕਲੀਚ ਪੁਰ ਜ਼ਿਲਾ ਗੁਰਦਾਸਪੁਰ ✻

ਪੂਰਬ ਜਨਮ ਦਾ ਲਹਿਣਾ ਤੇਰਾ, ਤੇਰਾ ਹੋ ਕੇ ਦਏ ਚੁਕਾਈਆ । ਤੂੰ ਰਾਤੀਂ ਦਰਸ਼ਨ ਕੀਤਾ ਮੇਰਾ, ਤੈਨੂੰ ਲੱਭਣ ਵਾਸਤੇ ਆਪਣਾ ਪੰਧ ਮੁਕਾਈਆ । ਇਧਰ ਓਧਰ ਮਾਰ ਕੇ ਗੇੜਾ, ਫੜ ਲਿਆ ਆਪਣੀ ਬਾਹੀਂਆ । ਤੇਰਾ ਅੰਤਮ ਕਰ ਕੇ ਜਾਣਾ ਨਬੇੜਾ, ਮਾਨਸ ਜਨਮ ਲੇਖੇ ਲਾਈਆ । ਚੁਰਾਸੀ ਚੁਕਾ ਕੇ ਜਾਣਾ ਗੇੜਾ, ਜਨਮ ਮਰਨ ਵਿਚ ਨਾ ਫੇਰ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰਵਾਨ ਮਿਹਰਵਾਨ ਸਿਰ ਤੇਰੇ ਹੱਥ ਟਿਕਾਈਆ ।

### ✻ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਬਲਦੇਵ ਰਾਜ ਦੇ ਗ੍ਰਿਹ ਪਿੰਡ ਕੋਠੀ ਭੀਮ ਪੁਰ ✻

ਰਾਵੀ ਕਹੇ ਮੈਂ ਆਪਣੇ ਤਟ ਕਿਨਾਰੇ ਪੋਚਾਂ, ਸਾਫ਼ ਸੁਥਰੇ ਰਹੀ ਬਣਾਈਆ । ਅੱਠੇ ਪਹਿਰ ਆਪਣੇ ਅੰਦਰ ਸੋਚਾਂ, ਸੋਚ ਸਮਝ ਨਾ ਕੋਇ ਚਤੁਰਾਈਆ । ਪੁਰਖ ਅਬਿਨਾਸ਼ੀ ਦਰਸ਼ਨ ਲੋਚਾਂ, ਲੋਚਣ ਨੈਣਾਂ ਰਾਹ ਤਕਾਈਆ । ਉਚੀ ਕੂਕ ਸੁਣਾਵਾਂ ਹੋਕਾ, ਹੁਕਮ ਬੇਪਰਵਾਹੀਆ । ਸੁਨੇਹੜੇ ਦੇਵਾਂ ਪ੍ਰਲੋਕਾ, ਚੌਦਾਂ ਤਬਕਾਂ ਕਰਾਂ ਜਣਾਈਆ । ਮੈਨੂੰ ਮਿਲਣਾ ਸਾਚਾ ਮੌਕਾ, ਮੁਕੰਮਲ ਮੇਲਾ ਲਏ ਮਿਲਾਈਆ । ਜਿਸ ਦੇ ਵਿਚ ਅਰਜਨ ਲਾਇਆ ਗੋਤਾ, ਅਗਨੀ ਤਤ ਬੁਝਾਈਆ । ਮੇਰਾ ਭਾਗ ਉਠਾਇਆ ਸੋਤਾ, ਸੁੱਤੀ ਅੱਖ ਖੁਲ੍ਹਾਈਆ । ਨਾਮ ਜਣਾ ਦੇ ਨੌਕਾ, ਬੇੜਾ ਗਿਆ ਬੰਨ੍ਹਾਈਆ । ਮਾਣ ਗਵਾ ਕੇ ਹਉਂ ਕਾ, ਹੰ ਬ੍ਰਹਮ ਸਮਝਾਈਆ । ਖੇਲ ਵੇਖਣਾ ਪ੍ਰਭ ਦੇ ਨਾਉਂ ਕਾ, ਜੋ ਆਤਮ ਪਰਮਾਤਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਵੀ ਕਹੇ ਮੈਂ ਤਟ ਕਿਨਾਰੇ ਕੀਤੇ ਪੱਧਰੇ, ਇਕੋ ਰੰਗ ਰੰਗਾਈਆ । ਮੇਰੀ ਆਸਾ ਮਨਸਾ ਸੁਧਰੇ, ਮਿਲੇ ਮੇਲ ਬੇਪਰਵਾਹੀਆ । ਮੈਨੂੰ ਲੱਭਨਾ ਨਾ ਪਏ ਕਿੱਧਰੇ, ਟਿੱਲੇ ਪਰਬਤ ਖੋਜ ਖੁਜਾਈਆ । ਆਪਣੀ ਧਾਰੋਂ ਆਪੇ ਨਿਕਲੇ, ਨਿਰਵੈਰ ਰੂਪ ਬਦਲਾਈਆ । ਮਿਹਰਵਾਨ ਹੋ ਕੇ ਆਵੇ ਮਿਤ੍ਰੇ, ਮਿਤ੍ਰ ਪਿਆਰਾ ਆਪ ਅਖਵਾਈਆ । ਮੇਰੇ ਦੂਰ ਕਰਾਵੇ ਖ਼ਤਰੇ, ਖ਼ਾਤਰਖਾਹ ਨਾ ਕੋਇ ਰਖਾਈਆ । ਜਿਸ ਅਰਜਨ ਨੇ ਚੌਦਾਂ ਸੌ ਤੀਹ ਅੰਕ ਲਿਖੇ ਪੱਤਰੇ, ਓਹ ਪਤਣ ਬਹਿ ਕੇ ਗਿਆ ਸਮਝਾਈਆ । ਜਿਸ ਦੀ ਧਾਰ ਭਗਤ ਬਹੱਤਰੇ, ਸੱਤਰਾਂ ਰੰਗ ਵਖਾਈਆ । ਓਹ ਖੇਲ ਖੇਲੇ ਉੱਤਰ ਪੂਰਬ ਪੱਛਮ ਦੱਖਣੇ, ਚਾਰੇ ਕੁੰਟ ਵੇਖ ਵਖਾਈਆ । ਤੇਰੇ ਭਾਂਡੇ ਭਰੇ ਸਖਣੇ, ਅੰਮ੍ਰਿਤ ਧਾਰ ਵਹਾਈਆ । ਦੇਵੇ ਵਡਿਆਈ ਅਲਖ ਅਲੱਖਣੇ, ਅਲਖ ਅਗੋਚਰ ਦਇਆ ਕਮਾਈਆ । ਚਲ ਕੇ ਆਏ ਤੇਰੇ ਘਾਟ ਪੱਤਨੇ, ਤਟ ਕਿਨਾਰੇ ਸੋਭਾ ਪਾਈਆ । ਤੂੰ ਆਪਣੇ ਦੁਖੜੇ ਓਸ ਦੇ ਅੱਗੇ ਰੱਖਣੇ, ਰੋ ਰੋ ਦੇਣਾ ਜਣਾਈਆ । ਜਿਸ ਨੇ ਤੇਰੇ ਪਿਆਰ ਵਿਚ ਸੁੱਕੇ ਮੰਡੇ ਛਕਣੇ, ਜਨ ਭਗਤਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਰਾਵੀ ਕਹੇ ਮੇਰੇ ਤਟ ਕਿਨਾਰੇ ਰੰਗੀਲੇ, ਰੰਗਤ ਗਏ ਬਦਲਾਈਆ । ਮੇਰੀ ਮਨਜ਼ੂਰ ਹੋਈ ਅਪੀਲੇ, ਪ੍ਰਭ ਦਿਤੀ ਮਾਣ ਵਡਿਆਈਆ । ਆਵੇ ਕਿਸੇ ਬਹਾਨੇ ਹੀਲੇ, ਆਪ ਆਪਣਾ ਪੰਧ ਮੁਕਾਈਆ । ਜਿਸ ਦੇ ਬਸਤਰ ਸੂਹੇ ਚਿੱਟੇ ਲਾਲ ਕਾਲੇ ਪੀਲੇ, ਨੀਲੇ ਰੰਗ ਵਖਾਈਆ । ਉਸ ਦਾ

ਰਾਹ ਤੱਕਣ ਜਲ ਹੋੜੇ ਮੀਨੇ, ਮੱਛ ਕੱਛ ਧਿਆਨ ਲਗਾਈਆ । ਜਿਸ ਨੇ ਮੇਰੇ ਬੂੰਦ ਰਸ ਪੀਨੇ, ਪ੍ਰੇਮ ਪ੍ਰੀਤੀ ਨਾਲ ਰਖਾਈਆ । ਫੇਰ ਖੇਲ ਕਰਨਾ ਮੱਕੇ ਮਦੀਨੇ, ਚਰਨ ਚਰਨ ਵਿਚੋ ਬਦਲਾਈਆ । ਪੈਗ਼ੰਬਰ ਜਿਸ ਦੇ ਹੋਣੇ ਅਧੀਨੇ, ਸਿਰ ਸਕੇ ਨਾ ਕੋਇ ਉਠਾਈਆ । ਫਿਰ ਭਗਤਾਂ ਦੇ ਚਰਨ ਰੱਖਣਾ ਉਪਰ ਸੀਨੇ, ਸਾਂਤਕ ਸਤਿ ਸਤਿ ਕਰਾਈਆ । ਇਹ ਖੇਲ ਹੋਣਾ ਫਲਗੁਣ ਮਹੀਨੇ, ਰੁਤੜੀ ਦਸ ਅੱਠ ਮਹਿਕਾਈਆ । ਲੇਖੇ ਮੁਕਣੇ ਮਰਨੇ ਜੀਣੇ, ਜੀਵਣ ਜੁਗਤੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੇਰੇ ਕੰਢੇ ਵੇਖਣੇ ਉਚੇ, ਉਚ ਅਗੰਮ ਦਿਤੀ ਵਡਿਆਈਆ । ਜਿਥੇ ਭਗਤ ਪਹੁੰਚਣੇ ਸੁੱਚੇ, ਸੋਹਣਾ ਪ੍ਰੇਮ ਵਧਾਈਆ । ਭਾਗ ਲੱਗਣਾ ਕਾਇਆ ਜੁੱਸੇ, ਜਿਸਮ ਜ਼ਮੀਰ ਬਦਲਾਈਆ । ਸੁਹੰਜਣੀ ਹੋਣੀ ਰੁੱਤੇ, ਖ਼ੁਸ਼ੀ ਮਾਤ ਮਹਿਕਾਈਆ । ਮੈਂ ਵੀ ਵਾਹੁਣੀ ਆਪਣੀ ਗੁੱਤੇ, ਮੇਂਢੀ ਸੀਸ ਗੁੰਦਾਈਆ । ਗੋਲੀ ਮੇਰੇ ਵਿਚੋਂ ਭਰੇ ਪੰਜ ਬੁੱਕੇ, ਬੁਕਲ ਆਪਣੀ ਵਿਚ ਟਿਕਾਈਆ । ਪੰਜ ਮਕਈ ਦੀਆਂ ਛੱਲੀਆਂ ਦੇ ਹੋਣੇ ਤੁੱਕੇ, ਪੂਰੇ ਸਾਫ਼ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰਾਂ ਸਭ ਦੇ ਕੋਲੋਂ ਲੇਖੇ ਪੁੱਛੇ, ਪਿਛੇ ਰਹਿਣ ਕੋਇ ਨਾ ਪਾਈਆ ।



## ✻ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਲਾਲ ਸਿੰਘ ਦੇ ਗ੍ਰਹਿ ਪਿੰਡ ਗੁਜਰਾਤ ✻

ਨੀ ਗੰਗਾ ਨੀ ਸੁਰਸਤੀ ਆਹ ਲਓ ਪਾਤੀ, ਗੋਦਾਵਰੀ ਹੱਸ ਕੇ ਰਹੀ ਸੁਣਾਈਆ । ਭੈਣੇ ਕਿਹਦੀ ਚਿੱਠੀ ਕਿਸ ਨੇ ਵਾਚੀ, ਪੜ੍ਹ ਕੇ ਦੇ ਸੁਣਾਈਆ । ਅੜੀਓ ਰਾਵੀ ਨੇ ਘੱਲੀ ਮੇਰੇ ਕੰਢੇ ਔਣਾ ਕਮਲਾਪਾਤੀ, ਪਤਿਪਰਮੇਸ਼ਵਰ ਫੇਰਾ ਪਾਈਆ । ਤੁਸੀਂ ਆਓ ਬਦਲ ਲਓ ਆਪਣੀ ਹਯਾਤੀ, ਜੀਵਣ ਜੁਗਤ ਉਲਟਾਈਆ । ਅੱਗੇ ਸਿਫ਼ਤ ਸੁਣੀ ਤੁਸੀਂ ਕਾਗ਼ਜ਼ਾਤੀ, ਹੁਣ ਦਰਸ਼ਨ ਲਓ ਪਾਈਆ । ਪੰਧ ਮੁਕਾਉਣਾ ਵਾਟੀ, ਭੱਜਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਰਿਹਾ ਸੁਣਾਈਆ । ਸੁਣ ਕੇ ਗੰਗਾ ਪੈ ਗਈ ਸੋਚੀਂ, ਹੱਥ ਮੱਥੇ ਉਤੇ ਟਿਕਾਈਆ । ਜਮਨਾ ਹਲੂਣ ਕੇ ਕਿਹਾ, ਭੈਣੇ ਤੇਰਾ ਤੇ ਓਥੇ ਮਿਤ੍ਰ ਪਿਆਰਾ ਰਵਦਾਸ ਚਮਾਰਾ ਮੋਚੀ, ਪਿਛਲਾ ਨਜ਼ਰੀ ਆਈਆ । ਸੁਰਸਤੀ ਕਹੇ ਉਹ ਕੱਲਾ ਨਹੀਂ ਉਹਦੇ ਨਾਲ ਪ੍ਰੀਤਮ ਚੋਜੀ, ਸੋਹਣਾ ਸੰਗ ਬਣਾਈਆ । ਗੋਦਾਵਰੀ ਕਹੇ ਕਮਲੀਓ ਉਹਦੇ ਕੋਲ ਉਹਦੇ ਭਗਤ ਬੈਠੇ ਵਿਚ ਗੋਦੀ, ਮੈਂ ਗੋਦਾਵਰੀ ਰੋ ਕੇ ਦਿਆਂ ਦੁਹਾਈਆ । ਨੀ ਸਾਡਾ ਚੌਹਾਂ ਦਾ ਪਾਣੀ ਨਾ ਹੋਇਆ ਨਿਰਮਲ ਉਹ ਗੁਰਮੁਖਾਂ ਦਾ ਬਣ ਗਿਆ ਧੋਬੀ, ਦੁਰਮਤ ਮੈਲ ਧਵਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਸੰਤ ਭਗਤ ਜੋਗੀ, ਜੁਗਤੀ ਨਾਲ ਸਾਰੇ ਸੀਸ ਨਿਵਾਈਆ । ਇਕੋ ਨਿਗਾਹ ਤੱਕੇ ਧੋਤੀ ਟਿੱਕਾ ਜੰਞੂ ਬੋਦੀ, ਬੋਦਿਆਂ ਵਾਲੇ ਵੇਖ ਵਖਾਈਆ । ਜਮਨਾ ਕਹੇ ਗੰਗੀ ਜ਼ਰੂਰ ਨਾਲ ਲੈ ਕੇ ਜਾਵੀਂ ਰਵਦਾਸ ਵਾਲੀ ਕੌਡੀ, ਕਸੀਰਾ ਆਪਣੇ ਹੱਥ ਉਠਾਈਆ । ਨਿਮਸਕਾਰ ਕਰੀਂ ਜਾ ਕੇ ਹੱਥ ਲਾਵੀਂ ਗੋਡੀਂ, ਸੁਰਸਤੀ ਕਹੇ ਭੈਣੇ ਨਵੀਂ ਬੋਲੀ ਬੋਲੀਂ, ਗੁਡ ਮਾਰਨਿੰਗ ਕਹਿ ਕੇ ਦੇਣਾ ਸੁਣਾਈਆ । ਇਹ ਤੇ ਗੱਲ ਸਾਡੀ ਪੁਰਾਣੀ ਘਰੋਗੀ, ਕਿਉਂਕਿ ਵਿਚੋਲਾ ਰਵਦਾਸ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੁਰਸਤੀ ਕਹੇ ਨੀ ਗੰਗਾ ਤੈਨੂੰ ਸਚ ਕਹਿੰਦੇ ਗੰਗਾ ਮਾਤਾ, ਤੇ ਮਾਂ ਆਖਣ ਵਾਲਿਆਂ ਨੂੰ ਕਦੀ ਪਿਓ ਵੀ ਦਈਂ ਵਖਾਈਆ । ਅੱਗੇ ਐਵੇਂ ਕਹੀ ਗਏ ਓਹ ਪੁਰਖ ਬਿਧਾਤਾ, ਪੁਰਖੋਤਮ ਇਕ ਅਖਵਾਈਆ । ਭਗਤਾਂ ਜੋੜੇ ਨਾਤਾ, ਧੁਰ ਦਾ ਮੇਲ ਮਿਲਾਈਆ । ਸ਼ਬਦੀ ਦੱਸਦਾ ਆਇਆ ਗਾਥਾ, ਜੁਗ ਜੁਗ ਕਰ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਮਨੌਂਦਾ ਰਿਹਾ ਆਖਾ, ਹੁਕਮੀ ਹੁਕਮ ਸਮਝਾਈਆ । ਸਚਖੰਡ ਦਵਾਰੇ ਬਣਿਆ ਰਿਹਾ ਰਾਖਾ, ਜਗਤ ਜਹਾਨ ਨਜ਼ਰ ਨਾ ਆਈਆ । ਉਹਦਾ ਦਰਸ਼ਨ ਪੌਣਾ ਸਾਖਿਆਤਾ, ਸਾਖੀ ਪਿਛਲੀ ਦੇਣੀ ਭੁਲਾਈਆ । ਚਰਨ ਚੁੰਮ ਕੇ ਬਣਾ ਲੈ ਆਪਣਾ ਨਾਤਾ, ਅਗਲਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਮੈਂ ਜਗਤ ਦੀ ਮਾਤਾ ਤੇ ਓਸ ਦੀ ਗੰਗੀ, ਚਰਨਾਂ ਵਿਚ ਰਖਾਈਆ । ਧੂੜੀ ਨਾਲ ਰਿਹਾ ਰੰਗੀ, ਆਪਣਾ ਰੰਗ ਰੰਗਾਈਆ । ਮਾਣ ਵਡਿਆਈ ਦੇ ਕੇ ਚੰਗੀ, ਚੰਦ ਵਾਂਗ ਚਮਕਾਈਆ । ਹੁਕਮ ਦੀ ਲਾ ਪਾਬੰਦੀ, ਵਹਿਣਾਂ ਵਿਚ ਵਹਾਈਆ । ਮੈਨੂੰ ਲਿਖ ਕੇ ਦਿਤੀ ਇਕ ਸੰਦੀ, ਸਨਦ ਮੇਰੇ ਵਿਚ ਛੁਪਾਈਆ । ਜਿਸ ਵੇਲੇ ਕਲਜੁਗ ਅੰਤਮ ਆਇਆ ਕੰਢੀ, ਕੰਡਾ ਖ਼ਾਰ ਚੁੱਭੇ ਲੋਕਾਈਆ । ਮੈਂ ਆਵਾਂ ਵਿਚ ਵਰਭੰਡੀ, ਆਪਣਾ ਫੇਰਾ ਪਾਈਆ । ਮੈਨੂੰ ਸ੍ਰਿਸ਼ਟੀ ਕਹੇ ਪਾਖੰਡੀ, ਭੇਵ ਨਾ ਕਿਸੇ ਜਣਾਈਆ । ਆਪਣੀ ਖੇਲ ਕਰੇ ਬਹੁ ਰੰਗੀ, ਅਨਕ ਕਲਧਾਰੀ ਆਪਣੀ ਕਲ ਪ੍ਰਗਟਾਈਆ । ਪਵਣ ਦੇਵੇ ਠੰਡੀ, ਅਗਨੀ ਤਤ ਬੁਝਾਈਆ । ਮੇਰੀ ਅੱਖ ਰਹੇ ਨਾ ਅੰਧੀ, ਨੇਤਰ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੰਗਾ ਕਹੇ ਤੂੰ ਕਿਉਂ ਹੱਸੀ ਸੁਰਸਤੀ, ਅੰਗੀ ਤਨ ਨਾ ਕੋਇ ਛੁਪਾਈਆ । ਭੈਣੇ ਮੈਨੂੰ ਪ੍ਰੇਮ ਵਾਲੀ ਆ ਗਈ ਮਸਤੀ, ਮੈਂ ਬੁੱਢੀ ਨੱਢੀ ਆਪਣਾ ਰੂਪ ਬਦਲਾਈਆ । ਮੈਨੂੰ ਖ਼ੁਸ਼ੀ ਹੋਈ ਮੈਂ ਤੱਕਣਾ ਪ੍ਰੀਤਮ ਅਰਸ਼ੀ, ਮਾਲਕ ਧੁਰਦਰਗਾਹੀਆ । ਮੈਂ ਜੁਗ ਚੌਕੜੀ ਖ਼ਸਮ ਨਹੀਂ ਕੀਤਾ ਕੋਈ ਫ਼ਰਜ਼ੀ, ਜੋ ਜੰਮਿਆ ਤੇ ਮਰ ਜਾਈਆ । ਇਕੋ ਬੇਨੰਤੀ ਤੇ ਇਕੋ ਅਰਜ਼ੀ, ਇਕੋ ਦਵਾਰੇ ਦਿਤੀ ਟਿਕਾਈਆ । ਜਿਸ ਵੇਲੇ ਆਵੇਂ ਬਣ ਕੇ ਭਗਤਾਂ ਦਾ ਦਰਦੀ, ਨਿਰਗੁਣ ਆਪਣਾ ਫੇਰਾ ਪਾਈਆ । ਮੈਨੂੰ ਵੀ ਸੇਵਾ ਬਖ਼ਸ਼ੀਂ ਆਪਣੇ ਘਰ ਦੀ, ਚਾਕਰ ਹੋ ਕੇ ਸੇਵ ਕਮਾਈਆ । ਸਚ ਪੁੱਛੇ ਮੈਂ ਜੁਗ ਚੌਕੜੀ ਤੂੰ ਮੇਰਾ ਮੈਂ ਤੇਰਾ ਢੋਲਾ ਰਹੀ ਪੜ੍ਹਦੀ, ਏਸੇ ਮਸਤੀ ਵਿਚ ਗੁਰ ਅਵਤਾਰ ਪੈਗ਼ੰਬਰਾਂ ਨਾਲ ਅੱਖ ਨਾ ਕੋਇ ਮਿਲਾਈਆ । ਵੇਖਦੀ ਰਹੀ ਪੂਰਬ ਪੱਛਮ ਦੱਖਣ ਦਿਸ਼ਾ ਚੜ੍ਹਦੀ, ਚਾਰੋਂ ਕੁੰਟ ਧਿਆਨ ਲਗਾਈਆ । ਵਹਿਣਾਂ ਵਿਚ ਰਹੀ ਹੜ੍ਹਦੀ, ਭੱਜੀ ਵਾਹੋ ਦਾਹੀਆ । ਮੈਨੂੰ ਯਾਦ ਸਤੌਂਦੀ ਰਹੀ ਨਰਾਇਣ ਨਰ ਦੀ, ਦਿਵਸ ਰੈਣ ਚੈਨ ਨਾ ਆਈਆ । ਬਿਰਹੋਂ ਵਿਛੋੜੇ ਵਿਚ ਰਹੀ ਮਰਦੀ, ਮਰ ਜੀਵਤ ਆਪਣਾ ਰੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਕਰਤਾ ਕਾਰ ਕਮਾਈਆ । ਗੰਗਾ ਕਹੇ ਤਗੜੀ ਹੋ ਭੈਣ ਜਮਨਾ, ਜੰਮਣ ਵਾਲਾ ਵੇਖ ਧੁਰ ਦਾ ਮਾਹੀਆ । ਸੁਰਸਤੀ ਕਹੇ ਗੰਗਾ ਇਹ ਵਿਚਾਰੀ ਡਰਪੋਕ ਓਸ ਨੂੰ ਵੇਖ ਕੇ ਏਸ ਨੇ ਕੰਬਣਾ, ਦਦੋੜਿਕੇ ਵਿਚ ਦੰਦਾਂ ਲਏ ਹਿਲਾਈਆ । ਫਿਰ ਚਾਰ ਚੁਫੇਰੇ ਵੇਖੇ ਕਿੱਥੇ ਰਵਦਾਸ ਚਮਿਆਰ ਜੋ ਗੰਢੇ ਤੰਦਨਾ, ਚਾਰੋਂ ਕੁੰਟ ਧਿਆਨ ਲਗਾਈਆ । ਜਮਨਾ ਕਹੇ ਤੁਸੀਂ ਸਚ ਦੱਸੋ ਕੀ ਸਾਰੀਆਂ ਇਕੋ ਪ੍ਰਭੂ ਮੰਨਣਾ, ਕਿ ਹੋਰ ਵੀ ਕੋਈ ਗੁਸਾਈਆ । ਗੋਦਾਵਰੀ ਕਹੇ ਮੈਂ ਤੇ ਪਹਿਲੋਂ ਤੱਕਾਂ ਗੋਬਿੰਦ ਚੰਨਣਾ, ਜੋ ਚੰਦ ਨੂਰ ਰੁਸ਼ਨਾਈਆ । ਜਿਸ ਨੇ ਜਗਤ ਜਹਾਨ ਦਾ ਬਣਨਾ


੯੬੫
੨੧

ਬੰਮ੍ਹਣਾ, ਪ੍ਰਿਥਮੀ ਆਕਾਸ਼ ਹੁਕਮ ਨਾਲ ਬੰਧਾਈਆ । ਓਸੇ ਦਾ ਹੁਕਮ ਮੰਨਣਾ, ਓਸੇ ਦੀ ਇਕ ਸਰਨਾਈਆ । ਗੰਗਾ ਕਹੇ ਨੀ ਓਹੋ ਪੁਰਖ ਅਕਾਲ ਜਿਸ ਰੂਪ ਵਟਾਇਆ ਅੰਨ੍ਹਣਾ, ਅੰਨ੍ਹਿਆਂ ਕਰੇ ਰੁਸ਼ਨਾਈਆ । ਭਗਤਾਂ ਬੇੜਾ ਬੰਨ੍ਹਣਾ, ਬਾਂਦੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੋਦਾਵਰੀ ਕਹੇ ਨੀ ਦੱਸੋ ਜਾਈਏ ਕਦੋਂ, ਕੀ ਸਲਾਹ ਪਕਾਈਆ । ਗੰਗਾ ਜਮਨਾ ਸੁਰਸਤੀ ਕਹਿਣ ਪਹਿਲੋਂ ਸਾਨੂੰ ਦੱਸ ਅਸੀਂ ਜੰਮੀਆਂ ਕਿਹੜੀ ਯੱਦੋਂ, ਤੇ ਕਿਹੜਾ ਸਾਡਾ ਪਿਤਾ ਮਾਈਆ । ਗੋਦਾਵਰੀ ਕਹੇ ਪਹਿਲੋਂ ਲੰਘੋ ਆਪਣੀ ਹੱਦੋਂ, ਜਗਤ ਵਾਲਾ ਪੰਧ ਮੁਕਾਈਆ । ਪਿਛਲੀ ਕੀਤੀ ਸਾਰੀ ਰੱਦੋ, ਮਾਣ ਅਭਿਮਾਨ ਗਵਾਈਆ । ਰਾਵੀ ਕੰਡੇ ਜਾ ਕੇ ਓਸ ਦੀ ਸਰਨੀ ਲੱਗੋ, ਤੁਹਾਨੂੰ ਆਪੇ ਦਏ ਸਮਝਾਈਆ । ਫਿਰ ਭਾਵੇਂ ਬੁਝੋ ਤੇ ਭਾਵੇਂ ਜਗੋ, ਇਹ ਤੁਹਾਡੇ ਹੱਥ ਵਡਿਆਈਆ । ਮੈਨੂੰ ਤੇ ਚਾਅ ਭੱਜ ਚਲੀਏ ਅੱਜੋ, ਪਿਛੇ ਆਸ ਨਾ ਕੋਇ ਰਖਾਈਆ । ਗੰਗਾ ਕਹੇ ਨੀ ਆਹ ਚਾਰ ਜੁਗ ਦਿਆਂ ਮੁਰਦਿਆਂ ਦੀਆਂ ਹੱਡੀਆਂ ਪਹਿਲੋਂ ਮੇਰੀਆਂ ਦੱਬੋ, ਮੈਨੂੰ ਸਾਫ਼ ਦਿਓ ਕਰਾਈਆ । ਸੁਰਸਤੀ ਹੱਸ ਕੇ ਕਹੇ ਅਸੀਂ ਕੋਈ ਭਾਰ ਚੁੱਕਣ ਵਾਲੀਆਂ ਨਹੀਂ ਗਧੋ, ਪਿੱਠਾਂ ਉਤੇ ਲਈਏ ਟਿਕਾਈਆ । ਜਮਨਾ ਵਿਚੋਂ ਬੋਲੀ ਮੱਧੋਂ, ਮਧੁਰ ਧੁਨ ਸੁਣਾਈਆ । ਨੀ ਜੇ ਤੁਸਾਂ ਨਹੀਂ ਬਣਨਾ ਹੰਸ ਕੱਗੋਂ, ਆਪਣਾ ਰੂਪ ਲੈਣਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਗੰਗਾ ਕਹੇ ਵੇਖੋ ਭੈਣੋ ਮੇਰੇ ਵਿਚ ਹੱਡੀਆਂ ਵਾਲੇ ਬੋਲਣ ਮੁਰਦੇ, ਸਾਰੇ ਦੇਣ ਦੁਹਾਈਆ । ਅਸੀਂ ਸਾਰੇ ਫਿਰਦੇ ਤੁਰਦੇ, ਲੱਖ ਚੁਰਾਸੀ ਜੋਤੀ ਰੂਪ ਬਦਲਾਈਆ । ਸਾਨੂੰ ਦਰਸ ਨਹੀਂ ਹੋਏ ਸੱਚੇ ਸਤਿਗੁਰ ਦੇ, ਜੋ ਬੇੜੇ ਲਏ ਚੜ੍ਹਾਈਆ । ਜੁਗ ਜੁਗ ਵਹਿਣਾਂ ਵਿਚ ਰਹੇ ਰੁੜ੍ਹਦੇ, ਪਾਰ ਕਿਨਾਰ ਨਾ ਕੋਇ ਲਗਾਈਆ । ਸਾਡੇ ਅੰਦਰ ਫੁਰਨੇ ਰਹੇ ਫੁਰਦੇ, ਚਾਰ ਜੁਗ ਧਿਆਨ ਲਗਾਈਆ । ਕਿਸ ਬਿਧ ਭਗਤ ਸੁਹੇਲੇ ਪਾਰ ਉਤਰਦੇ, ਗੰਗਾ ਸਾਨੂੰ ਦੱਸ ਦੇ ਜਗਤ ਮਾਈਆ । ਕਿੱਥੋਂ ਪਿਆਰ ਮਿਲਦੇ ਸੱਚੇ ਪਿਤਰ ਦੇ, ਪਿਤਾ ਆਪਣੀ ਗੋਦ ਉਠਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਗਏ ਮੁਕਰਦੇ, ਦਾਅਵੇ ਨਾਲ ਪਾਰ ਨਾ ਕੋਇ ਲੰਘਾਈਆ । ਪੂਜਾ ਪਾਠ ਵਿਚ ਲਗਾ ਕੇ ਆਪ ਲੁਕ ਗਏ, ਸਿਰ ਹੱਥ ਨਾ ਕੋਇ ਟਿਕਾਈਆ । ਕਿਸ ਬਿਧ ਪੈਂਡੇ ਅੰਤਮ ਮੁਕਦੇ, ਪੰਧ ਰਹੇ ਨਾ ਰਾਈਆ । ਗੋਦਾਵਰੀ ਕਹੇ ਨੀ ਗੰਗਾ ਇਨ੍ਹਾਂ ਨੂੰ ਦੱਸ ਦੇ ਜੇ ਕਮਲਿਓ ਢੋਲੇ ਗਾ ਲਓ ਇਕ ਤੁਕ ਦੇ, ਤੁਰਤ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਜਮਨਾ ਕਹੇ ਸਖੀਓ ਕਿਹੜਾ ਪੌਣਾ ਲਬਾਸ, ਸੋਹਣਾ ਰੂਪ ਬਣਾਈਆ । ਸੁਰਸਤੀ ਛੋਟੀ ਤੇ ਮਖ਼ੌਲਣ ਕਹੇ ਨੇਤਰ ਕੱਜਲ ਨਾ ਪਾਇਓ ਕਿਤੇ ਸ਼ਿਵਜੀ ਭੱਜ ਕੇ ਨਾ ਆ ਜਾਵੇ ਉਤੋਂ ਕੈਲਾਸ਼, ਮੋਹ ਮੁਹੱਬਤ ਵਾਲਾ ਵਧਾਈਆ । ਗੋਦਾਵਰੀ ਕਹੇ ਸ਼ਾਬਾਸ਼, ਸੋਹਣੀ ਗੱਲ ਦਿਤੀ ਸਮਝਾਈਆ । ਗੰਗਾ ਕਹੇ ਨੀ ਉਹ ਤੇ ਭੋਲਾ ਨਾਥ, ਕਾਮ ਵਾਸਨਾ ਨਾ ਕੋਇ ਹਲਕਾਈਆ । ਜਮਨਾ ਕਹੇ ਮੋਹਣੀ ਪਿਛੇ ਓਸ ਦਾ ਗਿਆ ਵਿਸ਼ਵਾਸ, ਵਿਸ਼ੇ ਵਿਚ ਆਪਣਾ ਲਿੰਗ ਵਧਾਈਆ । ਜਮਨਾ ਕਹੇ ਗੋਦਾਵਰੀ ਸੁਰਸਤੀ ਨੀ ਸਾਨੂੰ ਕਾਹਦਾ ਡਰ, ਹੁਣ ਤੇ ਸਾਡੇ ਕੋਲ ਆ ਗਿਆ ਸਾਡਾ ਬਾਪ, ਜਿਸ ਦੇ ਭੈ ਵਿਚ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਸੀਸ ਨਿਵਾਈਆ । ਚੋਰੀ ਨਾ ਕਰਿਓ ਸਚ ਦੱਸ ਦਿਓ ਭੈਣੋ ਜੇ ਕੋਈ ਕੀਤਾ ਪਾਪ, ਅੱਖ ਗੁਨਾਹ ਵਾਲੀ ਨਾ ਲੈਣੀ ਛੁਪਾਈਆ । ਪਹਿਲੋਂ ਹੀ ਜਾ ਕੇ ਗੋਦਾਵਰੀ ਕਹੇ ਰਾਵੀ ਨੂੰ ਦਈਏ ਆਖ, ਕੰਨਾਂ ਵਿਚ ਸੁਣਾਈਆ ।

੯੬੭
੨੧

ਰਾਵੀ ਕਹੇ ਮੈਂ ਦੂਰ ਦੁਰਾਡੀ ਸੁਣਦੀ ਤੁਹਾਡੀ ਬਾਤ, ਰਮਜ਼ ਇਸ਼ਾਰਾ ਮੇਰੇ ਅੰਦਰ ਆਈਆ । ਕਿਉਂ ਗੁਰੂ ਅਰਜਨ ਮੈਨੂੰ ਬੇਨੰਤੀ ਕਰਨ ਦੀ ਦੱਸ ਗਿਆ ਜਾਚ, ਜਿਸ ਵੇਲੇ ਮੇਰੇ ਵਿਚ ਵੜ ਕੇ ਪੁਰਖ ਅਕਾਲ ਦੇ ਚਰਨ ਧਿਆਨ ਲਗਾਈਆ । ਓਸ ਵੇਲੇ ਉਹਦਾ ਸਰੀਰ ਰਿਹਾ ਨਹੀਂ ਸੀ ਮਾਟੀ ਕਾਚ, ਪਾਣੀ ਵਿਚ ਪਾਣੀ ਜਲ ਵਿਚ ਜਲ ਜੋਤ ਵਿਚ ਜੋਤ ਮਿਲ ਕੇ ਅਰਦਾਸ ਦਿਤੀ ਸੁਣਾਈਆ । ਖ਼ਬਰ ਪੁੱਜੀ ਉਤੇ ਆਕਾਸ਼, ਝਟ ਪੁਰਖ ਅਕਾਲਾ ਪਹੁੰਚਿਆ ਪਾਸ, ਰਾਵੀ ਕਹੇ ਮੇਰਾ ਉਖੜ ਗਿਆ ਸਵਾਸ, ਥਰ ਥਰ ਕੰਬੀ ਨੇਤਰ ਰੋਈ ਤੇਰੀ ਦਰੋਹੀ ਤੇਰੇ ਵਰਗਾ ਅੱਗੇ ਨਜ਼ਰ ਕੋਇ ਨਾ ਆਈਆ । ਓਹ ਕਰ ਕੇ ਹਾਸ ਬਿਲਾਸ, ਮੇਰੇ ਮੱਥੇ ਤੇ ਰੱਖ ਕੇ ਹਾਥ, ਚਰਨਾਂ ਉਤੇ ਟਿਕਾ ਕੇ ਮਾਥ, ਕਹਿ ਕੇ ਗਿਆ ਖ਼ਾਸ, ਜਿਸ ਵੇਲੇ ਆਵਾਂ ਬਣ ਕੇ ਪੁਰਖ ਅਬਿਨਾਸ਼, ਜਨ ਭਗਤਾਂ ਹੋਵੇ ਸਾਥ, ਕਲਜੁਗ ਮੇਟਾਂ ਅੰਧੇਰੀ ਰਾਤ, ਤੇਰੀ ਬਦਲ ਦੇਵਾਂ ਜ਼ਾਤ, ਜ਼ਾਤ ਆਪਣੀ ਨਾਲ ਮਿਲਾਈਆ । ਰਾਵੀ ਕਹੇ ਭੈਣੋ ਜਿਹੜੇ ਮਰਜ਼ੀ ਪਾਓ ਕੱਪੜੇ, ਆਪਣੇ ਤਨ ਸ਼ਿੰਗਾਰ ਬਣਾਈਆ । ਵੇਖਿਓ ਕਿਤੇ ਬਾਹਰੋਂ ਨਾ ਬਣ ਜਾਇਓ ਬਗਲੇ ਬੱਪੜੇ, ਅੰਦਰੋਂ ਕਰਨੀ ਸਫ਼ਾਈਆ । ਜਿਹੜੇ ਪ੍ਰਭ ਦੇ ਕੋਲ ਅੱਪੜੇ, ਉਹਨਾਂ ਦੇ ਰਵਿਦਾਸ ਵਾਂਗੂੰ ਪਾਟੇ ਚੀਥੜੇ ਸੋਹਣੇ ਨਜ਼ਰੀ ਆਈਆ । ਉਨ੍ਹਾਂ ਦੇ ਸੋਹਣੇ ਲੱਗਦੇ ਛੱਪਰੇ, ਕੁੱਲੀ ਕੱਖਾਂ ਮਿਲੇ ਵਡਿਆਈਆ । ਤੁਹਾਡੇ ਕਿਨਾਰਿਆਂ ਉਤੇ ਬ੍ਰਾਹਮਣਾਂ ਬੜੇ ਫਰੋਲੇ ਪੱਤਰੇ, ਗਾਇਤਰੀ ਮੰਤਰ ਪੜ੍ਹ ਪੜ੍ਹ ਕੇ ਹੋਮ ਯੱਗ ਕਰਾਈਆ । ਬੜਿਆਂ ਨੇ ਭੇਟਾ ਲਈਆਂ ਬੱਕਰੇ ਛਤਰੇ, ਛਤ੍ਰਧਾਰੀ ਰਾਜੇ ਗਏ ਫੇਰੀਆਂ ਪਾਈਆ । ਅੱਗੇ ਵੇਖੇ ਜਿਧਰ ਜਾਂਦੇ ਓਧਰ ਵੱਜਦੇ ਲੱਫੜੇ, ਰਾਏ ਧਰਮ ਦਏ ਸਜ਼ਾਈਆ । ਚੁਰਾਸੀ ਵਿਚ ਜਕੜੇ, ਬੰਧਨ ਸਕੇ ਨਾ ਕੋਇ ਤੁੜਾਈਆ । ਸਾਰੀਆਂ ਕਹਿਣ ਹਾਏ ਇਹ ਬਚਨ ਹੱਕੜੇ ਬੱਕੜੇ, ਹਉਕਿਆਂ ਵਿਚ ਦੁਹਾਈਆ । ਰਾਵੀ ਕਹੇ ਏਸੇ ਕਰ ਕੇ ਤੁਹਾਨੂੰ ਚਲ ਕੇ ਔਣਾ ਪੈਣਾ ਜੰਗਲ ਕੱਲਰ ਰੱਕੜੇ, ਕਾਨਿਆਂ ਕਾਹੀਆਂ ਵਿਚ ਆਪਣਾ ਪੰਧ ਮੁਕਾਈਆ । ਗੰਗਾ ਕਹੇ ਰਾਹ ਵਿਚ ਸੁਣਿਆ ਬੜੇ ਖ਼ਤਰੇ, ਠੱਗ ਚੋਰ ਯਾਰ ਬੈਠੇ ਡੇਰਾ ਲਾਈਆ । ਰਾਵੀ ਕਹੇ ਐਵੇਂ ਨਾ ਕਰੋ ਨਖ਼ਰੇ, ਕੀ ਮੈਨੂੰ ਰਹੀਆਂ ਸੁਣਾਈਆ । ਗੋਬਿੰਦ ਵਾਂਗੂੰ ਆਪਣੇ ਯਾਰ ਦੇ ਵਿਛਾ ਦਿਓ ਸੱਥਰੇ, ਭੈ ਭਉ ਦੋਵੇਂ ਦਏ ਚੁਕਾਈਆ । ਫੇਰ ਪੜ੍ਹਨੇ ਪੈਣ ਨਾ ਕੋਈ ਮੰਤਰੇ, ਨਿਮੰਤਰਨ ਦੇਣ ਕੋਇ ਨਾ ਆਈਆ । ਗੋਦਾਵਰੀ ਕਹੇ ਭੈਣੋ ਮੇਰੇ ਕੋਲ ਗੋਬਿੰਦ ਦੀ ਪੁਰਾਣੀ ਸ਼੍ਰੇਣੀ ਯਾਦ ਢਾਈ ਸੰਤਰੇ, ਜੋ ਮਾਤਲੋਕ ਛੱਡਣ ਤੋਂ ਪਹਿਲੋਂ ਮੇਰੇ ਵਿਚ ਗਿਆ ਰਖਾਈਆ । ਮੇਰੀ ਆਸਾ ਰੋਂਦੀ ਅੰਤਰੇ, ਮੇਰਾ ਅੰਤਸ਼ਕਰਨ ਰਿਹਾ ਕੁਰਲਾਈਆ । ਓਹ ਨਾਰਦ ਆ ਗਿਆ ਨੀ ਕੁੜੀਓ ਮੈਨੂੰ ਕੁਛ ਪੜ੍ਹ ਲੈਣ ਦਿਓ ਮੰਤਰੇ, ਓਅੰਗ ਜਲ ਪਾਣੀ, ਗੰਗਾ ਜਲ ਜਾਣੀ, ਇੰਦ ਇੰਦ੍ਰਾਸਣ ਸਿੰਘ ਸਿੰਘਾਸਣ ਮੁਨੀ ਜਨ ਜਾਣੀ, ਬਿਸਨ ਬਿਸਨ ਬਿਸ ਹਰੇ, ਬਾਸ਼ਕ ਤਸ਼ਕ ਤੇਰੀ ਬਾਣੀ, ਵੇਖਿਓ ਕੁੜੀਓ ਮੁਟਿਆਰੋ ਕਿਤੇ ਵਿਸ਼ਨੂੰ ਦੀ ਜਾ ਕੇ ਬਣ ਨਾ ਜਾਇਓ ਸਵਾਣੀ, ਓਹ ਬੜਾ ਚਲਾਕ ਜਿਸ ਵੇਲੇ ਚਾਹੇ ਸਭ ਦਾ ਬਣ ਜਾਏ ਹਾਣੀ, ਝਟ ਪਟ ਆਪਣਾ ਰੂਪ ਬਦਲਾਈਆ । ਨੀ ਓਹ ਹੋਰ ਵੇਖੋ ਓਹ ਜੁਲਾਹਾ ਕਬੀਰ ਮੋਢੇ ਤੇ ਚੁੱਕੀ ਔਂਦਾ ਤਾਣੀ, ਭਾਰ ਸਵਾ ਮਣ ਟਿਕਾਈਆ । ਗੰਗਾ ਕਹਿੰਦੀ ਨਾਰਦ ਜੀ ਤੁਹਾਡੇ ਪਿਛੇ ਕੌਣ, ਝਟ ਵੇਖ ਕੇ ਕਹਿੰਦਾ ਇਹ ਬ੍ਰਹਮਾ ਦੀ ਮਿਸ਼ਰਾਣੀ, ਸੁਰਸਤੀ ਮਸਤੀ ਵਿਚ ਭੱਜੀ ਆਈਆ । ਨਾਰਦ ਕਹੇ ਇਹ ਵੱਡੇ ਘਰ ਦੀ ਤੇ ਇਹਦੀ ਜੁੱਤੀ ਪੁਰਾਣੀ, ਵੇਖੋ ਨਜ਼ਰੀ ਆਈਆ । ਉਸ ਰੋ ਕੇ ਕਿਹਾ ਮੈਂ ਇਕ ਅਰਜ਼ ਸੁਣਾਣੀ, ਸਚ ਸਚ ਜਣਾਈਆ । ਵੇ ਨਾਰਦਾ ਪਖੰਡੀਆ ਮੁਸ਼ਟੰਡਿਆ ਕੁਛ ਸੁਣਿਆ ਈ, ਨਹੀਂ ਭਾਬੋ, ਵੇ ਪ੍ਰਭੂ

ਨੇ ਕਾਨੇ ਦੀ ਮਧਾਣੀ ਨਾਲ ਰਿੜਕਣਾ ਪਾਣੀ, ਹਾਏ ਹਾਏ ਇਹ ਕੀ ਖੇਲ ਕਰਾਈਆ । ਵੇ ਕਿੱਥੇ ਜਾਊ ਵਿਸ਼ਨੂੰ ਦੀ ਲਕਸ਼ਮੀ ਸ਼ੰਕਰ ਦੀ ਪਾਰਬਤੀ ਬ੍ਰਹਮੇ ਦੀ ਸਵਾਣੀ, ਸਾਰਿਆਂ ਦੀ ਕਰਨ ਲੱਗਾ ਸਫ਼ਾਈਆ । ਨਾਰਦ ਕਹੇ ਨੀ ਦੱਸਾਂ, ਨਾਨਕ ਤੀਰ ਮਾਰ ਕੇ ਗਿਆ ਸ਼ਬਦ ਕਾਨੀ, ਨਿੱਕੀ ਨੰਨ੍ਹੀ ਬੱਚੀ ਨੂੰ ਦਿਤਾ ਨਾਮ ਦਾਨ ਬਣ ਕੇ ਦਾਨੀ, ਓਹ ਓਸ ਪ੍ਰਭੂ ਦੀ ਬਣ ਗਈ ਗੋਲੀ, ਜਿਸ ਦਾ ਰਵਿਦਾਸ ਚਮਾਰਾ ਹਾਣੀ, ਬੇਪਹਿਚਾਣੀ ਆਪਣੀ ਕਾਰ ਕਮਾਈਆ । ਸੁਰਸਤੀ ਤੇਰੇ ਥਾਂ ਓਸ ਦੀ ਜੁੱਤੀ ਹੋਵੇ ਨਵੀਂ ਤੇ ਪੈਰੋਂ ਲਾਹੇ ਪੁਰਾਣੀ, ਪਰਾਨ ਅਧਾਰੀ ਦਏ ਵਡਿਆਈਆ । ਸੁਰਸਤੀ ਕਹੇ ਜਾਹ ਵੇ ਜਾਹ ਕੀ ਮਾਤਲੋਕ ਦੀ ਪੜ੍ਹਦਾ ਬਾਣੀ, ਮੈਂ ਆਪਣੇ ਬ੍ਰਹਮੇ ਨੂੰ ਕਹਿਣ ਆਈ ਜਿਸ ਸ੍ਰਿਸ਼ਟੀ ਦਿਤੀ ਰਚਾਈਆ । ਨਾਰਦ ਕਹੇ ਓ ਕਮਲੀਏ ਓਹ ਸ਼ਹਿਨਸ਼ਾਹ ਸੁਲਤਾਨੀ ਤਖ਼ਤਨਿਵਾਸੀ ਹੁਕਮਰਾਨੀ, ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਨਿੱਕੀ ਜਿਹੀ ਨਿਸ਼ਾਨੀ, ਜਿਸ ਵੇਲੇ ਚਾਹੇ ਓਸੇ ਵੇਲੇ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਓਧਰੋਂ ਗੰਗਾ ਕਹੇ ਜਮਨਾ ਤੂੰ ਲਾਈ ਧੋਤੀ ਤੇ ਮੈਂ ਲਾਵਾਂ ਸਾੜ੍ਹੀ, ਸਲਵਾਰ ਸੁਰਸਤੀ ਵੰਡੇ ਆਈਆ । ਗੋਦਾਵਰੀ ਕਹੇ ਤੁਸੀਂ ਤਿੰਨੇ ਸ਼ੁਕੀਨਣਾਂ ਰੋਂਦੀਆਂ ਰਹੋ ਤੇ ਮੈਂ ਬਣ ਜਾਵਾਂ ਓਸ ਪ੍ਰਭੂ ਦੀ ਲਾੜੀ, ਜਿਹੜਾ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਜਮਨਾ ਕਹੇ ਨੀ ਓਹ ਮੁੱਛਾਂ ਵਾਲਾ ਕਿ ਮੂੰਡ ਮੁੰਡਾਇਆ ਕਿ ਕੇਸਾ ਧਾਰੀ ਕਿ ਲੰਬੀ ਰੱਖੇ ਦਾੜ੍ਹੀ, ਸੁਰਸਤੀ ਕਹੇ ਨੀ ਨਹੀਂ ਓਹ ਨੂਰ ਨੁਰਾਨਾ ਨੂਰ ਜੋਤ ਰੁਸ਼ਨਾਈਆ । ਨੀ ਓਸ ਨੂੰ ਘੋੜੀ ਕੌਣ ਚਾੜ੍ਹੀ ਪਾਣੀ ਕੌਣ ਵਾਰੀ, ਤਨ ਕਰੇ ਕੌਣ ਸ਼ਿੰਗਾਰੀ, ਕਿਹੜਾ ਪਿਤਾ ਤੇ ਕਿਹੜੀ ਉਹਦੀ ਮਾਤਾ ਪਿਆਰੀ, ਗੋਦਾਵਰੀ ਕਹੇ ਨਹੀਂ ਨੀ ਉਹ ਤੇ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਾਵੀ ਕਹੇ ਔਣ ਲੱਗੀਆਂ ਚਾਰ ਜੁਗ ਦੇ ਲਿਆਓ ਭੁੱਗੇ, ਜੋ ਭੇਟਾ ਝੋਲੀਆਂ ਵਿਚ ਪਾਈਆ । ਪੂਜ ਕੇ ਆਇਓ ਆਪਣੇ ਗੁੱਗੇ, ਜੋ ਦੁੱਧਾਂ ਸੀਰਾਂ ਮੁਖ ਲਗਾਈਆ । ਛੱਡ ਕੇ ਆਇਓ ਆਪਣੇ ਹੁੱਦੇ, ਮਾਣ ਨਾ ਕੋਇ ਵਡਿਆਈਆ । ਚਲ ਕੇ ਔਣਾ ਉਤੇ ਬਸੁੱਧੇ, ਆਪਣਾ ਪੰਧ ਮੁਕਾਈਆ । ਮੇਰੇ ਕਿਨਾਰੇ ਪਹੁੰਚਣਾ ਜਿਸ ਵੇਲੇ ਅਠਾਰਾਂ ਫੱਗਣ ਸੂਰਜ ਉਘੇ, ਘੜੀ ਪਲ ਫ਼ਰਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਰਾਵੀ ਕਹੇ ਵੇਖਿਓ ਕਿਤੇ ਮੇਰੀ ਨਾ ਕਰਾਇਓ ਤੌਹੀਨ, ਪਹਿਲੋਂ ਦਿਆਂ ਜਣਾਈਆ । ਜੇ ਬਣਨਾ ਤੁਸਾਂ ਸ਼ੌਕੀਨ, ਤਨ ਸ਼ਿੰਗਾਰ ਬਣਾਈਆ । ਇਹ ਮਾਰਗ ਬੜਾ ਮਹੀਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਭਗਤਾਂ ਵਾਂਗ ਕਰਿਓ ਯਕੀਨ, ਭਰੋਸਾ ਇਕ ਰਖਾਈਆ । ਸਿਖਿਓ ਸਚ ਤਾਲੀਮ, ਇਕੋ ਇਕ ਪੜ੍ਹਾਈਆ । ਮਾਲਕ ਇਕ ਅਜ਼ੀਮ, ਆਲੀਸ਼ਾਨ ਨੂਰ ਅਲਾਹੀਆ । ਜਿਸ ਨੇ ਸਭ ਦੀ ਕਰਨੀ ਤਨਜ਼ੀਮ, ਆਪਣਾ ਹੁਕਮ ਵਰਤਾਈਆ । ਕਮਲੀਓ ਕੁਛ ਭੰਡਾਰਾ ਲੈ ਕੇ ਆਇਓ ਨਾਲ ਨਮਕੀਨ, ਸਵਾ ਪਾ ਸੋਭਾ ਪਾਈਆ । ਕਿਸੇ ਦੀ ਬੁੱਧੀ ਅੰਦਰੋਂ ਨਾ ਹੋਵੇ ਮਲੀਨ, ਮਮਤਾ ਮੋਹ ਬਾਹਰ ਰਖਾਈਆ । ਇਕੋ ਸ਼ਬਦ ਲੈਣਾ ਚੀਨ, ਸੋਹੰ ਢੋਲਾ ਧੁਰਦਰਗਾਹੀਆ । ਮੁਖੋਂ ਕਹਿਣਾ ਅਸੀਂ ਮਸਕੀਨ, ਨਿਮਰਤਾ ਵਿਚ ਸੀਸ ਨਿਵਾਈਆ । ਇਹ ਖੇਲ ਹੋਣਾ ਉਤੇ ਜ਼ਮੀਨ, ਧਰਨੀ ਧਰਤ ਧਵਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਫਿਰ ਆ ਗਿਆ ਨੀ ਨੱਢੀਓ ਮੈਨੂੰ ਬਣਾ ਲਓ ਲਾਗੀ, ਬਿਨਾ ਬ੍ਰਾਹਮਣਾਂ ਕਾਰਜ ਰਾਸ

ਨਾ ਕੋਇ ਕਰਾਈਆ । ਗੰਗਾ ਤੂੰ ਗਿੱਟੇ ਕੋਲੋਂ ਦਾਗ਼ੀ, ਵੇਖ ਲੈ ਅੱਖ ਉਠਾਈਆ । ਜਮਨਾ ਤੇਰੀ ਨੱਕ ਦੀ ਲੰਮੀ ਹਾਡੀ, ਬਹੁਤਾ ਉਚਾ ਕੰਮ ਕਿਸੇ ਨਾ ਆਈਆ । ਸੁਰਸਤੀ ਤੇਰੀ ਨਿੱਕੀ ਜੇਹੀ ਬਾਡੀ, ਬਹੁਤੀ ਨਿੱਕੀ ਨੂੰ ਪਸੰਦ ਨਾ ਕੋਇ ਰਖਾਈਆ । ਗੋਦਾਵਰੀ ਤੂੰ ਬੜੀ ਲਾਡਲੀ ਲਾਡੀ, ਲਾਡੋ ਕਹਿ ਕੇ ਤੈਨੂੰ ਦਿਆਂ ਸੁਣਾਈਆ । ਗੋਬਿੰਦ ਆਇਆ ਤੂੰ ਓਸ ਵੇਲੇ ਨਹੀਂ ਜਾਗੀ, ਆਪਣਾ ਵਕ਼ਤ ਲਿਆ ਗਵਾਈਆ । ਨਾਰਦ ਕਹੇ ਜੇ ਤੁਸੀਂ ਮੈਨੂੰ ਬ੍ਰਾਹਮਣ ਨਹੀਂ ਬਣੌਣਾ ਤੇ ਮਜ਼ਦੂਰ ਬਣਾ ਕੇ ਚੁਕਾ ਲਓ ਭਾਜੀ, ਪਰ ਮੈਂ ਭਾਜੀ ਭਜਨ ਬੰਦਗੀ ਵਾਲੀ ਮੋਢੇ ਟਿਕਾਈਆ । ਫੇਰ ਝਟ ਰੂਪ ਬਦਲ ਲਿਆ ਪਾ ਕੇ ਗਲ ਵਿਚ ਮਾਲਾ ਮਣਕੇ ਕਹੇ ਨੀ ਮੈਂ ਬਣ ਗਿਆ ਹਾਜੀ, ਚਲੋ ਤੁਹਾਨੂੰ ਉਡਾ ਕੇ ਮੱਕੇ ਮਦੀਨੇ ਦਿਆਂ ਪੁਚਾਈਆ । ਗੰਗਾ ਬੋਲ ਕੇ ਕਿਹਾ ਝਟ ਜਵਾਬੀ, ਇਹ ਕੀ ਦਿਤਾ ਸੁਣਾਈਆ । ਨਾਰਦ ਹੱਸ ਕੇ ਕਹਿੰਦਾ ਜਾਹ ਨੀ ਸ਼ੁਕੀਨਣੇ ਤੇਰੇ ਪੈਰ ਕਿਹੜੀ ਗੁਰਗਾਬੀ, ਸਿਰ ਤੇ ਅਨਾਬੀ ਲੀੜਾ ਮੁਹੰਮਦ ਵਾਲਾ ਨਜ਼ਰ ਕੋਇ ਨਾ ਆਈਆ । ਜਮਨਾ ਕਿਹਾ ਨਾਰਦ ਜੀ ਇਹ ਤੇ ਸਾਡੀ ਭੈਣ ਮਹਿਤਾਬੀ, ਤੇਰੇ ਵਰਗੇ ਪੰਡਤ ਵੇਖ ਕੇ ਲੋਟ ਪੋਟ ਹੋ ਜਾਈਆ । ਸੁਰਸਤੀ ਕਹੇ ਹਾਏ ਉਹ ਆ ਗਿਆ ਸ਼ਹਿਨਸ਼ਾਹ ਜਿਸ ਨੂੰ ਕਹਿੰਦੇ ਸਿੰਘ ਪੰਜਾਬੀ, ਪੰਜਾ ਆਪਣਾ ਰਿਹਾ ਉਠਾਈਆ । ਨਾਰਦ ਗਲ ਵਿਚ ਪੱਲੂ ਪਾ ਕੇ ਕਹੇ ਮੈਂ ਕੋਈ ਨਹੀਂ ਕਰਦਾ ਖ਼ਰਾਬੀ, ਮੈਂ ਤੇ ਪ੍ਰਭੂ ਦੀ ਖ਼ਬਰ ਆਇਆ ਸੁਣਾਈਆ । ਕੱਢ ਕੇ ਕਿਤਾਬ ਕਹੇ ਨੀ ਬੀਬੀਓ ਮੈਂ ਬੜਾ ਹਿਸਾਬੀ, ਕੁੰਡਲੀਆਂ ਤਿੰਨਾਂ ਦੀਆਂ ਵੇਖ ਵਖਾਈਆ । ਤੇ ਕਲਜੁਗ ਦਾ ਮੂਲ ਮੈਂ ਵੱਡਾ ਕ਼ਾਜ਼ੀ, ਸ਼ਰਅ ਦੇ ਫ਼ਤਵੇ ਸਾਰਿਆਂ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣਾ ਰੰਗ ਚੜ੍ਹਾਈਆ । ਰਾਵੀ ਕਹੇ ਭੈਣੋ ਮੇਰੇ ਘਰ ਔਣੇ ਭਗਤ ਪਰੌਹੁਣੇ, ਸੋਹਣਾ ਪ੍ਰੇਮ ਲਿਆਈਆ । ਤੁਸਾਂ ਸੋਹਣੇ ਗੀਤ ਗੌਣੇ, ਗੋਬਿੰਦ ਗੁਰੂ ਤੇ ਗੋਬਿੰਦ ਮਾਹੀਆ । ਮੈਂ ਸੋਹਣੀ ਰੇਤ ਉਤੇ ਬਹੌਣੇ, ਜੋ ਅਰਜਨ ਦੇ ਸੀਸ ਤੇ ਬਹਿ ਕੇ ਤੇ ਪੁਰਖ ਅਕਾਲ ਦੇ ਚਰਨਾਂ ਹੇਠਾਂ ਆਈਆ । ਫੇਰ ਬਚਨ ਕਰਨੇ ਮਨ ਭੌਣੇ, ਆਸਾਂ ਪਿਛਲੀਆਂ ਅੱਗੇ ਰਖਾਈਆ । ਜਿਸ ਨੇ ਬਸਤਰ ਲਾਲ ਪੌਣੇ, ਉਹ ਗੋਲੀ ਧੁਰ ਦੀ ਸੇਵ ਕਮਾਈਆ । ਰਵਦਾਸ ਦੇ ਲੇਖੇ ਅਗਲੇ ਸਾਲ ਲਿਖੌਣੇ, ਇੱਕੀ ਹਜ਼ਾਰ ਦਏ ਗਵਾਹੀਆ । ਓਸ ਇੱਟ ਦੇ ਮੁੱਲ ਪੌਣੇ, ਜਿਸ ਨੂੰ ਬਾਬੂਪੁਰ ਮਿਲੀ ਵਡਿਆਈਆ । ਰਾਵੀ ਕਹੇ ਮੈਂ ਅਜੇ ਹੋਰ ਬਥੇਰੇ ਖੇਲ ਖਲੌਣੇ, ਹੌਲੀ ਹੌਲੀ ਦਿਆਂ ਸੁਣਾਈਆ । ਜਨ ਭਗਤੋ ਤੁਸੀਂ ਆਪਣੇ ਹੱਥ ਆਪੇ ਪਾ ਲਿਓ ਆਪਣੀ ਧੌਣੇ, ਹਲੂਣਾ ਆਪੇ ਲਿਓ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਹੁਕਮ ਵਰਤਾਈਆ ।

ਰਾਵੀ ਕਹੇ ਗੁਰ ਅਰਜਨ ਦੇ ਚਰਨਾਂ ਨਾਲ ਮੇਰੇ ਵਿਚ ਆ ਗਈ ਇਕ ਕੀੜੀ, ਚਰਨ ਚੁੰਮ ਚੁੰਮ ਖ਼ੁਸ਼ੀ ਮਨਾਈਆ । ਮੈਨੂੰ ਕਹੇ ਰਾਵੀ ਤੇਰੇ ਘਰ ਆਈ ਤੇ ਮੈਨੂੰ ਡਾਹ ਦੇ ਪੀਹੜੀ, ਕੁਛ ਦੇ ਮਾਣ ਵਡਿਆਈਆ । ਰਾਵੀ ਕਹੇ ਮੈਂ ਤੇ ਭਰੀ ਨੀਰੀ, ਪਾਣੀ ਦੇ ਵਹਿਣ ਵਹਾਈਆ । ਕੀੜੀ ਕਿਹਾ ਕਮਲੀਏ ਇਹਦੇ ਕੋਲੋਂ ਮੰਗ ਲੈ ਜਿਹੜਾ ਮਾਲਕ ਮੀਰੀ ਪੀਰੀ, ਦਇਆ ਦਏ ਕਮਾਈਆ । ਰਾਵੀ ਕਹੇ ਮੈਂ ਚਰਨ ਛੂਹ ਕੇ ਕਿਹਾ ਅਰਜਨ ਜੇ ਤੂੰ ਮਿਲਿਆ ਏਸੇ ਤਰਾਂ ਮੇਰਾ ਸਾਹਿਬ ਮਿਲੇ ਤਕ਼ਦੀਰੀ, ਮੇਰੀ ਤਕ਼ਦੀਰ ਦਏ ਬਦਲਾਈਆ । ਆਸਾ ਇਹੋ ਅਖ਼ੀਰੀ, ਆਖ਼ਰ ਦਏ

ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਾਵੀ ਕਹੇ ਮੇਰੀ ਅੰਦਰੋਂ ਦਲੀਲ ਗਿੜੀ, ਚੱਕਰ ਦਿਤਾ ਲਗਾਈਆ । ਮੈਂ ਗੋਡਿਆਂ ਭਾਰ ਰਿੜ੍ਹੀ, ਲੰਮੀ ਪੈ ਕੇ ਸੀਸ ਨਿਵਾਈਆ । ਓਨੇ ਚਿਰ ਨੂੰ ਓਥੇ ਆ ਗਈ ਬੋਦੀ ਵਾਲੀ ਚਿੜੀ, ਚੁੰਜ ਭਰ ਕੇ ਬੋਦੀ ਦਿਤੀ ਹਿਲਾਈਆ । ਇਸ਼ਾਰੇ ਨਾਲ ਕਹਿ ਗਈ ਨੀ ਰਾਵੀ ਅਰਜਨ ਮਾਤਲੋਕ ਦੀ ਸੀੜ੍ਹੀ, ਜੇ ਇਹਦੇ ਉਤੇ ਚੜ੍ਹ ਜਾਏਂ ਸਚਖੰਡ ਪੁਰਖ ਅਕਾਲ ਕੋਲ ਤੈਨੂੰ ਦਏ ਪੁਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਰਾਵੀ ਕਿਹਾ ਨੀ ਤੇਰਾ ਭਲਾ, ਭਲੇ ਘਰ ਦੀਏ ਮੈਨੂੰ ਦਿਤਾ ਸਮਝਾਈਆ । ਓਹ ਉਡਦੀ ਉਡਦੀ ਕਹਿ ਗਈ ਹਲਾ, ਆਪਣੀ ਆਵਾਜ਼ ਵਿਚ ਢੋਲਾ ਗਾਈਆ । ਰਾਵੀ ਯਾਦ ਰੱਖੀਂ ਉਹ ਸਾਹਿਬ ਨਹੀਂ ਔਣਾ ਕੱਲਾ, ਭਗਤਾਂ ਨਾਲ ਲਿਆਈਆ । ਉਹਦੇ ਨਾਲ ਹੋਣਾ ਡੱਲਾ, ਜੇ ਉਹ ਡੱਲਾ ਚੰਗਾ ਹੋਵੇ ਮੈਨੂੰ ਵੀ ਫੜ ਕੇ ਤੇਰੀ ਭੇਟ ਕਰਾਈਆ । ਫਿਰ ਮੈਂ ਦੱਸਾਂਗੀ ਏਸ ਦਾ ਕੀ ਫਲਾ, ਵਕ਼ਤ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋ ਕਰਨਾ ਸੋ ਕਰ ਕੇ ਦਏ ਵਖਾਈਆ । ਰਾਵੀ ਕਹੇ ਮੇਰੇ ਵਿਚ ਕਈ ਤਰੇ ਤੇ ਕਈ ਡੁੱਬੇ, ਗਿਣਤੀ ਗਣਤ ਨਾ ਕੋਇ ਗਿਣਾਈਆ । ਕਈ ਮਰੇ ਤੇ ਕਈ ਉਗੇ, ਆਪਣਾ ਆਪਣਾ ਫਲ ਝੋਲੀ ਪਾਈਆ । ਏਸੇ ਤਰਾ ਕਈ ਬੀਤ ਗਏ ਜੁਗੇ, ਚੌਕੜੀਆਂ ਪੰਧ ਮੁਕਾਈਆ । ਮੇਰੇ ਪਾਰ ਕੋਈ ਨਾ ਪੁੱਜੇ, ਉਰਾਰ ਸਾਰੇ ਤਾਰੀਆਂ ਲਾਈਆ । ਮੈਂ ਇਕ ਗੱਲ ਪੁੱਛਣੀ ਜਨ ਭਗਤੋ ਪ੍ਰਭੂ ਦਾ ਵਿਹਾਰ ਚੰਗਾ ਕਿ ਘਰ ਦੇ ਝੁੱਗੇ, ਝੁੱਗੀਆਂ ਵਾਲਿਓ ਦੇਣਾ ਸਮਝਾਈਆ । ਜਿਹੜਾ ਤੁਹਾਡੇ ਪਿਛੇ ਤੁਹਾਡੀ ਮੰਜ਼ਲ ਪੁੱਜੇ, ਪੂਜਨੀਕ ਹੋ ਕੇ ਦਰ ਦਰ ਫੇਰਾ ਪਾਈਆ । ਤੁਸੀਂ ਉਨ੍ਹਾਂ ਧੰਦਿਆਂ ਵਿਚ ਰੁਝੇ, ਜਿਹੜੇ ਕੰਮ ਕਿਸੇ ਨਾ ਆਈਆ । ਮਿਹਰ ਕਰ ਕੇ ਤੁਹਾਨੂੰ ਬਣਾਈ ਜਾਂਦਾ ਉਚੇ, ਸਿਰ ਆਪਣਾ ਹੱਥ ਟਿਕਾਈਆ । ਸਰਨ ਆਏ ਨਹੀਂ ਵੇਂਹਦਾ ਕੋਝੇ ਕਮਲੇ ਨਾ ਬਦਮਾਸ਼ ਲੁੱਚੇ, ਫੜ ਬਾਹੋਂ ਪਾਰ ਕਰਾਈਆ । ਜਿਨ੍ਹਾਂ ਵਲ ਤਕ ਲਿਆ ਕੋਟ ਜਨਮ ਦੇ ਪਾਪੀ ਹੋ ਜਾਣ ਸੁੱਚੇ, ਮਾਣਕ ਮੋਤੀ ਹੀਰੇ ਲਏ ਬਣਾਈਆ । ਜਨ ਭਗਤੋ ਰਾਵੀ ਕਹੇ ਤੁਹਾਡਾ ਸਾਹਿਬ ਤੇ ਮੇਰਾ ਸਤਿਗੁਰੂ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਨਾਲ ਕਦੇ ਨਾ ਹੋਵੇ ਗ਼ੁੱਸੇ, ਜੇ ਕੋਈ ਭਗਤ ਰੁਸ ਜਾਏ ਤੇ ਉਹਦੇ ਚਰਨਾਂ ਉਤੇ ਆਪਣਾ ਆਪ ਟਿਕਾਈਆ । ਜੋ ਕੋਈ ਮੈਥੋਂ ਮੇਰੇ ਸਾਹਿਬ ਦਾ ਪਿਆਰ ਪੁੱਛੇ, ਮੇਰੀ ਰਸਨਾ ਕਹਿਣ ਕੋਇ ਨਾ ਪਾਈਆ । ਰਾਵੀ ਕਹੇ ਇਹ ਰਸ ਕਿਸੇ ਨਹੀਂ ਲੁੱਟੇ, ਲਟੇਰਿਓ ਲੁੱਟ ਲਓ ਲੁੱਟਣ ਦਾ ਵੇਲਾ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਨਾਲ ਮਿਲਾਈਆ । ਔਹ ਵੇਖੋ ਭੱਜੀ ਆਉਂਦੀ ਚੌਧਵੀਂ ਸਦੀ, ਨੰਗੀ ਪੈਰੀਂ ਵਾਹੋ ਦਾਹੀਆ । ਰਾਵੀ ਮੈਂ ਨਹੀਂ ਸਮਝਿਆ ਤੂੰ ਕੋਈ ਵਗਣ ਵਾਲੀ ਨਦੀ, ਵਹਿਣ ਪਾਣੀ ਵਾਲੇ ਵਹਾਈਆ । ਮੈਨੂੰ ਅਚਾਨਕ ਖ਼ਬਰ ਹੋਈ ਨੀ ਓਸ ਸਾਂਭ ਲੈਣਾ ਜੋ ਦੋ ਜਹਾਨਾਂ ਮਾਲਕ ਗੱਦੀ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੁਣ ਗੰਗਾ ਗੋਦਾਵਰੀ ਜਮਨਾ ਸੁਰਸਤੀ ਸਦਾਈਆਂ ਅੱਜੀ ਪੱਜੀਂ, ਪੱਤ੍ਰ ਪਤ੍ਰਿਕਾ ਇਕ ਘਲਾਈਆ । ਸਦੀ ਚੌਧਵੀਂ ਕਹੇ ਮੈਂ ਕਿਹੜੀ ਕੱਚੀ, ਬੁਧਹੀਣ ਅਖਵਾਈਆ । ਮੈਂ ਵੀ ਮਾਲਕ ਮੰਨਿਆ ਇਕੋ ਨੂਰ ਰੱਬੀ, ਦੂਜੇ ਅੱਖ ਨਾ ਕਦੇ ਮਿਲਾਈਆ । ਮੈਂ ਸਾਰੀ ਸ੍ਰਿਸ਼ਟੀ ਛੱਡੀ, ਦੀਨ ਦੁਨੀ ਤਜਾਈਆ । ਏਸੇ ਦੀ ਚਰਨੀ ਲੱਗੀ, ਜੋ ਦੇਵਣਹਾਰ ਸਰਨਾਈਆ । ਵੇਖੀਂ ਰਾਵੀ ਮੇਰੇ ਨਾਲ ਨਾ ਕਰੀਂ ਠੱਗੀ, ਚੋਰੀ ਚੋਰੀ ਕੰਤ ਨਾ ਲਈਂ ਮਨਾਈਆ । ਮੈਂ ਵੀ ਪੌਂਟੇ

੯੭੧
੨੧

ਪਾ ਕੇ ਨੱਚੀ ਮਾਰ ਕੇ ਅੱਡੀ, ਭਗਤ ਗਵਾਹ ਦੇਣੇ ਭੁਗਤਾਈਆ । ਪ੍ਰਭ ਨੇ ਆਦਿ ਤੋਂ ਲੈ ਕੇ ਅੱਜ ਤਕ ਜਿਹੜੀ ਭਗਤ ਆਤਮਾ ਵਰੀ ਉਹ ਫੇਰ ਕਦੀ ਨਹੀਂ ਛੱਡੀ, ਹੱਡੀਆਂ ਮਸਾਣਾਂ ਵਿਚ ਆਤਮਾ ਬਿਬਾਣਾ ਵਿਚ ਆਪਣੇ ਘਰ ਲੈ ਜਾਈਆ । ਪਰ ਇਹ ਸਮਾਂ ਮਿਲਦਾ ਕਦੀ ਕਦੀ, ਜੁਗ ਚੌਕੜੀ ਹੱਥ ਕਿਸੇ ਨਾ ਆਈਆ । ਭਾਵੇਂ ਕੋਟਨ ਹੋ ਜਾਣ ਰਸੂਲ ਨਬੀ, ਪੈਗ਼ੰਬਰ ਫੇਰਾ ਪਾਈਆ । ਇਹ ਮੌਜ ਇਹ ਬਹਾਰ ਇਹ ਖ਼ੁਸ਼ੀ ਭਗਤਾਂ ਨੂੰ ਕਦੇ ਨਹੀਂ ਲੱਭੀ, ਕਿ ਪ੍ਰਭੂ ਆਪ ਲੱਭ ਲੱਭ ਕੇ ਆਪਣੇ ਗਲੇ ਲਗਾਈਆ । ਉਫ਼, ਰਾਵੀ ਕਹੇ ਮੇਰੀ ਪੀੜ ਹੋਈ ਬੱਖੀ ਖੱਬੀ, ਖਬਰੇ ਕੀ ਦਿਤਾ ਸੁਣਾਈਆ । ਗੰਗਾ ਕਹੇ ਨੀ ਇਹ ਬੜੀ ਸ਼ਰਾਰਤਣ ਜਮਨਾ ਰਾਣੀ ਕੱਬੀ, ਤੈਨੂੰ ਹੁੱਜ ਮਾਰ ਕੇ ਸੱਟ ਦਿਤੀ ਲਗਾਈਆ । ਸੁਰਸਤੀ ਮਖ਼ੌਲ ਨਾਲ ਚੁੱਕ ਲਿਆਈ ਮੰਜੀ, ਜੇ ਬਹੁਤਾ ਦੁੱਖ ਤੇ ਇਹਦੇ ਉਤੇ ਦਿਆਂ ਲਿਟਾਈਆ । ਝਟ ਜੋਤ ਅਗੰਮੀ ਜਗੀ, ਇਕੋ ਵਾਰ ਹੋਈ ਰੁਸ਼ਨਾਈਆ । ਨਾ ਕੋਈ ਪਸਲੀ ਰਹਿ ਗਈ ਤੇ ਨਾ ਕੋਈ ਹੱਡੀ, ਨਾ ਕੋਈ ਜਮਨਾ ਸੁਰਸਤੀ ਗੋਦਾਵਰੀ ਗੰਗੀ, ਨਾ ਕੋਈ ਤਨ ਬਸਤਰ ਭੂਸ਼ਨ ਪਹਿਨੇ ਨਾ ਕੋਈ ਦਿਸੇ ਨੰਗੀ, ਨਾ ਕੋਈ ਸਾਥਣ ਨਾ ਕੋਈ ਮਜਾਜਣ ਨਾ ਕੋਈ ਸੰਗੀ, ਜਿਧਰ ਤੱਕਾਂ ਉਧਰ ਆਪ ਆਪਣੀ ਖੇਲ ਕਰੇ ਬਹੁਰੰਗੀ, ਸੂਰਾ ਸਰਬੰਗੀ ਆਪਣੀ ਦਇਆ ਕਮਾਈਆ । ਰਾਵੀ ਕਹੇ ਭੈਣੋ ਜੇ ਆਓ ਵੇਸ ਕਰ ਕੇ ਆਇਓ ਦਿਹਾਤੀ, ਪਿੰਡਾਂ ਨਗਰਾਂ ਵਾਲਾ ਦਿਆਂ ਜਣਾਈਆ । ਜੇ ਸ਼ਹਿਰਨਾਂ ਬਣ ਕੇ ਆਈਆਂ ਸਾਰਿਆਂ ਸਾਧੂਆਂ ਦੀ ਖੁਲ੍ਹ ਜਾਊ ਸਮਾਧੀ, ਅੱਖਾਂ ਮੀਟ ਸਮਾਧੀ ਲੌਣ ਵਾਲੇ ਅੱਖਾਂ ਤੁਹਾਡੇ ਵਲ ਟਿਕਾਈਆ । ਜਿਨ੍ਹਾਂ ਦੇ ਮੁਖ ਵਿਚ ਹੋਵੇ ਸੀਤਾ ਰਾਮ ਕ੍ਰਿਸ਼ਨਾ ਰਾਧੀ, ਓਹ ਤੁਹਾਡੀ ਸੂਰਤ ਵੇਖ ਕੇ ਕਹਿਣ ਇਹ ਕਿੱਥੋਂ ਆਵੇ ਸਾਡੀ ਭਾਬੀ, ਭਜੜਾ ਪਿੱਟੀ ਪੰਧ ਮੁਕਾਈਆ । ਮੁਰਸ਼ਦਾਂ ਦੇ ਮੁਰੀਦ ਕਹਿਣ ਮਸੀਤਾਂ ਵਿਚ ਬੈਠੇ ਇਹ ਕੋਈ ਮਹਿਤਾਬੀ, ਕਿਸੇ ਮਹਿਰਮ ਦਾ ਰਾਹ ਤਕਾਈਆ । ਚਰਚਾਂ ਵਿਚ ਬੈਠੇ ਪੋਪ ਕਹਿਣ ਇਹ ਕੋਈ ਫੁੱਲ ਗੁਲਾਬੀ, ਖ਼ੁਸ਼ਬੂ ਦੇਣ ਵਾਸਤੇ ਆਇਆ ਚਾਈਂ ਚਾਈਂਆ । ਮੰਦਰਾਂ ਵਿਚ ਬੈਠੇ ਕਹਿਣ ਇਹ ਸਾਥਣ ਪੁਰਾਣੀ ਸਾਡੀ, ਵਿਛੜੀ ਮਿਲੀ ਚਾਈਂ ਚਾਈਂਆ । ਗੁਰੂਦਵਾਰਿਆਂ ਵਿਚ ਬੈਠੇ ਕਹਿਣ ਭਰਾਵੋ ਮੇਰੇ ਬਣ ਜਾਓ ਜਾਂਵੀ, ਇਨ੍ਹਾਂ ਲਈਏ ਪ੍ਰਨਾਈਆ । ਰਾਵੀ ਕਹੇ ਕਿਤੇ ਵੇਖਿਓ ਮੇਰੀ ਨਾ ਕਰਿਓ ਹਾਨੀ, ਸਚ ਦਿਆਂ ਸੁਣਾਈਆ । ਇਕ ਵਾਰ ਸਭ ਤੇ ਔਂਦੀ ਜਵਾਨੀ, ਜੋਬਨ ਆਇਆ ਅੰਤ ਢਲ ਜਾਈਆ । ਤੁਸਾਂ ਭਗਤਾਂ ਦੇ ਕੋਲ ਔਣਾਂ ਉਨ੍ਹਾਂ ਦੀ ਖਾਣੀ ਮਹਿਮਾਨੀ, ਭਗਤਾਂ ਵਾਂਗੂ ਸਿੱਧੇ ਸਾਦੇ ਕੱਪੜੇ ਲੈਣੇ ਪਾਈਆ । ਰਲ ਕੇ ਵਿਚ ਬਹਿਣਾ ਬਣਿਓ ਨਾ ਕੋਈ ਬੇਗਾਨੀ, ਬੇਗਮਾਂ ਵਾਲਾ ਰੂਪ ਵਟਾਈਆ । ਤੁਹਾਨੂੰ ਵੀ ਨਿਮਕ ਵਾਲੀ ਸੁੱਕੀ ਰੋਟੀ ਪੈਣੀ ਖਾਣੀ, ਦੰਦਾਂ ਨਾਲ ਚਬਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਜੇ ਓਹ ਸੰਘ ਵਿਚ ਫਸ ਗਈ ਕਿੱਥੋਂ ਪੀਵਾਂਗੀਆਂ ਪਾਣੀ, ਸਾਨੂੰ ਦੇ ਸਮਝਾਈਆ । ਰਾਵੀ ਕਿਹਾ ਨੀ ਓਹ ਜੀਵ ਆਧਾਰ ਪ੍ਰਾਣੀ, ਅੰਮ੍ਰਿਤ ਰਸ ਆਪਣਾ ਮੁਖ ਚੁਆਈਆ । ਗੋਦਾਵਰੀ ਅੱਖਾਂ ਚੁਕੀਆਂ, ਰਾਵੀ ਕਿਤੇ ਓਸ ਦੇ ਨਾਲ ਉਹ ਤੇ ਨਹੀਂ ਜਿਹੜਾ ਬੱਚਿਆਂ ਦੀ ਦੇ ਕੇ ਗਿਆ ਕ਼ੁਰਬਾਨੀ, ਗੋਬਿੰਦ ਸੂਰਾ ਸੰਗ ਰਖਾਈਆ । ਰਾਵੀ ਕਿਹਾ ਗੋਬਿੰਦ ਬਿਨਾ ਪ੍ਰਭੂ ਦੀ ਕੋਈ ਨਾ ਦੱਸੇ ਨਿਸ਼ਾਨੀ, ਭਗਤਾਂ ਉਤੇ ਕੋਈ ਨਾ ਕਰੇ ਮਿਹਰਵਾਨੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਘਰ ਸਾਚਾ ਇਕ ਸੁਹਾਈਆ ।

## ✻ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਕੰਸ ਰਾਜ ਗ੍ਰਿਹ ਪਿੰਡ ਗੁਜਰਾਤ ਜ਼ਿਲਾ ਗੁਰਦਾਸਪੁਰ ✻

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਜੇ ਰਾਵੀ ਕੰਢੇ ਜਾਣਾ ਕਰੋ ਧਿਆਨ, ਅੰਤਰ ਅੰਤਰ ਆਪਣੀ ਲਿਵ ਲਾਈਆ । ਸਚ ਦਵਾਰਿਉਂ ਮੰਗੋ ਦਾਨ, ਨਿਮਾਣੀਆਂ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਸਾਨੂੰ ਤੁਰ ਕੇ ਔਣਾ ਬੜਾ ਮਹਾਨ, ਪੰਧ ਦੂਰ ਦੁਰਾਡਾ ਨਜ਼ਰੀ ਆਈਆ । ਬਣ ਜਾਓ ਬਾਲ ਅੰਞਾਣ, ਬੱਚਿਆਂ ਵਾਂਗ ਸ਼ੋਰ ਮਚਾਈਆ । ਨੇਤਰ ਹੰਝੂ ਵਹਿਣ ਵਹਾਨ, ਅੱਥਰਾਂ ਧਾਰ ਬਣਾਈਆ । ਫਿਰ ਆਪੇ ਤੁਹਾਨੂੰ ਸ਼ਬਦੀ ਭੇਜ ਦਏ ਬਬਾਣ, ਦੂਜੀ ਲੋੜ ਰਹੇ ਨਾ ਰਾਈਆ । ਤੁਹਾਡਾ ਪੁੱਜਣਾ ਹੋਵੇ ਅਸਾਨ, ਮੁਸ਼ਕਲ ਹੱਲ ਕਰਾਈਆ । ਛੱਡ ਜਾਓ ਜ਼ਿਮੀਂ ਆਸਮਾਨ, ਮੱਧ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਹੋਵੇ ਆਪ ਸਹਾਈਆ ।

## ✻ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਰਸ਼ਨ ਲਾਲ ਦੇ ਗ੍ਰਿਹ ਪਿੰਡ ਗੁਜਰਾਤ ✻

ਪ੍ਰਭ ਦਾ ਸ਼ਬਦ ਅਗੰਮੀ ਬਬਾਣਾ, ਆਦਿ ਜੁਗਾਦਿ ਇਕ ਅਖਵਾਈਆ । ਜਿਸ ਉਤੇ ਚੜ੍ਹੇ ਨਾ ਕੋਈ ਰਾਜਾ ਰਾਣਾ, ਪਾਤਸ਼ਾਹਾਂ ਹੱਥ ਕਿਸੇ ਨਾ ਆਈਆ । ਜਿਸ ਵੇਲੇ ਹੋਵੇ ਆਪ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਆਪਣੇ ਭਗਤਾਂ ਕਰੇ ਪ੍ਰਵਾਨਾ, ਆਪਣੇ ਰੰਗ ਰੰਗਾਈਆ । ਫੇਰ ਬਖ਼ਸ਼ਿਸ਼ ਕਰੇ ਉਹ ਵਿਚ ਜਹਾਨਾ, ਜਿਸ ਦੀ ਬਾਡੀ ਜਗਤ ਨਾ ਕੋਇ ਸਮਝਾਈਆ । ਹਰਿਜਨ ਪਿਆਰੇ ਬਣਾ ਪ੍ਰਧਾਨਾ, ਸਹਿਜ ਨਾਲ ਵਿਚ ਟਿਕਾਈਆ । ਹੁਕਮੇ ਅੰਦਰ ਹੋਵੇ ਰਵਾਨਾ, ਆਵੇ ਜਾਵੇ ਚਾਈਂ ਚਾਈਂਆ । ਇਹੋ ਖੇਲ ਸ੍ਰੀ ਭਗਵਾਨਾ, ਜੋ ਹਰਿ ਕਰਤਾ ਆਪ ਕਰਾਈਆ । ਨਾਰਦ ਕਹੇ ਓਸ ਨੂੰ ਨਿਉਂ ਨਿਉਂ ਕਰੋ ਪ੍ਰਨਾਮਾ, ਸੀਸ ਜਗਦੀਸ਼ ਝੁਕਾਈਆ । ਫੇਰ ਸੁਣੋ ਅਗੰਮੀ ਕਲਾਮਾ, ਸੋਹੰ ਢੋਲਾ ਬੇਪਰਵਾਹੀਆ । ਤੱਕੋ ਧੁਰ ਦਾ ਅਮਾਮਾ, ਨਿਰਗੁਣ ਨੂਰ ਅਲਾਹੀਆ । ਜਿਸ ਨੇ ਭੇਜੇ ਕ੍ਰਿਸ਼ਨਾ ਕਾਹਨਾ, ਰਾਮ ਸੀਤਾ ਦਇਆ ਕਮਾਈਆ । ਜਿਸ ਤੁਹਾਡਾ ਬਣਾਇਆ ਨਿਸ਼ਾਨਾ, ਲੋਕਮਾਤ ਵੱਜੀ ਵਧਾਈਆ । ਸੋ ਸਾਹਿਬ ਸੱਚਾ ਸੁਲਤਾਨਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਈਆ ।

## ✻ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਿਹ ਪਿੰਡ ਅੰਤੋਰ ਜ਼ਿਲਾ ਗੁਰਦਾਸਪੁਰ ✻

ਰਾਵੀ ਕਹੇ ਗੁਰ ਅਰਜਨ ਦੇ ਕੇ ਗਿਆ ਪਾਤੀ, ਬਿਨ ਅੱਖਰਾਂ ਅਗੰਮ ਲਿਖਾਈਆ । ਜਿਸ ਵੇਲੇ ਪ੍ਰਗਟ ਹੋਵੇ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਨ ਭਗਤ ਸੁਹੇਲੇ ਬਣਾਏ ਸਾਥੀ, ਸਗਲਾ ਸੰਗ ਉਪਜਾਈਆ । ਗੁਰ ਅਵਤਾਰ ਪੈਗੰਬਰਾਂ ਪੂਰੀ ਕਰੇ ਆਖੀ, ਆਖ਼ਰ ਭੇਵ ਚੁਕਾਈਆ । ਲਹਿਣਾ ਦੇਣਾ ਵੇਖੇ ਤ੍ਰੈਲੋਕੀ ਨਾਥੀ, ਕਾਹਨਾ ਇਕ ਵਡਿਆਈਆ । ਜੋ ਸੀਤਾ ਰਾਮ ਦੱਸੀ ਬਾਤੀ, ਬਾਤਨ ਪਰਦਾ ਦਏ ਖੁਲ੍ਹਾਈਆ ।

ਜਿਸ ਪੈਗੰਬਰਾਂ ਦਿਤੀ ਹਯਾਤੀ, ਜੀਵਣ ਜੁਗਤ ਸਮਝਾਈਆ । ਉਹ ਖੇਲ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਕਥਾ ਕਹਾਣੀ ਸਾਚੀ, ਸ਼ਬਦ ਬੋਧ ਸਮਝਾਈਆ । ਬੁੱਧੀ ਵਿਚ ਕਿਸੇ ਨਾ ਵਾਚੀ, ਨੇਤਰ ਨੈਣ ਨਾ ਕੋਇ ਵਖਾਈਆ । ਓਹ ਲਹਿਣਾ ਦੇਣਾ ਵੇਖੇ ਚਾਰ ਜੁਗ ਦਾ ਬਾਕੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਚਿੱਠੀ ਦਾ ਅਗੰਮ ਮਜ਼ਮੂਨ, ਮੈਂ ਸਮਝ ਸਕੀ ਨਾ ਰਾਈਆ । ਨਿਮਰਤਾ ਵਿਚ ਹੋ ਮਮਨੂਨ, ਨਮਸਤੇ ਕਹਿ ਕੇ ਸੀਸ ਝੁਕਾਈਆ । ਕੀ ਇਸ ਦੇ ਵਿਚ ਕ਼ਾਨੂੰਨ, ਧਾਰਾ ਕਵਣ ਵਡਿਆਈਆ । ਅਰਜਨ ਕਿਹਾ ਓਸੇ ਨੂੰ ਮਾਲੂਮ, ਜੋ ਹੁਕਮ ਸੰਦੇਸੇ ਰਿਹਾ ਦ੍ਰਿੜਾਈਆ । ਮੈਂ ਵੀ ਬਾਲ ਅੰਜਾਣਾ ਮਾਸੂਮ, ਨੰਨ੍ਹਾ ਨਜ਼ਰੀ ਆਈਆ । ਜਿਹੜਾ ਸ਼ਰੀਰ ਤੋਂ ਮਹਿਰੂਮ, ਜੋਤੀ ਜੋਤ ਵਿਚ ਸਮਾਈਆ । ਓਹ ਦੱਸੇ ਆਪਣਾ ਆਪੇ ਸਚ ਅਸੂਲ, ਅਸਲੀਅਤ ਇਕ ਜਣਾਈਆ । ਜਿਸ ਦਾ ਹੁਕਮ ਵਰਤੇ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਰਾਵੀ ਤੈਨੂੰ ਦੇਵੇ ਚਰਨਾਂ ਦੀ ਧੂਲ, ਧੂੜੀ ਭਗਤਾਂ ਖ਼ਾਕ ਰਮਾਈਆ । ਆਵੇ ਦਰ ਜ਼ਰੂਰ, ਆਵੇ ਹਜ਼ੂਰ ਨੂਰ ਅਲਾਹੀਆ । ਦੀਨ ਦੁਨੀ ਦਾ ਵੇਖੇ ਕ਼ਸੂਰ, ਲੱਖ ਚੁਰਾਸੀ ਫੋਲ ਫੁਲਾਈਆ । ਅਸੀਂ ਬਰਦੇ ਉਹਦੇ ਮਜ਼ਦੂਰ, ਤੱਤਾਂ ਵਾਲੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਰਾਵੀ ਕਹੇ ਦੱਸ ਸਤਿਗੁਰ ਕੀ ਲੇਖਾ ਲਿਖਿਆ, ਬਿਨ ਕ਼ਲਮ ਸ਼ਾਹੀਆ । ਮੈਨੂੰ ਨੇਤਰ ਨਾਲ ਨਾ ਦਿਸਿਆ, ਰੋ ਕੇ ਦਿਆਂ ਦੁਹਾਈਆ । ਮੇਰਾ ਅੰਤਰ ਅੰਤਰ ਪਿਟਿਆ, ਬਹੁੜੀ ਬਹੁੜੀ ਕਰ ਜਣਾਈਆ । ਕੀ ਇਸ ਵਿਚ ਲੇਖਾ ਪਾਇਆ ਨਾਲ ਹਿੱਸਿਆ, ਕਵਣ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਅਰਜਨ ਕਹੇ ਇਹਦਾ ਭੇਵ ਅੱਖਰਾਂ ਤੋਂ ਬਾਹਰ, ਵਿਦਿਆ ਵੰਡ ਨਾ ਕੋਇ ਵੰਡਾਈਆ । ਰਾਵੀ ਤੇਰੇ ਕੰਢੇ ਆ ਕੇ ਆਪੇ ਕਰੇ ਜ਼ਾਹਰ, ਤੇਰੇ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਦੁਨੀਆ ਸਾਰੀ ਹੋਈ ਕਾਇਰ, ਕਰਮ ਕਾਂਡ ਵਿਚ ਕੁਰਲਾਈਆ । ਸਚ ਦਵਾਰਿਓਂ ਹੋਈ ਗ਼ੈਰ, ਗਹਿਰ ਗੰਭੀਰ ਨਾ ਕੋਇ ਮਿਲਾਈਆ । ਜਗ ਸਾਗਰ ਸਕੇ ਕੋਈ ਨਾ ਤੈਰ, ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਓਸ ਵੇਲੇ ਕਰੇ ਪ੍ਰਭ ਆਪਣੀ ਮਿਹਰ, ਮਿਹਰ ਨਜ਼ਰ ਇਕ ਉਠਾਈਆ । ਜਿਹੜਾ ਸ਼ਾਹ ਸੁਲਤਾਨ ਸੂਰਬੀਰ ਵੱਡਾ ਕੇਹਰ, ਭਬਕ ਸਬਕ ਨਾਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੇਰਾ ਸਿਰ ਗਿਆ ਦੁਖ, ਨਿਮਰਤਾ ਵਿਚ ਦੁਹਾਈਆ । ਅਰਜਨ ਇਕ ਦੱਸ ਦੇ ਤੁਕ, ਬਹੁਤਾ ਨਾ ਸਮਝਾਈਆ । ਗੁਰ ਅਰਜਨ ਕਿਹਾ ਹੁਣ ਨਾ ਮੈਥੋਂ ਪੁਛ, ਪੁਛਣ ਦੀ ਲੋੜ ਰਹੇ ਨਾ ਰਾਈਆ । ਜਿਸ ਵੇਲੇ ਸਾਹਿਬ ਸਵਾਮੀ ਗਿਆ ਪੁੱਜ, ਨਿਰਗੁਣ ਆਪਣਾ ਪੰਧ ਮੁਕਾਈਆ । ਸਭ ਕੁਛ ਜਾਏ ਸੁਝ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਰਾਵੀ ਕਹੇ ਓਹ ਕਿਹੜਾ ਹੋਣਾ ਤਿਓਹਾਰ, ਸਚ ਦੇ ਸਮਝਾਈਆ । ਤੇਰੇ ਚਰਨ ਕਵਲ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਗੁਰ ਅਰਜਨ ਕਿਹਾ ਸੋਲਾਂ ਫੱਗਣ ਸੁਹੰਜਣੀ ਹੋਏ ਬਹਾਰ, ਸੰਮਤ ਸ਼ਹਿਨਸ਼ਾਹੀ ਚਾਰ ਨਾਲ ਵਡਿਆਈਆ । ਤੇਰਾ ਲੇਖਾ ਦੱਸੇ ਅਗੰਮ ਅਪਾਰ, ਅਲਖ ਅਗੋਚਰ ਪਰਦਾ ਲਾਹੀਆ ।


੯੭੩ ੨੧

ਚਿੱਠੀ ਦਾ ਮਜ਼ਮੂਨ ਸਹਿਜ ਦਏ ਸਿਖਾਲ, ਔਖਾ ਰਾਹ ਨਾ ਕੋਇ ਜਣਾਈਆ । ਜਿਸ ਨੂੰ ਝੁਕਦੇ ਸ਼ਾਹ ਕੰਗਾਲ, ਓਹ ਸਹਿਜ ਹੋਵੇ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਰਾਵੀ ਕਹੇ ਕੀ ਗੋਬਿੰਦ ਸ਼ਬਦ ਗੁਰੂ ਕਿ ਅਰਜਨ ਧਾਰ, ਕੀ ਰਾਮ ਕ੍ਰਿਸ਼ਨ ਈਸਾ ਮੁਹੰਮਦ ਮੂਸਾ ਕੀ ਵਡਿਆਈਆ । ਖੇਲ ਦੱਸ ਕਰ ਪਿਆਰ, ਅਪਰੰਪਰ ਦੇਣਾ ਜਣਾਈਆ । ਮੈਨੂੰ ਵਹਿੰਦੀ ਨੂੰ ਬੀਤ ਗਏ ਜੁਗ ਕੋਟਨ ਕਈ ਹਜ਼ਾਰ, ਮੇਰੀ ਆਸਾ ਪੂਰ ਨਾ ਕੋਇ ਕਰਾਈਆ । ਆ ਆ ਚਲੇ ਗਏ ਮਾਤ ਤਤ ਅਵਤਾਰ, ਪੈਗ਼ੰਬਰ ਗੁਰੂ ਫੇਰੀਆਂ ਪਾਈਆ । ਫਿਰਦੇ ਗਏ ਤਟ ਕਿਨਾਰ, ਕੰਢਿਆਂ ਉਤੇ ਡੇਰਾ ਲਾਈਆ । ਮੇਰਾ ਅਸਲ ਕਿਸੇ ਨਾ ਕੀਤਾ ਇਜ਼ਹਾਰ, ਸਿਫ਼ਤਾਂ ਵਿਚ ਨਾ ਕੋਇ ਸਾਲਾਹੀਆ । ਸਨਮੁਖ ਹੋ ਕੇ ਕਰੀ ਨਾ ਕਿਸੇ ਗ਼ੁਫ਼ਤਾਰ, ਗ਼ੁਫ਼ਤ ਸ਼ਨੀਦ ਨਾ ਢੋਲਾ ਗਾਈਆ । ਮੈਂ ਚਾਹੁੰਦੀ ਜ਼ਰੂਰ ਜਿਸ ਵੇਲੇ ਆਏ ਕਲ ਕਲਕੀ ਅਵਤਾਰ, ਅਮਾਮ ਅਮਾਮਾ ਹੋਏ ਸਿਕਦਾਰ, ਸੰਦੇਸ਼ਾ ਦੇਵੇ ਆਪਣੀ ਧਾਰ, ਵਾਰਤਾ ਪਿਛਲੀ ਦਏ ਸਮਝਾਈਆ । ਸੋ ਵਕਤ ਸੁਹੰਜਣਾ ਸੋਲਾਂ ਫੱਗਣ ਸਾਢੇ ਤਿੰਨ ਮੇਰਾ ਸੋਹੇ ਕਿਨਾਰ, ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣ ਸਰਬ ਸੰਸਾਰ, ਸ੍ਰਿਸ਼ਟੀ ਦੀ ਦ੍ਰਿਸ਼ਟੀ ਆਪਣੇ ਹੱਥ ਰਖਾਈਆ ।



## ✻ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਹਿ ਪਿੰਡ ਅੰਤੋਰ ✻

੬੭੪ ੨੧

ਨਾਰਦ ਕਿਹਾ ਗੰਗਾ ਚਿੱਠੀ ਦਾ ਪਾਸਾ ਪਰਤ, ਪਰਤ ਕੇ ਵੇਖ ਵਖਾਈਆ । ਲੇਖਾ ਲਿਖਿਆ ਪੁਰਖ ਅਬਿਨਾਸ਼ੀ ਔਣਾ ਉਪਰ ਧਰਤ, ਧਰਨੀ ਧਰਤ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਸ਼ਰਤ, ਸ਼ਰਅ ਦਏ ਬਦਲਾਈਆ । ਸਭ ਦੀ ਆਸਾ ਪੂਰੀ ਕਰੇ ਮੰਨੇ ਅਰਜ਼, ਆਰਜ਼ੂ ਵੇਖ ਵਖਾਈਆ । ਸੱਪਤ ਰਿਖੀਆਂ ਜਿਹੜੀ ਗ਼ਰਜ਼, ਗਰਜ਼ੇ ਕਿ ਸਾਰੀ ਪੂਰ ਕਰਾਈਆ । ਚਾਰ ਜੁਗ ਦੀ ਫੋਲ ਕੇ ਫ਼ਰਦ, ਲੇਖੇ ਹੱਕ ਦਏ ਦ੍ਰਿੜਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਹਰ ਤਨ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਪੜ੍ਹੀਆਂ ਤਿੰਨ ਤਿੰਨ ਕਤਾਰਾਂ, ਸਤਰਾਂ ਵੇਖ ਵਖਾਈਆ । ਮੈਂ ਘੋਲੀ ਤੈਥੋਂ ਵਾਰਾਂ, ਆਪਾ ਭੇਟ ਕਰਾਈਆ । ਜਮਨਾ ਵੇਖ ਕੇ ਪੈ ਗਈ ਵਿਚ ਵਿਚਾਰਾਂ, ਆਪ ਆਪਣੇ ਵਿਚ ਡੁਬਾਈਆ । ਸੁਰਸਤੀ ਬਣ ਵਿਚੋਂ ਹੁਸ਼ਿਆਰਾ, ਚਲਾਕੀ ਨਾਲ ਸਮਝਾਈਆ । ਨੀ ਗੋਦਾਵਰੀ ਆਹ ਵੇਖ ਖੇਲ ਨਿਆਰਾ, ਤੈਨੂੰ ਦਿਆਂ ਸਮਝਾਈਆ । ਚਿੱਠੀ ਵਿਚ ਲੇਖਾ ਪ੍ਰਭੂ ਆਦਿ ਅੰਤ ਦਾ ਕਵਾਰਾ, ਸੁਹਾਗ ਆਪਣਾ ਨਾ ਕੋਇ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੈਗ਼ੰਬਰਾਂ ਨੂੰ ਦੇਂਦਾ ਗਿਆ ਲਾਰਾ, ਜੁਗ ਚੌਕੜੀ ਹੁਕਮ ਸੁਣਾਈਆ । ਅਰਜਨ ਨੇ ਕੱਢਿਆ ਹਾੜਾ, ਮਿੰਨਤਾਂ ਵਿਚ ਦੁਹਾਈਆ । ਪੁਰਖ ਅਕਾਲ ਇਕ ਵਾਰ ਆ ਵਿਚ ਸੰਸਾਰਾ, ਆਪਣਾ ਫੇਰਾ ਪਾਈਆ । ਬਣ ਧੁਰ ਦਾ ਲਾੜਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਨੀ ਓਹ ਔਣਾ ਆਪਣੀ ਧਾਰਾ, ਨਰ ਨਿਰੰਕਾਰਾ ਵੇਸ ਵਟਾਈਆ । ਚਿੱਠੀ ਉਤੇ ਲੇਖ ਲਿਖਿਆ ਉਹਨੂੰ ਕਹਿਣਾ ਕਲ ਕਲਕੀ ਅਵਤਾਰਾ, ਕਲ ਕਲੇਸ਼ ਦਏ ਗਵਾਈਆ । ਸਾਂਝਾ ਬਣੇ ਮੀਤ ਪਿਆਰਾ, ਮਿਤ੍ਰ ਪਿਆਰਾ ਇਕ ਅਖਵਾਈਆ । ਸੁਹਾਏ

ਇਕ ਦਵਾਰਾ, ਦਰਬਾਰਾ ਇਕ ਵਡਿਆਈਆ । ਉਹਨੂੰ ਵੇਖਣਾ ਅਸੀਂ ਸਾਰੀਆਂ ਰਾਵੀ ਕਿਨਾਰਾ, ਕੰਢਾ ਇਕੋ ਇਕ ਸੋਭਾ ਪਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਪੜ੍ਹਦੀ ਪੜ੍ਹਦੀ ਹੋ ਗਈ ਚੁਪ, ਉਂਗਲੀ ਮੁਖ ਵਿਚ
ਰਖਾਈਆ । ਜਮਨਾ ਪਈ ਉਠ, ਇਸ਼ਾਰਾ ਸੁਰਸਤੀ ਵਲ ਕਰਾਈਆ । ਗੋਦਾਵਰੀ ਦਾ ਫੜ ਕੇ ਗੁੱਟ, ਹਲੂਣਾ ਦਿਤਾ ਲਗਾਈਆ । ਤਿੰਨੇ ਗੰਗਾਂ
ਨੂੰ ਰਹੀਆਂ ਪੁਛ, ਕੀ ਸੋਚਾਂ ਵਿਚ ਆਪਣਾ ਆਪ ਡੁਬਾਈਆ । ਗੰਗਾ ਕਹੇ ਮੈਂ ਹੈਰਾਨ ਹੋ ਗਈ ਜਿਸ ਦਾ ਇਕੋ ਗੋਬਿੰਦ ਸੂਰਾ ਪੁੱਤ, ਸ਼ਬਦੀ
ਸ਼ਬਦ ਰੂਪ ਵਟਾਈਆ । ਉਹ ਵਸ ਕੇ ਸਾਢੇ ਤਿੰਨ ਹੱਥ ਕਾਇਆ ਬੁਤ, ਸੰਬਲ ਬੈਠਾ ਸੋਭਾ ਪਾਈਆ । ਜੋਤ ਜਗਾਏ ਅਬਿਨਾਸ਼ੀ ਅਚੁਤ, ਨਿਰਗੁਣ
ਨੂਰ ਡਗਮਗਾਈਆ । ਮੈਨੂੰ ਐਂ ਦਿਸਦਾ ਸਭ ਦਾ ਪੈਂਡਾ ਰਿਹਾ ਮੁਕ, ਅੱਗੇ ਹੁਕਮ ਨਾ ਕੋਇ ਚਲਾਈਆ । ਸਭ ਦਾ ਪਾਠ ਹੋਣਾ ਇਕੋ ਤੁਕ,
ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਉਨੇ ਚਿਰ
ਨੂੰ ਨਾਰਦ ਆ ਗਿਆ ਫੇਰਦਾ ਹੱਥ ਬੋਦੀ, ਹੱਸ ਹੱਸ ਰਿਹਾ ਸੁਣਾਈਆ । ਨੀ ਮੈਂ ਹੋਰ ਤੱਕਿਆ ਗੋਬਿੰਦ ਇਕੋ ਸੋਹੇ ਪ੍ਰਭ ਦੀ ਗੋਦੀ, ਗੋਦਾਵਰੀ
ਤੈਨੂੰ ਲਾਰੇ ਦੇਣ ਵਾਲਾ ਨਜ਼ਰੀ ਆਈਆ । ਤੂੰ ਬਣੀ ਰਹੀ ਕਮਲੀ ਕੋਝੀ, ਚਰਨ ਛੋਹ ਸਾਰ ਨਾ ਪਾਈਆ । ਸੁਰਸਤੀ ਕਹੇ ਇਹਨੂੰ ਭੁਲੇਖਾ ਲੱਗਾ
ਕਿ ਸ਼ਾਇਦ ਇਹ ਕੋਈ ਜੋਗੀ, ਜੋਗੀਆਂ ਵਾਲਾ ਵੇਸ ਵਟਾਈਆ । ਜਮਨਾ ਕਹੇ ਇਹਨੂੰ ਸ਼ੱਕ ਪੈ ਗਿਆ ਖਵਰੇ ਇਹ ਕੋਈ ਸੰਸਾਰੀ ਭੋਗੀ, ਵਾਸਨਾ
੬੭੫ ਵਿਚ ਭੱਜਾ ਵਾਹੋ ਦਾਹੀਆ । ਗੰਗਾ ਕਹੇ ਨਹੀਂ ਨੀ ਆਹ ਵੇਖ ਚਿੱਠੀ ਥੱਲੇ ਲਿਖਿਆ ਵੇਦੀਆਂ ਤੋਂ ਬਣ ਕੇ ਸੋਢੀ, ਆਪਣਾ ਰੂਪ ਵਟਾਈਆ । ੬੭੫
੨੧ ਗੁਰਮੁਖਾਂ ਚੁੱਕੀ ਫਿਰੇ ਮੋਢੀਂ, ਮੁਢਲਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ੨੧
ਖੁਲ੍ਹਾਈਆ । ਨਾਰਦ ਕਹੇ ਗੰਗਾ ਜ਼ਰਾ ਵੇਖ ਸੱਤਵੀਂ ਸਤਰ, ਸੋਲਾਂ ਅੱਖਰਾਂ ਵਾਲੀ ਨਜ਼ਰੀ ਆਈਆ । ਫੇਰ ਵੇਖ ਅਗਲਾ ਅੰਕ ਜਿਸ ਦਾ ਹਿੰਦਸਾ
ਸੱਤ ਦੋ ਬਹੱਤਰ, ਭਗਤਾਂ ਦਏ ਵਡਿਆਈਆ । ਫੇਰ ਵੇਖ ਬਿਨਾ ਲੇਖ ਤੋਂ ਪੱਤ੍ਰ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਫੇਰ ਤੱਕ, ਜਾਂ
ਗੰਗਾ ਤੱਕਣ ਲੱਗੀ ਅੱਖਾਂ ਵਿਚੋਂ ਵਹਿ ਗਿਆ ਅੱਥਰ, ਨੇਤਰ ਨੀਰ ਵਹਾਈਆ । ਨਾਰਦ ਨੇ ਹਲੂਣ ਕੇ ਕਿਹਾ ਰੋ ਨਾ ਔਹ ਵੇਖ ਗੋਬਿੰਦ ਸੁੱਤਾ
ਵਿਛਾ ਕੇ ਸੱਥਰ, ਸੋਹਣੀ ਸੇਜ ਬਣਾਈਆ । ਨੀ ਤੂੰ ਟੱਕਰਾਂ ਮਾਰਦੀ ਰਹੀ ਨਾਲ ਪੱਥਰ, ਭੱਜੀ ਵਾਹੋ ਦਾਹੀਆ । ਹੁਣ ਰਹਿਣ ਨਹੀਂ ਦੇਣਾ ਕਿਸੇ
ਦਾ ਮਕਰ, ਫ਼ਰੇਬਾਂ ਡੇਰਾ ਢਾਹੀਆ । ਦੁਨੀਆ ਦਾ ਉਲਟਾ ਕਰਨਾ ਚੱਕਰ, ਚੱਕਰਵਰਤੀ ਦੇਣੇ ਖਪਾਈਆ । ਕਿਸੇ ਬ੍ਰਾਹਮਣ ਨੂੰ ਵੇਖਣ ਨਹੀਂ
ਦੇਣਾ ਗ੍ਰਹਿ ਨਛੱਤਰ, ਕੁੰਡਲੀ ਰਾਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ ।
ਗੰਗਾ ਕਹੇ ਇਸ ਚਿੱਠੀ ਦਾ ਇਕ ਹੋਰ ਤੀਜਾ ਸਫ਼ਾ, ਜੋ ਸਫ਼ਾ ਪਿਛਲੀ ਰਿਹਾ ਉਠਾਈਆ । ਉਸ ਵਿਚੋਂ ਭਗਤਾਂ ਹੋਣਾ ਨਫ਼ਾ, ਘਾਟੇ ਵਿਚ ਲੋਕਾਈਆ ।
ਨਾਰਦ ਕਿਹਾ ਕੁਛ ਮੈਨੂੰ ਦੇ ਦੇ ਗੱਫ਼ਾ, ਜੇ ਤੇਰੇ ਵਿਚ ਵਡਿਆਈਆ । ਜਮਨਾ ਹੌਲੀ ਜੇਹੀ ਨਾਰਦ ਦੇ ਸਿਰ ਤੇ ਮਾਰਦੀ ਧੱਫਾ, ਹਾਸੇ ਵਿਚ ਸੁਣਾਈਆ ।
ਸੁਰਸਤੀ ਪਿਛੋਂ ਮਾਰ ਕੇ ਜੱਫਾ, ਮੂੰਹ ਦੇ ਭਾਰ ਸੁਟਾਈਆ । ਮੁਨੀ ਹੋਣ ਲੱਗਾ ਖ਼ਫ਼ਾ, ਤਿੰਨਾਂ ਨੇ ਤਾਲੀ ਦਿਤੀ ਵਜਾਈਆ । ਗੋਦਾਵਰੀ ਭੱਜ
ਕੇ ਆਈ, ਰਿਸ਼ੀ ਜੀ, ਕਿਹੜਾ ਜਾਪ ਜਪਾ, ਮੈਨੂੰ ਦੇ ਦ੍ਰਿੜਾਈਆ । ਫੇਰ ਗ਼ੁੱਸੇ ਵਿਚ ਹੋਰ ਤਪਾ, ਅੱਖ ਲਾਲ ਕਰਾਈਆ । ਚੌਹਾਂ ਮਿਲ

ਕੇ ਕਿਹਾ ਆਹ ਵੇਖ ਲੈ ਪੱਪਾ, ਜੋ ਪੂਰਨ ਬ੍ਰਹਮ ਨਜ਼ਰੀ ਆਈਆ । ਸਾਡਾ ਓਸ ਦੇ ਨਾਲ ਕੌਲ ਇਕਰਾਰ ਪੱਕਾ, ਜੋ ਲੇਖੇ ਸਭ ਦੇ ਵੇਖ ਵਖਾਈਆ । ਸਾਨੂੰ ਰਾਵੀ ਦਾ ਆ ਗਿਆ ਸੱਦਾ, ਜਾਣਾ ਚਾਈਂ ਚਾਈਂਆ । ਨਾਰਦ ਜੀ ਸਾਡੇ ਵਾਸਤੇ ਕੋਈ ਲਿਆਇਓ ਘੋੜਾ ਟੱਟੂ ਯੱਕਾ, ਯੱਕ ਹੁਕਮ ਸੁਣਾਈਆ । ਤੁਸੀਂ ਜਗਤ ਦੇ ਪ੍ਰੋਹਤ ਉਤੇ ਚੜ੍ਹਨ ਨੂੰ ਲੱਭ ਲਿਓ ਗਧਾ, ਦੋ ਜਹਾਨਾਂ ਵਿਚ ਰਲਣ ਕੋਇ ਨਾ ਪਾਈਆ । ਗਲੋਂ ਲਾਹ ਲਿਓ ਝੱਗਾ, ਜੰਞੂ ਲਓ ਲਟਕਾਈਆ । ਹੱਥ ਵਿਚ ਫੜ ਲਿਓ ਡੱਬਾ, ਰਾਹ ਜਾਂਦੇ ਜਾਣਾ ਖੜਕਾਈਆ । ਜੇ ਥੱਕ ਗਏ ਕਿਸੇ ਡਿੱਗ ਪਿਓ ਵਿਚ ਖੱਡਾ, ਡੂੰਘੀ ਡਲ ਡੇਰਾ ਲਾਈਆ । ਨਾਰਦ ਕਿਹਾ ਇਹਦੀ ਕੀ ਵਜਹ, ਮੈਨੂੰ ਦਿਓ ਸਮਝਾਈਆ । ਗੰਗਾ ਕਿਹਾ ਪੁਰਖ ਅਕਾਲ ਨੇ ਭੇਖ ਪਾਖੰਡ ਨੂੰ ਦੇਣੀ ਸਜ਼ਾ, ਧੋਖੇ ਵਾਲਾ ਰਹਿਣ ਕੋਇ ਨਾ ਪਾਈਆ । ਜਨ ਭਗਤ ਬਣਾਏ ਜੋ ਚਲਣ ਉਸ ਦੀ ਰਜ਼ਾ, ਰਜ਼ਾ ਆਪਣੀ ਵਿਚ ਚਲਾਈਆ । ਦੇਵੇ ਨਾਮ ਅੰਮ੍ਰਿਤ ਦਾ ਰਸਾ, ਰਸ ਇਕੋ ਇਕ ਚਖਾਈਆ । ਨਾਰਦ ਕਹੇ ਜੇ ਰਸ ਦੇਵੇ ਤੇ ਮੈਂ ਜ਼ੋਰ ਨਾਲ ਭੱਜਾਂ, ਤੁਹਾਡੇ ਨਾਲੋਂ ਪਹਿਲੋਂ ਪੰਧ ਮੁਕਾਈਆ । ਸੁਰਸਤੀ ਕਿਹਾ ਐਵੇਂ ਨਾ ਮਾਰ ਕੱਛਾਂ, ਬੋਦੀ ਨਾ ਹਿਲਾਈਆ । ਜੇ ਤੂੰ ਪਹਿਲੋਂ ਗਿਆ ਤੈਨੂੰ ਭਗਤਾਂ ਨੇ ਬੰਨ੍ਹ ਲੈਣਾ ਨਾਲ ਨੌਂ ਹੱਥ ਰੱਸਾ, ਫੇਰ ਸਕੇ ਨਾ ਕੋਇ ਛੁਡਾਈਆ । ਕੰਨਾਂ ਨੂੰ ਹੱਥ ਲਾ ਲਾ ਅੱਗੇ ਤੋਂ ਸਾਡੇ ਕੋਲ ਆਉਣ ਲੱਗਿਆਂ ਲਾਹੁਣਾ ਨਹੀਂ ਕਦੇ ਝੱਗਾ, ਖ਼ਾਲੀ ਧੋਤੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਚਿੱਠੀ ਵਿਚ ਲਿਖਿਆ ਕੋਈ ਵਿਚ ਆ ਨਾ ਜਾਏ ਓਪਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਮਨਾ ਕਹੇ ਨਾਰਦ ਤੂੰ ਕਿੱਥੋਂ ਆਇਆ ਸਿਰ ਕੱਢਿਆ ਵਾਂਗ ਗਿਰੀ ਖੋਪਰਾ, ਧੜ ਸਿਰ ਜੁਟ ਬਣਾਈਆ । ਨਾਰਦ ਮਖ਼ੌਲ ਵਿਚ ਕਹੇ ਮੈਂ ਪ੍ਰਭੂ ਦਾ ਨਾਲੇ ਪੁੱਤ ਤੇ ਨਾਲੇ ਪੋਤਰਾ, ਤੁਹਾਨੂੰ ਪਤਾ ਨਹੀਂ ਅਜੇ ਮਿਲੀ ਨਹੀਂ ਵਡਿਆਈਆ । ਗੰਗਾ ਧੱਕਾ ਮਾਰਿਆ ਜਾ ਕਿੱਥੇ ਬੰਨ੍ਹੀ ਫਿਰੇਂ ਲੰਗੋਟੜਾ, ਜੰਗਲਾਂ ਵਿਚ ਮੂੰਹ ਭਵਾਈਆ । ਹੱਥ ਵਿਚ ਡਿੰਗਾ ਟੇਡਾ ਫੜ ਲੈ ਸੋਟੜਾ, ਚਾਰੇ ਕੁੰਟਾਂ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹਿੰਦਾ ਨੀ ਵੱਡੀਓ ਚਲਾਕੋ, ਕੀ ਮੈਨੂੰ ਰਹੀਆਂ ਜਣਾਈਆ । ਆਪਣਾ ਆਪ ਸਾਂਭੋ, ਖੁਲ੍ਹੀ ਮੇਂਢੀ ਸੀਸ ਗੁੰਦਾਈਆ । ਅੱਗਾ ਪਿੱਛਾ ਆਪਣਾ ਨਾਪੋ, ਲੰਬਾਈ ਕੀ ਚੌੜਾਈਆ । ਕਰਵਟ ਵਿਚ ਕਰਵਟ ਆਪਣੀ ਸਾਧੋ, ਸਿਦਕ ਨਾਲ ਉਠਾਈਆ । ਕੀ ਲੇਖਾ ਦੱਸ ਕੇ ਗਿਆ ਤੁਹਾਨੂੰ ਕ੍ਰਿਸ਼ਨ ਬੰਸ ਯਾਦੋ, ਯਾਦਵ ਕੀ ਚਤੁਰਾਈਆ । ਕਿਉਂ ਪਾਣੀ ਪੀਂਦਾ ਰਿਹਾ ਵਿਚੋਂ ਢਾਬੋ, ਕ੍ਰਿਸ਼ਨ ਨੇ ਉਂਗਲੀ ਛੂਹ ਤੁਹਾਡੇ ਨਾਲ ਮੁਖ ਨਾ ਕਦੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਕਿਤੇ ਬਣ ਨਾ ਜਾਇਓ ਚਲਾਕ, ਆਪਣੀ ਆਪ ਕਰੋ ਵਡਿਆਈਆ । ਜ਼ਰਾ ਏਧਰ ਲਿਓ ਝਾਕ, ਤੁਹਾਨੂੰ ਦਿਆਂ ਵਖਾਈਆ । ਨਾਵੀਂ ਸਤਰ ਜਿਹੜੀ ਖ਼ਾਲੀ ਲਈ ਰਾਖ, ਉਸ ਨੂੰ ਵੇਖੋ ਨਿਗਾਹ ਟਿਕਾਈਆ । ਸਾਰੀਆਂ ਮੰਨਿਆਂ ਵਾਕ, ਬੈਠੀਆਂ ਨਿਗਾਹ ਉਠਾਈਆ । ਜਾਂ ਵੇਖਿਆ ਤਾਂ ਪ੍ਰਭੂ ਦੀ ਇਕੋ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਨੀ ਤੁਸਾਂ ਇਸ ਨੂੰ ਵੇਖਣਾ ਸਾਖਿਆਤ, ਛਮੀ ਨਮੀ ਆਪਣਾ ਰੂਪ ਬਦਲਾਈਆ । ਤੁਹਾਨੂੰ ਫੇਰ ਆਵੇ ਵਿਸ਼ਵਾਸ, ਜਿਸ ਵੇਲੇ ਵਿਸ਼ਵ ਦਾ ਭੇਵ ਖੁਲ੍ਹਾਈਆ । ਨਾਰਦ ਛੇਤੀ ਨਾਲ ਜਮਨਾ ਸੁਰਸਤੀ ਦੇ ਕੰਨ ਫੜ ਕੇ ਕਿਹਾ ਨੀ ਤੱਕੋਗੀਆਂ ਉਤੇ ਆਕਾਸ਼, ਆਪਣੀ ਅੱਖ ਉਠਾਈਆ ।

ਗੋਦਾਵਰੀ ਸੁਰਸਤੀ ਕਿੱਥੇ ਵੇਖੋਗੀਆਂ ਪ੍ਰਕਾਸ਼, ਮੈਨੂੰ ਦਿਓ ਜਣਾਈਆ । ਚਾਰੇ ਹੋ ਗਈਆਂ ਉਦਾਸ, ਹੈਰਾਨੀ ਅੰਦਰ ਆਈਆ । ਨਾਰਦ ਕਿਹਾ ਓਹ ਵੇਖੋ ਮਾਰ ਝਾਕ, ਰਾਵੀ ਕੰਢਾ ਸੋਭਾ ਪਾਈਆ । ਜਿਸ ਦੇ ਚਰਨ ਚੁੰਮੇ ਧਰਤੀ ਮਾਤ, ਜਿਸ ਨੂੰ ਨਿਉਂ ਨਿਉਂ ਸਾਰੇ ਸੀਸ ਨਿਵਾਈਆ । ਨਾਲ ਭਗਤਾਂ ਦੀ ਜਮਾਤ, ਸੋਹਣਾ ਰੰਗ ਰੰਗਾਈਆ । ਚਾਰੇ ਕਹਿਣ ਮੁਨੀ ਜੀ, ਰਿਸ਼ੀ ਜੀ, ਮਹਾਤਮਾ ਜੀ, ਪੰਡਤ ਜੀ, ਕੁਛ ਸ਼ਤਾਨੀ ਦਾ ਖਵਾਇਓ ਸਾਨੂੰ ਪ੍ਰਸ਼ਾਦ, ਤੇਰੀ ਸ਼ਤਾਨੀ ਵਿਚ ਨੁਰਾਨੀ ਨਜ਼ਰੀ ਆਈਆ । ਨਾਰਦ ਕਿਹਾ ਸੁਣੋ ਮੇਰੀ ਆਵਾਜ਼, ਮੈਂ ਖੋਲ੍ਹ ਦੇ ਦੱਸਾਂ ਰਾਜ਼, ਜਿਸ ਕੌਡੇ ਕੰਧਾਰੀ ਦੀ ਨਾਨਕ ਰੱਖੀ ਲਾਜ, ਓਹ ਰਸ ਲਿਆਵੇ ਚੁੱਕ ਕਮਾਦ, ਮੁਖ ਸਭ ਦਾ ਮਿੱਠਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਦੇਵਣਹਾਰ ਵਡਿਆਈਆ । ਨਾਰਦ ਕਹੇ ਨੀ ਛੋਕਰੀਓ, ਸ਼ਕ ਵਿਚ ਨਾ ਕੋਇ ਵਡਿਆਈਆ । ਪ੍ਰਭੂ ਦੀਓ ਪੋਤਰੀਓ, ਕੀ ਬ੍ਰਹਮਾ ਤੁਹਾਡਾ ਪਿਤਾ ਮਾਈਆ । ਜਗ ਵਿਚ ਸੋਤੜੀਓ, ਕੀ ਵਿਸ਼ਨੂੰ ਤੁਹਾਡੀ ਅੱਖ ਖੁਲ੍ਹਾਈਆ । ਨੈਣਾਂ ਵਿਚ ਰੋਤੜੀਓ, ਸ਼ੰਕਰ ਤਰਸੂਲ ਨਾਲ ਡਰਾਈਆ । ਕਿਹੜੀ ਬੰਦ ਹੋਈਓ ਕੋਠੜੀਓ, ਕਿਸ ਗ੍ਰਿਹਿ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਪੜ੍ਹਦੀ ਪੜ੍ਹਦੀ ਨੇ ਵੇਖਿਆ ਇਕ ਹੋਰ ਚੌਥਾ ਅੰਕ, ਚਾਰ ਜੁਗ ਦਾ ਲੇਖ ਸਮਝਾਈਆ । ਰਾਵੀ ਕੰਢੇ ਕੁਛ ਆਸਾ ਰੱਖ ਕੇ ਗਿਆ ਜਨਕ, ਜਿਸ ਦੀ ਸੀਤਾ ਸਪੁੱਤਰੀ ਰਾਮ ਨਾਲ ਪ੍ਰਨਾਈਆ । ਜਿਸ ਲੱਕੜੀ ਦਾ ਬਣਿਆ ਸੀ ਧਨੁਸ਼, ਓਹ ਲੱਕੜੀ ਏਸੇ ਰਾਵੀ ਦੇ ਕੰਢੇ ਤੋਂ ਗਈ ਆਪਣਾ ਪੰਧ ਮੁਕਾਈਆ । ਜਿਹੜੀ ਯਾਦਵ ਸੀ ਬੰਸੀ, ਯਦੂ ਬੰਸ ਦਾ ਪਹਿਲਾਂ ਜਿਸ ਦਾ ਨਾਮ ਨੀਦੂ, ਉਹਦੀ ਮਾਤਾ ਇਸ ਰਾਵੀ ਕੰਢੇ ਦੇ ਰਹਿਣ ਵਾਲੀ ਨਜ਼ਰੀ ਆਈਆ । ਨੌ ਪਹਿਰ ਤਪਸਿਆ ਕੀਤੀ ਸੀ ਤਟ ਕਿਨਾਰੇ ਭਰਿੰਗੂ, ਬਿਨਾ ਸਵਾਸ ਤੋਂ ਧਿਆਨ ਲਗਾਈਆ । ਤਿੰਨ ਵਾਰ ਸ਼ੰਕਰ ਨੇ ਰਾਵੀ ਵਿਚ ਧੋਤਾ ਸੀ ਆਪਣਾ ਲਿੰਗੂ, ਨਪੜਦ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸੁਰਸਤੀ ਕਹੇ ਮੁਨੀ ਜੀ ਤੁਸੀਂ ਮੁਨੀਸ਼ਰ ਕਿ ਮੁਸ਼ਟੰਡੇ, ਮੈਨੂੰ ਦਿਓ ਜਣਾਈਆ । ਨਾਰਦ ਖਲੋ ਕੇ ਇਕ ਟੰਗੇ, ਕੰਨ ਹੱਥਾਂ ਉਤੇ ਰਖਾਈਆ । ਅੱਖਾਂ ਮੀਟ ਕੇ ਕਹੇ ਵੇਖੋ ਮੈਂ ਚੜ੍ਹ ਗਿਆ ਉਪਰਲੇ ਡੰਡੇ, ਜਿਥੇ ਪ੍ਰਭੂ ਡੇਰਾ ਲਾਈਆ । ਜਮਨਾ ਨੇ ਹਸਦੀ ਹਸਦੀ ਨੇ ਓਹਦੀਆਂ ਨਾਸਾਂ ਵਿਚ ਨਿੱਕੇ ਨਿੱਕੇ ਦੇ ਦਿਤੇ ਗੰਢੇ, ਜ਼ੋਰ ਨਾਲ ਦਬਾਈਆ । ਸਾਹ ਬੰਦ ਹੋਇਆ ਤੇ ਜ਼ੋਰ ਨਾਲ ਖੰਘੇ, ਤੇ ਬਾਹਰ ਦਿਤੇ ਕਢਾਈਆ । ਗ਼ੁੱਸੇ ਵਿਚ ਕਿਹਾ ਤੁਸੀਂ ਕੰਮ ਨਹੀਂ ਕੀਤੇ ਚੰਗੇ, ਹਾਸੀ ਮੇਰੇ ਨਾਲ ਉਡਾਈਆ । ਓਨੇ ਚਿਰ ਨੂੰ ਸ੍ਰੀ ਭਗਵਾਨ ਆ ਗਿਆ ਪਾ ਕੇ ਕੱਪੜੇ ਗੰਦੇ, ਗ਼ਰੀਬਾਂ ਵਾਲਾ ਵੇਸ ਵਟਾਈਆ । ਹੱਥ ਵਿਚ ਫੜੇ ਹੋਏ ਸੁੱਕੇ ਮੰਡੇ, ਮੁਖੋਂ ਕਹੇ ਕੋਈ ਭਿਛਿਆ ਦਿਓ ਪਾਈਆ । ਨਾਰਦ ਨੇ ਓਹੋ ਫੜ ਕੇ ਗੰਢੇ, ਝੋਲੀ ਦਿਤੇ ਟਿਕਾਈਆ । ਸ੍ਰੀ ਭਗਵਾਨ ਨੇ ਝੋਲੀ ਚੋਂ ਕੱਢ ਕੇ ਗੋਦਾਵਰੀ ਗੰਗਾ ਨੂੰ ਵੰਡੇ, ਆਹ ਫੜ ਕੇ ਲਓ ਖਾਈਆ । ਓਨ੍ਹਾਂ ਦੰਦ ਪੀਹ ਕੇ ਆਪਣੇ ਦੰਦ ਭੰਨੇ, ਇਹ ਬੁੱਢਾ ਕੀ ਕਰੇ ਸ਼ੁਦਾਈਆ । ਇਨ੍ਹਾਂ ਵਿਚ ਕੀ ਅਨੰਦੇ, ਜਿਹੜਾ ਸਾਨੂੰ ਰਿਹਾ ਚਖਾਈਆ । ਜਾਹ ਉਨ੍ਹਾਂ ਨੂੰ ਦੇ ਜਿਹੜੇ ਤੇਰੇ ਵਰਗੇ ਭੁੱਖੇ ਨੰਗੇ, ਅਸੀਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਨੂੰ ਤੇ ਲੋਕ ਕਹਿੰਦੇ ਇਹ ਸਾਡੀਆਂ ਮਾਈਆ । ਪੁਰਖ ਅਕਾਲ ਇਕ ਦਮ ਆਪਣਾ ਰੂਪ ਬਣਾਇਆ ਸੂਰੇ ਸਰਬੰਗੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਲ ਧਰਾਈਆ । ਯਾਦ ਰੱਖਿਓ ਇਹੋ ਗੰਢੇ

ਤੇ ਇਹੋ ਸੁੱਕੇ ਮੰਡੇ, ਜਿਸ ਵੇਲੇ ਆਵਾਂ ਵਿਚ ਬ੍ਰਹਿਮੰਡੇ, ਭਾਗ ਲਗਾਵਾਂ ਅਰਜਨ ਦੀ ਧਾਰ ਤੇ ਰਾਵੀ ਕੰਢੇ, ਤੁਹਾਨੂੰ ਭਜਾ ਕੇ ਲਿਆਵਾਂ ਨਾਲ ਸ਼ਬਦ ਡੰਡੇ, ਭੱਜੋ ਵਾਹੋ ਦਾਹੀਆ । ਓਥੇ ਮੇਰੇ ਭਗਤ ਹੋਣਗੇ ਸੰਗੇ, ਜਿਹੜੇ ਸਭ ਤੋਂ ਉਤਮ ਸ੍ਰੇਸ਼ਟ ਤੇ ਸਾਰਿਆਂ ਨਾਲੋਂ ਹੋਵਣਗੇ ਚੰਗੇ, ਤੁਸਾਂ ਦੰਦੀਆਂ ਪੀਸੀਆਂ ਓਹ ਖਾਵਣਗੇ ਨਾਲ ਦੰਦੇ, ਤੁਸਾਂ ਰੋ ਰੋ ਕੇ ਕਹਿਣਾ ਭੋਰਾ ਸਾਡੀ ਝੋਲੀ ਦਿਓ ਪਾਈਆ । ਮੈਂ ਕੱਖਾਂ ਦੀ ਸੇਜ ਉਤੇ ਲੇਟਾਂਗਾ ਰਾਵੀ ਕੰਢੇ, ਆਪਣਾ ਆਸਣ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਜਣਾਈਆ । ਚਾਰੇ ਹੈਰਾਨ ਹੋਈਆਂ ਕਿੱਥੋਂ ਆ ਗਿਆ ਅਛਲ ਅਛੱਲ, ਆਪਣਾ ਵੇਸ ਵਟਾਈਆ । ਪ੍ਰਗਟ ਹੋਇਆ ਕਿਹੜੇ ਪਲ, ਆਉਂਦਾ ਜਾਂਦਾ ਰਾਹ ਨਾ ਕੋਇ ਤਕਾਈਆ । ਪ੍ਰਭੂ ਫੇਰ ਵੜ ਗਿਆ ਕਾਇਆ ਵਾਲੀ ਝੱਲ, ਨੇਤਰ ਨੈਣ ਨਾ ਕੋਇ ਵਡਿਆਈਆ । ਫੇਰ ਖਲੋ ਕੇ ਵਿਚ ਜਲ, ਜਲ ਰਿਹਾ ਛੜਕਾਈਆ । ਫੇਰ ਹੌਲੀ ਹੌਲੀ ਪਿਆ ਚਲ, ਭੱਜੇ ਵਾਹੋ ਦਾਹੀਆ । ਫੇਰ ਆ ਕੇ ਉਪਰ ਥਲ, ਘੁਟਨੇ ਲਏ ਟਿਕਾਈਆ । ਫੇਰ ਸਾਰੀਆਂ ਨੂੰ ਕਿਹਾ ਧਿਆਨ ਰੱਖਿਓ ਜਿਸ ਵੇਲੇ ਮੈਂ ਆਪਣਾ ਸੁਆਲ ਕੀਤਾ ਹੱਲ, ਗੇੜਾ ਸਭ ਨੂੰ ਦਿਆਂ ਦਵਾਈਆ । ਤੁਹਾਨੂੰ ਜ਼ਰੂਰ ਆਉਣਾ ਪਏ ਚਲ, ਹੁਕਮੇ ਅੰਦਰ ਪੰਧ ਮੁਕਾਈਆ । ਸਾਰਾ ਲੇਖਾ ਕੁਛ ਅੱਜ ਕੁਝ ਸਮਝਾ ਦੇਣਾ ਕਲ੍ਹ, ਕਿਉਂਕਿ ਕਲ੍ਹ ਤੋਂ ਅਗਲੇ ਕਲ੍ਹ ਝੋਲੀਆਂ ਦੇਣੀਆਂ ਭਰਾਈਆ ।



## ❋ ੧੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਵੀ ਕੰਢੇ ❋

ਰਾਵੀ ਕਹੇ ਮੈਂ ਏਥੇ ਵਗੀ ਸਾਂ ਜੁਗ ਢਾਈ, ਆਪਣਾ ਰੁਖ਼ ਨਾ ਕਦੇ ਬਦਲਾਈਆ । ਬਣੀ ਸਾਂ ਪਾਂਧੀ ਰਾਹੀ, ਚਲੀ ਚਾਈਂ ਚਾਈਆ । ਰਾਜਾ ਬਲ ਏਥੇ ਰਹਿ ਕੇ ਗਿਆ ਸੀ ਦਿਨ ਬਾਈ, ਜਿਸ ਦੀ ਬਾਈਬਲ ਵਿਚ ਹਜ਼ਰਤ ਈਸਾ ਦਏ ਗਵਾਹੀਆ । ਸਪਤ ਰਿਖੀ ਨੌਂ ਦਿਨ ਏਥੇ ਬਣੇ ਰਹੇ ਸ਼ੁਦਾਈ, ਪ੍ਰਭ ਦਰਸ ਦੇ ਕੇ ਲੁਕਿਆ ਹੱਥ ਕਿਸੇ ਨਾ ਆਈਆ । ਰਾਮ ਦੇ ਜਿਸ ਪਹਿਲੀ ਵਾਰ ਨੌਂਹ ਲਾਹੇ ਸੀ ਨਾਈ, ਓਹਦਾ ਏਥੇ ਹੁੰਦਾ ਸੀ ਪਿਤਾ ਮਾਈ, ਭੂਮਿਕਾ ਜਨਮ ਵਾਲੀ ਸੁਹਾਈਆ । ਕ੍ਰਿਸ਼ਨ ਨੇ ਪਹਿਲਾਂ ਹੱਥ ਲਾਇਆ ਸੀ ਜਿਸ ਗਾਂਈ, ਓਹ ਵੀ ਏਥੋਂ ਦੀ ਜੰਮ ਜਾਈ, ਮਥਰਾ ਵਿਚ ਜਾ ਕੇ ਕ਼ੀਮਤ ਤਰਿਆਸੀ ਦੋਨੇ ਪਾਈਆ । ਜਿਸ ਨੇ ਪਹਿਲਾਂ ਗਾਂ ਜ਼ਿਬਹ ਕੀਤੀ ਓਹ ਇਥੋਂ ਢਾਈ ਮੀਲ ਤੇ ਰਹਿੰਦਾ ਸੀ ਕਸਾਈ, ਮੂਸਾ ਮੁਰੀਦ ਹੋ ਕੇ ਆਪਣੀ ਸੇਵ ਕਮਾਈਆ । ਜਿਹੜੀ ਈਸਾ ਦੇ ਗਲ ਵਿਚ ਪਾਈ ਫਾਹੀ, ਸਤਰੰਗ ਦਾ ਧਾਗਾ ਏਥੇ ਦੇ ਰਹਿਣ ਵਾਲਾ ਲਲਾਰੀ ਰੰਗਦਾ ਸੀ ਚਾਈਂ ਚਾਈਂ, ਜੋ ਤਿੰਨ ਪੀਹੜੀਆਂ ਪਹਿਲੋਂ ਉਜੜ ਕੇ ਯੋਰੋਸ਼ਲਮ ਡੇਰਾ ਲਾਈਆ । ਜਿਹੜੀ ਮੁਹੰਮਦ ਨੇ ਤਸਬੀ ਪਹਿਲੇ ਦਿਨ ਹੱਥ ਉਠਾਈ, ਓਹ ਵੀ ਏਧਰੋਂ ਗਿਆ ਸੀ ਪੰਜਾਬੀ ਕੋਈ ਰਾਹੀ, ਮਣਕਾ ਤਿੰਨ ਭੇਟ ਚੜ੍ਹਾਈਆ । ਜਿਹੜੀ ਮੱਝ ਨਾਨਕ ਸੀ ਚਰਾਈ, ਓਹ ਵੀ ਏਸੇ ਥਾਂ ਤੋਂ ਢਾਈ ਮਹੀਨੇ ਦੀ ਬੱਚੀ ਤੇ ਕ਼ੀਮਤ ਪਈ ਸੀ ਰੁਪਈਏ ਢਾਈ, ਨਾਨਕ ਦਾ ਦਰਸ਼ਨ ਪਾਈਆ । ਜਿਹੜੀ ਅੰਗਦ ਗੋਦੜੀ ਹੇਠ ਵਿਛਾਈ, ਉਹ ਓਥੋਂ ਦਾ ਇਕ ਸੀ ਭਰਾਈ, ਜਿਹੜਾ ਲੈ ਕੇ ਗਿਆ ਚਾਈਂ ਚਾਈਆ । ਜਿਹੜੀ ਅਮਰਦਾਸ ਦੀ ਤੇੜ ਬੰਨ੍ਹਣ ਵਾਲੀ ਹੁੰਦੀ ਸੀ ਘਾਈ, ਓਹ ਵੀ ਏਥੋਂ ਦਾ ਲੈ ਕੇ ਗਿਆ ਇਕ ਪੌਲੀ ਪਾਹੀ, ਜਿਹਨੂੰ ਜੁਲਾਹਾ ਕਹਿ ਕੇ ਜਗਤ ਗਾਈਆ । ਜਿਸ ਦਿਨ ਰਾਮਦਾਸ ਪਹਿਲੇ ਦਿਨ ਚਨੇ ਭੱਠੀ

ਵਿਚ ਲਏ ਭੁੰਨਾਈ, ਓਹ ਕੜਾਹੀ ਏਸੇ ਥਾਂ ਦੇ ਲੁਹਾਰ ਘੜਾਈਆ । ਜਿਸ ਖੋਂਚੇ ਨਾਲ ਤੱਤੀ ਰੇਤ ਸੀਸ ਵਿਚ ਪਾਈ, ਓਹ ਚੰਦੂ ਕੋਲ ਲੈ ਕੇ ਆਇਆ ਏਥੋਂ ਦਾ ਸੀ ਜਵਾਈ ਤੇ ਨਾਮ ਨਜੀਬੂ ਸੋਭਾ ਪਾਈਆ । ਜਿਹੜੀ ਹਰਿ ਗੋਬਿੰਦ ਲੜੀ ਲੜਾਈ, ਮੀਰੀ ਪੀਰੀ ਤਲਵਾਰ ਤਨ ਛੁਹਾਈ, ਉਹਨੂੰ ਸਿਕਲ ਕਰਨ ਵਾਲਾ ਏਥੋਂ ਦਾ ਬੁੱਢਾ ਬਾਂਹ ਦਾ ਟੁੰਡਾ ਆਪਣੀ ਕਾਰ ਕਮਾਈਆ । ਜਿਹੜੀ ਹਰਿਰਾਏ ਪਹਿਲੀ ਜੁੱਤੀ ਚਰਨ ਛੁਹਾਈ, ਓਹ ਏਥੋਂ ਸਤ ਸੀਵਾਂ ਦੂਰ ਪੰਜ ਮੀਲ ਲੰਬਾਈ, ਸੱਤ ਸੱਤ ਉਂਗਲਾਂ ਪੱਕੇ ਮੇਚੇ ਦੇ ਮੋਜੇ ਲੈ ਕੇ ਗਿਆ ਚਾਈਂ ਚਾਈਂਆ । ਜਿਸ ਵੇਲੇ ਬਾਲ ਅਵਸਥਾ ਹਰਿ ਕ੍ਰਿਸ਼ਨ ਦੇਹ ਤਜਾਈ, ਉਹਦੀ ਨਿਗਾਹ ਏਸੇ ਕੰਢੇ ਆਈ, ਮੇਰੇ ਵਾਸਤੇ ਇਹ ਕੁਝ ਲਿਆਂਦਾ ਨਹੀਂ ਚਾਈਂ ਚਾਈਂ, ਧਿਆਨ ਧਿਆਨ ਵਿਚੋਂ ਪ੍ਰਗਟਾਈਆ । ਜਿਸ ਨੇ ਦਿੱਲੀ ਚਾਂਦਨੀ ਚੌਕ ਥੱਲਿਉਂ ਧਰਤੀ ਸਾਫ਼ ਕਰਾਈ, ਓਹ ਏਥੋਂ ਦਾ ਸੀ ਗ਼ਰੀਬ ਜਿਸ ਦੀ ਨਾ ਕੋਈ ਭੈਣ ਨਾ ਕੋਈ ਭਾਈ, ਨੇਤਰ ਰੋ ਕੇ ਧਾਹ ਮਾਰ ਕੇ ਵਾਸਤਾ ਖ਼ੁਦਾ ਦੇ ਅੱਗੇ ਪਾਈਆ । ਜਿਨ੍ਹਾਂ ਗੋਬਿੰਦ ਦੀ ਡੋਲੀ ਸੀ ਉਠਾਈ, ਉਨ੍ਹਾਂ ਦੇ ਪਿਓ ਦੀ ਨਾਨੀ ਏਥੋਂ ਦੀ ਸੀ ਮਾਈ, ਪੇਕਾ ਪਿਛਲਾ ਸੋਭਾ ਪਾਈਆ । ਜਿਸ ਵੇਲੇ ਗੋਬਿੰਦ ਮਾਛੂਵਾੜੇ ਸੱਥਰ ਸੇਜ ਵਛਾਈ, ਨਿਗਾਹ ਚਾਰੋਂ ਕੁੰਟ ਉਠਾਈ, ਦੋ ਜਹਾਨਾਂ ਫਿਰਿਆ ਚਾਈਂ ਚਾਈਂ, ਰਾਵੀ ਕਹਿ ਕੇ ਰਹੀ ਸੁਣਾਈ, ਕਿਉਂ ਬਿਆਸ ਤੋਂ ਪਾਰ ਬੈਠਾ ਮੇਰਾ ਮਾਹੀ, ਨੇਤਰ ਦਰਸ ਕੋਇ ਨਾ ਪਾਈਆ । ਗੋਬਿੰਦ ਕਿਹਾ ਮੈਂ ਤੱਕਾਂ ਓਸ ਸ਼ਹਿਨਸ਼ਾਹੀ, ਜਿਹੜਾ ਤੇਰਾ ਮੇਰਾ ਮੇਲਾ ਲਏ ਮਿਲਾਈਆ । ਪਿਛਲਿਆਂ ਜੁਗਾਂ ਦੀ ਕੱਟੇ ਜੁਦਾਈ, ਵਿਛੋੜਾ ਰਹਿਣ ਕੋਇ ਨਾ ਪਾਈਆ । ਰਾਵੀ ਰੋ ਪਈ ਚਰਨੀਂ ਢਹਿ ਪਈ ਦੁਹੱਥੜ ਮਾਰ ਕੇ ਕਹੇ ਮੇਰੀ ਕੀਤੀ ਭੁੱਲ ਬਖ਼ਸ਼ਾਈਂ, ਤੇਰੇ ਹੱਥ ਵਡਿਆਈਆ । ਕਿਉਂ ਗੁਰ ਅਰਜਨ ਆਪਾ ਆਪ ਮੇਰੇ ਵਿਚ ਟਿਕਾਈ, ਮੈਂ ਨਿਭਾਗਣ ਜਿਸ ਨੇ ਉਹਦੀ ਤਪਦੀ ਖੱਲ ਠੰਡੇ ਪਾਣੀ ਨਾਲ ਬੁਝਾਈ, ਛਾਲੇ ਛਾਲੇ ਨਜ਼ਰੀ ਆਈਆ । ਉਸ ਨੇ ਓਸ ਵੇਲੇ ਇਕ ਤੁੱਕ ਗਾਈ, ਮੈਨੂੰ ਹੌਲੀ ਜਿਹੀ ਸੁਣਾਈ, ਜਿਸ ਵੇਲੇ ਆਵੇ ਸਾਹਿਬ ਗੁਸਾਈਂ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਰਾਵੀ ਕਹੇ ਮੈਂ ਇਕ ਦਿਨ ਬੜੀ ਰੋਈ, ਹਾਏ ਹਾਏ ਕਰ ਸੁਣਾਈਆ । ਪੈਗ਼ੰਬਰਾਂ ਦੀ ਦਿਤੀ ਦਰੋਹੀ, ਅਵਤਾਰਾਂ ਨਾਮ ਧਿਆਈਆ । ਮੈਂ ਕੂਕ ਕੇ ਕਿਹਾ ਆਣ ਮਿਲਾਵੇ ਕੋਈ, ਵਿਛੜਿਆਂ ਜੋੜ ਜੁੜਾਈਆ । ਜਿਧਰ ਤੱਕਾਂ ਸਭ ਦੀ ਸੁਰਤੀ ਖੋਈ, ਅੱਖ ਨਾ ਕੋਇ ਖੁਲ੍ਹਾਈਆ । ਮਿਲੀ ਕਿਤੇ ਨਾ ਢੋਈ, ਸੋਭਾ ਦਰ ਕੋਇ ਨਾ ਪਾਈਆ । ਮੈਂ ਕਿਹਾ ਹੁਣ ਮੈਂ ਮੋਈ, ਕਿਧਰੇ ਜਾਵਾਂ ਕਿਧਰੇ ਨੱਸਾਂ, ਟਿਕਾਣਾ ਨਜ਼ਰ ਕੋਇ ਨਾ ਆਈਆ । ਫੇਰ ਮੈਨੂੰ ਐਂ ਦਿਸਦਾ ਜਿਵੇਂ ਕਬੀਰ ਨਾਲ ਹੋਵੇ ਲੋਈ, ਮਾਲਾ ਪ੍ਰੇਮ ਵਾਲੀ ਹੋਵੇ ਪ੍ਰੋਈ, ਸੁਰਤ ਨਿਰਤ ਹੋਵੇ ਯਕਸੋਈ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਮੈਂ ਸਹਿਮੀ ਕਬੀਰ ਪੁਛਿਆ ਕੀ ਤੇਰੀ ਵਸਤ ਖੋਈ, ਮੈਨੂੰ ਦੇ ਦ੍ਰਿੜਾਈਆ । ਮੈਂ ਕਿਹਾ ਮੈਨੂੰ ਪ੍ਰਭ ਨਹੀਂ ਮਿਲਿਆ ਏਸੇ ਕਰ ਕੇ ਹੋਈ ਅਧਮੋਈ, ਕਮਰ ਟੁੱਟੀ ਹਾਏ, ਚਲਣ ਦੀ ਹਿੰਮਤ ਰਹੀ ਨਾ ਰਾਈਆ । ਕਬੀਰ ਕਿਹਾ ਜਿਹੜੀ ਗੱਲ ਤੈਥੋਂ ਸਭ ਨੇ ਲਕੋਈ, ਮੈਂ ਤੈਨੂੰ ਸਭ ਦਿਆਂ ਜਣਾਈਆ । ਉਠ ਹੱਥ ਪੈਰ ਇਕੱਠੇ ਕਰ ਕੇ ਮੇਰੇ ਸਾਹਿਬ ਅੱਗੇ ਕਰ ਅਰਜੋਈ, ਅਰਜ਼ ਦੇ ਜਣਾਈਆ । ਅੱਜ ਤੋਂ ਪ੍ਰਭੂ ਮੈਂ ਤੇਰੀ ਹੋਈ, ਨਾਤੇ ਸਾਰੇ ਦਿਤੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਬੀਰ ਅਜੇ ਰਿਹਾ ਦੱਸ, ਰਾਵੀ ਨੂੰ ਰਿਹਾ ਸਮਝਾਈਆ । ਓਧਰੋਂ ਨਾਰਦ ਆ ਗਿਆ ਝਟ, ਤਾਲੀ ਪੁੱਠੀ ਸਿੱਧੀ


੯੭੯ ੨੧

ਵਜਾਈਆ । ਜੁਲਾਹਿਆ ਪਿਛੇ ਹਟ, ਭਗਤ ਬਣ ਕੇ ਪ੍ਰਭ ਨੂੰ ਐਵੇਂ ਰਿਹਾ ਵਡਿਆਈਆ । ਚਲ ਤੈਨੂੰ ਵਖਾਵਾਂ ਦੁਰਗਾ ਜਵਾਲਾ ਜਿਸ ਦੀ ਜੋਤ ਜਗੇ ਲਟ ਲਟ, ਪਹਾੜਾਂ ਵਿਚੋਂ ਨਜ਼ਰੀ ਆਈਆ । ਐਵੇਂ ਕਹਿੰਦਾ ਏਂ ਉਹ ਵਸੇ ਘਟ ਘਟ, ਜੇ ਘਟ ਘਟ ਵਿਚ ਵਸਦਾ ਏ ਤੇ ਮੇਰੀ ਬੋਦੀ ਦੇਵੇ ਉਖੜਾਈਆ । ਛੇਤੀ ਨਾਲ ਮਾਰ ਕੇ ਢਾਈ ਟੱਪ, ਵਿਚ ਆਸਣ ਬੈਠਾ ਲਾਈਆ । ਭਾਰ ਗੋਡਿਆਂ ਉਤੇ ਰੱਖ, ਹੱਥ ਛਾਤੀ ਉਤੇ ਅਟਕਾਈਆ । ਓਏ ਜੁਲਾਹਿਆ, ਜ਼ਰਾ ਵੇਖ ਓਹ ਪੁਰਖ ਅਕਾਲ ਦੀਨ ਦਿਆਲ ਸਭ ਦਾ ਮਾਲਕ ਤੇ ਸਭ ਦਾ ਕੰਤ ਤੇ ਸਤਿ ਸਰੂਪ ਜੱਟ, ਜਾਗਰਤ ਜੋਤ ਡਗਮਗਾਈਆ । ਝਟ ਆਪਣਾ ਮਰੋੜ ਕੇ ਨੱਕ, ਵਿੰਗਾ ਲਿਆ ਬਣਾਈਆ । ਜੇ ਤੇਰੇ ਤੇ ਤੇਰੇ ਪ੍ਰਭੂ ਦਾ ਹੈ ਵੱਸ, ਇਹਨੂੰ ਸਿੱਧਾ ਦੇ ਕਰਾਈਆ । ਮਖ਼ੌਲ ਨਾਲ ਹੀਂ ਹੀਂ ਕਰ ਕੇ ਪਿਆ ਹੱਸ, ਜੇ ਮੇਰਾ ਹਾਸਾ ਨਹੀਂ ਚੰਗਾ ਲਗਦਾ, ਆਪਣੇ ਪ੍ਰਭੂ ਨੂੰ ਕਹਿ ਮੇਰੇ ਦੰਦ ਦੇ ਕਢਾਈਆ । ਫੇਰ ਇਕ ਦਮ ਹੱਥ ਮਾਰ ਕੇ ਉਤੇ ਪੱਟ, ਬਾਜੂ ਜ਼ੋਰ ਨਾਲ ਘੁੰਮਾਈਆ । ਅੱਖਾਂ ਪੁੱਠੀਆਂ ਕਰ ਕੇ ਕਿਹਾ ਮੈਨੂੰ ਉਹ ਦਿਸਦਾ ਰਾਵੀ ਦੇ ਤਟ, ਕਲਜੁਗ ਅੰਤਮ ਬੈਠਾ ਡੇਰਾ ਲਾਈਆ । ਜਿਸ ਨੇ ਸ਼ਰਅ ਦੀ ਰਹਿਣ ਨਹੀਂ ਦੇਣੀ ਕੋਈ ਵੱਟ, ਵਟ ਬੰਨੇ ਸਾਰੇ ਦੇਣੇ ਢਾਹੀਆ । ਜੁਲਾਹਿਆ, ਫੇਰ ਤੂੰ ਵੀ ਮੁੱਛ ਨਹੀਂ ਸਕਣੀ ਕੱਟ, ਅੱਲਾ ਹੂ ਦਾ ਨਾਅਰਾ ਕੋਇ ਨਾ ਲਾਈਆ । ਤੁਸੀਂ ਅੱਖਰਾਂ ਵਿਚ ਕਿਹਾ ਓਹ ਪੁਰਖ ਸਮਰਥ, ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਇਕ ਦਿਨ ਆਪਣੀ ਆਸਾ ਵਿਚ ਆਸ ਮੰਗੀ, ਸਚ ਧਿਆਨ ਲਗਾਈਆ । ਜੇ ਮੇਰਾ ਮਾਲਕ ਮੇਰੀ ਆ ਜਾਵੇ ਕੰਢੀ, ਆਪਣਾ ਡੇਰਾ ਲਾਈਆ । ਫੇਰ ਮੈਂ ਦੋ ਜਹਾਨਾਂ ਭੱਜਾਂ ਨੱਠਾਂ ਟੱਪਾਂ ਕੁੱਦਾਂ ਸਭ ਨੂੰ ਕਹਾਂ ਵੇ ਗੁਰ ਅਵਤਾਰ ਪੈਗ਼ੰਬਰੋ ਮੈਂ ਹੁਣ ਨਹੀਂ ਹੋਣਾ ਰੰਡੀ, ਰੰਡੇਪਾ ਰਿਹਾ ਨਾ ਰਾਈਆ । ਮੇਰੀ ਟੁੱਟੀ ਜਾਏ ਗੰਢੀ, ਨਾਤਾ ਲਏ ਮਿਲਾਈਆ । ਪਿਛਲੀ ਰਹੇ ਨਾ ਕੋਇ ਪਾਬੰਦੀ, ਹੋਏ ਆਪ ਸਹਾਈਆ । ਮੇਰੇ ਕੰਢੇ ਆ ਕੇ ਓਸ ਬਹਿਣਾ ਨਹੀਂ ਕਿਸੇ ਮੰਜੀ, ਮਜਲਸ ਭਗਤਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਆ ਕਿਹਾ ਓ ਰਾਵੀਏ, ਹੋ ਗਏ ਤਿੰਨ ਸਾਢੇ, ਰੱਬ ਸਾਡਾ ਕਿ ਤੁਹਾਡਾ ਮੈਨੂੰ ਦੇ ਸਮਝਾਈਆ । ਤੂੰ ਤੇ ਵੱਸ ਪੈ ਗਈ ਏ ਡਾਹਢੇ, ਐਵੇਂ ਡਰ ਡਰ ਕੇ ਆਪਣਾ ਝਟ ਲੰਘਾਈਆ । ਮੈਂ ਤੇ ਸਭ ਦੇ ਨਾਲ ਹੇਰਾ ਫੇਰੀ ਦੇ ਝੰਡੇ ਗਾਡੇ, ਗਾਡ ਨਾਲੋਂ ਪਹਿਲੋਂ ਗਾਈਡ ਬਣ ਕੇ ਸਭ ਨੂੰ ਦਿਆਂ ਜਣਾਈਆ । ਤੂੰ ਐਵੇਂ ਸਿਫ਼ਤ ਕਰਦੀ ਕਮਲੀਏ ਪ੍ਰਭ ਦੇ ਭਗਤ ਸਦਾ ਹੁੰਦੇ ਸਾਦੇ, ਮੇਰੇ ਵਾਂਗ ਮੁੱਛ ਦਾੜ੍ਹੀ ਸਾਫ਼ ਕਰ ਕੇ ਟਿੰਡ ਨਾ ਕੋਇ ਚਮਕਾਈਆ । ਸਾਡਾ ਖੇਲ ਚਲਿਆ ਆਇਆ ਪਿਛੋਂ ਪਿਓ ਦਾਦੇ, ਪ੍ਰੋਹਤੀ ਵਿਚ ਬੜ੍ਹੋਤੀ ਜਗਤ ਬਣਾਈਆ । ਮੇਰੀ ਗੱਲ ਸੁਣ ਆਪਾਂ ਦੋਵੇਂ ਸਾਂਝੇ ਕਰ ਲਈਏ ਇਰਾਦੇ, ਸਲਾਹ ਇਕੋ ਇਕ ਪਕਾਈਆ । ਤੂੰ ਜੋੜੀ ਵਜਾਵੀਂ ਤੇ ਮੈਂ ਵਜਾਵਾਂ ਵਾਜੇ, ਤੇਰਾ ਮੇਰਾ ਰੂਪ ਬਣ ਕੇ ਪ੍ਰਭ ਦਾ ਰੂਪ ਵਟਾਈਆ । ਅਸੀਂ ਦੋਵੇਂ ਹੋਈਏ ਵਡਭਾਗੇ, ਚਲੀਏ ਚਾਈਂ ਚਾਈਂਆ । ਤੂੰ ਪਿਛੇ ਤੇ ਮੈਂ ਆਗੇ, ਬੋਦੀ ਦੇ ਇਸ਼ਾਰੇ ਨਾਲ ਤੈਨੂੰ ਦਿਆਂ ਸਮਝਾਈਆ । ਜੇ ਇਕ ਵੇਰਾਂ ਮੇਰੇ ਕੰਠ ਲਾਗੇਂ, ਤੈਨੂੰ ਸਚਖੰਡ ਤੋਂ ਅਗਲੇ ਘਰ ਦਿਆਂ ਪੁਚਾਈਆ । ਤੂੰ ਬਣ ਕੇ ਮੇਰੀ ਲਾਡੋ ਤੇ ਮੈਂ ਲਡਾਵਾਂ ਤੈਨੂੰ ਲਾਡੇ, ਸੋਹਣੀ ਗੋਦ ਸੁਹਾਈਆ । ਓਧਰੋਂ ਸੁਰਸਤੀ ਆ ਗਈ ਇਹ ਕਿਧਰੋਂ ਆ ਗਿਆ ਮਗਾਉਂਣਾ ਦਾਦੇ, ਆਪਣਾ ਫੇਰਾ ਪਾਈਆ । ਨਾਰਦ ਨੇ ਓਸੇ ਵੇਲੇ ਓਸੇ ਪਾਸੇ ਲਹਿੰਦੇ ਵਲ ਮੂੰਹ


੬੮੦
੨੧

ਕੀਤਾ ਨੀ ਸੁਣ ਲਓ ਤੁਸੀਂ ਪ੍ਰਭ ਨੇ ਕੁਛ ਨਵਾਂ ਰੂਪ ਬਣਾਉਣਾ ਕਾਅਬੇ, ਕਾਅਬੇ ਵਾਲੇ ਉਠ ਕੇ ਤੁਹਾਡਾ ਮਾਣ ਦੇਣਾ ਗਵਾਈਆ । ਤੁਹਾਡੇ ਪੁੱਠੇ ਕਰਨੇ ਛਾਬੇ, ਵਸਤੂ ਦੇਣ ਡੁਲ੍ਹਾਈਆ । ਫੇਰ ਕਹੋਗੀਆਂ ਸਾਨੂੰ ਸਚ ਕਿਹਾ ਬੇਦੀ ਵਾਲੇ ਬਾਬੇ, ਨਾਲੇ ਰੋਵੋ ਨਾਲੇ ਮਾਰੋ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਨਾਰਦ ਕੋਈ ਚੰਗੀ ਸੁਣਾ ਸਾਖੀ, ਮੈਨੂੰ ਦੇ ਸਮਝਾਈਆ । ਨਾਰਦ ਕਹੇ ਨਾ ਕੋਈ ਮੇਰੀ ਤਾਈ ਨਾ ਕੋਈ ਮੇਰੀ ਚਾਚੀ, ਜੇ ਤੂੰ ਚੰਗੀ ਬਣਨਾ ਈਂ ਤੇ ਮੈਂ ਤੈਨੂੰ ਆਖ ਦੇਵਾਂ ਭਾਬੀ, ਭਾਬੋ ਕੁਛ ਮੈਨੂੰ ਦੇ ਖਵਾਈਆ । ਤੂੰ ਕਿੱਡੀ ਚੰਗੀ ਜੇ ਕ੍ਰਿਸ਼ਨ ਦੀ ਬਣ ਜਾਂਦੀ ਰਾਧੀ, ਮੰਦਰਾਂ ਵਿਚ ਬਹਿ ਕੇ ਆਪਣੀ ਖ਼ੁਸ਼ੀ ਮਨਾਈਆ । ਰਾਵੀ ਕਹੇ ਮੁਨੀ ਜੀ ਮੈਂ ਚੰਗੀ ਸਿੱਧੀ ਸਾਦੀ, ਜੋਬਨਹੀਣ ਅਖਵਾਈਆ । ਇਕੇ ਪ੍ਰਭ ਨੂੰ ਰਹੀ ਅਰਾਧੀ, ਅੰਤਰ ਅੰਤਰ ਧਿਆਨ ਲਗਾਈਆ । ਕਦੀ ਤੇ ਆਵੇਗਾ ਬਣ ਕੇ ਪਾਂਧੀ, ਤਟ ਮੇਰੇ ਫੇਰਾ ਪਾਈਆ । ਮੈਂ ਓਸੇ ਦਾ ਰਾਹ ਰਹਿਣਾ ਤਕਾਂਦੀ, ਭਾਵੇਂ ਕੋਟਨ ਕੋਟ ਜੁਗ ਬੀਤਣ ਕਿਸੇ ਵੱਲ ਨਾ ਅੱਖ ਉਠਾਈਆ । ਮੈਨੂੰ ਓਟ ਓਸੇ ਦੇ ਨਾਉਂ ਦੀ, ਜੋ ਨਾਉਂ ਨਿਰੰਕਾਰਾ ਇਕ ਜਣਾਈਆ । ਮੈਂ ਸਾਰੇ ਛੱਡੇ ਜਿਨ੍ਹਾਂ ਨੇ ਵੰਡ ਕੀਤੀ ਸੂਰ ਗਾਂ ਦੀ, ਚੋਪਾਇਆਂ ਉਤੇ ਆਪਣਾ ਧਰਮ ਗਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਨਾਰਦ ਕਹੇ ਰਾਵੀ ਸਾਢੇ ਤਿੰਨ ਵੱਜੇ, ਵੱਜ ਵੱਜ ਕੇ ਰਹੇ ਸੁਣਾਈਆ । ਰਾਵੀ ਉਠ ਕੇ ਪੈਰ ਦੱਬੇ, ਅੱਗੇ ਗਈ ਆਈਆ । ਦੱਸ ਪੁਰਖ ਅਬਿਨਾਸ਼ੀ ਕਿੱਥੇ ਲੱਭੇ, ਇਸ਼ਾਰਾ ਦੇ ਜਣਾਈਆ । ਨਾਰਦ ਕਿਹਾ ਆਹ ਵੇਖ ਮੈਂ ਪਾਇਆ ਆਪਣੇ ਏਸ ਡੱਬੇ, ਆਪਣੇ ਅੰਦਰ ਲਿਆ ਛੁਪਾਈਆ । ਮੈਨੂੰ ਇਹ ਲੱਭੇ, ਦੂਜੇ ਨਜ਼ਰ ਕਿਸੇ ਨਾ ਆਈਆ । ਰਾਵੀ ਕਿਹਾ ਐਵੇਂ ਨਾ ਕਰ ਦਗ਼ੇ, ਫ਼ਰੇਬਾਂ ਵਿਚ ਵਕਤ ਲੰਘਾਈਆ । ਨਾਰਦ ਕਿਹਾ ਮੈਂ ਹੁਣੇ ਵਖਾਵਾਂ ਹੱਬੇ, ਤੈਨੂੰ ਦਿਆਂ ਜਣਾਈਆ । ਓਸੇ ਵੇਲੇ ਆਪਣੇ ਦੋਵੇਂ ਹੱਥ ਬੱਧੇ, ਰਾਵੀ ਦੇ ਚਰਨਾਂ ਸੀਸ ਨਿਵਾਈਆ । ਰਾਵੀ ਕਿਹਾ, ਹੈਂ, ਇਹ ਕੀ, ਨਾਰਦ ਕਿਹਾ ਓਹ ਤੇਰੇ ਵਿਚ ਵਸੇ, ਨੂਰ ਨੁਰਾਨਾ ਸੋਭਾ ਪਾਈਆ । ਦੋਵੇਂ ਖਿੜ ਖਿੜਾ ਕੇ ਹੱਸੇ, ਤਾਲੀ ਹੱਥਾਂ ਵਾਲੀ ਲਗਾਈਆ । ਰਾਵੀ ਕਿਹਾ ਸਦੀ ਚੌਧਵੀਂ ਫਿਰ ਹੋਵਾਂਗੇ ਇਕੱਠੇ, ਜਿਸ ਵੇਲੇ ਪ੍ਰਭ ਆਪਣਾ ਫੇਰਾ ਪਾਈਆ । ਨਾਲ ਪਿਛਲੇ ਲੈ ਕੇ ਆਉਣੇ ਪਟੇ, ਲੇਖਾ ਦੇਣਾ ਮੁਕਾਈਆ । ਜਿਸ ਨੇ ਮੇਟਣੇ ਸਭ ਦੇ ਰੱਟੇ, ਲਹਿਣਾ ਝੋਲੀ ਪਾਈਆ । ਤਾਰਨੇ ਪੱਥਰ ਵੱਟੇ, ਹੋਣਾ ਆਪ ਸਹਾਈਆ । ਭਗਤਾਂ ਸੰਗ ਰੱਖੇ, ਮੇਲਾ ਧੁਰਦਰਗਾਹੀਆ । ਸਭ ਨੂੰ ਵੇਖੇ ਇਕੋ ਅੱਖੇ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਕੌਲ ਇਕਰਾਰ ਹੋ ਗਏ ਪੱਕੇ, ਵਾਅਦੇ ਲਏ ਪਕਾਈਆ । ਸਾਢੇ ਤਿੰਨ ਵਜੇ ਜ਼ਰੂਰ ਆਵੇ ਸੋਲਾਂ ਫੱਗਣ ਸ਼ਹਿਨਸ਼ਾਹੀ ਸੰਮਤ ਚਾਰ ਸੱਚੇ, ਸਚ ਦੇਵੇ ਵਡਿਆਈਆ । ਬਾਕੀ ਰਾਤ ਨੂੰ ਦਸੂੰਗੀ ਪਤੇ, ਜਿਹੜੇ ਗੁਰ ਅਵਤਾਰ ਪੈਗ਼ੰਬਰਾਂ ਸੰਦੇਸੇ ਦਿਤੇ ਪਹੁੰਚਾਈਆ । ਨਾਰਦ ਕਹੇ ਨਹੀਂ, ਮੇਰਾ ਅੰਦਰ ਹੋਰ ਕੁਛ ਦੱਸੇ, ਮੈਂ ਤੈਨੂੰ ਦਿਆਂ ਸੁਣਾਈਆ । ਅੱਜ ਪਹਿਲੀ ਭੇਟ ਪ੍ਰਭ ਦੀ ਭਗਤਾਂ ਨਾਲ ਤੇ ਭਗਵਨ ਉਨ੍ਹਾਂ ਨੂੰ ਮਿੱਠੇ ਦੇਵੇ ਰਸੇ, ਗੰਨਾ ਗੰਨਾ ਵੰਡ ਵੰਡਾਈਆ । ਕੱਲ੍ਹ ਨੂੰ ਫੇਰ ਦੱਸੂੰਗੀ ਬਾਕੀ ਕੀ ਕੁਛ ਰੱਖਿਆ ਹੱਥੇ, ਭੇਵ ਅਭੇਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣੇ ਦੇਣੇ ਸਭ ਦੇ ਪੂਰ ਕਰਾਈਆ ।

## ❋ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਬਚਨ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ❋

ਰਾਵੀ ਕਹੇ ਮੈਂ ਪੰਜਾਬੀ ਹਿੰਦੀ ਉਰਦੂ ਅੰਗਰੇਜ਼ੀ ਵਿਚ ਭੇਜਿਆ ਕਾਟ, ਕਾਰਡ ਦਿਤਾ ਘਲਾਈਆ । ਅਵਤਾਰ ਪੈਗ਼ੰਬਰੋ ਗੁਰੂ ਗੁਰਦੇਵ ਆਉਣਾ ਮੇਰੇ ਘਾਟ, ਤਟ ਕਿਨਾਰਾ ਸੋਭਾ ਪਾਈਆ । ਮੰਜ਼ਲ ਵਿਚੋਂ ਮੰਜ਼ਲ ਮੁੱਕੇ ਵਾਟ, ਪੈਂਡੇ ਵਿਚੋਂ ਪੰਧ ਦੇਣਾ ਚੁਕਾਈਆ । ਸਤਾਰਾਂ ਫੱਗਣ ਦੀ ਚਲਣਾ ਪਿਛਲੀ ਰਾਤ, ਅਠਾਰਾਂ ਫੱਗਣ ਨੂੰ ਪਹੁੰਚਣਾ ਚਾਈਂ ਚਾਈਂਆ । ਤੁਹਾਡੀ ਸਾਰਿਆਂ ਦੀ ਇਕੋ ਹੋਵੇ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਨਾਲ ਲੈ ਕੇ ਆਇਓ ਆਪਣੇ ਨਾਮ ਕਲਮੇ ਦੀ ਦਾਤ, ਜੋ ਦੀਨਾਂ ਮਜ਼੍ਹਬਾਂ ਗਏ ਵਰਤਾਈਆ । ਚਾਰ ਜੁਗ ਦੇ ਲੈ ਕੇ ਆਇਓ ਕਾਗ਼ਜ਼ਾਤ, ਲੇਖਾ ਆਪਣੇ ਨਾਲ ਰਖਾਈਆ । ਪਿਛੇ ਰਹੇ ਨਾ ਕਿਸੇ ਦਾ ਜਜ਼ਬਾਤ, ਜਜ਼ਬਾ ਆਪਣੇ ਵਿਚ ਜਜ਼ਬ ਕਰਾਈਆ । ਤੁਹਾਡੀ ਸਭ ਦੀ ਵੇਖਣੀ ਖ਼ਿਦਮਾਤ, ਜੋ ਖ਼ਾਦਮ ਹੋ ਕੇ ਗਏ ਕਮਾਈਆ । ਇਕ ਸੁਣਾਉਣੀ ਅਗੰਮੀ ਬਾਤ, ਬਾਤਨ ਪਰਦਾ ਦੇਣਾ ਉਠਾਈਆ । ਕੀ ਖੇਲ ਵਰਤਣੀ ਮਾਤ, ਧਰਨੀ ਧਰਤ ਧਵਲ ਕਾਰ ਕੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਰਾਵੀ ਕਹੇ ਸਭ ਦਾ ਲਬਾਸ ਹੋਵੇ ਧਰਮ ਦੀ ਧਾਰ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਧੁਰ ਦੀ ਇਕੋ ਹੋਵੇ ਗੁਫ਼ਤਾਰ, ਅੱਲਾ ਵਾਹਿਗੁਰੂ ਓਮ ਨਾਮ ਨਾ ਕੋਇ ਸਹਾਈਆ । ਇਕੋ ਸਯਦਾ ਹੋਵੇ ਨਿਮਸਕਾਰ, ਡੰਡਾਵਤ ਇਕੋ ਸੋਭਾ ਪਾਈਆ । ਇਕੋ ਨੂਰ ਜੋਤ ਹੋਵੇ ਉਜਿਆਰ, ਮੰਦਰ ਇਕੋ ਇਕ ਸੁਹਾਈਆ । ਇਕੋ ਗ੍ਰਿਹ ਦਿਸੇ ਸੱਚਾ ਘਰ ਬਾਰ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਸਾਂਝਾ ਬਣੇ ਪਿਆਰ, ਇਕੋ ਮਿਤ੍ਰ ਪਿਆਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਗੋਬਿੰਦ ਆਪਣੇ ਨਾਲ ਲਿਆਵੀਂ ਚੰਡੀ, ਇਸ਼ਟ ਇਕੋ ਇਕ ਦਰਸਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣੀ ਪਾਖੰਡੀ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕਰੇ ਸਫ਼ਾਈਆ । ਦੀਨਾਂ ਮਜ਼੍ਹਬਾਂ ਦੀ ਸਾਫ਼ ਕਰਨੀ ਡੰਡੀ, ਡੰਡਾਵਤ ਇਕੋ ਇਕ ਜਣਾਈਆ । ਦੁਨੀ ਰਹਿਣ ਨਹੀਂ ਦੇਣੀ ਅੰਧੀ, ਅੰਧ ਅਗਿਆਨ ਦੇਣਾ ਮਿਟਾਈਆ । ਸਚ ਨਾਮ ਦੀ ਲਾ ਪਾਬੰਦੀ, ਪਾਰਬ੍ਰਹਮ ਦੇਣਾ ਸਮਝਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾ ਕੇ ਛੰਦੀ, ਸਹਿਸਾ ਰੋਗ ਨਾ ਕੋਇ ਗਵਾਈਆ । ਹਉਮੇ ਗੜ੍ਹ ਤੋੜਨਾ ਕੰਧੀ, ਜੂਠ ਝੂਠ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਰਾਮ ਨਾਲ ਹੋਵੇ ਰਾਮ ਸੀਤਾ, ਰਾਮ ਰਾਮ ਦੁਹਾਈਆ । ਕ੍ਰਿਸ਼ਨ ਨਾਲ ਮਿਲਾਵਾਂ ਕ੍ਰਿਸ਼ਨ ਜੋੜਾ ਹੋਵੇ ਜੀਤਾ, ਤ੍ਰੈਲੋਕੀ ਨਾਥ ਅਗਲੀ ਗਾਥ ਇਕ ਸੁਣਾਈਆ । ਪੈਗ਼ੰਬਰੋ ਆਬੇਹਯਾਤ ਸਭ ਨੇ ਹੋਵੇ ਪੀਤਾ, ਖ਼ੁਮਾਰੀ ਧੁਰ ਦੀ ਸਚ ਚੜ੍ਹਾਈਆ । ਗੁਰੂ ਗੁਰਦੇਵ ਰਸ ਲੈ ਕੇ ਔਣਾ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਸਭ ਨੇ ਝਗੜਾ ਮੇਟ ਕੇ ਔਣਾ ਊਚਾਂ ਨੀਚਾਂ, ਜ਼ਾਤਾਂ ਪਾਤਾਂ ਵੰਡ ਨਾ ਕੋਇ ਵੰਡਾਈਆ । ਪਿਛਲਾ ਭੁੱਲ ਜਾਣਾ ਵੇਲਾ ਬੀਤਾ, ਅੱਗੇ ਪੜਦਾ ਲੈਣਾ ਉਠਾਈਆ । ਲਹਿਣਾ ਦੇਣਾ ਮੁਕਾ ਕੇ ਆਉਣਾ ਹਸਤ ਕੀਟਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਰਿਆਂ ਪ੍ਰਭ ਦਵਾਰੇ ਕੱਢ ਕੇ ਔਣੀਆਂ ਲੀਕਾ, ਲਾਈਨ ਲਾਈਨ ਨਾਲ ਮਿਲਾਈਆ । ਮੁਖੋਂ ਕਹਿੰਦੇ ਆਉਣਾ ਪ੍ਰਭੂ ਤੇਰੇ ਨਾਲ ਸਭ ਦੀਆਂ ਪ੍ਰੀਤਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੀਆਂ ਚਾਰ ਜੁਗ ਕਰਦੇ ਰਹੇ ਉਡੀਕਾ,



੬੮੨
੨੧

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਓਹ ਸਾਹਿਬ ਮਿਲੇ ਪ੍ਰਭ ਠਾਕਰ ਠੀਕਾ, ਠੋਕਰ ਨਾਮ ਲਗਾਈਆ । ਜਿਸ ਦਾ ਮਾਰਗ ਅੰਤ ਬਾਰੀਕਾ, ਜਗ ਨੇਤਰ ਵੇਖਣ ਕੋਇ ਨਾ ਆਈਆ । ਦੀਨ ਮਜ਼੍ਹਬ ਦਾ ਮੇਟੇ ਸ਼ਰੀਕਾ, ਸ਼ਰਕਤ ਕੂੜੀ ਦਏ ਗਵਾਈਆ । ਆਤਮ ਪਰਮਾਤਮ ਮਿਲਣ ਦਾ ਦੱਸੇ ਹੱਕ ਤਰੀਕਾ, ਹਕ਼ੀਕ਼ਤ ਹਕ਼ੀਕ਼ਤ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਵੀ ਕਹੇ ਗੁਰ ਅਵਤਾਰ ਪੈਗ਼ੰਬਰ ਔਣਾ ਮੇਰੇ ਕਿਨਾਰੇ, ਤਟ ਹੱਟ ਵਡਿਆਈਆ । ਮੇਰੇ ਸ਼ਬਦੀ ਧਾਰ ਇਸ਼ਾਰੇ, ਨਿਸ਼ਾਨਿਆਂ ਵਿਚ ਸੁਣਾਈਆ । ਸੋਹਣਾ ਇਕ ਦਵਾਰੇ, ਦੂਜਾ ਨਜ਼ਰ ਕੋਇ ਨਾ ਆਈਆ । ਲੌਣੇ ਹੱਕ ਜੈਕਾਰੇ, ਤੂੰਹੀ ਤੂੰਹੀ ਰਾਗ ਅਲਾਈਆ । ਕਿਰਪਾ ਕਰੇ ਆਪ ਨਿਰੰਕਾਰੇ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਪੈਗੰਬਰ ਕਹਿਣ ਅਸੀਂ ਇਕੱਠੇ ਆਵਾਂਗੇ ਸਾਰੇ, ਸਰਨ ਇਕੋ ਇਕ ਜਣਾਈਆ । ਆਦਿ ਅੰਤ ਜੁਗਾ ਜੁਗੰਤ ਪ੍ਰਭ ਦੇ ਬਣੇ ਰਹੇ ਪਨਿਹਾਰੇ, ਸੇਵਕ ਹੋ ਕੇ ਸੇਵ ਕਮਾਈਆ । ਮੰਗਾਂ ਮੰਗਦੇ ਆਏ ਕਲ ਕਲਕੀ ਹੋਏ ਅਵਤਾਰੇ, ਨਿਹਕਲੰਕ ਨਾਉਂ ਪ੍ਰਗਟਾਈਆ । ਜਿਸ ਨੂੰ ਅਮਾਮ ਮਹਿੰਦੀ ਕਹਿਣ ਸਾਰੇ, ਮਹਾਂਸਾਰਥੀ ਨੂਰ ਅਲਾਹੀਆ । ਓਹ ਖੇਲ ਕਰੇ ਜਗ ਆਪਣੀ ਧਾਰੇ, ਧਰਨੀ ਧਰਤ ਧਵਲ ਖੋਜ ਖੁਜਾਈਆ । ਰਾਵੀ ਕਹੇ ਮੇਰੀ ਚਰਨ ਕਵਲ ਨਿਮਸਕਾਰੇ, ਨਿਉਂ ਨਿਉਂ ਲਾਗਾਂ ਪਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਰਾਵੀ ਕਹੇ ਸਾਰਿਆਂ ਆਪੇ ਜਾਣਾ ਆ, ਆਜਜ਼ ਹੋ ਕੇ ਸੀਸ ਨਿਵਾਈਆ । ਮੇਰੇ ਦੂਰ ਹੋਵਣ ਗੁਨਾਹ, ਪਾਪਾਂ ਡੇਰਾ ਢਾਹੀਆ । ਸਾਰੇ ਮਿਲ ਕੇ ਪੁਰਖ ਅਕਾਲ ਲਈਏ ਮਨਾ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਨੇ ਜੁਗ ਚਲੌਣਾ ਨਵਾਂ, ਸਤਿਜੁਗ ਸਚ ਪ੍ਰਗਟਾਈਆ । ਮੈਂ ਓਸ ਦੀ ਚਰਨੀ ਢਹਵਾਂ, ਧੂੜੀ ਖ਼ਾਕ ਰਮਾਈਆ । ਬਦਲ ਦੇਣਾ ਸਮਾਂ, ਸਦੀ ਚੌਧਵੀਂ ਵੇਖ ਵਖਾਈਆ । ਜਿਸ ਦਾ ਹੁਕਮ ਕੋਈ ਕਰ ਨਾ ਸਕੇ ਮਨ੍ਹਾ, ਅੱਗੇ ਹੋ ਨਾ ਕੋਇ ਅਟਕਾਈਆ । ਜਿਸ ਨੂੰ ਦੀਨ ਦੁਨੀ ਮਜ਼੍ਹਬ ਦਾ ਲਾਲਚ ਨਹੀਂ ਕੋਈ ਤਮਅ, ਕਲਮਿਆਂ ਤਮੰਨਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਇਕ ਅਖਵਾਈਆ । ਰਾਵੀ ਕਹੇ ਤੁਸਾਂ ਔਣਾ ਪੂਰੇ ਸੱਤ, ਆਪਣੀ ਖ਼ੁਸ਼ੀ ਮਨਾਈਆ । ਤੁਸਾਂ ਮੰਨਣਾ ਇਕੋ ਕਮਲਾਪਤ, ਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਗਾਇਆ ਜਸ, ਸਿਫ਼ਤਾਂ ਵਿਚ ਸਾਲਾਹੀਆ । ਓਹ ਸਭ ਦੀ ਪੂਰੀ ਕਰੇ ਅਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਰਾਵੀ ਕਹੇ ਬਾਕੀ ਕੱਲ ਨੂੰ ਦੇਣਾ ਦੱਸ, ਅਗਲਾ ਭੇਵ ਚੁਕਾਈਆ । ਕੀ ਖੇਲ ਕਰੇ ਪੁਰਖ ਸਮਰਥ, ਹਰਿ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਰਬ ਕਲਾ ਸਮਰਥ, ਸਮਰਥ ਸਵਾਮੀ ਇਕ ਅਖਵਾਈਆ ।

❊ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਤੋਖ ਸਿੰਘ ਦੇ ਘਰ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ❊

ਰਾਵੀ ਕਹੇ ਸਦੀ ਚੌਧਵੀਂ ਕਿਉਂ ਬਾਹਰ ਖਲੋਤੀ, ਖ਼ਾਲਸ ਖ਼ਾਲਕ ਖ਼ਲਕ ਦਏ ਵਡਿਆਈਆ । ਆ ਕੇ ਵੇਖ ਪ੍ਰਭੂ ਦੇ ਭਗਤ ਧੁਰ ਦੇ ਮਾਣਕ

ਮੋਤੀ, ਅਨਮੁੱਲੜੇ ਨਜ਼ਰੀ ਆਈਆ । ਜਿਨ੍ਹਾਂ ਦੇ ਅੰਦਰ ਇਕੋ ਪ੍ਰੇਮ ਦੀ ਜੋਤੀ, ਦੂਜਾ ਨੂਰ ਨਾ ਕੋਇ ਰੁਸ਼ਨਾਈਆ । ਚਾਰ ਵਰਨਾਂ ਦਿਸੇ ਸਾਂਝੀ ਗੋਤੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਹੱਥ ਵਿਚ ਫੜ ਕੇ ਵਿੰਗੀ ਟੇਢੀ ਸੋਟੀ, ਪਗਡੰਡੀਆਂ ਦਾ ਝਗੜਾ ਦਏ ਮੁਕਾਈਆ । ਮੇਰੀ ਧਾਰ ਰਹਿਣ ਨਹੀਂ ਦਿਤੀ ਇਕਲੌਤੀ, ਇਕ ਇਕੱਲੀ ਦਾ ਨਾਤਾ ਲਿਆ ਬਣਾਈਆ । ਜੁਗ ਚੌਕੜੀ ਰਹੀ ਸੋਤੀ, ਸੁੱਤੀ ਲਈ ਉਠਾਈਆ । ਮੈਂ ਪ੍ਰੇਮ ਪਿਆਰ ਦੀ ਬੰਧੀ ਤੇੜ ਧੋਤੀ, ਧਰਮ ਦੀ ਧਾਰ ਗੰਢ ਪਵਾਈਆ । ਨਿਗਹ ਮਾਰ ਕੇ ਵੇਖੀ, ਲੋਕਮਾਤ ਦੋ ਜਹਾਨਾਂ ਖੋਜ ਖੁਜਾਈਆ । ਜਿਧਰ ਤੱਕਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸਾਰੇ ਪੜ੍ਹਦੇ ਪੱਤਰਿਆਂ ਵਾਲੀ ਪੋਥੀ, ਪਾਰਬ੍ਰਹਮ ਦਾ ਧਿਆਨ ਨਾ ਕੋਇ ਲਗਾਈਆ । ਜਗਤ ਬੁੱਧੀ ਹੋ ਗਈ ਥੋਥੀ, ਪਤਤ ਪਨੀਤ ਨਾ ਕੋਇ ਕਰਾਈਆ । ਮੈਂ ਸੋਚ ਰਹੀ ਸਾਂ ਸੋਚੀ, ਸਮਝ ਸਮਝ ਵਿਚੋਂ ਪ੍ਰਗਟਾਈਆ । ਮੈਨੂੰ ਰਵਿਦਾਸ ਦਿਸਿਆ ਜੋ ਗੁਰਮੁਖ ਬਣਿਆ ਚੁਮਿਆਰਾ ਮੋਚੀ, ਅੱਖਰਾਂ ਗੰਢ ਪਵਾਈਆ । ਮੈਨੂੰ ਖ਼ੁਸ਼ੀ ਹੋਈ ਬਹੁਤੀ, ਹਿਰਦੇ ਅੰਤਰ ਵੱਜੀ ਵਧਾਈਆ । ਕਿਉਂ ਸਦਾ ਪ੍ਰਭੂ ਮੰਨਦਾ ਆਇਆ ਉਹਦੀ, ਆਦਿ ਦੀ ਰੀਤੀ ਚਲੀ ਆਈਆ । ਜਿਸ ਨੇ ਆਪਣੀ ਆਤਮਾ ਸੋਧੀ, ਮਨ ਦੀ ਮੈਲ ਧਵਾਈਆ । ਭਗਤਾਂ ਨੂੰ ਲੈ ਕੇ ਬੈਠਾ ਅਗੰਮੀ ਗੋਦੀ, ਜਿਸ ਦੇ ਚਰਨ ਚੁੰਮਣ ਵਾਸਤੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜੀਆਂ ਆਵਣ ਵਾਹੋ ਦਾਹੀਆ । ਮੈਂ ਵੀ ਹੱਥ ਲਗਾਉਣਾ ਉਸ ਦੀ ਗੋਡੀਂ, ਸਤਿਕਾਰ ਨਾਲ ਸੀਸ ਨਿਵਾਈਆ । ਸਦੀ ਚੌਧਵੀਂ ਕਹੇ ਰਾਵੀ ਆਹ ਕੌਣ, ਰਾਵੀ ਕਹੇ ਇਹ ਸਵੇਰੇ ਤਿੰਨ ਵਜੇ ਦਾ ਨਾਰਦ ਆ ਗਿਆ

੬੮੪ ਹਿਲਾਉਂਦਾ ਬੋਦੀ, ਉਂਗਲਾਂ ਕੰਨਾਂ ਵਿਚ ਫਿਰਾਈਆ । ਕਰਦਾ ਫਿਰੇ ਕੌਡੀ ਕੌਡੀ, ਕੌਡੀ ਹੱਥਾਂ ਵਿਚ ਲਟਕਾਈਆ । ਇਹਦੇ ਕੋਲ ਕੀ ਜਾਂ ਤੱਕਿਆ ੬੮੪

੨੧ ਚਾਰ ਜੁਗ ਦੀ ਸ਼ਰਅ ਰੱਖੀ ਉਤੇ ਮੋਢੀਂ, ਕੰਧੇ ਮਾਰ ਕੇ ਚਲੇ ਚਾਈਂ ਚਾਈਂਆ । ਨਾਲੇ ਛੋਟੀ ਜਿਹੀ ਇਸ ਨੇ ਪੱਤਿਆਂ ਦੀ ਬਣਾਈ ਬੋਗੀ, ਹੱਸ ੨੧

ਕੇ ਕਹੇ ਇਹਦੇ ਵਿਚ ਅੱਲਾ ਤੇ ਵਾਹਿਗੁਰੂ ਓਮ ਹਰੀਓਮ ਤਤ ਸਤਿ ਰੱਖ ਕੇ ਮੈਂ ਪ੍ਰਿਥਮੀ ਦਾ ਚੱਕਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗੰਮ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਕਹੇ ਕੀ ਆਉਣਾ ਪੁਰਖ ਅਬਿਨਾਸ਼ੀ, ਸਚ ਸਚ ਸਮਝਾਈਆ । ਰਾਵੀ ਕਹੇ ਜਿਨ ਪੈਗ਼ੰਬਰਾਂ ਦਿਤੀ ਫਾਸੀ, ਫ਼ੈਸਲਾ ਹੱਕ ਸੁਣਾਈਆ । ਸਦੀ ਚੌਧਵੀਂ ਕਰ ਕੇ ਹਾਸੀ, ਹੱਥ ਪੈਰਾਂ ਨਾਲ ਛੁਹਾਈਆ । ਨੀ ਕਿਤੇ ਪ੍ਰਭੂ ਪੰਡਤ ਬਣ ਕੇ ਚਲਿਆ ਨਹੀਂ ਗਿਆ ਕਾਸ਼ੀ, ਜਾਂ ਗੋਦਾਵਰੀ ਗੰਗਾ ਜਮਨਾ ਸੁਰਸਤੀ ਦੇ ਤੱਟਾਂ ਉਤੇ ਫੇਰਾ ਪਾਈਆ । ਕਿਉਂਕਿ ਪਿਛਲਿਆਂ ਗ੍ਰੰਥਾਂ ਉਨ੍ਹਾਂ ਦਾ ਬਣਾਇਆ ਸਾਥੀ, ਓਥੇ ਹੀ ਖੇਲ ਖਿਲਾਈਆ । ਰਾਵੀ ਕਿਹਾ ਮੈਂ ਕਥਾ ਸੁਣਾਵਾਂ ਸਾਚੀ, ਸਚ ਦਿਆਂ ਦ੍ਰਿੜਾਈਆ । ਜਿਸ ਵੇਲੇ ਗੁਰ ਅਰਜਨ ਨੇ ਦੇਹ ਤਜਾਈ ਕਾਚੀ, ਤੱਤਾਂ ਨਾਲੋਂ ਕੀਤੀ ਜੁਦਾਈਆ । ਮੈਨੂੰ ਲਿਖ ਕੇ ਦੇ ਗਿਆ ਇਕ ਪਾਤੀ, ਬਿਨ ਅੱਖਰਾਂ ਜੋੜ ਜੁੜਾਈਆ । ਆਹ ਵੇਖ ਜਿਸ ਵੇਲੇ ਹੋਈ ਕਲਜੁਗ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਫਿਰ ਆਵੇ ਪੁਰਖ ਅਬਿਨਾਸ਼ੀ, ਕਰਨੀ ਦਾ ਕਰਤਾ ਫੇਰੀ ਪਾਈਆ । ਸਦੀ ਚੌਧਵੀਂ ਤੂੰ ਵੀ ਹੋਣਾ ਉਸ ਦੀ ਦਾਸੀ, ਮੈਨੂੰ ਗੁਰ ਅਰਜਨ ਲਿਖ ਕੇ ਗਿਆ ਫੜਾਈਆ । ਉਹਦੇ ਕੋਲ ਓਹ ਨਾਮ ਜਿਹੜਾ ਚਾਰ ਜੁਗ ਦੇ ਵੱਜੇ ਹੋਇਆਂ ਜਿੰਦਰਿਆਂ ਨੂੰ ਇਕੋ ਵਾਰ ਲਾਏ ਚਾਬੀ, ਤਾਲੇ ਅੱਲਾ ਤੁਆਲਾ ਸਭ ਦੇ ਦਏ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਵੀ ਓਸੇ ਨੂੰ ਰਹੀ ਅਰਾਧੀ, ਇਕੋ ਦਾ ਧਿਆਨ ਰਖਾਈਆ । ਕੀ ਵੇਸ ਕਰੇ ਕੀ ਭੇਸ ਧਰੇ ਕੀ ਦੇਸ ਵਰੇ, ਓਹ ਛੈਲ ਛਬੀਲਾ ਨੌਜਵਾਨਾ ਮਰਦ

ਮਰਦਾਨਾ, ਰਾਵੀ ਕਿਹਾ ਮੇਰੇ ਪਿਆਰ ਵਿਚ ਓਹ ਨੂਰ ਨੁਰਾਨਾ ਪੰਜ ਆਬੀ, ਪੰਜਾਂ ਦਾ ਮਾਲਕ ਨਜ਼ਰੀ ਆਈਆ । ਜਿਸ ਨੇ ਚਿੰਤਾ ਸਰਬ ਗਵਾਉਣੀ ਸਾਡੀ, ਦੁੱਖ ਰਹੇ ਨਾ ਰਾਈਆ । ਸਾਰਿਆਂ ਨੂੰ ਕਰ ਦੇਣਾ ਆਂਢੀ ਗੁਆਂਢੀ, ਦੂਈ ਦਵੈਤੀ ਡੇਰਾ ਢਾਹੀਆ । ਇਕੋ ਨਾਮ ਨਿਧਾਨ ਦੇਵੇ ਧੁਰ ਦਾ ਪੰਡਤ ਬਣ ਕੇ ਬੋਧ ਅਗਾਧੀ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਰਾਵੀ ਕਹੇ ਮੈਂ ਥੋੜ੍ਹਾ ਸੁਣਿਆ ਜਿਸ ਵੇਲੇ ਜ਼ੋਰਾਵਰ ਫ਼ਤਿਹ ਸਿੰਘ ਨੂੰ ਪਿਆਰ ਦਿਤਾ ਸੀ ਗੁਜਰੀ ਦਾਦੀ, ਮਸਤਕ ਚੁੰਮ ਕੇ ਪਿੱਠ ਥਾਪੀ ਦਿਤੀ ਲਗਾਈਆ । ਬੱਚਿਓ ਮੈਨੂੰ ਅੱਜ ਖ਼ੁਸ਼ੀ ਮੈਂ ਬਿਨਾ ਗੋਬਿੰਦ ਤੋਂ ਤੁਹਾਡੀ ਕੀਤੀ ਸ਼ਾਦੀ, ਲਾੜੀ ਮੌਤ ਨਾਲ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਬੱਚਿਆਂ ਕਿਹਾ ਧੰਨ ਵਡਿਆਈ ਤੇਰੀ ਅੰਮਾਂ, ਅੰਮੜੀ ਸੀਸ ਨਿਵਾਈਆ । ਸਾਨੂੰ ਨਜ਼ਰ ਆਉਂਦਾ ਸਾਡੇ ਪਿਤਾ ਨੇ ਬਦਲ ਦੇਣਾ ਸਮਾਂ, ਪੁਰਖ ਅਕਾਲ ਦਇਆ ਕਮਾਈਆ । ਉਸ ਨੇ ਮਾਰਗ ਲਾਉਣਾ ਨਵਾਂ, ਵਾਗ ਗੋਬਿੰਦ ਹੱਥ ਫੜਾਈਆ । ਕੀ ਭਰੋਸਾ ਜਗਤ ਵਾਲਿਆਂ ਦਮਾਂ, ਜੋ ਆਇਆ ਸੋ ਚਲ ਜਾਈਆ । ਧੰਨਭਾਗ ਜੇ ਧਰਮ ਦੀ ਖ਼ਾਤਰ ਸਾਡਾ ਲੱਗੇ ਚੰਮਾ, ਹੇਤ ਗੁਰਮੁਖਾਂ ਵਾਲਾ ਤੋੜ ਨਿਭਾਈਆ । ਸਾਨੂੰ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮਾ, ਕਿਉਂ ਪ੍ਰਭ ਨਾਲ ਮਿਲ ਕੇ ਅਸੀਂ ਖ਼ੁਸ਼ੀ ਗ਼ਮੀ ਦੋਵੇਂ ਦਿਤੇ ਤਜਾਈਆ । ਫਿਰ ਦੋਹਾਂ ਨੇ ਆਪਣੇ ਹੱਥ ਰੱਖ ਕੇ ਉਤੇ ਕੰਨਾਂ, ਥੋੜ੍ਹੇ ਬਾਹਰ ਨੂੰ ਖਿਚਾਈਆ । ਗ਼ੁੱਸੇ ਵਿਚ ਆਣ ਕੇ ਕਿਹਾ ਵੇਖੀਂ ਕਿਤੇ ਸਾਡੇ ਅੰਦਰੋਂ ਡੋਲ ਨਾ ਜਾਈਂ ਸਾਡਿਆ ਮਨਾ, ਮਨ ਕਲਪਣਾ ਵਿਚ ਹਲਕਾਈਆ । ਕਿਉਂਕਿ ਗੁਰੂ ਅਰਜਨ ਨੇ ਲਿਖ ਕੇ ਚੌਦਾਂ ਸੌ ਤੀਹ ਪੰਨਾ, ਨਾਨਕ ਮੋਹਰ ਦਿਤੀ ਲਗਾਈਆ । ਗੋਬਿੰਦ ਦੇ ਹਿੱਸੇ ਆਇਆ ਇਕੋ ਕੰਨਾ, ਜਿਸ ਕੰਨੇ ਦੀ ਸਮਝ ਕਿਸੇ ਨਾ ਪਾਈਆ । ਜਿਸ ਨੇ ਦੀਨ ਮਜ਼੍ਹਬ ਦਾ ਤੋੜਨਾ ਬੰਨਾ, ਹੱਦ ਹਦੂਦ ਦੇਣੀ ਗਵਾਈਆ । ਭਗਤ ਸੁਹੇਲੇ ਵਸਦੇ ਵੇਖ ਕੇ ਛੱਪਰ ਛੰਨਾ, ਆਪਣੀ ਗੋਦ ਲੈਣੇ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਸਦੀ ਚੌਧਵੀਂ ਕਹੇ ਰਾਵੀ ਜਿਸ ਵੇਲੇ ਰਾਜ ਨੇ ਪਹਿਲੀ ਲਾਈ ਇੱਟ, ਜ਼ੋਰਾਵਰ ਸਿੰਘ ਦੇ ਸੱਜੇ ਚਰਨ ਦੇ ਅੰਗੂਠੇ ਨਾਲ ਛੁਹਾਈਆ । ਫ਼ਤਿਹ ਸਿੰਘ ਨੇ ਸਹਿਜੇ ਪੁਛਿਆ ਕੀ ਤੈਨੂੰ ਆ ਗਈ ਫ਼ਿਟ, ਮੈਨੂੰ ਦੇ ਸਮਝਾਈਆ । ਓਸ ਹੱਥ ਵਿਚੋਂ ਫੜ ਕੇ ਚਿੱਟ, ਹੱਥ ਵਿਚ ਦਿਤੀ ਬਦਲਾਈਆ । ਹੁਣ ਦੋਵੇਂ ਅਡੋਲ ਹੋ ਕੇ ਪੁਰਖ ਅਕਾਲ ਦੀ ਜੋਤ ਵਿਚ ਜਾਈਏ ਟਿੱਕ, ਟਿਕਟਿਕੀ ਇਕੋ ਨਾਲ ਰਖਾਈਆ । ਇਹ ਬਚਨ ਕਹਿ ਕੇ ਦੋਵੇਂ ਆਤਮਾ ਦੀ ਧਾਰ ਪਰਮਾਤਮਾ ਵਿਚ ਗਏ ਲਿਟ, ਦੁੱਖ ਰੋਗ ਨਾ ਕੋਇ ਸਤਾਈਆ । ਸਦੀ ਚੌਧਵੀਂ ਕਹੇ ਰਾਵੀ ਓਸ ਵੇਲੇ ਮੈਂ ਦੋਹੱਥੜ ਮਾਰ ਕੇ ਪਈ ਪਿੱਟ, ਮੇਢੀ ਖੋਹ ਕੇ ਦਿਤੀ ਦੁਹਾਈਆ । ਰਾਵੀ ਕਹੇ ਮੇਰੇ ਹੰਝੂਆਂ ਦੀ ਧਾਰ ਉਸ ਵੇਲੇ ਲੰਮੀ ਹੋ ਗਈ ਸਵਾ ਗਿਠ, ਪਾਣੀ ਬੂੰਦ ਬੂੰਦ ਟਪਕਾਈਆ । ਪੁਕਾਰ ਕੇ ਕਿਹਾ ਪ੍ਰਭੂ ਤੇਰਾ ਖੇਲ ਤੂੰ ਆਪੇ ਲਈਂ ਨਜਿੱਠ, ਦੂਜੇ ਚਲੇ ਨਾ ਕੋਇ ਚਤੁਰਾਈਆ । ਫਿਰ ਕ਼ਦਮਾਂ ਉਤੇ ਸਿਰ ਦਿਤਾ ਸਿਟ, ਨਿਰਮਾਣਤਾ ਵਿਚ ਸੀਸ ਨਿਵਾਈਆ । ਮੈਨੂੰ ਯਾਦ ਆ ਗਿਆ ਕੁਛ ਅਰਜਨ ਚਿੱਠੀ ਦੇ ਪਿਛਲੇ ਪਾਸੇ ਗਿਆ ਲਿਖ, ਲਾਈਨਾਂ ਦੋ ਢਾਈ ਬਣਾਈਆ । ਜਿਸ ਦਾ ਮਜ਼ਮੂਨ ਗੋਬਿੰਦ ਓਨਾਂ ਚਿਰ ਪਿਆਰੇ ਕਰ ਨਾ ਸਕੇ ਸਿੱਖ, ਜਿੰਨਾਂ ਚਿਰ ਆਪਣੇ ਬੱਚੇ ਨਾ ਭੇਟ ਕਰਾਈਆ । ਓਨਾਂ ਚਿਰ ਸ੍ਰਿਸ਼ਟੀ ਨਾ ਸਕੇ ਜਿੱਤ, ਜਿੰਨਾ ਚਿਰ ਮਾਇਆ ਮਮਤਾ ਸ਼ੌਹ ਦਰਿਆ ਨਾ ਜਗਤ ਰੁੜ੍ਹਾਈਆ । ਰਾਵੀ ਕਿਹਾ ਗੁਰ ਅਰਜਨ ਮੈਂ ਉਸ ਦੀ ਕਿਸ ਤਰਾ ਰੱਖਾਂ ਸਿਕ, ਆਪਣੀ ਆਸ

੯੮੬
੨੧

ਵਧਾਈਆ । ਗੁਰ ਅਰਜਨ ਕਿਹਾ ਰਾਵੀ ਜਿਸ ਵੇਲੇ ਪੁਰਖ ਅਕਾਲ ਦੇ ਨਾਲ ਮਿਲ ਕੇ ਹੋਇਆ ਇਕ, ਜੋਤ ਸ਼ਬਦ ਰੂਪ ਪ੍ਰਗਟਾਈਆ । ਫੇਰ ਤੈਨੂੰ ਆਵੇ ਦਿਸ, ਤੈਨੂੰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਅੱਖ ਖੁਲ੍ਹਾਈਆ । ਰਾਵੀ ਕਹੇ ਜਿਸ ਵੇਲੇ ਨੀਂਹ ਆਈ ਉਤੇ ਛਾਤੀ, ਵੱਡੇ ਛੋਟੇ ਵੱਜੀ ਵਧਾਈਆ । ਉਸ ਵੇਲੇ ਗੁਰੂ ਅਰਜਨ ਦੇਵ ਦੋਹਾਂ ਨੂੰ ਦੇਵਣ ਆਇਆ ਥਾਪੀ, ਪੁਸ਼ਤ ਪਨਾਹ ਹੱਥ ਟਿਕਾਈਆ । ਦੂਲ੍ਹਿਓ ਦੁਲਾਰਿਓ ਗੋਬਿੰਦ ਦੇ ਲਾੜਿਓ ਤੁਹਾਡੇ ਪਿਛੇ ਗੋਬਿੰਦ ਨੇ ਫੇਰ ਉਧਾਰਨੇ ਕੋਟਨ ਪਾਪੀ, ਪਤਤ ਪੁਨੀਤ ਕਰਾਈਆ । ਉਨ੍ਹਾਂ ਦੇ ਮੁਖੋਂ ਬੁੱਲਾਂ ਵਿਚ ਨਿਕਲੀ ਹਾਸੀ, ਅੰਦਰ ਅੰਦਰ ਖ਼ੁਸ਼ੀ ਉਪਜਾਈਆ । ਸਾਡਾ ਸੁਨੇਹੜਾ ਦੇਣਾ ਜਾ ਕੇ ਪੁਰਖ ਅਬਿਨਾਸ਼ੀ, ਤੇਰੀ ਕਿਰਪਾ ਨਾਲ ਬਿਪਤਾ ਨਜ਼ਰ ਕੋਇ ਨਾ ਆਈਆ । ਗੁਰ ਅਰਜਨ ਕਿਹਾ ਬੱਚਿਓ ਇਧਰ ਵੇਖੋ ਜਿਥੇ ਗੋਬਿੰਦ ਨੇ ਚਰਨ ਛੁਹਾਉਣਾ ਨਹੀਂ ਆਪਣੀ ਘਾਟੀ, ਜੀਵਤ ਜੀ ਫੇਰਾ ਕਦੇ ਨਾ ਪਾਈਆ । ਜਿਸ ਵੇਲੇ ਕਲਜੁਗ ਅੰਤ ਹੋਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਵੇਲੇ ਪੁਰਖ ਅਕਾਲ ਨੂੰ ਲੈ ਕੇ ਸਾਥੀ, ਸੱਜਣ ਹੋ ਕੇ ਵੇਸ ਵਟਾਈਆ । ਜਿਸ ਰਾਵੀ ਨੇ ਮੇਰੇ ਚਰਨਾਂ ਦੀ ਧੂੜ ਮਸਤਕ ਲਾਈ ਖ਼ਾਕੀ, ਆਪਣੀ ਖ਼ੁਸ਼ੀ ਬਣਾਈਆ । ਉਸ ਦੀ ਜਾ ਕੇ ਲਾਹੇ ਉਦਾਸੀ, ਚਿੰਤਾ ਦਏ ਗਵਾਈਆ । ਜ਼ੋਰਾਵਰ ਫ਼ਤਹਿ ਸਿੰਘ ਨੇ ਕਿਹਾ ਸਾਡਾ ਲਹਿਣਾ ਅਜੇ ਫੇਰ ਕੁਛ ਬਾਕੀ, ਉਸ ਦੇ ਨਾਲ ਮਿਲ ਕੇ ਅਸੀਂ ਹਿਸਾਬ ਲਈਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਖੇਲ ਖਿਲਾਈਆ । ਰਾਵੀ ਕਹੇ ਸਾਹਿਬਜ਼ਾਦਿਆਂ ਕਿਹਾ ਹੁਣ ਤਾਂ ਅਸੀਂ ਆਉਂਦੇ ਵਿਚ ਕੰਧ, ਦੁਸ਼ਮਣ ਦੇਣ ਸਜ਼ਾਈਆ । ਫਿਰ ਅਸੀਂ ਖ਼ੁਸ਼ੀ ਨਾਲ ਵਾਰਨਾ ਆਪਣਾ ਬੰਦ ਬੰਦ, ਬੰਦਗੀ ਦਾ ਨੂਰੀ ਰਾਹ ਚਲਾਈਆ । ਪਰਮਾਤਮਾ ਨੇ ਗੀਤ ਗਾਉਣਾ ਆਤਮ ਪਰਮਾਤਮ ਛੰਦ, ਢੋਲਾ ਇਕ ਅਲਾਈਆ । ਅਸਾਂ ਭਗਤਾਂ ਦੀ ਖ਼ਾਤਰ ਭਗਤ ਦਵਾਰੇ ਦੀਆਂ ਨੀਂਹਾਂ ਵਿਚ ਆ ਕੇ ਲੈਣਾ ਅਨੰਦ, ਆਪਣਾ ਆਪ ਪਿਆਰ ਪ੍ਰੀਤੀ ਵਿਚ ਭੇਟ ਕਰਾਈਆ । ਗੁਰ ਅਰਜਨ ਕਿਹਾ ਸ਼ਾਬਾਸ਼, ਪੁਰਖ ਅਕਾਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਜੁਗ ਜੁਗ ਝੋਲੀ ਪਾਈਆ । ਜਿਸ ਦੇ ਤੁਸੀਂ ਦੁਲਾਰੇ ਨੰਦ, ਅਨੰਦਪੁਰ ਵਾਸੀ ਆਪਣਾ ਸੰਗ ਨਾਲ ਰਖਾਈਆ । ਰਾਵੀ ਕਹੇ ਇਹ ਅੱਜ ਦੀ ਨਹੀਂ ਮੇਰੀ ਪੁਰਾਣੀ ਮੰਗ, ਛੋਟੇ ਛੋਟੇ ਬੱਚੇ ਮੇਰੀ ਸ਼ਹਾਦਤ ਦੇਣ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਇਕ ਅਖਵਾਈਆ ।

### ❊ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੋਹਣ ਸਿੰਘ ਦੇ ਘਰ ਪਿੰਡ ਸਿੰਮਲ ਸਕੋਰ ਜ਼ਿਲਾ ਗੁਰਦਾਸਪੁਰ ❊

ਸਦੀ ਚੌਧਵੀਂ ਕਹੇ ਰਾਵੀ ਮੁਹੰਮਦ ਨੇ ਇਕ ਦਿਨ ਮਾਰੀ ਧਰਨੀ ਉਤੇ ਲਕੀਰ, ਉਂਗਲੀ ਉਂਗਲੀ ਉਤੇ ਟਿਕਾਈਆ । ਫੇਰ ਬਿਨਾ ਜਗਤ ਅੱਖਾਂ ਤੋਂ ਤੱਕਿਆ ਜਲਵਾ ਉਸ ਬੇਨਜ਼ੀਰ, ਜੋ ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਨੇ ਸ਼ਰਅ ਪਾਏ ਜ਼ੰਜੀਰ, ਕਲਮਿਆਂ ਕੀਤੀ ਪੜ੍ਹਾਈਆ । ਦੱਸੀ ਜਗਤ ਤਦਬੀਰ, ਤਰੀਕਾ ਇਕ ਦਰਸਾਈਆ । ਜਿਸ ਦਾ ਲੇਖਾ ਅੰਤ ਅਖ਼ੀਰ, ਤਬਕਾਂ ਸਬਕਾਂ ਤੋਂ ਬਾਹਰ ਜਣਾਈਆ । ਅੰਤ ਰਹਿਣਾ ਨਹੀਂ

ਕੋਈ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਨਜ਼ਰ ਆਏ ਨਾ ਸਚ ਕੋਈ ਤਸਵੀਰ, ਤਸੱਵਰ ਕਰੇ ਨਾ ਕੋਇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਰਵਰਦਿਗਾਰ ਨੂਰ ਖ਼ੁਦਾਈਆ । ਸਦੀ ਚੌਧਵੀਂ ਕਹੇ ਰਾਵੀ ਮੁਹੰਮਦ ਖ਼ੁਸ਼ੀ ਨਾਲ ਰਿਹਾ ਤੱਕ, ਲਹਿੰਦੇ ਤੋਂ ਚੜ੍ਹਦੇ ਧਿਆਨ ਲਗਾਈਆ । ਵੇਖੇ ਖੇਲ ਹਕੀਕ਼ਤ ਹੱਕ, ਕੀ ਕਰੇ ਲਾਸ਼ਰੀਕ ਖ਼ਲਕ ਖ਼ੁਦਾਈਆ । ਜੋ ਸਰਬ ਕਲਾ ਸਮਰਥ, ਪਾਰਬ੍ਰਹਮ ਬੇਪਰਵਾਹੀਆ । ਘਟ ਘਟ ਰਿਹਾ ਵਸ, ਅੰਤਰ ਨਿਰੰਤਰ ਨੂਰ ਕਰੇ ਰੁਸ਼ਨਾਈਆ । ਪੈਗ਼ੰਬਰਾਂ ਮਾਰਗ ਰਿਹਾ ਦੱਸ, ਫੇਰ ਗੁਰੂਆਂ ਕਰੇ ਪੜ੍ਹਾਈਆ । ਨਾਮ ਕਲਮੇ ਚਲਾਵੇ ਹੱਟ, ਧੁਰ ਸੰਦੇਸ਼ੇ ਮਾਤ ਸੁਣਾਈਆ । ਸਭ ਕੁਛ ਦੇ ਕੇ ਜਗਤ ਹੱਥ, ਸਾਨੂੰ ਦਏ ਵਡਿਆਈਆ । ਅੰਤਮ ਲਹਿਣਾ ਦੇਣਾ ਮੰਗੇ ਸਚ, ਪੂਰਬ ਲੇਖਾ ਵੇਖ ਵਖਾਈਆ । ਸਦੀ ਚੌਧਵੀਂ ਲਾਸ਼ਰੀਕ ਹੋ ਕੇ ਆਵੇ ਨੱਸ, ਅਮਾਮ ਅਮਾਮਾ ਵੇਸ ਵਟਾਈਆ । ਕੌਲ ਇਕਰਾਰ ਪੂਰਾ ਕਰੇ ਪੱਕ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਦੀ ਚੌਧਵੀਂ ਕਹੇ ਮੁਹੰਮਦ ਨੇ ਦੱਸਿਆ ਹੱਕ ਮੁਕਾਮ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬਦਲ ਦੇਣਾ ਨਿਜ਼ਾਮ, ਧੁਰ ਫ਼ਰਮਾਨਾ ਇਕ ਸਮਝਾਈਆ । ਸਚ ਸੰਦੇਸ਼ਾ ਦੇਣਾ ਅਗੰਮ ਕਲਾਮ, ਚਾਰ ਜੁਗ ਤੋਂ ਵਖਰੀ ਕਰੇ ਪੜ੍ਹਾਈਆ । ਫੇਰ ਵੇਖਿਆ ਮਾਰ ਕੇ ਧਿਆਨ, ਰਾਵੀ ਤੇਰਾ ਕੰਢਾ ਨਜ਼ਰੀ ਆਈਆ । ਮੁਹੰਮਦ ਦੇ ਕੇ ਗਿਆ ਬਿਆਨ, ਲੇਖਾ ਲਿਖਿਆ ਬਿਨ ਕ਼ਲਮ ਸ਼ਾਹੀਆ । ਏਥੇ ਖੇਲ ਹੋਣਾ ਮਹਾਨ, ਮਹਾਨ ਹੱਸਤੀ ਸੋਭਾ ਪਾਈਆ । ਗੁਰੂ ਅਰਜਨ ਦਾ ਹੋਣਾ ਬਲੀਦਾਨ, ਵੇਲਾ ਵਕ਼ਤ ਦਏ ਗਵਾਹੀਆ । ਤੱਤੀ ਲੋਹ ਤੇ ਬਹਿ ਕੇ ਆਵੇ ਕਰਨ ਇਸ਼ਨਾਨ, ਸੋਹਣਾ ਵਕ਼ਤ ਸੁਹਾਈਆ । ਮੇਰੀ ਉਮਤ ਕਹਿਰ ਦਾ ਕਰੇ ਤੂਫ਼ਾਨ, ਪਿਆਲਾ ਜ਼ਹਿਰ ਦਾ ਹੱਥ ਉਠਾਈਆ । ਜਿਸ ਦਾ ਮਿਟਣਾ ਅੰਤ ਨਿਸ਼ਾਨ, ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਇਹ ਖੇਲ ਮੇਰੇ ਮਿਹਰਵਾਨ, ਮਹਿਬੂਬ ਮੁਹੱਬਤ ਵਾਲਾ ਖ਼ੁਦਾ ਖ਼ੁਦ ਆਪ ਕਰਾਈਆ । ਮੈਂ ਜਾਣਾ ਦੇ ਕੇ ਬਾਂਗ ਅਜ਼ਾਨ, ਨਾਅਰੇ ਮੰਬਰਾਂ ਹੁਜਰਿਆਂ ਉਤੇ ਲਗਾਈਆ । ਅੰਤ ਅਖ਼ੀਰ ਮੇਰੇ ਚੌਦਾਂ ਤਬਕਾਂ ਹੋਣਾ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਮੈਂ ਅਮਾਮ ਕਿਹਾ ਅਵਤਾਰਾਂ ਭਗਵਾਨ ਕਿਹਾ, ਅੱਗੇ ਗੁਰੂਆਂ ਕਹਿਣਾ ਨਿਹਕਲੰਕ ਬਲੀ ਬਲਵਾਨ, ਯੋਧਾ ਸੂਰਬੀਰ ਨੂਰ ਅਲਾਹੀਆ । ਜਿਸ ਨੇ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡਾਂ ਖੰਡਾਂ ਬਣਨਾ ਹੁਕਮਰਾਨ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਿਰ ਨਾ ਕੋਇ ਉਠਾਈਆ । ਅਸੀਂ ਓਸ ਦੇ ਨੰਨ੍ਹੇ ਬੱਚੇ ਬਾਲ ਨਿਧਾਨ, ਹੁਕਮੇ ਅੰਦਰ ਸੇਵ ਕਮਾਈਆ । ਸਦੀ ਚੌਧਵੀਂ ਮੁਹੰਮਦ ਰੋ ਕੇ ਕਿਹਾ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਮੇਰਾ ਬਦਲ ਦੇਣਾ ਵਿਧਾਨ, ਹੁਕਮ ਧੁਰ ਦਾ ਇਕ ਵਰਤਾਈਆ । ਕਿਉਂ ਮੇਰੀ ਉਮਤ ਕੋਲੋਂ ਗੁਰੂਆਂ ਦਾ ਹੋਣਾ ਬੜਾ ਨੁਕ਼ਸਾਨ, ਧਰਮ ਦੀ ਧਾਰ ਵਿਚ ਦੁਹਾਈਆ । ਗੋਬਿੰਦ ਦੇ ਬੱਚੇ ਨੀਹਾਂ ਹੇਠ ਦਬਾਣ, ਜਿਹੜੇ ਮੇਰੀ ਉਮਤ ਦੀ ਜੜ੍ਹ ਦੇਣ ਉਖੜਾਈਆ । ਇਹ ਖੇਲ ਕਰੇ ਵਾਲੀ ਦੋ ਜਹਾਨ, ਦੀਨ ਦੁਨੀ ਦਾ ਮਾਲਕ ਚਾਈਂ ਚਾਈਆ । ਜਿਸ ਵੇਲੇ ਸਦੀ ਚੌਧਵੀਂ ਤੇਰਾ ਅੰਤ ਪਹੁੰਚਣਾ ਆਣ, ਵਕਤ ਬਵਕਤ ਆਪ ਸੁਹਾਈਆ । ਰਾਵੀ ਕੰਢੇ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਜਣਾਈਆ । ਜਿਸ ਨੇ ਮਾਨਵ ਜ਼ਾਤੀ ਸਾਰੇ ਇਕੱਠੇ ਕਰਨੇ ਇਨਸਾਨ,

ਦੀਨ ਮਜ਼੍ਹਬ ਦਾ ਵੈਰੀ ਰਹਿਣ ਕੋਇ ਨਾ ਪਾਈਆ । ਇਕੋ ਕਲਮਾ ਸ੍ਰਿਸ਼ਟ ਸਬਾਈ ਪੜ੍ਹੇ ਜ਼ਬਾਨ, ਤੂੰ ਮੇਰਾ ਮੈਂ ਤੇਰਾ ਢੋਲਾ ਆਤਮ ਪਰਮਾਤਮ ਗਾਈਆ । ਭਗਤ ਸੁਹੇਲੇ ਚਾਰ ਵਰਨ ਤੋਂ ਬਾਹਰ ਮਿਲਾਏ ਆਣ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਹੁਕਮੇ ਅੰਦਰ ਹੁਕਮ ਸਮਝਾਈਆ । ਰਾਵੀ ਕਹੇ ਚੌਧਵੀਂ ਸਦੀ ਕੁਛ ਹੋਰ ਦੱਸ ਦੇ ਬਾਤ, ਬਾਤਨ ਦੇ ਸਮਝਾਈਆ । ਸਦੀ ਚੌਧਵੀਂ ਕਹੇ ਜਿਸ ਵੇਲੇ ਆਈ ਅੰਧੇਰੀ ਰਾਤ, ਕਲ ਕਾਤੀ ਰਾਜੇ ਹੋਣ ਕੂੜ ਕਸਾਈਆ । ਧਰਮ ਦੀ ਰਹੇ ਨਾ ਕੋਇ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਰੋਵਣ ਮਾਰਨ ਧਾਈਆਂ । ਝਗੜਾ ਪਏ ਕਾਇਨਾਤ, ਦੀਨ ਮਜ਼੍ਹਬ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਢਾਹ ਢਾਹ ਕਰਨ ਖ਼ਾਕ, ਮਿੱਟੀ ਖ਼ਾਕ ਵਾਂਗ ਉਡਾਈਆ । ਮਾਣ ਰਹੇ ਨਾ ਕਿਸੇ ਸਰੋਵਰ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਨੀਰ ਵਹਾਈਆ । ਰਸ ਰਹੇ ਨਾ ਕਿਸੇ ਸਿਮਰਨ ਜੋਗ ਅਭਿਆਸ ਪੂਜਾ ਪਾਠ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇਵੇ ਕੋਈ ਨਾ ਸਾਥ, ਦ੍ਰਿਸ਼ਟੀ ਵਿਚ ਇਸ਼ਟ ਨਾ ਕੋਇ ਮਨਾਈਆ । ਝਗੜਾ ਪੈ ਜਾਏ ਜ਼ਾਤ ਪਾਤ, ਊਚ ਨੀਚ ਰਾਓ ਰੰਕ ਰੰਗ ਨਾ ਕੋਇ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਸਾਰੇ ਹੋਵਣ ਉਦਾਸ, ਸਾਂਤਕ ਸਤਿ ਨਾ ਕੋਇ ਵਰਤਾਈਆ । ਓਸ ਵੇਲੇ ਕਿਰਪਾ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਨੂਰ ਅਲਾਹੀਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਲੋਕਮਾਤ ਆਪਣਾ ਵੇਸ ਵਟਾਈਆ । ਜਿਸ ਦੀ ਮਹਿੰਮਾ ਕਰਦੇ ਚਾਰ ਜੁਗ ਦੇ ਕਾਗ਼ਜ਼ਾਤ, ਕਾਗ਼ਜ਼ ਕ਼ਲਮ ਸ਼ਾਹੀ ਆਪਣਾ ਜੋੜ ਜੁੜਾਈਆ । ਸੋ ਖੇਲ ਕਰੇ ਸਵਾਮੀ ਅੰਤਰਜਾਮੀ ਹੋ ਕੇ ਸਾਖਿਆਤ, ਗਹਿਰ ਗੰਭੀਰ ਬੇਨਜ਼ੀਰ ਆਪਣਾ ਪੜਦਾ ਲਾਹੀਆ । ਓਸਦੇ ਨਾਲ ਓਸਦੇ ਭਗਤਾਂ ਦੀ ਹੋਵੇ ਜਮਾਤ, ਜੋ ਅੰਤਰ ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਰਾਵੀ ਇਹ ਖੇਲ ਹੋਣਾ ਖ਼ਾਸ, ਖ਼ਾਲਸੇ ਦਾ ਮਾਲਕ ਗੋਬਿੰਦ ਸ਼ਬਦੀ ਧਾਰ ਜੋਤੀ ਜੋਤ ਕਰੇ ਰੁਸ਼ਨਾਈਆ । ਪਿਛਲਾ ਲਹਿਣਾ ਦੇਣਾ ਚਾਰ ਜੁਗ ਦਾ ਕ਼ਰਜ਼ਾ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋ ਬੰਸ ਸਰਬੰਸ ਗਿਆ ਵਾਰ, ਸੋ ਖੇਲ ਕਰੇ ਅਪਾਰ, ਅਪਰੰਪਰ ਸਵਾਮੀ ਆਪਣੇ ਨਾਲ ਮੇਲ ਮਿਲਾਈਆ । ਓਸ ਦੇ ਚਰਨ ਕਵਲਾਂ ਰਾਵੀ ਕਹੇ ਮੈਂ ਜੁਗ ਜੁਗ ਕਰਾਂ ਨਿਮਸਕਾਰ, ਜੋ ਗ਼ਰੀਬ ਨਿਮਾਣਿਆਂ ਖ਼ਿਦਮਤਗਾਰ, ਹੰਕਾਰੀਆਂ ਤੋੜੇ ਗੜ੍ਹ ਹੰਕਾਰ, ਨਿਮਾਣਿਆਂ ਆਪਣੀ ਗੋਦ ਉਠਾਈਆ । ਗੁਰ ਅਰਜਨ ਮੇਰੇ ਅੰਦਰ ਰੱਖ ਕੇ ਗਿਆ ਵਿਚਾਰ, ਚਰਨ ਧੂੜ ਧੂੜੀ ਦੇ ਕੇ ਮਸਤਕ ਮੇਰੇ ਛਾਰ, ਸੰਦੇਸਾ ਦਿਤਾ ਧੁਰ ਦੀ ਧਾਰ, ਜਿਸ ਵੇਲੇ ਕਲ ਆਵੇ ਕਲਕੀ ਅਵਤਾਰ, ਨਿਹਕਲੰਕਾ ਆਪਣਾ ਵੇਸ ਵਟਾਈਆ । ਮਹਾਂਸਾਰਥੀ ਹੋ ਕੇ ਪਾਵੇ ਤੇਰੀ ਸਾਰ, ਚਾਰ ਜੁਗ ਦੇ ਵਿਦਿਆਰਥੀ ਗੁਰ ਅਵਤਾਰ ਪੈਗ਼ੰਬਰ ਲਿਆਂਦੇ ਨਾਲ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤੇਰੇ ਨਾਲ ਮਿਲਾ ਕੇ ਲੇਖਾ ਸਭ ਦਾ ਪੂਰ ਕਰਾਈਆ । ਤੂੰ ਵਕਤ ਲੈਣਾ ਸੰਭਾਲ, ਕਿਰਪਾ ਕਰੇ ਦੀਨ ਦਿਆਲ, ਹਰਿਜਨ ਵੇਖੇ ਆਪਣੇ ਲਾਲ, ਚੁਰਾਸੀ ਵਿਚੋਂ ਖੋਜ ਖੁਜਾਈਆ । ਸਦੀ ਚੌਧਵੀਂ ਕਹੇ, ਰਾਵੀ, ਓਸ ਨੇ ਸਭ ਨੂੰ ਕਰਨਾ ਦਸਤਬਰਦਾਰ, ਹੁਕਮ ਦੇਣਾ ਏਕੰਕਾਰ ਏਕਾ ਵਾਰ, ਬਿਨਾ ਪੁਰਖ ਅਕਾਲ ਤੋਂ ਦੂਜੀ ਚਲੇ ਨਾ ਕੋਇ ਸਰਕਾਰ, ਗੁਰ ਅਵਤਾਰ ਪੈਗ਼ੰਬਰਾਂ ਦਾ ਲੇਖਾ ਦਏ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਇਕੋ ਜੈਕਾਰ, ਜੈਕਾਰਾ ਹੋਵੇ ਪੁਰਖ ਅਕਾਲ, ਨਵ ਨੌ ਚਾਰ ਲਹਿਣਾ

ਦੇਣਾ ਸਭ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗ ਚੌਕੜੀ ਏਕਾ ਏਕੰਕਾਰ ਇਕ ਅਵਤਾਰ, ਨਿੱਤ ਨਵਿਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਈਆ ।

✻ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਸਾਰ ਸਿੰਘ ਦੇ ਗ੍ਰਹਿ ਪਿੰਡ ਮਗ੍ਰਾਜਪੁਰ ✻

ਸਤਿਗੁਰ ਸ਼ਬਦ ਕਹੇ ਮੈਂ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਰੀ ਅਗੰਮੀ ਝਾਕੀ, ਦੋ ਜਹਾਨ ਮਰਦ ਮਰਦਾਨ ਨੌਜਵਾਨ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੱਕੇ ਪੰਜ ਤਤ ਪੁਤਲੇ ਖ਼ਾਕੀ, ਤਨ ਵਜੂਦ ਮਾਟੀ ਫੋਲ ਫੁਲਾਈਆ । ਬੰਦ ਕਿਵਾੜਾ ਖੁਲ੍ਹੀ ਕਿਸੇ ਨਾ ਤਾਕੀ, ਬਜਰ ਕਪਾਟੀ ਪਰਦਾ ਨਾ ਕੋਇ ਤੁੜਾਈਆ । ਅੰਮ੍ਰਿਤ ਬੂੰਦ ਮਿਲੇ ਨਾ ਕਿਸੇ ਸਵਾਂਤੀ, ਨਿਝਰ ਝਿਰਨਾ ਰਸ ਨਾ ਕੋਇ ਝਿਰਾਈਆ । ਨਿਰਗੁਣ ਜੋਤ ਦੀਪਕ ਕਿਸੇ ਨਾ ਦਿਸੇ ਦੀਆ ਬਾਤੀ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਘਰ ਸਵਾਮੀ ਮਿਲੇ ਨਾ ਕਮਲਾਪਾਤੀ, ਪਤਿਪਰਮੇਸ਼ਵਰ ਜੋੜ ਨਾ ਕੋਇ ਜੁੜਾਈਆ । ਮਨ ਹੰਕਾਰੀ ਗ੍ਰਹਿ ਗ੍ਰਹਿ ਹੋਇਆ ਆਕ਼ੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਨੌ ਦਵਾਰ ਵਾਸਨਾ ਨਾਤਾ ਜੁੜਿਆ
੯੮੯ ਕੂੜ ਮੁਹੱਬਤ ਸਮਝੀ ਸਾਚੀ, ਹਿਰਦੇ ਹਰਿ ਨਾ ਕੋਇ ਵਸਾਈਆ । ਗੁਰ ਅਵਤਾਰ ਪੈਗ਼ੰਬਰਾਂ ਮੰਨੇ ਕੋਈ ਨਾ ਆਖੀ, ਸੀਸ ਜਗਦੀਸ਼ ਨਾ ਕੋਇ ੯੮੯
੨੧ ਝੁਕਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੧
ਦੇਣਾ ਧੁਰ ਦਾ ਵਰ, ਮੰਦਰ ਅੰਦਰ ਫੋਲ ਫੁਲਾਈਆ । ਜਿਸ ਦਾ ਸ਼ਾਸਤਰ ਸਿਮਰਤ ਦੇਣ ਸਬੂਤ, ਗੁਰ ਅਵਤਾਰ ਪੈਗ਼ੰਬਰ ਢੋਲਿਆਂ ਵਿਚ ਗਾਈਆ । ਜਿਸ ਨੂੰ ਮੰਨਿਆਂ ਹੱਕ ਮਹਿਬੂਬ, ਮਿਹਰਵਾਨ ਨੂਰ ਅਲਾਹੀਆ । ਚਾਰ ਕੁੰਟ ਸਦਾ ਮੌਜੂਦ, ਦਹਿ ਦਿਸ਼ਾ ਸੋਭਾ ਪਾਈਆ । ਕਲਜੁਗ ਕੂੜੀ ਕਿਰਿਆ ਕਰੇ ਨੇਸਤੋਨਾਬੂਦ, ਜੜ੍ਹ ਦਵੈਤੀ ਦਏ ਉਖੜਾਈਆ । ਚਾਰ ਵਰਨਾਂ ਬਖ਼ਸ਼ ਸਲੂਕ, ਭੇਦ ਅਭੇਦਾ ਦਏ ਖੁਲ੍ਹਾਈਆ । ਪਿਛਲੀ ਕਰਨੀ ਕਰੇ ਮਨਸੂਖ਼, ਅਗਲਾ ਹੁਕਮ ਇਕ ਉਪਜਾਈਆ । ਭਾਗ ਲਗਾ ਕੇ ਕਾਇਆ ਪੰਜ ਭੂਤ, ਪੰਚ ਵਿਕਾਰਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ਬਦ ਗੁਰ ਕਹੇ ਮੈਂ ਵੇਖੇ ਸਾਧ ਸੰਤ, ਫ਼ਕੀਰ ਫ਼ਿਕਰਿਆਂ ਵਾਲੇ ਖੋਜ ਖੁਜਾਈਆ । ਸਾਚਾ ਮਿਲਿਆ ਕਿਸੇ ਨਾ ਕੰਤ, ਸੇਜ ਸੁਹਾਗ ਨਾ ਕੋਇ ਹੰਢਾਈਆ । ਸਿਫ਼ਤਾਂ ਵਾਲੇ ਗੌਂਦੇ ਮੰਤ, ਨਿਰਅੱਖਰ ਨਾ ਕੋਇ ਪੜ੍ਹਾਈਆ । ਬੁੱਧੀ ਦੇ ਬਣ ਕੇ ਪੰਡਤ, ਅੱਖਰਾਂ ਰਹੇ ਗਾਈਆ । ਭੇਵ ਖੋਲ੍ਹੇ ਨਾ ਕੋਇ ਅਗਣਤ, ਪੜਦਾ ਨਿਰੰਤਰ ਨਾ ਕੋਇ ਚੁਕਾਈਆ । ਤ੍ਰਿਸ਼ਨਾ ਮਿਟੇ ਨਾ ਮਮਤਾ ਮਮਤ, ਮੋਹ ਵਿਕਾਰ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰੂ ਕਹੇ ਮੈਂ ਵੇਖੇ ਠਾਕਰ ਸਵਾਮੀ, ਚਾਰੋਂ ਕੁੰਟ ਖੋਜ ਖੁਜਾਈਆ । ਦੋ ਜਹਾਨ ਕੋਇ ਨਾ ਬਣਿਆ ਅੰਤਰਜਾਮੀ, ਅੰਤਰਗਤ ਨਾ ਕੋਇ ਸਮਝਾਈਆ । ਮੰਜ਼ਲ ਚੜ੍ਹੇ ਨਾ ਕੋਇ ਰੂਹਾਨੀ, ਅੱਖਰਾਂ ਵਾਲੀ ਕਰਨ ਪੜ੍ਹਾਈਆ । ਵਿਦਿਆ ਤਤ ਵਜੂਦ ਜਸਮਾਨੀ, ਜ਼ਮੀਰ

ਅੰਦਰੋਂ ਨਾ ਕੋਇ ਬਦਲਾਈਆ । ਮਨ ਦੀ ਕਰੇ ਨਾ ਕੋਇ ਕ਼ੁਰਬਾਨੀ, ਕਾਇਆ ਕਾਅਬਾ ਨਾ ਕੋਇ ਸੁਹਾਈਆ । ਜਲਵਾ ਤੱਕੇ ਨਾ ਕੋਇ ਅਸਮਾਨੀ, ਨੂਰੋ ਨੂਰ ਨਾ ਕੋਇ ਰੁਸ਼ਨਾਈਆ । ਚਸ਼ਮੇ ਦੀਦ ਨੂਰੇ ਨਜ਼ਰ ਨਾ ਕੋਇ ਪੇਸ਼ਾਨੀ, ਨਿਗਾਹ ਨਿਗਾਹ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਵਾਰਾ ਇਕੋ ਸੋਭਾ ਪਾਈਆ । ਸਤਿਗੁਰ ਸ਼ਬਦ ਕਹੇ ਮੈਂ ਚਾਰ ਜੁਗ ਦੀ ਵੇਖੀ ਧਾਰਾ, ਧਰਮ ਦੀ ਧਾਰ ਖੋਜ ਖੁਜਾਈਆ । ਕੋਈ ਨਾ ਪਾਵੇ ਪ੍ਰਭ ਦੀ ਸਾਰਾ, ਬੇਅੰਤ ਕਹਿ ਕੇ ਸਾਰੇ ਪੱਲੂ ਗਏ ਛੁਡਾਈਆ । ਜੋ ਆਇਆ ਸੋ ਬਣ ਕੇ ਭਿਖਾਰਾ, ਦਰ ਦਰਵੇਸ਼ਾ ਵੇਸ ਵਟਾਈਆ । ਥੋੜਾ ਥੋੜਾ ਲੈ ਕੇ ਨਾਮ ਭੰਡਾਰਾ, ਵਸਤੂ ਜਗਤ ਵਿਚ ਟਿਕਾਈਆ । ਆਪ ਮਾਲਾ ਮਣਕੇ ਫੇਰ ਕੇ ਰਸਨਾ ਜਪ ਕੇ ਕਰਦੇ ਰਹੇ ਗੁਜ਼ਾਰਾ, ਅੰਦਰ ਵੜ ਕੇ ਧਿਆਨ ਲਗਾਈਆ । ਓਨ੍ਹਾਂ ਨੂੰ ਦਿਤਾ ਥੋੜ੍ਹਾ ਥੋੜ੍ਹਾ ਇਸ਼ਾਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਇਹੋ ਖੇਲ ਪ੍ਰਭੂ ਦਾ ਨਿਆਰਾ, ਨਿਰਵੈਰ ਹੋ ਕੇ ਆਪ ਕਰਾਈਆ । ਆਪੇ ਵਸ ਕੇ ਸਭ ਤੋਂ ਬਾਹਰਾ, ਹਰ ਘਟ ਰਮਿਆ ਆਪੇ ਨੂਰ ਕਰੇ ਰੁਸ਼ਨਾਈਆ । ਆਪੇ ਦੱਸੇ ਅਗੰਮੀ ਗੁਫ਼ਤਾਰਾ, ਗੁਫ਼ਤ ਸ਼ਨੀਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਮਾਲਕ, ਦੋ ਜਹਾਨਾਂ ਸੋਭਾ ਪਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਕੇ ਸਾਲਸ, ਸਾਚਾ ਹੁਕਮ ਦਿਆਂ ਸਮਝਾਈਆ । ਜੁਗ ਚੌਕੜੀ ਕੂੜੀ ਕਿਰਿਆ ਮੇਟਾਂ ਆਲਸ, ਦੁੱਖ ਦਲਿਦ੍ਰ ਡੇਰਾ ਢਾਹੀਆ । ਅੰਦਰ ਬਾਹਰ ਵੇਖਾਂ ਹਾਲਤ, ਮਨ ਮਤ ਬੁਧ ਖੋਜ ਖੁਜਾਈਆ । ਨਾਮ ਨਿਧਾਨਾ ਵੇਖਾਂ ਅਮਾਨਤ, ਕਾਇਆ ਮੰਦਰ ਅੰਦਰ ਫੋਲ ਫੁਲਾਈਆ । ਪੰਚ ਵਿਕਾਰ ਤੱਕਾਂ ਅਲਾਮਤ, ਹਉਮੇ ਤ੍ਰਿਸ਼ਨਾ ਨਾਲ ਮਿਲਾਈਆ । ਸਾਚਾ ਨਾਮ ਭੰਡਾਰਾ ਗੁਰ ਅਵਤਾਰਾਂ ਦੇਵਾਂ ਨਿਆਮਤ, ਵਸਤ ਅਗੰਮ ਅਥਾਹ ਵਰਤਾਈਆ । ਆਪ ਰਹਿ ਕੇ ਸਦਾ ਸਹੀ ਸਲਾਮਤ, ਬਾਕੀ ਸਭ ਦਾ ਲੇਖਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਹਜ਼ਰਤ ਨਜ਼ਰੀ ਆਈਆ । ਮੇਰਾ ਆਕਾਸ਼ ਪ੍ਰਕਾਸ਼ ਅਗੰਮੀ ਨੂਰ, ਨੂਰ ਨੁਰਾਨਾ ਡਗਮਗਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਭਰਦੇ ਬੇੜੇ ਪੂਰ, ਆਰ ਪਾਰ ਵੇਖ ਵਖਾਈਆ । ਭਗਤ ਉਧਾਰਨਾ ਮੇਰਾ ਦਸਤੂਰ, ਗੁਰਮੁਖ ਗੁਰ ਗੁਰ ਚੇਲੇ ਲਏ ਤਰਾਈਆ । ਦ੍ਰਿਸ਼ਟੀ ਦੇ ਅੰਦਰ ਵੇਖਣਾ ਕ਼ਸੂਰ, ਹਰ ਘਟ ਅੰਦਰ ਫੋਲ ਫੁਲਾਈਆ । ਸਦੀ ਚੌਧਵੀਂ ਅੰਤਮ ਕੱਢਣਾ ਕੂੜ, ਕੂੜੀ ਕਿਰਿਆ ਡੇਰਾ ਢਾਹੀਆ । ਚਤੁਰ ਸੁਘੜ ਬਣੌਂਦੇ ਮੂਰਖ ਮੂੜ੍ਹ, ਦੁਰਮਤ ਮੈਲ ਧਵਾਈਆ । ਨਾਮ ਭੰਡਾਰਾ ਮੇਰੇ ਕੋਲ ਸਦਾ ਭਰਪੂਰ, ਊਣਤਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਨਾਮ ਖ਼ੁਮਾਰੀ ਦਏ ਸਰੂਰ, ਸੁਰਤੀ ਸ਼ਬਦ ਸ਼ਬਦ ਸੁਰਤ ਵਿਚ ਦਏ ਸਮਾਈਆ ।

੯੯੧
੨੧

## ✻ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੀਬੀ ਗਿਆਨੋ ਦੇ ਗ੍ਰਹਿ ਪਿੰਡ ਸਿਮਲ ਸਕੋਰ ✻

ਜਨ ਭਗਤ ਕਦੇ ਨਾ ਵਿਸਰਦਾ, ਸਤਿਗੁਰ ਵਿਛੜਿਆਂ ਸਦਾ ਮਿਲਾਈਆ । ਜੋ ਓਸੇ ਦਾ ਨਾਮ ਜ਼ਿਕਰਦਾ, ਦਿਵਸ ਰੈਣ ਢੋਲਾ ਗਾਈਆ । ਸੋ ਗੁਰਸਿਖ ਲੱਖ ਚੁਰਾਸੀ ਵਿਚੋਂ ਨਿਕਲਦਾ, ਜਮ ਕੀ ਫਾਸੀ ਦਏ ਤੁੜਾਈਆ । ਪਾਰਸ ਰੂਪ ਹੋਵੇ ਪਿੱਤਲ ਦਾ, ਕੰਚਨ ਗੜ੍ਹ ਵਡਿਆਈਆ । ਝਗੜਾ ਮੁਕਾ ਦੇਵੇ ਜੰਮਣ ਮਰਨ ਫ਼ਿਕਰ ਦਾ, ਆਵਣ ਜਾਵਣ ਡੇਰਾ ਢਾਹੀਆ । ਘਰ ਵਖਾ ਦੇਵੇ ਚੋਟੀ ਸ਼ਿਖ਼ਰ ਦਾ, ਜਿਥੇ ਬੈਠਾ ਬੇਪਰਵਾਹੀਆ । ਸਦਾ ਦਰਸ ਹੋਵੇ ਓਸ ਅਗੰਮੀ ਪ੍ਰਭੂ ਮਿਤ੍ਰ ਦਾ, ਜੋ ਮਿਲ ਕੇ ਵਿਛੜ ਕਦੇ ਨਾ ਜਾਈਆ । ਓਹ ਆਦਿ ਜੁਗਾਦਿ ਜੋਤੀ ਧਾਰੋਂ ਨਿਕਲਦਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਨ ਭਗਤ ਤੇਰਾ ਰੂਪ ਨਾ ਇਸਤਰੀ ਨਾ ਮਰਦ, ਆਤਮਾ ਪ੍ਰਭ ਦੀ ਧਾਰ ਨਜ਼ਰੀ ਆਈਆ । ਜਿਸ ਦਾ ਹਿਤਕਾਰੀ ਓਹੋ ਵੰਡੇ ਦਰਦ, ਦੁਖੀਆਂ ਦੁੱਖ ਵੇਖ ਵਖਾਈਆ । ਮਿਹਰ ਕਰੇ ਮਿਹਰਵਾਨ ਇਹੋ ਖੇਲ ਅਸਚਰਜ, ਦੂਸਰ ਨਜ਼ਰ ਕੋਇ ਨਾ ਆਈਆ । ਪਾਰ ਉਤਾਰਨਾ ਜਿਸ ਦੀ ਆਦਿ ਤੋਂ ਸ਼ਰਤ, ਸ਼ਰਅ ਤੋਂ ਬਾਹਰ ਹੋਏ ਸਹਾਈਆ । ਨਿਰਗੁਣ ਧਾਰ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਦੁੱਖ ਰਹੇ ਨਾ ਕੋਈ ਸਾਲ ਬਸਾਲਾ ਬਰਸ, ਮਿਤੀ ਥਿਤੀ ਦਏ ਬਦਲਾਈਆ । ਆਸਾ ਮਨਸਾ ਪੂਰੀ ਕਰੇ ਹਰਸ, ਹਵਸ ਕੂੜੀ ਦਏ ਬੁਝਾਈਆ । ਪ੍ਰੇਮ ਪ੍ਰੀਤੀ ਅੰਦਰ ਕਰ ਕੇ ਤਰਸ, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਜਨ ਭਗਤ ਕਦੇ ਨਾ ਭੁੱਲਦਾ, ਅਭੁੱਲ ਹੱਥ ਵਡਿਆਈਆ । ਕਿਉਂ ਰੂਪ ਮਾਲਕ ਕੁਲ ਦਾ, ਜੋ ਕੁੱਲ ਆਲਮ ਵੇਖ ਵਖਾਈਆ । ਸਚ ਤਰਾਜੂ ਕੰਡੇ ਨਾਮ ਤੁਲਦਾ, ਦੂਸਰ ਹੱਟ ਨਾ ਕ਼ੀਮਤ ਪਾਈਆ । ਵਣਜਾਰਾ ਬਣ ਕੇ ਚਰਨ ਧੂਲ ਦਾ, ਟਿੱਕੇ ਮਸਤਕ ਖ਼ਾਕ ਰਮਾਈਆ । ਰਹਿਬਰ ਬਣ ਕੇ ਇਕ ਅਸੂਲ ਦਾ, ਅਸਲ ਨਿਯਮ ਲਏ ਕਮਾਈਆ । ਫੇਰ ਮੇਲਾ ਹੋਵੇ ਕੰਤ ਕੰਤੂਹਲ ਦਾ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਦੇਵੇ ਸਤਿਗੁਰੂ ਗੁਰਸਿਖ ਮਜ਼ਦੂਰ ਦਾ, ਜੋ ਦਿਵਸ ਰੈਣ ਨਾਮ ਮਜ਼ਦੂਰੀ ਰਿਹਾ ਕਮਾਈਆ । ਇਹੋ ਵਡਿਆਈ ਸਾਹਿਬ ਸਤਿਗੁਰ ਜੋ ਆਸਾ ਮਨਸਾ ਪੂਰਦਾ, ਤ੍ਰਿਸ਼ਨਾ ਜਗਤ ਬੁਝਾਈਆ । ਪੰਧ ਮੁਕਾ ਕੇ ਨੇੜੇ ਦੂਰ ਦਾ, ਮੇਲਾ ਮੇਲੇ ਚਾਈਂ ਚਾਈਂਆ । ਅੱਗੇ ਰੰਗ ਚੜ੍ਹਿਆ ਰਹੇ ਓਸ ਸਾਹਿਬ ਹਜ਼ੂਰ ਦਾ, ਜੋ ਹਰ ਹਿਰਦੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰਦਾ, ਤ੍ਰਿਸ਼ਨਾ ਤ੍ਰਿਖਾ ਬੁਝਾਈਆ ।

## ✻ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਰਨ ਸਿੰਘ ਦੇ ਗ੍ਰਹਿ ਪਿੰਡ ਸਿਮਲ ਸਕੋਰ ਜ਼ਿਲਾ ਗੁਰਦਾਸਪੁਰ ✻

ਅਵਤਾਰ ਪੈਗ਼ੰਬਰ ਗੁਰ ਕਹਿਣ ਆਈ ਖ਼ੁਸ਼ੀਆਂ ਵਾਲੀ ਰਾਤ, ਰੈਣ ਭਿੰਨੜੀ ਆਪਣਾ ਰੂਪ ਬਦਲਾਈਆ । ਚਾਰ ਜੁਗ ਦੀ ਸਾਂਝੀ ਬਣਾਈਏ ਇਕ ਜਮਾਤ, ਮਿਲ ਕੇ ਵੱਜੇ ਹੱਕ ਵਧਾਈਆ । ਆਪਣਾ ਆਪਣਾ ਲੇਖਾ ਨਾਲ ਲਈਏ ਹਿਸਾਬ, ਪਿਛੇ ਰਹਿਣ ਕਿਛ ਨਾ ਪਾਈਆ । ਬਿਨ ਅੱਖਰਾਂ

ਤੋਂ ਵੇਖੀਏ ਕਿਤਾਬ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਫਿਰ ਪੁਰਖ ਅਕਾਲ ਨੂੰ ਕਰੀਏ ਆਦਾਬ, ਪੁਰਖ ਅਕਾਲ ਸੀਸ ਝੁਕਾਈਆ । ਜਿਸ ਨੇ ਸਾਨੂੰ ਦਿਤਾ ਖ਼ਿਤਾਬ, ਮਿਹਰ ਨਜ਼ਰ ਇਕ ਉਠਾਈਆ । ਜੋ ਮੰਗਣ ਲੱਗਾ ਅੰਤ ਜਵਾਬ, ਤਲਬ ਸਾਰੇ ਰਿਹਾ ਕਰਾਈਆ । ਸ਼ਹਿਨਸ਼ਾਹ ਭੂਪ ਬਣ ਨਵਾਬ, ਨੌਬਤ ਨਾਮ ਹੱਕ ਸੁਣਾਈਆ । ਕ਼ਦਮਬੋਸੀ ਕਰੀਏ ਆਦਾਬ, ਸੱਯਦਾ ਸੀਸ ਝੁਕਾਈਆ । ਬਿਨਾ ਰਸਨਾ ਕਹੀਏ ਸਤਿਗੁਰੂ ਮਹਾਰਾਜ, ਸਾਹਿਬ ਤੇਰੀ ਸਰਨਾਈਆ । ਤੇਰੀ ਸਰਨ ਚਰਨ ਗਏ ਲਾਗ, ਸੀਸ ਜਗਦੀਸ਼ ਇਕ ਨਿਵਾਈਆ । ਤੇਰੇ ਹੁਕਮੇ ਅੰਦਰ ਮਜ਼੍ਹਬੀ ਕੀਤਾ ਰਾਜ, ਕੌਮੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਇਕ ਸੁਹਾਈਆ । ਅਵਤਾਰ ਪੈਗ਼ੰਬਰ ਕਹਿਣ ਆਇਆ ਵਕ਼ਤ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਕਰੇ ਖੇਲ ਦਰਦ ਦੁੱਖ ਭੈ ਭੰਜਣਾ, ਪਾਰਬ੍ਰਹਮ ਨੂਰ ਅਲਾਹੀਆ । ਜੋ ਆਦਿ ਜੁਗਾਦੀ ਧੁਰ ਦਾ ਸੱਜਣਾ, ਸਾਹਿਬ ਸਵਾਮੀ ਸੋਭਾ ਪਾਈਆ । ਉਸ ਦੇ ਚਰਨ ਧੂੜੀ ਕਰੀਏ ਮਜਨਾ, ਸਰ ਸਰੋਵਰ ਇਕ ਨੁਹਾਈਆ । ਜਿਸ ਨੇ ਇਕੋ ਨਿਗਾਹ ਵੇਖਣਾ ਆਅਲਾ ਅਦਨਾ, ਵੱਡਾ ਛੋਟਾ ਵੰਡ ਨਾ ਕੋਇ ਵੰਡਾਈਆ । ਸ਼ਬਦੀ ਹੁਕਮ ਅੰਦਰ ਜਿਸ ਨੇ ਸਭ ਨੂੰ ਸੱਦਣਾ, ਸ਼ਬਦ ਸੰਦੇਸਾ ਰਿਹਾ ਸੁਣਾਈਆ । ਅੰਮ੍ਰਿਤ ਵੇਲੇ ਉਠ ਕੇ ਸਭ ਨੇ ਭੱਜਣਾ, ਆਉਣਾ ਚਾਈਂ ਚਾਈਂਆ । ਨਾਮ ਨਗਾਰਾ ਇਕੋ ਵੱਜਣਾ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਕਰੇ ਖੇਲ ਸੂਰਾ ਸਰਬੰਗਣਾ, ਸਾਹਿਬ ਸੁਲਤਾਨ ਆਪਣਾ ਹੁਕਮ ਵਰਤਾਈਆ । ਜਿਸ ਝਗੜਾ ਮੇਟਣਾ ਖ਼ਾਕੀ ਬਦਨਾ, ਬਦੀ ਦਾ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੂਪ ਦਰਸਾਈਆ । ਤੇਈ ਅਵਤਾਰ ਕਹਿਣ ਸਾਡੀ ਨਿੱਕੀ ਨਿੱਕੀ ਗਾਥਾ, ਵਖੋ ਵਖ ਨਜ਼ਰੀ ਆਈਆ । ਪੈਗ਼ੰਬਰ ਕਹਿਣ ਅਸੀਂ ਕਿਹੜੀ ਦੱਸੀਏ ਬਾਤਾ, ਕਿਛ ਕਹਿਣ ਦੀ ਲੋੜ ਰਹੇ ਨਾ ਰਾਈਆ । ਨਾਨਕ ਗੋਬਿੰਦ ਕਹੇ ਸਾਰੇ ਕਹਿ ਦਿਓ ਓਹੀ ਪਿਤਾ ਤੇ ਓਹੀ ਮਾਤਾ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਨੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਅੱਖਰਾਂ ਵਾਲੀ ਦੱਸੀ ਸਿਖਿਆ ਤੇ ਰਸਨਾ ਵਾਲਾ ਪੂਜਾ ਪਾਠਾ, ਤੇ ਸਿਮਰਨ ਜੋਗ ਅਭਿਆਸ ਦ੍ਰਿੜਾਈਆ । ਸੋ ਖੇਲ ਕਰੇ ਪੁਰਖ ਸਮਰਾਥਾ, ਸਾਹਿਬ ਸਵਾਮੀ ਧੁਰਦਰਗਾਹੀਆ । ਜਿਸ ਦੇ ਚਰਨ ਕਵਲ ਸਭ ਨੇ ਮੱਥਾ ਟੇਕਣਾ ਮਾਥਾ, ਗੁਰ ਅਵਤਾਰ ਪੈਗ਼ੰਬਰ ਵਖਰਾ ਰਹਿਣ ਕੋਇ ਨਾ ਪਾਈਆ । ਜਿਸ ਕਲਜੁਗ ਅੰਤ ਸ੍ਰੀ ਭਗਵੰਤ ਜਗ ਮੇਟਣੀ ਕੂੜੀ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਣੇ ਰਾਖਾ, ਰੱਖਕ ਹੋ ਕੇ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਗੁਰ ਪੈਗ਼ੰਬਰ ਅਵਤਾਰ, ਅਵਤਰੀ ਧਿਆਨ ਲਗਾਈਆ । ਮੈਂ ਸਭ ਤੋਂ ਪਿਛੋਂ ਆਇਆ ਵਿਚ ਸੰਸਾਰ, ਅੰਤ ਅਖ਼ੀਰੀ ਫੇਰਾ ਪਾਈਆ । ਪੁਰਖ ਅਕਾਲ ਨੇ ਕੀਤਾ ਪਿਆਰ, ਸੁੱਤ ਦੁਲਾਰਾ ਲਿਆ ਬਣਾਈਆ । ਮੇਰਾ ਬੰਸ ਸਰਬੰਸ ਵਾਰ, ਮੇਰਾ ਲੇਖਾ ਦਿਤਾ ਮੁਕਾਈਆ । ਮਾਛੂਵਾੜੇ ਸੂਲਾਂ ਦੀ ਸੇਜ ਸਵਾਲ, ਸੱਥਰ ਯਾਰ ਵਾਲਾ ਦਰਸਾਈਆ । ਕਿਰਪਾ ਕਰ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡਿਆਈਆ । ਓਸ ਦੇ ਅੱਗੇ ਬੇਨੰਤੀ ਵਿਚ ਜਾ ਕੇ ਕਰੋ ਸਵਾਲ, ਸੀਸ ਜਗਦੀਸ਼ ਇਕ ਨਿਵਾਈਆ । ਅਸੀਂ ਨੱਢੇ ਤੇਰੇ ਬਾਲ, ਨੰਨ੍ਹੇ ਨੰਨ੍ਹੇ ਤੇਰੇ ਚਰਨਾਂ ਵਿਚ ਦੁਹਾਈਆ ।

ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰੀ ਆਤਮਾ ਤੂੰ ਸਰਬ ਦਾ ਪਰਮਾਤਮਾ ਤੂੰ ਪਾਰਬ੍ਰਹਮ ਆਪਣਾ ਬ੍ਰਹਮ ਸੰਭਾਲ, ਤੇਰਾ ਤੇਰੀ ਝੋਲੀ ਪਾਈਆ । ਅਸੀਂ ਸਚਖੰਡ ਦਵਾਰ ਵਸੀਏ ਤੇਰੀ ਧਰਮਸਾਲ, ਜੋਤੀ ਜੋਤ ਆਪਣਾ ਆਸਣ ਲਾਈਆ । ਦੀਨਾਂ ਮਜ਼੍ਹਬਾਂ ਦਾ ਰਹੇ ਨਾ ਕੋਇ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਆਪਣੀ ਕਰਨੀ ਲਏ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਗੋਬਿੰਦ ਕਹੇ ਕਰ ਕੇ ਚਲੋ ਕੌਲ ਇਕ਼ਰਾਰ, ਵਾਅਦਾ ਧੁਰ ਦਾ ਇਕ ਬਣਾਈਆ । ਵੇਖਣਾ ਖੇਲ ਸੱਚੀ ਸਰਕਾਰ, ਹਰਿ ਕਰਤਾ ਕੀ ਕਰਾਈਆ । ਜਿਸ ਨੂੰ ਝੁਕਦੇ ਰਹੇ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੀਸ ਨਿਵਾਈਆ । ਜਿਸ ਦੀਨਾਂ ਮਜ਼੍ਹਬਾਂ ਦਾ ਸਾਨੂੰ ਬਣਾਇਆ ਮੁਫ਼ਤਿਆਰ, ਮੁਖ਼ਤਾਰਨਾਮਾ ਸਾਡੇ ਹੱਥ ਫੜਾਈਆ । ਅੰਤਮ ਸਭ ਦਾ ਲੇਖਾ ਰਿਹਾ ਵਿਚਾਰ, ਵਿਚਰ ਕੇ ਕਹਿ ਨਾ ਕੋਇ ਸੁਣਾਈਆ । ਸੱਦੇ ਓਸ ਦਵਾਰ, ਜਿਸ ਦਾ ਪਰਦਾ ਨਾ ਕੋਇ ਉਠਾਈਆ । ਜਿਥੇ ਗੁਰ ਅਰਜਨ ਮਾਰ ਕੇ ਗਿਆ ਲਕਾਰ, ਰਾਵੀ ਦਾ ਕੰਢਾ ਬ੍ਰਹਿਮੰਡਾਂ ਵਿਚੋਂ ਸੋਭਾ ਪਾਈਆ । ਓਥੇ ਜਾ ਕੇ ਪੈਗ਼ੰਬਰੋ ਤੁਹਾਡਾ ਕ਼ਰਜ਼ਾ ਮੁਕਣਾ ਉਧਾਰ, ਲੇਖਾ ਅਵਰ ਰਹੇ ਨਾ ਰਾਈਆ । ਅਵਤਾਰੋ ਤੁਸਾਂ ਸਭ ਨੇ ਕਰ ਕੇ ਨਿਮਸਕਾਰ, ਨਿਉਂ ਨਿਉਂ ਲਗਣਾ ਪਾਈਆਂ । ਗੋਬਿੰਦ ਕਹੇ ਮੈਂ ਇਕ ਇਕੱਲਾ ਪੁਰਖ ਅਕਾਲ ਮੇਰਾ ਦਿਆਲ, ਦੀਨ ਦਿਆਲ ਨਜ਼ਰੀ ਆਈਆ । ਜਿਸ ਦੇ ਵੱਸ ਕਾਲ ਮਹਾਂਕਾਲ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੋਬਿੰਦ ਕਹੇ ਸਾਰੇ ਖ਼ੁਸ਼ੀ ਨਾਲ ਪਓ ਹੱਸ, ਗੁਰ ਅਵਤਾਰ ਪੈਗ਼ੰਬਰੋ ਆਪਣੀ ਖ਼ੁਸ਼ੀ ਬਣਾਈਆ । ਜੋਤੀ ਧਾਰ ਜਾਣਾ ਨੱਸ, ਪੈਂਡਾ ਪੰਧ ਪੰਧ ਰਹੇ ਨਾ ਰਾਈਆ । ਤੁਹਾਡਾ ਠੀਕ ਵਕ਼ਤ ਤੇ ਠੀਕ ਟਾਈਮ ਈਸਾ ਦਾ ਕਲਾਕ ਕਹੇ ਸਾਢੇ ਦਸ, ਵੱਧ ਘੱਟ ਨਾ ਕੋਇ ਕਰਾਈਆ । ਹਰਿ ਗੋਬਿੰਦ ਦੀ ਧਾਰ ਤੋਂ ਢਾਈ ਸੌ ਕ਼ਦਮ ਲਹਿੰਦੇ ਜਾਣਾ ਹਟ, ਸਚ ਕਿਨਾਰਾ ਵੇਖ ਵਖਾਈਆ । ਓਥੇ ਗੁਰ ਅਰਜਨ ਦੀ ਮਹਿੰਮਾ ਨੌ ਦਿਨ ਗਾ ਕੇ ਗਏ ਸੀ ਭੱਟ, ਛੱਤੀ ਰਾਗਾਂ ਰਾਗ ਸੁਣਾਈਆ । ਬਾਲਮੀਕ ਦੇ ਵੇਲੇ ਓਥੇ ਇਕ ਬ੍ਰਾਹਮਣ ਦਾ ਹੁੰਦਾ ਸੀ ਹੱਟ, ਪੁਸਤਕ ਰਾਮ ਨਾਮ ਦੇ ਵੇਚ ਕੇ ਝਟ ਲੰਘਾਈਆ । ਰਵਿਦਾਸ ਦੇ ਵੇਲੇ ਓਥੇ ਰਹਿੰਦਾ ਸੀ ਇਕ ਭੋਲਾ ਜੱਟ, ਮਸਤੀ ਵਿਚ ਪ੍ਰਭ ਦਾ ਰਾਹ ਤਕਾਈਆ । ਤਰੇਤੇ ਵਿਚ ਰਾਵੀ ਤਿੰਨ ਸੌ ਅਠੱਤਰ ਸਾਲ ਵਗੀ ਸੀ ਏਸੇ ਤਟ, ਲਹਿਰ ਲਹਿਰ ਨਾਲ ਟਕਰਾਈਆ । ਦਵਾਪਰ ਵਿਚ ਤਿੰਨ ਦਿਨ ਪਾਂਡੋ ਏਥੇ ਗਏ ਸੀ ਕਟ, ਯੁਧਿਸ਼ਟਰ ਉਂਗਲੀ ਨਾਲ ਨਿਸ਼ਾਨ ਲਗਾਈਆ । ਹਰਿਗੋਬਿੰਦ ਏਥੇ ਗੱਡ ਕੇ ਗਿਆ ਸੀ ਕਾਨਾ ਕਾਹੀ ਦਾ ਗੱਟ, ਜਿਸ ਨੂੰ ਪਾਣੀ ਦੀ ਧਾਰ ਅਜ ਤਕ ਨਾ ਕੋਇ ਰੁੜ੍ਹਾਈਆ । ਫਿਰ ਮਾਰ ਕੇ ਖੰਡੇ ਦੀ ਸੱਟ, ਜ਼ੋਰ ਨਾਲ ਦਬਾਈਆ । ਸਭ ਦੀ ਯਾਦ ਪੁਰਾਣੀ ਮੈਂ ਨਿਸ਼ਾਨਾ ਲਾਵਾਂ ਜਿਥੇ ਆਵੇ ਪੁਰਖ ਸਮਰਥ, ਭੁੱਲ ਵਿਚ ਭੁੱਲ ਰਹੇ ਨਾ ਰਾਈਆ । ਫਿਰ ਉਤੇ ਰੱਖ ਕੇ ਸੁੱਕੇ ਪੱਤ, ਪੱਤੇ ਦਰਖ਼ਤਾਂ ਦੇ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਗੋਬਿੰਦ ਕਹੇ ਅਵਤਾਰ ਪੈਗ਼ੰਬਰੋ ਸਾਰੇ ਕਸਕੇ ਜਾਇਓ ਕਮਰਕੱਸੇ, ਆਪਣਾ ਬਲ ਧਰਾਈਆ । ਵੇਖਿਓ ਕੋਈ ਡਰਪੋਕ ਨਾ ਬਣਿਓ ਰਾਹ ਵਿਚ ਕਿਸੇ ਨੂੰ ਪੈ ਨਾ ਜਾਏ ਗਸ਼ੇ, ਕਿਉਂ ਬਹੁਤੇ ਮੱਛ ਕੱਛ ਰਾਹ ਵਿਚ ਨਜ਼ਰੀ ਆਈਆ । ਆਪਣੇ ਆਪਣੇ ਨਾਲ ਲੈ ਕੇ ਜਾਇਓ ਦੀਨਾਂ ਮਜ਼੍ਹਬਾਂ ਵਾਲੇ ਪਟੇ, ਪਟਨੇ ਵਾਲਾ ਸਭ ਨੂੰ ਕਰੇ ਅਗਵਾਈਆ ।


੯੯੩
੨੧

ਫੇਰ ਪਤਾ ਨਹੀਂ ਤੁਹਾਨੂੰ ਥੋੜ੍ਹੇ ਸਮੇਂ ਤੋਂ ਬਾਦ ਪ੍ਰਭ ਨੇ ਕਰ ਦੇਣਾ ਨਾਮ ਕਟੇ, ਹੁਕਮ ਧੁਰ ਦਾ ਇਕ ਜਣਾਈਆ । ਇਕੋ ਸ਼ਬਦ ਗੁਰੂ ਜੋ ਸਭ ਦਾ ਮਾਲਕ ਉਹ ਸਚ ਦਾ ਖੋਲ੍ਹੇ ਹੱਟੇ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤ ਸੁਹੇਲੇ ਧੁਰ ਪਿਆਰ ਵਿਚ ਰੱਤੇ, ਰਤਨ ਅਮੋਲਕ ਹੀਰੇ ਲਏ ਬਣਾਈਆ । ਤੁਹਾਡੇ ਲੇਖੇ ਪਾਏ ਤੁਹਾਡੇ ਖ਼ਤੇ, ਖਾਤਾ ਅਵਰ ਨਾ ਕੋਇ ਖੁਲ੍ਹਾਈਆ । ਕਿਉਂਕਿ ਮੈਂ ਪੁਰਖ ਅਕਾਲ ਦੀ ਬੁਲਾ ਕੇ ਆਇਆ ਫ਼ਤਿਹ, ਏਸੇ ਕਰ ਕੇ ਦੂਜਾ ਡੰਕਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਰਾਵੀ ਕਹੇ ਮੈਂ ਉਡੀਕਾਂ, ਜ਼ਿਮੀਂ ਅਸਮਾਨਾਂ ਨੈਣ ਉਠਾਈਆ । ਆ ਗਈ ਓਹ ਤਰੀਕਾ, ਜਿਸ ਤਾਰੀਖ਼ ਤੋਂ ਬਿਨਾ ਤਵਾਰੀਖ ਤੋਂ ਗੁਰ ਅਰਜਨ ਮੈਨੂੰ ਗਿਆ ਸਮਝਾਈਆ । ਸਦੀ ਚੌਧਵੀਂ ਕਹੇ ਮੈਨੂੰ ਵੀ ਓਸੇ ਦੀਆਂ ਉਮੀਦਾਂ, ਜੋ ਚੌਦਾਂ ਤਬਕਾਂ ਆਪਣਾ ਹੁਕਮ ਵਰਤਾਈਆ । ਜਿਸ ਦਾ ਖੇਲ ਹੋਣਾ ਬੀਸ ਬੀਸਾ, ਬੀਸਵੀਂ ਸਦੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਓਧਰੋਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀਆਂ ਨਠ, ਇਕ ਦੂਜੀ ਵੱਲ ਭੱਜਣ ਚਾਈਂ ਚਾਈਂਆ । ਛੇਤੀ ਕਰੋ ਝਟ, ਆਪਣੀ ਲਓ ਅੰਗੜਾਈਆ । ਚਲੀਏ ਓਸ ਤਟ, ਜਿਥੇ ਮਿਲਣਾ ਧੁਰ ਦਾ ਮਾਹੀਆ । ਸਚ ਦਵਾਰੇ ਜਾਈਏ ਵਸ, ਆਪਣਾ ਪੰਧ ਮੁਕਾਈਆ । ਗੰਗਾ ਕਹੇ ਕਮਲੀਓ ਖ਼ਾਲੀ ਨਹੀਂ ਜਾਣਾ ਹੱਥ, ਕੁਛ ਪ੍ਰਭ ਦੀ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਰਾਵੀ ਕਹੇ ਗੁਰ ਅਵਤਾਰ ਪੈਗ਼ੰਬਰ ਮੈਨੂੰ ਹੁੰਦੇ ਦਿਸਣ ਇਕੱਠੇ, ਸਚਖੰਡ ਸਾਚੇ ਨਜ਼ਰੀ ਆਈਆ । ਸੂਰਬੀਰ ਨੌਜਵਾਨ ਹੱਟੇ ਕੱਟੇ, ਰੰਗ ਰੰਗ ਵਿਚੋਂ ਬਦਲਾਈਆ । ਇਕ ਦੂਜੇ ਨੂੰ ਕਹਿਣ ਅਵਤਾਰੋ ਪੈਗ਼ੰਬਰੋ ਸਾਰਿਆਂ ਉਹ ਗੌਣੇ ਟੱਪੇ, ਜਿਹੜੇ ਟੱਪੇ ਮਾਤਲੋਕ ਵਿਚ ਕਾਇਆ ਮੰਦਰ ਅੰਦਰ ਆਏ ਗਾਈਆ । ਸਭ ਨੇ ਕਿਹਾ ਅਸੀਂ ਤੂੰ ਮੇਰਾ ਮੈਂ ਤੇਰਾ ਨਾਮ ਜਪੇ, ਸ੍ਰਿਸ਼ਟੀ ਤੋਂ ਰਾਮ ਕ੍ਰਿਸ਼ਨ ਅੱਲਾ ਸਤਿਨਾਮ ਵਾਹਿਗੁਰੂ ਆਏ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਰਾਵੀ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣਾ ਗੁੰਦ ਰਹੀਆਂ ਸੀਸ, ਮੇਂਢੀ ਸੋਹਣੀ ਲਈ ਬਣਾਈਆ । ਚਲੀਏ ਓਸ ਦਵਾਰੇ ਜਿਥੇ ਇਕੋ ਮਿਲੇ ਹਦੀਸ, ਇਕੋ ਸਚ ਪੜ੍ਹਾਈਆ । ਇਕੋ ਕਲਮਾ ਇਕੋ ਗੀਤ, ਇਕੋ ਨਗ਼ਮਾ ਦਏ ਸੁਣਾਈਆ । ਇਕੋ ਪਰਮ ਪੁਰਖ ਪਰਮਾਤਮ ਇਕੋ ਮੀਤ, ਆਤਮ ਮੇਲਾ ਮੇਲੇ ਸਹਿਜ ਸੁਭਾਈਆ । ਸਦਾ ਵਸਿਆ ਰਹੇ ਚੀਤ, ਮਨ ਚਿਤ ਠਗੌਰੀ ਨਜ਼ਰ ਕੋਇ ਨਾ ਆਈਆ । ਸਭ ਦੀ ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਬੁਝਾਈਆ । ਇਹ ਬਚਨ ਸੁਣ ਕੇ ਨਾਰਦ ਕੋਲ ਆ ਕੇ ਜ਼ੋਰ ਨਾਲ ਮਾਰੀ ਇਕ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਤੁਸੀਂ ਕਿੱਥੇ ਜਾਣਾ ਗ਼ੌਰ ਨਾਲ ਤੱਕੋ ਪਰਮਾਤਮਾ ਨੇੜੇ ਕਿ ਮੈਂ ਤੁਹਾਡੇ ਨਜ਼ਦੀਕ, ਨੇੜੇ ਆ ਕੇ ਸਨਮੁਖ ਤੁਹਾਨੂੰ ਦਰਸ ਦਿਖਾਈਆ । ਕੁਛ ਮੰਗ ਲਓ ਮੈਥੋਂ ਭੀਖ, ਭਿੱਛਿਆ ਤੁਹਾਡੀ ਝੋਲੀ ਪਾਈਆ । ਜੇ ਨਾ ਮੰਨੋ ਤੇ ਦੋਹਾਂ ਪਾਸਿਆਂ ਤੋਂ ਤਿੱਖੀ ਵਖਾਵਾਂ ਸੀਖ, ਆਰ ਪਾਰ ਤੁਹਾਡੇ ਦਿਆਂ ਕਰਾਈਆ । ਤੁਸੀਂ ਮੇਰੇ ਤੇ ਮੈਂ ਤੁਹਾਡਾ ਗਾਵਾਂ ਗੀਤ, ਆਤਮਾ ਨੂੰ ਆਤਮਾ ਮਿਲ ਕੇ ਵੱਜੇ ਵਧਾਈਆ । ਓਸ ਪ੍ਰਭੂ ਦੀ ਕਾਹਦੀ ਉਡੀਕ, ਜਿਹੜਾ ਸਾਹਮਣੇ ਨੇਤਰ ਨਜ਼ਰ ਕਿਸੇ ਨਾ ਆਈਆ । ਓਹ ਤੇ ਬੜਾ ਝਗੜਾਲੂ ਬੜਾ ਲੜਾਕਾ ਵੱਡਾ ਸ਼ਰੀਕ, ਜਿਸ ਨੇ ਗੁਰ ਅਵਤਾਰ ਪੈਗ਼ੰਬਰ ਬਣਾ ਕੇ ਦੀਨ ਮਜ਼੍ਹਬ ਵਿਚ ਦੁਨੀਆ

ਦਿਤੀ ਲੜਾਈਆ । ਮੇਰੇ ਵਿਚ ਬੀਬੀਓ ਬੜੀ ਤੌਫ਼ੀਕ ਆਓ ਤੁਹਾਡੇ ਸਿਰ ਤੇ ਹੱਥ ਦਿਆਂ ਟਿਕਾਈਆ । ਤੁਹਾਨੂੰ ਪਤਾ ਨਹੀਂ ਉਸ ਨੇ ਸਦੀ ਚੌਧਵੀਂ ਦੇ ਗਲ ਵਿਚ ਪਾ ਕੇ ਤਵੀਤ, ਉਹਨੂੰ ਵੀ ਲਿਆ ਭਰਮਾਈਆ । ਉਹ ਜਾਦੂਗਰ ਬੜਾ ਖ਼ਬੀਸ, ਭੈ ਵਿਚ ਸਾਰਿਆਂ ਨੂੰ ਰਿਹਾ ਡਰਾਈਆ । ਮੁਹੰਮਦ ਕੰਨਾਂ ਵਿਚ ਉਂਗਲਾਂ ਪਾ ਕੇ ਉਹਦਾ ਕਲਮਾ ਪੜ੍ਹੇ ਨਾਲੇ ਪੜ੍ਹੇ ਹਦੀਸ, ਨਿਉਂ ਨਿਉਂ ਸਲਾਮ ਕਰਾਈਆ । ਰਾਮ ਨੂੰ ਓਸ ਨੇ ਜੰਗਲਾਂ ਵਿਚ ਦਿਤਾ ਘਸੀਟ, ਸੀਤਾ ਪਿਛੇ ਦੇਂਦਾ ਫਿਰੇ ਦੁਹਾਈਆ । ਕ੍ਰਿਸ਼ਨ ਨੂੰ ਰੁਕਮਣੀ ਪਿਛੇ ਭੱਜਣਾ ਪਿਆ ਦੇ ਕੇ ਪੀਠ, ਚਲਿਆ ਵਾਹੋ ਦਾਹੀਆ । ਤੁਸੀਂ ਕਿਹੜਾ ਲਭਦੀਆਂ ਜਗਦੀਸ਼, ਜਿਸ ਨੇ ਬ੍ਰਹਮਾ ਨੂੰ ਪੁਤ੍ਰੀ ਉਤੇ ਦਿਤਾ ਡੁਲਾਈਆ । ਤੁਸੀਂ ਕਿਹੜਾ ਸਮਝਦੀਆਂ ਅਜ਼ੀਜ਼, ਜਿਸ ਨੇ ਮੋਹਣੀ ਰੂਪ ਕਰ ਕੇ ਸ਼ੰਕਰ ਦਾ ਅੰਤਰ ਦਿਤਾ ਹਿਲਾਈਆ । ਤੁਸੀਂ ਕਿਹਦੇ ਗਾਉਂਦੀਆਂ ਗੀਤ, ਜਿਹੜਾ ਵਿਸ਼ਨੂੰ ਨੂੰ ਲਕਸ਼ਮੀ ਪਿਛੇ ਫਿਰਾਈਆ । ਇਕ ਮੈਂ ਉਚਾ ਸੁੱਚਾ ਤੇ ਸਤਿ ਧਰਮ ਵਿਚ ਠੀਕ, ਜੇ ਤੁਸੀਂ ਚਾਰੇ ਮੰਨੋ ਤੇ ਫੇਰ ਲਵਾਂ ਪ੍ਰਨਾਈਆ । ਤੇ ਜੇ ਇਕ ਜਣੀ ਕਹੋ ਤੇ ਸਾਰਿਆਂ ਨੂੰ ਦੇ ਕੇ ਪੀਠ, ਆਪਣਾ ਪਿੱਛਾ ਜਾਵਾਂ ਪਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਕਰਾਈਆ । ਨਾਰਦ ਕਹੇ ਨੀ ਰਾਵੀ ਤੇ ਇਕ ਵਹਿਣ ਵਾਲੀ ਨਦੀ, ਬੇਲੇ ਕਾਹੀਆਂ ਵਿਚ ਆਪਣਾ ਝਟ ਲੰਘਾਈਆ । ਮੇਰੀ ਤੇ ਪੁਰਾਣੀ ਗੱਦੀ, ਮੈਂ ਸਭ ਦਾ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਪਰ ਮੈਂ ਔਂਦਾ ਕਦੀ ਕਦੀ, ਜਿਸ ਵੇਲੇ ਕਿਸੇ ਨੂੰ ਔਕੜ ਪਏ ਤੁਹਾਡੇ ਵਰਗੀਆਂ ਨੂੰ ਲਵਾਂ ਬਚਾਈਆ । ਮੇਰਾ ਜੀਅ ਕਰਦਾ ਤੁਹਾਨੂੰ ਪਾ ਕੇ ਵਿਚ ਡੱਬੀ, ਡੱਬ ਵਿਚ ਲੈ ਕੇ ਸਮੇਰੂ ਪਰਬਤ ਤੋਂ ਪਿਛੇ ਦਿਆਂ ਟਿਕਾਈਆ । ਜਿਥੇ ਵਗਦੀ ਨਹੀਂ ਕੋਈ ਨਦੀ, ਨਾ ਕੋਈ ਸਾਲ ਨਾ ਕੋਈ ਸਦੀ, ਨਾ ਕੋਈ ਸਦਮੇ ਵਿਚ ਦੁਹਾਈਆ । ਅਜੇ ਤੇ ਮੈਂ ਤੁਹਾਨੂੰ ਸਿਫ਼ਤ ਦੱਸੀ ਆਪਣੀ ਅੱਧੀ, ਬਹੁਤਾ ਭੇਵ ਨਾ ਕੋਇ ਖੁਲ੍ਹਾਈਆ । ਜੇ ਤੁਸਾਂ ਮੇਰਾ ਹੁਕਮ ਨਾ ਮੰਨਿਆ ਤੇ ਚਲੀਆਂ ਗਈਆਂ ਬਦੋਬਦੀ, ਤੇ ਰਾਹ ਵਿਚ ਝਗੜਾ ਲੈਣਾ ਪਾਈਆ । ਜੇ ਚੁਪ ਚੁਪੀਤੀਆਂ ਲੰਘੀਆਂ ਮੈਂ ਖੜਾਕ ਸੁਣ ਲੈਣਾ ਤੁਹਾਡੀ ਅੱਡੀ, ਜੇ ਪੱਬਾਂ ਭਾਰ ਚਲੋ ਤੁਸਾਂ ਲੰਮੀਆਂ ਹੋਣਾ ਤੁਹਾਡੀ ਬੋਦੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਮੁਨੀ ਜੀ ਕਿਹਾ ਕੀ, ਮੈਨੂੰ ਦਿਓ ਜਣਾਈਆ । ਨਾਰਦ ਕਹੇ ਹਾਂ ਜੀ ਹਾਂ ਜੀ ਹਾਂ ਜੀ, ਚੌਂਹਾਂ ਦਿਤੀ ਵਡਿਆਈਆ । ਜਮਨਾ ਕਹੇ ਰਿਸ਼ੀ ਜੀ ਤੂੰ ਮੇਰਾ ਪਿਓ ਤੇ ਮੈਂ ਤੇਰੀ ਧੀ, ਮੇਰੇ ਸਿਰ ਤੇ ਪਿਆਰ ਦਿਓ ਟਿਕਾਈਆ । ਨਾਰਦ ਕਹੇ ਗ਼ੁੱਸੇ ਵਿਚ ਮੈਂ ਇਹ ਚਲਣ ਨਹੀਂ ਦੇਣੀ ਲੀਹ, ਨਾ ਮੈਂ ਕੋਈ ਇਸਤਰੀ ਵਿਆਹੀ ਤੇ ਨਾ ਕੋਈ ਮੇਰੀ ਹੋਈ ਧੀ, ਜੰਮਣ ਵਾਲੀ ਤੇਰੀ ਕਿਹੜੀ ਮਾਈਆ । ਸੁਰਸਤੀ ਹੱਸ ਕੇ ਕਿਹਾ ਮੁਨੀ ਜੀ ਜ਼ਰਾ ਜਲ ਲਓ ਪੀ, ਆਪਣਾ ਆਪ ਠੰਡਾ ਲਓ ਕਰਾਈਆ । ਗੋਦਾਵਰੀ ਛੇਤੀ ਨਾਲ ਉਹਦੇ ਸਿਰ ਤੇ ਮਲ ਦਿਤਾ ਘੀ, ਜੇ ਸੋਹਣੇ ਬਣਨਾ ਧੁੱਪ ਵਿਚ ਆਪਣੀ ਟਿੰਡ ਲਓ ਚਮਕਾਈਆ । ਓਨੇ ਚਿਰ ਨੂੰ ਪੁਰਖ ਅਕਾਲ ਇਕ ਰੂਪ ਭੇਜ ਦਿਤਾ ਨਾ ਪਤਾ ਲੱਗਾ ਸ਼ੇਰ ਬੱਬਰ ਨਾ ਪਤਾ ਲੱਗੇ ਸ਼ੀਂਹ, ਭੈ ਆਪਣਾ ਰਿਹਾ ਵਖਾਈਆ । ਇਕ ਦਮ ਬਰਸਣ ਲੱਗਾ ਮੀਂਹ, ਅੰਧ ਅੰਧੇਰੀ ਦਿਤੀ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਇਹ ਓਧਰ ਹੋ ਰਿਹਾ ਵਿਹਾਰ, ਮੈਂ ਸਚ ਦਿਆਂ ਸੁਣਾਈਆ । ਨਾਰਦ ਦਾ ਦਿਸੇ ਨਾ ਕੋਇ ਅਖ਼ਤਿਆਰ, ਬੇਅਖ਼ਤਿਆਰੀ ਵਿਚ ਕੁਰਲਾਈਆ । ਜਮਨਾ ਸੁਰਸਤੀ ਗੰਗਾ ਗੋਦਾਵਰੀ ਸਾਰੀਆਂ ਹੋਣ ਤਿਆਰ, ਤ੍ਰੈਗੁਣ


੯੯੫
੨੧

ਮਾਇਆ ਡੇਰਾ ਢਾਹੀਆ । ਜਿਸ ਤਰੀਕੇ ਨਾਲ ਰਾਹ ਵਿਚੋਂ ਔਣਾ ਉਹਦਾ ਲੇਖਾ ਦੱਸਣਾ ਕਲ੍ਹ ਨਾਲ ਪਿਆਰ, ਕ਼ਲਮ ਸਿਆਹੀ ਜੋੜ ਜੁੜਾਈਆ । ਸਭ ਦਾ ਮੇਲਾ ਹੋਣਾ ਤਟ ਕਿਨਾਰ, ਤਟ ਪਿਛਲਾ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਆਵਣ ਆਪਣੀ ਧਾਰ, ਧਰਨੀ ਧਰਤ ਧਵਲ ਸੋਭਾ ਪਾਈਆ । ਅਗਲਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਦਏ ਦ੍ਰਿੜਾਈਆ । ਸਵਾ ਦਸ ਨੂੰ ਸਭ ਨੇ ਪਹੁੰਚ ਜਾਣਾ ਓਸ ਕਿਨਾਰ, ਜਿਸ ਦੀ ਆਸਾ ਸਰਬ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਵੇ ਸਾਰ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਭੇਵ ਖੁਲ੍ਹਾਈਆ ।

❊ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਾਵੀ ਦਾ ਕੰਢਾ ਸ਼ਬਦੀ ਧਾਰ ਗੁਰ ਅਵਤਾਰ ਪੈਗ਼ੰਬਰਾਂ ਦਾ ਪੁੱਜਣਾ, ਸ਼ਬਦ ਰੂਪ ਗੁਰ ਅਵਤਾਰ ਪੈਗ਼ੰਬਰਾਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਦਾ ਇਕੱਠਿਆਂ ਹੋਣਾ, ਨਾਰਦ ਦਾ ਪੁੱਜਣਾ, ਭਗਤ ਭਗਵਾਨ ਦਾ ਇਕੱਠ ਹੋਣਾ, ਸਭ ਦਾ ਪੂਰਬ ਲੇਖਾ ਚੁਕੌਣਾ, ਸ਼ਬਦ ਦੀ ਧਾਰ ਵਿਚ ਧਰਮ ਧਾਰ ਦੀ ਗੋਲੀ ਜੁਗਿੰਦਰ ਕੌਰ ਲਾਲ ਸੂਟ ਪਾ ਕੇ ਵਿਹਾਰ ਕਾਰਨ ਸਾਥ ਸੀ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਦਿਵਸ ਆਇਆ ਅਠਾਰਾਂ ਫੱਗਣ, ਫਲਗੁਣ ਰੁੱਤ ਮਿਲੀ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਦੀਪਕ ਜੋਤੀ ਲੱਗਾ ਜਗਣ, ਦੋ ਜਹਾਨ ਨੌਜਵਾਨ ਮਰਦ ਮਰਦਾਨ ਕਰੇ ਰੁਸ਼ਨਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਲੱਗਾ ਗੱਜਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਰਿਹਾ ਸੁਣਾਈਆ । ਗ਼ਰੀਬ ਨਿਮਾਣਿਆਂ ਚਾਰ ਜੁਗ ਦਿਆਂ ਵਿਛੜਿਆਂ ਰਿਹਾ ਸੱਦਣ, ਸੱਦਾ ਸ਼ਬਦ ਨਾਮ ਜਣਾਈਆ । ਲੇਖਾ ਮੰਗਣ ਲੱਗਾ ਪੂਜਾ ਪਾਠ ਸਿਮਰਨ ਬੰਦਗੀ ਭਜਨ, ਅੱਖਰਾਂ ਅੱਖਰਾਂ ਫੋਲ ਫੁਲਾਈਆ । ਸਚ ਅਖਾੜਾ ਵਿਚ ਉਜਾੜਾਂ ਲੱਗਾ ਲੱਗਣ, ਜਿਸ ਦਾ ਲੇਖ ਜੁਗ ਚਾਰ ਨਾ ਕੋਇ ਸੁਣਾਈਆ । ਨਾਮ ਨਿਧਾਨਾ ਲੱਗਾ ਵੱਜਣ, ਭਗਤਾਂ ਅੰਤਰ ਨਿਰੰਤਰ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਰੇ ਵਿਚ ਇਕ ਕਤਾਰ, ਲਾਈਨ ਇਕੋ ਇਕ ਬਣਾਈਆ । ਕਿਸੇ ਸਿਰ ਨਾ ਟੋਪੀ ਨਾ ਪਗੜੀ ਨਾ ਦਸਤਾਰ, ਮੁੰਡ ਮੁੰਡਾਇਆ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸ਼ਸਤਰ ਨਾ ਕੋਈ ਬਸਤਰ ਨਾ ਕੋਈ ਤਨ ਕਟਾਰ, ਧਨੁਸ਼ ਬਾਣ ਕੰਧ ਨਾ ਕੋਇ ਉਠਾਈਆ । ਨਾ ਕੋਈ ਸ਼ਿਸ਼ ਨਾ ਮੁਰੀਦ ਨਾ ਕੋਈ ਸੇਵਕ ਨਾ ਕੋਈ ਨਾਰੀ ਕੰਤ ਕਰੇ ਪਿਆਰ, ਤਨ ਵਜੂਦ ਸੋਭਾ ਕੋਇ ਨਾ ਪਾਈਆ । ਸਚਖੰਡ ਦਵਾਰ ਜਿਸ ਵੇਲੇ ਨਿਕਲੇ ਬਾਹਰ, ਸੋ ਪੁਰਖ ਨਿਰੰਜਣ ਹਰਿਪੁਰਖ ਨਿਰੰਜਣ ਏਕੰਕਾਰ ਆਦਿ ਨਿਰੰਜਣ ਮਿਹਰ ਨਿਗਾਹ ਇਕ ਉਠਾਈਆ । ਅਬਿਨਾਸ਼ੀ ਕਰਤੇ ਸ੍ਰੀ ਭਗਵਾਨ ਪਾਰਬ੍ਰਹਮ ਦਿਤਾ ਇਕ ਪਿਆਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਅੱਗੇ ਖੜ੍ਹੇ ਵੇਖੇ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਵਾਰੋ ਵਾਰ, ਸੁਰਪਤ ਨਿਉਂ ਨਿਉਂ ਲਾਗੇ

ਪਾਈਆ । ਗਣ ਗੰਧਰਬ ਗਾਵਣ ਆਪਣੀ ਵਾਰ, ਕਿਨਰ ਯਸ਼ਪ ਰਾਗ ਸੁਣਾਈਆ । ਸ਼ਿਵਲੋਕ ਬ੍ਰਹਮਲੋਕ ਇੰਦਲੋਕ ਤਜ ਆਏ ਓਸ ਦਵਾਰ, ਜਿਸ ਦਾ ਆਦਿ ਅੰਤ ਕਹਿਣ ਕੋਇ ਨਾ ਪਾਈਆ । ਰਵ ਸਸ ਸੂਰੀਆ ਚੰਨ ਧੂੜੀ ਚਰਨ ਮੰਗਣ ਛਾਰ, ਗਲ ਪੱਲੂ ਰਹੇ ਪਾਈਆ । ਜਿਸ ਵੇਲੇ ਮੰਡਲ ਉਤੇ ਠੋਕਰ ਦਿਤੀ ਮਾਰ, ਬਿਨਾ ਕ਼ਦਮ ਕ਼ਦਮ ਟਿਕਾਈਆ । ਧਾਹੀਂ ਮਾਰ ਕੇ ਰੋਏ ਸਿਤਾਰ, ਸਤਹ ਬੁਲੰਦੀ ਉਤੇ ਦੇਣ ਦੁਹਾਈਆ । ਗੁਰ ਅਵਤਾਰ ਪੈਗ਼ੰਬਰੋ ਅਸੀਂ ਅੱਠੇ ਪਹਿਰ ਤੁਹਾਡਾ ਵੇਖਦੇ ਰਹੇ ਸੰਸਾਰ, ਦੀਨ ਦੁਨੀ ਖੋਜ ਖੁਜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਮ ਕਲਮਾ ਰਿਹਾ ਨਾ ਕੋਇ ਅਧਾਰ, ਬੇੜਾ ਪਾਰ ਨਾ ਕੋਇ ਕਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਸਾਚਾ ਨੂਰ ਨਾ ਕੋਇ ਉਜਿਆਰ, ਪ੍ਰੇਮ ਪ੍ਰੀਤੀ ਹੱਕ ਨਾ ਕੋਇ ਕਮਾਈਆ । ਜੇ ਚੰਗਾ ਕਰੋ ਏਥੋਂ ਮੁੜ ਜਾਓ ਆਪਣੀ ਧਾਰ, ਧਰਨੀ ਕ਼ਦਮ ਨਾ ਕੋਇ ਟਿਕਾਈਆ । ਤੁਹਾਡਾ ਰਿਹਾ ਨਾ ਕੁਛ ਅਖ਼ਤਿਆਰ, ਭਰਮੇ ਭੁੱਲੀ ਸਰਬ ਲੋਕਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਮੁਨਾਰ, ਸਾਢੇ ਤਿੰਨ ਹੱਥ ਦੁਹਾਈਆ । ਆਤਮ ਬ੍ਰਹਮ ਨਾ ਕੋਇ ਵਿਚਾਰ, ਮਨ ਮਤ ਹੋਈ ਹਲਕਾਈਆ । ਕਿਸੇ ਦੀ ਪੈਜ ਸਕੇ ਨਾ ਕੋਇ ਸੁਆਰ, ਸਿਰ ਹੱਥ ਨਾ ਕੋਇ ਟਿਕਾਈਆ । ਮੇਟ ਸਕੇ ਨਾ ਕੋਈ ਕਾਮ ਕਰੋਧ ਲੋਭ ਮੋਹ ਹੰਕਾਰ, ਜਗਤ ਤ੍ਰਿਸ਼ਨਾ ਨਾ ਕੋਇ ਬੁਝਾਈਆ । ਤੁਹਾਡੇ ਦੀਨ ਮਜ਼੍ਹਬ ਹੋਣ ਖ਼ੁਆਰ, ਬਦੀ ਘਰ ਘਰ ਡੇਰਾ ਲਾਈਆ । ਧੁਰ ਦਾ ਨਾਮ ਬਣਿਆ ਤਕਰਾਰ, ਝਗੜੇ ਵਿਚ ਦੁਹਾਈਆ । ਸਾਰੇ ਪ੍ਰਭੂ ਦੇ ਅੱਗੇ ਜਾ ਕੇ ਦਿਓ ਇਕਬਾਲ, ਹਲਫ਼ੀਆ ਲਿਖ ਕੇ ਬਿਆਨ ਵਖਾਈਆ । ਸਾਡੀ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਵਿਚ ਕੁਰਲਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਅਮਲ ਦਿਸੇ ਨਾ ਕੋਇ ਲੋਕਾਈਆ । ਤੂੰ ਸਾਹਿਬ ਸਦਾ ਮਿਹਰਵਾਨ, ਮਹਿਬੂਬ ਤੇਰੀ ਵਡਿਆਈਆ । ਲੇਖਾ ਵੇਖ ਜਗਤ ਜਹਾਨ, ਜਾਗਰਤ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਾਂ ਅਸੀਂ ਮੰਡਲ ਲੰਘੇ, ਆਪਣੀ ਹਾਲਤ ਬਦਲਾਈਆ । ਅੱਗੇ ਨਾਰਦ ਬਹਿ ਗਿਆ ਆ ਕੇ ਉਤੇ ਮੰਜੇ, ਬਿਨਾ ਦੌਣ ਤੋਂ ਆਸਣ ਲਾਈਆ । ਲੈ ਕੇ ਢਾਈ ਹੱਥ ਦੀ ਤੰਦੇ, ਆਪਣੀ ਸਤਾਰ ਰਿਹਾ ਵਜਾਈਆ । ਓਏ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਤੇ ਕਦੀ ਹੁੰਦੇ ਸੋ ਪੰਜਾਂ ਤੱਤਾਂ ਵਾਲੇ ਬੰਦੇ, ਲੋਕਮਾਤ ਸੇਵ ਕਮਾਈਆ । ਦੱਸਦੇ ਸੋ ਦੀਨਾਂ ਮਜ਼੍ਹਬਾਂ ਵਾਲੇ ਡੰਡੇ, ਡੰਡਾਵਤ ਆਪਣੀ ਆਪਣੀ ਜਣਾਈਆ । ਮੈਨੂੰ ਤੇ ਕਹਿੰਦੇ ਸੋ ਬ੍ਰਾਹਮਣ ਸ਼ੈਤਾਨ ਪੰਡੇ, ਐਵੇਂ ਬੋਦੀ ਰਿਹਾ ਹਿਲਾਈਆ । ਹੁਣ ਦੱਸੋ ਤੁਸੀਂ ਕੀ ਬਹਿਣ ਜਾਣਾ ਰਾਵੀ ਕੰਢੇ, ਓਥੇ ਕੋਈ ਮੰਦਰ ਮਸਜਿਦ ਸ਼ਿਵਦਵਾਲਾ ਮਠ ਮਸੀਤ ਚਰਚ ਗੁਰੂਦਵਾਰ ਨਜ਼ਰ ਕੋਇ ਨਾ ਆਈਆ । ਪਾਣੀ ਨਾਲ ਹੋ ਜਾਓਗੇ ਠੰਡੇ, ਕੋਈ ਮੁਰੀਦ ਕੋਈ ਸਿੱਖ ਤੁਹਾਡੇ ਉਤੇ ਟੇਕ ਨਾ ਕੋਇ ਰਖਾਈਆ । ਜਿਧਰ ਵੇਖੋਗੇ ਦੀਨ ਮਜ਼੍ਹਬ ਵਖਰੇ ਵਖਰੇ ਝੰਡੇ, ਏਕਾ ਰੰਗ ਨਾ ਕੋਇ ਮਿਲਾਈਆ । ਤੁਸੀਂ ਤੇ ਦੱਸ ਕੇ ਆਏ ਪ੍ਰਭ ਮਿਲਣ ਦੇ ਰਾਹ ਚੰਗੇ, ਤੁਹਾਡੇ ਮੰਨਣ ਵਾਲੇ ਇਕ ਦੂਜੇ ਨੂੰ ਰਹੇ ਡਰਾਈਆ । ਆਹ ਵੇਖੋ ਲੇਖ ਪੁਰਖ ਅਕਾਲ ਸੰਦੇ, ਜਿਸ ਨੇ ਸਨਦ ਮੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਆਹ ਲੈ ਲਓ ਮੇਰੀ ਮੰਜੀ ਦੀ ਸੇਜ, ਜੇ ਤੁਹਾਨੂੰ ਗੱਦੀਆਂ ਵਿਚ ਵਡਿਆਈਆ । ਜਿਸ ਨੇ ਤੁਹਾਨੂੰ ਦਿਤਾ ਭੇਜ, ਓਹੋ ਸ਼ਰਅ ਦਾ ਦਿਸੇ ਕਸਾਈਆ ।

ਆਪਣਾ ਨਾਮ ਕਲਮਾ ਆਪਣੀ ਪਾ ਲਓ ਵਿਚ ਜੇਬ, ਅੰਦਰ ਲਓ ਛੁਪਾਈਆ । ਮੈਨੂੰ ਦੱਸੋ ਪੈਗ਼ੰਬਰੋ ਤੁਹਾਡੇ ਕੋਲ ਕਿਹੜੀ ਕਤੇਬ, ਸਫ਼ਾ ਸਫ਼ਾ ਦਿਓ ਉਲਟਾਈਆ । ਓਹ ਪ੍ਰਭੂ ਬੜਾ ਕਰਨ ਵਾਲਾ ਫ਼ਰੇਬ, ਧੋਖਿਆਂ ਵਿਚ ਸਭ ਨੂੰ ਰਿਹਾ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਮੁਨੀ ਕਹੇ ਮੇਰੀ ਵੇਖੋ ਤੁਲਸੀ ਮਾਲਾ, ਮਣਕੇ ਜ਼ੋਰ ਜ਼ੋਰ ਨਾਲ ਭਵਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਤੇ ਮਜ਼੍ਹਬਾਂ ਦਾ ਦੁਨੀਆ ਨੂੰ ਲਾ ਕੇ ਆਏ ਤਾਲਾ, ਮੈਂ ਤੁਹਾਡੀ ਕੁੰਜੀ ਚੁਰਾ ਕੇ ਪ੍ਰਭ ਦੇ ਸਿੰਘਾਸਣ ਥੱਲੇ ਦਬਾਈਆ । ਤੁਸੀਂ ਜਾ ਕੇ ਵੇਖੋ ਦੁਨੀਆ ਦਾ ਹਾਲ ਹਾਲਾ, ਮੌਜੂਦਾ ਅੱਖ ਉਠਾਈਆ । ਫਲ ਰਿਹਾ ਨਾ ਕਿਸੇ ਡਾਲਾ, ਹਿੰਦੂ ਮੁਸਲਿਮ ਸਿੱਖ ਈਸਾਈ ਸਿੰਮਲ ਰੂਪ ਰਹੇ ਲਹਿਰਾਈਆ । ਸਵੇਰੇ ਉਠ ਕੇ ਤੁਹਾਨੂੰ ਜਪਣ ਫੇਰ ਦੁਪਹਿਰ ਨੂੰ ਤੁਹਾਨੂੰ ਕੱਢਣ ਗਾਲਾਂ, ਕਿਉਂ ਭੁੱਖੇ ਮਰਦੇ ਜਿਨ੍ਹਾਂ ਦੇ ਬੱਚੇ, ਓਹ ਸਿਆਪੇ ਕਰ ਕੇ ਤੁਹਾਡੇ ਆਪਣਾ ਝਟ ਲੰਘਾਈਆ । ਕੀ, ਦੱਸੋ ਗ਼ਰੀਬਾਂ ਲਈ ਪਰੋਸ ਕੇ ਲੈ ਚਲੇ ਜੇ ਥਾਲਾ, ਸਚਖੰਡ ਵਿਚੋਂ ਦਰਗਾਹ ਸਾਚੀ ਵਿਚੋਂ ਮੁਕਾਮੇ ਹੱਕ ਵਿਚੋਂ ਇਹ ਕਾਗ਼ਜ਼ਾਂ ਵਾਲੇ ਬਸਤੇ ਕੀ ਉਨ੍ਹਾਂ ਨੂੰ ਦਿਓਗੇ ਖਵਾਈਆ । ਤੁਸੀਂ ਕੋਈ ਰਈਸ ਨਹੀਂ, ਰਾਜੇ ਨਹੀਂ, ਸ਼ਹਿਨਸ਼ਾਹ ਨਹੀਂ, ਪਾਤਸ਼ਾਹ ਨਹੀਂ, ਕਿ ਤੁਸੀਂ ਉਨ੍ਹਾਂ ਤੋਂ ਲੈਣ ਚਲੇ ਜੇ ਹਾਲਾ, ਉਨ੍ਹਾਂ ਤੋਂ ਉਗਰਾਹੀ ਕਰਨ ਵਾਸਤੇ ਭੱਜੇ ਚਾਈਂ ਚਾਈਂਆ । ਰਾਵੀ ਦੇ ਕੰਢੇ ਪਹੁੰਚਣਾ ਨਹੀਂ ਸੁਖਾਲਾ, ਪਹਿਲੋਂ ਆਪਣੀ ਤ੍ਰੈਗੁਣ ਮਾਇਆ ਦਾ ਤੋੜੋ ਜੰਜਾਲਾ, ਫੇਰ ਵੇਖੋ ਪੁਰਖ ਅਕਾਲਾ, ਕੀ ਸਭ ਦਾ ਪਿਤਾ ਮਾਈਆ । ਮੈਂ ਦੱਸਣਾ ਨਹੀਂ ਚਾਹੁੰਦਾ ਕੁਛ ਬਾਹਲਾ, ਇਹ ਤਾਂ ਥੋੜ੍ਹਾ ਜਿਹਾ ਦਿਤਾ ਅਹਿਵਾਲਾ, ਬਾਕੀ ਜਾ ਕੇ ਵੇਖਣਾ ਨੇਤਰ ਨੈਣ ਅੱਖ ਅੱਖ ਉਠਾਈਆ । ਨਾਰਦ ਕਹੇ ਮੇਰੀ ਮੰਜੀ ਦੇ ਵੇਖੋ ਨਾ ਟੁੱਟੇ ਹੋਏ ਸੰਘੇ, ਡੋਰੀ ਡੋਰੀ ਨਾ ਕੋਇ ਬੰਧਾਈਆ । ਇਹੋ ਜੇਹੀ ਹਾਲਤ ਹੋਈ ਜੋ ਦੁਨੀਆਦਾਰੀ ਦੇ ਬੰਦੇ, ਬੰਦਗੀ ਵਾਲਾ ਨਜ਼ਰ ਕੋਇ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸ਼ਨਾ ਵਿਚ ਗੰਦੇ, ਦੁਰਮਤ ਮੈਲ ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਤੁਹਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਬਸਤੇ ਬੰਨ੍ਹ ਕੇ ਘਰ ਘਰ ਪੁਸਤਕਾਂ ਵਾਲੇ ਰੂਪ ਟੰਗੇ, ਪਰ ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੇਰੀ ਸਿਖਿਆ ਸੁਣ ਲਓ ਮੈਂ ਗ਼ਰੀਬ ਨਿਮਾਣਾ, ਜੇ ਜਾਣਾ ਤੇ ਜਾਇਓ ਸਾਰੇ ਪੈਰ ਨੰਗੇ, ਆਪਣੀ ਖ਼ੁਸ਼ੀ ਬਣਾਈਆ । ਇਕੋ ਵਾਰ ਸਾਰਿਆਂ ਨੇ ਵਾਹ ਲੈਣੇ ਕੰਘੇ, ਤੁਹਾਨੂੰ ਪਤਾ, ਪ੍ਰਭੂ ਵਿਹਣਾ ਰੰਗ ਲਾਲ ਲਾਲ ਕੰਘਾ ਤੁਹਾਡੇ ਹੱਥ ਫੜਾਈਆ । ਇਸ ਵਿਚ ਉਹ ਆਦਿ ਅੰਤ ਦਾ ਅਨੰਦੇ, ਜਿਸ ਵਿਚੋਂ ਅਨੰਦ ਲੈ ਕੇ ਪਰਮਾਨੰਦੇ, ਪਰਮਾਨੰਦ ਵਿਚੋਂ ਅਨੰਦ ਵਿਚ ਆਈਆ । ਏਸੇ ਧਾਰ ਦੀ ਧਾਰ ਵਿਚ ਪਵਿਤ੍ਰ ਹੁੰਦੇ ਪਾਪੀ ਗੰਦੇ, ਦੁਰਮਤ ਮੈਲ ਹੋਏ ਸਫ਼ਾਈਆ । ਤੁਸੀਂ ਦੀਨ ਮਜ਼੍ਹਬ ਇਕ ਕਰ ਦਿਓ ਮਾਨਸ ਮਾਨਸ ਇਕੋ ਰੰਗ ਜਾਣ ਰੰਗੇ, ਦੂਜੀ ਵੰਡ ਨਾ ਕੋਇ ਵੰਡਾਈਆ । ਜਿਹੜੀ ਪਿਛੇ ਬੀਤੀ ਉਹ ਪਿਛੇ ਗਈ ਹੰਢੇ, ਅਗਲਾ ਮਾਰਗ ਲਓ ਸਮਝਾਈਆ । ਤੁਹਾਡੇ ਰਾਹ ਬਿਖੜੇ ਪੰਜਾਂ ਤੱਤਾਂ ਵਿਚ ਜਿਸ ਤਰ੍ਹਾ ਇਹ ਵਿੰਗੇ ਟੇਡੇ ਡੰਡੇ, ਪੰਜ ਭੂਤਕ ਸਰੀਰ ਤੋਂ ਬਾਹਰ ਸਾਰੇ ਸਿੱਧਾ ਰਾਹ ਇਕੋ ਦਿਓ ਵਖਾਈਆ । ਫੇਰ ਵੇਖਿਓ ਖੇਲ ਸੂਰੇ ਸਰਬੰਗੇ, ਕੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਤੁਸੀਂ ਇਕ ਦੂਜੇ ਦੀ ਕਰਾਈ ਨਿੰਦਾ, ਮੁਸਲਿਮ ਹਿੰਦੂ ਸਿੱਖ ਵੰਡ ਵੰਡਾਈਆ । ਆਦਿ ਤੋਂ ਵੇਖੋ ਪੁਰਖ ਅਕਾਲ ਦਾ ਜਨ ਭਗਤ ਬੱਚਾ ਧੁਰ

੬੬੮ ੨੧

ਦਾ ਛਿੰਦਾ, ਜੁਗ ਚੌਕੜੀ ਰੀਤੀ ਚਲੀ ਆਈਆ । ਜਿਸ ਨੂੰ ਨਾ ਕੋਇ ਹਰਖ ਸੋਗ ਨਾ ਚਿੰਦਾ, ਗ਼ਮੀ ਗ਼ਮ ਨਾ ਕੋਇ ਰਖਾਈਆ । ਬਣ ਕੇ ਪਾਰਬ੍ਰਹਮ ਦੀ ਬਿੰਦਾ, ਬ੍ਰਹਮ ਆਪਣਾ ਕਰੇ ਰੁਸ਼ਨਾਈਆ । ਓਹ ਸਾਹਿਬ ਦਾਤਾ ਗੁਣੀ ਗਹਿੰਦਾ, ਗਹਿਰ ਗੰਭੀਰ ਵਡ ਵਡਿਆਈਆ । ਜਿਸ ਦਾ ਅੰਮ੍ਰਿਤ ਧਾਰ ਸਾਗਰ ਸਿੰਧਾ, ਦੋ ਜਹਾਨਾਂ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਤੇਈ ਅਵਤਾਰ ਕਹਿਣ ਮੁਨੀ ਜੀ ਕਰ ਜਾਓ ਚੁਪ, ਕੀ ਸਾਨੂੰ ਰਹੇ ਸਮਝਾਈਆ । ਪੈਗ਼ੰਬਰ ਕਹਿਣ ਸਦੀ ਚੌਧਵੀਂ ਅੰਧੇਰਾ ਘੁਪ, ਅਸੀਂ ਸਾਰੇ ਵੇਖ ਵਖਾਈਆ । ਗੁਰੂ ਦਸ ਕਹਿਣ ਇਹ ਓਸੇ ਪ੍ਰਭੂ ਦੀ ਰੁੱਤ, ਜੋ ਆਦਿ ਅੰਤ ਆਪਣੀ ਕਾਰ ਵਰਤਾਈਆ । ਨਾਰਦ ਕਹੇ ਤੁਸੀਂ ਓਸੇ ਤੋਂ ਲਓ ਪੁਛ, ਜੋ ਸਭ ਕਿਛ ਰਿਹਾ ਕਰਾਈਆ । ਮੈਂ ਤੇ ਏਨਾਂ ਜਾਣਦਾ ਜਿੰਨਾ ਚਿਰ ਤੁਸਾਂ ਓਸ ਦੇ ਨਾਮ ਦੀ ਸਾਂਝੀ ਨਾ ਕੀਤੀ ਤੁਕ, ਆਤਮ ਪਰਮਾਤਮ ਢੋਲਾ ਗਾਈਆ । ਓਨਾਂ ਚਿਰ ਝਗੜਾ ਨਹੀਂ ਜਾਣਾ ਮੁਕ, ਮੁਕੰਮਲ ਕਰੇ ਸਫ਼ਾਈਆ । ਤੁਸੀਂ ਵੇਖਿਓ ਆਪਣੇ ਬੁਤ, ਬੁਤਖ਼ਾਨੇ ਖੋਜ ਖੁਜਾਈਆ । ਕਿਹੜਾ ਸ਼ਰੀਰ ਜਿਸ ਵਿਚ ਵਸਦਾ ਨਹੀਂ ਅਬਿਨਾਸ਼ੀ ਅਚੁੱਤ, ਨਿਰਗੁਣ ਨੂਰ ਨਾ ਕਰੇ ਰੁਸ਼ਨਾਈਆ । ਮੈਂ ਧਰਤੀ ਤੋਂ ਉਤੇ ਮੰਡਲ ਤੋਂ ਥੱਲੇ ਪੌਣ ਵਿਚ ਬੈਠਾ ਲੁਕ, ਆਸਣ ਆਪਣਾ ਇਕ ਜਮਾਈਆ । ਆਓ ਜੇ ਤੁਸਾਂ ਜਾਣਾ ਤੇ ਤੁਹਾਡੇ ਬਸਤੇ ਲਵਾਂ ਚੁਕ, ਭਾਰ ਅਗਲਾ ਲਵਾਂ ਵੰਡਾਈਆ । ਪੈਗ਼ੰਬਰੋ ਆਪਣੀ ਕੀਤੀ ਉਤੇ ਕਿਉਂ ਆਪੇ ਰਹੇ ਥੁੱਕ, ਕੀ ਹੋਇਆ ਜੇ ਸਦੀ ਚੌਧਵੀਂ ਨੇੜੇ ਆਈਆ । ਪ੍ਰਭ ਨਾਲ ਆਕੜ ਕੇ ਝਗੜਾ ਲਓ ਪਾ ਓ ਖ਼ੁਦਾ ਇਕ, ਤੁਹਾਡੀ ਉਮਤ ਵਾਲੇ ਕਿੰਨੇ ਪੁੱਤ, ਸਾਰੇ ਇਕੱਠੇ ਹੋ ਕੇ ਰੌਲਾ ਦਿਓ ਪਾਈਆ । ਨਾਲੇ ਪਿੱਟੋ ਹੂ ਹੱਕ ਖ਼ੁਦਾ ਤੇਰੇ ਪਿਛੇ ਕਟਾਈ ਮੁੱਛ, ਲਬਾਂ ਵੰਡ ਵੰਡਾਈਆ । ਅੱਗੇ ਅਵਤਾਰਾਂ ਦਿਤਾ ਅੰਮ੍ਰਿਤ ਘੁਟ, ਅਸੀਂ ਆਬੇਹਯਾਤ ਆਏ ਪਿਆਈਆ । ਫੇਰ ਵੇਖਿਓ ਤੁਹਾਡਾ ਖ਼ੁਦਾ ਆਪੇ ਕਰ ਜਾਏ ਚੁਪ, ਤੁਹਾਡੇ ਪਿਛੇ ਭੱਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਅਵਤਾਰੋ ਤੁਸੀਂ ਚਲੇ ਕਿਸ ਦੇ ਕੋਲ, ਮੈਨੂੰ ਦਿਓ ਜਣਾਈਆ । ਜਿਸ ਤੁਹਾਨੂੰ ਤੋਲ ਕੇ ਆਪਣੇ ਨਾਮ ਵਾਲੇ ਤੋਲ, ਪੱਥਰਾਂ ਦੇ ਬੁਤ ਬਣਾ ਕੇ ਮੱਥੇ ਦਿਤੇ ਟਿਕਾਈਆ । ਓਸ ਪ੍ਰਭੂ ਦਾ ਕੀ ਹੁਕਮ ਮੰਨਣਾ ਜਿਹੜਾ ਹੁਕਮ ਦੇਵੇ ਗੋਲ ਮੋਲ, ਗੁੱਝਾ ਭੇਵ ਨਾ ਕਦੇ ਖੁਲ੍ਹਾਈਆ । ਮੈਂ ਤੇ ਮਾਰ ਕੇ ਕਹੂੰ ਢੋਲ, ਓਹ ਅਛਲ ਛਲਧਾਰੀ ਉਸ ਨੂੰ ਮਿਲਣ ਕੋਇ ਨਾ ਜਾਈਆ । ਜਿਸ ਨੇ ਪੈਗ਼ੰਬਰੋ ਤੁਹਾਨੂੰ ਹੋਰ, ਅਵਤਾਰੋ ਤੁਹਾਨੂੰ ਹੋਰ, ਗੁਰੂਓ ਤੁਹਾਨੂੰ ਹੋਰ ਦੱਸ ਕੇ ਬੋਲ, ਓਸੇ ਬੋਲੀ ਵਿਚ ਟੱਕਰਾਂ ਦਿਤੀਆਂ ਲਵਾਈਆ । ਆਪ ਸਚਖੰਡ ਬੈਠਾ ਅਡੋਲ, ਤੁਹਾਡਾ ਧਰਤੀ ਉਤੇ ਡਾਹ ਕੇ ਘੋਲ, ਬਿਨਾ ਪਿਠ ਲਵਾਈ ਤੋਂ ਦਿਵਸ ਰੈਣ ਰਿਹਾ ਲੜਾਈਆ । ਉਸ ਨੂੰ ਕਹੋ ਤੁਸੀਂ, ਅਸੀਂ ਭਾਣਾ ਮੰਨਦੇ, ਇਹ ਪ੍ਰਭੂ ਸਾਡੇ ਦੇ ਚੋਹਲ, ਜੋ ਚੋਲਿਆਂ ਅੰਦਰ ਝਗੜਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੀ ਆਪਣਾ ਖੇਲ ਕਰਾਈਆ । ਨਾਰਦ ਕਹੇ ਸਤਿਗੁਰ ਜੀ ਦਹਿ ਦਿਸ਼ਾ ਨਮਸਤੇ, ਦਸ ਗੁਰੂ ਇਕੋ ਜੋਤ ਨਜ਼ਰੀ ਆਈਆ । ਤੁਸੀਂ ਤੇ ਚਾਰ ਵਰਨਾਂ ਇਕ ਆਏ ਦੱਸਦੇ, ਇਕੋ ਕਰੀ ਪੜ੍ਹਾਈਆ । ਜੇ ਚਾਰ ਵਰਨਾਂ ਦੇ ਸਾਂਝੇ ਹੁੰਦੇ ਫੇਰ ਕੇਸ ਕਿਉਂ ਸਿਰ ਧਰਦੇ, ਨਵੀਂ ਕੀਤੀ ਵਡਿਆਈਆ । ਤੇ ਸਿੰਘ ਬਣ ਕੇ ਦੋ ਜਹਾਨਾਂ ਨਾਲ ਕਿਉਂ ਲੜਦੇ, ਜੇ ਸਾਰਿਆਂ ਦਾ ਪਿਤਾ ਪੁਰਖ ਅਕਾਲ ਉਹੋ ਜੰਮਣ ਵਾਲੀ ਮਾਈਆ । ਜੇ ਤੁਹਾਡੇ ਵਿਚ ਸਮਰੱਥਿਆਂ ਆਹ ਮੇਰੀ ਮੰਜੀ ਤੇ ਬਹਿ ਕੇ ਲੋਕਮਾਤ ਵਿਚ


੯੯੯
੨੧

ਸਭ ਦੇ ਸਾਫ਼ ਕਰਾਓ ਹਿਰਦੇ, ਅੱਗੇ ਜਾਣ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਵੇਖ ਕੇ ਤੁਹਾਡੇ ਮੁਰੀਦ ਤੇ ਤੁਹਾਡੇ ਸਿਖ ਵਿਗੜੇ, ਗੁੱਸੇ ਵਿਚ ਆ ਕੇ ਸਗੋਂ ਹੋਰ ਕਰਨ ਲੜਾਈਆ । ਤੁਸੀਂ ਨਿਸ਼ਾਨੇ ਦੱਸ ਦਿਓ ਇਕੋ ਸ਼ਿਖ਼ਰ ਦੇ, ਜਿਸ ਮੰਜਲ ਤੇ ਚੜ੍ਹ ਕੇ ਮੁੜ ਕੇ ਉਤਰ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਓ ਨਾਰਦ ਬਹੁਮੱਤੀ, ਕੀ ਮਤਾ ਰਿਹਾ ਜਣਾਈਆ । ਨਾਰਦ ਜੀ ਝਟ ਨਿਮਾਣਾ ਹੋ ਕੇ ਕਹੇ ਜਜਮਾਨੋ ਮੈਂ ਤੇ ਕਹਿੰਦਾ ਇਕੋ ਮੰਨੋ ਕਮਲਾਪਤੀ, ਕਿਉਂ ਅੱਲਾ ਵਾਹਿਗੁਰੂ ਰਾਮ ਦੇ ਝਗੜੇ ਦਿਤੇ ਪਾਈਆ । ਤੁਹਾਨੂੰ ਸੁਆਦ ਕੀ ਆਇਆ ਆਪਣੀ ਆਪਣੀ ਚਲਾ ਕੇ ਹੱਟੀ, ਮੈਨੂੰ ਦਿਓ ਸਮਝਾਈਆ । ਤੁਹਾਨੂੰ ਰਸ ਕੀ ਆਇਆ ਵਖਰੀ ਵਖਰੀ ਪੜ੍ਹਾ ਕੇ ਪੱਟੀ, ਹਿੱਸਿਆਂ ਵਿਚ ਅੱਖਰਾਂ ਵਿਚ ਆਏ ਪੜ੍ਹਾਈਆ । ਦੱਸੋ, ਇਸ ਵਿਚੋਂ ਕੀ ਲਾਭ ਹੋਇਆ ਤੇ ਕਿਹੜੀ ਖੱਟੀ ਖੱਟੀ, ਨਾ ਰਾਮ ਬਦਲਿਆ, ਨਾ ਪ੍ਰਭੂ ਕ੍ਰਿਸ਼ਨ ਬਦਲਿਆ, ਨਾ ਅੱਲ੍ਹਾ ਬਦਲਿਆ, ਨਾ ਸਤਿਨਾਮ ਬਦਲਿਆ, ਨਾ ਵਾਹਿਗੁਰੂ ਬਦਲਿਆ ਸਭ ਦਾ ਮਾਲਕ ਇਕੋ ਉਹੀ ਨਜ਼ਰੀ ਆਈਆ । ਪਈ ਮੈਨੂੰ ਸਚ ਦੱਸੋ, ਉਠ ਕੇ ਥਰ ਥਰ ਕੰਬਣ ਲੱਗਾ, ਅਵਤਾਰ ਪੈਗ਼ੰਬਰੋ ਤੁਹਾਡੇ ਕੋਲ ਕਿਹੜਾ ਨਾਮ ਚੰਗਾ ਜਿਸ ਚੰਗੇ ਦੇ ਨਾਲ ਹੁੰਦੀ ਗਤੀ, ਜਿਹੜਾ ਨਾਮ ਮਾੜਾ ਉਹ ਮੇਰੇ ਮੰਜੇ ਦੇ ਪਾਵੇ ਥੱਲੇ ਦਿਓ ਦਬਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਖਿੜ ਖਿੜਾ ਕੇ ਪਏ ਹੱਸੀ, ਹੱਸ ਕੇ ਦਿਤਾ ਜਣਾਈਆ । ਨਾਰਦ ਕਹੇ, ਇਹ ਮੈਨੂੰ ਨਹੀਂ ਲਗਦੀ ਗੱਲ ਅੱਛੀ, ਮੇਰੇ ਸਾਹਿਬੋ, ਸਚ ਦਿਆਂ ਸੁਣਾਈਆ । ਤੁਸੀਂ ਚਾਰ ਜੁਗ ਚੱਕਰ ਮਾਰ ਕੇ ਆਏ, ਕਿਸੇ ਨੌਂ ਖੰਡ ਪ੍ਰਿਥਮੀ ਨੌਂ ਦਵਾਰੇ ਸ਼ਬਦ ਦੀ ਡੋਰ ਨਾਲ ਨਹੀਂ ਬੱਧੀ, ਸਾਰੀ ਸ੍ਰਿਸ਼ਟੀ ਨੂੰ ਦ੍ਰਿਸ਼ਟੀ ਵਿਚ ਇਕ ਗਿਆਨ ਨਾ ਕੋਇ ਕਰਾਈਆ । ਦੀਨਾਂ ਮਜ਼੍ਹਬਾਂ ਦੀ ਵੰਡ ਕੇ ਹੱਦੀ, ਗੁਰੂਆਂ ਪੈਗ਼ੰਬਰਾਂ ਅਵਤਾਰਾਂ ਦੀ ਚਲਾ ਕੇ ਗੱਦੀ, ਆਪਣਾ ਵਕ਼ਤ ਆਏ ਲੰਘਾਈਆ । ਮੈਨੂੰ ਤੇ ਐਂ ਜਾਪਦਾ ਤੁਹਾਡੀ ਦੀਨ ਦੁਨੀਆਂ ਜਿਵੇਂ ਨੇਜ਼ੇ ਤੇ ਟੰਗੀ ਮੱਛੀ, ਜਲ ਵਿਚੋਂ ਥਲ ਵਿਚ ਦਏ ਦੁਹਾਈਆ । ਧੰਨ ਭਾਗ ਜੇ ਤੁਹਾਡੇ ਦਰਸ਼ਨ ਹੋਏ ਅੱਜ ਮਸੀਂ, ਮਸੀਹ ਜੀ ਹਜ਼ਰਤੇ ਈਸਾ ਹਜ਼ਰਤੇ ਮੂਸਾ ਮੁਸਲਸਲ ਦਿਓ ਸਮਝਾਈਆ । ਤੁਸਾਂ ਕਿਹੜੀ ਕਥਾ ਮੁਹੰਮਦ ਜੀ ਮੁਹੰਮਦੀਆਂ ਤਾਈਂ ਦੱਸੀ, ਸਦੀ ਚੌਧਵੀਂ ਰਾਹ ਤਕਾਈਆ । ਤੁਸੀਂ ਪੈਗ਼ੰਬਰ ਕਿ ਰਸੂਲ ਕਿ ਨਬੀ, ਮੈਨੂੰ ਦਿਓ ਦ੍ਰਿੜਾਈਆ । ਜੇ ਕੋਈ ਤੁਹਾਡੀ ਉਮਤ ਨੂੰ ਹੋ ਜਾਏ ਹਬੀ, ਨਬੀ ਦਸੋ, ਤਬੀਬ ਬਣ ਕੇ ਕਿਸ ਤਰ੍ਹਾ ਮਰਜ਼ ਦਿਓ ਗਵਾਈਆ । ਕਿਉਂ ਸ਼ਹਾਦਤ ਦੇਣ ਲੱਗੀ ਚਾਰ ਜੁਗ ਦੀ ਪੁਰਾਣੀ ਰਾਵੀ ਨਦੀ, ਜੋ ਵਹਿਣਾਂ ਵਿਚ ਵਹਿਣ ਰਹੀ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਮੇਰਾ ਜੀਅ ਕਰਦਾ ਤੁਹਾਡੇ ਚਰਨ ਚੁੰਮਾਂ, ਜੇ ਚਰਨ ਨਾ ਚੁੰਮਣ ਦਿਓ ਤਾਂ ਆਪਣਾ ਮੁਖ ਤੁਹਾਡੇ ਮੱਥੇ ਉਤੇ ਲਗਾਈਆ । ਪੈਗ਼ੰਬਰੋ ਇਹ ਦੱਸੋ ਕੀ ਵਡਿਆਈ ਤੁਹਾਡੇ ਦਿਨ ਵਿਚ ਜੁਮਾ, ਸ਼ੁਕਰ ਪ੍ਰੋਹਤ ਸ਼ੁਕਰ ਕਰ ਕੇ ਏਸੇ ਦਾ ਝਟ ਲੰਘਾਈਆ । ਮੁਹੰਮਦ ਕਹੇ ਮੈਂ ਇਕ ਦਿਨ ਤੋੜਿਆ ਸੀ ਤੁੰਮਾਂ, ਰਸਨਾ ਨਾਲ ਚਖਿਆ ਕੌੜਾ ਨਜ਼ਰੀ ਆਈਆ । ਫਿਰ ਮੈਂ ਚੌਦਾਂ ਤਬਕ ਘੁੰਮਾ, ਭੱਜਿਆ ਵਾਹੋ ਦਾਹੀਆ । ਧਿਆਨ ਕੀਤਾ ਮੇਰੇ ਪਰਵਰਦਿਗਾਰ ਨੇ ਮੈਨੂੰ ਆਪਣੇ ਪ੍ਰੇਮ ਦਾ ਦਿਤਾ ਮੁੰਮਾ, ਰਸ ਦਿਤਾ ਚਖਾਈਆ । ਮੇਰੀ ਜ਼ੁਬਾਨ ਤੇ ਛੋਟਾ ਜਿਹਾ ਛਾਲਾ ਪਿਆ ਮੁੜ ਕੇ ਬਣ ਗਿਆ ਵੱਡਾ ਗੁੰਮਾ, ਗੱਲ ਕਰਨ ਦੀ ਵਾਹ ਰਹੀ ਨਾ ਰਾਈਆ । ਕਲਮਾ ਪੜ੍ਹ ਨਾ ਸਕਾਂ ਤੇ ਬਿਨਾ

ਕੰਨਾਂ ਤੋਂ ਸੁਣਾਂ, ਤੇ ਦੀਦ ਈਦ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਮੁਹੰਮਦ ਕਹੇ ਮੁਨੀ ਜੀ ਮੇਰੀ ਪੰਜ ਦਿਨ ਹਿਲ ਨਾ ਸਕੀ ਜ਼ਬਾਨ, ਮੁਖੋਂ ਕਹਿ ਨਾ ਕੁਛ ਸੁਣਾਈਆ । ਮੈਂ ਪੰਜਾਂ ਦਿਨਾਂ ਵਿਚ ਪੰਜ ਵੇਰਾਂ ਅੰਦਰੇ ਅੰਦਰ ਗਾਈ ਕੁਰਾਨ, ਕਾਇਆ ਕੁਰਹੇ ਵਿਚ ਟਿਕਾਈਆ । ਫੇਰ ਝੁਕ ਕੇ ਕੀਤਾ ਸਲਾਮ, ਸਯਦਾ ਨੂਰ ਖ਼ੁਦਾਈਆ । ਉਸ ਵੇਲੇ ਹੁਕਮ ਹੋਇਓ, ਮੁਹੰਮਦਾ ਤੇਰਾ ਦੁੱਖ ਥੋੜ੍ਹਾ ਬਾਕੀ ਜਿਸ ਵੇਲੇ ਬਣ ਕੇ ਆਵਾਂ ਅਮਾਮ, ਤੇਰਾ ਲਹਿਣਾ ਦਿਆਂ ਮੁਕਾਈਆ । ਏਸੇ ਕਰ ਕੇ ਪੰਜ ਦਿਨ ਖਾਧਾ ਨਹੀਂ ਤੁਆਮ, ਕੌਲ ਮੁਹੰਮਦ ਪੂਰ ਕਰਾਈਆ । ਫੇਰ ਓਹ ਕਲ੍ਹ ਜੁਮਾ ਆਇਆ ਤੇ ਬਣਾ ਲਿਆ ਪੀਣ ਖਾਣ, ਦੁੱਖ ਦਰਦ ਰਿਹਾ ਨਾ ਰਾਈਆ । ਨਾਰਦ ਇਹ ਉਸੇ ਦਾ ਹੁਕਮ ਤੇ ਓਸੇ ਦਾ ਫ਼ਰਮਾਨ, ਮੁਹੰਮਦ ਕਹਿ ਕੇ ਰਿਹਾ ਦ੍ਰਿੜਾਈਆ । ਅਸੀਂ ਬਰਦੇ ਧੁਰ ਦੇ ਗ਼ੁਲਾਮ, ਗ਼ੁਲਾਮੀ ਵਿਚ ਭੱਜੇ ਚਾਈਂ ਚਾਈਆ । ਜਿਸ ਸਦੀ ਚੌਧਵੀਂ ਖੇਲ ਕਰਨਾ ਤਮਾਮ, ਤਮੰਨਾ ਸਭ ਦੀ ਦਏ ਮਿਟਾਈਆ । ਧੁਰ ਦੀ ਗੋਲੀ ਕਰੇ ਪ੍ਰਨਾਮ, ਜੋ ਬਸਤਰ ਆਈ ਬਦਲਾਈਆ । ਇਹ ਖੇਲ ਸ੍ਰੀ ਭਗਵਾਨ, ਧੁਰ ਦਾ ਮਾਲਕ ਆਪ ਸਮਝਾਈਆ । ਹੱਸ ਕੇ ਨਾਰਦ ਕਹਿੰਦਾ ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਡੰਡਾਵਤ ਕਰਾਂ ਬੰਦਨਾ ਕਰਾਂ ਨਿਮਸਕਾਰ ਕਰਾਂ, ਸੱਯਦਾ ਕਰਾਂ ਕਿ ਕਹਾਂ ਸਲਾਮ, ਤੁਸੀਂ ਆਏ ਇਕ ਘਰ ਚੋਂ, ਜਾਣਾ ਇਕ ਘਰ, ਹੁਣ ਦੱਸੋ ਕਿਹੜਾ ਤੁਹਾਡਾ ਨਾਮ, ਕਿਸ ਨਾਲ ਤੁਹਾਡਾ ਅਦਬ ਲਵਾਂ ਕਰਾਈਆ । ਸਾਰੇ ਗੁਰ ਅਵਤਾਰ ਪੈਗ਼ੰਬਰ ਹੋ ਗਏ ਹੈਰਾਨ, ਇਹ ਕਿੱਥੋਂ ਮਿਲ ਗਿਆ ਸ਼ੈਤਾਨ, ਤੇ ਨਾਰਦ ਫੇਰ ਕਹੇ ਨਹੀਂ ਤੁਸੀਂ ਤੇ ਸਰਬ ਮੇਰੇ ਜਜਮਾਨ, ਤੁਹਾਡੇ ਕੋਲ ਵਖਰੇ ਵਖਰੇ ਭੰਡਾਰੇ, ਕਿਸੇ ਕੋਲ ਅੱਲਾ, ਕਿਸੇ ਕੋਲ ਰਾਮ, ਕਿਸੇ ਕੋਲ ਵਾਹਿਗੁਰੂ, ਕਿਸੇ ਕੋਲ ਕਾਹਨ, ਕਿਸੇ ਕੋਲ ਸਤਿਨਾਮ ਜਿਹੜਾ ਤੁਹਾਡੀ ਮਰਜ਼ੀ ਓਹ ਮੇਰੀ ਝੋਲੀ ਦਿਓ ਪਾਈਆ । ਜੇ ਪ੍ਰਭੂ ਇਕ ਤੇ ਤੁਸੀਂ ਵੀ ਇਕ ਫੇਰ ਕਿਉਂ ਸਿਫ਼ਤਾਂ ਵਾਲੇ ਨਾਮਾਂ ਵਿਚ ਉਹਨੂੰ ਕਰਦੇ ਬਦਨਾਮ, ਝਗੜੇ ਮਜ਼੍ਹਬਾਂ ਵਾਲੇ ਪਾਈਆ । ਏਥੇ ਛੱਡ ਕੇ ਜਾਓ ਆਪਣਾ ਆਪਣਾ ਇਸਲਾਮ, ਨਾ ਕੋਇ ਮਜ਼੍ਹਬ ਨਾ ਅਕ਼ਵਾਮ, ਸਾਰੇ ਸਾਂਝਾ ਉਠਾਓ ਇਕ ਦਾਮ, ਦਾਮਨਗੀਰ ਇਕੋ ਲਓ ਮਨਾਈਆ । ਫੇਰ ਜਾਇਓ ਵਿਚ ਜਹਾਨ, ਰਾਵੀ ਕੰਢੇ ਪਹੁੰਚਿਓ ਖ਼ੁਸ਼ੀ ਹੋਏ ਮਹਾਨ, ਰੂਪ ਧਰਿਓ ਨਾ ਕੋਇ ਇਨਸਾਨ, ਪੰਜਾਂ ਤੱਤਾਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੇਰੇ ਨਾਲ ਕਰ ਲਿਓ ਵਾਅਦਾ, ਮਾਂਗਤ ਹੋ ਕੇ ਮੰਗ ਮੰਗਾਈਆ । ਮਸ਼ਵਰਾ ਕਰ ਲਿਓ ਬਾਕ਼ਾਇਦਾ, ਅੱਗੇ ਸਕੇ ਨਾ ਕੋਇ ਉਲਟਾਈਆ । ਤੁਸੀਂ ਏਥੋਂ ਬੈਠੇ ਦੀਨ ਦੁਨੀ ਦਾ ਲਾਓ ਜਾਇਜ਼ਾ, ਹਰ ਘਟ ਅੰਦਰ ਵੇਖ ਵਖਾਈਆ । ਸਚ ਦੱਸਿਓ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਸਤਿਨਾਮ ਕਿਸ ਦੇ ਅੰਦਰ ਹੈਗਾ, ਜੇ ਹੈ ਤੇ ਉਸ ਨੂੰ ਪ੍ਰਭ ਦੇ ਨਾਲ ਦਿਓ ਮਿਲਾਈਆ । ਨਹੀਂ ਤੇ ਤੁਸੀਂ ਓਨ੍ਹਾਂ ਤੋਂ ਹੋ ਜਾਓ ਅਲਾਹਿਦਾ, ਕਿਉਂ ਝਗੜਿਆਂ ਵਿਚ ਵਕ਼ਤ ਲੰਘਾਈਆ । ਜਿਸ ਦਾ ਦੱਸੋ ਤੁਹਾਨੂੰ ਨਾ ਕੋਈ ਨਫ਼ਾ ਨਾ ਕੋਈ ਫ਼ਾਇਦਾ, ਐਵੇਂ ਪੰਧ ਮਾਰ ਕੇ ਆਪਣਾ ਵਕ਼ਤ ਰਹੇ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੇਰੇ ਰਾਮ, ਰਾਮ ਤੇਰੀ ਦੁਹਾਈਆ । ਮੇਰੇ ਕਾਹਨ, ਕਾਹਨ ਤੇਰੀ ਵਡਿਆਈਆ । ਮੇਰੇ ਅੱਲਾ ਰਹਿਮਾਨ, ਤੇਰੀ ਸਚ ਸਰਨਾਈਆ । ਮੇਰੇ ਸਾਹਿਬ ਸਤਿਨਾਮ, ਤੇਰਾ ਢੋਲਾ ਗਾਈਆ । ਮੇਰੇ ਵਾਹਿਗੁਰੂ ਬਲਵਾਨ, ਚੌਥੇ ਜੁਗ ਤੇਰੇ ਚਾਰ ਅੱਖਰਾਂ

ਓਟ ਤਕਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਵਾਹਿਗੁਰੂ ਵਡਿਆਇਆ, ਆਤਮਾ ਕਿੱਥੇ ਗਈ ਜਿਸ ਦਾ ਮੇਲ ਮਿਲਣਾ ਆਣ, ਜੋੜ ਨਾ ਕੋਇ ਜੁੜਾਈਆ । ਮੇਰੀ ਬੇਨੰਤੀ ਮੰਨਿਓ ਪਹਿਲੋਂ ਰਾਵੀ ਕੰਢੇ ਜਾ ਕੇ ਭਗਤਾਂ ਤੋਂ ਇਹ ਗਵਾਇਓ ਗਾਣ, ਪਿਛਲਾ ਲੇਖਾ ਪਿਛੇ ਰਹੇ ਨਾ ਰਾਈਆ । ਫੇਰ ਓਹ ਸੁਣਿਓ ਫ਼ਰਮਾਨ, ਜੋ ਭਗਤ ਭਗਵੰਤ ਮਿਲ ਕੇ ਰਹੇ ਸੁਣਾਈਆ । ਤੁਸੀਂ ਚਲੋ ਤੇ ਮੈਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੱਲੇ ਮਾਰ ਆਵਾਂ ਧਿਆਨ, ਕਿਉਂ ਸਵੇਰੇ ਸਾਢੇ ਚਾਰ ਦਾ ਵਕਤ ਇਸ਼ਨਾਨ ਕਰ ਕੇ ਉਨ੍ਹਾਂ ਵੀ ਔਣਾ ਚਾਈਂ ਚਾਈਂਆ । ਤੇ ਓਧਰੋਂ ਕੀ ਖੇਲ ਕਰੇ ਭਗਵਾਨ, ਕਾਨੇ ਦੀ ਮਧਾਣੀ ਲੈ ਕੇ ਵੇਖੋ ਰਿੜਕਣ ਲੱਗਾ ਜਹਾਨ, ਇਸ ਤੋਂ ਵੱਡੀ ਜਹਾਲਤ ਕੀ ਨਜ਼ਰੀ ਆਈਆ । ਮੈਂ ਤੇ ਕੀ ਆਖਾਂ ਜੇ ਤੁਸੀਂ ਚੰਗੇ ਹੋਵੋ ਤੇ ਏਥੋਂ ਪਿਛਾਂਹ ਮੁੜ ਜਾਓ ਆਰਾਮ ਨਾਲ ਜਾ ਕੇ ਵਸੋ ਆਪਣੇ ਮਕਾਨ, ਸਚਖੰਡ ਸਾਚੇ ਡੇਰਾ ਲਾਈਆ । ਓਹ ਰਾਵੀ ਕੰਢਾ ਓਥੇ ਤੇ ਭਗਤਾਂ ਨੂੰ ਖਾਣਾ ਪੈਣਾ ਸੁੱਕਾ ਮੰਡਾ ਤੇ ਨਾਲ ਇਕ ਇਕ ਗੰਢਾ, ਰਸ ਭੋਗ ਪਦਾਰਥ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਜੈਕਾਰੇ ਸਭ ਦੇ ਵਾਰੋ ਵਾਰੀ ਲਏ ਲਗਾਈਆ । ਪੰਜ ਵਾਰ ਪ੍ਰਭੂ ਪ੍ਰਦੱਖਣਾ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਨ ਭਗਤ ਸੁਹੇਲਾ ਰਹੇ ਕੋਈ ਨਾ ਸੱਖਣਾ, ਨਾਮ ਭੰਡਾਰੇ ਦਏ ਭਰਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰੇਮ ਦੀ ਲੈ ਕੇ ਆਏ ਦੱਛਣਾ, ਸਭ ਦੇ ਅੰਤਰ ਰਹੇ ਟਿਕਾਈਆ । ਕਾਹਨ ਖਵਾਵਣ ਆਇਆ ਮੱਖਣਾ, ਸੋਹਣਾ ਰੂਪ ਬਦਲਾਈਆ । ਰਾਮ ਦਾ ਬੇਰ ਪਿਆਰ ਦਾ ਚੱਖਣਾ, ਜੋ ਭੀਲਣੀ ਆਸ ਤਕਾਈਆ । ਈਸਾ ਮੂਸਾ ਮੁਹੰਮਦ ਛੱਡ ਕੇ ਧੁਰ ਦਾ ਵਤਨਾ, ਪੈਂਡਾ ਲਿਆ ਮੁਕਾਈਆ । ਨਾਨਕ ਨਿਰਗੁਣ ਧਾਰ ਬੋਲ ਜੈਕਾਰਾ ਅਲੱਖਣਾ, ਸੰਦੇਸ਼ਾ ਦਿਤਾ ਦ੍ਰਿੜਾਈਆ । ਗੋਬਿੰਦ ਵਾਸੀ ਪਟਨਾ, ਮਿਹਰ ਨਜ਼ਰ ਉਠਾਈਆ । ਰਵਦਾਸ ਨੇ ਤੀਰ ਕਮਾਨ ਨਿਸ਼ਾਨਾ ਛੱਡਣਾ, ਕੰਧੇ ਉਤੇ ਲਿਆ ਟਿਕਾਈਆ । ਸਚ ਦਮਾਮਾ ਇਕੋ ਵੱਜਣਾ, ਇਕੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੈਗ਼ੰਬਰ ਕਹਿਣ ਸਦੀ ਚੌਧਵੀਂ ਸਾਡੀ ਵਿਚੋਲੀ, ਵਿਚਲਾ ਭੇਵ ਖੁਲ੍ਹਾਈਆ । ਜਿਸ ਦੀ ਧਰਮ ਦੀ ਧਾਰ ਗੋਲੀ, ਬਸਤਰ ਲਾਲ ਰੰਗ ਵਡਿਆਈਆ । ਦੀਨ ਦੁਨੀ ਦੀ ਖੇਲ ਦੇਣੀ ਹੋਲੀ, ਹੁਲੀਆ ਸਭ ਦਾ ਦੇਣਾ ਬਦਲਾਈਆ । ਜਿਹੜੀ ਨੀਲੀ ਧਾਰ ਮੱਥੇ ਡੋਲ੍ਹੀ, ਬਿੰਦੀ ਲਈ ਲਮਕਾਈਆ । ਅਸਮਾਨਾਂ ਉਤੇ ਪੈਣੀ ਰੌਲੀ, ਦੋ ਜਹਾਨ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਨ੍ਹਾਂ ਮਸਤਕ ਲਾਈ ਧੂੜੀ, ਪੰਜੇ ਹੱਥ ਦੇਣ ਉਠਾਈਆ । ਮੁਖੋਂ ਕਹਿਣ ਸਭ ਦੀ ਆਸਾ ਹੋਈ ਪੂਰੀ, ਨਿਰਾਸਾ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਦੇਣ ਮਨਜ਼ੂਰੀ, ਪ੍ਰਭ ਅੱਗੇ ਸੀਸ ਝੁਕਾਈਆ । ਸਾਨੂੰ ਇਹੋ ਕੰਮ ਜ਼ਰੂਰੀ, ਜਿਸ ਕਾਰਨ ਆਏ ਚਾਈਂ ਚਾਈਂਆ । ਬਾਕੀ ਰਹੇ ਨਾ ਕਿਸੇ ਦੀ ਮਜ਼ਦੂਰੀ, ਜੋ ਤੇਰਾ ਨਾਮ ਧਿਆਈਆ । ਸਭ ਸ੍ਰਿਸ਼ਟੀ ਦਿਸਦੀ ਕੂੜੀ, ਕੂੜ ਵਿਚ ਕੁਰਲਾਈਆ । ਜਿੰਨਾਂ ਚਿਰ ਤੇਰਾ ਦਰਸ ਨਾ ਹੋਵੇ ਨੂਰੀ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਪਰਮ ਪੁਰਖ ਪਰਮਾਤਮ ਸਾਨੂੰ ਕਲਜੁਗ ਅੰਤਮ ਨਾਤਾ ਤੋੜਨਾ ਪੈਣਾ ਮਜਬੂਰੀ, ਇਹੋ ਤੇਰੇ ਹੱਥ ਵਡਿਆਈਆ । ਨੌ ਖੰਡ ਪ੍ਰਿਥਮੀ ਗੜ੍ਹ ਹੋਇਆ ਗ਼ਰੂਰੀ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੰਜ ਗੁਰਮੁਖ

ਜਿਨ੍ਹਾਂ ਮਸਤਕ ਲਾਇਆ ਗਾਰਾਂ, ਨਿਉਂ ਕੇ ਸੀਸ ਦੇਣਾ ਝੁਕਾਈਆ । ਪੁਰਖ ਅਕਾਲ ਤੇਰੀ ਕਰਦੇ ਰਹੇ ਇੰਤਜ਼ਾਰਾ, ਜੁਗ ਚੌਕੜੀ ਰਾਹ ਤਕਾਈਆ । ਇਸ਼ਾਰਾ ਦੇਂਦੇ ਰਹੇ ਗੁਰੂ ਅਵਤਾਰਾ, ਪੈਗ਼ੰਬਰ ਬੋਲ ਜਣਾਈਆ । ਕਲ ਕਲਕੀ ਆਏ ਚਵੀਵਾਂ ਅਵਤਾਰਾ, ਨਿਹਕਲੰਕਾ ਨੂਰ ਰੁਸ਼ਨਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਜੋਤੀ ਜਾਤਾ ਵੇਸ ਵਟਾਈਆ । ਭਾਗ ਲਗਾਏ ਓਸ ਕਿਨਾਰਾ, ਜਿਥੇ ਅਰਜਨ ਗਿਆ ਦ੍ਰਿੜਾਈਆ । ਜਿਥੇ ਚਾਰ ਜੁਗ ਦਾ ਸਭ ਨੇ ਤੱਕਿਆ ਸਹਾਰਾ, ਓਟ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਗੁਰਮੁਖ ਨਾਲ ਜੋ ਗੁਰਮੁਖ ਨੌਂ, ਨੌ ਜੈਕਾਰੇ ਦੇਣ ਲਗਾਈਆ । ਜਿਸ ਕਾਰਨ ਜੁਗ ਚੌਕੜੀ ਆਏ ਭੌਂ, ਚੁਰਾਸੀ ਵਿਚ ਰੂਪ ਬਦਲਾਈਆ । ਚਾਰੇ ਖਾਣੀ ਆਏ ਸੌਂ, ਅੰਡਜ ਜੇਰਜ ਉਤਭੁਜ ਸੇਤਜ ਸੇਜ ਹੰਢਾਈਆ । ਕਿਤੋਂ ਮਿਲਿਆ ਨਾ ਸਾਚਾ ਨਾਉਂ, ਨਾਉਂ ਨਰ ਨਿਰੰਕਾਰ ਨਾ ਕੋਇ ਮਿਲਾਈਆ । ਖ਼ਾਲੀ ਰਿਹਾ ਕਾਇਆ ਗਾਉਂ, ਮੰਦਰ ਵੱਜੀ ਨਾ ਕੋਇ ਵਧਾਈਆ । ਨਾਤਾ ਛੱਡ ਗਏ ਪਿਤਾ ਮਾਉਂ, ਸਾਕ ਸੱਜਣ ਸੰਗ ਨਾ ਕੋਇ ਰਖਾਈਆ । ਹੰਸ ਬੁੱਧੀ ਹੋਈ ਕਾਉਂ, ਕਾਗ ਵਾਂਗ ਕੁਰਲਾਈਆ । ਬਿਨ ਪ੍ਰਭ ਸਾਚਾ ਕਰੇ ਨਾ ਕੋਇ ਨਿਆਉਂ, ਨਿਆਂਕਾਰ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਪਹੁੰਚੇ ਹਰਿ ਗੋਬਿੰਦ ਵਾਲੇ ਥਾਉਂ, ਥਾਨ ਥਨੰਤਰ ਇਕ ਵਡਿਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਥੋੜ੍ਹਾ ਖੁੰਝ ਕੇ ਰਾਹੋਂ, ਅਗਲੇ ਪੱਤਨ ਡੇਰਾ ਲਾਈਆ । ਨਾਰਦ ਨਾਲ ਗੱਲਾਂ ਕਰਦਿਆਂ ਉਨ੍ਹਾਂ ਭੁਲੇਖਾ ਪਿਆ ਕਿਹੜਾ ਦਰਿਆਓ, ਨਦੀ ਕਵਣ ਵਹਿਣ ਵਹਾਈਆ । ਹਿਰਦੇ ਅੰਦਰ ਚਾਓ, ਜੇ ਨਹੀਂ ਲੱਭਿਆ ਏਥੇ ਜਾਈਏ ਬਹਿ ਆਪੇ ਲਏ ਮਿਲਾਈਆ । ਕਿਉਂ, ਜਿੰਨਾਂ ਚਿਰ ਸਾਨੂੰ ਨਾ ਮਿਲਿਆ ਉਸ ਨੂੰ ਪਾਣੀ ਰਿੜਕਦੇ ਨੂੰ ਕਵਣ ਫੜੂ ਬਾਹੋਂ, ਸਾਡਾ ਸਵਾਣੀਆਂ ਦਾ ਕੰਮ ਤੂੰ ਕਿਉਂ ਆਪਣੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਨੇਤਰ ਵਹਾਈਏ ਨੀਰ, ਰਾਹੋਂ ਘੁੱਥੀ ਲਏ ਮਿਲਾਈਆ । ਬਿਰਹੋਂ ਵਿਛੋੜੇ ਵਿਚ ਹੋ ਜਾਈਏ ਦਿਲਗੀਰ, ਆਪਣਾ ਆਪ ਭੁਲਾਈਆ । ਜੇ ਸਾਡੇ ਵਿਚੋਂ ਮਿਲ ਗਿਆ ਕਬੀਰ, ਸੰਗਲ ਦਿਤੇ ਤੁੜਾਈਆ । ਅਸੀਂ ਤੇ ਹੁਣ ਪਹੁੰਚ ਗਈਆਂ ਅਖ਼ੀਰ, ਕਿਸ ਤਰਾ ਕਦਮਾਂ ਤੋਂ ਪਰੇ ਹਟਾਈਆ । ਸੁਰਸਤੀ ਕਹੇ ਓਹ ਵੇਖ ਸਾਡੇ ਅੱਗੇ ਬ੍ਰਾਹਮਣ ਫਿਰ ਮਾਰ ਕੇ ਗਿਆ ਲਕੀਰ, ਕਹੇ ਤੁਹਾਡੀ ਮਤ ਦਿਤੀ ਬਦਲਾਈਆ । ਰੇਤ ਤੇ ਲੰਮਾ ਪੈ ਕੇ ਕਿਹਾ ਮੇਰੇ ਢਿੱਡ ਵਿਚ ਹੁੰਦੀ ਪੀੜ, ਜੇ ਹੌਲੀ ਹੌਲੀ ਮਲੋ ਤੇ ਮੇਰਾ ਦੁੱਖੜਾ ਰਹੇ ਨਾ ਰਾਈਆ । ਮੂੰਹ ਦੇ ਭਾਰ ਹੋ ਕੇ ਫਿਰ ਬਹੁੜੀ ਬਹੁੜੀ ਕਰੇ ਮੇਰੇ ਦਰਦ ਹੁੰਦੀ ਹੱਡੀ ਰੀੜ, ਮੇਰੀਆਂ ਦੋਵੇਂ ਲੱਤਾਂ ਤੇ ਦੋਵੇਂ ਬਾਹੀਂ ਚਾਰੇ ਜਣੀਆਂ ਫੜ ਕੇ ਸਿੱਧਾ ਦਿਓ ਕਰਾਈਆ । ਨਹੀਂ ਤੇ ਅੱਗੇ ਤੇ ਤੁਸੀਂ ਖਾਂਦੀਆਂ ਸੋ ਖੰਡ ਖੀਰ, ਪਤਾ ਨਹੀਂ ਅੱਜ ਤੁਹਾਨੂੰ ਰੇਤ ਦੇ ਫੱਕੇ ਮਾਰ ਕੇ ਆਪਣਾ ਝਟ ਲੈਣਾ ਪੈਣਾ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਨੀ ਭੈਣੋ ਓਹ ਕਿਸ਼ਨ ਸਿੰਘ ਦੇ ਹੱਥ ਗੰਗਾ ਸਾਗਰ, ਸਾਡੇ ਵੱਲ ਭੱਜਾ ਆਵੇ ਚਾਈਂ ਚਾਈਂਆ । ਖੱਬੇ ਪਾਸੇ ਟੰਗ ਕੇ ਤੇ ਕੱਛ ਨਾਲੋਂ ਉਚੀ ਕੀਤੀ ਚਾਦਰ, ਕ਼ਦਮ ਲੰਮੇ ਲੰਮੇ ਉਠਾਈਆ । ਮੋਢਿਆਂ ਵੱਲ ਵੇਖੇ ਢਿੱਡ ਤੇ ਹੱਥ ਫੇਰ ਕੇ ਕਹੇ ਮੈਂ ਬੜਾ ਬਹਾਦਰ, ਪਿੰਨੀਆਂ ਮੋਟੀਆਂ ਮੋਟੀਆਂ ਨਜ਼ਰੀ ਆਈਆ । ਜੇ ਪਹਿਨ ਕੇ ਆਈਆਂ ਸਾੜ੍ਹੀ ਧੋਤੀ ਸਲਵਾਰ ਜਾਂ ਉਤੇ ਲੈ ਕੇ ਚਾਦਰ, ਆਪਣਾ ਰੂਪ ਵਟਾਈਆ ।

ਉਸ ਨੇ ਆਪਣੇ ਭਰਾ ਤੋਂ ਢਾਈ ਗਜ਼ ਦਾ ਟੋਟਾ ਦਵਾਇਆ ਖਾਦਰ, ਬੜਾ ਮੋਟਾ ਨਜ਼ਰੀ ਆਈਆ । ਪਤਾ ਨਹੀਂ ਸਾਡੇ ਉਤੇ ਕਿਸ ਤਰ੍ਹਾਂ ਪਾਵੇ ਨਾਲ ਆਦਰ, ਖ਼ੁਸ਼ੀਆਂ ਨਾਲ ਟਿਕਾਈਆ । ਜਿਸ ਵੇਲੇ ਸਿਰ ਢਕੇ, ਪ੍ਰਭੂ ਜਮੇਂਦਾਰ ਜਗਤ ਦਾ ਰਾਹ ਵਿਚ ਕਿਸ਼ਨ ਸਿੰਘ ਬਚਨ ਸਿੰਘ ਦੀ ਭੈਣ ਨੂੰ ਨਾਲ ਲੈ ਕੇ ਬਿਨਾ ਸੰਘ ਤੋਂ ਮਾਰੇ ਚਾਂਗਰ, ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਧਰਤ ਧਵਲ ਪੁੱਜੇ, ਪੂਜਨੀਕ ਤੇਰੀ ਸਰਨਾਈਆ । ਤੇਰਾ ਰਮਜ਼ ਇਸ਼ਾਰਾ ਕੋਈ ਨਾ ਬੁੱਝੇ, ਬੁਝਿਆ ਦੀਪਕ ਨਾ ਕੋਇ ਜਗਾਈਆ । ਭਾਗ ਲੱਗਾ ਓਸ ਬਸੁਧੇ, ਜੋ ਸੁਧ ਸਭ ਦੀ ਦਏ ਗਵਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਗੇ ਆ ਕੇ ਬੈਠੀਆਂ ਜਿਸ ਵੇਲੇ ਸੂਰਜ ਉਗੇ, ਆਥਣ ਤਕ ਤੇਰਾ ਰਾਹ ਤਕਾਈਆ । ਹੁਣ ਗੁਰਮੁਖ ਜਨ ਭਗਤ ਖ਼ੁਸ਼ੀ ਨਾਲ ਮੰਡੇ ਖਾ ਲੈਣ ਸੁੱਕੇ, ਗੰਢੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲੇ ਕੰਢੇ ਬਾਕੀ ਲੇਖਾ ਦਏ ਸਮਝਾਈਆ ।

ਨਾਰਦ ਕਹੇ ਮੈਂ ਰਾਵੀ ਕੰਢੇ ਗਿਆ ਆ, ਮੇਰੇ ਅੰਤਰ ਖ਼ੁਸ਼ੀ ਆਈਆ । ਮੇਰੀ ਕ਼ਬੂਲ ਹੋਈ ਦੁਆ, ਪ੍ਰਭ ਮਿਹਰ ਨਜ਼ਰ ਉਠਾਈਆ । ਮੈਨੂੰ ਐਵੇਂ ਰਾਹ ਵਿਚ ਧੋਖਾ ਦੇਵੇ ਚੌਧਵੀਂ ਸਦੀ ਉਥੇ ਕਿਹੜਾ ਖ਼ੁਦਾ, ਜਿਸ ਨੂੰ ਮਿਲਣ ਜਾਈਆ । ਮੈਂ ਕਿਹਾ ਨੀ ਵਾਹ ਵਾ, ਚੌਧਰਾਣੀਏ ਮੈਨੂੰ ਰਹੀ ਭੁਲਾਈਆ । ਜਾ ਕੇ ਉਮਤ ਦੀ ਬਣ ਮਾਂ, ਪਾਸਾ ਲੈ ਬਦਲਾਈਆ । ਮੈਂ ਤੇ ਜਾਣਾ ਨਾਲ ਚਾਅ, ਭੱਜਾਂ ਵਾਹੋ ਦਾਹੀਆ । ਸ੍ਰੀ ਭਗਵਾਨ ਦਾ ਦਰਸ਼ਨ ਪਾ, ਆਪਣੀ ਖ਼ੁਸ਼ੀ ਬਣਾਈਆ । ਤਟ ਕਿਨਾਰੇ ਗਿਆ ਆ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਨਾਰਦ ਕਹੇ ਵਾਹ ਵਾਹ ਵਾਹ ਮੇਰੇ ਪ੍ਰਭੂ, ਵਾਹਵਾ ਤੇਰੀ ਵਡਿਆਈਆ । ਓਮ ਓਮ ਓਮ ਤੈਨੂੰ ਕੌਣ ਲੱਭੂ, ਮੇਰੀ ਰਾਮ ਦੁਹਾਈਆ । ਹਰੇ ਹਰੇ ਹਰੇ ਤੈਨੂੰ ਕੌਣ ਸੱਦੂ, ਆਪਣੇ ਘਰ ਬਹਾਈਆ । ਦਰੋਹੀ ਦਰੋਹੀ ਦਰੋਹੀ ਤੇਰੇ ਚਰਨ ਕਿਹੜਾ ਲੱਗੂ, ਸੇਵਾ ਸਰਨ ਕਮਾਈਆ । ਮੈਂ ਗੁਰਮੁਖਾਂ ਚੋਂ ਸੁਣਦਾ ਰਿਹਾ ਤੂੰ ਮੋਹਣ ਮਾਧੋ ਮਧੂ, ਮਧੁਰ ਧੁਨ ਸੁਣਾਈਆ । ਤੇਰੇ ਭਗਤਾਂ ਦੀ ਯਦੂ, ਆਦਿ ਜੁਗਾਦਿ ਚਲੀ ਆਈਆ । ਤੈਨੂੰ ਟੇਕਣਾ ਮੱਥੂ, ਚਰਨਾਂ ਸੀਸ ਨਿਵਾਈਆ । ਹੇ ਮੇਰੇ ਮਿਹਰਵਾਨ ਜੇ ਮੇਰਾ ਮਨਜ਼ੂਰ ਕਰ ਲਏਂ ਕ਼ਦਮਾਂ ਵਿਚ ਛੋਹਿਆ ਸਿਰ ਜਿਹੜਾ ਵਾਂਗ ਕੱਦੂ, ਮੇਰੀ ਬੋਦੀ ਹਿਲ ਕੇ ਖ਼ੁਸ਼ੀ ਲਏ ਮਨਾਈਆ । ਮੈਂ ਰਾਵੀ ਵਿਚੋਂ ਲੰਘਿਆ ਇਕ ਬੋਲ ਪਿਆ ਡੱਡੂ, ਆਪਣੀ ਆਵਾਜ਼ ਸੁਣਾਈਆ । ਮੈਂ ਹੱਸ ਕੇ ਕਿਹਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਇਹ ਤੁਹਾਨੂੰ ਵੱਢੂ, ਵਿਚ ਕ਼ਦਮ ਨਾ ਲੈਣਾ ਟਿਕਾਈਆ । ਖਾਧਿਆਂ ਮੂਲ ਨਾ ਛੱਡੂ, ਵੱਡੇ ਮੂੰਹ ਵਾਲਾ ਮੈਨੂੰ ਨਜ਼ਰੀ ਆਈਆ । ਤੁਹਾਡਾ ਕਿੱਥੇ ਪਰਮਾਤਮਾ, ਮੈਨੂੰ ਕਹਿੰਦੇ ਨੇ ਮਾਲਕ ਜਗੂ, ਜਗਜੀਵਣ ਦਾਤਾ ਨਜ਼ਰ ਕੋਇ ਨਾ ਆਈਆ । ਜਿੰਨਾਂ ਚਿਰ ਮੇਰੇ ਮੂੰਹ ਵਿਚ ਨਾ ਪਾਓ ਲੱਡੂ, ਪਾਰ ਕਿਨਾਰੇ ਨਾ ਕੋਇ ਕਰਾਈਆ । ਤੁਸੀਂ ਡਰੋ ਨਹੀਂ ਮੈਂ ਹੁਣ ਤੁਹਾਡੇ ਕੋਲ ਆਕੜ ਨਾਲ ਖੰਘੂ, ਹੂੰ ਹੂੰ ਕਰ ਸੁਣਾਈਆ । ਤੁਹਾਨੂੰ ਚਿੰਤਾ ਨਹੀਂ ਮੈਂ ਨਿਮਕ ਹਰਾਮ ਬਣਾਇਆ ਸੀ ਗੰਗੂ, ਜਿਹੜਾ ਪਿਛਲੇ ਜਨਮ ਦਾ

ਬ੍ਰਾਹਮਣ ਬਲ ਦਾ ਭੱਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਫੇਰ ਪਰਤ ਕੇ ਪ੍ਰਭ ਦੇ ਚਰਨ ਵੇਖੇ ਡਿੱਗਾ ਮਾਰ ਕੇ ਭੁੱਬੀਂ, ਹਾਏ ਹਾਏ ਕਰ ਸੁਣਾਈਆ । ਮੇਰੇ ਸਾਹਿਬ ਸਤਿਗੁਰ ਓਹ ਵੇਖ ਗੰਗਾ ਮਾਈ ਖੁੱਭੀ, ਕਦਮ ਨਾ ਕੋਇ ਟਿਕਾਈਆ । ਡੱਡੂ ਮਾਰ ਕੇ ਲੁਕ ਗਿਆ ਪਾਣੀ ਵਿਚ ਚੁੱਭੀ, ਆਪਣਾ ਮੁਖ ਛੁਪਾਈਆ । ਇਨ੍ਹਾਂ ਸਵਾਣੀਆਂ ਦੀ ਵਿਗੜ ਗਈ ਬੁੱਧੀ, ਅਕਲ ਕੰਮ ਕਿਸੇ ਨਾ ਆਈਆ । ਮੈਂ ਤੇ ਰਮਜ਼ ਮਾਰਦਾ ਰਿਹਾ ਗੁੱਝੀ, ਚਲੋ ਛੇਤੀ ਛੇਤੀ ਮਿਲੀਏ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਓਧਰੋਂ ਗੰਗਾ ਕਹੇ ਬਹੁੜੀ ਮੇਰੇ ਭਗਵੰਤ, ਤੇਰੀ ਤੇਰੀ ਦੁਹਾਈਆ । ਇਹ ਕਿੱਥੋਂ ਤੂੰ ਭੇਜ ਦਿਤਾ ਪਾਖੰਡੀ ਸੰਤ, ਸਾਨੂੰ ਚੱਕਰ ਵਿਚ ਭਵਾਈਆ । ਕਦੀ ਓਮ, ਕਦੀ ਹਰੀ ਓਮ, ਕਦੇ ਨਮੋ ਨਮੋ, ਕਦੇ ਹੰ ਬ੍ਰਹਮ, ਕਦੇ ਕਹੇ ਜੇ ਹੋਰ ਕੁਛ ਨਹੀਂ ਤੇ ਮੇਰਾ ਜਪੋ ਮੰਤ, ਨਿਮੰਤਰਨ ਦੇ ਕੇ ਤੁਹਾਨੂੰ ਆਪਣੇ ਘਰ ਲਵਾਂ ਬੁਲਾਈਆ । ਮੇਰੀ ਮਹਿੰਮਾ ਅਗਣਤ, ਮੇਰੀ ਖੇਲ ਬੇਅੰਤ, ਜੇ ਤੁਸੀਂ ਮੈਨੂੰ ਬਣਾ ਲਓ ਸਾਰੀਆਂ ਕੰਤ, ਸੇਜੇ ਸਾਚੀ ਦਿਆਂ ਸੁਹਾਈਆ । ਲਾਲਚ ਦੇਵੇ ਅਨੰਤ, ਬਣ ਜਾਏ ਵਿਦਿਆ ਦਾ ਪੰਡਤ, ਗੱਲਾਂ ਬਾਤਾਂ ਵਿਚ ਭਰਮਾਈਆ । ਇਹ ਗੱਲ ਸੁਣ ਕੇ ਨਾਰਦ ਕਹਿੰਦਾ ਹੇ ਪ੍ਰਭੂ ਜੋ ਕਹਿੰਦਾ ਸੋ ਗ਼ਲਤ, ਮੈਂ ਤੇ ਇਹਨਾਂ ਦਾ ਰਾਖਾ ਬਣ ਕੇ ਆਇਆ ਪਰਤ, ਕਿਤੇ ਇਹਨਾਂ ਵਲ ਤੱਕੇ ਨਾ ਕੋਈ ਉਤੇ ਧਰਤ, ਪ੍ਰਭ ਦੀ ਪੂਰੀ ਕਰਾਈ ਸ਼ਰਤ, ਜੋ ਸਭ ਤੇ ਦਇਆ ਕਮਾਈਆ । ਮੇਰੇ ਭਗਵਾਨ ਤੂੰ ਦੱਸ ਮੈਂ ਤੇਰਾ ਕਦੇ ਨਹੀਂ ਕੀਤਾ ਹਰਜ, ਮੈਂ ਜੋ ਕਿਸੇ ਨੂੰ ਕਹਿਵਾਂ ਸੋ ਕਹਿੰਦਾ ਗਰਜ, ਹੇਰਾ ਫੇਰੀ ਕਰਨੀ ਮੇਰਾ ਫ਼ਰਜ਼, ਕਿਉਂ ਤੂੰ ਮੇਰੀ ਸੇਵਾ ਦਿਤੀ ਲਗਾਈਆ । ਇਹ ਸਾਰੀਆਂ ਰਾਹ ਵਿਚ ਮੈਨੂੰ ਕਹਿਣ ਪੰਡਤ ਜੀ ਕੋਈ ਸੋਹਣੀ ਸੁਣਾਓ ਤਰਜ਼, ਮੈਂ ਚੁਪ ਹੋ ਗਿਆ ਇਹਨਾਂ ਮੇਰੇ ਉਤੇ ਉਡਾ ਕੇ ਪਾ ਦਿਤੀ ਗਰਦ, ਮੇਰਾ ਵੰਡਿਆ ਨਹੀਂ ਦਰਦ, ਮੈਂ ਦੁੱਖੀ ਹੋ ਕੇ ਇਹਨਾਂ ਨੂੰ ਤੇਰੇ ਵਲ ਲਿਆਈਆ । ਜਮਨਾ ਕਹੇ ਪ੍ਰਭੂ ਅਸੀਂ ਤੇ ਅਜੇ ਅਪੜੀਆਂ ਨੇ ਰਾਵੀ ਦੇ ਆਰ ਪਾਰ ਕੰਢੇ, ਆਪਣਾ ਪੰਧ ਮੁਕਾਈਆ । ਇਹ ਸਾਨੂੰ ਐਵੇਂ ਰਾਹ ਵਿਚ ਭੈ ਦਿੰਦਾ ਰਿਹਾ ਤਿੱਖੀ ਧਾਰ ਖੰਡੇ, ਕਿਉਂ ਜਾਂਦਾ ਜਾਂਦਾ ਗੋਬਿੰਦ ਗਿਆ ਫੜਾਈਆ । ਸਿੱਧੀਆਂ ਹੋ ਜਾਓ ਵਾਂਗ ਡੰਡੇ, ਜੇ ਪਾਣੀ ਪੀਣੇ ਠੰਡੇ, ਨਹੀਂ ਤਾਂ ਨੰਗੀ ਪੈਰੀਂ ਦਿਆਂ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਇਹ ਸਾਨੂੰ ਰਿਹਾ ਸੁਣਾਈਆ । ਨਾਰਦ ਕਹੇ ਵਾਹ ਨੀ ਵਾਹ ਬੀਬੀ, ਕੀ ਪ੍ਰਭ ਨੂੰ ਰਹੀ ਸੁਣਾਈਆ । ਮੈਂ ਭੁੱਖਾ ਬ੍ਰਾਹਮਣ ਮੇਰੇ ਘਰ ਵਿਚ ਗ਼ਰੀਬੀ, ਮੈਂ ਰੋਟੀਆਂ ਮੰਗਣ ਵਾਲਾ ਤੁਹਾਡੀ ਸੇਵਾ ਰਿਹਾ ਕਮਾਈਆ । ਜ਼ਰਾ ਆਪਣੀ ਵਖਾਓ ਮੈਨੂੰ ਆਪਣੇ ਖੱਬੇ ਹੱਥ ਦੀ ਚੀਚੀ, ਦੰਦੀ ਵੱਢ ਕੇ ਚੱਬ ਕੇ ਗਿਆ ਖਾਈਆ । ਜਮਨਾ ਰੋਣ ਲੱਗੀ, ਆਂਹਦਾ ਨਾ ਬੀਬੀ ਹੁਣ ਤੇ ਵੱਟ ਕਸੀਸੀ, ਤੁਹਾਨੂੰ ਪਤਾ ਨਹੀਂ ਤੁਹਾਡੇ ਵਿਚ ਕਿੰਨੇ ਮਰ ਗਏ ਤੇ ਕਿੰਨਿਆਂ ਦੀ ਜਾਨ ਲਈ ਖਪਾਈਆ । ਐਵੇਂ ਕਲ੍ਹ ਕਹਿੰਦੀ ਫਿਰਦੀ ਸੈਂ ਮੈਂ ਤੇਰੀ ਧੀ ਧੀ ਧੀ, ਜੇ ਕਿਤੇ ਮੇਰੇ ਕੋਲ ਸਾਬਤ ਮੰਜੀ ਹੁੰਦੀ ਮੈਂ ਹੀਅ ਕੱਢ ਕੇ ਤੇਰਾ ਸਿਰ ਦੇਣਾ ਸੀ ਖੁਲ੍ਹਾਈਆ । ਸੁਰਸਤੀ ਕਹੇ ਇਹ ਕਿਹਾ ਕੀ, ਨਾਰਦ ਕਹੇ ਜੇ ਵੱਸ ਚਲੇ ਤੁਹਾਡਾ ਕੀਮੀਆ ਕੱਢ ਕੇ ਜਾਵਾਂ ਖਾਈਆ । ਛੇਤੀ ਨਾਲ ਆਣ ਕੇ ਪ੍ਰਭ ਚਰਨਾਂ ਤੇ ਕਹੇ ਤੇਰੇ ਕਵਲਾਂ ਤੇ ਜਾਵਾਂ ਬੀ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਇਹਨਾਂ ਨੂੰ ਸਿੱਧੇ ਰਸਤੇ ਲੈ ਕੇ ਆਇਆ ਲੀਹ ਲੀਹ, ਬਦੋ ਬਦੀ ਭੁੱਲ ਕੇ ਆਪਣਾ

੧੦੦੫
੨੧

ਰਾਹ ਗਈਆਂ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਪ੍ਰਭੂ ਮੈਂ ਤੇਰੀ ਦਾਸੀ, ਮੈਨੂੰ ਦਾਸੀ ਲੈ ਬਣਾਈਆ । ਮੇਰੀ ਨਾ ਕੋਈ ਫੁੱਫੀ ਤੇ ਨਾ ਕੋਈ ਮੇਰੀ ਮਾਸੀ, ਘਰ ਦਿਆਂ ਨੂੰ ਮਿਲਣ ਕਦੇ ਨਾ ਜਾਈਆ । ਨਾ ਮੇਰੀ ਕੋਈ ਕੁੰਡਲੀ ਨਾ ਕੋਈ ਰਾਸੀ, ਨਾ ਕੋਈ ਗ੍ਰਹਿ ਨਛੱਤਰ ਮੇਰੇ ਉਤੇ ਛਾਈਆ । ਇਹ ਗੰਗਾ ਗੋਦਾਵਰੀ ਜਮਨਾ ਸੁਰਸਤੀ ਚਾਰ ਜੁਗ ਦੀ ਕੜ੍ਹੀ ਬਾਸੀ, ਚਾਰ ਜੁਗ ਦੇ ਮੁਰਦਿਆਂ ਦਾ ਮੁਸ਼ਕ ਇਨ੍ਹਾਂ ਵਿਚੋਂ ਆਈਆ । ਮੈਂ ਸਦਾ ਤੇਰੀ ਖ਼ੁਸ਼ੀਆਂ ਵਿਚ ਲਾਹਵਾਂ ਉਦਾਸੀ, ਹੱਸ ਹੱਸ ਕੇ ਤੇਰੇ ਨਾਲ ਆਪਣਾ ਆਪ ਪ੍ਰਚਾਈਆ । ਇਹਨਾਂ ਕਦੀ ਅਯੁਧਿਆ ਜਾਣਾ ਕਦੇ ਕਾਸ਼ੀ, ਹਰਿਦਵਾਰ ਵਲ ਧਿਆਨ ਲਗਾਈਆ । ਮੈਂ ਤੇ ਇਕੋ ਭਗਵੰਤ ਮੰਨਣਾ ਕਮਲਾਪਾਤੀ, ਦੂਸਰ ਅੱਖ ਨਾ ਕਦੇ ਮਿਲਾਈਆ । ਮੇਰੀ ਤੇਰੇ ਅੱਗੇ ਬੇਨੰਤੀ ਜੇ ਤੂੰ ਕਹਿਵੇਂ ਤਾਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਇਕ ਲਿਖ ਦੇਵਾਂ ਨਿੱਕੀ ਜਿਹੀ ਪਾਤੀ, ਅੱਖਰ ਦੋ ਚਾਰ ਪਾਈਆ । ਸਾਹਿਬ ਸਤਿਗੁਰ ਪਿਠ ਤੇ ਮਾਰ ਕੇ ਥਾਪੀ, ਕਿਹਾ ਤੇਰੀ ਆਸਾ ਪੂਰ ਕਰਾਈਆ । ਮਜ਼ਮੂਨ ਲਿਖਿਆ ਮੈਂ ਮਨਾ ਲਿਆ ਪੁਰਖ ਅਬਿਨਾਸ਼ੀ, ਓਹ ਮੇਰੇ ਬਿਨਾ ਕਿਸੇ ਨਾਲ ਅੱਖ ਨਾ ਕਦੇ ਮਿਲਾਈਆ । ਮੈਂ ਉਸ ਨੂੰ ਬਣਾਇਆ ਆਪਣਾ ਕਮਲਾਪਾਤੀ, ਤੇ ਤੁਸੀਂ ਸਾਰੀਆਂ ਉਸ ਦੇ ਮਿਲਣ ਤੋਂ ਪਹਿਲੋਂ ਮੈਨੂੰ ਬਣਾ ਲਓ ਸਾਥੀ, ਕੰਢੇ ਦੇ ਪਿਛੇ ਭੱਜੀਏ ਚਾਈਂ ਚਾਈਂਆ । ਵੇਖਿਆ ਜੇ ਰਾਵੀ ਵਾਲੀ ਕਿੱਡੀ ਔਖੀ ਘਾਟੀ, ਔਝੜ ਪੈਂਡਾ ਰਾਹ ਵੇਖ ਵਖਾਈਆ । ਤੁਸੀਂ ਵਸੋ ਜਾ ਕੇ ਆਪਣੇ ਤੀਰਥ ਤਾਟੀ, ਜਿਥੇ ਸੋਨਾ ਚਾਂਦੀ ਤੁਹਾਡੇ ਵਿਚ ਭੇਟਾ ਰਹੇ ਕਰਾਈਆ । ਮੈਂ ਓਥੇ ਹੋਰ ਸੁਣਿਆ ਸੰਗਤ ਓਸੇ ਦਾ ਗੁਣ ਗਾਂਦੀ, ਤੇ ਤੁਹਾਡੀ ਚਲੇ ਕੀ ਚਤੁਰਾਈਆ । ਇਕ ਲਾਲ ਸੂਟ ਵਾਲੀ ਬੈਠੀ ਬਾਂਦੀ, ਬੰਦਨਾ ਕਰ ਕੇ ਸੀਸ ਨਿਵਾਈਆ । ਰਵਿਦਾਸ ਦੀ ਕ਼ਲਮ ਸਭ ਦਾ ਲੇਖ ਲਿਖਾਂਦੀ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਜਾਂ ਮੈਂ ਅਗਾਂਹ ਵੇਖਿਆ ਮੁਹੰਮਦ ਦੇ ਚਾਰ ਯਾਰ ਹਿੱਕੀ ਆਂਦੇ ਢਾਂਡੀ, ਛੁਰੀਆਂ ਬਗ਼ਲਾਂ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਪ੍ਰਭ ਦੇ ਕੋਲ ਨਾ ਜਾਇਓ ਨੇੜੇ, ਦੂਰੋਂ ਨਿਮਸਕਾਰ ਕਰਕੇ ਕਰਵਟ ਲਿਓ ਬਦਲਾਈਆ । ਜਿਸ ਦੇ ਚਾਰ ਜੁਗ ਪਏ ਰਹੇ ਝੇੜੇ, ਦੀਨ ਦੁਨੀ ਦਏ ਦੁਹਾਈਆ । ਤੁਸਾਂ ਉਸ ਦੇ ਕੀ ਵਸਣਾ ਖੇੜੇ, ਜਿਹੜਾ ਕਦੀ ਰਾਮ ਕਦੀ ਕ੍ਰਿਸ਼ਨ ਕਦੀ ਮੂਸਾ ਈਸਾ ਮੁਹੰਮਦ ਨਾਨਕ ਗੋਬਿੰਦ ਬਣ ਕੇ ਸਾਰਿਆਂ ਨੂੰ ਜਾਏ ਤਜਾਈਆ । ਜੇ ਤੁਸੀਂ ਚਲ ਪਓ ਨਾਲ ਮੇਰੇ, ਤੁਹਾਡੀ ਤੇ ਮੇਰੀ ਕਦੇ ਨਾ ਹੋਏ ਜੁਦਾਈਆ । ਓਸ ਪ੍ਰਭੂ ਦੇ ਕੋਲ ਕੀ ਜਾਣਾ ਜਿਹੜਾ ਚੜ੍ਹਦਾ ਨਿੱਕੇ ਜੇਹੇ ਘੋੜੇ ਤੇ ਟੱਟੂ ਜਿਹੇ ਵਛੇਰੇ, ਮੈਂ ਤੁਹਾਨੂੰ ਆਕਾਸ਼ਾਂ ਪਾਤਾਲਾਂ ਦੀ ਸੈਰ ਦਿਆਂ ਕਰਾਈਆ । ਤੁਸੀਂ ਜ਼ਰਾ ਮੇਰੇ ਪਿੰਡੇ ਤੇ ਹੱਥ ਦਿਓ ਫੇਰੇ, ਰਾਵੀ ਦੀ ਰੇਤ ਰਹਿਣ ਕੋਇ ਨਾ ਪਾਈਆ । ਸੁਰਸਤੀ ਕਹਿੰਦੀ ਜਾ ਤੇਰੇ ਵਰਗੇ ਪਖੰਡੀ ਬਥੇਰੇ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਜਮਨਾ ਕਹੇ ਮੂੰਹ ਤੇ ਮਾਰੂੰਗੀ ਲਫੇੜੇ, ਜੇ ਅੱਖ ਲਈ ਉਠਾਈਆ । ਗੰਗਾ ਕਹੇ ਮੁੜ ਜਾ ਆਪਣੇ ਡੇਰੇ, ਆਪਣਾ ਕ਼ਦਮ ਉਠਾਈਆ । ਗੋਦਾਵਰੀ ਨੇ ਕੰਨਾਂ ਤੋਂ ਫੜ ਕੇ ਚਾਰ ਦਿਤੇ ਗੇੜੇ, ਚਾਰ ਕੁੰਟ ਦਿਤਾ ਫਿਰਾਈਆ । ਨਾਰਦ ਜੀ ਝਟ ਕਹੇ ਬੱਚੀਓ ਮੈਂ ਤਾਂ ਤੁਹਾਨੂੰ ਚੜ੍ਹਾਉਣ ਆਇਆ ਪ੍ਰਭੂ ਦੇ ਬੇੜੇ, ਆਓ ਸਚ ਦਵਾਰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਫਿਰ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ

ਆਓ ਤੁਹਾਨੂੰ ਗੱਲ ਦੱਸਾਂ ਪੁਰਾਣੀ, ਓ ਪਰੇ ਹੋ ਕੇ ਦਿਆਂ ਸੁਣਾਈਆ । ਜਮਨਾ ਤੂੰ ਆਪਣਾ ਆਪ ਨਹੀਂ ਵੇਖਿਆ, ਜਮਨਾ ਕਹੇ ਨਹੀਂ, ਜੇ ਤੂੰ ਵੇਖੇਂ ਤੂੰ ਇਕ ਅੱਖੋਂ ਕਾਣੀ, ਕਾਣਾ ਪ੍ਰਭ ਨੂੰ ਮਿਲਣ ਕਦੇ ਨਾ ਜਾਈਆ । ਗੰਗਾ ਤੂੰ ਕਦੀ ਤੱਕਿਆ ਈ ਆਪਣੇ ਪੈਰ ਹੱਥੀਂ, ਗੰਗਾ ਕਹੇ ਨਹੀਂ, ਨਾਰਦ ਕਹੇ ਜੇ ਤੱਕਿਆ ਤੇ ਤੇਰੇ ਪੈਰ ਮਨੁੱਸ਼ਾਂ ਦੀਆਂ ਹੱਡੀਆਂ ਰੋਲਣ ਵਾਲੇ ਕੰਮ ਕਿਸੇ ਨਾ ਆਈਆ । ਨੀ ਸੁਰਸਤੀ ਕਦੇ ਤੱਕਿਆ ਈ ਆਪਣਾ ਨੱਕ, ਸੁਰਸਤੀ ਕਹੇ ਨਹੀਂ, ਨਾਰਦ ਕਹੇ ਇਹੋ ਜੇਹੀ ਨੱਕ ਵਾਲੀ ਪ੍ਰਭ ਦੇ ਚਰਨਾਂ ਨੱਕ ਨਾ ਕੋਇ ਰਗੜਾਈਆ । ਨੀ ਗੋਦਾਵਰੀ ਮੈਨੂੰ ਤੇਰੇ ਤੇ ਪੈ ਗਿਆ ਕੁਛ ਸ਼ੱਕ, ਗੋਦਾਵਰੀ ਕਹੇ ਕਿਉਂ, ਨਾਰਦ ਕਹੇ ਕਮਲੀਏ ਗੋਬਿੰਦ ਤੇਰੇ ਕੰਢੇ ਆਇਆ ਤੂੰ ਚਰਨ ਚੁੰਮ ਕੇ ਨਾ ਖ਼ੁਸ਼ੀ ਬਣਾਈਆ । ਹੁਣ ਏਥੋਂ ਭੱਜ ਜਾਓ ਝਟ ਪਟ, ਪ੍ਰਭ ਦੇ ਚਰਨਾਂ ਸੀਸ ਨਾ ਕੋਇ ਨਿਵਾਈਆ । ਤੁਸੀਂ ਮਿਸ਼ਰਾਣੀਆਂ ਖਤਰਾਣੀਆਂ ਪੰਡਤਾਣੀਆਂ ਸੋਹਣੀਆਂ ਜਿਹੀਆਂ ਸਵਾਣੀਆਂ ਓਹ ਪੈਲੀਆਂ ਵਿਚ ਫਿਰਨ ਵਾਲਾ ਜੱਟ, ਤੁਹਾਨੂੰ ਜੰਗਲਾਂ ਵਿਚ ਦਏ ਰੁਲਾਈਆ । ਅੱਜ ਵੀ ਜੇ ਮੇਰੀ ਗੱਲ ਮੰਨ ਲਓ ਤੇ ਮੇਰੇ ਨਾਲ ਆਪਣੇ ਦਿਨ ਲਓ ਕਟ, ਜਿੰਨਾਂ ਚਿਰ ਰਹੋ ਓਨਾਂ ਚਿਰ ਸੁਖ ਦੇ ਵਿਚ ਰਖਾਈਆ । ਵੇਖੋ ਮੇਰੇ ਗੋਡਿਆਂ ਦੇ ਉਤੋਂ ਕਿੱਡੇ ਮੋਟੇ ਪੱਟ, ਤੇ ਜਿੰਨਾਂ ਮੇਰਾ ਲੱਕ ਸੁੱਕਾ ਓਨੀਂ ਮੇਰੀ ਬੋਦੀ ਲੰਮੀ ਨਜ਼ਰੀ ਆਈਆ । ਚੰਗੀਆਂ ਬਣੋ ਵੇਖੋ ਏਥੋਂ ਪਿਛੇ ਜਾਓ ਹਟ, ਪੁੱਠੀ ਪੈਰੀਂ ਆਪਣਾ ਪੰਧ ਮੁਕਾਈਆ । ਜੇ ਤੁਸੀਂ ਕਿਨਾਰਾ ਗਈਆਂ ਟੱਪ, ਤੇ ਭਗਤਾਂ ਵਿਚ ਜਾਉਗੀਆਂ ਫਸ, ਫੇਰ ਮੇਰੀ ਹੋ ਜਾਊ ਬਸ, ਬਹੁੜੀ ਬਹੁੜੀ ਕਰ ਕੇ ਦਿਆਂ ਸੁਣਾਈਆ । ਜੇ ਤੁਸੀਂ ਪ੍ਰਭ ਵੱਲ ਚਲੀਆਂ ਮੈਂ ਮਰ ਜਾਣਾ ਖਾ ਕੇ ਗਸ਼, ਦੱਸੋ ਫੇਰ ਤੁਹਾਨੂੰ ਕਿਹੜਾ ਮਿਲਣਾ ਜਸ, ਬ੍ਰਾਹਮਣ ਦੀ ਹੱਤਿਆ ਵਾਲਾ ਸੁਖ ਕੋਇ ਨਾ ਪਾਈਆ । ਗੰਗਾ ਕਹੇ ਪਿਛੇ ਹਟ, ਅਸੀਂ ਜਾਣਾ ਚਾਈਂ ਚਾਈਂਆ । ਨਾਰਦ ਕਹੇ ਜੇ ਤੁਸਾਂ ਜਾਣਾ, ਰਵਦਾਸ ਨੂੰ ਤੂੰ ਦਿਤਾ ਕੰਗਣ ਮੈਨੂੰ ਆਪਣੀ ਨਿਸ਼ਾਨੀ ਦੇ ਜਾ ਨਥ, ਤੇਰੀ ਨੱਥ ਵੇਖ ਕੇ ਆਪਣਾ ਝਟ ਲੰਘਾਈਆ । ਇਹ ਗੱਲ ਕਹਿ ਕੇ ਜ਼ੋਰ ਨਾਲ ਪਿਆ ਨਠ, ਓਹ ਅਜੇ ਪਿਛੇ ਆਪ ਚਰਨੀ ਡਿੱਗਾ ਆਈਆ । ਕਹੇ ਵਾਹ ਵਾਹ ਪ੍ਰਭੂ ਸਮਰਥ, ਤੇਰੀ ਬੇਪਰਵਾਹੀਆ । ਮੈਂ ਬੜਾ ਜ਼ੋਰ ਨਾਲ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਲਿਆਇਆ ਸੱਦ, ਬਦੋ ਬਦੀ ਖਿੱਚ ਕੇ ਕੰਢੇ ਦਿਤੀਆਂ ਪੁਚਾਈਆ । ਮੈਂ ਬੜਾ ਰੱਖਿਆ ਹੱਠ, ਸੇਵਕ ਹੋ ਕੇ ਸਾਚੀ ਸੇਵ ਕਮਾਈਆ । ਜੇ ਪ੍ਰਭੂ ਮੈਂ ਨਾ ਹੁੰਦਾ ਇਹ ਜ਼ਰੂਰ ਤੈਨੂੰ ਜਾਂਦੀਆਂ ਛੱਡ, ਅੱਗੇ ਆ ਨਾ ਸੀਸ ਨਿਵਾਈਆ । ਅੱਗੇ ਬਚਨ ਕਰ ਕੇ ਫੇਰ ਪਿਛੇ ਗਿਆ ਹਟ, ਤਿੰਨ ਸੌ ਪੰਜਾਹ ਕ਼ਦਮ ਤੇ ਡੇਰਾ ਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਰਿਹਾ ਦੱਸ, ਮੈਨੂੰ ਪ੍ਰਭ ਨੇ ਭੇਜਿਆ ਚਾਈਂ ਚਾਈਂਆ । ਥਾਪੀ ਮਾਰ ਕੇ ਕਿਹਾ 'ਜਾ ਓਏ ਜਾ' ਇਹ ਕੀਤੀਆਂ ਤੇਰੇ ਵੱਸ, ਏਥੇ ਆਉਣ ਦੀ ਲੋੜ ਰਹੇ ਨਾ ਰਾਈਆ । ਚਾਰੇ ਕੁੱਟਣ ਲੱਗੀਆਂ ਠਪ ਠਪ, ਬੋਦੀ ਫੜ ਕੇ ਦਿਤੀ ਖਿਚਾਈਆ । ਨੀ ਨਾ ਬੋਲੋ ਨਾ ਮਾਰੋ ਮੈਂ ਤੇ ਤੁਹਾਨੂੰ ਦੱਸਣ ਆਇਆ ਜਪ, ਓਹ ਢੋਲਾ ਲੈਣਾ ਗਾਈਆ । ਸੁਰਸਤੀ ਕਿਹਾ ਐਵੇਂ ਨਾ ਕਰ ਹਫ਼ ਹਫ਼, ਜ਼ਬਾਨ ਮੁਖ ਵਿਚ ਹਿਲਾਈਆ । ਨਾਰਦ ਓਸੇ ਵੇਲੇ ਕਿਹਾ ਲੰਮਾ ਫੜ ਕੇ ਸੱਪ, ਓਨ੍ਹਾਂ ਦੇ ਅੱਗੇ ਰਿਹਾ ਹਿਲਾਈਆ । ਨੀ ਵੇਖੋ ਮੇਰਾ ਤਪ, ਜੋ ਮਰਜ਼ੀ ਏ ਓਹ ਕਰਕੇ ਦਿਆਂ ਵਖਾਈਆ । ਤੁਸੀਂ ਛੱਡ ਦਿਓ ਖਹਿੜਾ ਉਸ ਰੱਬ, ਜਿਹੜਾ ਸਭ ਨੂੰ ਚੱਕਰ ਵਿਚ ਰਖਾਈਆ । ਵੇਖੋ ਮੈਂ ਤੁਹਾਨੂੰ ਗਿਆ ਲੱਭ, ਰੋਜ਼ ਲਬਾਂ ਦੇ ਉਤੇ ਮੇਰਾ ਨਾਮ ਧਿਆਈਆ । ਫੇਰ ਗ਼ੁੱਸੇ ਵਿਚ ਚੌਹਾਂ ਨੇ ਧੌਣੋਂ ਫੜ ਕੇ ਲਿਆ ਦੱਬ, ਭਾਰ ਉਤੇ ਦਿਤਾ ਟਿਕਾਈਆ । ਨਾਰਦ ਕਹੇ ਵੇਖੋ ਯਾਰੋ ਹੋ ਗਈ ਹੱਦ,

ਜੇ ਮੈਂ ਚਾਹਵਾਂ ਇਹ ਕੰਨਿਆਂ ਕੰਨਾ ਮੰਨਾ ਕੁਰਲ ਕਰ ਕੇ ਦਿਆਂ ਉਡਾਈਆ । ਉਨ੍ਹਾਂ ਫੇਰ ਸਿਰ ਥੱਲੇ ਕਰ ਕੇ ਲੱਤਾਂ ਉਤਾਂਹ ਕਰ ਕੇ ਦਿਤਾ ਗੱਡ, ਥੋੜ੍ਹੀ ਥੋੜ੍ਹੀ ਰੇਤ ਕੰਨਾਂ ਵਿਚ ਪਾਈਆ । ਮੁਖੋਂ ਕਹੇ ਹੁਣ ਮੈਨੂੰ ਦਿਓ ਛੱਡ, ਤੁਹਾਡਾ ਰਾਮ ਦਿਆਂ ਮਿਲਾਈਆ । ਸਾਰੀਆਂ ਪਈਆਂ ਹੱਸ, ਪੁੱਠੇ ਤੋਂ ਸਿੱਧਾ ਦਿਤਾ ਕਰਾਈਆ । ਦੂਰੋਂ ਕਹਿੰਦਾ ਆਵੇ ਮੇਰੇ ਪੁਰਖ ਸਮਰਥ, ਮੇਰੇ ਵਲ ਚਰਨ ਦੇ ਲਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਭੱਜ ਕੇ ਆਇਆ ਜਿਸ ਦਿਤਾ ਨੂਰ, ਚਰਨ ਕਵਲ ਸਰਨਾਈਆ । ਸਾਹਿਬ ਮੇਰੇ ਹਜ਼ੂਰ, ਮਿਹਰਵਾਨ ਤੇਰੀ ਬੇਪ੍ਰਵਾਹੀਆ । ਮੇਰਾ ਸੁਖ਼ਨ ਹੋਇਆ ਪੂਰ, ਸੰਸਾਰ ਤੇਰਾ ਦਰਸ਼ਨ ਪਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਦੱਸ ਕੇ ਆਇਆ ਤੇਰਾ ਗਾਣ, ਢੋਲਾ ਗਾਉਣ ਚਾਈਂ ਚਾਈਂਆ । ਨਾਲੇ ਉਨ੍ਹਾਂ ਨੂੰ ਕਰਾ ਕੇ ਆਇਆ ਇਸ਼ਨਾਨ, ਪਿਛਲੀ ਮੈਲ ਧਵਾਈਆ । ਤੇਰੇ ਚਰਨਾਂ ਕਰਨੀ ਪ੍ਰਨਾਮ, ਨਿਉਂ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚਾਰੇ ਨੇੜੇ ਗਈਆਂ ਢੁੱਕ, ਆਪਣਾ ਪੰਧ ਮੁਕਾਈਆ । ਨਾਰਦ ਕਹੇ ਪਹਿਲੋਂ ਗੋਲੀ ਆਪਣੀ ਝੋਲੀ ਵਿਚ ਪਾ ਕੇ ਲਿਆਵੇ ਪਾਣੀ ਦੇ ਪੰਜ ਬੁੱਕ, ਬੁੱਕਲ ਵਿਚ ਲੋਕਾਈਆ । ਸਾਰੇ ਦੰਦ ਮੀਟ ਕੇ ਅੱਖਾਂ ਘੁੱਟ ਕੇ ਧਿਆਨ ਲਗਾ ਕੇ ਪੜ੍ਹਨ ਲੱਗੇ ਸੋਹੰ ਤੁਕ, ਆਵਾਜ਼ ਸੁਣਨ ਕੋਇ ਨਾ ਪਾਈਆ । ਫੇਰ ਪੰਜੇ ਉਂਗਲਾਂ ਕੰਨਾਂ ਵਿਚ ਵਾਰੀ ਵਾਰੀ ਦੇ ਕੇ ਕਹਿਣ ਤੇਰੀ ਓਟ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਸਾਰੇ ਛੱਟੇ ਮਾਰ ਕੇ ਜਨ ਭਗਤ ਗਾਵਣ ਇਕ ਸਲੋਕ, ਸੋਹਲਾ ਧੁਰ ਦਾ ਰਾਗ ਅਲਾਈਆ । ਕਿਰਪਾ ਕਰ ਮੇਰੇ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਹੈਥੇ ਖਲੋ ਜਾਓ ਨਾਲ ਆਦਰ, ਪੰਜਾਂ ਕਦਮਾਂ ਤੇ ਡੇਰਾ ਲਾਈਆ । ਕਿਸ਼ਨ ਸਿੰਘ ਨੂੰ ਲੈ ਆਣ ਦਿਓ ਗੰਗਾ ਸਾਗਰ, ਗੰਗਾ ਸਾਗਰ ਕ਼ਦਮਾਂ ਵਿਚ ਟਿਕਾਈਆ । ਪ੍ਰਭ ਨੂੰ ਦੱਸਣਾ ਮੈਂ ਤੇਰਾ ਸੂਰਬੀਰ ਬਹਾਦਰ, ਚੌਹਾਂ ਨੂੰ ਖਿੱਚ ਕੇ ਚਰਨਾਂ ਵਿਚ ਲਿਆਈਆ । ਤੂੰ ਇਨ੍ਹਾਂ ਦਾ ਨਿਰਮਲ ਕਰਮ ਕਰ ਉਜਾਗਰ, ਮਿਹਰ ਨਜ਼ਰ ਉਠਾਈਆ । ਇਨ੍ਹਾਂ ਦੀ ਧੋਤੀ ਸਾੜ੍ਹੀ ਸਲਵਾਰ ਵੇਖ ਚਾਦਰ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪ੍ਰਭੂ ਤੇਰੇ ਪਿਛੇ ਰੁਲ ਕੇ ਆਈਆਂ ਮਿੱਟੀ ਘੱਟਾ, ਸੋਹਣੀਆਂ ਸਵਾਣੀਆਂ ਨਜ਼ਰੀ ਆਈਆ । ਰਾਵੀ ਕੰਢੇ ਪੁਜੀਆਂ ਤੇ ਅੱਗੇ ਨਹੀਂ ਸੀ ਲਗਦਾ ਪਤਾ, ਬੇਅੰਤ ਇਹ ਤੇਰੀ ਬੇਪ੍ਰਵਾਹੀਆ । ਜੇ ਮੈਂ ਨਾ ਹੁੰਦਾ ਇਨ੍ਹਾਂ ਦਾ ਸਕਾ, ਇਨ੍ਹਾਂ ਨੂੰ ਕੌਣ ਲਿਆਂਉਂਦਾ ਚਾਈਂ ਚਾਈਆ । ਵੇਖੀਂ ਪ੍ਰਭੂ ਮੈਂ ਦਰ ਤੇ ਲਿਆਇਆ ਇਨ੍ਹਾਂ ਨੂੰ ਮੇਰੇ ਨਾਲ ਨਾ ਕਰੀਂ ਧੱਕਾ, ਧੱਕਾ ਦੇ ਕੇ ਘਰੋਂ ਨਾ ਬਾਹਰ ਕਢਾਈਆ । ਤੂੰ ਮੇਰਾ ਜਜਮਾਨ, ਤੂੰ ਮੇਰਾ ਮਿਹਰਵਾਨ, ਤੂੰ ਮੇਰਾ ਰਹਿਮਾਨ, ਮੈਂ ਤੇਰਾ ਮੰਗਤਾ, ਤੇਰੀ ਲੱਖ ਚੁਰਾਸੀ, ਤੇਰੇ ਬ੍ਰਹਿਮੰਡ ਖੰਡ, ਤੇਰੇ ਗੋਪੀ ਕਾਹਨ, ਤੇਰੇ ਸੀਤਾ ਰਾਮ, ਤੇਰੇ ਵਿਸ਼ਨੂੰ ਭਗਵਾਨ, ਤੇਰੇ ਬ੍ਰਹਮਾ ਪ੍ਰਧਾਨ, ਤੇਰੇ ਸ਼ੰਕਰ ਰਾਜਾਨ, ਜਿਨ੍ਹਾਂ ਦੀ ਸੇਵਾ ਦਰੋਪਦੀ ਕਰ ਨਾ ਸਕੀ ਜਿਹੜੀ ਪਾਂਡਵਾਂ ਨੂੰ ਹੋਈ ਦਾਨ, ਮੈਂ ਤਾਂ ਪ੍ਰਭੂ ਤੇਰੇ ਦਵਾਰੇ ਤੋਂ ਗ਼ਰੀਬ ਬ੍ਰਾਹਮਣ ਭੁੱਖਾ ਨੰਗਾ ਝੋਲੀ ਡਾਹ ਕੇ ਮੰਗਣਾ ਇਕ ਨਿਸ਼ਾਨ, ਗ਼ਰੀਬੀ ਦਾਅਵੇ ਵਿਚ ਇਹ ਚਾਰੇ ਜਣੀਆਂ ਮੇਰੀ ਝੋਲੀ ਦੇ ਪਾਈਆ । ਮੈਂ ਇਨ੍ਹਾਂ ਨੂੰ ਰੋਜ਼ ਕਰਾਇਆ ਕਰੂੰ ਇਸ਼ਨਾਨ, ਮੈਂ ਮੁਕਟ ਲਾ ਕੇ ਬਣਿਆ ਕਰੂੰ ਕਾਹਨ, ਰਾਮ ਬਣ ਕੇ ਫਿਰਿਆ ਕਰੂੰ ਵਿਚ ਬੀਆਬਾਨ, ਚਤੁਰਭੁਜ ਬਣ ਕੇ ਭਾਵੇਂ



੧੦੦੮
੨੧

ਬਾਹਵਾਂ ਲੱਕੜ ਦੀਆਂ ਲਾਉਣੀਆਂ ਪੈਣ ਚੌਹਾਂ ਉਂਗਲਾਂ ਦੇ ਨਾਲ ਫਿਰਾਈਆ । ਨੀ ਤੁਸੀਂ ਵੀ ਕੁਛ ਦਿਓ ਬਿਆਨ, ਕਿ ਸਾਨੂੰ ਸੋਹਣਾ ਲੱਗੇ ਜਵਾਨ ਵੱਡਾ ਪਹਿਲਵਾਨ, ਸੁਰਸਤੀ ਗ਼ੌਰ ਨਾਲ ਤੱਕ ਕੇ ਥੱਲਿਉਂ ਜੁੱਤੀ ਲਾਹ ਕੇ ਕਹੇ ਪ੍ਰਭੂ ਇਹ ਬੜਾ ਸ਼ੈਤਾਨ, ਸੱਤ ਵਜੇ ਤੋਂ ਲੈ ਕੇ ਤਿੰਨ ਵਜੇ ਤਕ ਸਾਨੂੰ ਚੱਕਰ ਵਿਚ ਦਿਤਾ ਭਵਾਈਆ । ਕਦੀ ਕਹੇ ਵੱਡਾ ਡੂੰਘਾ ਗਾਹਣ, ਕਦੀ ਕਹੇ ਰਵਦਾਸ ਲੈ ਕੇ ਬੈਠਾ ਤੀਰ ਕਮਾਨ, ਕਦੀ ਕਹੇ ਓਹ ਤੁਹਾਡਾ ਸਤਿਗੁਰੂ ਤੇ ਖਿੱਚ ਕੇ ਬੈਠਾ ਕਿਰਪਾਨ, ਕਦੀ ਕਹੇ ਉਹਦੇ ਭਗਤ ਵੱਡੇ ਮਹਿਮਾਨ, ਤੁਹਾਨੂੰ ਓਥੇ ਭਾਂਡੇ ਮਾਂਜਣ ਦੀ ਸੇਵ ਨਾ ਕੋਇ ਜਣਾਈਆ । ਅਸੀਂ ਸੁਣ ਸੁਣ ਗੱਲਾਂ ਹੁੰਦੀਆਂ ਰਹੀਆਂ ਹੈਰਾਨ, ਗੋਦਾਵਰੀ ਨੇ ਏਨੇ ਚਿਰ ਨੂੰ ਕੰਨੋ ਫੜ ਕੇ ਹਲੂਣਾ ਦਿਤਾ ਆਣ, ਜਮਨਾ ਛੇਤੀ ਨਾਲ ਗਲ ਘੁੱਟ ਕੇ ਆਖੇ ਤੇ ਕੱਢ ਦੇਵਾਂ ਤੇਰੇ ਪ੍ਰਾਣ, ਗੋਦਾਵਰੀ ਕਹੇ ਇਹਦਾ ਮੁਕ ਜਾਏ ਪੀਣ ਖਾਣ, ਨਾਰਦ ਕਹੇ ਨੀ ਮੈਨੂੰ ਨਾ ਮਾਰੋ ਪ੍ਰਭ ਦੇ ਚਰਨਾਂ ਦਾ ਕਰੋ ਧਿਆਨ, ਮੈਂ ਤੇ ਏਸੇ ਕਰ ਕੇ ਤੁਹਾਨੂੰ ਖਿੱਚ ਕੇ ਏਥੇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਫੇਰ ਕਹੇ ਇਕ ਮੇਰੀ ਫੇਰ ਗੱਲ ਲਓ ਮੰਨ, ਅਖ਼ੀਰੀ ਦਿਆਂ ਜਣਾਈਆ । ਜੇ ਪਸੰਦ ਆਇਆ ਤੇ ਮੇਰੇ ਕੰਨ ਵਿਚ ਕਹਿ ਦਿਓ ਧੰਨ ਧੰਨ, ਤੇ ਮੈਂ ਖ਼ੁਸ਼ੀ ਨਾਲ ਜਾ ਕੇ ਦਿਆਂ ਸੁਣਾਈਆ । ਫੇਰ ਤੁਹਾਡਾ ਬੇੜਾ ਦਿਆਂ ਬੰਨ੍ਹ, ਬਿਨਾ ਪੱਤਨਾਂ ਤੋਂ ਪਾਰ ਕਰਾਈਆ । ਜੇ ਤੁਸੀਂ ਪ੍ਰਭੂ ਕੋਲ ਚਲੀਆਂ ਗਈਆਂ ਉਹ ਪਤਾ ਨਹੀਂ ਕਿਤੇ ਵਸਾ ਦੇ ਬਚਨ ਸਿੰਘ ਵਾਲੀ ਛੰਨ, ਥਲਿਉਂ ਲੜਨ ਪਿਸੂ ਤੇ ਉਤੋਂ ਮੁਹੰਮਦ ਅਤੇ ਯਸੂਹ ਦੇਣ ਡਰਾਈਆ । ਓਹ ਸਾਰੀਆਂ ਕਹਿਣ ਅਸੀਂ ਤੇ ਮਿਲਣਾ ਉਸ ਨੂਰ ਅਗੰਮੀ ਚੰਨ, ਜੋ ਦੋ ਜਹਾਨ ਕਰੇ ਰੁਸ਼ਨਾਈਆ । ਸਾਡੇ ਨਾਲ ਮਿਲ ਕੇ ਭਗਤਾਂ ਨੇ ਕਹਿਣਾ ਧੰਨ ਧੰਨ, ਧੰਨ ਤੇਰੀ ਬੇਪ੍ਰਵਾਹੀਆ । ਨਾਰਦ ਸਿਰ ਮਾਰ ਕੇ ਕਹੇ ਜੋ ਕੁਛ ਮੈਂ ਉਹੀ ਹਮ, ਜੇ ਅਜੇ ਵੀ ਨਾਲ ਤੁਰ ਪਓ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਵੇਖੋ ਕਿੱਡੀ ਸੋਹਣੀ ਮੇਰੀ ਚੰਮੜੀ ਤੇ ਕਿੱਡਾ ਚੰਗਾ ਚੰਮ, ਪ੍ਰਭੂ ਤੁਹਾਡਾ ਕੀ, ਜਿਹਨੂੰ ਸਾਰੇ ਬ੍ਰਹਮ ਬ੍ਰਹਮ ਬ੍ਰਹਮ ਕਰ ਕੇ ਗਾਈਆ । ਨਾ ਉਹਦਾ ਨੱਕ ਨਾ ਉਹਦਾ ਕੰਨ, ਨਾ ਉਹਦਾ ਮੂੰਹ, ਨਾ ਆਪਣੀ ਮਾਂ ਦਾ ਮੁੰਮਾ ਪਾਇਆ ਮੁਖ, ਨਾ ਪਿਆ ਕਿਸੇ ਕੁੱਖ, ਨਾ ਉਹਦੀ ਮਾਂ ਨਾ ਉਹਦਾ ਪਿਓ, ਨਾ ਕਿਸੇ ਦੇ ਘਰ ਪਿਆ ਜੰਮ, ਤੁਸੀਂ ਦੱਸੋ, ਸੌਹਰੇ ਕਿਹੜੇ ਘਰ ਬਣਾਈਆ । ਓਹ ਜਦੋਂ ਚਾਹੇ ਸਾਰਿਆਂ ਨੂੰ ਦੇ ਦੇਵੇ ਡੰਨ, ਵੇਖੋ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਤੋਂ ਚਾਰ ਜੁਗ ਦੇ ਪਿਛੋਂ ਲੇਖਾ ਰਿਹਾ ਮੰਗ, ਝਟ ਗੁਰ ਅਵਤਾਰ ਪੈਗ਼ੰਬਰਾਂ ਨਾਰਦ ਨੂੰ ਲਿਆ ਬੰਨ੍ਹ, ਓਏ ਸ਼ੈਤਾਨ ਦੇ ਟੂਟੇ, ਸਾਡੇ ਨਾਲ ਕਰ ਕੇ ਸ਼ੈਤਾਨੀ, ਤੇ ਹੁਣ ਆਪਣੀ ਜਵਾਨੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਿਹਾ ਵਖਾਈਆ । ਓਹ ਚਾਰੇ ਕਹਿਣ ਗੁਰ ਅਵਤਾਰ ਪੈਗ਼ੰਬਰੋ ਇਹ ਸਾਡੇ ਨਾਲ ਕਰਦਾ ਰਿਹਾ ਬੇਈਮਾਨੀ, ਸਾਨੂੰ ਰਾਹ ਦਿਤਾ ਭੁਲਾਈਆ । ਨਾਰਦ ਕਹੇ ਗੋਬਿੰਦ ਗੋਬਿੰਦ ਗੋਬਿੰਦ ਜਿਹੜਾ ਬੱਚਿਆਂ ਦੀ ਦੇ ਕੇ ਆਇਉਂ ਕ਼ੁਰਬਾਨੀ, ਬੱਚਿਆਂ ਸੀਸ ਨਿਵਾਈਆ । ਨਾਨਕ ਨਾਨਕ ਨਾਨਕ ਤੂੰ ਬੜਾ ਦਾਨੀ, ਨਾਮ ਦਾਨ ਮੇਰੀ ਝੋਲੀ ਦੇ ਪਾਈਆ । ਈਸਾ ਮੁਹੰਮਦ ਮੂਸਾ ਤੁਹਾਡੀ ਵੱਧਦੀ ਰਹੀ ਇਸਲਾਮੀ, ਸਲਾਮਾਲੈਕਮ ਕਹਿ ਕੇ ਕ਼ਦਮ ਚੁੰਮ ਕੇ ਆਪਣਾ ਝਟ ਲੰਘਾਈਆ । ਰਾਮ ਕ੍ਰਿਸ਼ਨ ਸੀਤਾ ਤੇ ਰਾਧਾ ਦੀ ਜੇ ਮੇਰੇ ਉਤੇ ਹੋ ਜਾਏ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਓਮ, ਓਮ, ਓਮ, ਨਾਲੇ ਮੈਂ ਇਨ੍ਹਾਂ ਨੂੰ ਲੈ ਕੇ ਆਇਆ ਨਾਲੇ ਮੇਰੀ ਕਰਨ ਬਦਨਾਮੀ, ਦਰੋਹੀ ਦਰੋਹੀ ਦਰੋਹੀ ਤੇਰਾ ਨਾਮ ਖ਼ੁਦਾਈਆ । ਮੈਂ ਤੇ ਇਹਨਾਂ ਨੂੰ ਸਿਰਫ਼ ਦੱਸਣ ਆਇਆ ਕਿ

ਪੁਰਖ ਅਕਾਲ ਨੇ ਗੋਲੀ ਕੋਲੋਂ ਕਾਨੇ ਦੀ ਬਣਵਾਈ ਮਧਾਣੀ, ਆਪਣੇ ਹੱਥ ਲਈ ਉਠਾਈਆ । ਬਾਕੀ ਸਵਾਣੀਆਂ ਦੁੱਧ ਰਿੜਕਦੀਆਂ ਤੇ ਉਹ ਰਿੜਕਣ ਚਲਿਆ ਪਾਣੀ, ਪਾਰਬ੍ਰਹਮ ਪ੍ਰਭ ਆਪਣੀ ਖੇਲ ਵਖਾਈਆ । ਕਿਉਂ ਸ਼ੁੱਧ ਰਹੀ ਨਾ ਚਾਰੇ ਖਾਣੀ, ਚਾਰੇ ਕੁੰਟ ਦੇਣ ਦੁਹਾਈਆ । ਨੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਿਓ ਆਪਣੀ ਰਾਵੀ, ਓਹ ਹਿਤ ਤੁਹਾਡੇ ਨਾਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਨੀ ਪਾਣੀ ਰਿੜਕਿਆਂ ਤੁਹਾਡੇ ਵਿਚੋਂ ਨਿਕਲਣ ਕੌਡੀਆਂ ਕੌਡੇ, ਤੁਹਾਡੀ ਭੇਟ ਕਰਾਈਆ । ਤੁਹਾਡੇ ਪਾਣੀ ਨਾਲ ਓਹ ਪੌਦੇ ਉਗਦੇ ਜਿਨ੍ਹਾਂ ਨੂੰ ਲੱਗਦੇ ਡੋਡੇ, ਭੰਗੀ ਭੰਗ ਪੀ ਕੇ ਆਪਣੀ ਮਸਤੀ ਦੇਣ ਵਖਾਈਆ । ਤੁਹਾਨੂੰ ਫੇਰ ਰਿੜਕਿਆਂ ਵਿਚੋਂ ਚਾਰ ਚਾਰ ਇੰਚ ਦੇ ਰੋੜੇ ਨਿਕਲੇ ਛੋਟੇ, ਜਿਧਰ ਮਧਾਣੀ ਲੱਗੀ ਉਹ ਪਾਸਾ ਚਿੱਟਾ ਤੇ ਤਿੰਨੇ ਬਾਕੀ ਕਾਲੇ ਨਜ਼ਰੀ ਆਈਆ । ਨਾਰਦ ਕਹੇ ਜੇ ਗੁਰ ਅਵਤਾਰ ਪੈਗ਼ੰਬਰ ਕੋਲ ਨਾ ਹੋਣ ਤਾਂ ਤੁਹਾਨੂੰ ਦੇ ਦੇਵਾਂ ਗੋਤੇ, ਪਾਣੀ ਵਿਚ ਹਿਲਾਈਆ । ਮੈਨੂੰ ਹੋਰ ਡਰ ਆ ਗਿਆ ਜਿਹੜਾ ਰਵਦਾਸ ਚੜ੍ਹਿਆ ਸੀ ਉਤੇ ਬੋਤੇ, ਨੀਲੀ ਪੱਗ ਸਿਰ ਟਿਕਾਈਆ । ਉਹ ਮਾਰੇ ਨਾ ਕਿਤੇ ਵਿੰਗੇ ਟੇਡੇ ਸੋਟੇ, ਮੇਰੀ ਖਲੜੀ ਦਏ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਨੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਨੂੰ ਭੁੱਲ ਗਿਆ ਸਚ ਰਿੜਕਣਾ, ਨਾਮ ਮਧਾਣਾ ਕੋਇ ਨਾ ਪਾਈਆ । ਏਸੇ ਗੱਲ ਤੋਂ ਪ੍ਰਭ ਨੇ ਤੁਹਾਨੂੰ ਝਿੜਕਣਾ, ਕੋਲ ਸੱਦ ਕੇ ਦੇਣਾ ਸਮਝਾਈਆ । ਭਾਵੇਂ ਤੁਸਾਂ ਕਿੰਨਾ ਅੰਮ੍ਰਿਤ ਛਿੜਕਣਾ, ਗੰਗਾ ਸਾਗਰ ਦੇਣੇ ਉਲਟਾਈਆ । ਪਰ ਜਗ ਵਿਚੋਂ ਤੁਸੀਂ ਕੱਢ ਨਹੀਂ ਸਕੀਆਂ ਵਿਤਕਰਾ, ਚਾਰ ਵਰਨਾਂ ਇਕ ਰੰਗ ਨਾ ਕੋਇ ਰੰਗਾਈਆ । ਤੁਹਾਡੇ ਉਤੇ ਆਉਣ ਵਾਲੇ ਬ੍ਰਾਹਮਣ ਸ਼ੂਦਰਾਂ ਨੂੰ ਕਰਨ ਟਿਚਕਰਾਂ, ਜ਼ਾਤ ਹੀਣ ਏਥੇ ਚਰਨ ਨਾ ਕੋਇ ਛੁਹਾਈਆ । ਤੁਹਾਨੂੰ ਨਹੀਂ ਸੀ ਪਤਾ ਪੁਰਖ ਅਕਾਲ ਸਭ ਦਾ ਮਿਤ੍ਰਾ, ਮਿਤ੍ਰ ਪਿਆਰਾ ਇਕ ਅਖਵਾਈਆ । ਜਿਸ ਦਾ ਆਦਿ ਅੰਤ ਤੋਂ ਇਕੋ ਫ਼ਿਕਰਾ, ਆਤਮ ਪਰਮਾਤਮ ਢੋਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਕ ਵਾਰ ਪ੍ਰਭ ਫੇਰ ਦੇ ਫੇਰ ਮਧਾਣੀ, ਇਹ ਸਾਡੀ ਆਸ ਰਖਾਈਆ । ਸਾਨੂੰ ਇਕੋ ਰੂਪ ਨਜ਼ਰ ਆਵੇ ਤੇਰੀ ਚਾਰੇ ਖਾਣੀ, ਚਾਰੇ ਕੁੰਟ ਧਿਆਨ ਲਗਾਈਆ । ਅਸੀਂ ਪਿਛੇ ਮੰਨਦੇ ਆਏ ਦੱਸਦੇ ਆਏ ਸਭ ਤੋਂ ਪਵਿਤ੍ਰ ਪਾਣੀ, ਜਗਤ ਜਲ ਵਡਿਆਈਆ । ਕਰਦੇ ਆਏ ਯੁੱਧ ਘਮਸਾਣੀ, ਮਜ਼੍ਹਬਾਂ ਵਿਚ ਲੜਾਈਆ । ਅਸੀਂ ਨਿਰੋਲ ਤੇਰਾ ਅਨਮੋਲ ਚਾਰ ਵਰਨ ਸ਼ਬਦ ਮਿਲਾਇਆ ਨਾ ਧੁਰ ਦਾ ਹਾਣੀ, ਸਾਚਾ ਰੰਗ ਨਾ ਕੋਇ ਰੰਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੂੰ ਕੀਤੀ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਅਸੀਂ ਮੰਗਣ ਆਈਆਂ ਭੀਖ, ਭਿਛਿਆ ਝੋਲੀ ਦੇ ਪਾਈਆ । ਪ੍ਰਭੂ ਸਾਨੂੰ ਕਦੀ ਨਾ ਡਰਾਵੇ ਨਾਰਦ ਨਾਲ ਤਿੱਖੀ ਸੀਖ, ਭੈ ਭੌ ਨਾ ਕੋਇ ਵਖਾਈਆ । ਨਾਰਦ ਕਿਹਾ ਮੇਰੀ ਤੇ ਅਜੇ ਲੱਥੀ ਨਹੀਂ ਰੀਝ, ਮੈਂ ਤਾਂ ਚਾਹੁੰਦਾ ਸਾਂ ਤੁਹਾਨੂੰ ਡਰਾ ਕੇ ਮੱਕੇ ਮਦੀਨੇ ਤੋਂ ਅੱਗੇ ਦਿਆਂ ਪਹੁੰਚਾਈਆ । ਤੁਹਾਨੂੰ ਨਹੀਂ ਪਤਾ, ਪੁਰਖ ਅਕਾਲ ਨੇ ਸਦੀ ਚੌਧਵੀਂ ਦਾ ਰੂਪ ਧਰ ਕੇ ਆਪਣੇ ਗਲ ਵਿਚ ਪਹਿਨਣਾ ਤਵੀਤ, ਤਵੀਤਾਂ ਜਾਦੂਆਂ ਵਾਲੇ ਟੂਣੇ ਦੇਣੇ ਮੁਕਾਈਆ । ਗੰਗਾ ਕਹੇ ਮੈਨੂੰ ਵੀ ਇਹੋ ਰੀਝ, ਕਿਤੇ ਕਿਰਪਾ ਕਰ ਕੇ ਮੇਰੇ ਵੀ ਗਲ ਦਏ ਲਟਕਾਈਆ । ਸੁਰਸਤੀ

ਕਹੇ ਮੇਰੀ ਵੀ ਖੁਲ੍ਹ ਗਈ ਨੀਂਦ, ਅੱਖ ਲਈ ਉਘੜਾਈਆ । ਜਮਨਾ ਕਹੇ ਮੇਰੀ ਵੀ ਵਧ ਗਈ ਉਮੀਦ, ਆਸਾ ਹੋਰ ਪ੍ਰਗਟਾਈਆ । ਗੋਦਾਵਰੀ ਕਹੇ ਮੈਨੂੰ ਵੀ ਏਸੇ ਦੀ ਉਡੀਕ, ਜੇ ਮੇਰੀ ਝੋਲੀ ਪਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੁਸਾਂ ਇਹ ਕੀ ਗਾਇਆ ਗੀਤ, ਲਾਲਚ ਵਿਚ ਆਪਣਾ ਲਾਲਚ ਲਿਆ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੁਹਾਨੂੰ ਚੌਹਾਂ ਨੂੰ ਕਿਸ ਤਰਾ ਮਿਲ ਜਾਵੇ ਇਕ ਤਵੀਤ, ਚਰਨ ਧੂੜੀ ਖ਼ਾਕ ਲਵੋ ਰਮਾਈਆ । ਸਚ ਸਚ ਦੀ ਕਰੋ ਪ੍ਰੀਤ, ਪ੍ਰੀਤਮ ਇਕੋ ਲੈਣਾ ਹੰਢਾਈਆ । ਤੁਹਾਨੂੰ ਹੋਰ ਕਾਹਦੀ ਰੀਝ, ਸਾਨੂੰ ਦਿਓ ਸਮਝਾਈਆ । ਜੇ ਤੁਹਾਡੇ ਪਾਟ ਗਏ ਕ਼ਮੀਜ਼, ਸੁਰਜਣ ਸਿੰਘ ਕੋਲੋਂ ਡੱਗੀ ਦਈਏ ਖੁਲ੍ਹਾਈਆ । ਸਾਰੀਆਂ ਦੀ ਰੋ ਕੇ ਅੱਗੋਂ ਨਿਕਲੀ ਚੀਕ, ਗੋਬਿੰਦ ਦੇ ਅੱਗੇ ਵਾਸਤਾ ਪਾਈਆ । ਤਿੱਖੇ ਤੀਰ ਨਾਲ ਮਾਰ ਦੇ ਲੀਕ, ਲਾਈਨ ਇਕੋ ਦੇ ਜਣਾਈਆ । ਦੂਜੇ ਮੁਖ ਦੇ ਨਾਲ ਕਰ ਤਸਦੀਕ਼, ਸ਼ਹਾਦਤ ਸ਼ਬਦ ਵਾਲੀ ਭੁਗਤਾਈਆ । ਜਦੋਂ ਗਾਈਏ, ਗਾਈਏ ਤੂੰ ਮੇਰਾ ਮੈਂ ਤੇਰਾ ਗੀਤ, ਦੂਜਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਫੇਰ ਕਹੇ ਪ੍ਰਭੂ ਤੂੰ ਕਿਉਂ ਨਹੀਂ ਵੇਂਹਦਾ ਮੇਰਾ ਦੁੱਖ, ਮੈਂ ਵੀ ਪਾਣੀ ਵਿਚ ਖਲੋ ਕੇ ਤੇਰਾ ਧਿਆਨ ਲਗਾਈਆ । ਜੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਬਖ਼ਸ਼ ਦੇਵੇਂ ਤੇ ਮੇਰੀ ਲਹਿ ਜਾਵੇ ਭੁੱਖ, ਸਦਾ ਸਦਾ ਸਦ ਤੇਰਾ ਨਾਮ ਧਿਆਈਆ । ਚਾਰ ਜੁਗ ਹੋ ਗਏ ਇਨ੍ਹਾਂ ਦੀ ਹਰੀ ਅਜੇ ਨਹੀਂ ਹੋਈ ਕੁੱਖ, ਬੱਚਾ ਗੋਦ ਨਾ ਕੋਇ ਉਠਾਈਆ । ਭਾਵੇਂ ਮਾਰ ਤੇ ਭਾਵੇਂ ਕੁੱਟ, ਮੰਗਦਿਆਂ ਸ਼ਰਮ ਹਯਾ ਨਾ ਕੋਇ ਰਖਾਈਆ । ੧੦੧੧
ਗੋਬਿੰਦ ਸੂਰਾ ਬੈਠਾ ਉਠ, ਓ ਬ੍ਰਾਹਮਣਾ ਕੀ ਰਿਹਾ ਜਣਾਈਆ । ਨਾਰਦ ਹੋ ਗਿਆ ਚੁਪ, ਕਹੇ ਗੋਬਿੰਦ ਮੈਂ ਤੇ ਪ੍ਰਭੂ ਦੇ ਚਰਨਾਂ ਦੀ ਧੂੜੀ ਮੰਗ ਮੰਗਾਈਆ । ਮੈਨੂੰ ਰਾਖ ਦੇ ਦੇ ਇਕ ਮੁਠ, ਜੋ ਭੇਟਾ ਰੱਖ ਕੇ ਆਪਣੀ ਖ਼ੁਸ਼ੀ ਬਣਾਈਆ । ਸ੍ਰੀ ਭਗਵਾਨ ਕਹੇ ਓਏ ਨਾਰਦਾ ਏਥੇ ਕੋਈ ਗੰਗਾ ਗੋਦਾਵਰੀ ਜਮਨਾ ਸੁਰਸਤੀ ਦੀ ਪਈ ਨਹੀਂ ਲੁੱਟ, ਲੁੱਟ ਨਾ ਕੋਇ ਜਣਾਈਆ । ਇਹ ਮੇਰੀ ਪੜ੍ਹਦੀਆਂ ਤੁਕ, ਇਹ ਮੇਰਾ ਵੇਖਣਗੀਆਂ ਮੁਖ, ਦੂਸਰ ਨਾਲ ਅੱਖ ਨਾ ਕਦੇ ਮਿਲਾਈਆ । ਨਾਰਦ ਓਸੇ ਵੇਲੇ ਗਿਆ ਝੁਕ, ਪ੍ਰਭੂ ਮੇਰਾ ਝੇੜਾ ਗਿਆ ਮੁਕ, ਜੇ ਤੂੰ ਸਭ ਨੂੰ ਬਣਾ ਲਿਆ ਆਪਣੇ ਪੁੱਤ, ਤੇ ਮੈਨੂੰ ਵੀ ਬੱਚਿਆਂ ਵਾਂਗ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਗੰਗਾ ਗੋਦਵਰੀ ਜਮਨਾ ਸੁਰਸਤੀ ਤੁਸੀਂ ਭੈਣਾਂ ਤੇ ਮੈਂ ਭਰਾ, ਕਲਪਨਾ ਕਲਜੁਗ ਵਾਲੀ ਗਵਾਈਆ । ਏਸੇ ਤਰਾ ਕਲਜੁਗ ਦੇ ਸਾਧਾਂ ਨੂੰ ਹੋਇਆ ਸ਼ੁਦਾ, ਮੈਂ ਉਹੋ ਰੂਪ ਧਰ ਕੇ ਦਿਤਾ ਵਖਾਈਆ । ਨਾਲੇ ਭਿਛਿਆ ਮੰਗਣ ਨਾਲੇ ਕਹਿਣ ਮਾਂ, ਨਾਲੇ ਉਧਾਲ ਕੇ ਪਿੰਡੋ ਪਿੰਡ ਫਿਰਾਈਆ । ਇਹੋ ਜਿਹਾ ਕਿਤੇ ਨਹੀਂ ਹੁੰਦਾ ਨਿਆਂ, ਨਿਆਂਕਾਰ ਨਜ਼ਰ ਕੋਇ ਨਾ ਆਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਲਏ ਬੁਲਾ, ਕਲਜੁਗ ਦਾ ਨਕ਼ਸ਼ਾ ਦਿਤਾ ਵਖਾਈਆ । ਗੰਗਾ ਗੋਦਵਰੀ ਜਮਨਾ ਸੁਰਸਤੀ ਇਹ ਚੰਗੀਆਂ ਸਵਾਣੀਆਂ ਕਿਉਂ ਭੁੱਲੀਆਂ ਰਾਹ, ਏਸੇ ਤਰ੍ਹਾ ਅੱਜ ਕਲ੍ਹ ਚੰਗੀਆਂ ਸੁਘੜ ਸੁਚਜੀਆਂ ਆਪਣਿਆਂ ਪਤੀਆਂ ਜਾਣ ਤਜਾਈਆ । ਮੈਂ ਤੇ ਡਰ ਕੇ ਕਹਿਵਾਂ ਕੋਲ ਖ਼ੁਦਾ, ਪ੍ਰਭੂ ਜੇ ਤੂੰ ਕਿਰਪਾ ਨਾ ਕਰੇਂ ਫਿਰ ਸਾਰੇ ਹੀ ਤੈਥੋਂ ਜੁਦਾ, ਮਿਲਣਵਾਲਾ ਨਜ਼ਰ ਕੋਇ ਨਾ ਆਈਆ । ਕਿਉਂ ਤੂੰ ਖੋਪਰੇ ਵਿਚ ਅੰਮ੍ਰਿਤ ਦਿਤਾ ਭਰਾ, ਰਸ ਸੋਹਣਾ ਵਿਚ ਰਖਾਈਆ । ਗੋਦਾਵਰੀ ਗੰਗਾ ਜਮਨਾ

ਸੁਰਸਤੀ ਕਹਿਣ ਸਾਨੂੰ ਹੋਰ ਕੁਛ ਨਹੀਂ ਲੱਭਿਆ ਕੁਛ ਨਿਮਕ ਵਾਲਾ ਸਵਾਦ ਲਿਆਂਦਾ ਬਣਾ, ਸੋ ਉਹ ਰਵਦਾਸੇ ਦੀ ਭੇਟ ਕਰਾਈਆ । ਰਵਦਾਸ ਪਿਛਲਾ ਲੇਖਾ ਮੰਗਾ ਤੇ ਆਉਣ ਲੱਗੀਆਂ ਸਾਨੂੰ ਦਿਤੀ ਸਲਾਹ, ਸਾਰੀਆਂ ਨੂੰ ਦਿਤਾ ਸਮਝਾਈਆ । ਨੀ ਢਾਈ ਸੇਰ ਚਨੇ ਜਨ ਭਗਤਾਂ ਆਉਣੇ ਖਵਾ, ਛੱਲੀਆਂ ਦੇ ਤੁੱਕੇ ਗੁਰ ਅਵਤਾਰ ਪੈਗ਼ੰਬਰਾਂ ਹੱਥ ਫੜਾਈਆ । ਕਿਉਂ ਤੁਹਾਡੇ ਰਸ ਨਾਮ ਵਾਲੇ ਹੋਏ ਰੁੱਖੇ, ਰਸਨਾ ਰਸ ਨਾ ਕੋਇ ਵਡਿਆਈਆ । ਨਾਰਦ ਕਹੇ ਜੇ ਫੇਰ ਮੈਨੂੰ ਕੋਈ ਪੁਛੇ, ਸਚ ਦਿਆਂ ਸਮਝਾਈਆ । ਭਾਵੇਂ ਮੈਨੂੰ ਹੁੰਦੇ ਰਹੇ ਜੁਗ ਚੌਕੜੀ ਗ਼ੁੱਸੇ, ਮੈਂ ਆਪਣੀ ਰੀਤ ਨਾ ਦਿਤੀ ਬਦਲਾਈਆ । ਜਿਸ ਵੇਲੇ ਵਕ਼ਤ ਵੇਲਾ ਢੁਕੇ, ਪਹੁੰਚਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਕਿਹੜੀ ਧਰਮ ਧਾਰ ਦੀ ਗੋਲੀ, ਬਸਤਰ ਲਾਲ ਤਨ ਛੁਹਾਈਆ । ਜਿਸ ਦੀ ਕਦੀ ਕਿਸੇ ਨਹੀਂ ਚੁੱਕੀ ਡੋਲੀ, ਕੰਧ ਕੁਹਾਰ ਨਾ ਕੋਇ ਉਠਾਈਆ । ਜਨਮ ਜਨਮ ਬਦਲਦਾ ਰਿਹਾ ਹੌਲੀ ਹੌਲੀ, ਰਾਜੇ ਰਿਗ ਦੀ ਬੇਟੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਮੇਰੀ ਵੇਖੋ ਸਾਰੇ ਨੀਤ, ਨੀਤੀ ਦਿਆਂ ਜਣਾਈਆ । ਤੁਸੀਂ ਸਾਰਿਆਂ ਕੀਤੀ ਸਚ ਪ੍ਰੀਤ, ਪ੍ਰੀਤਮ ਲਿਆ ਮਨਾਈਆ । ਗੁਰ ਅਵਤਾਰ ਪੈਗ਼ੰਬਰੋ ਸਾਰੇ ਕਰੋ ਬਖ਼ਸ਼ੀਸ਼, ਰਹਿਮਤ ਨਿਗਾਹ ਉਠਾਈਆ । ਜਿਹੜਾ ਬਚਨ ਸਿੰਘ ਨੇ ਬਣਾ ਕੇ ਲਿਆਂਦਾ ਤਵੀਤ, ਇਹ ਜੋਗਿੰਦਰ ਕੌਰ ਦੇ ਗਲ ਦਿਉ ਪਹਿਨਾਈਆ । ਇਹ ਭੈਣ ਭਰਾ ਨੌਂ ਜਨਮ ਦੇ ਪਿਛਲੇ ਜਿਸ ਦੀ ਗੋਬਿੰਦ ਕਰੇ ਤਸਦੀਕ਼, ਸ਼ਹਾਦਤ ਆਪਣਾ ਨਾਮ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਵੀ ਆਈਆਂ ਤੇਰੇ ਘਾਟ, ਕੰਢੇ ਸੋਹਣਾ ਆਸਣ ਲਾਈਆ । ਪੁਰਖ ਅਬਿਨਾਸ਼ੀ ਦੀ ਵੇਖੀ ਖਾਟ, ਕੱਖਾਂ ਸੇਜ ਵਡ ਵਡਿਆਈਆ । ਰਾਤ ਨੂੰ ਅਸਾਂ ਨੂੰ ਕਿਹੜੀ ਸੁਣਾਵੇ ਜਿਹੜੀ ਚਾਰ ਜੁਗ ਨਹੀਂ ਦੱਸੀ ਬਾਤ, ਆਪਣਾ ਆਪਣਾ ਰਾਗ ਦ੍ਰਿੜਾਈਆ । ਜਿਸ ਲਹਿਣੇ ਨਾਲ ਆਈਆਂ ਭਾਜ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥ ਲਾਵੇ ਓਸ ਪ੍ਰਸ਼ਾਦ, ਜਿਸ ਵਿਚੋਂ ਆਤਮਾ ਪਰਮਾਤਮਾ ਦਾ ਆਵੇ ਸਵਾਦ, ਰਸਨਾ ਖਾਣ ਵਾਲਾ ਪ੍ਰਭ ਦਾ ਰਸਤਾ ਭੁੱਲ ਕਦੇ ਨਾ ਜਾਈਆ ।

ਜਨ ਭਗਤੋ ਸਭ ਨੇ ਕਰਨਾ ਧਰਮ ਧਾਰ ਸਲਵਾਰਨਾ, ਸੀਸ ਜਗਦੀਸ਼ ਝੁਕਾਈਆ । ਜਿਸ ਤੁਹਾਡਾ ਜਨਮ ਸਵਾਰਨਾ, ਚੁਰਾਸੀ ਦਏ ਕਟਾਈਆ । ਤੁਹਾਨੂੰ ਏਥੇ ਓਥੇ ਸੰਭਾਲਣਾ, ਆਪਣੀ ਗੋਦ ਟਿਕਾਈਆ । ਬਿਨਾ ਸਰੀਰ ਤੋਂ ਫਿਰ ਵੀ ਤੁਹਾਡੀ ਕਰੇ ਪਾਲਣਾ, ਨਿਰਗੁਣ ਹੋ ਕੇ ਭੱਜੇ ਵਾਹੋ ਦਾਹੀਆ । ਜੇ ਤੁਸਾਂ ਕੁਛ ਨਹੀਂ ਕੀਤਾ ਤੁਹਾਡੀ ਆਇਆਂ ਆਪ ਘਾਲੀ ਘਾਲਣਾ, ਕੀਤੀ ਕਰਾਈ ਤੁਹਾਡੀ ਝੋਲੀ ਪਾਈਆ । ਤੁਹਾਨੂੰ ਨਿੱਕਾ ਨਿੱਕਾ ਦੀਪਕ ਨਾ ਪਏ ਬਾਲਣਾ, ਬੇਮਿਸਾਲ ਨੇ ਆਪਣੀ ਮਸ਼ਾਲ ਤੁਹਾਨੂੰ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੀਖ ਕਹੇ ਮੈਂ ਦੋਹਾਂ ਧਾਰਾਂ ਵਾਲੀ ਤਿੱਖੀ, ਸਭ ਨੂੰ ਨਜ਼ਰੀ ਆਈਆ । ਏਸੇ ਦਾ ਰੂਪ ਗੋਬਿੰਦ ਦੱਸ ਕੇ ਗਿਆ ਸਿੱਖੀ, ਲੋਹੇ ਦੇ ਬਾਟੇ ਵਿਚ ਅੰਮ੍ਰਿਤ ਜਾਮ ਪਿਆਈਆ । ਪਰ ਗੋਬਿੰਦ ਦੇ ਸਿੱਖ ਮੰਨਣ ਡਹਿ ਪਏ ਪੱਥਰਾਂ ਇੱਟੀਂ, ਪੁਰਖ ਅਕਾਲ

ਧਿਆਨ ਨਾ ਕੋਇ ਲਗਾਈਆ । ਰਾਵੀ ਕਹੇ ਮੇਰੇ ਕੋਲ ਅਜੇ ਅਰਜਨ ਦੀ ਚਿੱਠੀ ਸਾਂਭ ਕੇ ਰੱਖੀ ਅੰਦਰ ਜਿਉਂ ਜਿਉਂ ਔਂਦੀ ਜਾਂਦੀ ਮਿਤੀ, ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੇਰੀ ਤੜਫਣ ਲੱਗੀ ਆਂਦਰ, ਹਉਕਿਆਂ ਨਾਲ ਸੁਣਾਈਆ । ਕਿਸ਼ਨ ਸਿੰਘ ਬਚਨ ਸਿੰਘ ਅਜੇ ਤਕ ਨਹੀਂ ਮਾਰੀ ਚਾਂਗਰ, ਮੇਰਾ ਰੰਗ ਨਾ ਕੋਇ ਚਮਕਾਈਆ । ਪੁਰਖ ਅਕਾਲ ਖੇਲ ਖੇਲਦਾ ਜਗਤ ਜਹਾਨ ਲੜਾਏ ਜਿਉਂ ਫੁਲੀਆਂ ਉਤੇ ਬਾਂਦਰ, ਮਨ ਮਨ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਪ੍ਰਭ ਗੰਗਾ ਗੋਦਾਵਰੀ ਜਮਨਾ ਸੁਰਸਤੀ ਉਤੇ ਪਿਆ ਬਥੇਰਾ ਘੱਟਾ, ਧੂੜੇ ਧੂੜ ਨਜ਼ਰੀ ਆਈਆ । ਜੇ ਇਨ੍ਹਾਂ ਉਤੇ ਖੱਟਾ ਢਾਈ ਗਜ਼ ਦਾ ਦੇ ਦੇਵੇਂ ਦੁਪੱਟਾ, ਖੱਦਰ ਨਾਲ ਆਪਣਾ ਮੁਖ ਸਾਫ਼ ਕਰ ਕੇ ਕੂਲਾ ਲੈਣ ਬਣਾਈਆ । ਓਸੇ ਵੇਲੇ ਇਨ੍ਹਾਂ ਨੂੰ ਭੁੱਲ ਜਾਏ ਪਿਛਲਾ ਟੱਪਾ, ਅੱਗੇ ਸੋਹੰ ਢੋਲਾ ਗਾਈਆ । ਕਲਮਾ ਮਿਲੇ ਹਕ਼ੀਕ਼ੀ ਹੱਕਾ, ਹੱਕੁਲਯਕ਼ੀਨ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਢਾਈ ਗਜ਼ ਕਹੇ ਮੈਂ ਵਾਹਵਾ ਖਾਸਾ ਮੋਟਾ, ਬਲਧਾਰੀ ਨਜ਼ਰੀ ਆਈਆ । ਨਿੱਕਾ ਜਿਹਾ ਟੋਟਾ, ਬੈਠਾ ਰੂਪ ਬਦਲਾਈਆ । ਗੰਗਾ ਲਾ ਕੇ ਉਤੇ ਪੋਟਾ, ਪੋਟੇ ਨਾਲ ਪੋਟਾ ਮਲ ਕੇ ਵੇਖੇ ਚਾਈਂ ਚਾਈਂਆ । ਜਮਨਾ ਕਹੇ ਨੀ ਇਹ ਤੇ ਐਂ ਦਿਸੇ ਜਿਵੇਂ ਰਵਿਦਾਸ ਨੇ ਖੱਲ ਲਾਹੀ ਕਿਸੇ ਝੋਟਾ, ਖੱਲੜ ਵਰਗਾ ਰੂਪ ਵਖਾਈਆ ।
੧੦੧੩ ਸੁਰਸਤੀ ਮਖ਼ੌਲ ਨਾਲ ਕਹੇ ਨੀ ਇਹ ਕਿਸ਼ਨ ਸਿੰਘ ਦੇ ਘਰ ਦਾ ਇਹਦਾ ਬਣਾ ਲਈਏ ਕੋਠਾ, ਰਾਵੀ ਕੰਢੇ ਛੱਪਰ ਛੰਨ ਛੁਹਾਈਆ । ਗੋਦਾਵਰੀ ੧੦੧੩
ਕਹੇ ਮੈਂ ਵੀ ਇਕ ਵਿਚ ਰੱਖਣ ਲਈ ਭਰ ਲਿਆਊਂਗੀ ਦਾਣੇ ਦਾ ਟੋਪਾ, ਕਲ੍ਹ ਦੇ ਭੁੰਨੇ ਹੋਏ ਫੁਲਿਆਂ ਵਿਚੋਂ ਮੈਂ ਅਜੇ ਵੀ ਜੇਬ ਵਿਚ ਰਖਾਈਆ ।
੨੧ ਜਿਹੜੀ ਸਮਝ ਨਹੀਂ ਆਈ ਮੁੱਲਾਂ ਕ਼ਾਜ਼ੀਆਂ ਪੋਪਾਂ, ਸਾਧਾਂ ਸੰਤਾਂ ਨਾ ਕੋਇ ਦਰਸਾਈਆ । ਕਲਜੁਗ ਦਾ ਖੇਲ ਦਿਸੇ ਫੋਕਟ ਫੋਕਾ, ਕ਼ੀਮਤ ਅੰਤ ਨਾ ਕੋਇ ਵਖਾਈਆ । ਜਿਹੜਾ ਗੋਲੀ ਤੇ ਲਾਲ ਚੁੰਨੀ ਨੂੰ ਲਾਇਆ ਗੋਟਾ, ਇਹ ਬਿਦਰ ਦੀ ਆਸਾ ਬੱਧਕ ਦਾ ਭਰਵਾਸਾ, ਲੇਖਾ ਪਿਛਲਾ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਸਚ ਬੇਨੰਤੀ ਕਹੇ, ਮੈਂ ਚਿੜੀਆ ਇਕ ਮਰੀ, ਮੁਰੀਦੋ ਮੁਰਸ਼ਦ ਦਾ ਭੇਵ ਖੁਲ੍ਹਾਈਆ । ਸਭ ਨਾਲੋਂ ਪਹਿਲੋਂ ਮੈਨੂੰ ਮਿਲਿਆ ਹਰੀ, ਜਿਸ ਹਰੀ ਦਵਾਰੇ ਦਿਤਾ ਪੁਚਾਈਆ । ਜਿਸ ਬੁੱਢੀ ਦੀ ਅੱਜ ਬੇਨੰਤੀ ਸੀ ਬੜੀ, ਉਸ ਦੇ ਪਿਛੇ ਮੈਂ ਹੱਥ ਔਣਾ ਸੀ ਜੀਉਂਦੀ, ਪਰ ਓਸ ਦੇ ਪਿਛੇ ਮਰ ਕੇ ਆਪਣੀ ਸੇਵਾ ਲਈ ਕਮਾਈਆ । ਸਤਿਗੁਰ ਸ਼ਬਦ ਹੁੰਦਾ ਨਹੀਂ ਘੜੀ ਘੜੀ, ਮਿਹਰ ਨਾਲ ਜੁਗ ਜੁਗ ਪਾਰ ਕਰਾਈਆ । ਮੈਂ ਰਾਤ ਦੀ ਤਪਦੀ ਸਾਂ ਬੜੀ, ਕਿਹੜਾ ਵੇਲਾ ਆਵੇ ਘੜੀ, ਮੇਰਾ ਲੇਖਾ ਲੱਗੇ ਜ਼ਰੀ ਜ਼ਰੀ, ਆਪ ਆਪਣਾ ਭੇਟਾ ਦਿਆਂ ਕਰਾਈਆ । ਕਿਉਂ ਮੈਂ ਗੋਬਿੰਦ ਵੇਲੇ ਇਕ ਵਾਰ ਓਸ ਦੇ ਬਾਜ਼ ਤੋਂ ਸਾਂ ਡਰੀ, ਚਰਨਾਂ ਵਿਚ ਆਣ ਕੇ ਆਪਣੀ ਜਾਨ ਬਚਾਈਆ । ਸੀਸ ਨਿਵਾ ਕੇ ਕਿਹਾ ਗੋਬਿੰਦ ਜੇ ਕਿਤੇ ਮੈਨੂੰ ਵੀ ਨਾਲ ਮਿਲਾਏਂ ਗੁਰਮੁਖਾਂ ਦੀ ਲੜੀ, ਕੰਨੀ ਕੰਨੀ ਨਾਲ ਬੰਧਾਈਆ । ਗੋਬਿੰਦ ਨੇ ਓਸੇ ਵੇਲੇ ਕਿਰਪਾ ਕਰੀ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਮੇਰੇ ਪੁਰਖ ਅਕਾਲ ਨੇ ਲਾਈ ਪ੍ਰੇਮ ਵਾਲੀ ਝੜੀ, ਤੇਰਾ ਨਾਤਾ ਲਵਾਂ ਜੁੜਾਈਆ । ਜੇ ਤੂੰ ਮਿੱਟੀ ਤੇ ਸੌਂਦੀ ਮਿੱਟੀ ਤੇ ਬਹਿੰਦੀ ਤੈਨੂੰ ਭਗਤਾਂ ਵਿਚ ਬਿਠਾ ਦੇਵਾਂ

ਉਤੇ ਦਰੀ, ਬਿਨ ਕ਼ੀਮਤ ਤੋਂ ਤੇਰੀ ਕ਼ੀਮਤ ਦੇਵਾਂ ਪਾਈਆ । ਤੇਰੇ ਉਤੇ ਓਢਣ ਪਰਦਾ ਦੇਵਾਂ ਆਪਣਾ ਜ਼ਰੀ, ਜ਼ਾਹਰ ਜ਼ਹੂਰ ਹੋ ਕੇ ਪਰਦਾ ਦਿਆਂ ਚੁਕਾਈਆ । ਡਰਨ ਵਾਲਿਆਂ ਨੇ ਵੜ ਜਾਣਾ ਆਪਣੇ ਘਰੀਂ, ਤੂੰ ਸਚਖੰਡ ਡੇਰਾ ਲਾਈਆ । ਤੇਰੇ ਪਿਆਰ ਵਿਚ ਇਕ ਗੁੜ ਦੀ ਭੇਲੀ ਫੜੀ, ਤੇਰੀ ਕੁਰਬਾਨੀ ਦੀ ਮਹਿਮਾਨੀ ਭਗਤਾਂ ਦੇਣੀ ਖਵਾਈਆ । ਤੂੰ ਅਜੇ ਨਾ ਵਿਆਹੀ ਕਰਮ ਕਾਂਡ ਦੀ ਛੜੀ, ਇਕ ਨਾਲੋਂ ਵਿਛੜੀ ਤੇ ਇਕ ਨਾਲ ਜੁੜਾਈਆ । ਵੇਖਿਓ ਭਗਤੋ ਕੋਈ ਹੰਕਾਰ ਨਾਲ ਮਾਰਿਓ ਨਾ ਤੜੀ, ਪਰਮ ਪੁਰਖ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਦਾ ਮਾਲਕ ਨਜ਼ਰੀ ਆਈਆ । ਜਿਸ ਨੇ ਸੇਵਾ ਕਰੀ, ਓਸੇ ਦੇ ਲੇਖੇ ਪੜੀ, ਦੇਵਣਹਾਰ ਸਰਬ ਵਡਿਆਈਆ । ਤੁਹਾਡੇ ਵੇਂਹਦਿਆਂ ਬਿਨਾ ਬਬਾਨੋਂ ਮੰਜ਼ਲ ਚੜ੍ਹੀ, ਦਰ ਸਾਚੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚਿੜੀ ਕਹੇ ਮੈਂ ਸਾਰੀ ਰਾਤ ਰਹੀ ਰੋਂਦੀ, ਨੌ ਵੇਰਾਂ ਰਾਤੋ ਰਾਤ ਪ੍ਰਭ ਦੇ ਕੋਲ ਆਪਣੀ ਆਸਾਂ ਦਿਤੀ ਪੁਚਾਈਆ । ਮੈਂ ਤਿੰਨ ਵਜੇ ਜ਼ਰੂਰ ਉਠ ਕੇ ਸਾਂ ਗੌਂਦੀ, ਏਸੇ ਕਰ ਕੇ ਤਿੰਨ ਵਜੇ ਮੇਰੀ ਆਵਾਜ਼ ਸੁਣਨ ਆਇਆ ਚਾਈਂ ਚਾਈਂਆ । ਮੈਂ ਓਸ ਵੇਲੇ ਦੀਆਂ ਖ਼ੁਸ਼ੀਆਂ ਸੀ ਮਨਾਉਂਦੀ, ਇਧਰ ਓਧਰ ਲੱਭਾਂ ਚਾਈਂ ਚਾਈਂਆ । ਡੱਲੇ ਦਾ ਰਾਹ ਸੀ ਤਕੌਂਦੀ, ਜਿਸ ਨੂੰ ਇਸ਼ਾਰਾ ਦਿਤਾ ਕਰਾਈਆ । ਦੂਸਰੇ ਦੇ ਹੱਥ ਕਦੇ ਨਾ ਔਂਦੀ, ਇਹ ਮੇਰੀ ਵਡਿਆਈਆ । ਮੈਂ ਬੋਦੀ ਵਾਲੀ ਤਦ ਅਖਵਾਂਦੀ, ਕਿਉਂ ਮੇਰਾ ਮਸਤਕ ਪ੍ਰਭ ਦੇ ਚਰਨਾਂ ਨਾਲ ਛੋਹਿਆ ਮੇਰੀ ਬੋਦੀ ਲੰਮੀ ਨਜ਼ਰੀ ਆਈਆ । ਹੁਣ ਕੋਈ ਇਹਦੀ ਜ਼ਾਤ ਨਹੀਂ ਵੇਦੀ ਸੋਢੀ, ਸੋਢੀ ਵੇਦੀ ਦਾ ਮਾਲਕ ਬਣ ਕੇ ਸਭ ਤੇ ਦਇਆ ਕਮਾਈਆ । ਕੋਈ ਫਿਰਨ ਵਾਲਾ ਨਹੀਂ ਜੋਗੀ, ਤਪੀਸ਼ਰ ਹੋ ਕੇ ਆਪਣਾ ਤਪ ਵਖਾਈਆ ।
੧੦੧੪ ਗ਼ਰੀਬ ਨਿਮਾਣਿਆਂ ਉਧਾਰਨਾ ਇਹਦੀ ਗੱਲ ਘਰੋਗੀ, ਜੁਗ ਜੁਗ ਭਗਤਾਂ ਪਾਰ ਕਰਾਈਆ । ਚਿੜੀਆ ਕਹੇ ਮੈਂ ਕੋਈ ਪੜ੍ਹੀ ਨਹੀਂ ਪੋਥੀ, ਕੋਈ ੧੦੧੪
ਪਗੜੀ ਹੈਟ ਰੱਖੀ ਨਹੀਂ ਟੋਪੀ, ਕੋਈ ਸਲਵਾਰ ਸਾੜ੍ਹੀ ਲਾਈ ਨਹੀਂ ਧੋਤੀ, ਮੈਂ ਆਪਣਾ ਆਪ ਵਾਰ ਕੇ ਇਕੋ ਲੱਭਾਂ ਮਾਲਕ ਨੂਰੀ ਜੋਤੀ, ਜੋ ਸਭ ਦੇ ਅੰਦਰ ਕਰੇ ਰੁਸ਼ਨਾਈਆ । ਜੋ ਖੋਟਿਆਂ ਖਰਿਆਂ ਸ਼ਰਨ ਆਇਆਂ ਬਣਾ ਲਏ ਮਾਣਕ ਮੋਤੀ, ਅਨਮੁਲੜੇ ਲਾਲ ਵਖਾਈਆ । ਮੈਂ ਮਾਰੀ ਨਹੀਂ ਗਈ ਬੇਦੋਸ਼ੀ, ਦੁਹਾਈ ਦੇ ਕੇ ਦਿਆਂ ਸੁਣਾਈਆ । ਤੁਸੀਂ ਸਾਰਿਆਂ ਰਾਤੀ ਸੌਂ ਕੇ ਬਾਰਾਂ ਤੋਂ ਤਿੰਨ ਵਜੇ ਤੱਕ ਰੱਖੀ ਖ਼ਮੋਸ਼ੀ, ਮੈਂ ਬੇਨੰਤੀਆਂ ਕਰ ਕਰ ਕੇ ਕਰ ਕਰ ਕੇ ਕਰ ਕਰ ਕੇ ਆਪਣਾ ਹਾਲ ਦਿਤਾ ਸੁਣਾਈਆ । ਕਿਉਂ ਅੱਜ ਪ੍ਰਭੂ ਦੇ ਨਾਲ ਰਵਿਦਾਸ ਚੁਮਾਰਾ ਮੋਚੀ, ਜਿਹੜਾ ਮੇਰਾ ਲਿਖ ਕੇ ਲੇਖਾ ਜਗਤ ਦਏ ਦ੍ਰਿੜਾਈਆ । ਭਾਵੇਂ ਬਚਨ ਸਿੰਘ ਨੇ ਭੰਗ ਘੋਟ ਕੇ ਪੀਤੀ, ਭੰਗੀਆਂ ਦੇ ਹੱਥ ਮੂਲ ਨਾ ਆਈਆ । ਜਰਨੈਲ ਸਿੰਘ ਨੇ ਘੋੜਾ ਦਬਾਇਆ ਉਤੇ ਰੌਂਦ ਦੀ ਟੋਪੀ, ਮੇਰੇ ਲੱਗਣ ਕੋਇ ਨਾ ਪਾਈਆ । ਕਿਉਂ ਮੈਂ ਤੇ ਡੱਲੇ ਕੋਲੋਂ ਬਣਨਾ ਸੀ ਓਸ ਕਾਹਨ ਦੀ ਗੋਪੀ, ਜਿਹੜਾ ਲੱਖ ਚੁਰਾਸੀ ਰਿਹਾ ਸਮਾਈਆ । ਜਨ ਭਗਤੋ ਯਾਦ ਕਰ ਲਓ ਮੈਥੋਂ ਸਿਖਿਆ ਲਓ ਜੋ ਸਤਿਗੁਰ ਦਾ ਬਚਨ ਉਹਨੂੰ ਕਦੇ ਨਾ ਸਮਝਿਓ ਗੱਲ ਹੋਛੀ, ਇਕ ਨਹੀਂ ਦੋ, ਦੋ ਨਹੀਂ ਚਾਰ, ਚਾਰ ਨਹੀਂ ਅੱਠ, ਕਿਸੇ ਨਾ ਕਿਸੇ ਦਿਨ ਜ਼ਰੂਰ ਦਏ ਭੁਗਤਾਈਆ । ਭਾਵੇਂ ਬੀਤ ਜਾਣ ਬਰਸ ਕੋਟਨ ਕੋਟੀ, ਜੁਗ ਚੌਕੜੀ ਆਪਣਾ ਲੇਖਾ ਨਾ ਕਦੇ ਭੁਲਾਈਆ । ਜਿਸ ਵੇਲੇ ਮੈਂ ਮੰਜੀ ਥੱਲੇ ਵੜੀ ਗੋਬਿੰਦ ਨੇ ਥੱਲੇ ਫੇਰੀ ਸੋਟੀ, ਸਹਿਜ ਨਾਲ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਚਿੜੀਆ ਕਹੇ ਮੈਂ ਕੋਈ ਪੜ੍ਹਿਆ ਨਹੀਂ ਮੰਤਰੇ, ਨਮੋ ਨਮੋ

ਨਾਲ ਰਸਨਾ ਗਾਈਆ । ਮੈਨੂੰ ਮਿਲ ਗਿਆ ਸਖ਼ੀਓ ਕੰਤ ਰੇ, ਪ੍ਰੀਤਮ ਧੁਰਦਰਗਾਹੀਆ । ਜਿਹਦੀ ਕਿਰਪਾ ਨਾਲ ਪੰਛੀ ਵਿਚ ਬਣਤ ਰੇ, ਬਨਵਾਸੀਆਂ ਤੋਂ ਲਿਆ ਛੁਡਾਈਆ । ਤੁਹਾਡੇ ਵਿਹਾਰ ਪਿਛੇ ਮੇਰੀ ਭੇਟ ਚੜ੍ਹੇ, ਇਹ ਵੀ ਮੇਰੀ ਵਡਿਆਈਆ । ਜੋ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੰਗੇ ਸੰਤਰੇ, ਢਾਈ ਹੱਥ ਦਿਓ ਫੜਾਈਆ । ਸਤਿਜੁਗ ਵਿਚ ਜਨ ਭਗਤ ਕਦੇ ਨਾ ਹੋਵਣ ਔਤਰੇ, ਪਿਤਾ ਪੂਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਚਿੜੀ ਕਹੇ ਮੈਂ ਫਿਰਨ ਵਾਲੀ ਉਤੇ ਖ਼ਾਕ, ਕ਼ਦਮ ਕ਼ਦਮ ਨਾਲ ਬਦਲਾਈਆ । ਮੈਨੂੰ ਖ਼ੁਸ਼ੀ ਹੋਈ ਮੇਰੇ ਸਤਿਗੁਰ ਦਾ ਪੂਰਾ ਹੋਇਆ ਵਾਕ, ਲੇਖਾ ਦਿਤਾ ਮੁਕਾਈਆ । ਖੋਲ੍ਹ ਕੇ ਅਗਲਾ ਤਾਕ, ਦਰਗਾਹ ਸਾਚੀ ਦਿਤਾ ਟਿਕਾਈਆ । ਮੈਂ ਸਾਰਿਆਂ ਨੂੰ ਰਹੀ ਝਾਕ, ਵੇਖਾਂ ਚਾਈਂ ਚਾਈਂਆ । ਬਿਨਾ ਭਗਤਾਂ ਤੋਂ ਦਿਸਿਆ ਨਾ ਕੋਇ ਇਤਫ਼ਾਕ, ਚਾਰੇ ਵਰਨ ਬੈਠੇ ਗੰਢ ਪਵਾਈਆ । ਝੂਠਾ ਟੁੱਟ ਗਿਆ ਸੱਜਣ ਸਾਕ, ਨਾਤਾ ਦੂਨੀ ਰਿਹਾ ਨਾ ਰਾਈਆ । ਇਕੋ ਮੇਲਾ ਪ੍ਰਭ ਕਮਲਾਪਾਤ, ਪਤਿਪਰਮੇਸ਼ਵਰ ਹੋਏ ਸਹਾਈਆ । ਜਿਸ ਗੁਰਗਾਬੀ ਦੀ ਬ੍ਰਹਮਾ ਦੀ ਸੁਰਸਤੀ ਰੱਖੀ ਝਾਕ, ਓਹ ਗੋਲੀ ਦੇ ਪੈਰਾਂ ਨਜ਼ਰੀ ਆਈਆ । ਅਖ਼ੀਰ ਤੇ ਚੁਰਾਸੀ ਦੀ ਰਹੇ ਕਿਸੇ ਨਾ ਵਾਟ, ਆਵਣ ਜਾਵਣ ਪੰਧ ਮੁਕਾਈਆ । ਜਨ ਭਗਤੋ ਮੈਂ ਉਤਰੀ ਤੁਹਾਡੇ ਘਾਟ, ਤੁਸਾਂ ਪ੍ਰਭ ਦੇ ਪੱਤਨ ਦਿਤਾ ਪੁਚਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੱਕਿਆ ਸਾਥ, ਰਾਵੀ ਕੰਢੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਸਮਰਾਟ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਨ ਭਗਤੋ ਪ੍ਰਭ ਦੀ ਕੱਖਾਂ ਸੇਜ ਪਲੰਘ, ਆਸਣ ਇਕ ਸੁਹਾਈਆ । ਗੁਰ

੧੦੧੫ ੨੧

ਅਵਤਾਰ ਪੈਗ਼ੰਬਰ ਹੋਏ ਦੰਗ, ਹੈਰਾਨੀ ਹੈਰਾਨੀ ਵਿਚੋਂ ਪ੍ਰਗਟਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਮੰਗਾਂ ਰਹੀਆਂ ਮੰਗ, ਰਾਵੀ ਕੰਢੇ ਆਸ ਲਗਾਈਆ । ਤੇਰਾ ਪ੍ਰਕਾਸ਼ ਨੂਰੀ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਰਦ ਕਿਹਾ ਮੈਨੂੰ ਪਈ ਠੰਡ, ਅਗਨੀ ਤਤ ਬੁਝਾਈਆ । ਜਨ ਭਗਤ ਇਕ ਦੂਜੇ ਦੇ ਉਤੇ ਦੀ ਜਾਣ ਲੰਘ, ਵੱਡਾ ਛੋਟਾ ਮਾਣ ਨਾ ਕੋਇ ਵਡਿਆਈਆ । ਰਾਤ ਨੂੰ ਸਵਾ ਪਾ ਇਕੱਠਾ ਕਰਨਾ ਘਿਓ ਖੰਡ, ਗੋਬਿੰਦ ਉਂਗਲਾਂ ਨਾਲ ਰਸ ਸਭ ਨੂੰ ਦਏ ਚਟਾਈਆ । ਬਖ਼ਸ਼ ਕੇ ਸਚ ਅਨੰਦ, ਅਨੰਦ ਵਿਚ ਮਿਲਾਈਆ । ਤੁਸੀਂ ਭਾਵੇਂ ਕੁਛ ਨਹੀਂ ਸਕਦੇ ਮੰਗ, ਫਿਰ ਵੀ ਦੇਣ ਦਾ ਤਰੀਕਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਾਰਿਆਂ ਇਕ ਦੂਜੇ ਉਤੋਂ ਦੀ ਲੰਘਣਾ, ਖ਼ੁਸ਼ੀਆਂ ਨਾਲ ਕ਼ਦਮ ਉਠਾਈਆ । ਹਿਰਦੇ ਵਿਚ ਸਾਚਾ ਪਿਆਰ ਮੰਗਣਾ, ਦੂਜੀ ਆਸ ਨਾ ਕੋਇ ਵਧਾਈਆ । ਗੁਰਮੁਖ ਸਤਿਗੁਰ ਦਾ ਬਚਨ ਕੋਈ ਨਾ ਕਰੇ ਭੰਗਣਾ, ਮੰਨੇ ਚਾਈਂ ਚਾਈਂਆ । ਫਿਰ ਆਪੇ ਚਾੜ੍ਹੇ ਰੰਗਣਾ, ਦੁਰਮਤ ਮੈਲ ਧਵਾਈਆ । ਅੰਦਰ ਮੂਲ ਨਹੀਂ ਸੰਗਣਾ, ਬਿਨਾ ਬੋਲਿਉਂ ਆਸਾ ਲੈਣੀ ਬੰਧਾਈਆ । ਅਖ਼ੀਰ ਵਾਰੀ ਸਾਰਿਆਂ ਨੇ ਇਕੋ ਲਾਈਨ ਵਿਚ ਝੁਕ ਕੇ ਕਰਨੀ ਬੰਦਨਾ, ਸੀਸ ਦੇਣਾ ਝੁਕਾਈਆ । ਗੋਬਿੰਦ ਕੱਢ ਕੇ ਤਿੱਖੀ ਧਾਰ ਖੰਡਣਾ, ਸਭ ਦੀ ਗਰਦਨ ਉਤੇ ਦਏ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਦ ਦੁੱਖ ਭੈ ਭੰਜਨਾ, ਗੰਗਾ ਸਾਗਰ ਦਾ ਪਾਣੀ ਸਭ ਦੇ ਉਤੇ ਅੰਮ੍ਰਿਤ ਦਏ ਛਿੜਕਾਈਆ ।

੧੦੧੫ ੨੧

ਚੁਰਾਸੀ ਲੱਖ ਦੀ ਮੁਕੀ ਇਕੇ ਵਾਰ ਕੁਰਬਾਨੀ, ਜਨਮ ਜਨਮ ਦੀ ਲੋੜ ਰਹੀ ਨਾ ਰਾਈਆ । ਸਾਹਿਬ ਸਤਿਗੁਰ ਦੇਵੇ ਪਦ ਨਿਰਬਾਣੀ, ਦਰ ਘਰ ਸਾਚਾ ਇਕ ਸੁਹਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਨਿਸ਼ਾਨੀ, ਭਵਿਖਤਾਂ ਵਿਚ ਢੋਲੇ ਰਾਗ ਨਾਦ ਸੁਣਾਈਆ । ਸੋ ਲੇਖਾ ਮੁਕਾਵੇ ਸ਼ਹਿਨਸ਼ਾਹ ਸ਼ਾਹ ਸੁਲਤਾਨੀ, ਪਾਰਬ੍ਰਹਮ ਪ੍ਰਭ ਬੇਪ੍ਰਵਾਹੀਆ । ਅੱਜ ਤੋਂ ਜਨ ਭਗਤਾਂ ਦੀ ਦੁਨੀਆ ਹੋ ਗਈ ਬੇਗਾਨੀ, ਬਿਨਾ ਪਰਮਾਤਮਾ ਤੋਂ ਸੱਚਾ ਸਾਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁੰਦੀ ਵੇਖੀ ਭੇਟਾ, ਮੁਹੱਬਤ ਵਿਚ ਸੀਸ ਨਿਵਾਈਆ । ਸਦਾ ਆਤਮਾ ਪ੍ਰਭ ਦੀ ਧਾਰ ਬਣੇ ਬੇਟਾ, ਤਨ ਵਜੂਦ ਕੰਮ ਕਿਸੇ ਨਾ ਆਈਆ । ਰਾਵੀ ਕਹੇ ਜੇ ਸਤਿਗੁਰ ਮਿਲ ਜਾਏ ਇਕੋ ਖੇਵਟ ਖੇਟਾ, ਦੋ ਜਹਾਨਾਂ ਪਾਰ ਕਰਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਜਿਸ ਨੇ ਪਿਛਲਾ ਰੱਖਿਆ ਚੇਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਅੰਤ ਅਖ਼ੀਰ ਕਰ ਕੇ ਹੇਤਾ, ਨਿਰਗੁਣ ਨਿਰਵੈਰ ਦਇਆ ਕਮਾਈਆ । ਜਨ ਭਗਤੋ ਤੁਹਾਡਾ ਜੀਵਣ ਸਦਾ ਰਹੇ ਹਮੇਸ਼ਾ, ਜੁਗ ਚੌਕੜੀ ਵਜਦੀ ਰਹੇ ਵਧਾਈਆ । ਜਿਨ੍ਹਾਂ ਪਿਆਰ ਨਾਲ ਸਤਿਕਾਰ ਨਾਲ ਕੀਤਾ ਆਦੇਸਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਚੁੱਕਿਆ ਅੱਜ ਤੋਂ ਤੁਹਾਡਾ ਠੇਕਾ, ਜਿਮੇਂਵਾਰ ਪੁਰਖ ਅਕਾਲ ਨਜ਼ਰੀ ਆਈਆ ।



✻ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੪ ਚਤਰ ਸਿੰਘ ਅਤਰ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✻

ਨਾਰਦ ਆਇਆ, ਕਹੇ ਮੇਰੇ ਸ਼ਹਿਨਸ਼ਾਹ ਤੇਰੇ ਦੂਣੇ ਇਕ਼ਬਾਲ, ਇਕ਼ਬਾਲੀ ਆਪਣੇ ਗੁਰ ਅਵਤਾਰ ਪੈਗ਼ੰਬਰ ਲੈ ਕਰਾਈਆ । ਇਹ ਨਾਮ ਦੇ ਖਲੌਣਿਆਂ ਨਾਲ ਪਰਚਣ ਵਾਲੇ ਤੇਰੇ ਬਾਲ, ਅੱਲਾ ਰਾਮ ਵਾਹਿਗੁਰੂ ਸਤਿਨਾਮ ਕਹਿ ਕੇ ਆਪਣਾ ਝਟ ਲੰਘਾਈਆ । ਸਾਰਿਆਂ ਦੀ ਸਾਂਝੀ ਪਰਵਰਿਸ਼ ਸਭ ਦੀ ਇਕੱਠੀ ਕਰ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਮੈਂ ਬ੍ਰਾਹਮਣ ਪੰਧ ਮਾਰ ਕੇ ਆਇਆ ਘਾਲੀ ਤੇਰੀ ਘਾਲ, ਪੂੰਜਾ ਚਾਈਂ ਚਾਈਆ । ਬਹੁੜੀ ਤੂੰ ਇਕ ਨਾ ਮੰਨੀ ਬੇਨੰਤੀ ਤੇ ਇਕ ਨਾ ਮੰਨਿਆ ਸਵਾਲ, ਸਵਾਲੀ ਹੋ ਕੇ ਤੇਰੇ ਅੱਗੇ ਝੋਲੀ ਡਾਹੀਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਇਕ ਵਾਰ ਤੋਰ ਦੇਂਦੋ ਮੇਰੇ ਨਾਲ, ਮੈਂ ਵੀ ਤੇਰਾ ਪੁਰਾਣਾ ਭਗਤ ਨਜ਼ਰੀ ਆਈਆ । ਤੂੰ ਇਕ ਵੇਰਾਂ ਹਾਂ ਕਹਿ ਦੇ ਤੇ ਮੈਂ ਦੋ ਜਹਾਨਾਂ ਉਤੇ ਮਾਰਾਂ ਪੁੱਠੀ ਛਾਲ, ਆਪਣਾ ਪੈਂਤਰਾ ਲਵਾਂ ਬਦਲਾਈਆ । ਮੈਂ ਸਦਾ ਲਈ ਬਣਿਆ ਰਵ੍ਹਾਂ ਦਲਾਲ, ਤੇਰੇ ਨਾਮ ਦੇ ਸੌਦੇ ਗੁਰ ਅਵਤਾਰ ਪੈਗ਼ੰਬਰਾਂ ਨਾਲ ਕਰਾਈਆ । ਤੂੰ ਵੇਖ ਮੇਰਾ ਗ਼ਰੀਬ ਦਾ ਹਾਲ, ਟੁੱਟੀ ਜੁੱਤੀ ਤੇ ਬਦਲੀ ਚਾਲ, ਬੋਦੀ ਰੋ ਰੋ ਦੱਸੇ ਹਾਲ, ਆਪਣੀ ਦਏ ਦੁਹਾਈਆ । ਹੋ ਜਾ ਮਿਹਰਵਾਨ, ਦੇ ਦੇ ਮੇਰੀ ਆਸਾ ਦਾ ਦਾਨ, ਭਰਵਾਸਾ ਅਗਲਾ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਇਹ ਬਚਨ ਸੁਣ ਕੇ ਗੰਗਾਂ ਮਾਰੀਆਂ ਚੀਕਾਂ, ਕੂਕ ਕੂਕ ਸੁਣਾਈਆ । ਜਮਨਾ ਕਹੇ ਮੈਂ ਨੱਕ ਨਾਲ ਕੱਢਾਂ ਲੀਕਾਂ, ਲਾਈਨਾਂ ਦਿਆਂ ਲਗਾਈਆ । ਸੁਰਸਤੀ ਕਹੇ ਮੈਂ ਹੱਥ ਵਿਚ ਫੜ ਕੇ ਗੀਤਾ, ਕ਼ਸਮ ਲਵਾਂ ਖਾਈਆ । ਗੋਦਾਵਰੀ ਕਹੇ ਮੈਂ ਗੋਬਿੰਦ

ਦੀ ਧਾਰ ਵੇਖ ਕੇ ਤਪਦਾ ਅੰਗੀਠਾ, ਕੂਕ ਕੂਕ ਜਣਾਈਆ । ਇਹ ਬ੍ਰਾਹਮਣ ਬੜਾ ਢੀਠਾ, ਜਗਤ ਹਯਾ ਨਾ ਕੋਇ ਰਖਾਈਆ । ਅੰਦਰੋਂ ਕਾਲਾ ਤੇ ਜ਼ਬਾਨ ਦਾ ਮੀਠਾ, ਝੂਠੀਆਂ ਬੇਨੰਤੀਆਂ ਪ੍ਰਭ ਦੇ ਅੱਗੇ ਰਿਹਾ ਸੁਣਾਈਆ । ਨਾਰਦ ਨੇ ਸੁਣ ਲਿਆ, ਸੌਹਰੀਓ, ਮੇਰੇ ਵਿਚ ਬੜੀਆਂ ਤੌਫ਼ੀਕਾ, ਚਾਰ ਜੁਗ ਦੀ ਭਜਨ ਬੰਦਗੀ ਮੇਰੇ ਵਿਚ ਸਮਾਈਆ । ਤੁਸੀਂ ਦੱਸੋ ਕਿਹੜੇ ਰਾਮ ਦੀ ਬਣਨਾ ਸੀਤਾ, ਸੀਤਾ ਵਾਲਾ ਰਾਮ ਮੇਰੇ ਹੁਕਮ ਪਿਛੇ ਜੰਗਲਾਂ ਵਿਚ ਫੇਰਾ ਪਾਈਆ । ਤੁਸੀਂ ਰਾਧਾ ਬਣ ਕੇ ਕਿਹੜੇ ਕ੍ਰਿਸ਼ਨ ਨੂੰ ਬਣੌਣਾ ਮੀਤਾ, ਬੰਸਰੀਆਂ ਵਾਲੀ ਧੁੰਨ ਸੁਣਾਈਆ । ਪਿਛਲਾ ਵਕ਼ਤ ਪਿਛੇ ਗਿਆ ਅੱਗੇ ਵੇਖੋ ਖੇਲ ਅਨਡੀਠਾ, ਅਨਡਿੱਠਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਨੀ ਪ੍ਰਭ ਗਿਆ ਭਗਤਾਂ ਵੱਲ, ਆਪਣਾ ਰਾਹ ਬਦਲਾਈਆ । ਅਸੀਂ ਓਸ ਤੋਂ ਚੋਰੀ ਕੁਛ ਪੱਕੀ ਕਰ ਲਈਏ ਗੱਲ, ਫਿਰ ਸਕੇ ਨਾ ਕੋਇ ਬਦਲਾਈਆ । ਤੁਸੀਂ ਮੇਰਾ ਧਿਆਨ ਧਰੋ ਤੇ ਮੈਂ ਮੂੰਹ ਦੇ ਨਾਲ ਵਜਾਵਾਂ ਟੱਲ, ਟਨ ਟਨ ਕਰ ਕੇ ਤੁਹਾਡਾ ਮੰਦਰ ਦਿਆਂ ਸੁਹਾਈਆ । ਫੇਰ ਤੁਸੀਂ ਮੇਰੇ ਚਰਨਾਂ ਵਲ ਤਕਣਾ ਤੁਹਾਡੇ ਅੰਦਰ ਦੀਪਕ ਜੋਤੀ ਜਾਏ ਬਲ, ਨੂਰ ਹੋਵੇ ਰੁਸ਼ਨਾਈਆ । ਫਿਰ ਮੈਂ ਪਿਆਰ ਨਾਲ ਤੁਹਾਡਾ ਅੰਦਰ ਖਿੱਚਣਾ ਤੁਸੀਂ ਵਿਛੋੜਾ ਝਲ ਨਾ ਸਕੋ ਪਲ, ਪਲਕ ਨਾ ਹੋਵੇ ਜੁਦਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸੀਂ ਚਾਰ ਤੇ ਜੇ ਮੈਂ ਪੰਜਵਾਂ ਤੁਹਾਡੇ ਵਿਚ ਜਾਵਾਂ ਰਲ, ਪ੍ਰਭੂ ਦੀ ਲੋੜ ਰਹੇ ਨਾ ਰਾਈਆ । ਤੁਸੀਂ ਮੇਰੀ ਰਾਸੀ ਤੇ ਮੈਂ ਤੁਹਾਡਾ ਫਲ, ਇਹੋ ਮੇਰਾ ਹਿਸਾਬ ਰਿਹਾ ਸਮਝਾਈਆ । ਤੁਸੀਂ ਸਾਰੀਆਂ ਇਕੱਠੀਆਂ ਹੋ ਕੇ ਮੇਰੇ ਸਿਰ ਵਿਚ ਪਾਓ ਆਪਣਾ ਆਪਣਾ ਜਲ, ਜਲਦੀ ਨਾਲ ਪ੍ਰਭ ਤੋਂ ਚੋਰੀ ਚੋਰੀ ਆਪਣਾ ਕੰਮ ਲਈਏ ਮੁਕਾਈਆ । ਕੁੜਤੀ ਲਾਹ ਕੇ ਕਹੇ ਮੇਰੀ ਵੇਖੋ ਕਿੱਡੀ ਸੋਹਣੀ ਖੱਲ, ਜਿਹੜਾ ਖ਼ਲਕ ਦਾ ਖ਼ਾਲਕ ਉਹਦਾ ਰੂਪ ਨਜ਼ਰ ਕੋਇ ਨਾ ਆਈਆ । ਐਵੇਂ ਇਹ ਸਾਰੇ ਕਹਿੰਦੇ ਓਹ ਵਸੇ ਕਾਇਆ ਅੰਧੇਰੀ ਡਲ, ਤੁਸੀਂ ਦਸੋ ਪਰਮਾਤਮਾ ਹੋ ਕੇ ਕਿਵੇਂ ਅੰਦਰ ਲੁਕ ਕੇ ਝਟ ਲੰਘਾਈਆ । ਧੋਖੇ ਨਾਲ ਅੱਜ ਓਸ ਨੇ ਤੁਹਾਨੂੰ ਫਿਰਾਇਆ ਉਤੇ ਥਲ, ਰੇਤੇ ਵਿਚ ਭਵਾਈਆ । ਰਾਵੀ ਨਾਲ ਮਿਲ ਕੇ ਕੀਤਾ ਛਲ, ਰਾਵੀ ਬੜੀ ਚਲਾਕ ਜਿਸ ਨੇ ਤੁਹਾਨੂੰ ਲਿਆ ਮੰਗਾਈਆ । ਨੀ ਅਜੇ ਵੀ ਜਾਓ ਜਾਗ, ਵੇਲਾ ਹੱਥੋਂ ਨਿਕਲਿਆ ਫੇਰ ਚਲੇ ਨਾ ਕੋਇ ਚਤੁਰਾਈਆ । ਤੁਸੀਂ ਅੰਮ੍ਰਿਤ ਦੀਆਂ ਧਾਰਾਂ ਮੈਂ ਵਿਦਿਆ ਦਾ ਪੰਡਤ ਤੇ ਦੋਵੇਂ ਮਿਲ ਕੇ ਸਾਂਝਾ ਬਣਾਈਏ ਸਮਾਜ, ਇਸਤਰੀ ਮਰਦ ਦਾ ਇਕੋ ਜਿਹਾ ਹੋਵੇ ਰਾਜ, ਰਈਅਤ ਰਹਿਣ ਕੋਇ ਨਾ ਪਾਈਆ । ਮੇਰੀ ਬੋਦੀ ਦਾ ਬਣਾ ਲਓ ਤਾਜ, ਵੇਖਿਓ ਹੁਣ ਮੈਂ ਪਾਤਸ਼ਾਹ ਮੇਰੇ ਅੱਗੇ ਦਿਓ ਨਾ ਕੋਈ ਜਵਾਬ, ਨਿਉਂ ਕੇ ਸੀਸ ਲਓ ਝੁਕਾਈਆ । ਮੇਰਾ ਸ਼ਹਿਨਸ਼ਾਹ ਵਾਲਾ ਖ਼ਿਤਾਬ, ਟੰਗ ਉਤੇ ਟੰਗ ਚੜ੍ਹਾ ਕੇ ਦੰਦੀ ਪੀਚ ਕੇ ਰਿਹਾ ਸੁਣਾਈਆ । ਝਟ ਬਸਤੇ ਵਿਚੋਂ ਕੱਢ ਕੇ ਕਿਤਾਬ, ਇਕ ਦੋ ਤਿੰਨ ਚਾਰ ਪੰਜ ਛੇ ਸੱਤ ਅੱਠ ਨੌਂ ਸਫ਼ੇ ਦਿਤੇ ਬਦਲਾਈਆ । ਨੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਹ ਵੇਖ ਸਾਰਿਆਂ ਗੁਰ ਅਵਤਾਰ ਪੈਗ਼ੰਬਰਾਂ ਲਿਖਿਆ ਓਸ ਨੇ ਔਣਾ ਵਿਚ ਪੰਜਾਬ, ਪੰਜਾ ਸਭ ਦੇ ਉਤੇ ਲਾਈਆ । ਤੁਸੀਂ ਮੈਨੂੰ ਕਿਉਂ ਕਹਿੰਦੀਆਂ ਖ਼ਰਾਬ, ਮੈਂ ਖ਼ਬਰਦਾਰੀ ਨਾਲ ਸਭ ਨੂੰ ਰਿਹਾ ਜਗਾਈਆ । ਨੀ ਤੁਸੀਂ ਮੈਨੂੰ ਮੰਨ ਲਓ ਹੁਣ ਮਹਾਰਾਜ, ਗੁਰੂਆਂ ਦਾ ਗੁਰੂ ਤੁਹਾਡੇ ਸਾਹਮਣੇ ਬੈਠਾ ਸੋਭਾ ਪਾਈਆ । ਇਹ ਬਚਨ ਸੁਣ ਕੇ ਜੇ ਤੁਹਾਨੂੰ ਖ਼ੁਸ਼ੀ ਆਈ ਮੇਰੇ ਚਰਨ ਵਿਚ ਦਾਗ਼, ਮੈਂ ਅੱਖੀਂ ਮੀਟ ਕੇ ਆਪਣੀ ਖ਼ੁਸ਼ੀ ਮਨਾਈਆ । ਖਰਾਟੇ ਮਾਰ ਕੇ ਲਵਾਂ ਖ਼ਵਾਬ, ਮਸਤੀ ਵਿਚ ਸੁੱਤਾ ਤੁਹਾਡਾ ਨੂਰ ਤਕ ਕੇ ਆਪਣਾ ਰੰਗ

ਬਦਲਾਈਆ । ਜਿਸ ਵੇਲੇ ਮੈਂ ਆਵਾਂ ਤੁਸੀਂ ਸੱਜਾ ਖੱਬਾ ਹੱਥ ਉਠਾ ਕੇ ਮੈਨੂੰ ਕਿਹੋ ਜਨਾਬ ਜਨਾਬ ਜਨਾਬ, ਇਕ ਹੱਥ ਵਾਲਾ ਸਲਾਮ ਮੈਨੂੰ ਕਦੇ ਨਾ ਭਾਈਆ । ਮੈਂ ਕੋਈ ਸੰਤ ਨਹੀਂ, ਮੈਂ ਕੋਈ ਸਾਧ ਨਹੀਂ, ਮੈਂ ਕਿਸੇ ਦੀ ਔਲਾਦ ਨਹੀਂ, ਮੈਂ ਕਿਸੇ ਦੀ ਮਸਤੀ ਵਾਲੀ ਮਜਾਜ਼ ਨਹੀਂ, ਮੈਂ ਕੋਈ ਸ਼ਰਅ ਵਾਲਾ ਜਲਾਦ ਨਹੀਂ, ਮੈਂ ਕਿਸੇ ਮੁਲਕ ਕੌਮ ਵਾਲਾ ਨਵਾਬ ਨਹੀਂ, ਮੈਂ ਨਾ ਕਦੀ ਵਸਿਆ ਤੇ ਨਾ ਉਜੜਿਆ ਤੇ ਕੋਈ ਬੇਈਮਾਨ ਖ਼ਰਾਬ ਨਹੀਂ, ਖ਼ਰਾਬੀ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਰਾਵੀ ਕੰਢੇ ਵੇਖਿਆ ਤੁਹਾਡੇ ਰੂਪ ਦਾ ਇਜਲਾਸ, ਨਕ ਮੂੰਹ ਕੰਨ ਅੱਖਾਂ ਨਾਸਾਂ ਮਿਲ ਕੇ ਬੈਠੇ ਮੰਡਲੀ ਲਾਈਆ । ਮੈਂ ਉਭਾ ਲਿਆ ਸਾਂਸ, ਹੌਕਿਆਂ ਵਿਚ ਆਪਣੀ ਆਹ ਭਰਾਈਆ । ਕੀ ਖੇਲ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਸਾਨੂੰ ਕਰ ਕੇ ਉਦਾਸ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲਈਆਂ ਰਾਵੀ ਕੰਢੇ ਮੰਗਾਈਆ । ਫਿਰ ਤੱਕਿਆ ਉਤੇ ਆਕਾਸ਼, ਅਸਮਾਨਾਂ ਉਤੇ ਅੱਖ ਖੁਲ੍ਹਾਈਆ । ਨਿਗਾਹ ਪਰਤੀ ਧਰਤੀ ਦੇ ਉਤੇ ਤੱਕਿਆ ਆਕਾਸ਼, ਨੂਰ ਨੁਰਾਨਾ ਨਜ਼ਰੀ ਆਈਆ । ਉਹਦੇ ਚਰਨੀ ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਜਾਹ ਏਥੋਂ ਬਦਮਾਸ਼, ਕਿਉਂ ਰੌਲਾ ਰਿਹਾ ਪਾਈਆ । ਨਾਰਦ ਕਹੇ ਨੀ ਗੰਗਾ ਗੁੰਗੀਏ ਨਾ ਬੋਲਣ ਵਾਲੀਏ ਗੰਗੀਏ, ਰਵਿਦਾਸ ਨੂੰ ਕੰਗਣ ਦਿੱਤੇ ਮੈਨੂੰ ਕੋਈ ਦੇ ਦੇ ਛਾਪ, ਮੈਂ ਵੀ ਛਾਪਿਆਂ ਉਤੋਂ ਦੀ ਧੂਣ ਆਇਆ, ਤੇਰੇ ਵਰਗੀ ਨਾ ਕਦੇ ਪ੍ਰਨਾਈਆ । ਜਮਨਾ ਕਹੇ ਤੂੰ ਬੜਾ ਪਵਿਤ੍ਰ ਪਾਕ, ਮੈਂ ਸਭ ਕੁਛ ਵੇਖ ਵਖਾਈਆ । ਸੁਰਸਤੀ ਕਹੇ ਜੇ ਤੈਨੂੰ ਡਰ ਨਾ ਹੋਵੇ ਕਿ ਸਾਡਾ ਪੁਰਖ ਅਕਾਲ ਬਾਪ, ਨਾਰਦਾ ਤੂੰ ਭੈ ਨਾ ਕੋਇ ਰਖਾਈਆ । ਗੋਦਾਵਰੀ ਕਹੇ ਜੇ ਨਹੀਂ ਜਾਂਦਾ ਮੈਨੂੰ ਇਕ ਵੇਰਾਂ ਗੋਬਿੰਦ ਨੂੰ ਲੈਣ ਦਿਓ ਆਖ, ਬੇਨੰਤੀ ਕਰ ਸੁਣਾਈਆ । ਜਾਂ ਗੋਬਿੰਦ ਦਾ ਨਾਮ ਲਿਆ ਨਾਰਦ ਕਹੇ ਭੈਣ ਜੀ ਮੈਂ ਕਿਹੜਾ ਗੁਸਤਾਖ, ਗੱਲਾਂ ਬਾਤਾਂ ਦਾ ਗ਼ੁੱਸਾ ਕਰਨਾ ਮੋਹੇ ਕਦੇ ਨਾ ਭਾਈਆ । ਮੈਂ ਵੀ ਵੇਖਣ ਆਇਆ ਤੁਹਾਡੀ ਅੱਜ ਚਾਵਾਂ ਭਰੀ ਰਾਤ, ਭਿੰਨੜੀ ਆਪਣਾ ਰੰਗ ਰੰਗਾਈਆ । ਤੁਹਾਡਾ ਮਿਤ੍ਰ ਤੇ ਮੇਰਾ ਵੈਰੀ ਇਹ ਰਵੀ ਲਿਖੀ ਜਾਂਦਾ ਨਾਲ ਕ਼ਲਮ ਦਵਾਤ, ਸ਼ਾਹੀ ਕਾਗ਼ਜ਼ ਨਾਲ ਜੁੜਾਈਆ । ਨੀ ਤੁਹਾਨੂੰ ਸਮਝ ਨਹੀਂ ਆਈ ਰਾਵੀ ਕਿੱਥੋਂ ਦੀ ਆਫ਼ਾਤ, ਜਿਹੜੀ ਚੜ੍ਹਦੇ ਲਹਿੰਦੇ ਵਲ ਭੱਜੇ ਬਣ ਕੇ ਰਾਹੀਆ । ਤੁਸੀਂ ਕਿਉਂ ਓਸ ਦੀ ਮੰਨੀ ਬਾਤ, ਮੈਨੂੰ ਦਿਓ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਨਾਰਦ ਜੀ, ਜੀ ਨਾਰਦ ਹੁਣ ਚਲਿਆ ਜਾ ਚੁਪ ਕੀਤਾ, ਮੁਖੋਂ ਬਚਨ ਨਾ ਕੋਇ ਸੁਣਾਈਆ । ਨਾਰਦ ਕਹੇ ਮੈਂ ਤੇ ਜ਼ਰੂਰ ਦੱਸੂੰ ਜੋ ਕੁਛ ਮੇਰੇ ਨਾਲ ਬੀਤਾ, ਬੀਤੀ ਕਹਾਣੀ ਦਿਆਂ ਜਣਾਈਆ । ਮੈਂ ਜੁਗ ਚੌਕੜੀ ਸਾਰਿਆਂ ਦੇ ਅੰਦਰ ਲੌਣ ਵਾਲਾ ਪਲੀਤਾ, ਲੂ ਜੋਤੀ ਵਾਲਾ ਲਗਾਈਆ । ਫਿਰ ਹੱਥ ਮਾਰ ਕੇ ਵਿਚ ਖ਼ੀਸਾ, ਇਕ ਕਾਗ਼ਜ਼ ਲਿਆ ਕਢਾਈਆ । ਆਹ ਵੇਖੋ ਜਿਸ ਦੇ ਵਿਚ ਸਭ ਤੋਂ ਵਖਰੀ ਰੀਤਾ, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਚਾਰੇ ਕਹਿਣ ਸਾਨੂੰ ਵਖਾ, ਨਾਰਦ ਕਹੇ ਪਹਿਲੇ ਮੂੰਹ ਧੋਵੋ ਫੇਰ ਵੇਖੋ ਸ਼ੀਸ਼ਾ, ਕੰਘੀ ਪੱਟੀ ਕਰ ਕੇ ਮੇਰੇ ਸਾਹਮਣੇ ਆਈਆ । ਫੇਰ ਮੇਰੇ ਨਾਲ ਬਚਨ ਕਰੋ ਮੀਠਾ, ਸ੍ਰੀ ਮੁਨੀ ਮਹਾਰਾਜ ਕਹਿ ਕੇ ਮੈਨੂੰ ਲਓ ਬੁਲਾਈਆ । ਜੇ ਮੈਂ ਘੂਕ ਸੁੱਤਾ ਹੋਵਾਂ ਮੇਰੀ ਚਾਰੇ ਜਣੀਆਂ ਠੋਕੋ ਪੀਠਾ, ਹੱਥ ਪੋਲਾ ਪੋਲਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਨੀ ਰਾਵੀ ਕਿਉਂ

ਪ੍ਰਭ ਦੇ ਮੁਖ ਵਿਚ ਪਾਈ ਨਹੀਂ ਬੂੰਦ, ਬੂੰਦ ਬੂੰਦ ਟਪਕਾਈਆ । ਤੂੰ ਬੋਲੀ ਨਹੀਂ ਕੀ ਦੰਦ ਜੁੜ ਗਏ ਨਾਲ ਗੂੰਦ, ਗੋਂਦ ਵਾਂਗ ਮੋਟੀ ਤਾਜ਼ੀ ਨਜ਼ਰੀ ਆਈਆ । ਜੇ ਤੁਸੀਂ ਨਹੀਂ ਕੂਣਾ ਮੈਂ ਗ਼ਮੀ ਵਿਚ ਪੈਣਾ ਹੂੰਗ, ਹਾਏ ਹਾਏ ਹਾਏ ਕਰ ਸੁਣਾਈਆ । ਕੀ ਸੌਂ ਗਈ ਏਂ, ਕੀ ਤੈਨੂੰ ਆਈ ਊਂਘ, ਨੈਣ ਮੀਟ ਕੇ ਝਟ ਲੰਘਾਈਆ । ਝਟ ਪਟ ਲੱਤ ਦੇ ਵੱਢ ਲਾ ਕੇ ਚੂੰਢ, ਚੁਟਕੀ ਨਾਲ ਫੜ ਕੇ ਫਿਰ ਆਪਣੀ ਬੋਦੀ ਰਿਹਾ ਹਿਲਾਈਆ । ਪਿਛਾਂਹ ਨੂੰ ਮੁਖ ਕਰ ਕੇ ਕਹੇ ਰਾਵੀ ਮੈਂ ਪ੍ਰਭੂ ਨੂੰ ਰਿਹਾ ਢੂੰਡ, ਹੁਣ ਏਥੇ ਸੀ ਪਤਾ ਨਹੀਂ ਹੁਣ ਕਿੱਥੇ ਡੇਰਾ ਲਾਈਆ । ਨੀ ਮੈਂ ਵਿਛੋੜੇ ਵਿਚ ਗਿਆ ਮਰ ਜੇ ਤੈਨੂੰ ਕੋਈ ਦੁੱਖ ਤੇ ਕੁਰਲਾ ਵਾਂਗ ਕੂੰਜ, ਕੂਕ ਕੂਕ ਸੁਣਾਈਆ । ਜੇ ਪੱਥਰੇ ਤੈਨੂੰ ਰੋਣਾ ਨਹੀਂ ਔਂਦਾ ਤੇ ਮੇਰੇ ਸੱਜੇ ਮੋਢੇ ਤੇ ਹੱਥ ਰੱਖ ਕੇ ਮੇਰੇ ਅਥਰੂ ਦੇ ਪੂੰਝ, ਤੇਰੀ ਸੇਵਾ ਮੈਨੂੰ ਚੰਗੀ ਨਜ਼ਰੀ ਆਈਆ । ਤੈਨੂੰ ਨਹੀਂ ਪਤਾ ਓਸੇ ਦੇ ਵੈਰਾਗ ਵਿਛੋੜੇ ਵਿਚ ਅਜੀਤ ਜੁਝਾਰ ਗਏ ਜੂਝ, ਗੋਬਿੰਦ ਦੁਲਾਰੇ ਆਪਣਾ ਆਪ ਭੇਟ ਕਰਾਈਆ । ਤੈਨੂੰ ਗੁਤੋਂ ਫੜ ਕੇ ਦੱਸਾਂ ਇਹ ਓਹੋ ਗੋਬਿੰਦ ਮੌਜੂਦ, ਤੂੰ ਅੱਖੀਂ ਮੀਟ ਕੇ ਝਟ ਲੰਘਾਈਆ । ਮੈਂ ਜਿਧਰ ਜਾਵਾਂ ਮੈਨੂੰ ਕਹਿੰਦੇ ਸ਼ਰਾਰਤੀ ਭੂਤ, ਭੂਤਨਾ ਕਿਧਰੋਂ ਗਿਆ ਆਈਆ । ਤੁਸੀਂ ਵੀ ਸੁਣ ਲਓ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰੇ ਬਿਨਾ ਤੁਹਾਡਾ ਕੰਮ ਨਹੀਂ ਔਣਾ ਸੂਤ, ਸੁੱਤੀਓ ਤੁਹਾਨੂੰ ਨਾ ਕੋਇ ਜਗਾਈਆ । ਅੱਗੇ ਤੇ ਰਵਦਾਸ ਚਮਾਰਾ ਗੰਢਦਾ ਸੀ ਜੁਤ, ਹੁਣ ਟੁੱਟਿਆਂ ਰਿਹਾ ਮਿਲਾਈਆ । ਤੁਸੀਂ ਮੈਨੂੰ ਭਾਵੇਂ ਸਾਰੇ ਕਹੋ ਕਪੂਤ, ਮੈਂ ਭਾਵੇਂ ਕੁਪੱਤਾ ਤੇ ਪ੍ਰਭ ਦਾ ਸੱਚਾ ਪਤਾ ਦਿਆਂ ਜਣਾਈਆ । ਜੇ ਮੈਂ ਵਿਗੜ ਗਿਆ ਤੁਹਾਨੂੰ ਸਾਰੀਆਂ ਨੂੰ ਕਹੂੰ ਅਛੂਤ, ਕਿਉਂ ਤੁਹਾਡੇ ਵਿਚ ਮੁਰਦਿਆਂ ਦੀਆਂ ਢੇਰੀਆਂ ਨਜ਼ਰੀ ਆਈਆ । ਫੇਰ ਦੱਸੋ ਜਾਉਗੀਆਂ ਕਿਹੜੀ ਕੂਟ, ਕਿਹੜੇ ਪਾਸੇ ਆਪਣਾ ਪੰਧ ਮੁਕਾਈਆ । ਤੁਸੀਂ ਸਾੜ੍ਹੀ ਧੋਤੀ ਲੌਣ ਵਾਲੀਆਂ ਜੇ ਮੇਰੇ ਨੰਗੇ ਪੈਰਾਂ ਨੂੰ ਲਿਆ ਦਿਓ ਬੂਟ, ਬੂਟ ਪਾ ਕੇ ਤੁਹਾਨੂੰ ਮੈਂ ਠੁਮਕ ਠੁਮਕ ਚਲ ਕੇ ਆਪਣੀ ਚਾਲ ਦਿਆਂ ਵਖਾਈਆ । ਫੇਰ ਤੁਸਾਂ ਆਪੇ ਕਹਿਣਾ ਇਹ ਕੋਈ ਪ੍ਰਭ ਦਾ ਆ ਗਿਆ ਦੂਤ, ਜਿਹੜਾ ਸੁੱਤਿਆਂ ਰਿਹਾ ਉਠਾਈਆ । ਮੈਂ ਕੋਈ ਕਲਜੁਗ ਦਿਆਂ ਸਾਧਾਂ ਸੰਤਾਂ ਵਰਗਾ ਨਹੀਂ ਕਪੂਤ, ਨਾਮ ਜਪੌਣ ਅੱਲਾ ਵਾਹਿਗੁਰੂ ਸਤਿਨਾਮ ਤੇ ਸਤਿਗੁਰੂ ਆਪੇ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਰਿਹਾ ਸਮਝਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਫਿਰਦੇ ਚਾਰ ਚੁਫੇਰੇ, ਚੌਤਰਫ਼ ਧਿਆਨ ਲਗਾਈਆ । ਵੇਖਣ ਵਿਚ ਅੰਧੇਰੇ, ਅੰਧ ਕੂਪ ਫੋਲ ਫੁਲਾਈਆ । ਚਾਰ ਵਰਨ ਝੇੜੇ, ਝਗੜਾ ਨਾ ਕੋਇ ਗਵਾਈਆ । ਉਜੜਦੇ ਦਿਸਣ ਖੇੜੇ, ਸਾਚਾ ਰੰਗ ਨਾ ਕੋਇ ਰੰਗਾਈਆ । ਨਾਮ ਚੜ੍ਹਿਆ ਕੋਈ ਨਾ ਬੇੜੇ, ਵੰਝ ਮੁਹਾਣੇ ਕੰਮ ਕਿਸੇ ਨਾ ਆਈਆ । ਜਿਧਰ ਤੱਕੀਏ ਝੂਠੇ ਝੇੜੇ, ਝਗੜਾ ਸਕੇ ਨਾ ਕੋਇ ਗਵਾਈਆ । ਸਾਨੂੰ ਸੁਣਨ ਵਾਲੇ ਬਥੇਰੇ, ਮਿਲਣ ਵਾਲਾ ਨਜ਼ਰ ਕੋਇ ਨਾ ਆਈਆ । ਕਿਸ ਦੇ ਉਤੇ ਕਰੀਏ ਮਿਹਰੇ, ਕਿਸ ਸੀਸ ਹੱਥ ਟਿਕਾਈਆ । ਸਾਰੇ ਕਰਦੇ ਹੇਰੇ ਫੇਰੇ, ਜੂਠ ਝੂਠ ਚਤੁਰਾਈਆ । ਕੋਟਾਂ ਵਿਚੋਂ ਜਨ ਭਗਤ ਦਿਸਦੇ ਪ੍ਰਭ ਚਰਨੀ ਲੱਗ ਗਏ ਜਿਹੜੇ, ਜਿਹੜਾ ਜਮ ਕੀ ਫਾਸ ਕਟਾਈਆ । ਉਹਨਾਂ ਹੋਣੇ ਅੰਤ ਨਬੇੜੇ, ਨਾਤਾ ਕੂੜ ਰਹੇ ਨਾ ਰਾਈਆ । ਅੱਜ ਦੀ ਰਾਤ ਸ੍ਰਿਸ਼ਟੀ ਸੌਣਾ ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬਚਨ ਕਰਨੇ ਬਥੇਰੇ, ਮਤਾ ਸਾਹਿਬ ਨਾਲ ਪਕਾਈਆ । ਦੂਰ ਦੁਰਾਡੇ ਆਏ ਨੇੜੇ, ਘਰ ਵੱਜੇ ਸਚ ਵਧਾਈਆ । ਭੈ ਜਣਾਏ ਸਿੰਘ ਸ਼ੇਰੇ, ਭੱਬਕ ਇਕ ਲਗਾਈਆ । ਸਾਰੇ ਆ ਗਏ ਵਿਚ ਘੇਰੇ, ਪੱਲੂ ਨਾ ਸਕੇ ਛੁਡਾਈਆ ।

ਅੱਗੇ ਮਾਰਨੇ ਨਾ ਪੈਣ ਗੇੜੇ, ਗੇੜਾ ਮੁੱਕੇ ਲੋਕਾਈਆ । ਮਿਹਰਵਾਨ ਕਰੇ ਮਿਹਰੇ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਵਾ ਪਾ ਲਿਆਓ ਖੰਡ ਘਿਓ, ਮਿੱਠਾ ਘਿਰਤ ਵਿਚ ਮਿਲਾਈਆ । ਸਭ ਦਾ ਸਾਂਝਾ ਇਕੋ ਪਿਓ, ਪੁਰਖ ਅਕਾਲ ਪਿਤਾ ਮੰਨਣਾ ਚਾਈ ਚਾਈਂਆ । ਜਿਸ ਨੂੰ ਕਹਿੰਦੇ ਖ਼ੁਦਾ ਦਿਓ, ਦੇਵਣਹਾਰ ਸਰਬ ਸਰਨਾਈਆ । ਆਤਮ ਨਾਲ ਲਗਾਏ ਨੇਂਹੋਂ, ਪਰਮਾਤਮ ਪ੍ਰੀਤੀ ਇਕ ਬਣਾਈਆ । ਦਾਤਾ ਹੋ ਕੇ ਅਲਖ ਅਭਿਉ, ਦੁੱਖ ਭੰਜਨ ਹੋਵੇ ਸਹਾਈਆ । ਜੋ ਆਦਿ ਜੁਗਾਦਿ ਰਿਹੋ, ਓੜਕ ਇਕ ਅਖਵਾਈਆ । ਸਾਰੇ ਓਸ ਦੀ ਸਰਨ ਪਇਓ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਅੰਮ੍ਰਿਤ ਬਰਖੇ ਮੇਂਹੋ, ਨੇਂਹੋਂ ਨੇਂਹੋਂ ਰਸ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਵਸਤ ਕਿਸੇ ਨਾ ਵਿਕੇ ਹਾਟ, ਲੱਭਿਆਂ ਹੱਥ ਕਦੇ ਨਾ ਆਈਆ । ਸਾਨੂੰ ਵੀ ਦੱਸੀ ਰਾਵੀ ਕਿਨਾਰੇ ਘਾਟ, ਭੇਵ ਅਭੇਦ ਖੁਲ੍ਹਾਈਆ । ਪੰਜ ਪੰਜ ਗੁਰਮੁਖ ਉਠੋ ਇਕ ਇਕ ਉਂਗਲ ਸਭ ਨੇ ਲੈਣੀ ਚਾਟ, ਰਸ ਰਸਨਾ ਵਾਲਾ ਬਣਾਈਆ । ਸੁੱਤਿਆਂ ਜਾਣਾ ਜਾਗ, ਨੇਤਰ ਅੱਖ ਖੁਲ੍ਹਾਈਆ । ਭਾਗ ਲੱਗੇ ਕਾਇਆ ਮਾਟ, ਮਿਲੇ ਮਾਣ ਵਡਿਆਈਆ । ਕਰਾਂ ਹਾਸ ਬਿਲਾਸ, ਖ਼ੁਸ਼ੀਆਂ ਢੋਲੇ ਗਾਈਆ । ਪ੍ਰਭ ਮਿਲਣ ਦੀ ਸਿਖ ਲਵੋ ਜਾਚ, ਤਰੀਕਾ ਰਿਹਾ ਦ੍ਰਿੜਾਈਆ । ਇਹ ਸੁਹੰਜਣੀ ਹੋਣੀ ਰਾਤ, ਗੁਰਮੁਖੇ ਮਿਲੇ ਵਡਿਆਈਆ । ਜੋ ਜੰਮਿਆ ਸੋ ਹੋ ਜਾਵੇ ਨਾਸ, ਸਦਾ ਰਹਿਣ ਕੋਇ ਨਾ ਪਾਈਆ । ਇਹੋ ਜਿਹਾ ਅੱਗੇ ਕਿਸੇ ਮਿਲਿਆ ਨਹੀਂ ਕੋਈ ਬਾਪ, ਜੋ ਬੱਚਿਆਂ ਸੇਵ ਕਮਾਈਆ । ਰੂਹ ਬੁਤ ਕਰੇ ਪਾਕ, ਅੰਦਰੋਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਦਸੇ ਉਂਗਲਾਂ ਚੱਟੋ ਵਾਰੋ ਵਾਰੀ, ਗੋਬਿੰਦ ਦਰ ਮਿਲੇ ਵਡਿਆਈਆ । ਕਿਸੇ ਦੀ ਮਨਸਾ ਨਾ ਰਹੇ ਦੁਖਿਆਰੀ, ਦੁੱਖਾਂ ਦਰਦਾਂ ਡੇਰਾ ਢਾਹੀਆ । ਨਾਰ ਕੰਤ ਨਾ ਚੂੜ੍ਹੀ ਰਹੇ ਨਾ ਚਮਿਆਰੀ, ਗੋਬਿੰਦ ਰੰਗ ਰੰਗਾਈਆ । ਨਾ ਟੇਲਰ ਰਹੇ ਨਾ ਸੁਨਿਆਰੀ, ਨਾ ਚਿੱਟੀ ਸ਼ਾਹੀ ਰੂਪ ਵਟਾਈਆ । ਨਾ ਲਾਲਣ ਰਹੇ ਘੁਮਿਆਰੀ, ਨਾ ਤਰਖਾਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੁਰਮੁਖੋ ਸਭ ਦਾ ਸਾਂਝਾ ਹੋ ਗਿਆ ਵਰਨ, ਬਰਨ ਇਕੋ ਇਕ ਦ੍ਰਿੜਾਈਆ । ਇਕੋ ਸਤਿਗੁਰ ਇਕੋ ਚਰਨ, ਇਕੋ ਸੇਵਾ ਲੈਣੀ ਕਮਾਈਆ । ਇਕੋ ਮੰਜ਼ਲ ਵੇਖਣੀ ਚੜ੍ਹਨ, ਦੂਜਾ ਰਾਹ ਨਾ ਕੋਇ ਤਕਾਈਆ । ਚੁਰਾਸੀ ਵਿਚੋਂ ਆਇਆ ਤੁਹਾਨੂੰ ਫੜਨ, ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਮਿੱਠਾ ਕਹੇ ਮੇਰਾ ਲੈ ਲਓ ਰਸ, ਵਾਸਤਾ ਪ੍ਰਭ ਦੇ ਅੱਗੇ ਪਾਈਆ । ਜਿਹੜੇ ਚਟਦੇ ਜਾਂਦੇ ਓਹ ਆਪਣੇ ਅੰਦਰ ਕਰੋ ਜਸ, ਅੱਖੀਂ ਮੀਟ ਧਿਆਨ ਲਗਾਈਆ । ਅੱਖਾਂ ਖੋਲ੍ਹ ਨਾ ਲੈਣਾ ਤਕ, ਦ੍ਰਿਸ਼ਟੀ ਇਧਰ ਓਧਰ ਨਾ ਕੋਇ ਘੁੰਮਾਈਆ । ਫਿਰ ਤੁਹਾਡਾ ਨਾਤਾ ਜੁੜੇ ਪੱਕ, ਅੱਗੇ ਸਕੇ ਨਾ ਕੋਇ ਛੁਡਾਈਆ । ਜਿਹੜਾ ਤੁਹਾਡੇ ਕਾਰਨ ਆਇਆ ਵੱਤ, ਵਤਨ ਤੁਹਾਡਾ ਵੇਖ ਵਖਾਈਆ । ਜਿਹੜੇ ਇਕ ਦੂਜੇ ਦੇ ਉਤੇ ਆਏ ਟੱਪ, ਆਪਣਾ ਪੰਧ ਮੁਕਾਈਆ । ਫਿਰ ਗੋਬਿੰਦ ਦਾ ਰਸ ਲਵੋ ਚਖ, ਸਹਿਸਾ ਰੋਗ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘਿਰਤ ਕਹੇ ਮੇਰੇ ਵਿਚ ਨਹੀਂ

ਕੋਈ ਘਿਰਨਾ, ਘਿਰਨ ਸਭ ਦੀ ਦਿਆਂ ਕਢਾਈਆ । ਜਨ ਭਗਤੋ ਗੋਬਿੰਦ ਦਾ ਰਸ ਵੇਖ ਕੇ ਦੂਜੇ ਦਵਾਰੇ ਕਦੇ ਨਹੀਂ ਫਿਰਨਾ, ਵਸਤ ਮੰਗਣ ਕੋਇ ਨਾ ਜਾਈਆ । ਪ੍ਰਭ ਬਿਨ ਅਵਰ ਮੰਨਣਾ ਕੋਈ ਫਿਰ ਨਾ, ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਮੰਜ਼ਲ ਚੜ੍ਹ ਕੇ ਸਾਧਾਂ ਪਿਛੇ ਕਦੀ ਨਹੀਂ ਖਿੜਨਾ, ਆਪਣਾ ਮਨ ਡੁਲਾਈਆ । ਵੇਖੋ ਉਲਟਾ ਗੇੜਾ ਗਿੜਨਾ, ਚਾਰੇ ਕੁੰਟ ਦੁਹਾਈਆ । ਹੁਕਮੇ ਛੇੜ ਛਿੜਨਾ, ਮੱਝਾਂ ਦਾ ਛੇੜੂ ਓਹ ਗੁਰੂ ਨਾਨਕ ਦਏ ਦੁਹਾਈਆ । ਇਹ ਸਮਾਂ ਫੇਰ ਨਹੀਂ ਮਿਲਣਾ, ਕੋਟਨ ਜੁਗ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਘਿਓ ਕਹੇ ਕੋਈ ਰਹਿ ਨਾ ਜਾਵੇ ਬਾਕੀ, ਬਾਕ਼ਾਇਦਾ ਦਿਆਂ ਜਣਾਈਆ । ਪੁਰਖ ਅਕਾਲ ਤੁਹਾਡਾ ਸਾਥੀ, ਸੋਹਣਾ ਸੰਗ ਨਿਭਾਈਆ । ਤੁਹਾਡੀ ਪੁੱਛੇ ਵਾਤੀ, ਨਿਰਗੁਣ ਆਇਆ ਚਾਈਂ ਚਾਈਂਆ । ਰਾਵੀ ਦੀ ਪੜ੍ਹ ਕੇ ਪਾਤੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਰਦ ਕਲਜੁਗ ਦੀ ਰੀਤੀ ਵੇਖ ਕੇ ਹੱਥ ਮਾਰਦਾ ਉਤੇ ਛਾਤੀ, ਜ਼ੋਰ ਜ਼ੋਰ ਨਾਲ ਦ੍ਰਿੜਾਈਆ । ਜਨ ਭਗਤੋ ਪ੍ਰਭੂ ਦਾ ਅੰਮ੍ਰਿਤ ਕਦੇ ਨਾ ਲੱਭਿਓ ਬਾਹਰ ਕਿਸੇ ਕਟੋਰੇ ਵਿਚ ਬਾਟੀ, ਕਿਰਪਾ ਨਾਲ ਸਭ ਦੇ ਅੰਦਰੋਂ ਦਏ ਚਖਾਈਆ । ਤੁਸਾਂ ਤੇ ਸਿਰਫ਼ ਹੁਕਮ ਦੀ ਮੰਨਣੀ ਆਖੀ, ਪਾਰ ਕਰਨਾ ਉਹਦੀ ਵਡਿਆਈਆ । ਜੇ ਤੁਸੀਂ ਭਗਤ ਤੇ ਮੈਂ ਤੁਹਾਡਾ ਜਮਾਤੀ, ਜਿਹੜੀ ਵਿਦਿਆ ਤੁਸੀਂ ਨਹੀਂ ਪੜ੍ਹੀ ਓਹ ਮਜ਼ਮੂਨ ਦਿਤਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਿਤ੍ਰ ਤੇ ਸਭ ਦੀ ਕਰੇ ਰਾਖੀ, ਰੱਖਕ ਹੋ ਕੇ ਵੇਖੇ ਥਾਉਂ ਥਾਈਆ ।



### ✻ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਰਦੀਪ ਸਿੰਘ ਦੇ ਗ੍ਰਿਹ ਪਿੰਡ ਓਗਰਾ ✻

ਰਾਵੀ ਕਹੇ ਰਾਤੀਂ ਗੁਰ ਅਰਜਨ ਮੈਨੂੰ ਦਿਤਾ ਦਰਸ, ਹੱਸ ਕੇ ਲਿਆ ਬੁਲਾਈਆ । ਪਿਛਲੇ ਯਾਦ ਨਾ ਕਰੀਂ ਬੀਤੇ ਬਰਸ, ਦੁੱਖਾਂ ਦੇਣਾ ਭੁਲਾਈਆ । ਅੱਗੇ ਤੇਰੇ ਉਤੇ ਤਰਸ, ਮਿਹਰ ਨਜ਼ਰ ਉਠਾਈਆ । ਪੂਰੀ ਹੋਈ ਸ਼ਰਤ, ਕੌਲ ਤੋੜ ਨਿਭਾਈਆ । ਖੇਲ ਵੇਖਿਆ ਫ਼ਰਸ਼, ਵੱਜੀ ਸਚ ਵਧਾਈਆ । ਖ਼ੁਸ਼ੀ ਹੋਈ ਅਰਸ਼, ਅਰਸ਼ੀ ਪ੍ਰੀਤਮ ਦਇਆ ਕਮਾਈਆ । ਤੂੰ ਆਪਣਾ ਪੂਰਾ ਕੀਤਾ ਫ਼ਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਰਜਨ ਕਿਹਾ ਰਾਵੀ ਮੇਰੇ ਤੱਕ ਨੈਣ, ਨੈਣਾਂ ਨਾਲ ਮਿਲਾਈਆ । ਤੇਰੇ ਵਿਚ ਚਰਨ ਛੁਹਾਇਆ ਨਰਾਇਣ, ਨਰ ਨਰਾਇਣ ਦਇਆ ਕਮਾਈਆ । ਤੇਰਾ ਪਵਿੱਤ੍ਰ ਹੋਇਆ ਵਹਿਣ, ਵਹਿਣਾਂ ਮਿਲੀ ਵਡਿਆਈਆ । ਦੂਸਰ ਰਿਹਾ ਨਾ ਕੋਇ ਤਫ਼ੈਣ, ਦੁਤੀਆ ਭਾਓ ਰਿਹਾ ਚੁਕਾਈਆ । ਝਗੜਾ ਮੁਕਾਇਆ ਪੰਚਾਇਣ, ਪੰਚਾਂ ਮਿਲ ਕੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਖ਼ੁਸ਼ੀ ਮਨਾਈਆ । ਅੱਗੇ ਰਹਿਣਾ ਨਹੀਂ ਤਰਫ਼ੈਣ, ਤਰਫ਼ਦਾਰੀ ਨਾ ਵੰਡ ਵੰਡਾਈਆ । ਲੇਖਾ ਵੇਖੋ ਵਿਚ ਬਾਲਮੀਕੀ ਰਮਾਇਣ, ਰਿਸ਼ੀ ਕੀ ਲਿਖ ਕੇ ਗਿਆ ਸਮਝਾਈਆ । ਜਿਸ ਵੇਲੇ ਨੇਤਰ ਰੋਵੇ ਹਿੰਦਵਾਇਣ, ਹਿੰਦੂ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਰਜਨ ਕਿਹਾ ਰਾਵੀ ਤੱਕ ਲੈ ਕੋਨੇ ਗੋਸ਼ੇ, ਲਹਿੰਦੀ ਦਿਸ਼ਾ ਧਿਆਨ ਲਗਾਈਆ ।

ਜਿਸ ਦੀ ਸਮਝ ਕੋਇ ਨਾ ਸੋਚੇ, ਓਹ ਸੋਚਾਂ ਰਿਹਾ ਪਾਈਆ । ਜਿਸ ਦਾ ਦਰਸ ਕੋਇ ਨਾ ਲੋਚੇ, ਓਹ ਦਰਸ ਰਿਹਾ ਵਖਾਈਆ । ਜਿਸ ਦਾ ਭਾਣਾ ਕੋਈ ਨਾ ਰੋਕੇ, ਭਾਣੇ ਵਿਚ ਦੁਹਾਈਆ । ਓਹ ਸ੍ਰਿਸ਼ਟੀ ਵਾਲੇ ਕੀਤੇ ਥੋਥੇ, ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਕਲਜੁਗ ਵਹਿਣ ਖਾਂਦੇ ਗੋਤੇ, ਫੜ ਬਾਹੋਂ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਾਹ ਵੇਖੇ ਗੁਰ ਅਰਜਨ ਮੇਰੀ ਪੁਸ਼ਤ ਪਨਾਹ ਲਾਵੇ ਥਾਪੀ, ਥਪਕੀ ਦੇ ਕੇ ਖ਼ੁਸ਼ੀ ਮਨਾਈਆ । ਤੇਰਾ ਪ੍ਰਭੂ ਬੜਾ ਪ੍ਰਤਾਪੀ, ਪ੍ਰਤਾਪ ਵਾਲਾ ਸੋਭਾ ਪਾਈਆ । ਜਿਸ ਨੇ ਕੋਟਨ ਤਾਰਨੇ ਪਾਪੀ, ਪਤਤ ਪੁਨੀਤ ਬਣਾਈਆ । ਜਨ ਭਗਤਾਂ ਕੋਲੋਂ ਇਕੋ ਮਨਾਏ ਆਖੀ, ਪੂਜਾ ਪਾਠ ਦੇ ਲੇਖੇ ਦਏ ਮੁਕਾਈਆ । ਯਾਦ ਕਰ ਜਿਸ ਵੇਲੇ ਈਸਾ ਚੜ੍ਹਿਆ ਸੀ ਫਾਸੀ, ਗਲ ਵਿਚ ਫਾਸੀ ਤੇ ਆਸੀ ਰਾਵੀ ਵਲ ਤਕਾਈਆ । ਚਾਰੇ ਕੂਟਾਂ ਘੁੰਮ ਕੇ ਵੇਖਿਆ ਏਸੇ ਕੰਢੇ ਦਿਸਿਆ ਪੁਰਖ ਅਬਿਨਾਸ਼ੀ, ਜਿਥੇ ਸੁੱਕੇ ਮੰਡੇ ਆਇਆ ਖਵਾਈਆ । ਜਿਹੜੀ ਓਹ ਕੋਲ ਰੱਖਦਾ ਸੀ ਚਾਰ ਚਾਰ ਇੰਚ ਦੀ ਬਾਟੀ, ਓਹ ਪੱਥਰਾਂ ਥੱਲੇ ਛੱਡੀ ਦਬਾਈਆ । ਅਜੇ ਤੱਕ ਹੱਥ ਨਹੀਂ ਆਈ ਲਾਧੀ, ਖੋਜਿਆਂ ਮਿਲਣ ਕਿਸੇ ਨਾ ਪਾਈਆ । ਉਸ ਮੁਕਦਮੇ ਜਗਹ ਤੋਂ ਚੜ੍ਹਦੀ ਦਿਸ਼ਾ ਨੌ ਗਜ਼ ਦੱਬੀ ਢਾਈ ਫੁਟ ਦੀ ਡੂੰਘੀ ਖਾਡੀ, ਓਸੇ ਤਰਾ ਆਸ ਤਕਾਈਆ । ਗੁਰ ਅਰਜਨ ਕਿਹਾ ਕੀ ਦਸ਼ਾ ਹੋਈ ਸਾਡੀ, ਕਲਜੁਗ ਕੀ ਕਾਰ ਕਮਾਈਆ । ਕਿਉਂ ਭਾਵੀ ਹੋਈ ਡਾਢੀ, ਤੱਤੀਆਂ ਲੋਹਾਂ ਉਤੇ ਬਹਾਈਆ । ਰਾਵੀ ਕਹੇ ਹੇ ਸਤਿਗੁਰ, ਜੇ ਤੱਤੀ ਲੋਹ ਤੇ ਨਾ ਬਹਿੰਦੋ ਫੇਰ ਮੇਰੀ ਕੌਣ ਕਰਦਾ ਇਮਦਾਦੀ, ਏਥੇ ਆ ਕੇ ਚਰਨ ਕੌਣ ਛੁਹਾਈਆ । ਮੈਂ ਤਾਂ ਆਦਿ ਤੋਂ ਸਾਦ ਮੁਰਾਦੀ, ਸਿੱਧੀ ਸਾਦੀ ਆਪਣਾ ਰੂਪ ਰਖਾਈਆ । ਜੁਗ ਚੌਕੜੀ ਕੀਤੀ ਨਹੀਂ ਕਦੀ ਸ਼ਾਦੀ, ਸੰਸਾਰੀ ਕੰਤ ਨਾ ਕੋਇ ਹੰਢਾਈਆ । ਚਰਨ ਕਵਲ ਮੈਂ ਜਾ ਕੇ ਕਦੇ ਨਹੀਂ ਕਿਸੇ ਦੇ ਲਾਗੀ, ਨਿਉਂ ਨਿਉਂ ਸੀਸ ਨਾ ਕੋਇ ਨਿਵਾਈਆ । ਮੈਨੂੰ ਇਕੋ ਪ੍ਰਭੂ ਦੇ ਮਿਲਣ ਦੀ ਵਾਦੀ, ਮੇਰੀ ਆਦਤ ਪਿਛਲੀ ਚਲੀ ਆਈਆ । ਕੋਈ ਲਾਈ ਨਹੀਂ ਸਮਾਧੀ, ਅੱਖਾਂ ਮੀਟ ਧਿਆਨ ਲਗਾਈਆ । ਮੈਂ ਇਹਨਾਂ ਵਿਚ ਨਹੀਂ ਜਾਗੀ, ਮਸਤੀ ਵਿਚ ਸੌਂ ਕੇ ਆਪਣਾ ਝਟ ਲੰਘਾਈਆ । ਮੈਂ ਕਦੀ ਨਹਾਤੀ ਨਹੀਂ ਮਹੀਨਾ ਮਾਘੀ, ਪਵਿੱਤ੍ਰ ਆਪਣਾ ਆਪ ਕਰਾਈਆ । ਮੈਨੂੰ ਇਹ ਗੱਲ ਯਾਦ ਤੇਰੇ ਪਿਛੋਂ ਮੈਨੂੰ ਇਕ ਸੁਨੇਹਾ ਦਿਤਾ ਸੀ ਗੁਜਰੀ ਜਿਹੜੀ ਗੋਬਿੰਦ ਦੇ ਬੱਚਿਆਂ ਦੀ ਦਾਦੀ, ਦਾਅਵੇ ਨਾਲ ਸਮਝਾਈਆ । ਜਿਸ ਨੇ ਖੇਲ ਕਰਾਈ ਸਾਡੀ, ਬੰਸ ਸਰਬੰਸਾ ਆਪਣੇ ਲੇਖੇ ਪਾਈਆ । ਨੀ ਰਾਵੀ ਓਹ ਸਾਰ ਲਏ ਤੁਹਾਡੀ, ਅੰਤਮ ਆਵੇ ਚਾਈਂ ਚਾਈਂਆ । ਨਾਲ ਭਗਤ ਸੁਹੇਲੇ ਹੋਣ ਉਸ ਦੇ ਲਾਗੀ, ਪ੍ਰੇਮ ਪ੍ਰੀਤੀ ਵੰਡ ਵੰਡਾਈਆ । ਜੋ ਵੇਖੇ ਖੇਲ ਦੁਨਿਆਵੀ ਬਾਜ਼ੀਗਰ ਲਾ ਕੇ ਬਾਜ਼ੀ, ਬਾਜਾਂ ਵਾਲਾ ਆਪਣੇ ਨਾਲ ਮਿਲਾਈਆ । ਤੇਰਾ ਤਟ ਕਿਨਾਰਾ ਹੋਵੇ ਵਡਭਾਗੀ, ਭਾਗਾਂ ਭਰੀਏ ਤੈਨੂੰ ਮਿਲੇ ਵਡਿਆਈਆ । ਇਹ ਸਮਝ ਨਹੀਂ ਕੋਈ ਦਿਮਾਗ਼ੀ, ਬੁੱਧੀ ਵਿਚ ਕੋਇ ਚਤੁਰਾਈਆ । ਇਹ ਖੇਲ ਨਹੀਂ ਕੋਈ ਸਮਾਜੀ, ਸਮਾਜਵਾਦ ਨਾ ਕੋਇ ਦ੍ਰਿੜਾਈਆ । ਇਹ ਪ੍ਰਭ ਦੀ ਪੁੱਠੀ ਸਿੱਧੀ ਉਲਟੀ ਹੋਣੀ ਕਲਾਬਾਜ਼ੀ, ਅਕਲ ਕਲਧਾਰੀ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਜੁਗਾਦੀ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ ।

੧੦੨੨
੨੧

## ੧੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਗਿਆਨ ਸਿੰਘ ਦੇ ਘਰ ਪਿੰਡ ਓਗਰਾ

ਰਾਵੀ ਕਹੇ ਮੈਂ ਲੰਮਾ ਲਾਇਆ ਢੌਂਕਾ, ਸਤਿਜੁਗ ਦੀ ਸੁੱਤੀ ਨੇ ਕਲਜੁਗ ਅੰਤ ਲਈ ਅੰਗੜਾਈਆ । ਜਿਸ ਵੇਲੇ ਬਲ ਮੇਰੇ ਘਾਟ ਪਹੁੰਚਾ, ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਧਿਆਨ ਧਰਿਆ ਨਾਲ ਸ਼ੌਂਕਾ, ਰੂਪ ਅਨੂਪ ਵੇਖ ਵਖਾਈਆ । ਜਿਸ ਵੇਲੇ ਚੜ੍ਹਿਆ ਉਪਰ ਨੌਕਾ, ਨਈਆ ਇਕ ਚਲਾਈਆ । ਉਹਨੂੰ ਨੀਂਦ ਦਾ ਆਇਆ ਇਕ ਝੋਂਕਾ, ਹੁਲਾਰਾ ਬੇਪ੍ਰਵਾਹੀਆ । ਹੁਕਮ ਸੁਣਿਆ ਕਲਜੁਗ ਅੰਤਮ ਅੰਤਾ, ਸਚ ਸਬੂਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਰਾਵੀ ਕਹੇ ਬਲ ਨਾਲ ਸੀ ਛਿਆਸੀ ਪ੍ਰੇਮੀ ਪਿਆਰੇ, ਜੋਬਨਵੰਤੇ ਨਜ਼ਰੀ ਆਈਆ । ਕੁਛ ਵਿਆਹੇ ਕੁਛ ਕੁਆਰੇ, ਕੁਛ ਬੁੱਢੇ ਬਾਲ ਸੋਭਾ ਪਾਈਆ । ਜਿਸ ਵੇਲੇ ਆਏ ਤਟ ਕਿਨਾਰੇ, ਦਰ ਠਾਂਡੇ ਇਕ ਸੁਹਾਈਆ । ਮੇਰੇ ਅੰਤਰ ਆਈ ਇਕ ਵਿਚਾਰੇ, ਵਿਚਰਕੇ ਦਿਤਾ ਜਣਾਈਆ । ਬਲ ਕੀ ਇਹ ਤੇਰੇ ਵਰਗੇ ਭਗਤ ਸਾਰੇ, ਮੈਨੂੰ ਦੇ ਦ੍ਰਿੜਾਈਆ । ਬਲ ਕਿਹਾ ਇਹ ਜਨਮ ਜਨਮ ਦੇ ਦੁਖਿਆਰੇ, ਕਰਮ ਕਰਮ ਦਾ ਰੋਗ ਨਾ ਕੋਇ ਗਵਾਈਆ । ਸਾਰੇ ਜਗਤ ਵਿਚ ਮੇਰੇ ਨਾਲ ਕਰਨ ਪਿਆਰੇ, ਜੇ ਪ੍ਰਭੂ ਨੂੰ ਮਿਲਿਉਂ ਤੇ ਸਾਨੂੰ ਦੇ ਮਿਲਾਈਆ । ਮੈਂ ਵੀ ਦੱਸਦਾ ਰਿਹਾ ਇਸ਼ਾਰੇ, ਸਿਫ਼ਤ ਮਹਿਮਾ ਵਾਲੀ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਰਾਵੀ ਕਹੇ ਜਿਸ ਵੇਲੇ ਬਲ ਨਈਆ ਗਿਆ ਉਤਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜਿਹੜੀ ਪ੍ਰਭ ਦੀ ਗੋਲੀ ਇਹ ਉਸ ਦਾ ਨਿੱਕਾ ਜਿਹਾ ਸੀ ਪੁੱਤ੍ਰ, ਆਯੂ ਛੋਟੀ ਸੋਭਾ ਪਾਈਆ । ਨਾਲ ਪ੍ਰੋਹਿਤ ਸੀ ਸੋਹਣਾ ਸ਼ੁੱਕਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਭੁੱਖ ਲੱਗੀ ਤੇ ਖਾਣ ਨੂੰ ਮੰਗੇ ਟੁੱਕਰ, ਰੋਟੀ ਹੱਥ ਕੋਇ ਨਾ ਆਈਆ । ਜੰਗਲ ਵਿਚ ਬੇਲੇ ਵਿਚ ਚਾਰ ਪਾਏ ਸਾਰੇ ਲੁਕਣ, ਆਪਣਾ ਆਪ ਛੁਪਾਈਆ । ਉਸ ਵੇਲੇ ਬਲ ਨੇ ਮੁਖ ਲਿਆ ਵਿਚ ਬੁੱਕਲ, ਪ੍ਰਭ ਚਰਨ ਧਿਆਨ ਲਗਾਈਆ । ਫੇਰ ਬੱਚਾ ਲੱਗਾ ਰੁੱਸਣ, ਰੋ ਕੇ ਰਿਹਾ ਕੁਰਲਾਈਆ । ਮੇਰੀ ਆਂਦਰ ਲੱਗੀ ਟੁੱਟਣ, ਭੁੱਖਾ ਦਏ ਦੁਹਾਈਆ । ਸਿਰ ਦੇ ਵਾਲ ਲੱਗਾ ਪੁੱਟਣ, ਨੈਣਾਂ ਨੀਰ ਵਹਾਈਆ । ਜਿਸ ਵੇਲੇ ਬਲ ਲੱਗਾ ਚੁੱਕਣ, ਪਿਛਾ ਲਿਆ ਬਦਲਾਈਆ । ਫਿਰ ਲੱਗਾ ਪੁੱਛਣ, ਮੈਨੂੰ ਕੁਛ ਦੇ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਲ ਕਿਹਾ ਵਾਹ ਮੇਰੇ ਭਗਵਾਨ, ਤੇਰੀ ਬੇਪਰਵਾਹੀਆ । ਮੈਂ ਰਾਜਾ ਅੱਜ ਕੋਲ ਨਹੀਂ ਕੁਝ ਪੀਣ ਖਾਣ, ਚਰਨ ਤੇਰੀ ਸਰਨਾਈਆ । ਹੁਕਮ ਹੋਇਆ ਬਲ ਅਸਮੇਧ ਯੱਗ ਕਰ ਪ੍ਰਵਾਨ, ਪਰਵਾਨਾ ਇਕ ਦ੍ਰਿੜਾਈਆ । ਮੈਂ ਥੋੜ੍ਹੀ ਦੱਛਨਾ ਤੇ ਥੋੜ੍ਹਾ ਮੰਗਣਾ ਦਾਨ, ਬਾਕੀ ਸਭ ਕੁਝ ਤੇਰੀ ਝੋਲੀ ਪਾਈਆ । ਇਹ ਬੱਚਾ ਇਕ ਅੰਞਾਣ, ਇਹ ਰੋ ਕੇ ਵੀ ਮੈਨੂੰ ਰਿਹਾ ਸੁਣਾਈਆ । ਮੈਂ ਜਲਦੀ ਪਹੁੰਚਿਆ ਆਣ, ਭੱਜਿਆ ਵਾਹੋ ਦਾਹੀਆ । ਓਨੇ ਚਿਰ ਨੂੰ ਹਲਵਾਈ ਆ ਗਿਆ ਰਾਹੀ ਆ ਗਿਆ ਵਿਆਹ ਵਾਲੇ ਘਰ ਦਾ ਪਕਾ ਕੇ ਪਕਵਾਨ, ਆਪਣਾ ਪੰਧ ਮੁਕਾਈਆ । ਉਹਦੇ ਨਾਲ ਸੀ ਹੋਰ ਜਵਾਨ, ਦੂਜਾ ਸਾਥੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਬਲ ਦੇ ਨਾਲ ਸੀ ਇਕ ਧਰਮ ਧਾਰ ਦੀ ਦਾਸੀ, ਸੇਵਕ ਸੇਵਾ ਸਚ ਕਮਾਈਆ । ਓਨ ਬੇਨੰਤੀ ਇਕ ਆਖੀ, ਨਿਉਂ ਕੇ ਸੀਸ ਨਿਵਾਈਆ । ਮੈਂ ਬੱਚੇ ਦੀ ਕਰਾਂ ਰਾਖੀ, ਗੱਲਾਂ ਨਾਲ ਪਰਚਾਈਆ ।



੧੦੨੩
੨੧

ਬਲ ਕਿਹਾ ਇਹ ਕੋਈ ਖੇਲ ਪੁਰਖ ਅਬਿਨਾਸ਼ੀ, ਤੇਰੀ ਚਲੇ ਨਾ ਕੋਇ ਚਤੁਰਾਈਆ । ਏਥੇ ਨਹੀਂ ਕੋਈ ਸੌਣ ਨੂੰ ਖਾਟੀ, ਖਟੀਆ ਨਜ਼ਰ ਕੋਇ ਨਾ ਆਈਆ । ਮੈਂ ਦੂਰ ਦੁਰਾਡਾ ਮਾਰ ਕੇ ਆਇਆ ਵਾਟੀ, ਪੈਂਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਆਪ ਮਿਲਾਈਆ । ਦਾਸੀ ਓਸੇ ਵੇਲੇ ਕਰ ਲਈ ਲਿਖਤ, ਜੋ ਬਚਨ ਬਲ ਜਣਾਈਆ । ਅੰਦਰੇ ਅੰਦਰ ਕੀਤੀ ਮਿੰਨਤ, ਪ੍ਰਭ ਤੇਰੀ ਬੇਪ੍ਰਵਾਹੀਆ । ਜੇ ਆਪਣੀ ਮਹਿੰਮਾ ਦੀ ਦੇਵੇਂ ਹਿੰਮਤ, ਤੇਰੀ ਸੇਵਾ ਲਵਾਂ ਕਮਾਈਆ । ਪੁਰਖ ਅਬਿਨਾਸ਼ੀ ਦਿਤਾ ਪਿਆਰ ਦਾ ਖਿਲਤ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਆਪ ਆਵਾਂ ਦਇਆ ਕਮਾਵਾਂ ਤੇਰਾ ਨਾਮ ਹੋਵੇ ਤ੍ਰਿਪਤ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਕੋਲ ਸੁਣਦਾ ਸੀ ਅੱਠੇ ਪਹਿਰ ਦਾ ਚੋਬਦਾਰ ਜਿਸ ਦਾ ਨਾਮ ਨਸ਼ਿਸ਼ਟ, ਭਾਗਾਂ ਵਿਚ ਕਥਾ ਪੜ੍ਹਾਈਆ । ਅੰਦਰ ਵਿਚਾਰ ਆਈ ਕੀ ਕਰਨਾ ਸਵਰਗ ਬਹਿਸ਼ਤ, ਸੁਖ ਦੀ ਲੋੜ ਰਹੀ ਨਾ ਰਾਈਆ । ਜੇ ਪ੍ਰਭੂ ਆਪਣੀ ਸੇਵਾ ਵਿਚ ਮੈਨੂੰ ਬਖ਼ਸ਼ੇ ਲਿਖਤ, ਮੈਂ ਖ਼ੁਸ਼ੀਆਂ ਨਾਲ ਕਮਾਈਆ । ਮੈਨੂੰ ਇਹੋ ਸ਼ੌਕ ਤੇ ਇਹੋ ਇਸ਼ਕ, ਪ੍ਰੇਮ ਇਹੋ ਦਰਸਾਈਆ । ਬਾਕੀ ਰਹੇ ਨਾ ਕੋਇ ਚਿੰਤ, ਝਗੜਾ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਇਸ਼ਾਰਾ ਕੀਤਾ ਏਸੇ ਧਰਨੀ ਏਸੇ ਧਰਤ, ਧੌਲ ਦਿਤਾ ਵਖਾਈਆ । ਜਿਸ ਵੇਲੇ ਮੁੜ ਕੇ ਆਵਾਂ ਪਰਤ, ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਤੇਰੀ ਪੂਰੀ ਕਰਾਂ ਸ਼ਰਤ, ਮਿਹਰ ਨਜ਼ਰ ਉਠਾਈਆ । ਜਗੀਰ ਸਿੰਘ ਦੀ ਪੂਰੀ ਹੋਈ ਪਿਛਲੀ ਅਰਜ਼, ਲੇਖਾ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਜਿਸ ਵੇਲੇ ਹਲਵਾਈ ਆਏ ਨਜ਼ਦੀਕ, ਬੱਚੇ ਹੋਰ ਦਿਤੀ ਦੁਹਾਈਆ । ਉਚੀ ਮਾਰ ਕੇ ਚੀਕ, ਕੂਕ ਦਿਤੀ ਸੁਣਾਈਆ । ਮੈਨੂੰ ਕੁਛ ਖਾਣ ਨੂੰ ਮਿਲੇ ਤੇ ਫੇਰ ਕਹਿਵਾਂ ਪ੍ਰਭੂ ਦੀ ਚੰਗੀ ਪ੍ਰੀਤ, ਬਿਨਾ ਖਾਣ ਤੋਂ ਕੋਈ ਨਾ ਵਡਿਆਈਆ । ਹਲਵਾਈਆਂ ਵਿਚੋਂ ਇਕ ਬਚਨ ਸਿੰਘ ਸੀ ਠੀਕ, ਜੋ ਅੱਗੇ ਆਇਆ ਚਾਈਂ ਚਾਈਂਆ । ਅਸੀਂ ਤੇ ਮੰਗਣ ਵਾਲੇ ਭੀਖ, ਪ੍ਰਭ ਦੇ ਅੱਗੇ ਝੋਲੀ ਡਾਹੀਆ । ਮੇਰੇ ਸਾਥੀ ਦੇ ਕੋਲ ਖੁਰਪਾ ਜਿਸ ਨੂੰ ਕਹਿੰਦੇ ਖੌਂਚਾ ਚੌੜੀ ਕੀਤੀ ਲੋਹੇ ਦੀ ਸੀਖ, ਹੱਥਾ ਲੱਕੜ ਵਾਲਾ ਲਗਾਈਆ । ਦੋਹਾਂ ਮਿਲ ਕੇ ਗਾਇਆ ਪ੍ਰਭੂ ਤੂੰ ਮੇਰਾ ਮੈਂ ਤੇਰਾ ਗੀਤ, ਅੰਤਰ ਅੰਤਰ ਆਵਾਜ਼ ਜਣਾਈਆ । ਅਸੀਂ ਰੋਜ ਪਕਵਾਨ ਪਕਾਈਏ ਮਿਠਾਈਆਂ ਬਣਾਈਏ ਅੱਜ ਸਾਡੇ ਕੋਲ ਨਹੀਂ ਕੋਈ ਚੀਜ਼, ਬੱਚਾ ਸਕੇ ਨਾ ਕੋਇ ਰਜਾਈਆ । ਆਸਾ ਸਿੰਘ ਜਿਸ ਦਾ ਪਿਛਲਾ ਨਾ ਸੀ ਜਨੀਤ, ਮੋਢੇ ਉਤੇ ਰੱਖ ਕੇ ਮੁਖ ਉਤੇ ਦਿਤਾ ਕਰਾਈਆ । ਓਹ ਖੌਂਚਾ ਜੇ ਸਾਡੇ ਕੋਲ ਨਹੀਂ ਕੁਛ ਤੂੰ ਪ੍ਰਭ ਦੇ ਕੋਲੋਂ ਕੋਈ ਭਿਖਿਆ ਮੰਗ ਲੈ ਭੀਖ, ਸ਼ਾਇਦ ਤੇਰੇ ਉਤੇ ਤਰਸ ਦਏ ਕਮਾਈਆ । ਬਚਨ ਸਿੰਘ ਜਿਹਦਾ ਨਾ ਸੀ ਪਿਛਲਾ ਮਜੀਦ, ਮਿਸ਼ਰਾਣੀ ਮਾਂ ਖ਼ੁਸ਼ੀਆਂ ਨਾਲ ਲੈ ਕੇ ਗਾਈਆ । ਕਰਨ ਲੱਗਾ ਤਾਕੀਦ, ਆ ਮਿਲ ਕੇ ਫੇਰ ਪ੍ਰਭ ਦੇ ਅੱਗੇ ਦਈਏ ਦੁਹਾਈਆ । ਦੋਹਾਂ ਇਕੱਠਿਆਂ ਮਾਰੀ ਚੀਕ, ਕੂਕ ਕੂਕ ਕੇ ਰੌਲਾ ਦਿਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਖੌਂਚੇ ਕਿਹਾ ਪ੍ਰਭੂ ਓ ਦੁਨੀਆ ਦੇ ਭਗਵਾਨ ਤੈਨੂੰ ਮੇਰਾ ਦੁੱਖ, ਮੇਰਾ ਨਾ ਕੋਈ ਰਾਮ ਨਾ ਕੋਈ ਕਾਹਨ, ਮੈਂ ਸੀਸ ਨਾ ਕਿਸੇ ਝੁਕਾਈਆ । ਜਿਸ ਦਾ ਜਿਵੇਂ ਦਿਲ ਚਾਹੁੰਦਾ ਮੈਨੂੰ ਓਵੇਂ ਬਣਾ ਲੈਂਦੇ ਲੋਹੇ ਨੂੰ ਅੱਗ ਵਿਚ ਤਾਅ ਕੇ ਲੈਣ ਕੁੱਟ, ਕੁੱਟ ਕੁੱਟ ਕੇ ਮੇਰੀ ਸ਼ਕਲ ਦੇਣ ਬਦਲਾਈਆ । ਤੇਰਾ ਪਕਵਾਨ ਪੱਕੇ, ਤੇਰਾ ਯੱਗ ਲੱਗੇ ਤੇਰਾ ਅਸਵਮੇਧ ਹੋਵੇ ਮੈਨੂੰ ਨਾਈ ਬ੍ਰਾਹਮਣ ਹਲਵਾਈ


੧੦੨੪
੨੧

ਮੋਢਿਆਂ ਤੇ ਕੰਧੇ ਚੁੱਕ, ਜਜਮਾਨਾਂ ਘਰ ਰਾਜਾਨਾਂ ਘਰ ਦੀਵਾਨਾਂ ਘਰ ਜਾਵਣ ਚਾਈਂ ਚਾਈਆ । ਤੱਤੀ ਧਾਰ ਵਿਚ ਮੈਨੂੰ ਦੇਣ ਸੁੱਟ, ਛੱਤੀ ਪਦਾਰਥ ਮੇਰੇ ਨਾਲ ਬਣਾਈਆ । ਪ੍ਰਭੂ ਮੈਂ ਸੁਗੰਧ ਖਾ ਕੇ ਕਹਾਂ ਮੈਂ ਅਜੇ ਤਕ ਕੁਛ ਪਾਇਆ ਨਹੀਂ ਕਦੇ ਆਪਣੇ ਮੁੱਖ, ਸਭ ਨੂੰ ਰਿੰਨ੍ਹ ਬਣਾ ਕੇ ਰਸਨਾ ਨਾਲ ਖਵਾਈਆ । ਲੋਕੀ ਤੇ ਥੱਲੇ ਨੂੰ ਜਾਂਦੇ ਝੁੱਕ, ਮੈਂ ਉਤੇ ਨੂੰ ਪਿਆ ਉਠ, ਧਿਆਨ ਤੇਰੇ ਵਲ ਲਗਾਈਆ । ਜੇ ਤੂੰ ਪਰਮਾਤਮਾ ਤੇ ਮੈਂ ਨਾ ਬੋਲਣ ਵਾਲੀ ਤੇਰੀ ਆਤਮਾ ਮੇਰੇ ਤੇ ਜਾਹ ਤੁੱਠ, ਮਿਹਰ ਨਜ਼ਰ ਇਕ ਉਠਾਈਆ । ਓਸੇ ਵੇਲੇ ਪੁਰਖ ਅਕਾਲ ਨੇ ਸਤਿ ਵਸਤੂ ਟਿਕਾਈ ਖੌਂਚੇ ਦੀ ਉਤੇ ਮੁੱਠ, ਅਨਗਿਣਤ ਭੰਡਾਰਾ ਦਿਤਾ ਸਮਝਾਈਆ । ਸ਼ਬਦ ਹੋਇਆ ਜਾ ਕੇ ਬਲ ਦੇ ਅੱਗੇ ਸੁੱਟ, ਸਹਿਜ ਨਾਲ ਦੇ ਜਣਾਈਆ । ਜੇ ਅਸਮੇਧ ਯੱਗ ਕਰਨਾ ਆਹ ਲੈ ਚੁਕ, ਅਤੋਟ ਅਤੁਟ ਨਜ਼ਰੀ ਆਈਆ । ਸੱਤਾਂ ਰੰਗਾਂ ਵਿਚ ਬੰਨ੍ਹ ਕੇ ਰੱਖਣਾ ਕਦੇ ਨਾ ਜਾਏ ਨਿਖੁਟ, ਸਹਿਜ ਦਿਤਾ ਸਮਝਾਈਆ । ਖੌਂਚੇ ਆਪਣੇ ਉਤੇ ਪਿਆਂ ਨੂੰ ਲਿਆ ਘੁੱਟ, ਆਪਣਾ ਬਲ ਵਧਾਈਆ । ਬਲ ਦੇ ਕੋਲ ਆ ਕੇ ਲਿਆ ਪੁਛ, ਕੀ ਤੂੰ ਬਲ ਰਾਜਾ, ਛਤਰਧਾਰੀ ਨੌ ਖੰਡ ਪ੍ਰਿਥਮੀ ਦਾ ਮਾਲਕ, ਦੀਨ ਦੁਨੀ ਦਾ ਦਾਤਾ, ਮਹਾਂਰਿਸ਼ੀ ਮਹਾਂਮੁਨੀ ਮਹਾਂਅਵਧੂਤ ਮਹਾਂਪੰਡਤ ਮਹਾਂਜੋਗੀ ਮਹਾਂਜੁਗੀਸ਼ਰ ਮਹਾਂਤਪੀਸ਼ਰ ਮਹਾਂਰਖੀਸ਼ਰ ਕਿ ਮਹਾਂਕਵੀਸ਼ਰ ਕਿ ਧਰਤੀ ਮਾਤਾ ਦਾ ਈਸ਼ਰ, ਜੋ ਸਭ ਨੂੰ ਰੋਜ਼ੀ ਰਿਹਾ ਖਵਾਈਆ । ਬੱਚਾ ਫੇਰ ਲੱਗਾ ਚੀਕਣ, ਬਲ ਸੋਚਣ ਲੱਗਾ ਵਧੀਕਣ, ਹੁਣ ਸ਼ਾਂਤ ਤੈਨੂੰ ਕਰਾਵਾਂ ਕੀਕਣ, ਵਜਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਖੌਂਚੇ ਨੇ ਕਿਹਾ ਜਿਸ ਵੇਲੇ ਮੈਂ ਬਲ ਦੇ ਅੱਗੇ ਰੱਖੀ ਸਮਗਰੀ, ਧੁਰ ਦੀ ਵਸਤ ਟਿਕਾਈਆ । ਮੈਂ ਨਿਰਮਲ ਜੋਤ ਤੱਕੀ ਦੋ ਜਹਾਨ ਅਕੱਗਰੀ, ਅਕਾਂਤ ਨਜ਼ਰੀ ਆਈਆ । ਫੇਰ ਵੇਖਿਆ ਸਤਿਜੁਗ ਤਰੇਤਾ ਦਵਾਪਰ ਹੁੰਦੀ ਬਦਲੀ, ਬਦਲਾ ਸਭ ਦਾ ਰਿਹਾ ਚੁਕਾਈਆ । ਫਿਰ ਤੱਕਿਆ ਪੁਰਖ ਅਕਾਲ ਨਜ਼ਰੀ ਆਇਆ ਅਦਲੀ, ਇਨਸਾਫ਼ ਇਕ ਕਮਾਈਆ । ਫੇਰ ਵੇਖਿਆ ਮੇਰੇ ਚੁੱਕਣ ਵਾਲਿਆਂ ਆਸਾ ਸਦ ਲਈ, ਅੰਤਰ ਅੰਤਰ ਮੇਲ ਮਿਲਾਈਆ । ਕੀ ਤੁਸਾਂ ਸੇਵਾ ਕਰਨੀ ਅੱਜ ਲਈ, ਕਿ ਹੋਰ ਵੀ ਆਸ ਵਧਾਈਆ । ਦੋਹਾਂ ਕਿਹਾ ਪ੍ਰਭੂ ਜਿਸ ਵੇਲੇ ਤੂੰ ਮਾਤ ਆਵੇਂ ਸਾਨੂੰ ਜ਼ਰੂਰ ਸੱਦ ਲਈਂ, ਆਪਣਾ ਮੇਲ ਮਿਲਾਈਆ । ਇਨ੍ਹਾਂ ਕਾਨਿਆਂ ਕਾਹੀਆਂ ਵਿਚੋਂ ਕੱਢ ਲਈਂ, ਇਹੋ ਤੇਰੀ ਵਡਿਆਈਆ । ਵੇਖੀ ਕਿਤੇ ਸੰਸਾਰ ਦੀ ਮਾਇਆ ਵਿਚ ਨਾ ਛੱਡ ਲਈਂ, ਅਭੁੱਲ ਨਾ ਕਦੇ ਭੁਲਾਈਆ । ਤੂੰ ਆਦਿ ਅੰਤ ਰਹਵੀਂ ਸਦਾ ਜਗ ਲਈ, ਜਾਗਰਤ ਜੋਤ ਕਰ ਰੁਸ਼ਨਾਈਆ । ਅਸੀਂ ਮੰਗ ਇਕੋ ਮੰਗ ਲਈ, ਮਾਂਗਤ ਹੋ ਕੇ ਝੋਲੀ ਡਾਹੀਆ । ਕਿਰਪਾ ਕਰ ਕੇ ਆਪਣੇ ਨਾਮ ਰੰਗ ਲਈਂ, ਰੰਗਤ ਇਕ ਰੰਗਾਈਆ । ਜੇ ਅਸੀਂ ਭੁੱਲ ਜਾਈਏ ਤੂੰ ਸੁੱਤਿਆਂ ਨੂੰ ਸਾਨੂੰ ਸੱਦ ਲਈਂ, ਸੱਦਾ ਆਪਣਾ ਨਾਮ ਸੁਣਾਈਆ । ਖੌਂਚੇ ਵਾਲੇ ਕਿਹਾ, ਮਿਤ੍ਰਾ ਤੂੰ ਤੇ ਖ਼ਾਲੀ ਹੱਥ ਤੂੰ ਭਾਵੇਂ ਭੱਜ ਜਾਈਂ, ਮੈਨੂੰ ਭੱਜਣ ਦੀ ਲੋੜ ਰਹੇ ਨਾ ਰਾਈਆ । ਦੋਹਾਂ ਦੀ ਜਿਦ ਵਧ ਗਈ, ਇਕ ਦੂਜੇ ਨੂੰ ਬੋਲਣ ਚਾਈਂ ਚਾਈਂਆ । ਜੇ ਮੈਂ ਭੱਜਾਂ ਤੇ ਤੂੰ ਵੀ ਏਸੇ ਖੌਂਚੇ ਨੂੰ ਛੱਡ ਜਾਈਂ, ਤੇਰਾ ਮਾਣ ਰਹੇ ਨਾ ਰਾਈਆ । ਜੇ ਵਿਹਾਰ ਭੁਗਤੇ ਫੇਰ ਓਸ ਪ੍ਰਭੂ ਨੂੰ ਮੰਨ ਲਈਂ, ਜਿਹੜਾ ਵਾਅਦੇ ਪੂਰ ਕਰਾਈਆ । ਖੌਂਚੇ ਵਾਲੇ ਕਿਹਾ ਤੂੰ ਵੀ ਭਾਵੇਂ ਘਰ ਨੂੰ ਜਾਵੀਂ ਕੰਮ ਲਈ, ਜਗਤ ਮੋਹ ਵਧਾਈਆ । ਜੇ ਤੇਰੀ ਮਨਸਾ ਓਸ ਨੇ ਬੰਨ੍ਹ ਲਈ, ਫੇਰ ਮੰਨੀ ਬੇਪ੍ਰਵਾਹੀਆ । ਜੇ ਦੋਹਾਂ ਦੀ ਜੋੜੀ ਬਣਾ ਕੇ ਆਪਣੇ ਦਵਾਰੇ ਸੱਦ ਲਈ, ਹੁਕਮੇ ਹੁਕਮ ਸੁਣਾਈਆ ।

ਫਿਰ ਵਿਛੜੀਏ ਨਾ ਕਦੇ ਜਗ ਲਈ, ਜਗਤ ਤ੍ਰਿਸ਼ਨਾ ਨਾ ਕੋਇ ਵਧਾਈਆ । ਜੇ ਜੀਉਂਣਾ ਏਸੇ ਸਵਾਸਾਂ ਦੇ ਦਮ ਲਈ, ਜਿਹੜੇ ਸਵਾਸ ਤੋੜ ਨਾ ਕੋਇ ਨਿਭਾਈਆ । ਜੇ ਜੀਉਂਣਾ ਧੀ ਪੁਤ੍ਰ ਮਾਤ ਪਿਤ ਭਾਈ ਭੈਣ ਸਾਕ ਸੱਜਣ ਦੇ ਚੰਮ ਲਈ, ਚੰਮ ਦ੍ਰਿਸ਼ਟੀ ਹੋਰ ਵਧਾਈਆ । ਜੇ ਜੀਉਂਣਾ ਘਰ ਦਿਆਂ ਰੋਗ ਸੋਗ ਚਿੰਤਾ ਦੁੱਖ ਗ਼ਮ ਲਈ, ਗ਼ਮਖ਼ਾਰ ਨਾ ਮਿਲੇ ਧੁਰ ਦਾ ਮਾਹੀਆ । ਅੱਜ ਤੋਂ ਪੱਕੀ ਗੰਢ ਕੰਨੀ ਬੰਨ੍ਹ ਲਈਂ, ਅੱਗੇ ਸਕੇ ਨਾ ਕੋਇ ਖੁਲ੍ਹਾਈਆ । ਜੇ ਜੀਉਂਣਾ ਤੇ ਓਸ ਸ੍ਰੀ ਭਗਵਨ ਲਈ, ਜੋ ਭਾਗ ਹਿੱਸਾ ਪਿਛਲਾ ਝੋਲੀ ਪਾਈਆ । ਬਚਨ ਸਿੰਘਾਂ ਕੋਈ ਸੱਦਿਆ ਨਹੀਂ ਤੈਨੂੰ ਡੰਨ ਲਈ, ਪੈਂਡਾ ਦੂਰ ਦੁਰਾਡਾ ਪਵਾਈਆ । ਆਸਾ ਸਿੰਘਾਂ ਜੋੜ ਜੋੜਿਆ ਕਿਸੇ ਗੱਲ ਲਈ, ਅੱਗੇ ਖੇਲ ਕੀ ਵਰਤਾਈਆ । ਵਿਹਾਰ ਹੋਣਾ ਰਾਵੀ ਦੇ ਜਲ ਲਈ, ਬੂੰਦ ਬੂੰਦ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੇਰਾ ਜਲ ਹੋਣਾ ਪਵਿਤ੍ਰ, ਮਿਲੇ ਮਾਣ ਵਡਿਆਈਆ । ਅੰਮ੍ਰਿਤ ਧਾਰ ਆਵੇ ਨਿੱਤਰ, ਦੁਰਮਤ ਮੈਲ ਧਵਾਈਆ । ਮੇਰਾ ਅਗਲਾ ਮਿਟੇ ਫ਼ਿਕਰ, ਚਿੰਤਾ ਰਹੇ ਨਾ ਰਾਈਆ । ਜਨ ਭਗਤਾਂ ਜੋੜ ਜੁੜਾ ਕੇ ਚੋਟੀ ਚੜ੍ਹ ਕੇ ਸਿਖ਼ਰ, ਵੇਖਣਾ ਇਕੋ ਮਾਹੀਆ । ਜਿਹੜਾ ਗਲ ਲਗਾਵੇ ਭਰਿਆਂ ਚਿੱਕੜ, ਪਾਪਾਂ ਕਰੇ ਸਫ਼ਾਈਆ । ਕਦੇ ਨਾ ਹੋਵੇ ਭਿੱਟੜ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਸੋ ਸਵਾਮੀ ਬਣੇ ਮਿਤ੍ਰ, ਪਿਆਰਾ ਇਕ ਅਖਵਾਈਆ । ਸਭ ਦੀ ਪੂਰੀ ਕਰੇ ਇੱਛਤ, ਨਿਰਇੱਛਤ ਹੋ ਕੇ ਵੇਖ ਵਖਾਈਆ । ਜਿਹੜੀ ਚਾਰ ਜੁਗ ਦੀ ਪੂਰਬ ਲਿਖਤ, ਲਹਿਣਾ ਸਭ ਦਾ ਦਏ ਭੁਗਤਾਈਆ । ਪ੍ਰਭ ਦੀ ਨਿੰਦਿਆ ਕਿਆ ਕੋਈ ਕਰੇ ਨਿੰਦਕ, ਨਿੰਦਣ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਰਾਵੀ ਕਹੇ ਜਿਸ ਦਿਨ ਆਵੇ ਫੱਗਣ ਚਵੀ, ਸਚ ਦਿਆਂ ਸੁਣਾਈਆ । ਪ੍ਰਭ ਨੇ ਲਿਖਤ ਲਿਖੌਣੀ ਨਵੀਂ, ਨਵੀਂ ਧਾਰ ਜਣਾਈਆ । ਬਚਨ ਸਿੰਘਾਂ ਓਦਣ ਫੇਰ ਨਾ ਛੰਨਾ ਵਿਚ ਸਵੀਂ, ਆਸਾ ਸਿੰਘ ਨਾਲ ਬੁਲਾਈਆ । ਜਿਸ ਵੇਲੇ ਲੰਗਰ ਲਈ ਤਪਣ ਲੱਗੇ ਤਵੀ, ਤੁਸਾਂ ਦਾਲ ਸਬਜ਼ੀ ਵਿਚ ਖੌਂਚਾ ਦੇਣਾ ਟਿਕਾਈਆ । ਲੇਖਾ ਲਿਖਣ ਡਹਿ ਪਏ ਰਵੀ, ਵਕਤ ਸਾਢੇ ਪੰਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

ਕਮਾਦ ਦਾ ਰਸ ਸਾਰੇ ਆਈਏ ਚੂਪ, ਰਸਨਾ ਨਾਲ ਰਸ ਫੇਰ ਕੁਛ ਨਜ਼ਰ ਨਾ ਆਈਆ । ਓਸ ਵੇਲੇ ਸਵਾਦ ਨਾਲ ਮਿੱਠਾ ਕਰ ਕੇ ਸਾਰੇ ਰਹੇ ਸੀ ਸੂਟ, ਰਸ ਅੰਦਰੇ ਅੰਦਰ ਲੰਘਾਈਆ । ਖ਼ੁਸ਼ੀ ਨਾਲ ਪੈਰੋਂ ਕਿਸੇ ਗੁਰਗਾਬੀ ਲਾਹੀ ਜੁੱਤੀ ਲਾਹੀ ਕਿਸੇ ਲਾਹੇ ਬੂਟ, ਚੱਪਲਾਂ ਲਾਹ ਕੇ ਮੂੰਹ ਹਿਲਾਵਣ ਚਾਈਂ ਚਾਈਂਆ । ਮਸਤੀ ਵਿਚ ਖ਼ੁਸ਼ੀ ਵਿਚ ਹੁਲਾਰੇ ਰਹੇ ਝੂਟ, ਜ਼ਬਾਨ ਸੋਹਣੀ ਸੇਵ ਕਮਾਈਆ । ਓਸ ਖ਼ੁਸ਼ੀ ਵਿਚ ਰਸਨਾ ਸਵਾਦ ਵਿਚ ਸਾਰਿਆਂ ਦੇ ਪਿਛਲੇ ਫ਼ਿਕਰ ਗਏ ਸੀ ਛੁਟ, ਆਲਸ ਨਿੰਦਰਾ ਨੇੜ ਕਿਸੇ ਨਾ ਆਈਆ । ਕਾਇਆ ਦੇ ਅੰਦਰ ਬੜੀ ਵੱਡੀ ਟੂਪ, ਜਿਸ ਨੂੰ ਭਰ ਕੇ ਤ੍ਰਿਪਤ ਨਾ ਕੋਇ ਕਰਾਈਆ । ਬਾਹਰੋਂ ਸਵਾਦ ਲੈਂਦੇ ਤੇ ਅੰਦਰੋਂ ਬਾਹਰ ਸਵਾਸਾਂ ਦੀ ਮਾਰਦੇ ਫੂਕ, ਸਾਹ ਜ਼ੋਰ ਜ਼ੋਰ ਬਾਹਰ ਕਢਾਈਆ ।

ਜੇ ਇਨ੍ਹਾਂ ਰਸਾਂ ਨਾਲ ਮਾਨਸ ਜਨਮ ਦਾ ਕੰਮ ਆ ਜਾਵੇ ਸੂਤ, ਫੇਰ ਸਤਿਗੁਰ ਦੀ ਲੋੜ ਰਹੇ ਨਾ ਰਾਈਆ । ਤੁਹਾਨੂੰ ਪਤਾ ਨਹੀਂ ਚੂਪੋ ਗੰਨੇ ਨਾਲ ਪਹਿਰਾ ਹੋਵੇ ਬੰਦੂਕ, ਹੱਸਦੇ ਗਏ ਤੇ ਹੱਸਦੇ ਆਏ ਕਰ ਕੇ ਕੂਚ, ਰਮਜ਼ ਵਾਲੀ ਰਮਜ਼ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖੋ ਜਿਤਨੇ ਸਵਾਦ ਉਤਨਾ ਡਰ, ਭੈ ਰਾਏ ਧਰਮ ਰਿਹਾ ਵਖਾਈਆ । ਜੇ ਮਿੱਠਾ ਰਸ ਖਾ ਕੇ, ਸੁੱਖ ਪਾ ਕੇ, ਧਨ ਲਗਾ ਕੇ, ਸਚਖੰਡ ਹੋ ਜਾਣ ਜੀਵ ਆਬਾਦ, ਫਿਰ ਪ੍ਰਭ ਦੇ ਯਾਦ ਕਰਨ ਦੀ ਲੋੜ ਰਹੇ ਨਾ ਰਾਈਆ । ਏਸੇ ਰਸ ਤੋਂ ਡਰ ਕੇ ਜੰਗਲਾਂ ਵਿਚ ਚਲੇ ਜਾਂਦੇ ਸੰਤ ਸਾਧ, ਘਰ ਬਾਹਰ ਕਰ ਬਰਬਾਦ, ਭੁੱਖ ਪਿਆਸ ਵਿਚ ਆਪਣਾ ਝਟ ਲੰਘਾਈਆ । ਜਿਸ ਵੇਲੇ ਉਨ੍ਹਾਂ ਨੂੰ ਵੀ ਇਨ੍ਹਾਂ ਰਸਾਂ ਦੀ ਔਂਦੀ ਯਾਦ, ਫਿਰ ਓਹ ਨਾ ਜਗਿਆਸੂ ਰਹਿੰਦੇ ਤੇ ਨਾ ਸਾਧ, ਜੀਵਣ ਕੰਮ ਕਿਸੇ ਨਾ ਆਈਆ । ਗੰਨਾ ਕਹੇ ਭਗਤੋ ਜਾਇਓ ਜਾਗ, ਮੈਂ ਸਭ ਨੂੰ ਰਿਹਾ ਜਗਾਈਆ । ਮੇਰਾ ਹਿੱਸਾ ਤੇ ਤੁਹਾਡਾ ਭਾਗ, ਲਹਿਣਾ ਦੋਹਾਂ ਦਾ, ਲੇਖਾ ਦੋਹਾਂ ਦਾ, ਥਾਉਂ ਥਾਈਆ । ਤੁਹਾਡਾ ਸਵਾਦ ਤੇ ਮੇਰਾ ਖਾਜ, ਤੁਸੀਂ ਮੈਨੂੰ ਖਾ ਕੇ ਆਪਣੀ ਖ਼ੁਸ਼ੀ ਮਨਾਈਆ । ਜੇ ਤੁਹਾਨੂੰ ਕੋਈ ਖਾਵੇ ਤੇ ਫੇਰ ਉਸਦਾ ਕੀ ਦਿਓਗੇ ਜਵਾਬ, ਮੈਨੂੰ ਦਿਓ ਦ੍ਰਿੜਾਈਆ । ਵੇਖੋ ਮੈਨੂੰ ਮਿੱਟੀ ਵਿਚ ਦੱਬਦੇ, ਉਤੇ ਭਾਰ ਨਾਲ ਮਾਰਨ ਸੁਹਾਗ, ਜੇ ਕੋਈ ਸਿਰਾ ਬਾਹਰ ਰਹਿ ਜਾਏ ਫੇਰ ਦੇਣ ਦਬਾਈਆ । ਗੁਰਮੁਖੋ ਜਿੰਨਾਂ ਚਿਰ ਮਿੱਟੀ ਵਿਚ ਮਿੱਟੀ ਨਾ ਹੋਵਾਂ ਉਨਾਂ ਚਿਰ ਕਦੇ ਨਾ ਮਿਲੇ ਪ੍ਰਭੂ ਮਹਾਰਾਜ, ਜੋ ਆਦਿ ਜੁਗਾਦਿ ਜੁਗ ਚੌਕੜੀ ਦਾ ਪਿਤਾ ਮਾਈਆ । ਤੁਸੀਂ ਸਾਰੇ ਬਣ ਜਾਓ ਇਕ ਸਮਾਜ, ਜਿਸ ਤਰ੍ਹਾਂ ਸਾਡਾ ਸਾਰਿਆਂ ਦਾ ਇਕ ਧਰਤੀ ਦੇ ਉਤੇ ਰਹਿਣ ਵਾਲਿਆਂ ਦਾ ਰਸ ਮਿੱਠਾ ਨਜ਼ਰੀ ਆਈਆ । ਪ੍ਰੇਮ ਪਿਆਰ ਦੀ ਸਿਖ ਲਓ ਜਾਚ, ਧੁਰ ਦਾ ਹੁਕਮ ਲਓ ਵਾਚ, ਮਨੂਆ ਕਰੇ ਨਾ ਕੋਈ ਨਾਚ, ਜਗਤ ਵਾਸਨਾ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਿਖਿਆ ਇਕ ਸਿਖਾਈਆ ।

### ❊ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਫ਼ਤਿਹ ਨੰਗਲ ਜ਼ਿਲਾ ਗੁਰਦਾਸਪੁਰ ❊

ਰਾਵੀ ਕਹੇ ਮੇਰਾ ਸੋਹਿਆ ਤਟ ਕਿਨਾਰਾ, ਦਰ ਦਵਾਰ ਵੱਜੀ ਵਧਾਈਆ । ਮਿਲਿਆ ਮੇਲ ਏਕੰਕਾਰਾ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਜੁਗ ਚੌਕੜੀ ਪੂਰਬ ਲਾਹਿਆ ਉਧਾਰਾ, ਜੋ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਮੈਨੂੰ ਚਰਨ ਧੂੜੀ ਮਸਤਕ ਦੇ ਕੇ ਛਾਰਾ, ਦੁਰਮਤ ਮੈਲ ਧਵਾਈਆ । ਸਤਿ ਧਰਮ ਦਾ ਭਰ ਭੰਡਾਰਾ, ਕੂੜੀ ਕਿਰਿਆ ਦਿਤੀ ਗਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਜੈਕਾਰਾ, ਆਤਮ ਪਰਮਾਤਮ ਦਿਤਾ ਦਰਸਾਈਆ । ਨਿਜ ਨੇਤਰ ਨੈਣ ਉਘਾੜਾ, ਦੀਨ ਦੁਨੀ ਵੇਖਾਂ ਚਾਈਂ ਚਾਈਆ । ਜਾਂ ਤੱਕਿਆ ਚਾਰ ਕੁੰਟ ਕਲਜੁਗ ਦਿਸੇ ਕੂੜ ਕੁੜਿਆਰਾ, ਸਤਿ ਧਰਮ ਨਾ ਕੋਇ ਵਖਾਈਆ । ਝਗੜਾ ਪਿਆ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰਦਵਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਤਟ ਰਹੇ ਕੁਰਲਾਈਆ । ਚਾਰ ਵਰਨ ਅਠਾਰਾਂ ਬਰਨ ਮਿਲੇ ਨਾ ਕੋਇ ਸਹਾਰਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਰੋਵਣ ਮਾਰਨ ਧਾਈਆ । ਸ਼ਾਸਤਰ



੧੦੨੭ ੨੧

ਸਿਮਰਤ ਵੇਦ ਪੁਰਾਨ ਖਾਣੀ ਬਾਣੀ ਪਾਏ ਕੋਈ ਨਾ ਸਾਰਾ, ਬੋਧ ਅਗਾਧ ਸ਼ਬਦ ਅਨਾਦ ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਮੁੱਲਾ ਸ਼ੇਖ਼ ਮੁਸਾਇਕ ਪੰਡਤ ਕਰਦੇ ਹਾਹਾਕਾਰਾ, ਅੰਤਰ ਆਤਮ ਨਿਰੰਤਰ ਪਰਦਾ ਨਾ ਕੋਇ ਚੁਕਾਈਆ । ਜਿਧਰ ਤੱਕਾਂ ਓਧਰ ਹਾਹਾਕਾਰਾ, ਧਰਮ ਦਵਾਰ ਨਾ ਕੋਇ ਸਹਾਈਆ । ਗੁਰ ਅਰਜਨ ਦੇ ਕੇ ਗਿਆ ਇਸ਼ਾਰਾ, ਸ਼ਬਦ ਅਗੰਮੀ ਰਾਗ ਸੁਣਾਈਆ । ਜਿਸ ਵੇਲੇ ਕਲ ਕਲਕੀ ਆਵੇ ਅਵਤਾਰਾ, ਨਿਹਕਲੰਕਾ ਵੇਸ ਵਟਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਦੋ ਜਹਾਨਾਂ ਖੋਜ ਖੁਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਵੇ ਸਾਰਾ, ਕਾਇਆ ਕਾਅਬਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਾਹ ਸਾਚੀ ਵੱਜੇ ਸਚ ਵਧਾਈਆ । ਰਾਵੀ ਕਹੇ ਮੇਰੀ ਆਸਾ ਮਨਸਾ ਪੂਰੀ, ਪੂਰਨ ਬ੍ਰਹਮ ਦ੍ਰਿੜਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮਿਲਿਆ ਹਾਜ਼ਰ ਹਜ਼ੂਰੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਮਸਤਕ ਲਾ ਕੇ ਧੂੜੀ, ਦੁਰਮਤ ਮੈਲ ਲਈ ਧਵਾਈਆ । ਮੇਰੀ ਚੋਲੀ ਰੰਗ ਚੜ੍ਹਿਆ ਗੂੜ੍ਹੀ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜਿਧਰ ਤੱਕਾਂ ਹਾਜ਼ਰ ਹਜ਼ੂਰੀ, ਚਾਰ ਕੁੰਟ ਦਹਿ ਦਿਸ਼ਾ ਸੋਭਾ ਪਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਗੜ੍ਹ ਤੋੜਿਆ ਗ਼ਰੂਰੀ, ਹਉਮੇ ਹੰਗਤਾ ਦਏ ਮਿਟਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹੀ, ਮਾਇਆ ਮਮਤਾ ਮੋਹ ਵਿਕਾਰ ਗਵਾਈਆ । ਪੰਧ ਮੁਕਾਏ ਨੇੜਾ ਦੂਰੀ, ਕਾਇਆ ਮੰਦਰ ਅੰਦਰ ਮੇਲਾ ਲਏ ਮਿਲਾਈਆ । ਸਰਬ ਕਲਾ ਭਰਪੂਰੀ, ਆਦਿ ਅੰਤਾ ਇਕ ਅਖਵਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਆਸਾ ਰੱਖ ਕੇ ਗਏ ਜ਼ਰੂਰੀ, ਸਦੀ ਚੌਧਵੀਂ ਧਿਆਨ ਲਗਾਈਆ । ਸੋ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ ਪਾਤਾਲਾਂ ਪੰਧ ਕਰੇ ਅਬੂਰੀ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਆਪਣੀ ਕਲ ਵਰਤਾਈਆ । ਰਾਵੀ ਕਹੇ ਮੇਰੇ ਅੰਤਰ ਆਇਆ ਸੁਖ, ਸੁਖਸਾਗਰ ਵਿਚ ਸਮਾਈਆ । ਮੇਰੀ ਕਲਪਣਾ ਮੇਟੀ ਦੁੱਖ, ਦਰਦਾਂ ਡੇਰਾ ਢਾਹੀਆ । ਤਟ ਕਿਨਾਰੇ ਉਤੇ ਪੁੱਜ, ਪੂਜਨੀਕ ਦਿਤੀ ਵਡਿਆਈਆ । ਮੇਰਾ ਭਾਗ ਕੀਤਾ ਸੁਧ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮੈਂ ਚਾਰ ਜੁਗ ਦੀ ਥੱਕੀ ਮਾਂਦੀ ਪਈ ਉਠ, ਨਿਰਗੁਣ ਧਾਰ ਲਈ ਅੰਗੜਾਈਆ । ਬੇਨੰਤੀ ਕੀਤੀ ਪੁਰਖ ਅਕਾਲ ਦੀਨ ਦਿਆਲ ਮੈਨੂੰ ਆਪਣਾ ਵਖਾ ਗੋਬਿੰਦ ਦੁਲਾਰਾ ਸੁਤ, ਜੋ ਬੱਚੇ ਨੀਂਹਾਂ ਹੇਠਾਂ ਗਿਆ ਦਬਾਈਆ । ਮੈਂ ਪੁਕਾਰੀ ਉਚ, ਕੂਕ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਰਾਵੀ ਕਹੇ ਮੈਂ ਦਰਸ ਅਗੰਮਾ ਕੀਤਾ, ਨੂਰੀ ਜਲਵਾ ਨੂਰ ਰੁਸ਼ਨਾਈਆ । ਮੇਰਾ ਤਨ ਮਨ ਠਾਂਡਾ ਸੀਤਾ, ਤ੍ਰੈਗੁਣ ਅਗਨੀ ਤਤ ਗਿਆ ਬੁਝਾਈਆ । ਮੇਰੀ ਪਵਿਤ੍ਰ ਹੋ ਗਈ ਨੀਤਾ, ਦੁਰਮਤ ਮੈਲ ਰਹੀ ਨਾ ਰਾਈਆ । ਮੈਨੂੰ ਇਸ਼ਟ ਭੁੱਲ ਗਿਆ ਰਾਮ ਸੀਤਾ, ਰਾਧਾ ਕ੍ਰਿਸ਼ਨ ਨਾ ਕੋਇ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਮਿਲਿਆ ਇਕੋ ਮੀਤਾ, ਮਿਤ੍ਰ ਪਿਆਰਾ ਸੋਭਾ ਪਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਸਾਨੂੰ ਭੁੱਲ ਗਏ ਸ਼ਾਸਤਰ ਸਿਮਰਤ ਵੇਦ ਪੁਰਾਨ ਅਠਾਰਾਂ ਧਿਆਏ ਗੀਤਾ, ਗਹਿਰ ਗੰਭੀਰ ਬੇਨਜ਼ੀਰ ਸਾਡਾ ਪੜਦਾ ਦਿਤਾ ਉਠਾਈਆ । ਆਸ ਰਹੀ ਨਾ ਕਿਸੇ ਕਲਮੇ ਕਿਸੇ ਨਾਮ ਹਦੀਸਾ, ਹਜ਼ਰਤਾਂ ਤੋਂ ਪਰੇ ਕੀਤੀ ਪੜ੍ਹਾਈਆ । ਕਰਿਆ ਖੇਲ ਆਪ ਜਗਦੀਸ਼ਾ, ਜਗਦੀਸ਼ਰ ਹੋ ਕੇ ਵੇਖ ਵਖਾਈਆ । ਜਿਸ

੧੦੨੮ ੨੧

ਦਾ ਰਾਹ ਤੱਕਣ ਹਜ਼ਰਤ ਮੁਹੰਮਦ ਈਸਾ, ਮੂਸਾ ਮੁਸਲਸਲ ਆਪਣੀ ਅੱਖ ਉਠਾਈਆ । ਨਾਨਕ ਗੋਬਿੰਦ ਰੱਖ ਕੇ ਹੱਕ ਅਕੀਦਾ, ਧੁਰਦਰਗਾਹੀ ਰਾਹ ਤਕਾਈਆ । ਜਿਸ ਦਾ ਰਾਜ਼ ਸਦਾ ਪੋਸ਼ੀਦਾ, ਅੱਖਰਾਂ ਵਿਚ ਸਕੇ ਨਾ ਕੋਇ ਸਮਝਾਈਆ । ਰਾਵੀ ਕਹੇ ਮੈਂ ਦਰਸ਼ਨ ਕੀਤਾ ਦਾਨਿਸਤਾ ਦੀਦਾ, ਸਨਮੁਖ ਹੋਏ ਸੋਭਾ ਪਾਈਆ । ਅਗਲਾ ਭੇਵ ਸਦੀ ਚੌਧਵੀਂ ਅੰਤ ਅਖ਼ੀਰ ਜਗਤ ਜਹਾਨ ਦਿਸੇ ਪੋਸ਼ੀਦਾ, ਪਾਰਬ੍ਰਹਮ ਭੇਵ ਕੋਇ ਨਾ ਪਾਈਆ । ਲਿਖਤਾਂ ਵਿਚ ਭਵਿਖਤਾਂ ਵਿਚ ਇਸ਼ਟਾਂ ਵਿਚ ਦ੍ਰਿਸ਼ਟਾਂ ਵਿਚ ਗੁਰ ਅਵਤਾਰ ਪੈਗੰਬਰ ਪੇਸ਼ੀਨਗੋਈਆਂ ਦੱਸ ਕੇ ਰੱਖ ਕੇ ਗਏ ਉਮੀਦਾ, ਆਸਾ ਮਨਸਾ ਆਸਾਵੰਦ ਹੋ ਕੇ ਮਾਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪਣੀ ਕਾਰ ਕਮਾਈਆ । ਰਾਵੀ ਕਹੇ ਮੇਰੇ ਅੰਤਰ ਚਾਓ ਘਨੇਰਾ, ਬਿਨ ਤਤ ਵਜੂਦ ਵੱਜੀ ਵਧਾਈਆ । ਘਰ ਸਵਾਮੀ ਠਾਕਰ ਮਿਲਿਆ ਮੇਰਾ, ਮੈਂ ਮਮਤਾ ਰਹੀ ਨਾ ਰਾਈਆ । ਜਿਸ ਨੇ ਕਰਨਾ ਹੱਕ ਨਬੇੜਾ, ਦੋ ਜਹਾਨਾਂ ਹੱਕ ਖ਼ੁਦਾਈਆ । ਲੱਖ ਚੁਰਾਸੀ ਤਾਰਨਹਾਰਾ ਬੇੜਾ, ਨਈਆ ਨੌਕਾ ਆਪਣਾ ਨਾਮ ਚਲਾਈਆ । ਸਾਢੇ ਤਿੰਨ ਹੱਥ ਵਸਾਉਣ ਵਾਲਾ ਖੇੜਾ, ਅਪ ਵਾਏ ਤੇਜ ਪ੍ਰਿਥਮੀ ਆਕਾਸ਼ ਸੋਭਾ ਪਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜਿਸ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਨਿਰਗੁਣ ਧਾਰ ਮਾਰਿਆ ਫੇਰਾ, ਨਿਰਵੈਰ ਆਪਣੀ ਕਲ ਪ੍ਰਗਟਾਈਆ । ਧਰਨੀ ਧਰਤ ਧਵਲ ਧੌਲ ਧਰਮ ਧਾਰ ਦਾ ਵੇਖੇ ਵਿਹੜਾ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਪਾਰਬ੍ਰਹਮ ਭੇਵ ਅਭੇਦਾ ਆਪਣਾ ਭੇਦ ਚੁਕਾਈਆ । ਰਾਵੀ ਕਹੇ ਮੇਰਾ ਸੁਹੰਜਣਾ ਹੋਇਆ ਘਾਟ, ਵੱਜੀ ਹੱਕ ਵਧਾਈਆ । ਮੇਰਾ ਬਜਰ ਗਿਆ ਪਾਟ, ਨਿਜ ਨੈਣ ਹੋਈ ਰੁਸ਼ਨਾਈਆ । ਨਿਝਰ ਝਿਰਨਾ ਅੰਮ੍ਰਿਤ ਲਿਆ ਚਾਟ, ਰਸ ਇਕੋ ਸੋਭਾ ਪਾਈਆ । ਦਰਸ਼ਨ ਕਰ ਪੁਰਖ ਅਬਿਨਾਸ਼, ਆਪਣੀ ਤ੍ਰਿਸ਼ਨ ਬੁਝਾਈਆ । ਮੇਰਾ ਲੇਖੇ ਲੱਗਾ ਸਵਾਸ, ਜੋ ਸਾਹ ਸਾਹ ਧਿਆਈਆ । ਮੰਡਲ ਮੰਡਪ ਵੇਖੀ ਰਾਸ, ਹਰਿ ਕਰਤਾ ਖੇਲ ਰਚਾਈਆ । ਉਤਮ ਤੱਕੀ ਜ਼ਾਤ, ਜਿਸ ਦੀ ਦੀਨ ਮਜ਼੍ਹਬ ਵੰਡ ਨਾ ਕੋਇ ਵਖਾਈਆ । ਆਤਮ ਸੁਣਾਈ ਗਾਥ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਜਾਂ ਤੱਕਾਂ ਚਾਰ ਕੁੰਟ ਦਹਿ ਦਿਸ਼ਾ ਮੇਰੇ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੈਗੰਬਰ ਦੀਨ ਦੁਨੀ ਦੇਵਣਹਾਰਾ ਸਾਥ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗਣ ਗੰਧਰਵ ਆਪਣੇ ਨਾਲ ਚਲਾਈਆ । ਸੋ ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਇਕੱਲਾ ਗਿਆ ਆਖ, ਆਖ਼ਰ ਆਪਣਾ ਹੁਕਮ ਚਲਾਈਆ । ਸਦੀ ਚੌਧਵੀਂ ਦੀਨ ਦੁਨੀ ਦੇ ਬਦਲ ਜਾਣੇ ਹਾਲਾਤ, ਧੀਰਜ ਧੀਰ ਨਾ ਕੋਇ ਧਰਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਹੋਣਾ ਨਿਫ਼ਾਕ, ਸਗਲਾ ਸੰਗ ਨਾ ਕੋਇ ਰਖਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਗੁਰ ਅਵਤਾਰ ਪੈਗ਼ੰਬਰਾਂ ਦੇਣਾ ਜਵਾਬ, ਅੱਗੇ ਜੋੜ ਨਾ ਕੋਇ ਜੁੜਾਈਆ । ਝਗੜਾ ਮੁਕਣਾ ਪੰਜ ਤਤ ਮਾਟੀ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ, ਨਰ ਨਰਾਇਣ ਇਕ ਸੁਣਾਈਆ । ਰਾਵੀ ਕਹੇ ਮੈਂ ਦਰਸ ਕੀਤਾ ਅਨੋਖਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਧੂੰਆਂਧਾਰ ਨਾ ਕੋਇ ਵਖਾਈਆ । ਮਿਹਰਵਾਨ ਆਪਣੇ ਮਿਲਣ ਦਾ


੧੦੨੯
੨੧

ਦੇ ਕੇ ਮੌਕਾ, ਮੁਕੰਮਲ ਆਪਣਾ ਰੰਗ ਰੰਗਾਈਆ । ਸਾਚਾ ਮਾਰਗ ਦੱਸ ਕੇ ਸੌਖਾ, ਰਸਤਾ ਇਕੋ ਦਿਤਾ ਦ੍ਰਿੜਾਈਆ । ਜਿਥੇ ਬ੍ਰਾਹਮਣ ਬਣੇ ਨਾ ਕੋਇ ਪ੍ਰੋਹਤਾ, ਮਸਤਕ ਸੀਸ ਨਾ ਕੋਇ ਟਿਕਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੱਟਾਂ ਉਤੇ ਮਾਰਨਾ ਪਏ ਨਾ ਗੋਤਾ, ਮਾਲਾ ਮਣਕਾ ਨਾ ਕੋਇ ਫਿਰਾਈਆ । ਇਕੋ ਰੰਗ ਰੰਗਾਇਆ ਤੂੰ ਮੇਰਾ ਮੈਂ ਤੇਰਾ ਦੁਰਮਤ ਮੈਲ ਪਾਪ ਕਲੇਵਰ ਜਾਏ ਧੋਤਾ, ਪਤਤ ਪੁਨੀਤ ਦਏ ਕਰਾਈਆ । ਜਨਮ ਮਰਨ ਲੱਖ ਚੁਰਾਸੀ ਆਵਣ ਜਾਵਣ ਪੂਰਾ ਕਰੇ ਸੋਚਾ, ਰਾਏ ਧਰਮ ਨਾ ਦਏ ਸਜ਼ਾਈਆ । ਪੁਰਖ ਅਕਾਲ ਸਾਹਿਬ ਸਵਾਮੀ ਨਿਰਗੁਣ ਧਾਰ ਇਕੋ ਬਖ਼ਸ਼ ਕੇ ਓਟਾ, ਓੜਕ ਆਪਣੇ ਵਿਚ ਸਮਾਈਆ । ਸ਼ਬਦ ਅਗੰਮੀ ਲਾ ਕੇ ਚੋਟਾ, ਸੋਈ ਸੁਰਤੀ ਲਈ ਉਠਾਈਆ । ਰਾਵੀ ਕਹੇ ਮੈਨੂੰ ਜੁਗਾਂ ਪਿਛੋਂ ਮਿਲ ਗਿਆ ਮੌਕਾ, ਸਾਹਿਬ ਸਤਿਗੁਰ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਜਾਣੇ ਲੋਕ ਪ੍ਰਲੋਕਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਦੋ ਜਹਾਨਾਂ ਆਪਣਾ ਹੁਕਮ ਵਰਤਾਈਆ ।

### ✻ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮਹਿੰਗਾ ਸਿੰਘ ਦੇ ਘਰ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ✻

ਰਾਵੀ ਕਹੇ ਮੈਂ ਦਰਸ ਅਗੰਮਾ ਤੱਕਿਆ, ਸਾਹਿਬ ਸਤਿਗੁਰ ਦਇਆ ਕਮਾਈਆ । ਜਿਹੜਾ ਸਿਦਕ ਭਰੋਸਾ ਰੱਖਿਆ, ਜੁਗ ਚੌਕੜੀ ਰਾਹ ਤਕਾਈਆ । ਕਲਜੁਗ ਵੇਖਦੀ ਰਹੀ ਰੈਣ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲ ਦੀਨ ਦਿਆਲ ਆਇਆ ਨੱਸਿਆ, ਪਾਂਧੀ ਹੋ ਆਪਣਾ ਪੰਧ ਮੁਕਾਈਆ । ਜਮਨਾ ਕਹੇ ਮੈਂ ਹੈਰਾਨ ਹੋਈ ਕ੍ਰਿਸ਼ਨ ਚਾਰਦਾ ਸੀ ਗਊਆਂ ਵੱਛੀਆਂ, ਬੰਸਰੀ ਧੁੰਨ ਸੁਣਾਈਆ । ਪੁਰਖ ਅਕਾਲਾ ਜਨ ਭਗਤ ਉਧਾਰੇ ਆਪਣੇ ਬੱਚਿਆਂ, ਬਚਪਨ ਸਭ ਦਾ ਵੇਖ ਵਖਾਈਆ । ਧੱਕਾ ਦੇਵੇ ਜਗਤ ਪ੍ਰੀਤੀ ਕੱਚਿਆਂ, ਕੰਚਨ ਗੜ੍ਹ ਨਾ ਕੋਇ ਵਖਾਈਆ । ਗਲੇ ਲਗਾਵੇ ਧੁਰ ਦਿਆਂ ਸੱਚਿਆਂ, ਸਚ ਸਵਾਮੀ ਆਪਣੀ ਦਇਆ ਕਮਾਈਆ । ਮੇਰੇ ਲੂੰ ਲੂੰ ਅੰਦਰ ਰਚਿਆ, ਪ੍ਰਭ ਮੇਰਾ ਧੁਰਦਰਗਾਹੀਆ । ਮੇਰਾ ਬਿਰਹੋਂ ਵਿਛੋੜਾ ਨੱਠਿਆ, ਗਿਆ ਮੁਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਰਾਵੀ ਕਹੇ ਮੈਂ ਪ੍ਰਭ ਦਾ ਦਰਸ਼ਨ ਕੀਤਾ, ਕਰਮ ਕਾਂਡ ਦਾ ਡੇਰਾ ਢਾਹੀਆ । ਠਾਕਰ ਲੱਭਾਂ ਇਕੋ ਮੀਤਾ, ਮਿਤ੍ਰ ਪਿਆਰਾ ਸੋਭਾ ਪਾਈਆ । ਜਿਸ ਦੇ ਛਤਰ ਝੁੱਲੇ ਸੀਸਾ, ਜਗਦੀਸ਼ ਨੂਰ ਅਲਾਹੀਆ । ਝਗੜਾ ਮਿਟਾਏ ਊਚਾਂ ਨੀਚਾਂ, ਰਾਓ ਰੰਕਾਂ ਆਪਣਾ ਰੰਗ ਰੰਗਾਈਆ । ਘਰ ਵਖਾਏ ਇਕ ਅਨਡੀਠਾ, ਜਿਸ ਗ੍ਰਿਹਿ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੇਰੇ ਹੋਏ ਭਾਗ ਮਥਨ, ਮਥਰਾਵਾਸੀ ਨਾਲ ਆਇਆ ਚਾਈਂ ਚਾਈਆ । ਸਾਹਿਬ ਸਤਿਗੁਰ ਬੇੜਾ ਬੰਨ੍ਹ, ਅਯੁਧਿਆ ਵਾਲਾ ਰਾਮ ਸੰਗ ਨਿਭਾਈਆ । ਦਰਸ਼ਨ ਪਾ ਕੇ ਗੁਜਰੀ ਚੰਨ, ਮੇਰੇ ਲੂੰ ਲੂੰ ਲਈ ਅੰਗੜਾਈਆ । ਕਲਪਨਾ ਮਿਟੀ ਮਨ, ਮਮਤਾ ਦਿਤੀ ਗਵਾਈਆ । ਜਿਸ ਵੇਲੇ ਜਨ ਭਗਤਾਂ ਕਿਹਾ ਧੰਨ ਧੰਨ ਧੰਨ, ਉਚੀ ਕੂਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਦਰਸ ਕਰਨ ਦਾ ਮੋਹੇ ਹੋਇਆ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬੰਦਗੀ ਵਿਚ ਵਡਿਆਈਆ । ਜਿਸ ਵੇਲੇ ਗੁਰਮੁਖ ਇਕ ਦੂਜੇ ਦੇ ਉਤੋਂ ਗਏ ਲੰਘ, ਮੈਂ ਰੋ ਰੋ ਨੇਤਰ ਨੈਣਾਂ ਨੀਰ ਦਿਤਾ ਵਹਾਈਆ । ਜਿਹੜਾ ਸੌਣ ਵਾਲਾ ਸੀ ਉਤੇ ਪਲੰਘ, ਓਹ ਮੇਰੇ ਕੰਢੇ ਖ਼ਾਕ ਉਤੇ ਲੇਟ ਕੇ ਖ਼ੁਸ਼ੀ ਮਨਾਈਆ । ਮੈਂ ਅੰਦਰੇ ਅੰਦਰ ਰੋ ਕੇ ਪਾਈ ਡੰਡ, ਡੰਡਾਵਤ ਕਰ ਕੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਹੋ ਗਏ ਦੰਗ, ਹੈਰਾਨੀ ਸਭ ਦੇ ਅੰਦਰ ਛਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਬਦਲ ਕੇ ਕੰਡ, ਆਪਣੀ ਲਈ ਅੰਗੜਾਈਆ । ਜਨ ਭਗਤਾਂ ਮਿਲਿਆ ਸਾਚਾ ਸੰਗ, ਧੁਰ ਦਾ ਸਾਥ ਬਣਾਈਆ । ਜਿਸ ਨੇ ਰਸ ਚਖਾਉਣਾ ਘਿਓ ਖੰਡ, ਖੰਡਾ ਨਾਮ ਵਾਲਾ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਾਵੀ ਕਹੇ ਜਿਸ ਵੇਲੇ ਜਨ ਭਗਤ ਇਕ ਦੂਜੇ ਉਪਰ ਟੱਪੇ, ਟੱਪਾ ਸੋਹੰ ਨਾਮ ਧਿਆਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੋ ਗਏ ਹੱਕੇ ਬੱਕੇ, ਹੈਰਾਨੀ ਵਿਚ ਧਿਆਨ ਲਗਾਈਆ । ਨਾਲੇ ਕਹਿਣ ਅਸੀਂ ਵੀ ਨਾਤੇ ਕਰੀਏ ਪੱਕੇ, ਇਕ ਦੂਜੇ ਨਾਲ ਗੰਢ ਪਵਾਈਆ । ਮਿਤ੍ਰ ਬਣੀਏ ਸਕੇ, ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਰਾਈਆ । ਸਾਰੇ ਹੋਈਏ ਅੱਛੇ, ਬੁਰਿਆਂ ਵਾਲੀ ਕਰੇ ਨਾ ਕੋਇ ਲੜਾਈਆ । ਜਿਸ ਤਰਾ ਭਗਤ ਪ੍ਰਭੂ ਦੇ ਬੱਚੇ, ਮਾਣ ਤਾਣ ਨਾ ਕੋਇ ਰਖਾਈਆ । ਲਿਟਦੇ ਉਤੇ ਮਿੱਟੀ ਘੱਟੇ, ਵੱਡੇ ਛੋਟੇ ਨਾ ਕੋਇ ਵਡਿਆਈਆ । ਨਾਲ ਨੰਨ੍ਹੇ ਨੰਨ੍ਹੇ ਬੱਚੇ, ਸ਼ੀਰਖਾਰ ਸੋਭਾ ਪਾਈਆ । ਸਭ ਨੇ ਕਿਹਾ ਅਸੀਂ ਪਿਛਲੇ ਖਹਿੜੇ ਛੱਡੇ, ਅੱਗੇ ਇਕੋ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਾਵੀ ਕਹੇ ਮੈਂ ਸੋਈ ਉਠੀ ਜਾਗੀ, ਜਗਤ ਵੇਖ ਵਖਾਈਆ । ਭਗਤ ਤੱਕਿਆ ਵੈਰਾਗੀ, ਗੁਰਮੁਖ ਪ੍ਰਭੂ ਧਿਆਨ ਲਗਾਈਆ । ਰਵੀ ਤੱਕਿਆ ਤਿਆਗੀ, ਮਮਤਾ ਮੋਹ ਮਿਟਾਈਆ । ਨਿਉਂ ਕੇ ਸਰਨੀ ਲਾਗੀ, ਚਰਨ ਕਵਲ ਸੀਸ ਝੁਕਾਈਆ । ਪ੍ਰਭੂ ਮਨਮੁਖਾਂ ਦੀ ਵਧ ਗਈ ਆਬਾਦੀ, ਗੁਰਮੁਖ ਵਿਰਲਾ ਨਜ਼ਰੀ ਆਈਆ । ਤੂੰ ਜੁਗ ਜੁਗ ਦਾ ਰਹਿਬਰ ਧਰਮ ਧਾਰ ਦਾ ਗਾਡੀ, ਗਾਈਡ ਹੋ ਕੇ ਵੇਖ ਵਖਾਈਆ । ਏਸ ਸਮੇਂ ਤੇਰੀ ਲੋੜ ਡਾਹਢੀ, ਮੈਂ ਡਾਡਾਂ ਮਾਰ ਕੇ ਦਿਤੀ ਦੁਹਾਈਆ । ਪਤ ਰਹੇ ਨਾ ਸਾਡੀ, ਸਿਰ ਹੱਥ ਨਾ ਕੋਇ ਟਿਕਾਈਆ । ਕਿਸੇ ਕੰਮ ਨਹੀਂ ਆਉਂਦੀ ਕਿਸੇ ਦੀ ਲੱਗੀ ਸਮਾਧੀ, ਅੰਦਰ ਵੜ ਕੇ ਤੇਰਾ ਦਰਸ ਕੋਇ ਨਾ ਪਾਈਆ । ਮਨੂਆ ਸਭ ਦਾ ਹੋਇਆ ਬਾਗ਼ੀ, ਆਪ ਆਪਣਾ ਬਲ ਵਧਾਈਆ । ਰਸਨਾ ਜਿਹਵਾ ਦੀ ਦੁਨੀਆ ਬਣੀ ਰਾਗੀ, ਅੰਤਰ ਆਤਮ ਰਾਗ ਨਾ ਕੋਇ ਸੁਣਾਈਆ । ਸਾਹਿਬ ਤੂੰ ਭਗਤ ਉਧਾਰੇਂ ਆਦੀ, ਜੁਗ ਜੁਗ ਤੇਰੀ ਬੇਪਰਵਾਹੀਆ । ਕਿਰਪਾ ਕਰ ਸਾਹਿਬ ਵਿਸਮਾਦੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਸਰਨਾਈ ਤੇਰੀ ਲਾਗੀ, ਦੂਜੀ ਓਟ ਨਾ ਕੋਇ ਤਕਾਈਆ ।

੧੦੩੨
੨੧

## ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਰਮ ਸਿੰਘ ਦੇ ਘਰ ਕਾਕਾ ਜਗੀਰ ਸਿੰਘ ਦੇ ਨਵਿਤ (ਸਰੀਰ ਛੱਡਣ ਸਮੇਂ) ਪਿੰਡ ਸੱਦਾ

ਰਾਵੀ ਕਹੇ ਮੈਂ ਪ੍ਰੇਮ ਵੇਖਿਆ ਅੰਦਰ ਮੀਆਂ ਮੀਰ, ਜੋ ਮੀਆਂ ਇਕੋ ਇਕ ਮਨਾਈਆ । ਜਿਸ ਦੇ ਅੰਤਰ ਸਚ ਤਸਵੀਰ, ਬਿਨਾ ਨਕਸ਼ ਤੋਂ ਆਪਣਾ ਨਕ਼ਸ਼ ਬਣਾਈਆ । ਜਿਸ ਨੂੰ ਖ਼ਬਰ ਦਿੰਦਾ ਹੁੰਦਾ ਸੀ ਕਬੀਰ, ਦਰਗਾਹ ਸਾਚੀ ਦੀ ਸਚ ਜਣਾਈਆ । ਜਿਸ ਨੇ ਤਤ ਬਣਾਇਆ ਵਜੂਦ ਕੀਤਾ ਤਾਮੀਰ, ਦਿਤੀ ਮਾਣ ਵਡਿਆਈਆ । ਬਦਲਦਾ ਆਇਆ ਤਕਦੀਰ, ਜੁਗ ਜੁਗ ਹੁਕਮ ਵਰਤਾਈਆ । ਵੇਖੇ ਸਰਬ ਤਾਸੀਰ, ਤਸਬੀ ਮਾਲਾ ਖੋਜ ਖੁਜਾਈਆ । ਜਾਣੇ ਸ਼ਾਹ ਹਕੀਰ, ਨਿਮਾਣਿਆਂ ਫੋਲ ਫੁਲਾਈਆ । ਸਦਾ ਓਸ ਨੂੰ ਕਹੋ ਅਮੀਨ, ਆਮੀਨ ਕਹਿ ਕੇ ਸੀਸ ਨਿਵਾਈਆ । ਜੇ ਮਿਹਰਵਾਨ ਹੋ ਕੇ ਇਕ ਵਾਰ ਸਜਦਾ ਕਰ ਲਏ ਤਸਲੀਮ, ਆਪਣੀ ਦਇਆ ਕਮਾਈਆ । ਫੇਰ ਝਗੜਾ ਮੁੱਕ ਜਾਏ ਕ਼ਦੀਮ, ਕ਼ੁਦਰਤ ਦਾ ਮਾਲਕ ਹੋਏ ਸਹਾਈਆ । ਓਹ ਦੇਵਣਹਾਰਾ ਗੋਈਪੇਸ਼ੀਨ, ਪੇਸ਼ਤਰ ਦਏ ਦ੍ਰਿੜਾਈਆ । ਜਿਸ ਦਾ ਮਾਰਗ ਬੜਾ ਮਹੀਨ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜੁਗ ਜੁਗ ਵਖਰੀ ਤਾਲੀਮ, ਸਿਖਿਆ ਅਗੰਮ ਅਥਾਹੀਆ । ਮੀਆਂ ਮੀਰ ਕਿਹਾ ਮੈਨੂੰ ਸਦਾ ਓਸੇ ਦਾ ਯਕੀਨ, ਦੂਜੀ ਓਟ ਨਾ ਕੋਇ ਰਖਾਈਆ । ਨਾ ਓਹ ਨਰ ਨਾ ਮਦੀਨ, ਨਰ ਨਰਾਇਣ ਨਜ਼ਰੀ ਆਈਆ । ਬੁੱਧੀ ਹੋਣ ਨਾ ਦੇਵੇ ਮਲੀਨ, ਪਤਿਤ ਪੁਨੀਤ ਆਪ ਕਰਾਈਆ । ਮੈਂ ਓਸੇ ਨੂੰ ਮਿਲਣ ਦਾ ਸ਼ੌਕੀਨ, ਸਦ ਇਕੋ ਰਾਹ ਤਕਾਈਆ । ਓਸੇ ਵੇਲੇ ਜੋਤੀ ਚਮਕ ਵੱਜੀ ਨੂਰੀ ਨਵੀਨ, ਸਿਹਨ ਹੋਈ ਰੁਸ਼ਨਾਈਆ । ਮੀਆ ਮੀਰ ਦਾ ਇਕ ਮੁਰੀਦ ਸੀ ਜਿਸ ਦਾ ਨਾਮ ਨਸੀਮ, ਨੌਜਵਾਨ ਨਜ਼ਰੀ ਆਈਆ । ਓਨ ਦੰਦਾਂ ਹੇਠਾਂ ਦੇ ਜ਼ਬੀਨ, ਜ਼ਬਾਂ ਨਾਲ ਲਿਆ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਮੀਆਂ ਮੀਰ ਤੱਕਿਆ ਹੱਕ ਨਜ਼ਾਰਾ, ਰਹਿਮਤ ਰਹੀਮ ਕਮਾਈਆ । ਨਸੀਮ ਕਿਹਾ ਮੇਰੇ ਮੁਰਸ਼ਦ ਪਿਆਰਾ, ਦਰ ਤੇਰੇ ਸੀਸ ਨਿਵਾਈਆ । ਓਹ ਕਿਹੜਾ ਘਰ ਬਾਰਾ, ਜਿਥੇ ਬਿਨਾ ਚੰਦ ਸੂਰਜ ਤੋਂ ਹੋਈ ਰੁਸ਼ਨਾਈਆ । ਮੁਰਸ਼ਦ ਕਿਹਾ ਓਹ ਧੁਰ ਦਾ ਸੱਚਾ ਦਰਬਾਰਾ, ਜਿਥੇ ਵਸੇ ਨੂਰ ਅਲਾਹੀਆ । ਓਹੋ ਪਰਵਰਦਿਗਾਰਾ, ਇਕ ਇਕੱਲਾ ਸੋਭਾ ਪਾਈਆ । ਜਿਸ ਨੇ ਨੂਰ ਦਿਤਾ ਚਮਤਕਾਰਾ, ਚਮਕ ਦਿਤੀ ਚਮਕਾਈਆ । ਰੋਸ਼ਨ ਹੋਇਆ ਸਿਹਨ ਸਾਰਾ, ਵਜੀ ਘਰ ਵਧਾਈਆ । ਨਸੀਮ ਕਿਹਾ ਐ ਮੁਰਸ਼ਦ, ਮੈਂ ਜਾਣਾ ਚਾਹੁੰਦਾ ਓਸੇ ਦੇ ਚਰਨ ਦਵਾਰਾ, ਓਸੇ ਵਿਚ ਸਮਾਈਆ । ਜਗਤ ਜੀਵਣ ਦੀ ਰਹੇ ਨਾ ਕੋਇ ਵਿਚਾਰਾ, ਜੀਵਣ ਕੰਮ ਕਿਸੇ ਨਾ ਆਈਆ । ਜੇ ਮਿਲੇ ਮਿਲੇ ਮੀਤ ਮੁਰਾਰਾ, ਜੋ ਮਿਤ੍ਰ ਪਿਆਰਾ ਇਕ ਅਖਵਾਈਆ । ਓਸੇ ਵੇਲੇ ਧੁਰ ਦੇ ਸ਼ਬਦ ਦਾ ਮੀਆਂ ਮੀਰ ਨੂੰ ਹੋਇਆ ਇਸ਼ਾਰਾ, ਅੰਦਰੇ ਅੰਦਰ ਦਿਤਾ ਦ੍ਰਿੜਾਈਆ । ਜਿਸ ਵੇਲੇ ਨਿਰਗੁਣ ਰੂਪ ਜੋਤੀ ਜਾਮਾ ਧਾਰ ਆਵਾਂ ਦੁਬਾਰਾ, ਸਰਗੁਣ ਤੋਂ ਨਿਰਗੁਣ ਵੇਸ ਵਟਾਈਆ । ਅਮਾਮ ਅਮਾਮਾਂ ਦਾ ਸਿਕਦਾਰਾ, ਸਾਹਿਬ ਸੁਲਤਾਨ ਨੂਰ ਅਲਾਹੀਆ । ਤੇਰੇ ਮੁਰੀਦ ਨੂੰ ਦਰਸ਼ਨ ਦੇਵਾਂ ਜਨਮ ਦਵਾ ਕੇ ਵਿਚ ਸੰਸਾਰਾ, ਮਿਹਰ ਨਜ਼ਰ ਇਕ ਉਠਾਈਆ । ਜੋਬਨ ਅਵਸਥਾ ਵਿਚ ਲੈ ਕੇ ਜਾਵਾਂ ਓਸ ਧਰਮ ਦਵਾਰਾ, ਜਿਥੇ ਮੇਰਾ ਨੂਰ ਜੋਤ ਰੁਸ਼ਨਾਈਆ । ਵਾਅਦਾ ਹੋਇਆ ਕੌਲ ਕੀਤਾ ਇਕ਼ਰਾਰਾ, ਰਾਵੀ ਕਹੇ ਮੈਂ ਸ਼ਹਾਦਤ ਦਿਆਂ ਭੁਗਤਾਈਆ । ਏਸੇ ਕਾਰਨ ਜਾਗੀਰ ਸਿੰਘ ਰਿਹਾ ਨਹੀਂ ਵਿਚ ਸੰਸਾਰਾ, ਜਨਮ

ਮਰਨ ਦਾ ਲੇਖਾ ਗਿਆ ਚੁਕਾਈਆ । ਜਿੰਨਾਂ ਚਿਰ ਰਾਵੀ ਗਵਾਹ ਨਾ ਬਣਦੀ ਓਨਾਂ ਚਿਰ ਪ੍ਰਭੂ ਬਣ ਸਕਦਾ ਨਹੀਂ ਸੀ ਲਿਖਾਰਾ, ਏਸੇ ਕਰ ਕੇ ਇਤਨਾ ਚਿਰ ਦਿਤਾ ਲੰਘਾਈਆ । ਘਰ ਵਾਲੇ ਬਥੇਰੀਆਂ ਮਿੰਨਤਾਂ ਕਰਦੇ ਰਹੇ, ਅਰਜ਼ਾਂ ਕਰਦੇ ਰਹੇ, ਗ਼ੁੱਸੇ ਵਿਚ ਕੱਢਦੇ ਰਹੇ ਗਾਲਾਂ, ਲਫ਼ਜ਼ ਲਫ਼ਜ਼ ਬਦਲਾਈਆ । ਮੀਆਂ ਮੀਰ ਕਹਿ ਕੇ ਗਿਆ ਮੰਜ਼ਲ ਚੜ੍ਹਨਾ ਨਹੀਂ ਸੁਖਾਲਾ, ਸਿਖ਼ਰ ਚੋਟੀ ਚੜ੍ਹਨ ਕੋਇ ਨਾ ਪਾਈਆ । ਅਰਜਨ ਨੂੰ ਤੱਤੀ ਤਵੀ ਤੇ ਬੈਠਿਆਂ ਵੇਖ ਕੇ ਮੈਂ ਵੀ ਪੈ ਗਿਆ ਕਾਹਲਾ, ਮੇਰੇ ਅੰਦਰ ਆਈ ਅੰਗੜਾਈਆ । ਅਰਜਨ ਨੇ ਹੱਸ ਕੇ ਕਿਹਾ ਮੀਆਂ ਮੀਰ ਜੀ ਬਾਹਰ ਦੀ ਛੱਡ ਦਿਓ ਤੇ ਅੰਦਰੋਂ ਫੇਰੋ ਆਪਣੇ ਮਨ ਦੀ ਮਾਲਾ, ਤਸਬੀ ਦੀ ਜਗਹ ਆਪਣੀ ਤਬਅ ਲਓ ਬਦਲਾਈਆ । ਸਾਹਿਬ ਸਤਿਗੁਰ ਦਾ ਸਦਾ ਖੇਲ ਨਿਰਾਲਾ, ਨਿਰਵੈਰ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਹੱਲ ਕਰੇ ਸਵਾਲਾ, ਸਵਾਲੀ ਵੇਖੇ ਚਾਈਂ ਚਾਈਂਆ ।

### ❊ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਗੁਰਬਖ਼ਸ਼ ਸਿੰਘ ਦੇ ਘਰ ਪਿੰਡ ਨੁਸ਼ਹਿਰਾ ❊

ਗੋਦਾਵਰੀ ਕਹੇ ਗੋਬਿੰਦ ਮੇਰੇ ਵਿਚ ਚਰਨ ਗਿਆ ਧਰ, ਨੰਦੇੜ ਦੱਖਣ ਦਿਸ਼ਾ ਮਿਲੀ ਵਡਿਆਈਆ । ਸੰਦੇਸ਼ਾ ਦਿਤਾ ਜੋ ਗੁਰਮੁਖ ਜੀਵਤ ਜਾਏ ਮਰ, ਮਰ ਜੀਵਤ ਰੂਪ ਵਟਾਈਆ । ਮੇਰਾ ਭੈ ਚੁੱਕਿਆ ਡਰ, ਸਹਿਸਾ ਰੋਗ ਰਿਹਾ ਨਾ ਰਾਈਆ । ਕਿਰਪਾ ਸਤਿਗੁਰ ਦਿਤੀ ਕਰ, ਮੇਰੇ ਅੰਤਰ ਵੱਜੀ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਨਜ਼ਰੀ ਆਇਆ ਹਰਿਜੂ ਹਰਿ, ਹਿਰਦੇ ਰਿਹਾ ਸਮਾਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਰਿਹਾ ਫੜ, ਗੁਰ ਅਵਤਾਰ ਪੈਗ਼ੰਬਰ ਬਚਿਆ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਸਚ ਫੜਾਏ ਲੜ, ਪੱਲੂ ਧਰਮ ਨਾ ਕੋਇ ਛੁਡਾਈਆ । ਕਿਲ੍ਹਾ ਤੋੜੇ ਹੰਕਾਰੀ ਗੜ੍ਹ, ਹੰ ਬ੍ਰਹਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਗੋਬਿੰਦ ਚਰਨ ਮਿਲਿਆ ਭਰਵਾਸਾ, ਮੇਰੀ ਤ੍ਰਿਸ਼ਨਾ ਰਹੀ ਨਾ ਰਾਈਆ । ਮੇਰਾ ਲੇਖੇ ਲੱਗਾ ਸਵਾਸਾ, ਜੀਵਨ ਜੀਵਨ ਵਡਿਆਈਆ । ਮੈਂ ਤੱਕਿਆ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਅੱਖ ਖੁਲ੍ਹਾਈਆ । ਮੰਡਲ ਮੰਡਪ ਵੇਖੀਆਂ ਰਾਸਾ, ਗੋਪੀ ਕਾਹਨ ਪਰਦਾ ਲਾਹੀਆ । ਚਾਰ ਕੁੰਟ ਤੱਕਿਆ ਤਮਾਸ਼ਾ, ਦੀਨ ਦੁਨੀ ਕਰੇ ਲੜਾਈਆ । ਕਲਜੁਗ ਦਿਸੇ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਜੁੜੇ ਕਿਸੇ ਨਾ ਨਾਤਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਚਾਰ ਵਰਨ ਅਠਾਰਾਂ ਬਰਨ ਦਿਸੇ ਘਾਟਾ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਗੋਬਿੰਦ ਤੋਂ ਅੰਮ੍ਰਿਤ ਰਸ ਮਿਲੇ ਕਿਸੇ ਨਾ ਬਾਟਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਝਗੜਾ ਪਿਆ ਜ਼ਾਤਾ ਪਾਤਾ, ਹਿੰਦੂ ਮੁਸਲਿਮ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਦਾਵਰੀ ਕਹੇ ਮੈਂ ਬੇਨੰਤੀ ਕੀਤੀ ਸਤਿਗੁਰ ਪਾਸ, ਆਰਜ਼ੂ ਦਿਤੀ ਜਣਾਈਆ । ਮੇਰੇ ਸਾਹਿਬ ਸਤਿਗੁਰ ਮੇਰੀ ਪੂਰੀ ਕਰ ਆਸ, ਤ੍ਰਿਖਾ ਰਹੇ ਨਾ ਰਾਈਆ । ਸਤਿ ਧਰਮ ਕਿਉਂ ਧਰਤੀ ਉਤੋਂ ਹੋਇਆ ਨਾਸ, ਚਾਰ ਕੁੰਟ ਨਜ਼ਰ ਕੋਇ ਨਾ ਆਈਆ ।

ਧੁਰ ਦੇ ਨਾਮ ਦੀ ਗਾਏ ਕੋਈ ਨਾ ਗਾਥ, ਨਿਰਅੱਖਰ ਨਾ ਕੋਇ ਪੜ੍ਹਾਈਆ । ਅਵਤਾਰ ਪੈਗ਼ੰਬਰਾਂ ਉਤੋਂ ਹਟਿਆ ਵਿਸ਼ਵਾਸ, ਵਿਸ਼ਿਆਂ ਵਿਚ ਦੀਨ ਦੁਨੀ ਹਲਕਾਈਆ । ਸਾਚਾ ਖੋਲ੍ਹੇ ਕੋਈ ਨਾ ਰਾਜ਼, ਪੜਦਾ ਅੰਦਰੋਂ ਨਾ ਕੋਇ ਚੁਕਾਈਆ । ਕਿਉਂ ਸੀਤਾ ਰਾਮ ਨੂੰ ਛੱਡ ਕੇ ਪੜ੍ਹਨ ਲੱਗੇ ਨਮਾਜ਼, ਸਜਦਿਆਂ ਵਿਚ ਸੀਸ ਝੁਕਾਈਆ । ਕਿਉਂ ਅੱਲਾ ਛੱਡ ਕੇ ਮੰਤਰ ਦ੍ਰਿੜਾਇਆ ਸਤਿਨਾਮ, ਕਿਉਂ ਵਾਹਿਗੁਰੂ ਜਾਪ ਜਪਾਈਆ । ਕੀ ਲਹਿਣਾ ਦੇਣਾ ਹਿਸਾਬ, ਗੁਰ ਗੋਬਿੰਦ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੋਬਿੰਦ ਕਿਹਾ ਸੁਣ ਵਹਿਣਾਂ ਵਿਚ ਵਹਿਣ ਵਾਲੀ, ਤੈਨੂੰ ਦਿਆਂ ਜਣਾਈਆ । ਸਦੀ ਚੌਧਵੀਂ ਕਲਜੁਗ ਰੈਣ ਅੰਧੇਰੀ ਹੋਣੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਸਤਿ ਵਸਤ ਲੱਭੇ ਕਿਤੋਂ ਨਾ ਭਾਲੀ, ਚਾਰ ਕੁੰਟ ਦਹਿ ਦਿਸ਼ਾ ਖ਼ਾਲੀ ਨਜ਼ਰੀ ਆਈਆ । ਫਲ ਰਹੇ ਕਿਸੇ ਨਾ ਡਾਲੀ, ਸਿੰਮਲ ਰੁੱਖ ਜਗਤ ਲਹਿਰਾਈਆ । ਜਿਧਰ ਤੱਕਾਂ ਤ੍ਰੈਗੁਣ ਮਾਇਆ ਪਏ ਜੰਜਾਲੀ, ਪੰਚ ਵਿਕਾਰ ਹੋਏ ਹਲਕਾਈਆ । ਸਾਚੀ ਦਿਸੇ ਨਾ ਕੋਇ ਧਰਮਸਾਲੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਗੋਬਿੰਦ ਕਿਹਾ ਗੋਦਾਵਰੀ ਜਿਤਨੇ ਨਾਮ, ਜੁਗ ਜੁਗ ਪ੍ਰਭੂ ਦਿਤੇ ਜਣਾਈਆ । ਦੀਨ ਮਜ਼੍ਹਬ ਬਣਾ ਗ਼ੁਲਾਮ, ਹਿੱਸੇ ਵੰਡ ਗਿਆ ਵੰਡਾਈਆ । ਹਕੀਕੀ ਮਿਲੇ ਕਿਸੇ ਨਾ ਜਾਮ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਦੀਨ ਦੁਨੀ ਪੁਰਖ ਅਕਾਲ ਨੂੰ ਕਰੇ ਬਦਨਾਮ, ਬਦੀਆਂ ਵਿਚ ਆਪਣਾ ਝਟ ਲੰਘਾਈਆ । ਆਤਮ ਪਰਮਾਤਮ ਕਰੇ ਨਾ ਕੋਇ ਪਹਿਚਾਨ, ਭੇਵ ਨਾ ਕੋਇ ਖੁਲ੍ਹਾਈਆ । ਨਿਸ਼ਅੱਖਰ ਹੋਏ ਨਾ ਕਿਸੇ ਗਿਆਨ, ਸਦੀ ਚੌਧਵੀਂ ਲੇਖਾ ਮੁਕਣਾ ਤਮਾਮ,
੧੦੩੪ ੧੦੩੪
ਮੁਹੰਮਦ ਰੋ ਕੇ ਦਏ ਦੁਹਾਈਆ । ਹਜ਼ਰਤ ਈਸਾ ਦੱਸ ਕੇ ਗਿਆ ਆਪਣੇ ਵਿਚ ਕਲਾਮ, ਕਾਇਨਾਤ ਜਗਤ ਸਮਝਾਈਆ । ਮੂਸਾ ਕਹਿ ਕੇ ਹੱਕ
੨੧ ੨੧
ਸਲਾਮ, ਸੱਜਦਿਆਂ ਵਿਚ ਸੀਸ ਨਿਵਾਈਆ । ਨਾਨਕ ਦਿਤਾ ਪੈਗ਼ਾਮ, ਨੌਂ ਖੰਡ ਪ੍ਰਿਥਮੀ ਆਪ ਵਡਿਆਈਆ । ਗੋਬਿੰਦ ਕਹੇ ਇਹੋ ਸੰਦੇਸ਼ਾ ਮੇਰਾ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਦਿਆਂ ਜਣਾਈਆ । ਅੰਤ ਕੰਤ ਭਗਵੰਤ ਪ੍ਰਗਟ ਹੋਵੇ ਸ੍ਰੀ ਭਗਵਾਨ, ਕਲ ਕਲਕੀ ਵੇਸ ਵਟਾਈਆ । ਜੋਧਾ ਸੂਰਬੀਰ ਨੌਜਵਾਨ, ਮਰਦ ਮਰਦਾਨ ਇਕ ਅਖਵਾਈਆ । ਜਿਸ ਤੋਂ ਗੁਰ ਅਵਤਾਰ ਪੈਗ਼ੰਬਰ ਮੰਗਦੇ ਦਾਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਝੋਲੀਆਂ ਡਾਹੀਆ । ਓਹ ਕਲਜੁਗ ਕੂੜੀ ਕਿਰਿਆ ਮੇਟੇ ਆਣ, ਮਾਇਆ ਮਮਤਾ ਮੋਹ ਚੁਕਾਈਆ । ਸਤਿ ਧਰਮ ਦਾ ਦੱਸ ਨਿਸ਼ਾਨ, ਚਾਰ ਵਰਨਾਂ ਬਖ਼ਸ਼ੇ ਇਕ ਧਿਆਨ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਸਾਂਝਾ ਹੋਵੇ ਗਿਆਨ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਇਕੋ ਮੰਦਰ ਗੁਰੂਦਵਾਰਾ ਹੋਏ ਮੁਕਾਮ, ਕਾਇਆ ਕਾਅਬਾ ਇਕ ਰੁਸ਼ਨਾਈਆ । ਇਕੋ ਸ਼ਬਦ ਨਾਦ ਧੁਨ ਗਾਨ, ਨਾਦ ਆਦਿ ਦਏ ਸੁਣਾਈਆ । ਇਕੋ ਅੰਮ੍ਰਿਤ ਰਸ ਪੀਣ ਖਾਣ, ਨਿਝਰ ਝਿਰਨਾ ਦਏ ਝਿਰਾਈਆ । ਇਕੋ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸ੍ਰੀ ਭਗਵਾਨ, ਦੂਸਰ ਸੀਸ ਨਾ ਕੋਇ ਨਿਵਾਈਆ । ਕਲਜੁਗ ਵਿਚ ਸਤਿਜੁਗ ਕਰੇ ਪ੍ਰਧਾਨ, ਪਾਰਬ੍ਰਹਮ ਆਪਣੀ ਦਇਆ ਕਮਾਈਆ । ਗੋਦਾਵਰੀ ਕਹੇ ਮੈਂ ਨਮੋਂ ਨਮੋਂ ਨਮੋਂ ਗੋਬਿੰਦ ਕੀਤੀ ਪ੍ਰਨਾਮ, ਚਰਨ ਚੁੰਮ ਕੇ ਆਪਣੀ ਖ਼ੁਸ਼ੀ ਬਣਾਈਆ । ਕੁਛ ਮੈਨੂੰ ਉਸ ਦਾ ਦੱਸ ਨਿਸ਼ਾਨ, ਨਿਸ਼ਾਨੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਏਥੇ ਓਥੇ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ, ਨਰ ਨਿਰੰਕਾਰ ਏਕੰਕਾਰ, ਪਰਵਰਦਿਗਾਰ ਸਾਂਝਾ ਯਾਰ, ਲਾਸ਼ਰੀਕ ਹੱਕ ਤੌਫ਼ੀਕ, ਮਿਹਰਵਾਨ ਮਹਿਬੂਬ ਆਪਣੀ ਕਾਰ ਕਮਾਈਆ ।

✻ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੂੜ ਸਿੰਘ ਦੇ ਘਰ ਪਿੰਡ ਵਜ਼ੀਰ ਪੁਰ ✻

ਗੋਦਾਵਰੀ ਕਹੇ ਗੋਬਿੰਦ ਵਲ ਲਾਈਆਂ ਅੱਖਾਂ, ਜੋ ਆਖ਼ਰ ਹੋਏ ਸਹਾਈਆ । ਜਿਸ ਦਾ ਮੇਲ ਨਾਲ ਪੁਰਖ ਸਮਰਥਾ, ਸਮਰਥ ਪੁਰਖ ਦਏ ਗਵਾਹੀਆ । ਜਿਸ ਦਾ ਨਾਮ ਬੋਧ ਅਗਾਧ ਅਕਥਨਾ ਅਕਥਾ, ਰਸਨਾ ਕਥ ਨਾ ਸਕੇ ਰਾਈਆ । ਜੁਗ ਜੁਗ ਕਰੇ ਖੇਲ ਯਥਾਰਥ ਯਥਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਜਿਹੜਾ ਤੀਰ ਚਿੱਲਾ ਛੱਡ ਕੇ ਗਿਆ ਭੱਥਾ, ਕਮਾਨ ਟੰਗ ਜਗਤ ਸੁਟਾਈਆ । ਸਚਖੰਡ ਦਵਾਰੇ ਜਾ ਕੇ ਵਸਾ, ਜੋਤੀ ਜੋਤ ਜੋਤ ਸਮਾਈਆ । ਅੰਤਮ ਨਿਰਗੁਣ ਧਾਰ ਹੋ ਕੇ ਪ੍ਰਗਟਾ, ਪ੍ਰਗਟ ਹੋ ਕੇ ਆਪਣਾ ਖੇਲ ਖਿਲਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟਾ, ਵਸਤ ਅਮੋਲਕ ਇਕ ਵਰਤਾਈਆ । ਆਤਮ ਪਰਮਾਤਮ ਜੋੜੇ ਨਾਤਾ ਪੱਕਾ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਦੇਣਾ ਦੇਵੇ ਹਕ਼ੀਕਤ ਹੱਕਾ, ਹੱਕ ਹਕ਼ੀਕਤ ਵੇਖ ਵਖਾਈਆ । ਸਤਿਜੁਗ ਸਚ ਚਲਾਏ ਰਥਾ, ਬਣ ਰਥਵਾਹੀ ਸੇਵ ਕਮਾਈਆ । ਯੋਧਾ ਸੂਰਬੀਰ ਮਰਦਾਨਾ ਬਣ ਗਿਆ ਹੱਟਾ, ਨੌਜਵਾਨਾ ਆਪਣਾ ਮੇਲ ਜਣਾਈਆ । ਅਵਤਾਰਾਂ ਪੂਰਾ ਕਰੇ ਪਟਾ, ਸਦੀ ਚੌਧਵੀਂ ਵੇਖ ਵਖਾਈਆ । ਝਗੜਾ ਰਿਹਾ ਨਾ ਤੱਤਾਂ ਅੱਠਾਂ,
੧੦੩੫ ਅਪ ਵਾਏ ਤੇਜ ਪ੍ਰਿਥਮੀ ਆਕਾਸ਼ ਮਨਮਤ ਬੁਧ ਪਰਦਾ ਦਏ ਉਠਾਈਆ । ਹਿੰਦੂ ਮੁਸਲਿਮ ਸਿਖ ਈਸਾਈ ਮੇਟੇ ਰੱਟਾ, ਇਕੋ ਨਾਮ ਦਏ ਜਣਾਈਆ । ੧੦੩੫
ਨਿਰਗੁਣ ਨੂਰ ਜੋਤ ਪ੍ਰਕਾਸ਼ ਕਰੇ ਲਟ ਲਟਾ, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦ ਅਗੰਮੀ ਮਾਰ ਕੇ ਸੱਟਾ, ਸੋਈ ਸੁਰਤੀ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਦਇਆ ਕਮਾਈਆ । ਗੋਦਾਵਰੀ ਕਹੇ ਗੋਬਿੰਦ ਦਿਸੇ ਇਕ ਸਹਾਰਾ, ਸਤਿਗੁਰ ਸ਼ਬਦ ਨਾਮ ਵਡਿਆਈਆ । ਜਿਸ ਨੇ ਕਲਜੁਗ ਕਰਨਾ ਪਾਰ ਕਿਨਾਰਾ, ਸਤਿਜੁਗ ਸਾਚਾ ਰਾਹ ਵਖਾਈਆ । ਚਾਰ ਵਰਨਾਂ ਦੇਣਾ ਅਧਾਰਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਰੰਗਾਈਆ । ਏਕਾ ਮੰਦਰ ਦੱਸਣਾ ਗੁਰੂਦਵਾਰਾ, ਕਾਇਆ ਕਾਅਬਾ ਇਕ ਉਪਜਾਈਆ । ਏਕਾ ਨਾਮ ਸ਼ਬਦ ਧੁਨਕਾਰਾ, ਸ਼ਬਦ ਅਨਾਦੀ ਨਾਦ ਇਕ ਵਜਾਈਆ । ਅੰਮ੍ਰਿਤ ਰਸ ਠੰਡਾ ਠਾਰਾ, ਨਿਝਰ ਝਿਰਨਾ ਦਏ ਝਿਰਾਈਆ । ਏਕਾ ਦੀਆ ਬਾਤੀ ਕਮਲਾਪਾਤੀ ਕਰੇ ਉਜਿਆਰਾ, ਜੋਤੀ ਜੋਤ ਡਗਮਗਾਈਆ । ਏਕਾ ਮੇਲਾ ਹੋਏ ਪਰਵਰਦਿਗਾਰਾ, ਗੁਰ ਚੇਲਾ ਇਕੋ ਘਰ ਸੋਭਾ ਪਾਈਆ । ਖੇਲੇ ਖੇਲ ਆਪਣੀ ਧਾਰਾ, ਧਰਨੀ ਧਰਤ ਧਵਲ ਉਪਰ ਡੇਰਾ ਲਾਈਆ । ਜਿਸ ਨੂੰ ਕਹਿੰਦੇ ਚਵੀਆਂ ਅਵਤਾਰਾ, ਨਿਹਕਲੰਕ ਨਾਉਂ ਸਮਝਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਲੇਖ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਸਵਾਮੀ ਅੰਤਰਜਾਮੀ ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣਾ ਵੇਸ ਵਟਾਈਆ । ਉੱਤਰ ਪੂਰਬ ਪੱਛਮ ਦੱਖਣ ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਇਕ ਸੁਹਾਈਆ ।

ਗੋਦਾਵਰੀ ਕਹੇ ਮੈਂ ਤੱਕਾਂ ਗੋਬਿੰਦ ਚਰਨ ਕਵਲ, ਕਵਲ ਚਰਨ ਧਿਆਨ ਲਗਾਈਆ । ਜੋ ਹਰ ਹਿਰਦੇ ਜਾਏ ਮਵਲ, ਮੌਲਾ ਰੂਪ ਸੋਭਾ ਪਾਈਆ । ਪ੍ਰਗਟ ਹੋਇਆ ਉਪਰ ਧਵਲ, ਧਰਨੀ ਧਰਤ ਧੌਲ ਦਏ ਵਡਿਆਈਆ । ਉਲਟਾ ਕਰੇ ਨਾਭੀ ਕਵਲ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਉਸ ਦਾ ਲੇਖਾ ਜਾਣੇ ਕਵਣ, ਮਨਮਤ ਬੁਧ ਨਾ ਕੋਇ ਵਡਿਆਈਆ । ਉਸ ਦਾ ਸੰਦੇਸ਼ਾ ਦੇ ਨਾ ਸਕੇ ਪਵਣ, ਉਨੰਜਾ ਪਵਣ ਰਹੀ ਕੁਰਲਾਈਆ । ਜਿਸ ਵੇਸ ਵਟਾਇਆ ਧਾਰੀ ਪਵਨ, ਬਲ ਆਪਣਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੱਖ ਚੁਰਾਸੀ ਵੇਖੇ ਅਵਣ ਗਵਣ, ਆਵਣ ਜਾਵਣ ਪਤਤ ਪਾਵਨ ਦੀਨ ਦੁਨੀ ਖੋਜ ਖੁਜਾਈਆ ।

✻ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੇਲਾ ਸਿੰਘ ਦੇ ਘਰ ਪਿੰਡ ਬਾਊਪੁਰ ✻

ਨਾਰਦ ਕਹੇ ਰਾਵੀ ਤੇਰੇ ਕੰਢੇ ਕੰਢੇ ਭੱਜੀ ਆਵੇ ਲਾਟਾਂ ਵਾਲੀ, ਲਿਟਾਂ ਖੁਲ੍ਹੀਆਂ ਨਜ਼ਰੀ ਆਈਆ । ਰਾਹ ਖਹਿੜਾ ਰਹੀ ਭਾਲੀ, ਚਾਰੋਂ ਕੁੰਟ ਵੇਖ ਵਖਾਈਆ । ਉਹਦੀ ਚਮਕ ਵੇਖ ਕੇ ਮੈਂ ਵੀ ਭੱਜ ਉਠਾ ਸ਼ਾਲੀ, ਭੱਜਦੇ ਦੀ ਬੋਦੀ ਹੁਲਾਰੇ ਰਹੀ ਖਾਈਆ । ਮੈਂ ਕੋਲ ਆ ਕੇ ਅਸ਼ਟਭੁਜ ਬੜੀ ਸੋਹਣੀ ਨੂੰ ਵੇਖ ਕੇ, ਥੂ ਥੂ ਕਰ ਕੇ ਕਿਹਾ ਤੂੰ ਬੜੀ ਕਾਲੀ, ਕੋਝੀ ਨਜ਼ਰੀ ਆਈਆ । ਉਹਦੇ ਮੁਖ ਉਤੇ ਗ਼ੁੱਸੇ ਨਾਲ ਆਈ ਲਾਲੀ, ਸ਼ਸਤਰ ਅੱਠੇ ਰਹੀ ਹਿਲਾਈਆ । ਮੈਂ ਕਿਹਾ ਕਿਥੋਂ ਆਈ ਤੂੰ ਰਾਣੀ ਖਾਂ ਦੀ ਸਾਲੀ, ਸਾਡੀਆਂ ਹੱਦਾਂ ਵਿਚ ਫੇਰਾ ਪਾਈਆ । ਉਹ ਜੋਸ਼ ਵਿਚ ਆ ਗਈ ਕਾਹਲੀ, ਅੱਗੇ ਨੂੰ ਕ਼ਦਮ ਉਠਾਈਆ । ਮੈਂ ਝਟ ਚੜ੍ਹ ਕੇ ਉਤੇ ਟਾਹਲੀ, ਟਟੈਂ ਟਟੈਂ ਕਰ ਕੇ ਦਿਤਾ ਸੁਣਾਈਆ । ਜੇ ਮੈਨੂੰ ਖੜਨਾ ਈਂ ਮੈਂ ਮੁੱਢ ਥਾਣੀ ਚੜ੍ਹਿਆ ਤੂੰ ਚੜ੍ਹ ਜਾ ਵਲੋਂ ਪ੍ਰਾਲੀ, ਜਿਨ੍ਹਾਂ ਨੂੰ ਪਰਮਲ ਕਹਿ ਕੇ ਲੋਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਗ਼ੌਰ ਨਾਲ ਤੱਕਿਆ ਉਹ ਅਸਵਾਰ ਉਤੇ ਸ਼ੇਰ, ਭੈ ਰਹੀ ਜਣਾਈਆ । ਮੈਂ ਹੱਥ ਜੋੜ ਕੇ ਕਿਹਾ ਮੇਰੇ ਉਤੇ ਕਰ ਦੇ ਮਿਹਰ, ਤੇਰੀ ਬੇਪਰਵਾਹੀਆ । ਨੀ ਜੇ ਤੂੰ ਸ਼ਹਿਨਸ਼ਾਹ ਦੀ ਰਾਣੀ ਤੇ ਮੈਨੂੰ ਬ੍ਰਾਹਮਣ ਨੂੰ ਬਣਾ ਲੈ ਆਪਣਾ ਦੇਰ, ਭਾਬੀ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਉਹਨੂੰ ਗ਼ੁੱਸੇ ਵਿਚ ਫੇਰ ਆ ਗਈ ਚੇੜ੍ਹ, ਗਦਾ ਰਹੀ ਭਵਾਈਆ । ਮੈਂ ਫੇਰ ਦਿਤਾ ਛੇੜ, ਉਤੋਂ ਹਲੂਣਾ ਦੇ ਕੇ ਸੁੱਕੇ ਪੱਤੇ ਉਹਦੇ ਉਤੇ ਸੁਟਾਈਆ । ਉਸ ਲੰਮੀ ਬਾਂਹ ਕਰ ਕੇ ਮੇਰੇ ਮੂੰਹ ਤੇ ਮਾਰੀ ਚਪੇੜ, ਮੈਂ ਹੱਸ ਕੇ ਦਿਤਾ ਵਖਾਈਆ । ਅੱਗੋਂ ਕਿਹਾ ਚਪੇੜਾਂ ਮਾਰਨ ਨਾਲੋਂ ਮੈਨੂੰ ਆਪਣੀ ਬੁਕਲ ਵਿਚ ਲੈ ਲਪੇਟ, ਭਾਵੇਂ ਸਾਰਾ ਦਿਨ ਚੁੱਕੀ ਫਿਰੀਂ ਮੈਂ ਸੀ ਨਾ ਕਦੇ ਕਰਾਈਆ । ਉਸ ਨੇ ਮੈਨੂੰ ਖਿੱਚ ਕੇ ਲਾਹ ਲਿਆ ਹੇਠ, ਮੈਂ ਚਰਨ ਚੁੰਮ ਕੇ ਦੁਰਗਾ ਮਾਤਾ ਦੀ ਜੈ ਜੈ ਜੈ ਦਾ ਨਾਅਰਾ ਦਿਤਾ ਸੁਣਾਈਆ । ਫੇਰ ਆਪਣੇ ਹੱਥ ਮਾਰ ਕੇ ਉਤੇ ਪੇਟ, ਪਿੱਟ ਪਿੱਟ ਕੇ ਦਿਤੀ ਦੁਹਾਈਆ । ਜ਼ੋਰ ਨਾਲ ਕਿਹਾ ਜੇ ਤੂੰ ਅੱਗੇ ਜਾਣਾ ਮੇਰੇ ਵਲ ਵੇਖ, ਤੈਨੂੰ ਰਸਤਾ ਦਿਆਂ ਸਮਝਾਈਆ । ਜੇ ਰਾਵੀ ਦੀ ਹੱਦ ਟੱਪੀਓ ਓਥੇ ਮੁਹੰਮਦ ਚਾਰ ਯਾਰੀ ਮੁਹੰਮਦ ਸ਼ੇਖ਼, ਸ਼ਰਅ ਵਾਲੇ ਤੇਰੇ ਨਾਲ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੈਂ ਕਿਹਾ ਨੀ ਅਸ਼ਟਭੁਜ ਮੈਥੋਂ ਪਿਆਰ ਨਾਲ ਪੁਛ, ਮੇਰੀ ਪੁਸ਼ਤ ਪਨਾਹ ਹੱਥ ਟਿਕਾਈਆ ।


੧੦੩੬ ੨੧

ਫੇਰ ਹੱਥ ਮੇਰੀ ਉਤੇ ਮੁੱਛ, ਵਟ ਦੇ ਚੜ੍ਹਾਈਆ । ਫੇਰ ਮੈਨੂੰ ਖਵਾ ਕੁਛ, ਜਿਹੜਾ ਅੰਮ੍ਰਿਤ ਫਲ ਧੁਰ ਤੋਂ ਲੈ ਕੇ ਆਈਆ । ਫੇਰ ਪਿਆਰ ਨਾਲ ਚੁੱਕ, ਹੁਲਾਰਾ ਦੇ ਲਗਾਈਆ । ਫੇਰ ਤੂੰ ਵੀ ਗਾਈਂ ਮੈਂ ਵੀ ਗਾਵਾਂ ਤੂੰ ਮੇਰਾ ਮੈਂ ਤੇਰਾ ਤੁਕ, ਸੋਹੰ ਢੋਲਾ ਅਗੰਮ ਅਥਾਹੀਆ । ਫੇਰ ਮੈਨੂੰ ਖਵਾ ਟੁੱਕ, ਭੁੱਖੇ ਨੂੰ ਦੇ ਰਜਾਈਆ । ਜੇ ਤੈਨੂੰ ਬਹੁਤੀ ਖ਼ੁਸ਼ੀ ਆ ਜਾਵੇ ਮੇਰੇ ਚਰਨਾਂ ਵੱਲ ਜਾਵੀਂ ਝੁਕ, ਇਹ ਤੇਰੀ ਮਰਜ਼ੀ ਮੈਂ ਤੈਨੂੰ ਦਿਤੀ ਜਣਾਈਆ । ਨਾਰਦ ਕਹੇ ਇਹ ਬਚਨ ਸੁਣ ਕੇ ਮੈਨੂੰ ਖ਼ੂਬ ਦਿਤਾ ਕੁੱਟ, ਕੁੱਟ ਕੁੱਟ ਕੇ ਮੇਰਾ ਰੰਗ ਬਦਲਾਈਆ । ਮੈਂ ਭੱਜਾ ਥੱਕ ਕੇ ਗਿਆ ਟੁੱਟ, ਆਪਣਾ ਬਲ ਗਵਾਈਆ । ਉਹ ਮੇਰੇ ਮਗਰੇ ਆਈ ਉਠ, ਚਲੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੇਰੇ ਅੰਦਰ ਆਈ ਫੇਰ ਖ਼ੁਸ਼ੀ, ਗ਼ਮੀ ਦਿਤੀ ਭੁਲਾਈਆ । ਚੜ੍ਹ ਗਿਆ ਆ ਕੇ ਧੁੱਸੀ, ਰਾਤ ਦੇ ਅੱਠ ਵਜੇ ਮੇਰੀ ਰਾਮ ਦੁਹਾਈਆ । ਮੈਂ ਵੇਖਿਆ ਅੱਡੀਆਂ ਚੁੱਕੀ, ਆਪਣਾ ਜ਼ੋਰ ਲਗਾਈਆ । ਉਹ ਸ਼ੇਰ ਵਾਂਗੂ ਸ਼ੇਰ ਉਤੇ ਬੈਠੀ ਬੁੱਕੀ, ਭਬਕ ਦਿਤੀ ਲਗਾਈਆ । ਮੈਥੋਂ ਭੈ ਨਾਲ ਆਵਾਜ਼ ਨਿਕਲੀ ਦੋ ਤੁੱਕੀ, ਸੋਹੰ ਢੋਲਾ ਦਿਤਾ ਗਾਈਆ । ਓਨੇ ਚਿਰ ਨੂੰ ਰਸਤੇ ਵਿਚੋਂ ਭੌਂਕ ਪਈ ਕੁੱਤੀ, ਆਪਣੀ ਆਵਾਜ਼ ਪ੍ਰਗਟਾਈਆ । ਮੇਰੀ ਡਰਦੇ ਦੀ ਪੈਰੋਂ ਲਹਿ ਗਈ ਜੁੱਤੀ, ਨੰਗੇ ਪੈਰੀਂ ਭੱਜਿਆ ਵਾਹੋ ਦਾਹੀਆ । ਜਿਹੜਾ ਰਾਹ ਵਿਚ ਪੁੱਛੇ ਉਹਨੂੰ ਮੈਂ ਕਹਾਂ ਮੈਂ ਨੰਗੇ ਪੈਰੀਂ ਓਸ ਪ੍ਰਭੂ ਦੀ ਕਰਨ ਗਿਆ ਸਾਂ ਬੁੱਤੀ, ਜਿਹੜਾ ਬੁਤਖ਼ਾਨਿਆਂ ਦੀ ਕਰੇ ਸਫ਼ਾਈਆ । ਜਿਸ ਨੇ ਕਾਲਾ ਗਾਨਾ ਬੱਧਾ ਗੁੱਟੀਂ, ਆਪਣੀ ਵੰਡ ਵੰਡਾਈਆ । ਜਾਂ ਮੈਂ ਪਿਛੇ ਭੌਂ ਕੇ ਵੇਖਿਆ ਦੁਰਗਾ ਸੰਖ ਵਾਲੇ ਹੱਥ ਦੀ ਵੱਟੀ ਮੁੱਕੀ, ਮੈਨੂੰ ਰਹੀ ਵਖਾਈਆ । ਨਾਲੇ ਉਚੀ ਉਚੀ ਕੂਕੀ, ਆਪਣੀ ਆਵਾਜ਼ ਪ੍ਰਗਟਾਈਆ । ਬੇਲੇ ਵਾਂਗੂ ਸੂਕੀ, ਸਾਂ ਸਾਂ ਦਿਤੀ ਸੁਣਾਈਆ । ਮੈਂ ਝਟ ਘੱਟੇ ਦੀ ਮਲ ਕੇ ਭਬੂਤੀ, ਸਾਧੂਆਂ ਵਾਲਾ ਵੇਸ ਕਰਾਈਆ । ਇਹ ਗੱਲ ਮਗਰੋਂ ਹੋ ਗਈ ਕਸੂਤੀ, ਉਹਨੇ ਖੰਜਰ ਲਿਆ ਉਠਾਈਆ । ਮੈਂ ਨਾਲੇ ਭੱਜਾ ਆਵਾਂ ਨਾਲੇ ਡਰਦਾ ਜਾਵਾਂ ਮੂਝੀ, ਨਾਲੇ ਕਹਾਂ ਤੇਰੇ ਅੱਗੇ ਭੈ ਨਾ ਕੋਇ ਰਖਾਈਆ । ਮੈਂ ਕੋਈ ਦੁਸ਼ਮਣ ਨਹੀਂ ਨਾ ਕੋਇ ਦੂਤੀ, ਦੁਸ਼ਟ ਦੁਰਾਚਾਰ ਨਾ ਰੂਪ ਵਟਾਈਆ । ਮੈਂ ਪਿਆਰ ਕਰਨ ਵਾਲਾ ਆਸ਼ਕ ਦੁਰਗੀ, ਜੇ ਤੂੰ ਬਣ ਜਾਏਂ ਮਸ਼ੂਕੀ, ਮੇਰਾ ਮਸਲਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਨਾਲੇ ਡਰਾਂ ਨਾਲੇ ਭੱਜਾਂ, ਭੱਜ ਭੱਜ ਕੇ ਪੈਂਡਾ ਲਿਆ ਮੁਕਾਈਆ । ਮੇਰੇ ਦਰਦ ਹੋਣ ਲੱਗੀ ਉਤੇ ਗੋਡੇ ਸੱਜਾ, ਕ਼ਦਮ ਕ਼ਦਮ ਨਾ ਕੋਇ ਬਦਲਾਈਆ । ਫੇਰ ਓਸ ਨੇ ਮੇਰੇ ਪਿਛੇ ਭਵਾਈ ਗਦਾ, ਮੈਨੂੰ ਲਿਆ ਡਰਾਈਆ । ਮੇਰਾ ਸਾਹ ਰਹਿ ਗਿਆ ਅੱਧਾ, ਹਿੰਮਤ ਰਹੀ ਨਾ ਰਾਈਆ । ਮੈਨੂੰ ਅੱਗੋਂ ਮਿਲ ਗਿਆ ਗਧਾ, ਮੈਂ ਪਲਾਕੀ ਮਾਰ ਕੇ ਉਤੇ ਬੈਠਾ ਚਾਈਂ ਚਾਈਂਆ । ਨਾਲੇ ਮੈਂ ਹੋਕਾ ਦੇਂਦਾ ਆਇਆ ਅਵਤਾਰੋ ਪੈਗ਼ੰਬਰੋ ਗੁਰੂਓ ਭਗਤੋ ਸੰਤੋ ਸੂਫ਼ੀ ਫ਼ਕੀਰੋ ਜਿਹੜਾ ਤੁਹਾਨੂੰ ਤੁਹਾਡਾ ਨਹੀਂ ਲੱਭਾ, ਆਓ ਦਿਆਂ ਮਿਲਾਈਆ । ਮੇਰੇ ਪਿਛੇ ਹੋਣੀ ਲੱਗੀ ਆਈ ਕ਼ਜ਼ਾ, ਵੈਰਨ ਆਪਣਾ ਭੈ ਰਖਾਈਆ । ਜਿਸ ਵੇਲੇ ਮੈਂ ਬਾਬੂਪੁਰ ਦੇ ਨੇੜੇ ਆਇਆ ਇਧਰੋਂ ਭਗਤਾਂ ਦਾ ਜੈਕਾਰਾ ਲੱਗਾ, ਮੈਂ ਸੁਣ ਕੇ ਖੋਤੇ ਦੇ ਕੰਨ ਮਰੋੜੇ ਉਤੋਂ ਉਤਰ ਕੇ ਪਿਛੇ ਲੱਤ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਮੈਂ ਡਰਦਾ ਆਇਆ ਦੌੜ, ਆਪਣਾ ਪੰਧ ਮੁਕਾਈਆ । ਪਿਛੇ ਆਵਾਜ਼ ਸੁਣਦਾ ਆਇਆ ਕੋਈ ਖੜਕਦਾ

ਨਹੀਂ ਪੌੜ, ਧਮਕ ਜ਼ਿਮੀਂ ਉਤੇ ਪਾਈਆ । ਮੈਂ ਨੇੜੇ ਆ ਕੇ ਮਾਰ ਕੇ ਛਾਲ ਚੜ੍ਹ ਗਿਆ ਉਤੇ ਬੋਹੜ, ਟੀਸੀ ਤੇ ਬੈਠਾ ਸੀਟੀਆਂ ਰਿਹਾ ਵਜਾਈਆ । ਜਾਂ ਚੜ੍ਹਦੇ ਨਿਗਾਹ ਮਾਰੀ ਮੇਰੇ ਸਾਹਿਬ ਦੇ ਸਿਰ ਤੇ ਹੋਵੇ ਚੌਰ, ਮੇਰੇ ਅੰਦਰ ਖ਼ੁਸ਼ੀ ਆਈਆ । ਫੇਰ ਮੈਂ ਦੁਰਗਾ ਵਲ ਵੇਖਿਆ ਕਰ ਕੇ ਗ਼ੌਰ, ਆਪਣੀ ਨਿਗਾਹ ਉਠਾਈਆ । ਫੇਰ ਮੈਂ ਪਾਸਾ ਕਰ ਕੇ ਓਧਰ ਨੂੰ ਕਰ ਲਏ ਮੌਰ, ਪਿਠ ਲਈ ਬਦਲਾਈਆ । ਨੀ ਮੈਂ ਸਾਹਿਬਜ਼ਾਦਾ ਮੈਂ ਪਾਤਸ਼ਾਹ ਦਾ ਕੌਰ, ਜਿਸ ਨੇ ਕੌਰਵ ਪਾਂਡਵ ਕ੍ਰਿਸ਼ਨ ਦੇ ਨਾਲ ਮਿਲ ਕੇ ਸਾਰੇ ਦਿਤੇ ਖਪਾਈਆ । ਮੈਂ ਇਸ ਜੁਗ ਵਿਚ ਮਾਰਿਆ ਫੌਹੜ, ਝੂਠ ਦਿਤਾ ਸੁਣਾਈਆ । ਜੇ ਅੱਗੇ ਆਈਓਂ ਏਥੇ ਇਕ ਸਰੋਵਰ ਵੱਡਾ ਜੌਹੜ, ਪਾਣੀ ਡੂੰਘਾ ਵੇਖ ਵਖਾਈਆ । ਜੇ ਕੋਈ ਪੀਵੇ ਤੇ ਬੜਾ ਕੌੜ, ਜੇ ਕੋਈ ਨਹਾਵੇ ਤੇ ਨਹਾਉਂਦਿਆਂ ਹੀ ਮਰ ਜਾਈਆ । ਜੇ ਤੈਨੂੰ ਪਿਆਸ ਦੀ ਲੱਗੀ ਔੜ, ਮੈਨੂੰ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਨਾਰਦ ਕਹੇ ਦੁਰਗਾ ਨੇ ਮੇਰੀ ਵੇਖੀ ਨਿਸ਼ਾਨੀ, ਨਿਸ਼ਾਨੇ ਉਤੇ ਚਲੀ ਆਈਆ । ਜੂਹ ਛੱਡੀ ਬੇਗਾਨੀ, ਦੂਰ ਦੁਰਾਡਾ ਪੰਧ ਮੁਕਾਈਆ । ਲੇਖਾ ਮੁਕਾਇਆ ਅਸਮਾਨੀ, ਜ਼ਿਮੀਂ ਵਲ ਧਿਆਨ ਲਗਾਈਆ । ਕਿੱਥੇ ਬੈਠਾ ਸ਼ਾਹ ਸੁਲਤਾਨੀ, ਪੰਡਤ ਜੀ, ਮੈਨੂੰ ਦਿਓ ਵਖਾਈਆ । ਮੈਂ ਹੱਸ ਕੇ ਕਿਹਾ ਪਹਿਲੋਂ ਮੇਰੇ ਕੋਲ ਬੋਹੜ ਦੀ ਚੋਟੀ ਤੇ ਆ ਜੇ ਤੇਰੀ ਵੱਡੀ ਜਵਾਨੀ, ਨੌਜਵਾਨੇ ਫੇਰ ਤੈਨੂੰ ਦਿਆਂ ਵਖਾਈਆ । ਜੇ ਤੂੰ ਚੜ੍ਹ ਨਾ ਸਕੇਂ ਫੇਰ ਤੂੰ ਮੇਰੇ ਸੂਰਮੇ ਦੀ ਕਦੇ ਨਾ ਕਰੀਂ ਬਦਨਾਮੀ, ਬਦਲੇ ਦੀ ਭਾਵਨਾ ਨਾ ਕੋਇ ਰਖਾਈਆ । ਵੇਖੀਂ ਕਿਤੇ ਭੁੱਲ ਕੇ ਧਿਆਨ ਧਰੀਂ ਨਾ ਬਾਹਰਲੇ ਤਤ ਜਿਸਮਾਨੀ, ਪੁਤਲਾ ਖ਼ਾਕ ਮਿੱਟੀ ਧਿਆਨ ਲਗਾਈਆ । ਨਿਗਾਹ ਮਾਰੀਂ ਮੇਰਾ ਪਾਤਸ਼ਾਹ ਤੇ ਤੇਰਾ ਸ਼ਹਿਨਸ਼ਾਹ ਸਚਖੰਡ ਦਾ ਸੁਲਤਾਨੀ, ਦਰਗਾਹ ਸਾਚੀ ਸੋਭਾ ਪਾਈਆ । ਓਹ ਪਿਛਲੀ ਯਾਦ ਕਰਾਉਣ ਆਇਆ ਕਥਾ ਕਹਾਣੀ, ਸੁੰਭ ਨਿਸੁੰਭ ਭੇਵ ਖੁਲ੍ਹਾਈਆ । ਓਹ ਓਸ ਦੀ ਖਾਣ ਆਇਆ ਮਹਿਮਾਨੀ, ਜੋ ਪਾਣੀ ਦਾ ਮਾਲਕ ਬਣ ਕੇ ਨਾਨਕ ਰਿਹਾ ਤਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਛੇਤੀ ਨਾਲ ਬੋਹੜ ਤੋਂ ਉਤਰਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਸ੍ਰੀ ਭਗਵਾਨ ਨੇ ਕਿਹਾ ਵਾਹ ਮੇਰਿਆ ਪੁੱਤਰਾ, ਤੇਰੀ ਵਡ ਵਡਿਆਈਆ । ਮੈਂ ਭੱਜ ਕੇ ਚੜ੍ਹ ਗਿਆ ਕੁਛੜਾ, ਬੁਕਲ ਵਿਚ ਲੁਕ ਕੇ ਜੱਫੀ ਲਈ ਪਾਈਆ । ਨਾਲੇ ਦੱਸਿਆ ਝਗੜਾ, ਰੋ ਕੇ ਦਿਤੀ ਦੁਹਾਈਆ । ਫੇਰ ਮੇਰਾ ਪੂੰਝਿਆ ਮੁਖੜਾ, ਸਾਫ਼ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੈਂ ਕਿਹਾ ਪ੍ਰਭੂ ਓਹ ਮੇਰੇ ਪਿਛੇ ਲੱਗੀ ਦੁਰਗਾ ਦੇਵੀ, ਦੇਵ ਦੇਵਾ ਮੈਂ ਕਹਿ ਕੇ ਪਲੂ ਆਇਆ ਛੁਡਾਈਆ । ਮੈਂ ਮੰਦਰਾਂ ਵਿਚ ਵੇਖਣ ਗਿਆ ਕਾਗ਼ਜ਼ਾਂ ਦੀ ਖੜ੍ਹੀ ਕੀਤੀ ਨਾਲ ਲੇਵੀ, ਪੱਥਰਾਂ ਵਿਚ ਵਡਿਆਈਆ । ਸਚ ਦੱਸ ਇਹ ਕੋਈ ਹੈ ਵੀ, ਕਿ ਐਵੇਂ ਮੈਨੂੰ ਭੈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਨੇ, ਨਾਰਦ ਕਹੇ, ਮੇਰਾ ਕੰਨ ਦਿਤਾ ਖਿੱਚ, ਹਲੂਣਾ ਦਿਤਾ ਲਗਾਈਆ । ਧਿਆਨ ਧਰ ਜਾਂ ਵੇਖਿਆ ਗੁਰ ਅਵਤਾਰ ਪੈਗ਼ੰਬਰ ਦੇਵੀ ਦੇਵਤ ਸਾਰੇ ਇਸ ਦੇ ਵਿਚ, ਆਪ ਆਪਣੇ ਵਿਚ ਟਿਕਾਈਆ । ਫੇਰ ਵਖਾਈ ਅਗੰਮੀ ਚਿਟ, ਚਿੱਠੀ ਦਿਤੀ ਫੜਾਈਆ । ਫੇਰ ਕਿਹਾ ਮੇਰੇ ਚਰਨਾਂ ਵਿਚ ਲਿਟ, ਮੈਂ ਲੇਟ ਕੇ ਆਪਣੇ ਪਾਸੇ ਲਏ ਬਦਲਾਈਆ । ਫਿਰ ਕਿਹਾ ਮੇਰੇ ਵਲ ਵੇਖ ਲਾ ਕੇ ਟਿਕ, ਮੈਂ ਟਿਕ ਟਿਕੀ ਲਈ ਲਗਾਈਆ । ਫੇਰ


੧੦੩੮
੨੧

ਕਿਹਾ ਓਹ ਵੇਖ ਰਵਿਦਾਸ ਦੀ ਇੱਟ, ਜੋ ਇੱਟਾਂ ਪੱਥਰਾਂ ਦਾ ਖਹਿੜਾ ਰਹੀ ਛੁਡਾਈਆ । ਮੈਂ ਤੱਕਣ ਲੱਗਾ ਬਿਟ ਬਿਟ, ਖੇਲ ਵਖਾਇਆ ਅਨਡਿਠ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਫੇਰ ਨਾਪ ਨਪਾਇਆ ਮੈਥੋਂ ਸਵਾ ਗਿਠ, ਆਪਣੀ ਦਇਆ ਕਮਾਈਆ । ਫੇਰ ਬਦਲਾ ਕੇ ਮੇਰੀ ਪਿਠ, ਠੋਕਰ ਆਪਣੇ ਹੱਥ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਨਾਰਦ ਕਹੇ ਮੈਂ ਨਿਮਸਕਾਰ ਕੀਤੀ, ਸੀਸ ਜਗਦੀਸ਼ ਝੁਕਾਈਆ । ਕਥਾ ਕਹਾਣੀ ਦੱਸੀ ਬੀਤੀ, ਆਪਣਾ ਪਰਦਾ ਲਾਹੀਆ । ਫੇਰ ਆਪਣੀਆਂ ਨਾਸਾਂ ਵਿਚ ਫੇਰ ਕੇ ਚੀਚੀ, ਧੁੱਸੀ ਦਾ ਮਿੱਟੀ ਘੱਟਾ ਲਿਆ ਕਢਾਈਆ । ਫੇਰ ਬਾਉਪੁਰ ਦੀ ਵੜ ਕੇ ਵਿਚ ਬਗ਼ੀਚੀ, ਗੁਰਮੁਖ ਫੁੱਲ ਬੂਟੇ ਵੇਖੇ ਚਾਈਂ ਚਾਈਆ । ਫੇਰ ਮੈਂ ਜ਼ੋਰ ਜ਼ੋਰ ਦੀ ਮਾਰੀ ਸੀਟੀ, ਦੂਰ ਦੂਰ ਸੁਣਾਈਆ । ਨਾਲੇ ਕਿਹਾ ਅਸ਼ਟਭੁਜ ਆਹ ਮੈਂ ਓਸ ਗਾਡੀ ਦਾ ਟੀਟੀ, ਜਿਸ ਉਤੇ ਭਗਤ ਭਗਵਾਨ ਰਿਹਾ ਚੜ੍ਹਾਈਆ । ਮੈਂ ਕੋਈ ਪੜ੍ਹਿਆ ਨਹੀਂ ਬੀ ਏ ਬੀ ਟੀ, ਬ੍ਰਿਸਟ ਬਰਤਾਨੀਆਂ ਡਿਗਰੀ ਹਾਸਲ ਨਾ ਕੋਇ ਕਰਾਈਆ । ਏਥੇ ਕੋਈ ਜੰਕਸ਼ਨ ਨਹੀਂ ਬੰਬੇ ਵਾਲਾ ਵੀ ਟੀ, ਵੀਟੋ ਅਧਿਕਾਰ ਪ੍ਰਭ ਨੇ ਮੇਰੇ ਹੱਥ ਦਿਤਾ ਫੜਾਈਆ । ਮੈਂ ਕੋਈ ਡਰਪੋਕ ਨਹੀਂ ਗੀਦੀ, ਰੋ ਕੇ ਦਿਆਂ ਵਖਾਈਆ । ਮੇਰੇ ਕੋਲ ਸੱਤ ਰੰਗਾ ਝੰਡਾ ਓਹ ਲੈਨ ਵਖਾਵੇ ਸਿੱਧੀ, ਅੱਗੇ ਹੋ ਨਾ ਕੋਇ ਅਟਕਾਈਆ । ਕੋਈ ਲੋੜ ਨਹੀਂ ਪੈਂਦੀ ਲਾਈਨ ਲੀਹ ਦੀ, ਬਿਨਾ ਲੈਨ ਤੋਂ ਐਨ ਦਿਆਂ ਚਲਾਈਆ । ਕੋਈ ਜ਼ਰੂਰਤ ਨਹੀਂ ਸਿਫ਼ਤਾਂ ਵਾਲੀ ਤਸ਼ਰੀਹ ਦੀ, ਤਾਰੀਫ਼ ਕਰਨ ਵਾਲੇ ਗੁਰ ਅਵਤਾਰ ਪੈਗ਼ੰਬਰ ਓਸੇ ਦਾ ਰਾਹ ਤਕਾਈਆ । ਆਹ ਵੇਖ ਆਸਾ ਓਸ ਮਸੀਹ ਦੀ, ਜਿਸ ਨੂੰ ਹਜ਼ਰਤ ਈਸਾ ਕਹਿ ਕੇ ਸਾਰੇ ਸੀਸ ਨਿਵਾਈਆ । ਖੇਲ ਵੇਖ ਉਸ ਰੱਬੀ ਦੀ, ੧੦੩੯
ਜੋ ਰੱਬੇ ਆਲਮ ਮੁਹੰਮਦ ਸਲੱਲਾ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਫੇਰ ਕੀਤੀ ਸ਼ੈਤਾਨੀ, ਸ਼ਰਅ ਜਗਤ ਵਾਲੀ ਦ੍ਰਿੜ੍ਹਾਈਆ । ਜੇ ਕਲਜੁਗ ਵਿਚ ਕਰੀਏ ਬੇਈਮਾਨੀ, ਮਿਲਦੀ ਮਾਤ ਵਡਿਆਈਆ । ਜੇ ਧੋਖਾ ਦੇਈਏ ਮਾਤ ਰੁਪਈਆ ਚਵਾਨੀ ਦਵਾਨੀ, ਪੈਸਿਆਂ ਵਿਚ ਪਾਸਾ ਉਲਟਾਈਆ । ਫੇਰ ਸਾਧੂ ਸਾਰੇ ਮਗਰ ਲਾ ਲਓ ਜਿਹੜੇ ਕਹਿਣ ਚੜ੍ਹਦੇ ਮੰਜ਼ਲ ਰੁਹਾਨੀ, ਟੱਕਿਆਂ ਵਿਚ ਖਰੀਦੋ ਥਾਉਂ ਥਾਈਂਆ । ਜੇ ਪੰਡਤ ਬਣ ਕੇ ਸੁਣਾਵਾਂ ਗ੍ਰੰਥਾਂ ਵਾਲੀ ਬਾਣੀ, ਵਿਦਿਆਵਾਨ ਕਹੇ ਲੋਕਾਈਆ । ਜੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰੇ ਜਾ ਕੇ ਮਸਤਕ ਰਗੜਾਂ ਪੇਸ਼ਾਨੀ, ਫੇਰ ਸਾਰੇ ਕਹਿਣ ਗੁਰਮੁਖ ਚੰਗਾ ਨਜ਼ਰੀ ਆਈਆ । ਜੇ ਮੈਂ ਆਖਾਂ ਮੈਂ ਸਿੱਧਾ ਮਿਲਿਆ ਉਸ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਜੋ ਸਭ ਤੇ ਕਰੇ ਮਿਹਰਵਾਨੀ, ਮਹਿਬੂਬ ਮੇਰਾ ਨੂਰ ਅਲਾਹੀਆ । ਫਿਰ ਸਾਰੇ ਮੈਨੂੰ ਕੱਢਣ ਗਾਲੀ, ਕਹਿਣ ਕਿੱਥੋਂ ਪ੍ਰਭ ਦਾ ਭਗਤ ਆ ਕੇ ਰੌਲਾ ਰਿਹਾ ਪਾਈਆ । ਜਨ ਭਗਤੋ ਏਸੇ ਤਰ੍ਹਾ ਹੀ ਤੁਹਾਡੀ ਹੁੰਦੀ ਹਾਨੀ, ਮੈਂ ਤੁਹਾਨੂੰ ਦਿਆਂ ਸਮਝਾਈਆ । ਜੇ ਤੁਸੀਂ ਵੀ ਇੱਟਾਂ ਪੱਥਰ ਕ਼ਾਗਜ਼ ਕ਼ਲਮ ਸ਼ਾਹੀ ਤਨ ਵਜੂਦ ਪੂਜੋ ਜਿਸਮਾਨੀ, ਤੁਹਾਨੂੰ ਵੀ ਸਮਾਜ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਮਿਹਰ ਨਜ਼ਰ ਨਾਲ ਤਰਾਈਆ । ਨਾਰਦ ਕਹੇ ਓਹ ਆ ਗਈ ਸਤਿਜੁਗ ਦੀ ਰਾਣੀ, ਮਹਾਰਾਣੀ ਮਹਾਰਾਣੀ ਮਹਾਰਾਣੀ ਸੋਭਾ ਪਾਈਆ । ਭਰ ਲਿਆਇਆ ਠੰਡਾ ਪਾਣੀ, ਅੰਮ੍ਰਿਤ ਜਲ ਅੰਮ੍ਰਿਤ ਜਲ ਕਹਿ ਕੇ ਰਿਹਾ ਸੁਣਾਈਆ । ਪੜ੍ਹੀ ਜਾਵੇ ਬਾਣੀ, ਹਰੀ ਓਮ ਤਤ ਸਤਿ ਸੁਣਾਈਆ । ਤਕਦਾ ਜਾਏ ਨੌਜਵਾਨੀ, ਜੋਬਨਵੰਤੀ ਜੋਬਨਵੰਤੀ ਜੋਬਨਵੰਤੀ ਕਹਿ

ਕੇ ਆਪਣੀ ਅੱਖ ਚੁਰਾਈਆ । ਬੋਲਦਾ ਜਾਏ ਬੜੀ ਮਿਹਰਵਾਨੀ ਬੜੀ ਮਿਹਰਵਾਨੀ, ਪਿਆਰ ਦੇ ਪਿਆਰ ਦੇ, ਸਤਿਕਾਰ ਦੇ ਸਤਿਕਾਰ ਦੇ, ਇਤਬਾਰ ਦੇ ਇਤਬਾਰ ਦੇ, ਤੇਰੀ ਮਿਹਰਵਾਨੀ, ਝੋਲੀ ਤੇਰੇ ਅੱਗੇ ਡਾਹੀਆ । ਕਹਿੰਦਾ ਜਾਏ ਮੇਰੇ ਦਿਲ ਦੀ ਜਾਨ ਜਾਨੀ ਜਾਨ ਜਾਨੀ, ਜਾਨਣਹਾਰ ਵਿਚ ਸੰਸਾਰ ਇਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹਾਲ ਸੁਣਾਈਆ । ਅਸ਼ਟਭੁਜ ਕਹੇ ਉਰਾਂ ਆ ਵੇ ਨਾਰਦਾ, ਨਦੀਆਂ ਦੇ ਕੰਢੇ ਕਿਉਂ ਭੱਜਾ ਵਾਹੋ ਦਾਹੀਆ । ਨਾਰਦ ਕਹੇ ਮੈਂ ਤਾਂ ਸੇਵਾ ਕਰਦਾ ਸਾਂ ਵਾਂਗ ਗਾਰਦਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੀ ਰੱਛਿਆ ਲਈ ਗਿਆ ਸਾਂ ਚਾਈਂ ਚਾਈਂਆ । ਮੈਨੂੰ ਹੁਕਮ ਮਿਲਿਆ ਸੀ ਬਾਹਰ ਦਾ, ਸੋ ਸੇਵਕ ਹੋ ਕੇ ਕਾਰ ਕਮਾਈਆ । ਬੀਬੀ ਰਾਣੀ ਜੇ ਦਰਸ਼ਨ ਕਰਨਾ ਈ ਮੇਰੀ ਸੱਚੀ ਸਰਕਾਰ ਦਾ, ਇਸ਼ਾਰੇ ਨਾਲ ਇਸ਼ਾਰਾ ਦਿਆਂ ਮਿਲਾਈਆ । ਜਿਹੜਾ ਸਭ ਦੀ ਪੈਜ ਸਵਾਰਦਾ, ਜੁਗ ਚੌਕੜੀ ਹੋਏ ਸਹਾਈਆ । ਜਿਹੜਾ ਤੇਰੇ ਵਰਗੇ ਅਨੰਤ ਰੂਪ ਧਾਰਦਾ, ਦੁਰਗਾ ਨੂੰ ਕਰ ਕੇ ਮੁਰਦਾ ਅੱਗੇ ਹੋਰ ਵੇਸ ਕਰ ਕੇ ਤੁਰਦਾ, ਇਹ ਖੇਲ ਅਗੰਮਾ ਧੁਰ ਦਾ, ਜਿਸ ਦੀ ਸਮਝ ਕਿਸੇ ਨਾ ਆਈਆ । ਜਦ ਤੱਕੇ ਤੇ ਭਗਤਾਂ ਨਾਲ ਨਾਤਾ ਜੁੜਦਾ, ਜਦ ਵੇਖੇ ਤੇ ਜਗਤ ਜਹਾਨ ਰੁੜ੍ਹਦਾ, ਜਦ ਜਾਣੇ ਗੁਰ ਅਵਤਾਰ ਪੈਗ਼ੰਬਰਾਂ ਤੋਂ ਕੰਮ ਲਏ ਆਪਣੀ ਲੋੜ ਦਾ, ਜ਼ਰੂਰਤ ਤੋਂ ਵੱਧ ਕਿਸੇ ਦੇ ਹੱਥ ਨਾ ਕੁਛ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਸਾਚੀ ਕਾਰ ਕਮਾਈਆ । ਅਸ਼ਟਭੁਜ ਕਹੇ ਹੋ ਜਾ ਮੇਰੇ ਅੱਗੇ, ਅੱਗੋਂ ਰਸਤਾ ਦੇ ਵਖਾਈਆ । ਨਾਰਦ ਕਹੇ ਮੈਨੂੰ ਪੰਜ ਸੱਤ ਉਤੋਂ ਲਾਹ ਲੈਣ ਦੇ ਝੱਗੇ, ਤੈਨੂੰ ਵੇਖ ਕੇ ਮੈਨੂੰ ਗਰਮੀ ਗਈ ਆਈਆ । ਕਿਤੇ ਬਦੋ ਬਦੀ ਮੈਨੂੰ ਚੁੱਕ ਕੇ ਨਾਲ ਬਹਾ ਨਾ ਲਈਂ ਉਤੇ ਸ਼ੇਰ ਬੱਗੇ, ਸਾਥੀ ਆਪਣਾ ਲਏਂ ਬਣਾਈਆ । ਕਿਤੇ ਮੇਰੀ ਸੇਵਾ ਨਾ ਲਾ ਦੇਵੀਂ ਨੌਬਤ ਉਤੇ ਲਾ ਡੱਗੇ, ਡੰਕਾ ਦੇ ਵਜਾਈਆ । ਮੈਂ ਪਿਛਲੇ ਡੌਰੂ ਸਾਰੇ ਛੱਡੇ, ਝਗੜਾ ਦਿਤਾ ਮੁਕਾਈਆ । ਮੈਂ ਇਕੋ ਜਾਣਦਾ ਜਿਹੜਾ ਮੇਰੇ ਸਾਹਿਬ ਦੀ ਚਰਨੀ ਲੱਗੇ, ਪੁਰਖ ਅਕਾਲ ਦੀ ਓਟ ਤਕਾਈਆ । ਉਹਦਾ ਝਗੜਾ ਮੁਕ ਜਾਏ ਜ਼ਿਮੀਂ ਅਸਮਾਨਾਂ ਮੱਧੇ, ਦੋ ਜਹਾਨਾਂ ਪਾਰ ਕਰਾਈਆ । ਇਹ ਖੇਲ ਵੇਖ ਲੈ ਹੁਣ ਤੇ ਅੱਜੇ, ਤੈਨੂੰ ਦਿਆਂ ਵਖਾਈਆ । ਤਖ਼ਤ ਨਿਵਾਸੀ ਦੀ ਜਗਮਗ ਜੋਤ ਜਗੇ, ਜਾਗਰਤ ਜੋਤ ਨੂਰ ਰੁਸ਼ਨਾਈਆ । ਨੀ ਦੁਰਗਾ ਉਹ ਤੇਰੇ ਨਾਲੋਂ ਮੇਰੇ ਨਾਲੋਂ ਗੁਰ ਅਵਤਾਰ ਪੈਗ਼ੰਬਰਾਂ ਨਾਲੋਂ ਹੁਣ ਚੜ੍ਹ ਗਿਆ ਈ ਭਗਤਾਂ ਗ਼ਰੀਬਾਂ ਦੇ ਅੱਡੇ, ਅੱਡੀ ਚੋਟੀ ਤਾਈਂ ਜ਼ੋਰ ਲਾ ਲਾ, ਫੇਰ ਵੀ ਹੱਥ ਕਦੇ ਨਾ ਆਈਆ । ਜੇ ਭਗਤ ਚਾਹੁਣ ਤੇ ਫੇਰ ਲੰਘੀਏ ਉਸ ਦੀ ਹੱਦੇ, ਹੱਦ ਹਦੂਦ ਪਾਰ ਕਰਾਈਆ । ਨਾਰਦ ਕਹੇ ਵੇਖ ਮੈਂ ਆਪਣੇ ਹੱਥ ਬੱਧੇ, ਬੰਦਨਾ ਕਰ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਈਆ । ਦੁਰਗਾ ਕਹੇ ਮੈਨੂੰ ਮਨਜ਼ੂਰ, ਢਿਲ ਰਹੇ ਨਾ ਰਾਈਆ । ਚਲ ਤੱਕੀਏ ਹਜ਼ੂਰ, ਜੋ ਹਰ ਹਿਰਦੇ ਰਿਹਾ ਸਮਾਈਆ । ਮੈਂ ਚਾਰ ਜੁਗ ਦਾ ਪੈਂਡਾ ਮੁਕਾ ਕੇ ਆਈ ਦੂਰ, ਸਤਿਜੁਗ ਦੀ ਚਲੀ ਕਲਜੁਗ ਅੰਤਮ ਪੁੱਜੀ ਚਾਈਂ ਚਾਈਂਆ । ਜਿਸ ਨਾਤਾ ਤੋੜਨਾ ਕੂੜ, ਜੂਠ ਝੂਠ ਦੇਣਾ ਮਿਟਾਈਆ । ਉਹਦੀ ਮਸਤਕ ਲਾਈਏ ਧੂੜ, ਟਿੱਕਾ ਖ਼ਾਕ ਰਮਾਈਆ । ਤੱਕੀਏ ਅਗੰਮਾ ਨੂਰ, ਨੂਰ ਨੁਰਾਨਾ ਡਗਮਗਾਈਆ । ਦਰਸ਼ਨ ਕਰਨਾ ਜ਼ਰੂਰ, ਜ਼ਾਹਰ ਜ਼ਹੂਰ ਹੋਵੇ ਰੁਸ਼ਨਾਈਆ । ਜਿਸ ਨੇ ਸਭ ਨੂੰ ਕੀਤਾ ਮਜਬੂਰ, ਭੱਜੇ ਆਵਣ ਥਾਉਂ ਥਾਈਆ । ਅਸੀਂ ਸਾਰੇ ਓਸੇ ਦੇ ਮਜ਼ਦੂਰ, ਸੇਵਾ ਵਿਚ ਸੇਵ ਕਮਾਈਆ ।

੧੦੪੦ ੨੧

ਨਾਰਦ ਹੱਸ ਕੇ ਕਹੇ ਦੁਰਗਾ ਤੂੰ ਤੇ ਬੜੀ ਉਚੀ ਲੰਮੀ ਵਾਂਗ ਖਜੂਰ, ਮੇਰਾ ਜੀਅ ਕਰਦਾ ਤੇਰੇ ਮੋਢਿਆਂ ਤੇ ਚੜ੍ਹ ਕੇ ਦਿਆਂ ਦੁਹਾਈਆ । ਕਿਉਂ ਚਾਰੋਂ ਕੁੰਟ ਕਲ ਕਾਤੀਆਂ ਪਾਇਆ ਫ਼ਤੂਰ, ਕ਼ਤਲਗਾਹ ਬਣੀ ਲੋਕਾਈਆ । ਦੀਨ ਦੁਨੀ ਹੋਈ ਮਜਬੂਰ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਦੁਰਗਾ ਵੇਖ ਅਗੰਮਾ ਸਿੰਘ ਆਸਣ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਬੈਠੇ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤਾ ਡੇਰਾ ਲਾਈਆ । ਝੁਕਦੇ ਪ੍ਰਿਥਮੀ ਆਕਾਸ਼ਣ, ਗਗਨ ਗਗਨੰਤਰ ਸੀਸ ਨਿਵਾਈਆ । ਸਭ ਦੀ ਪੂਰੀ ਹੋਵੇ ਆਸਣ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਲਵਾ ਦੇਵੇ ਬਾਤਨ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਵੇਖੇ ਖੇਲ ਤਮਾਸ਼ਣ, ਜੁਗ ਚੌਕੜੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,ਮਿਹਰ ਨਜ਼ਰ ਨਾਲ ਤਰਾਈਆ । ਦੁਰਗਾ ਦਰ ਠਾਂਡੇ ਆ ਕੇ ਗਈ ਝੁਕ, ਨਮਸਤੇ ਕਹਿ ਕੇ ਸੀਸ ਨਿਵਾਈਆ । ਮੇਰਾ ਲੇਖਾ ਪਿਛਲਾ ਗਿਆ ਮੁਕ, ਅੱਗੇ ਤੇਰੇ ਹੱਥ ਵਡਿਆਈਆ । ਸ਼ਸਤਰ ਅੱਠੇ ਦਿਤੇ ਸੁੱਟ, ਖ਼ਾਲੀ ਭੁਜਾਂ ਰਹੀ ਹਿਲਾਈਆ । ਤੂੰ ਮੇਰਾ ਮੈਂ ਤੇਰਾ ਮੈਂ ਵੀ ਗਾਵਾਂ ਤੁਕ, ਇਕੋ ਵੱਜੇ ਵਧਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਬਦਲ ਦੇ ਰੁੱਤ, ਕਲਜੁਗ ਖਿਜ਼ਾਂ ਦੇ ਮਿਟਾਈਆ । ਭਗਤ ਸੁਹੇਲੇ ਤੇਰੇ ਪੁੱਤ, ਪਿਤਾ ਪੂਤ ਗੋਦ ਸੁਹਾਈਆ । ਕਿਸੇ ਨੂੰ ਰਹੇ ਨਾ ਵਿਛੋੜੇ ਦਾ ਦੁੱਖ, ਦੁਖੀਆਂ ਦਰਦ ਗਵਾਈਆ । ਅਸੀਂ ਸਾਰੇ ਉਪਜੇ ਤੇਰੀ ਵਿਚੋਂ ਕੁੱਖ, ਅੰਤ ਤੇਰੇ ਵਿਚ ਸਮਾਈਆ । ਇਕੋ ਜੋਧਾ ਸੂਰਬੀਰ ਬਹਾਦਰ ਸ਼ਬਦੀ ਤੇਰਾ ਪੁਤ, ਜੋ ਆਦਿ ਜੁਗਾਦਿ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਦੁਰਗਾ ਕਹੇ ਮੈਂ ਛੱਡੇ ਸਾਰੇ ਸ਼ਾਸਣ, ਸ਼ਸਤਰ ਧਾਰ ਨਜ਼ਰ ਨਾ ਆਈਆ । ਤੇਰੇ ਗ੍ਰਹਿ ਕਰ ਕੇ ਵਾਸਣ, ਜਗਤ ਵਾਸਨਾ ਦਿਤੀ ਮਿਟਾਈਆ । ਓਨ ਮੋਆ ਦੇਸ ਗੁਰੂ ਜੀ ਕਾ ਮਰੂ ਦੇਵਾ ਛਿਆ ਦੇਵੀ ਛੱਡਿਆ ਭਾਸ਼ਨ, ਸੰਥਾ ਜਗਤ ਨਾ ਕੋਇ ਸੁਣਾਈਆ । ਦਰ ਤੇਰੇ ਆਈ ਘਾਟਨ, ਘੱਟੇ ਮਿੱਟੀ ਵਿਚ ਆਪਣਾ ਪੰਧ ਮੁਕਾਈਆ । ਮੈਨੂੰ ਰਾਵੀ ਲੱਗੀ ਆਖਣ, ਸਹਿਜ ਨਾਲ ਸੁਣਾਈਆ । ਜਾਹ, ਅੱਜ ਨੇੜੇ ਓਸ ਕੱਟਣੀ ਅੱਜ ਦੀ ਰਾਤਨ, ਬਹੁਤਾ ਪੰਧ ਨਾ ਕੋਇ ਮੁਕਾਈਆ । ਮੈਂ ਕਰਨ ਲੱਗ ਪਈ ਦਾਤਨ, ਆਪਣੇ ਹੱਥ ਉਠਾਈਆ । ਆਪਣਾ ਹਿਰਦਾ ਲੱਗ ਗਈ ਵਾਚਣ, ਆਪਣੇ ਆਪ ਦੀ ਕਰੀ ਪੜ੍ਹਾਈਆ । ਕੀ ਮੈਂ ਓਸੇ ਦੀ ਸਾਥਣ, ਜੋ ਸਭ ਦਾ ਪਿਤਾ ਮਾਈਆ । ਮੈਂ ਮਸਤੀ ਵਿਚ ਉਸ ਦੀ ਹਸਤੀ ਵਿਚ ਲੱਗ ਗਈ ਗਵਾਚਣ, ਆਪਣੀ ਸੁੱਧ ਰਹੀ ਨਾ ਰਾਈਆ । ਜਾਂ ਨਿਗਾਹ ਮਾਰੀ ਵੇਖਿਆ ਆਪਣਾ ਜਾਪਣ, ਜਪ ਜਪ ਥੱਕੀ ਜਗਤ ਲੋਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਪਾਪਣ, ਪਤਤ ਪੁਨੀਤ ਨਾ ਕੋਇ ਕਰਾਈਆ । ਫਿਰ ਮੈਂ ਨਿਮਾਣੀ ਹੋ ਕੇ ਪ੍ਰਭ ਨੂੰ ਲੱਗੀ ਆਖਣ, ਕਹਿ ਕੇ ਦਿਤਾ ਸੁਣਾਈਆ । ਮੇਰੇ ਸਤਿਗੁਰ ਸਾਹਿਬ ਪੁਰਖ ਅਬਿਨਾਸ਼ਣ, ਤੇਰੀ ਬੇਪਰਵਾਹੀਆ । ਸਤਿਜੁਗ ਸਚ ਲਗਾ ਦੇ ਗੁਰ ਅਵਤਾਰ ਪੈਗ਼ੰਬਰ ਸਾਰੇ ਆਖਣ, ਮੈਂ ਵੀ ਕਹਿ ਕੇ ਹਿੱਸਾ ਦਿਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਧਾ ਸੂਰਬੀਰ ਸਭ ਤੋਂ ਵੱਡਾ ਰਾਠਣ, ਏਕੋ ਏਕ ਏਕੰਕਾਰਾ ਨਜ਼ਰੀ ਆਈਆ ।

## ✲ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਸੰਤਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✲

ਨਾਰਦ ਕਹੇ ਵਾਹਵਾ ਮੇਰੇ ਪ੍ਰਭੂ ਰੰਗ, ਰੰਗਲੇ ਦਿਆਂ ਜਣਾਈਆ । ਅੰਮ੍ਰਿਤ ਵੇਲਾ ਢਾਈ ਤੋਂ ਪੰਜ, ਤੇਰੇ ਚਰਨ ਦਵਾਰੇ ਆਪਣੀ ਖ਼ੁਸ਼ੀ ਮਨਾਈਆ । ਫਿਰ ਬਾਹਰ ਖਲੋ ਗਿਆ ਉਤੇ ਇਕ ਟੰਗ, ਯਕ ਟੰਗਾ ਧਿਆਨ ਲਗਾਈਆ । ਫਿਰ ਮੈਂ ਰੌਲਾ ਸੁਣਿਆ ਡੰਡ, ਆਪਣੀ ਨਿਗਾਹ ਉਠਾਈਆ । ਜ਼ਿਮੀਂ ਵੇਖੀ ਅਸਮਾਨ ਵੇਖਿਆ ਖੇਲ ਵੇਖਿਆ ਬ੍ਰਹਿਮੰਡ, ਆਕਾਸ਼ਾਂ ਉਪਰ ਖੋਜ ਖੁਜਾਈਆ । ਜਾਂ ਨਿਗਾਹ ਮਾਰੀ ਭੋਲਾ ਨਾਥ ਛਾਰ ਮਲ ਕੇ ਉਤੇ ਕੰਡ, ਚਲਿਆ ਆਵੇ ਚਾਈਂ ਚਾਈਂਆ । ਹੱਥ ਤਰਸੂਲ ਕੰਨੀ ਨੂੰ ਘੁੱਟ ਕੇ ਦਿਤੀ ਗੰਢ, ਪੱਲੂ ਮੁੱਠੀ ਰਾਖ ਬੰਧਾਈਆ । ਦੂਰੋਂ ਪਿਆ ਖੰਘ, ਜ਼ੋਰ ਦੀ ਦਿਤਾ ਸੁਣਾਈਆ । ਮੈਂ ਹੱਸ ਕੇ ਕਿਹਾ ਭੋਲੇ ਨਾਥ ਅੱਜ ਕਿਹੜੇ ਚੜ੍ਹਿਉਂ ਜੰਗ, ਜੰਗਜੂ ਦੇ ਜਣਾਈਆ । ਤੂੰ ਇਕੱਲਾ ਤੇਰੇ ਨਾਲ ਨਹੀਂ ਕੋਈ ਸੰਗ, ਕਿਧਰੋਂ ਆਇਆ ਬਣ ਕੇ ਪਾਂਧੀ ਰਾਹੀਆ । ਤੇਰੀ ਪਾਰਬਤੀ ਕਿਉਂ ਨਹੀਂ ਨਾਲ ਕੀ ਉਹਦੇ ਦੋਧੀਆਂ ਦੰਦੀਆਂ ਵਾਲੇ ਦੰਦ, ਬਾਲੀ ਉਮਰ ਸਾਥ ਨਾ ਕੋਇ ਨਿਭਾਈਆ । ਜੇ ਮੈਥੋਂ ਪੁਛ ਲਏਂ ਢੰਗ, ਓਮ ਹਰੇ ਹਰੇ ਹਰੇ ਤੈਨੂੰ ਦਿਆਂ ਸਮਝਾਈਆ । ਤੂੰ ਓਹ ਕੀ ਰੱਖੀ ਮਿੱਟੀ ਦੀ ਕੰਧ, ਜਿਹੜੀ ਤੇਰੇ ਨਾਲ ਚਲ ਕੇ ਨਾ ਖ਼ੁਸ਼ੀ ਮਨਾਈਆ । ਜੇ ਚੰਗਾ ਹੋਵੇਂ, ਮੇਰੇ ਗੁਰਦੇਵ, ਇਹੋ ਜਿਹੀ ਪਰ੍ਹਾਂ ਮੈਨੂੰ ਦੇ ਵੰਡ, ਮੇਰੀ ਝੋਲੀ ਦੇ ਪਾਈਆ । ਮੈਂ ਉਹਨੂੰ ਲੈ ਕੇ ਜਾਵਾਂ ਗੋਦਾਵਰੀ ਜਮਨਾ ਸੁਰਸਤੀ ਕੰਢੇ ਗੰਗ, ਸਗਲਾ ਸਾਥ ਬਣਾਈਆ । ਨਾਲੇ ਉਹਨਾਂ ਨੂੰ ਜਾ ਕੇ ਕਹਾਂ ਓਹ ਵੇਖੋ ਮੈਂ ਬ੍ਰਾਹਮਣ ਨੇ ਮੰਗ ਲਿਆਂਦੀ ਮੰਗ, ਸ਼ਿਵ ਦੀ ਪਾਰਬਤੀ ਮੇਰੇ ਪਿਆਰ ਵਿਚ ਰੱਤੀ, ਮੁਹੱਬਤ ਵਿਚ ਮੱਤੀ ਭੱਜੀ ਆਵੇ ਚਾਈਂ ਚਾਈਂਆ । ਇਹ ਮੇਰਿਆਂ ਅੱਖਰਾਂ ਦੀ ਪੱਟੀ, ਜੇ ਤੂੰ ਕਿਰਪਾ ਕਰ ਦੇਵੇਂ ਮੇਰੀ ਖੁਲ੍ਹ ਜਾਏ ਹੱਟੀ, ਘਰ ਸਾਚੇ ਵੱਜੇ ਵਧਾਈਆ । ਵੇਖ ਮੈਂ ਚਾਰ ਜੁਗ ਰੰਡੇਪਾ ਲਿਆ ਕੱਟੀ, ਜੁਗ ਚੌਕੜੀ ਗੁਰ ਅਵਤਾਰਾਂ ਪੈਗੰਬਰਾਂ ਖੇਲ ਵੇਖਦਾ ਰਿਹਾ ਅੱਖੀਂ, ਮੈਨੂੰ ਕਚੀਚੀਆਂ ਜਾਂਦੀਆਂ ਸੀ ਜਿਸ ਵੇਲੇ ਕ੍ਰਿਸ਼ਨ ਸੋਲਾਂ ਹਜ਼ਾਰ ਤਿੰਨ ਸੌ ਸੱਠ ਰੱਖਦਾ ਸੀ ਸਖ਼ੀ, ਮੇਰੇ ਹਿੱਸੇ ਵੰਡ ਨਾ ਕੋਇ ਵੰਡਾਈਆ । ਮੈਂ ਇਕ ਦਿਨ ਸੂਤ ਦੀ ਲੈ ਕੇ ਅੱਟੀ, ਓਹ ਅੱਧ ਵਿਚੋਂ ਕੱਟੀ, ਫਿਰ ਹੱਥਾਂ ਨਾਲ ਚੌੜੀ ਕਰ ਕੇ ਉਹਦੀ ਬਣਾਈ ਪੱਟੀ, ਪੱਟੀ ਬਣਾ ਕੇ ਫੇਰ ਵੇਖਿਆ ਉਹਦੇ ਉਤੇ ਨਜ਼ਰੀ ਆਇਆ ਪਟਨੇ ਵਾਲਾ ਇਕ ਮਾਹੀਆ । ਓਨ ਮੇਰੇ ਮੂੰਹ ਤੇ ਚਪੇੜ ਮਾਰੀ ਅਗਲੀ ਗੱਲ ਦੱਸੀ, ਕੰਨੋਂ ਫੜ ਕੇ ਹਲੂਣਿਆਂ ਇਹ ਸ੍ਰਿਸ਼ਟੀ ਨੇਜ਼ੇ ਉਤੇ ਮੱਛੀ, ਇਹ ਵੇਖ ਕੇ ਮੈਨੂੰ ਪੈ ਗਈ ਗਸ਼ੀ, ਦੰਦ ਮੀਟ ਕੇ ਮੈਂ ਅੱਖਾਂ ਲਈਆਂ ਬਦਲਾਈਆ । ਫੇਰ ਮੈਨੂੰ ਹੋਸ਼ ਆਈ ਮੈਂ ਗੁਰ ਅਵਤਾਰ ਪੈਗ਼ੰਬਰਾਂ ਦੇ ਅੰਦਰ ਜਗਦੀ ਵੇਖੀ ਮੋਮਬੱਤੀ, ਜਿਨ੍ਹਾਂ ਦੇ ਕੋਲ ਦੀਨਾਂ ਮਜ਼੍ਹਬਾਂ ਦੀ ਛੋਟੀ ਛੋਟੀ ਪੱਤੀ, ਪਤਿਪਰਮੇਸ਼ਵਰ ਸਭ ਨੂੰ ਬੈਠਾ ਵੱਖਰਾ ਨਜ਼ਰੀ ਆਈਆ । ਫੇਰ ਮੈਂ ਵੀ ਕਿਹਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਸਾਡੇ ਤੱਟਾਂ ਤੇ ਹੁੰਦੀ ਗਤੀ, ਦੂਜਾ ਨਾਮ ਨਾ ਕੋਇ ਸੁਹਾਈਆ । ਫਿਰ ਮੈਂ ਕਰਵਟ ਬਦਲ ਕੇ ਹੋ ਗਿਆ ਭਾਰ ਵੱਖੀ, ਆਪਣਾ ਹੱਥ ਸਿਰ ਤੇ ਰੱਖੀ, ਉਂਗਲ ਨਾਲ ਥੋੜ੍ਹੀ ਜਿਹੀ ਮਿੱਟੀ ਚੱਖੀ, ਰਸਨਾ ਰਸ ਕੁਛ ਨਾ ਆਈਆ । ਫੇਰ ਮੈਂ ਵੇਖਿਆ ਕੀ ਖੇਲ ਲੱਖ ਚਾਰ ਅੱਸੀ, ਚੁਰਾਸੀ ਕੀ ਵਡਿਆਈਆ । ਜਾਂ ਤੱਕਿਆ ਪ੍ਰਭ ਦੇ ਬੰਧਨ ਵਿਚ ਸਾਰੇ ਫਸੀ, ਫ਼ੈਸਲਾ ਸਚ ਨਾ ਕੋਇ ਕਰਾਈਆ । ਫਿਰ ਮੈਂ ਸ਼ੰਕਰ ਵੱਲ ਤੱਕਿਆ ਇਹ ਗੱਲ ਦੱਸੀ, ਭੋਲੇ ਨਾਥ ਮੈਨੂੰ ਦੇਣਾ ਸਮਝਾਈਆ । ਓਸ ਨੇ ਕਿਹਾ ਇਹ ਏਥੇ ਰਹਿਣ ਦੇ ਠੱਪੀ, ਪਰਦਾ ਨਾ ਅੱਗੇ ਖੁਲ੍ਹਾਈਆ । ਮੈਂ ਕਿਹਾ

ਕਿਉਂ, ਓਸ ਕਿਹਾ ਮੇਰੀ ਪ੍ਰਭ ਦੇ ਨਾਲ ਗੱਲ ਪੱਕੀ, ਫ਼ੈਸਲਾ ਇਕੋ ਵਾਰ ਕਰਾਈਆ । ਜਿਹੜੀ ਤੂੰ ਚਾਰ ਖਾਣੀਆਂ ਵਿਚੋ ਕਰਨੀ ਉਤਪਤੀ, ਬ੍ਰਹਮਾ ਸੇਵ ਲਗਾਈਆ । ਉਸ ਦਾ ਨਿਸ਼ਾਨਾ ਰਹਿਣ ਨਹੀਂ ਦੇਣਾ ਰਤੀ, ਇਹ ਸੇਵਾ ਮੇਰੇ ਹਿੱਸੇ ਆਈਆ । ਓਨੇ ਚਿਰ ਨੂੰ ਪਾਰਬਤੀ ਆ ਗਈ ਨੱਸੀ, ਸਾਹ ਚੜ੍ਹਿਆ ਹਉਕੇ ਲੈ ਕੇ ਚਰਨ ਢੱਠੀ, ਮਸਤਕ ਧੂੜੀ ਲਾਈਆ । ਨਾਰਦ ਕਿਹਾ ਤੂੰ ਇਸ ਦੇ ਨਾਲ ਕਿਉਂ ਨਹੀਂ ਵਸੀ, ਤੇਰੀ ਕਿਹੜੀ ਵੱਖਰੀ ਰਹਿਣ ਵਾਲੀ ਬਸੀ, ਕਿਉਂ ਵਿਛੜ ਕੇ ਆਪਣਾ ਝਟ ਲੰਘਾਈਆ । ਪਾਰਬਤੀ ਖਿੜ ਖਿੜਾ ਕੇ ਹੱਸੀ, ਪੰਡਤਾ, ਲਿਆ ਤੇਰੀ ਸਿਰ ਵਿਚ ਪਾਵਾਂ ਕੱਚੀ ਲੱਸੀ, ਦੁੱਧ ਪਾਣੀ ਦਾ ਮੇਲ ਮਿਲਾਈਆ । ਨਾਰਦ ਕਹੇ ਮੈਂ ਗੁੱਸੇ ਵਿਚ ਮੱਥੇ ਤਿਉੜੀ ਵੱਟੀ, ਵੇਖੀਂ ਹੁਣ ਅੱਗੇ ਹੱਦ ਨਾ ਟੱਪੀਂ, ਕੁਛ ਮੈਨੂੰ ਨਾ ਦੇਣਾ ਸੁਣਾਈਆ । ਜੇ ਕੁਛ ਹੋਰ ਬਚਨ ਕੱਢਿਆ ਮੈਂ ਚੌਥੇ ਜੁਗ ਕਲਜੁਗ ਅੰਤ ਤੈਨੂੰ ਮਾਝੇ ਦੀ ਬਣਾ ਕੇ ਜੱਟੀ, ਪ੍ਰਭੂ ਦੇ ਵਸ ਦੇਣਾ ਪਾਈਆ । ਫੇਰ ਭਾਵੇਂ ਕਿੰਨਾ ਭੱਜੀਂ ਤੇ ਕਿੰਨਾ ਟੱਪੀਂ, ਤੇਰਾ ਟੱਪਾ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਭਾਵੇਂ ਕਿੰਨਾ ਸ਼ੰਕਰ ਸ਼ੰਕਰ ਜਪੀਂ, ਰਸਨਾ ਜਿਹਵਾ ਢੋਲੇ ਗਾਈਆ । ਮੈਂ ਵੀ ਗੱਲ ਦੱਸਾਂ ਸੱਚੀ, ਵੇਲੇ ਨਾਲ ਸਮਝਾਈਆ । ਭਾਵੇਂ ਮੈਨੂੰ ਸਮਝਦੇ ਇਹ ਨਾਰਦ ਬੜਾ ਗੱਪੀ, ਆਪਣਾ ਰਾਗ ਅਲਾਈਆ । ਮੈਂ ਹੁਕਮ ਮੰਨਣ ਵਿਚ ਬੜਾ ਤਪੀ, ਤਪੀਸ਼ਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਭੋਲੇ ਨਾਥ ਜੀ ਪ੍ਰਭੂ ਪ੍ਰਭ ਸ਼ੰਕਰ, ਸ਼ੁਕਰੀਆ ਕਰ ਕੇ ਸੀਸ ਨਿਵਾਈਆ । ਪੂਜਾ ਤੁਹਾਡੀ ਹੋਣੀ ਕਿ ਤੁਹਾਡੇ ਪਿਛੋਂ ਪੱਥਰ ਕੰਕਰ, ਮੈਨੂੰ ਦਿਓ ਜਣਾਈਆ । ਤੁਸਾਂ ਦੁਨੀਆ ਖ਼ੁਸ਼ ਰੱਖਣੀ ਕਿ ਸਮਾਂ ਲਿਔਣਾ ਭਿਅੰਕਰ, ਮੈਨੂੰ ਦਿਓ ਦ੍ਰਿੜਾਈਆ । ਕੀ ਵਿਚਾਰ ਆਉਂਦੀ ਅੰਤਰ, ਨਿਰੰਤਰ ਦਿਓ ਸਮਝਾਈਆ । ਕੀ ਤੁਹਾਡਾ ਸਦਾ ਚਲੇਗਾ ਸ਼ਿਵ ਸ਼ੰਭੂ ਵਾਲਾ ਮੰਤਰ, ਸ਼ੰਕਰ ਸ਼ੰਕਰ ਸਾਰੇ ਗਾਈਆ । ਕੀ ਤੁਸੀਂ ਜ਼ਿਮੀਂ ਉਤੇ ਵਸੋਗੇ ਕਿ ਵਸੋ ਉਤੇ ਗਗਨੰਤਰ, ਮੰਡਲਾਂ ਉਤੇ ਡੇਰਾ ਲਾਈਆ । ਕਿਹੜਾ ਤੁਹਾਡਾ ਹੋਵੇਗਾ ਜੰਤਰ, ਜੰਤਾ ਨੂੰ ਕੀ ਦਿਓ ਵਡਿਆਈਆ । ਕੀ ਤੁਹਾਡਾ ਹੋਏਗਾ ਤੰਤਰ, ਤਰਾ ਤਰਾ ਦਿਓ ਸਮਝਾਈਆ । ਕੀ ਤੁਹਾਡੀ ਏਸੇ ਤਰਾ ਬਣੀ ਰਹੇਗੀ ਬਣਤਰ, ਅੱਗੇ ਹੋਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਹੇ ਮੈਨੂੰ ਕਰ ਲੈਣ ਦੇ ਧਿਆਨ, ਆਪਣੀ ਨਿਗਾਹ ਉਠਾਈਆ । ਤੱਕਿਆ ਉਪਰ ਅਸਮਾਨ, ਨੇਤਰ ਨੈਣ ਖੁਲ੍ਹਾਈਆ । ਪੁਛਿਆ ਸ੍ਰੀ ਭਗਵਾਨ, ਕੀ ਤੇਰੀ ਬੇਪਰਵਾਹੀਆ । ਸੰਦੇਸ਼ਾ ਸੁਣਿਆ ਮਹਾਨ, ਦੀਨ ਦਿਆਲੇ ਦਿਤਾ ਜਣਾਈਆ । ਸ਼ੰਕਰ ਜੀ ਤੁਸੀਂ ਮੇਰੀ ਕਿਰਪਾ ਦੇ ਮਹਿਮਾਨ, ਜਿੰਨਾਂ ਚਿਰ ਚਾਹਵਾਂ ਸੇਵਾ ਦਿਆਂ ਲਗਾਈਆ । ਫੇਰ ਖੇਲ ਮੇਰੇ ਹੱਥ ਮਹਾਨ, ਜੋ ਉਪਜੇ ਸੋ ਰਹਿਣ ਕੋਇ ਨਾ ਪਾਈਆ । ਤੁਹਾਨੂੰ ਬਣਾਵਾਂ ਪ੍ਰਧਾਨ, ਪ੍ਰਧਾਨਗੀ ਤੁਹਾਡੇ ਹੱਥ ਫੜਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਖ਼ੁਸ਼ੀਆਂ ਮਾਣੂੰ ਵਿਚ ਜਹਾਨ, ਦੋ ਜਹਾਨਾਂ ਭੈ ਵਖਾਈਆ । ਜਿਸ ਵੇਲੇ ਕਲਜੁਗ ਆਵੇ ਅੰਤ ਤੁਹਾਡਾ ਤੋੜ ਮਾਣ ਅਭਿਮਾਨ, ਆਪਣਾ ਹੁਕਮ ਦਿਆਂ ਵਰਤਾਈਆ । ਭਗਤ ਸੁਹੇਲੇ ਪ੍ਰਗਟ ਕਰ ਨੌਜਵਾਨ, ਸੂਰਬੀਰ ਆਪਣੇ ਆਪ ਪ੍ਰਗਟਾਈਆ । ਉਨ੍ਹਾਂ ਦਾ ਮਾਤਲੋਕ ਜੀਵਣ ਲੈ ਕੇ ਬਲੀਦਾਨ, ਜੀਵਤ ਜੀਅ ਵਡਿਆਈਆ । ਆਪ ਬਣ ਕੇ ਸਾਹਿਬ ਸੁਲਤਾਨ, ਨਿਰਗੁਣ ਵੇਸ ਵਟਾਈਆ । ਤੁਹਾਡੀ ਜਗਹ ਭੂਮਿਕਾ ਦੇ ਕੇ ਉਨ੍ਹਾਂ ਨੂੰ ਅਸਥਾਨ, ਅਸਥਾਪਤ ਦਿਆਂ ਕਰਾਈਆ । ਨਾ ਇੰਦਰ ਰਹੇ ਨਾ ਸ਼ੰਕਰ ਰਹੇ ਨਾ ਬ੍ਰਹਮਾ ਰਹੇ ਮੇਰੀ ਜੋਤੀ ਮੇਰੇ ਵਿਚ ਮਿਲ ਜਾਣ, ਮੇਰਾ ਰੂਪ ਸਮਾਈਆ । ਇਹ ਖੇਲ

ਆਦਿ ਅੰਤ ਮੇਰਾ ਮਹਾਨ, ਮਹਿੰਮਾ ਬੇਪ੍ਰਵਾਹੀਆ । ਨਾਰਦ ਕਹੇ ਮੈਂ ਸੁਣ ਕੇ ਹੋ ਗਿਆ ਹੈਰਾਨ, ਪ੍ਰਭ ਇਹ ਕੀ ਹੁਕਮ ਜਣਾਈਆ । ਕਿਸ ਬਿਧ ਹੋਵੇ ਆਪ ਪ੍ਰਧਾਨ, ਲੋਕਮਾਤ ਫੇਰਾ ਪਾਈਆ । ਹੁਣ ਵੇਖਿਆ ਅੱਖੀਂ ਆਣ, ਬਿਨ ਅੱਖਾਂ ਅੱਖ ਖੁਲ੍ਹਾਈਆ । ਸ਼ੰਕਰ ਜੀ ਤੁਸੀਂ ਕਿਉਂ ਏਨੀ ਵਾਰ ਕਰਦੇ ਪ੍ਰਨਾਮ, ਮੈਨੂੰ ਦਿਓ ਸਮਝਾਈਆ । ਨਾਰਦ ਕਹੇ ਤੁਸੀਂ ਤੇ ਬੜੇ ਸੂਰਬੀਰ ਬਲਵਾਨ, ਚੁਰਾਸੀ ਨੂੰ ਮਾਰ ਖਾ ਕੇ ਆਪਣਾ ਝਟ ਲੰਘਾਈਆ । ਸ਼ੰਕਰ ਕਹੇ ਨਾਰਦ ਜੀ ਅੱਜ ਦਾ ਪਰਵਿਸ਼ਟਾ ਬੜਾ ਮਹਾਨ, ਇੱਕੀ ਫੱਗਣ ਏਸੇ ਦਿਨ ਮੈਨੂੰ ਪਹਿਲੀ ਵਾਰ ਪਾਰਬਤੀ ਮਿਲੀ ਚਾਈਂ ਚਾਈਆ । ਮੈਂ ਇਕੱਠੇ ਹੁੰਦੇ ਵੇਖੇ ਭਗਤ ਭਗਵਾਨ, ਮੈਂ ਛੱਡ ਕੇ ਟਿੱਲੇ ਪਰਬਤ ਅਸਮਾਨ, ਭੱਜਾ ਵਾਹੋ ਦਾਹੀਆ । ਮੈਨੂੰ ਬਬੇਰਾ ਕਿਹਾ ਸਭ ਨੇ ਰਸਤੇ ਵਿਚ ਸ਼ੰਕਰ ਜੀ ਤੁਸੀਂ ਤੇ ਸਾਡੇ ਗੁਰਦੇਵ, ਤੁਸੀਂ ਕਿਸ ਨੂੰ ਮਿਲਣ ਚਲੇ ਜਹਾਨ, ਲੋਕਮਾਤ ਫੇਰਾ ਪਾਈਆ । ਮੈਂ ਹੱਸ ਕੇ ਕਿਹਾ ਮੇਰਾ ਪ੍ਰਭੂ ਨਾ ਜ਼ਿਮੀਂ ਨਾ ਅਸਮਾਨ, ਨਾ ਜੀਵ ਨਾ ਜਹਾਨ ਨਾ ਧਰਮ ਨਾ ਨਿਸ਼ਾਨ, ਜਦੋਂ ਖ਼ੁਸ਼ੀ ਵਿਚ ਆਵੇ ਆਪਣੀ ਦਇਆ ਕਮਾਵੇ, ਜੋਤ ਨੂਰ ਰੁਸ਼ਨਾਵੇ, ਸਾਨੂੰ ਸਿਖਿਆ ਸਮਝਾਵੇ, ਭਗਤਾਂ ਦੇ ਅੰਦਰ ਵੜ ਕੇ ਆਪਣਾ ਨੂਰ ਦਏ ਚਮਕਾਈਆ । ਨਾਰਦ ਕਹੇ ਮੈਂ ਕੱਛਾਂ ਮਾਰੀਆਂ, ਭੋਲੇ ਨਾਥ ਜੀ, ਫਿਰ ਤੇ ਭਗਤ ਹੋ ਗਏ ਤੁਹਾਡੇ ਸਾਂਵੇਂ, ਸਾਰਿਆਂ ਦੇ ਇਕੇ ਘਰ ਨਾਂਵੇਂ, ਤੂੰ ਜਿਸ ਨੂੰ ਗੌਂਦਾ ਮੈਂ ਬਹੁਤਾ ਓਹ ਤੇ ਭਗਤਾਂ ਦੇ ਢੋਲੇ ਗਾਈਆ । ਮੈਂ ਵੀ ਰੋਜ਼ ਲੁਕਿਆ ਰਹਿੰਦਾ ਆਂ ਮੰਜੀ ਦੇ ਹੇਠਾਂ ਪਾਵੇ, ਭਾਰ ਮਹਿਸੂਸ ਨਾ ਕੋਇ ਕਰਾਈਆ । ਭਾਵੇਂ ਕੋਈ ਰੋਵੇ ਭਾਵੇਂ ਕੁਰਲਾਵੇ, ਸਾਹਿਬ ਮੇਰਾ ਬੇਪ੍ਰਵਾਹ ਆਪਣੀ ਕਰਨੀ ਕਾਰ ਕਮਾਈਆ । ਸ਼ੰਕਰ ਜੀ ਜੇ ਮੇਰੀ ਪਿਠ ਉਤੇ ਇਕ ਵਾਰ ਹੱਥ ਲਾਵੇਂ, ਥਾਪੀ ਦੇ ਕੇ ਦੇ ਵਡਿਆਈਆ । ਫਿਰ ਭਾਵੇਂ ਆਪਣੀ ਪਾਰਬਤੀ ਆਪਣੇ ਨਾਲ ਲੈ ਜਾਵੇਂ, ਮੈਨੂੰ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਸਭ ਦੇ ਅੰਤ ਅਖ਼ੀਰ ਖ਼ਾਰਜ ਕਰ ਦੇਵੇ ਦਾਅਵੇ, ਅੱਗੇ ਆਪਣਾ ਹੁਕਮ ਵਰਤਾਈਆ ।



### * ੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਰਵੇਲ ਕੌਰ ਦੇ ਗ੍ਰਿਹਿ ਪਿੰਡ ਬਾਬੂਪੁਰ *

ਸ਼ੰਕਰ ਕਹੇ ਮੈਂ ਭਗਤਾਂ ਦੇਣ ਆਇਆ ਅਸੀਸ, ਨਾਰਦ ਮੁਨੀ ਦੇਣਾ ਤੂੰ ਵੀ ਸੀਸ ਨਿਵਾਈਆ । ਜਿਸ ਨੂੰ ਅਸੀਂ ਕਹਿੰਦੇ ਆਏ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਮੈਂ ਦੋ ਜਹਾਨ ਤੱਕਿਆ ਤਾਜ ਰਿਹਾ ਕਿਸੇ ਨਾ ਸੀਸ, ਤਖ਼ਤ ਨਿਵਾਸੀ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਮੈਂ ਸੁਣੀ ਸਚ ਹਦੀਸ, ਜੋ ਇਕੋ ਕਲਮਾ ਰਹੇ ਧਿਆਈਆ । ਜਿਸ ਨੇ ਝਗੜਾ ਰਹਿਣ ਨਹੀਂ ਦੇਣਾ ਬੀਚ, ਪਰਦਾ ਦਏ ਉਠਾਈਆ । ਸਾਂਝਾ ਦੱਸ ਅਗੰਮਾ ਗੀਤ, ਜਨ ਭਗਤਾਂ ਕਰੇ ਪੜ੍ਹਾਈਆ । ਜਿਨ੍ਹਾਂ ਸੁਣਿਆ ਉਹ ਛੱਡ ਗਏ ਮੰਦਰ ਮਸੀਤ, ਕਾਅਬੇ ਵੱਲ ਨਾ ਧਿਆਨ ਲਗਾਈਆ । ਬੈਠ ਗਏ ਹੋ ਕੇ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਦਰਸ਼ਨ ਕਰ ਕੇ ਹੋਵਣ ਸੀਤ, ਅਗਨੀ ਤਤ ਬੁਝਾਈਆ । ਜਿਧਰ ਤੱਕਾਂ ਚਰਨ ਕਵਲ ਕਰਨ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੈਂ ਵੇਖ ਹੋਇਆ ਭੈ ਭੀਤ, ਭੈ ਮੇਰੇ ਅੰਦਰ ਆਈਆ । ਕਿਸ ਬਿਧ ਪ੍ਰਭ ਨੇ ਅੰਦਰੋਂ ਬਦਲ ਦਿਤੀ ਨੀਤ, ਪਿਛਲਾ ਲੇਖਾ ਗਏ ਮੁਕਾਈਆ । ਨਾਰਦ ਨੇ ਰੋ ਕੇ ਮਾਰੀ ਚੀਕ, ਹਾਏ, ਇਹ ਕੀ ਗੱਲ ਸੁਣਾਈਆ । ਸ਼ੰਕਰ ਜੀ, ਜਿਸ

ਦੇ ਵਿਚ ਹੱਕ ਤੌਫ਼ੀਕ, ਓਹ ਜੋ ਚਾਹੇ ਸੋ ਲਏ ਕਰਾਈਆ । ਓਨ ਕਿਹੜੀ ਮੰਗਣ ਜਾਣੀ ਕਿਸੇ ਦਵਾਰਿਉਂ ਭੀਖ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਤਰਸੂਲ ਬਣਾਈ ਤ੍ਰੈਲੋਕੀ ਉਠਾਈ, ਤ੍ਰੈਗੁਣ ਮਾਇਆ ਢਾਹੀ ਭੀਤ, ਤ੍ਰੈਭਵਨ ਧਨੀ ਕੀਤੀ ਵਡਿਆਈਆ । ਓਸ ਦੋਹਾਂ ਪਾਸਿਆਂ ਤੋਂ ਤਿੱਖੀ ਕਰ ਕੇ ਸੀਖ, ਜ਼ਿਮੀਂ ਤੇ ਰਹਿਣ ਵਾਲੇ ਅਸਮਾਨਾਂ ਉਤੇ ਬਹਿਣ ਵਾਲੇ ਸਾਰੇ ਲਏ ਨਿਵਾਈਆ । ਆਪ ਬੈਠ ਕੇ ਸਚ ਸਿੰਘਸਣ ਅਤੀਤ, ਤਾਰ ਸਿਤਾਰ ਆਪਣੀ ਆਪ ਹਿਲਾਈਆ । ਮੈਂ ਤੇ ਨੱਕ ਨਾਲ ਕੱਢਾਂ ਲੀਕ, ਲੰਮਾ ਪੈ ਕੇ ਨਾਰਦ ਇਕ ਦੋ ਤਿੰਨ ਚਾਰ ਪੰਜ ਲੀਕਾਂ ਦਏ ਖਿਚਾਈਆ । ਮੈਂ ਤੇ ਚਰਨ ਚੱਟਾਂ ਨਾਲ ਜੀਭ, ਇਹ ਰੀਤੀ ਮੋਹੇ ਭਾਈਆ । ਜਿਸ ਨੇ ਸਾਂਝੀ ਕੀਤੀ ਤਰਤੀਬ, ਤਰੀਕਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਹੇ ਮੈਂ ਸਾਹਿਬ ਸਵਾਮੀ ਆਇਆ ਝੁੱਕਣ, ਨਿਵ ਨਿਵ ਸੀਸ ਝੁਕਾਈਆ । ਅਗਲਾ ਹੁਕਮ ਆਇਆ ਪੁੱਛਣ, ਕੀ ਮੇਰੀ ਸੇਵ ਲਗਾਈਆ । ਸ਼ੰਕਰ ਕਿਹਾ ਸਤਿਜੁਗ ਬਲਧਾਰੀ ਲੱਗਾ ਉਠਣ, ਕ਼ਦਮ ਅੰਦਰੋਂ ਬਾਹਰ ਕਢਾਈਆ । ਓਸ ਹੱਸ ਕੇ ਕਿਹਾ ਮੇਰਾ ਸਾਹਿਬ ਲੱਗਾ ਤੁੱਠਣ, ਦਏ ਮਾਤ ਵਡਿਆਈਆ । ਕਲਜੁਗ ਡੇਰਾ ਲੱਗਾ ਟੁੱਟਣ, ਟੁੱਟੀ ਗੰਢ ਨਾ ਕੋਇ ਪਵਾਈਆ । ਕੂੜ ਕੁੜਿਆਰਾ ਲੱਗਾ ਲੁੱਟਣ, ਘਰ ਘਰ ਆਪਣਾ ਫੇਰਾ ਪਾਈਆ । ਭਾਗ ਲਗਾ ਕੇ ਗੁਰਮੁਖਾਂ ਪੁੱਤਨ, ਪਿਤਾ ਪੂਤ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ਼ੰਕਰ ਕਹੇ ਮੈਂ ਵੇਖੇ ਭਗਤ ਸੁਹੇਲੇ ਸੰਗੀ, ਸੋਹਣੇ ਨਜ਼ਰੀ ਆਈਆ । ਜਿਥੇ ਫਿਰਨ ਗੋਦਾਵਰੀ ਜਮਨਾ ਸੁਰਸਤੀ ਗੰਗੀ, ਗੋਬਿੰਦ ਧਿਆਨ ਲਗਾਈਆ । ਦੀਨ ਮਜ਼੍ਹਬ ਦੀ ਨਹੀਂ ਪਾਬੰਦੀ, ਸ਼ਰਅ ਵੰਡ ਨਾ ਕੋਇ ਵੰਡਾਈਆ । ਨਾਮ ਕ਼ਲਮੇ ਦੀ ਨਹੀਂ ਡੰਡੀ, ਮਾਰਗ ਇਕ ਚਲਾਈਆ । ਸ਼ਸਤਰ ਫੜਿਆ ਨਹੀਂ ਕੋਈ ਜੰਗੀ, ਤੀਰ ਕਮਾਨ ਭੱਥਾ ਕੰਧ ਟਿਕਾਈਆ । ਝਗੜਾ ਫ਼ਸਾਦ ਨਹੀਂ ਕੋਈ ਦੰਗੀ, ਮਿਹਰ ਨਜ਼ਰ ਉਠਾਈਆ । ਜਿਸ ਦਵਾਰੇ ਜਾਂਦਾ ਲੰਘੀ, ਉਹ ਬੇੜਾ ਭਗਤਾਂ ਪਾਰ ਕਰਾਈਆ । ਕਿਸੇ ਦਰ ਰਹਿਣ ਨਾ ਦੇਵੇ ਖ਼ਾਨਾਬੰਦੀ, ਬੰਧਨ ਰਿਹਾ ਤੁੜਾਈਆ । ਫ਼ਰੇਬ ਕਰੇ ਨਾ ਕੋਇ ਪਖੰਡੀ, ਧੋਖੇ ਧਾਰ ਨਾ ਕੋਇ ਜਣਾਈਆ । ਭਰਮਾਂ ਢਾਹ ਕੇ ਅੰਦਰੋਂ ਕੰਧੀ, ਕਰੇ ਪ੍ਰੇਮ ਸਫ਼ਾਈਆ । ਮਨ ਵਾਸਨਾ ਰਹੇ ਨਾ ਗੰਦੀ, ਅੰਮ੍ਰਿਤ ਰਸ ਜਾਮ ਪਿਆਈਆ । ਇਹੋ ਕਾਰੀਆ ਖੇਲ ਮੇਰੇ ਆਈ ਪਸੰਦੀ, ਮੈਂ ਨਿਉਂ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸ਼ੰਕਰ ਕਹੇ ਮੈਂ ਸ਼ਬਦ ਸੁਣਦਾ ਰਿਹਾ ਅਗੰਮੀ ਚੋਜ, ਰਾਵੀ ਕੰਢਾ ਧਿਆਨ ਲਗਾਈਆ । ਕੀ ਖੇਲ ਕਰੇ ਰੋਜ਼ ਬਰੋਜ਼, ਰਾਜ਼ਕ ਰਹੀਮ ਬੇਪ੍ਰਵਾਹੀਆ । ਮੈਂ ਰੌਲਾ ਸੁਣਿਆ ਲੋਕ ਪ੍ਰਲੋਕ, ਬ੍ਰਹਿਮੰਡ ਖੰਡ ਸਰਬ ਸੁਣਾਈਆ । ਕਰ ਪ੍ਰਕਾਸ਼ ਨਿਰਮਲ ਜੋਤ, ਪੁਰਖ ਅਕਾਲਾ ਸੋਭਾ ਪਾਈਆ । ਜਗਤ ਜਹਾਨ ਵਿਚੋਂ ਜਨ ਭਗਤ ਲੁੱਟੀ ਜਾਣ ਮੌਜ, ਬਾਕੀ ਨਜ਼ਰ ਕਿਸੇ ਨਾ ਆਈਆ । ਵੇਖ ਅਜਬ ਨਿਰਾਲਾ ਚੋਜ, ਮੇਰੇ ਅੰਤਰ ਲਈ ਅੰਗੜਾਈਆ । ਮੈਂ ਵੀ ਦਰਸ਼ਨ ਕਾਰਨ ਏਥੇ ਗਿਆ ਪਹੁੰਚ, ਚਲਿਆ ਚਾਈਂ ਚਾਈਆ । ਮੇਰੀ ਪਿਛਲੀ ਹਟ ਗਈ ਸੋਚ, ਅੱਗੇ ਹੁਕਮ ਰਜ਼ਾਈਆ । ਮੈਂ ਚਾਹੁੰਦਾ ਸ਼ੰਕਰ ਕਹੇ ਮੁਨੀ ਜੀ ਤੁਸੀਂ ਵੀ ਉਠੋ ਜਨ ਭਗਤ ਸਾਰੇ ਜ਼ੋਰ ਨਾਲ ਪੰਜ ਵੇਰ ਗਾਵਣ ਓਹ ਸਲੋਕ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਨਾਅਰਾ ਲਾਈਆ । ਨਾਰਦ ਕਹੇ ਮੈਂ ਨਹੀਂ ਮੰਨਿਆ ਮੈਨੂੰ ਐਂ ਜਾਪਿਆ ਤੁਸੀਂ ਕੜਾਹ ਖਾਵਣ ਵਾਲੀ ਫ਼ੌਜ, ਜੈਕਾਰੇ

ਉਤੇ ਜ਼ੋਰ ਨਾ ਕੋਇ ਲਗਾਈਆ । ਇਹੋ ਤੁਹਾਡੀ ਭਗਤੀ ਇਹੋ ਤੁਹਾਡਾ ਜੋਗ, ਇਸ ਵਿਚ ਲੋਕ ਲੱਜਿਆ ਕੀ ਰਖਾਈਆ । ਜੇ ਭਗਤੋ ਤੁਸੀਂ ਗਾ ਨਹੀਂ ਸਕਦੇ ਪ੍ਰਭੂ ਦੇ ਨਾਮ ਵਾਲਾ ਸਲੋਕ, ਫਿਰ ਉਚੀ ਉਚੀ ਗੱਲਾਂ ਕਰ ਕੇ ਆਪਣਾ ਮਨ ਲਵੋ ਪਰਚਾਈਆ । ਨਾਰਦ ਕਹੇ ਮੈਂ ਰੋਜ਼ ਤਕਦਾ ਜੈਕਾਰਾ ਬੁਲਾਵਣ ਵੇਲੇ ਕਿਸੇ ਦੇ ਅੰਦਰ ਔਂਦਾ ਨਹੀਂ ਜੋਸ਼, ਜੋਸ਼ੀਲਾਪਨ ਨਾ ਕੋਇ ਰਖਾਈਆ । ਮੈਂ ਤੇ ਸਚ ਕਹਿਣ ਆਇਆ ਜਿਹੜਾ ਮੁਖੋਂ ਰਹਿੰਦਾ ਖ਼ਾਮੋਸ਼, ਓਸ ਨੂੰ ਪ੍ਰਭ ਦੇਵੇ ਨਾ ਕੋਇ ਵਡਿਆਈਆ । ਗੁਰਸਿਖ ਨੂੰ ਜੈਕਾਰਾ ਨਾ ਬੋਲਣ ਨਾਲੋਂ ਚੰਗੀ ਮੌਤ, ਜਿਹੜੀ ਜਨਮ ਲਏ ਬਦਲਾਈਆ । ਇਹ ਕੋਈ ਬਣਾਉਟੀ ਨਹੀਂ ਸ਼ੌਕ, ਇਹ ਸ਼ੁਰੂ ਦੀ ਰਮਜ਼ ਇਕ ਰਖਾਈਆ । ਜਿਸ ਦੇ ਕੋਲ ਬੋਲਣ ਦੀ ਨਹੀਂ ਪਹੁੰਚ, ਉਹ ਬੇਨੰਤੀ ਕਰ ਕੇ ਆਪਣਾ ਪੱਲਾ ਲਓ ਛੁਡਾਈਆ । ਜੇ ਕੋਈ ਹੋ ਜਾਏ ਫ਼ੌਤ, ਫਿਰ ਸਾਰੇ ਕਿਸ ਬਿਧ ਰੌਲਾ ਪਾਈਆ । ਜੇ ਝਗੜੇ ਨਾਲ ਹੋ ਜਾਵੇ ਕਿਸੇ ਨਾਲ ਅਦੌਤ, ਫਿਰ ਦੂਰ ਦੁਰਾਡਿਆਂ ਦੇਣ ਸੁਣਾਈਆ । ਨਾਰਦ ਕਹੇ ਮੈਂ ਏਸੇ ਕਾਰਨ ਆਇਆ ਜੋ ਕਿਸੇ ਨਹੀਂ ਕਿਹਾ ਉਹ ਮੈਂ ਕਹਿ ਦੇਣਾ ਸਲੋਕ, ਕਿਉਂ ਬੁਰਾ ਕਹਿ ਕੇ ਅੱਗੇ ਸਾਰੇ ਮੈਨੂੰ ਗਾਈਆ । ਜੁਗ ਚੌਕੜੀ ਮੈਨੂੰ ਸਾਰੇ ਰਹੇ ਟੋਕ, ਗ਼ੁੱਸੇ ਵਿਚ ਅੱਖਾਂ ਲਾਲ ਕੱਢ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਸਾ ਮਨਸਾ ਪੂਰੀ ਕਰੇ ਲੋਚ, ਲੋਚਾ ਲੋਚਣ ਵਾਲੀ ਆਪਣੇ ਨਾਲ ਮਿਲਾਈਆ ।



ਸ਼ੰਕਰ ਕਹੇ ਮੇਰੀ ਬੇਨੰਤੀ ਪ੍ਰਭੂ ਦਾ ਇਸ਼ਾਰਾ, ਭੋਲਾ ਨਾਥ ਹੋ ਕੇ ਦੱਸਣ ਆਈਆ । ਪਹਿਲੋਂ ਕਰਾਂ ਦੋਏ ਹੱਥ ਜੋੜ ਨਿਮਸਕਾਰਾ, ਨਿਮਸਕਾਰ ਕਰਨੀ ਸਭ ਨੂੰ ਦਿਆਂ ਸਿਖਾਈਆ । ਫੇਰ ਨੇਤਰ ਮੀਟ ਅੰਤਰ ਕਰਾਂ ਦੀਦਾਰਾ, ਸੂਰਤ ਸਤਿਗੁਰ ਸੋਭਾ ਪਾਈਆ । ਫਿਰ ਇਕ ਗੁਰਮੁਖ ਖੜ੍ਹਾ ਹੋ ਕੇ ਅੱਗੇ ਬੋਲੇ ਜੈਕਾਰਾ, ਓਨਾਂ ਚਿਰ ਦੂਜਾ ਮੁਖੋਂ ਆਵਾਜ਼ ਨਾ ਕੋਇ ਸੁਣਾਈਆ । ਫਿਰ ਵੇਖਿਓ ਕਿਸ ਬਿਧ ਸਾਚੇ ਨਾਮ ਦਾ ਭਰੇ ਭੰਡਾਰਾ, ਊਣਾ ਰਹਿਣ ਕੋਇ ਨਾ ਪਾਈਆ । ਸਭ ਦਾ ਇਕੋ ਹੋਵੇ ਪਿਆਰਾ, ਇਕੋ ਆਵਾਜ਼ ਦਏ ਸੁਣਾਈਆ । ਵਖਰੀ ਵਖਰੀ ਬੋਲੀ ਨਾ ਹੋਵੇ ਜਿਵੇਂ ਲੜਦੀਆਂ ਹੋਣ ਗਟਾਰਾਂ, ਆਪਣਾ ਰਾਗ ਸੁਣਾਈਆ । ਇਹ ਗ਼ਲਤੀ ਨਹੀਂ ਕਰਨੀ ਭੁੱਲ ਕੇ ਦੋਬਾਰਾ, ਇਕੋ ਵਾਰ ਦਿਤਾ ਜਣਾਈਆ । ਜਿਸ ਘਰ ਵਿਚ ਹੋਵੇ ਇਹ ਵਿਹਾਰਾ, ਉਹ ਓਸ ਵੇਲੇ ਚਰਨ ਕਵਲ ਝੁਕ ਕੇ ਆਪਣਾ ਸੀਸ ਚਰਨਾਂ ਉਤੇ ਟਿਕਾਈਆ । ਸ਼ੰਕਰ ਕਹੇ ਮੇਰੇ ਸਾਹਿਬ ਨੇ ਮੈਨੂੰ ਦਿਤਾ ਹੁਲਾਰਾ, ਮੈਂ ਭੱਜਾ ਆਇਆ ਵਿਚ ਸੰਸਾਰਾ, ਜਨ ਭਗਤੋ ਅਧੀਨਗੀ ਵਿਚ ਤੁਹਾਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਸਚ ਦੀ ਰੀਤੀ ਸਚ ਨਾਲ ਚਲਾਈਆ ।

✻ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਲੀਪ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ✻

ਸ਼ੰਕਰ ਕਹੇ ਗੁਰ ਅਵਤਾਰ ਪੈਗ਼ੰਬਰ ਹੱਸੇ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਕਵਣ ਸਿਖਿਆ ਸਾਚੀ ਦੱਸੇ, ਕਰੇ ਅਗੰਮ ਪੜ੍ਹਾਈਆ ।

ਸਵਾਧਾਨ ਹੋ ਗਏ ਪ੍ਰਭ ਦੇ ਸਾਰੇ ਬੱਚੇ, ਜਨ ਭਗਤ ਵੱਜੀ ਵਧਾਈਆ । ਪੈਗ਼ੰਬਰ ਕਹਿਣ ਫਿਰੀ ਦਰੋਹੀ ਮਦੀਨੇ ਮੱਕੇ, ਕਾਅਬੇ ਰਹੇ ਕੁਰਲਾਈਆ । ਅਵਤਾਰ ਕਹਿਣ ਵੇਖੇ ਮੰਦਰ ਸ਼ਿਵਦਵਾਲੇ ਮੱਠੇ, ਰਾਮ ਨਰਾਇਣ ਨਾ ਕੋਇ ਵਡਿਆਈਆ । ਇਹ ਖੇਲ ਅਗੰਮੇ ਅਨੋਖੇ ਰਸਨਾ ਜਿਹੜੀ ਜਪੇ, ਜਪ ਜੀਵਤ ਰਾਗ ਅਲਾਈਆ । ਤ੍ਰੈਗੁਣ ਵਿਚ ਨੂਰ ਨਾ ਤਪੇ, ਅਗਨੀ ਅੱਗ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ੰਕਰ ਕਹੇ ਮੈਂ ਕਰ ਕੇ ਆਇਆ ਅਰਜ਼, ਆਰਜ਼ੂ ਦਿਆਂ ਜਣਾਈਆ । ਸਮਝ ਕੇ ਆਪਣਾ ਫ਼ਰਜ਼, ਧਰਮ ਜੈਕਾਰਾ ਦਿਤਾ ਲਗਾਈਆ । ਭਗਵਾਨ ਦੀ ਪੂਰੀ ਹੋਈ ਗ਼ਰਜ਼, ਤ੍ਰਿਸ਼ਨਾ ਰਹੇ ਨਾ ਰਾਈਆ । ਗੁਰਮੁਖਾਂ ਜੀਵਣ ਮਰਨ ਦੀ ਮਿਟੀ ਮਰਜ਼, ਚੁਰਾਸੀ ਵਿਚ ਨਾ ਕੋਇ ਫਿਰਾਈਆ । ਸ਼ਰਅ ਛੁਰੀ ਨਾ ਕੱਟੇ ਕਰਦ, ਕ਼ਾਤਲ ਮਕ਼ਤੂਲ ਰੂਪ ਨਾ ਕੋਇ ਵਖਾਈਆ । ਮਾਇਆ ਮਮਤਾ ਮਿਟੀ ਗਰਦ, ਦੁਰਮਤ ਮੈਲ ਰਹੀ ਨਾ ਰਾਈਆ । ਇਹੋ ਖੇਲ ਸਦਾ ਅਸਚਰਜ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਤਾ ਵਡ ਵਡਿਆਈਆ । ਸ਼ੰਕਰ ਕਹੇ ਮੈਂ ਦੱਸ ਕੇ ਆਇਆ ਰੀਤ, ਰੀਤੀਵਾਨ ਦਿਤੀ ਵਡਿਆਈਆ । ਆਤਮ ਪਰਮਾਤਮ ਧੁਰ ਦਾ ਗੀਤ, ਪੁਰਖ ਅਕਾਲੇ ਸਾਨੂੰ ਦਿਤਾ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਅਸੀਂ ਸਾਰੇ ਏਸੇ ਕਾਰਨ ਨਿਉਂਦੇ ਸੀਸ, ਚਰਨ ਧੂੜੀ ਖ਼ਾਕ ਰਮਾਈਆ । ਨਿਰਗੁਣ ਨਿਰਗੁਣ ਬਣੀ ਰਹੇ ਪ੍ਰੀਤ, ਬਿਪਰੀਤ ਰੂਪ ਨਾ ਕੋਇ ਵਟਾਈਆ । ਸਾਹਿਬ ਸਵਾਮੀ ਰਹੇ ਮੀਤ, ਮਿਤ੍ਰ ਪਿਆਰਾ ਨਜ਼ਰੀ ਆਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਦੀਨ ਮਜ਼੍ਹਬ ਦੀ ਮੇਟੇ ਲੀਕ, ਆਤਮ ਬ੍ਰਹਮ ਇਕ ਸਮਝਾਈਆ । ਜਿਸ ਦੇ ਵਿਚ ਸਚ ਤੌਫ਼ੀਕ਼, ਮਿਹਰਵਾਨ ਮਿਹਰਵਾਨ ਮਿਹਰਵਾਨ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ੰਕਰ ਕਹੇ ਮੈਨੂੰ ਪੁੱਛਣ ਲੱਗਾ ਬ੍ਰਹਮਾ, ਬ੍ਰਹਿਮਾਦਕ ਧਿਆਨ ਲਗਾਈਆ । ਕੀ ਪ੍ਰਭੂ ਚਲਾਵੇ ਧਰਮਾ, ਧਰਮ ਧਾਰ ਵੰਡ ਵੰਡਾਈਆ । ਮੈਂ ਹੱਸ ਕੇ ਕਿਹਾ ਲੇਖਾ ਮੁਕਾ ਕੇ ਵਰਨਾਂ ਬਰਨਾਂ, ਜ਼ਾਤੀ ਪਾਤੀ ਡੇਰਾ ਢਾਹੀਆ । ਏਕਾ ਓਟ ਜਣਾਵੇ ਪੁਰਖ ਅਕਾਲਾ ਚਰਨਾਂ, ਚਰਨੋਦਕ ਜਾਮ ਇਕ ਪਿਆਈਆ । ਝਗੜਾ ਮੁਕਾ ਕੇ ਜੰਮਣਾ ਮਰਨਾ, ਲਖ ਚੁਰਾਸੀ ਡੇਰਾ ਢਾਹੀਆ । ਨੇਤਰ ਖੋਲ੍ਹ ਕੇ ਹਰਨਾ ਫਰਨਾ, ਨਿਜ ਲੋਚਨ ਕਰੇ ਰੁਸ਼ਨਾਈਆ । ਅੰਮ੍ਰਿਤ ਦੇ ਕੇ ਅਗੰਮਾ ਝਿਰਨਾ, ਬੂੰਦ ਸਵਾਂਤੀ ਇਕ ਟਪਕਾਈਆ । ਊਚ ਨੀਚ ਦੀ ਰਹੇ ਕੋਈ ਨਾ ਘਿਰਨਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਦਰ ਸੁਹਾਈਆ । ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਸਦੀ ਚੌਧਵੀਂ ਕਲਜੁਗ ਅੰਤ ਆਪੇ ਕਰੇ ਨਿਰਨਾ, ਨਰ ਨਰਾਇਣ ਆਪਣਾ ਵੇਸ ਵਟਾਈਆ । ਤੀਰਥ ਤਟ ਕਿਨਾਰਾ ਭਗਤ ਕਿਸੇ ਪਏ ਨਾ ਫਿਰਨਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਗੁਰਮੁਖਾਂ ਦੇ ਚਰਨਾਂ ਹੇਠ ਦਬਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਚਾਰ ਜੁਗ ਦਾ ਨਾਮ ਪਏ ਨਾ ਪੜ੍ਹਨਾ, ਪੁਸਤਕ ਬਗ਼ਲ ਨਾ ਕੋਇ ਟਿਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਦੋਹਾਂ ਨੇ ਇਕੋ ਮੰਜ਼ਲ ਚੜ੍ਹਨਾ, ਮੋਹ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਬ੍ਰਹਮ ਪੱਲੂ ਆਪੇ ਫੜਨਾ, ਸੁਰਤੀ ਸ਼ਬਦ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੇ ਹੱਥ ਰੱਖੇ

ਵਡਿਆਈਆ । ਸ਼ੰਕਰ ਕਹੇ ਮੈਂ ਦੱਸਿਆ ਨਾਲ ਅਧੀਨ, ਅਦਨਾ ਰੂਪ ਵਟਾਈਆ । ਸਭ ਨੂੰ ਆਇਆ ਯਕੀਨ, ਭਰੋਸਾ ਇਕ ਵਖਾਈਆ । ਸਭ ਤੋਂ ਵਖਰੀ ਤਾਲੀਮ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਰਹੇ ਨਾ ਕੋਇ ਗ਼ਮਗੀਨ, ਚਿੰਤਾ ਚਿਖਾ ਜਲਾਈਆ । ਸਾਰੇ ਕਹਿਣ ਅਮੀਨ, ਕਾਮਲ ਮੁਰਸ਼ਦ ਬੇਪ੍ਰਵਾਹੀਆ । ਜਿਸ ਇਕੋ ਰੰਗ ਰੰਗੌਣਾ ਨਰ ਮਦੀਨ, ਵੱਡਾ ਛੋਟਾ ਨਾ ਕੋਇ ਰਖਾਈਆ । ਜਿਸ ਦਾ ਖੇਲ ਆਦਿ ਕ਼ਦੀਮ, ਕ਼ੁਦਰਤ ਦਾ ਕਰਤਾ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ੰਕਰ ਕਹੇ ਸੁਣੋ ਹੁਕਮ ਅਗੰਮਾ, ਅਗੰਮ ਦਿਆਂ ਜਣਾਈਆ । ਝਗੜਾ ਰਖਿਓ ਨਾ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਪ੍ਰਭ ਦਾ ਮਾਰਗ ਨਵਾਂ, ਨਵ ਖੰਡ ਵੱਜੇ ਵਧਾਈਆ । ਮੈਂ ਸਚ ਸੰਦੇਸ਼ਾ ਕਹਿਵਾਂ, ਕਹਿ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਹੁਕਮ ਕਰੇ ਰਵਾਂ, ਰਵਾਨਗੀ ਸਭ ਦੇ ਹੱਥ ਫੜਾਈਆ ।

### ❊ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਵਿਰਸਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ❊

ਨਾਰਦ ਕਹੇ ਮੈਂ ਕਬੀਰ ਕੋਲੋਂ ਆਇਆ, ਖ਼ੁਸ਼ੀਆਂ ਵਿਚ ਪੰਧ ਮੁਕਾਈਆ । ਅੱਗੇ ਸੋਹਣੀ ਨੌਜਵਾਨ ਵੇਖੀ ਪੰਜ ਤੱਤ ਕਾਇਆ, ਰੂਪ ਅਨੂਪ ਵਟਾਈਆ । ਨੇਤਰ ਕੱਜਲ ਧਾਰ ਸੁਹਾਇਆ, ਬਿੰਦੀ ਮਸਤਕ ਵਿਚ ਲਗਾਈਆ । ਸੋਹਣਾ ਆਪਣਾ ਸੀਸ ਗੁੰਦਾਇਆ, ਮੇਂਢੀ ਪੱਟੀਆਂ ਵਾਲੀ ਵਡਿਆਈਆ । ਬੜਾ ਰਸੀਲਾ ਰਾਗ ਅਲਾਇਆ, ਕੋਈ ਆਵੇ ਮੇਰਾ ਮਾਹੀਆ । ਮੈਂ ਕੰਤ ਨਾ ਕਦੇ ਹੰਢਾਇਆ, ਜੋਬਨਵੰਤੀ ਸੋਭਾ ਪਾਈਆ । ਚਾਰੋਂ ਕੁੰਟ ਚੱਕਰ ਲਗਾਇਆ, ਲੱਖ ਚੁਰਾਸੀ ਵੇਖੀ ਥਾਉਂ ਥਾਈਂਆ । ਮੈਨੂੰ ਸੂਰਬੀਰ ਨਜ਼ਰ ਕੋਇ ਨਾ ਆਇਆ, ਜੋਧਾ ਆਪਣਾ ਬਲ ਪ੍ਰਗਟਾਈਆ । ਨਾਰਦ ਕਹੇ ਫੇਰ ਝਟ ਉਸ ਨੇ ਨੇਤਰ ਨੈਣਾਂ ਨੀਰ ਵਹਾਇਆ, ਰੋ ਕੇ ਦਿਤਾ ਸੁਣਾਈਆ । ਮੇਰਾ ਭਾਈ ਭੈਣ ਮਾਤ ਪਿਤ ਸਿਰ ਤੇ ਦੇਵੇ ਕੋਈ ਨਾ ਸਾਇਆ, ਸਖ਼ਾ ਸਖਾਈ ਨਜ਼ਰ ਕੋਇ ਨਾ ਆਈਆ । ਮੇਰਾ ਅੱਗਾ ਪਿੱਛਾ ਰਿਹਾ ਕੋਈ ਨਾ ਰਾਇਆ, ਜੰਗਲ ਕੂਕਾਂ ਦਿਆਂ ਦੁਹਾਈਆ । ਫੇਰ ਝਟ ਓਸ ਨੇ ਆਪਣਾ ਰੂਪ ਬਦਲਾਇਆ, ਹੱਸ ਕੇ ਦਿਤਾ ਵਖਾਈਆ । ਮੈਂ ਤੇ ਸੰਤਾਂ ਭਗਤਾਂ ਦੀ ਆਇਆ, ਧਰਨੀ ਧਰਤ ਧਵਲ ਉਤੇ ਦਿਆਂ ਖਿਲ੍ਹਾਈਆ । ਫੇਰ ਓਸ ਨੇ ਕੁਛ ਮਿੱਠਾ ਰਸ ਕਰ ਕੇ ਖਾਇਆ, ਮੈਨੂੰ ਵਖਾ ਕੇ ਆਪਣੇ ਮੂੰਹ ਵਿਚ ਪਾਈਆ । ਫੇਰ ਘੁੰਡ ਕੱਢ ਕੇ ਆਪਣਾ ਨੈਣ ਮਟਕਾਇਆ, ਟੇਢੀ ਅੱਖ ਵੇਖ ਵਖਾਈਆ । ਫੇਰ ਤਨ ਸ਼ਿੰਗਾਰ ਸਜਾਇਆ, ਆਪਣੀ ਲਈ ਅੰਗੜਾਈਆ । ਫੇਰ ਕਮਰ ਹੱਥ ਟਿਕਾਇਆ, ਦੂਜਾ ਮੱਥੇ ਉਤੇ ਰਖਾਈਆ । ਫੇਰ ਬੇਤਾਲਾ ਕ਼ਦਮ ਉਠਾਇਆ, ਨਾਚ ਦਿਤਾ ਵਖਾਈਆ । ਇਕ ਗੀਤ ਅਨੋਖਾ ਗਾਇਆ, ਮੈਨੂੰ ਦਿਤਾ ਸੁਣਾਈਆ । ਵੇ ਤੂੰ ਕਿਹੜੀ ਮਾਂ ਦਾ ਜਾਇਆ, ਪਿਤਾ ਕਵਣ ਅਖਵਾਈਆ । ਤੈਨੂੰ ਕਿਸ ਨੇ ਗੋਦ ਟਿਕਾਇਆ, ਮੈਨੂੰ ਦੇ ਸਮਝਾਈਆ । ਤੈਨੂੰ ਕਿਸ ਨੇ ਤੇਰਾ ਭੇਵ ਖੁਲ੍ਹਾਇਆ, ਪਰਦਾ ਦੇ ਉਠਾਈਆ । ਤੈਨੂੰ ਕਿਸ ਨੇ ਏਸ ਰਾਹੇ ਪਾਇਆ, ਭੱਜਾ ਵਾਹੋ ਦਾਹੀਆ । ਤੈਨੂੰ ਕਿਸ ਨੇ ਔਝੜ ਰਾਹ ਵਖਾਇਆ, ਸਚ ਦੀ ਧਾਰ ਨਾ ਕੋਇ ਦ੍ਰਿੜਾਈਆ । ਨਾਰਦ ਕਹੇ ਜਾਂ ਮੂੰਹ ਤੱਕਿਆ ਓਸ ਆਪਣਾ ਹੋਰ ਦਾ ਹੋਰ ਰੂਪ ਬਦਲਾਇਆ, ਬਿਨਾ ਭੁਜਾਂ ਤੋਂ ਨਜ਼ਰੀ

ਆਈਆ । ਜਿਧਰ ਵੇਖਾਂ ਓਧਰ ਉਹਦੀ ਛਾਇਆ, ਚਾਰੇ ਕੁੰਟ ਸੋਭਾ ਪਾਈਆ । ਝਟ ਓਸ ਨੇ ਰੰਗਲਾ ਪੀਹੜਾ ਡਾਹਿਆ, ਸਵਰਨ ਚਾਂਦੀ ਨਜ਼ਰੀ ਆਈਆ । ਉਸ ਦੇ ਉਤੇ ਸਿੰਘਾਸਣ ਵਿਛਾਇਆ, ਬਸਤਰ ਸੋਹਣਾ ਦਿਤਾ ਟਿਕਾਈਆ । ਫੇਰ ਮੈਨੂੰ ਆਖ ਸੁਣਾਇਆ, ਸੁਣ ਵੇ ਜਾਂਦਿਆਂ ਰਾਹੀਆ । ਤੂੰ ਕਿਉਂ ਬਣਿਆ ਪਰਾਇਆ, ਮੈਂ ਤੇਰੀ ਨਜ਼ਰੀ ਆਈਆ । ਨਾਲੇ ਹਾਏ ਹਾਏ ਕਰ ਸੁਣਾਇਆ, ਦੁਹੱਥੜ ਮਾਰ ਕੇ ਪਿੱਟੀ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਨਾਰਦ ਕਹੇ ਮੈਂ ਅੱਗੇ ਤੁਰਿਆ, ਆਪਣਾ ਕ਼ਦਮ ਉਠਾਈਆ । ਓਨ ਮੈਨੂੰ ਹੱਸ ਕੇ ਕਿਹਾ ਵੇ ਕਿੱਥੇ ਜਾਂਦਾ ਨਿਗੁਰਿਆ, ਐਵੇਂ ਪੰਧ ਮੁਕਾਈਆ । ਕਿਸ ਵਹਿਣ ਜਾਨਾ ਰੁੜ੍ਹਿਆ, ਮੈਨੂੰ ਦੇ ਸਮਝਾਈਆ । ਤੇਰਾ ਨਾਤਾ ਕਿਸੇ ਨਾਲ ਨਹੀਂ ਜੁੜਿਆ, ਐਵੇਂ ਵਕਤ ਰਿਹਾ ਗਵਾਈਆ । ਮੇਰੇ ਆਖੇ ਪਿੱਛੇ ਮੁੜਿਆ, ਮੁੜ ਮੁੜ ਰਹੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਸੁਣਾਈਆ । ਨਾਰਦ ਕਹੇ ਮੈਂ ਅੱਗੇ ਚੁਕਿਆ ਕ਼ਦਮ, ਓਸ ਨੇ ਆਪਣਾ ਪੈਰ ਚੁੱਕ ਕੇ ਮੈਨੂੰ ਦਿਤਾ ਵਖਾਈਆ । ਵੇਖ ਮੇਰੇ ਚਰਨਾਂ ਵਿਚ ਪਦਮ, ਮੈਂ ਪਦਮਾ ਰਾਣੀ ਧੁਰ ਦੀ ਨਜ਼ਰੀ ਆਈਆ । ਫਿਰ ਕ਼ਮੀਜ਼ ਲਾਹੀ ਉਤੋਂ ਬਦਨ, ਸੋਹਣਾ ਰੂਪ ਦਿਤਾ ਚਮਕਾਈਆ । ਫਿਰ ਹੱਸ ਹੱਸ ਕੇ ਦੰਦੀਆਂ ਲੱਗੀ ਕੱਢਣ, ਮੁਸਕਰਾਹਟ ਵਿਚ ਆਪਣੀ ਕਰਵਟ ਬਦਲਾਈਆ । ਫਿਰ ਝਟ ਸਿਰ ਤੇ ਮੁਕਟ ਪਾ ਲਿਆ ਮੈਨੂੰ ਕਹੇ ਮੈਂ ਮੁਕੰਦ ਮਨੋਹਰ ਮਦਨ, ਲਕਸ਼ਮੀ ਮੇਰੀ ਧਾਰ ਸਮਾਈਆ । ਮੈਂ ਤੈਨੂੰ ਆਈ ਸੱਦਣ, ਖੋਜਾਂ ਥਾਉਂ ਥਾਈਆ । ਇਕੱਲੀ ਆਈ ਲੱਭਣ, ਸਾਥੀ ਹੋਰ ਨਾ ਕੋਇ ਮਿਲਾਈਆ । ਵੇਖੀਂ ਮੇਰਾ ਬਚਨ ਨਾ ਕਰੀਂ ਉਲੰਘਣ, ਤੈਨੂੰ ਦਿਆਂ ਜਣਾਈਆ । ਮੈਂ ਇਕੋ ਵਸਤ ਆਈ ਮੰਗਣ, ਮੇਰੀ ਝੋਲੀ ਦੇਣੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਨਾਰਦ ਕਹੇ ਮੈਂ ਹੈਰਾਨ ਹੋ ਕੇ ਪੈ ਗਿਆ ਸੋਚੀਂ, ਇਹ ਕੌਣ ਤੇ ਕਿਉਂ ਰਹੀ ਬੁਲਾਈਆ । ਮੇਰੀ ਵਾਟ ਅਜੇ ਬਹੁਤੀ, ਮੈਂ ਪੁੱਜਣਾ ਚਾਈਂ ਚਾਈਂਆ । ਏਸੇ ਸਮੇਂ ਵਿਚ ਓਸ ਨੇ ਝਟ ਰੂਪ ਬਣਾਇਆ ਇਕ ਖੋਤੀ, ਹੀਂਗ ਹੀਂਗ ਕੇ ਦਿਤਾ ਸੁਣਾਈਆ । ਮੈਂ ਹੈਰਾਨ ਹੋ ਗਿਆ ਫਿਰ ਬਣ ਗਈ ਬੜੀ ਸੋਹਣੀ ਬੋਤੀ, ਧੌਣ ਲੰਮੀ ਕਰ ਹਿਲਾਈਆ । ਮੈਂ ਫੇਰ ਤੱਕਿਆ ਓਹ ਚੜ੍ਹ ਗਈ ਦਰੱਖ਼ਤ ਦੀ ਚੋਟੀ, ਉਤੇ ਚੜ੍ਹ ਕੇ ਵੇਖ ਵਖਾਈਆ । ਮੈਂ ਫੇਰ ਤੱਕਿਆ ਓਹ ਬਣ ਗਈ ਅਗੰਮੀ ਕਾਹਨ ਦੀ ਗੋਪੀ, ਆਪਣਾ ਰੂਪ ਬਦਲਾਈਆ । ਮੈਂ ਫੇਰ ਵੇਖਿਆ ਓਹ ਹੱਥ ਵਿਚ ਫੜ ਕੇ ਸੋਟੀ, ਮੈਨੂੰ ਭੈ ਰਹੀ ਜਣਾਈਆ । ਮੈਂ ਫੇਰ ਵੇਖਿਆ ਹੱਥ ਉਤੇ ਰੱਖ ਕੇ ਰੋਟੀ, ਮੇਰੇ ਵੱਲ ਬੁਰਕੀਆਂ ਰਹੀ ਪਾਈਆ । ਮੈਂ ਫੇਰ ਵੇਖਿਆ ਓਹ ਮੈਨੂੰ ਕਹੇ ਤੂੰ ਮੇਰਾ ਮੈਂ ਤੇਰੀ ਇਕੋ ਗੋਤੀ, ਗੋਤਮ ਦਾ ਰੂਪ ਬੈਠੀ ਬਦਲਾਈਆ । ਮੈਂ ਫੇਰ ਵੇਖਿਆ ਓਹ ਅਹੱਲਿਆ ਬਣ ਕੇ ਉਂਗਲ ਰੱਖੀ ਉਤੇ ਠੋਡੀ, ਸਹਿਜ ਨਾਲ ਜਣਾਈਆ । ਮੈਂ ਤੇਰੇ ਹੱਥ ਲਾਵਾਂ ਗੋਡੀਂ, ਮੁਨੀ ਜੀ ਦੇਣੀ ਵਡਿਆਈਆ । ਫੇਰ ਝਟਪਟ ਸਿਰ ਤੋਂ ਬਣ ਗਈ ਰੋਡੀ, ਆਪਣੀ ਟਿੰਡ ਰਹੀ ਹਿਲਾਈਆ । ਫੇਰ ਇਕ ਦਮ ਵੇਸ ਧਰ ਲਿਆ ਵਾਂਗ ਜੋਗੀ, ਕੱਪੜੇ ਗੇਰੂ ਤਨ ਛੁਹਾਈਆ । ਫਿਰ ਛੇਤੀ ਨਾਲ ਬਣ ਗਈ ਜਗਤ ਵਾਸਨਾ ਭੋਗੀ, ਵੀਹ ਤੀਹ ਬੱਚੇ ਪਿੱਛੇ ਰਹੀ ਵਖਾਈਆ । ਮੈਂ ਫੇਰ ਵੇਖਿਆ ਓਸ ਹੱਥ ਵਿਚ ਫੜ ਕੇ ਪੋਥੀ, ਓਮ ਓਮ ਓਮ ਦਿਤਾ ਸੁਣਾਈਆ । ਮੈਂ ਫੇਰ ਵੇਖਿਆ ਓਹ ਬਣ ਕੇ ਨੌਜਵਾਨ ਧੋਬੀ, ਸ਼ੂਹ ਸ਼ੂਹ ਕਰ ਕੇ ਕੱਪੜੇ

ਰਿਹਾ ਧਵਾਈਆ । ਨਾਰਦ ਕਹੇ ਮੈਂ ਫੇਰ ਵੇਖਿਆ ਓਸ ਨੇ ਮੇਰੇ ਨਾਲੋਂ ਲੰਮੀ ਬਣਾ ਲਈ ਬੋਦੀ, ਇਸ਼ਾਰਿਆਂ ਨਾਲ ਜਣਾਈਆ । ਮੈਂ ਫੇਰ ਵੇਖਿਆ ਓਹ ਮੇਰੇ ਨਾਲ ਗੱਲਾਂ ਕਰੇ ਘਰੋਗੀ, ਜਿਵੇਂ ਇਕੱਠਿਆਂ ਰਹਿ ਕੇ ਝਟ ਲੰਘਾਈਆ । ਮੈਂ ਹੈਰਾਨ ਹੋ ਗਿਆ ਛੇਤੀ ਨਾਲ ਮਾਰ ਕੇ ਛਾਲ ਚੜ੍ਹ ਗਈ ਮੇਰੇ ਮੋਢੀਂ, ਅੱਖਾਂ ਉਤੇ ਹੱਥ ਰੱਖ ਕੇ ਅੱਖਾਂ ਦਿਤੀਆਂ ਦਬਾਈਆ । ਮੈਂ ਡਰ ਗਿਆ ਓਸ ਨੇ ਮੈਨੂੰ ਇਕ ਹੀਰਾ ਵਖਾਇਆ ਬਣ ਜਾ ਲੋਭੀ, ਤੇਰੀ ਝੋਲੀ ਦਿਆਂ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਅੱਖਾਂ ਲਈਆਂ ਮੀਟ, ਜ਼ੋਰ ਨਾਲ ਬੰਦ ਕਰਾਈਆ । ਓਸ ਨੇ ਮੇਰੀਆਂ ਲੱਤਾਂ ਵਿਚ ਵੜ ਕੇ ਮਾਰੀ ਚੀਕ, ਜ਼ੋਰ ਨਾਲ ਸੁਣਾਈਆ । ਨਾਲੇ ਗਾਇਆ ਵਿਛੜ ਗਿਆਂ ਦਾ ਗੀਤ, ਵਿਛੋੜੇ ਵਾਲਾ ਕੰਮ ਕਿਸੇ ਨਾ ਆਈਆ । ਨਾਲੇ ਮੈਨੂੰ ਗ਼ੁੱਸੇ ਵਿਚ ਕਿਹਾ ਤੂੰ ਬੜਾ ਢੀਠ, ਕਿਉਂ ਬੈਠਾ ਮੁਖ ਭਵਾਈਆ । ਫੇਰ ਲੱਤ ਮਾਰੀ ਪੀਠ, ਕਮਰ ਦਿਤੀ ਹਿਲਾਈਆ । ਫੇਰ ਮੈਨੂੰ ਬੋਦੀ ਤੋਂ ਲਿਆ ਘਸੀਟ, ਏਧਰ ਓਧਰ ਦਿਤਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਰਦ ਕਹੇ ਇਕ ਦਮ ਓਹ ਬਣ ਗਈ ਸੋਹਣਾ ਨੌਜਵਾਨਾ ਪੋਪ, ਗੁਡ ਗਾਈਡ ਕਹਿ ਕੇ ਸੁਣਾਈਆ । ਹੈਟ ਪੈਂਟ ਪਾ ਕੇ ਟੋਪ, ਚਲੇ ਚਾਈਂ ਚਾਈਂਆ । ਮੇਰੇ ਉਤੇ ਹੋ ਕੇ ਕ੍ਰੋਪ, ਮੈਨੂੰ ਰਹੀ ਡਰਾਈਆ । ਮੇਰੇ ਅੰਦਰ ਆਇਆ ਖ਼ੌਫ਼, ਮੈਂ ਪਿੱਛਾ ਲਿਆ ਬਦਲਾਈਆ । ਓਸ ਨੇ ਮੇਰਾ ਨੌਹਾਂ ਨਾਲ ਲੌਹਣਾ ਸ਼ੁਰੂ ਕੀਤਾ ਪੋਸ਼, ਖਲੜੀ ਦਿਤੀ ਉਲਟਾਈਆ । ਮੈਂ ਡਰ ਗਿਆ ਡਰਪੋਕ, ਥਰ ਥਰ ਕੰਬ ਕੇ ਦਿਤੀ ਦੁਹਾਈਆ । ਫਿਰ ਝਟਪਟ ਓਸ ਨੇ ਰੂਪ ਧਾਰ ਲਿਆ ਖ਼ਰਗੋਸ਼, ਜ਼ੋਰ ਨਾਲ ਭੱਜਾ ਆਪਣਾ ਬਲ ਵਧਾਈਆ । ਓਨੇ ਚਿਰ ਨੂੰ ਮੈਨੂੰ ਆ ਗਈ ਹੋਸ਼, ਮੈਂ ਅੱਖਾਂ ਲਈਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਫੇਰ ਵੇਖਿਆ ਸੋਹਣੀ ਜੋਬਨਵੰਤੀ, ਨੌਜਵਾਨ ਨਜ਼ਰੀ ਆਈਆ । ਤਨ ਬਸਤਰ ਪਹਿਨ ਬਸੰਤੀ, ਸੋਹਣਾ ਰੂਪ ਚਮਕਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਪੰਗਤੀ, ਮੈਨੂੰ ਦਿਤੀ ਸੁਣਾਈਆ । ਕਹੇ ਮੈਂ ਵਿਦਿਆ ਪੜ੍ਹੀ ਨਹੀਂ ਕਿਸੇ ਕੋਲੋਂ ਪੰਡਤੀ, ਅੱਖਰਾਂ ਨਾਲ ਨਾ ਕੋਇ ਵਡਿਆਈਆ । ਮੈਂ ਆਸਾ ਨਹੀਂ ਕਿਸੇ ਮਨ ਦੀ, ਖ਼ਾਹਿਸ਼ ਨਾ ਕੋਇ ਜਣਾਈਆ । ਮੈਂ ਸਰੋਤੀ ਨਹੀਂ ਕਿਸੇ ਕੰਨ ਦੀ, ਸਰਵਣਾਂ ਨਾਲ ਨਾ ਕੋਇ ਵਡਿਆਈਆ । ਮੈਂ ਲਾਲਚਨ ਨਹੀਂ ਕਿਸੇ ਧਨ ਦੀ, ਮਾਇਆ ਵਿਚ ਹਲਕਾਈਆ । ਮੈਂ ਅਧਾਰਨ ਨਹੀਂ ਕਿਸੇ ਗੱਲ ਦੀ, ਗੱਲਾਂ ਬਾਤਾਂ ਵਿਚ ਨਾ ਕੋਇ ਰੀਝਾਈਆ । ਮੈਂ ਪਿਆਸੀ ਨਹੀਂ ਜਲ ਦੀ, ਤੀਰਥ ਤੱਟਾਂ ਵੇਖ ਵਖਾਈਆ । ਮੈਂ ਵਣਜਾਰਨ ਨਹੀਂ ਥਲ ਦੀ, ਕੂਕ ਕੂਕ ਸੁਣਾਈਆ । ਮੈਂ ਆਸਾ ਨਹੀਂ ਬਲ ਦੀ, ਜੋ ਬਾਵਨ ਰਾਹ ਤਕਾਈਆ । ਮੈਂ ਵਾਸਣ ਨਹੀਂ ਨਿਹਚਲ ਧਾਮ ਅਟਲ ਦੀ, ਜੋ ਸਚਖੰਡ ਸਾਚੇ ਸੋਭਾ ਪਾਈਆ । ਨਾਰਦਾ ਮੈਂ ਤੇ ਫਿਰਦੀ ਕਲ੍ਹ ਦੀ, ਏਧਰ ਓਧਰ ਆਪਣਾ ਵਕਤ ਲੰਘਾਈਆ । ਮੈਂ ਉਡੀਕ ਕਰਦੀ ਸਾਂ ਓਸ ਪਲ ਦੀ, ਜਿਸ ਪਲ ਵਿਚ ਪਲਕ ਨਾ ਹੋਵੇ ਜੁਦਾਈਆ । ਮੁਨੀ ਜੀ ਮੈਂ ਓਹ ਤ੍ਰੈਗੁਣ ਮਾਇਆ ਜਿਹੜੀ ਸੰਤਾਂ ਤੇ ਭਗਤਾਂ ਨੂੰ ਛਲਦੀ, ਸਭ ਦੇ ਕੀਤੇ ਕਤਾਇਆਂ ਉਤੇ ਪਾਣੀ ਦਿਆਂ ਫਿਰਾਈਆ । ਮੈਂ ਇਸ ਕਰ ਕੇ ਤੇਰੇ ਵਰਗਿਆਂ ਦਾ ਰਾਹ ਮੱਲਦੀ, ਜਿਹੜੇ ਦੋ ਜਹਾਨਾਂ ਨੂੰ ਸਿਖਿਆ ਦੇ ਦੇ ਰਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ

ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਚਰਨ ਦਵਾਰਾ ਆਦਿ ਅੰਤ ਮੱਲਦੀ, ਮੇਰੇ ਪਿੱਛੇ ਵੇਖ ਮਲਕੁਲਮੌਤ ਚਰਨ ਚੁੰਮਣ ਵਾਸਤੇ ਆਈਆ ।

### ❊ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੀਬੀ ਕਰਤਾਰ ਕੌਰ ਦਰਸ਼ਨ ਕੌਰ ਦੇ ਘਰ ਪਿੰਡ ਬਾਬੂਪੁਰ ❊

ਨਾਰਦ ਕਹੇ ਜਨ ਭਗਤੋ ਮੈਨੂੰ ਦਿਓ ਥਾਪੀ, ਥਪਕੀ ਦਿਓ ਲਗਾਈਆ । ਮੈਂ ਬੜਾ ਵੱਡਾ ਪ੍ਰਤਾਪੀ, ਪ੍ਰਤਾਪ ਵਾਲਿਆਂ ਵੇਖ ਵਖਾਈਆ । ਮੈਂ ਬੜਾ ਵੱਡਾ ਜਾਪੀ, ਜੁਗ ਜੁਗ ਨਾਮ ਧਿਆਈਆ । ਕੱਢ ਕੇ ਆਪਣੀ ਕਾਪੀ, ਵਰਕੇ ਰਿਹਾ ਉਲਟਾਈਆ । ਹੱਸ ਕੇ ਕਹੇ ਮੈਂ ਮੰਨੀ ਨਹੀਂ ਉਸ ਮੋਹਣੀ ਦੀ ਆਖੀ, ਜੋ ਅਨਕ ਰੂਪ ਬਦਲਾਈਆ । ਮੈਂ ਭੱਜਾ ਆਇਆ ਪਹਿਲਾਂ ਮਿਲਾਂ ਜਾ ਕੇ ਆਪਣੇ ਸਾਥੀ, ਜੋ ਜਨ ਭਗਤ ਬੈਠੇ ਸੋਭਾ ਪਾਈਆ । ਜੇ ਭੈ ਨਾ ਹੁੰਦਾ ਪੁਰਖ ਸਮਰਾਥੀ, ਮੇਰਾ ਮਨ ਨਾ ਧੀਰ ਧਰਾਈਆ । ਮੈਂ ਕਥਾ ਕਹਾਣੀ ਦੱਸਾਂ ਸਾਚੀ, ਸਚ ਦਿਆਂ ਦ੍ਰਿੜਾਈਆ । ਕਦੀ ਲੋਭ ਨਾ ਕਰਿਓ ਕਾਇਆ ਮਾਟੀ ਕਾਚੀ, ਤਨ ਵਜੂਦ ਸਦ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦਿਤਾ ਮੁਕਾਈਆ । ਫੇਰ ਕਹੇ ਮੈਨੂੰ ਪਿੱਛੋਂ ਆਵਾਜ਼ ਪਈ ਨਾਰਦਾ ਤੂੰ ਨਹੀਂ ਆਇਆ ਕ਼ਾਬੂ, ਮੈਂ ਹੋਰ ਖੇਲ ਦਿਆਂ ਖਿਲਾਈਆ । ਮੈਂ ਹੱਸ ਕੇ ਕਿਹਾ ਮੈਂ ਗ਼ਰੀਬ ਪਿਓ ਦਾ ਪੁੱਤ ਨਹੀਂ ਵਾਧੂ, ਤੇਰੇ ਵਰਗੀਆਂ ਦੇ ਪਿੱਛੇ ਭੱਜਾਂ ਥਾਉਂ ਥਾਈਂਆਂ । ਸ਼ਾਇਦ ਡੋਲ ਜਾਂਦਾ ਜੇ ਮੇਰਾ ਸਾਹਿਬ ੧੦੫੧
ਨਾ ਆਇਆ ਹੁੰਦਾ ਪਿੰਡ ਪੁਰ ਬਾਬੂ, ਜੋ ਬਾਬਨ ਧੁਰਦਰਗਾਹੀਆ । ਜਾਹ ਤੀਰਥ ਤੱਟਾਂ ਉਤੇ ਅੱਠਾਂ ਸੱਠਾਂ ਉਤੇ ਜਾ ਕੇ ਲੱਭ ਲੈ ਜਿਹੜੇ ਮਸਤਕ ਤਿਲਕ ਲਗਾਉਂਦੇ ਸਾਧੂ, ਇਹ ਸਿੱਧੇ ਸਾਦੇ ਜੱਟ ਤੇਰੇ ਹੱਥ ਕਦੇ ਨਾ ਆਈਆ । ਤੇਰਾ ਖੇਲ ਚਾਰ ਜੁਗ ਦਾ ਆਕੜ ਖਾਂ ਤੇ ਨਾਢੂ, ਆਪਣੇ ਬਲ ਵਿਚ ਆਪਣਾ ਆਪ ਬਚਾਈਆ । ਤੇਰਾ ਚਲਣ ਨਹੀਂ ਦੇਣਾ ਅੱਗੇ ਹੁਣ ਮਮਤਾ ਵਾਲਾ ਜਾਦੂ, ਜਾਦੂਗਰਨੀਏਂ ਤੈਨੂੰ ਧੱਕਾ ਦਿਤਾ ਲਾਈਆ । ਯਾਦ ਕਰ ਲਾ ਤੂੰ ਵੇਸ ਵਟਾਇਆ ਸੀ ਜਿਸ ਵੇਲੇ ਗੋਬਿੰਦ ਗਿਆ ਸੀ ਕੋਲ ਦਾਦੂ, ਦਾਅਵੇ ਨਾਲ ਆਪਣਾ ਕ਼ਦਮ ਉਠਾਈਆ । ਤੂੰ ਖੇਲ ਖਿਲਾਇਆ ਸੀ ਵੈਰਾਗੀ ਦਾਸ ਮਾਧੂ, ਮਾਧੋ ਦਾਸ ਦਿਤਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਨਾਰਦ ਕਹੇ ਸੁਣ ਨੀ ਤ੍ਰੈਗੁਣ ਮਾਇਆ, ਮੋਹਣੀਏਂ ਅਨਹੋਣੀਏਂ ਤੈਨੂੰ ਦਿਆਂ ਜਣਾਈਆ । ਤੇਰਾ ਕਿਸੇ ਕੰਮ ਨਾ ਆਵੇ ਏਥੇ ਨੈਣ ਮਟਕਾਇਆ, ਜੋਬਨ ਦੀ ਕ਼ੀਮਤ ਨਾ ਕੋਇ ਰਖਾਈਆ । ਜਿਨ੍ਹਾਂ ਦੇ ਸਿਰ ਤੇ ਮੇਰੇ ਪੁਰਖ ਅਕਾਲ ਦਾ ਸਾਇਆ, ਮਿਹਰ ਨਜ਼ਰ ਇਕ ਉਠਾਈਆ । ਉਹਨਾਂ ਇਕੋ ਦੇ ਚਰਨ ਧਿਆਨ ਲਗਾਇਆ, ਦੂਸਰ ਅੱਖ ਨਾ ਕੋਇ ਮਿਲਾਈਆ । ਤੂੰ ਤੇ ਛੋਟਾ ਢੋਲਾ ਗਾਇਆ, ਜਨ ਭਗਤ ਤੂੰ ਮੇਰਾ ਮੈਂ ਤੇਰਾ ਗਾ ਕੇ ਪ੍ਰਭ ਦਾ ਦਰਸ਼ਨ ਪਾਈਆ । ਮੈਂ ਸਚ ਦਾ ਸੁਖ਼ਨ ਸੁਣਾਇਆ, ਤੈਨੂੰ ਅਨਬੋਲਤ ਦਿਤਾ ਜਣਾਈਆ । ਏਥੇ ਵੇਖ ਲੈ ਨਾ ਕੋਈ ਆਪਣਾ ਨਾ ਕੋਈ ਪਰਾਇਆ, ਸਾਰੇ ਇਕੋ ਰੰਗ ਰੰਗਾਈਆ । ਜਿਸ ਦਾ ਲਹਿਣਾ ਉਹੋ ਰਿਹਾ ਚੁਕਾਇਆ, ਚੁਕੰਨੀ ਤੈਨੂੰ ਦਿਆਂ ਕਰਾਈਆ । ਕੰਨਾਂ ਨੂੰ ਹੱਥ ਲਾ ਲਾ ਜੇ ਕਦੀ ਜਨ ਭਗਤ ਆਪਣੇ ਜਾਲ ਵਿਚ ਫਸਾਇਆ, ਤੈਨੂੰ ਮਿਲੇ ਸਖ਼ਤ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਸੁਨੇਹੜਾ ਇਕ ਸੁਣਾਈਆ । ਤ੍ਰੈਗੁਣ ਕਹੇ ਨਾਰਦ ਜੀ ਐਵੇਂ ਨਾ ਪਾ ਰੌਲਾ, ਬੋਲ ਬੋਲ ਸੁਣਾਈਆ । ਮੈਨੂੰ ਵੀ ਓਸੇ ਬਣਾਇਆ ਮੌਲਾ, ਜੋ ਹਰ ਘਟ ਰਿਹਾ ਸਮਾਈਆ । ਉਸੇ ਨੇ ਚਖਾਈ ਆਪਣੀ ਪਾਹੁਲਾ, ਅੰਮ੍ਰਿਤ ਰਸ ਚਵਾਈਆ । ਓਸੇ ਨੇ ਘੱਲਿਆ ਉਪਰ ਧੌਲਾ, ਧਰਨੀ ਦਿਤੀ ਟਿਕਾਈਆ । ਓਸੇ ਨੇ ਕੀਤਾ ਇਕਰਾਰ ਕੌਲਾ, ਵਾਅਦਾ ਲਿਆ ਬਣਾਈਆ । ਓਸੇ ਨੇ ਰੱਖਿਆ ਮੇਰੇ ਅੰਦਰ ਓਹਲਾ, ਪਰਦਿਆਂ ਵਿਚ ਛੁਪਾਈਆ । ਓਸੇ ਨੇ ਮੇਰਾ ਬਣਾ ਕੇ ਡੋਲਾ, ਚਹੁੰ ਜੁਗਾਂ ਦੇ ਕੰਧਿਆਂ ਉਤੇ ਦਿਤਾ ਟਿਕਾਈਆ । ਓਸੇ ਨੇ ਮੈਨੂੰ ਜੁਗ ਜੁਗ ਖਿਲਾਇਆ ਹੋਲਾ, ਹੋਲੀ ਜਗਤ ਵਾਲੀ ਬਣਾਈਆ । ਓਸੇ ਨੇ ਮੈਥੋਂ ਵੱਡਿਆਂ ਵੱਡਿਆਂ ਦੇ ਸਿਰ ਵਿਚ ਮਰਵਾਇਆ ਪੌਲਾ, ਮਾਣ ਹੰਕਾਰ ਦਿਤਾ ਗਵਾਈਆ । ਓਸੇ ਨੇ ਸਾਧਾਂ ਸੰਤਾਂ ਦਾ ਖ਼ਾਲੀ ਕਰਾਇਆ ਤੌਲਾ, ਕਾਇਆ ਗੜ੍ਹ ਕੀਤੀ ਸਫ਼ਾਈਆ । ਓਸੇ ਨੇ ਮੇਰੇ ਕੋਲੋਂ ਰਾਵਣ ਦਾ ਫਰਕਾਇਆ ਡੌਲਾ, ਸੀਤਾ ਨੂੰ ਚੁੱਕ ਕੇ ਭੱਜਾ ਚਾਈਂ ਚਾਈਆ । ਓਸੇ ਨੇ ਰੁਕਮਣੀ ਦੇ ਪਿੱਛੇ ਕ੍ਰਿਸ਼ਨ ਦੇ ਮਗਰ ਲਾਇਆ ਰੁਕਮਣ ਦੇ ਸਾਥੀਆਂ ਦਾ ਟੋਲਾ, ਹਾਹਾਕਾਰ ਦਿਤੀ ਮਚਾਈਆ । ਓਸੇ ਨੇ ਮੇਰੇ ਕੋਲੋਂ ਦਰੋਪਦੀ ਚੀਰ ਲੁਹਾਏ ਬਚਨ ਦੇ ਕੇ ਪੋਲਾ, ਆਪਣੀ ਕਾਰ ਕਮਾਈਆ । ਵੇ ਨਾਰਦਾ, ਅਵਤਾਰ ਜੇ ਕੋਈ ਵੱਡਾ ਆਇਆ ਤੇ ਧਾਰ ਕੇ ਕਲਾ ਸੋਲਾ, ਸੋਲਾਂ ਕਲਾ ਵਾਲਿਆਂ ਨੂੰ ਮੈਂ ਗੋਪੀਆਂ ਦੇ ਪਿੱਛੇ ਦਿਤਾ ਭਵਾਈਆ । ਜੇ ਕੋਈ ਪੈਗ਼ੰਬਰ ਆਇਆ ਪਾ ਕੇ ਹਰਾ ਨੀਲਾ ਚੋਲਾ, ਮੈਂ ਸ਼ਾਹ ਐਲੀ ਵਰਗੇ ਨਾਰਦ ਦੇ ਭਰੋਸੇ ਉਤੇ ਘਾਤ ਦਿਤੇ ਕਰਾਈਆ । ਮੇਰੇ ਨਾਲ ਗੱਲ ਫੇਰ ਕਰੀਂ ਪਹਿਲਾਂ ਆਪਣਾ
੧੦੫੨ ਮੂੰਹ ਧੋ ਲਾ, ਪਿਛਲੀ ਮੈਲ ਲੁਹਾਈਆ । ਐਵੇਂ ਨਾ ਭਗਤਾਂ ਵਿਚ ਵੜ ਪਹਿਲੋਂ ਆਪਣੇ ਆਪ ਨੂੰ ਬਣਾ ਲਾ ਏਸ ਪ੍ਰਭੂ ਦੇ ਦਰ ਦਾ ਗੋਲਾ, ਗ਼ੁਲਾਮਾਂ ੧੦੫੨
੨੧ ਵਾਲੀ ਸੇਵ ਕਮਾਈਆ । ਇਹ ਸਮਾਂ ਵਕ਼ਤ ਅਨਮੋਲਾ, ਅਨਮੁੱਲੜਾ ਹੱਥ ਫੇਰ ਨਾ ਆਈਆ । ਦੁਨੀਆ ਦੇ ਸ਼ਾਸਤਰ ਵੇਦ ਪੁਰਾਨ ਅੰਜੀਲ ਕ਼ੁਰਾਨ ੨੧
ਗੀਤਾ ਗਿਆਨ ਖਾਣੀ ਬਾਣੀ ਬਣੀ ਵਿਚੋਲਾ, ਭਗਤਾਂ ਦਾ ਵਿਚੋਲਾ ਸ਼ਬਦ ਗੁਰੂ ਗੁਰ ਗੋਬਿੰਦ ਲਿਆ ਬਣਾਈਆ । ਜਿਸ ਦਾ ਮੁਹੱਬਤ ਵਾਲਾ ਹੋਲਾ, ਫ਼ਤਿਹ ਵਾਲਾ ਬੋਲਾ, ਡੰਕਾ ਪੁਰਖ ਅਕਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਕੰਡੇ ਸਭ ਨੂੰ ਰਿਹਾ ਤੋਲਾ, ਤੋਲਣਹਾਰ ਆਪਣੀ ਦਇਆ ਕਮਾਈਆ ।

### ❊ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੁਣਸ਼ਾ ਸਿੰਘ ਦੇ ਘਰ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ❊

ਨਾਰਦ ਕਹੇ ਜਿਸ ਵੇਲੇ ਦਰੋਪਦੀ ਦਾ ਹੁੰਦਾ ਸੀ ਵਿਆਹ, ਘਰ ਦਰੋਪਦ ਵੱਜੀ ਵਧਾਈਆ । ਮੈਂ ਮਲ ਕੇ ਪਿੰਡੇ ਉਤੇ ਸਵਾਹ, ਲੰਗੋਟੀ ਤੇੜ ਲਈ ਰਖਾਈਆ । ਸਚ ਦਵਾਰੇ ਪਹੁੰਚਿਆ ਆ, ਆਹ ਜ਼ੋਰ ਦੀ ਲਗਾਈਆ । ਕੁਛ ਮੈਨੂੰ ਦਿਓ ਖੁਆ, ਭੁੱਖਾ ਨੰਗਾ ਦਿਓ ਰਜਾਈਆ । ਸਾਰਿਆਂ ਹੱਸ ਕੇ ਕਿਹਾ ਇਹਨੂੰ ਹੋਇਆ ਸ਼ੁਦਾ, ਬੇਅਕਲ ਕਿਧਰੋਂ ਗਿਆ ਆਈਆ । ਇਕ ਹਕੀਮ ਉਠਿਆ ਓਹ ਕਹਿੰਦਾ ਮੈਂ ਦਿਆਂ ਦਵਾ, ਪੁੜੀ ਬਗ਼ਲ ਵਿਚੋਂ ਕਢਾਈਆ । ਨਾਰਦ ਕਹੇ ਮੈਂ ਤੂੰ ਹੀ ਤੂੰ ਹੀ ਕਹਵਾਂ, ਕਹਿ ਕਹਿ ਦਿਤਾ ਸੁਣਾਈਆ । ਨਾਲੇ ਦੱਸਿਆ ਹੁਣ ਜੁਗ ਬਦਲ ਜਾਣਾ ਨਵਾਂ, ਉਸ ਜੁਗ ਦੀ ਹੋਣੀ ਮੈਨੂੰ ਦਰੋਪਦੀ ਨਜ਼ਰੀ ਆਈਆ । ਉਹਨਾਂ ਫੜ ਕੇ ਬੰਨ੍ਹ ਦਿਤੀਆਂ ਮੇਰੀਆਂ ਬਾਹਵਾਂ, ਪੁੱਠਾ ਦਿਤਾ ਲਟਕਾਈਆ ।

ਮੈਂ ਬਬੇਰਾ ਸ਼ੋਰ ਪਾਵਾਂ, ਊਚੀ ਕੂਕ ਕੂਕ ਸੁਣਾਈਆ । ਬਹੁੜੀ ਮੈਂ ਪ੍ਰਦੇਸੀ ਨਿਥਾਵਾਂ, ਮੰਗਣ ਆਇਆਂ ਕਿਉਂ ਗਲ ਵਿਚ ਪੈ ਗਈ ਫਾਹੀਆ । ਹੁਣ ਮੈਂ ਕਿਧਰ ਨੂੰ ਜਾਵਾਂ, ਰੋ ਰੋ ਦਿਤਾ ਸੁਣਾਈਆ । ਫੇਰ ਮੈਨੂੰ ਗ਼ੁੱਸਾ ਚੜ੍ਹਿਆ ਮੈਂ ਕਿਹਾ ਓ ਕ੍ਰਿਸ਼ਨਾ, ਓਹ ਕਾਹਨਾ, ਤੂੰ ਤਾਂ ਪੰਜਾਂ ਨੂੰ ਇਕ ਨਾਲ ਦਵਾਉਣ ਆਇਉਂ ਲਾਵਾਂ, ਤੇ ਮੇਰੀਆਂ ਇਕ ਦੀਆਂ ਲਾਵਾਂ ਕਿਉਂ ਪੰਜਾਂ ਨਾਲੋਂ ਤੁੜਾਈਆ । ਮੇਰਾ ਹੌਕੇ ਵਿਚ ਨਿਕਲਿਆ ਹਾਵਾ, ਹਾਏ ਹਾਏ ਕੀਤੀ ਦੁਹਾਈਆ । ਕ੍ਰਿਸ਼ਨ ਕੋਲ ਆਇਆ ਨਾਲ ਚਾਵਾਂ, ਹੱਸ ਕੇ ਦਿਤਾ ਵਖਾਈਆ । ਓਹ ਨਾਰਦਾ ਪਖੰਡੀਆ ਦੱਸ ਹੁਣ ਤੈਨੂੰ ਕਿਸ ਬਿਧ ਬਚਾਵਾਂ, ਮੈਨੂੰ ਦੇ ਸਮਝਾਈਆ । ਮੈਂ ਕਿਹਾ ਤ੍ਰੈਲੋਕੀ ਨਾਥ ਜਿਸ ਤਰਾ ਪੁਤ੍ਰ ਉਠਾਂਦੀਆਂ ਗੋਦ ਮਾਵਾਂ, ਉਸ ਤਰ੍ਹਾ ਮੈਨੂੰ ਲੈ ਉਠਾਈਆ । ਸਿਰ ਦੇ ਠੰਡੀਆਂ ਛਾਵਾਂ, ਅਗਨੀ ਅੱਗ ਰਹੇ ਨਾ ਰਾਈਆ । ਕ੍ਰਿਸ਼ਨ ਕਿਹਾ ਓਹ ਨਫ਼ਰ, ਓਹ ਨੈਣ, ਛੇਤੀ ਆ ਤੇਰੇ ਕੋਲੋਂ ਇਸ ਨੂੰ ਖੁਲ੍ਹਾਵਾਂ, ਬੰਧਨ ਦੇਣਾ ਤੁੜਾਈਆ । ਨੌਕਰ ਕਿਹਾ ਮੇਰਾ ਜੀਅ ਕਰਦਾ ਇਕ ਸੀਖ ਤੱਤੀ ਤਾਵਾਂ, ਏਸ ਪਖੰਡੀ ਦੀ ਅੱਖ ਵਿਚ ਦੇਵਾਂ ਚੁਭਾਈਆ । ਨਾਰਦ ਕਹਿੰਦਾ ਨਾ ਓਏ ਭਰਾਵਾ ਮੈਂ ਤੇ ਸੁਆਹ ਮਲ ਕੇ ਬਣਿਆਂ ਈਂ ਬਾਵਾ, ਅਸਲ ਮੈਂ ਸੰਤ ਭਗਵੰਤ ਦਾ ਨਜ਼ਰੀ ਆਈਆ । ਓਸ ਨੇ ਕਿਹਾ ਰੌਲਾ ਨਾ ਪਾ ਵਾਂਗ ਕਾਵਾਂ, ਤੈਨੂੰ ਫਿਰਨ ਨਹੀਂ ਦੇਣਾ ਵਿਚ ਗਰਾਵਾਂ, ਘਰ ਘਰ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਕਹੇ ਜਿਸ ਵੇਲੇ ਨੈਣੂ ਨੇ ਮੈਨੂੰ ਖੋਲ੍ਹਿਆ, ਗ਼ੁੱਸੇ ਵਿਚ ਆ ਕੇ ਉਸ ਉਂਗਲ ਮਾਰ ਕੇ ਮੇਰੀ ਅੱਖ ਨੂੰ ਚਭੋ ਲਿਆ, ਪਾਣੀ ਦਿਤਾ ਵਗਾਈਆ । ਮੈਂ ਵੀ ਗ਼ੁੱਸੇ ਵਿਚ ਬੋਲਿਆ, ਸਰਾਪ ਦਿਤਾ ਸੁਣਾਈਆ । ਮੈਂ ਕਿਹਾ ਬਚਨ ਸੁਣ ਲੈ ਮੇਰਾ ਢੋਲਿਆ,

੧੦੫੩ ਗੀਤ ਦਿਆਂ ਦ੍ਰਿੜਾਈਆ । ਹੁਣ ਤਾਂ ਕ੍ਰਿਸ਼ਨ ਸਾਥੀ ਤੇਰਾ ਕਲਾ ਸੋਲਿਆ, ਸੋਲਾਂ ਸ਼ਿੰਗਾਰ ਵੱਜੇ ਵਧਾਈਆ । ਜਿਸ ਵੇਲੇ ਮੇਰਾ ਸਾਹਿਬ ਆਇਆ ੧੦੫੩

੨੧ ਅਨਮੋਲਿਆ, ਅਨਡਿੱਠ ਰੂਪ ਬਦਲਾਈਆ । ਉਸ ਭਗਤਾਂ ਦਾ ਦਵਾਰਾ ਖੋਲ੍ਹਿਆ, ਵੱਜੇ ਸਚ ਵਧਾਈਆ । ਤੇਰਾ ਮੇਰੇ ਵਾਂਗ ਘਰ ਬਾਹਰ ਨਾ ੨੧

ਹੋਵੇ ਇਹ ਪੜਦਾ ਨਹੀਂ ਕੋਈ ਓਹਲਿਆ, ਤੈਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਵੇਖ ਵਖਾਈਆ । ਨਾਰਦ ਕਹੇ ਮੈਂ ਬੋਲ ਕੇ ਦਿਤਾ ਦੱਸ, ਸਚ ਦਿਆਂ ਸੁਣਾਈਆ । ਜਿਸ ਵੇਲੇ ਆਵੇ ਮੇਰਾ ਪੁਰਖ ਸਮਰਥ, ਕਲਜੁਗ ਅੰਤਮ ਵੇਸ ਵਟਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਪੂਰਬ ਸਭ ਦਾ ਝੋਲੀ ਪਾਈਆ । ਮੇਰਾ ਰਿਸ਼ੀ ਦਾ ਕੌਲ ਤੇਰੇ ਨਾਲ ਪੱਕ, ਤੈਨੂੰ ਦਿਆਂ ਸੁਣਾਈਆ । ਤੂੰ ਜਨਮ ਲੈਣਾ ਰਹੇ ਕੋਈ ਨਾ ਸ਼ੱਕ, ਸਹਿਸਾ ਦਿਆਂ ਮਿਟਾਈਆ । ਨਾਰਦ ਕਹੇ ਏਸੇ ਕਰ ਕੇ ਉਸ ਨੈਣੂ ਮੁਣਸ਼ੇ ਦੀ ਇਕ ਹੈ ਨਹੀਂ ਅੱਖ, ਚੋਭ ਦੇ ਬਦਲੇ ਮੈਂ ਸਾਰੀ ਦਿਤੀ ਕਢਾਈਆ । ਜਨ ਭਗਤੋ ਵੇਖੋ ਪ੍ਰਭੂ ਦਾ ਖੇਲ ਜਿਸ ਦੇ ਤੁਸੀਂ ਪੈ ਗਏ ਵਸ, ਜੁਗ ਜੁਗ ਦਾ ਲੇਖਾ ਨਾ ਕਦੇ ਭੁਲਾਈਆ । ਕਿਤੇ ਇਹ ਨਾ ਸਮਝਿਓ ਇਸ ਤੋਂ ਓਹਲੇ ਜੋ ਮਰਜ਼ੀ ਕਰੀਏ ਸਾਡੇ ਤੇ ਕਿਹੜਾ ਪੈਣਾ ਸ਼ੱਕ, ਸਹਿਸਾ ਨਾ ਕੋਇ ਵਧਾਈਆ । ਨਾਰਦ ਕਹੇ ਮੈਂ ਏਸੇ ਕਰ ਕੇ ਆਇਆ ਭੱਜ, ਲਾ ਕੇ ਅਜਪਜ ਪੈਂਡਾ ਲਿਆ ਮੁਕਾਈਆ । ਜਨ ਭਗਤੋ ਤੁਸੀਂ ਅੰਦਰੋਂ ਇਹਦੇ ਵਸ, ਤੁਹਾਡਾ ਮਨ ਚੋਰੀ ਕਿਧਰ ਜਾਏਗਾ ਨੱਸ, ਭੱਜਿਆਂ ਰਾਹ ਨਜ਼ਰ ਕੋਇ ਨਾ ਆਈਆ । ਜੇ ਕੋਈ ਗ਼ਲਤੀ ਹੋ ਜਾਏ ਬੇਨੰਤੀ ਵਿਚ ਇਕੱਲੇ ਨੂੰ ਦਿਓ ਦੱਸ, ਭੁੱਲ ਆਪਣੀ ਲਓ ਬਖ਼ਸ਼ਾਈਆ । ਮੈਂ ਨਾਰਦ ਨਹੀਂ, ਮੈਂ ਮਾਇਆ ਨਹੀਂ ਮੈਂ ਡੱਸਣੀ ਨਹੀਂ ਸੱਪ, ਜ਼ਹਿਰ ਕਹਿਰ ਵਾਲਾ ਨਾ ਕੋਇ ਵਰਤਾਈਆ । ਮੈਂ ਤੇ ਜਨ ਭਗਤੋ

ਤੁਹਾਡੇ ਚਰਨਾਂ ਦੀ ਧੂੜ ਤੇ ਖ਼ਾਕ, ਨਾਰਦ ਕਹੇ ਮੈਂ ਤੁਹਾਡਾ ਸੱਜਣ ਤੇ ਤੁਸੀਂ ਮੇਰੇ ਸਾਕ, ਸਭਨਾ ਦਾ ਵਿਚੋਲਾ ਗੋਲਾ ਬਣ ਕੇ ਫੇਰਾ ਪਾਈਆ । ਇਹ ਤੇ ਮੇਰਾ ਨਿੱਕਾ ਜਿਹਾ ਪਾਰਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਸਾਥ, ਸਾਥੀ ਸਮਰਾਥੀ ਇਕ ਅਖਵਾਈਆ ।

## ❊ ੨੨ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦਲੀਪ ਸਿੰਘ ਦੇ ਘਰ ਪਿੰਡ ਬਾਊਪੁਰ ਜ਼ਿਲਾ ਗੁਰਦਾਸਪੁਰ ❊

ਨਾਰਦ ਕਹੇ ਮੈਂ ਤੱਕਿਆ ਕਾਲ, ਕਲਕਾਤੀ ਬਲ ਧਰਾਈਆ । ਆਪਣੀ ਘਾਲਣਾ ਰਿਹਾ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਦੀਨ ਦੁਨੀ ਦਾ ਲੇਖਾ ਵੇਖ ਹਾਲ, ਹਾਲਤ ਫੋਲ ਫੁਲਾਈਆ । ਸਚ ਧਰਮ ਰਿਹਾ ਕਿਸੇ ਨਾ ਨਾਲ, ਖ਼ਾਲੀ ਭਾਂਡੇ ਨਜ਼ਰੀ ਆਈਆ । ਹੋਇਆ ਵਿਛੋੜਾ ਸਤਿਗੁਰੂ ਦਲਾਲ, ਨਾਮ ਨਾਮਾ ਮੇਲ ਨਾ ਕੋਇ ਮਿਲਾਈਆ । ਮਨ ਕਲਪਣਾ ਸਭ ਦੀ ਬਦਲੀ ਚਾਲ, ਬੁਧ ਬਿਬੇਕ ਨਾ ਕੋਇ ਰਖਾਈਆ । ਅਗਨੀ ਲੱਗੀ ਤ੍ਰੈਗੁਣ ਮਾਟੀ ਖਾਲ, ਤਤਵ ਤਤ ਰਹੀ ਜਲਾਈਆ । ਕੂੜਾ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਘਰ ਦੀਪਕ ਦੇਵੇ ਕੋਈ ਨਾ ਬਾਲ, ਅੰਧ ਅੰਧੇਰ ਨਾ ਕੋਇ ਮਿਟਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਦੇਵੇ ਨਾ ਕੋਇ ਪਿਆਲ, ਬੂੰਦ ਸਵਾਂਤੀ ਨਾ ਕੋਇ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਨਾਰਦ ਕਹੇ ਮੈਂ ਕਾਲ ਤੱਕਿਆ, ਚਾਰ ਕੁੰਟ ਦੁਹਾਈਆ ।
੧੦੫੪ ਮੈਂ ਹੱਸ ਕੇ ਕਿਹਾ ਆ ਭਾਈ ਮੇਰੇ ਸੱਕਿਆ, ਕਿਧਰੋਂ ਆਇਆ ਪੰਧ ਮੁਕਾਈਆ । ਓਹ ਖਿੜ ਖਿੜਾ ਕੇ ਹੱਸਿਆ, ਤਾਲੀ ਦੋ ਹੱਥਾਂ ਦਿਤੀ ਲਗਾਈਆ । ੧੦੫੪
੨੧ ਮੈਂ ਵੇਖ ਕੇ ਆਇਆ ਮਦੀਨਾ ਮੱਕਿਆ, ਕਾਅਬੇ ਰਹੇ ਕੁਰਲਾਈਆ । ਸਾਚਾ ਨੂਰ ਕਿਤੇ ਨਾ ਤੱਕਿਆ, ਜਲਵਾ ਜੋਤ ਨਾ ਕੋਇ ਰੁਸ਼ਨਾਈਆ । ੨੧
ਮੈਂ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਵੇਖਿਆ ਵੱਟਿਆ, ਪੱਥਰਾਂ ਫੋਲ ਫੁਲਾਈਆ । ਮੈਂ ਸਮੁੰਦ ਸਾਗਰ ਆਇਆ ਟੱਪਿਆ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਮੈਨੂੰ ਸਭ ਦੇ ਉਤੇ ਪਿਆ ਸ਼ੱਕਿਆ, ਸਹਿਸਾ ਸਕੇ ਨਾ ਕੋਇ ਗਵਾਈਆ । ਗੁਰ ਅਵਤਾਰ ਪੈਗ਼ੰਬਰ ਸਿਰ ਤੇ ਹੱਥ ਕਿਸੇ ਨਾ ਰੱਖਿਆ, ਓਢਣ ਸੀਸ ਨਾ ਕੋਇ ਟਿਕਾਈਆ । ਸਦੀ ਚੌਧਵੀਂ ਕਿਸੇ ਦੀ ਕ਼ੀਮਤ ਪਏ ਕੌਡੀ ਨਾ ਟਕਿਆ, ਧਰਮ ਦੇ ਹੱਟ ਨਾ ਕੋਇ ਵਿਕਾਈਆ । ਸਾਚਾ ਲਾਹਾ ਕਿਸੇ ਨਾ ਖੱਟਿਆ, ਦੀਨ ਦੁਨੀ ਹੋਈ ਹਲਕਾਈਆ । ਮੁਹੰਮਦ ਦਾ ਪੂਰਾ ਹੋਣਾ ਪਟਿਆ, ਪਟਨੇ ਵਾਲਾ ਦਏ ਸਮਝਾਈਆ । ਸਭ ਦੀ ਚੋਗ ਜਾਏ ਨਖੁੱਟਿਆ, ਭੰਡਾਰਾ ਅੱਗੇ ਨਾ ਜਾਏ ਭਰਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਪ੍ਰਭ ਪ੍ਰੀਤੀ ਵਿਚ ਰੱਤਿਆ, ਰਤਨ ਅਮੋਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਸੁਹਾਈਆ । ਨਾਰਦ ਕਹੇ ਮੈਂ ਕਾਲ ਨੂੰ ਪੁਛਿਆ, ਪ੍ਰੇਮ ਨਾਲ ਬਚਨ ਦਿਤਾ ਸੁਣਾਈਆ । ਓਹ ਹੋਇਆ ਮੈਨੂੰ ਗੁੱਸਿਆ, ਮੱਥੇ ਤਿਉੜੀ ਰਿਹਾ ਪਾਈਆ । ਉਠ ਵੇਖ, ਸਾਧ ਸੰਤ ਕਲਜੁਗ ਅੰਤ ਪ੍ਰਭ ਨਾਮ ਕੋਇ ਨਾ ਮੱਤਿਆ, ਮਤਵਾਲਾ ਨਜ਼ਰ ਕੋਇ ਨਾ ਆਈਆ । ਕਰੋਧ ਹੰਕਾਰ ਵਿਚ ਮੱਤਿਆ, ਦੀਨਾਂ ਮਜ਼੍ਹਬਾਂ ਗੰਢ ਪਵਾਈਆ । ਸਾਚੀ ਮੰਜ਼ਲ ਕੋਈ ਨਾ ਟੱਪਿਆ, ਟੱਪੇ ਹਰਫ਼ਾਂ ਵਾਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਦਰਸ ਕਿਸੇ ਨਾ ਤੱਕਿਆ,

ਨਿਜ ਨੇਤਰ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਸਾਚਾ ਕਰੇ ਕੋਈ ਨਾ ਯੱਗਿਆ, ਧਰਮ ਦੀ ਧਾਰ ਨਾ ਕੋਇ ਵਖਾਈਆ । ਕਲਜੁਗ ਅੰਤਮ ਕਹਿਰ ਝੱਖੜ ਵਗਿਆ, ਵਹਿਣਾਂ ਵਿਚ ਦੁਹਾਈਆ । ਪੁਰਖ ਅਕਾਲ ਮੈਨੂੰ ਕਿਹਾ ਉਠ ਕਾਲ ਦੁਲਾਰੇ ਬੱਚਿਆ, ਮਹਾਂਕਾਲ ਤੇਰੇ ਨਾਲ ਮਿਲਾਈਆ । ਓਨ੍ਹਾਂ ਵੇਖ ਜਿਨ੍ਹਾਂ ਮੇਰਾ ਨਾਮ ਨਹੀਂ ਜਪਿਆ, ਮਾਨਸ ਹੋ ਕੇ ਭੁੱਲੇ ਆਪਣਾ ਨਾਮ ਭੁਲਾਈਆ । ਧਰਮ ਰਾਏ ਨੂੰ ਕਿਹਾ ਤੂੰ ਅਗਨੀ ਤਪਾਇਆ ਭੱਠਿਆ, ਜੋਤੀ ਲੰਬੂ ਲਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰ ਇਕੱਠਿਆ, ਪੁਰਖ ਅਕਾਲ ਰਿਹਾ ਦ੍ਰਿੜਾਈਆ । ਤੁਸੀਂ ਸਾਰੇ ਦੱਸੋ ਕਿਸ ਨੂੰ ਤੁਸੀਂ ਰੱਖਿਆ, ਮੋਹਰ ਨਾਮ ਵਾਲੀ ਲਗਾਈਆ । ਜਿਹੜਾ ਤੁਹਾਡੇ ਪ੍ਰੇਮ ਵਿਚ ਰੱਤਿਆ, ਓਹ ਮੈਨੂੰ ਦਿਓ ਮਿਲਾਈਆ । ਮੇਰਾ ਨਾਮ ਪ੍ਰਭ ਕਹੇ ਅੱਖਰਾਂ ਵਿਚ ਕਦੇ ਨਾ ਛਪਿਆ, ਨਿਰਅੱਖਰ ਸੋਭਾ ਪਾਈਆ । ਚਾਰ ਜੁਗ ਕਿਸੇ ਨਾ ਦੱਸਿਆ, ਸਿਫ਼ਤਾਂ ਵਾਲੀ ਦੱਸੀ ਪੜ੍ਹਾਈਆ । ਕਲਜੁਗ ਵੇਖੇ ਰੈਣ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਰਦ ਕਹੇ ਮੈਂ ਚਾਰ ਕੁੰਟ ਨੱਸਿਆ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਨਾਰਦ ਕਹੇ ਕਾਲ ਫੜ ਕੇ ਡੌਰੂ ਡੰਕਾ, ਆਪਣੀ ਚੋਟ ਲਗਾਈਆ । ਲੇਖਾ ਮੁਕਾਉਣਾ ਰਾਓ ਰੰਕਾ, ਬਚਿਆ ਰਹਿਣ ਕੋਇ ਨਾ ਪਾਈਆ । ਜਿਹੜਾ ਲੇਖਾ ਪੂਰਾ ਨਹੀਂ ਹੋਇਆ ਰਾਜੇ ਜਨਕਾ, ਸੋ ਪੂਰਾ ਦੇਣਾ ਕਰਾਈਆ । ਝਗੜਾ ਮੇਟਣਾ ਮਾਟੀ ਵਜੂਦ ਤਨ ਕਾ, ਤਤਵ ਦੇਣਾ ਸਮਝਾਈਆ । ਜਿਨ੍ਹਾਂ ਫੇਰਿਆ ਨਹੀਂ ਮਨ ਕਾ ਮਣਕਾ, ਮਮਤਾ ਮੋਹ ਲੋਭ ਵਿਚ ਹਲਕਾਈਆ । ਟੁੱਟਾ ਨਹੀਂ ਗੜ੍ਹ ਹਉਮੇ ਹੰਗਤਾ, ਹੰ ਬ੍ਰਹਮ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਨਾਰਦ ਕਹੇ ਕਾਲ ਬਣ ਕੇ ਜ਼ੋਰਾਵਰ, ਆਪਣੀ ਲਏ ਅੰਗੜਾਈਆ । ਸਿਮਰ ਕੇ ਇਕੋ ਵਰ, ਸੀਸ ਜਗਦੀਸ਼ ਨਿਵਾਈਆ । ਉਚੀ ਬੋਲੇ ਖੜ੍ਹ, ਕੂਕ ਕੂਕ ਸੁਣਾਈਆ । ਮੈਂ ਝਗੜਾ ਮੇਟਾਂ ਚੋਟੀ ਜੜ੍ਹ, ਤਨ ਵਜੂਦ ਫੋਲ ਫੁਲਾਈਆ । ਆਪਣੀ ਕਰਨੀ ਦੇਵਾਂ ਕਰ, ਜੋ ਕਰਤਾ ਪੁਰਖ ਸਮਝਾਈਆ । ਦੋ ਜਹਾਨਾਂ ਲਵਾਂ ਫੜ, ਲੱਖ ਚੁਰਾਸੀ ਡੇਰਾ ਢਾਹੀਆ । ਕਲਜੁਗ ਵਹਿਣ ਰੁੜ੍ਹਾਵੇ ਹੜ੍ਹ, ਹੁਕਮ ਇਕ ਵਰਤਾਈਆ । ਪੱਲੂ ਜੁੜਿਆ ਰਹੇ ਨਾ ਲੜ, ਕੰਨੀ ਕੰਨੀ ਨਾ ਕੋਇ ਗੰਢਾਈਆ । ਜੋ ਜਨਮੇ ਸੋ ਜਾਏ ਮਰ, ਮਰ ਜੀਵਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਸੁਣ ਕਾਲ, ਕਾਲ ਦਿਆਂ ਜਣਾਈਆ । ਕਾਲ ਕਹੇ ਮੈਂ ਬਲਵਾਨ, ਬਲਧਾਰੀ ਨਜ਼ਰੀ ਆਈਆ । ਕਿਰਪਾ ਕਰੀ ਸ੍ਰੀ ਭਗਵਾਨ, ਭਗਵਨ ਮਿਹਰ ਨਜ਼ਰ ਉਠਾਈਆ । ਮੈਨੂੰ ਦੇ ਕੇ ਆਪਣਾ ਦਾਨ, ਦਾਤੇ ਦਾਨੀ ਦਿਤਾ ਸਮਝਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਨਿਸ਼ਾਨ, ਨਿਸ਼ਾਨੇ ਸਾਰੇ ਦੇਣੇ ਬਦਲਾਈਆ । ਇਕੋ ਹੁਕਮ ਕਰਨਾ ਪ੍ਰਵਾਨ, ਪਰਮ ਪੁਰਖ ਦਏ ਦ੍ਰਿੜਾਈਆ । ਸਾਚੇ ਮੰਦਰ ਬਹਿਣਾ ਮਕਾਨ, ਘਰ ਇਕੋ ਇਕ ਵਖਾਈਆ । ਸੁਣਨਾ ਅਗਲਾ ਹੁਕਮ ਫ਼ਰਮਾਨ, ਪਹਿਲੀ ਚੇਤਰ ਵੰਡ ਵੰਡਾਈਆ । ਕਿਸ ਬਿਧ ਜਗਤ ਯੁੱਧ ਹੋਵੇ ਘਮਸਾਣ, ਘਰ ਘਰ ਦਾ ਲੇਖਾ ਦਏ ਸਮਝਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਬੁੱਧੀ ਤੋਂ ਪਰੇ ਪ੍ਰਭ ਦੀ ਦਿਸੇ ਪੜ੍ਹਾਈਆ । ਜਿਸ ਨੇ ਛੁਪਾਉਣੇ ਸੂਰੀਏ ਚੰਦ ਭਾਨ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਲਹਿਣੇ ਮੁਕਾਉਣੇ ਸੀਤਾ ਰਾਮ, ਰਾਧੇ ਕ੍ਰਿਸ਼ਨ ਲੇਖਾ ਦਏ ਚੁਕਾਈਆ । ਈਸਾ ਮੂਸਾ ਮੁਹੰਮਦ ਖੇਲ ਵੇਖਣੇ ਆਣ, ਆਨਨ ਫ਼ਾਨਨ ਆਪਣਾ ਵੇਸ ਵਟਾਈਆ । ਨਾਨਕ ਗੋਬਿੰਦ

ਪੂਰਾ ਕਰੇ ਬਿਆਨ, ਜੋ ਰਸਨਾ ਜਿਹਵਾ ਢੋਲਾ ਗਾਈਆ । ਕਾਲ ਕਹੇ ਮੈਂ ਹੁਕਮ ਮੰਨਣਾ ਉਸ ਸੁਲਤਾਨ, ਜੋ ਸਾਹਿਬ ਸਤਿਗੁਰ ਇਕ ਅਖਵਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣੀ ਵਿਚ ਜਹਾਨ, ਜਹਾਲਤ ਮਮਤਾ ਮੋਹ ਦੇਣੀ ਗਵਾਈਆ । ਸਤਿਜੁਗ ਸਾਚਾ ਕਰ ਪ੍ਰਧਾਨ, ਲੋਕਮਾਤ ਦੇਵੇ ਵਡਿਆਈਆ । ਕੂੜੀ ਕਿਰਿਆ ਨਾ ਰਹੇ ਅੰਧ ਅਗਿਆਨ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਕਾਲ ਕਹੇ ਮੈਂ ਓਸ ਦੇ ਚਰਨ ਕਵਲ ਕਰ ਪ੍ਰਨਾਮ, ਹਿੰਦਸੇ ਦਸ ਸੀਸ ਨਿਵਾਈਆ । ਆਦਿ ਜੁਗਾਦਿ ਦਾ ਬਰਦਾ ਬਣ ਗ਼ੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਨਾਰਦ ਕਹੇ ਓਹ ਸਾਹਿਬ ਬੜਾ ਮਿਹਰਵਾਨ, ਮਹਿਬੂਬ ਨੂਰ ਖ਼ੁਦਾਈਆ । ਜੁਗ ਚੌਕੜੀ ਲਹਿਣਾ ਦੇਣਾ ਚੁਕਾਵੇ ਆਣ, ਨਿਤ ਨਵਿਤ ਆਪਣਾ ਵੇਸ ਵਟਾਈਆ । ਮੈਂ ਵੀ ਉਸ ਦੇ ਚਰਨ ਕਰਾਂ ਧਿਆਨ, ਨਿਉਂ ਨਿਉਂ ਲਾਗਾਂ ਪਾਈਆ । ਜਿਸ ਦਾ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਵੇਖ ਵਖਾਈਆ । ਸੋ ਪੁਰਖ ਸਾਹਿਬ ਸੁਲਤਾਨ, ਪਾਤਸ਼ਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵਣਹਾਰਾ ਦਾਨ, ਦਾਤਾ ਦਾਨੀ ਮਿਹਰਵਾਨ ਮਿਹਰਵਾਨ ਮਿਹਰਵਾਨ, ਮਿਹਰਵਾਨੀ ਆਪ ਕਮਾਈਆ ।

## ❋ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਪਿਆਰਾ ਸਿੰਘ ਤੇ ਹਜ਼ਾਰਾ ਸਿੰਘ ਦੇ ਘਰ ਪਿੰਡ ਬਾਊਪੁਰ ❋

ਨਾਰਦ ਕਹੇ ਦੱਸੋ ਹਜ਼ਰਤ ਈਸਾ, ਈਸਉਲ ਇਸਲਾਮ ਨਜ਼ਰੇ ਕਰਮ ਉਠਾਈਆ । ਕਿਹੋ ਜਿਹਾ ਹੋਣਾ ਤੇਰਾ ਬੀਸਾ, ਬਿਸਵੇਦਾਰੀ ਦੀ ਵੰਡ ਕੀ ਵੰਡਾਈਆ । ਜਾਣੋ ਆਪਣਾ ਕੀਤਾ, ਕੀ ਕਰਨੀ ਕਾਰ ਕਮਾਈਆ । ਛੱਡ ਕੇ ਸਿਖਿਆ ਗੀਤਾ, ਅੰਜੀਲ ਦਿਤੀ ਪੜ੍ਹਾਈਆ । ਨਾਤਾ ਤੋੜ ਕੇ ਰਾਧਾ ਸੀਤਾ, ਗਾਡ ਗੁਡ ਦਿਤਾ ਦ੍ਰਿੜਾਈਆ । ਹੁਣ ਕਿੱਥੇ ਤੁਹਾਡਾ ਮੀਤਾ, ਮੈਨੂੰ ਦਿਓ ਜਣਾਈਆ । ਨਾਲੇ ਨਾਰਦ ਕਹੇ ਮੈਂ ਰੋ ਕੇ ਮਾਰੀਆਂ ਚੀਕਾਂ, ਉਚੀ ਕੂਕ ਕੂਕ ਸੁਣਾਈਆ । ਈਸਾ ਓਸੇ ਵੇਲੇ ਆਪਣੀਆਂ ਲਾਈਆਂ ਨੀਝਾਂ, ਹਸਤੀ ਹਸਤੀ ਵਿਚੋਂ ਪ੍ਰਗਟਾਈਆ । ਸਾਡੀਆਂ ਪੂਰੀਆਂ ਹੋਣ ਵਾਲੀਆਂ ਤਰੀਕਾਂ, ਤੁਰਾਇਤਾਂ ਦੇਣ ਗਵਾਹੀਆ । ਜਿਸ ਨੇ ਮੇਟਣਾ ਦੀਨਾਂ ਮਜ਼੍ਹਬਾਂ ਦਾ ਸ਼ਰੀਕਾ, ਲਾਸ਼ਰੀਕ ਨੂਰ ਖ਼ੁਦਾਈਆ । ਓਸੇ ਉਤੇ ਲਾ ਕੇ ਬੈਠੇ ਉਮੀਦਾਂ, ਆਸਾ ਹੋਰ ਵਧਾਈਆ । ਜਿਸ ਦਾ ਮਾਰਗ ਹੋਣਾ ਸੀਧਾ, ਪਗਡੰਡੀ ਨਾ ਕੋਇ ਭਵਾਈਆ । ਪਿਛਲੀ ਕੀਤੀ ਉਤੇ ਮਾਰ ਕੇ ਲੀਕਾਂ, ਰਸਤਾ ਇਕੋ ਦੇਣਾ ਵਖਾਈਆ । ਸਭ ਦੀਆਂ ਬਦਲ ਦੇਣੀਆਂ ਨੀਤਾਂ, ਅੰਦਰੋਂ ਕਰੇ ਸਫ਼ਾਈਆ । ਆਤਮ ਦਾ ਹੋਵੇ ਮੀਤਾ, ਮਿਤ੍ਰ ਪਿਆਰਾ ਆਪ ਹੋ ਆਈਆ । ਸਦ ਰਹੇ ਜਗਜੀਤਾ, ਜਗਜੀਵਨ ਦਾਤਾ ਨੂਰ ਖ਼ੁਦਾਈਆ । ਹੁਕਮ ਦੇਵੇ ਅਨਡੀਠਾ, ਅਗੰਮ ਆਪ ਸੁਣਾਈਆ । ਸਾਨੂੰ ਭਾਣਾ ਲੱਗੇ ਮੀਠਾ, ਨਿਉਂ ਨਿਉਂ ਸੀਸ ਝੁਕਾਈਆ । ਸੁਣੀਏ ਹੱਕ ਹਦੀਸਾ, ਜੋ ਕਰੇ ਹੱਕ ਪੜ੍ਹਾਈਆ । ਉਮਤ ਦੀ ਪੂਰੀ ਹੋਈ ਰੀਝਾ, ਵੇਲਾ ਵਕਤ ਦਏ ਗਵਾਹੀਆ । ਨਾਰਦ ਕਿਹਾ ਵਾਹ ਵਾਹ ਹਜ਼ਰਤ ਜੀ ਪਿਛਲਾ ਵੇਲਾ ਵੇਖੋ ਬੀਤਾ, ਅੱਗੇ ਧਿਆਨ ਲਗਾਈਆ । ਤੁਹਾਡੇ ਮੁਰੀਦ ਬਾਹਰੋਂ ਜ਼ਰੂਰ ਵੇਂਹਦੇ ਸ਼ੀਸ਼ਾ, ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਸਭ ਦਾ ਖ਼ਾਲੀ ਹੋਇਆ ਖ਼ੀਸਾ, ਕਲਮਾ ਪਾਕਟ ਜੇਬ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਈਸਾ ਜੀ ਜੋ ਕਿਹਾ ਸੋ ਰਾਈਟ, ਰਿਟਨ

ਦੀ ਲੋੜ ਰਹੀ ਨਾ ਰਾਈਆ । ਯੂਰਪ ਵਿਚ ਬਾਹਰੋਂ ਚੰਮੜੀ ਸਭ ਦੀ ਵਾਈਟ, ਬਲੈਕ ਬਲਾਈਂਡ ਅੰਦਰੋਂ ਵੇਖ ਵਖਾਈਆ । ਉਚੀ ਲੰਮੀ ਵੇਖੀ
ਹਾਈਟ, ਹੈਟ ਟੋਪ ਸੀਸ ਟਿਕਾਈਆ । ਇਕ ਦੂਜੇ ਨੂੰ ਸਾਰੇ ਕਹਿੰਦੇ ਵਾਈਟ, ਦੁਰਮਤ ਮੈਲ ਨਾ ਕਿਸੇ ਧਵਾਈਆ । ਸਚ ਨਾਲ ਸਾਰੇ ਕਰਦੇ
ਫ਼ਾਈਟ, ਝੂਠ ਨਾਲ ਚਤੁਰਾਈਆ । ਨਾਰਦ ਕਹੇ ਈਸਾ ਜੀ ਮੈਨੂੰ ਦੱਸੋ ਕਿਤਨਿਆਂ ਪੋਪਾਂ ਦੇ ਅੰਦਰ ਆਈ ਲਾਈਟ, ਸ਼ਮਅ ਕੌਣ ਰੁਸ਼ਨਾਈਆ ।
ਕਿਹੜੀ ਪਕੜੀ ਸਾਈਡ, ਮੈਨੂੰ ਦਿਓ ਦਰਸਾਈਆ । ਕਿਸ ਅਸਵ ਘੋੜੇ ਹਾਰਸ ਉਤੇ ਹੁੰਦੇ ਰਾਈਡ, ਭੱਜਣ ਚਾਈਂ ਚਾਈਂਆ । ਕਿਸ ਬਿਧ ਅੰਤਮ
ਸਾਰੇ ਹੋਣੇ ਡਾਈਡ, ਸਿਰ ਸਕੇ ਨਾ ਕੋਇ ਉਠਾਈਆ । ਲੇਖਾ ਰਹੇ ਨਾ ਕੋਇ ਬੀਹਾਈਂਡ, ਸਨਮੁਖ ਹੋ ਕੇ ਨਜ਼ਰੀ ਆਈਆ । ਲਹਿਣਾ ਦੇਣਾ
ਕਿਸ ਬਿਧ ਮੁੱਕੇ ਸਦੀ ਬੀਸਵੀਂ ਗਾਈਡ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਚਾਰੋਂ ਕੁੰਟ ਤੱਕੋ ਤੁਹਾਡੇ ਹੁੰਦਿਆਂ ਕਿਉਂ ਹੋਈ ਅੰਧੇਰੀ ਨਾਈਟ, ਜਲਵਾ
ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਈਸਾ ਕਹੇ ਨਾਰਦ
ਬੜੀ ਗੱਲ ਦੱਸੀ ਅੱਛੀ, ਸੋਹਣੀ ਮੋਹੇ ਭਾਈਆ । ਨਾਰਦ ਕਿਹਾ ਹੋਰ ਦੱਸਾਂ ਕਲਮੇ ਵਾਲੇ ਸਾਰੇ ਖਾਂਦੇ ਮੱਛੀ, ਮਛਲੀਆਂ ਕੁੰਡੀਆਂ ਵਿਚ ਫਸਾਈਆ ।
ਯਸੂਹ ਜੀ ਤੁਹਾਨੂੰ ਯਸੂਹ ਦੀ ਜਗਹ ਕਹਿਣ ਡਹਿ ਪਏ ਯੱਸੀ, ਮਸੀਹ ਕਹਿ ਕੇ ਮਸਲਾ ਹੱਲ ਨਾ ਕੋਇ ਕਰਾਈਆ । ਉਠ ਵੇਖ ਤੇਰੀ ਉਮਤ
ਮੂਸਾ ਵਾਲਿਆਂ ਨਾਲ ਰਹੀ ਫਸੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਮੁਹੰਮਦ ਤੂੰ ਦੱਸ ਆਮੀਨ ਕਹਿਣ ਵਾਲਿਆਂ ਨੂੰ ਪੈਣ ਵਾਲੀ ਗਸ਼ੀ, ਆਬੇਹਯਾਤ
ਮੁਖ ਨਾ ਕੋਇ ਚਵਾਈਆ । ਆਹ ਵੇਖ ਲਓ ਆਪਣੇ ਦੀਨ ਮਜ਼੍ਹਬ ਦੀ ਰੱਸੀ, ਜੋ ਰਸਤੇ ਸਭ ਦੇ ਰਹੀ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਜਣਾਈਆ । ਨਾਰਦ ਕਹੇ ਈਸਾ ਜੀ ਮੈਂ ਬੜੀ ਤੱਕੀ ਐਜੂਕੇਸ਼ਨ,
ਤਾਲੀਮਯਾਫ਼ਤਾ ਨਜ਼ਰੀ ਆਈਆ । ਪਰ ਤੁਸੀਂ ਦੱਸੋ ਕਿਹੜੀ ਦੱਸੀ ਡਿਕਟੇਸ਼ਨ, ਹਰਫ਼ ਹਰੂਫ਼ ਲਫ਼ਜ਼ ਤਲੱਫ਼ਜ਼ ਆਏ ਸਮਝਾਈਆ । ਮੈਂ ਜਿਧਰ
ਤੱਕਿਆ ਮੈਨੂੰ ਉਲਟਾ ਦਿਸਿਆ ਫ਼ੈਸ਼ਨ, ਫ਼ਿਸ਼ ਖਾਣ ਵਾਲੇ ਫਾਹਿਸ਼ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਈਸਾ ਕਹੇ ਮੈਂ ਦੱਸਾਂ ਹੱਕ ਤਸ਼ਰੀਹ, ਇਕ ਖ਼ੁਦਾ ਜਣਾਈਆ । ਓਸ ਦਾ ਪੈਗ਼ੰਬਰ ਬਣ
ਮਸੀਹ, ਮਸਲਾ ਇਕੋ ਇਕ ਦ੍ਰਿੜਾਈਆ । ਜਿਸ ਦਾ ਖੇਲ ਸਦਾ ਵਸੀਹ, ਪੈਮਾਨਿਆਂ ਵਿਚ ਨਾ ਨਾਪ ਕਰਾਈਆ । ਓਹ ਜਲਵਾਗਰ ਨੂਰ ਰੱਬੀ,
ਬੇਪਰਵਾਹ ਨੂਰ ਅਲਾਹੀਆ । ਓਸੇ ਨੂੰ ਮੰਨਣਾ ਸਭੀ, ਸਮਝ ਆਇਆ ਸਮਝਾਈਆ । ਸਚ ਖ਼ੁਦਾ ਨਾ ਭੁੱਲਣਾ ਕਦੀ, ਜੋ ਕ਼ਦੀਮ ਦਾ ਮਾਲਕ
ਧੁਰਦਰਗਾਹੀਆ । ਅੰਤ ਅਖ਼ੀਰ ਸੰਦੇਸ਼ਾ ਦਿਤਾ ਬੀਸਵੀਂ ਸਦੀ, ਸਦਮੇਂ ਵਿਚ ਦੁਹਾਈਆ । ਕੂੜ ਕੁੜਿਆਰਾਂ ਦੀ ਵਹਿੰਦੀ ਨਦੀ, ਕਿਨਾਰਾ ਪਾਰ
ਨਾ ਕੋਇ ਕਰਾਈਆ । ਇਕ ਵਖਾ ਕੇ ਆਇਆ ਗਧੀ, ਜਿਸ ਨੂੰ ਡੰਕੀ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਮੇਰਾ ਲੇਖਾ ਵੇਖ ਵਖਾਈਆ । ਨਾਰਦ ਕਹੇ ਮੈਂ ਜ਼ਿਬਹ ਹੁੰਦੀ ਵੇਖੀ ਗਾਂ, ਗਊ ਗ਼ਰੀਬ ਦੁਹਾਈਆ । ਜਿਸ ਨੂੰ ਕਹਿੰਦੇ ਮਾਂ, ਤੁਹਾਡੇ
ਮੁਰੀਦ ਕਿਉਂ ਬਣੇ ਕਸਾਈਆ । ਕੀ ਇਹੋ ਕ਼ਲਮਾ ਸੱਚਾ ਨਾਂ, ਪਰਵਰਦਿਗਾਰ ਦਿਤਾ ਪੜ੍ਹਾਈਆ । ਪਸ਼ੂ ਖਾਣੇ ਨਾਲ ਚਾ, ਆਪਣਾ ਮਨ ਪ੍ਰਚਾਈਆ ।
ਈਸਾ ਸਿਰ ਫੜ ਕੇ ਕਹੇ ਨਾਂਹ, ਨੀਵੀਂ ਨਜ਼ਰ ਟਿਕਾਈਆ । ਮੈਂ ਲੇਖਾ ਲਿਖਿਆ ਕਿਸੇ ਨਹੀਂ ਥਾਂ, ਮੇਰਾ ਲੇਖਾ ਦਏ ਗਵਾਹੀਆ । ਮੈਂ ਰੋ ਕੇ

ਮਾਰੀ ਧਾਹ, ਉਚੀ ਕੂਕ ਸੁਣਾਈਆ । ਬਿਨਾ ਖ਼ੁਦਾ ਤੋਂ ਮੇਰਾ ਹੋਰ ਨਹੀਂ ਕੋਈ ਗਵਾਹ, ਸ਼ਹਾਦਤ ਕ਼ਲਮਾ ਇਕ ਭੁਗਤਾਈਆ । ਮੈਂ ਕਰ ਕੇ ਆਇਆ ਦੁਆ, ਨਿਉਂ ਨਿਉਂ ਸੀਸ ਨਿਵਾਈਆ । ਮੇਰੇ ਮਾਲਕ ਮਿਹਰਵਾਂ, ਮਹਿਬੂਬ ਤੇਰੀ ਸਰਨਾਈਆ । ਤੇਰੇ ਕ਼ਦਮਾਂ ਬਲ ਬਲ ਜਾਂ, ਨਿਵਾਜ਼ਸ਼ ਵਿਚ ਸੀਸ ਝੁਕਾਈਆ । ਤੂੰ ਸਭ ਦਾ ਪਿਤਾ ਮਾਂ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਵੇਖਿਆ ਯੂਰਪੀਨ, ਯਹੂਦੀ ਖੋਜ ਖੁਜਾਈਆ । ਜਿਨ੍ਹਾਂ ਈਸਾ ਮੂਸਾ ਲਈ ਤਾਲੀਮ, ਤੁਲਬਾ ਆਪਣਾ ਆਪ ਬਣਾਈਆ । ਓਹ ਛੱਡ ਕੇ ਧਰਤ ਜ਼ਮੀਨ, ਉਡਣ ਚਾਈਂ ਚਾਈਂਆ । ਖੇਲ ਜਗਤ ਨਵੀਨ, ਤਨ ਰਹੇ ਵਖਾਈਆ । ਹਜ਼ਰਤ ਈਸਾ ਸਚ ਦੱਸ ਕਦੋਂ ਓਹਨਾਂ ਹੋਣਾ ਗ਼ਮਗੀਨ, ਕਵਣ ਵੇਲਾ ਵਡਿਆਈਆ । ਕੀ ਲੇਖਾ ਰੂਸਾ ਚੀਨ, ਚੈਨ ਲੈਣ ਕੋਇ ਨਾ ਪਾਈਆ । ਇਹ ਮਾਰਗ ਬੜਾ ਮਹੀਨ, ਬਿਨ ਪੈਗ਼ੰਬਰਾਂ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਨਾਰਦ ਕਹੇ ਮੈਂ ਛੇਤੀ ਕੀਤੀ ਫੁਰਤੀ, ਚਲਾਕੀ ਵਿਚ ਵਡਿਆਈਆ । ਫੜ ਕੇ ਡਾਹਵਾਂ ਕੁਰਸੀ, ਹਜ਼ਰਤ ਈਸਾ ਤੈਨੂੰ ਦਿਆਂ ਸਮਝਾਈਆ । ਤੂੰ ਫੇਰ ਖ਼ਬਰ ਦੱਸੀਂ ਕੋਈ ਧੁਰ ਦੀ, ਤੇਰੀ ਕਰਾਂ ਵਡਿਆਈਆ । ਤੂੰ ਧਾਰ ਸੇਂ ਸੱਚੇ ਸਤਿਗੁਰ ਦੀ, ਜੋ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦੀ ਕੀਤੀ ਕਦੇ ਨਾ ਮੁੜਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਓਸ ਦੀ ਖ਼ਾਹਿਸ਼ ਸਦਾ ਲੋੜ ਦੀ, ਲੋੜੀਂਦਾ ਸੱਜਣ ਨੂਰ ਅਲਾਹੀਆ । ਜੋ ਵਿਛੜਿਆਂ ਸਦਾ ਜੋੜਦੀ, ਜੋੜੀ ਆਤਮ ਪਰਮਾਤਮ ਦਏ ਬਣਾਈਆ । ਕੁਛ ਖ਼ਬਰ ਦੱਸ ਦੇ ਐਸ ਸਮੇਂ ਅੰਧ ਘੋਰ ਦੀ, ਸਦੀ ਚੌਧਵੀਂ ਧਿਆਨ ਲਗਾਈਆ । ਕੀ ਹਾਲਤ ਹੋਣੀ ਠਗ ਚੋਰ ਦੀ, ਨਿੰਦਿਆ ਨਿੰਦਕ ਮਿਲੇ ਕੀ ਸਜ਼ਾਈਆ । ਕੀ ਦੁਹਾਈ ਦਿਸੇ ਪੈਗ਼ੰਬਰਾਂ ਵਾਲੀ ਗੋਰ ਦੀ, ਨਬੀ ਕੀ ਜਣਾਈਆ । ਨੂਹ ਨਦੀ ਅੰਤਮ ਕਿਵੇਂ ਰੋੜ੍ਹਦੀ, ਵਹਿਣਾਂ ਵਿਚ ਵਹਾਈਆ । ਕੀ ਹਾਲਤ ਹੋਣੀ ਜਗਤ ਸ਼ੌਹਰ ਦੀ, ਸ਼ੌਹਰ ਕੀ ਕੀ ਖੇਲ ਖਿਲਾਈਆ । ਕੀ ਦਸ਼ਾ ਵਿਗੜੀ ਕਮਜ਼ੋਰ ਦੀ, ਮਜਲਸ ਹੱਕ ਨਾ ਕੋਇ ਬਣਾਈਆ । ਇਹ ਖੇਲ ਬੜੀ ਹਜ਼ਰਤ ਜੀ ਗ਼ੌਰ ਦੀ, ਪਰਦਾ ਦੇਣਾ ਉਠਾਈਆ । ਜੇ ਤੁਹਾਨੂੰ ਨਹੀਂ ਕੁਛ ਔੜਦੀ, ਫਿਰ ਮੈਂ ਤੁਹਾਡਾ ਪਰਵਰਦਿਗਾਰ ਦਿਆਂ ਮਿਲਾਈਆ । ਇਹ ਗਲੀ ਬੜੀ ਭੀੜੀ ਦਿਸੇ ਸੌੜ ਦੀ, ਅਗਲਾ ਪੰਧ ਨਾ ਕੋਇ ਚੁਕਾਈਆ । ਜਿਨ੍ਹਾਂ ਨੇ ਮੱਛੀ ਖਾਧੀ ਸਮੁੰਦ ਸਾਗਰ ਤਲਾਬਾਂ ਵਾਲੇ ਜੌਹੜ ਦੀ, ਜੋਰੂ ਜ਼ਰ ਦੇਣ ਗਵਾਹੀਆ । ਮੇਰੀ ਗੱਲ ਨਾ ਸਮਝਿਓ ਕੌੜ ਦੀ, ਜੋ ਵੇਖਿਆ ਦਿਤਾ ਸੁਣਾਈਆ । ਤੁਸੀਂ ਆਵਾਜ਼ ਸੁਣਨੀ ਸ਼ਬਦੀ ਘੋੜੇ ਗੋਬਿੰਦ ਵਾਲੇ ਪੌੜ ਦੀ, ਪੌੜੀ ਡੰਡੇ ਸਭ ਦੇ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਵੇਖ ਵਖਾਈਆ । ਈਸਾ ਕਹੇ ਤੂੰ ਕੌਣ ਹੋਵੇਂ ਮੁਸ਼ਟੰਡਾ, ਮੈਨੂੰ ਰਿਹਾ ਦਬਾਈਆ । ਹੱਥ ਵਿਚ ਫੜ ਕੇ ਚਾਲੂ ਬਨ ਦਾ ਡੰਡਾ, ਸੱਜੇ ਖੱਬੇ ਹੱਥ ਹਿਲਾਈਆ । ਤੂੰ ਕੌਣ ਬੋਧੀ ਵਾਲਾ ਬੰਦਾ, ਹਿੰਦੂ ਜ਼ਾਤੀ ਨਜ਼ਰੀ ਆਈਆ । ਮੇਰਾ ਖ਼ੁਦਾ ਮੇਰਾ ਬਾਪ ਨੂਰੀ ਚੰਦਾ, ਨੂਰ ਜੋਤ ਰੁਸ਼ਨਾਈਆ । ਨਾਰਦ ਹੱਸ ਕੇ ਕਹਿੰਦਾ, ਹਜ਼ਰਤ ਈਸਾ ਜੀ, ਓਹ ਬੜਾ ਚੰਗਾ, ਜਿਸ ਨੇ ਤੁਹਾਨੂੰ ਦਿਤਾ ਭੁਲਾਈਆ । ਹੁਣ ਅੰਤ ਅਖ਼ੀਰੀ ਤੁਹਾਡਾ ਵੇਖੇ ਕੰਢਾ, ਘਾਟਾਂ ਤੇ ਬੈਠੇ ਸਾਰੇ ਰਾਹ ਤਕਾਈਆ । ਤੁਹਾਡੇ ਵਿਚ ਤੁਹਾਡੇ ਕੋਲੋਂ ਪਵਾਉਣਾ ਦੰਗਾ, ਝਗੜਾ ਝਗੜੇ ਵਿਚ ਵਖਾਈਆ । ਓਮ ਹਰੀ, ਓਮ

੧੦੫੮ ੨੧

੧੦੫੯
੨੧

ਤਤ ਸਤਿ, ਜਿਸ ਨੇ ਮਾਣ ਰਹਿਣ ਨਹੀਂ ਦਿਤਾ ਗੰਗਾ, ਗੋਦਾਵਰੀ ਜਮਨਾ ਸੁਰਸਤੀ ਸਿਰ ਕੀਤਾ ਨੰਗਾ, ਰਾਵੀ ਰਵੈਤ ਨਾ ਕੋਇ ਕਰਾਈਆ । ਜਿਸ ਨੇ ਗੋਬਿੰਦ ਦਾ ਆਪਣੇ ਵਿਚ ਛੁਪਾ ਕੇ ਖੰਡਾ, ਤਨ ਵਜੂਦ ਦਿਤਾ ਮਿਟਾਈਆ । ਜਿਸ ਨੇ ਲਹਿਣਾ ਦੇਣਾ ਆਪਣੇ ਹੱਥ ਰਖ ਬ੍ਰਹਿਮੰਡਾ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਵਿਚ ਭਵਾਈਆ । ਜਿਸ ਨੇ ਆਦਮ ਹਵਾ ਦੇ ਕੇ ਆਪਣਾ ਅਨੰਦਾ, ਰਸ ਦਿਤਾ ਚਖਾਈਆ । ਓਹ ਤੇਰਾ ਖ਼ੁਦਾ ਧੁਰ ਦਾ ਨੂਰ ਮੇਰਾ ਪਿਤਾ ਸਦੀ ਬੀਸਵੀਂ ਸ਼ਬਦ ਅਗੰਮੀ ਨਿਰਗੁਣ ਧਾਰ ਲੈ ਕੇ ਆਪਣਾ ਡੰਡਾ, ਡੰਡਾਵਤ ਤੁਹਾਡੀ ਸਾਰਿਆਂ ਦੀ ਦਏ ਬਦਲਾਈਆ । ਤੁਸੀਂ ਦੀਨਾਂ ਮਜ਼੍ਹਬਾਂ ਦਾ ਲੈਂਦੇ ਆਏ ਪੰਗਾ, ਗੱਲ ਕਹਿਣੀ ਨਹੀਂ ਸੀ ਪਰ ਮੈਂ ਕਹਿ ਕੇ ਦਿਤੀ ਸੁਣਾਈਆ । ਹੁਣ ਓਹ ਨਾਮ ਦਾ ਲੈ ਕੇ ਰੰਦਾ, ਤੁਹਾਡੀ ਸਾਰਿਆਂ ਦੀ ਕਰੇ ਸਫ਼ਾਈਆ । ਤੁਸੀਂ ਸਾਰੇ ਜੋ ਪ੍ਰਭ ਦੇ ਨਾਮ ਦਾ ਉਗਰਾਹਿਆ ਚੰਦਾ, ਲੈ ਕੇ ਆਉਣਾ ਥਾਉਂ ਥਾਈਆ । ਕੋਈ ਪੈਂਟ ਸੰਭਾਲੇ ਕੋਈ ਤੰਬਾ, ਕੋਈ ਧੋਤੀ ਜੰਞੂ ਸਾਂਭ ਸੂਤ ਕੇ ਭੱਜੇ ਵਾਹੋ ਦਾਹੀਆ । ਨਾਰਦ ਕਹੇ ਪੈਗ਼ੰਬਰੋ ਰਸੂਲੋ ਨਬੀਓ ਤੁਹਾਨੂੰ ਨਹੀਂ ਪਤਾ ਮੈਂ ਏਸੇ ਕਰ ਕੇ ਚਾਰ ਜੁਗ ਦਾ ਰੰਡਾ, ਨਾ ਕੋਈ ਧੀ ਆ ਨਾ ਕੋਈ ਪੁੱਤ ਨਾ ਕੋਈ ਭੈਣ ਨਾ ਕੋਈ ਭਰਾ, ਨਾ ਕੋਈ ਧੀ ਨਾ ਕੋਈ ਜੁਆਈ, ਨਾ ਕੋਈ ਜੰਮੇ ਨਾ ਕੋਈ ਮਰੇ, ਨਾਰਦ ਮੁਨੀ ਆਪਣੀ ਖੇਲ ਵਿਚ ਜੁਗ ਚੌਕੜੀ ਭੰਨੇ, ਨਿਤ ਨਵਿਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਅਛਲ ਅਛੇਦਾ ਆਪਣਾ ਦਏ ਖੁਲ੍ਹਾਈਆ । ਈਸਾ ਕਹੇ ਇਹ ਕੌਣ, ਕਿਹੜਾ ਕਰੀ ਜਾਂਦੇ ਫ਼ੋਨ, ਡਰੈਕਟਰੀ ਕਿਹੜੀ ਹੱਥ ਫੜਾਈਆ । ਕਿਹੜਾ ਸਬਕ ਕਿਹੜੀ ਸਿਖਿਆ ਕਿਹੜਾ ਮਜ਼ਮੂਨ, ਕਿਹੜਾ ਕਰੇ ਪੜ੍ਹਾਈਆ । ਨਾਰਦ ਕਹੇ ਪੈਗ਼ੰਬਰੋ ਤੁਹਾਨੂੰ ਨਹੀਂ ਮਾਲੂਮ, ਤੁਸੀਂ ਬੱਚੇ ਮਾਸੂਮ, ਕਲਜੁਗ ਦੇ ਜੰਮੇ ਕਲਜੁਗ ਵਿਚ ਆਪਣਾ ਅੰਤ ਕਰਾਈਆ । ਮੈਂ ਉਸ ਦਾ ਮਮਨੂਨ, ਜਿਹੜਾ ਕਦੇ ਨਾ ਹੋਵੇ ਮਰਹੂਮ, ਸਾਰੇ ਇਲਮਾਂ ਦਾ ਆਲਮ ਅਲੂਮ, ਆਲੀਸ਼ਾਨ ਨਜ਼ਰੀ ਆਈਆ । ਜਿਸ ਦੇ ਝੁਕਦੇ ਤੁਸੀਂ ਕ਼ਦੂਮ, ਕ਼ਲਮੇ ਦੀ ਮਸਤੀ ਵਿਚ ਰਹੇ ਝੂਮ, ਜਿਸ ਨੇ ਨਬੀ ਪੈਗ਼ੰਬਰਾਂ ਦੇ ਬਣਾ ਦਿਤੇ ਹਜੂਮ, ਹੁਜਰਿਆਂ ਵਿਚ ਦਿਤੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਵੇਖ ਲਓ ਆਪਣੀ ਤਖ਼ਤੀ, ਏ ਟੂ ਜ਼ੈਡ ਫੋਲ ਫੁਲਾਈਆ । ਤੁਹਾਡੇ ਉਤੇ ਔਣ ਵਾਲੀ ਸਖ਼ਤੀ, ਪ੍ਰਭ ਦਾ ਸਖ਼ਤ ਹੁਕਮ ਦਿਤਾ ਜਣਾਈਆ । ਜੇ ਤੁਸਾਂ ਨਹੀਂ ਕੀਤੀ, ਤੁਹਾਡੀ ਉਮਤ ਨੇ ਕੀਤੀ ਗ਼ਲਤੀ, ਗ਼ਲਤੀ ਦੇ ਜ਼ੁਮੇਵਾਰ ਤੁਹਾਨੂੰ ਦਿਤਾ ਠਹਿਰਾਈਆ । ਕਿਉਂ ਤੁਸੀਂ ਆਪਣਿਆਂ ਮਜ਼੍ਹਬਾਂ ਦੇ ਨਿਧ ਪਰਤੀ, ਪਰਤੀਨਿਧ ਹੋ ਕੇ ਆਪਣਾ ਹੁਕਮ ਦਿਤਾ ਜਣਾਈਆ । ਤੁਸੀਂ ਕੁਛ ਮਸ਼ਵਰਾ ਕੀਤਾ ਸੀ ਉਸ ਖ਼ੁਦਾ ਨਾਲ ਅਰਸ਼ੀ, ਜੋ ਅਰਸ਼ੀ ਪ੍ਰੀਤਮ ਬੇਪ੍ਰਵਾਹ ਅਖਵਾਈਆ । ਨਾਰਦ ਝਟ ਛਾਤੀ ਉਤੇ ਹੱਥ ਮਾਰਿਆ ਜੇਬ ਵਿਚੋਂ ਕੱਢੀ ਪਰਚੀ, ਆਹ ਲਓ ਤੁਹਾਨੂੰ ਦਿਆਂ ਵਖਾਈਆ । ਪਰਮਾਤਮਾ ਕਿਹਾ ਤੁਸੀਂ ਛੱਡਣੇ ਮੰਦਰ ਤੇ ਵੜਨਾ ਵਿਚ ਚਰਚੀਂ, ਚੋਰੀ ਚੋਰੀ ਤੁਹਾਨੂੰ ਗੱਲ ਦਿਤੀ ਸਮਝਾਈਆ । ਓਹ ਮੇਰਾ ਮਾਲਕ ਪ੍ਰੀਤਮ ਅਰਸ਼ੀ, ਅਰਸ਼ਾਂ ਦਾ ਮਾਲਕ ਇਕ ਅਖਵਾਈਆ । ਸਵਾਧਾਨ ਹੋ ਜਾਉ ਆਇਆ ਉਤੇ ਧਰਤੀ, ਧਰਨੀ ਧਰਤ ਧਵਲ ਵੇਖ ਵਖਾਈਆ । ਤੁਹਾਡੀ ਰਹਿਣ ਨਹੀਂ ਦੇਣੀ ਅੰਧੇਰ ਗਰਦੀ, ਜ਼ੁਲਮ ਜ਼ਾਲਮ ਨਾ ਕੋਇ ਕਮਾਈਆ । ਤੁਹਾਡੀ ਚਲਣੀ ਨਹੀਂ ਅੱਗੇ ਮਰਜ਼ੀ, ਪ੍ਰਭੂ ਤੁਹਾਡਾ ਤਬੀਬ ਆਇਆ ਧੁਰਦਰਗਾਹੀਆ । ਨਾਰਦ ਕਹੇ ਇਹ ਗੱਲ ਸੁਣ ਕੇ ਹਜ਼ਰਤ ਨੂੰ ਲੱਗਣ ਲੱਗੀ ਸਰਦੀ,

ਜਿਸ ਨੇ ਸਿਰ ਪੈਰ ਦਿਤੇ ਕੰਬਾਈਆ । ਫਿਰ ਯਾਦ ਆ ਗਿਆ, ਮੈਂ ਇਕ ਦਿਤੀ ਸੀ ਆਪਣੀ ਅਗੰਮੀ ਅਰਜ਼ੀ, ਆਰਜ਼ੂ ਵਿਚ ਜਣਾਈਆ । ਐ ਮੇਰੇ ਮਾਲਕ ਇਹ ਮੇਰਾ ਮਜ਼੍ਹਬ ਫ਼ਰਜ਼ੀ, ਅੰਤ ਸੰਗ ਨਾ ਕੋਇ ਰਖਾਈਆ । ਮੈਂ ਵੀਹਵੀਂ ਸਦੀ ਤਕ ਇਨ੍ਹਾਂ ਦਾ ਦਰਦੀ, ਫੇਰ ਸਾਥ ਨਾ ਕੋਇ ਨਿਭਾਈਆ । ਨਾਰਦ ਕਿਹਾ ਹਜ਼ਰਤ ਜੀ ਜ਼ਰਾ ਲਹਿੰਦਿਉਂ ਵੇਖੋ ਖਾਂ ਦਿਸ਼ਾ ਚੜ੍ਹਦੀ, ਆਪਣਾ ਨੈਣ ਉਠਾਈਆ । ਜਿਥੇ ਰਾਵੀ ਆਪਣੇ ਵਹਿਣੇ ਵਿਚ ਹੜ੍ਹਦੀ, ਆਪਣੇ ਵਹਿਣ ਜਣਾਈਆ । ਉਥੇ ਜੋਤ ਪ੍ਰਕਾਸ਼ ਨਰਾਇਣ ਨਰ ਦੀ, ਨਿਰਵੈਰ ਸੋਭਾ ਪਾਈਆ । ਸਰਬ ਦੀ ਆਤਮਾ ਪਰਮਾਤਮਾ ਢੋਲਾ ਪੜ੍ਹਦੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਈਸਾ ਕਹੇ, ਵਾਹ ਨਾਰਦ ਜੀ ਤੂੰ ਤੇ ਖ਼ਬਰ ਸੁਣਾਈ ਓਸੇ ਦੇ ਘਰ ਦੀ, ਜਿਸ ਨੂੰ ਮੈਂ ਪਿਤਾ ਕਰ ਕੇ ਆਇਆ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਵੇਖ ਵਖਾਈਆ । ਨਾਰਦ ਕਹੇ ਈਸਾ ਜੀ, ਤੁਸੀਂ ਕਹਿੰਦੇ ਹੋਵੋਗੇ ਬੜਾ ਸ਼ਰਾਰਤੀ, ਨਫ਼ਰਤ ਸ਼ਰਅ ਨਾਲ ਕਰਾਈਆ । ਮੈਂ ਕੋਈ ਆਉਂਦਾ ਨਹੀਂ ਸਫ਼ਾਰਸ਼ੀ, ਪ੍ਰਭ ਦੇ ਹੁਕਮੇ ਅੰਦਰ ਕਾਰ ਕਮਾਈਆ । ਮੈਂ ਚਾਰ ਜੁਗ ਸਭ ਦੀ ਕਥਾ ਵੇਖਦਾ ਰਿਹਾ ਇਬਾਰਤੀ, ਜੋ ਅੱਖਰਾਂ ਨਾਲ ਜੋੜ ਜੁੜਾਈਆ । ਬਹੁਤੇ ਅਵਤਾਰ ਗੁਰੂ ਵੇਖੇ ਵਿਚ ਭਾਰਤੀ, ਭਾਰਤਵਰਸ਼ ਦਏ ਗਵਾਹੀਆ । ਫੇਰ ਪੜ੍ਹੀ ਉਰਦੂ ਫ਼ਾਰਸੀ, ਅੰਗਰੇਜ਼ੀ ਤੇਜ਼ੀ ਨਾਲ ਤੇਰੇ ਵਿਚ ਟਿਕਾਈਆ । ਇਹ ਖੇਲ ਉਸ ਨਿਰੰਕਾਰ ਦੀ, ਜਿਹੜਾ ਨਿਰਗੁਣ ਨੂਰ ਅਲਾਹੀਆ । ਜਿਸ ਨੂੰ ਤੁਹਾਡੀ ਆਸ਼ਾ ਵਾਜਾਂ ਮਾਰਦੀ, ਕੂਕ ਕੂਕ ਸੁਣਾਈਆ । ਇਹ ਖੇਲ ਓਸੇ ਸਰਕਾਰ ਦੀ, ਜੋ ਸਿਰ ਸਿਰ ਲਹਿਣਾ ਰਿਹਾ ਮੁਕਾਈਆ । ਤੁਸੀਂ ਵੇਖੀ ਨਹੀਂ ਖੇਲ ਖੰਡੇ ਦੀ ਧਾਰ ਦੀ, ਜੋ ਗੋਬਿੰਦ ਗਿਆ ਚਮਕਾਈਆ । ਜੋ ਸਭ ਦੀ ਪੈਜ ਸਵਾਰਦੀ, ਲੇਖਾ ਦੇਵੇ ਥਾਉਂ ਥਾਈਂਆ । ਓਹ ਅੰਤ ਕਲਜੁਗ ਕੂੜੀ ਕਿਰਿਆ ਨੂੰ ਵੰਗਾਰਦੀ, ਹੋਕੇ ਦਏ ਜਣਾਈਆ । ਜਿਸ ਨੇ ਆਸ਼ਾ ਪੂਰੀ ਕਰਨੀ ਗੁਰੂ ਅਵਤਾਰ ਦੀ, ਪੈਗ਼ੰਬਰਾਂ ਮੂਲ ਚੁਕਾਈਆ । ਕ਼ੀਮਤ ਪਾਉਣੀ ਤੁਹਾਡੀ ਗੁਫ਼ਤਾਰ ਦੀ, ਜੋ ਗੁਫ਼ਤ ਸ਼ਨੀਦ ਆਏ ਸੁਣਾਈਆ । ਪਰ ਤੁਸਾਂ ਧਾਰ ਸਮਝੀ ਨਹੀਂ ਓਸ ਦੀ ਰਫ਼ਤਾਰ ਦੀ, ਲੰਮੇ ਪੈਂਡੇ ਕਿਸ ਬਿਧ ਛੇਤੀ ਨਾਲ ਮੁਕਾਈਆ । ਆਪਣੀਆਂ ਗੰਢਾਂ ਖੋਲ੍ਹੋ ਜਿਸ ਵਿਚ ਚਿੱਠੀ ਇਸ ਇਕ਼ਰਾਰ ਦੀ, ਜੋ ਇਕ਼ਰਾਰਨਾਮੇ ਫੋਲ ਫੁਲਾਈਆ । ਹੁਣ ਕੋਈ ਘੜੀ ਨਹੀਂ ਤਕਰਾਰ ਦੀ, ਝਗੜਾ ਅੱਗੇ ਨਾ ਕੋਇ ਵਖਾਈਆ । ਮੇਰੀ ਸੇਵਾ ਲੱਗੀ ਨਾਰਦ ਕਹੇ, ਬਰਖ਼ੁਰਦਾਰ ਦੀ, ਬੇਖ਼ਬਰੋ ਤੁਹਾਨੂੰ ਰਿਹਾ ਜਗਾਈਆ । ਤੁਸੀਂ ਸਵਾਧਾਨ ਹੋ ਜਾਓ ਤੁਹਾਡੀ ਘੜੀ ਆਈ ਇਸਤਕ਼ਬਾਲ ਦੀ, ਮਹਿਬੂਬ ਨੂੰ ਮਿਲ ਕੇ ਆਪਣਾ ਸੀਸ ਦੇਣਾ ਝੁਕਾਈਆ । ਤੁਸੀਂ ਖੇਲ ਵੇਖਣੀ ਓਸ ਜਲਵਾਗਰ ਜਲਾਲ ਦੀ, ਜੋ ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਤੁਹਾਡੇ ਕੋਲ ਗੁੰਜਾਇਸ਼ ਨਹੀਂ ਰਹਿਣੀ ਕੋਈ ਸਵਾਲ ਦੀ, ਬੇਨੰਤੀ ਅਵਰ ਨਾ ਕੋਇ ਜਣਾਈਆ । ਅੱਗੇ ਪ੍ਰਭ ਨੂੰ ਮਿਲਣ ਵਾਸਤੇ ਲੋੜ ਰਹਿਣੀ ਨਹੀਂ ਕਿਸੇ ਦਲਾਲ ਦੀ, ਆਤਮਾ ਪਰਮਾਤਮਾ ਦਾ ਸਿੱਧਾ ਨਾਤਾ ਦੇਣਾ ਬਣਾਈਆ । ਜਿਹੜੀ ਜੁਗ ਚੌਕੜੀ ਘਾਲਣਾ ਰਹੀ ਘਾਲਦੀ, ਘਾਇਲ ਹੋ ਕੇ ਆਪਣਾ ਆਪ ਮਿਟਾਈਆ । ਹਜ਼ਰਤ ਜੀ ਮੈਂ ਤੇ ਖ਼ਬਰ ਦੱਸਣ ਆਇਆ ਪ੍ਰੈਜ਼ੈਂਟ ਹਾਲ ਦੀ, ਹਾਲਤ ਸੱਚੀ ਦਿਆਂ ਜਣਾਈਆ । ਹੁਣ ਮੇਰੀ ਵਾਰੀ ਆਉਣੀ ਮਗ਼ਰਬ ਦੇ ਪਿਛੋਂ ਸ਼ੁਮਾਲ ਦੀ, ਰਸ਼ੀਆ ਦਾ ਰੇਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਧਾਰ ਰੱਖੇ ਆਪਣੀ ਚਾਲ ਦੀ, ਨਿਰਾਲੀ ਆਪਣੀ ਕਾਰ ਕਮਾਈਆ ।

✻ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਭਾਗ ਸਿੰਘ ਦੇ ਘਰ ਪਿੰਡ ਬਾਊਪੁਰ ✻

ਨਾਰਦ ਕਹੇ ਭਗਤੋ ਤੁਸੀਂ ਓਥੋਂ ਏਥੇ ਆਏ ਤੇ ਮੈਂ ਪਹੁੰਚ ਗਿਆ ਵਿਚ ਰੂਸ, ਰੁਸਤਮ ਹੋ ਕੇ ਫੇਰਾ ਪਾਈਆ । ਮੈਂ ਜਾ ਕੇ ਬਣ ਗਿਆ ਮਨਹੂਸ, ਗ਼ਰੀਬਾਂ ਵਾਲਾ ਵੇਸ ਵਟਾਈਆ । ਸੌਂ ਗਿਆ ਜਾ ਕੇ ਰੁਫ਼, ਆਪਣੀਆਂ ਅੱਖਾਂ ਬੰਦ ਵਖਾਈਆ । ਜ਼ੋਰ ਜ਼ੋਰ ਦੀ ਪਿਆ ਸੂਕ, ਲੰਮੇ ਲੰਮੇ ਸਾਹ ਲੈ ਕੇ ਆਪਣਾ ਸਾਹ ਚਲਾਈਆ । ਕਿਸੇ ਨੂੰ ਪਤਾ ਨਾ ਲੱਗਾ ਇਹ ਕਿਸ ਦਾ ਦੂਤ, ਕਿਸ ਕਾਰਨ ਏਥੇ ਆਈਆ । ਸਾਰੇ ਕਹਿਣ ਇਹ ਕੋਈ ਭੂਤ, ਬੇਤਾਲਾ ਡੇਰਾ ਲਾਈਆ । ਮੈਂ ਘੇਸਲ ਮਾਰ ਕੇ ਬਣ ਗਿਆ ਜਸੂਸ, ਆਪਣਾ ਆਪ ਬਦਲਾਈਆ । ਓਹ ਗੱਲਾਂ ਕਰਨ ਲੱਗੇ ਮੈਂ ਵਿਚੋਂ ਹੱਸ ਕੇ ਕਿਹਾ, ਤੁਸੀਂ ਮਾਲਕ ਕੇ ਮੌਰੂਸ, ਮੈਨੂੰ ਦਿਓ ਸਮਝਾਈਆ । ਉਨ੍ਹਾਂ ਨੂੰ ਹੋਇਆ ਸ਼ਕੂਕ, ਉਨ੍ਹਾਂ ਮੈਨੂੰ ਫੜ ਕੇ ਲਿਆ ਬੰਧਾਈਆ । ਮੇਰੇ ਕੰਨ ਫੜੇ ਭਵਾਇਆ ਚਾਰੇ ਕੂਟ, ਮੈਂ ਵੀ ਡਰਦੇ ਛੇਤੀ ਛੇਤੀ ਪਾਸਾ ਲਿਆ ਬਦਲਾਈਆ । ਫਿਰ ਮੈਂ ਮਾਰਿਆ ਝੂਠ, ਸਭ ਨੂੰ ਦਿਤਾ ਸੁਣਾਈਆ । ਉਨ੍ਹਾਂ ਮੇਰਾ ਬੰਦ ਕਰ ਦਿਤਾ ਮੂੰਹ ਮਾਊਥ, ਮੁਖ ਸਾਹ ਲੈਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਜਸੂਸੀ ਵਿਚ ਬੜਾ ਚਾਤਰ, ਓਨ੍ਹਾਂ ਵਿਚ ਮਿਲ ਕੇ ਓਹੋ ਰੂਪ ਬਣਾਈਆ । ਮੈਂ ਕਰਨ ਲੱਗਾ ਉਨ੍ਹਾਂ ਦੀ ਖ਼ਾਤਰ, ਸੇਵਾ ਸਚ ਕਮਾਈਆ । ਫੇਰ ਮੈਂ ਜੇਬ ਵਿਚੋਂ ਪੁਰਾਣੀ ਕੱਢ ਕੇ ਦਿਤੀ ਪਾਤਰ, ਚਿੱਠੀ ਦਿਤੀ ਫੜਾਈਆ । ਜਿਸ ਦੇ ਉਤੇ ਨਿਸ਼ਾਨ ਸੀ ਸਿੱਟਾ ਦਾਤਰ, ਦਾਤੇ ਦਿਤਾ ਦ੍ਰਿੜਾਈਆ । ਉਹ ਲੱਗੇ ਵਾਚਣ, ਸਮਝ ਕਿਸੇ ਨਾ ਆਈਆ । ਮੈਂ ਛੇਤੀ ਨਾਲ ਮੂੰਹ ਵਿਚ ਪਾ ਕੇ ਦਾਤਨ, ਆਪਣਾ ਪਾਸਾ ਲਿਆ ਬਦਲਾਈਆ । ਓਹ ਮੈਨੂੰ ਲੱਗੇ ਆਖਣ, ਸਾਨੂੰ ਦੇ ਸਮਝਾਈਆ । ਮੈਂ ਐਵੇਂ ਲੱਗਾ ਵਾਚਣ, ਅੱਖਾਂ ਉਪਰ ਨੀਚੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਨਾਰਦ ਕਹੇ, ਭਰਾਵੋ, ਮੈਂ ਲੈ ਕੇ ਆਇਆ ਪੈਗ਼ਾਮ, ਤੁਹਾਨੂੰ ਦਿਆਂ ਸੁਣਾਈਆ । ਤੁਹਾਡਾ ਕਿਹੜਾ ਮਜ਼੍ਹਬ ਕਿਹੜਾ ਇਸਲਾਮ, ਮੈਨੂੰ ਦਿਓ ਦ੍ਰਿੜਾਈਆ । ਕੀ ਤੁਸੀਂ ਮੂਸਾ ਨੂੰ ਕਰੋ ਸਲਾਮ, ਕਿ ਈਸਾ ਨੂੰ ਸੀਸ ਨਿਵਾਈਆ । ਕੀ ਮੁਹੰਮਦ ਨੂੰ ਕਰੋ ਪ੍ਰਨਾਮ, ਸਜਦਿਆਂ ਸੀਸ ਝੁਕਾਈਆ । ਕੀ ਰਾਧਾ ਕ੍ਰਿਸ਼ਨ ਦਾ ਗਾਓ ਗਾਨ, ਬੰਸਰੀਆਂ ਧੁੰਨ ਸ਼ਨਵਾਈਆ । ਕੀ ਸੀਤਾ ਰਾਮ ਦਾ ਧਰੋ ਧਿਆਨ, ਅੰਤਰ ਅੰਤਰ ਲਿਵ ਲਾਈਆ । ਕੀ ਹਨਵੰਤ ਮੰਨੋ ਬਲਵਾਨ, ਬਜਰੰਗ ਆਪਣਾ ਰੰਗ ਰੰਗਾਈਆ । ਕੀ ਕਹੋ ਸਤਿਨਾਮ, ਨਾਨਕ ਜੋੜ ਜੁੜਾਈਆ । ਕੀ ਗੋਬਿੰਦ ਮੰਨੋ ਜਹਾਨ, ਵਾਹਿਗੁਰੂ ਸਿਫ਼ਤ ਸਾਲਾਹੀਆ । ਕੀ ਤੁਹਾਡਾ ਧਰਮ ਕੀ ਈਮਾਨ, ਮੈਨੂੰ ਦਿਓ ਜਣਾਈਆ । ਕੀ ਅੱਲਾ ਵਾਹਿਗੁਰੂ ਓਮ ਰਸਨਾ ਜਿਹਵਾ ਗਾਓ ਗਾਨ, ਗਾ ਗਾ ਕੀ ਜਣਾਈਆ । ਸਾਰੇ ਹੋ ਗਏ ਹੈਰਾਨ, ਮੇਰੇ ਵਲ ਅੱਖਾਂ ਰਹੇ ਉਠਾਈਆ । ਇਹ ਕੋਈ ਆ ਗਿਆ ਸੁਲਤਾਨ, ਸਾਨੂੰ ਉਲਟੀ ਕਰੇ ਪੜ੍ਹਾਈਆ । ਜਿਹੜਾ ਦਿਸਦਾ ਨਹੀਂ ਭਗਵਾਨ, ਉਸ ਕਿਹੜੀ ਕਰਨੀ ਕਮਾਈਆ । ਜਿਹੜੇ ਗੁਰ ਅਵਤਾਰ ਪੈਗ਼ੰਬਰ ਛੱਡ ਗਏ ਜਹਾਨ, ਪਰਤ ਕੇ ਫੇਰ ਕੋਇ ਨਾ ਆਈਆ । ਜਿਹੜੇ ਦੀਨ ਮਜ਼੍ਹਬਾਂ ਜਣਾ ਗਏ ਨਾਮ, ਉਹ ਨਾਮ ਕਰਨ ਲੜਾਈਆ । ਜਿਹੜੇ ਧਰਮ ਝੁਲਾ ਗਏ ਨਿਸ਼ਾਨ, ਓਹ ਮਨੁੱਸ਼ੀ ਵੰਡ ਵੰਡਾਈਆ । ਜਿਹੜੇ ਜ਼ਾਤੀਆਂ ਵਿਚ ਵੰਡ ਗਏ ਇਨਸਾਨ, ਉਹ ਪੀਣ ਖਾਣ ਝਗੜਾ ਰਹੇ ਵਖਾਈਆ । ਫੜੋ ਇਹਨੂੰ ਮਾਰੋ ਕੁੱਟੋ ਇਹ ਬੜਾ ਬੇਈਮਾਨ, ਕੀ ਸਾਨੂੰ ਰਿਹਾ ਸੁਣਾਈਆ । ਨਾਰਦ

ਕਹੇ, ਮੈਂ ਲੱਗਾ ਪਛਤਾਨ, ਅੱਗੇ ਪਿੱਛੇ ਵੇਖ ਵਖਾਈਆ । ਮੈਨੂੰ ਦਿਸੇ ਨਾ ਕੋਇ ਬਿਬਾਨ, ਜਿਸ ਉਤੇ ਚੜ੍ਹ ਕੇ ਉਡ ਜਾਵਾਂ ਚਾਈਂ ਚਾਈਆ । ਓਨੇ ਚਿਰ ਨੂੰ ਇਕ ਆ ਗਿਆ ਕਿਰਸਾਨ, ਉਨ ਇਕੱਠੀਆਂ ਫੜ ਮੇਰੀਆਂ ਦੋਵੇਂ ਬਾਹੀਂ ਮੈਨੂੰ ਲੱਗਾ ਜ਼ੋਰ ਜ਼ੋਰ ਦੀ ਹਿਲਾਣ, ਬ੍ਰਾਹਮਣਾ ਕਿਥੋਂ ਖਾ ਕੇ ਝੱਟ ਲੰਘਾਈਆ । ਸਾਡਾ ਇਜਾਜ਼ਤ ਨਹੀਂ ਦਿੰਦਾ ਵਿਧਾਨ, ਵਿਹਲਿਆਂ ਅੰਨ ਨਾ ਕੋਇ ਖਵਾਈਆ । ਮੈਂ ਹਰੀ ਓਮ, ਹਰੀ ਓਮ, ਹਰੀ ਓਮ, ਕਹਿ ਕੇ ਯਾਦ ਕੀਤਾ ਭਗਵਾਨ, ਓਨ੍ਹਾਂ ਗਿਚੀਉਂ ਫੜ ਕੇ ਮੇਰਾ ਮੱਥਾ ਜ਼ਮੀਨ ਉਤੇ ਦਿਤਾ ਘਸਾਈਆ । ਮੈਂ ਨੇਤਰ ਨੈਣਾਂ ਨੀਰ ਲੱਗਾ ਵਹਾਣ, ਉਚੀ ਉਚੀ ਦਿਤੀ ਦੁਹਾਈਆ । ਮੈਂ ਹੱਸ ਕੇ ਕਿਹਾ, ਤਾਲੀ ਮਾਰੀ, ਤੁਸੀਂ ਸਾਰੇ ਈ ਵੱਡੇ ਮੇਰੇ ਨਾਲੋਂ ਭਗਵਾਨ, ਸਾਰਿਆਂ ਨੂੰ ਨਮੋਂ ਨਮੋਂ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਨਾਰਦ ਕਹੇ, ਫੇਰ ਉਹ ਮੈਨੂੰ ਕਹਿਣ ਲਗੇ ਕੋਈ ਆ ਗਿਆ ਫ਼ਰਿਸ਼ਤਾ, ਫ਼ਰੇਬੀ ਰੂਪ ਵਟਾਈਆ । ਮੈਂ ਕਿਹਾ, ਮੇਰਾ ਤੇ ਤੁਹਾਡੇ ਨਾਲ ਪੁਰਾਣਾ ਰਿਸ਼ਤਾ, ਰਿਸ਼ਤੇਦਾਰੋ ਤੁਹਾਨੂੰ ਮਿਲਣ ਆਇਆ ਚਾਈਂ ਚਾਈਆ । ਹਾਲ ਦੱਸਾਂ ਗੁਜ਼ਸ਼ਤਾ, ਗੁਜ਼ਰਿਆ ਦਿਆਂ ਦ੍ਰਿੜਾਈਆ । ਤੁਸੀਂ ਤੇ ਹੁਣ ਚਾਰ ਵਰਨ ਸਾਂਝੇ ਬਣੇ ਆਹਿਸਤਾ ਆਹਿਸਤਾ, ਨਾਨਕ ਪੰਜ ਸੌ ਸਾਲ ਪਹਿਲੋਂ ਸਭ ਨੂੰ ਗਿਆ ਸਮਝਾਈਆ । ਤੁਹਾਡਾ ਅਜੇ ਆਪਣੇ ਉਤੇ ਪੂਰਾ ਹੋਇਆ ਨਹੀਂ ਨਿਸਚਾ, ਨਿਹਚਲ ਨਜ਼ਰ ਕੋਇ ਨਾ ਆਈਆ । ਅਜੇ ਵੀ ਹੁਕਮਰਾਨੋਂ ਤੁਸੀਂ ਬਾਦਾਮ ਗਿਰੀਆਂ ਖਾਂਦੇ ਪਿਸਤਾ, ਰਸ਼ੀਆ ਵਿਚ ਰਹਿਣ ਵਾਲੇ ਅੱਧਿਆਂ ਨਾਲੋਂ ਬਹੁਤੇ ਭੁੱਖੇ ਰਹਿ ਕੇ ਝਟ ਲੰਘਾਈਆ । ਏਸੇ ਕਰ ਕੇ ਤੁਹਾਨੂੰ ਆਉਣ ਵਾਲੀ ਸ਼ਕਸਤਾ, ਹਾਰ ਹੋਵੇ ਥਾਉਂ ਥਾਈਆ । ਤੁਸੀਂ ਇਕ ਤੇ ਆਪਣਾ ਇਕ ਨਹੀਂ ਮੰਨਿਆ ਇਸ਼ਟਾ, ਆਪਣੇ ਉਤੇ ਵਿਸ਼ਵਾਸ ਨਾ ਕੋਇ ਰਖਾਈਆ । ਅਜੇ ਵੀ ਤੁਹਾਡੇ ਵਿਚ ਇਕ ਦੂਜੇ ਦਾ ਸੁਟਦੇ ਵਿਸ਼ਟਾ, ਪ੍ਰਧਾਨਾ ਦੇ ਘਰ ਗ਼ਰੀਬ ਸੇਵ ਕਮਾਈਆ । ਜਿਸ ਵੇਲੇ ਮੇਰੇ ਮਾਲਕ ਨੇ ਤੁਹਾਡੀਆਂ ਸਭ ਦੀਆਂ ਫੋਲੀਆਂ ਲਿਸਟਾਂ, ਇਕੱਲਾ ਇਕੱਲਾ ਵੇਖ ਵਖਾਈਆ । ਫੇਰ ਤੁਹਾਨੂੰ ਪਤਾ ਲੱਗਣਾ ਕਿਹਦੀ ਖੁਲ੍ਹੀ ਦ੍ਰਿਸ਼ਟਾ, ਕੌਣ ਸਚ ਵਿਚ ਸਮਾਈਆ । ਮੇਰਾ ਮਾਲਕ ਟਾਂਕ ਤੁਸੀਂ ਸਰਗੁਣ ਰੂਪ ਉਸਦੀ ਜਿਸਤਾ, ਜਿਸ ਨੇ ਆਤਮ ਨਾਲ ਜਿਸਮ ਜ਼ਮੀਰ ਤੁਹਾਡੀ ਦਿਤੀ ਬਣਾਈਆ । ਓਹ ਆਦਿ ਜੁਗਾਦਿ ਜੁਗ ਚੌਕੜੀ ਸਭ ਦੇ ਲੇਖ ਲਿਖਦਾ, ਬਚਿਆ ਰਹਿਣ ਕੋਇ ਨਾ ਪਾਈਆ । ਓਹ ਜਿਨਸਾਂ ਵਾਂਗੂ ਹੱਟਾਂ ਵਿਚ ਨਹੀਂ ਵਿਕਦਾ, ਕਿਤਾਬਾਂ ਵਾਂਗੂ ਕੁਤਬਖ਼ਾਨਿਆਂ ਵਿਚ ਨਾ ਕੋਇ ਛਪਵਾਈਆ । ਜਗ ਨੇਤਰਾਂ ਨਾਲ ਐਨਕਾਂ ਵਾਲਿਓ ਨਹੀਂ ਦਿਸਦਾ, ਨੇਤਰ ਨਜ਼ਰ ਕਿਸੇ ਨਾ ਆਈਆ । ਸਾਫ਼ ਸੁਥਰਿਆਂ ਨਹਾਤਿਆਂ ਧੋਤਿਆਂ ਪੜ੍ਹਿਆਂ ਲਿਖਿਆਂ ਉਤੇ ਕਦੀ ਨਹੀਂ ਵਿਸਦਾ, ਸੋਹਣਿਆਂ ਮਨਮੋਹਣਿਆਂ ਉਤੇ ਧਰਵਾਸ ਨਾ ਕੋਇ ਵਖਾਈਆ । ਜਿਹੜਾ ਉਸ ਦੀ ਸਰਨ ਸਰਨਾਈ ਡਿੱਗਦਾ, ਉਹਦਾ ਝਗੜਾ ਮੁਕ ਜਾਏ ਜਗਤ ਵਾਲੀ ਬਿਧ ਦਾ, ਤਰੀਕਾ ਆਪਣਾ ਇਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਤੁਹਾਡਾ ਹੋਵਣ ਆਇਆ ਭੇਤੀ, ਤੁਹਾਡੇ ਵਿਚ ਵੜ ਕੇ ਤੁਹਾਨੂੰ ਵੇਖ ਵਖਾਈਆ । ਜਿਸ ਤਰਾ ਤੁਸੀਂ ਤਰੱਕੀ ਕਰਦੇ ਛੇਤੀ ਛੇਤੀ, ਆਪਣਾ ਕਾਰੋਬਾਰ ਵਧਾਈਆ । ਏਸੇ ਤਰਾ ਤੁਸੀਂ ਉਸ ਮੇਰੇ ਪ੍ਰਭੂ ਦੀ ਖੇਤੀ, ਛੇਤੀ ਵੱਢ ਕੇ ਸਾਂਭ ਸੂਤ ਕੇ ਆਪਣੇ ਘਰ ਟਿਕਾਈਆ । ਯਾਦ ਰੱਖ ਲਓ ਸ਼ਮਾਲ ਵਾਲਿਓ ਮੇਰੀ ਨੇਕੀ, ਨਿੱਕਿਆਂ ਵੱਡਿਆਂ ਦਿਆਂ ਜਣਾਈਆ । ਅੰਤ

ਸਭ ਨੂੰ ਉਸ ਦੀ ਰੱਖਣੀ ਪਏ ਟੇਕੀ, ਬਿਨਾ ਟੇਕ ਤੋਂ ਟਕਾ ਕ਼ੀਮਤ ਕੋਇ ਨਾ ਪਾਈਆ । ਹੁਣ ਤੁਸੀਂ ਸਾਰੇ ਕਹਿੰਦੇ ਮਨੁੱਸ਼ ਮਨੁੱਸ਼ਾਂ ਵਿਚੋ ਪੈਦਾ ਹੁੰਦੇ ਬੇਟਾ ਬੇਟੀ, ਕੁਦਰਤ ਕੁਦਰਤ ਨਾਲ ਵਡਿਆਈਆ । ਇਹ ਖੇਲ ਥੋੜ੍ਹੇ ਦਿਨ ਹੋਰ ਜਾਣੀ ਖੇਡੀ, ਫੇਰ ਖਡਾਵਣ ਵਾਲਾ ਨਜ਼ਰ ਕੋਇ ਨਾ ਆਈਆ । ਹੁਣ ਤੁਹਾਡੀ ਕ਼ੀਮਤ ਸਭ ਨਾਲੋਂ ਬਹੁਤੀ ਤੇ ਦੂਜਿਆਂ ਨਾਲੋਂ ਡਿਓਡੀ, ਆਪਣਾ ਗੁਣਾ ਰਹੀ ਵਧਾਈਆ । ਫੇਰ ਤੁਸਾਂ ਐੇ ਫਿਰਨਾ ਜਿਵੇਂ ਜੰਗਲਾਂ ਵਿਚ ਭੇਡੀ, ਮਾਲਕ ਨਜ਼ਰ ਕੋਇ ਨਾ ਆਈਆ । ਇਹ ਲਿਖ ਕੇ ਗਿਆ ਨਾਨਕ ਵੇਦੀ ਤੇ ਗੋਬਿੰਦ ਸੋਢੀ, ਸੋਢੀਆਂ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਰਮ ਪੁਰਖ ਅਖਵਾਈਆ । ਓਹ ਆਉਣ ਵਾਲਾ ਸਭ ਦੇ ਕੋਲ ਨਾਲ ਤੇਜ਼ੀ, ਰਫ਼ਤਾਰ ਆਪਣੀ ਰਿਹਾ ਬਦਲਾਈਆ । ਨਾਰਦ ਕਹੇ ਇਹੋ ਖ਼ਬਰ ਮੈਂ ਦੱਸਣ ਆਇਆ ਪ੍ਰਦੇਸੀ, ਦੇਸ ਵਾਲਿਓ ਦਿਆਂ ਜਣਾਈਆ । ਅੰਤ ਸਭ ਨੂੰ ਭੁਗਤਣੀ ਪੈਣੀ ਉਸ ਦੇ ਕੋਲ ਪੇਸ਼ੀ, ਪੇਸ਼ਤਰ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਰਦ ਕਹੇ ਨੌ ਖੰਡ ਪ੍ਰਿਥਮੀ ਵਾਲਿਓ ਤੁਸੀਂ ਉਸ ਦੇ ਦਰ ਉਤੇ ਕਦੀ ਨਹੀਂ ਬਦੇਸ਼ੀ, ਦੇਸ਼ਾਂ ਦਾ ਮਾਲਕ ਇਕੋ ਨਜ਼ਰੀ ਆਈਆ ।

## ✻ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਵਰਖਾ ਸਿੰਘ ਦੇ ਗ੍ਰਿਹ ਪਿੰਡ ਬਾਊਪੁਰ ✻

ਨਾਰਦ ਕਹੇ ਮੈਂ ਗਿਆ ਵਿਚ ਨਾਰਥ, ਨਾਰਥ ਪੋਲ ਵੇਖ ਵਖਾਈਆ । ਓਥੇ ਸਾਰੇ ਬੈਠੇ ਜਿਨ੍ਹਾਂ ਦਾ ਜਗਤ ਦਾ ਸਵਾਰਥ, ਆਸਾ ਮਨ ਵਧਾਈਆ । ਪ੍ਰੇਮੀ ਮਿਲਿਆ ਨਾ ਕੋਇ ਪਰਮਾਰਥ, ਪਰਮਾਨੰਦ ਨਾ ਕੋਇ ਜਣਾਈਆ । ਜਿਧਰ ਜਾਵਾਂ ਮੇਰੇ ਉਤੇ ਲੱਗੀ ਗਾਰਦ, ਪਹਿਰਾ ਦਿਤਾ ਜਣਾਈਆ । ਕਿਸੇ ਅੰਦਰ ਵਸਿਆ ਨਾ ਕੋਇ ਪੁਰਸ਼ਾਰਥ, ਪੁਰਸ਼ਾਰਥੀ ਨਜ਼ਰ ਕੋਇ ਨਾ ਆਈਆ । ਮੈਂ ਬਚਨ ਦੱਸਿਆ ਯਥਾਰਥ, ਯਦੀ ਦਿਤਾ ਸਮਝਾਈਆ । ਭਾਵੇਂ ਕਿੰਨੇ ਖਾਇਓ ਪਦਾਰਥ, ਪਦਵੀ ਮਿਲੇ ਨਾ ਧੁਰਦਰਗਾਹੀਆ । ਮੈਂ ਜ਼ੋਰ ਨਾਲ ਕਿਹਾ ਜੇ ਨਹੀਂ ਲੱਭਿਆ ਤੇ ਹੁਣ ਵੇਖਣਾ ਪਊ ਵਿਚ ਭਾਰਤ, ਭਾਰਤਖੰਡ ਵੱਜੇ ਵਧਾਈਆ । ਖੋਜਣੀ ਨਹੀਂ ਕੋਈ ਸਫ਼ਾਰਸ਼, ਵਿਚੋਲਾ ਕੋਈ ਨਜ਼ਰ ਨਾ ਆਈਆ । ਰਾਤੀਂ ਸੁਤਿਆਂ ਤੁਹਾਡੇ ਪਰਧਾਨਾਂ ਨੂੰ ਹੋਵੇ ਜ਼ਿਆਰਤ, ਚਸ਼ਮ ਦੀਦ ਰੁਸ਼ਨਾਈਆ । ਫੇਰ ਤੁਸਾਂ ਸਮਝਣਾ ਕੋਈ ਦੀਨ ਦੁਨੀ ਦਾ ਆਇਆ ਵਾਰਸ, ਜ਼ੁਮੇਵਾਰ ਅਖਵਾਈਆ । ਜਿਸ ਦੇ ਕੋਲ ਦੀਨਾਂ ਮਜ਼੍ਹਬਾਂ ਦੀ ਨਹੀਂ ਆੜ੍ਹਤ, ਨਾਮ ਆਪਣੇ ਹੱਟ ਵਿਕਾਈਆ । ਜਿਸ ਨੂੰ ਸਮਝਾਏ ਨਾ ਕੋਈ ਇਬਾਰਤ, ਲੇਖਨੀ ਲੇਖ ਨਾ ਕੋਇ ਦਰਸਾਈਆ । ਉਸ ਨੇ ਦੀਨ ਦੁਨੀ ਦੀ ਬਦਲ ਦੇਣੀ ਵਜ਼ਾਰਤ, ਵੁਜ਼ਰਾ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਪੈਣੀ ਕੁਰਲਾਹਟ, ਕੂਕ ਕੂਕ ਸਾਰੇ ਦੇਣ ਗਵਾਹੀਆ । ਉਸ ਦੇ ਆਉਣ ਦੀ ਸਾਰੇ ਸੁਣ ਲਓ ਆਹਟ, ਆਵਾਜ਼ ਦਿਆਂ ਜਣਾਈਆ । ਜਿਸ ਨੇ ਉਲਟੇ ਕਰਨੇ ਘਾਟ, ਪਾਣੀ ਵਹਿਣ ਬਦਲਾਈਆ । ਰਹਿਣ ਨਹੀਂ ਦੇਣੇ ਤੀਰਥ ਤਾਟ, ਅਠਸਠ ਪੰਧ ਮੁਕਾਈਆ । ਚੜ੍ਹਨ ਦੇਣੇ ਨਹੀਂ ਤੁਹਾਡੇ ਬਿਬਾਨ ਰਾਕਟ, ਰਾਕਟ ਆਪਣਾ ਨਾਮ ਚੜ੍ਹਾਈਆ । ਭਾਵੇਂ ਕੋਟ ਪਤਲੂਨ ਪਹਿਨੋ ਭਾਵੇਂ ਜਾਕਟ, ਜਗਹ ਸਭ ਨੂੰ ਦਏ ਸਮਝਾਈਆ । ਹੁਣ ਤੇ ਰਸ਼ੀਆ ਵਾਲਿਓ ਤੁਸੀਂ ਦਿਸਦੇ ਨਾਸਤਕ, ਪ੍ਰਭ ਦਾ ਨਾਮ ਨਾ ਕੋਇ ਧਿਆਈਆ । ਮੈਂ ਦੱਸਣ ਆਇਆ ਵਾਸਤਕ, ਵਾਕ ਦਿਆਂ ਸੁਣਾਈਆ । ਤੁਹਾਡਾ ਚੰਮੜਾ ਕੂਲਾ ਪਲਾਸਟਕ, ਬਨਾਉਟੀ ਨਜ਼ਰੀ ਆਈਆ ।

ਜਿਸ ਵੇਲੇ ਪ੍ਰਭ ਦੇ ਨਾਮ ਦਾ ਲੱਗਾ ਕਾਸਟਕ, ਅੰਦਰੋਂ ਬਾਹਰੋਂ ਕਰੇ ਸਫ਼ਾਈਆ । ਕਿਸੇ ਕੰਮ ਨਹੀਂ ਆਉਣੀ ਜਗਤ ਵਾਲੀ ਸਿਆਸਤ, ਸਿਆਹ
ਝੰਡੀਆਂ ਸਭ ਨੂੰ ਦਏ ਵਖਾਈਆ । ਧੰਨ ਦੌਲਤ ਦੀ ਖ਼ਾਲੀ ਹੋਵੇ ਪਾਕਟ, ਗਿਰਹਾ ਗਿਰੇਬਾਨ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ
ਲੱਗਣੀ ਆਤਸ਼, ਅਗਨੀ ਅੱਗ ਨਾ ਕੋਇ ਬੁਝਾਈਆ । ਈਸਾ ਮੂਸਾ ਮੁਹੰਮਦ ਕਰਨੀ ਸਾਜਸ਼, ਝਗੜਾ ਤੁਹਾਡੇ ਗਲ ਵਿਚ ਪਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਗਿਆ ਨਾਲ ਚਲਾਕੀ,
ਆਪਣਾ ਵੇਸ ਵਟਾਈਆ । ਲੰਘ ਗਿਆ ਵਿਚੋਂ ਦੀ ਨਿੱਕੀ ਤਾਕੀ, ਜਿਸ ਦੀ ਸਮਝ ਕਿਸੇ ਨਾ ਆਈਆ । ਤੱਕੇ ਬੰਦੇ ਖ਼ਾਕੀ, ਤਨ ਵਜੂਦ ਸੁਹਾਈਆ ।
ਮਨ ਹੋਇਆ ਆਕ਼ੀ, ਇਨਕਾਰ ਵਿਚ ਦੁਹਾਈਆ । ਜਗਤ ਜਾਮ ਪਿਆਲੇ ਪੀਣ ਬਣ ਕੇ ਸਾਕੀ, ਆਬੇਹਯਾਤ ਨਾ ਕੋਇ ਪਿਆਈਆ । ਕਲਪਣਾ
ਵਿਚ ਹੋਏ ਆਕ਼ੀ, ਹੰਕਾਰ ਗੜ੍ਹ ਤੁੜਾਈਆ । ਮੈਂ ਕਿਹਾ ਪਹਿਲੋਂ ਆਪਣੀ ਪਛਾਣੋ ਜ਼ਾਤੀ, ਕੌਣ ਤੁਹਾਡੀ ਬਣਤ ਬਣਾਈਆ । ਵੇਲਾ ਆਉਣਾ
ਤੁਸੀਂ ਕਰ ਨਾ ਸਕੋ ਆਪਣੀ ਰਾਖੀ, ਰੱਖਕ ਹੋਏ ਨਾ ਕੋਇ ਸਹਾਈਆ । ਮੇਰਾ ਕਹਿਣਾ ਸਮਝੋ ਨਾ ਕੋਇ ਗੁਸਤਾਖ਼ੀ, ਸਹਿਜ ਸੁਭਾਓ ਆਪਣੇ ਆਪ
ਜਣਾਈਆ । ਗਿੱਲਾ ਗੋਹਾ ਧੁਖਦਾ ਵੇਖਿਓ ਈਂਧਨ ਪਾਥੀ, ਪੱਥਰਾਂ ਦੇ ਆਰ ਪਾਰ ਦੁਹਾਈਆ । ਅੰਤਮ ਨੇੜੇ ਆ ਗਈ ਵਾਟੀ, ਪੈਂਡਾ ਰਿਹਾ
ਨਾ ਰਾਈਆ । ਸਭ ਦੀ ਕਰੇ ਛਾਂਟੀ, ਵੇਖੇ ਜਗਤ ਲੋਕਾਈਆ । ਨਾਤਾ ਤੁੱਟੇ ਚਾਚੀ ਤਾਈ ਫੂਫੀ ਆਂਟੀ, ਅੰਕਲ ਨਜ਼ਰ ਕੋਇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਗਿਆ ਨਾਰਥ ਵਾਲੀ ਸਿੰਮਤ, ਆਪਣਾ
੧੦੬੪
ਪੰਧ ਮੁਕਾਈਆ । ਜਿਧਰ ਤੱਕਾਂ ਸਾਰੇ ਪ੍ਰਭ ਦੇ ਨਿੰਦਕ, ਨਾਮ ਵਾਲਾ ਨਜ਼ਰ ਕੋਇ ਨਾ ਆਈਆ । ਮੇਰੇ ਅੰਤਰ ਆਈ ਚਿੰਤਕ, ਚਿੰਤਾ ਵਿਚ

ਆਪਣਾ ਆਪ ਵਟਾਈਆ । ਕਿਉਂ ਦੁਨੀਆ ਹੋਈ ਹਿੰਸਕ, ਅਹਿੰਸਾ ਨਾ ਕੋਇ ਰਖਾਈਆ । ਮੈਂ ਸਹਿਜ ਨਾਲ ਕੀਤੀ ਮਿੰਨਤ, ਨਿਉਂ ਕੇ ਮੰਗ ਮੰਗਾਈਆ ।
੨੧
ਕੁਛ ਆਪਣੀ ਕਰੋ ਹਿੰਮਤ, ਹੌਸਲਾ ਲਓ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਲਾਈਆ ।
ਨਾਰਦ ਕਹੇ ਮੈਂ ਕੀ ਦੱਸਾਂ ਅਜਬ ਕਥਾ ਕਹਾਣੀ, ਕਹਿ ਕੇ ਦਿਆਂ ਜਣਾਈਆ । ਜਿਸ ਨੂੰ ਵੇਖਾਂ ਉਹ ਕਹੇ ਮੈਂ ਮਹਾਰਾਣੀ, ਦੂਜਾ ਵੱਡਾ ਨਜ਼ਰ
ਕੋਇ ਨਾ ਆਈਆ । ਜਿਧਰ ਤੱਕਾਂ ਪੰਜ ਤਤ ਸ਼ੈਤਾਨੀ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਜਿਧਰ ਤੱਕਾਂ ਮਨਸਾ ਦੀ ਮਹਿਮਾਨੀ,
ਮਮਤਾ ਘਰ ਘਰ ਰਹੀ ਖਵਾਈਆ । ਜਿਧਰ ਵੇਖਾਂ ਕਿਰਿਆ ਕੂੜ ਜਵਾਨੀ, ਜੋਬਨ ਹਉਮੇ ਰਹੀ ਪ੍ਰਗਟਾਈਆ । ਜਿਧਰ ਵੇਖਾਂ ਨੇਤਰ ਨੈਣ ਮਾਰਨ
ਕਾਨੀ, ਅੱਖ ਅੱਖ ਬਦਲਾਈਆ । ਜਿਧਰ ਤੱਕਾਂ ਹੁੰਦੀ ਜਾਏ ਹੈਰਾਨੀ, ਪ੍ਰੇਸ਼ਾਨੀ ਵਿਚ ਦੁਹਾਈਆ । ਮੈਂ ਹੱਥ ਰੱਖਿਆ ਆਪਣੀ ਉਤੇ ਪੇਸ਼ਾਨੀ,
ਦੂਰ ਦੁਰਾਡਾ ਧਿਆਨ ਲਗਾਈਆ । ਜਾਂ ਦੂਰ ਵੇਖਿਆ ਮੈਨੂੰ ਓਹ ਦਿਸਿਆ ਜਿਹੜਾ ਬੱਚਿਆਂ ਦੀ ਦੇ ਗਿਆ ਕ਼ੁਰਬਾਨੀ, ਸੂਰਬੀਰ ਅਖਵਾਈਆ ।
ਉਨ ਇਸ਼ਾਰਾ ਦਿਤਾ ਮੈਨੂੰ ਮੰਜ਼ਲ ਹੋਰ ਦੱਸੀ ਰੁਹਾਨੀ, ਰੂਹ ਬੁਤ ਤੋਂ ਪਰੇ ਕਰ ਵਖਾਈਆ । ਜਿਥੇ ਜਲਵਾਗਰ ਲਾਸਾਨੀ, ਨਿਰਗੁਣ ਬੈਠਾ ਸੋਭਾ
ਪਾਈਆ । ਜਗੇ ਜੋਤ ਨੂਰ ਨੁਰਾਨੀ, ਨਿਰਗੁਣ ਕਰੇ ਇਕ ਰੁਸ਼ਨਾਈਆ । ਜੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਸੁਰਤੀ ਸਭ ਦੀ ਦਏ
ਬਦਲਾਈਆ । ਰਹਿਣ ਦੇਵੇ ਨਾ ਕਿਸੇ ਦੀ ਪਹਿਲਵਾਨੀ, ਜੋਰੂ ਜ਼ਰ ਦਾ ਡੇਰਾ ਢਾਹੀਆ । ਮੇਟ ਦੇਵੇ ਜਗਤ ਵਿਦਵਾਨੀ, ਵਿਦਿਆਹੀਣ ਕਰੇ

ਲੋਕਾਈਆ । ਜਿਸ ਨੇ ਦੁਨੀਆ ਦੱਸੀ ਫ਼ਾਨੀ, ਫ਼ਨਾਹਫ਼ਿੱਲਾ ਉਹੋ ਦਏ ਕਰਾਈਆ । ਮੈਨੂੰ ਐਂ ਦਿਸਦਾ ਇਹ ਖੇਲ ਚਾਰ ਡੰਗੀ ਮਹਿਮਾਨੀ, ਮਹਿਮਾਨਖ਼ਾਨਾ ਲੋਕਮਾਤ ਰਿਹਾ ਵਖਾਈਆ । ਅੰਤਮ ਸਭ ਦੀ ਜੂਹ ਹੋਈ ਬੇਗਾਨੀ, ਘਰ ਦਾ ਮਾਲਕ ਨਜ਼ਰ ਕੋਇ ਨਾ ਆਈਆ । ਸਭ ਨੇ ਚੋਟੀ ਛੱਡਣੀ ਜਿਹੜੀ ਠੰਡੀ ਦਿਸੇ ਬਰਫ਼ਾਨੀ, ਸੀਤਲ ਸਤਿ ਨਾ ਕੋਇ ਕਰਾਈਆ । ਸਭ ਨੇ ਸਰੋਵਰ ਤਜਣੇ ਸਮੁੰਦ ਸਾਗਰ ਜੋ ਛੱਲਾਂ ਵਾਲੇ ਪਾਣੀ, ਲਹਿਰਾਂ ਵਿਚੋਂ ਲਹਿਰ ਬਦਲਾਈਆ । ਸਭ ਨੇ ਮਾਣ ਛੱਡਣੇ ਜ਼ਿਮੀਂ ਅਸਮਾਨੀ, ਮਾਣ ਰੱਖੇ ਨਾ ਕੋਇ ਲੋਕਾਈਆ । ਨਾਰਦ ਕਹੇ ਮੈਨੂੰ ਦੁਨੀਆ ਦਿਸੇ ਬੇਗਾਨੀ, ਬੇਵਾ ਰੂਪ ਜਣਾਈਆ । ਭਾਵੇਂ ਮੈਨੂੰ ਸਾਰੇ ਕਹਿਣ ਇਹ ਕਰਦਾ ਫਿਰੇ ਸ਼ੈਤਾਨੀ, ਪੈਗ਼ੰਬਰਾਂ ਦੇ ਘਰਾਂ ਵਿਚ ਅਗਨੀ ਲਾਈਆ । ਭਾਵੇਂ ਮੇਰੀ ਸਾਰੇ ਕਰਨ ਬਦਨਾਮੀ, ਬਦੀ ਦਾ ਚੋਲਾ ਮੇਰੇ ਗਲ ਵਿਚ ਪਾਈਆ । ਮੈਂ ਤੇ ਹੁਕਮ ਮੰਨਣਾ ਇਕੋ ਅੰਤਰਜਾਮੀ, ਜੋ ਜੁਗ ਜੁਗ ਸੰਦਸ਼ੇ ਦਏ ਪਹੁੰਚਾਈਆ । ਮੈਂ ਕਿਸੇ ਦਾ ਸੁਣਦਾ ਨਹੀਂ ਕਲਮਾ ਕਲਾਮੀ, ਕਾਇਨਾਤ ਭੈ ਨਾ ਕੋਇ ਰਖਾਈਆ । ਜਿਥੇ ਨਹੀਂ ਕੋਈ ਪੁੱਜਦਾ ਉਥੇ ਜਾ ਕੇ ਮੈਂ ਆਪਣੀ ਗੱਡਾਂ ਨਿਸ਼ਾਨੀ, ਮੇਰੀ ਨਿਸ਼ਾਨੀ ਮੇਰਾ ਬੋਲਬਾਲਾ ਨਜ਼ਰੀ ਆਈਆ । ਮੈਂ ਸਭ ਨੂੰ ਦੱਸਣ ਆਇਆ ਵੇਖੋ ਤੱਕੋ ਪੈਗ਼ੰਬਰਾਂ ਦਾ ਪੈਗ਼ੰਬਰ ਅਮਾਮਾਂ ਦਾ ਅਮਾਮ ਸੁਲਤਾਨੀ, ਸ਼ਹਿਨਸ਼ਾਹ ਸ਼ਾਹ ਅਸਮਾਨੀ ਦੋ ਜਹਾਨੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਰਦ ਕਹੇ ਮੇਰਾ ਵਾਰਸ ਮੇਰਾ ਜੀਵ ਪ੍ਰਾਨੀ, ਪਰਾਨਪਤਿ ਮੇਰਾ ਓਹੋ ਨਜ਼ਰੀ ਆਈਆ ।



## ✲ ੨੩ ਫੱਗਣ ਸ਼ਹਿਨਸ਼ਾਹੀ ਸੰਮਤ ੪ ਆਸਾ ਸਿੰਘ ਬਲਾਕਾ ਸਿੰਘ ਦੇ ਘਰ ਪਿੰਡ ਬਾਊਪੁਰ ✲

ਨਾਰਦ ਕਹੇ ਮੈਂ ਭੱਜਾਂ ਦੀਨ ਦੁਨੀ, ਨੌਂ ਸੱਤ ਫੇਰਾ ਪਾਈਆ । ਮਿਲਿਆ ਕੋਈ ਨਾ ਰਿਖੀ ਮੁਨੀ, ਮੁਨੀ ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਅੰਤਰ ਆਤਮਾ ਵੱਜਦੀ ਦਿਸੇ ਨਾ ਕੋਈ ਧੁਨੀ, ਧੁਨ ਆਤਮਕ ਰਾਗ ਨਾ ਕੋਇ ਅਲਾਈਆ । ਬੋਧ ਅਗਾਧ ਲੱਭੇ ਕੋਈ ਨਾ ਗੁਣੀ, ਗੁਣਵੰਤ ਸੋਭਾ ਕੋਈ ਨਾ ਪਾਈਆ । ਮੈਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਛਾਣੀ ਪੁਣੀ, ਕਾਇਨਾਤ ਧਿਆਨ ਲਗਾਈਆ । ਜਾਂ ਤੱਕਿਆ ਈਸਾ ਦੀ ਸਦੀ ਚਲੇ ਉਨੀਂ, ਉਨੀਸਾ ਬੀਸਾ ਰਾਹ ਤਕਾਈਆ । ਸਾਚਾ ਨਾਮ ਜਗਤ ਰਸਨਾ ਮਿਲੇ ਨਾ ਚੁਲੀ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗੇ ਨਾ ਕਾਇਆ ਸਾਢੇ ਤਿੰਨ ਹੱਥ ਕੁੱਲੀ, ਕਲਮੇ ਵਾਲੇ ਦੇਣ ਦੁਹਾਈਆ । ਅੰਮ੍ਰਿਤ ਧਾਰ ਮਿਲੇ ਨਾ ਬੂੰਦ ਸਵਾਂਤੀ ਡੁੱਲ੍ਹੀ, ਅਗੰਮਾ ਰਸ ਨਾ ਕੋਇ ਚਖਾਈਆ । ਤ੍ਰੈਗੁਣ ਮਾਇਆ ਪੰਜ ਤੱਤ ਤਪਾਈ ਚੁੱਲ੍ਹੀ, ਅਗਨੀ ਅੱਗ ਤਪਾਈਆ । ਜੀਵਣ ਜ਼ਿੰਦਗੀ ਸਭ ਦੀ ਹੁੱਲੀ, ਸਿੰਮਲ ਰੁੱਖ ਵਾਂਗ ਲਹਿਰਾਈਆ । ਆਤਮ ਪਰਮਾਤਮ ਧਾਰ ਸਭ ਨੂੰ ਭੁੱਲੀ, ਬ੍ਰਹਮ ਪਾਰਬ੍ਰਹਮ ਨਾ ਕੋਇ ਮਿਲਾਈਆ । ਝਗੜਾ ਪਿਆ ਰੋਟੀ ਜੁੱਲੀ, ਸਾਂਤਕ ਸਤਿ ਨਾ ਕੋਇ ਕਰਾਈਆ । ਵਸਤ ਮਿਲੇ ਨਾ ਅਨਮੁਲੀ, ਨਾਮ ਨਿਧਾਨ ਨਾ ਕੋਇ ਵਰਤਾਈਆ । ਜੂਠ ਝੂਠ ਤੇ ਦੁਨੀਆ ਤੁਲੀ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਮਾਇਆ ਮਮਤਾ ਵਿਚ ਫਲੀ ਫੁਲੀ, ਹਉਮੇ ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਸਾਚੇ ਕੰਡੇ ਨਾਮ ਕੋਇ ਨਾ ਤੁਲੀ, ਤਰਾਜ਼ੂ ਹੱਥ ਕਿਸੇ ਨਾ ਆਈਆ । ਚਾਰ ਵਰਨਾਂ ਵਿਚ ਰੁਲੀ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਧਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਨਾਰਦ ਕਹੇ ਮੈਂ ਦੀਨ ਦੁਨੀ ਦਾ ਤੱਕਿਆ ਡੂੰਘਾ ਕਾਇਆ ਮੰਦਰ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਘਰ ਘਰ ਅੰਦਰ ਵੱਜਾ ਜੰਦਰ, ਪਰਦਾ ਸਕੇ ਨਾ ਕੋਇ ਉਠਾਈਆ । ਪ੍ਰਕਾਸ਼ ਦਿਸੇ ਨਾ ਅੰਧੇਰੀ ਕੰਦਰ, ਨੂਰੀ ਜੋਤ ਨਾ ਕੋਇ ਚਮਕਾਈਆ । ਮਨੂਆ ਦਹਿ ਦਿਸ਼ਾ ਉਠ ਧਾਵੇ ਬੰਦਰ, ਸੁਰਤੀ ਸ਼ਬਦ ਨਾ ਕੋਇ ਬੰਧਾਈਆ । ਸਾਚੀ ਵਸਤ ਪ੍ਰਭ ਦਵਾਰੇ ਜਾਏ ਕੋਈ ਨਾ ਮੰਗਣ, ਧਰਮ ਦੀ ਝੋਲੀ ਨਾ ਕੋਇ ਭਰਾਈਆ । ਤਨ ਵਜੂਦ ਚੜ੍ਹੇ ਕਿਸੇ ਨਾ ਰੰਗਣ, ਦੁਰਮਤ ਮੈਲ ਨਾ ਕੋਇ ਧਵਾਈਆ । ਪੁਰਖ ਅਕਾਲੇ ਦੀਨ ਦਿਆਲੇ ਪਤਿਪਰਮੇਸ਼ਵਰ ਪਰਵਰਦਿਗਾਰ ਕਰੇ ਕੋਈ ਨਾ ਬੰਦਨ, ਸਯਦਾ ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਤਿਪਰਮੇਸ਼ਵਰ ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਮੈਂ ਦੀਨ ਦੁਨੀ ਦਾ ਤੱਕਿਆ ਅੰਤਸ਼ਕਰਨ, ਅੰਤਰ ਅੰਤਰ ਵੇਖ ਵਖਾਈਆ । ਨੇਤਰ ਖੁਲ੍ਹਿਆ ਨਾ ਕਿਸੇ ਹਰਨ ਫਰਨ, ਨਿਜ ਲੋਚਣ ਨੈਣ ਨਾ ਕੋਇ ਰੁਸ਼ਨਾਈਆ । ਸਾਚੀ ਮੰਜ਼ਲ ਮੂਲ ਨਾ ਚੜ੍ਹਨ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਅਜਪਾ ਜਾਪ ਬਿਨ ਰਸਨਾ ਜਿਹਵਾ ਮੂਲ ਨਾ ਕਰਨ, ਹਿਰਦੇ ਹਰਿ ਨਾ ਕੋਇ ਵਸਾਈਆ । ਭਵਜਲ ਪਾਰ ਭਵਸਾਗਰ ਮੂਲ ਨਾ ਤਰਨ, ਆਪ ਆਪਣਾ ਪੰਧ ਮੁਕਾਈਆ । ਸਾਹਿਬ ਸਵਾਮੀ ਮਿਲੇ ਕਿਸੇ ਨਾ ਸਰਨ, ਸਰਨਗਤ ਨਾ ਕੋਇ ਰਖਾਈਆ । ਮਾਇਆ ਮਮਤਾ ਵਹਿਣ ਹੜ੍ਹਨ, ਕਾਮ ਕਰੋਧ ਲੋਭ ਮੋਹ ਰਿਹਾ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਂ ਦੀਨ ਦੁਨੀ ਦੀ ਵੇਖੀ ਆਦਤ, ਅਦਲੀ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਪਈ ਬਗ਼ਾਵਤ, ਝਗੜਾ ਸਕੇ ਨਾ ਕੋਇ ਮਿਟਾਈਆ । ਨਾਮ ਕ਼ਲਮੇ ਹੋਈ ਅਦਾਵਤ, ਅੱਲਾ ਵਾਹਿਗੁਰੂ ਕਰੇ ਲੜਾਈਆ । ਸਾਚੀ ਬਖ਼ਸ਼ਿਸ਼ ਮਿਲੇ ਨਾ ਕੋਇ ਸਖ਼ਾਵਤ, ਰਹਿਮਤ ਰਹੀਮ ਰਹਿਮਾਨ ਝੋਲੀ ਕੋਇ ਨਾ ਪਾਈਆ । ਨਾਉਂ ਨਿਰੰਕਾਰ ਹੱਥ ਨਾ ਆਏ ਨਿਆਮਤ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਜੂਠੀ ਝੂਠੀ ਬਾਹਰੋਂ ਦਿਸੇ ਬਨਾਵਟ, ਅੰਤਰ ਕਰੇ ਨਾ ਕੋਇ ਸਫ਼ਾਈਆ । ਸਦੀ ਚੌਧਵੀਂ ਸਭ ਨੂੰ ਆਈ ਥਕਾਵਟ, ਬਲਹੀਣ ਦੇਣ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਜਗਤ ਤ੍ਰਿਸ਼ਨਾ ਮੇਟ ਨਾ ਸਕੇ ਅਲਾਮਤ, ਆਲਮ ਇਲਮ ਉਲਮਾ ਨਾ ਕੋਇ ਵਡਿਆਈਆ । ਝਗੜਾ ਪਾਇਆ ਬੋਦੀ ਜੰਞੂ ਹਜ਼ਾਮਤ, ਮੁੱਛ ਦਾੜ੍ਹੀ ਕੇਸ ਦਸਮੇਸ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਤਟ ਕਿਨਾਰੇ ਤੱਕੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਈਆ । ਮੈਂ ਗਿਆ ਮਦੀਨੇ ਮੱਕੇ, ਮਹਿਰਾਬਾਂ ਹੁਜਰਿਆਂ ਵਿਚ ਦੁਹਾਈਆ । ਚਰਚਾਂ ਵਿਚ ਹੁੰਦੇ ਸੱਟੇ, ਸੱਟੇਬਾਜ਼ੀ ਕੂੜ ਲੋਕਾਈਆ । ਮੰਦਰ ਮਸਜਿਦ ਸ਼ਿਵਦਵਾਲੇ ਰਹੇ ਤਪੇ, ਗੁਰੂਦਵਾਰ ਦੇਣ ਦੁਹਾਈਆ । ਸਾਚੀ ਧਾਰ ਦਿਸੇ ਕਿਸੇ ਨਾ ਅੱਖੇ, ਆਖ਼ਰ ਮੇਲ ਨਾ ਕੋਇ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗੀਤਾ ਗਿਆਨ ਖਾਣੀ ਬਾਣੀ ਹੋਈ ਹੱਕੇ ਬੱਕੇ, ਹਕ਼ੀਕ਼ਤ ਸਮਝ ਕਿਸੇ ਨਾ ਆਈਆ । ਅੰਤ ਅਖ਼ੀਰ ਪਤ ਕੋਇ ਨਾ ਰੱਖੇ, ਬੇਨਜ਼ੀਰ ਸਾਰੇ ਰਹੇ ਕੁਰਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਝਗੜਾ ਪਿਆ ਤਤ ਅੱਠੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਰਬ ਕਰੇ ਲੜਾਈਆ । ਲਹਿਣਾ ਦੇਣਾ ਚੁਕਾਇਆ ਮੂਲ ਕੋਈ ਨਾ ਯਥੇ, ਸਨਮੁਖ ਹੋ ਕੇ ਸੋਭਾ ਕੋਈ ਨਾ ਪਾਈਆ । ਕਿਰਪਾ ਕਰ ਪੁਰਖ

ਸਮਰਥੇ, ਪਾਰਬ੍ਰਹਮ ਤੇਰੀ ਸਰਨਾਈਆ । ਸ਼ਬਦ ਗੁਰੂ ਗੁਰਦੇਵ ਸਵਾਮੀ ਪ੍ਰਗਟ ਹੋਇਆ ਤਤ ਗੁਰੂ ਦੇ ਵੱਟੇ, ਬਦਲਾ ਮੁਕੇ ਜਗਤ ਲੋਕਾਈਆ । ਤੇਰਾ ਨਾਮ ਵਿਕਦਾ ਦੁਨੀਆਦਾਰੀ ਦੇ ਟਕੇ, ਕ਼ੀਮਤ ਹੱਟਾਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸਚ ਤੇਰੀ ਓਟ ਤਕਾਈਆ । ਨਾਰਦ ਕਹੇ ਮੇਰੇ ਅੰਦਰ ਆਈ ਹੈਰਾਨੀ, ਹੈਰਤ ਵਿਚ ਜਣਾਈਆ । ਸ਼ਾਹ ਸੁਲਤਾਨਾਂ ਅੰਦਰ ਦਿਸੇ ਬੇਈਮਾਨੀ, ਬੇਵਾ ਹੋਈ ਖ਼ਲਕ ਖ਼ੁਦਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਪਾਕ ਨਾ ਕੋਇ ਕਰਾਈਆ । ਮੰਜ਼ਲ ਮਿਲੇ ਕਿਸੇ ਨਾ ਆਸਾਨੀ, ਅਸਮਾਨਾਂ ਉਤੇ ਧਿਆਨ ਨਾ ਕੋਇ ਲਗਾਈਆ । ਸਾਰੇ ਪ੍ਰਭ ਦੇ ਨਾਮ ਦੀ ਕਰਨ ਬਦਨਾਮੀ, ਬਦੀ ਦਾ ਡੇਰਾ ਕੋਇ ਨਾ ਢਾਹੀਆ । ਸ਼ਰਅ ਦੀ ਫਸੇ ਵਿਚ ਗ਼ੁਲਾਮੀ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਅੱਖਰਾਂ ਵਾਲੀ ਦੱਸ ਕਹਾਣੀ, ਰਾਗਾਂ ਨਾਦਾਂ ਵਿਚ ਜਣਾਈਆ । ਕਿਸ ਬਿਧ ਮਿਟੇ ਕਲਜੁਗ ਰੈਣ ਅੰਧੇਰੀ ਕਾਲੀ, ਕਲਕਾਤੀ ਹੋਏ ਕਸਾਈਆ । ਦੀਨ ਦੁਨੀ ਦੀ ਦੁਨੀਆਦਾਰੀ ਵਿਚੋਂ ਹੋਏ ਬਹਾਲੀ, ਬਹੁੜ ਆਪਣੇ ਰੰਗ ਰੰਗਾਈਆ । ਭਾਗ ਲਗਾਏ ਸੱਚੀ ਧਰਮਸਾਲੀ, ਦਰ ਦਵਾਰਾ ਇਕੋ ਨਜ਼ਰੀ ਆਈਆ । ਨਾਰਦ ਕਹੇ ਮੈਂ ਦੱਸਦਾ ਹਾਲ ਹਾਲੀ, ਅੱਖੀਂ ਵੇਖਿਆ ਦਿਆਂ ਦ੍ਰਿੜਾਈਆ । ਦੀਨ ਦੁਨੀ ਦੇ ਬਾਗ਼ ਦਾ ਮੈਨੂੰ ਨਜ਼ਰ ਨਾ ਆਵੇ ਕੋਈ ਮਾਲੀ, ਵਾਲੀ ਬੈਠਾ ਮੁਖ ਛੁਪਾਈਆ । ਜਿੱਧਰ ਤੱਕਾਂ ਚਾਰੇ ਕੁੰਟ ਦਿਸਣ ਖ਼ਾਲੀ, ਖ਼ਾਲਕ ਖ਼ਲਕ ਨਾ ਕੋਇ ਸਹਾਈਆ । ਚਾਰੋਂ ਕੁੰਟ ਕਿਧਰੇ ਝਟਕਾ ਤੇ ਕਿਧਰੇ ਹਲਾਲੀ, ਸਤਿ ਧਰਮ ਨਾ ਕੋਇ ਕਮਾਈਆ । ਮਾਇਆ ਮਮਤਾ ਕਰੇ ਦਲਾਲੀ, ਕੂੜੀ ਕਿਰਿਆ ਨਾਲ ਰਲਾਈਆ । ਫਲ ਦਿਸੇ ਕਿਸੇ ਨਾ ਡਾਲੀ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਤ੍ਰੈਗੁਣ ਤੋੜੇ ਨਾ ਕੋਇ ਜੰਜਾਲੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪ ਆਪਣੀ ਕਰ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਧਾਰ ਸਦਾ ਬਣੇ ਰਹੇ ਤੇਰੇ ਸਵਾਲੀ, ਦਰ ਠਾਂਡੇ ਭਿੱਖਕ ਹੋ ਕੇ ਆਪਣੀ ਮੰਗ ਮੰਗਾਈਆ ।

### ✻ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੱਖਣ ਸਿੰਘ ਦੇ ਘਰ ਪਿੰਡ ਬਾਬੂਪੁਰ ✻

ਨਾਰਦ ਕਹੇ ਮੈਂ ਰਾਤੀਂ ਰਾਵੀ ਕੰਡੇ ਗਿਆ ਓਹ ਘੂਕ ਸੁੱਤੀ, ਮਸਤੀ ਵਿਚ ਨਿੱਸਲ ਹੋ ਕੇ ਆਪਣਾ ਆਸਣ ਲਾਈਆ । ਮੈਂ ਅਲਖ ਜਗਾਈ ਉਚੀ, ਕੂਕ ਕੂਕ ਕੇ ਦਿਤਾ ਸੁਣਾਈਆ । ਜੇ ਕੋਈ ਨਹਾਤੀ ਧੋਤੀ ਸੁੱਚੀ, ਸੰਜਮ ਵਾਲੀ ਹੋਵੇ ਬੈਠੀ ਮਾਈਆ । ਮੈਨੂੰ ਭਿਛਿਆ ਪਾ ਦੇਵੇ ਇਕ ਮੁੱਠੀ, ਆਪਣੀ ਧਰਮ ਗੰਢ ਖੁਲ੍ਹਾਈਆ । ਮੇਰੀ ਆਵਾਜ਼ ਸੁਣ ਕੇ ਮੂਲ ਨਾ ਉਠੀ, ਪਾਸਾ ਨਾ ਲਿਆ ਬਦਲਾਈਆ । ਮੈਂ ਝਟ ਪਟ ਪੈਰੋਂ ਲਾਹ ਕੇ ਜੁੱਤੀ, ਦੱਬੇ ਪੈਰੀਂ ਅੱਗੇ ਗਿਆ ਚਾਈਂ ਚਾਈਂਆ । ਫੇਰ ਅਲਖ ਜਗਾਈ ਤੁਹਾਡੇ ਭਾਗ ਲੱਗੇ ਪੁੱਤੀਂ, ਕੋਈ ਝੋਲੀ ਦਿਓ ਭਰਾਈਆ । ਓਹ ਫੇਰ ਹੋ ਗਈ ਭਾਰ ਵੱਖੀ, ਦੂਜੀ ਕਰਵਟ ਲਈ ਬਦਲਾਈਆ । ਮੈਨੂੰ ਗ਼ੁੱਸਾ ਚੜ੍ਹਿਆ ਮੈਂ ਉਹਦੇ ਲੱਕ ਵਿਚ ਮਾਰੀ ਮੁੱਕੀ, ਕਮਰ ਦਿਤੀ ਹਿਲਾਈਆ । ਕੁਛ ਹੋਰ ਮਾਰ ਕੀਤੀ ਗੁੱਝੀ, ਆਪਣਾ ਜ਼ੋਰ ਵਧਾਈਆ । ਉਸ ਮੇਰਾ ਕੰਨ ਫੜ ਲਿਆ ਤੇ ਮੈਨੂੰ ਕਹੇ ਵੇ ਨਾਰਦਾ ਮੈਂ ਤੇ ਪੁਰਾਣੀ ਬੁੱਢੀ, ਬਿਰਧ

ਅਵਸਥਾ ਨਜ਼ਰੀ ਆਈਆ । ਨਾਰਦ ਝਟ ਪਾਉਣ ਡਹਿ ਪਿਆ ਲੁੱਡੀ, ਨੱਚੇ ਟੱਪੇ ਆਪਣੀ ਖ਼ੁਸ਼ੀ ਮਨਾਈਆ । ਨੀ ਰਾਵੀਏ ਤੂੰ ਬੁੱਢੀ ਤੂੰ ਬਣ ਜਾ ਗੁੱਡੀ, ਨੌਜਵਾਨ ਰੂਪ ਵਟਾਈਆ । ਹੁਣ ਛੱਡ ਦੇ ਪਿਛਲੀ ਵਦੀ ਸੁਦੀ, ਆਯੂ ਗਣਤ ਨਾ ਕੋਇ ਗਣਾਈਆ । ਜੇ ਕਹੇਂ ਤੇ ਸੀਰ ਆ ਜਾਏ ਤੇਰੇ ਦੁੱਧੀਂ, ਆਪਣਾ ਰਸ ਟਪਕਾਈਆ । ਰਾਵੀ ਸਵਧਾਨ ਹੋ ਕੇ, ਨਾਰਦ ਕਹੇ, ਮੇਰੇ ਪੈਰ ਘੁੱਟਣ ਲੱਗੀ ਰੁੱਗੀਂ, ਸੇਵਾ ਸਹਿਜ ਸਹਿਜ ਕਮਾਈਆ । ਉਨੇ ਚਿਰ ਉਹ ਮਰੀ ਹੋਈ ਆ ਗਈ ਘੁੱਗੀ, ਜਿਸ ਦਾ ਲੇਖਾ ਪਿੱਛੇ ਦਿਤਾ ਮੁਕਾਈਆ । ਓਸ ਕਿਹਾ ਨੀ ਰਾਵੀਏ ਉਠ ਕਮਲੀਏ ਤੇਰੇ ਭਾਗ ਲੱਗਾ ਕੰਢੀ ਉਤੇ ਝੁੱਗੀ, ਝੁੱਗੇ ਰਿਹਾ ਵਸਾਈਆ । ਜਿਸ ਦੀ ਯਾਦ ਵਿਚ ਪੜ੍ਹਦੀ ਰਹੀ ਜੁਗੀਂ, ਜੁਗ ਜੁਗ ਧਿਆਨ ਲਗਾਈਆ । ਓਹ ਆ ਗਿਆ ਮੈਨੂੰ ਇਹੋ ਰਮਜ ਸੁਝੀ, ਭੇਵ ਦਿਆਂ ਖੁਲ੍ਹਾਈਆ । ਰਾਵੀ ਕਹੇ ਮੈਂ ਸੁੱਤੀ ਨਹੀਂ ਸਾਂ ਮੈਂ ਓਸੇ ਦੇ ਪਿਆਰ ਵਿਚ ਰੁੱਝੀ, ਅੰਦਰੇ ਅੰਦਰ ਉਸੇ ਦਾ ਧਿਆਨ ਲਗਾਈਆ । ਜਿਸ ਦੇ ਵਿਛੋੜੇ ਵਿਚ ਦੁੱਖੀ, ਦਰਦਾਂ ਵਿਚ ਕੁਰਲਾਈਆ । ਅੱਜ ਉਸ ਦਾ ਨੇਤਰ ਮੀਟ ਕੇ ਮੈਂ ਤਕਦੀ ਸਾਂ ਸੋਹਣਾ ਮੁਖੀ, ਜਿਸ ਵਿਚੋਂ ਸੋਹਣਾ ਨੂਰ ਮੈਨੂੰ ਨਜ਼ਰੀ ਆਈਆ । ਮੈਂ ਮਸਤ ਹੋਈ ਖ਼ੁਸ਼ੀ ਵਿਚ ਆਪਣੇ ਆਸਣ ਸੁੱਤੀ, ਸੁੱਤਿਆਂ ਵੀ ਓਸੇ ਦਾ ਦਰਸ਼ਨ ਪਾਈਆ । ਨਾਰਦ ਜੀ ਤੁਸੀਂ ਦੱਸੋ ਕਿਸ ਕਾਰਨ ਕੱਟੀ ਬੁੱਤੀ, ਆਪਣਾ ਪੰਧ ਮੁਕਾਈਆ । ਨਾਰਦ ਕਿਹਾ ਪਹਿਲੋਂ ਮੇਰਿਆਂ ਮੋਢਿਆਂ ਨੂੰ ਘੁੱਟੀਂ, ਫਿਰ ਸਾਹ ਲੈ ਕੇ ਦਿਆਂ ਜਣਾਈਆ । ਨਾਲੇ ਹੱਸਣ ਡਹਿ ਪਿਆ ਨੀ ਰਾਵੀ ਤੂੰ ਅੱਜ ਕਿਉਂ ਘੁੱਸੀ ਟੁੱਟੀ, ਹਾਰ ਸ਼ਿੰਗਾਰ ਨਾ ਕੋਇ ਲਗਾਈਆ । ਮੈਨੂੰ ਪਤਾ ਨਹੀਂ ਸੀ ਪੰਡਤ ਜੀ ਆਉਂਦੇ ਤਾਅ ਦਿਤਾ ਬਿਨਾ ਮੁੱਛੀਂ, ਆਕੜ ਵਿਚ ਚਲਿਆ ਆਵੇ ਚਾਈਂ ਚਾਈਂਆ । ਤੂੰ ਕਿਹੜੀ ਗੱਲੋਂ ਮੇਰੇ ਨਾਲ ਰੁੱਸੀ, ਮੈਨੂੰ ਦੇ ਸਮਝਾਈਆ । ਕੀ ਤੇਰੀ ਵੀ ਮੇਰੇ ਵਾਂਗ ਹੈ ਨਹੀਂ ਮਾਸੀ ਫੁੱਫੀ, ਇਕੱਲੀ ਰਹਿ ਕੇ ਝਟ ਲੰਘਾਈਆ । ਕੀ ਤੂੰ ਵੀ ਰਾਹੋਂ ਤੇ ਨਹੀਂ ਘੁਸੀ, ਮੈਨੂੰ ਦੇ ਦ੍ਰਿੜਾਈਆ । ਕਿਤੇ ਤੇਰਾ ਜੀਅ ਤੇ ਨਹੀਂ ਕਰਦਾ ਮੈਂ ਬਾਣਾ ਪਹਿਨਣਾ ਰੂਸੀ, ਆਪਣਾ ਰੂਪ ਬਦਲਾਈਆ । ਕਿਤੇ ਵਿਚਾਰ ਤੇ ਨਹੀਂ ਆਇਆ ਮੈਂ ਮੁਹੰਮਦ ਵਾਲਿਆਂ ਦੀ ਪਹਿਨਣੀ ਸੂਸੀ, ਕਾਲਾ ਰੰਗ ਰੰਗਾਈਆ । ਕਿਤੇ ਦਿਲ ਤੇ ਨਹੀਂ ਕੀਤਾ ਮੈਂ ਈਸਾ ਵਾਲਿਆਂ ਦੀ ਪੰਘੂੜਨੀ ਝੂਟੀ, ਹੁਲਾਰਾ ਲੈਣਾ ਚਾਈਂ ਚਾਈਂਆ । ਕਿਤੇ ਮਨ ਤੇ ਨਹੀਂ ਮੰਨ ਗਿਆ ਮੈਂ ਸਿਰ ਤੇ ਪਾਵਾਂ ਠੂਠੀ, ਉਚੀ ਹੋ ਕੇ ਚਲਾਂ ਚਾਈਂ ਚਾਈਆ । ਰਾਵੀ ਕਹੇ ਨਾਰਦਾ ਸੰਭਾਲ ਲੈ ਆਪਣੀ ਬੂਥੀ, ਕਿਉਂ ਗੱਲਾਂ ਰਿਹਾ ਕਢਾਈਆ । ਮੈਂ ਤੇ ਤਕਦੀ ਚਾਰੇ ਕੂਟੀ, ਦਹਿ ਦਿਸ਼ਾ ਧਿਆਨ ਲਗਾਈਆ । ਮੈਂ ਛੱਡ ਦਿਤਾ ਪੂਜਾ ਪਾਠ ਦੀਨ ਵਾਲੀ ਅਹੂਤੀ, ਘਿਰਤ ਦੀਪ ਜੋਤ ਨਾ ਕੋਇ ਜਗਾਈਆ । ਮੈਂ ਲਾਹ ਦਿਤੀ ਤਨ ਮਲਣ ਵਾਲੀ ਭਬੂਤੀ, ਸੁਆਹ ਛਾਰ ਨਾ ਕੋਇ ਸੀਸ ਪਵਾਈਆ । ਮੇਰੇ ਉਤੇ ਕਿਉਂ ਐਵੇਂ ਲਾਵੇਂ ਲੂਤੀ, ਗੱਲਾਂ ਰਿਹਾ ਸੁਣਾਈਆ । ਫਿਰ ਨਾਰਦ ਕਹੇ, ਬੀਬਾ, ਗ਼ੁੱਸਾ ਨਾ ਕਰੀਂ ਮੈਂ ਤੇ ਚਲਣ ਫਿਰਨ ਵਾਲਾ ਦੂਤੀ, ਦੁਤੀਆ ਭਾਉ ਨਾ ਕੋਇ ਰਖਾਈਆ । ਜੇ ਆਹ ਮੇਰੇ ਕੋਲੋਂ ਇਕ ਪੀ ਲਏਂ ਬੂਟੀ, ਤੈਨੂੰ ਨਸ਼ਾ ਦਏ ਚੜ੍ਹਾਈਆ । ਰਾਵੀ ਕਿਹਾ ਨਾਰਦਾ ਤੂੰ ਬੜਾ ਸ਼ੈਤਾਨ ਦੀ ਟੂਟੀ, ਗੱਲ ਨਵੀਂ ਤੋਂ ਨਵੀਂ ਸੁਣਾਈਆ । ਨਾਰਦ ਕਿਹਾ ਮੈਂ ਹੁਣੇ ਹਜਾਮਤ ਕਰਾ ਕੇ ਆਇਆ ਮੁਖ ਤੇ ਫਰਾ ਕੇ ਸਾਬਣ ਵਾਲੀ ਕੂਚੀ, ਸੋਹਣਾ ਸੀਸ ਮੁੰਡਾਈਆ । ਰਾਵੀ ਤੂੰ ਤੇ ਕਲ੍ਹ ਦੀ ਨਿੱਕੀ ਜਿਹੀ ਚੂਚੀ, ਕਿਉਂ ਚੂਚਿਆਂ ਵਾਂਗ ਰੌਲਾ ਪਾਈਆ । ਰਾਵੀ ਕਿਹਾ ਨਾਰਦਾ ਸਚ ਪੁੱਛੇਂ ਮੇਰੀ ਉਸ ਪ੍ਰਭੂ ਦੇ ਨਾਲ ਇਕੋ ਰੁਚੀ, ਜਿਸ ਦੀ ਰਚਨਾ ਸਾਰੀ ਨਜ਼ਰੀ ਆਈਆ । ਨਾਰਦ ਕਹੇ ਮੈਂ ਨਹੀਂ ਮੰਨਦਾ

ਜਿਹੜੀ ਬਿਨਾ ਵਿਚੋਲੇ ਤੋਂ ਪ੍ਰਭੂ ਨਾਲ ਯਾਰੀ ਲਾਵੇ ਮੈਨੂੰ ਦਿਸਦਾ ਉਹ ਲੁੱਚੀ, ਬਦਮਾਸ਼ ਨਜ਼ਰੀ ਆਈਆ । ਰਾਵੀ ਨੇ ਦੰਦਾਂ ਹੇਠਾਂ ਲੈ ਕੇ ਜ਼ਬਾਨ ਟੁੱਕੀ, ਗ਼ੁੱਸੇ ਵਿਚ ਦੰਦੀਆਂ ਰਹੀ ਦਬਾਈਆ । ਨਾਰਦ ਕਿਹਾ ਕਿਤੇ ਹਿਰਦਾ ਤੇ ਨਹੀਂ ਹੋ ਗਿਆ ਦੁਖੀ, ਮੈਨੂੰ ਦੇ ਸੁਣਾਈਆ । ਰਾਵੀ ਰੋ ਪਈ ਉਚੀ ਉਚੀ, ਨੇਤਰ ਨੈਣਾਂ ਨੀਰ ਵਹਾਈਆ । ਨਾਰਦ ਨੇ ਤਾਅ ਦਿਤਾ ਮੁੱਛੀਂ, ਆਕੜ ਕੇ ਕਹੇ ਮੈਂ ਭੈ ਵਿਚ ਲਿਆ ਡਰਾਈਆ । ਉਨੇ ਚਿਰ ਨੂੰ ਇਕ ਨਾਈ ਆ ਗਿਆ ਗਲ ਵਿਚ ਪਾਈ ਗੁੱਛੀ, ਨਹੇਰਨੇ ਉਸਤਰੇ ਰਿਹਾ ਵਖਾਈਆ । ਓਨੇ ਚਿਰ ਨੂੰ ਇਕ ਜੱਟ ਆ ਗਿਆ ਸਾਂਘਾ ਮੋਢਿਆਂ ਉਤੇ ਚੁੱਕੀ, ਸਿੰਗੜ ਤਿੱਖੇ ਨਜ਼ਰੀ ਆਈਆ । ਨਾਰਦ ਵੇਖ ਕੇ ਕਹੇ ਇਹ ਕੋਈ ਖੇਲ ਹੋਣੀ ਗੁੱਝੀ, ਮੈਨੂੰ ਸਮਝ ਨਾ ਕੋਇ ਸਮਝਾਈਆ । ਨਾਰਦ ਦੀ ਡਰਨ ਲਗੀ ਬੁੱਧੀ, ਅੰਦਰੇ ਅੰਦਰ ਬਲਹੀਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਰਦ ਰਾਵੀ ਨਾਲ ਕਰੇ ਗੱਲਾਂ, ਸਹਿਜ ਸਹਿਜ ਆਪਣਾ ਆਪ ਮਟਕਾਈਆ । ਓਧਰੋਂ ਜ਼ੋਰ ਦੀਆਂ ਆਈਆਂ ਛੱਲਾਂ, ਲਹਿਰ ਲਹਿਰ ਵਿਚੋਂ ਪ੍ਰਗਟਾਈਆ । ਇਕ ਦਮ ਪੁਰਖ ਅਕਾਲ ਵਿਚੋਂ ਨਿਕਲਿਆ ਇਕੱਲਾ, ਸਤਿ ਸਰੂਪ ਸੋਭਾ ਪਾਈਆ । ਨਾਰਦ ਮੂਰਖ ਬਣ ਗਿਆ ਝੱਲਾ, ਝੱਲਿਆਂ ਵਾਂਗ ਰੌਲਾ ਪਾਈਆ । ਹੱਥ ਵਿਚ ਫੜ ਕੇ ਟੱਲਾ, ਟੱਲੀਆਂ ਜਾਏ ਖੜਕਾਈਆ । ਪਰਮ ਪੁਰਖ ਨੇ ਕਰ ਕੇ ਵਲ ਛਲਾ, ਸਿਰ ਉਤੇ ਹੱਥ ਟਿਕਾਈਆ । ਜਾਂ ਵੇਖਿਆ ਸਮਰਥ ਸਵਾਮੀ ਅੱਗੇ ਖਲਾ, ਸਹਿਬ ਸੁਲਤਾਨ ਨਜ਼ਰੀ ਆਈਆ । ਝਟ ਪਟ ਰਾਵੀ ਦਾ ਫੜਿਆ ਪੱਲਾ, ਨਿਉਂ ਨਿਉਂ ਸੀਸ ਨਿਵਾਈਆ । ਰਾਵੀਏ ਤੂੰ ਧੰਨ ਜਿਸ ਦੇ ਦਵਾਰੇ ਪੁਰਖ ਅਬਿਨਾਸ਼ੀ ਖਲਾ, ਆਪਣਾ ਪੰਧ ਮੁਕਾਈਆ । ਰਾਵੀ ਕਹੇ ਏਥੋਂ ਜਾ ਚਲਾ, ਚਲਾਕੀ ਨਾ ਕੋਇ ਜਣਾਈਆ । ਤੂੰ ਤੇ ਮੈਨੂੰ ਲੁੱਚੀ ਕਹਿੰਦਾ ਸੈਂ ਹੁਣ ਕਿਉਂ ਕਰੇਂ ਵਲ ਛਲਾ, ਸਚ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਨਾਰਦ ਕਹੇ ਰਾਵੀ ਇਹ ਕਲਜੁਗ ਈ ਕਲਜੁਗ ਮੈਂ ਤੈਨੂੰ ਸਵਾਧਾਨ ਦਿਤਾ ਕਰਾਈਆ । ਜਿਸ ਘਰ ਵਿਚ ਮੇਰਾ ਪੁਰਖ ਅਕਾਲ ਜਾਏ ਵਸੇ, ਓਨ੍ਹਾਂ ਸਾਰਿਆਂ ਨੂੰ ਦੁਨੀਆ ਏਸੇ ਤਰ੍ਹਾ ਗੱਲਾਂ ਕਰ ਕੇ ਰਹੀ ਸੁਣਾਈਆ । ਮੈਂ ਅੱਛਾ ਚਲ ਕੇ ਏਥੇ ਗਿਆ ਪੁੱਜ, ਦਰ ਤੇਰੇ ਡੇਰਾ ਲਾਈਆ । ਜਿਹੜੀ ਗੱਲ ਤੈਨੂੰ ਨਹੀਂ ਰਹੀ ਸੀ ਸੁੱਝ, ਉਹ ਤੈਨੂੰ ਦਿਤੀ ਸਮਝਾਈਆ । ਭਾਵੇਂ ਕਿੰਨੇ ਤਾਹਨੇ ਮਿਹਣੇ ਦੇਣ ਲੋਕ, ਸਮਾਜ ਵਾਲੇ ਨਾਤਾ ਜਾਣ ਛੁਡਾਈਆ । ਪਰ ਯਾਦ ਰੱਖੀਂ ਤੂੰ ਗਾਉਣੋਂ ਨਹੀਂ ਹਟਣਾ ਪ੍ਰਭ ਦਾ ਸਲੋਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਕੋਈ ਇਕ ਦਿਨ ਦੀ ਗੱਲ ਨਹੀਂ ਹੁਣ ਤੇ ਮਿਲਣਾ ਪੈਣਾ ਰੋਜ਼, ਕਿੰਨਾ ਚਿਰ ਲੁਕ ਕੇ ਝਟ ਲੰਘਾਈਆ । ਮੈਨੂੰ ਐਂ ਦਿਸਦਾ ਭਾਵੇਂ ਤੂੰ ਬੁੱਢੀ ਭਾਵੇਂ ਤੂੰ ਨੱਢੀ ਭਾਵੇਂ ਜੋਬਨਵੰਤੀ ਮੇਰੇ ਸਾਹਿਬ ਸਤਿਗੁਰ ਨੇ ਸਭ ਦੇ ਸਾਹਮਣੇ ਤੈਨੂੰ ਰੱਖਣਾ ਆਪਣੀ ਵਿਚ ਗੋਦ, ਕਿਉਂ ਗੋਦਾਵਰੀ ਦਾ ਸਾਥੀ ਉਹਦੇ ਨਾਲ ਨਜ਼ਰੀ ਆਈਆ । ਕਿਉਂ ਆਦਿ ਤੋਂ ਅੰਤ ਤਕ ਜੁਗਾ ਜੁਗੰਤ ਤਕ ਭਗਤਾਂ ਨਾਲ ਬਣਿਆ ਰਿਹਾ ਇਹਦਾ ਸੰਜੋਗ, ਭਾਵੇਂ ਕੋਈ ਰੋਵੇ ਭਾਵੇਂ ਕੋਈ ਕੁਰਲਾਵੇ ਭਾਵੇਂ ਕੋਈ ਮਜ਼੍ਹਬਾਂ ਵਾਲੇ ਬੰਨ੍ਹੇ ਦਾਅਵੇ, ਭਾਵੇਂ ਕੋਈ ਮਾਤਾ ਪਿਤਾ ਹੋ ਕੇ ਭਰੇ ਹਾਵੇ, ਪਰ ਇਹ ਏਸੇ ਕਰ ਕੇ ਸ਼ੈਤਾਨ ਮੈਨੂੰ ਕਹਿੰਦੇ, ਭਗਵਾਨ ਦੇ ਬੱਚੇ ਜਨ ਭਗਤ ਬਣਾ ਕੇ ਆਪਣੀ ਝੋਲੀ ਪਾਈਆ । ਇਹ ਬਚਨ ਸੁਣ ਕੇ ਗੋਦਾਵਰੀ ਜ਼ੋਰ ਜ਼ੋਰ ਦੀ ਰੋਈ, ਮੈਂ ਕਿਉਂ ਏਥੇ ਆਪਣੇ ਆਸਣ ਸੋਈ, ਮੇਰੀ ਓਸੇ ਦੇ ਨਾਮ ਦਰੋਹੀ, ਜੋ ਦੋ ਜਹਾਨਾਂ ਮਾਲਕ ਨਜ਼ਰੀ ਆਈਆ । ਨਾਰਦ ਕਹੇ ਮੈਂ ਸਭ ਕੁਝ ਵੇਖਿਆ

ਰਾਵੀ ਸੱਚੀਂ ਪ੍ਰਭ ਤੋਂ ਬਿਨਾ ਮਿਲੇ ਕਿਤੇ ਨਾ ਢੋਈ, ਢੋਲਕ ਛੈਣੇ ਬਸਤਰ ਗਹਿਣੇ ਕੱਜਲ ਨੈਣੇ ਮੰਦਰ ਬਹਿਣੇ ਵਹਿਣ ਵਹਿਣੇ, ਨਾਤੇ ਸਾਕ ਸੱਜਣ ਭਾਈ ਭੈਣੇ, ਬੀਬੀਏ ਰਾਣੀਏ, ਇਹ ਸਾਰੇ ਕੰਮ ਕਿਸੇ ਨਾ ਆਈਆ । ਰਾਵੀ ਕਹੇ ਨਾਰਦ ਜੀ ਇਕ ਗੱਲ ਹੋਰ ਸਮਝਾ, ਆਪਣੀ ਦਇਆ ਕਮਾਈਆ । ਨਾਰਦ ਕਿਹਾ ਪਹਿਲੋਂ ਮੰਗ ਦੁਆ, ਆਪਣਾ ਸੀਸ ਨਿਵਾਈਆ । ਜੇ ਉਹ ਕਿਰਪਾ ਕਰੇ ਤੇ ਫੇਰ ਦੇਵਾਂ ਸੁਣਾ, ਸਚ ਸੰਦੇਸ਼ ਅਲਾਈਆ । ਰਾਵੀ ਕਹੇ ਨਾਰਦ ਜੀ ਮੈਨੂੰ ਮਿਲਣ ਦਾ ਬੜਾ ਚਾਅ, ਚਾਉ ਮੇਰੇ ਅੰਦਰ ਆਈਆ । ਨਾਰਦ ਕਹੇ ਪਹਿਲੋਂ ਛੱਡ ਖਾਂ ਪਿਓ ਤੇ ਮਾਂ, ਪਾਣੀ ਦੀਏ ਰਾਣੀਏ ਮੇਰੇ ਹੱਥਾਂ ਉਤੇ ਪੰਜ ਚੂਲੀਆਂ ਦੇ ਟਿਕਾ, ਫੇਰ ਕੰਨਾ ਨੂੰ ਹੱਥ ਲਾ ਆਖ ਮੈਂ ਛੱਡੇ ਭੈਣ ਭਰਾ, ਮਾਂ ਪਿਓ ਦਿਆਂ ਜੰਮਿਆਂ ਸੰਗ ਨਾ ਕੋਇ ਬਣਾਈਆ । ਫੇਰ ਕਹਿ ਮੈਂ ਜਗਤ ਖ਼ੌਂਤ ਨਾ ਲਵਾਂ ਹੰਢਾ, ਖ਼ਸਮ ਕੰਤ ਨਾ ਕੋਇ ਬਣਾਈਆ । ਫੇਰ ਕਹਿ ਮੈਂ ਨਾਨਕੇ ਦਾਦਕੇ ਛੱਡੇ ਅੰਕ ਸਹੇਲੀਆਂ ਦਿਤੀਆਂ ਤਜਾ, ਸਾਥੀ ਸੰਗ ਨਾ ਕੋਇ ਬਣਾਈਆ । ਫੇਰ ਕਹਿ ਸ਼ਰਮ ਹਯਾ ਦਿਤਾ ਗੁਆ, ਲੋਕ ਲੱਜਿਆ ਦਿਤੀ ਤਜਾਈਆ । ਸਮਾਜ ਰਾਜ ਦਾ ਰਿਹਾ ਨਾ ਕੋਈ ਭਾ, ਭਾਉ ਸਿਰ ਨਾ ਕੋਇ ਰਖਾਈਆ । ਫੇਰ ਕਹੋ ਮੈਨੂੰ ਕ਼ਸਮ ਰਹੀ ਨਾ ਸੂਰ ਗਾਂ, ਦੀਨਾਂ ਮਜ਼੍ਹਬਾਂ ਵਿਚੋਂ ਕੱਢ ਲਾ ਆਪਣਾ ਨਾਂ, ਨਬੀਆਂ ਨਾਲੋਂ ਨਾਤਾ ਲੈ ਤੁੜਾਈਆ । ਫੇਰ ਉਚੀ ਕੱਢ ਕੇ ਬਾਂਹ ਕੂਕ ਕੇ ਦੇ ਸੁਣਾ, ਨਾ ਕੋਈ ਮੇਰਾ ਮੈਂ ਕਿਸੇ ਦੀ ਨਾ, ਮੈਨੂੰ ਮਿਲਣ ਕੋਇ ਨਾ ਆਈਆ । ਫੇਰ ਕਹਿ ਮੈਂ ਹਾਰ ਸ਼ਿੰਗਾਰ ਦਿਤੇ ਤਜਾ, ਨੈਣ ਕਜਲਾ ਨਾ ਲਵਾਂ ਲਗਾ, ਸੁਰਖੀ ਬਿੰਦੀ ਰੰਗ ਨਾ ਕੋਇ ਚੜ੍ਹਾਈਆ । ਫੇਰ ਕਹਿ ਮੈਂ ਦੂਤੀ ਦੁਸ਼ਮਣ ਦਿਤੇ ਭਜਾ, ਸਤਿਗੁਰ ਦੀ ਸੂਰਤ ਅੰਦਰ ਲਈ ਵਸਾ, ਓਹੋ ਮੇਰਾ ਪ੍ਰੀਤਮ ਓਹੋ ਮੇਰਾ ਮਾਹੀ ਓਹੋ ਮੇਰਾ ਪਿਤਾ ਮਾਂ, ਦੂਜਾ ਨਜ਼ਰ ਕੋਇ ਨਾ ਆਈਆ ।

੧੦੭੦

ਨਾਰਦ ਜੀ ਕਹੇ ਤੂੰ ਮੇਰੇ ਨਾਲ ਮਲਾ ਦੇ ਹਾਂ, ਤੈਨੂੰ ਵਖਾਵਾਂ ਉਹ ਥਾਂ, ਜਿਥੇ ਬੈਠਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਇਹ ਬਚਨ

੨੧

ਕਰਦਿਆਂ ਦੁਨੀ ਰਾਤੀਂ ਸੁੱਤੀ ਪੁਰਖ ਅਕਾਲਾ ਰਾਵੀ ਕੰਢੇ ਪਹੁੰਚਿਆ ਆ, ਆਪਣਾ ਰੰਗ ਰੰਗਾਈਆ । ਵੇਲਾ ਸਵੇਰੇ ਪੌਣੇ ਛੇ ਦਾ ਵਕ਼ਤ ਲਿਖਾ, ਲੇਖੇ ਵਿਚ ਆਪਣਾ ਪਰਦਾ ਲਾਹੀਆ । ਰਾਵੀ ਨੂੰ ਸੰਦੇਸ਼ਾ ਦਿਤਾ ਤੂੰ ਆਉਣਾ ਨਾਲ ਚਾਅ, ਚਾਉ ਘਨੇਰਾ ਇਕ ਬਣਾਈਆ । ਨੌਂ ਤੋਂ ਸਾਢੇ ਨੌਂ ਤਕ ਏਥੇ ਹੁੰਦੀ ਰਹੀ ਸਲਾਹ, ਮਸ਼ਵਰਾ ਪ੍ਰੇਮ ਨਾਲ ਬਣਾਈਆ । ਰਾਵੀ ਕਹਿ ਕੇ ਗਈ ਮੇਰੇ ਵਿਚੋਂ ਅੱਜ ਪਾਣੀ ਦਾ ਜਗ ਜ਼ਰੂਰ ਲੈਣਾ ਭਰਾ, ਮੈਂ ਕਿਸ਼ਨ ਸਿੰਘ ਦੇ ਘਰ ਜਾਣਾ ਚਾਈਂ ਚਾਈਂਆ । ਮੈਂ ਏਸੇ ਕਰ ਕੇ ਆਪ ਆਈ ਬੇਨੰਤੀ ਕਰਾਂ ਚਰਨ ਸੀਸ ਨਿਵਾ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੇਰਾ ਜਲ ਲੈਣ ਆਵੇ ਉਹ ਅੱਜ, ਅੱਜ ਦਾ ਰਾਹ ਤਕਾਈਆ । ਜਿਹੜਾ ਮੇਰੇ ਕੰਢੇ ਤੋਂ ਗਿਆ ਸੀ ਭੱਜ, ਪਾਰ ਕੰਢਾ ਨਾ ਵੇਖ ਵਖਾਈਆ । ਪਾਰ ਕੰਢੇ ਤੋਂ ਉਸ ਲਿਆਉਣਾ ਭਰ ਕੇ ਜਗ, ਜਗਜੀਵਣ ਦਾਤਾ ਵੇਖ ਵਖਾਈਆ । ਜਿਸ ਵੇਲੇ ਲੋਹ ਥੱਲੇ ਡਾਹੁਣੀ ਅੱਗ, ਅਗਨੀ ਭੇਟ ਕਰਾਈਆ । ਉਸ ਵੇਲੇ ਸਾਹਿਬ ਸਤਿਗੁਰ ਦੇ ਕੋਲ ਜ਼ਰੂਰ ਦੇਣਾ ਰੱਖ, ਭੁੱਲ ਰਹੇ ਨਾ ਰਾਈਆ । ਸਵਾ ਰੁਪਈਆ ਭੇਟ ਕਰਨਾ, ਰਾਵੀ ਕਹੇ, ਮੈਂ ਫੇਰ ਦੱਸਾਂ ਕਿਉਂ ਸਵਾ ਨੂੰ ਕਿਹਾ ਸਵਾ ਲੱਖ, ਲੱਖ ਲੱਖ ਵਧਾਈਆ । ਕੁਛ ਸੁੱਕੇ ਕੋਲ ਰੱਖਣੇ ਕੱਖ, ਪੰਜ ਸੱਤ ਨਜ਼ਰੀ ਆਈਆ । ਇਕ ਬੋਤਲ ਦਾ ਕਾਕ ਰੱਖਣਾ ਗੱਟ, ਨਾਲ ਦੇਣਾ ਛੁਹਾਈਆ । ਕਿਸ਼ਨ ਸਿੰਘ ਨੇ ਆਪਣਾ ਨੰਗਾ ਕਰਨਾ ਸੱਜਾ ਪੱਟ, ਆਸਣ ਇਸ ਤਰਾ ਲੈਣਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕਲਪਣਾ ਮੇਟੇ ਫੱਟ, ਪਟ ਆਪਣਾ ਨਾਮ ਬੰਧਾਈਆ ।

### ✻ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਦੀਦਾਰ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ✻

ਰਾਵੀ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਜ ਖ਼ੁਸ਼ੀਆਂ ਵਿਚ ਹੱਸੀਏ, ਹਸਤ ਹਸਤਾਂ ਨਾਲ ਮਿਲਾਈਆ । ਨੱਚੀਏ ਕੁੱਦੀਏ ਟੱਪੀਏ, ਭੱਜੀਏ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰਾਂ ਦੱਸੀਏ, ਸਚ ਸਚ ਸੁਣਾਈਆ । ਅੱਗੇ ਸਾਰੇ ਮਿਲ ਕੇ ਭਗਤਾਂ ਸੰਗ ਵਸੀਏ, ਇਕੋ ਘਰ ਮਿਲੇ ਵਡਿਆਈਆ । ਮੁਹੱਬਤ ਵਿਚ ਇਕ ਦੂਜੇ ਅੰਦਰ ਰਚੀਏ, ਰਚ ਰਚ ਆਪਣਾ ਰੰਗ ਰੰਗਾਈਆ । ਜਗਤ ਡੋਰ ਤੋੜੀਏ ਕੱਚੀਏ, ਬੰਧਨ ਧੁਰ ਦਾ ਇਕ ਬੰਧਾਈਆ । ਜਗਤ ਮਾਇਆ ਵਿਚ ਨਾ ਮੱਚੀਏ, ਅਗਨੀ ਅੱਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਦਏ ਵਡਿਆਈਆ । ਰਾਵੀ ਕਹੇ ਤੁਸੀਂ ਖ਼ੁਸ਼ੀਆਂ ਵਿਚ ਗਾਓ ਗੀਤ, ਗਾ ਗਾ ਦਿਓ ਸੁਣਾਈਆ । ਜਿਸ ਦੀ ਰਾਮ ਕ੍ਰਿਸ਼ਨ ਨੇ ਕੀਤੀ ਪ੍ਰੀਤ, ਵੇਦ ਵਿਆਸਾ ਢੋਲੇ ਗਿਆ ਗਾਈਆ । ਜਿਸ ਦੇ ਮੂਸਾ ਈਸਾ ਮੁਹੰਮਦ ਹੋਏ ਨਜ਼ਦੀਕ, ਲਾਸ਼ਰੀਕ ਆਪਣਾ ਭੇਵ ਖੁਲ੍ਹਾਈਆ । ਜਿਸ ਦੀ ਨਾਨਕ ਗੋਬਿੰਦ ਮੁਹੱਬਤ ਵਿਚ ਕੀਤੀ ਰੀਝ, ਸਾਚੀ ਸੇਵ ਕਮਾਈਆ । ਓਹ ਸਾਹਿਬ ਸਵਾਮੀ ਅੰਤਰਜਾਮੀ ਸਾਡੇ ਨਾਲ ਗਿਆ ਪਤੀਜ, ਪਤਿਪਰਮੇਸ਼ਵਰ ਦਇਆ ਕਮਾਈਆ । ਜਿਸ ਨੇ ਸਚ ਦਵਾਰੇ ਦੀ ਸਾਚੀ ਦੱਸੀ ਸੀਧ, ਸਿੱਧਾ ਰਾਹ ਇਕ ਪ੍ਰਗਟਾਈਆ । ਸਾਡੀ ਆਸਾ ਮਨਸਾ ਪੂਰੀ ਕਰ ਉਮੀਦ, ਦਰਸ਼ਨ ਦਿਤਾ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰ ਬਣ ਗਏ ਅਜ਼ੀਜ਼, ਪਿਆਰੇ ਲਾਡਲੇ ਸੋਭਾ ਪਾਈਆ । ਸਾਡੀ ਸਾਂਝੀ ਹੋਵੇ ਤਮੀਜ਼, ਸਿਖਿਆ ਇਕ ਸਮਝਾਈਆ । ਪਿਛਲੀ ਕੀਤੀ ਤੇ ਫੇਰੀ ਲੀਕ, ਅਗਲਾ ਹੁਕਮ ਇਕ ਵਰਤਾਈਆ । ਝਗੜਾ ਮਿਟਾ ਕੇ ਹਸਤ ਕੀਟ, ਊਚਾਂ ਨੀਚਾਂ ਦਏ ਵਡਿਆਈਆ । ਨੀਂ ਕਰੇ ਖੇਲ ਇਕ ਅਨਡੀਠ, ਜਿਸ ਦੀ ਸਮਝ ਨਾ ਕੋਇ ਆਈਆ । ਦੀਨ ਦੁਨੀ ਨੂੰ ਦੇ ਕੇ ਪੀਠ, ਪਤਾ ਨਹੀਂ ਕਿਉਂ ਭਗਤਾਂ ਵੱਲ ਆਪਣਾ ਮੁਖ ਰਖਾਈਆ । ਔਹ ਵੇਖ ਸਦੀ ਚੌਧਵੀਂ ਰਹੀ ਬੀਤ, ਆਪਣਾ ਪੰਧ ਮੁਕਾਈਆ । ਔਹ ਵੇਖ ਲੇਖੇ ਮੁਕਣੇ ਮੰਦਰ ਮਸੀਤ, ਕਾਅਬਿਆਂ ਕੀਤੀ ਸਫ਼ਾਈਆ । ਔਹ ਵੇਖ ਸਭ ਦੇ ਵਸਣਾ ਇਕੋ ਚੀਤ, ਚੇਤਨ ਸੁਰਤੀ ਦਏ ਕਰਾਈਆ । ਓਹ ਸਾਹਿਬ ਆ ਗਿਆ ਪੱਤਤ ਪੁਨੀਤ, ਪਾਪੀਆਂ ਦਏ ਤਰਾਈਆ । ਔਹ ਵੇਖ ਸਾਂਝੀ ਕਰੇ ਨਸੀਹਤ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਔਹ ਵੇਖ ਜਿਸ ਦੀ ਸਿਫ਼ਤ ਸੁਣਦੇ ਸਦਾ ਓਹ ਲੱਭ ਗਈ ਅਸਲੀਅਤ, ਅਸਲ ਦਾ ਮਾਲਕ ਸੋਭਾ ਪਾਈਆ । ਜਿਸ ਸਾਨੂੰ ਆਪਣੇ ਦਰ ਤੇ ਦਿਤੀ ਅਹਿਮੀਅਤ, ਅਹਿਮਕਾਂ ਨੂੰ ਰਹਿਮਤ ਨਾਲ ਤਰਾਈਆ । ਸਾਡੇ ਸਾਰਿਆਂ ਦੀ ਇਕ ਵਲਦੀਅਤ, ਵਾਹਿਦ ਇਕੋ ਪਿਤਾ ਮਾਈਆ । ਹੁਣ ਵਖਰੀ ਵਖਰੀ ਰਹੇ ਨਾ ਕੋਇ ਤਬੀਅਤ, ਤਬਅ ਅੰਦਰੋਂ ਲੈਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੈਂ ਖ਼ੁਸ਼ੀਆਂ ਵਿਚ ਰੰਗੀ, ਰੰਗ ਰੰਗੀਲੇ ਦਿਤਾ ਰੰਗਾਈਆ । ਹੱਸ ਕੇ ਕਹਿੰਦੀ ਗੰਗਾ ਗੰਗੀ, ਗੀਤ ਧੁਰ ਦਾ ਇਕ ਸੁਣਾਈਆ । ਜਮਨਾ

ਕਹੇ ਮੈਂ ਇਹੋ ਮੰਗ ਮੰਗੀ, ਵੇ ਕਾਹਨਾ, ਮੈਨੂੰ ਆਪਣਾ ਕਾਹਨ ਦੇਣਾ ਮਿਲਾਈਆ । ਸੁਰਸਤੀ ਕਹੇ ਮੈਂ ਬਥੇਰਾ ਚਿਰ ਕੱਟੀ ਤੰਗੀ, ਵਿਛੋੜੇ ਵਿਚ ਆਪਣਾ ਝਟ ਲੰਘਾਈਆ । ਗੋਦਾਵਰੀ ਕਹੇ ਮੈਨੂੰ ਪਤਾ ਸੀ ਗੋਬਿੰਦ ਦੇ ਨਾਲ ਆਉਣਾ ਪੁਰਖ ਅਕਾਲ ਉਹਦਾ ਸੰਗੀ, ਆਪਣਾ ਸੰਗ ਬਣਾਈਆ । ਨਾਰਦ ਆ ਗਿਆ ਵੇਖਿਆ ਜੇ ਕਿੱਡਾ ਢੰਗੀ, ਕੀ ਆਪਣਾ ਢੰਗ ਚਲਾਈਆ । ਤੁਸੀਂ ਮੌਜਾਂ ਮਾਣਦੀਆਂ ਲਹਿਰਾਂ ਸ਼ਹਿਰਾਂ ਵਿਚ ਏਸ ਤੁਹਾਨੂੰ ਰੋਲ ਦਿਤਾ ਕਾਨਿਆਂ ਕਾਹੀਆਂ ਵਾਲੀ ਵਿਚ ਝੰਗੀ, ਰਾਹ ਨਜ਼ਰ ਕੋਇ ਨਾ ਆਈਆ । ਜੇ ਜ਼ਰਾ ਕੁ ਭੁੱਲ ਜਾਓ ਚਲਦੀਆਂ ਚਲਦੀਆਂ ਡੰਡੀ, ਤੇ ਅੱਗੋਂ ਮੁਹੰਮਦੀ ਘੇਰਾ ਲੈਣ ਪਾਈਆ । ਤੁਹਾਡੇ ਉਤੇ ਲਾ ਦਿਤੀ ਕਿੱਡੀ ਪਾਬੰਦੀ, ਜਿਧਰ ਵੇਖੋ ਉਧਰ ਭਗਤ ਸੁਹੇਲੇ ਨਜ਼ਰੀ ਆਈਆ । ਹੁਣ ਦੱਸੋ ਕਲਜੁਗ ਜੀਵਾਂ ਦੀ ਕਿਥੋਂ ਲੱਭੋਗੀਆਂ ਵਾਸਨਾ ਗੰਦੀ, ਵਿਕਾਰਾਂ ਵਲ ਧਿਆਨ ਲਗਾਈਆ । ਕਿਹੜਾ ਦਾਨ ਮੰਗੋਗੀਆਂ ਜਜਮਾਨਾਂ ਕੋਲੋਂ ਉਤੇ ਕੰਢੀ, ਪਰੋਹਿਤ ਵਿਚੋਲੇ ਵਿਚ ਬਣਾਈਆ । ਹੁਣ ਆਪਣੀਆਂ ਪਿਛਲੀ ਕਮਾਈ ਦੀਆਂ ਬੰਨ੍ਹ ਲਓ ਪੰਡੀ, ਸਿਰ ਆਪਣੇ ਭਾਰ ਉਠਾਈਆ । ਨਹੀਂ ਤੇ ਵੇਖ ਲਓ ਪੂਰੇ ਸਤਿਗੁਰ ਦੀ ਪੂਰਨ ਧਾਰ ਚਮਕੀ ਚੰਡੀ, ਚਾਰੋਂ ਕੁੰਟ ਵਖਾਈਆ । ਤੁਹਾਡੇ ਸਿੱਖ ਮਿਲਣੇ ਨਹੀਂ ਅਨੰਦੀ, ਅਨੰਦ ਰਸ ਨਾ ਕੋਇ ਚਖਾਈਆ । ਇਕੋ ਗੱਲ ਚੰਗੀ, ਪ੍ਰਭ ਦੀ ਸਰਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਅੱਜ ਹੋਈਏ ਤਿਆਰ, ਤਿਆਰੀ ਤਰਾ ਤਰਾ ਕਰਾਈਆ । ਬੀਤ ਗਏ ਦਿਨ ਗਿਆਰ, ਯਾਰਵੇਂ ਦਿਨ ਖ਼ੁਸ਼ੀ ਮਨਾਈਆ । ਮਿਲੀਏ ਉਸ ਮੁਹੰਮਦੀ ਯਾਰ, ਜੋ ਮਹਿਬੂਬ ਇਕ ਅਖਵਾਈਆ । ਚਰਨ ਕਵਲ ਕਰੀਏ ਨਿਮਸਕਾਰ, ਮਸਤਕ ਧੂੜ ਇਕ ਰਮਾਈਆ । ਨਾਰਦ ਕਹੇ ਨੀ ਉਹ ਹੈ ਕਿੱਥੇ ਤੇ ਲੱਭੇ ਕਿਹੜੀ ਉਜਾੜ, ਜੂਹ ਬੇਗਾਨੀ ਨਜ਼ਰੀ ਆਈਆ । ਰਾਵੀ ਕਹੇ ਮੈਂ ਵੇਖਿਆ ਸਾਹਿਬ ਦਾਤਾਰ, ਦੀਨ ਦਿਆਲ ਨਜ਼ਰੀ ਆਈਆ । ਸਾਡੇ ਘਰਾਂ ਮੰਦਰਾਂ ਮਸੀਤਾਂ ਮੱਠਾਂ ਨਾਲੋਂ ਉਹਦਾ ਚੰਗਾ ਉਹਦਿਆਂ ਭਗਤਾਂ ਦਾ ਦਰਬਾਰ, ਜਿਥੇ ਦਵਾਰਕਾਵਾਸੀ ਰਾਮ ਬਨਵਾਸੀ, ਈਸਾ ਮੂਸਾ ਮੁਹੰਮਦ ਚੜ੍ਹਨ ਵਾਲਾ ਫਾਸੀ, ਨਾਨਕ ਗੋਬਿੰਦ ਬਣ ਕੇ ਸਾਰੇ ਸਾਥੀ, ਆਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ, ਮਤਾ ਲਿਆ ਪਕਾਈਆ । ਚਲੀਏ ਜ਼ਰੂਰ ਤੱਕੀਏ ਅਗੰਮੀ ਹਸਤੀ, ਜੋ ਹਸਤ ਕੀਟ ਰਿਹਾ ਸਮਝਾਈਆ । ਕਿਹੜੀ ਥਾਂ ਭਾਗਾਂ ਵਾਲੀ ਧਰਤੀ, ਜਿਥੇ ਬੈਠਾ ਆਸਣ ਲਾਈਆ । ਓਹ ਆਇਆ ਕਿਉਂ ਵਿਚ ਏਨੀ ਸਰਦੀ, ਆਪਣਾ ਪੰਧ ਮੁਕਾਈਆ । ਨਾਰਦ ਕਹੇ ਉਸ ਦਾ ਭਗਤਾਂ ਨਾਲ ਕੌਲ ਇਕਰਾਰ ਸ਼ਰਤੀ, ਆਪਣੀ ਸ਼ਰਅ ਨਾ ਕਦੇ ਬਦਲਾਈਆ । ਤੁਸੀਂ ਧਰਤੀ ਉਤੇ ਰਹਿੰਦੀਆਂ ਉਹ ਮਾਲਕ ਪ੍ਰੀਤਮ ਅਰਸ਼ੀ, ਅਰਸ਼ਾਂ ਦਾ ਮਾਲਕ ਫ਼ਰਸ਼ਾਂ ਉਤੇ ਸੋਭਾ ਪਾਈਆ । ਫਿਰ ਕੱਢ ਕੇ ਨਿੱਕੀ ਜੇਹੀ ਪਰਚੀ, ਪ੍ਰਾਚੀਨ ਦਾ ਲੇਖਾ ਰਿਹਾ ਵਖਾਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰ ਨਾਮ ਦੀ ਦੇ ਨਾ ਸਕੇ ਖਰਚੀ, ਧਰਮ ਖ਼ਜ਼ਾਨਾ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਚਰਚੀ, ਗਿਰਜਿਆਂ ਵਿਚ ਗਰਜ ਨਾ ਕੋਇ ਸੁਣਾਈਆ । ਜਗਤ ਸਵਾਣੀਆਂ ਛੱਡ ਦੇਣ ਮਧਾਣੀਆਂ ਚਲਾਉਣੀ ਭੁਲ ਜਾਣ ਚਰਖੀ, ਆਪਣਾ ਆਪ ਜਾਣ ਬਦਲਾਈਆ । ਗੁਰੂਆਂ ਅਵਤਾਰਾਂ ਪੈਗ਼ੰਬਰਾਂ ਦੀ ਜਗਹ ਘਰ ਘਰ ਆਪਣੇ ਬੱਚਿਆਂ ਦੀ ਮਨਾਉਣ ਡਹਿ ਪੈਣ ਬਰਸੀ, ਸਾਧ ਸੰਤ ਉਨ੍ਹਾਂ ਦੇ ਘਰ ਜਾ ਜਾ ਕੇ ਪਕਵਾਨ

ਲੈਣ ਖਾਈਆ । ਏਦੂ ਵੱਡੀ ਹੋਰ ਕੀ ਹੋਣੀ ਗ਼ਰਕੀ, ਗੁਰੂਆਂ ਦੀ ਜਗਹ ਮਲ ਮੂਤਰ ਵਾਲੇ ਬੱਚੇ ਘਰ ਵਿਚ ਆਪਣੇ ਗੁਰੂ ਲੈਣ ਬਣਾਈਆ । ਇਹ ਖੇਲ ਕਲਜੁਗ ਦੀ ਤੇ ਕਲਜੁਗ ਦੀ ਕਲਾ ਹੋਣੀ ਚੜ੍ਹਦੀ, ਵਿਦਵਾਨਾਂ ਦੇ ਅੰਦਰ ਇਹ ਮਨਮਤ ਦੇਣੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਜਾਣੇ ਚੋਟੀ ਜੜ੍ਹ ਦੀ, ਚੇਤਨ ਦਾ ਮਾਲਕ ਚੇਤਨਤਾ ਸਭ ਦੀ ਵੇਖ ਵਖਾਈਆ ।

❊ ੨੪ ਫੱਗਣ ਸ਼ਹਿਨਸ਼ਾਹੀ ਸੰਮਤ ੪ ਜਮਾਦਾਰ ਕਿਸ਼ਨ ਸਿੰਘ ਦੇ ਗ੍ਰਹਿ ਪਿੰਡ ਅਲ੍ਹੜ ਪਿੰਡੀ ਜ਼ਿਲਾ ਗੁਰਦਾਸਪੁਰ ❊

ਰਾਵੀ ਕਹੇ ਮੇਰਾ ਪੂਰਾ ਹੋਇਆ ਵਕਤ, ਸੁਹੰਜਣੀ ਘੜੀ ਖ਼ੁਸ਼ੀ ਮਨਾਈਆ । ਮੈਨੂੰ ਅੰਤ ਸੰਦੇਸ਼ਾ ਦਿਤਾ ਫਕਤ, ਜਾਗਰਤ ਜੋਤ ਕਰ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਤੇਰਾ ਲਹਿਣਾ ਦੇਣਾ ਮੁਕਾਏ ਫ਼ਕਤ, ਫ਼ਿਕਰਾ ਧੁਰ ਦਾ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰੇ ਸ਼ਰਤ, ਸ਼ਰਅ ਦੀਨ ਦੁਨੀ ਵਖਾਈਆ । ਸਚਖੰਡ ਨਿਵਾਸੀ ਆਵੇ ਉਤੋਂ ਅਰਸ਼, ਨਿਰਗੁਣ ਨੂਰ ਨੂਰ ਰੁਸ਼ਨਾਈਆ । ਭਾਗ ਲਗਾਵੇ ਧਰਨੀ ਧੌਲ ਧਰਤ, ਧਵਲ ਦੇਵੇ ਮਾਣ ਵਡਿਆਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਹਰਸ, ਹਵਸ ਅਗਲੀ ਵੇਖ ਵਖਾਈਆ । ਦੀਨ ਦਿਆਲ ਦੀਨਾਂ ਅਨਾਥਾਂ ਉਤੇ ਕਰੇ ਤਰਸ, ਰਹਿਮਤ ਹੱਕ ਕਮਾਈਆ । ਜੋ ਪ੍ਰਭ ਦੀ ਯਾਦ ਵਿਚ ਰਹੇ ਭਟਕ, ਤਿਨ੍ਹਾਂ ਭਗਤਾਂ ਲਏ ਮਿਲਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸਿੱਧੀ ਕਰ ਕੇ ਸੜਕ, ਦੀਨਾਂ ਮਜ਼੍ਹਬਾਂ ਪੰਧ ਮੁਕਾਈਆ । ਮਾਇਆ ਮਮਤਾ ਮਨ ਕਲਪਣਾ ਰਹੇ ਕੋਈ ਨਾ ਅਟਕ, ਬੁਧ ਬਿਬੇਕ ਦਏ ਕਰਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਬੇਪਰਵਾਹ ਆਪਣੀ ਕਾਰ ਕਮਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਕੋਝਿਆਂ ਕਮਲਿਆਂ ਗਲੇ ਲਗਾਈਆ । ਗੁਰ ਅਰਜਨ ਕਹੇ ਮੇਰੀ ਬੇਨੰਤੀ ਇਕੋ ਅਰਜ਼, ਆਰਜ਼ੂ ਦਿਤੀ ਸਮਝਾਈਆ । ਰਾਵੀ ਤੂੰ ਵੀ ਆਪਣਾ ਪੂਰਾ ਕਰਨਾ ਫ਼ਰਜ਼, ਸੀਸ ਜਗਦੀਸ਼ ਇਕ ਝੁਕਾਈਆ । ਜਿਸ ਨੇ ਪੁੱਠੀ ਸਿੱਧੀ ਕਰਨੀ ਨਰਦ, ਕਲਜੁਗ ਕੂੜੀ ਕਿਰਿਆ ਪੰਧ ਮੁਕਾਈਆ । ਸਦੀ ਚੌਧਵੀਂ ਕਰੇ ਖੇਲ ਅਸਚਰਜ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਹੜਾ ਮਜ਼੍ਹਬ ਇਸਲਾਮ ਧਰਮ ਛੁਰੀ ਕਸਾਈ ਬਣਿਆ ਕਰਦ, ਕ਼ਤਲਗਾਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਸੁਣ ਸਤਿਗੁਰ ਅਰਜਨ, ਮੈਨੂੰ ਦੇ ਜਣਾਈਆ । ਮੇਰੇ ਅੰਦਰ ਲੱਗੀ ਭਟਕਣ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਮੇਰਾ ਦਿਲ ਲੱਗਾ ਧੜਕਣ, ਬਹੁੜੀ ਬਹੁੜੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਸਤਿਗੁਰੂ ਕਿਉਂ ਬੈਠਾ ਤੱਤੀ ਲੋਹ, ਤਵੀਆਂ ਤਨ ਤਪਾਈਆ । ਗੁਰ ਅਰਜਨ ਕਿਹਾ ਇਹ ਪ੍ਰਭੂ ਮੇਰੇ ਦਾ ਮੋਹ, ਮੁਹੱਬਤ ਆਪਣੀ ਇਕ ਸਮਝਾਈਆ । ਸਚ ਪ੍ਰਕਾਸ਼ ਦੇ ਕੇ ਲੋਅ, ਮੇਰੇ ਅੰਦਰ ਕਰੇ ਰੁਸ਼ਨਾਈਆ । ਅਸੀਂ ਆਦਿ ਜੁਗਾਦਿ ਇਕ ਕੋਈ ਨਾ ਸਮਝੇ ਦੋ, ਦੂਆ ਨਜ਼ਰ ਕੋਇ ਨਾ ਆਈਆ । ਜੋ ਕੁਛ ਕਰਨਾ ਸੋ ਆਪੇ ਰਿਹਾ ਹੋ, ਹੋਕਾ ਦੇ ਕੇ ਰਿਹਾ ਦ੍ਰਿੜਾਈਆ । ਪ੍ਰਭ ਦਾ ਭੇਵ ਨਾ ਜਾਣੇ ਕੋ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ

ਕੁਰਾਨ ਪਰਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਉਠਾਈਆ । ਰਾਵੀ ਕਹੇ ਕਿਉਂ ਬੈਠਾ ਲੋਹ ਤੱਤੀ, ਅਗਨੀ ਤਤ ਤਪਾਈਆ । ਜੇ ਤੇਰਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਮੈਨੂੰ ਭੇਵ ਖੁਲ੍ਹਾ ਦੇ ਰਤੀ, ਪਰਦਾ ਦੇ ਚੁਕਾਈਆ । ਖ਼ਬਰ ਸੁਣਾ ਸੱਚੀ, ਸੁਚ ਸੰਜਮ ਇਕ ਜਣਾਈਆ । ਗੁਰ ਅਰਜਨ ਕਿਹਾ ਕਮਲੀਏ ਖੋਲ੍ਹ ਕੇ ਵੇਖ ਅੱਖੀਂ, ਤੈਨੂੰ ਦਿਆਂ ਵਖਾਈਆ । ਕਲਜੁਗ ਦੀ ਆਯੂ ਲਿਖ ਕੇ ਗਏ ਚਾਰ ਲੱਖ ਹਜ਼ਾਰ ਬੱਤੀ, ਬਹੁਤਾ ਸਮਾਂ ਨਜ਼ਰੀ ਆਈਆ । ਕਦੀ ਤੂੰ ਪੜ੍ਹੀ ਆ ਇਹ ਵੀ ਪੱਟੀ, ਉਂਗਲਾਂ ਅੱਖਰਾਂ ਉਤੇ ਟਿਕਾਈਆ । ਕੂੜ ਕਿਰਿਆ ਦੀ ਕਿਤਨੀ ਦੇਰ ਚਲੇ ਹੱਟੀ, ਮਾਇਆ ਮਮਤਾ ਮੋਹ ਵਸਤ ਵਖਾਈਆ । ਰਾਵੀ ਕਹੇ ਮੈਂ ਜੋੜ ਕੇ ਦੋਵੇਂ ਹੱਥੀ, ਸੀਸ ਦਿਤਾ ਨਿਵਾਈਆ । ਗੁਰ ਅਰਜਨ ਕਿਹਾ ਇਹ ਖੇਲ ਪੁਰਖ ਸਮਰਥੀ, ਪਤਿਪਰਮੇਸ਼ਵਰ ਰਿਹਾ ਸਮਝਾਈਆ । ਜਿਸ ਵੇਲੇ ਸਦੀ ਚੌਧਵੀਂ ਅੰਤ ਅਖ਼ੀਰ ਧਰਮ ਧਾਰ ਰਹੀ ਨਾ ਰਤੀ, ਕਲਮੇ ਵਾਲੇ ਸਰਬ ਕੁਰਲਾਈਆ । ਤ੍ਰੈਗੁਣ ਮਾਇਆ ਫਿਰਨੀ ਨੱਠੀ, ਮਾਇਆ ਮਮਤਾ ਮੋਹ ਹਲਕਾਈਆ । ਮਾਣ ਰਹਿਣਾ ਨਹੀਂ ਤੀਰਥ ਤੱਟੀਂ, ਗੰਗਾ ਗੋਦਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਂਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਪ੍ਰੇਮ ਰਹੇ ਕੋਈ ਨਾ ਰਤੀ, ਗੁਰਮੁਖ ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਸਾਧਾਂ ਸੰਤਾਂ ਅੰਦਰ ਨਿਰਗੁਣ ਨੂਰ ਜਗੇ ਕੋਈ ਨਾ ਬੱਤੀ, ਵਿਦਿਆ ਪੜ੍ਹ ਕੇ ਜਗਤ ਜੀਵ ਲੈਣ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਰਜਨ ਕਹੇ ਜੇ ਮੇਰੀ ਧਾਰ ਲੋਹ ਨਾ ਬਹਿੰਦੀ, ਸਚ ਸਿੰਘਾਸਣ ਆਸਣ ਲਾਈਆ । ਫੇਰ ਰਾਵੀ ਤੇਰੀ ਵੰਡ ਕਿਵੇਂ ਹੁੰਦੀ ਦਿਸ਼ਾ ਲਹਿੰਦੀ, ਲਹਿਣਾ ਕਵਣ ਚੁਕਾਈਆ । ਚਾਰ ਜੁਗ ਅਵਤਾਰ ਪੈਗ਼ੰਬਰਾਂ ਦੀ ਅੰਤਰ ਆਸਾ ਕਹਿੰਦੀ, ਕਲਜੁਗ ਅੰਤ ਕੂਕ ਦੁਹਾਈਆ । ਸਦੀ ਚੌਧਵੀਂ ਉਮਤ ਨਬੀ ਰਸੂਲਾਂ ਵਾਲੀ ਕਿਸ ਬਿਧ ਢਹਿੰਦੀ, ਢਈਆ ਗੋਬਿੰਦ ਵਾਲਾ ਕਵਣ ਵਡਿਆਈਆ । ਤੇਰੀ ਧਾਰ ਵਹਿਣ ਇਕ ਪਾਣੀ ਵਾਲੇ ਨੈਂ ਦੀ, ਚਲੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰ ਅਰਜਨ ਕਹੇ ਮੇਰਾ ਲੋਹ ਤੱਤੀ ਤੇ ਆਸਣ, ਅਸਲ ਦਿਆਂ ਜਣਾਈਆ । ਕਲਜੁਗ ਅੰਤਮ ਖੇਲ ਕਰਨਾ ਪੁਰਖ ਅਬਿਨਾਸ਼ਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲਹਿਣਾ ਦੇਣਾ ਮੇਟੇ ਪ੍ਰਿਥਮੀ ਆਕਾਸ਼ਣ, ਦੋ ਜਹਾਨਾਂ ਵੇਖ ਵਖਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੇਰਾ ਦੇਵਣ ਸਾਥਣ, ਦਰ ਘਰ ਸਾਚੇ ਸੰਗ ਬਣਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸ਼ਬਦੀ ਧਾਰ ਗੁਰੂ ਗੁਰ ਇਕੋ ਆਵੇ ਆਖਣ, ਬੋਧ ਅਗਾਧ ਦਏ ਦ੍ਰਿੜਾਈਆ । ਤੇਰਾ ਕਿਨਾਰਾ ਸੋਹੇ ਘਾਟਣ, ਤਟ ਵੱਜੇ ਵਧਾਈਆ । ਪ੍ਰਭੂ ਭੇਵ ਖੋਲ੍ਹੇ ਬਾਤਨ, ਪਰਦਾ ਦਏ ਚੁਕਾਈਆ । ਕਲਜੁਗ ਹੋਏ ਅੰਧੇਰੀ ਰਾਤਨ, ਸਾਚਾ ਚੰਦ ਨਾ ਕੋਇ ਚਮਕਾਈਆ । ਮੰਜ਼ਲ ਚੜ੍ਹੇ ਕੋਈ ਨਾ ਘਾਟਣ, ਪ੍ਰਭ ਨੂੰ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਚੀਥੜ ਹੋਵਣ ਪਾਟਣ, ਓਢਣ ਨਾਮ ਨਾ ਕੋਇ ਟਿਕਾਈਆ । ਚਾਰ ਵਰਨਾਂ ਦਿਸੇ ਕੋਈ ਨਾ ਪਾਤਨ ਹੋਕਾ ਹੱਕ ਨਾ ਕੋਇ ਸੁਣਾਈਆ । ਮਨ ਕਲਪਣਾ ਸਾਰੇ ਨਾਚਣ, ਕਲਜੁਗ ਨਟੂਆ ਆਪਣਾ ਸਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਉਪਜਾਈਆ । ਗੁਰ ਅਰਜਨ ਕਹੇ ਮੇਰੀ ਲੋਹ ਦਾ ਵਧੇ ਪਿਆਰ, ਪ੍ਰਭ ਪ੍ਰੇਮੀ ਪ੍ਰੇਮ ਕਮਾਈਆ । ਜਿਸ

ਵੇਲੇ ਕਲ ਕਲਕੀ ਲਏ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦ ਗੋਬਿੰਦ ਗੁਰ ਹੋਵੇ ਨਾਲ, ਦੂਜਾ ਸੰਗ ਨਾ ਕੋਇ ਨਿਭਾਈਆ । ਕਲਜੁਗ ਕੂੜੀ ਕਿਰਿਆ ਮੇਟੇ ਜੰਜਾਲ, ਸਤਿਜੁਗ ਸਾਚਾ ਰਾਹ ਚਲਾਈਆ । ਇਕੱਠੇ ਕਰ ਕੇ ਸ਼ਾਹ ਕੰਗਾਲ, ਊਚਾਂ ਨੀਚਾਂ ਡੇਰਾ ਢਾਹਿਆ । ਸਾਂਝਾ ਲੰਗਰ ਕਰ ਕੇ ਬੇਮਿਸਾਲ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਘਰ ਦਏ ਬਹਾਈਆ । ਜਿਸ ਦਾ ਲੱਖ ਚੁਰਾਸੀ ਜੀਵ ਜੰਤ ਨਿੱਕਾ ਅੰਜਾਣ ਬਾਲ, ਅੰਡਜ ਜੇਰਜ ਉਤਭੁਜ ਸੇਤਜ ਸਾਰੇ ਵੇਖ ਵਖਾਈਆ । ਕਲਜੁਗ ਵਿਚ ਸਤਿਜੁਗ ਕਰਨਾ ਆਪ ਬਹਾਲ, ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਈਆ । ਓਸ ਵੇਲੇ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਚਲਣੀ ਅਵਲੜੀ ਚਾਲ, ਨਿਰਾਲੀ ਇਕੋ ਇਕ ਪ੍ਰਗਟਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਦੇਂਦੇ ਗਏ ਮਸਾਲ, ਉਹ ਮਿਸਲ ਆਪਣੀ ਲਏ ਬਣਾਈਆ । ਸੰਤ ਸੁਹੇਲੇ ਗੁਰਮੁਖ ਸੂਫ਼ੀ ਲਏ ਭਾਲ, ਕਾਇਨਾਤ ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਖੋਜ ਖੁਜਾਈਆ । ਸਾਚੀ ਸਿਖਿਆ ਦਏ ਸਿਖਾਲ, ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਕਾਅਬਾ ਇਕੋ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਗੁਰ ਅਰਜਨ ਕਹੇ ਇਹ ਲੋਹ ਨੇ ਖੱਟਿਆ ਪਾਪ, ਕਲਜੁਗ ਪਤਤ ਪਾਪੀ ਤਰਾਈਆ । ਕਿਰਪਾ ਕਰੇ ਸਾਹਿਬ ਪ੍ਰਭ ਆਪ, ਮਿਹਰ ਨਜ਼ਰ ਨਜ਼ਰ ਉਠਾਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਅਗਨੀ ਤਤ ਗਵਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਕੂੜੀ ਕਿਰਿਆ ਰਹੇ ਨਾ ਕੋਈ ਸੰਤਾਪ, ਹਉਮੇ ਗੜ੍ਹ ਤੁੜਾਈਆ । ਚਾਰ ਵਰਨਾਂ ਇਕੋ ਨਾਤ, ਨਾਤਾ ਧੁਰ ਦਾ ਦਏ ਸਮਝਾਈਆ । ਦਰਸ਼ਨ ਦੇ ਕੇ ਸਾਖਿਆਤ, ਸਾਖੀ ਅਗੰਮੀ ਦਏ ਸਮਝਾਈਆ । ਝਗੜਾ ਪਿਆ ਦੀਨਾਂ ਮਜ਼੍ਹਬਾਂ ਪ੍ਰਭ ਦੇ ਨਾਮ ਕਾਇਨਾਤ, ਕਲਮਾ ਇਕੋ ਦਏ ਸਮਝਾਈਆ । ਤਨ ਵਜੂਦ ਮਹਿਬੂਬ ਸਤਾਰ ਵਜਾਏ ਅਗੰਮੀ ਰਬਾਬ, ਰਹਿਮਤ ਰਹੀਮ ਆਪ ਕਮਾਈਆ । ਸਾਚਾ ਸਜਦਾ ਦੱਸੇ ਆਦਾਬ, ਨਮੋਂ ਨਮੋਂ ਇਕ ਦ੍ਰਿੜਾਈਆ । ਉਹ ਖੇਲ ਕਰੌਣਾ ਪਰਮ ਪੁਰਖ ਪਰਮਾਤਮ ਪੰਜਾਂ ਦਰਿਆਵਾਂ ਵਾਲੇ ਵਿਚ ਪੰਜਾਬ, ਪੰਜਾਬੀ ਰੰਗ ਰੰਗਾਈਆ । ਜਿਸ ਦੀ ਸ਼ਹਾਦਤ ਨਾਨਕ ਦੇ ਕੇ ਗਿਆ ਵਿਚ ਬਗ਼ਦਾਦ, ਗੋਬਿੰਦ ਮਾਛੂਵਾੜੇ ਦਿਤਾ ਸੁਣਾਈਆ । ਪੁਰਖ ਅਕਾਲ ਦਾ ਸਾਂਝਾ ਹੋਣਾ ਸਮਾਜ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕ ਇਕੱਲਾ ਸਭ ਦਾ ਦਿਸੇ ਬਾਪ, ਵਲਦੀਅਤ ਇਕੋ ਇਕ ਦਰਸਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧਰਮ ਦੀ ਧਾਰ ਚਲੇ ਰਾਜ, ਰਈਅਤ ਰਾਓ ਰੰਕ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਲੇਖੇ ਲਾਵੇ ਖ਼ਿਦਮਾਤ, ਖ਼ਾਦਮ ਅਗਲੇ ਲਏ ਬਣਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਭ ਦੇ ਵੇਖੇ ਜਜ਼ਬਾਤ, ਪਰਦਿਆਂ ਵਿਚੋਂ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਲੋਹ ਕਹੇ ਜਿਸ ਵੇਲੇ ਸਾਂ ਮੈਂ ਤਪਦੀ, ਅਗਨੀ ਨਾਲ ਤਪਾਈਆ । ਤੂੰਹੀ ਤੂੰਹੀ ਨਾਮ ਸਾਂ ਜਪਦੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੈਂ ਨਿਸ਼ਾਨੀ ਤੱਕੀ ਅਰਜਨ ਵਾਲੀ ਅੱਖ ਦੀ, ਜੋ ਪ੍ਰਤੱਖ ਪ੍ਰਭ ਦਾ ਦਰਸ਼ਨ ਪਾਈਆ । ਬਿਨਾ ਬੋਲਿਆਂ ਸਭ ਕੁਛ ਦੱਸਦੀ, ਮੇਰੇ ਅੰਦਰ ਅੰਦਰ ਕਰੇ ਪੜ੍ਹਾਈਆ । ਮੈਂ ਲਾਲ ਲਾਲੀ ਵੇਖੀ ਉਹਦੀ ਰੱਤ ਦੀ, ਜੋ ਰੰਗ ਰੱਤੜੇ ਆਪਣੇ ਰੰਗ ਰੰਗਾਈਆ । ਖੇਲ ਵੇਖੀ ਪ੍ਰਭੂ ਪਰਮੇਸ਼ਵਰ ਪਤਿ ਦੀ, ਪਤਿ ਪਤਵੰਤਾ ਸੋਭਾ ਪਾਈਆ । ਮੈਂ ਖੁਸ਼ੀਆਂ ਦੇ ਵਿਚ ਨੱਠਦੀ, ਭੱਜਾਂ ਚਾਈਂ ਚਾਈਂਆ । ਬਿਨ ਰਸਨਾ ਤੋਂ ਫਿਰਾਂ ਰਟਦੀ, ਤੇਰੀ ਬੇਪਰਵਾਹੀਆ ।

ਕਿਤੇ ਮੇਰੀ ਚੁਰਾਸੀ ਕੱਟ ਦਈਂ, ਕਟਾਕਸ਼ ਨਾਮ ਲਗਾਈਆ । ਲੋਹ ਕਹੇ ਗੁਰ ਅਰਜਨ ਬੋਲਿਆ ਕਿਤੇ ਵੇਖੀਂ ਹੱਠ ਨਾ ਛੱਡ ਦਈਂ, ਬਲਹੀਣ ਅਖਵਾਈਆ । ਤੇਰਾ ਖੇਲ ਹੋਣਾ ਅੰਤਮ ਜਗ ਲਈ, ਜਗ ਜੀਵਣ ਦਾਤਾ ਦਏ ਵਡਿਆਈਆ । ਓਸ ਆਸਾ ਰੱਖੀ ਚਵੀ ਫੱਗਣ ਅੱਜ ਲਈ, ਸੰਦੇਸ਼ਾ ਧੁਰਦਰਗਾਹੀਆ । ਜਿਸ ਕਾਰਨ ਭਗਤ ਸੁਹੇਲੇ ਸੰਗਤ ਸੱਦ ਲਈ, ਸੱਦਾ ਨਾਮ ਸ਼ਬਦ ਸ਼ਨਵਾਈਆ । ਪੁਰਖ ਅਕਾਲ ਦੀ ਪ੍ਰੀਤੀ ਅੰਦਰ ਜਿਨ੍ਹਾਂ ਦੀ ਅੰਦਰੋਂ ਨੀਤੀ ਬੱਝ ਗਈ, ਨਾਤਾ ਤੋੜ ਕੂੜ ਲੋਕਾਈਆ । ਉਹ ਕਦੀ ਨਾ ਜਾਵਣ ਕਾਅਬੇ ਦੇ ਹੱਜ ਲਈ, ਮਹਿਬੂਬ ਸਚ ਅਰੂਜ ਅੰਤਰ ਆਪਣੇ ਦਰਸ਼ਨ ਪਾਈਆ । ਜਨ ਭਗਤੋ ਤੁਸਾਂ ਸੇਵਾ ਕਰਨੀ ਗੁਰ ਅਰਜਨ ਦੇ ਪਿਆਰ ਵਾਲੀ ਅੱਗ ਲਈ, ਅਗਨੀ ਅੱਗ ਦੇਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਗਨੀ ਕਹੇ ਮੈਂ ਬਲਦੀ ਨਾਲ ਮਾਚਸ, ਕੱਖਾਂ ਨਾਲ ਵਡਿਆਈਆ । ਮੈਨੂੰ ਸਾਰੇ ਕਹਿੰਦੇ ਆਤਸ਼, ਤੱਤਾਂ ਰਹੀ ਤਪਾਈਆ । ਮੇਰੀ ਲੱਭੀ ਕਿਸੇ ਨਾ ਸਾਜ਼ਸ਼, ਕੀ ਕੀ ਕਲ ਵਰਤਾਈਆ । ਜਨ ਭਗਤੋ ਤੁਸੀਂ ਬਣਾਓ ਆਪਣੀ ਆਦਤ, ਅੰਤਰ ਨਿਰੰਤਰ ਪਰਦਾ ਲਓ ਉਠਾਈਆ । ਜਿਸ ਦੀ ਸਤਿਗੁਰ ਅਰਜਨ ਕਰੀ ਇਬਾਦਤ, ਬੰਦਗੀ ਨਾਮ ਧਿਆਈਆ । ਓਹ ਤੁਹਾਡਾ ਸਭ ਦਾ ਦਿਸੇ ਮਾਲਕ, ਜੋ ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਬਣੇ ਪ੍ਰਿਤਪਾਲਕ, ਖ਼ਾਲਕ ਨੂਰ ਅਲਾਹੀਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਲੋਹ ਕਹੇ ਮੇਰੇ ਥੱਲੇ ਅੱਗ ਦਿਓ ਬਾਲ, ਬਾਲੀ ਬੁਧ ਮਿਲੇ ਵਡਿਆਈਆ । ਕਲਜੁਗ ਵਿਚੋਂ ਸਤਿਜੁਗ ਹੋਣਾ ਬਹਾਲ, ਪੁਰਖ ਅਕਾਲ ਦਇਆ ਕਮਾਈਆ । ਲਾਲੋ ਦਾ ਲੇਖੇ ਲੱਗਣਾ ਨਾਨਕ ਵਾਲਾ ਥਾਲ, ਗ਼ਰੀਬੀ ਵਿਚ ਅਜੀਬੀ ਖੇਲ ਵਖਾਈਆ । ਬਲ ਦਵਾਰੇ ਦੇ ਉਠ ਖਲੋਵੋ ਨੌਜਵਾਨ, ਆਪਣੀ ਲਓ ਅੰਗੜਾਈਆ । ਸਾਂਝਾ ਕਰਨਾ ਪੀਣ ਖਾਣ, ਦੂਤੀਆ ਵੰਡ ਨਾ ਕੋਇ ਵੰਡਾਈਆ । ਪ੍ਰੇਮ ਪਿਆਰ ਨਾਲ ਰਿੰਨ੍ਹੋਂ ਦਾਲ, ਆਪਣੀ ਸੇਵ ਕਮਾਈਆ । ਵਿਚ ਖੌਂਚਾ ਮਾਰਨਾ ਸੰਭਾਲ, ਜਿਸ ਖੌਂਚੇ ਨੇ ਤੱਤੀ ਰੇਤ ਗੁਰ ਅਰਜਨ ਸੀਸ ਪਵਾਈਆ । ਇਹਦਾ ਪਿਛਲਾ ਕੁਛ ਅਹਿਵਾਲ, ਜਿਸ ਨੂੰ ਬੀਤ ਗਏ ਕਈ ਕਾਲ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਖੌਂਚਾ ਕਹੇ ਜੇ ਮੈਂ ਰੇਤ ਨਾ ਚੁਕਦਾ, ਗੁਰ ਅਰਜਨ ਸੀਸ ਪਵਾਈਆ । ਫਿਰ ਕਲਜੁਗ ਪੈਂਡਾ ਕਦੀ ਨਹੀਂ ਸੀ ਮੁਕਦਾ, ਮੁਕਾਉਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਵਣਜਾਰਾ ਇਕੋ ਤੁੱਕ ਦਾ , ਜੋ ਪਾਰਬ੍ਰਹਮ ਬ੍ਰਹਮ ਕਰੇ ਸਚ ਪੜ੍ਹਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਝੁਕਦਾ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੀਸ ਨਿਵਾਈਆ । ਉਸ ਦਾ ਖੇਲ ਸਦਾ ਸੁਖ ਦਾ, ਦੁੱਖਾਂ ਵਾਲੀ ਨਾ ਵੰਡ ਵੰਡਾਈਆ । ਸਤਿਗੁਰ ਕਦੀ ਸਮਝਿਓ ਨਾ ਜਾਮਾ ਮਾਨਸ ਮਾਨੁਖ ਦਾ, ਤੱਤਾਂ ਵਾਲਾ ਰੂਪ ਧਰਾਈਆ । ਉਹਦੇ ਅੰਦਰ ਨੂਰ ਪ੍ਰਕਾਸ਼ ਜੋਤ ਅਬਿਨਾਸ਼ੀ ਅਚੁਤ ਦਾ, ਜੋ ਚੇਤਨ ਸਭ ਨੂੰ ਦਏ ਕਰਾਈਆ । ਸੋ ਵੇਲਾ ਵਕਤ ਸੁਹਾਵਾ ਢੁਕਦਾ, ਧਰਮ ਦੀ ਧਾਰ ਦਏ ਵਡਿਆਈਆ । ਰਾਵੀ ਕੰਢੇ ਜਿਸ ਦਾ ਲੇਖਾ ਉਹ ਸਭ ਨੂੰ ਪੁਛਦਾ, ਪੂਰਬ ਫੋਲ ਫੁਲਾਈਆ । ਖੇਲ ਵੇਖਣਾ ਪੁਰਖ ਅਕਾਲ ਗੋਬਿੰਦ ਧਾਰ ਪਿਤਾ ਪੁੱਤ ਦਾ, ਪਤਿਪਰਮੇਸ਼ਵਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਗੁਰ ਅਰਜਨ ਚਰਨ ਛੁਹਾਇਆ, ਅੰਤਰ ਮੇਰੇ

੧੦੭੬
੨੧

ਟਿਕਾਈਆ । ਮੈਂ ਚਰਨੀਂ ਹੱਥ ਲਗਾਇਆ, ਨਿਉਂ ਨਿਉਂ ਲਾਗੀ ਪਾਈਆ । ਲੱਖ ਲੱਖ ਸ਼ੁਕਰ ਮਨਾਇਆ, ਤੇਰੀ ਬੇਪਰਵਾਹੀਆ । ਉਸ ਕਿਰਪਾ ਕਰ ਕੇ ਮੇਰੇ ਸੀਸ ਹੱਥ ਟਿਕਾਇਆ, ਜਗਦੀਸ਼ ਦਿਤਾ ਵਖਾਈਆ । ਜਿਸ ਵੇਲੇ ਕਲਜੁਗ ਅੰਤ ਅੰਧੇਰਾ ਛਾਇਆ, ਸਦੀ ਚੌਧਵੀਂ ਦਏ ਦੁਹਾਈਆ । ਚਾਰੋਂ ਕੁੰਟ ਤ੍ਰੈਗੁਣ ਮਾਇਆ, ਪੰਜ ਤੱਤ ਕਰੇ ਹਲਕਾਈਆ । ਅੰਤਮ ਹੋਏ ਨਾ ਕੋਇ ਸਹਾਇਆ, ਪੱਲੂ ਸਾਰੇ ਜਾਣ ਛੁਡਾਈਆ । ਉਹ ਖੇਲ ਬੇਪ੍ਰਵਾਹਿਆ, ਜੋ ਆਪਣਾ ਹੁਕਮ ਵਰਤਾਈਆ । ਜਿਸ ਨੇ ਕਲਜੁਗ ਮਾਤ ਲਗਾਇਆ, ਉਹ ਅੰਤਮ ਵੇਖ ਵਖਾਈਆ । ਜਿਸ ਨੂੰ ਭਵਿਖਤਾਂ ਵਿਚ ਗਾਇਆ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਉਹ ਜੋਤੀ ਜੋਤ ਕਰੇ ਰੁਸ਼ਨਾਇਆ, ਨੂਰ ਨੁਰਾਨਾ ਕਰੇ ਡਗਮਗਾਈਆ । ਤੇਰਾ ਲੇਖਾ ਦਏ ਮੁਕਾਇਆ, ਮੁਕੰਮਲ ਆਪਣੀ ਕਾਰ ਕਮਾਈਆ । ਰਾਵੀ ਕਹੇ ਮੈਂ ਹੱਥ ਜੋੜ ਕੇ ਵਾਸਤਾ ਪਾਇਆ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਮੈਂ ਕੀਤੀ ਇਕ ਅਰਦਾਸ, ਬੇਨੰਤੀ ਦਿਤੀ ਜਣਾਈਆ । ਕਿਰਪਾ ਕਰ ਸਰਬ ਗੁਣ ਤਾਸ, ਗੁਣਵੰਤੇ ਤੇਰੀ ਸਰਨਾਈਆ । ਤੂੰ ਆਇਉਂ ਮੇਰੇ ਪਾਸ, ਤੱਤੀ ਲੋਹ ਤਜਾਈਆ । ਮੇਰੀ ਸੇਵਾ ਖ਼ਾਸ, ਪਰਦਾ ਦਏ ਉਠਾਈਆ । ਗੁਰ ਅਰਜਨ ਹੱਸ ਕੇ ਕੀਤਾ ਬਲਾਸ, ਸ਼ਬਦ ਅਗੰਮ ਸੁਣਾਈਆ । ਉਠ ਵੇਖ ਮਾਰ ਝਾਤ, ਨੇਤਰ ਨੈਣ ਖੁਲ੍ਹਾਈਆ । ਸਾਚਾ ਦਿਸੇ ਨਾ ਕੋਈ ਸੱਜਣ ਸਾਕ, ਪਿਤਾ ਪੂਤ ਨਾ ਕੋਇ ਵਡਿਆਈਆ । ਚਾਰੋਂ ਕੁੰਟ ਉਡਦੀ ਖ਼ਾਕ, ਗਰਦੋ ਗੁਬਾਰ ਦਿਸੇ ਲੋਕਾਈਆ । ਅੰਦਰੋਂ ਖੁਲ੍ਹੇ ਕਿਸੇ ਨਾ ਤਾਕ, ਪਰਦਾ ਸਕੇ ਨਾ ਕੋਇ ਤੁੜਾਈਆ । ਅਵਤਾਰ ਪੈਗ਼ੰਬਰਾਂ ਪੂਰਾ ਕਰਨਾ ਵਾਕ, ਜੋ ਭਵਿਖਤਾਂ ਵਿਚ ਗਾਈਆ । ਅੰਤ ਪੈਣੀ

੧੦੭੭ ਨਹੀਂ ਕੋਈ ਰਾਸ, ਗੋਪੀ ਕਾਹਨ ਨਾ ਕੋਇ ਵਡਿਆਈਆ । ਦੀਨ ਮਜ਼੍ਹਬਾਂ ਕਰਨਾਂ ਘਾਤ, ਜ਼ਾਤ ਪਾਤ ਕਰੇ ਲੜਾਈਆ । ਮਨ ਦੀ ਪੂਰੀ ਹੋਵੇ ੧੦੭੭

੨੧ ਨਾ ਖ਼ਾਹਿਸ਼, ਮਮਤਾ ਵਿਚ ਦੁਹਾਈਆ । ਪੁਰਖ ਅਕਾਲ ਸਭ ਨੇ ਕਰਨਾ ਤਲਾਸ਼, ਜਗਦੀਸ਼ਰ ਨਜ਼ਰ ਕਿਸੇ ਨਾ ਆਈਆ । ਓਹ ਖੇਲ ਕਰੇ ੨੧

ਅਬਿਨਾਸ਼, ਕਰਨੀ ਦਾ ਕਰਤਾ ਨੂਰ ਅਲਾਹੀਆ । ਜਿਸ ਦੀ ਸਿਫ਼ਤ ਕਰ ਨਾ ਸਕੇ ਕਾਗ਼ਜ਼ ਕ਼ਲਮ ਸ਼ਾਹੀ ਦਵਾਤ, ਕਾਇਨਾਤ ਨਾ ਕੋਇ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਓਸੇ ਦੇ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਓਹ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਨਿਰਗੁਣ ਨੂਰ ਕਰੇ ਪ੍ਰਕਾਸ਼, ਜੋਤੀ ਜਾਤਾ ਬੇਪ੍ਰਵਾਹੀਆ । ਤੇਰਾ ਲਹਿਣਾ ਦੇਣਾ ਲੇਖਾ ਮੁਕਾਵੇ ਹਿਸਾਬ, ਬਾਕੀ ਰਹਿਣ ਕੋਇ ਨਾ ਪਾਈਆ । ਮਿੱਤਰ ਪਿਆਰਾ ਬਣ ਅਹਿਬਾਬ, ਦਵਾਰਾ ਇਕ ਸੁਹਾਈਆ । ਤੂੰ ਉਸ ਨੂੰ ਤੱਕਣਾ ਸਾਖਿਆਤ, ਅਮਾਮਾਂ ਦਾ ਅਮਾਮ ਨਜ਼ਰੀ ਆਈਆ । ਜੋ ਸਭ ਦੇ ਹੁਜਰੇ ਵੇਖੇ ਮਹਿਰਾਬ, ਮਹਿਬੂਬ ਜਲਵਾਗਰ ਨੂਰ ਖ਼ੁਦਾਈਆ । ਜਿਸ ਨੂੰ ਪੈਗ਼ੰਬਰ ਕਰਨ ਆਦਾਬ, ਸਜਦਿਆਂ ਵਿਚ ਸੀਸ ਝੁਕਾਈਆ । ਉਸ ਨੇ ਅਗੰਮੀ ਮਾਰਨੀ ਆਵਾਜ਼, ਸ਼ਬਦੀ ਧਾਰ ਉਠਾਈਆ । ਸਭ ਦੀ ਰੱਖਣੀ ਲਾਜ, ਜੋ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਰਜਨ ਕਿਹਾ ਤੇਰਾ ਨਿਰਮਲ ਕਰਮ ਉਜਾਗਰ, ਮਿਹਰ ਨਜ਼ਰ ਤਰਾਈਆ । ਤੇਰਾ ਵਣਜ ਵਪਾਰਾ ਕਰੇ ਅਗੰਮ ਸੁਦਾਗਰ, ਵਸਤ ਅਨਮੋਲ ਵਖਾਈਆ । ਕਿਰਪਾ ਕਰੇ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਸਚ ਦਵਾਰੇ ਦੇਵੇ ਆਦਰ, ਆਦਰਸ਼ ਇਕ ਵਖਾਈਆ । ਨੌਜਵਾਨ ਬਣ ਬਹਾਦਰ, ਸੂਰਬੀਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਤੇਰਾ ਲਹਿਣਾ ਝੋਲੀ ਪਾਈਆ । ਰਾਵੀ ਕਹੇ ਮੇਰੇ ਨੈਣਾਂ ਲਾਈ ਛਹਿਬਰ, ਨੀਰ ਨੀਰ ਵਹਾਈਆ । ਉਹ ਕਿਹੋ ਜੇਹਾ ਹੋਵੇਗਾ ਰਹਿਬਰ, ਮੈਨੂੰ ਦੇ ਦ੍ਰਿੜਾਈਆ । ਕੀ ਉਹ ਨਾਅਰਾ ਬੋਲੇ ਐਲੀਹੈਦਰ, ਕਿ ਅੱਲਾ ਹੂ ਹੂ ਸੁਣਾਈਆ । ਕੀ ਉਹ ਆਵੇਗਾ ਕਿਸੇ ਦੱਰਾ ਖ਼ੈਬਰ, ਆਪਣੀ ਕਰ ਚੜ੍ਹਾਈਆ । ਕੀ ਨਾਮ ਕਲਮਾ ਹੋਵੇ ਉਸ ਦੀ ਵਹਿਦਤ, ਵਾਹਦ ਦੇ ਜਣਾਈਆ । ਕੀ ਸਿਖਿਆ ਦੇਵੇ ਇਬਾਦਤ, ਅਦਲ ਇਨਸਾਫ਼ ਕੀ ਕਮਾਈਆ । ਕੀ ਦੀਨ ਦੁਨੀ ਪਾਵੇ ਬਗ਼ਾਵਤ, ਮਜ਼੍ਹਬ ਮਜ਼੍ਹਬਾਂ ਨਾਲ ਟਕਰਾਈਆ । ਕੀ ਭਗਤਾਂ ਦੇਵੇ ਜ਼ਮਾਨਤ, ਸੂਫ਼ੀਆਂ ਲਏ ਬਚਾਈਆ । ਕੀ ਕਲਮਾ ਦਏ ਅਮਾਨਤ, ਵਸਤ ਅਗੰਮ ਵਰਤਾਈਆ । ਗੁਰ ਅਰਜਨ ਕਿਹਾ ਆਦਿ ਜੁਗਾਦੀ ਸਹੀ ਸਲਾਮਤ, ਜਨਮ ਮਰਨ ਵਿਚ ਨਾ ਆਈਆ । ਤੱਤਾਂ ਵਾਲੀ ਨਾ ਬਣਾਵੇ ਬਨਾਵਟ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਨਾ ਕੋਇ ਵੰਡਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਬਖ਼ਸ਼ੇ ਨਾਮ ਸਖ਼ਾਵਤ, ਭੰਡਾਰੇ ਖ਼ਾਲੀ ਸਰਬ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਨੂਰ ਅਲਾਹੀਆ । ਰਾਵੀ ਕਹੇ ਮੈਂ ਚਰਨੋਦਕ ਲਿਆ ਕਰ ਕੇ ਚਰਨ ਕਵਲ ਪਿਆਰ, ਆਪਣਾ ਪ੍ਰੇਮ ਵਧਾਈਆ । ਗੁਰ ਅਰਜਨ ਹੱਸ ਕੇ ਕਿਹਾ ਏਸ ਨੂੰ ਰੱਖੀਂ ਸੰਭਾਲ, ਆਪਣੇ ਵਿਚ ਛੁਪਾਈਆ । ਜਿਸ ਵੇਲੇ ਆਵੇ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਤੇਰੇ ਵਿਚੋਂ ਲਏ ਨਿਕਾਲ, ਮਿਹਰ ਨਜ਼ਰ ਇਕ ਉਠਾਈਆ । ਜਿਸ ਨੂੰ ਪੀਵਣ ਸ਼ਾਹ ਕੰਗਾਲ, ਅਮੀਰ ਗ਼ਰੀਬਾਂ ਵੰਡ ਨਾ ਕੋਇ ਵੰਡਾਈਆ । ਇਹ ਖੇਲ ਅਗੰਮ ਕਮਾਲ, ਦੀਨ ਦਿਆਲ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਉਹ ਅੰਮ੍ਰਿਤ ਜਲ ਮੇਰਾ, ਮਿਹਰ ਨਾਲ ਵਡਿਆਈਆ । ਜਿਥੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਲਾਇਆ ਡੇਰਾ, ਆਸਣ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਪਾਇਆ ਫੇਰਾ, ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਆਇਆ ਦੇ ਕੇ ਗਿਆ ਗੇੜਾ, ਸਦੀ ਚੌਧਵੀਂ ਰਾਹ ਤਕਾਈਆ । ਕੂੜੀ ਕਿਰਿਆ ਉਜੜਨਾ ਖੇੜਾ, ਚਾਰ ਕੁੰਟ ਨਾ ਕੋਇ ਭਵਾਈਆ । ਬਿਨ ਪੁਰਖ ਅਕਾਲ ਬੰਨ੍ਹੇ ਕੋਈ ਨਾ ਬੇੜਾ, ਮੁਹਾਣਾ ਕੰਧ ਨਾ ਕੋਇ ਉਠਾਈਆ । ਝਗੜਾ ਪਿਆ ਗੁਰੂ ਗੁਰ ਚੇਰਾ, ਚੇਰਾ ਗੁਰ ਨਾ ਕੋਇ ਵਡਿਆਈਆ । ਚਾਰੋਂ ਕੁੰਟ ਦਿਸੇ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਰਾਵੀ ਕਹੇ ਅੰਮ੍ਰਿਤ ਜਲ ਗੁਰ ਅਰਜਨ ਧਾਰ ਰਸ, ਰਸੀਆ ਦਿਆਂ ਵਖਾਈਆ । ਜੋ ਮਾਰਗ ਗਿਆ ਦੱਸ, ਮੈਂ ਓਸੇ ਤੇ ਚਲੀ ਬਣ ਕੇ ਰਾਹੀਆ । ਖੋਲ੍ਹ ਕੇ ਵੇਂਹਦੀ ਰਹੀ ਅਗੰਮੀ ਅੱਖ, ਕਵਣ ਵੇਲਾ ਮਿਲੇ ਮਾਹੀਆ । ਅੰਤ ਵੇਖਿਆ ਨੂਰ ਪ੍ਰਤੱਖ, ਮਿਹਰਵਾਨ ਮਹਿਬੂਬ ਗੁਸਾਈਂਆ । ਕੌਲ ਇਕਰਾਰ ਹੋਇਆ ਸਚ, ਵੱਜੀ ਸਚ ਵਧਾਈਆ । ਭਾਵੇਂ ਮੇਰਾ ਤਨ ਵਜੂਦ ਨਹੀਂ ਕੋਈ ਕੱਚ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਸਭ ਕੁਛ ਰਹੀ ਦੱਸ, ਸ਼ਬਦ ਗੁਰੂ ਗੁਰ ਸਮਝਾਈਆ । ਜਿਸ ਦੇ ਕਾਰਨ ਸਭ ਕੁਛ ਰੱਖਿਆ ਛੱਡ, ਆਪਣੇ ਵਿਚ ਟਿਕਾਈਆ । ਪਰਦਿਆਂ ਵਿਚ ਲਿਆ ਢਕ, ਜਗ ਨੇਤਰ ਨਾ ਕੋਇ ਦਰਸਾਈਆ । ਉਹਦਾ ਲਹਿਣਾ ਮੁਕਣਾ ਅੱਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਵੇਖ ਵਖਾਈਆ । ਰਾਵੀ ਕਹੇ ਮੇਰਾ ਪਾਣੀ ਜਲ ਮੁਹੱਬਤ ਵਾਲਾ ਨੀਰ, ਸਾਗਰ ਵਿਚ ਵਡਿਆਈਆ ।

੧੦੭੮ ੨੧

ਜਿਸ ਦੀ ਮਹਿਮਾ ਕਰ ਕੇ ਗਿਆ ਕਬੀਰ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਜਿਥੇ ਸ਼ਰਅ ਦਾ ਟੁੱਟੇ ਜ਼ੰਜੀਰ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਮਿਲੇ ਮੇਲ ਬੇਨਜ਼ੀਰ, ਨਜ਼ਰੀਆ ਦਏ ਬਦਲਾਈਆ । ਜਨ ਭਗਤਾਂ ਮਿਟੇ ਹਉਮੇ ਪੀੜ, ਹੰਗਤਾ ਰੋਗ ਗਵਾਈਆ । ਅੰਮ੍ਰਿਤ ਮਿਲੇ ਸੀਰ, ਬਿਨ ਰਸਨਾ ਰਸ ਚਖਾਈਆ । ਸਾਂਤਕ ਹੋਵੇ ਸ਼ਰੀਰ, ਧੀਰਜ ਧੀਰ ਵਖਾਈਆ । ਝਗੜਾ ਮੁਕੇ ਸ਼ਾਹ ਹਕੀਰ, ਇਕੋ ਰੰਗ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਵਰਤਾਈਆ । ਗੰਗਾ ਪਾਣੀ ਕਹੇ ਮੈਨੂੰ ਵਰਤੋ ਸਬਜ਼ੀ ਦਾਲ, ਅੰਨ ਵਿਚ ਰਲਾਈਆ । ਮੈਂ ਸਭ ਕੁਛ ਵੇਖਿਆ ਹਾਲ, ਹਾਲਤ ਦੀਨ ਦੁਨੀ ਤਕਾਈਆ । ਫਲ ਦਿਸਿਆ ਨਾ ਕਿਸੇ ਡਾਲ, ਪੱਤ ਟਹਿਣੀ ਨਾ ਕੋਇ ਲਹਿਰਾਈਆ । ਬਿਨ ਹਰਿ ਨਾਮੇ ਸਾਰੇ ਹੋਏ ਕੰਗਾਲ, ਵਸਤ ਅਗੰਮ ਨਾ ਕੋਇ ਵਰਤਾਈਆ । ਇਕੋ ਏਕ ਪੁਰਖ ਅਕਾਲਾ ਸਭ ਦੇ ਵਸੇ ਨਾਲ, ਵਿਛੋੜਾ ਨਜ਼ਰ ਕੋਇ ਨਾ ਆਈਆ । ਕਾਇਆ ਮੰਦਰ ਅੰਦਰ ਲੈਣਾ ਭਾਲ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਸਾਰੇ ਓਸੇ ਦੇ ਨਾਲ, ਆਤਮ ਧਾਰ ਉਹੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਪਾਣੀ ਕਹੇ ਮੈਨੂੰ ਵਰਤਣਾ ਨਾਲ ਚਾਅ, ਚਾਓ ਘਨੇਰਾ ਇਕ ਦ੍ਰਿੜਾਈਆ । ਪੁਰਖ ਅਕਾਲਾ ਸਭ ਦਾ ਇਕੋ ਮਲਾਹ, ਖੇਵਟ ਖੇਟਾ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਓਸੇ ਦੀ ਮਹਿੰਮਾ ਗਏ ਸੁਣਾ, ਸਿਫ਼ਤਾਂ ਵਿਚ ਵਡਿਆਈਆ । ਓਸੇ ਦੇ ਰਾਗ ਨਾਦ ਢੋਲੇ ਗਏ ਗਾ, ਕਾਗ਼ਜ਼ ਕ਼ਲਮ ਸ਼ਾਹੀ ਜੋੜ ਜੁੜਾਈਆ । ਓਸੇ ਦੇ ਅੰਤਰ ਆਤਮ ਗਏ ਸਮਾ, ਜੋਤੀ ਜੋਤ ਜੋਤ ਮਿਲਾਈਆ । ੧੦੭੯
ਸੋ ਖ਼ਾਲਕ ਮਾਲਕ ਪ੍ਰਿਤਪਾਲਕ ਵੇਖਣਹਾਰਾ ਦੋ ਜਹਾਂ, ਕਲਜੁਗ ਅੰਤਮ ਆਪਣੀ ਦਇਆ ਕਮਾਈਆ । ਰਾਵੀ ਕਹੇ ਜਿਸ ਵਰਤਾਈ ਭਾਵੀ ਓਹ ਕਰੇ ਸਚ ਨਿਆਂ, ਨਿਆਂਕਾਰ ਇਕ ਅਖਵਾਈਆ । ਮੇਰੇ ਕੰਢੇ ਵੰਡ ਵੰਡਾ, ਹਿੱਸੇ ਗਏ ਪਾਈਆ । ਜਿਨ੍ਹਾਂ ਨੇ ਸੂਰ ਖਾਧਾ ਜਿਨ੍ਹਾਂ ਨੇ ਖਾਧੀ ਗਾਂ, ਹੱਦ ਬੇਹੱਦ ਦਿਤੀ ਬਣਾਈਆ । ਅਗਲਾ ਲੇਖਾ ਕਿਸੇ ਨੂੰ ਪਤਾ ਨਾ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਸਦੀ ਚੌਧਵੀਂ ਅੰਤ ਅਖ਼ੀਰ ਮਿਲੇ ਨਾ ਕੋਇ ਪਨਾਹ, ਸਹਾਰਾ ਨਜ਼ਰ ਕੋਇ ਨਾ ਆਈਆ । ਸਭ ਦੇ ਵੇਖਣੇ ਪੁਰਖ ਅਕਾਲ ਗੁਨਾਹ, ਘਟ ਘਟ ਅੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਰਾਵੀ ਕਹੇ ਵੇਖੋ ਕੱਖਾਂ ਵਾਲਾ ਤੁਲ੍ਹਾ, ਸੋਹਣਾ ਨਜ਼ਰੀ ਆਈਆ । ਬੇਸ਼ਕ ਦੁਨੀਆ ਪ੍ਰਭ ਦਾ ਨਾਂ ਗਾਉਂਦੀ ਨਾਲ ਬੁੱਲਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਸੇ ਨੇ ਮੂੰਡ ਮੁੰਡਾਇਆ ਕਿਸੇ ਨੇ ਪਗੜੀ ਰੱਖੀ ਕਿਸੇ ਨੇ ਰੱਖਿਆ ਕੁੱਲਾ, ਕੁੱਲ ਆਲਮ ਭੇਵ ਕੋਇ ਨਾ ਪਾਈਆ । ਮਾਇਆ ਮਮਤਾ ਵਿਚ ਜਗਤ ਜਹਾਨ ਰੁਲਾ, ਰਸਤਾ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਆਤਮ ਸਭ ਦਾ ਰਸ ਡੁੱਲ੍ਹਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਹੰਕਾਰੀ ਵਿਕਾਰੀ ਦੁਸ਼ਟ ਦੁਰਾਚਾਰੀ ਫਲਿਆ ਫੁੱਲਾ, ਜੂਠ ਝੂਠ ਆਪਣਾ ਰੰਗ ਰੰਗਾਈਆ । ਮਿਲੇ ਮੇਲ ਨਾ ਕਿਸੇ ਸੁਲਹਕੁਲਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੈਂ ਕੀ ਦੱਸਾਂ ਰਸਤਾ, ਰਹਿਬਰ ਕੌਣ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਬੰਨ੍ਹਿਆ ਆਪਣਾ ਬਸਤਾ, ਅੱਗੇ ਅਵਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲ ਕਹੇ ਮੈਂ ਨਾਮ ਦੱਸਣਾ ਸਸਤਾ, ਜਿਸ ਦੀ ਦਾਮ

ਕ਼ੀਮਤ ਨਾ ਕੋਇ ਪਾਈਆ । ਜਿਹੜਾ ਲੇਖ ਮੁਕਾਵੇ ਅਰਸ਼ਾ ਫ਼ਰਸ਼ਾ, ਜ਼ਿਮੀਂ ਜ਼ਮਾਂ ਹੋਏ ਸਫ਼ਾਈਆ । ਹਰਿਜਨ ਬਣਾਏ ਬਰਦਾ, ਬੰਦੀਖ਼ਾਨਾ ਦਏ ਤੁੜਾਈਆ । ਨੂਰ ਚਮਕਾਵੇ ਨਰਾਇਣ ਨਰ ਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਨਾਦੀ ਧੁਨ ਅਨਹਦ ਹੋਵੇ ਵਜਦਾ, ਅਨਰਾਗੀ ਰਾਗ ਸੁਣਾਈਆ । ਅੰਮ੍ਰਿਤ ਝਿਰਨਾ ਇਹੋ ਰਸ ਹੋਵੇ ਝਿਰਦਾ, ਬੂੰਦ ਸਵਾਂਤੀ ਇਕ ਟਪਕਾਈਆ । ਨਜ਼ਾਰਾ ਦੇਵਾਂ ਮੈਂ ਆਪਣੀ ਮਿਹਰ ਦਾ, ਮਿਹਰ ਨਜ਼ਰ ਇਕ ਉਠਾਈਆ । ਝਗੜਾ ਮੁਕਾਵਾਂ ਚੁਰਾਸੀ ਗੇੜ ਦਾ, ਜਨ ਭਗਤਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਰਾਵੀ ਇਹ ਕੁਛ ਰਹੀ ਦੱਸ, ਆਪਣਾ ਹਾਲ ਜਣਾਈਆ । ਓਧਰੋਂ ਨਾਰਦ ਆ ਕੇ ਪਿਆ ਹੱਸ, ਰੌਲੀ ਦਿਤੀ ਪਾਈਆ । ਅੱਗੇ ਕਰ ਜਾ ਬੱਸ, ਕੀ ਰਹੀ ਸੁਣਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖ ਆਪਣੀ ਅੱਖ, ਅੱਖਰਾਂ ਵਾਲੀ ਛੱਡ ਪੜ੍ਹਾਈਆ । ਜੋ ਗੁਰ ਅਵਤਾਰ ਪੈਗ਼ੰਬਰ ਖੋਲ੍ਹ ਕੇ ਗਏ ਹੱਟ, ਉਥੋਂ ਸੌਦਾ ਲੈਣ ਕੋਇ ਨਾ ਪਾਈਆ । ਧਰਮ ਮਰਿਆਦਾ ਗਏ ਛੱਡ, ਈਮਾਨ ਬੇਈਮਾਨ ਦਿਤਾ ਬਣਾਈਆ । ਪਿਆਰ ਰਿਹਾ ਨਾ ਦੀਨ ਦੁਨੀ ਜਗ, ਕ਼ੀਮਤ ਸਚ ਨਾ ਕੋਇ ਮੁਕਾਈਆ । ਨਾਰਦ ਕਹੇ ਓਹ ਵੇਖ ਜਿਸ ਤਰ੍ਹਾ ਲੋਹ ਥੱਲੇ ਤਪਦੀ ਅੱਗ, ਦੀਨ ਦੁਨੀ ਕਲਜੁਗ ਮਾਇਆ ਅਗਨੀ ਏਸੇ ਤਰ੍ਹਾ ਤਪਾਈਆ । ਜਿਸ ਤਰਾ ਦਾਲ ਵਿਚ ਖੌਂਚਾ ਰਿਹਾ ਵੱਜ, ਏਸੇ ਤਰ੍ਹਾ ਕਾਮ ਕਰੋਧ ਸਭ ਨੂੰ ਰਿਹਾ ਹਿਲਾਈਆ । ਰਾਵੀ ਏਸ ਦੁਨੀਆਂ ਦਾ ਖਹਿੜਾ ਛੱਡ, ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਨੂੰ ਦਿਤੀ ਸਜ਼ਾਈਆ । ਚਲ ਇਹਨੂੰ ਛੱਡ ਕੇ ਹੋਈਏ ਅੱਡ, ਪੈਂਡਾ ਲਈਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਾਵੀ ਕਹੇ ਨਾਰਦ ਜੀ ਮੇਰੇ ਨਾਲ ਗੋਦਾਵਰੀ ਸੁਰਸਤੀ ਜਮਨਾ ਗੰਗਾ, ਬੈਠੀਆਂ ਮੇਲ ਮਿਲਾਈਆ । ਓਨ੍ਹਾਂ ਦਿਆਂ ਤੀਰਥਾਂ ਤੱਟਾਂ ਕਿਨਾਰਿਆਂ ਉਤੇ ਪੰਡਤ ਪਾਂਧਿਆਂ ਕੀਤਾ ਦੰਗਾ, ਮਾਇਆ ਮਮਤਾ ਵਿਚ ਲੜਾਈਆ । ਨਾਰਦ ਝਟ ਖੜ੍ਹਾ ਹੋ ਗਿਆ ਇਕ ਟੰਗਾ, ਰਾਮ ਰਾਮ ਕਹਿ ਕੇ ਦਿਤੀ ਦੁਹਾਈਆ । ਨੀਂ ਰਾਵੀ ਤੂੰ ਇਹਨਾਂ ਦਾ ਕਾਹਨੂੰ ਕੀਤਾ ਸੰਗਾ, ਇਹ ਤੇ ਚਾਰ ਜੁਗ ਦੀਆਂ ਮੁਰਦੇ ਖਾਣੀਆਂ, ਖਾ ਖਾ ਕੇ ਆਪਣਾ ਢਿੱਡ ਨਾ ਅਜੇ ਭਰਾਈਆ । ਕਿੱਥੋਂ ਗੰਢ ਲਈਆਂ ਇਹਨਾਂ ਨਾਲ ਗੰਢਾਂ, ਮੈਨੂੰ ਦੇ ਸਮਝਾਈਆ । ਰਾਵੀ ਕਹੇ ਮੈਂ ਸੁਣਿਆ ਇਨ੍ਹਾਂ ਦਾ ਕੁਛ ਲਹਿਣਾ ਦੇਣਾ ਚੰਗਾ, ਚੰਗੀ ਤਰਾ ਨਜ਼ਰੀ ਆਈਆ । ਨਾਰਦ ਕਹੇ ਇਹ ਕਲਜੁਗ ਜੀਵਾਂ ਵਾਂਗੂ ਇਨ੍ਹਾਂ ਦਾ ਬਾਹਰੋਂ ਨਾ ਵੇਖ ਪਿੰਡਾ ਸਾਫ਼ ਸੁਥਰਾ ਨੰਗਾ, ਅੰਦਰੋਂ ਕੂੜੀ ਕਿਰਿਆ ਸਭ ਨੂੰ ਦਿਤਾ ਰੁਲਾਈਆ । ਨਾਰਦ ਕਹੇ ਮੈਂ ਵਾਸਤਾ ਪਾਵਾਂ ਸਾਹਿਬ ਅੱਗੇ ਸੂਰਾ ਸਰਬੰਗਾ, ਜੋ ਸਭ ਦਾ ਪਿਤਾ ਮਾਈਆ । ਪ੍ਰਭੂ ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਲੇਖਾ ਮੁਕਾ ਦੇ ਤੇ ਆਪਣੇ ਦਰ ਦਾ ਇਕ ਦੇਦੇ ਅਨੰਦਾ, ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਜਿਤਨੇ ਮਾਰਗ ਤੇ ਉਤਨੇ ਰਸਤੇ ਤੇਰੇ ਨਾਮ ਦਾ ਲੈਂਦੇ ਚੰਦਾ, ਚੰਦੂ ਦੀ ਵਾਰਦਾਤ ਗੁਰੂ ਅਰਜਨ ਦੇ ਅਰਥਾਤ ਸਭ ਨੂੰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਨਾਰਦ ਕਹੇ ਰਾਵੀ ਏਧਰ ਕਰ ਧਿਆਨ, ਤੈਨੂੰ ਦਿਆਂ ਸਮਝਾਈਆ । ਸਿਖ ਲੈ ਕੁਛ ਗਿਆਨ, ਅਨਭਵ ਦਰਸਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਬਾਲ ਅੰਞਾਣ, ਕੀ ਇਨ੍ਹਾਂ ਵਡਿਆਈਆ । ਇਹ ਤੇ ਚਾਹੁੰਦੀਆਂ ਪੀਣ ਖਾਣ, ਆਪਣਾ ਰਸ ਵਖਾਈਆ । ਮੈਂ ਤੇ ਇਹ ਜਾਣਦਾ ਸਭ ਤੋਂ ਚੰਗਾ ਉਹ ਭਗਤ ਜਿਹੜਾ ਮਿਲਿਆ ਹੋਵੇ ਭਗਵਾਨ, ਭਾਗ ਆਪਣਾ ਅਗਲਾ ਲਏ ਬਣਾਈਆ । ਗੰਗਾ ਗੋਦਾਵਰੀ

ਜਮਨਾ ਸੁਰਸਤੀ ਅਠਸਠ ਤੀਰਥਾਂ ਨਾਲੋਂ ਮੈਨੂੰ ਪਵਿਤ੍ਰ ਦਿਸਦੀ ਕਿਸ਼ਨ ਸਿੰਘ ਦੀ ਰਾਨ, ਮੇਰਾ ਜੀਅ ਕਰਦਾ ਇਸ ਦੇ ਪੱਟ ਤੇ ਬਹਿ ਕੇ ਸਮਰਥ ਨਾਲ ਮਿਲ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਨਾਰਦ ਕਹੇ ਗੁਰਮੁਖ ਦਾ ਮਹਾਂਬਲੀ ਵਾਲਾ ਪੱਟ, ਕਿਉਂ ਪਟਨੇ ਵਾਲਾ ਦਏ ਵਡਿਆਈਆ । ਬਾਕੀ ਸਭ ਦੇ ਅੰਦਰ ਕਲਜੁਗ ਨੇ ਤ੍ਰੈਕੁਟੀ ਤੋਂ ਉਪਰ ਦਸਮ ਦਵਾਰੀ ਵਿਚ ਲਾ ਦਿਤੇ ਡੱਟ, ਬਾਹਰ ਸਕੇ ਨਾ ਕੋਇ ਕਢਾਈਆ । ਜਿਸ ਨੂੰ ਵੇਖੋ ਸਾਧ ਸੰਤ ਫ਼ਕੀਰ ਸਾਰਾ ਵਿਕ ਗਿਆ ਕਾਮਨਾ ਦੇ ਹੱਟ, ਜਗਤ ਤ੍ਰਿਸ਼ਨਾ ਵਿਚ ਹਲਕਾਈਆ । ਰਾਵੀ, ਜਿੰਨਾਂ ਚਿਰ ਜਗਤ ਪਿਆਰ ਨਾ ਜਾਏ ਛੱਡ, ਦ੍ਰਿਸ਼ਟੀ ਵਿਚੋਂ ਨਾ ਹੋਵੇ ਅੱਡ, ਇਸ਼ਟੀ ਮਿਲੇ ਨਾ ਪੁਰਖ ਸਮਰਥ, ਮਹਿਮਾ ਦੱਸੇ ਨਾ ਆਪਣੀ ਅਕਥ, ਸ਼ਬਦ ਰਥ ਚੜ੍ਹਨ ਕੋਇ ਨਾ ਪਾਈਆ । ਗੁਰ ਅਰਜਨ ਕਹਿ ਕੇ ਗਿਆ ਸਚ, ਗੁਰੂ ਗ੍ਰੰਥ ਦੀ ਬਾਣੀ ਕੋਈ ਨਾ ਸਕੇ ਵਾਚ, ਵਾਚਕ ਗਿਆਨੀ ਪ੍ਰਭ ਦਾ ਧਿਆਨ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਦੇਵੇ ਮਾਣ ਵਡਿਆਈਆ । ਨਾਰਦ ਕਹੇ ਸੁਣ ਰਾਵੀ ਰੰਗ ਰੱਤੜੀ, ਤੈਨੂੰ ਦਿਆਂ ਜਣਾਈਆ । ਆਪਣੇ ਮਨ ਰਹੀਂ ਨਾ ਮੱਤੜੀ, ਮਮਤਾ ਵਿਚ ਵਡਿਆਈਆ । ਜਿਸ ਨੇ ਵੰਡ ਵੰਡਾਈ ਵੈਸ਼ ਸ਼ੂਦਰ ਬ੍ਰਾਹਮਣ ਛੱਤ੍ਰੀ, ਛਤਰਧਾਰੀਆਂ ਦਿਤੀ ਵਡਿਆਈਆ । ਜਿਸ ਦਾ ਲਹਿਣਾ ਦੇਣਾ ਹਿਸਾਬ ਆਵੇ ਕਿਸੇ ਨਾ ਪੱਤਰੀ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਗਏ ਸੁਣਾਈਆ । ਨਜ਼ਰ ਨਾ ਆਏ ਕਿਸੇ ਗ੍ਰਹਿ ਨਛੱਤਰੀ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਚਤੁਰਾਈਆ । ਓਹ ਖੇਲ ਕਰੇ ਕਲ ਵਖਰੀ, ਬੇਪਰਵਾਹ ਆਪਣੀ ਕਾਰ ਕਮਾਈਆ । ਜਿਸ ਨੂੰ ਲੱਭਦੇ ਵਿਚੋਂ ਪੱਥਰੀਂ, ਸਿਲਾਂ ਪੂਜ ਪੁਜਾਈਆ । ਜਿਸ ਨੂੰ ਖੋਜਣ ਮੰਦਰ ਮਸਜਿਦ ਸ਼ਿਵਦਵਾਲੇ ਮਠੜੀਂ, ਭੱਜਣ ਵਾਹੋ ਦਾਹੀਆ । ਜਿਸ ਦੇ ਪ੍ਰੇਮ ਵਿਚ ਪਿਆਰ ਵਿਚ ਸਤਿਕਾਰ ਵਿਚ ਨਿਰਗੁਣ ਨਾਨਕ ਸਰਗੁਣ ਤੋਲੀ ਤੱਕੜੀ, ਤਰਾਜ਼ੂ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਇਕ ਵਖਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ, ਰਾਵੀ ਰਵਾਦਾਰ ਨਜ਼ਰ ਕੋਇ ਨਾ ਆਈਆ । ਓਹ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਅਰਸ਼ੀ, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਚਾਰ ਜੁਗ ਨਾਮ ਉਸ ਦੇ ਫ਼ਰਜ਼ੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਦਿਤੇ ਬਦਲਾਈਆ । ਅੰਤ ਅਖ਼ੀਰ ਬੇਨਜ਼ੀਰ ਲੈਂਦਾ ਰਿਹਾ ਅਰਜ਼ੀ, ਦਰਖ਼ਾਸਤ ਸਭ ਦੀ ਆਪਣੇ ਕੋਲ ਰਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕਦੇ ਨਾ ਹੋਏ ਬੇ਼ਗਰਜ਼ੀ, ਗ਼ਰਜ਼ ਸਭ ਦੀ ਵੇਖ ਵਖਾਈਆ । ਜਿਸ ਨੇ ਤਨ ਵਜੂਦ ਮਾਟੀ ਖ਼ਾਕ ਪੰਜ ਤੱਤ ਹਾਡੀ ਮਾਸ ਨਾੜੀ ਚਮੜੇ ਦੀ ਪਹਿਨਾਈ ਵਰਦੀ, ਮਨ ਮਤ ਬੁਧ ਨਾਲ ਮਿਲਾਈਆ । ਓਹ ਖੇਲ ਜਾਣੇ ਏਥੇ ਓਥੇ ਦੋ ਜਹਾਨ ਆਪਣੇ ਘਰ ਦੀ, ਗ੍ਰਹਿ ਮੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦੀ ਧਾਰ ਵੇਖੇ ਵਿਕਾਰ ਹੰਕਾਰ ਵਿਚ ਲੜਦੀ, ਪਿਆਰ ਮੁਹੱਬਤ ਨਜ਼ਰ ਕੋਇ ਨਾ ਆਈਆ ।

### ❋ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਆਸਾ ਸਿੰਘ ਦੇ ਗ੍ਰਿਹ ਪਿੰਡ ਅਲੜ੍ਹਪਿੰਡੀ ❋

ਰਾਵੀ ਕਹੇ ਮੈਂ ਪ੍ਰੇਮਣ ਸੱਚੇ ਪ੍ਰਭ ਦੀ, ਪ੍ਰਭੂ ਮਿਲ ਕੇ ਵੱਜੇ ਵਧਾਈਆ । ਮੈਂ ਜੁਗ ਜੁਗ ਰਹੀ ਵਗਦੀ, ਵਹਿਣਾਂ ਵਿਚ ਵਡਿਆਈਆ । ਮੈਂ ਨਿਤ ਨਵਿਤ ਰਹੀ ਲੱਭਦੀ, ਬਿਨ ਅੱਖਾਂ ਅੱਖ ਉਠਾਈਆ । ਸਮਾਂ ਉਡੀਕਦੀ ਰਹੀ ਆਪਣੀ ਹੱਦ ਦੀ, ਹਦੂਦ ਅੰਤਮ ਵੇਖ ਵਖਾਈਆ । ਜੁਗ ਚੌਕੜੀ ਏਸੇ ਤਰਾ ਲੰਘ ਗਈ, ਵਕਤ ਆਪਣਾ ਮਾਤ ਲੰਘਾਈਆ । ਮੈਂ ਆਸਾ ਮਨਸਾ ਮੰਗ ਲਈ, ਤ੍ਰਿਸ਼ਨਾ ਇਕ ਰਖਾਈਆ । ਉਡੀਕ ਰੱਖਾਂ ਤੇਰੇ ਅੰਗ ਲਈ, ਅੰਗੀਕਾਰ ਆਪ ਕਰਾਈਆ । ਨੈਣ ਉਠਾਵਾਂ ਓਸ ਚੰਦ ਲਈ, ਜੋ ਨੂਰ ਜੋਤ ਰੁਸ਼ਨਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਵੰਡ ਲਈ, ਬ੍ਰਹਿਮੰਡ ਖੋਜ ਖੁਜਾਈਆ । ਜੋ ਖੇਲ ਖਲਾਵੇ ਜੇਰਜ ਅੰਡ ਲਈ, ਉਤਭੁਜ ਸੇਤਜ ਵੇਖ ਵਖਾਈਆ । ਜੋ ਪ੍ਰਗਟ ਹੋਵੇ ਢੌਣ ਦੀਨ ਮਜ਼੍ਹਬਾਂ ਦੀ ਕੰਧ ਲਈ, ਕੰਢੀ ਮੇਰੇ ਸੋਭਾ ਪਾਈਆ । ਸੱਧਰ ਰੱਖੀ ਓਸ ਬਖ਼ਸ਼ੰਦ ਲਈ, ਜੋ ਬਖ਼ਸ਼ਿਸ਼ ਮਿਹਰ ਕਰਾਈਆ । ਜਿਸ ਅੰਤ ਮੇਰੀ ਦਰਦ ਵੰਡ ਲਈ, ਦਰ ਤੇਰੇ ਫੇਰਾ ਪਾਈਆ । ਪੰਧ ਮਾਰਿਆ ਭਾਗਹੀਣ ਮੰਦ ਲਈ, ਕੁਕਰਮਣ ਲਈ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਰਾਵੀ ਕਹੇ ਮੈਂ ਆਦਿ ਜੁਗਾਦਿ ਦੀ ਭਾਗੀ, ਭਾਗਵੰਤ ਅਖਵਾਈਆ । ਸਦਾ ਰਹੀ ਵੈਰਾਗੀ, ਵੈਰਾਗਣ ਹੋ ਕੇ ਦਿਆਂ ਦੁਹਾਈਆ । ਸੋਈ ਅੰਤਮ ਜਾਗੀ, ਜਗਾਵਣ ਵਾਲੇ ਲਿਆ ਜਗਾਈਆ । ਮੇਰੀ ਖੁਲ੍ਹ ਗਈ ਪਿਛਲੀ ਸਮਾਧੀ, ਸਮਾਂ ਸਮੇਂ ਵਿਚੋਂ ਬਦਲਾਈਆ । ਮੈਂ ਧਾਰ ਤਕ ਲਈ ਆਦੀ, ਜੋ ਆਦਿ ਅੰਤ ਅਖਵਾਈਆ । ਮੈਂ ਖੇਲ ਵੇਖਿਆ ਬ੍ਰਹਿਮਾਦੀ, ਬ੍ਰਹਿਮੰਡ ਦਿਤਾ ਜਣਾਈਆ । ਮੈਂ ਨਾਦ ਸੁਣਿਆ ਅਹਿਲਾਦੀ, ਸੰਦੇਸ਼ਾ ਧੁਰਦਰਗਾਹੀਆ । ਮੈਂ ਹੰਸ ਹੋਈ ਕਾਗੀ, ਕਾਗ ਹੰਸ ਰੂਪ ਬਦਲਾਈਆ । ਮੇਰੀ ਪਿਛਲੀ ਬਦਲ ਗਈ ਵਾਦੀ, ਵਾਇਦਾ ਆਪਣਾ ਪੂਰ ਕਰਾਈਆ । ਮੈਨੂੰ ਨਜ਼ਰ ਆ ਗਈ ਅਜੀਤ ਜੁਝਾਰ ਦੀ ਬੁੱਢੜੀ ਦਾਦੀ, ਦਾਅਵੇ ਨਾਲ ਵੇਖ ਵਖਾਈਆ । ਮੈਂ ਖ਼ੁਸ਼ੀਆਂ ਵਿਚ ਰਹੀ ਅਰਾਧੀ, ਅਰਾਧਨਾ ਇਕ ਜਣਾਈਆ । ਸਰਨ ਸਰਨਾਈ ਲਾਗੀ, ਚਰਨ ਕਵਲ ਵਡਿਆਈਆ । ਮੈਂ ਮਿਲ ਕੇ ਮੋਹਣ ਮਾਧੀ, ਮਾਧਵ ਆਪਣਾ ਭੇਵ ਖੁਲ੍ਹਾਈਆ । ਝਗੜਾ ਛੱਡਿਆ ਸੰਤ ਸਾਧੀ, ਸਾਧਨਾ ਆਪਣੀ ਲਈ ਕਰਾਈਆ । ਚੇਤਾ ਭੁੱਲ ਗਿਆ ਕ੍ਰਿਸ਼ਨ ਰਾਧੀ, ਸੀਤਾ ਰਾਮ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਰਾ ਰੰਗ ਰੰਗਾਈਆ । ਰਾਵੀ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਇਹ ਸਾਰੀਆਂ ਮੇਰੀਆਂ ਭੈਣਾਂ, ਭਣਵਈਆ ਨਜ਼ਰ ਕੋਇ ਨਾ ਆਈਆ । ਅਸਾਂ ਇਕੋ ਦਵਾਰੇ ਰਹਿਣਾ, ਦੂਜਾ ਕੰਤ ਨਾ ਕੋਇ ਹੰਢਾਈਆ । ਸਚ ਸਰਨਾਈ ਇਕੋ ਢਹਿਣਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਪ੍ਰੇਮ ਪ੍ਰੀਤੀ ਪਾਣਾ ਗਹਿਣਾ, ਭੂਸ਼ਨ ਰੰਗਲਾ ਸੋਭਾ ਪਾਈਆ । ਮਹੱਲ ਅਟਲ ਇਕੋ ਬਹਿਣਾ, ਛੱਪਰ ਛੰਨ ਨਾ ਕੋਇ ਰੁਸ਼ਨਾਈਆ । ਨਿਰਮਲ ਨੂਰ ਇਕ ਰੁਸ਼ਨਾਣਾ, ਦੀਵਾ ਬਾਤੀ ਨਾ ਕੋਇ ਰਖਾਈਆ । ਆਦਿ ਜੁਗਾਦੀ ਭਾਣਾ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤੋ ਤੁਹਾਨੂੰ ਇਕੋ ਸੰਦੇਸ਼ਾ ਕਹਿਣਾ, ਮੈਂ ਸਚ ਦਿਆਂ ਸੁਣਾਈਆ । ਜਾਂ ਤੱਕੋ ਪ੍ਰਭ ਦਾ ਦਰਸ਼ਨ ਨੈਣਾਂ, ਬਿਨਾ ਵੇਖਿਆਂ ਸਾਂਤ ਕੋਇ ਨਾ ਆਈਆ । ਨਾ ਕੋਈ ਸਾਕ ਨਾ ਕੋਈ ਸੈਣਾਂ, ਸੱਜਣ ਸੰਗ ਨਾ ਕੋਇ ਨਿਭਾਈਆ । ਮਾਤ ਪਿਤ ਭਾਈ ਨਹੀਂ ਕੋਈ ਰਹਿਣਾ, ਪੁੱਤਰ ਧੀ ਸੰਗ ਨਾ ਕੋਇ ਰਖਾਈਆ । ਬਿਨ ਸਾਹਿਬ ਸਤਿਗੁਰ ਚੁਕਾਏ

੧੦੮੩
੨੧

ਨਾ ਕੋਈ ਲਹਿਣਾ ਦੇਣਾ, ਹਿਸਾਬ ਬੇਬਾਕ ਨਾ ਕੋਇ ਕਰਾਈਆ । ਜਦੋਂ ਵੀ ਪੁਰਖ ਅਬਿਨਾਸ਼ੀ ਚਰਨੀ ਢਹਿਣਾ, ਦੂਸਰ ਸੀਸ ਨਾ ਕੋਇ ਨਿਵਾਈਆ । ਕਲਜੁਗ ਅੰਤ ਸਾਧ ਸੰਤ ਜਗਤ ਚਮਕਣ ਵਾਲਾ ਟਟਾਣਾ, ਅੰਤਰ ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਵੀ ਕਹੇ ਜਨ ਭਗਤੋ ਮੇਰੇ ਵਾਂਗ ਰੱਖੋ ਆਸਾ, ਨਿਰਾਸਾ ਰਹਿਣ ਕੋਇ ਨਾ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰ ਕੇ ਰਹੀ ਭਰਵਾਸਾ, ਆਪਣਾ ਮਨ ਨਾ ਕਦੇ ਬਦਲਾਈਆ । ਜਮਨਾ ਕਹੇ ਮੇਰੇ ਉਤੇ ਕਾਹਨ ਪਾ ਕੇ ਗਿਆ ਰਾਸਾ, ਗੋਪੀਆਂ ਵਾਲਾ ਖੇਲ ਖਿਲਾਈਆ । ਗੰਗਾ ਕਹੇ ਮੇਰੇ ਉਤੇ ਡੇਰੇ ਲਾਏ ਅਨੇਕਾਂ ਸਾਧਾਂ, ਰਿਸ਼ੀਆਂ ਮੁਨੀਆਂ ਆਸਣ ਜਮਾਈਆ । ਸੁਰਸਤੀ ਕਹੇ ਮੇਰਾ ਪੱਲਾ ਨਾਲ ਕਿਸੇ ਨਹੀਂ ਲਾਗਾ, ਮੈਂ ਗੰਗਾ ਜਮਨਾ ਵਿਚ ਮਿਲ ਕੇ ਆਪਣਾ ਝਟ ਲੰਘਾਈਆ । ਗੋਦਾਵਰੀ ਕਹੇ ਮੈਂ ਲੱਗਣ ਨਹੀਂ ਦਿਤਾ ਦਾਗ਼ਾ, ਕੂੜ ਕਿਰਿਆ ਨਾ ਕੋਇ ਵਖਾਈਆ । ਮੇਰੀ ਇਕੋ ਆਸਾ ਜਦ ਮਿਲੇ ਤੇ ਮਿਲੇ ਪ੍ਰਭੂ ਕੰਤ ਸੁਹਾਗਾ, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਕਿਉਂ ਮੈਨੂੰ ਗੋਬਿੰਦ ਥੋੜ੍ਹਾ ਜਿਹਾ ਰਸ ਦੇ ਕੇ ਗਿਆ ਸਵਾਦਾ, ਚਰਨਾਮਤ ਮੇਰੇ ਮੁਖ ਚੁਆਈਆ । ਮੈਂ ਓਦੋਂ ਦੀ ਦਿਵਸ ਰੈਣ ਨਾ ਸੁੱਤੀ ਨਾ ਜਾਗੀ ਸਦ ਮਾਰਦੀ ਰਹੀ ਵਾਜਾਂ, ਆ ਮਿਲ ਮੇਰੇ ਪ੍ਰਭ ਗੁਸਾਈਂਆ । ਮੈਂ ਵਡਿਔਂਦੀ ਰਹੀ ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੀਨ ਦੁਨੀ ਦਾ ਰਾਜਾ, ਪਰਵਰਦਿਗਾਰ ਤੇਰੀ ਸਰਨਾਈਆ । ਜਨ ਭਗਤੋ ਮੇਰੀ ਆਸਾ ਪੁਨੀ ਤੁਹਾਡੇ ਸਾਹਮਣੇ ਆ ਕੇ ਮੇਰੀ ਰੱਖੀ ਲਾਜਾ, ਮਿਹਰਵਾਨ ਹੋ ਕੇ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਪੂਰੀਆਂ ਕਰੇ ਆਸਾਂ, ਆਹਿਸਤਾ ਆਹਿਸਤਾ ਆਹਿਸਤਾ ਲੇਖਾ ਸਭ ਦਾ ਪੂਰ ਕਰਾਈਆ ।

### ✻ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਾਰਾ ਸਿੰਘ ਦੇ ਗ੍ਰਹਿ ਪਿੰਡ ਅਲੜ੍ਹਪਿੰਡੀ ਜ਼ਿਲਾ ਗੁਰਦਾਸਪੁਰ ✻

ਰਾਵੀ ਕਹੇ ਜਨ ਭਗਤੋ ਪ੍ਰਭ ਦੀ ਵਖਰੀ ਤਾਲੀਮ, ਵਖ ਵਖ ਦਿਆਂ ਜਣਾਈਆ । ਮੈਂ ਜੁਗ ਜੁਗ ਵੇਖਦੀ ਰਹੀ ਕ਼ਦੀਮ, ਕ਼ੁਦਰਤ ਦਾ ਮਾਲਕ ਕੀ ਕੀ ਕਾਰ ਕਮਾਈਆ । ਜੋ ਵਸਣਹਾਰਾ ਸਚਖੰਡ ਦਵਾਰੇ ਘਰ ਅਜ਼ੀਮ, ਆਲੀਸ਼ਾਨ ਸੋਭਾ ਪਾਈਆ । ਦੀਨਾਂ ਮਜ਼੍ਹਬਾਂ ਵਿਚ ਕਰਦਾ ਰਿਹਾ ਤਕਸੀਮ, ਗੁਰ ਅਵਤਾਰ ਪੈਗ਼ੰਬਰਾਂ ਸੇਵ ਲਗਾਈਆ । ਬਣਾ ਕੇ ਛੋਟੇ ਛੋਟੇ ਯਤੀਮ, ਹਿੱਸਿਆਂ ਵਾਲੀ ਵੰਡ ਸਮਝਾਈਆ । ਪੂਜਾ ਕਰਾਈ ਨਰਾਂ ਦੇ ਨਾਲ ਮਦੀਨ, ਜੋੜੀ ਜਗਤ ਵਿਚ ਵਖਾਈਆ । ਆਪਣਾ ਆਪ ਬਿਨਾ ਭਗਤਾਂ ਤੋਂ ਕਿਸੇ ਨੂੰ ਹੋਣ ਨਹੀਂ ਦਿਤਾ ਤਸਲੀਮ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕਲਜੁਗ ਅੰਤ ਸਭ ਦੀ ਬੁੱਧੀ ਕੀਤੀ ਮਲੀਨ, ਪਵਿਤ੍ਰ ਨਜ਼ਰ ਕੋਇ ਨਾ ਆਈਆ । ਮਨ ਮਮਤਾ ਦੇ ਹੋ ਅਧੀਨ, ਕਲਪਣਾ ਵਿਚ ਰਹੇ ਕੁਰਲਾਈਆ । ਜਨ ਭਗਤੋ ਮੈਂ ਤੁਹਾਨੂੰ ਏਸੇ ਕਾਰਨ ਸੱਦਿਆ ਮੇਰੇ ਉਤੇ ਕਰੋ ਯਕੀਨ, ਅਰਜਨ ਦਾ ਦੱਸਿਆ ਅੰਤਮ ਪੂਰਾ ਦਿਤਾ ਕਰਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੂੰ ਕਹੇ ਆਫ਼ਰੀਨ, ਜੋ ਚਲ ਕੇ ਆਈਆਂ ਆਪਣਾ ਪੰਧ ਮੁਕਾਈਆ । ਏਧਰੋਂ ਨਾਰਦ ਆ ਗਿਆ ਰਾਵੀ ਮੇਰਾ ਨਹੀਂ ਦੱਸਿਆ ਕਿੱਡਾ ਰਾਹ ਮਹੀਨ, ਜਿਥੋਂ ਦੀ ਚਲਿਆ ਵਾਹੋ ਦਾਹੀਆ । ਤੁਹਾਡੇ ਵਿਚ ਇਕ ਵਡਿਆਈ ਦੁਨੀਆ ਕਹੇ

ਜਲ ਬਿਨਾ ਜਿਉਂਦੀ ਨਹੀਂ ਮੀਨ, ਜਲ ਮੀਨ ਤੋਂ ਬਿਨਾ ਤੁਹਾਡੀ ਗੱਤ ਨਾ ਕਿਸੇ ਦ੍ਰਿੜਾਈਆ । ਮੈਂ ਵੇਖੇ ਬੜਾ ਸ਼ੌਕੀਨ, ਹੋਇਆ ਨਹੀਂ ਕਿਸੇ ਦੇ ਅਧੀਨ, ਆਅਲਾ ਅਦਨਾ ਸਾਰੇ ਵੇਖ ਵਖਾਈਆ । ਮੈਂ ਜਦ ਤੱਕ ਤੱਕਾਂ ਪਰਮ ਪੁਰਖ ਜੋਤੀ ਦਾ ਸੀਨ, ਬਿਨਾ ਜੋਤ ਤੋਂ ਦੂਜਾ ਇਸ਼ਟ ਨਾ ਕੋਇ ਮਨਾਈਆ । ਮੈਨੂੰ ਕ੍ਰਿਸ਼ਨ ਕਹਿੰਦਾ ਰਿਹਾ ਮੈਂ ਤ੍ਰੈਲੋਕੀ ਨਾਥ ਮਾਲਕ ਲੋਕ ਤੀਨ, ਮੈਂ ਮੂੰਹ ਦੀ ਵਜਾ ਕੇ ਬੀਨ, ਉਹਨੂੰ ਮਸਖ਼ਰਿਆਂ ਵਾਲਾ ਪਾਰਟ ਦਿਤਾ ਵਖਾਈਆ । ਕੁਛ ਗਾ ਕੇ ਨਾਲ ਜ਼ਬੀਨ, ਜ਼ਬਾਨ ਮੁਖ ਦੰਦਾਂ ਵਿਚ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਜਨ ਭਗਤੋ ਆਕੜ ਨਾ ਜਾਇਓ ਅਸੀਂ ਚੜ੍ਹ ਗਏ ਉਤਲੇ ਡੰਡੇ, ਚੋਟੀ ਆਸਣ ਲਾਈਆ । ਅਜੇ ਤੇ ਤੁਸੀਂ ਸਿਰਫ਼ ਆਏ ਰਾਵੀ ਦੇ ਕੰਢੇ, ਕੰਢੇ ਕੰਢੇ ਆਪਣਾ ਕ਼ਦਮ ਟਿਕਾਈਆ । ਮਿੱਸੀਆਂ ਰੋਟੀਆਂ ਤੇ ਨਾਲ ਖਾਧੇ ਗੰਢੇ, ਖਾ ਕੇ ਸ਼ੁਕਰ ਮਨਾਈਆ । ਜਿਸ ਵੇਲੇ ਪ੍ਰਭ ਨੇ ਦੀਨ ਦੁਨੀ ਮਗਰ ਲਾਏ ਅਗੰਮੀ ਧਾਰ ਡੰਡੇ, ਡਾਂ ਡਾਂ ਡਾਂ ਕਰੇ ਲੋਕਾਈਆ । ਡਰਦਾ ਉਚੀ ਕੋਈ ਨਾ ਖੰਘੇ, ਸਾਹ ਸਾਹ ਵਿਚ ਦੁਹਾਈਆ । ਫੇਰ ਤੁਸਾਂ ਉਂਗਲੀਆਂ ਪੌਣੀਆਂ ਮੂੰਹ ਪੰਜੇ, ਸਹਿਮ ਵਿਚ ਸੋਚ ਵਿਚ ਆਪਣਾ ਆਪ ਛੁਪਾਈਆ । ਫੇਰ ਪ੍ਰਭੂ ਨੇ ਲੱਭਣੇ ਕਿਹੜੇ ਚੰਗੇ ਕਿਹੜੇ ਮੰਦੇ, ਵੇਖੇ ਥਾਉਂ ਥਾਈਂਆ । ਹੁਣ ਤੁਸੀਂ ਬੜੇ ਸ਼ੌਕ ਨਾਲ ਸੌਂਦੇ ਉਤੇ ਮੰਜੇ, ਆਸਣਾਂ ਉਤੇ ਆਸਣ ਲਾਈਆ । ਸਚ ਪੁਛੋ ਮੈਂ ਗਿਆਰਾਂ ਦਿਨ ਪਾਵੇ ਦੇ ਹੇਠਾਂ ਪੈ ਪੈ ਕੱਢੇ, ਸਚ ਦਿਆਂ ਸੁਣਾਈਆ । ਜੇ ਤੁਸੀਂ ਵੇਖੋ ਤੇ ਮੇਰੀ ਪਿੱਠ ਤੇ ਪੈ ਗਏ ਖੱਡੇ, ਭਾਰ ਚੁਕ ਚੁਕ ਕੇ ਆਪਣਾ ਵਕਤ ਲੰਘਾਈਆ । ਮੇਰੇ ਨਾਲ ਬੜੀ ਸਖ਼ਤੀ ਨਾਲ ਹੰਢੇ, ਜੁਗ ਜੁਗ ਭੈ ਵਖਾਈਆ । ਤੁਹਾਨੂੰ ਤੇ ਅੱਜ ਚਾਅ ਨਾਲ ਲਾਡ ਨਾਲ ਕਹੀ ਜਾਂਦਾ ਆਓ ਮੇਰੇ ਡੱਡੇ, ਬੱਚਿਓ ਗੋਦੀ ਵਿਚ ਟਿਕਾਈਆ । ਜਿਸ ਵੇਲੇ ਫੇਰ ਹਿਸਾਬ ਕੱਢੇ, ਲੇਖਾ ਵੇਖ ਵਖਾਈਆ । ਪਤਾ ਨਹੀਂ ਵਿਚੋਂ ਸਾਰੇ ਰਹਿਣ ਕਿ ਅੱਧੇ, ਕਿ ਦੁਗਣੇ ਲਏ ਬਣਾਈਆ । ਤੁਸੀਂ ਵੀ ਐਵੇਂ ਡਰਦੇ ਚਰਨ ਨਾ ਜਾਇਓ ਦੱਬੇ, ਕਹੋ ਅਸੀਂ ਬੜੀ ਸੇਵ ਕਮਾਈਆ । ਮੇਰੀ ਸੇਵਾ ਲਾਈ ਖੋਤੇ ਤੇ ਚੜ੍ਹਨਾ ਖੜਕੌਂਦੇ ਜਾਣਾ ਡੱਬੇ, ਹੁਣ ਮੇਰੀ ਡੱਬਾ ਖੜਕੌਣ ਦੀ ਵਾਰੀ ਆਈਆ । ਜਿਸ ਪਿਆਰ ਕਰਨਾ ਸੋ ਹਿਰਦਿਉਂ ਸਰਨਾਈ ਲੱਗੇ, ਨਹੀਂ ਤੇ ਪਿਛਾਂਹ ਆਪਣੇ ਘਰ ਨੂੰ ਜਾਓ ਭੱਜੇ, ਮੈਂ ਡੱਗੇ ਨਾਲ ਸਭ ਨੂੰ ਦਿਆਂ ਭਜਾਈਆ । ਜੇ ਬਣਨਾ ਤੁਸੀਂ ਚੰਗੇ, ਮੇਰੇ ਵਾਂਗ ਜੁਗ ਚੌਕੜੀ ਮੰਗਦੇ ਲੰਘੇ, ਫੇਰ ਭਾਵੇਂ ਤੁਹਾਡੇ ਕੋਲ ਮੋਹਣੀ ਰੂਪ ਬਣਾ ਕੇ ਜਮਨਾ ਸੁਰਸਤੀ ਗੋਦਾਵਰੀ ਆ ਜਾਏ ਗੰਗੇ, ਤੁਸਾਂ ਅੱਖ ਨਾ ਲੈਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨਾ ਬੰਦਗੀਉਂ ਬਣਾਏ ਬੰਦੇ, ਜਿਨ੍ਹਾਂ ਨੂੰ ਬੰਦਨਾ ਇਕ ਸਮਝਾਈਆ ।



### ✻ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਸਰੂਪ ਸਿੰਘ ਦੇ ਗ੍ਰਿਹ ਪਿੰਡ ਅਲੜ੍ਹ ਪਿੰਡੀ ✻

ਨਾਰਦ ਕਹੇ ਜਨ ਭਗਤੋ ਮੇਰਾ ਡੱਬਾ ਕਰਦਾ ਡਿਬ ਡਿਬ ਡਿਬ, ਡੌਰੂ ਰਿਹਾ ਵਜਾਈਆ । ਅੱਜ ਤੋਂ ਸਿਖਿਆ ਸੁਣ ਲਓ ਜੋ ਸਤਿਗੁਰ ਸਰਨ ਆਏ ਬੀਬੀਆਂ ਬੱਚਿਆਂ ਦੇ ਮੂੰਹ ਤੋਂ ਲਾਹ ਕੇ ਆਇਆ ਕਰੋ ਗਿੱਡ, ਬਿਨਾ ਮੁਖ ਧੋਤਿਆਂ ਚਰਨ ਸੀਸ ਨਾ ਕੋਇ ਨਿਵਾਈਆ । ਵੇਖਿਓ ਪ੍ਰਸ਼ਾਦਿ

ਖਾ ਕੇ ਨਾ ਜਾਇਓ ਟਿੱਭ, ਆਪੇ ਆਪਣਾ ਰਾਹ ਤਕਾਈਆ । ਮੇਰੇ ਨਾਲ ਵਾਅਦਾ ਕਰਿਓ ਸਾਨੂੰ ਭਰੋਸਾ ਹੋਇਆ ਇਕ, ਦੂਜਾ ਅਵਰ ਨਾ ਪਿਤਾ ਮਾਈਆ । ਜਿਹੜਾ ਮੇਰੀ ਗੱਲ ਤੋਂ ਹੋਵੇ ਜ਼ਿੱਚ, ਓਹ ਮੈਨੂੰ ਦੇਵੇ ਸੁਣਾਈਆ । ਕਿਉਂ ਮੈਂ ਚਾਰ ਜੁਗ ਦਾ ਪੁਰਾਣਾ ਸਿੱਖ, ਹੁਕਮ ਮੰਨਣ ਦੀ ਆਦਤ ਮੈਨੂੰ ਬੜੀ ਆਈਆ । ਵਿਛੋੜੇ ਵਿਚ ਜੇ ਨਾ ਮਿਲੇ ਤੇ ਮੈਂ ਰੋਵਾਂ ਪਿੱਟ ਪਿੱਟ, ਕੂਕ ਕੂਕ ਸੁਣਾਈਆ । ਆਹ ਵੇਖ ਲਓ ਮੇਰੇ ਕੋਲ ਪਟਨੇ ਵਾਲੇ ਦੀ ਇਕ ਚਿੱਟ, ਗੋਬਿੰਦ ਜਾਂਦਾ ਜਾਂਦਾ ਗਿਆ ਫੜਾਈਆ । ਨਾਰਦਾ ਜਿਸ ਵੇਲੇ ਦੁਨੀਆ ਦੀ ਸੁਰਤੀ ਜਾਵੇ ਨਾ ਟਿਕ, ਅੰਤਰ ਸ਼ਾਂਤ ਕੋਇ ਨਾ ਆਈਆ । ਓਸ ਵੇਲੇ ਪੁਰਖ ਅਕਾਲ ਨੇ ਭਗਤ ਦਵਾਰੇ ਲੌਣੀ ਇੱਟ, ਇੱਟਾਂ ਪੱਥਰਾਂ ਤੋਂ ਖਹਿੜਾ ਦਏ ਛੁਡਾਈਆ । ਤੁਸੀਂ ਜਦੋਂ ਤੱਕੋ ਮੈਂ ਜੁਗ ਜੁਗ ਲਾਈ ਟਿਕ, ਟਿਕਟਿਕੀ ਵਿਚ ਵੇਖ ਵਖਾਈਆ । ਵੇਖਿਓ ਮੇਰੇ ਬਚਨ ਨੂੰ ਅੱਧ ਵਿਚ ਜਾਂਦੇ ਕੱਲਰ ਵਿਚ ਨਾ ਜਾਇਓ ਸਿੱਟ, ਹਿਰਦੇ ਅੰਦਰ ਲੈਣਾ ਟਿਕਾਈਆ । ਪ੍ਰਭ ਦਾ ਅੰਮ੍ਰਿਤ ਧੁਰ ਦਾ ਭਗਤ ਕਲਜੁਗ ਮਾਇਆ ਨਾਲ ਨਾ ਜਾਵੇ ਭਿੱਟ, ਦੁੱਧ ਦਾ ਦੁੱਧ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਇਕੋ ਇਕ ਸਮਝਾਈਆ । ਨਾਰਦ ਕਹੇ ਮੇਰਾ ਡੱਬਾ ਕਰਦਾ ਡਾਂ ਡਾਂ ਡਾਂ, ਡਾਵਾਂਡੋਲ ਵੇਖੇ ਲੋਕਾਈਆ । ਜਨ ਭਗਤੋ ਤੁਸਾਂ ਪੁਰਖ ਅਕਾਲ ਨੂੰ ਸਮਝਣਾ ਪਿਤਾ ਮਾਂ, ਆਦਿ ਜੁਗਾਦੀ ਇਹੋ ਜਣੇਂਦੀ ਮਾਈਆ । ਤੂੰ ਮੇਰਾ ਮੈਂ ਤੇਰਾ ਖ਼ੁਸ਼ੀਆਂ ਨਾਲ ਜਪਣਾ ਨਾਂ, ਨਾਉਂ ਨਿਰੰਕਾਰਾ ਆਪ ਸਮਝਾਈਆ । ਵੇਖਿਓ ਕਲਜੁਗ ਵਿਚ ਰਲ ਕੇ ਹੰਸ ਨਾ ਬਣਿਓ ਕਾਂ, ਕਾਗੋਂ ਹੰਸ ਤੁਹਾਨੂੰ ਦਿਤਾ ਬਣਾਈਆ । ਭਾਵੇਂ ਮੈਂ ਖੋਤੇ ਤੇ ਚੜ੍ਹਿਆ ਤੁਹਾਨੂੰ ਵੇਖ ਕੇ ਮੈਨੂੰ ਚੜ੍ਹਿਆ ਚਾਅ, ਚਾਓ ਘਨੇਰਾ ਦਿਆਂ ਜਣਾਈਆ । ਤੁਹਾਡੇ ਸੀਸ ਉਤੇ ਜਗਦੀਸ਼ ਦਾ ਹੱਥ ਤੇ ਠੰਡੀ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਜਿਧਰ ਜਾਓ ਤੁਹਾਡੀ ਫੜੀ ਫਿਰਦਾ ਬਾਂਹ, ਸਹਾਰਾ ਆਪਣਾ ਇਕ ਬਣਾਈਆ । ਮੈਂ ਦਿਨੇ ਰਾਤ ਕਰਦਾ ਵਾਹ ਵਾਹ, ਵਾਹ ਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਨਾਰਦ ਕਹੇ ਮੇਰਾ ਡੱਬਾ ਕਰੇ ਖੜ ਖੜ ਖੜ, ਖਿੜਕੀ ਕੁੰਡੇ ਸਭ ਦੇ ਰਿਹਾ ਹਿਲਾਈਆ । ਜਨ ਭਗਤੋ ਰਾਹ ਵਿਚ ਨਾ ਜਾਇਓ ਅੜ, ਅੜਿਕੇ ਦਿਸੇ ਜਗਤ ਲੋਕਾਈਆ । ਫਲ ਲਗਦੇ ਬੜੇ ਬਹੁਤੇ ਜਾਂਦੇ ਵਿਚੋਂ ਝੜ, ਪੱਕਣ ਵਾਲਾ ਕੋਈ ਨਜ਼ਰੀ ਆਈਆ । ਵਿਦਿਆ ਸਾਰੇ ਜਾਂਦੇ ਪੜ੍ਹ, ਮੰਜ਼ਲ ਕੋਈ ਜਾਵੇ ਚੜ੍ਹ, ਪ੍ਰਭ ਦਾ ਦਰਸ਼ਨ ਕੋਈ ਵਿਰਲਾ ਭਗਤ ਪਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਦਾ ਵਹਿੰਦਾ ਹੜ੍ਹ, ਸ਼ਬਦ ਡੋਰ ਨਾਲ ਲਿਆਂਦੀਆਂ ਫੜ, ਸਾਰੀਆਂ ਬੈਠੀਆਂ ਸੀਸ ਨਿਵਾਈਆ । ਤੁਸੀਂ ਤੇ ਓਦਣ ਦੇ ਸੌਂਦੇ ਆਪਣੇ ਘਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਣੇ ਮੇਰੇ ਅਸੀਂ ਬਾਹਰ ਬੈਠੇ ਰਹੇ ਵਿਚ ਅਲਗ੍ਹਪਿੰਡੀ ਤੇ ਬਾਬੂਪੁਰੇ ਦੀ ਰੜ, ਤੁਸਾਂ ਪ੍ਰਭ ਅੱਗੇ ਬੇਨੰਤੀ ਕਰ ਕੇ ਸਾਨੂੰ ਮਹਿਮਾਨੀ ਨਾ ਕਿਸੇ ਖਵਾਈਆ । ਅਸੀਂ ਗ਼ੁੱਸੇ ਵਿਚ ਗਏ ਸੜ, ਜੀਅ ਕਰਦਾ ਕਿ ਸਾਰਿਆਂ ਨਾਲ ਪਈਏ ਲੜ, ਲੜਾਕੇ ਹੋ ਕੇ ਦਈਏ ਵਖਾਈਆ । ਪਰ ਜਾਂ ਫਿਰ ਨਿਗਾਹ ਮਾਰੀਏ ਜਿਸ ਵੇਲੇ ਤੁਸੀਂ ਪ੍ਰਭ ਦੇ ਚਰਨਾਂ ਉਤੇ ਡਿਗ ਪੈਂਦੇ ਦੜ, ਇਹ ਵੇਖ ਕੇ ਸਾਡੀ ਹਿੰਮਤ ਰਹੇ ਨਾ ਰਾਈਆ । ਇਉਂ ਕਹਿੰਦੇ ਜੀਉਂਦੇ ਜਾਈਏ ਮਰ, ਲੋਕ ਲੱਜਿਆ ਰਹੇ ਨਾ ਡਰ, ਸ਼ਰਅ ਹਯਾ ਨੇੜ ਕੋਇ ਨਾ ਆਈਆ । ਤੁਸੀਂ ਨਹੌਂਦੇ ਦਿਵਸ ਰੈਣ ਚਰਨ ਧੂੜੀ ਵਾਲੇ ਸਰ, ਸਰੋਵਰ ਇਕੋ ਸੋਭਾ ਪਾਈਆ । ਮੈਂ ਏਨੀ ਗੱਲ ਦਿਤੀ ਕਰ, ਅਗਲਾ ਲੇਖਾ ਫੇਰ ਦਿਆਂ ਜਣਾਈਆ ।


੧੦੮੫
੨੧

ਨਾਰਦ ਕਹੇ ਮੇਰੇ ਖੋਤਿਆ ਹੁਣ ਅਗਲੇ ਘਰ ਚਲ, ਓਥੇ ਇਕ ਗਲਾਸ ਮੰਗ ਲਈਂ ਜਲ, ਮੈਨੂੰ ਪਿਆਸੇ ਨੂੰ ਦੇਣਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੇ ਮਸਲੇ ਕਰੇ ਹੱਲ, ਮਿਹਰ ਨਜ਼ਰ ਇਕ ਉਠਾਈਆ ।

੧੦੮੬ ੨੧

### ✻ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਅਲੜ੍ਹਪਿੰਡੀ ✻

ਨਾਰਦ ਕਹੇ ਮੇਰਾ ਡੱਬਾ ਵੱਜੇ ਡਗਾ ਡਗ, ਡੁਗਡੁਗੀ ਸਭ ਨੂੰ ਰਿਹਾ ਸੁਣਾਈਆ । ਜਨ ਭਗਤੋ ਚਾਰ ਕੁੰਟ ਵੇਖੋ ਲੱਗੀ ਅੱਗ, ਤ੍ਰੈਗੁਣ ਸਭ ਨੂੰ ਰਹੀ ਜਲਾਈਆ । ਚਾਰ ਦਿਨ ਦੀ ਜ਼ਿੰਦਗੀ ਜੀਵਣ ਜਗ, ਅੰਤ ਰਹਿਣ ਨਾ ਪਾਈਆ । ਭਾਵੇਂ ਤੀਰਥ ਤਟ ਜਾਓ ਸਰੋਵਰ ਅਠਸਠ ਨਹਾਓ ਕਾਅਬੇ ਕਰੋ ਹੱਜ, ਬਿਨਾ ਹਜ਼ੂਰ ਤੋਂ ਪਾਰ ਨਾ ਕੋਇ ਲੰਘਾਈਆ । ਭਾਵੇਂ ਕੂਕ ਪੁਕਾਰੋ ਭਾਵੇਂ ਰਸਨਾ ਗਾਵੋ ਸਦ, ਬਿਨਾ ਸ਼ਹਿਨਸ਼ਾਹ ਸ਼ਹਿਰ ਧੁਰ ਨਾ ਕੋਇ ਟਿਕਾਈਆ । ਮੈਂ ਸਚ ਦੱਸਾਂ ਜਿੰਨਾਂ ਚਿਰ ਦੀਨ ਦੁਨੀ ਨਾ ਦਿਓ ਛੱਡ, ਨਾਤਾ ਕੂੜ ਜਗਤ ਤਜਾਈਆ । ਓਨਾਂ ਚਿਰ ਸਮਝਿਓ ਅਸੀਂ ਡਿੱਗੇ ਡੂੰਘੀ ਖੱਡ, ਬਾਹਰ ਸਕੇ ਨਾ ਕੋਇ ਕਢਾਈਆ । ਅਸੀਂ ਉਸ ਪ੍ਰਭੂ ਦੀ ਯੱਦ, ਜੋ ਯਕੇ ਬਾਦ ਦੀਗਰੇ ਭਗਤਾਂ ਸਦਾ ਤਰਾਈਆ । ਮੈਂ ਦੱਸਣ ਆਇਆ ਤਬ, ਜਿਸ ਵੇਲੇ ਤਬੀਅਤ ਵਿਗੜੀ ਜਗਤ ਲੋਕਾਈਆ । ਬਹੁਤੇ ਕਹਿੰਦੇ ਹੈ ਨਹੀਂ ਰੱਬ, ਕੁਦਰਤ ਵਿਚ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੇਰਾ ਡੱਬਾ ਮੰਗੇ ਗਲਾਸ ਪਾਣੀ, ਜ਼ੋਰ ਜ਼ੋਰ ਸੁਣਾਈਆ । ਅੰਗੜਾਈ ਲਓ ਗੰਗਾ ਗੋਦਾਵਰੀ ਜਮਨਾ ਸੁਰਸਤੀ ਸਵਾਣੀ, ਤੁਹਾਨੂੰ ਦਿਆਂ ਸਮਝਾਈਆ । ਤੁਸਾਂ ਪਿਛਲਾ ਘਰ ਲੈਣਾ ਪਛਾਣੀ, ਜਿਥੇ ਗੰਗਾ ਸਾਗਰ ਗੰਗਾ ਜਲ ਲੈ ਕੇ ਆਈਆਂ ਚਾਈਂ ਚਾਈਂਆ । ਖ਼ੁਸ਼ੀਆਂ ਨਾਲ ਸੁਣ ਕੇ ਗਈਆਂ ਧੁਰ ਦੀ ਬਾਣੀ, ਪਿਛਲਾ ਚੇਤਾ ਦਿਆਂ ਕਰਾਈਆ । ਮੈਂ ਤੇ ਪਹਿਲੀ ਵਾਰ ਆਇਆ ਬਣ ਅੰਜਾਣੀ, ਰਸਤਾ ਨਜ਼ਰ ਕੋਇ ਨਾ ਆਈਆ । ਮੈਂ ਏਸੇ ਕਰ ਕੇ ਸੰਦੇਸ਼ਾ ਦੇਵਾਂ ਜੋ ਹੁਕਮ ਦੇਵੇ ਜਾਣ ਜਾਣੀ, ਜਾਨਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਰੰਗ ਵਖਾਈਆ । ਨਾਰਦ ਕਹੇ ਮੇਰਾ ਡੱਬਾ ਕਹੇ ਕਿਉਂ ਚੜ੍ਹਿਉਂ ਬੋਹੜ ਦੀ ਚੋਟੀ, ਮੈਨੂੰ ਦੇ ਸਮਝਾਈਆ । ਮੈਂ ਹੱਸ ਕੇ ਕਿਹਾ ਮੈਂ ਉਚਾ ਚੜ੍ਹ ਕੇ ਵੇਖਾਂ ਕਿੱਥੇ ਪੱਕਣੀ ਮੇਰੀ ਰੋਟੀ, ਕੌਣ ਮੈਨੂੰ ਖਵਾਈਆ । ਇਹ ਤੇ ਸਾਰੇ ਬਣ ਗਏ ਆਪਣੇ ਆਪਣੇ ਗੋਤੀ, ਮੇਰੀ ਪ੍ਰਦੇਸੀ ਦੀ ਸਾਰ ਕਿਸੇ ਨਾ ਪਾਈਆ । ਮੈਂ ਵੀ ਓਸ ਪ੍ਰਭੂ ਦੀ ਜੋਤੀ, ਜੋ ਘਰ ਘਰ ਜੋਤ ਕਰੇ ਰੁਸ਼ਨਾਈਆ । ਭਾਵੇਂ ਮੈਨੂੰ ਚੜ੍ਹਨ ਨੂੰ ਮਿਲੀ ਖੋਤੀ, ਖ਼ਤਾ ਨਜ਼ਰ ਕੋਇ ਨਾ ਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸੀਂ ਸੁਆਰ ਲਓ ਆਪਣੀ ਸਾੜ੍ਹੀ ਧੋਤੀ, ਬਸਤਰ ਤਨ ਸੁਹਾਈਆ । ਅੰਤਰ ਅੰਤਰ ਲਓ ਸੋਧੀ, ਦੁਰਮਤ ਮੈਲ ਰਹੇ ਨਾ ਰਾਈਆ । ਮੇਰੀ ਹਿਲਦੀ ਵੇਖੋ ਬੋਦੀ, ਇਸ਼ਾਰੇ ਰਹੀ ਕਰਾਈਆ । ਜਿਸ ਨੂੰ ਯਾਦ ਕਰਦੇ ਗਏ ਵੇਦੀ ਸੋਢੀ, ਓਹ ਆਇਆ ਧੁਰ ਦਾ ਮਾਹੀਆ । ਭਗਤ ਸੁਹੇਲਾ ਬਣ ਕੇ ਮੌਜੀ, ਮਜਲਸ ਆਪਣੀ ਇਕ ਬਣਾਈਆ । ਜਿਹਨੂੰ ਲੱਭ ਸਕੇ ਕੋਈ ਨਾ ਜੋਗੀ,



੧੦੮੬ ੨੧

ਜੁਗੀਸ਼ਰਾਂ ਹੱਥ ਕਿਸੇ ਨਾ ਆਈਆ । ਆਦਿ ਜੁਗਾਦੀ ਬਣ ਸੰਜੋਗੀ, ਆਤਮ ਪਰਮਾਤਮ ਜੋੜ ਜੁੜਾਈਆ । ਤੁਸਾਂ ਸਾਰਿਆਂ ਓਸ ਦੇ ਚਰਨ ਚੁੰਮਣੇ ਭਗਤਾਂ ਦੇ ਹੱਥ ਲਗੌਣਾ ਗੋਡੀਂ, ਨਵੀਂ ਬੋਲੀ ਗੰਗਾ ਗੁਡ ਮਾਰਨਿੰਗ ਕਹਿ ਕੇ ਦੇਣਾ ਸੁਣਾਈਆ । ਫਿਰ ਇਕ ਇਕ ਬਿੰਦੀ ਮੇਰੀ ਲਾਇਓ ਠੋਡੀ, ਨਾਲ ਰਾਵੀ ਲੈਣੀ ਮਿਲਾਈਆ । ਮੈਂ ਖੋਲ੍ਹਾਂ ਆਪਣੀ ਪੋਥੀ, ਪੁਸਤਕ ਦਿਆਂ ਵਖਾਈਆ । ਜਿਸ ਵਿਚ ਸਤਿਗੁਰ ਨਾਨਕ ਲਾਂਵ ਬੋਲੀ ਸੀ ਚੌਥੀ, ਪ੍ਰਭ ਅਬਿਨਾਸ਼ੀ ਮਿਲ ਕੇ ਵੱਜੇ ਵਧਾਈਆ । ਬਾਕੀ ਸ੍ਰਿਸ਼ਟੀ ਦਿਸਦੀ ਥੋਥੀ, ਜੀਵਣ ਕੰਮ ਕਿਸੇ ਨਾ ਆਈਆ । ਜੇ ਜਨ ਭਗਤ ਵਰਜ ਕੇ ਸਾਨੂੰ ਖਵਾ ਦੇਣ ਰੋਟੀ, ਫੇਰ ਪਰਤ ਕੇ ਜਾਈਏ ਚਾਈਂ ਚਾਈਂਆ । ਅਸੀਂ ਦੱਛਣਾ ਵਿਚ ਗਾਂ ਮੱਝ ਨਹੀਂ ਮੰਗਣੀ ਝੋਟੀ, ਬਸਤਰ ਭੂਸ਼ਣ ਨਾ ਮੰਗ ਮੰਗਾਈਆ । ਕਿਉਂ ਸਾਨੂੰ ਸਾਹਿਬ ਦੀ ਦਿਸਦੀ ਓਹ ਸੋਟੀ, ਜਿਹੜੀ ਸੁੱਤਿਆਂ ਰਹੀ ਜਗਾਈਆ । ਜੇ ਸਾਨੂੰ ਦੇਣਾ ਜਨ ਭਗਤੋ ਆਪਣੀਆਂ ਅੱਖਾਂ ਦੇ ਹੰਝੂ ਪ੍ਰੇਮ ਪਿਆਰ ਦੇ ਮੋਤੀ, ਝੋਲੀ ਦੇਣੀ ਭਰਾਈਆ । ਇਹੋ ਗੱਲ ਮੈਂ ਚੰਗੀ ਸੋਚੀ, ਸਚ ਦਿਤਾ ਸੁਣਾਈਆ । ਜੇ ਗੁਰਮੁਖ ਕਿਰਪਾ ਕਰ ਦੇਵੇ ਰਵਿਦਾਸ ਚਮਾਰਾ ਮੋਚੀ, ਸਾਡੀ ਮੁਸ਼ਕਲ ਹਲ ਕਰਾਈਆ । ਜਨ ਭਗਤੋ ਅੱਗੇ ਵਾਸਤੇ ਤੁਹਾਡੀ ਸਾਡੀ ਸਾਂਝੀ ਬਣੀ ਰਹੇ ਰੋਜ਼ੀ, ਰਾਜਕ ਰਿਜ਼ਕ ਰਹੀਮ ਰਹਿਮਤ ਆਪ ਕਮਾਈਆ ।



### ❊ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਅੱਛਰ ਸਿੰਘ ਦੇ ਗ੍ਰਿਹ ਪਿੰਡ ਅੱਲੜਪਿੰਡੀ ❊

੧੦੮੭ ੨੧

ਨਾਰਦ ਕਹੇ ਸਾਹਿਬ ਸਤਿਗੁਰ ਮੇਰੇ ਦੋਵੇਂ ਹੱਥ ਜੋੜੇ, ਜੋੜੀਆਂ ਵਾਲਿਆ ਸੀਸ ਨਿਵਾਈਆ । ਹੁਣ ਪੈ ਗਏ ਵਿਚ ਰੋੜੇ, ਕਰ ਕਿਰਪਾ ਪਾਰ ਕਰਾਈਆ । ਤੇਰੇ ਅੱਗੇ ਨਹੀਂ ਕੋਈ ਜ਼ੋਰੇ, ਤਾਕ਼ਤਵਰ ਤੇਰੀ ਸਰਨਾਈਆ । ਆਪ ਤੇ ਚੜ੍ਹੇਂ ਉਤੇ ਘੋੜੇ, ਸ਼ਾਹ ਅਸਵਾਰਾ ਨਾਉਂ ਧਰਾਈਆ । ਜਨ ਭਗਤਾਂ ਨੂੰ ਖ਼ੁਸ਼ੀਆਂ ਨਾਲ ਖਵਾਏਂ ਪਕੌੜੇ, ਪਕਵਾਨ ਤਰ੍ਹਾ ਤਰ੍ਹਾ ਬਣਾਈਆ । ਕੀ ਮੇਰੇ ਮੂੰਹ ਵਿਚ ਕੋਈ ਨਿਕਲੇ ਸੀ ਫੋੜੇ, ਸੁਲਹ ਮਾਰਨ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਵੀ ਗਿਆਰਾਂ ਦਿਨ ਬੈਠਾ ਰਿਹਾ ਰੱਖ ਕੇ ਡੋਰੇ, ਆਪਣੀ ਆਸ ਵਧਾਈਆ । ਕਦੀ ਤੇ ਮੇਰੀ ਗ਼ਰੀਬ ਦੀ ਪਵੇਗੀ ਲੋੜੇ, ਆਪੇ ਲਏ ਬੁਲਾਈਆ । ਮੈਂ ਬਥੇਰਾ ਰੋਵਾਂ ਦੇਵਾਂ ਹਨ੍ਹੋਰੇ, ਗੱਲਾਂ ਬਾਤਾਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਤੇਰੀ ਵਡਿਆਈਆ । ਨਾਰਦ ਕਹੇ ਮੇਰਾ ਡੱਬਾ ਕਹੇ ਜਾਗੋ ਜਾਗੋ ਜਾਗੋ, ਜਾਗਣ ਵੇਲਾ ਆਇਆ । ਉਠੋ ਉਠੋ ਉਠੋ ਭਾਗੋ ਭਾਗੋ ਭਾਗੋ, ਭਗਵਨ ਮੇਲਾ ਰਿਹਾ ਮਿਲਾਇਆ । ਸਾਧੋ ਸਾਧੋ ਸਾਧੋ ਆਪਣਾ ਆਪ ਸਾਧੋ, ਸੰਬਲ ਬੈਠਾ ਸੋਭਾ ਪਾਇਆ । ਅਰਾਧੋ ਅਰਾਧੋ ਅਰਾਧੋ, ਜਿਸ ਨੇ ਰਾਧਾ ਕ੍ਰਿਸ਼ਨ ਮਾਣ ਦਵਾਇਆ । ਲਾਭੋ ਲਾਭੋ ਲਾਭੋ, ਜਿਸ ਨੇ ਸੀਤਾ ਰਾਮ ਬਣਾਂ ਵਿਚ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਇਆ । ਨਾਰਦ ਕਹੇ ਮੇਰਾ ਡੱਬਾ ਕਹੇ ਆਇਆ ਆਇਆ ਆਇਆ, ਆਇਆ ਬੇਪ੍ਰਵਾਹੀ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰਾਂ ਗਾਇਆ, ਗਾ ਗਾ ਗਏ ਸੁਣਾਈ । ਜਿਸ ਨੇ ਜੁਗ ਜੁਗ ਕਲਮਾ ਨਾਮ ਚਲਾਇਆ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਰੇ ਪੜ੍ਹਾਈ । ਜਿਸ

ਨੇ ਦੀਨ ਮਜ਼ਬ ਵੰਡ ਵੰਡਾਇਆ, ਹਿੰਦੂ ਮੁਸਲਿਮ ਸਿੱਖ ਈਸਾਈ ਦਿਤੇ ਬਣਾਈ । ਜਿਸ ਨੇ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਰੰਗਾਇਆ, ਚਾਰੇ ਵਰਨਾਂ ਕਰ ਕੁੜਮਾਈ । ਜਿਸ ਨੇ ਧਰਨੀ ਧਰਤ ਸੁਹਾਇਆ, ਚਾਰੋਂ ਕੂਟਾਂ ਸੋਭਾ ਪਾਈ । ਜਿਸ ਨੇ ਸੂਰੀਆ ਚੰਦ ਰੁਸ਼ਨਾਇਆ, ਮੰਡਲ ਮੰਡਪ ਡਗਮਗਾਈ । ਜਿਸ ਨੇ ਸਤਿਜੁਗ ਤਰੇਤਾ ਦਵਾਪਰ ਕਲਜੁਗ ਖੇਲ ਖਿਲਾਇਆ, ਖ਼ਲਕ ਦਾ ਖ਼ਾਲਕ ਨੂਰ ਅਲਾਹੀ । ਉਹ ਦੇਸ ਉਹ ਪ੍ਰਦੇਸ ਉਹ ਵੇਸ ਉਹ ਨਰੇਸ਼ ਉਹ ਮਹੇਸ਼ ਉਹ ਦਸਮੇਸ਼ ਆਪਣਾ ਵੇਸ ਵਟਾਇਆ, ਜਗ ਨੇਤਰ ਨਜ਼ਰ ਕਿਸੇ ਨਾ ਆਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈ । ਨਾਰਦ ਕਹੇ ਮੇਰਾ ਡੱਬਾ ਕਹੇ ਵੇਖੋ ਧੁਰ ਦਾ ਸੱਜਣ, ਮੀਤਾ ਇਕ ਅਖਵਾਈਆ । ਕਰੋ ਅਗੰਮਾ ਭਜਨ, ਭੈ ਭੰਜਨ ਰਿਹਾ ਦ੍ਰਿੜਾਈਆ । ਕਰੋ ਸਾਚਾ ਮਜਨ, ਦੁਰਮਤ ਮੈਲ ਧਵਾਈਆ । ਪਾਓ ਅਗੰਮਾ ਕੱਜਣ, ਕਜਲਾ ਧਾਰ ਬਣਾਈਆ । ਚੜ੍ਹੇ ਅਗੰਮੀ ਰੰਗਣ, ਅੰਦਰ ਬਾਹਰ ਕਰੇ ਸਫ਼ਾਈਆ । ਕਿਸੇ ਦਵਾਰੇ ਜਾਣਾ ਪਏ ਨਾ ਮੰਗਣ, ਘਰ ਘਰ ਵਿਚ ਦਏ ਵਡਿਆਈਆ । ਪਵਿਤ੍ਰ ਕਰੋ ਬਦਨ, ਚਰਨ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ ।



## ❊ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਵਕੀਲ ਸਿੰਘ ਦੇ ਗ੍ਰਿਹਿ ਪਿੰਡ ਅੱਲੜਪਿੰਡੀ ❊

੧੦੮੮ ੨੧

ਨਾਰਦ ਕਹੇ ਮੇਰਾ ਡੱਬਾ ਕਹਿੰਦਾ ਸਾਹਿਬ ਨੂੰ ਕਰੋ ਨਿਮਸਕਾਰ, ਨਿਉਂ ਨਿਉਂ ਸੀਸ ਨਿਵਾਈਆ । ਜਨ ਭਗਤੋ ਰਹਿਣਾ ਨਾਲ ਪਿਆਰ, ਦੁਤੀਆ ਰੂਪ ਨਾ ਕੋਇ ਵਖਾਈਆ । ਤੁਹਾਡਾ ਸਾਰਿਆਂ ਦਾ ਸਾਂਝਾ ਇਕ ਦਰਬਾਰ, ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਤੋਂ ਖਹਿੜਾ ਦਿਤਾ ਛੁਡਾਈਆ । ਤੁਸੀਂ ਅਜੇ ਚੁਰਾਸੀ ਵਿਚੋਂ ਦੋ ਚਾਰ, ਬਹੁਤੇ ਨਜ਼ਰ ਕੋਇ ਨਾ ਆਈਆ । ਮੈਂ ਵੇਖਦਾ ਤਕਦਾ ਜਾਣਦਾ ਬੁੱਝਦਾ ਪਾਵਾਂ ਸਭ ਦੀ ਸਾਰ, ਅੰਤਸ਼ਕਰਨ ਵੇਖ ਵਖਾਈਆ । ਜਿਸ ਤਰ੍ਹਾਂ ਤੁਹਾਡੀ ਬਾਹਰੋਂ ਮਿੱਠੀ ਗੁਫ਼ਤਾਰ, ਏਸੇ ਤਰ੍ਹਾਂ ਅੰਦਰੋਂ ਮਨ ਲਓ ਬਣਾਈਆ । ਲੜਨਾ ਰੁਸਣਾ ਝਗੜਨਾ ਨਹੀਂ ਚੰਗੀ ਕਾਰ, ਮੂਰਖਾਂ ਵਾਲੀ ਮਤ ਗਵਾਈਆ । ਜੇ ਤੁਹਾਡਾ ਮਾਲਕ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਤੁਸੀਂ ਸੱਚੀ ਰਈਅਤ ਬਣ ਕੇ ਦਿਓ ਵਖਾਈਆ । ਵੇਖੋ ਗੰਗਾ ਗੋਦਾਵਰੀ ਜਮਨਾ ਸੁਰਸਤੀ ਅਵਤਾਰ ਪੈਗ਼ੰਬਰ ਗੁਰ ਚਾਰ ਜੁਗ ਦੇ ਪਨਿਹਾਰ, ਹੁਕਮੇ ਅੰਦਰ ਅੱਜ ਵੀ ਆਏ ਚਾਈਂ ਚਾਈਂਆ । ਜੁਗ ਚੌਕੜੀ ਕਰਦੇ ਰਹੇ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਬੀਤ ਗਈਆਂ ਕਈ ਸਦੀਆਂ, ਸਦਮਿਆਂ ਵਿਚ ਝਟ ਲੰਘਾਈਆ । ਵੇਖੋ ਭੱਜੀਆਂ ਆਈਆਂ ਵਹਿਣ ਵਿਚ ਵਹਿਣ ਵਾਲੀਆਂ ਨਦੀਆਂ, ਆਪਣਾ ਰੂਪ ਬਦਲਾਈਆ । ਪ੍ਰੇਮ ਦੇ ਅੰਦਰ ਬੱਧੀਆਂ, ਮੁਹੱਬਤ ਵਿਚ ਵਡਿਆਈਆ । ਏਸੇ ਤਰ੍ਹਾ ਤੁਹਾਡੀਆਂ ਪ੍ਰੀਤਾਂ ਓਸ ਦੇ ਨਾਲ ਲੱਗੀਆਂ, ਜਿਹੜਾ ਕਦੇ ਨਾ ਕਰੇ ਜੁਦਾਈਆ । ਭਾਵੇਂ ਤੁਸੀਂ ਮਾੜੀਆਂ ਭਾਵੇਂ ਤੁਸੀਂ ਚੰਗੀਆਂ, ਚਿੱਕੜ ਭਰੀਆਂ ਲਏ ਗਲ ਲਾਈਆ । ਵੇਖਿਓ ਡੁਲ ਨਾ ਜਾਇਓ ਜੇ ਗ਼ਰੀਬੀ ਵਿਚ ਆਵਣ ਤੰਗੀਆਂ, ਭੁੱਖ ਨਾਲ ਭੁੱਖਾ ਨਾ ਕੋਇ ਮਰ ਜਾਈਆ । ਇਸ ਦੇ

ਦਰਸ਼ਨ ਨੂੰ ਜਮਨਾ ਸੁਰਸਤੀ ਗੋਦਾਵਰੀ ਰੋਂਦੀਆਂ ਰਹੀਆਂ ਗੰਗੀਆਂ, ਰਾਵੀ ਰਾਹ ਤਕ ਤਕ ਕੇ ਸੈਂਕੜੇ ਸਾਲ ਦਿਤੇ ਬਿਤਾਈਆ । ਤੁਸੀਂ ਤੇ ਪੈਰੀਂ ਪਾਏ ਜੋੜੇ ਓਹ ਵਿਚਾਰੀਆਂ ਵੇਖੋ ਪੈਰੀਂ ਨੰਗੀਆਂ, ਭੱਜਣ ਥਾਉਂ ਥਾਈਆ । ਜਿਹੜੀਆਂ ਬਸਤਰ ਪਹਿਨਦੀਆਂ ਸੀ ਰੰਗ ਬਰੰਗੀਆਂ, ਓਨ੍ਹਾਂ ਦੇ ਉਤੇ ਢਾਈ ਗਜ਼ ਦਾ ਖੱਦਰ ਵਕੀਲ ਸਿੰਘ ਨੇ ਦਿਤਾ ਪਾਈਆ । ਇਹੋ ਜਿਹੀਆਂ ਉਹ ਲੱਗੀਆਂ ਵੇਖ ਪਾਬੰਦੀਆਂ, ਹੈਰਾਨੀ ਵਿਚ ਨਾਰਦ ਕਹੇ, ਮੈਨੂੰ ਰਹੀਆਂ ਸੁਣਾਈਆ । ਮੈਂ ਹੱਸ ਕੇ ਕਿਹਾ ਨੀ ਕਮਲੀਓ ਇਹੋ ਜਿਹਾ ਵੇਸ ਕਰਨ ਵੇਸਵਾ ਤੇ ਰੰਡੀਆਂ, ਕੰਤ ਸੁਹਾਗਣਾਂ ਚਲਣ ਆਪਣੇ ਪ੍ਰਭ ਦੀ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਜਨ ਭਗਤੋ ਮੇਰਾ ਨਾ ਕਰਿਓ ਗ਼ੁਸਾ, ਗ਼ੁੱਸੇ ਵਾਲੀ ਨਾ ਗੱਲ ਸੁਣਾਈਆ । ਐਵੇਂ ਤਾਅ ਨਾ ਦਿਓ ਮੁੱਛਾਂ, ਬਾਹਰੋਂ ਗੰਢ ਪਵਾਈਆ । ਪਹਿਲੋਂ ਆਪਣਾ ਅੰਦਰੋਂ ਪਵਿਤ੍ਰ ਕਰੋ ਜੁੱਸਾ, ਜ਼ਮੀਰ ਲਓ ਬਦਲਾਈਆ । ਸਤਿਗੁਰ ਨਾਲ ਰਹੇ ਕੋਈ ਨਾ ਰੁੱਸਾ, ਮਨ ਮਮਤਾ ਨਾ ਦਏ ਦੁਹਾਈਆ । ਜਿੰਨਾਂ ਚਿਰ ਗੋਦੀ ਚੁਕੇ ਨਾ ਬਣਾ ਕੇ ਪੁੱਤਾ, ਸੁਤ ਆਪਣੇ ਰੰਗ ਰੰਗਾਈਆ । ਓਨਾਂ ਚਿਰ ਉਸ ਦਾ ਭੇਵ ਗੁੱਝਾ, ਬਾਹਰੋਂ ਹੱਸ ਹੱਸ ਕੇ ਸਭ ਨੂੰ ਦਏ ਟਰਕਾਈਆ । ਜਿਹਨਾਂ ਦੇ ਅੰਦਰ ਵੜ ਜਾਏ ਓਨ੍ਹਾਂ ਦਾ ਵਸਾ ਦੇਵੇ ਝੁੱਗਾ, ਝੁੱਗੀ ਅੰਦਰ ਡੇਰਾ ਲਾਈਆ । ਤੁਸੀਂ ਨਹੀਂ ਜਾਣਦੇ ਇਹ ਵਲੀਆ ਆਦਿ ਜੁਗਾਦੀ ਖੇਲ ਕਰੇ ਵਿਚ ਜੁਗਾਂ, ਗੁਰ ਅਵਤਾਰ ਪੈਗ਼ੰਬਰਾਂ ਨੂੰ ਭੁੰਬਲ ਭੂਸਿਆਂ ਵਿਚ ਭਵਾਈਆ । ਮੈਂ ਵੀ ਨਹੀਂ ਸਮਝ ਸਕਿਆ ਇਹਦਾ ਮੁੱਦਾ, ਮੁੱਦਤ ਤੋਂ ਇਹਦੇ ਪਿੱਛੇ ਲੱਗ ਕੇ ਆਪਣਾ ਘਰ ਬਾਰ ਤਜਾਈਆ । ਕਿਤੇ ਮਾਣ ਨਾ ਕਰਿਓ ਅਸੀਂ ਇਹਨੂੰ ਪਿਔਂਦੇ ਤਾਜ਼ਾ ਚੋ ਕੇ ਦੁੱਧਾ, ਦੁੱਧਾਧਾਰੀ ਨਜ਼ਰੀ ਆਈਆ । ਇਹ ਹੱਥ ਨਾ ਆਇਆ ਕਦੀ ਕਿਸੇ ਉਤੇ ਬਸੁੰਧਾ, ਬੁੱਧ ਵਰਗੇ ਕਰ ਕਰ ਧਿਆਨ ਬੈਠੇ ਤਾੜੀਆਂ ਲਾਈਆ । ਜੇ ਇਹ ਆਪਣੇ ਆਪ ਚਾਹਵੇ ਤੇ ਚਮਾਰ ਜੁਲਾਹਿਆਂ ਦਾ ਬਣਾ ਦੇਵੇ ਗੁੱਡਾ, ਅਸਮਾਨਾਂ ਦੇ ਉਤੇ ਦਏ ਚੜ੍ਹਾਈਆ । ਇਹ ਨਹੀਂ ਜਾਣਦਾ ਭਾਵੇਂ ਕੋਈ ਅਮਰੂ ਨਿਥਾਵੇਂ ਵਰਗਾ ਹੋਵੇ ਬੁੱਢਾ, ਸੱਤਰੇ ਬਹੱਤਰੇ ਨੂੰ ਪਿਆਰ ਕਰਾਈਆ । ਕਿਤੇ ਖ਼ੁਸ਼ ਨਾ ਹੋ ਜਾਇਓ ਅਸੀਂ ਮੁੱਠੀਆਂ ਭਰਦੇ ਤੇ ਛਕੌਂਦੇ ਰੁੱਗਾ, ਬੜੀ ਸੇਵ ਕਮਾਈਆ । ਜਿੰਨਾ ਚਿਰ ਆਪਣਾ ਮਨ ਅੰਦਰੋਂ ਕਰੋਗੇ ਨਾ ਸ਼ੁੱਧਾ, ਇਹ ਸਾਧੂਆਂ ਵਾਂਗੂ ਭਰਮ ਵਿਚ ਕਦੇ ਨਾ ਆਈਆ । ਇਹ ਚੰਗਾ ਖਾਣ ਪੀਣ ਨਹੀਂ ਗਿੱਝਾ, ਧੰਨੇ ਵਰਗੇ ਦੇ ਰੁੱਖੇ ਸੁੱਖੇ ਟੁਕੜੇ ਖਾ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਮੇਲ ਮਿਲਾਈਆ । ਨਾਰਦ ਕਹੇ ਮੈਨੂੰ ਸਾਰੇ ਕਹਿੰਦੇ ਸ਼ੈਤਾਨ, ਸ਼ੈਤਾਨੀ ਦਿਆਂ ਕਰਾਈਆ । ਜਨ ਭਗਤੋ ਸਚ ਦੱਸਾਂ ਮੈਂ ਜਦੋਂ ਕਰਾਂ ਤੇ ਕਰਾਂ ਪ੍ਰਭੂ ਦਾ ਗਿਆਨ, ਗਿਆਨ ਬਿਨਾ ਨਿਸ਼ਾਨ ਨਾ ਕੋਇ ਜਣਾਈਆ । ਇਹ ਜ਼ਰੂਰ ਮੇਰਾ ਮਸਖ਼ਰਿਆਂ ਵਾਲਾ ਬਿਆਨ, ਹੇਰਾ ਫੇਰੀ ਕਰ ਕੇ ਸਿੱਧਾ ਰਾਹ ਦੇਵਾਂ ਵਖਾਈਆ । ਕਦੇ ਮੈਂ ਬ੍ਰਾਹਮਣ ਬਣ ਕੇ ਜਜਮਾਨਾਂ ਦੀ ਕਰਾਂ ਕਲਿਆਣ, ਕਦੇ ਮੈਂ ਭਗਤ ਸੰਤ ਬਣ ਕੇ ਜਗਿਆਸੂਆਂ ਨੂੰ ਕਰਾਂ ਪ੍ਰਵਾਨ, ਕਦੀ ਮੈਂ ਕੰਤ ਬਣ ਕੇ ਨਾਰੀਆਂ ਦੀ ਕਰਾਂ ਪਹਿਚਾਣ, ਕਦੇ ਮੈਂ ਜੀਵ ਜੰਤ ਬਣ ਕੇ ਮੂਰਖ ਹੋਵਾਂ ਅੰਜਾਣ, ਕਦੇ ਮੈਂ ਬਲਵੰਤ ਬਣ ਕੇ ਸਭ ਨੂੰ ਦੇਵਾਂ ਦਾਨ, ਕਦੇ ਮੈਂ ਅਨੰਤ ਬਣ ਕੇ ਆਪਣਾ ਖੇਲ ਕਰਾਂ ਮਹਾਨ, ਸਚ ਪੁੱਛੋ ਮੈਂ ਨਿਰਾਕਾਰ ਨਿਰੰਕਾਰ ਜਨਣੀ ਵਿਚੋਂ ਆਪਣਾ ਆਪ ਜਣ ਕੇ ਜਣੇਂਦੀ ਸੁਚੱਜੀ ਓਹੋ ਇਕੋ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਨਾਰਦ

ਕਹੇ ਮੇਰੀ ਬੇਨੰਤੀ ਮੇਰੀ ਅਰਜੋਈ, ਅਰਜ਼ ਦਿਆਂ ਸੁਣਾਈਆ । ਭਗਤ ਬਣੇ ਜੇ ਕੋਈ, ਮੈਂ ਜ਼ਰੂਰ ਉਸ ਦਾ ਦਰਸ਼ਨ ਪਾਈਆ । ਜਿਸ ਨੂੰ ਦਰਗਾਹ ਸਾਚੀ ਮਿਲੇ ਢੋਈ, ਮੈਂ ਢੋਲਕ ਛੈਣਿਆਂ ਦੇ ਥਾਂ ਉਹਦੇ ਅੱਗੇ ਆਪਣਾ ਪੀਪਾ ਦਿਆਂ ਖੜਕਾਈਆ । ਸੁਰਤੀ ਰਹੇ ਕਿਸੇ ਨਾ ਸੋਈ, ਸੁੱਤਿਆਂ ਨੂੰ ਦਿਆਂ ਜਗਾਈਆ । ਮੈਂ ਇਕ ਦਿਨ ਜੁੱਤੀ ਚੁਕ ਲਈ ਸੀ ਕਬੀਰ ਦੀ ਲੋਈ, ਉਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਆਪਣਾ ਆਪ ਛੁਪਾਈਆ । ਫਿਰ ਮੈਂ ਉਚੀ ਉਚੀ ਰੌਲਾ ਪਾਇਆ ਹਾਏ ਮੇਰੀ ਚੋਰੀ ਹੋਈ, ਮੈਨੂੰ ਕਬੀਰ ਜੁਲਾਹਾ ਲੁੱਟ ਕੇ ਲੈ ਗਿਆ ਮੇਰੀ ਦਰੋਹੀ, ਦਰੋਹੀ ਦਰੋਹੀ ਕਰ ਕੇ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਲੋਈ ਕਹੇ ਕਬੀਰਾ ਮੇਰੀ ਚੁਕ ਲਈ ਕਿਸੇ ਜੁੱਤੀ, ਕਵਣ ਏਥੇ ਫੇਰਾ ਪਾਈਆ । ਮੈਂ ਕੱਢ ਕੇ ਜ਼ਿਮੀਂ ਵਿਚ ਖੁੱਤੀ, ਟੋਏ ਵਿਚ ਦਿਤੀ ਦਬਾਈਆ । ਮੱਥੇ ਤਿਲਕ ਲਗਾ ਕੇ ਬੋਦੀ ਹਲਾ ਕੇ ਸਾਹਮਣੇ ਆ ਕੇ, ਮਣਕੇ ਭਵਾ ਕੇ ਕਿਹਾ, ਕੁਛ ਮੈਥੋਂ ਲਓ ਪੁੱਛੀ, ਮੈਂ ਜਨਮ ਜਨਮ ਦੇ ਲੇਖੇ ਦਿਆਂ ਸਮਝਾਈਆ । ਮੈਂ ਰੱਦੀ ਕਾਗ਼ਜ਼ਾਂ ਦੀ ਬਗ਼ਲ ਵਿਚੋਂ ਕੱਢ ਕੇ ਗੁੱਛੀ, ਜਿਹੜੀ ਬੱਧੀ ਸੀ ਨਾਲ ਰੱਸੀ, ਗੰਢਾਂ ਘੁੱਟ ਘੁੱਟ ਕੇ ਪਾਈਆ । ਜਾਂ ਮੈਂ ਨਿਗਾਹ ਮਾਰੀ ਲੋਈ ਮੈਨੂੰ ਦਿਸੀ ਜਿਸ ਤਰ੍ਹਾ ਕਬੀਰ ਨਾਲੋਂ ਰੁੱਸੀ, ਮੂੰਹ ਭੈੜਾ ਜਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਅਪਣਾ ਖੇਲ ਵਖਾਈਆ । ਲੋਈ ਕਹੇ ਕਬੀਰ ਜੀ ਓਹ ਵੇਖੋ ਆਇਆ ਜੋਤਸ਼ੀ, ਓਹ ਜੋਤਸ਼ ਦਏ ਲਗਾਈਆ । ਮੈਂ

੧੦੯੦ ਝਟ ਕਿਹਾ ਲੋਈ ਤੂੰ ਕੀ ਸੋਚਦੀ, ਲੋਇਣ ਮੇਰੇ ਲੋਇਣਾਂ ਨਾਲ ਮਿਲਾਈਆ । ਐਸ ਜੁਲਾਹੇ ਨਾਲ ਕੀ ਸੁਖ ਭੋਗਦੀ, ਜਿਹੜਾ ਤੇਰੀ ਜੁੱਤੀ ਨਾ ੧੦੯੦

੨੧ ਸਕਿਆ ਲਭਾਈਆ । ਇਹਨੂੰ ਸਾਰ ਕੀ ਓਸ ਪ੍ਰਭੂ ਦੀ ਮੌਜ ਦੀ, ਬਿਨਾ ਪੰਡਤਾਂ ਤੋਂ ਹੱਥ ਕਿਸੇ ਨਾ ਆਈਆ । ਨਿੱਕੀਆਂ ਨਿੱਕੀਆਂ ਗੱਲਾਂ ਦੱਸਣੀਆਂ ੨੧

ਮੇਰੀ ਖੇਲ ਰੋਜ਼ ਦੀ, ਸਹਿਜੇ ਦਿਆਂ ਸਮਝਾਈਆ । ਮੈਨੂੰ ਇਕ ਪਤਾ ਲਗਦਾ ਤੁਹਾਡੀ ਇਹ ਧਰਤੀ ਮਾਂ ਰੂਪ ਬਣ ਗਈ ਚੋਰ ਦੀ, ਤੇਰੀ ਜੁੱਤੀ ਚੋਰੀ ਕਰ ਕੇ ਆਪਣੇ ਵਿਚ ਦਬਾਈਆ । ਆਸਾ ਬਦਲ ਗਈ ਲੋਈ ਕਮਜ਼ੋਰ ਦੀ, ਵਿਸ਼ਵਾਸ ਪੰਡਤ ਉਤੇ ਕਰਾਈਆ । ਕਬੀਰ ਕਿਹਾ ਤੂੰ ਕੀ ਏਥੋਂ ਲੋੜਦੀ, ਇਹ ਤੇ ਕੋਈ ਸ਼ੈਤਾਨ ਰੂਪ ਬਦਲਾਈਆ । ਨਾਰਦ ਕਿਹਾ ਜੇ ਲੋਈ ਤੂੰ ਮੇਰੇ ਆਖੇ ਲੱਗ ਕੇ ਉਤੋਂ ਧਰਤੀ ਗੋਡ ਦਈਂ, ਗਿਠ ਸਵਾ ਗਿਠ ਹਲਾਈਆ । ਜਾਂ ਲੋਈ ਨੇ ਤੀਲਾ ਮਾਰਿਆ ਨਾਰਦ ਨੇ ਤਾਲੀ ਲਾਈ ਜ਼ੋਰ ਦੀ, ਹੱਥ ਹੱਥਾਂ ਉਤੇ ਖੜਕਾਈਆ । ਵੇਖੀ ਊ ਸ਼ੈਤਾਨੀ ਇਸ ਧਰਤੀ ਹਰਾਮ ਖੋਰ ਦੀ, ਜਿਹੜੀ ਭਗਤਾਂ ਨਾਲ ਦਗ਼ੇ ਰਹੀ ਕਮਾਈਆ । ਜੇ ਮੈਂ ਪੰਡਤ ਨਾ ਆਉਂਦਾ ਤੇ ਤੇਰਾ ਜੁੱਤੀ ਨਾਲ ਜੋੜ ਕਵਣ ਜੋੜਦੀ, ਸਾਂਝਾ ਰੰਗ ਰੰਗਾਈਆ । ਲੋਈ ਕਿਹਾ ਇਹ ਤੇਰੀ ਕਿਰਪਾ ਮਿਹਰਵਾਨੀ ਮੁਹਰ ਦੀ, ਮੋਹਰ ਧਰਤੀ ਉਤੇ ਲਗਾਈਆ । ਨਾਰਦ ਕਹੇ ਜੇ ਜੁੱਤੀ ਹੁੰਦੀ ਕਿਸੇ ਹੋਰ ਦੀ, ਮੈਂ ਬਿਨਾ ਸਵਾ ਰੁਪਈਏ ਦਿਤਿਆਂ ਤੋਂ ਇਸ਼ਾਰਾ ਨਾ ਕਦੇ ਕਰਾਈਆ । ਓਨੇ ਚਿਰ ਨੂੰ ਕਬੀਰ ਟਾਹਣੀ ਭੰਨ ਲਿਆਂਦੀ ਬੋਹੜ ਦੀ, ਨਾਰਦ ਦੇ ਸਿਰ ਵਿਚ ਦਿਤੀ ਲਗਾਈਆ । ਨਾਰਦ ਕਿਹਾ ਖੌਰੇ ਕੋਈ ਸਵਾਣੀ ਇਹ ਮੇਰਾ ਮਿੱਟੀ ਦਾ ਭਾਂਡਾ ਠਕੋਰਦੀ, ਦੁੱਧ ਰਿੜਕਣ ਵਾਸਤੇ ਪਸੰਦ ਕਰਨ ਆਈਆ । ਫੇਰ ਕਬੀਰ ਨੇ ਚਪੇੜ ਮਾਰੀ ਜ਼ੋਰ ਦੀ, ਮੂੰਹ ਦਿਤਾ ਭਵਾਈਆ । ਨਾਰਦ ਕਿਹਾ ਕਿੱਡੀ ਅੰਦਰੋਂ ਆਵਾਜ਼ ਆਈ ਸ਼ਬਦ ਅਗੰਮੀ ਘਨਘੋਰ ਦੀ, ਕੰਨਾਂ ਵਿਚੋਂ ਸਾਂ ਸਾਂ ਸਾਂ ਦਿਤਾ ਕਰਾਈਆ । ਫੇਰ ਕਬੀਰ ਨੇ ਉਹਦੇ ਗਲ ਵਿਚ ਰੱਸੀ ਪਾਈ ਡੋਰ ਦੀ, ਜ਼ੋਰ ਨਾਲ ਖਿਚਾਈਆ ।

ਨਾਰਦ ਕਹੇ ਖੌਰੇ ਇਹ ਕੋਈ ਬੜੀ ਚੰਗੀ ਸਵਾਣੀ ਜਿਹੜੀ ਮੈਨੂੰ ਲੋੜਦੀ, ਵਰ ਪ੍ਰਾਪਤ ਕਰਨ ਵਾਸਤੇ ਭੱਜੀ ਥਾਊਂ ਥਾਈਆ । ਫੇਰ ਕਬੀਰ ਨੇ ਸਫ਼ਾ ਵਿਛਾ ਲਈ ਆਪਣੀ ਦੋਹਰ ਦੀ, ਥੱਲੇ ਦਿਤੀ ਵਿਛਾਈਆ । ਨਾਰਦ ਕਿਹਾ ਮੇਰੀ ਵੀ ਮਨਸਾ ਸੀ ਇਹੋ ਲੋੜ ਦੀ, ਕੋਈ ਮੈਨੂੰ ਆਰਾਮ ਨਾਲ ਦੇਵੇ ਸਵਾਈਆ । ਇਹ ਬਚਨ ਸੁਣ ਕੇ ਲੋਈ ਸਹਿਜੇ ਨਾਲ ਪਿਠ ਠਕੋਰਦੀ, ਪੁੱਠੀ ਮੁੱਕੀ ਦਿਤੀ ਲਗਾਈਆ । ਨਾਰਦ ਕਿਹਾ ਓ ਬੇਬੇ ਇਹ ਕੋਈ ਖੱਲ ਨਹੀਂ ਢੋਰ ਦੀ, ਇਹ ਬ੍ਰਾਹਮਣ ਨਾਹੁਣ ਧੌਣ ਵਾਲਾ ਸੋਹਣਾ ਮਲੂਕ ਡੇਰਾ ਲਾਈਆ । ਤੂੰ ਦੱਸ ਕਿਸ ਨੂੰ ਟਟੋਲਦੀ, ਜੇ ਕੋਈ ਅਜੇ ਤੱਕ ਨਹੀਂ ਲੱਭਾ ਮੇਰੇ ਨਾਲੋਂ ਚੰਗਾ ਹੋਰ ਨਜ਼ਰ ਕੋਇ ਨਾ ਆਈਆ । ਲੋਈ ਗ਼ੁੱਸੇ ਵਿਚ ਬੋਲਦੀ, ਤੂੰ ਕਿਧਰੋਂ ਆਇਆ ਸ਼ੁਦਾਈਆ । ਨਾਰਦ ਕਿਹਾ ਇਹ ਆਵਾਜ਼ ਖ਼ਾਲੀ ਢੋਰ ਦੀ, ਮੈਨੂੰ ਅਜੇ ਨਾ ਭਾਈਆ । ਜੇ ਤੂੰ ਆਪਣੇ ਪਤੀ ਦੇ ਬਰਾਬਰ ਹੋ ਜਾਏਂ ਤੋਲ ਦੀ, ਵਜ਼ਨ ਇਕੋ ਜਿਹਾ ਕਰਾਈਆ । ਓਹਨੇ ਆਪਣੇ ਕੰਨ ਫੜ ਕੇ ਖਿੱਚੇ, ਨਾਰਦ ਕਹੇ, ਫਿਰ ਕਿਸੇ ਦੀ ਜੁਰਅਤ ਨਹੀਂ ਮਖ਼ੌਲ ਦੀ, ਅੱਖ ਲਏ ਉਠਾਈਆ । ਉਹੋ ਮਰਦੀ ਉਹੋ ਫਸਦੀ ਜਿਹੜੀ ਹਿਰਦਿਉਂ ਡੋਲਦੀ, ਜਿਹੜੀ ਪ੍ਰੇਮ ਵਿਚ ਰੱਤੀ ਤੇ ਹੰਢਾਵੇ ਕਮਲਾਪਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਉਹਦੀ ਕਦੇ ਨਾ ਬਦਲੇ ਅੱਖੀ ਦੂਸਰੇ ਦੀ ਹੋਵੇ ਕਦੇ ਨਾ ਸਖ਼ੀ, ਭਾਵੇਂ ਕਿੰਨੇ ਆ ਜਾਣ ਮੁਨੀ ਰਿਖੀ, ਮੁਨੀਸ਼ਰਾਂ ਵਲ ਨਿਗਾਹ ਨਾ ਕਦੇ ਉਠਾਈਆ । ਨਾਰਦ ਕਹੇ ਜਨ ਭਗਤੋ ਤੁਸਾਂ ਕਲ੍ਹ ਕਿਹੜੀ ਗੱਲ ਸਿੱਖੀ, ਤੇ ਕਿਹੜੀ ਆਪਣੇ ਹਿਰਦੇ ਵਿਚ ਲਿਖੀ, ਮੈਨੂੰ ਦਿਓ ਜਣਾਈਆ । ਕਿਹੜੀ ਤੁਹਾਡੇ ਕੋਲ ਚਿੱਠੀ, ਜਿਹੜੀ ਸਦਾ ਰਹੇ ਅਨਡਿੱਠੀ, ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ੇ ਰਿਹਾ ਸੁਣਾਈਆ । ਜਨ ਭਗਤੋ ਸੁਣੋ ਮੇਰਿਓ ਭਈਆ, ਭੈਣੋ ਦਿਆਂ ਜਣਾਈਆ । ਪ੍ਰਭੂ ਜੇ ਇਕੋ ਸਈਆ, ਸਾਜਣ ਇਕ ਅਖਵਾਈਆ । ਸਚ ਦੱਸੋ ਰਾਵੀ ਉਤੇ ਜਿਸ ਮਲਾਹ ਦੀ ਚੜ੍ਹੇ ਸੋ ਨਈਆ, ਉਹ ਮਲਾਹ ਤੁਹਾਡੇ ਕੋਲ ਨਜ਼ਰ ਕੋਇ ਨਾ ਆਈਆ । ਜੋ ਪ੍ਰਭ ਸਰਨਾਈ ਢਈਆਂ, ਉਨ੍ਹਾਂ ਦੀ ਫੜ ਲਈਆਂ ਬਹੀਆਂ, ਬਾਜ਼ੂ ਆਪਣੇ ਹੱਥ ਰਖਾਈਆ । ਬਾਕੀ ਦਾ ਹਿਸਾਬ ਸਾਰੇ ਲਿਖਦੇ ਰੱਖਦੇ ਨਿਉਂਦਰੇ ਪੌਂਦੇ ਉਤੇ ਵਹੀਆਂ, ਪੁੱਤ ਪੋਤਰੇ ਤਾਈਂ ਲੇਖਾ ਚਲਿਆ ਆਈਆ । ਤੁਹਾਨੂੰ ਸਮਝ ਨਹੀਂ ਆਈ ਕਿਉਂ ਬਚਨ ਸਿੰਘ ਨੇ ਅਰਦਾਸਾ ਕੀਤਾ ਸਵਾ ਰੁਪਈਆ, ਸੁੱਕਿਆਂ ਕੱਖਾਂ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਸਵਾ ਰੁਪਈਆ ਤੁਹਾਡੀ ਅਰਦਾਸ, ਅਰਦਾਸੇ ਪਿਛਲੇ ਦਿਤੇ ਤਜਾਈਆ । ਤੁਸੀਂ ਪ੍ਰਭ ਦੇ ਤੇ ਪ੍ਰਭੂ ਤੁਹਾਡੇ ਪਾਸ, ਰਾਵੀ ਦਾ ਆਰ ਪਾਰ ਕਿਨਾਰਾ ਦਏ ਗਵਾਹੀਆ । ਨਾਰਦ ਕਹੇ ਮੈਨੂੰ ਜ਼ਰੂਰ ਦੇਣੀ ਪਈ ਸ਼ਾਬਾਸ਼, ਸ਼ਾਬਾ ਕਹਿ ਕੇ ਸਭ ਨੂੰ ਦਿਆਂ ਸੁਣਾਈਆ । ਤੁਹਾਡਾ ਓਸ ਦੇ ਚਰਨਾਂ ਵਿਚ ਵਾਸ, ਜਿਸ ਦੇ ਅੱਗੇ ਵਾਸਤਾ ਪਾ ਪਾ ਸਾਰੇ ਸੀਸ ਨਿਵਾਈਆ । ਤੁਹਾਨੂੰ ਕੱਟਣਾ ਪਏ ਨਾ ਕੋਇ ਬਨਬਾਸ, ਜੰਗਲਾਂ ਵਿਚ ਨਾ ਕੋਇ ਭਵਾਈਆ । ਪਰਬਤਾਂ ਉਤੇ ਹੋਣਾ ਨਾ ਪਏ ਉਦਾਸ, ਘਰ ਬਾਰ ਤਜਾਈਆ । ਪੜ੍ਹਨਾ ਪਏ ਨਾ ਵਿਚ ਕਿਸੇ ਕਲਾਸ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਇਕ ਨਾਲ ਜੁੜ ਗਿਆ ਨਾਤ, ਰਿਸ਼ਤਾ ਲਿਆ ਬਣਾਈਆ । ਮੇਰੀ ਇਕ ਮੰਨਿਓ ਬਾਤ, ਬਾਤਨ ਦਿਆਂ ਸਮਝਾਈਆ । ਬਾਬੂਪੁਰ ਵਾਲਿਓ ਤੁਹਾਡੀ ਇੱਕੀਆਂ ਦੀ ਨਾਲ ਜ਼ਰੂਰ ਹੋਵੇ ਜਮਾਤ, ਜ਼ਾਮਨ ਆਪਣਾ ਆਪ ਕਰਾਈਆ । ਬਾਕੀ ਸਭ ਦਾ ਲਹਿਣਾ ਦੇਣਾ ਪੂਰਾ ਕਰੇ ਜੋ ਸਭ ਦਾ ਮਾਈ ਬਾਪ,

੧੦੯੧
੨੧

ਪਿਤਾ ਪੁਰਖ ਅਕਾਲ ਵਡ ਵਡਿਆਈਆ । ਅਸੀਂ ਖ਼ੁਸ਼ੀ ਨਾਲ ਭੋਰਾ ਭੋਰਾ ਖਾ ਕੇ ਜਾਣਾ ਖਾਜ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਵੀ ਨਾਲ ਮਿਲਾਈਆ । ਫਿਰ ਹਾਜ਼ਰ ਹੋਵਾਂਗੇ ਜਿਸ ਦਿਨ ਪਹਿਲੀ ਚੇਤ ਨੂੰ ਪਹਿਨਣਾ ਤਾਜ, ਤਖ਼ਤ ਨਿਵਾਸੀ ਭਗਤ ਦਵਾਰੇ ਡੇਰਾ ਲਾਈਆ । ਨਾਰਦ ਕਹੇ ਤੁਹਾਡਾ ਸੋਹਣਾ ਲੱਗਾ ਸਮਾਜ, ਮੈਂ ਸਮਝ ਕੇ ਖ਼ੁਸ਼ੀ ਮਨਾਈਆ । ਏਥੇ ਨਾ ਕੋਈ ਸਵਾਲ ਨਾ ਕੋਈ ਜਵਾਬ, ਬਿਨਾ ਸੀਸ ਝੁਕੌਣ ਤੋਂ ਚਾਰਾ ਨਜ਼ਰ ਕੋਇ ਨਾ ਆਈਆ । ਮੈਂ ਜਾਂਦਾ ਜਾਂਦਾ ਨਮਸਤੇ ਨਮੋ ਨਮੋਂ ਨਿਮਸਕਾਰ ਭਗਤੋ ਸਭ ਨੂੰ ਕਰਾਂ ਆਦਾਬ, ਭਗਤੋ ਕੀਤੀ ਬੇਅਦਬੀ ਮੇਰੀ ਮੁਆਫ਼ ਦੇਣੀ ਕਰਾਈਆ । ਮੈਂ ਪੰਜ ਸੱਤ ਦਿਨ ਫਿਰ ਕੇ ਔਣਾ ਬਗ਼ਦਾਦ, ਮੇਰੀ ਸੇਵਾ ਦਿਤੀ ਲਗਾਈਆ । ਅਰਬ ਵਾਸੀਆਂ ਦਾ ਲਹਿਣਾ ਦੇਣਾ ਤੇ ਲੇਖਾ ਆਣ ਕੇ ਦੇਣਾ ਜਵਾਬ, ਹੁਕਮ ਧੁਰ ਦਾ ਦਿਤਾ ਸੁਣਾਈਆ । ਮੇਰੀ ਗ਼ਰੀਬ ਦੀ ਕੀ ਮਜਾਲ, ਘੜੀ ਪਲ ਅਟਕ ਨਾ ਸਕਾਂ ਰਾਈਆ । ਤੁਸੀਂ ਜਿਥੇ ਗਾਇਆ ਕਰੋਗੇ ਗਾਥ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਨਾਅਰਾ ਲਾਈਆ । ਮੈਂ ਓਥੇ ਦੂਰ ਦੁਰਾਡਾ ਝੁੱਕ ਕੇ ਕਰਿਆ ਕਰਾਂਗਾ ਆਦਾਬ, ਨਿਉਂ ਨਿਉਂ ਸੀਸ ਨਿਵਾਈਆ । ਮੇਰੀ ਅੰਤ ਅਖ਼ੀਰ ਸਭ ਦੇ ਅੱਗੇ ਅਰਦਾਸ, ਪ੍ਰੇਮ ਪਿਆਰ ਮੁਹੱਬਤ ਮੰਗ ਮੰਗਾਈਆ । ਆਪਣੇ ਰੱਖਿਓ ਪਾਸ ਧੀਰਜ ਧਾਰ ਲੈਣਾ ਵਿਸ਼ਵਾਸ, ਵਿਸ਼ਿਆਂ ਵਿਚ ਸਾਹਿਬ ਸਤਿਗੁਰ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੇ ਸਾਹਮਣੇ ਸਾਖਿਆਤ, ਸਾਖੀ ਪ੍ਰਮਾਣ ਦੀ ਲੋੜ ਰਹੇ ਨਾ ਰਾਈਆ ।

੧੦੯੨ ੧੦੯੨

੨੧ ੨੧

ਨਾਰਦ ਕਹੇ ਜਿਸ ਵੇਲੇ ਵਕੀਲ ਸਿੰਘ ਦੇ ਗਲ ਵਿਚ ਸੋਹੰ ਫਸਿਆ, ਅੱਧ ਵਿਚ ਆ ਕੇ ਆਪਣੀ ਖ਼ੁਸ਼ੀ ਮਨਾਈਆ । ਮੈਂ ਖਿੜ ਖਿੜਾ ਕੇ ਹੱਸਿਆ, ਆਪਣੀ ਲਈ ਅੰਗੜਾਈਆ । ਸ਼ਾਇਦ ਅੱਜ ਏਸ ਥੋੜਾ ਪ੍ਰਸ਼ਾਦ ਹੋਵੇ ਛਕਿਆ, ਜ਼ੋਰ ਨਾ ਸਕੇ ਲਗਾਈਆ । ਜਾਂ ਰਾਤ ਦਾ ਹੋਵੇ ਥੱਕਿਆ, ਨੀਂਦਰੇ ਵਿਚ ਉਂਘਲਾਈਆ । ਮੇਰਾ ਜੀਅ ਕਰਦਾ ਇਹਨੂੰ ਲੈ ਜਾਵਾਂ ਨਾਲ ਮਦੀਨਾ ਮੱਕਿਆ, ਮਕ਼ਬਰਿਆਂ ਦੇ ਉਤੇ ਦਿਆਂ ਫਿਰਾਈਆ । ਜਿਥੇ ਵੱਡੀ ਵੱਡੀ ਰੇਤ ਬਾਲੂ ਦਿਸੇ ਉਡਦਾ ਘੱਟਿਆ, ਧੂੜੋ ਧੂੜ ਨਜ਼ਰੀ ਆਈਆ । ਜੇ ਕੋਈ ਵੇਖਣ ਆਵੇ ਉਹਦੇ ਕੋਲੋਂ ਨਾ ਜਾਵੇ ਲੰਘਿਆ, ਮੈਂ ਇਸ਼ਾਰਿਆਂ ਨਾਲ ਜਣਾਈਆ । ਫੇਰ ਪੁਛਿਆ ਜ਼ੋਰ ਨਾਲ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਿਉਂ ਨਹੀਂ ਜਪਿਆ, ਉਹ ਜਪਣਾ ਸੌਖਾ ਜਾਂ ਮੇਰੇ ਨਾਲ ਫਿਰਨਾ ਸੌਖਾ ਮੈਨੂੰ ਦੇ ਸਮਝਾਈਆ । ਫੇਰ ਲੈ ਜਾਵਾਂ ਜਿਧਰ ਘੱਟਾ ਹੋਵੇ ਤਪਿਆ, ਅਗਨੀ ਰੂਪ ਵਟਾਈਆ । ਫੇਰ ਲੈ ਜਾਵਾਂ ਜਿਥੇ ਫੂੜੀ ਸਫ਼ਾ ਹੋਵੇ ਵਿਛਿਆ, ਕਹਾਂ ਨਾਲੇ ਰੋਜੇ ਰੱਖ ਨਾਲੇ ਨਿਮਾਜ਼ਾਂ ਰੱਖ ਨਾਲੇ ਹੱਥ ਰੱਖ ਕੰਨਾਂ ਤੋਂ ਲੈ ਕੇ ਗਿਟਿਆਂ, ਮੂੰਹ ਦੇ ਭਾਰ ਆਪਣਾ ਆਪ ਸੁਟਾਈਆ । ਫੇਰ ਕੀ ਕਹੇਂ ਮੈਥੋਂ ਨਹੀਂ ਜਾਂਦਾ ਝੁਕਿਆ, ਕਮਰ ਨੀਵੀਂ ਨਾ ਕੋਇ ਕਰਾਈਆ । ਫੇਰ ਮੈਂ ਕਹਾਂ ਓਥੇ ਚਲਿਆ ਜਾਹ ਜਿਥੋਂ ਆਇਆਂ ਬਿਨਾ ਓਸ ਤੋਂ ਪੈਂਡਾ ਕਦੇ ਨਾ ਮੁੱਕਿਆ, ਮੱਕਾ ਮਦੀਨਾ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦੀ ਕਾਰ ਕਮਾਈਆ ।

## ✻ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਭਜਨ ਸਿੰਘ ਦੇ ਗ੍ਰਿਹਿ ਪਿੰਡ ਦੋਸਤਪੁਰਾ ✻

ਰਾਵੀ ਕਹੇ ਮੈਨੂੰ ਅੰਮ੍ਰਿਤ ਰਸ ਮਿਲਿਆ ਠੰਡਾ ਪਾਣੀ, ਮੇਰਾ ਅਗਨੀ ਤਤ ਬੁਝਾਈਆ । ਮੈਂ ਦਿਵਸ ਰੈਣ ਜਪਦੀ ਰਹੀ ਅਗੰਮੀ ਬਾਣੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਸਾਂ ਤਕਦੀ ਰਹੀ ਚਾਰੇ ਕੁੰਟ ਚਾਰੇ ਖਾਣੀ, ਚਾਰ ਵਰਨਾਂ ਵੇਖ ਵਖਾਈਆ । ਕਵਣ ਵੇਲੇ ਆਏ ਮੇਰਾ ਪੁਰਖ ਸੁਲਤਾਨੀ, ਸ਼ਾਹ ਪਾਤਸ਼ਾਹ ਧੁਰਦਰਗਾਹੀਆ । ਜੋ ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਸਾਚਾ ਹਾਣੀ, ਬਿਰਧ ਬਾਲ ਨਾ ਰੂਪ ਵਟਾਈਆ । ਸਾਚੀ ਮੰਜ਼ਲ ਦੱਸੇ ਇਕ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਸ਼ਬਦ ਅਣਿਆਲਾ ਤੀਰ ਮਾਰੇ ਕਾਨੀ, ਕਲਮਾ ਹੱਕ ਹੱਕ ਦ੍ਰਿੜਾਈਆ । ਝਗੜਾ ਰਹੇ ਨਾ ਕੋਇ ਜਿਸਮਾਨੀ, ਜਿਸਮ ਜ਼ਮੀਰ ਦਏ ਬਦਲਾਈਆ । ਸ਼ਰਅ ਦਿਸੇ ਨਾ ਕੋਇ ਬੇਗਾਨੀ, ਬੇਵਾ ਰੂਪ ਨਾ ਕੋਇ ਵਖਾਈਆ । ਜਲਵਾ ਨੂਰ ਦੇਵੇ ਅਸਮਾਨੀ, ਘਰ ਘਰ ਅੰਦਰ ਕਰੇ ਰੁਸ਼ਨਾਈਆ । ਦੀਨ ਦੁਨੀ ਦੇ ਅੰਦਰੋਂ ਕਲਜੁਗ ਕੂੜੀ ਕਿਰਿਆ ਕੱਢੇ ਬੇਈਮਾਨੀ, ਜੂਠ ਝੂਠ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚਖੰਡ ਨਿਵਾਸੀ ਦਇਆ ਕਮਾਈਆ । ਰਾਵੀ ਕਹੇ ਮੈਨੂੰ ਮਿਲਿਆ ਅੰਮ੍ਰਿਤ ਰਸ, ਝਿਰਨਾ ਰਿਸਕ ਰਿਸਕ ਝਿਰਾਈਆ । ਮੇਰਾ ਆਪਾ ਹੋਇਆ ਵੱਸ, ਕਲਪਣਾ ਅਵਰ ਰਹੀ ਨਾ ਰਾਈਆ । ਮੈਂ ਚਰਨਾਂ ਉਤੇ ਗਈ ਢੱਠ, ਨਿਮਰਤਾ ਵਿਚ ਸੀਸ ਨਿਵਾਈਆ । ਕਿਰਪਾ ਕਰ ਸਾਹਿਬ ਸਮਰਥ, ਦਰ ਤੇਰੇ ਅਲਖ ਜਗਾਈਆ । ਕਲਜੁਗ ਕੂੜ ਕਲਪਣਾ ਕਿਸ ਬਿਧ ਜਾਵੇ ਨੱਸ, ਹਰ ਹਿਰਦੇ ਹੋਏ ਸਫ਼ਾਈਆ । ਸਾਚੀ ਮੰਜ਼ਲ ਮਿਲੇ ਅਗੰਮੀ ਘਟ, ਤਟ ਕਿਨਾਰੇ ਵੱਜੇ ਵਧਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਰਹੇ ਨਾ ਅੰਧੇਰੀ ਰਾਤ, ਨਿਰਗੁਣ ਨੂਰ ਚੰਦ ਚਮਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਦ ਵਸੇ ਤੇਰੇ ਪਾਸ, ਵਿਛੋੜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਦਇਆਨਿਧ ਠਾਕਰ ਸਵਾਮੀ ਭੇਵ ਅਭੇਦਾ ਖੋਲ੍ਹੇ ਆਪ, ਆਪ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਕਰਨਾ ਜਾਪ, ਜਗਜੀਵਣ ਦਾਤਾ ਆਪੇ ਹੋਏ ਸਹਾਈਆ । ਤ੍ਰੈਗੁਣ ਅਤੀਤਾ ਠਾਂਡਾ ਸੀਤਾ ਮੇਟ ਮਿਟਾਏ ਤ੍ਰੈਗੁਣ ਮਾਇਆ ਆਗ, ਅਗਨੀ ਤੱਤ ਨਾ ਕੋਇ ਤਪਾਈਆ । ਅੰਤ ਕੰਤ ਭਗਵੰਤ ਤੇਰੀ ਆਪੇ ਪੁੱਛੇ ਵਾਤ, ਦਾਤਾ ਦਾਨੀ ਵੇਖੇ ਜਗਤ ਲੋਕਾਈਆ । ਜਿਉਂ ਭਾਵੇਂ ਤਿਉਂ ਲਵੇ ਰਾਖ, ਹਰਿ ਕਰਤਾ ਧੁਰਦਰਗਾਹੀਆ । ਨਿਰਗੁਣ ਨੂਰ ਜੋਤ ਕਰ ਪ੍ਰਕਾਸ਼, ਜ਼ਹੂਰ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਸਚ ਦਵਾਰਾ ਏਕੰਕਾਰਾ ਇਕ ਇਕੱਲਾ ਆਪ ਜਣਾਈਆ । ਰਾਵੀ ਕਹੇ ਮੈਨੂੰ ਅੰਮ੍ਰਿਤ ਮਿਲਿਆ ਜਲ, ਜਲ ਥਲ ਮਹੀਅਲ ਵੱਜੀ ਵਧਾਈਆ । ਮੇਰਾ ਵਿਛੋੜਾ ਹੋਵੇ ਨਾ ਪਲ, ਆਦਿ ਜੁਗਾਦੀ ਸੰਗ ਨਿਭਾਈਆ । ਅੰਧੇਰਾ ਰਹੇ ਨਾ ਡੂੰਘੀ ਡੱਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਝਗੜਾ ਮੁਕੇ ਕਲਜੁਗ ਕੱਲ, ਕਲ ਕਾਤੀ ਰਹੇ ਨਾ ਕੋਇ ਕਸਾਈਆ । ਗੁਰ ਅਵਤਾਰ ਪੈਗ਼ੰਬਰਾਂ ਮਸਲਾ ਹੋਵੇ ਹੱਲ, ਭਵਿਖਤਾਂ ਵਿਚ ਲੇਖਾ ਗਏ ਜਣਾਈਆ । ਧਾਮ ਵੇਖਾਂ ਉਹ ਅਟਲ, ਸਚ ਦਵਾਰ ਲਵਾਂ ਮੱਲ, ਚਰਨ ਕਵਲ ਇਕ ਸਰਨਾਈਆ । ਨਿਰਗੁਣ ਧਾਰ ਜਾਵੇ ਰਲ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹੁਕਮ ਧੁਰ ਦਾ ਇਕ ਸੁਣਾਈਆ । ਰਾਵੀ ਕਹੇ ਮੇਰੀ ਤ੍ਰਿਸ਼ਨਾ

ਮਿਟੀ ਪਿਆਸ, ਹਰਸ ਰਹੀ ਨਾ ਰਾਈਆ। ਆਇਆ ਸਚ ਵਿਸ਼ਵਾਸ, ਭਰੋਸਾ ਲਿਆ ਬੰਧਾਈਆ। ਕਵਣ ਵੇਲਾ ਮਿਲੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ। ਅੰਤਰ ਦੇਵੇ ਸਾਥ, ਨਿਰੰਤਰ ਨਾਤਾ ਲਏ ਜੁੜਾਈਆ। ਮੇਰੀ ਇਕੋ ਹੋ ਜਾਏ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ। ਕੂੜ ਕਲਪਣਾ ਕਰੇ ਵਫ਼ਾਤ, ਸਤਿ ਧਰਮ ਲਏ ਉਪਜਾਈਆ। ਸਾਚੇ ਮੰਡਲ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ। ਰਾਵੀ ਕਹੇ ਅੰਮ੍ਰਿਤ ਵਿਚੋਂ ਮਿਲੀ ਅਗੰਮੀ ਸ਼ਕਤ, ਮੇਰੀ ਸ਼ਖ਼ਸੀਅਤ ਦਿਤੀ ਬਦਲਾਈਆ। ਹੁਕਮ ਸੰਦੇਸ਼ਾ ਦਿਤਾ ਜਗਤ, ਦੀਨ ਦੁਨੀ ਦ੍ਰਿੜਾਈਆ। ਪ੍ਰਗਟ ਕਰੇ ਪ੍ਰਭੂ ਪ੍ਰਭ ਭਗਤ, ਭਗਵਨ ਆਪਣਾ ਰੰਗ ਰੰਗਾਈਆ। ਉਹ ਵੇਲਾ ਸੁਹੰਜਣਾ ਹੋਵੇ ਵਕ਼ਤ, ਮਿਲੇ ਮਾਣ ਵਡਿਆਈਆ। ਗੁਰਮੁਖਾਂ ਉਪਰ ਕਰੇ ਤਰਸ, ਰਹਿਮਤ ਆਪ ਕਮਾਈਆ। ਅੰਮ੍ਰਿਤ ਮੇਘ ਦੇਵੇ ਬਰਸ, ਅੰਮਿਉਂ ਰਸ ਆਪ ਚਖਾਈਆ। ਜਨਮ ਮਰਨ ਦੀ ਮੇਟੇ ਹਰਸ, ਚੁਰਾਸੀ ਫੰਦ ਕਟਾਈਆ। ਕਾਇਆ ਮੰਦਰ ਅੰਦਰ ਦੇ ਕੇ ਦਰਸ, ਨਿਜ ਲੋਚਣ ਨੈਣ ਕਰੇ ਰੁਸ਼ਨਾਈਆ। ਇਹ ਖੇਲ ਹੋਵੇ ਅਸਚਰਜ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ। ਪ੍ਰਗਟ ਹੋ ਮਰਦਾਨਾ ਮਰਦ, ਮਹਿਬੂਬ ਮੁਹੱਬਤ ਵਾਲਾ ਵੇਖ ਵਖਾਈਆ। ਦੀਨ ਦਿਆਲ ਦਇਆਨਿਧ ਠਾਕਰ ਦੀਨਾਂ ਅਨਾਥਾਂ ਵੰਡੇ ਦਰਦ, ਦੋ ਜਹਾਨਾਂ ਵੇਖ ਵਖਾਈਆ। ਰਾਵੀ ਕਹੇ ਮੇਰੀ ਬੇਨੰਤੀ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਲੇਖੇ ਲਾਈਆ। ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪੂਰਾ ਕਰੇ ਫ਼ਰਜ਼, ਗ਼ਰਜ਼ ਸਭ ਦੀ ਵੇਖ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਫ਼ਰਸ਼ ਅਰਸ਼, ਅਰਸ਼ ਫ਼ਰਸ਼ ਆਪਣੀ ਕਾਰ ਕਮਾਈਆ।


੧੦੬੪ ੨੧

### ✱ ੨੫ ਫੱਗਣ ਸ਼ਹਿਨਸ਼ਾਹੀ ਸੰਮਤ ੪ ਧਿਰਤਾ ਸਿੰਘ ਦੇ ਗ੍ਰਿਹਿ ਪਿੰਡ ਕਲਾਨੌਰ ✱

ਰਾਵੀ ਕਹੇ ਮੇਰੀ ਸੁਹੰਜਣੀ ਹੋਵੇ ਰੁੱਤ, ਰੁਤੜੀ ਪ੍ਰਭ ਮਹਿਕਾਈਆ। ਕਿਰਪਾ ਕਰ ਅਬਿਨਾਸ਼ੀ ਅਚੁਤ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ। ਮੇਰਾ ਕਰਮ ਕਰਮ ਦਾ ਮੇਟ ਕੇ ਦੁੱਖ, ਦੁਖੜਾ ਦਿਤਾ ਗਵਾਈਆ। ਅੰਤ ਉਪਜਾਏ ਇਕੋ ਸੁਖ, ਨਿਰੰਤਰ ਆਪਣਾ ਰੰਗ ਰੰਗਾਈਆ। ਧਰਮ ਦੀ ਧਾਰ ਦੱਸ ਕੇ ਤੁਕ, ਤੁਖ਼ਮ ਤਾਸੀਰ ਦਿਤਾ ਬਦਲਾਈਆ। ਕਲਜੁਗ ਕੂੜੀ ਕਿਰਿਆ ਬਦਲ ਕੇ ਰੁਖ਼, ਸਤਿਜੁਗ ਸਾਚਾ ਰਾਹ ਜਣਾਈਆ। ਸ਼ਬਦੀ ਗੋਬਿੰਦ ਸੂਰਾ ਉਠਾ ਕੇ ਸੁਤ, ਸੁਤ ਦੁਲਾਰੇ ਰੰਗ ਰੰਗਾਈਆ। ਜਿਸ ਨੂੰ ਬ੍ਰਹਿਮੰਡ ਖੰਡ ਰਹੇ ਝੁਕ, ਪੁਰੀ ਲੋਅ ਸੀਸ ਨਿਵਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ। ਰਾਵੀ ਕਹੇ ਮੈਨੂੰ ਗੁਰ ਅਵਤਾਰ ਪੈਗ਼ੰਬਰ ਸਾਰੇ ਦੇਣ ਦਲਾਸਾ, ਸੰਦੇਸ਼ ਅਗੰਮ ਸੁਣਾਈਆ। ਮਿਹਰਬਾਨ ਮਹਿਬੂਬ ਦਾ ਰਖ ਭਰਵਾਸਾ, ਭਾਂਡਾ ਭਰਮ ਦੇਣਾ ਭੰਨਾਈਆ। ਜਿਸ ਨੇ ਖੇਲ ਕਰਨਾ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਵੇਖ ਵਖਾਈਆ। ਮੰਡਲ ਮੰਡਪ ਪਾਵੇ ਰਾਸਾ, ਗੋਪੀ ਕਾਹਨ ਕਾਹਨ ਨਚਾਈਆ। ਸਦ ਜੋਤੀ ਦਾ ਬਣ ਕੇ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ। ਆਤਮ ਬ੍ਰਹਮ ਦਾ ਹੋ ਗਿਆਤਾ, ਭੇਵ ਅਭੇਦਾ ਦਏ ਖੁਲ੍ਹਾਈਆ। ਕਲਜੁਗ ਕੂੜੀ

ਕਿਰਿਆ ਝਗੜਾ ਮੇਟੇ ਜ਼ਾਤ ਪਾਤਾ, ਸਤਿਜੁਗ ਸਾਚਾ ਰੰਗ ਰੰਗਾਈਆ । ਹੋਏ ਸਹਾਈ ਨਾਥ ਅਨਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਮ ਦਵਾਰਾ ਇਕ ਸੁਹਾਈਆ । ਰਾਵੀ ਕਹੇ ਗੁਰ ਅਵਤਾਰ ਪੈਗ਼ੰਬਰ ਮੈਨੂੰ ਸਾਰੇ ਦੇਵਣ ਥਾਪੀ, ਹੱਥ ਪੁਸ਼ਤ ਪਨਾਹ ਟਿਕਾਈਆ । ਵੇਖਣਾ ਖੇਲ ਪ੍ਰਭੂ ਪ੍ਰਤਾਪੀ, ਪਾਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜਿਸ ਨੇ ਮੇਟਣੇ ਕੂੜੇ ਪਾਪੀ, ਦੁਸ਼ਟ ਦੁਰਾਚਾਰਾਂ ਦਏ ਖਪਾਈਆ । ਆਤਮ ਬ੍ਰਹਮ ਦੇ ਵੇਖੇ ਜਾਪੀ, ਜੋ ਹਿਰਦੇ ਹਰਿ ਰਹੇ ਵਸਾਈਆ । ਥਰ ਥਰ ਸ੍ਰਿਸ਼ਟੀ ਰਹੀ ਕਾਂਪੀ, ਧੀਰਜ ਧੀਰ ਨਾ ਕੋਇ ਧਰਾਈਆ । ਜਿਸ ਨੇ ਲਹਿਣਾ ਦੇਣਾ ਚੁਕੌਣਾ ਬਾਕੀ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਲੇਖਾ ਚੁਕੇ ਤਨ ਵਜੂਦ ਮਾਟੀ ਖ਼ਾਕੀ, ਖ਼ਾਲਕ ਖ਼ਲਕ ਵੇਸ ਵਟਾਈਆ । ਕਰੇ ਖੇਲ ਆਪ ਇਤਫ਼ਾਕੀ, ਇਤਫ਼ਾਕੀਆ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਗੁਰ ਅਵਤਾਰ ਪੈਗ਼ੰਬਰ ਮੇਰਾ ਦੇਵਣ ਸਾਥ, ਸਗਲਾ ਸੰਗ ਬਣਾਈਆ । ਤੇਰਾ ਮਾਲਕ ਪੁਰਖ ਸਮਰਾਥ, ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਓਹ ਪ੍ਰਗਟ ਹੋਵੇ ਸਾਖਿਆਤ, ਜੋਤੀ ਜਾਤਾ ਡਗਮਗਾਈਆ । ਜੋ ਗੁਰ ਅਰਜਨ ਗਿਆ ਆਖ, ਆਖ਼ਰ ਪੂਰਾ ਦਏ ਕਰਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਦੀਨ ਦੁਨੀ ਦੀ ਇਕ ਜਮਾਤ, ਜੁਮਲਾ ਅੱਖਰ ਇਕ ਪੜ੍ਹਾਈਆ । ਨਜ਼ਰੀ ਆਏ ਨਰ ਨਿਰੰਕਾਰਾ ਵਾਹਦ, ਵਾਹਵਾ ਗੁਰੂ ਇਕ ਵਡਿਆਈਆ । ਸਾਚਾ ਹੁਕਮ ਕਰੇ ਆਇਦ, ਆਦਤ ਇਬਾਦਤ ਵਿਚ ਬਦਲਾਈਆ । ਦੀਨ ਦੁਨੀ ਦਾ ਇਕੋ ਹੋਵੇ ਕਵਾਇਦ, ਕਰਨੀ ਕਰਤਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਾਵੀ ਵੇਖ ਮੰਜ਼ਲੇ ਹੱਕ ਮਕ਼ਸੂਦ, ਦਰਗਾਹ ਸਚ ਧਿਆਨ ਲਗਾਈਆ । ਜਿਸ ਨੇ ਸਾਡਾ ਲੇਖਾ ਕਰਨਾ ਆਪ ਮਨਸੂਖ਼, ਹੁਕਮ ਇਕ ਜਣਾਈਆ । ਸਾਨੂੰ ਕਰਨਾ ਪਏ ਰਸੂਖ਼, ਦੀਨ ਮਜ਼੍ਹਬ ਨਾ ਕੋਇ ਲੜਾਈਆ । ਤੂੰ ਆਪਣਾ ਹਿਰਦਾ ਰਖ ਮਜ਼ਬੂਤ, ਕਲਜੁਗ ਵੇਖ ਨਾ ਜਾਣਾ ਘਬਰਾਈਆ । ਚਾਰ ਦਿਨ ਦਾ ਝਗੜਾ ਪੰਜ ਭੂਤ, ਅੰਤਮ ਅੰਤਰ ਅੰਤਸ਼ਕਰਨ ਕਰੇ ਸਫ਼ਾਈਆ । ਇਸ ਨੇ ਕਲਜੁਗ ਰੂਪ ਬਦਲਾ ਕੇ ਕਰ ਜਾਣਾ ਕੂਚ, ਕੂਚਾ ਗਲੀ ਹੋਵੇ ਸਫ਼ਾਈਆ । ਚਾਰੇ ਕੁੰਟਾਂ ਉਪਜੇ ਸੂਚ, ਸੰਜਮ ਇਕੋ ਦਏ ਦਰਸਾਈਆ । ਜਿਧਰ ਤੱਕਣਾ ਪੁਰਖ ਅਕਾਲ ਓਧਰ ਮੌਜੂਦ, ਚਾਰੋਂ ਕੁੰਟ ਸੋਭਾ ਪਾਈਆ । ਪੈਗ਼ੰਬਰਾਂ ਲੇਖਾ ਮੁਕਣਾ ਹਜਾਰਾ ਦਰੂਦ, ਕਲਮਾ ਅਗੰਮ ਅਗੰਮ ਪੜ੍ਹਾਈਆ । ਮਿਹਰਵਾਨ ਸਭ ਨੂੰ ਰੱਖੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਗ੍ਰਿਹਿ ਇਕ ਅਰੂਜ, ਆਲੀਸ਼ਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਗਲਾ ਵੇਖ ਇਸ਼ਾਰਾ, ਸ਼ਬਦੀ ਸ਼ਬਦ ਧਾਰ ਜਣਾਈਆ । ਕੀ ਵਰਤੇ ਖੇਲ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸਮਝ ਕਿਛ ਨਾ ਆਈਆ । ਦੇਵੇ ਹੁਕਮ ਅਗੰਮ ਅਪਾਰਾ, ਅਲਖ ਅਗੋਚਰ ਆਪ ਦ੍ਰਿੜਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਕਲ ਕਲੇਸ਼ ਦਏ ਮਿਟਾਈਆ । ਦੀਨ ਦੁਨੀ ਦਾ ਦ੍ਰਿਸ਼ਟੀ ਵਿਚ ਸ੍ਰਿਸ਼ਟੀ ਵਿਚ ਇਸ਼ਟੀ ਵਿਚ ਇਕੋ ਹੋਵੇ ਓਂਕਾਰਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਸਭ ਨੇ ਕਰਨੀ ਓਸ ਨੂੰ ਨਿਮਸਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਜਿਸ ਦਾ ਨਾਮ ਅਗੰਮਾ ਨਿਰਅੱਖਰ ਧਾਰ ਪ੍ਰਗਟੇ ਓਹ ਜੈਕਾਰਾ, ਜੈ ਜੈਕਾਰ

ਦਏ ਕਰਾਈਆ । ਜਿਸ ਦਾ ਲੇਖਾ ਕੋਈ ਲੇਖ ਨਾ ਲਿਖਣਹਾਰਾ, ਕਾਗ਼ਜ਼ ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਜਿਸ ਨੂੰ ਕਹਿੰਦੇ ਆਦਿ ਅੰਤ ਅਵਤਾਰਾ, ਅਵਤਰ ਰੂਪ ਧਰਾਈਆ । ਓਹ ਸੁਹਾਏ ਤੇਰਾ ਤਟ ਕਿਨਾਰਾ, ਘਾਟ ਇਕੋ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਾਵੀ ਸਭ ਦੇ ਪੈਂਡੇ ਮੁਕਦੇ, ਮੁਕੰਮਲ ਦਈਏ ਜਣਾਈਆ । ਪ੍ਰਭ ਦੇ ਹੁਕਮ ਕਦੇ ਨਾ ਰੁਕਦੇ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਅਸੀਂ ਡਰਦੇ ਕਦੀ ਨਾ ਕੁਛ ਪੁਛਦੇ, ਸਦ ਚਲੀਏ ਹੁਕਮ ਰਜਾਈਆ । ਜੇ ਸੰਦੇਸ਼ੇ ਮਿਲ ਗਏ ਇਕ ਤੁਕ ਦੇ, ਸਾਰਿਆਂ ਢੋਲੇ ਲੈਣੇ ਗਾਈਆ । ਡੰਕੇ ਵੱਜਣੇ ਗੋਬਿੰਦ ਸੁਤ ਦੇ, ਦੋ ਜਹਾਨ ਕਰੇ ਰੁਸ਼ਨਾਈਆ । ਸੰਤ ਸੁਹੇਲੇ ਸਾਜਣ ਉਠਦੇ, ਦੀਨ ਦੁਨੀ ਵਿਚੋਂ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਨ ਰਾਵੀ ਰਹਿਣਾ ਠੰਡੀ, ਠੰਡਕ ਇਕ ਵਰਤਾਈਆ । ਜਿਸ ਨੇ ਔਣਾ ਤੇਰੀ ਕੰਡੀ, ਕਾਇਨਾਤ ਵੇਖੇ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਪਖੰਡੀ, ਮਾਇਆ ਮਮਤਾ ਮੋਹ ਮਿਟਾਈਆ । ਫੜ ਕੇ ਨਾਮ ਅਗੰਮੀ ਚੰਡੀ, ਚੰਡਾਲਾਂ ਕਰੇ ਸਫ਼ਾਈਆ । ਸੇਵਾ ਲੇਖੇ ਲਾਏ ਗੋਬਿੰਦ ਪੁਰ ਅਨੰਦ ਦੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਕ਼ੀਮਤ ਪਾਏ ਲਿਖੇ ਛੰਦ ਦੀ, ਸਹਿਸਾ ਦੀਨ ਦੁਨੀ ਗਵਾਈਆ । ਸਾਡੀ ਅੰਤਰ ਆਸ਼ਾ ਇਕੋ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੀ ਧਾਰ ਵੇਖੀਏ ਸੂਰੇ ਸਰਬੰਗ ਦੀ, ਸਾਹਿਬ ਤੇਰੀ ਬੇਪਰਵਾਹੀਆ । ਨਿਸ਼ਾਨੀ ਰਹਿਣੀ ਨਹੀਂ ਤਾਰਾ ਚੰਦ ਦੀ, ਮੁਹੰਮਦ ਕੂਕ ਕੂਕ ਸੁਣਾਈਆ । ਨਿਸ਼ਾਨੀ ਰਹਿਣੀ ਨਹੀਂ ਮਜ਼੍ਹਬਾਂ ਵਾਲੀ ਵੰਡ ਦੀ, ਈਸਾ ਆਸਾ ਆਪਣੀ ਇਕ ਸਮਝਾਈਆ । ਦਵੈਤ ਰਹਿਣੀ ਨਹੀਂ ਗ਼ਰੀਬਾਂ ਵਾਲੀ ਕੰਧ ਦੀ, ਨਾਨਕ ਨਿਰਗੁਣ ਦਏ ਗਵਾਹੀਆ । ਲੜੀ ਰਹਿਣੀ ਨਹੀਂ ਪਾਖੰਡ ਦੀ, ਗੋਬਿੰਦ ਗੁਰ ਗੁਰ ਸਮਝਾਈਆ । ਰਾਵੀ ਜਿਸ ਵਹਿਣਾਂ ਵਿਚ ਤੂੰ ਲੰਘਦੀ, ਆਪਣਾ ਪੰਧ ਮੁਕਾਈਆ । ਅੰਤਮ ਖੇਲ ਵੇਖਣੀ ਜਗਤ ਵਿਚ ਵਰਭੰਡ ਦੀ, ਬ੍ਰਹਿਮੰਡੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਆਪਣੇ ਅਨੰਦ ਦੀ, ਦੂਜਾ ਸੰਗ ਨਾ ਕੋਇ ਰਖਾਈਆ ।



## ❊ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਮੰਗਲ ਸਿੰਘ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਡੇਢ ਗਵਾੜ ❊

ਤੂੰ ਹੈਂ ਪੰਜਾਂ ਤੱਤਾਂ ਵਾਲਾ ਮਨੁੱਖ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬਣਤ ਬਣਾਈਆ । ਤ੍ਰੈਗੁਣ ਮਾਇਆ ਨਾਲ ਕੀਤਾ ਜੁੱਟ, ਰਜੋ ਤਮੋ ਸਤੋ ਰੰਗ ਰੰਗਾਈਆ । ਪਰਮਾਤਮਾ ਆਤਮਾ ਤੇਰੇ ਵਿਚ ਦਿਤੀ ਸੁੱਟ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦੀ ਨਾਦ ਅਨਾਦੀ ਉਪਜਾਏ ਤੁਕ, ਅਨਰਾਗੀ ਰਾਗ ਸੁਣਾਈਆ । ਬੂੰਦ ਸਵਾਂਤੀ ਅੰਮ੍ਰਿਤ ਲੈਣਾ ਘੁਟ, ਕਵਲ ਨਾਭੀ ਵਿਚ ਟਿਕਾਈਆ । ਈੜਾ ਪਿੰਗਲ ਸੁਖਮਨ ਤਿੰਨਾਂ ਦਾ ਇਕੋ ਰੁਖ਼, ਰਸਤਾ ਇਕ ਜਣਾਈਆ । ਪੰਝੀ ਪ੍ਰਕਿਰਤੀਆਂ ਪੰਚ ਪਰਪੰਚ ਕਾਮ ਕਰੋਧ ਲੋਭ ਮੋਹ ਹੰਕਾਰ ਦਾ ਲਾਇਆ ਦੁੱਖ, ਮਾਇਆ ਮਮਤਾ ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਸਚਖੰਡ ਦਵਾਰ ਵਿਚੋਂ ਚੁੱਕ, ਧਰਨੀ ਧਰਤ ਧਵਲ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੂੰ ਹੈਂ ਪੰਜ ਤੱਤ ਸ਼ਰੀਰ, ਤਾਣੀ ਖ਼ਾਕ ਨਜ਼ਰੀ ਆਈਆ । ਜਿਸ ਦੇ ਅੰਤਰ ਖੇਲ ਬੇਨਜ਼ੀਰ, ਨੌਂ ਦਵਾਰੇ ਸਮਝ ਕਿਸੇ ਨਾ ਪਾਈਆ । ਆਤਮਾ ਧਾਰ ਪਰਮਾਤਮਾ ਸਰਕਾਰ ਖੇਲ ਸ਼ਹਿਨਸ਼ਾਹ ਵਜ਼ੀਰ, ਵਜ਼ਾਰਤ ਨਿਰਗੁਣ ਧਾਰ ਚਲਾਈਆ । ਕਲਪਣਾ ਵਿਚ ਬੁੱਧੀ ਮਨ ਵਿਚ ਤਾਅਸੀਰ, ਮਤ ਵਿਚ ਬੇਨਜ਼ੀਰ ਆਪਣੀ ਕਾਰ ਕਮਾਈਆ । ਧੁਰ ਦਾ ਹੁਕਮ ਸ਼ਬਦੀ ਧਾਰ ਕਰਮ ਕਾਂਡ ਦੀ ਤਕਰੀਰ, ਤੇਰੇ ਨਾਲ ਪ੍ਰਨਾਈਆ । ਸੌਣਾ ਜਾਗਣਾ ਖਾਣਾ ਪੀਣਾ ਚਲਣਾ ਫਿਰਨਾ ਗ਼ਰੀਬੀ ਨਾਲ ਅਮੀਰ, ਸਾਰੇ ਖੇਲ ਖਿਲਾਈਆ । ਜਗਤ ਤ੍ਰਿਸ਼ਨਾ ਦੀ ਪਾ ਕੇ ਜ਼ੰਜੀਰ, ਦੀਨ ਦੁਨੀ ਨਾਲ ਲੜਾਈਆ । ਕਦੇ ਕੰਨ ਕਦੇ ਨੱਕ ਕਦੇ ਹੱਥ ਕਦੇ ਲੱਕ ਕਦੇ ਢਿੱਡ ਪੀੜ, ਕਦੇ ਤਾਪ ਕਦੇ ਸੰਤਾਪ ਕਦੇ ਰੋਗ ਕਦੇ ਸੋਗ ਕਦੇ ਚਿੰਤਾ ਕਦੇ ਹਰਖ਼ ਵਿਚ ਭਵਾਈਆ । ਅੱਠੇ ਪਹਿਰ ਦਿਵਸ ਰੈਣ ਬਣੀ ਰਹੀ ਭੀੜ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਤੂੰ ਹੈਂ ਪੰਜ ਤੱਤ ਦਾ ਵਜੂਦ, ਮਾਟੀ ਖ਼ਾਕ ਨਜ਼ਰੀ ਆਈਆ । ਮੇਰੇ ਵਿਚ ਦਿਸੇ ਮਹਿਬੂਬ, ਦੋਏ ਨੇਤਰ ਵੇਖਣ ਕੋਇ ਨਾ ਪਾਈਆ । ਤੇਰੇ ਕੋਲ ਆਪਣੇ ਆਪ ਦਾ ਕਿਉਂ ਨਹੀਂ ਸਬੂਤ, ਬਿਨਾ ਬੰਦਗੀ ਤੋਂ ਮਾਨਸ ਜਾਮਾ ਕਿਸੇ ਕੰਮ ਨਾ ਆਈਆ । ਕਿਉਂ ਇਕ ਸੌ ਪੱਚੀ ਪੌਂਡ ਦਾ ਚੁੱਕੀ ਫਿਰੇਂ ਕਲਬੂਤ, ਆਪਣਾ ਭਾਰ ਉਠਾਈਆ । ਬਿਬੇਕੀ ਵਿਚ ਨਹੀਂ ਕੋਈ ਸੂਝ, ਭੇਖੀ ਵਿਚ ਭੇਖ ਨਾ ਕੋਇ ਦ੍ਰਿੜਾਈਆ । ਖਾ ਪੀ ਕੇ ਵਿਸ਼ਟਾ ਕਰਨਾ ਫੇਰ ਛੱਡਣਾ ਮੂਤ, ਇਹ ਮਾਨਵ ਦੀ ਨਹੀਂ ਚਤੁਰਾਈਆ । ਵੱਸ ਨਾ ਆਇਆ ਮਨ ਕਲਪਣਾ ਵਾਲਾ ਕਲਬੂਤ, ਦਹਿ ਦਿਸ਼ਾ ਉਠ ਉਠ ਧਾਹੀਆ । ਜਿੰਨਾਂ ਚਿਰ ਆਪਣੇ ਵਿਚੋਂ ਕੂੜੀ ਕਿਰਿਆ ਨਾ ਕਰੇ ਮਨਸੂਖ਼,
੧੦੯੭ ਮੁਹੱਬਤ ਪ੍ਰੇਮ ਇਕ ਵਧਾਈਆ । ਓਨਾਂ ਚਿਰ ਕਦੇ ਨਾ ਆਵੇ ਸੂਝ, ਬਿਨਾ ਸਤਿਗੁਰ ਸਤਿ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ੧੦੯੭
੨੧ ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਤੂੰ ਹੈਂ ਤਨ ਖ਼ਾਕੀ ਹੋਣ ਵਾਲਾ ਨਾਸ, ਜਗ ਰਹਿਣ ਨਾ ਪਾਈਆ । ਅੰਦਰ ਬਾਹਰ ਵੇਖੀ ਨਹੀਂ ਕੋਈ ਰਾਸ, ਭਰਮ ਵਿਚ ਆਪਣਾ ਭਰਮ ਵਧਾਈਆ । ਅੰਦਰ ਹੋਇਆ ਨੂਰ ਨਹੀਂ ਪ੍ਰਕਾਸ਼, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸ਼ਬਦ ਸੁਣਿਆ ਨਹੀਂ ਧੁਨ ਨਾਦ, ਅਨਰਾਗੀ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਜਲ ਦਾ ਚੱਖਿਆ ਨਹੀਂ ਸਵਾਦ, ਸਵਾਂਗੀ ਹੋ ਨਾ ਕੋਇ ਟਪਕਾਈਆ । ਕੁਛ ਵੇਲਾ ਯਾਦ ਕਰ ਲੈ ਜਿਸ ਵੇਲੇ ਰੋਇਆ ਸੈਂ ਵਿਚ ਕਮਾਦ, ਨੇਤਰ ਨੈਣਾਂ ਨੀਰ ਵਹਾਈਆ । ਕੀ ਹਾਲਤ ਹੋਈ ਜਦੋਂ ਸੁੱਤਾ ਸੈਂ ਵਿਚ ਬਾਗ਼, ਮੂੰਹ ਦੇ ਭਾਰ ਸੁਟਾਈਆ । ਪਰ ਅਜੇ ਤਕ ਓਹ ਜੋਤੀ ਦਾ ਜਗਿਆ ਨਹੀਂ ਚਿਰਾਗ਼, ਜਿਸ ਨਾਲ ਹੋਏ ਰੁਸ਼ਨਾਈਆ । ਇਹ ਤੇਰਾ ਸ਼ਰੀਰ ਇਹ ਵੀ ਤੇਰਾ ਨਾ ਦੇਵੇ ਸਾਥ, ਸਾਥੀ ਕਿਹੜਾ ਨਜ਼ਰੀ ਆਈਆ । ਔਣਾ ਜਾਣਾ ਖ਼ਾਲੀ ਹਾਥ, ਇਹ ਵੀ ਪਤਾ ਨਹੀਂ ਕਿਹੜਿਆਂ ਭਰਾਵਾਂ ਨੇ ਚੁਕ ਕੇ ਮਸਾਣਾਂ ਵਿਚ ਦੇਣਾ ਪਹੁੰਚਾਈਆ । ਜੇ ਸ਼ਰੀਰ ਮਿਲਿਆ, ਤਨ ਮਿਲਿਆ, ਮਨ ਮਿਲਿਆ ਸਰਵਣ ਕੰਨ ਮਿਲਿਆ ਤੇ ਫੇਰ ਮਿਲੋ ਓਸ ਭਗਵਾਨ ਜੋ ਅੰਤਰ ਦੀ ਅੰਤਰ ਨਿਰੰਤਰ ਦੀ ਨਿਰੰਤਰ ਦੇਵੇ ਸਾਧ, ਰਸਨਾ ਜਿਹਵਾ ਬੱਤੀ ਦੰਦ ਪੁੱਛਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ, ਖ਼ਲਕ ਦਾ ਖ਼ਾਲਕ ਸਰਬ ਦਾ ਪ੍ਰਿਤਪਾਲਕ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਾਰਬ੍ਰਹਮ ਬ੍ਰਹਮ ਸਭ ਦਾ ਲੇਖਾ ਵੇਖ ਵਖਾਈਆ । ਤੁਹਾਡੇ ਅੰਦਰ ਇਕ ਖ਼ਿਆਲ, ਜਿਸ ਨੂੰ ਮਨ ਬੁੱਧੀ ਰਹੀ

ਠੁਕਰਾਈਆ । ਓਸ ਦੀ ਸ਼ਬਦ ਗੁਰੂ ਕਰੇ ਸੰਭਾਲ, ਜੋ ਆਦਿ ਜੁਗਾਦੀ ਬੇਪਰਵਾਹੀਆ । ਜੇ ਨਹੀਂ ਵੇਖਿਆ ਤੁਹਾਡੀਆਂ ਅੱਖਾਂ ਨਾਲ ਦਏ ਵਖਾਲ, ਜਿਹੜਾ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਹੜਾ ਸਾਢੇ ਤਿੰਨ ਹੱਥ ਕਾਇਆ ਮੰਦਰ ਜਿਸ ਵਿਚ ਸੱਚੀ ਧਰਮਸਾਲ, ਘਰ ਵਿਚ ਘਰ ਦਿਤਾ ਬਣਾਈਆ । ਕਿਰਪਾ ਕਰ ਕੇ ਮਿਹਰਵਾਨ ਦੀਪਕ ਜੋਤੀ ਦੇਵੇ ਬਾਲ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਹੜਾ ਲੱਭਣ ਵਾਲਾ ਧਨ ਮਾਲ, ਓਸ ਦੀ ਸੋਚ ਵਿਚ ਤੁਸੀਂ ਆਪਣਾ ਜੀਵਣ ਰਹੇ ਬਿਤਾਈਆ । ਕਿਸ ਬਿਧ ਝਗੜਾ ਮੁਕ ਜਾਏ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤ੍ਰ ਗੁਪਤ ਲੇਖਾ ਨਾ ਸਕੇ ਵਖਾਲ, ਲਾੜੀ ਮੌਤ ਨਾ ਅੰਤ ਪ੍ਰਨਾਈਆ । ਓਸ ਦੇ ਕੋਲੋਂ ਸਾਹਿਬ ਸਤਿਗੁਰ ਆਪੇ ਕਰੇ ਬਹਾਲ, ਲੇਖਾ ਅਵਰ ਰਹੇ ਨਾ ਰਾਈਆ । ਜਗਤ ਤਤ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋ ਪੁੱਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਵੇਖ ਵਖਾਈਆ । ਭਾਵੇਂ ਤੁਸੀਂ ਕੁਛ ਨਹੀਂ ਕੀਤਾ ਸਵਾਲ, ਤੁਹਾਡੇ ਅੰਤਰ ਇਕ ਆਵਾਜ਼, ਜਿਸ ਦੇ ਵਿਚ ਗੁੱਝਾ ਰਾਜ਼, ਜਿਸ ਨੂੰ ਰਸਨਾ ਜਿਹਵਾ ਬੱਤੀ ਦੰਦ ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੇਮ ਦੀ ਪ੍ਰੀਤੀ ਵਾਲੀ ਧਾਰ, ਧਰਮ ਦਵਾਰਿਉਂ ਦਏ ਪ੍ਰਗਟਾਈਆ ।



ਰਾਵੀ ਕਹੇ ਮੈਂ ਸਚ ਪ੍ਰੇਮ ਰੰਗੀ, ਪ੍ਰਭ ਰੰਗਤ ਇਕ ਰੰਗਾਈਆ । ਆਦਿ ਜੁਗਾਦਿ ਦਾ ਬਣ ਕੇ ਸੰਗੀ, ਜੁਗ ਜੁਗ ਆਪਣਾ ਸਾਥ ਨਿਭਾਈਆ । ਆਸਾ ਮਨਸਾ ਪੂਰੀ ਕਰੇ ਜੋ ਚਰਨ ਕਵਲ ਦਰ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਸਾਹਿਬ ਕਦੇ ਨਾ ਦੇਵੇ ਤੰਗੀ, ਤੰਗਦਸਤੀ ਦਏ ਕਢਾਈਆ । ਪਿਠ ਕਦੇ ਨਾ ਹੋਵੇ ਨੰਗੀ, ਪੁਸ਼ਤ ਪਨਾਹ ਹੱਥ ਰਖਾਈਆ । ਅੰਦਰ ਵਾਸਨਾ ਔਣ ਨਾ ਦੇਵੇ ਮੰਦੀ, ਸੁਗੰਧੀ ਆਪਣਾ ਨਾਮ ਭਰਾਈਆ । ਤੇਰਾ ਦਵਾਰਾ ਜਾਵਣ ਲੰਘੀ, ਅੱਗੇ ਹੋ ਨਾ ਕੋਇ ਅਟਕਾਈਆ । ਨਿਜਾਨੰਦ ਦੇਵੇ ਅਨੰਦੀ, ਪਰਮਾਨੰਦ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਛੰਦੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸ਼ਰਅ ਦੀ ਰਹੇ ਨਾ ਕੋਇ ਪਾਬੰਦੀ, ਸ਼ਰੀਅਤ ਇਕੋ ਦੇਣੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਰਾਵੀ ਕਹੇ ਮੇਰੇ ਸਾਹਿਬ ਸੁਲਤਾਨ, ਤੇਰੇ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਦੇ ਗਿਆਨ, ਅੰਤਰ ਨਿਰੰਤਰ ਇਕ ਪੜ੍ਹਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਸਤਿ ਸਚ ਇਕ ਪ੍ਰਗਟਾਈਆ । ਸਾਚਾ ਮਾਰਗ ਦੱਸ ਨੌਜਵਾਨ, ਮਰਦ ਮਰਦਾਨੇ ਹੋ ਸਹਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਇਆ ਹੈਰਾਨ, ਹੈਰਾਨੀ ਸਭ ਦੇ ਅੰਦਰ ਆਈਆ । ਕੂੜੀ ਕਲਪਨਾ ਫਿਰੇ ਸ਼ੈਤਾਨ, ਘਰ ਘਰ ਡੇਰਾ ਲਾਈਆ । ਪਿਤਾ ਪੂਤ ਨਾ ਰਿਹਾ ਮਾਣ, ਭਾਈ ਭਾਈਆਂ ਕਰਨ ਲੜਾਈਆ । ਨੇਤਰ ਅੱਖ ਨਾ ਕੋਇ ਸ਼ਰਮਾਣ, ਤੀਰਥ ਤਟ ਦੇਣ ਦੁਹਾਈਆ । ਫਿਰੀ ਦਰੋਹੀ ਵਿਚ ਜਹਾਨ, ਜਹਾਲਤ ਵਿਚ ਲੋਕਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਤ੍ਰਿਸ਼ਨਾ ਭੁੱਖ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਹੁਲਾਰਾ ਲੈਣਾ ਲਾਈਆ । ਰਾਵੀ ਕਹੇ ਪ੍ਰਭ ਚਾਰ ਵਰਨਾਂ ਕਰ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਆਤਮ ਪਰਮਾਤਮ ਸਭ

ਦਾ ਹੋਵੇ ਜਾਪ, ਜਗਜੀਵਣ ਦਾਤੇ ਦੇਣਾ ਬਣਾਈਆ । ਕੂੜੀ ਕਿਰਿਆ ਮੇਟ ਸੰਤਾਪ, ਸਹਿਸਾ ਰੋਗ ਦੇ ਗਵਾਈਆ । ਰੂਹ ਬੁਤ ਕਰ ਪਾਕ, ਪਰਵਰਦਿਗਾਰ ਤੇਰੀ ਸਰਨਾਈਆ । ਚਰਨ ਧੂੜੀ ਸਭ ਦੇ ਮਸਤਕ ਲਾ ਖ਼ਾਕ, ਟਿੱਕੇ ਨਾਮ ਅਗੰਮ ਰਮਾਈਆ । ਬਜਰ ਕਪਾਟੀ ਖੋਲ੍ਹ ਤਾਕ, ਉਹਲਾ ਰਹਿਣ ਕੋਇ ਨਾ ਪਾਈਆ । ਦਰਸ ਵਖਾ ਸਾਖਿਆਤ, ਸਵੱਛ ਸਰੂਪੀ ਰੂਪ ਵਟਾਈਆ । ਝਗੜਾ ਮਿਟਾ ਕਾਗ਼ਜ਼ਾਤ, ਇਕੋ ਬ੍ਰਹਮ ਦੇਣਾ ਦ੍ਰਿੜਾਈਆ । ਇਕੋ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਕਲਜੁਗ ਰਹੇ ਨਾ ਅੰਧੇਰੀ ਰਾਤ, ਅਮਾਵਸ ਡੇਰਾ ਦੇਣਾ ਢਾਹੀਆ । ਤੇਰੀ ਤੱਕਣ ਸਾਰੇ ਵਾਟ, ਪੈਂਡਾ ਲੈਣਾ ਮੁਕਾਈਆ । ਰਾਵੀ ਕਹੇ ਮੈਂ ਨਿਮਰਤਾ ਵਿਚ ਰਹੀ ਆਖ, ਨਮਸਤੇ ਕਹਿ ਕੇ ਸੀਸ ਨਿਵਾਈਆ । ਕਿਰਪਾ ਕਰ ਮੇਰੇ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਵਡਿਆਈਆ । ਸਾਚੇ ਮੰਡਲ ਪਾ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਦੀਨ ਦੁਨੀ ਦਾ ਬਦਲ ਸਮਾਜ, ਸਮਗਰੀ ਇਕ ਵਰਤਾਈਆ । ਦੁਰਮਤ ਮੈਲ ਧੋ ਦਾਗ਼, ਪੱਤਤ ਪੁਨੀਤ ਆਪ ਕਰਾਈਆ । ਤੇਰੀ ਮੁਹੱਬਤ ਵਿਚ ਆਪਣਾ ਆਪ ਸਾਰੇ ਲੈਣ ਸਾਧ, ਦੁਤੀਆ ਭਾਉ ਰਹੇ ਨਾ ਰਾਈਆ । ਨਿਰਗੁਣ ਧਾਰ ਦੇ ਵੈਰਾਗ, ਸਰਗੁਣ ਆਪਣਾ ਭੇਵ ਖੁਲ੍ਹਾਈਆ । ਤੂੰ ਸਭ ਦਾ ਕਰਤਾ ਸਰਬ ਸਵਾਮੀ ਅੰਤਰਜਾਮੀ ਬਦਲ ਦੇ ਮਿਜ਼ਾਜ, ਮਜ਼ਾ ਆਪਣਾ ਨਾਮ ਚਖਾਈਆ । ਜਿਥੇ ਨਾ ਕੋਈ ਸਵਾਲ ਨਾ ਜਵਾਬ, ਗ੍ਰਿਹਿ ਇਕੋ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਬੋਧ ਅਗਾਧ, ਬੁਧੀ ਤੋਂ ਪਰੇ ਤੇਰੀ ਵਡਿਆਈਆ ।



੧੦੯੯ ੨੧

### ❊ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਗੁਲਜ਼ਾਰ ਸਿੰਘ ਦੇ ਗ੍ਰਿਹਿ ਪਿੰਡ ਡੇਢ ਗਵਾੜ ❊

ਰਾਵੀ ਕਹੇ ਮੇਰਾ ਅੰਤਰ ਇਕ ਸੰਦੇਸ਼ਾ, ਜਾਗਤ ਸੋਵਤ ਦਿਆਂ ਦ੍ਰਿੜਾਈਆ । ਪੁਰਖ ਅਕਾਲ ਮੰਨਣਾ ਇਕ ਨਰੇਸ਼ਾ, ਨਰ ਨਰਾਇਣ ਸੱਚਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਦੋ ਜਹਾਨਾਂ ਬਣੇ ਨੇਤਾ, ਨਰ ਨਿਰੰਕਾਰ ਦਏ ਵਡਿਆਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਗੁਰ ਅਵਤਾਰ ਪੈਗ਼ੰਬਰਾਂ ਦਏ ਜਣਾਈਆ । ਵਸਣਹਾਰਾ ਸਚਖੰਡ ਸਾਚੇ ਦੇਸਾ, ਦੋ ਜਹਾਨਾਂ ਖੋਜ ਖੁਜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਵੇਖੇ ਲੇਖਾ, ਸਦੀ ਚੌਧਵੀਂ ਫੋਲ ਫੁਲਾਈਆ । ਮਾਨਵ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜਾਮਾ ਧਾਰੇ ਵੇਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਦੀ ਯਾਦ ਕਰ ਕੇ ਗਿਆ ਗੋਬਿੰਦ ਦਸ ਦਸਮੇਸਾ, ਕੇਸ ਗੜ੍ਹ ਆਪਣਾ ਹੁਕਮ ਜਣਾਈਆ । ਸ਼ਬਦ ਗੁਰੂ ਆਦਿ ਅੰਤ ਜਿਸ ਦਾ ਬੇਟਾ, ਪੂਤ ਸਪੂਤਾ ਸੋਭਾ ਪਾਈਆ । ਲੱਖ ਚੁਰਾਸੀ ਜੀਵ ਜੰਤ ਬਣੇ ਖੇਵਟ ਖੇਟਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਅਗਨੀ ਤੱਤ ਮੇਟੇ ਜੇਠਾ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਵੀ ਕਹੇ ਮੰਨਣਾ ਇਕੋ ਪੁਰਖ ਸਮਰਥ, ਜੋ ਸਵਾਮੀ ਧੁਰ ਦਾ ਨਜ਼ਰੀ ਆਈਆ । ਜੋ ਦਰਗਾਹ ਸਾਚੀ ਰਿਹਾ ਵਸ, ਸਚਖੰਡ ਸਾਚੇ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਮਾਰਗ ਦਏ ਦੱਸ, ਵਿਸ਼ਨ ਬ੍ਰਹਮਾ

ਸ਼ਿਵ ਕਰੇ ਪੜ੍ਹਾਈਆ । ਜੁਗ ਜੁਗ ਲਹਿਣਾ ਦੇਣਾ ਵੇਖੇ ਹਕ਼ੀਕ਼ਤ ਹੱਕ, ਲੱਖ ਚੁਰਾਸੀ ਖੋਜ ਖੁਜਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਚਲਾਏ ਰਥ, ਬਣ ਰਥਵਾਹੀ ਕਾਰ ਕਮਾਈਆ । ਲਹਿਣਾ ਦੇਣਾ ਚੁਕਾਵੇ ਹੱਥੋ ਹੱਥ, ਬੇਪਰਵਾਹ ਆਪਣੀ ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਗੌਂਦੇ ਜਸ, ਢੋਲੇ ਸਿਫ਼ਤਾਂ ਵਾਲੇ ਸੁਣਾਈਆ । ਜਿਸ ਦੀ ਸਰਨ ਸਰਨਾਈ ਸਰਗੁਣ ਧਾਰ ਸਾਰੇ ਰਹੇ ਢੱਠ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋ ਵਸਣਹਾਰਾ ਘਟ ਘਟ, ਹਰ ਘਟ ਬੈਠਾ ਡੇਰਾ ਲਾਈਆ । ਸੋ ਸਾਹਿਬ ਸਤਿਗੁਰ ਸਭ ਦੀ ਬਦਲ ਦੇਵੇ ਮਤ, ਮਨ ਮਮਤਾ ਦੂਰ ਕਰਾਈਆ । ਨਾਮ ਅਗੰਮੇ ਰੰਗੇ ਰੱਤ, ਰਤਨ ਅਮੋਲਕ ਲਏ ਬਣਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪ੍ਰਤੱਖ ਦਰਸ ਦਿਖਾਈਆ । ਦੀਨ ਦੁਨੀ ਤੋਂ ਕਰ ਕੇ ਵਖ, ਭਗਤ ਸੁਹੇਲਾ ਲਏ ਉਠਾਈਆ । ਝਗੜਾ ਮੁਕਾਏ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਵਡਿਆਈਆ । ਧੀਰਜ ਸੰਤੋਖ ਦੇਵੇ ਹੱਠ, ਸੰਤੋਖ ਇਕੋ ਇਕ ਦ੍ਰਿੜਾਈਆ । ਨੌਂ ਦਵਾਰੇ ਪੈਂਡਾ ਕਟ, ਦਸਮ ਦਵਾਰੀ ਪਰਦਾ ਲਾਹੀਆ । ਜਿਥੇ ਜੋਤ ਅਗੰਮੀ ਲਟ ਲਟ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ਼ਬਦ ਸੁਤ ਮਾਰੇ ਸੱਟ, ਸੋਈ ਸੁਰਤ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਅਗੰਮਾ ਦੇਵੇ ਝੱਟ, ਬੂੰਦ ਸਵਾਂਤੀ ਆਪ ਟਪਕਾਈਆ । ਸੋ ਸਾਹਿਬ ਸਤਿਗੁਰ ਆਦਿ ਜੁਗਾਦਿ ਸਮਰਥ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਕਲਜੁਗ ਅੰਤ ਹੋ ਪ੍ਰਗਟ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਚਾਰ ਵਰਨਾਂ ਖੋਲ੍ਹ ਕੇ ਹੱਟ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਭੰਡਾਰਾ ਦਏ ਵਰਤਾਈਆ । ਪਿਛਲੀ ਕੀਤੀ ਕਰਨੀ ਕਰ ਕੇ ਭੱਠ, ਭਾਂਡਾ ਭਰਮ ਭਉ ਭੰਨਾਈਆ । ਜ਼ਾਤ ਪਾਤ ਰਹਿਣ ਨਾ ਦੇਵੇ ਵੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਰਾਵੀ ਕਹੇ ਧੁਰ ਦਾ ਮੰਨੋ ਇਕ ਸਵਾਮੀ, ਜੋ ਸਦਾ ਸਮਾਂ ਦਏ ਬਦਲਾਈਆ । ਆਦਿ ਜੁਗਾਦੀ ਅੰਤਰਜਾਮੀ, ਘਟ ਨਿਵਾਸੀ ਵੇਖ ਵਖਾਈਆ । ਜਿਸ ਦੀ ਸਿਫ਼ਤਾਂ ਵਾਲੀ ਚਾਰ ਜੁਗ ਦੀ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਜੋ ਦੇਵਣਹਾਰਾ ਅੰਮ੍ਰਿਤ ਰਸ ਠੰਡਾ ਪਾਣੀ, ਸਰ ਸਰੋਵਰ ਇਕ ਨੁਹਾਈਆ । ਜੋ ਝਗੜਾ ਮੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਢਾਹੀਆ । ਜੋ ਬਖ਼ਸ਼ਣਹਾਰਾ ਪਦ ਨਿਰਬਾਣੀ, ਘਰ ਸਾਚੇ ਲਏ ਮਿਲਾਈਆ । ਜੋ ਕਰੇ ਪ੍ਰਕਾਸ਼ ਨਿਰਗੁਣ ਨੂਰ ਜੋਤ ਨੁਰਾਨੀ, ਅੰਧ ਅੰਧੇਰਾ ਦਏ ਗਵਾਈਆ । ਜਿਸ ਦਾ ਭੇਵ ਨਾ ਪਾਏ ਕੋਈ ਵਿਦਵਾਨ ਗਿਆਨੀ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਜਿਸ ਕਲਜੁਗ ਅੰਤ ਮੇਟਣੀ ਸ਼ਰਅ ਸ਼ੈਤਾਨੀ, ਸ਼ਰੀਅਤ ਇਕੋ ਇਕ ਸਮਝਾਈਆ । ਆਤਮਾ ਰਹੇ ਨਾ ਕੋਇ ਬੇਗਾਨੀ, ਪਰਮਾਤਮ ਆਪਣਾ ਪਰਦਾ ਲਾਹੀਆ । ਚਾਰ ਜੁਗ ਦਾ ਲੇਖਾ ਮੁੱਕੇ ਦੀਵਾਨੀ, ਸ਼ਹਾਦਤ ਗੁਰ ਅਵਤਾਰ ਪੈਗ਼ੰਬਰ ਗਏ ਭੁਗਤਾਈਆ । ਮੰਜ਼ਲ ਦੱਸ ਇਕ ਰੁਹਾਨੀ, ਰਹਿਬਰ ਹੋ ਕੇ ਆਪ ਸਮਝਾਈਆ । ਪੁਰਖ ਅਕਾਲ ਸਾਹਿਬ ਸਤਿਗੁਰ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਕਰੇ ਮਿਹਰਵਾਨੀ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਦੀ ਸ਼ਬਦੀ ਦਏ ਨਿਸ਼ਾਨੀ, ਜਿਸ ਦਾ ਨਿਸ਼ਾਨਾ ਦੋ ਜਹਾਨਾਂ ਸਕੇ ਨਾ ਕੋਇ ਮਿਟਾਈਆ ।


੧੧੦੦ ੨੧

## ❋ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਸਮਾਂ ਸਿੰਘ ਦੇ ਗ੍ਰਿਹ ਪਿੰਡ ਡੇਢ ❋

ਰਾਵੀ ਕਹੇ ਜਨ ਭਗਤੋ ਮੈਂ ਵੇਖਿਆ ਤੁਹਾਡਾ ਰਾਮ, ਜੋ ਰਾਮ ਰਾਮ ਦਾ ਮਾਲਕ ਨਜ਼ਰੀ ਆਈਆ । ਤੱਕਿਆ ਤੁਹਾਡਾ ਕਾਹਨ, ਜੋ ਕਾਹਨ ਕਾਹਨਾਂ ਹੁਕਮ ਮਨਾਈਆ । ਤੱਕਿਆ ਤੁਹਾਡਾ ਸ਼ਾਮ, ਜੋ ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਤੱਕਿਆ ਤੁਹਾਡਾ ਅਮਾਮ, ਜੋ ਕ਼ਲਮੇ ਰਿਹਾ ਦ੍ਰਿੜਾਈਆ । ਤੱਕਿਆ ਤੁਹਾਡਾ ਭਗਵਾਨ, ਜੋ ਭਾਵਨਾ ਸਭ ਦੀ ਵੇਖ ਵਖਾਈਆ । ਤੱਕਿਆ ਤੁਹਾਡਾ ਮਿਹਰਵਾਨ, ਜੋ ਮਿਹਰ ਨਜ਼ਰ ਨਾਲ ਤਰਾਈਆ । ਤੱਕਿਆ ਤੁਹਾਡਾ ਨਿਸ਼ਾਨ, ਜੋ ਦੋ ਜਹਾਨਾਂ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਰਾਵੀ ਕਹੇ ਮੈਂ ਵੇਖਿਆ ਤੁਹਾਡਾ ਪ੍ਰਭੂ, ਪ੍ਰਭੂ ਧੁਰ ਦਾ ਨਜ਼ਰੀ ਆਈਆ । ਜਿਸ ਨੇ ਭਾਗ ਲਗਾਇਆ ਦੀਪ ਜੰਬੂ, ਜਮਨਾ ਸੁਰਸਤੀ ਗੋਦਾਵਰੀ ਗੰਗਾ ਦਿਤੀ ਵਡਿਆਈਆ । ਜਿਸ ਦੇ ਕੋਲੋਂ ਬ੍ਰਹਿਮੰਡ ਖੰਡ ਕੰਬੂ, ਸਿਰ ਸਕੇ ਨਾ ਕੋਇ ਉਠਾਈਆ । ਗੁਰਮੁਖਾਂ ਬੇੜਾ ਬੰਨ੍ਹੂ, ਗੁਰਸਿੱਖਾਂ ਲਏ ਤਰਾਈਆ । ਧੁਰ ਦਾ ਰਾਗ ਸੁਣਾਏ ਕੰਨ੍ਹੂ, ਕਾਇਨਾਤ ਦਏ ਦ੍ਰਿੜਾਈਆ । ਜ਼ਾਤ ਪਾਤ ਦਾ ਝਗੜਾ ਚੁਕਾਊ ਜਿਹੜਾ ਜਗਤ ਚਲਾਇਆ ਮਨੂ, ਮਾਇਆ ਮਮਤਾ ਮੋਹ ਮੇਟ ਮਿਟਾਈਆ । ਖੇਲ ਰਹਿਣ ਨਹੀਂ ਦੇਣਾ ਜਗਤ ਜਹਾਨ ਗੱਭੇ ਸੰਨ੍ਹੂ, ਸਾਂਝਾ ਰਾਹ ਇਕ ਬਣਾਈਆ । ਹੰਕਾਰੀ ਰਹੇ ਨਾ ਕੋਇ ਧਨਾਢ ਧਨੂ, ਧਰਮ ਦੀ ਧਾਰ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਲੱਖ ਚੁਰਾਸੀ ਤਨੂ, ਤਨ ਵਜੂਦ ਮਾਟੀ ਖ਼ਾਕ ਵੇਖ ਵਖਾਈਆ ।





## ❋ ੨੬ ਫੱਗਣ ਸ਼ਹਿਨਸ਼ਾਹੀ ਸੰਮਤ ੪ ਦਿਆਲ ਸਿੰਘ ਦੇ ਗ੍ਰਿਹ ਪਿੰਡ ਗਵਾੜ ❋

ਰਾਵੀ ਕਹੇ ਮੈਂ ਸਤਿਜੁਗ ਸਾਚਾ ਤੱਕਾਂ, ਸਤਿ ਪੁਰਖ ਨਿਰੰਜਣ ਦਏ ਵਖਾਈਆ । ਝਗੜਾ ਰਹੇ ਨਾ ਮਦੀਨਾ ਮੱਕਾ, ਕਾਅਬਿਆਂ ਵਾਲੀ ਨਾ ਕੋਇ ਲੜਾਈਆ । ਨੌ ਖੰਡ ਪ੍ਰਿਥਮੀ ਜਗਤ ਜਹਾਨ ਬਣੇ ਸਕਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲ ਦੀਨ ਦਿਆਲ ਸਚ ਸਵਾਮੀ ਟੇਕੇ ਮੱਥਾ, ਇਸ਼ਟ ਜਗਦੀਸ਼ ਨਜ਼ਰੀ ਆਈਆ । ਚਰਨ ਧੂੜੀ ਨਾਮ ਦਾ ਲੱਗੇ ਟਿੱਕਾ, ਵੱਜੇ ਸਚ ਵਧਾਈਆ । ਨਾਮ ਸਤਿ ਦਾ ਚਲੇ ਸਿੱਕਾ, ਧਰਮ ਦੀ ਧਾਰ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਉਤਰੇ ਵਿਖਾ, ਵਿਸ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਨਜ਼ਰੀ ਆਏ ਸਤਿ ਸਰੂਪ ਸਿੱਖਾ, ਜੋ ਸਿਖਿਆ ਗੋਬਿੰਦ ਗਿਆ ਸਮਝਾਈਆ । ਜਿਸ ਦਾ ਨਾਮ ਅਨਿਆਲਾ ਤੀਰ ਤਿੱਖਾ, ਬਜਰ ਕਪਾਟੀ ਤੋੜ ਤੁੜਾਈਆ । ਨਜ਼ਰੀ ਆਏ ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮੀ ਪਿਤਾ, ਬੇਨਜ਼ੀਰ ਪਰਦਾ ਦਏ ਉਠਾਈਆ । ਸਦੀ ਚੌਧਵੀਂ ਨਿਕਲਣ ਵਾਲਾ ਸਿੱਟਾ, ਮੁਹੰਮਦ ਆਸ਼ਾ ਦਏ ਪ੍ਰਗਟਾਈਆ । ਹਜ਼ਰਤ ਈਸਾ ਫਿਰੇ ਨੱਠਾ, ਵੀਹਵੀਂ ਸਦੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚਖੰਡ ਨਿਵਾਸੀ ਦਇਆ ਕਮਾਈਆ । ਰਾਵੀ ਕਹੇ ਮੈਂ ਸਤਿਜੁਗ ਵੇਖਾਂ ਅੱਖੀਂ, ਹਰਿ ਕਰਤਾ ਦਏ ਵਖਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਬਾਣੀ ਕਰੇ ਸੱਚੀ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਬਣਾਏ

ਆਪਣੀ ਸਖ਼ੀ, ਧੁਰ ਦਾ ਕਾਹਨ ਨੌਜਵਾਨ ਆਪਣੀ ਦਇਆ ਕਮਾਈਆ । ਦੀਨਾਂ ਮਜ਼੍ਹਬਾਂ ਦੀ ਰਹਿਣ ਨਾ ਦੇਵੇ ਪੱਤੀ, ਪਤਿਪਰਮੇਸ਼ਵਰ ਇਕੋ ਆਪਣਾ ਹੁਕਮ ਚਲਾਈਆ । ਸਤਿ ਧਰਮ ਦੀ ਖੋਲ੍ਹ ਕੇ ਹੱਟੀ, ਕਲਜੁਗ ਕੂੜੀ ਕਿਰਿਆ ਦਏ ਮੁਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਪੱਟੀ, ਪਟਨੇ ਵਾਲੇ ਦਏ ਮਿਲਾਈਆ । ਖੇਲ ਕਰੇ ਪੁਰਖ ਸਮਰਥੀ, ਹਰਿ ਕਰਤਾ ਵਡ ਵਡਿਆਈਆ । ਜੋ ਚਾਰ ਜੁਗ ਚਲਾਏ ਰਥੀ, ਸਤਿਜੁਗ ਤਰੇਤਾ ਦਵਾਪਰ ਕਲਜੁਗ ਬਣ ਰਥਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਰਾਵੀ ਕਹੇ ਮੈਂ ਸਤਿਜੁਗ ਵੇਖਣਾ ਲਗਦਾ, ਸਾਹਿਬ ਸਤਿਗੁਰ ਆਪ ਵਖਾਈਆ । ਪਿਆਰ ਵੇਖਣਾ ਦੀਨ ਦੁਨੀ ਜਗ ਦਾ, ਚਾਰ ਵਰਨ ਇਕੋ ਰੰਗ ਰੰਗਾਈਆ । ਝਗੜਾ ਮੁਕਣਾ ਕਾਅਬੇ ਵਾਲੇ ਹੱਜ ਦਾ, ਸਦੀ ਚੌਧਵੀਂ ਹਜ਼ਰਤ ਦੇਣ ਗਵਾਹੀਆ । ਖੇਲ ਹੋਣਾ ਦੀਨ ਦਿਆਲ ਪੁਰਖ ਸਮਰਥ ਦਾ, ਜੋ ਸਭ ਦਾ ਪਿਤਾ ਮਾਈਆ । ਨਿਤ ਨਵਿਤ ਜੋ ਨਿਰਗੁਣ ਸਰਗੁਣ ਮਾਰਗ ਰਿਹਾ ਦੱਸਦਾ, ਬੋਧ ਅਗਾਧ ਕਰ ਪੜ੍ਹਾਈਆ । ਸੋ ਪ੍ਰਗਟ ਹੋਏ ਜਿਸ ਦਾ ਨਿਸ਼ਾਨਾ ਆਦਿ ਜੁਗਾਦੀ ਸਚ ਦਾ, ਸਚ ਦਾ ਮਾਲਕ ਸੋਭਾ ਪਾਈਆ । ਲਹਿਣਾ ਮੁਕਾਵੇ ਕਾਇਆ ਮਾਟੀ ਕੱਚ ਦਾ, ਤਨ ਵਜੂਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਮੈਂ ਤੱਕਣਾ ਸਤਿਜੁਗ ਸਤਿ ਨਜ਼ਾਰਾ, ਪਰਮ ਪੁਰਖ ਪ੍ਰਭ ਨਜ਼ਰੀਆ ਦਏ ਬਦਲਾਈਆ । ਦੀਨ ਦੁਨੀ ਦਾ ਇਕੋ ਹੋਵੇ ਦਵਾਰਾ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਧਰਮ ਦੀ ਧਾਰ ਇਕੋ ਨਜ਼ਰੀ ਆਈਆ । ਇਕੋ ਨਾਮ ਸ਼ਬਦ ਹੋਵੇ ਜੈਕਾਰਾ, ਰਸਨਾ ਜਿਹਵਾ ਬੱਤੀ ਦੰਦ ਸਿਫਤ ਸਾਲਾਹੀਆ ।
੧੧੦੨ ਇਕੋ ਇਸ਼ਟ ਹੋਵੇ ਸੱਚੀ ਸਰਕਾਰਾ, ਇਕੋ ਦ੍ਰਿਸ਼ਟ ਦਏ ਖੁਲ੍ਹਾਈਆ । ਇਕੋ ਸ਼ਬਦ ਨਾਦ ਧੁਨ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ੧੧੦੨
੨੧ ਇਕੋ ਅੰਮ੍ਰਿਤ ਰਸ ਮਿਲੇ ਠੰਡਾ ਠਾਰਾ, ਨਿਝਰ ਝਿਰਨਾ ਆਪ ਝਿਰਾਈਆ । ਇਕੋ ਨਿਰਗੁਣ ਨੂਰ ਜੋਤ ਕਰੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ੨੧
ਇਕੋ ਪ੍ਰਗਟ ਹੋਵੇ ਕਲ ਕਲਕੀ ਅਵਤਾਰਾ, ਵਡ ਅਮਾਮਾ ਨੂਰ ਅਲਾਹੀਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਰੱਖਦੇ ਗਏ ਸਹਾਰਾ, ਓੜਕ ਓਟ ਤਕਾਈਆ । ਓਹ ਨਿਰਗੁਣ ਨੂਰ ਜੋਤ ਕਰੇ ਉਜਿਆਰਾ, ਸ਼ਬਦੀ ਸ਼ਬਦ ਡੰਕ ਵਜਾਈਆ । ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕਰੇ ਪਾਰ ਕਿਨਾਰਾ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਸਾਚਾ ਦੇ ਸਹਾਰਾ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਜਨ ਭਗਤਾਂ ਕਰੇ ਹੱਕ ਪਿਆਰਾ, ਮਹਿਬੂਬ ਮੁਹੱਬਤ ਵਿਚ ਮੇਲ ਮਿਲਾਈਆ । ਰਾਵੀ ਕਹੇ ਮੈਂ ਝੁਕ ਝੁਕ ਓਸ ਨੂੰ ਕਰਾਂ ਨਿਮਸਕਾਰਾ, ਸਯਦਿਆਂ ਵਿਚ ਸੀਸ ਝੁਕਾਈਆ । ਜਿਸ ਦਾ ਸਤਿਗੁਰ ਅਰਜਨ ਦੇ ਕੇ ਗਿਆ ਇਸ਼ਾਰਾ, ਚਰਨ ਮੇਰੇ ਵਿਚ ਛੁਹਾਈਆ । ਉਸ ਨੇ ਗੋਬਿੰਦ ਨਾਲ ਲਿਆਣਾ ਸ਼ਬਦੀ ਧਾਰ ਦੁਬਾਰਾ, ਕਾਇਆ ਮਾਟੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜਾਣੇ ਆਪਣਾ ਸਚ ਵਿਹਾਰਾ, ਨਿਤ ਨਵਿਤ ਆਪਣਾ ਹੁਕਮ ਵਰਤਾਈਆ ।

## ❋ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਗਵਾੜ ❋

ਰਾਵੀ ਕਹੇ ਜਨ ਭਗਤੋ ਤੁਸੀਂ ਦੋ ਇਕ ਦੀ ਧਾਰ ਇੱਕੀ, ਸਰਗੁਣ ਨਿਰਗੁਣ ਨਜ਼ਰੀ ਆਈਆ । ਜਿਹੜੀ ਖੇਲ ਕਿਸੇ ਨਹੀਂ ਦਿਸੀ, ਉਹ ਤੁਹਾਨੂੰ ਦਿਤੀ ਵਖਾਈਆ । ਗੁਰ ਅਰਜਨ ਗੋਬਿੰਦ ਦੀ ਚਿੱਠੀ, ਬਿਨ ਅੱਖਰਾਂ ਸੋਭਾ ਪਾਈਆ । ਰਾਵੀ ਕਹੇ ਅਲ੍ਹੜਪਿੰਡੀ ਮੇਰੀ ਪੂਰੀ ਹੋਈ ਮਿਤੀ, ਮਿੱਤਰੋ ਤੁਹਾਡੇ ਨਾਲ ਮਿਲ ਕੇ ਵੱਜੀ ਵਧਾਈਆ । ਸਭ ਨੇ ਪਵਿਤ੍ਰ ਰੱਖਣੀ ਨੀਤੀ, ਮਨ ਵਿਕਾਰ ਨਾ ਕੋਇ ਵਧਾਈਆ । ਇਕੋ ਮੰਨਣੀ ਹੱਕ ਹਦੀਸੀ, ਜੋ ਹਜ਼ੂਰ ਹਜ਼ਰਤਾਂ ਕਰੇ ਪੜ੍ਹਾਈਆ । ਸਤਿ ਧਰਮ ਦੀ ਤੁਰਨਾ ਉਤੇ ਰੀਤੀ, ਰੀਤੀਵਾਨ ਦਇਆ ਕਮਾਈਆ । ਤੁਹਾਡੀ ਮਨ ਕਲਪਣਾ ਹੋਵੇ ਪਤਤ ਪੁਨੀਤੀ, ਬੁੱਧ ਬਿਬੇਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਰਾਵੀ ਕਹੇ ਇੱਕੀਆਂ ਦਾ ਮਾਲਕ ਆਦਿ ਜੁਗਾਦੀ ਇਕ, ਜੋ ਨਿਰਗੁਣ ਸਰਗੁਣ ਦਇਆ ਕਮਾਈਆ । ਓਸੇ ਦੀ ਧਾਰ ਜੁਗ ਚੌਕੜੀ ਸਿਖ, ਜੋ ਸਿਖਿਆ ਸਚ ਦੀ ਰਹੇ ਕਮਾਈਆ । ਸੋ ਆਦਿ ਜੁਗਾਦੀ ਬਣ ਕੇ ਪਿਤ, ਪਤਿਪਰਮੇਸ਼ਵਰ ਵੇਖ ਵਖਾਈਆ । ਜਨ ਭਗਤਾਂ ਕਰੇ ਹਿੱਤ, ਆਤਮ ਪਰਮਾਤਮ ਜੋੜ ਜੁੜਾਈਆ । ਪੁਰਖ ਅਕਾਲ ਵਸੌਣਾ ਚਿਤ, ਮਨ ਠਗੌਰੀ ਰਹੇ ਨਾ ਰਾਈਆ । ਸੋ ਸਤਿਗੁਰ ਸਹਾਰਾ ਰੱਖੇ ਸਭ ਦੀ ਪਿੱਠ, ਪੁਸ਼ਤ ਪਨਾਹ ਆਪਣੀ ਦਇਆ ਕਮਾਈਆ । ਜੀਵਦਿਆਂ ਜਗ ਜਾਣਾ ਜਿੱਤ, ਮਰਨ ਤੋਂ ਬਾਦ ਜੀਵਣ ਆਪਣਾ ਜਾਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਵੇਖ ਵਖਾਈਆ । ਰਾਵੀ ਕਹੇ ਤੁਹਾਡੀ ਇੱਕੀ ਅਪਾਰ, ਅਪਰੰਪਰ ਦਏ ਵਡਿਆਈਆ । ਤੁਹਾਡਾ ਮਾਲਕ ਏਕੰਕਾਰ, ਇਕ ਇਕੱਲਾ ਨਜ਼ਰੀ ਆਈਆ । ਤੁਸਾਂ ਓਸ ਦੇ ਰਹਿਣਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸਯਦਿਆਂ ਵਿਚ ਸੀਸ ਨਿਵਾਈਆ । ਜਿਸ ਦੀ ਸਾਰੇ ਕਰਦੇ ਇੰਤਜ਼ਾਰ, ਬਿਨ ਅੱਖਾਂ ਅੱਖ ਉਠਾਈਆ । ਓਹ ਕਲ ਕਲਕੀ ਅਵਤਾਰ, ਨਿਹਕਲੰਕਾ ਆਪਣੀ ਕਲ ਵਰਤਾਈਆ । ਲੇਖਾ ਜਾਣੇ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲਏ ਉਠਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਰ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਪੁਚਾਈਆ । ਸੋਏ ਰਹਿਣ ਨਾ ਦੇਵੇ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਲਏ ਜਗਾਈਆ । ਲਹਿਣਾ ਦੇਣਾ ਚੁਕਾਵੇ ਆਪਣੀ ਧਾਰ, ਧਰਨੀ ਧਰਤ ਧਵਲ ਆਪਣਾ ਫੇਰਾ ਪਾਈਆ । ਤੁਸਾਂ ਆਤਮ ਪਰਮਾਤਮ ਪਰਮਾਤਮ ਆਤਮ ਲੌਂਦੇ ਰਹਿਣਾ ਜੈਕਾਰ, ਜੈ ਜੈ ਕਾਰ ਬ੍ਰਹਿਮੰਡ ਖੰਡ ਕਰਨ ਥਾਉਂ ਥਾਈਂਆ । ਰਾਵੀ ਕਹੇ ਪ੍ਰਭ ਰਸਤੇ ਤੇ ਚਲਣ ਵਾਲਿਆਂ ਮੇਰੀ ਸਦਾ ਨਿਮਸਕਾਰ, ਮੈਂ ਨਿਉਂ ਨਿਉਂ ਸੀਸ ਨਿਵਾਈਆ । ਤੁਹਾਡੇ ਕਾਰਨ ਮੇਰਾ ਪੂਰਾ ਹੋਇਆ ਵਿਹਾਰ, ਵਿਵਹਾਰੀ ਦਿਤਾ ਕਰਾਈਆ । ਤੁਸਾਂ ਜਾਣਾ ਖ਼ੁਸ਼ੀਆਂ ਨਾਲ, ਖ਼ੁਸ਼ੀ ਆਪਣੇ ਅੰਦਰ ਟਿਕਾਈਆ । ਤੁਸੀਂ ਓਸ ਸਤਿਗੁਰੂ ਦੇ ਲਾਲ, ਜਿਹੜਾ ਗੋਬਿੰਦ ਨਾ ਜਨਮੇ ਨਾ ਮਰੇ, ਮਾਤ ਗਰਭ ਵਿਚ ਕਦੇ ਨਾ ਆਈਆ । ਸਦਾ ਸਦਾ ਸਦ ਕਰਦਾ ਰਹੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਿਧਰ ਤੱਕੋ ਓਧਰ ਤੁਹਾਡੇ ਨਾਲ, ਚਾਰ ਕੁੰਟ ਦਹਿ ਦਿਸ਼ਾ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਹੱਲ ਕਰੇ ਸਵਾਲ, ਸਵਾਲੀ ਖ਼ਾਲੀ ਰਹਿਣ ਕੋਇ ਨਾ ਪਾਈਆ ।

## ✻ ੨੯ ਫੱਗਣ ਸ਼ਹਿਨਸ਼ਾਹੀ ਸੰਮਤ ੪ ਕਾਸ਼ੀ ਰਾਮ ਦੇ ਗ੍ਰਹਿ ਪਿੰਡ ਸਨੱਯੀਆ ✻

ਰਾਵੀ ਕਹੇ ਮੇਰੇ ਅੰਦਰ ਚਾਉ ਘਨੇਰਾ, ਘਰ ਠਾਕਰ ਸਵਾਮੀ ਦਿਤੀ ਵਡਿਆਈਆ । ਮੇਰੇ ਅੰਤਰ ਮਿਟਿਆ ਅੰਧੇਰਾ, ਨਿਰਗੁਣ ਨੂਰ ਕੀਤਾ ਰੁਸ਼ਨਾਈਆ । ਕੂੜੀ ਕਿਰਿਆ ਛੱਡਿਆ ਝੇੜਾ, ਸਤਿ ਧਰਮ ਇਕ ਅਪਣਾਈਆ । ਮਾਇਆ ਮਮਤਾ ਡੋਬਿਆ ਬੇੜਾ, ਸਤਿ ਸੰਤੋਖ ਲਿਆ ਅਪਣਾਈਆ । ਸ਼ਬਦ ਗਾ ਕੇ ਤੂੰ ਮੇਰਾ ਮੈਂ ਤੇਰਾ, ਪੂਰਬ ਲੇਖਾ ਲਿਆ ਚੁਕਾਈਆ । ਪੁਰਖ ਅਕਾਲ ਦੀਨ ਦਿਆਲ ਕਰੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦੇਣਾ ਗੇੜਾ, ਨਵ ਸੱਤ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪਰਵਾਹੀਆ । ਰਾਵੀ ਕਹੇ ਗੁਰ ਅਵਤਾਰ ਪੈਗ਼ੰਬਰ ਵੇਖੇ ਅਗੰਮ ਨਜ਼ਾਰਾ, ਹਰਿ ਕਰਤਾ ਆਪ ਜਣਾਈਆ । ਸ਼ਬਦੀ ਧਾਰ ਵੇਖੇ ਇਸ਼ਾਰਾ, ਨਿਰਗੁਣ ਨੂਰ ਰਿਹਾ ਜਣਾਈਆ । ਸਦੀ ਚੌਧਵੀਂ ਅੰਤ ਕਿਨਾਰਾ, ਮੁਹੰਮਦ ਦੇਵੇ ਕਵਣ ਸਫ਼ਾਈਆ । ਹਜ਼ਰਤ ਈਸਾ ਹੋਣ ਵਾਲਾ ਉਜਿਆਰਾ, ਜਗਦੀਸ਼ਾ ਆਪਣੀ ਕਾਰ ਕਮਾਈਆ । ਮੂਸਾ ਹੋਣਾ ਆਪ ਹੁਸ਼ਿਆਰਾ, ਨਿਰਗੁਣ ਧਾਰ ਲਏ ਅੰਗੜਾਈਆ । ਤੇਈ ਅਵਤਾਰ ਰਹਿਣਾ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਕਰੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣਾ ਹੁਕਮ ਸੁਣਾਈਆ । ਦੀਨ ਦੁਨੀ ਦਾ ਸਾਂਝਾ ਯਾਰਾ, ਪਰਵਰਦਿਗਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਓਸ ਦੇ ਬਰਦੇ, ਦਰ ਠਾਂਡੇ ਸੀਸ ਨਿਵਾਈਆ । ਅਸੀਂ ਮਾਲਕ ਸਾਚੇ ਘਰ ਦੇ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਹਿੰਦੂ ਮੁਸਲਿਮ ਸਿੱਖ ਈਸਾਈ ਮੂਲ ਨਾ ਲੜਦੇ, ਤੱਤਾਂ ਵੰਡ ਨਾ ਕੋਇ ਵੰਡਾਈਆ । ਕ਼ਲਮਾ ਵਖ ਵਖ ਨਾ ਪੜ੍ਹਦੇ, ਇਕੋ ਢੋਲਾ ਅਗੰਮ ਅਥਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਮੂਲ ਨਾ ਵੜਦੇ, ਇਕੋ ਇਸ਼ਟ ਰਹੇ ਮਨਾਈਆ । ਤੀਰਥ ਤੱਟਾਂ ਕੋਈ ਨਾ ਵੜਦੇ, ਪਾਣੀ ਵਹਿਣ ਨਾ ਕੋਇ ਵਹਾਈਆ । ਸਚ ਸਰਨਾਈ ਧੁਰਦਰਗਾਹੀ ਪੜਦੇ, ਜੋ ਬੇਪਰਵਾਹੀ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਾਵੀ ਕਰ ਧਿਆਨ, ਸਚ ਸੰਦੇਸ਼ਾ ਦਈਏ ਜਣਾਈਆ । ਸਚਖੰਡ ਸਾਚੇ ਅਸੀਂ ਸਾਰੇ ਹੋਏ ਪ੍ਰਵਾਨ, ਪ੍ਰਵਾਨਾ ਪ੍ਰਭ ਨੂੰ ਦਿਤਾ ਫੜਾਈਆ । ਜਾ ਕੇ ਵੇਖੋ ਆਪਣਾ ਜਹਾਨ, ਜ਼ਿਮੀਂ ਅਸਮਾਨ ਫੋਲ ਫੁਲਾਈਆ । ਜੋ ਕਲਮਾ ਦੇ ਕੇ ਆਏ ਦਾਨ, ਨਾਮ ਅਮੋਲਕ ਝੋਲੀ ਪਾਈਆ । ਖ਼ਾਲੀ ਦਿਸੇ ਕਾਇਆ ਮਕਾਨ, ਪੰਜ ਤੱਤ ਨਾ ਕੋਇ ਵਡਿਆਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਿਚ ਗਾਣ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਸਤਿ ਸਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਖੇਲ ਪ੍ਰਭ ਮਹਿਬੂਬ, ਮਿਹਰਵਾਨ ਤੇਰੀ ਵਡਿਆਈਆ । ਸ੍ਰਿਸ਼ਟੀ ਦੀ ਬਦਲ ਗਈ ਸੂਝ, ਦ੍ਰਿਸ਼ਟੀ ਅੰਦਰੋਂ ਨਾ ਕੋਇ ਖੁਲ੍ਹਾਈਆ । ਮਾਇਆ ਮਮਤਾ ਵੜੀ ਪੰਜ ਭੂਤ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਝਗੜਾ ਦਿਸੇ ਚਾਰੇ ਕੂਟ, ਦਹਿ ਦਿਸ਼ਾ ਕਰੇ ਲੜਾਈਆ । ਸਾਢੇ ਤਿੰਨ ਹੱਥ ਵਸੇਰਾ ਜੂਠ ਝੂਠ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਤੇਰੇ ਨਾਮ ਦਾ ਮਿਲੇ

ਨਾ ਕੋਇ ਸਬੂਤ, ਸਾਜਣ ਸੰਗ ਨਾ ਕੋਇ ਨਿਭਾਈਆ । ਦੁਰਮਤ ਮੈਲ ਧੋਵੇ ਨਾ ਕੋਇ ਕਲਬੂਤ, ਪਤਤ ਪੁਨੀਤ ਨਾ ਕੋਇ ਕਰਾਈਆ । ਮਹੱਲ ਅਟਲ ਨਜ਼ਰ ਨਾ ਆਏ ਅਰਸ਼ ਅਰੂਜ, ਆਜ਼ਮ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹਉਂ ਦਰ ਤੇਰੇ ਦੇ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧੇ ਧੁਰ ਦੇ ਪੰਡਤੇ, ਪਰਦਾ ਉਹਲਾ ਦੇਣਾ ਉਠਾਈਆ । ਚਾਰ ਵਰਨ ਬਣਾ ਇਕ ਸੰਗਤੇ, ਸੰਜਮ ਇਕੋ ਦੇਣਾ ਸਮਝਾਈਆ । ਝਗੜੇ ਮੁਕ ਜਾਣ ਕਾਇਆ ਮਾਟੀ ਚੰਮ ਦੇ, ਤਤਵ ਤਤ ਦੇਣਾ ਦ੍ਰਿੜ੍ਹਾਈਆ । ਪਰਦੇ ਲਾਹ ਦੇ ਨਿਜ ਨੇਤਰ ਅੱਖ ਦੇ, ਲੋਇਣ ਇਕੋ ਕਰ ਰੁਸ਼ਨਾਈਆ । ਝਗੜੇ ਮੁਕ ਜਾਣ ਦਹਿ ਦਿਸ਼ਾ ਧਾਵਣ ਵਾਲੇ ਮਨ ਦੇ, ਨੌ ਦਵਾਰ ਨਾ ਹੋਏ ਹਲਕਾਈਆ । ਰਸ ਮੁਕ ਜਾਣ ਸੁਣਨ ਵਾਲੇ ਕੰਨ ਦੇ, ਅੰਤਰ ਅਨਹਦ ਨਾਦੀ ਸ਼ਬਦ ਕਰ ਸ਼ਨਵਾਈਆ । ਪ੍ਰਕਾਸ਼ ਦੇ ਦੇ ਆਪਣੇ ਨੂਰੀ ਚੰਨ ਦੇ, ਸੂਰੀਆ ਚੰਦ ਨਾ ਕੋਇ ਵਡਿਆਈਆ । ਕੂੜ ਕੁੜਿਆਰਾਂ ਪਰਮ ਪੁਰਖ ਪਰਮਾਤਮ ਅੰਤਮ ਡੰਨ ਦੇ, ਗੁਰ ਅਵਤਾਰ ਪੈਗ਼ੰਬਰ ਭਰੇ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਸੰਦੇਸ਼ੇ ਦੇ ਅਗੰਮੀ ਅਗੰਮ ਦੇ, ਅਲਖ ਅਗੋਚਰ ਆਪਣਾ ਹੁਕਮ ਵਰਤਾਈਆ ।



## ✻ ੨੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਬੀਬੀ ਭਜਨੋ ਦੇ ਗ੍ਰਿਹਿ ✻



ਪੁਰਖ ਅਕਾਲ ਕਹੇ ਖੇਲ ਵਖਰਾ, ਅਨਡਿੱਠੜੀ ਧਾਰ ਚਲਾਈਆ । ਮੇਰਾ ਨਾਮ ਅਗੰਮਾ ਬਿਨ ਅੱਖਰਾ, ਵਿਦਿਆ ਵਿਚ ਨਾ ਕੋਇ ਵਡਿਆਈਆ । ਮੇਰਾ ਇਸ਼ਟ ਬਿਨਾ ਪੱਥਰਾ, ਪਾਹਨ ਨਜ਼ਰ ਕੋਇ ਨਾ ਆਈਆ । ਮੇਰਾ ਦਵਾਰਾ ਬਿਨਾ ਸੱਥਰਾ, ਸੇਜ ਜਗਤ ਨਾ ਕੋਇ ਸੁਹਾਈਆ । ਸੋ ਮਾਰਗ ਭਗਤਾਂ ਦੱਸਣਾ, ਸਤਿਜੁਗ ਸਾਚੀ ਕਰ ਪੜ੍ਹਾਈਆ । ਹਿਰਦੇ ਅੰਦਰ ਵਸਣਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਗਤ ਵਿਕਾਰ ਕੱਟਣਾ, ਦੁਰਮਤ ਮੈਲ ਧਵਾਈਆ । ਨਾਮ ਅਨੋਖੇ ਫੱਟਣਾ, ਘਾਓ ਇਕ ਚਲਾਈਆ । ਦੇਵੇ ਰਸ ਬਿਨਾ ਰਸਨਾ, ਅੰਮਿਉਂ ਰਸ ਆਪ ਵਰਸਾਈਆ । ਮਨ ਮਨੂਆ ਕਰੇ ਵਸਨਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਆਤਮ ਪਰਮਾਤਮ ਮਿਲ ਕੇ ਹੱਸਣਾ, ਘਰ ਸਾਚੇ ਵੱਜੇ ਵਧਾਈਆ । ਕਲਜੁਗ ਮੇਟੇ ਅੰਧੇਰੀ ਮੱਸਣਾ, ਨਿਰਗੁਣ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਮੇਰਾ ਆਦਿ ਜੁਗਾਦੀ ਇਸ਼ਟ ਅਨੋਖਾ, ਜਗ ਨੇਤਰ ਨਜ਼ਰ ਕਦੇ ਨਾ ਆਈਆ । ਭਗਤਾਂ ਮਾਰਗ ਦੱਸੇ ਸੌਖਾ, ਅਨਭਵ ਆਪਣਾ ਪਰਦਾ ਲਾਹੀਆ । ਪੜ੍ਹਨਾ ਪਏ ਕੋਈ ਨਾ ਪੋਥਾ, ਸ਼ਾਸਤਰ ਬਗ਼ਲ ਨਾ ਕੋਇ ਟਿਕਾਈਆ । ਕਰ ਪ੍ਰਕਾਸ਼ ਨਿਰਮਲ ਜੋਤਾ, ਅੰਧ ਅੰਧੇਰਾ ਦੇਣਾ ਗਵਾਈਆ । ਕਲਪਣਾ ਰਹਿਣ ਨਾ ਦੇਵਾਂ ਸੋਚਾ, ਅੰਦਰੋਂ ਸਮਝ ਦਿਆਂ ਸਮਝਾਈਆ । ਆਪਣੇ ਮਿਲਣ ਦਾ ਦੇ ਕੇ ਮੌਕਾ, ਮਿਹਰ ਨਜ਼ਰ ਇਕ ਟਿਕਾਈਆ । ਭਾਗ ਲਗਾ ਕੇ ਕਾਇਆ ਕੋਠਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਮੰਨਣਾ ਪਏ ਨਾ ਕੋਇ ਪਰੋਹਤਾ, ਬੰਦਨਾ ਸੀਸ ਨਾ ਕੋਇ

ਝੁਕਾਈਆ । ਝਗੜਾ ਮੁਕਾ ਕੇ ਲੋਕ ਪ੍ਰਲੋਕਾ, ਗ੍ਰਿਹ ਮੰਦਰ ਦਿਆਂ ਵਖਾਈਆ । ਜਿਥੇ ਆਤਮ ਪਰਮਾਤਮ ਪਰਮਾਤਮ ਆਤਮ ਇਕ ਸਲੋਕਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਨਈਆ ਨਾਮ ਚਲੌਂਦਾ ਰਿਹਾ ਨੌਕਾ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਹੁਕਮ ਵਰਤਾਈਆ ।

### * ੨੭ ਫੱਗਣ ਸ਼ਹਿਨਸ਼ਾਹੀ ਸੰਮਤ ੪ ਅਜੀਤ ਸਿੰਘ ਦੇ ਗ੍ਰਿਹ ਬਟਾਲਾ *

ਪ੍ਰਭ ਦਾ ਨਾਮ ਮਿਲੇ ਬਿਨ ਕ਼ੀਮਤ, ਕਰਤਾ ਕ਼ੀਮਤ ਨਾ ਕੋਇ ਲਗਾਈਆ । ਜਨ ਭਗਤੋ ਪੂਜਾ ਕਰਨੀ ਨਹੀਂ ਕਿਸੇ ਤਰੀਮਤ, ਤ੍ਰੀਆ ਸੀਸ ਨਾ ਕੋਇ ਨਿਵਾਈਆ । ਸਤਿਗੁਰ ਸ਼ਬਦ ਸਮਝੋ ਗ਼ਨੀਮਤ, ਜਿਸ ਨੂੰ ਮਿਲਿਆ ਤਿਸ ਨੂੰ ਪਾਰ ਕਰਾਈਆ । ਇਸ ਨੂੰ ਸਮਝ ਨਾ ਸਕੇ ਕੋਈ ਜੀਵ ਜ਼ਹੀਨਤ, ਜ਼ਿਹਨ ਵਿਚ ਜ਼ਾਹਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪ੍ਰਭ ਕਾ ਨਾਮ ਸਦਾ ਅਨਮੁੱਲਾ, ਕ਼ੀਮਤ ਕਰਤਾ ਨਾ ਕੋਇ ਲਗਾਈਆ । ਆਦਿ ਜੁਗਾਦਿ ਭੰਡਾਰਾ ਖੁਲ੍ਹਾ, ਤੋਟ ਰਹੇ ਨਾ ਰਾਈਆ । ਸਭ ਨੂੰ ਦੇਵੇ ਸੁਲਹਕੁਲਾ, ਗ਼ੈਰ ਵੰਡ ਨਾ ਕੋਇ ਵੰਡਾਈਆ । ਜਪਿਆ ਨਹੀਂ ਜਾਂਦਾ ਨਾਲ ਬੁੱਲਾਂ, ਅੰਤਰ ਅੰਤਰ ਦਏ ਵਸਾਈਆ । ਭਾਗ ਲਗਾਵੇ ਕਾਇਆ ਕੁੱਲਾ, ਕੁੱਲ ਮਾਲਕ ਵੇਖ ਵਖਾਈਆ । ਜੁਗ ਚੌਕੜੀ ਕਦੇ ਨਾ ਭੁੱਲਾ, ਅਭੁੱਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਭੇਵ ਚੁਕਾਈਆ । ਹਰਿ ਕਾ ਨਾਮ ਕਦੇ ਨਾ ਵਿਕੇ ਹੱਟ, ਹੱਟੋ ਹੱਟ ਨਾ ਕੋਇ ਵਿਕਾਈਆ । ਕਿਸੇ ਨਾ ਮਿਲੇ ਤਟ, ਤੀਰਥ ਰੋਵਣ ਦੇਣ ਦੁਹਾਈਆ । ਜਿਸ ਉਪਰ ਕਿਰਪਾ ਕਰੇ ਪੁਰਖ ਸਮਰਥ, ਮਿਹਰ ਨਜ਼ਰ ਉਠਾਈਆ । ਤਿਸ ਆਪੇ ਦਏ ਦੱਸ, ਦਹਿ ਦਿਸ਼ਾ ਉਠ ਨਾ ਕੋਇ ਧਾਹੀਆ । ਕਾਇਆ ਅੰਦਰ ਦੇ ਕੇ ਰਸ, ਰਸਤਾ ਅੰਦਰੋਂ ਦਏ ਖੁਲ੍ਹਾਈਆ । ਮਨ ਕਲਪਣਾ ਕਰ ਕੇ ਵੱਸ, ਵਾਸਤਾ ਆਪਣੇ ਨਾਲ ਜੁੜਾਈਆ । ਮੇਟ ਰੈਣ ਅੰਧੇਰੀ ਮਸ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਜੋ ਵਸਣਹਾਰਾ ਘਟ ਘਟ, ਹਰ ਘਟ ਅੰਤਰ ਆਪਣਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਅਣਿਆਲਾ ਤੀਰ ਮਾਰੇ ਕਸ, ਆਰ ਪਾਰ ਆਪਣੀ ਧਾਰ ਕਰਾਈਆ ।

### * ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ *

ਸੰਮਤ ਸ਼ਹਿਨਸ਼ਾਹੀ ਕਹੇ ਮੈਂ ਵੇਖਿਆ ਖੇਲ ਚੌਥੇ ਜੁਗ, ਚੌਕੜੀ ਜਗਤ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੇਖਾ ਲਿਆ ਬੁਝ, ਭੇਵ ਅਭੇਦ ਬਾਤਨ ਪਰਦਾ ਰਿਹਾ ਨਾ ਰਾਈਆ । ਨਿਰਗੁਣ ਧਾਰ ਮੈਨੂੰ ਸਭ ਕੁਝ ਗਿਆ ਸੁਝ, ਪਰਦਾ ਉਹਲਾ ਦਿਤਾ ਚੁਕਾਈਆ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਬੁਧ, ਮਨਮਤ ਖੋਜ ਖੁਜਾਈਆ । ਤਨ ਵਜੂਦ ਰਿਹਾ ਨਾ ਲੁਕ, ਮਾਟੀ ਕੱਚ ਭਰਮ ਨਾ ਕੋਇ ਭੁਲਾਈਆ । ਕੋਟਾਂ ਵਿਚੋਂ ਅਨਕਾਂ ਵਿਚੋਂ ਭਗਤ ਸੁਹੇਲੇ ਗੌਂਦੇ ਅਗੰਮੀ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਰਸਨਾ ਜਿਹਵਾ ਬੱਤੀ ਦੰਦ ਸੁਹੌਂਦਾ ਮੁਖ,

੧੧੦੭
੨੧

ਆਤਮ ਪਰਮਾਤਮ ਵੱਜੀ ਵਧਾਈਆ । ਮੈਂ ਨਿਮਸਕਾਰ ਸੱਯਦਾ ਕੀਤਾ ਝੁਕ, ਡੰਡਾਵਤ ਵਿਚ ਸੀਸ ਨਿਵਾਈਆ । ਅੰਤ ਹੱਸ ਕੇ ਕਹਾਂ ਮੇਰਾ ਸੰਮਤ ਗਿਆ ਮੁਕ, ਮੁਕੰਮਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸੰਮਤ ਸ਼ਹਿਨਸ਼ਾਹੀ ਚਾਰ ਕਹੇ ਮੈਂ ਵੇਖਿਆ ਜਗਤ ਜਹਾਨ, ਜਹਾਲਤ ਦੀਨ ਦੁਨੀ ਵੇਖ ਵਖਾਈਆ । ਸੰਦੇਸਾ ਦਿਤਾ ਸ੍ਰੀ ਭਗਵਾਨ, ਧੁਰ ਕਰਤੇ ਦਿਤਾ ਸੁਣਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਦਹਿ ਦਿਸ਼ਾ ਹੋਈ ਹਲਕਾਈਆ । ਝਗੜਾ ਪਿਆ ਤੱਤ ਇਨਸਾਨ, ਮਾਨਵ ਕਰੇ ਕੂੜ ਲੜਾਈਆ । ਆਤਮ ਰਿਹਾ ਨਾ ਕੋਇ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਚਾਰੋਂ ਕੁੰਟ ਸੁੰਞ ਮਸਾਣ, ਸਤਿ ਸਤਿਵਾਦ ਸੋਭਾ ਕੋਇ ਨਾ ਪਾਈਆ । ਜੋਧਾ ਸੂਰਬੀਰ ਦਿਸੇ ਨਾ ਕੋਇ ਨੌਜਵਾਨ, ਮਰਦ ਮਰਦਾਨ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸੰਮਤ ਕਹੇ ਮੇਰੀ ਅੰਤਮ ਵਾਰ, ਵਾਰਤਾ ਪ੍ਰਭ ਦੀ ਦਿਆਂ ਜਣਾਈਆ । ਖ਼ਬਰਦਾਰ ਕੀਤੇ ਗੁਰੂ ਅਵਤਾਰ, ਪੈਗ਼ੰਬਰਾਂ ਰਿਹਾ ਹਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਆਧਾਰ, ਕਰੋੜ ਤਤੀਸਾ ਆਇਆ ਜਗਾਈਆ । ਧਰਨੀ ਧਰਤ ਧਵਲ ਆਲਸ ਨਿੰਦਰਾ ਅੰਦਰੋਂ ਉਤਾਰ, ਸੁਸਤੀ ਦਰੁਸਤੀ ਵਿਚ ਦ੍ਰਿੜਾਈਆ । ਹੁਕਮ ਦੱਸ ਸੱਚੀ ਸਰਕਾਰ, ਕੀਤੀ ਅਗੰਮ ਪੜ੍ਹਾਈਆ । ਲਹਿਣਾ ਦੇਣਾ ਵੇਖੇ ਅੰਤ ਸਰਬ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਚੌਥਾ ਜੁਗ ਕਹੇ ਮੈਂ ਵੇਖੀ ਚਾਰ ਜੁਗ ਦੀ ਧਾਰਾ, ਧਰਨੀ ਧਰਤ ਧਵਲ ਖੋਜ ਖੁਜਾਈਆ । ਹੁਕਮ ਸੰਦੇਸ਼ਾ ਦਿਤਾ ਅਗੰਮ ਅਪਾਰਾ, ਅਲਖ ਅਗੋਚਰ ਰਿਹਾ ਜਣਾਈਆ । ਖ਼ਬਰਦਾਰ ਹੋਵੇ ਸਵਾਧਾਨ ਜਗਤ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਉਠੋ ਭੱਜੋ ਨੱਠੋ ਤੇਈ ਅਵਤਾਰਾ, ਮੂਸਾ ਈਸਾ ਮੁਹੰਮਦ ਨਾਲ ਮਿਲਾਈਆ । ਗੁਰ ਦਸ ਕਰੋ ਵਿਚਾਰਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਜਿਸ ਦਾ ਦੇ ਕੇ ਆਏ ਲਾਰਾ, ਨਾਮ ਸੰਦੇਸ਼ਿਆਂ ਵਿਚ ਸੁਣਾਈਆ । ਕਹਿ ਕੇ ਆਏ ਕਲਕੀ ਅਵਤਾਰਾ, ਨਿਹਕਲੰਕ ਨਾਉਂ ਪ੍ਰਗਟਾਈਆ । ਅਮਾਮਾਂ ਦਾ ਅਮਾਮ ਸਿਕਦਾਰਾ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਰੂਪ ਹੋਇਆ ਉਜਿਆਰਾ, ਦੋ ਜਹਾਨਾਂ ਡਗਮਗਾਈਆ । ਲਹਿਣਾ ਦੇਣਾ ਵੇਖ ਅਗੰਮ ਅਪਾਰਾ, ਅਲਖ ਅਗੋਚਰ ਖੋਜ ਖੁਜਾਈਆ । ਜਿਸ ਸੁਹਾਇਆ ਇਕ ਦਵਾਰਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਨੂਰ ਅਲਾਹੀਆ । ਚੌਥਾ ਜੁਗ ਕਹੇ ਸਾਰੇ ਆਓ ਦੂਰ ਦੁਰਾਡੇ, ਹੁਕਮ ਸੁਣਾਇਆ ਧੁਰਦਰਗਾਹੀਆ । ਜਿਸ ਨੇ ਧਰਮ ਨਿਸ਼ਾਨੇ ਗਾਡੇ, ਗਾਈਡ ਗਾਡ ਇਕੋ ਨੂਰ ਅਲਾਹੀਆ । ਸਭ ਦੇ ਪੂਰੇ ਕਰੇ ਵਾਅਦੇ, ਵਾਹਵਾ ਵੱਜੇ ਇਕ ਵਧਾਈਆ । ਗੁਰ ਅਵਤਾਰ ਪੈਗ਼ੰਬਰ ਅੰਤਮ ਕਲਜੁਗ ਲੈ ਲਓ ਨਿਰਗੁਣ ਧਾਰ ਕੋਲੋਂ ਫ਼ਾਇਦੇ, ਮੁਫ਼ਾਦ ਆਪਣਾ ਨਾਲ ਰਲਾਈਆ । ਆਪਣੇ ਵਖਾਓ ਪਿਛਲੇ ਕ਼ਾਨੂੰਨ ਕ਼ਾਇਦੇ, ਕ਼ਾਇਦੇ ਆਜ਼ਮ ਮੰਗ ਮੰਗਾਈਆ । ਕਿਉਂ ਇਕ ਦੂਜੇ ਤੋਂ ਹੋਏ ਅਲਾਹਿਦੇ, ਦੀਨ ਮਜ਼੍ਹਬਾਂ ਵੰਡ ਵੰਡਾਈਆ । ਕਿਉਂ ਮਾਰਗ ਦੱਸੇ ਪੈਂਡੇ, ਰਹਿਬਰ ਰਾਹ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸੰਮਤ ਚੌਥਾ ਕਹੇ ਮੈਂ ਸੰਦੇਸ਼ਾ ਦਿਤਾ ਦਰਗਾਹ ਸਾਚੀ ਮੁਕਾਮੇ ਹੱਕ, ਹਕੀਕਤ ਆਇਆ ਦ੍ਰਿੜਾਈਆ । ਨਿਰਗੁਣ ਧਾਰ ਰਹੇ ਨਾ ਸ਼ੱਕ, ਗੁਰ ਅਵਤਾਰ ਪੈਗ਼ੰਬਰਾਂ ਭੇਵ

ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਪ੍ਰਗਟ ਇਕੋ ਸਚ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਖੇਲ ਖਿਲੌਣਾ ਕਾਇਆ ਮਾਟੀ ਕੱਚ, ਪੰਚਮ ਪੰਚ ਫੋਲ ਫੁਲਾਈਆ । ਹੁਕਮ ਸੰਦੇਸ਼ਾ ਰਿਹਾ ਦੱਸ, ਲੇਖਾ ਬਿਨ ਕ਼ਲਮ ਸ਼ਾਹੀਆ । ਤੱਕੇ ਬਿਨ ਨੇਤਰ ਅੱਖ, ਨਿਰਗੁਣ ਨੂਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਚੌਥਾ ਸੰਮਤ ਕਹੇ ਗੁਰ ਅਵਤਾਰ ਪੈਗ਼ੰਬਰੋ ਆ ਗਿਆ ਤੁਹਾਡਾ ਵਕ਼ਤ, ਸੁਹੌਣਾ ਸੁਹੰਜਣਾ ਦਿਆਂ ਜਣਾਈਆ । ਮੈਂ ਸਭ ਨੂੰ ਦੱਸਿਆ ਪਹਿਲੀ ਚੇਤ ਆਉਣਾ ਜਗਤ, ਮਾਤਲੋਕ ਪੰਧ ਮੁਕਾਈਆ । ਆਪਣਾ ਲੇਖਾ ਨਾਲ ਲਿਔਣਾ ਫ਼ਕਤ, ਜੋ ਫ਼ਿਕਰੇ ਆਏ ਦ੍ਰਿੜਾਈਆ । ਨਾਲ ਅਹਿਦਨਾਮਾ ਲਿਔਣਾ ਜਿਸ ਦੇ ਉਤੇ ਲਿਖੀ ਸ਼ਰਤ, ਸ਼ਰਅ ਦਿਤੀ ਸਮਝਾਈਆ । ਛੱਡ ਕੇ ਅਗੰਮੀ ਅਰਸ਼, ਅਰਸ਼ ਤੋਂ ਫ਼ਰਸ਼ ਸੋਭਾ ਪਾਈਆ । ਆਪਣੇ ਨਾਮ ਕਲਮੇ ਦੀ ਨਾਲ ਲਿਔਣੀ ਫ਼ਰਦ, ਭੁਲੇਖਾ ਰਹੇ ਕੋਇ ਨਾ ਰਾਈਆ । ਜੋ ਅੰਤ ਅਖ਼ੀਰ ਕੀਤੀ ਅਰਜ਼, ਓਹ ਵੀ ਯਾਦ ਆਇਆ ਕਰਾਈਆ । ਵੇਖਿਓ ਕਿਸੇ ਦਾ ਹੋ ਨਾ ਜਾਵੇ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਪੁਰਖ ਅਕਾਲਾ ਜੋਧਾ ਮਰਦ, ਮਰਦ ਮਰਦਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਚੌਥਾ ਸੰਮਤ ਕਹੇ ਭਗਤੋ ਮੇਰੀ ਨਿਮਸਕਾਰ, ਮੈਂ ਅੰਤ ਅੰਤ ਸੀਸ ਨਿਵਾਈਆ । ਮੈਂ ਖ਼ਬਰਦਾਰ ਕਰ ਕੇ ਜਗਤ ਸੰਸਾਰ, ਸ੍ਰਿਸ਼ਟੀ ਦੀ ਦ੍ਰਿਸ਼ਟੀ ਆਇਆ ਹਿਲਾਈਆ । ਹੁਕਮੇ ਅੰਦਰ ਕੀਤੀ ਕਾਰ, ਜੋ ਕਰਨੀ ਦੇ ਕਰਤੇ ਆਪਣੀ ਕਾਰ ਕਮਾਈਆ । ਸੰਮਤ ਪੰਜ ਵਿਚ ਸਾਰੇ ਕਰ ਲੈਣੇ ਗ੍ਰਿਫ਼ਤਾਰ, ਸ਼ਬਦੀ ਡੋਰੀ ਤੰਦ ਬੰਧਾਈਆ । ਮੈਂ ਸੰਦੇਸ਼ਾ ਦੇ ਕੇ ਚਲਿਆ ਓਸ ਦਰਬਾਰ, ਜਿਸ ਨੂੰ ਸਚਖੰਡ ਕਹਿ ਕੇ ਸਾਰੇ ਗਾਈਆ । ਓਥੋਂ ਭੱਜੇ ਔਣ ਗੁਰੂ ਅਵਤਾਰ, ਪੈਗ਼ੰਬਰ ਸੋਭਾ ਪਾਈਆ । ਹਿਸਾਬ ਕਿਤਾਬ ਸਰਬ ਵਖਾਣ, ਕੀ ਕਰਨੀ ਕਾਰ ਕਮਾਈਆ । ਕੀ ਨਾਮ ਕਲਮਾ ਗਾਇਆ ਗਾਣ, ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਕੀ ਜਗਤ ਪਾਇਆ ਘਮਸਾਨ, ਕੀ ਕੀਤੀ ਤਨ ਲੜਾਈਆ । ਕੀ ਆਸਾ ਰੱਖੀ ਅਮਾਮ, ਅਮਲਾਂ ਤੋਂ ਰਹਿਤ ਜਣਾਈਆ । ਕੀ ਕ਼ਲਮਾ ਦੱਸਿਆ ਕਲਾਮ, ਕਾਇਨਾਤ ਪੜ੍ਹਾਈਆ । ਕਿਉਂ ਬਰਦੇ ਬਣੇ ਗ਼ੁਲਾਮ, ਸੱਯਦਾ ਸੀਸ ਨਿਵਾਈਆ । ਸੰਮਤ ਚੌਥਾ ਕਹੇ ਮੈਂ ਦੇ ਕੇ ਚਲਿਆ ਇਤਲਾਹੇ ਆਮ, ਕੋਈ ਬਚਿਆ ਰਹਿਣ ਨਾ ਪਾਈਆ । ਚਾਰ ਕੁੰਟ ਡੰਕੇ ਨਾਲ ਸੁਣਾਇਆ ਫ਼ਰਮਾਨ, ਫ਼ਰਮਾਬਰਦਾਰੀ ਸਚ ਕਮਾਈਆ । ਮੇਰਾ ਮਹਿਬੂਬ ਹੋਇਆ ਮਿਹਰਵਾਨ, ਮੁਹੱਬਤ ਵਿਚ ਸਿਰ ਮੇਰੇ ਹੱਥ ਟਿਕਾਈਆ । ਹੁਣ ਸੰਮਤ ਪੰਜਵਾਂ ਹਾਜ਼ਰ ਹੋਇਆ ਅੱਗੇ ਸ੍ਰੀ ਭਗਵਾਨ, ਬੋਲਣ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਚੇਤ ਕਹੇ ਮੈਂ ਸੰਮਤ ਪੰਜਵਾਂ ਚੜ੍ਹਿਆ, ਚੜ੍ਹਦਾ ਲਹਿੰਦਾ ਦੇਣਾ ਹਿਲਾਈਆ । ਧੁਰ ਦਾ ਹੁਕਮ ਅਗੰਮੀ ਪੜ੍ਹਿਆ, ਪੜ੍ਹਦਿਆਂ ਅੰਦਰ ਦਿਤਾ ਜਣਾਈਆ । ਜਿਹੜਾ ਕਦੀ ਕਿਸੇ ਨਾਲ ਨਹੀਂ ਕੋਈ ਲੜਿਆ, ਕਲਜੁਗ ਧਾਰ ਵਿਚ ਉਹ ਵੀ ਦੇਣਾ ਲੜਾਈਆ । ਜਿਹੜਾ ਹੰਕਾਰ ਵਿਚ ਕਦੇ ਨਹੀਂ ਮਰਿਆ, ਉਹ ਵੀ ਮਾਰ ਕੇ ਦੇਣਾ ਵਖਾਈਆ । ਇਹ ਖੇਲ ਮੇਰੇ ਪ੍ਰਭੂ ਪ੍ਰਭ ਕਰਿਆ, ਕਰਨੀ ਦਾ ਕਰਤਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਪੰਜਵਾਂ ਕਹੇ ਮੈਂ ਵੇਖਾਂ ਪੰਚ ਪਰਪੰਚ, ਪੰਜ ਭੂਤਕ

ਖੋਜ ਖੁਜਾਈਆ । ਜਗਤ ਸਾਧਨਾ ਦਾ ਕਾਇਆ ਮੰਦਰ ਅੰਦਰ ਵੇਖਣਾ ਮੰਚ, ਕਿਸ ਆਸਣ ਡੇਰਾ ਲਾਈਆ । ਕਿਸੇ ਨੂੰ ਹਿਲਣ ਨਹੀਂ ਦੇਣਾ ਇੰਚ, ਕ਼ਦਮ ਕ਼ਦਮ ਨਾ ਕੋਇ ਬਦਲਾਈਆ । ਜਿਹੜਾ ਮਨੂਆ ਬਣਾਇਆ ਪੰਚ, ਦਿਵਸ ਰੈਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪੰਚਮ ਸੰਮਤ ਕਹੇ ਮੈਂ ਸ਼ਹਿਨਸ਼ਾਹੀ, ਪੰਚ ਮਿਲੇ ਵਡਿਆਈਆ । ਮੇਰਾ ਮਾਲਕ ਇਕ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਕਹਿੰਦੇ ਧੁਰਦਰਗਾਹੀ, ਦਰਗਾਹ ਸਾਚੀ ਸੋਭਾ ਪਾਈਆ । ਉਸ ਦੀ ਸ਼ਬਦ ਗੁਰੂ ਕਰੇ ਅਗਵਾਹੀ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਦੇ ਕੇ ਗਏ ਗਵਾਹੀ, ਉਚੀ ਕੂਕ ਕੂਕ ਸੁਣਾਈਆ । ਓਹ ਮਾਲਕ ਮੇਰਾ ਮਾਹੀ, ਮਹਿਬੂਬ ਇਕ ਅਖਵਾਈਆ । ਜਿਸ ਨੇ ਕਲਜੁਗ ਅੰਦਰ ਬਦਲ ਦੇਣੀ ਕੂੜੀ ਸ਼ਾਹੀ, ਸਤਿਜੁਗ ਸਾਚਾ ਰਾਹ ਵਖਾਈਆ । ਗ਼ਰੀਬ ਨਿਮਾਣਿਆਂ ਪਕੜਨੀਆਂ ਬਾਹੀਂ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਚਾਰ ਵਰਨ ਬਣਾ ਕੇ ਭੈਣਾਂ ਭਾਈ, ਊਚ ਨੀਚ ਦਾ ਡੇਰਾ ਦੇਣਾ ਢਾਹੀਆ । ਸਾਚੀ ਮੰਜ਼ਲ ਇਕ ਚੜ੍ਹਾਈ, ਮਾਲਕ ਇਕੋ ਦੇਣਾ ਵਖਾਈਆ । ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈ, ਅੰਧ ਅੰਧੇਰ ਰਹੇ ਨਾ ਰਾਈਆ । ਸੋ ਮੰਦਰ ਸੋਭਾ ਪਾਈ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਸੰਮਤ ਪੰਜਵਾਂ ਕਹੇ ਮੇਰੇ ਦਿਨ ਨੂੰ ਦਿਓ ਵਧਾਈ, ਬ੍ਰਹਿਮੰਡ ਖੰਡ ਸਾਰੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਾਹ ਸਾਚੀ ਸਚ ਸੁਹਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਪੰਚਮ ਆਇਆ ਜਗ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖਾਂ ਅੱਗ, ਅਗਨੀ ਅੱਗ ਤੱਤ ਤਪਾਈਆ । ਇਹ ਖੇਲ ਸੂਰੇ ਸਰਬਗ, ਜੋ ਲੋਕਮਾਤ ਦਿਤੀ ਵਰਤਾਈਆ । ਜਿਸ ਦੀ ਆਰ ਪਾਰ ਸਮਝੇ ਕੋਈ ਨਾ ਹੱਦ, ਹਦੂਦ ਨਜ਼ਰ ਕੋਇ ਨਾ ਆਈਆ । ਕਰੇ ਖੇਲ ਪੁਰਖ ਸਮਰਥ, ਮਹਿਮਾ ਅਕਥ ਅਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਰਤਾਈਆ । ਸੰਮਤ ਕਹੇ ਚੇਤ ਆਇਆ ਚਾਤਰ, ਚਾਤਰਕੋ ਦਿਆਂ ਜਣਾਈਆ । ਪ੍ਰਭ ਖੇਲ ਕਰਨਾ ਜਿਸ ਖ਼ਾਤਰ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਦਿਆਂ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਹਾਜ਼ਰ ਹੋਏ ਲੈ ਕੇ ਪਾਤਰ, ਪਤ੍ਰਿਕਾ ਆਪਣੇ ਹੱਥ ਰਖਾਈਆ । ਜਿਨ੍ਹਾਂ ਨੂੰ ਪੁਰਖ ਅਕਾਲ ਆਇਆ ਵਾਚਣ, ਦੂਜਾ ਕਰੇ ਨਾ ਕੋਇ ਪੜ੍ਹਾਈਆ । ਸਾਰੇ ਕਹਿਣ ਪ੍ਰਭੂ ਤੇਰਾ ਨਾਮ ਤੇ ਤੇਰਾ ਪਾਠਣ, ਤੇਰਾ ਇਸ਼ਟ ਨੂਰ ਅਲਾਹੀਆ । ਅਸੀਂ ਲੋਕਮਾਤ ਸਭ ਨੂੰ ਆਏ ਆਖਣ, ਦੀਨ ਦੁਨੀ ਸਮਝਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਭ ਦਾ ਬਾਪਣ, ਇਹੋ ਪਿਤਾ ਮਾਈਆ । ਜਿਸ ਨੇ ਕਲਜੁਗ ਮੇਟਣੀ ਅੰਧੇਰੀ ਰਾਤਣ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ । ਸਾਚੀ ਮੰਜ਼ਲ ਚਾੜ੍ਹੇ ਘਾਟਣ, ਪੈਂਡਾ ਅਗੰਮ ਮੁਕਾਈਆ । ਆਤਮ ਪਰਮਾਤਮ ਜੋੜੇ ਨਾਤਨ, ਦੂਜਾ ਸੰਗ ਨਾ ਕੋਇ ਰਖਾਈਆ । ਸਚ ਦਵਾਰ ਵਖਾਏ ਆਸਣ, ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਕਹੇ ਗੁਰ ਅਵਤਾਰ ਪੈਗ਼ੰਬਰ ਹੋਏ ਇਕੱਠੇ, ਸੋਹਣਾ ਸੰਗ ਬਣਾਈਆ । ਸਭ ਦੇ ਕੋਲ ਆਪਣੇ ਆਪਣੇ ਪਟੇ, ਪਟਨੇ ਵਾਲੇ ਰਹੇ ਵਖਾਈਆ । ਉਂਗਲਾਂ ਨਾਲ ਰਹੇ ਦੱਸੇ, ਇਸ਼ਾਰਿਆਂ ਵਿਚ ਜਣਾਈਆ । ਰਾਮ ਕਿਸ਼ਨ ਨਾਲ ਅੱਲਾ ਨੇ ਪਾਏ ਰੱਟੇ, ਮੰਦਰਾਂ ਨਾਲ ਮਸਜਿਦ ਗਿਰਜੇ ਦਿਤੇ ਟਕਰਾਈਆ । ਅੱਲਾ ਨਾਲ ਸਤਿਨਾਮ ਲਾਈ ਸੱਟੇ, ਠੋਕਰ ਠੋਕਰ ਨਾਲ ਹਿਲਾਈਆ ।


੧੧੦੯
੨੧

ਆ ਗਿਆ ਆਪਣੇ ਵੱਟੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਭੇਵ ਅਭੇਦਾ ਇਕ ਖੁਲ੍ਹਾਈਆ । ਸੰਮਤ ਕਹੇ ਗੁਰ ਅਵਤਾਰ ਪੈਗ਼ੰਬਰ ਆਏ ਹਜ਼ੂਰ, ਹਾਜ਼ਰ ਸੀਸ ਨਿਵਾਈਆ । ਹੁਕਮ ਪ੍ਰਭੂ ਮੰਜ਼ੂਰ, ਤੇਰੀ ਬੇਪਰਵਾਹੀਆ । ਅਗਲਾ ਖੇਲ ਦੱਸ ਜ਼ਰੂਰ, ਜ਼ਰੂਰਤ ਤੇਰੀ ਝੋਲੀ ਪਾਈਆ । ਸਾਡਾ ਰਿਹਾ ਨਾ ਮਾਣ ਗ਼ਰੂਰ, ਗ਼ੁਰਬਤ ਦਿਤੀ ਗਵਾਈਆ । ਦੀਨ ਮਜ਼੍ਹਬ ਦਾ ਜੋ ਪਾ ਕੇ ਗਏ ਫ਼ਤੂਰ, ਫ਼ਤਵਾ ਸਭ ਦੇ ਉਤੇ ਨਜ਼ਰੀ ਆਈਆ । ਅੰਤਮ ਅਸੀਂ ਹੋਏ ਮਜਬੂਰ, ਮਜਬੂਰੀ ਦਈਏ ਦ੍ਰਿੜਾਈਆ । ਇਸ ਵਿਚ ਸਾਡਾ ਨਹੀਂ ਕ਼ਸੂਰ, ਸਾਰੇ ਤੇਰੀ ਚਲੇ ਹੁਕਮ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਰੇ ਆਵੋ ਨੇੜੇ, ਕੰਧਾ ਕੰਧੇ ਨਾਲ ਮਿਲਾਈਆ । ਚਾਰੋਂ ਕੁੰਟ ਦੇ ਕੇ ਗੇੜੇ, ਦਹਿ ਦਿਸ਼ਾ ਵੇਖ ਵਖਾਈਆ । ਮੈਨੂੰ ਦੱਸੋ ਤੁਹਾਡੇ ਕਿਹੜੇ ਕਿਹੜੇ, ਇਸ਼ਾਰਿਆਂ ਨਾਲ ਵਖਾਈਆ । ਜਿਨ੍ਹਾਂ ਦੇ ਅੰਦਰ ਦਵੈਤ ਵਾਲੇ ਨਹੀਂ ਝੇੜੇ, ਓਹ ਬਾਂਹ ਲਓ ਉਠਾਈਆ । ਜਿਹੜੇ ਚੜ੍ਹੇ ਮੇਰੇ ਬੇੜੇ, ਉਨ੍ਹਾਂ ਨਾਲ ਲਓ ਮਿਲਾਈਆ । ਜਿਹੜੇ ਵਸੇ ਤੁਹਾਡੇ ਖੇੜੇ, ਓਨ੍ਹਾਂ ਥਾਪੀ ਦਿਓ ਲਗਾਈਆ । ਜਿਹੜੇ ਤੁਹਾਡੇ ਨਾਲ ਕਰਦੇ ਹੇਰੇ ਫੇਰੇ, ਓਨ੍ਹਾਂ ਨੂੰ ਰਾਏ ਧਰਮ ਦਾ ਦਵਾਰਾ ਆਪੇ ਦਿਓ ਵਖਾਈਆ । ਕਿਉਂ ਤੁਸੀਂ ਉਨ੍ਹਾਂ ਦੇ ਗੁਰੂ ਉਹ ਤੁਹਾਡੇ ਚੇਰੇ, ਤੁਹਾਡੇ ਕੋਲੋਂ ਦਵੌਣੀ ਸਜ਼ਾਈਆ । ਤੁਹਾਡੇ ਮੈਂ ਕਰਾਂ ਨਬੇੜੇ, ਤੁਹਾਡੇ ਮੁਰੀਦਾਂ ਦੇ ਨਬੇੜੇ ਤੁਹਾਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਗੁਰ ਅਵਤਾਰ ਪੈਗ਼ੰਬਰੋ ਤੱਕੋ ਚਾਰ ਕੁੰਟ, ਦਹਿ ਦਿਸ਼ਾ ਧਿਆਨ ਲਗਾਈਆ । ਕਿਹੜੇ ਬੈਠੇ ਵਿਚ ਬੈਕੁੰਠ, ਕਵਣ ਬਹਿਸ਼ਤਾਂ ਡੇਰਾ ਲਾਈਆ । ਮੁਹੰਮਦਾ ਵੇਖ ਜਿਨ੍ਹਾਂ ਕਰਾਈ ਸੁੰਨਤ, ਕਿਉਂ ਨਾ ਸਤਿ ਵਿਚ ਸਮਾਈਆ । ਈਸਾ ਕੀ ਕੀਤੀ ਉਨਤ, ਮੈਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਥੋੜ੍ਹਾ ਦੇ ਦੇ ਵਕ਼ਤ, ਛਿੰਨ ਮਾਤਰ ਮੰਗ ਮੰਗਾਈਆ । ਸਾਨੂੰ ਵੇਖ ਲੈਣ ਦੇ ਜਗਤ, ਚਾਰੋਂ ਕੁੰਟ ਧਿਆਨ ਲਗਾਈਆ । ਕੀ ਲੇਖਾ ਬੂੰਦ ਰਕਤ, ਤਨ ਵਜੂਦ ਕੀ ਵਡਿਆਈਆ । ਕੀ ਲਹਿਣਾ ਨਾਰ ਮਰਦ, ਇਸਤਰੀ ਪੁਰਸ਼ ਕੀ ਖੇਲ ਖਿਲਾਈਆ । ਕਿੱਥੇ ਸਚ ਪ੍ਰੇਮ ਦੀ ਦਰਦ, ਬਿਰਹੋਂ ਵਿਛੋੜਾ ਕਿਸ ਸਤਾਈਆ । ਕਵਣ ਕਰੇ ਪ੍ਰੇਮ ਦੀ ਅਰਜ਼, ਬੇਨੰਤੀ ਸਚ ਜਣਾਈਆ । ਕਿਹੜਾ ਪੂਰਾ ਕਰੇ ਫ਼ਰਜ਼, ਹੁਕਮ ਮੰਨ ਕੇ ਸੀਸ ਨਿਵਾਈਆ । ਕਿਹੜੀ ਸਾਚੀ ਗ਼ਰਜ਼, ਕਵਣ ਮਿਲੇ ਵਡਿਆਈਆ । ਜਾਂ ਤੱਕਿਆ ਖੇਲ ਦੀਨ ਦੁਨੀ ਦਾ ਸਾਰੇ ਹੋਏ ਅਸਚਰਜ, ਹੈਰਾਨੀ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਪੁਰਖ ਅਕਾਲ ਕਹੇ ਤੁਹਾਡਾ ਵਕ਼ਤ ਹੋ ਗਿਆ ਪੂਰਾ, ਪੂਰੀ ਤਰ੍ਹਾ ਦਿਓ ਜਣਾਈਆ । ਕਵਣ ਮੂਰਖ ਕਵਣ ਮੂੜ੍ਹਾ, ਕਵਣ ਤੁਹਾਨੂੰ ਚਾੜ੍ਹ ਕੇ ਰੰਗ ਗੂੜ੍ਹਾ, ਮੇਰੇ ਵਿਚ ਸਮਾਈਆ । ਕਵਣ ਲਾ ਕੇ ਮਸਤਕ ਧੂੜਾ, ਟਿੱਕੇ ਰਿਹਾ ਰਮਾਈਆ । ਕਿਸ ਦੇ ਅੰਦਰ ਜੋਤੀ ਨੂਰਾ, ਕਵਣ ਕਰੇ ਰੁਸ਼ਨਾਈਆ । ਕਵਣ ਸੁਣੇ ਅਨਾਦੀ ਤੂਰਾ, ਕਵਣ ਤੁਰੀਆ ਤੋਂ ਪਰੇ ਮੇਰਾ ਦਰਸ਼ਨ ਪਾਈਆ । ਗੁਰ ਅਵਤਾਰ ਪੈਗ਼ੰਬਰੋ ਆਪਣਾ ਬਚਨ ਕਰੋ ਪੂਰਾ, ਪਾਰਬ੍ਰਹਮ ਬ੍ਰਹਮ ਇਕੋ ਹੁਕਮ ਸੁਣਾਈਆ । ਕਲਜੁਗ ਅੰਤ ਪੁਰਖ ਅਕਾਲ ਹੋ ਗਿਆ ਮਜਬੂਰਾ, ਮਜਬੂਰੀ ਵਿਚ ਸਭ ਨੂੰ ਰਿਹਾ ਬੁਲਾਈਆ । ਦੀਨਾਂ ਮਜ਼੍ਹਬਾਂ ਅੰਦਰ ਕਲਜੁਗ

੧੧੧੦
੨੧

ਕੂੜੀ ਕਿਰਿਆ ਨੇ ਐਸਾ ਖਿਲਾਰਿਆ ਕੂੜਾ, ਹਰ ਹਿਰਦਿਉਂ ਕਰੇ ਨਾ ਕੋਇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਇਕੋ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਨੂੰ ਮਾਰ ਲੈਣ ਦੇ ਇਕੋ ਝਾਕੀ, ਚਾਰ ਕੁੰਟ ਧਿਆਨ ਲਗਾਈਆ । ਪੁਰਖ ਅਕਾਲ ਕਿਹਾ ਆਪਣੀ ਖਾਣੀ ਬਾਣੀ ਦੀ ਵੇਖੋ ਖੋਲ੍ਹ ਕੇ ਤਾਕੀ, ਝਰੋਖੇ ਵਿਚੋਂ ਨੈਣ ਉਠਾਈਆ । ਤੁਹਾਡਾ ਕਿਹੜਾ ਨਾਮ ਕਿਹੜਾ ਕਲਮਾ ਬਣਿਆ ਸਾਕੀ, ਸਾਖਿਆਤ ਦਿਓ ਦ੍ਰਿੜਾਈਆ । ਕਿਉਂ ਤੁਹਾਡੇ ਹੁੰਦਿਆਂ ਤੱਤ ਵਿਚ ਰਹਿਣ ਵਾਲਾ ਮਨੂਆ ਹੋਇਆ ਆਕ਼ੀ, ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਕੀ ਵਡਿਆਈਆ । ਤੁਸੀਂ ਮੇਰੇ ਦਾਸ ਦਾਸੀ, ਸੇਵਕ ਸੇਵਾ ਵਿਚ ਲਗਾਈਆ । ਮੈਂ ਸਾਹਿਬ ਪੁਰਖ ਅਬਿਨਾਸ਼ੀ, ਆਦਿ ਜੁਗਾਦਿ ਦਾ ਕਰਤਾ ਇਕ ਅਖਵਾਈਆ । ਕਿਉਂ ਕਲਜੁਗ ਹੋਈ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਦੀਨ ਦੁਨੀਆ ਦੀ ਤੁਸੀਂ ਬਦਲ ਨਾ ਸਕੇ ਹਯਾਤੀ, ਜੀਵਣ ਵਿਚ ਜੀਵਣ ਨਾ ਕੋਇ ਰਖਾਈਆ । ਕਿਧਰ ਤੁਹਾਡਾ ਨੂਰ ਕਿਧਰ ਜੋਤ ਦਾ ਦੀਵਾ ਬਾਤੀ, ਕਿਉਂ ਨਾ ਕਾਇਆ ਮੰਦਰ ਅੰਦਰ ਹੋਏ ਰੁਸ਼ਨਾਈਆ । ਕਿਹੜਾ ਕਰਮ ਕਾਂਡ ਦਾ ਲੇਖਾ ਬਾਕੀ, ਮੈਨੂੰ ਦਿਓ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦਾ ਮਾਲਕ ਖ਼ਲਕ ਦਾ ਖ਼ਾਲਕ ਇਕੋ ਹੁਕਮ ਸੁਣਾਈਆ ।



ਗੁਰ ਅਵਤਾਰ ਪੈਗ਼ੰਬਰ ਕਹਿਣ ਤੱਕੀਏ ਆਪੋ ਆਪਣੇ ਮਜ਼੍ਹਬ, ਦੀਨ ਦੁਨੀ ਧਿਆਨ ਲਗਾਈਆ । ਤੇਰਾ ਰਿਹਾ ਕੋਈ ਨਾ ਅਦਬ, ਦੁਨੀਆ ਕਾਇਆ ਆਦਤ ਬੈਠੀ ਬਦਲਾਈਆ । ਜਿੰਨਾਂ ਚਿਰ ਤੂੰ ਨਾ ਕਰੇਂ ਮਦਦ, ਮੁੱਦਾ ਹੱਥ ਕਿਸੇ ਕੁਛ ਨਾ ਆਈਆ । ਜਿਧਰ ਵੇਖੀਏ ਚਾਰੋਂ ਕੁੰਟ ਤਸ਼ੱਦਦ, ਸਾਂਤਕ ਸਤਿ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਥੋਂ ਮੰਗੇਂ ਨਾ ਕੋਇ ਹਿਸਾਬ, ਲਹਿਣਾ ਦੇ ਕੋਇ ਨਾ ਪਾਈਆ । ਤੇਰਾ ਨਾਮ ਤੇ ਤੇਰੀ ਕਿਤਾਬ, ਤੇਰੇ ਕ਼ਲਮੇ ਆਏ ਗਾਈਆ । ਸਾਡੇ ਕੋਲ ਇਹੋ ਜਵਾਬ, ਜੋ ਸਾਨੂੰ ਦਿਤੀ ਸੌਗ਼ਾਤ, ਪਰਤ ਕੇ ਤੇਰੇ ਵਿਚ ਟਿਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰੀ ਦੁਨੀਆ ਕਾਇਨਾਤ, ਲੱਖ ਚੁਰਾਸੀ ਤੇਰੀ ਸੋਭਾ ਪਾਈਆ । ਅਸੀਂ ਤਾਂ ਦੀਨਾਂ ਮਜ਼੍ਹਬਾਂ ਦੀ ਨਿੱਕੀ ਨਿੱਕੀ ਜਮਾਤ, ਅੱਖਰਾਂ ਵਿਚ ਕਰ ਕੇ ਆਏ ਪੜ੍ਹਾਈਆ । ਤੇਰੀ ਸੇਵਾ ਕੀਤੀ ਖ਼ਿਦਮਾਤ, ਖ਼ਾਦਮ ਹੋ ਕੇ ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਆ ਜਾਓ ਸਚਖੰਡ ਵਾਲੇ ਰਸਤੇ, ਸਚ ਦਵਾਰ ਦਿਆਂ ਜਣਾਈਆ । ਚਾਰ ਜੁਗ ਦੇ ਬੰਨ੍ਹ ਕੇ ਬਸਤੇ, ਦਰਗਾਹ ਸਾਚੀ ਦਿਓ ਟਿਕਾਈਆ । ਤੁਸੀਂ ਸਦਾ ਮੇਰੇ ਘਰ ਵਿਚ ਰਹਿਣਾ ਵਸਦੇ, ਲੋਕਮਾਤ ਦਾ ਖਹਿੜਾ ਦਿਤਾ ਛੁਡਾਈਆ । ਢੋਲੇ ਗਾਉਣੇ ਮੇਰੇ ਜਸ ਦੇ, ਸਿਫ਼ਤਾਂ ਵਿਚ ਸਾਲਾਹੀਆ । ਇਸ਼ਾਰੇ ਲੈਣੇ ਅਗੰਮੀ ਅੱਖ ਦੇ, ਬਿਨਾ ਤਨ ਵਜੂਦ ਤੋਂ ਦਿਆਂ ਦ੍ਰਿੜਾਈਆ । ਜਿਹੜੇ ਕਲਮੇ ਆਏ ਰਟਦੇ, ਓਨ੍ਹਾਂ ਦੇ ਰੱਟੇ ਤੁਹਾਨੂੰ ਦਿਤੇ ਵਖਾਈਆ । ਜਿਹੜੇ ਵਣਜਾਰੇ ਬਣੇ ਨਹੀਂ ਸੱਚੇ ਹੱਟ ਦੇ, ਲੋਕਮਾਤ ਆਪਣੀ ਕਾਰ ਕਮਾਈਆ । ਓਥੋਂ ਏਸ ਵੇਲੇ ਕਲਜੁਗ ਜੀਵ ਨਫ਼ਾ ਨਹੀਂ ਖੱਟਦੇ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ ।

ਅਮਿਉਂ ਰਸ ਮੂਲ ਨਾ ਚਟਦੇ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਮਾਲਕ ਧੁਰ ਖ਼ੁਦਾ, ਤੇਰੀ ਇਕ ਸਰਨਾਈਆ । ਸਾਡੀ ਕ਼ਬੂਲ ਕਰ ਦੁਆ, ਰਹਿਮਤ ਵਿਚ ਸਰਨਾਈਆ । ਦਰ ਠਾਂਡੇ ਗਏ ਆ, ਪੁੱਜੇ ਚਾਈਂ ਚਾਈਆ । ਪਿਛਲਾ ਲੇਖਾ ਦੇ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਅੱਗੇ ਤੇਰਾ ਇਕੋ ਜਪੀਏ ਨਾਂ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਾ ਕੋਈ ਸੂਰ ਖਾਏ ਨਾ ਗਾਂ, ਚਹੁੰਪਾਇਆਂ ਉਤੇ ਮਜ਼੍ਹਬ ਨਾ ਵੰਡ ਵੰਡਾਈਆ । ਤੂੰ ਸਭ ਦਾ ਪਿਤਾ ਮਾਂ, ਸ੍ਰਿਸ਼ਟੀ ਬਣਾ ਦੇ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਵੇਖੀ ਬੜੀ ਆਬਾਦੀ, ਇਬਾਦਤ ਵਾਲੇ ਖੋਜ ਖੁਜਾਈਆ । ਆਤਮ ਪਰਮਾਤਮ ਕਰੇ ਕੋਈ ਨਾ ਸ਼ਾਦੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੁਹਾਡਾ ਹੁਕਮ ਸੁਣੇ ਨਾ ਕੋਇ ਅਹਿਲਾਦੀ, ਐਲਾਨ ਸਾਰੇ ਆਏ ਕਰਾਈਆ । ਪ੍ਰੇਮ ਸਮਝੇ ਨਾ ਕੋਇ ਹਕ਼ੀਕ਼ੀ ਮਜਾਜ਼ੀ, ਮਜ਼ਾ ਰਸ ਰਸਨਾ ਵੇਖ ਵਖਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਸਦੀ ਚੌਧਵੀਂ ਇਕ ਵੇਰਾਂ ਜ਼ਰੂਰ ਕਰਨੀ ਪਏ ਬਰਬਾਦੀ, ਬਾਵਾ ਆਦਮ ਮਾਈ ਹੱਵਾ ਦਏ ਗਵਾਹੀਆ । ਇਹ ਖੇਲ ਜੁਗ ਜੁਗਾਦੀ ਮੇਰੀ ਸਾਦੀ, ਸਹਿਜ ਸੁਭਾਓ ਦੇਣੀ ਵਰਤਾਈਆ । ਤੁਸਾਂ ਹੁਕਮ ਅੰਦਰ ਰਹਿਣਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਰਿਹਾ ਦ੍ਰਿੜਾਈਆ । ਅੱਗੇ ਤੋਂ ਸ਼ਰਅ ਦਾ ਰਹਿਣ ਦੇਣਾ ਨਹੀਂ ਕੋਈ ਕ਼ਾਜ਼ੀ, ਕ਼ਜ਼ਾ ਸਭ ਦੇ ਉਪਰ ਰਖਾਈਆ । ਨਾ ਕੋਈ ਸੱਜਦਾ ਕਰੇ ਨਿਮਾਜ਼ੀ, ਨਮਸਤੇ ਇਕੋ ਦੇਣੀ ਸਮਝਾਈਆ । ਪਿਛਲਾ ਝਗੜਾ ਛੱਡਣਾ ਮਾਜ਼ੀ, ਪਾਸਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ ਇਕ ਸੁਣਾਈਆ । ਪੁਰਖ ਅਕਾਲ ਕਹੇ ਮੈਂ ਸਭ ਦਾ ਲੇਖ ਮੁਕਾਵਾਂਗਾ । ਕਲਜੁਗ ਕੂੜੀ ਕਿਰਿਆ ਭੇਖ ਮਿਟਾਵਾਂਗਾ । ਸ਼ਬਦ ਅਗੰਮੀ ਸੰਦੇਸ਼, ਦੋ ਜਹਾਨਾਂ ਇਕ ਸੁਣਾਵਾਂਗਾ । ਮਾਲਕ ਬਣ ਅਗੰਮ ਨਰੇਸ਼, ਨਵ ਨੌ ਚਾਰ ਖੋਜ ਖੁਜਾਵਾਂਗਾ । ਕ਼ਾਗਜ਼ ਕ਼ਲਮ ਸ਼ਾਹੀ ਲਿਖੇ ਵੇਖਾਂ ਲੇਖ, ਅਲਖ ਅਗੋਚਰ ਹੋ ਕੇ ਪਰਦਾ ਆਪ ਉਠਾਵਾਂਗਾ । ਜਿਸ ਨੂੰ ਸਾਰੇ ਕਹਿਣ ਪ੍ਰਦੇਸ, ਸੋ ਦੇਸ ਆਪ ਸੁਹਾਵਾਂਗਾ । ਕਲਜੁਗ ਮਿਟੇ ਕੂੜ ਮਲੇਛ, ਮਸਲਾ ਸਭ ਦਾ ਹੱਲ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰ ਕਰਤਾ ਇਕੋ ਹੁਕਮ ਵਰਤਾਵਾਂਗਾ । ਗੁਰ ਅਵਤਾਰ ਪੈਗ਼ੰਬਰੋ ਸੁਣੋ ਅਗੰਮੀ ਰਾਜ਼, ਰਹਿਮਤ ਵਿਚ ਜਣਾਈਆ । ਭੇਵ ਖੋਲ੍ਹਾਂਗਾ ਆਗ਼ਾਜ਼, ਪਰਦਾ ਦਿਆਂ ਉਠਾਈਆ । ਜੋ ਪਿਛੇ ਸਾਜਣ ਲਿਆ ਸਾਜ, ਸੋ ਸਚ ਦਿਆਂ ਬਦਲਾਈਆ । ਚਾਰ ਵਰਨਾਂ ਦਾ ਇਕ ਸਮਾਜ, ਬਰਨ ਅਠਾਰਾਂ ਰੰਗ ਰੰਗਾਈਆ । ਕਿਸੇ ਪੜ੍ਹਨੀ ਨਾ ਪਏ ਨਿਮਾਜ਼, ਰੋਜ਼ਾ ਰੱਖ ਨਾ ਝਟ ਲੰਘਾਈਆ । ਟਲ ਖੜਕਾਉਂਣਾ ਨਾ ਪਏ ਉਚੀ ਅਵਾਜ਼, ਮੰਦਰਾਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹਾਂ ਇਕ, ਏਕਾ ਏਕ ਦਿਆਂ ਜਣਾਈਆ । ਆਤਮ ਪਰਮਾਤਮ ਲਾ ਕੇ ਸਿਕ, ਸਿਖ਼ਰ ਚੋਟੀ ਦਿਆਂ ਚੜ੍ਹਾਈਆ । ਜਨਮ ਮਰਨ ਦੀ ਮੇਟ ਕੇ ਤ੍ਰਿਖ, ਤ੍ਰਿਸ਼ਨਾ ਦਿਆਂ ਮਿਟਾਈਆ । ਸੁਰਤੀ ਸ਼ਬਦ ਗੁਰ ਚੇਲਾ ਬਣੇ ਸਿੱਖ, ਸਾਚਾ ਰੰਗ ਰੰਗਾਈਆ । ਪੂਜਣਾ ਪਏ ਨਾ ਪੱਥਰ ਇੱਟ, ਕਾਗ਼ਜ਼ਾਂ ਸੀਸ ਨਾ ਕੋਇ ਨਿਵਾਈਆ । ਸਭ

੧੧੧੨ ੨੧

ਦਾ ਲਹਿਣਾ ਦੇਣਾ ਲਵਾਂ ਨਜਿਠ, ਧੁਰ ਦਾ ਹੁਕਮ ਇਕ ਵਰਤਾਈਆ । ਪਰਦਾ ਲਾਹ ਕੇ ਸਵਾ ਗਿਠ, ਅੰਤਰ ਨੂਰ ਜੋਤ ਕਰਾਂ ਰੁਸ਼ਨਾਈਆ । ਧੁਰ ਦਾ ਹੁਕਮ ਕਦੇ ਨਾ ਸਕੇ ਮਿਟ, ਨਾ ਕੋਈ ਮੇਟੇ ਮੇਟ ਮਿਟਾਈਆ । ਕਿਸੇ ਨੂੰ ਖ਼ਾਕ ਪਾਉਣੀ ਪਏ ਨਾ ਵਿਚ ਲਿਟ, ਜਟਾ ਜੂਟ ਨਾ ਰਾਹ ਚਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਲੈਣੀ ਪਏ ਨਾ ਛਿਟ, ਜਲਧਾਰਾ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਾਚਾ ਰੰਗ ਰੰਗਾਂ ਆਪ, ਆਪਣੀ ਦਇਆ ਕਮਾਈਆ । ਸਤਿਜੁਗ ਸਭ ਦਾ ਸਾਂਝਾ ਕਰ ਕੇ ਜਾਪ, ਜੀਵਣ ਜੁਗਤ ਦਿਆਂ ਜਣਾਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਅਗਨੀ ਤੱਤ ਬੁਝਾਈਆ । ਜਨਮ ਕਰਮ ਦਾ ਰਹੇ ਕੋਈ ਨਾ ਪਾਪ, ਦੁਰਮਤ ਮੈਲ ਆਪ ਧਵਾਈਆ । ਪ੍ਰਗਟ ਹੋ ਕੇ ਦਰਸ਼ਨ ਦੇਵਾਂ ਸਾਖਿਆਤ, ਸਵੱਛ ਸਰੂਪੀ ਸੋਭਾ ਪਾਈਆ । ਰੂਹ ਬੁਤ ਕਰਾਂ ਪਾਕ, ਪੱਤਤ ਪੁਨੀਤ ਆਪਣੀ ਕਾਰ ਕਮਾਈਆ । ਲੇਖੇ ਲਾਵਾਂ ਕਾਇਆ ਮਾਟੀ ਖ਼ਾਕ, ਖ਼ਾਲਸ ਆਪਣਾ ਰੰਗ ਰੰਗਾਈਆ । ਬਜਰ ਕਪਾਟੀ ਖੋਲ੍ਹ ਕੇ ਤਾਕ, ਈੜਾ ਪਿੰਗਲ ਸੁਖਮਨ ਡੇਰਾ ਢਾਹੀਆ । ਤੁਹਾਡਾ ਸਭ ਦਾ ਪੂਰ ਕਰ ਕੇ ਵਾਕ, ਭਵਿਖਤ ਦੀ ਭਾਖਿਆ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸਾਂ ਸਾਰਿਆਂ ਰਹਿਣਾ ਨਾਲ ਇਤਫ਼ਾਕ, ਦੀਨ ਦੁਨੀ ਦਾ ਝਗੜਾ ਕੋਇ ਨਾ ਪਾਈਆ । ਸਾਰਿਆਂ ਦੇ ਦੇਣੇ ਮੈਨੂੰ ਤਲਾਕ, ਲੇਖਾ ਲਿਖਣਾ ਬਿਨ ਕ਼ਲਮ ਸ਼ਾਹੀਆ । ਤੁਹਾਡਾ ਲਹਿਣਾ ਹੋਏ ਬੇਬਾਕ, ਬਾਕੀ ਰਹਿਣ ਕੁਛ ਨਾ ਪਾਈਆ । ਜੋ ਕੁਛ ਕਰੇ ਕਰਾਵੇ ਪ੍ਰਭ ਆਪ, ਕਰਾਵਣਹਾਰ ਆਪ ਅਖਵਾਈਆ । ਜਿਸ ਨੂੰ ਤੁਸਾਂ ਸਾਰਿਆਂ ਮੰਨਿਆ ਬਾਪ, ਪੁਰਖ ਅਕਾਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਮੇਰਾ ਹੁਕਮ ਅਗੰਮ ਅਪਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਮੇਟ ਕੂੜ ਕੁੜਿਆਰਾ, ਚਾਰੋਂ ਕੁੰਟ ਕਰਾਂ ਰੁਸ਼ਨਾਈਆ । ਸਤਿਜੁਗ ਸਚ ਕਰ ਉਜਿਆਰਾ, ਨੌਂ ਸੱਤ ਕਰਾਂ ਰੁਸ਼ਨਾਈਆ । ਏਕਾ ਸ਼ਬਦ ਇਕ ਜੈਕਾਰਾ, ਇਕੋ ਢੋਲਾ ਗੀਤ ਸੁਣਾਈਆ । ਇਕੋ ਮੰਦਰ ਗੁਰੂਦਵਾਰਾ, ਸ਼ਿਵਦਵਾਲਾ ਮਠ ਇਕ ਸਮਝਾਈਆ । ਇਕੋ ਪ੍ਰੇਮ ਪਿਆਰ ਅੰਦਰ ਹੋਵੇ ਸਭ ਦਾ ਨਾਅਰਾ, ਨਰ ਨਰਾਇਣ ਨਜ਼ਰੀ ਆਈਆ । ਇਕੋ ਇਸ਼ਟ ਇਕੋ ਦ੍ਰਿਸ਼ਟ ਹੋਵੇ ਨਿਮਸਕਾਰਾ, ਸੱਯਦਾ ਸੀਸ ਇਕ ਝੁਕਾਈਆ । ਤੁਸੀਂ ਦੱਸੋ ਤੇਈ ਅਵਤਾਰਾ, ਕੀ ਆਸਾ ਹੋਰ ਵਧਾਈਆ । ਬੋਲੋ ਈਸਾ ਮੂਸਾ ਮੁਹੰਮਦ ਨਾਲ ਪਿਆਰਾ, ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਦਸ ਗੁਰੂ ਤੁਹਾਡੀ ਕੀ ਵਿਚਾਰਾ, ਨਾਨਕ ਗੋਬਿੰਦ ਦਿਓ ਜਣਾਈਆ । ਸਾਰੇ ਨਿਉਂ ਕੇ ਕਰਨ ਨਿਮਸਕਾਰਾ, ਸਯਦਾ ਸੀਸ ਝੁਕਾਈਆ । ਤੇਰਾ ਹੁਕਮ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਲੋਕਮਾਤ ਵਿਚ ਆਉਣਾ ਨਹੀਂ ਚਾਹੁੰਦੇ ਦੁਬਾਰਾ, ਤੱਤਾਂ ਵਾਲਾ ਸ਼ਰੀਰ ਨਾ ਕੋਇ ਹੰਢਾਈਆ । ਅਸੀਂ ਵੇਖਣਾ ਚਾਹੁੰਦੇ ਤੇਰੇ ਸ਼ਬਦ ਗੁਰੂ ਦਾ ਨਜ਼ਾਰਾ, ਜੋ ਨਜ਼ਰੀਆ ਸਭ ਦਾ ਦਏ ਬਦਲਾਈਆ । ਤੂੰ ਆਦਿ ਅੰਤ ਦਾ ਇਕ ਅਵਤਾਰਾ, ਪਾਰਬ੍ਰਹਮ ਪ੍ਰਭ ਤੇਰੀ ਬੇਪਰਵਾਹੀਆ । ਤੇਰਾ ਖੇਲ ਸਦਾ ਜੁਗ ਚਾਰਾ, ਜੁਗ ਚੌਕੜੀ ਵੇਖ ਵਖਾਈਆ । ਤੇਰਾ ਲੇਖਾ ਕਾਗ਼ਜ਼ ਕ਼ਲਮ ਨਾ ਲਿਖਣਹਾਰਾ, ਸ਼ਾਹੀ ਸ਼ਹਿਨਸ਼ਾਹ ਤੇਰੀ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਾਰੇ ਮੇਰੀ ਕੁਲ, ਕੁੱਲ ਆਲਮ ਮੇਰਾ ਰੂਪ ਨਜ਼ਰੀ ਆਈਆ । ਮੇਰਾ ਨਾਮ

ਸਦਾ ਅਨਮੁੱਲ, ਕ਼ੀਮਤ ਕਰਤਾ ਨਾ ਕੋਇ ਰਖਾਈਆ । ਧਿਆਨ ਮਾਰੋ ਤੁਹਾਨੂੰ ਸ੍ਰਿਸ਼ਟੀ ਗਈ ਭੁੱਲ, ਭੁੱਲਿਆਂ ਰਾਹ ਨਾ ਕੋਇ ਸਮਝਾਈਆ । ਧਰਮ ਨੀਤੀਆਂ ਗਈਆਂ ਰੁਲ, ਧੀਰਜ ਧੀਰ ਨਾ ਕੋਇ ਧਰਾਈਆ । ਸਚ ਦਾ ਦੀਵਾ ਹੋਇਆ ਗੁਲ, ਗੁਲਸ਼ਨ ਹੱਕ ਨਾ ਕੋਇ ਮਹਿਕਾਈਆ । ਗੁੰਚਾ ਖਿੜਿਆ ਨਾ ਕੋਇ ਫੁੱਲ, ਫੁਲਵਾੜੀ ਮਹਿਕ ਨਾ ਕੋਇ ਮਹਿਕਾਈਆ । ਤੁਹਾਡੇ ਤੁਲਿਆ ਨਾ ਕੋਇ ਤੁਲ, ਕੰਡੇ ਤਰਾਜ਼ੂ ਆਪਣੇ ਨਾਲ ਲਓ ਰਖਾਈਆ । ਸਭ ਦਾ ਅੰਮ੍ਰਿਤ ਆਤਮ ਗਿਆ ਡੁਲ੍ਹ, ਨਿਝਰ ਝਿਰਨਾ ਰਸ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡਾ ਪੂਰਾ ਹੋਇਆ ਵਾਅਦਾ, ਵਾਅਦੇ ਖ਼ਿਲਾਫ਼ ਨਾ ਕੋਇ ਖ਼ੁਦਾਈਆ । ਤੇਰਾ ਸ਼ਬਦੀ ਧਾਰ ਮੁਆਹਿਦਾ, ਨਿਰਗੁਣ ਨਿਰਾਕਾਰ ਵੇਖ ਵਖਾਈਆ । ਅਸੀਂ ਮਾਤਲੋਕ ਨਾਲੋਂ ਹੋਣਾ ਚਾਹੁੰਦੇ ਅਲਾਹਿਦਾ, ਇਕੋ ਤੇਰੇ ਵਿਚ ਸਮਾਈਆ । ਸਾਨੂੰ ਅੱਜ ਹੁਕਮ ਦੇ ਦੇ ਬਕਾਇਦਾ, ਧੁਰ ਫ਼ਰਮਾਨਾ ਇਕ ਜਣਾਈਆ । ਅਸੀਂ ਦੀਨ ਦੁਨੀ ਦਾ ਲੈ ਕੇ ਵੇਖਿਆ ਜਾਇਜ਼ਾ, ਸਾਡੀ ਚਲੇ ਨਾ ਕੋਇ ਰਜ਼ਾਈਆ । ਬਿਨਾ ਭੈ ਤੋਂ ਰਹਿਣ ਦਾ ਨਹੀਂ ਕੋਈ ਫ਼ਾਇਦਾ, ਸਚ ਦਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਜੂਹ ਜੰਗਲ, ਟਿੱਲੇ ਪਰਬਤ ਖੋਜ ਖੁਜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਤੱਕੋ ਮੰਗਲ, ਰਾਗ ਨਾਦ ਢੋਲੇ ਕਵਣ ਸੁਣਾਈਆ । ਚਾਰ ਕੁੰਟ ਦਹਿ ਦਿਸ਼ਾ ਦੇਖੋ ਆਪਣੀ ਸ਼ਰਅ ਦੇ ਸੰਗਲ, ਸਗਲ ਸ੍ਰਿਸ਼ਟ ਦਿਤੀ ਬੰਧਾਈਆ । ਸਾਚੀ ਮੰਜ਼ਲ ਮੂਲ ਨਾ ਲੰਘਣ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਤਨ ਵਜੂਦ ਸਾਚੀ ਰੰਗਣ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਸਭ ਦਾ ਮਾਨਸ ਜਨਮ ਦਿਸੇ ਭੰਗਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਨਿਮ ਵਾਸਨਾ ਮਹਿਕ ਦਿਸੇ ਨਾ ਕੋਇ ਚੰਦਨ, ਕੂੜੀ ਕਿਰਿਆ ਨਾ ਕੋਇ ਤਜਾਈਆ । ਆਤਮ ਮਿਲੇ ਨਾ ਸੱਚਾ ਅਨੰਦਨ, ਪਰਮਾਨੰਦ ਨਾ ਕੋਇ ਸਮਾਈਆ । ਕਿੱਥੇ ਗਈ ਡੰਡਾਵਤ ਬੰਦਨ, ਸਯਦਿਆਂ ਵਿਚ ਸੀਸ ਝੁਕਾਈਆ । ਫਿਰੀ ਦਰੋਹੀ ਵਿਚ ਵਰਭੰਡਣ, ਚਾਰ ਕੁੰਟ ਰਹੀ ਕੁਰਲਾਈਆ । ਤੁਸੀਂ ਆਤਮ ਲਿਵ ਟੁੱਟੀ ਕਿਉਂ ਨਹੀਂ ਗਏ ਗੰਢਣ, ਨਾਤਾ ਮੇਰੇ ਨਾਲ ਜੁੜਾਈਆ । ਕਿਉਂ ਹੁਕਮ ਅਦੂਲੀ ਕੀਤੀ ਕਿਉਂ ਮਰਿਆਦਾ ਕੀਤੀ ਉਲੰਘਣ, ਮੈਨੂੰ ਦਿਓ ਸਮਝਾਈਆ । ਕਿਉਂ ਢੋਲਾ ਭੁੱਲਿਆ ਤੁਹਾਡਾ ਛੰਦਨ, ਕਿਉਂ ਕਲਮੇ ਵਾਲੇ ਕਲਮੇ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣ ਪੁਰਖ ਅਬਿਨਾਸ਼ੀ, ਸਚ ਦਈਏ ਦ੍ਰਿੜਾਈਆ । ਸਾਡੀ ਮੰਨੇ ਕੋਈ ਨਾ ਆਖੀ, ਆਖ਼ਰ ਮਿਲਣ ਕੋਇ ਨਾ ਪਾਈਆ । ਆਤਮ ਧਾਰ ਰਿਹਾ ਕੋਇ ਨਾ ਸਾਥੀ, ਪਰਮਾਤਮ ਵੱਜੇ ਨਾ ਕੋਇ ਵਧਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਿਹਾ ਨਾ ਕੋਇ ਜਮਾਤੀ, ਹਕ਼ੀਕ਼ਤ ਵਾਲੀ ਨਾ ਕੋਇ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਵਿਕੇ ਹਾਟੀ, ਕ਼ੀਮਤ ਆਪਣੀ ਗਏ ਗਵਾਈਆ । ਜੋਤ ਜਗੀ ਨਾ ਕਿਸੇ ਲਲਾਟੀ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਰਸ ਰਿਹਾ ਕੋਇ ਨਾ ਚਾਟੀ, ਚੇਟਕ ਕੂੜ ਹੋਇਆ ਹਲਕਾਈਆ । ਬੂੰਦ ਮਿਲੇ ਨਾ ਕੋਇ ਸਵਾਂਤੀ, ਅਗਨੀ ਤੱਤ ਨਾ ਕੋਇ ਬੁਝਾਈਆ । ਸ਼ਬਦ ਸੁਣੇ ਨਾ ਕੋਇ ਨਾਦੀ, ਅਨਹਦ

ਧੁਨ ਨਾ ਕੋਇ ਸ਼ਨਵਾਈਆ । ਭੇਵ ਖੁਲ੍ਹੇ ਨਾ ਕੋਇ ਬ੍ਰਹਿਮਾਦੀ, ਬ੍ਰਹਿਮੰਡ ਪਰਦਾ ਨਾ ਕੋਇ ਉਠਾਈਆ । ਕਿਸੇ ਨੇ ਸੂਰ ਗਾਂ ਖਾਧੀ ਢਾਂਡੀ, ਸਾਰੇ ਤੈਨੂੰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਸਭ ਦੇ ਫੋਲ ਕੇ ਦੱਸੋ ਇਰਾਦੇ, ਇਰਦ ਗਿਰਦ ਧਿਆਨ ਲਗਾਈਆ । ਤੁਹਾਡੇ ਮੁਰੀਦਾਂ ਤੁਹਾਡੇ ਸਿੱਖਾਂ ਤੁਹਾਡੇ ਸ਼ਿਸ਼ਾਂ ਕਿਉਂ ਪਸ਼ੂ ਪਰਿੰਦੇ ਖਾਧੇ, ਕੀ ਤੁਸੀਂ ਆਏ ਸਮਝਾਈਆ । ਤੁਹਾਡੇ ਸ਼ਬਦ ਕ਼ਲਮੇ ਨਾਲ ਕਿਉਂ ਨਾ ਜਾਗੇ, ਪੜ੍ਹਨ ਵਾਲਿਆਂ ਅੰਦਰ ਸੁਰਤ ਨਾ ਕੋਇ ਖੁਲ੍ਹਾਈਆ । ਦੀਨ ਮਜ਼੍ਹਬ ਜਿਹੜੇ ਤੁਸਾਂ ਸਾਜਣਾ ਸਾਜੇ, ਕਿਉਂ ਨਾ ਸੱਜਣ ਹੋ ਕੇ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਹਾਂ ਕਰੋ ਜਾਂ ਨਾਂਹ, ਇਕੋ ਵਾਰ ਜਣਾਈਆ । ਤੁਸੀਂ ਸਚ ਦੱਸੋ ਜਿਨ੍ਹਾਂ ਸੂਰ ਖਾਧਾ ਜਾਂ ਗਾਂ, ਡੰਗਰਾਂ ਰਸ ਬਣਾਈਆ । ਕੀ ਉਨ੍ਹਾਂ ਨੂੰ ਮੇਰੀ ਦਰਗਾਹ ਦਿਓਗੇ ਥਾਂ, ਮੈਨੂੰ ਦਿਓ ਸਮਝਾਈਆ । ਜੇ ਪਸ਼ੂ ਪੰਛੀ ਖਾਣਾ ਨਹੀਂ ਗੁਨਾਹ, ਗੁਨਾਹ ਗਵਰ ਮਨਾਈਆ । ਕਿੱਥੋਂ ਦਿਓਗੇ ਪਨਾਹ, ਪੁਸ਼ਤ ਹੱਥ ਟਿਕਾਈਆ । ਨੇਤਰ ਖੋਲ੍ਹ ਕੇ ਦਿਓ ਵਖਾ, ਇਸ਼ਾਰੇ ਨਾਲ ਸਮਝਾਈਆ । ਤੁਸੀਂ ਖ਼ੁਦ ਕਿਉਂ ਨਹੀਂ ਸੀ ਲਿਆ ਖਾ, ਖਾ ਕੇ ਦਿਤਾ ਵਖਾਈਆ । ਕਿਉਂ ਮੇਰਾ ਕ਼ਲਮਾ ਆਏ ਗਾ, ਗਾਡ ਕਹਿ ਕੇ ਸੀਸ ਨਿਵਾਈਆ । ਕਰਦੇ ਆਏ ਦੁਆ, ਵਾਸਤੇ ਧੁਰ ਦੇ ਅੱਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਜੇ ਅਸੀਂ ਨਹੀਂ ਤੇਰਾ ਸ਼ਬਦ ਕਰੇ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਅਸੀਂ ਕਿਸੇ ਨੂੰ ਆਖਿਆ ਨਹੀਂ ਇਹ ਅਗੰਮੀ ਰੀਤ, ਧੁਰ ਮਾਲਕ ਦਿਤੀ ਦ੍ਰਿੜਾਈਆ । ਸਿਰਫ਼ ਤੇਰੇ ਨਾਮ ਦੀ ਦੱਸੀ ਤੌਫ਼ੀਕ, ਸਿਫ਼ਤਾਂ ਵਿਚ ਸਾਲਾਹੀਆ । ਹਰ ਘਟ ਦਿਸਿਆ ਨਜ਼ਦੀਕ, ਗ੍ਰਹਿ ਗ੍ਰਹਿ ਡੇਰਾ ਲਾਈਆ । ਕਾਇਆ ਮੰਦਰ ਸਦਾ ਵਸਨੀਕ, ਸਾਢੇ ਤਿੰਨ ਹੱਥ ਸੋਭਾ ਪਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਜੋ ਹਿਰਦੇ ਹਰਿ ਧਿਆਈਆ । ਤੇਰਾ ਰਾਜ਼ ਨਹੀਂ ਰੱਖਿਆ ਪੋਸ਼ੀਦ, ਜੋ ਸਮਝਾਇਆ ਸੋ ਆਏ ਸਮਝਾਈਆ । ਤੇਰੀ ਦੁਨੀਆ ਤੇਰੇ ਹੁਕਮੇ ਅੰਦਰ ਬਦਲੀ ਆਪਣੀ ਨੀਤ, ਸਾਡੀ ਰਹੀ ਨਾ ਕੋਇ ਵਡਿਆਈਆ । ਅਸੀਂ ਸਾਰੇ ਕਹਿੰਦੇ ਸਾਡੀ ਪਹਿਲੀ ਉਤੇ ਮਾਰ ਦੇ ਲੀਕ, ਅੱਗੇ ਆਪਣਾ ਹੁਕਮ ਵਰਤਾਈਆ । ਸਭ ਨੂੰ ਸਾਂਝੀ ਦੱਸ ਪ੍ਰੀਤ, ਪ੍ਰੀਤਮ ਆਪਣਾ ਮੇਲ ਮਿਲਾਈਆ । ਤੇਰਾ ਮੰਦਰ ਤੇਰਾ ਕਾਅਬਾ ਤੇਰਾ ਸ਼ਿਵਦਵਾਲਾ ਮਠ ਮੰਦਰ ਮਸੀਤ, ਗੁਰੂਦਵਾਰ ਤੇਰਾ ਨਜ਼ਰੀ ਆਈਆ । ਅਸੀਂ ਅੱਗੇ ਤੋਂ ਦੀਨ ਮਜ਼੍ਹਬ ਦੇ ਰਹਿਣਾ ਨਹੀਂ ਸ਼ਰੀਕ, ਸ਼ਰੀਕਤ ਦਿਤੀ ਗਵਾਈਆ । ਅਸੀਂ ਚਾਹੁੰਦੇ ਦੀਨ ਦੁਨੀ ਦੀ ਬਦਲ ਦੇ ਨੀਤ, ਨੀਤੀਵਾਨ ਤੇਰੀ ਸਰਨਾਈਆ । ਕਾਇਆ ਕਰ ਦੇ ਠਾਂਡੀ ਸੀਤ, ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਵਾਮੀ ਬੇਪਰਵਾਹੀਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਖ਼ੁਸ਼ੀ ਨਾਲ ਪਓ ਹੱਸ, ਤਾਲੀ ਅਗੰਮ ਲਗਾਈਆ । ਸਦੀ ਚੌਧਵੀਂ ਸਭ ਦੀ ਹੋਣੀ ਬਸ, ਬਸਤੇ ਦੇਣੇ ਬੰਧਾਈਆ । ਇਕੋ ਵਾਰ ਕਰੌਣੇ ਦਸਖ਼ਤ, ਨਾਮ ਲਿਖੌਣਾ ਬਿਨਾ ਕਲਮ ਸ਼ਾਹੀਆ । ਚਾਰ ਜੁਗ ਦਾ ਚਲਦਾ ਰਿਹਾ ਜੋ ਰਥ, ਰਥਵਾਹੀ ਹੋ ਕੇ ਸੇਵ ਕਮਾਈਆ । ਜੋ ਨਿਤ ਨਵਿਤ ਮਾਰਗ ਆਏ ਦੱਸ, ਦੀਨ ਦੁਨੀ ਜਗਤ ਸਮਝਾਈਆ । ਸੋ ਪਿਛਲਾ ਲੇਖਾ ਸਦਾ

ਸਦਾ ਹੋਣਾ ਭੱਠ, ਅੱਗੇ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬਾਂ ਕਰ ਇਕੱਠ, ਆਤਮ ਬ੍ਰਹਮ ਦੇਣਾ ਦ੍ਰਿੜਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਝਗੜਾ ਦੇਣਾ ਛੱਡ, ਇਕੋ ਰੰਗ ਵਖਾਈਆ । ਹਉਮੇ ਹੰਗਤਾ ਕੂੜ ਕੁੜਿਆਰਾ ਅੰਦਰੋਂ ਦੇਣਾ ਕੱਢ, ਮਾਇਆ ਮਮਤਾ ਮੋਹ ਗਵਾਈਆ । ਪੁਰਖ ਅਕਾਲ ਦੀ ਸਾਰੇ ਬਣੌਣੇ ਯਦ, ਇਕੋ ਨੂਰ ਜੋਤ ਰੁਸ਼ਨਾਈਆ । ਪਿਛਲੀ ਰਹੇ ਕੋਈ ਨਾ ਹੱਦ, ਹਦੂਦ ਅਗਲੀ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਜੋ ਆਖੇਂ ਸੋ ਲੱਗੇ ਲਿਖਣ, ਲਿਖ ਕੇ ਦਈਏ ਵਖਾਈਆ । ਪੁਰਖ ਅਕਾਲ ਕਿਹਾ ਇਹ ਸ੍ਰਿਸ਼ਟੀ ਆਦਿ ਜੁਗਾਦੀ ਮਿੱਥਣ, ਬਿਨ ਮੇਰੇ ਕੰਮ ਕਿਸੇ ਨਾ ਆਈਆ । ਤੁਸੀਂ ਸਿਖਿਆ ਆਏ ਸਿੱਖਣ, ਸਹਿਜ ਨਾਲ ਦਿਆਂ ਸਮਝਾਈਆ । ਆਪਣਾ ਆਪਣਾ ਕੱਢੋ ਚਿੱਟਣ, ਪਟੇਦਾਰੀ ਫੋਲ ਫੁਲਾਈਆ । ਜਿਸ ਨਾਲ ਕਲਜੁਗ ਅੰਤਮ ਲੱਗਾ ਮਿਟਣ, ਮਿਟੇ ਕੂੜ ਲੋਕਾਈਆ । ਨੌ ਖੰਡ ਪ੍ਰਿਥਮੀ ਦਾ ਨਿਕਲੇ ਸਿੱਟਣ, ਦੀਨ ਦੁਨੀ ਦਾ ਪਰਦਾ ਦੇਣਾ ਉਠਾਈਆ । ਚਾਰ ਕੁੰਟ ਵੇਖੋ ਲੱਗੀ ਪਿੱਟਣ, ਦਹਿ ਦਿਸ਼ਾ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਸੁਣ ਕੇ ਕਹੇ ਮੂਸਾ, ਮਸਲਸਲ ਧਾਰ ਜਣਾਈਆ । ਝਗੜਾ ਦਿਸੇ ਨਾਲ ਰੂਸਾ, ਚਾਈਨਾ ਚੈਨ ਕੋਇ ਨਾ ਆਈਆ । ਨਾਤਾ ਟੁੱਟਣਾ ਪੰਜ ਭੂਤਾ, ਪੰਚ ਪਰਪੰਚ ਕਰੇ ਲੜਾਈਆ । ਸੰਮਤ ਪੰਜ ਵਿਚ ਮਿਲਣਾ ਹੂਟਾ, ਹੁਲਾਰਾ ਪਹਿਲਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਈਸਾ ਕਹੇ ਸੁਣ ਮੂਸਾ ਅਲਹਿ ਅਲਸਲਾਮ, ਸਹਿਜ ਨਾਲ ਜਣਾਈਆ । ਓਹ ਸੁਣ ਧੁਰ ਦੀ ਇਕ ਕਲਾਮ, ਮੁਹੰਮਦ ਲਏ ਅੰਗੜਾਈਆ । ਜਿਸ ਦੀ ਚੌਧਵੀਂ ਸਦੀ ਕਹੇ ਮੈਂ ਲੈ ਕੇ ਔਣਾ ਤੁਫ਼ਾਨ, ਤੋਹਫ਼ਾ ਸਭ ਨੂੰ ਦੇਣਾ ਫੜਾਈਆ । ਚਾਰ ਕੁੰਟ ਕਰਨਾ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਹੁਕਮ ਦੇਣਾ ਮੇਰੇ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਖ਼ੁਦਾਈਆ । ਖੇਲ ਵੇਖਣਾ ਵਿਚ ਜਹਾਨ, ਦੀਨ ਦੁਨੀ ਫੋਲ ਫੁਲਾਈਆ । ਮੇਰਾ ਸਾਹਿਬ ਹੋਏ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਤਿੰਨ ਪੰਜ ਸੱਤ ਹੋਣੀ ਕ਼ਤਲੇਆਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਰਾਮ ਕ੍ਰਿਸ਼ਨ ਦੋਵੇਂ ਕਰਨ ਸਲਾਹ, ਭਾਰਤ ਭਵਨ ਵੇਖ ਵਖਾਈਆ । ਕਿਹੜਾ ਦਿਸੇ ਜਗਤ ਮਲਾਹ, ਖੇਵਟ ਖੇਟਾ ਸੋਭਾ ਪਾਈਆ । ਸਿਆਸਤ ਸਭ ਨੂੰ ਕੀਤਾ ਗੁਮਰਾਹ, ਕਵਣ ਕੂੜੀ ਕਿਰਿਆ ਵਿਚ ਵਡਿਆਈਆ । ਸੱਚਾ ਦਿਸੇ ਕਿਸੇ ਨਾ ਰਾਹ, ਰਸਤਾ ਹੱਕ ਨਾ ਕੋਇ ਰਖਾਈਆ । ਰਾਮ ਕਿਹਾ ਓਹ ਨਾਨਕ ਵੇਖੋ ਗਵਾਹ, ਸ਼ਹਾਦਤ ਦਏ ਭੁਗਤਾਈਆ । ਕ੍ਰਿਸ਼ਨ ਕਿਹਾ ਗੋਬਿੰਦ ਖੰਡਾ ਰਿਹਾ ਚਮਕਾ, ਪਤਾ ਨਹੀਂ ਕੀ ਖੇਲ ਬੇਪਰਵਾਹੀਆ । ਮੁਹੰਮਦ ਕਹੇ ਮੇਰਾ ਵਕ਼ਤ ਪਹੁੰਚਿਆ ਆ, ਸਾਰੇ ਦਿਓ ਦੁਹਾਈਆ । ਈਸਾ ਕਹੇ ਮੈਂ ਵੀ ਤੱਕਾਂ ਓਹੋ ਰਾਹ, ਜਿਸ ਵੇਲੇ ਭੱਜਿਆਂ ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਈਸਾ ਅਲਹਿਅਲਸਲਾਮ ਕਹੇ ਉਚੀ ਮਾਰਾਂ ਧਾਹ, ਤੇਰੀ ਤੇਰੀ ਤੇਰੀ ਇਕ ਦੁਹਾਈਆ । ਸੰਮਤ ਪੰਜ ਕਹੇ ਮੈਂ ਫੇਰ ਵੇਖਾਂ ਨਾਲ ਚਾ, ਚਾਓ ਘਨੇਰਾ ਮੇਰੇ ਅੰਦਰ ਆਈਆ । ਧਰਨੀ ਕਹੇ ਮੇਰੀ ਕਬੂਲ ਹੋਈ ਦੁਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਪੁਰਖ ਅਕਾਲ



੧੧੧੬ ੨੧

ਕਹੇ ਤੁਸੀਂ ਸਾਰੇ ਰੱਖੋ ਆਸ, ਆਸਾਵੰਦ ਦਿਆਂ ਜਣਾਈਆ । ਮੈਂ ਘਰ ਘਰ ਕਰਦਾ ਫਿਰਾਂ ਤਲਾਸ਼, ਲੱਖ ਚੁਰਾਸੀ ਖੋਜ ਖੁਜਾਈਆ । ਵੇਖਾਂ ਹੱਡ ਨਾੜੀ ਮਾਸ, ਤਨ ਵਜੂਦ ਪਰਦਾ ਲਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਪ੍ਰਧਾਨਾਂ ਨੂੰ ਸੁਲਤਾਨਾਂ ਨੂੰ ਖ਼ਬਰਦਾਰ ਕਰਨਾ ਅੱਜ ਦੀ ਰਾਤ, ਸੋਇਆ ਰਹਿਣ ਕੋਇ ਨਾ ਪਾਈਆ । ਨੌਆਂ ਖੰਡਾਂ ਵਿਚ ਨੌਆਂ ਦਿਨਾਂ ਵਿਚ ਜ਼ਰੂਰ ਮਾਰਿਆ ਕਰਨ ਇਕ ਝਾਤ, ਬਿਨ ਕ਼ਦਮਾਂ ਪੰਧ ਮੁਕਾਈਆ । ਸਭ ਨੂੰ ਰਾਤੀ ਸੁੱਤਿਆਂ ਵਖਰੀ ਵਖਰੀ ਦੱਸ ਕੇ ਬਾਤ, ਸੋਏ ਹਿਰਦੇ ਲੈਣੇ ਉਠਾਈਆ । ਇਹ ਖੇਲ ਅਗੰਮੀ ਰਾਜ਼, ਜਿਸ ਨੂੰ ਸਮਝ ਵਿਚ ਨਾ ਕੋਇ ਸਮਝਾਈਆ । ਸ਼ਬਦੀ ਗੁਰੂ ਨੇ ਕਰਨਾ ਵਾਅਜ਼, ਕ਼ਲਮਾ ਆਪਣਾ ਇਕ ਸੁਣਾਈਆ । ਇਕ ਦੂਜੇ ਨੂੰ ਮਾਰ ਕੇ ਕਰੋ ਰਾਜ, ਰਈਅਤ ਆਪਣੀ ਲਓ ਵਧਾਈਆ । ਪ੍ਰਭੂ ਦਾ ਖੇਲ ਜਗਤ ਸਮਾਜ, ਜਵਾਬ ਦੇਣ ਕੋਇ ਨਾ ਪਾਈਆ । ਸੀਸ ਰਹੇ ਕਿਸੇ ਨਾ ਤਾਜ, ਤਖ਼ਤ ਨਿਵਾਸੀ ਦੇਣੇ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਸੁਣੇ ਬਚਨ ਅਪਾਰ, ਅਪਰੰਪਰ ਦਿਤੇ ਜਣਾਈਆ । ਹੱਸ ਕੇ ਕਹਿਣ ਤੇਈ ਅਵਤਾਰ, ਸਾਡੀ ਲੋੜ ਰਹੀ ਨਾ ਰਾਈਆ । ਈਸਾ ਮੂਸਾ ਮੁਹੰਮਦ ਕਰ ਗੁਫ਼ਤਾਰ, ਗੁਫ਼ਤ ਸ਼ਨੀਦ ਰਹੇ ਸੁਣਾਈਆ । ਸਾਡਾ ਵਕ਼ਤ ਪਹੁੰਚਿਆ ਆਣ, ਵੇਲਾ ਵਕ਼ਤ ਦਏ ਗਵਾਹੀਆ । ਨਾਨਕ ਗੋਬਿੰਦ ਕਹੇ ਇਹ ਖੇਲ ਹੋਣਾ ਘਮਸਾਣ, ਘੁੰਮਣਘੇਰੀ ਵਿਚ ਦੁਹਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਓਹ ਖੇਲ ਦੇਣਾ ਕਰਾਈਆ । ਗੜ੍ਹ ਤੋੜ ਸਰਬ ਅਭਿਮਾਨ, ਧੁਰ ਦਾ ਹੁਕਮ ਦੇਣਾ ਵਰਤਾਈਆ । ਝਗੜਾ ਮੇਟਣਾ ਰਾਜ ਰਾਜਾਨ, ਸ਼ਾਹ ਸੁਲਤਾਨ ਕਰਨ ਲੜਾਈਆ । ਹਲੂਣਾ ਦੇਣਾ ਵਿਚ ਅਫ਼ਗਾਨ, ਈਰਾਨ ਅਰਬ ਨਾਲ ਦੁਹਾਈਆ । ਅਸਰਾਈਲ ਮਿਲੇ ਸ਼ੈਤਾਨ, ਸ਼ਰਅ ਦੀ ਧਾਰ ਇਕ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਪਹਿਲੀ ਚੇਤ ਕਹੇ ਮੈਂ ਦੇਵਾਂ ਸਚ ਚੇਤਾਵਨੀ, ਚਾਰੋਂ ਕੁੰਟ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਭਾਵਨੀ, ਪ੍ਰਭ ਆਸਾ ਸਭ ਦੀ ਵੇਖ ਵਖਾਈਆ । ਜਿਹੜੀ ਬਾਕੀ ਰਹਿ ਗਈ ਰਾਮ ਰਾਵਨੀ, ਰਾਵਣ ਲਹਿਣਾ ਦੇਣਾ ਝੋਲੀ ਪਾਈਆ । ਜਿਹੜੀ ਖੇਲ ਖਿਲਾਈ ਕੌਰਵ ਪਾਂਡਵ ਕਾਨੂਨੀ, ਕ੍ਰਿਸ਼ਨਾ ਅੰਤਮ ਰਾਹ ਤਕਾਈਆ । ਜਿਸ ਦੀ ਮੂਸਾ ਈਸਾ ਮੁਹੰਮਦ ਦਿਤੀ ਜ਼ਾਮਨੀ, ਬੀਸਵੀਂ ਚੌਧਵੀਂ ਨਾਲ ਮਿਲਾਈਆ । ਜਿਸ ਦੀ ਧਾਰ ਚਮਕੇ ਦਾਮਨ ਦਾਮਨੀ, ਗੋਬਿੰਦ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਇਕੱਠੇ ਬੋਲੇ, ਇਕੋ ਵਾਰ ਜਣਾਈਆ । ਪ੍ਰਭੂ ਤੇਰਾ ਤੋਲ ਕੋਈ ਨਾ ਤੋਲੇ, ਅਨਤੁਲ ਤੇਰੀ ਵਡਿਆਈਆ । ਜੁਗ ਜੁਗ ਤੇਰੇ ਨਾਮ ਭੰਡਾਰੇ ਖੋਲ੍ਹੇ, ਆਏ ਮਾਤ ਵਰਤਾਈਆ । ਦਿਤੇ ਕਾਇਆ ਚੋਲੇ, ਅਸੀਂ ਆਏ ਜਗਤ ਹੰਢਾਈਆ । ਅੰਤਮ ਪੈ ਕੇ ਤੇਰੇ ਸ਼ਬਦ ਦੇ ਡੋਲੇ, ਦਰ ਤੇਰੇ ਸੋਭਾ ਪਾਈਆ । ਆਦਿ ਜੁਗਾਦੀ ਤੇਰੇ ਘਰ ਦੇ ਗੋਲੇ, ਚਾਕਰ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇਂ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣੋ ਹੁਕਮ ਅਗੰਮ ਅਪਾਰਾ, ਨਿਰਗੁਣ ਧਾਰ ਦਿਆਂ ਜਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਨਜ਼ਾਰਾ, ਨਜ਼ਰੀਆ ਆਪਣਾ ਲਓ ਬਦਲਾਈਆ । ਸੁਣੋ ਸ਼ਬਦ ਨਾਮ ਜੈਕਾਰਾ, ਨਾਦ ਧੁਨ ਅਗੰਮ ਅਥਾਹੀਆ ।

ਜਿਸ ਦੀ ਚਾਰ ਜੁਗ ਪਾਈ ਕਿਸੇ ਨਾ ਸਾਰਾ, ਬੇਅੰਤ ਕਹਿ ਕੇ ਸ਼ੁਕਰ ਮਨਾਈਆ । ਓਹ ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਸਾਰੇ ਕਹਿ ਕੇ ਆਏ ਚਵੀਆਂ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਜਿਸ ਨੇ ਮੇਟਣਾ ਕੂੜ ਪਸਾਰਾ, ਸਤਿਜੁਗ ਸਚ ਦੇਣਾ ਵਖਾਈਆ । ਚਾਰ ਵਰਨਾਂ ਦੇ ਅਧਾਰਾ, ਅਠਾਰਾਂ ਬਰਨ ਰੰਗ ਰੰਗਾਈਆ । ਆਤਮ ਬ੍ਰਹਮ ਦੇ ਨਜ਼ਾਰਾ, ਨੂਰੇ ਨਜ਼ਰ ਦੇਣਾ ਵਖਾਈਆ । ਸਤਿ ਸਚ ਲਾ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਇਕ ਖੁਲ੍ਹਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਮਾਰ ਲਓ ਝਾਤੀ, ਝਾਕੀ ਇਕੋ ਵਾਰ ਪਵਾਈਆ । ਕਲਜੁਗ ਵੇਖ ਅੰਧੇਰੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਕਰ ਕੇ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੇਰੀ ਮਹਿਕੀ ਰੁੱਤ, ਪ੍ਰਭ ਰੁਤੜੀ ਆਪ ਮਹਿਕਾਈਆ । ਭਗਤ ਦੁਲਾਰੇ ਉਠਾ ਕੇ ਸੁਤ, ਜਨਣੀ ਹੋ ਕੇ ਗੋਦ ਟਿਕਾਈਆ । ਭਾਗ ਲਗਾ ਕੇ ਪੰਜ ਤੱਤ ਕਾਇਆ ਬੁਤ, ਤਨ ਵਜੂਦ ਕੀਤੀ ਸਫ਼ਾਈਆ । ਉੱਜਲ ਕਰ ਕੇ ਮੁਖ, ਦਿਤੀ ਮਾਣ ਵਡਿਆਈਆ । ਜਨਮ ਮਰਨ ਦਾ ਮਿਟਿਆ ਦੁੱਖ, ਚੁਰਾਸੀ ਗੇੜ ਨਾ ਕੋਇ ਭਵਾਈਆ । ਉਲਟਾ ਗਰਭ ਨਾ ਹੋਵੇ ਰੁਖ਼, ਅਗਨੀ ਤੱਤ ਨਾ ਕੋਇ ਤਪਾਈਆ । ਸਾਹਿਬ ਸਵਾਮੀ ਮਾਲਕ ਹੋ ਕੇ ਲਿਆ ਪੁਛ, ਅੰਤਰਜਾਮੀ ਹੋ ਕੇ ਵੇਖ ਵਖਾਈਆ । ਜੋ ਜੁਗ ਜਨਮ ਦੇ
੧੧੧੮ ਗਏ ਰੁਠ, ਰੁਠਿਆਂ ਲਿਆ ਮਨਾਈਆ । ਸਦੀ ਚੌਧਵੀਂ ਆਪੇ ਤੁਠ, ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਨਾਮ ਦੇ ਕੇ ਘੁਟ, ਜਾਮ ਅਗੰਮ ੧੧੧੮
੨੧ ਦਿਤਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਉਠਾਈਆ । ਚੇਤ ੨੧
ਕਹੇ ਮੈਂ ਖ਼ੁਸ਼ੀਆਂ ਅੰਦਰ ਹੱਸਾਂ, ਹੱਸ ਕੇ ਦਿਆਂ ਜਣਾਈਆ । ਸੰਮਤ ਸ਼ਹਿਨਸ਼ਾਹੀ ਪੰਜਵਾਂ ਆਇਆ ਮਸਾਂ, ਮੱਸਿਆ ਰੈਣ ਅੰਧੇਰੀ ਦਏ ਗਵਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰਾਂ ਕਹਿਣਾ ਅੱਛਾ, ਅੱਛੀ ਤੇਰੀ ਬੇਪਰਵਾਹੀਆ । ਜਿਸ ਵਿਚ ਦੀਨ ਮਜ਼੍ਹਬ ਦਾ ਕੱਟਿਆ ਜਾਣਾ ਰੱਸਾ, ਰੱਸੀ ਰਹਿਣ ਕੋਇ ਨਾ ਪਾਈਆ । ਝਗੜਾ ਪੈਣਾ ਜਿਨ੍ਹਾਂ ਖਾਧਾ ਗਾਂ ਵੱਛਾ, ਸੂਰ ਵਾਲਾ ਬਚਿਆ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਨੇ ਕਿਸੇ ਨੂੰ ਬਣੌਣਾ ਨਹੀਂ ਆਪਣਾ ਬੱਚਾ, ਸਿਰ ਆਪਣਾ ਹੱਥ ਨਾ ਕੋਇ ਟਿਕਾਈਆ । ਕਲਜੁਗ ਕੂੜਾ ਚਾਰੋਂ ਕੁੰਟ ਫਿਰੇ ਨੱਸਾ, ਭੱਜੇ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰ ਵੀ ਕਹਿਣ ਅਸੀਂ ਵੇਖਦੇ ਹੋੜਾ ਉਪਰ ਸੱਸਾ, ਜੋ ਨਿਰਗੁਣ ਸਰਗੁਣ ਧਾਰ ਦੋਵੇਂ ਰੰਗ ਵਟਾਈਆ । ਹਾਹੇ ਉਤੇ ਟਿੱਪੀ ਘਰ ਦੋਹਾਂ ਦਾ ਵਸਾ, ਆਤਮ ਪਰਮਾਤਮ ਇਕੋ ਗੰਢ ਪਵਾਈਆ । ਵਿਸ਼ਨ ਬ੍ਰਹਮਾ ਸ਼ਿਵ ਫਿਰੇ ਨੱਸਾ, ਚਾਰੋਂ ਕੁੰਟ ਵਾਹੋ ਦਾਹੀਆ । ਕਿਉਂ ਦੀਨ ਮਜ਼੍ਹਬ ਦਾ ਤੰਦ ਹੋਇਆ ਕੱਚਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਹਿਰਦੇ ਹਰਿ ਕਾ ਨਾਮ ਕਿਸੇ ਨਾ ਰਚਾ, ਸਾਢੇ ਤਿੰਨ ਕਰੋੜ ਧੁਨ ਨਾ ਕੋਇ ਸ਼ਨਵਾਈਆ । ਕਲਜੁਗ ਜੀਵ ਬਪੜਾ ਬਪਾ, ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਬਿਨਾ ਭਗਤਾਂ ਤੋਂ ਰਿਹਾ ਕੋਈ ਨਾ ਪੱਕਾ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚੇਤ ਕਹੇ ਮੇਰਾ ਸਤਿਗੁਰ ਸ਼ਬਦ ਆਇਆ ਸਵਾਮੀ, ਸਭਾ ਦਏ ਬਦਲਾਈਆ । ਬਿਨਾ ਤੱਤਾਂ ਤੋਂ ਸਭ ਦਾ ਅੰਤਰਜਾਮੀ, ਘਟ ਘਟ ਵੇਖੇ ਥਾਉਂ ਥਾਈਆ । ਜਿਸ ਦੀ ਸਿਫ਼ਤ

ਚਾਰ ਜੁਗ ਦੀ ਬਾਣੀ, ਮਹਿੰਮਾ ਅਕਥ ਦ੍ਰਿੜਾਈਆ । ਓਹ ਖੇਲੇ ਖੇਲ ਦੋ ਜਹਾਨੀ, ਨੌਜਵਾਨੀ ਵੇਸ ਵਟਾਈਆ । ਸਭ ਦੇ ਅੰਤਰ ਮੰਜ਼ਲ ਵੇਖੇ ਰੁਹਾਨੀ, ਸੰਤ ਫ਼ਕੀਰ ਫੋਲ ਫੁਲਾਈਆ । ਪਵਿੱਤਰ ਧਾਰ ਦਿਸੇ ਨਾ ਕੋਇ ਜਿਸਮਾਨੀ, ਤਨ ਵਜੂਦ ਨਾ ਕੋਇ ਵਡਿਆਈਆ । ਮੰਜ਼ਲ ਚੜ੍ਹਿਆ ਨਾ ਕੋਇ ਪ੍ਰਾਣੀ, ਪਰਾਨਪਤਿ ਮਿਲਣ ਕੋਇ ਨਾ ਆਈਆ । ਸਾਚਾ ਨਜ਼ਰ ਨਾ ਆਵੇ ਕੋਈ ਬਾਨੀ, ਜੋ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਰੰਗ ਰੰਗਾਈਆ । ਜੋ ਉਪਜਿਆ ਸੋ ਫ਼ਾਨੀ, ਗੁਰ ਅਵਤਾਰ ਪੈਗ਼ੰਬਰ ਰਹਿਣ ਕੋਇ ਨਾ ਪਾਈਆ । ਸਭ ਦੀ ਜੂਹ ਹੋਏ ਬੇਗਾਨੀ, ਘਰ ਦਾ ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਮੈਂ ਗੁਰੂ ਗੁਰੂ ਗੁਰਦੇਵਾ, ਆਦਿ ਅੰਤ ਅਖਵਾਈਆ । ਕਲਜੁਗ ਅੰਤਮ ਜਨ ਭਗਤਾਂ ਕਰਨ ਆਇਆ ਸੇਵਾ, ਸੇਵਕ ਹੋ ਕੇ ਸੇਵ ਕਮਾਈਆ । ਅੰਮ੍ਰਿਤ ਨਾਮ ਰਸ ਦਾ ਦੇ ਕੇ ਮੇਵਾ, ਰਸ ਇਕੋ ਇਕ ਚਖਾਈਆ । ਜਿਸ ਨੂੰ ਸਮਝ ਨਾ ਸਕੇ ਜਿਹਵਾ, ਜਿਹਵਾ ਤੋਂ ਪਰੇ ਵਡਿਆਈਆ । ਮਸਤਕ ਲਾ ਕੇ ਕੌਸਤਕ ਥੇਵਾ, ਮਨੂਆ ਮਨ ਦਿਤਾ ਬਦਲਾਈਆ । ਮੇਲ ਮਿਲਾ ਕੇ ਅਲਖ ਅਭੇਵਾ, ਪਰਦਾ ਅੰਦਰੋਂ ਦਿਤਾ ਚੁਕਾਈਆ । ਧਾਮ ਵਖਾ ਕੇ ਨਿਹਚਲ ਨਿਹਕੇਵਾ, ਦਰਗਾਹ ਸਾਚੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਜਨ ਭਗਤੋ ਤੁਹਾਡੀ ਦੇਣ ਆਇਆ ਸਫ਼ਾਈ, ਸਫ਼ਾਰਸ਼ ਦੀ ਲੋੜ ਰਹੇ ਨਾ ਰਾਈਆ । ਸਭ ਤੋਂ ਕਾਮਲ ਮੇਰੀ ਗਵਾਹੀ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਤੁਹਾਨੂੰ ਦੇਵੇ ਨਾ ਕੋਇ ਸਜ਼ਾਈ, ਰਾਏ ਧਰਮ ਤੁਹਾਡੇ



ਚਰਨ ਚੁੰਮ ਕੇ ਝਟ ਲੰਘਾਈਆ । ਤੁਹਾਡੀ ਸਿਫ਼ਤ ਕਰੇ ਕ਼ਲਮ ਸਿਆਹੀ, ਕ਼ਾਗਜ਼ ਆਪਣਾ ਆਪ ਭੇਟ ਚੜ੍ਹਾਈਆ । ਤੁਹਾਡੇ ਬਿਨਾ ਭਗਵਾਨ ਦੀ ਹੋ ਨਾ ਸਕੇ ਵਡਿਆਈ, ਜੁਗ ਜੁਗ ਰੀਤੀ ਚਲੀ ਆਈਆ । ਕੀ ਕਰੇ ਜੋਤ ਅਕਾਲਣ ਆਦਿ ਸ਼ਕਤ ਮਾਈ, ਪਾਰਬ੍ਰਹਮ ਪਤਿਪਰਮੇਸ਼ਵਰ ਸੋਭਾ ਕਿਸ ਬਿਧ ਪਾਈਆ । ਬਿਨ ਭਗਤਾਂ ਤੋਂ ਪ੍ਰਭ ਨੂਰ ਜੋਤ ਨਾ ਹੋਵੇ ਰੁਸ਼ਨਾਈ, ਡਗਮਗਾਹਟ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ਬਦ ਗੁਰੂ ਕਹੇ ਮੈਂ ਦੇਣ ਆਇਆ ਸ਼ਹਾਦਤ, ਆਪਣਾ ਬਲ ਧਰਾਈਆ । ਸਾਰੇ ਕਹੋ ਸਾਡੀ ਬਦਲ ਗਈ ਇਬਾਦਤ, ਬੰਦਗੀ ਇਕੋ ਸੀਸ ਨਿਵਾਈਆ । ਸਾਡੇ ਵਿਚ ਪ੍ਰਭੂ ਦੇ ਪਿਆਰ ਦੀ ਹੋਈ ਮਿਲਾਵਟ, ਦੀਨ ਮਜ਼੍ਹਬ ਦੀ ਵੰਡ ਰਹੀ ਨਾ ਰਾਈਆ । ਅਸੀਂ ਬਾਹਰੋਂ ਫ਼ਰਜ਼ੀ ਨਹੀਂ ਰਹਿਣਾ ਬਨਾਵਟ, ਅੰਦਰੋਂ ਇਕੋ ਰੰਗ ਰੰਗਾਈਆ । ਸ਼ਬਦ ਗੁਰੂ ਤੁਹਾਡੇ ਅੰਦਰ ਸ਼ਬਦ ਦੀ ਕਰੇ ਸਖ਼ਾਵਤ, ਰਹਿਮਤ ਨਾਲ ਵਰਤਾਈਆ । ਤੁਹਾਡੀ ਕਿਸੇ ਨਾਮ ਬਾਣੀ ਨੂੰ ਦੇਣੀ ਨਾ ਪਏ ਜ਼ਮਾਨਤ, ਇਕੋ ਵਾਰ ਫ਼ੈਸਲਾ ਦਿਤਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ਼ਬਦ ਗੁਰੂ ਕਹੇ ਤੁਹਾਡੀ ਆਤਮਾ ਜਿਸ ਦਾ ਪਰਮਾਤਮਾ ਦੋਹਾਂ ਦਾ ਸੱਚਾ ਸਾਥਣ, ਸਾਥੀ ਇਕ ਅਖਵਾਈਆ । ਜਨ ਭਗਤੋ ਤੁਸਾਂ ਪਿਛਲੀ ਕੀਤੀ ਆਪਣੇ ਅੰਦਰੋਂ ਕੱਢਣੀ ਅੰਮ੍ਰਿਤ ਵੇਲੇ ਸਾਰਿਆਂ ਨੇ ਕਰ ਲੈਣੀ ਦਾਤਨ, ਪਿਛਲਾ ਲੇਖਾ ਰਹੇ ਨਾ ਰਾਈਆ । ਤੁਹਾਡੀ ਅਮਾਨਤ ਦਿਤੀ ਨਹੀਂ ਗਵਾਚਣ, ਜੋ ਗੋਬਿੰਦ ਪ੍ਰਭ ਦੀ ਝੋਲੀ ਪਾਈਆ । ਸੰਮਤ ਪੰਜ ਕਹੇ ਮੈਂ ਆਇਆ ਓਹ ਅਗੰਮੀ ਚਿੱਠੀ ਵਾਚਣ, ਜਿਸ ਨੂੰ ਨੌ ਸੌ ਚੁਰਾਨਵੇਂ ਚੌਕੜੀ ਜੁਗ ਨਾ ਸਕਿਆ ਕੋਇ ਸਮਝਾਈਆ । ਮੈਂ ਵਿਕਿਆ

ਨਹੀਂ ਕਿਸੇ ਹਾਟਣ, ਜਗਤ ਕ਼ੀਮਤ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਤੁਸੀਂ ਸਾਰੇ ਹੋ ਗਏ ਪ੍ਰਭ ਦੀ ਭੇਟਾ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦਾ ਇਕੋ ਸ਼ਬਦੀ ਗੋਬਿੰਦ ਬੇਟਾ, ਜਨਮ ਮਰਨ ਵਿਚ ਨਾ ਆਈਆ । ਜਗਤ ਕਿਨਾਰੇ ਦਾ ਖੇਵਟ ਖੇਟਾ, ਦੋ ਜਹਾਨਾਂ ਪਾਰ ਕਰਾਈਆ । ਜਿਸ ਦਾ ਸਮਝੇ ਕੋਈ ਨਾ ਲੇਖਾ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਓਹ ਵਸੇ ਸਚਖੰਡ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਕਲਜੁਗ ਅੰਤ ਬਦਲ ਕੇ ਆਇਆ ਵੇਸਾ, ਨਿਰਗੁਣ ਆਪਣਾ ਨੂਰ ਕਰੇ ਰੁਸ਼ਨਾਈਆ । ਭਗਤ ਉਧਾਰਨਾ ਮੇਰਾ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਆਦਿ ਜੁਗਾਦਿ ਰਹੇ ਹਮੇਸ਼ਾ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਇਕੋ ਸਭ ਦਾ ਮੀਤ, ਦੂਜਾ ਨਜ਼ਰ ਕਦੇ ਨਾ ਆਈਆ । ਜਿਸ ਨੇ ਬਦਲ ਦੇਣੀ ਰੀਤ, ਰੀਤੀਵਾਨ ਧੁਰਦਰਗਾਹੀਆ । ਕਾਇਆ ਕਰੇ ਠੰਡੀ ਸੀਤ, ਅਗਨੀ ਤੱਤ ਨਾ ਕੋਇ ਤਪਾਈਆ । ਜਨ ਭਗਤੋ ਜੀਂਵਦਿਆਂ ਜਨਮ ਜਾਣਾ ਜੀਤ, ਮਰ ਕੇ ਜਨਮ ਦੀ ਲੋੜ ਰਹੇ ਨਾ ਰਾਈਆ । ਆਤਮਾ ਪਰਮਾਤਮਾ ਦੀ ਤੁਹਾਡੀ ਪੱਕੀ ਹੋ ਗਈ ਪ੍ਰੀਤ, ਦੁਨੀਆਦਾਰ ਅੱਗੇ ਸਕੇ ਨਾ ਕੋਇ ਤੁੜਾਈਆ । ਕਿਉਂ ਤੁਹਾਡੇ ਕੋਲ ਪ੍ਰਭੂ ਨੇ ਕੀਤੀ ਬਖ਼ਸ਼ੀਸ਼, ਦੂਜੇ ਅੱਗੇ ਮੰਗਣ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤੋ ਕੀ ਕਿਸੇ ਕੋਲੋਂ ਮੰਗੋ, ਮਾਨਸ ਸਾਰੇ ਨਜ਼ਰੀ ਆਈਆ । ਇਕੋ ਪ੍ਰਭੂ ਦੇ ਪਿਆਰ ਵਿਚ ਆਪਣਾ ਆਪ ਰੰਗੋ, ਫੇਰ ਰੰਗਣ ਦੀ ਲੋੜ ਰਹੇ ਨਾ ਰਾਈਆ । ਮੰਜ਼ਲ ਇਕੋ ਲੰਘੋ, ਜਿਸ ਦੀ ਪੌੜੀ ਦੇ ਉਤੇ ਪੌੜਾ ਹੋਰ ਨਾ ਕੋਇ ਵਖਾਈਆ । ਆਪਣੀ ਆਤਮਾ ਨੂੰ ਓਸ ਦਵਾਰੇ ਟੰਗੋ, ਜਿਥੋਂ ਫੜ ਕੇ ਬਾਹਰ ਨਾ ਕੋਇ ਕਢਾਈਆ । ਵੇਖੋ ਦੁਨੀਆਦਾਰਾਂ ਕੋਲੋਂ ਕਦੇ ਨਾ ਸੰਗੋ, ਦੁਨੀਆ ਕੰਮ ਕਿਸੇ ਨਾ ਆਈਆ । ਤੁਹਾਡੇ ਕੋਲੋਂ ਕੋਈ ਕਰੌਣਾ ਨਹੀਂ ਜੰਗੋ, ਤੁਸੀਂ ਇਕ ਇਕ ਫੁੱਲ ਸੁਟੋ, ਦੁਨੀਆ ਗੋਲਿਆਂ ਨਾਲ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਇਹ ਫੁੱਲ ਨਹੀਂ ਇਹ ਜਗ ਦੀ ਅਗਨੀ ਅੱਗ, ਅੱਗ ਸਕੇ ਨਾ ਕੋਇ ਬੁਝਾਈਆ । ਕਾਅਬੇ ਵਾਲਿਆਂ ਭੁਲਣੇ ਹੱਜ, ਹਜ਼ਰਤ ਦੇਣ ਦੁਹਾਈਆ । ਈਸਾ ਮੂਸਾ ਮੁਹੰਮਦ ਸਾਰੇ ਇਕ ਦੂਜੇ ਨੂੰ ਰਹੇ ਸੱਦ, ਬਹੁੜੀ ਬਹੁੜੀ ਕਰ ਕੇ ਰਹੇ ਸੁਣਾਈਆ । ਜ਼ਰਾ ਵੇਖੋ ਸੰਮਤ ਪੰਜ ਵਿਚ ਕਿਸ ਤਰ੍ਹਾ ਝਗੜਾ ਪੈਂਦਾ ਉਤੇ ਹੱਦ, ਹਦੂਦਾਂ ਦੇਣ ਦੁਹਾਈਆ । ਬਿਨਾ ਭਗਤਾਂ ਤੋਂ ਕਿਸੇ ਹੋਣਾ ਨਹੀਂ ਗਦ ਗਦ, ਖ਼ੁਸ਼ੀ ਹਿਰਦੇ ਵਿਚ ਨਾ ਕੋਇ ਸਮਾਈਆ । ਜ਼ਰਾ ਖੇਲ ਵੇਖਿਓ ਸਾਰੀ ਦੁਨੀਆ ਨਾਲੋਂ ਹੋਣਾ ਅਲੱਗ, ਵਖਰੀ ਧਾਰ ਇਕ ਵਖਾਈਆ । ਕਿਉਂ ਇਹ ਖੇਲ ਸੂਰੇ ਸਰਬਗ, ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਫੁੱਲ ਕਹਿਣ ਇਹ ਬਰਖਾ ਅੰਮ੍ਰਿਤ ਧਾਰ, ਜਨ ਭਗਤਾਂ ਦਿਤੀ ਲਗਾਈਆ । ਸ਼ਬਦ ਗੁਰੂ ਕਿਹਾ, ਨਹੀਂ ਇਸ ਦੇ ਨਾਲ ਸਾਰੀ ਸ੍ਰਿਸ਼ਟੀ ਦਾ ਕਰਨਾ ਵਿਹਾਰ, ਇਹ ਮੇਰੀ ਬੇਪਰਵਾਹੀਆ । ਕਿਉਂ ਸ਼ਬਦ ਦੇ ਸ਼ਬਦ ਸਦਾ ਇਖ਼ਤਿਆਰ, ਤੇ ਸ਼ਬਦ ਦਾ ਸ਼ਬਦ ਸਦਾ ਮੁਖਤਿਆਰ, ਸ਼ਬਦ ਦਾ ਸ਼ਬਦ ਸਦਾ ਆਗਿਆਕਾਰ, ਸ਼ਬਦ ਨਿਰਗੁਣ ਤੇ ਸ਼ਬਦ ਸਰਗੁਣ,

ਬਿਨਾ ਸ਼ਬਦ ਤੋਂ ਮੰਡਲ ਰਾਸ ਵਿਚ ਰੰਗ ਜਗਤ ਨਾ ਕੋਇ ਵਖਾਈਆ । ਸ਼ਬਦ ਕਹੇ ਮੈਂ ਸਤਿਗੁਰੂ ਮੈਂ ਗੁਰਦੇਵ ਮੈਂ ਸਾਰੀ ਦੀਨ ਦੁਨੀ ਦਾ ਬਦਮਾਸ਼, ਬਦੀ ਕਰਨ ਕਰੌਣ ਵਾਲਾ ਸ਼ਬਦ ਇਕ ਅਖਵਾਈਆ । ਪਰ ਇਹ ਮੇਰਾ ਮਨ ਦੇ ਨਾਲ ਕੰਮ ਖ਼ਾਸ, ਤੇ ਬੁੱਧੀ ਨਾਲ ਟਕਰਾਈਆ । ਤੇ ਜਿਸ ਵੇਲੇ ਮੈਂ ਆਤਮਾ ਨੂੰ ਦੇਵਾਂ ਪਰਕਾਸ਼, ਓਹ ਮੇਰਾ ਮੇਰਾ ਨੂਰ ਨੂਰ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ, ਸ਼ਬਦ ਗੁਰੂ ਕਹੇ, ਮੇਰੇ ਕੀਤੇ ਨੂੰ ਨਹੀਂ ਸਕੇ ਵਾਚ, ਜੋ ਅੰਦਰ ਸੁਣਾਇਆ, ਓਨ੍ਹਾਂ ਨੇ ਰਸਨਾ ਗਾਇਆ, ਕ਼ਲਮ ਸ਼ਾਹੀ ਨਾਲ ਲਿਖਾਇਆ, ਲਿਖ ਕੇ ਸਿਫ਼ਤਾਂ ਗਏ ਸੁਣਾਈਆ । ਓਨ੍ਹਾਂ ਅੱਖਰਾਂ ਉਤੇ ਧਰਵਾਸ ਰਖਾਇਆ, ਜਿਸ ਨੂੰ ਅੱਗ ਨਾਲ ਸਾਰੇ ਦੇਣ ਜਲਾਇਆ, ਉਹ ਪ੍ਰਭੂ ਅਬਿਨਾਸ਼ੀ ਭੁਲਾਇਆ, ਜੋ ਘਰ ਘਰ ਅੰਦਰ ਡੇਰਾ ਲਾਈਆ । ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਜੈ ਜੈਕਾਰ ਕਰਾਇਆ, ਜੈ ਜੈਕਾਰ ਕਰੌਣ ਵਾਲਾ ਨਜ਼ਰ ਕੋਇ ਨਾ ਆਈਆ । ਸ਼ਬਦ ਕਹੇ ਮੇਰਾ ਆਦਿ ਅੰਤ ਕਿਸੇ ਨਾ ਪਾਇਆ, ਜੇ ਕਿਸੇ ਉਤੇ ਕਿਰਪਾ ਕੀਤੀ, ਓਨ ਭਗਵੰਤ ਨੂੰ ਕੰਤ ਕਹਿ ਸੁਣਾਇਆ, ਨਾਰੀ ਹੋ ਕੇ ਮੈਂ ਸਾਚੀ ਸੇਵ ਕਮਾਈਆ । ਜੇ ਕਿਸੇ ਬੁਤ ਵਿਚ ਨੂਰ ਚਮਕਾਇਆ, ਓਨ ਓਸ ਦਾ ਮੰਤ ਦ੍ਰਿੜ੍ਹਾਇਆ, ਅੱਠੇ ਪਹਿਰ ਧਿਆਨ ਲਗਾਇਆ, ਸਾਹ ਸਾਹ ਰਸਨਾ ਗਾਇਆ, ਚਰਨ ਕਵਲ ਕਵਲ ਚਰਨ ਬਿਨਾ ਚਰਨਾ ਤੋਂ ਸੀਸ ਨਿਵਾਇਆ, ਤੇ ਸ਼ਬਦ ਗੁਰੂ ਕਹੇ ਮੈ ਕਿਸੇ ਦਾ ਫੇਰ ਵੀ ਨਹੀਂ ਮਾਣ ਵਧਾਇਆ, ਜੋ ਆਇਆ ਸੋ ਪਾਰ ਕਰਾਇਆ, ਵੇਖੋ ਗੁਰੂ ਅਵਤਾਰ ਪੈਗ਼ੰਬਰ ਕਿਸੇ ਦੇ ਸਾਹਮਣੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਮੈਂ ਅੰਨ੍ਹਾ ਬੋਲਾ, ਸੁਣਨ ਕੁਛ ਨਾ ਪਾਈਆ । ਭੇਖਾਧਾਰੀ ਵਸਾਂ ਵਿਚ ਕਾਇਆ ਚੋਲਾ, ਤੱਤਾਂ ਵਿਚ ਸੋਭਾ ਪਾਈਆ । ਜਿਸ ਵੇਲੇ ਚਾਹਵਾਂ ਓਸ ਵੇਲੇ ਆਪਣੀ ਧਾਰ ਦਾ ਬੋਲਾਂ ਬੋਲਾ, ਅਨਬੋਲਤ ਹੋ ਕੇ ਆਪਣਾ ਰਾਗ ਸੁਣਾਈਆ । ਜੇ ਮੈਂ ਕਹਿ ਦਿਤਾ ਪ੍ਰਭੂ ਮੌਲਾ, ਤੇ ਸਾਰਿਆਂ ਮੌਲਾ ਮੌਲਾ ਕਹਿ ਕੇ ਰੌਲਾ ਦਿਤਾ ਪਾਈਆ । ਜੇ ਮੈਂ ਕਿਹਾ ਸਤਿਨਾਮ, ਤੇ ਸਤਿ ਸਤਿ ਸਾਰੇ ਰਹੇ ਗਾਈਆ । ਜੇ ਮੈਂ ਕਿਹਾ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ, ਤੇ ਵਾਹ ਵਾ ਗੁਰੂ ਦੀ ਸਾਰੇ ਕਰਨ ਵਡਿਆਈਆ । ਤੇ ਜੇ ਮੈਂ ਕਹਾਂ ਓਸ ਪ੍ਰਭੂ ਦਾ ਕੋਈ ਨਾਮ ਨਹੀਂ ਕੋਈ ਨਿਸ਼ਾਨ ਨਹੀਂ ਤੇ ਤੁਸੀਂ ਕਿਸ ਦਾ ਗੌਂਦੇ ਢੋਲਾ, ਉਹ ਫਿਰ ਸਾਰੇ ਦਿਆਂ ਭੁਲਾਈਆ । ਜੇ ਮੈਂ ਕਹਾਂ ਉਹ ਤੱਕੜ ਵਾਲਾ ਤੋਲਾ, ਜੇ ਮੈਂ ਕਹਾਂ ਧੁਰਦਰਗਾਹ ਦਾ ਦੂਲ੍ਹਾ, ਜੇ ਮੈਂ ਕਹਾਂ ਉਹਦਾ ਹੁਕਮ ਹੋਵੇ ਮਾਅਕੂਲਾ, ਜੇ ਮੈਂ ਕਹਾਂ ਉਹ ਸਾਰਿਆਂ ਅੰਦਰ ਫਲਿਆ ਫੂਲਾ, ਫੇਰ ਹੱਥ ਜੋੜ ਕੇ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਬਦ ਕਹੇ ਮੈਂ ਰਾਮ ਬਣ ਗਿਆ, ਸੀਤਾ ਪਿੱਛੇ ਭੱਜਿਆ ਵਾਹੋ ਦਾਹੀਆ । ਸ਼ਬਦ ਕਹੇ ਮੈਂ ਕਾਹਨ ਬਣ ਗਿਆ, ਰਾਧਾ ਪਿੱਛੇ ਬੰਸਰੀ ਰਿਹਾ ਵਜਾਈਆ । ਸ਼ਬਦ ਕਹੇ ਮੈਂ ਮੂਸਾ ਬਣ ਗਿਆ, ਮੂੰਹ ਦੇ ਭਾਰ ਰਗੜ ਕੇ ਨੱਕ ਦਿਤਾ ਘਸਾਈਆ । ਸ਼ਬਦ ਕਹੇ ਮੈਂ ਈਸਾ ਬਣ ਗਿਆ, ਗਲ ਫਾਸੀ ਲਈ ਲਟਕਾਈਆ । ਸ਼ਬਦ ਕਹੇ ਮੈਂ ਮੁਹੰਮਦ ਬਣ ਗਿਆ, ਕਲਮਿਆਂ ਵਿਚ ਦਿਤੀ ਦੁਹਾਈਆ । ਸ਼ਬਦ ਕਹੇ ਮੈਂ ਨਾਨਕ ਬਣ ਗਿਆ, ਗ਼ਰੀਬੀ ਵੇਸ ਕਰ ਕੇ ਧਰਤੀ ਕਦਮਾਂ ਨਾਲ ਮਿਣਾਈਆ । ਸ਼ਬਦ ਕਹੇ ਮੈਂ ਗੋਬਿੰਦ ਬਣ ਗਿਆ, ਖੰਡਾ ਖੜਗ ਚਮਕਾਈਆ । ਸ਼ਬਦ ਕਹੇ ਮੈਂ ਸਭ ਨੂੰ ਛਡ ਗਿਆ, ਸ਼ਬਦ ਸ਼ਬਦ ਵਿਚ ਸਮਾਈਆ । ਸ਼ਬਦ ਕਹੇ ਮੈਂ ਸਭ ਕੁਛ ਬਣ ਗਿਆ, ਆਪੇ

ਪਿਤਾ ਤੇ ਆਪੇ ਮਾਈਆ । ਸ਼ਬਦ ਕਹੇ ਮੈਂ ਤਾਣਾ ਤਣ ਗਿਆ, ਲੱਖ ਚੁਰਾਸੀ ਨਜ਼ਰੀ ਆਈਆ । ਸ਼ਬਦ ਕਹੇ ਮੈਂ ਵਿਸ਼ਨ ਬ੍ਰਹਮ ਸ਼ਿਵ ਘਾੜਤ ਘੜ ਗਿਆ, ਸੰਸਾਰੀ ਭੰਡਾਰੀ ਸੰਘਾਰੀ ਨਾਉਂ ਰਖਾਈਆ । ਸ਼ਬਦ ਕਹੇ ਜੇ ਮੈਨੂੰ ਤੱਕੋ ਤੇ ਮੈਂ ਸਾਰਿਆਂ ਵਿਚ ਵੜ ਗਿਆ, ਬਿਨਾ ਮੇਰੇ ਤੋਂ ਜੀਂਦਾ ਨਜ਼ਰ ਕੋਇ ਨਾ ਆਈਆ । ਸ਼ਬਦ ਕਹੇ ਮੈਂ ਅੰਦਰ ਕਾਇਆ ਮੰਦਰ ਤੇ ਸਭ ਦੀ ਚੋਟੀ ਉਤੇ ਚੜ੍ਹ ਗਿਆ, ਸ਼ਿਖ਼ਰ ਬਹਿ ਕੇ ਆਪਣਾ ਆਸਣ ਲਾਈਆ । ਸ਼ਬਦ ਕਹੇ ਮੈਂ ਮੂਰਖ ਮੂੜ੍ਹ ਬਣ ਗਿਆ, ਅਕਲ ਵਿਦਿਆ ਨਾ ਕੋਇ ਚਤੁਰਾਈਆ । ਸ਼ਬਦ ਕਹੇ ਮੈਂ ਸਭ ਕੁਛ ਪੜ੍ਹ ਗਿਆ, ਮੇਰੇ ਪੜ੍ਹਾਇਆਂ ਤੋਂ ਬਿਨਾ ਗੁਰ ਅਵਤਾਰ ਪੈਗ਼ੰਬਰ ਕਿਸੇ ਨੂੰ ਸਮਝ ਕਿਛ ਨਾ ਆਈਆ । ਸੋ ਸ਼ਬਦ ਕਹੇ ਮੈਂ ਪਹਿਲੀ ਚੇਤ ਜਗਤ ਜਹਾਨ ਦੇ ਮੈਦਾਨ ਵਿਚ ਖੜ੍ਹ ਗਿਆ, ਮਦਦ ਅਵਰ ਨਾ ਮੰਗ ਮੰਗਾਈਆ । ਆਪਣੇ ਵਿਹਾਰ ਅੰਦਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਨਾਲ ਲੜ ਗਿਆ, ਆਪਣੀ ਕਾਰ ਅੰਦਰ ਇਸ਼ਟੀ ਦਾ ਰੂਪ ਧਰਾਈਆ । ਨਾ ਕਦੇ ਜੰਮਿਆਂ ਤੇ ਨਾ ਕਦੇ ਮਰ ਗਿਆ, ਮੜ੍ਹੀ ਗੋਰ ਨਾ ਕਦੇ ਦਬਾਈਆ । ਨਾ ਹਿੰਦੂ ਨਾ ਸਿੱਖ ਨਾ ਈਸਾਈ ਨਾ ਮੁਸਲਿਮ ਤੇ ਮੈਂ ਨਾ ਕਿਸੇ ਮਜ਼੍ਹਬ ਨੂੰ ਚੰਗਾ ਕਰ ਕੇ ਵਰਜਿਆ, ਆਓ ਤੁਹਾਨੂੰ ਸਿੰਘਾਸਣ ਉਤੇ ਦਿਆਂ ਬੈਠਾਈਆ । ਜਦੋਂ ਦਿਲ ਕੀਤਾ ਓਨ੍ਹਾਂ ਦੇ ਹੱਥਾਂ ਵਿਚ ਫੜਾ ਕੇ ਨਿੱਕੀਆਂ ਨਿੱਕੀਆਂ ਪਰਚੀਆਂ, ਬੱਚਿਆਂ ਵਾਂਗ ਦਿਤਾ ਪਰਚਾਈਆ । ਕਿਸੇ ਨੂੰ ਰਾਮ ਕਿਸੇ ਨੂੰ ਕ੍ਰਿਸ਼ਨ ਕਿਸੇ ਨੂੰ ਓਮ ਅੱਲਾ ਸਤਿਨਾਮ ਦੇ ਕੇ ਜਗਤ ਵਾਲਾ ਖ਼ਰਚਿਆ, ਮਾਤਲੋਕ ਦੇ ਰਾਹੇ ਦਿਤੇ ਪਾਈਆ । ਓਨ ਆ ਕੇ ਉਤੇ ਧਰਤਿਆ, ਧਰਨੀ ਧਰਤ ਧਵਲ ਦਿਤੀ ਵਡਿਆਈਆ । ਗੁਣ ਗਾ ਕੇ ਪ੍ਰੀਤਮ ਅਰਸ਼ਿਆ, ਸਿਫ਼ਤ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਸਾਰੇ ਕਹਿੰਦੇ ਮੰਨੋ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨਾਂ ਧਿਆਨ ਲਗਾਈਆ । ਮੈਂ ਹੱਸਦਾ ਫਿਰਾਂ ਬਿਨਾ ਮੇਰੀ ਕਿਰਪਾ ਕਿਸੇ ਨੂੰ ਔਣਾ ਨਹੀਂ ਗਿਆਨ, ਪੜ੍ਹਿਆਂ ਹੱਥ ਕੁਛ ਨਾ ਆਈਆ । ਜਿੰਨਾਂ ਚਿਰ ਮੈਂ ਅੰਦਰ ਨਾ ਵੜਿਆ ਮੰਦਰ ਨਾ ਚੜ੍ਹਿਆ ਤੇ ਮੇਰੀ ਕੌਣ ਦੇਊ ਪਹਿਚਾਨ, ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਪੜ੍ਹਨਾ ਰਸਨਾ ਦਾ ਗਾਨ, ਸੁਣਨਾ ਕੰਨਾਂ ਦਾ ਵਿਧਾਨ, ਮਿਲਣਾ ਜਿਸ ਵੇਲੇ ਪ੍ਰਭੂ ਹੋਵੇ ਮਿਹਰਵਾਨ, ਬਿਨਾ ਮਿਹਰ ਤੋਂ ਮਿਲਣ ਕੋਇ ਨਾ ਪਾਈਆ । ਤੇ ਜੇ ਕੋਈ ਕਹੇ ਅਸੀਂ ਸਾਰੇ ਇਨਸਾਨ, ਸਾਡੇ ਵਿਚ ਭਗਵਾਨ, ਅਸੀਂ ਓਸੇ ਦਾ ਨਿਸ਼ਾਨ, ਬ੍ਰਹਮ ਬ੍ਰਹਮ ਬ੍ਰਹਮ ਸਾਰੇ ਨਜ਼ਰੀ ਆਈਆ । ਸ਼ਬਦ ਗੁਰੂ ਕਹੇ ਫੇਰ ਮੈਂ ਕਹਾਂ ਤੁਹਾਡੇ ਬ੍ਰਹਮ ਦੀ ਕਿਹੜੀ ਦੁਕਾਨ, ਤੇ ਜੇ ਤੁਸੀਂ ਬ੍ਰਹਮ ਤੇ ਤੁਹਾਡੀ ਕਰੇ ਕੌਣ ਪਹਿਚਾਨ, ਤੇ ਬੇਪਹਿਚਾਣ ਕਵਣ ਅਖਵਾਈਆ । ਏਸੇ ਕਰ ਕੇ ਮੈਂ ਅੱਖਰਾਂ ਵਿਚ ਪਵਾ ਦਿਤਾ ਘਮਸਾਨ, ਅੱਖਰਾਂ ਨਾਲ ਅੱਖਰ ਅੱਖਰਾਂ ਨਾਲ ਅੱਖਰ, ਤ੍ਰੈਗੁਣ ਮਾਇਆ ਨਾਲ ਅੱਖਰਾਂ ਵਾਲੇ ਨਾਮ, ਪ੍ਰਭੂ ਨੇ ਦਿਤੇ ਲੜਾਈਆ । ਕੀ ਪ੍ਰਭੂ ਨੂੰ ਚੰਗਾ ਕਹੋਗੇ ਕਿ ਸ਼ੈਤਾਨ, ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਆਪਣੇ ਰਸਤੇ ਬਦਲਾ ਕੇ ਸੰਤ ਸੰਤਾਂ ਨਾਲ ਦਿਤੇ ਟਕਰਾਈਆ । ਸ਼ਬਦ ਗੁਰੂ ਕਹੇ ਮੈਂ ਆਦਿ ਜੁਗਾਦਿ ਸਦਾ ਬਲਵਾਨ, ਬਲਧਾਰੀ ਇਕ ਅਖਵਾਈਆ । ਸਦਾ ਰਹੇ ਮੇਰੀ ਕਮਾਨ, ਹੁਕਮ ਇਕੋ ਇਕ ਵਰਤਾਈਆ । ਜੋ ਆਇਆ ਸੋ ਬਣ ਕੇ ਗ਼ੁਲਾਮ, ਨਫ਼ਰਾਂ ਵਾਲੀ ਕਾਰ ਕਮਾਈਆ । ਏਸੇ ਕਰ ਕੇ ਡੰਡਾਵਤ ਬੰਦਨਾ ਸਯਦੇ ਕਰਦੇ ਰਹੇ ਸਲਾਮ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸ਼ਬਦ



੧੧੨੨
੨੧

ਗੁਰੂ ਕਹੇ ਅੱਜ ਤੋਂ ਸਮਝ ਲਓ ਸਤਿਜੁਗ ਦੀ ਧਾਰਾ, ਸਤਿ ਦਾ ਸਤਿ ਲੈਣਾ ਉਪਜਾਈਆ । ਪਰਗਟ ਇਕ ਇਕ ਦਾ ਸਰਬ ਪਸਾਰਾ, ਵੇਖਣਹਾਰਾ ਥਾਉਂ ਥਾਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਓਸ ਦਾ ਸ਼ਬਦ ਗੁਰੂ ਸਿਕਦਾਰਾ, ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ । ਜਨ ਭਗਤੋ ਤੁਸਾਂ ਜਨਮ ਨਹੀਂ ਲੈਣਾ ਦੁਬਾਰਾ, ਮਾਤ ਗਰਭ ਅਗਨ ਨਾ ਕੋਇ ਤਪਾਈਆ । ਮਿਲਣਾ ਮੇਲ ਓਸ ਨਿਰਾਕਾਰਾ, ਜੋ ਨਿਰੰਕਾਰ ਨਿਰਵੈਰ ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਸ਼ਬਦ ਗੁਰੂ ਕਹੇ ਹੁਣ ਮੇਰੀ ਬੜੀ ਹੋਣੀ ਪਰੀਖਿਆ, ਵਿਦਵਾਨਾਂ ਲੈਣੀ ਅੰਗੜਾਈਆ । ਜਿਨ੍ਹਾਂ ਕਦੀ ਨੇਤਰ ਨਹੀਂ ਦੀਖਿਆ, ਓਨ੍ਹਾਂ ਅੱਖੀਂ ਮੀਟ ਕੇ ਕਹਿਣਾ ਮਿਲਿਆ ਨੂਰ ਅਲਾਹੀਆ । ਕਬਾਬ ਖਾਣਾ ਭੁੰਨ ਕੇ ਉਤੇ ਸੀਖਿਆ, ਕਹਿਣ ਧਰਮ ਦੀ ਰੀਤੀ ਅਸਾਂ ਅਪਣਾਈਆ । ਸਤਿਗੁਰ ਸ਼ਬਦ ਨੇ ਸਾਰਿਆਂ ਤੋਂ ਪੁੱਛਣਾ ਤੁਹਾਡਾ ਪਿਛਲਾ ਜਨਮ ਕਿਸ ਤਰ੍ਹਾ ਬੀਤਿਆ, ਓਹ ਦਿਓ ਸਮਝਾਈਆ । ਤੇ ਕੀ ਅਗਲੇ ਸਾਲ ਦੀ ਹੋਣੀ ਰੀਤਿਆ, ਪਰਦਾ ਦਿਓ ਖੁਲ੍ਹਾਈਆ । ਕਿਹੜੀ ਵਸਤ ਤੁਹਾਡੇ ਕਾਇਆ ਸ਼ੀਸਿਆ, ਬਾਹਰ ਦਿਓ ਕਢਾਈਆ । ਜ਼ਰਾ ਆਪਣਾ ਆਤਮਾ ਤੱਕੋ ਬਿਨਾ ਸ਼ੀਸ਼ਿਆ, ਬਿਨਾ ਸ਼ਮਅ ਤੋਂ ਆਪਣਾ ਨੂਰ ਵੇਖੋ ਰੁਸ਼ਨਾਈਆ । ਸੁਣੋ ਅਗੰਮਾ ਕ਼ਲਮਾ ਅਨੋਖਾ ਗੀਤਿਆ, ਜਿਹੜਾ ਚਾਰ ਜੁਗ ਦੇ ਸ਼ਾਸਤਰ ਨਾ ਸਕਣ ਸਮਝਾਈਆ । ਕਿਹੜਾ ਰਸ ਮੀਠਿਆ, ਬਿਨ ਰਸਨਾ ਜਿਹਵਾ ਦੇਣਾ ਸਮਝਾਈਆ । ਜਿਹੜੇ ਤਪਣ ਵਾਲੇ ਤ੍ਰੈਗੁਣ ਪੰਜ ਤੱਤ ਅੰਗੀਠਿਆ, ਸਾਂਤਕ ਸਤਿ ਨਾ ਕੋਇ ਕਰਾਈਆ । ਓਨ੍ਹਾਂ ਨੂੰ ਮੰਗਿਆਂ ਮਿਲੇ ਨਾ ਭੀਖਿਆ, ਨਾਮ ਭੰਡਾਰਾ ਨਾ ਕੋਇ ਵਰਤਾਈਆ । ਸਭ ਨੇ ਪੌਣਾ ਆਪਣਾ ਕੀਤਿਆ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸ਼ਬਦ ਗੁਰੂ ਕਹੇ ਮੇਰਾ ਪੈਣਾ ਇਕ ਧਮਾਕਾ, ਸਭ ਨੂੰ ਦੇਣਾ ਹਿਲਾਈਆ । ਅਨੇਕਾਂ ਸਾਧਾਂ ਸੰਤਾਂ ਧਿਆਨ ਲਾ ਕੇ ਮੇਰਾ ਖਿਚਣਾ ਖ਼ਾਕਾ, ਨੇਤਰ ਨਜ਼ਰ ਕੁਛ ਨਾ ਆਈਆ । ਮੈਂ ਪੁਛ ਲੈਣਾ ਜਗਤ ਦੇ ਗੁਰੂਓ ਤੁਹਾਡੇ ਪਿਛਲੇ ਨੌ ਜਨਮ ਦਾ ਕੀ ਸਾਕਾ, ਸਚ ਦਿਓ ਦ੍ਰਿੜਾਈਆ । ਜੇ ਤੁਹਾਡਾ ਥੋੜ੍ਹਾ ਥੋੜ੍ਹਾ ਥੋੜ੍ਹਾ ਖੁਲ੍ਹਿਆ ਤਾਕਾ, ਜਿਸ ਵੇਲੇ ਸਾਮ੍ਹਣੇ ਹੋਣਾ ਓਸੇ ਵੇਲੇ ਬੰਦ ਦੇਣਾ ਕਰਾਈਆ । ਹੁਣ ਦੱਸੋ ਕਿਹੜਾ ਕਾਕਾ ਚੁਕੋਗੇ ਢਾਕਾ, ਤੇ ਕਿਸ ਨੂੰ ਬਾਪੂ ਕਹੋਗੇ ਕਿਸ ਦਾ ਮੰਨੋਗੇ ਆਖਾ, ਭੇਦ ਦਿਓ ਖੁਲ੍ਹਾਈਆ । ਇਹ ਕੋਈ ਵਿਦਿਆ ਵਾਲੀਆਂ ਨਹੀਂ ਬਾਤਾਂ, ਵਡਿਆਈ ਨਹੀਂ ਜਾਗ ਕੇ ਕੱਟਣੀਆਂ ਰਾਤਾਂ, ਗੁਣ ਨਹੀਂ ਬਹੁਤੀਆਂ ਗੌਣੀਆਂ ਗਾਥਾਂ, ਅੱਖਰਾਂ ਵਿਚ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਸ਼ਬਦ ਗੁਰੂ ਕਹੇ ਮੈਂ ਦੀਨ ਦੁਨੀ ਦਾ ਬਦਲ ਦੇਣਾ ਯਕੀਨ, ਯਕੇ ਬਾਅਦ ਦੀਗਰੇ ਖੇਲ ਖਿਲਾਈਆ । ਕਲਜੁਗ ਨੂੰ ਕਹਿਣਾ ਆਫ਼ਰੀਨ, ਵਾਹ ਵਾ ਤੇਰੀ ਵਡਿਆਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਦੀ ਭੁਲਾਈ ਤਾਲੀਮ, ਕਲਜੁਗ ਜੀਵ ਤੁਲਬੇ ਆਪਣੇ ਲਏ ਬਣਾਈਆ । ਮਾਇਆ ਮਮਤਾ ਦਾ ਦੱਸ ਕੇ ਸੀਨ, ਕੂੜੀ ਕਿਰਿਆ ਵਿਚ ਫਸਾਈਆ । ਕਾਮ ਵਾਸਨਾ ਕਰ ਅਧੀਨ, ਕਰੋਧ ਵਿਚ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ਬਦ ਗੁਰੂ ਕਹੇ ਜਿਸ ਸਿਰ ਉਤੇ ਬੱਧੀ ਲਾਲ ਪੱਗ, ਲੇਖਾ ਜਨਮ ਜਗਤ ਜਣਾਈਆ । ਹਰੀ ਤਹਿਮਤ

ਰੱਖੀ ਲੱਕ, ਨਾਤਾ ਮੁਹੰਮਦ ਨਾਲ ਵਡਿਆਈਆ । ਚਿੱਟਾ ਕ਼ਮੀਜ਼ ਪਹਿਨ ਕੇ ਝਟ, ਗੋਬਿੰਦ ਲਹਿਣਾ ਰਿਹਾ ਵਖਾਈਆ । ਸਦੀ ਚੌਧਵੀਂ ਰਹੀ ਸੱਦ, ਹੁਕਮ ਇਕੋ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੈਂ ਵਖੌਣੀ ਲਾਲ ਧਾਰ, ਮੇਰੀ ਗੋਲੀ ਨੇੜੇ ਆਈਆ । ਗੁਰ ਅਵਤਾਰ ਪੈਗ਼ੰਬਰ ਹੋਣਾ ਖ਼ਬਰਦਾਰ, ਸੰਦੇਸਾ ਇਕ ਅਲਾਹੀਆ । ਧਰਨੀ ਧਰਤ ਧਵਲ ਤੂੰ ਵੀ ਲੈ ਅਧਾਰ, ਤੈਨੂੰ ਦਿਆਂ ਜਣਾਈਆ । ਚਾਰੋਂ ਕੁੰਟ ਹੋਣਾ ਧੂਅੰਧਾਰ, ਅੰਧ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਲਾਲ ਬਸਤਰ ਕਹਿਣ ਅਸਾਂ ਰਹਿਣ ਦੇਣਾ ਨਹੀਂ ਕੋਈ ਸੁਹਾਗ, ਸੁਹਾਗਵੰਤ ਨਾ ਕੋਇ ਵਡਿਆਈਆ । ਚਾਰ ਕੁੰਟ ਨਾ ਰਹੇ ਚਰਾਗ਼, ਅੰਧ ਅੰਧੇਰਾ ਕੂੜ ਲੋਕਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗ਼, ਪਤਤ ਪੁਨੀਤ ਨਾ ਕੋਇ ਕਰਾਈਆ । ਕਲਜੁਗ ਜੀਵ ਹੰਸ ਹੋਏ ਕਾਗ, ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਬਿਨਾ ਭਗਤਾਂ ਤੋਂ ਅੰਤਰ ਰਿਹਾ ਨਾ ਕੋਇ ਵੈਰਾਗ, ਵੈਰੀ ਅੰਦਰੋਂ ਨਾ ਬਾਹਰ ਕਢਾਈਆ । ਜਗਤ ਸਮਾਜ ਦਾ ਕਰੇ ਨਾ ਕੋਇ ਤਿਆਗ, ਤ੍ਰੈਗੁਣ ਲੇਖਾ ਨਾ ਕੋਇ ਮੁਕਾਈਆ । ਹੱਕ ਖ਼ੁਦਾ ਮੰਨੇ ਨਾ ਕੋਇ ਵਾਹਦ, ਲਾਸ਼ਰੀਕ ਸੀਸ ਨਾ ਕੋਇ ਨਿਵਾਈਆ । ਜਿਸ ਦਾ ਹੁਕਮ ਹੋਣਾ ਆਇਦ, ਅਹਿਦਨਾਮੇ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਲਾਲ ਰੰਗ ਕਹੇ ਮੈਂ ਲਾਲ ਵੇਖਣੀ ਭੂਮੀ, ਭੂਮਿਕਾ ਦਏ ਦੁਹਾਈਆ । ਇਸ਼ਾਰਾ ਮਿਲਦਾ ਵਿਚ ਰੂਮੀ, ਰਹਿਮਾਨ ਦਏ ਵਡਿਆਈਆ । ਖੇਲ ਹੋਣੀ ਨਾਮਾਲੂਮੀ, ਸਿਆਸਤ ਚਲੇ ਨਾ ਕੋਇ ਚਤੁਰਾਈਆ । ਪਰਦਾ ਖੋਲ੍ਹੇ ਨਾ ਕੋਇ ਨਜੂਮੀ, ਹਿਸਾਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਲਾਲ ਰੰਗ ਕਹੇ ਮੈਂ ਕੱਪੜ ਉਤੇ ਚੜ੍ਹਿਆ, ਤਨ ਵਜੂਦ ਸੁਹਾਈਆ । ਮੇਰਾ ਅੰਤਰ ਅੰਤਰ ਲੜਿਆ, ਜਗਤ ਵਿਚ ਦੁਹਾਈਆ । ਮੈਂ ਜੀਂਦਾ ਜਗ ਮਰਿਆ, ਜੀਵਤ ਰੂਪ ਨਾ ਕੋਇ ਬਣਾਈਆ । ਮੇਰਾ ਪਾਸਾ ਅੰਤਮ ਹਰਿਆ, ਜਿੱਤ ਸੰਗ ਨਾ ਕੋਇ ਰਖਾਈਆ । ਮੈਨੂੰ ਦੁਰਗਾ ਇਕ ਵਰਿਆ, ਅਸ਼ਟਭੁਜ ਗਵਾਹੀਆ । ਮੈਂ ਕਲਜੁਗ ਅੰਤਮ ਸੜਿਆ, ਮੇਰਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਲਾਲ ਰੰਗ ਕਹੇ ਮੇਰੀ ਅਗੰਮੀ ਤਸਵੀਰ, ਹਰਿ ਤਸੱਵਰ ਆਪ ਕਰਾਈਆ । ਮੈਨੂੰ ਸੰਦੇਸ਼ਾ ਦਿਤਾ ਕਬੀਰ, ਜੁਲਾਹਾ ਗਿਆ ਦ੍ਰਿੜਾਈਆ । ਜਿਸ ਵੇਲੇ ਦੀਨ ਦੁਨੀ ਦੀ ਬਦਲੀ ਜ਼ਮੀਰ, ਸ਼ਰਅ ਸਚ ਨਾ ਕੋਇ ਸਮਝਾਈਆ । ਜੂਠ ਝੂਠ ਭਰਿਆ ਖ਼ਮੀਰ, ਖ਼ਾਲੀ ਹੋਈ ਲੋਕਾਈਆ । ਬਦਲੇ ਨਾ ਕੋਇ ਤਕ਼ਦੀਰ, ਤਦਬੀਰ ਨਾ ਕੋਇ ਦ੍ਰਿੜਾਈਆ । ਓਸ ਵੇਲੇ ਸਭ ਦੇ ਨੇਤਰੋਂ ਡਿਗਣਾ ਨੀਰ, ਧੀਰਜ ਧੀਰ ਨਾ ਕੋਇ ਰਖਾਈਆ । ਕਿਸੇ ਕੰਮ ਨਹੀਂ ਔਣੀ ਸ਼ਰਅ ਸ਼ਮਸ਼ੀਰ, ਖੜਗ ਖੰਡਾ ਨਾ ਕੋਇ ਵਡਿਆਈਆ । ਝਗੜਾ ਪੈਣਾ ਸ਼ਾਹ ਹਕੀਰ, ਊਚ ਨੀਚ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਲਾਲ ਰੰਗ ਕਹੇ ਮੈਂ ਆਇਆ ਉਤੇ ਫ਼ਰਸ਼, ਖ਼ਾਕੀ ਵੇਖ ਵਖਾਈਆ । ਮੇਰੀ ਮੁਹੰਮਦ ਨਾਲ ਸ਼ਰਤ, ਸਦੀ ਚੌਧਵੀਂ ਦਏ ਗਵਾਹੀਆ । ਜਿਸ ਵੇਲੇ ਤੇਰਾ ਮਹਿਬੂਬ ਆਇਆ ਪਰਤ, ਨਿਰਗੁਣ ਨੂਰ ਨੂਰ

ਅਲਾਹੀਆ । ਕੂੜੀ ਕਿਰਿਆ ਹੋਣਾ ਗ਼ਰਕ, ਸ਼ੌਹ ਦਰਿਆ ਦਏ ਡੁਬਾਈਆ । ਦੀਨ ਦੁਨੀ ਦੀ ਵੇਖੇ ਮਰਜ਼, ਹਰ ਹਿਰਦਾ ਫੋਲ ਫੁਲਾਈਆ । ਮੁਹੰਮਦ ਕਹੇ ਮੇਰੀ ਇਕੋ ਗ਼ਰਜ਼, ਆਸਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਦ ਅਭੇਦਾ ਆਪ ਖੁਲ੍ਹਾਈਆ । ਮੁਹੰਮਦ ਕਹੇ ਸੁਣ ਕਾਲੇ ਰੰਗ, ਕਲਜੁਗ ਦਿਆਂ ਜਣਾਈਆ । ਲਾਲ ਰੂਪ ਲਾਲ ਮੇਰੇ ਹੋਵੇ ਸੰਗ, ਸਗਲਾ ਸੰਗ ਬਣਾਈਆ । ਮੇਰਾ ਮਹਿਬੂਬ ਸੋਹੇ ਅਗੰਮ ਪਲੰਘ, ਜਿਸ ਦਾ ਪਾਵਾ ਚੂਲ ਨਾ ਕੋਇ ਵਖਾਈਆ । ਕਲਮਾ ਨਾਮ ਵੱਜੇ ਮਰਦੰਗ, ਦੋ ਜਹਾਨਾਂ ਦਏ ਸੁਣਾਈਆ । ਕਲਜੁਗ ਮੇਟੇ ਅੰਧੇਰਾ ਅੰਧ, ਸਦੀ ਚੌਧਵੀਂ ਡੇਰਾ ਢਾਹੀਆ । ਸਾਚਾ ਦੱਸੇ ਆਪਣਾ ਛੰਦ, ਆਤਮ ਪਰਮਾਤਮ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਵਖਾਈਆ । ਮੁਹੰਮਦ ਕਹੇ ਸਦੀ ਚੌਧਵੀਂ ਮੇਰਾ ਨਾਤਾ, ਅੰਤ ਅਖ਼ੀਰ ਦ੍ਰਿੜਾਈਆ । ਖੇਲੇ ਖੇਲ ਪੁਰਖ ਬਿਧਾਤਾ, ਪ੍ਰਭ ਠਾਕਰ ਨੂਰ ਅਲਾਹੀਆ । ਜਿਸ ਨੇ ਆਪਣਾ ਰੰਗ ਰੰਗੌਣਾ ਸਾਚਾ, ਲਾਲ ਧਰਨੀ ਦਏ ਕਰਾਈਆ । ਝਗੜਾ ਮੁਕਾਏ ਕੰਚਨ ਗੜ੍ਹ ਕਾਚਾ, ਪੰਕਜ ਪੰਜ ਵੇਖ ਵਖਾਈਆ । ਮੇਰੀ ਪੂਰੀ ਹੋਵੇ ਆਸਾ, ਆਹਿਸਤਾ ਆਹਿਸਤਾ ਵੇਖ ਵਖਾਈਆ । ਖ਼ਾਲੀ ਹੋਵੇ ਭਾਂਡਾ ਕਾਸਾ, ਵਸਤ ਨਜ਼ਰ ਕੋਇ ਨਾ ਆਈਆ । ਮੇਰਾ ਓਸ ਦੇ ਉਤੇ ਭਰਵਾਸਾ, ਜੋ ਭਰਮ ਦਏ ਚੁਕਾਈਆ । ਜਿਸ ਨੇ ਅੰਤ ਅਖ਼ੀਰ ਕਰਨਾ ਤਮਾਸ਼ਾ, ਪਰਵਰਦਿਗਾਰ ਵੇਸ ਵਟਾਈਆ । ਉਸ ਨੇ ਸਭ ਦੀ ਬਦਲ ਦੇਣੀ ਭਾਸ਼ਾ, ਹੁਕਮ ਇਕੋ ਇਕ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਹੋਣ ਨਹੀਂ ਦੇਣਾ ਨਰਾਸ਼ਾ, ਮਨਸਾ ਸਭ ਦੀ ਵੇਖ ਵਖਾਈਆ । ਇਕ ਜ਼ਹੂਰ ਕਰੇ ਪਰਕਾਸ਼ਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਮ ਇਕ ਕਮਾਈਆ । ਪਹਿਲੀ ਚੇਤ ਕਹੇ ਮੇਰਾ ਆਇਆ ਵਕ਼ਤ ਸੁਹੰਜਣਾ, ਸੋਭਾਵੰਤ ਸੋਭਨੀਕ । ਕਿਰਪਾ ਕਰੇ ਆਦਿ ਨਿਰੰਜਣਾ, ਜਿਸ ਦੇ ਵਿਚ ਹੱਕ ਤੌਫ਼ੀਕ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨਾ, ਆਸਾ ਮਨਸਾ ਪੂਰੀ ਕਰੇ ਉਮੀਦ । ਨਾਮ ਨੇਤਰ ਪਾ ਕੇ ਅੰਜਨਾ, ਨਿਰਗੁਣ ਸਰਗੁਣ ਖੋਲ੍ਹੇ ਦੀਦ । ਚਰਨ ਧੂੜ ਕਰਾਏ ਮਜਨਾ, ਭੇਵ ਖੁਲ੍ਹਾਏ ਗੁਫ਼ਤ ਸ਼ਨੀਦ । ਸਭ ਦੀ ਸਾਂਝੀ ਕਰ ਕੇ ਬੰਦਨਾ, ਦੇਵੇ ਅਗੰਮ ਤਰਤੀਬ । ਧਰਮ ਦਵਾਰ ਇਕੋ ਲੰਘਣਾ, ਚਾਰ ਵਰਨ ਹੋਣ ਨਜ਼ਦੀਕ । ਜਿਸ ਸਭ ਦਾ ਪਰਦਾ ਕੱਜਣਾ, ਰਹਿਣ ਦੇਵੇ ਨਾ ਕੋਇ ਸ਼ਰੀਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਕਰੇ ਤਸਦੀਕ । ਪਹਿਲੀ ਚੇਤ ਕਹੇ ਪ੍ਰਭ ਮਿੱਤਰ ਪਿਆਰਾ ਏਕਾ, ਸਭ ਨੂੰ ਦਿਆਂ ਸਮਝਾਈਆ । ਦੀਨ ਦੁਨੀ ਦੀ ਸਾਂਝੀ ਟੇਕਾ, ਟਿੱਕੇ ਮਸਤਕ ਨਾਮ ਰਮਾਈਆ । ਸਭ ਦੀ ਬੁਧ ਕਰੇ ਬਿਬੇਕਾ, ਦੁਰਮਤ ਮੈਲ ਧਵਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਲੇਖਾ, ਬਚਿਆ ਰਹਿਣ ਕੋਇ ਨਾ ਪਾਈਆ । ਇਕੋ ਪ੍ਰਗਟ ਹੋਵੇ ਸ਼ਬਦ ਦੁਲਾਰਾ ਸੁਤ ਅਗੰਮੀ ਬੇਟਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਏਥੇ ਓਥੇ ਦੋ ਜਹਾਨਾਂ ਖੇਵਟ ਖੇਟਾ, ਬੇੜਾ ਆਪਣੇ ਕੰਧ ਉਠਾਈਆ । ਨਿਰਗੁਣ ਸਰਗੁਣ ਬਣ ਕੇ ਆਵੇ ਨੇਤਾ, ਨਰ ਨਰਾਇਣ ਵੇਸ ਵਟਾਈਆ । ਜਨ ਭਗਤੋ ਤੁਹਾਡਾ ਭੁਲਿਆ ਫੇਰ ਨਹੀਂ ਚੇਤਾ, ਜੁਗ ਜਨਮ ਦੇ ਵਿਛੜੇ ਲਏ ਮਿਲਾਈਆ । ਤੁਸੀਂ ਫਿਰਦੇ ਭਾਵੇਂ ਆਪਣੇ ਵਿਚ ਖੇਤਾਂ, ਕਿਰਸਾਣੋ ਤੁਹਾਡੀ ਕਿਰਸ ਲਈ ਕਢਾਈਆ । ਦੇਣੀ ਪਏ ਕੋਈ ਨਾ ਭੇਟਾ, ਭਜਨ ਬੰਦਗੀ ਵੰਡ ਨਾ ਕੋਇ ਵੰਡਾਈਆ । ਸੜਨਾ ਪਏ ਨਾ ਅਗਨੀ ਸੇਕਾ, ਸੀਸ ਸਵਾਹ ਨਾ ਕੋਇ ਸੁਟਾਈਆ । ਸਿਰਫ਼ ਪੰਜ

ਵਾਰੀ ਕਰ ਲਿਆ ਕਰੋ ਚੇਤਾ, ਜੈਕਾਰਾ ਧੁਰ ਦਾ ਆਪ ਲਗਾਈਆ । ਤੇ ਦਰਸ਼ਨ ਵੇਖੋ ਆਪਣੇ ਨੇਤਾ, ਨਿਜ ਨੇਤਰ ਕਰੇ ਰੁਸ਼ਨਾਈਆ । ਜੋਤੀ ਜਾਮਾ ਧਾਰ ਕੇ ਭੇਖਾ, ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਪਾਰਬ੍ਰਹਮ ਹੋ ਕੇ ਕਰੇ ਅਗੰਮੀ ਹੇਤਾ, ਹਿਤਕਾਰੀ ਹੋ ਕੇ ਆਪਣਾ ਮੇਲ ਮਿਲਾਈਆ ।

## ❊ ੨ ਚੇਤ ਸ਼ਹਿਨਸ਼ਾਹੀ ਸੰਮਤ ੫ ਜੇਠੂਵਾਲ ਹਰਿ ਭਗਤ ਦਵਾਰ ❊

ਸੰਮਤ ਪੰਜ ਕਹੇ ਸ਼ਹਿਨਸ਼ਾਹ ਦਾ ਲੱਗੇ ਪੰਜਾ, ਪੰਜ ਮਿਲੇ ਵਡਿਆਈਆ । ਜਨ ਭਗਤਾਂ ਭਾਗ ਹੋਏ ਨਾ ਮੰਦਾ, ਤਕਦੀਰ ਚਲੇ ਨਾ ਕੋਇ ਵਡਿਆਈਆ । ਧੁਰ ਫ਼ਰਮਾਨਾ ਮਿਲੇ ਅਗੰਮਾ ਚੰਗਾ, ਚਾਰ ਕੁੰਟ ਵਡਿਆਈਆ । ਦੇਵੇ ਆਤਮ ਅਨੰਦਾ, ਬ੍ਰਹਮ ਮੇਲ ਮਿਲਾਈਆ । ਸਾਹਿਬ ਬਣ ਬਖ਼ਸ਼ੰਦਾ, ਬਖ਼ਸ਼ੇ ਇਕ ਸਰਨਾਈਆ । ਚੜ੍ਹਾ ਅਗੰਮੀ ਡੰਡਾ, ਮੰਜ਼ਲ ਦਏ ਮੁਕਾਈਆ । ਸਚਖੰਡ ਦਵਾਰ ਵਖਾ ਕੇ ਕੰਢਾ, ਘਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਵੇਖੀ ਸਚਖੰਡ ਭਗਤਾਂ ਦੀ ਤਸਵੀਰ, ਪੁਰਖ ਅਕਾਲ ਦਿਤੀ ਵਖਾਈਆ । ਜਿਥੇ ਦਾਤਾ ਗੁਣੀ ਗਹੀਰ, ਨਿਰਗੁਣ ਬੈਠਾ ਸੋਭਾ ਪਾਈਆ । ਨਾ ਕੋਈ ਸ਼ਰਅ ਦਿਸੇ ਜ਼ੰਜੀਰ, ਕੜੀ ਕੜੀ ਬੰਧਨ ਨਾ ਕੋਇ ਬੰਧਾਈਆ । ਗੁਰਮੁਖ ਸੋਹਣੇ ਵੇਖੇ ਵੀਰ, ਨੌਜਵਾਨ ਨਜ਼ਰੀ ਆਈਆ । ਜਾਂ ਮੈਂ ਨਿਗਾਹ ਮਾਰੀ ਮੈਨੂੰ ਨਜ਼ਰ ਆਇਆ ਸਚ ਦਵਾਰੇ ਬੈਠੀ ਕੌਰ ਜਸਬੀਰ, ਜਸ ਆਪਣਾ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਕਹੇ ਮੈਂ ਵੇਖ ਕੇ ਹੋਇਆ ਹੈਰਾਨ, ਖ਼ੁਸ਼ੀ ਮੇਰੇ ਅੰਦਰ ਆਈਆ । ਬਿਨਾ ਤੇਲ ਬਾਤੀ ਤੋਂ ਜਗੇ ਸ਼ਮਾਦਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਸਿੰਘਾਸਣ ਸੋਹੇ ਮਿਹਰਵਾਨ, ਮਹਿਬੂਬ ਡੇਰਾ ਲਾਈਆ । ਮੈਂ ਕੀਤਾ ਚਰਨ ਧਿਆਨ, ਨਿਉਂ ਕੇ ਸੀਸ ਝੁਕਾਈਆ । ਸੁਣਿਆ ਅਗੰਮ ਫ਼ਰਮਾਨ, ਬਿਨ ਰਸਨਾ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਨੂੰ ਸੁਨੇਹੜਾ ਦੇਵੇ ਜਸਬੀਰ, ਪ੍ਰਭ ਸ਼ਬਦ ਨਾਲ ਸਮਝਾਈਆ । ਮੇਰਾ ਲੇਖਾ ਵੇਖ ਅਖ਼ੀਰ, ਆਖ਼ਰ ਮੰਜ਼ਲ ਦਿਤੀ ਮੁਕਾਈਆ । ਜੇ ਮੈਂ ਨਾ ਔਂਦੀ ਮੇਰਾ ਔਣਾ ਸੀ ਏਥੇ ਵੀਰ, ਜਿਸ ਦੀ ਮੰਗ ਮੇਰੀ ਪਹਿਲੀ ਨਜ਼ਰੀ ਆਈਆ । ਇਹ ਮੇਰੀ ਹਿੰਮਤ ਮੇਰੇ ਜੀਵਣ ਦੀ ਤਕ਼ਦੀਰ, ਤਦਬੀਰ ਪ੍ਰਭ ਦਿਤੀ ਸਮਝਾਈਆ । ਮੈਨੂੰ ਇਸ਼ਾਰਾ ਦੇ ਗਿਆ ਖ਼ੁਸ਼ੀ ਨਾਲ ਕਬੀਰ, ਕਾਅਬਿਆਂ ਤੋਂ ਪਰੇ ਆਇਆ ਚਾਈਂ ਚਾਈਂਆ । ਮੇਰੀ ਬਦਲ ਗਈ ਜ਼ਮੀਰ, ਅੰਤਰ ਅੰਤਰ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਜਸਬੀਰ ਕਹੇ ਇਹ ਮੇਰੀ ਪਹਿਲੀ ਸੇਵ, ਸਤਿਗੁਰ ਦਿਤੀ ਲਗਾਈਆ । ਪੰਜ ਜੇਠ ਲੇਖ ਲਿਖਾਇਆ ਵਡ ਦੇਵੀ ਦੇਵ, ਬੀਸ ਸਾਲ ਦੇਣ ਗਵਾਹੀਆ । ਮੈਂ ਰਾਹ ਤੱਕਦੀ ਰਹੀ ਕਿਸ ਵੇਲੇ ਨਿਹਚਲ ਧਾਮ ਮਿਲੇ ਨਿਹਕੇਵ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਧਿਔਂਦੀ ਰਹੀ ਬਿਨ ਰਸਨਾ ਜਿਹਵ, ਅੰਤਰ ਅੰਤਰ ਆਸ ਰਖਾਈਆ । ਜੇ ਮੈਂ

ਨਾ ਔਂਦੀ ਮੇਰਾ ਵੀਰ ਔਣਾ ਸੀ ਬਲਦੇਵ, ਬਲਧਾਰੀ ਮੇਰੇ ਅੰਤਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਜਸਬੀਰ ਕਹੇ ਮੇਰੀ ਪਹਿਲੀ ਸੀ ਮੰਗ, ਨੰਨ੍ਹੀ ਬੱਚੀ ਦਿਆਂ ਜਣਾਈਆ । ਮੈਨੂੰ ਯਾਦ ਜਿਸ ਵੇਲੇ ਘੁਮਾਇਆ ਗਿਆ ਸੀ ਉਪਰ ਪਲੰਘ, ਚਾਰੋਂ ਕੁੰਟ ਧਾਰ ਬਣਾਈਆ । ਫੜ ਕੇ ਇਕ ਟੰਗ, ਸਿੱਧੀ ਤੋਂ ਪੁੱਠੀ ਦਿਤਾ ਲਮਕਾਈਆ । ਮੇਰੇ ਅੰਦਰ ਆਈ ਗੰਢ, ਸੰਦੇਸ਼ਾ ਸੁਣਿਆ ਧੁਰਦਰਗਾਹੀਆ । ਤੇਰੇ ਪਿਛੋਂ ਹਰਿਭਗਤ ਚੜ੍ਹਨਾ ਚੰਦ, ਜਿਸ ਦਾ ਪਿਤਾ ਸਿੰਘ ਪ੍ਰੀਤਮ ਬਲਵੰਤ ਕੌਰ ਹੋਣੀ ਮਾਈਆ । ਤੇਰਾ ਲਹਿਣਾ ਦੇਣਾ ਓਸ ਨਾਲ ਜੋ ਸਦਾ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਮੈਂ ਹੱਸ ਕੇ ਖ਼ੁਸ਼ੀ ਨਾਲ ਕੱਢੇ ਦੰਦ, ਮੁਸਕਰਾਹਟ ਵਿਚ ਡਗਮਗਾਈਆ । ਕਿਰਪਾ ਕਰ ਸੂਰੇ ਸਰਬੰਗ, ਸਚ ਤੇਰੀ ਸਰਨਾਈਆ । ਮੈਂ ਚਾਹੁੰਦੀ ਤੇਰੇ ਚਰਨ ਕਵਲ ਅਨੰਦ, ਅਨੰਦ ਤੇਰੇ ਵਿਚ ਸਮਾਈਆ । ਜਿਸ ਦਾ ਲੇਖਾ ਲਿਖਿਆ ਗਿਆ ਸੀ ਅੱਜ ਤੋਂ ਪਹਿਲੇ ਸਾਲ ਪੰਜ, ਫ਼ਰਮਾਨਾ ਧੁਰ ਦਾ ਹੱਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਸਬੀਰ ਕਹੇ ਮੈਂ ਦੱਸਾਂ ਅਗੰਮ ਕਹਾਣੀ, ਜਿਸ ਦੀ ਸਮਝ ਕਿਸੇ ਨਾ ਆਈਆ । ਜਿਸ ਵੇਲੇ ਕ੍ਰਿਸ਼ਨ ਅਰਜਨ ਨੂੰ ਦੱਸਦਾ ਸੀ ਅਗੰਮੀ ਬਾਣੀ, ਗੀਤਾ ਗਿਆਨ ਵਡਿਆਈਆ । ਕੋਲ ਰੱਖਿਆ ਸੀ ਠੰਡਾ ਪਾਣੀ, ਜਲ ਸੁਹੰਜਣਾ ਇਕ ਸੁਹਾਈਆ । ਇਕ ਰੱਖੀ ਸੀ ਕਾਨੇ ਦੀ ਕਾਨੀ, ਕ਼ਲਮ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਸਬੀਰ ਕਹੇ ਜਿਸ ਵੇਲੇ ਅਰਜਨ ਦਿਤਾ ਬੋਧ, ਕ੍ਰਿਸ਼ਨ ਭੇਵ ਖੁਲ੍ਹਾਈਆ । ਅੱਖਰਾਂ ਅੱਖਰਾਂ ਨੂੰ ਸੋਧ, ਸੁੱਧ ਦਿਤੀ ਸਮਝਾਈਆ । ਖੇਲ ਅਠਾਰਾਂ ਰੋਜ਼, ਰੋਜ਼ ਬਰੋਜ਼ ਕਰੀ ਪੜ੍ਹਾਈਆ । ਮੈਂ ਵੇਖਦੀ ਰਹੀ ਮੌਜ, ਵੇਲਾ ਵਕ਼ਤ ਸੋਭਾ ਪਾਈਆ । ਮੈਂ ਵੈਰਾਗੀ ਮੈਨੂੰ ਬੜੀ ਹੁੰਦੀ ਸੀ ਖੋਜ, ਖੋਜਤ ਖੋਜਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਸਬੀਰ ਕਹੇ ਜਿਸ ਵੇਲੇ ਪਹਿਲਾ ਉਚਰਿਆ ਸਲੋਕ, ਅਰਜਨ ਮੁਖ ਉਂਗਲਾਂ ਆਪਣੀਆਂ ਆਪ ਪਾਈਆ । ਕ੍ਰਿਸ਼ਨ ਨੇ ਬਾਹੋਂ ਫੜ ਕੇ ਲਿਆ ਰੋਕ, ਕਿਉਂ ਸੋਚਾਂ ਵਿਚ ਡੁਬਾਈਆ । ਅਰਜਨ ਕਿਹਾ ਮੇਰਾ ਪਹਿਲੋਂ ਖੋਲ੍ਹ ਲੋਚ, ਨੇਤਰ ਇਕ ਉਠਾਈਆ । ਮੈਂ ਦਰਸ਼ਨ ਕਰਾਂ ਰੋਜ਼, ਇਹੋ ਮੰਗ ਮੰਗਾਈਆ । ਕਾਹਨ ਕਿਹਾ ਅਗੰਮੀ ਚੋਜ, ਚੋਜੀ ਹੋ ਕੇ ਦਿਆਂ ਦ੍ਰਿੜਾਈਆ । ਭਗਤ ਉਧਾਰਨਾ ਮੇਰੀ ਮੌਜ, ਮਿਹਰਵਾਨ ਇਕ ਅਖਵਾਈਆ । ਨਿਗਾਹ ਮਾਰ ਚੌਦਾਂ ਲੋਕ, ਜੋ ਮੇਰੇ ਵਿਚ ਸਮਾਈਆ । ਸਭ ਦੀ ਜਣਾਈ ਮੌਤ, ਜੀਂਦਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨਾਲ ਵਖਾਈ ਅਦੌਤ, ਝਗੜਾ ਦੀਨ ਦੁਨੀ ਲੋਕਾਈਆ । ਜਸਬੀਰ ਕਹੇ ਮੈਂ ਓਸ ਵੇਲੇ ਦਾ ਵੱਡਾ ਹੁੰਦਾ ਸਾਂ ਪ੍ਰੋਹਤ, ਹਿਸਾਬ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਜਸਬੀਰ ਕਹੇ ਮੈਂ ਕਾਹਨ ਨੂੰ ਦਿਤਾ ਇਕ ਦ੍ਰਿਸ਼ਟਾਂਤ, ਵਿਸ਼ਾ ਦਿਤਾ ਸਮਝਾਈਆ । ਤੂੰ ਬੈਠ ਕੇ ਇਕ ਇਕਾਂਤ, ਕਿਉਂ ਜਗਤ ਕਰੇਂ ਲੜਾਈਆ । ਕੌਰਵ ਪਾਂਡਵ ਕਰ ਦੇ ਸ਼ਾਂਤ, ਵਾਤਾਵਰਨ ਦੇ ਬਦਲਾਈਆ । ਕੀ ਝਗੜਾ ਪਾਇਆ ਮਾਤ, ਤ੍ਰੈਲੋਕੀ ਨਾਥ ਨਾਉਂ ਧਰਾਈਆ । ਉਸ ਨੇ ਧਰ ਕੇ ਹਾਥ ਤੇ ਹਾਥ, ਸਹਿਜ ਦਿਤਾ ਦ੍ਰਿੜਾਈਆ । ਇਹ ਖੇਲ ਪੁਰਖ ਅਬਿਨਾਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਫੇਰ ਜਸਬੀਰ ਕਹੇ ਮੈਂ ਆਖਿਆ

ਤੂੰ ਤ੍ਰੈਲੋਕੀ ਨਾਥ, ਕੀ ਤੇਰੀ ਵਡਿਆਈਆ । ਆਹ ਵੇਖ ਮੇਰੀ ਕਿਤਾਬ, ਜੋ ਲੇਖਾ ਅਗਲਾ ਦਏ ਸਮਝਾਈਆ । ਜਿਸ ਦੇ ਵਿਚ ਅਗੰਮ ਹਿਸਾਬ, ਅੰਕੜੇ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਹੇ ਇਹ ਖੇਲ ਨਿਰੰਕਾਰੀ, ਹਰਿ ਕਰਤਾ ਆਪ ਕਰਾਈਆ । ਜਸਬੀਰ ਕਹੇ ਮੈਂ ਆਖਿਆ ਇਹ ਝਗੜਾ ਦਰੋਪਤ ਨਾਰੀ, ਜੋ ਦੋਹਾਂ ਧਿਰਾਂ ਲੜਾਈਆ । ਤੂੰ ਵਿਚ ਮੋਹਨ ਸਿਕਦਾਰੀ, ਆਪਣਾ ਹੁਕਮ ਵਰਤਾਈਆ । ਕ੍ਰਿਸ਼ਨ ਨੇ ਉਠ ਕੇ ਚਾਰੋਂ ਕੁੰਟ ਨਿਗਾਹ ਮਾਰੀ, ਦਹਿ ਦਿਸ਼ਾ ਵੇਖ ਵਖਾਈਆ । ਜਿਧਰ ਤੱਕਿਆ ਓਧਰ ਮਨ ਹੰਕਾਰੀ, ਨਿਮਰਤਾ ਰੂਪ ਨਾ ਕੋਇ ਦਰਸਾਈਆ । ਸਾਚੀ ਪੈਜ ਰਿਹਾ ਨਾ ਕੋਇ ਸਵਾਰੀ, ਸਾਧਨਾ ਸਚ ਨਾ ਕੋਇ ਕਰਾਈਆ । ਕਾਹਨ ਕਿਹਾ ਮੇਰੀ ਆਈ ਅੰਤਮ ਵਾਰੀ, ਵਾਰਤਾ ਪ੍ਰਭ ਦਿਤੀ ਸਮਝਾਈਆ । ਨਾਲ ਉਠੌਣਾ ਸ਼ੰਕਰ ਸੰਘਾਰੀ, ਧੁਰ ਫ਼ਰਮਾਨਾ ਇਕ ਜਣਾਈਆ । ਚਾਰੋਂ ਕੁੰਟ ਹੋਣੀ ਖ਼ੁਆਰੀ, ਚਲੇ ਨਾ ਕੋਇ ਚਤੁਰਾਈਆ । ਕਿਸੇ ਦਾ ਹੋਣਾ ਨਹੀਂ ਕੋਈ ਉਧਾਰੀ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕ੍ਰਿਸ਼ਨ ਕਿਹਾ ਇਹ ਖੇਲ ਅਨੋਖਾ ਵਖਰਾ, ਹਰਿ ਕਰਤਾ ਰਿਹਾ ਕਰਾਈਆ । ਜਿਸ ਨੇ ਰੂਪ ਜਣਾਇਆ ਆਪਣਾ ਇੱਟਾਂ ਪੱਥਰਾਂ, ਪਾਹਨ ਰਿਹਾ ਪੁਜਾਈਆ । ਜਿਸ ਨੇ ਲੇਖ ਲਿਖਾਇਆ ਕਾਗ਼ਜ਼ ਕ਼ਲਮ ਸਿਆਹੀ ਪੱਤਰਾ, ਹਰਫ਼ਾਂ ਵੰਡ ਵੰਡਾਈਆ । ਜੋ ਦੋ ਜਹਾਨਾਂ ਕਰੇ ਸਫ਼ਰਾ, ਨਿਤ ਨਵਿਤ ਵੇਸ ਵਟਾਈਆ । ਸੋ ਸਭ ਨੂੰ ਦੇਣ ਵਾਲਾ ਕਫ਼ਨਾ, ਬਚਿਆ ਰਹਿਣ ਕੋਇ ਨਾ ਪਾਈਆ । ਜਸਬੀਰ ਕਹੇ ਮੈਂ ਕਿਹਾ ਮੈਨੂੰ ਵੀ ਰਾਤੀ ਆਇਆ ਸੀ ਸੁਫ਼ਨਾ, ਸਾਹਿਬ ਦਿਤਾ ਦ੍ਰਿੜਾਈਆ । ਦਵਾਪਰ ਅੰਤਮ ਮੁੱਕਣਾ, ਹੋਵੇ ਜਗਤ ਲੜਾਈਆ । ਮੈਂ ਕ੍ਰਿਸ਼ਨ ਤੈਥੋਂ ਇਕੋ ਬਚਨ ਪੁਛਣਾ, ਸਚ ਦੇਣਾ ਸੁਣਾਈਆ । ਦੱਸ ਯਾਦਵਾਂ ਕਿੱਥੇ ਲੁਕਣਾ, ਕਵਣ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇ ਖੁਲ੍ਹਾਈਆ । ਕ੍ਰਿਸ਼ਨ ਅੰਦਰ ਬਾਹਰ ਕੀਤੀ ਵਿਚਾਰ, ਵਿਚਰ ਕੇ ਦਿਤਾ ਸੁਣਾਈਆ । ਮੈਂ ਵੇਖਿਆ ਖੇਲ ਅਪਾਰ, ਅਗੰਮ ਦਿਆਂ ਦ੍ਰਿੜਾਈਆ । ਤੈਨੂੰ ਛੱਡਣਾ ਪਏ ਸੰਸਾਰ, ਲੋਕਮਾਤ ਰਹਿਣ ਨਾ ਪਾਈਆ । ਫੇਰ ਦੀਨ ਦੁਨੀ ਹੋਵੇ ਖ਼ੁਆਰ, ਖ਼ੁਆਰੀ ਚਾਰੋਂ ਕੁੰਟ ਵੇਖ ਵਖਾਈਆ । ਪੰਡਤ ਜੀ ਜ਼ਰਾ ਹੋਰ ਹੋਵੋ ਹੁਸ਼ਿਆਰ, ਤੁਹਾਨੂੰ ਦਿਆਂ ਦ੍ਰਿੜਾਈਆ । ਦਵਾਪਰ ਪਿਛੋਂ ਕਲਜੁਗ ਔਣਾ ਵਿਚ ਸੰਸਾਰ, ਲੋਕਮਾਤ ਚਰਨ ਟਿਕਾਈਆ । ਰੂਪ ਹੋਣਾ ਅੰਧ ਅੰਧਿਆਰ, ਸਾਚਾ ਨੂਰ ਨਾ ਕੋਇ ਚਮਕਾਈਆ । ਧੀਆਂ ਭੈਣਾਂ ਜਗਤ ਜੀਵ ਕਰੇ ਵਪਾਰ, ਕ਼ੀਮਤ ਹੱਟੋ ਹੱਟ ਵਿਕਾਈਆ । ਸਾਚਾ ਰਹੇ ਨਾ ਕੋਇ ਪਿਆਰ, ਭੈਣ ਭਾਈ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਕ੍ਰਿਸ਼ਨ ਕਿਹਾ ਪੰਡਤ ਜੀ ਹੁਣ ਤੁਹਾਨੂੰ ਛੱਡਣਾ ਪੈਣਾ ਸਰੀਰ, ਨਾਤਾ ਜਾਣਾ ਤੁੜਾਈਆ । ਤੁਹਾਡੇ ਮਰਨ ਪਿਛੋਂ ਦੁਆਪਰ ਦਾ ਹੋਣਾ ਅਖ਼ੀਰ, ਕੌਰਵ ਪਾਂਡਵ ਰਹੇ ਕੁਰਲਾਈਆ । ਤੁਸਾਂ ਹੋਣਾ ਨਹੀਂ ਦਿਲਗੀਰ, ਧੀਰਜ ਧੀਰ ਦਿਤੀ ਧਰਾਈਆ । ਉਹ ਖੇਲ ਬੇਨਜ਼ੀਰ, ਜੋ ਨਜ਼ਰ ਤੋਂ ਉਹਲੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੰਡਤ ਕਿਹਾ ਮੈਂ ਮਾਤਲੋਕ ਜਾਵਾਂ ਛੋੜ, ਤਤ ਦੀ ਤਤ ਵਿਚ ਵਡਿਆਈਆ । ਸਚ ਦਵਾਰੇ ਜਾਵਾਂ ਦੌੜ, ਦਰਗਾਹ ਸਾਚੀ ਸੋਭਾ ਪਾਈਆ । ਓਥੇ ਜਾਵਾਂ ਬਹੁੜ, ਜਿਥੇ ਮੇਲ ਮਿਲੇ ਸ਼ਹਿਨਸ਼ਾਹੀਆ ।


੧੧੨੮
੨੧

ਝਗੜਾ ਰਹੇ ਨਾ ਠਗ ਚੋਰ, ਜਗਤ ਵਾਸਨਾ ਡੇਰਾ ਢਾਹੀਆ । ਸਦਾ ਵਸਾਂ ਕੋਲ, ਸਚ ਦਵਾਰੇ ਸੋਭਾ ਪਾਈਆ । ਫੇਰ ਕਦ ਆਵਾਂ ਉਪਰ ਧੌਲ, ਮੈਨੂੰ ਦੇ ਜਣਾਈਆ । ਝਟ ਕ੍ਰਿਸ਼ਨ ਕਿਹਾ ਬੋਲ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਸਾਡਾ ਅਵਤਾਰਾਂ ਪੈਗੰਬਰਾਂ ਗੁਰੂਆਂ ਦਾ ਪੂਰਾ ਹੋਇਆ ਕੌਲ, ਇਕਰਾਰਨਾਮਾ ਆਪਣਾ ਵਕ਼ਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਦਏ ਮੁਕਾਈਆ । ਕ੍ਰਿਸ਼ਨ ਕਿਹਾ ਪੰਡਤ ਜੀ ਤੁਸਾਂ ਮਰਦ ਤੋਂ ਬਣਨਾ ਨਾਰੀ, ਨਰ ਨਰਾਇਣ ਦਏ ਵਡਿਆਈਆ । ਤੁਹਾਡੇ ਅੰਤਰ ਜਗੇ ਜੋਤ ਨਿਰੰਕਾਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਲਜੁਗ ਅੰਤ ਤੁਹਾਡੇ ਬਦਲੇ ਹੋਣੀ ਖ਼ੁਆਰੀ, ਵੇਲਾ ਵਕ਼ਤ ਸੋਭਾ ਪਾਈਆ । ਤੁਹਾਡੀ ਸੇਵਾ ਸੇਵਾ ਤੋਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਦਵਾਪਰ ਵਾਂਗ ਕਲਜੁਗ ਬਦਲਣਾ ਇਹ ਤੇਰੀ ਹਿੱਸੇਦਾਰੀ, ਹਿੱਸਾ ਸੋਹਣਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਕ੍ਰਿਸ਼ਨ ਕਹੇ ਪੰਡਤ ਗਿਆ ਸੁਧਾਰ, ਸਚ ਦਰ ਸੋਭਾ ਪਾਈਆ । ਕਲਜੁਗ ਅੰਤ ਪ੍ਰਗਟ ਹੋ ਸੰਸਾਰ, ਭਗਤ ਦਵਾਰ ਵੱਜੀ ਵਧਾਈਆ । ਇਕੋ ਮੰਨ ਸੱਚੀ ਸਰਕਾਰ, ਸਿਰ ਸਰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਸਮਝਾਈਆ । ਸਚ ਫ਼ਰਮਾਨ ਰੱਖਣਾ ਯਾਦ, ਯਾਦ ਦਿਆਂ ਦ੍ਰਿੜਾਈਆ । ਜਿਸ ਕਾਰਨ ਜਸਬੀਰ ਹੋਈ ਆਬਾਦ, ਲੋਕਮਾਤ ਜਨਮ ਦਵਾਈਆ । ਇਹ ਕਲਜੁਗ ਦਾ ਲਹਿਣਾ ਦੇਣਾ ਖ਼ਰਾਜ, ਓਸੇ ਦੀ ਝੋਲੀ ਪਾਈਆ । ਉਹ ਛੱਡ ਕੇ ਕੂੜ ਸਮਾਜ, ਨਾਤਾ ਗਈ ਤੁੜਾਈਆ । ਜੋਤੀ ਧਾਰ ਹੋ ਵਿਸਮਾਦ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਜਗਦਾ ਸਦਾ ਚਰਾਗ਼, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਪਿਛੋਂ ਕਲਜੁਗ ਅੰਤ ਨੌ ਖੰਡ ਪ੍ਰਿਥਮੀ ਹੋਣਾ ਫ਼ਸਾਦ, ਚਾਰ ਵਰਨ ਦੁਹਾਈਆ । ਕੂੜੀ ਕਿਰਿਆ ਹੋਣੀ ਬਰਬਾਦ, ਮਾਇਆ ਮਮਤਾ ਮੋਹ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਜਸਬੀਰ ਕਹੇ ਮੈਂ ਆ ਗਈ, ਆਈ ਧੁਰਦਰਗਾਹ । ਜੋਤੀ ਜੋਤ ਸਮਾਂ ਗਈ, ਪ੍ਰਭ ਪਾਇਆ ਅਗੰਮ ਅਥਾਹ । ਸੁਫ਼ਲ ਜਨਮ ਕਰਾ ਗਈ, ਚੁਰਾਸੀ ਮੁੱਕਿਆ ਫਾਹ । ਸਾਚਾ ਵਕ਼ਤ ਸੁਹਾ ਗਈ, ਆਪਣਾ ਝਟ ਲੰਘਾ । ਮਾਤ ਪਿਤ ਵਡਿਆ ਗਈ, ਨਾਤਾ ਜੋੜ ਕੇ ਭੈਣ ਭਰਾ । ਹਰਿ ਸੰਗਤ ਸਮਝਾ ਗਈ, ਰਸਤਾ ਇਕ ਦ੍ਰਿੜਾ । ਉਚੀ ਕੂਕ ਸੁਣਾ ਗਈ, ਸ਼ਬਦ ਜੈਕਾਰਾ ਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਸਬੀਰ ਕਹੇ ਹਰਿ ਸੰਗਤ ਪ੍ਰਭ ਦੇ ਅੱਗੇ ਕਰੋ ਦੁਆ, ਮੈਂ ਇਕੋ ਬਚਨ ਸੁਣਾਈਆ । ਮੁਹੱਬਤ ਤੁੱਟੇ ਨਾ ਕਦੇ ਭੈਣ ਭਰਾ, ਨਾਤਾ ਪੱਕਾ ਲੈਣਾ ਬਣਾਈਆ । ਮੇਰੇ ਵਲੋਂ ਆਪਣਾ ਰਾਜ਼ ਸਭ ਨੇ ਲੈਣਾ ਅਜ਼ਮਾ, ਅੱਗੇ ਲੋੜ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪੇ ਲਏ ਬਚਾ, ਹੋਏ ਸਦਾ ਸਹਾਈਆ । ਵੇਖੋ ਮੈਂ ਸਚਖੰਡ ਪਹੁੰਚੀ ਆ, ਮੇਰੇ ਪਿਛੋਂ ਆਹ ਮਾਰਨ ਦੀ ਲੋੜ ਰਹੇ ਨਾ ਰਾਈਆ । ਜਿਥੇ ਭਗਤ ਸੁਹੇਲੇ ਸਾਰੇ ਬੈਠੇ ਇਕੋ ਰੰਗ ਰੰਗਾ, ਦੂਜਾ ਨਜ਼ਰ ਕੋਇ ਨਾ ਆਈਆ । ਪਾਲ ਸਿੰਘ ਮੇਰੀ ਖ਼ੁਸ਼ੀ ਨਾਲ ਫੜ ਲਈ ਬਾਂਹ, ਚੇਤ ਸਿੰਘ ਹੱਸ ਕੇ ਦਿਤਾ ਸੁਣਾਈਆ । ਨੀ ਨਿੱਕੀਏ ਤੈਨੂੰ ਚੰਗਾ ਕਿਉਂ ਲੱਗਾ ਇਹ ਥਾਂ, ਭੱਜੀ ਵਾਹੋ ਦਾਹੀਆ । ਓਸ ਮਨਜੀਤ ਵੱਲੇ ਇਸ਼ਾਰਾ ਦਿਤਾ ਕਰਾ, ਜਗਦੀਸ਼ ਹੱਥਾਂ ਨਾਲ ਦਿਤਾ ਜਣਾਈਆ । ਮੈਥੋਂ ਨਿੱਕੇ ਮੈਥੋਂ ਪਹਿਲੋਂ ਪੁੱਜੇ ਜਿਹੜੇ ਛੱਡ ਕੇ ਆਏ ਮਾਤ ਪਿਤ ਜਗਤ ਨਾਤਾ



੧੧੨੯ ੨੧

ਭੈਣ ਭਰਾ, ਮੋਹ ਮੁਹੱਬਤ ਨਾ ਕੋਇ ਕਰਾਈਆ । ਮੈਨੂੰ ਖ਼ੁਸ਼ੀ ਹੋਈ ਮੇਰੇ ਅੰਦਰ ਚੜ੍ਹਿਆ ਚਾਅ, ਚਾਉ ਘਨੇਰਾ ਇਕ ਜਣਾਈਆ । ਧੰਨ ਭਾਗ ਜੇ ਸਾਹਿਬ ਸਤਿਗੁਰ ਜੀਂਵਦਿਆਂ ਬਣ ਮਲਾਹ, ਘਰ ਆਪਣੇ ਰਿਹਾ ਟਿਕਾਈਆ । ਜਿਥੋਂ ਸਕੇ ਕੋਈ ਨਾ ਬਾਹਰ ਕਢਾ, ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਮੈਂ ਤੇ ਸਭ ਨੂੰ ਕਹਿਣਾ ਛੇਤੀ ਕਰੋ ਬੁਢੜਿਓ ਪੰਚਮ ਸੰਮਤ ਵਿਚ ਬਹੁਤੇ ਮੇਰੇ ਕੋਲ ਜਾਓ ਆ, ਇੱਕੀਆਂ ਦਾ ਹਿਸਾਬ ਮੈਨੂੰ ਨਜ਼ਰੀ ਆਈਆ । ਜਿਸ ਦਾ ਲਗਦਾ ਜੇ ਪ੍ਰਭੂ ਦੇ ਹੁੰਦਿਆਂ ਲਾ ਲਓ ਦਾਅ, ਵੇਲਾ ਗਿਆ ਫੇਰ ਹੱਥ ਨਾ ਆਈਆ । ਪਿਛੋਂ ਸਾਰੇ ਕਰਦੇ ਰਹਿੰਦੇ ਦੁਆ, ਵਾਸਤੇ ਵਿਚ ਆਪਣੀ ਦੇਣ ਦੁਹਾਈਆ । ਹੁਣ ਚਲੋ ਇਕ ਰਜ਼ਾ, ਹੁਕਮ ਮੰਨੋ ਚਾਈਂ ਚਾਈਆ । ਜੇ ਕਰ ਆ ਕੇ ਵੇਖੋ ਥਾਂ, ਸੁਹੰਜਣਾ ਸੋਭਾ ਪਾਈਆ । ਤੁਹਾਨੂੰ ਭੁੱਲ ਜਾਏ ਪਿਆਰ ਜਿਹੜਾ ਦੇਂਦੀ ਸੀ ਮਾਂ, ਮਾਤਾ ਦੇ ਪਿਆਰ ਨਾਲੋਂ ਪਿਤਾ ਦੀ ਗੋਦ ਚੰਗੀ ਸੋਭਾ ਪਾਈਆ । ਨਾ ਏਥੇ ਧੁੱਪ ਨਾ ਏਥੇ ਛਾਂ, ਸੂਰੀਆ ਅਗਨੀ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਸਬੀਰ ਕਹੇ ਮੈਂ ਆਵਾਂਗੀ ਫੇਰ ਦਿਨ ਸੁਹੰਜਣਾ ਹੋਵੇ ਵਸਾਖੀ, ਵਾਹਵਾ ਵਜਦੀ ਸਚ ਵਧਾਈਆ । ਮੈਂ ਸਚ ਦੱਸਾਂਗੀ ਕਿਸ ਬਿਧ ਰਾਹ ਵਿਚ ਸਤਿਗੁਰ ਕਰੇ ਰਾਖੀ, ਰੱਖਕ ਹੋ ਕੇ ਪੰਧ ਮੁਕਾਈਆ । ਭੇਵ ਖੋਲ੍ਹਾਂਗੀ ਵਿਸ਼ਨ ਬ੍ਰਹਮਾ ਸ਼ਿਵ ਕਿਸ ਬਿਧ ਬਣਦੇ ਪਾਠੀ, ਬੈਠੇ ਧਿਆਨ ਲਗਾਈਆ । ਪਰਦਾ ਲਾਹਵਾਂਗੀ ਕਿਹੜੀ ਜੋਤ ਜੋ ਸਦਾ ਰਹੇ ਪ੍ਰਕਾਸ਼ੀ, ਪ੍ਰਕਾਸ਼ ਇਕੋ ਨਜ਼ਰੀ ਆਈਆ । ਸਚ ਕਹਾਂਗੀ ਜਨ ਭਗਤੋ ਮਰਨ ਦੀ ਕਰਿਓ ਨਾ ਕੋਇ ਉਦਾਸੀ, ਬਿਨਾ ਮਰਨ ਤੋਂ ਜੀਵਣ ਕੰਮ ਕਿਸੇ ਨਾ ਆਈਆ । ਜਿਨ੍ਹਾਂ ਨੂੰ ਮਿਲਿਆ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਉਹ ਚੜ੍ਹ ਆਓ ਛੇਤੀ ਮੰਜ਼ਲ ਘਾਟੀ, ਮਾਤਲੋਕ ਵਿਚ ਰਹਿਣ ਦੀ ਲੋੜ ਰਹੇ ਨਾ ਰਾਈਆ । ਮੈਂ ਚਾਹੁੰਦੀ ਸਚਖੰਡ ਵਿਚ ਮਜਲਸ ਹੋਵੇ ਭਗਤਾਂ ਦੀ ਸਾਡੀ, ਗੁਰ ਅਵਤਾਰ ਪੈਗ਼ੰਬਰ ਸਾਡੇ ਨਾਲ ਮਿਲ ਕੇ ਮਤਾ ਲੈਣ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਭਗਤਾਂ ਦੀ ਆਪਣੇ ਹੱਥੀਂ ਕਰੇ ਸ਼ਾਦੀ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਮੇਲ ਮਿਲਾਈਆ ।

### * ੩ ਚੇਤ ਸ਼ਹਿਨਸ਼ਾਹੀ ਸੰਮਤ ੫ ਪਿੰਡ ਜੇਠੂਵਾਲ ਅਮਰ ਸਿੰਘ ਦੇ ਗ੍ਰਿਹ *

ਚੇਤ ਕਹੇ ਮੈਂ ਵੇਖਿਆ ਨਗਰ ਸੰਬਲ, ਸਚ ਸਮਝ ਮਿਲੀ ਵਡਿਆਈਆ । ਜਿਥੇ ਨੂਰ ਅਲਾਹੀ ਅੱਵਲ, ਅੱਲਾ ਆਲਮੀਨ ਸੁਣਾਈਆ । ਬ੍ਰਹਮਾ ਵੇਖਿਆ ਬਿਨ ਕਵਲ, ਵਿਸ਼ਨ ਸ਼ਿਵ ਸੀਸ ਨਿਵਾਈਆ । ਪ੍ਰਕਾਸ਼ ਅਗੰਮਾ ਉਪਰ ਧਵਲ, ਧਰਨੀ ਸੋਭਾ ਪਾਈਆ । ਨਿਰਗੁਣ ਧਾਰ ਆਪੇ ਮਵਲ, ਮੌਲਾ ਰੂਪ ਵਟਾਈਆ । ਜਿਸ ਦਾ ਭੇਵ ਜਾਣੇ ਕਵਣ, ਕਹਿਣ ਕਿਛ ਨਾ ਪਾਈਆ । ਦੋ ਜਹਾਨਾਂ ਵੇਖੇ ਆਪਣਾ ਚਮਨ, ਲੱਖ ਚੁਰਾਸੀ ਗੁਲ ਫੋਲ ਫੁਲਾਈਆ । ਨਵ ਸੱਤ ਨਾ ਦਿਸਿਆ ਅਮਨ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਪਿਆ ਚੁਰਾਸੀ ਜਨਮ ਮਰਨ, ਆਵਣ ਜਾਵਣ ਵੰਡ ਵੰਡਾਈਆ । ਅੰਮ੍ਰਿਤ ਮੇਘ ਬਰਸੇ ਕੋਈ ਨਾ ਸਵਣ, ਅਗਨੀ ਅੱਗ ਨਾ ਕੋਇ ਬੁਝਾਈਆ । ਝਗੜਾ ਮੁਕੇ ਨਾ ਅਵਣ ਗਵਣ, ਤ੍ਰੈਭਵਨ

ਡੇਰਾ ਕੋਇ ਨਾ ਢਾਹੀਆ । ਆਤਮ ਪਰਮਾਤਮ ਮੂਲ ਨਾ ਮੰਨਣ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਤਿ ਧਰਮ ਦਿਸੇ ਕੋਈ ਨਾ ਥੰਮ੍ਹਣ, ਨੌਕਾ ਨਈਆ ਡੋਲੇ ਥਾਉਂ ਥਾਈਆ । ਜੀਵਾਂ ਜੰਤਾਂ ਭਾਗ ਦਿਸੇ ਮੰਦਨ, ਬੁੱਧ ਬਿਬੇਕ ਨਾ ਕੋਇ ਕਰਾਈਆ । ਨੇਤਰਹੀਣ ਹੋਇਆ ਜਗ ਅੰਧਨ, ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਸਚ ਪ੍ਰਕਾਸ਼ ਮੂਲ ਨਾ ਜਗਣ, ਜਾਗਰਤ ਜੋਤ ਨਾ ਕੋਇ ਵਡਿਆਈਆ । ਤ੍ਰੈਗੁਣ ਮੇਟੇ ਕੋਇ ਨਾ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਿਰਗੁਣ ਨਿਰਗੁਣ ਪਾਏ ਕੋਈ ਨਾ ਸਗਣ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਕਰੇ ਖੇਲ ਹਰਿ ਕਰਤਾ ਮੁਕੰਦ ਮਨੋਹਰ ਮਦਨ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਚੇਤ ਕਹੇ ਮੈਂ ਵੇਖਿਆ ਚੌਂਹ ਚੱਕੀ, ਚਾਕਰ ਹੋ ਕੇ ਸੇਵ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਸ਼ੱਕੀ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਖੋਲ੍ਹੇ ਭੇਵ ਕੋਇ ਨਾ ਹੱਕੀ, ਹਕੀਕਤ ਹੱਕ ਨਾ ਕੋਇ ਦ੍ਰਿੜਾਈਆ । ਮੰਜ਼ਲ ਚੜ੍ਹਦਿਆਂ ਸ੍ਰਿਸ਼ਟੀ ਥੱਕੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਅੰਤਰ ਆਤਮ ਜਗੇ ਕੋਇ ਨਾ ਬੱਤੀ, ਬੱਤੀ ਦੰਦ ਪੜ੍ਹ ਪੜ੍ਹ ਦੇਣ ਦੁਹਾਈਆ । ਪ੍ਰਕਾਸ਼ ਮਿਲਿਆ ਮੂਲ ਨਾ ਰਤੀ, ਰਤਨ ਅਮੋਲਕ ਹੀਰਾ ਨਾ ਕੋਇ ਬਣਾਈਆ । ਚਾਰੋਂ ਕੁੰਟ ਵਾ ਅੰਧੇਰੀ ਤੱਤੀ, ਅਗਨੀ ਅੱਗ ਜਲਾਈਆ । ਨਾਨਕ ਭੇਵ ਖੁਲ੍ਹਾਇਆ ਜੁਗ ਛੱਤੀ, ਅਗਲਾ ਲੇਖ ਨਾ ਕੋਇ ਲਿਖਾਈਆ । ਮੈਂ ਵੇਖਿਆ ਪਰਮ ਪੁਰਖ ਸਭ ਦਾ ਕਮਲਾਪਤੀ, ਪਤਿਪਰਮੇਸ਼ਵਰ ਸੋਭਾ ਪਾਈਆ । ਜਿਸ ਦੀ ਕਥਾ ਕਹਾਣੀ ਸੱਚੀ, ਜੁਗ ਚੌਕੜੀ ਰਾਗ ਅਲਾਈਆ । ਉਹ ਪੜ੍ਹਾਵਣ ਆਇਆ ਅਗੰਮੀ ਪੱਟੀ, ਪਟਨੇ ਵਾਲਾ ਨਾਲ ਮਿਲਾਈਆ । ਜਨ ਭਗਤਾਂ ਹਿਰਦੇ ਜਾਂਦਾ ਫੱਟੀ, ਘਾਓ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਚੇਤ ਕਹੇ ਮੈਂ ਵੇਖ ਕੇ ਹੋਇਆ ਸੀਤ, ਸਤਿ ਦਿਆਂ ਦ੍ਰਿੜਾਈਆ । ਪ੍ਰਭ ਪਾਇਆ ਧੁਰ ਦਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਗਾਇਆ ਅਗੰਮੀ ਗੀਤ, ਗਾਇਤਰੀ ਮੰਤਰ ਲੋੜ ਰਹੀ ਨਾ ਰਾਈਆ । ਹੋਇਆ ਅੰਤਰ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਮਨੂਆ ਹੋਇਆ ਸੀਤ, ਅਗਨੀ ਤੱਤ ਬੁਝਾਈਆ । ਦ੍ਰਿਸ਼ਟੀ ਲੈਣੀ ਜੀਤ, ਸ੍ਰਿਸ਼ਟੀ ਵੱਜੇ ਵਧਾਈਆ । ਸਾਂਝੀ ਇਕ ਪ੍ਰੀਤ, ਪਰਮ ਪੁਰਖ ਸਰਨਾਈਆ । ਹਿਰਦੇ ਵਸੇ ਚੀਤ, ਠਗੌਰੀ ਰਹੇ ਨਾ ਰਾਈਆ । ਸਾਫ਼ ਹੋਵੇ ਨੀਤ, ਬੁੱਧ ਬਿਬੇਕ ਕਰਾਈਆ । ਸਦ ਵਸੇ ਕਾਇਆ ਬੀਚ, ਘਰ ਘਰ ਡੇਰਾ ਲਾਈਆ । ਨਿਜ ਨੇਤਰ ਇਕੋ ਰੰਗ ਵਖਾ ਕੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਜਨ ਭਗਤਾਂ ਕਦੇ ਨਾ ਦੇਵੇ ਪੀਠ, ਸਨਮੁਖ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਹਰ ਘਟ ਭੀਤ, ਭੀਤਰ ਲੇਖਾ ਵੇਖ ਵਖਾਈਆ ।

### ✻ ੩ ਚੇਤਰ ਸ਼ਹਿਨਸ਼ਾਹੀ ਸੰਮਤ ੫ ਸੰਤੋਖ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ✻

ਮੈਂ ਚਾਰ ਵਰਨ ਦਾ ਤੱਕਿਆ ਇਕ ਦਵਾਰਾ, ਦਰ ਮਿਲੇ ਵਡਿਆਈਆ । ਜਿਥੇ ਜੋਤ ਜਗੇ ਅਗੰਮ ਅਪਾਰਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਬੰਦਨ ਕਰਨ ਗੁਰੂ ਅਵਤਾਰਾ, ਪੈਗ਼ੰਬਰ ਸਯਦਾ ਸੀਸ ਨਿਵਾਈਆ । ਆਤਮ ਪਰਮਾਤਮ ਸੁਣ ਜੈਕਾਰਾ, ਜੈ ਜੈਕਾਰ ਖ਼ਲਕ ਖ਼ੁਦਾਈਆ । ਜੋ ਨਿਰਗੁਣ

ਤੋਂ ਸਰਗੁਣ ਸਰਗੁਣ ਤੋਂ ਨਿਰਗੁਣ ਹੋਇਆ ਦੁਬਾਰਾ, ਨਿਰਵੈਰ ਆਪਣੀ ਕਲ ਧਰਾਈਆ । ਸੋ ਖੇਲ ਕਰੇ ਸੱਚੀ ਸਰਕਾਰਾ, ਸਾਹਿਬ ਸਵਾਮੀ ਦਇਆ ਕਮਾਈਆ । ਚੇਤ ਕਹੇ ਮੈਂ ਨਿਉਂ ਨਿਉਂ ਕਰਾਂ ਨਿਮਸਕਾਰਾ, ਡੰਡਾਵਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹੁਕਮ ਇਕੋ ਇਕ ਸੁਣਾਈਆ । ਚੇਤ ਕਹੇ ਮੈਂ ਨਿਉਂ ਕੇ ਕਰਾਂ ਬੰਦਨਾ, ਬਿਨ ਬੰਦਗੀ ਸੀਸ ਨਿਵਾਈਆ । ਜਨ ਭਗਤਾਂ ਕੱਟਣਾ ਫੰਦਨਾ, ਤੰਦ ਡੋਰ ਬੰਧਨ ਕੋਇ ਨਾ ਪਾਈਆ । ਸਚ ਨੂਰ ਚਮਕਾ ਕੇ ਚੰਦਨਾ, ਅੰਧ ਅੰਧੇਰਾ ਦੇਣਾ ਗਵਾਈਆ । ਆਤਮ ਸੁਖ ਦੇ ਅਨੰਦਨਾ, ਦੁੱਖ ਦਰਦਾਂ ਡੇਰਾ ਢਾਹੀਆ । ਘਰ ਸਵਾਮੀ ਮਿਲੇ ਸੱਜਣਾ, ਗ੍ਰਿਹ ਸਾਚੇ ਸੋਭਾ ਪਾਈਆ । ਨਾਮ ਅਗੰਮੇ ਗੁਰਮੁਖਾਂ ਰੰਗਣਾ, ਏਥੇ ਓਥੇ ਆਪ ਰੰਗਾਈਆ । ਚਾਰ ਵਰਨਾਂ ਦੱਸ ਕੇ ਧੁਰ ਦੀ ਬੰਦਨਾ, ਬੰਦਗੀ ਇਕੋ ਇਕ ਵਡਿਆਈਆ । ਦੂਜਾ ਦਰ ਪਏ ਨਾ ਮੰਗਣਾ, ਗ੍ਰਿਹ ਗ੍ਰਿਹ ਅਲਖ ਨਾ ਕੋਇ ਜਗਾਈਆ । ਮਿਲੇ ਮੇਲ ਸੂਰੇ ਸਰਬੰਗਣਾ, ਜੋ ਮਾਲਕ ਧੁਰਦਰਗਾਹੀਆ । ਆਤਮ ਦੇਵੇ ਹੱਕ ਅਨੰਦਨਾ, ਪਰਮਾਤਮ ਮੇਲ ਮਿਲਾਈਆ । ਖ਼ਾਲੀ ਹੱਥ ਪਏ ਨਾ ਵੰਞਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਹੁਕਮ ਮਨਾਈਆ । ਚੇਤ ਕਹੇ ਮੇਰੇ ਅੰਤਰ ਖ਼ੁਸ਼ੀ ਅਗੰਮੀ ਆਈ, ਆਇਤ ਸ਼ਰਾਇਤ ਰਹਿਣ ਕੋਇ ਨਾ ਪਾਈਆ । ਅਲਖ ਅਗੋਚਰ ਕੀਤੀ ਪੜ੍ਹਾਈ, ਅਗੰਮ ਅਥਾਹ ਪਿਛਲਾ ਲੇਖਾ ਦਿਤਾ ਮੁਕਾਈਆ । ਬੇਪਰਵਾਹ ਨਿਰਗੁਣ ਨੂਰ ਜੋਤ ਕੀਤੀ ਰੁਸ਼ਨਾਈ, ਜ਼ਹੂਰ ਨੂਰ ਵਿਚੋਂ ਪ੍ਰਗਟਾਈਆ । ਖ਼ਬਰ ਅਗੰਮੀ ਇਕ ਸੁਣਾਈ, ਸ਼ਬਦ ਸੰਦੇਸ਼ੇ ਆਪ ਅਲਾਈਆ । ਸਭ ਨੂੰ ਹੋਣੀ ਅੰਤ ਜੁਦਾਈ, ਧੁਰ ਦਾ ਮੇਲ ਨਾ ਕੋਇ ਮਿਲਾਈਆ । ਜਨ ਭਗਤਾਂ ਪ੍ਰਭ ਵੇਖੇ ਚਾਈਂ ਚਾਈਂ, ਚਾਰੋਂ ਕੁੰਟ ਫੋਲ ਫੁਲਾਈਆ । ਪਕੜ ਉਠਾਏ ਫੜ ਕੇ ਬਾਹੀਂ, ਬਲਧਾਰੀ ਹੋਏ ਸਹਾਈਆ । ਸਿਰ ਆਪਣਾ ਹੱਥ ਰੱਖੇ ਗੁਸਾਈਂ, ਗਹਿਰ ਗੰਭੀਰ ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਇਕੋ ਮਾਹੀ, ਜਿਸ ਦੀ ਭਗਤਾਂ ਨਾਲੋਂ ਨਾ ਹੋਵੇ ਜੁਦਾਈ, ਜੁਗ ਜੁਗ ਰੀਤੀ ਲੋਕਮਾਤ ਚਲੀ ਆਈਆ ।

### ❊ ੪ ਚੇਤ ਸ਼ਹਿਨਸ਼ਾਹੀ ਸੰਮਤ ੫ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਜੇਠੂਵਾਲ ❊

ਜਨ ਭਗਤ ਕਹਿਣ ਪ੍ਰਭ ਦੁੱਖਾਂ ਢਾਹ ਦੇ ਡੇਰਾ, ਤਨ ਵਜੂਦ ਮਹਿਬੂਬ ਕਰ ਸਫ਼ਾਈਆ । ਜਿਹੜੇ ਗੌਂਦੇ ਗੀਤ ਤੇਰਾ ਮੇਰਾ, ਆਤਮ ਪਰਮਾਤਮ ਰਾਗ ਅਲਾਈਆ । ਓਨ੍ਹਾਂ ਇਕੋ ਰੰਗ ਰੰਗਾ ਦੇ ਸੰਞ ਸਵੇਰਾ, ਅੰਧ ਅੰਧੇਰਾ ਕੂੜ ਰਹੇ ਨਾ ਰਾਈਆ । ਨਵ ਨੌ ਚਾਰ ਪਿਛੋਂ ਪਾਇਆ ਫੇਰਾ, ਜੁਗ ਚੌਕੜੀ ਕਾਲ ਬਿਤਾਈਆ । ਸਾਚੇ ਸੰਤਾਂ ਬੰਨ੍ਹ ਬੇੜਾ, ਨਿਰੰਕਾਰ ਨਿਰਵੈਰ ਆਪਣੇ ਕੰਧ ਉਠਾਈਆ । ਗੁਰਮੁਖਾਂ ਕੂੜੀ ਕਲਪਨਾ ਰਹੇ ਨਾ ਝੇੜਾ, ਮਾਇਆ ਮਮਤਾ ਮੋਹ ਮਿਟਾਈਆ । ਗੁਰਸਿੱਖਾਂ ਨਜ਼ਰੀ ਆ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਦਰ ਸੁਹੰਜਣਾ ਕਰ ਗੁਰੂ ਚੇਰਾ, ਚੇਲਾ ਗੁਰ ਇਕ ਵਡਿਆਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਆਪਣੀ ਮਿਹਰਾ, ਮਿਹਰਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਨ ਭਗਤ ਕਹਿਣ ਪ੍ਰਭ ਤਨ ਮਾਟੀ ਖ਼ਾਕੀ ਮੇਟ ਦੇ ਦਰਦ, ਦੁਖੀਆਂ ਦਰਦ ਵੰਡਾਈਆ ।

ਸਾਹਿਬ ਤੇਰਾ ਹੋਣਾ ਕਿਹੜਾ ਹਰਜ, ਹਰ ਹਿਰਦੇ ਕਰ ਸਫ਼ਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਤੇਰੀ ਲੋੜਦੇ ਮਦਦ, ਨਿਤ ਨਵਿਤ ਧਿਆਨ ਲਗਾਈਆ । ਕੂੜ ਕਲਪਨਾ ਕੱਢ ਤਸ਼ੱਦਦ, ਹਮਦਰਦ ਆਪਣੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਜਨ ਭਗਤ ਕਹਿਣ ਕਿਉਂ ਦੁੱਖ ਸਤਾਵੇ ਰੋਗ, ਰੋਗੀ ਦੇਣ ਦੁਹਾਈਆ । ਸਾਚੇ ਨਾਮ ਦਾ ਬਖ਼ਸ਼ ਜੋਗ, ਜੁਗਤੀ ਧੁਰ ਦੀ ਇਕ ਦ੍ਰਿੜਾਈਆ । ਤੇਰੇ ਨਾਮ ਦੀ ਚੁਗੀਏ ਚੋਗ, ਚੁਗਲੀ ਨਿੰਦਿਆ ਬਾਹਰ ਕਢਾਈਆ । ਤੇਰਾ ਦਰਸ਼ਨ ਹੋਵੇ ਰੋਜ਼, ਰੋਜ਼ੇ ਨਿਮਾਜ਼ ਦਾ ਲੇਖਾ ਰਹੇ ਨਾ ਰਾਈਆ । ਸਦਾ ਬਖ਼ਸ਼ ਦਰਸ ਅਮੋਘ, ਅਮੁੱਲ ਦਇਆ ਕਮਾਈਆ । ਸਚ ਦਵਾਰੇ ਲਈਏ ਮੌਜ, ਮਜਲਸ ਤੇਰੇ ਨਾਲ ਬਣਾਈਆ । ਤੁਧ ਬਿਨ ਅਵਰ ਦਿਸੇ ਕੋਈ ਨਾ ਜੋਗ, ਜੁਗੀਸ਼ਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਜਨ ਭਗਤੋ ਦੁੱਖ ਦਰਦ ਜਾਵੇ ਨੱਠਾ, ਬਣਨ ਲੱਗਾ ਪਾਂਧੀ ਰਾਹੀਆ । ਕੂੜੀ ਕਿਰਿਆ ਤਪਣ ਲੱਗਾ ਭੱਠਾ, ਚਾਰੋਂ ਕੁੰਟ ਅਗਨੀ ਅੱਗ ਜਲਾਈਆ । ਧਰਮ ਦੀ ਧਾਰ ਮਾਨਵ ਰਿਹਾ ਕੋਈ ਨਾ ਸੱਚਾ, ਕੂੜ ਕਿਰਿਆ ਹੋਈ ਹਲਕਾਈਆ । ਫਿਰੀ ਦਰੋਹੀ ਮਦੀਨਾ ਮੱਕਾ, ਕਾਅਬੇ ਵਾਲੇ ਮਾਰਨ ਧਾਹੀਆ । ਖੇਲ ਵੇਖਿਆ ਸ਼ਿਵਦਵਾਲੇ ਮੰਦਰ ਮੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਜਨ ਭਗਤੋ ਦੁਖ ਰੋਗ ਰਹੇ ਨਾ ਸੰਤਾਪ, ਤਨ ਵਜੂਦ ਨਾ ਕੋਇ ਸਤਾਈਆ । ਕਿਰਪਾ ਕਰੇ ਸਾਹਿਬ ਪ੍ਰਭ ਆਪ, ਆਪਣਾ ਰੰਗ ਰੰਗਾਈਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਦਏ ਕਰਾਈਆ । ਸਾਚੀ ਮੰਜ਼ਲ ਚਾੜ੍ਹ ਕੇ ਘਾਟ, ਗ੍ਰਿਹ ਮੰਦਰ ਦਏ ਵਖਾਈਆ । ਜਿਥੇ ਦੀਪਕ ਅਗੰਮ ਪ੍ਰਕਾਸ਼, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਬੈਠੇ ਦਾਸ, ਸੇਵਕ ਹੋ ਕੇ ਸੀਸ ਨਿਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਜੀਵਣ ਕਾਰਜ ਕਰੇ ਰਾਸ, ਜੀਵਣ ਰਸਤਾ ਬਾਵਸਤਾ ਹੋ ਕੇ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਪੁਰਖ ਅਕਾਲ ਕਹੇ ਮੈਂ ਕਰਨ ਵਾਲਾ ਸਾਫ਼, ਪਤਤ ਪੁਨੀਤ ਦਿਆਂ ਕਰਾਈਆ । ਜਨ ਭਗਤ ਕਰ ਕੇ ਮੁਆਫ਼, ਦੁਰਮਤ ਮੈਲ ਧਵਾਈਆ । ਜੋ ਮਨੂਆ ਹੋਇਆ ਗੁਸਤਾਖ, ਸਾਂਤਕ ਸਤਿ ਦਿਆਂ ਵਰਤਾਈਆ । ਜਨ ਭਗਤਾਂ ਪੈਜ ਲਵਾਂ ਰਾਖ, ਸਿਰ ਆਪਣਾ ਹੱਥ ਟਿਕਾਈਆ । ਲਹਿਣਾ ਦੇਣਾ ਪੂਰਾ ਕਰਾਂ ਲੋਕਮਾਤ, ਮਾਤਰ ਭੂਮੀ ਵੱਜੇ ਵਧਾਈਆ । ਕੂੜ ਕਲਪਣਾ ਕਰ ਕੇ ਨਾਸ, ਨਾਸਤਕਾਂ ਲੇਖਾ ਦੇਵਾਂ ਚੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਾਂ ਆਸ, ਤ੍ਰਿਸ਼ਨਾ ਸਭ ਦੀ ਮੇਟ ਮਿਟਾਈਆ । ਸਤਿਜੁਗ ਸਾਚੇ ਮੰਡਲ ਪਾ ਕੇ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਬਖ਼ਸ਼ ਇਕ ਵਿਸ਼ਵਾਸ, ਵਿਸ਼ਾ ਵਿਸ਼ੇਸ਼ ਵਿਸ਼ਵ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮਾਨਵ ਮਾਨਵ ਮਾਨਵ ਮਾਨੁਖ ਆਪ ਦ੍ਰਿੜਾਈਆ ।

✻ ੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਜਨ ਸਿੰਘ ਦੇ ਗ੍ਰਹਿ ਲੁਧਿਆਣਾ ✻

ਸਤਿਗੁਰ ਸ਼ਬਦ ਕਹੇ ਮੈਂ ਦੀਨ ਦੁਨੀ ਵੇਖਾਂ ਧਰਨੀ ਧਰਤ ਧਵਲ ਬਸੁੱਧਾ, ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫੋਲ ਫੁਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਭੇਵ ਖੁਲ੍ਹਾਵਾਂ ਗੁੱਝਾ, ਤਨ ਵਜੂਦ ਮਾਟੀ ਖ਼ਾਕ ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਦਾ ਜਾਣਾਂ ਮੁੱਦਾ, ਮੁੱਦਤ ਦੇ ਮਾਲਕ ਖ਼ਾਲਕ ਪ੍ਰਿਤਪਾਲਕ ਨਿਰਗੁਣ ਤੇਰੀ ਸੇਵ ਕਮਾਈਆ । ਭੇਵ ਅਭੇਦਾ ਪਾਰਬ੍ਰਹਮ ਪਤਿਪਰਮੇਸ਼ਵਰ ਅੰਤਰਜਾਮੀ ਤੇਰਾ ਖੁਲ੍ਹਾਵਾਂ ਗੁੱਝਾ, ਅਨਬੋਲਤ ਹੋ ਕੇ ਧੁਰ ਦਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਭਗਵਾਨ, ਭਗਵਨ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਵੇਖ ਜਹਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਧਰਮ ਦਾ ਮਿਲੇ ਨਾ ਕੋਇ ਨਿਸ਼ਾਨ, ਪਾਰਬ੍ਰਹਮ ਬ੍ਰਹਮ ਪਰਦਾ ਨਾ ਕੋਇ ਉਠਾਈਆ । ਸਦੀ ਚੌਧਵੀਂ ਸਾਰੇ ਹੋਏ ਹੈਰਾਨ, ਈਸਾ ਮੂਸਾ ਮੁਹੰਮਦ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦੀਨ ਦਿਆਲ ਆਪਣੀ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਮਹਿਬੂਬ, ਮਿਹਰਵਾਨ ਤੇਰੀ ਵਡਿਆਈਆ । ਮਹੱਲ ਅਟੱਲ ਤੇਰਾ ਅਰੂਜ, ਤਖ਼ਤ ਨਿਵਾਸੀ ਸੋਭਾ ਪਾਈਆ । ਮੰਜ਼ਲ ਇਕੋ ਹੱਕ ਮਕਸੂਦ, ਦਰਗਾਹ ਸਾਚੀ ਨਜ਼ਰੀ ਆਈਆ । ਦੋ ਜਹਾਨਾਂ ਊਚੋ ਊਚ, ਅਗੰਮ ਅਥਾਹ ਬੇਪ੍ਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚੀ ਦੇ ਸੂਚ, ਕੂੜੀ ਕਿਰਿਆ ਡੇਰਾ ਢਾਹੀਆ । ਭਾਗ ਲਗਾ ਕਾਇਆ ਮਾਟੀ ਪੰਜ ਭੂਤ, ਤਨ ਵਜੂਦ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਾਹਿਬ ਸਵਾਮੀ ਮੀਤੇ, ਹਰਿ ਤੇਰੀ ਇਕ ਸਰਨਾਈਆ । ਜੁਗ ਚੌਕੜੀ ਕੋਟਨ ਬੀਤੇ, ਲੋਕਮਾਤ ਪੰਧ ਮੁਕਾਈਆ । ਚਾਰ ਵਰਨ ਇਕੱਠੇ ਕਿਸੇ ਨਾ ਕੀਤੇ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਨਾ ਕੋਇ ਸਮਾਈਆ । ਮੁਹੰਮਦ ਦੇ ਕੇ ਗਿਆ ਹਦੀਸੇ, ਨਾਨਕ ਨਿਰਗੁਣ ਸਰਗੁਣ ਕਰ ਪੜ੍ਹਾਈਆ । ਗੋਬਿੰਦ ਦੱਸ ਇਕ ਪ੍ਰੀਤੇ, ਪੁਰਖ ਅਕਾਲਾ ਸੀਸ ਝੁਕਾਈਆ । ਝਗੜਾ ਰਹੇ ਨਾ ਹਸਤ ਕੀਟੇ, ਊਚ ਨੀਚ ਡੇਰਾ ਢਾਹੀਆ । ਕਿਰਪਾ ਕਰ ਜਗਤ ਜਗਦੀਸ਼ੇ, ਜਗਦੀਸ਼ਰ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੀਤੇ, ਰੀਤੀਵਾਨ ਵੇਖ ਵਖਾਈਆ । ਮਾਟੀ ਪੁਤਲੇ ਕਰ ਠਾਂਡੇ ਸੀਤੇ, ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣ ਸ਼ਬਦ ਦੁਲਾਰੇ ਸੁਤ ਮੀਤ, ਅਗੰਮ ਦਿਆਂ ਦ੍ਰਿੜ੍ਹਾਈਆ । ਸਦੀ ਚੌਧਵੀਂ ਜਾਣ ਦੇ ਬੀਤ, ਅਗਲਾ ਪਰਦਾ ਦਿਆਂ ਉਠਾਈਆ । ਦੀਨ ਦੁਨੀ ਦੀ ਬਦਲ ਕੇ ਨੀਤ, ਮਾਰਗ ਇਕੋ ਇਕ ਸਮਝਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬੇ ਹੋਵੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗੌਣਾ ਗੀਤ, ਆਤਮ ਪਰਮਾਤਮ ਵੱਜੇ ਵਧਾਈਆ । ਝਗੜਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਕੋਇ ਵਡਿਆਈਆ । ਸਾਚਾ ਕਲਮਾ ਇਕੋ ਹੋਏ ਹਦੀਸ, ਹਜ਼ਰਤਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਤ੍ਰੈਗੁਣ ਅਤੀਤ,

ਤ੍ਰੈਭਵਨ ਧਨੀ ਧਰਮ ਦੀ ਧਾਰ ਇਕ ਵਖਾਈਆ । ਪੁਰਖ ਅਕਾਲ ਕਹੇ ਸ਼ਬਦ ਦੁਲਾਰੇ, ਸਚ ਸੰਦੇਸ਼ਾ ਦਿਆਂ ਜਣਾਈਆ । ਕਰੇ ਖੇਲ ਆਪ ਨਿਰੰਕਾਰੇ, ਨਿਰਗੁਣ ਨਿਰਵੈਰ ਬੇਪਰਵਾਹੀਆ । ਜਿਸ ਦੇ ਜੁਗ ਚੌਕੜੀ ਖੇਲ ਅਨੋਖੇ ਨਿਆਰੇ, ਭੇਵ ਅਭੇਦ ਨਾ ਕੋਇ ਸਮਝਾਈਆ । ਸੋ ਕਲ ਕਲਕੀ ਲੈ ਅਵਤਾਰੇ, ਕਲ ਕਲੇਸ਼ ਦਏ ਮਿਟਾਈਆ । ਇਕੋ ਪੁਰਖ ਅਕਾਲ ਦੇ ਲੱਗਣੇ ਸਰਬ ਜੈਕਾਰੇ, ਜੈ ਜੈਕਾਰ ਕਰੇ ਲੋਕਾਈਆ । ਚਾਰ ਵਰਨ ਅਠਾਰਾਂ ਬਰਨ ਸੋਹਣ ਇਕ ਦਵਾਰੇ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਪਾਥਰ ਪਾਹਨ ਨਾ ਕੋਇ ਨਿਮਸਕਾਰੇ, ਨਿਉਂ ਨਿਉਂ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਨਿਰਗੁਣ ਨੂਰ ਜੋਤ ਉਜਿਆਰੇ, ਅੰਧ ਅੰਧੇਰਾ ਰਹਿਣ ਕੋਇ ਨਾ ਪਾਈਆ ।

## * ੬ ਚੇਤ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹ ਲੁਧਿਆਣਾ *

ਸੰਮਤ ਸ਼ਹਿਨਸ਼ਾਹੀ ਪੰਜ ਕਹੇ ਕ੍ਰਿਸ਼ਨ ਪੰਜ ਵਾਰ ਲਾਏ ਜਿਮੀਂ ਉਤੇ ਪੰਜੇ, ਪੰਜ ਪੰਜ ਉਂਗਲਾਂ ਵਿਥ ਰਖਾਈਆ । ਭੇਵ ਖੁਲ੍ਹਾਇਆ ਅਗੰਮ ਸੰਝੇ, ਕਲਜੁਗ ਅੰਤਮ ਵੇਖ ਵਖਾਈਆ । ਸਾਚਾ ਰਹੇ ਨਾ ਪਰਮਾਨੰਦੇ, ਅਨੰਦ ਰਸ ਨਾ ਕੋਇ ਚਖਾਈਆ । ਜਗਤ ਜੀਵ ਰਹਿਣੇ ਨਹੀਂ ਚੰਗੇ, ਗੁਣ ਵਡਿਆਈ ਨਜ਼ਰ ਕੋਇ ਨਾ ਆਈਆ । ਅੱਖੀਆਂ ਵਾਲੇ ਹੋਣੇ ਅੰਧੇ, ਪ੍ਰਭ ਦਰਸ ਕੋਇ ਨਾ ਪਾਈਆ । ਖੇਲ ਹੋਣਾ ਕਲਜੁਗ ਅੰਤਮ ਧਾਰ ਕੰਢੇ, ਦੀਨ ਦੁਨੀ ਪੰਧ ਮੁਕਾਈਆ । ਜਗਤ ਜਗਿਆਸੂ ਨਾ ਹੋਵਣ ਠੰਡੇ, ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸਣ ਦੰਗੇ, ਨਵ ਸੱਤ ਪਈ ਦੁਹਾਈਆ । ਹਿਸਾਬ ਰਿਹਾ ਕਿਸੇ ਨਾ ਪੰਡੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਕ੍ਰਿਸ਼ਨ ਪੰਜ ਵਾਰ ਖੇਲ ਕੀਤੀ ਸਾਦੀ, ਸਹਿਜ ਸੁਭਾ ਧਾਰ ਬਣਾਈਆ । ਪੰਜ ਵਾਰ ਪੁੱਛਿਆ ਬੇਨੰਤੀ ਕਰ ਕੇ ਰਾਧੀ, ਕਾਹਨ ਮੈਨੂੰ ਦੇ ਸਮਝਾਈਆ । ਓਸ ਹੱਸ ਕੇ ਕਿਹਾ ਅੰਤਰ ਧਿਆਨ ਲਾ ਸਮਾਧੀ, ਨੇਤਰ ਲੋਚਣ ਨਾ ਕੋਇ ਖੁਲ੍ਹਾਈਆ । ਜਾਂ ਤੱਕਿਆ ਬੱਚਿਆਂ ਨੂੰ ਭੇਟ ਚੜ੍ਹਾਏ ਦਾਦੀ, ਗੁਜਰੀ ਗੋਦ ਵਿਚੋਂ ਬਾਹਰ ਕਢਾਈਆ । ਗੋਬਿੰਦ ਸੂਰਬੀਰ ਦਿਸਿਆ ਬਾਗ਼ੀ, ਜੋ ਸ਼ਰਅ ਸਭ ਦੀ ਰਿਹਾ ਬਦਲਾਈਆ । ਨੇਤਰ ਖੁਲ੍ਹਿਆ ਬਿਨ ਨਿੰਦਰਾ ਤੋਂ ਜਾਗੀ, ਆਪਣੀ ਲਈ ਅੰਗੜਾਈਆ । ਚਾਰੋਂ ਕੁੰਟ ਝਾਕੀ, ਨਜ਼ਰ ਕਿਛ ਨਾ ਪਾਈਆ । ਕ੍ਰਿਸ਼ਨ ਕਿਹਾ ਕੀ ਵੇਖਿਆ ਮੇਰੇ ਸਾਥੀ, ਮੈਨੂੰ ਦੇ ਦ੍ਰਿੜਾਈਆ । ਰਾਧਾ ਕਿਹਾ ਅਗੰਮ ਅਗੰਮ ਅਗੰਮ ਭੇਵ ਪੁਰਖ ਅਬਿਨਾਸ਼ੀ, ਕੀ ਆਪਣੀ ਕਲ ਵਰਤਾਈਆ । ਚਾਰੋਂ ਕੁੰਟ ਦਿਸੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਿਹਾ ਨਾ ਕੋਈ ਜਮਾਤੀ, ਕਾਹਨ ਕ੍ਰਿਸ਼ਨ ਨਾ ਕੋਇ ਵਡਿਆਈਆ । ਮਿਲੇ ਮੇਲ ਨਾ ਕਮਲਾਪਾਤੀ, ਘਰ ਘਰ ਹੋਏ ਜੁਦਾਈਆ । ਨਿਰਗੁਣ ਨੂਰ ਨਾ ਦੀਆ ਬਾਤੀ, ਕਾਇਆ ਮੰਦਰ ਨਾ ਕੋਇ ਰੁਸ਼ਨਾਈਆ । ਮੈਂ ਖੇਲ ਦੱਸਾਂ ਸਾਚੀ, ਸਚ ਦਿਆਂ ਸੁਣਾਈਆ । ਕਲਜੁਗ ਅੰਤ ਸਭ ਦੇ ਅੰਤਰ ਔਣੀ ਉਦਾਸੀ, ਖ਼ੁਸ਼ੀ ਵਿਚ ਨਾ ਕੋਇ ਵਖਾਈਆ । ਫੇਰ ਪ੍ਰਗਟ ਹੋਣਾ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਲਹਿਣਾ ਦੇਣਾ ਚੁਕੌਣਾ ਧਰਤੀ ਖ਼ਾਕੀ, ਜਿਥੇ

ਪੰਜਾ ਦਿਤਾ ਛੁਹਾਈਆ । ਜਨ ਭਗਤਾਂ ਨਾਮ ਪਿਆਲਾ ਦੇਵੇ ਬਣ ਕੇ ਸਾਕੀ, ਸਾਖਿਆਤ ਆਪਣੀ ਦਇਆ ਕਮਾਈਆ । ਇਹ ਖੇਲ ਵੇਖਿਆ ਸਚ ਤਮਾਸ਼ੀ, ਸਾਹਿਬ ਸਾਹਿਬ ਸਾਹਿਬ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਪੂਰੀ ਕਰੇ ਆਖੀ, ਆਖ਼ਰ ਆਪਣਾ ਭੇਵ ਚੁਕਾਈਆ ।

## ❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰੰਜਣ ਸਿੰਘ ਦੇ ਗ੍ਰਿਹ ਲੁਧਿਆਣਾ ❊

ਪੰਜਾ ਕਹੇ ਮੇਰਾ ਖੇਲ ਪੰਜ ਆਬੀ, ਪੰਜ ਆਬ ਮਿਲੇ ਵਡਿਆਈਆ । ਕ੍ਰਿਸ਼ਨ ਲਾ ਕੇ ਗਿਆ ਹਿਸਾਬੀ, ਹਿੱਸਾ ਆਪਣਾ ਨਾਲ ਰਖਾਈਆ । ਪੈਗ਼ੰਬਰਾਂ ਖੇਲ ਕਰਨਾ ਮਹਿਰਾਬੀ, ਮਹਿਬੂਬ ਸਿਫ਼ਤ ਸਾਲਾਹੀਆ । ਸਯਦਾ ਦੱਸਣਾ ਅਦਾਬੀ, ਨਮਸਤੇ ਦੇਣੀ ਬਦਲਾਈਆ । ਕਲਜੁਗ ਅੰਤ ਹੋਣੀ ਖ਼ਰਾਬੀ, ਖੋਟਾ ਖ਼ਰਾ ਨਜ਼ਰ ਕੋਇ ਨਾ ਆਈਆ । ਝਗੜਾ ਪੈਣਾ ਸਮਾਜੀ, ਸਕੇ ਨਾ ਕੋਇ ਮਿਟਾਈਆ । ਮਜ਼੍ਹਬਾਂ ਵੰਡਣੀ ਹਾਦੀ, ਹਦੂਦ ਆਪਣੀ ਆਪਣੀ ਪ੍ਰਗਟਾਈਆ । ਸ਼ਰਅ ਬਣਨੀ ਕ਼ਾਜ਼ੀ, ਕ਼ਜ਼ਾ ਸਭ ਦੇ ਸਿਰ ਤੇ ਛਾਈਆ । ਲੇਖਾ ਚੁਕਣਾ ਮਾਜ਼ੀ, ਅੱਗੇ ਪਰਦਾ ਨਾ ਕੋਇ ਉਠਾਈਆ । ਮੁਹੰਮਦ ਨਾਲ ਨਾਨਕ ਧਾਰ ਗੋਬਿੰਦ ਪੈਣੀ ਨਰਾਜ਼ੀ, ਸੰਗੀ ਸੰਗ ਨਾ ਕੋਇ ਵਖਾਈਆ । ਅੰਤ ਅਖ਼ੀਰ ਸਦੀ ਚੌਧਵੀਂ ਸਭ ਨੇ ਹਾਰਨੀ ਬਾਜ਼ੀ, ਬਾਜ਼ਾਂਵਾਲਾ ਆਪਣੀ ਬਾਜ਼ੀ ਲਏ ਬਦਲਾਈਆ । ਦੀਨ ਦੁਨੀ ਇਕ ਪੰਜੇ ਨਾਲ ਹੋਣਾ ਸਾਂਝੀ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਵੇਖੇ ਥੱਕੀ ਮਾਂਦੀ, ਅੰਤ ਆਪਣਾ ਭੇਵ ਮੁਕਾਈਆ ।



## ❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਖਵੰਤ ਕੌਰ ਦੇ ਗ੍ਰਿਹ ਲੁਧਿਆਣਾ ❊

ਪੰਜਾ ਕਹੇ ਮੈਂ ਪੰਚਮ ਧਾਰ ਲੱਗਾ, ਲਗ ਮਾਤਰ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ ਵਧੇ ਕੋਈ ਨਾ ਅੱਗਾ, ਪੰਜ ਪਿਆਰੇ ਪੰਚਮ ਮੂਲ ਮਿਲਾਈਆ । ਕਲਜੁਗ ਜੀਵ ਹੰਸ ਬੁੱਧੀ ਹੋਏ ਕੱਗਾ, ਮਨ ਕਲਪਣਾ ਚਾਰ ਕੁੰਟ ਕੁਰਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਪਏ ਹੱਦਾ, ਸ਼ਰਅ ਸ਼ਰੀਅਤ ਡੇਰਾ ਕੋਇ ਨਾ ਢਾਹੀਆ । ਆਤਮਕ ਧੁਨ ਸੁਣੇ ਕੋਈ ਨਾ ਨਦਾ, ਅਨਰਾਗੀ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਰਸ ਮਿਲੇ ਕਿਸੇ ਨਾ ਮਧਾ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਦੀਪਕ ਜੋਤ ਕਿਸੇ ਗ੍ਰਿਹ ਨਾ ਜਗਾ, ਤਨ ਵਜੂਦ ਖ਼ਾਲੀ ਨਜ਼ਰੀ ਆਈਆ । ਪ੍ਰਭ ਦਾ ਦਰਸ਼ਨ ਪਾਏ ਕੋਈ ਨਾ ਉਪਰ ਸ਼ਾਹ ਰਗਾ, ਘਰ ਸਵਾਮੀ ਮਿਲਣ ਕੋਇ ਨਾ ਜਾਈਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਜਿਸ ਦੀ ਸਮਝ ਸਕੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਓਹ ਖੇਲ ਕਰੇ ਸੂਰਾ ਸਰਬਗਾ, ਹਰਿ ਕਰਤਾ ਨੂਰ ਅਲਾਹੀਆ । ਜਿਸ ਦੇ ਹੁਕਮ ਅੰਦਰ ਅਵਤਾਰ ਪੈਗ਼ੰਬਰ ਗੁਰੂ ਬੱਝਾ, ਸਿਰ ਸਕੇ ਨਾ ਕੋਇ ਉਠਾਈਆ । ਸੋ ਨਾਮ ਸੰਦੇਸ਼ਾ ਇਕੋ ਦੇਵੇ ਸੱਦਾ, ਫ਼ਰਮਾਨਾ ਅਗੰਮ ਅਥਾਹੀਆ । ਜਨ ਭਗਤ ਸੁਹੇਲਾ

ਸਚ ਦਵਾਰੇ ਆਵੇ ਭੱਜਾ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਪੰਜਾ ਕਹੇ ਮੈਨੂੰ ਲਾਇਆ ਕਾਹਨ ਕ੍ਰਿਸ਼ਨ, ਧਰਨੀ ਧਰਤ ਧਵਲ ਖ਼ਾਕ ਟਿਕਾਈਆ । ਇਕੱਠੇ ਹੋਏ ਸ਼ੰਕਰ ਬ੍ਰਹਮਾ ਵਿਸ਼ਨ, ਏਕਾ ਰੰਗ ਤਕਾਈਆ । ਚਾਰੋਂ ਕੁੰਟ ਅੰਧੇਰਾ ਲੱਗਾ ਦਿਸਣ, ਰੈਣ ਅੰਧੇਰੀ ਛਾਈਆ । ਦੀਨ ਦੁਨੀ ਵੇਖਣ ਲੱਗੇ ਮਿਥਨ, ਸਦ ਰਹਿਣ ਕੋਇ ਨਾ ਪਾਈਆ । ਸਾਚੀ ਸਿਖਿਆ ਚੇਲਾ ਗੁਰੂ ਕੋਇ ਨਾ ਸਿੱਖਣ, ਸਤਿ ਧਰਮ ਨਾ ਕੋਇ ਵਡਿਆਈਆ । ਆਤਮ ਪਰਮਾਤਮ ਕਰੇ ਕੋਈ ਨਾ ਹਿੱਤਨ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਮਨ ਕਲਪਣਾ ਸਭ ਨੂੰ ਆਈ ਜਿੱਤਣ, ਕੂੜੀ ਕਿਰਿਆ ਆਪਣਾ ਡੰਕ ਵਜਾਈਆ । ਸੰਮਤ ਪੰਜ ਕਹੇ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲੇਖਾ ਆਏ ਲਿਖਣ, ਲੇਖ ਅਗਲਾ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਸਚ ਸਵਾਮੀ ਆਪਣਾ ਹੁਕਮ ਵਰਤਾਈਆ ।



### ❋ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰਵੈਰ ਸਿੰਘ ਦੇ ਗ੍ਰਿਹ ਲੁਧਿਆਣਾ ❋

ਪੰਜਾ ਕਹੇ ਮੈਂ ਲੱਗਾ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਦੁਆਪਰ ਦਾ ਕੀਤਾ ਘਾਤ, ਘਾਇਲ ਕੀਤੀ ਲੋਕਾਈਆ । ਕ੍ਰਿਸ਼ਨ ਦਾ ਦੇ ਕੇ ਸਾਥ, ਸਗਲਾ ਸੰਗ ਬਣਾਈਆ । ਰਾਧਾ ਤੱਕਿਆ ਸਾਖਿਆਤ, ਸਤਿ ਸਰੂਪ ਨਜ਼ਰੀ ਆਈਆ । ਕਲਜੁਗ ਅੰਤ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਧੁਰ ਦਾ ਸ਼ਬਦ ਕੋਈ ਨਾ ਸਕੇ ਵਾਚ, ਵਾਚਕ ਹੋਈ ਕਲਜੁਗ ਲੋਕਾਈਆ । ਨਾਮ ਨਿਧਾਨਾ ਗਿਆ ਗਵਾਚ, ਲੱਭਿਆਂ ਹੱਥ ਕਿਸੇ ਨਾ ਆਈਆ । ਮਿਲੇ ਮੇਲ ਨਾ ਕਮਲਾਪਾਤ, ਪਤਿਪਰਮੇਸ਼ਵਰ ਜੋੜ ਨਾ ਕੋਇ ਜੁੜਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟ, ਅਧਵਾਟੇ ਬੈਠੀ ਕੂੜ ਲੋਕਾਈਆ । ਜੋਧਾ ਸੂਰਬੀਰ ਬਣੇ ਕੋਈ ਨਾ ਰਾਠ, ਪੰਚ ਵਿਕਾਰਾ ਡੇਰਾ ਢਾਹੀਆ । ਸਤਿ ਰਿਹਾ ਨਾ ਤੀਰਥ ਅੱਠ ਸਾਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਾਠ, ਮਸੀਤ ਮਸਲਾ ਹੱਲ ਨਾ ਕੋਇ ਕਰਾਈਆ । ਮਨ ਕਲਪਣਾ ਸਾਰੇ ਰਹੇ ਨੱਠ, ਸਾਂਤਕ ਸਤਿ ਨਾ ਕੋਇ ਕਰਾਈਆ । ਕਲਜੁਗ ਖੇਲ ਬਾਜ਼ੀਗਰ ਨਟੂਆ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਦੁਰਮਤ ਮੈਲ ਕੋਈ ਨਾ ਸਕੇ ਕੱਟ, ਅਪਰਾਧਾਂ ਭਰੀ ਲੋਕਾਈਆ । ਖੇਲੇ ਖੇਲ ਪੁਰਖ ਸਮਰਥ, ਜੀਵ ਜਹਾਨ ਨਾ ਕੋਇ ਜਣਾਈਆ । ਜਿਸ ਦੀ ਮਹਿੰਮਾ ਸਦਾ ਅਕਥ, ਲੇਖਾ ਲਿਖੇ ਨਾ ਕ਼ਲਮ ਸ਼ਾਹੀਆ । ਸੋ ਸਹਿਬ ਪੁਰਖ ਸਮਰਥ, ਕਲਜੁਗ ਆਪਣੀ ਕਲ ਵਰਤਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਕਰ ਇਕੱਠ, ਇਕੋ ਰੰਗ ਦਏ ਰੰਗਾਈਆ । ਵਸਣਹਾਰਾ ਘਟ ਘਟ, ਹਰ ਹਿਰਦਾ ਫੋਲ ਫੁਲਾਈਆ । ਸਦੀ ਚੌਧਵੀਂ ਹੋ ਪ੍ਰਗਟ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸਰਬ ਜੀਆਂ ਦੀ ਸਾਂਝੀ ਕਰ ਕੇ ਮਤ, ਮਾਇਆ ਮਮਤਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਆਦਿ ਜੁਗਾਦੀ ਇਕੋ ਸੋਭਾ ਪਾਈਆ ।

❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦੇਵ ਸਿੰਘ ਦੇ ਗ੍ਰਹਿ ਲੁਧਿਆਣਾ ❊

ਪੰਜਾ ਕਹੇ ਜਿਸ ਵੇਲੇ ਮਾਤ ਲਗਦਾ, ਧਰਨੀ ਧਰਤ ਧਵਲ ਦਿਆਂ ਹਿਲਾਈਆ । ਧਰਮ ਰਹੇ ਨਾ ਸਾਬਤ ਜਗ ਦਾ, ਦੀਨ ਦੁਨੀ ਸਰਬ ਕੁਰਲਾਈਆ । ਖੇਲ ਖਿਲਾਵਾਂ ਅਗਨੀ ਅੱਗ ਦਾ, ਤਤਵ ਤਤ ਜਲਾਈਆ । ਹੁਕਮ ਵਰਤਾਵਾਂ ਸੂਰੇ ਸਰਬਗ ਦਾ, ਜੋ ਚਾਰ ਜੁਗ ਨਾ ਕੋਇ ਉਲਟਾਈਆ । ਝਗੜਾ ਮੇਟਾਂ ਦੀਨ ਮਜ਼੍ਹਬ ਦੀ ਹੱਦ ਦਾ, ਰਾਹ ਇਕੋ ਇਕ ਵਖਾਈਆ । ਪਰਮ ਪੁਰਖ ਮਿਲਾਵਾਂ ਜਿਹੜਾ ਨਿਰਗੁਣ ਧਾਰ ਨਹੀਂ ਲੱਭਦਾ, ਜੋਤੀ ਜਾਤਾ ਡਗਮਗਾਈਆ । ਖੇਲ ਸਮਝੇ ਨਾ ਕੋਈ ਪ੍ਰਭੂ ਦਾ ਸਬੱਬ ਦਾ, ਸਭਨਾਂ ਪਰਦਾ ਦਿਆਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੱਚਾ ਹੁਕਮ ਵਰਤਾਈਆ । ਪੰਜਾ ਕਹੇ ਜਿਸ ਵੇਲੇ ਮੈਂ ਜਾਂਦਾ ਛੂਹ, ਧਰਨੀ ਉਪਰ ਆਪਣਾ ਨਿਸ਼ਾਨ ਬਣਾਈਆ । ਓਸ ਵੇਲੇ ਦਿਸੇ ਨਾ ਕੋਇ ਅਵਤਾਰ ਪੈਗ਼ੰਬਰ ਗੁਰੂ, ਗੁਰਦੇਵ ਨਜ਼ਰ ਕੋਇ ਨਾ ਆਈਆ । ਅਗਲਾ ਮਾਰਗ ਹੁੰਦਾ ਸ਼ੁਰੂ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕੂੜ ਕੁੜਿਆਰਾ ਮਾਤ ਅੰਤ ਰੁੜ੍ਹ, ਲੋਕਮਾਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜਾ ਕਹੇ ਜਿਸ ਵੇਲੇ ਮੇਰਾ ਲਗਦਾ ਨਿਸ਼ਾਨ, ਨਿਸ਼ਾਨੇ ਪਿਛਲੇ ਦਿਆਂ ਬਦਲਾਈਆ । ਸਤਿ ਧਰਮ ਦਾ ਦੱਸ ਵਿਧਾਨ, ਵਾਧਾ ਇਕੋ ਨਾਲ ਰਖਾਈਆ । ਇਕੋ ਦਾ ਦੇ ਕੇ ਗਿਆਨ, ਦੀਨ ਮਜ਼੍ਹਬਾਂ ਝਗੜਾ ਦਿਆਂ ਮੁਕਾਈਆ । ਘਰ ਸਵਾਮੀ ਮਿਲਾਵਾਂ ਆਣ, ਜਗਤ ਵਿਛੋੜਾ ਦੂਰ ਕਰਾਈਆ । ਏਸੇ ਪੰਜੇ ਦੀ ਸ਼ਹਾਦਤ ਦੇਵੇ ਕਾਹਨ, ਬੰਸਰੀ ਵਿਚ ਆਪਣੀ ਧੁਨ ਸੁਣਾਈਆ । ਜੋ ਦੇ ਕੇ ਗਿਆ ਬਿਆਨ, ਢੋਲੇ ਸਿਫ਼ਤਾਂ ਵਾਲੇ ਸਾਲਾਹੀਆ । ਸੋ ਲੇਖਾ ਚੁਕਾਵੇ ਆਣ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਵ ਦਾ ਲਹਿਣਾ ਆਪਣੇ ਹੱਥ ਰਖਾਈਆ ।

❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਮਦਨ ਲਾਲ ਦੇ ਗ੍ਰਹਿ ਲੁਧਿਆਣਾ ❊

ਪੰਜਾ ਕਹੇ ਮੇਰੀ ਨਿਸ਼ਾਨੀ, ਜੁਗ ਚੌਕੜੀ ਚਲੀ ਆਈਆ । ਅੰਤਮ ਮੇਟਾਂ ਸਭ ਦੀ ਬੇਈਮਾਨੀ, ਮਾਰਗ ਸਚ ਸਚ ਸਮਝਾਈਆ । ਸ਼ਰਅ ਰਹਿਣ ਨਾ ਦੇਵਾਂ ਸ਼ੈਤਾਨੀ, ਸ਼ਹਿਨਸ਼ਾਹ ਇਕੋ ਦਿਆਂ ਵਖਾਈਆ । ਮੰਜ਼ਲ ਇਕੋ ਦੱਸ ਰੁਹਾਨੀ, ਪੈਂਡਾ ਪੰਧ ਦਿਆਂ ਚੁਕਾਈਆ । ਝਗੜਾ ਮੁਕਾ ਤਤ ਜਿਸਮਾਨੀ, ਜਿਸਮ ਜ਼ਮੀਰ ਦਿਆਂ ਬਦਲਾਈਆ । ਆਤਮ ਪਰਮਾਤਮ ਦੱਸ ਅਕਥ ਕਹਾਣੀ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਸਤਿਗੁਰ ਪ੍ਰੀਤ ਅੰਮ੍ਰਿਤ ਰਸ ਦੇ ਕੇ ਅਗੰਮਾ ਪਾਣੀ, ਅਗਨੀ ਤਤ ਬੁਝਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਢਾਹੀਆ । ਧਰਮ ਦੀ ਧਾਰ ਦੱਸ ਪਦ ਨਿਰਬਾਣੀ, ਦਰਗਾਹ ਸਾਚੀ ਦਿਆਂ ਮਿਲਾਈਆ । ਜਿਥੇ ਇਕੋ ਜੋਤ ਨੂਰ ਨੁਰਾਨੀ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਸਚਖੰਡ ਨਿਵਾਸੀ ਬੈਠਾ ਸੋਭਾ ਪਾਈਆ । ਜਿਸ ਵੇਲੇ ਜੁਗ ਜੁਗ ਕਰੇ ਆਪਣੀ ਮਿਹਰਵਾਨੀ, ਮਿਹਰਵਾਨ



੧੧੩੮
੨੧

ਮਹਿਬੂਬ ਮਿਹਰ ਨਜ਼ਰ ਉਠਾਈਆ । ਲੇਖਾ ਜਾਣੇ ਦੋ ਜਹਾਨੀ, ਨਿਰਗੁਣ ਸਰਗੁਣ ਖੋਜ ਖੁਜਾਈਆ । ਆਸਾ ਮਨਸਾ ਪੂਰੀ ਕਰੇ ਆਦਿ ਜੁਗਾਦੀ ਬਣ ਕੇ ਦਾਨੀ, ਦੇਵਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਬਣ ਕੇ ਬਾਨੀ, ਬਾਣ ਅਣਿਆਲਾ ਤੀਰ ਆਪਣਾ ਨਾਮ ਚਲਾਈਆ ।

## ❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਮੀਤ ਸਿੰਘ ਦੇ ਗ੍ਰਿਹ ਲੁਧਿਆਣਾ ❊

ਪੰਜਾ ਕਹੇ ਮੈਂ ਆਦਿ ਜੁਗਾਦੀ ਪੁਰਾਣਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਮੇਰਾ ਮਾਲਕ ਸ੍ਰੀ ਭਗਵਾਨਾ, ਸ਼ਾਹ ਸੁਲਤਾਨਾ ਸੋਭਾ ਪਾਈਆ । ਜੁਗ ਚੌਕੜੀ ਖੇਲੇ ਖੇਲ ਮਹਾਨਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਸ਼ਬਦ ਅਗੰਮੀ ਸੁਣਾਏ ਗਾਣਾ, ਅਨਬੋਲਤ ਆਪਣਾ ਰਾਗ ਅਲਾਈਆ । ਕਲਜੁਗ ਅੰਤ ਪਹਿਰ ਕੇ ਜੋਤੀ ਬਾਣਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਸਚ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ, ਦੋ ਜਹਾਨਾਂ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਨਿਸ਼ਾਨਾ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨਾਂ ਇਕੋ ਰੰਗ ਰੰਗਾਣਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਆਤਮ ਬ੍ਰਹਮ ਇਕ ਸਮਝਾਣਾ, ਪਾਰਬ੍ਰਹਮ ਪ੍ਰਭ ਭੇਵ ਦਏ ਖੁਲ੍ਹਾਈਆ । ਦਰਗਾਹ ਸਾਚੀ ਸਚਖੰਡ ਧੁਰ ਮਕਾਨਾ, ਮੁਕਾਮੇ ਹੱਕ ਇਕੋ ਨਜ਼ਰੀ ਆਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੱਸ ਕੇ ਗਏ ਟਿਕਾਣਾ, ਸੋ ਸਚ ਸਿੰਘਾਸਣ ਸੋਭਾ ਪਾਈਆ । ਕਲਜੁਗ ਅੰਤਮ ਹੋ ਪ੍ਰਧਾਨਾ, ਪ੍ਰਧਾਨਗੀ ਧੁਰ ਦੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਪੂਰਾ ਕਰੇ ਜੀਵ ਜਗਤ ਜਹਾਨਾ, ਜਗਜੀਵਣ ਦਾਤਾ ਆਪਣਾ ਹੁਕਮ ਵਰਤਾਈਆ ।



## ❊ ੬ ਚੇਤ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਿਹ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ❊

ਪੰਜਾ ਕਹੇ ਮੈਂ ਲਗਦਾ ਜਿਸ ਦੀ ਪੁਸ਼ਤ, ਪੁਸ਼ਤ ਪਨਾਹ ਪ੍ਰਭ ਹੱਥ ਟਿਕਾਈਆ । ਅੰਤਰ ਆਤਮ ਕਰਾਂ ਦਰੁਸਤ, ਦੁਰਮਤ ਮੈਲ ਧਵਾਈਆ । ਨਾਮ ਭੰਡਾਰਾ ਵੰਡਾਂ ਮੁਫ਼ਤ, ਕ਼ੀਮਤ ਨਾ ਕੋਇ ਲਗਾਈਆ । ਸੁਰਤੀ ਸਵਾਧਾਨ ਹੋਵੇ ਚੁਸਤ, ਆਲਸ ਨਿੰਦਰਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪੰਜਾ ਕਹੇ ਮੈਂ ਲਗਦਾ ਜਿਸ ਦੀ ਪੁਸ਼ਤ ਪਨਾਹ, ਪੁਸਤਕ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜਨਮ ਜਨਮ ਦੇ ਬਖ਼ਸ਼ੇ ਜਾਣ ਗੁਨਾਹ, ਗ਼ੁਰਬਤ ਅੰਦਰੋਂ ਦਿਆਂ ਕਢਾਈਆ । ਹਿਰਦੇ ਅੰਦਰ ਵਸਾ ਕੇ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਪੁਰਖ ਅਕਾਲ ਮਿਲਾਵਾਂ ਜੋ ਸਭ ਦਾ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾਈਆ । ਏਥੇ ਓਥੇ ਦੋ ਜਹਾਨਾਂ ਦੇਵਾਂ ਠੰਡੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾਵਾਂ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਨਿਥਾਵਿਆਂ ਦਰਗਾਹ

੧੧੩੯
੨੧

੧੧੪੦
੨੧

ਸਾਚੀ ਦੇਵਾਂ ਥਾਂ, ਸਚਖੰਡ ਸਾਚਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਧੁਰਦਰਗਾਹੀਆ । ਪੰਜਾ ਕਹੇ ਮੈਂ ਜਿਸ ਨੂੰ ਦੇਵਾਂ ਥਾਪੀ, ਥਪਕਣਾ ਇਕ ਲਗਾਈਆ । ਜਨਮ ਕਰਮ ਦਾ ਰਹੇ ਕੋਈ ਨਾ ਪਾਪੀ, ਦੁਰਮਤ ਮੈਲ ਧਵਾਈਆ । ਨਾਮ ਪਿਆਲਾ ਦੇਵਾਂ ਬਣ ਕੇ ਸਾਕੀ, ਜਾਮ ਹਕੀਕੀ ਮੁਖ ਲਗਾਈਆ । ਬੰਦ ਕਵਾੜੀ ਖੋਲ੍ਹ ਕੇ ਤਾਕੀ, ਨਿਜ ਨੇਤਰ ਨੂਰ ਕਰਾਂ ਰੁਸ਼ਨਾਈਆ । ਸਤਿ ਦਵਾਰ ਦੀ ਦੇ ਕੇ ਝਾਕੀ, ਪਰਦਾ ਅੰਦਰੋਂ ਦਿਆਂ ਖੁਲ੍ਹਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਸਾਚਾ ਨੂਰ ਚੰਦ ਦਿਆਂ ਚਮਕਾਈਆ, ਜੀਵਣ ਵਿਚੋਂ ਬਦਲ ਦਿਆਂ ਹਯਾਤੀ, ਮਨ ਮਮਤਾ ਰਹੇ ਨਾ ਰਾਈਆ । ਹੋਏ ਪ੍ਰਕਾਸ਼ ਕਾਇਆ ਮਾਟੀ, ਅੰਧ ਅੰਧੇਰਾ ਦਿਆਂ ਗਵਾਈਆ । ਸਾਚੇ ਮੰਡਲ ਪਾਵਾਂ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਜਨ ਭਗਤਾਂ ਪੂਰੀ ਕਰਾਂ ਆਸੀ, ਆਸਾ ਮਨਸਾ ਸਭ ਦੀ ਵੇਖ ਵਖਾਈਆ । ਲੇਖਾ ਜਾਣ ਪੁਰਖ ਅਬਿਨਾਸ਼ੀ, ਘਟ ਨਿਵਾਸੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸਮਝਾਈਆ । ਪੰਜਾ ਕਹੇ ਮੈਂ ਜਿਸ ਦੇ ਨਾਲ ਜਾਵਾਂ ਛੂਹ, ਅੰਤਰ ਨਿਰੰਤਰ ਦਿਆਂ ਵਖਾਈਆ । ਪਵਿੱਤਰ ਕਰਾਂ ਬੁਤ ਰੂਹ, ਪਤਤ ਪੁਨੀਤ ਦਿਆਂ ਵਖਾਈਆ । ਕਰ ਪ੍ਰਕਾਸ਼ ਲੂੰ ਲੂੰ, ਸਾਢੇ ਤਿੰਨ ਕਰੋੜ ਸੋਭਾ ਪਾਈਆ । ਆਤਮ ਪਰਮਾਤਮ ਮੇਲ ਮਿਲਾ ਕੇ ਹੂਬ ਹੂ, ਪਾਰਬ੍ਰਹਮ ਬ੍ਰਹਮ ਮੇਲਾ ਦਿਆਂ ਕਰਾਈਆ । ਨਾਦ ਧੁਨ ਵੱਜੇ ਇਕੋ ਰਾਗ ਉਪਜੇ ਤੂੰ ਹੀ ਤੂੰ, ਦੂਜੀ ਆਵਾਜ਼ ਨਾ ਕੋਇ ਸੁਣਾਈਆ । ਨਜ਼ਰੀ ਆਏ ਸਤਿਗੁਰੂ ਸ਼ਬਦ ਗੁਰੂ, ਗੁਰਦੇਵ ਸਵਾਮੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੰਜਾ ਕਹੇ ਮੈਂ ਜਿਸ ਦੀ ਲੱਗਾਂ ਉਤੇ ਪਿੱਠ, ਪੀਤਪੀਤੰਬਰ ਇਕ ਸਹਾਈਆ । ਭੇਵ ਖੁਲ੍ਹਾ ਕੇ ਸਵਾ ਗਿਠ, ਨੌ ਦਵਾਰੇ ਡੇਰਾ ਢਾਹੀਆ । ਨਿਰਗੁਣ ਨਿਰਗੁਣ ਕਰ ਕੇ ਹਿੱਤ, ਆਤਮ ਪਰਮਾਤਮ ਜੋੜ ਜੁੜਾਈਆ । ਪਰਮਾਤਮ ਹੋ ਕੇ ਵਸਾਂ ਚਿਤ, ਚਿਤਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਬਿਨ ਅੱਖਾਂ ਆਵਾਂ ਦਿਸ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਸਭ ਦਾ ਮਾਲਕ ਜਣਾ ਕੇ ਇਕ, ਏਕੰਕਾਰ ਦਿਆਂ ਵਖਾਈਆ । ਜਿਸ ਦੀ ਮਹਿੰਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਲਿਖ, ਅੱਖਰਾਂ ਵਿਚ ਅੱਖ਼ਰ ਸਿਫ਼ਤ ਸਾਲਾਹੀਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਪਾਵਣਹਾਰਾ ਭਿਖ, ਵਸਤ ਅਮੋਲਕ ਅਗੰਮ ਅਥਾਹ ਆਪ ਵਰਤਾਈਆ । ਜਿਸ ਦੀ ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਸਿਖਿਆ ਲਈ ਸਿਖ, ਸਾਖਿਆਤ ਬਿਨ ਕਾਗ਼ਜ਼ਾਤ ਕਰੇ ਪੜ੍ਹਾਈਆ । ਸੋ ਅੰਤ ਅਖ਼ੀਰ ਬੇਨਜ਼ੀਰ ਸ਼ਾਹ ਹਕੀਰ ਜਨ ਭਗਤਾਂ ਆਸਾ ਮਨਸਾ ਪੂਰੀ ਕਰੇ ਇੱਛ, ਨਿਰਇੱਛਤ ਆਪਣੀ ਦਇਆ ਕਮਾਈਆ । ਨਾਮ ਨਿਧਾਨਾ ਨੌਜਵਾਨਾ ਮਰਦ ਮਰਦਾਨਾ ਪਾਵੇ ਧੁਰ ਦੀ ਭਿੱਛ, ਸਚ ਭੰਡਾਰਾ ਏਕੰਕਾਰਾ ਇਕ ਇਕੱਲਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਦਇਆ ਕਮਾਈਆ । ਪੰਜਾ ਕਹੇ ਮੈਂ ਜਿਸ ਨੂੰ ਦੇਵਾਂ ਸਹਾਰਾ, ਸਹਾਇਤਾ ਵਿਚ ਵਡਿਆਈਆ । ਦੀਨ ਦੁਨੀ ਦਾ ਛੱਡ ਕਿਨਾਰਾ, ਘਾਟ ਅਗਲਾ ਦਿਆਂ ਵਖਾਈਆ । ਜਿਥੇ ਵਸੇ ਏਕੰਕਾਰਾ, ਇਕ ਇਕੱਲਾ ਸੋਭਾ ਪਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਦੀਆ ਬਾਤੀ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਧੁਨ ਜੈਕਾਰਾ, ਬਿਨ ਰਸਨਾ

ਜਿਹਵਾ ਰਾਗ ਅਲਾਈਆ । ਅੰਮ੍ਰਿਤ ਰਸ ਠੰਡਾ ਠਾਰਾ, ਜਲ ਪਾਣੀ ਨਾ ਕੋਇ ਭਰਾਈਆ । ਇਕੋ ਮੇਲਾ ਪਰਵਰਦਿਗਾਰਾ, ਪਤਿਪਰਮੇਸ਼ਵਰ ਸੋਭਾ ਪਾਈਆ । ਜੋ ਜੁਗ ਚੌਕੜੀ ਲਏ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦ ਸੰਦੇਸ਼ਾ ਦੇਵੇ ਵਾਰੋ ਵਾਰਾ, ਲੱਖ ਚੁਰਾਸੀ ਜੀਵ ਜੰਤ ਕਰੇ ਪੜ੍ਹਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਅਪਰ ਅਪਾਰਾ, ਅਪਰੰਪਰ ਸਵਾਮੀ ਏਕਾ ਹੁਕਮ ਵਰਤਾਈਆ । ਜਿਸ ਨੂੰ ਕਹਿੰਦੇ ਚੌਵੀਵਾਂ ਅਵਤਾਰਾ, ਚਾਰ ਜੁਗ ਦਾ ਝਗੜਾ ਦਏ ਮੁਕਾਈਆ । ਸੋ ਪ੍ਰਗਟ ਹੋ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਹੁਕਮੇ ਅੰਦਰ ਭੁਆਈਆ । ਗੁਰ ਅਵਤਾਰ ਪੈਗ਼ੰਬਰ ਕਰਨ ਨਿਮਸਕਾਰਾ, ਸਯਦਿਆਂ ਵਿਚ ਸੀਸ ਝੁਕਾਈਆ । ਸੋ ਸਾਹਿਬ ਸ਼ਾਹੋ ਭੂਪ ਬਣ ਸਿਕਦਾਰਾ, ਹੁਕਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਸਾਂਝਾ ਯਾਰਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ ।

### ❋ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਾਧੂ ਸਿੰਘ ਦੇ ਗ੍ਰਿਹ ਪਖੋਵਾਲ ਜ਼ਿਲਾ ਲੁਧਿਆਣਾ ❋

ਸੱਤ ਚੇਤ ਕਹੇ ਮੈਂ ਕੀਤਾ ਅਗੰਮ ਗ਼ੌਰੇ, ਗਹਿਰ ਗੰਭੀਰ ਧਿਆਨ ਲਗਾਈਆ । ਪੁਰਖ ਅਬਿਨਾਸ਼ੀ ਜਨ ਭਗਤਾਂ ਰਿਹਾ ਠਕੋਰੇ, ਸਚਖੰਡ ਸਾਚੇ ਦਇਆ ਕਮਾਈਆ । ਕਿਉਂ ਚਾਰ ਜੁਗ ਮੇਰੇ ਵਿਚ ਪਏ ਝੇਰੇ, ਆਪਣਾ ਆਸਣ ਲਾਈਆ । ਵੇਖੇ ਖੇਲ ਬ੍ਰਾਹਮਣ ਗੌੜੇ, ਸਰਬ ਦਿਆਂ ਵਖਾਈਆ । ਜਿਸ ਦੇ ਹੁਕਮੇ ਅੰਦਰ ਦੌੜੇ, ਜੁਗ ਚੌਕੜੀ ਪੰਧ ਮੁਕਾਈਆ । ਚੜ੍ਹਦੇ ਆਏ ਪੌੜੇ ਪੌੜੇ ਪੌੜੇ, ਮੰਜ਼ਲ ਬਾ ਮੰਜ਼ਲ ਪੰਧ ਮੁਕਾਈਆ । ਜੋਤੀ ਧਾਰ ਵਸੇ ਕੋਲੇ, ਜੋਤੀ ਜੋਤ ਵਿਚ ਮਿਲਾਈਆ । ਸਚ ਸਿੰਘਾਸਣ ਬਹਿ ਕੇ ਡੋਲੇ, ਸੁਖਆਸਣ ਸੋਭਾ ਪਾਈਆ । ਉਠੋ ਲੋਕਮਾਤ ਦੇ ਵੇਖੋ ਰੌਲੇ, ਹਾਹਾਕਾਰ ਕਰੇ ਲੋਕਾਈਆ । ਝਗੜਾ ਪਿਆ ਧਰਨੀ ਧਰਤ ਧੌਲੇ, ਧਰਮ ਦਏ ਦੁਹਾਈਆ । ਆਤਮ ਪਰਮਾਤਮ ਰੰਗ ਕੋਇ ਨਾ ਮੌਲੇ, ਮੌਲਾ ਰੂਪ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੇ ਹੋਏ ਕੌਲੇ, ਇਕਰਾਰ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਮਨਾਈਆ । ਸੱਤ ਚੇਤ ਕਹੇ ਜਨ ਭਗਤੋ ਆਪਣੀ ਲਓ ਅੰਗੜਾਈ, ਆਲਸ ਨਿੰਦਰਾ ਰਹੇ ਨਾ ਰਾਈਆ । ਲੋਕਮਾਤ ਵੇਖੋ ਚਾਈਂ ਚਾਈਂ, ਚਾਓ ਘਨੇਰਾ ਇਕ ਬਣਾਈਆ । ਖੇਲ ਵੇਖੋ ਧੁਰਦਰਗਾਹੀ, ਜੋ ਕਰਤਾ ਆਪ ਕਰਾਈਆ । ਚਾਰ ਜੁਗ ਦੀ ਬਦਲਣ ਲੱਗਾ ਸ਼ਾਹੀ, ਹੁਕਮ ਧੁਰ ਦਾ ਇਕ ਸੁਣਾਈਆ । ਸਾਰੇ ਉਠ ਕੇ ਆਪਣੀ ਭਰੋ ਗਵਾਹੀ, ਸ਼ਹਾਦਤ ਦੇਣੀ ਭੁਗਤਾਈਆ । ਮਿਲ ਜਾਓ ਚਮਿਆਰ ਜੁਲਾਹੇ ਨਾਈ, ਜੱਟਾਂ ਰੰਗ ਰੰਗਾਈਆ । ਯਾਦ ਕਰੋ ਪਿਛਲਾ ਲੇਖਾ ਰਹਿਣਾ ਨਾਹੀਂ, ਅਗਲੀ ਕਲ ਵਰਤਾਈਆ । ਚਾਰੋਂ ਕੁੰਟ ਪੈਣੀ ਦੁਹਾਈ, ਨਾ ਕੋਈ ਮੇਟੇ ਮੇਟ ਮਿਟਾਈਆ । ਜੇ ਕੋਈ ਤੁਹਾਡਾ ਮਿੱਤਰ ਉਸ ਦੀ ਦਿਓ ਸਫ਼ਾਈ, ਸਫਾਰਸ਼ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸੱਤ ਚੇਤ ਕਹੇ ਜਨ ਭਗਤੋ ਖੋਲ੍ਹੋ ਆਪਣੀ ਅੱਖ, ਬਿਨ ਅੱਖਾਂ ਅੱਖ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਤੱਕੋ ਪ੍ਰਤੱਖ, ਪਾਰਬ੍ਰਹਮ ਬ੍ਰਹਮ ਗੁਸਾਈਆਂ । ਜਿਸ ਦਾ ਖੇਲ ਦੱਸ ਕੇ ਆਏ ਹਕੀਕਤ

ਵਿਚ ਹੱਕ, ਭੇਵ ਅਭੇਦ ਖੁਲ੍ਹਾਈਆ । ਓਹ ਸਭ ਦਾ ਲਹਿਣਾ ਦੇਣਾ ਝੋਲੀ ਪਾਵੇ ਪੱਕ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੱਤ ਚੇਤ ਕਹੇ ਪ੍ਰਭ ਕੋਲ ਆ ਗਿਆ ਨਾਰਦ, ਨਾਅਰਾ ਇਕੋ ਇਕ ਸੁਣਾਈਆ । ਪ੍ਰਭੂ ਮੈਂ ਕੀ ਦੱਸਾਂ ਤੇਰੇ ਧਰਮ ਦਵਾਰਿਆਂ ਤੇ ਲੱਗੀ ਗਾਰਦ, ਤੈਨੂੰ ਪਹਰਿਆਂ ਹੇਠ ਰਖਾਈਆ । ਬਣ ਕੇ ਆਪ ਵਾਰਸ, ਤੈਨੂੰ ਮੁਜਰਮ ਲਿਆ ਬਣਾਈਆ । ਤੇਰੇ ਨਾਮ ਦੀ ਲੈਂਦੇ ਆੜ੍ਹਤ, ਟਕਿਆਂ ਵਿਚ ਵਿਕਾਈਆ । ਮੈਨੂੰ ਵੇਖ ਕੇ ਹੋਣ ਲੱਗੀ ਖ਼ਾਰਸ਼, ਦੁੱਖ ਦਿਤਾ ਸੁਣਾਈਆ । ਮੈਂ ਕਿਹਾ ਮੈਂ ਜ਼ਰੂਰ ਖ਼ਬਰ ਦੇਣੀ ਵਿਚ ਮਾਰਚ, ਮਾਰਚ ਕਰਨਾ ਕੂੜ ਲੋਕਾਈਆ । ਮੈਂ ਚਾਹੁੰਦਾ ਸਭ ਦੇ ਕੋਲੋਂ ਲੈ ਲਾ ਚਾਰਜ, ਚਰਚਾਂ ਵਿਚ ਨਜ਼ਰ ਕੋਇ ਨਾ ਆਈਆ । ਜੇ ਆਯੂ ਜਗਤ ਦੱਸੀ ਆਰਜ, ਅੱਗੇ ਭੇਵ ਨਾ ਕੋਇ ਦ੍ਰਿੜਾਈਆ । ਖੇਲ ਕਰ ਅਗੰਮਾ ਭਾਰਤ, ਭਾਰਦਵਾਜ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਿਹਾ ਮੈਂ ਤੇਰੇ ਉਤੇ ਵੇਖਿਆ ਲੱਗਾ ਪਹਿਰਾ, ਪਹਿਰੇਦਾਰ ਰਹੇ ਅਟਕਾਈਆ । ਤੈਨੂੰ ਪੁਸਤਕਾਂ ਵਿਚ ਬੰਦ ਕਰ ਕੇ ਕਹਿਣ ਸਾਡਾ ਗ਼ਰੀਬ ਨਿਵਾਜ਼ ਗਹਿਰਾ, ਗ਼ੈਰ ਵੇਖਣ ਕੋਇ ਨਾ ਪਾਈਆ । ਤੇਰਾ ਸਿਫ਼ਤਾਂ ਵਾਲਾ ਕਰਨ ਮੁਜ਼ਾਹਿਰਾ, ਮਸਲੇ ਮਨ ਨਾਲ ਬਣਾਈਆ । ਤੈਨੂੰ ਬੰਦ ਕਰ ਕੇ ਦੀਨ ਮਜ਼੍ਹਬ ਦੇ ਦਾਇਰਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰਦਵਾਰਿਆਂ ਵਿਚ ਟਿਕਾਈਆ । ਬਿਨਾ ਮਜ਼੍ਹਬ ਤੋਂ ਤੇਰਾ ਲੈ ਸਕੇ ਨਾ ਕੋਇ ਲਹਿਰਾ, ਲਹਿਰ ਵਿਚ ਲਹਿਰ ਨਾ ਕੋਇ ਟਕਰਾਈਆ । ਅੱਲਾ ਵਾਲਿਆਂ ਵਾਸਤੇ ਵਾਹਿਗੁਰੂ ਹੋ ਗਿਆ ਨਾਮ ਜ਼ਹਿਰਾ, ਜ਼ਹਿਰ ਪਿਆਲਾ ਪੀਣ ਕੋਇ ਨਾ ਪਾਈਆ । ਸਾਰੇ ਤੈਨੂੰ ਚੰਗਾ ਬਣਾਉਂਦੇ ਵਿਚ ਸ਼ਹਿਰਾ, ਗਾਵਾਂ ਕਸਬਿਆਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਹੱਥ ਵਡਿਆਈਆ । ਨਾਰਦ ਕਹੇ ਪ੍ਰਭੂ ਮੈਂ ਚਾਰੋਂ ਕੁੰਟ ਵੇਖੀ ਸਾਖੀ, ਸਾਖਿਆਤ ਦਿਆਂ ਦ੍ਰਿੜਾਈਆ । ਮਾਇਆ ਮਮਤਾ ਭਰਮੇ ਭੁੱਲੇ ਕਰਨ ਤੇਰੀ ਰਾਖੀ, ਸ਼ਸਤਰ ਹੱਥਾਂ ਵਿਚ ਉਠਾਈਆ । ਤੂੰ ਕੀ ਪੁਰਖ ਸਮਰਾਥੀ, ਕੀ ਤੇਰੀ ਵਡਿਆਈਆ । ਕੀ ਤੇਰਾ ਜੀਵਣ ਕੀ ਤੇਰੀ ਹਯਾਤੀ, ਕੀ ਤੇਰੀ ਖੇਲ ਖਿਲਾਈਆ । ਕੀ ਤੇਰਾ ਦੀਪਕ ਕੀ ਤੇਰੀ ਬਾਤੀ, ਕੀ ਤੇਰੀ ਰੁਸ਼ਨਾਈਆ । ਕੀ ਤੇਰੀ ਮੰਜ਼ਲ ਕੀ ਤੇਰੀ ਘਾਟੀ, ਕੀ ਦਵਾਰਾ ਸੋਭਾ ਪਾਈਆ । ਕੀ ਤੇਰਾ ਲਹਿਣਾ ਕੀ ਦਿਸੇ ਬਾਕੀ, ਜਿਸ ਨੂੰ ਖ਼ਾਕੀ ਦੇਣ ਸਮਝਾਈਆ । ਪ੍ਰਭੂ ਤੂੰ ਵੱਡਾ ਕਿ ਓਹ ਵੱਡੇ ਜਿਹੜੇ ਤੇਰੇ ਦਰ ਤੇ ਕਰਨ ਗੁਸਤਾਖ਼ੀ, ਕੂੜੀ ਕਿਰਿਆ ਵਿਚ ਸਮਾਈਆ । ਤੇਰੀ ਧਾਰ ਅੱਖਰਾਂ ਵਾਲੀ ਪੱਥਰਾਂ ਵਾਲੀ ਛਾਪੇਖ਼ਾਨਿਆਂ ਵਿਚ ਛਾਪੀ, ਛਾਪ ਬਣਾ ਕੇ ਵੇਚਣ ਚਾਈਂ ਚਾਈਂਆ । ਤੂੰ ਨਿੱਕਾ ਕਿ ਵੱਡਾ ਪ੍ਰਤਾਪੀ, ਭੇਵ ਅਭੇਵ ਦੇਣਾ ਖੁਲ੍ਹਾਈਆ । ਤੂੰ ਸਾਹਿਬ ਕਿ ਲੋਕਮਾਤ ਦਾ ਪਾਪੀ, ਕਿਉਂ ਪਹਿਰੇ ਥੱਲੇ ਰੱਖ ਕੇ ਤੈਨੂੰ ਹਰਾਸਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਮੈਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਤੱਕੀ ਨਾਲ ਅਨੰਦ, ਅਨੰਦ ਵਿਚ ਜਣਾਈਆ । ਬਸਤਿਆਂ ਵਿਚ ਕਰ ਕੇ ਬੰਦ, ਬੰਦਖ਼ਾਨੇ ਦੇਣ ਟਿਕਾਈਆ । ਨਾਲੇ ਕਹਿਣ ਸੂਰਾ ਸਰਬੰਗ, ਸਾਹਿਬ ਧੁਰਦਰਗਾਹੀਆ । ਜੋ ਸਭ ਨੂੰ ਨਾਮ ਦੇਵੇ ਵੰਡ, ਵੰਡਣਹਾਰਾ ਇਕ ਅਖਵਾਈਆ । ਪਰ ਤੈਨੂੰ ਇਹੋ ਜਿਹਾ ਸਤਿਗੁਰੂ ਬਣਾਇਆ ਜਿੰਨਾਂ

੧੧੪੨
੨੧

ਚਿਰ ਕੋਈ ਖੋਲ੍ਹੇ ਨਾ ਉਤੋਂ ਕੱਪੜੇ ਦੀ ਗੰਢ, ਤੇਰਾ ਵਰਕਾ ਨਾ ਕੋਇ ਉਲਟਾਈਆ । ਓ ਪ੍ਰਭੂ ਤੂੰ ਕਿਹੜਾ ਸਾਹਿਬ ਜਿਹੜਾ ਆਪਣਾ ਗਾ ਨਹੀਂ ਸਕਦਾ ਛੰਦ, ਤੇਰੇ ਗਾਉਣ ਵਾਸਤੇ ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗਰੰਥੀ ਪੰਥੀ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਮੰਗ ਮੰਗਾਈਆ । ਨਾਰਦ ਕਹੇ ਪ੍ਰਭੂ ਕੀ ਤੈਨੂੰ ਕਹਿਵਾਂ ਭਗਵਾਨ, ਮੈਨੂੰ ਦੇ ਸਮਝਾਈਆ । ਜਾਂ ਤੇਰੇ ਗ੍ਰੰਥਾਂ ਕਰਾਂ ਮਾਣ, ਤੇਰੀ ਲੋੜ ਰਹੇ ਨਾ ਰਾਈਆ । ਜਾਂ ਤੇਰੇ ਅੱਖਰਾਂ ਕਰਾਂ ਪਹਿਚਾਣ, ਅੱਖਰ ਵੱਖਰ ਵੇਖ ਵਖਾਈਆ । ਜਾਂ ਸੀਸ ਨਿਵਾਵਾਂ ਪਾਹਨ, ਜੋ ਇੱਟਾਂ ਜੋੜ ਜੁੜਾਈਆ । ਜਾਂ ਪੱਥਰਾਂ ਮੰਨਾਂ ਕਾਹਨ, ਮੈਨੂੰ ਦੇ ਸਮਝਾਈਆ । ਜਾਂ ਸ਼ਰਅ ਦਾ ਮੰਨਾਂ ਵਿਧਾਨ, ਭੇਵ ਦੇਣਾ ਖੁਲ੍ਹਾਈਆ । ਜਾਂ ਰਸਨਾ ਗਾਵਾਂ ਗਾਨ, ਢੋਲਿਆਂ ਵਿਚ ਅਲਾਈਆ । ਸਚ ਦੱਸ ਕਿਸ ਨੂੰ ਕਰਾਂ ਪ੍ਰਨਾਮ, ਮੈਨੂੰ ਸਮਝ ਕੋਇ ਨਾ ਆਈਆ । ਕੋਈ ਕਹੇ ਕਰੋ ਡੰਡਾਵਤ ਕੋਈ ਕਰੇ ਬੰਦਨਾ ਕੋਈ ਕਹੇ ਕਰੋ ਸਲਾਮ, ਸਲਾਮਾਲੈਕਮ ਵਿਚ ਵਡਿਆਈਆ । ਕੋਈ ਕਹੇ ਕਹੋ ਰਾਮ ਕੋਈ ਕਹੇ ਕਹੋ ਕਾਹਨ, ਕੋਈ ਕਹੇ ਜੈ ਜੈਕਾਰ ਸੁਣਾਈਆ । ਸਚ ਦੱਸ ਪ੍ਰਭੂ ਤੂੰ ਇਕ ਤੇ ਤੇਰੇ ਨਾਮਾਂ ਦਾ ਕਿਧਰੋਂ ਆ ਗਿਆ ਤੁਫ਼ਾਨ, ਚਾਰੋਂ ਕੁੰਟ ਵਖਰੇ ਵਖਰੇ ਝਕੋਲੇ ਰਿਹਾ ਦਵਾਈਆ । ਮੈਂ ਹੈਰਾਨ ਹੋ ਗਿਆ ਨਾਲੇ ਬਨਿਆ ਬੇਪਛਾਣ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਚ ਦੱਸ ਤੇਰੀ ਕਿਹੜੀ ਚੰਗੀ ਦੁਕਾਨ, ਜਿਥੋਂ ਵਸਤੂ ਮਿਲੇ ਅਗੰਮ ਅਥਾਹੀਆ । ਕੀ ਮੈਂ ਵੇਦ ਪੜ੍ਹਾਂ ਕਿ ਪੁਰਾਨ, ਸ਼ਾਸਤਰਾਂ ਦਾ ਲਵਾਂ ਗਿਆਨ, ਗੀਤਾ ਦਾ ਕਰਾਂ ਧਿਆਨ, ਅੰਜੀਲ ਕ਼ੁਰਾਨ ਵੇਖਾਂ ਆਣ, ਬਾਈਬਲ ਤੁਰਾਇਤ ਕਰਾਂ ਪਛਾਣ, ਕਿ ਗੁਰੂ ਗ੍ਰੰਥ ਪੜ੍ਹ ਕੇ ਅੱਗੇ ਓਟ ਨਾ ਕੋਇ ਤਕਾਈਆ । ਅੱਗੋਂ ਹੱਸ ਕੇ ਕਹੇ
੧੧੪੩ ਸ੍ਰੀ ਭਗਵਾਨ, ਸੁਣ ਬੱਚੇ ਮੇਰੇ ਨਵਾਂ ਤੈਨੂੰ ਦੇਵਾਂ ਇਕ ਫ਼ਰਮਾਨ, ਸੰਦੇਸ਼ਾ ਧੁਰਦਰਗਾਹੀਆ । ਇਹ ਨਾਮ ਇਹ ਕ਼ਲਮੇ ਸੁਣਨ ਵਾਲੇ ਨਾਮੀ ਕਾਨ, ੧੧੪੩
੨੧ ਜਿਸ ਦੇ ਨਾਲ ਜੀਵ ਜੰਤ ਜਗਤ ਮਨ ਪ੍ਰਚਾਣ, ਪ੍ਰਾਚੀਨ ਦਾ ਲੇਖਾ ਬਨਿਆ ਆਈਆ । ਅੱਗੇ ਬਦਲ ਦੇਣਾ ਵਿਧਾਨ, ਸਾਂਝਾ ਦੇ ਕੇ ਇਕ ਫ਼ਰਮਾਨ, ੨੧
ਹੁਕਮ ਸੰਦੇਸ਼ਾ ਦੋ ਜਹਾਨ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਝੁਲਾਵਣਹਾਰਾ ਧਰਮ ਨਿਸ਼ਾਨ, ਨਿਸ਼ਾਨਾ ਨੌਜਵਾਨਾ ਮਰਦ ਮਰਦਾਨਾ ਇਕ ਅਖਵਾਈਆ ।

### ❊ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਵਣ ਸਿੰਘ ਦੇ ਗ੍ਰਹਿ ਪਿੰਡ ਪੱਖੋਵਾਲ ❊

ਨਾਰਦ ਕਹੇ ਪ੍ਰਭੂ ਮੈਨੂੰ ਸੁੱਝੀ ਗੱਲ ਚੰਗੀ, ਚੰਗਿਆਂ ਦੇ ਮਾਲਕ ਤੈਨੂੰ ਦਿਆਂ ਜਣਾਈਆ । ਤੂੰ ਸਾਹਿਬ ਸੁਲਤਾਨ ਸੂਰਬੀਰ ਬਹਾਦਰ ਜੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਮੈਂ ਲੋਕਮਾਤ ਤੱਕਿਆ ਤੈਨੂੰ ਚੁੱਕੀ ਫਿਰਦੇ ਸੀਸ ਉਤੇ ਕੰਧੀ, ਕਹਿਣ ਸਾਡਾ ਸਤਿਗੁਰੂ ਸਾਡੇ ਸਹਾਰੇ ਚਲ ਕੇ ਆਪਣਾ ਝਟ ਲੰਘਾਈਆ । ਤੈਨੂੰ ਪਾ ਕੇ ਮਜ਼੍ਹਬਾਂ ਵਾਲੀ ਡਿੰਗੀ ਟੇਢੀ ਡੰਡੀ, ਡੰਡਾਵਤ ਸਯਦਿਆਂ ਵਿਚ ਮੱਥੇ ਦਿਤੇ ਰਗੜਾਈਆ । ਸ਼ਰਅ ਦੀ ਕਰਾ ਕੇ ਦੰਗੀ, ਝਗੜਿਆਂ ਵਿਚ ਤੈਨੂੰ ਦਿਤਾ ਫਸਾਈਆ । ਕੀ ਕਰੇ ਜਮਨਾ ਸੁਰਸਤੀ ਗੋਦਾਵਰੀ ਗੰਗੀ, ਗ੍ਰਹਿ ਗਰੋਹ ਤੇਰਾ ਟਲਿਆ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਤੇਰੇ ਉਤੇ ਲੱਗੀ ਪਾਬੰਦੀ, ਆਜ਼ਾਦੀ ਤੇਰੀ ਰਹੀ ਨਾ ਰਾਈਆ । ਮੈਂ ਸੁਣਿਆ ਤੂੰ ਬੜਾ ਵੱਡਾ ਢੰਗੀ, ਅਗਲਾ

ਤਰੀਕਾ ਦੇ ਸਮਝਾਈਆ । ਤੂੰ ਸਾਹਿਬ ਇਕ ਤੇਰੇ ਨਾਮ ਸਿਫ਼ਤਾਂ ਵਾਲੇ ਬਹੁਛੰਦੀ, ਢੋਲਿਆਂ ਵਿਚ ਗਾਈਆ । ਦੱਸ ਕਿਹੜੀ ਤੇਰੀ ਸਿਫ਼ਤ ਮੰਦੀ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਸੁਣਾਈਆ । ਕਿਉਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਕੀਤੀ ਮੰਦੀ, ਮੰਦਹਾਲਤ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਸਾਹਿਬ ਤੇਰੀ ਸਰਨਾਈਆ । ਨਾਰਦ ਕਹੇ ਜੇ ਤੂੰ ਸਤਿਗੁਰੂ ਆਦਿ ਜੁਗਾਦੀ ਸ਼ਬਦ, ਸ਼ਬਦ ਦਿਤਾ ਬਣਾਈਆ । ਫਿਰ ਸ਼ਬਦ ਕਿਉਂ ਬਦਲਿਆ ਵਿਚ ਮਜ਼੍ਹਬ, ਮੈਨੂੰ ਦੇ ਸਮਝਾਈਆ । ਕੀ ਇਹ ਸੀ ਤੇਰੀ ਰਮਜ਼, ਕਿ ਇਸ਼ਾਰਾ ਧੁਰਦਰਗਾਹੀਆ । ਜਾਂ ਅਵਤਾਰ ਪੈਗ਼ੰਬਰਾਂ ਦੀ ਸਮਝ, ਅਕਲ ਵਿਚ ਚਤੁਰਾਈਆ । ਪੁਰਖ ਅਕਾਲ ਕਹੇ ਨਿਰਗੁਣ ਧਾਰ ਦਿਤੀ ਮਦਦ, ਸਰਗੁਣ ਰਾਹ ਵਖਾਈਆ । ਮੇਰੇ ਇਕ ਦੇ ਇਹ ਵੰਡੇ ਹੋਏ ਹਿੱਸਿਆਂ ਵਾਲੇ ਅਦਦ, ਆਦਤ ਵਿਚੋਂ ਆਦਤ ਆਦਤ ਨਾਲ ਬਦਲਾਈਆ । ਆਪਣੇ ਨਾਂ ਦੇ ਬਣਾ ਕੇ ਤਸ਼ੱਦਦ, ਝਗੜੇ ਦਿਤੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਤੈਨੂੰ ਕਿਉਂ ਲਿਆ ਵਿਚ ਹਿਰਾਸਤ, ਮਜ਼੍ਹਬ ਤੋਂ ਬਾਹਰ ਕ਼ਦਮ ਨਾ ਕੋਇ ਟਿਕਾਈਆ । ਦੱਸ ਅਵਤਾਰ ਪੈਗ਼ੰਬਰ ਗੁਰੂ ਤੇਰੇ ਕਿ ਤੂੰ ਗੁਰਦਵਾਰਿਆਂ ਦੀ ਵਰਾਸਤ, ਵਸੀਹ ਕਰ ਕੇ ਦੇਣਾ ਜਣਾਈਆ । ਮੈਂ ਤੇ ਵੇਖਦਾ ਰਿਹਾ ਪੁਰਖ ਅਕਾਲ ਤੇਰੀ ਬੜੀ ਸ਼ਰਾਫ਼ਤ, ਜੋ ਚਾਰ ਜੁਗ ਚੁਪ ਕਰ ਕੇ ਝਟ ਲੰਘਾਈਆ । ਮੈਂ ਵੀ ਤਕਦਾ ਰਿਹਾ ਪੈਗ਼ੰਬਰਾਂ ਵਿਚ ਕਿੱਡੀ ਲਿਆਕ਼ਤ, ਜੋ ਲਾਇਕ਼ ਬਣ ਕੇ ਤੇਰੇ ਨਾਮ ਨਾਲ ਕਰਦੇ ਰਹੇ ਲੜਾਈਆ । ਕਿਰਪਾ ਨਿਧਾਨ ਹੁਣ ਤੇ ਕਰ ਦੇ ਅਦਾਲਤ, ਅਦਲ ਇਨਸਾਫ਼ ਇਕ ਕਮਾਈਆ । ਕਿਉਂ ਗੁਰ ਅਵਤਾਰ ਪੈਗ਼ੰਬਰ ਹੁਣ ਕਿਸੇ ਦੀ ਦਿੰਦੇ ਨਹੀਂ ਜ਼ਮਾਨਤ, ਪੱਲੂ ਸਾਰੇ ਗਏ ਛੁਡਾਈਆ । ਓਨ੍ਹਾਂ ਦੇ ਮੁਰੀਦਾਂ ਸਿੱਖਾਂ ਨੇ ਤੇਰੇ ਭਾ ਦੀ ਲਿਆਂਦੀ ਕਿਆਮਤ, ਤੈਨੂੰ ਆਪਣੇ ਜ਼ੋਰ ਰੱਖ ਕੇ ਹੁਕਮ ਮਨ ਵਾਲਾ ਚਲਾਈਆ । ਸਾਚਾ ਨਾਮ ਮਿਲੇ ਨਾ ਕੋਇ ਨਿਆਮਤ, ਅਮਿਉਂ ਰਸ ਨਾ ਕੋਇ ਚਖਾਈਆ । ਪੈਗ਼ੰਬਰ ਉਡੀਕਦੇ ਕਦੋਂ ਆਵੇ ਕਿਆਮਤ, ਵੇਲਾ ਵਕ਼ਤ ਵੇਖ ਵਖਾਈਆ । ਮੈਨੂੰ ਐਂ ਜਾਪਦਾ ਓਨ੍ਹਾਂ ਨਾਲੋਂ ਪ੍ਰਭੂ ਤੇਰੇ ਉਤੇ ਪਹਿਲੋਂ ਆਈ ਸ਼ਾਮਤ, ਤੈਨੂੰ ਸ਼ਾਮਿਆਨਿਆਂ ਵਿਚ ਬੰਦ ਕਰ ਕੇ ਵਖ ਵਖ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਨਾਰਦ ਕਹੇ ਕਿਉਂ ਬੰਦ ਹੋਇਓਂ ਬੰਦੀਖ਼ਾਨਾ, ਬੰਦਗੀ ਵਾਲੇ ਪ੍ਰਭੂ ਮੈਨੂੰ ਦੇ ਸਮਝਾਈਆ । ਤੇਰਾ ਦੱਸ ਕਿਹੜਾ ਮਿੱਤਰ ਤੇ ਕਿਹੜਾ ਬੇਗਾਨਾ, ਕਵਣ ਨਾਤਾ ਰਿਹਾ ਤੁੜਾਈਆ । ਪ੍ਰਭੂ ਤੂੰ ਜੁਗ ਜੁਗ ਕਦੇ ਰਾਮ ਕਦੇ ਕ੍ਰਿਸ਼ਨ ਲਗਾਇਆ ਯਰਾਨਾ, ਆਪਣੀ ਖ਼ੁਸ਼ੀ ਬਣਾਈਆ । ਓਨ੍ਹਾਂ ਨਾਲੋਂ ਵਿਗੜ ਕੇ ਅੱਲਾ ਨਾਲ ਮੇਰਾ ਬਹਾਨਾ, ਅਗਲਾ ਭੇਵ ਨਾ ਕੋਇ ਜਣਾਈਆ । ਅੱਲਾ ਛੱਡ ਕੇ ਸਤਿਨਾਮ ਲੈਣਾ ਪ੍ਰਵਾਨਾ, ਪ੍ਰਵਾਨਗੀ ਆਪਣੇ ਵਿਚੋਂ ਕਰਾਈਆ । ਸਤਿਨਾਮ ਤੋਂ ਵਧ ਕੇ ਵਾਹਿਗੁਰੂ ਕਹਿਣਾ ਬਲਵਾਨਾ, ਵਾਹਵਾ ਵੱਡੇ ਬਲਵਾਨ ਤੇਰੀ ਬੇਪਰਵਾਹੀਆ । ਮੈਂ ਸਦੀ ਚੌਧਵੀਂ ਹੋ ਗਿਆ ਹੈਰਾਨਾ, ਹੈਰਾਨੀ ਮੇਰੇ ਅੰਦਰ ਰਹੀ ਕੁਰਲਾਈਆ । ਚਾਰ ਜੁਗ ਤੂੰ ਵਖਰਾ ਦੱਸ ਕੇ ਗਾਣਾ, ਚਾਰ ਵਰਨਾਂ ਏਕਾ ਸਰਨਾ ਸਰਨ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਤੇਰਾ ਖੇਲ ਵਿਚ ਜਹਾਨਾ, ਜੀਵ ਜੰਤ ਭੇਵ ਨਾ ਕੋਇ ਖੁਲ੍ਹਾਈਆ ।

## ੭ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹ ਪੱਖੋਵਾਲ

ਨਾਰਦ ਕਹੇ ਮੈਂ ਤੱਕਿਆ ਤੇਰਾ ਪ੍ਰਭੂ ਸਚ ਦਵਾਰਾ, ਦਰਗਾਹ ਸਾਚੀ ਸਚਖੰਡ ਨਜ਼ਰੀ ਆਈਆ । ਜਿਥੇ ਝੁਕੇ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਦਰ ਦਰਵੇਸ਼ ਬਣ ਭਿਖਾਰਾ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਚਾ ਦੇ ਨਾਮ ਅਧਾਰਾ, ਅੰਦਰ ਬਾਹਰ ਵੱਜੇ ਵਧਾਈਆ । ਨਿਰਗੁਣ ਨੂਰ ਕਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਡੰਕਾ ਵੱਜੇ ਅਪਾਰਾ, ਨਾਦ ਧੁਨ ਕਰ ਸ਼ਨਵਾਈਆ । ਅੰਮ੍ਰਿਤ ਰਸ ਮਿਲੇ ਠੰਡਾ ਠਾਰਾ, ਬੂੰਦ ਸਵਾਂਤੀ ਇਕ ਪਿਆਈਆ । ਲੋਕਮਾਤ ਵੇਖੇ ਜਗਤ ਸੰਸਾਰਾ, ਨਿਰਗੁਣ ਸਰਗੁਣ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਨਾਰਦ ਕਹੇ ਪ੍ਰਭੂ ਤੂੰ ਸਭ ਨੂੰ ਦਿਤੀ ਦਾਤ, ਕਲਮਾ ਨਾਮ ਝੋਲੀ ਪਾਈਆ । ਬਖ਼ਸ਼ੀ ਅਗੰਮ ਸੌਗਾਤ, ਸਰਗੁਣ ਝੋਲੀ ਦਿਤੀ ਭਰਾਈਆ । ਸਿਖਿਆ ਦੇ ਕੇ ਸਾਖਿਆਤ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਲੇਖ ਲਿਖਾ ਕੇ ਨਾਲ ਕ਼ਲਮ ਦਵਾਤ, ਦੀਨ ਦੁਨੀ ਵੰਡ ਵੰਡਾਈਆ । ਦੀਨ ਮਜ਼੍ਹਬ ਦੱਸ ਕੇ ਜਮਾਤ, ਝਗੜਾ ਮਾਨਵ ਦਿਤਾ ਵਖਾਈਆ । ਤੇਰਾ ਖੇਲ ਅਗੰਮ ਤਮਾਸ਼, ਸਮਝੇ ਕੋਇ ਨਾ ਰਾਈਆ । ਹੁਣ ਕਿਰਪਾ ਕਰ ਆਪ, ਪ੍ਰਭ ਤੇਰੀ ਬੇਪਰਵਾਹੀਆ । ਦੀਨ ਦੁਨੀ ਦਾ ਮੇਟ ਸੰਤਾਪ, ਝਗੜਾ ਕੂੜ ਰਹਿਣ ਨਾ ਪਾਈਆ । ਦ੍ਰਿਸ਼ਟੀ ਅੰਦਰ ਦੇ ਕੇ ਇਕ ਜਾਪ, ਏਕਾ ਨਾਮ ਧੁਰ ਦਾ ਸਚ ਸੁਣਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਹੋਵੇ ਗਾਥ, ਗਹਿਰ ਗੰਭੀਰ ਤੇਰਾ ਧਿਆਨ ਲਗਾਈਆ । ਤੂੰ ਜੁਗ ਚੌਕੜੀ ਚਲਾਵੇਂ ਰਾਥ, ਸਤਿਜੁਗ ਸਤਿ ਦੇ ਵਡਿਆਈਆ । ਜੋ ਭਵਿਖਤਾਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਆਖ, ਆਖ਼ਰ ਪੂਰਾ ਕਰ ਵਖਾਈਆ । ਨਾਰਦ ਕਹੇ ਮੈਂ ਤੇਰਾ ਬੱਚਾ ਇਕ ਗੁਸਤਾਖ਼, ਗ਼ੁੱਸੇ ਵਾਲੀ ਗੱਲ ਜਣਾਈਆ । ਜਿਹੜੀ ਤੇਰੀ ਦੀਨਾਂ ਮਜ਼੍ਹਬਾਂ ਵਾਲੀ ਸ਼ਾਖ਼, ਸ਼ਰਅ ਜ਼ੰਜੀਰ ਦੇ ਕਟਾਈਆ । ਇਸ ਨੇ ਸਭ ਨੂੰ ਕਰ ਦਿਤਾ ਰਾਖ, ਬਚਿਆ ਰਹਿਣ ਕੋਇ ਨਾ ਪਾਈਆ । ਏਸੇ ਕਰ ਕੇ ਪ੍ਰਭੂ ਤੇਰਾ ਵਧਿਆ ਨਹੀਂ ਪ੍ਰਤਾਪ, ਭਗਤ ਬਣ ਕੇ ਤੇਰਾ ਨਾਮ ਨਾ ਕੋਇ ਧਿਆਈਆ । ਹਿੰਦੂ ਮੁਸਲਿਮ ਸਿੱਖ ਈਸਾਈ ਆਪਣੇ ਆਪ ਨੂੰ ਸਾਰੇ ਰਹੇ ਆਖ, ਆਤਮ ਤੇਰੇ ਹਵਾਲੇ ਨਾ ਕੋਇ ਕਰਾਈਆ । ਚਾਰ ਜੁਗ ਦੇ ਭੁੱਖੇ ਹੁਣ ਤੇ ਦੀਨਾਂ ਮਜ਼੍ਹਬਾਂ ਦਾ ਰਸ ਤੂੰ ਲਿਆ ਚਾਖ, ਬਿਨਾ ਜ਼ਬਾਨ ਤੋਂ ਜ਼ਿਬਹ ਸਾਰੇ ਦਿਤੇ ਕਰਾਈਆ । ਝਗੜਾ ਪਾ ਕੇ ਜ਼ਾਤ ਪਾਤ, ਦੀਨ ਦੁਨੀ ਦਿਤੀ ਲੜਾਈਆ । ਕਿਸੇ ਦੇ ਅੰਦਰ ਹੋਣ ਨਹੀਂ ਦਿਤਾ ਪ੍ਰਕਾਸ਼, ਅੰਧ ਅਗਿਆਨ ਵਿਚ ਦੁਹਾਈਆ । ਕਿਰਪਾ ਕਰ ਸਰਬ ਗੁਣਤਾਸ, ਗੁਣਵੰਤੇ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਨਾਰਦ ਕਹੇ ਮੈਂ ਵੇਖਿਆ ਜਗਤ ਜਹਾਨ ਅੱਖੀਂ, ਆਖ਼ਰ ਪ੍ਰਭ ਜੀ ਦਿਆਂ ਸੁਣਾਈਆ । ਤੇਰੇ ਪ੍ਰੇਮ ਪਿਆਰ ਵਾਲੀ ਰਹੀ ਕੋਈ ਨਾ ਸਖ਼ੀ, ਸਾਜਣ ਮੀਤ ਸੰਗ ਨਾ ਕੋਇ ਰਖਾਈਆ । ਏਕਾ ਓਟ ਰੱਖੇ ਨਾ ਕੋਇ ਕਮਲਾਪਤੀ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਚਲਾਈ ਆਪਣੀ ਹੱਟੀ, ਵਣਜਾਰੇ ਜੀਵ ਜੰਤ ਕਲਜੁਗ ਜੀਵ ਲਏ ਬਣਾਈਆ । ਏਸੇ ਕਾਰਨ ਸਚ ਨਾਮ ਦੀ ਖੱਟੀ ਕਿਸੇ ਨਾ ਖੱਟੀ, ਖਟਕਾ ਇਕ ਅੰਦਰ ਆਈਆ । ਸਦੀ ਚੌਧਵੀਂ ਸਭ ਨੇ ਭਰਨੀ ਚੱਟੀ, ਚੇਟਕ ਵੇਖਿਆ ਕੂੜ

ਲੋਕਾਈਆ । ਤੂੰ ਲਹਿਣਾ ਦੇਣਾ ਚੁਕਾਵੇਂ ਹੱਥੋ ਹੱਥੀ, ਹਰਿ ਸਾਹਿਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਤੇਰੀ ਕਥਾ ਕਹਾਣੀ ਸੱਚੀ, ਸਚ ਦੇ ਮਾਲਕ ਤੇਰੀ ਬੇਪਰਵਾਹੀਆ ।

❋ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਆਂਡਲੂ ❋

ਨਾਰਦ ਕਹੇ ਪ੍ਰਭੂ ਮੈਂ ਤੇਰੀ ਵੇਖੀ ਅਗੰਮੀ ਆਦਤ, ਧੁਰ ਦੇ ਅਦਲੀ ਦਿਆਂ ਜਣਾਈਆ । ਬੰਦਗੀ ਵਿਚ ਜਣਾਏਂ ਇਬਾਦਤ, ਆਪਣਾ ਹੁਕਮ ਮਨਾਈਆ । ਨਾਲ ਸ਼ਰਅ ਦੀ ਰਖ ਸ਼ਰਾਰਤ, ਝਗੜਿਆਂ ਵਿਚ ਦੁਹਾਈਆ । ਕਿਸੇ ਦੀ ਰਹਿਣ ਨਾ ਦੇਵੇਂ ਲਿਆਕਤ, ਬੁੱਧੀ ਬਿਬੇਕ ਨਾ ਕੋਇ ਜਣਾਈਆ । ਤੇਰੀ ਸਮਝੇ ਨਾ ਕੋਇ ਸ਼ਰਾਫ਼ਤ, ਸ਼ੁਰਫ਼ਾ ਬੈਠੇ ਧਿਆਨ ਲਗਾਈਆ । ਤੇਰਾ ਇਸ਼ਾਰਾ ਅਗੰਮੀ ਵਾਸਤਕ, ਵਾਹਵਾ ਪਰਦਾ ਦਏ ਉਠਾਈਆ । ਦੀਨ ਦੁਨੀ ਵੇਖ ਨਾਸਤਕ, ਆਸਤਕ ਲੱਖ ਚੁਰਾਸੀ ਫੋਲ ਫੁਲਾਈਆ । ਸੁਖਆਸਣ ਬੈਠਾ ਨਾ ਰਹੀਂ ਵਿਸ਼ਨੂੰ ਬਣ ਕੇ ਸੇਜਾ ਬਾਸ਼ਕ, ਤਸ਼ਕਾ ਪੈਂਡਾ ਦੇਣਾ ਮੁਕਾਈਆ । ਵੇਖ ਮਹੀਨਾ ਆਇਆ ਚੇਤ ਮਾਸਕ, ਮਸਤੀ ਦੇ ਮਸਤਾਨੇ ਲੈ ਅੰਗੜਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਤੇਰੀ ਰਿਆਸਤ, ਸ਼ਾਹ ਪਾਤਸ਼ਾਹ ਇਕੋ ਸੋਭਾ ਪਾਈਆ । ਵਖਰੀ ਵਖਰੀ ਰਹਿਣ ਨਾ ਦੇਵੀਂ ਕੋਈ ਜ਼ਿਆਰਤ, ਇਕੋ ਘਰ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵਜਦੀ ਰਹੇ ਵਧਾਈਆ । ਨਾਰਦ ਕਹੇ ਪ੍ਰਭੂ ਮੈਨੂੰ ਤੇਰੇ ਉਤੇ ਯਕੀਨ, ਯੱਕ ਦਿਆਂ ਜਣਾਈਆ । ਪਰ ਤੂੰ ਕਿਉਂ ਹੋਇਉਂ ਦੂਜਿਆਂ ਦੇ ਅਧੀਨ, ਮੈਨੂੰ ਦੇ ਜਣਾਈਆ । ਰੂਪ ਧਰ ਕੇ ਨਰਾਂ ਨਾਲ ਮਦੀਨ, ਪਰਮਾਤਮ ਆਤਮ ਆਪਣਾ ਖੇਲ ਕਰਾਈਆ । ਤੇਰਾ ਮਾਰਗ ਸਦਾ ਮਹੀਨ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਤੂੰ ਸਦਾ ਰਹੇਂ ਕ਼ਦੀਮ, ਹਮਸਾਜਣ ਇਕ ਅਖਵਾਈਆ । ਕਲਜੁਗ ਅੰਤ ਕੂੜੀ ਕਿਰਿਆ ਕਰ ਤਰਮੀਮ, ਸਤਿਜੁਗ ਸੱਚਾ ਰਾਹ ਵਖਾਈਆ । ਤੈਨੂੰ ਸਾਰੇ ਕਹਿਣ ਆਲਮੀਨ, ਯਾਮੁਬੀਨ ਤੇਰੀ ਵਡਿਆਈਆ । ਝਗੜਾ ਮੁਕਾ ਉਤੇ ਜ਼ਮੀਨ, ਮਾਨਵ ਖ਼ਾਕੀ ਦੇ ਸਮਝਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਕਰ ਤਾਲੀਮ, ਤੁਲਬੇ ਸਾਰੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਨਾਰਦ ਕਹੇ ਪ੍ਰਭੂ ਸਭ ਦੇ ਅੰਦਰ ਦੇ ਭਰੋਸਾ, ਭਰੋਸੇ ਯੋਗ ਨਜ਼ਰ ਕੋਇ ਨਾ ਆਈਆ । ਪਿਛਲਾ ਚਾਰ ਜੁਗ ਦਾ ਮੇਟ ਦੇ ਰੋਸਾ, ਰੁੱਸੇ ਗੁਰਮੁਖ ਲੈ ਮਨਾਈਆ । ਨਾਮ ਖ਼ੁਮਾਰੀ ਦੇ ਮਦਹੋਸ਼ਾ, ਸੁਰਤੀ ਸ਼ਬਦ ਨਾਲ ਜੁੜਾਈਆ । ਕਰ ਪ੍ਰਕਾਸ਼ ਚੌਦਾਂ ਲੋਕਾ, ਚੌਦਾਂ ਤਬਕਾਂ ਡਗਮਗਾਈਆ । ਤੇਰੇ ਨਾਮ ਦਾ ਇਕੋ ਹੋਵੇ ਹੋਕਾ, ਹੁਕਮ ਧੁਰ ਦਾ ਦੇਣਾ ਸੁਣਾਈਆ । ਸਚ ਪਿਆਰ ਦਾ ਸਚ ਸਲੋਕਾ, ਸਤਿ ਸਤਿ ਆਪ ਪ੍ਰਗਟਾਈਆ । ਕਿਸੇ ਨਾਲ ਨਾ ਹੋਵੇ ਧੋਖਾ, ਕੂੜ ਕੁੜਿਆਰਾ ਡੇਰਾ ਢਾਹੀਆ । ਜਨ ਭਗਤਾਂ ਮਿਲਣ ਦਾ ਆਪੇ ਦਿਤਾ ਮੌਕਾ, ਮਿਹਰਵਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸੰਦੇਸ਼ਾ ਲੋਕ ਪ੍ਰਲੋਕਾ, ਦੋ ਜਹਾਨਾਂ ਇਕੋ ਹੁਕਮ ਵਰਤਾਈਆ ।

## ੭ ਚੇਤ ਸ਼ਹਿਨਸ਼ਾਹੀ ਸੰਮਤ ੫ ਭਾਗ ਸਿੰਘ ਬਸਰਾਵਾਂ ਵਾਲੇ ਦੇ ਗ੍ਰਹਿ ਪਿੰਡ ਪਖੋਵਾਲ,

ਨਾਰਦ ਕਹੇ ਪ੍ਰਭ ਤੇਰੀ ਅਚਰਜ ਮਾਇਆ, ਮਾਇਆ ਮਮਤਾ ਮੋਹ ਵਿਕਾਰ ਜਗਤ ਹਲਕਾਈਆ । ਚਾਰੋਂ ਕੁੰਟ ਅੰਧੇਰਾ ਛਾਇਆ, ਉੱਤਰ ਪੂਰਬ ਪੱਛਮ ਦੱਖਣ ਕਰੇ ਨਾ ਕੋਇ ਰੁਸ਼ਨਾਈਆ । ਜੂਠ ਝੂਠ ਪਾਪ ਅਪਰਾਧ ਵਧਾਇਆ, ਸਾਚਾ ਸੰਗੀ ਸੰਗ ਨਾ ਕੋਇ ਰਖਾਈਆ । ਹਰ ਹਿਰਦਿਉਂ ਤੇਰਾ ਨਾਮ ਭੁਲਾਇਆ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਯਾਦ ਨਾ ਕੋਇ ਰਖਾਈਆ । ਦੀਨ ਦੁਨੀ ਆਪਣੇ ਰੰਗ ਰੰਗਾਇਆ, ਰੰਗਤ ਚਾਰ ਵਰਨ ਚੜ੍ਹਾਈਆ । ਆਤਮ ਬ੍ਰਹਮ ਭੇਵ ਕਿਸੇ ਨਾ ਆਇਆ, ਅੰਤਰ ਨਿਰੰਤਰ ਪਰਦਾ ਨਾ ਕੋਇ ਉਠਾਈਆ । ਨਿਜ ਨੇਤਰ ਲੋਚਣ ਨੈਣ ਤੇਰਾ ਦਰਸ ਕਿਸੇ ਨਾ ਪਾਇਆ, ਸ਼ਬਦ ਅਨਾਦੀ ਨਾਦ ਨਾ ਕੋਇ ਸੁਣਾਈਆ । ਜਿਧਰ ਤੱਕਾਂ ਹਾਹਾਕਾਰ ਕਰੇ ਲੋਕਾਇਆ, ਬਹੁੜੀ ਬਹੁੜੀ ਕਰ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਰਾਹ ਚਲਾਇਆ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੰਡ ਵੰਡਾਈਆ । ਦੀਨਾਂ ਮਜ਼੍ਹਬਾਂ ਵੰਡ ਵੰਡਾਇਆ, ਜ਼ਾਤ ਪਾਤੀ ਖੇਲ ਖਿਲਾਈਆ । ਤਿਸ ਦਾ ਲੇਖਾ ਅੰਤ ਤੁਧ ਬਿਨ ਕਵਣ ਸਕੇ ਚੁਕਾਇਆ, ਚੌਥੇ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਆਸ ਰਖਾਈਆ । ਨਾਰਦ ਕਹੇ ਪ੍ਰਭ ਤੇਰੀ ਦੁਨੀਆ ਤੱਕੀ ਜਗ, ਲੋਕਮਾਤ ਧਿਆਨ ਲਗਾਈਆ । ਸਦੀ ਚੌਧਵੀਂ ਘਰ ਘਰ ਲਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੰਜ਼ਲ ਹਕੀਕੀ ਚੜ੍ਹੇ ਨਾ ਕੋਇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਤੇਰਾ ਨੂਰ ਜੋਤ ਨਾ ਕੋਇ ਰੁਸ਼ਨਾਈਆ । ਸਾਚੇ ਕਾਅਬੇ ਕਰੇ ਕੋਈ ਨਾ ਹੱਜ, ਮੁਕਾਮੇ ਹੱਕ ਮਿਲਣ ਕੋਇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਵਿਭਚਾਰ ਕੁਕਰਮ ਗਿਆ ਵਧ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਤਮ ਪਰਮਾਤਮ ਨਾਤਾ ਸਾਰੇ ਗਏ ਛੱਡ, ਸਗਲਾ ਸੰਗ ਨਾ ਕੋਇ ਰਖਾਈਆ । ਬਿਨ ਹਰਿ ਨਾਮੇ ਖ਼ਾਲੀ ਹੋ ਗਏ ਹੱਡ, ਹਿਰਦੇ ਹਰਿ ਨਾ ਕੋਇ ਟਿਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰਾ ਆਤਮ ਤੇਰੇ ਨਾਲੋਂ ਹੋਇਆ ਅਲਗ, ਪਰਮਾਤਮ ਤੇਰਾ ਮੇਲ ਨਾ ਕੋਇ ਮਿਲਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀ ਸਾਰੇ ਰਹੇ ਜਪ, ਜਗ ਜੀਵਣ ਦਾਤੇ ਤੇਰਾ ਸਤਿ ਸਰੂਪ ਸੋਭਾ ਕੋਇ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤ੍ਰੈਗੁਣ ਮਾਇਆ ਮੇਟ ਤਪ, ਤਪੀ ਤਪੀਸ਼ਰ ਸਾਰੇ ਦੇਣ ਦੁਹਾਈਆ । ਦੀਨ ਦੁਨੀ ਦੀ ਅੰਤਰ ਨਿਰੰਤਰ ਸਾਂਝੀ ਕਰ ਮਤ, ਦੁਈ ਦਵੈਤ ਲੇਖਾ ਦੇ ਮੁਕਾਈਆ । ਮਨ ਕਲਪਣਾ ਸ਼ਬਦ ਡੋਰੀ ਅਗੰਮੀ ਧਾਰ ਪਾ ਨੱਥ, ਨਟੂਆ ਉਠ ਨਾ ਦਹਿ ਦਿਸ਼ ਧਾਈਆ । ਸਚ ਦਵਾਰ ਏਕੰਕਾਰ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਖੋਲ੍ਹ ਆਪਣਾ ਹੱਟ, ਧਰਮ ਵਣਜਾਰੇ ਆਪਣਾ ਵਣਜ ਦੇ ਕਰਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਭ ਦਾ ਬਣ ਕੇ ਕਮਲਾਪਤ, ਪਤਿਪਰਮੇਸ਼ਵਰ ਆਪਣਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਏਥੇ ਓਥੇ ਦੋ ਜਹਾਨਾਂ ਸਭ ਕੁਛ ਤੇਰੇ ਹੱਥ, ਤੁਧ ਬਿਨ ਅਵਰ ਨਜ਼ਰ ਕੋਇ ਨਾ ਆਈਆ ।

✻ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਵਾਨ ਕੌਰ ਦੇ ਗ੍ਰਿਹ ਪਿੰਡ ਪਖੋਵਾਲ ✻

ਨਾਰਦ ਕਹੇ ਪ੍ਰਭ ਮੈਂ ਵੇਖਿਆ ਤੇਰਾ ਸਵਰਗ ਬਹਿਸ਼ਤ, ਸੁਖਆਸਣ ਫੋਲ ਫੁਲਾਈਆ । ਬਿਨਾ ਤੇਰੇ ਤੋਂ ਪੂਰਾ ਹੋਇਆ ਕਿਸੇ ਨਾ ਇਸ਼ਕ, ਮੁਹੱਬਤ ਸਚ ਨਾ ਕੋਇ ਕਮਾਈਆ । ਸਾਰੇ ਆਵਣ ਜਾਵਣ ਅੰਤ ਛੱਡ ਕੇ ਜਾਣ ਖ਼ਿਸਕ, ਥਿਰ ਰਹਿਣ ਕੋਇ ਨਾ ਪਾਈਆ । ਮੰਜ਼ਲ ਚੜ੍ਹਦੇ ਚੜ੍ਹਦੇ ਜਾਣ ਤਿਲਕ, ਸੰਭਲ ਕ਼ਦਮ ਨਾ ਕੋਇ ਟਿਕਾਈਆ । ਸਚ ਧਾਰ ਦਿਸੇ ਕੋਈ ਨਾ ਮਿਲਤ, ਸਤਿ ਜੋਤ ਨਾ ਕੋਇ ਸਮਾਈਆ । ਮੈਨੂੰ ਐਂ ਜਾਪਿਆ ਇਹ ਵੀ ਤੇਰੀ ਇੱਲਤ, ਲਾਲਚ ਵਿਚ ਲਿਆ ਭਰਮਾਈਆ । ਸਵਰਗਾਂ ਤੋਂ ਅੱਗੇ ਜਾਣ ਦੀ ਕਰੇ ਕੋਈ ਨਾ ਹਿੰਮਤ, ਬਹੁਤੇ ਏਥੇ ਬਹਿ ਕੇ ਝਟ ਲੰਘਾਈਆ । ਅੱਗੇ ਤੇਰੇ ਨਾਮ ਦੀ ਦਿਸੇ ਕਿੱਲਤ, ਅਨਮੁੱਲੀ ਵਸਤ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਅਵਰ ਨਾ ਕੋਇ ਦਸਾਈਆ । ਨਾਰਦ ਕਹੇ ਤੇਰੇ ਬਹਿਸ਼ਤ ਸਵਰਗ ਦਾ ਤੱਕਿਆ ਲਾਰਾ, ਲਾਈਨਾਂ ਵਿਚ ਬੈਠੇ ਧਿਆਨ ਲਗਾਈਆ । ਜਿਥੇ ਰਸ ਅਨਡਿੱਠਾ ਸਾਰਾ, ਬਿਨ ਰਸਨਾ ਰਸ ਚਖਾਈਆ । ਤੇਰੀ ਜੋਤ ਦਾ ਮਧਮ ਜਿਹਾ ਹੋਵੇ ਉਜਿਆਰਾ, ਨੂਰ ਨੂਰ ਰੁਸ਼ਨਾਈਆ । ਸ਼ਬਦ ਦਾ ਥੋੜ੍ਹਾ ਸੁਣੇ ਨਗਾਰਾ, ਆਹਿਸਤਾ ਆਹਿਸਤਾ ਰਾਗ ਅਲਾਈਆ । ਜਿਸ ਨੂੰ ਸੁਣ ਕੇ ਮਸਤੀ ਵਿਚ ਕਹਿਣ ਜੇ ਫੇਰ ਜਨਮ ਹੋਵੇ ਦੁਬਾਰਾ, ਮਾਤਲੋਕ ਫੇਰਾ ਪਾਈਆ । ਏਸੇ ਤਰ੍ਹਾ ਜਾ ਕੇ ਲਾਈਏ ਜਗਤ ਅਖਾੜਾ, ਮਧੁਰ ਧੁਨਾਂ ਵਿਚ ਗਾਈਆ । ਇਹ ਤੇਰਾ ਜੁਗ ਚੌਕੜੀ ਨਾਮ ਦਾ ਬਣਿਆ ਰਿਹਾ ਵਪਾਰਾ, ਵਣਜ ਵਿਚ ਸਾਰੇ ਦਿਤੇ ਫਸਾਈਆ । ਆਪ ਸਭ ਤੋਂ ਕਰ ਕੇ ਕਿਨਾਰਾ, ਸਚਖੰਡ ਬੈਠਾ ਸੋਭਾ ਪਾਈਆ । ਬਿਨਾ ਭਗਤ ਤੋਂ ਕੋਈ ਪੁੱਜਿਆ ਨਹੀਂ ਚਰਨ ਦਵਾਰਾ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਆਸ ਰਖਾਈਆ । ਨਾਰਦ ਕਹੇ ਜਿਹੜੇ ਸਵਰਗ ਬਹਿਸ਼ਤ ਰਹੇ ਲੋੜ, ਲੋੜੀਂਦੇ ਸਾਜਣ ਤੇਰਾ ਸੰਗ ਨਾ ਕੋਇ ਰਖਾਈਆ । ਮੈਂ ਸਭ ਨੂੰ ਕਹਾਂ ਹੱਥ ਜੋੜ, ਬੇਨੰਤੀ ਇਕ ਦ੍ਰਿੜਾਈਆ । ਜਨ ਭਗਤੋ ਸਵਰਗ ਬਹਿਸ਼ਤ ਦੀ ਪਕੜਿਓ ਕਦੀ ਨਾ ਡੋਰ, ਮੰਜ਼ਲ ਅਗਲਾ ਪੰਧ ਮੁਕਾਈਆ । ਬਹਿਸ਼ਤਾਂ ਵਿਚੋਂ ਨਿਕਲ ਕੇ ਫੇਰ ਬਣਨਾ ਪੈਂਦਾ ਚੋਰ, ਮਾਤਲੋਕ ਲੋਕਮਾਤ ਜਨਮ ਭੁਆਈਆ । ਜੇ ਸਾਹਿਬ ਸਤਿਗੁਰ ਪੁਰਖ ਅਕਾਲ ਨਾਲ ਪ੍ਰੀਤੀ ਨਿਭਾਓ ਤੋੜ, ਓੜਕ ਆਪਣੇ ਵਿਚ ਸਮਾਈਆ । ਜਿਥੇ ਨਾ ਮੜ੍ਹੀ ਨਾ ਗੋਰ, ਤਨ ਵਜੂਦ ਮਾਟੀ ਫੇਰ ਕੋਇ ਨਾ ਪਾਈਆ । ਜਦ ਵੇਖੋ ਆਪਣੇ ਆਪ ਨੂੰ ਨਵਾਂ ਨਕੋਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਭਾਗ ਮਥੋਰ, ਮਿਥਿਆ ਦੱਸੇ ਕੂੜ ਲੋਕਾਈਆ ।



✻ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਮੰਗਲ ਸਿੰਘ ਦੇ ਗ੍ਰਿਹ ਪਿੰਡ ਪਖੋਵਾਲ ✻

ਨਾਰਦ ਕਹੇ ਮੈਂ ਨਾਨਕ ਦਾ ਪੰਜਾ ਵੇਖਿਆ ਉਤੇ ਪਹਾੜ, ਗ਼ੌਰ ਨਾਲ ਧਿਆਨ ਲਗਾਈਆ । ਉਹਦੇ ਵਿਚ ਰੇਖ ਬਣੀ ਜਿਸ ਵਿਚ ਲੇਖਾ

੧੧੪੯ ੨੧

ਲਿਖਿਆ ਸਤਾਰਾਂ ਹਾੜ, ਸੰਮਤ ਪੰਜ ਨਾਲ ਵਡਿਆਈਆ । ਹੋਰ ਤੱਕਿਆ ਪ੍ਰਕਾਸ਼ ਹੋਇਆ ਨਾੜ ਨਾੜ, ਨੂਰ ਦਿਤਾ ਚਮਕਾਈਆ । ਪਿੱਛੇ ਵੇਖਿਆ ਪੈਗ਼ੰਬਰ ਫਿਰਦੇ ਵਿਚ ਉਜਾੜ, ਭੱਜਣ ਵਾਹੋ ਦਾਹੀਆ । ਹੋਰ ਸਮਝਿਆ ਨਜ਼ਰੀ ਆਈ ਅਗੰਮੀ ਕਾਰ, ਕਰਨੀ ਕਰਤਾ ਰਿਹਾ ਕਮਾਈਆ । ਪਾਸਾ ਪਰਤਿਆ ਸਦੀ ਚੌਧਵੀਂ ਰੋ ਪਈ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੈਂ ਹੱਸ ਕੇ ਕਿਹਾ ਕਿਉਂ ਹੋਈ ਬੇਜ਼ਾਰ, ਮੈਨੂੰ ਦੇ ਸੁਣਾਈਆ । ਓਸ ਕਿਹਾ ਖੇਲ ਕਰੇ ਮੇਰਾ ਪਰਵਰਦਿਗਾਰ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਮੈਂ ਤਾਂ ਰੋਂਦੀ ਸਚ ਦਾ ਰਿਹਾ ਨਾ ਕੋਈ ਖ਼ਿਦਮਤਗਾਰ, ਧੁਰ ਦਾ ਖ਼ਾਦਮ ਨਜ਼ਰ ਕੋਇ ਨਾ ਆਈਆ । ਕਿਸੇ ਦਾ ਰਿਹਾ ਨਹੀਂ ਕੋਈ ਇਤਬਾਰ, ਵਿਸ਼ਵਾਸ਼ ਵਿਚ ਵਿਸ਼ਾ ਨਾ ਕੋਇ ਬਣਾਈਆ । ਜਿਧਰ ਤੱਕਾਂ ਓਧਰ ਆਈ ਹਾਰ, ਹਰਿ ਜੂ ਕੀ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਪੰਜੇ ਅੰਦਰ ਵੇਖਿਆ ਪਾਂਜਾ ਜ਼ੀਰੋ ਵਾਲਾ ਪੰਜਾਹ, ਜਗਤ ਰੰਗ ਰੰਗਾਈਆ । ਮੇਰੀ ਨਿਕਲ ਗਈ ਆਹ, ਹੌਕੇ ਵਿਚ ਦਿਤੀ ਦੁਹਾਈਆ । ਝਟ ਖ਼ਬਰ ਦਿਤੀ ਸੁਣਾ, ਅਗੰਮਾ ਰਾਗ ਅਲਾਈਆ । ਜਾਂ ਵੇਖਿਆ ਨੂਰੀ ਜਲਵਾਗਰ ਖ਼ੁਦਾ, ਖ਼ੁਦ ਆਪਣਾ ਵੇਸ ਵਟਾਈਆ । ਮੇਰੀ ਵੇਖ ਕੇ ਬਦਲ ਗਈ ਤਬਾ, ਤਬੀਅਤ ਆਪਣਾ ਆਪ ਬਦਲਾਈਆ । ਜਿਸ ਨੇ ਮਲੇਛ ਉਠੌਣੀ ਸਭਾ, ਚਾਰ ਕੁੰਟ ਕਰੇ ਸਫ਼ਾਈਆ । ਪੈਗ਼ੰਬਰਾਂ ਦਾ ਬਣ ਕੇ ਅੱਬਾ, ਆਦਮ ਹੱਵਾ ਦਾ ਪਿਤਾ ਮਾਈਆ । ਸਚ ਦਾ ਦੇ ਕੇ ਸੱਦਾ, ਸੰਦੇਸ਼ਾ ਰਿਹਾ ਸੁਣਾਈਆ । ਨਾਰਦ ਕਹੇ ਮੈਂ ਚੱਕਰ ਲਾਇਆ ਚੜ੍ਹ ਕੇ ਉਪਰ ਗਧਾ, ਅਰਬਾਂ ਵਿਚ ਅਰਬੀ ਹੋ ਕੇ ਵੇਖ ਵਖਾਈਆ । ਪ੍ਰਭ ਦੀ ਸਰਨੀ ਕੋਈ ਨਾ ਦਿਸਿਆ ਲੱਗਾ, ਲਗ ਮਾਤਰ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਉਮਤ ਨਬੀਆਂ ਨਾਲ ਕਰੇ ਦਗ਼ਾ, ਫ਼ਰੇਬਾਂ ਵਿਚ ਕੁਰਲਾਈਆ । ਚੌਪਾਇਆਂ ਕਰਦੇ ਜ਼ਿਬਹ, ਛੁਰੀ ਕਰਦ ਹੱਥ ਉਠਾਈਆ । ਮੇਰੇ ਮੁਖੋਂ ਨਿਕਲਿਆ ਹਾਏ ਮੇਰਿਆ ਰੱਬਾ, ਤੇਰਾ ਨਾਮ ਦੁਹਾਈਆ । ਅਗੰਮੀ ਆਵਾਜ਼ ਸੁਣੀ ਨਾਰਦਾ ਮੈਂ ਚਖੌਣ ਵਾਲਾ ਸਰਬ ਨੂੰ ਮਜ਼ਾ, ਮਜ਼ਾਕ ਉਡਾਵਾਂ ਕੂੜ ਲੋਕਾਈਆ । ਹੁਕਮ ਇਕੋ ਮਿਲਣਾ ਬੇਨਜ਼ੀਰ ਕ਼ਜ਼ਾ, ਜੋ ਕ਼ਾਜ਼ੀ ਮੁੱਲਾ ਸਾਰੇ ਲਏ ਖਾਈਆ । ਲੱਖ ਚੁਰਾਸੀ ਜਿਸ ਦੀ ਗ਼ਿਜ਼ਾ, ਜੁਗ ਚੌਕੜੀ ਖਾ ਕੇ ਆਪਣਾ ਝਟ ਲੰਘਾਈਆ । ਆਪਣੇ ਹੱਥ ਰਖਾਏ ਬਿਧਾ, ਬਿਧਨਾ ਦਾ ਲੇਖਾ ਦਿਆਂ ਮੁਕਾਈਆ । ਸਤਿ ਧਰਮ ਦਾ ਮਾਰਗ ਕਰ ਕੇ ਸਿੱਧਾ, ਰਸਤਾ ਇਕੋ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਜੁਗ ਚੌਕੜੀ ਕਰਦੇ ਨਿੰਦਾ, ਬਿਨ ਭਗਤਾਂ ਭਗਵਨ ਨਜ਼ਰ ਕਿਸੇ ਨਾ ਆਈਆ ।

### ❁ ੭ ਚੇਤ ਸ਼ਹਿਨਸਾਹੀ ਸੰਮਤ ੫ ਨਾਜ਼ਰ ਸਿੰਘ ਦੇ ਗ੍ਰਿਹ ਪਿੰਡ ਪਖੋਵਾਲ ❁

ਨਾਰਦ ਕਹੇ ਮੈਂ ਸੁਣੇ ਛੱਤੀ ਰਾਗ, ਛੱਤੀ ਜੁਗ ਸਿਫ਼ਤ ਸਾਲਾਹੀਆ । ਕੋਈ ਨਾ ਸਕਿਆ ਜਾਗ, ਸੁਣਨ ਵਾਲੇ ਅੱਖ ਨਾ ਕੋਇ ਖੁਲ੍ਹਾਈਆ । ਜਿੰਨਾਂ ਚਿਰ ਪ੍ਰਭੂ ਆਪ ਨਾ ਦਏ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਓਨਾਂ ਚਿਰ ਨਹੀਂ ਹੁੰਦਾ ਤਿਆਗ, ਮਾਇਆ ਮਮਤਾ ਮੋਹ ਮਿਟਾਈਆ ।

ਸਿਫ਼ਤ ਬੁਝਾ ਨਾ ਸਕੀ ਆਗ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਸਿਰਫ਼ ਸਰਵਣਾਂ ਦਾ ਸਵਾਦ, ਮਨ ਦੇ ਸਰੋਤੇ ਸੁਣ ਕੇ ਖ਼ੁਸ਼ੀ ਬਣਾਈਆ । ਜਿੰਨਾਂ ਚਿਰ ਤੇਰਾ ਸ਼ਬਦ ਨਾ ਹੋਏ ਅਹਿਲਾਦ, ਅਹਿਲੇ ਨੂਰ ਨਜ਼ਰ ਨਾ ਆਈਆ । ਓਨਾਂ ਚਿਰ ਖੇੜਾ ਨਹੀਂ ਹੁੰਦਾ ਆਬਾਦ, ਉਜੜੀ ਨਗਰੀ ਨਾ ਕੋਇ ਵਸਾਈਆ । ਜੁਗ ਚੌਕੜੀ ਤੈਨੂੰ ਦੇ ਸਕਿਆ ਨਾ ਕੋਇ ਜਵਾਬ, ਸਾਰੇ ਭੈ ਵਿਚ ਸੀਸ ਗਏ ਨਿਵਾਈਆ । ਸਜਦਿਆਂ ਵਿਚ ਕਰ ਅਦਾਬ, ਅਦਬ ਨਾਲ ਤੇਰੀ ਲਿਖੀ ਵਡਿਆਈਆ । ਮੈਂ ਹਰ ਮਜ਼੍ਹਬ ਦੀ ਪੜ੍ਹੀ ਕਿਤਾਬ, ਹਰਫ਼ ਹਰੂਫ਼ ਖੋਜ ਖੁਜਾਈਆ । ਤੈਨੂੰ ਕਹਿੰਦੇ ਰਹੇ ਬੜਾ ਵੱਡਾ ਜਨਾਬ, ਜਨਾਬੇਆਲੀ ਤੇਰੀ ਉਲਫ਼ਤ ਗਏ ਸੁਣਾਈਆ । ਮੈਨੂੰ ਇਕ ਥਾਂ ਤੋਂ ਮਿਲਿਆ ਜਿਥੇ ਅੰਕੜਾ ਨਹੀਂ ਹਿਸਾਬ, ਹਿੰਦਸਾ ਰੂਪ ਨਾ ਕੋਇ ਬਣਾਈਆ । ਸਾਰਿਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਪੰਜੇ ਲਾ ਕੇ ਕਿਹਾ ਪੰਜਾਂ ਦਾ ਮਾਲਕ ਕਲਜੁਗ ਅੰਤਮ ਆਵੇ ਵਿਚ ਪੰਜਾਬ, ਪਰਪੰਚ ਧਾਰ ਦਏ ਗਵਾਈਆ । ਜਿਸ ਦਾ ਇਕੋ ਹੁਜਰਾ ਇਕੋ ਹੋਵੇ ਮਹਿਰਾਬ, ਮੰਦਰ ਇਕੋ ਇਕ ਸੁਹਾਈਆ । ਅਗਲਾ ਭੇਵ ਖੋਲ੍ਹੇ ਰਾਜ਼, ਪਰਦਾ ਦਏ ਉਠਾਈਆ । ਪੂਜਾ ਪਾਠ ਸਿਮਰਨ ਨਾ ਕਲਮਾ ਪੜ੍ਹੇ ਨਿਮਾਜ਼, ਨਿਮਸਕਾਰ ਵਿਚ ਸੀਸ ਨਾ ਕੋਇ ਝੁਕਾਈਆ । ਜੋ ਕਿਛ ਕਰੇ ਕਰਾਏ ਸੋ ਆਪੇ ਆਪ, ਦੂਜੀ ਓਟ ਨਾ ਕੋਇ ਵਖਾਈਆ । ਓਸੇ ਦਾ ਇਕਬਾਲ ਓਸੇ ਦਾ ਹੋਣਾ ਪਰਤਾਪ, ਜੋ ਪਰਤ ਕੇ ਆਪਣਾ ਫੇਰਾ ਪਾਈਆ । ਜਿਸ ਨੂੰ ਸਾਰਿਆਂ ਮੰਨਣਾ ਬਾਪ, ਪਿਤਾ ਪੁਰਖ ਅਕਾਲ ਕਹਿ ਕੇ ਸ਼ੁਕਰ ਮਨਾਈਆ । ਸਾਰੀ ਸ੍ਰਿਸ਼ਟੀ ਨੂੰ ਦੱਸ ਕੇ ਅਗੰਮਾ ਜਾਪ, ਆਤਮ ਪਰਮਾਤਮ ਦੇਣਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਵਾਕ, ਪੂਰਾ ਕਰੇ ਚਾਈਂ ਚਾਈਆ । ਜਨ ਭਗਤਾਂ ਬਣ ਕੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਅਗਲਾ ਦੱਸ ਕੇ ਮਹਾਂਵਾਕ, ਵਾਕਫ਼ਕਾਰ ਕਰੇ ਲੋਕਾਈਆ । ਚਾਰ ਵਰਨਾਂ ਦੇ ਕੇ ਇਕ ਖ਼ਤਾਬ, ਖ਼ਤਾ ਸਭ ਦੀ ਮੁਆਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸ਼ਬਦੀ ਸ਼ਾਬਾਸ਼, ਜੋ ਸ਼ਰਅ ਵਿਚੋਂ ਨਿਕਲ ਕੇ ਸ਼ਹਿਨਸ਼ਾਹ ਇਕ ਮਨਾਈਆ ।



੧੧੫੦
੨੧

## ❊ ੭ ਚੇਤ ਸ਼ਹਿਨਸ਼ਾਹੀ ਸੰਮਤ ੫ ਧੰਨਾ ਸਿੰਘ ਦੇ ਗ੍ਰਿਹ ਪਿੰਡ ਢੈ ਪਈ ਜ਼ਿਲਾ ਲੁਧਿਆਣਾ ❊

ਨਾਰਦ ਕਹੇ ਮੈਂ ਨਾਨਕ ਦਾ ਪੰਜੇ ਵਿਚੋਂ ਤੱਕਿਆ ਅੰਗੂਠਾ, ਪੱਥਰਾਂ ਸੱਥਰਾਂ ਫੋਲ ਫੁਲਾਈਆ । ਸਦੀ ਚੌਧਵੀਂ ਜਿਸ ਨੇ ਖ਼ਾਲੀ ਕੀਤਾ ਸਭ ਦਾ ਠੂਠਾ, ਕਾਇਆ ਭਾਂਡਾ ਭਰਪੂਰ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਨਾਲੋਂ ਵੇਖਿਆ ਰੁਠਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਗਤ ਜੀਵ ਜਹਾਨ ਦੇਖਿਆ ਝੂਠਾ, ਸਚ ਸੁੱਚ ਨਾ ਕੋਇ ਸਮਾਈਆ । ਸਿੰਮਲ ਵਾਂਗ ਖ਼ਾਲੀ ਵੇਖਿਆ ਬੂਟਾ, ਫੁੱਲ ਪੱਤ ਨਾ ਕੋਇ ਮਹਿਕਾਈਆ । ਨਿਗਾਹ ਮਾਰੀ ਚਾਰੇ ਕੂਟਾ, ਦਹਿ ਦਿਸ਼ਾ ਧਿਆਨ ਲਗਾਈਆ । ਮਾਇਆ ਮਮਤਾ ਸਤਿ ਧਰਮ ਕੀਤਾ ਮੂਧਾ, ਕਰਵਟ ਸਕੇ ਨਾ ਕੋਇ ਬਦਲਾਈਆ । ਜਗਤ ਕਾਰਨ ਕਰਦੇ ਪੂਜਾ, ਹਿਰਦੇ ਹਰਿ ਨਾ ਕੋਇ ਵਸਾਈਆ । ਸਭ ਦੇ ਅੰਤਰ ਦੁਤੀਆ ਭਾਓ ਦੂਜਾ, ਏਕੰਕਾਰਾ ਇਕੋ ਰੰਗ ਨਾ ਕੋਇ ਰੰਗਾਈਆ । ਭੇਵ ਖੋਲ੍ਹੇ ਕੋਈ ਨਾ ਗੂਝਾ, ਪੜ੍ਹਦਾ ਨਿਰੰਤਰ ਨਾ ਕੋਇ ਉਠਾਈਆ । ਸਚ ਦਵਾਰ ਕਿਸੇ ਨਾ ਸੂਝਾ, ਦਰਗਾਹ ਸਾਚੀ ਚੜ੍ਹਨ ਕੋਇ ਨਾ ਪਾਈਆ ।

ਹੱਥ ਕਿਸੇ ਆਵੇ ਨਾ ਮਿਸ਼ਰੀ ਕੂਜਾ, ਰਸਨਾ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਦ੍ਰਿੜਾਈਆ । ਨਾਰਦ ਕਹੇ ਮੈਂ ਪੰਜੇ ਦੀ ਵੇਖੀ ਰੇਖਾ, ਰਿਖੀ ਮੁਨੀ ਰਹੇ ਕੁਰਲਾਈਆ । ਦੀਨ ਦੁਨੀ ਦਾ ਬਦਲਿਆ ਪੇਸ਼ਾ, ਪੇਸ਼ੀਨਗੋਈ ਸਮਝ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਕੀਤਾ ਵੇਸਾ, ਨਟੂਆ ਆਪਣਾ ਸਵਾਂਗ ਵਰਤਾਈਆ । ਸਚ ਸੁਣੇ ਨਾ ਕੋਇ ਸੰਦੇਸ਼ਾ, ਧੁਰ ਦਾ ਨਾਦ ਨਾ ਕੋਇ ਸ਼ਨਵਾਈਆ । ਸਦੀ ਚੌਧਵੀਂ ਸਮਝੇ ਕੋਈ ਨਾ ਲੇਖਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਮਾਇਆ ਮਮਤਾ ਪਾਇਆ ਭੁਲੇਖਾ, ਪਰਦਾ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲਾ ਨਜ਼ਰ ਨਾ ਆਵੇ ਨੇਤਾ, ਨਿਜ ਨੇਤਰ ਨਾ ਕੋਇ ਰੁਸ਼ਨਾਈਆ । ਪੂਰਬ ਪਿਛਲਾ ਭੁੱਲਿਆ ਚੇਤਾ, ਚੇਤਨ ਸੁਰਤੀ ਨਾ ਕੋਇ ਕਰਾਈਆ । ਆਤਮ ਪਰਮਾਤਮ ਕਰੇ ਕੋਈ ਨਾ ਹੇਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੈਂ ਨਾਨਕ ਪੰਜੇ ਦੀ ਤੱਕੀ ਤਲੀ, ਤਲਬ ਸਭ ਦੀ ਵੇਖ ਵਖਾਈਆ । ਦੀਨ ਮਜ਼੍ਹਬ ਦੁਨੀਆ ਦੀ ਨਿੱਕੀ ਗਲੀ, ਕੂਚਾ ਕੂਚਾ ਸੋਭਾ ਪਾਈਆ । ਕਰਿਆ ਖੇਲ ਪ੍ਰਭ ਵਲੀ ਛਲੀ, ਅਛਲ ਛਲ ਆਪਣੀ ਕਾਰ ਕਮਾਈਆ । ਯੋਧਾ ਸੂਰਬੀਰ ਬਣ ਕੇ ਬਲੀ, ਬਲਧਾਰੀ ਹੁਕਮ ਦ੍ਰਿੜਾਈਆ । ਜਿਸ ਵੇਲੇ ਕਲਜੁਗ ਜਵਾਨੀ ਢਲੀ, ਅੰਤ ਆਪਣਾ ਆਪ ਰਹੇ ਬਦਲਾਈਆ । ਸਾਰੀ ਸ੍ਰਿਸ਼ਟੀ ਜਾਣੀ ਦਲੀ, ਦਲ ਦਲਾਂ ਨਾਲ ਟਕਰਾਈਆ । ਸਾਚੀ ਮਹਿਕਣੀ ਨਹੀਂ ਕੋਈ ਕਲੀ, ਗੁਲਸ਼ਨ ਰੰਗ ਨਾ ਕੋਇ ਰੰਗਾਈਆ । ਨੇਤਰ ਰੋ ਕੇ ਗਿਆ ਐਲੀ, ਮੁਹੰਮਦ ਤਾਈਂ ਸੁਣਾਈਆ । ਉਮਤ ਕੋਲ ਤੇਲ ਰਹਿਣਾ ਨਹੀਂ ਪਲੀ, ਪਲਕ ਵਿਚ ਵਿਹਾਉਣੀ ਸਰਬ ਲੋਕਾਈਆ । ਸਦੀ ਚੌਧਵੀਂ ਜਿਹੜੀ ਵਸਤ ਘੱਲੀ, ਗਿਰੀ ਖੋਪਰੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਨੂਰ ਅਲਾਹੀਆ । ਨਾਰਦ ਕਹੇ ਮੈਂ ਪੰਜੇ ਅੰਦਰ ਤੱਕੀ ਲਕੀਰ, ਲਾਇਕ ਨਜ਼ਰ ਕੋਇ ਨਾ ਆਈਆ । ਝਗੜਾ ਦਿਸੇ ਸ਼ਾਹ ਹਕੀਰ, ਧੀਰਜ ਧੀਰ ਨਾ ਕੋਇ ਧਰਾਈਆ । ਮੰਜ਼ਲ ਚੜ੍ਹੇ ਨਾ ਕੋਇ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਬਦਲ ਸਕੇ ਨਾ ਕੋਇ ਤਕ਼ਦੀਰ, ਤਦਬੀਰ ਅਗੰਮ ਨਾ ਕੋਇ ਦ੍ਰਿੜਾਈਆ । ਸ਼ਰਅ ਕੱਟੇ ਨਾ ਕੋਇ ਜ਼ੰਜੀਰ, ਸ਼ਰੀਅਤ ਵਿਚ ਦੁਹਾਈਆ । ਖੇਲ ਕਰੇ ਬੇਨਜ਼ੀਰ, ਅੰਤਮ ਆਪਣਾ ਹੁਕਮ ਵਰਤਾਈਆ । ਜਿਸ ਦੀ ਨਜ਼ਰ ਨਾ ਆਵੇ ਕਿਸੇ ਤਸਵੀਰ, ਤਸੱਵਰ ਆਪਣਾ ਆਪ ਦਏ ਸਮਝਾਈਆ । ਸ਼ਬਦੀ ਖੰਡਾ ਲੈ ਸ਼ਮਸ਼ੀਰ, ਸ਼ਮਸ਼ਾਨ ਭੂਮੀ ਕਰੇ ਲੋਕਾਈਆ । ਸ਼ਾਹ ਸੁਲਤਾਨਾਂ ਕਰ ਦਿਲਗੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਪੰਜਾ ਕਹੇ ਮੈਂ ਵੇਖੀ ਸਚ ਪੰਚ ਆਇਤ, ਪੰਚਮ ਦਿਆਂ ਦ੍ਰਿੜਾਈਆ । ਸਦੀ ਚੌਧਵੀਂ ਸਾਚੀ ਵਸਤ ਕਰੇ ਨਾ ਕੋਇ ਅਨਾਇਤ, ਗਿਰੀ ਛੁਹਾਰੇ ਬਾਦਾਮ ਮੇਵ ਪੈਗ਼ੰਬਰਾਂ ਭੇਟ ਨਾ ਕੋਇ ਕਰਾਈਆ । ਮੰਗਿਆਂ ਕਿਸੇ ਨਾ ਮਿਲੇ ਖ਼ਰਾਇਤ, ਓਢਣ ਸੀਸ ਨਾ ਕੋਇ ਟਿਕਾਈਆ । ਆਲਮ ਰਿਹਾ ਨਾ ਕੋਇ ਮੁਸਾਇਕ, ਮੁੱਲਾਂ ਸ਼ੇਖ਼ ਰਹੇ ਕੁਰਲਾਈਆ । ਹਰ ਹਿਰਦਿਉਂ ਵਿਸਰੀ ਕਾਇਨਾਤ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਸ਼ਰੀਅਤ ਵਿਚ ਬਦਲੀ ਜ਼ਰਾਇਤ, ਜੁਮਲਾ ਅੱਖਰ ਨਾ ਕੋਇ ਸਮਝਾਈਆ । ਅੰਤਮ ਅਖ਼ੀਰ ਕਰੇ ਕੌਣ ਕਫ਼ਾਇਤ, ਮੁਹੰਮਦ ਪੱਲੂ ਰਿਹਾ ਛੁਡਾਈਆ । ਨਜ਼ਰ ਨਾ ਆਵੇ ਇਕੋ ਵਾਹਿਦ, ਵਾਹਵਾ ਆਪਣੀ ਕਾਰ ਕਮਾਈਆ । ਜਿਸ ਨੇ ਜੁਗ ਜੁਗ ਕੀਤੇ ਅਲਾਹਿਦ, ਅੰਤਮ

੧੧੫੧
੨੧

ਆਪਣੇ ਵਿਚ ਮਿਲਾਈਆ । ਚਾਰ ਜੁਗ ਸਮਝਿਆ ਨਾ ਕੋਇ ਮੁਫ਼ਾਇਦ, ਮਸਲਾ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੈਂ ਨਾਨਕ ਪੰਜਾ ਤੱਕਿਆ ਰੱਬੀ, ਰਬੀਉਲਸਾਨੀ ਦਏ ਗਵਾਹੀਆ । ਲੇਖਾ ਵੇਖਿਆ ਚੌਧਵੀਂ ਸਦੀ, ਸਦਮੇ ਸਭ ਨੂੰ ਰਿਹਾ ਪਹੁੰਚਾਈਆ । ਚਾਰ ਜੁਗ ਰਹਿਣੀ ਨਹੀਂ ਕੋਈ ਗੱਦੀ, ਗਦਾਗਰ ਹੋਏ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੁਕਮੇ ਅੰਦਰ ਜਾਣੀ ਬੱਧੀ, ਬਦਲਾ ਚੁਕਾਏ ਥਾਉਂ ਥਾਈਂਆ । ਨਬੀਆਂ ਵਖਾਵੇ ਨੂਹ ਨਦੀ, ਨਰ ਨਰਾਇਣ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਰਗ ਇਕ ਪ੍ਰਗਟਾਈਆ । ਪੰਜਾ ਕਹੇ ਮੇਰੇ ਅੰਤਰ ਗੋਲ ਚੱਕਰ, ਚਕਰਵਰਤੀ ਦੇਣੇ ਮਿਟਾਈਆ । ਸੀਸ ਰਹੇ ਨਾ ਕਿਸੇ ਛਤ੍ਰ, ਸ਼ੱਤਰੂ ਸ਼ੱਤਰੂ ਦੇਣੇ ਲੜਾਈਆ । ਚਾਰੋਂ ਕੁੰਟ ਦਿਸੇ ਸੱਥਰ, ਗੋਬਿੰਦ ਸੱਥਰ ਰਿਹਾ ਵਖਾਈਆ । ਜਿਹੜੀ ਵਿਦਿਆ ਬਣੀ ਨਾਲ ਅੱਖਰ, ਅੰਤ ਅੱਖਰਾਂ ਵਿਚ ਸਮਾਈਆ । ਕਿਸੇ ਕੰਮ ਨਹੀਂ ਆਉਣਾ ਸਿਲ ਪੱਥਰ, ਪਾਹਨ ਨਾ ਕੋਇ ਚਤੁਰਾਈਆ । ਬ੍ਰਿਹੋਂ ਵੈਰਾਗੀ ਨੇਤਰ ਵਿਰੋਲੇ ਨਾ ਕੋਇ ਅੱਥਰ, ਅੰਤਰ ਧਿਆਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੰਜਾ ਕਹੇ ਮੈਨੂੰ ਲਾਇਆ ਅਗੰਮ ਅਥਾਹ, ਅਗੰਮੜੀ ਕਾਰ ਕਮਾਈਆ । ਜਿਸ ਦਾ ਲੇਖਾ ਕੋਈ ਜਾਣੇ ਨਾ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਜਨ ਭਗਤਾਂ ਦੇਵੇ ਅਗੰਮਾ ਨਾਂ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਜਨਮ ਜਨਮ ਦੇ ਮੇਟ ਕੇ ਕੋਟ ਗੁਨਾਹ, ਪਤਤ ਪੁਨੀਤ ਲਏ ਕਰਾਈਆ । ਦਰਗਾਹ ਸਾਚੀ ਦੇਵੇ ਸੱਚਾ ਥਾਂ, ਥਨੰਤਰ ਇਕ ਸੁਹਾਈਆ । ਸਦੀ ਚੌਧਵੀਂ ਪੈਗ਼ੰਬਰਾਂ ਸ਼ਗਨ ਦੇਵੀਂ ਪਾ, ਪਵਣ ਪਾਣੀ ਤੋਂ ਬਾਹਰ ਤੇਰੀ ਚਤੁਰਾਈਆ । ਰਸ ਮਿੱਠੇ ਫਿੱਕੇ ਦੇਣੇ ਖਵਾ, ਖਵਾਜਾ ਖਿਜਰ ਨਾਲ ਮਿਲਾਈਆ । ਸ਼ਬਦੀ ਗੁਰ ਦੇਣਾ ਗਵਾਹ, ਸ਼ਹਾਦਤ ਇਕ ਭੁਗਤਾਈਆ । ਅਗਲਾ ਸਾਹ ਲੈਣਾ ਸੁਧਾ, ਵਾਰ ਥਿਤ ਆਪਣੀ ਲੈਣੀ ਬਣਾਈਆ । ਅੰਤ ਅਖ਼ੀਰ ਜਿਸ ਧਾਰੋਂ ਉਤਰੀ ਓਸੇ ਵਿਚ ਜਾਣਾ ਸਮਾ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਤੇਰੀ ਉਮਤ ਇਕੋ ਵਾਰ ਹੋਣਾ ਨਿਕਾਹ, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਵੇਖੀਂ ਤੂੰ ਵੀ ਹੋਵੀਂ ਨਾ ਬੇਵਫ਼ਾ, ਵਫ਼ਾਦਾਰੀ ਵਿਚ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਜੋਤੀ ਜਾਤਾ ਅਗੰਮ ਖ਼ੁਦਾ, ਖ਼ੁਦਗਰਜ਼ੀ ਜਗਤ ਮਰਜ਼ੀ ਦੀਨ ਦੁਨੀ ਦੀ ਦਏ ਮਿਟਾਈਆ ।

### ❊ ੮ ਚੇਤ ਸ਼ਹਿਨਸ਼ਾਹੀ ਸੰਮਤ ੫ ਹਰੀ ਸਿੰਘ ਦੇ ਗ੍ਰਿਹਿ ਪਿੰਡ ਮਹਿੰਮਾ ਸਿੰਘ ਵਾਲਾ ❊

ਨਾਰਦ ਕਹੇ ਪੰਜਾਂ ਤੱਤਾਂ ਵਾਲਾ ਪੰਜਾ ਲਗਦਾ ਰਿਹਾ ਜਗ, ਪੰਜਾਂ ਉਂਗਲਾਂ ਨਾਲ ਵਡਿਆਈਆ । ਅੰਤ ਓਹ ਪੰਜਾ ਸੜਦਾ ਰਿਹਾ ਵਿਚ ਅੱਗ, ਨਿਸ਼ਾਨ ਆਪਣਾ ਆਪ ਮਿਟਾਈਆ । ਜੁਗਾਂ ਜੁਗਾਂ ਦੀ ਦੱਸਦਾ ਰਿਹਾ ਹੱਦ, ਚੌਕੜੀ ਰਾਹ ਵਖਾਈਆ । ਇਸ ਤੋਂ ਅੱਗੇ ਨਾ ਸਕਿਆ ਵਧ, ਭੇਵ

ਅਭੇਦ ਨਾ ਕੋਇ ਦ੍ਰਿੜਾਈਆ । ਅੰਤਮ ਹੋ ਕੇ ਅਲੱਗ, ਨਾਤਾ ਸਭ ਦੇ ਨਾਲੋਂ ਤੁੜਾਈਆ । ਮੈਂ ਹੈਰਾਨ ਹੋਇਆ ਕੀ ਖੇਲ ਸੂਰੇ ਸਰਬਗ, ਲੋਕਮਾਤ ਦਿਤਾ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਪੰਜੇ ਨੂੰ ਲਿਆ ਪੁਛ, ਕਿਉਂ ਨਾਨਕ ਤੈਨੂੰ ਗਿਆ ਲਗਾਈਆ । ਓਹ ਮੇਰੇ ਨਾਲ ਗਿਆ ਰੁੱਸ, ਕਰਵਟ ਲਈ ਬਦਲਾਈਆ । ਮੈਨੂੰ ਪਤਾ ਨਹੀਂ ਕੁਛ, ਮੈਂ ਕੀ ਦਿਆਂ ਦ੍ਰਿੜਾਈਆ । ਜਿਸ ਦੀ ਬਾਬਤ ਗੁਰ ਅਵਤਾਰ ਪੈਗ਼ੰਬਰ ਸਕੇ ਕੁਝ ਨਾ ਸੁੱਝ, ਅੰਤ ਕਹਿਣ ਕੋਇ ਨਾ ਆਈਆ । ਮੇਰੀ ਨਾ ਵਡਿਆਈ ਨਾ ਬੁਧ, ਅਕਲ ਚਤੁਰਾਈ ਨਾ ਕੋਇ ਰਖਾਈਆ । ਆਪਣਾ ਆਪ ਕਰ ਨਾ ਸਕਾਂ ਸ਼ੁੱਧ, ਵਦੀ ਸੁਦੀ ਨਾ ਪੰਧ ਮੁਕਾਈਆ । ਮੈਨੂੰ ਐਂ ਦਿਸਦਾ ਜਿਸ ਵੇਲੇ ਕਲਜੁਗ ਅੰਤ ਦੀਨਾਂ ਮਜ਼੍ਹਬਾਂ ਦਾ ਹੋਣਾ ਯੁੱਧ, ਗੁਰ ਅਵਤਾਰ ਪੈਗ਼ੰਬਰ ਸਾਥੀ ਨਜ਼ਰ ਕੋਇ ਨਾ ਆਈਆ । ਸਭ ਨੇ ਲੱਗਣਾ ਸਚਖੰਡ ਦਵਾਰੇ ਦੀ ਖੁੱਡ, ਦਰਗਾਹ ਸਾਚੀ ਮੁਖ ਛੁਪਾਈਆ । ਬਿਨਾ ਸ਼ਬਦ ਗੁਰੂ ਤੋਂ ਕਿਸੇ ਨਹੀਂ ਸਕਣਾ ਉਡ, ਤੱਤਾਂ ਵਾਲਾ ਗੁਰੂ ਕੰਮ ਕੋਇ ਨਾ ਆਈਆ । ਉਸ ਵੇਲੇ ਪੁਰਖ ਅਕਾਲ ਨੇ ਕਿਸੇ ਪੈਗ਼ੰਬਰ ਨੂੰ ਕਹਿਣਾ ਨਹੀਂ ਗੁੱਡ, ਗਾਡ ਗਾਈਡ ਨਾ ਕੋਇ ਰਖਾਈਆ । ਜਿਹੜੇ ਸੜ ਗਏ ਲੱਕੜੀ ਨਾਲ ਵੁੱਡ, ਅਗਨੀ ਅੱਗ ਆਪਣਾ ਭੇਟ ਕਰਾਈਆ । ਓਹ ਭੇਵ ਕੀ ਦੱਸਣ ਗੁੱਝ, ਜੋ ਸਹਾਰੇ ਨਾਲ ਲੋਕਮਾਤ ਵਕ਼ਤ ਲੰਘਾਈਆ । ਨਾਰਦ ਕਹੇ ਮੈਂ ਖ਼ੁਸ਼ੀ ਨਾਲ ਪਿਆ ਕੁੱਦ, ਆਪਣੀ ਛਾਲ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜਾ ਕਹੇ ਮੈਂ ਲੱਗਦਾ ਮਿਟੀ ਘੱਟੇ ਉਪਰ ਇੱਟ ਪੱਥਰ, ਨਿਸ਼ਾਨ ਜਗਤ ਵਾਲਾ ਜਣਾਈਆ । ਸਾਚੇ ਪੰਜੇ ਦਾ ਭੇਵ ਜਾਣੇ ਜਿੰਨ ਸੂਲਾਂ ਬਣਾਇਆ ਸੱਥਰ, ਯਾਰੜਾ ਸੇਜ ਹੰਢਾਈਆ । ਜਿਸ ਦੀ ਮਹਿੰਮਾ ਲਿਖ ਸਕੇ ਨਾ ਅੱਖਰ, ਵਿਦਿਆ ਵਿਚ ਨਾ ਕੋਇ ਵਡਿਆਈਆ । ਮਹਿੰਮਾ ਵਾਲਾ ਸਮਝੇ ਕੋਈ ਨਾ ਪੱਤਰ, ਪਾਤਰ ਪਤ੍ਰਕਾ ਵਿਚ ਲੇਖ ਨਾ ਕੋਇ ਬਣਾਈਆ । ਪਰਦੇ ਵਿਚ ਰੱਖੇ ਕੋਈ ਨਾ ਸਤਰ, ਓਹਲਿਆਂ ਵਿਚ ਨਾ ਕੋਇ ਛੁਪਾਈਆ । ਜ਼ਬਾਨ ਨਾਲ ਨਾ ਕਰੇ ਨਸ਼ਰ, ਤਹਿਰੀਰ ਵਿਚ ਨਾ ਕੋਇ ਵਖਾਈਆ । ਜਿਸ ਨੇ ਕਲਜੁਗ ਅੰਤ ਵੇਖਣਾ ਦੀਨ ਦੁਨੀ ਦਾ ਹਸ਼ਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪੰਜਾ ਕਹੇ ਮੇਰੇ ਸਾਹਿਬ ਦਾ ਵੱਖਰਾ ਪੰਜਾ, ਜੋ ਗੁਰ ਅਵਤਾਰ ਪੈਗ਼ੰਬਰਾਂ ਪੁਸ਼ਤ ਪਨਾਹ ਟਿਕਾਈਆ । ਜਿਸ ਦਾ ਨੂਰ ਜ਼ਹੂਰ ਦੋ ਜਹਾਨਾਂ ਨਾਲੋਂ ਚੰਗਾ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦੇ ਨਾਲ ਲੱਖ ਚੁਰਾਸੀ ਜੀਵਤ ਹੋਏ ਬੰਦਾ, ਬੰਦਗੀ ਵਾਲਾ ਰਾਹ ਵਖਾਈਆ । ਜਿਸ ਨਾਲ ਨੇਤਰ ਨੈਣਹੀਣ ਹੋਵੇ ਨਾ ਅੰਧਾ, ਲੋਚਣ ਨੈਣ ਕਰੇ ਰੁਸ਼ਨਾਈਆ । ਜਿਸ ਨਾਲ ਅੰਮ੍ਰਿਤ ਧਾਰ ਤੱਕੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅਠਸਠ ਲੇਖਾ ਰਹੇ ਨਾ ਰਾਈਆ । ਜਿਸ ਨਾਲ ਗੁਰ ਅਵਤਾਰ ਪੈਗ਼ੰਬਰ ਰਹੇ ਨਾ ਕੋਇ ਮਛੰਦਾ, ਮਛੰਦਗੀ ਅਵਰ ਰਹੇ ਨਾ ਰਾਈਆ । ਜਿਸ ਨਾਲ ਆਤਮ ਪਰਮਾਤਮ ਮਿਲੇ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਜਿਸ ਨਾਲ ਤੂੰ ਮੇਰਾ ਮੈਂ ਤੇਰਾ ਗਾਵੇ ਛੰਦਾ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜਿਸ ਨਾਲ ਜਨਮ ਕਰਮ ਦਾ ਪਾਪੀ ਰਹੇ ਨਾ ਕੋਈ ਗੰਦਾ, ਪਤਤ ਪੁਨੀਤ ਤਰਾਈਆ । ਪੰਜਾ ਕਹੇ ਓਹ ਮੇਰਾ ਸਾਹਿਬ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਇਕ ਅਖਵਾਈਆ । ਜਿਹੜਾ ਗੁਰ ਅਵਤਾਰ ਪੈਗ਼ੰਬਰਾਂ ਨੂੰ ਦਾਨ ਦਿੰਦਾ, ਨਾਮ ਵਸਤ

੧੧੫੩ ੨੧

ਅਮੋਲਕ ਝੋਲੀ ਪਾਈਆ । ਉਸ ਨੇ ਬ੍ਰਹਿਮੰਡਾਂ ਖੰਡਾਂ, ਪੁਰੀਆਂ ਲੋਆਂ ਖੋਜ ਖੁਜਾਈਆ । ਸ਼ਬਦ ਅਗੰਮੀ ਫੜ ਕੇ ਡੰਡਾ, ਡੰਡਾਵਤ ਸਭ ਨੂੰ ਦੇਣੀ ਸਮਝਾਈਆ । ਹਰ ਹਿਰਦੇ ਅੰਦਰ ਫੇਰਨਾ ਰੰਦਾ, ਕੂੜੀ ਕਿਰਿਆ ਦੁਰਮਤ ਮੈਲ ਬਾਹਰ ਕਢਾਈਆ । ਜਨ ਭਗਤਾਂ ਦੇਣਾ ਸੰਗਾ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਖਾਈਆ । ਪੰਜਾ ਕਹੇ ਪੁਰਖ ਅਕਾਲ ਦਾ ਮੇਰਾ ਨਿਸ਼ਾਨ, ਨਿਸ਼ਾਨੀ ਗੁਰ ਅਵਤਾਰ ਰਹੇ ਜਣਾਈਆ । ਜਿਸ ਪੰਜੇ ਥੱਲੇ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਆਣ, ਲੱਖ ਚੁਰਾਸੀ ਬੈਠੀ ਸੀਸ ਨਿਵਾਈਆ । ਜਿਸ ਪੰਜੇ ਥੱਲੇ ਰਾਮਾ ਕ੍ਰਿਸ਼ਨਾਂ ਕਾਹਨ, ਨਿਉਂ ਨਿਉਂ ਸੀਸ ਨਿਵਾਈਆ । ਸੋ ਪੰਜਾ ਵੱਡ ਬਲਵਾਨ, ਜਿਸ ਨੇ ਮੂਸਾ ਈਸਾ ਮੁਹੰਮਦ ਆਪਣਾ ਹੁਕਮ ਦਿਤਾ ਦ੍ਰਿੜਾਈਆ । ਸੋ ਪੰਜਾ ਵਖਾਇਆ ਸ੍ਰੀ ਗੁਰੂ ਨਾਨਕ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਨਕ ਨੇ ਚਰਨ ਚੁੰਮ ਕੇ ਮੰਗਿਆ ਦਾਨ, ਖ਼ਾਲੀ ਅੱਗੇ ਝੋਲੀ ਡਾਹੀਆ । ਉਜਾੜਾਂ ਵਿਚ ਬੀਆਬਾਨਾਂ ਵਿਚ ਪਹਾੜਾਂ ਵਿਚ ਮਿਲਿਓ ਆਣ, ਮਿਹਰਵਾਨ ਆਪਣੀ ਦਇਆ ਕਮਾਈਆ । ਕੁਛ ਦੇ ਆਪਣਾ ਨਿਸ਼ਾਨ, ਤੇਰੇ ਦਰ ਹੋਵੇ ਪ੍ਰਵਾਨ, ਪ੍ਰਵਾਨਗੀ ਆਪਣੇ ਨਾਲ ਰਖਾਈਆ । ਕਿਰਪਾ ਕੀਤੀ ਨੌਜਵਾਨ ਪਤਿਪਰਮੇਸ਼ਵਰ ਮਿਹਰਵਾਨ, ਨਾਨਕ ਨੂੰ ਆਪਣਾ ਹੱਥ ਫੜਾਇਆ ਤੇ ਪੰਜਾ ਲਾਇਆ ਆਪ ਕਿਰਪਾ ਕੀਤੀ ਮਹਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ਼ਬਦ ਨਾਦ ਦਿਤਾ ਧੁੰਨਕਾਨ, ਸੰਦੇਸ਼ਾ ਇਕ ਸੁਣਾਈਆ । ਕਲਜੁਗ ਕੂੜੀ ਕਿਰਿਆ ਹੋਣੀ ਪ੍ਰਧਾਨ, ਚਾਰ ਕੁੰਟ ਅੰਧੇਰਾ ਛਾਈਆ । ਉਸ ਵੇਲੇ ਪ੍ਰਗਟ ਹੋਵਾਂ ਵਿਚ ਜਹਾਨ, ਨਿਰਗੁਣ ਨਿਰਵੈਰ ਨਿਰਾਕਾਰ ਆਪਣਾ ਰੂਪ ਧਰਾਈਆ । ਸਭ ਦਾ ਲੇਖਾ ਵੇਖਾਂ ਆਣ, ਬਚਿਆ ਰਹਿਣ ਕੋਇ ਨਾ ਪਾਈਆ । ਯੋਧਾ ਸੂਰਬੀਰ ਬਣ ਬਲੀ ਬਲਵਾਨ, ਬਲਧਾਰੀ ਵੇਸ ਵਟਾਈਆ । ਓਥੇ ਸ਼ਰਅ ਹੋਣੀ ਸ਼ੈਤਾਨ, ਸ਼ਰੀਅਤ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਮਧ ਦਾ ਲੇਖਾ ਜੁਗ ਜੁਗ ਆਪਣੇ ਹੱਥ ਰਖਾਈਆ ।



### ❋ ੮ ਚੇਤ ਸ਼ਹਿਨਸ਼ਾਹੀ ਸੰਮਤ ੫ ਨਛੱਤਰ ਸਿੰਘ ਦੇ ਗ੍ਰਿਹ ਦੁਰਾਹਾ ❋

ਸਤਿਗੁਰ ਸ਼ਬਦ ਅਗੰਮੀ ਨਗਾਰੇ ਲਾਈ ਚੋਟ, ਚੋਟੀ ਚੜ੍ਹ ਕੇ ਦੋ ਜਹਾਨਾਂ ਰਿਹਾ ਸੁਣਾਈਆ । ਖ਼ਬਰਦਾਰ ਕਰੇ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕੋਟੀ ਕੋਟ, ਕੋਟਨ ਕੋਟ ਕੋਟ ਉਠਾਈਆ । ਉਠੋ ਵੇਖੋ ਪੁਰਖ ਅਕਾਲਾ ਨਿਰਮਲ ਜੋਤ, ਜੋਤੀ ਜਾਤਾ ਡਗਮਗਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਅਗੰਮੀ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਦੱਸਦੇ ਆਏ ਸੋਚ, ਨਾਮ ਕਲਮਿਆਂ ਵਿਚ ਸਿਫ਼ਤ ਸਾਲਾਹੀਆ । ਸੋ ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ ਨਿਵਾਸੀ ਦਰਗਾਹ ਸਾਚੀ ਮਾਣੇ ਮੌਜ, ਸਚਖੰਡ ਸਾਚੇ ਸੋਭਾ ਪਾਈਆ । ਹੁਕਮੇ ਅੰਦਰ ਸਭ ਨੇ ਜਾਣਾ ਪਹੁੰਚ, ਆਵਣ ਜਾਵਣ ਪਤਤ ਪਾਵਨ ਏਕਾ ਘਰ ਦਏ ਵਡਿਆਈਆ । ਭੇਵ ਅਭੇਦਾ ਅਛਲ ਅਛੇਦਾ ਖੋਲ੍ਹੇ ਲੋਕ ਪ੍ਰਲੋਕ, ਪਰਦਾ ਅਵਰ ਰਹੇ ਨਾ ਰਾਈਆ । ਅਵਤਾਰ ਪੈਗ਼ੰਬਰਾਂ ਫਿਰ ਕੇ ਚੌਦਾਂ

ਤਬਕਾਂ ਚੌਦਾਂ ਲੋਕ, ਨਿਰਗੁਣ ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਚੋਟ ਲੱਗੇ ਇਕ ਨਗਾਰਾ, ਨੌਬਤ ਹੱਕ ਨਾਮ ਵਜਾਈਆ । ਦੋ ਜਹਾਨਾਂ ਕਰੇ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਸੁਣਾਈਆ । ਅਵਤਾਰ ਪੈਗ਼ੰਬਰ ਲਓ ਹੁਲਾਰਾ, ਆਲਸ ਨਿੰਦਰਾ ਦੇਣੀ ਤਜਾਈਆ । ਪ੍ਰਗਟ ਹੋਏ ਚੌਵੀਵਾਂ ਅਵਤਾਰਾ, ਜੋਤੀ ਜਾਤਾ ਨੂਰ ਅਲਾਹੀਆ । ਜਿਸ ਦਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਆਦਿ ਜੁਗਾਦੀ ਬਣ ਸਿਕਦਾਰਾ, ਹੁਕਮ ਇਕੋ ਇਕ ਦ੍ਰਿੜਾਈਆ । ਜਿਸ ਨੂੰ ਸਜਦੇ ਕਰਦੇ ਆਏ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਨਰ ਨਰੇਸ਼ਾ ਇਕੋ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਡੰਕਾ ਵੱਜੇ ਅਗੰਮ ਅਪਾਰ, ਅਲਖ ਅਗੋਚਰ ਆਪ ਸੁਣਾਈਆ । ਸਵਾਧਾਨ ਹੋਵੇ ਤੇਈ ਅਵਤਾਰ, ਤ੍ਰੈਗੁਣ ਅਤੀਤਾ ਆਪ ਸੁਣਾਈਆ । ਈਸਾ ਮੂਸਾ ਮੁਹੰਮਦ ਨੇਤਰ ਲੋਚਣ ਨੈਣ ਲਓ ਉਘਾੜ, ਸਦੀ ਚੌਧਵੀਂ ਬੈਠੀ ਪੰਧ ਮੁਕਾਈਆ । ਨਾਨਕ ਗੋਬਿੰਦ ਲਾਈ ਇਕ ਜੈਕਾਰ, ਤੂੰਹੀ ਤੂੰਹੀ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਗਾ ਗਾ ਗਈ ਹਾਰ, ਥਕਾਵਟ ਵਿਚ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਪਾਵੇ ਕੋਈ ਨਾ ਸਾਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਚਾਰੋਂ ਕੁੰਟ ਹਾਹਾਕਾਰ, ਕੂੜੀ ਕਿਰਿਆ ਦਏ ਦੁਹਾਈਆ । ਦੀਆ ਬਾਤੀ ਹੋਏ ਨਾ ਕੋਇ ਉਜਿਆਰ, ਕਾਇਆ ਬੰਕ ਨਾ ਕੋਇ ਵਡਿਆਈਆ । ਜਿਧਰ ਤੱਕੋ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਮਨਸਾ ਮਿਲ ਕੇ ਵੱਜੇ ਵਧਾਈਆ । ਅਨਾਦੀ ਧੁਨ ਵੱਜੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਕਿਸੇ ਮਿਲੇ ਨਾ ਠੰਡਾ ਠਾਰ, ਕਲਜੁਗ ਅਗਨੀ ਤੱਤ ਤਪਾਈਆ । ਜਿਧਰ ਵੇਖੋ ਧੂੰਆਂਧਾਰ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਡੰਕਾ ਵੱਜੇ ਅਗੰਮ ਅਥਾਹ, ਰਾਓ ਰੰਕਾਂ ਦਏ ਜਣਾਈਆ । ਕਰੇ ਖੇਲ ਬੇਪਰਵਾਹ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਂ, ਨਿਸ਼ਾਨੇ ਪਿਛਲੇ ਦਏ ਚੁਕਾਈਆ । ਸਤਿਜੁਗ ਸਾਚਾ ਦਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਨਾਮ ਕਲਮਾ ਦਏ ਪੜ੍ਹਾ, ਸਿਖਿਆ ਇਕੋ ਨੂਰ ਅਲਾਹੀਆ । ਸਚ ਦਵਾਰਾ ਇਕ ਸੁਹਾ, ਸੋਭਾਵੰਤ ਦਏ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਬਹਾ ਕੇ ਇਕ ਥਾਂ, ਥਾਨੰਤਰ ਦੇਵਣਹਾਰ ਵਡਿਆਈਆ । ਹੰਸ ਬੁੱਧੀ ਬਣਾਏ ਕਾਂ, ਕਾਗ ਹੰਸ ਰੂਪ ਬਦਲਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਦੇਵੇ ਠੰਡੀ ਛਾਂ, ਅਗਨੀ ਤੱਤ ਨਾ ਲਾਗੇ ਰਾਈਆ । ਅੰਤਮ ਕਰੇ ਸਚ ਨਿਆਂ, ਅਦਲ ਇਨਸਾਫ਼ ਆਪ ਕਮਾਈਆ । ਲੇਖਾ ਜਾਣੇ ਦੋ ਜਹਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਨੀ ਖ਼ਬਰਦਾਰੀ, ਨਿਰਗੁਣ ਸਰਗੁਣ ਦਿਆਂ ਦ੍ਰਿੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟੀ ਦ੍ਰਿਸ਼ਟੀ ਹੋਏ ਉਜਿਆਰੀ, ਇਸ਼ਟੀ ਇਕੋ ਸੋਭਾ ਪਾਈਆ । ਮਹੱਲ ਅਟਲ ਉਚ ਮਨਾਰੀ, ਦਰਗਾਹ ਸਾਚੀ ਗ੍ਰਿਹਿ

ਦੇਣਾ ਸੁਹਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਨੂਰ ਜ਼ਹੂਰ ਆਪਣਾ ਆਪ ਪ੍ਰਗਟਾਈਆ । ਕਲਜੁਗ ਅੰਤ ਅੰਤ ਓਸੇ ਦੀ ਵਾਰੀ, ਵਾਰਤਾ ਪਿਛਲੀ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਕਰਦੇ ਇੰਤਜ਼ਾਰੀ, ਬਿਨ ਨੈਣਾਂ ਨੈਣ ਉਠਾਈਆ । ਪ੍ਰਗਟ ਹੋਏ ਜੋਧਾ ਸੂਰਬੀਰ ਵਡ ਬਲਕਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਆਪਣਾ ਨੂਰ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਏਕੰਕਾਰ ਇਕ ਇਕੱਲਾ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਸੁਲਤਾਨਾ, ਪੁਰਖ ਅਕਾਲਾ ਇਕ ਅਖਵਾਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਏਕੰਕਾਰਾ ਵਡ ਵਡਿਆਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਜੁਗ ਚੌਕੜੀ ਦੇਵੇ ਦਾਨਾ, ਨਾਮ ਕਲਮਾ ਝੋਲੀ ਪਾਈਆ । ਸੋ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤੀ ਪਹਿਨ ਕੇ ਜਾਮਾ, ਸ਼ਬਦੀ ਸ਼ਬਦ ਧਾਰ ਪ੍ਰਗਟਾਈਆ । ਜਿਸ ਦਾ ਵੱਜਣਾ ਇਕ ਦਮਾਮਾ, ਦੀਨ ਦੁਨੀ ਦਏ ਹਿਲਾਈਆ । ਧਰਮ ਝੁਲਾਏ ਸਚ ਨਿਸ਼ਾਨਾ, ਨਵ ਨੌ ਚਾਰ ਵੱਜੇ ਵਧਾਈਆ । ਲੱਖ ਚੁਰਾਸੀ ਆਤਮ ਦਾ ਬਣ ਕੇ ਕਾਹਨਾ, ਸੁਰਤੀ ਸਭ ਦੀ ਲਏ ਪ੍ਰਨਾਈਆ । ਜੰਗਲ ਜੂਹ ਸਾਢੇ ਤਿੰਨ ਹੱਥ ਬੀਆਬਾਨ ਵੇਖੇ ਰਾਮਾ, ਸੀਤਾ ਸਵਾਣੀ ਰੰਗ ਰੰਗਾਈਆ । ਈਸਾ ਮੂਸਾ ਮੁਹੰਮਦ ਦੇਵਣਹਾਰਾ ਕਲਾਮਾ, ਕਲਮਾ ਹਕੀਕੀ ਇਕ ਜਣਾਈਆ । ਨਾਨਕ ਗੋਬਿੰਦ ਜਿਸ ਦਾ ਦੇਣ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰ ਪੜ੍ਹਾਈਆ । ਸੋ ਖ਼ਾਲਕ ਖ਼ਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਖੇਲੇ ਖੇਲ ਵਿਚ ਜਹਾਨਾ, ਜਹਾਲਤ

੧੧੫੬ ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕੋ ਇਕ ਪ੍ਰਗਟਾਈਆ । ੧੧੫੬

੨੧ ਸਤਿਗੁਰ ਸ਼ਬਦ ਕਹੇ ਮੇਰਾ ਖੇਲ ਹੋਣਾ ਅਨੋਖਾ, ਵਖਰੀ ਧਾਰ ਸਮਝਾਈਆ । ਕਿਸੇ ਨਾਲ ਨਹੀਂ ਕਰਨਾ ਧੋਖਾ, ਸਦੀ ਚੌਧਵੀਂ ਅੰਤ ਹੁਕਮ ਵਰਤਾਈਆ । ੨੧

ਜੋ ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਜਣਾਇਆ ਪੋਥਾ, ਪੁਸਤਕ ਸਭ ਦੀ ਵੇਖ ਵਖਾਈਆ । ਨਿਰਗੁਣ ਨੂਰ ਪ੍ਰਕਾਸ਼ ਕਰ ਕੇ ਜੋਤਾ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਕਲਜੁਗ ਜੀਵ ਕੋਈ ਮਾਰਿਆ ਨਾ ਜਾਏ ਬੇਦੋਸ਼ਾ, ਘਟ ਘਟ ਅੰਤਰ ਨਿਰੰਤਰ ਹੋ ਕੇ ਪਰਦਾ ਦਏ ਉਠਾਈਆ । ਅਕਲ ਬੁੱਧੀ ਦੀ ਚਲਣੀ ਨਹੀਂ ਕਿਸੇ ਸੋਚਾ, ਸਮਝ ਵਾਲੀ ਨਾ ਕੋਇ ਚਤੁਰਾਈਆ । ਝਗੜਾ ਪੈਣਾ ਚਾਰ ਕੁੰਟ ਦਹਿ ਦਿਸ਼ਾ ਚੌਦਾਂ ਲੋਕਾ, ਚੌਦਾਂ ਤਬਕ ਰਹੇ ਕੁਰਲਾਈਆ । ਪੁਰਖ ਅਕਾਲ ਦੀਨ ਦਿਆਲ ਦਾ ਇਕੋ ਅੰਤ ਅਖ਼ੀਰ ਹੋਵੇ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪਣੇ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਸਭ ਤੋਂ ਨਿਰਾਲਾ, ਨਿਰਵੈਰ ਨਿਰਾਕਾਰ ਨਿਰੰਕਾਰ ਰਿਹਾ ਕਰਾਈਆ । ਵੇਖਣਹਾਰਾ ਦੀਨ ਦਿਆਲਾ, ਦਇਆਨਿਧ ਠਾਕਰ ਸਵਾਮੀ ਬੇਪਰਵਾਹੀਆ । ਜਿਸ ਦੇ ਹੁਕਮ ਅੰਦਰ ਕਾਲ ਮਹਾਂਕਾਲਾ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਉਹ ਵੇਖਣਹਾਰਾ ਦੋ ਜਹਾਨਾਂ ਸੱਚੀ ਧਰਮਸਾਲਾ, ਦਰ ਦਵਾਰੇ ਫੋਲ ਫੁਲਾਈਆ । ਜਾਂ ਤੱਕਿਆ ਚਾਰੋਂ ਕੁੰਟ ਬੇਹਾਲਾ, ਬਿਹਬਲ ਹੋ ਕੇ ਰੋਵੇ ਸਰਬ ਲੋਕਾਈਆ । ਕਿਸੇ ਤਨ ਵਜੂਦ ਮਾਟੀ ਖ਼ਾਕ ਨਿਰਗੁਣ ਦੀਆ ਜੋਤੀ ਜੋਤ ਨਾ ਬਾਲਾ, ਬਾਲੀ ਬੁਧ ਨਾ ਕੋਇ ਵਡਿਆਈਆ । ਬਜਰ ਕਪਾਟੀ ਲੱਗਾ ਤਾਲਾ, ਤੁਰੀਆ ਤੋਂ ਪਰੇ ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਪ੍ਰਭ ਖੇਲ ਵੇਖਦਾ ਹਾਲਾ, ਮਾਝੀ ਝਗੜਾ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਸਭ ਦਾ ਹੱਲ ਕਰੇ ਸਵਾਲਾ, ਸਵਾਲੀ ਖ਼ਾਲੀ ਦਰ ਰਹਿਣ ਕੋਇ ਨਾ ਪਾਈਆ ।

## ❊ ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੱਜਣ ਸਿੰਘ ਦੇ ਗ੍ਰਹਿ ਪਿੰਡ ਦੁਰਾਹਾ ❊

ਦਸ ਚੇਤ ਕਹੇ ਸ਼ਬਦੀ ਧਾਰ ਗੋਬਿੰਦ ਦਸਮ, ਦਸਮ ਦਵਾਰ ਤੋਂ ਪਰੇ ਦਏ ਵਡਿਆਈਆ । ਜਿਸ ਨੇ ਪੁਰਖ ਅਕਾਲ ਨਾਲ ਮਿਲ ਕੇ ਖਾਧੀ ਕ਼ਸਮ, ਸੁਗੰਧ ਆਪਣੇ ਨਾਲ ਪੁਆਈਆ । ਆਦਿ ਜੁਗਾਦੀ ਮੰਨਣਾ ਇਕੋ ਖ਼ਸਮ, ਦੂਜਾ ਕੰਤ ਨਾ ਕੋਇ ਹੰਢਾਈਆ । ਜਿਸ ਦਾ ਲਹਿਣਾ ਦੇਣਾ ਤਨ ਵਜੂਦ ਜ਼ਮੀਰ ਜਿਸਮ, ਤੱਤ ਵੇਖੇ ਥਾਉਂ ਥਾਈਂਆ । ਸੋ ਕਲਜੁਗ ਅੰਤਮ ਸਤਿਜੁਗ ਚਲਾਏ ਆਪਣੀ ਰਸਮ, ਰਾਹ ਇਕੋ ਇਕ ਦ੍ਰਿੜਾਈਆ । ਮਰਨ ਤੋਂ ਬਾਦ ਕੰਮ ਨਾ ਆਵੇ ਭਸਮ, ਹਾਡੀ ਰੰਗ ਨਾ ਕੋਇ ਰੰਗਾਈਆ । ਜੀਂਵਦਿਆਂ ਗੁਰਮੁਖ ਸਤਿਗੁਰ ਸੰਗ ਵਸਣ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਸਤਿਜੁਗ ਧਾਰ ਮਾਰਗ ਆਇਆ ਦੱਸਣ, ਦਹਿ ਦਿਸ਼ਾ ਪਰਦਾ ਲਾਹੀਆ । ਭਗਤਾਂ ਅੰਤਰ ਆਇਆ ਵਸਣ, ਨਿਰਗੁਣ ਹੋ ਕੇ ਸੋਭਾ ਪਾਈਆ । ਨਿਜ ਨੇਤਰ ਖੋਲ੍ਹ ਕੇ ਅੱਖਣ, ਸਵਛ ਸਰੂਪੀ ਦਰਸ ਦਿਖਾਈਆ । ਪਰਦਾ ਲਾਹ ਕੇ ਆਪਣੇ ਵਤਨ, ਬੇਵਤਨਾਂ ਦਏ ਸਮਝਾਈਆ । ਬਿਨਾ ਸਤਿਗੁਰੂ ਤੋਂ ਕਿਸੇ ਕੰਮ ਨਾ ਆਵੇ ਕੀਤਾ ਯਤਨ, ਯਥਾਰਥ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਦੇ ਭਾਂਡੇ ਵੇਖੋ ਸੱਖਣ, ਵਸਤ ਨਾਮ ਨਾ ਕੋਇ ਭਰਾਈਆ । ਜਨ ਭਗਤੋ ਚੁਰਾਸੀ ਵਿਚੋਂ ਥੋੜ੍ਹੇ ਤੁਸੀਂ ਵਰੋਲੇ ਮੱਖਣ, ਪਰਮ ਪੁਰਖ ਆਪਣੀ ਦਇਆ ਕਮਾਈਆ । ਅੰਤਮ ਪੁੱਜਣਾ ਓਸੇ ਪੱਤਨ, ਜਿਥੇ ਖੇਵਟ ਖੇਟਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਦਸ ਚੇਤ ਕਹੇ ਮੈਂ ਦੱਸਣ ਆਇਆ ਹਾਲ, ਹਾਲਤ ਸਭ ਦੀ ਦਿਆਂ ਜਣਾਈਆ । ਇਕੋ ਮੰਨਣਾ ਪੁਰਖ ਅਕਾਲ, ਦੂਜੀ ਓਟ ਨਾ ਕੋਇ ਤਕਾਈਆ । ਬਾਕੀ ਸਭ ਤੇ ਆਏ ਜ਼ਵਾਲ, ਬਚਿਆ ਰਹਿਣ ਕੋਇ ਨਾ ਪਾਈਆ । ਝਗੜਾ ਮੁਕਣਾ ਕਾਇਆ ਮਾਟੀ ਖਾਲ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਨਿਰਗੁਣ ਨੂਰ ਦੀਪਕ ਜੋਤੀ ਦੇਵੇ ਬਾਲ, ਬਾਲ ਅੰਜਾਣੇ ਲਏ ਉਠਾਈਆ । ਪੂਰਬ ਜਨਮ ਦੀ ਲੇਖੇ ਲਾਵੇ ਘਾਲ, ਜੋ ਜੁਗ ਚੌਕੜੀ ਨਾਮ ਸੇਵ ਕਮਾਈਆ । ਮਿਹਰਵਾਨ ਹੋ ਕੇ ਮਹਿਬੂਬ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਵਿਚ ਸਤਿਜੁਗ ਬਦਲ ਕੇ ਚਾਲ, ਰਸਤਾ ਇਕੋ ਰਿਹਾ ਸਮਝਾਈਆ । ਜਿਧਰ ਵੇਖੋ ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਵਿਛੋੜਾ ਵਿਚ ਨਾ ਕੋਇ ਬਣਾਈਆ । ਸਦੀ ਚੌਧਵੀਂ ਕਰੇ ਅੰਤ ਸੰਭਾਲ, ਸੰਬਲ ਬੈਠਾ ਸੋਭਾ ਪਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਅਹਿਵਾਲ, ਭਵਿਖਤਾਂ ਵਿਚ ਗਵਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਪੁੱਜਿਆ ਆਣ, ਅਨਕ ਕਲਧਾਰੀ ਆਪਣੀ ਕਲ ਧਰਾਈਆ । ਸੰਤ ਸੁਹੇਲੇ ਗੁਰਮੁਖ ਗੁਰ ਗੁਰ ਲੱਭੇ ਆਣ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚਾ ਦੇ ਕੇ ਇਕ ਗਿਆਨ, ਬ੍ਰਹਮ ਵਿਦਿਆ ਦਿਤੀ ਪੜ੍ਹਾਈਆ । ਝਗੜਾ ਛਡਣਾ ਦੀਨ ਮਜ਼੍ਹਬ ਹਿੰਦੂ ਸਿੱਖ ਈਸਾਈ ਮੁਸਲਮਾਨ, ਮੁਸਲਸਲ ਇਕੋ ਘਰ ਜਣਾਈਆ । ਜਿਥੇ ਵਸੇ ਸ਼ਾਹ ਸੁਲਤਾਨ, ਨਿਰਗੁਣ ਨਿਰਵੈਰ ਸੋਭਾ ਪਾਈਆ । ਜੋਤੀ ਧਾਰ


੧੧੫੭
੨੧

ਤੱਕੋ ਮਹਾਨ, ਮਹਿਮਾ ਅਕਥ ਅਕਥ ਸੁਣਾਈਆ । ਜਿਸ ਦਵਾਰੇ ਮਿਲੇ ਆਣ, ਮਮਤਾ ਮੋਹ ਵਿਕਾਰ ਹੰਕਾਰ ਲੇਖਾ ਰਹੇ ਨਾ ਰਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਏਕੰਕਾਰ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਅਲਾਹੀਆ । ਜਗਤ ਬੁੱਧੀ ਵਿਚ ਕਰੇ ਨਾ ਕੋਇ ਪਹਿਚਾਨ, ਨੇਤਰ ਨੈਣਾਂ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸਮਝਾਈਆ । ਦਸ ਚੇਤ ਕਹੇ ਮੈਂ ਦਹਿ ਦਿਸ਼ਾ ਵੇਖਿਆ ਤਕ, ਤਕਵਾ ਇਕ ਰਖਾਈਆ । ਹਕ਼ੀਕ਼ਤ ਮਿਲੇ ਨਾ ਕਿਤੋਂ ਹੱਕ, ਲਾਸ਼ਰੀਕ ਪਰਦਾ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਥੱਕ, ਖਾਣੀ ਬਾਣੀ ਦਏ ਦੁਹਾਈਆ । ਧਰਮ ਰਿਹਾ ਮਾਤ ਨਾ ਸੱਚ, ਸੰਜਮ ਵੰਡ ਨਾ ਕੋਇ ਵੰਡਾਈਆ । ਅਗਨੀ ਲੱਗੀ ਕਾਇਆ ਮਾਟੀ ਕਚ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਅੰਮ੍ਰਿਤ ਨਾਮ ਮਿਲੇ ਨਾ ਰਸ, ਅਨਰਸ ਹੱਥ ਕਿਸੇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਮਨ ਕਲਪਣਾ ਅੰਦਰ ਰਹੀ ਨੱਸ, ਭੱਜੇ ਵਾਹੋ ਦਾਹੀਆ । ਆਤਮ ਪਰਮਾਤਮ ਮਿਲ ਕੇ ਗਾਵੇ ਕੋਈ ਨਾ ਜਸ, ਵੇਦ ਪੁਰਾਨਾਂ ਪੜ੍ਹ ਪੜ੍ਹ ਆਪਣਾ ਝਟ ਲੰਘਾਈਆ । ਸਾਚਾ ਮਾਰਗ ਦੀਨ ਦੁਨੀ ਗਈ ਛਡ, ਪਗਡੰਡੀ ਚਲ ਕੇ ਬਣੇ ਪਾਂਧੀ ਰਾਹੀਆ । ਸਚ ਮੰਜ਼ਲ ਦੀ ਮੁੱਕੀ ਕਿਸੇ ਨਾ ਹੱਦ, ਮਹਿਬੂਬ ਮਿਲ ਕੇ ਦਰਸ ਕੋਇ ਨਾ ਪਾਈਆ । ਜਿਧਰ ਵੇਖਾਂ ਸਾਰੇ ਹੋਏ ਅਲਗ, ਸਾਚਾ ਸੰਗ ਨਾ ਕੋਇ ਬਣਾਈਆ । ਕਲਜੁਗ ਜੀਵ ਬਣੇ ਕੱਗ, ਹੰਸ ਰੂਪ ਨਾ ਕੋਇ ਵਟਾਈਆ । ਸਾਚੀ ਸੁਣੇ ਕੋਇ ਨਾ ਸਦ, ਛੰਦ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਦਸ ਚੇਤ ਕਹੇ ਮੈਂ ਸਭ ਨੂੰ ਦੱਸਦਾ, ਦਹਿ ਦਿਸ਼ਾ ਧਿਆਨ ਲਗਾਈਆ । ਜਨ ਭਗਤੋ ਨਜ਼ਾਰਾ ਤੱਕੋ ਆਪਣੀ ਅੱਖ ਦਾ, ਨਿਜ ਨੇਤਰ ਨੂਰ ਹੋਵੇ ਰੁਸ਼ਨਾਈਆ । ਢੋਲਾ ਗਾਵੇ ਆਤਮ ਪਰਮਾਤਮ ਪ੍ਰਭੂ ਦੇ ਜਸ ਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋ ਏਥੇ ਓਥੇ ਦੋ ਜਹਾਨਾਂ ਪੈਜ ਰੱਖਦਾ, ਪੰਚ ਦਾ ਮਾਲਕ ਪਰਪੰਚ ਦਏ ਗਵਾਈਆ । ਹਰ ਘਟ ਅੰਦਰ ਨੂਰੀ ਧਾਰ ਹੋ ਕੇ ਵਸਦਾ, ਵਾਸਤਾ ਆਪਣੇ ਨਾਲ ਰਖਾਈਆ । ਝਗੜਾ ਮੁਕਾਏ ਉਬਲਣ ਵਾਲੀ ਰੱਤ ਦਾ, ਅਗਨੀ ਤੱਤ ਨਾ ਕੋਇ ਤਪਾਈਆ । ਨਿਤ ਨਵਿਤ ਜਨ ਭਗਤ ਸੁਹੇਲੇ ਸੱਦਦਾ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਲਹਿਣਾ ਦੇਣਾ ਦੇਵੇ ਹਕ਼ੀਕ਼ਤ ਹੱਕ ਦਾ, ਹਾਕਮ ਹੋ ਕੇ ਝੋਲੀ ਪਾਈਆ । ਭਾਂਡਾ ਭਰਮ ਭੰਨ ਦਿਓ ਸ਼ੱਕ ਦਾ, ਸ਼ਿਕਵਾ ਸ਼ਕੂਕ ਰਹੇ ਨਾ ਰਾਈਆ । ਵੇਖਿਓ ਖੇਲ ਪੁਰਖ ਸਮਰਥ ਦਾ, ਜੋ ਸਮਾਂ ਸਭ ਦਾ ਦਏ ਬਦਲਾਈਆ । ਜਿਹੜਾ ਤੂੰ ਮੇਰਾ ਮੈਂ ਤੇਰਾ ਨਾਮ ਰਟਦਾ, ਰੱਟਾ ਆਵਣ ਜਾਵਣ ਦਏ ਮੁਕਾਈਆ । ਸੋ ਲਾਹਾ ਸਾਚਾ ਖੱਟਦਾ, ਜਿਸ ਦੀ ਕ਼ੀਮਤ ਨਾ ਕੋਇ ਰਖਾਈਆ । ਦੋ ਜਹਾਨਾਂ ਮੰਜ਼ਲ ਟੱਪਦਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਸਚਖੰਡ ਦਵਾਰ ਪ੍ਰਭ ਜੋਤੀ ਵਿਚ ਵਸਦਾ, ਜੋਤੀ ਜੋਤ ਜੋਤ ਸਮਾਈਆ । ਦਸ ਚੇਤ ਕਹੇ ਜਨ ਭਗਤੋ ਮੈਂ ਵੀ ਦਰਸ਼ਨ ਕਰ ਕੇ ਰੱਜਦਾ, ਆਪਣੀ ਆਸਾ ਪੂਰ ਕਰਾਈਆ । ਜਲਵਾ ਤਕ ਨੂਰ ਅਲਾਹੀ ਰੱਬ ਦਾ, ਮੇਰੇ ਅੰਤਰ ਵੱਜੇ ਵਧਾਈਆ । ਜੋ ਮਾਲਕ ਦਿਸੇ ਸਭ ਦਾ, ਸਹੀ ਸਲਾਮਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾਵੇ ਕਲਜੁਗ ਕਲਪਨਾ ਵਾਲੀ ਹੱਦ ਦਾ, ਹਦੂਦ ਆਪਣੀ ਇਕ ਵਖਾਈਆ ।

## ✻ ੯ ਚੇਤ ਸ਼ਹਿਨਸ਼ਾਹੀ ਸੰਮਤ ੫ ਜਸਵੰਤ ਕੌਰ ਦੇ ਗ੍ਰਿਹਿ ਦੁਰਾਹਾ ਮੰਡੀ ✻

ਦਸ ਚੇਤ ਕਹੇ ਮੈਂ ਦੱਸਾਂ ਸੱਚੀ ਦਾਸਤਾਨ, ਦਾਸ ਦਾਸੀ ਹੋ ਕੇ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਗਏ ਬਿਆਨ, ਰਸਨਾ ਜਿਹਵਾ ਰਾਗ ਨਾਦ ਢੋਲੇ ਗਾਈਆ । ਜਿਸ ਵੇਲੇ ਕਲਜੁਗ ਕੂੜੀ ਕਿਰਿਆ ਵਧੀ ਜਹਾਨ, ਚਾਰ ਕੁੰਟ ਦਹਿ ਦਿਸ਼ਾ ਹੋਏ ਹਲਕਾਈਆ । ਝਗੜਾ ਪਏ ਤੱਤ ਇਨਸਾਨ, ਇਨਸਾਨੀਅਤ ਰਹਿਣ ਕੋਇ ਨਾ ਪਾਈਆ । ਸਤਿ ਧਰਮ ਨਾ ਦਿਸੇ ਨਿਸ਼ਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਕੂੜ ਕੁੜਿਆਰ ਹੋਏ ਪ੍ਰਧਾਨ, ਭੱਜੇ ਵਾਹੋ ਦਾਹੀਆ । ਸ਼ਰਅ ਦਿਸੇ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਸਾਬਤ ਰਹੇ ਨਾ ਕੋਇ ਈਮਾਨ, ਅਮਲਾਂ ਵਿਚ ਨਾ ਕੋਇ ਲੋਕਾਈਆ । ਦੀਨ ਦੁਨੀ ਹੋਏ ਬੇਈਮਾਨ, ਸਤਿ ਧਰਮ ਨਾ ਕੋਇ ਰਖਾਈਆ । ਓਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਸ ਚੇਤ ਕਹੇ ਮੈਂ ਪੜ੍ਹ ਪੜ੍ਹ ਵੇਖੇ ਜਗਤ ਕਤੇਬ, ਅੱਖਰ ਅੱਖਰ ਫੋਲ ਫੁਲਾਈਆ । ਮੇਟ ਸਕਿਆ ਨਾ ਕੋਇ ਦੁਨੀਆ ਦਾ ਫ਼ਰੇਬ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨਾ ਕੋਇ ਗਵਾਈਆ । ਕੂਕਦੇ ਵੇਖੇ ਚਾਰ ਵੇਦ, ਸਿਮਰਤ ਸ਼ਾਸਤਰ ਦੇਣ ਗਵਾਹੀਆ । ਅਗੰਮ ਅਥਾਹ ਖੋਲ੍ਹਿਆ ਕਿਸੇ ਨਾ ਭੇਦ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਸਭ ਨੇ ਆਸਾ ਰੱਖੀ ਉਮੇਦ, ਆਮਦ ਵਿਚ ਰਾਹ ਤਕਾਈਆ । ਕਿਰਪਾ ਕਰੇ ਵਡ ਦੇਵੀ ਦੇਵ, ਦੇਵ ਆਤਮਾ ਦਾ ਮਾਲਕ ਨੂਰ ਅਲਾਹੀਆ । ਜਿਸ ਦੀ ਜੁਗ ਚੌਕੜੀ ਕਰਦੇ ਰਹੇ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਸ ਚੇਤ ਕਹੇ ਮੈਂ ਦੱਸਾਂ ਸਚ ਸੰਦੇਸ਼ਾ, ਸਦੀਆਂ ਦੇ ਵਿਛੜਿਆਂ ਦਿਆਂ ਸੁਣਾਈਆ । ਅੰਤ ਪੁਰਖ ਅਕਾਲ ਦੇ ਹੱਥ ਲੇਖਾ, ਲਿਖੀ ਤਕ਼ਦੀਰ ਨਾ ਕੋਇ ਮਿਟਾਈਆ । ਪਾਰ ਕਰੇ ਨਾ ਕੋਇ ਮੁੱਲਾ ਸ਼ੇਖ਼ਾ, ਮੁਸਾਇਕ ਪੰਡਤ ਨਾ ਕੋਇ ਵਡਿਆਈਆ । ਕ਼ਬੂਲ ਹੋਵੇ ਨਾ ਕਿਸੇ ਆਦੇਸਾ, ਸਯਦਾ ਸੀਸ ਨਾ ਕੋਇ ਵਡਿਆਈਆ । ਨਜ਼ਰੀ ਆਏ ਕੋਈ ਨਾ ਨੇਤਾ, ਨਿਜ ਨੇਤਰ ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਕਰੇ ਕੋਈ ਨਾ ਹੇਤਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਫਿਰੇ ਦਰੋਹੀ ਦੇਸ ਪ੍ਰਦੇਸਾ, ਦੋ ਜਹਾਨ ਰਹੇ ਕੁਰਲਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਹੋਇਆ ਠੇਕਾ, ਠਾਕਰ ਸਵਾਮੀ ਅੰਤਰਜਾਮੀ ਮਿਲਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸਚ ਧਾਰ ਦੀ ਸਮਝੇ ਕੋਈ ਨਾ ਭੇਟਾ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਪੁਰਖ ਅਕਾਲਾ ਦੀਨ ਦਿਆਲਾ ਏਕੰਕਾਰ ਇਕ ਇਕੱਲਾ ਸਦੀ ਚੌਧਵੀਂ ਸਭ ਦਾ ਖੇਵਟ ਖੇਟਾ, ਜਗਤ ਮਲਾਹ ਬੇਪ੍ਰਵਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਦਾ ਆਪੇ ਜਾਣੇ ਲੇਖਾ, ਦੂਸਰ ਭੇਵ ਨਾ ਕਿਸੇ ਸਮਝਾਈਆ ।



੧੧੫੯ ੨੧

## ❋ ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਕੌਰ ਦੇ ਗ੍ਰਿਹਿ ਦੁਰਾਹਾ ਮੰਡੀ ❋

ਦਸ ਚੇਤ ਕਹੇ ਮੈਂ ਵੇਖਿਆ ਦਹਿ ਦਿਸ਼ਾ, ਬਿਨ ਨੇਤਰ ਨੈਣਾਂ ਅੱਖ ਖੁਲ੍ਹਾਈਆ । ਸਾਚੀ ਕਰੇ ਕੋਈ ਨਾ ਕਿਸੇ ਰੱਛਾ, ਰੱਛਕ ਨਜ਼ਰ ਕੋਇ ਨਾ ਆਈਆ । ਨਾਮ ਭੰਡਾਰਾ ਦੇਵੇ ਕੋਈ ਨਾ ਭਿੱਛਾ, ਭਿਖਕ ਖ਼ਾਲੀ ਝੋਲੀ ਨਾ ਕੋਇ ਭਰਾਈਆ । ਮੈਂ ਚਾਰ ਜੁਗ ਦਾ ਲੇਖ ਵੇਖਿਆ ਲਿਖਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਫੋਲ ਫੁਲਾਈਆ । ਮੈਨੂੰ ਨਿਰਅੱਖਰ ਧਾਰ ਇਕੋ ਦਿਸਾ, ਜਿਸ ਦੀ ਵਿਦਿਆ ਸਮਝ ਕਿਸੇ ਨਾ ਪਾਈਆ । ਸਤਿਗੁਰ ਸ਼ਬਦ ਅਗੰਮੀ ਵੰਡ ਕੇ ਹਿੱਸਾ, ਦੀਨ ਦੁਨੀ ਗਿਆ ਸਮਝਾਈਆ । ਹਰਿਜਨ ਧਰਮ ਧਾਰ ਦੇ ਬਣ ਜਾਓ ਧੁਰ ਦੇ ਸਿੱਖਾ, ਸਿਖਿਆ ਸਚ ਇਕ ਦ੍ਰਿੜਾਈਆ । ਪਾਹਨ ਪੂਜਣਾ ਨਾ ਪੱਥਰ ਇੱਟਾ, ਨਿਰਗੁਣ ਨੂਰ ਜੋਤ ਤਤ ਕਰ ਰੁਸ਼ਨਾਈਆ । ਜਿਸ ਤੇਰੀ ਜੀਵਣ ਜਗਤ ਧਾਰ ਦਾ ਸਿੱਟਾ, ਅੰਤ ਅਖ਼ੀਰ ਨਜ਼ਰੀ ਆਈਆ । ਕੂੜ ਨਿਸ਼ਾਨਾ ਜਾਏ ਮਿਟਾ, ਸਤਿ ਸਚ ਹੋਵੇ ਰੁਸ਼ਨਾਈਆ । ਅੰਮ੍ਰਿਤ ਰਸ ਬਰਖੇ ਛਿੱਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦਸ ਚੇਤ ਕਹੇ ਮੈਂ ਦੀਨ ਦੁਨੀ ਦੇ ਅੰਦਰ ਵੜਿਆ, ਲੱਖ ਚੁਰਾਸੀ ਫੋਲ ਫੁਲਾਈਆ । ਮਾਨਵ ਮਾਨਵ ਪੌੜੇ ਚੜ੍ਹਿਆ, ਕਾਇਆ ਮੰਦਰ ਅੰਦਰ ਆਪਣਾ ਪੰਧ ਮੁਕਾਈਆ । ਭੈ ਭਿਆਨਕ ਵਿਚ ਨਿਰੰਤਰ ਹੋ ਕੇ ਡਰਿਆ, ਭੌ ਇਕੋ ਨਜ਼ਰੀ ਆਈਆ । ਜਿਨ੍ਹਾਂ ਨੇ ਪਰਮ ਪੁਰਖ ਦਾ ਨਾਮ ਕਦੀ ਨਹੀਂ
੧੧੯੦ ਪੜ੍ਹਿਆ, ਪਾਰਬ੍ਰਹਮ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਅਗਨੀ ਵਿਚ ਸੜਿਆ, ਸਾਂਤਕ ਸਤਿ ਨਾ ਕੋਇ ਕਰਾਈਆ । ਮੈਂ ਓਸ ਦਵਾਰੇ ਖੜ੍ਹਿਆ, ੧੧੯੦
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਆਪਣਾ ਭੇਵ ਆਪ ਖੁਲ੍ਹਾਈਆ । ਦਸ ਚੇਤ ਕਹੇ
੨੧ ਮੈਂ ਦੀਨ ਦੁਨੀ ਅੰਦਰ ਭੱਜਾ, ਭਜਨ ਬੰਦਗੀ ਵੇਖ ਵਖਾਈਆ । ਸਚ ਸਿੰਘਾਸਣ ਮਿਲਿਆ ਕੋਈ ਨਾ ਸਜਾ, ਸਚ ਸਵਾਮੀ ਸੋਭਾ ਕੋਇ ਨਾ ਪਾਈਆ । ੨੧
ਦਰਸ਼ਨ ਕਰੇ ਨਾ ਕੋਈ ਉਪਰ ਸ਼ਾਹਰਗਾ, ਸ਼ਹਿਨਸ਼ਾਹ ਮਿਲਣ ਕੋਇ ਨਾ ਆਈਆ । ਜਿਸ ਦੀ ਸਮਝਾ ਸਕੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਪ੍ਰਭ ਦੀ ਚਲੇ ਕੋਈ ਨਾ ਰਜ਼ਾ, ਭਾਣੇ ਵਿਚ ਨਾ ਕੋਇ ਸਮਾਈਆ । ਸਾਧ ਸੰਤ ਕਰਦੇ ਦਗ਼ਾ, ਜਗਤ ਫ਼ਕੀਰ ਕੂੜ ਹਲਕਾਈਆ । ਮੰਦਰ ਹੱਕ ਕਿਸੇ ਨਾ ਲੱਭਾ, ਮਹਿਬੂਬ ਦਰਸ ਕੋਇ ਨਾ ਪਾਈਆ । ਸਾਚਾ ਨਾਦ ਨਾ ਸੁਣੇ ਨਦਾ, ਅਨਰਾਗੀ ਰਾਗ ਨਾ ਕੋਇ ਜਣਾਈਆ । ਪੰਚ ਵਿਕਾਰਾ ਜਗਤ ਬੱਧਾ, ਕਾਇਆ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਆਤਮ ਪਰਮਾਤਮ ਦੇਵੇ ਕੋਈ ਨਾ ਸੱਦਾ, ਸਚ ਸੰਦੇਸ਼ ਨਾ ਕੋਇ ਦ੍ਰਿੜਾਈਆ । ਕ਼ਬੂਲ ਹੋਏ ਕਦੇ ਨਾ ਹੱਜਾ, ਕਾਇਆ ਕਾਅਬਾ ਭੇਵ ਨਾ ਕੋਇ ਖੁਲ੍ਹਾਈਆ । ਭਗਤੀ ਧਾਰ ਵਧੇ ਕਿਸੇ ਨਾ ਅੱਗਾ, ਭਗਵਨ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦਸ ਚੇਤ ਕਹੇ ਮੈਂ ਦੀਨ ਦੁਨੀਆ ਖੋਜੀ, ਖੋਜਤ ਖੋਜਤ ਵਿਚ ਲੋਕਾਈਆ । ਮਾਇਆ ਮਮਤਾ ਕੀਤੇ ਸਾਰੇ ਰੋਗੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਆਤਮ ਪਰਮਾਤਮ ਬਣੇ ਨਾ ਕੋਇ ਸੰਜੋਗੀ, ਧੁਰ ਦਾ ਜੋੜ ਨਾ ਕੋਇ ਜੁੜਾਈਆ । ਅੰਤਰ ਵਾਸਨਾ ਕਿਸੇ ਨਾ ਸੋਧੀ, ਸੁਧ ਬੁਧ ਨਾ ਕੋਇ ਵਖਾਈਆ । ਮਨ ਮਨਸਾ ਹੋਈ ਕਮਲੀ ਕੋੜੀ, ਦੁਰਮਤ ਮੈਲ ਨਾਲ ਵਡਿਆਈਆ । ਪਾਰਬ੍ਰਹਮ ਦੀ ਦਿਤੀ ਕਿਸੇ ਨਾ ਸੋਝੀ, ਸਮਝ ਵਿਚੋਂ ਸਮਝ ਨਾ ਕੋਇ ਬਦਲਾਈਆ ।

ਸਚ ਦਵਾਰੇ ਦਾ ਦਿਸਿਆ ਕੋਇ ਨਾ ਮੌਜੀ, ਮਜਲਸ ਪ੍ਰਭ ਦੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦਸ ਚੇਤ ਕਹੇ ਮੇਰੇ ਅੰਤਰ ਆਇਆ ਦੁੱਖ, ਦੁਖੀ ਹੋ ਕੇ ਦਿਤੀ ਦੁਹਾਈਆ । ਕਿਉਂ ਭਰਮ ਭੁਲਾਏ ਮਾਣਸ ਮਨੁੱਖ, ਮਾਇਆ ਮਮਤਾ ਵਿਚ ਕੁਰਲਾਈਆ । ਆਤਮ ਮਿਲੇ ਕਿਸੇ ਨਾ ਸੁਖ, ਕੂੜ ਕਲਪਣਾ ਵਿਚ ਕੁਰਲਾਈਆ । ਉਲਟਾ ਮਾਤ ਗਰਭ ਦਾ ਰੁੱਖ, ਨੌ ਅਠਾਰਾਂ ਅਗਨ ਤਪਾਈਆ । ਸਯਦਾ ਸੀਸ ਕਰੇ ਕੋਈ ਨਾ ਝੁਕ, ਡੰਡਾਵਤ ਬੰਦਨਾ ਨਾ ਕੋਇ ਵਡਿਆਈਆ । ਸਦੀ ਚੌਧਵੀਂ ਸਾਰੇ ਗਏ ਰੁਠ, ਰੁਠਿਆਂ ਫੇਰ ਨਾ ਕੋਇ ਮਨਾਈਆ । ਖ਼ਾਲੀ ਭਾਂਡੇ ਦਿਸੇ ਠੁੱਠ, ਨਾਮ ਵਸਤ ਨਾ ਕੋਇ ਟਿਕਾਈਆ । ਸਭ ਦੀ ਮੇਂਢੀ ਖੁਲ੍ਹੀ ਗੁੱਤ, ਕੰਤ ਸੁਹਾਗ ਨਾ ਕੋਇ ਹੰਢਾਈਆ । ਮਿਲਿਆ ਮੇਲ ਨਾ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਨਾ ਕੋਇ ਜਣਾਈਆ । ਸਚ ਸਵਾਮੀ ਅੰਤਰਜਾਮੀ ਹਰ ਘਟ ਅੰਦਰ ਬੈਠਾ ਲੁਕ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਕਲਜੁਗ ਜੀਵ ਅਪਰਾਧੀ ਹੋਏ ਸੁਤ, ਸਤਿ ਸਵਾਮੀ ਸੀਸ ਨਾ ਕੋਇ ਨਿਵਾਈਆ । ਪੰਜ ਤੱਤ ਪੁਤਲੇ ਦਿਸਦੇ ਬੁਤ, ਬੁਤਖਾਨੇ ਰਹੇ ਕੁਰਲਾਈਆ । ਅੰਤਮ ਵੇਲਾ ਰਿਹਾ ਢੁਕ, ਘੜੀ ਪਲ ਦਏ ਗਵਾਹੀਆ । ਪੁਰਖ ਅਕਾਲ ਨੇ ਬਦਲਣਾ ਆਪਣਾ ਰੁਖ਼, ਰੁਖ਼ਸਤ ਗੁਰ ਅਵਤਾਰਾਂ ਦਏ ਕਰਾਈਆ । ਪੈਗ਼ੰਬਰਾਂ ਕੋਲੋਂ ਲਿਆ ਪੁਛ, ਸਭ ਦਾ ਲੇਖਾ ਦਿਤਾ ਦ੍ਰਿੜਾਈਆ । ਸਦੀ ਚੌਧਵੀਂ ਅੰਤ ਲਹਿਣਾ ਦੇਣਾ ਸਭ ਦਾ ਰਿਹਾ ਮੁਕ, ਮੁਕੰਮਲ ਦਿਤਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਲੱਖ ਚੁਰਾਸੀ ਜੀਵ ਜੰਤ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਸ ਜ਼ਾਤੀ ਪੜ੍ਹਨੀ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਢੋਲਾ ਗਾਈਆ ।


੧੧੯੧ ੨੧

❊ ੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਿਹਿ ਪਿੰਡ ਹਰਬੰਸ ਪੁਰਾ ❊

ਦਸ ਚੇਤ ਕਹੇ ਭੇਟਾ ਚੜ੍ਹ ਗਿਆ ਲਾਚੀ ਦਾਣਾ, ਪੂਰਬ ਜਨਮ ਦਾ ਲੇਖ ਮੁਕਾਈਆ । ਸਭ ਨੂੰ ਦੇਵੇ ਇਕ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਮਾਨਵ ਮਾਨਵ ਮਾਨੁਸ਼ ਸਮਝੋ ਨਾ ਕੋਇ ਬੇਗਾਨਾ, ਚਾਰੇ ਵਰਨਾਂ ਏਕਾ ਰੰਗ ਰੰਗਾਈਆ । ਸਭ ਦਾ ਮਾਲਕ ਸ੍ਰੀ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਵੇਖੋ ਮਹੱਲ ਅਟੱਲ ਉਚ ਮਕਾਨਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਮਹਾਨਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਤਖ਼ਤ ਨਿਵਾਸੀ ਬੈਠਾ ਨੌਜਵਾਨਾ, ਸੂਰਬੀਰ ਸੁਲਤਾਨ ਸੋਭਾ ਪਾਈਆ । ਆਦਿ ਜੁਗਾਦੀ ਮਰਦ ਮਰਦਾਨਾ, ਜੁਗ ਚੌਕੜੀ ਖੇਲ ਖਿਲਾਈਆ । ਸਦੀ ਚੌਧਵੀਂ ਵੇਖੇ ਦੋ ਜਹਾਨਾਂ, ਭੇਵ ਅਭੇਦਾ ਆਪ ਖੁਲ੍ਹਾਈਆ । ਸਤਿ ਸਰੂਪੀ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਆਤਮ ਪਰਮਾਤਮ ਦਾ ਬਣ ਕੇ ਧੁਰ ਦਾ ਕਾਹਨਾ, ਲੱਖ ਚੁਰਾਸੀ ਸਖ਼ੀਆਂ ਕਾਹਨ ਪਰਨਾਈਆ । ਸਤਿ ਸਤਿਵਾਦੀ ਬਣ ਕੇ ਅਗੰਮਾ ਰਾਮਾ, ਸੀਤਾ ਸੁਰਤੀ ਲਏ ਪਰਨਾਈਆ । ਮਿਹਰਵਾਨ ਮਹਿਬੂਬ ਬਣ ਅਮਾਮਾ, ਵੇਖਣਹਾਰਾ ਥਾਉਂ ਥਾਈਂਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਸਲਾਮਾ, ਡੰਡਾਵਤ ਬੰਦਨਾ ਸੱਯਦਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਲਾਚੀ ਕਹੇ ਮੇਰਾ ਵੇਖੋ ਛੋਟਾ ਰੂਪ, ਨਿੱਕੀ ਨਿੱਕੀ ਨਜ਼ਰੀ ਆਈਆ । ਮੇਰਾ ਸਾਹਿਬ ਤੱਕੋ ਭੂਪ, ਸ਼ਹਿਨਸ਼ਾਹ

ਬੇਪਰਵਾਹੀਆ । ਜੋ ਵਸੇ ਚਾਰੋ ਕੂਟ, ਦਹਿ ਦਿਸ਼ਾ ਰਿਹਾ ਸਮਾਈਆ । ਕਲਜੁਗ ਮੇਟੇ ਜੂਠ ਝੂਠ, ਕੂੜੀ ਕਿਰਿਆ ਡੇਰਾ ਢਾਹੀਆ । ਭਾਗ ਲਗਾਏ ਕਾਇਆ ਪੰਜ ਤੱਤ ਭੂਤ, ਮੰਦਰ ਮੰਦਰ ਇਕ ਸੁਹਾਈਆ । ਕੂੜੀ ਕਿਰਿਆ ਕਰਾਏ ਕੂਚ, ਮਨ ਕਲਪਣਾ ਬਾਹਰ ਕਢਾਈਆ । ਸਚ ਸੁਹੰਜਣੀ ਕਰੇ ਰੁੱਤ, ਨਾਮ ਮਹਿਕ ਇਕ ਮਹਿਕਾਈਆ । ਲੇਖਾ ਜਾਣੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਕਰਾਈਆ । ਜੋ ਜੁਗ ਚੌਕੜੀ ਰਿਹਾ ਲੁਕ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਜ਼ਰ ਕਿਸੇ ਨਾ ਆਈਆ । ਸੋ ਨਿਰਗੁਣ ਧਾਰੋਂ ਨਿਰਾਕਾਰ ਆਪੇ ਉਠ, ਨਿਰਵੈਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਲ ਚਲਾਏ ਸ਼ਬਦ ਅਗੰਮਾ ਦੁਲਾਰਾ ਸੁਤ, ਸਤਿ ਸਤਿਵਾਦੀ ਕਾਰ ਕਮਾਈਆ । ਜਿਸ ਦਾ ਲੇਖਾ ਕੋਈ ਸਕੇ ਨਾ ਪੁਛ, ਅਕਲ ਬੁੱਧੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਮਾਲਕ ਇਕ ਹੋ ਆਈਆ । ਦਸ ਚੇਤ ਕਹੇ ਲਾਚੀ ਦਾ ਵੇਖੋ ਛਿਲਕਾ, ਬਾਹਰੋਂ ਸੋਹਣਾ ਨਜ਼ਰੀ ਆਈਆ । ਭੇਵ ਪੁਛੋ ਇਸ ਦੇ ਦਿਲ ਦਾ, ਦਿਲਬਰ ਮੇਰਾ ਕਿਹੜੇ ਥਾਈਂਆ । ਪਰਦਾ ਲਾਹਵੇ ਅਗੰਮੀ ਤਿਲ ਦਾ, ਨਿਜ ਨੇਤਰ ਕਰ ਰੁਸ਼ਨਾਈਆ । ਜਿਸ ਗ੍ਰਿਹ ਸਵਾਮੀ ਮਿਲਦਾ, ਓਹ ਭੇਵ ਦਏ ਖੁਲ੍ਹਾਈਆ । ਝਗੜਾ ਰਹੇ ਨਾ ਬਜਰ ਕਪਾਟੀ ਸਿਲ ਦਾ, ਨੌਂ ਦਵਾਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਦਏ ਰੰਗਾਈਆ । ਲਾਚੀ ਕਹੇ ਮੈਂ ਚੜ੍ਹ ਗਈ ਉਸ ਦੀ ਭੇਟਾ, ਮਿਲੇ ਪਰਮ ਪੁਰਖ ਸਰਨਾਈਆ । ਆਦਿ ਜੁਗਾਦੀ ਖੇਵਟ ਖੇਟਾ, ਦੋ ਜਹਾਨਾਂ ਨਈਆ ਨੌਕਾ ਆਪਣੇ ਕੰਧ ਉਠਾਈਆ । ਜਿਸ ਦਾ ਸ਼ਬਦੀ ਧਾਰ ਅਗੰਮਾ ਬੇਟਾ, ਜਿਸ ਨੂੰ ਜਨਮੇ ਕੋਈ ਨਾ ਮਾਈਆ ।
੧੧੬੨ ਜੁਗ ਚੌਕੜੀ ਖੇਲ੍ਹੇ ਆਪਣਾ ਭੇਤਾ, ਭੇਵ ਅਭੇਦਾ ਦਏ ਖੁਲ੍ਹਾਈਆ । ਜਿਸ ਦਾ ਸ਼ਾਸਤਰ ਸਿਮਰਤ ਵੇਦ ਪੁਰਨ ਅੰਜੀਲ ਕੁਰਾਨ ਸਮਝ ਸਕੇ ਕੋਈ ੧੧੬੨
੨੧ ਨਾ ਲੇਖਾ, ਖਾਣੀ ਬਾਣੀ ਕਹਿਣ ਕਿਛ ਨਾ ਪਾਈਆ । ਓਹ ਵਸਣਹਾਰਾ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਸਦੀ ਚੌਧਵੀਂ ੨੧
ਕਲਜੁਗ ਅੰਤ ਅਖ਼ੀਰ ਬੇਨਜ਼ੀਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਠੇਕਾ, ਪਟੇਦਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਲਾਚੀ ਕਹੇ ਮੈਂ ਆ ਗਈ ਵਿਚ ਕਾਗ਼ਜ਼, ਨਿਉਂ ਕੇ ਸੀਸ ਝੁਕਾਈਆ । ਜਨ ਭਗਤੋ ਬਣੋ ਇਕ ਪ੍ਰਭੂ ਦੇ ਆਜਜ਼, ਜੋ ਆਦਿ ਜੁਗਾਦਿ ਸੋਭਾ ਪਾਈਆ । ਮਨ ਕਲਪਣਾ ਕਰਿਓ ਕੋਈ ਨਾ ਸਾਜ਼ਸ਼, ਕੂੜੀ ਕਿਰਿਆ ਨਾ ਕੋਇ ਚਤੁਰਾਈਆ । ਕਲਜੁਗ ਵਿਚੋਂ ਬਦਲ ਲਵੋ ਆਪਣੀ ਆਦਤ, ਮਾਇਆ ਮਮਤਾ ਮੋਹ ਮਿਟਾਈਆ । ਪੁਰਖ ਅਕਾਲ ਦੀ ਕਰੋ ਇਬਾਦਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਸਦਾ ਰੱਖੇ ਸਹੀ ਸਲਾਮਤ, ਜਨਮ ਮਰਨ ਦਾ ਪੰਧ ਮੁਕਾਈਆ । ਚੁਰਾਸੀ ਵਾਲੀ ਨਾ ਰਹੇ ਅਲਾਮਤ, ਰਾਏ ਧਰਮ ਨਾ ਦਏ ਸਜ਼ਾਈਆ । ਨਾਮ ਨਿਧਾਨਾ ਦਏ ਨਿਆਮਤ, ਵਸਤ ਅਮੋਲਕ ਆਪ ਵਰਤਾਈਆ । ਲੇਖਾ ਜਾਣੇ ਸਰਬ ਅਣਜਾਣਤ, ਗ੍ਰਿਹ ਮੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਲਾਚੀ ਕਹੇ ਮੈਨੂੰ ਬੱਧਾ ਵਿਚ ਪੁੜੀ, ਸੋਹਣਾ ਲਪੇਟ ਲਗਾਈਆ । ਮੈਂ ਰੋ ਪਈ ਕਿਤੇ ਬਣ ਨਾ ਜਾਵਾਂ ਨਿਗੁਰੀ, ਪਰਦੇ ਵਿਚ ਦਰਸ ਕੋਇ ਨਾ ਪਾਈਆ । ਜਾਂ ਮੈਂ ਨੇਤਰ ਖੋਲ੍ਹ ਕੇ ਤੱਕਿਆ ਭਗਤਾਂ ਦੀ ਪ੍ਰੀਤੀ ਜੁੜੀ, ਗੁਰਮੁਖ ਧਿਆਨ ਲਗਾਈਆ । ਮੈਂ ਛਡ ਦਿਤੀ ਸੁਖਾਂ ਵਾਲੀ ਪੁਰੀ, ਪੂਰਨ ਬ੍ਰਹਮ ਵਿਚ ਸਮਾਈਆ । ਸਹਿਜੇ ਸਹਿਜੇ

ਬਿਨ ਕ਼ਦਮਾ ਤੋਂ ਤੁਰੀ, ਤੁਰੀਆ ਤੋਂ ਅੱਗੇ ਵੇਖ ਵਖਾਈਆ । ਜਿਥੇ ਦੀਨ ਮਜ਼੍ਹਬ ਦੀ ਨਹੀਂ ਕੋਈ ਛੁਰੀ, ਸ਼ਰੀਅਤ ਕਰੇ ਨਾ ਕੋਇ ਲੜਾਈਆ । ਮੈਂ ਸ਼ੌਹ ਦਰਿਆ ਜਗਤ ਨਾ ਰੁੜ੍ਹੀ, ਵਹਿਣਾਂ ਵਿਚ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਲਾਚੀ ਕਹੇ ਮੇਰੀ ਨਮੋਂ ਨਮੋਂ ਨਿਮਸਕਾਰ, ਨਮਸਤੇ ਸੀਸ ਨਿਵਾਈਆ । ਮੈਨੂੰ ਯਾਦ ਆ ਗਿਆ ਵਸ਼ਿਸ਼ਟ ਰਾਮ ਦਾ ਆਧਾਰ, ਤਰੇਤਾ ਦਏ ਗਵਾਹੀਆ । ਮੈਨੂੰ ਵਿਚਾਰ ਆ ਗਿਆ ਅਰਜਨ ਕ੍ਰਿਸ਼ਨ ਦਾ ਉੱਧਾਰ, ਸਨਮੁਖ ਰੱਖ ਕੇ ਖ਼ੁਸ਼ੀ ਮਨਾਈਆ । ਮੈਨੂੰ ਖ਼ਿਆਲ ਆ ਗਿਆ ਲਾਚੀ ਕਹੇ ਨਾਨਕ ਨੇ ਲਹਿਣੇ ਨੂੰ ਦਿਤੀ ਖਵਾਲ, ਆਪਣਾ ਹੱਥ ਵਧਾਈਆ । ਮੈਨੂੰ ਧਿਆਨ ਆ ਗਿਆ ਗੁਰ ਅਰਜਨ ਨੇ ਫਲ ਲਗਾਇਆ ਧਰਮ ਦੇ ਡਾਲ, ਪੱਤ ਟਹਿਣੀ ਮਾਤ ਲਹਿਰਾਈਆ । ਮੈਨੂੰ ਗਿਆਨ ਗੋਬਿੰਦ ਨੇ ਦਿਤਾ ਦਾਨ, ਪੰਜਾਂ ਪਿਆਰਿਆਂ ਹੱਥ ਫੜਾਈਆ । ਲਾਚੀ ਕਹੇ ਮੈਂ ਆਦਿ ਤੋਂ ਦਰ ਤੇ ਹੁੰਦੀ ਆਈ ਪ੍ਰਵਾਨ, ਪ੍ਰਵਾਨਾ ਪ੍ਰਭ ਦਾ ਨਾਲ ਸਮਝਾਈਆ । ਮੈਂ ਨੱਢੀ ਬਾਲ ਅੰਜਾਣ, ਬੁੱਧੀ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਲਾਚੀ ਕਹੇ ਮੇਰੇ ਹੋ ਗਏ ਵੱਡੇ ਕਰਮ, ਨਿਹਕਰਮੀ ਦਏ ਵਡਿਆਈਆ । ਜਨ ਭਗਤੋ ਤੁਸੀਂ ਸਾਰੇ ਕੱਢ ਦਿਓ ਆਪਣਾ ਭਰਮ, ਭਾਂਡਾ ਭੈ ਭੌ ਭੰਨਾਈਆ । ਮੇਰਾ ਤੁਹਾਡੇ ਨਾਲ ਸਤਿਗੁਰ ਦੇ ਘਰ ਹੋਇਆ ਜਰਮ, ਜਨਮ ਪਿਛਲਾ ਦਿਤਾ ਤਜਾਈਆ । ਮੈਨੂੰ ਕ਼ਬੂਲ ਹੋਇਆ ਮਰਨ, ਮਰ ਜੀਵਤ ਰੂਪ ਵਟਾਈਆ । ਮੈਂ ਪਹੁੰਚੀ ਓਸ ਦੀ ਸਰਨ, ਜੋ ਸਰਨਾਗਤ ਇਕ ਜਣਾਈਆ । ਜਿਸ ਦੇ ਧਰਨੀ ਚੁੰਮੇ ਚਰਨ, ਚਰਨੋਦਕ ਲੈ ਕੇ ਖ਼ੁਸ਼ੀ ਬਣਾਈਆ । ਜਿਸ ਨੇ ਖੋਲ੍ਹਿਆ ਮੇਰਾ ਹਰਨ ਫਰਨ, ਨਿਜ ਨੈਣ ਦਿਤਾ ਦ੍ਰਿੜਾਈਆ । ਮੈਂ ਮੰਜ਼ਲ ਲੱਗੀ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੱਗੀ ਪੜ੍ਹਨ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਰਖਾਈਆ । ਲਾਚੀ ਕਹੇ ਮੇਰੀ ਜਨਮ ਜਨਮ ਦੀ ਭਗਤੀ ਹੋਈ ਕ਼ਬੂਲ, ਮਿਹਰਵਾਨ ਦਿਤੀ ਵਡਿਆਈਆ । ਜਨ ਭਗਤੋ ਮੈਂ ਸਮਝਿਆ ਇਕ ਅਸੂਲ, ਅਸਲੀਅਤ ਮੇਰੇ ਅੱਗੇ ਆਈਆ । ਪੁਰਖ ਅਕਾਲਾ ਦੀਨ ਦਿਆਲਾ ਜੁਗ ਜਨਮ ਦੇ ਵਿਛੜਿਆਂ ਕਦੇ ਨਾ ਜਾਵੇ ਭੂਲ, ਅਨਭੁਲ ਦਇਆ ਕਮਾਈਆ । ਜਿਸ ਦਾ ਹੁਕਮ ਸਦਾ ਮਾਕ਼ੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਰੇ ਲਹਿਣਾ ਦੇਣਾ ਆਪਣਾ ਕਰਿਓ ਵਸੂਲ, ਬਾਕੀ ਰਹਿਣ ਕੋਇ ਨਾ ਪਾਈਆ । ਚਰਨ ਚਰਨੋਦਕ ਧਰਮ ਦੀ ਧਾਰ ਲਾਇਓ ਧੂਲ, ਧੂੜ ਦੀ ਲੋੜ ਰਹੇ ਨਾ ਰਾਈਆ । ਤੁਸੀਂ ਆਦਿ ਦੀ ਆਤਮਾ ਆਦਿ ਦਾ ਮੂਲ, ਦੂਜਾ ਅਵਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਸੁਹਾਈਆ । ਲਾਚੀ ਕਹੇ ਮੇਰੇ ਅੰਤਰ ਆਈ ਖ਼ੁਸ਼ੀ, ਖ਼ੁਸ਼ਹਾਲੀ ਵਿਚ ਜਣਾਈਆ । ਮੇਰੀ ਪ੍ਰੇਮ ਵਿਚ ਲੱਗੀ ਰੁਚੀ, ਰਚਨਾ ਤੱਕੀ ਬੇਪਰਵਾਹੀਆ । ਮੈਂ ਮੰਜ਼ਲ ਚੜ੍ਹ ਗਈ ਉਚੀ, ਬਿਨ ਕ਼ਦਮਾਂ ਪੰਧ ਮੁਕਾਈਆ । ਸਚ ਦਵਾਰੇ ਹੋ ਗਈ ਸੁੱਚੀ, ਦੁਰਮਤ ਮੈਲ ਧਵਾਈਆ । ਜਗਤ ਵਿਕਾਰ ਨਾ ਗਈ ਲੁੱਟੀ, ਹਉਮੇ ਗੜ੍ਹ ਨਾ ਕੋਇ ਬਣਾਈਆ । ਸਵਾਧਾਨ ਹੋ ਕੇ ਉਠੀ, ਸਤਿਗੁਰ ਸ਼ਬਦ ਦਿਤੀ ਅੰਗੜਾਈਆ । ਜਨ ਭਗਤੋ ਤੁਹਾਡੀ ਸੁਹੰਜਣੀ ਵੇਖ ਕੇ ਰੁੱਤੀ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਇਹ ਰਮਜ਼ ਨਹੀਂ ਰਹਿਣੀ ਗੁੱਝੀ, ਸਭ ਨੂੰ ਦਿਆਂ ਸਮਝਾਈਆ । ਵੇਖਿਓ ਧਾਰ ਰੱਖਿਓ ਕੋਈ

ਨਾ ਦੂਜੀ, ਦੁਤੀਆ ਭਾਓ ਨਾ ਕੋਇ ਬਣਾਈਆ । ਤੁਹਾਡੀ ਆਤਮਾ ਪਰਮਾਤਮਾ ਪਿਆਰ ਵਿਚ ਰਹੇ ਰੁਝੀ, ਦਿਵਸ ਰੈਣ ਏਕਾ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨੂਰ ਖ਼ੁਦਾਈਆ । ਲਾਚੀ ਕਹੇ ਮੈਂ ਵੇਖਿਆ ਖ਼ਾਲਕ ਖ਼ਲਕ, ਮਖ਼ਲੂਕ ਦਾ ਮਾਲਕ ਨਜ਼ਰੀ ਆਈਆ । ਮੈਂ ਤੱਕਿਆ ਬਿਨਾ ਪਲਕ, ਨੇਤਰ ਨੈਣ ਇਸ਼ਾਰਾ ਨਾ ਕੋਇ ਦ੍ਰਿੜਾਈਆ । ਨੂਰ ਹੋਇਆ ਪ੍ਰਕਾਸ਼ ਵਾਲਾ ਉਤੇ ਫ਼ਲਕ, ਜ਼ਹੂਰ ਦਿਤਾ ਦ੍ਰਿੜਾਈਆ । ਮੈਂ ਨਿਗਾਹ ਮਾਰੀ ਉਤੇ ਧਰਤ, ਧਰਨੀ ਧਵਲ ਧੌਲ ਖੋਜ ਖੁਜਾਈਆ । ਪੁਰਖ ਅਕਾਲਾ ਦੀਨ ਦਿਆਲਾ ਗੁਰ ਅਵਤਾਰ ਪੈਗ਼ੰਬਰਾਂ ਦੀ ਪੂਰੀ ਕਰ ਰਿਹਾ ਸ਼ਰਤ, ਕੌਲ ਇਕਰਾਰ ਪਿਛਲੇ ਵੇਖ ਵਖਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਨਿਰੰਕਾਰ ਆਇਆ ਪਰਤ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਭਾਗ ਲਗਾ ਕੇ ਮਾਟੀ ਖ਼ਾਕ ਉਤੇ ਫ਼ਰਸ਼, ਅਰਸ਼ ਦਾ ਲੇਖਾ ਰਿਹਾ ਜਣਾਈਆ । ਲਾਚੀ ਕਹੇ ਮੈਂ ਬਿਨ ਅੱਖਾਂ ਤੋਂ ਕੀਤਾ ਦਰਸ, ਬਿਨ ਨੈਣ ਜੋਤ ਰੁਸ਼ਨਾਈਆ । ਮੇਰੀ ਜਨਮ ਜਨਮ ਦੀ ਮਿਟ ਗਈ ਹਰਸ, ਅੱਗੇ ਹਵਸ ਰਹੀ ਨਾ ਰਾਈਆ । ਅੰਮ੍ਰਿਤ ਮੇਘ ਅਗੰਮਾ ਦਿਤਾ ਬਰਸ, ਮੇਰੀ ਤ੍ਰਿਸ਼ਨਾ ਰਿਹਾ ਬੁਝਾਈਆ । ਮਨਜ਼ੂਰ ਕੀਤੀ ਅਰਜ਼, ਬੇਨੰਤੀ ਜੁਗ ਜੁਗ ਲੇਖੇ ਲਾਈਆ । ਧੁਰ ਦਾ ਨਾਮ ਜਣਾਇਆ ਬਿਨਾ ਸੰਸਾਰੀ ਤਰਜ਼, ਅਨਰਾਗੀ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰਗਾਹ ਸਾਚੀ ਦਏ ਵਡਿਆਈਆ । ਲਾਚੀ ਕਹੇ ਮੇਰਾ ਅੰਤ ਅਖ਼ੀਰੀ ਸਜਦਾ, ਸਾਹਿਬ ਤੇਰੀ ਸਰਨਾਈਆ । ਜਨ ਭਗਤ ਸੁਹੇਲਾ ਤੇਰਾ ਬਰਦਾ, ਬੰਦੀਖ਼ਾਨਾ ਦੇਣਾ ਤੁੜਾਈਆ । ਕਲਜੁਗ ਕੂੜ ਅੰਧੇਰਾ ਬਣਿਆ ਗਰਦਾ, ਸਾਚਾ ਨੂਰ ਕਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਵੰਡਣੀਆਂ ਦਰਦਾਂ, ਦੁਖੀਆਂ ਹੋਣਾ ਸਹਾਈਆ । ਗੁਰ ਅਵਤਾਰ ਪੈਗ਼ੰਬਰਾਂ ਸੁਣ ਕੇ ਅਰਜ਼ਾਂ, ਆਰਜ਼ੂ ਸਭ ਦੀ ਲੇਖੇ ਲਾਈਆ । ਭੇਵ ਖੁਲ੍ਹਾਉਣਾ ਜੋਧੇ ਸੂਰਬੀਰ ਮਰਦਾਨੇ ਮਰਦਾ, ਪਰਦਾ ਅੰਦਰੋਂ ਦੇਣਾ ਉਠਾਈਆ । ਜਗਤ ਸ਼ਰਅ ਕਸਾਈ ਚੁੱਕੀ ਫਿਰਦੀ ਕਰਦਾਂ, ਕ਼ਤਲਗਾਹ ਦੀਨ ਦੁਨੀ ਦਰਸਾਈਆ । ਸਭ ਦੀਆਂ ਫੋਲ ਪਿਛਲੀਆਂ ਕੱਢ ਕੇ ਫ਼ਰਦਾਂ, ਸਤਿਜੁਗ ਤ੍ਰੇਤਾ ਦਵਾਪਰ ਬਚਿਆ ਰਹਿਣ ਕੋਇ ਨਾ ਪਾਈਆ । ਇਹ ਖੇਲ ਅਗੰਮਾ ਬਿਨ ਮਾਟੀ ਚੰਮਾ ਬਿਨ ਪਵਣ ਸਵਾਸ ਦਮਾਂ ਤੇਰੇ ਘਰ ਦਾ, ਗ੍ਰਿਹਿ ਮੰਦਰ ਗ੍ਰਿਹਿ ਗ੍ਰਿਹਿ ਖੋਜ ਖੁਜਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਨਰਾਇਣ ਨਰ ਦਾ, ਨਰ ਹਰਿ ਤੇਰੀ ਵਡ ਵਡਿਆਈਆ । ਝਗੜਾ ਮੇਟ ਕੂੜ ਕੁੜਿਆਰ ਕਲਜੁਗ ਕਲ ਦਾ, ਕਲਕਾਤੀ ਰਹਿਣ ਕੋਇ ਨਾ ਪਾਈਆ । ਪ੍ਰਕਾਸ਼ ਹੋਵੇ ਤੇਰੇ ਅਗੰਮੀ ਬਲ ਦਾ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਦਇਆ ਕਮਾਈਆ । ਲਾਚੀ ਕਹੇ ਮੈਂ ਤੱਕਿਆ ਧੁਰ ਦਾ ਮੀਤਾ, ਮਿੱਤਰ ਪਿਆਰਾ ਨਜ਼ਰੀ ਆਈਆ । ਜਿਸ ਦੀ ਆਦਿ ਜੁਗਾਦਿ ਇਕੋ ਰੀਤਾ, ਜਨ ਭਗਤਾਂ ਹੋਏ ਸਹਾਈਆ । ਵਖਾਏ ਘਰ ਸਦਾ ਅਨਡੀਠਾ, ਅਨਡਿੱਠੜੀ ਕਾਰ ਕਮਾਈਆ । ਅੰਮ੍ਰਿਤ ਰਸ ਦੇਵੇ ਠਾਂਡਾ ਸੀਤਾ, ਤਤਵ ਤਤ ਨਾ ਕੋਇ ਜਲਾਈਆ । ਜਨ ਭਗਤਾਂ ਵਸੇ ਚੀਤਾ, ਮਨ ਚਿਤ ਠਗੋਰੀ ਰਹੇ ਨਾ ਰਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤਾ, ਘਟ ਘਟ ਵੇਖੇ ਥਾਉਂ ਥਾਈਂਆ । ਜੋ ਸਾਚੀ ਦੱਸੇ ਹਦੀਸਾ, ਹਜ਼ਰਤਾਂ ਕਰੇ ਪੜ੍ਹਾਈਆ । ਲਹਿਣਾ ਦੇਣਾ ਪੂਰਾ ਕਰ ਕੇ ਬੀਸ ਇਕੀਸਾ, ਲੇਖੇ ਸਭ ਦੇ ਰਿਹਾ ਚੁਕਾਈਆ । ਏਕਾ ਛਤਰ ਝੁਲਾਏ ਧੁਰਦਰਗਾਹੀ ਸੀਸਾ, ਰਾਜ ਰਾਜਾਨਾਂ ਸ਼ਾਹ

ਸੁਲਤਾਨਾਂ ਖ਼ਾਕ ਰੁਲਾਈਆ । ਲਾਚੀ ਕਹੇ ਪ੍ਰਭੂ ਦਾ ਭਾਣਾ ਸਦਾ ਸਦ ਮੀਠਾ, ਜਨ ਭਗਤੋ ਮੰਨਣਾ ਚਾਈਂ ਚਾਈਆ । ਜਿਸ ਨੇ ਗੋਬਿੰਦ ਦਾ ਫੋਲਣ ਨਹੀਂ ਦਿਤਾ ਅੰਗੀਠਾ, ਲਾਚੀ ਰੱਖਕੇ ਚੰਦਨ ਵਿਚ ਸਮਾਈਆ । ਜਿਸ ਦੀ ਸ਼ਬਦ ਧਾਰ ਦਾ ਕੋਈ ਕਰ ਨਾ ਸਕਿਆ ਟੀਕਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਲਾਚੀ ਕਹੇ ਮੈਂ ਸਦਕੇ ਵਾਰੀ ਘੋਲੀ, ਘੋਲੀ ਘੋਲ ਘੁਮਾਈਆ । ਮੈਂ ਟਕਿਆਂ ਨਾਲ ਜਗਤ ਵਿਚ ਤੋਲੀ, ਕ਼ੀਮਤ ਹੱਟਾਂ ਵਿਚ ਪਵਾਈਆ । ਜਿਸ ਵੇਲੇ ਜਨ ਭਗਤੋ ਮੈਂ ਤੁਹਾਡੀ ਸੁਣੀ ਬੋਲੀ, ਅਗੰਮੀ ਰਾਗ ਅਲਾਈਆ । ਮੇਰੇ ਅੰਤਰ ਅੰਤਰ ਮੌਲੀ, ਮੌਲਾ ਦਿਤੀ ਵਡਿਆਈਆ । ਮੈਨੂੰ ਮਾਣ ਹੋਇਆ ਉਤੇ ਧੌਲੀ, ਧਰਮ ਦੀ ਧਾਰ ਜਣਾਈਆ । ਮੇਰਾ ਲਹਿਣਾ ਚੁਕਣਾ ਹੌਲੀ ਹੌਲੀ, ਲੇਖਾ ਅਵਰ ਰਿਹਾ ਨਾ ਰਾਈਆ । ਮੈਂ ਕਾਹਲੀ ਨਹੀਂ ਪਈ ਤੋਲੀ, ਸਹਿਜ ਸਹਿਜ ਆਪਣਾ ਝਟ ਲੰਘਾਈਆ । ਜਨ ਭਗਤੋ ਇਹ ਸ੍ਰਿਸ਼ਟੀ ਜਗਤ ਜਹਾਨ ਦੀ ਚਾਰ ਦਿਨ ਪਰਾਹੁਣੀ, ਦ੍ਰਿਸ਼ਟੀ ਰਹਿਣ ਕੋਇ ਨਾ ਪਾਈਆ । ਬੜੀ ਮੁਸ਼ਕਲ ਹੋਣੀ ਜਗਤ ਦੀ ਹਾੜੀ ਤੇ ਸੌਣੀ, ਹਾੜਾ ਕੱਢਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਅਗੰਮੀ ਖੇਲ ਰਚੌਣੀ, ਖ਼ਲਕ ਦੇ ਖ਼ਾਲਕ ਹੋ ਕੇ ਆਪਣੀ ਕਲ ਵਰਤਾਈਆ ।


੧੧੯੫

## * ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਦੇ ਗ੍ਰਿਹਿ ਪਿੰਡ ਹਰਬੰਸ ਪੁਰਾ *


੨੧

ਲਾਚੀ ਕਹੇ ਮੈਨੂੰ ਸਭ ਤੋਂ ਪਹਿਲੋਂ ਭੋਗ ਲਗਾਇਆ ਬਾਵਨ, ਬਲ ਦਵਾਰੇ ਮਿਲੀ ਵਡਿਆਈਆ । ਮੇਰੀ ਰੁਤੜੀ ਸੁਹਾਈ ਮਹੀਨਾ ਸਾਵਣ, ਸੋਹਣਾ ਰੰਗ ਰੰਗਾਈਆ । ਪਕੜ ਕੇ ਮੇਰਾ ਦਾਮਨ, ਪੱਲੂ ਲਿਆ ਬੰਧਾਈਆ । ਮੈਂ ਹੱਸ ਕੇ ਕਿਹਾ ਸਦਾ ਰਹੀਂ ਮੇਰਾ ਜ਼ਾਮਨ, ਜੁਮੇਂਵਾਰ ਬਣਾਈਆ । ਉਸ ਨੇ ਕਿਹਾ ਤੇਰਾ ਲੇਖਾ ਬਹੁਤਾ ਦਿਸੇ ਨਾਲ ਰਾਵਣ, ਲੰਕਾ ਗੜ੍ਹ ਜਣਾਈਆ । ਫੇਰ ਝਗੜਾ ਵੇਖਣਾ ਛੱਤ੍ਰੀ ਬ੍ਰਾਹਮਣ, ਪਰਸਰਾਮ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਆਪਣਾ ਹੱਥ ਰਖਾਈਆ । ਲਾਚੀ ਕਹੇ ਮੈਨੂੰ ਲੱਗਣ ਲੱਗਾ ਭੋਗ, ਬਲ ਦਵਾਰੇ ਹੱਥ ਉਠਾਈਆ । ਮੈਂ ਹੱਸ ਕੇ ਕਿਹਾ ਪਹਿਲੋਂ ਆਪਣੇ ਨਾਲ ਕਰ ਸੰਜੋਗ, ਮੇਲਾ ਲੈ ਮਿਲਾਈਆ । ਪ੍ਰੇਮ ਦੀ ਬਣਾ ਚੋਗ, ਦੇ ਮਾਣ ਵਡਿਆਈਆ । ਮੇਰੇ ਅੰਤਰ ਰਹੇ ਨਾ ਰੋਗ, ਹੰਗਤਾ ਦੇਣੀ ਮਿਟਾਈਆ । ਮੇਰਾ ਮਾਣ ਹੋਵੇ ਵਿਚ ਲੋਕ, ਮਾਤ ਸੋਭਾ ਪਾਈਆ । ਬਾਵਨ ਕਿਹਾ ਇਹ ਮੂਲ ਨਾ ਸੋਚ, ਸਮਝ ਨਾ ਕੋਇ ਵਡਿਆਈਆ । ਤੇਰੀ ਮਨਸਾ ਪੂਰੀ ਹੋਵੇ ਲੋਚ, ਲੋਚਣ ਲੈ ਖੁਲ੍ਹਾਈਆ । ਜਿਸ ਵੇਲੇ ਕਲ ਪ੍ਰਗਟ ਹੋਵੇ ਅਗੰਮੀ ਜੋਤ, ਜੋਤੀ ਜਾਤਾ ਦਇਆ ਕਮਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਬਹੁਤ, ਬਹੁ ਵੇਸੀ ਆਪਣੀ ਕਾਰ ਕਮਾਈਆ । ਤੇਰੀ ਕਦੀ ਨਾ ਹੋਵੇ ਮੌਤ, ਮਲਕੁਲਮੌਤ ਤੋਂ ਲਏ ਬਚਾਈਆ । ਤੂੰ ਕਦੀ ਨਹੀਂ ਹੋਣਾ ਫ਼ੌਤ, ਜੁਗ ਜੁਗ ਮਿਲੇ ਵਡਿਆਈਆ । ਜ਼ਰਾ ਆਪਣੀ ਕਰ ਲੈਣੀ ਹੋਸ਼, ਹੁਸ਼ਿਆਰੀ ਨਾਲ ਦ੍ਰਿੜਾਈਆ । ਤੂੰ ਰਹੀ ਨਾ ਆਪ ਖ਼ਾਮੋਸ਼, ਬੇਨੰਤੀ ਦੇਣੀ ਸੁਣਾਈਆ । ਤੇਰੀ ਭਗਤਾਂ ਨਾਲ ਬਣਾਵੇ ਗੋਤ, ਗੋਤਮ

ਦਾ ਲੇਖਾ ਯਾਦ ਕਰਾਈਆ । ਬੁੱਧੀ ਦਾ ਦੇ ਕੇ ਬੋਧ, ਗਿਆਨ ਵਿਚ ਦ੍ਰਿੜਾਈਆ । ਤੇਰਾ ਅੰਤਰ ਬਾਹਰ ਸੋਧ, ਸ਼ੁਧ ਪਵਿੱਤਰ ਆਪ ਕਰਾਈਆ । ਸਚ ਦਵਾਰੇ ਦੇਵੇ ਮੌਜ, ਗੁਰਮੁਖਾਂ ਨਾਲ ਰਲਾਈਆ । ਤੇਰਾ ਪੂਰਾ ਹੋਵੇ ਜੋਗ, ਜੁਗੀਸ਼ਰਾਂ ਨਾਲ ਦਏ ਵਡਿਆਈਆ । ਤੇਰੇ ਆਤਮ ਦਾ ਰਸ ਗੁਰਮੁਖਾਂ ਦੇਵੇ ਭੋਗ, ਭਗਤੀ ਜੁਗਤੀ ਆਪਣੀ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਲਾਚੀ ਕਹੇ ਮੈਨੂੰ ਬਲ ਨੇ ਲਾਇਆ ਨਾਲ ਦੰਦ, ਬਾਵਨ ਦਿਤਾ ਫੜਾਈਆ । ਮੈਂ ਪ੍ਰਕਾਸ਼ ਵੇਖਿਆ ਨੂਰੀ ਚੰਦ, ਅਗੰਮ ਹੋਈ ਰੁਸ਼ਨਾਈਆ । ਖ਼ੁਸ਼ੀ ਆਈ ਬੰਦ ਬੰਦ, ਬੰਦਨਾ ਕਰ ਕੇ ਸੀਸ ਨਿਵਾਈਆ । ਸਾਹਿਬ ਮੇਰੇ ਬਖ਼ਸ਼ੰਦ, ਤੇਰੀ ਬੇਪ੍ਰਵਾਹੀਆ । ਸਚ ਚਾੜ੍ਹ ਦੇ ਰੰਗ, ਰੰਗਤ ਇਕ ਬਣਾਈਆ । ਹੱਸ ਕੇ ਕਿਹਾ ਸੂਰੇ ਸਰਬੰਗ, ਸਹਿਜ ਦਿਤਾ ਸਮਝਾਈਆ । ਸਤਿਜੁਗ ਤ੍ਰੇਤਾ ਦਵਾਪਰ ਜਾਣ ਦੇ ਲੰਘ, ਅੰਤਮ ਵੇਖਾਂ ਚਾਈਂ ਚਾਈਆ । ਸਚ ਸਿੰਘਾਸਣ ਬੈਠ ਪਲੰਘ, ਸੋਭਾਵੰਤ ਥਾਨ ਇਕੋ ਇਕ ਸੁਹਾਈਆ । ਤੇਰੀ ਆਸਾ ਮਨਸਾ ਪੂਰੀ ਕਰ ਕੇ ਮੰਗ, ਮਾਂਗਤ ਖ਼ਾਲੀ ਰਹਿਣ ਕੋਇ ਨਾ ਪਾਈਆ । ਲਹਿਣਾ ਮੁਕਾ ਕੇ ਗੰਗਾ ਗੁਦਾਵਰੀ ਜਮਨਾ ਸੁਰਸਤੀ ਗੰਗ, ਅੰਮ੍ਰਿਤ ਰਸ ਪੂਰ ਕਰਾਈਆ । ਫਿਰ ਤੇਰਾ ਬਖ਼ਸ਼ੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਭਗਤਾਂ ਨਾਲ ਬਣਾ ਕੇ ਸੰਗ, ਸੋਹਣਾ ਸਾਥ ਵਖਾਈਆ । ਤੂੰ ਸੁਣਨਾ ਸੋਹੰ ਛੰਦ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਜਨ ਭਗਤਾਂ ਤੋਂ ਤਰੀਕਾ ਸਿਖਣਾ ਢੰਗ, ਕਿਸ ਬਿਧ ਮਿਲੇ ਸ਼ਹਿਨਸ਼ਾਹੀਆ । ਝਗੜਾ ਕਰਨਾ ਪਏ ਕੋਈ ਨਾ ਜੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰੇ ਦਏ ਦ੍ਰਿੜਾਈਆ । ਲਾਚੀ ਕਹੇ ਬਲ ਨੇ ਦੰਦਾਂ ਨਾਲ ਪੀਸਾ, ਦਾੜ੍ਹਾਂ ਹੇਠ ਦਬਾਈਆ । ਮੈਨੂੰ ਯਾਦ ਆਇਆ ਜਗਦੀਸ਼ਾ, ਕੀ ਤੇਰੀ ਬੇਪਰਵਾਹੀਆ । ਉਸ ਨੇ ਨੂਰ ਚਮਕਾਇਆ ਸੀਸਾ, ਜੋਤ ਕੀਤੀ ਰੁਸ਼ਨਾਈਆ । ਓਹ ਵੇਖ ਬੀਸ ਬੀਸਾ, ਕਲਜੁਗ ਅੰਤ ਪਰਦਾ ਰਿਹਾ ਉਠਾਈਆ । ਕਰੇ ਖੇਲ ਸਾਹਿਬ ਜਗਜੀਤਾ, ਜਗਜੀਵਣ ਦਾਤਾ ਵੇਸ ਵਟਾਈਆ । ਜਿਸ ਨੇ ਕਲਜੁਗ ਬਦਲ ਦੇਣੀ ਰੀਤਾ, ਸਤਿਜੁਗ ਆਪਣਾ ਰਾਹ ਪ੍ਰਗਟਾਈਆ । ਜਨ ਭਗਤਾਂ ਬਣ ਕੇ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਸਾਚਾ ਨਾਮ ਦਏ ਹਦੀਸਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਤੇਰਾ ਵੇਖ ਕੇ ਜੀਵਣ ਨੀਕਣ ਨੀਕਾ, ਨਿਕਿਉਂ ਵੱਡਾ ਦਏ ਬਣਾਈਆ । ਅਜੇ ਤੇਰਾ ਸਗਣ ਹੋਣਾ, ਬਾਵਨ ਕਿਹਾ ਨਾਲ ਰਾਮ ਸੀਤਾ, ਧਨੁਸ਼ ਦੀ ਧਾਰ ਤੇਰੇ ਪਿਆਰ ਵਿਚੋਂ ਨਜ਼ਰੀ ਆਈਆ । ਅਜੇ ਤੇਰਾ ਲੇਖ ਹੋਣਾ ਜਿਸ ਵੇਲੇ ਕ੍ਰਿਸ਼ਨ ਅਰਜਨ ਸੁਣੌਣੀ ਗੀਤਾ, ਬੋਧ ਅਗਾਧ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਵੇਖ ਵਖਾਈਆ । ਲਾਚੀ ਕਹੇ ਜਿਸ ਵੇਲੇ ਬਲ ਨੇ ਲਿਆ ਰਸ, ਮੈਨੂੰ ਰਸਤਾ ਅੰਦਰੋਂ ਨਜ਼ਰੀ ਆਈਆ । ਮੈਂ ਖ਼ੁਸ਼ੀਆਂ ਨਾਲ ਪਈ ਹੱਸ, ਹਸਤੀ ਵੇਖੀ ਬੇਪਰਵਾਹੀਆ । ਰੋ ਕੇ ਦਿਤਾ ਦੱਸ, ਕੂਕ ਕੂਕ ਸੁਣਾਈਆ । ਪ੍ਰਭੂ ਮੈਂ ਤੇਰਾ ਕਿਸ ਬਿਧ ਗਾਵਾਂ ਜਸ, ਮੇਰਾ ਤਨ ਵਜੂਦ ਦਿਤਾ ਮਿਟਾਈਆ । ਸ੍ਰੀ ਭਗਵਾਨ ਤੱਕਿਆ ਬਿਨਾ ਅੱਖ, ਮਿਹਰ ਨਜ਼ਰ ਟਿਕਾਈਆ । ਆਪਣੀ ਕ਼ੀਮਤ ਕੋਈ ਨਾ ਰਖ ਕੌਡੀ ਕੱਖ, ਮਾਣ ਅਭਿਮਾਨ ਦੇਣਾ ਮਿਟਾਈਆ । ਤੂੰ ਵਿਕ ਜਾ ਸਚ ਪ੍ਰੇਮ ਦੇ ਹੱਟ, ਕ਼ੀਮਤ ਆਪਣੀ ਆਪੇ ਪਾਈਆ । ਭੇਵ ਅਭੇਦਾ ਖੋਲ੍ਹਾਂ ਸਚ, ਸਚ ਦਿਆਂ ਜਣਾਈਆ । ਤੂੰ ਲੂੰ ਲੂੰ ਅੰਦਰ ਜਾਣਾ ਰਚ, ਰਚਨਾ ਵੇਖਣੀ ਮੇਰੀ ਧੁਰਦਰਗਾਹੀਆ । ਕਲਜੁਗ ਅੰਤਮ


੧੧੬੬
੨੧

ਹੋਵਾਂ ਪ੍ਰਗਟ, ਨਿਰਗੁਣ ਨੂਰ ਜੋਤ ਕਰਾਂ ਰੁਸ਼ਨਾਈਆ । ਤੇਰਾ ਲਹਿਣਾ ਦੇਣਾ ਮੁਕਾਵਾਂ ਹੱਥੋ ਹੱਥ, ਹੱਥ ਹਥੇਲੀ ਉਤੇ ਟਿਕਾਈਆ । ਮਿਹਰ ਕਰਾਂ ਹੋ ਮਿਹਰਵਾਨ ਪੁਰਖ ਸਮਰਥ, ਮਹਿਬੂਬ ਹੋ ਕੇ ਆਪਣੀ ਮੁਹੱਬਤ ਵਿਚ ਰੰਗਾਈਆ । ਜਨ ਭਗਤਾਂ ਨਾਲ ਮਿਲ ਕੇ ਜਾਣਾ ਵਸ, ਵਸਲ ਇਕੋ ਮਿਲੇ ਯਾਰ ਖ਼ੁਦਾਈਆ । ਤੇਰਾ ਲਹਿਣਾ ਪੂਰਾ ਕਰਾਂ ਹੱਕ, ਹਕੀਕਤ ਵਿਚੋਂ ਝੋਲੀ ਪਾਈਆ । ਤੂੰ ਸਚ ਦਵਾਰੇ ਔਣਾ ਨਠ, ਭੱਜਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਲਾਚੀ ਕਹੇ ਜਿਸ ਮੈਨੂੰ ਲਿਆਂਦਾ ਇਹ ਬਲ ਦਵਾਰੇ ਦਾ ਨਫ਼ਰ, ਪੰਜਾਂ ਤੱਤਾਂ ਵਾਲਾ ਨਜ਼ਰੀ ਆਈਆ । ਕ਼ਦਮਾਂ ਚਲ ਕੇ ਆਇਆ ਸਫ਼ਰ, ਹਿਰਦੇ ਵਿਚ ਧਿਆਨ ਲਗਾਈਆ । ਅੰਤਮ ਮਰ ਕੇ ਫੇਰ ਓਢਣਾ ਨਾ ਪਏ ਕਫ਼ਨ, ਜਨਮ ਜਨਮ ਨਾ ਫੇਰ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਪੈਜ ਆਇਆ ਰੱਖਣ, ਪੂਰਬ ਲਹਿਣੇ ਝੋਲੀ ਪਾਈਆ । ਭਗਤਾਂ ਨਾਲ ਜਨ ਭਗਤ ਮਿਲ ਕੇ ਵਸਣ, ਇਹ ਮੇਰੇ ਮਨ ਵਡਿਆਈਆ । ਲਾਚੀ ਕਹੇ ਜਨ ਭਗਤ ਸੁਹੇਲੇ, ਮੈਂ ਚਾਹੁੰਦੀ ਜੁਗ ਜੁਗ ਮੈਨੂੰ ਚੱਖਣ, ਰਸ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰੇ ਸਰਬ ਕਲਾ ਸਮਰਥਣ, ਸਮਰਥ ਆਪਣੀ ਦਇਆ ਕਮਾਈਆ ।

## ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਰੌਣੀ ✻

ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਪਾ ਕੇ ਗਏ ਫੇਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਨਾਮ ਸੰਦੇਸ਼ਾ ਧੁਰ ਦਾ ਕਲਮਾ ਦੱਸ ਕੇ ਗਏ ਚੰਗੇਰਾ, ਚਾਰ ਕੁੰਟ ਦਹਿ ਦਿਸ਼ਾ ਜਗਤ ਕਰ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਹੁੰਦਿਆਂ ਚਾਰ ਕੁੰਟ ਹੋਇਆ ਅੰਧੇਰਾ, ਸਦੀ ਚੌਧਵੀਂ ਸਾਚਾ ਚੰਦ ਨੂਰ ਨਾ ਕੋਇ ਚਮਕਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨੌ ਖੰਡ ਪ੍ਰਿਥਮੀ ਦੇਵੇ ਗੇੜਾ, ਦੀਪ ਸੱਤ ਬ੍ਰਹਮ ਮਤ ਨਾ ਕੋਇ ਸਮਝਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਸ਼ਰੀਰ ਵਸੇ ਕੋਈ ਨਾ ਖੇੜਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰਾਂ ਦੀਨ ਵਿਚ ਦੁਨੀ ਕੀਤਾ ਖੇਲ ਨਿਰਾਲਾ, ਨਿਰਾਕਾਰ ਨਿਰੰਕਾਰ ਦਿਤਾ ਦ੍ਰਿੜ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਾਏ ਨਾਉਂ ਧਰਾਏ ਧਰਮਸਾਲਾ, ਧਰਮ ਦੀ ਧਾਰ ਜਗਤ ਜੁਗਤ ਬਣਾਈਆ । ਆਤਮ ਬ੍ਰਹਮ ਮਿਲਿਆ ਕਿਸੇ ਨਾ ਸਚ ਗਿਆਨਾ, ਬ੍ਰਹਮ ਮੇਲਾ ਘਰ ਨਾ ਕੋਇ ਮਿਲਾਈਆ । ਸਦੀ ਚੌਧਵੀਂ ਚਾਰ ਕੁੰਟ ਦਹਿ ਦਿਸ਼ਾ ਸ਼ਰਅ ਦਿਸੇ ਸ਼ੈਤਾਨਾ, ਦੀਨ ਮਜ਼੍ਹਬ ਜ਼ਾਤ ਪਾਤ ਕਰੇ ਲੜਾਈਆ । ਨੇਤਰ ਲੋਚਣ ਨੈਣ ਨਜ਼ਰ ਨਾ ਆਏ ਕਿਸੇ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਕੂੜੀ ਕਿਰਿਆ ਜੂਠ ਝੂਠ ਚਾਰ ਵਰਨ ਅਠਾਰਾਂ ਬਰਨ ਹੋਵੇ ਪ੍ਰਧਾਨਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਡੇਰਾ ਕੋਇ ਨਾ ਢਾਹੀਆ । ਸਚ ਅਦਾਲਤ ਕਰੇ ਨਾ ਕੋਇ ਸ਼ਾਹ ਸੁਲਤਾਨਾ, ਸਚ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਸੋਭਾ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਦਿਸੇ

ਵੈਰਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਪੁਰਖ ਅਕਾਲੇ, ਦਰ ਤੇਰੇ ਸੀਸ ਨਿਵਾਈਆ । ਕਲਜੁਗ ਅੰਤਮ ਸਾਚੀ ਸੁਰਤ ਨਾ ਕੋਇ ਸੰਭਾਲੇ, ਸਾਚਾ ਰੰਗ ਨਾ ਕੋਇ ਰੰਗਾਈਆ । ਕਲਜੁਗ ਜੀਵ ਅੰਤਰ ਹੋਏ ਸਿਆਹ ਕਾਲੇ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਈ ਕਰ ਕੇ ਘਾਲੇ, ਜੋਤੀ ਜਾਤੇ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੀ ਆਸਾ ਇਕ ਰਖਾਈਆ । ਧਰਨੀ ਕਹੇ ਚਾਰ ਕੁੰਟ ਦਿਸੇ ਅੰਧੇਰਾ, ਸਾਚਾ ਨੂਰ ਨਾ ਕੋਇ ਚਮਕਾਈਆ । ਧਰਮ ਦੀ ਧਾਰ ਦਿਸੇ ਕੋਈ ਨਾ ਖੇੜਾ, ਕਾਇਆ ਬੰਕ ਨਾ ਕੋਇ ਵਡਿਆਈਆ । ਹਿੰਦੂ ਮੁਸਲਿਮ ਸਿੱਖ ਈਸਾਈ ਪਿਆ ਝੇੜਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਲੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਨਜ਼ਰ ਨਾ ਆਵੇ ਨੇਰਨ ਨੇਰਾ, ਗ੍ਰਿਹ ਮੰਦਰ ਅੰਦਰ ਪੜਦਾ ਨਾ ਕੋਇ ਉਠਾਈਆ । ਫਿਰੀ ਦਰੋਹੀ ਗੁਰੂ ਗੁਰ ਚੇਲਾ, ਮੁਰੀਦ ਮੁਰਸ਼ਦ ਰਹੇ ਕੁਰਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਪਰਮ ਪੁਰਖ ਤੇਰਾ ਮੇਲਾ, ਪਰਵਰਦਿਗਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੈਂ ਨੇਤਰ ਰੋ ਕੇ ਕਹਿੰਦੀ, ਨੈਣਾਂ ਨੀਰ ਵਹਾਈਆ । ਸਚ ਦਵਾਰ ਤੇਰੀ ਦੀਨ ਦੁਨੀ ਨਾ ਬਹਿੰਦੀ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਕਲਾ ਹੋਈ ਢਹਿੰਦੀ, ਸਚ ਨਿਸ਼ਾਨ ਨਾ ਕੋਇ ਵਖਾਈਆ । ਮੈਂ ਨਿਗਾਹ ਮਾਰੀ ਦਿਸ਼ਾ ਲਹਿੰਦੀ, ਮੁਹੰਮਦ ਈਸਾ ਕਰੇ ਲੜਾਈਆ । ਕੂੜੀ ਧਾਰ ਵਹਿਣ ਵਿਚ ਵਹਿੰਦੀ, ਅੱਗੇ ਹੋ ਨਾ ਕੋਇ ਅਟਕਾਈਆ । ਧਰਨੀ ਕਹੇ ਮੇਰੇ ਉਤੇ ਲੱਗਣ ਵਾਲੀ ਮਹਿੰਦੀ, ਰੰਗ ਆਪਣਾ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਮੇਰੀ ਉਡਣ ਵਾਲੀ ਖ਼ਾਕ, ਚਾਰੋਂ ਕੁੰਟ ਦੁਹਾਈਆ । ਰੂਹ ਬੁਤ ਦਿਸੇ ਕੋਇ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਬਜਰ ਕਪਾਟੀ ਖੁਲ੍ਹੇ ਕਿਸੇ ਨਾ ਤਾਕ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਕਲਜੁਗ ਨਾਤਾ ਟੁੱਟਣ ਵਾਲਾ ਸਾਥ, ਅੰਤ ਅਖ਼ੀਰ ਦਏ ਦੁਹਾਈਆ । ਚਾਰ ਵਰਨਾਂ ਪੁੱਛੇ ਕੋਈ ਨਾ ਵਾਤ, ਵਾਤਾਵਰਨ ਬਦਲੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਵੇਖ ਅੰਧੇਰੀ ਰਾਤ, ਕਲਜੁਗ ਰੈਣ ਅੰਧੇਰਾ ਛਾਈਆ । ਧਰਨੀ ਕਹੇ ਚਾਰ ਕੁੰਟ ਉਡਣੀ ਧੂੜ, ਧੂੜੀ ਟਿੱਕਾ ਮਸਤਕ ਖ਼ਾਕ ਨਾ ਕੋਇ ਰਮਾਈਆ । ਪ੍ਰਭੂ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਹੋਈ ਮੂੜ੍ਹ, ਇਸ਼ਟੀ ਰੰਗ ਨਾ ਕੋਇ ਰੰਗਾਈਆ । ਸਾਚਾ ਚਮਕੇ ਨਾ ਕੋਇ ਨੂਰ, ਅੰਧ ਅੰਧੇਰੇ ਵਿਚ ਦੁਹਾਈਆ । ਦੀਨ ਮਜ਼੍ਹਬਾਂ ਪਾਇਆ ਫ਼ਤੂਰ, ਕਲਮਾ ਨਾਮ ਕਰੇ ਲੜਾਈਆ । ਗੜ੍ਹ ਹੰਕਾਰ ਬਣਿਆ ਗ਼ਰੂਰ, ਗ਼ੁਰਬਤ ਸਕੇ ਨਾ ਕੋਇ ਕਢਾਈਆ । ਤ੍ਰੈਗੁਣ ਤਪੇ ਤੰਦੂਰ, ਪੰਜ ਤੱਤ ਅਗਨੀ ਰਿਹਾ ਡਾਹੀਆ । ਚਾਰ ਵਰਨ ਅਠਾਰਾਂ ਬਰਨ ਸਚ ਦਰ ਨਾ ਕੋਇ ਮਨਜ਼ੂਰ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਦਰਸ਼ਨ ਪਾਏ ਨਾ ਕੋਇ ਹਜ਼ੂਰ, ਹਜ਼ਰਤ ਸਾਰੇ ਦੇਣ ਗਵਾਹੀਆ । ਅੰਤਮ ਨਾਤਾ ਤੋੜ ਦੇ ਕੂੜੋ ਕੂੜ, ਕਲਜੁਗ ਕਲਪਣਾ ਦੇ ਖਪਾਈਆ । ਕਿਰਪਾ ਕਰ ਸਾਹਿਬ ਜ਼ਰੂਰ, ਧਰਨੀ ਧਰਤ ਧਵਲ ਸੀਸ ਨਿਵਾਈਆ । ਤੇਰੀ ਆਸਾ ਰੱਖ ਕੇ ਗਏ ਗੁਰ ਅਵਤਾਰ ਪੈਗ਼ੰਬਰ ਤੇਰੇ ਮਜ਼ਦੂਰ, ਚਾਕਰ ਜੁਗ ਚੌਕੜੀ ਧਿਆਨ ਲਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਥੱਕੀ ਮਾਂਦੀ, ਸਚ ਦਿਆਂ ਸੁਣਾਈਆ । ਕਲਜੁਗ ਕੂੜੀ ਕਿਰਿਆ ਚਲੇ ਆਂਧੀ, ਸਤਿ ਪ੍ਰਕਾਸ਼ ਨਾ ਕੋਇ ਵਖਾਈਆ । ਤੇਰਾ ਢੋਲਾ ਰਸਨਾ ਕੋਇ ਨਾ ਗਾਂਦੀ, ਆਤਮ ਬ੍ਰਹਮ ਨਾ ਕੋਇ ਵਡਿਆਈਆ । ਮੰਜ਼ਲ ਚੜ੍ਹੇ ਕੋਇ ਨਾ ਪਾਂਧੀ, ਸਾਧ ਸੰਤ ਰਹੇ ਕੁਰਲਾਈਆ । ਝਗੜਾ ਪਿਆ ਸੋਨਾ ਚਾਂਦੀ, ਮਮਤਾ ਮੋਹ ਨਾ ਕੋਇ ਮਿਟਾਈਆ । ਤੇਰੇ ਦਵਾਰੇ ਦੀ ਦਿਸੇ ਕੋਈ ਨਾ ਬਾਂਦੀ, ਬੰਦਨਾ ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਜਨ ਭਗਤਾਂ ਦੇ ਸਹਾਰਾ, ਸਚ ਮਿਲੇ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰ ਕਿਨਾਰਾ, ਸਤਿਜੁਗ ਸਾਚਾ ਸਚ ਪ੍ਰਗਟਾਈਆ । ਤੇਰੇ ਨਾਮ ਦਾ ਹੋਵੇ ਇਕ ਜੈਕਾਰਾ, ਚਾਰ ਵਰਨ ਧਿਆਈਆ । ਇਕੋ ਇਸ਼ਟ ਹੋਵੇ ਸੰਸਾਰਾ, ਦੀਨ ਦੁਨੀ ਸੀਸ ਨਿਵਾਈਆ । ਇਕੋ ਗ੍ਰਿਹ ਮੰਦਰ ਹੋਵੇ ਦਵਾਰਾ, ਦਰ ਇਕੋ ਵੱਜੇ ਵਧਾਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਇਸ਼ਾਰਾ, ਸੋ ਅੰਤਮ ਪੂਰਾ ਦੇ ਕਰਾਈਆ । ਤੈਨੂੰ ਕਹਿੰਦੇ ਕਲ ਕਲਕੀ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਏਕਾ ਵਖਾ ਸੱਚਾ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਕੂੜ ਕਲਪਣਾ ਦੇ ਗਵਾਈਆ । ਧਰਨੀ ਕਹੇ ਪ੍ਰਭੂ ਸਾਚਾ ਮੇਲ ਕਰ ਗੁਰਮੁਖ ਸਾਚੇ ਸੰਤ, ਹਰਿ ਸੱਜਣ ਦੇ ਮਿਲਾਈਆ । ਕੂੜੀ ਕਿਰਿਆ ਮਾਇਆ ਮੇਟ ਬੇਅੰਤ, ਅੰਤਸ਼ਕਰਨ ਕਰ ਸਫ਼ਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਦੀਨ ਦੁਨੀ ਦੇ ਸਮਝਾਈਆ । ਤੇਰਾ ਕੋਈ ਨਾ ਹੋਵੇ ਨਿੰਦਕ, ਰਸਨਾ ਜਿਹਵਾ ਸਾਰੇ ਸਿਫ਼ਤ ਸਾਲਾਹੀਆ । ਮੈਂ ਨਿਮਾਣੀ ਹੋ ਕੇ ਕਰਾਂ ਮਿੰਨਤ, ਨਿਉਂ ਨਿਉਂ ਸੀਸ ਝੁਕਾਈਆ । ਸਤਿਜੁਗ ਸਾਚੇ ਦੇ ਹਿੰਮਤ, ਮੇਰੇ ਉਤੇ ਲੈ ਅੰਗੜਾਈਆ । ਇਕੋ ਰੰਗ ਰੰਗਾ ਦੇ ਚਾਰੇ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਮਨ ਕਲਪਣਾ ਕਰੇ ਕੋਈ ਨਾ ਇੱਲਤ, ਸ਼ਰਅ ਸ਼ਰੀਅਤ ਡੇਰਾ ਢਾਹੀਆ । ਸਭ ਦੀ ਸਾਂਝੀ ਹੋਵੇ ਮਿੱਲਤ, ਛੜ੍ਹੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਖ਼ੁਆਰੀ ਮੇਟ ਜ਼ਿੱਲਤ, ਜ਼ਾਹਰ ਜ਼ਹੂਰ ਆਪਣੀ ਦਇਆ ਕਮਾਈਆ ।

### ✻ ੧੦ ਚੇਤ ਸ਼ਹਿਨਸ਼ਾਹੀ ਸੰਮਤ ੫ ਆਸਾ ਸਿੰਘ ਦੇ ਗ੍ਰਿਹ ਪਿੰਡ ਕਲਸਾਣੀ ਜ਼ਿਲਾ ਕਰਨਾਲ ✻

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਕਿਤਨੀ ਉਸਤਤ, ਜੁਗ ਚੌਕੜੀ ਮਹਿਮਾ ਸਿਫ਼ਤ ਸਾਲਾਹੀਆ । ਤੇਰੇ ਨਾਮ ਸੰਦੇਸ਼ੇ ਲਿਖੀ ਅੱਖਰਾਂ ਵਾਲੀ ਪੁਸਤਕ, ਕਾਗ਼ਜ਼ ਕ਼ਲਮ ਸ਼ਾਹੀ ਜੋੜ ਜੁੜਾਈਆ । ਤੂੰ ਸਾਹਿਬ ਸਵਾਮੀ ਆਦਿ ਜੁਗਾਦੀ ਸਭ ਦਾ ਮੁਰਸ਼ਦ, ਮੁਰੀਦ ਹੋ ਕੇ ਦੀਦ ਤੇਰਾ ਦਰਸ਼ਨ ਪਾਈਆ । ਸਰਗੁਣ ਨਿਰਗੁਣ ਤੇਰੀ ਕਰ ਕੇ ਆਏ ਉਲਫ਼ਤ, ਆਲਮੀਨ ਤੇਰੀ ਮਹਿੰਮਾ ਅਲਖ ਅਗੰਮ ਅਥਾਹੀਆ । ਸਦੀ ਚੌਧਵੀਂ ਸਾਨੂੰ ਸਭ ਨੂੰ ਦੇ ਫ਼ੁਰਸਤ, ਦੀਨ ਦੁਨੀ ਦਾ ਨਾਤਾ ਦੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,

੧੧੭੦ ੨੧

ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵੰਤ, ਪ੍ਰਭ ਤੇਰੀ ਇਕ ਵਡਿਆਈਆ । ਹਉਂ ਦਰ ਠਾਂਡੇ ਤੇਰੇ ਸਾਰੇ ਮੰਗਤ, ਦਰਵੇਸ਼ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਮੰਨ ਮਿੰਨਤ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਅਸੀਂ ਝਗੜਾ ਤੱਕਿਆ ਚਾਰੇ ਸਿੰਮਤ, ਦਹਿ ਦਿਸ਼ਾ ਪਈ ਦੁਹਾਈਆ । ਸਾਡੀ ਰਹੀ ਕੋਈ ਨਾ ਹਿੰਮਤ, ਚਾਰੋਂ ਕੁੰਟ ਅੰਧੇਰਾ ਛਾਈਆ । ਮਨ ਮਨੂਆ ਕਰੇ ਇੱਲਤ, ਬੁੱਧੀ ਬਿਬੇਕ ਨਾ ਕੋਇ ਵਖਾਈਆ । ਚਾਰ ਵਰਨ ਅਠਾਰਾਂ ਬਰਨ ਹੋਏ ਨਿੰਦਕ, ਨੌ ਖੰਡ ਪ੍ਰਿਥਮੀ ਪਈ ਦੁਹਾਈਆ । ਆਤਮ ਪਰਮਾਤਮ ਰਹੀ ਕੋਈ ਨਾ ਮਿੱਲਤ, ਪਾਰਬ੍ਰਹਮ ਬ੍ਰਹਮ ਜੋੜ ਨਾ ਕੋਇ ਜੁੜਾਈਆ । ਸਾਡੇ ਅੰਤਰ ਨਿਰੰਤਰ ਆਈ ਚਿੰਤ, ਚਿੰਤਾ ਦੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ, ਪ੍ਰਭ ਤੇਰੀ ਇਕ ਸਰਨਾਈਆ । ਕਿਰਪਾ ਕਰ ਮਰਦ ਮਰਦਾਨ, ਦਰ ਤੇਰੇ ਅਲਖ ਜਗਾਈਆ । ਤੂੰ ਆਦਿ ਜੁਗਾਦੀ ਨੌਜਵਾਨ, ਸੂਰਬੀਰ ਬੇਪ੍ਰਵਾਹੀਆ । ਕਲਜੁਗ ਕੂੜੀ ਕਿਰਿਆ ਸ਼ਰਅ ਮੇਟ ਸ਼ੈਤਾਨ, ਛੁਰੀ ਕਰਦ ਹੱਥ ਫੜੇ ਨਾ ਕੋਇ ਕਸਾਈਆ । ਝਗੜਾ ਪਿਆ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਰਹੀ ਕੁਰਲਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਗਿਆਨ, ਨਿਜ ਨੇਤਰ ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਨ, ਆਤਮਕ ਰਾਗ ਵੱਜੇ ਨਾ ਕੋਇ ਵਧਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਜਗਤ ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਦਰੋਹੀ ਤੇਰਾ ਨਾਮ ਦੁਹਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮਹਿਬਾਨ ਬੀਦੋ ਬੀਖੈਰਯਾ ਅੱਲਾਹ ਤੇਰੀ ਓਟ ਤਕਾਈਆ । ਤੂੰ ਰਹਿਮਤ ਵਿਚ ਰਹਿਮਾਨ, ਹਉਂ ਬਾਲਕ ਤੇਰੇ ਨਾਦਾਨ, ਗੁਣਵੰਤੇ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪਰਮ ਪੁਰਖ ਸੁਲਤਾਨੇ, ਸਚਖੰਡ ਨਿਵਾਸੀ ਤੇਰੇ ਹੱਥ ਵਡਿਆਈਆ । ਅਸੀਂ ਦੇ ਕੇ ਆਏ ਜੁਗ ਚੌਕੜੀ ਤੇਰੇ ਅਗੰਮ ਫ਼ਰਮਾਨੇ, ਫੁਰਨਿਆਂ ਤੋਂ ਬਾਹਰ ਕਰੀ ਪੜ੍ਹਾਈਆ । ਅੰਤਮ ਖੇਲ ਵੇਖ ਜ਼ਿਮੀਂ ਅਸਮਾਨੇ, ਚੌਦਾਂ ਤਬਕ ਦੇਣ ਦੁਹਾਈਆ । ਸਤਿ ਧਰਮ ਰਿਹਾ ਨਾ ਕੋਇ ਨਿਸ਼ਾਨੇ, ਕੂੜ ਕੁਟੰਬ ਦਿਸੇ ਲੋਕਾਈਆ । ਤੇਰੇ ਤੇਰੇ ਨਾਲੋਂ ਹੋਏ ਬੇਗਾਨੇ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਲੱਗੇ ਯਾਰਾਨੇ, ਵਸਲ ਯਾਰ ਤੇਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਮਾਲਕ ਖ਼ਾਲਕ, ਤੇਰੀ ਇਕ ਸਰਨਾਈਆ । ਏਥੇ ਓਥੇ ਹੋ ਪ੍ਰਿਤਪਾਲਕ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਅੰਤ ਅਖ਼ੀਰ ਬੇਨਜ਼ੀਰ ਦਿਸੇ ਨਾ ਕੋਇ ਸਾਲਸ, ਹੱਕ ਹਕ਼ੀਕਤ ਪਰਦਾ ਨਾ ਕੋਇ ਉਠਾਈਆ । ਚਾਰ ਵਰਨ ਅਠਾਰਾਂ ਬਰਨ ਕਰ ਖ਼ਾਲਸ, ਖ਼ਾਲਸ ਆਪਣਾ ਰੰਗ ਰੰਗਾਈਆ । ਹਉਂ ਤੇਰੇ ਨੱਢੇ ਨੰਨ੍ਹੇ ਬੱਚੇ ਬਾਲਕ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਦੀਨ ਮਜ਼੍ਹਬ ਦਾ ਸਾਨੂੰ ਰਹੇ ਕੋਈ ਨਾ ਲਾਲਚ, ਤੇਰਾ ਤੇਰੀ ਝੋਲੀ ਪਾਈਆ । ਦੀਨ ਦੁਨੀ ਬਦਲ ਦੇ ਆਦਤ, ਇਨਸਾਫ਼ ਇਕ ਕਮਾਈਆ । ਮਾਨਵ ਜ਼ਾਤੀ ਦੱਸ ਅਗੰਮੀ ਇਬਾਦਤ,

ਸਿਖਿਆ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਨਾਮ ਨਿਆਮਤ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਜਗਦੀਸ਼, ਜਗਦੀਸ਼ਰ ਤੇਰੀ ਇਕ ਸ਼ਰਨਾਈਆ । ਲੇਖਾ ਵੇਖ ਬੀਸ ਬੀਸ, ਬੀਸ ਬੀਸੇ ਤੇਰਾ ਰਾਹ ਤਕਾਈਆ । ਉਚੀ ਕੂਕ ਪੁਕਾਰਨ ਰਾਗ ਛਤੀਸ, ਜੁਗ ਛੱਤੀਸੇ ਨਾਨਕ ਦਏ ਗਵਾਹੀਆ । ਪੈਗ਼ੰਬਰ ਤੇਰੀ ਦੱਸਣ ਵਾਲੇ ਹਦੀਸ, ਹਾਜ਼ਰ ਹੋ ਕੇ ਸੀਸ ਨਿਵਾਈਆ । ਝਗੜਾ ਮੁਕਾ ਦੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਆਤਮ ਪਰਮਾਤਮ ਦੱਸ ਪ੍ਰੀਤ, ਪ੍ਰੀਤਮ ਤੇਰੇ ਹੱਥ ਵਡਿਆਈਆ । ਹਉਂ ਬਾਲਕ ਤੇਰੇ ਅਜ਼ੀਜ਼, ਕੁੱਲ ਆਲਮ ਦੇ ਮਾਲਕ ਤੇਰੀ ਇਕ ਵਡਿਆਈਆ । ਸਾਚੀ ਦੱਸ ਤਮੀਜ਼, ਸਿਖਿਆ ਇਕ ਜਣਾਈਆ । ਜਿਸ ਦੇ ਪਿਛੇ ਪੈਗ਼ੰਬਰ ਗੁਰੂ ਹੋਏ ਸ਼ਹੀਦ, ਸ਼ਹਾਦਤ ਆਪਣੀ ਆਪ ਭੁਗਤਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਤੇਰੀ ਆਮਦ ਵਿਚ ਤੇਰਾ ਰਾਹ ਤਕਾਈਆ । ਦੀਨ ਦੁਨੀ ਸੁੱਤੀ ਗ਼ਫ਼ਲਤ ਨੀਂਦ, ਆਲਸ ਨਿੰਦਰਾ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰੇ ਏਕੰਕਾਰੇ ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਠਾਂਡੇ ਤੇਰੇ ਝੁਕਦੇ, ਬਿਨ ਕ਼ਦਮਾਂ ਸੀਸ ਨਿਵਾਈਆ । ਵਣਜਾਰੇ ਕਰ ਲਾ ਏਕੋ ਤੁਕ ਦੇ, ਤੁਖ਼ਮ ਤਾਸੀਰ ਦੀਨ ਦੁਨੀ ਦੇ ਬਦਲਾਈਆ । ਸਾਡੇ ਅੰਤਮ ਪੈਂਡੇ ਮੁਕਦੇ, ਮੁਕੰਮਲ ਤੇਰੇ ਚਰਨਾਂ ਸੇਵ ਕਮਾਈਆ । ਡੰਕੇ ਵਜਾ ਦੇ ਗੋਬਿੰਦ ਸੁਤ ਦੇ, ਸੋਈ ਸੁਰਤੀ ਸਰਬ ਉਠਾਈਆ । ਖੇਲ ਵਖਾ ਦੇ ਆਪਣੇ ਪੁੱਤ ਦੇ, ਗੁਰਮੁਖ ਪੋਤਰੇ ਨਾਲ ਮਿਲਾਈਆ । ਕਲਜੁਗ ਜੀਵ ਜੰਤ ਤੇਰੇ ਵਿਛੋੜੇ ਵਿਚ ਦੁਖਦੇ, ਦੁਖੀਆਂ ਦਰਦ ਦੇ ਗਵਾਈਆ । ਬਿਨ ਤੇਰੀ ਕਿਰਪਾ ਤੇਰੇ ਦਰ ਮੂਲ ਨਾ ਪੁੱਜ ਦੇ, ਪੂਜਾ ਪਾਠ ਕੰਮ ਕਿਸੇ ਨਾ ਆਈਆ । ਖੇਲ ਵਖਾ ਪੰਜ ਤੱਤ ਕਾਇਆ ਬੁੱਤ ਦੇ, ਬੁਤਖ਼ਾਨਿਆਂ ਕਰ ਸਫ਼ਾਈਆ । ਫਲ ਵੇਖੀਏ ਤੇਰੀ ਰੁਤ ਦੇ, ਰੁਤੜੀ ਆਪਣੀ ਇਕ ਮਹਿਕਾਈਆ । ਇਸ਼ਾਰੇ ਤੱਕੀਏ ਅਬਿਨਾਸ਼ੀ ਅਚੁਤ ਦੇ, ਚੇਤਨ ਸੁਰਤੀ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਦਰਗਾਹ ਸਾਚੀ ਸਚਖੰਡ ਦਵਾਰੇ ਤੇਰੇ ਅੱਗੇ ਝੁਕਦੇ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



### ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰੈਣ ਸਿੰਘ ਦੇ ਗ੍ਰਹਿ ਕਲਸਾਣੀ ❊

ਗੁਰ ਅਵਤਾਰ ਪੈਗ਼ੰਬਰੋ ਕਿਸ ਕਾਰਨ ਗਏ ਉਪਰ ਧਰਤ, ਸਤਿਗੁਰ ਸ਼ਬਦ ਰਿਹਾ ਜਣਾਈਆ । ਕੀ ਕੁਛ ਕਰ ਕੇ ਆਏ ਪਰਤ, ਪਤਿਪਰਮੇਸ਼ਵਰ ਸੇਵ ਕਮਾਈਆ । ਕਿਹੜੀ ਸਾਂਝੀ ਰੱਖੀ ਸ਼ਰਤ, ਸਹਿਜ ਨਾਲ ਦਿਓ ਦ੍ਰਿੜਾਈਆ । ਕੀ ਹੁਕਮ ਸੰਦੇਸ਼ਾ ਦਿਤਾ ਉਤੇ ਫ਼ਰਸ਼, ਧਰਨੀ ਧਰਤ ਧਵਲ ਧੌਲ ਜਣਾਈਆ । ਕਿਉਂ ਮੁੜ ਕੇ ਆਏ ਉਤੇ ਅਰਸ਼, ਅਰਸ਼ੀ ਪ੍ਰੀਤਮ ਵਿਚ ਸਮਾਈਆ । ਕਿਸ ਬਿਧ ਆਪਣੇ ਸਿੱਖਾਂ ਦੇਵੋ ਦਰਸ, ਮੁਰੀਦਾਂ ਦੀਦ ਖੁਲ੍ਹਾਈਆ । ਕਿਹੜੀ ਕਰਦੇ ਤੁਹਾਡੇ ਅੱਗੇ ਅਰਜ਼, ਬੇਨੰਤੀ ਕੀ ਜਣਾਈਆ । ਕਿਹੜੇ ਕਿਹੜੇ ਦਰਗਾਹ ਸਾਚੀ ਕੀਤੇ ਦਰਜ, ਦਰਜੇ ਵਾਰ

ਦਿਓ ਦ੍ਰਿੜਾਈਆ । ਕੀ ਆਪਣਾ ਨਿਭਾਇਆ ਫ਼ਰਜ਼, ਸ਼ਰਅ ਉਮਤ ਤੋੜ ਨਿਭਾਈਆ । ਕਿਸ ਨਾਲ ਵੰਡੋ ਦਰਦ, ਦੁਖੀਆਂ ਕਵਣ ਸਹਾਈਆ । ਕਿਸ ਨੇ ਸੁੱਟੀ ਸ਼ਰਅ ਕਰਦ, ਕ਼ਤਲਗਾਹ ਤੋਂ ਬਾਹਰ ਡੇਰਾ ਲਾਈਆ । ਕਵਣ ਸੂਰਬੀਰ ਬਣਿਆ ਮਰਦਾਨਾ ਮਰਦ, ਜੋਧਾ ਇਕ ਅਖਵਾਈਆ । ਕਿਉਂ ਚਾਰ ਕੁੰਟ ਹੋਇਆ ਅੰਧੇਰਾ ਗਰਦ, ਦਹਿ ਦਿਸ਼ਾ ਅੰਧੇਰਾ ਛਾਈਆ । ਆਪਣੀ ਖੋਲ੍ਹ ਕੇ ਦੱਸੋ ਫ਼ਰਦ, ਕੀ ਫ਼ੈਸਲੇ ਹੱਕ ਸੁਣਾਈਆ । ਕਿਉਂ ਮਾਇਆ ਮਮਤਾ ਵਧੀ ਮਰਜ਼, ਮਰੀਜ਼ ਹੋਈ ਲੋਕਾਈਆ । ਕੀ ਤੁਹਾਡੀ ਪੈ ਗਈ ਗ਼ਰਜ਼, ਗ਼ਰਜ਼ ਸਾਚੀ ਦਿਓ ਸੁਣਾਈਆ । ਮੈਂ ਵੇਖ ਕੇ ਹੋਇਆ ਅਸਚਰਜ, ਕਲਜੁਗ ਕੂੜ ਕਲਪਣਾ ਨਾ ਕੋਇ ਮਿਟਾਈਆ । ਸਾਰੇ ਸਿਫ਼ਤਾਂ ਵਾਲੀ ਗੌਂਦੇ ਤਰਜ਼, ਰਾਗਾਂ ਨਾਦਾਂ ਵਿਚ ਸ਼ਨਵਾਈਆ । ਮੰਦਰ ਮਸੀਤਾਂ ਸ਼ਿਵਦਵਾਲੇ ਮੱਠਾਂ ਵੜ ਗਏ ਚਰਚ, ਚਰਚੇ ਵਿਚ ਚਰਾਗਾਹਾਂ ਫੇਰਾ ਪਾਈਆ । ਕੀ ਨਾਮ ਧਨ ਦੌਲਤ ਦੇ ਕੇ ਆਏ ਖਰਚ, ਵਸਤ ਅਮੋਲਕ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕੀ ਦੱਸੀ ਮਾਤ ਖ਼ੂਬੀ, ਖ਼ੂਬਸੂਰਤ ਕਵਣ ਦ੍ਰਿੜਾਈਆ । ਕੀ ਧਾਰ ਦੱਸੀ ਮਹਿਬੂਬੀ, ਮੁਹੱਬਤ ਵਿਚ ਸਮਾਈਆ । ਕੀ ਦਰਗਾਹ ਸੱਚੀ ਅਰੂਜੀ, ਅਰਸ਼ੇ ਆਜ਼ਮ ਸੋਭਾ ਪਾਈਆ । ਕੀ ਜੋਤ ਜਗੀ ਪੰਜ ਭੂਤੀ, ਕਾਇਆ ਹੋਈ ਰੁਸ਼ਨਾਈਆ । ਕੀ ਸ਼ਬਦ ਦਿਤਾ ਦੂਤੀ, ਦੋ ਜਹਾਨਾਂ ਖ਼ਬਰ ਸੁਣਾਈਆ । ਕੀ ਸਮਗਰੀ ਪਾਈ ਆਹੂਤੀ, ਭੇਵ ਦੇਣਾ ਖੁਲ੍ਹਾਈਆ । ਕੀ ਤਨ ਰਮਾਈ ਭਬੂਤੀ, ਖ਼ਾਕੀ ਕੀ ਵਡਿਆਈਆ । ਕੀ ਸੁਰਤ ਉਠਾਈ ਸੁੱਤੀ, ਸੁੱਤਿਆਂ ਆਏ ਜਗਾਈਆ । ਕੀ ਸੁਹੰਜਣੀ ਕੀਤੀ ਰੁੱਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਸਚ ਦੱਸੋ ਕਿ ਚਾਰ ਦਿਨ ਕੱਟ ਕੇ ਆਏ ਬੁੱਤੀ, ਬੁਤਖ਼ਾਨਿਆਂ ਵਿਚ ਡੇਰਾ ਲਾਈਆ । ਮੈਂ ਸਭ ਨੂੰ ਰਿਹਾ ਪੁੱਛੀ, ਹੁਕਮ ਧੁਰ ਦਾ ਇਕ ਦ੍ਰਿੜਾਈਆ । ਕੀ ਮਦਿ ਪਿਆਲੇ ਪੀਤੇ ਤੁਸਾਂ ਦੱਸੀ ਹੁੱਕੀ, ਹੁਕਮ ਹਾਕਮ ਇਕ ਸੁਣਾਈਆ । ਕਿਉਂ ਤੁਹਾਡੀ ਸ੍ਰਿਸ਼ਟੀ ਦ੍ਰਿਸ਼ਟੀ ਵਾਲੇ ਨਿਸ਼ਾਨਿਉਂ ਉਕੀ, ਸਚ ਨਿਸ਼ਾਨ ਨਾ ਕੋਇ ਰਖਾਈਆ । ਕਿਉਂ ਖੇਲ ਹੋਈ ਅਦੁਤੀ, ਦੁਤੀਆ ਭਾਉ ਕਿਉਂ ਵੰਡ ਵੰਡਾਈਆ । ਕਿਉਂ ਨਹੀਂ ਮੰਜ਼ਲ ਕਿਸੇ ਦੀ ਮੁਕੀ, ਗ੍ਰਿਹ ਮੇਰੇ ਮਿਲਣ ਕੋਇ ਨਾ ਪਾਈਆ । ਕਿਉਂ ਦੁਨੀਆ ਨਹੀਂ ਸੁਖੀ, ਦੁੱਖਾਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵੇਖਣਹਾਰਾ ਥਾਉਂ ਥਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕੀ ਲਾ ਕੇ ਆਏ ਇਜਲਾਸ, ਚਾਰ ਵਰਨ ਕਰ ਪੜ੍ਹਾਈਆ । ਕੀ ਦੇ ਕੇ ਆਏ ਧਰਵਾਸ, ਧਰਮ ਧੀਰ ਧਰਾਈਆ । ਕੀ ਪਾ ਕੇ ਆਏ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਕੀ ਰਸਨਾ ਜਿਹਵਾ ਆਏ ਆਖ, ਸ਼ਬਦ ਸੰਦੇਸ਼ਾ ਢੋਲਾ ਰਾਗ ਅਲਾਈਆ । ਕੀ ਸੰਦੇਸ਼ਾ ਦੇ ਕੇ ਆਏ ਕਲਜੁਗ ਅੰਧੇਰੀ ਰਾਤ, ਭੇਵ ਅਭੇਦਾ ਮਾਤ ਖੁਲ੍ਹਾਈਆ । ਕੀ ਵਸਤ ਅਮੋਲਕ ਦੇ ਕੇ ਆਏ ਦਾਤ, ਗ੍ਰਿਹ ਗ੍ਰਿਹ ਮੰਦਰ ਅੰਦਰ ਟਿਕਾਈਆ । ਸਾਚਾ ਭੇਵ ਦੱਸ ਦਿਓ ਖ਼ਾਸ, ਖ਼ਾਲਸ ਹੋ ਕੇ ਆਪਣੇ ਰੰਗ ਰੰਗਾਈਆ । ਮੈਂ ਇਕੋ ਵਾਰ ਕਰਾਂ ਵਿਸ਼ਵਾਸ, ਵਿਸ਼ਿਆਂ ਦਾ ਡੇਰਾ ਢਾਹੀਆ । ਸਦ ਵਸਾਂ ਬਨ ਇਕ ਬਾਸ, ਦੂਜਾ ਘਰਾਨਾ ਨਾ ਕੋਇ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕੀ ਦੱਸਿਆ ਪੂਜਾ ਪਾਠ, ਸਿਮਰਨ ਕੀ ਵਡਿਆਈਆ । ਕੀ ਨਹੌਣਾ ਤੀਰਥ ਤਾਟ, ਕਵਣ ਸਰੋਵਰ ਸੋਭਾ

ਪਾਈਆ । ਕਵਣ ਵੇਲਾ ਜਾਗਣਾ ਰਾਤ, ਕਵਣ ਘੜੀ ਮਿਲੇ ਬੇਪਰਵਾਹੀਆ । ਕਵਣ ਵਕ਼ਤ ਕਰਨਾ ਯਾਦ, ਸਮਾਂ ਸਮੇਂ ਵਿਚੋਂ ਬਦਲਾਈਆ । ਕਵਣ ਗ੍ਰਿਹ ਹੋਵੇ ਆਬਾਦ, ਖੇੜਾ ਕਵਣ ਸੁਹਾਈਆ । ਕਵਣ ਨਾਮ ਵਜਾਏ ਨਾਦ, ਅਨਹਦ ਨਾਦੀ ਨਾਦ ਸੁਣਾਈਆ । ਕਵਣ ਨਿਰਗੁਣ ਧਾਰ ਹੋਏ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਤੁਸੀਂ ਦੱਸ ਕੇ ਕੀ ਆਏ ਰਾਜ਼, ਪਰਦਾ ਦਿਓ ਖੁਲ੍ਹਾਈਆ । ਕਿਸ ਕਾਰਨ ਪੜ੍ਹੀ ਨਮਾਜ਼, ਸੱਯਦਿਆਂ ਵਿਚ ਸੀਸ ਝੁਕਾਈਆ । ਕੀ ਭੇਵ ਏਸ ਦਾ ਆਗ਼ਾਜ਼, ਲੇਖਾ ਦਿਓ ਜਣਾਈਆ । ਕਿਉਂ ਦੀਨਾਂ ਮਜ਼੍ਹਬਾਂ ਪਕੜੀ ਵਾਗ, ਡੋਰੀ ਗੁੱਟਾਂ ਨਾਲ ਬੰਧਾਈਆ । ਕਿਉਂ ਸ਼ਰਅ ਦਾ ਜਗਾਇਆ ਚਰਾਗ਼, ਦੀਪਕ ਨਾਲ ਵਡਿਆਈਆ । ਕਿਉਂ ਮਜ਼੍ਹਬਾਂ ਲਾਈ ਆਗ, ਕੀ ਕਰਨੀ ਕਾਰ ਕਮਾਈਆ । ਕਿਉਂ ਵਖਰੀ ਵਖਰੀ ਮੇਰੀ ਸਿਫ਼ਤ ਦੀ ਲਿਖੀ ਕਿਤਾਬ, ਵਖਰੇ ਵਖਰੇ ਢੋਲੇ ਨਾਦ ਜਣਾਈਆ । ਕਿਉਂ ਤੱਤਾਂ ਵਾਲਾ ਵੰਡਿਆ ਸਮਾਜ, ਸਮਗਰੀ ਧੁਰ ਦੀ ਨਾਲ ਮਿਲਾਈਆ । ਸਾਰੇ ਹੋ ਕੇ ਲਾਜਵਾਬ, ਦਰਗਾਹ ਬੈਠੇ ਸੀਸ ਨਿਵਾਈਆ । ਤੇਰਾ ਖੇਲ ਗੁਰੂ ਮਹਾਰਾਜ, ਜੁਗ ਚੌਕੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਕੂੜੀ ਕਿਰਿਆ ਹੋਈ ਪਰਧਾਨ, ਮਾਤਲੋਕ ਦਿਓ ਜਣਾਈਆ । ਕਿਉਂ ਨਹੀਂ ਸਾਬਤ ਰਿਹਾ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਈਆ । ਕਿਉਂ ਤੀਸ ਬਤੀਸਾ ਲੇਖਾ ਲਿਖਿਆ ਕ਼ੁਰਾਨ, ਕਾਇਆ ਕੁਰ੍ਹੇ ਤੋਂ ਬਾਹਰ ਜਣਾਈਆ । ਕੀ ਖੇਲ ਵੇਖਿਆ ਸੱਤ ਜ਼ਿਮੀਂ ਅਸਮਾਨ, ਚੌਦਾਂ ਤਬਕਾਂ ਭੇਵ ਚੁਕਾਈਆ । ਕੀ ਰੰਗ ਰੰਗਾਇਆ ਮਹਾਨ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕੀ ਬਣਦੇ ਰਹੇ ਦਾਤੇ, ਦਇਆਵਾਨ ਹੋ ਕੇ ਦਇਆ ਕਮਾਈਆ । ਕੀ ਪੁਰਖ ਅਕਾਲ ਦੇ ਲਗਦੇ ਰਹੇ ਆਖੇ, ਅੱਠੇ ਪਹਿਰ ਹੁਕਮ ਨਾ ਕੋਇ ਬਦਲਾਈਆ । ਕੀ ਸਤਿਗੁਰ ਦੇ ਸੁਤ ਦੁਲਾਰੇ ਬਣ ਗਏ ਸਾਚੇ, ਸਚ ਦਿਓ ਦ੍ਰਿੜਾਈਆ । ਕੀ ਕਾਇਆ ਮਾਟੀ ਭਾਂਡੇ ਕਾਚੇ, ਤੱਤਾਂ ਵਿਚ ਵਡਿਆਈਆ । ਕੀ ਖੇਲ ਦੱਸਿਆ ਜੋਤੀ ਜਾਤੇ, ਜਾਗਰਤ ਜੋਤ ਕਿਸ ਬਿਧ ਹੋਵੇ ਰੁਸ਼ਨਾਈਆ । ਤੁਸੀਂ ਬੈਠੇ ਕਿਸ ਅਹਾਤੇ, ਗ੍ਰਿਹ ਮੰਦਰ ਦਿਓ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੁਕਮ ਸੰਦੇਸ਼ੇ ਸਾਚੇ, ਸਚ ਦੇ ਮਾਲਕ ਖ਼ਲਕ ਦੇ ਖ਼ਾਲਕ ਪ੍ਰਿਤਪਾਲਕ ਤੇਰੀ ਇਕ ਸਰਨਾਈਆ ।

### ❊ ੧੧ ਚੇਤ ਸ਼ਹਿਨਸ਼ਾਹੀ ਸੰਮਤ ੫ ਬੰਤਾ ਸਿੰਘ ਦੇ ਗ੍ਰਿਹ ਪਿੰਡ ਮੁਗ਼ਲ ਮਾਜਰਾ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਤੇਰੀ ਓਟ, ਓੜਕ ਕਲਜੁਗ ਤੇਰਾ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਆਇਆ ਖੋਟ, ਕੂੜੀ ਕਿਰਿਆ ਚਾਰ ਕੁੰਟ ਹਲਕਾਈਆ । ਝਗੜਾ ਪਿਆ ਵਰਨ ਗੋਤ, ਆਤਮ ਬ੍ਰਹਮ ਪਰਦਾ ਕੋਇ ਨਾ ਲਾਹੀਆ । ਕਿਸੇ ਦੀ ਚਲੇ ਸਚ ਬੁੱਧੀ ਨਾ ਸੋਚ, ਆਕ਼ਲਾਂ ਅਕ਼ਲ ਕੰਮ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਜੀਵਾਂ ਜੰਤਾਂ ਕੀਤਾ ਮਦਹੋਸ਼, ਖ਼ੁਮਾਰੀ ਹਉਮੇ ਦਿਤੀ ਚੜ੍ਹਾਈਆ ।

੧੧੭੩
੨੧

ਤੇਰਾ ਨਜ਼ਰ ਨਾ ਆਏ ਨੂਰ ਅਗੰਮਾ ਜੋਤੀ ਜੋਤ, ਸਤਿ ਸਰੂਪ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਤੇਰੇ ਏਕੋ ਬੰਦਨਾ, ਸੀਸ ਜਗਦੀਸ਼ ਨਿਵਾਈਆ । ਕਲਜੁਗ ਕੂੜੀ ਕਿਰਿਆ ਕੱਟ ਦੇ ਫੰਦਨਾ, ਮਾਇਆ ਮਮਤਾ ਮੋਹ ਦੇਣਾ ਗਵਾਹੀਆ । ਸਾਚੇ ਨਾਮ ਦੀ ਚਾੜ੍ਹ ਰੰਗਣਾ, ਚਾਰ ਵਰਨਾਂ ਇਕੋ ਰੰਗ ਰੰਗਾਈਆ । ਦੀਨ ਦੁਨੀ ਲਗਾ ਆਪਣੇ ਅੰਗਨਾ, ਅੰਗੀਕਾਰ ਇਕ ਅਖਵਾਈਆ । ਸਚ ਦਵਾਰ ਤੇਰਾ ਮੰਗਣਾ, ਦੂਜਾ ਗ੍ਰਿਹ ਨਾ ਕੋਇ ਵਡਿਆਈਆ । ਤੂੰ ਸਾਹਿਬ ਸੂਰਾ ਸਰਬੰਗਣਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਨੂਰ ਚਮਕਾ ਦੇ ਚੰਦਨਾ, ਨੂਰ ਨੁਰਾਨੇ ਡਗਮਗਾਈਆ । ਕਲਜੁਗ ਜੀਵ ਨੇਤਰ ਰਹੇ ਕੋਈ ਨਾ ਅੰਧਨਾ, ਨਿਜ ਨੇਤਰ ਦੇ ਖੁਲ੍ਹਾਈਆ । ਆਤਮ ਪਰਮਾਤਮ ਸਾਚੇ ਨਾਮ ਦਾ ਪਾ ਦੇ ਸਗਨਾ, ਪਾਰਬ੍ਰਹਮ ਬ੍ਰਹਮ ਸੰਗੀ ਲੈ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧੂੜੀ ਦੇ ਦੇ ਮਜਨਾ, ਸਰ ਸਰੋਵਰ ਇਕ ਨੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦਰ ਤੇਰੇ ਸਾਚਾ ਸਯਦਾ, ਸੀਸ ਜਗਦੀਸ਼ ਨਿਵਾਈਆ । ਨਜ਼ਾਰਾ ਵੇਖ ਆਪਣੇ ਘਰ ਦਾ, ਲੋਕਮਾਤ ਧਿਆਨ ਲਗਾਈਆ । ਚਾਰੋਂ ਕੁੰਟ ਜਗਤ ਜਹਾਨ ਸੜਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਕੂੜੀ ਕਿਰਿਆ ਵਿਚ ਹੜ੍ਹਦਾ, ਮਾਇਆ ਮਮਤਾ ਵਹਿਣ ਵਹਾਈਆ । ਤੇਰੀ ਮੰਜ਼ਲ ਕੋਈ ਨਾ ਚੜ੍ਹਦਾ, ਸਚ ਦਵਾਰੇ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ ਢੋਲਾ ਕੋਇ ਨਾ ਪੜ੍ਹਦਾ, ਗੀਤ ਗੋਬਿੰਦ ਕੋਇ ਨਾ ਗਾਈਆ । ਇਸ਼ਨਾਨ ਕਰੇ ਨਾ ਕੋਈ ਤੇਰੇ ਸਾਚੇ ਸਰ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਜੀਵਤ ਰੂਪ ਕੋਈ ਨਾ ਮਰਦਾ, ਮਰਜੀਵਤ ਰੂਪ ਵਟਾਈਆ । ਸਾਚਾ ਘਾੜਨ ਕੋਈ ਨਾ ਘੜਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਚਰਨ ਕਵਲ ਡੰਡਾਵਤ, ਸੀਸ ਜਗਦੀਸ਼ ਝੁਕਾਈਆ । ਸਾਚੇ ਨਾਮ ਦੀ ਕਰ ਸਖ਼ਾਵਤ, ਰਹਿਮਤ ਰਹੀਮ ਕਰੀਮ ਆਪ ਕਮਾਈਆ । ਦੀਨਾਂ ਮਜ਼੍ਹਬਾਂ ਮੇਟ ਅਦਾਵਤ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਮਨੂਆ ਕਰੇ ਨਾ ਕੋਇ ਬਗ਼ਾਵਤ, ਮਤ ਬੁੱਧੀ ਨਾ ਕੋਇ ਲੜਾਈਆ । ਸ਼ਰਅ ਰਹੇ ਨਾ ਕੋਇ ਸ਼ਰਾਰਤ, ਛੁਰੀ ਕਰਦ ਨਾ ਕੋਇ ਕਸਾਈਆ । ਸਾਚਾ ਮਾਰਗ ਦੱਸ ਮਾਰਫ਼ਤ, ਮਹਿਬੂਬ ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਲਜੁਗ ਜੀਵ ਤੇਰੇ ਨਾਮ ਦੇ ਬਣਨ ਆਰਫ਼, ਅਲਿਫ਼ ਯੇ ਤੋਂ ਪਰੇ ਕਰ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਦੀ ਕਰਦੇ ਨਹੀਂ ਸਫ਼ਾਰਸ਼, ਡੋਰੀ ਤੇਰੇ ਹੱਥ ਫੜਾਈਆ । ਚਾਰ ਜੁਗ ਦੀ ਸਾਡੀ ਲਿਖੀ ਵੇਖ ਇਬਾਰਤ, ਕ਼ਲਮ ਸਿਆਹੀ ਨਾਤਾ ਕਾਗ਼ਜ਼ ਨਾਲ ਜੁੜਾਈਆ । ਮਿਹਰਵਾਨ ਮੁਹੱਬਤ ਵਿਚ ਸਭ ਦੀ ਬਦਲ ਦੇ ਆਦਤ, ਸਾਚਾ ਰਾਹ ਇਕ ਜਣਾਈਆ । ਤੇਰੇ ਪਿਆਰ ਦੀ ਹੋਵੇ ਇਬਾਦਤ, ਬੰਦਗੀ ਇਕੋ ਦੇਣੀ ਸਮਝਾਈਆ । ਵਸਤ ਅਮੋਲਕ ਦੇ ਨਿਆਮਤ, ਨਾਉਂ ਨਿਰੰਕਾਰ ਝੋਲੀ ਪਾਈਆ । ਤੂੰ ਆਦਿ ਜੁਗਾਦੀ ਸਦਾ ਸਹੀ ਸਲਾਮਤ, ਸਾਹਿਬ ਸਵਾਮੀ ਸੋਭਾ ਪਾਈਆ । ਦੀਨ ਦੁਨੀ ਖ਼ਲਕ ਦੇ ਖ਼ਾਲਕ, ਮਖ਼ਲੂਕ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰ ਮਜ਼ਾਹਮਤ, ਸਤਿਜੁਗ ਸਚ ਆਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਤੇਰੇ ਅੱਗੇ ਅਰਦਾਸੇ, ਉਚੀ ਕੂਕ ਕੂਕ ਸੁਣਾਈਆ ।

ਕਿਰਪਾ ਕਰ ਪੁਰਖ ਅਬਿਨਾਸ਼ੇ, ਵਡ ਤੇਰੀ ਬੇਪਰਵਾਹੀਆ । ਮਾਣਸ ਜਨਮ ਸਭ ਦਾ ਕਰ ਰਹਿਰਾਸੇ, ਰਸਤਾ ਆਪਣਾ ਇਕ ਸਮਝਾਈਆ । ਭਾਗ ਲਗਾ ਦੇ ਕਾਇਆ ਮਾਟੀ ਖ਼ਾਕੇ, ਖ਼ਾਕ ਧੂੜੀ ਚਰਨਾਂ ਦੇ ਰਮਾਈਆ । ਬੰਦ ਕਿਵਾੜੀ ਖੋਲ੍ਹ ਦੇ ਤਾਕੇ, ਬਜਰ ਕਪਾਟੀ ਕੁੰਡਾ ਲਾਹੀਆ । ਅੰਤਰ ਆਤਮ ਜਾਮ ਪਿਆ ਕੇ, ਜਗਤ ਤ੍ਰਿਸ਼ਨਾ ਦੇ ਬੁਝਾਈਆ । ਸ਼ਬਦ ਅਨਾਦੀ ਨਾਦ ਸੁਣਾ ਕੇ , ਅਨਹਦ ਰਾਗ ਦੇ ਉਪਜਾਈਆ । ਨਿਰਗੁਣ ਜੋਤੀ ਜੋਤ ਜਗਾ ਕੇ, ਕਾਇਆ ਮੰਦਰ ਕਰ ਰੁਸ਼ਨਾਈਆ । ਸਾਚੀ ਮੰਜ਼ਲ ਗੁਰਮੁਖ ਸਚ ਚੜ੍ਹਾ ਕੇ, ਜਗਤ ਦਵਾਰੇ ਡੇਰਾ ਢਾਹੀਆ । ਏਕੰਕਾਰੇ ਇਕ ਮਿਲਾ ਕੇ, ਆਤਮ ਪਰਮਾਤਮ ਜੋੜ ਜੁੜਾਈਆ । ਥਿਰ ਘਰ ਸਾਚਾ ਇਕ ਸੁਹਾ ਕੇ, ਸੋਭਾਵੰਤ ਲੈਣਾ ਮਿਲਾਈਆ । ਸਚਖੰਡ ਸਾਚੇ ਰੰਗ ਰੰਗਾ ਕੇ, ਰੰਗਤ ਇਕੋ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਇਕ ਅਰਜ਼ੋਈ, ਬੇਨੰਤੀ ਦਿਤੀ ਜਣਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਚਾਰੋਂ ਕੁੰਟ ਅੰਧੇਰਾ ਛਾਈਆ । ਸਦੀ ਚੌਧਵੀਂ ਮਿਲੇ ਕਿਸੇ ਨਾ ਢੋਈ, ਧੂੰਆਧਾਰ ਹੋਈ ਲੋਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਸਭ ਦੀ ਸੋਈ, ਸੁਰਤੀ ਸ਼ਬਦ ਨਾ ਕੋਇ ਜਗਾਈਆ । ਤੇਰੇ ਨਾਮ ਦੀ ਇਕ ਦਰੋਹੀ, ਤੋਬਾ ਤੋਬਾ ਵਿਚ ਦੁਹਾਈਆ । ਮੁਹੱਬਤ ਵਿਚ ਤੇਰੀ ਧਾਰ ਕਿਸੇ ਨਾ ਮੋਹੀ, ਮਿਹਰਵਾਨ ਮਹਿਬੂਬ ਤੇਰਾ ਦਰਸ ਕੋਇ ਨਾ ਪਾਈਆ । ਬੂੰਦ ਸਵਾਂਤੀ ਨਿਝਰ ਧਾਰ ਕਿਸੇ ਨਾ ਚੋਈ, ਅਗਨੀ ਤਤ ਨਾ ਕੋਇ ਬੁਝਾਈਆ । ਸਚ ਵਸਤ ਸਾਰੇ ਬੈਠੇ ਖੋਈ, ਖ਼ਾਲੀ ਭਾਂਡੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲੇ ਵੇਖ ਆਪਣੀ ਲਿਖਤ, ਬਿਨ ਅੱਖਰਾਂ ਅੱਖ ਖੁਲ੍ਹਾਈਆ । ਭੇਵ ਅਭੇਦਾ ਜਾਣ ਸ੍ਰਿਸ਼ਟ, ਸ੍ਰਿਸ਼ਟੀ ਤੇਰੇ ਹੱਥ ਫੜਾਈਆ । ਜੋਤੀ ਧਾਰ ਤਕ ਇਸ਼ਟ, ਇਸ਼ਟ ਦੇਵ ਆਤਮਾ ਨੂਰ ਅਲਾਹੀਆ । ਸਤਿਜੁਗ ਤਰੇਤਾ ਦਵਾਪਰ ਕਲਜੁਗ ਵੇਖ ਲਿਸਟ, ਫ਼ਰਿਸਤ ਸਭ ਦੀ ਫੋਲ ਫੁਲਾਈਆ । ਲਹਿਣਾ ਦੇਣਾ ਤਕ ਸਵਰਗ ਬਹਿਸ਼ਤ, ਪਰਦਾ ਉਹਲਾ ਰਹੇ ਨਾ ਰਾਈਆ । ਕੁਛ ਲੇਖਾ ਯਾਦ ਕਰ ਰਾਮਾ ਵਸ਼ਿਸ਼ਟ, ਸਚ ਸੰਦੇਸ਼ਾ ਕੀ ਸੁਣਾਈਆ । ਕਾਹਨ ਅਰਜਨ ਨਾਲ ਕੀਤੀ ਕੀ ਲਿਖਤ, ਬੰਸਰੀ ਵਾਲੀ ਧੁਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰਾ ਮੰਗਦੇ ਇਕ ਦਵਾਰਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੂੰ ਸਾਂਝਾ ਪਰਵਰਦਿਗਾਰਾ, ਜਲਵਾਗਰ ਨੂਰ ਖ਼ੁਦਾਈਆ । ਦਰਗਾਹ ਸਾਚੀ ਤੇਰਾ ਧਾਮ ਨਿਆਰਾ, ਮੁਕਾਮੇ ਹੱਕ ਵੱਜੇ ਵਧਾਈਆ । ਜਿਥੇ ਨਿਰਗੁਣ ਨੂਰ ਹੋਵੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਮਹੱਲ ਅਟਲ ਸੋਹੇ ਮਨਾਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਨਾਦ ਧੁੰਨ ਨਾ ਕੋਇ ਜੈਕਾਰਾ, ਰਾਗੀ ਰਾਗ ਨਾ ਕੋਇ ਸੁਣਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਸਿਆਹੀ ਮਿਲੇ ਨਾ ਕੋਇ ਵਡਿਆਈਆ । ਜਿਥੇ ਝੁਕਦੇ ਗੁਰੂ ਅਵਤਾਰਾ, ਪੈਗ਼ੰਬਰ ਸਯਦਿਆਂ ਵਿਚ ਸੀਸ ਨਿਵਾਈਆ । ਤਤ ਵਜੂਦ ਨਾ ਕੋਇ ਅਖਾੜਾ, ਸ਼ਰੀਰ ਬੇਨਜ਼ੀਰ ਨਜ਼ਰ ਕੋਇ ਨਾ ਆਈਆ । ਇਕੋ ਤੇਰਾ ਨੂਰ ਚਮਤਕਾਰਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਦੀ ਚੌਧਵੀਂ ਵੇਖ ਅੰਤਮ ਵਾਰਾ, ਅੰਤਸ਼ਕਰਨ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਧੂੰਆਧਾਰਾ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਚੌਦਾਂ

ਤਬਕ ਰੋਵਣ ਜ਼ਾਰੋ ਜ਼ਾਰਾ, ਚੌਦਾਂ ਲੋਕ ਰਹੇ ਕੁਰਲਾਈਆ । ਈਸਾ ਮੂਸਾ ਮੁਹੰਮਦ ਨੇਤਰ ਰੋਵਣ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਮਹਿਬੂਬ, ਮੁਹੱਬਤ ਤੇਰੀ ਨਜ਼ਰੀ ਆਈਆ । ਤੇਰਾ ਮਹੱਲ ਅਟਲ ਉਚ ਅਰੂਜ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਤੇਰੀ ਮੰਜ਼ਲ ਹੱਕ ਮਕ਼ਸੂਦ, ਦਰਗਾਹ ਸਾਚੀ ਸੋਭਾ ਪਾਈਆ । ਜਿਧਰ ਤੱਕੀਏ ਓਧਰ ਮੌਜੂਦ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਤੁਧ ਬਿਨ ਦਿਸੇ ਨਾ ਕੋਇ ਮਹਿਫ਼ੂਜ਼, ਸਿਰ ਹੱਥ ਨਾ ਕੋਇ ਟਿਕਾਈਆ । ਖ਼ਾਲਕ ਖ਼ਲਕ ਵੇਖ ਆਪਣੀ ਮਖ਼ਲੂਕ, ਕਾਇਨਾਤ ਫੋਲ ਫੁਲਾਈਆ । ਦੀਨਾਂ ਮਜ਼੍ਹਬਾਂ ਰਿਹਾ ਨਾ ਕੋਇ ਸਲੂਕ, ਸਾਚਾ ਮੇਲ ਨਾ ਕੋਇ ਕਰਾਈਆ । ਤੇਰੇ ਨਾਮ ਦਾ ਨਿਸ਼ਾਨਾ ਬਣਿਆ ਜਗਤ ਬੰਦੂਕ, ਗੋਲੀ ਸ਼ਰਅ ਤੇਰੀ ਚਲਾਈਆ । ਸਦੀ ਚੌਧਵੀਂ ਨਿਸ਼ਾਨਾ ਜਾਏ ਮੂਲ ਨਾ ਚੂਕ, ਚੌਕੰਨੀ ਕਰਨੀ ਖ਼ਲਕ ਖ਼ੁਦਾਈਆ । ਜ਼ਰਾ ਇਸ਼ਾਰਾ ਦੇ ਦੇ ਪੁਰਖ ਅਕਾਲੇ ਵਿਚ ਰੂਸ, ਰੁਸਤਮ ਆਪਣੇ ਲੈਣੇ ਉਠਾਈਆ । ਮੁਹੰਮਦ ਦੀ ਮਾਲਕੀ ਰਹੇ ਨਾ ਸਹਾਰਾ ਰਹੇ ਨਾ ਕੋਇ ਮੌਰੂਸ, ਮੁਕੰਮਲ ਆਪਣਾ ਹੁਕਮ ਵਰਤਾਈਆ । ਨਾਮ ਅਗੰਮਾ ਸ਼ਬਦੀ ਭੇਜ ਦੇ ਦੂਤ, ਦੋ ਜਹਾਨਾਂ ਹੁਕਮ ਸੁਣਾਈਆ । ਖੜੇ ਕਰ ਦੇ ਪੰਜ ਭੂਤ, ਪੰਜਾਂ ਤੱਤਾਂ ਹੋਵੇ ਲੜਾਈਆ । ਝਗੜਾ ਰਹੇ ਨਾ ਕੋਇ ਅਛੂਤ, ਛੂਹ ਆਪਣੀ ਦੇਣੀ ਲਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਗਤ ਕਿਰਿਆ ਮੇਟ ਦੇ ਹਦੂਦ, ਹੱਦ ਆਪਣੀ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਲੀਸ਼ਾਨ ਉਚ ਅਰੂਜ, ਮਨਾਰ ਏਕੰਕਾਰ ਨਿਰਗੁਣ ਧਾਰ ਸੋਭਾ ਪਾਈਆ ।



## ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਬਚਨ ਸਿੰਘ ਦੇ ਗ੍ਰਿਹਿ ਪਿੰਡ ਚਿੱਬਾ ✻

ਧਰਤੀ ਕਹੇ ਏਥੇ ਨੌ ਦਿਨ ਕੱਟਕੇ ਗਿਆ ਦਰਬਾਸ਼ਾ ਰਿਸ਼ੀ, ਰਿਸ਼ੀ ਤਿੰਨ ਨਾਲ ਮਿਲਾਈਆ । ਰਾਤੀਂ ਸੁਤਿਆਂ ਅਗੰਮੀ ਧਾਰ ਦਿਸੀ, ਨੂਰ ਨੂਰ ਨੂਰ ਰੁਸ਼ਨਾਈਆ । ਜਿਸ ਵਿਚ ਕਲਜੁਗ ਜਣਾਈ ਮਿਤੀ, ਭੇਵ ਅਭੇਦ ਦਿਤਾ ਖੁਲ੍ਹਾਈਆ । ਪੁਰਖ ਅਕਾਲ ਸ਼ਬਦ ਜਣਾਈ ਅਗੰਮੀ ਚਿੱਠੀ, ਸੰਦੇਸ਼ਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਦੁਰਬਾਸ਼ਾ ਕਹੇ ਮੈਂ ਸੁੱਤਾ ਆਪਣੇ ਆਸਣ, ਮਿੱਟੀ ਘੱਟੇ ਡੇਰਾ ਲਾਈਆ । ਹਿਰਦੇ ਅੰਦਰ ਲੱਗਾ ਵਾਚਣ, ਕੀ ਪ੍ਰਭ ਦੇ ਵਿਚ ਵਡਿਆਈਆ । ਕਿਸ ਬਿਧ ਭਗਤਾਂ ਦੇਵੇ ਸਾਥਨ, ਨਿਰਗੁਣ ਸਰਗੁਣ ਵੇਸ ਵਟਾਈਆ । ਮੇਰਾ ਅੰਤਰ ਲੱਗਾ ਆਖਣ, ਕਿਛ ਮੈਨੂੰ ਰਿਹਾ ਦ੍ਰਿੜਾਈਆ । ਹਿਰਦੇ ਅੰਤਰ ਕਰ ਵਿਸ਼ਵਾਸ਼ਨ, ਵਿਸ਼ਾ ਅਵਰ ਨਾ ਕੋਇ ਬਣਾਈਆ । ਜਾਂ ਮੈਂ ਧਿਆਨ ਧਰਿਆ ਮੈਨੂੰ ਨਜ਼ਰੀ ਆਈ ਅੰਧੇਰੀ ਰਾਤਨ, ਕਲਜੁਗ ਕੂੜ ਕੂੜ ਕੁਰਲਾਈਆ । ਮੈਂ ਰੋ ਕੇ ਲੱਗਾ ਆਖਣ, ਪ੍ਰਭ ਤੇਰੀ ਬੇਪਰਵਾਹੀਆ । ਸਤਿ ਧਰਮ ਦਾ ਰਿਹਾ ਕੋਈ ਨਾ ਸਾਥਨ, ਸੰਗੀ ਸੰਗੀ ਨਾ ਕੋਇ ਬਣਾਈਆ । ਮਨ ਕਲਪਣਾ ਸਾਰੇ ਨਾਚਣ, ਕੂੜੀ ਕਿਰਿਆ ਰਹੀ ਕੁਰਲਾਈਆ । ਪਰਦਾ ਖੁਲ੍ਹੇ ਕਿਸੇ ਨਾ ਬਾਤਨ, ਓਹਲਾ ਅੰਦਰੋਂ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦੁਰਬਾਸ਼ਾ ਕਹੇ ਮੇਰੇ ਅੰਤਰ ਆ ਗਈ



੧੧੭੬ ੨੧

ਹੰਸੀ, ਹੱਸ ਕੇ ਦਿਤਾ ਵਖਾਈਆ । ਤੇਰਾ ਖੇਲ ਪ੍ਰਭੂ ਸਹੰਸੀ, ਅਨੰਤੀ ਨਜ਼ਰੀ ਆਈਆ । ਧੁਰ ਦਾ ਸ਼ਬਦ ਆਇਆ ਜਿਸ ਤਰਾ ਨਾਚ ਨਚੌਣਾ ਜਾਦਵ ਬੰਸੀ, ਕੌਰੋ ਪਾਂਡੋ ਵੰਡ ਵੰਡਾਈਆ । ਦੁਰਬਾਸ਼ਾ ਕਹੇ ਮੈਂ ਫੇਰ ਕੀਤੀ ਬੇਨੰਤੀ, ਨਿਉਂ ਕੇ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਇਕ ਸੁਣ ਅਗੰਮੀ ਪੰਗਤੀ, ਤੈਨੂੰ ਦਿਆਂ ਦ੍ਰਿੜਾਈਆ । ਕਲਜੁਗ ਵੇਖ ਖੇਲ ਗੜ੍ਹ ਹਉਮੇ ਹੰਗਤੀ, ਹੰ ਬ੍ਰਹਮ ਪਰਦਾ ਕੋਇ ਨਾ ਲਾਹੀਆ । ਵਿਦਿਆ ਰਹਿਣੀ ਨਹੀਂ ਵਿਚ ਪੰਡਤੀ, ਬ੍ਰਹਮ ਧਾਰ ਨਾ ਕੋਇ ਸਮਝਾਈਆ । ਮੁਹੱਬਤ ਰਹਿਣੀ ਨਹੀਂ ਵਿਚ ਸੰਗਤੀ, ਗੁਰ ਚੇਲੇ ਕਰਨ ਲੜਾਈਆ । ਖੁੜ ਔਣੀ ਕਲਜੁਗ ਅੰਤਮ ਅੰਨ ਦੀ, ਅੰਨ੍ਹੀ ਹੋਏ ਲੋਕਾਈਆ । ਵਡਿਆਈ ਹੋਣੀ ਚੁਗਲੀ ਵਾਲੇ ਕੰਨ ਦੀ, ਸਚ ਸੁਚ ਨਾ ਕੋਇ ਰਖਾਈਆ । ਕਲਪਣਾ ਵਧਣੀ ਮਮਤਾ ਵਾਲੇ ਮਨ ਦੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਦੁਹਾਈ ਪੈਣੀ ਲਾਲਸਾ ਵਾਲੇ ਧਨ ਦੀ, ਨਾਮ ਨਿਧਾਨਾ ਹੱਥ ਕਿਸੇ ਨਾ ਆਈਆ । ਪਹਿਚਾਣ ਰਹਿਣੀ ਨਹੀਂ ਕਿਸੇ ਗੱਲ ਦੀ, ਸਤਿ ਧਰਮ ਨਾ ਕੋਇ ਰਖਾਈਆ । ਚਾਰੋਂ ਕੁੰਟ ਜੂਠ ਝੂਠ ਅੰਧੇਰੀ ਹੋਣੀ ਚਲਦੀ, ਚਾਰ ਵਰਨ ਦਏ ਉਡਾਈਆ । ਦੁਰਬਾਸ਼ਾ ਕਹੇ ਐਥੇ ਨਦੀ ਵਹਿੰਦੀ ਸੀ ਜਲ ਦੀ, ਤੇ ਕਿਨਾਰਾ ਪਿਛਲਾ ਨਜ਼ਰੀ ਆਈਆ । ਜਿਹੜੀ ਜੋਤ ਸ਼ਬਦ ਸੰਦੇਸ਼ਾ ਅਗੰਮਾ ਘਲਦੀ, ਮੈਨੂੰ ਰਹੀ ਸੁਣਾਈਆ । ਓਹ ਰਾਤੀਂ ਸੁੱਤਿਆਂ ਮੇਰਾ ਆਸਣ ਮੱਲਦੀ, ਸਨਮੁਖ ਹੋ ਕੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦੁਰਬਾਸ਼ਾ ਕਹੇ ਮੇਰੇ ਅੰਤਰ ਲੱਗੀ ਸੋਚ, ਸੋਚਾਂ ਵਿਚ ਆਪਣਾ



ਆਪ ਡੁਬਾਈਆ । ਮੇਰੇ ਅੰਤਰ ਉਪਜੀ ਲੋਚ, ਆਸਾ ਇਕ ਵਧਾਈਆ । ਪ੍ਰਭ ਦੀ ਬੜੀ ਅਨੋਖੀ ਮੌਜ, ਜੁਗ ਜੁਗ ਆਪਣੀ ਕਾਰ ਕਮਾਈਆ । ਜੇ ਕਿਰਪਾ ਕਰ ਕੇ ਮੈਨੂੰ ਦਰਸ਼ਨ ਦੇਵੇ ਰੋਜ਼, ਨਿਤ ਨਿਤ ਆਪਣਾ ਫੇਰਾ ਪਾਈਆ । ਮੈਂ ਵੇਖਾਂ ਓਸ ਦੇ ਚੋਜ, ਚੋਜੀ ਪ੍ਰੀਤਮ ਦਏ ਵਡਿਆਈਆ । ਫੇਰ ਝਟ ਸੁਣਿਆ ਅਗੰਮੀ ਸਲੋਕ, ਧੁਰ ਫ਼ਰਮਾਨਾ ਗਿਆ ਆਈਆ । ਦੁਰਬਾਸ਼ਾ ਨਿਗਾਹ ਮਾਰ ਲੋਕ ਪਰਲੋਕ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਅੰਤ ਝਗੜਾ ਪੈਣਾ ਮਾਤਲੋਕ, ਚਾਰ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਦੁਰਬਾਸ਼ਾ ਕਹੇ ਮੇਰੇ ਅੰਤਰ ਆਇਆ ਧਿਆਨ, ਧਿਆਨੀ ਧਿਆਨ ਲਗਾਈਆ । ਪ੍ਰਭ ਸ਼ਬਦੀ ਦਿਤਾ ਗਿਆਨ, ਬੁੱਧ ਦਿਤੀ ਬਦਲਾਈਆ । ਜਾ ਵੇਖ ਉਤੇ ਅਸਮਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜ਼ਮੀਨ ਨਾਲ ਲਾ ਕਾਨ, ਕੀ ਥੱਲਿਉਂ ਧਰਤੀ ਰਹੀ ਸੁਣਾਈਆ । ਦੁਰਬਾਸ਼ਾ ਕਹੇ ਜਾਂ ਮੈਂ ਕੰਨ ਲਾਇਆ ਧਰਤੀ ਕਹੇ ਏਥੇ ਆਉਣਾ ਸ੍ਰੀ ਭਗਵਾਨ, ਕਲਜੁਗ ਅੰਤ ਵੇਸ ਵਟਾਈਆ । ਜਿਸ ਨੇ ਸ਼ਰਅ ਮੇਟਣੀ ਸ਼ੈਤਾਨ, ਛੁਰੀ ਕਰਦ ਰਹੇ ਨਾ ਕੋਇ ਕਸਾਈਆ । ਦੀਨ ਦੁਨੀ ਦਾ ਬਦਲ ਵਿਧਾਨ, ਰਾਸਤਾ ਬਰਾਸਤਾ ਇਕੋ ਦੇਣਾ ਕਰਾਈਆ । ਧਰਮ ਝੁਲਾ ਨਿਸ਼ਾਨ, ਨਵ ਸੱਤ ਇਕੋ ਹੁਕਮ ਵਰਤਾਈਆ । ਰਿਸ਼ੀਆਂ ਦਾ ਲਹਿਣਾ ਦੇਣਾ ਮੁਨੀਆਂ ਨਾਲ ਚੁਕਾਏ ਵਿਚ ਜਹਾਨ, ਤਪੀਸ਼ਰਾਂ ਤਪ ਝੋਲੀ ਪਾਈਆ । ਜਨ ਭਗਤ ਸੁਹੇਲੇ ਦਰ ਕਰ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਦੁਰਬਾਸ਼ਾ ਤੂੰ ਵੀ ਪਹੁੰਚਣਾ ਆਣ, ਸਚ ਸੰਦੇਸ਼ਾ ਇਕ ਸੁਣਾਈਆ । ਰਿਸ਼ੀ ਚਰਨ ਧੂੜ ਕਰ ਇਸ਼ਨਾਨ, ਆਪਣੀ ਖ਼ੁਸ਼ੀ ਬਣਾਈਆ । ਬੇਨੰਤੀ ਕਰ ਕੇ ਲੱਗਾ ਸੁਨਾਣ, ਆਰਜ਼ੂ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਖਾਈਆ । ਦੁਰਬਾਸ਼ਾ ਕਹੇ ਏਥੇ ਬ੍ਰਿਛ

ਹੁੰਦਾ ਸੀ ਇਕ ਵੱਡਾ ਕਿਕਰ, ਕਾਲਾ ਰੰਗ ਸੋਭਾ ਪਾਈਆ । ਜਿਥੇ ਮਿਲਿਆ ਪ੍ਰਭੂ ਪਿਆਰਾ ਮਿੱਤਰ, ਮੀਤ ਮੁਰਾਰਾ ਨਜ਼ਰੀ ਆਈਆ । ਮੈਂ ਹੁਕਮ ਵਿਚ ਕੁਛ ਸ਼ਬਦ ਲੱਗਾ ਲਿਖਣ, ਕਾਗਜ਼ ਨਾਲ ਕਲਮ ਸ਼ਾਹੀਆ । ਜਾਂ ਤੱਕਿਆ ਮੈਨੂੰ ਚਾਰੋਂ ਕੁੰਟ ਅੰਧੇਰਾ ਲੱਗਾ ਦਿਸਣ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦਿਸੀ ਮਿਥਨ, ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਰੋ ਕੇ ਲੱਗਾ ਪਿੱਟਣ, ਦਿਤੀ ਕੂਕ ਦੁਹਾਈਆ । ਧਰਤੀ ਉਤੇ ਲੱਗਾ ਲਿਟਣ, ਹਾਲ ਬੇਹਾਲ ਬਣਾਈਆ । ਆਪਣੇ ਉਤੇ ਮਿੱਟੀ ਲੱਗਾ ਸਿੱਟਣ, ਧੂੜੀ ਧੂੜ ਰਲਾਈਆ । ਝਟ ਪੁਰਖ ਅਕਾਲ ਨੇ ਸ਼ਬਦੀ ਦਿਤੀ ਚਿੱਟਣ, ਚਿੱਠੀ ਇਕ ਵਖਾਈਆ । ਦੁਰਬਾਸ਼ੇ ਕਲਜੁਗ ਅੰਤ ਦੁਨੀਆ ਦਾ ਇਸ਼ਟ ਹੋਣਾ ਪੱਥਰ ਇੱਟਣ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰਿਆਂ ਸੀਸ ਨਿਵਾਈਆ । ਮੇਰਾ ਗ੍ਰਿਹਿ ਮੂਲ ਨਾ ਪੁੱਛਣ, ਦਰਗਾਹ ਸਾਚੀ ਪੁੱਜਣ ਕੋਇ ਨਾ ਪਾਈਆ । ਸਚਖੰਡ ਦਵਾਰਿਉਂ ਰੁੱਸਣ, ਰਾਏ ਧਰਮ ਹੱਥ ਆਪਣੇ ਆਪ ਫੜਾਈਆ । ਉਸ ਵੇਲੇ ਕਲਜੁਗ ਆਵੇ ਮੁੱਕਣ, ਲੋਕਮਾਤ ਰਹਿਣ ਨਾ ਪਾਈਆ । ਮੈਂ ਭਾਗ ਲਗਾਵਾਂ ਗੋਬਿੰਦ ਆਪਣੇ ਪੁੱਤਣ, ਸੂਰਮਾ ਇਕ ਉਠਾਈਆ । ਜੋ ਦੋ ਜਹਾਨਾਂ ਕਿਸੇ ਨਾ ਦੇਵੇ ਲੁਕਣ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਆਪਣੀ ਧਾਰੋਂ ਆਪ ਆਵਾਂ ਉਠਣ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕੂੜ ਵਿਕਾਰਾ ਆਵਾਂ ਲੁੱਟਣ, ਸ਼ਬਦ ਧਾੜਵੀ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦੁਰਬਾਸ਼ਾ ਕਹੇ ਪਾਣੀ ਵਹਿਣ ਵਾਲਾ ਕੰਢਾ, ਘਾਟ ਪਿਛਲਾ ਨਜ਼ਰੀ ਆਈਆ । ਜਿਥੇ ਬਹਿਆ ਸੂਰਾ ਸਰਬੰਗਾ, ਨਿਰਗੁਣ ਦਾਤਾ ਬੇਪਰਵਾਹੀਆ । ਸ਼ਬਦ ਸੰਦੇਸ਼ਾ ਦਿਤਾ ਚੰਗਾ, ਨਿਰਗੁਣ ਸਰਗੁਣ ਕੀਤੀ ਪੜ੍ਹਾਈਆ । ਜਿਸ ਵੇਲੇ ਕਲਜੁਗ ਹੋਇਆ ਅੰਧਾ, ਨੇਤਰਹੀਣ ਹੋਈ ਲੋਕਾਈਆ । ਮਨ ਕਲਪਣਾ ਹੋਇਆ ਗੰਦਾ, ਬੁੱਧ ਬਿਬੇਕ ਨਾ ਕੋਇ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖਾਵੇ ਮੁਰਗੀ ਅੰਡਾ, ਪਸ਼ੂ ਖਾ ਖਾ ਆਪਣਾ ਝਟ ਲੰਘਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡਾ, ਸਚਖੰਡ ਦਵਾਰੇ ਮਿਲਣ ਕੋਇ ਨਾ ਆਈਆ । ਆਤਮਾ ਪ੍ਰਭ ਨਾਲੋਂ ਹੋਏ ਰੰਡਾ, ਪਰਮਾਤਮਾ ਮਿਲਣ ਕੋਇ ਨਾ ਪਾਈਆ । ਬੰਦਗੀ ਵਾਲਾ ਬੰਦਾ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਾਣ ਰਹੇ ਕੋਈ ਨਾ ਜਮਨਾ ਸੁਰਸਤੀ ਗੰਗਾ, ਅਠਸਠ ਨਾ ਕੋਇ ਵਡਿਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਹੋਣਾ ਦੰਗਾ, ਘਰ ਘਰ ਪਏ ਦਹਾਈਆ । ਜੀਵ ਜਗਤ ਜਹਾਨ ਹੋਏ ਨੰਗਾ, ਓਢਣ ਸੀਸ ਨਾ ਕੋਇ ਟਿਕਾਈਆ । ਉਸ ਵੇਲੇ ਪ੍ਰਗਟ ਹੋਵੇ ਸੂਰਾ ਸਰਬੰਗਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਭਗਤ ਸੁਹੇਲਾ ਹੋਵੇ ਸੰਗਾ, ਹਰਿਜਨ ਸਾਚੇ ਜੋੜ ਜੁੜਾਈਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਦੁਰਬਾਸ਼ਾ ਕਹੇ ਕੀ ਸਾਹਿਬ ਦੇਵੇਂ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਪੁਰਖ ਅਕਾਲ ਕਿਹਾ ਗੁਰਮੁਖ ਬਣਾ ਕੇ ਨੂਰੀ ਚੰਦਾ, ਚੰਦ ਨੂਰ ਕਰਾਂ ਰੁਸ਼ਨਾਈਆ । ਜਿਸ ਕਾਇਆ ਅੰਦਰ ਲੰਘਾਂ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਧਰਨੀ ਧਰਤ ਧਵਲ ਧੌਲ ਲੱਖ ਚੁਰਾਸੀ ਜੀਵ ਜੰਤ ਸਰਬ ਦੇਂਦਾ, ਦੇਵਣਹਾਰ ਇਕ ਅਖਵਾਈਆ ।

## ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਮੇਜ਼ ਸਿੰਘ ਦੇ ਗ੍ਰਿਹ ਥਾਨੇਸਰ ✻

ਨਾਰਦ ਕਹੇ ਵੇਖ ਦੁਰਬਾਸ਼ੇ, ਦੋਬਾਰਾ ਮੈਂ ਵੀ ਗਿਆ ਆਈਆ । ਦੱਸ ਹੁਣ ਕਿਹੜੇ ਵੇਖਣੇ ਤਮਾਸ਼ੇ, ਚਾਰੋਂ ਕੁੰਟ ਧਿਆਨ ਲਗਾਈਆ । ਰਿਸ਼ੀ ਖਿੜ ਖਿੜਾ ਕੇ ਹਾਸੇ, ਹੱਥ ਹੱਥਾਂ ਉਤੇ ਟਿਕਾਈਆ । ਤੂੰ ਨਿਗਾਹ ਮਾਰ ਕਿ ਠੀਕ ਕਲਜੁਗ ਅੰਧੇਰੀ ਰਾਤੇ, ਚਾਰੋਂ ਕੁੰਟ ਅੰਧੇਰਾ ਛਾਈਆ । ਧਰਮ ਰਿਹਾ ਨਾ ਕੋਈ ਸਾਚੇ, ਸਚ ਨਾ ਕੋਇ ਵਡਿਆਈਆ । ਝਗੜਾ ਪਿਆ ਤਨ ਕਾਚੇ, ਮਾਟੀ ਖ਼ਾਕ ਰਹੀ ਕੁਰਲਾਈਆ । ਨਾਰਦ ਕਹੇ ਮੈਂ ਵੇਖੇ ਨੌ ਖੰਡ ਪ੍ਰਿਥਮੀ ਅਹਾਤੇ, ਦੀਨ ਦੁਨੀ ਖੋਜ ਖੁਜਾਈਆ । ਹੁਣ ਦੱਸ ਕਿਹੜੇ ਕੌਰਵ ਪਾਂਡਵ ਖਡਾਉਣੇ ਸਾਰ ਪਾਸ਼ੇ, ਨਰਦ ਕੌਣ ਵੇਖ ਵਖਾਈਆ । ਨਾਰਦ ਕਹੇ ਮੁਨੀ ਜੀ ਪਿਛਲੀ ਕਥਾ ਕਹਾਣੀ ਛੱਡੋ ਅਗਲਾ ਖੇਲ ਪ੍ਰਭੂ ਦਾ ਕੌਣ ਵਾਚੇ, ਵਾਚਣ ਵਾਲਾ ਨਜ਼ਰ ਕੋਇ ਨਾ ਆਈਆ । ਮੈਨੂੰ ਐਂ ਜਾਪਦਾ ਕਲਜੁਗ ਅੰਤ ਮੂਸਾ ਮੁਹੰਮਦ ਉਮਤ ਦੇ ਬਣਾ ਕੇ ਤਾਏ ਚਾਚੇ, ਈਸਾ ਨਾਲ ਲੈਣਾ ਮਿਲਾਈਆ । ਇਹ ਹੁਕਮ ਸੰਦੇਸ਼ਾ ਧੁਰ ਦਾ ਆਖੇ, ਪਾਰਬ੍ਰਹਮ ਰਿਹਾ ਦ੍ਰਿੜਾਈਆ । ਤੇਰਾ ਹਿਰਦਾ ਕੀ ਵਾਚੇ, ਮੈਨੂੰ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧਰਮ ਦੀ ਧਾਰ ਇਕ ਵਖਾਈਆ । ਨਾਰਦ ਕਹੇ ਦੁਰਬਾਸ਼ੇ ਮੈਂ ਵੀ ਆਇਆ ਵਿਚ ਥਾਨੇਸਰ, ਥਾਨ ਥਨੰਤਰ ਵੇਖ ਵਖਾਈਆ । ਕਿਹੜੇ ਰਾਜੇ ਮਹਾਰਾਜਿਆਂ ਲਾਉਣਾ ਮਸਤਕ ਕੇਸਰ, ਟਿੱਕਾ ਕਵਣ ਲਗਾਈਆ । ਦੁਰਬਾਸ਼ਾ ਕਹੇ ਮੈਂ ਸ਼ਬਦ ਸੁਣਿਆ ਤੇਰੇ ਆਉਣ ਤੋਂ ਪੇਸ਼ਤਰ, ਧੁਰਦਰਗਾਹੀ ਦਿਤਾ ਜਣਾਈਆ । ਲਹਿੰਦੀ ਦਿਸ਼ਾ ਵੇਖੋ ਖੋਲ੍ਹ ਕੇ ਨੇਤਰ, ਨੈਣ ਨੈਣਾਂ ਨਾਲ ਉਠਾਈਆ । ਪੁਰਖ ਅਕਾਲ ਦੀਨਾਂ ਮਜ਼੍ਹਬਾਂ ਦਾ ਵਾਚਣ ਲੱਗਾ ਪੇਪਰ, ਪਰਦਿਆਂ ਵਿਚੋਂ ਪਰਦਾ ਆਪ ਉਠਾਈਆ । ਪਿਛਲੀ ਰੀਤੀ ਛੱਡਣੀ ਜਿਹੜਾ ਝਗੜਾ ਹੋਇਆ ਕੁਰਕਸ਼ੇਤਰ, ਕੁਛ ਅਗਲਾ ਲੇਖਾ ਦਿਆਂ ਦ੍ਰਿੜਾਈਆ । ਸੋਹਣਾ ਲਗਨ ਸੋਹਣਾ ਪ੍ਰਵਿਸ਼ਟਾ ਸੋਹਣਾ ਮਹੀਨਾ ਚੇਤਰ, ਚੇਤਨ ਹੋ ਕੇ ਵੇਖ ਵਖਾਈਆ । ਚਾਰ ਜੁਗ ਦਾ ਪਿਛਲਾ ਵਖਾਵਾਂ ਲੇਖਨ, ਪਰਦਾ ਉਹਲਾ ਆਪ ਉਠਾਈਆ । ਦੀਨ ਦੁਨੀ ਦਾ ਬਣ ਕੇ ਭੇਤਨ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਝਗੜਾ ਵੇਖਾਂ ਪੀਰ ਮੁੱਲਾ ਕ਼ਾਜ਼ੀ ਸ਼ੇਖ਼ਨ, ਚਰਚਾਂ ਵਿਚ ਪੋਪਾਂ ਫੋਲ ਫੁਲਾਈਆ । ਫਿਰ ਕੇ ਆਵਾਂ ਦੇਸ ਪ੍ਰਦੇਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਰਿਸ਼ੀ ਜੀ ਕਿਉਂ ਨਹੀਂ ਲਾਇਆ ਮਸਤਕ ਤਿਲਕ, ਤਰਸੂਲ ਨਜ਼ਰ ਕੋਇ ਨਾ ਆਈਆ । ਦੁਰਬਾਸ਼ਾ ਕਹੇ ਤੂੰ ਦੱਸ ਕਿਹੜੀ ਨਵੀਂ ਇੱਲਤ, ਮੈਨੂੰ ਦੇ ਸਮਝਾਈਆ । ਨਾਰਦ ਕਹੇ ਮੈਂ ਦੀਨ ਦੁਨੀ ਦੀ ਵੇਖੀ ਜ਼ਿੱਲਤ, ਚਾਰੋਂ ਕੁੰਟ ਖ਼ੁਆਰੀ ਨਜ਼ਰੀ ਆਈਆ । ਸਚ ਦਵਾਰੇ ਹੋਏ ਨਾ ਕਿਸੇ ਮਿੱਲਤ, ਪਾਰਬ੍ਰਹਮ ਪ੍ਰਭ ਮੇਲ ਨਾ ਕੋਇ ਮਿਲਾਈਆ । ਮੈਂ ਨੌ ਖੰਡ ਪ੍ਰਿਥਮੀ ਨੱਠਾ ਭੱਜਾ ਦੀਨਾਂ ਮਜ਼੍ਹਬਾਂ ਵਾਲੇ ਸਾਰੇ ਦਿਸੇ ਨਿੰਦਕ, ਚੁਗਲੀ ਨਿੰਦਿਆ ਵਿਚ ਰਹੇ ਕੁਰਲਾਈਆ । ਮਨ ਮਮਤਾ ਹੋਏ ਹਿੰਸਕ, ਅਹਿੰਸਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਦੁਰਬਾਸ਼ੇ ਕੁਛ ਆਪਣੀ ਦੱਸ ਮਤ, ਮਤਾ ਤੇਰੇ ਨਾਲ ਪਕਾਈਆ । ਕੀ ਦੁਨੀਆ ਦੀ ਹੋਵੇ ਦੁਰਗੱਤ, ਦੁਰਗਾ ਖੰਡਾ ਧਾਰ ਕੀ ਸਮਝਾਈਆ । ਕੀ ਬਾਵਨ ਗਿਆ ਦੱਸ, ਬਲ ਦਵਾਰੇ ਕੀ ਕਰ ਪੜ੍ਹਾਈਆ । ਕੀ ਰਾਮ ਕਿਹਾ ਬੇਟੇ ਦਸਰਥ, ਭੇਵ ਅਭੇਦਾ ਜਗਤ ਖੁਲ੍ਹਾਈਆ । ਕੀ ਕ੍ਰਿਸ਼ਨ ਚਲਾਉਣਾ ਰਥ, ਰਥਵਾਹੀ ਹੋ ਕੇ ਮਹਾਂਸਾਰਥੀ

ਰੂਪ ਵਟਾਈਆ । ਕੀ ਕਲਜੁਗ ਹੋਣਾ ਭੱਠ, ਭਠਿਆਰਾ ਅਗਨੀ ਅੱਗ ਤਪਾਈਆ । ਕੀ ਗੋਬਿੰਦ ਦੱਸ ਕੇ ਗਿਆ ਸਚ, ਸਹਿਜੇ ਦੇਣਾ ਸੁਣਾਈਆ । ਦੁਰਬਾਸ਼ਾ ਕਹੇ ਮੈਂ ਜੋੜਾਂ ਦੋਵੇਂ ਹੱਥ, ਨਿਉਂ ਕੇ ਸੀਸ ਨਿਵਾਈਆ । ਇਹ ਖੇਲ ਪ੍ਰਭੁ ਸਮਰਥ, ਦੂਜੀ ਚਲੇ ਨਾ ਕਿਸੇ ਚਤੁਰਾਈਆ । ਮੇਰੀ ਥੋੜ੍ਹੀ ਖੁਲ੍ਹੀ ਅੱਖ, ਨੇਤਰ ਲੋਚਣ ਨੈਣ ਹੋਈ ਰੁਸ਼ਨਾਈਆ । ਮੈਂ ਪ੍ਰਭੁ ਵੇਖਿਆ ਪ੍ਰਤੱਖ, ਜੋਤੀ ਜਾਤਾ ਨੂਰ ਅਲਾਹੀਆ । ਜੋ ਭਗਤਾਂ ਮਿਲੇ ਜਸ, ਸਿਫ਼ਤਾਂ ਵਿਚ ਸਾਲਾਹੀਆ । ਨਿਰਗੁਣ ਧਾਰ ਹੋ ਪ੍ਰਗਟ, ਸ਼ਬਦੀ ਡੰਕਾ ਰਿਹਾ ਵਜਾਈਆ । ਚਾਰ ਵਰਨ ਅਠਾਰਾਂ ਬਰਨ ਖੋਲ੍ਹ ਕੇ ਹੱਟ, ਨਾਮ ਭੰਡਾਰਾ ਇਕ ਵਰਤਾਈਆ । ਝਗੜਾ ਮੁਕਾ ਕੇ ਤੀਰਥ ਤਟ, ਅਠਸਠ ਡੇਰਾ ਰਿਹਾ ਢਾਹੀਆ । ਉੱਤਰ ਪੂਰਬ ਪੱਛਮ ਦੱਖਣ ਵੇਖੇ ਨਠ ਨਠ, ਦਹਿ ਦਿਸ਼ਾ ਆਪਣਾ ਪੰਧ ਮੁਕਾਈਆ । ਈਸਾ ਮੂਸਾ ਮੁਹੰਮਦ ਦੀ ਪਿੱਠ ਉਤੇ ਰੱਖਿਆ ਹੱਥ, ਹਲੂਣੇ ਨਾਲ ਰਿਹਾ ਜਗਾਈਆ । ਉਠੋ ਛੇਤੀ ਕਰੋ ਝਟ, ਲਹਿੰਦੀ ਦਿਸ਼ਾ ਪਏ ਦੁਹਾਈਆ । ਦੁਰਬਾਸ਼ਾ ਕਹੇ ਇਹੋ ਕੁਛ ਮੇਰੇ ਅੰਤਰ ਗਿਆ ਧਸ, ਤੈਨੂੰ ਦਿਤਾ ਸੁਣਾਈਆ । ਨਾਰਦ ਕਹੇ ਯਾਰ ਕਰ ਬਸ, ਬਸਤਾ ਆਪਣਾ ਲੈ ਬੰਨ੍ਹਾਈਆ । ਮੈਂ ਪੁਛਣਾ ਓਸ ਕੋਲੋਂ ਜੋ ਸਰਬ ਕਲਾ ਸਮਰਥ, ਇਕੋ ਦਾਤਾ ਆਦਿ ਜੁਗਾਦਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਦੁਰਬਾਸ਼ੇ ਕਿਥੇ ਤੇਰੇ ਯੋਧੇ ਸੂਰਬੀਰ, ਮੈਨੂੰ ਦੇ ਵਖਾਈਆ । ਕਿਥੇ ਤੇਰੇ ਤਰਕਸ਼ ਤੀਰ, ਕਮਾਨ ਕੰਧ ਨਾ ਕੋਇ ਟਿਕਾਈਆ । ਚਾਰੋਂ ਕੁੰਟ ਨਾ ਦਿਸੇ ਵਹੀਰ, ਪਾਂਧੀ ਪੰਧ ਨਾ ਕੋਇ ਮੁਕਾਈਆ । ਦੁਰਬਾਸ਼ੇ ਨੇਤਰ ਵਹਾ ਕੇ ਨੀਰ, ਹੰਝੂ ਦਿਤੇ ਵਖਾਈਆ । ਕਿ ਕਿਸੇ ਦੇ ਹੱਥ ਜਗਤ ਵਾਲੀ ਨਹੀਂ ਤਕਦੀਰ, ਤਦਬੀਰ ਸਮਝ ਕਿਸੇ ਨਾ ਆਈਆ ।

੧੧੮੦ ੧੧੮੦

੨੧ ੨੧

ਕੋਟਨ ਕੋਟ ਹੋ ਕੇ ਗਏ ਸ਼ਾਹ ਹਕੀਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਦਿਲਗੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਦੀਨ ਦੁਨੀ ਨੂੰ ਬੰਨ੍ਹ ਕੇ ਸ਼ਰਅ ਦੀ ਵਿਚ ਜ਼ੰਜੀਰ, ਮਨੁੱਸ਼ ਮਨੁੱਸ਼ਾਂ ਨਾਲ ਦਿਤੇ ਲੜਾਈਆ । ਹੋਕਾ ਦਿਤਾ ਉਚ ਮੰਜ਼ਲ ਚੜ੍ਹ ਕੇ ਕਬੀਰ, ਬਿਨਾ ਕਾਅਬਿਆਂ ਤੋਂ ਦਿਤਾ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵਾਨ ਆਵੇ ਅਖ਼ੀਰ, ਆਖ਼ਰ ਵਾਲਾ ਲੇਖਾ ਦਏ ਮੁਕਾਈਆ । ਦੋ ਜਹਾਨਾਂ ਮਰਦ ਮਰਦਾਨਾ ਨੌਜਵਾਨਾ ਬਣ ਦਸਤਗੀਰ, ਦਾਮਨਗੀਰ ਇਕੋ ਸੋਭਾ ਪਾਈਆ । ਪਿਛਲੀ ਕੀਤੀ ਤੇ ਮਾਰੇ ਲਕੀਰ, ਅਗਲਾ ਹੁਕਮ ਆਪ ਸੁਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਭ ਦੇ ਹਿਰਦੇ ਦੇਵੇ ਚੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੁਨੀ ਜੀ ਆਪਣੀ ਖੋਲ੍ਹ ਕੇ ਦੱਸੋ ਪੁਸਤਕ, ਕੀ ਕਥਾ ਰਹੀ ਸੁਣਾਈਆ । ਦੁਰਬਾਸ਼ਾ ਕਹੇ ਜਾਂ ਮੈਂ ਵੇਖਿਆ ਮੈਨੂੰ ਨਜ਼ਰੀ ਆਵੇ ਇਕੋ ਮੁਰਸ਼ਦ, ਮੁਰੀਦ ਮੁਰੀਦਾਂ ਸੋਭਾ ਪਾਈਆ । ਜਿਸ ਦੀ ਸਾਰਿਆਂ ਕਰਨੀ ਉਲਫ਼ਤ, ਸਿਫ਼ਤਾਂ ਵਿਚ ਸਾਲਾਹੀਆ । ਓਹ ਦੀਨ ਦੁਨੀ ਨਾਲੋਂ ਗੁਰ ਅਵਤਾਰ ਪੈਗ਼ੰਬਰਾਂ ਦੀ ਕਰੇ ਰੁਖਸਤ, ਛੁੱਟੀ ਸਭ ਨੂੰ ਦਏ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੁਨੀ ਜੀ ਕੁਛ ਦੱਸੋ ਅਗੰਮਾ ਮੰਤਰ, ਮੰਤਵ ਹੱਲ ਕਰਾਈਆ । ਕੀ ਵਡਿਆਈ ਮਿਲੇ ਥਾਨ ਥਨੰਤਰ, ਸਹਿਜ ਦੇਣਾ ਸੁਣਾਈਆ । ਕੀ ਵੇਖਿਆ ਨਿਜ ਅੰਤਰ, ਨਿਰੰਤਰ ਪਰਦਾ ਦੇਣਾ ਚੁਕਾਈਆ । ਕੀ ਤੁਹਾਡਾ ਚਲੇ ਜੰਤਰ, ਜਗਹ ਜਗਹ ਕੀ ਵਡਿਆਈਆ । ਕੀ ਸਾੜੇ ਫੂਕੇ ਤੰਤਰ, ਤ੍ਰੈਗੁਣ ਦਏ ਦੁਹਾਈਆ । ਕੀ ਲੇਖਾ ਬ੍ਰਹਮੇ ਦੇ ਮਨਵੰਤਰ,

ਪਰਦਾ ਦੇਣਾ ਚੁਕਾਈਆ । ਕੀ ਖੇਲ ਹੋਣਾ ਉਤੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਕੀ ਦੁਹਾਈਆ । ਕੀ ਸ਼ੰਕਰ ਦੱਸੇ ਭਸਮੰਤਰ, ਮਾਟੀ ਖ਼ਾਕ ਕਵਣ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਦੁਰਬਾਸ਼ਾ ਕਹੇ ਨਾਰਦ ਨੀਚੇ ਝਾਕ, ਝਾਕੀ ਇਕ ਵਖਾਈਆ । ਸਚ ਦਰ ਦਾ ਵੇਖ ਤਾਕ, ਤਾਲਾ ਨਜ਼ਰ ਕੋਇ ਨਾ ਆਈਆ । ਜਿਸ ਨੇ ਪੈਗ਼ੰਬਰਾਂ ਨੂੰ ਦੇਣੇ ਤਲਾਕ, ਨਾਤਾ ਉਮਤ ਨਾਲੋਂ ਤੁੜਾਈਆ । ਓਹ ਪ੍ਰਗਟ ਹੋਇਆ ਨਾਲ ਇਤਫ਼ਾਕ, ਇਤਫ਼ਾਕੀਆ ਗਿਆ ਆਈਆ । ਸਭ ਦਾ ਲਹਿਣਾ ਦੇਣਾ ਲੇਖਾ ਕਰੇ ਬੇਬਾਕ, ਖਾਤੇ ਫੋਲੇ ਥਾਉਂ ਥਾਈਂਆ । ਸਦੀ ਚੌਧਵੀਂ ਪੂਰਾ ਕਰੇ ਭਵਿਖਤ ਵਾਕ, ਵਾਕਫ਼ਕਾਰ ਹੋ ਕੇ ਖ਼ਲਕ ਖ਼ੁਦਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਜਨ ਭਗਤਾਂ ਦੇਵੇ ਧੂੜੀ ਖ਼ਾਕ, ਟਿੱਕੇ ਨਾਮ ਵਾਲੇ ਰਮਾਈਆ । ਧੁਰ ਦਾ ਬਣ ਕੇ ਮਿੱਤਰ ਅਹਿਬਾਬ, ਤਾਰ ਸਿਤਾਰ ਇਕ ਹਿਲਾਈਆ । ਅੰਦਰੋਂ ਬਦਲ ਦੇਵੇ ਮਜਾਜ਼, ਮਜ਼ਾ ਆਪਣਾ ਨਾਮ ਚਖਾਈਆ । ਚਾਰ ਵਰਨ ਅਠਾਰਾਂ ਬਰਨ ਦੇਵਣਹਾਰਾ ਸਚ ਇਮਦਾਦ, ਇਮਦਾਦੀ ਇਕੋ ਨੂਰ ਅਲਾਹੀਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਨੂੰ ਦਿਤਾ ਖ਼ਤਾਬ, ਮੁਖ਼ਾਤਬ ਹੋ ਕੇ ਇਨਸਾਫ਼ ਨਾ ਕੋਇ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਦੇਣਾ ਜਵਾਬ, ਜਵਾਬ ਤਲਬੀ ਵਿਚ ਸਾਰੇ ਦੇਣ ਦੁਹਾਈਆ । ਸਾਚਾ ਮੰਦਰ ਗ੍ਰਿਹਿ ਸੁਹਾਉਣਾ ਉਚ ਮੁਨਾਰਾ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਜਿਸ ਨੂੰ ਸੱਯਦਾ ਕਰਨਾ ਸੀਸ ਝੁਕਾਉਣਾ ਨਾਲ ਅਦਾਬ, ਡੰਡਾਵਤ ਬੰਦਨਾ ਕਹਿ ਕੇ ਧੂੜੀ ਖ਼ਾਕ ਲੈਣੀ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨੇ ਚਾਰ ਵਰਨ ਅਠਾਰਾਂ

ਬਰਨ ਹਿੰਦੂ ਮੁਸਲਿਮ ਸਿੱਖ ਈਸਾਈ ਦਾ ਬਦਲ ਦੇਣਾ ਸਮਾਜ, ਸਮੇਂ ਦਾ ਮਾਲਕ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਦੁਰਬਾਸ਼ੇ ਕਰ ਲੈ ਅੱਜ ਤਿਆਰੀ, ਤ੍ਰੈਗੁਣ ਅਤੀਤਾ ਹੋ ਕੇ ਅੱਜ ਰਿਹਾ ਜਣਾਈਆ । ਖੇਲ ਵੇਖਣੀ ਨਿਰੰਕਾਰੀ, ਜੋ ਨਿਰਗੁਣ ਨਿਰਵੈਰ ਨਿਰਾਕਾਰ ਰਿਹਾ ਕਰਾਈਆ । ਓਹ ਤੇਰੀ ਭੂਮਿਕਾ ਸਾਰੀ, ਜਿਥੇ ਨੌ ਨੌ ਚੱਕਰ ਲਾ ਕੇ ਆਪਣਾ ਝਟ ਲੰਘਾਈਆ । ਸਮਾਧੀ ਵਿਚ ਲਾਉਂਦਾ ਸੈਂ ਤਾੜੀ, ਤਾਰਿਕਾ ਮੰਡਲ ਤੋਂ ਪਰੇ ਆਪਣੀ ਸੁਰਤ ਚੜ੍ਹਾਈਆ । ਪ੍ਰਕਾਸ਼ ਤਕਦਾ ਸੈਂ ਵਿਚ ਨਾੜੀ, ਨੂਰ ਨੂਰ ਨੂਰ ਰੁਸ਼ਨਾਈਆ । ਜਿਹੜਾ ਜੰਗਲ ਹੁੰਦਾ ਸੀ ਉਜਾੜੀ, ਜੂਹਾਂ ਬੇਲਿਆਂ ਵੰਡ ਵੰਡਾਈਆ । ਓਥੇ ਖੇਲ ਹੋਣਾ ਅਪਰ ਅਪਾਰੀ, ਅਗੰਮ ਅਗੋਚਰ ਅਲਾਹ ਦਏ ਨੂਰ ਖ਼ੁਦਾਈਆ । ਜਿਥੇ ਭਗਤਾਂ ਦੀ ਫੁਲਵਾੜੀ, ਗੁਰਮੁਖ ਬੈਠੇ ਆਸਣ ਲਾਈਆ । ਨਾਰਦ ਕਹੇ ਮੈਂ ਜਾ ਕੇ ਸੇਵਾ ਕਰਾਂ ਤੇ ਪਹਿਲਾਂ ਫੇਰਾਂ ਬਹਾਰੀ, ਬਹਾਰ ਗੁਲਸ਼ਨ ਵਾਲੀ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਇਕ ਅਵਤਾਰੀ, ਅਵਤਾਰਾਂ ਦਾ ਮਾਲਕ ਆਪ ਅਖਵਾਈਆ ।

### ✻ ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਨਿਰੰਜਣ ਸਿੰਘ ਦੇ ਘਰ ਗੁਰੂਕੁਲ ਖਾਨ ✻

ਦੁਰਬਾਸ਼ਾ ਕਹੇ ਨਾਰਦਾ ਏਥੇ ਹੁੰਦੀ ਸੀ ਡਲ ਡੂੰਘੀ, ਬਾਈ ਹੱਥ ਵੇਖ ਵਖਾਈਆ । ਮੈਂ ਰੱਖ ਗਿਆ ਸਾਂ ਤੂੰਬੀ, ਹੱਥਾਂ ਨਾਲ ਟਿਕਾਈਆ ।

ਮੈਂ ਵਾਜਾਂ ਮਾਰਦਾ ਕਿਸੇ ਪਾਸਿਉਂ ਨਹੀਂ ਕੂੰਦੀ, ਲੱਭਿਆਂ ਹੱਥ ਨਾ ਆਈਆ । ਨਾਰਦ ਕਿਹਾ ਤੂੰ ਤੁਕ ਗਾ ਤੂੰ ਹੀ ਤੂੰ ਦੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤੂੰਬੀ ਬੋਲੀ ਮੈਂ ਰਾਹ ਤਕਦੀ ਡੰਡੀ ਵੇਖਾਂ ਸੱਚੇ ਸਤਿਗੁਰੂ ਦੀ, ਜੋ ਪੁਰਖ ਅਕਾਲ ਇਕ ਅਖਵਾਈਆ । ਜਿਸ ਨੇ ਖੇਲ ਕੀਤੀ ਕੌਰਵ ਪਾਂਡਵ ਯੁੱਧ ਸ਼ੁਰੂ ਦੀ, ਬਿਨ ਸ਼ਰਅ ਦਿਤੇ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਤੂੰਬੀ ਕਹੇ ਰਿਸ਼ੀ ਜੀ ਮੈਂ ਨਹੀਂ ਲੁਕੀ, ਲੁਕਿਆ ਬੇਪਰਵਾਹੀਆ । ਮੈਂ ਨਹੀਂ ਸੁੱਤੀ, ਸੁੱਤਾ ਜਗਤ ਜਹਾਨ ਨਜ਼ਰੀ ਆਈਆ । ਦੁਰਬਾਸ਼ਾ ਕਹੇ ਤੂੰ ਕਿਉਂ ਨਹੀਂ ਉਠੀ, ਮੈਨੂੰ ਦੇ ਜਣਾਈਆ । ਨਾਰਦ ਕਹੇ ਅਜੇ ਤੇਰੇ ਨਾਲ ਰੁੱਠੀ, ਪਹਿਲੋਂ ਲੈ ਮਨਾਈਆ । ਜਿੰਨਾਂ ਚਿਰ ਧਾਰ ਨਾ ਬਣੀ ਦੋ ਤੁਕੀ, ਸੋਹੰ ਢੋਲਾ ਗਾਈਆ । ਓਨਾਂ ਚਿਰ ਮੰਜ਼ਲ ਨਹੀਂ ਮਿਲਣੀ ਉਚੀ, ਸਚ ਦਵਾਰ ਨਾ ਕੋਇ ਸੁਹਾਈਆ । ਵਾਸਨਾ ਨਹੀਂ ਆਉਣੀ ਸੁੱਚੀ, ਸਤਿ ਨਾ ਕੋਇ ਬਣਾਈਆ । ਸੁਹੰਜਣੀ ਨਹੀਂ ਹੋਣੀ ਰੁੱਤੀ, ਰੁਤੜੀ ਨਾ ਕੋਇ ਮਹਿਕਾਈਆ । ਭਾਗ ਨਾ ਲਗਣਾ ਜੁੱਸੀਂ, ਜਿਸਮ ਜ਼ਮੀਰ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਤੂੰਬੀ ਕਹੇ ਮੈਂ ਵੇਖਾਂ ਇਕੋ ਬਾਪੂ, ਜਿਸ ਨੂੰ ਬਾਪ ਈਸਾ ਕਹਿ ਕੇ ਗਿਆ ਜਣਾਈਆ । ਜਿਸ ਦਾ ਮੁਹੰਮਦ ਨਿੱਕਾ ਜਿਹਾ ਕਾਕੂ, ਨਿੱਕਾ ਨਿੱਕਾ ਜਿਹਾ ਨਜ਼ਰੀ ਆਈਆ । ਮੂਸਾ ਮੂੰਹ ਦੇ ਭਾਰ ਡਿੱਗ ਕੇ ਵਹਾਏ ਆਂਸੂ, ਨੈਣਾਂ ਨੀਰ ਵਹਾਈਆ । ਮੁਨੀ ਓਨ੍ਹਾਂ ਵਲ ਝਾਕੂ, ਕੁਰਕਸ਼ੇਤਰ ਨਾ ਕੋਇ ਵਡਿਆਈਆ । ਹੁਕਮ ਦੇਣਾ ਓਧਰ ਭੇਜਣਾ ਸ਼ਬਦ ਡਾਕੂ, ਡਿਕਟੇਟਰ ਇਕੋ ਦੇਣਾ ਬਣਾਈਆ । ਜੋ ਪਿਛਲੀ ਸ਼ਰਅ ਦੀ ਰੱਸੀ ਕਾਟੂ, ਖਟਕਾ ਧੁਰ ਦਾ ਦਏ ਜਣਾਈਆ । ਸ੍ਰਿਸ਼ਟੀ ਭੁਆਵੇ ਵਾਂਗ ਲਾਟੂ, ਮਧਾਣੀਆਂ ਥਲ ਅਸਗਾਹ ਦੇਣ ਦੁਹਾਈਆ । ਵੇਖੇ ਨਿੱਕੇ ਨਿੱਕੇ ਟਾਪੂ, ਜਿਥੇ ਟੱਪਿਆਂ ਵਾਲੀ ਪੜ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਖੇਲ ਵਖਾਏ ਮਾਟੂ, ਮਾਟੋ ਸਭ ਦੇ ਵੇਖ ਵਖਾਈਆ । ਮੰਜ਼ਲ ਚੜ੍ਹ ਕੇ ਵੇਖੇ ਘਾਟੂ, ਘਾਟੇ ਵਿਚ ਲੋਕਾਈਆ । ਬਣਿਆ ਰਹੇ ਕੋਈ ਨਾ ਨਾਢੂ, ਨਰ ਨਰਾਇਣ ਦਏ ਸਜ਼ਾਈਆ । ਖੇਲ ਕਰੇ ਗਾਡ ਗਾਡੂ, ਗਾਈਡ ਹੋ ਕੇ ਰਸਤਾ ਦਏ ਵਖਾਈਆ । ਕੀ ਹੋਇਆ ਜੇ ਏਥੇ ਲੜ ਕੇ ਮਰ ਗਏ ਯਾਦੂ, ਯਾਦਵ ਬੰਸ ਦੁਹਾਈਆ । ਓਸ ਵੇਲੇ ਤਰਿਆਸੀ ਸੌ ਤ੍ਰੇਹਠ ਮਰੇ ਸੀ ਸਾਧੂ, ਕਲਪਣਾ ਵਿਚ ਰਹੇ ਕੁਰਲਾਈਆ । ਓਨ੍ਹਾਂ ਵਿਚੋਂ ਮਨਤੀਸ਼ਾ ਦਿਸੇ ਆਗੂ, ਜੋ ਮੰਤਵ ਸਾਰੇ ਵੇਖ ਵਖਾਈਆ । ਅਵਧੂਤ ਹੁੰਦਾ ਸੀ ਬਾਗੂ, ਸੂਰਬੀਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਤੂੰਬੀ ਕਹੇ ਨਾਰਦ ਜੀ ਮੈਂ ਵੇਖਣ ਚਲੀ ਸਾਂ ਲੋਟਾ, ਮਸਜਦਾਂ ਵਿਚ ਧਿਆਨ ਲਗਾਈਆ । ਮੈਂ ਫਿਰਿਆ ਪੋਟਾ ਪੋਟਾ, ਭੱਜੀ ਵਾਹੋ ਦਾਹੀਆ । ਜਿਧਰ ਵੇਖਾਂ ਓਧਰ ਸਤ ਰੰਗ ਦਾ ਨਜ਼ਰੀ ਆਏ ਸੋਟਾ, ਸੂਰਬੀਰ ਇਕੋ ਹੱਥ ਉਠਾਈਆ । ਤੂੰਬੀ ਕਹੇ ਨਾਰਦ ਜੀ ਦੁਰਬਾਸ਼ੇ ਜੀ ਤੁਸੀਂ ਵੀ ਸਾਂਭ ਲਓ ਆਪਣਾ ਲੰਗੋਟਾ, ਬੋਦੀ ਟਿੱਕੇ ਵੇਖ ਵਖਾਈਆ । ਓਧਰ ਦੁਰਗਾ ਸ਼ਿੰਗਾਰ ਕਰਦੀ ਫਿਰੇ ਲਾਲ ਚੁੰਨੀ ਨੂੰ ਲਾ ਕੇ ਚਿੱਟਾ ਗੋਟਾ, ਬਸਤਰ ਭੂਸ਼ਣ ਰਹੀ ਸਜਾਈਆ । ਕਾਲ ਦੀ ਜਗਾ ਕੇ ਆਪਣੀ ਖੱਪਰੀ ਵਿਚ ਜੋਤਾ, ਪ੍ਰਭ ਅੱਗੇ ਧਿਆਨ ਲਗਾਈਆ । ਮੇਰੇ ਪ੍ਰਭੂ ਕਲਜੁਗ ਜੀਵ ਮੇਰੇ ਖਾਣ ਵਾਸਤੇ ਨਹੀਂ ਕੋਈ ਬਹੁਤਾ, ਥੋੜ੍ਹਾ ਜਿਹਾ ਨਜ਼ਰੀ ਆਈਆ । ਇਹ ਸੁਣ ਕੇ ਮੁਹੰਮਦ ਪੈ ਗਿਆ ਵਿਚ ਸੋਚਾ, ਹੱਥ ਮੱਥੇ ਉਤੇ ਰਖਾਈਆ । ਈਸਾ ਕਹੇ ਕੀ ਗਾਇਆ ਸਲੋਕਾ,

ਸੁਨੇਹੜਾ ਕੀ ਸੁਣਾਈਆ । ਮੂਸਾ ਕਹੇ ਮੈਂ ਜਿਧਰ ਵੇਖਾਂ ਓਧਰ ਤੱਕਾਂ ਲੋਥਾਂ, ਲੋਇਣ ਮੇਰੇ ਦੇਣ ਦੁਹਾਈਆ । ਤੂੰਬੀ ਕਹੇ ਨਾਰਦ ਜੀ ਤੁਹਾਡਾ ਕੀ ਕਹੇ ਪੋਥਾ, ਮੈਨੂੰ ਦਿਓ ਸਮਝਾਈਆ । ਦੁਰਬਾਸ਼ੇ ਗ਼ੁੱਸੇ ਵਿਚ ਨਾ ਹੋਵੀਂ ਹੋਛਾ, ਹੁਸ਼ਿਆਰੀ ਨਾਲ ਦੇਵਾਂ ਦ੍ਰਿੜਾਈਆ । ਆਪਣਾ ਪੋਸ਼ ਵੇਖੇ ਕੀ ਕਹੇ ਗੋਸ਼ਾ, ਕ਼ਸਮ ਖਾ ਕੇ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਦਰ ਇਕੋ ਇਕ ਸੁਹਾਈਆ । ਤੂੰਬੀ ਕਹੇ ਮੈਂ ਲੁਕੀ ਨਹੀਂ ਮੈਂ ਗਈ ਦਿਸ਼ਾ ਲਹਿੰਦੀ, ਭੱਜੀ ਨੱਠੀ ਆਪਣਾ ਪੰਧ ਮੁਕਾਈਆ । ਮੈਂ ਜਾ ਕੇ ਨਬੀਆਂ ਹੱਥੀਂ ਲਾਈ ਮਹਿੰਦੀ, ਸੋਹਣਾ ਲਾਲ ਰੰਗ ਰੰਗਾਈਆ । ਹੌਲੀ ਹੌਲੀ ਆਈ ਕਹਿੰਦੀ, ਵੇ ਵੀਰੋ ਤੁਹਾਡੀ ਸਦੀ ਚੌਧਵੀਂ ਅੰਤਮ ਪਏ ਦੁਹਾਈਆ । ਤੁਹਾਡੀ ਸਭਾ ਕਿਥੇ ਬਹਿੰਦੀ, ਮੈਨੂੰ ਦਿਓ ਸਮਝਾਈਆ । ਕਿਹੜੀ ਧਾਰ ਭਾਣਾ ਸਹਿੰਦੀ, ਹੁਕਮੇ ਵਿਚ ਸੀਸ ਨਿਵਾਈਆ । ਸਾਰੇ ਕਹਿਣ ਸਾਡੀ ਅੰਤਮ ਕਲਾ ਢਹਿੰਦੀ, ਚਾਰੋਂ ਕੁੰਟ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਤੂੰਬੀ ਕਹੇ ਮੇਰੇ ਵਿਚ ਨਹੀਂ ਕੋਈ ਪਾਣੀ, ਜਲਧਾਰ ਨਾ ਕੋਇ ਵਡਿਆਈਆ । ਮੈਂ ਪੜ੍ਹੀ ਨਹੀਂ ਕੋਈ ਬਾਣੀ, ਰਾਗ ਨਾਦ ਢੋਲੇ ਗਾਈਆ । ਮੈਂ ਸੁਣੀ ਨਹੀਂ ਕੋਈ ਕਹਾਣੀ, ਅੱਖਰਾਂ ਵਾਲੀ ਸਿਫ਼ਤ ਸਾਲਾਹੀਆ । ਮੈਂ ਬਣੀ ਨਹੀਂ ਰਾਣੀ, ਮੰਦਰਾਂ ਵਿਚ ਡੇਰੇ ਲਾਈਆ । ਮੈਂ ਬਣੀ ਨਹੀਂ ਸਵਾਣੀ, ਸ਼ਾਹ ਸੁਲਤਾਨਾਂ ਘਰ ਸੋਭਾ ਪਾਈਆ । ਮੈਂ ਇਕੋ ਤੱਕਦੀ ਪੁਰਖ ਅਕਾਲ ਜਾਣ ਜਾਣੀ, ਜੁਗ ਚੌਕੜੀ ਸਭ ਦੇ ਲੇਖੇ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਤੂੰਬੀ ਕਹੇ ਮੈਂ ਲਹਿੰਦੀ ਦਿਸ਼ਾ ਵੇਖਾਂ ਤੰਬਾ ਤੰਬੀ, ਤਹਿਮਤ ਵਾਲੇ ਫੋਲ ਫੁਲਾਈਆ । ਜਾਂ ਵੇਖਿਆ ਰਵਿਦਾਸ ਫੜੀ ਕਲਮ ਹੱਥੋਂ ਛੱਡੀ ਰੰਬੀ, ਨਾਮ ਵਾਲੀ ਆਰ, ਪਾਰ ਰਿਹਾ ਕਰਾਈਆ । ਮੇਰਾ ਦਿਲ ਹਿਲ ਗਿਆ ਭੈ ਵਿਚ ਕੰਬੀ, ਸੁਧ ਰਹੀ ਨਾ ਰਾਈਆ । ਹਾਏ ਬਹੁੜੀ ਪ੍ਰਭ ਨੇ ਮੇਟ ਦੇਣੇ ਦੰਭੀ, ਪਖੰਡੀ ਰਹਿਣ ਕੋਇ ਨਾ ਪਾਈਆ । ਜਾਂ ਤੱਕਿਆ ਗੋਬਿੰਦ ਹੱਥ ਨੰਗੀ ਚੰਡੀ, ਚੰਡਾਲਾਂ ਕਰੇ ਸਫ਼ਾਈਆ । ਦੀਨ ਮਜ਼੍ਹਬ ਦੀ ਰਹਿਣ ਨਹੀਂ ਦੇਣੀ ਡੰਡੀ, ਡੰਡਾਵਤ ਇਕੋ ਰਿਹਾ ਜਣਾਈਆ । ਸਭ ਦੀ ਕਰਾ ਕੇ ਖ਼ਾਨਾਜੰਗੀ, ਕੂੜ ਘਰਾਨੇ ਦੇਣੇ ਮਿਟਾਈਆ । ਸ਼ਬਦੀ ਹੁਕਮ ਲਾ ਪਾਬੰਦੀ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਤੂੰਬੀ ਕਹੇ ਮੈਂ ਬੜੀ ਮੁਸ਼ਕਲ ਨਾਲ ਜਲਾਂ ਥਲਾਂ ਲੰਘੀ, ਸਰਾਂਵਾਂ ਵਿਚ ਆਪਣਾ ਡੇਰਾ ਲਾਈਆ । ਮੇਰੇ ਅੰਦਰ ਆਈ ਗ਼ਮੀ, ਖ਼ੁਸ਼ੀ ਪੱਲੂ ਗਈ ਛੁਡਾਈਆ । ਮੈਂ ਹੈਰਾਨ ਹੋਈ ਪ੍ਰਭੂ ਨੇ ਕੀ ਕਰਨੀ ਖੇਲ ਨਵੀਂ, ਨਵ ਨੌ ਚਾਰ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦੇ ਬੱਚੇ ਸ਼ਬਦ ਦੀ ਸਿਫ਼ਤ ਵਾਲੇ ਕਵੀ, ਸਾਰ ਸ਼ਬਦ ਦੀ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਅਵਤਾਰ ਚਵੀ, ਚਹੁੰ ਜੁਗਾਂ ਦਾ ਲੇਖਾ ਛਿੰਨ ਵਿਚ ਪਾਰ ਕਰਾਈਆ ।


੧੧੮੩
੨੧

## ❋ ੧੨ ਚੇਤ ਸ਼ਹਿਨਸ਼ਾਹੀ ਸੰਮਤ ੫ ਠਾਕਰ ਸਿੰਘ ਦੇ ਗ੍ਰਿਹਿ ਪਿੰਡ ਨਾਨਕ ਪੁਰਾ ❋

ਦੁਰਬਾਸ਼ਾ ਕਹੇ ਨਾਰਦ ਮੈਂ ਏਥੇ ਕੀਤਾ ਸੀ ਕਿਛ ਤਪ, ਜਿਥੇ ਠਾਕਰ ਸਿੰਘ ਠਾਕਰ ਰਿਹਾ ਬਹਾਈਆ । ਬਿਸੀਅਰ ਕਾਲੇ ਹੁੰਦੇ ਸੀ ਸੱਪ, ਜੰਗਲ ਜੂਹ ਵਿਚ ਦੁਹਾਈਆ । ਮੈਂ ਬਿਨ ਰਸਨਾ ਤੋਂ ਕਰਦਾ ਸੀ ਜਪ, ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਨਿਜ ਅੰਤਰ ਆਤਮ ਲੈਂਦਾ ਸਾਂ ਰਸ, ਰਸਨਾ ਰਸ ਨਾ ਕੋਇ ਵਖਾਈਆ । ਪਰਕਾਸ਼ ਵੇਖਦਾ ਸਾਂ ਬਿਨਾ ਰਵ ਸਸ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਪ੍ਰਤੱਖ ਮਿਲਦਾ ਸਾਂ ਹੱਕ ਗੁਸਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੁਨੀ ਜੀ ਤਪ ਕੀਤਾ ਕਿ ਚੜ੍ਹਿਆ ਸੀ ਏਥੇ ਤਾਪ, ਮੈਨੂੰ ਦਿਓ ਜਣਾਈਆ । ਜਪ ਕੀਤਾ ਕਿ ਵੇਖਿਆ ਬਾਪ, ਪਿਤਾ ਪੁਰਖ ਅਕਾਲ ਧੁਰਦਰਗਾਹੀਆ । ਨੂਰ ਤੱਕਿਆ ਕਿ ਲੋਕਮਾਤ, ਪਰਦਾ ਦੇਣਾ ਉਠਾਈਆ । ਦਿਵਸ ਤੱਕਿਆ ਕਿ ਰਾਤ, ਘੜੀ ਪਲ ਕਵਣ ਵੰਡ ਵੰਡਾਈਆ । ਸ਼ਬਦ ਸੁਣਿਆ ਕਿ ਭਵਿਖਤ ਵਾਕ, ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਦ੍ਰਿੜਾਈਆ । ਦੁਰਬਾਸ਼ਾ ਕਹੇ ਨਾਰਦ ਦੱਸਾਂ ਕੀ ਕਥਾ, ਰਸਨਾ ਕਹਿਣ ਕਿਛ ਨਾ ਪਾਈਆ । ਇਕ ਦਿਨ ਮੈਂ ਹੱਥ ਰੱਖਿਆ ਆਪਣੇ ਮੱਥਾ, ਮਸਤਕ ਉਤੇ ਟਿਕਾਈਆ । ਯਾਦ ਕੀਤਾ ਯੋਗ ਯਥਾ, ਯਥਾਰਥ ਧਿਆਨ ਲਗਾਈਆ । ਮੈਂ ਤੱਕਿਆ ਗੋਬਿੰਦ ਜਿਸ ਵਛਾਇਆ ਸੱਥਰ ਸਥਾ, ਯਾਰੜਾ ਰਾਹ ਤਕਾਈਆ । ਮੇਰੀਆਂ ਰੋ ਪਈਆਂ ਅੱਖਾਂ, ਨੈਣ ਦੇਣ ਦੁਹਾਈਆ । ਕਵਣ ਏਸ ਦਾ ਮੀਤ ਮੁਰਾਰ ਸਖ਼ਾ, ਜੋ ਸਖ਼ੀਆਂ ਵਾਲੇ ਕਾਹਨ ਰਿਹਾ ਤਜਾਈਆ । ਜਿਸ ਦਾ ਸੂਰਬੀਰ ਜੋਧਾ ਬੱਚਾ, ਨੌਜਵਾਨਾ ਨਜ਼ਰੀ ਆਈਆ । ਜਾਂ ਤੱਕਿਆ ਨਾਤਾ ਜੁੜਿਆ ਵੇਖਿਆ ਪੱਕਾ, ਦੋ ਜਹਾਨ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦੁਰਬਾਸ਼ਾ ਕਹੇ ਮੈਂ ਅੰਤਰ ਲਾਈ ਸਮਾਧੀ, ਆਪਣੀ ਸੁੱਧ ਭੁਲਾਈਆ । ਮੈਨੂੰ ਨਜ਼ਰੀ ਆਈ ਗੋਬਿੰਦ ਦੀ ਮਾਂ ਉਹਦੇ ਬੱਚਿਆਂ ਦੀ ਦਾਦੀ, ਗੁਜਰੀ ਆਪਣੀ ਗੋਦ ਸੁਹਾਈਆ । ਜਿਹੜੀ ਇਕੋ ਢੋਲਾ ਗਾਂਦੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਮਾਰੀ ਅਗੰਮੀ ਆਵਾਜ਼ੀ, ਸ਼ਬਦ ਦਿਤਾ ਸੁਣਾਈਆ । ਸੰਦੇਸ਼ਾ ਦਿਤਾ ਮਾਜ਼ੀ, ਕ੍ਰਿਸ਼ਨ ਨਾਲ ਵਡਿਆਈਆ । ਕਲਜੁਗ ਅੰਤ ਝਗੜਾ ਪੈਣਾ ਸਮਾਜੀ, ਸ੍ਰਿਸ਼ਟੀ ਦ੍ਰਿਸ਼ਟੀ ਦਏ ਦੁਹਾਈਆ । ਸ਼ਰਅ ਛੁਰੀ ਬਣੌਣੀ ਮੁੱਲਾ ਸ਼ੇਖ਼ ਕ਼ਾਜ਼ੀ, ਕ਼ਜ਼ਾ ਆਪਣਾ ਰੂਪ ਬਦਲਾਈਆ । ਹਿੰਦੂ ਮੁਸਲਿਮ ਬਣਨੇ ਨਮਾਜ਼ੀ, ਪੈਗ਼ੰਬਰਾਂ ਵਾਲੀ ਪੜ੍ਹਾਈਆ । ਜੋਰੂ ਜ਼ਰ ਬਣੌਣਾ ਗ਼ਾਜ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੁਨੀ ਜੀ ਕੀਤੀ ਕੀ ਤਪਸਿਆ, ਤਪੋ ਬਨ ਆਸਣ ਲਾਈਆ । ਦੁਰਬਾਸ਼ਾ ਖ਼ੁਸ਼ੀਆਂ ਦੇ ਵਿਚ ਹੱਸਿਆ, ਦੋ ਹੱਥਾਂ ਤਾਲੀ ਦਿਤੀ ਲਗਾਈਆ । ਪੁਰਖ ਅਕਾਲ ਵਖਾਈ ਕਲਜੁਗ ਅੰਤਮ ਰੈਣ ਅੰਧੇਰੀ ਮੱਸਿਆ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਕੁੰਟ ਫਿਰੇ ਨੱਸਿਆ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਸ਼ਬਦ ਗੁਰੂ ਤੀਰ ਅਣਿਆਲਾ ਕਸਿਆ, ਚਾਰੋਂ ਕੁੰਟ ਭੈ ਵਖਾਈਆ । ਨਾਮ ਨਿਧਾਨਾ ਦਿਸੇ ਕਿਸੇ ਨਾ ਹੱਟਿਆ, ਚਾਰੇ ਵਰਨ ਰਹੇ ਕੁਰਲਾਈਆ । ਸਭ ਦਾ ਲੇਖਾ ਮੁਕਣਾ ਵਿਚ ਬਟਿਆ,


੧੧੮੪ ੨੧

ਹਾਸਲ ਜ਼ਰਬ ਸਮਝ ਕਿਸੇ ਨਾ ਆਈਆ । ਸਾਚਾ ਲਾਹਾ ਕਿਸੇ ਨਾ ਖੱਟਿਆ, ਖਟਕੇ ਵਿਚ ਲੋਕਾਈਆ । ਸਭ ਦਾ ਪੂਰਾ ਹੋਣਾ ਕੌਲ ਇਕਰਾਰ ਦਾ ਪੱਟਿਆ, ਪਟਨੇ ਵਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਫ਼ਰਮਾਨਾ ਇਕ ਦ੍ਰਿੜਾਈਆ । ਦੁਰਬਾਸ਼ਾ ਕਹੇ ਮੈਂ ਕੀ ਦੱਸਾਂ ਨਾ ਦੱਸਣ ਯੋਗ, ਯੁਗਤੀ ਨਜ਼ਰ ਕੋਈ ਨਾ ਆਈਆ । ਨਾਰਦਾ ਤੇਰਾ ਕਿਹੜਾ ਜੋਗ, ਜੁਗੀਸ਼ਰਾ ਦੇ ਸਮਝਾਈਆ । ਕਿਹੜਾ ਰਸ ਭੋਗ, ਰਸਨਾ ਰਸ ਚਖਾਈਆ । ਕਿਹੜਾ ਗਾਏਂ ਸਲੋਕ, ਢੋਲਾ ਧੁਰਦਰਗਾਹੀਆ । ਕਿਹੜੀ ਮਿਲੇ ਮੋਖ, ਮੁਫ਼ਤ ਕਵਣ ਝੋਲੀ ਪਾਈਆ । ਕਿਹੜੀ ਚਮਕੀ ਜੋਤ, ਨਿਰਮਲ ਨੂਰ ਨੂਰ ਰੁਸ਼ਨਾਈਆ । ਨਾਰਦ ਕਿਹਾ ਜਿਸ ਨੇ ਝਗੜਾ ਪਾਇਆ ਵਰਨ ਗੋਤ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਓਸ ਦਾ ਖੇਲ ਵੇਖਾਂ ਰੋਜ਼ ਬਰੋਜ਼, ਜੁਗ ਚੌਕੜੀ ਧਿਆਨ ਲਗਾਈਆ । ਜਿਥੇ ਬੁੱਧੀ ਦੀ ਨਹੀਂ ਸੋਚ, ਅਕ਼ਲ ਨਾ ਕੋਇ ਚਤੁਰਾਈਆ । ਮਾਨਵ ਸਕੇ ਕੋਈ ਨਾ ਪਹੁੰਚ, ਗੁਰ ਅਵਤਾਰ ਪੈਗ਼ੰਬਰ ਬੇਅੰਤ ਕਹਿ ਕੇ ਸੀਸ ਨਿਵਾਈਆ । ਭਗਤੀ ਅੰਦਰ ਓਸ ਦੀ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਆਦਿ ਜੁਗਾਦਿ ਨਾ ਹੋਵੇ ਫ਼ੌਤ, ਜੰਮਣ ਮਰਨ ਵਿਚ ਨਾ ਆਈਆ । ਆਤਮ ਪਰਮਾਤਮ ਦਾ ਬਣ ਕੇ ਖੌਂਤ, ਖ਼ਸਮ ਇਕੋ ਸੋਭਾ ਪਾਈਆ । ਜਿਸ ਦਾ ਬੰਸ ਸਰਬੰਸ ਕਦੇ ਨਾ ਜਾਵੇ ਔਂਤ, ਲੋਕਮਾਤ ਮਿਲੇ ਵਡਿਆਈਆ । ਓਸ ਖੇਲ ਵੇਖਣਾ ਦੀਪ ਜੰਬੂ ਪੁਸ਼ਕਰ ਕਰੌਚ, ਕਲ ਆਪਣੀ ਆਪ ਪ੍ਰਗਟਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਬਣਾ ਕੇ ਅਦੌਤ, ਅਦਬ ਨਾਲ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਧਰਤੀ ਕਹੇ ਮੇਰੇ ਵੱਡੇ ਵੱਡੇ ਭਾਗ, ਭਾਗਸ਼ਾਲੀ ਨਜ਼ਰੀ ਆਈਆ । ਮੈਨੂੰ ਖ਼ੁਸ਼ੀ ਹੋਈ ਆਜ, ਵੱਜੀ ਅੰਤ ਵਧਾਈਆ । ਦੁਰਮਤ ਧੁਪੇ ਦਾਗ਼, ਮਮਤਾ ਮੈਲ ਗਵਾਈਆ । ਦੇਵੇ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਸਚ ਜਗਾ ਚਰਾਗ਼, ਅੰਧ ਅੰਧੇਰਾ ਦਏ ਮੁਕਾਈਆ । ਤਖ਼ਤ ਨਿਵਾਸੀ ਬਦਲ ਸਮਾਜ, ਸਮਗਰੀ ਇਕੋ ਇਕ ਵਰਤਾਈਆ । ਸਾਚੇ ਨਾਮ ਦਾ ਵਜਾਏ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਜਾਣਾ ਜਾਗ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਆਪਣੀ ਆਪਣੀ ਸੰਭਲ ਕੇ ਫੜੋ ਵਾਗ, ਬੇਮੁਹਾਰਾ ਨਜ਼ਰ ਕੋਇ ਨਾ ਆਈਆ । ਤੁਹਾਡਾ ਮਾਲਕ ਖ਼ਾਲਕ ਵਾਹਦ, ਗਾਡ ਆਪਣਾ ਹੁਕਮ ਵਰਤਾਈਆ । ਤੁਸਾਂ ਲਹਿਣਾ ਦੇਣਾ ਵੇਖਣਾ ਇਸ ਸਾਲ ਸ਼ਾਇਦ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਧੁਰ ਦਾ ਹੁਕਮ ਵਰਤਣਾ ਜਾਇਜ਼, ਜਾਇਜ਼ਾ ਲੈ ਕੇ ਕਾਰ ਕਮਾਈਆ । ਸਭ ਦਾ ਪੂਰਾ ਹੋਇਆ ਆਹਿਦ, ਅਹਿਦਨਾਮੇ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਆਪ ਸਮਝਾਈਆ । ਨਾਰਦ ਕਹੇ ਦੁਰਬਾਸ਼ੇ ਉਠ, ਆਪਣੀ ਲੈ ਅੰਗੜਾਈਆ । ਲਿਆ ਤੇਰੇ ਚਰਨ ਦੇਵਾਂ ਘੁੱਟ, ਰਿਖੀਸ਼ਰ ਸੇਵ ਕਮਾਈਆ । ਦੁਰਬਾਸ਼ਾ ਕਹੇ ਅਸੀਂ ਸਾਰੇ ਓਸ ਦੇ ਸੁਤ, ਦੁਲਾਰੇ ਜੁਗ ਜੁਗ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬੇਪਰਵਾਹੀਆ । ਜਿਸ ਦੀ ਮੌਲੀ ਸੁਹੰਜਣੀ ਰੁਤ, ਰੁਤੜੀ ਆਪਣਾ ਰੰਗ ਵਖਾਈਆ । ਓਸ ਦੇ ਕੋਲੋਂ ਲੈ ਪੁਛ, ਨਿਮਰਤਾ ਵਿਚ ਸੀਸ ਨਿਵਾਈਆ । ਨਾਰਦ ਕਹੇ ਉਹ ਸੁਣੌਂਦਾ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਅੱਗੇ ਪੰਧ ਨਾ ਕੋਇ ਰਖਾਈਆ । ਜਨਮ ਮਰਨ ਦਾ ਰਹੇ ਨਾ ਦੁੱਖ, ਚੁਰਾਸੀ ਵਿਚ ਨਾ

ਕੋਇ ਭਵਾਈਆ । ਮੰਜ਼ਲ ਦੇ ਕੇ ਅਗੰਮੀ ਉਚ, ਸਚਖੰਡ ਦਏ ਟਿਕਾਈਆ । ਜਿਥੇ ਪ੍ਰਕਾਸ਼ ਨਿਰਮਲ ਜੋਤ, ਜੋਤੀ ਜੋਤ ਵਿਚ ਸਮਾਈਆ । ਜ਼ਰਾ ਰਿਸ਼ੀ ਜੀ ਧਿਆਨ ਮਾਰੋ ਜਗਤ ਦੀ ਵਰਨ ਗੋਤ, ਪ੍ਰਿਥਮੀ ਉਤੇ ਪ੍ਰਿਥਮ ਧਿਆਨ ਲਗਾਈਆ । ਜਿਸ ਦੀ ਸਾਰੇ ਕਰਦੇ ਸੋਚ, ਸਮਝ ਵਿਚ ਸਮਝ ਨਾ ਕੋਇ ਬਣਾਈਆ । ਝਗੜਾ ਪਿਆ ਦਿਸੇ ਚੌਦਾਂ ਲੋਕ, ਚੌਦਾਂ ਤਬਕ ਰਹੇ ਕੁਰਲਾਈਆ । ਨੇਤਰ ਰੋਂਦੇ ਕੋਟੀ ਕੋਟ, ਕਾਇਆ ਕੁਟੀਆ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੁਨੀ ਜੀ ਤੁਸਾਂ ਪ੍ਰਾਪਤ ਕੀਤਾ ਕੀ, ਕਾਮਲ ਮੈਨੂੰ ਦਿਓ ਜਣਾਈਆ । ਕੀ ਸੁਖੀ ਹੋਇਆ ਜੀ, ਜੀਵਣ ਜੁਗਤ ਦੇਣੀ ਦ੍ਰਿੜਾਈਆ । ਕੀ ਮੰਗਿਆ ਪੁੱਤਰ ਧੀ, ਮਾਲ ਧਨ ਝੋਲੀ ਡਾਹੀਆ । ਕੀ ਦੀਨ ਮਜ਼੍ਹਬ ਦੀ ਮੰਗੀ ਲੀਹ, ਹੱਦਾਂ ਵਿਚ ਵੰਡ ਵੰਡਾਈਆ । ਕੀ ਸਾਢੇ ਤਿੰਨ ਹੱਥ ਵੇਖੀ ਸੀਂ, ਧਰਨੀ ਧਰਤ ਧਵਲ ਸੋਭਾ ਪਾਈਆ । ਕੀ ਅੰਮ੍ਰਿਤ ਰਸ ਲਿਆ ਪੀ, ਆਬੇਹਯਾਤ ਮੁਖ ਛੁਹਾਈਆ । ਕੀ ਅੰਤਰ ਆਤਮ ਬੀਜਿਆ ਬੀ, ਭੇਵ ਦੇਣਾ ਖੁਲ੍ਹਾਈਆ । ਨਾਰਦ ਕਹੇ ਕੀ ਮਿਲਿਆ ਸ਼ਾਹ ਪਾਤਸ਼ਾਹ ਵੱਡਾ ਤਬੀ, ਤਬੀਅਤ ਦਏ ਬਦਲਾਈਆ । ਕੀ ਜਲਵਾਗਰ ਰੱਬੀ, ਨੂਰ ਨੁਰਾਨਾ ਸੋਭਾ ਪਾਈਆ । ਦੁਰਬਾਸ਼ਾ ਕਹੇ ਜਿਸ ਨੇ ਖੇਲ ਕਰਨੀ ਸਭੀ, ਸਾਹਿਬ ਸੁਲਤਾਨ ਨਜ਼ਰੀ ਆਈਆ । ਮੈਨੂੰ ਐਂ ਜਾਪਦਾ ਅੱਜ ਦੀ ਰਾਤ ਹਲੂਣਾ ਦੇਣਾ ਜਾ ਕੇ ਰਸੂਲਾਂ ਨਬੀ, ਪੈਗ਼ੰਬਰਾਂ ਦੇਣਾ ਉਠਾਈਆ । ਪੁਰਖ ਅਕਾਲ ਦਾ ਔਣਾ ਹੁੰਦਾ ਕਦੇ ਕਦੀ, ਕਦੀਮ ਦਾ ਮਾਲਕ ਆਪਣਾ ਫੇਰਾ ਪਾਈਆ । ਜਦ ਆਵੇ ਪਿਛਲੀ ਕੀਤੀ ਕਰੇ ਰੱਦੀ, ਇਰਾਦਾ ਸਭ ਦਾ ਦਏ ਬਦਲਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਗੱਦੀ, ਗੱਦੀਨਸ਼ੀਨ ਸੋਭਾ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਬਦੀ, ਬਦਲਾ ਚੁਕਾਵੇ ਥਾਉਂ ਥਾਈਂਆ । ਜ਼ਰਾ ਪੂਰੀ ਹੋ ਲੈਣ ਦਿਓ ਚੌਧਵੀਂ ਸਦੀ, ਸਦਮਾ ਘਰ ਘਰ ਨਜ਼ਰੀ ਆਈਆ । ਜਗਤ ਜਹਾਨ ਵਹਿਣੀ ਨੂਹ ਨਦੀ, ਵਹਿਣ ਵਹਿਣਾਂ ਵਿਚੋਂ ਵਹਾਈਆ । ਦੁਰਬਾਸ਼ਾ ਕਹੇ ਨਾਰਦ ਜੀ ਤੁਹਾਡੀ ਪ੍ਰੀਤ ਕਿਸ ਨਾਲ ਲੱਗੀ, ਮੈਨੂੰ ਦਿਓ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਓ ਦੁਰਬਾਸ਼ੇ, ਵੇਖ ਮੇਰੀ ਇਬਾਰਤ, ਕਿਬਲੇ ਅਜ਼ ਦਿਆਂ ਜਣਾਈਆ । ਵੇਖ ਮੇਰੀ ਸ਼ਰਾਫ਼ਤ, ਜੁਗ ਜੁਗ ਆਪਣੀ ਸੇਵ ਕਮਾਈਆ । ਵੇਖ ਮੇਰੀ ਲਿਆਕਤ, ਦੀਨ ਦੁਨੀ ਖੋਜ ਖੁਜਾਈਆ । ਮੈਂ ਹੁਕਮ ਚਾਹੁੰਦਾ ਫੇਰ ਕਰਾਂ ਜਗਤ ਸ਼ਰਾਰਤ, ਸ਼ਰਅ ਨਾਲ ਸ਼ਰਅ ਦੇਵਾਂ ਟਕਰਾਈਆ । ਦੀਨਾਂ ਮਜ਼੍ਹਬਾਂ ਦੀ ਅੰਦਰ ਵਧਾ ਕੇ ਹਰਾਰਤ, ਅਗਨੀ ਅੱਗ ਦਿਆਂ ਲਗਾਈਆ । ਸਫਾ ਰਹੇ ਨਾ ਕੋਈ ਮਾਅਰਫ਼ਤ, ਮਹਿਬੂਬ ਦਾ ਮੇਲ ਨਾ ਕੋਇ ਮਿਲਾਈਆ । ਕੁਛ ਲੇਖਾ ਦੱਸਣਾ ਕੀ ਖੇਲ ਹੋਣਾ ਵਿਚ ਭਾਰਤ, ਭਾਰਤਵਰਸ਼ ਕੀ ਦੁਹਾਈਆ । ਮੈਂ ਕਿਸੇ ਦੀ ਝੂਠੀ ਕਰਨੀ ਨਹੀਂ ਸਫ਼ਾਰਸ਼, ਸਫਾ ਸਭ ਦੀ ਫੋਲ ਫੁਲਾਈਆ । ਮੈਂ ਕੋਈ ਪੈਗ਼ੰਬਰਾਂ ਦੇ ਮਕ਼ਬਰਿਆਂ ਉਤੇ ਕਰਨੀ ਨਹੀਂ ਜ਼ਿਆਰਤ, ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪਣਾ ਆਪ ਪ੍ਰਗਟਾਈਆ । ਨਾਰਦ ਕਹੇ ਦੁਰਬਾਸ਼ੇ ਵੇਖ ਆਪਣੀ ਪੁਸ਼ਤ, ਪਨਾਹ ਕਵਣ ਰਖਾਈਆ । ਵੇਖ ਆਪਣੀ ਅੰਗੁਸ਼ਤ, ਬਾਲਿਸ਼ਤ ਧਿਆਨ ਲਗਾਈਆ । ਕਵਣ ਹੁਕਮ ਦੇਵੇ ਦਰੁਸਤ, ਦੋ ਜਹਾਨਾਂ ਰਿਹਾ ਸੁਣਾਈਆ । ਸਵਾਧਾਨ ਹੋ ਜਾ ਚੁਸਤ, ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਕਿਉਂ ਪੁਰਖ ਅਕਾਲਾ ਦੀਨ

੧੧੮੬ ੨੧

ਦਿਆਲਾ ਜਨ ਭਗਤਾਂ ਨਾਮ ਵੰਡੇ ਮੁਫ਼ਤ, ਭਗਤੀ ਵਾਲੀ ਕ਼ੀਮਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਕੀ ਦੱਸ ਰਿਹਾ ਮੂਸਾ, ਮੁਸਲਸਲ ਰਿਹਾ ਜਣਾਈਆ । ਕੁਛ ਖੇਲ ਹੋਣਾ ਵਿਚ ਰੂਸਾ, ਚਾਇਨਾ ਚੈਨ ਕੋਇ ਨਾ ਪਾਈਆ । ਲੇਖ ਵਖਾ ਰਿਹਾ ਈਸਾ, ਹਜ਼ਰਤ ਰਿਹਾ ਦ੍ਰਿੜਾਈਆ । ਫ਼ਰਮਾਨ ਦੇਵੇ ਧੁਰ ਜਗਦੀਸ਼ਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਡਾ ਖ਼ਾਲੀ ਹੋਣ ਵਾਲਾ ਸ਼ੀਸਾ, ਪਾਕਟ ਮਨੀ ਨਾ ਕੋਇ ਭਰਾਈਆ । ਮੁਹੰਮਦ ਦਾ ਵਕ਼ਤ ਰਿਹਾ ਬੀਤਾ, ਸਦੀ ਚੌਧਵੀਂ ਰਹੀ ਕੁਰਲਾਈਆ । ਕੀ ਹੋਇਆ ਜੇ ਕ੍ਰਿਸ਼ਨ ਨੇ ਅਰਜਨ ਦੇ ਗਿਆਨ ਪਿੱਛੇ ਅਠਾਰਾਂ ਧਿਆਏ ਲਿਖਾਈ ਗੀਤਾ, ਸੋਲਾਂ ਅੱਖਸ਼ਰ ਵੰਡ ਵੰਡਾਈਆ । ਕਲਜੁਗ ਅੰਤ ਸਭ ਦਾ ਧੁੰਦਲਾ ਹੋਇਆ ਸ਼ੀਸ਼ਾ, ਪਤਤ ਪੁਨੀਤ ਨਾ ਕੋਇ ਬਣਾਈਆ । ਕੀ ਵਕ਼ਤ ਯਾਦ ਕਰਨਾ ਬੀਤਾ, ਪਿਛਲੀ ਕਹਾਣੀ ਕੀ ਵਡਿਆਈਆ । ਔਹ ਵੇਖ ਲੇਖਾ ਵਖਾ ਰਿਹਾ ਰਾਮ ਜਨਕ ਸਪੁਤਰੀ ਸੀਤਾ, ਸੁੱਤੀ ਰਿਹਾ ਉਠਾਈਆ । ਪੁਰਖ ਅਕਾਲਾ ਖੇਲ ਕਰੇ ਅਨਡੀਠਾ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਨੇ ਗੋਬਿੰਦ ਬਹਾਇਆ ਵਿਚ ਅੰਗੀਠਾ, ਨੰਦੇੜ ਦਿਤੀ ਵਡਿਆਈਆ । ਓਹ ਬਣ ਕੇ ਅਗੰਮੀ ਮੀਤਾ, ਮਿੱਤਰ ਪਿਆਰਾ ਵੇਸ ਵਟਾਈਆ । ਫੜ ਕੇ ਸ਼ਬਦ ਨਾਮ ਦਾ ਫ਼ੀਤਾ, ਦੀਨ ਦੁਨੀ ਨਾਪੇ ਥਾਉਂ ਥਾਈਂਆ । ਸਾਨੂੰ ਐਂ ਜਾਪਦਾ ਸਭ ਨੇ ਪੌਣਾ ਆਪਣਾ ਕੀਤਾ, ਕਰਨੀ ਦਾ ਕਰਤਾ ਦਏ ਸਜ਼ਾਈਆ । ਜੋ ਸਭ ਦੀਆਂ ਵੇਖਣਹਾਰਾ ਨੀਤਾ, ਨਿਜ ਅੰਤਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਹੋਏ ਸਹਾਈਆ । ਨਾਰਦ ਕਹੇ ਰਿਸ਼ੀ ਕਿਉਂ ਹੋਇਆ ਚੁਪ, ਸੁਨ ਸਮਾਧ ਲਗਾਈਆ । ਇਹ ਪਿਛਲਿਆਂ ਰਿਸ਼ੀਆਂ ਦਾ ਗਰੁਪ, ਜਿਹੜੇ ਤੇਰਾਂ ਨੌ ਸੋਭਾ ਪਾਈਆ । ਜਿਨ੍ਹਾਂ ਗਾਈ ਸੀ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਓਨ੍ਹਾਂ ਫੇਰ ਬਣਾ ਕੇ ਸੁਤ, ਲੋਕਮਾਤ ਦਏ ਵਡਿਆਈਆ । ਇਕੋ ਸਾਹਿਬ ਰਹੇ ਝੁਕ, ਦੂਜਾ ਇਸ਼ਟ ਨਾ ਕੋਇ ਮਨਾਈਆ । ਅਗਲਾ ਲੇਖਾ ਹੋਰ ਨਾ ਪੁਛ, ਅਗਲੇ ਦਿਨ ਦਿਆਂ ਸਮਝਾਈਆ । ਅੱਜ ਰਾਤੋ ਰਾਤ ਲਹਿੰਦੀ ਦਿਸ਼ਾ ਜਾਣਾ ਪੁਜ, ਮੰਜ਼ਲ ਆਪਣਾ ਪੰਧ ਮੁਕਾਈਆ । ਸਭ ਦਾ ਭੇਵ ਲਿਔਣਾ ਗੁੱਝ, ਬਚਿਆ ਰਹਿਣ ਕੋਇ ਨਾ ਪਾਈਆ । ਫੇਰ ਮਾਰ ਕੇ ਛਾਲ ਪਵਾਂ ਕੁੱਦ, ਕ਼ਦਮ ਆਪਣਾ ਲਵਾਂ ਬਦਲਾਈਆ । ਮੇਰਾ ਜੀ ਕਰਦਾ ਨਾਰਦ ਕਹੇ, ਦੁਰਬਾਸ਼ਿਆ ਛੇਤੀ ਨਾਲ ਵੇਖੀਏ ਯੁੱਧ, ਧਰਮ ਯੁਧਿਸ਼ਟਰ ਦੀ ਜਗਹ ਕਲਜੁਗ ਕੂੜ ਕੁੜਿਆਰੇ ਦੇਈਏ ਉਠਾਈਆ । ਫੇਰ ਸਭ ਨੂੰ ਕਹੀਏ ਈਸਾ ਮੂਸਾ ਵਾਲਿਓ ਮਾਰਨਿੰਗ ਗੁਡ, ਗੁਡ ਮਾਰਨਿੰਗ ਕਹਿ ਕੇ ਆਪਣੀ ਖ਼ੁਸ਼ੀ ਮਨਾਈਆ । ਫੇਰ ਖੇਲ ਵੇਖੀਏ ਜੋ ਮਿੱਟੀ ਖ਼ਾਕ ਦੱਬੇ ਤੇ ਜਿਹੜੇ ਸਾੜੇ ਜਾਣ ਨਾਲ ਵੁੱਡ, ਵਿੱਡੋ ਤੱਕੀਏ ਜਗਤ ਲੋਕਾਈਆ । ਏਸੇ ਸਮੇਂ ਵਾਸਤੇ ਦੁਹਾਈ ਦੇ ਕੇ ਗਿਆ ਸੀ ਮਹਾਤਮਾ ਬੁੱਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਹੁਣ ਦੋਵੇਂ ਕਰ ਜਾਈਏ ਚੁਪ, ਦਰ ਠਾਂਡੇ ਸੀਸ ਨਿਵਾਈਆ । ਵੜ ਜਾਈਏ ਕਲਜੁਗ ਦੇ ਅੰਧੇਰੇ ਘੁਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਖੇਲ ਵੇਖੀਏ ਛੁਪ, ਆਪਣਾ ਵੇਸ ਬਦਲਾਈਆ । ਕੀ ਆਸ਼ਾ ਰੱਖਦੇ ਪੋਪ, ਗਿਰਜੇ ਚਰਚਾਂ ਵਿਚ ਦੁਹਾਈਆ । ਕੀ ਤੀਰ ਤਲਵਾਰ ਚਲਣੀ ਕਿ ਧਮਾਕਾ ਹੋਣਾ ਤੋਪ, ਕਿ ਰਾਕਟਾਂ ਵਿਚ ਵਡਿਆਈਆ । ਅਗਲੀ ਸਾਰੀ ਲਿਆ ਕੇ ਦੇਣੀ ਰਪੋਟ, ਯੂਰਪ ਦਾ ਜ਼ੱਰਾ ਜ਼ੱਰਾ ਵੇਖ ਵਖਾਈਆ । ਭੇਵ ਖੋਲ੍ਹਣਾ ਹੈਟ ਪੈਂਟ ਟੋਪ, ਪਰਦਾ ਲੈਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੧੧੮੭ ੨੧

ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਇਕੋ ਓਟ, ਦੂਜਾ ਨਜ਼ਰ ਕੋਇ ਨਾ ਆਈਆ ।

## ❋ ੧੩ ਚੇਤ ਸ਼ਹਿਨਸ਼ਾਹੀ ਸੰਮਤ ੫ ਸੋਹਣ ਸਿੰਘ ਦੇ ਗ੍ਰਿਹਿ ਨਾਨਕ ਪੁਰਾ ❋

ਨਾਰਦ ਕਹੇ ਮੈਂ ਉਮਤ ਦਾ ਤੱਕਿਆ ਕਾਇਦਾ, ਬਿਨ ਅਲਿਫ਼ ਯੇ ਵੇਖ ਵਖਾਈਆ । ਜਿਸ ਉਤੇ ਹਜ਼ਰਤ ਮੁਹੰਮਦ ਦਾ ਵਾਅਦਾ, ਖ਼ੁਦ ਖ਼ੁਦਾ ਦਿਤਾ ਜਣਾਈਆ । ਧੁਰ ਫ਼ਰਮਾਨਾ ਦੇ ਬਾਕਾਇਦਾ, ਪਰਦਾ ਉਹਲਾ ਦਿਤਾ ਉਠਾਈਆ । ਸਦੀ ਚੌਧਵੀਂ ਅੰਤ ਹੋਣਾ ਪੈਣਾ ਅਲਾਹਿਦਾ, ਧਰਤੀ ਸੰਗ ਨਾ ਕੋਇ ਰਖਾਈਆ । ਜਗਤ ਮਜ਼੍ਹਬ ਦਾ ਨਹੀਂ ਕੋਈ ਫ਼ਾਇਦਾ, ਨੂਰੇ ਚਸ਼ਮ ਦੱਸੇ ਨੂਰ ਰੁਸ਼ਨਾਈਆ । ਪੁਰਖ ਅਕਾਲ ਸਭ ਦਾ ਲਏ ਜਾਇਜ਼ਾ, ਨਵ ਨੌ ਚਾਰ ਵੇਖ ਵਖਾਈਆ । ਪੂਰਾ ਕਰਨ ਵਾਲਾ ਮੁਆਹਿਦਾ, ਮਿਹਰਵਾਨ ਮਹਿਬੂਬ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਮੁਹੰਮਦ ਕਹੇ ਮੈਂ ਦੇਣ ਵਾਲਾ ਇਕ਼ਬਾਲ, ਬਿਨ ਰਸਨਾ ਦਿਆਂ ਜਣਾਈਆ । ਮੇਰੇ ਅੰਦਰ ਆਇਆ ਇਕ ਜਲਾਲ, ਜਲਵਾਗਰ ਕੀਤੀ ਰੁਸ਼ਨਾਈਆ । ਜੋ ਸ਼ਰਅ ਛੁਰੀ ਚਲਾਈ ਹਕ਼ੀਕਤ ਨੂੰ ਦੱਸਿਆ ਹਲਾਲ, ਹਲਾਲੀ ਵਾਲਾ ਡੇਰਾ ਢਾਹੀਆ । ਜਗਤ ਜਹਾਨ ਦੇ ਕੇ ਮਿਸਾਲ, ਮਿਸਲ ਹਰਫ਼ਾਂ ਵਾਲੀ ਬਣਾਈਆ । ਓਸ ਦਾ ਰਹਿਣਾ ਨਹੀਂ ਨਿਸ਼ਾਨ, ਨਿਸ਼ਾਨਾ ਜਗਤ ਨਾ ਕੋਇ ਝੁਲਾਈਆ । ਜਾਂ ਮੈਂ ਵੇਖਿਆ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਝੁਕਦੇ ਵੇਖੇ ਜ਼ਿਮੀਂ ਅਸਮਾਨ, ਚੌਦਾਂ ਤਬਕ ਨਾ ਕੋਇ ਵਡਿਆਈਆ । ਨਜ਼ਰੀ ਆਇਆ ਨੌਜਵਾਨ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਮਹਾਨ, ਨਿਤ ਨਵਿਤ ਆਪਣੀ ਕਾਰ ਕਮਾਈਆ । ਸਾਨੂੰ ਕਲਮੇ ਦੱਸ ਕਲਾਮ, ਕਾਇਨਾਤ ਦਿਤਾ ਸਮਝਾਈਆ । ਮਜ਼੍ਹਬ ਦੀਨ ਬਣਾ ਇਸਲਾਮ, ਇਸਮ ਆਪਣਾ ਇਕ ਪ੍ਰਗਟਾਈਆ । ਜੰਞੂ ਬੋਦੀ ਕਰ ਹਜਾਮ, ਰੂਪ ਦਿਤਾ ਬਦਲਾਈਆ । ਅੰਤਮ ਲੇਖਾ ਵੇਖੇ ਸਰਬ ਤਮਾਮ, ਦੋ ਜਹਾਨਾਂ ਫੋਲ ਫੁਲਾਈਆ । ਨਾਮ ਸ਼ਬਦ ਖ਼ਬਰ ਸੰਦੇਸ਼ਾ ਦੇਵੇ ਆਮ, ਇਤਲਾਹ ਆਮ ਰਿਹਾ ਕਰਾਈਆ । ਜਿਸ ਦੇ ਬਰਦੇ ਨਫ਼ਰ ਗ਼ੁਲਾਮ, ਸੇਵਕ ਸੇਵਾ ਵਿਚ ਲਗਾਈਆ । ਅਗੰਮੀ ਜਣਾ ਫ਼ਰਮਾਨ, ਫ਼ਰਮਾਂਬਰਦਾਰਾਂ ਰਿਹਾ ਉਠਾਈਆ । ਬੈਠ ਥਨੇਸਰ ਵਾਲੇ ਮੁਕਾਮ, ਕ੍ਰਿਸ਼ਨ ਕਾਹਨ ਦਾ ਲੇਖਾ ਨਾਲ ਰਲਾਈਆ । ਜੋ ਆਸਾ ਰੱਖਕੇ ਗਿਆ ਤ੍ਰੈਲੋਕੀ ਨੰਦਨ ਭਗਵਾਨ, ਨਾਥ ਅਨਾਥਾਂ ਧਿਆਨ ਲਗਾਈਆ । ਸੋ ਲੇਖਾ ਜਾਣੇ ਸੂਰਬੀਰ ਬਲਵਾਨ, ਮਹਾਂਬਲੀ ਬਲ ਆਪਣਾ ਆਪ ਪ੍ਰਗਟਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੈਂ ਆਪਣੇ ਕਲਮੇ ਦਾ ਤੱਕਿਆ ਨੁਕਤਾ, ਅਲਿਫ਼ ਯੇ ਨਾ ਵੰਡ ਵੰਡਾਈਆ । ਜਿਥੇ ਮੰਜ਼ਲ ਦਾ ਪੈਂਡਾ ਮੁਕਦਾ, ਹਕ਼ੀਕਤ ਦਏ ਗਵਾਹੀਆ । ਨਜ਼ਾਰਾ ਵੇਖਿਆ ਇਕ ਤੁਕ ਦਾ, ਜੋ ਤੁਖ਼ਮ ਤਾਸੀਰ ਦਏ ਬਦਲਾਈਆ । ਬਿਨ ਸੀਸ ਤੋਂ ਸੀਸ ਝੁਕਦਾ, ਸਯਦਿਆਂ ਨਾ ਕੋਇ ਵਡਿਆਈਆ । ਓਥੇ ਪਰਵਰਦਿਗਾਰ ਪੁੱਛਦਾ, ਸ਼ਬਦ ਸੰਦੇਸ਼ੇ ਮੰਗ ਮੰਗਾਈਆ । ਨਿਰਗੁਣ ਧਾਰ ਹੋ ਕੇ ਉਠਦਾ, ਜੰਮਣ ਵਾਲੀ ਕੋਇ

ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਦੁਰਬਾਸ਼ਾ ਤੂੰ ਵੀ ਦੱਸ ਹਾਲ, ਹਾਲਤ ਦੇ ਜਣਾਈਆ । ਰਿਸ਼ੀ ਕਹੇ ਮੈਂ ਵੇਖਿਆ ਕਲਜੁਗ ਕੂੜਾ ਕਾਲ, ਸਮਾਂ ਆਪਣਾ ਰੰਗ ਬਦਲਾਈਆ । ਪਰੈਜ਼ੰਟ ਤੱਕਿਆ ਹਾਲ, ਹਾਲਤ ਵਿਗੜੀ ਜਗਤ ਲੋਕਾਈਆ । ਮੈਂ ਹਜ਼ਰਤਾਂ ਉਤੇ ਕੀਤਾ ਇਕ ਸਵਾਲ, ਬੇਨੰਤੀ ਦਿਤੀ ਜਣਾਈਆ । ਤੁਸੀਂ ਕਿਸ ਬਿਧ ਕਰੋ ਸੰਭਾਲ, ਉਮਤ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਇਕ ਖੁਲ੍ਹਾਈਆ । ਦੁਰਬਾਸ਼ਾ ਕਹੇ ਮੈਂ ਫੇਰ ਵੇਖਿਆ ਨਿਰਗੁਣ ਧਾਰ ਅਗੰਮੀ ਦੁਰਗਾ, ਦੁਸ਼ਟ ਦਮਨ ਨਾਲ ਮਿਲਾਈਆ । ਜਿਸ ਨੇ ਕਲਜੁਗ ਜੀਵ ਵਖਾਇਆ ਮੁਰਦਾ, ਮੁਰੀਦ ਮੁਰਸ਼ਦ ਨਾ ਕੋਇ ਸਹਾਈਆ । ਹੁਕਮ ਸੰਦੇਸ਼ਾ ਦੱਸਿਆ ਧੁਰ ਦਾ, ਅਗੰਮੀ ਰਾਜ਼ ਜਣਾਈਆ । ਪੁਰਖ ਅਕਾਲਾ ਖੇਲ ਕਰੇ ਆਪਣੀ ਲੋੜ ਦਾ, ਲੋੜੀਂਦਾ ਸਾਜਣ ਹੋਏ ਸਹਾਈਆ । ਜੋ ਆਦਿ ਜੁਗਾਦਿ ਵਿਛੜਿਆਂ ਜਗ ਜੋੜਦਾ, ਜਨ ਭਗਤਾਂ ਮੇਲ ਮਿਲਾਈਆ । ਸਦਾ ਸੰਗ ਰੱਖੇ ਤੋੜ ਦਾ, ਦੋ ਜਹਾਨਾਂ ਪੰਧ ਮੁਕਾਈਆ । ਓਸ ਵੇਸ ਵਟਾਇਆ ਹੋਰ ਦਾ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਕਲਜੁਗ ਲੇਖਾ ਵੇਖੇ ਅੰਧ ਘੋਰ ਦਾ, ਚਾਰੋਂ ਕੁੰਟ ਫੋਲ ਫੁਲਾਈਆ । ਝਗੜਾ ਜਾਣੇ ਦੀਨ ਮਜ਼੍ਹਬ ਦੇ ਸ਼ੋਰ ਦਾ, ਛੁਰੀ ਸ਼ਰਅ ਵਾਲੀ ਫੋਲ ਫੁਲਾਈਆ । ਮਨ ਕਲਪਣਾ ਤੱਕੇ ਲੇਖਾ ਵੇਖੇ ਜਗਤ ਮਜੌਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਨਾਰਦ ਕਹੇ ਹਜ਼ਰਤ ਨੇ ਕੀਤਾ ਇਸ਼ਾਰਾ, ਇਸ਼ਾਰੇ ਨਾਲ ਜਣਾਈਆ । ਜੋ ਨਿਰਗੁਣ ਧਾਰ ਆਏ ਦੁਬਾਰਾ, ਦੋਹਰੀ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਵੇਖੇ ਕਿਨਾਰਾ, ਤਟ ਘਾਟ ਫੋਲ ਫੁਲਾਈਆ । ਜਿਸ ਨੂੰ ਕਹਿੰਦੇ ਚਵੀਆਂ ਅਵਤਾਰਾ, ਅਮਾਮ ਅਮਾਮਾ ਬੇਪ੍ਰਵਾਹੀਆ । ਜਲਵਾਗਰ ਪਰਵਰਦਿਗਾਰਾ, ਸਾਂਝਾ ਇਕੋ ਨੂਰ ਅਲਾਹੀਆ । ਚਾਰ ਕੁੰਟ ਲੈਣਾ ਜਿਸ ਅਖਾੜਾ, ਲਹਿੰਦੀ ਦਿਸ਼ਾ ਹੋਏ ਸਹਾਈਆ । ਹਜ਼ਰਤ ਮੁਹੰਮਦ ਸਾਹਿਬ ਕਹੇ ਸਾਨੂੰ ਹੁਕਮ ਮਿਲ ਜਾਣਾ ਐਸੇ ਸਤਾਰਾਂ ਹਾੜਾ, ਅੱਗੇ ਤਾਰੀਖ ਨਾ ਕੋਇ ਵਧਾਈਆ । ਮੂਸਾ ਈਸਾ ਕੱਢਣ ਹਾੜਾ, ਨਿਊਂ ਨਿਊਂ ਸੀਸ ਝੁਕਾਈਆ । ਜਿਸ ਨੇ ਸ੍ਰਿਸ਼ਟੀ ਚਬੌਣੀ ਆਪਣੀ ਦਾੜ੍ਹਾ, ਜ਼ੁੰਮੇਵਾਰ ਸਾਨੂੰ ਲਏ ਠਹਿਰਾਈਆ । ਫਿਰਨੀ ਦਰੋਹੀ ਜੰਗਲ ਵਿਚ ਉਜਾੜਾ, ਟਿੱਲੇ ਪਰਬਤ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਦੁਰਬਾਸ਼ਾ ਮਸਤਕ ਲਾ ਲਾ ਕੇਸਰ ਪੰਜ ਰਤੀ, ਰਤਨਾ ਵਾਲਿਆਂ ਦੇ ਸਮਝਾਈਆ । ਜਗਤ ਜਹਾਨ ਜਗਣੀ ਨਹੀਂ ਕੂੜ ਦੀ ਬੱਤੀ, ਮਮਤਾ ਮੋਹ ਨਾ ਕੋਇ ਵਡਿਆਈਆ । ਪੀਰ ਪੈਗ਼ੰਬਰਾਂ ਖ਼ਬਰ ਕਰ ਦੇ ਸਤਿਗੁਰ ਸ਼ਬਦ ਉਠਣਾ ਸੈਨਾਪਤੀ, ਪਤਿਪਰਮੇਸ਼ਵਰ ਆਪ ਉਠਾਈਆ । ਜਿਸ ਥਾਨੇਸਰ ਕੌਰੋਕਸ਼ੇਤਰ ਵਿਚ ਕਰੌਂਦੇ ਸੀ ਪੰਡਤ ਗਤੀ, ਅੱਗੇ ਤੋਂ ਮਿਲੇ ਨਾ ਕਿਸੇ ਵਡਿਆਈਆ । ਮਾਣ ਰਿਹਾ ਨਹੀਂ ਕਿਸੇ ਧਾਮ ਜ਼ਰਾ ਰਤੀ, ਤੀਰਥ ਤੱਟਾਂ ਹੋਣੀ ਸਫ਼ਾਈਆ । ਮਸਜਿਦ ਕਾਅਬੇ ਵੇਖਣੇ ਅੱਖੀਂ, ਨੇਤਰ ਨੈਣਾਂ ਅੱਖ ਉਠਾਈਆ । ਵਡਿਆਈ ਦਿਸਣੀ ਨਹੀਂ ਕਿਸੇ ਕਾਹਨ ਸਖ਼ੀ, ਸਰਵਰ ਨਾ ਕੋਇ ਸਹਾਈਆ । ਹਿੱਸਾ ਰਹਿਣਾ ਨਹੀਂ ਕਿਸੇ ਦਾ ਪੱਤੀ, ਪਤਿਪਰਮੇਸ਼ਵਰ ਸਭ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਨੂੰ ਮੂਸਾ ਦੇਵੇ ਰਾਏ, ਰਾਏ ਬਹਾਦਰ ਕਹਿ ਕੇ ਰਿਹਾ

੧੧੮੯
੨੧

ਜਣਾਈਆ । ਮੁਖੋਂ ਕਹੇ ਉਫ਼ ਹਾਏ, ਬਹੁੜੀ ਤੇਰਾ ਨਾਮ ਦੁਹਾਈਆ । ਕੀ ਖੇਲ ਰਿਹਾ ਕਰਾਏ, ਹਰਿ ਕਰਤਾ ਧੁਰਦਰਗਾਹੀਆ । ਜਿਹੜੇ ਅਸੂਲ ਨਿਯਮ ਬਣਾਏ, ਧਾਰਾਂ ਵਿਚ ਪ੍ਰਗਟਾਈਆ । ਓਹ ਮਾਤ ਰਹਿਣੇ ਨਾਹੇਂ, ਅੰਤਮ ਹੋਏ ਸਫ਼ਾਈਆ । ਕੀ ਵਰਤੇ ਹੁਕਮ ਖ਼ੁਦਾਏ, ਖ਼ੁਦ ਕਰਤਾ ਕਾਰ ਕਮਾਈਆ । ਯੋਰੋਸ਼ਲਮ ਪਏ ਦੁਹਾਏ, ਯਹੂਦੀ ਬਹਿਬੂਦੀ ਨਾ ਕੋਇ ਵਡਿਆਈਆ । ਮੁਹੰਮਦ ਕਹੇ ਚਾਰੋਂ ਕੁੰਟ ਅੰਧੇਰਾ ਛਾਏ, ਨੂਰੀ ਨੂਰ ਨਾ ਕੋਇ ਚਮਕਾਈਆ । ਮੇਰੀ ਉਮਤ ਭੱਜੇ ਵਾਹੋ ਦਾਹੇ, ਦਹਿ ਦਿਸ਼ਾ ਰਹੀ ਕੁਰਲਾਈਆ । ਪੁਸ਼ਤ ਪਨਾਹ ਹੱਥ ਨਾ ਕੋਇ ਰਖਾਏ, ਕੁਸ਼ਤਿਆਂ ਦੇ ਪੁਸ਼ਤੇ ਦਏ ਲਗਾਈਆ । ਚੌਦਾਂ ਸਦੀਆਂ ਦੀ ਕੀਤੀ ਹੋਣੀ ਜ਼ਾਏ, ਜ਼ਾਹਰ ਜ਼ਹੂਰ ਆਪਣੀ ਕਾਰ ਕਮਾਈਆ । ਚੌਦਾਂ ਤਬਕ ਦੇਣ ਦੁਹਾਏ, ਤੋਬਾ ਤੋਬਾ ਰਹੇ ਕੁਰਲਾਈਆ । ਮੇਰੀ ਹੱਕ ਦੇ ਅੱਗੇ ਦੁਆਏ, ਹਕ਼ੀਕ਼ਤ ਦੇ ਮਾਲਕ ਓਟ ਰਖਾਈਆ । ਜੋ ਅਮਾਮ ਅਮਾਮਾ ਵੇਸ ਵਟਾਏ, ਕਲ ਕਲਕੀ ਨਾਉਂ ਧਰਾਈਆ । ਹਜ਼ਰਤ ਈਸਾ ਕਹੇ ਮੈਂ ਓਸੇ ਦਾ ਤੱਕਾਂ ਰਾਹੇ, ਜੋ ਰਹਿਬਰ ਰਹਿਮਤ ਸਚ ਕਮਾਈਆ । ਜਿਸ ਨੇ ਨਾਮ ਦਮਾਮੇ ਦੇਣੇ ਵਜਾਏ, ਡੰਕਾ ਇਕੋ ਇਕ ਸ਼ਨਵਾਈਆ । ਮਾਜ਼ੀ ਦਾ ਲੇਖਾ ਸਰਬ ਗਵਾਏ, ਫ਼ੀਊਚਰ ਅਗਲਾ ਨਾ ਕਿਸੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਦੁਰਬਾਸ਼ਿਆ ਹੁਣ ਕਰਨੀ ਕੀ ਬਾਤ, ਸਚ ਦੇ ਸਮਝਾਈਆ । ਕਿਥੇ ਕਿਥੇ ਕੱਟੀ ਰਾਤ, ਮੈਨੂੰ ਦੇ ਦ੍ਰਿੜਾਈਆ । ਕਿਤੇ ਲੱਭੀ ਊ ਆਪਣੀ ਜ਼ਾਤ, ਭੇਵ ਦੇਣਾ ਖੁਲ੍ਹਾਈਆ । ਦਰਬਾਸ਼ਾ ਕਹੇ ਮੈਂ ਹੈਰਾਨੀ ਵਿਚ ਰਿਹਾ ਝਾਕ, ਚਾਰੋਂ ਕੁੰਟ ਅੱਖ ਉਠਾਈਆ । ਖੁਲ੍ਹਾ ਮਿਲਿਆ ਕੋਈ ਨਾ ਤਾਕ, ਤਾਲਾ ਬੰਦ ਨਾ ਕੋਇ ਖੁਲ੍ਹਾਈਆ । ਸਾਰੇ ਕਹਿਣ ਪ੍ਰਭੂ ਦਾ ਪੂਰਾ ਹੋਣਾ ਵਾਕ, ਪੈਗ਼ੰਬਰ ਦੇਣ ਦੁਹਾਈਆ । ਬਹੁੜੀ ਸਾਡਾ ਰਹਿਣ ਨਹੀਂ ਦੇਣਾ ਇਤਫ਼ਾਕ, ਇਤਫ਼ਾਕੀਆ ਆਪਣੀ ਕਾਰ ਕਮਾਈਆ । ਸਾਡੇ ਅੰਤਮ ਹੋਣੇ ਤਲਾਕ, ਤਾਕ਼ਤਵਰ ਹੁਕਮ ਸੁਣਾਈਆ । ਲੇਖਾ ਪੂਰਾ ਕਰ ਬੇਬਾਕ, ਲਹਿਣਾ ਝੋਲੀ ਦੇਣਾ ਪਾਈਆ । ਈਸਾ ਮੂਸਾ ਮੁਹੰਮਦ ਕਹੇ ਸਾਡਾ ਰਹਿਣਾ ਨਹੀਂ ਕੋਈ ਸਾਕ, ਨਾਤੇ ਸੱਜਣ ਜਾਣ ਤੁੜਾਈਆ । ਸਾਡੀ ਉਮਤ ਹੋਣੀ ਗੁਸਤਾਖ਼, ਗ਼ੁੱਸੇ ਵਿਚ ਦੁਹਾਈਆ । ਕੀਤੀ ਕਰਨੀ ਨਹੀਂ ਹੋਣੀ ਮੁਆਫ਼, ਮਿਲੇ ਅੰਤ ਸਜ਼ਾਈਆ । ਮੂਸਾ ਦੇ ਈਸਾ ਹੋਣਾ ਖ਼ਿਲਾਫ਼, ਮੁਹੰਮਦ ਆਪਣੀ ਵੰਡ ਵੰਡਾਈਆ । ਇਹ ਵੱਧਦਾ ਜਾਣਾ ਇਖ਼ਤਲਾਫ਼, ਕ਼ੁਦਰਤ ਦਾ ਕ਼ਾਦਰ ਆਪਣੀ ਕਾਰ ਕਮਾਈਆ । ਅੰਤ ਅਖ਼ੀਰ ਸਦੀ ਚੌਧਵੀਂ ਜਿਸ ਨੇ ਕਰਨਾ ਇਨਸਾਫ਼, ਅਦਲ ਦਾ ਮਾਲਕ ਅਦਾਲਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਦੇਵਣਹਾਰਾ ਸ਼ਾਬਾਸ਼, ਜੋ ਸ਼ਰਅ ਦੇ ਸ਼ਾਇਰ ਸ਼ਰੀਅਤ ਵਿਚ ਸ਼ੁਰੂ ਵਿਚ ਸ਼ਾਹ ਪਾਤਸ਼ਾਹ ਦਾ ਲੇਖਾ ਗਏ ਦ੍ਰਿੜਾਈਆ ।

✻ ੧੩ ਚੇਤ ਸ਼ਹਿਨਸ਼ਾਹੀ ਸੰਮਤ ੫ ਅਰਜਨ ਸਿੰਘ ਦੇ ਗ੍ਰਿਹਿ ਬਲੋਚ ਪੁਰ ✻

ਮੁਹੰਮਦ ਕਹੇ ਹਜ਼ਰਤ ਈਸਾ ਸਲਾਮ, ਅਸਲਾਮੁਅਲੈਕਮ ਵਿਚ ਵਡਿਆਈਆ । ਜਿਸ ਨੇ ਅਗੰਮੀ ਸਾਨੂੰ ਦੱਸੀ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਜਿਸ ਬਰਦੇ ਬਣਾਇਆ ਗ਼ੁਲਾਮ, ਨਫ਼ਰਾਂ ਵਾਲੀ ਸੇਵ ਲਗਾਈਆ । ਹੁਕਮ ਸੰਦੇਸ਼ੇ ਦਿਤੇ ਤਮਾਮ, ਤਮਅ ਤਮੰਨਾ ਇਕ ਜਣਾਈਆ । ਓਹ ਸ਼ਹਿਨਸ਼ਾਹ ਸ਼ਾਹ ਸੁਲਤਾਨ, ਪਾਤਸ਼ਾਹ ਨੂਰ ਅਲਾਹੀਆ । ਜਿਸ ਨੂੰ ਮੰਨ ਕੇ ਆਏ ਅਮਾਮ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਸੋ

ਖੇਲ ਕਰੇ ਵਾਲੀ ਦੋ ਜਹਾਨ, ਨਿਰਗੁਣ ਆਪਣੀ ਕਾਰ ਕਮਾਈਆ । ਧੁਰ ਸੰਦੇਸ਼ਾ ਦੇਵੇ ਫ਼ਰਮਾਨ, ਫੁਰਨੇ ਪਿਛਲੇ ਬੰਦ ਕਰਾਈਆ । ਤੀਸ ਬਤੀਸੇ ਸਪਾਰੇ ਵੇਖ ਕੁਰਾਨ, ਕਾਇਆ ਕੁਰਹ ਕੀ ਦ੍ਰਿੜਾਈਆ । ਜੀਵ ਜੰਤ ਵੇਖ ਈਮਾਨ, ਕਾਮਲ ਮੁਰਸ਼ਦ ਰਿਹਾ ਸੁਣਾਈਆ । ਕੀ ਸ਼ਰਅ ਵਿਚ ਝੁਲਾਇਆ ਨਿਸ਼ਾਨ, ਰੰਗ ਕਵਣ ਰੰਗਾਈਆ । ਕਿਉਂ ਅੰਤ ਹੋਏ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਸਾਚੀ ਮੰਜ਼ਲ ਨਾ ਰਹੀ ਆਸਾਨ, ਮਹਿਬੂਬ ਮਿਲਣ ਕੋਇ ਨਾ ਪਾਈਆ । ਘਰ ਘਰ ਹੋਏ ਹਰਾਮ, ਪਤਤ ਪੁਨੀਤ ਨਾ ਕੋਇ ਕਰਾਈਆ । ਜ਼ਰਾ ਨਿਗਾਹ ਮਾਰ ਕੇ ਵੇਖ ਸ਼ਰੇਆਮ, ਚਾਰ ਕੁੰਟ ਰਹੀ ਕੁਰਲਾਈਆ । ਵਲੀ ਸਾਰੇ ਹੋਏ ਨਾਕਾਮ, ਰਸੂਲ ਰੰਗ ਨਾ ਕੋਇ ਰੰਗਾਈਆ । ਹਕ਼ੀਕ਼ੀ ਦੇਵੇ ਕੋਈ ਨਾ ਜਾਮ, ਮਹਿਬੂਬ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਕਾਰ ਕਮਾਈਆ । ਈਸਾ ਕਹੇ ਮੂਸਾ ਤਕ ਅਗੰਮੀ ਲਿਖੀ ਤਖ਼ਤੀ, ਤਖ਼ਤਨਿਵਾਸੀ ਰਿਹਾ ਜਣਾਈਆ । ਜਿਸ ਵਿਚ ਹੁਕਮ ਦਿਤਾ ਨਾਲ ਸਖਤੀ, ਸੰਦੇਸ਼ਾ ਇਕੋ ਇਕ ਅਲਾਹੀਆ । ਦੀਨ ਦੁਨੀ ਦੀ ਆਉਣ ਵਾਲੀ ਕਮਬਖ਼ਤੀ, ਕਾਮਲ ਮੁਰਸ਼ਦ ਵੇਖ ਵਖਾਈਆ । ਜ਼ਰਾ ਨਿਗਾਹ ਮਾਰ ਕੀ ਖੇਲ ਕਰੇ ਪ੍ਰੀਤਮ ਅਰਸ਼ੀ, ਆਲੀਸ਼ਾਨ ਆਪਣੀ ਕਾਰ ਕਮਾਈਆ । ਕੀ ਲਹਿਣਾ ਦੇਣਾ ਮੁਕਾਵੇ ਧਰਨੀ ਧਰਤ ਧਵਲ ਧੌਲ ਧਰਤੀ, ਧਰਮ ਦੀ ਧਾਰ ਕੀ ਜਣਾਈਆ । ਆਪਣੀ ਪਾਕਟ ਵਿਚੋਂ ਕੱਢ ਕੇ ਵੇਖ ਲਓ ਪਰਚੀ, ਪ੍ਰਾਚੀਨ ਦਾ ਲੇਖਾ ਦਏ ਦ੍ਰਿੜਾਈਆ । ਅੱਗੇ ਚਲਣੀ ਨਹੀਂ ਕਿਸੇ ਦੀ ਮਰਜ਼ੀ, ਹੁਕਮ ਫ਼ਰਮਾਨਾ ਇਕੋ ਇਕ ਫ਼ਰਮਾਈਆ । ਦੀਨਾਂ ਮਜ਼੍ਹਬਾਂ ਦੀ ਕਿਆ ਕੋਈ ਕਰੇ ਹਮਦਰਦੀ, ਹਮਦਰਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਰਿਹਾ ਸੁਣਾਈਆ । ਮੂਸਾ ਕਹੇ ਮੈਂ ਵੇਖਿਆ ਇਲਾਹੀ ਹਾਸਿਮ, ਨੂਰੇ ਨੂਰ ਨਜ਼ਰੀ ਆਈਆ । ਜਿਸ ਦਾ ਤੱਤ ਨਹੀਂ ਕੋਈ ਜਿਸਮ, ਜ਼ਮੀਰ ਜ਼ਾਹਰ ਨਾ ਕੋਇ ਵਖਾਈਆ । ਜਿਸ ਦੀ ਵੱਖਰੀ ਨਹੀਂ ਕੋਈ ਕ਼ਿਸਮ, ਰੂਪ ਰੰਗ ਨਾ ਕੋਇ ਵਡਿਆਈਆ । ਦਿਸਦਾ ਨਹੀਂ ਕੋਈ ਨੂਰੇ ਨਜ਼ਰ ਚਸ਼ਮ, ਜਗਤ ਨੇਤਰ ਨਾ ਕੋਇ ਵਡਿਆਈਆ । ਮਾਟੀ ਖ਼ਾਕ ਬਣਦਾ ਨਹੀਂ ਭਸਮ, ਮੜ੍ਹੀ ਗੋਰ ਨਾ ਕੋਇ ਦਬਾਈਆ । ਮੂਸਾ ਕਹੇ ਮੈਂ ਓਸੇ ਦੀ ਖਾਨਾਂ ਕ਼ਸਮ, ਜੋ ਕ਼ਿਸਮਤ ਸਭ ਦੀ ਦਏ ਬਦਲਾਈਆ । ਨਾਲੇ ਓਸ ਨੂੰ ਪਿਤਾ ਕਿਹਾ ਬਾਪ ਮੰਨਿਆ ਨਾਲੇ ਕਿਹਾ ਖ਼ਸਮ, ਆਜਜ਼ ਹੋ ਕੇ ਸੀਸ ਨਿਵਾਈਆ । ਹਜ਼ਰਤੋ ਪੈਗ਼ੰਬਰੋ ਨਬੀਓ ਕਲਜੁਗ ਵਿਚ ਉਸ ਨੇ ਸਤਿਜੁਗ ਬਦਲ ਦੇਣੀ ਰਸਮ, ਧੁਰ ਫ਼ਰਮਾਨਾ ਹੁਕਮ ਜਣਾਈਆ । ਸਾਰੇ ਓਸ ਦੇ ਹੁਕਮ ਅੰਦਰ ਵਸਣ, ਸਿਰ ਸਕੇ ਨਾ ਕੋਇ ਉਠਾਈਆ । ਧੁਰ ਫ਼ਰਮਾਨਾ ਆਵੇ ਦੱਸਣ, ਦਹਿ ਦਿਸ਼ਾ ਕਰੇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਢੋਲਾ ਗਾਉਣਾ ਜਸਨ, ਵੇਦ ਪੁਰਾਨਾਂ ਲੇਖਾ ਦਏ ਮੁਕਾਈਆ । ਮੁਰੀਦਾਂ ਨੂੰ ਮੁਰਸ਼ਦ ਹੋ ਕੇ ਮਹਿਬੂਬ ਹੋ ਕੇ ਓਢਨ ਨਾ ਦੇਵੇ ਕਫ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਇਕ ਨਜ਼ਰੀ ਆਈਆ । ਈਸਾ ਕਹੇ ਮੁਹੰਮਦਾ ਮੈਂ ਤੱਕਿਆ ਅਜਬ ਨਜ਼ਾਰਾ, ਮੇਰਾ ਨਜ਼ਰੀਆ ਦਿਤਾ ਬਦਲਾਈਆ । ਦਰਗਾਹ ਸਾਚੀ ਦੇਵੇ ਇਸ਼ਾਰਾ, ਐਸ਼ੋ ਇਸ਼ਰਤ ਦਏ ਮਿਟਾਈਆ । ਨਿਰਗੁਣ ਨੂਰ ਜ਼ਹੂਰ ਕਰ ਉਜਿਆਰਾ, ਅੰਧ ਅੰਧੇਰਾ ਰਿਹਾ ਗਵਾਈਆ । ਬਹੁੜੀ ਤੇਰਾ ਨਿਸ਼ਾਨ ਨਹੀਂ ਰਹਿਣਾ ਚੰਦ ਸਿਤਾਰਾ, ਸਤਹ ਜ਼ਿਮੀਂ ਅਸਮਾਨ ਉਲਟਾਈਆ । ਓਹ ਪ੍ਰਗਟ ਹੋਵੇ ਜ਼ਾਹਿਰਾ, ਅਮਾਮ ਅਮਾਮਾ ਨੂਰ ਅਲਾਹੀਆ । ਜਿਸ ਦਾ ਖੇਲ ਸਭ ਤੋਂ ਨਿਆਰਾ,

ਨਿਰਾਕਾਰ ਆਪ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਧੁੰਦੂਕਾਰਾ, ਸਾਚਾ ਚੰਦ ਇਕ ਚਮਕਾਈਆ । ਲਹਿਣਾ ਦੇਣਾ ਵੇਖੇ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੁਲਾਈਆ । ਜਿਸ ਨੂੰ ਸਭ ਨੇ ਕਰਨੀ ਨਿਮਸਕਾਰਾ, ਸਜਦਿਆਂ ਵਿਚ ਸੀਸ ਝੁਕਾਈਆ । ਉਸ ਨੂੰ ਕਹਿੰਦੇ ਚਵੀਆਂ ਅਵਤਾਰਾ, ਜੋਤੀ ਜਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਵਖਾਈਆ । ਮੁਹੰਮਦ ਕਹੇ ਮੈਂ ਵੀ ਓਸੇ ਦੀ ਕਰਾਂ ਤਸਦੀਕ਼, ਸ਼ਹਾਦਤ ਆਪਣੀ ਇਕ ਭੁਗਤਾਈਆ । ਹਜ਼ਰਤ ਈਸਾ ਓਹ ਆਸਾ ਪੂਰੀ ਕਰੇ ਉਮੀਦ, ਮਨਸਾ ਵੇਖ ਵਖਾਈਆ । ਜਿਸ ਦੀ ਖ਼ੁਸ਼ੀ ਵਿਚ ਮਨਾਈ ਈਦ, ਈਦੁਲਫ਼ਿਤਰ ਦਏ ਵਡਿਆਈਆ । ਜਿਸ ਦੇ ਪਿੱਛੇ ਹੋਏ ਸ਼ਹੀਦ, ਆਪਣਾ ਆਪ ਮਿਟਾਈਆ । ਉਮਤ ਕੀਤੀ ਤਾਕੀਦ, ਤਰਾ ਤਰਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੱਸਿਆ ਕਲਮਾ ਲੇਖ ਜਣਾਇਆ ਕ਼ੁਰਾਨ ਮਜੀਦ, ਮਜਮੂਆ ਹਰਫ਼ਾਂ ਵਾਲਾ ਬਣਾਈਆ । ਈਸਾ ਕਹੇ ਮੁਹੰਮਦ ਤਕ ਉਪਰ ਅਸਮਾਨ, ਇਸਮ ਆਜ਼ਮ ਵੇਖ ਵਖਾਈਆ । ਮੁਹੰਮਦ ਕਹੇ ਬੋਲਣਾ ਬਿਨਾ ਜ਼ਬਾਨ, ਅਗੰਮੀ ਆਵਾਜ਼ ਸੁਣਾਈਆ । ਜਿਸ ਖੇਲ ਕਰਨਾ ਮਹਾਨ, ਮਹਿਬੂਬ ਨੂਰ ਅਲਾਹੀਆ । ਦਹਿ ਦਿਸ਼ਾ ਵੇਖੇ ਮਾਰ ਧਿਆਨ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਹੁਕਮ ਸੰਦੇਸ਼ਾ ਦੇਵੇ ਆਣ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਕਲਜੁਗ ਜੀਵਾਂ ਕਰ ਕੇ ਸਵਾਧਾਨ, ਸੋਈ ਸੁਰਤੀ ਲਈ ਉਠਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਆਪਣਾ ਦਏ ਝੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਤੋਂ ਲੈ ਕੇ ਕਮਾਨ, ਹੁਕਮ ਇਕੋ ਇਕ ਮਨਾਈਆ । ਚਾਰ ਵਰਨ ਅਠਾਰਾਂ ਬਰਨ ਜਿਸ ਦਾ ਢੋਲਾ ਇਕੋ ਗਾਣ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਕਰਨ ਪੜ੍ਹਾਈਆ । ਇਕੋ ਸਿਦਕ ਸਬੂਰੀ ਦੱਸੇ ਈਮਾਨ, ਧਰਮ ਦੀ ਧਾਰ ਇਕੋ ਇਕ ਜਣਾਈਆ । ਇਕੋ ਇਸ਼ਟ ਸ੍ਰੀ ਭਗਵਾਨ, ਇਕੋ ਦ੍ਰਿਸ਼ਟ ਰਿਹਾ ਖੁਲ੍ਹਾਈਆ । ਇਕੋ ਰਮਿਆ ਹਰ ਘਟ ਰਾਮ, ਰਾਮ ਰਹੀਮ ਇਕੋ ਨੂਰ ਅਲਾਹੀਆ । ਇਕੋ ਆਦਿ ਜੁਗਾਦੀ ਕਾਹਨ, ਸ਼ਾਮ ਸ਼ਾਮਾ ਵੇਸ ਵਟਾਈਆ । ਇਕੋ ਨੂਰ ਅਲਾਹੀ ਅਮਾਮ, ਜੋਤੀ ਜਾਤਾ ਡਗਮਗਾਈਆ । ਸੋ ਖੇਲ ਕਰੇ ਜਹਾਨ, ਜਹਾਲਤ ਦੀਨ ਦੁਨੀ ਦਏ ਮਿਟਾਈਆ । ਮੂਸਾ ਕਹੇ ਮੁਹੰਮਦ ਹੋਣਾ ਕੀ ਹੈਰਾਨ, ਹੈਰਾਨੀ ਵਿਚ ਨਾ ਕੋਇ ਵਡਿਆਈਆ । ਜਿਸ ਦਾ ਹੁਕਮ ਓਸੇ ਦਾ ਫ਼ਰਮਾਨ, ਹੁਕਮੇ ਅੰਦਰ ਸੇਵ ਕਮਾਈਆ । ਅਸੀਂ ਆਦਿ ਜੁਗਾਦੀ ਗੁਰ ਅਵਤਾਰ ਪੈਗ਼ੰਬਰ ਓਸੇ ਦਾ ਖ਼ਾਨਦਾਨ, ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਦਰਗਾਹ ਸਾਚੀ ਮੁਕਾਮੇ ਹੱਕ ਸਾਂਝਾ ਇਕ ਮੁਕਾਮ, ਦੂਜੀ ਵੰਡ ਨਾ ਕੋਇ ਵੰਡਾਈਆ । ਮਾਤਲੋਕ ਵਿਚ ਸਾਥੋਂ ਦੀਨਾਂ ਮਜ਼੍ਹਬਾਂ ਦੀ ਖੁਲ੍ਹਾ ਕੇ ਦੁਕਾਨ, ਦਵੈਤ ਵਾਲੀ ਵਸਤ ਦਿਤੀ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਦੁਰਬਾਸ਼ੇ ਪੈਗ਼ੰਬਰਾਂ ਦੀ ਸੁਣੀ ਊ ਗੁਫ਼ਤਾਰ, ਗੁਫ਼ਤ ਸ਼ਨੀਦ ਕੀ ਕੀ ਰਹੇ ਜਣਾਈਆ । ਕੀ ਹੋਏ ਜਗਤ ਰਫ਼ਤਾਰ, ਰਫ਼ਤਾ ਰਫ਼ਤਾ ਖੇਲ ਕੀ ਜਣਾਈਆ । ਕੀ ਕਰਨ ਵਾਲਾ ਕਰਤਾਰ, ਕੁਦਰਤ ਦਾ ਮਾਲਕ ਆਪਣਾ ਹੁਕਮ ਵਰਤਾਈਆ । ਜ਼ਰਾ ਉਠ ਕੇ ਨਿਗਾਹ ਮਾਰ, ਚਾਰ ਕੁੰਟ ਵੇਖ ਵਖਾਈਆ । ਦੁਰਬਾਸ਼ਾ ਕਹੇ ਜਿਧਰ ਵੇਖਾਂ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਸਾਚਾ ਕਰੇ ਨਾ ਕੋਇ ਪਿਆਰ, ਪ੍ਰੀਤਮ ਪ੍ਰੇਮ ਨਾ ਕੋਇ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਬੇਜ਼ਾਰ, ਸਾਂਤਕ ਸਤਿ ਨਾ ਕੋਇ

ਕਰਾਈਆ । ਮੈਂ ਦੂਰ ਦੁਰਾਡਾ ਪਹੁੰਚ ਕਰਾਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਕਲ ਆਪੇ ਧਾਰ, ਕਲ ਕਲਕੀ ਖੇਲ ਵਖਾਈਆ । ਚਾਰੋਂ ਕੁੰਟ ਹੋਵੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਦੁਰਬਾਸ਼ਾ ਕਹੇ ਨਾਰਦ, ਈਸਾ ਮੂਸਾ ਮੁਹੰਮਦ ਚੁੱਕੀ ਫਿਰਨ ਕਿਤਾਬਾਂ, ਬਿਨ ਹੱਥਾਂ ਹੱਥ ਉਠਾਈਆ । ਲੱਭਣ ਮਹਿਰਾਬਾਂ, ਜਿਥੇ ਮਿਲੇ ਮਹਿਬੂਬ ਨੂਰ ਅਲਾਹੀਆ । ਸਦੀ ਚੌਧਵੀਂ ਕਰੇ ਹਿਸਾਬਾ, ਅੰਤਮ ਲੇਖ ਜਣਾਈਆ । ਕੀ ਕਹਿ ਕੇ ਗਿਆ ਮਾਈ ਹਵਾ ਤੇ ਆਦਮ ਬਾਬਾ, ਭੇਵ ਅਭੇਦ ਦ੍ਰਿੜ੍ਹਾਈਆ । ਸਾਰੇ ਕਹਿਣ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤੀ ਜਾਤਾ ਪ੍ਰਗਟ ਹੋਣਾ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਨੇ ਇਕੋ ਜਣਾਉਣਾ ਕਾਅਬਾ, ਪਰਦਾ ਕਾਇਆ ਵਜੂਦ ਉਠਾਈਆ । ਆਬੇਹਯਾਤ ਦੇਣਾ ਸਵਾਦਾ, ਨਿਝਰ ਝਿਰਨਾ ਬੂੰਦ ਸਵਾਂਤ ਆਪ ਚਵਾਈਆ । ਕਲਮਾ ਅਗੰਮ ਸੁਣਾਉਣਾ ਵਜਾਉਣਾ ਨਾਦ ਅਨਾਦਾ, ਅਨਹਦ ਰਾਗ ਅਲਾਹੀਆ । ਝਗੜਾ ਮੁਕਾ ਕੇ ਪੁੰਨ ਸਵਾਬਾ, ਸਾਹਿਬ ਸਤਿਗੁਰ ਆਪਣਾ ਹੁਕਮ ਵਰਤਾਈਆ । ਸ਼ਾਹੋ ਭੂਪ ਬਣ ਰਾਜਾ, ਰਈਅਤ ਵੇਖੇ ਖ਼ਲਕ ਖ਼ੁਦਾਈਆ । ਕਿਸੇ ਦੇ ਕੋਲੋਂ ਨਾ ਲਏ ਇਮਦਾਦਾ, ਮਦਦ ਵਾਲੀ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਨਾਨਕ ਕੌਲ ਪੂਰਾ ਕਰੇ ਜੋ ਕੀਤਾ ਵਿਚ ਬਗ਼ਦਾਦਾ, ਬਗ਼ਲੀਆਂ ਸਭ ਦੇ ਹੱਥ ਫੜਾਈਆ । ਜਨ ਭਗਤਾਂ ਮਿੱਤਰ ਪਿਆਰਾ ਬਣ ਕੇ ਧੁਰ ਦਾ ਅਹਿਬਾਬਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਜਣਾਏ ਬੋਧ ਅਗਾਧਾ, ਬੁੱਧੀ ਤੋਂ ਪਰੇ ਨਿਰਗੁਣ ਹਰੇ, ਨਿਰਵੈਰ ਨਿਰੰਕਾਰ ਨਿਰਾਕਾਰ ਪਰਵਰਦਿਗਾਰ ਆਪਣਾ ਹੁਕਮ ਸਮਝਾਈਆ ।



### ❁ ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਰਣਧੀਰ ਸਿੰਘ ਦੇ ਗ੍ਰਿਹ ਪਹੇਵਾ ❁

ਸਚਖੰਡ ਦਵਾਰੇ ਖੇਲ ਮਹਾਨ, ਦਰਗਾਹ ਸਾਚੀ ਮੁਕਾਮੇ ਹੱਕ ਆਪ ਖਿਲਾਈਆ । ਹੁਕਮ ਦੇਵੇ ਪਾਰਬ੍ਰਹਮ ਪਤਿਪਰਮੇਸ਼ਵਰ ਨੌਜਵਾਨ, ਪਰਵਰਦਿਗਾਰ ਸਾਂਝਾ ਯਾਰ ਆਪਣਾ ਹੁਕਮ ਵਰਤਾਈਆ । ਜੋਤੀ ਧਾਰ ਸ਼ਬਦੀ ਸਤਿਗੁਰ ਸੁਣ ਅਗੰਮ ਫ਼ਰਮਾਨ, ਅਬਿਨਾਸ਼ੀ ਕਰਤਾ ਆਪ ਸੁਣਾਈਆ । ਤੇਈ ਅਵਤਾਰਾਂ ਕਰ ਸਵਾਧਾਨ, ਆਲਸ ਨਿੰਦਰਾ ਵਿਚ ਰਹਿਣ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਸੁਣਾ ਅਗੰਮ ਫ਼ਰਮਾਨ, ਸੰਦੇਸ਼ਾ ਅਗੰਮ ਅਥਾਹ ਅਲਾਹੀਆ । ਦਸ ਗੁਰੂ ਵੇਖਣ ਮਾਰ ਧਿਆਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਸਾਰੇ ਵੇਖੋ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਖੋਜ ਖੁਜਾਈਆ । ਕਿਉਂ ਸਦੀ ਚੌਧਵੀਂ ਸ਼ਰਅ ਹੋਈ ਸ਼ੈਤਾਨ, ਆਤਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਦੀਨ ਮਜ਼੍ਹਬ ਮਨ ਕਲਪਣਾ ਵਿਚ ਕੁਰਲਾਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਵਿਦਿਆ ਹੱਕ ਨਾ ਮਿਲੇ ਪੜ੍ਹ ਪੜ੍ਹ ਥੱਕੇ ਜੀਵ ਜਹਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰਹੀ ਕੁਰਲਾਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਨਿਰਾਕਾਰ ਮਿਲੇ ਕਿਸੇ ਨਾ ਆਣ, ਜੋਤੀ ਜਾਤਾ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਹੈਰਾਨ, ਵੈਰੀ ਘਰ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਵਾਧਾਨ ਹੋਵੇ ਸਚਖੰਡ ਨਿਵਾਸੀ, ਹਰਿ ਕਰਤਾ ਆਪ ਜਣਾਈਆ । ਨਿਰਗੁਣ ਧਾਰ ਲੋਕਮਾਤ ਮਾਰੇ ਝਾਕੀ, ਨੌ ਖੰਡ ਪ੍ਰਿਥਮੀ ਸੱਤ ਦੀਪ ਫੋਲ ਫੁਲਾਈਆ । ਆਪਣੀ ਚਾਰ ਜੁਗ ਦੀ ਪਿਛਲੀ ਵੇਖੇ ਸਾਖੀ, ਸਾਖਿਆਤ ਪਰਦਾ ਦਿਓ ਖੁਲ੍ਹਾਈਆ । ਕਿਉਂ ਤੁਹਾਡੇ ਹੁੰਦਿਆਂ ਕਲਜੁਗ ਜੀਵਾਂ ਮਨੂਆ ਹੋਇਆ ਆਕ਼ੀ, ਤੁਹਾਡੇ ਨਾਮ ਮਿਲੇ ਕੀ ਵਡਿਆਈਆ । ਕਿਧਰ ਗਿਆ ਤੁਹਾਡਾ ਪੂਜਾ ਪਾਠੀ, ਸਿਮਰਨ ਜੋਗ ਅਭਿਆਸ ਤਨ ਵਜੂਦ ਕਰੇ ਨਾ ਕਿਉਂ ਸਫ਼ਾਈਆ । ਸਾਚੇ ਮੰਡਲ ਪਏ ਕੋਈ ਨਾ ਰਾਸੀ, ਕਾਇਆ ਮੰਦਰ ਅੰਦਰ ਵੱਜੇ ਨਾ ਕੋਇ ਵਧਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੁੜੇ ਕੋਈ ਨਾ ਨਾਤੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੀਵਣ ਵਿਚੋਂ ਜੀਵਣ ਬਦਲੇ ਨਾ ਕੋਇ ਹਯਾਤੀ, ਆਬੇਹਯਾਤ ਰਸਨਾ ਰਸ ਨਾ ਕੋਇ ਚਖਾਈਆ । ਕਿਉਂ ਝਗੜਾ ਪਾਇਆ ਦੀਨ ਮਜ਼੍ਹਬ ਕਾਗ਼ਜ਼ਾਤੀ, ਮੇਰਾ ਨਾਉਂ ਅੱਖਰਾਂ ਵਿਚ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰੋ ਤੁਸੀਂ ਸਾਰੇ ਬਣੇ ਫ਼ਸਾਦੀ, ਮਾਨਵ ਜ਼ਾਤੀ ਝਗੜਿਆਂ ਵਿਚ ਕਲਮਿਆਂ ਵਿਚ ਦੀਨਾਂ ਵਿਚ ਇਸਲਾਮਾਂ ਵਿਚ ਕਲਾਮਾਂ ਵਿਚ ਆਏ ਲੜਾਈਆ । ਮੇਰੀ ਮੰਜ਼ਲ ਇਕੋ ਹਕ਼ੀਕ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਉਠੋ ਵੇਖੋ ਜਲਦੀ, ਸੋਇਆ ਰਹਿਣ ਕੋਇ ਨਾ ਪਾਈਆ । ਕਿਉਂ ਚਾਰ ਕੁੰਟ ਦਹਿ ਦਿਸ਼ਾ ਅੱਗ ਬਲਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਕਿਥੇ ਖੇਲ ਗਈ ਤੁਹਾਡੀ ਤੁਹਾਡੇ ਘਰ ਦੀ, ਘਰ ਵਿਚ ਘਰ ਨਜ਼ਰ ਕਿਸੇ ਨਾ ਆਈਆ । ਕਿਉਂ ਪੂਜਾ ਪਾਠ ਕਰਦਿਆਂ ਸੁਰਤੀ ਸਾਚੀ ਮੰਜ਼ਲ ਨਹੀਂ ਚੜ੍ਹਦੀ, ਸ਼ਬਦ ਵਿਚ ਸ਼ਬਦ ਨਾ ਕੋਇ ਮਿਲਾਈਆ । ਕਿਉਂ ਨਹੀਂ ਖ਼ਬਰ ਕਿਸੇ ਨੂੰ ਪਰਮ ਪੁਰਖ ਦੇ ਘਰ ਦੀ, ਸਚਖੰਡ ਦਵਾਰੇ ਮਿਲਣ ਕੋਇ ਨਾ ਆਈਆ । ਕਿਉਂ ਮਨ ਕਲਪਣਾ ਦੀਨ ਦੁਨੀ ਲੜਦੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਕੀ ਖੇਲ ਹੋਣੀ ਦੀਨ ਦਿਆਲੇ ਅਗੰਮੇ ਨਰ ਦੀ, ਨਰ ਨਰਾਇਣ ਕੀ ਕਲ ਵਰਤਾਈਆ । ਕਿਉਂ ਮਾਇਆ ਮਮਤਾ ਵਹਿਣ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਜਾਏ ਹੜ੍ਹਦੀ, ਗੁਰ ਅਵਤਾਰ ਪੈਗ਼ੰਬਰ ਹੋ ਅੱਗੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਤੱਕੋ ਆਪਣੀ ਦੀਨ ਦੁਨੀ ਲੋਕਮਾਤ, ਮਾਤਰ ਭੂਮੀ ਧਿਆਨ ਲਗਾਈਆ । ਜ਼ਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਵਿਚ ਲਓ ਝਾਕ, ਊਚਾਂ ਨੀਚਾਂ ਫੋਲ ਫੁਲਾਈਆ । ਸਾਚੀ ਸਮਝੇ ਕੋਈ ਨਾ ਜ਼ਾਤ, ਪਰਦਾ ਨਿਰੰਤਰ ਅੰਤਰ ਨਾ ਕੋਇ ਉਠਾਈਆ । ਜਿਧਰ ਤੱਕੋ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਧਰ ਗਈ ਤੁਹਾਡੀ ਨਾਮ ਸੌਗ਼ਾਤ, ਕਲਮੇ ਵਾਲਿਓ ਦਿਓ ਸਮਝਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕਿਸ ਨੂੰ ਦੇਣੀ ਸ਼ਾਬਾਸ਼, ਮਿਹਰ ਨਜ਼ਰ ਇਕ ਉਠਾਈਆ । ਜੋ ਭਵਿਖਤਾਂ ਵਿਚ ਲਿਖਤਾਂ ਵਿਚ ਦ੍ਰਿਸ਼ਟਾਂ ਵਿਚ ਸ੍ਰਿਸ਼ਟੀ ਆਏ ਆਖ, ਪੇਸ਼ੀਨਗੋਈਆਂ ਵਿਚ ਸੁਣਾਈਆ । ਲੇਖਾ ਲਿਖ ਆਏ ਨਾਲ ਕ਼ਲਮ ਦਵਾਤ, ਕਾਗ਼ਜ਼ ਸਿਆਹੀ ਜੋੜ ਜੁੜਾਈਆ । ਸੋ ਖੇਲ ਕਰਨਾ ਆਪ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਤੁਸੀਂ ਦੀਨ ਦੁਨੀ ਤੱਕੋ ਕਾਇਆ ਅੰਦਰ ਮਾਰ ਝਾਤ, ਪਰਦਾ ਦਿਓ ਖੁਲ੍ਹਾਈਆ । ਸਿਫ਼ਤੀ ਨਾਮ ਪੜ੍ਹਨ ਵਾਲਿਆਂ ਦਾ ਅੰਦਰੋਂ ਖੁਲ੍ਹਿਆ ਨਾ ਕਿਸੇ ਦਾ ਤਾਕ, ਨਿਰਅੱਖਰ ਸਮਝ ਕਿਸੇ ਨਾ ਆਈਆ । ਲਹਿਣਾ ਦੇਣਾ ਜੀਵਣ ਜ਼ਿੰਦਗੀ ਕਰੇ

ਨਾ ਕੋਇ ਬੇਬਾਕ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਣਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੇ ਆਪਣੇ ਮੁਰੀਦ ਸਿੱਖ, ਚਾਰੋਂ ਕੁੰਟ ਧਿਆਨ ਲਗਾਈਆ । ਕਿਸੇ ਦੀ ਪੂਰੀ ਹੋਵੇ ਨਾ ਇਛ, ਆਸਾ ਮਨਸਾ ਪੂਰ ਨਾ ਕੋਇ ਕਰਾਈਆ । ਚਾਰ ਵਰਨ ਅਠਾਰਾਂ ਬਰਨ ਤਨ ਮਾਟੀ ਹੋਈ ਜ਼ਿਚ, ਕਾਇਆ ਗੜ੍ਹ ਨਾ ਕੋਇ ਸੁਹਾਈਆ । ਤੁਸੀਂ ਦੱਸ ਕੇ ਆਏ ਅੱਲਾ ਵਾਹਿਗੁਰੂ ਰਾਮ ਸਭ ਦਾ ਮਾਲਕ ਇਕ, ਏਕੰਕਾਰ ਸਮਝ ਕਿਸੇ ਨਾ ਆਈਆ । ਸਾਚੀ ਮੰਜ਼ਲ ਚੜ੍ਹ ਕੇ ਕੋਈ ਵੇਖ ਨਾ ਸਕੇ ਸਾਹਿਬ ਅਨਡਿੱਠ, ਨਿਜ ਨੇਤਰ ਨਜ਼ਰ ਕੋਇ ਨਾ ਪਾਈਆ । ਤੁਸੀਂ ਜਗਤ ਮਾਣ ਬਣਾ ਕੇ ਆਏ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਜਿਨ੍ਹਾਂ ਦੀ ਘਾੜਤ ਘੜੀ ਪੱਥਰ ਇੱਟ, ਸਿਲ ਪਾਹਨ ਨਾਲ ਵਡਿਆਈਆ । ਕਿਸੇ ਦਾ ਖੁਲ੍ਹਿਆ ਨਹੀਂ ਨੇਤਰ ਨਿਜ, ਨਿਜ ਨੈਣ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਬਣਿਆ ਨਹੀਂ ਕੋਈ ਮਿੱਤ, ਮਿੱਤਰ ਪਿਆਰਾ ਮੇਲ ਨਾ ਕੋਇ ਮਿਲਾਈਆ । ਨਾੜ ਬਹੱਤਰ ਸਭ ਦੀ ਉਬਲੇ ਰਤ, ਸਾਂਤਕ ਸਤਿ ਨਾ ਕੋਇ ਕਰਾਈਆ । ਮਨ ਕਲਪਣਾ ਸਕਿਆ ਨਾ ਕੋਈ ਜਿੱਤ, ਕੂੜ ਕੁੜਿਆਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਜਿਹੜੀ ਭਵਿਖਤਾਂ ਵਿਚ ਕੀਤੀ ਤਹਰੀਰ, ਤਕਦੀਰ ਰੂਪ ਬਦਲਾਈਆ । ਓਹ ਖੇਲ ਕਰੇ ਅਗੰਮ ਪਰਵਰਦਿਗਾਰ ਧੁਰ ਦਾ ਪੀਰ, ਪੈਗ਼ੰਬਰਾਂ ਤੋਂ ਪਰੇ ਧਿਆਨ ਲਗਾਈਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਜ਼ਮੀਰ, ਜ਼ਾਹਰ ਜ਼ਹੂਰ ਆਪਣਾ ਹੁਕਮ ਵਰਤਾਈਆ । ਤੀਰਥ ਤੱਟਾਂ ਬਦਲ ਦੇਣਾ ਨੀਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਜਿਸ ਦੀ ਦੁਹਾਈ ਦੇ ਕੇ ਗਿਆ ਕਬੀਰ, ਮੰਦਰ ਚੜ੍ਹ ਕੇ ਰਿਹਾ ਦ੍ਰਿੜਾਈਆ । ਓਹ ਨਾਮ ਖੰਡਾ ਅਗੰਮੀ ਫੜ ਸ਼ਮਸ਼ੀਰ, ਵੇਖਣਹਾਰਾ ਥਾਉਂ ਥਾਈਂਆ । ਜਿਸ ਨੇ ਸ਼ਰਅ ਦੇ ਕੱਟਣੇ ਜ਼ੰਜੀਰ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਸਤਿਜੁਗ ਸਾਚਾ ਕਰਨਾ ਤਾਮੀਰ, ਸਤਿ ਧਰਮ ਇਕ ਵਖਾਈਆ । ਝਗੜਾ ਰਹੇ ਨਾ ਗ਼ਰੀਬ ਅਮੀਰ, ਚਾਰ ਵਰਨਾਂ ਏਕੋ ਰੰਗ ਰੰਗਾਈਆ । ਅੰਮ੍ਰਿਤ ਨਾਮ ਬਖ਼ਸ਼ ਕੇ ਸੀਰ, ਸਾਂਤਕ ਸਤਿ ਦੇਣਾ ਕਰਾਈਆ । ਆਪਣੇ ਹੱਥ ਰੱਖ ਤਦਬੀਰ, ਤਕਦੀਰ ਦੀਨ ਦੁਨੀ ਦੇਣੀ ਬਦਲਾਈਆ । ਕਰੇ ਖੇਲ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਪ੍ਰਗਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡਾ ਧੁਰ ਚਰਨ ਤੇਰੇ ਸਜਦਾ, ਨਮੋਂ ਨਿਮਸਕਾਰ ਡੰਡਾਵਤ ਇਕ ਜਣਾਈਆ । ਹਉਂ ਸੇਵਕ ਤੇਰੇ ਬਰਦਾ, ਜੁਗ ਚੌਕੜੀ ਖ਼ਾਦਮ ਰੂਪ ਵਟਾਈਆ । ਜੋ ਹੁਕਮ ਸੰਦੇਸ਼ਾ ਰਿਹਾ ਘਲਦਾ, ਸੋ ਜੀਵਾਂ ਜੰਤਾਂ ਆਏ ਸੁਣਾਈਆ । ਤੇਰਾ ਭੇਦ ਨਾ ਆਇਆ ਅਛਲ ਅਛੱਲ ਦਾ, ਬੇਅੰਤ ਕਹਿ ਕੇ ਆਏ ਗਾਈਆ । ਸਾਨੂੰ ਪਤਾ ਨਹੀਂ ਕੀ ਖੇਲ ਹੋਣਾ ਕਲਜੁਗ ਕਲ ਦਾ, ਕਲਕਾਤੀ ਕਵਣ ਮਿਟਾਈਆ । ਜ਼ੋਰ ਵੇਖਿਆ ਕਾਮ ਕਰੋਧ ਲੋਭ ਮੋਹ ਹੰਕਾਰ ਦਲ ਦਾ, ਚਾਰ ਵਰਨਾਂ ਸੋਭਾ ਪਾਈਆ । ਕਿਸੇ ਰਾਹ ਨਹੀਂ ਲੱਭਿਆ ਤੇਰੇ ਨਿਹਚਲ ਧਾਮ ਅਟਲ ਦਾ, ਕੋਟਨ ਕੋਟ ਸਾਧ ਸੰਤ ਫਿਰਨ ਧੂਣੀਆਂ ਤਾਈਆ । ਨਿਹਚਲ ਧਾਮ ਕੋਈ ਨਾ ਮੱਲਦਾ, ਸਚਖੰਡ ਦਵਾਰੇ ਸੋਭਾ ਕੋਈ ਨਾ ਪਾਈਆ । ਝਗੜਾ ਪਿਆ ਕਲਜੁਗ ਦੂਈ ਦਵੈਤੀ ਸਲ ਦਾ, ਇਕੋ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲੇ ਸਾਡੀ ਇਕ ਸਲਾਹ, ਬਿਨ ਮਸ਼ਵਰੇ ਦਈਏ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਬਣ ਮਲਾਹ, ਆਤਮ ਪਰਮਾਤਮ ਪਰਦਾ ਦੇ ਚੁਕਾਈਆ । ਦੀਨ ਦੁਨੀ ਦੇ ਬਖ਼ਸ਼ ਗੁਨਾਹ, ਰਹਿਮਤ ਆਪਣੀ ਇਕ ਕਮਾਈਆ । ਜੋ ਦੀਨ ਮਜ਼੍ਹਬ ਆਏ ਬਣਾ, ਮਾਨਵ ਮਾਨਵ ਵੰਡ ਵੰਡਾਈਆ । ਪਿਛਲੀ ਸ਼ਰਅ ਦੇ ਗਵਾ, ਸ਼ਰੀਅਤ ਅੱਗੇ ਰਹੇ ਨਾ ਰਾਈਆ । ਆਤਮ ਬ੍ਰਹਮ ਇਕ ਦ੍ਰਿੜਾ, ਭੇਵ ਅਭੇਦਾ ਦੇ ਖੁਲ੍ਹਾਈਆ । ਪੰਜਾਂ ਤੱਤਾਂ ਦਾ ਝਗੜਾ ਦੇ ਮੁਕਾ, ਹਿੰਦੂ ਮੁਸਲਿਮ ਸਿੱਖ ਈਸਾਈ ਕਰੇ ਨਾ ਕੋਇ ਲੜਾਈਆ । ਤੂੰ ਦਾਤਾ ਬੇਪ੍ਰਵਾਹ, ਸਤਿਜੁਗ ਸਾਚਾ ਦੇ ਵਰਤਾਈਆ । ਜਿਸ ਵਿਚ ਇਕੋ ਤੇਰਾ ਹੋਵੇ ਨਾਂ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਿਫ਼ਤੀ ਨਾਮ ਆਪਣੇ ਵਿਚ ਸਮਾ, ਸਾਹਿਬ ਸੁਲਤਾਨ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ਬਰ ਕਹਿਣ ਜਿਉਂ ਸਚਖੰਡ ਤੇਰੇ ਦਵਾਰ ਅਸੀਂ ਇਕੱਠੇ ਰਹਿੰਦੇ ਇਕੋ ਥਾਂ, ਦੂਸਰ ਵੰਡ ਨਾ ਕੋਇ ਰਖਾਈਆ । ਏਸੇ ਤਰਾ ਮਾਤਲੋਕ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਇਕੋ ਰੰਗ ਰੰਗਾ, ਇਕੋ ਨਾਮ ਇਕੋ ਕਲਮਾ ਦੇ ਸਮਝਾਈਆ । ਤੂੰ ਆਦਿ ਜੁਗਾਦੀ ਸਭ ਦਾ ਪਿਤਾ ਮਾਂ, ਪਤਿਪਰਮੇਸ਼ਵਰ ਨਜ਼ਰੀ ਆਈਆ । ਪਿਛਲਾ ਲੇਖਾ ਦੇ ਮਿਟਾ, ਅਗਲਾ ਆਪਣਾ ਹੁਕਮ ਵਰਤਾਈਆ । ਤੂੰ ਹੀ ਅੱਲਾ ਨੂਰੀ ਅਗੰਮ ਖ਼ੁਦਾ, ਵਾਹਵਾ ਤੇਰੀ ਵੱਜੇ ਵਧਾਈਆ । ਅੱਗੇ ਹੋਏ ਨਾ ਕੋਇ ਜੁਦਾ, ਸਾਂਝਾ ਜੁਜ਼ ਇਕ ਦ੍ਰਿੜਾਈਆ । ਸਾਡਾ ਪੂਰਾ ਹੋਏ ਵਾਅਦਾ, ਵਕਤ ਸੁਹੰਜਣਾ ਦਏ ਗਵਾਹੀਆ । ਤੇਰੇ ਨਾਮ ਦਾ ਵਖਰਾ ਪੜ੍ਹੀਏ ਕੋਈ ਨਾ ਕਾਇਦਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੇ ਨਾਲ ਹੋਏ ਪੂਰਾ ਮੁਆਹਿਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਦੇਣਾ ਪਏ ਇਕਬਾਲ, ਸਨਮੁਖ ਹੋ ਕੇ ਦੇਣਾ ਜਣਾਈਆ । ਦੀਨ ਦੁਨੀ ਦੇ ਰਹਿਣਾ ਨਹੀਂ ਦਲਾਲ, ਨਿਰਗੁਣ ਸਰਗੁਣ ਰੰਗ ਨਾ ਕੋਇ ਰੰਗਾਈਆ । ਜ਼ੁਮੇਵਾਰੀ ਛੱਡੀ ਝਟਕਾ ਹਲਾਲ, ਸੂਰ ਗਾਂ ਦਾ ਹਿੱਸਾ ਨਾ ਕੋਇ ਪਾਈਆ । ਆਪਣਾ ਸਮਾਂ ਵੇਖੋ ਕਾਲ, ਸਦੀ ਚੌਧਵੀਂ ਦਏ ਗਵਾਹੀਆ । ਝਗੜਾ ਛੱਡਣਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ, ਧਰਮਸਾਲ ਇਕੋ ਘਰ ਲੈਣਾ ਸੁਹਾਈਆ । ਜਿਥੇ ਨਿਰਗੁਣ ਨੂਰ ਜੋਤ ਜਗੇ ਮਹਾਨ, ਪਤਿਪਰਮੇਸ਼ਵਰ ਸੋਭਾ ਪਾਈਆ । ਦੂਜਾ ਦਿਸੇ ਨਾ ਕੋਇ ਨਿਸ਼ਾਨ, ਧਰਮ ਨਿਸ਼ਾਨਾ ਇਕੋ ਦੇਣਾ ਝੁਲਾਈਆ । ਦੀਨ ਮਜ਼੍ਹਬ ਦਾ ਝਗੜਾ ਮੇਟ ਤਮਾਮ, ਸ਼ਰਅ ਕਰੇ ਨਾ ਕੋਇ ਲੜਾਈਆ । ਬੁੱਧੀ ਤੋਂ ਪਰੇ ਹੋਏ ਗਿਆਨ, ਮਨ ਮਮਤਾ ਕੂੜ ਲੋਕਾਈਆ । ਸਾਰੀ ਸ੍ਰਿਸ਼ਟੀ ਮੰਨੇ ਇਕੋ ਸ੍ਰੀ ਭਗਵਾਨ, ਦੂਸਰ ਸੀਸ ਨਾ ਕੋਇ ਨਿਵਾਈਆ । ਤੁਸੀਂ ਸਾਰੇ ਮਿਲ ਕੇ ਇਕੋ ਕਲਮਾ ਕਰਨਾ ਗਾਨ, ਤੂੰ ਹੀ ਤੂੰ ਹੀ ਰਾਗ ਅਲਾਈਆ । ਇਹ ਅਗੰਮਾ ਹੱਕ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸ਼ਬਦ ਵਡਾ ਬਲਵਾਨ, ਦੋ ਜਹਾਨਾਂ ਹੁਕਮ ਵਰਤਾਈਆ । ਸਭ ਦਾ ਲਹਿਣਾ ਦੇਣਾ ਚੁਕਾਏ ਵਿਚ ਜਹਾਨ, ਜਹਾਲਤ ਕੂੜੀ ਕਿਰਿਆ ਦੇਵੇ ਗਵਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਤੱਤ ਵਿਕਾਰਾ ਕਰੇ ਸਫ਼ਾਈਆ । ਸਭ ਨੂੰ ਕਰਨਾ ਪਏ ਪ੍ਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਹਉਂ ਬਾਲਕ ਤੇਰੇ ਨਾਦਾਨ, ਬਾਲੇ ਨੱਢੇ ਨਜ਼ਰੀ ਆਈਆ । ਚਰਨ ਕਵਲ ਕਵਲ ਚਰਨ ਬਿਨ ਸੀਸ ਸੀਸ ਝੁਕਾਣ, ਨਿਉਂ ਨਿਉਂ ਲਾਗਣ ਪਾਈਆ । ਤੇਰਾ ਖੇਲ ਅਗੰਮਾ

ਬਿਨ ਮਾਟੀ ਚੰਮਾ ਜੋਤੀ ਜਾਤੇ ਜਗਤ ਮਹਾਨ, ਆਦਿ ਅੰਤ ਸ੍ਰੀ ਭਗਵੰਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਛੱਡੀਏ ਪਿਛਲੀ ਰੀਤੀ, ਰੀਤੀਵਾਨ ਤੇਰੀ ਸਰਨਾਈਆ । ਕੀ ਦੱਸੀਏ ਕਥਾ ਕਹਾਣੀ ਬੀਤੀ, ਦੀਨ ਦੁਨੀ ਦਿਤੀ ਲੜਾਈਆ । ਸਾਂਤਕ ਸਤਿ ਕਰੇ ਕੋਇ ਨਾ ਸੀਤੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਜ਼੍ਹਬਾਂ ਵਾਲੀ ਬਣਾ ਕੇ ਨਿੱਕੀ ਨਿੱਕੀ ਬਗ਼ੀਚੀ, ਬਾਗ਼ਬਾਨ ਆਪਣੀ ਖੇਲ ਵਰਤਾਈਆ । ਸਾਰੀ ਸ੍ਰਿਸ਼ਟੀ ਵੱਸ ਕਿਸੇ ਨਾ ਕੀਤੀ, ਇਕੋ ਨਾਮ ਨਾ ਕੋਇ ਜਪਾਈਆ । ਤੇਰਾ ਖੇਲ ਸਦਾ ਅਨਡੀਠੀ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਜਿਧਰ ਤੱਕੀਏ ਉਧਰ ਤਪੇ ਅੰਗੀਠੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਨਾਲੋਂ ਟੁੱਟੀ ਸਰਬ ਪ੍ਰੀਤੀ, ਭਗਤ ਭਗਵਾਨ ਮਿਲਣ ਕੋਇ ਨਾ ਆਈਆ । ਸਾਡਾ ਭੁੱਲ ਗਿਆ ਕਲਮਾ ਗਈ ਹੱਕ ਹਦੀਸੀ, ਹਜ਼ਰਤ ਰਹੇ ਜਣਾਈਆ । ਸਾਡੀ ਨੇਤਰ ਅੱਖ ਮੀਚੀ, ਨੈਣ ਸਕੇ ਨਾ ਕੋਇ ਉਠਾਈਆ । ਸਾਡੀ ਭੁੱਲ ਗਈ ਸ੍ਰਿਸ਼ਟੀ ਨੀਤੀ, ਨੀਤੀਵਾਨ ਦਏ ਨਾ ਕੋਇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਤੀਰਥ ਤੱਟਾਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਵੇਖੋ ਜਗਤ ਵਣਜਾਰੇ ਹੱਟਾਂ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਫੋਲ ਫੁਲਾਈਆ । ਵੇਖੋ ਦੀਨ ਦੁਨੀ ਦੀਆਂ ਮੱਤਾਂ, ਮਨ ਕਲਪਣਾ ਵਿਚ ਕੁਰਲਾਈਆ । ਸਾਚੀ ਰਹੀ ਕੋਈ ਨਾ ਸੱਤਾ, ਸਤਿ ਰੰਗ ਨਾ ਕੋਇ ਰੰਗਾਈਆ । ਕਲਜੁਗ ਜੀਵ ਦਹਿ ਦਿਸ਼ਾ ਫਿਰੇ ਨੱਠਾ, ਚਾਰ ਕੁੰਟ ਹਲਕਾਈਆ । ਧੁਰ ਦਾ ਨਾਮ ਕਿਸੇ ਨਹੀਂ ਡਿੱਠਾ, ਪੰਡਤ ਪਾਂਧੇ ਦੇਣ ਦੁਹਾਈਆ । ਕਾਗਜ਼ਾਂ ਦੀਆਂ ਬੰਨ੍ਹੀ ਫਿਰਦੇ ਗੱਠਾਂ, ਅੱਖਰਾਂ ਵਾਲੀ ਕਰਨ ਪੜ੍ਹਾਈਆ । ਮਿਲਿਆ ਕੋਈ ਨਹੀਂ ਪੁਰਖ ਸਮਰਥਾ, ਸਮਰਥ ਸਵਾਮੀ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਨੂੰ ਵੇਖਦੇ ਬਾਹਰਲੀ ਦੋ ਅੱਖਾਂ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਗੱਲਾਂ ਬਾਤਾਂ ਵਿਚ ਜੀਵਾਂ ਜੰਤਾਂ ਦੀਆਂ ਕਰਾਉਂਦੇ ਗਤਾਂ, ਆਪਣੀ ਗਤ ਸਮਝ ਕਿਸੇ ਨਾ ਪਾਈਆ । ਸਭ ਦੀਆਂ ਮਾਰੀਆਂ ਗਈਆਂ ਮੱਤਾਂ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਜੋ ਹਰ ਘਟ ਅੰਦਰ ਵਸਾ, ਗ੍ਰਹਿ ਗ੍ਰਹਿ ਡੇਰਾ ਲਾਈਆ । ਓਸ ਦਾ ਨਾਮ ਅਗੰਮਾ ਰਸਾ, ਬਿਨ ਰਸਨਾ ਰਸ ਚਖਾਈਆ । ਜਿਸ ਦਾ ਮਾਰਗ ਆਦਿ ਜੁਗਾਦੀ ਜੁਗ ਚੌਕੜੀ ਸਦਾ ਸੱਚਾ, ਸਚ ਦਏ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਖੇਲ ਵੇਖੇ ਕੱਚਾ, ਕਾਚੀ ਮਾਟੀ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰੋ ਅਗਲਾ ਭੇਵ ਖੋਲ੍ਹੋ ਸੰਦੇਸ਼ਾ ਦੇਣਾ ਜਗਤ ਜਹਾਨ ਪੱਕਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਕਿਤਨਾ ਚਿਰ ਹੋਰ ਕਾਅਬਿਆਂ ਵਿਚ ਹੁਜਰਿਆਂ ਵਿਚ ਖੇਲ ਹੋਣਾ ਮਦੀਨਾ ਮੱਕਾ, ਮਕ਼ਬਰਿਆਂ ਕਵਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਸਮਰਥਾ, ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਨਿਰਗੁਣ ਧਾਰ ਨਿਰਵੈਰ ਨਿਰਾਕਾਰ ਦੋ ਜਹਾਨਾਂ ਵੇਖ ਵਖਾਈਆ ।

## ✻ ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਆਤਮਾ ਸਿੰਘ ਦੇ ਗ੍ਰਿਹਿ ਪਹੇਵਾ ✻

ਨਾਰਦ ਕਹੇ ਮੈਂ ਰੈਣ ਸਬਾਈ ਭੱਜਿਆ, ਨੌ ਖੰਡ ਪ੍ਰਿਥਮੀ ਆਪਣਾ ਚੱਕਰ ਲਗਾਈਆ । ਈਸਾ ਮੂਸਾ ਮੁਹੰਮਦ ਦਰਬਾਰ ਵੇਖਿਆ ਸਜਿਆ, ਸੋਹਣਾ ਰੰਗ ਬਣਾਈਆ । ਕਲਮਾ ਸ਼ਰਅ ਦਾ ਡੰਕਾ ਵੱਜਿਆ, ਸ਼ਰੀਅਤ ਆਪਣਾ ਰੰਗ ਬਦਲਾਈਆ । ਜਿਨ੍ਹਾਂ ਖਾਧਾ ਗਾਂ ਵੱਛਿਆ, ਰੀਤੀ ਜਗਤ ਵਿਚ ਬਦਲਾਈਆ । ਮੈਂ ਬਚਨ ਦੱਸਿਆ ਸੱਚਿਆ, ਸੰਦੇਸ਼ਾ ਇਕ ਦ੍ਰਿੜਾਈਆ । ਪੈਗ਼ੰਬਰੋ ਵੇਖੋ ਕਲਜੁਗ ਜੀਵ ਜਹਾਨ ਮੱਚਿਆ, ਅਗਨੀ ਤੱਤ ਰਹੀ ਤਪਾਈਆ । ਪ੍ਰਭੂ ਲੂੰ ਲੂੰ ਅੰਦਰ ਕਿਸੇ ਨਹੀਂ ਰਚਿਆ, ਚਾਰ ਕੁੰਟ ਦਏ ਦੁਹਾਈਆ । ਮਾਇਆ ਮਮਤਾ ਤੀਰ ਨਿਰਾਲਾ ਕਸਿਆ, ਹੰਕਾਰ ਵਿਕਾਰਾ ਗੜ੍ਹ ਬਣਾਈਆ । ਦੀਨਾਂ ਮਜ਼੍ਹਬਾਂ ਕਰੇ ਕੋਇ ਨਾ ਇਕੱਠਿਆ, ਹਿੰਦੂ ਮੁਸਲਿਮ ਸਿੱਖ ਈਸਾਈ ਕਰਨ ਲੜਾਈਆ । ਤੁਸਾਂ ਕਿਉਂ ਪ੍ਰਭੂ ਦਾ ਨਾਮ ਵਖਰਾ ਵਖਰਾ ਦੱਸਿਆ, ਓਮ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ ਦਿਤਾ ਜਣਾਈਆ । ਅੰਤਮ ਰਹੀ ਨਾ ਕਿਸੇ ਵਿਚ ਸਤਿਆ, ਬਲਹੀਣ ਰਹੇ ਕੁਰਲਾਈਆ । ਘਰ ਘਰ ਵੇਖਿਆ ਮਨ ਮੱਤਿਆ, ਬੁੱਧ ਬਿਬੇਕ ਨਾ ਕੋਇ ਰਖਾਈਆ । ਭਾਈ ਭੈਣ ਰਿਹਾ ਨਾ ਸਕਿਆ, ਪਿਤਾ ਪੂਤ ਕਰੇ ਲੜਾਈਆ । ਚਾਰੋਂ ਕੁੰਟ ਰੈਣ ਅੰਧੇਰੀ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਜਿਸ ਦੀ ਕਰਦੀ ਜੱਸਿਆ, ਸਿਫ਼ਤਾਂ ਵਿਚ ਰਾਗ ਨਾਦ ਢੋਲੇ ਜਗਤ ਗਾਈਆ । ਓਸ ਦਾ ਦਰਸ ਕਿਸੇ ਨਹੀਂ ਪਾਇਆ ਨਾਲ ਅੱਖੀਆਂ, ਨੈਣਹੀਣ ਹੋਈ ਲੋਕਾਈਆ । ਧੁਰ ਦਾ ਕਾਹਨ ਮਿਲਿਆ ਨਾ ਜੋ ਲੱਖ ਚੁਰਾਸੀ ਹੰਢਾਏ ਸਖ਼ੀਆਂ, ਪਰਮਾਤਮ ਆਤਮ ਬੇਪਰਵਾਹੀਆ । ਪੈਗ਼ੰਬਰੋ ਦੀਨਾਂ ਮਜ਼੍ਹਬਾਂ ਦੀਆਂ ਨਿੱਕੀਆਂ ਨਿੱਕੀਆਂ ਪਾ ਕੇ ਪੱਤੀਆਂ, ਹਿੱਸੇ ਮਨੁੱਸ਼ਾਂ ਵਾਲੇ ਰਖਾਈਆ । ਅੰਤ ਵਹੀਰਾਂ ਕਿਧਰ ਘੱਤੀਆਂ, ਮੈਨੂੰ ਦਿਓ ਸਮਝਾਈਆ । ਯਾਦ ਕਰ ਲਓ ਅਰਜਨ ਵਾਲੀਆਂ ਲੋਹਾਂ ਤੱਤੀਆਂ, ਤੱਤੀ ਤਵੀ ਦਏ ਗਵਾਹੀਆ । ਅੱਗੇ ਦੀਨ ਮਜ਼੍ਹਬ ਜ਼ਾਤ ਪਾਤ ਦੀਆਂ ਚਲਣੀਆਂ ਨਹੀਂ ਹੱਟੀਆਂ, ਵਣਜ ਵਣਜਾਰਾ ਨਾ ਕੋਇ ਕਰਾਈਆ । ਪਿਛਲੀਆਂ ਅਲਿਫ਼ ਯੇ ਵਾਲੀਆਂ ਸਾਫ਼ ਕਰ ਲਓ ਪੱਟੀਆਂ, ਪਟਨੇ ਵਾਲਾ ਰਿਹਾ ਦ੍ਰਿੜਾਈਆ । ਨਿੱਕੀਆਂ ਨਿੱਕੀਆਂ ਜਗਣੀਆਂ ਨਹੀਂ ਮੋਮ ਬੱਤੀਆਂ, ਪੁਰਖ ਅਕਾਲਾ ਕਰੇ ਇਕੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਨੂੰ ਮਿਲਿਆ ਕਲਜੁਗ ਫਿਰਦਾ ਫਿਰਦਾ, ਪੈਗ਼ੰਬਰਾਂ ਗਿਰਦ ਚੱਕਰ ਲਗਾਈਆ । ਹੱਸ ਕੇ ਕਹੇ ਨਾਰਦ ਮੈਂ ਸਾਫ਼ ਰਹਿਣ ਨਹੀਂ ਦਿਤਾ ਕਿਸੇ ਦਾ ਹਿਰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਂ ਤੈਨੂੰ ਲਭਦਾ ਚਿਰ ਦਾ, ਚਾਰੋਂ ਕੁੰਟ ਧਿਆਨ ਲਗਾਈਆ । ਵੇਖ ਖੇਲ ਨਰਾਇਣ ਨਿਰ ਦਾ, ਜੋ ਨਿਰਾਕਾਰ ਨੂਰ ਅਲਾਹੀਆ । ਜਿਸ ਦਾ ਲੇਖਾ ਜੁਗ ਜੁਗ ਸਦਾ ਨਿਬੜਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਜਗਤ ਜਹਾਨ ਸ੍ਰੀ ਭਗਵਾਨ ਵੇਖੇ ਭਰਿਆ ਚਿੱਕੜ ਦਾ, ਦੁਰਮਤ ਮੈਲ ਨਾ ਕੋਇ ਧਵਾਈਆ । ਨਾਤਾ ਰਿਹਾ ਨਹੀਂ ਦੋਸਤ ਮਿੱਤਰ ਦਾ, ਪ੍ਰੀਤਮ ਪ੍ਰੇਮ ਨਾ ਕੋਇ ਕਮਾਈਆ । ਕੂੜ ਕਲਪਣਾ ਵਿਚੋਂ ਕੋਈ ਨਹੀਂ ਨਿਕਲਦਾ, ਪੰਚ ਵਿਕਾਰਾਂ ਡੇਰਾ ਢਾਹੀਆ । ਕਲਜੁਗ ਅੰਤਮ ਸਾਧਾਂ ਸੰਤਾਂ ਰਸਤਾ ਮਿਲੇ ਨਾ ਸ਼ਿਖ਼ਰ ਦਾ, ਚੋਟੀ ਚੜ੍ਹ ਦਰਸ ਕੋਇ ਨਾ ਪਾਈਆ । ਜਗਤ ਵਿਦਵਾਨ ਰੂਪ ਬਣਿਆ ਪਿੱਤਲ ਦਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਵੇਖੋ ਖੇਲ ਦੀਨਾਂ ਮਜ਼੍ਹਬਾਂ ਵਾਲੇ ਮਿਸ਼ਨ ਦਾ, ਗੁਰ ਅਵਤਾਰ ਪੈਗ਼ੰਬਰ ਸੰਗ ਨਾ ਕੋਇ ਨਿਭਾਈਆ । ਖੇਲ

ਤੱਕਣਾ ਸ਼ਿਵ ਬ੍ਰਹਮਾ ਵਿਸ਼ਨ ਦਾ, ਤ੍ਰੈ ਤ੍ਰੈ ਲੇਖਾ ਦਏ ਚੁਕਾਈਆ । ਕੀ ਸੰਦੇਸ਼ਾ ਦੁਆਪਰ ਅੰਤਮ ਤ੍ਰੈਲੋਕੀ ਨਾਥ ਕ੍ਰਿਸ਼ਨ ਦਾ, ਦੁਰਬਾਸ਼ੇ ਗਿਆ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਵੇਲਾ ਹੋਣਾ ਮਿਟਣ ਦਾ, ਮਿੱਟੀ ਖ਼ਾਕ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਨਾਰਦ ਕਹੇ ਮੈਂ ਕਲਜੁਗ ਸਹਿਜ ਲਿਆ ਪੁਛ, ਜਗਤ ਮਿੱਤਰਾ ਦੇ ਜਣਾਈਆ । ਅੱਗੇ ਕਰਨਾ ਕੀ ਕੁਛ, ਸਦੀ ਚੌਧਵੀਂ ਅੰਤਮ ਨੇੜੇ ਆਈਆ । ਕਲਜੁਗ ਕਹੇ ਮੈਨੂੰ ਪ੍ਰਭ ਨੂੰ ਲੈਣ ਦੇ ਝੁਕ, ਨਿਉਂ ਕੇ ਸੀਸ ਨਿਵਾਈਆ । ਚਾਰ ਜੁਗ ਦੇ ਸ਼ਾਸਤਰਾਂ ਨਾਲੋਂ ਮਾਣ ਦੇਣਾ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੈਗ਼ੰਬਰਾਂ ਪੈਂਡਾ ਜਾਣਾ ਮੁਕ, ਈਸਾ ਮੂਸਾ ਮੁਹੰਮਦ ਦਏ ਗਵਾਹੀਆ । ਤੇਈ ਅਵਤਾਰਾਂ ਕਰਨਾ ਖ਼ੁਸ਼, ਲਹਿਣਾ ਸਭ ਦੀ ਝੋਲੀ ਪਾਈਆ । ਗੁਰ ਅਵਤਾਰ ਬਣਾ ਕੇ ਸੁਤ, ਸਚਖੰਡ ਸਾਚੇ ਦੇਣਾ ਸੁਹਾਈਆ । ਪੁਰਖ ਅਕਾਲਾ ਪੈਣਾ ਉਠ, ਨਿਰਗੁਣ ਦਾਤਾ ਨੂਰ ਅਲਾਹੀਆ । ਜਨ ਭਗਤਾਂ ਉਪਰ ਜਾਏ ਤੁਠ, ਗੁਰਮੁਖ ਸੱਜਣ ਮੇਲ ਮਿਲਾਈਆ । ਦੀਨ ਦੁਨੀ ਦਾ ਬਦਲ ਕੇ ਰੁਖ਼, ਸਾਚਾ ਮਾਰਗ ਇਕ ਸਮਝਾਈਆ । ਝਗੜਾ ਰਹੇ ਨਾ ਮਾਨਵ ਮਾਨੁਖ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਜ਼ਾਤ ਪਾਤੀ ਵੰਡ ਨਾ ਕੋਇ ਰਖਾਈਆ । ਮਨ ਕਲਪਣਾ ਮੇਟੇ ਦੁੱਖ, ਜਗਤ ਤ੍ਰਿਸ਼ਨਾ ਦਏ ਗਵਾਈਆ । ਸਤਿਜੁਗ ਸਾਚੀ ਮੌਲੇ ਰੁੱਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਧਰਮ ਦੀ ਧਾਰ ਪਏ ਫੁੱਟ, ਚਾਰੋਂ ਕੁੰਟ ਵੱਜੇ ਵਧਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਨੂੰ ਕਲਜੁਗ ਦਿਤਾ ਦੱਸ, ਕੰਨ ਵਿਚ ਸੁਣਾਈਆ । ੧੧੯੯
ਵੇਖਣਾ ਖੇਲ ਪੁਰਖ ਸਮਰਥ, ਜੋ ਦਾਤਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾਵਣਹਾਰਾ ਰਥ, ਬਣ ਰਥਵਾਹੀ ਵੇਸ ਵਟਾਈਆ । ਸਦੀ ਚੌਧਵੀਂ ਖੇੜਾ ਕਰੇ ਭੱਠ, ਭਠਿਆਲਾ ਹੋ ਕੇ ਅਗਨੀ ਡਾਹੀਆ । ਲੇਖਾ ਜਾਣੇ ਤੱਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਫੋਲ ਫੁਲਾਈਆ । ਲਹਿਣਾ ਮੁਕਾਏ ਅਠਸਠ, ਭੇਵ ਅਭੇਦਾ ਆਪ ਖੁਲ੍ਹਾਈਆ । ਝਗੜਾ ਮੇਟੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦਵਾਰ ਵੰਡ ਨਾ ਕੋਇ ਵੰਡਾਈਆ । ਇਕੋ ਸ਼ਬਦ ਨਾਦ ਸੁਣਾਏ ਅਗੰਮੀ ਨਦ, ਨਾਉਂ ਨਿਰੰਕਾਰ ਆਪ ਦ੍ਰਿੜਾਈਆ । ਨਿਰਗੁਣ ਨੂਰ ਜੋਤ ਕਰ ਪਰਗਟ, ਚਾਰ ਕੁੰਟ ਕਰੇ ਰੁਸ਼ਨਾਈਆ । ਸਾਚਾ ਮਾਰਗ ਦੀਨ ਦੁਨੀ ਦੱਸ, ਰਸਤਾ ਇਕੋ ਦਏ ਵਖਾਈਆ । ਆਤਮ ਪਰਮਾਤਮ ਗਾਵੇ ਜਸ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲਾ ਤੱਕੋ ਨੇਤਰ ਅੱਖ, ਨਿਜ ਲੋਇਣ ਆਪ ਖੁਲ੍ਹਾਈਆ । ਹਕ਼ੀਕ਼ਤ ਵਿਚੋਂ ਦੇ ਕੇ ਹੱਕ, ਅਸਲੀਅਤ ਆਪਣੀ ਦਏ ਸਮਝਾਈਆ । ਕਲਜੁਗ ਕਿਹਾ ਮੈਂ ਰਹਿਣ ਨਹੀਂ ਦਿਤਾ ਕਿਸੇ ਦਾ ਸਤਿ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਚਾਰ ਕੁੰਟ ਲੱਥੀ ਪਤ, ਪਤਿਪਰਮੇਸ਼ਵਰ ਵੇਖ ਵਖਾਈਆ । ਸਾਂਤਕ ਰਹੀ ਕਿਸੇ ਨਾ ਸਤਿ, ਬੁੱਧ ਬਿਬੇਕ ਨਾ ਕੋਇ ਜਣਾਈਆ । ਨੌਂ ਦਵਾਰੇ ਸਾਰੇ ਰਹੇ ਨੱਸ, ਕੂੜ ਕਲਪਣਾ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕਹੇ ਨਾਰਦ ਵੇਖ ਈਸਾ ਮੂਸਾ ਮੁਹੰਮਦ ਧਾਰ, ਸਹਿਜ ਦਿਆਂ ਜਣਾਈਆ । ਖੇਲ ਹੋਣਾ ਵਿਚ ਸੰਸਾਰ, ਖ਼ਾਲਕ ਖ਼ਲਕ ਦਏ ਕਰਾਈਆ । ਇਕ ਦੂਜੇ ਦਾ ਮੁਕਣਾ ਇਤਬਾਰ, ਬੇਇਤਬਾਰੀ ਆਪ ਬਣਾਈਆ । ਸਭ ਨੂੰ ਕਰ ਕੇ ਖ਼ਬਰਦਾਰ, ਬੇਖ਼ਬਰਾਂ ਦੇਣਾ ਉਠਾਈਆ । ਝਗੜਾ ਪੌਣਾ

ਜਿਸ ਨੂੰ ਮੇਟੇ ਨਾ ਕੋਇ ਨਾਲ ਪਿਆਰ, ਮੁਹੱਬਤ ਵਿਚ ਨਾ ਕੋਇ ਵਡਿਆਈਆ । ਲਹਿੰਦੀ ਦਿਸ਼ਾ ਹੋਣੀ ਖ਼ੁਆਰ, ਖ਼ੁਰਾਸਾਨ ਰਹੇ ਕੁਰਲਾਈਆ । ਖੇਲ ਕਰੇ ਇਸਤਿਗੁਫ਼ਾਰ, ਧੁਰ ਮਾਲਕ ਨੂਰ ਅਲਾਹੀਆ । ਜਿਸ ਨੂੰ ਅਮਾਮ ਅਮਾਮਾ ਮੰਨਿਆ ਸਿਕਦਾਰ, ਮਾਲਕ ਧੁਰਦਰਗਾਹੀਆ । ਸੋ ਲਹਿਣਾ ਜਾਣੇ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਹੁਕਮ ਸੰਦੇਸ਼ਾ ਦੇ ਕੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਸੁਣਾਈਆ । ਚਾਰ ਕੁੰਟ ਦਿਸੇ ਹਾਹਾਕਾਰ, ਧੀਰਜ ਧਰਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਹੁਕਮ ਇਕ ਜਣਾਈਆ । ਧੁਰ ਹੁਕਮ ਕਹੇ ਖੇਲ ਸ੍ਰੀ ਭਗਵਾਨਾ, ਹਰਿ ਭਗਵਨ ਆਪ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਨਿਸ਼ਾਨਾ, ਸਚ ਨਿਸ਼ਾਨਾ ਇਕ ਝੁਲਾਈਆ । ਪੁਰਖ ਅਬਿਨਾਸ਼ੀ ਪਹਿਰ ਕੇ ਬਾਣਾ, ਜੋਤੀ ਜਾਮਾ ਨੂਰ ਰੁਸ਼ਨਾਈਆ । ਪਿਛਲਾ ਲੇਖਾ ਮੁਕਾਏ ਜਹਾਨਾ, ਜਹਾਲਤ ਕੂੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗੰਬਰਾਂ ਜੋ ਦਿਤਾ ਦਾਨਾ, ਨਾਮ ਅਮੋਲਕ ਸ਼ਬਦ ਵਸਤ ਵਰਤਾਈਆ । ਸੋ ਸਭ ਦਾ ਲੇਖੇ ਪਾਏ ਆਪਣਾ ਖ਼ਜ਼ਾਨਾ, ਅੱਗੇ ਝੋਲੀ ਨਾ ਕੋਇ ਭਰਾਈਆ । ਦੀਨ ਦਿਆਲੇ ਨੌਜਵਾਨੇ ਮਰਦ ਮਰਦਾਨੇ ਬਦਲ ਦੇਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਏਕਾ ਰੰਗ ਰੰਗਾਏ ਚਾਰ ਵਰਨ ਅਠਾਰਾਂ ਬਰਨ ਸਿੱਖ ਈਸਾਈ ਹਿੰਦੂ ਮੁਸਲਮਾਨਾਂ, ਆਲਮੀਨ ਆਮੀਨ ਅਮਲ ਇਕੋ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਕੇ ਸਚ ਗਿਆਨਾ, ਗਹਿਰ ਗੰਭੀਰ ਬੇਨਜ਼ੀਰ ਆਪਣਾ ਪਰਦਾ ਦਏ ਉਠਾਈਆ । ਸਤਿਜੁਗ ਸਾਚਾ ਸਚ ਕਰ ਪ੍ਰਧਾਨਾ, ਸ਼ਬਦ ਗੁਰਦੇਵ ਸਵਾਮੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਝੁਕਣ ਜ਼ਿਮੀਂ ਅਸਮਾਨਾ, ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨਾ, ਕਰੋੜ ਤੇਤੀਸਾ ਸੀਸ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਉਪਜਾਈਆ । ਸਚ ਕਹੇ ਮੈਂ ਪਰਗਟ ਹੋਣਾ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟਣੀ ਅੱਗ, ਹਉਮੇ ਹੰਗਤਾ ਦੇਣੀ ਗਵਾਈਆ । ਜਨ ਭਗਤਾਂ ਦਰਸ ਵਖੌਣਾ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਦੀਨ ਮਜ਼੍ਹਬ ਦੀ ਤੋੜ ਕੇ ਹੱਦ, ਮਾਨਵ ਇਕੋ ਘਰ ਬਹਾਈਆ । ਅੰਮ੍ਰਿਤ ਜਾਮ ਪਿਆ ਕੇ ਮਦਿ, ਮਧੁਰ ਧੁਨ ਦੇਣੀ ਉਪਜਾਈਆ । ਸ਼ਬਦ ਅਗੰਮੀ ਵਜਾ ਕੇ ਨਦ, ਅਨਹਦ ਨਾਦੀ ਰਾਗ ਨਾਦ ਸੁਣਾਈਆ । ਜੋ ਆਤਮਾ ਪਰਮਾਤਮਾ ਨਾਲੋਂ ਹੋਈ ਅਲਗ, ਵਿਛੜਿਆਂ ਸਹਿਜ ਦੇਣਾ ਮਿਲਾਈਆ । ਇਕੋ ਦੇ ਕੇ ਅਮਰਾ ਪਦ, ਪਤਿਪਰਮੇਸ਼ਵਰ ਦਰ ਟਿਕਾਈਆ । ਜਿਥੇ ਰਹੇ ਪੁਰਖ ਸਮਰਥ, ਦੂਜਾ ਅਵਰ ਨਾ ਕੋਇ ਵਡਿਆਈਆ । ਜਿਸਦੀ ਮਹਿਮਾ ਆਦਿ ਜੁਗਾਦਿ ਜੁਗ ਚੌਕੜੀ ਸਦਾ ਅਕਥ, ਕਥਨੀ ਕਥ ਨਾ ਸਕੇ ਰਾਈਆ । ਓਹ ਸਭ ਨੂੰ ਕਰਨਹਾਰਾ ਵਸ, ਵਾਸਤਾ ਆਪਣੇ ਨਾਲ ਜੁੜਾਈਆ । ਕਲਜੁਗ ਅੰਤ ਹੋ ਪ੍ਰਗਟ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਸਚ ਦਵਾਰ ਕਹੇ ਮੈਂ ਆਦਿ ਜੁਗਾਦੀ ਇਕ, ਏਕੰਕਾਰ ਦਏ ਵਡਿਆਈਆ । ਜਿਥੇ ਪੁਰਖ ਅਕਾਲਾ ਸਾਹਿਬ ਸਵਾਮੀ ਪਾਰਬ੍ਰਹਮ ਪਰਵਰਦਿਗਾਰ ਪਏ ਦਿਸ, ਜਲਵਾਗਰ ਨੂਰ ਨੂਰ ਅਲਾਹੀਆ । ਜ਼ਾਤ ਪਾਤ ਦੀਨ ਮਜ਼੍ਹਬ ਊਚ ਨੀਚ ਰਾਓ ਰੰਕ ਨਾ ਕੋਈ ਦਿਸੇ ਹਿੱਸ, ਆਤਮਾ ਪਰਤਮਾਤਮਾ ਪਰਮਾਤਮਾ ਆਤਮਾ ਇਕੋ ਰੂਪ ਸੋਭਾ ਪਾਈਆ । ਜਿਥੇ ਸ਼ਾਸਤਰ ਸਿਮਰਤ ਵੇਦ ਪੁਰਾਨ

ਅੰਜੀਲ ਕੁਰਾਨ ਖਾਣੀ ਬਾਣੀ ਗੀਤਾ ਗਿਆਨ ਦਾ ਹੁੰਦਾ ਬਸ, ਅੱਖ਼ਰਾਂ ਵਾਲੇ ਹਰਫ਼ਾਂ ਵਾਲੇ ਬਸਤੇ ਦਏ ਬੰਧਾਈਆ । ਉਸ ਤੋਂ ਅੱਗੇ ਖੇਲ ਪੁਰਖ ਸਮਰਥ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਸੀਸ ਨਿਵਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਤੋਂ ਰਹੇ ਰਟ, ਤਨ ਵਜੂਦ ਮਾਟੀ ਖ਼ਾਕ ਪੰਜ ਤੱਤ ਪੁਤਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਇਕ ਉਪਜਾਈਆ । ਧੁਰ ਦੀ ਧਾਰ ਕਹੇ ਮੈਂ ਅਗੰਮ ਅਥਾਹ, ਮੇਰਾ ਭੇਵ ਕੋਇ ਨਾ ਪਾਈਆ । ਜੁਗ ਜੁਗ ਆਵਾਂ ਵੇਸ ਵਟਾ, ਗੁਰ ਅਵਤਾਰ ਪੈਗ਼ੰਬਰ ਨਾਉਂ ਧਰਾਈਆ । ਸ਼ਬਦ ਕਲਮਾ ਦੇਵਾਂ ਪੜ੍ਹਾ, ਸਿਫ਼ਤੀ ਨਾਮ ਮਾਤਲੋਕ ਸਮਝਾਈਆ । ਨਿਤ ਨਵਿਤ ਧਰਨੀ ਧਰਤ ਧਵਲ ਖੇਲ ਰਚਾ, ਮਾਨਵ ਮਾਣਸ ਮਾਨੁਖ ਆਪਣਾ ਹੁਕਮ ਸਮਝਾਈਆ । ਹੱਕ ਸੰਦੇਸ਼ੇ ਨਰ ਨਰੇਸ਼ੇ ਦੇਵਾਂ ਸੁਣਾ, ਬੋਧ ਅਗਾਧ ਕਰਾਂ ਪੜ੍ਹਾਈਆ । ਕਲਜੁਗ ਅੰਤ ਜੋਤੀ ਜਾਮਾ ਵੇਸ ਵਟਾ, ਆਪ ਆਪਣਾ ਫੇਰਾ ਪਾਈਆ । ਜਿਸ ਨੂੰ ਕਹਿੰਦੇ ਜਲਵਾਗਰ ਖ਼ੁਦਾ, ਖ਼ਾਦਮ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸੇਵ ਕਮਾਈਆ । ਓਹ ਲਹਿਣਾ ਦੇਣਾ ਲੇਖਾ ਸਭ ਦਾ ਦਏ ਚੁਕਾ, ਚੌਕੰਨੀ ਕਰੇ ਲੋਕਾਈਆ । ਪੰਡਤ ਪਾਂਧੇ ਮੁੱਲਾਂ ਸ਼ੇਖ਼ ਮੁਸਾਇਕ ਗਰੰਥੀ ਪੰਥੀ ਏਕਾ ਰੰਗ ਦਏ ਰੰਗਾ, ਦੂਜੀ ਵੰਡ ਨਾ ਕੋਇ ਵੰਡਾਈਆ । ਆਤਮ ਬ੍ਰਹਮ ਪਾਰਬ੍ਰਹਮ ਭੇਵ ਅਭੇਦਾ ਦਏ ਖੁਲ੍ਹਾ, ਪਰਦਾ ਉਹਲਾ ਕਾਇਆ ਮੰਦਰ ਅੰਦਰ ਮੁਕਾਮੇ ਹੱਕ, ਹਕ਼ੀਕ਼ੀ ਕਾਅਬੇ ਰਹਿਣ ਕੋਇ ਨਾ ਪਾਈਆ । ਸਾਚਾ ਮਾਰਗ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਦੀਨ ਦੁਨੀ ਕਾਇਨਾਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਵੇ ਦੱਸ, ਦਹਿ ਦਿਸ਼ਾ ਨੌ ਦਵਾਰ ਏਕਬਾਰ ਇਕੋ ਹੁਕਮ ਸੁਣਾਈਆ । ਸ਼ਬਦ ਨਿਰਾਲਾ ਅਣਿਆਲਾ ਤੀਰ ਮਾਰੇ ਕਸ, ਆਰ ਪਾਰ ਤਿੱਖੀ ਧਾਰ ਵੇਖ ਵਖਾਈਆ ।



ਸੋ ਸਾਹਿਬ ਸਤਿਗੁਰ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜ਼ਾਤਾ ਪੁਰਖ ਬਿਧਾਤਾ ਸਚ ਸਵਾਮੀ ਅੰਤਰਜਾਮੀ ਨਿਰਵੈਰ ਹੋ ਪ੍ਰਗਟ, ਪਰਮ ਪੁਰਖ ਪਰਮਾਤਮ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਕਰਨੀ ਕਰਤਾ ਕਰੇ ਸਚ, ਸਚ ਦਾ ਮਾਲਕ ਸਚ ਸਚ ਵਿਚੋਂ ਪ੍ਰਗਟਾਈਆ ।

## ❋ ੧੪ ਚੇਤ ਸ਼ਹਿਨਸ਼ਾਹੀ ਸੰਮਤ ੫ ਮੰਦਰ ਵਿਚ ਪੰਡਤ ਦੇ ਨਾਲ ਪਹੇਵਾ ❋

ਸਤਿਗੁਰ ਸ਼ਬਦ ਸਦਾ ਸਰਬਗ, ਆਦਿ ਜੁਗਾਦਿ ਜੁਗ ਚੌਕੜੀ ਸਦ ਅਖਵਾਈਆ । ਨਿਤ ਨਵਿਤ ਪ੍ਰਗਟ ਹੋਵੇ ਜਗ, ਨਿਰਗੁਣ ਸਰਗੁਣ ਰੂਪ ਧਰਾਈਆ । ਜਨ ਭਗਤ ਸੁਹੇਲੇ ਲਏ ਲੱਭ, ਸੰਤ ਸੱਜਣ ਵੇਖ ਵਖਾਈਆ । ਜੋਤੀ ਧਾਰ ਦਰਸ਼ਨ ਦੇਵੇ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਮਨ ਮਮਤਾ ਤ੍ਰੈਗੁਣ ਮਾਇਆ ਬੁਝਾ ਕੇ ਅੱਗ, ਅੰਮ੍ਰਿਤ ਮੇਘ ਦਏ ਬਰਸਾਈਆ । ਜਗਤ ਵਾਸਨਾ ਪਾਰ ਕਰ ਕੇ ਹੱਦ, ਗ੍ਰਿਹ ਮੰਦਰ ਇਕ ਸੁਹਾਈਆ । ਜਿਥੇ ਵੱਜੇ ਅਗੰਮੀ ਨਦ, ਧੁਨ ਆਤਮਕ ਰਾਗ ਅਲਾਹੀਆ । ਜੋਤ ਧਾਰ ਹੋਵੇ ਪ੍ਰਗਟ, ਅੰਧ ਅੰਧੇਰਾ ਦਏ ਮਿਟਾਈਆ । ਸਚ ਦਵਾਰ ਵਖਾ ਕੇ ਹੱਟ, ਮਹੱਲ ਅਟਲ ਇਕ ਵਡਿਆਈਆ । ਜਿਥੇ ਸਾਹਿਬ ਵਸੇ ਸਮਰਥ, ਪਤਿਪਰਮੇਸ਼ਵਰ ਆਸਣ ਲਾਈਆ । ਜਿਸ ਦਾ ਰੂਪ ਰੰਗ ਰੇਖ ਸਕਿਆ ਕੋਇ ਨਾ ਦੱਸ, ਬ੍ਰਹਮ ਬ੍ਰਹਮ ਬ੍ਰਹਮ ਕਹਿ ਕੇ ਸਾਰੇ ਗਾਈਆ । ਸੋ ਲੇਖਾ ਜਾਣੇ ਅਲਖਣਾ ਅਲਖ, ਅਲਖ ਅਗੋਚਰ

ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਿਸ ਖ਼ਬਰ ਸੰਦੇਸ਼ਾ ਦਿਤਾ ਸਨਕਾਦਕ ਸੰਤ ਕੁਮਾਰ, ਇਕ ਇਕ ਜਣਾਈਆ । ਜਿਨ੍ਹ ਬਰਾਹ ਦੀ ਬੱਧੀ ਧਾਰ, ਆਪਣਾ ਬਲ ਪ੍ਰਗਟਾਈਆ । ਯਗੈ ਪੁਰਸ਼ ਦੀ ਪੈਜ ਸਵਾਰ, ਹਾਵ ਗਰੀਵ ਲਈ ਅੰਗੜਾਈਆ । ਨਰ ਨਰਾਇਣ ਹੋ ਤਿਆਰ, ਦੱਤਾ ਤ੍ਰੈ ਵੇਸ ਵਟਾਈਆ । ਕਰੇ ਖੇਲ ਅਗੰਮ ਅਪਾਰ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਕਪਲ ਮੁਨ ਕਰ ਕੇ ਖ਼ਬਰਦਾਰ, ਸਾਂਖ ਯੋਗ ਦਿਤਾ ਸਮਝਾਈਆ । ਰਿਖਵ ਦੇਵ ਪਰਦਾ ਲਾਹ ਅਪਾਰ, ਪਿਰਥੂ ਆਪਣਾ ਰੰਗ ਚੜ੍ਹਾਈਆ । ਮੱਤਸ ਵੜ ਕੇ ਜਲਧਾਰ, ਕੱਛਪ ਮੰਦਰਾ ਪਿਠ ਉਠਾਈਆ । ਧਨੰਤਰ ਹੋ ਕੇ ਪਾਈ ਸਾਰ, ਔਸ਼ਧ ਰੂਪ ਬਦਲਾਈਆ । ਹੰਸਾ ਬਾਵਨ ਹੋ ਕੇ ਖ਼ਬਰਦਾਰ, ਸੋਹਣੀ ਆਪਣੀ ਕਾਰ ਕਮਾਈਆ । ਹਰੀ ਹਰਿ ਖੇਲ ਅਪਾਰ, ਗਜ ਲੇਖਾ ਦਿਤਾ ਚੁਕਾਈਆ । ਪਰਸ ਰਾਮ ਰੂਪ ਨਿਰਾਕਾਰ, ਬ੍ਰਾਹਮਣ ਬ੍ਰਹਮ ਵਿਚ ਵਡਿਆਈਆ । ਰਾਮ ਰਾਮਾ ਹੋ ਉਜਿਆਰ, ਦਸ਼ਰਥ ਲੇਖਾ ਦਿਤਾ ਚੁਕਾਈਆ । ਵੇਦ ਵਿਆਸਾ ਬਣ ਲਿਖਾਰ, ਅਖ਼ਸ਼ਰਾਂ ਅੱਖਰਾਂ ਵਿਚ ਬਦਲਾਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਨਾਮ ਬੰਸਰੀ ਧੁਨ ਸੁਣਾਈਆ । ਲੇਖਾ ਵੇਖ ਜਗਤ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਲਏ ਬੁਲਾਈਆ । ਕੁਮੇਰ ਅੰਦਰ ਸੱਦੇ ਸਚ ਦਰਬਾਰ, ਦਰ ਦਰਬਾਰੀ ਸੋਭਾ ਪਾਈਆ । ਖੇਲ ਕੀਤਾ ਅਪਰ ਅਪਾਰ, ਤ੍ਰੈਲੋਕੀ ਨੰਦਨ ਆਪਣੀ ਕਾਰ ਕਮਾਈਆ । ਮਾਇਆ ਛਾਇਆ ਰੂਪ ਧਰ ਨਿਰਾਕਾਰ, ਸਾਕਾਰ ਵਿਚ ਨਿਰਗੁਣ ਜੋਤ ਲਈ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਇਕ ਖੁਲ੍ਹਾਈਆ । ਕ੍ਰਿਸ਼ਨ ਕਹੇ ਮੈਂ ਘਨਈਆ ਕਾਹਨ, ਕਾਹਨਾ ਰੂਪ ਵਟਾਈਆ । ਸੋਲਾਂ ਕਲਾ ਜਗਤ ਨਿਸ਼ਾਨ, ਨੌਂ ਸੱਤ ਬਰਾਟ ਮੇਰੀ ਵਡਿਆਈਆ । ਮੇਰਾ ਖੇਲ ਮੇਰੇ ਜ਼ਿਮੀਂ ਅਸਮਾਨ, ਚੌਦਾਂ ਤਬਕ ਆਪਣੇ ਵਿਚ ਲੁਕਾਈਆ । ਚੌਦਾਂ ਲੋਕ ਮੇਰੇ ਅੰਗ ਨਿਸ਼ਾਨ, ਨਿਸ਼ਾਨੇ ਸਭ ਨੂੰ ਦਏ ਦ੍ਰਿੜਾਈਆ । ਕੌਰੋ ਪਾਂਡੋ ਖੇਲ ਕੀਤਾ ਮਹਾਨ, ਮਹਿਮਾ ਆਪਣੀ ਆਪਣੇ ਵਿਚ ਟਿਕਾਈਆ । ਵਿਦਵਾਨਾਂ ਨੂੰ ਬੁੱਧੀ ਵਿਚ ਕੀਤਾ ਪਰੇਸ਼ਾਨ, ਅਕ਼ਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਸਾਕ ਸਨਬੰਧੀ ਸਾਰੇ ਵੈਰੀ ਹੋ ਕੇ ਇਕ ਦੂਜੇ ਨੂੰ ਤਕਾਨ, ਦੁਸ਼ਮਣ ਦੁਸ਼ਮਣ ਰੂਪ ਵਟਾਈਆ । ਨਾ ਦਰੋਣਾਚਾਰਜ ਦੀ ਵਿਦਿਆ ਰਹੀ ਨਾ ਕੋਇ ਗਿਆਨ, ਸ਼ਤਰੂ ਸ਼ਸਤਰਧਾਰੀ ਹੋ ਕੇ ਦਿਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਕ੍ਰਿਸ਼ਨ ਕਹੇ ਮੈਂ ਆਇਆ ਬਣ ਘਨਈਆ, ਸ਼ਾਮ ਸ਼ਾਮਾ ਰੂਪ ਧਰਾਈਆ । ਦੁਆਪਰ ਅੰਤਮ ਵੇਖੀ ਨਈਆ, ਨੌਕਾ ਤੱਕੀ ਜਗਤ

੧੨੦੨

੨੧

ਲੋਕਾਈਆ । ਸਾਰਿਆਂ ਦਾ ਬਣ ਕੇ ਸੱਜਣ ਸਈਆ, ਸਨਬੰਧੀ ਸਾਰੇ ਲਏ ਬੁਲਾਈਆ । ਲੇਖਾ ਰੱਖਕੇ ਸਭ ਦਾ ਗੁੱਝਾ ਆਪਣੀ ਬਹੀਆ, ਪਰਦਾ ਸਕੇ ਨਾ ਕੋਇ ਉਠਾਈਆ । ਪਿਆਰ ਨਾਲ ਸਤਿਕਾਰ ਨਾਲ ਵਿਹਾਰ ਨਾਲ ਫੜ ਕੇ ਬਹੀਆ, ਭਾਈ ਭਾਈ ਦਿਤੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਹੇ ਮੈਂ ਤ੍ਰੈਲੋਕੀ ਨਾਥ, ਤ੍ਰੈਗੁਣ ਅਤੀਤਾ ਨਜ਼ਰੀ ਆਈਆ । ਜੋਤੀ ਜਾਤਾ ਸ਼ਬਦ ਗੁਰੂ ਦਾ ਸਾਥ, ਸਾਖਿਆਤ ਆਪਣੀ ਕਾਰ ਕਮਾਈਆ । ਰਥਵਾਹੀ ਬਣ ਕੇ ਚਲਾਇਆ ਰਾਥ, ਮਹਾਂਸਾਰਥੀ ਨਾਉਂ ਪ੍ਰਗਟਾਈਆ । ਅਰਜਨ ਦੱਸੀ ਗਾਥ, ਗਿਆਨ ਗਿਆਨ ਵਿਚੋਂ ਉਪਜਾਈਆ । ਨਾ ਕੋਈ ਤੇਰਾ ਸੱਜਣ ਨਾ ਕੋਈ ਸਾਕ, ਕੁਟੰਬੀ

ਨਜ਼ਰ ਕੋਇ ਨਾ ਆਈਆ । ਧਰਮ ਯੁੱਧ ਵਿਚ ਲੱਗੇ ਕੋਈ ਨਾ ਪਾਪ, ਪਤਤ ਪੁਨੀਤ ਦਿਤਾ ਸਮਝਾਈਆ । ਫੇਰ ਵਖਾਇਆ ਜਿਧਰ ਵੇਖ ਮੈਂ ਆਪੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਅੱਖਾਂ ਤੋਂ ਵੇਖ ਮੇਰਾ ਪਰਤਾਪ, ਦੋ ਜਹਾਨਾਂ ਸੋਭਾ ਪਾਈਆ । ਮੈਂ ਹੀ ਬ੍ਰਹਮ ਮੈਂ ਭਗਵਾਨ ਮੈਂ ਹੀ ਜਾਪ, ਜੀਵਤ ਜਪ ਤਪ ਆਪ ਅਖਵਾਈਆ । ਮੈਂ ਹੀ ਰੋਗ ਮੈਂ ਹੀ ਸੋਗ, ਮੈਂ ਹੀ ਚਿੰਤਾ ਦੁੱਖ ਭੋਗ, ਮੈਂ ਹੀ ਸੰਜੋਗ ਮੈਂ ਹੀ ਵਿਜੋਗ, ਮੈਂ ਹੀ ਵੈਰਾਗ ਮੈਂ ਹੀ ਤਿਆਗ, ਮੈਂ ਹੀ ਕੰਤ ਸੁਹਾਗ ਸਭ ਦਾ ਨਜ਼ਰੀ ਆਈਆ । ਤੇਰੀ ਖੋਲ੍ਹਾਂ ਜਾਗ, ਤੈਨੂੰ ਅਗਲਾ ਦੱਸਾਂ ਭਾਗ, ਜਿਸ ਨੂੰ ਸਮਝੇ ਕੋਇ ਨਾ ਸਾਧ, ਰਿਸ਼ੀ ਮੁਨੀ ਬੈਠੇ ਧਿਆਨ ਲਗਾਈਆ । ਇਹ ਅਗੰਮੀ ਕਹੀ ਬਾਤ, ਨਾ ਓਸ ਵੇਲੇ ਦਿਨ ਸੀ ਨਾ ਰਾਤ, ਘੜੀ ਪਲ ਸਮਝ ਕਿਸੇ ਨਾ ਆਈਆ । ਇਹ ਸ਼ਬਦ ਸੁਣਾਇਆ, ਬਿਨ ਰਸਨਾ ਗਾਇਆ, ਅੰਤਰ ਆਤਮਕ ਧੁਨ ਉਪਜਾਇਆ, ਅਰਜਨ ਇਕ ਗਿਆਨ ਜਣਾਇਆ, ਬਿਨਾ ਬੋਲਣ ਤੋਂ ਅਨਬੋਲਤ ਦਿਤਾ ਸੁਣਾਈਆ । ਕ੍ਰਿਸ਼ਨ ਹੈਰਾਨੀ ਵਿਚ ਸ਼ੈਤਾਨੀ ਵਿਚ ਬੇਈਮਾਨੀ ਵਿਚ ਇਨਸਾਨੀ ਵਿਚ ਮਿਹਰਵਾਨੀ ਵਿਚ ਆਪਣਾ ਭੇਵ ਖੁਲ੍ਹਾਇਆ, ਸਹਿਜ ਨਾਲ ਹੱਥ ਪਿੱਠ ਉਤੇ ਟਿਕਾਈਆ । ਜੋ ਉਪਜਿਆ ਸੋ ਰਹਿਣ ਨਾ ਪਾਇਆ, ਧਰਮ ਯੁੱਧ ਦੀ ਰਚਨਾ ਦਿਤੀ ਰਚਾਈਆ । ਇਹ ਮੇਰਾ ਖੇਲ ਤੇ ਮੇਰੀ ਮਾਇਆ, ਬੇਪਰਵਾਹੀ ਵਿਚ ਸਮਾਈਆ । ਖੰਡਾ ਖੜਗ ਤੀਰ ਕਮਾਨ ਚਿੱਲਾ ਨਹੀਂ ਕੋਈ ਉਠਾਇਆ, ਧਨੁਸ਼ ਹੱਥ ਨਾ ਕੋਇ ਟਿਕਾਈਆ । ਹਰ ਹਿਰਦੇ ਵਿਚ ਆਪਣਾ ਨਾਮ ਅਗੰਮਾ ਤੀਰ ਛੁਹਾਇਆ, ਸੋਈ ਸੁਰਤੀ ਸਭ ਦੀ ਦਿਤੀ ਜਗਾਈਆ । ਜਾਂ ਵੇਖਿਆ ਚਾਰੋਂ ਕੁੰਟ ਗਰਦੋ ਗੁਬਾਰ ਅੰਧੇਰਾ ਛਾਇਆ, ਹਾਹਾਕਾਰ ਮੱਚੀ ਲੋਕਾਈਆ । ਅਰਜਨ ਹੱਥ ਬੰਨ੍ਹ ਕੇ ਸੀਸ ਨਿਵਾਇਆ, ਚਰਨ ਚਰਨੋਦਕ ਲੈ ਮਸਤਕ ਧੂੜੀ ਖ਼ਾਕ ਰਮਾਈਆ । ਓਨੇ ਚਿਰ ਨੂੰ ਯੁਧਿਸ਼ਟਰ ਆਇਆ, ਧਰਮ ਦਾ ਬੇਟਾ ਆਪਣਾ ਪੰਧ ਮੁਕਾਈਆ । ਓਸ ਨੇ ਹੱਸ ਕੇ ਹੱਥਾਂ ਉਤੇ ਹੱਥ ਵਜਾਇਆ, ਸੋਹਣੀ ਖ਼ੁਸ਼ੀ ਦਿਤੀ ਬਣਾਈਆ । ਮੇਰੇ ਕਾਹਨ ਜੀ, ਮੇਰੇ ਭਗਵਾਨ ਜੀ, ਮੇਰੇ ਦਾਤਾ ਦਾਨੀ ਦੀਨ ਦਿਆਲ ਜੀ, ਮੇਰੇ ਕਾਲ ਮਹਾਂਕਾਲ ਜੀ, ਮੇਰੇ ਪੂਜਯ ਸੱਚੀ ਧਰਮਸਾਲ ਜੀ, ਮੇਰੇ ਸ਼ਿਵਦਵਾਲੇ ਮਠ ਮੇਰੇ ਮੰਦਰਾਂ ਦੇ ਮੰਦਰ ਮੇਰੇ ਜੋਤੀ ਨੂਰ ਨੁਰਾਨ ਜੀ, ਮੇਰੀ ਇਕ ਤੇ ਅਨੇਕ ਅਨੇਕ ਤੋਂ ਇਕ ਪ੍ਰਨਾਮ ਜੀ, ਜ਼ਰਾ ਸਚ ਦੱਸੋ ਕਿਹੜਾ ਗਿਆਨ ਜੀ, ਜਿਸ ਦੇ ਨਾਲ ਲੱਖ ਚੁਰਾਸੀ ਦੇ ਬੰਧਨ ਮਿਟ ਜਾਣ ਜੀ, ਆਵਣ ਜਾਵਣ ਮਾਤ ਗਰਭ ਨਾ ਕੋਇ ਫੇਰ ਤਪਾਣ ਜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਿਹਾ ਯੁਧਿਸ਼ਟਰ ਕਿਧਰੋਂ ਆ ਗਿਆ ਫਿਰਦਾ ਤੁਰਦਾ, ਆਪਣਾ ਪੰਧ ਮੁਕਾਈਆ । ਪੇਸ਼ਾਨੀ ਉਤੇ ਹੱਥ ਮਾਰਿਆ ਸ੍ਰਿਸ਼ਟੀ ਵੇਖ ਸਾਰੀ ਮੁਰਦਾ, ਬਿਨਾ ਮੇਰੀ ਕਿਰਪਾ ਤੋਂ ਜੀਵਤ ਨਜ਼ਰ ਕੋਇ ਨਾ ਆਈਆ । ਕਰਾਂ ਖੇਲ ਵੇਖ ਦੇਵਤ ਸੁਰ ਦਾ, ਇੰਦਰ ਇੰਦਰਾਸਣ ਸਿੰਘ ਸਿੰਘਾਸਣ ਬੈਠੇ ਧਿਆਨ ਲਗਾਈਆ । ਏਥੇ ਕੋਈ ਖੇਲ ਨਹੀਂ ਬਲ ਜ਼ੋਰ ਦਾ, ਤਾਕ਼ਤ ਵਾਲੀ ਨਾ ਕੋਇ ਵਡਿਆਈਆ । ਮੈਂ ਤ੍ਰੈਲੋਕੀ ਨੰਦਨ ਸਭ ਨੂੰ ਵਿਛੋੜਦਾ ਸਭ ਨੂੰ ਜੋੜਦਾ, ਇਹ ਮੇਰੀ ਬੇਪਰਵਾਹੀਆ । ਬੇਸ਼ਕ ਮੈਂ ਰਥ ਰਥਵਾਹੀ ਚਾਰ ਘੋੜ ਦਾ, ਚਾਰੋਂ ਕੁੰਟ ਧਿਆਨ ਲਗਾਈਆ । ਜ਼ਰਾ ਖੇਲ ਵੇਖਣਾ ਸ਼ੋਰ ਦਾ, ਚਾਰੋਂ ਕੁੰਟ ਹਾਹਾਕਾਰ ਮੱਚੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਲਿਖਾਈਆ । ਯੁਧਿਸ਼ਟਰ ਕਿਹਾ ਕ੍ਰਿਸ਼ਨ ਮੈਂ ਵੇਖੇ ਸਾਰੇ ਮੂਰਛਤ, ਮੂਰਤੀ ਸਭ ਵਿਚ ਇਕੋ ਤੇਰੀ ਨਜ਼ਰੀ ਆਈਆ । ਤੂੰ ਮਾਲਕ ਦੁਆਪਰ ਵਾਲੇ ਪੂਰ ਦਾ, ਪੁਰੀਆਂ

੧੨੦੩
੨੧

ਲੋਆਂ ਤੇਰਾ ਰਾਹ ਤਕਾਈਆ । ਤੂੰ ਗੜ੍ਹ ਤੋੜਨਾ ਗ਼ਰੂਰ ਦਾ, ਹੰਕਾਰੀ ਦਰਯੋਧਨ ਲਿਆ ਉਠਾਈਆ । ਇਹ ਖੇਲ ਤੇਰਾ ਦਸਤੂਰ ਦਾ, ਜੁਗ ਜੁਗ ਆਪਣੀ ਕਾਰ ਭੁਗਤਾਈਆ । ਜਿਹੜਾ ਹੁਕਮ ਤੇਰੇ ਮਨਜ਼ੂਰ ਦਾ, ਓਹ ਵਰਤੇ ਥਾਉਂ ਥਾਈਆ । ਐਂ ਜਾਪਦਾ ਜਗਤ ਸ਼ਮਸ਼ਾਨ ਭੂਮੀ ਰੂਪ ਬਣਿਆ ਤੰਦੂਰ ਦਾ, ਅਗਨੀ ਆਪਣਾ ਰੰਗ ਵਖਾਈਆ । ਇਹ ਸ਼ਰੀਰ ਪੰਜ ਤੱਤ ਨਾਤਾ ਕੂੜ ਦਾ, ਲੋਕਮਾਤ ਰਹਿਣ ਨਾ ਪਾਈਆ । ਦੱਸ ਕਿਸ ਤਰਾ ਲੇਖਾ ਮੁੱਕਦਾ ਏਸ ਜੀਵ ਸਰੂਰ ਦਾ, ਸਹਿਜ ਦੇਣਾ ਸਮਝਾਈਆ । ਕ੍ਰਿਸ਼ਨ ਕਹਿੰਦਾ ਯੁਧਿਸ਼ਟਰਾ ਜੋ ਹਾਜ਼ਰ ਸੋ ਚਰਨੋਦਕ ਲੈ ਮੇਰੀ ਧੂੜ ਦਾ, ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਮੈਂ ਆਸਾ ਮਨਸਾ ਸਭ ਦੀ ਪੂਰਦਾ, ਸਾਰੇ ਮੇਰਾ ਬ੍ਰਹਮ ਤੇ ਮੈਂ ਬ੍ਰਹਮ ਦਾ ਮਾਲਕ ਬ੍ਰਹਮ ਬ੍ਰਹਮ ਵਿਚ ਸਮਾਈਆ । ਯੁਧਿਸ਼ਟਰ ਹੱਸ ਕੇ ਕਿਹਾ ਸਵਾਮੀ ਜਿਸ ਵੇਲੇ ਤੇਰੇ ਪਿਛੋਂ ਵਕਤ ਹੋ ਗਿਆ ਦੂਰ ਦਾ, ਤੈਨੂੰ ਮਿਲਣ ਕੋਇ ਨਾ ਪਾਈਆ । ਕ੍ਰਿਸ਼ਨ ਕਿਹਾ ਓਸ ਵੇਲੇ ਕਲਜੁਗ ਸਮਾਂ ਹੋਣਾ ਮੂਰਖ ਮੂੜ੍ਹ ਦਾ, ਬੁੱਧੀਵਾਨ ਬੁੱਧੀ ਦੇਣ ਗਵਾਈਆ । ਮੈਂ ਇਕ ਜਗਤ ਰੀਤੀ ਖੇਲ ਦੱਸਾਂ ਦਸਤੂਰ ਦਾ, ਜਗਤ ਕਰਾਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਝਟ ਅਰਜਨ ਬੋਲਿਆ ਤੂੰ ਮੈਨੂੰ ਦੱਸਿਆ ਇੰਡ ਪਿੰਡ ਬ੍ਰਹਿਮੰਡ, ਸਭ ਕੁਛ ਦਿਤਾ ਵਖਾਈਆ । ਮੈਂ ਤੱਕਿਆ ਤੇਰਾ ਅਨੰਦ, ਤੇਰੇ ਅਨੰਦ ਵਿਚ ਸਮਾਈਆ । ਸਵੈਮ ਤੂੰ ਸਵੈਮ ਮੈਂ ਸਵੈਮ ਤੇਰਾ ਪਰਮਾਨੰਦ, ਅਨੰਦ ਵਿਚ ਪਰਮਾਨੰਦ ਲਿਆ ਮਿਲਾਈਆ । ਦੱਸ, ਜਗਤ ਤੇਰੇ ਪਿਛੋਂ ਕੁਛ ਕਾਲ ਗਿਆ ਲੰਘ, ਤੇਰਾ ਦਰਸ ਕੋਇ ਨਾ ਪਾਈਆ । ਜਿਨ੍ਹਾਂ ਦੀ ਤੂੰ ਸ਼ਹਾਦਤ ਲੈਣੀ ਵਿਚ ਜੰਗ, ਧਰਮ ਯੁੱਧ ਵਿਚ ਦੇਣਾ ਲੜਾਈਆ । ਉਨ੍ਹਾਂ ਨੂੰ ਦੱਸ ਕਿਹੜੀ ਕੂਟੇ ਦੇਵੇਂਗਾ ਟੰਗ, ਕਿ ਜੂਨੀਆਂ ਵਿਚ ਭਵਾਈਆ । ਨਾਲੇ ਤੂੰ ਕਹਾਇਆ ਮੇਰਾ ਆਤਮਾ ਸਦਾ ਸਾਚਾ ਅਨੰਦ, ਅਨੰਤ ਅਨੰਤ ਵਿਚ ਰਖਾਈਆ । ਕੀ ਤੂੰ ਵੱਡਾ ਕਿ ਸੁਰਸਤੀ ਜਮਨਾ ਗੰਗ, ਗੰਗੋਤਰੀ ਦਾ ਭੇਵ ਦੇਣਾ ਖੁਲ੍ਹਾਈਆ । ਕੀ ਤੀਰਥ ਤਟ ਕਿਨਾਰੇ ਆਸਾ ਮਨਸਾ ਪੂਰੀ ਕਰਨ ਮੰਗ, ਜੀਵਤ ਜੀਅ ਤੇਰੇ ਨਾਲ ਮਿਲਾਈਆ । ਕ੍ਰਿਸ਼ਨ ਹੱਸ ਕੇ ਕਿਹਾ ਮੇਰੇ ਪਿਛੋਂ ਮੇਰੀ ਸਿਫ਼ਤ ਦਾ ਰਹਿ ਜਾਣਾ ਛੰਦ, ਰਸਨਾ ਜਿਹਵਾ ਬੱਤੀ ਦੰਦ ਢੋਲਿਆਂ ਵਿਚ ਗਾਈਆ । ਸਚ ਕਿਸੇ ਨੂੰ ਲੱਭਣਾ ਨਹੀਂ ਤੇ ਜਗਤ ਵਿਹਾਰ ਵਿਚ ਜੀਵਾਂ ਜੰਤਾਂ ਫਰਾਉਣਾ ਆਪਣਾ ਪਿੰਡ, ਤੇ ਪਿੰਡੀ ਦਾ ਮਾਲਕ ਨਜ਼ਰ ਕਿਸੇ ਨਾ ਆਈਆ । ਜਿੰਨਾਂ ਚਿਰ ਸਤਿਗੁਰੂ ਨਾ ਬਖ਼ਸ਼ੇ ਜੋ ਸਾਖਿਆਤ ਹੋਏ ਬਖ਼ਸ਼ਿੰਦ, ਬਿਨਾ ਬਖ਼ਸ਼ੀਸ਼ ਤੋਂ ਚੁਰਾਸੀ ਤੋਂ ਬਾਹਰ ਨਾ ਕੋਇ ਕਢਾਈਆ । ਇਹ ਕਲਜੁਗ ਵਿਚ ਕਲਜੁਗ ਦਾ ਵਰਤਿਆ ਆਪਣਾ ਰੰਗ, ਰੰਗ ਵਿਚ ਰੀਤੀ ਦੇਣੀ ਬਣਾਈਆ । ਕਿਉਂ ਏਸੇ ਲਾਲਚ ਵਿਚ ਪੰਡਤਾਂ ਵਿਦਵਾਨਾਂ ਮੇਰੇ ਨਾਮ ਦਾ ਗਾਉਂਦੇ ਰਹਿਣਾ ਛੰਦ, ਨਮੋਂ ਨਮੋਂ ਨਮੋਂ ਕਰ ਕੇ ਸੀਸ ਝੁਕਾਈਆ । ਮੈਂ ਤਾਲੀਮ ਸਿਖਿਆ ਵਿਚ ਕਰ ਚਲਿਆ ਪਾਬੰਦ, ਬੰਧਨ ਦੇਣਾ ਪਾਈਆ । ਜਿਸ ਵੇਲੇ ਕਲਜੁਗ ਗਿਆ ਲੰਘ, ਅੰਤ ਅਖ਼ੀਰ ਗੁਰ ਅਵਤਾਰ ਪੈਗ਼ੰਬਰਾਂ ਦੀ ਪੂਰੀ ਕਰਾਂ ਮੰਗ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਫੇਰ ਆਵਾਂ ਨਿਰਗੁਣ ਧਾਰ ਜੋਤ ਸਰੂਪ ਸ਼ਾਹੋ ਭੂਪ ਬਣ ਸੂਰਾ ਸਰਬੰਗ, ਸਾਹਿਬ ਸੁਲਤਾਨ ਵੇਸ ਵਟਾਈਆ । ਓਨਾਂ ਚਿਰ ਇਹ ਪਿੰਡੀ ਪੜ੍ਹਾਉਣ ਦਾ, ਕੁਸ਼ਾ ਪੜ੍ਹਾਉਣ ਦਾ, ਬ੍ਰਹਾ ਸੂਰ ਬਖ਼ਸ਼ੰਦ ਨੂੰ ਵਡਿਆਉਣ ਦਾ ਲੇਖਾ ਆਪਣਾ ਢੰਗ, ਢੰਗ ਦੇ ਨਾਲ ਡੰਗ ਭੁੱਖਿਆਂ ਦੇ ਦੇਣੇ ਲੰਘਾਈਆ । ਜਿਸ ਵੇਲੇ ਫੇਰ ਆਵਾਂ, ਆਤਮ ਪਰਮਾਤਮ ਦਾ ਮਰਦੰਗ ਵਜਾਵਾਂ, ਪਾਰਬ੍ਰਹਮ ਬ੍ਰਹਮ ਇਕ ਵਖਾਵਾਂ, ਦੀਨ ਮਜ਼੍ਹਬ ਜ਼ਾਤ ਪਾਤ ਦਾ


੧੨੦੪ ੨੧

ਝਗੜਾ ਮੁਕਾਵਾਂ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਰੰਗ ਰੰਗਾਵਾਂ, ਸਦਾ ਅਨੰਦ ਚਿਤ ਅਨੰਦ ਅਨੰਦ ਵਿਚ ਛੁਪਾਵਾਂ, ਜਿਥੇ ਨੂਰੀ ਜੋਤ ਬਿਨ ਵਰਨ ਗੋਤ, ਨਾ ਕੋਈ ਬੁੱਧੀ ਨਾ ਕੋਈ ਮਨ ਕਲਪਣਾ ਨਾ ਕੋਈ ਅਕਲ ਵਾਲੀ ਸੋਚ, ਸਮਝ ਵਾਲੀ ਸਮਝ ਨਾ ਕੋਇ ਰਖਾਈਆ । ਇਹ ਨਹੀਂ ਕਿਸੇ ਦਾ ਦੋਸ਼, ਸਾਰੇ ਕ੍ਰਿਸ਼ਨ ਦੇ ਅਹਿਸਾਨ ਫ਼ਰਾਮੋਸ਼, ਜਿਸ ਨੇ ਸੁਣਾ ਕੇ ਬੈਰੂਨੀ ਜਗਤ ਵਾਲਾ ਸਲੋਕ, ਸੋਹਲੇ ਢੋਲੇ ਮਾਤ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਿਨ ਸਾਹਿਬ ਸਤਿਗੁਰ ਜਗਤ ਕਿਰਿਆ ਵਿਚੋਂ ਪਾਰ ਨਾ ਕੋਇ ਕਰਾਈਆ ।

### ੧੪ ਚੇਤ ਸ਼ਹਿਨਸ਼ਾਹੀ ੫ ਸੁਦਾਗਰ ਸਿੰਘ ਦੇ ਗ੍ਰਿਹਿ ਭੱਠਾ ਮਾਜਰਾ

ਧਰਨੀ ਕਹੇ ਪ੍ਰਭ ਮੇਟ ਦੇ ਮੇਰਾ ਧੱਬਾ, ਧੌਲ ਧਵਲ ਹੋ ਕੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਸਭ ਦਾ ਅੱਬਾ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਲੋਕਮਾਤ ਨਿਰਧਨ ਹੋ ਕੇ ਤੈਨੂੰ ਦੇਵਾਂ ਸੱਦਾ, ਨਿਰਮਾਣਤਾ ਵਿਚ ਚਰਨ ਕਮਲਾਂ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਮਾਇਆ ਮਮਤਾ ਵਾਲੀ ਹੱਦਾ, ਹੱਦ ਹਦੂਦ ਆਪਣੀ ਇਕੋ ਦੇ ਸਮਝਾਈਆ । ਦੀਨ ਮਜ਼੍ਹਬ ਸ਼ਰਅ ਸ਼ਰੀਅਤ ਜੋ ਸਭ ਦੀ ਬਣੀ ਕ਼ਜ਼ਾ, ਮੌਤ ਰੂਪ ਰਹੀ ਵਖਾਈਆ । ਸਭ ਨੂੰ ਚਲਾ ਆਪਣੀ ਰਜ਼ਾ, ਰਾਜ਼ਕ ਰਹੀਮ ਤੇਰੀ ਓਟ ਤਕਾਈਆ । ਕਲਜੁਗ ਜੀਵ ਮਨ ਖ਼ੁਮਾਰੀ ਵਿਚ ਮੱਧਾ, ਮਧੁਰ ਧੁਨ ਅਨਰਾਗੀ ਰਾਗ ਨਾ ਕੋਇ ਸੁਣਾਈਆ । ਹਉਮੇ ਹੰਗਤਾ ਵਿਚ ਬੱਧਾ, ਹੰ ਬ੍ਰਹਮ ਪਰਦਾ ਨਾ ਕੋਇ ਖੁਲ੍ਹਾਈਆ । ਨਿਰਗੁਣ ਨੂਰ ਤੇਰਾ ਦੀਪਕ ਜੋਤ ਕੋਇ ਨਾ ਜਗਾ, ਸਾਢੇ ਤਿੰਨ ਹੱਥ ਮੰਦਰ ਹੋਏ ਨਾ ਕੋਇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜੀਵ ਜਹਾਨ ਫਿਰੇ ਭੱਜਾ, ਚਾਰ ਕੁੰਟ ਦਹਿ ਦਿਸ਼ਾ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਤੇਰੇ ਆਉਣ ਦੀ ਦੱਸ ਕੇ ਗਏ ਵਜਹ, ਭੇਵ ਅਭੇਦਾ ਮਾਤ ਖੁਲ੍ਹਾਈਆ । ਬਹੁੜੀ ਦੁਹਾਈ ਦਰੋਹੀ ਤੇਰੇ ਨਾਮ ਸਚਖੰਡ ਨਿਵਾਸੀ ਰੱਬਾ, ਬੇਪਰਵਾਹ ਤੇਰੀ ਬੇਪਰਵਾਹੀ ਵੇਖ ਵਖਾਈਆ । ਕੂੜ ਕਲਪਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਅਖਾੜਾ ਵੇਖ ਲੱਗਾ, ਸਤਿ ਸਚ ਕਿਸੇ ਨਜ਼ਰ ਨਾ ਆਈਆ । ਮਾਨਵ ਮਾਨਸ ਮਾਨੁਖ ਮਾਇਆ ਮਮਤਾ ਵਿਚ ਦੱਗਾ, ਅਗਨੀ ਤੱਤ ਰਹੀ ਜਲਾਈਆ । ਸਾਹਿਬ ਸੁਲਤਾਨ ਤੇਰਾ ਦਰਸ ਪਾਏ ਕੋਈ ਨਾ ਉਪਰ ਸ਼ਾਹ ਰਗਾ, ਨੌ ਦਵਾਰੇ ਜੀਵ ਜੰਤ ਜਗਤ ਹਲਕਾਈਆ । ਨਾਮ ਖ਼ੁਮਾਰੀ ਨਿਝਰ ਰਸ ਅੰਮ੍ਰਿਤ ਮਿਲੇ ਨਾ ਕੋਇ ਮਧਾ, ਮਧੁਰ ਧੁਨ ਨਾ ਕੋਇ ਸ਼ਨਵਾਈਆ । ਆਤਮ ਪਰਮਾਤਮ ਜੀਵ ਹੋਈ ਅਲੱਗਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਿਧਰ ਤੱਕਾਂ ਦੀਨਾਂ ਮਜ਼੍ਹਬਾਂ ਪਾਇਆ ਦੱਬਾ, ਸ਼ਰਅ ਸ਼ਰੀਅਤ ਭੈ ਰਹੀ ਰਖਾਈਆ । ਤੇਰਾ ਮਾਰਗ ਮਿਲੇ ਕਿਸੇ ਨਾ ਹੱਕਾ, ਹਕੀਕ਼ਤ ਨਜ਼ਰ ਕਿਸੇ ਨਾ ਆਈਆ । ਸਭ ਦੇ ਨਿਰੰਤਰ ਅੰਤਰ ਹੋਇਆ ਸ਼ੱਕਾ, ਸ਼ਕੂਕ ਸਕੇ ਨਾ ਕੋਇ ਮਿਟਾਈਆ । ਜਗਤ ਵਿਦਿਆ ਪੜ੍ਹੀ ਕੰਮ ਨਾ ਆਵੇ ਮਿਲੇ ਮੇਲ ਨਾ ਪ੍ਰਭੂ ਸਖ਼ਾ, ਸਾਹਿਬ ਸਵਾਮੀ ਅੰਤਰਜਾਮੀ ਤੇਰਾ ਦਰਸ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਟੇਕਣ ਮੱਥਾ, ਧੂੜੀ ਖ਼ਾਕ ਰਹੇ ਰਮਾਈਆ । ਮੈਂ ਹੈਰਾਨ ਹੋ ਗਈ ਨਿਜ ਨੇਤਰ ਖੁਲ੍ਹੀ ਕਿਸੇ ਨਾ ਅੱਖਾ, ਜਗਤ ਲੋਚਨ ਨਾ ਕੋਇ ਵਡਿਆਈਆ । ਸਾਧ ਸੰਤ ਸਦੀ ਚੌਧਵੀਂ ਦਿਸੇ ਕੋਈ ਨਾ ਸੱਚਾ, ਸੂਫ਼ੀ ਫ਼ਕੀਰ ਹਕੀਰ ਰੂਪ ਨਾ ਕੋਇ ਬਣਾਈਆ । ਫਿਰੀ

ਦਰੋਹੀ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਤੇਰੇ ਨਾਮ ਦਾ ਸੱਚਾ ਦਿਸੇ ਕੋਈ ਨਾ ਹੱਟਾ, ਹਟਵਾਣੇ ਬੈਠੇ ਮੁਖ ਛੁਪਾਈਆ । ਤੇਰਾ ਨਾਮ ਕਲਮਾ ਵਿਕਦਾ ਨਾਲ ਟਕਾ, ਕ਼ੀਮਤ ਤੇਰੀ ਰਹੇ ਪਾਈਆ । ਅੰਤ ਅਖ਼ੀਰ ਬੇਨਜ਼ੀਰ ਸਦੀ ਬੀਸਵੀਂ ਸਭ ਦਾ ਪੂਰਾ ਕਰ ਦੇ ਪਟਾ, ਅਵਤਾਰ ਪੈਗ਼ੰਬਰਾਂ ਲੇਖਾ ਦੇ ਚੁਕਾਈਆ । ਕਲਜੁਗ ਕੂੜੀ ਕਿਰਿਆ ਖੇਲ ਵੇਖ ਬਾਜ਼ੀਗਰ ਨਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਬਿਨ ਤੇਰੀ ਕਿਰਪਾ ਮਾਨਸ ਲਾਹਾ ਕਿਸੇ ਨਾ ਖਟਾ, ਖਟਕੇ ਵਿਚ ਲੋਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਟੱਪਾ, ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਗੁਰ ਅਵਤਾਰ ਪੈਗ਼ੰਬਰ ਚਾਰੋਂ ਕੁੰਟ ਫਿਰੇ ਨੱਠਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਕਿਸੇ ਦਾ ਚਲੇ ਨਹੀਂ ਕੋਈ ਵੱਸਾ, ਵਸਲ ਯਾਰ ਮਿਲੇ ਨਾ ਕੋਈ ਨੂਰ ਖ਼ੁਦਾਈਆ । ਅੰਮ੍ਰਿਤ ਰਸ ਚੱਖੇ ਨਾ ਕੋਈ ਰਸਾ, ਰਸ ਰਸਨਾ ਹੋਈ ਹਲਕਾਈਆ । ਤਨ ਵਜੂਦ ਮਾਟੀ ਖ਼ਾਕ ਧੋਤੀ ਤੰਬੀ ਪਹਿਨ ਕੇ ਕੱਛਾ, ਵੇਸ ਅਨੇਕ ਲਿਆ ਬਦਲਾਈਆ । ਸਚ ਦਵਾਰ ਏਕੰਕਾਰ ਤੇਰੇ ਪਹੁੰਚਿਆ ਨਾ ਕੋਈ ਬਣ ਕੇ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਜਿਧਰ ਤੱਕਾਂ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਮਨ ਕਲਪਣਾ ਵਿਚ ਨੱਚਾ, ਨੌਂ ਦਵਾਰੇ ਫਿਰੇ ਨੱਠਾ, ਤੇਰਾ ਪ੍ਰੇਮ ਲੂੰ ਲੂੰ ਅੰਦਰ ਕਿਸੇ ਨਾ ਰਚਾ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਧਰਨੀ ਕਹੇ ਮੈਂ ਰੋ ਰੋ ਕੇ ਨੇਤਰ ਨੀਰ ਵਹਾਵਾਂ ਅੱਖਾਂ, ਹੰਝੂਆਂ ਹਾਰ ਬਣਾਈਆ । ਬਹੁੜੀ ਦੁਹਾਈ ਮੇਰਾ ਰਿਹਾ ਕੋਈ ਨਾ ਸਖ਼ਾ, ਸਖ਼ੀ ਸੰਗ ਨਾ ਕੋਇ ਨਿਭਾਈਆ । ਜਿਧਰ ਜਾਵਾਂ ਕੂੜੀ ਕਿਰਿਆ ਮਾਰੇ ਧੱਕਾ, ਧੌਲ ਦਾ ਭਾਰ ਨਾ ਕੋਇ ਉਠਾਈਆ । ਮੈਂ ਵੇਖਦੀ ਮੈਨੂੰ ਇਕੋ ਨਜ਼ਰੀ ਆਇਆ ਪੱਪਾ, ਜੋ ਪੂਰਨ ਪਾਰਬ੍ਰਹਮ ਪਤਿਪਰਮੇਸ਼ਵਰ ਮੇਲ ਮਿਲਾਈਆ । ਮੈਂ ਚਾਹੁੰਦੀ ਮੇਰੇ ਉੱਤੋਂ ਕੂੜ ਵਿਕਾਰਾਂ ਦੀ ਮੇਟ ਦੇ ਸਫਾ, ਮਲੇਛ ਰਹਿਣ ਕੋਇ ਨਾ ਪਾਈਆ । ਵੇਖੀਂ ਪ੍ਰਭੂ ਸਾਹਿਬ ਸਤਿਗੁਰ ਨਾ ਹੋਵੀਂ ਖ਼ਫ਼ਾ, ਆਜਿਜ਼ ਹੋ ਕੇ ਸੀਸ ਨਿਵਾਈਆ । ਆਪਣੇ ਹੁਕਮ ਦੀ ਚਾਰ ਜੁਗ ਤੂੰ ਵਖਰੀ ਲਾ ਦੇ ਦਫ਼ਾ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਰਫ਼ਾ, ਰਹਿਮਤ ਆਪਣੀ ਹੱਕ ਕਮਾਈਆ । ਸਾਚੇ ਨਾਮ ਦਾ ਸ੍ਰਿਸ਼ਟੀ ਦ੍ਰਿਸ਼ਟੀ ਦੇ ਅੰਦਰ ਦੇ ਨਫ਼ਾ, ਨੁਕ਼ਸਾਨ ਆਪਣੀ ਝੋਲੀ ਪਾਈਆ । ਮੁਹੱਬਤ ਵਿਚ ਮਹਿਬੂਬ ਦੇ ਗੱਫ਼ਾ, ਗੁਫ਼ਾ ਕਾਇਆ ਅੰਦਰ ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਕਲਜੁਗ ਰੈਣ ਅੰਧੇਰੀ ਮੇਟ ਕਾਲੀ ਮੱਸਾ, ਮਸਲਾ ਸਭ ਦਾ ਹਲ ਕਰਾਈਆ । ਨਿਝਰ ਧਾਰ ਏਕੰਕਾਰ ਦੇ ਰਸਾ, ਰਸਤਾ ਧੁਰ ਦਾ ਦੇ ਵਖਾਈਆ । ਜਿਥੇ ਪ੍ਰਕਾਸ਼ ਬਿਨ ਸੂਰੀਆ ਚੰਦ ਰਵ ਸੱਸਾ, ਸਤਿ ਸਰੂਪ ਸੋਭਾ ਪਾਈਆ । ਅਗੰਮੀ ਨਾਦ ਆਪੇ ਵੱਜਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਬਿਨ ਤੇਲ ਬਾਤੀ ਦੀਪਕ ਜੋਤ ਜਗਾ, ਜੋਤੀ ਜੋਤ ਜੋਤ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸਵਾਮੀ ਸੱਚਾ, ਸਚ ਸਿੰਘਾਸਣ ਇਕੋ ਡੇਰਾ ਲਾਈਆ । ਧਰਨੀ ਕਹੇ ਮੈਂ ਜੁਗ ਜੁਗ ਤੇਰੀ ਮੰਨਾ ਰਜ਼ਾ, ਰਾਜ਼ਕ ਰਹੀਮ ਤੇਰੀ ਓਟ ਤਕਾਈਆ । ਕਿਰਪਾ ਕਰ ਮੇਰੇ ਮਹਿਬੂਬ ਸ਼ਹਿਨਸ਼ਾਹ ਸੂਰੇ ਸਰਬਗਾ, ਸਾਹਿਬ ਸਤਿਗੁਰ ਤੇਰੀ ਇਕ ਸਰਨਾਈਆ । ਕਲਜੁਗ ਜੀਵ ਹੰਸ ਹੋਏ ਕੱਗਾ, ਕਾਗੋਂ ਹੰਸ ਦੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੈਂ ਬੜੀ ਭੋਗ ਲਈ ਸਜ਼ਾ, ਕਲਜੁਗ ਜੀਵਾਂ ਕੋਲੋਂ ਮੇਰਾ ਪੱਲੂ ਦੇ ਛੁਡਾਈਆ ।

੧੨੦੬ ੨੧

### ੧੪ ਚੇਤ ਸੰਮਤ ਸ਼ਹਿਨਸ਼ਾਹੀ ਸੰਮਤ ੫ ਹਰਬੰਸ ਸਿੰਘ ਦੇ ਗ੍ਰਿਹਿ ਠੀਕਰੀ,

ਨਾਰਦ ਕਹੇ ਪ੍ਰਭ ਸਾਚੇ ਦੱਸ ਦੇ ਸਾਂਝੀ ਬੰਦਨਾ, ਬੰਦਗੀ ਵਾਲੇ ਬੰਦੇ ਆਪ ਪ੍ਰਗਟਾਈਆ । ਫਿਰਨਾ ਪਏ ਨਾ ਕਿਸੇ ਵਿਚ ਜੰਗਲਾ, ਸਾਚੇ ਨਾਮ ਦਾ ਰਸ ਦੇ ਜਾ ਰੰਗਲਾ, ਗੀਤ ਗੋਬਿੰਦ ਤੇਰਾ ਅਲਾਹੀਆ । ਲੇਖੇ ਲਾ ਗ਼ਰੀਬ ਨਿਮਾਣਾ ਗੁਰਮੁਖ ਕੰਗਲਾ, ਸ਼ਹਿਨਸ਼ਾਹ ਆਪਣੀ ਗੋਦ ਟਿਕਾਈਆ । ਭੇਵ ਖੁਲ੍ਹਾ ਦੇ ਆਪਣੀ ਸਚ ਦਵਾਰ ਮੰਗਲਾ, ਦਰਗਾਹ ਸਾਚੀ ਪਰਦਾ ਲਾਹੀਆ । ਤੂੰ ਸਾਹਿਬ ਸਵਾਮੀ ਆਦਿ ਜੁਗਾਦੀ ਰੰਗਲਾ, ਰੰਗ ਰੱਤੜੇ ਤੇਰੀ ਵਡਿਆਈਆ । ਸਚ ਬੇਨੰਤੀ ਇਕ ਮੰਨ ਲਾ, ਆਰਜ਼ੂ ਤੇਰੇ ਅੱਗੇ ਰਖਾਈਆ । ਗੁਰਮੁਖ ਸੰਤ ਸੁਹੇਲੇ ਜਣ ਲਾ, ਧੁਰ ਦੀ ਬਣ ਜਣੇਂਦੀ ਮਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣੇ ਤਨ ਲਾ, ਬਿਨ ਵਜੂਦ ਮਹਿਬੂਬ ਵੱਜੇ ਵਧਾਈਆ । ਕਲਜੁਗ ਕੂੜੀ ਕਿਰਿਆ ਲੇਖਾ ਕਲ ਮੁਕਾ, ਕਲਕਾਤੀ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਬਣਨ ਗਵਾਹ, ਸ਼ਹਾਦਤ ਸਭ ਦੀ ਦੇ ਭੁਗਤਾਈਆ । ਤੂੰ ਨੂਰ ਨੁਰਾਨਾ ਇਕ ਖ਼ੁਦਾ, ਖ਼ੁਦਗ਼ਰਜ਼ੀ ਸਭ ਦੀ ਦੇ ਮਿਟਾਈਆ । ਤੇਰੇ ਨਾਲੋਂ ਤੇਰਾ ਭਗਤ ਨਾ ਹੋਏ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਬਣ ਦਿਲਰੁਬਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੇਰੇ ਕ਼ਦਮਾਂ ਸੱਯਦਾ ਸੀਸ ਦਿਆਂ ਝੁਕਾ, ਨਿਉਂ ਨਿਉਂ ਲਾਗਾਂ ਪਾਈਆ । ਮੇਰੀ ਕ਼ਬੂਲ ਕਰ ਦੁਆ, ਤੋਬਾ ਤੋਬਾ ਤੋਬਾ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਨਾਰਦ ਕਹੇ ਪ੍ਰਭੂ ਆਪਣੀ ਕਰ ਨਾ ਮਰਜ਼ੀ, ਮੁਰੀਦ ਵੇਖ ਜਗਤ ਲੋਕਾਈਆ । ਕਲਜੁਗ ਮੇਟ ਅੰਧੇਰ ਗਰਦੀ, ਹੱਕ ਇਨਸਾਫ਼ ਆਪ ਕਮਾਈਆ । ਚਾਰ ਵਰਨਾਂ ਬਣ ਦਰਦੀ, ਹਮਦਰਦ ਹੋ ਕੇ ਵੇਖ ਵਖਾਈਆ । ਸ਼ਰਅ ਛੁਰੀ ਰਹੇ ਨਾ ਕਰਦੀ, ਕਤਲਗਾਹਾਂ ਡੇਰਾ ਢਾਹੀਆ । ਤੇਰੀ ਧਾਰ ਨਰਾਇਣ ਨਰ ਦੀ, ਨਰ ਹਰਿ ਤੇਰੀ ਸਰਨਾਈਆ । ਦਰ ਠਾਂਡੇ ਤੇਰੇ ਚਰਨ ਕਵਲ ਧਰਨੀ ਪੜਦੀ, ਸੀਸ ਜਗਦੀਸ਼ ਦਏ ਝੁਕਾਈਆ । ਖੇਲ ਮੁਕਾ ਦੇ ਸੀਸ ਧੜ ਦੀ, ਧੜਾ ਆਪਣਾ ਇਕ ਸਮਝਾਈਆ । ਜਿਹੜੀ ਆਤਮਾ ਤੂੰ ਹੀ ਤੂੰ ਹੀ ਤੇਰਾ ਨਾਮ ਹੋਵੇ ਪੜ੍ਹਦੀ, ਆਤਮ ਪਰਮਾਤਮ ਮੇਲਾ ਲੈਣਾ ਮਿਲਾਈਆ । ਦੀਨ ਦੁਨੀ ਵੇਖ ਸੜਦੀ, ਕਲਜੁਗ ਅਗਨੀ ਦੇਣੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਨਾਰਦ ਕਹੇ ਮੈਂ ਵੇਖਿਆ ਦੂਰ ਨੇੜੇ ਤਨ, ਮਾਟੀ ਖ਼ਾਕ ਫੋਲ ਫੁਲਾਈਆ । ਸ੍ਰਿਸ਼ਟੀ ਹਲਕੀ ਕੀਤੀ ਮਨ, ਚਾਰੋਂ ਕੁੰਟ ਭਵਾਈਆ । ਸਾਚਾ ਬਣੇ ਕੋਈ ਨਾ ਚੰਨ, ਜਣੇਂਦੀ ਹੋਏ ਕੋਈ ਨਾ ਮਾਈਆ । ਸ਼ਬਦ ਅਨਾਦ ਸੁਣੇ ਕੋਈ ਨਾ ਕੰਨ, ਅਨਹਦ ਨਾਦੀ ਨਾਦ ਨਾ ਕੋਇ ਅਲਾਈਆ । ਭਾਂਡਾ ਭਰਮ ਦੇਵੇ ਕੋਈ ਨਾ ਭੰਨ, ਭੈ ਭੌ ਨਾ ਕੋਇ ਚੁਕਾਈਆ । ਤੇਰਾ ਖੇਲ ਸ੍ਰੀ ਭਗਵਨ, ਘਰ ਤੇਰੇ ਹੱਥ ਵਡਿਆਈਆ । ਆਪਣਾ ਪੂਰਾ ਕਰਨਾ ਕੰਮ, ਕਾਮਨਾ ਸਭ ਦੀ ਵੇਖ ਵਖਾਈਆ । ਜਨ ਭਗਤ ਦੁਲਾਰੇ ਤੇਰੇ ਚੰਨ, ਬਿਨ ਚੰਦ ਸੂਰੀਆ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਵਜਦੀ ਰਹੇ ਵਧਾਈਆ । ਨਾਰਦ ਕਹੇ ਮੈਂ ਤੇਰਾ ਸੁਤ ਇਕਲੌਤਾ, ਜੁਗ ਚੌਕੜੀ ਸੇਵ ਕਮਾਈਆ । ਦਿਵਸ ਰੈਣ ਕਦੇ ਨਾ ਸੋਤਾ, ਆਲਸ ਨਿੰਦਰਾ ਨਾ ਕੋਇ ਵਡਿਆਈਆ । ਪ੍ਰਕਾਸ਼ ਤੱਕਾਂ ਤੇਰਾ ਅਗੰਮੀ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਦੀ

ਚੌਧਵੀਂ ਪਿਆ ਰਿਹਾ ਵਿਚ ਸੋਚਾ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਅੰਤਰ ਨਿਰੰਤਰ ਤੇਰੀ ਖੋਜ ਖੋਜਾ, ਖੋਜਤ ਖੋਜਤ ਤੇਰਾ ਰਾਹ ਤਕਾਈਆ । ਪ੍ਰਭੂ ਬਿਨ ਤੇਰੀ ਕਿਰਪਾ ਮਾਣ ਸਕੇ ਕੋਈ ਨਾ ਮੌਜਾ, ਮਜਲਸ ਹੱਕ ਨਾ ਕੋਇ ਬਣਾਈਆ । ਗੁਰ ਅਵਤਾਰ ਪੈਗ਼ੰਬਰ ਦੀਨ ਮਜ਼੍ਹਬ ਦਾ ਕਰ ਕੇ ਗਏ ਸੌਦਾ, ਕ਼ੀਮਤ ਹੱਟਾਂ ਵਿਚ ਪਵਾਈਆ । ਪਰਮ ਪੁਰਖ ਪਰਮਾਤਮ ਤੇਰੇ ਪਿਆਰ ਦਾ ਮਿਲੇ ਕਿਸੇ ਨਾ ਔਹਦਾ, ਅਹਿਦਨਾਮਾ ਨਜ਼ਰ ਕੋਇ ਨਾ ਆਈਆ । ਹਰਿਜਨ ਸਾਚੇ ਕਰ ਧੁਰ ਸੰਜੋਗਾ, ਜਨਮ ਕਰਮ ਦੇ ਵਿਛੜੇ ਮੇਲ ਮਿਲਾਈਆ । ਅੰਤ ਅਖ਼ੀਰ ਤੇਰੀ ਸਭ ਨੂੰ ਓਟਾ, ਓੜਕ ਤੇਰੇ ਹੱਥ ਵਡਿਆਈਆ । ਨਾਮ ਦਮਾਮੇ ਲਾ ਚੋਟਾ, ਚੋਟੀ ਚੜ੍ਹ ਕੇ ਦੇ ਵਖਾਈਆ । ਕਲਜੁਗ ਜੀਵ ਵੇਖ ਖਰਾ ਖੋਟਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਫੋਲ ਫੁਲਾਈਆ । ਤੇਰੇ ਕੋਲ ਸ਼ਬਦ ਅਗੰਮੀ ਸੋਟਾ, ਸੋ ਸਾਹਿਬ ਸਵਾਮੀ ਲੈਣਾ ਉਠਾਈਆ । ਨਿਰਗੁਣ ਨੂਰ ਪ੍ਰਕਾਸ਼ ਕਰਨਾ ਜੋਤਾ, ਜੋਤੀ ਜਾਤੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭ ਦੇ ਦੇ ਇਕ ਦਲੇਰੀ, ਦਇਆਵਾਨ ਦਇਆ ਕਮਾਈਆ । ਤੂੰ ਸਾਹਿਬ ਮੈਂ ਤੇਰੀ ਚੇਰੀ, ਚਿਰੀ ਵਿਛੁੰਨੀ ਲੈ ਮਿਲਾਈਆ । ਕਲਜੁਗ ਅੰਤ ਕਰੀਂ ਨਾ ਦੇਰੀ, ਡੇਰੇ ਵਾਲਿਆਂ ਕਰੀਂ ਸਫ਼ਾਈਆ । ਸਾਚੇ ਨਾਮ ਦੀ ਸਚ ਚੜ੍ਹਾ ਬੇੜੀ, ਨਈਆ ਨੌਕਾ ਅਵਰ ਨਾ ਕੋਇ ਵਖਾਈਆ । ਸ਼ਰਅ ਦੀ ਰਹੇ ਕੋਈ ਨਾ ਬੇੜੀ, ਬੰਧਨ ਬੰਦ ਦੇਣੇ ਤੁੜਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਮਿਹਰੀ, ਮਹਿਮਾਨ ਸੰਤ ਸੁਹੇਲੇ ਵੇਖ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਆਇਆ ਨੇਰੀ, ਨੇਰਨ ਨੇਰ ਪਰਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਦਇਆ ਕਮਾਈਆ । ਨਾਰਦ ਕਹੇ ਪ੍ਰਭ ਮੇਰੀ ਆਸਾ ਮਨਸਾ ਵਖਰੀ, ਸਹਿਜ ਦਿਆਂ ਜਣਾਈਆ । ਸ੍ਰਿਸ਼ਟੀ ਸੁਆਉਣੀ ਕਿਹੜੇ ਸੱਥਰੀ, ਸੱਥਰ ਯਾਰੜਾ ਵੇਖ ਵਖਾਈਆ । ਲਿਖਤ ਬਣਾਉਣੀ ਕਿਹੜੀ ਅੱਖਰੀ, ਆਖ਼ਰ ਦੇਣਾ ਜਣਾਈਆ । ਦੀਨ ਦੁਨੀਆ ਕਰਨੀ ਪੱਧਰੀ, ਊਚ ਨੀਚ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰਾਂ ਲੇਖੇ ਮੁਕਾਉਣੇ ਸੱਧਰੀ, ਜੋ ਸੱਧਰ ਅੰਤਰ ਅੰਤਰ ਉਪਜਾਈਆ । ਅਗਲੀ ਖੇਲ ਵਖਾਉਣੀ ਗ਼ਦਰੀ, ਗਦਾਗਰ ਹੋਏ ਲੋਕਾਈਆ । ਸਚ ਦਵਾਰੇ ਭਗਤਾਂ ਸਦ ਲਈਂ, ਸੱਦਾ ਹੋਕਾ ਨਾਮ ਜਣਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪਰਦਾ ਕੱਜ ਲਈਂ, ਓਢਨ ਸੀਸ ਜਗਦੀਸ਼ ਟਿਕਾਈਆ । ਜਨ ਭਗਤ ਸੁਹੇਲਾ ਜਾਏ ਕਦੀ ਨਾ ਹੱਜ ਲਈ, ਕਾਇਆ ਕਾਅਬਾ ਹੋਏ ਰੁਸ਼ਨਾਈਆ । ਪ੍ਰਭੂ ਤੇਰਾ ਖੇਲ ਸਦਾ ਜੁਗ ਜਗ ਲਈ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਚ ਮੁਹੱਬਤ ਵਿਚ ਰੰਗ ਲਈਂ, ਰੰਗ ਆਪਣਾ ਇਕ ਰੰਗਾਈਆ । ਦਰ ਤੇਰੇ ਮੰਗ ਮੰਗ ਲਈ, ਮਾਂਗਤ ਹੋ ਕੇ ਝੋਲੀ ਡਾਹੀਆ । ਨਿਰਗੁਣ ਧਾਰ ਸਦਾ ਸੰਗ ਦਈਂ, ਸਗਲਾ ਸਾਥੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਵਰਤਣਾ ਇਕ ਅਨੰਦ ਲਈ, ਅਨੰਦ ਅਨੰਦ ਅਨੰਦ ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਈਆ ।


੧੨੦੮ ੨੧

## ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਪੂਰਨ ਸਿੰਘ ਦੇ ਗ੍ਰਿਹ ਠੀਕਰੀ ਛੰਨਾ

ਧਰਨੀ ਕਹੇ ਮੈਂ ਰੋਈ ਭੁੱਬੀ, ਹੌਕਿਆਂ ਵਿਚ ਦੁਹਾਈਆ । ਕਲਜੁਗ ਵਹਿਣ ਵਿਚ ਖੁੱਭੀ, ਪ੍ਰਭੂ ਬਾਹਰ ਨਾ ਕੋਇ ਕਢਾਈਆ । ਮਾਇਆ ਮਮਤਾ ਵਹਿਣ ਵਿਚ ਡੁੱਬੀ, ਹੋਏ ਨਾ ਕੋਇ ਸਹਾਈਆ । ਮੈਨੂੰ ਭੁੱਲ ਗਈ ਵਦੀ ਸੁਦੀ, ਪਖ ਸਮਝ ਕੋਇ ਨਾ ਆਈਆ । ਰਮਜ਼ ਦੱਸ ਅਗੰਮੀ ਗੁੱਝੀ, ਭੇਵ ਦੇਣਾ ਖੁਲ੍ਹਾਈਆ । ਜਿਸ ਵਿਚ ਧਾਰ ਰਹੇ ਨਾ ਦੂਜੀ, ਏਕੰਕਾਰ ਇਕੋ ਨਜ਼ਰੀ ਆਈਆ । ਬਲਹੀਣ ਬਿਨ ਤੇਰੀ ਕਿਰਪਾ ਮੂਲ ਨਾ ਉਠੀ, ਸਵਾਧਾਨ ਨਾ ਕੋਇ ਕਰਾਈਆ । ਮੈਂ ਸਾਂਭ ਕੇ ਰੱਖੀ ਰਾਖ ਇਕ ਮੁੱਠੀ, ਜੋ ਅਰਜਨ ਮੇਰੀ ਝੋਲੀ ਗਿਆ ਪਾਈਆ । ਮੈਂ ਯਾਦ ਰੱਖਿਆ ਗੋਬਿੰਦ ਵਾਲੇ ਪੁੱਤੀਂ, ਜੋ ਨੀਹਾਂ ਹੇਠ ਦਬਾਈਆ । ਮੈਂ ਤੱਕਦੀ ਕਦ ਮੇਰੇ ਸਾਹਿਬ ਦੀ ਹੋਵੇ ਰੁੱਤੀ, ਸੁਹੰਜਣੀ ਨਾਲ ਮਿਲਾਈਆ । ਮੇਰੀ ਚਾਰ ਜੁਗ ਦੀ ਪੂਰੀ ਹੋਵੇ ਬੁੱਤੀ, ਬੁਤਖ਼ਾਨਿਆਂ ਵਿਚੋਂ ਪਾਰ ਕਰਾਈਆ । ਮੇਰੀ ਆਸ਼ਾ ਰਹੇ ਨਾ ਰੁੱਠੀ, ਰੁੱਠਿਆਂ ਲਏ ਮਿਲਾਈਆ । ਧਿਆਨ ਮਾਰੇ ਚਹੁੰ ਗੁੱਠੀ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਮੈਂ ਰੋ ਪੁਕਾਰਾਂ ਉਚੀ, ਹਾਹਾਕਾਰ ਕਰ ਸੁਣਾਈਆ । ਤੁਧ ਬਿਨ ਮੈਨੂੰ ਕਰੇ ਕੋਈ ਨਾ ਸੁੱਚੀ, ਤੀਰਥ ਤਟ ਸਾਬਤ ਨਜ਼ਰ ਕੋਇ ਨਾ ਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਾਰੇ ਰਹੇ ਲੁੱਟੀ, ਲੁਟੇਰੇ ਮੁੱਲਾ ਸ਼ੇਖ਼ ਮੁਸਾਇਕ ਨਜ਼ਰੀ ਆਈਆ । ਮੈਥੋਂ ਕੂੜ ਕਿਰਿਆ ਨਾ ਜਾਏ ਚੁੱਕੀ, ਚੁਕੰਨੀ ਹੋ ਕੇ ਦਿਆਂ ਸੁਣਾਈਆ । ਤੇਰੇ ਨਾਲੋਂ ਪ੍ਰੀਤ ਸਭ ਦੀ ਟੁੱਟੀ, ਟੁੱਟੀ ਗੰਢ ਨਾ ਕੋਇ ਪੁਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਗੁਰ ਅਵਤਾਰ ਪੈਗ਼ੰਬਰਾਂ ਦੇ ਦੇ ਛੁੱਟੀ, ਜੋ ਦੀਨਾਂ ਮਜ਼੍ਹਬਾਂ ਵੰਡ ਗਏ ਵੰਡਾਈਆ । ਵੇਖੀਂ ਸਦੀ ਚੌਧਵੀਂ ਆਪਣੀ ਗੰਢ ਨਾ ਘੁੱਟੀਂ, ਦਇਆਵਾਨ ਹੋ ਕੇ ਦਇਆ ਦੇਣੀ ਕਮਾਈਆ । ਤੇਰੀ ਪੌਹ ਨਿਰਗੁਣ ਧਾਰ ਅਗੰਮੀ ਫੁੱਟੀ, ਜੋਤੀ ਜੋਤ ਜੋਤ ਰੁਸ਼ਨਾਈਆ । ਰਵਿਦਾਸ ਹੁਣ ਗੰਢੇ ਨਾ ਟੁੱਟੀ ਜੁੱਤੀ, ਜੋਤਰਾ ਧਰਮ ਵਾਲਾ ਲਗਾਈਆ । ਸਭ ਦੀ ਬਦਲ ਦੇ ਰੁਚੀ, ਰਚਨਾ ਆਪਣੀ ਇਕ ਵਖਾਈਆ । ਮੈਨੂੰ ਨਿਕਰਮਣ ਨੂੰ ਕਰ ਦੇ ਸੁੱਚੀ, ਮੇਰੇ ਅੰਤਰ ਮੈਲ ਰਹੇ ਨਾ ਰਾਈਆ । ਮੈਂ ਤੇਰੀ ਸਰਨ ਸਾਹਿਬ ਸਵਾਮੀ ਝੁੱਕੀ, ਨਿਉਂ ਨਿਉਂ ਬੰਦਨਾ ਸੀਸ ਨਿਵਾਈਆ । ਵੇਖੀਂ ਆਪਣੀ ਕਰਨੀ ਕਰਨੋ ਮੂਲ ਨਾ ਉਕੀਂ, ਨਿਸ਼ਾਨਾ ਆਪਣਾ ਲੈਣਾ ਬਣਾਈਆ । ਮੈਂ ਚਾਹੁੰਦੀ ਤੇਰੇ ਦਵਾਰੇ ਵਸਾਂ ਸੁਖੀ, ਸੁਖ ਸਾਜਣ ਦੇਣਾ ਪਹੁੰਚਾਈਆ । ਸਤਿਜੁਗ ਧਾਰ ਪ੍ਰਗਟ ਕਰ ਪੰਜ ਮੁਖੀ, ਪੰਚਮ ਦੇ ਮਾਣ ਵਡਿਆਈਆ । ਮੇਰੀ ਆਯੂ ਕੂੜ ਕੁਕਰਮਾ ਕਰ ਕੇ ਹੋ ਗਈ ਬੁੱਢੀ, ਨੌਜਵਾਨ ਸ੍ਰੀ ਭਗਵਨ ਦੇ ਬਣਾਈਆ । ਮੇਰੀ ਧਾਰ ਹੋਵੇ ਅਦੁਤੀ, ਸੀਰ ਧੁਰ ਦਾ ਦੇਣਾ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ੍ਰਿਸ਼ਟ ਸਬਾਈ ਨਿਰਮਲ ਕਰ ਬੁੱਧੀ, ਬੁੱਧ ਬਿਬੇਕ ਦੇਣੀ ਕਰਾਈਆ । ਧਰਨੀ ਕਹੇ ਮੇਰਾ ਰੋ ਰੋ ਵਹੇ ਨੀਰ, ਨੈਣਾਂ ਛਹਿਬਰ ਲਾਈਆ । ਮੇਰੇ ਸ਼ਹਿਨਸ਼ਾਹ ਪੀਰ, ਹਜ਼ਰਤ ਬੇਪਰਵਾਹੀਆ । ਪਿਛਲੀ ਕੀਤੀ ਉਤੇ ਫੇਰ ਲਕੀਰ, ਲਾਈਨ ਆਪਣੀ ਦੇ ਸਮਝਾਈਆ । ਚੌਥੇ ਜੁਗ ਬਦਲ ਤਕਦੀਰ, ਮਿਹਰ ਨਜ਼ਰ ਇਕ ਉਠਾਈਆ । ਸਾਚਾ ਮਾਰਗ ਦੱਸ ਤਦਬੀਰ, ਤਰੀਕਾ ਇਕੋ ਇਕ ਜਣਾਈਆ । ਰੰਗ ਰੰਗਾ ਸ਼ਾਹ ਹਕੀਰ, ਊਚਾਂ ਨੀਚਾਂ ਡੇਰਾ ਢਾਹੀਆ । ਤੇਰਾ ਨੂਰ ਨਜ਼ਰ ਆਵੇ ਤਸਵੀਰ, ਲਾਤਸਵੀਰ ਪਰਦਾ ਦੇਣਾ ਉਠਾਈਆ । ਦੀਨ ਦੁਨੀ ਸ਼ਰਅ ਕੱਟ ਜ਼ੰਜੀਰ, ਸ਼ਰੀਅਤ ਵਿਚੋਂ ਵੇਖ ਵਖਾਈਆ । ਕਿਰਪਾ ਕਰ ਬੇਨਜ਼ੀਰ, ਨਜ਼ਰੀਆ ਸਭ ਦਾ

ਦੇ ਬਦਲਾਈਆ । ਤੂੰ ਆਦਿ ਜੁਗਾਦੀ ਮਦਦਗੀਰ, ਦਰ ਤੇਰੇ ਆਸ ਰਖਾਈਆ । ਹੋਕਾ ਦੇ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਦੁਹਾਈਆ । ਸਦੀ ਚੌਧਵੀਂ ਮੇਟ ਖ਼ਮੀਰ, ਖ਼ਾਲਸ ਆਪਣਾ ਰੰਗ ਰੰਗਾਈਆ । ਮੂਰਖ ਬੁੱਧੀ ਨਾ ਰਹੇ ਹਕੀਰ, ਵਿਸ਼ਟਾ ਮੁਖ ਨਾ ਕੋਇ ਛੁਹਾਈਆ । ਤੂੰ ਮਾਲਕ ਖ਼ਾਲਕ ਦਸਤਗੀਰ, ਦਸਤ ਬਦਸਤ ਲੈ ਉਠਾਈਆ । ਪਾਟੇ ਚੀਥੜ ਲਾਹ ਚੀਰ, ਭੂਸ਼ਨ ਧੁਰ ਦਾ ਨਾਮ ਪਹਿਨਾਈਆ । ਲੇਖਾ ਵੇਖ ਜਬਰਾਈਲ, ਮੇਕਾਈਲ ਦਏ ਸਫ਼ਾਈਆ । ਅਸਰਾਫ਼ੀਲ ਨਾ ਹੋਏ ਦਿਲਗੀਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਮੈਂ ਰੋ ਰੋ ਥੱਕੀ, ਥਕਾਵਟ ਮੇਰੇ ਅੰਦਰ ਆਈਆ । ਚਾਰ ਕੁੰਟ ਭੱਜੀ ਨੱਸੀ, ਦਹਿ ਦਿਸ਼ਾ ਵੇਖ ਵਖਾਈਆ । ਖੇਲ ਵੇਖੀ ਲੱਖ ਚੁਰਾਸੀ, ਚਾਰ ਅੱਠ ਜੂਨ ਅਜੂਨੀ ਫੋਲ ਫੁਲਾਈਆ । ਨਾਮ ਕਿਸੇ ਘਰ ਮਿਲਿਆ ਨਾ ਰਤੀ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਘਰ ਸਵਾਮੀ ਦਰਸ ਪਾਏ ਕੋਈ ਨਾ ਕਮਲਾਪਤੀ, ਪਤਿਪਰਮੇਸ਼ਵਰ ਰੰਗ ਨਾ ਕੋਇ ਰੰਗਾਈਆ । ਸਤਿ ਧਰਮ ਵਿਚ ਦਿਸੇ ਕੋਈ ਨਾ ਸਤੀ, ਸਤਿਆ ਗ੍ਰਿਹਿ ਕਰੇ ਲੋਕਾਈਆ । ਕੂੜ ਕਲਪਣਾ ਹੋਈ ਮਨਮਤੀ, ਬੁੱਧ ਬਿਬੇਕ ਨਾ ਕੋਇ ਬਣਾਈਆ । ਸੰਤੋਖ ਸੀਲ ਰਿਹਾ ਨਾ ਕੋਈ ਜਤੀ, ਯਥਾਰਥ ਪ੍ਰਭ ਦਾ ਰੰਗ ਨਾ ਕੋਇ ਵਖਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਤੀਰਥ ਤੱਟਾਂ ਕਰੇ ਕੋਈ ਨਾ ਗਤੀ, ਆਵਣ ਜਾਵਣ ਪੰਧ ਨਾ ਕੋਇ ਮੁਕਾਈਆ । ਤੇਰਾ ਖੇਲ ਪੁਰਖ ਸਮਰਥੀ, ਨਿਰਗੁਣ ਧਾਰ ਸਮਝ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਖੇਲ ਵਖਾ ਅੱਖੀਂ, ਆਖ਼ਰ ਇਹੋ ਆਸ ਰਖਾਈਆ । ਤੇਰਾ ਖੇਲ ਲੱਖ ਚੁਰਾਸੀ ਸਖ਼ੀ, ਸਖ਼ਾਵਤ ਆਪਣਾ ਨਾਮ ਦੇ ਅਗੰਮ ਝੋਲੀ ਪਾਈਆ । ਇਕੋ ਇਕ ਪੜ੍ਹਾ ਪੱਟੀ, ਪਟਨੇ ਵਾਲਾ ਨਾਲ ਰਲਾਈਆ । ਸਤਿਜੁਗ ਸਚ ਚਲਾ ਹੱਟੀ, ਹਟਵਾਣੇ ਪਿਛਲੇ ਆਪਣੇ ਵਿਚ ਸਮਾਈਆ । ਤੇਰੇ ਪ੍ਰੇਮ ਦੀ ਡੋਰ ਜਾਏ ਨਾ ਕਟੀ, ਆਤਮ ਪਰਮਾਤਮ ਮੇਲਾ ਮੇਲ ਸਹਿਜ ਸੁਭਾਈਆ । ਨਾਨਕ ਨੂੰ ਥੋੜ੍ਹਾ ਜਿਹਾ ਇਸ਼ਾਰਾ ਦਿਤਾ ਜੁਗ ਛੱਤੀ, ਇਸ ਤੋਂ ਅੱਗੇ ਕਹਿਣ ਕੁਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੈਂ ਰੋ ਰੋ ਹੋਈ ਬੇਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਸਾਚੀ ਰਹੀ ਨਾ ਕੋਈ ਧਰਮਸਾਲ, ਸਾਚਾ ਮੰਦਰ ਨਾ ਕੋਇ ਵਡਿਆਈਆ । ਕਲਜੁਗ ਕੂੜੀ ਕਿਰਿਆ ਬਦਲੀ ਚਾਲ, ਚਾਲ ਨਿਰਾਲੀ ਵੇਖ ਵਖਾਈਆ । ਇਸ਼ਟੀ ਦ੍ਰਿਸ਼ਟੀ ਹੋਈ ਬੇਹਾਲ, ਬਿਹਬਲ ਹੋ ਕੇ ਰਹੀ ਕੁਰਲਾਈਆ । ਸਾਚੀ ਵਸਤ ਕੋਲ ਨਹੀਂ ਧਨ ਮਾਲ, ਨਾਮ ਖ਼ਜ਼ਾਨਾ ਹੱਥ ਕਿਸੇ ਨਾ ਆਈਆ । ਜਿਧਰ ਤੱਕਾਂ ਸਾਰੇ ਹੋਏ ਕੰਗਾਲ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਮੈਂ ਚਾਰ ਕੁੰਟ ਕੀਤੀ ਭਾਲ, ਭੱਜੀ ਵਾਹੋ ਦਾਹੀਆ । ਕੋਈ ਮੇਰਾ ਹੱਲ ਕਰੋ ਸਵਾਲ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਸੁਰਤ ਲਵੋ ਸੰਭਾਲ, ਆਪਣਾ ਬਲ ਪ੍ਰਗਟਾਈਆ । ਆਪਣੇ ਸ਼ਸਤਰ ਉਠਾਓ ਖੰਡੇ ਢਾਲ, ਤੀਰ ਤਰਕਸ਼ ਕਮਾਨ ਕੰਧ ਉਠਾਈਆ । ਜੋਧੇ ਸੂਰਬੀਰ ਬਣੋ ਬਲਵਾਨ, ਬਲਧਾਰ ਲਵੋ ਅੰਗੜਾਈਆ । ਕਿਉਂ ਜੀਵਾਂ ਅੰਦਰ ਸ਼ਰਅ ਵੜੀ ਸ਼ੈਤਾਨ, ਸ਼ਸਤਰ ਧਾਰੀਓ ਕਿਉਂ ਬੈਠੇ ਮੁਖ ਛੁਪਾਈਆ । ਕਿਉਂ ਛੱਡਦੇ ਨਹੀਂ ਆਪਣਾ ਈਮਾਨ, ਦੀਨਾਂ ਮਜ਼੍ਹਬਾਂ ਕੋਲੋਂ ਪੱਲੂ ਲਵੋ ਛੁਡਾਈਆ । ਕਿਧਰ ਗਏ ਤੁਹਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਖਾਣੀ ਬਾਣੀ ਦੁਰਮਤ ਮੈਲ ਨਾ ਕੋਇ ਧਵਾਈਆ । ਤੁਸੀਂ ਪੰਜਾਂ ਤੱਤਾਂ ਨੂੰ

੧੨੧੧
੨੧

ਗਿਆਨ ਵਿਚ ਬਣਾ ਨਾ ਸਕੇ ਇਨਸਾਨ, ਇਨਸਾਨਾਂ ਨੂੰ ਹੈਵਾਨਾਂ ਵਾਂਗ ਗਏ ਲੜਾਈਆ । ਦੱਸੋ ਕਿਹੜੇ ਤੁਸੀਂ ਪ੍ਰਧਾਨ, ਕਵਣ ਹੁਕਮ ਰਹੇ ਚਲਾਈਆ । ਕਿਹੜੀ ਸਖ਼ੀ ਦਾ ਬਣ ਕੇ ਕਾਹਨ, ਬੰਸਰੀ ਰਹੇ ਸੁਣਾਈਆ । ਉਠੋ ਵੇਖੋ ਮਾਰੋ ਧਿਆਨ, ਕਲਜੁਗ ਰੈਣ ਅੰਧੇਰੀ ਛਾਈਆ । ਸਾਚਾ ਰਿਹਾ ਨਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਕੂੜੀ ਕਿਰਿਆ ਚੜ੍ਹਿਆ ਤੁਫ਼ਾਨ, ਗਿਆਨੀਆਂ ਧਿਆਨੀਆਂ ਰਿਹਾ ਰੁੜ੍ਹਾਈਆ । ਜਿਧਰ ਤੱਕੋ ਬੇਈਮਾਨ, ਧਰਮ ਦੀ ਧਾਰ ਨਾ ਕੋਇ ਵਖਾਈਆ । ਤੁਹਾਡਾ ਕਲਮਾ ਕਰੇ ਨਾ ਕੋਇ ਕਲਿਆਣ, ਮੰਤਰਾਂ ਵਿਚ ਨਾ ਕੋਇ ਵਡਿਆਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਹੈਰਾਨ, ਬਿਨ ਅੱਖਾਂ ਰੋ ਰੋ ਨੀਰ ਨੈਣਾਂ ਰਹੇ ਵਹਾਈਆ । ਜਾਓ ਧਰਨੀ ਕਹੇ ਆਓ ਮੇਰੇ ਵਿਚ ਮੈਦਾਨ, ਆਪਣਾ ਬਲ ਧਰਾਈਆ । ਜੇ ਆ ਨਹੀਂ ਸਕਦੇ ਫਿਰ ਬੋਲੋ ਬਿਨਾ ਜ਼ਬਾਨ, ਸਚ ਦਿਓ ਸੁਣਾਈਆ । ਮੁਖੋਂ ਕਹੋ ਪ੍ਰਭੂ ਤੇਰੀ ਸ੍ਰਿਸ਼ਟੀ ਤੇਰੀ ਦੁਨੀਆ ਤੇਰੀ ਕਾਇਨਾਤ ਤੇਰਾ ਜੀਵ ਜਹਾਨ, ਸਾਡਾ ਨਜ਼ਰ ਕੁਛ ਨਾ ਆਈਆ । ਸਾਡੀ ਤੇਰੇ ਚਰਨਾਂ ਇਕ ਪਰਨਾਮ, ਆਪਣਾ ਵਾਪਸ ਲੈ ਲਾ ਧੁਰਦਰਗਾਹ ਦਾ ਬਖ਼ਸ਼ਿਆ ਨਾਮ, ਤੇਰੀ ਝੋਲੀ ਪਾਈਆ । ਤੇਰੇ ਕਲਮੇ ਵਾਲੀ ਕਲਾਮ, ਕਾਮਲ ਮੁਰਸ਼ਦ ਤੇਰੀ ਓਟ ਰਖਾਈਆ । ਅੰਤ ਅਖ਼ੀਰ ਇਕੋ ਸਯਦਾ ਇਕੋ ਸਲਾਮ, ਇਕੋ ਡੰਡਾਵਤ ਬੰਦਨਾ ਪਰਨਾਮ, ਪਰਮ ਪੁਰਖ ਤੇਰੇ ਚਰਨਾਂ ਵਿਚ ਸਮਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਦੀਨ ਦਿਆਲ ਨੂੰ ਹੋਣ ਨਾ ਦਿਓ ਬਦਨਾਮ, ਆਪਣੀ ਆਪਣੀ ਬਦਨਾਮੀ ਲੈ ਕੇ ਦਰਗਾਹ ਸਾਚੀ ਸਚਖੰਡ ਪ੍ਰਭ ਦੇ ਵਿਚ ਜਾਓ ਸਮਾਈਆ । ਦੀਨ ਦੁਨੀ ਨੂੰ ਸੰਭਾਲਣਾ ਤੁਹਾਡਾ ਨਹੀਂ ਕਾਮ, ਤੁਸੀਂ ਮਜ਼੍ਹਬਾਂ ਦੇ ਵਾਗੀ ਸਿਫ਼ਤਾਂ ਦੇ ਰਾਗੀ ਢੋਲੇ ਰਸਨਾ ਨਾਲ ਗਾਈਆ । ਧਰਨੀ ਕਹੇ ਮੇਰਾ ਮਾਲਕ ਆਦਿ ਦਾ ਕੰਤ ਸੁਹਾਗੀ, ਜਿਸ ਕੋਟਨ ਵਾਰ ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਕੀਤੀ ਬਰਬਾਦੀ, ਥਿਰ ਰਹਿਣ ਕੋਇ ਨਾ ਪਾਈਆ । ਮੈਂ ਚਾਹੁੰਦੀ ਮੈਨੂੰ ਦੀਨਾਂ ਮਜ਼੍ਹਬਾਂ ਤੋਂ ਮਿਲ ਜਾਏ ਆਜ਼ਾਦੀ, ਪੁਰਖ ਅਕਾਲ ਦਾ ਇਕੋ ਨਾਮ ਸੁਣਾਂ ਅਨਾਦੀ, ਜੋ ਅਨਾਦ ਕਾਲ ਤੋਂ ਚਲਿਆ ਆਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਸਦਾ ਵਿਸਮਾਦੀ, ਬਿਸਮਿਲ ਹੋ ਕੇ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੇਟ ਦੀਨ ਦੁਨੀ ਸਮਾਜੀ, ਸਮੇਂ ਦੇ ਮਾਲਕ ਖ਼ਲਕ ਦੇ ਖ਼ਾਲਕ ਮਖ਼ਲੂਕ ਆਪਣੇ ਰੰਗ ਰੰਗਾਈਆ ।

### ❊ ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਮੋਹਨ ਸਿੰਘ ਦੇ ਗ੍ਰਿਹ ਗੜ੍ਹੀ ਲਾਂਗਰੀ ❊

ਧਰਨੀ ਕਹੇ ਪ੍ਰਭੂ ਮੇਰੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਆਪਣੀ ਸ੍ਰਿਸ਼ਟੀ ਵੇਖ ਜਗਤ ਸੰਸਾਰ, ਦੀਨ ਦੁਨੀ ਫੋਲ ਫੁਲਾਈਆ । ਚਾਰੋਂ ਕੁੰਟ ਵਧਿਆ ਵਿਭਚਾਰ, ਕੂੜ ਕੁਕਰਮ ਲਏ ਅੰਗੜਾਈਆ । ਸਾਚਾ ਮਿੱਤਰ ਨਾ ਕੋਇ ਮੁਰਾਰ, ਸਗਲਾ ਸੰਗ ਨਾ ਕੋਇ ਰਖਾਈਆ । ਸਹਾਇਤਾ ਕਰੇ ਨਾ ਕੋਇ ਗੁਰੂ ਅਵਤਾਰ, ਪੈਗ਼ੰਬਰ ਹੋਏ ਨਾ ਕੋਇ ਸਹਾਈਆ । ਚਾਰੋਂ ਕੁੰਟ ਧੂੰਆਧਾਰ, ਦਹਿ ਦਿਸ਼ਾ ਅੰਧੇਰਾ ਛਾਈਆ । ਦੀਨ ਮਜ਼੍ਹਬ ਕਰਨ ਖਾਰ, ਜ਼ਾਤਾਂ ਪਾਤਾਂ ਵਿਚ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਹਾਹਾਕਾਰ, ਗੁਰਦਵਾਰਿਆਂ ਧੀਆਂ ਭੈਣਾਂ ਰਹੇ ਤਕਾਈਆ ।

ਮਾਇਆ ਮਮਤਾ ਸਭ ਨੂੰ ਕੀਤਾ ਖ਼ੁਆਰ, ਹਉਮੇ ਹੰਗਤਾ ਵਿਚ ਹਲਕਾਈਆ । ਝਗੜਾ ਪਿਆ ਪੁਰਖ ਨਾਰ, ਪਿਤਾ ਪੂਤ ਨਾ ਕੋਇ ਵਡਿਆਈਆ । ਨਾਦ ਸ਼ਬਦ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸੁਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਠੰਡਾ ਠਾਰ, ਅਠਸਠ ਤੀਰਥ ਰੋ ਰੋ ਦੇਣ ਦੁਹਾਈਆ । ਦੀਆ ਬਾਤੀ ਕਮਲਾਪਾਤੀ ਪਤਿਪਰਮੇਸ਼ਵਰ ਤੇਰਾ ਹੋਏ ਨਾ ਕੋਇ ਉਜਿਆਰ, ਸਾਢੇ ਤਿੰਨ ਹੱਥ ਕਾਇਆ ਮੰਦਰ ਅੰਦਰ ਸਾਧ ਸੰਤ ਕਰੇ ਨਾ ਕੋਇ ਸਫ਼ਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਗਏ ਹਾਰ, ਮੰਜ਼ਲ ਮਹਿਬੂਬ ਹੱਥ ਕਿਸੇ ਨਾ ਆਈਆ । ਮੈਂ ਜਿਧਰ ਤੱਕਾਂ ਕੂੜ ਕੁਕਰਮ ਦਿਸੇ ਵਿਭਚਾਰ, ਧਰਮ ਦੀ ਧਾਰ ਰੰਗ ਨਾ ਕੋਇ ਰੰਗਾਈਆ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਆਤਮ ਬ੍ਰਹਮ ਕਿਸੇ ਨਾ ਪਾਈ ਸਾਰ, ਪਾਰਬ੍ਰਹਮ ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਤੀ ਕਹੇ ਪ੍ਰਭ ਮੈਂ ਰੋ ਕੇ ਦਿਆਂ ਦੁਹਾਈ, ਤੇਰਾ ਨਾਮ ਖ਼ੁਦਾਈਆ । ਚਾਰੋਂ ਕੁੰਟ ਅੰਧੇਰਾ ਛਾਈ, ਸਾਚਾ ਚੰਦ ਨਾ ਕੋਇ ਚਮਕਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾਈ, ਤੱਤਾਂ ਵਾਲਾ ਗੁਰੂ ਕੰਮ ਕਿਛ ਨਾ ਆਈਆ । ਦੀਨਾਂ ਮਜ਼੍ਹਬਾਂ ਲੋਕਮਾਤ ਕਰ ਸਫ਼ਾਈ, ਏਕਾ ਬ੍ਰਹਮ ਏਕਾ ਦ੍ਰਿਸ਼ਟ ਏਕਾ ਇਸ਼ਟ ਦੇ ਜਣਾਈਆ । ਤੇਰੇ ਨਾਮ ਤੋਂ ਸਾਰੀ ਦੁਨੀਆ ਕਰੇ ਲੜਾਈ, ਅੱਲਾ ਵਾਹਿਗੁਰੂ ਰਾਮ ਨਾਮ ਸਤਿ ਝਗੜਾ ਦਿਤਾ ਪਾਈਆ । ਤੇਰਾ ਲੇਖਾ ਜੋ ਗੁਰ ਅਵਤਾਰ ਪੈਗ਼ੰਬਰਾਂ ਲਿਖਿਆ ਨਾਲ ਕ਼ਲਮ ਸ਼ਾਹੀ, ਸ਼ਹਿਨਸ਼ਾਹ ਤੇਰੀ ਵੰਡੀ ਅੱਖਰਾਂ ਵਿਚ ਵੰਡਾਈਆ । ਆਦਿ ਜੁਗਾਦੀ ਸ਼ਾਹ ਪਾਤਸ਼ਾਹ ਦੋ ਜਹਾਨਾਂ ਮਾਲਕ ਨੂਰ ਅਲਾਹੀ, ਨੌਜਵਾਨਾ ਇਕੋ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕੂੜੀ ਕਿਰਿਆ ਸ਼ੌਹ ਦਰਿਆ ਦੇਵੀਂ ਰੁੜ੍ਹਾਈ, ਰਹਿਮਤ ਆਪਣੀ ਆਪ ਕਮਾਈਆ । ਸਤਿਜੁਗ ਸਾਚਾ ਸਤਿ ਧਰਮ ਦਾ ਰਾਹ ਚਲਾਈਂ, ਰਹਿਬਰ ਹੋ ਕੇ ਆਪੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਦਰ ਠਾਂਡੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਅਰਦਾਸ, ਬੇਨੰਤੀ ਇਕ ਸੁਣਾਈਆ । ਗੁਰ ਅਵਤਾਰ ਪੈਗੰਬਰਾਂ ਪੂਰਾ ਕਰ ਦੇ ਭਵਿਖਤ ਵਾਕ, ਲੇਖਾ ਅਵਰ ਰਹੇ ਨਾ ਰਾਈਆ । ਨਿਰਗੁਣ ਜੋਤ ਕਰ ਪ੍ਰਕਾਸ਼, ਅੰਧ ਅੰਧੇਰਾ ਦੇ ਗਵਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਮਜ਼੍ਹਬ ਦਾ ਲੇਖਾ ਰਹੇ ਨਾ ਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਤੂੰ ਮੇਰਾ ਮੈਂ ਤੇਰਾ ਸਭ ਨੂੰ ਦੱਸ ਦੇ ਸਾਚੀ ਗਾਥ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਅੰਤਰ ਨਿਰੰਤਰ ਨਿਰਗੁਣ ਨਿਰਗੁਣ ਬਣਾ ਸੱਜਣ ਸਾਕ, ਸਰਗੁਣ ਦਾ ਝਗੜਾ ਤਨ ਵਜੂਦ ਮਾਟੀ ਖ਼ਾਕ ਬਾਹਰੋਂ ਵੰਡ ਵੰਡਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਸ੍ਰਿਸ਼ਟੀ ਦੀ ਦ੍ਰਿਸ਼ਟੀ ਦਾ ਖੋਲ੍ਹ ਤਾਕ, ਪਰਦਾ ਅੰਦਰੋਂ ਦੇ ਚੁਕਾਈਆ । ਇਕੋ ਨੂਰ ਨੂਰ ਨੂਰ ਕਰ ਪ੍ਰਕਾਸ਼, ਜ਼ਹੂਰ ਆਪਣੇ ਵਿਚੋਂ ਵਖਾਈਆ । ਮੇਰੀ ਅੰਤ ਅਖ਼ੀਰੀ ਇਹੋ ਆਸ, ਅਵਤਾਰ ਪੈਗ਼ੰਬਰ ਜਿਸ ਦਾ ਦੇ ਕੇ ਗਏ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਵਿਸ਼ੇਸ਼ ਆਪਣੀ ਕਾਰ ਕਮਾਈਆ । ਕਲਜੁਗ ਕੂੜ ਕਲਪਣਾ ਕਰ ਦੇ ਨਾਸ, ਕਰਮ ਕਾਂਡ ਦਾ ਝਗੜਾ ਦੇ ਚੁਕਾਈਆ । ਸਚ ਧਰਮ ਦੀ ਧਰਨੀ ਕਹੇ ਮੇਰੀ ਝੋਲੀ ਪਾ ਦਾਤ, ਸਤਿਜੁਗ ਸਾਚਾ ਮਾਰਗ ਇਕ ਪ੍ਰਗਟਾਈਆ । ਚਾਰ ਵਰਨ ਅਠਾਰਾਂ ਬਰਨ ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿੱਖ ਈਸਾਈ ਤੇਰਾ ਇਕੋ ਕਲਮਾ ਇਕੋ ਨਾਮ

ਇਕੋ ਜਪਣ ਗਾਥ, ਇਕੋ ਜਮਾਤ ਹੋ ਕੇ ਆਪਣਾ ਝਟ ਲੰਘਾਈਆ । ਜਿਧਰ ਵੇਖਾਂ ਓਧਰ ਨਜ਼ਰੀ ਆਵੇਂ ਸਾਖਿਆਤ, ਸਵੱਛ ਸਰੂਪ ਸ਼ਾਹੋ ਭੂਪ ਆਪਣਾ ਰੂਪ ਲੈਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਆਪ ਦ੍ਰਿੜਾਈਆ । ਧਰਨੀ ਕਹੇ ਮੈਂ ਪਾਪਾਂ ਭਾਰ ਦੱਬੀ, ਦਾਅਵੇ ਨਾਲ ਜਣਾਈਆ । ਮੈਨੂੰ ਸਤਿ ਜੋਤ ਕਿਤੋਂ ਨਾ ਲੱਭੀ, ਤੇਰਾ ਨੂਰੀ ਦਰਸ ਕੋਇ ਨਾ ਪਾਈਆ । ਮੈਂ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰਦਵਾਰਿਆਂ ਵਿਚ ਭੱਜੀ, ਤੀਰਥ ਤੱਟਾਂ ਉਤੇ ਫੇਰਾ ਪਾਈਆ । ਮੈਂ ਸਾਧ ਸੰਤ ਫ਼ਕੀਰ ਪੰਡਤ ਪਾਂਧੇ ਵੇਖੇ ਜਿਹੜੇ ਬੈਠੇ ਉਤੇ ਮੰਜੀ, ਮਜਲਸ ਵਿਦਿਆ ਅੱਖਰਾਂ ਵਾਲੀ ਬਣਾਈਆ । ਮੈਂ ਗੰਗਾ ਗੋਦਾਵਰੀ ਜਮਨਾ ਸੁਰਸਤੀ ਵਹਿੰਦੀ ਧਾਰ ਵੇਖੀ ਨਦੀ, ਨਦੀਆਂ ਦੇ ਆਰ ਪਾਰ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਵੇਖੀ ਗੱਦੀ, ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਫੋਲ ਫੁਲਾਈਆ । ਮੇਰੇ ਦੀਨ ਦਿਆਲ ਸਾਹਿਬ ਸਤਿਗੁਰ ਪੁਰਖ ਅਕਾਲ ਗੋਬਿੰਦ ਦੇ ਪਿਛੋਂ ਕਿਸੇ ਦੇ ਅੰਦਰ ਤੇਰੀ ਜੋਤ ਨਹੀਂ ਜਗੀ, ਤੱਤਾਂ ਵਾਲਾ ਗੁਰੂ ਨਜ਼ਰ ਕੋਇ ਨਾ ਆਈਆ । ਉਠ ਵੇਖ ਆਪਣੀ ਚੌਧਵੀਂ ਸਦੀ, ਮੁਹੰਮਦ ਕੂਕ ਕੂਕ ਸੁਣਾਈਆ । ਜਿਸ ਦੇ ਅੰਤਰ ਨਿਰੰਤਰ ਚੋਟ ਲੱਗੀ, ਚੋਟੀ ਚੜ੍ਹ ਕੇ ਖੋਜ ਖੁਜਾਈਆ । ਤੂੰ ਜਲਵਾਗਰ ਨੂਰ ਨੁਰਾਨਾ ਸਾਹਿਬ ਸੁਲਤਾਨਾ ਰੱਬੀ, ਰਹਿਮਤ ਆਪਣੀ ਹੱਕ ਕਮਾਈਆ । ਮੈਂ ਮਾਂਗਤ ਕਹਿੰਦੀ ਭਿਖਾਰਨ ਕਹਿੰਦੀ ਦਰਵੇਸ਼ਨ ਕਹਿੰਦੀ ਕਦੀ ਕਦੀ, ਜੁਗ ਚੌਕੜੀ ਪਿਛੋਂ ਆਪਣੀ ਮੰਗ ਮੰਗਾਈਆ । ਮੇਰੇ ਸਾਹਿਬ ਸੁਲਤਾਨ ਨੌਜਵਾਨ ਪਰਵਰਦਿਗਾਰ ਸਾਂਝੇ ਯਾਰ ਦੁਨੀਆ ਦੇ ਅੰਦਰੋਂ ਕੱਢ ਦੇ ਬਦੀ, ਮਨ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੈਂ ਚਰਨ ਕਵਲ ਸਰਨਾਈ ਤੇਰੀ ਲੱਗੀ, ਸਰਨਗਤ ਇਕੋ ਇਕ ਰਖਾਈਆ ।



## ❋ ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਰਣ ਸਿੰਘ ਦੇ ਗ੍ਰਿਹ ਅਜੀਤ ਨਗਰ ❋

ਧਰਨੀ ਕਹੇ ਪ੍ਰਭ ਮੇਰੀ ਇਕ ਅਰਜ਼ੋਈ, ਆਰਜ਼ੂ ਅੰਤਰ ਦਿਆਂ ਜਣਾਈਆ । ਕਲਜੁਗ ਅੰਤ ਮਿਲੇ ਨਾ ਢੋਈ, ਮਿਹਰ ਨਜ਼ਰ ਨਾ ਕੋਇ ਉਠਾਈਆ । ਮਹਾਂਬਲੀ ਰਿਹਾ ਨਾ ਕੋਈ, ਜੋ ਕੂੜੀ ਕਿਰਿਆ ਦਏ ਮੁਕਾਈਆ । ਕਲਜੁਗ ਜੀਵਾਂ ਸੁਰਤੀ ਸੋਈ, ਸ਼ਬਦ ਹਲੂਣੇ ਨਾ ਕੋਇ ਉਠਾਈਆ । ਮਾਇਆ ਮਮਤਾ ਪਾਈ ਦਰੋਹੀ, ਤੇਰਾ ਰੂਪ ਅਨੂਪ ਨਜ਼ਰ ਨਾ ਆਈਆ । ਚਾਰੋਂ ਕੁੰਟ ਰੈਣ ਅੰਧੇਰੀ ਹੋਈ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੈਂ ਰੋ ਰੋ ਕੀ ਦੱਸਾਂ, ਦਹਿ ਦਿਸ਼ਾ ਪਈ ਦੁਹਾਈਆ । ਕਲਜੁਗ ਕੁਕਰਮ ਵੇਖ ਨਾ ਸਕਾਂ ਅੱਖਾਂ, ਕੂੜ ਕਲਪਣਾ ਰਹੀ ਕੁਰਲਾਈਆ । ਮਿੱਤਰ ਰਿਹਾ ਕੋਈ ਨਾ ਸਖ਼ਾ, ਚੇਲਾ ਗੁਰੂ ਨਾ ਕੋਇ ਵਡਿਆਈਆ । ਤੇਰਾ ਨਾਮ ਵਿਕਦਾ ਵਿਚ ਹੱਟਾਂ, ਕ਼ੀਮਤ ਟਕਿਆਂ ਵਾਲੀ ਪਾਈਆ । ਫਿਰੀ ਦੁਹਾਈ ਤੀਰਥ ਤੱਟਾਂ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਭ੍ਰਿਸ਼ਟਾਚਾਰ ਹੋਇਆ ਮੰਦਰ ਮੱਠਾਂ, ਸ਼ਿਵਦਵਾਲੇ ਕੂਕਣ ਮਾਰਨ ਧਾਹੀਆ । ਸ਼ਾਸਤਰ ਸਿਮਰਤ ਵੇਦ

੧੨੧੪
੨੧

ਪੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਜਗਤ ਥੱਕਾ, ਤੇਰਾ ਦਰਸ ਕੋਇ ਨਾ ਪਾਈਆ । ਹਿਰਦੇ ਹਰਿ ਵਸਾਏ ਕੋਈ ਨਾ ਪੱਕਾ, ਪਾਰਬ੍ਰਹਮ ਤੈਨੂੰ ਮਿਲਣ ਕੋਇ ਨਾ ਆਈਆ । ਸਾਚਾ ਭੇਵ ਖੋਲ੍ਹੇ ਕੋਈ ਨਾ ਯਥਾਰਥ ਯਥਾ, ਪਰਦਾ ਸਕੇ ਨਾ ਕੋਇ ਉਠਾਈਆ । ਵਿਦਿਆਵਾਨ ਅਕਲ ਬੁੱਧੀ ਦੀ ਕਰਦੇ ਕਥਾ, ਅਨੁਭਵ ਦ੍ਰਿਸ਼ਟੀ ਸਕੇ ਨਾ ਕੋਇ ਜਣਾਈਆ । ਇੱਟਾਂ ਪੱਥਰਾਂ ਦੀਨ ਦੁਨੀ ਟੇਕਦੀ ਮੱਥਾ, ਅਬਿਨਾਸ਼ੀ ਕਰਤੇ ਤੈਨੂੰ ਸੀਸ ਨਾ ਕੋਇ ਨਿਵਾਈਆ । ਜਲਾਂ ਥਲਾਂ ਸੇਵਾ ਕਰਦੇ ਹੱਥਾਂ, ਤੇਰੇ ਚਰਨ ਕਵਲ ਹੱਥ ਕਰ ਨਾ ਕੋਇ ਛੁਹਾਈਆ । ਤੇਰੇ ਪ੍ਰੇਮ ਪਿਆਰ ਦੀ ਸਮਝੀ ਕਿਸੇ ਨਾ ਵਜਹ, ਭੇਵ ਅਗੰਮ ਨਾ ਕੋਇ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਜੰਗਲ ਪਹਾੜਾਂ ਵਿਚੋਂ ਨਿਰਗੁਣ ਧਾਰ ਕਿਸੇ ਨਾ ਲੱਭਾ, ਕੋਟਨ ਕੋਟ ਜਗਤ ਜਗਿਆਸੂ ਭੱਜਣ ਵਾਹੋ ਦਾਹੀਆ । ਅੰਤ ਅਖ਼ੀਰ ਸਦੀ ਚੌਧਵੀਂ ਦੇਵਾਂ ਤੈਨੂੰ ਸੱਦਾ, ਸਾਹਿਬ ਸਵਾਮੀ ਆਪਣਾ ਫੇਰਾ ਪਾਈਆ । ਜਨ ਭਗਤਾਂ ਦਰਸ ਵਖਾ ਉਪਰ ਸ਼ਾਹ ਰਗਾ, ਨੌ ਦਵਾਰੇ ਡੇਰਾ ਢਾਹੀਆ । ਜਿਥੇ ਤੇਰਾ ਸ਼ਬਦ ਨਾਮ ਅਨਾਦ ਸੁਣੇ ਅਨਹਦਾ, ਅਨਰਾਗੀ ਧੁਰ ਦਾ ਰਾਗ ਦੇਣਾ ਦ੍ਰਿੜਾਈਆ । ਜਿਸ ਗ੍ਰਿਹ ਦੀਪਕ ਜੋਤੀ ਜਗਾ, ਬਿਨ ਤੇਲ ਬਾਤੀ ਡਗਮਗਾਈਆ । ਸਾਹਿਬ ਸਵਾਮੀ ਪੁਰਖ ਅਬਿਨਾਸ਼ਣ ਤੇਰਾ ਸਿੰਘਾਸਣ ਸਜਾ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਮੰਗਣ ਮੰਗਾਂ, ਝੋਲੀਆਂ ਸਾਰੇ ਰਹੇ ਡਾਹੀਆ । ਸੋ ਖੇਲ ਵੇਖ ਲੋਕਮਾਤ ਸੂਰੇ ਸਰਬੰਗਾ, ਸਾਹਿਬ ਤੇਰੀ ਆਸ ਰਖਾਈਆ । ਜੀਵ ਜੰਤ ਜਗਤ ਜਹਾਨ ਹੋਇਆ ਨੰਗਾ, ਓਢਨ ਸੀਸ ਨਾ ਕੋਇ ਟਿਕਾਈਆ । ਸਚ ਪ੍ਰੇਮ ਦਾ ਵੱਜੇ ਨਾ ਕੋਇ ਮਰਦੰਗਾ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਨਿਜ ਆਤਮ ਮਿਲੇ ਨਾ ਕੋਇ ਅਨੰਦਾ, ਪਰਮਾਨੰਦ ਨਾ ਕੋਇ ਸਮਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਛੰਦਾ, ਪਰਮਾਤਮ ਆਤਮ ਆਤਮ ਪਰਮਾਤਮ ਪਰਦਾ ਕੋਇ ਨਾ ਲਾਹੀਆ । ਦੀਨ ਦੁਨੀ ਦੇ ਮਾਲਕ ਪੰਜ ਤੱਤ ਦਾ ਆ ਕੇ ਵੇਖ ਬੰਦਾ, ਬਿਨ ਬੰਦਗੀਉਂ ਤਨ ਵਜੂਦ ਮਾਟੀ ਕੰਮ ਕਿਸੇ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਕੂੜੀ ਕਿਰਿਆ ਵਿਚ ਹੋਇਆ ਗੰਦਾ, ਦੁਰਮਤ ਮੈਲ ਅੰਦਰੋਂ ਕਰੇ ਨਾ ਕੋਇ ਸਫ਼ਾਈਆ । ਤੇਰਾ ਨੂਰੀ ਚੰਦ ਜੋਤੀ ਧਾਰ ਚਮਕੇ ਕੋਈ ਨਾ ਚੰਦਾ, ਕਲਜੁਗ ਕੂੜਾ ਅੰਧੇਰਾ ਨਾ ਕੋਇ ਮਿਟਾਈਆ । ਤੂੰ ਦੀਨ ਦਿਆਲ ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ੰਦਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣੀ ਦਇਆ ਕਮਾਈਆ । ਨਿਰਗੁਣ ਧਾਰ ਨਿਰੰਕਾਰ ਨਿਰਵੈਰ ਵੇਖ ਖੇਲ ਵਿਚ ਬ੍ਰਹਿਮੰਡਾ, ਪੁਰੀਆਂ ਲੋਆਂ ਖੋਜ ਖੁਜਾਈਆ । ਸਦੀ ਚੌਧਵੀਂ ਅੰਤ ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡਾ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਦੀਨ ਦੁਨੀ ਪਾਇਆ ਫੰਦਾ, ਬੰਧਨ ਸਕੇ ਨਾ ਕੋਇ ਤੁੜਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਨੀਰ ਸੀਰ ਰੂਪ ਨਾ ਕੋਇ ਬਦਲਾਈਆ । ਜਿਧਰ ਤੱਕਾਂ ਸਭ ਦਾ ਭਾਗ ਦਿਸੇ ਮੰਦਾ, ਮੰਦਭਾਗ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਤੀ ਕਹੇ ਪ੍ਰਭ ਮੇਰਾ ਦੁੱਖਾਂ ਵਿਚ ਨਿਕਲੇ ਹੌਕਾ, ਹਾਏ ਹਾਏ ਕਰ ਸੁਣਾਈਆ । ਸਚ ਨਾਮ ਦੀ ਮਿਲੇ ਕੋਈ ਨਾ ਨੌਕਾ, ਨਈਆ ਨਾਮ ਨਾ ਕੋਇ ਚੜ੍ਹਾਈਆ । ਵਕ਼ਤ ਗਿਆ ਸਤਿਗੁਰੂ ਭੌ ਕਾ, ਭੈ ਸਿਰ ਨਾ ਕੋਇ ਰਖਾਈਆ । ਸਮਾਂ ਆ ਗਿਆ ਹੰਕਾਰ ਹਉਂ ਕਾ, ਹੰਕਾਰ ਗੜ੍ਹ ਨਾ ਕੋਇ ਤੁੜਾਈਆ । ਮਾਣ ਰਿਹਾ ਨਾ ਪਿਤਾ ਮਾਉਂ ਕਾ, ਭੈਣ ਭਾਈ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਚਾਰੋਂ ਕੁੰਟ ਵਧਿਆ ਪਾਪਾ, ਪਤਤ ਪੁਨੀਤ ਨਾ ਕੋਇ ਕਰਾਈਆ । ਆਤਮ ਪਰਮਾਤਮ ਟੁੱਟਾ ਸਾਕਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਤ੍ਰੈਗੁਣ ਚੜ੍ਹਿਆ ਸਭ ਨੂੰ ਤਾਪਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬੰਦ ਕਿਵਾੜੀ ਖੁਲ੍ਹੇ ਕਿਸੇ ਨਾ ਤਾਕਾ, ਬਜਰ ਕਪਾਟੀ ਨਾ ਕੋਇ ਤੁੜਾਈਆ । ਸ਼ਬਦ ਸੁਣੇ ਨਾ ਕੋਇ ਅਨਾਦਾ, ਅਨਹਦ ਰਾਗ ਨਾ ਕੋਇ ਜਣਾਈਆ । ਕਲਜੁਗ ਜੀਵ ਹੰਸ ਬੁੱਧੀ ਹੋਏ ਕਾਗਾ, ਕਾਗ ਹੰਸ ਰੂਪ ਨਾ ਕੋਇ ਵਖਾਈਆ । ਦੁਰਮਤ ਮੈਲ ਧੋਵੇ ਕੋਈ ਨਾ ਦਾਗ਼ਾ, ਅੰਤਰ ਨਿਰੰਤਰ ਕਰੇ ਨਾ ਕੋਇ ਸਫ਼ਾਈਆ । ਤੇਰੀ ਨੂਰ ਜੋਤ ਜਗੇ ਨਾ ਕੋਈ ਚਰਾਗ਼ਾ, ਦੀਪਕ ਦੀਆ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਪਿਆ ਫ਼ਸਾਦਾ, ਝਗੜਾ ਨਾਮ ਕਲਮੇ ਵਾਲਾ ਰਖਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲਾ ਇਕ ਉਠਾ ਦੇ ਆਪਣਾ ਵਾਲਾ ਬਾਜ਼ਾ, ਬਾਜਾਂ ਵਾਲੇ ਦੇ ਵਡਿਆਈਆ । ਜੋ ਬਦਲ ਦੇਵੇ ਦੀਨ ਦੁਨੀ ਸਮਾਜਾ, ਇਸ਼ਟ ਪੁਰਖ ਅਕਾਲ ਤੇਰਾ ਦਏ ਵਖਾਈਆ । ਸ਼ਾਹੋ ਭੂਪ ਬਣ ਵਡ ਰਾਜਨ ਰਾਜਾ, ਰਈਅਤ ਵੇਖੇ ਥਾਉਂ ਥਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਸ੍ਰਿਸ਼ਟੀ ਦ੍ਰਿਸ਼ਟੀ ਸਵਾਰੇ ਕਾਜਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਿਰਪਾ ਕਰ ਪੁਰਖ ਸਮਰਾਥਾ, ਸਮਰਥ ਤੇਰੀ ਸ਼ਰਨਾਈਆ । ਸਤਿਜੁਗ ਸਾਚਾ ਪ੍ਰਗਟ ਕਰ ਸਾਚਾ, ਸਚ ਦੇ ਦ੍ਰਿੜਾਈਆ । ਭਾਗ ਲਗਾ ਦੇ ਕਾਇਆ ਮਾਟੀ ਕਾਚਾ, ਕੰਚਨ ਗੜ੍ਹ ਵਡਿਆਈਆ । ਮਨੂਆ ਮਨ ਨਾ ਫਿਰੇ ਨਾਚਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਇਕੋ ਸਤਿਗੁਰ ਸ਼ਬਦ ਹਿਰਦੇ ਅੰਦਰ ਜਾਏ ਵਾਚਾ, ਵਾਚਕ ਦੀ ਲੋੜ ਰਹੇ ਨਾ ਰਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੂੰ ਆਦਿ ਜੁਗਾਦੀ ਸਭ ਦਾ ਪਿਤਾ ਮਾਤਾ, ਪੁਰਖ ਅਕਾਲ ਤੇਰੀ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਤੇਰਾ ਦਾਸੀ ਦਾਸਾ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਗੁਰ ਅਵਤਾਰ ਪੈਗ਼ੰਬਰ ਜੁਗ ਚੌਕੜੀ ਤੇਰੀ ਸੇਵ ਕਮਾਈਆ ।



## ✻ ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਕਰਤਾਰ ਸਿੰਘ ਦੇ ਗ੍ਰਿਹ ਕੌਮੀ ਫ਼ਾਰਮ ✻

ਧਰਨੀ ਕਹੇ ਪ੍ਰਭ ਦੱਸ ਆਪਣਾ ਇਕੋ ਇਸ਼ਟ, ਆਤਮ ਪਰਮਾਤਮ ਪਰਦਾ ਦੇ ਉਠਾਈਆ । ਕਲਜੁਗ ਜੀਵਾਂ ਖੋਲ੍ਹ ਦ੍ਰਿਸ਼ਟ, ਮਾਇਆ ਮਮਤਾ ਮੋਹ ਮਿਟਾਈਆ । ਕੂੜ ਕਲਪਣਾ ਮਨ ਵਿਕਾਰ ਕੀਤਾ ਭ੍ਰਿਸ਼ਟ, ਦੁਰਮਤ ਮੈਲ ਦੇ ਧਵਾਈਆ । ਤੇਰਾ ਰਾਹ ਤੱਕੇ ਰਾਮਾ ਵਸ਼ਿਸ਼ਟ, ਤ੍ਰੇਤਾ ਜੁਗ ਤ੍ਰੈਗੁਣ ਅਤੀਤਾ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਭਵਿਖਤ, ਪੇਸ਼ੀਨਗੋਈਆਂ ਦੇਣ ਗਵਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਲਿਸਟ, ਚਾਰੇ ਖਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਤੀ ਕਹੇ ਪ੍ਰਭ ਸਤਿ ਸਚ ਕਰ ਇਨਸਾਫ਼, ਅਦਲ ਧੁਰ ਦਾ ਆਪ ਕਮਾਈਆ । ਕਲਜੁਗ ਮਨੂਆ ਹੋਇਆ ਗੁਸਤਾਖ, ਸਾਂਤਕ ਸਤਿ ਨਾ ਕੋਇ ਵਰਤਾਈਆ । ਕਲਜੁਗ ਜੀਵਾਂ ਕੁਕਰਮ ਕਰ ਮੁਆਫ਼, ਕਰਮ ਕਾਂਡ ਦਾ ਡੇਰਾ ਢਾਹੀਆ । ਦੁਰਮਤ

ਮੈਲ ਕਰ ਸਾਫ਼, ਪਤਤ ਪੁਨੀਤ ਦੇ ਕਰਾਈਆ । ਆਤਮ ਬ੍ਰਹਮ ਦੇ ਜਾਪ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਰੂਹ ਬੁਤ ਕਰ ਪਾਕ, ਤਨ ਵਜੂਦ ਵੱਜੇ ਵਧਾਈਆ । ਭੇਵ ਅਭੇਦਾ ਖੋਲ੍ਹ ਸਾਚ, ਸਚ ਸਵਾਮੀ ਦਇਆ ਕਮਾਈਆ । ਜੋ ਗੁਰ ਅਵਤਾਰ ਪੈਗ਼ੰਬਰ ਗਏ ਆਖ, ਸਦੀ ਚੌਧਵੀਂ ਪੂਰ ਕਰਾਈਆ । ਸਚ ਦਵਾਰਾ ਖੋਲ੍ਹ ਤਾਕ, ਪਰਦਾ ਅੰਤਰ ਨਿਰੰਤਰ ਰਹੇ ਨਾ ਰਾਈਆ । ਜੁਗ ਚੌਕੜੀ ਸਭ ਕੁਛ ਤੇਰੇ ਹਾਥ, ਸਮਰਥ ਸਵਾਮੀ ਤੇਰੀ ਵਡ ਵਡਿਆਈਆ । ਕਲਜੁਗ ਰੈਣ ਅੰਧੇਰੀ ਮੇਟ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਚਾਰ ਵਰਨ ਬਣਾ ਇਕ ਜਮਾਤ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਝਗੜਾ ਮੇਟ ਦੇ ਕਾਗ਼ਜ਼ਾਤ, ਕਲਮਾ ਨਾਮ ਇਕੋ ਇਕ ਉਪਜਾਈਆ । ਤੈਨੂੰ ਸਾਰੇ ਮੰਨਣ ਵਾਹਦ, ਲਾਸ਼ਰੀਕ ਸੋਭਾ ਪਾਈਆ । ਨਿਰਗੁਣ ਨੂਰ ਪ੍ਰਗਟ ਹੋ ਗਾਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੈਂ ਰੋ ਰੋ ਦੱਸਾਂ ਹਾਲਤ, ਹਰਿ ਹਰਿਜੂ ਦਿਆਂ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਜਹਾਲਤ, ਕੂੜ ਕਿਰਿਆ ਨਾ ਕੋਇ ਮਿਟਾਈਆ । ਪਿਤਾ ਪੂਤ ਦੀ ਪਈ ਅਦਾਵਤ, ਭਾਈ ਭਾਈ ਨਾ ਕੋਇ ਵਡਿਆਈਆ । ਤੇਰਾ ਨਾਮ ਨਾ ਮਿਲੇ ਨਿਆਮਤ, ਅਨਰਸ ਰਸਨਾ ਰਸ ਨਾ ਕੋਇ ਚਖਾਈਆ । ਰਸਨਾ ਜਿਹਵਾ ਬੱਤੀ ਦੰਦ ਦੀਨ ਦੁਨੀ ਹੋਈ ਗਾਵਤ, ਗਹਿਰ ਗੰਭੀਰ ਹਿਰਦੇ ਹਰਿ ਨਾ ਕੋਇ ਵਸਾਈਆ । ਤੁਧ ਬਿਨ ਦੂਜਾ ਦਿਸੇ ਨਾ ਕੋਈ ਸਹੀ ਸਲਾਮਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕੂੜ ਕਲਪਣਾ

੧੨੧੯ ੨੧ ਸਦੀ ਚੌਧਵੀਂ ਚਾਰੋਂ ਕੁੰਟ ਕੀਤੀ ਬਗ਼ਾਵਤ, ਬਗ਼ਲਗੀਰ ਨਾ ਕੋਇ ਅਖਵਾਈਆ । ਰਹਿਮਤ ਵਿਚ ਨਾਮ ਕਰ ਸਖ਼ਾਵਤ, ਧੁਰ ਦੀ ਧਾਰ ਇਕ ਉਪਜਾਈਆ । ੧੨੧੯ ੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭ ਮੇਟ ਦੇ ਮੇਰਾ ਦੁੱਖ, ਦਰਦੀ ਹੋ ਕੇ ਦਰਦ ਵੰਡਾਈਆ । ਝਗੜਾ ਮੁਕਾ ਦੇ ਮਾਨਸ ਮਾਨੁਖ, ਮਾਨਵ ਕਰੇ ਨਾ ਕੋਇ ਲੜਾਈਆ । ਸਤਿਜੁਗ ਸਾਚੀ ਸੁਹਾ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਇਕੋ ਜੋਧਾ ਸੂਰਬੀਰ ਦੁਲਾਰਾ ਉਠਾ ਦੇ ਗੋਬਿੰਦ ਸੁਤ, ਦੋ ਜਹਾਨਾਂ ਲੈ ਅੰਗੜਾਈਆ । ਚਾਰ ਕੁੰਟ ਦਹਿ ਦਿਸ਼ਾ ਲੈ ਪੁਛ, ਵੇਖ ਵਖਾਣੇ ਥਾਉਂ ਥਾਈਂਆ । ਪਰਦਾ ਉਹਲਾ ਰਹਿਣ ਨਾ ਦੇਵੇ ਲੁਕ, ਭੇਵ ਅਭੇਦਾ ਦਏ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਤੁਕ, ਤੁਖ਼ਮ ਤਾਸੀਰ ਦੀਨ ਦੁਨੀ ਦਏ ਬਦਲਾਈਆ । ਜਿਥੇ ਸਭ ਦੀ ਮੰਜ਼ਲ ਜਾਵੇ ਮੁਕ, ਓਥੇ ਬੈਠੇ ਡੇਰਾ ਲਾਈਆ । ਸ਼ਬਦੀ ਧਾਰ ਬਦਲ ਕੇ ਰੁਖ਼, ਕਰਵਟ ਆਪਣੀ ਲੈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭ ਦੇ ਦੇ ਗੋਬਿੰਦ ਸੂਰਾ, ਇਕੋ ਮੰਗ ਮੰਗਾਈਆ । ਜਿਸ ਦਾ ਚਮਕੇ ਜੋਤੀ ਨੂਰਾ, ਨੂਰ ਨੁਰਾਨਾ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਹੂੰਝੇ ਕੂੜਾ, ਸ਼ਬਦੀ ਕਰੇ ਸਫ਼ਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਏਕਾ ਅੰਮ੍ਰਿਤ ਜਾਮ ਪਿਆਈਆ । ਚਰਨ ਕਵਲ ਦੇਵੇ ਧੂੜਾ, ਮਸਤਕ ਟਿੱਕੇ ਖ਼ਾਕ ਰਮਾਈਆ । ਸਭ ਦੀ ਆਸਾ ਮਨਸਾ ਕਰੇ ਪੂਰਾ, ਪੂਰਨ ਬ੍ਰਹਮ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭ ਦੇ ਦੇ ਇਕੋ ਧੁਰ ਦਾ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਜੋ ਢੋਲਾ ਗਾਵੇ ਤੇਰਾ

ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਦੱਸੇ ਸਾਚੀ ਰੀਤ, ਰਹਿਬਰ ਹੋ ਕੇ ਆਪ ਸਮਝਾਈਆ । ਝਗੜਾ ਮੁਕਾ ਕੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਧੁਰ ਦੀ ਦੱਸ ਇਕ ਹਦੀਸ, ਹਜ਼ਰਤਾਂ ਤੋਂ ਪਰ੍ਹੇ ਕਰੇ ਪੜ੍ਹਾਈਆ । ਲੇਖਾ ਮੁਕਾ ਦੇ ਬੀਸ ਬੀਸ, ਜਗਦੀਸ਼ ਤੇਰੀ ਸਰਨਾਈਆ । ਜਿਸ ਦੇ ਛਤਰ ਝੁੱਲੇ ਸੀਸ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਧਰਨੀ ਕਹੇ ਪ੍ਰਭ ਸ਼ਬਦੀ ਸਤਿਗੁਰ ਦੇ ਅਮਾਮ, ਕਾਮਲ ਮੁਰਸ਼ਦ ਤੇਰੀ ਇਕ ਸਰਨਾਈਆ । ਕਲਜੁਗ ਝਗੜਾ ਮਿਟੇ ਤਮਾਮ, ਤਮਅ ਤਮੰਨਾ ਦਏ ਗਵਾਈਆ । ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਦਏ ਕਟਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰ ਕਰੇ ਨਾ ਕੋਇ ਹਰਾਮ, ਧਰਮ ਦੀ ਧਾਰ ਇਕ ਪ੍ਰਗਟਾਈਆ । ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮ, ਤੇਰਾ ਨਾਉਂ ਨੂਰ ਕਰੇ ਰੁਸ਼ਨਾਈਆ । ਝਗੜਾ ਮੁਕਾ ਕੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਸਾਰੇ ਮੰਨਣ ਕਾਹਨ, ਗੋਪੀ ਨਿਰਗੁਣ ਧਾਰ ਲਏ ਪਰਨਾਈਆ । ਨਜ਼ਰੀ ਆਵੇ ਹਰ ਘਟ ਰਮਿਆ ਰਾਮ, ਸੀਤਾ ਸੁਰਤ ਨਾਲ ਵਡਿਆਈਆ । ਪੈਗ਼ੰਬਰਾਂ ਲੇਖੇ ਲਾਵੇ ਕਲਾਮ, ਕਲਮਾ ਕਾਇਨਾਤ ਖੋਜ ਖੁਜਾਈਆ । ਜਿਸ ਦਾ ਮੰਤਰ ਆਦਿ ਜੁਗਾਦੀ ਸਤਿ ਨਾਮ, ਫ਼ਤਹਿ ਵਾਹਿਗੁਰੂ ਡੰਕ ਵਜਾਈਆ । ਓਹ ਲਹਿਣੇ ਦੇਣੇ ਮੁਕਾਏ ਤਮਾਮ, ਤ੍ਰੈਗੁਣ ਲੇਖਾ ਦਏ ਚੁਕਾਈਆ । ਹਉਮੇ ਗੜ੍ਹ ਤੋੜੇ ਅਭਿਮਾਨ, ਮਾਣ ਨਿਮਾਣਿਆਂ ਦਏ ਜਣਾਈਆ । ਕਿਰਪਾ ਕਰ ਸ੍ਰੀ ਭਗਵਾਨ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ

ਮੈਂ ਚਰਨ ਕਵਲ ਕਰਾਂ ਪਰਨਾਮ, ਸਜਦਿਆਂ ਵਿਚ ਸੀਸ ਝੁਕਾਈਆ । ਮੇਰੀ ਬੇਨੰਤੀ ਕਰ ਪਰਵਾਨ, ਪ੍ਰਭ ਤੇਰੇ ਅੱਗੇ ਵਾਸਤਾ ਪਾਈਆ । ਕਲਜੁਗ ਕਿਰਿਆ ਵੇਖ ਮੇਰੇ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਕਿਰਪਾ ਕਰ ਸਾਹਿਬ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੂੰ ਆਦਿ ਜੁਗਾਦੀ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਸਦੀ ਚੌਧਵੀਂ ਮਾਰ ਧਿਆਨ, ਅੰਤਸ਼ਕਰਨ ਖੋਜ ਖੁਜਾਈਆ । ਮੁਹੰਮਦ ਲੇਖਾ ਕਰ ਪਰਵਾਨ, ਝੋਲੀ ਆਪਣੀ ਵਿਚ ਪਾਈਆ । ਈਸਾ ਦੇ ਕੇ ਗਿਆ ਬਿਆਨ, ਭਵਿਖਤਾਂ ਵਿਚ ਸੁਣਾਈਆ । ਨਾਨਕ ਨਿਰਗੁਣ ਕਰ ਪਰਵਾਨ, ਕਲ ਕਲਕੀ ਤੇਰੀ ਆਸ ਰਖਾਈਆ । ਗੋਬਿੰਦ ਜਣਾ ਕੇ ਗਿਆ ਨਿਸ਼ਾਨ, ਸੰਬਲ ਆਪਣਾ ਡੇਰਾ ਲਾਈਆ । ਜਿਸ ਨੂੰ ਸਮਝੇ ਨਾ ਕੋਇ ਇਨਸਾਨ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਓਹ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਲਏ ਅੰਗੜਾਈਆ । ਜਿਸ ਨੂੰ ਝੁਕਣੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਸੀਸ ਨਿਵਾਈਆ । ਸੋ ਮਾਲਕ ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਬਦਲ ਦੇਵੇ ਵਿਧਾਨ, ਨਿਰਗੁਣ ਪਰਧਾਨ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਪ੍ਰਭ ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਵਰ ਦਾਤੇ ਤੁਧ ਬਿਨ ਦੂਜਾ ਅਵਰ ਨਾ ਕੋਇ ਸਹਾਈਆ ।

## ੧੫ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਗੜ੍ਹੀ ਲਾਂਗਰੀ



ਧਰਨੀ ਕਹੇ ਮੈਂ ਜਨ ਭਗਤਾਂ ਪੈਰ ਚੁੰਮਾਂ, ਜੋ ਚਰਨ ਮੇਰੇ ਉਤੇ ਟਿਕਾਈਆ । ਪਰਦਖਣਾ ਵਿਚ ਇਰਦ ਗਿਰਦ ਘੁੰਮਾਂ, ਚੱਕ੍ਰਵਰਤੀ ਹੋ ਕੇ ਚੱਕਰ ਲਗਾਈਆ । ਮੁਹੰਮਦ ਨੂੰ ਕਹਾਂ ਅੱਜ ਪੜ੍ਹ ਲਾ ਆਪਣਾ ਜੁਮਾਂ, ਤੇਰੇ ਜੁੰਮੇ ਗੱਲ ਰਹੇ ਨਾ ਰਾਈਆ । ਫੇਰ ਸਭ ਦੀਆਂ ਚੋਟੀਆਂ ਮੁੰਨਾਂ, ਜੋ ਪ੍ਰਭ ਨੂੰ ਬੈਠੇ ਭੁਲਾਈਆ । ਜਿਸ ਦਾ ਖੇਲ ਹੋਣਾ ਅਨੰਤ ਗੁਣਾਂ, ਗੁਣਵੰਤ ਦਏ ਕਰਾਈਆ । ਬਚਨ ਅਗੰਮਾ ਇਕੋ ਸੁਣਾਂ, ਜੋ ਸੰਦੇਸ਼ਾ ਧੁਰ ਸੁਣਾਈਆ । ਸੰਤ ਸੁਹੇਲੇ ਮਾਤ ਚੁਣਾਂ, ਦੀਨ ਦੁਨੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਭਗਤਾਂ ਰੱਖਾਂ ਉਪਰ ਛਾਤੀ, ਮੁਹੱਬਤ ਵਿਚ ਸੀਨੇ ਨਾਲ ਲਗਾਈਆ । ਜਿਨ੍ਹਾਂ ਦੇ ਅੰਦਰ ਵਸਿਆ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਬੈਠਾ ਡੇਰਾ ਲਾਈਆ । ਸਦਾ ਲਈ ਬਣਾਵਾਂ ਸਾਥੀ, ਸੰਗੀ ਲਵਾਂ ਉਪਜਾਈਆ । ਨਿਤ ਨਵਿਤ ਮੰਨਾਂ ਆਖੀ, ਨਿਉਂ ਨਿਉਂ ਸੀਸ ਝੁਕਾਈਆ । ਜਿਨ੍ਹਾਂ ਮੇਟਣੀ ਕਲਜੁਗ ਅੰਧੇਰੀ ਰਾਤੀ, ਸਤਿਜੁਗ ਸੱਚਾ ਰਾਹ ਵਖਾਈਆ । ਓਨ੍ਹਾਂ ਇਕੋ ਪੱਟੀ ਪੜ੍ਹਨੀ ਸਾਰਿਆਂ ਦੀ ਇਕੋ ਹੋਣੀ ਜਮਾਤੀ, ਇਕੋ ਧਾਰ ਦਏ ਦ੍ਰਿੜਾਈਆ । ਇਕੋ ਜਾਮ ਪਿਆਲਾ ਪੀਣਾ ਇਕੋ ਹੋਵੇ ਸਾਕੀ, ਸੁਰਾਹੀ ਇਕੋ ਇਕ ਰਖਾਈਆ । ਇਕੋ ਮੰਦਰ ਦਵਾਰਾ ਹੋਵੇ ਇਕੋ ਖੋਲ੍ਹੇ ਤਾਕੀ, ਪਰਦਾ ਇਕੋ ਇਕ ਉਠਾਈਆ । ਇਕੋ ਲਹਿਣਾ ਦੇਣਾ ਚੁਕਾਵੇ ਕਾਇਆ ਪੰਜ ਤੱਤ ਮਾਟੀ ਖ਼ਾਕੀ, ਖ਼ਾਲਸ ਆਪਣਾ ਰੰਗ ਰੰਗਾਈਆ । ਇਕੋ ਜਾਨਣਹਾਰਾ ਹੋਵੇ ਜੋਤ ਜਾਤੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤਾਂ ਕਰਾਂ ਦਰਸ, ਦਾਸੀ ਹੋ ਕੇ ਸੇਵ ਕਮਾਈਆ । ਮੇਰੀ ਜੁਗ ਜੁਗ ਦੀ ਮਿਟੀ ਹਰਸ, ਹਵਸ ਰਹੀ ਨਾ ਰਾਈਆ । ਅਗਨੀ ਮਿਟੀ ਤਪਸ਼, ਤ੍ਰਿਸ਼ਨਾ ਦਿਤੀ ਗਵਾਈਆ । ਚਰਨ ਟਿਕਾ ਕੇ ਮੇਰੇ ਉਤੇ ਫ਼ਰਸ਼, ਫ਼ੈਸਲਾ ਦਿਤਾ ਸੁਣਾਈਆ । ਮੇਲ ਮਿਲਾਇਆ ਨਾਲ ਪ੍ਰੀਤਮ ਅਰਸ਼, ਅਰਸ਼ਾਂ ਦਾ ਵਾਲੀ ਸੋਭਾ ਪਾਈਆ । ਮਹਿਬੂਬ ਕੀਤਾ ਤਰਸ, ਰਹਿਮਤ ਆਪ ਕਮਾਈਆ । ਮੇਰੀ ਮਨਜ਼ੂਰ ਕਰ ਕੇ ਅਰਜ਼, ਆਰਜ਼ੂ ਲੇਖੇ ਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਤੱਕ ਕੇ ਗ਼ਰਜ਼, ਗਹਿਰ ਗੰਭੀਰ ਆਇਆ ਚਾਈਂ ਚਾਈਆ । ਪੁਰਖ ਅਕਾਲਾ ਪੂਰਾ ਕਰੇ ਫ਼ਰਜ਼, ਫ਼ੈਸਲਾ ਹੱਕ ਹੱਕ ਸੁਣਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਆਪਣੀ ਗੋਦ ਉਠਾਈਆ । ਕਰੇ ਖੇਲ ਅਗੰਮ ਅਸਚਰਜ, ਅਚਰਜ ਲੀਲਾ ਆਪ ਪ੍ਰਗਟਾਈਆ । ਸੂਰਬੀਰ ਬਣ ਮਰਦ, ਮਰਦਾਨਾ ਲਏ ਅੰਗੜਾਈਆ । ਸ਼ਰਅ ਰਹਿਣ ਨਾ ਦੇਵੇ ਕਰਦ, ਹੱਕ ਕਸਾਈ ਨਾ ਕੋਇ ਵਡਿਆਈਆ । ਸਦੀ ਚੌਧਵੀਂ ਮੇਟੇ ਅੰਧੇਰ ਗਰਦ, ਗਰਦਸ਼ ਵਿਚੋਂ ਕੱਢੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤਾਂ ਝੁਕੇ ਸੀਸ, ਸਿਰ ਸਰ ਨਾ ਕੋਇ ਵਡਿਆਈਆ । ਕਿਰਪਾ ਕਰ ਮੇਰੇ ਜਗਦੀਸ਼, ਜਗਦੀਸ਼ਰ ਤੇਰੀ ਇਕ ਸਰਨਾਈਆ । ਵਕ਼ਤ ਅਖ਼ੀਰੀ ਰਿਹਾ ਬੀਤ, ਬਾਤਨ ਪਰਦਾ ਦੇ ਖੁਲ੍ਹਾਈਆ । ਦੀਨ ਦੁਨੀ ਦੀ ਬਦਲ ਰੀਤ, ਰੀਤੀਵਾਨ ਤੇਰੀ ਸਰਨਾਈਆ । ਤ੍ਰੈਗੁਣ ਤੋਂ ਕਰ ਅਤੀਤ, ਤ੍ਰੈਭਵਨ ਧਨੀ ਵੇਖ ਵਖਾਈਆ । ਤੁਧ ਬਿਨ ਸਾਚਾ ਦਿਸੇ ਕੋਈ ਨਾ ਮੀਤ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ ।

ਜਨ ਭਗਤਾਂ ਆਪਣਾ ਨਾਮ ਕਰ ਬਖ਼ਸ਼ੀਸ਼, ਰਹਿਮਤ ਸਚ ਕਮਾਈਆ । ਜੋ ਤੇਰੀ ਕਰਦੇ ਰਹੇ ਉਡੀਕ, ਆਮਦ ਵਿਚ ਬੈਠੇ ਅੱਖ ਖੁਲ੍ਹਾਈਆ । ਉਹਨਾਂ ਕਾਇਆ ਕਰ ਦੇ ਠਾਂਡੀ ਸੀਤ, ਅਗਨੀ ਤੱਤ ਗਵਾਈਆ । ਲੇਖਾ ਮੁਕਾ ਦੇ ਮੰਦਰ ਮਸੀਤ, ਮੰਦਰ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਰਬਾਰੀ ਤੇਰੇ ਹੱਥ ਵਡਿਆਈਆ । ਧਰਨੀ ਕਹੇ ਤੇਰੇ ਭਗਤ ਵੇਖਾਂ ਲੋਕਮਾਤ, ਮਤਾ ਤੇਰੇ ਨਾਲ ਪਕਾਈਆ । ਜਿਨ੍ਹਾਂ ਦੀ ਆਤਮ ਬ੍ਰਹਮ ਇਕੋ ਜ਼ਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਓਨ੍ਹਾਂ ਦਾ ਲੇਖਾ ਲਿਖ ਦੇ ਨਾਲ ਕ਼ਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਨਾਲ ਮਿਲਾਈਆ । ਦੀਨ ਦੁਨੀ ਵਿਚੋਂ ਦੇ ਨਜਾਤ, ਜੋ ਬੈਠਾ ਨਿਸ਼ਾਵਰ ਆਪਣਾ ਆਪ ਕਰਾਈਆ । ਮਿੱਤਰ ਪਿਆਰਾ ਬਣ ਅਹਿਬਾਬ, ਸੱਜਣ ਹੋ ਕੇ ਵੇਖ ਵਖਾਈਆ । ਸਚ ਮੰਦਰ ਸੁਹਾ ਮਹਿਰਾਬ, ਮਹਿਬੂਬ ਆਪਣਾ ਪਰਦਾ ਲਾਹੀਆ । ਤੇਰੇ ਕ਼ਦਮਾਂ ਇਕ ਅਦਾਬ, ਸੱਯਦਾ ਸੀਸ ਝੁਕਾਈਆ । ਤੂੰ ਸਾਹਿਬ ਸਤਿਗੁਰੂ ਮਹਾਰਾਜ, ਰਾਜਨ ਰਾਜ ਤੇਰੀ ਵਡਿਆਈਆ । ਸਦੀ ਚੌਧਵੀਂ ਪੂਰਾ ਕਰ ਦੇ ਕਾਜ, ਕਰਨੀ ਕਰਤੇ ਵੇਖ ਵਖਾਈਆ । ਸਤਿ ਧਰਮ ਦਾ ਚਾਰ ਕੁੰਟ ਚਲਾ ਦੇ ਰਾਜ, ਰਈਅਤ ਆਪਣੀ ਆਪਣੇ ਰੰਗ ਰੰਗਾਈਆ । ਧਰਨੀ ਕਹੇ ਮੇਰੀ ਨਮਸਤੇ ਡੰਡਾਵਤ ਬੰਦਨਾ ਸੱਯਦਾ ਬਿਨਾ ਨਿਮਾਜ਼, ਨਵਾਜ਼ਿਸ਼ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਪੂਰਾ ਕਰ ਹਿਸਾਬ, ਜਿਸ ਦਾ ਅੰਕੜਾ ਨਜ਼ਰ ਕਿਸੇ ਨਾ ਆਈਆ ।



੧੨੧੯ ੨੧

### ✻ ੧੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਤ ਕਿਰਪਾਲ ਸਿੰਘ ਸਾਵਣ ਆਸ਼ਰਮ ਗੁੜ ਮੰਡੀ ਦਿੱਲੀ ✻

ਸਤਿ ਸ਼ਬਦ ਦੀ ਧਾਰ ਸਤਿਗੁਰ ਸਾਵਣ, ਸਤਿ ਸਤਿ ਅਖਵਾਈਆ । ਹਰਿ ਪੁਰਖ ਨਿਰੰਜਣ ਧਾਰ ਸਤਿਗੁਰ ਸਾਵਣ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਏਕੰਕਾਰ ਖੇਲ ਸਤਿਗੁਰ ਸਾਵਣ, ਸਤਿ ਸਰੂਪ ਸੋਭਾ ਪਾਈਆ । ਆਦਿ ਨਿਰੰਜਣ ਸਤਿਗੁਰ ਸਾਵਣ, ਸਤਿ ਸਤਿਵਾਦੀ ਸਹਿਜ ਸੁਖਦਾਈਆ । ਅਬਿਨਾਸ਼ੀ ਕਰਤਾ ਸਤਿਗੁਰ ਸਾਵਣ, ਜਨਮ ਮਰਨ ਨਾ ਰੂਪ ਵਟਾਈਆ । ਸ੍ਰੀ ਭਗਵਾਨ ਸਤਿਗੁਰ ਸਾਵਣ, ਜੁਗਾ ਜੁਗੰਤ ਵੇਸ ਵਟਾਈਆ । ਪਾਰਬ੍ਰਹਮ ਸਤਿਗੁਰ ਸਾਵਣ, ਬ੍ਰਹਮ ਲੇਖਾ ਦਏ ਸਮਝਾਈਆ । ਅਗੰਮ ਅਥਾਹ ਸਤਿਗੁਰ ਧਾਰ ਸਾਵਣ, ਨਿਰਵੈਰ ਨਿਰਾਕਾਰ ਨਿਰੰਕਾਰ ਬੇਪਰਵਾਹੀਆ । ਸਚਖੰਡ ਨਿਵਾਸੀ ਸਤਿਗੁਰ ਸਾਵਣ, ਸਤਿ ਸਤਿਵੰਤ ਨੂਰ ਅਲਾਹੀਆ । ਮੁਕਾਮੇ ਹੱਕ ਸਤਿਗੁਰ ਸਾਵਣ, ਦਰਗਾਹ ਸਾਚੀ ਸੋਭਾ ਪਾਈਆ । ਥਿਰ ਘਰ ਖੇਲ ਸਤਿਗੁਰ ਸਾਵਣ, ਮਹੱਲ ਅਟਲ ਉਚ ਮੁਨਾਰ ਕਰੇ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਪਿਆਰ ਸਤਿਗੁਰ ਸਾਵਣ, ਸਤਿ ਸਤਿ ਦਏ ਮਾਣ ਵਡਿਆਈਆ । ਤ੍ਰੈਗੁਣ ਮਾਇਆ ਪੰਜ ਤੱਤ ਖੇਲ ਰਚਨਾ ਸਤਿਗੁਰ ਸਾਵਣ, ਤਨ ਵਜੂਦ ਸੋਭਾ ਪਾਈਆ । ਅੰਮ੍ਰਿਤ ਰਸ ਨਿਝਰ ਧਾਰ ਸਤਿਗੁਰ ਸਾਵਣ, ਬੂੰਦ ਸਵਾਂਤੀ ਅਗੰਮ ਟਪਕਾਈਆ । ਸ਼ਬਦ ਧੁੰਨ ਨਾਦ ਅਨਹਦ ਰਾਗ ਸਤਿਗੁਰ ਸਾਵਣ, ਅਨਰਾਗੀ ਰਾਗ ਜਣਾਈਆ । ਜੋਤੀ ਜੋਤ ਪ੍ਰਕਾਸ਼ ਸਤਿਗੁਰ ਸਾਵਣ, ਨੂਰ ਨੂਰ ਨੂਰ ਅਖਵਾਈਆ । ਸੁਰਤ ਸ਼ਬਦ ਦਾ ਵਿਹਾਰ ਸਤਿਗੁਰ ਸਾਵਣ, ਆਤਮ ਪਰਮਾਤਮ ਜੋੜ ਜੁੜਾਈਆ । ਸਾਧ ਸੰਤ ਸਤਿ ਸਰੂਪ ਸਤਿ ਨਿਰਾਕਾਰ ਸਾਕਾਰ ਸਤਿਗੁਰ ਸਾਵਣ, ਸਰਗੁਣ ਆਪਣਾ ਰੰਗ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਾ ਆਧਾਰ ਸਤਿਗੁਰ

ਸਾਵਣ, ਸ੍ਰਿਸ਼ਟੀ ਮੇਲਾ ਸਹਿਜ ਸੁਭਾਈਆ । ਚਾਰ ਵਰਨ ਸਾਕਾਰ ਸਤਿਗੁਰ ਸਾਵਣ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨਿਵਾਰ ਸਤਿਗੁਰ ਸਾਵਣ, ਆਸ਼ਾ ਤ੍ਰਿਸ਼ਨਾ ਕੂੜੀ ਕਿਰਿਆ ਡੇਰਾ ਢਾਹੀਆ । ਚਾਰ ਕੁੰਟ ਦਹਿ ਦਿਸ਼ਾ ਜੋਤੀ ਨੂਰ ਉਜਿਆਰ ਸਤਿਗੁਰ ਸਾਵਣ, ਕਿਰਪਾਨਿਧ ਗੁਣ ਨਿਧਾਨ ਵਡਿਆਈਆ । ਪੰਚ ਸ਼ਬਦ ਦਾ ਪਿਆਰ ਸਤਿਗੁਰ ਸਾਵਣ, ਸ਼ਬਦੀ ਸ਼ਬਦ ਸ਼ਬਦ ਵਿਚੋਂ ਪ੍ਰਗਟਾਈਆ । ਰਸਨਾ ਜਿਹਵਾ ਬੱਤੀ ਦੰਦ ਜੈਕਾਰ ਸਤਿਗੁਰ ਸਾਵਣ, ਢੋਲੇ ਗੀਤ ਰਾਗ ਨਾਦ ਸ਼ਨਵਾਈਆ । ਮਹੱਲ ਅਟਲ ਉਚ ਮੀਨਾਰ ਸਾਢੇ ਤਿੰਨ ਹੱਥ ਕਾਅਬਾ ਸਤਿਗੁਰ ਸਾਵਣ, ਮਹਿਬੂਬ ਮੁਹੱਬਤ ਵਾਲਾ ਨਜ਼ਰੀ ਆਈਆ । ਸਚ ਪੈਗ਼ੰਬਰ ਨਬੀ ਰਸੂਲ ਪਕੜਨ ਵਾਲਾ ਦਾਮਨ ਸਤਿਗੁਰ ਸਾਵਣ, ਸਹਿਜ ਸਹਿਜ ਸੁਖਦਾਈਆ । ਸੋ ਸਤਿਗੁਰ ਸਾਵਣ ਜੋ ਦਇਆ ਕਮਾਵੇ ਪਤਤ ਪਾਵਨ, ਪਤਤਾਂ ਪੁਨੀਤ ਦਏ ਕਰਾਈਆ । ਮਿਹਰ ਨਿਗਾਹ ਨਾਲ ਤਾਰੇ ਜੀਵ ਜਹਾਨਨ, ਜਹਾਲਤ ਅੰਦਰੋਂ ਬਾਹਰ ਕਢਾਈਆ । ਸਤਿ ਧਰਮ ਦਾ ਦੱਸ ਨਿਸ਼ਾਨਨ, ਨਿਸ਼ਾਨਾ ਮਨ ਕਲਪਣਾ ਦਏ ਗਵਾਈਆ । ਅੰਤਰ ਦੇ ਕੇ ਬ੍ਰਹਮ ਗਿਆਨਨ, ਬੁੱਧ ਬਿਬੇਕ ਦਏ ਬਣਾਈਆ । ਆਪਣਾ ਆਪ ਗੁਰਮੁਖ ਜਾਣਨ, ਜਿਨ੍ਹਾਂ ਉਪਰ ਆਪਣੀ ਦਇਆ ਕਮਾਈਆ । ਨਿਜਾਨੰਦ ਵਿਚ ਪਰਮਾਨੰਦ ਮਾਣਨ, ਜਗਤ ਸੁਖ ਨਾ ਕੋਇ ਵਡਿਆਈਆ । ਨੂਰ ਜੋਤ ਪ੍ਰਕਾਸ਼ ਤੱਕਣ ਉਪਰ ਅਸਮਾਨਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪੰਧ ਮੁਕਾਈਆ । ਜਿਧਰ ਵੇਖਣ ਉਧਰ ਸਾਹਿਬ ਸਤਿਗੁਰ ਸ੍ਰੀ ਭਗਵਾਨਨ, ਪਤਿਪਰਮੇਸ਼ਵਰ ਨਜ਼ਰੀ ਆਈਆ । ਸੋ ਸਤਿਗੁਰ ਅਗੰਮਾ ਸ਼ਬਦ ਜਿਸ ਨੂੰ ਕਹਿੰਦੇ ਧੁਰ ਦਾ ਸਾਵਣ, ਅੰਮ੍ਰਿਤ ਮੇਘ ਅਗੰਮ ਅਥਾਹ ਬਰਸਾਈਆ । ਜਿਸ ਸਾਵਣ ਨਾਲ ਸਭ ਦਾ ਹੋਵੇ ਨਹਾਵਣ, ਦੁਰਮਤ ਮੈਲ ਤਨ ਵਜੂਦ ਗਵਾਈਆ । ਓਹ ਸਾਵਣ ਸਤਿਗੁਰ ਮੁਰਸ਼ਦ ਕਾਮਲ, ਮੁਰੀਦਾਂ ਹੋਏ ਸਹਾਈਆ । ਜਿਸ ਨੂੰ ਬੁੱਧੀ ਵਾਲਾ ਸਮਝੇ ਨਾ ਕੋਈ ਆਲਮ, ਅਨਭਵ ਦ੍ਰਿਸ਼ਟੀ ਅੰਦਰ ਨਜ਼ਰੀ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਦੇ ਨਾ ਬਣੇ ਜ਼ਾਲਮ, ਜ਼ੁਲਮ ਸਿਤਮ ਜਗਤ ਡੇਰਾ ਢਾਹੀਆ । ਸ਼ਬਦ ਅਗੰਮੀ ਧਾਰ ਲੇਖਾ ਲਿਖੇ ਕ਼ਲਮ ਸਿਆਹੀ ਕਾਲਮ, ਕਾਲਮ ਦੀਨ ਦੁਨੀ ਵਾਲਾ ਬਣਾਈਆ । ਜਿਨ੍ਹਾਂ ਫੜਾਏ ਆਪਣਾ ਦਾਮਨ, ਦਾਮਨਗੀਰ ਆਪ ਹੋ ਜਾਈਆ । ਸਚਖੰਡ ਦਾ ਬਣ ਕੇ ਜ਼ਾਮਨ, ਸ਼ਬਦ ਬਿਬਾਣੇ ਵਿਚ ਟਿਕਾਈਆ । ਸਚ ਦਵਾਰੇ ਬਿਠਾ ਕੇ ਆਪਣੇ ਸਾਮਨ੍ਹ, ਜੋਤੀ ਜੋਤ ਵਿਚ ਮਿਲਾਈਆ । ਜਿਸ ਦਾ ਭੇਵ ਵਿਦਿਆ ਵਾਲਾ ਜਾਣੇ ਨਾ ਕੋਇ ਬ੍ਰਾਹਮਣ, ਗ੍ਰੰਥਾਂ ਸ਼ਾਸਤਰਾਂ ਵਿਚੋਂ ਹੱਥ ਕਿਸੇ ਨਾ ਆਈਆ । ਗੁਰਮੁਖਾਂ ਵਿਚੋਂ ਕੱਢ ਕੇ ਜਾਏ ਤ੍ਰੈਗੁਣ ਮਾਇਆ ਅਗਨੀ ਤਾਮਨ, ਤਾਮਸ ਗਿਆ ਮੁਕਾਈਆ । ਜਿਸ ਨੂੰ ਜੁਗ ਚੌਕੜੀ ਵੇਖਣ ਜੀਵ ਜਹਾਨਨ, ਸੋ ਰੂਪ ਅਨੂਪ ਦਰਸਾਈਆ । ਜਿਸ ਦੀ ਸਿਫ਼ਤ ਕਰਦੇ ਸ਼ਰਅ ਸ਼ਰੀਅਤ ਵੇਦ ਪੁਰਾਨਨ, ਰਸਨਾ ਜਿਹਵਾ ਬੱਤੀ ਦੰਦ ਢੋਲੇ ਸੋਹਲੇ ਗਾਵਣ, ਗੀਤ ਅਗੰਮ ਅਥਾਹੀਆ । ਸੋ ਸਾਵਣ ਜਿਸ ਦਾ ਆਦਿ ਜੁਗਾਦੀ ਇਕੋ ਨਾਮਨ, ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ, ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸ਼ਬਦ ਸਾਵਣ, ਸ਼ਬਦ ਗੁਰੂ ਗੁਰ ਸਾਵਣ, ਸਾਵਣ ਸ਼ਬਦ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਬਾਣੀ ਦਾ ਮਾਲਕ, ਖ਼ਲਕ ਦਾ ਖ਼ਾਲਕ, ਪ੍ਰਿਤਪਾਲਕ ਆਤਮਾ ਦਾ ਸਾਲਸ, ਸਾਹਿਬ ਸਤਿਗੁਰ ਆਪਣਾ ਖੇਲ ਆਪ ਵਖਾਈਆ ।

### ❊ ੧੬ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਕੌਰ ਦੇ ਨਵਿਤ ਹਰਿ ਭਗਤ ਦਵਾਰ ਦਿੱਲੀ ❊

ਚੇਤ ਕਹੇ ਮੇਰਾ ਦਿਵਸ ਸੋਲਾਂ, ਸੋਲਾਂ ਕਲ ਨਾ ਕੋਇ ਵਡਿਆਈਆ । ਮੈਂ ਭੇਵ ਖੁਲ੍ਹਾਵਾਂ ਪਰਦਾ ਓਹਲਾ, ਦੂਈ ਦਵੈਤ ਰਹੇ ਨਾ ਰਾਈਆ । ਧੁਰ ਸੰਦੇਸ਼ਾ ਗਾਵਾਂ ਢੋਲਾ, ਅਗੰਮੀ ਰਾਗ ਅਲਾਈਆ । ਸਚ ਸੰਦੇਸ਼ਾ ਦੱਸਾਂ ਬੋਲਾ, ਅਨਬੋਲਤ ਰਾਗ ਸੁਣਾਈਆ । ਓਏ ਜਨ ਭਗਤੋ ਪ੍ਰਭ ਬਦਲ ਕੇ ਆ ਗਿਆ ਆਪਣਾ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਸਚ ਦਵਾਰਾ ਏਕਾ ਖੋਲ੍ਹਾ, ਏਕੰਕਾਰ ਦਇਆ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਾਵੇ ਰੌਲਾ, ਹਾਹਾਕਾਰ ਵਿਚ ਦੁਹਾਈਆ । ਫਿਰੀ ਦਰੋਹੀ ਉਪਰ ਧੌਲਾ, ਧਰਨੀ ਨੈਣਾਂ ਨੀਰ ਵਹਾਈਆ । ਲੱਭਿਆਂ ਕਿਸੇ ਹੱਥ ਨਾ ਆਏ ਮੌਲਾ, ਮੌਲਵੀ ਮੁੱਲਾਂ ਦੇਣ ਦੁਹਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰੇ ਕੌਲਾ, ਕੌਲ ਇਕ਼ਰਾਰ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੋਲਾਂ ਚੇਤ ਕਹੇ ਮੈਂ ਵੇਖਿਆ ਸੁਲਹਕੁਲ, ਸਾਹਿਬ ਸਵਾਮੀ ਨਜ਼ਰੀ ਆਈਆ । ਜੋ ਦੇਵੇ ਨਾਮ ਅਗੰਮ ਅਨਮੁੱਲ, ਕਰਤਾ ਕ਼ੀਮਤ ਨਾ ਕੋਇ ਰਖਾਈਆ । ਬੈਠਾ ਰਹੇ ਅਡੁੱਲ, ਸਚ ਸਿੰਘਾਸਣ ਡੇਰਾ ਲਾਈਆ । ਆਦਿ ਜੁਗਾਦਿ ਸਦਾ ਅਨਭੁੱਲ, ਜੁਗ ਚੌਕੜੀ ਭੁੱਲ ਕਦੇ ਨਾ ਜਾਈਆ । ਮਾਇਆ ਮਮਤਾ ਵਿਚ ਨਾ ਜਾਏ ਰੁਲ, ਕੂੜੀ ਕਿਰਿਆ ਨਾ ਵੰਡ ਵੰਡਾਈਆ । ਸੋ ਪ੍ਰਗਟ ਹੋ ਕੇ ਉਪਰ ਧੌਲ, ਧਰਨੀ ਧਰਤ ਧਵਲ ਖੋਜ ਖੁਜਾਈਆ । ਪੂਰਾ ਕਰੇ ਪਿੱਛੇ ਕੀਤਾ ਕੌਲ, ਇਕ਼ਰਾਰ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸੋਲਾਂ
੧੨੨੧ ਚੇਤ ਕਹੇ ਮੈਂ ਆਇਆ ਲੋਕਮਾਤ, ਮਤਾ ਪ੍ਰਭ ਦੇ ਨਾਲ ਪਕਾਈਆ । ਬੇਨੰਤੀ ਵਿਚ ਕੀਤੀ ਅਰਦਾਸ, ਨਮਸਤੇ ਕਹਿ ਕੇ ਸੀਸ ਝੁਕਾਈਆ । ਕਿਰਪਾ ੧੨੨੧
੨੧ ਕਰ ਮੇਰੇ ਅਬਿਨਾਸ਼, ਪ੍ਰਭੂ ਸਰਨ ਤੇਰੀ ਸਰਨਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿਜੁਗ ਚੰਦ ਚਮਕਾਈਆ । ਤੂੰ ਮੇਰਾ ਮੈਂ ਤੇਰਾ ੨੧
ਹੋਵੇ ਗਾਥ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਭੇਵ ਅਭੇਦਾ ਖੋਲ੍ਹਣਾ ਸਾਚ, ਕੂੜ ਕਲਪਣਾ ਦੇਣੀ ਮੁਕਾਈਆ । ਲੂੰ ਲੂੰ ਅੰਦਰ ਜਾਣਾ ਰਾਚ, ਰਚਨਾ ਆਪਣੀ ਦੇਣੀ ਵਖਾਈਆ । ਲੇਖੇ ਲੌਣਾ ਕਾਇਆ ਮਾਟੀ ਕਾਚ, ਕੰਚਨ ਗੜ੍ਹ ਸੁਹਾਈਆ । ਤ੍ਰੈਗੁਣ ਲੱਗੇ ਮੂਲ ਨਾ ਆਂਚ, ਅਗਨੀ ਤੱਤ ਨਾ ਕੋਇ ਤਪਾਈਆ । ਆਤਮ ਪਰਮਾਤਮ ਬਣੀ ਰਹੇ ਸਾਂਝ, ਸਗਲਾ ਸੰਗ ਨਿਭਾਈਆ । ਚਾਰ ਕੁੰਟ ਦਿਸੇ ਭਾਜ, ਦੀਨ ਦੁਨੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਸੋਲਾਂ ਚੇਤ ਕਹੇ ਮੈਂ ਆਇਆ ਮਾਤਲੋਕ, ਮਤਾ ਪ੍ਰਭ ਦੇ ਨਾਲ ਪਕਾਈਆ । ਮੇਰਾ ਇਕੋ ਨਾਮ ਸਲੋਕ, ਸੋਹਲਾ ਅਵਰ ਨਾ ਕੋਇ ਜਣਾਈਆ । ਜੀਵ ਜੰਤ ਨਾ ਸਕੇ ਰੋਕ, ਅੱਗੇ ਹੋ ਨਾ ਕੋਇ ਉਲਟਾਈਆ । ਜਗਤ ਕਲਪਣਾ ਵਿਚ ਦੇਵੇ ਕੋਈ ਨਾ ਦੋਸ਼, ਨਿਰਦੋਸ਼ੀ ਹੋ ਕੇ ਸੋਭਾ ਪਾਈਆ । ਬੁੱਧੀ ਵਾਲਾ ਸੋਚੇ ਕੋਈ ਨਾ ਸੋਚ, ਸਮਝ ਵਿਚ ਸਮਝ ਨਾ ਕੋਇ ਰਖਾਈਆ । ਨਿਜ ਨੇਤਰ ਆਸਾ ਪੂਰੀ ਕਰੇ ਨਾ ਕੋਈ ਲੋਚ, ਲੋਚਨ ਸਕੇ ਨਾ ਕੋਇ ਉਠਾਈਆ । ਆਤਮ ਬ੍ਰਹਮ ਮਾਣੇ ਕੋਈ ਨਾ ਮੌਜ, ਮਜਲਸ ਭਗਤਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਜੋਗ, ਜੁਗੀਸ਼ਰ ਹੋ ਕੇ ਫੋਲ ਫੁਲਾਈਆ । ਸੋਲਾਂ ਚੇਤ ਕਹੇ ਮੈਂ ਅੱਧੋਂ ਟੱਪਾ, ਟੱਪਾ ਦਿਆਂ ਜਣਾਈਆ । ਪੁਰਖ ਅਕਾਲ ਨਾਲ ਨਾਤਾ ਹੋਇਆ ਪੱਕਾ, ਪੱਕੀ

ਲਈ ਪਕਾਈਆ । ਖੇਲ ਵੇਖਣਾ ਬੁਰਾ ਕੱਕਾ, ਨਿਰਗੁਣ ਨੂਰ ਜ਼ਹੂਰ ਕਰ ਰੁਸ਼ਨਾਈਆ । ਮੁਹੰਮਦ ਰਹੇ ਕੋਈ ਨਾ ਸਕਾ, ਸਾਜਣ ਮੇਲ ਨਾ ਕੋਇ ਕਰਾਈਆ । ਫਿਰੇ ਦਰੋਹੀ ਮਦੀਨਾ ਮੱਕਾ, ਕਾਅਬੇ ਰਹੇ ਕੁਰਲਾਈਆ । ਪਿਆਰ ਰਿਹਾ ਨਾ ਭਾਈ ਭੈਣ ਸੱਕਾ, ਸੱਜਣ ਸੰਗ ਨਾ ਕੋਇ ਰਖਾਈਆ । ਚੇਤ ਕਹੇ ਮੈਂ ਦੀਨ ਦੁਨੀ ਵੇਖਾਂ ਅੱਖਾਂ, ਅੱਖਾਂ ਵਾਲਿਓ ਖੋਜ ਖੁਜਾਈਆ । ਦੀਨ ਦਿਆਲੇ ਪੁਰਖ ਅਕਾਲੇ ਦੱਸਾਂ, ਸੰਦੇਸ਼ਾ ਇਕ ਜਣਾਈਆ । ਦੋਏ ਜੋੜ ਕੇ ਹੱਥਾਂ, ਸੀਸ ਜਗਦੀਸ਼ ਦਿਆਂ ਨਿਵਾਈਆ । ਪੁਰਖ ਅਕਾਲ ਮੈਂ ਤੇਰਾ ਨਿੱਕਾ ਜਿਹਾ ਬੱਚਾ, ਨੰਨ੍ਹਾਂ ਤੇਰਾ ਰੂਪ ਨਜ਼ਰੀ ਆਈਆ । ਤੂੰ ਸਰਬ ਕਲਾ ਸਮਰਥਾ, ਬੇਪ੍ਰਵਾਹ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਮੁਕਾ ਦੇ ਤੱਤ ਅੱਠਾਂ, ਨੌ ਦਰ ਦਵਾਰ ਦਾ ਲੇਖਾ ਦੇਣਾ ਮੁਕਾਈਆ ।

### ❊ ੧੭ ਚੇਤ ਸ਼ਹਿਨਸ਼ਾਹੀ ਸੰਮਤ ੫ ਰਤਨ ਸਿੰਘ ਦੇ ਪ੍ਰਸ਼ਾਦ ਕਰਾਉਣ ਤੇ ਧੀਰ ਪੁਰ ਦਿੱਲੀ ❊

ਧਰਨੀ ਕਹੇ ਮੈਂ ਆਦਿ ਜੁਗਾਦਿ ਘੁੰਮਦੀ, ਘੁੰਮਣਘੇਰੀ ਵਿਚ ਦੁਹਾਈਆ । ਜੁਗ ਜੁਗ ਗੁਰ ਅਵਤਾਰ ਪੈਗ਼ੰਬਰਾਂ ਚਰਨ ਚੁੰਮਦੀ, ਆਪਣੀ ਖ਼ੁਸ਼ੀ ਬਣਾਈਆ । ਖੇਲ ਤੱਕਦੀ ਰਹੀ ਰਿਖ ਮੁਨ ਦੀ, ਪੈਗ਼ੰਬਰਾਂ ਧਿਆਨ ਜਣਾਈਆ । ਆਵਾਜ਼ ਸੁਣਦੀ ਰਹੀ ਅਗੰਮੀ ਧੁਨ ਦੀ, ਸ਼ਬਦ ਨਾਦ ਸ਼ਨਵਾਈਆ । ਖੇਲ ਤੱਕਦੀ ਰਹੀ ਨਿਰਗੁਣ ਧਾਰ ਕੁਨ ਦੀ, ਕੁੱਲ ਮਾਲਕ ਵੇਖ ਵਖਾਈਆ । ਭਾਵਨਾ ਜਾਣਦੀ ਰਹੀ ਰਸਨਾ ਬੁੱਲ ਦੀ, ਰਸਨਾ ਨਾਲ ਸਿਫ਼ਤ ਸਾਲਾਹੀਆ । ਜਗਤ ਕੂੜ ਕਲਪਣਾ ਵੇਖਦੀ ਰਹੀ ਝੁਲਦੀ, ਮਾਇਆ ਮਮਤਾ ਸੰਗ ਰਖਾਈਆ । ਨਜ਼ਾਰਾ ਤੱਕਦੀ ਰਹੀ ਖਿਤਾਂ ਵਾਲੀ ਕੁੱਲ ਦੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਜੁਗ ਚੌਕੜੀ ਲਾਵਾਂ ਚੱਕਰ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਮੈਂ ਰਹਿੰਦੀ ਵਿਚ ਸਤਰ, ਮੇਰਾ ਪਰਦਾ ਨਾ ਕੋਇ ਲਾਹੀਆ । ਮੇਰੇ ਅੰਤਰ ਇਕੋ ਸਧਰ, ਆਸਾ ਦਿਆਂ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਂਹਦੀ ਰਹੀ ਗ਼ਦਰ, ਕਲਜੁਗ ਕੂੜ ਕਿਰਿਆ ਰਹੀ ਕੁਰਲਾਈਆ । ਕਵਣ ਵੇਲਾ ਪ੍ਰਭ ਸਾਹਿਬ ਸਵਾਮੀ ਅੰਤਰਜਾਮੀ ਸ੍ਰਿਸ਼ਟੀ ਦ੍ਰਿਸ਼ਟੀ ਕਰੇ ਪੱਧਰ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਚਖੰਡ ਨਿਵਾਸੀ ਕਰੇ ਅਦਲ, ਇਨਸਾਫ਼ ਇਕੋ ਇਕ ਦ੍ਰਿੜਾਈਆ । ਛੁਰੀ ਸ਼ਰਅ ਰਹਿਣ ਨਾ ਦੇਵੇ ਕਸਾਈ ਧਰਮ ਧਾਰ ਕਰੇ ਨਾ ਕ਼ਤਲ, ਕ਼ਾਤਲ ਮਕ਼ਤੂਲ ਲੇਖਾ ਦਏ ਮੁਕਾਈਆ । ਸਚ ਦਵਾਰਾ ਏਕੰਕਾਰਾ ਮਾਨਸ ਜ਼ਾਤੀ ਦੱਸੇ ਵਤਨ, ਬੇਵਤਨਾਂ ਪਰਦਾ ਆਪ ਉਠਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਭ ਦੀ ਲੱਜਿਆ ਆਵੇ ਰੱਖਣ, ਸਤਿ ਸਰੂਪੀ ਸ਼ਾਹੋ ਭੂਪੀ ਆਪਣਾ ਫੇਰਾ ਪਾਈਆ । ਸਾਚਾ ਮਾਰਗ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਵੇ ਦੱਸਣ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਸ਼ਟ ਇਕੋ ਇਕ ਸੁਹਾਈਆ । ਲੇਖਾ ਜਾਣੇ ਉੱਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕੋ ਇਕ ਸੁਣਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਰਹੀ ਭੌਂਦੀ, ਭਾਵਨਾ ਇਕੋ ਇਕ ਰਖਾਈਆ । ਜੁਗ ਚੌਕੜੀ ਮੂਲ ਨਾ ਸੌਂਦੀ, ਆਸਾ

ਆਲਸ ਨਿੰਦਰਾ ਨਾ ਕੋਇ ਰਖਾਈਆ । ਤੂੰਹੀ ਤੂੰਹੀ ਢੋਲਾ ਗੌਂਦੀ, ਪ੍ਰਭ ਤੇਰੀ ਓਟ ਤਕਾਈਆ । ਸਿਫ਼ਤ ਕਰਾਂ ਤੇਰੇ ਨਾਉਂ ਦੀ, ਨਰ ਨਿਰੰਕਾਰ ਤੇਰੀ ਸਰਨਾਈਆ । ਕਲਜੁਗ ਅੰਤਮ ਖੇਲ ਵੇਖੇ ਮੈਂ ਹਉਂ ਦੀ, ਜਗਤ ਹੰਗਤਾ ਗੜ੍ਹ ਵੇਖ ਵਖਾਈਆ । ਹੰਸ ਬੁੱਧੀ ਸਭ ਦੀ ਹੋਈ ਕਾਉਂ ਦੀ, ਕਾਗ ਵਾਂਗ ਕੁਰਲਾਈਆ । ਸ਼ਾਂਤੀ ਰਹੇ ਨਾ ਕਿਸੇ ਗੁਰ ਅਵਤਾਰ ਪੈਗ਼ੰਬਰ ਛਾਉਂ ਦੀ, ਅਗਨੀ ਤੱਤ ਨਾ ਕੋਇ ਬੁਝਾਈਆ । ਵਡਿਆਈ ਰਹੀ ਨਾ ਪੰਜ ਤੱਤ ਕਾਇਆ ਗਾਉਂ ਦੀ, ਕਾਇਆ ਖੇੜਾ ਅਗਨੀ ਤੱਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਆ ਪ੍ਰਭ ਮੇਰੇ ਮਾਲਕ, ਮੇਰੀ ਅੰਤਰ ਇਕ ਦੁਹਾਈਆ । ਭੱਜ ਭੱਜ ਥੱਕੀ ਖ਼ਲਕ ਦੇ ਖ਼ਾਲਕ, ਜੁਗ ਚੌਕੜੀ ਪੰਧ ਨਾ ਕੋਇ ਮੁਕਾਈਆ । ਦੀਨ ਦੁਨੀ ਦੀ ਨਿੰਦਰਾ ਲਾਹ ਆਲਸ, ਗ਼ਫ਼ਲਤ ਵਿਚ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਬਣ ਸਾਲਸ, ਸਚ ਸਵਾਮੀ ਆਪਣਾ ਰੰਗ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਨਿਰੰਤਰ ਕਰ ਖ਼ਾਲਸ, ਸਤਿ ਸਰੂਪ ਸ਼ਾਹੋ ਭੂਪ ਧੁਰ ਦਾ ਰੰਗ ਰੰਗਾਈਆ । ਮਨ ਕਲਪਣਾ ਕੂੜੀ ਕਿਰਿਆ ਤ੍ਰੈਗੁਣ ਮੇਟ ਆਤਸ਼, ਤਨ ਵਜੂਦ ਨਾ ਕੋਇ ਜਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਜੋ ਕਰੇ ਸਾਜ਼ਸ਼, ਲੇਖਾ ਸਭ ਦਾ ਦੇ ਚੁਕਾਈਆ । ਤੇਰੇ ਅੱਗੇ ਮੇਰੀ ਨਿਵਾਜ਼ਸ਼, ਨੇਤਰ ਰੋ ਰੋ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜ ਕਲਪਣਾ ਵਿਕਾਰ ਬੁੱਧੀ ਮੇਟ ਰਾਖਸ਼, ਰਖਸ਼ਿਸ਼ ਹੋ ਕੇ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਮੈਂ ਚਾਰ ਕੁੰਟ ਭੱਜੀ ਨੱਠੀ, ਦਿਵਸ ਰੈਣ ਪੰਧ ਮੁਕਾਈਆ । ਸਾਚੀ ਦਿਸੀ ਕੋਈ ਨਾ ਹੱਟੀ, ਦਵਾਰਾ ਧਰਮ ਨਾ ਕੋਇ ਸਹਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੱਸ ਕੇ ਗਏ ਪੱਟੀ, ਅੱਖਰਾਂ ਵਾਲੀ ਜਗਤ ਪੜ੍ਹਾਈਆ । ਮਾਣ ਜਣਾ ਕੇ ਗਏ ਅੱਠ ਸੱਠੀ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਰੰਗ ਰੰਗਾਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹ ਕਲਮੇ ਗਏ ਰਟੀ, ਰੱਟਾ ਦੀਨ ਦੁਨੀ ਵਿਚ ਪਾਈਆ । ਲੱਖ ਚੁਰਾਸੀ ਡੋਰ ਕਿਸੇ ਨਾ ਕਟੀ, ਆਵਣ ਜਾਵਣ ਗੇੜ ਨਾ ਕੋਇ ਮੁਕਾਈਆ । ਮਨ ਕਲਪਣਾ ਹੋਈ ਕਿਸੇ ਨਾ ਠੰਡੀ, ਅਗਨੀ ਅੱਗ ਨਾ ਕੋਇ ਬੁਝਾਈਆ । ਜਿਧਰ ਤੱਕਾਂ ਆਤਮਾ ਸਭ ਦੀ ਦਿਸਦੀ ਰੰਡੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਤੇਰੀ ਮਾਨਵ ਜ਼ਾਤੀ ਫਿਰਦੀ ਦੀਨਾਂ ਮਜ਼੍ਹਬਾਂ ਵਾਲੀ ਡੰਡੀ, ਰਹਿਬਰ ਤੇਰਾ ਰਾਹ ਨਜ਼ਰ ਕਿਸੇ ਨਾ ਆਈਆ । ਹਦੂਦਾਂ ਅੰਦਰ ਲੱਗੀ ਪਾਬੰਦੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਨਿਜ ਨੇਤਰ ਲੋਚਣ ਨੈਣ ਹੋਈ ਅੰਧੀ, ਸਤਿ ਨੂਰ ਨਾ ਕੋਇ ਰੁਸ਼ਨਾਈਆ । ਧਰਨੀ ਕਹੇ ਪ੍ਰਭੂ ਤੇਰੇ ਨਾਮ ਦੀ ਵੰਡ ਮੈਨੂੰ ਲਗਦੀ ਨਹੀਂ ਚੰਗੀ, ਚਾਰੋਂ ਕੁੰਟ ਦਿਆਂ ਦੁਹਾਈਆ । ਤੂੰ ਆਤਮਾ ਦਾ ਪਰਮਾਤਮਾ ਬ੍ਰਹਮ ਦਾ ਪਾਰਬ੍ਰਹਮ ਸੰਗੀ, ਸੱਜਣ ਸਾਕ ਇਕ ਅਖਵਾਈਆ । ਤੇਰੀ ਦਰਗਾਹ ਸਾਚੀ ਸਚ ਮੁਕਾਮ ਸਚਖੰਡ ਦਵਾਰ ਭੂਮਿਕਾ ਚੰਗੀ, ਜਿਥੇ ਨਿਰਗੁਣ ਨੂਰ ਜੋਤ ਡਗਮਗਾਈਆ । ਨਾ ਕੋਈ ਭੇਖੀ ਨਾ ਪਾਖੰਡੀ, ਮਜ਼੍ਹਬਾਂ ਵਾਲੀ ਨਾ ਕੋਇ ਵਡਿਆਈਆ । ਕਿਰਪਾ ਕਰ ਸੂਰੇ ਸਰਬੰਗੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਤੇਰਾ ਸੁਤ ਦੁਲਾਰਾ ਜੋਧਾ ਸ਼ਬਦ ਸੂਰਬੀਰ ਬਹਾਦਰ ਜੰਗੀ, ਜੰਗਜੂ ਇਕੋ ਨਜ਼ਰੀ ਆਈਆ । ਸਦੀ ਚੌਧਵੀ ਅੰਤ ਅਖ਼ੀਰ ਬੇਨਜ਼ੀਰ ਮੇਰੀ ਕੱਟ ਦੇ ਤੰਗੀ, ਤੰਗਦਸਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਸਚਖੰਡ ਦਵਾਰੇ ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਤੇਰੇ ਨਾਮ ਦਾ ਵੱਜੇ ਡੰਕ, ਰਾਓ ਰੰਕਾਂ ਦੇ ਸੁਣਾਈਆ ।

੧੨੨੩ ੨੧

ਤੇਰਾ ਸੁਹਾਵੇ ਇਕੋ ਬੰਕ, ਦੂਜਾ ਰਹਿਣ ਕੋਇ ਨਾ ਪਾਈਆ । ਪਰਦਾ ਓਹਲਾ ਲਾਹ ਦੇ ਜੀਵ ਜੰਤ, ਸਾਧ ਸੰਤ ਕਰ ਰੁਸ਼ਨਾਈਆ । ਤੇਰੀ ਮਹਿੰਮਾ ਸਦਾ ਅਗਣਤ, ਗੁਰ ਅਵਤਾਰ ਪੈਗ਼ੰਬਰ ਕਹਿਣ ਕੋਇ ਨਾ ਪਾਈਆ । ਕਲਜੁਗ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਬਣਾ ਧੁਰ ਦੀ ਸੰਗਤ, ਸੰਤ ਸੁਹੇਲੇ ਆਪਣੇ ਘਰ ਵਸਾਈਆ । ਬੋਧ ਅਗਾਧਾ ਇਕੋ ਬਣ ਪੰਡਤ, ਧੁਰ ਦੀ ਵਿਦਿਆ ਦੇ ਜਣਾਈਆ । ਲਹਿਣਾ ਦੇਣਾ ਚੁਕੇ ਉਤਭੁਜ ਸੇਤਜ ਜੇਰਜ ਅੰਡਜ, ਚਾਰੇ ਖਾਣੀ ਲੇਖਾ ਦੇ ਮੁਕਾਈਆ । ਧਰਨੀ ਕਹੇ ਮੇਰੇ ਕੋਲ ਜੁਗ ਚੌਕੜੀ ਦੀ ਤੇਰੀ ਸਨਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰ ਏਕੰਕਾਰ ਇਕੋ ਆਸ ਰਖਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਤੱਕਣ ਤੇਰਾ ਸਹਾਰਾ, ਸਚ ਤੇਰੀ ਸਰਨਾਈਆ । ਤੈਨੂੰ ਕਹਿ ਕੇ ਗਏ ਕਲਕੀ ਅਵਤਾਰਾ, ਕਲ ਕਾਤੀ ਲੇਖਾ ਦੇਣਾ ਮੁਕਾਈਆ । ਅਮਾਮ ਅਮਾਮਾ ਬਣ ਸਿਕਦਾਰਾ, ਹੁਕਮ ਧੁਰ ਦਾ ਇਕ ਮਨਾਈਆ । ਚਾਰੋਂ ਕੁੰਟ ਮੇਟ ਅੰਧਿਆਰਾ, ਨਿਰਗੁਣ ਨੂਰ ਕਰ ਰੁਸ਼ਨਾਈਆ । ਤੇਰਾ ਚਰਨ ਕਵਲ ਇਕ ਸਹਾਰਾ, ਦੂਜੀ ਓਟ ਨਾ ਕੋਇ ਤਕਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਪਿਆਰਾ, ਆਤਮ ਪਰਮਾਤਮ ਜੋੜ ਜੁੜਾਈਆ । ਤੇਰਾ ਨਾਦ ਸ਼ਬਦ ਧੁਨਕਾਰਾ, ਅਗੰਮੀ ਨਾਦ ਦੇਣਾ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਹੋਵੇ ਜੈਕਾਰਾ, ਇਕੋ ਢੋਲਾ ਇਕੋ ਗੀਤ ਰਸਨਾ ਜਿਹਵਾ ਸਾਰੇ ਗਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦੀ ਪਰਵਰਦਿਗਾਰਾ, ਮਹਿਬੂਬ ਮੁਹੱਬਤ ਵਿਚ ਤੇਰੀ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰਾ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਜੁਗ ਜੁਗ ਭੱਜੀ ਨੱਠੀ ਥੱਕੀ ਸਤਿਜੁਗ ਤ੍ਰੇਤਾ

ਦੁਆਪਰ ਕਲਜੁਗ ਵੇਖਿਆ ਵਾਰੋ ਵਾਰਾ, ਅਨਕ ਕਲਧਾਰੀ ਤੇਰੀ ਸੇਵ ਕਮਾਈਆ । ਗੁਰ ਅਵਤਾਰ ਪੈਗ਼ੰਬਰ ਮਾਤ ਵਿਚੋਂ ਜਾ ਕੇ ਫੇਰ ਆਇਆ ਨਾ ਕੋਇ ਦੁਬਾਰਾ, ਮੁਰੀਦਾਂ ਸਿੱਖਾਂ ਸਾਰ ਕਿਸੇ ਨਾ ਪਾਈਆ । ਮੈਂ ਵੇਖਦੀ ਰਹੀ ਜੁਗ ਚਾਰਾ, ਚੌਕੜੀ ਆਪਣੀ ਅੱਖ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਰੋਵਾਂ ਜ਼ਾਰੋ ਜ਼ਾਰਾ, ਨੇਤਰ ਰੋਵਾਂ ਦਿਆਂ ਦੁਹਾਈਆ । ਸਾਹਿਬ ਸੁਲਤਾਨੇ ਸ੍ਰੀ ਭਗਵਾਨੇ ਸ੍ਰਿਸ਼ਟੀ ਵੇਖ ਆਪਣਾ ਸੰਸਾਰਾ, ਦ੍ਰਿਸ਼ਟੀ ਅੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਰਤ, ਧਵਲ ਦਿਆਂ ਜਣਾਈਆ । ਮੇਰੀ ਗੁਰ ਅਵਤਾਰ ਪੈਗ਼ੰਬਰਾਂ ਨਾਲ ਪੂਰੀ ਹੋਈ ਸ਼ਰਤ, ਸ਼ਰਅ ਸ਼ਰੀਅਤ ਦਿਆਂ ਬਦਲਾਈਆ । ਨਿਰਗੁਣ ਧਾਰ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਲਹਿਣਾ ਦੇਣਾ ਪੂਰਾ ਕਰਾਂ ਅਰਸ਼, ਅਰਸ਼ੀ ਪ੍ਰੀਤਮ ਹੋ ਕੇ ਖੋਜ ਖੁਜਾਈਆ । ਤੇਰੇ ਉਤੇ ਕਰਾਂ ਤਰਸ, ਰਹਿਮਤ ਹੱਕ ਕਮਾਈਆ । ਅੰਮ੍ਰਿਤ ਮੇਘ ਦੇਵਾਂ ਬਰਸ, ਚਰਨੋਦਕ ਤੇਰੇ ਮੁਖ ਛੁਹਾਈਆ । ਸ਼ਰਅ ਛੁਰੀ ਰਹੇ ਨਾ ਕਰਦ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਸਭ ਦੀ ਮਨਜ਼ੂਰ ਕਰਾਂ ਅਰਜ਼, ਆਰਜ਼ੂ ਆਪਣੇ ਵਿਚ ਛੁਪਾਈਆ । ਸਾਚੇ ਨਾਮ ਦੀ ਦੱਸਾਂ ਤਰਜ਼, ਗੀਤ ਨਾਦ ਕਲਮਾ ਇਕੋ ਇਕ ਸੁਣਾਈਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਆਪਣੀ ਗੋਦ ਬਹਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਵੇਖਾਂ ਥਾਉਂ ਥਾਈਂਆ । ਇਹ ਖੇਲ ਹੋਣਾ ਅਸਚਰਜ, ਜਗਤ ਬੁੱਧੀ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਸਮਝਾਈਆ । ਪੁਰਖ ਅਕਾਲ ਕਹੇ ਧਰਨੀ ਸਾਚੀ

ਸਿਖਿਆ ਸੁਣ ਲੈ ਜਗਤ, ਜਗਜੀਵਣ ਦਾਤਾ ਦਏ ਦ੍ਰਿੜਾਈਆ । ਚੁਰਾਸੀ ਵਿਚੋਂ ਮਾਨਵ ਜ਼ਾਤੀ ਵਿਚੋਂ ਹਰਿਜਨ ਵੇਖ ਮੇਰੇ ਭਗਤ, ਗੁਰਮੁਖ ਸੋਹਣੇ ਸੋਭਾ ਪਾਈਆ । ਜਿਨ੍ਹਾਂ ਇਸ਼ਟ ਮੇਰਾ ਮੰਨਿਆ ਫ਼ਕਤ, ਬਾਕੀ ਝਗੜੇ ਦਿਤੇ ਮੁਕਾਈਆ । ਮੇਰਾ ਨੂਰ ਤੱਕਣ ਅਗੰਮੀ ਧਾਰ ਅਰਸ਼, ਆਸ਼ਾ ਸਭ ਦੀ ਪੂਰ ਕਰਾਈਆ । ਜੋਤੀ ਜਾਮਾ ਪਾ ਕੇ ਦੇਵਾਂ ਦਰਸ, ਨੂਰ ਨੁਰਾਨਾ ਡਗਮਗਾਈਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਾਂ ਗ਼ਰਜ਼, ਗਹਿਰ ਗੰਭੀਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਪੁਰਖ ਅਕਾਲ ਕਹੇ ਧਰਨੀ ਸਚ ਦਵਾਰਾ ਧੁਰ ਦਾ ਖੋਲ੍ਹਾਂ, ਸਚਖੰਡ ਨਿਵਾਸੀ ਰਿਹਾ ਸੁਣਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੱਸ ਕੇ ਇਕੋ ਬੋਲਾ, ਧੁਰ ਸੰਦੇਸ਼ਾ ਦਿਤਾ ਸਮਝਾਈਆ । ਆਤਮ ਪਰਮਾਤਮ ਬਣ ਕੇ ਤੋਲਾ, ਲੱਖ ਚੁਰਾਸੀ ਰਿਹਾ ਤੁਲਾਈਆ । ਸਚ ਦਵਾਰਾ ਇਕੋ ਖੋਲ੍ਹਾ, ਸਤਿਜੁਗ ਸਾਚਾ ਰਾਹ ਦਰਸਾਈਆ । ਨਿਰਗੁਣ ਧਾਰ ਹੋ ਕੇ ਮੌਲਾ, ਜੋਤੀ ਜਾਤਾ ਹੋ ਕੇ ਵੇਸ ਵਟਾਈਆ । ਜਨ ਭਗਤਾਂ ਅੰਦਰ ਚੁਕਾ ਕੇ ਉਹਲਾ, ਪਰਦਾ ਦਿਤਾ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੇ ਉਤੇ ਪੈਣਾ ਰੌਲਾ, ਹਾਹਾਕਾਰ ਕਰੇ ਲੋਕਾਈਆ । ਸਵਾਧਾਨ ਹੋ ਜਾ ਧੌਲਾ, ਧੌਲ ਦਿਆਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਹੋ ਜਾ ਸਵਾਧਾਨ, ਸਚ ਦਿਆਂ ਸਮਝਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਜਗਤ ਸ਼ਰਅ ਬਣੇ ਸ਼ੈਤਾਨ, ਸਤਿ ਧਰਮ ਨਾ ਕੋਇ ਰਖਾਈਆ । ਕੂੜੀ ਕਿਰਿਆ ਉਠਣਾ ਤੁਫ਼ਾਨ, ਸਚ ਸੁਚ ਦਏ ਰੁੜ੍ਹਾਈਆ । ਵਿਦਵਾਨਾਂ ਰਹੇ ਨਾ ਕੋਇ ਗਿਆਨ, ਬੁੱਧੀ ਵਿਚ ਨਾ ਕੋਇ ਵਡਿਆਈਆ । ਚਾਰੋਂ ਕੁੰਟ ਯੁੱਧ ਹੋਵੇ ਘਮਸਾਨ, ਅੱਗੇ ਹੋ ਨਾ ਕੋਇ ਅਟਕਾਈਆ । ਤੂੰ ਖ਼ੁਸ਼ੀਆਂ ਨਾਲ ਗਾਵੀਂ ਗਾਨ, ਗੀਤ ਗੋਬਿੰਦ ਅਲਾਈਆ । ਪ੍ਰਭੂ ਕਿਰਪਾ ਕੀਤੀ ਮਹਾਨ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਵਾਅਦਾ ਪੂਰਾ ਕਰੇ ਜਹਾਨ, ਕੌਲ ਇਕਰਾਰ ਵੇਖੇ ਚਾਈਂ ਚਾਈਆ । ਮਾਇਆ ਮਮਤਾ ਦਾ ਮੇਟ ਨਿਸ਼ਾਨ, ਸਤਿ ਧਰਮ ਨਿਸ਼ਾਨਾ ਦਏ ਝੁਲਾਈਆ । ਨਵ ਸੱਤ ਸਾਰੇ ਇਕੋ ਢੋਲਾ ਗਾਣ, ਇਕੋ ਨਾਮ ਧਿਆਈਆ । ਧਰਨੀ ਧਰਤ ਧਵਲ ਧੌਲ ਤੈਨੂੰ ਕਰਨਾ ਪਏ ਪਰਵਾਨ, ਪਰਵਾਨਗੀ ਵਿਚ ਸੀਸ ਦੇਣਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਭਾਣਾ ਤੇਰਾ ਜਰਦੀ, ਸਦ ਭਾਣੇ ਵਿਚ ਸਮਾਈਆ । ਜੁਗ ਚੌਕੜੀ ਸ੍ਰਿਸ਼ਟੀ ਜੰਮਦੀ ਮਰਦੀ, ਇਹ ਤੇਰੀ ਬੇਪਰਵਾਹੀਆ, ਮੈਂ ਖ਼ਬਰ ਦੱਸਾਂ ਤੇਰੇ ਘਰ ਦੀ, ਗ੍ਰਿਹ ਮੰਦਰ ਫੋਲ ਫੁਲਾਈਆ । ਕੀ ਧਾਰ ਤੇਰੀ ਨਰਾਇਣ ਨਰ ਦੀ, ਨਰ ਨਿਰੰਕਾਰ ਦੇਣਾ ਦ੍ਰਿੜਾਈਆ । ਜਿਹੜੀ ਆਤਮਾ ਤੈਨੂੰ ਵਰਦੀ, ਨਾਤਾ ਜਗਤ ਨਾਲੋਂ ਤੁੜਾਈਆ । ਤੇਰੀ ਯਾਦ ਵਿਚ ਤੇਰਾ ਢੋਲਾ ਪੜ੍ਹਦੀ, ਤੂੰ ਮੇਰਾ ਮੈਂ ਤੇਰਾ ਰਹੀ ਗਾਈਆ । ਸਚ ਦੱਸ ਉਹ ਕਵਣ ਦਵਾਰੇ ਖੜ੍ਹਦੀ, ਗ੍ਰਿਹ ਕਵਣ ਡੇਰਾ ਲਾਈਆ । ਪੁਰਖ ਅਕਾਲ ਕਹੇ ਧਰਨੀ ਉਹ ਸਚ ਦਵਾਰਾ ਮੱਲਦੀ, ਦਰਗਾਹ ਸਾਚੀ ਸੋਭਾ ਪਾਈਆ । ਜਨ ਭਗਤਾਂ ਆਤਮਾ ਸਦਾ ਮੇਰੇ ਵਿਚ ਰਲਦੀ, ਚੁਰਾਸੀ ਵਿਚ ਨਾ ਕੋਇ ਭਵਾਈਆ । ਅਟਕਨ ਰਹੇ ਨਾ ਜਲ ਥਲ ਦੀ, ਮਹੀਅਲ ਵੰਡ ਨਾ ਕੋਇ ਵੰਡਾਈਆ । ਜੁਗ ਚੌਕੜੀ ਕਿਸੇ ਨੂੰ ਖ਼ਬਰ ਨਹੀਂ ਰਹੀ ਕੀ ਖੇਲ ਹੋਣੀ ਕਲਜੁਗ ਕਲ ਦੀ, ਹਰਿ ਕਲਾ ਕੀ ਵਰਤਾਈਆ । ਸਾਰੇ ਵਡਿਆਈ

ਚਾਹੁੰਦੇ ਬਲ ਬਲ ਦੀ, ਸਿਫ਼ਤਾਂ ਵਿਚ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਧਰਨੀ ਜਿਸ ਨੇ ਗਾਇਆ ਸੋਹੰ ਗੀਤ, ਇਕ ਨਾਮ ਵਡਿਆਈਆ । ਛੱਡ ਗਏ ਮੰਦਰ ਮਸੀਤ, ਕਾਅਬਿਆਂ ਪੰਧ ਮੁਕਾਈਆ । ਸ੍ਰਿਸ਼ਟੀ ਵਿਚੋਂ ਹੋ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਇਕੋ ਪ੍ਰਭ ਦੀ ਕਰਨ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਓਨ੍ਹਾਂ ਕਰਾਂ ਠਾਂਡੇ ਸੀਤ, ਅਗਨੀ ਤੱਤ ਨਾ ਕੋਇ ਤਪਾਈਆ । ਓਨ੍ਹਾਂ ਦਾ ਨਾ ਜਨਮ ਨਾ ਕਰਮ ਨਾ ਕੋਈ ਦੀਨ ਦੁਨੀ ਵਾਲਾ ਨਸੀਬ, ਸੰਸਾਰੀ ਵੰਡ ਨਾ ਕੋਇ ਵੰਡਾਈਆ । ਆਸਾ ਮਨਸਾ ਪੂਰੀ ਕਰ ਉਮੀਦ, ਦਰ ਘਰ ਸਾਚੇ ਦਿਆਂ ਟਿਕਾਈਆ । ਉਹ ਗੁਰਮੁਖ ਸੰਤ ਸੁਹੇਲੇ ਉਹ ਜਨ ਭਗਤ ਮੇਰੇ ਨਾਮ ਦੇ ਸਦਾ ਸ਼ਹੀਦ, ਸ਼ਹਾਦਤ ਇਕੋ ਘਰ ਭੁਗਤਾਈਆ । ਅੰਤ ਕਰਾਂ ਆਪ ਤਸਦੀਕ, ਦੂਸਰ ਲੋੜ ਰਹੇ ਨਾ ਰਾਈਆ । ਸਦਾ ਸਦਾ ਸਦ ਸਚਖੰਡ ਬਣ ਵਸਨੀਕ, ਸਚ ਦਵਾਰੇ ਆਸਣ ਲਾਈਆ । ਜਿਥੇ ਨਜ਼ਰ ਨਾ ਆਵੇ ਕੋਈ ਸ਼ਰੀਕ, ਲਾਸ਼ਰੀਕ ਇਕੋ ਸੋਭਾ ਪਾਈਆ । ਜਿਸ ਦੇ ਵਿਚ ਹੱਕ ਤੌਫ਼ੀਕ, ਧੁਰ ਦਾ ਮਾਲਕ ਨਜ਼ਰੀ ਆਈਆ । ਭਗਤ ਆਤਮਾ ਕਦੇ ਨਾ ਹੋਵੇ ਪਲੀਤ, ਪੱਤਤ ਪੁਨੀਤ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਰਹਿਣ ਨਾ ਦੇਵੇ ਊਚ ਨੀਚ, ਨੀਚ ਊਚ ਇਕੋ ਰੰਗ ਰੰਗਾਈਆ ।



੧੨੨੬ ੨੧

✻ ੧੮ ਚੇਤ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਹਿ ਲਾਇਨ ੨੫੭-੯ ਸ਼ਾਸਤਰੀ ਨਗਰ ਕਾਨਪੁਰ ✻

ਧਰਨੀ ਕਹੇ ਪ੍ਰਭ ਚਾਰ ਕੁੰਟ ਸ੍ਰਿਸ਼ਟੀ ਦੁਖੀ, ਦੁਖੀਆਂ ਦਰਦ ਨਾ ਕੋਇ ਮਿਟਾਈਆ । ਗ਼ਫ਼ਲਤ ਵਿਚ ਗਹਿਰੀ ਨੀਂਦ ਸੁੱਤੀ, ਸੁਰਤੀ ਸ਼ਬਦ ਨਾ ਕੋਇ ਜਗਾਈਆ । ਮਨ ਕਲਪਣਾ ਵਿਚ ਭੁੱਖੀ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਤੇਰਾ ਨਾਮ ਖ਼ੈਰ ਪਏ ਨਾ ਮੁੱਠੀ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਮੈਂ ਵੇਖਿਆ ਚਾਰੇ ਗੁੱਠੀਂ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਅੰਤਰ ਆਤਮ ਲੱਗੀ ਕਿਸੇ ਨਾ ਰੁਚੀ, ਸਤਿ ਸਤਿ ਨਾ ਕੋਇ ਸਮਾਈਆ । ਮਨਸਾ ਹੋਏ ਕਿਸੇ ਨਾ ਸੁੱਚੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਭ ਦੀ ਚੋਗ ਜਗਤ ਨਖੁੱਟੀ, ਵਸਤ ਅਮੁੱਲ ਨਾ ਕੋਇ ਵਰਤਾਈਆ । ਪ੍ਰੀਤਮ ਪ੍ਰੀਤੀ ਤੇਰੇ ਨਾਲੋਂ ਤੁੱਟੀ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਅੰਤ ਵਾਤ ਕਿਸੇ ਨਾ ਪੁੱਛੀ, ਪੁਸ਼ਤ ਪੁਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਦੁਨੀਆ ਚਾਰ ਕੁੰਟ ਕਰੇ ਵਰਲਾਪ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਵਧਿਆ ਪਾਪ, ਪਤਤ ਪੁਨੀਤ ਨਾ ਕੋਇ ਬਣਾਈਆ । ਆਤਮ ਬ੍ਰਹਮ ਕੋਇ ਨਾ ਜਾਪ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਤ੍ਰੈਗੁਣ ਮੇਟੇ ਕੋਈ ਨਾ ਤਾਪ, ਅਗਨੀ ਤੱਤ ਨਾ ਕੋਇ ਬੁਝਾਈਆ । ਨਜ਼ਰ ਆਏ ਨਾ ਆਪਾ ਆਪ, ਦੂਈ ਦਵੈਤ ਪਰਦਾ ਨਾ ਕੋਇ ਉਠਾਈਆ । ਸੁਰਤ ਸ਼ਬਦ ਨਾ ਬਣੇ ਸਾਥ, ਨਿਰਤ ਨੈਣ ਨਾ ਕੋਇ ਖੁਲ੍ਹਾਈਆ । ਸਾਚੀ ਗਾਏ ਕੋਇ ਨਾ ਗਾਥ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਕਿਰਪਾ ਕਰ ਪੁਰਖ ਸਮਰਾਥ, ਸਾਹਿਬ ਤੇਰੀ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭ ਦੀਨ ਦੁਨੀ ਦੀ ਵੇਖੀ ਹਾਲਤ, ਹਾਏ ਹਾਏ ਕਰ ਸੁਣਾਈਆ । ਸਾਚੀ ਕਰੇ ਨਾ ਕੋਇ ਅਦਾਲਤ, ਇਨਸਾਫ਼ ਹੱਕ ਨਾ ਕੋਇ ਕਮਾਈਆ । ਮਨੂਆ ਮਨ ਕਰੇ ਬਗ਼ਾਵਤ, ਚਾਰ ਕੁੰਟ ਰਿਹਾ ਕੁਰਲਾਈਆ । ਸਾਚਾ ਨਾਮ ਕਰੇ ਨਾ ਕੋਇ ਸਖ਼ਾਵਤ, ਝੋਲੀ ਹੱਕ ਨਾ ਕੋਇ ਭਰਾਈਆ । ਦੀਨ ਮਜ਼੍ਹਬ ਮੇਟੇ ਨਾ ਕੋਇ ਅਦਾਵਤ, ਝਗੜਾ ਦੂਈ ਨਾ ਕੋਇ ਤਜਾਈਆ । ਤੇਰਾ ਕਲਮਾ ਨਾ ਲੱਭੇ ਨਿਆਮਤ, ਰਸਨਾ ਰਸ ਨਾ ਕੋਇ ਚਖਾਈਆ । ਸਦੀ ਚੌਧਵੀਂ ਸਭ ਉਤੇ ਔਂਦੀ ਦਿਸੇ ਕਿਆਮਤ, ਕਲਮੇ ਵਾਲੇ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭ ਦੀਨ ਦੁਨੀ ਸੁਣ ਪੁਕਾਰ, ਨੇਤਰ ਰੋ ਰੋ ਨੀਰ ਵਹਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਮਨੂਆ ਕਰੇ ਨਾ ਕੋਇ ਗ੍ਰਿਫ਼ਤਾਰ, ਸ਼ਬਦੀ ਤੰਦ ਨਾ ਕੋਇ ਬੰਧਾਈਆ । ਮਿੱਤਰ ਰਿਹਾ ਨਾ ਕੋਇ ਮੁਰਾਰ, ਸੱਜਣ ਸੰਗ ਨਾ ਕੋਇ ਰਖਾਈਆ ।ਦਰ ਤੇਰੇ ਦੋਏ ਜੋੜ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਨਿਗਾਹ ਮਾਰ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਤੇਰੀ ਓਟ ਰਖਾਈਆ । ਕਲਜੁਗ ਕੂੜੀ ਕਿਰਿਆ ਤੋੜ ਗੜ੍ਹ ਹੰਕਾਰ, ਹਉਮੇ ਹੰਗਤਾ ਦੇ ਗਵਾਈਆ । ਆਤਮ ਬ੍ਰਹਮ ਹੋਏ ਵਿਚਾਰ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਚ ਦਵਾਰਾ ਏਕੰਕਾਰਾ ਦੇ ਵਖਾਲ, ਦਰਗਾਹ ਸਾਚੀ ਇਕ ਸੁਹਾਈਆ । ਜਿਥੇ ਵਸਣ ਸ਼ਾਹ ਕੰਗਾਲ, ਊਚ ਨੀਚ ਨਾ ਵੰਡ ਵੰਡਾਈਆ । ਤੇਰਾ ਨੂਰੀ ਹੋਏ ਜਮਾਲ, ਜਾਗਰਤ ਜੋਤ ਡਗਮਗਾਈਆ । ਸਭ ਦਾ ਹੱਲ ਕਰ ਸਵਾਲ, ਦਰ ਤੇਰੇ ਮੰਗ ਮੰਗਾਈਆ । ਸਦੀ ਚੌਧਵੀਂ ਹੋਏ ਜ਼ਵਾਲ, ਲੇਖਾ ਅਵਰ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਮੰਗਣ ਦਾਨ, ਦਰ ਠਾਂਡੇ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਤੇਰੀ ਬੇਪ੍ਰਵਾਹੀਆ । ਕਲਜੁਗ ਕੂੜ ਮੇਟ ਨਿਸ਼ਾਨ, ਨਿਸ਼ਾਨਾ ਧਰਮ ਇਕ ਝੁਲਾਈਆ । ਜੀਵ ਜੰਤ ਸਾਧ ਸੰਤ ਤੇਰਾ ਢੋਲਾ ਗਾਣ, ਕਲਮਾ ਨਾਮ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੈਂ ਰੋ ਰੋ ਥੱਕੀ, ਅੰਤਮ ਦਿਆਂ ਦੁਹਾਈਆ । ਕਿਰਪਾ ਕਰ ਕਮਲਾਪਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਸਤਿ ਧਰਮ ਦੀ ਧਾਰ ਰਹੀ ਕੋਈ ਨਾ ਸਖ਼ੀ, ਕਾਹਨ ਘਨੱਈਆ ਨਜ਼ਰ ਕੋਇ ਨਾ ਆਈਆ । ਤੇਰੇ ਪ੍ਰੇਮ ਦੀ ਭੁੱਲੀ ਸਭ ਨੂੰ ਪੱਟੀ, ਪਟਨੇ ਵਾਲਾ ਦਏ ਗਵਾਹੀਆ । ਚਾਰ ਵਰਨਾਂ ਖ਼ਾਲੀ ਹੱਟੀ, ਵਣਜ ਸਚ ਨਾ ਕੋਇ ਕਰਾਈਆ । ਮੈਂ ਦਹਿ ਦਿਸ਼ਾ ਫਿਰਾਂ ਨੱਠੀ, ਉਚੀ ਕੂਕ ਕੂਕ ਸੁਣਾਈਆ । ਕਿਰਪਾ ਕਰ ਪੁਰਖ ਸਮਰਥੀ, ਸਮਰਥ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਨਾਲ ਜੋ ਕੀਤੀ ਪੱਕੀ, ਵਾਅਦੇ ਵੇਖ ਥਾਉਂ ਥਾਈਂਆ । ਅੱਗੇ ਫ਼ਰਕ ਪਵੇ ਨਾ ਰਤੀ, ਰਹਿਬਰ ਹੋ ਕੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਬੇਪਰਵਾਹੀਆ । ਧਰਨੀ ਕਹੇ ਮੈਂ ਵੇਖਿਆ ਚਾਰ ਚੁਫੇਰਾ, ਬਿਨ ਅੱਖਾਂ ਦਿਆਂ ਦ੍ਰਿੜਾਈਆ । ਕਿਸੇ ਅੰਦਰ ਦਿਸੇ ਨਾ ਚਾਓ ਘਨੇਰਾ, ਘਨਈਆ ਮਿਲਣ ਕੋਇ ਨਾ ਆਈਆ । ਮਨ ਮਮਤਾ ਪਿਆ ਝੇੜਾ, ਝਗੜਾ ਸਕੇ ਨਾ ਕੋਇ ਮਿਟਾਈਆ । ਲੱਖ ਚੁਰਾਸੀ

ਮੁਕੇ ਨਾ ਗੇੜਾ, ਆਵਣ ਜਾਵਣ ਫੰਦ ਨਾ ਕੋਇ ਕਟਾਈਆ । ਭੇਵ ਖੁਲ੍ਹੇ ਨਾ ਤੇਰਾ ਮੇਰਾ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਕਿਰਪਾ ਕਰ ਸਾਹਿਬ ਸੁਲਤਾਨ ਮਿਹਰਵਾਨ ਕਰ ਮਿਹਰਾ, ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਵਖਾਵਣ ਵਾਲੇ ਵਸੀਅਤ, ਵਸਲ ਯਾਰ ਦੇਣਾ ਕਰਾਈਆ । ਤੇਰੇ ਕੋਲ ਸਰਬ ਅਸਲੀਅਤ, ਅਸਲ ਪਰਦਾ ਦੇਣਾ ਉਠਾਈਆ । ਮੈਂ ਚਾਹੁੰਦੀ ਸਭ ਦੀ ਸਾਂਝੀ ਕਰ ਵਲਦੀਅਤ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਤੇਰੇ ਵਿਚ ਅਗੰਮ ਅਹਿਮੀਅਤ, ਗੁਰ ਅਵਤਾਰ ਪੈਗ਼ੰਬਰ ਤੇਰੀ ਸਰਨਾਈਆ । ਸ਼ਬਦੀ ਧਾਰ ਤੇਰੀ ਸ਼ਖ਼ਸੀਅਤ, ਸ਼ਹਿਨਸ਼ਾਹ ਤੇਰਾ ਲੇਖਾ ਅਗੰਮ ਅਥਾਹੀਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਤੇਰੀ ਮਲਕੀਅਤ, ਤੁਧ ਬਿਨ ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਹਰਿ ਸੱਜਣ ਨੂਰ ਅਲਾਹੀਆ । ਧਰਤੀ ਕਹੇ ਕਿਰਪਾ ਕਰ ਗੁਣ ਨਿਧਾਨ, ਗੁਣਵੰਤੇ ਤੇਰੀ ਓਟ ਤਕਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਪੰਧ ਮੁਕਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਹੋਈ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਮਾਨਵ ਮਾਨੁਸ਼ ਮਾਨੁਖ ਹੋਏ ਸ਼ਰਅ ਸ਼ੈਤਾਨ, ਜ਼ੰਜੀਰ ਬੇਨਜ਼ੀਰ ਕੱਟ ਅਖ਼ੀਰ ਮਿਲਣ ਕੋਇ ਨਾ ਆਈਆ । ਹਰ ਹਿਰਦੇ ਅੰਤਰ ਨਿਰੰਤਰ ਦੇ ਗਿਆਨ, ਬੁੱਧ ਬਿਬੇਕ ਆਪ ਬਣਾਈਆ । ਮਨੂਆ ਦਹਿ ਦਿਸ਼ ਭੱਜੇ ਨਾ ਵਿਚ ਜਹਾਨ, ਕਲਪਣਾ ਕੂੜ ਦੇਣੀ ਗਵਾਈਆ । ਗੁਰ ਅਵਤਾਰ ਪੈਗ਼ੰਬਰ ਸੱਯਦਿਆਂ ਵਿਚ ਸੀਸ ਝੁਕਾਣ, ਨਮੋਂ ਡੰਡਾਵਤ ਤੇਰੀ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਮੰਗਣ ਦਾਨ, ਦਰ ਠਾਂਡੇ ਬੈਠੇ ਅਲਖ ਜਗਾਈਆ । ਸਦੀ ਚੌਧਵੀਂ ਨੇਤਰ ਰੋਵੇ ਚਰਨ ਕਵਲ ਜਾਏ ਵਿਟਹੁ ਕੁਰਬਾਨ, ਕਰਬਲੇ ਵਾਲਾ ਲੇਖਾ ਦੇ ਮੁਕਾਈਆ । ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਧਰਨੀ ਕਹੇ ਹੋ ਮਿਹਰਵਾਨ, ਮਹਿਬੂਬ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਮੁਕਾਮੇ ਹੱਕ ਹਕ਼ੀਕ਼ਤ ਪਰਦਾ ਦੇਣਾ ਉਠਾਈਆ । ਧਰਨੀ ਕਹੇ ਮੇਰਾ ਅੰਤ ਅਖ਼ੀਰੀ ਗੀਤ, ਸਚ ਸਚ ਸੁਣਾਈਆ । ਆਪਣੀ ਬਖ਼ਸ਼ ਹੱਕ ਪ੍ਰੀਤ, ਪ੍ਰੀਤਮ ਆਪਣਾ ਮੇਲ ਮਿਲਾਈਆ । ਝਗੜਾ ਮੇਟ ਕੇ ਊਚ ਨੀਚ, ਰਾਓ ਰੰਕ ਇਕੋ ਘਰ ਵਸਾਈਆ । ਕਾਇਆ ਕਰ ਠਾਂਡੀ ਸੀਤ, ਅਗਨੀ ਤੱਤ ਬੁਝਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਅਬਾ ਇਕੋ ਦੇ ਦਰਸਾਈਆ । ਜਿਥੇ ਵਸੇਂ ਆਪ ਅਨਡੀਠ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਭ ਨੂੰ ਚਾੜ੍ਹ ਰੰਗ ਮਜੀਠ, ਬਿਸਮਿਲ ਹੋ ਕੇ ਆਪਣੀ ਕਾਰ ਕਮਾਈਆ । ਕਲਜੁਗ ਅੰਦਰ ਸਤਿਜੁਗ ਬਦਲ ਦੇ ਰੀਤ, ਰੀਤੀਵਾਨ ਤੇਰੀ ਬੇਪਰਵਾਹੀਆ । ਖੇਲ ਕਰ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਤੇਰੀ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਆਸਾ ਰੱਖ ਕੇ ਗਏ ਉਮੀਦ, ਤ੍ਰਿਸ਼ਨਾ ਤੇਰੇ ਨਾਲ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਕਰੇ ਤਾਕੀਦ, ਤਾਈਦ ਵਿਚ ਸਾਰੇ ਢੋਲੇ ਗਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਦੀਨ ਦੁਨੀ ਵੇਖ ਲਾ ਕੇ ਨੀਝ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਤੇਰੀ ਪ੍ਰਭੂ ਸਾਰੇ ਕਰਦੇ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਮੈਂ ਚਾਹੁੰਦੀ ਸਭ ਦੀ ਬਦਲ ਦੇ ਤਵਾਰੀਖ, ਤਾਰੀਖ ਆਪਣੀ ਇਕ ਸਮਝਾਈਆ ।

ਸ਼ਬਦ ਗੁਰੂ ਕਰੇ ਤਸਦੀਕ, ਸ਼ਹਾਦਤ ਏਕੰਕਾਰ ਇਕੋ ਦੇਣੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਨਿਵਾਸੀ ਦਰਗਾਹ ਸਾਚੀ ਤੇਰੇ ਭਗਤ ਸਦਾ ਸਦਾ ਵਸਨੀਕ, ਵਸਲ ਅਸਲ ਇਕੋ ਦੇਣਾ ਨੂਰ ਅਲਾਹੀਆ ।

## ❊ ੧੯ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾ ਸਿੰਘ ਦੇ ਗ੍ਰਹਿ ਸ਼ਾਸਤਰੀ ਨਗਰ ਕਾਨ ਪੁਰ ❊

ਧਰਨੀ ਕਹੇ ਪ੍ਰਭ ਸਾਚਾ ਰਿਹਾ ਕੋਇ ਨਾ ਧਰਮ, ਧਰਮਾਤਮਾ ਧੁਰ ਦੀ ਧਾਰ ਨਾ ਕੋਇ ਦ੍ਰਿੜਾਈਆ । ਸ਼ੁਭ ਕਰੇ ਕੋਈ ਨਾ ਕਰਮ, ਕੁਕਰਮ ਕੂੜ ਕਿਰਿਆ ਵਿਚ ਦੀਨ ਦੁਨੀਆ ਜਗਤ ਹਲਕਾਈਆ । ਭਾਂਡਾ ਭੰਨੇ ਕੋਈ ਨਾ ਭਰਮ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਨੇਤਰ ਆਵੇ ਕਿਸੇ ਨਾ ਸ਼ਰਮ, ਲੱਜਿਆ ਰਹਿਣ ਕੋਇ ਨਾ ਪਾਈਆ । ਕਲਪਣਾ ਦਿਸੇ ਮਾਟੀ ਚਰਮ, ਚੰਮ ਦ੍ਰਿਸ਼ਟੀ ਵਿਚ ਕੁਰਲਾਈਆ । ਝਗੜਾ ਪਿਆ ਵਰਨ ਬਰਨ, ਦੀਨ ਮਜ਼੍ਹਬ ਜ਼ਾਤ ਪਾਤ ਕਰੇ ਲੜਾਈਆ । ਆਤਮ ਪਰਮਾਤਮ ਢੋਲਾ ਮੂਲ ਨਾ ਪੜ੍ਹਨ, ਸੁਰਤ ਸ਼ਬਦ ਮੇਲ ਨਾ ਕੋਇ ਕਰਾਈਆ । ਨਿਰਗੁਣ ਧਾਰ ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਨੌਂ ਦਵਾਰੇ ਪੰਧ ਨਾ ਕੋਇ ਮੁਕਾਈਆ । ਸਚ ਸਰਨਾਈ ਕਲਜੁਗ ਜੀਵ ਅੰਤ ਨਾ ਪੜਨ, ਦਰਗਾਹ ਸਾਚੀ ਮਿਲਣ ਕੋਇ ਨਾ ਆਈਆ । ਨੇਤਰ ਖੁਲ੍ਹੇ ਕਿਸੇ ਨਾ ਹਰਨ ਫਰਨ, ਨਿਜ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਝਗੜਾ ਮੁੱਕੇ ਨਾ ਜਨਮ ਮਰਨ, ਚੁਰਾਸੀ ਫੰਦ ਨਾ ਕੋਇ ਕਟਾਈਆ । ਮਾਇਆ ਮਮਤਾ ਵਹਿਣ ਵਿਚ ਲੱਗੇ ਹੜ੍ਹਨ, ਅੱਗੇ ਹੋ ਨਾ ਕੋਇ ਬਚਾਈਆ । ਜਗਤ ਤ੍ਰਿਸ਼ਨਾ ਵਿਚ ਸਾਰੇ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਗੁਰ ਅਵਤਾਰ ਪੈਗ਼ੰਬਰਾਂ ਨਾਲ ਪਰਨ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਕਹੇ ਪ੍ਰਭੂ ਮੈਂ ਭਾਰ ਨਾਲ ਗਈ ਦੱਬੀ, ਬੋਝਾ ਸੀਸ ਨਾ ਕੋਇ ਉਠਾਈਆ । ਦੁਨੀ ਵਿਕਾਰੀ ਹੋਈ ਸਭੀ, ਸਭਿਅਤਾ ਸਚ ਨਾ ਕੋਇ ਵਡਿਆਈਆ । ਤੇਰੀ ਨਿਰਗੁਣ ਜੋਤ ਕਿਸੇ ਨਾ ਲੱਭੀ, ਨਿਰਾਕਾਰ ਨਿਰੰਕਾਰ ਤੇਰਾ ਦਰਸ ਕੋਇ ਨਾ ਪਾਈਆ । ਅੰਤ ਵੇਖ ਆਪਣੀ ਚੌਧਵੀਂ ਸਦੀ, ਪੈਗ਼ੰਬਰਾਂ ਲੈ ਉਠਾਈਆ । ਅਵਤਾਰਾਂ ਚਾਰ ਜੁਗ ਦੀ ਵੇਖ ਗੱਦੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੋਲ ਫੁਲਾਈਆ । ਜਲਵਾ ਦਿਸੇ ਨਾ ਨੂਰ ਅਲਾਹੀ ਰੱਬੀ, ਆਲਮੀਨ ਤੇਰਾ ਮੇਲ ਨਾ ਕੋਇ ਕਰਾਈਆ । ਚਾਰੋਂ ਕੁੰਟ ਕੂੜੀ ਕਿਰਿਆ ਵਹਿੰਦੀ ਨਦੀ, ਮਾਇਆ ਮਮਤਾ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਧਰਨੀ ਕਹੇ ਪੁਰਖ ਅਕਾਲੇ ਦੀਨ ਦਿਆਲੇ ਮੈਂ ਗਈ ਥੱਕ, ਥਕਾਵਟ ਵਿਚ ਮੇਰੀ ਦੁਹਾਈਆ । ਮੇਰਾ ਹਕੀਕਤ ਵਾਲਾ ਦੇ ਦੇ ਹੱਕ, ਲਾਸ਼ਰੀਕ ਤੇਰੀ ਸ਼ਰਨਾਈਆ । ਮੈਂ ਜੁਗ ਜੁਗ ਰਹੀ ਤੱਕ, ਨਿਤ ਨਵਿਤ ਧਿਆਨ ਲਗਾਈਆ । ਕਵਣ ਵੇਲਾ ਆਏ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜਨ ਭਗਤ ਸੁਹੇਲੇ ਲਏ ਰੱਖ, ਲੋਕਮਾਤ ਹੋਏ ਸਹਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਜੋਤੀ ਜੋਤ ਜੋਤ ਕਰੇ ਰੁਸ਼ਨਾਈਆ । ਸ਼ਬਦ ਸੁਣਾ


੧੨੨੯ ੨੧

ਨਾਦ ਅਨਹਦ, ਧੁਨ ਆਤਮਕ ਰਾਗ ਦ੍ਰਿੜਾਈਆ । ਨਾਮ ਪਿਆਲਾ ਪਿਆ ਕੇ ਅਗੰਮੀ ਮਦਿ, ਸਚ ਖ਼ੁਮਾਰੀ ਦਏ ਚੜ੍ਹਾਈਆ । ਘਰ ਦੀਪਕ ਜੋਤ ਜਾਏ ਜਗ, ਕਾਇਆ ਮੰਦਰ ਹੋਵੇ ਰੁਸ਼ਨਾਈਆ । ਨੌਂ ਦਵਾਰੇ ਮੁੱਕੇ ਹੱਦ, ਈੜਾ ਪਿੰਗਲ ਸੁਖਮਨ ਪੰਧ ਰਹੇ ਨਾ ਰਾਈਆ । ਨੂਰ ਚਮਕੇ ਬਿਨਾ ਸੂਰੀਆ ਚੰਦ, ਗ੍ਰਿਹਿ ਮੰਦਰ ਵੱਜੇ ਵਧਾਈਆ । ਸਚ ਦਵਾਰ ਏਕੰਕਾਰ ਤੇਰਾ ਵੇਖੇ ਕੋਈ ਨਾ ਲੰਘ, ਥਿਰ ਘਰ ਸਾਚੇ ਮਿਲਣ ਕੋਇ ਨਾ ਆਈਆ । ਕਿਰਪਾ ਕਰ ਸੂਰੇ ਸਰਬੰਗ, ਦਰ ਤੇਰੇ ਸੀਸ ਨਿਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦਾ ਅਗੰਮੀ ਦੇ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੰਗਾਂ ਰਹੀ ਮੰਗ, ਧਰਨੀ ਰੋ ਰੋ ਰਹੀ ਕੁਰਲਾਈਆ । ਪਾਰਬ੍ਰਹਮ ਪ੍ਰਭ ਲਾ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਦੂਈ ਦਵੈਤੀ ਢਾਹ ਕੰਧ, ਝਗੜਾ ਕੂੜ ਰਹੇ ਨਾ ਰਾਈਆ । ਮੈਂ ਚਾਹੁੰਦੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਛੰਦ, ਸੋਹੰ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਟ ਪੰਧ, ਲੋਕਮਾਤ ਰਹਿਣ ਕੋਇ ਨਾ ਪਾਈਆ । ਧਰਨੀ ਕਹੇ ਪ੍ਰਭ ਕਲਜੁਗ ਕੂੜੀ ਕਿਰਿਆ ਮੇਟ ਦੇ ਮਾਤ, ਦਰ ਤੇਰੇ ਸੀਸ ਨਿਵਾਈਆ । ਚਾਰ ਕੁੰਟ ਦਹਿ ਦਿਸ਼ਾ ਆਪ ਝਾਕ, ਪਰਦਾ ਉਹਲਾ ਰਹੇ ਨਾ ਰਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਨੂਰ ਨਾ ਕੋਇ ਚਮਕਾਈਆ । ਸਾਚੀ ਪੜ੍ਹੇ ਕੋਈ ਨਾ ਗਾਥ, ਰਸਨਾ ਜਿਹਵਾ ਜਗਤ ਹਲਕਾਈਆ । ਕਿਰਪਾ ਕਰ ਦੀਨਾਂ ਨਾਥ, ਨਾਥ ਅਨਾਥਾਂ ਹੋ ਸਹਾਈਆ । ਆਤਮ ਪਰਮਾਤਮ ਦੇ ਸਾਥ, ਸਗਲਾ ਸੰਗ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਸਾਰੇ ਰਹੇ ਵਾਚ, ਵਾਚਕ

ਹੋ ਕੇ ਤੇਰੇ ਢੋਲੇ ਗਾਈਆ । ਆਤਮ ਪਰਮਾਤਮ ਜੁੜੇ ਕਿਸੇ ਨਾ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜਿਧਰ ਤੱਕਾਂ ਦਹਿ ਦਿਸ਼ਾ ਹੁੰਦਾ ਘਾਤ, ਘਾਇਲ ਹੁੰਦੀ ਖ਼ਲਕ ਖ਼ੁਦਾਈਆ । ਮੈਨੂੰ ਤੇਰੇ ਉਤੇ ਇਕੋ ਆਸ, ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਕਰੇ ਪ੍ਰਕਾਸ਼, ਨਿਹਕਲੰਕਾ ਆਪਣਾ ਰੂਪ ਬਦਲਾਈਆ । ਸਭ ਦੀ ਪੂਰੀ ਕਰੇ ਖ਼ਾਹਿਸ਼, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪੁਰਖ ਅਕਾਲ ਮੈਂ ਥੱਕੀ ਟੁੱਟੀ, ਟੁੱਟਿਆਂ ਗੰਢ ਨਾ ਕੋਇ ਪਵਾਈਆ । ਮੈਂ ਬ੍ਰਿਹੋਂ ਵੈਰਾਗਣ ਕੁੱਠੀ, ਬਲਹੀਣ ਕੁਰਲਾਈਆ । ਚਾਰੋਂ ਕੁੰਟ ਹੋਈ ਦੁੱਖੀ, ਕਲਜੁਗ ਜੀਵਾਂ ਦਿਤਾ ਸਤਾਈਆ । ਮੇਰੀ ਸੁਹੰਜਣੀ ਹੋਈ ਨਾ ਰੁੱਤੀ, ਬਸੰਤ ਰੂਪ ਨਾ ਕੋਇ ਵਟਾਈਆ । ਮੇਰੀ ਆਸ਼ਾ ਮੇਰੇ ਅੰਦਰ ਲੁਕੀ, ਸਦੀ ਚੌਧਵੀਂ ਤੈਨੂੰ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਮਿੱਟੀ ਖ਼ਾਕ, ਚਰਨ ਕਵਲ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਚਰਨ ਕਵਲਾਂ ਵਿਚ ਦਾਸ, ਦਾਸੀ ਹੋ ਕੇ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤੇ ਏਸੇ ਵਿਚ ਆਸ, ਆਸਾ ਮਨਸਾ ਨਾਲ ਮਿਲਾਈਆ । ਪੈਗ਼ੰਬਰ ਅਵਤਾਰ ਗੁਰ ਦੇ ਕੇ ਧਰਵਾਸ, ਭਰਵਾਸਾ ਇਕ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਵੇ ਪੁਰਖ ਅਬਿਨਾਸ਼, ਕਲ ਕਲਕੀ ਫੇਰਾ ਪਾਈਆ । ਜਿਸ ਦੀ ਦੀਨ ਮਜ਼੍ਹਬ ਨਾ ਕੋਈ ਜ਼ਾਤ, ਵਰਨ ਬਰਨ ਨਾ ਕੋਇ ਰਖਾਈਆ । ਲੇਖਾ

ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਦੋ ਜਹਾਨਾਂ ਪਾਵੇ ਰਾਸ, ਮੰਡਲ ਮੰਡਪ ਆਪ ਸੁਹਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਚਮਕਾਈਆ । ਚਾਰ ਵਰਨਾਂ ਦੱਸੇ ਇਕੋ ਗਾਥ, ਇਕੋ ਬ੍ਰਹਮ ਦਏ ਦ੍ਰਿੜਾਈਆ । ਇਕੋ ਤਿਲਕ ਲਗਾਏ ਮਸਤਕ ਮਾਥ, ਚਰਨ ਧੂੜੀ ਇਕ ਛੁਹਾਈਆ । ਦੁਰਮਤ ਮੈਲ ਦੇਵੇ ਕਾਟ, ਨਿਰਮਲ ਅੰਦਰੋਂ ਕਰੇ ਸਫ਼ਾਈਆ । ਸਚ ਧਰਮ ਦਾ ਖੋਲ੍ਹੇ ਹਾਟ, ਵਸਤ ਇਕੋ ਇਕ ਵਰਤਾਈਆ । ਵੇਖੇ ਖੇਲ ਜਗਤ ਤਮਾਸ਼, ਦੀਨ ਦੁਨੀ ਫੋਲ ਫੁਲਾਈਆ । ਜਨ ਭਗਤਾਂ ਵਸੇ ਪਾਸ, ਸੰਤ ਸੁਹੇਲੇ ਜੋੜ ਜੁੜਾਈਆ । ਗੁਰਮੁਖਾਂ ਕਰ ਤਲਾਸ਼, ਦੀਨਾਂ ਮਜ਼੍ਹਬਾਂ ਵਿਚੋਂ ਬਾਹਰ ਕਢਾਈਆ । ਗੁਰਸਿੱਖਾਂ ਜੋੜ ਅਗੰਮੀ ਨਾਤ, ਚਰਨ ਕਵਲ ਦਏ ਵਡਿਆਈਆ । ਧਰਨੀ ਧਰਤ ਧਵਲ ਧੌਲ ਤੇਰੀ ਪੁੱਛੇ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਵਖਾਈਆ । ਧਰਨੀ ਕਹੇ ਘਰ ਵਖਾ ਅਗੰਮਾ ਠੰਡਾ, ਠੰਡਕ ਇਕੋ ਇਕ ਵਰਤਾਈਆ । ਪ੍ਰਭੂ ਤੇਰਾ ਨੂਰੀ ਚਮਕੇ ਚੰਦਾ, ਕਲਜੁਗ ਰੈਣ ਅੰਧੇਰੀ ਦੇ ਮਿਟਾਈਆ । ਆਤਮ ਪਰਮਾਤਮ ਸਾਰੇ ਗਾਵਣ ਛੰਦਾ, ਸੋਹੰ ਢੋਲਾ ਰਾਗ ਅਲਾਈਆ । ਬੰਦਗੀ ਬਿਨਾ ਰਹੇ ਕੋਈ ਨਾ ਬੰਦਾ, ਬੰਧਨ ਕੂੜੇ ਦੇਣੇ ਕਟਾਈਆ । ਕਾਇਆ ਮੰਦਰ ਅੰਦਰ ਵਖੌਣੀ ਜਮਨਾ ਸੁਰਸਤੀ ਗੋਦਾਵਰੀ ਗੰਗਾ, ਅੰਮ੍ਰਿਤ ਧਾਰਾ ਦੇਣੀ ਵਹਾਈਆ । ਅੰਮ੍ਰਿਤ ਰਸ ਚਖੌਣਾ ਬਿਨਾ ਖੰਡਾ, ਨਿਝਰ ਝਿਰਨਾ ਇਕ ਝਿਰਾਈਆ । ਅਨਹਦ ਸ਼ਬਦ ਨਾਦ ਦੇਣਾ ਅਗੰਮ ਅਨੰਦਾ, ਨਿਜਾਨੰਦ ਪਰਮਾਨੰਦ ਵਿਚ ਸਮਾਈਆ । ਅੰਦਰ ਬਾਹਰ ਗੁਪਤ ਜ਼ਾਹਰ ਹੋਣਾ ਸੰਗਾ, ਸਗਲਾ ਸੰਗ ਬਣਾਈਆ । ਸਤਿ ਧਰਮ ਦਾ ਦੱਸਣਾ ਧੰਦਾ, ਧਰਮ ਧਾਰ ਇਕ ਉਪਜਾਈਆ । ਤੂੰ ਸਾਹਿਬ ਸੁਲਤਾਨ ਪਰਮ ਪੁਰਖ ਬਖ਼ਸ਼ੰਦਾ, ਬਖ਼ਸ਼ਣਹਾਰ ਤੇਰੀ ਸਰਨਾਈਆ । ਕਲਜੁਗ ਜੀਵ ਰਹੇ ਕੋਈ ਨਾ ਅੰਧਾ, ਨੇਤਰ ਨੈਣ ਦੇਣਾ ਖੁਲ੍ਹਾਈਆ । ਮਮਤਾ ਵਿਚ ਹੋਵੇ ਨਾ ਗੰਦਾ, ਗਹਿਰ ਗੰਭੀਰ ਕਰ ਸਫ਼ਾਈਆ । ਤੇਰਾ ਸ਼ਬਦ ਅਗੰਮੀ ਇਕੋ ਡੰਡਾ, ਡੰਡਾਵਤ ਸਭ ਨੂੰ ਦੇਣੀ ਸਮਝਾਈਆ । ਕਲਜੁਗ ਅੰਤ ਅਖ਼ੀਰ ਤੇਰਾ ਕੰਢਾ, ਕੰਢੀ ਵਾਲੇ ਪਾਰ ਦੇਣਾ ਲੰਘਾਈਆ । ਰਵਦਾਸ ਛੱਡ ਕੇ ਆਰ ਰੰਬਾ, ਕਾਗ਼ਜ਼ ਕ਼ਲਮ ਲੇਖਾ ਰਿਹਾ ਬਣਾਈਆ । ਧਰਨੀ ਕਹੇ ਮੇਰਾ ਭਾਗ ਰਹੇ ਨਾ ਮੰਦਾ, ਮੰਦਭਾਗਣ ਦੇ ਵਡਿਆਈਆ । ਤੂੰ ਸ਼ਾਹ ਪਤਸ਼ਾਹ ਸੂਰਾ ਸਰਬੰਗਾ, ਸ਼ਹਿਨਸ਼ਾਹ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦਵਾਪਰ ਪਿੱਛੇ ਲੰਘਾ, ਕਲਜੁਗ ਅੰਤ ਲੇਖਾ ਪੂਰ ਕਰਾਈਆ । ਸ਼ਬਦੀ ਧਾਰ ਏਕੰਕਾਰ ਅਗੰਮੀ ਫੜ ਖੰਡਾ, ਖੜਗ ਨਧੜਕ ਇਕੋ ਇਕ ਉਠਾਈਆ । ਦੀਨ ਦੁਨੀ ਜਗਤ ਜੀਵ ਪਿਛਲੀ ਰਹੇ ਕੋਈ ਨਾ ਵੰਡਾ, ਇਕੋ ਰੰਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾ ਹੰ ਬ੍ਰਹਮਾ, ਪਾਰਬ੍ਰਹਮ ਬ੍ਰਹਮ ਆਪਣਾ ਪਰਦਾ ਲਾਹੀਆ ।



✻ ੧੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦਿਤ ਸਿੰਘ ਦੇ ਗ੍ਰਿਹ ਸ਼ਾਸਤਰੀ ਨਗਰ ਕਾਨਪੁਰ ✻

ਧਰਨੀ ਕਹੇ ਪ੍ਰਭ ਆਪਣੀ ਦੇ ਝਾਕੀ, ਨਿਰਗੁਣ ਨਿਰਵੈਰ ਨੂਰ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਲਹਿਣਾ ਚੁਕਾ ਬਾਕੀ,

ਲੋਕਮਾਤ ਸਾਹਿਬ ਸੁਲਤਾਨ ਰਹਿਣ ਕੋਇ ਨਾ ਪਾਈਆ । ਸਚ ਦਵਾਰ ਏਕੰਕਾਰ ਖੋਲ੍ਹ ਤਾਕੀ, ਦਰਗਾਹ ਸਾਚੀ ਪਰਦਾ ਦੇ ਉਠਾਈਆ । ਕਰ ਪ੍ਰਕਾਸ਼ ਬਿਨ ਦੀਆ ਬਾਤੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਤੇਰਾ ਸ਼ਬਦ ਨਾਦ ਸੁਣੀਏ ਅਨਾਦੀ, ਧੁਨ ਆਤਮਕ ਦੇਣੀ ਉਪਜਾਈਆ । ਤੇਰਾ ਖੇਲ ਵੇਖਾਂ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਆਪਣਾ ਭੇਵ ਖੁਲ੍ਹਾਈਆ । ਕਲਜੁਗ ਜੀਵਾਂ ਕੂੜ ਕਿਰਿਆ ਦੀ ਖੋਲ੍ਹ ਦੇ ਤਾਕੀ, ਸਵਾਧਾਨ ਸਭ ਨੂੰ ਦੇ ਕਰਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਆਦੀ, ਅੰਤਮ ਅੰਤਸ਼ਕਰਨ ਵੇਖ ਜਗਤ ਲੋਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦੁਨੀਆ ਪਾਪਾਂ ਨਾਲ ਹੋਈ ਦਾਗ਼ੀ, ਦੁਰਮਤ ਮੈਲ ਨਾ ਕੋਇ ਧਵਾਈਆ । ਹਿਰਦਿਉਂ ਤੈਨੂੰ ਕੋਈ ਨਾ ਰਿਹਾ ਆਰਾਧੀ, ਗ੍ਰਹਿ ਮੰਦਰ ਵੱਜੇ ਨਾ ਕੋਇ ਵਧਾਈਆ । ਸੋਈ ਸੁਰਤ ਕਿਸੇ ਨਾ ਜਾਗੀ, ਸਾਧ ਸੰਤ ਰਹੇ ਕੁਰਲਾਈਆ । ਹੰਸ ਹੋਵੇ ਨਾ ਕੋਈ ਕਾਗੀ, ਕਾਗ ਹੰਸ ਨਾ ਰੂਪ ਬਦਲਾਈਆ । ਸਚ ਪ੍ਰੀਤ ਕਿਸੇ ਨਾ ਲਾਗੀ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਜਿਧਰ ਤੱਕਾਂ ਝਗੜਾ ਪਿਆ ਸਮਾਜੀ, ਦੀਨ ਮਜ਼੍ਹਬ ਰਹੇ ਕੁਰਲਾਈਆ । ਜਨ ਸੰਖਿਆ ਵੇਖ ਅਬਾਦੀ, ਚਾਰੋਂ ਕੁੰਟ ਖੋਜ ਖੁਜਾਈਆ । ਸਤਿ ਧਰਮ ਵਿਚ ਹੋਏ ਨਾ ਕੋਇ ਵਿਸਮਾਦੀ, ਬਿਸਮਿਲ ਕਾਰ ਨਾ ਕੋਇ ਕਮਾਈਆ । ਮਨ ਕਲਪਣਾ ਸਾਰੇ ਕੀਤੇ ਅਪਰਾਧੀ, ਅਪਰੰਪਰ ਸਵਾਮੀ ਤੈਨੂੰ ਸੀਸ ਨਾ ਕੋਇ ਝੁਕਾਈਆ । ਸਾਚੇ ਕਾਅਬੇ ਬਣੇ ਕੋਈ ਨਾ ਹਾਜੀ, ਹੁਜਰਾ ਹੱਕ ਨਾ ਕੋਇ ਵਖਾਈਆ । ਕਿਰਪਾ ਕਰ ਪ੍ਰਭ ਮੋਹਣ ਮਾਧਵ ਮਾਧੀ, ਮਧੁਰ ਧੁਨ ਦੇ ਸੁਣਾਈਆ । ਤੇਰੇ ਦਰ ਮੇਰੀ ਆਵਾਜ਼ੀ, ਕੂਕ ਕੂਕ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਇਕ ਖੁਲ੍ਹਾਈਆ । ਧਰਨੀ ਕਹੇ ਪ੍ਰਭ ਮੇਰਾ ਦੋ ਜਹਾਨਾਂ ਹੋਕਾ, ਹੁਕਮ ਤੇਰਾ ਇਕ ਦ੍ਰਿੜਾਈਆ । ਸੰਦੇਸ਼ਾ ਦੇਵਾਂ ਚੌਦਾਂ ਲੋਕਾਂ, ਚੌਦਾਂ ਤਬਕ ਕਰਾਂ ਸ਼ਨਵਾਈਆ । ਦੋ ਜਹਾਨ ਸੁਣੇ ਅਗੰਮ ਸਲੋਕਾ, ਢੋਲਾ ਬੇਪਰਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੋ ਅਗੰਮੀ ਮੌਕਾ, ਮੁਕੰਮਲ ਦਿਆਂ ਜਣਾਈਆ । ਕਿਸੇ ਨਾਲ ਨਹੀਂ ਕਰਨਾ ਧੋਖਾ, ਕੂੜੀ ਕਿਰਿਆ ਨਾ ਕੋਇ ਚਤੁਰਾਈਆ । ਸੰਦੇਸ਼ਾ ਦੇਵਾਂ ਕਿਸੇ ਕੰਮ ਨਹੀਂ ਔਣਾ ਪੜ੍ਹਿਆ ਪੋਥਾ, ਬਿਨਾ ਪਾਰਬ੍ਰਹਮ ਪਤਿਪਰਮੇਸ਼ਵਰ ਪਾਰ ਨਾ ਕੋਇ ਲੰਘਾਈਆ । ਇਕੋ ਤੱਕੋ ਅਗੰਮੀ ਜੋਤਾ, ਜੋ ਹਰ ਘਟ ਅੰਦਰ ਨੂਰ ਕਰੇ ਰੁਸ਼ਨਾਈਆ । ਜਿਸ ਦੀ ਵਰਨ ਨਾ ਕੋਈ ਗੋਤਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਬੁੱਧੀ ਵਿਚ ਕਰੇ ਕੋਈ ਨਾ ਸੋਚਾ, ਅਕਲ ਚਲੇ ਨਾ ਕੋਇ ਚਤੁਰਾਈਆ । ਜਨ ਭਗਤਾਂ ਪੂਰੀ ਕਰੇ ਲੋਚਾ, ਲੋਚਣ ਨੈਣ ਇਕ ਖੁਲ੍ਹਾਈਆ । ਨਾਮ ਖ਼ੁਮਾਰੀ ਦੇਵੇ ਮਦਹੋਸ਼ਾ, ਅੰਮ੍ਰਿਤ ਰਸ ਜਾਮ ਪਿਆਈਆ । ਮਨ ਕਲਪਣਾ ਕਰ ਖ਼ਾਮੋਸ਼ਾ, ਸੁਨ ਸਮਾਧੀ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਾਹਵਾ ਤੇਰੀ ਆਸ ਰਖਾਈਆ । ਧਰਨੀ ਕਹੇ ਮੇਰੇ ਪ੍ਰਭੂ ਪ੍ਰਭ ਠਾਕਰ, ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਆਪਣਾ ਸਾਗਰ, ਡੂੰਘੀ ਲਹਿਰ ਫੋਲ ਫੁਲਾਈਆ । ਭਾਗ ਲੱਗੇ ਨਾ ਕਾਇਆ ਗਾਗਰ, ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਕਰਮ ਹੋਵੇ ਨਾ ਕਿਸੇ ਉਜਾਗਰ, ਦੀਨ ਦੁਨੀ ਰਹੀ ਕੁਰਲਾਈਆ । ਦਰਗਾਹ ਸਾਚੀ ਮਿਲੇ ਕੋਈ ਨਾ ਆਦਰ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਸਚ ਇਨਸਾਫ਼ ਕਰੇ ਕੋਈ ਨਾ ਆਦਲ, ਹਕੀਕਤ ਹੱਕ ਨਾ ਕੋਇ ਜਣਾਈਆ । ਦੀਨ ਮਜ਼੍ਹਬ ਬਣੇ ਕ਼ਾਤਲ, ਮਕ਼ਤੂਲ ਹੋਈ ਖ਼ਲਕ ਖ਼ੁਦਾਈਆ । ਜਲਵਾ ਨੂਰ ਦਿਸੇ ਕਿਸੇ ਨਾ ਬਾਤਨ, ਪਰਦਾ ਉਹਲਾ ਨਾ ਕੋਇ ਉਠਾਈਆ । ਧਰਨੀ ਕਹੇ ਮੈਂ ਰੋ ਰੋ ਆਈ

ਆਖਣ, ਨੇਤਰ ਨੈਣਾ ਨੀਰ ਵਹਾਈਆ । ਸਦੀ ਚੌਧਵੀਂ ਦਿਸੇ ਕੋਈ ਨਾ ਸਾਥਨ, ਸਗਲਾ ਸੰਗ ਨਾ ਕੋਇ ਨਿਭਾਈਆ । ਕਿਰਪਾ ਕਰ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤੇ ਤੇਰਾ ਨਾਮ ਧਿਆਈਆ । ਧਰਨੀ ਧਰਤ ਧਵਲ ਧੌਲ ਮੰਡਲ ਮੰਡਪ ਪਾਏ ਕੋਈ ਨਾ ਰਾਸਨ, ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਸੀਤਾ ਰਾਮ ਨਜ਼ਰ ਨਾ ਆਏ ਕੋਈ ਬਨਬਾਸਨ, ਚਾਰੋਂ ਕੁੰਟ ਖੋਜ ਖੁਜਾਈਆ । ਜਿਧਰ ਵੇਖਾਂ ਇਕ ਦੂਜੇ ਦਾ ਸਾਰੇ ਕਰਨ ਘਾਤਨ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਕਲਜੁਗ ਮੇਟੇ ਰੈਣ ਨਾ ਕੋਇ ਅੰਧੇਰੀ ਰਾਤਨ, ਸਤਿਜੁਗ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਆਸਾ ਸਭ ਦੀ ਪੂਰ ਕਰਾਈਆ । ਧਰਨੀ ਕਹੇ ਪ੍ਰਭ ਬਦਲ ਦੇ ਆਪਣਾ ਅਸੂਲ, ਅਸਲੀਅਤ ਇਕ ਜਣਾਈਆ । ਜਨ ਭਗਤਾਂ ਬਖ਼ਸ਼ ਕੇ ਆਪਣੀ ਧੂਲ, ਧਰਮ ਦੀ ਧਾਰ ਦੇ ਦ੍ਰਿੜਾਈਆ । ਤੇਰਾ ਹੁਕਮ ਸੰਦੇਸ਼ਾ ਨਾਮ ਕਲਮਾ ਸ੍ਰਿਸ਼ਟੀ ਕਾਇਨਾਤ ਮਿਲੇ ਮਾਅਕੂਲ, ਨਿਰਗੁਣ ਮੇਟ ਨਾ ਕੋਇ ਮਿਟਾਈਆ । ਤੇਰਾ ਖੇਲ ਵੇਖਾਂ ਕੰਤ ਕੰਤੂਹਲ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਦੀਨ ਦੁਨੀ ਦਾ ਅੰਤ ਚੁਕਾ ਦੇ ਮੂਲ, ਗੁਰ ਅਵਤਾਰ ਪੈਗ਼ੰਬਰਾਂ ਲੇਖਾ ਝੋਲੀ ਪਾਈਆ । ਸਦੀ ਚੌਧਵੀਂ ਕੌਲ ਇਕਰਾਰ ਨਾ ਜਾਵੀਂ ਭੁਲ, ਵਾਅਦਾ ਵਹਦਤ ਵਾਲਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨਾ, ਨਿਰਵੈਰ ਤੇਰੀ ਓਟ ਰਖਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਜ਼ਮਾਨਾ, ਜ਼ਿਮੀਂ ਅਸਮਾਨ ਹੋਏ ਰੁਸ਼ਨਾਈਆ । ਚਾਰ ਜੁਗ ਦਾ ਲੇਖਾ ਮੁਕਾ ਦੇ ਵਿਚ ਜਹਾਨਾ, ਜੀਵਣ ਜੁਗਤ ਦੇ ਬਦਲਾਈਆ । ਤੂੰ ਜੋਧਾ ਸੂਰਬੀਰ ਮਰਦ ਮਰਦਾਨਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਸਤਿਜੁਗ ਸਾਚਾ ਕਰ ਪਰਧਾਨਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਗਾਵਣ ਇਕੋ ਗਾਣਾ, ਗਹਿਰ ਗੰਭੀਰ ਤੇਰਾ ਨਾਮ ਧਿਆਈਆ । ਇਕੋ ਮੰਦਰ ਹੋਵੇ ਮਕਾਨਾ, ਘਰ ਸਵਾਮੀ ਇਕੋ ਸੋਭਾ ਪਾਈਆ । ਇਕੋ ਝੁੱਲੇ ਤੇਰਾ ਨਿਸ਼ਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਗੁਣ ਨਿਧਾਨਾ, ਗੁਣਵੰਤ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਰਨ ਸਲਾਮਾ, ਸਯਦਿਆਂ ਵਿਚ ਡੰਡਾਵਤ ਬੰਦਨਾ ਕਰ ਕੇ ਸੀਸ ਨਿਵਾਈਆ । ਧਰਨੀ ਕਹੇ ਮੇਰਾ ਪ੍ਰਵਾਨ ਕਰਨਾ ਪਰਵਾਨਾ, ਪਰਾਨਪਤ ਤੇਰੇ ਅੱਗੇ ਦਿਤਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮੰਜ਼ਲ ਹੱਕ ਹੋਏ ਆਸਾਨਾ, ਦੁਸ਼ਵਾਰੀ ਰਹਿਣ ਕੋਇ ਨਾ ਪਾਈਆ ।

### ✻ ੨੦ ਚੇਤ ਸ਼ਹਿਨਸ਼ਾਹੀ ਸੰਮਤ ੫ ਕਿਰਪਾਲ ਸਿੰਘ ਗੁਰਬਚਨ ਸਿੰਘ ਦੇ ਗ੍ਰਿਹ ਲਾਲ ਬੰਗਲਾ ਕਾਨਪੁਰ ✻

ਧਰਨੀ ਕਹੇ ਮੈਂ ਸਚ ਆਈ ਕਹਿਣ, ਪੁਰਖ ਅਕਾਲ ਦੀਨ ਦਿਆਲ ਦਿਆਂ ਦ੍ਰਿੜਾਈਆ । ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਵੇਖ ਆਪਣੇ ਨੈਣ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬਿਨ ਅੱਖਾਂ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਵਗੇ ਵਹਿਣ, ਨੌਂ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਰਹੀ ਰੁੜ੍ਹਾਈਆ । ਸਾਚਾ ਰਿਹਾ ਨਾ ਕੋਇ ਸਾਕ ਸੱਜਣ ਸੈਣ, ਮਿੱਤਰ ਪਿਆਰਾ ਏਕੰਕਾਰਾ ਸੋਭਾ ਕੋਇ ਨਾ ਪਾਈਆ । ਨਾਤਾ

ਤੁੱਟਾ ਮਾਤ ਪਿਤ ਭਾਈ ਭੈਣ, ਪੂਤ ਸਪੂਤਾ ਗੋਦੀ ਗੋਦ ਨਾ ਕੋਇ ਸੁਹਾਈਆ । ਸਦੀ ਚੌਧਵੀਂ ਸਭ ਦਾ ਚੁਕਾ ਦੇ ਲਹਿਣ ਦੇਣ, ਅਰਸ਼ੀ ਪ੍ਰੀਤਮ ਬੇਨਜ਼ੀਰ ਆਪਣਾ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧੇਰੀ ਰੈਣ, ਰਹਿਮਤ ਲਾਸ਼ਰੀਕ ਪਰਵਰਦਿਗਾਰ ਆਪ ਕਮਾਈਆ । ਸਾਚੇ ਨਾਮ ਦੀ ਬਖ਼ਸ਼ ਅਗੰਮੀ ਰਸਾਇਣ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਅਗੰਮ ਅਥਾਹ ਸੁਣਾਈਆ । ਕਿਰਪਾ ਕਰ ਮਿਹਰਵਾਨ ਮਹਿਬੂਬ ਨਰ ਨਰਾਇਣ, ਨਰ ਹਰਿ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪਰਮਾਤਮ ਸਾਚਾ ਕਰ ਹਿੱਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਪਿਤਾ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਤੂੰ ਜੁਗ ਚੌਕੜੀ ਖੇਲ ਕਰੇਂ ਨਿਤ ਨਵਿਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਪ੍ਰਗਟਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਮੇਰੀ ਪੂਰੀ ਕਰ ਦੇ ਇੱਛਾ, ਨਿਰਇੱਛਤ ਹੋ ਕੇ ਮਿਹਰ ਨਜ਼ਰ ਉਠਾਈਆ । ਸਚ ਸੁਲਤਾਨ ਨੌਜਵਾਨ ਦੀਨ ਦੁਨੀ ਸਮਝਾ ਦੇ ਸਾਚੀ ਸਿਖਾ, ਸਿਖਿਆ ਇਕੋ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਦੇ ਭਵਿਖਤ ਲਿਖਾ, ਲੇਖ ਲੇਖਨੀ ਦਏ ਗਵਾਹੀਆ । ਸਭ ਦਾ ਇਸ਼ਟ ਦ੍ਰਿਸ਼ਟੀ ਵਿਚ ਹੋਵੇ ਇਕਾ, ਅਕਲ ਕਲਧਾਰੀ ਅਪਣਾ ਰੰਗ ਵਖਾਈਆ । ਸਚ ਸੁਹੰਜਣੀ ਤੇਰੀ ਹੋਵੇ ਵਾਰ ਥਿਤਾ, ਘੜੀ ਪਲ ਸੋਹਣੀ ਵੰਡ ਵੰਡਾਈਆ । ਜੁਗ ਚੌਕੜੀ ਮੈਂ ਆਸਾ ਮਨਸਾ ਰੱਖਦੀ ਰਹੀ ਇੱਛਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਪ੍ਰਭ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਰਹੇ ਆਖ, ਦੇਵਤ ਸੁਰ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਭਾਖ, ਅਗੰਮ ਅਗੰਮੜੀ ਖੇਲ ਵਖਾਈਆ । ਨੇਤਰ ਰੋਵਣ ਤੀਰਥ ਤਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ, ਸਤਿ ਸਤਿ ਸਤਿ ਨਾ ਕੋਇ ਵਡਿਆਈਆ । ਸਚ ਧਰਮ ਦਾ ਰਿਹਾ ਕੋਈ ਨਾ ਹੱਟ, ਹਟਵਾਣੇ ਬੈਠੇ ਮੁਖ ਛੁਪਾਈਆ । ਕਿਰਪਾ ਕਰ ਪੁਰਖ ਸਮਰਥ, ਦੀਨ ਦਿਆਲੇ ਤੇਰੀ ਇਕੋ ਓਟ ਤਕਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਗਾਵਣ ਜਸ, ਸਿਫ਼ਤ ਸਾਲਾਹ ਇਕ ਸਮਝਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਦੇ ਅੱਖ, ਪ੍ਰਤੱਖ ਮਿਲ ਰੂਪ ਗੋਸਾਈਆ । ਮੈਂ ਪਾਪਾਂ ਭਰੀ ਗਈ ਥੱਕ, ਥਕਾਵਟ ਵਿਚ ਕੁਰਲਾਈਆ । ਏਕੰਕਾਰ ਤੈਨੂੰ ਰਹੀ ਸੱਦ, ਸੰਦੇਸ਼ਾ ਤੇਰਾ ਨਾਮ ਜਣਾਈਆ । ਦੀਨਾਂ ਮਜ਼੍ਹਬਾਂ ਮੇਟ ਦੇ ਹੱਦ, ਹਦੂਦ ਆਪਣੀ ਇਕ ਵਖਾਈਆ । ਆਤਮ ਪਰਮਾਤਮ ਬਣਾ ਯੱਦ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਪਿਛਲੀ ਰੀਤੀ ਰੀਤੀਵਾਨ ਛੱਡ, ਸੰਸਾ ਰੋਗ ਦੇ ਚੁਕਾਈਆ । ਧਰਮ ਨਿਸ਼ਾਨਾ ਨੌਜਵਾਨਾ ਮਰਦ ਮਰਦਾਨਾ ਮਾਤਲੋਕ ਗੱਡ, ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਹੋ ਪ੍ਰਗਟ, ਪਰਗਣੇ ਸਾਰੇ ਵੇਖ ਵਖਾਈਆ । ਦੂਈ ਦਵੈਤ ਕਲਪਣਾ ਮੇਟ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਤੇਰਾ ਖੇਲ ਵੇਖਾਂ ਅਲੱਖਣਾ ਅਲਖ, ਅਲਖ ਅਗੋਚਰ ਪਰਦਾ ਦੇਣਾ ਉਠਾਈਆ । ਮੈਂ ਸਚ ਦਵਾਰ ਪਹੁੰਚੀ ਨੱਸ ਨੱਸ, ਭੱਜੀ ਵਾਹੋ ਦਾਹੀਆ । ਜਿਧਰ ਜਾਵਾਂ ਨਾਲ ਚਾਵਾਂ ਤੇਰਾ ਗਾਵਾਂ ਜਸ, ਧੁਰ ਦਾ ਢੋਲਾ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਸਮਝਾਈਆ । ਧਰਨੀ ਕਹੇ ਪ੍ਰਭ ਕੂੜੀ ਕਿਰਿਆ ਦੇ ਤਲਾਕ, ਨਾਤਾ ਦੂਨੀ ਰਹਿਣ ਨਾ ਪਾਈਆ ।


੧੨੩੪
੨੧

ਸਤਿ ਸਚ ਕਰ ਇਤਫ਼ਾਕ, ਜੂਠ ਝੂਠ ਡੇਰਾ ਢਾਹੀਆ । ਆਤਮ ਪਰਮਾਤਮ ਨਾ ਰਹੇ ਨਿਫ਼ਾਕ, ਪਰਦਾ ਅੰਦਰੋਂ ਦੇਣਾ ਉਠਾਈਆ । ਮਨੂਆ ਮਨ ਨਾ ਰਹੇ ਗੁਸਤਾਖ਼, ਬੁੱਧ ਬਿਬੇਕ ਦੇਣੀ ਬਣਾਈਆ । ਸਚ ਪ੍ਰੀਤ ਜੋੜਨਾ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਦੱਸਣੀ ਅਗੰਮੀ ਜ਼ਾਤ, ਵਰਨ ਬਰਨ ਨਾ ਵੰਡ ਵੰਡਾਈਆ । ਦੀਨ ਦੁਨੀ ਦਾ ਸਾਂਝਾ ਕਰ ਇਖ਼ਲਾਕ, ਇਖ਼ਤਲਾਫ਼ ਰਹਿਣ ਨਾ ਪਾਈਆ । ਤੇਰੀ ਮੁਹੱਬਤ ਵਿਚ ਸਾਰੇ ਹੋਣ ਮੁਸ਼ਤਾਕ, ਮਹਿਵ ਮਹਿਬੂਬ ਆਪਣਾ ਰੰਗ ਦੇਣਾ ਰੰਗਾਈਆ । ਸੁਰਤੀ ਸ਼ਬਦੀ ਗੋਪੀ ਕਾਹਨ ਸਾਰੇ ਕਰਨ ਨਾਚ, ਮੰਡਲ ਰਾਸ ਸੋਭਾ ਪਾਈਆ । ਤ੍ਰੈਗੁਣ ਮਾਇਆ ਬੁਝਾ ਆਂਚ, ਅਗਨੀ ਅੱਗ ਨਾ ਕੋਇ ਜਲਾਈਆ । ਭਾਗ ਲਗਾ ਦੇ ਕਾਇਆ ਮਾਟੀ ਕਾਚ, ਕੰਚਨ ਗੜ੍ਹ ਵੇਖ ਵਖਾਈਆ । ਮੈਂ ਬੇਨੰਤੀ ਕਰਾਂ ਦਰ ਤੇਰੇ ਹੋ ਕੇ ਦਾਸ, ਦਾਸਤਾਨ ਆਪਣੀ ਦਿਤੀ ਸੁਣਾਈਆ । ਧਰਤੀ ਕਹੇ ਪ੍ਰਭੂ ਮੈਨੂੰ ਦੇ ਵਿਸ਼ਵਾਸ, ਵਿਸ਼ਵ ਆਪਣਾ ਹੁਕਮ ਸੁਣਾਈਆ । ਦਰ ਆਈ ਨਾ ਹੋਵਾਂ ਨਿਰਾਸ਼, ਨਿਰਧਨ ਤੇਰੇ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਦਾ ਧਰਮ ਇਕ ਜਣਾਈਆ । ਪੁਰਖ ਅਕਾਲ ਕਹੇ ਧਰਨੀ ਕਲਜੁਗ ਅੰਤ ਮੂਲ ਨਾ ਡੋਲ, ਅਡੁਲ ਦਏ ਵਡਿਆਈਆ । ਸਦ ਵਸਾਂ ਤੇਰੇ ਕੋਲ, ਦੂਰ ਦੁਰਾਡਾ ਨੇੜੇ ਆਈਆ । ਭਾਗ ਲਗਾਵਾਂ ਉਪਰ ਧੌਲ, ਧਵਲ ਮਿਲੇ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੇ ਕਰ ਕੇ ਕੌਲ, ਲਹਿਣਾ ਦੇਣਾ ਦਿਆਂ ਚੁਕਾਈਆ । ਸਤਿ ਸਰੂਪੀ ਹੋ ਕੇ ਜਾਵਾਂ ਮੌਲ, ਮੌਲਾ ਆਪਣਾ ਵੇਸ ਵਟਾਈਆ । ਜਿਸ ਨੂੰ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਵੇਖਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਕੇ ਸਭ ਨੂੰ ਬੋਲ, ਅਨਬੋਲਤ ਰਾਗ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸ਼ਬਦੀ ਡੰਕ ਵਜਾਵਾਂ ਢੋਲ, ਸੋਈ ਸ੍ਰਿਸ਼ਟੀ ਸਰਬ ਉਠਾਈਆ । ਸਤਿ ਧਰਮ ਦਾ ਦਵਾਰਾ ਇਕੋ ਖੋਲ੍ਹ, ਚਾਰ ਵਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਧਰਨੀ ਮੇਰਾ ਵੇਖ ਅਗੰਮ ਨਜ਼ਾਰਾ, ਨਜ਼ਰੀਆ ਦੀਨ ਦੁਨੀ ਦਿਆਂ ਬਦਲਾਈਆ । ਮੈਨੂੰ ਸਾਰੇ ਕਹਿਣ ਚਵੀਆਂ ਅਵਤਾਰਾ, ਕਲ ਕਲਕੀ ਨੂਰ ਅਲਾਹੀਆ । ਕਲਜੁਗ ਮੇਟਾਂ ਅੰਧ ਅੰਧਿਆਰਾ, ਸਤਿਜੁਗ ਸਾਚਾ ਚੰਦ ਨੂਰ ਕਰਾਂ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਏਕਾ ਨਾਮ ਹੋਵੇ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਇਕੋ ਡੰਡਾਵਤ ਬੰਦਨਾ ਸੱਜਦਾ ਨਿਮਸਕਾਰਾ, ਨਮੋਂ ਨਮੋਂ ਨਮੋਂ ਇਕ ਵਖਾਈਆ । ਜਿਸ ਦੀ ਮਹਿੰਮਾ ਕਾਗ਼ਜ਼ ਕ਼ਲਮ ਸਿਆਹੀ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਸੋ ਲਹਿਣਾ ਦੇਣਾ ਚੁਕਾਵੇ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਦਇਆ ਕਮਾਈਆ । ਸਾਚਾ ਹੁਕਮ ਵਰਤਾ ਸੱਚੀ ਸਰਕਾਰਾ, ਸਚ ਸੰਦੇਸ਼ਾ ਇਕ ਸੁਣਾਈਆ । ਦੀਨ ਦੁਨੀ ਦਏ ਹੁਲਾਰਾ, ਚਾਰੋਂ ਕੁੰਟ ਲਏ ਉਠਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਗੁਣ ਆਪਣੀ ਕਾਰ ਕਮਾਈਆ । ਧਰਨੀ ਧਰਤ ਧਵਲ ਧੌਲ ਤੇਰਾ ਬਣਾਂ ਆਪ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਸਾਚਾ ਮਾਰਗ ਦੱਸ ਅਗੰਮ ਅਪਾਰਾ, ਸਤਿਜੁਗ ਸਚ ਦਿਆਂ ਜਣਾਈਆ । ਧਰਨੀ ਦੋਏ ਜੋੜ ਕਰੇ ਨਿਮਸਕਾਰਾ, ਧੂੜੀ ਖ਼ਾਕ ਰਮਾਈਆ । ਤੂੰ ਸਾਹਿਬ ਸੁਲਤਾਨ ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦਾ ਸਾਂਝਾ ਯਾਰਾ, ਵਾਹਵਾ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਿਹਾ ਮੈਂ ਸਭ ਕਿਛ ਕਰਨੇਹਾਰਾ, ਹਰ ਹਿਰਦਾ ਵੇਖ ਵਖਾਈਆ । ਸਤਿਜੁਗ ਸਚ ਹੋਵੇ ਪਸਾਰਾ, ਲੋਕਮਾਤ

ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਜਿਸ ਦਾ ਪਸਾਰਾ, ਪਸਰ ਪਸਾਰੀ ਹੋ ਕੇ ਵੇਖ ਵਖਾਈਆ ।

### ❋ ੨੦ ਚੇਤ ਸ਼ਹਿਨਸ਼ਾਹੀ ਸੰਮਤ ੫ ਸਤਵੰਤ ਕੌਰ ਦੇ ਗ੍ਰਿਹ ਸ਼ਾਸਤਰੀ ਨਗਰ ਕਾਨਪੁਰ ❋

ਧਰਨੀ ਕਹੇ ਮੇਰੇ ਸ਼ਹਿਨਸ਼ਾਹ ਅਮਾਮ, ਮਿਹਰਵਾਨ ਮਹਿਬੂਬ ਤੇਰੀ ਵਡ ਵਡਿਆਈਆ । ਸਦੀ ਚੌਧਵੀਂ ਕੂੜੀ ਕਿਰਿਆ ਝਗੜਾ ਮੇਟ ਤਮਾਮ, ਤਮਅ ਤਮੰਨਾ ਮਮਤਾ ਮੋਹ ਦੇ ਗਵਾਈਆ । ਸਚ ਸੰਦੇਸ਼ਾ ਧੁਰ ਦਾ ਕਲਮਾ ਦੱਸ ਕਲਾਮ, ਕਾਇਨਾਤ ਦੀਨ ਦੁਨੀ ਆਪ ਸਮਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਝੁਲਾ ਇਕ ਨਿਸ਼ਾਨ, ਚਾਰ ਕੁੰਟ ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਦੀਨ ਮਜ਼੍ਹਬ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਬੇਨਜ਼ੀਰ ਦੇ ਕਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਏਕੰਕਾਰ ਇਕੋ ਜਪਾ ਨਾਮ, ਨਾਉਂ ਨਿਰੰਕਾਰਾ ਇਕ ਦਰਸਾਈਆ । ਗ਼ਰੀਬ ਨਿਮਾਣਿਆਂ ਉਤੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਚਾਰ ਵਰਨ ਅਠਾਰਾਂ ਬਰਨ ਸਾਚੀ ਸਿਖਿਆ ਦੇ ਜੀਵ ਜਹਾਨ, ਜਹਾਲਤ ਅੰਦਰੋਂ ਬਾਹਰ ਕਢਾਈਆ । ਕਾਇਆ ਕਾਅਬਾ ਮੰਦਰ ਦੱਸ ਸਚ ਮਕਾਨ, ਸਾਢੇ ਤਿੰਨ ਹੱਥ ਪਰਦਾ ਅੰਤਰ ਨਿਰੰਤਰ ਦੇ ਉਠਾਈਆ । ਆਦਿ ਜੁਗਾਦੀ ਘਟ ਨਿਵਾਸੀ ਜਾਣੀ ਜਾਣ, ਅੰਤਰਜਾਮੀ ਤੇਰੀ ਬੇਪਰਵਾਹੀਆ । ਸਚ ਬੇਨੰਤੀ ਦਰ ਠਾਂਡੇ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਤੇਰੀ ਓਟ ਰਖਾਈਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰਾ ਇਕੋ ਇਕ ਸੱਯਦਾ, ਸੀਸ ਜਗਦੀਸ਼ ਝੁਕਾਈਆ । ਝਗੜਾ ਮੇਟ ਕਲਜੁਗ ਕਲ ਦਾ, ਕਲਕਾਤੀ ਦੇ ਖਪਾਈਆ । ਲੇਖਾ ਰਹੇ ਨਾ ਵਲ ਛਲ ਦਾ, ਪਰਦਾ ਉਹਲਾ ਆਪ ਉਠਾਈਆ । ਭੇਵ ਖੁਲ੍ਹਾ ਦੇ ਨਿਹਚਲ ਧਾਮ ਅਟੱਲ ਦਾ, ਸਚਖੰਡ ਸਾਚਾ ਸੋਭਾ ਪਾਈਆ । ਤੇਰਾ ਦੀਪਕ ਜੋਤੀ ਹੋਵੇ ਬਲਦਾ, ਦੋ ਜਹਾਨ ਕਰੇ ਰੁਸ਼ਨਾਈਆ । ਹਰਿ ਸੰਤ ਸੁਹੇਲਾ ਸਚ ਸਿੰਘਾਸਣ ਤੇਰਾ ਚਰਨ ਕਵਲ ਹੋਵੇ ਮੱਲਦਾ, ਮਾਇਆ ਮਮਤਾ ਮੋਹ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਧਾਰ ਹੋਵੇ ਰਲਦਾ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਝਗੜਾ ਮੁਕਾ ਦੇ ਕਾਇਆ ਮਾਟੀ ਖੱਲ ਦਾ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਭੈ ਮੁਕਾ ਦੇ ਪੰਚ ਵਿਕਾਰੇ ਦਲ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਤੇਰੇ ਨਾਮ ਵਡਿਆਈਆ । ਧਰਨੀ ਕਹੇ ਵੇਖ ਆਪਣੀ ਖ਼ਲਕ ਖ਼ਾਲਕ, ਸਾਹਿਬ ਤੇਰੀ ਵਡਿਆਈਆ । ਤੁਧ ਬਿਨ ਦਿਸੇ ਕੋਈ ਨਾ ਪ੍ਰਿਤਪਾਲਕ, ਸਿਰ ਹੱਥ ਨਾ ਕੋਇ ਰਖਾਈਆ । ਦੀਨ ਦੁਨੀ ਦੀ ਨਿੰਦਰਾ ਲਾਹ ਆਲਸ, ਸੋਈ ਸੁਰਤ ਮਾਤ ਉਠਾਈਆ । ਚਾਰ ਵਰਨ ਮੀਤ ਬਣਾ ਖ਼ਾਲਸ, ਦੂਸਰ ਵੰਡ ਨਾ ਕੋਇ ਵੰਡਾਈਆ । ਸਾਚੇ ਨਾਮ ਦੀ ਲਗਾ ਅਦਾਲਤ, ਅਦਲ ਇਨਸਾਫ਼ ਇਕ ਕਮਾਈਆ । ਕੂੜੀ ਕਿਰਿਆ ਮੇਟ ਜਹਾਲਤ, ਜ਼ਾਹਰ ਜ਼ਹੂਰ ਹੋ ਰੁਸ਼ਨਾਈਆ । ਮਾਇਆ ਮਮਤਾ ਮੋਹ ਨਾ ਰਹੇ ਅਲਾਮਤ, ਇਲਮ ਆਲਮਾਂ ਇਕ ਜਣਾਈਆ । ਸਾਚਾ ਨਾਮ ਬਖ਼ਸ਼ ਨਿਆਮਤ, ਵਸਤ ਅਮੋਲਕ ਕਾਇਆ ਗੋਲਕ ਇਕ ਟਿਕਾਈਆ । ਤੂੰ

ਆਦਿ ਜੁਗਾਦਿ ਸਹੀ ਸਲਾਮਤ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਨਿਉਂ ਨਿਉਂ ਲਾਗਾਂ ਪਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨੇ ਮਹਿਬੂਬ, ਮੁਹੱਬਤ ਵਿਚ ਤੇਰਾ ਰਾਹ ਤਕਾਈਆ । ਤੇਰਾ ਸੁਹੰਜਣਾ ਆਲੀਸ਼ਾਨ ਅਰੂਜ, ਸਚਖੰਡ ਦਵਾਰਾ ਵੱਜੇ ਵਧਾਈਆ । ਇਕੋ ਮੰਜ਼ਲ ਹੱਕ ਮਕਸੂਦ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਸਦੀ ਚੌਧਵੀਂ ਕਰ ਨੇਸਤੋਨਾਬੂਦ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਕਰ ਮਹਿਫੂਜ਼, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਮਨ ਵਿਕਾਰਾ ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚੋਂ ਹੂੰਝ, ਸ਼ਬਦੀ ਧਾਰ ਅੰਮ੍ਰਿਤ ਮੇਘ ਇਕ ਬਰਸਾਈਆ । ਧਰਨੀ ਕਹੇ ਮੈਂ ਰੋ ਰੋ ਆਖਾਂ ਤੁਧ ਬਿਨ ਸਕੇ ਕੋਈ ਨਾ ਬੂਝ, ਅਨੁਭਵ ਭੇਵ ਨਾ ਕੋਇ ਖੁਲ੍ਹਾਈਆ । ਮੈਨੂੰ ਦੁੱਖ ਆਉਂਦਾ ਜਿਸ ਵੇਲੇ ਦੀਨਾਂ ਮਜ਼੍ਹਬਾਂ ਦੀ ਤਕਦੀ ਦੂਜ, ਦਵੈਤ ਵਿਚ ਲੜਾਈਆ । ਝਗੜਾ ਵੇਖਾਂ ਚਾਰੇ ਕੂਟ, ਉੱਤਰ ਪੂਰਬ ਪੱਛਮ ਦੱਖਣ ਰਿਹਾ ਕੁਰਲਾਈਆ । ਸਾਧ ਸੰਤ ਮਾਰਦੇ ਝੂਠ, ਸਤਿ ਸਚ ਨਾ ਕੋਇ ਦ੍ਰਿੜਾਈਆ । ਸਭ ਦਾ ਖ਼ਾਲੀ ਕਾਇਆ ਹੋਇਆ ਠੂਠ, ਵਸਤ ਅਮੋਲਕ ਨਾਮ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਹੁਲਾਰੇ ਰਹੇ ਝੂਟ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਆਤਮ ਪਰਮਾਤਮ ਪ੍ਰੀਤੀ ਤੇਰੇ ਨਾਲੋਂ ਪ੍ਰਭ ਗਈ ਟੁਟ, ਟੁੱਟੀ ਗੰਢ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗੰਬਰ ਜੁਗ ਚੌਕੜੀ ਕਰ ਗਏ ਕੂਚ, ਕੂਚਾ ਗਲੀ ਹੋਕਾ ਹੱਕ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਸ਼ਹਿਨਸ਼ਾਹ ਨਵਾਬਾ, ਨੌਬਤ ਆਪਣਾ ਨਾਮ ਵਜਾਈਆ । ਤੇਰੇ ਚਰਨ ਕਵਲਾਂ ਸਜਦਾ ਇਕ ਆਦਾਬਾ, ਨਮੋਂ ਨਮੋਂ ਕਰ ਕੇ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਵਡ ਰਾਜਨ ਰਾਜਾ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਰਚ ਆਪਣਾ ਕਾਜਾ, ਕਰਨੀ ਦੇ ਕਰਤੇ ਆਪਣੀ ਖੇਲ ਖਿਲਾਈਆ । ਦੀਨ ਦੁਨੀ ਦਾ ਦੁਰਮਤ ਮੈਲ ਧੋ ਦਾਗ਼ਾ, ਪਤਤ ਪੁਨੀਤ ਆਪਣਾ ਆਪ ਬਣਾਈਆ । ਕਾਇਆ ਮੰਦਰ ਸਚ ਵਖਾ ਕਾਅਬਾ, ਜਿਥੇ ਮਿਲੇ ਨੂਰ ਅਲਾਹੀਆ । ਨਿਝਰ ਝਿਰਨਾ ਅੰਮ੍ਰਿਤ ਬਰਸ ਦੇ ਹਯਾਤੇ ਆਬਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਤੇਰਾ ਨੂਰ ਜੋਤ ਹੋਵੇ ਪ੍ਰਕਾਸ਼ਾ, ਅੰਧ ਅੰਧੇਰ ਰਹੇ ਨਾ ਰਾਈਆ । ਧਰਨੀ ਕਹੇ ਪ੍ਰਭ ਮੇਰਾ ਤੇਰੇ ਉਤੇ ਭਰਵਾਸਾ, ਭਾਂਡਾ ਭਰਮ ਦਿਤਾ ਭੰਨਾਈਆ । ਮੈਂ ਤਕਦੀ ਉਪਰ ਆਕਾਸ਼ਾ, ਗਗਨ ਗਗਨੰਤਰਾਂ ਖੋਜ ਖੁਜਾਈਆ । ਮੇਰੇ ਸਾਹਿਬ ਸੁਲਤਾਨ ਮੇਰੀ ਪੂਰੀ ਕਰ ਦੇ ਆਸ਼ਾ, ਆਸ਼ਾਵੰਦ ਤੇਰਾ ਰਾਹ ਤਕਾਈਆ । ਤੂੰ ਦੀਨ ਦਿਆਲ ਪਰਮ ਪੁਰਖ ਅਬਿਨਾਸ਼ਾ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਤੇਰਾ ਸਮਾਜਾ, ਸਚ ਸਮਗਰੀ ਜੋਤ ਅਕਗਰੀ ਏਕਾ ਨਾਮ ਸ੍ਰੀ ਭਗਵਾਨ ਸਤਿਜੁਗ ਸਚ ਦੇਣਾ ਦ੍ਰਿੜਾਈਆ ।

### ❊ ੨੧ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿਲ ਸਿੰਘ ਦੇ ਗ੍ਰਿਹ ਸ਼ਾਸਤਰੀ ਨਗਰ ਕਾਨਪੁਰ ❊

ਧਰਨੀ ਕਹੇ ਮੇਰੇ ਜਾਗੇ ਭਾਗ ਸੁੱਤੇ, ਆਲਸ ਨਿੰਦਰਾ ਰਹੇ ਨਾ ਰਾਈਆ । ਕਿਰਪਾ ਕਰ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਦਇਆ ਕਮਾਈਆ ।

ਮੇਰਾ ਅੰਤਰ ਮੂਲ ਨਾ ਦੁਖੇ, ਦਰਦੀਆਂ ਦਰਦ ਗਵਾਈਆ । ਭਾਗ ਲਗਾਏ ਸਾਚੀ ਕੁੱਖੇ, ਹੋਏ ਆਪ ਸਹਾਈਆ । ਭਗਤ ਸੁਹੇਲੇ ਲੱਭੇ ਲੁਕੇ, ਚਾਰੋਂ ਕੁੰਟ ਖੋਜ ਖੁਜਾਈਆ । ਜਿਨ੍ਹਾਂ ਪਰਕਾਸ਼ ਕਾਇਆ ਜੁੱਸੇ, ਜਿਸਮ ਜ਼ਮੀਰ ਵੇਖ ਵਖਾਈਆ । ਕਿਰਪਾ ਕਰੇ ਓਨ੍ਹਾਂ ਦੇ ਉਤੇ, ਜੋ ਪੂਰਬ ਲਹਿਣਾ ਲੈਣ ਥਾਉਂ ਥਾਈਂਆ । ਸ਼ਬਦ ਧਾਰ ਦੱਸ ਦੋ ਤੁਕੇ, ਤੂੰ ਮੇਰਾ ਮੈਂ ਤੇਰਾ ਢੋਲਾ ਦਿਆਂ ਸਮਝਾਈਆ । ਓਨ੍ਹਾਂ ਆਵਣ ਜਾਵਣ ਪੈਂਡੇ ਜਾਣ ਮੁਕੇ, ਲੱਖ ਚੁਰਾਸੀ ਨਾ ਕੋਇ ਭਵਾਈਆ । ਸਚ ਸੁਹੰਜਣੀ ਹੋਵੇ ਰੁੱਤੇ, ਰੁੱਤ ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਵੇਖਾਂ ਖੇਲ ਬੇਨਜ਼ੀਰ, ਜੋ ਬਿਨਾ ਨਜ਼ਰ ਰਿਹਾ ਜਣਾਈਆ । ਜੋਤੀ ਧਾਰ ਤੱਕਾਂ ਕਬੀਰ, ਜੋ ਜਲਵਾ ਨੂਰੀ ਰਿਹਾ ਵਖਾਈਆ । ਜਿਸ ਦਾ ਤਨ ਮਾਟੀ ਨਹੀਂ ਸ਼ਰੀਰ, ਸ਼ਰਅ ਤੋਂ ਬਾਹਰ ਨਜ਼ਰੀ ਆਈਆ । ਸਾਚੀ ਦੱਸ ਰਿਹਾ ਤਕਰੀਰ, ਸ਼ਬਦ ਸੰਦੇਸ਼ੇ ਧੁਰ ਸੁਣਾਈਆ । ਜਿਹੜੀ ਅੱਗੇ ਨਹੀਂ ਹੋਈ ਤਹਿਰੀਰ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਜਿਸ ਵਿਚੋਂ ਹੱਕ ਦਿਸੇ ਤਸਵੀਰ, ਪਾਰਬ੍ਰਹਮ ਪਤਿਪਰਮੇਸ਼ਵਰ ਰਿਹਾ ਜਣਾਈਆ । ਜਨ ਭਗਤਾਂ ਬਦਲ ਜਾਏ ਤਕਦੀਰ, ਬੁੱਧ ਬਿਬੇਕ ਦਏ ਕਰਾਈਆ । ਝਗੜਾ ਮੁੱਕੇ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਕਬੀਰ ਕਹੇ ਧਰਨੀ ਤੇਰਾ ਵਡ ਵਡ ਭਾਗ, ਭਾਗ ਭਰੀਏ ਤੈਨੂੰ ਦਿਆਂ ਜਣਾਈਆ । ਪ੍ਰਭ ਮਿਲਿਆ ਕੰਤ ਸੁਹਾਗ, ਹਰਿ ਸਾਹਿਬ
੧੨੩੮ ਨੂਰ ਅਲਾਹੀਆ । ਦੁਰਮਤ ਮੈਲ ਧੋਵੇ ਦਾਗ਼, ਪਾਪਾਂ ਕਰੇ ਸਫ਼ਾਈਆ । ਲੱਗੀ ਬੁਝਾਏ ਆਗ, ਅੰਮ੍ਰਿਤ ਮੇਘ ਬਰਸਾਈਆ । ਤੇਰੇ ਉਤੇ ਜਗਦਾ ੧੨੩੮
੨੧ ਸੀ ਚਰਾਗ਼, ਫ਼ਕੀਰ ਫ਼ਿਕਰਿਆਂ ਵਿਚ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ੨੧
ਕਬੀਰ ਕਹੇ ਏਥੇ ਫ਼ਕੀਰ ਰਹਿੰਦੇ ਸੀ ਪੰਜ, ਪੰਜ ਪੀਰ ਨਾਲ ਵਡਿਆਈਆ । ਪੁਰਾਣਾ ਨਾਂ ਸੀ ਸ਼ਾਹ ਗੰਜ, ਬਸਤੀ ਛੋਟੀ ਸੋਭਾ ਪਾਈਆ । ਗ਼ਮੀ ਚਿੰਤਾ ਛੱਡ ਕੇ ਰੰਜ, ਇਕੋ ਕਲਮਾ ਸਦਾ ਗਾਈਆ । ਸਚ ਖ਼ੁਦਾ ਨੂੰ ਸਮਝ ਕੇ ਅਨੰਦ, ਨਿਉਂ ਨਿਉਂ ਸਯਦਾ ਸੀਸ ਝੁਕਾਈਆ । ਧੁਰ ਨਾਮ ਵਜਾ ਮਰਦੰਗ, ਨਗ਼ਮੇ ਢੋਲੇ ਗਾਈਆ । ਜਿਸ ਵਕਤ ਹੁੰਦਾ ਸੀ ਨੌਵੀਂ ਦਾ ਚੰਦ, ਨਿਗਾਹ ਅਸਮਾਨ ਉਤੇ ਟਿਕਾਈਆ । ਅੱਖਾਂ ਮੀਟ ਕੇ ਮਾਣਦੇ ਸੀ ਅਨੰਦ, ਤਾਰਾ ਮੰਡਲ ਆਪਣੇ ਵਿਚੋਂ ਪ੍ਰਗਟਾਈਆ । ਕੋਲ ਨਿਸ਼ਾਨੀ ਹੁੰਦੀ ਸੀ ਜੰਡ, ਬਿਰਖ ਸੋਹਣਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਫ਼ਕੀਰ ਕਹਿਣ ਏਥੇ ਹੁੰਦਾ ਸੀ ਛੋਟਾ ਜਿਹਾ ਤਲਾਬ, ਨੌ ਸੱਤ ਕਰਮ ਦੀ ਵੰਡ ਵੰਡਾਈਆ । ਜਿਸ ਵਿਚ ਭਰਿਆ ਹੁੰਦਾ ਸੀ ਆਬ, ਪਾਣੀ ਜਲ ਕਹੇ ਲੋਕਾਈਆ । ਇਕ ਬਿਰਧ ਹੁੰਦਾ ਸੀ ਸਾਂਪ, ਬਾਸ਼ਕ ਤਸ਼ਕਾ ਸੋਭਾ ਪਾਈਆ । ਜਿਸ ਦਾ ਬੜਾ ਵੱਡਾ ਪਰਤਾਪ, ਮੋਟਾ ਤਾਜ਼ਾ ਨਜ਼ਰੀ ਆਈਆ । ਸਾਰੇ ਵਾਹਿਦ ਕਲਮੇ ਦਾ ਕਰਦੇ ਜਾਪ, ਅੱਲਾ ਹੂ ਦਾ ਨਾਅਰਾ ਲਾਈਆ । ਰੂਹ ਬੁਤ ਨੂੰ ਕਰਨਾ ਪਾਕ, ਸਯਦਿਆਂ ਵਿਚ ਸੀਸ ਝੁਕਾਈਆ । ਇਕ ਦਿਨ ਸਭ ਨੇ ਕੀਤੀ ਬਾਤ, ਬਾਤਨ ਵੇਖੋ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਫ਼ਕੀਰਾਂ ਵਿਚੋਂ ਇਕ ਦਾ ਨਾਂ ਸੀ ਸ਼ਰਾਜਾ, ਕਰੀਮੂ ਪਿਤਾ ਨਜ਼ਰੀ ਆਈਆ । ਪ੍ਰਭ ਦਾ ਲੈਣ ਲੱਗਾ ਅੰਦਾਜ਼ਾ, ਨਿਗਾਹ ਨੂਰ ਚਸ਼ਮ ਰੁਸ਼ਨਾਈਆ । ਕੀ ਤੇਰਾ ਖੇਲ ਤਮਾਸ਼ਾ, ਚੌਦਾਂ ਤਬਕ ਦੇਣਾ ਸਮਝਾਈਆ ।

ਕੀ ਮੁਹੰਮਦ ਰੱਖਿਆ ਰਾਜ਼ਾ, ਪਰਦਾ ਦੇਣਾ ਉਠਾਈਆ । ਕਿਉਂ ਰੋਜ਼ਾ ਨਹੀਂ ਨਿਮਾਜ਼ਾ, ਨਿਉਂ ਨਿਉਂ ਸੀਸ ਝੁਕਾਈਆ । ਸ਼ਬਦ ਅਗੰਮੀ ਆਈ ਇਕ ਆਵਾਜ਼ਾ, ਨਗ਼ਮਾ ਹੱਕ ਸੁਣਾਈਆ । ਧੁਰਦਰਗਾਹੀ ਵਡ ਮਹਿਬੂਬ ਅਗੰਮੀ ਰਾਜਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੀਰ ਕਹੇ ਮੈਂ ਤੱਕੀ ਆਪਣੀ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚੋਂ ਵੇਖ ਵਖਾਈਆ । ਮੇਰੇ ਜੀਵਣ ਦੇ ਥੋੜ੍ਹੇ ਦਿਨ ਬਾਕੀ, ਬਾਕਾਇਦਾ ਨਜ਼ਰੀ ਆਈਆ । ਮੇਰਾ ਜਿਸਮ ਨਹੀਂ ਰਹਿਣਾ ਖ਼ਾਕੀ, ਤਨ ਵਜੂਦ ਸੰਗ ਨਾ ਕੋਇ ਨਿਭਾਈਆ । ਮੈਂ ਤੱਕਿਆ ਅੰਤਰ ਮਾਰੀ ਝਾਤੀ, ਪਰਦਿਆਂ ਉਹਲੇ ਫੋਲ ਫੁਲਾਈਆ । ਪਰਵਰਦਿਗਾਰ ਮਿਲਿਆ ਸਾਕੀ, ਸੱਜਣ ਨੂਰ ਅਲਾਹੀਆ । ਓਸ ਨੇ ਕਥਾ ਕਹਾਣੀ ਇਕ ਆਖੀ, ਆਖ਼ਰ ਦਿਤਾ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਅਮਾਮ ਅਮਾਮਾ ਬਣ ਕੇ ਚੁਕਾਵੇ ਸਭ ਦੀ ਬਾਕੀ, ਲਹਿਣਾ ਸਭ ਦੀ ਝੋਲੀ ਪਾਈਆ । ਤੁਸਾਂ ਏਥੇ ਰਹਿਣਾ ਕਿ ਆਪਣੀ ਕਰਨੀ ਰਾਖੀ, ਰੱਖਕ ਹੋ ਕੇ ਵੇਖ ਵਖਾਈਆ । ਸਾਰੇ ਲਾ ਕੇ ਬੈਠੇ ਰਾਸੀ, ਧਿਆਨ ਧਿਆਨ ਵਿਚੋਂ ਪ੍ਰਗਟਾਈਆ । ਕਵਣ ਵੇਲਾ ਆਵੇ ਪੁਰਖ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਕਬੀਰ ਕਹੇ ਮੈਂ ਕਥਾ ਕਹਾਣੀ ਦੱਸਾਂ ਸਾਚੀ, ਸਚ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਕਬੀਰ ਕਹੇ ਮੈਂ ਸੁਭਾਵਕ ਕੀਤੀ ਬਾਤ, ਫ਼ਕੀਰਾਂ ਫ਼ਿਕਰਾ ਪੁਛ ਪੁਛਾਈਆ । ਕੀ ਤੁਹਾਡੀ ਜ਼ਾਤ, ਸਹਿਜ ਦਿਓ ਸਮਝਾਈਆ । ਕੀ ਕਲਮਾ ਤੁਹਾਡੀ ਗਾਥ, ਕਰੋ ਕੀ ਪੜ੍ਹਾਈਆ । ਕੀ ਮਜ਼੍ਹਬ ਤੁਹਾਡੀ ਜਮਾਤ, ਜੁਮਲਾ ਅੱਖਰ ਦਿਓ ਦ੍ਰਿੜਾਈਆ । ਕੀ ਨੂਰ ਤੱਕੋ ਸਾਖਿਆਤ, ਜਲਵਾਗਰ ਅਲਾਹੀਆ ।

੧੨੩੯ ੨੧

ਕੀ ਮੁਹੱਬਤ ਵਿਚ ਰੱਖੋ ਇਤਫ਼ਾਕ, ਮੇਲਾ ਮੇਲੇ ਸਹਿਜ ਸੁਭਾਈਆ । ਸਾਰਿਆਂ ਹੱਸ ਕੇ ਕਿਹਾ ਕਬੀਰਾ ਅਸੀਂ ਇਕੋ ਤੋਂ ਮੰਗਦੇ ਨਜਾਤ, ਜੋ ਮਿਹਰਵਾਨ ਮਿਹਰਵਾਨ ਮਿਹਰਵਾਨ ਨੂਰ ਅਲਾਹੀਆ । ਜੋ ਮੁਹੱਬਤ ਵਿਚ ਪਿਆਰ ਵਿਚ ਸਾਡਾ ਰੂਹ ਬੁਤ ਕਰੇ ਪਾਕ, ਪਤਤ ਪੁਨੀਤ ਲਏ ਬਣਾਈਆ । ਸਦਾ ਸਦਾ ਸਦ ਰਹੀਏ ਚਰਨ ਕਵਲ ਦਾਸ, ਕ਼ਦਮਬੋਸੀ ਵਿਚ ਸੀਸ ਝੁਕਾਈਆ । ਓਸੇ ਦੀ ਕਰਦੇ ਤਲਾਸ਼, ਜੋ ਵਸੇ ਹੱਡ ਨਾੜੀ ਮਾਸ, ਪੰਜ ਤੱਤ ਆਪਣਾ ਆਸਣ ਲਾਈਆ । ਸਦਾ ਕਰੇ ਪ੍ਰਕਾਸ਼, ਅੰਧ ਅਗਿਆਨ ਕਰੇ ਵਿਨਾਸ, ਲੇਖੇ ਲਾਏ ਪਵਣ ਸਵਾਸ, ਸਾਹ ਸਾਹ ਆਪਣਾ ਰੰਗ ਰੰਗਾਈਆ । ਕਬੀਰ ਕਿਹਾ ਜ਼ਰਾ ਵੇਖੋ ਉਪਰ ਆਕਾਸ਼, ਜਿਥੇ ਹੋਵੇ ਕਦੇ ਨਾ ਨਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਫ਼ਕੀਰ ਕਿਹਾ ਕਬੀਰਾ ਕਿਹੜਾ ਓਹ ਤਰੀਕਾ, ਤ੍ਰੈਗੁਣ ਅਤੀਤਾ ਦਏ ਕਰਾਈਆ । ਪ੍ਰਭ ਮਿਲੇ ਨੀਕਣ ਨੀਕਾ, ਨਿਰਗੁਣ ਏਕਾ ਦਰਸ ਵਖਾਈਆ । ਲੇਖਾ ਮੁਕਾਵੇ ਜੀਵ ਜੀ ਕਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਡੀ ਆਸਾ ਮਨਸਾ ਪੂਰੀ ਕਰੇ ਉਮੀਦਾ, ਆਹ ਵਿਚ ਸਾਰੇ ਰਹੇ ਸੁਣਾਈਆ । ਸਾਡੀ ਇਕੋ ਵਾਰ ਹੋਵੇ ਈਦਾ, ਦੀਦਾ ਦਾਨਿਸਤਾ ਦਰਸ਼ਨ ਪਾਈਆ । ਸਾਡਾ ਭੇਵ ਖੋਲ੍ਹੇ ਪੇਚੀਦਾ, ਪੋਸ਼ੀਦਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਬੀਰ ਕਹੇ ਮੈਨੂੰ ਪੁਛ ਲੈਣ ਦਿਓ ਕੋਲੋਂ ਸ੍ਰੀ ਭਗਵਾਨ, ਕੀ ਕੀ ਹੁਕਮ ਜਣਾਈਆ । ਨਿਗਾਹ ਮਾਰੀ ਪਰੇ ਜ਼ਿਮੀਂ ਅਸਮਾਨ, ਦਰਗਾਹ ਸਾਚੀ ਵੇਖ ਵਖਾਈਆ । ਤਖ਼ਤ ਨਿਵਾਸੀ ਨੌਜਵਾਨ, ਅਬਿਨਾਸ਼ੀ ਕਰਤਾ ਡੇਰਾ ਲਾਈਆ । ਹੁਕਮੀ ਹੁਕਮ ਕਰੇ ਹੁਕਮਰਾਨ, ਸੁਤ ਸ਼ਬਦ ਦੁਲਾਰਾ ਇਕੋ ਇਕ ਉਠਾਈਆ ।

ਜਾ ਵੇਖ ਜਗਤ ਜੀਵ ਜਹਾਨ, ਕਵਣ ਮੇਰਾ ਰਾਹ ਤਕਾਈਆ । ਝਟ ਸੰਦੇਸ਼ਾ ਪੁੱਜਿਆ, ਕਬੀਰ ਹੋਇਆ ਹੈਰਾਨ, ਸਹਿਜ ਮਿਲੇ ਵਡਿਆਈਆ । ਹੁਕਮ ਸੁਣ ਧੁਰ ਫ਼ਰਮਾਨ, ਧਰਮ ਦੀ ਧਾਰ ਇਕ ਉਪਜਾਈਆ । ਸਦੀ ਚੌਧਵੀਂ ਕਲਜੁਗ ਅੰਤ ਪ੍ਰਗਟ ਹੋਵੇ ਵਿਚ ਜਹਾਨ, ਜੋਤੀ ਜਾਤਾ ਪੁਰਖ ਬਿਧਾਤਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰਾਂ ਸਤਿਜੁਗ ਤਰੇਤਾ ਦਵਾਪਰ ਕਲਜੁਗ ਸਭ ਦਾ ਲਹਿਣਾ ਦੇਣਾ ਚੁਕੌਣਾ ਆਣ, ਪਿਛਲਾ ਲੇਖਾ ਰਹਿਣ ਕੋਇ ਨਾ ਪਾਈਆ । ਫ਼ਕੀਰਾਂ ਦੇ ਫ਼ਿਕਰੇ ਸੁਣਾਂ ਜਹਾਨ, ਬਿਨ ਅੱਖਰਾਂ ਅਨਰਾਗੀ ਰਾਗ ਵਿਚੋਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਬੀਰ ਸਚ ਕਰਨੀ ਕਾਰ ਕਮਾਵਾਂਗਾ । ਨਿਰਗੁਣ ਨਿਰਵੈਰ ਰੂਪ ਧਰਾਵਾਂਗਾ । ਜੋਤੀ ਜਾਤਾ ਵੇਸ ਵਟਾਵਾਂਗਾ । ਪੁਰਖ ਬਿਧਾਤਾ ਆਪ ਅਖਵਾਵਾਂਗਾ । ਦੋ ਜਹਾਨਾਂ ਡੰਕ ਵਜਾਵਾਂਗਾ । ਰਾਓ ਰੰਕਾਂ ਆਪ ਉਠਾਵਾਂਗਾ । ਸਚ ਦਵਾਰ ਬੰਕ ਸੁਹਾਵਾਂਗਾ । ਭਗਤ ਸੁਹੇਲੇ ਮੇਲ ਮਿਲਾਵਾਂਗਾ । ਗੁਰ ਚੇਲੇ ਜੋੜ ਜੁੜਾਵਾਂਗਾ । ਲੱਖ ਚੁਰਾਸੀ ਜੀਵ ਜੰਤ ਫੋਲ ਫੁਲਾਵਾਂਗਾ । ਸਾਧ ਸੰਤ ਪਰਦਾ ਲਾਹਵਾਂਗਾ । ਕਲਜੁਗ ਮਾਇਆ ਪਾ ਬੇਅੰਤ, ਦੀਨ ਦੁਨੀ ਆਪ ਭੁਲਾਵਾਂਗਾ । ਜਨ ਭਗਤਾਂ ਬਣ ਕੇ ਧੁਰ ਦਾ ਕੰਤ, ਆਤਮ ਸੇਜਾ ਜੋੜ ਜੁੜਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਵਿਦਿਆ ਇਕ ਪੜ੍ਹਾਵਾਂਗਾ । ਝਗੜਾ ਮੁਕਾ ਕੇ ਸਵਰਗ ਜੱਨਤ, ਦਰਗਾਹ ਸਾਚੀ ਸਚ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਕਬੀਰ ਸਚ ਕਰਾਂ ਕਲਿਆਣ, ਹਰਿ ਕਰਤਾ ਆਪ ਜਣਾਈਆ । ਮੇਰੇ ਕੋਲ ਝਗੜਾ ਨਹੀਂ ਹਿੰਦੂ ਮੁਸਲਮਾਨ, ਸਾਂਝਾ ਮੀਤ ਇਕ ਅਖਵਾਈਆ । ਇਨ੍ਹਾਂ ਪੰਜਾਂ ਨੂੰ ਦੇ ਦੇ ਗਿਆਨ, ਤੁਹਾਨੂੰ ਛੱਡਣਾ ਪਏ ਜਹਾਨ, ਤਨ ਵਜੂਦ ਰਹਿਣ ਨਾ ਪਾਈਆ । ਇਹ ਜਗਹ ਹੋਣੀ ਸੁੰਞ ਮਸਾਣ, ਤੁਹਾਨੂੰ ਸਕੇ ਨਾ ਕੋਇ ਪਹਿਚਾਨ, ਤੁਹਾਡੀ ਆਤਮਾ ਦੀ ਹੋਣੀ ਨਹੀਂ ਕਲਿਆਣ, ਤਨ ਵਜੂਦ ਦੂਜਾ ਨਜ਼ਰ ਕੋਇ ਨਾ ਆਈਆ । ਤੁਸਾਂ ਫਿਰਦੇ ਰਹਿਣਾ ਦਰਮਿਆਨ ਜ਼ਿਮੀਂ ਅਸਮਾਨ, ਯਾਦ ਕਰਦੇ ਰਹਿਣਾ ਸ੍ਰੀ ਭਗਵਾਨ, ਸੋ ਪੁਰਖ ਅਕਾਲਾ ਦੀਨ ਦਿਆਲਾ ਵੇਖੇ ਆਣ, ਸਦੀ ਚੌਧਵੀਂ ਆਪਣਾ ਫੇਰਾ ਪਾਈਆ । ਮਿਹਰਵਾਨ ਹੋ ਕੇ ਲਏ ਪਛਾਣ, ਹਰ ਘਟ ਅੰਤਰ ਬਣ ਕੇ ਜਾਣੀ ਜਾਣ, ਜਾਨਣਹਾਰ ਆਪਣੀ ਦਇਆ ਕਮਾਈਆ । ਕਬੀਰ ਕਹੇ ਸੋ ਵਕਤ ਪਹੁੰਚਿਆ ਆਣ, ਨਿਉਂ ਨਿਉਂ ਕਰਨ ਸਲਾਮ, ਤੂੰ ਸ਼ਹਿਨਸ਼ਾਹ ਅਮਾਮ, ਹਰ ਘਟ ਜਾਣੀ ਜਾਣ, ਕਾਇਨਾਤ ਦੇ ਮਾਲਕ ਖ਼ਲਕ ਦੇ ਖ਼ਾਲਕ ਦਰ ਤੇਰੇ ਸੀਸ ਨਿਵਾਈਆ । ਸਾਡੀ ਮੰਜ਼ਲ ਹੋਈ ਆਸਾਨ, ਕਿਰਪਾ ਕੀਤੀ ਹਰਿ ਮਿਹਰਵਾਨ, ਮਹਿਬੂਬ ਆਪਣੀ ਦਇਆ ਕਮਾਈਆ । ਸਾਡਾ ਮੁੱਕੇ ਆਵਣ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਕਬੀਰ ਕਹੇ ਕਿਰਪਾ ਕਰ ਸ੍ਰੀ ਭਗਵੰਤ, ਭਗਵਨ ਦਇਆ ਕਮਾਈਆ । ਵੇਲਾ ਵਕਤ ਪਹੁੰਚਿਆ ਅੰਤ, ਅੰਤਮ ਲਏ ਮਿਲਾਈਆ । ਤੇਰਾ ਖੇਲ ਜੁਗਾ ਜੁਗੰਤ, ਜੁਗ ਚੌਕੜੀ ਵੇਸ ਵਟਾਈਆ । ਜੋ ਤੇਰੇ ਫ਼ਕੀਰ ਸੰਤ, ਸੱਜਣ ਲੈ ਬਣਾਈਆ । ਦਰ ਠਾਂਡੇ ਤੇਰੇ ਮਿੰਨਤ, ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਕਿਰਪਾ ਕਰ ਸ਼ਹਿਨਸ਼ਾਹ ਅਜ਼ੀਮ, ਆਲੀਸ਼ਾਨ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਕ਼ਦੀਮ, ਕੁਦਰਤ ਦਾ ਕਰਤਾ ਨੂਰ ਅਲਾਹੀਆ । ਮੈਨੂੰ

ਤੇਰੇ ਉਤੇ ਯਕੀਨ, ਭਰੋਸਾ ਇਕੋ ਇਕ ਦ੍ਰਿੜਾਈਆ । ਤੂੰ ਬੇਨੰਤੀ ਕਰ ਤਸਲੀਮ, ਤਾਬਿਆਦਾਰੀ ਵਿਚ ਆਪਣਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਕਬੀਰਾ, ਕ਼ਬਰਾਂ ਵਾਲੇ ਦੇਵਾਂ ਤਰਾਈਆ । ਸ਼ਰਅ ਦੀ ਕਟ ਜ਼ੰਜੀਰਾ, ਆਪਣਾ ਰੰਗ ਰੰਗਾਈਆ । ਲੇਖੇ ਲਾਵਾਂ ਸ਼ਾਹ ਹਕੀਰਾ, ਦੀਨਾਂ ਆਪਣੀ ਗੋਦ ਉਠਾਈਆ । ਮਾਲਕ ਬਣ ਕੇ ਪੀਰਨ ਪੀਰਾ, ਪਾਰਬ੍ਰਹਮ ਹੋ ਕੇ ਵੇਖ ਵਖਾਈਆ । ਪਿਛਲੀ ਯਾਦ ਰੱਖ ਤਸਵੀਰਾ, ਤਸੱਵਰ ਸਭ ਕੁਛ ਦਿਆਂ ਕਰਾਈਆ । ਜਿਥੇ ਹੁੰਦੇ ਸੀ ਜੰਡ ਕਰੀਰਾ, ਢਾਬ ਛੋਟੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪੰਜ ਕਹਿਣ ਸਾਡੀ ਸਲਾਮ, ਅੰਤਮ ਤੇਰੇ ਚਰਨ ਦੁਹਾਈਆ । ਤੂੰ ਮਾਲਕ ਇਕ ਅਮਾਮ, ਇਬਨੁੱਲਵਕ਼ਤ ਤੇਰੀ ਵਡਿਆਈਆ । ਤੇਰਾ ਲੇਖਾ ਅਗੰਮ ਪੈਗ਼ਾਮ, ਵੱਜੀ ਹੱਕ ਵਧਾਈਆ । ਸਾਡੀ ਮੰਜ਼ਲ ਹੋਈ ਆਸਾਨ, ਔਖਾ ਰਾਹ ਨਾ ਕੋਇ ਤਕਾਈਆ । ਦਰਗਾਹ ਸਾਚੀ ਕਰ ਪਰਵਾਨ, ਥਾਨ ਥਨੰਤਰ ਇਕੋ ਦੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਪੰਜ ਕਹਿਣ ਗਿਆ ਪਰਪੰਚ, ਪੰਚ ਮਿਲੀ ਵਡਿਆਈਆ । ਸਾਡਾ ਲੇਖੇ ਲੱਗਾ ਅੰਤ, ਅੰਤਮ ਹੋਇਆ ਸਹਾਈਆ । ਪਾਇਆ ਅਗੰਮਾ ਕੰਤ, ਕੰਤ ਕੰਤੂਹਲ ਨੂਰ ਅਲਾਹੀਆ । ਝਗੜਾ ਛੁੱਟਿਆ ਵਿਚੋਂ ਜੀਵ ਜੰਤ, ਜਾਗਰਤ ਜੋਤ ਵਿਚ ਸਮਾਈਆ । ਦਰਗਾਹ ਸਾਚੀ ਮਨਜ਼ੂਰ ਹੋਈ ਮਿੰਨਤ, ਮਨਸਾ ਪੂਰ ਕਰਾਈਆ । ਧਰਨੀ ਓਹੋ ਥਾਂ ਤੇ ਓਹੋ ਸਿੰਮਤ, ਵਾਰ ਘੜੀ ਥਿਤ ਓਸੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦੇ ਲੇਖੇ ਲਹਿਣੇ ਪੂਰ ਕਰਾਈਆ ।

੧੨੪੧ ੨੧

## ❋ ੨੧ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਬਖ਼ਸ਼ ਸਿੰਘ ਮਹੂ ਨਿਵਾਸੀ ਦੇ ਨਵਿਤ ❋

ਗੁਰਬਖ਼ਸ਼ ਸਿੰਘ ਕਹੇ ਮੇਰੇ ਸਾਹਿਬ ਸਤਿਗੁਰ ਗੋਬਿੰਦ, ਗੋਬਿੰਦ ਗੋਬਿੰਦ ਗੋਬਿੰਦ ਤੇਰੀ ਸਰਨਾਈਆ । ਹਉਂ ਬਾਲ ਅੰਞਾਣਾ ਤੇਰੀ ਬਿੰਦ, ਮਿਹਰਵਾਨ ਮਿਹਰਵਾਨ ਮਿਹਰਵਾਨ ਤੇਰੀ ਓਟ ਤਕਾਈਆ । ਤੂੰ ਗਹਿਰ ਗੰਭੀਰ ਸਾਗਰ ਸਿੰਧ, ਅਨੁਭਵ ਧਾਰ ਸੋਭਾ ਪਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਤੇਰੀ ਵਡਿਆਈਆ । ਮੇਰੀ ਸਗਲੀ ਮਿਟ ਗਈ ਚਿੰਦ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰੀ ਲੇਖੇ ਲਾ ਲਾ ਜੋ ਕੀਤੀ ਤੇਰੀ ਨਿੰਦ, ਨਿੰਦਕ ਹੋ ਕੇ ਅੰਤਮ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਓਟ ਰਖਾਈਆ । ਗੁਰਬਖ਼ਸ਼ ਸਿੰਘ ਕਹੇ ਮੈਂ ਤੇਰਾ ਸੁਤ ਦੁਲਾਰਾ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਕਿਰਪਾ ਕਰ ਮੇਰੇ ਨਿਰੰਕਾਰਾ, ਨਿਰਵੈਰ ਤੇਰੀ ਵਡਿਆਈਆ । ਦੋਏ ਜੋੜ ਕਰਾਂ ਨਿਮਸਕਾਰਾ, ਨਿਉਂ ਨਿਉਂ ਲਾਗਾਂ ਪਾਈਂਆ । ਤੇਰਾ ਤੱਕਿਆ ਸਚਖੰਡ ਨਜ਼ਾਰਾ, ਦਰਗਾਹ ਸਾਚੀ ਸੋਭਾ ਪਾਈਆ । ਮੈਨੂੰ ਯਾਦ ਆ ਗਿਆ ਪੁਰੀ ਅਨੰਦ ਦਾ ਓਹ ਅਖਾੜਾ, ਜਿਸ ਦਾ ਪਰਦਾ ਨਾ ਕੋਇ ਉਠਾਈਆ । ਮੇਰੇ ਪ੍ਰਕਾਸ਼ ਹੋਇਆ ਨਾੜ ਨਾੜਾ, ਅੰਧ ਅੰਧਿਆਰਾ ਦਿਤਾ ਗਵਾਈਆ । ਕਰ ਦੇ ਪਾਰ ਕਿਨਾਰਾ, ਨਈਆ ਨੌਕਾ ਤੇਰੇ ਹੱਥ ਫੜਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਦਰ ਤੇਰੇ ਸੀਸ ਜਾਏ ਝੁਕ, ਨਿਉਂ ਨਿਉਂ ਸੀਸ ਨਿਵਾਈਆ । ਮੇਰਾ ਆਵਣ ਜਾਵਣ ਪੈਂਡਾ ਗਿਆ ਮੁਕ, ਮਿਲੀ ਮਾਣ ਵਡਿਆਈਆ । ਸਾਹਿਬ ਸਤਿਗੁਰ ਮੈਂ ਅੰਤ ਅਖ਼ੀਰ ਬਿਨਾ ਬੋਲਿਆਂ ਤੂੰ ਮੇਰਾ ਮੈਂ ਤੇਰਾ ਹਿਰਦੇ ਵਿਚ ਗਾਈ ਤੁਕ, ਤੂੰਹੀ ਤੂੰਹੀ ਰਾਗ ਅਲਾਈਆ । ਤੂੰ ਸਤਿ ਸਰੂਪ ਸ਼ਾਹੋ ਭੂਪ ਮੇਰੇ ਅੰਦਰ ਵੜਿਆ ਚੁਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਜਾਮ ਪਿਆਲਾ ਬਿਨ ਰਸਨਾ ਦਿਤਾ ਘੁਟ, ਬਿਨ ਜਿਹਵਾ ਦਿਤਾ ਚਖਾਈਆ । ਮੇਰੀ ਆਤਮਾ ਮੇਰੇ ਵਿਚੋਂ ਗਈ ਉਠ, ਨਿਰਗੁਣ ਧਾਰ ਲਈ ਅੰਗੜਾਈਆ । ਜਾਂ ਤੱਕਿਆ ਮੇਰਾ ਗੋਬਿੰਦ ਰਿਹਾ ਤੁਠ, ਸਾਹਿਬ ਸੁਲਤਾਨ ਹੋਇਆ ਸਹਾਈਆ । ਮੈਂ ਫੜ ਕੇ ਚਰਨ ਲਏ ਘੁੱਟ, ਬਿਨ ਨੇਤਰਾਂ ਨੀਰ ਦਿਤਾ ਵਹਾਈਆ । ਮੈਂ ਅਪਰਾਧੀ ਤੇਰਾ ਸੁਤ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਜਿਉਂ ਭਾਵੇ ਤਿਉਂ ਗੋਦੀ ਲੈਣਾ ਚੁਕ, ਚਾਰੇ ਕੰਨੀਆਂ ਖ਼ਾਲੀ ਦਿਤੀਆਂ ਵਖਾਈਆ । ਤੂੰ ਸਹਿਜ ਨਾਲ ਪਿਆਰ ਦੇ ਕੇ ਉਤੇ ਮੁਖ, ਮੁਖ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਧੁਰ ਦਾ ਵਰ, ਦਰ ਆਪਣੇ ਰੰਗ ਰੰਗਾਈਆ । ਗੁਰਬਖ਼ਸ਼ ਸਿੰਘ ਕਹੇ ਮੇਰੇ ਅੰਤਰ ਇਕੋ ਆਸ਼ਾ, ਅੰਤਰ ਅੰਤਰ ਧਿਆਨ ਲਗਾਈਆ । ਜਿਹੜਾ ਅਖ਼ੀਰੀ ਨਿਕਲਿਆ ਸਵਾਸਾ, ਸਾਹ ਵਿਚ ਦਿਆਂ ਜਣਾਈਆ । ਤੂੰ ਮੇਰਾ ਮੈਂ ਤੇਰਾ ਬਿਨਾ ਬੋਲਿਉਂ ਗਾਈ ਗਾਥਾ, ਅੰਤਰ ਅੰਤਰ ਪਰੇਮ ਵਧਾਈਆ । ਜਾਂ ਵੇਖਿਆ ਨੂਰ ਤੱਕਿਆ ਪੁਰਖ ਅਬਿਨਾਸ਼ਾ, ਨਿਰਵੈਰ ਬੈਠਾ ਸੋਭਾ ਪਾਈਆ । ਹੱਸ ਕੇ ਕਿਹਾ ਮੈਂ ਤੇਰਾ ਆਦਿ ਜੁਗਾਦਿ ਦਾ ਰਾਖਾ, ਰੱਖਕ ਸਦ ਅਖਵਾਈਆ । ਅੰਦਰੋਂ ਖੋਲ੍ਹ ਕੇ ਮੇਰਾ ਤਾਕਾ, ਪਰਦਾ ਦਿਤਾ ਲਾਹੀਆ । ਜੋਤੀ ਜੋਤ ਦਾ ਦੇ ਪਰਕਾਸ਼ਾ, ਜੋਤੀ ਜੋਤ ਵਿਚ ਮਿਲਾਈਆ । ਤਨ ਮਾਟੀ ਖ਼ਾਲੀ ਕਰ ਕੇ ਲਾਸ਼ਾ, ਆਤਮ ਪਰਮਾਤਮ ਆਪਣੇ ਵਿਚ ਮਿਲਾਈਆ । ਰਾਹ ਵਿਚ ਜਾਂਦਿਆਂ ਮੈਂ ਸਭ ਦੀ ਸੁਣੀ ਭਾਸ਼ਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਅਗੰਮੀ ਰਾਗ ਅਲਾਹੀਆ । ਸਚਖੰਡ ਦਵਾਰੇ ਕੀਤਾ ਵਾਸਾ, ਜਿਥੇ ਮਿਲਿਆ ਬੇਪਰਵਾਹੀਆ । ਇਕੋ ਪਿਤਾ ਤੇ ਇਕੋ ਮਾਤਾ, ਇਕੋ ਮਿਲੀ ਜਣੇਂਦੀ ਮਾਈਆ । ਜਿਸ ਦਾ ਨੂਰ ਓਸੇ ਨੇ ਜਾਤਾ, ਦੂਸਰ ਸਮਝ ਕਿਸੇ ਨਾ ਆਈਆ । ਮੈਂ ਅੰਤ ਅਖ਼ੀਰ ਭੁੱਲ ਬਖ਼ਸ਼ਾਈ ਜੋ ਰਸਨਾ ਨਾਲ ਖਾਧਾ, ਬਿਨ ਨੈਣਾਂ ਜਲ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਪੂਰ ਕਰਾਈਆ । ਮੇਰਾ ਲੇਖਾ ਪੂਰਾ ਕੀਤਾ, ਮਿਲੀ ਮਾਣ ਵਡਿਆਈਆ । ਪੂਰਬ ਜਨਮ ਦਾ ਲਹਿਣਾ ਦੀਤਾ, ਪੁਰੀ ਅਨੰਦ ਵੱਜੀ ਵਧਾਈਆ । ਮੇਰਾ ਆਤਮ ਹੋਇਆ ਠਾਂਡਾ ਸੀਤਾ, ਅਗਨੀ ਤੱਤ ਗਵਾਈਆ । ਦਰਸ ਪਾਇਆ ਅਨਡੀਠਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾਮ ਨਿਧਾਨਾ ਜਾਮ ਪੀਤਾ, ਅੰਮਿਉਂ ਰਸ ਰਸ ਚਖਾਈਆ । ਸਦਾ ਲਈ ਸਚਖੰਡ ਦਵਾਰੇ ਜੀਤਾ, ਚੁਰਾਸੀ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਬੇਸ਼ਕ ਮੇਰੇ ਘਰਦਿਆਂ ਫੋਲ ਦਿਤਾ ਅੰਗੀਠਾ, ਭੁੱਲ ਮੇਰੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਦਰ ਤੇਰੇ ਇਕੋ ਆਸਾ, ਆਸ਼ਾਵੰਦ ਜਣਾਈਆ । ਚਰਨ ਕਵਲ ਰੱਖ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਬਾਲ ਅੰਞਾਣੇ ਤੇਰੀ ਸ਼ਾਖ਼ਾ, ਪੱਤ ਟਹਿਣੀ ਨਾਲ ਮਹਿਕਾਈਆ । ਤੂੰ ਨਿਰਗੁਣ ਬਣੀਂ ਰਾਖਾ, ਸਰਗੁਣ ਹੋਣਾ ਆਪ ਸਹਾਈਆ ।

ਤੂੰ ਸਰਬ ਕਲਾ ਕਲ ਗਿਆਤਾ, ਜਾਨਣਹਾਰ ਧੁਰਦਰਗਾਹੀਆ । ਪਿਛਲਾ ਭੁੱਲ ਨਾ ਜਾਈਂ ਨਾਤਾ, ਗੋਬਿੰਦ ਮਿਲ ਕੇ ਵੱਜੇ ਵਧਾਈਆ । ਆਤਮ ਦਾ ਪਿਤਾ ਮਾਤਾ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਆਪਣਾ ਰੰਗ ਰੰਗ ਕਰਤਾਰ, ਕ਼ੁਦਰਤ ਦੇ ਮਾਲਕ ਦਇਆ ਕਮਾਈਆ । ਮੈਂ ਛੱਡ ਆਇਆ ਸੰਸਾਰ, ਸੰਸਾ ਰੋਗ ਰਿਹਾ ਨਾ ਰਾਈਆ । ਤੇਰਾ ਵੇਖ ਸੱਚਾ ਦਰਬਾਰ, ਦਰਗਾਹ ਸਾਚੀ ਵੱਜੀ ਵਧਾਈਆ । ਮਿਲ ਕੇ ਜੋਤੀ ਜੋਤ ਧਾਰ, ਨਿਰਗੁਣ ਨੂਰ ਵਿਚ ਸਮਾਈਆ । ਕਿਰਪਾ ਕਰ ਮੇਰੇ ਗਿਰਧਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਆਪਣੇ ਵਿਚ ਰਖਾਈਆ । ਮੇਰਾ ਲਹਿਣਾ ਆਪਣੇ ਵਿਚ ਰੱਖ, ਰੱਖਣਹਾਰ ਤੇਰੀ ਵਡਿਆਈਆ । ਤੂੰ ਸਰਬ ਕਲਾ ਸਮਰਥ, ਬੇਅੰਤ ਬੇਪਰਵਾਹੀਆ । ਮੈਂ ਜੋੜ ਕੇ ਖ਼ਾਲੀ ਹੱਥ, ਡੰਡਾਵਤ ਬੰਦਨਾ ਸੀਸ ਨਿਵਾਈਆ । ਤੇਰੇ ਨਾਮ ਦੀ ਇਕ ਅਲੱਖ, ਜੈਕਾਰਾ ਇਕੋ ਇਕ ਸੁਣਾਈਆ । ਜੋ ਬੰਸ ਸਰਬੰਸ ਬਾਲੇ ਨੱਢੇ ਪਿਛੇ ਆਇਆ ਛੱਡ, ਸੋ ਸਭ ਤੇਰੀ ਝੋਲੀ ਪਾਈਆ । ਤੇਰਾ ਬੰਸ ਤੇ ਤੇਰੀ ਯਦ, ਪੁਸ਼ਤ ਪਨਾਹ ਤੇਰੀ ਮੰਗ ਮੰਗਾਈਆ । ਪਿਛਲੇ ਬਖ਼ਸ਼ ਕੀਤੇ ਗੁਨਾਹ, ਮਾਰਗ ਅੱਗੇ ਇਕ ਦ੍ਰਿੜਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਮਿਹਰਵਾਨ ਅਖਵਾਈਆ । ਸਭ ਥਾਈਂ ਹੋਏਂ ਸਹਾ, ਸਹਾਇਕ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮੇਲਾ ਲੈਣਾ ਮਿਲਾਈਆ । ਗੁਰਬਖ਼ਸ਼ ਸਿੰਘ ਕਹੇ ਮੈਂ ਸਦਾ ਸਦਾ ਸਦ ਜੀਤਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਪਰਮ ਪੁਰਖ ਦਾ ਦਰਸ਼ਨ ਕੀਤਾ, ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਜਿਸ ਨੇ ਜੀਅ ਦਾਨ ਦੀਤਾ, ਅਗਲਾ ਲੇਖਾ ਦਿਤਾ ਮੁਕਾਈਆ । ਕਰ ਕੇ ਠਾਂਡਾ ਸੀਤਾ, ਅਗਨੀ ਤੱਤ ਬਝਾਈਆ । ਬਣ ਕੇ ਧੁਰ ਦਾ ਮੀਤਾ, ਮਿੱਤਰ ਪਿਆਰਾ ਹੋ ਕੇ ਗੋਦ ਉਠਾਈਆ । ਮੇਰਾ ਚਰਨਾਂ ਉਤੇ ਝੁਕਿਆ ਸੀਸਾ, ਸੀਸ ਜਗਦੀਸ਼ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪ੍ਰਭੂ ਦਰ ਤੇਰੇ ਦਾ ਮੰਗਤਾ, ਝੋਲੀ ਦੇਣੀ ਭਰਾਈਆ । ਗੜ੍ਹ ਤੋੜਨਾ ਹਉਮੇ ਹੰਗਤਾ, ਹੰ ਬ੍ਰਹਮ ਦੇਣਾ ਸਮਝਾਈਆ । ਅਨਕ ਬਾਰ ਕਰਾਂ ਮਿੰਨਤਾ, ਨਿਉਂ ਨਿਉਂ ਲਾਗਾਂ ਪਾਈਂਆ । ਮੇਰੇ ਬੰਸ 'ਚ ਰਹੇ ਕੋਈ ਨਾ ਚਿੰਤਾ, ਦਰਦੀ ਹੋ ਕੇ ਦਰਦ ਲੈਣਾ ਵੰਡਾਈਆ । ਸਭ ਦੇ ਅੰਦਰ ਦੇਣੀ ਹਿੰਮਤਾ, ਮੇਰੇ ਪਿੱਛੇ ਰੋ ਕੇ ਨੈਣਾਂ ਨੀਰ ਨਾ ਕੋਇ ਵਹਾਈਆ । ਭਾਵੇਂ ਤਾਅਨੇ ਦੇਵਣ ਅਨਗਿਣਤ ਨਿੰਦਕਾ, ਨਿੰਦਿਆ ਸੁਣ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਦ ਆਪਣਾ ਰੰਗ ਰੰਗਾਈਆ । ਆਪਣੇ ਰੰਗ ਰੰਗ ਲੈ ਮੇਰੇ ਪ੍ਰਭ ਠਾਕਰ, ਤੇਰੇ ਗ੍ਰਿਹ ਵਡਿਆਈਆ । ਤੂੰ ਗਹਿਰ ਗੰਭੀਰ ਡੂੰਘਾ ਸਾਗਰ, ਅਥਾਹ ਅਨੰਤ ਅੰਤ ਤੇਰਾ ਕਹਿਣ ਕੋਇ ਨਾ ਪਾਈਆ । ਭਾਗ ਲਗਾ ਦੇ ਕਾਇਆ ਮਾਟੀ ਗਾਗਰ, ਸਾਢੇ ਤਿੰਨ ਹੱਥ ਕਰ ਸਫ਼ਾਈਆ । ਕੋਝਿਆਂ ਕਮਲਿਆਂ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧੁਆਈਆ । ਦਰ ਆਇਆਂ ਦਰਵੇਸ਼ਾਂ ਦੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਬਾਦਲ, ਪਵਣ ਠੰਡੀ ਇਕ ਝੁਲਾਈਆ । ਤੇਰੇ ਨਾਮ ਦਾ ਰਹੇ ਨਾ ਕ਼ਾਤਲ, ਮਕਤੂਲ ਵੇਖਾਂ ਖ਼ਲਕ ਖ਼ੁਦਾਈਆ । ਤੇਰਾ ਜਲਵਾ ਵੇਖਾਂ ਨੂਰੇ ਬਾਤਲ, ਪਾਰਬ੍ਰਹਮ ਪ੍ਰਭ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰੰਗ ਦੇ ਰੰਗ ਕਿਰਪਾਨਿਧ ਸਵਾਮੀ, ਸਮਾਂ ਅੰਤਮ ਵੇਖ ਵਖਾਈਆ । ਤੂੰ ਸਰਬ ਘਟਾਂ ਘਟ ਅੰਤਰਜਾਮੀ, ਲੱਖ ਚੁਰਾਸੀ ਖੋਜ ਖੁਜਾਈਆ । ਹਰ ਹਿਰਦੇ ਅੰਦਰ ਵਸਾ ਦੇ ਆਪਣੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਚਾਰ ਜੁਗ ਚਾਰ ਵਰਨ ਅਠਾਰਾਂ ਬਰਨ ਤੇਰਾ ਖੇਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਤੇਰੀ ਵਡ ਵਡਿਆਈਆ । ਤੂੰ ਆਤਮ ਪਰਮਾਤਮ ਪਾਰਬ੍ਰਹਮ ਪਤਿਪਰਮੇਸ਼ਵਰ ਕਰੀਂ ਆਪਣੀ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਮੇਰੇ ਪਰਵਾਰ ਦੀ ਬੱਚਿਆਂ ਵਾਲੀ ਨਿਸ਼ਾਨੀ, ਨਿਸ਼ਾਨਾ ਤੇਰਾ ਵੇਖ ਵਖਾਈਆ । ਮੇਰੀ ਬੇਨੰਤੀ ਅਰਦਾਸ ਸੁਣੀਂ ਦੋ ਜਹਾਨੀ, ਜਹਾਲਤ ਅੰਦਰੋਂ ਦੇਣੀ ਕਢਾਈਆ । ਤੇਰੇ ਨਾਮ ਦੀ ਮੰਜ਼ਲ ਮਿਲੇ ਰੁਹਾਨੀ, ਰੂਹ ਬੁਤ ਮਿਲ ਕੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰੋਂ ਕੱਢ ਦੇਣੀ ਪਰੇਸ਼ਾਨੀ, ਸਾਂਤਕ ਸਤਿ ਸਤਿ ਸਤਿ ਦੇਣਾ ਵਰਤਾਈਆ ।

### ❊ ੨੨ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਤ ਸਿੰਘ ਦੇ ਗ੍ਰਹਿ ਇਟਾਰਸੀ ❊

ਧਰਨੀ ਕਹੇ ਮੇਰਾ ਕਲਜੁਗ ਕੂੜੀ ਕਿਰਿਆ ਧੋ ਦੇ ਧੱਬਾ, ਦੁਰਮਤ ਮੈਲ ਦੇ ਮਿਟਾਈਆ । ਤੂੰ ਆਦਿ ਜੁਗਾਦੀ ਇਕੋ ਅੱਬਾ, ਪੁਰਖ ਅਕਾਲ ਤੇਰੀ ਸਰਨਾਈਆ । ਜੁਗ ਚੌਕੜੀ ਜਗ ਨੇਤਰ ਕਿਸੇ ਨਾ ਲੱਭਾ, ਗੁਰ ਅਵਤਾਰ ਪੈਗ਼ੰਬਰ ਸਿਫ਼ਤਾਂ ਵਿਚ ਗਏ ਸਾਲਾਹੀਆ । ਸਦ ਭਗਤਾਂ ਦੇਵਣਹਾਰਾ ਸੱਦਾ, ਸੰਦੇਸ਼ਾ ਧੁਰ ਦਾ ਨਾਮ ਦ੍ਰਿੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦਵੈਤ ਪਰਦਾ ਲਾਹ ਹੋ ਨੰਗਾ, ਨਿਰਵੈਰ ਆਪਣਾ ਨੂਰ ਜੋਤ ਕਰ ਰੁਸ਼ਨਾਈਆ । ਉਹਲਾ ਰਹੇ ਨਾ ਬ੍ਰਹਮ ਹੰਗਾ, ਪਾਰਬ੍ਰਹਮ ਪ੍ਰਭ ਤੇਰਾ ਖੇਲ ਵਖਾਈਆ । ਸਤਿ ਆਤਮ ਸਚ ਦੇ ਅਨੰਦਾ, ਅਨੰਦ ਆਪਣੇ ਵਿਚੋਂ ਪ੍ਰਗਟਾਈਆ । ਮਾਨਵ ਰਹੇ ਕੋਈ ਨਾ ਗੰਦਾ, ਦੁਰਮਤ ਮੈਲ ਧਵਾਈਆ । ਸਤਿਜੁਗ ਸਚ ਚੜ੍ਹਾ ਚੰਦਾ, ਕਲ ਅੰਧੇਰਾ ਦੇ ਮਿਟਾਈਆ । ਤੂੰ ਸਾਹਿਬ ਸਦਾ ਬਖ਼ਸ਼ੰਦਾ, ਸਚ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਮੇਰੇ ਧੁਰ ਦੇ ਬਾਪ, ਪਿਤਾ ਪੁਰਖ ਅਕਾਲ ਤੇਰੀ ਵਡਿਆਈਆ । ਚਾਰ ਕੁੰਟ ਮੇਟ ਦੇ ਪਾਪ, ਪਤਤ ਪੁਨੀਤ ਕਰ ਲੋਕਾਈਆ । ਆਤਮ ਪਰਮਾਤਮ ਬਣ ਸੱਜਣ ਸਾਕ, ਨਿਰਗੁਣ ਨਿਰਗੁਣ ਮੇਲਾ ਸਹਿਜ ਸੁਭਾਈਆ । ਜਨ ਭਗਤਾਂ ਖੋਲ੍ਹ ਅੰਤਰ ਤਾਕ, ਪਰਦਾ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਭਵਿਖਤ ਵਾਕ, ਵਾਕਫ਼ਕਾਰ ਹੋ ਕੇ ਵੇਖ ਖ਼ਲਕ ਖ਼ੁਦਾਈਆ । ਨੌ ਖੰਡ ਪ੍ਰਿਥਮੀ ਵਿਗੜੇ ਹਾਲਾਤ, ਸਾਧਨਾ ਸਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਝਗੜਾ ਮਿਟਾ ਦੇ ਕਾਗ਼ਜ਼ਾਤ, ਸ਼ਰਅ ਦਾ ਬੰਧਨ ਰਹੇ ਨਾ ਰਾਈਆ । ਧਰਨੀ ਕਹੇ ਮੇਰੇ ਅਗੰਮੀ ਪਿਤਾ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੇਰਾ ਖੇਲ ਜੁਗ ਚੌਕੜੀ ਵੇਖਿਆ ਨਿਤ ਨਵਿਤਾ, ਸਤਿ ਸਵਾਮੀ ਅੰਤਰਜਾਮੀ ਮਿਹਰ ਨਜ਼ਰ ਇਕ ਉਠਾਈਆ । ਚਾਰ ਵਰਨਾਂ ਕਰ ਹਿੱਤਾ, ਮਾਨਵ ਮਾਨਵ ਜੋੜ ਜੁੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕੱਢ ਸਿੱਟਾ, ਪਰਦਾ ਉਹਲਾ ਰਹੇ ਨਾ ਰਾਈਆ । ਕਲਜੁਗ ਕੂੜ ਕਲਪਣਾ ਲੇਖਾ ਕਰ ਚਿੱਟਾ, ਕਾਲਖ ਟਿੱਕਾ ਦੇ ਮਿਟਾਈਆ ।

ਸਤਿਜੁਗ ਸਾਚਾ ਤੇਰਾ ਸਚ ਦਵਾਰਾ ਹੋਵੇ ਇਕਾ, ਏਕੰਕਾਰ ਏਕਾ ਸੀਸ ਨਿਵਾਈਆ । ਝਗੜਾ ਦਿਸੇ ਨਾ ਪੱਥਰ ਇੱਟਾ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਵਾਲਦ, ਵਾਲਦਾ ਤੂੰ ਹੀ ਇਕ ਅਖਵਾਈਆ । ਨਿਰਧਨ ਸਰਧਨ ਮੇਟ ਆਲਸ, ਜਗਤ ਨਿੰਦਰਾ ਦੇ ਗਵਾਈਆ । ਆਤਮ ਪਰਮਾਤਮ ਬਣ ਸਾਲਸ, ਸਚ ਸਵਾਮੀ ਭੇਵ ਖੁਲ੍ਹਾਈਆ । ਹਰਿਜਨ ਸਾਚੇ ਉਪਜਾ ਖ਼ਾਲਸ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਬਾਲਕ, ਨੰਨ੍ਹੇ ਬੱਚੇ ਨਾਲ ਮਿਲਾਈਆ । ਦੀਨ ਦੁਨੀ ਦੀ ਬਦਲ ਹਾਲਤ, ਹਾਲਤ ਵੇਖ ਖ਼ਲਕ ਖ਼ੁਦਾਈਆ । ਵਰਨਾਂ ਬਰਨਾਂ ਪਈ ਜਹਾਲਤ, ਦੀਨ ਮਜ਼੍ਹਬ ਕਰਨ ਲੜਾਈਆ । ਤੁਧ ਬਿਨ ਕਰੇ ਨਾ ਕੋਇ ਸਚ ਅਦਾਲਤ, ਗੁਰ ਅਵਤਾਰ ਪੈਗ਼ੰਬਰ ਹਿੱਸੇ ਵੰਡੀਆਂ ਗਏ ਪਾਈਆ । ਨਾਮ ਨਿਧਾਨਾ ਦੇ ਨਿਆਮਤ, ਵਸਤ ਅਮੋਲਕ ਇਕ ਵਰਤਾਈਆ । ਸਦੀ ਚੌਧਵੀਂ ਸਭ ਨੂੰ ਵਖਾ ਕਿਆਮਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਧਰਨੀ ਕਹੇ ਮੇਰੇ ਸਾਹਿਬ ਸਵਾਮੀ ਮਿੱਤਰ, ਹਰਿ ਕਰਤੇ ਵਡ ਵਡਿਆਈਆ । ਨਿਰਗੁਣ ਧਾਰ ਆਪੇ ਨਿੱਕਲ, ਜੋਤੀ ਨੂਰ ਡਗਮਗਾਈਆ । ਚੋਟੀ ਚੜ੍ਹ ਉਚੀ ਸਿਖ਼ਰ, ਪੰਧ ਅਵਰ ਰਹੇ ਨਾ ਰਾਈਆ । ਚਾਰ ਜੁਗ ਤੇਰਾ ਚਿੱਤਰ ਸਕਿਆ ਨਾ ਕੋਇ ਚਿਤਰ, ਬਚਿੱਤਰ ਤੇਰਾ ਖੇਲ ਬੇਪਰਵਾਹੀਆ । ਸਦੀ ਚੌਧਵੀਂ ਮੈਨੂੰ ਲੱਗਾ ਫ਼ਿਕਰ, ਫ਼ਿਕਰੇ ਗੁਰ ਅਵਤਾਰ ਪੈਗ਼ੰਬਰਾਂ ਵੇਖ ਵਖਾਈਆ । ਜਿਸ ਅਮਾਮ ਦਾ ਕਰ ਕੇ ਗਏ ਜ਼ਿਕਰ, ਕਲ ਕਲਕੀ ਕਹਿ ਕੇ ਢੋਲਾ ਗਾਈਆ । ਓਹਨੂੰ ਵੇਖਾਂ ਕਿਧਰ, ਉਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਕਵਣ ਵੇਲਾ ਮੇਰੀ ਪੂਰੀ ਕਰੇ ਸੱਧਰ, ਸਦਮਾ ਦਏ ਗਵਾਈਆ । ਦੀਨਾਂ ਮਜ਼੍ਹਬਾਂ ਕਰ ਕੇ ਪੱਧਰ, ਮਾਣਸ ਇਕੋ ਰੰਗ ਵਖਾਈਆ । ਮਿਹਰਵਾਨ ਮਿਹਰਵਾਨ ਮਿਹਰ ਕਰੇ ਨਜ਼ਰ, ਨਜ਼ਰ ਆਪਣੀ ਇਕ ਟਿਕਾਈਆ । ਕਲਜੁਗ ਕੂੜੀ ਕਿਰਿਆ ਮੇਟੇ ਗ਼ਦਰ, ਚਾਰੋਂ ਕੁੰਟ ਵੇਖ ਵਖਾਈਆ । ਦਰਗਾਹ ਸਾਚੀ ਸਚ ਕਮਾਵੇ ਅਦਲ, ਇਨਸਾਫ਼ ਇਕੋ ਇਕ ਸਮਝਾਈਆ । ਕਲਜੁਗ ਵਿਚ ਸਤਿਜੁਗ ਦੇਵੇ ਬਦਲ, ਬਦਲਾ ਮੁਕੇ ਥਾਉਂ ਥਾਈਂਆ । ਛੁਰੀ ਸ਼ਰਅ ਕਰੇ ਕੋਈ ਨਾ ਕ਼ਤਲ, ਕਾਤਲ ਮਕ਼ਤੂਲ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਇਕੋ ਦੱਸ ਪੱਤਨ, ਤੱਟ ਕਿਨਾਰੇ ਇਕੋ ਦੇ ਸਮਝਾਈਆ । ਕਿਸੇ ਦਾ ਚਲੇ ਕੋਈ ਨਾ ਯਤਨ, ਯਥਾਰਥ ਆਪਣਾ ਹੁਕਮ ਦੇ ਵਰਤਾਈਆ । ਤੁਧ ਬਿਨ ਪੈਜ ਆਏ ਕੋਈ ਨਾ ਰੱਖਣ, ਕਲਜੁਗ ਅੰਤਮ ਕੂਕ ਦੁਹਾਈਆ । ਜੀਵ ਜਗਤ ਜਹਾਨ ਪਿੱਟਣ, ਨੇਤਰ ਨੈਣਾਂ ਨੀਰ ਵਹਾਈਆ । ਝਗੜਾ ਪਿਆ ਪੱਥਰ ਇੱਟਣ, ਕਾਗ਼ਜ਼ਾਂ ਉਤੇ ਅੱਖਰ ਕਰਨ ਲੜਾਈਆ । ਤੈਨੂੰ ਅੱਲਾ ਵਾਹਿਗੁਰੂ ਰਾਮ ਓਮ ਕ੍ਰਿਸ਼ਨ ਕਰ ਕੇ ਲਿਖਣ, ਲੇਖਾ ਤੇਰਾ ਨਾ ਕੋਇ ਦ੍ਰਿੜਾਈਆ । ਤੇਰੀ ਮਹਿੰਮਾ ਵਾਲੇ ਗ੍ਰੰਥ ਟਕਿਆਂ ਉਤੋਂ ਵਿਕਣ, ਤੇਰੀ ਕ਼ੀਮਤ ਕੋਇ ਨਾ ਪਾਈਆ । ਸਾਚਾ ਰਿਹਾ ਨਾ ਭਗਤਾਂ ਮਿਸ਼ਨ, ਮਾਰਗ ਹੱਕ ਨਾ ਕੋਇ ਸਮਝਾਈਆ । ਨੇਤਰ ਰੋਂਦੇ ਬ੍ਰਹਮਾ ਸ਼ਿਵ ਵਿਸ਼ਨ, ਨੈਣਾਂ ਨੀਰ ਵਹਾਈਆ । ਲੇਖਾ ਅੱਗੇ ਸਕੇ ਕੋਈ ਨਾ ਲਿਖਣ, ਭੇਵ ਅਭੇਦ ਨਾ ਕੋਇ ਜਣਾਈਆ । ਜਿਧਰ ਵੇਖਾਂ ਸ੍ਰਿਸ਼ਟੀ ਦਿਸੇ ਮਿਥਨ, ਮਿਥਿਆ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਨੀ ਰੋ ਰੋ ਨੀਰ ਵਹਾਈਆ । ਧਰਨੀ

ਕਹੇ ਮੇਰੇ ਕੁਲਵੰਤ, ਕਲ ਕਾਤੀ ਵੇਖ ਵਖਾਈਆ । ਸਾਹਿਬ ਸਵਾਮੀ ਸ੍ਰੀ ਭਗਵੰਤ, ਮਿਹਰਵਾਨ ਮਿਹਰਵਾਨ ਮਿਹਰਵਾਨ ਤੇਰੀ ਓਟ ਤਕਾਈਆ । ਤੁਧ ਬਿਨ ਆਤਮ ਪਰਮਾਤਮ ਦਾ ਬਣਿਆ ਕੋਈ ਨਾ ਕੰਤ, ਗੁਰ ਅਵਤਾਰ ਪੈਗ਼ੰਬਰ ਤੇਰਾ ਮਾਰਗ ਗਏ ਜਣਾਈਆ । ਤੈਨੂੰ ਗੌਂਦੇ ਗਏ ਸਾਧ ਸੰਤ, ਫ਼ਕੀਰ ਫ਼ਿਕਰਿਆਂ ਵਿਚ ਢੋਲੇ ਉਪਜਾਈਆ । ਤੇਰਾ ਖੇਲ ਸਦਾ ਬੇਅੰਤ, ਬੇਪਰਵਾਹੀ ਵਿਚ ਸਮਾਈਆ । ਮੇਰੀ ਅੰਤਮ ਮੰਨ ਮਿੰਨਤ, ਨਿਉਂ ਨਿਉਂ ਲਾਗਾਂ ਪਾਈਆ । ਕਲਜੁਗ ਕੂੜੀ ਮੇਟ ਚਿੰਨਤ, ਮੈਨੂੰ ਚਿਖਾ ਰਹੀ ਜਲਾਈਆ । ਖ਼ੁਆਰੀ ਰਹੇ ਕੋਈ ਨਾ ਜ਼ਿੱਲਤ, ਹੰਕਾਰੀ ਗੜ੍ਹ ਤੁੜਾਈਆ । ਮਨੂਆ ਕਰੇ ਕੋਈ ਨਾ ਇੱਲਤ, ਆਲਮਾਂ ਇਲਮ ਦੇਣਾ ਪੜ੍ਹਾਈਆ । ਮੈਂ ਤੇਰਾ ਖੇਲ ਵੇਖਾਂ ਪਹਿਲੋਂ ਲਹਿੰਦੀ ਸਿੰਮਤ, ਹਿੱਸਾ ਮੁਹੰਮਦ ਮੂਸਾ ਨਾਲ ਵਖਾਈਆ । ਮੈਂ ਚਾਹੁੰਦੀ ਮੇਰੇ ਉਤੇ ਰਹੇ ਕੋਈ ਨਾ ਨਿੰਦਕ, ਕੂੜ ਕੁੜਿਆਰਾ ਆਸਣ ਕੋਇ ਨਾ ਲਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੀ ਹੋਵੇ ਸਿਫ਼ਤ, ਰਾਗਾਂ ਨਾਦਾਂ ਵਿਚ ਤੇਰਾ ਨਾਮ ਧਿਆਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਪੂਰੀ ਹੋਈ ਲਿਖਤ, ਅੰਤ ਲੇਖਾ ਦਏ ਚੁਕਾਈਆ । ਝਗੜਾ ਰਹੇ ਨਾ ਕੋਇ ਜਿਸਤ, ਟਾਂਕ ਆਪਣਾ ਆਪ ਦੇ ਪ੍ਰਗਟਾਈਆ । ਦੀਨ ਦੁਨੀ ਦਾ ਇਕੋ ਹੋਵੇ ਇਸ਼ਟ, ਦੇਵ ਆਤਮਾ ਲਏ ਮਿਲਾਈਆ । ਸਾਚਾ ਮਾਰਗ ਦੱਸ ਸ੍ਰਿਸ਼ਟ, ਸ੍ਰੇਸ਼ਟ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਅਵਤਾਰ ਪੈਗ਼ੰਬਰ ਸਾਰੇ ਰਹੇ ਸਿਸਕ, ਹੌਕਿਆਂ ਵਿਚ ਹਰਿ ਹਰਿ ਤੇਰਾ ਧਿਆਨ ਲਗਾਈਆ ।



## ❊ ੨੩ ਚੇਤ ਸ਼ਹਿਨਸ਼ਾਹੀ ਸੰਮਤ ੫ ਭਗਤ ਸਿੰਘ ਦੇ ਗ੍ਰਹਿ ਇਟਾਰਸੀ ❊

ਨਾਰਦ ਕਹੇ ਮੈਂ ਪੁੱਠੀ ਪੈਰੀਂ ਆਇਆ ਇਟਾਰਸੀ, ਟੱਲੀਆਂ ਹੱਥਾਂ ਨਾਲ ਖੜਕਾਈਆ । ਖੇਲ ਵੇਖਦਾ ਆਇਆ ਮੱਧ ਭਾਰਤੀ, ਭੌਂ ਭਵਨ ਫੋਲ ਫੁਲਾਈਆ । ਨਗ਼ਮੇ ਸੁਣਦਾ ਆਇਆ ਉਰਦੂ ਫ਼ਾਰਸੀ, ਹਿੰਦੀ ਬਿੰਦੀ ਵਿਚ ਵਡਿਆਈਆ । ਲੇਖ ਤਕਦਾ ਆਇਆ ਇਬਾਰਤੀ, ਪੱਥਰਾਂ ਨਿਗਾਹ ਟਿਕਾਈਆ । ਪ੍ਰਭ ਦੇ ਨਾਮ ਖੋਜਦਾ ਆਇਆ ਸਫ਼ਾਰਸ਼ੀ, ਪੂਰਬ ਪਿਛਲੇ ਵੇਖ ਵਖਾਈਆ । ਮਕ਼ਬਰਿਆਂ ਦੀ ਤਕਦਾ ਆਇਆ ਜ਼ਿਆਰਤੀ, ਸਯਦਿਆਂ ਵਾਲੀ ਦੁਹਾਈਆ । ਰੁਚੀ ਵੇਖਦਾ ਆਇਆ ਨਰ ਨਾਰ ਦੀ, ਅੰਦਰ ਵੜ ਕੇ ਧਿਆਨ ਲਗਾਈਆ । ਮੁਹੱਬਤ ਹੱਥ ਨਾ ਆਈ ਸੱਚੀ ਸਰਕਾਰ ਦੀ, ਸਚ ਮੇਲ ਨਾ ਕੋਇ ਮਿਲਾਈਆ । ਸੂਰਤ ਦਿਸੀ ਨਾ ਹਕ਼ੀਕ਼ੀ ਯਾਰ ਦੀ, ਨਜ਼ਰੇ ਨਾਜ਼ ਨਾ ਕੋਇ ਵਡਿਆਈਆ । ਮੈਨੂੰ ਖ਼ਬਰ ਮਿਲੀ ਇਕ ਅਗੰਮੀ ਅਖ਼ਬਾਰ ਦੀ, ਪੁਰਖ ਅਕਾਲ ਦਿਤੀ ਸੁਣਾਈਆ । ਵੇਖ ਖੇਲ ਇਸਤਿਗ਼ਫ਼ਾਰ ਦੀ, ਜੋ ਇਸਮ ਆਜ਼ਮ ਨੂਰ ਅਲਾਹੀਆ । ਘੜੀ ਪੁੱਜ ਗਈ ਕੌਲ ਇਕਰਾਰ ਦੀ, ਇਕ਼ਰਾਰਨਾਮੇ ਦੇਣ ਸਫ਼ਾਈਆ । ਸਦੀ ਆ ਗਈ ਝਗੜੇ ਤਕਰਾਰ ਦੀ, ਹਉਮੇ ਹੰਗਤਾ ਕਰੇ ਲੜਾਈਆ । ਦੁਨੀਆ ਰੂਪ ਦਿਸੇ ਸ਼ਿਕਾਰ ਦੀ, ਸ਼ਿਕਾਰੀ ਇਕੋ ਧੁਰਦਰਗਾਹੀਆ । ਮੈਂ ਹੈਰਾਨ ਹੋ ਗਿਆ ਕੀ ਖੇਲ ਹੋਣੀ ਕਰਤਾਰ ਦੀ, ਕੁਦਰਤ ਦਾ ਕ਼ਾਦਰ ਕੀ ਕੀ ਕਾਰ ਕਮਾਈਆ । ਕੀ ਦੁਰਦਸ਼ਾ ਹੋਣੀ ਗ਼ਦਾਰ ਦੀ, ਜੋ ਪ੍ਰਭ ਨੂੰ ਬੈਠੇ ਭੁਲਾਈਆ । ਕੀ ਘੜੀ ਹੋਣੀ ਇੰਤਜ਼ਾਰ ਦੀ, ਗੁਰ ਅਵਤਾਰ ਪੈਗ਼ੰਬਰ ਬੈਠੇ ਅੱਖ ਉਠਾਈਆ । ਕੀ ਖੇਲ ਵਰਤਣੀ ਦੀਨ ਮਜ਼੍ਹਬ ਗ੍ਰਿਫ਼ਤਾਰ ਦੀ, ਬੰਧਨ ਇਕੋ ਦੇਵੇ ਪਾਈਆ । ਕੀ ਸਿਫ਼ਤ ਹੋਣੀ ਇਜ਼ਹਾਰ

ਦੀ, ਮਹਿਮਾ ਨੂਰ ਅਲਾਹੀਆ । ਕੀ ਹਾਲਤ ਹੋਣੀ ਚਾਰ ਯਾਰ ਦੀ, ਮੁਹੰਮਦ ਦਏ ਦੁਹਾਈਆ । ਕੀ ਲਾੜੀ ਮੌਤ ਵੰਗਾਰ ਦੀ, ਬਲ ਆਪਣਾ ਆਪ ਪ੍ਰਗਟਾਈਆ । ਕੀ ਖੇਲ ਕਰੇ ਤ੍ਰੈਗੁਣ ਮਾਇਆ ਸ਼ਿੰਗਾਰ ਦੀ, ਰੂਪ ਅਨੂਪ ਬਦਲਾਈਆ । ਕੀ ਰੁਤ ਬਦਲਣੀ ਦੀਨ ਦੁਨੀ ਗੁਲਸ਼ਨ ਬਹਾਰ ਦੀ, ਲੱਖ ਚੁਰਾਸੀ ਵੇਖ ਵਖਾਈਆ । ਕੀ ਧਾਰ ਉਠਣੀ ਖ਼ਬਰਦਾਰ ਦੀ, ਬੇਖ਼ਬਰਾਂ ਖ਼ਬਰ ਸੁਣਾਈਆ । ਮੈਂ ਹੈਰਾਨ ਹੋਇਆ ਅੱਗੇ ਘੜੀ ਨਹੀਂ ਰਹਿਣੀ ਉਧਾਰ ਦੀ, ਲੇਖਾ ਹੱਥੋ ਹੱਥ ਮੁਕਾਈਆ । ਧਰਨੀ ਕੀ ਕੀ ਰੋ ਰੋ ਪੁਕਾਰ ਦੀ, ਪੁਨਹ ਪੁਨਹ ਸੀਸ ਨਿਵਾਈਆ । ਨੇੜੇ ਆ ਆ ਨਰਬਦਾ ਧਾਹਾਂ ਮਾਰਦੀ, ਹਾਹਾਕਾਰ ਕਰ ਕੁਰਲਾਈਆ । ਕਿਤੇ ਖ਼ਬਰ ਮਿਲੇ ਮੇਰੇ ਸਿਰਜਣਹਾਰ ਦੀ, ਜੋ ਜਲ ਥਲ ਮਹੀਅਲ ਰਿਹਾ ਸਮਾਈਆ । ਘੜੀ ਰਹੀ ਨਾ ਕਲਜੁਗ ਕਿਸੇ ਇਤਬਾਰ ਦੀ, ਸਾਧ ਸੰਤ ਨਾ ਕੋਇ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਹਾਰਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਮੇਰਾ ਵਹਿਣ ਪਾਣੀ ਵਾਲਾ ਮੈਂ ਜੀਵ ਜੰਤਾਂ ਠਾਰਦੀ, ਅਗਨੀ ਤੱਤ ਨਾ ਕੋਇ ਬੁਝਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਦੋਹੱਥੜ ਛਾਤੀ ਉਤੇ ਮਾਰਦੀ, ਛਤਰਧਾਰੀ ਨਾ ਕੋਇ ਸਹਾਈਆ । ਮੈਂ ਖੇਲ ਵੇਖਣੀ ਓਸ ਕਲ ਕਲਕੀ ਅਵਤਾਰ ਦੀ, ਜੋ ਕਲੇਸ਼ ਦਏ ਮਿਟਾਈਆ । ਸਭਾ ਵੇਖਣੀ ਓਸ ਸੱਚੇ ਦਰਬਾਰ ਦੀ, ਜਿਥੇ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮੈਂ ਵਸਤ ਤੱਕਣੀ ਓਸ ਭੰਡਾਰ ਦੀ, ਜਿਥੇ ਪੁਰਖ ਅਕਾਲਾ ਭੋਗ ਲਗਾਈਆ । ਮੈਂ ਬਿਨ ਅੱਖਾਂ ਨੈਣ ਉਘਾੜ ਦੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਨਾਰਦਾ ਵੇਖ ਮੈਂ ਥੱਕੀ ਟੁਟੀ ਮੇਰੀ ਮੰਜ਼ਲ ਆਈ ਹਾਰ ਦੀ, ਹੌਕਿਆਂ ਵਿਚ ਦੁਹਾਈਆ । ਕੁਝ ਖ਼ਬਰ ਦੱਸ ਓਸ ਨਿਰੰਕਾਰ ਦੀ, ਜੋ ਨਿਰਧਨਾਂ ਦਏ ਵਡਿਆਈਆ । ਨਾਰਦ ਕਿਹਾ ਤੂੰ ਕਿਉਂ ਨਹੀਂ ਮੈਨੂੰ ਨਿਮਸਕਾਰ ਦੀ, ਮੁਨੀ ਜੀ, ਪੰਡਤ ਜੀ, ਕਹਿ ਕੇ ਸੀਸ ਨਿਵਾਈਆ । ਕਿਉਂ ਨਹੀਂ ਆਪਣੀ ਮੀਂਢੀ ਗੁੱਤ ਖਲਾਰ ਦੀ, ਹਾਲ ਬੇਹਾਲ ਬਣਾਈਆ । ਕਿਉਂ ਨਹੀਂ ਇਕ ਟੰਗੀ ਹੋ ਕੇ ਉਚਾਰ ਦੀ, ਬਿਰਹੋਂ ਵਿਚ ਕੁਰਲਾਈਆ । ਕਿਉਂ ਨਹੀਂ ਸਿਰ ਖ਼ਾਕ ਪੌਂਦੀ ਛਾਰ ਦੀ, ਜਗਤ ਵੇਸ ਨਾ ਕੋਇ ਵਖਾਈਆ । ਕਿਉਂ ਨਹੀਂ ਆਪ ਆਪਾ ਵਾਰਦੀ, ਵਾਰਸ ਇਕੋ ਇਕ ਬਣਾਈਆ । ਨੀਂ ਕਮਲੀਏ ਹੁਣ ਕੋਈ ਖੇਲ ਨਹੀਂ ਖੰਡੇ ਖੜਗ ਤਲਵਾਰ ਦੀ, ਤੀਰ ਤਰਕਸ਼ ਕਮਾਨ ਹੱਥ ਨਾ ਕੋਇ ਉਠਾਈਆ । ਇਕੋ ਖੇਲ ਸ਼ਬਦ ਸ਼ਬਦੀ ਧਾਰ ਦੀ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਔਹ ਵੇਖ ਗੁਰ ਅਵਤਾਰ ਪੈਗ਼ੰਬਰਾਂ ਆਸਾ ਵਾਜਾਂ ਮਾਰਦੀ, ਮਰਤਬਾ ਤੱਕਣ ਇਕ ਅਲਾਹੀਆ । ਜੋ ਸਭ ਦੀ ਪੈਜ ਸਵਾਰ ਦੀ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੇ ਰੁਤ ਸੁਹਾਉਣੀ ਆਪਣੇ ਸਮੇਂ ਵਿਚਾਰਦੀ, ਜਿਸ ਨੂੰ ਵਿਚਰ ਕੇ ਦੱਸੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਨੂੰ ਰਾਹ ਵਿਚ ਮੁੱਲਾ ਸ਼ੇਖ਼ ਮਿਲ ਗਏ ਮੁਸਲਮੀਨ, ਨਿਵ ਨਿਵ ਸੀਸ ਝੁਕਾਈਆ । ਮੈਂ ਝਟ ਪੁੱਛਿਆ ਕਿਹੜੀ ਤੁਹਾਡੀ ਤਾਲੀਮ, ਤੁਲਬਿਆਂ ਦਿਓ ਜਣਾਈਆ । ਕੌਣ ਘਰ ਵਸੇ ਅਜ਼ੀਮ, ਆਲੀਸ਼ਾਨ ਨਜ਼ਰੀ ਆਈਆ । ਕੌਣ ਮਾਲਕ ਆਦਿ ਕ਼ਦੀਮ, ਕ਼ੁਦਰਤ ਕ਼ਾਦਰ ਨਜ਼ਰੀ ਆਈਆ । ਤੁਸੀਂ ਕਿਸ ਦੇ ਉਤੇ ਕਰੋ ਯਕੀਨ, ਭਰੋਸਾ ਕਵਣ ਰਖਾਈਆ । ਸਚ ਦੱਸੋ ਤੁਸੀਂ ਨਰ ਕਿ ਮਦੀਨ, ਮੁੱਦਾ ਆਪਣਾ ਦਿਓ ਦ੍ਰਿੜਾਈਆ । ਨਿਗਾਹ ਮਾਰੋ ਲੋਕ ਤੀਨ, ਚੌਦਾਂ ਤਬਕਾਂ ਅੱਖ ਖੁਲ੍ਹਾਈਆ । ਨਿਰਗੁਣ ਧਾਰ ਵੇਖੋ ਯਾ ਤੱਤਾਂ ਵਾਲਾ ਸੀਨ, ਲੋਚਣ ਨੈਣ ਅੱਖ ਉਠਾਈਆ । ਕਿਹੜਾ ਮਜ਼੍ਹਬ ਕਿਹੜਾ ਸੱਚਾ

੧੨੪੭
੨੧

ਦੀਨ, ਇਸਲਾਮ ਇਸਮ ਕਵਣ ਵਡਿਆਈਆ । ਕਿਸ ਦੇ ਰਹਿੰਦੇ ਹੁਕਮ ਵਿਚ ਅਧੀਨ, ਕਲਮਾ ਕਵਣ ਦ੍ਰਿੜਾਈਆ । ਕਿਸ ਨੂੰ ਕਰਦੇ ਤਸਲੀਮ, ਤਸਬੀ ਮਾਲਾ ਕਿਸ ਦੀ ਗਲ ਲਟਕਾਈਆ । ਕਿਸ ਦੇ ਹੁੰਦੇ ਮਸਕੀਨ, ਨਿਉਂ ਨਿਉਂ ਸੱਜਦਾ ਸੀਸ ਝੁਕਾਈਆ । ਸਚ ਦੱਸਿਓ ਕਿਸ ਨੇ ਪੈਗ਼ੰਬਰਾਂ ਕੋਲੋਂ ਕਰਾਈ ਤਕ਼ਸੀਮ, ਮਾਨਸ ਮਾਨਸ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਨੂੰ ਰਾਹ ਵਿਚ ਮਿਲੇ ਹਿੰਦੂ, ਹਿੰਦ ਧਰਮ ਵੇਖ ਵਖਾਈਆ । ਮੈਂ ਹੱਸ ਕੇ ਕਿਹਾ ਤੁਸੀਂ ਕਿਸ ਦੀ ਬਿੰਦੂ, ਬਿੰਦਰਾਬਨ ਦੇ ਵਾਸੀਓ ਦਿਓ ਜਣਾਈਆ । ਤੁਸੀਂ ਕਿਸ ਦੇ ਮਨਾਉਂਦੇ ਪਿੰਡੂ, ਪਿੰਡੀ ਵਿਚ ਪਿੰਡ ਭਰਾਈਆ । ਤੁਸੀਂ ਕਿਸ ਦੀ ਆਤਮਾ ਕਿਸ ਦੀ ਜਿੰਦੂ, ਜ਼ਿੰਦਗੀ ਦਾ ਮਾਲਕ ਕਵਣ ਅਖਵਾਈਆ । ਤੁਹਾਡੀ ਕਵਣ ਸ਼ਾਂਤ ਕਵਣ ਚਿੰਦੂ, ਚਿੰਤਾ ਚਿਖਾ ਕਵਣ ਦਰਸਾਈਆ । ਤੁਸੀਂ ਰਾਮ ਮੰਨੋ ਕ੍ਰਿਸ਼ਨ ਮੰਨੋ ਭਗਵਾਨ ਮੰਨੋ ਤੇ ਪੂਜਾ ਸ਼ੰਕਰ ਲਿੰਗੂ, ਸਹਿਜ ਨਾਲ ਦੇਵਾਂ ਸਮਝਾਈਆ । ਬੋਦੀ ਰੱਖੋ ਧੋਤੀ ਬੰਨ੍ਹੋ ਕਿ ਛਿਆਨਵੇਂ ਚੱਪੇ ਗੱਲ ਲਟਕਾਓ ਜੰਞੂ, ਯਾਦਵ ਬੰਸ ਕਵਣ ਅਖਵਾਈਆ । ਤੁਹਾਨੂੰ ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਕੀ ਸਮਝਾ ਕੇ ਗਿਆ ਮਨੂ, ਮੰਤਵ ਮੰਤਰਾਂ ਤੋਂ ਪਰੇ ਦਿਓ ਸਮਝਾਈਆ । ਤੁਸੀਂ ਸ਼ਬਦ ਅਧਾਰੀ ਤੁਸੀਂ ਜੋਤ ਅਧਾਰੀ ਕਿ ਸੁਣਨ ਵਾਲੇ ਕੰਨੂ, ਕਿ ਮਨਸਾ ਮਮਤਾ ਵਿਚ ਵਡਿਆਈਆ । ਤੁਸੀਂ ਨੇਤਰਹੀਣ ਕਿ ਚਕਸ਼ੂ ਵਾਲੇ ਜਗਤ ਅੰਨ੍ਹੂ, ਪਰਦਾ ਉਹਲਾ ਦੇਣਾ ਉਠਾਈਆ । ਤੁਸੀਂ ਆਦਤ ਧਰਵਾਸੀ ਕਿ ਸ਼ਬਦ ਸਵਾਸੀ ਕਿ ਮਾਇਆਧਾਰੀ ਧੰਨੂ, ਧਨਾਢੇ ਦੇਣਾ ਦ੍ਰਿੜਾਈਆ । ਸਚ ਦੱਸਿਓ ਕਲਜੁਗ ਅੰਤ ਸਭ ਨੂੰ ਕਿਹੜਾ ਡੰਨੂ, ਡੰਕਾ ਧੁਰ ਦਾ ਇਕ ਵਜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬੇੜਾ ਕਿਹੜਾ ਬੰਨੂ, ਖੇਵਟ ਖੇਟਾ ਰੂਪ ਕਵਣ ਵਟਾਈਆ । ਨਾਰਦ ਕਿਹਾ ਤੁਸੀਂ ਨਹਾਉਂਦੇ ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਡੂੰਘੇ ਵਹਿਣ ਜਲੂ, ਜਲਧਾਰਾ ਸੀਸ ਉਤੇ ਪਵਾਈਆ । ਸਚ ਦੱਸੋ ਤੁਹਾਡੇ ਵਿਚੋਂ ਸਚਖੰਡ ਦਵਾਰੇ ਕਿਹੜਾ ਫਲੂ, ਫਲੀਭੂਤ ਕਵਣ ਹੋ ਜਾਈਆ । ਕਿਸ ਬਿਧ ਤੁਹਾਡੇ ਕਾਇਆ ਮੰਦਰ ਅੰਦਰ ਨਿਰਗੁਣ ਦੀਪਕ ਜੋਤ ਜਲੂ, ਜਾਹਲ ਰੂਪ ਨਜ਼ਰ ਕੋਇ ਨਾ ਆਈਆ । ਕਿਹੜਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੈਗ਼ੰਬਰਾਂ ਛਲੂ, ਵਲ ਛਲ ਆਪਣਾ ਵੇਖ ਵਖਾਈਆ । ਕਵਣ ਅੰਤ ਸ੍ਰੀ ਭਗਵੰਤ ਸਚ ਦਵਾਰ ਮੱਲੂ, ਗ੍ਰਿਹ ਮੰਦਰ ਅੰਦਰ ਇਕ ਦਏ ਵਡਿਆਈਆ । ਕਵਣ ਆਤਮ ਪਰਮਾਤਮ ਨਿਰਗੁਣ ਧਾਰ ਹੋ ਕੇ ਰਲੂ, ਭਗਤ ਸੁਹੇਲੇ ਆਪਣਾ ਜੋੜ ਜੁੜਾਈਆ । ਕਵਣ ਕੂੜੀ ਕਿਰਿਆ ਮੇਟੇ ਕਲੂ, ਕਲਕਾਤੀ ਕਵਣ ਖਪਾਈਆ । ਕਵਣ ਸ਼ਬਦ ਸੰਦੇਸ਼ਾ ਦੋ ਜਹਾਨਾਂ ਘੱਲੂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰੇ ਪੜ੍ਹਾਈਆ । ਕਵਲ ਨਿਹਚਲ ਧਾਮ ਸੁਹਾਏ ਇਕ ਅਟੱਲੂ, ਅਟਲ ਪਦਵੀ ਹਰਿਜਨ ਸਾਚੇ ਆਪ ਟਿਕਾਈਆ । ਸਚ ਦੱਸਣਾ ਕਲਜੁਗ ਅੰਤ ਕੂੜਾ ਵਹਿਣ ਕਵਣ ਠੱਲੂ, ਨਾਮ ਬੰਧ ਇਕ ਟਿਕਾਈਆ । ਨਾਰਦ ਕਿਹਾ ਕਮਲਿਓ ਮੈਂ ਤੇ ਫੇਰਨ ਆਇਆ ਪੱਲੂ, ਚਾਰ ਕੁੰਟ ਦੇਣਾ ਫਿਰਾਈਆ । ਮੈਨੂੰ ਐਂ ਜਾਪਦਾ ਬਿਨਾ ਪ੍ਰਭ ਦੀ ਕਿਰਪਾ ਮੇਰੇ ਸੰਗ ਕੋਈ ਨਾ ਚਲੂ, ਚਰਨ ਕਵਲ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਰਾਹ ਵਿਚ ਵੇਖੇ ਪੰਡਤ ਪਾਂਧੇ, ਤਿਲਕ ਮਸਤਕ ਉਤੇ ਲਗਾਈਆ । ਹਰੀ ਓਮ ਤੱਤ ਸਤਿ ਗਾਉਂਦੇ, ਰਾਧੇ ਕ੍ਰਿਸ਼ਨ ਜੈ ਸੀਤਾ ਰਾਮ ਰਾਮ ਰਾਮ ਢੋਲੇ ਗਾਈਆ । ਮੈਨੂੰ ਐਂ ਜਾਪਿਆ ਇਹ ਅੰਤ ਅਖ਼ੀਰ ਥੱਕੇ ਮਾਂਦੇ, ਹਿੰਮਤ ਨਜ਼ਰ ਕੋਇ ਨਾ ਆਈਆ ।

ਇਹ ਜਜਮਾਨਾਂ ਕੋਲੋਂ ਬਖ਼ਸ਼ਵਾਉਂਦੇ ਰਹੇ ਢਾਂਡੇ, ਮਨਸਾ ਵਿਚ ਗਊਆਂ ਭੇਟ ਕਰਾਈਆ । ਘਰਾਂ ਵਿਚ ਜਾ ਕੇ ਪ੍ਰੋਹਿਤ ਬਣ ਕੇ ਰਹੇ ਖਾਂਦੇ, ਉਚੀ ਕੁਲ ਵਿਚ ਵਡਿਆਈਆ । ਗੰਗਾ ਜਲ ਨਾਲ ਸੁੱਚੇ ਹੋ ਕੇ ਰਹੇ ਨਹਾਂਦੇ, ਪਾਣੀ ਸੂਰਜ ਦੇਵਤੇ ਵਲ ਚੜ੍ਹਾਈਆ । ਜੰਞੂ ਕੰਨਾਂ ਉਤੇ ਰਹੇ ਲਟਕਾਂਦੇ, ਅੱਖਾਂ ਮੀਟ ਧਿਆਨ ਲਗਾਈਆ । ਅੰਦਰ ਮਨ ਕਾਗ ਵਾਂਗ ਰਹੇ ਕੁਰਲਾਂਦੇ, ਬੁਧ ਬਿਬੇਕ ਨਾ ਕੋਇ ਬਣਾਈਆ । ਮਾਇਆ ਕਾਰਨ ਤੱਟਾਂ ਤੀਰਥਾਂ ਉਤੇ ਜਾਂਦੇ, ਮੰਦਰ ਮੱਠਾਂ ਵਿਚ ਟੱਲ ਖੜਕਾਈਆ । ਅੰਦਰੋਂ ਸਾਫ਼ ਕੀਤੇ ਨਾ ਕਿਸੇ ਭਾਂਡੇ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਨਾਰਦ ਕਹੇ ਅੰਤਮ ਸਾਰੇ ਜਾਣੇ ਫਾਂਦੇ, ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਅੱਜ ਰਾਤ ਨੂੰ ਸਭ ਦੀ ਸੁਰਤੀ ਵੇਖਣੀ ਕਦੇ ਸਰਾਦੇ ਦੇ ਕਦੇ ਹੋ ਪਵਾਂਦੇ, ਸਿਰ ਪੈਰਾਂ ਵਲ ਧਿਆਨ ਲਗਾਈਆ । ਨਾਲੇ ਤਕਣੇ ਅੰਤ ਅਖ਼ੀਰ ਅਵਤਾਰ ਗੁਰੂ ਵਾਲੇ ਕਿਹੜੀ ਦਿਸ਼ਾ ਨੂੰ ਜਾਂਦੇ, ਕੀ ਧਰਮ ਰਾਏ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਨਾਰਦ ਕਹੇ ਮੈਂ ਰਾਹ ਵਿਚ ਤੱਕਿਆ ਵਖਰਾ ਵਖਰਾ ਲਬਾਸ, ਕੁੱਲੇ ਤਹਿਮਤ ਨਜ਼ਰੀ ਆਈਆ । ਕਿਸੇ ਹੱਥ ਗੜਵੀ ਕਿਸੇ ਪਾਣੀ ਦਾ ਭਰਿਆ ਗਲਾਸ, ਮੁਖ ਤੇ ਮਾਰ ਕੇ ਛਿੱਟੇ ਅੱਖੀਂ ਮੀਟ ਧਿਆਨ ਲਗਾਈਆ । ਮੈਂ ਕੀਤਾ ਹਾਸ ਬਿਲਾਸ, ਤਾਲੀ ਹੱਥਾਂ ਨਾਲ ਵਜਾਈਆ । ਬੋਦੀ ਟਿੱਕੇ ਧੋਤੀ ਤਹਿਮਤ ਕਿਸ ਦਾ ਕਰੇ ਮਿਲਾਪ, ਪਰਦਾ ਦੇਣਾ ਉਠਾਈਆ । ਕਵਣ ਸਵਾਮੀ ਅੰਤਰਜਾਮੀ ਜਿਸ ਦਾ ਕਰਦੇ ਜਾਪ, ਕਿਸ ਨੂੰ ਸਯਦਿਆਂ ਵਿਚ ਸੀਸ ਝੁਕਾਈਆ । ਆਪਣੇ ਅੰਦਰ ਕਾਇਆ ਮੰਦਰ ਵੇਖੋ ਕਿਹੜੀ ਤੁਹਾਡੇ ਕੋਲ ਗਠੜੀ ਪਾਪ, ਪੁੰਨਾਂ ਵਾਲੀ ਕੀ ਵਡਿਆਈਆ । ਕੀ ਤਸਬੀਆਂ ਵਾਲਿਆਂ ਤੁਹਾਨੂੰ ਕੀਤਾ ਪਾਕ, ਕੀ ਟਿੱਕਿਆਂ ਵਾਲਿਓ ਦੁਰਮਤ ਮੈਲ ਤੁਸਾਂ ਲਈ ਧਵਾਈਆ । ਦੱਸੋ ਕਿਹੜਾ ਤੁਹਾਡੀ ਆਤਮਾ ਦਾ ਸੱਚਾ ਸਾਥ, ਜੋ ਦਾਤਾ ਸਤਿ ਸਤਿ ਬਣਾਈਆ । ਜਿਸ ਨੂੰ ਬਾਹਰੋਂ ਤੁਸੀਂ ਦੀਨ ਮਜ਼੍ਹਬ ਮੰਨਦੇ ਇਹ ਤੇ ਮਿੱਟੀ ਹੋਣ ਵਾਲੀ ਖ਼ਾਕ, ਮੜ੍ਹੀ ਗੋਰ ਵਿਚ ਕੰਮ ਕੋਇ ਨਾ ਆਈਆ । ਮੈਨੂੰ ਸਾਰੇ ਦੱਸੋ ਤੁਹਾਡਾ ਆਗਮਨ ਪ੍ਰਗਟ ਹੋਇਆ ਕਿਹੜੀ ਵਿਚੋਂ ਜ਼ਾਤ, ਦੀਨ ਕਵਣ ਕਵਣ ਅਖਵਾਈਆ । ਮੈਂ ਹੈਰਾਨ ਹੋ ਗਿਆ ਤੁਹਾਡਿਆਂ ਪੈਗ਼ੰਬਰਾਂ ਅਵਤਾਰਾਂ ਪ੍ਰਭ ਦੇ ਨਾਮ ਦਾ ਝਗੜਾ ਪਾਇਆ ਕਾਗ਼ਜ਼ਾਤ, ਕਾਗ਼ਜ਼ਾਂ ਉਤੇ ਅੱਖਰਾਂ ਵਾਲਾ ਨਾਮ ਲਿਖ ਕੇ ਹਿੰਦੂ ਮੁਸਲਿਮ ਬਣਾ ਕੇ ਦਿਤੇ ਲੜਾਈਆ । ਸਚ ਦੱਸੋ ਕਿਸ ਨੂੰ ਮਿਲਿਆ ਆਬੇਹਯਾਤ, ਕਵਣ ਅੰਮ੍ਰਿਤ ਰਸ ਚਖ ਕੇ ਆਪਣੀ ਤ੍ਰਿਸ਼ਨਾ ਰਿਹਾ ਬੁਝਾਈਆ । ਨਾਰਦ ਕਹੇ ਇਹ ਵੇਖੋ ਫਰਦ ਸਭ ਨੇ ਹੋਣਾ ਅੰਤਮ ਖ਼ਾਕ, ਬਚਿਆ ਰਹਿਣ ਕੋਇ ਨਾ ਪਾਈਆ । ਮੂਰਖੋ ਮੁਗਧੋ ਅਣਜਾਣੋਂ ਜੇ ਇਕੋ ਮੰਨੋਂ ਧੁਰ ਦਾ ਰਾਠ, ਜੋ ਕਰਤਾ ਨੂਰ ਅਲਾਹੀਆ । ਸਦ ਵਸੇ ਤੁਹਾਡੇ ਪਾਸ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਕਿਉਂ ਮੰਦਰਾਂ ਮੱਠਾਂ ਵਿਚੋਂ ਕਰੋ ਤਲਾਸ਼, ਕਾਇਆ ਕਾਅਬਾ ਖੋਜ ਖੁਜਾਈਆ । ਜਿਥੇ ਜਲਵਾ ਨੂਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਨਿਝਰ ਅੰਮ੍ਰਿਤ ਸਿੰਚ ਬੁਝਾਏ ਪਿਆਸ, ਬੂੰਦ ਸਵਾਂਤੀ ਇਕ ਚੁਆਈਆ । ਨਾਰਦ ਕਹੇ ਮੈਂ ਸਭ ਨੂੰ ਸੰਦੇਸਿਆਂ ਵਿਚ ਆਇਆ ਆਖ, ਆਖ਼ਰ ਦਿਤਾ ਦ੍ਰਿੜਾਈਆ । ਭਾਵੇਂ ਮੈਨੂੰ ਸਾਰੇ ਕਹੋ ਗੁਸਤਾਖ਼, ਗ਼ੁੱਸੇ ਵਿਚ ਅੱਖਾਂ ਲਓ ਬਦਲਾਈਆ । ਜਿੰਨਾਂ ਚਿਰ ਪੁਰਖ ਅਕਾਲ ਪਰਵਰਦਿਗਾਰ ਧੁਰ ਦਾ ਮਿਲਿਆ ਨਹੀਂ ਕਿਸੇ ਬਾਪ, ਪਿਤਾ ਪੂਤ ਨਾ ਗੋਦ ਉਠਾਈਆ । ਮਜ਼੍ਹਬਾਂ ਵਾਲਿਓ ਅਵਤਾਰਾਂ ਪੈਗ਼ੰਬਰਾਂ ਤੂੰ ਮੇਰਾ ਮੈਂ ਤੇਰਾ ਸੋਹੰ ਸਭ ਨੂੰ ਦੱਸਿਆ ਜਾਪ, ਅੱਲਾ ਹੂ ਕਹਿ ਕੇ ਪੈਗ਼ੰਬਰ ਸਾਰੇ ਸੀਸ ਗਏ ਨਿਵਾਈਆ । ਮੇਰੇ ਕੋਲ ਚਾਰ ਜੁਗ ਦੀ

ਡਾਇਰੀ ਬਿਨ ਅੱਖਰਾਂ ਵਾਲੀ ਕਿਤਾਬ, ਕੁਤਬਖ਼ਾਨਿਆਂ ਵਿਚ ਨਾ ਕੋਇ ਛੁਪਾਈਆ । ਮੈਂ ਹੋਕਾ ਦੇਵਾਂ ਮੇਰੇ ਪ੍ਰਭੂ ਦਾ ਵਧਣਾ ਪ੍ਰਤਾਪ, ਪ੍ਰਤੱਕਸ਼ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਵੇਖੇ ਅੰਤ ਹਿਸਾਬ, ਨਿਰਗੁਣ ਧਾਰ ਸਰਗੁਣ ਖਾਤੇ ਫੋਲੇ ਥਾਉਂ ਥਾਈਂਆ ।

## ❋ ੨੩ ਚੇਤ ਸ਼ਹਿਨਸ਼ਾਹੀ ਸੰਮਤ ੫ ਟੋਪਨ ਰਾਮ ਦੇ ਗ੍ਰਿਹ ਇਟਾਰਸੀ ❋

ਨਾਰਦ ਕਿਹਾ ਮੈਂ ਫਿਰਾਂ ਪੈਰ ਦੱਬੇ, ਆਹਟ ਸੁਣਨ ਕੋਇ ਨਾ ਪਾਈਆ । ਦੀਨ ਮਜ਼੍ਹਬ ਵੇਖਾਂ ਸਭੇ, ਜ਼ਾਤ ਜ਼ਾਤੀ ਫੋਲ ਫੁਲਾਈਆ । ਭਗਤ ਸੁਹੇਲਾ ਕਿੱਥੋਂ ਲੱਭੇ, ਕਵਣ ਪ੍ਰਭ ਰਿਹਾ ਧਿਆਈਆ । ਉਪਜੇ ਕਿਹੜੀ ਸਾਚੀ ਯੱਦੇ, ਮਿਲੇ ਕਵਣ ਮਾਤ ਵਡਿਆਈਆ । ਜਗਤ ਮਾਤ ਦੀ ਲੰਘੇ ਹੱਦੇ, ਘਰ ਇਕੋ ਦਏ ਸੁਹਾਈਆ । ਤੂੰ ਮੇਰਾ ਮੈਂ ਤੇਰਾ ਨਾਮ ਜਪੇ, ਜਗ ਜੀਵਣ ਦਾਤੇ ਓਟ ਰਖਾਈਆ । ਸਚ ਪ੍ਰੀਤੀ ਵਿਚ ਹੋਵੇ ਰੱਤੇ, ਰਤਨ ਅਮੋਲਕ ਆਪਣਾ ਰੂਪ ਵਟਾਈਆ । ਮਿਲੇ ਮੇਲ ਪੁਰਖ ਸਮਰਥੇ, ਦੂਜੀ ਓਟ ਨਾ ਕੋਇ ਤਕਾਈਆ । ਸਾਚੀ ਸੁਣੇ ਕਹਾਣੀ ਕਥੇ, ਅਕਥ ਦੇ ਦ੍ਰਿੜਾਈਆ । ਧੂੜੀ ਲਾ ਕੇ ਇਕੋ ਮੱਥੇ, ਮਸਤਕ ਖ਼ਾਕ ਰਮਾਈਆ । ਜਗਤ ਜਹਾਨ ਦਵਾਰਾ ਟੱਪੇ, ਟੱਪਾ ਸੋਹੰ ਢੋਲਾ ਗਾਈਆ । ਲੇਖਾ ਮੁਕਾ
੧੨੫੦ ਮਦੀਨੇ ਮੱਕੇ, ਕਾਅਬਿਆਂ ਦਏ ਵਡਿਆਈਆ । ਨੂਰ ਅਲਾਹੀ ਇਕੋ ਤੱਕੇ, ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ੧੨੫੦
੨੧ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਦ ਆਪਣਾ ਮੇਲ ਮਿਲਾਈਆ । ਨਾਰਦ ਕਹੇ ਮੈਂ ਵੇਖਾਂ ਉਪਰ ਥੱਲੇ, ਜਲ ਥਲ ਵੇਖ ਵਖਾਈਆ । ੨੧
ਗੁਰਮੁਖ ਕਿਹੜੀ ਕੂਟ ਪਲੇ, ਜੋ ਪਲਕ ਨਾ ਝੱਲੇ ਜੁਦਾਈਆ । ਪ੍ਰੇਮ ਪ੍ਰੀਤੀ ਵਿਚ ਆਪਣਾ ਹਿਰਦਾ ਸੱਲੇ, ਬਾਣ ਅਣਿਆਲਾ ਤੀਰ ਚਲਾਈਆ । ਕਾਇਆ ਵਸੇ ਸਚ ਮਹੱਲੇ, ਗ੍ਰਿਹਿ ਮੰਦਰ ਡੇਰਾ ਲਾਈਆ । ਆਪਣੇ ਦੀਪਕ ਨਾਲ ਬਲੇ, ਜੋਤੀ ਨੂਰ ਹੋਵੇ ਰੁਸ਼ਨਾਈਆ । ਸਚ ਸੰਦੇਸ਼ਾ ਸਾਹਿਬ ਸੁਲਤਾਨ ਜਿਸ ਨੂੰ ਘੱਲੇ, ਅਨਰਾਗੀ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਨਾਰਦ ਕਹੇ ਮੈਂ ਵੇਖਾਂ ਜ਼ਿਮੀਂ ਅਸਮਾਨ, ਪਵਣ ਹਵਾ ਖੋਜ ਖੁਜਾਈਆ । ਚਾਰ ਕੁੰਟ ਤੱਕਾਂ ਇਨਸਾਨ, ਤਨ ਵਜੂਦ ਫੋਲ ਫੁਲਾਈਆ । ਕਿਸ ਅੰਤਰ ਹੋਵੇ ਗਿਆਨ, ਬੁੱਧੀ ਕਰੇ ਪੜ੍ਹਾਈਆ । ਮੇਰੇ ਸ੍ਰੀ ਭਗਵਾਨ, ਨਾਤਾ ਕੂੜ ਤੁੜਾਈਆ । ਸ਼ਬਦ ਸੁਣੇ ਧੁਨਕਾਨ, ਅਗੰਮੀ ਨਾਦ ਸ਼ਨਵਾਈਆ । ਅੰਮ੍ਰਿਤ ਮਿਲੇ ਪੀਣ ਖਾਣ, ਰਸਨਾ ਰਸ ਨਾ ਕੋਇ ਚਖਾਈਆ । ਜੋਤ ਨੂਰ ਜਗੇ ਮਹਾਨ, ਅੰਧ ਅੰਧੇਰ ਮਿਟਾਈਆ । ਸਚਖੰਡ ਦਵਾਰੇ ਬਹੇ ਜਿਥੇ ਝੁੱਲੇ ਧਰਮ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਮੇਲ ਮਿਲਾਈਆ । ਨਾਰਦ ਕਹੇ ਦੀਨ ਦੁਨੀ ਵੇਖੀ ਸੋਤੀ, ਸੁਤਿਆਂ ਨਾ ਕੋਇ ਜਗਾਈਆ । ਬਿਨਾ ਭਗਤਾਂ ਜਗੇ ਕੋਈ ਨਾ ਜੋਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਾਚੀ ਮੰਜ਼ਲ ਚੜ੍ਹੇ ਕੋਈ ਨਾ ਚੋਟੀ, ਚੋਟੀ ਚੜ੍ਹ ਦਰਸ ਕੋਇ ਨਾ ਪਾਈਆ । ਪੰਧ ਮੁਕਿਆ ਨਾ ਲੋਕ ਪ੍ਰਲੋਕੀ, ਚੁਰਾਸੀ ਗੇੜ ਨਾ ਕੋਇ ਕਟਾਈਆ । ਸੁਣੇ ਹੱਕ ਨਾ ਕੋਇ ਸਲੋਕੀ, ਸੋਹਲਾ ਧੁਰਦਰਗਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਦਿਤੀ ਸੱਚੀ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਨਾਰਦ ਕਹੇ ਮੈਂ ਵੇਖੇ ਭਗਤ ਸੱਜਣ, ਸੋਹਣੇ ਨਜ਼ਰੀ ਆਈਆ । ਕਰਦੇ ਇਕੋ ਮਜਨ, ਧੂੜੀ ਖ਼ਾਕ ਰਮਾਈਆ । ਮਮਤਾ ਮੋਹ ਤੱਜਣ, ਹਉਮੇ ਗੜ੍ਹ ਤੁੜਾਈਆ । ਪੁਰਖ ਅਕਾਲਾ ਇਕੋ ਲੱਭਣ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਸਰਨਾਈ ਲੱਗਣ, ਨਾਤਾ ਤੋੜ ਕੂੜ ਲੋਕਾਈਆ । ਪ੍ਰੇਮ ਪ੍ਰੀਤੀ ਵਿਚ ਹੋ ਕੇ ਮਗਨ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਸੂਰਾ ਸਰਬੰਗਣ, ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਆਪਣੀ ਕਾਰ ਕਮਾਈਆ ।

### ✻ ੨੪ ਚੇਤ ਸ਼ਹਿਨਸ਼ਾਹੀ ਸੰਮਤ ੫ ਹਰਦਿਤ ਸਿੰਘ ਦੇ ਗ੍ਰਹਿ ਇਟਾਰਸੀ ✻

ਨਾਰਦ ਕਹੇ ਮੈਨੂੰ ਰਾਹ ਵਿਚ ਮਿਲੇ ਗਾਂਏ ਸੂਰ, ਦੋਏ ਰੋ ਰੋ ਦੇਣ ਦੁਹਾਈਆ । ਸਚ ਦੱਸ ਕਿੱਥੇ ਸਾਡਾ ਪ੍ਰਭੂ ਹਜ਼ੂਰ, ਹਰਿ ਕਰਤਾ ਧੁਰਦਰਗਾਹੀਆ । ਸਾਡੀ ਬੇਨੰਤੀ ਕਰੇ ਮਨਜ਼ੂਰ, ਆਰਜ਼ੂ ਆਸਾ ਇਕ ਰਖਾਈਆ । ਵੇਲਾ ਨੇੜੇ ਆ ਗਿਆ ਜਿਸ ਨੂੰ ਪੰਧ ਸਮਝੇ ਦੂਰ, ਚੌਕੜੀ ਆਪਣਾ ਆਪ
੧੨੫੧ ਬਦਲਾਈਆ । ਮਮਤਾ ਮੇਟੇ ਸੰਸਾਰੀ ਕੂੜ, ਕਿਰਿਆ ਝੂਠ ਕਰੇ ਸਫ਼ਾਈਆ । ਸਾਚੀ ਦੇਵੇ ਮਸਤਕ ਧੂੜ, ਟਿੱਕੇ ਅਗੰਮ ਰਮਾਈਆ । ਸਾਨੂੰ ੧੨੫੧
ਸਮਝ ਨਹੀਂ ਆਈ ਕੀ ਅਸਾਂ ਕੀਤਾ ਕ਼ਸੂਰ, ਹਿੰਦੂ ਮੁਸਲਿਮ ਸਿੱਖ ਈਸਾਈ ਬਣ ਕਸਾਈ ਸਾਨੂੰ ਰਹੇ ਖਾਈਆ । ਅਸੀਂ ਹੋਏ ਬੜੇ ਮਜਬੂਰ, ਦੁੱਖੀ ਹੋ ਕੇ ਦਈਏ ਦੁਹਾਈਆ । ਸਾਡੀ ਆਸਾ ਕਰੇ ਪੂਰੀ ਜ਼ਰੂਰ, ਜ਼ਰੂਰਤ ਵੇਖੇ ਥਾਉਂ ਥਾਈਂਆ । ਕਿਉਂ ਪੁਰਖ ਅਕਾਲ ਸਰਬ ਕਲਾ ਭਰਪੂਰ, ਸਮਰਥ ਸਵਾਮੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਵਖਾਈਆ । ਨਾਰਦ ਕਹੇ ਮੈਂ ਕਸਾਈਆਂ ਹੱਥ ਵੇਖੀ ਛੁਰੀ, ਜੋ ਸ਼ਰਅ ਰੂਪ ਵਟਾਈਆ । ਮੈਨੂੰ ਲੱਗੀ ਬੁਰੀ, ਦੁਖਿਆਰਾ ਵੇਖ ਦਿਤੀ ਮੈਂ ਦੁਹਾਈਆ । ਮੈਂ ਜ਼ੋਰ ਨਾਲ ਕਿਹਾ ਐ ਮੇਰੇ ਪਰਮਾਤਮਾ ਤੇਰੀ ਦੁਨੀਆ ਹੋ ਗਈ ਨਿਗੁਰੀ, ਤੇਰਾ ਭੈ ਨਾ ਕੋਇ ਰਖਾਈਆ । ਕੂੜੀ ਸ਼ਰਅ ਵਿਚ ਰੁੜ੍ਹੀ, ਵਹਿਣਾਂ ਵਿਚੋਂ ਬਾਹਰ ਨਾ ਕੋਇ ਕਢਾਈਆ । ਤੇਰੀ ਕੀਤੀ ਕਦੇ ਨਾ ਮੁੜੀ, ਅੱਗੇ ਹੋ ਨਾ ਕੋਇ ਅਟਕਾਈਆ । ਉਠ ਵੇਖ ਆਤਮ ਪਰਮਾਤਮ ਪ੍ਰੀਤੀ ਕਿਸੇ ਨਾ ਜੁੜੀ, ਚਾਰ ਕੁੰਟ ਰਹੀ ਕੁਰਲਾਈਆ । ਨਾਮ ਖ਼ੁਮਾਰੀ ਦਿਸੇ ਕੋਈ ਨਾ ਗੂੜ੍ਹੀ, ਅੰਤਸ਼ਕਰਨ ਸਕਿਆ ਨਾ ਕੋਇ ਬਦਲਾਈਆ । ਤੇਰੇ ਚਰਨ ਮਸਤਕ ਲਾਏ ਕੋਈ ਨਾ ਧੂੜੀ, ਦੀਨਾਂ ਮਜ਼੍ਹਬਾਂ ਸਾਰ ਕਿਸੇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਲੋਕਮਾਤ ਆਪਣੀ ਸ੍ਰਿਸ਼ਟੀ ਵੇਖ ਜ਼ਰੂਰੀ, ਜ਼ਾਹਰ ਜ਼ਹੂਰ ਹੋ ਕੇ ਆਪਣਾ ਫੇਰਾ ਪਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਤੇਰੀ ਕਰਦੇ ਗਏ ਮਸ਼ਹੂਰੀ, ਕਾਗ਼ਜ਼ਾਂ ਵਿਚ ਆਜਜ਼ ਹੋ ਕੇ ਸਿਫ਼ਤੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸੂਰ ਗਾਂ ਦੋਵੇਂ ਮਾਰਨ ਧਾਹ, ਬਹੁੜੀ ਬਹੁੜੀ ਕੁਰਲਾਈਆ । ਇਹ ਕੀ ਕੀਤਾ ਖ਼ੁਦਾ, ਸ੍ਰੀ ਭਗਵਾਨ ਕੀ ਤੇਰੀ ਬੇਪ੍ਰਵਾਹੀਆ ।

ਸਾਡੇ ਉਤੇ ਮਜ਼੍ਹਬਾਂ ਦੀ ਰੱਖ ਬਿਧਾ, ਬਿਨਾ ਸਾਡੀ ਸ਼ਕਤੀ ਤੋਂ ਜਗਤ ਵਿਚ ਵਡਿਆਈਆ । ਸਚ ਦੱਸ ਕੀ ਅਸਾਂ ਕੀਤਾ ਤੇਰਾ ਗੁਨਾਹ, ਸਾਰੇ ਸਾਨੂੰ ਜ਼ਿਬਾ ਕਰ ਕੇ ਤੇਰਾ ਸ਼ੁਕਰ ਮਨਾਈਆ । ਤੂੰ ਕਿਉਂ ਬਣਿਆ ਬੇਪਰਵਾਹ, ਜ਼ਰਾ ਆਪਣਿਆਂ ਪੈਗ਼ੰਬਰਾਂ ਅਵਤਾਰਾਂ ਗੁਰੂਆਂ ਨੂੰ ਲੈ ਬੁਲਾ, ਜਿਨ੍ਹਾਂ ਨੇ ਸ਼ਰਅ ਸ਼ਰੀਅਤ ਦਿਤੀ ਚਲਾ, ਛੁਰੀ ਮੁਰੀਦਾਂ ਹੱਥ ਦਿਤੀ ਫੜਾ, ਕ਼ਤਲਗਾਹ ਵਿਚ ਮਕਤੂਲ ਸਾਨੂੰ ਦਿਤਾ ਬਣਾਈਆ । .ਤੇਰੇ ਅੱਗੇ ਇਕ ਦੁਆ, ਕਿਰਪਾ ਕਰ ਸਾਡੇ ਮਿਹਰਵਾਂ, ਮਹਿਬੂਬ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਮੈਨੂੰ ਵੇਖ ਕੇ ਆ ਗਿਆ ਤਰਸ, ਮੈਂ ਦੁਹੱਥੜ ਮਾਰ ਕੇ ਦਿਤੀ ਦੁਹਾਈਆ । ਪੁਕਾਰ ਕੇ ਕਿਹਾ ਪੁਰਖ ਅਕਾਲ ਪਰਵਰਦਿਗਾਰ ਪਾਰਬ੍ਰਹਮ ਪਤਿਪਰਮੇਸ਼ਵਰ ਜ਼ਰਾ ਆਪ ਆ ਪਰਤ, ਪਾਰਬ੍ਰਹਮ ਆਪਣਾ ਰੂਪ ਬਦਲਾਈਆ । ਦੀਨ ਦੁਨੀ ਸ੍ਰਿਸ਼ਟੀ ਦ੍ਰਿਸ਼ਟੀ ਮਾਨਵ ਜ਼ਾਤੀ ਵੇਖ ਉਤੇ ਧਰਤ, ਗੁਰ ਅਵਤਾਰ ਪੈਗ਼ੰਬਰਾਂ ਵੇਖ ਸ਼ਰਤ, ਜਿਨ੍ਹਾਂ ਸ਼ਰਅ ਵਿਚ ਤੇਰੇ ਨਾਮ ਵਿਚ ਕਲਮੇ ਵਿਚ ਕਾਇਨਾਤ ਇਨਸਾਨ ਇਨਸਾਨਾਂ ਨਾਲ ਦਿਤੇ ਲੜਾਈਆ । ਹੱਕ ਦੀ ਰਹੀ ਨਾ ਕੋਈ ਜਮਾਤ, ਕ਼ਦਮਾਂ ਝੁਕੇ ਨਾ ਕੋਇ ਕ਼ਦਮਾਤ, ਰਹਿਬਰ ਹੋ ਕੇ ਸਚ ਰਾਹ ਨਾ ਕੋਇ ਵਖਾਈਆ । ਤੇਰੀ ਰਹਿਮਤ ਬਿਨਾ ਮਿਲੇ ਨਾ ਕਿਸੇ ਨਜਾਤ, ਦੇਵੇ ਨਾ ਕੋਇ ਆਬੇ ਹਯਾਤ, ਅੰਮ੍ਰਿਤ ਬੂੰਦ ਸਵਾਂਤ ਮੁਖ ਨਾ ਕੋਇ ਚੁਆਈਆ । ਤੇਰਾ ਝਗੜਾ ਵੇਖਿਆ ਕਾਗ਼ਜ਼ਾਤ, ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਓਮ ਸਾਰੇ ਕਰਨ ਵਾਲੇ ਫ਼ਸਾਦਾਤ, ਮੁਹੱਬਤ ਵਾਲਾ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਮੈਂ ਹੋਰ ਵੇਖੇ ਰਾਹ ਵਿਚ ਰੋਂਦੇ ਜੀਵ ਜੰਤ, ਕੂਕ ਕੂਕ ਸੁਣਾਈਆ । ਉਚੀ ਕਹਿਣ ਪੰਡਤ ਜੀ ਦੱਸੋ ਕੋਈ ਕਲਜੁਗ ਵਿਚ ਸੰਤ, ਸਿੰਮਤ ਚਾਰੇ ਫੋਲ ਫੁਲਾਈਆ । ਬਹੁੜੀ ਸਾਨੂੰ ਮਿਲਾਵੇ ਨਾ ਕੋਈ ਨਾਲ ਅਗੰਮੀ ਕੰਤ, ਜੋ ਆਤਮ ਮੇਲਾ ਲਏ ਮਿਲਾਈਆ । ਰਸਨਾ ਜਿਹਵਾ ਵਾਲੇ ਅਨੇਕ ਵੇਖੇ ਗਾਉਂਦੇ ਸ੍ਰੀ ਭਗਵੰਤ, ਭਗਵਨ ਰੰਗ ਨਾ ਕੋਇ ਰੰਗਾਈਆ । ਅਸੀਂ ਦੁੱਖੀ ਹੋਏ ਅਨੰਤ, ਪੰਖੀ ਹੋ ਕੇ ਵੇਖ ਵਖਾਈਆ । ਸਾਡੀ ਮੇਟੇ ਕੋਈ ਨਾ ਚਿੰਤ, ਚਿੰਤਾ ਚਿਖਾ ਗ਼ਮ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੰਖੇਰੂ ਕਹਿਣ ਸਾਡੀ ਅਰਦਾਸ, ਨਾਰਦ ਧੁਰਦਰਗਾਹ ਦੇਣੀ ਸੁਣਾਈਆ । ਬਹੁੜੀ ਮਾਨਸ ਹੋ ਕੇ ਸਾਡਾ ਖਾਂਦੇ ਮਾਸ, ਨਿਰਦੋਸ਼ਿਆਂ ਉਤੇ ਦੋਸ਼ ਲਗਾਈਆ । ਸਾਡਾ ਕਿਸ ਬਿਧ ਮੁਕੇ ਸਵਾਸ, ਸਵਾਸ ਸਮਝ ਕਿਸੇ ਨਾ ਆਈਆ । ਕੀ ਤੇਰਾ ਖੇਲ ਪੁਰਖ ਅਬਿਨਾਸ਼, ਪਰਦਾ ਉਹਲਾ ਦੇਣਾ ਉਠਾਈਆ । ਤੇਰੇ ਉਪਜੇ ਇਕ ਦੂਜੇ ਦਾ ਕਰਨ ਘਾਤ, ਘਾਓ ਆਪਣੀ ਆਸ ਬਣਾਈਆ । ਕਿਰਪਾ ਕਰ ਪੁਰਖ ਸਮਰਾਥ, ਸਾਹਿਬ ਸਵਾਮੀ ਤੇਰੀ ਓਟ ਤਕਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਬਿਨਾ ਤੇਰੀ ਕਿਰਪਾ ਸਕੇ ਕੋਇ ਨਾ ਜਾਗ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਾਚਾ ਮਿਲੇ ਨਾ ਕਿਸੇ ਵੈਰਾਗ, ਵੈਰਾਗੀ ਤਿਆਗੀ ਬੈਰਾਗੀ ਸਾਰੇ ਰੋਵਣ ਮਾਰਨ ਧਾਈਆ । ਨਾਰਦ ਕਹੇ ਮੈਨੂੰ ਛੋਟੀ ਜਿਹੀ ਆ ਗਈ ਯਾਦ, ਯਾਦ ਯਾਦ ਵਿਚੋਂ ਜਣਾਈਆ । ਜਿਸ ਵੇਲੇ ਰਾਮ ਫਿਰਦਾ ਫਿਰਦਾ ਆਇਆ ਸੀ ਬਨਵਾਸ, ਪਾਰਸ ਵਾਲਿਆਂ ਕੋਲ ਆਪਣਾ ਖੇਲ ਖਿਲਾਈਆ । ਸੀਤਾ ਸਵਾਣੀ ਸੀ ਸਾਥ, ਜਨਕ ਸਪੁਤਰੀ ਆਪਣਾ ਸੰਗ ਬਣਾਈਆ । ਏਥੇ ਇਕ ਰਹਿੰਦਾ ਸੀ ਭਾਟ, ਬਿਰਧ ਅਵਸਥਾ ਰਾਮ ਦੇ ਗੀਤ ਸੰਗੀਤ

ਨਾਲ ਗਾਈਆ । ਉਹਦਾ ਥੋੜ੍ਹਾ ਕੱਟਿਆ ਹੁੰਦਾ ਸੀ ਹਾਥ, ਡੇਢ ਉਂਗਲੀ ਅੱਧਾ ਹਿੱਸਾ ਨਾਲ ਨਜ਼ਰ ਨਾ ਆਈਆ । ਪ੍ਰੇਮ ਵਿਚ ਬੜੀ ਸੁਰੀਲੀ ਕੱਢਦਾ ਸੀ ਆਵਾਜ਼, ਮਸਤੀ ਵਿਚ ਰਾਮ ਨੂੰ ਮਿਲਣ ਦਾ ਰੱਖਦਾ ਸੀ ਨਾਜ਼, ਹਿਰਦੇ ਅੰਦਰ ਧਿਆਨ ਲਗਾਈਆ । ਸੁਰਤੀ ਵਿਚ ਕਰਦਾ ਸੀ ਤਲਾਸ਼, ਅੰਦਰੇ ਅੰਦਰ ਖੋਜ ਖੁਜਾਈਆ । ਸੰਗੀਤ ਕਰਨ ਲੱਗਿਆਂ ਕੋਲ ਪਾਣੀ ਦਾ ਰੱਖਦਾ ਸੀ ਗਲਾਸ, ਜਲ ਭਰ ਕੇ ਨਿਗਾਹ ਉਸ ਦੇ ਵਿਚ ਟਿਕਾਈਆ । ਕਿੱਥੇ ਮੇਰਾ ਰਾਮ ਇਹਦੇ ਵਿਚੋਂ ਦੇਵੇ ਆਪਣਾ ਪ੍ਰਕਾਸ਼, ਸਤਿ ਸਰੂਪੀ ਨਜ਼ਰੀ ਆਈਆ । ਕਦੇ ਤੱਕਦਾ ਸੀ ਉਪਰ ਆਕਾਸ਼, ਨੈਣ ਨੈਣਾਂ ਵਿਚੋਂ ਬਦਲਾਈਆ । ਕਦੇ ਜੋੜਦਾ ਸੀ ਦੋਵੇਂ ਹਾਥ, ਕਦੇ ਡੰਡਾਵਤ ਕਰ ਕੇ ਸੀਸ ਨਿਵਾਈਆ । ਕਦੇ ਤੱਕਦਾ ਸੀ ਉਪਰ ਕੈਲਾਸ਼, ਸ਼ਿਵ ਜੀ ਧੂੜ ਖ਼ਾਕ ਰਮਾਈਆ । ਕਦੇ ਅੰਦਰ ਆਪਣੇ ਕਰ ਲੈਂਦਾ ਸੀ ਵਾਸ, ਅੱਖਾਂ ਮੀਟ ਆਪਣਾ ਆਪ ਬੰਦ ਵਖਾਈਆ । ਕਦੀ ਆਪਣੀ ਪੁੱਤਰੀ ਨੂੰ ਮਾਰਦਾ ਸੀ ਆਵਾਜ਼, ਜਿਹੜੀ ਨੌਂ ਸਾਲ ਗਿਆਰਾਂ ਮਹੀਨੇ ਸਦਾ ਆਪਣੇ ਕੋਲ ਬਹਾਈਆ । ਕਦੀ ਸੌਂ ਜਾਵੇ ਮਸਤੀ ਵਿਚ ਕਦੇ ਪਵੇ ਜਾਗ, ਆਪਣੇ ਰੰਗ ਵਿਚ ਆਪਣਾ ਖੇਲ ਵਖਾਈਆ । ਕਦੀ ਗਾ ਲਵੇ ਮੇਰੇ ਰਾਮ ਮੈਨੂੰ ਹੰਸ ਬਣਾ ਦੇ ਕਾਗ, ਕਾਗ ਤੇਰੀ ਸਰਨਾਈਆ । ਮੇਰਾ ਕਰਮ ਧੋ ਦੇ ਦਾਗ਼, ਜਨਮ ਵਿਚ ਸਰਨਾਈਆ । ਸ੍ਰਿਸ਼ਟੀ ਦਾ ਹੋਵੇ ਤਿਆਗ, ਦ੍ਰਿਸ਼ਟੀ ਵੱਜੇ ਵਧਾਈਆ । ਝਗੜਾ ਨਾ ਰਹੇ ਸਮਾਜ, ਦੀਨ ਦੁਨੀ ਗਵਾਈਆ । ਕਿਤੇ ਦਰਸ਼ਨ ਦੇ ਜਾ ਮੇਰੇ ਰਾਮ ਆਜ, ਤੇਰਾ ਰਾਹ ਤਕਾਈਆ । ਮੈਂ ਧੂੜੀ ਮਸਤਕ ਲਾ ਕੇ ਆਪਣਾ ਜਗਾਵਾਂ ਚਰਾਗ਼, ਲੋਇਣ ਅੰਦਰੋਂ ਲਵਾਂ ਖੁਲ੍ਹਾਈਆ । ਮਸਤੀ ਵਿਚ ਹਸਤੀ ਵਿਚ ਅੰਤਰ ਰਿਹਾ ਅਰਾਧ, ਕਲਪਣਾ ਅੰਦਰ ਨਾ ਕੋਇ ਵਖਾਈਆ । ਓਨੇ ਚਿਰ ਨੂੰ ਸੁਭਾਵਕ ਰਾਮ ਆ ਗਿਆ ਪੈਰਾਂ ਦੀ ਸੁਣੀ ਆਹਟ, ਧਰਨੀ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰ ਕਹੇ, ਮੇਰੀ ਤੰਦੀ ਕਹੇ, ਰਾਮ ਓਹ ਮੇਰਾ ਰਾਮ, ਰਾਮ ਰਾਮ ਵਡਿਆਈਆ । ਅੰਮ੍ਰਿਤ ਰਸ ਸਚ ਪ੍ਰੇਮ ਪ੍ਰੀਤੀ ਪਿਆਲਾ ਦੇਵੇ ਜਾਮ, ਮਧੁਰ ਧੁਨ ਅੰਤਰ ਅੰਤਸ਼ਕਰਨ ਕਰੇ ਜਣਾਈਆ । ਮੇਰੀ ਮੇਟ ਅੰਧੇਰੀ ਸ਼ਾਮ, ਸ਼ਮਅ ਨੂਰ ਚੰਦ ਕਰ ਰੁਸ਼ਨਾਈਆ । ਮੇਰੀ ਮੰਜ਼ਲ ਹੋਵੇ ਆਸਾਨ, ਅੱਗੇ ਅਵਰ ਨਾ ਕੋਇ ਅਟਕਾਈਆ । ਗ੍ਰਿਹਿ ਮਿਲੇ ਮੇਰਾ ਭਗਵਾਨ, ਨਿਰੰਤਰ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਰਾਮ ਕਿਹਾ ਹੌਲੀ ਜੇਹੀ ਸੁਣ ਸੀਤਾ ਜਨਕ ਦੁਲਾਰੀ, ਤੈਨੂੰ ਦਿਆਂ ਵਖਾਈਆ । ਵੇਖ ਭਗਤ ਮੇਰੇ ਦੀ ਯਾਰੀ, ਅੰਤਰ ਮੇਰਾ ਧਿਆਨ ਲਗਾਈਆ । ਬਾਹਰੋਂ ਛੱਡ ਕੇ ਸ੍ਰਿਸ਼ਟੀ ਸਾਰੀ, ਦੀਨ ਦੁਨੀ ਆਸਾ ਨਾ ਕੋਇ ਰਖਾਈਆ । ਲੈ ਕੇ ਮਸਤ ਖ਼ੁਮਾਰੀ, ਮਹਿਵ ਆਪਣੇ ਰੰਗ ਵਿਚ ਸਮਾਈਆ । ਮੈਂ ਦਰਸ ਦੇਣਾ ਨਿਰਗੁਣ ਨੂਰ ਜੋਤ ਕਰ ਉਜਿਆਰੀ, ਅੰਤ ਅੰਧੇਰਾ ਦੇਣਾ ਮਿਟਾਈਆ । ਸੀਤਾ ਕਹੇ ਪ੍ਰਭੂ ਤੇਰੇ ਤੇ ਤੇਰੇ ਭਗਤਾਂ ਤੋਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਮੈਨੂੰ ਪੁਛ ਲੈਣ ਦੇ ਇਕ ਵਾਰੀ, ਤੂੰ ਕਿਸ ਦਾ ਰਾਹ ਤਕਾਈਆ । ਰਾਮ ਬਿਨ ਬੋਲਿਆਂ ਕੀਤਾ ਇਸ਼ਾਰੀ, ਸੈਨਤ ਨਾਲ ਦ੍ਰਿੜਾਈਆ । ਸੀਤਾ ਨੇੜੇ ਆਈ ਨਿਰਮਾਣਤਾ ਵਿਚ ਕਹੇ ਤੁਸੀਂ ਕਿਸ ਦੇ ਪੁਜਾਰੀ, ਪੂਜਣਯੋਗ ਕਵਣ ਅਖਵਾਈਆ । ਓਸ ਨੇ ਕਿਹਾ ਮੈਂ ਰਾਮ ਦੀ ਰਾਮ ਮੇਰਾ, ਓਹ ਕੰਤ ਮੈਂ ਨਾਰੀ, ਤੂੰ ਕੌਣ ਵਿਚਾਰੀ, ਜਿਸ ਰਾਮ ਵਿਚ ਰਾਮ ਦੇ ਕੇ ਆਪਣਾ ਰੂਪ ਨਾ ਲਿਆ ਬਦਲਾਈਆ । ਸੀਤਾ ਹੱਸ ਕੇ ਕਿਹਾ ਜ਼ਰਾ ਵੇਖ ਲੈ ਨੈਣ ਉਘਾੜੀ, ਲੋਚਣ

ਲੈ ਉਠਾਈਆ । ਉਸ ਕਿਹਾ ਮੈਨੂੰ ਤੱਕ ਲੈਣ ਦੇ ਜੋਤ ਨਿਰੰਕਾਰੀ, ਜੋ ਮੇਰੇ ਅੰਤਰ ਕਰੇ ਰੁਸ਼ਨਾਈਆ । ਸੀਤਾ ਕਿਹਾ ਮੈਂ ਆਖਾਂ ਦੁਬਾਰੀ, ਅੱਖਾਂ ਲੈ ਉਠਾਈਆ । ਉਸ ਨੇ ਕਿਹਾ ਮੇਰੀ ਪ੍ਰੀਤੀ ਅੰਤਰ ਭਾਰੀ, ਬਾਹਰਲੀ ਯਾਦ ਨਾ ਕੋਇ ਰਖਾਈਆ । ਸੀਤਾ ਫੇਰ ਕਿਹਾ ਮੁਖੋਂ ਤੀਜੀ ਵਾਰੀ, ਤੇਰਾ ਰਾਮ ਦਿਆਂ ਮਿਲਾਈਆ । ਜਿਹੜਾ ਆਇਆ ਚਲ ਦਵਾਰੀ, ਆਪਣਾ ਪੰਧ ਮੁਕਾਈਆ । ਓਧਰੋਂ ਰਾਮ ਨੇ ਅੰਦਰੋਂ ਦਿਤੀ ਪ੍ਰੇਮ ਖ਼ੁਮਾਰੀ, ਰਸ ਦਿਤਾ ਚਖਾਈਆ । ਜਾਂ ਆਪਣੀ ਅੱਖ ਉਘਾੜੀ, ਪ੍ਰਤੱਖ ਵੇਖਿਆ ਸਾਹਿਬ ਗੁਸਾਈਆ । ਉਚੀ ਕੂਕ ਕੇ ਆਵਾਜ਼ ਮਾਰੀ, ਨੰਨ੍ਹੀ ਬੱਚੀ ਲਈ ਉਠਾਈਆ । ਜਾ ਚੁੱਕ ਲਿਆ ਆਪਣੀ ਪਟਾਰੀ, ਜਿਹੜੀ ਪੰਜ ਸੱਤ ਚੱਪੇ ਲੰਮੀ ਚੌੜੀ ਨਜ਼ਰੀ ਆਈਆ । ਓਹਦੇ ਵਿਚ ਪ੍ਰਸ਼ਾਦ ਰੱਖਿਆ ਅਪਾਰੀ, ਸੋਹਣਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਨੰਨ੍ਹੀ ਬੱਚੀ ਲੈ ਕੇ ਆਈ ਭੱਜ, ਅੱਗੇ ਦਿਤਾ ਰਖਾਈਆ । ਉਸ ਨੇ ਵਿਚੋਂ ਬਾਦਾਮ ਗਿਰੀਆਂ ਕੱਢ ਕੇ ਪੰਜ ਸੱਤ, ਰਾਮ ਦੀ ਭੇਟਾ ਦਿਤੀਆਂ ਕਰਾਈਆ । ਰਾਮ ਨੇ ਫੜ ਕੇ ਨਾਲ ਹੱਥ, ਦੰਦਾਂ ਹੇਠਾਂ ਲਈਆਂ ਦਬਾਈਆ । ਬੋਲ ਕੇ ਜੈਕਾਰਾ ਅਲੱਖ, ਹੁਕਮ ਦਿਤਾ ਦ੍ਰਿੜਾਈਆ । ਇਕ ਵਾਰ ਮੇਰੇ ਵੱਲ ਤੱਕ, ਨੇਤਰ ਨੈਣ ਉਠਾਈਆ । ਓਹ ਵੇਖ ਕੇ ਪਿਆ ਹੱਸ, ਹੱਥ ਅੱਗੇ ਦਿਤੇ ਡਾਹੀਆ । ਰਾਮ ਨੇ ਕਿਹਾ ਤੇਰੇ ਬਾਦਾਮ ਤੇ ਮੇਰੇ ਮਿੱਠੇ ਰਸ ਚੱਖ, ਸੋਹਣਾ ਰਸ ਬਣਾਈਆ । ਅਸੀਂ ਕਦੀ ਨਾ ਹੋਈਏ ਵੱਖ, ਮੈਂ ਰਾਮ ਤੇ ਤੈਨੂੰ ਰਵਦਾਸ ਫੇਰ ਦਿਆਂ ਬਣਾਈਆ । ਫਿਰ ਆਵਾਂ ਵੱਤ, ਬੇਵਤਨ ਹੋ ਕੇ ਵੇਸ ਵਟਾਈਆ । ਗੁਰਮੁਖ ਵਡਿਆਈ ਦੇਵਾਂ ਸਚ, ਸਚ ਕਰਨੀ ਕਾਰ ਕਮਾਈਆ । ਓਨੇ ਚਿਰ ਨੂੰ ਨੰਨ੍ਹੀ ਬੱਚੀ ਪਈ ਹੱਸ, ਹੱਸ ਹੱਸ ਕੇ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਿਹਾ ਨੰਨ੍ਹੀ ਤੂੰ ਕਿਉਂ ਹੱਸੀ, ਮੈਨੂੰ ਦੇ ਸਮਝਾਈਆ । ਓਹ ਖ਼ੁਸ਼ੀ ਵਿਚ ਉਠ ਕੇ ਏਧਰ ਓਧਰ ਨੱਚੀ, ਨੱਸੀ ਭੱਜੀ ਚਾਈਂ ਚਾਈਆ । ਫਿਰ ਕਿਹਾ ਧੰਨ ਭਾਗ ਜੇ ਤੂੰ ਆ ਗਿਉਂ ਸਾਡੀ ਬੱਸੀ, ਬਸਤੀ ਨਿੱਕੀ ਵਿਚ ਫੇਰਾ ਪਾਈਆ । ਮੈਂ ਤਾਂ ਜਾਣਾਂ, ਜੇ ਸਾਡਾ ਗੇੜਾ ਚੁਕਾਵੇਂ ਲੱਖ ਚਾਰ ਅੱਸੀ, ਆਸ਼ਾ ਆਪ ਵਧਾਈਆ । ਜੇ ਮੁੜ ਕੇ ਬਣ ਕੇ ਆਵੇਂ ਕਮਲਾਪਤੀ, ਪਤਿਪਰਮੇਸ਼ਵਰ ਰੂਪ ਵਟਾਈਆ । ਮੇਰੇ ਪਿਤਾ ਨੂੰ ਸਦਾ ਸਾਥ ਰੱਖੀਂ, ਵਿਛੋੜਾ ਰਹਿਣ ਕੋਇ ਨਾ ਪਾਈਆ । ਮੈਂ ਵੀ ਤੇਰਾ ਦਰਸ਼ਨ ਕਰਾਂ ਅੱਖੀਂ, ਲੋਚਣ ਨੈਣ ਅੱਖ ਖੁਲ੍ਹਾਈਆ । ਰਾਮ ਨੇ ਘੁੱਟ ਕੇ ਪਾਈ ਜੱਫੀ, ਗੋਦ ਵਿਚ ਲਿਆ ਬਿਠਾਈਆ । ਅਗੰਮੀ ਕਥਾ ਕਹਾਣੀ ਦੱਸੀ, ਸਹਿਜ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸੀਤਾ ਕਿਹਾ ਲਾਡ ਨਾਲ ਆ ਮੇਰੇ ਪੁੱਤਰ, ਗੋਦੀ ਲਵਾਂ ਟਿਕਾਈਆ । ਨੰਨ੍ਹੀ ਬੱਚੀ ਹੱਸ ਕੇ ਕਿਹਾ ਜੇ ਤੂੰ ਮੇਰੀ ਅੰਮੀ ਪਹਿਲੋਂ ਸਾਡੇ ਘਰ ਦਾ ਖਾ ਲੈ ਟੁੱਕਰ, ਤੇਰੇ ਅੱਗੇ ਦਿਆਂ ਟਿਕਾਈਆ । ਸੀਤਾ ਬਚਨ ਨਾ ਸਕੀ ਮੁੱਕਰ, ਹਾਂ ਵਿਚ ਹਾਂ ਦਿਤੀ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਨੰਨ੍ਹੀ ਬੱਚੀ ਲੈ ਕੇ ਆਈ ਘਰ ਦੀ ਰੁੱਖੀ ਸੁੱਕੀ ਚਪਾਤੀ, ਅੱਗੇ ਦਿਤੀ ਟਿਕਾਈਆ । ਸੀਤਾ ਕਿਹਾ ਤੁਸੀਂ ਭੋਗ ਲਗਾਓ ਕਮਲਾਪਤੀ, ਮਿਹਰ ਨਜ਼ਰ ਉਠਾਈਆ । ਰਾਮ ਕਿਹਾ ਕੀ ਕਥਾ ਕਹਾਣੀ ਆਖੀ, ਰਸਨਾ ਨਾਲ ਜਣਾਈਆ । ਜੇ ਸੀਤਾ ਤੂੰ ਮੇਰਾ ਸੱਚਾ ਸਾਥੀ, ਸਗਲਾ ਸੰਗ ਬਣਾਈਆ । ਉਠ ਮੰਨ ਲੈ ਮੇਰੀ ਆਖੀ, ਆਪਣਾ ਬਲ ਧਰਾਈਆ । ਨਾਲ ਲੈ ਲੈ ਨੰਨ੍ਹੀ ਕਾਕੀ, ਬੱਚੀ ਉਂਗਲੀ ਲਾਈਆ ।

ਚਲ ਓਨ੍ਹਾਂ ਨੂੰ ਦਈਏ ਇਹ ਚੁਪਾਤੀ, ਜਿਸ ਵੈਰਾਗੀ ਤਿਆਗੀ ਆਪਣੀ ਜ਼ਿੰਦਗੀ ਜਗ ਲੇਖੇ ਜਾਣੀ ਲਾਈਆ । ਇਹ ਕਿਰਪਾ ਹੋਣੀ ਸਾਡੀ, ਬਿਨਾ ਪ੍ਰਸਾਦ ਤੋਂ ਸਵਾਸ ਲੇਖੇ ਕੋਇ ਨਾ ਲਾਈਆ । ਇਹ ਖੇਲ ਪ੍ਰਭੂ ਦੀ ਡਾਹਢੀ, ਜਿਸ ਦਾ ਭੇਵ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੀਤਾ ਰਾਮ ਆਏ ਚਲ, ਕ਼ਦਮ ਕ਼ਦਮ ਪੰਧ ਮੁਕਾਈਆ । ਨਾਲ ਲਿਆਂਦਾ ਠੰਡਾ ਜਲ, ਅੰਮ੍ਰਿਤ ਰੂਪ ਬਣਾਈਆ । ਤਿੰਨਾਂ ਦਾ ਦੁੱਖ ਵੇਖਿਆ ਘਾਓ ਤਨ ਲੱਗਾ ਸਲ, ਤਨ ਵਜੂਦ ਦੁਹਾਈਆ । ਰਾਮ ਕਿਹਾ ਮੇਰਾ ਚਰਨ ਦਵਾਰਾ ਲਓ ਮੱਲ, ਸੀਸ ਸੀਸ ਸੀਸ ਝੁਕਾਈਆ । ਤੁਹਾਨੂੰ ਸਚ ਦਵਾਰੇ ਦੇਵਾਂ ਘੱਲ, ਜਨਮ ਜਨਮ ਵਿਚੋਂ ਬਦਲਾਈਆ । ਤੁਹਾਡਾ ਲੇਖੇ ਲੱਗੇ ਘੜੀ ਪੱਲ, ਜੋ ਦਰਸ਼ਨ ਲਿਆ ਪਾਈਆ । ਤਿੰਨਾਂ ਰੋ ਕੇ ਕਿਹਾ ਸਾਡੀ ਇਕ ਮੰਨ ਗੱਲ, ਬੇਨੰਤੀ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਰਾਮ ਕਿਹਾ ਤੁਸੀਂ ਖਾਓ ਪੀਓ ਅੰਨ ਪਾਣੀ, ਅੰਤ ਦੇਵਾਂ ਛਕਾਈਆ । ਫੇਰ ਪੜ੍ਹਿਓ ਇਕੋ ਬਾਣੀ, ਬਾਵਨ ਅੱਖਰਾਂ ਬਾਹਰ ਸੁਣਾਈਆ । ਤੁਸੀਂ ਪਹੁੰਚਣਾ ਉਸ ਨਿਸ਼ਾਨੀ, ਜਿਥੇ ਨਿਸ਼ਾਨਾ ਇਕੋ ਸੋਭਾ ਪਾਈਆ । ਝਗੜਾ ਮੁਕੇ ਜਗਤ ਜਹਾਨੀ, ਆਵਣ ਜਾਵਣ ਰਹੇ ਨਾ ਰਾਈਆ । ਤਿੰਨਾਂ ਕਿਹਾ ਸਾਡੇ ਉਤੇ ਕਰੀਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਫਿਰ ਕਦ ਮਿਲੀਏ ਤੇ ਦਰਸ ਹੋਵੇ ਜਿਸਮਾਨੀ, ਜੋਤ ਨੂਰ ਨਾਲ ਵਡਿਆਈਆ । ਰਾਮ ਕਿਹਾ ਜਿਸ ਵੇਲੇ ਕਲਜੁਗ ਅੰਤ ਦੀਨ ਦੁਨੀ ਵਧੀ ਬੇਈਮਾਨੀ, ਸ਼ਰਅ ਸ਼ੈਤਾਨ ਕਰੇ ਲੜਾਈਆ । ਪ੍ਰਗਟ ਹੋਵੇ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਸਮਾਨੀ, ਜੋਤੀ ਨੂਰ ਜੋਤ ਅਖਵਾਈਆ । ਓਹ ਮੇਲ ਮਿਲਾਏ ਜੋ ਮਾਲਕ ਦੋ ਜਹਾਨੀ,
੧੨੫੫ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲੇਖਾ ਲੇਖੇ ਵਿਚ ਰਖਾਈਆ । ਸੀਤਾ ਕਿਹਾ ਰਾਮ ਇਨ੍ਹਾਂ ਤੱਤਾਂ ਹੋਇਆ ਛੁਟਕਾਰਾ, ਰਾਮ ਰਾਮ ਵਿਚ ਸਮਾਈਆ । ਤੇਰਾ ਖੇਲ ਅਪਾਰਾ, ਅਪਰੰਪਰ ਸਵਾਮੀ ਤੇਰੀ ਬੇਪਰਵਾਹੀਆ । ਮੈਂ ਇਸ ਨਿੱਕੀ ਬੱਚੀ ਦਾ ਸ਼ੁਕਰ ਗੁਜ਼ਾਰਾ, ਜੋ ਭੋਜਨ ਸਾਡੀ ਝੋਲੀ ਪਾਈਆ । ਜਿਸ ਭੋਜਨ ਨਾਲ ਇਨ੍ਹਾਂ ਦਾ ਹੋਇਆ ਉਧਾਰਾ, ਜੀਵਣ ਜਗਤ ਜੁਗਤ ਮੁਕਤ ਵਡਿਆਈਆ । ਕੁਛ ਇਹਨੂੰ ਦੇ ਆਧਾਰਾ, ਸਿਰ ਆਪਣਾ ਹੱਥ ਟਿਕਾਈਆ । ਰਾਮ ਕਿਹਾ ਜਿਸ ਵੇਲੇ ਮੇਰਾ ਰਾਮ ਆਏ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸੇਵ ਲਗਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰਾਂ ਕਹਿਣਾ ਚੌਵੀਵਾਂ ਅਵਤਾਰਾ, ਅਵਤਰ ਆਪਣੀ ਧਾਰ ਪ੍ਰਗਟਾਈਆ । ਓਹ ਲਹਿਣਾ ਦੇਣਾ ਚੁਕਾਏ ਆਪਣੀ ਵਾਰਾ, ਵਾਹਵਾ ਵਜਦੀ ਰਹੇ ਵਧਾਈਆ । ਸੀਤਾ ਸੀਤਾ ਸੀਤਾ ਇਹ ਤੇ ਦੋ ਅਸੀਂ ਪੰਜਾਂ ਨੇ ਕੀਤਾ ਭੰਡਾਰਾ, ਖਾ ਖਾ ਸ਼ੁਕਰ ਮਨਾਈਆ । ਅਗਲਾ ਲੇਖਾ ਦੱਸਾਂ ਅਪਾਰਾ, ਅਪਰੰਪਰ ਹੋ ਕੇ ਦਿਆਂ ਜਣਾਈਆ । ਜਿਸ ਵੇਲੇ ਏਸ ਧਰਤੀ ਉਤੇ ਮੈਂ ਖੇਲ ਕਰਾਂ ਨਿਆਰਾ, ਨਿਰਗੁਣ ਹੋ ਕੇ ਆਪਣੀ ਕਾਰ ਕਮਾਈਆ । ਏਸ ਬੱਚੀ ਦਾ ਲਹਿਣਾ ਦੇਣਾ ਕੌਲ ਕ਼ਰਜ਼ ਉਤਾਰਾਂ, ਲੇਖਾ ਅਵਰ ਰਹੇ ਨਾ ਰਾਈਆ । ਨਾਲ ਹੋਵੇ ਰਵਦਾਸ ਚਮਾਰਾ, ਗੁਰਮੁਖ ਆਪਣਾ ਸੰਗ ਬਣਾਈਆ । ਜਿਸ ਸੁੱਕੇ ਪ੍ਰਸ਼ਾਦੇ ਨਾਲ ਇਨ੍ਹਾਂ ਦਾ ਹੋਇਆ ਉਧਾਰਾ, ਇਸ ਦੇ ਬਦਲੇ ਭਾਗਵਾਨ ਦਿਆਂ ਬਣਾਈਆ । ਏਸੇ ਕਾਰਨ ਤ੍ਰਿਪਤ ਨੂੰ ਪਹਿਲੋਂ ਕੀਤਾ ਇਸ਼ਾਰਾ, ਪ੍ਰੇਮ ਸੰਦੇਸ਼ੇ ਵਿਚ ਜਣਾਈਆ । ਇਟਾਰਸੀ ਪੰਜ ਦਿਨ ਤੂੰ ਰਹਿਣਾ ਸੇਵਾਦਾਰਾ, ਪਿਛਲਾ ਲੇਖਾ ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਰਾਮ ਕਿਹਾ

ਪੰਜ ਦਿਨ ਹੋਵੇ ਪ੍ਰਸਾਦਾ ਪਰਤ ਪਰਤ ਪਰਤ, ਪੰਚਮ ਪੰਚਮ ਪੰਚਮ ਲੇਖ ਬਣਾਈਆ । ਸਤਿਜੁਗ ਭਾਗ ਲੱਗਣਾ ਏਸ ਸੁਹੰਜਣੀ ਧਰਤ, ਧੌਲ ਧਵਲ ਧਰਨ ਮਿਲੇ ਵਡਿਆਈਆ । ਜਿਸ ਵੇਲੇ ਸ਼ਰਅ ਕਸਾਈ ਰਹੀ ਕੋਈ ਨਾ ਕਰਦ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕੋ ਪੁਰਖ ਅਕਾਲਾ ਜੋਧਾ ਸੂਰਬੀਰ ਮਰਦਾਨਾ ਮਰਦ, ਮਿਹਰਵਾਨ ਹੋਏ ਸਹਾਈਆ । ਖੇਲ ਹੋਣਾ ਅਸਚਰਜ, ਜਿਸ ਨੂੰ ਸਮਝੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪ੍ਰਸ਼ਾਦਾ ਕਹੇ ਮੈਂ ਜਗਤ ਨਹੀਂ ਵਿਵਹਾਰ, ਤੱਤਾਂ ਵਾਲੀ ਨਾ ਕੋਇ ਵਡਿਆਈਆ । ਮੇਰੀ ਸੇਵਾ ਅਪਰ ਅਪਾਰ, ਪੂਰਬ ਲੇਖਾ ਰਹੀ ਚੁਕਾਈਆ । ਜਿਸ ਕਾਰਨ ਰਵਦਾਸ ਚਮਾਰ ਦਾ ਪਿਛਲੇ ਜਨਮ ਦਾ ਹੋਣਾ ਸੀ ਇਜ਼ਹਾਰ, ਜਿਸ ਦਾ ਚਾਰ ਜੁਗ ਲੇਖ ਨਾ ਕੋਇ ਸਮਝਾਈਆ । ਏਸੇ ਕਾਰਨ ਨੰਨ੍ਹੀ ਬੱਚੀ ਤ੍ਰਿਪਤ ਨੂੰ ਲਿਆਂਦਾ ਨਾਲ, ਲੇਖਾ ਪੂਰਬ ਪੂਰ ਕਰਾਈਆ । ਜਿਸ ਦੀ ਖੇਲ ਓਹ ਸਭ ਦੀ ਕਰੇ ਸੰਭਾਲ, ਦੂਜੇ ਸਮਝ ਕਿਸੇ ਨਾ ਆਈਆ । ਕੋਟਨ ਕੋਟ ਮਰੇ ਕੋਟਨ ਕੋਟ ਜੰਮੇ ਕੋਟਨ ਕੋਟ ਖਾਵੇ ਕਾਲ, ਬਿਨਾ ਭਗਤਾਂ ਤੋਂ ਭਗਵਨ ਦੇਵੇ ਨਾ ਕਿਸੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਨਾਰਦ ਕਹੇ ਵਾਹ ਪ੍ਰਭੂ ਤੂੰ ਤੇ ਜੁਗਾਂ ਜੁਗਾਂ ਦਾ ਡਾਕੂ, ਵੈਰਾਗੀਆਂ ਤਿਆਗੀਆਂ ਸਨਿਆਸੀਆਂ ਪਾਰਸ ਲੁਟ ਕੇ ਉਨ੍ਹਾਂ ਦਿਤਾ ਲੜਾਈਆ । ਹੁਣ ਤੇ ਬਦਲ ਦੇ ਕਲਜੁਗ ਮਾਤ ਆ ਗਿਆ ਕਾਕੂ, ਕਾਲ ਆਪਣਾ ਵੇਸ ਵਟਾਈਆ । ਸਤਿ ਧਰਮ ਦਾ ਰਿਹਾ ਕੋਈ ਨਾ ਸਾਧੂ, ਸਚ ਵਿਚ ਨਾ ਕੋਇ ਸਮਾਈਆ ।
ਬਿਨਾ ਤੇਰੀ ਕਿਰਪਾ ਤੇਰੇ ਚਰਨ ਕੋਈ ਨਾ ਲਾਗੂ, ਤੇਰਾ ਦਰਸ ਕੋਇ ਨਾ ਪਾਈਆ । ਮੈਨੂੰ ਐਂ ਜਾਪਦਾ ਤੂੰ ਕੋਟਾਂ ਵਿਚੋਂ ਥੋੜ੍ਹਿਆਂ ਜਨ ਭਗਤਾਂ ਦਾ ਬਣਨਾ ਬਾਪੂ, ਦੂਜਾ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਨਾਰਦ ਕਹੇ ਜਨ ਭਗਤੋ ਸੁਣਿਓ ਨਾਲ ਧਿਆਨ, ਧਰਮ ਦਵਾਰੇ ਦਿਆਂ ਜਣਾਈਆ । ਕਰਿਓ ਆਪਣਾ ਕਾਨ, ਅਨਸੁਣਤ ਰਹਿਣ ਕੋਇ ਨਾ ਪਾਈਆ । ਅੰਦਰੋਂ ਤੋੜਿਓ ਗੁਮਾਨ, ਹੰਕਾਰ ਦੇਣਾ ਮਿਟਾਈਆ । ਕਲਪਣਾ ਕੱਢਣੀ ਸ਼ੈਤਾਨ, ਮਨ ਚੰਚਲ ਨਾ ਕੋਇ ਵਡਿਆਈਆ । ਪ੍ਰਭੂ ਚਰਨ ਧਰਨਾ ਧਿਆਨ, ਧਿਆਨੀ ਹੋ ਕੇ ਸੀਸ ਨਿਵਾਈਆ । ਪਰਸੋਂ ਢਾਈ ਵਜੇ ਸਾਰਿਆਂ ਇਕੱਠਿਆਂ ਹੋਣਾ ਆਣ, ਕੁਛ ਅਗਲਾ ਹੁਕਮ ਦੇਣਾ ਦ੍ਰਿੜਾਈਆ । ਨਾਰਦ ਕਹੇ ਮੇਰੀ ਬੋਲਣੋਂ ਰਹਿੰਦੀ ਨਹੀਂ ਜ਼ਬਾਨ, ਕੂਕ ਕੂਕ ਸੁਣਾਈਆ । ਮੈਂ ਡੰਕ ਵਜਾਉਣਾ ਸ਼ਬਦ ਸੁਣਾਉਣਾ ਧੁਰ ਫ਼ਰਮਾਨ, ਫੁਰਨਿਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਮੈਂ ਫਿਰ ਕੇ ਆਉਣੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਵੇਖ ਕੇ ਆਉਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਦੀ ਕਰਨਹਾਰਾ ਕਲਿਆਣ, ਕਾਇਨਾਤ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਅੰਤਾ ਸ੍ਰੀ ਭਗਵੰਤਾ ਇਕੋ ਨਜ਼ਰੀ ਆਈਆ ।



### ✲ ੨੫ ਚੇਤ ਸ਼ਹਿਨਸ਼ਾਹੀ ਸੰਮਤ ੫ ਸਵਾਮੀ ਅੰਮ੍ਰਿਤਾ ਨੰਦ ਜੀ ਦੇ ਨਾਲ ਨਰਬਦਾ ਘਾਟ ✲

ਕੀ ਕਥਾ ਦੱਸੇ ਪੁਰਾਣ ਸਕੰਦ, ਭੇਵ ਦੇਣਾ ਖੁਲ੍ਹਾਈਆ । ਕਿਸ ਜਗਹ ਮਿਲੇ ਆਤਮ ਅਨੰਦ, ਪ੍ਰਮਾਨੰਦ ਸਮਝਾਈਆ । ਨਿਰਗੁਣ ਨੂਰ

ਚਮਕੇ ਚੰਦ, ਅੰਧ ਅੰਧੇਰ ਰਹੇ ਨਾ ਰਾਈਆ । ਰਸਨਾ ਨਾਲ ਬੋਲਣਾ ਨਾ ਪਏ ਕੋਈ ਛੰਦ, ਅਨਹਦ ਨਾਦੀ ਕਰੇ ਸ਼ਨਵਾਈਆ । ਭਰਮਾਂ ਰਹੇ ਨਾ ਕੋਈ ਕੰਧ, ਦਵੈਤੀ ਲੇਖਾ ਦਏ ਮੁਕਾਈਆ । ਪਰਦਾ ਉਹਲਾ ਚੁੱਕੇ ਪਰਮਾਨੰਦ, ਬ੍ਰਹਮ ਬ੍ਰਹਮ ਨਜ਼ਰੀ ਆਈਆ । ਮਾਇਆ ਮਮਤਾ ਮਿਟੇ ਤ੍ਰਿਸ਼ਨਾ ਤਮ, ਤ੍ਰਿਖਾ ਦੂਰ ਦਏ ਕਰਾਈਆ । ਸੋ ਕਵਣ ਗ੍ਰਹਿ ਕਵਣ ਟਿਕਾਣਾ ਜਿਥੇ ਮਿਟੇ ਹਰਖ ਸੋਗ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਤਤਵ ਤਤ ਭੇਵ ਖੁਲ੍ਹੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰ ਨੂਰ ਨੂਰ ਕਰੇ ਰੁਸ਼ਨਾਈਆ । ਸਕੰਦ ਪੁਰਾਣ ਦੀ ਕਵਣ ਕਥਾ, ਮਾਨਵ ਮਾਨੁਖ ਮਾਨਸ ਦਏ ਵਡਿਆਈਆ । ਜੀਵ ਉਧਾਰ ਦੇ ਯਥਾਰਥ ਯਥਾ, ਭਰਮ ਦਏ ਮਿਟਾਈਆ । ਮਿਲੇ ਮੰਜ਼ਲ ਸਚ ਅਵਸਥਾ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ । ਪ੍ਰਕਾਸ਼ ਹੋਵੇ ਓਸ ਮਸਤਕ ਮੱਥਾ, ਜਿਥੇ ਤਰਸੂਲ ਮਾਕੂਲ ਸੋਭਾ ਪਾਈਆ । ਪੰਚ ਵਿਕਾਰ ਜਾਏ ਨੱਠਾ, ਹੰਕਾਰ ਵਿਭਚਾਰ ਰਹਿਣ ਕੋਇ ਨਾ ਪਾਈਆ । ਪੜ੍ਹਨਾ ਪਏ ਨਾ ਕਿਸੇ ਜਗਤ ਵਾਲੇ ਅੱਖਾਂ, ਨਿਰਅੱਖਰ ਮਿਲੇ ਵਡਿਆਈਆ । ਜਿਥੇ ਲਿਖਿਆ ਨਹੀਂ ਕੋਈ ਸਫ਼ਾ, ਅੰਕ ਅੰਕ ਨਾ ਕੋਇ ਬਦਲਾਈਆ । ਓਹ ਧਾਮ ਓਹ ਜਗਹ ਓਹ ਭੂਮਿਕਾ ਕਿਹੜੀ ਜਿਥੇ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਹੋ ਕੇ ਵਸਾ, ਦੂਜਾ ਨਜ਼ਰ ਕੋਇ ਨਾ ਆਈਆ । ਬਿਨਾ ਰਸਨਾ ਤੋਂ ਮਿਲੇ ਰਸਾ, ਅਨਰਸ ਆਪਣਾ ਰਸ ਚਖਾਈਆ । ਸਕੰਦ ਪੁਰਾਣ ਦਾ ਭੇਵ ਖੋਲ੍ਹ ਕੇ ਥੋੜ੍ਹਾ ਜਿਹਾ ਦੱਸੋ ਜਿਥੇ ਰੈਣ ਅੰਧੇਰੀ ਮਿਟੇ ਮੱਸਾ, ਇਕੋ ਨੂਰ ਜੋਤ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਅੰਦਰ ਸਾਚਾ ਰੰਗ ਇਕ ਵਖਾਈਆ । ਸਕੰਦ ਪੁਰਾਣ ਦਾ ਭੇਵ ਦੱਸੋ ਤੁਸੀਂ ਬੜੇ ਵਿਦਵਾਨ, ਵਿਦਿਆ ਵਿਚ ਵਿਦਿਆ ਦਿਓ ਦ੍ਰਿੜਾਈਆ । ਜਿਥੇ ਬਿਨਾ ਅੱਖਰਾਂ ਤੋਂ ਗਿਆਨ, ਓਹ ਮੰਦਰ ਕਿਹੜਾ ਕਿਸ ਬਿਧ ਰਮਜ਼ ਸਮਝ ਵਿਚ ਟਿਕਾਈਆ । ਬਿਨਾ ਅੱਖੀਆਂ ਤੋਂ ਬ੍ਰਹਿਮੰਡ ਖੰਡ ਵੇਖਿਆ ਜਾਏ ਜ਼ਿਮੀਂ ਅਸਮਾਨ, ਪੁਰੀ ਲੋਅ ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨ ਗਗਨ ਗਗਨੰਤਰ ਪਰਦਾ ਰਹੇ ਨਾ ਰਾਈਆ । ਸਤਿ ਸਰੂਪ ਸਾਖਿਆਤ ਜੋਤੀ ਨੂਰ ਦਿਸੇ ਭਗਵਾਨ, ਤਨ ਵਜੂਦ ਨਾ ਕੋਇ ਵਡਿਆਈਆ । ਆਤਮਾ ਆਤਮਾ ਆਤਮਾ ਆਪ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਜਿਥੇ ਕੰਮ ਨਾ ਆਵੇ ਰਸਨਾ ਜਿਹਵਾ ਜ਼ਬਾਨ, ਸਿਫ਼ਤਾਂ ਵਾਲੀ ਸਿਫ਼ਤ ਨਾ ਕੋਇ ਸਾਲਾਹੀਆ । ਓਹ ਕਥਾ ਦੱਸੋ ਯਥਾਰਥ ਜਿਥੇ ਅਠਾਰਾਂ ਪੁਰਾਣ ਚਾਰ ਲੱਖ ਹਜ਼ਾਰ ਸਤਾਰਾਂ ਸਲੋਕਾਂ ਦਾ ਲੇਖਾ ਮੁਕੇ, ਨੌਂ ਹਜ਼ਾਰ ਸਲੋਕ ਭਵਿਖਤ ਪੁਰਾਣ ਦਾ ਦੇਵੇ ਕੀ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਕੰਦ ਕਹੇ ਕੀ ਦੱਸੇ ਵਿਸ਼ਨੂੰ ਪੁਰਾਣ, ਵਿਸ਼ਵ ਭੇਵ ਖੁਲ੍ਹਾਈਆ । ਕੀ ਗਰੜ ਨੇ ਕੀਤਾ ਗਿਆਨ, ਸਮਾਂ ਸਮੇਂ ਨਾਲ ਟਕਰਾਈਆ । ਕੀ ਅੱਗੇ ਹੁਣ ਦਸ਼ਾ ਹੋਣੀ ਜਹਾਨ, ਕਲਜੁਗ ਕਲ ਕੀ ਵਰਤਾਈਆ । ਕੀ ਅਵਤਾਰ ਦੇ ਕੇ ਗਏ ਗਿਆਨ, ਭੇਵ ਅਭੇਦ ਖੁਲ੍ਹਾਈਆ । ਕੀ ਰਾਮ ਕ੍ਰਿਸ਼ਨ ਕੀਤਾ ਫ਼ਰਮਾਨ, ਅਗੰਮ ਅਥਾਹ ਦ੍ਰਿੜਾਈਆ । ਜ਼ਰਾ ਥੋੜ੍ਹਾ ਜਿਹਾ ਸਮਝਾ ਦਿਓ ਕਿਸ ਬਿਧ ਜਗਤ ਰੀਤੀ ਨੀਤੀ ਸੁਧਰੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਪ੍ਰਗਟ ਹੋਏ ਥਾਉਂ ਥਾਈਂਆ । ਚਾਰ ਵਰਨ ਅਠਾਰਾਂ ਬਰਨ ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਵੇਖਣ ਇਕ ਨਿਸ਼ਾਨ, ਦੂਜਾ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ ।

## ੨੫ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਸਿੰਘ ਦੇ ਗ੍ਰਿਹ ਇਟਾਰਸੀ

ਨਾਰਦ ਕਹੇ ਮੈਂ ਭੁੱਖਾ ਨੰਗਾ ਬੰਨ੍ਹ ਕੇ ਤੇੜ ਲੰਗੋਟੀ, ਕੋਝਾ ਕਮਲਾ ਹੋ ਕੇ ਚਾਰੋਂ ਕੁੰਟ ਧਿਆਨ ਲਗਾਈਆ । ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਚੜ੍ਹ ਕੇ ਉਚੀ ਚੋਟੀ, ਸਮੁੰਦ ਸਾਗਰ ਡੂੰਘੇ ਵਹਿਣ ਫੇਰੀਆਂ ਪਾਈਆ । ਵਰਨ ਬਰਨ ਜ਼ਾਤ ਪਾਤ ਵੇਖੇ ਗੋਤੀ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਪੰਧ ਮੁਕਾਈਆ । ਘਟ ਘਟ ਅੰਤਰ ਨਿਰੰਤਰ ਨਿਰਗੁਣ ਨੂਰ ਜਗਦੀ ਵੇਖੀ ਜੋਤੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਵੇਖੀ ਸੋਤੀ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਵੇਖੇ ਕੋਟਨ ਕੋਟੀ, ਅਨਗਿਣਤ ਰੋਵਨ ਮਾਰਨ ਧਾਈਆਂ । ਫਿਰੀ ਦੁਹਾਈ ਹਾਏ ਪਾਣੀ ਹਾਏ ਰੋਟੀ, ਖ਼ਾਲੀ ਪੇਟ ਰਹੇ ਵਜਾਈਆ । ਮੈਂ ਨਿਗਾਹ ਮਾਰੀ ਲੋਕ ਪ੍ਰਲੋਕੀ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਨਾਰਦ ਕਹੇ ਮੈਂ ਭੱਜਾ ਨੱਠਾ ਚਾਰ ਚੁਫੇਰ, ਦੂਰ ਦੁਰਾਡੇ ਪੰਧ ਮੁਕਾਈਆ । ਜਿਧਰ ਵੇਖਾਂ ਉਧਰ ਅੰਧੇਰ, ਸਾਚਾ ਚੰਦ ਨਾ ਕੋਇ ਚਮਕਾਈਆ । ਕੂੜੀ ਕਿਰਿਆ ਲੇਖਾ ਸਕੇ ਨਾ ਕੋਇ ਨਬੇੜ, ਸਚ ਸੁੱਚ ਨਾ ਕੋਇ ਵਡਿਆਈਆ । ਜਦ ਪਹੁੰਚਿਆ ਵਿਚ ਨਦੇੜ, ਗੋਦਾਵਰੀ ਕੰਢਾ ਵੇਖ ਵਖਾਈਆ । ਦੀਨ ਦੁਨੀ ਦਾ ਗਿੜਦਾ ਵੇਖਿਆ ਗੇੜ, ਸ਼ਬਦੀ ਗੋਬਿੰਦ ਧਾਰ ਜਣਾਈਆ । ਪੁਰਖ ਅਕਾਲਾ ਕਰੇ ਮਿਹਰ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਉੱਤਰ ਪੂਰਬ ਪੱਛਮ ਦੱਖਣ ਵੇਖਿਆ ਭਾਰਤ, ਗ੍ਰਿਹ ਗ੍ਰਿਹ ਮੰਦਰ ਵੇਖ ਵਖਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਪ੍ਰਭ ਦੇ ਨਾਮ ਦੀ ਲੈਂਦੇ ਆੜ੍ਹਤ, ਧੜਤ ਵੱਟੇ ਕੂੜ ਕੂੜ ਉਠਾਈਆ । ਮਨ ਨੈਣ ਮਿਲ ਕੇ ਕਰਨ ਸ਼ਰਾਰਤ, ਬੁੱਧ ਬਿਬੇਕ ਨਾ ਕੋਇ ਵਖਾਈਆ । ਅੱਖਰਾਂ ਵਾਲੀ ਪੜ੍ਹ ਇਬਾਰਤ, ਦੀਨਾਂ ਮਜ਼੍ਹਬਾਂ ਰਹੇ ਭੜਕਾਈਆ । ਸਾਚੀ ਕਰੇ ਨਾ ਕੋਇ ਜ਼ਿਆਰਤ, ਜਲਵਾ ਤੱਕੇ ਨਾ ਕੋਇ ਨੂਰ ਅਲਾਹੀਆ । ਸਾਚਾ ਨਾਮ ਨਾ ਮਿਲੇ ਨਿਆਮਤ, ਨਿਝਰ ਰਸ ਨਾ ਕੋਇ ਝਿਰਾਈਆ । ਜਿਧਰ ਵੇਖਾਂ ਇਕ ਦੂਜੇ ਦੀ ਕਰਨ ਮਜ਼ਾਹਮਤ, ਮੁਹੱਬਤ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਇਕੋ ਇਕ ਵਖਾਈਆ । ਨਾਰਦ ਕਹੇ ਮੈਂ ਵੇਖੀ ਧਰਨੀ ਖ਼ਾਕ, ਧਵਲ ਖੋਜ ਖੁਜਾਈਆ । ਰੂਹ ਬੁਤ ਦਿਸਿਆ ਕੋਇ ਨਾ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਮੈਂ ਧਿਆਨ ਮਾਰਿਆ ਗੁਰ ਅਵਤਾਰ ਪੈਗ਼ੰਬਰਾਂ ਕੀ ਲਿਖਿਆ ਭਵਿਖਤ ਵਾਕ, ਲੇਖਾ ਲੇਖ ਕੀ ਦ੍ਰਿੜਾਈਆ । ਕੀ ਖੇਲ ਹੋਣਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਕੀ ਕਾਰ ਕਮਾਈਆ । ਕੀ ਮੰਡਲ ਮੰਡਪ ਬਿਨ ਗੋਪੀ ਕਾਹਨ ਪੈਣੀ ਰਾਸ, ਬ੍ਰਹਿਮੰਡ ਖੰਡ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਜਣਾਈਆ । ਨਾਰਦ ਕਹੇ ਮੈਂ ਤੱਕੀ ਦੀਨ ਦੁਨੀ ਅੰਤਰ, ਅੰਤਸ਼ਕਰਨ ਵੇਖ ਵਖਾਈਆ । ਪ੍ਰਭੂ ਪ੍ਰੇਮ ਨਾ ਮਿਲੇ ਨਿਰੰਤਰ, ਨਿਰਾਕਾਰ ਨਿਰਵੈਰ ਨਿਰੰਕਾਰ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਪੜ੍ਹਦੇ ਮੰਤਰ, ਹਿਰਦੇ ਹਰਿ ਨਾ ਕੋਇ ਵਸਾਈਆ । ਫਿਰੀ ਦਰੋਹੀ ਗਗਨ ਗਗਨੰਤਰ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਸਚ ਬਣਾਏ ਕੋਈ ਨਾ ਬਣਤਰ, ਜੂਠ

ਝੂਠ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸਣ ਲਾਈਆ । ਨਾਰਦ ਕਹੇ ਮੇਰੇ ਸਾਹਿਬ ਸ੍ਰੀ ਭਗਵਾਨਾ, ਭਗਵਨ ਤੇਰੀ ਸਰਨਾਈਆ । ਤੂੰ ਮਾਲਕ ਦੋ ਜਹਾਨਾਂ, ਦੀਨ ਦੁਨੀ ਵੇਖ ਵਖਾਈਆ । ਲੱਖ ਚੁਰਾਸੀ ਆਤਮ ਕਾਹਨਾ, ਸੀਤਾ ਸੁਰਤ ਰਾਮ ਪ੍ਰਨਾਈਆ । ਜੋਤੀ ਧਾਰ ਧੁਰ ਅਮਾਮਾ, ਜਲਵਾਗਰ ਨੂਰ ਅਲਾਹੀਆ । ਸਤਿ ਸਰੂਪ ਸ਼ਾਹ ਸੁਲਤਾਨਾ, ਭੂਪ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨਾ, ਸਤਿ ਧਰਮ ਇਕ ਪ੍ਰਗਟਾਈਆ । ਚਾਰ ਵਰਨ ਅਠਾਰਾਂ ਬਰਨ ਦੇਵੀਂ ਬ੍ਰਹਮ ਗਿਆਨਾ, ਵਿਦਿਆ ਬ੍ਰਹਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਨਾਰਦ ਕਹੇ ਮੇਰੇ ਸਾਹਿਬ ਸਵਾਮੀ ਠਾਕਰ, ਹੱਥ ਤੇਰੇ ਵਡਿਆਈਆ । ਅੰਮ੍ਰਿਤ ਧਾਰ ਬਖ਼ਸ਼ ਅਗੰਮਾ ਸਾਗਰ, ਲਹਿਰ ਲਹਿਰ ਵਿਚੋਂ ਉਪਜਾਈਆ । ਦੀਨ ਦੁਨੀ ਦੇ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਸੁਰਤੀ ਅੰਤਰ ਹੋਵੇ ਏਕਾਗਰ, ਮਨ ਕਲਪਣਾ ਨਾ ਕੋਇ ਹਲਕਾਈਆ । ਦਰਗਾਹ ਸਾਚੀ ਸਚਖੰਡ ਦਵਾਰੇ ਦੇਣਾ ਆਦਰ, ਆਦਰਸ਼ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮੇਲਾ ਲੈਣਾ ਮਿਲਾਈਆ । ਨਾਰਦ ਕਹੇ ਪ੍ਰਭ ਕਲਜੁਗ ਅੰਤਮ ਕਰ ਤਰਸ, ਰਹਿਮਤ ਹੱਕ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਅਗਨੀ ਤੱਤ ਦੇ ਬੁਝਾਈਆ । ਝਗੜਾ ਮੁਕਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਚਰਚ, ਗੁਰੂਦਵਾਰਾ ਇਕੋ ਵੇਸ ਨਜ਼ਰੀ ਆਈਆ । ਯੋਧਾ ਸੂਰਬੀਰ ਬਣ
੧੨੫੯ ਮਰਦਾਨਾ ਮਰਦ, ਮਿਹਰਵਾਨ ਆਪਣਾ ਹੁਕਮ ਸੁਣਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਦੀਨਾਂ ਅਨਾਥਾਂ ਵੰਡ ਦਰਦ, ਦੀਨ ਦੁਨੀ ੧੨੫੯
ਖੋਜ ਖੁਜਾਈਆ । ਸਚ ਬੇਨੰਤੀ ਮੰਨ ਅਰਜ਼, ਆਰਜ਼ੂ ਤੇਰੇ ਅੱਗੇ ਟਿਕਾਈਆ । ਸਤਿ ਧਰਮ ਲਹਿਣਾ ਦੇਣਾ ਵੇਖ ਫ਼ਰਦ, ਕੂੜੀ ਕਿਰਿਆ ਰਹੇ
੨੧ ਨਾ ਰਾਈਆ । ਸ਼ਰਅ ਕਸਾਈ ਰਹੇ ਨਾ ਕਰਦ, ਕ਼ਤਲਗਾਹ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੧
ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਭ ਦੀ ਤੇਰੇ ਕੋਲ ਫ਼ਰਦ, ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਸਭ ਦਾ ਲਹਿਣਾ ਦੇਣਾ ਦੇ ਚੁਕਾਈਆ ।

## ❊ ੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਸੁਰਿੰਦਰ ਸਿੰਘ ਦੇ ਗ੍ਰਿਹ ਇਟਾਰਸੀ ❊

ਜਗਤ ਕਲਾਕ ਵਕ਼ਤ ਢਾਈ, ਢਈਆ ਗੋਬਿੰਦ ਵੱਜੇ ਵਧਾਈਆ । ਪੁਰਖ ਅਕਾਲ ਵੇਖਿਆ ਹਿੰਦਸਾ ਇਕਾਈ, ਜ਼ੀਰੋ ਸਿਫ਼ਰ ਨਾ ਅੱਖ ਮਿਲਾਈਆ । ਖ਼ਾਲਕ ਤੱਕੀ ਖ਼ਲਕ ਖ਼ੁਦਾਈ, ਖ਼ੁਦ ਆਪਣਾ ਨੈਣ ਉਠਾਈਆ । ਸ਼ਬਦੀ ਧਾਰ ਬਣ ਕੇ ਰਾਹੀ, ਦੋ ਜਹਾਨਾਂ ਪੰਧ ਮੁਕਾਈਆ । ਨਿਰਗੁਣ ਸਰਗੁਣ ਵੇਖੇ ਥਾਉਂ ਥਾਈਂ, ਦੀਨ ਦੁਨੀ ਫੋਲ ਫੁਲਾਈਆ । ਅਵਤਾਰ ਪੈਗ਼ੰਬਰ ਗੁਰ ਜਗਾਈ, ਆਸਲ ਨਿੰਦਰਾ ਰਿਹਾ ਮਿਟਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਿਹਾ ਹਿਲਾਈ, ਹੱਲਾ ਆਪਣਾ ਨਾਮ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਰਿਹਾ ਉਠਾਈ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਆਪ ਹੋ ਕੇ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਚਾਰ ਜੁਗ ਦਾ ਲੇਖਾ ਦਿਓ ਦ੍ਰਿੜਾਈ, ਸਨਮੁਖ ਹੋ ਕੇ ਦਿਓ ਵਖਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਵਕਤ ਢਾਈ ਦਾ ਗੋਬਿੰਦ ਮੁਕਿਆ ਢਈਆ, ਢਾਬਾਂ ਤਾਲਾਬਾਂ ਵਿਚ ਪਏ ਦੁਹਾਈਆ । ਆਪਣਾ ਲੇਖਾ ਸਾਰੇ ਕੱਢੇ ਵਹੀਆ, ਵਾਅਦਾ ਧੁਰ ਦਾ ਪੂਰ ਕਰਾਈਆ । ਹੁਕਮ ਦੇਵੇ ਸਾਹਿਬ ਸੁਲਤਾਨ ਧੁਰ ਦਾ ਸਈਆ, ਸਤਿਗੁਰ ਨੂਰ ਅਲਾਹੀਆ । ਕਿਸ ਵਹਿਣ ਵਿਚ ਵਹਿੰਦੀ ਜਗਤ ਨਈਆ, ਨੌਕਾ ਰੂਪ ਕਵਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਢਾਈ ਕਹੇ ਢਈਆ ਗਿਆ ਬੀਤ, ਬੀਤੀ ਸਮਝ ਕਿਸੇ ਨਾ ਆਈਆ । ਸਾਰੇ ਵੇਖੇ ਆਪਣੀ ਆਪਣੀ ਰੀਤ, ਕੀ ਪੂਰਬ ਕਾਰ ਕਮਾਈਆ । ਕ਼ਲਮਾ ਜਾਣੇ ਗੀਤ, ਆਤਮ ਪਰਮਾਤਮ ਸਿਫ਼ਤ ਸਾਲਾਹੀਆ । ਮੰਦਰ ਵੇਖੇ ਮਸੀਤ, ਮੱਠਾਂ ਅੱਖ ਖੁਲ੍ਹਾਈਆ । ਜ਼ਾਤੀ ਵੇਖੇ ਊਚ ਨੀਚ, ਰਾਓ ਰੰਕ ਭੇਵ ਨਾ ਰਾਈਆ । ਕਿਸ ਨਾਲ ਲੱਗੀ ਪ੍ਰੀਤ, ਸਚ ਦਿਓ ਸਮਝਾਈਆ । ਕੀ ਹੋਇਆ ਬਖ਼ਸ਼ੀਸ਼, ਰਹਿਮਤ ਕੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਢਈਆ ਕਹੇ ਮੈਂ ਰਿਹਾ ਲੰਘ, ਆਪਣਾ ਵਕ਼ਤ ਲੰਘਾਈਆ । ਗੋਬਿੰਦ ਕਿਸੇ ਨਾ ਲਾਇਆ ਅੰਗ, ਅੰਗੀਕਾਰ ਨਾ ਕੋਇ ਬਣਾਈਆ । ਨਿਜ ਪਾਇਆ ਕਿਸੇ ਨਾ ਅਨੰਦ, ਪਾਰਮਾਨੰਦ ਨਾ ਕੋਇ ਵਡਿਆਈਆ । ਮੈਂ ਕਰ ਕੇ ਗਿਆ ਜੰਗ, ਖੰਡਾ ਖੜਗ ਖੜਕਾਈਆ । ਛੱਡ ਕੇ ਪੁਰ ਅਨੰਦ, ਨੰਦੇੜ ਦਿਤਾ ਵਸਾਈਆ । ਗਾ ਕੇ ਅੰਤਮ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਆਪਾ ਕਰ ਕੇ ਬੰਦ, ਪ੍ਰਭ ਦੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੋਬਿੰਦ ਕਹੇ ਮੇਰਾ ਢਈਆ ਚੰਗਾ, ਚਾਰ ਜੁਗ ਦਾ ਲੇਖ ਜਣਾਈਆ । ਪਹਿਲੋਂ ਲੇਖਾ ਮੁਕਾ ਕੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗਹਿਰ ਗੰਭੀਰ ਨਾਲ ਮਿਲਾਈਆ । ਅਰਜਨ ਨੂਰੀ ਚੜ੍ਹਾ ਕੇ ਚੰਦਾ, ਰਾਵੀ ਰਵਦਾਸ ਵਾਲੀ ਦੁਹਾਈਆ । ਸ਼ਬਦ ਸਿੰਘਾਸਣ ਵੇਖ ਪਲੰਘਾ, ਕੱਖਾਂ ਸੇਜ ਸੁਹਾਈਆ । ਦੀਨ ਦੁਨੀ ਜਾਣ ਕੇ ਦੰਗਾ, ਦਗੇਬਾਜ਼ੀ ਖੋਜ ਖੁਜਾਈਆ । ਡੰਕਾ ਅਗੰਮ ਵਜਾ ਮਰਦੰਗਾ, ਮਰਦ ਮਰਦਾਨ ਦਿਤਾ ਕਰਾਈਆ । ਭਰਮ ਭੁਲਾ ਕੇ ਬੰਦਾ, ਬੰਧਨਾ ਵਿਚ ਫਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਢਈਆ ਕਹੇ ਮੈਨੂੰ ਕਿਉਂ ਨਹੀਂ ਕਹਿੰਦੇ ਦੋ ਤੇ ਅੱਧਾ, ਅਧਿਆਤਮ ਭੇਵ ਕੋਇ ਨਾ ਪਾਈਆ । ਮੈਂ ਸਭ ਨੂੰ ਦੇਵਾਂ ਸੱਦਾ, ਹੋਕਾ ਹੱਕ ਜਣਾਈਆ । ਜਿਹੜਾ ਪੁਰਖ ਅਕਾਲ ਕਦੇ ਨਾ ਲੱਭਾ, ਨੇਤਰ ਦਰਸ ਕੋਇ ਨਾ ਪਾਈਆ । ਜਿਸ ਨੇ ਸ਼ਸਤਰ ਧਾਰ ਦੁਰਗਾ ਬਣਾਈ ਹੱਥ ਵਿਚ ਫੜਾ ਕੇ ਗਦਾ, ਗਦਾਗਰ ਜੰਗਲਾਂ ਵਿਚ ਕਰਾਈਆ । ਜਿਸ ਨੇ ਅਵਤਾਰਾਂ ਵਖਾ ਕੇ ਆਪਣੀ ਹੱਦਾ, ਹਦੂਦ ਵਿਚ ਫਸਾਈਆ । ਜਿਸ ਨੇ ਪੈਗ਼ੰਬਰਾਂ ਸੁਣਾ ਕੇ ਨੱਦਾ, ਨੌਬਤ ਨਾਮ ਹੱਕ ਦ੍ਰਿੜਾਈਆ । ਜਿਸ ਨੇ ਗੁਰੂਆਂ ਦੱਸ ਕੇ ਆਪਣੀ ਵਜਹ, ਭੇਵ ਅਭੇਦ ਦਿਤਾ ਖੁਲ੍ਹਾਈਆ । ਜਿਸ ਨੇ ਗੋਬਿੰਦ ਮਾਣ ਦਿਤਾ ਹੱਥ ਸੱਜਾ, ਸੱਜਣ ਹੋ ਕੇ ਵੇਖ ਵਖਾਈਆ । ਚਲਾ ਕੇ ਆਪਣੀ ਵਿਚ ਰਜ਼ਾ, ਮਿਹਰ ਨਜ਼ਰ ਉਠਾਈਆ । ਅੰਤ ਸੰਦੇਸ਼ਾ ਦਿਤਾ ਉਪਰ ਲਬਾਂ, ਜ਼ਬਾਨ ਸਕਿਆ ਨਾ ਕੋਇ ਹਿਲਾਈਆ । ਜੋਤੀ ਧਾਰ ਵੜਿਆ ਮਧਾ, ਨੇਤਰ ਨਜ਼ਰ ਕਿਸੇ ਨਾ ਆਈਆ । ਦੀਪਕ ਜੋਤ ਹੋ ਕੇ ਜਗਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗੋਬਿੰਦ ਤੇਰਾ ਜਗਤ ਵਾਲਾ ਨਹੀਂ ਅੱਗਾ, ਦੁਨੀ ਵਾਲੀ ਨਹੀਂ ਵਡਿਆਈਆ । ਸਚ ਦੇਵਾਂ ਅਨੋਖਾ ਪਦਾ, ਪਦਵੀ ਇਕੋ ਇਕ ਜਣਾਈਆ । ਜਦ ਉਪਜੇਂ ਤੇ ਉਪਜੇ

੧੨੬੦ ੨੧

ਮੇਰੀ ਯਦਾ, ਦੂਜਾ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਢਈਆ ਕਹੇ ਗੋਬਿੰਦ ਨਹੀਂ ਤਨ ਵਜੂਦ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਗੋਬਿੰਦ ਹੱਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਗੋਬਿੰਦ ਓਹ ਮੰਜ਼ਲ ਮਕਸੂਦ, ਜਿਸ ਨੂੰ ਚੜ੍ਹਨ ਕੋਇ ਨਾ ਪਾਈਆ । ਗੋਬਿੰਦ ਓਹ ਅਰਸ਼ ਅਰੂਜ, ਆਲੀਸ਼ਾਨ ਇਕ ਅਖਵਾਈਆ । ਗੋਬਿੰਦ ਓਹ ਅਗੰਮ ਹਦੂਦ, ਜਿਸ ਦਾ ਆਰ ਪਾਰ ਨਾ ਕੋਇ ਜਣਾਈਆ । ਗੋਬਿੰਦ ਓਹ ਸਦਾ ਮੌਜੂਦ, ਜੋ ਹਰ ਘਟ ਰਿਹਾ ਸਮਾਈਆ । ਗੋਬਿੰਦ ਓਹ ਜੋ ਭਗਤਾਂ ਕਰੇ ਮਹਿਫੂਜ਼, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਓਹ ਜਿਹੜਾ ਆਦਿ ਅੰਤ ਨਾ ਹੋਵੇ ਨੇਸਤੋ ਨਾਬੂਦ, ਕਰਨੀ ਦਾ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪ੍ਰੇਮ ਪਿਆਰਾ ਪ੍ਰੀਤਮ ਇਕੋ ਸੋਭਾ ਪਾਈਆ । ਢਈਆ ਕਹੇ ਜਨ ਭਗਤੋ ਮੈਂ ਦੱਸਣ ਆਇਆ ਧਰਮ ਧਾਰ ਦਾ ਧਰਮਾ, ਧਾਮੀ ਅਨਾਮੀ ਅੰਤਰਯਾਮੀ ਆਪਣਾ ਹੁਕਮ ਵਰਤਾਈਆ । ਜਿਸ ਦਾ ਹੁਕਮ ਮੰਨਦੇ ਵਿਸ਼ਨ ਸ਼ਿਵ ਸ਼ਿਵ ਵਿਸ਼ਨ ਵਿਸ਼ਨ ਸ਼ਿਵ ਬ੍ਰਹਮਾ, ਬ੍ਰਹਮ ਬ੍ਰਹਮ ਬ੍ਰਹਮ ਬ੍ਰਹਮ ਵਿਚ ਸਮਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਕਰਮਾ, ਨਿਹਕਰਮੀ ਨਿਹਕਰਮੀ ਨਿਹਕਰਮੀ ਆਪਣੀ ਕਾਰ ਵਰਤਾਈਆ । ਜਿਸ ਦਵਾਰੇ ਨਾ ਜੰਮਣਾ ਨਾ ਮਰਨਾ, ਜੰਮਣ ਮਰਨ ਖੇਲ ਨਾ ਕੋਇ ਖਿਲਾਈਆ । ਨਾ ਸੀਸ ਜਗਦੀਸ਼ ਨਾ ਢਹਿਣਾ ਕੋਈ ਸਰਨਾ, ਚਰਨ ਚਰਨੋਦਕ ਰਸ ਨਾ ਕੋਇ ਬਣਾਈਆ । ਨਾ ਲਿਖਣਾ ਨਾ

੧੨੮੯ ਪੜ੍ਹਨਾ, ਖੇਲ ਅਗੰਮ ਅਗੰਮੜੀ ਕਾਰ ਕਮਾਈਆ । ਢਈਆ ਕਹੇ ਮੈਂ ਸਚ ਦੱਸਾਂ ਜੋ ਸਾਹਿਬ ਮੇਰੇ ਖੇਲ ਕਰਨਾ, ਕਰਨੀ ਦਾ ਕਰਤਾ ਆਪਣਾ ੧੨੮੯

੨੧ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਖੇਲ ਵਖਾਈਆ । ਢਈਆ ਕਹੇ ਗੁਰਮੁਖੋ ੨੧

ਕੋਈ ਧਾਰ ਨਹੀਂ ਇਹ ਦੂਜੀ, ਗੋਬਿੰਦ ਕੂਕ ਕੂਕ ਦਏ ਦੁਹਾਈਆ । ਜਿਹੜੀ ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਨਹੀਂ ਸੂਝੀ, ਅੱਖਰਾਂ ਵਿਚ ਨਾ ਕੋਇ ਲਿਖਾਈਆ । ਵਿਚਾਰ ਆਈ ਨਾ ਕਿਸੇ ਵਿਚ ਬੁੱਧੀ, ਜਗਤ ਰਾਹ ਨਾ ਕੋਇ ਬਦਲਾਈਆ । ਪ੍ਰਕਾਸ਼ ਨੂਰ ਨਾ ਹੋਈ ਉਦੀ, ਉਦੇ ਅਸਤ ਨਾ ਕੋਇ ਵਡਿਆਈਆ । ਓਹ ਖੇਲ ਦੱਸਾਂ ਗੂਝੀ, ਰਮਜ਼ ਹਮਜ਼ ਨਮਜ਼ ਵਿਚ ਪ੍ਰਗਟਾਈਆ । ਜਿਸ ਦੀ ਉਡੀਕ ਕਰਦੇ ਅਵਤਾਰ ਪੈਗ਼ੰਬਰ ਜੁਗੀ, ਜਗਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਢਈਆ ਕਹੇ ਜਨ ਭਗਤੋ ਪ੍ਰਭ ਨੇ ਬਦਲ ਜਾਣਾ ਰਵਈਆ, ਸਮਝ ਸਮਝ ਨਾ ਕੋਇ ਸਮਝਾਈਆ । ਆਤਮ ਬ੍ਰਹਮ ਦਾ ਬਣ ਕੇ ਸਈਆ, ਸੱਯਾਹ ਹੋ ਕੇ ਦੋ ਜਹਾਨਾਂ ਵੇਖ ਵਖਾਈਆ । ਦੀਨ ਦੁਨੀ ਦੀ ਪਕੜੇ ਕੋਈ ਨਾ ਬਹੀਆ, ਅੰਗੀ ਅੰਗ ਨਾ ਕੋਇ ਲਗਾਈਆ । ਮੇਰੇ ਉਤੇ ਗੋਬਿੰਦ ਪਾ ਕੇ ਗਿਆ ਸਹੀਆ, ਸਾਹਿਬ ਸਤਿਗੁਰ ਆਪਣੀ ਦਇਆ ਕਮਾਈਆ । ਤੇਈ ਅਵਤਾਰਾਂ ਇਕ ਆਵਾਜ਼ ਕਹੀਆ, ਬਿਨ ਰਸਨਾ ਜਿਹਵਾ ਅਲਾਈਆ । ਪੈਗ਼ੰਬਰ ਕਹਿਣ ਹੱਕ ਖ਼ੁਦਾ ਬਦਲ ਦੇਣਾ ਰਵਈਆ, ਰਹੀਮ ਰਹਿਮਤ ਵਿਚ ਆਪਣਾ ਰਹਿਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਢਈਆ ਕਹੇ ਮੈਂ ਗੋਬਿੰਦ ਤੱਕਿਆ, ਤੱਕਿਆ ਨੂਰ ਅਲਾਹ । ਜਿਸ ਨੇ ਪੰਚਮ ਜੇਠ ਖੇਲ ਕਰਨਾ ਮਦੀਨੇ ਮੱਕਿਆ, ਮੰਬਰ ਮੁਨਾਰੇ ਵੇਖੇ ਨਾਲ ਚਾਅ । ਨੂਰ ਅਲਾਹ ਇਕ ਸ਼ਬਦ ਸੁਣਾਏ ਅਕੱਥਿਆ, ਧੁਰ ਦਾ ਨਗ਼ਮਾ ਆਏ ਗਾ । ਜਿਹੜਾ

ਅਮਾਮ ਕਿਸੇ ਨਹੀਂ ਲੱਭਿਆ, ਪੰਜਾਂ ਨੂੰ ਆਪਣਾ ਦਰਸ ਆਵੇ ਦਿਖਾ । ਓਹ ਵੇਖਣ ਲਹਿੰਦੇ ਤੋਂ ਚੜ੍ਹਦੀ ਹੱਦਿਆ, ਸਯਦੇ ਵਿਚ ਕਰਨ ਦੁਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰ ਧਰਨੀ ਹੋਏ ਸਹਾਈਆ । ਢਈਆ ਕਹੇ ਸੰਦੇਸ਼ਾ ਦੇਣਾ ਨਾਜ਼ਾਕੂਮੀ ਪੋਪ, ਪੁਸ਼ਤ ਪਨਾਹ ਹੱਥ ਟਿਕਾਈਆ । ਜਿਹੜਾ ਮਸੀਹ ਹੋਇਆ ਅਲੋਪ, ਲੋਚਨ ਨਜ਼ਰ ਕਿਸੇ ਨਾ ਆਈਆ । ਲੱਭਦੇ ਕੋਟੀ ਕੋਟ, ਖੋਜਣ ਧਿਆਨ ਲਗਾਈਆ । ਓਹ ਪ੍ਰਕਾਸ਼ ਕਰ ਕੇ ਨਿਰਮਲ ਜੋਤ, ਨੂਰ ਆਏ ਚਮਕਾਈਆ । ਤੂੰ ਮੇਰਾ ਮੈਂ ਤੇਰਾ ਦੱਸ ਸਲੋਕ, ਸੁੱਤਿਆਂ ਲਏ ਉਠਾਈਆ । ਹੱਕ ਖ਼ੁਦਾ ਦੀ ਜਿਸ ਮਾਨਣੀ ਮੌਜ, ਭਾਰਤ ਵੱਜੇ ਵਧਾਈਆ । ਜਿਸ ਦੇ ਹੁਕਮੇ ਅੰਦਰ ਸਾਰੇ ਹੋਏ ਫ਼ੌਤ, ਮਕਬਰਿਆਂ ਵਿਚ ਡੇਰਾ ਲਾਈਆ । ਸੋ ਸਭ ਦੀ ਮੇਟਣ ਆਇਆ ਅਦੌਤ, ਅਦਲ ਇਨਸਾਫ਼ ਇਕ ਕਮਾਈਆ । ਛੇਤੀ ਜਾਣਾ ਪਹੁੰਚ, ਮਾਰਗ ਸਿੱਧਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਖਿਲਾਈਆ । ਢਈਆ ਕਹੇ ਮੈਂ ਵੇਖੀ ਤਲਵੰਡੀ ਵਾਲੀ ਢਾਬਾ, ਬਿਨ ਅੱਖਾਂ ਅੱਖ ਉਠਾਈਆ । ਮੈਨੂੰ ਮਿਲਿਆ ਨਾਨਕ ਪਹਿਲੋਂ ਬਾਲਾ ਤੇ ਅੰਤਮ ਬੁੱਢਾ ਬਾਬਾ, ਬਾਹਰ ਦਾ ਲੇਖਾ ਨਾਲ ਰਖਾਈਆ । ਜਿਸ ਇਸ਼ਾਰਾ ਕੀਤਾ ਉਂਗਲ ਨਾਲ ਵਲ ਕਾਅਬਾ, ਕ਼ਿਬਲੇਅਜ਼ ਜਣਾਈਆ । ਮਹਿਬੂਬ ਤੱਕਾਂ ਕਵਣ ਮਹਿਰਾਬਾ, ਮਹਿਰਮ ਨੂਰ ਅਲਾਹੀਆ । ਝਟ ਬਗ਼ਲ ਵਿਚੋਂ ਕੱਢਿਆ ਕੀ ਲੇਖਾ ਲਿਖਿਆ ਵਿਚ ਬਗਦਾਦਾ, ਬਗ਼ਲਗੀਰ ਕਵਣ ਅਖਵਾਈਆ । ਜਿਸ ਦੇ ਪਿਛੇ ਗੁਜ਼ਾਰੀ ਨਿਮਾਜ਼ਾ, ਸੀਨੇ ਹੱਥ ਟਿਕਾਈਆ । ਰੋਜ਼ਿਆਂ ਵਿਚ ਦਿਤੀਆਂ ਬਾਂਗਾਂ, ਅਜ਼ਾਨ ਨੂਰ ਅਲਾਹੀਆ । ਓਸ ਦਾ ਲੇਖ ਨਾ ਪੁੰਨ ਨਾ ਸਵਾਬਾ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਢਈਆ ਕਹੇ ਮੈਂ ਨਾਨਕ ਦੇ ਚਰਨ ਤੱਕਿਆ ਜਾਂ ਨਿਗਾਹ ਪਈ ਤੇ ਮੈਨੂੰ ਨਜ਼ਰੀ ਆਇਆ ਵਾਲਾ ਬਾਜ਼ਾਂ, ਗੋਬਿੰਦ ਸੋਹਣਾ ਸੋਭਾ ਪਾਈਆ । ਜਾਂ ਫੇਰ ਵੇਖਿਆ ਉਸ ਦਾ ਭਗਤਾਂ ਨਾਲ ਵਾਅਦਾ, ਵਾਅਦੇ ਸਭ ਦੇ ਪੂਰ ਕਰਾਈਆ । ਮੈਂ ਹੱਸ ਕੇ ਕਿਹਾ ਮੈਨੂੰ ਦੁੱਖੜਾ ਕਾਹਦਾ, ਦਰਦ ਰਿਹਾ ਨਾ ਰਾਈਆ । ਹੱਥ ਜੋੜ ਕੇ ਕਰੀ ਬੇਨੰਤੀ ਦੀਨ ਦੁਨੀ ਦੇ ਮਾਲਕ ਆਪਣਾ ਸੰਬਲ ਇਕ ਵਸਾ ਜਾ, ਵਸਤੀ ਇਕ ਵਡਿਆਈਆ । ਖ਼ਬਰ ਸੰਦੇਸ਼ੇ ਦੇ ਦੇ ਪ੍ਰਗਟ ਹੋ ਜਾ ਦੇਸ ਮਾਝਾ, ਓਹਲਾ ਅੱਗੇ ਰਹਿਣ ਨਾ ਪਾਈਆ । ਹੁਣ ਭਰਮ ਭੁਲੇਖਾ ਕਾਹਦਾ, ਕਦੀਮ ਦੇ ਮਾਲਕ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਜਣਾਈਆ । ਢਈਆ ਕਹੇ ਮੇਰੇ ਗੋਬਿੰਦ ਹੁਣ ਕਰ ਦੇਵੀਂ ਐਲਾਨ, ਐਲਾਨੀਆਂ ਆਪਣਾ ਹੁਕਮ ਜਣਾਈਆ । ਜੇ ਤੇਰਾ ਰੂਪ ਸ੍ਰੀ ਭਗਵਾਨ, ਕਿਉਂ ਬੈਠਾ ਮੁਖ ਛੁਪਾਈਆ । ਮੈਨੂੰ ਐਂ ਦਿਸਦਾ ਸਤਾਰਾਂ ਹਾੜ ਦਿਵਸ ਮਹਾਨ, ਪੰਚਮ ਸੰਮਤ ਸ਼ਹਿਨਸ਼ਾਹੀ ਵਡਿਆਈਆ । ਖ਼ਬਰ ਦੇ ਦੇਣੀ ਜੋ ਦੁਨੀਆ ਦੇ ਪ੍ਰਧਾਨ, ਨਿਸ਼ਾਨਾ ਸਤਿ ਉਠਾਈਆ । ਪ੍ਰਗਟ ਹੋ ਕੇ ਔਣਾ ਵਿਚ ਮੈਦਾਨ, ਸੂਰਬੀਰ ਆਪਣਾ ਬਲ ਪ੍ਰਗਟਾਈਆ । ਇਕ ਵੇਰਾਂ ਮੈਨੂੰ ਸਭ ਨੇ ਕਹਿਣਾ ਸ਼ੈਤਾਨ, ਜੋ ਸਭ ਦੀ ਸ਼ਰਅ ਰਿਹਾ ਠੁਕਰਾਈਆ । ਢਈਆ ਕਹੇ ਮੈਂ ਨਿਉਂ ਨਿਉਂ ਤੇਰੇ ਚਰਨ ਜਾਵਾਂ ਕੁਰਬਾਨ, ਵਿਟੁਹ ਆਪਣਾ ਆਪ ਕਰਾਈਆ । ਮੈਂ ਚਾਹੁੰਦਾ ਤੇਰੇ ਨਾਮ ਦਾ ਚਾਰ ਕੁੰਟ ਚੜ੍ਹੇ ਤੁਫ਼ਾਨ, ਅੰਧੇਰਾ ਕੂੜ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਨੀ ਦਾ ਮਸਤਕ ਦੇਣਾ ਬਦਲਾਈਆ । ਢਈਆ ਕਹੇ ਤੇਰਾ ਹੁਕਮ ਹੋਵੇ ਜ਼ਰੂਰੀ, ਜ਼ਾਹਰ ਜ਼ਹੂਰ ਤੇਰੀ ਰੁਸ਼ਨਾਈਆ । ਜੇ ਤੂੰ ਜਿਸਮ ਨਜ਼ਰੀ ਆ ਸਭ ਦਾ ਇਸਮ ਜਲਵਾਗਰ ਨੂਰੀ, ਨੂਰ

ਨੁਰਾਨਾ ਨੂਰ ਚਮਕਾਈਆ । ਮੰਜ਼ਲ ਮੁਕਾ ਨੇੜ ਦੂਰੀ, ਦੋ ਜਹਾਨਾਂ ਆਪਣਾ ਫੇਰਾ ਪਾਈਆ । ਜਿਥੇ ਤੇਰੇ ਸੰਤ ਭਗਤ ਸੂਫ਼ੀਆਂ ਦੇ ਚਰਨ ਧੂੜੀ, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਲੈ ਉਠਾਈਆ । ਪ੍ਰਭੂ ਤੂੰ ਕਿਹੜੀ ਭੁੱਖੇ ਨੇ ਖਾਣੀ ਕੜਾਹ ਪੂੜੀ, ਹਲਵਿਆਂ ਵਿਚ ਨਾ ਮਨ ਧਰਾਈਆ । ਆਪਣੇ ਨਾਮ ਦੀ ਮਸਤੀ ਪ੍ਰੇਮ ਦਾ ਸਰੂਰੀ, ਸ਼ਬਦ ਸ਼ਬਦ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਢਈਆ ਕਹੇ ਮੈਂ ਲੇਖਾ ਦੱਸਾਂ ਆਪ, ਪਿਛਲਾ ਧਿਆਨ ਲਗਾਈਆ । ਗੋਬਿੰਦ ਨਜ਼ਰ ਆਇਆ ਸਾਖ਼ਿਆਤ, ਸਤਿ ਸਰੂਪ ਸੋਭਾ ਪਾਈਆ । ਗੋਬਿੰਦ ਕਿਹਾ ਪਿੱਛੇ ਝਾਕ, ਪੂਰਬ ਵੇਖ ਵਖਾਈਆ । ਜਾਂ ਵੇਖਿਆ ਢਾਈ ਦਿਨ ਰਾਮ ਨੇ ਏਥੇ ਕੀਤਾ ਸੀ ਜਾਪ, ਘੁਟਨੇ ਧਰਤੀ ਉਤੇ ਟਿਕਾਈਆ । ਕੰਨਾਂ ਤੇ ਲਾ ਕੇ ਹਾਥ, ਨੈਣ ਲਏ ਦਬਾਈਆ । ਜਿਸ ਵੇਲੇ ਆਵੇ ਪ੍ਰਭੂ ਆਪ, ਮੇਰੇ ਰਾਮ ਰਾਮ ਹੋਵੇਂ ਸਹਾਈਆ । ਲੈ ਕੇ ਧੂੜੀ ਰਾਖ, ਮਸਤਕ ਨਾਲ ਛੁਹਾਈਆ । ਕੱਢਕੇ ਮੁਖ ਵਿਚੋਂ ਵਾਕ, ਉਂਗਲ ਨਾਲ ਦਿਤਾ ਲਿਖਾਈਆ । ਜਿਸ ਨੇ ਪੈਗ਼ੰਬਰਾਂ ਦਾ ਬਣਨਾ ਬਾਪ, ਗੋਬਿੰਦ ਦਾ ਪਿਤਾ ਮਾਈਆ । ਸਭ ਦਾ ਲੇਖਾ ਲੈਣਾ ਹਿਸਾਬ, ਬਚਿਆ ਰਹਿਣ ਕੋਇ ਨਾ ਪਾਈਆ । ਰਾਮ ਨੇ ਆਪਣਾ ਨਾਖੁਨ ਲਿਆ ਕਾਟ, ਖੱਬਾ ਅੰਗੂਠਾ ਦੰਦਾਂ ਹੇਠ ਚਬਾਈਆ । ਮੁਖੋਂ ਕਿਹਾ ਕੋਈ ਧਰਮ ਦਾ ਰਹਿਣਾ ਨਹੀਂ ਹਾਟ, ਪੇਸ਼ਾਨੀ ਤਲੀ ਉਤੇ ਰਖਾਈਆ । ਲਾਗਿਉਂ ਸੀਤਾ ਗਈ ਕਾਂਪ, ਮੇਰੇ ਰਾਮ ਦੁਹਾਈਆ । ਕੋਈ ਨਹੀਂ ਦਿਸਦਾ ਸਾਥ, ਸੰਗੀ ਸੰਗ ਤਜਾਈਆ । ਰਿਹਾ ਨਾ ਕੋਈ ਵਿਸ਼ਵਾਸ, ਵਿਸ਼ਿਆਂ ਵਿਚ ਦੇਣੇ ਹਲਕਾਈਆ । ਸਤਿ ਹੋਣਾ ਪਾਸ਼ ਪਾਸ਼, ਟੁਕੜੇ ਟੁਕੜੇ ਲੋਕਾਈਆ । ਰਾਮ ਨੇ ਤੱਕਿਆ ਉਪਰ ਆਕਾਸ਼, ਆਸਣ ਏਸੇ ਥਾਂ ਵਿਛਾਈਆ । ਮੇਰੇ ਰਾਮ ਤੇਰਾ ਕਿਹੜਾ ਪੱਤਨ ਕਿਹੜਾ ਘਾਟ, ਮੈਨੂੰ ਦੇ ਵਖਾਈਆ । ਕਵਣ ਪੂਜਾ ਕਵਣ ਪਾਠ, ਕਵਣ ਮਿਲੇ ਵਡਿਆਈਆ । ਸ਼ਬਦ ਅਗੰਮੀ ਆਵਾਜ਼ ਆਈ ਮੇਰਾ ਗ਼ਰੀਬਾਂ ਨਾਲ ਸਾਥ, ਚਮਿਆਰਾਂ ਰੰਗ ਰੰਗਾਈਆ । ਬਲ ਦਵਾਰੇ ਲਿਆ ਝਾਕ, ਬਲ ਦਾ ਨੰਨ੍ਹਾ ਬੇਟਾ ਧਰਮ ਧਾਰ ਦੀ ਗੋਲੀ ਜੁਗਿੰਦਰ ਦਿਤਾ ਸਮਝਾਈਆ । ਭਗਤਾਂ ਦੀ ਆਤਮ ਸੇਜਾ ਮੇਰੀ ਖਾਟ, ਦੂਜਾ ਸੁਖਆਸਣ ਨਾ ਕੋਇ ਵਡਿਆਈਆ । ਹਿਰਦੇ ਅੰਦਰ ਮੇਰੀ ਬਾਤ, ਬਾਤਨ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਢਈਆ ਕਹੇ ਕੁਛ ਔਂਦਾ ਜਾਂਦਾ ਸਮਾਂ, ਸਮਝ ਦਿਆਂ ਜਣਾਈਆ । ਪ੍ਰਭ ਨੇ ਖੇਲ ਕਰਨਾ ਨਵਾਂ, ਨਵਾਂ ਰੂਪ ਬਦਲਾਈਆ । ਮਾਣ ਗਵਾ ਕੇ ਮਾਟੀ ਚੰਮਾਂ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜਨ ਭਗਤਾਂ ਦਾ ਲੇਖਾ ਰੱਖਕੇ ਆਪਣੇ ਕੋਲ ਦਮਾਂ, ਦਾਮਨਗੀਰ ਆਪ ਹੋ ਜਾਈਆ । ਪਤਾ ਨਹੀਂ ਕਿਹੜੇ ਵੇਲੇ ਆਪਣੇ ਲਿਖਾਰੀਆਂ ਨਾਲ ਲੈ ਕੇ ਕਿਧਰ ਨੂੰ ਹੋ ਜਾਏ ਰਵਾਂ, ਮਾਤਾ ਪਿਤਾ ਹੱਥ ਕਿਸੇ ਨਾ ਆਈਆ । ਰਾਮ ਕਹੇ ਨਾ ਕੋਈ ਹਰਖ ਸੋਗ ਗ਼ਮਾ, ਚਿੰਤਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਪੈਰ ਚੁੰਮਣੇ, ਬਿਨ ਰਸਨਾ ਰਸ ਲਗਾਈਆ । ਜਿਸ ਦੇ ਭਗਤ ਮੇਰੇ ਉਤੇ ਘੁੰਮਣੇ, ਨੌਂ ਖੰਡ ਪ੍ਰਿਥਮੀ ਆਪਣੇ ਹੇਠ ਦਬਾਈਆ । ਮੈਂ ਸ਼ਬਦ ਸੰਦੇਸ਼ੇ ਸੁਣਨੇ, ਢੋਲੇ ਅਗੰਮ ਅਥਾਹੀਆ । ਜਗਤ ਜਗਿਆਸੂ ਜਗਤ ਵਾਸਨਾ ਵਿਚ ਰੁਲਣੇ, ਸਕੇ ਨਾ ਕੋਇ ਬਚਾਈਆ । ਅਵਤਾਰ ਪੈਗ਼ੰਬਰਾਂ ਸੀਸ ਝੁਕਣੇ, ਮੰਨਣ ਇਕ ਖ਼ੁਦਾਈਆ । ਧੁਰ ਦੇ ਹੁਕਮ ਕਦੀ ਨਾ ਰੁਕਣੇ, ਗੋਬਿੰਦ ਰਿਹਾ ਦ੍ਰਿੜਾਈਆ । ਜਗਤ ਵਿਕਾਰੀ ਮੂਲ ਨਾ

੧੨੬੩ ੨੧

ਮੁਕਣੇ, ਵੇਖੇ ਥਾਉਂ ਥਾਈਂਆ । ਜਨ ਭਗਤੋ ਤੁਹਾਥੋਂ ਲੇਖੇ ਅੱਗੇ ਕਿਸੇ ਨਹੀਂ ਪੁੱਛਣੇ, ਸਭ ਦੇ ਲੇਖੇ ਏਥੇ ਦੇਣੇ ਮੁਕਾਈਆ । ਰਾਮ ਨੇ ਘੁਟਨੇ ਉਪਰ ਰੱਖਕੇ ਘੁਟਨੇ, ਆਸਣ ਲਿਆ ਵਟਾਈਆ । ਜਿਸ ਵੇਲੇ ਪੈਗ਼ੰਬਰ ਪੈਗ਼ਬਰਾਂ ਨਾਲ ਜੁੱਟਣੇ, ਦੀਨ ਦੁਨੀ ਦਏ ਹਿਲਾਈਆ । ਅਰਸ਼ਾਂ ਦੇ ਤਾਰੇ ਟੁੱਟਣੇ, ਟੁੱਟੀ ਨੂੰ ਸਕੇ ਨਾ ਕੋਇ ਜੁੜਾਈਆ । ਗੁਰਮੁਖਾਂ ਦੇ ਫੜਨੇ ਗੁਟਣੇ, ਗਲ ਆਪਣੇ ਲੈਣੇ ਲਗਾਈਆ । ਇਹ ਨਾਤੇ ਪਿਤਾ ਪੁੱਤ ਨੇ, ਅੱਗੇ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਢਈਆ ਕਹੇ ਮੈਂ ਅੱਜੇ ਤੱਕ ਰਿਹਾ ਡਾਵਾਂ ਡੋਲ, ਮੇਰੀ ਧੀਰ ਨਾ ਕੋਇ ਧਰਾਈਆ । ਮੈਂ ਦੂਰੋਂ ਦੂਰੋਂ ਸੁਣਦਾ ਰਿਹਾ ਬੋਲ, ਸ਼ਬਦੀ ਆਵਾਜ਼ ਧਿਆਨ ਲਗਾਈਆ । ਚਾਰ ਕੁੰਟ ਰਿਹਾ ਟਟੋਲ, ਵੇਖਿਆ ਥਾਉਂ ਥਾਈਂਆ । ਅੱਜ ਪਤਾ ਲੱਗਾ ਰਾਮ ਏਸੇ ਜ਼ਿਮੀਂ ਉਤੇ ਆਪਣੇ ਰਾਮ ਦਾ ਲਾ ਕੇ ਗਿਆ ਪੋਲ, ਨਿਸ਼ਾਨਾ ਇਕ ਬਣਾਈਆ । ਜਿਸ ਧਰਤੀ ਨੂੰ ਕਹਿੰਦੇ ਗੋਲ, ਉਸ ਗੋਲ ਦੀ ਚਪਟੀ ਚੱਪਾ ਚੱਪਾ ਵੇਖੇ ਥਾਉਂ ਥਾਈਂਆ । ਦਰਬਵਾਸੀ ਰੋਲ, ਗਰਭ ਵਾਸੀ ਦਏ ਸਜ਼ਾਈਆ । ਜਨ ਭਗਤ ਵਿਚੋਂ ਕੱਢੇ ਨਿਰੋਲ, ਆਪ ਆਪਣੀ ਦਇਆ ਕਮਾਈਆ । ਆਪਣੇ ਜਨਮ ਕਰਮ ਦਾ ਲੇਖਾ ਕੋਈ ਨਾ ਸਕੇ ਫੋਲ, ਬੁੱਧੀ ਵਿਚ ਨਾ ਕੋਇ ਚਤੁਰਾਈਆ । ਸਚ ਦਾ ਤੋਲੇ ਕੋਈ ਨਾ ਤੋਲ, ਨਾਮ ਕੰਢਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਨਜ਼ਰੀ ਆਈਆ । ਢਈਆ ਕਹੇ ਭਗਤੋ ਕਿਸੇ ਦੀ ਨਾ ਕਰਿਓ ਗ਼ੁਲਾਮੀ, ਦਰ ਮੰਗਣ ਕਦੇ ਨਾ ਜਾਈਆ । ਤੁਹਾਡੀ ਰੀਤੀ ਨਾ ਰਹੀ ਪੁਰਾਣੀ, ਪ੍ਰਾਣ ਅਧਾਰੀ ਦਿਤੀ ਬਦਲਾਈਆ । ਬੁੱਢਿਆਂ ਨੱਢਿਆਂ ਦੀ ਇਕੋ ਜਵਾਨੀ, ਇਕੋ ਰੰਗਣ ਨਾਮ ਰੰਗਾਈਆ । ਤੁਹਾਡਾ ਮਾਲਕ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜਿਥੇ ਰਾਮ ਨੇ ਖਾਧੀ ਮਹਿਮਾਨੀ, ਓਸੇ ਦੀ ਇਹ ਨਿਸ਼ਾਨੀ, ਜਿਸ ਨੇ ਨਿਗਾਹ ਰੱਖੀ ਉਪਰ ਅਸਮਾਨੀ, ਇਸਮ ਆਜ਼ਮ ਇਕ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਵਡਿਆਈਆ । ਢਈਆ ਕਹੇ ਜਨ ਭਗਤੋ ਬਿਨ ਜਗਾਇਆਂ ਜਾਗੋ, ਜਗਤ ਆਲਸ ਨਿੰਦਰਾ ਗ਼ਫ਼ਲਤ ਦੇਣੀ ਤਜਾਈਆ । ਇਕ ਦੀ ਸਰਨੀ ਲਾਗੋ, ਲਗ ਮਾਤਰ ਦਾ ਡੇਰਾ ਢਾਹੀਆ । ਹੰਸ ਬਣ ਜਾਓ ਕਾਗੋਂ, ਸੋਹੰ ਹੰਸਾ ਜਾਪ ਮਿਲੇ ਧੁਰਦਰਗਾਹੀਆ । ਮਨ ਕਲਪਣਾ ਸਾਧੋ, ਸਾਧ ਧੁਰ ਦੇ ਦਿਆਂ ਬਣਾਈਆ । ਬਿਨਾ ਰਸਨਾ ਤੋਂ ਅਰਾਧੋ, ਅੰਦਰ ਵੜ ਕੇ ਮਿਲਾਂ ਚਾਈਂ ਚਾਈਂਆ । ਸੁਣੋ ਅਗੰਮੀ ਆਵਾਜ਼ੇ, ਧੁਨ ਦਿਆਂ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਸ਼ਕ ਸਭ ਨੂੰ ਕਹਿ ਦੇਣਾ ਸਾਨੂੰ ਪ੍ਰਭੂ ਪਿਆਰਾ ਲਾਧੋ, ਜਿਹੜਾ ਲੱਭਿਆਂ ਹੱਥ ਕਿਸੇ ਨਾ ਆਈਆ ।

### ❊ ੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਕੌੜਾ ਮਲ ਸਦਨ ਮਲ ਦੇ ਗ੍ਰਹਿ ਇਟਾਰਸੀ ❊

ਰਾਮ ਕਹੇ ਏਥੇ ਤਾਨਾ ਮਾਨਾ ਹੁੰਦੇ ਸੀ ਦੋ ਪੋਸਤੀ, ਭੰਗ ਪੀ ਕੇ ਸੂਟਾ ਸੁਲਫੇ ਵਾਲਾ ਲਗਾਈਆ । ਮਸਤੀ ਲੈਂਦੇ ਸੀ ਨਸ਼ੇ ਵਾਲੀ ਝੋਕ ਦੀ,

ਝੁਕ ਝੁਕ ਇਕ ਦੂਜੇ ਨੂੰ ਸੀਸ ਨਿਵਾਈਆ । ਇਹ ਆਦਤ ਸੀ ਉਨ੍ਹਾਂ ਦੀ ਰੋਜ਼ ਦੀ, ਤੇਤੀ ਸਾਲ ਏਸੇ ਤਰ੍ਹਾ ਝਟ ਲੰਘਾਈਆ । ਵਿਚੋਂ ਆਸ਼ਾ ਸੀ ਇਕ ਨਿਰਮਲ ਜੋਤ ਦੀ, ਜਿਸ ਦੀ ਦਿਵਸ ਰੈਣ ਮੰਗ ਮੰਗਾਈਆ । ਕਦੀ ਕਦੀ ਗੱਲ ਕਰਦੇ ਸੀ ਹੋਸ਼ ਦੀ, ਅੱਖਾਂ ਲਾਲ ਲਾਲ ਰਖਾਈਆ । ਸਿਫ਼ਤ ਵੇਖਦੇ ਸੀ ਬ੍ਰਹਮਾ ਵਾਲੇ ਕੋਸ਼ ਦੀ, ਇਕ ਦੂਜੇ ਨੂੰ ਕੰਨਾਂ ਵਿਚ ਜਣਾਈਆ । ਸਾਡੇ ਕੋਲ ਲਿਆਕਤ ਨਹੀਂ ਜਿਹੜੀ ਸਚਖੰਡ ਪਹੁੰਚਦੀ, ਪੁੱਜ ਕੇ ਪ੍ਰਭ ਦਾ ਦਰਸ਼ਨ ਪਾਈਆ । ਕਦੀ ਕਹਿਣ ਆਸਾ ਰੱਖੀ ਓਸ ਦੀ, ਓੜਕ ਲਏ ਮਿਲਾਈਆ । ਫੇਰ ਕਹਿਣ ਪ੍ਰਭੂ ਨਾਲੋਂ ਸਾਡੀ ਮੁਤਹਰੀ ਚੰਗੀ ਜਿਹੜੀ ਸਾਡੀ ਭੰਗ ਘੋਟਦੀ, ਪਿਆਲਾ ਸਾਨੂੰ ਦਏ ਪਿਆਈਆ । ਇਉਂ ਜਾਪਦੀ ਜਿਵੇਂ ਇਹ ਪਿਛਲੀ ਸਾਡੀ ਗੋਤ ਦੀ, ਪੁਰਾਣੀ ਸਾਥਣ ਨਜ਼ਰੀ ਆਈਆ । ਸਾਨੂੰ ਪੀਂਦਿਆਂ ਨੂੰ ਕਦੀ ਨਹੀਂ ਰੋਕਦੀ, ਸਗੋਂ ਕਾਸਿਆਂ ਵਿਚ ਆਪਣਾ ਆਪ ਉਲਟਾਈਆ । ਸਾਨੂੰ ਕਦੀ ਨਹੀਂ ਟੋਕਦੀ, ਗ਼ੁੱਸਾ ਨਾ ਕੋਇ ਵਖਾਈਆ । ਕਦੀ ਇਕ ਦੂਜੇ ਨੂੰ ਕਹਿਣ ਸਾਡੀ ਬੁੱਧੀ ਨਹੀਂ ਕੋਈ ਖੋਟ ਦੀ, ਅਸੀਂ ਖਰੇ ਪ੍ਰਭ ਨੂੰ ਰਹੇ ਧਿਆਈਆ । ਸਾਨੂੰ ਖ਼ਬਰ ਨਹੀਂ ਕਿਸੇ ਲੋਕ ਦੀ, ਪ੍ਰਲੋਕ ਨਾ ਕੋਇ ਜਣਾਈਆ । ਸਾਨੂੰ ਮੁਹੱਬਤ ਇਕੇ ਦੀ ਮੋਹਿਤ ਦੀ, ਜੋ ਮੋਹਣੀ ਰੂਪ ਵਟਾਈਆ । ਕਦੇ ਗੰਢ ਵੇਖਣ ਆਪਣੀ ਲੰਗੋਟ ਦੀ, ਜੋ ਕਮਰ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਧਰਨੀ ਕਹੇ ਪੋਸਤੀ ਦੋਵੇਂ ਹੁੰਦੇ ਸੀ ਤਾਜੇ ਮੋਟੇ, ਢਿੱਡ ਮਟਕਿਆਂ ਵਾਂਗ ਬਣਾਈਆ । ਉਤੋਂ ਸਿਰ ਹੁੰਦੇ ਸੀ ਘੋਟੇ, ਬੋਦੀ ਜੰਞੂ ਨਾ ਕੋਇ ਵਖਾਈਆ । ਤੇੜ ਹੁੰਦੇ ਸੀ ਲੰਗੋਟੇ, ਤਨ ਬਸਤਰ ਨਾ ਕੋਇ ਛੁਹਾਈਆ । ਰਾਤ ਨੂੰ ਜਾਗਣ ਦਿਨੇ ਸੀ ਸੋਤੇ, ਅੱਖਾਂ ਬੰਦ ਵਖਾਈਆ । ਸੋਚਾਂ ਵਿਚ ਮਾਰਦੇ ਸੀ ਗੋਤੇ, ਮਨ ਦੇ ਵਹਿਣਾਂ ਵਿਚ ਆਪਣਾ ਆਪ ਡੁਬਾਈਆ । ਕਦੀ ਕਦੀ ਹੋਸ਼ ਵਿਚ ਆ ਕੇ ਰੱਖਦੇ ਸੀ ਇਕ ਲੋਚੇ, ਲੋਚਣ ਨੈਣ ਖੁਲ੍ਹਾਈਆ । ਅਸੀਂ ਗੁਰੂ ਨਹੀਂ ਮੰਨਣੇ ਬਹੁਤੇ, ਇਕੋ ਪੁਰਖ ਅਕਾਲ ਮਿਲ ਕੇ ਖ਼ੁਸ਼ੀ ਮਨਾਈਆ । ਜਿਸ ਦੇ ਨਾਲ ਸਾਡੇ ਤਨ ਮਨ ਦੇ ਕਪੜੇ ਜਾਣ ਧੋਤੇ, ਦੁਰਮਤ ਮੈਲ ਰਹੇ ਨਾ ਰਾਈਆ । ਸਾਡੇ ਭਾਗ ਨਾ ਰਹਿਣ ਸੋਤੇ, ਸੁੱਤਿਆਂ ਦਏ ਜਗਾਈਆ । ਇਕ ਦਿਨ ਰਾਮ ਆ ਗਿਆ ਉਹ ਭੰਗ ਰਹੇ ਸੀ ਘੋਟੇ, ਰਗੜਾ ਰਗੜੇ ਵਿਚੋਂ ਰਖਾਈਆ । ਓਨ ਤੱਕਿਆ ਠੀਕ ਸਮੇਂ ਮੌਕੇ, ਮੁਕੰਮਲ ਵੇਖ ਵਖਾਈਆ । ਇਕ ਨੇ ਅੱਗੋਂ ਕਿਹਾ ਰੋ ਕੇ, ਦੂਜੇ ਹੱਸ ਕੇ ਦਿਤਾ ਵਖਾਈਆ । ਜੇ ਸਾਡੇ ਪਿਆਲੇ ਫੜਾਵੇਂ ਧੋ ਕੇ, ਇਸ ਖ਼ੁਸ਼ੀ ਵਿਚ ਤੈਨੂੰ ਭੰਗ ਦਈਏ ਪਿਆਈਆ । ਕਿਤੇ ਸਾਡੇ ਵਰਗਾ ਵੇਖੀਂ ਹੋ ਕੇ, ਨਸ਼ਿਆਂ ਵਿਚ ਜ਼ਿਮੀਂ ਅਸਮਾਨਾਂ ਤੋਂ ਪਰੇ ਉਡਾਈਆ । ਤੂੰ ਸੋਹਣਾ ਜਵਾਨ ਕਿਤੇ ਸਾਡੇ ਰਾਮ ਨੂੰ ਲਿਆਵੀਂ ਮੋਹ ਕੇ, ਆਪਣੇ ਨਾਲ ਮਿਲਾਈਆ । ਜ਼ਰਾ ਸਾਨੂੰ ਅੰਦਰੋਂ ਵੇਖ ਜੋਹ ਕੇ, ਕਿੱਡੀ ਪ੍ਰੀਤ ਪ੍ਰਭ ਦੇ ਨਾਲ ਬਣਾਈਆ । ਫੇਰ ਮਸਤੀ ਵਿਚ ਮੂੰਹ ਦੇ ਭਾਰ ਹੋ ਕੇ, ਮੱਥੇ ਜ਼ਿਮੀਂ ਉਤੇ ਟਿਕਾਈਆ । ਫੇਰ ਕਹਿਣ ਅਸੀਂ ਪ੍ਰਭ ਦੇ ਚਰਨ ਆਏ ਛੋਹ ਕੇ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਫੇਰ ਆਪਣੀ ਭੰਗ ਬੁੱਕਲ ਵਿਚ ਲਕੋ ਕੇ, ਹੱਸ ਹੱਸ ਤਾਲੀ ਦਿਤੀ ਲਗਾਈਆ । ਫੇਰ ਆਕੜ ਨਾਲ ਖਲੋ ਕੇ, ਬਾਹਵਾਂ ਉਪਰ ਲਈਆਂ ਉਠਾਈਆ । ਫੇਰ ਉਂਗਲਾਂ ਉਂਗਲਾਂ ਵਿਚ ਪਰੋ ਕੇ, ਖਿੱਚਣ ਵਾਹੋ ਦਾਹੀਆ । ਫੇਰ ਆਪਣਾ ਮੁਖ ਧੋ ਕੇ, ਮੁਖੋਂ ਕਹਿਣ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪੋਸਤੀ ਕਹਿਣ ਕਦੀ ਪੀਤੀ ਉ ਭੰਗ, ਜਾਂਦਿਆ ਰਾਹੀਆ ਦੇ ਸੁਣਾਈਆ । ਵੇਖ ਚੜ੍ਹਦਾ ਕਿਸ ਤਰ੍ਹਾ ਰੰਗ, ਰੰਗਤ

ਇਕ ਵਖਾਈਆ । ਅੱਜ ਦੀ ਰਾਤ ਸਾਡੇ ਕੋਲ ਲੈ ਅਨੰਦ, ਅਨੰਦ ਤੈਨੂੰ ਦਈਏ ਵਖਾਈਆ । ਫੇਰ ਸਾਡਾ ਬਣ ਜਾਵੀਂ ਸੰਗ, ਸੋਹਣਾ ਜੋੜ ਜੁੜਾਈਆ । ਨਾਮ ਜਪਣ ਨਾਲੋਂ ਇਹਦੇ ਵਿਚ ਸੋਹਣਾ ਢੰਗ, ਮਸਤੀ ਵਿਚ ਜਗਤ ਵਾਸਨਾ ਨਾ ਕੋਇ ਰਖਾਈਆ । ਬਿਨਾ ਅੱਖਾਂ ਤੋਂ ਮੁਕ ਜਾਵੇ ਪੰਧ, ਆਪਣੀ ਹੋਸ਼ ਰਹੇ ਨਾ ਰਾਈਆ । ਚਾਰ ਪਹਿਰ ਏਸੇ ਤਰਾ ਜਾਂਦੇ ਲੰਘ, ਅੱਗੇ ਵਾਸਤੇ ਫੇਰ ਰਗੜਾ ਦਈਏ ਲਗਾਈਆ । ਜਦੋਂ ਗਾਈਏ ਤੂੰ ਮੇਰਾ ਮੈਂ ਤੇਰਾ ਛੰਦ, ਦੂਜਾ ਰਾਗ ਨਾ ਕੋਇ ਅਲਾਈਆ । ਰਾਮ ਕਿਹਾ ਜ਼ਰਾ ਘੁੱਟ ਕੇ ਮੀਟੋ ਦੰਦ, ਜ਼ੋਰ ਨਾਲ ਦਬਾਈਆ । ਫੇਰ ਲਓ ਅਨੰਦ, ਅੱਖਾਂ ਖੋਲ੍ਹ ਕੇ ਮੇਰੀਆਂ ਅੱਖਾਂ ਵਿਚ ਟਿਕਾਈਆ । ਮੁਖੋਂ ਕਹੋ ਤੂੰ ਮੇਰਾ ਮੈਂ ਤੇਰਾ ਛੰਦ, ਦੂਜੀ ਅਵਰ ਨਾ ਕੋਇ ਵਡਿਆਈਆ । ਫੇਰ ਤੁਹਾਨੂੰ ਹੋਵੇ ਠੰਡ, ਸਾਂਤਕ ਸਤਿ ਵਰਤਾਈਆ । ਓਨ੍ਹਾਂ ਦੋਹਾਂ ਨੇ ਇਕ ਦੂਜੇ ਨੂੰ ਮਾਰੇ ਕੰਧ, ਮੋਢਿਆਂ ਨਾਲ ਹਿਲਾਈਆ । ਅੱਜ ਵੇਖ ਲਈਏ ਇਹਦਾ ਅਨੰਦ, ਕੀ ਸਾਨੂੰ ਦਏ ਵਖਾਈਆ । ਜਾਂ ਅੱਖਾਂ ਮੀਟੀਆਂ ਨਜ਼ਰ ਆਇਆ ਸੂਰਾ ਸਰਬੰਗ, ਪਾਰਬ੍ਰਹਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੋਸਤੀਆਂ ਆਇਆ ਇਕ ਸਰੂਰ, ਸੁਰਤੀ ਲਈ ਬਦਲਾਈਆ । ਤੱਕਿਆ ਅਗੰਮਾ ਨੂਰ, ਜੋਤ ਨੂਰ ਰੁਸ਼ਨਾਈਆ । ਹੁਕਮ ਦਿਤਾ ਹਜ਼ੂਰ, ਨੇਤਰ ਲਓ ਖੁਲ੍ਹਾਈਆ । ਜਾਂ ਵੇਖਿਆ ਰਾਮ ਵਸਿਆ ਜੋ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਦੋਹਾਂ ਬੇਨੰਤੀ ਕੀਤੀ ਅੱਗੇ ਹਰਿ ਹਜ਼ੂਰ, ਨਿਉਂ ਕੇ ਸੀਸ ਨਿਵਾਈਆ । ਕਿਉਂ ਸਾਨੂੰ ਰੱਖਿਆ ਦੂਰ, ਤੇਰਾ ਨਾਮ ਦੁਹਾਈਆ । ਅਸੀਂ ਮੂਰਖ ਮੂੜ੍ਹ, ਤੇਰੇ ਹੱਥ ਵਡਿਆਈਆ । ਸ਼ਬਦੀ ਹੁਕਮ ਹੋਇਆ ਤੁਸੀਂ ਰਾਮ ਦੀ ਲਾਈ ਧੂੜ, ਜੋ ਰਾਮ ਰਾਮ ਰੂਪ ਵਟਾਈਆ । ਫੇਰ ਤੁਹਾਡਾ ਲੇਖਾ ਮੈਂ ਦੇਵਾਂ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਜਿਸ ਵੇਲੇ ਕਲਜੁਗ ਅੰਤਮ ਦੀਨ ਦੁਨੀ ਹੋਈ ਕੂੜ, ਸਚ ਮਿਲੇ ਨਾ ਕੋਇ ਵਡਿਆਈਆ । ਸਭ ਦੀ ਦ੍ਰਿਸ਼ਟੀ ਹੋਵੇ ਮੂੜ੍ਹ, ਚਤੁਰ ਸੁਘੜ ਨਾ ਕੋਇ ਵਖਾਈਆ । ਹੰਗਤਾ ਹੋਏ ਗ਼ਰੂਰ, ਹਉਮੇ ਮੋਹ ਹਲਕਾਈਆ । ਓਸ ਵੇਲੇ ਲੇਖਾ ਦੇਵਾਂ ਜ਼ਰੂਰ, ਲਹਿਣਾ ਪੂਰਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਪੋਸਤੀ ਰਾਮ ਨੂੰ ਗਏ ਝੁਕ, ਇਕੋ ਵਾਰ ਸੀਸ ਨਿਵਾਈਆ । ਰਾਮ ਨੇ ਦੋਹਾਂ ਦੀ ਪਿੱਠ ਤੇ ਮਾਰੀ ਮੁੱਕ, ਹੌਲੀ ਹੌਲੀ ਲਗਾਈਆ । ਤੁਸਾਂ ਬਦਲ ਜਾਣਾਂ ਰੁਖ਼, ਦੀਨ ਦੁਨੀ ਜਾਣੀ ਤਜਾਈਆ । ਸਚਖੰਡ ਦਵਾਰੇ ਜਾਣਾ ਪੁੱਜ, ਆਪਣਾ ਪੰਧ ਮੁਕਾਈਆ । ਤਨ ਦੀਪਕ ਜਾਣਾ ਬੁਝ, ਹੋਵੇ ਨਾ ਕੋਇ ਰੁਸ਼ਨਾਈਆ । ਅਗਲਾ ਭੇਵ ਦੱਸਾਂ ਗੁੱਝ, ਸ਼ਬਦ ਅਗੰਮਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਵਖਾਈਆ । ਰਾਮ ਨੇ ਕਿਹਾ ਪੋਸਤੀ ਧਰੋ ਧਿਆਨ, ਧਿਆਨ ਧਿਆਨ ਵਿਚੋਂ ਬਦਲਾਈਆ । ਤਾਨੇ ਮਾਨੇ ਤੁਹਾਡਾ ਅੰਤਮ ਹੋਣਾ ਜਹਾਨ, ਲੋਕਮਾਤ ਰਹਿਣ ਨਾ ਪਾਈਆ । ਜਿਸ ਵੇਲੇ ਮੇਰਾ ਆਵੇ ਸ੍ਰੀ ਭਗਵਾਨ, ਕਲਜੁਗ ਅੰਤਮ ਵੇਸ ਵਟਾਈਆ । ਤੁਹਾਨੂੰ ਮਾਨਸ ਜਨਮ ਦੇਵੇ ਮਹਾਨ, ਮਿਹਰ ਨਜ਼ਰ ਇਕ ਉਠਾਈਆ । ਤੱਤਾਂ ਵਾਲੇ ਬਣਾ ਇਨਸਾਨ, ਪਰਦਾ ਉਹਲਾ ਦਏ ਚੁਕਾਈਆ । ਏਸੇ ਧਾਮ ਤੇ ਪਹੁੰਚੇ ਆਣ, ਤੁਹਾਡਾ ਸੋਹਣਾ ਸੰਗ ਬਣਾਈਆ । ਹੋਵੇ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਦੇ ਕੇ ਧੁਰ ਫ਼ਰਮਾਨ, ਧਰਮ ਦੀ ਧਾਰ ਬੰਧਾਈਆ । ਉਹ ਵਕ਼ਤ ਸੁਹੰਜਣਾ ਜਗਤ ਪਹੁੰਚੇ ਆਣ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ

ਖੇਲ ਖਿਲਾਈਆ । ਤਾਨੇ ਮਾਨੇ ਕਿਹਾ ਰਾਮ ਰਾਮੇ ਠੀਕ, ਠੀਕ ਦਿਤਾ ਦ੍ਰਿੜਾਈਆ । ਕਿਹੜਾ ਵਕ਼ਤ ਕਿਹੜੀ ਤਰੀਕ, ਤਾਰੀਖ਼ ਦੇ ਸਮਝਾਈਆ । ਰਾਮ ਕਿਹਾ ਕਲਜੁਗ ਅੰਤਮ ਸੰਮਤ ਸ਼ਹਿਨਸ਼ਾਹੀ ਪੰਜ ਪ੍ਰਭ ਦੀ ਚਲੇ ਰੀਤ, ਰੀਤੀਵਾਨ ਵੇਖ ਵਖਾਈਆ । ਤੁਸਾਂ ਰੱਖਣੀ ਉਡੀਕ, ਲੇਖਾ ਦਏ ਮੁਕਾਈਆ । ਉਨ੍ਹਾਂ ਹੱਸ ਕੇ ਖ਼ੁਸ਼ੀ ਨਾਲ ਚਰਨ ਛੁਹਾਇਆ ਸੀਸ, ਧੂੜੀ ਮਸਤਕ ਖ਼ਾਕ ਰਮਾਈਆ । ਰਾਮ ਨੇ ਹੱਥ ਫੇਰਿਆ ਪੀਠ, ਪੁਸ਼ਤ ਪਨਾਹ ਦਿਤੀ ਵਡਿਆਈਆ । ਮੇਰਾ ਸ਼ਬਦ ਧੁਰ ਦੀ ਲੀਕ, ਨਾ ਕੋਈ ਮੇਟੇ ਮੇਟ ਮਿਟਾਈਆ । ਤਾਨਾ ਮਾਨਾ ਅਰਜਨ ਸਿੰਘ ਤੇ ਸਿੰਘ ਰਣਜੀਤ, ਪਿਛਲੇ ਜਨਮ ਦੇ ਪੋਸਤੀ, ਲੇਖਾ ਰਿਹਾ ਚੁਕਾਈਆ । ਪੁਰਖ ਅਕਾਲਾ ਕਰ ਬਖ਼ਸ਼ੀਸ਼, ਮਿਹਰ ਨਜ਼ਰ ਇਕ ਉਠਾਈਆ । ਰਾਮ ਦੀ ਸ਼ਹਾਦਤ ਆਪ ਕਰ ਤਸਦੀਕ਼, ਮੋਹਰ ਨਾਮ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਸਭ ਦੇ ਚੀਤ, ਚੇਤਨ ਧਾਰ ਆਪਣੀ ਜੋੜ ਜੁੜਾਈਆ ।

## ❋ ੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਇਟਾਰਸੀ ❋

ਪੰਮਪਾਸਰ ਦਾ ਖੇਲ ਤਮਾਮ, ਪੂਰਬ ਪਿਛਲਾ ਦਏ ਗਵਾਹੀਆ । ਜਿਸ ਵੇਲੇ ਭੀਲਣੀ ਕੋਲ ਗਿਆ ਰਾਮ, ਆਪਣਾ ਪੰਧ ਮੁਕਾਈਆ । ਛਾਂਦੂ ਨਾਮ ਦਾ ਕੋਲ ਹੁੰਦਾ ਸੀ ਗਰਾਮ, ਝੌਂਪੜੇ ਪੰਜ ਸੱਤ ਸੋਭਾ ਪਾਈਆ । ਓਥੇ ਮਹਾਤਮਾ ਹੁੰਦਾ ਸੀ ਮਹਾਨ, ਹੰਕਾਰ ਵਿਚ ਆਪਣਾ ਆਪ ਵਧਾਈਆ । ਓਹ ਲੈ ਕੇ ਨੌ ਬਾਦਾਮ, ਭੀਲਣੀ ਕੋਲ ਡੇਰਾ ਲਾਈਆ । ਬਣ ਕੇ ਸੂਰਬੀਰ ਬਲਵਾਨ, ਆਪਣਾ ਆਸਣ ਲਿਆ ਜਮਾਈਆ । ਹਰੀ ਓਮ ਤੱਤ ਸਤਿ ਦਾ ਮੰਤਰ ਲੱਗਾ ਗਾਣ, ਨਮੋਂ ਨਮੋਂ ਕਹਿ ਸੁਣਾਈਆ । ਜਿਸ ਵੇਲੇ ਆਇਆ ਸ੍ਰੀ ਭਗਵਾਨ, ਧਨੁਖ ਕੰਧੇ ਉਤੇ ਲਟਕਾਈਆ । ਓਸ ਹੱਸ ਕੇ ਕਿਹਾ ਨਾਦਾਨ, ਕੀ ਤੇਰੇ ਵਿਚ ਵਡਿਆਈਆ । ਕਿਉਂ ਭੁੱਖੀ ਗ਼ਰੀਬਣੀ ਦੇ ਘਰ ਪਹੁੰਚਿਆ ਆਣ, ਆਪਣਾ ਪੰਧ ਮੁਕਾਈਆ । ਭੀਲਣੀ ਅਚਾਨਕ ਵੇਖ ਹੋਈ ਹੈਰਾਨ, ਖ਼ੁਸ਼ੀਆਂ ਵਿਚ ਇਧਰ ਓਧਰ ਭੱਜੀ ਚਾਈਂ ਚਾਈਂਆ । ਹਾਏ ਮੇਰਾ ਰਾਮ ਮੇਰੇ ਰਾਮ, ਰਾਮ ਮੇਰੇ ਮੇਰੀ ਤੇਰੀ ਦੁਹਾਈਆ । ਮੈਂ ਭੇਟਾ ਵਿਚ ਕੀ ਰੱਖਾਂ ਪਕਵਾਨ, ਕੀ ਸੇਵ ਕਮਾਈਆ । ਕਿਸ ਦੇ ਕੋਲੋਂ ਮੰਗਾਂ ਦਾਨ, ਕਿਸ ਦੇ ਅੱਗੇ ਝੋਲੀ ਡਾਹੀਆ । ਚਾਰੋਂ ਕੁੰਟ ਮਾਰੇ ਧਿਆਨ, ਸਾਥੀ ਨਜ਼ਰ ਕੋਇ ਨਾ ਆਈਆ । ਅੰਤਰ ਹੋਈ ਹੈਰਾਨ, ਹਿਰਦੇ ਵਿਚ ਕੁਰਲਾਈਆ । ਨਿਉਂ ਕੇ ਕੀਤਾ ਪਰਨਾਮ, ਸੀਸ ਦਿਤਾ ਝੁਕਾਈਆ । ਪਿਠ ਤੇ ਹੱਥ ਰੱਖਿਆ ਅੰਦਰ ਹੋਇਆ ਗਿਆਨ, ਬੁੱਧੀ ਮਿਲੀ ਚਤੁਰਾਈਆ । ਸਮਝ ਆ ਗਈ ਮੈਂ ਕੀ ਆਸਾ ਰੱਖੀ ਮਹਾਨ, ਹਿਰਦੇ ਵਿਚ ਟਿਕਾਈਆ । ਸੋ ਫਲ ਖਵਾਵਾਂ ਜਿਹੜੇ ਇਕੱਠੇ ਕੀਤੇ ਵਿਚੋਂ ਜ਼ਿਮੀਂ ਅਸਮਾਨ, ਝਾੜਾਂ ਦੀਆਂ ਚੋਟੀਆਂ ਉਤੋਂ ਲਾਹੀਆ । ਜੇ ਕਰ ਲਵੇ ਪਰਵਾਨ, ਮੈਂ ਲੱਖ ਲੱਖ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭੀਲਣੀ ਅੰਤਰ ਕੀਤੀ ਵਿਚਾਰ, ਹਿਰਦੇ ਧਿਆਨ ਲਗਾਈਆ । ਜਿਹੜੇ ਬੇਰ ਰੱਖੇ ਸੰਭਾਲ, ਟੁਕ ਟੁਕ ਕੇ ਮਿੱਠੇ ਭਗਵਾਨ ਲਈ ਲੁਕਾਈਆ । ਓਹ ਖਾਣ ਆ ਗਿਆ ਰਾਮ, ਮੇਰੀ ਰਾਮ ਦੁਹਾਈਆ । ਖ਼ੁਸ਼ੀਆਂ ਵਿਚ ਨੱਚੀ ਟੱਪੀ ਬੁੱਢੀ ਨੱਢੀ ਹੋਈ ਜਵਾਨ, ਆਪਣੇ ਮਨ ਤਨ ਲਈ ਅੰਗੜਾਈਆ । ਪੰਜਾਂ

ਟਾਕੀਆਂ ਦੀ ਪੰਜਾਂ ਰੰਗਾਂ ਦੀ ਗਲ ਵਿਚ ਚੋਲੀ ਜਿਸ ਦੀਆਂ ਕੰਨੀਆਂ ਚੀਥੜੇ ਰੂਪ ਦਸਾਣ, ਮੈਲੇ ਕੁਚੈਲੇ ਸੋਭਾ ਪਾਈਆ । ਓਧਰੋਂ ਮਹਾਤਮਾ ਰੱਖਕੇ ਬੈਠਾ ਧਿਆਨ, ਆਪਣੀ ਅੱਖ ਉਠਾਈਆ । ਗ਼ੁੱਸੇ ਵਿਚ ਕਹੇ ਓ ਭਲੀਏ, ਓ ਝੱਲੀਏ, ਓ ਮੂਰਖੇ, ਆਹ ਮੈਥੋਂ ਲੈ ਬਾਦਾਮ, ਇਸ ਨੂੰ ਦੇ ਖਵਾਈਆ । ਸੁੱਕੇ ਬੇਰ ਕਦੇ ਨਾ ਹੁੰਦੇ ਪਰਵਾਨ, ਰਾਮ ਰਾਜਾ ਦਸ਼ਰਥ ਬੇਟਾ ਅਯੁਧਿਆ ਵਾਸੀ ਮੁਖ ਨਾ ਕਦੇ ਛੁਹਾਈਆ । ਭੀਲਣੀ ਨੇਤਰ ਰੋ ਕੇ ਹੰਝੂ ਵਗਾ ਕੇ ਲੱਗੀ ਕੁਰਲਾਣ, ਕੂਕ ਕੂਕ ਸੁਣਾਈਆ । ਮੈਂ ਤੇਰੀ ਤੂੰ ਮੇਰਾ ਰਾਮ, ਰਾਮ ਤੇਰੇ ਹੱਥ ਵਡਿਆਈਆ । ਮੇਰੇ ਘਰ ਮੇਰੇ ਦਰ ਮੇਰੇ ਗ੍ਰਿਹਿ ਇਹੋ ਸੱਚਾ ਪਕਵਾਨ, ਜੋ ਤੇਰੀ ਭੇਟ ਚੜ੍ਹਾਈਆ । ਤੂੰ ਮੇਰਾ ਪਰਮਾਤਮ ਪਤੀ ਤੂੰ ਅਧਾਰ ਪ੍ਰਾਣ, ਪ੍ਰਾਣਪਤਿ ਤੂੰ ਹੀ ਇਕ ਅਖਵਾਈਆ । ਮੈਂ ਤੱਤਾਂ ਵਾਲਾ ਤੇਰਾ ਇਨਸਾਨ, ਜੀਵ ਆਤਮਾ ਤੇਰੀ ਓਟ ਤਕਾਈਆ । ਰਾਮ ਹੱਸ ਕੇ ਲੱਗਾ ਚਬਾਣ, ਛਿਲਕਿਆਂ ਨਾਲ ਗਿਟਕਾਂ ਗਿਆ ਖਾਈਆ । ਭੀਲਣੀ ਕਿਹਾ ਤੇਰੀ ਕਿਰਪਾ ਹੋਈ ਮਹਾਨ, ਪ੍ਰਭ ਪੁਨੀਤ ਦਿਤੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਦ ਮਹਾਤਮਾ ਵੇਖਿਆ ਰਾਮ ਬੇਰ ਖਾਂਦਾ, ਖ਼ੁਸ਼ੀਆਂ ਵਿਚ ਸਮਾਈਆ । ਉਠ ਕੇ ਨੇੜੇ ਆਂਦਾ, ਆਪਣਾ ਪੰਧ ਮੁਕਾਈਆ । ਤੂੰ ਰਾਹੀ ਕਿਉਂ ਨਹੀਂ ਹੋਰ ਰਾਹੇ ਜਾਂਦਾ, ਭੁੱਖਿਆਂ ਨੰਗਿਆਂ ਦਰ ਕਿਉਂ ਡੇਰਾ ਲਾਈਆ । ਇਹ ਕਮਲੀ ਝੱਲੀ ਕੋਝੀ ਏਸ ਭੀਲਣੀ ਨੂੰ ਕੌਣ ਬੁਲਾਂਦਾ, ਤੂੰ ਗ਼ਰੀਬਣੀ ਦੇ ਹੱਥੋਂ ਖਾ ਕੇ ਬੈਠਾ ਆਸਣ ਲਾਈਆ । ਰਾਮ ਨਿਗਾਹ ਨਾਲ ਤਕਾਂਦਾ, ਨੈਣ ਨੈਣਾਂ ਵਿਚ ਟਿਕਾਈਆ । ਹੱਥ ਉਤੇ ਹੱਥ ਮਾਰ ਕੇ ਕਿਹਾ, ਆਹ ਤ੍ਰੇਤਾ ਔਹ ਦੁਆਪਰ ਜਾਂਦਾ, ਅੰਤਮ ਕਲਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੂਪ ਬਦਲਾਈਆ । ਰਾਮ ਕਿਹਾ ਇਹ ਗ਼ਰੀਬਣੀ ਨਹੀਂ ਮੇਰੇ ਪ੍ਰੇਮ ਧਾਰ ਦਾ ਭਗਤ, ਭਗਵਨ ਵਿਚ ਸਮਾਈਆ । ਤੂੰ ਨਿਗਾਹ ਮਾਰ ਵਿਚ ਜਗਤ, ਕਲਜੁਗ ਅੰਤਮ ਦਿਆਂ ਵਖਾਈਆ । ਤੇਰੀ ਹੰਕਾਰ ਵਾਲੀ ਸ਼ਰਤ, ਸਹਿਜੇ ਪੂਰ ਕਰਾਈਆ । ਤੈਨੂੰ ਜਨਮ ਲੈਣਾ ਪੈਣਾ ਫੇਰ ਉਤੇ ਧਰਤ, ਧਵਲ ਮਿਲੇ ਵਡਿਆਈਆ । ਮਾਇਆ ਦਰਬ ਨਾਲ ਤੇਰੀ ਪੂਰੀ ਹੁੰਦੀ ਰਹਿਣੀ ਗ਼ਰਜ਼, ਦੀਨ ਦੁਨੀ ਵਿਚ ਵਡਿਆਈਆ । ਪਰ ਯਾਦ ਰੱਖੀਂ ਪ੍ਰਭ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਤੂੰ ਆਪਣੇ ਆਪ ਨੂੰ ਅਖਵੌਂਦਾ ਮਰਦ, ਸੂਰਬੀਰ ਵਡਿਆਈਆ । ਗ਼ਰੀਬਾਂ ਨਾਲ ਨਹੀਂ ਵੰਡਿਆ ਦਰਦ, ਦੁਖੀਆਂ ਵੇਖ ਕੇ ਤਾਲੀ ਦਿਤੀ ਵਜਾਈਆ । ਪ੍ਰਭੂ ਦਾ ਖੇਲ ਸਦਾ ਅਸਚਰਜ, ਸਮਝ ਸਕੇ ਕੋਇ ਨਾ ਰਾਈਆ । ਜਿਸ ਵੇਲੇ ਮੇਰਾ ਰਾਮ ਆਇਆ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਰਾਮ ਕਿਹਾ ਇਹ ਭੀਲਣੀ ਬੜੀ ਪਿਆਰੀ, ਪਿਆਰ ਵਿਚ ਸਮਾਈਆ । ਇਹ ਮੇਰੇ ਚਰਨਾਂ ਤੋਂ ਬਲਿਹਾਰੀ, ਮੈਂ ਇਹਦੇ ਚਰਨ ਧੋ ਕੇ ਅੰਮ੍ਰਿਤ ਦਿਆਂ ਵਖਾਈਆ । ਯਾਦ ਰੱਖੀਂ ਹੁਣ ਤੂੰ ਪੁਰਸ਼ ਫੇਰ ਬਣੇਂਗਾ ਨਾਰੀ, ਨਰ ਨਰਾਇਣ ਹੁਕਮ ਦਏ ਵਰਤਾਈਆ । ਇਹ ਝੱਲੀ ਨਹੀਂ ਤੂੰ ਝੱਲੀ ਬਣੇਂਗਾ ਦੁਖਿਆਰੀ, ਦੁੱਖਾਂ ਵਿਚ ਦੁਹਾਈਆ । ਤੇਰੀ ਮਾਇਆ ਤੇਰੀ ਪੈਜ ਨਾ ਸਕੇ ਸਵਾਰੀ, ਤੇਰਾ ਸਾਥ ਨਾ ਕੋਇ ਨਿਭਾਈਆ । ਹੋਣਾ ਪਏ ਦੁਖਿਆਰੀ, ਦੁੱਖਾਂ ਵਿਚ ਦੁਹਾਈਆ । ਸਾਕ ਸਨਬੰਧੀ ਮਾਤ ਪਿਤ ਭੈਣ ਭਾਈ ਪੁੱਤਰ ਧੀ ਪਤੀ ਕੰਤ ਸਾਰੇ ਕਰਨ ਗਿਰਿਆਜ਼ਾਰੀ, ਸਾਂਤਕ ਸਤਿ ਨਾ ਕੋਇ ਕਰਾਈਆ । ਬਿਨਾ ਰਾਮ ਦੇ ਰਾਮ ਤੋਂ ਤੇਰਾ ਲਹਿਣਾ ਦੇਣਾ ਲੇਖਾ ਕ਼ਰਜ਼ਾ ਮਕਰੂਜ਼ ਸਕੇ ਨਾ ਕੋਇ ਉਤਾਰੀ, ਹਿਸਾਬ ਬੇਬਾਕ ਨਾ

ਕੋਇ ਕਰਾਈਆ । ਰਾਮ ਦਾ ਹੁਕਮ ਮੇਟ ਸਕੇ ਨਾ ਕੋਇ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਦੇਣ ਗਵਾਹੀਆ । ਜਗਤ ਹਿਕਮਤ ਚਲੇ ਕੋਈ ਨਾ ਕਾਰੀ, ਜਿੰਨਾਂ ਚਿਰ ਪ੍ਰਭੂ ਨਾ ਦਇਆ ਕਮਾਈਆ । ਸੋ ਸਮਾਂ ਬੀਤਿਆ ਜੁਗ ਲੰਘਿਆ ਵਕਤ ਆ ਗਿਆ ਅੰਤਮ ਵਾਰੀ, ਅੰਤਸ਼ਕਰਨ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਦਏ ਮੁਕਾਈਆ । ਓਸ ਨੇ ਸੁਣ ਕੇ ਰਾਮ ਦਾ ਸੰਦੇਸ਼, ਆਪਣੀ ਮਤਿ ਲਈ ਬਦਲਾਈਆ । ਨਿਮਰਤਾ ਵਿਚ ਹੋ ਕੇ ਪੇਸ਼, ਸੀਸ ਦਿਤਾ ਝੁਕਾਈਆ । ਮੈਂ ਸ਼ੰਕਰ ਨੂੰ ਮੰਨਦਾ ਤੇ ਪੂਜਾ ਕਰਾਂ ਗਣੇਸ਼, ਇਕੋ ਧਿਆਨ ਲਗਾਈਆ । ਤੇਰਾ ਬਚਨ ਸਦਾ ਵਿਸ਼ੇਸ਼, ਜੋ ਸੰਦੇਸ਼ਾ ਦਿਤਾ ਸੁਣਾਈਆ । ਪਤਾ ਨਹੀਂ ਮੇਰੀ ਬੁੱਧੀ ਕਿਉਂ ਹੋਈ ਮਲੇਛ, ਮੈਂ ਰਾਮ ਤੈਨੂੰ ਗਿਆ ਭੁਲਾਈਆ । ਰਾਮ ਨੇ ਕਿਹਾ ਜ਼ਰਾ ਕਲਜੁਗ ਵਲ ਵੇਖ, ਤੈਨੂੰ ਦਿਆਂ ਜਣਾਈਆ । ਜਿਸ ਵੇਲੇ ਮਾਤ ਪਿਤ ਭੈਣ ਭਾਈ ਨਾਰ ਕੰਤ ਦਾ ਰਹਿਣਾ ਨਹੀਂ ਹੇਤ, ਭਗਤ ਭਗਵਾਨ ਮੀਤ ਨਾ ਕੋਇ ਬਣਾਈਆ । ਓਹ ਮਹੀਨਾ ਹੋਵੇ ਚੇਤ, ਰੁਤ ਰੁਤੜੀ ਬਸੰਤ ਰੂਪ ਮਹਿਕਾਈਆ । ਤੇਰਾ ਲੇਖਾ ਤੇਰਾ ਲਹਿਣਾ ਤੇਰਾ ਪੂਰਬ ਜਨਮ ਪੂਰਨ ਲਏ ਵੇਖ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਤੇਰੇ ਜਨਮ ਕਰਮ ਦੀ ਫੇਰ ਬਦਲ ਦੇਵੇ ਰੇਖ, ਮਰਨ ਦਾ ਲੇਖਾ ਰਹੇ ਨਾ ਰਾਈਆ । ਇਹੋ ਹੁਕਮ ਇਹੋ ਪਿਆਰ ਇਹੋ ਮੁਹੱਬਤ ਇਹੋ ਰਾਮ ਦਾ ਸੰਦੇਸ਼, ਸੰਧਿਆ ਵੇਲਾ ਦਿਤਾ ਸੁਣਾਈਆ । ਸੋ ਲਹਿਣਾ ਅਭੁੱਲ ਭੁੱਲ ਨਾ ਗਿਆ ਚੇਤਨ ਹੋ ਕੇ ਰੱਖਿਆ ਚੇਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਪੂਰਬ ਜਨਮ ਜਨਮ ਕਰਮ ਸਭ ਦੀ ਪੂਰੀ ਕਰੇ ਕਰਨਹਾਰ ਦਾਤਾਰ,ਆਪਣੀ ਦਇਆ ਕਮਾਈਆ ।

## ❊ ੨੬ ਚੇਤ ਸ਼ਹਿਨਸ਼ਾਹੀ ਸੰਮਤ ੫ ਜਸਵੰਤ ਸਿੰਘ ਦੇ ਗ੍ਰਿਹਿ ਇਟਾਰਸੀ ❊

ਢਈਆ ਕਹੇ ਮੇਰਾ ਪੂਰਾ ਹੋਇਆ ਢੌਂਕਾ, ਗੋਬਿੰਦ ਸ਼ਬਦ ਲਈ ਅੰਗੜਾਈਆ । ਜਿਸ ਛੱਡਿਆ ਪਟਣਾ ਪੌਂਟਾ, ਪਾਰਬ੍ਰਹਮ ਵਿਚ ਸਮਾਈਆ । ਓਹ ਸਾਢੇ ਤਿੰਨ ਦਾ ਬਣਾ ਕੇ ਔਂਟਾ, ਸੰਬਲ ਬੈਠਾ ਡੇਰਾ ਲਾਈਆ । ਜਿਸ ਮੰਜ਼ਲ ਕੋਇ ਨਾ ਪਹੁੰਚਾ, ਆਰ ਪਾਰ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਢਈਆ ਕਹੇ ਭੇਵ ਖੋਲ੍ਹੇ ਮੇਰਾ ਭਗਵੰਤ, ਹਰਿ ਕਰਤਾ ਬੇਪਰਵਾਹੀਆ । ਜਿਸ ਦਾ ਲੇਖਾ ਜੁਗਾ ਜੁਗੰਤ, ਜੁਗ ਚੌਕੜੀ ਖੇਲ ਖਿਲਾਈਆ । ਲਹਿਣਾ ਦੇਣਾ ਦੇਵੇ ਸਾਧ ਸੰਤ, ਗੁਰ ਅਵਤਾਰ ਪੈਗ਼ੰਬਰਾਂ ਝੋਲੀਆਂ ਦਏ ਭਰਾਈਆ । ਨਾਮ ਨਿਧਾਨਾ ਦੇਵੇ ਮੰਤ, ਸੁਰਤੀ ਸ਼ਬਦ ਵਿਚ ਵਡਿਆਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਖੇਲ ਕਰੇ ਸਦਾ ਅਨੰਤ, ਅਕਲ ਕਲ ਧਾਰੀ ਆਪਣੀ ਕਾਰ ਕਮਾਈਆ । ਵੇਖ ਵਖਾਣੇ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿਜੁਗ ਸਚ ਬਣਾਏ ਬਣਤ, ਕਲਜੁਗ ਕੂੜੀ ਕਿਰਿਆ ਮੇਟ ਮਿਟਾਈਆ । ਬੋਧ ਅਗਾਧਾ ਬਣ ਪੰਡਤ, ਬੁੱਧੀ ਤੋਂ ਪਰੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਢਈਆ ਕਹੇ ਮੈਂ ਗੌਣਾ ਇਕੋ

ਢੋਲਾ, ਗਹਿਰ ਗੰਭੀਰ ਦਿਤਾ ਜਣਾਈਆ । ਆਤਮ ਪਰਮਾਤਮ ਧਰਮ ਧਾਰ ਦਾ ਬੋਲਾ, ਅਨਬੋਲਤ ਰਿਹਾ ਸੁਣਾਈਆ । ਪਰਮ ਪੁਰਖ ਦਾ ਨਿਰਗੁਣ ਧਾਰ ਸੋਹਲਾ, ਸੋਚ ਸਮਝ ਤੋਂ ਪਰੇ ਦੇਣਾ ਦ੍ਰਿੜਾਈਆ । ਤਨ ਵਜੂਦ ਹੱਕ ਮਹਿਬੂਬ ਜਿਸ ਦਾ ਪਰਦਾ ਖੋਲ੍ਹਾ, ਖ਼ਾਲਕ ਖ਼ਲਕ ਦਏ ਵਡਿਆਈਆ । ਕਲਜੁਗ ਕੂੜੀ ਕਲਪਣਾ ਮੇਟੇ ਰੌਲਾ, ਰੌਣਕ ਆਪਣਾ ਨਾਮ ਸਮਝਾਈਆ । ਖੇਲੇ ਖੇਲ ਅਗੰਮੀ ਮੌਲਾ, ਮਾਲਕ ਹੋ ਕੇ ਵੇਖ ਵਖਾਈਆ । ਸਦੀ ਚੌਧਵੀਂ ਮੁਹੰਮਦ ਪੂਰਾ ਕਰੇ ਕੌਲਾ, ਇਕ਼ਰਾਰ ਆਪਣੇ ਨਾਲ ਨਿਭਾਈਆ । ਧਰਨੀ ਧਰਤ ਧਵਲ ਭਾਰ ਕਰੇ ਹੌਲਾ, ਮਮਤਾ ਮੋਹ ਕਰ ਸਫ਼ਾਈਆ । ਜਨ ਭਗਤਾਂ ਨਿਝਰ ਰਸ ਅੰਤਰ ਆਤਮ ਪਰਮਾਤਮ ਹੋ ਕੇ ਦੇਵੇ ਪਹੁਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰਗਾਹ ਸਾਚੀ ਵੇਖ ਵਖਾਈਆ । ਢਈਆ ਕਹੇ ਮੇਰਾ ਲੇਖਾ ਅੰਤ, ਅੰਤ ਦਿਆਂ ਜਣਾਈਆ । ਕਿਰਪਾ ਕਰੇ ਸ੍ਰੀ ਭਗਵੰਤ, ਭਗਵਨ ਬੇਪ੍ਰਵਾਹੀਆ । ਜਿਸ ਦਾ ਵੇਸ ਜੁਗ ਅਨੰਤ, ਕਲ ਕਾਤੀ ਖੋਜ ਖੁਜਾਈਆ । ਮਹਿਮਾ ਦੱਸ ਅਗਣਤ, ਸਿਫ਼ਤਾਂ ਵਿਚ ਦ੍ਰਿੜਾਈਆ । ਸਦੀ ਚੌਧਵੀਂ ਮੇਟੇ ਚਿੰਨਤ, ਗ਼ਮੀ ਗ਼ਮਖ਼ਾਰ ਦਏ ਗਵਾਈਆ । ਸ਼ਬਦੀ ਸੁਤ ਦੇ ਕੇ ਹਿੰਮਤ, ਹਰ ਹਿਰਦੇ ਕਰੇ ਸਫ਼ਾਈਆ । ਕੂੜਾ ਰਹਿਣ ਨਾ ਦੇਵੇ ਕੋਈ ਨਿੰਦਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਦੇਵਣਹਾਰ ਬੇਪ੍ਰਵਾਹੀਆ । ਢਈਆ ਕਹੇ ਮੇਰੀ ਆਸਾ ਮਨਸਾ ਹੋਵੇ ਪੂਰ, ਪੂਰਨ ਬ੍ਰਹਮ ਮਿਲੇ ਵਡਿਆਈਆ । ਮੇਰਾ ਪੁਰਖ ਅਕਾਲਾ ਹਾਜ਼ਰ ਹਜ਼ੂਰ, ਹਜ਼ਰਤਾਂ ਲੇਖਾ ਦਏ ਚੁਕਾਈਆ । ਸਭ ਦੀ ਬੇਨੰਤੀ ਕਰੇ ਮਨਜ਼ੂਰ, ਮਿਹਰ ਨਜ਼ਰ ਇਕ ਉਠਾਈਆ । ਦੀਨ ਦੁਨੀ ਦਾ ਬਖਸ਼ੇ ਕ਼ਸੂਰ, ਨਾਮ ਕਸਰ ਇਸ਼ਾਰੀਏ ਨਾਲ ਉਡਾਈਆ । ਗੜ੍ਹ ਤੋੜੇ ਹਉਮੇ ਗ਼ਰੂਰ, ਗ਼ੁਰਬਤ ਰਹੇ ਨਾ ਰਾਈਆ । ਨਾਮ ਦੀ ਮਸਤੀ ਸ਼ਬਦ ਦਾ ਦਏ ਸਰੂਰ, ਕਲਮਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਮੰਦਰ ਇਕ ਸੁਹਾਈਆ । ਢਈਆ ਕਹੇ ਜਨ ਭਗਤੋ ਮੰਨਣਾ ਇਕ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਬਿਨਾ ਪ੍ਰਭੂ ਤੋਂ ਝੁਕੇ ਕਿਸੇ ਨਾ ਸੀਸ, ਇਸ਼ਟ ਦੇਵ ਨਾ ਕੋਇ ਮਨਾਈਆ । ਆਤਮ ਪਰਮਾਤਮ ਆਦਿ ਦਾ ਕਲਮਾ ਜੁਗ ਚੌਕੜੀ ਹਦੀਸ, ਹਜ਼ਰਤਾਂ ਸਿਫ਼ਤ ਸਾਲਾਹੀਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਕਲ ਕਲਕੀ ਅਵਤਾਰ ਦੀ ਗੋਬਿੰਦ ਕਰ ਕੇ ਗਿਆ ਤਾਕੀਦ, ਨਾਮ ਸੰਦੇਸਿਆਂ ਵਿਚ ਜਣਾਈਆ । ਪੈਗ਼ੰਬਰਾਂ ਅਮਾਮ ਕਹਿ ਕੇ ਕੀਤੀ ਤਮਹੀਦ, ਨਗ਼ਮਿਆਂ ਵਿਚ ਵਡਿਆਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਬਣਾਏ ਅਜ਼ੀਜ਼, ਬਾਲੇ ਨੱਢੇ ਸੇਵ ਲਗਾਈਆ । ਚਾਰ ਜੁਗ ਨਿਤ ਨਵਿਤ ਆਪਣੀ ਦੱਸੀ ਤਮੀਜ਼, ਸਿਖਿਆ ਧੁਰਦਰਗਾਹੀਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਸਭ ਦੀ ਕਰਨ ਆਵੇ ਤਸਦੀਕ਼, ਨਿਰਾਕਾਰ ਨਿਰਵੈਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਈਆ । ਢਈਆ ਕਹੇ ਜਨ ਭਗਤੋ ਇਕੋ ਸਿਮਰੋ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰਾ ਜਿਸ ਦੀ ਸੱਚੀ ਧਰਮਸਾਲ, ਸ਼ਿਵਦਵਾਲਾ ਮੰਦਰ ਮਠ ਮਸੀਤ ਚਰਚਾਂ ਵੰਡ ਨਾ ਕੋਇ ਵਖਾਈਆ । ਨਿਰਗੁਣ ਦੀਵਾ ਨਿਰਾਕਾਰ ਆਪੇ ਬਾਲ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦਾ ਨਹੀਂ ਸਵਾਲ, ਸ਼ਰਅ ਵਿਚ ਨਾ ਕੋਇ ਲੜਾਈਆ । ਰਾਓ ਰੰਕ ਨਾ ਕੋਈ ਸ਼ਾਹ ਕੰਗਾਲ, ਜਿਸਮ ਜ਼ਮੀਰ ਨਾ ਕੋਇ ਬਦਲਾਈਆ ।

ਅਨਹਦ ਸ਼ਬਦ ਨਾ ਵਿਦਿਆ ਨਾ ਵੱਜੇ ਕੋਈ ਤਾਲ, ਸੁਰਾਂ ਵਿਚ ਸਿਫ਼ਤ ਨਾ ਕੋਇ ਸਾਲਾਹੀਆ । ਖੇਲ ਪ੍ਰਭੂ ਕਮਾਲ, ਕਾਮਲ ਮੁਰਸ਼ਦ ਆਪਣੀ ਕਾਰ ਕਮਾਈਆ । ਸਭ ਦਾ ਜੀਵਣ ਆਪੇ ਲਏ ਸੰਭਾਲ, ਸੁਰਤੀ ਸ਼ਬਦ ਵਿਚ ਮਿਲਾਈਆ । ਤੁਸੀਂ ਓਸ ਦੇ ਨੱਢੇ ਬਾਲ, ਜੋ ਬਾਲੇ ਨੀਹਾਂ ਹੇਠਾਂ ਗਿਆ ਦਬਾਈਆ । ਏਥੇ ਓਥੇ ਦੋ ਜਹਾਨਾਂ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਤੁਸੀ ਲੱਭ ਨਹੀਂ ਸਕਦੇ ਓਹ ਤੁਹਾਨੂੰ ਰਿਹਾ ਭਾਲ, ਚੁਰਾਸੀ ਵਿਚੋਂ ਆਪਣਾ ਮੇਲ ਮਿਲਾਈਆ । ਸ਼ਰਅ ਦਾ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਚੁਰਾਸੀ ਵਿਚੋਂ ਕਰ ਬਹਾਲ, ਦਰਗਾਹ ਸਾਚੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਕਰਨੀ ਕਾਰ ਕਮਾਈਆ । ਢਈਆ ਕਹੇ ਜਨ ਭਗਤੋ ਮੰਨਣਾ ਪ੍ਰਭੂ ਪ੍ਰਭ ਏਕ, ਏਕੰਕਾਰਾ ਇਕ ਸਰਨਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਰੱਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋ ਵਸੇ ਸਚਖੰਡ ਸੱਚੇ ਦੇਸ, ਦਰਗਾਹ ਸਾਚੀ ਸੋਭਾ ਪਾਈਆ । ਨਿਰਗੁਣ ਹੋ ਕੇ ਸਰਗੁਣ ਨਿਤ ਨਵਿਤ ਕਰੇ ਵੇਸ ਅਨੇਕ, ਅਨਕ ਕਲ ਧਾਰੀ ਆਪਣੀ ਕਲ ਪ੍ਰਗਟਾਈਆ । ਸਦਾ ਸਦਾ ਸਦ ਦੇਂਦਾ ਰਿਹਾ ਸੰਦੇਸ਼, ਧੁਰ ਫ਼ਰਮਾਨਾ ਨਾਮ ਦ੍ਰਿੜਾਈਆ । ਆਦਿ ਅੰਤ ਰਹੇ ਹਮੇਸ਼, ਜਨਮ ਮਰਨ ਨਾ ਕੋਇ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਕਰੇ ਹੇਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਸੰਮਤ ਸ਼ਹਿਨਸ਼ਾਹੀ ਪੰਜ ਮਹੀਨਾ ਚੇਤ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਨਿਜ ਆਤਮ ਪਰਮਾਤਮ ਦਰਸ਼ਨ ਤੱਕਣਾ ਨੇਤ ਨੇਤ, ਨਿਜ ਨੇਤਰ ਲੋਚਣ ਦਏ ਖੁਲ੍ਹਾਈਆ । ਜਨਮ ਕਰਮ ਦਾ ਸਭ ਦਾ ਵੇਖੇ ਲੇਖ, ਪੂਰਬ ਪਰਦਾ ਰਹੇ ਨਾ ਰਾਈਆ । ਅੱਗੇ ਬੁੱਧੀ ਕਰ ਬਿਬੇਕ, ਦੁਰਮਤ ਮੈਲ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਜਨ ਭਗਤੋ ਆਦਿ ਜੁਗਾਦਿ ਜੁਗ ਚੌਕੜੀ ਭਗਤ ਭਗਵਾਨ ਦੀ ਧਾਰ ਏਕ, ਦੂਜਾ ਰੂਪ ਨਾ ਕੋਇ ਵਖਾਈਆ । ਮਾਤਲੋਕ ਤੁਹਾਡਾ ਪਰਦੇਸ, ਪਰਦੇਸੀਓ ਦੇਸ ਆਪਣਾ ਵੇਖਣਾ ਚਾਈਂ ਚਾਈਂਆ । ਜਿਥੇ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜੋਤੀ ਧਾਰ ਰਹੇ ਹਮੇਸ਼, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਨਿਵਾਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਨਾਮ ਨਿਧਾਨਾ ਦਏ ਸੰਦੇਸ਼, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਆਪ ਜਣਾਈਆ । ਤੁਸੀਂ ਵੇਖ ਨਾ ਸਕੇ ਜੋਤੀ ਧਾਰ ਤੁਹਾਡੇ ਆਪ ਹੋਇਆ ਪੇਸ਼, ਪੇਸ਼ਤਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਜਨਮ ਕਰ ਵਿਸ਼ੇਸ਼, ਵਿਸ਼ਵ ਦਾ ਵਾਸਤਕ ਮੂਲ ਦਏ ਦਰਸਾਈਆ ।

### ❊ ੨੭ ਚੇਤ ਸ਼ਹਿਨਸ਼ਾਹੀ ਸੰਮਤ ੫ ਕ੍ਰਿਸ਼ਨ ਕਾਂਤ ਦੇ ਗ੍ਰਿਹ ਇਟਾਰਸੀ ❊

ਨਾਰਦ ਕਹੇ ਜਨ ਭਗਤੋ ਮੈਂ ਤੁਹਾਡੇ ਪਿੱਛੇ ਪਿੱਛੇ ਰਹਿੰਦਾ ਫਿਰਦਾ, ਦਿਵਸ ਰੈਣ ਵੇਖ ਵਖਾਈਆ । ਤੁਸੀਂ ਸੌਂ ਜਾਂਦੇ ਤੇ ਮੈਂ ਟੋਹਦਾ ਰਹਿੰਦਾ ਤੁਹਾਡਾ ਹਿਰਦਾ, ਕੀ ਸੁੱਤਿਆਂ ਸੁਰਤ ਪ੍ਰਭ ਦੇ ਵਿਚ ਮਿਲਾਈਆ । ਮੈਂ ਬੜਾ ਪੁਰਾਣਾ ਸੇਵਕ ਪ੍ਰਭ ਦਾ ਚਿਰ ਦਾ, ਚਿਰੀ ਵਿਛੁੰਨਿਆਂ ਤੱਕਾਂ ਚਾਈਂ

ਚਾਈਆ। ਜਿਸ ਵੇਲੇ ਤੁਹਾਡੇ ਅੰਤਰ ਦਵੈਤ ਆਵੇ ਮੇਰਾ ਹਿਰਦਾ ਘਿਰ ਦਾ, ਧੜਕਨ ਮੇਰਾ ਤਨ ਪੈਰ ਦਏ ਹਿਲਾਈਆ। ਫੇਰ ਮੈਂ ਵਾਸਤਾ ਪਾਵਾਂ ਪ੍ਰਭੂ ਅੰਮ੍ਰਿਤ ਬਖ਼ਸ਼ ਮਿਹਰ ਦਾ, ਮਿਹਰ ਨਜ਼ਰ ਉਠਾਈਆ। ਹੁਣ ਹੈਰਾਨ ਹੋਇਆ ਪੁਰਖ ਅਕਾਲ ਵੇਸ ਧਰਿਆ ਸ਼ਬਦੀ ਅਗੰਮੇ ਸ਼ੇਰ ਦਾ, ਭਬਕ ਤਬਕਾਂ ਤੋਂ ਬਾਹਰ ਸੁਣਾਈਆ। ਜੋ ਚੁਰਾਸੀ ਗੇੜਾ ਗੇੜਦਾ, ਦੀਨ ਦੁਨੀ ਲੱਠ ਭਵਾਈਆ। ਸਚ ਝੂਠ ਆਪਸ ਵਿਚ ਭੇੜਦਾ, ਟੱਕਰ ਮਾਤਲੋਕ ਲਗਵਾਈਆ। ਜੁਗ ਚੌਕੜੀ ਜੜ੍ਹ ਉਖੇੜਦਾ, ਥਿਰ ਰਹਿਣ ਕੋਇ ਨਾ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ। ਨਾਰਦ ਕਹੇ ਜਨ ਭਗਤੋ ਮੈਂ ਅੰਦਰੇ ਅੰਦਰ ਰਿਹਾ ਤੱਕ, ਨਿੱਕਿਆਂ ਵੱਡਿਆਂ ਵੇਖ ਵਖਾਈਆ। ਅਜੇ ਥੋੜ੍ਹਾ ਥੋੜ੍ਹਾ ਸ਼ੱਕ, ਮੇਰੀ ਸਮਝ ਦਿਤਾ ਸਮਝਾਈਆ। ਮੈਂ ਗੱਲ ਕਰਨ ਲੱਗਾ ਨਹੀਂ ਜਾਂਦਾ ਝਕ, ਕਹਿ ਕੇ ਦਿਆਂ ਸੁਣਾਈਆ। ਪ੍ਰਭੂ ਨੂੰ ਪ੍ਰਭੂ ਆਖਿਆਂ ਕਿਸੇ ਦਾ ਵੱਢਿਆ ਨਹੀਂ ਜਾਂਦਾ ਨੱਕ, ਜਗਤ ਲੋਕ ਲਾਜ ਨਾ ਕੋਇ ਰਖਾਈਆ। ਮੈਂ ਦਾਅਵੇ ਨਾਲ ਕਹਿੰਦਾ ਤੁਹਾਡਾ ਸਾਹਿਬ ਉਤੇ ਪੂਰਾ ਹੱਕ, ਹਕੀਕਤ ਪਿਛਲੀ ਦਏ ਗਵਾਹੀਆ। ਜ਼ਰਾ ਆਪਣਾ ਪਰਦਾ ਵੇਖੋ ਚੱਕ, ਬਿਨਾ ਪ੍ਰਭੂ ਤੋਂ ਦੂਜਾ ਨਜ਼ਰ ਕੋਇ ਨਾ ਆਈਆ। ਇਕੋ ਨਾਮ ਲੈਣਾ ਰਟ, ਰੱਟਾ ਮਿਟੇ ਲੋਕਾਈਆ। ਚੁਰਾਸੀ ਦੀ ਫਾਹੀ ਆਪਣੀ ਹੱਥੀਂ ਲੈਣੀ ਕੱਟ, ਰਾਏ ਧਰਮ ਨਾ ਦਏ ਸਜ਼ਾਈਆ। ਵੇਖਿਓ ਕਦੇ ਭੁੱਲ ਕੇ ਕਹਿ ਨਾ ਦਿਓ ਮਾਝੇ ਦਾ ਜੱਟ, ਤੱਤਾਂ ਵਾਲਾ ਮਨੁੱਸ਼ ਨਜ਼ਰੀ ਆਈਆ। ਸਚ ਪੁਛੋ ਅੰਤਰ ਨਿਰਗੁਣ ਨੂਰ ਜੋਤ ਪੁਰਖ ਸਮਰਥ, ਜੋ ਸਭ ਦਾ ਆਦੀ ਪਿਤਾ ਮਾਈਆ। ਤੁਹਾਨੂੰ ਘਰ ਘਰ ਵਿਚ ਦੇਵੇ ਰਸ, ਰਸਤਾ ਅੰਦਰੋਂ ਆਪ ਖੁਲ੍ਹਾਈਆ। ਕਿਸੇ ਦਾ ਚਲਦਾ ਨਹੀਂ ਕੋਈ ਵੱਸ, ਜਿਉਂ ਭਾਵੇ ਆਪਣਾ ਰੰਗ ਦਏ ਰੰਗਾਈਆ। ਤੁਹਾਡੀ ਕਰਨੀ ਸਿਰਫ਼ ਨਿਮਰਤਾ ਵਿਚ ਜੋੜ ਕੇ ਹੱਥ, ਸੀਸ ਦੇਣਾ ਝੁਕਾਈਆ। ਪਿਛਲਾ ਜਨਮ ਕਰਮ ਦਾ ਵਸੂਰਾ ਪਾਪ ਜਾਏ ਲੱਥ, ਦੁਰਮਤ ਮੈਲ ਅੱਗੇ ਰਹੇ ਨਾ ਰਾਈਆ। ਅੰਤ ਭਗਵੰਤ ਤੁਹਾਡੇ ਸਿਰ ਤੇ ਰੱਖ ਕੇ ਹੱਥ, ਦਰਗਾਹ ਦੇਵੇ ਮਾਣ ਵਡਿਆਈਆ। ਤੁਹਾਡੀ ਦੁਨੀਆ ਨਾਲੋਂ ਵਖਰੀ ਕੀਤੀ ਅੱਖ, ਜਿਸ ਨਾਲ ਪ੍ਰਤੱਖ ਪ੍ਰਭ ਦਾ ਦਰਸ਼ਨ ਪਾਈਆ। ਮੈਂ ਚਾਰ ਕੁੰਟ ਦਹਿ ਦਿਸ਼ਾ ਵੇਖ ਰਿਹਾ ਉਡਦੇ ਭੱਖ, ਭਾਖਿਆ ਸਾਚੀ ਦਿਆਂ ਦ੍ਰਿੜਾਈਆ। ਕਰੇ ਖੇਲ ਪੁਰਖ ਅਲਖ, ਅਲੱਖਣਾ ਆਪਣੀ ਕਾਰ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ। ਜਨ ਭਗਤੋ ਤੁਹਾਡਾ ਲੇਖਾ ਜਗਤ ਜੁਗ ਵਖਰਾ, ਵਖਰੀ ਧਾਰ ਬਣਾਈਆ। ਨਾਤਾ ਤੁੜਾ ਕੇ ਇੱਟਾਂ ਪੱਥਰਾਂ, ਪੱਥਰ ਕਪਾਟੀ ਦਿਤਾ ਤੁੜਾਈਆ। ਸਚ ਪ੍ਰੇਮ ਵਛਾ ਕੇ ਸਥਰਾ, ਗੋਬਿੰਦ ਮੇਲਾ ਲਿਆ ਮਿਲਾਈਆ। ਰਸਨਾ ਜਿਹਵਾ ਜਣਾ ਅਗੰਮੀ ਕਥਨਾ, ਸੋਹੰ ਢੋਲਾ ਇਕ ਦ੍ਰਿੜਾਈਆ। ਜਗਤ ਜਹਾਨ ਦੱਸ ਕੇ ਮਿਥਨਾ, ਮਸਤ ਖ਼ੁਮਾਰੀ ਇਕ ਚੜ੍ਹਾਈਆ। ਦਰਗਾਹ ਸਾਚੀ ਸਚ ਦਵਾਰੇ ਵਸਣਾ, ਜਿਥੇ ਇਕੋ ਨੂਰ ਜੋਤ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ। ਨਾਰਦ ਕਹੇ ਮੈਂ ਰਾਤੀਂ ਸਾਰਿਆਂ ਦੇ ਹੇਠਾਂ ਵੜ ਕੇ ਮਾਰਦਾ ਰਿਹਾ ਝਾਕੀ, ਨਿਉਂ ਨਿਉਂ ਧਿਆਨ ਲਗਾਈਆ। ਕਿਹੜਾ ਹਿਰਦੇ ਅੰਦਰ ਪ੍ਰਭ ਨੂੰ ਮੰਨੇ ਕਮਲਾਪਾਤੀ, ਪਤਿਪਰਮੇਸ਼ਵਰ ਓਟ ਰਖਾਈਆ। ਕਵਣ ਸੰਦੇਸ਼ਾ ਸੁਣੇ ਪਾਤੀ, ਕਵਣ ਸੁਰਤੀ ਸ਼ਬਦ ਮਿਲਾਈਆ। ਕਵਣ ਝਗੜਾ ਛੱਡੇ ਜ਼ਾਤ ਪਾਤੀ, ਕਵਣ ਏਕਾ ਰੰਗ ਵੇਖ ਵਖਾਈਆ। ਕਵਣ ਸੁਣੇ ਅਗੰਮੀ ਗਾਥੀ, ਅਗੰਮ ਅਥਾਹ ਪੜ੍ਹਾਈਆ। ਫੇਰ ਉਠ ਕੇ ਵੇਖਿਆ ਕੀ ਇਹ

ਭਗਤ ਵੱਡੇ ਛੋਟੇ ਬਣ ਗਏ ਸਾਰੇ ਸਾਥੀ, ਸਗਲੇ ਸੰਗੀ ਆਪਣਾ ਰੂਪ ਬਣਾਈਆ । ਮੈਂ ਕਾਇਆ ਮਾਟੀ ਸਭ ਦੀ ਜਾਚੀ, ਯਾਚਕ ਹੋ ਕੇ ਵੇਖ ਵਖਾਈਆ । ਮੈਨੂੰ ਐਂ ਜਾਪਿਆ ਤਿੰਨਾਂ ਨੇ ਪੂਰੀ ਮੰਨੀ ਨਹੀਂ ਅਜੇ ਆਖੀ, ਓਹ ਵੀ ਆਯੂ ਸਤ ਗਿਆਰਾਂ ਸਾਲ ਦੇ ਵਿਚ ਨਜ਼ਰੀ ਆਈਆ । ਮੈਂ ਫੇਰ ਉਠ ਕੇ ਸਾਰਿਆਂ ਦੀ ਕਰਦਾ ਰਿਹਾ ਰਾਖੀ, ਕਿਸੇ ਦੀ ਭੁੱਲ ਕੇ ਸੁਰਤ ਇਧਰ ਉਧਰ ਭੱਜੇ ਨਾ ਵਾਹੋ ਦਾਹੀਆ । ਫੇਰ ਮੈਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖੀ ਘਾਟੀ, ਕਾਇਆ ਤੱਤ ਆਪਣਾ ਰੂਪ ਛੁਪਾਈਆ । ਜਾਂ ਤੱਕਿਆ ਜਨ ਭਗਤਾਂ ਅੰਦਰੋਂ ਤੂੰ ਮੇਰਾ ਮੈਂ ਤੇਰਾ ਨਿਕਲੀ ਆਵਾਜ਼ੀ, ਸੋਹੰ ਢੋਲਾ ਦਿਤਾ ਜਣਾਈਆ । ਮੈਂ ਬੋਦੀ ਉਤੇ ਹੱਥ ਫੇਰ ਕੇ ਹੋ ਗਿਆ ਰਾਜ਼ੀ, ਆਪਣੇ ਅੰਦਰ ਖ਼ੁਸ਼ੀ ਮਨਾਈਆ । ਹੱਸ ਕੇ ਕਿਹਾ ਇਟਾਰਸੀ ਵਾਲਿਆਂ ਅੰਦਰੋਂ ਮੇਰਾ ਵੀ ਬੜਾ ਕੀਤਾ ਚਾ ਜੀ, ਚਾਓ ਘਨੇਰਾ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਇਟਾਰਸੀ ਵਾਲਿਓ ਤੁਸੀਂ ਨਿੱਕੀ ਜਿਹੀ ਸੰਗਤ, ਸੰਗੀ ਸੰਗਤ ਵਿਚ ਸਮਾਈਆ । ਮੈਂ ਭਿਖਾਰੀ ਸਭ ਦੇ ਦਰ ਦਾ ਮੰਗਤ, ਮੰਗ ਮੰਗ ਆਪਣੀ ਝੋਲੀ ਜੁਗ ਚਾਰ ਨਾ ਕਦੇ ਭਰਾਈਆ । ਮੈਂ ਵਿਦਿਆ ਵਾਲਾ ਪੰਡਤ, ਸ਼ਾਸਤਰਾਂ ਵਿਚੋਂ ਪਾਤਰ ਵੇਖ ਵਖਾਈਆ । ਮੈਂ ਕਦੇ ਕਰਦਾ ਨਹੀਂ ਕਿਸੇ ਦੀ ਮਿੰਨਤ, ਬਿਨਾ ਜਗਦੀਸ਼ ਸੀਸ ਨਾ ਕਦੇ ਝੁਕਾਈਆ । ਤੁਹਾਨੂੰ ਦੱਸਾਂ ਸਾਰੇ ਰੱਖਿਓ ਆਪਣੀ ਹਿੰਮਤ, ਹੌਸਲੇ ਲੈਣੇ ਵਧਾਈਆ । ਕੁਛ ਝਗੜਾ ਪੈਣਾ ਲਹਿੰਦੀ ਦਿਸ਼ਾ ਸ਼ਮਾਲੀ ਸਿੰਮਤ, ਸਮਾਂ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਨਾਰਦ ਕਹੇ ਹਰਿ ਸੰਗਤ ਮੈਂ ਤੁਹਾਡਾ ਕਰਾਂ ਧੰਨਵਾਦ, ਧੰਨਵਾਦੀ ਪ੍ਰਭ ਨੇ ਦਿਤਾ ਬਣਾਈਆ । ਮੈਨੂੰ ਰਾਮ ਦੇ ਵਕਤ ਦੀ ਆ ਗਈ ਯਾਦ, ਯਾਦਦਾਸ਼ਤ ਮੇਰੀ ਮੇਰੇ ਵਿਚੋਂ ਪ੍ਰਗਟਾਈਆ । ਪੁਰਾਤਨ ਮਹਾਤਮ ਸਾਧਨਾ ਵਾਲੇ ਸਾਧ, ਸਿਦਕ ਸਬੂਰੀ ਵਿਚ ਸਾਰੇ ਸੋਭਾ ਪਾਈਆ । ਜਿਸ ਨੂੰ ਗੋਬਿੰਦ ਗਿਆ ਆਖ, ਉਸ ਦਾ ਲਹਿਣਾ ਸਦਾ ਬਿਬਾਕ, ਪੂਰਬ ਰਿਹਾ ਨਾ ਰਾਈਆ । ਅਗਲੀ ਸੁਣੋ ਬਾਤ ਦੱਸਾਂ ਸਾਖਿਆਤ, ਸੰਦੇਸ਼ਾ ਇਕ ਦ੍ਰਿੜਾਈਆ । ਲੇਖ ਸਮਝਿਓ ਨਾ ਕਾਗ਼ਜ਼ਾਤ, ਇਹ ਧੁਰ ਦਾ ਬੰਧਨ ਆਤਮਾ ਦਾ ਨਾਤ, ਪਰਮਾਤਮਾ ਜੋੜ ਜੁੜਾਈਆ । ਅੰਤ ਅਖ਼ੀਰ ਮੈਂ ਸਭ ਨਾਲ ਬਿਨਾ ਹੱਥਾਂ ਤੋਂ ਮਿਲਾ ਕੇ ਹਾਥ, ਹੱਥ ਪ੍ਰਭ ਦੇ ਚਰਨਾਂ ਨਾਲ ਛੁਹਾਈਆ । ਤੁਸੀਂ ਵਸੋ ਆਪਣੇ ਘਰ ਪ੍ਰਭ ਦੇਵੇ ਸ਼ਾਬਾਸ਼, ਮੈਂ ਦਰਵੇਸ਼ ਰਾਹ ਅਗਲਾ ਲਵਾਂ ਤਕਾਈਆ । ਮੇਰਾ ਕੁਛ ਦਿੱਲੀ ਵਿਚ ਕੰਮ ਖ਼ਾਸ, ਜੋ ਪਰਧਾਨਾਂ ਦੇਣਾ ਦ੍ਰਿੜਾਈਆ । ਮੈਂ ਕਹਿ ਚਲਿਆ ਤੁਸਾਂ ਪੂਰਾ ਰੱਖਣਾ ਵਿਸ਼ਵਾਸ਼, ਵਿਸ਼ਾ ਇਕੋ ਦਿਤਾ ਸਮਝਾਈਆ । ਜਿਸ ਪ੍ਰਭੂ ਦਾ ਆਦਿ ਜੁਗਾਦਿ ਪਰਕਾਸ਼, ਜੁਗ ਚੌਕੜੀ ਨੂਰ ਜੋਤ ਚਮਕਾਈਆ । ਸੋ ਸਵਾਮੀ ਮੇਰਾ ਮਾਲਕ ਤੁਹਾਡੇ ਵਸੇ ਪਾਸ, ਪੁਸ਼ਤ ਪਨਾਹ ਹੱਥ ਟਿਕਾਈਆ । ਮੈਂ ਹੁਣ ਪ੍ਰਿਥਮੀ ਸ਼ਾਮ ਨੂੰ ਜਾਣਾ ਉਪਰ ਆਕਾਸ਼, ਸੁਬਹ ਨੂੰ ਫੇਰ ਨਵੇਂ ਥਾਂ ਕਰਨਾ ਵਾਸ, ਭੱਜਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਜਨਮ ਜਨਮ ਜਨਮ ਕਰੇ ਰਾਸ, ਕਰਮ ਕਰਮ ਕਰਮ ਦਾ ਲੇਖਾ ਆਪ ਮੁਕਾਈਆ ।

## ❊ ੨੮ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਿਹ ਦਿੱਲੀ ❊

ਧਰਨੀ ਧਰਤ ਧਵਲ ਕਹੇ ਕਿਰਪਾ ਕਰ ਸੂਰੇ ਸਰਬੰਗਾ, ਸ੍ਰੀ ਭਗਵਾਨ ਤੇਰੀ ਸਰਨਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਮੇਟ ਦੰਗਾ, ਮੋਹ ਵਿਕਾਰ ਹੰਕਾਰ ਵਿਭਚਾਰ ਦੇ ਖਪਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਅੰਤਰ ਆਤਮ ਦੇ ਅਨੰਦਾ, ਨਿਝਰ ਝਿਰਨਾ ਧੁਰ ਦਾ ਜਾਮ ਪਿਆਈਆ । ਦੀਨ ਦਿਆਲ ਸਾਹਿਬ ਸੁਲਤਾਨ ਬਣ ਬਖ਼ਸ਼ੰਦਾ, ਮਿਹਰ ਨਜ਼ਰ ਮਹਿਬੂਬ ਇਕ ਉਠਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਵੇਖ ਆਪਣਾ ਕੰਢਾ, ਲਿਖਤ ਭਵਿਖਤ ਫੋਲ ਫੁਲਾਈਆ । ਬੰਦਗੀ ਵਾਲਾ ਦਿਸੇ ਕੋਈ ਨਾ ਬੰਦਾ, ਬੰਧਨ ਸਕੇ ਨਾ ਕੋਇ ਤੁੜਾਈਆ । ਸਚਖੰਡ ਦਵਾਰੇ ਸਾਚੀ ਮੰਜ਼ਲ ਚੜ੍ਹੇ ਕੋਈ ਨਾ ਡੰਡਾ, ਦਰਗਾਹ ਸਾਚੀ ਮਿਲਣ ਕੋਇ ਨਾ ਪਾਈਆ । ਨਿਰਗੁਣ ਧਾਰ ਸਰਗੁਣ ਲੱਗੇ ਕੋਈ ਨਾ ਅੰਗਾ, ਅੰਗੀਕਾਰ ਨਾ ਕੋਇ ਅਖਵਾਈਆ । ਤੂੰ ਮੇਰਾ ਮੈਂ ਤੇਰਾ ਕਿਸੇ ਸਮਝ ਨਾ ਆਏ ਛੰਦਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਦਰਸ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਲੰਘਾ, ਸਦੀ ਚੌਧਵੀਂ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਧਰਨੀ ਧਰਤ ਧਵਲ ਕਹੇ ਮੇਰੇ ਪਰਵਰਦਿਗਾਰ, ਪਰਮ ਪੁਰਖ ਤੇਰੀ ਸਰਨਾਈਆ । ਉਠ ਕੇ ਵੇਖ ਤੇਈ ਅਵਤਾਰ, ਤ੍ਰੈਗੁਣ ਅਤੀਤੇ ਪਰਦਾ ਲਾਹੀਆ । ਰਸੂਲ ਪੈਗ਼ੰਬਰਾਂ ਪਾ ਸਾਰ, ਸਾਹਿਬ ਸੁਲਤਾਨ ਪਰਦਾ ਆਪ ਉਠਾਈਆ । ਨਾਨਕ ਗੋਬਿੰਦ ਵੇਖ ਧਾਰ, ਦੋ ਜਹਾਨਾਂ ਡਗਮਗਾਈਆ । ਚਾਰੋਂ ਕੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਈ ਹਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਫਿਰੀ ਦਰੋਹੀ ਚਾਰ ਯਾਰ, ਚਾਰੋਂ ਕੁੰਟ ਰਹੀ ਕੁਰਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਨੇਤਰ ਰੋਵਣ ਧਾਹਾਂ ਮਾਰ, ਉਚੀ ਕੂਕ ਕੂਕ ਦੁਹਾਈਆ । ਅਠਸਠ ਹੋਏ ਖ਼ੁਆਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਬੰਦ ਕੁਆੜੀ ਖੁਲ੍ਹੇ ਕਿਸੇ ਨਾ ਤਾਕ, ਨਿਜ ਲੋਚਨ ਨਾ ਕੋਇ ਰੁਸ਼ਨਾਈਆ । ਅਗਨੀ ਤਪੇ ਤੱਤੀ ਹਾੜ, ਸਾਂਤਕ ਸਤਿ ਨਾ ਕੋਇ ਕਰਾਈਆ । ਚਾਰੋਂ ਕੁੰਟ ਪੰਚਮ ਧਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਮਹਿਬੂਬ, ਤੇਰੀ ਓਟ ਰਖਾਈਆ । ਮੰਜ਼ਲ ਦੇ ਹੱਕ ਮਕਸੂਦ, ਦਰਗਾਹ ਸਾਚੀ ਇਕ ਜਣਾਈਆ । ਦੀਨ ਮਜ਼੍ਹਬ ਨਾ ਰਹੇ ਹਦੂਦ, ਘਰ ਇਕੋ ਦੇਣਾ ਦਸਾਈਆ । ਜਿਧਰ ਤੱਕਾਂ ਓਧਰ ਮੌਜੂਦ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਨਿਰਗੁਣ ਧਾਰ ਵੇਖ ਆਪਣੀ ਮਖ਼ਲੂਕ, ਖ਼ਾਲਕ ਖ਼ਲਕ ਵੇਸ ਵਟਾਈਆ । ਭਾਗ ਲਗਾ ਮਾਟੀ ਕਲਬੂਤ, ਕਾਇਆ ਕਾਅਬੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੈਂ ਰੱਖਾਂ ਉਡੀਕ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰ ਮੇਰੀ ਕਰਨ ਤਸਦੀਕ, ਸ਼ਬਦ ਸ਼ਹਾਦਤ ਇਕ ਭੁਗਤਾਈਆ । ਤੂੰ ਸਚਖੰਡ ਦਾ ਸਦਾ ਵਸਨੀਕ, ਲੋਕਮਾਤ ਆਪਣੀ ਲੈ ਅੰਗੜਾਈਆ । ਕੂੜੀ ਕਿਰਿਆ ਵੇਖ ਅੰਧੇਰ ਤਾਰੀਕ, ਨਿਰਗੁਣ ਨੂਰ ਸਚ ਜੋਤ ਕਰ ਰੁਸ਼ਨਾਈਆ । ਮੈਨੂੰ ਤੇਰੇ ਉਪਰ ਉਮੀਦ, ਮੇਰੀ ਆਸਾ ਮਨਸਾ ਪੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਦਰ ਤੇਰੇ

ਦੀ ਮੰਗਤੀ, ਦਰਵੇਸ਼ਣ ਹੋ ਕੇ ਸੀਸ ਨਿਵਾਈਆ । ਪਾ ਸਾਰ ਆਪਣੇ ਜਨ ਦੀ, ਧੁਰ ਦੀ ਬਣ ਜਣੇਂਦੀ ਮਾਈਆ । ਜੋਤ ਪ੍ਰਕਾਸ਼ ਕਰ ਗੋਬਿੰਦ ਚੰਨ ਦੀ, ਦੋ ਜਹਾਨਾਂ ਡਗਮਗਾਈਆ । ਜੋ ਕਲਪਣਾ ਮੇਟੇ ਕਲਜੁਗ ਮਨ ਦੀ, ਮਮਤਾ ਮੋਹ ਦਏ ਗਵਾਈਆ । ਦੁਰਮਤ ਮੈਲ ਧੋਵੇ ਤਨ ਦੀ, ਅੰਤਰ ਕਰੇ ਸਫ਼ਾਈਆ । ਖੇਡ ਮੁਕਾਵੇ ਕਪਟ ਛਲ ਦੀ, ਅਛਲ ਛਲ ਵੇਖ ਵਖਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਪੁਰਖ ਅਕਾਲ ਕਹੇ ਧਰਨੀ ਦਇਆ ਕਮਾਵਾਂਗਾ । ਨਿਰਗੁਣ ਨੂਰ ਜੋਤ ਚਮਕਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਨੌਜਵਾਨਾ ਰੂਪ ਧਰਾਵਾਂਗਾ । ਮਰਦ ਮਰਦਾਨਾ ਫੇਰਾ ਪਾਵਾਂਗਾ । ਗੋਬਿੰਦ ਸੂਰਾ ਨਾਲ ਰਲਾਵਾਂਗਾ । ਨਾਮ ਖੰਡਾ ਇਕ ਚਮਕਾਵਾਂਗਾ । ਬ੍ਰਹਿਮੰਡਾਂ ਭੇਵ ਖੁਲ੍ਹਾਵਾਂਗਾ । ਜੇਰਜ ਅੰਡਾਂ ਡੇਰਾ ਢਾਹਵਾਂਗਾ । ਉਤਭੁਜ ਸੇਤਜ ਪੰਧ ਮੁਕਾਵਾਂਗਾ । ਭਗਤ ਸੁਹੇਲੇ ਗੁਰ ਚੇਲੇ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਪ੍ਰਭ ਆਪਣਾ ਖੇਲ ਖਿਲਾਏਗਾ । ਦੀਨ ਦੁਨੀ ਵੇਖ ਵਖਾਏਗਾ । ਰਿਖੀ ਮੁਨੀ ਫੋਲ ਫੁਲਾਏਗਾ । ਨਾਮ ਅਗੰਮ ਉਪਜਾਏ ਧੁਨ, ਜਨ ਭਗਤਾਂ ਰਾਗ ਸੁਣਾਏਗਾ । ਭੇਵ ਖੁਲ੍ਹਾਏ ਕਾਇਆ ਕੁਨ, ਕਲਮਾ ਇਕੋ ਇਕ ਪੜ੍ਹਾਏਗਾ । ਦੇ ਕੇ ਵਸਤ ਨਾਮ ਅਨਮੁਲ, ਘਰ ਖ਼ਜ਼ੀਨਾ ਇਕ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਸੁਹਾਏਗਾ । ਦਰ ਠਾਂਡਾ ਇਕ ਸੁਹਾਵਾਂਗਾ । ਸਤਿਜੁਗ ਸਚ ਰਾਹ ਚਲਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਗੁਰ ਅਵਤਾਰ ਪੈਗ਼ੰਬਰ ਲਹਿਣਾ ਸਭ ਦੀ ਝੋਲੀ ਪਾਵਾਂਗਾ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ, ਪੁਰੀ ਲੋਅ ਆਕਾਸ਼ ਪਾਤਾਲ ਫੋਲ ਫੁਲਾਵਾਂਗਾ । ਤੂੰ ਮੇਰਾ ਮੈਂ ਤੇਰਾ ਸੁਣਾ ਕੇ ਛੰਦ, ਸੋਹਲਾ ਢੋਲਾ ਇਕੋ ਰਾਗ ਅਲਾਵਾਂਗਾ । ਜਨ ਭਗਤਾਂ ਖ਼ੁਸ਼ੀ ਕਰ ਕੇ ਬੰਦ ਬੰਦ, ਬੰਦਗੀ ਇਕੋ ਇਕ ਦ੍ਰਿੜਾਵਾਂਗਾ । ਨਿਰੰਤਰ ਅੰਤਰ ਦੇ ਕੇ ਨਿਜਾਨੰਦ, ਪਰਮਾਨੰਦ ਵਿਚ ਟਿਕਾਵਾਂਗਾ । ਏਥੇ ਓਥੇ ਦੋ ਜਹਾਨਾਂ ਬਣ ਕੇ ਸੰਗ, ਸਗਲਾ ਸੰਗ ਆਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਵਾਂਗਾ । ਭੇਵ ਅਭੇਦਾ ਆਪ ਖੁਲਾਏਗਾ । ਦੀਨ ਦਿਆਲ ਦਇਆ ਕਮਾਏਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਏਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਜ਼ਾਤ ਪਾਤ ਦੀਨ ਮਜ਼੍ਹਬ ਮੇਟ ਮਿਟਾਏਗਾ । ਪੁਰਖ ਅਕਾਲ ਇਕੋ ਸਰਨ, ਸ੍ਰਿਸ਼ਟੀ ਦ੍ਰਿਸ਼ਟੀ ਆਪ ਬਦਲਾਏਗਾ । ਜਨ ਭਗਤਾਂ ਝਗੜਾ ਚੁਕਾ ਕੇ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਏਗਾ । ਗੁਰਮੁਖ ਸਾਚੀ ਮੰਜ਼ਲ ਚੜ੍ਹਨ, ਅੱਗੇ ਹੋ ਨਾ ਕੋਇ ਅਟਕਾਏਗਾ । ਗੋਬਿੰਦ ਸੂਰਾ ਹਾਜ਼ਰ ਹਜ਼ੂਰਾ ਸ਼ਬਦੀ ਧਾਰ ਆਏ ਫੜਨ, ਸੁਰਤੀ ਸ਼ਬਦੀ ਆਪਣਾ ਮੇਲ ਮਿਲਾਏਗਾ । ਕਰਨੀ ਦਾ ਕਰਤਾ ਖੇਲ ਆਏ ਕਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਏਗਾ । ਸਚ ਦਵਾਰਾ ਇਕ ਸੁਹਾਵਾਂਗਾ । ਚਾਰ ਵਰਨਾਂ ਰੰਗ ਰੰਗਾਵਾਂਗਾ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਵਾਂਗਾ । ਕਲਜੁਗ ਕੂੜੀ ਕਿਰਿਆ ਕੱਢ ਦਵੈਤ, ਦੁਰਮਤ ਮੈਲ ਸਰਬ ਧਵਾਵਾਂਗਾ । ਸਾਚਾ ਕਲਮਾ ਦੱਸ ਹਦਾਇਤ, ਸਿਖਿਆ ਇਕੋ ਇਕ ਸਮਝਾਵਾਂਗਾ । ਮਿਹਰ ਨਜ਼ਰ ਕਰ ਅਨਾਇਤ, ਨਾਮ ਕਲਮਾ ਆਪ ਪ੍ਰਗਟਾਵਾਂਗਾ । ਸੂਫ਼ੀ ਸੰਤਾਂ ਕਰ ਹਮਾਇਤ, ਹਮਸਾਜਨ ਹੋ ਕੇ ਵੇਖ ਵਖਾਵਾਂਗਾ । ਆਤਮ ਪਰਮਾਤਮ ਸਚ ਹਦਾਇਤ, ਹਜ਼ਰਤ

ਹੋ ਕੇ ਹਜ਼ੂਰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਚ ਵੇਖ ਵਖਾਵਾਂਗਾ । ਪੁਰਖ ਅਕਾਲ ਕਹੇ ਧਰਨੀ ਸੁਣਾਂ ਤੇਰੀ ਪੁਕਾਰ, ਜੋ ਪੁਨਹ ਪੁਨਹ ਸੀਸ ਨਿਵਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦੀ ਗੋਬਿੰਦ ਸ਼ਾਹ ਅਸਵਾਰ, ਦੋ ਜਹਾਨਾਂ ਪੰਧ ਮੁਕਾਈਆ । ਨਾਮ ਖੰਡਾ ਖੜਗ ਕਟਾਰ, ਬ੍ਰਹਿਮੰਡਾਂ ਰਿਹਾ ਡਰਾਈਆ । ਤੀਰ ਚਿੱਲਾ ਤਰਕਸ਼ ਅਪਰ ਅਪਾਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਕਾਇਆ ਅੰਦਰ ਕਰੇ ਵਾਰ, ਮਨ ਵਿਕਾਰ ਲੇਖਾ ਦਏ ਮੁਕਾਈਆ । ਗੁਰਮੁਖਾਂ ਪੈਜ ਜਾਏ ਸਵਾਰ, ਦੁਰਮਤ ਮੈਲ ਧਵਾਈਆ । ਸਤਿਜੁਗ ਸਚ ਕਰੇ ਉਜਿਆਰ, ਸਤਿ ਸਤਿਵਾਦੀ ਵੇਖ ਵਖਾਈਆ । ਸ਼ਬਦ ਅਨਾਦੀ ਇਕ ਜੈਕਾਰ, ਬ੍ਰਹਮ ਬ੍ਰਹਿਮਾਦੀ ਸ਼ਬਦ ਸ਼ਨਵਾਈਆ । ਕਰੇ ਖੇਲ ਆਪ ਕਰਤਾਰ, ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਲਹਿਣਾ ਦੇਣਾ ਪੂਰਬ ਕ਼ਰਜ਼ਾ ਦਏ ਉਤਾਰ, ਮਕ਼ਰੂਜ਼ ਲੇਖਾ ਪੂਰ ਕਰਾਈਆ । ਜੋ ਕਹਿ ਕੇ ਗਏ ਗੁਰ ਅਵਤਾਰ, ਪੈਗ਼ੰਬਰਾਂ ਵੇਖੇ ਚਾਈਂ ਚਾਈਂਆ । ਸਦੀ ਚੌਧਵੀਂ ਚੌਦਸ ਚੰਦ ਨਾ ਕੋਇ ਉਜਿਆਰ, ਚੌਦਾਂ ਤਬਕ ਦੇਣ ਗਵਾਹੀਆ । ਮੁਹੰਮਦ ਅੰਤ ਹੋਏ ਬੇਜ਼ਾਰ, ਬੇਜ਼ਾਰੀ ਵਿਚ ਕੁਰਲਾਈਆ । ਤੇਰੀ ਹਮਦ ਪਰਵਰਦਿਗਾਰ, ਬੇਪਰਵਾਹ ਤੇਰੀ ਵਡਿਆਈਆ । ਨਾਤਾ ਰਹੇ ਨਾ ਚਾਰ ਯਾਰ, ਚਾਰ ਕੁੰਟ ਕੁੰਟ ਦੁਹਾਈਆ । ਕਰੇ ਖੇਲ ਸੱਚੀ ਸਰਕਾਰ, ਹਰਿ ਕਰਤਾ ਕਾਰ ਕਮਾਈਆ । ਧਰਨੀ ਨਿਉਂ ਕੇ ਕਰੇ ਨਿਮਸਕਾਰ, ਚਰਨ ਧੂਲ ਮਸਤਕ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਕਲਜੁਗ ਅੰਤ ਖੇਲ ਕਰੇ ਮਹਾਨ, ਮਹਿੰਮਾ ਅਕਥ ਪੁਰਖ ਸਮਰਥ ਰਸਨਾ ਜਿਹਵਾ ਸਕੇ ਨਾ ਕੋਇ ਦ੍ਰਿੜਾਈਆ ।



੧੨੭੬ ੨੧

### ❋ ੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਬਲਵਿੰਦਰ ਸਿੰਘ ਦੇ ਗ੍ਰਿਹਿ ਦਿੱਲੀ ❋

ਕਲਮਾ ਕਹੇ ਮੇਟ ਦੇ ਖ਼ੁਦੀ, ਖ਼ੁਦਾ ਖ਼ੁਦ ਬਖ਼ੁਦ ਆਪਣੀ ਦਇਆ ਕਮਾਈਆ । ਕਾਇਨਾਤ ਉਜੱਲ ਕਰ ਬੁੱਧੀ, ਇਨਸਾਨ ਹੈਵਾਨ ਰਹਿਣ ਕੋਇ ਨਾ ਪਾਈਆ । ਤੇਰੀ ਧਾਰ ਆਦਿ ਅੰਤ ਉਚੀ, ਮੱਧ ਆਪਣਾ ਵੇਖ ਵਖਾਈਆ । ਨਿਰੰਤਰ ਅੰਤਰ ਤੇਰੇ ਨਾਲ ਹੋਵੇ ਰੁਚੀ, ਸੁਰਤ ਸ਼ਬਦ ਵਿਚ ਸਮਾਈਆ । ਬੁਤਖ਼ਾਨਿਆਂ ਕਟੇ ਕੋਇ ਨਾ ਬੁੱਤੀ, ਮਹਿਬੂਬ ਮੁਹੱਬਤ ਦੇਣੀ ਦ੍ਰਿੜਾਈਆ । ਆਪਣੀ ਦੁਨੀਆ ਵੇਖ ਸੁੱਤੀ, ਖ਼ਾਲਕ ਖ਼ਲਕ ਲੈਣੀ ਜਗਾਈਆ । ਸਦੀ ਸੁਹੌਣੀ ਸੋਹਣੀ ਕਰਨੀ ਰੁੱਤੀ, ਸਚ ਨਾਲ ਵਡਿਆਈਆ । ਰਵਦਾਸ ਦੀ ਲੇਖੇ ਲੱਗੀ ਗੰਢਣ ਵਾਲੀ ਜੁੱਤੀ, ਜੋਤਾਂ ਵਾਲਿਆ ਜੋਤ ਰੁਸ਼ਨਾਈਆ । ਬਿਨਾ ਤੇਰੀ ਕਿਰਪਾ ਸ੍ਰਿਸ਼ਟੀ ਦ੍ਰਿਸ਼ਟੀ ਕਦੇ ਨਾ ਉਠੀ, ਤਨ ਲਏ ਨਾ ਕੋਇ ਅੰਗੜਾਈਆ । ਨਿਗਾਹ ਮਾਰ ਮਿਹਰਵਾਨ ਚੌਹ ਗੁੱਠੀਂ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਸਤਿ ਧਰਮ ਦਾ ਗਾਨਾ ਦਿਸੇ ਕਿਸੇ ਨਾ ਗੁੱਟੀਂ, ਜਗਤ ਕੰਗਣ ਸਾਰੇ ਰਹੇ ਹੰਢਾਈਆ । ਪ੍ਰੇਮ ਪਿਆਰ ਦੀ ਧਾਰ ਪਰਵਰਦਿਗਾਰ ਤੇਰੇ ਨਾਲੋਂ ਟੁੱਟੀ, ਨਾਤਾ ਮਾਇਆ ਮਮਤਾ ਮੋਹ ਬਣਾਈਆ । ਜਗਤ ਜਹਾਨ ਵੇਖਿਆ ਦੁਖੀ, ਸੁਖ ਸਾਗਰ ਨਾ ਕੋਇ ਸਮਾਈਆ । ਭਾਗ ਲੱਗੇ ਕਿਸੇ ਨਾ ਕੁੱਖੀਂ, ਜਨ ਭਗਤ ਜਣੇਂਦੀ ਦਿਸੇ ਕੋਇ ਨਾ ਮਾਈਆ । ਸਾਚੇ ਮਾਰਗ ਉਤੋਂ ਤੇਰੀ ਦੁਨੀਆ ਘੁੱਥੀ,

ਰਹਿਬਰ ਰਸਤਾ ਅਗਲਾ ਦੇਣਾ ਵਖਾਈਆ । ਰਸਨਾ ਜਿਹਵਾ ਸਭ ਦੀ ਹੋਈ ਥੋਥੀ, ਸਚ ਬਚਨ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੁਧ ਬਿਨ ਦੂਜਾ ਕੋਇ ਨਾ ਅਵਰ, ਨਿਰਗੁਣ ਸਰਗੁਣ ਵੇਖ ਵਖਾਈਆ । ਕਾਇਆ ਡੂੰਘੀ ਵੇਖੀ ਕ਼ਬਰ, ਮੁਰੀਦ ਮੁਰਸ਼ਦ ਨਾ ਕੋਇ ਉਠਾਈਆ । ਗਹਿਰੀ ਵੇਖੀ ਭਵਰ, ਘੁੰਮਣ ਘੇਰ ਦੁਹਾਈਆ । ਸੰਤੋਖ ਰਿਹਾ ਕਿਸੇ ਨਾ ਸਬਰ, ਸਤਿ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਕੁੜਿਆਰਾ ਹੋਇਆ ਟੱਬਰ, ਮਮਤਾ ਮੋਹ ਨਾ ਕੋਇ ਮਿਟਾਈਆ । ਧੁਨ ਸੁਣੇ ਨਾ ਕੋਈ ਨਾਮ ਮਧੁਰ, ਮਦਿਰਾ ਪੀ ਕੇ ਖ਼ੁਸ਼ੀ ਮਨਾਈਆ । ਆਸਾ ਮਨਸਾ ਪੂਰੀ ਕਰ ਸੱਧਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਕਲਜੁਗ ਅੰਤਮ ਕਰ ਅਦਲ, ਇਨਸਾਫ਼ ਇਕੋ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰ ਮੰਗਣ ਤੇਰੀ ਮਦਦ, ਦਰਗਾਹ ਸਾਚੀ ਬੈਠੇ ਸੀਸ ਨਿਵਾਈਆ । ਸਦੀ ਚੌਧਵੀਂ ਮੇਟ ਤਸ਼ੱਦਦ, ਝਗੜਾ ਜਗਤ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਆਪਣਾ ਖੇਲ ਦੱਸ ਦੇ ਆਪ, ਆਪਣੀ ਦਇਆ ਕਮਾਈਆ । ਹੱਕ ਖ਼ੁਦਾ ਧੁਰ ਦੇ ਬਾਪ, ਪੈਗ਼ੰਬਰ ਸਯਦੇ ਵਿਚ ਸੀਸ ਝੁਕਾਈਆ । ਨਿਰਗੁਣ ਧਾਰ ਦੇ ਸਾਥ, ਜੋਤੀ ਜਾਤੇ ਆਪਣੀ ਕਲ ਧਰਾਈਆ । ਜੋ ਭਵਿਖਤਾਂ ਵਿਚ ਆਏ ਆਖ, ਸੋ ਪੂਰਾ ਦੇਣਾ ਕਰਾਈਆ । ਤੇਰਾ ਨੂਰ ਜ਼ਹੂਰ ਵੇਖੀਏ ਸਾਖਿਆਤ, ਸਾਹਿਬ ਸੁਲਤਾਨ ਤੇਰੀ ਵਡਿਆਈਆ । ਕਲਜੁਗ ਅੰਤਮ ਪੂਰੀ ਕਰ ਵਾਟ, ਪੈਂਡਾ ਅਗਲਾ ਦੇ ਚੁਕਾਈਆ । ਸ੍ਰਿਸ਼ਟੀ ਵਖਾ ਇਕੋ ਘਾਟ, ਪੱਤਨ ਇਕੋ ਡੇਰਾ ਲਾਈਆ । ਚਾਰ ਵਰਨ ਬਣੇ ਸਚ ਜਮਾਤ, ਪੱਟੀ ਅੱਖਸ਼ਰ ਨਾਮ ਦੇਣਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਹੱਕ ਖ਼ੁਦਾ ਧੁਰ ਦੇ ਮਾਲਕ, ਤੇਰਾ ਨਾਮ ਦੁਹਾਈਆ । ਤੂੰ ਆਦਿ ਜੁਗਾਦੀ ਪ੍ਰਿਤਪਾਲਕ, ਪਰਵਰਦਿਗਾਰ ਤੇਰੀ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਲਾਹ ਆਲਸ, ਨਿੰਦਰਾ ਕੂੜ ਰਹੇ ਨਾ ਰਾਈਆ । ਸਚ ਦਵਾਰ ਦਾ ਬਣ ਕੇ ਸਾਲਸ, ਸਾਹਿਬ ਸੁਲਤਾਨ ਹੋਣਾ ਸਹਾਈਆ । ਨਿਰਗੁਣ ਰੂਪ ਜੋਤੀ ਧਾਰ ਖ਼ਾਲਕ, ਖ਼ਲਕ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਸਚ ਖ਼ੁਦਾ ਸਰਬ ਸਿਰਤਾਜ, ਤਖ਼ਤ ਨਿਵਾਸੀ ਤੇਰੀ ਬੇਪਰਵਾਹੀਆ । ਕਲਜੁਗ ਅੰਤਮ ਬਦਲ ਦੇ ਸਮਾਜ, ਸਮਾਂ ਆਪਣੇ ਹੱਥ ਰਖਾਈਆ । ਨੌ ਖੰਡ ਪ੍ਰਿਥਮੀ ਇਕ ਹੋਵੇ ਰਿਵਾਜ, ਮਾਰਗ ਇਕੋ ਦੇਣਾ ਸਮਝਾਈਆ । ਆਤਮ ਪਰਮਾਤਮ ਨਿਰਗੁਣ ਹੋ ਕੇ ਕਰ ਕਾਜ, ਸਰਗੁਣ ਆਪਣਾ ਰੰਗ ਚੜ੍ਹਾਈਆ । ਸਚ ਨਾਮ ਧੁਰ ਦਾ ਕ਼ਲਮਾ ਚਲਾ ਜਹਾਜ਼, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਘਰ ਵਖਾਈਆ । ਸ਼ਬਦ ਅਗੰਮੀ ਨਾਦੀ ਦੇ ਆਵਾਜ਼, ਧੁਨ ਆਤਮਕ ਰਾਗ ਦ੍ਰਿੜਾਈਆ । ਸਭ ਦੀ ਲੇਖੇ ਲਾ ਪੂਜਾ ਪਾਠ ਨਮਾਜ਼, ਸਯਦਿਆਂ ਵਿਚ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਬੋਧ ਅਗਾਧ, ਅਗੰਮ ਅਥਾਹ ਬੇਪਰਵਾਹ ਤੇਰੇ ਹੱਥ ਵਡਿਆਈਆ ।

## ✼ ੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਗੁਰਦਿਆਲ ਕੌਰ ਦੇ ਗ੍ਰਿਹਿ ਦਿੱਲੀ ✼

ਹੱਕ ਖ਼ੁਦਾ ਕਹੇ ਮੈਂ ਕਲਜੁਗ ਮੇਟਣੀ ਕਲਾ, ਕਲਧਾਰੀ ਆਪਣੇ ਵਿਚ ਸਮਾਈਆ । ਜਗਤ ਵਿਕਾਰ ਮੇਟਣਾ ਦਲਾ, ਦਹਿ ਦਿਸ਼ਾ ਫੋਲ ਫੁਲਾਈਆ । ਸਚ ਸ਼ਬਦ ਦਾ ਬੋਲ ਕੇ ਹੱਲਾ, ਹੁਕਮ ਧੁਰ ਦਾ ਦੇਣਾ ਸੁਣਾਈਆ । ਜੋ ਰਾਮ ਕ੍ਰਿਸ਼ਨ ਤੋਂ ਬਣਿਆ ਅੱਲਾ, ਸਤਿ ਨਾਮ ਵਾਹਿਗੁਰੂ ਜਾਪ ਜਪਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਫੜੌਂਦਾ ਆਇਆ ਪੱਲਾ, ਆਂਚਲ ਕੰਨੀ ਨਾਲ ਬੰਧਾਈਆ । ਫ਼ਰਮਾਨ ਸੰਦੇਸ਼ਾ ਧੁਰ ਦਾ ਰਿਹਾ ਘੱਲਾ, ਜਗਤ ਜੁਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਦ੍ਰਿੜਾਈਆ । ਸਾਚਾ ਹੁਕਮ ਇਕ ਫ਼ਰਮਾਨ, ਹਰਿ ਕਰਤਾ ਆਪ ਜਣਾਈਆ । ਦੀਨ ਦੁਨੀ ਵੇਖੇ ਮਾਰ ਧਿਆਨ, ਪਰਦਿਆਂ ਵਿਚੋਂ ਫੋਲ ਫੁਲਾਈਆ । ਭੇਵ ਚੁਕਾਏ ਜ਼ਿਮੀਂ ਅਸਮਾਨ, ਬ੍ਰਹਿਮੰਡਾਂ ਪੰਧ ਮੁਕਾਈਆ । ਲੇਖਾ ਜਾਣ ਜੀਵ ਜਹਾਨ, ਵੇਖਣਹਾਰਾ ਖ਼ਲਕ ਖ਼ੁਦਾਈਆ । ਪ੍ਰਗਟ ਹੋ ਸ੍ਰੀ ਭਗਵਾਨ, ਪ੍ਰਭ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਾਦਾਨ, ਗੁਣਵੰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਲਕ ਸਭ ਦਾ ਸਵਾਮੀ, ਸਵਾਲ ਸਭ ਦੇ ਹੱਲ ਕਰਾਈਆ ।



## ✼ ੨੯ ਚੇਤ ਸ਼ਹਿਨਸ਼ਾਹੀ ਸੰਮਤ ੫ ਸੇਵਾ ਸਿੰਘ ਦੇ ਗ੍ਰਿਹਿ ਗੁੜਗਾਉਂ ✼

ਗੁਰ ਅਵਤਾਰ ਪੈਗ਼ੰਬਰ ਕੰਬਦੇ, ਨੇਤਰ ਸਕੇ ਨਾ ਕੋਇ ਉਠਾਈਆ । ਜੁਗ ਚੌਕੜੀ ਮਾਤ ਗਰਭ ਵਿਚੋਂ ਰਹੇ ਜੰਮਦੇ, ਸਰਗੁਣ ਰੂਪ ਨਾਉਂ ਪ੍ਰਗਟਾਈਆ । ਪੁਤਲੇ ਬਣੇ ਰਹੇ ਕਾਇਆ ਮਾਟੀ ਚੰਮ ਦੇ, ਪੰਜਾਂ ਤੱਤਾਂ ਨਾਲ ਸੁਹਾਈਆ । ਖੇਲ ਖੇਲਦੇ ਰਹੇ ਵਜੂਦ ਤਨ ਦੇ, ਤਤਵ ਤਤ ਰੰਗ ਰੰਗਾਈਆ । ਸਰੋਤੇ ਬਣੇ ਰਹੇ ਸਰਵਣ ਕੰਨ ਦੇ, ਨੇਤਰ ਵੇਖ ਖ਼ੁਸ਼ੀ ਬਣਾਈਆ । ਪ੍ਰਕਾਸ਼ ਤਕਦੇ ਰਹੇ ਅਗੰਮੀ ਚੰਨ ਦੇ, ਜੋ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਪਿਆਰੇ ਬਣੇ ਰਹੇ ਧੁਰ ਸ਼ਬਦ ਧੰਨ ਧੰਨ ਦੇ, ਧੰਨ ਤੇਰੀ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਆਏ ਮੰਨਦੇ, ਰਹਿਮਤ ਵਿਚ ਨਿਉਂ ਨਿਉਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਹੇ ਡਰਦੇ, ਭੈ ਵਿਚ ਸੀਸ ਨਿਵਾਈਆ । ਜਨਮ ਤੋਂ ਬਾਦ ਰਹੇ ਮਰਦੇ, ਤਨ ਵਜੂਦ ਨਾ ਕੋਇ ਵਡਿਆਈਆ । ਖੇਲ ਤਕਦੇ ਰਹੇ ਪ੍ਰਭੂ ਦੇ ਘਰ ਦੇ, ਗ੍ਰਿਹਿ ਮੰਦਰ ਪਰਦਾ ਲਾਹੀਆ । ਵਣਜਾਰੇ ਬਣੇ ਰਹੇ ਸਰੋਵਰ ਸਰ ਦੇ, ਜੋ ਅੰਮ੍ਰਿਤ ਧਾਰ ਪ੍ਰਗਟਾਈਆ । ਦਰਸ਼ਨ ਤਕਦੇ ਰਹੇ ਨਰਾਇਣ ਨਰ ਦੇ, ਜੋ ਨਿਰਮਲ ਨੂਰ ਜੋਤ ਕਰੇ ਰੁਸ਼ਨਾਈਆ । ਨਾਮ ਢੋਲੇ ਕਲਮੇ ਗੀਤ ਰਹੇ ਪੜ੍ਹਦੇ, ਜੋ ਸ਼ਬਦ ਅਗੰਮੀ ਕਲਾਮ ਸੁਣਾਈਆ । ਅੰਤਰ ਅੰਤਰ ਨਿਰੰਤਰ ਹੋ ਕੇ ਮੰਜ਼ਲ ਰਹੇ ਚੜ੍ਹਦੇ, ਘਰ ਘਰ ਵਿਚ ਖੋਜ ਖੁਜਾਈਆ । ਦੁਖ ਸੁਖ ਚਿੰਤਾ ਰੋਗ ਭਾਣਾ ਰਹੇ ਜਰਦੇ, ਸੀਸ ਸਕਿਆ ਨਾ ਕੋਇ ਉਠਾਈਆ । ਹੁਣ ਖੇਲ ਵੇਖਣੇ ਕਲਜੁਗ ਕਲ ਦੇ, ਕਲਕਾਤੀ ਕੀ ਆਪਣੀ

ਕਾਰ ਕਮਾਈਆ । ਝਗੜੇ ਤਕਣੇ ਪੰਚ ਵਿਕਾਰ ਦਲ ਦੇ, ਦਹਿ ਦਿਸ਼ਾ ਫੋਲ ਫੁਲਾਈਆ । ਚਲਿਤ੍ਰ ਵੇਖਣੇ ਅਛਲ ਅਛੱਲ ਦੇ, ਵਲ ਛਲ ਧਾਰੀ ਕੀ ਆਪਣਾ ਰੰਗ ਰੰਗਾਈਆ । ਨਜ਼ਾਰੇ ਤਕਣੇ ਨਿਹਚਲ ਧਾਮ ਅਟਲ ਦੇ, ਜੋ ਦਰਗਾਹ ਸਾਚੀ ਇਕ ਸੁਹਾਈਆ । ਹੁਲਾਰੇ ਵੇਖਣੇ ਸਮੁੰਦ ਸਾਗਰ ਜਲ ਦੇ, ਲਹਿਰ ਲਹਿਰ ਨਾਲ ਟਕਰਾਈਆ । ਗ੍ਰਿਹਿ ਮੰਦਰ ਦੀਪਕ ਵੇਖਣੇ ਬਲ ਦੇ, ਜਨ ਭਗਤਾਂ ਅੰਦਰ ਹੋਵੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਬਣੇ ਰਹੇ ਡਰਪੋਕ, ਭੈ ਵਿਚ ਸੀਸ ਨਿਵਾਈਆ । ਰੱਖਦੇ ਰਹੇ ਸਦਾ ਓਟ, ਓੜਕ ਮੰਨਿਆ ਇਕੋ ਪਿਤਾ ਮਾਈਆ । ਨਾਮ ਕਲਮਾ ਪੜ੍ਹਦੇ ਰਹੇ ਸਲੋਕ, ਸਿਫ਼ਤਾਂ ਵਾਲੇ ਸੋਹਲੇ ਜਗਤ ਜਣਾਈਆ । ਨਿਰਗੁਣ ਧਾਰ ਮਾਣਦੇ ਰਹੇ ਮੌਜ, ਜੋਤੀ ਜਾਤਾ ਦਏ ਵਡਿਆਈਆ । ਅੰਤ ਸਚਖੰਡ ਦਵਾਰੇ ਗਏ ਪਹੁੰਚ, ਪਰਮ ਪੁਰਖ ਪ੍ਰਭ ਆਪਣੇ ਵਿਚ ਮਿਲਾਈਆ । ਨਾ ਵਰਨ ਰਿਹਾ ਨਾ ਗੋਤ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਸਾਰੇ ਰੂਪ ਇਕੋ ਨਿਰਮਲ ਜੋਤ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਧੁਰ ਦਾ ਖੌਂਤ, ਕੰਤ ਕੰਤੂਹਲ ਵਡ ਵਡਿਆਈਆ । ਜਿਸ ਦੀ ਕੁਲ ਕਦੇ ਨਾ ਜਾਵੇ ਔਂਤ, ਭਗਤ ਭਗਵਾਨ ਮਿਲ ਕੇ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਭੈ ਵਿਚ ਰਹੇ ਝੁਕਦੇ, ਨਿਉਂ ਨਿਉਂ ਸੀਸ ਨਿਵਾਈਆ । ਖੇਲ ਵੇਖਦੇ ਰਹੇ ਅਬਿਨਾਸ਼ੀ ਅਚੁਤ ਦੇ, ਚੇਤਨ ਹੋ ਕੇ ਅੱਖ ਖੁਲ੍ਹਾਈਆ । ਭਾਗ ਤਕਦੇ ਰਹੇ ਸੁਹੰਜਣੀ ਰੁਤ ਦੇ, ਰੁਤੜੀ ਆਪਣਾ ਰੰਗ ਰੰਗਾਈਆ । ਦੀਨ ਦੁਨੀ ਦੇ ਹਾੜੇ ਸੁਣਦੇ ਰਹੇ ਦੁੱਖ ਦੇ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਭਾਗ ਤਕਦੇ ਰਹੇ ਜਨਣੀ ਵਾਲੀ ਕੁੱਖ ਦੇ, ਜੋ ਜਨ ਭਗਤ ਜਣੇ ਧੰਨ ਜਣੇਂਦੀ ਮਾਈਆ । ਨਜ਼ਾਰੇ ਤਕਦੇ ਰਹੇ ਅਬਿਨਾਸ਼ੀ ਅਚੁਤ ਦੇ, ਜੋ ਚਾਰ ਕੁੰਟ ਦਹਿ ਦਿਸ਼ਾ ਆਪਣੀ ਕਾਰ ਕਮਾਈਆ । ਜਿਸ ਦੇ ਭੇਵ ਰਹਿਣੇ ਨਹੀਂ ਲੁਕ ਦੇ, ਪੜਦਿਆਂ ਵਿਚੋਂ ਪੜਦੇ ਦਏ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਲੋਕਮਾਤ ਆਏ, ਹੁਕਮ ਮੰਨਿਆ ਧੁਰਦਰਗਾਹੀਆ । ਨਾਮ ਸੰਦੇਸ਼ੇ ਢੋਲੇ ਗਾਏ, ਕਲਮਿਆਂ ਵਿਚ ਦ੍ਰਿੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਰਾਗ ਅਲਾਏ, ਸਿਫ਼ਤਾਂ ਵਿਚ ਸਾਲਾਹੀਆ । ਸਚ ਦਵਾਰ ਆਏ ਸਮਝਾਏ, ਦਰਗਾਹ ਸਚ ਮਿਲੇ ਵਡਿਆਈਆ । ਜਿਥੇ ਇਕੋ ਨਿਰਗੁਣ ਨੂਰ ਜੋਤ ਰੁਸ਼ਨਾਏ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਵਿਚੋਂ ਪਰਮ ਪੁਰਖ ਪਰਮਾਤਮ ਸਾਡੀ ਧਾਰ ਉਪਜਾਏ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਸੋ ਸਾਹਿਬ ਸੁਲਤਾਨਾ ਮਰਦ ਮਰਦਾਨਾ ਨੌਜਵਾਨਾ ਆਪਣੀ ਖੇਲ ਖਲਾਏ, ਖ਼ਾਲਕ ਹੋ ਕੇ ਵੇਖੇ ਥਾਉਂ ਥਾਈਂਆ । ਸਤਿ ਧਰਮ ਦਾ ਨਿਸ਼ਾਨਾ ਇਕ ਝੁਲਾਏ, ਦੋ ਜਹਾਨਾਂ ਆਪਣਾ ਪਰਦਾ ਲਾਹੀਆ । ਸਾਡੀ ਕੀਤੀ ਪਿਛਲੀ ਚਾਰ ਜੁਗ ਉਲਟਾਏ, ਜੁਗ ਚੌਕੜੀ ਦਏ ਗਵਾਹੀਆ । ਅਸੀਂ ਸਾਰੇ ਉਚੀ ਕੂਕ ਰਹੇ ਸੁਣਾਏ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੁਧ ਬਿਨ ਦੂਜਾ ਅਵਰ ਕੋਇ ਨਾਹੇਂ, ਨਰ ਨਰਾਇਣ ਤੇਰੀ ਇਕ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਸੀਂ ਫੇਰੀਆਂ ਆਏ ਪਾਏ, ਫਿਰਤ ਫਿਰਤ ਤੇਰਾ ਨਾਮ ਧਿਆਈਆ । ਅੰਤ ਬੋਲ ਪੁਕਾਰ ਕੂਕ ਕੇ ਆਏ


੧੨੦੯
੨੧

ਸੁਣਾਏ, ਨਾਅਰਿਆਂ ਵਿਚ ਦੁਹਾਈਆ । ਪੁਰਖ ਅਕਾਲਾ ਦੀਨ ਦਿਆਲਾ, ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਮਾ ਵੇਸ ਵਟਾਏ, ਕਲ ਕਲਕੀ ਨਾਉਂ ਪ੍ਰਗਟਾਈਆ । ਜਿਸ ਦਾ ਲੇਖਾ ਕੋਇ ਸਮਝੇ ਨਾਂਹੇ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਸੋ ਕਲਜੁਗ ਅੰਤਮ ਲਹਿਣਾ ਦੇਣਾ ਦਏ ਮੁਕਾਏ, ਮੁਕੰਮਲ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚਾ ਰਾਹ ਵਖਾਏ, ਰਹਿਬਰ ਹੋ ਕੇ ਨੂਰ ਅਲਾਹੀਆ । ਜਨ ਭਗਤ ਸੁਹੇਲੇ ਦੀਨ ਦੁਨੀ ਵਿਚੋਂ ਉਠਾਏ, ਸੋਈ ਸੁਰਤੀ ਆਪ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਬੰਧਨ ਸ਼ਬਦੀ ਧਾਰ ਬੰਧਾਏ, ਅੱਗੇ ਹੋ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਪ੍ਰਗਟਾਏ, ਪ੍ਰਗਟ ਹੋ ਕੇ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਵਾਰੋ ਵਾਰੀ, ਜੁਗ ਚੌਕੜੀ ਫੇਰਾ ਪਾਈਆ । ਨਿਤ ਨਿਤ ਕੀਤੀ ਖੇਲ ਨਿਆਰੀ, ਨਿਰਗੁਣ ਨਿਰਾਕਾਰ ਨਿਰੰਕਾਰ ਦਿਤੀ ਕਰਾਈਆ । ਚਾਰ ਵਰਨ ਅਠਾਰਾਂ ਬਰਨ ਲੱਗਣ ਨਾ ਦਿਤੀ ਯਾਰੀ, ਟੁੱਟੀ ਗੰਢ ਨਾ ਕੋਇ ਪਵਾਈਆ । ਪੁਰਖ ਅਕਾਲ ਦੀਨ ਦਿਆਲ ਬਣਿਆ ਰਿਹਾ ਇਸ਼ਤਿਹਾਰੀ, ਚਾਰ ਕੁੰਟ ਦਹਿ ਦਿਸ਼ਾ ਹੱਥ ਕਿਸੇ ਨਾ ਆਈਆ । ਅੰਤਮ ਸਾਰੇ ਰੋ ਰੋ ਕੇ ਕਹਿੰਦੇ ਆਏ ਇਕ ਵਾਰੀ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਪੁਰਖ ਅਕਾਲਾ ਦੀਨ ਦਿਆਲਾ ਕਲ ਕਲਕੀ ਲੈ ਅਵਤਾਰੀ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰ ਜੁਗ ਦੀ ਪਿਛਲੀ ਮੇਟੇ ਸਰਬ ਸਰਦਾਰੀ, ਸਦ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚਾ ਚੰਦ ਨੂਰ ਕਰੇ ਉਜਿਆਰੀ, ਕੂੜ ਕੁੜਿਆਰਾ ਦਏ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਓਸ ਪ੍ਰਭੂ ਦੇ ਚਰਨ ਕਵਲ ਨਿਮਸਕਾਰੀ, ਨਿਉਂ ਨਿਉਂ ਸਾਰੇ ਲਾਗਣ ਪਾਈਆ । ਜਿਨ੍ਹ ਭਗਤਾਂ ਪੈਜ ਸਵਾਰੀ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਆਵਣ ਜਾਵਣ ਲੱਖ ਚੁਰਾਸੀ ਕਟ ਬੀਮਾਰੀ, ਦੀਨਾਂ ਮਜ੍ਹਬਾਂ ਦੁੱਖਾਂ ਦਰਦਾਂ ਡੇਰਾ ਦਿਤਾ ਢਾਹੀਆ । ਸਾਚੀ ਮੰਜ਼ਲ ਦੱਸ ਅਗੰਮ ਅਟਾਰੀ, ਅਟਲ ਮਹੱਲ ਦਿਤਾ ਵਖਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਬੈਠਾ ਆਸਣ ਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਝੁਕ ਝੁਕ ਸਾਰੇ ਕਰੀਏ ਨਿਮਸਕਾਰੀ, ਡੰਡਾਵਤ ਵਿਚ ਬੰਦਨਾ ਕਹਿ ਕੇ ਸੀਸ ਜਗਦੀਸ਼ ਝੁਕਾਈਆ । ਜਿਸ ਦੀ ਅੰਤ ਕਲਜੁਗ ਆਈ ਵਾਰੀ, ਵਾਹਵਾ ਆਪਣੀ ਸਾਚੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਪਾਵੇ ਕੋਈ ਨਾ ਸਾਰੀ, ਅੰਤਸ਼ਕਰਨ ਵਿਚ ਅੰਤ ਕਹਿਣ ਕੋਇ ਨਾ ਪਾਈਆ ।

### * ੩੦ ਚੇਤ ਸ਼ਹਿਨਸ਼ਾਹੀ ਸੰਮਤ ੫ ਸੰਤਾ ਸਿੰਘ ਦੇ ਗ੍ਰਿਹ ਦਿੱਲੀ *

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਿਰਪਾ ਕਰ ਯਦੀ, ਯਥਾਰਥ ਬੇਨੰਤੀ ਇਕ ਸੁਣਾਈਆ । ਕਲਜੁਗ ਵੇਖ ਚਾਰ ਕੁੰਟ ਦਹਿ ਦਿਸ਼ਾ ਵਧੀ ਬਦੀ, ਆਤਮ ਬ੍ਰਹਮ ਪਰਦਾ ਕੋਇ ਨਾ ਲਾਹੀਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਹਿੰਦੀ ਨਦੀ, ਨਈਆ ਨੌਕਾ ਤੇਰਾ ਨਾਮ ਨਜ਼ਰ ਕੋਇ ਨਾ ਆਈਆ । ਪੈਗ਼ੰਬਰਾਂ ਦੀ ਪੂਰੀ ਹੋਣ ਵਾਲੀ ਸਦੀ, ਮੁਹੰਮਦ ਹਾਜ਼ਰ ਹੋ ਕੇ ਦਏ ਗਵਾਹੀਆ । ਸਭ ਦੀ ਕੀਤੀ ਪੂਰਬ ਹੋਈ ਰੱਦੀ, ਰਹਿਬਰ

੧੨੮੦
੨੧

ਸਾਰੇ ਰਹੇ ਕੁਰਲਾਈਆ । ਮਨ ਮਤ ਮਤਵਾਲੀ ਸ੍ਰਿਸ਼ਟੀ ਵਿਕਾਰ ਵਿਚ ਮਧੀ, ਮਧੁਰ ਧੁਨ ਤੇਰੀ ਸੁਣਨ ਕੋਇ ਨਾ ਪਾਈਆ । ਵਸਤ ਅਮੋਲਕ ਕਾਇਆ ਗੋਲਕ ਨਵ ਸੱਤ ਕਿਸੇ ਨਾ ਲੱਧੀ, ਖੋਜਤ ਖੋਜਤ ਵੇਖੀ ਜਗਤ ਲੋਕਾਈਆ । ਜਿਧਰ ਤੱਕੀਏ ਤ੍ਰੈਗੁਣ ਮਾਇਆ ਪੰਜ ਤੱਤ ਲੱਗੀ ਅੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਹੰਸ ਬੁੱਧੀ ਜੀਵ ਜੰਤ ਹੋਏ ਕੱਗੀ, ਸਤਿ ਸਰੂਪ ਵਿਚ ਨਾ ਕੋਇ ਸਮਾਈਆ । ਧਰਮ ਨਿਸ਼ਾਨਾ ਦੋ ਜਹਾਨਾਂ ਦਿਸੇ ਕੋਈ ਨਾ ਗੱਡੀ, ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ ਚਾਰ ਕੁੰਟ ਕਰੇ ਲੜਾਈਆ । ਨਿਰਮਲ ਜੋਤ ਪਾਰਬ੍ਰਹਮ ਪਤਿਪਰਮੇਸ਼ਵਰ ਕਿਸੇ ਹਿਰਦੇ ਮੂਲ ਨਾ ਜਗੀ, ਜਾਗਰਤ ਜੋਤ ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਧਰਨੀ ਧਰਤ ਧਵਲ ਧੌਲ ਪਾਪਾਂ ਨਾਲ ਦੱਬੀ, ਪੱਤਤ ਪੁਨੀਤ ਠਾਂਡਾ ਸੀਤ ਨਾ ਕੋਇ ਕਰਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਜੂਠ ਝੂਠ ਹੰਢੌਂਦੇ ਗੱਦੀ, ਅਦਲ ਇਨਸਾਫ਼ ਧਰਮ ਦੀ ਧਾਰ ਨਾ ਕੋਇ ਕਮਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਖੇਲ ਕ਼ਦੀਮ ਤੋਂ ਕਦੀ, ਕੁਦਰਤ ਦੇ ਮਾਲਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਮੁਨਿਆਦ ਅੰਤਮ ਲੰਘੀ, ਲੇਖਾ ਅਵਰ ਨਾ ਕੋਇ ਜਣਾਈਆ । ਤੇਰੇ ਚਰਨ ਕਵਲ ਤੇਰੀ ਲੈ ਆਏ ਸਨਦੀ, ਤੇਰੀ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਜ਼ੋਰ, ਜੋਰੂ ਜ਼ਰ ਦਏ ਦੁਹਾਈਆ । ਪੁਰਖ ਅਕਾਲ ਕਿਰਪਾ ਕਰ ਨਾਲ ਗ਼ੌਰ, ਗਹਿਰ ਗੰਭੀਰ ਵੇਖ ਵਖਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਕੌੜ, ਅੰਮ੍ਰਿਤ ਨਾਮ ਰਸ ਬਿਨ ਰਸਨਾ ਜਿਹਵਾ ਨਾ ਕੋਇ ਚਖਾਈਆ । ਮਨ ਕਲਪਣਾ ਚਾਰ ਕੁੰਟ ਦਹਿ ਦਿਸ਼ਾ ਸਾਰੇ ਰਹੇ ਦੌੜ,

੧੨੮੧ ਮਾਇਆ ਮਮਤਾ ਮੋਹ ਵਿਕਾਰ ਹੰਕਾਰ ਵਿਚ ਹਲਕਾਈਆ । ਸਚ ਦਵਾਰ ਏਕੰਕਾਰ ਤੇਰੀ ਮੰਜ਼ਲ ਚੜ੍ਹੇ ਕੋਈ ਨਾ ਦੌੜ, ਸ਼ਾਸਤਰ ਸਿਮਰਤ ਵੇਦ ੧੨੮੧

੨੧ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਰੋ ਰੋ ਦਏ ਦੁਹਾਈਆ । ਜਿਧਰ ਤੱਕੀਏ ਨੌਂ ਖੰਡ ਪ੍ਰਿਥਮੀ ਸੱਤ ਦੀਪ ਅੰਧੇਰਾ ਘੋਰ, ਨਿਰਗੁਣ ਨੂਰੀ ਚੰਦ ੨੧

ਨਾ ਕੋਇ ਰੁਸ਼ਨਾਈਆ । ਦੀਨ ਮਜ਼੍ਹਬ ਜ਼ਾਤ ਪਾਤ ਅੱਲਾ ਵਾਹਿਗੁਰੂ ਰਾਮ ਓਮ ਤੇਰੇ ਨਾਮ ਦਾ ਪਾਇਆ ਸ਼ੋਰ, ਸ਼ਰਅ ਵਿਚ ਸ਼ਰੀਅਤ ਦਿਤੀ ਦਸਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਸਾਡੀ ਸਿਖਿਆ ਹੋਈ ਕਮਜ਼ੋਰ, ਬਲਹੀਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਮੰਨੇ ਕੋਈ ਨਾ ਆਖੀ, ਦੀਨ ਦੁਨੀ ਹੋਈ ਹਲਕਾਈਆ । ਆਤਮ ਪਰਮਾਤਮ ਬਣੇ ਕੋਈ ਨਾ ਸਾਥੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਚ ਦਵਾਰ ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਨੌਂ ਦਵਾਰੇ ਪੰਧ ਨਾ ਕੋਇ ਮੁਕਾਈਆ । ਅੰਤਰ ਮਿਟੇ ਨਾ ਅੰਧੇਰੀ ਰਾਤੀ, ਨੂਰੀ ਜੋਤ ਚੰਦ ਨਾ ਕੋਇ ਚਮਕਾਈਆ । ਸ਼ਬਦ ਸੁਣੇ ਨਾ ਕੋਇ ਅਨਾਦੀ, ਅਨਹਦ ਰਾਗ ਨਾ ਕੋਇ ਉਪਜਾਈਆ । ਅੰਮ੍ਰਿਤ ਬੂੰਦ ਪੀਵੇ ਨਾ ਕੋਇ ਸਵਾਂਤੀ, ਅਨਰਸ ਨਾ ਕੋਇ ਚਖਾਈਆ । ਜਿਧਰ ਤੱਕੀਏ ਅੰਧੇਰੀ ਰਾਤੀ, ਕਲਜੁਗ ਅੰਧੇਰਾ ਛਾਈਆ । ਕਿਰਪਾ ਕਰ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਵਿਖਤਾਂ ਵਿਚ ਤੇਰੇ ਨਾਮ ਦੀ ਦੇ ਕੇ ਆਏ ਪਾਤੀ, ਪੇਸ਼ੀਨਗੋਈਆਂ ਵਿਚ ਤੇਰੀ ਓਟ ਰਖਾਈਆ । ਅੰਤ ਅਖ਼ੀਰ ਰੱਖੀ ਆਸੀ, ਆਸਣ ਸਿੰਘਾਸਣ ਇਕੋ ਤੇਰਾ ਵੇਖ ਵਖਾਈਆ । ਤੂੰ ਸਾਹਿਬ ਪੁਰਖ ਅਬਿਨਾਸ਼ੀ, ਗੁਰ ਅਵਤਾਰ ਪੈਗ਼ੰਬਰ ਕਹਿਣ ਤੁਧ ਬਿਨ ਦੂਜਾ

ਨਜ਼ਰ ਕੋਇ ਨਾ ਆਈਆ । ਸਾਡੀ ਚਾਰ ਦਿਨ ਦੀ ਜ਼ਿੰਦਗੀ ਤੇ ਤੇਰੀ ਬਖ਼ਸ਼ੀ ਹੋਈ ਹਯਾਤੀ, ਤਨ ਵਜੂਦ ਪਹਿਨ ਕੇ ਅੰਤਮ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸਾਂ ਦੀਨ ਮਜ਼੍ਹਬ ਬਣਾਏ ਇਸਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਇਨਸਾਨਾਂ ਨਾਲ ਲੜਾਏ ਇਨਸਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਰਾਮ ਤੋਂ ਅੱਲਾ ਬਦਲ ਕੇ ਨਾਮ, ਦੀਨ ਦੁਨੀ ਦਿਤੀ ਬਦਲਾਈਆ । ਤੇਰੇ ਨਾਮ ਤੋਂ ਕਰ ਕੇ ਕ਼ਤਲੇਆਮ, ਜ਼ਿਬਹ ਗਊ ਗ਼ਰੀਬ ਵਖਾਈਆ । ਅੱਲਾ ਤੋਂ ਬਣ ਕੇ ਸਤਿਨਾਮ, ਡੰਕਾ ਨਾਮ ਦਾ ਦਿਤਾ ਵਜਾਈਆ । ਗੋਬਿੰਦ ਸੂਰੇ ਉਠ ਬਲਵਾਨ, ਵਾਹਿਗੁਰੂ ਤੇਰਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਨਾਮ ਦਾ ਜੁਗ ਜੁਗ ਰਿਹਾ ਕਲੇਸ਼, ਨਾਮ ਨਾਮ ਨਾਲ ਲੜਾਈਆ । ਤੇਰੀ ਖੇਲ ਤਕਦੇ ਰਹੇ ਹਮੇਸ਼, ਸਤਿਜੁਗ ਤਰੇਤਾ ਦੁਆਪਰ ਕਲਜੁਗ ਅੱਖ ਖੁਲ੍ਹਾਈਆ । ਅੰਤ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਗੋਬਿੰਦ ਮਾਛੂਵਾੜੇ ਸੇਜ ਸੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋਵੇ ਨਰ ਨਰੇਸ਼, ਨਿਹਕਲੰਕਾ ਆਪਨਾ ਨਾਉਂ ਧਰਾਈਆ । ਜੋ ਚਾਰ ਵਰਨ ਅਠਾਰਾਂ ਬਰਨ ਸਭ ਨਾਲ ਕਰੇ ਹੇਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਕੂੜੀ ਕਿਰਿਆ ਮਨ ਕਲਪਣਾ ਕਰੇ ਖੇਤ, ਨਾਮ ਖੰਡਾ ਖੜਗ ਇਕ ਚਮਕਾਈਆ । ਗੁਰਮੁਖਾਂ ਦਰਸ਼ਨ ਦੇਵੇ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦਏ ਰੇਖ, ਰਿਖੀ ਮੁਨੀ ਮੁਨੀਸ਼ਰ ਵੇਖੇ ਥਾਉਂ ਥਾਈਂਆ । ਸਤਿਜੁਗ ਸਾਚੇ ਬਖ਼ਸ਼ੇ ਟੇਕ, ਜਨ ਭਗਤਾਂ ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮਿਹਰਵਾਨ ਹੋ ਕੇ ਮਹਿਬੂਬ ਨਿਰਮਲ ਬੁੱਧ ਕਰੇ ਬਿਬੇਕ, ਦੁਰਮਤ ਮੈਲ ਦਏ ਧਵਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਜਲਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਦੇਵੇ ਸੰਦੇਸ਼, ਧੁਰ ਦੀ ਧਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰ ਮਾਲਕ ਨੂਰ ਅਲਾਹੀਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਅੰਤਮ ਲਹਿਣਾ ਵੇਖ ਹਿਸਾਬ, ਨਿਸਬਤ ਆਪਣੇ ਹੱਥ ਰਖਾਈਆ । ਚਾਰ ਜੁਗ ਸਿਫ਼ਤਾਂ ਵਾਲੀ ਤੇਰੀ ਲਿਖੀ ਲੁਗ਼ਾਤ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਤੇਰਾ ਨਾਮ ਵਡਿਆਈਆ । ਅੰਤ ਅਖ਼ੀਰ ਸ਼ਾਹ ਹਕੀਰ ਲੇਖਾ ਕਰ ਬੇਬਾਕ, ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕੌਲ ਇਕਰਾਰ ਕਰ ਯਾਦ, ਸਚਖੰਡ ਨਿਵਾਸੀ ਪਰਦਾ ਆਪਣਾ ਆਪ ਉਠਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਲੋਕਮਾਤ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚੇ ਦੇ ਦਾਦ, ਨਾਮ ਅਮੋਲਕ ਝੋਲੀ ਪਾਈਆ । ਜੋ ਝਗੜਾ ਮੇਟੇ ਜ਼ਾਤ ਪਾਤ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਾਰੇ ਪੰਜ ਤੱਤ ਦੇ ਪੁਤਲੇ ਇਨਸਾਨ ਮਾਟੀ ਖ਼ਾਕ, ਵਿਚ ਤੇਰਾ ਆਤਮ ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਿਉਂ ਊਚ ਨੀਚ ਖੇਲ ਕੀਤਾ ਵਿਚ ਮਾਤ, ਮਾਨਵ ਮਾਨਵ ਹਿੱਸੇ ਦਿਤੇ ਪਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਪਤਿਪਰਮੇਸ਼ਵਰ ਮਾਈ ਬਾਪ, ਦੂਜਾ ਸਾਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਆਤਮ ਬ੍ਰਹਮ ਦੇਣਾ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਮਜ਼੍ਹਬ ਪਾਏ ਤੇਰੀ ਝੋਲੀ, ਤੇਰੀ ਵਸਤ

ਤੇਰੇ ਵਿਚ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਸ੍ਰਿਸ਼ਟ ਸਬਾਈ ਆਪਣੇ ਨਾਮ ਦੀ ਦੱਸ ਦੇ ਇਕੋ ਬੋਲੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰਾ ਆਤਮ ਤੇਰਾ ਬ੍ਰਹਮ ਤੇਰੀ ਧਾਰ ਹੋਵੇ ਤੇਰੀ ਗੋਲੀ, ਨਿਤ ਨਵਿਤ ਤੇਰੀ ਸੇਵ ਕਮਾਈਆ । ਸਚ ਦਵਾਰ ਏਕੰਕਾਰ ਸ੍ਰਿਸ਼ਟ ਸਬਾਈ ਖੋਲ੍ਹੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਵੰਡ ਨਾ ਕੋਇ ਵੰਡਾਈਆ । ਨਿਰਵੈਰ ਹੋ ਕੇ ਨਾਮ ਕੰਡੇ ਸਚ ਤਰਾਜ਼ੂ ਤੋਲੀਂ, ਦੀਨ ਦੁਨੀ ਇਕੋ ਰੰਗ ਵਖਾਈਆ । ਤੇਰੀ ਨਿਰਗੁਣ ਜੋਤ ਲੱਖ ਚੁਰਾਸੀ ਅੰਦਰ ਮੌਲੀ, ਮੌਲਾ ਬੇਪਰਵਾਹ ਪਰਦਾ ਦੇਣਾ ਉਠਾਈਆ । ਕਿਰਪਾ ਕਰ ਪ੍ਰਗਟ ਹੋ ਉਪਰ ਧੌਲੀ, ਧਰਨੀ ਧਰਤ ਧਵਲ ਧੌਲ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸਚਖੰਡ ਦਵਾਰ ਏਕੰਕਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਝਗੜਾ ਰਹਿਣ ਨਾ ਦੇਵੀਂ ਮਜ਼੍ਹਬ, ਮਜ਼ਬੂਤ ਆਪਣੀ ਦਇਆ ਕਮਾਈਆ । ਸਭ ਨੂੰ ਆਪਣੇ ਵਿਚ ਕਰ ਜਜ਼ਬ, ਬਾਹਰ ਰਹਿਣ ਕੋਇ ਨਾ ਪਾਈਆ । ਸਤਿਜੁਗ ਤੇਰਾ ਇਕੋ ਹੋਵੇ ਅਦਬ, ਦੂਜਾ ਇਸ਼ਟ ਨਾ ਕੋਇ ਮਨਾਈਆ । ਸੀਸ ਝੁਕੇ ਤੇਰੇ ਕ਼ਦਮ, ਚਰਨ ਕਵਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰੀ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਿਰਪਾ ਕਰ ਪੁਰਖ ਸਮਰਥ, ਪਰਵਰਦਿਗਾਰ ਤੇਰਾ ਰਾਹ ਤਕਾਈਆ । ਦੀਨ ਮਜ਼੍ਹਬ ਤੇਰੇ ਸਾਹਮਣੇ ਦਈਏ ਛੱਡ, ਝਗੜਾ ਮੁਕੇ ਜਗਤ ਲੋਕਾਈਆ । ਧਰਮ ਨਿਸ਼ਾਨਾ ਦੋ ਜਹਾਨਾਂ ਇਕੋ ਦੇ ਗੱਡ, ਗਾਈਡ ਹੋ ਕੇ ਵੇਖ ਵਖਾਈਆ । ਜ਼ਾਤ ਪਾਤ ਰਹੇ ਕੋਈ ਨਾ ਹੱਦ, ਹਦੂਦ ਕੂੜੀ ਦੇਣੀ ਗਵਾਈਆ । ਤੇਰੇ ਨਾਮ ਦਾ ਵੱਜੇ ਨਦ, ਨਾਉਂ ਨਿਰੰਕਾਰਾ ਇਕ ਸੁਣਾਈਆ । ਬਿਨਾ ਕਾਅਬਿਉਂ ਹੋਵੇ ਹੱਜ, ਹੁਜਰਾ ਹੱਕ ਦੇਣਾ ਵਖਾਈਆ । ਧੁਰ ਦਾ ਮੰਦਰ ਦੱਸਣਾ ਮਠ, ਸ਼ਿਵਦਵਾਲਾ ਇਕੋ ਸੋਭਾ ਪਾਈਆ । ਜਿਥੇ ਨਿਰਮਲ ਜੋਤ ਜਗੇ ਲਟ ਲਟ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਸ਼ਬਦ ਨਾਦ ਧੁਨ ਸੁਣੌਣਾ ਅਨਹਦ, ਅਨਾਦ ਅਨਾਦੀ ਆਪਣੀ ਦਇਆ ਕਮਾਈਆ । ਤੇਰਾ ਖੇਲ ਵੇਖੀਏ ਸਭ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪਰਦਾ ਦੇਣਾ ਉਠਾਈਆ । ਜਿਧਰ ਤੱਕੀਏ ਤੇਰਾ ਇਕੋ ਨਾਮ ਇਕੋ ਕਲਮਾ ਦੀਨ ਦੁਨੀ ਲਏ ਜਪ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਤੀਰਥ ਹੋਵੇ ਤਟ, ਕਿਨਾਰਾ ਇਕੋ ਸੋਭਾ ਪਾਈਆ । ਇਕੋ ਗ੍ਰਿਹ ਮੰਦਰ ਹੋਵੇ ਹੱਟ, ਵਸਤ ਅਮੋਲਕ ਇਕ ਵਰਤਾਈਆ । ਸਤਿਜੁਗ ਸਾਚਾ ਮਾਰਗ ਪ੍ਰਭ ਦੱਸ, ਦਹਿ ਦਿਸ਼ਾ ਸਿਖਿਆ ਇਕ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਤੇਰੇ ਵੱਸ, ਵਾਸਤਾ ਪਾ ਕੇ ਦੇਣ ਦੁਹਾਈਆ । ਸਾਡੀ ਕਲਜੁਗ ਅੰਤਮ ਹੋਈ ਬਸ, ਅੱਗੇ ਚਲੇ ਨਾ ਕੋਇ ਚਤੁਰਾਈਆ । ਪਿਛਲਾ ਸਭ ਕਿਛ ਸੌਂਪਿਆ ਤੇਰਾ ਤੈਨੂੰ ਹੱਕ, ਹਕ਼ੀਕ਼ਤ ਤੇਰੀ ਤੇਰੇ ਵਿਚ ਟਿਕਾਈਆ । ਸਾਰੇ ਸੀਸ ਨਿਵੌਂਦੇ ਝਟ, ਝਟਕੇ ਹਲਾਲੀ ਵਾਲੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦੀ ਦ੍ਰਿਸ਼ਟੀ ਵਿਚ ਨਿਜ ਨੇਤਰ ਖੋਲ੍ਹ ਅੱਖ, ਸੰਤ ਭਗਤ ਗੁਰਮੁਖ ਗੁਰਸਿੱਖ ਸੂਫ਼ੀ ਫ਼ਕੀਰ ਬੇਨਜ਼ੀਰ ਨਜ਼ਰ ਆਪਣੀ ਨਾਲ ਲੈ ਉਠਾਈਆ ।

## ❊ ੩੦ ਚੇਤ ਸ਼ਹਿਨਸ਼ਾਹੀ ਸੰਮਤ ੫ ਗੋਰਾਇਆ ਹਜ਼ੂਰਾ ਸਿੰਘ ਦੇ ਗ੍ਰਿਹਿ ਦੁਆਬਾ ਸੰਗਤ ❊

ਚੇਤ ਕਹੇ ਮੈਂ ਚਲਿਆ, ਚਲਤ ਕਰਾਂ ਲੋਕਾਈਆ । ਸੰਦੇਸ਼ਾ ਪੁਰਖ ਅਕਾਲ ਘੱਲਿਆ, ਧੁਰ ਦਾ ਹੁਕਮ ਦ੍ਰਿੜਾਈਆ । ਨੈਣ ਉਘਾੜ ਕੇ ਵੇਖ ਝੱਲਿਆ, ਨੇਤਰ ਲੋਚਣ ਕਰ ਰੁਸ਼ਨਾਈਆ । ਬਿਨ ਭਗਤਾਂ ਦੀਪਕ ਕੋਇ ਨਾ ਬਲਿਆ, ਅੰਧ ਅੰਧੇਰ ਨਾ ਕੋਇ ਗਵਾਈਆ । ਵੇਖ ਖੇਲ ਅਛਲ ਅਛੱਲਿਆ, ਵਲ ਛਲ ਧਾਰੀ ਆਪਣੀ ਕਾਰ ਭੁਗਤਾਈਆ । ਜੀਵ ਜਹਾਨ ਜਾਵੇ ਸੱਲਿਆ, ਅਣਿਆਲਾ ਤੀਰ ਚਲਾਈਆ । ਕਲਜੁਗ ਅੰਤ ਪਰਛਾਵਾਂ ਢਲਿਆ, ਢਈਆ ਗੋਬਿੰਦ ਦਏ ਗਵਾਹੀਆ । ਪੁਰਖ ਅਕਾਲ ਨਾਲ ਰਲਿਆ, ਦੀਨ ਦੁਨੀ ਦਾ ਮਾਲਕ ਨੂਰ ਅਲਾਹੀਆ । ਜੋ ਵਸੇ ਨਿਹਚਲ ਧਾਮ ਅਟਲ ਅਟੱਲਿਆ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਚੇਤ ਕਹੇ ਮੈਂ ਮੁਕਿਆ, ਮੁੰਕਮਲ ਖੇਲ ਜਣਾਈਆ । ਪੁਰਖ ਅਕਾਲ ਕੋਲੋਂ ਪੁੱਛਿਆ, ਕੀ ਤੇਰੀ ਬੇਪਰਵਾਹੀਆ । ਨਿਰਗੁਣ ਸਰਗੁਣ ਹਲੂਣਾ ਦਿਤਾ ਉਠ ਜਾਗ ਸੁੱਤਿਆ, ਮਾਤ ਲੈ ਅੰਗੜਾਈਆ । ਵੇਖ ਖੇਲ ਅਬਿਨਾਸ਼ੀ ਅਚੁਤਿਆ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਸ਼ਬਦੀ ਹੁਕਮ ਅੰਦਰ ਦੋ ਜਹਾਨ ਜੁਟਿਆ, ਬ੍ਰਹਿਮੰਡ ਖੰਡ ਰਿਹਾ ਹਿਲਾਈਆ । ਜਨ ਭਗਤਾਂ ਆ ਕੇ ਪੁੱਛਿਆ, ਪੁਸ਼ਤ ਪਨਾਹ ਹੱਥ ਟਿਕਾਈਆ । ਦੂਸਰ ਨੈਣ ਕਿਸੇ ਨਾ ਦਿਸਿਆ, ਸਨਮੁਖ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੧੨੮੪ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਚ ਦਏ ਵਡਿਆਈਆ । ਚੇਤ ਕਹੇ ਮੇਰਾ ਅੰਤ ਅਖ਼ੀਰ, ਆਖ਼ਰ ਦਿਆਂ ਜਣਾਈਆ । ਮੈਂ ੧੨੮੪
ਤੱਕਿਆ ਬੇਨਜ਼ੀਰ, ਜੋ ਨਜ਼ਰੀਆ ਦੀਨ ਦੁਨੀ ਵਟਾਈਆ । ਜਿਸ ਨੇ ਬਦਲ ਦੇਣੀ ਤਕਦੀਰ, ਤਦਬੀਰ ਇਕ ਸਮਝਾਈਆ । ਸ਼ਰਅ ਦਾ ਕਟ ਜ਼ੰਜੀਰ, ਸ਼ਹਿਨਸ਼ਾਹ ਇਕੋ ਦੇਵੇ ਮਾਣ ਵਡਿਆਈਆ । ਲੇਖਾ ਚੁਕਾ ਕੇ ਸ਼ਾਹ ਹਕੀਰ, ਹੁਕਮ ਇਕੋ ਇਕ ਸੁਣਾਈਆ । ਪਿਛਲੀ ਕੀਤੀ ਉਤੇ ਮਾਰ ਲਕੀਰ, ਲਾਈਨ ਅਗਲੀ ਇਕ ਪ੍ਰਗਟਾਈਆ । ਦੀਨ ਦੁਨੀ ਦੀ ਬਦਲ ਜ਼ਮੀਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸਤਿ ਸਰੂਪ ਦੱਸ ਤਸਵੀਰ, ਲਾਤਸਵੀਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਚ ਮੇਲਾ ਕਰੇ ਸਾਹਿਬ ਸਵਾਮੀ, ਸਤਿਗੁਰ ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਅੰਤਰਜਾਮੀ, ਦੋ ਜਹਾਨਾਂ ਪਰਦਾ ਦਏ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟੇ ਨਿਸ਼ਾਨੀ, ਸਤਿਜੁਗ ਸਾਚਾ ਸਚ ਪ੍ਰਗਟਾਈਆ । ਜਨ ਭਗਤ ਸੁਹੇਲੇ ਬਖ਼ਸ਼ੇ ਮੰਜ਼ਲ ਇਕ ਰੁਹਾਨੀ, ਰੂਹ ਬੁਤ ਕਰ ਸਫ਼ਾਈਆ । ਦੇਣੀ ਪਏ ਨਾ ਕੋਇ ਕੁਰਬਾਨੀ, ਸ਼ਹਾਦਤ ਵਿਚ ਤਨ ਨਾ ਕੋਇ ਲਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਪੜ੍ਹਨੀ ਪਏ ਬਾਣੀ, ਬਾਣ ਅਣਿਆਲਾ ਤੀਰ ਦਏ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਆਪ ਮੁਕਾਈਆ । ਸਚ ਲੇਖਾ ਆਪ ਦੱਸਦਾ, ਹਰਿ ਕਰਤਾ ਗਹਿਰ ਗੰਭੀਰ । ਜਨ ਭਗਤਾਂ ਅੰਦਰ ਵਸਦਾ, ਬਦਲ ਦੇਵੇ ਜ਼ਮੀਰ । ਪਿਆਰ ਬਖ਼ਸ਼ੇ ਆਪਣੇ ਰਸ ਦਾ, ਲਹਿਣਾ ਦੇਵੇ ਅੰਤ ਅਖ਼ੀਰ । ਝਗੜਾ ਮੁਕਾ ਕੇ ਵਿਕਾਰੀ ਰੱਤ ਦਾ, ਧਰਮ ਦੀ ਧਾਰ ਦੱਸੇ ਤਦਬੀਰ । ਲੇਖਾ ਰਹੇ ਨਾ ਮਨ ਮਤ ਦਾ, ਅੰਮ੍ਰਿਤ ਬਖ਼ਸ਼ੇ ਠਾਂਡਾ ਸੀਰ । ਜੋ ਲੂੰ ਲੂੰ ਅੰਦਰ ਰਚਦਾ, ਚੋਟੀ ਚੜ੍ਹ ਕੇ ਵੇਖੇ ਅਖ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਆਦਿ ਜੁਗਾਦਿ ਕਦੇ ਨਾ ਹੋਏ ਦਿਲਗੀਰ । ਦਿਲਗੀਰ ਨਾ ਹੋ ਦਿਲਰੁਬਾ, ਮੈਂ ਖ਼ੁਦਾ ਅਜ਼ੀਨ ਅਜ਼ਾਂ ਹਕੂਕੇ ਮੁਦਾ ਮੁਜ਼ਿਲਜ਼ਾਂ ਉਦਾ ਨਜ਼ੋ ਗ਼ਿਜ਼ਮ ਜ਼ੀਗੇ ਜ਼ਵਸਤੇ ਮੁਹਿਜ਼ੇ ਜ਼ਵਾਂ ਮਹਿਬੂਬੇ ਪਾਕ ਸਾਹਿਬੇ ਜ਼ਕਾਤ ਕ਼ਦਮਬੋਸੀ ਕ਼ਾਦਰੇ ਕ਼ੁਦਰਤ ਕਰਮਾਂ ਕਿਜ਼ਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਲੇਖਾ ਵੇਖੇ ਹੱਕ, ਹਕ਼ੀਕ਼ਤ ਪਰਦਾ ਲਾਹੀਆ । ਸਾਹਿਬ ਪੁਰਖ ਸਮਰਥ, ਦਾਤਾ ਬੇਪਰਵਾਹੀਆ । ਮਹਿੰਮਾ ਸਦਾ ਅਕਥ, ਰਸਨ ਨਾ ਕੋਇ ਵਡਿਆਈਆ । ਕਲਜੁਗ ਖੇੜਾ ਕਰੇ ਭੱਠ, ਮਮਤਾ ਮੋਹ ਮਿਟਾਈਆ । ਸਤਿਜੁਗ ਉਪਜੇ ਜਗ, ਜਾਗਰਤ ਜੋਤ ਹੋਏ ਰੁਸ਼ਨਾਈਆ । ਦੀਨ ਮਜ਼੍ਹਬ ਨਾ ਰਹੇ ਹੱਦ, ਜ਼ਾਤੀ ਵੰਡ ਨਾ ਕੋਇ ਵਖਾਈਆ । ਪਰਮ ਪੁਰਖ ਦੀ ਸਾਰੇ ਹੋਵਣ ਯਦ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਸਚ ਦਵਾਰ ਏਕੰਕਾਰ ਇਕੋ ਡੰਡਾਵਤ ਬੰਦਨਾ ਸੱਯਦਾ ਦੱਸੇ ਹੱਜ, ਹਾਜ਼ਰ ਹਜ਼ੂਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਦੇਵੇ ਸੂਰਾ ਸਰਬਗ, ਦੂਸਰ ਭੈ ਨਾ ਕੋਇ ਜਣਾਈਆ ।

### ❋ ਪਹਿਲੀ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❋



ਚੇਤ ਕਹੇ ਮੈਂ ਤੱਕਿਆ ਨੂਰੀ ਚੰਨਾ, ਚੰਨ ਚੰਦ ਜੋਤ ਰੁਸ਼ਨਾਈਆ । ਜਿਸ ਹੁਕਮ ਸੰਦੇਸ਼ਾ ਧੁਰ ਦਾ ਮੰਨਾ, ਮੰਨ ਕੇ ਖ਼ੁਸ਼ੀ ਬਣਾਈਆ । ਬੋਧ ਅਗਾਧ ਦਾ ਬਦਲ ਕੇ ਕੰਨਾ, ਅੱਖਰਾਂ ਦਿਤੀ ਵਡਿਆਈਆ । ਚੌਦਾਂ ਸੌ ਤੀਸ ਅੰਕ ਦਾ ਪੰਨਾਂ, ਪਨਸ਼ਿਮੈਂਟ ਦਏ ਸਜ਼ਾਈਆ । ਕਲਜੁਗ ਵੇਖ ਅੰਧੇਰ ਘਨਾ, ਨੇਤਰ ਅੱਖ ਖੁਲ੍ਹਾਈਆ । ਚਾਰੋਂ ਕੁੰਟ ਸ਼ਬਦੀ ਧਾਰ ਭੰਨਾ, ਪੈਂਡਾ ਪੰਧ ਮੁਕਾਈਆ । ਨਜ਼ਾਰਾ ਤੱਕਿਆ ਮਾਟੀ ਚੰਮਾ, ਚੁਰਾਸੀ ਫੋਲ ਫੁਲਾਈਆ । ਜੀਵਤ ਵੇਖਿਆ ਦਮਾ, ਸਾਹ ਨਾਲ ਸੁਹਾਈਆ । ਮਨ ਵੇਖਿਆ ਕਲਪਣਾ ਵਾਲਾ ਕੰਮਾ, ਕਰਨੀ ਬੇਪਰਵਾਹੀਆ । ਦੀਨ ਮਜ਼੍ਹਬ ਤੱਕਿਆ ਬੰਨਾਂ, ਹਦੂਦ ਹੱਦ ਵੰਡਾਈਆ । ਜਾਂ ਕਲਜੁਗ ਤੱਕਿਆ ਜਗਤ ਜਹਾਨ ਅੰਨ੍ਹਾ, ਪ੍ਰਭ ਦਰਸ ਨੇਤਰ ਕੋਇ ਨਾ ਪਾਈਆ । ਕੂੜ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਲੱਗਾ ਗ਼ਮਾ, ਚੇਤਨ ਸੁਰਤ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰ ਫਿਰਨ ਸੰਨ੍ਹਾ ਸੰਨ੍ਹਾ, ਆਰ ਪਾਰ ਨਾ ਕੋਇ ਜਣਾਈਆ । ਪੁਰਖ ਅਕਾਲ ਦਾ ਖੇਲ ਕੋਈ ਸਮਝੇ ਨਾ ਚੌੜਾ ਲੰਮਾ, ਲਾਈਨ ਐਨ ਨਾ ਕੋਇ ਦਰਸਾਈਆ । ਜਿਸ ਨੂੰ ਨਾ ਕੋਈ ਹਵਸ ਨਾ ਕੋਈ ਤਮਅ, ਤਾਮਸ ਰੰਗ ਨਾ ਕੋਇ ਰੰਗਾਈਆ । ਕੋਟਨ ਕੋਟ ਗੁਰ ਅਵਤਾਰ ਪੈਗ਼ੰਬਰ ਜਿਸ ਦੀ ਧਾਰ ਵਿਚੋਂ ਜੰਮਾ, ਅੰਕ ਅਦਦ ਨਾ ਕੋਇ ਵਡਿਆਈਆ । ਜੁਗ ਚੌਕੜੀ ਸਰਗੁਣ ਜਗੌਂਦਾ ਰਿਹਾ ਸ਼ਮਅ, ਸ਼ਮਾਂਦਾਨ ਸਾਢੇ ਤਿੰਨ ਹੱਥ ਕਾਇਆ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਚੇਤ ਕਹੇ ਮੈਂ ਹੋਇਆ ਚੌਕੰਨਾ, ਚਾਰ ਜੁਗ ਸੁਣਾਈਆ । ਲੇਖਾ ਭੁੱਲ ਜਾਓ ਜਗਤ ਵਾਲਾ ਦਮਾਂ, ਦਾਮਨਗੀਰ ਇਕੋ ਲਓ ਬਣਾਈਆ । ਜਿਸ ਦਾ ਖੇਲ ਦੇਵਣਹਾਰਾ ਲੱਖ ਚੁਰਾਸੀ ਧਨਾ, ਦੌਲਤ ਨਾਮ ਬੇਪਰਵਾਹੀਆ । ਕੀ ਹੋ ਗਿਆ ਜੇ ਰਾਮ ਕ੍ਰਿਸ਼ਨ ਤੋਂ ਬਣਿਆ ਅੱਲਾ, ਅੱਖਰਾਂ ਨਾਲ ਸਿਫ਼ਤ ਵਡਿਆਈਆ । ਸਤਿਨਾਮ ਵਾਹਿਗੁਰੂ ਚੌਅੱਖਰੀ ਫੜਾ ਕੇ ਪੱਲਾ, ਪੱਲੂ ਸਭ ਤੋਂ ਗਿਆ ਛੁਡਾਈਆ । ਜੁਗ

ਚੌਕੜੀ ਸਾਰੇ ਕਹਿਣ ਰਹਿੰਦਾ ਇਕੱਲਾ, ਅਕ਼ਲ ਕਲਧਾਰੀ ਆਪਣੀ ਕਾਰ ਕਮਾਈਆ । ਸਚਖੰਡ ਦਵਾਰ ਦਰਗਾਹ ਸਾਚੀ ਸਚ ਸਿੰਘਾਸਣ ਮੱਲਾ, ਮਿਹਰਵਾਨ ਆਪਣਾ ਡੇਰਾ ਲਾਈਆ । ਚੇਤ ਕਹੇ ਮੈਂ ਸਚ ਦੱਸਾਂ ਮੈਂ ਪ੍ਰਭ ਚਰਨ ਦਾ ਤੱਕਿਆ ਥੱਲਾ, ਜਿਸ ਜਲ ਥਲ ਦਿਤੇ ਰੁਲਾਈਆ । ਸ਼ਬਦੀ ਧਾਰ ਵੇਖਿਆ ਦਲਾ, ਜਿਸ ਦੀ ਗਣਤ ਨਾ ਕੋਇ ਗਣਾਈਆ । ਜਿਹੜਾ ਸੰਦੇਸ਼ਾ ਗੋਬਿੰਦ ਪੁੱਠਾ ਲੰਮਾਂ ਪਾ ਕੇ ਦੇ ਗਿਆ ਸੀ ਡੱਲਾ, ਮੁਖ ਕੰਨ ਉਤੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰਵਾਨ ਦਇਆ ਕਮਾਈਆ । ਚੇਤ ਕਹੇ ਮੈਂ ਤੱਕਿਆ ਚਰਨ ਨੁਰਾਨਾ, ਨੂਰੋ ਨੂਰ ਅਲਾਹੀਆ । ਮੈਂ ਤੱਕਿਆ ਸ੍ਰੀ ਭਗਵਾਨਾ, ਜੋਤੀ ਜਾਤਾ ਡਗਮਗਾਈਆ । ਮੈਂ ਤੱਕਿਆ ਨੌਜਵਾਨਾ, ਗੋਬਿੰਦ ਸੂਰਾ ਸੋਭਾ ਪਾਈਆ । ਮੈਂ ਤੱਕਿਆ ਖੇਲ ਮਹਾਨਾ, ਸੰਬਲ ਬੈਠਾ ਡੇਰਾ ਲਾਈਆ । ਚੇਤ ਕਹੇ ਮੈਂ ਛੱਡ ਜ਼ਿਮੀਂ ਅਸਮਾਨਾਂ, ਝੁਕ ਕੇ ਕ਼ਦਮਾਂ ਸੀਸ ਝੁਕਾਈਆ । ਮੈਂ ਸੰਦੇਸ਼ਾ ਦੇਵਾਂ ਤੇਰਾ ਪਰਵਾਨਾ, ਪਰਵਰਦਿਗਾਰ ਤੇਰੀ ਸਰਨਾਈਆ । ਤੂੰ ਮੇਰਾ ਮਾਲਕ ਤੂੰ ਮੇਰਾ ਖ਼ਾਲਕ ਮੇਰਿਆ ਪੈਗ਼ੰਬਰਾ ਤੈਨੂੰ ਬਣਾ ਅਮਾਮਾ, ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਚੇਤ ਕਹੇ ਇਹੋ ਕਲਕੀ ਇਹ ਧਾਰ ਗੋਬਿੰਦ ਜਿਸ ਨੇ ਪਹਿਰਿਆ ਬਾਣਾ, ਬਾਣੀ ਦਾ ਬਾਣ ਅਣਿਆਲਾ ਦਏ ਲਗਾਈਆ । ਜਨ ਭਗਤੋ ਤੁਹਾਡੇ ਵੇਂਹਦਿਆਂ ਇਸ ਨੇ ਬਦਲ ਜਾਣਾ ਜ਼ਮਾਨਾ, ਜ਼ਿਮੀਂ ਅਸਮਾਨਾਂ ਆਪਣਾ ਹੁਕਮ ਵਰਤਾਈਆ । ਕੁਛ ਲੌਣ ਵਾਲਾ ਬਹਾਨਾ, ਬਹਾਨੇ ਵਿਚ ਆਪਣੀ ਕਾਰ ਕਮਾਈਆ । ਤੁਸੀਂ ਕਿਸੇ ਨੂੰ ਕਦੇ ਨਾ ਸਮਝਿਓ ਬੇਗਾਨਾ, ਪ੍ਰਭ ਸਭ ਦਾ ਪਿਤਾ ਮਾਈਆ । ਸਾਰੀ ਦੁਨੀਆ ਨੂੰ ਦੇਣਾ ਦਾਨਾ, ਨਾਮ ਨਿਧਾਨਾ ਇਕ ਵਰਤਾਈਆ । ਕਿਉਂ ਪ੍ਰਭੂ ਆਤਮ ਦਾ ਸੱਚਾ ਕਾਹਨਾ, ਪਰਮਾਤਮ ਇਕ ਅਖਵਾਈਆ । ਜਿਸ ਨੂੰ ਸੱਜਦੇ ਕਰਨ ਸਲਾਮਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਓਸ ਕਰਨਾ ਖੇਲ ਮਹਾਨਾ, ਮਹਿਮਾਂ ਅਕਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਚੇਤ ਕਹੇ ਮੈਂ ਚਲਿਆ ਆਖ, ਆਖ਼ਰ ਦਿਆਂ ਜਣਾਈਆ । ਕਿਉਂ ਵਡਿਆਈ ਮਿਲੀ ਪਹਿਲੀ ਵਸਾਖ, ਲੋਕਮਾਤ ਵੱਜੀ ਵਧਾਈਆ । ਚਾਰ ਜੁਗ ਦੇ ਰਿਖੀਆਂ ਦੀ ਪੂਰੀ ਕੀਤੀ ਅਰਦਾਸ, ਪੁਰਖ ਅਕਾਲ ਹੋਇਆ ਸਹਾਈਆ । ਸਤਿ ਸਚ ਦਾ ਕੀਤਾ ਪਰਕਾਸ਼, ਨਿਰਗੁਣ ਨੂਰ ਜੋਤ ਰੁਸ਼ਨਾਈਆ । ਬਨਾਂ ਵਿਚ ਜੋ ਜਪਦੇ ਰਹੇ ਸਵਾਸ ਸਵਾਸ, ਤਨਾਂ ਵਿਚ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਸਾਖ ਕਹੇ ਜਿਸ ਵੇਲੇ ਸੰਮਤ ਸੀ ਪੰਦਰਾਂ ਸੌ ਤੇਤੀ, ਨਾਨਕ ਆਯੂ ਬਾਲੀ ਸੋਭਾ ਪਾਈਆ । ਧਰਤੀ ਦੇ ਨਾਲ ਕੀਤੀ ਓਸ ਨੇਕੀ, ਨਿੱਕੇ ਵੱਡੀ ਗੱਲ ਜਣਾਈਆ । ਤੂੰ ਖੇਲ ਅਗੰਮਾ ਵੇਖੀਂ, ਵੱਖਰਾ ਦਿਆਂ ਦ੍ਰਿੜਾਈਆ । ਜੋ ਝਗੜਾ ਪਾਇਆ ਮੁੱਲਾ ਸ਼ੇਖ਼ੀ, ਪੰਡਤ ਕਰਨ ਲੜਾਈਆ । ਇਹ ਸਾਰੇ ਦਿਸਣ ਪਰਦੇਸੀ, ਦੇਸ ਦਾ ਮਾਲਕ ਨਜ਼ਰ ਕੋਇ ਨਾ ਆਈਆ । ਹੱਥ ਖੂੰਡੀ ਮੋਢੇ ਉਤੇ ਖੇਸੀ, ਫਿਰਦੇ ਤੁਰਦੇ ਕਥਾ ਜਣਾਈਆ । ਮੇਰੀ ਯਾਦ ਰੱਖਣੀ ਨੇਕੀ, ਮਿਲੇ ਮਾਣ ਵਡਿਆਈਆ । ਜਿਸ ਵੇਲੇ ਲੱਜਿਆ ਰਹੀ ਨਾ ਬਹੂ ਬੇਟੀ, ਧਰਮ ਦੀ ਧਾਰ ਨਾ ਕੋਇ ਜਣਾਈਆ । ਫੇਰ ਧਾਰ ਹੋ ਕੇ ਧਾਰ ਪਰਗਟਾਂ ਛੇਤੀ, ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਨਾਨਕ ਕਿਹਾ ਮੇਰਾ ਮੀਤ ਮੁਰਾਰਾ ਇਕ, ਏਕੰਕਾਰ ਅਖਵਾਈਆ । ਜਿਸ ਨੂੰ ਸਭ ਕੁਛ ਰਿਹਾ ਦਿਸ, ਬਿਨ ਨੈਣਾਂ ਵੇਖ ਵਖਾਈਆ । ਚਾਰ ਜੁਗ ਦੇ ਵੇਖੇ ਮੁਨ ਰਿਖ, ਤਪੱਸਵੀ

ਫੋਲ ਫੁਲਾਈਆ । ਓਨ੍ਹਾਂ ਦੇ ਅੰਤਰ ਆਸਾ ਹਿਤ, ਹਿਤਕਾਰੀ ਰਾਹ ਤਕਾਈਆ । ਜਿਨ੍ਹਾਂ ਦੇ ਕੋਲ ਅਵਤਾਰਾਂ ਵਾਲੀ ਚਿਟ, ਪੈਗ਼ੰਬਰਾਂ ਕਲਮੇ ਦੇਣ ਗਵਾਹੀਆ । ਓਨ੍ਹਾਂ ਦਾ ਲਹਿਣਾ ਦੇਣਾ ਲੈਣਾ ਨਜਿੱਠ, ਨਿਜ ਆਪਣੀ ਕਾਰ ਕਮਾਈਆ । ਝਗੜਾ ਮੁਕਾ ਕੇ ਪੱਥਰ ਇੱਟ, ਘਰ ਇਕੋ ਦੇਣਾ ਸੁਹਾਈਆ । ਗੋਬਿੰਦ ਧਾਰ ਹੋ ਕੇ ਪੁਰਖ ਅਕਾਲ ਮੰਨਣਾ ਪਿਤ, ਪਤਿਪਰਮੇਸ਼ਵਰ ਸੀਸ ਨਿਵਾਈਆ । ਚਾਰ ਜੁਗ ਦੇ ਵਿਛੜਿਆਂ ਗੁਰਮੁਖ ਬਣੌਣਾ ਸਿੱਖ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਧਾਰ ਦੇਣੀ ਛਿਟ, ਮੇਘ ਇਕ ਬਰਸਾਈਆ । ਜਿਨ੍ਹਾਂ ਦੀ ਸੁਰਤੀ ਜਾਵੇ ਟਿਕ, ਟਕਿਆਂ ਵਿਚ ਨਾ ਕੋਇ ਵਿਕਾਈਆ । ਰਸ ਲੈਣ ਮਿਠ, ਅਨਰਸ ਇਕ ਚਖਾਈਆ । ਪੁਰਖ ਅਕਾਲ ਵਸਾਵਣ ਚਿਤ, ਦੂਸਰ ਓਟ ਨਾ ਕੋਇ ਤਕਾਈਆ । ਪਿਛਲੀ ਰੀਤੀ ਰਿਖੀ ਮੁਨੀ ਮੁਨੀਸ਼ਰ ਵਸਾਖੀ ਦੀ ਮਨੌਂਦੇ ਸੀ ਥਿਤ, ਆਪਣੀ ਆਸ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਨਾਨਕ ਕਿਹਾ ਰਿਖੀਆਂ ਨੂੰ ਦੇਣਾ ਮਾਣ, ਮਮਤਾ ਮੋਹ ਮਿਟਾਈਆ । ਸਚ ਦਾ ਬਖ਼ਸ਼ਣਾ ਦਾਨ, ਦਾਤਾ ਇਕ ਵਰਤਾਈਆ । ਗੋਬਿੰਦ ਬਣ ਨੌਜਵਾਨ, ਸੂਰਬੀਰ ਅਖਵਾਈਆ । ਅੰਮ੍ਰਿਤ ਕਰਾ ਕੇ ਪਾਨ, ਪੰਡਤ ਪਾਂਧਿਆਂ ਤੋਂ ਦੇਣਾ ਛੁਡਾਈਆ । ਯੁੱਧ ਕਰ ਘਮਸਾਨ, ਧਰਮ ਦੇਣਾ ਦਰਸਾਈਆ । ਕਰ ਕੇ ਖੇਲ ਮਹਾਨ, ਡੰਕਾ ਦੇਣਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਨਾਨਕ ਕਹੇ ਗੋਬਿੰਦ ਧਾਰ ਹੋਵੇ ਨਾਨਕ, ਨਾਨਕ ਗੋਬਿੰਦ ਰੂਪ ਬਦਲਾਈਆ । ਰਿਸ਼ੀ ਮੁਨੀ ਵੇਖਣੇ ਹੀਰੇ ਮਾਣਕ, ਮੋਤੀ ਪਿਛਲੇ ਫੋਲ ਫੁਲਾਈਆ । ਸਭ ਦਾ ਬਣ ਕੇ ਆਪ ਜਾਣੀ ਜਾਣਤ, ਚਾਰ ਵਰਨਾਂ ਵਿਚੋਂ ਲੈਣੇ ਉਠਾਈਆ । ਹਿੰਦੂ ਮੁਸਲਿਮ ਪ੍ਰਭ ਦੀ ਸਾਰੇ ਅਮਾਨਤ, ਦੂਜਾ ਨਜ਼ਰ ਕੋਇ ਨਾ ਆਈਆ । ਕੂੜੀ ਕਲਪਣਾ ਮੇਟ ਅਲਾਮਤ, ਮਾਰਗ ਇਕੋ ਇਕ ਦਰਸਾਈਆ । ਬੋਦੀ ਜੰਞੂ ਲੇਖਾ ਮੁਕਾ ਕੇ ਹਜਾਮਤ, ਸੂਰਤ ਸਾਬਤ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਨਕ ਕਿਹਾ ਗੋਬਿੰਦ ਧਾਰ ਖੇਲ ਵਸਾਖੀ, ਵਿਚਲਾ ਭੇਵ ਨਾ ਕੋਇ ਜਣਾਈਆ । ਪੁਰਖ ਅਕਾਲ ਦੀ ਮੰਨਣੀ ਆਖੀ, ਆਖ਼ਰ ਸੀਸ ਨਿਵਾਈਆ । ਝਗੜਾ ਮੁਕਾ ਕੇ ਜ਼ਾਤ ਪਾਤੀ, ਕੂੜੀ ਕਿਰਿਆ ਡੇਰਾ ਢਾਹੀਆ । ਅੰਮ੍ਰਿਤ ਬਖ਼ਸ਼ਣਾ ਬੂੰਦ ਸਵਾਂਤੀ, ਝਿਰਨਾ ਇਕ ਝਿਰਾਈਆ । ਨਿਰਗੁਣ ਜੋਤ ਜਗਾ ਕੇ ਬਾਤੀ, ਅੰਧ ਅੰਧੇਰ ਦੇਣਾ ਮਿਟਾਈਆ । ਪੰਜ ਪਿਆਰੇ ਬਣਾ ਕੇ ਸਾਥੀ, ਸਗਲਾ ਸੰਗ ਰਖਾਈਆ । ਖੇਲ ਪੁਰਖ ਅਬਿਨਾਸ਼ੀ, ਨਿਰਗੁਣ ਸਰਗੁਣ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਵਸਾਖ ਕਹੇ ਮੇਰਾ ਗੋਬਿੰਦ ਪੂਰਾ ਕੀਤਾ ਕੌਲ, ਇਕਰਾਰ ਤੋੜ ਨਿਭਾਈਆ । ਪ੍ਰਗਟ ਹੋ ਕੇ ਉਤੇ ਧੌਲ, ਧਰਮ ਦੀ ਧਾਰ ਦ੍ਰਿੜਾਈਆ । ਜੋਧਾ ਸੂਰਬੀਰ ਬਣ ਕੇ ਬਾਂਕਾ ਸਡੋਲ, ਸੋਹਣਾ ਆਪਣਾ ਰੰਗ ਰੰਗਾਈਆ । ਸਚ ਪ੍ਰੀਤੀ ਘੋਲੀ ਘੋਲ, ਪੁਰਖ ਅਕਾਲ ਇਕ ਸੁਣਾਈਆ । ਸਾਚੇ ਕੰਡੇ ਨਾਮ ਦੇ ਤੋਲ, ਚਾਰ ਵਰਨਾਂ ਵੇਖ ਵਖਾਈਆ । ਗੁਰਮੁਖਾਂ ਅੰਤਰ ਮੌਲ, ਅੰਤਸ਼ਕਰਨ ਕਰੀ ਸਫ਼ਾਈਆ । ਸ਼ਬਦ ਅਗੰਮਾ ਅੰਤਮ ਬੋਲ, ਅਨਬੋਲਤ ਗਿਆ ਜਣਾਈਆ । ਇਕ ਵੇਰਾਂ ਜਾਣਾ ਪ੍ਰਭ ਦੇ ਕੋਲ, ਤਨ ਵਜੂਦ ਦੇਣਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸਾਖ ਕਹੇ ਗੋਬਿੰਦ ਕਰ ਗਿਆ ਪੂਰਾ ਇਕ਼ਰਾਰ, ਇਕ ਇਕ ਦਿਆਂ ਜਣਾਈਆ । ਮੈਂ ਬੜਾ ਕੀਤਾ ਤਕਰਾਰ, ਝਗੜਿਆਂ ਵਿਚ

ਦੁਹਾਈਆ । ਕਿਉਂ ਛੱਡਕੇ ਚਲਿਆ ਯਾਰ, ਯਾਰਾਨਾ ਮਾਤ ਤੁੜਾਈਆ । ਜਿਨ੍ਹਾਂ ਪਿਛੇ ਵਾਰਿਆ ਪਰਿਵਾਰ, ਬੱਚਿਆਂ ਭੇਟ ਚੜ੍ਹਾਈਆ । ਉਨਾਂ ਦੀ ਕਵਣ ਪਾਵੇ ਸਾਰ, ਸਿਰ ਹੱਥ ਕਵਣ ਟਿਕਾਈਆ । ਗੋਬਿੰਦ ਬੋਲ ਕਿਹਾ ਲਲਕਾਰ, ਉਚੀ ਕੂਕ ਸੁਣਾਈਆ । ਮੇਰਾ ਨਹੀਂ ਕੁਛ ਇਖ਼ਤਿਆਰ, ਹੁਕਮੇ ਅੰਦਰ ਸੇਵ ਕਮਾਈਆ । ਮੇਰੇ ਸਿੱਖ ਦੁਲਾਰੇ ਸਦਾ ਮੇਰੇ ਨਾਲ, ਵਿਛੋੜਾ ਨਜ਼ਰ ਕੋਇ ਨਾ ਆਈਆ । ਮੈਂ ਸਚਖੰਡ ਜਾਣਾ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਡਿਆਈਆ । ਧਰਨੀ ਦਾ ਹਾਲ ਦੱਸਣਾ ਕਮਾਲ, ਜੋ ਵੇਖਿਆ ਸੋ ਪੜਦਾ ਦੇਣਾ ਉਠਾਈਆ । ਫੇਰ ਆਵਾਂ ਨਾਲ ਲੈ ਕੇ ਆਪਣਾ ਪੁਰਖ ਅਕਾਲ, ਮੁੜ ਕੇ ਕਿਸੇ ਤੋਂ ਮੰਗਣ ਦੀ ਲੋੜ ਰਹੇ ਨਾ ਰਾਈਆ । ਆਪੇ ਸ਼ਾਹ ਤੇ ਆਪੇ ਬਣਾਂ ਦਲਾਲ, ਵਿਚੋਲਾ ਹੋਰ ਨਾ ਕੋਇ ਬਣਾਈਆ । ਬਣ ਕੇ ਅਮਾਮ ਪੈਗ਼ੰਬਰ ਸੁਣਾਂ ਮੁਰੀਦਾਂ ਹਾਲ, ਸੁਖਆਸਣ ਇਕ ਸੁਹਾਈਆ । ਚਲ ਕੇ ਨਵੀਂ ਤੋਂ ਨਵੀਂ ਚਾਲ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਬਣਾ ਕੇ ਇਕ ਧਰਮਸਾਲ, ਧਰਮ ਦਵਾਰਾ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸਾਖ ਕਹੇ ਉਹ ਪੰਜ ਪਿਆਰੇ ਗਏ ਛੱਡ, ਤਨ ਨਜ਼ਰ ਕੋਇ ਨਾ ਆਈਆ । ਮਾਸ ਰਿਹਾ ਨਾ ਹੱਡ, ਵਜੂਦ ਨਾ ਕੋਇ ਵਖਾਈਆ । ਅਗਨੀ ਵਿਚ ਦਿਤੇ ਦਗ, ਸ਼ੋਅਲਿਆਂ ਵਿਚ ਆਪਣਾ ਆਪ ਬਦਲਾਈਆ । ਧਰਨੀ ਨਾਲੋਂ ਹੋ ਕੇ ਅੱਡ, ਵਖਰੇ ਡੇਰੇ ਗਏ ਜਮਾਈਆ । ਮੈਨੂੰ ਸਮਝ ਨਹੀਂ ਆਈ ਕੀ ਬਣਾਇਆ ਪਜ, ਕਿਉਂ ਪੰਚਮ ਖੇਲ ਖਿਲਾਈਆ । ਮੈਂ ਭੱਜੀ ਨੱਠੀ ਵੇਖਿਆ ਸਾਰਾ ਜਗ, ਚਾਰੋਂ ਕੁੰਟ ਧਿਆਨ ਲਗਾਈਆ । ਜਾਂ ਤੱਕਿਆ ਸਦੀ ਚੌਧਵੀਂ ਵੇਖੀ ਅੱਗ, ਅਗਨੀ ਮੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਧਰਨੀ ਕਿਹਾ ਮੈਂ ਹੱਸ ਕੇ ਕਿਹਾ ਗੋਬਿੰਦ ਕਿੱਥੇ ਤੇਰੇ ਪਿਆਰੇ ਪੰਜ, ਪੰਚਮ ਦੇ ਜਣਾਈਆ । ਮੈਨੂੰ ਬੜਾ ਰੰਜ, ਦੁੱਖਾਂ ਵਿਚ ਕੁਰਲਾਈਆ । ਕਵਣ ਲਾਵੇ ਅੰਗ, ਅੰਗੀਕਾਰ ਕਵਣ ਅਖਵਾਈਆ । ਕਿੱਥੇ ਨੀਲਾ ਕਸੇਂ ਤੰਗ, ਸਿੰਘਾਸਣ ਕਵਣ ਵਡਿਆਈਆ । ਕਿਹੜੀ ਕੂਟੇ ਕਰੇਂ ਜੰਗ, ਖੰਡਾ ਖੜਗ ਖੜਕਾਈਆ । ਕਵਣ ਵਜਾਏਂ ਮਰਦੰਗ, ਧੌਂਸਾ ਇਕ ਉਠਾਈਆ । ਛੱਡਕੇ ਪੁਰੀ ਅਨੰਦ, ਕਵਣ ਧਾਮ ਸੋਭਾ ਪਾਈਆ । ਗੋਬਿੰਦ ਕਿਹਾ ਇਹ ਤਨ ਸ਼ਰੀਰ ਵਜੂਦ ਮੇਰਾ ਖੇਲ ਧੋਖੇ ਵਾਲਾ ਪਖੰਡ, ਸ੍ਰਿਸ਼ਟੀ ਦਿਆਂ ਜਣਾਈਆ । ਇਨਸਾਨਾਂ ਵਾਂਗੂ ਕੀਤਾ ਜੰਗ, ਹੱਥਾਂ ਨਾਲ ਲੜ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਗੋਬਿੰਦ ਕਿਹਾ ਮੈਂ ਛੱਡਿਆ ਪੁਰੀ ਅਨੰਦ, ਅਨੰਦ ਅਨੰਦ ਵਿਚ ਸਮਾਈਆ । ਅੱਗੇ ਕਰ ਕੇ ਆਵਾਂ ਪੱਕਾ ਸਨਬੰਧ, ਖੰਡਾ ਖੜਗ ਹੱਥ ਨਾ ਕੋਇ ਉਠਾਈਆ । ਆਪਣਾ ਡੰਕਾ ਵਜਾਵਾਂ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਆਵੇ ਪੰਜ, ਪੰਜਾ ਧੁਰ ਦਾ ਨਾਮ ਲਗਾਈਆ । ਜਨ ਭਗਤਾਂ ਚਾੜ੍ਹ ਪ੍ਰੇਮ ਦਾ ਰੰਗ, ਦੁਰਮਤ ਮੈਲ ਦਿਆਂ ਧਵਾਈਆ । ਮੇਰੇ ਸ਼ਬਦ ਦਾ ਸਦਾ ਕਸਿਆ ਰਹਿਣਾ ਤੰਗ, ਜ਼ੀਨ ਪਾਖਰ ਨਾ ਕੋਇ ਬਦਲਾਈਆ । ਨਾਮ ਦਾ ਵਜਦਾ ਰਹਿਣਾ ਮਰਦੰਗ, ਡੱਗਾ ਸਕੇ ਨਾ ਕੋਇ ਬਦਲਾਈਆ । ਦੂਤੀ ਦੁਸ਼ਮਣਾਂ ਸਭ ਦੀ ਵੱਢ ਦੇਣੀ ਕੰਡ, ਕੰਢਾ ਘਾਟ ਨਜ਼ਰ ਕਿਸੇ ਨਾ ਆਈਆ । ਧੁਰ ਦੇ ਨਾਮ ਨੇ ਦੇਣਾ ਦੰਡ, ਡੰਡਾਵਤ ਸਭ ਨੂੰ ਦਏ ਸਮਝਾਈਆ । ਕਿਸੇ ਦੇ ਕੋਲੋਂ ਕੁਛ ਨਹੀਂ ਲੈਣਾ ਮੰਗ, ਦੇਵਣਹਾਰ ਅਖਵਾਈਆ । ਥੋੜ੍ਹਾ ਸਮਾਂ ਜਾਣ ਦਿਓ ਲੰਘ, ਬਹੁਤੀ ਵੰਡ ਨਾ ਕੋਇ ਵੰਡਾਈਆ । ਫਿਰਨੀ ਦੁਹਾਈ ਵਿਚ ਵਰਭੰਡ, ਬ੍ਰਹਿਮੰਡ ਧਿਆਨ

੧੨੮੮
੨੧

ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਸੰਮਤ ਪੰਜ ਕਹੇ ਕੀ ਮੈਂ ਪੰਜ ਸ਼ਹਿਨਸ਼ਾਹੀ, ਸ਼ਹਿਨਸ਼ਾਹ ਦੇਣਾ ਦ੍ਰਿੜ੍ਹਾਈਆ । ਕੀ ਮੈਂ ਓਹ ਤੇਰਾ ਦਰਵੇਸ਼ ਰਾਹੀ, ਰਹਿਬਰ ਦੇਣਾ ਜਣਾਈਆ । ਪੁਰਖ ਅਕਾਲ ਕਿਹਾ ਤੂੰ ਮੇਰਾ ਮੈਂ ਤੇਰਾ ਇਕੋ ਮਾਹੀ, ਮਹਿਬੂਬ ਨੂਰ ਖ਼ੁਦਾਈਆ । ਦੋ ਜਹਾਨ ਵਿਛੜੇ ਗੁਰ ਅਵਤਾਰ ਪੈਗ਼ੰਬਰ ਵਿਛੜੇ ਗੋਬਿੰਦ ਤੇਰੀ ਮੇਰੀ ਨਾ ਹੋਈ ਜੁਦਾਈ, ਵਖਰਾ ਜੁਜ਼ ਨਾ ਕੋਇ ਵੰਡਾਈਆ । ਉਠ ਹੁਣ ਪੈ ਜਾਈਏ ਆਪਣੀ ਸਲਾਹੀਂ, ਮਸ਼ਵਰਾ ਪਿਛਲਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਸਾਂਝੀ ਹੋਵੇ ਗਵਾਹੀ, ਸ਼ਹਾਦਤ ਇਕੋ ਘਰ ਭੁਗਤਾਈਆ । ਗੋਬਿੰਦ ਕਿਹਾ ਪ੍ਰਭੂ ਪਹਿਲੋਂ ਮੈਨੂੰ ਦੇ ਵਧਾਈ, ਫੇਰ ਮੈਂ ਦੱਸਾਂ ਕਿਸ ਬਿਧ ਚਲਾਂ ਤੇਰੀ ਰਜ਼ਾਈ, ਰਾਜ਼ਕ ਰਹੀਮ ਓਟ ਤਕਾਈਆ । ਮੈਂ ਕੁਛ ਖੇਲ ਕਰਨਾ ਸ੍ਰਿਸ਼ਟੀ ਉਤੇ ਹਵਾਈ, ਹੱਵਾ ਆਦਮ ਰਹੇ ਕੁਰਲਾਈਆ । ਔਹ ਵੇਖ ਲੇਖਾ ਜਿਹੜਾ ਲਿਖਿਆ ਬਿਨਾ ਕ਼ਲਮ ਸ਼ਾਹੀ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਮੈਂ ਜਾਣਦਾ ਤੂੰ ਸ੍ਰਿਸ਼ਟੀ ਅਨਕ ਵਾਰ ਢਾਹੀ, ਅਨਕ ਵਾਰ ਉਪਜਾਈ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਪਰ ਹੁਣ ਮੈਂ ਦਾਅਵੇ ਨਾਲ ਕਹਿਣਾ ਮੇਰਿਆਂ ਭਗਤਾਂ ਲੇਖਾ ਮੰਗੇ ਕੋਇ ਨਾਹੀਂ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਵਸਾਖ ਕਹੇ ਮੈਂ ਲੈਣਾ ਇਕੋ ਵਸਲ, ਵਸਲੇ ਯਾਰ ਖ਼ੁਦਾਈਆ । ਮੈਂ ਖੇਲ ਵੇਖਣਾ ਅਸਲ, ਅਸਲੀਅਤ ਦੇਣੀ ਦ੍ਰਿੜ੍ਹਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕੰਨ ਪਕੜ ਕੇ ਕਹਿਣ ਦਰੋਹੀ ਖ਼ੁਦਾ ਅਸੀਂ ਸਚ ਜਾਣਿਆ ਤੇਰੀ ਆਦਿ ਤੋਂ ਇਕੋ ਨਸਲ, ਦੂਜਾ ਨਜ਼ਰ ਕੋਇ ਨਾ ਆਈਆ । ਇਹ ਦੀਨ ਮਜ਼੍ਹਬ ਸਾਡੀ ਤੇਰੀ ਛਮਾਹੀ ਵਾਲੀ ਫ਼ਸਲ, ਅੱਗੇ ਹੋਰ ਨਾ ਕੋਇ ਵਧਾਈਆ । ਅਸੀਂ ਸਾਰਿਆਂ ਖਾਧੀ ਤੇਰੀ ਕ਼ਸਮ, ਸੁਗੰਦ ਤੇਰਾ ਨਾਮ ਜਣਾਈਆ । ਬਹੁੜੀ ਸਾਡੇ ਸ਼ਰੀਰ ਤਨ ਵਜੂਦ ਜਿਹੜੇ ਹੋ ਗਏ ਭਸਮ, ਮਾਟੀ ਨਜ਼ਰ ਕੋਇ ਨਾ ਆਈਆ । ਅੱਜ ਵੇਖਿਆ ਤੇਰਾ ਨੂਰ ਨੂਰੇ ਚਸ਼ਮ, ਜਲਵਾਗਰ ਤੇਰੀ ਰੁਸ਼ਨਾਈਆ । ਅਸੀਂ ਤੇਰੇ ਦਵਾਰੇ ਆਏ ਵਸਣ, ਸਚ ਦਵਾਰਾ ਦੇਣਾ ਦ੍ਰਿੜ੍ਹਾਈਆ । ਤੇਰੀ ਸਰਨੀ ਆਏ ਲੱਗਣ, ਲਗ ਮਾਤਰ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਨੇ ਇਕੱਠੇ ਕੀਤੇ ਝੀਵਰ ਨਾਈ, ਛੀਬਿਆਂ ਜੋੜ ਜੁੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੱਜ ਤੋਂ ਅਸਾਂ ਪ੍ਰਭ ਤੇਰੀ ਇਕੋ ਓਟ ਤਕਾਈ, ਦੂਜਾ ਨਾਮ ਵੰਡ ਨਾ ਕੋਇ ਵੰਡਾਈਆ । ਤੇਰੀ ਸਿੱਖੀ ਬਣ ਕੇ ਸਦ ਤੇਰੀ ਸੇਵ ਕਮਾਈ, ਚਾਕਰ ਹੋ ਕੇ ਚਾਕਰੀ ਝੋਲੀ ਪਾਈਆ । ਇਹ ਦਿਵਸ ਦਿਹਾੜਾ ਖ਼ੁਸ਼ੀਆਂ ਵਾਲਾ ਅਸੀਂ ਮੰਨੀਏ ਚਾਈਂ ਚਾਈਂ, ਚਾਓ ਘਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਮਨਸਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਾਰਿਆਂ ਦਾ ਇਕੋ ਸਹਾਰਾ, ਇਕੋ ਇਕ ਸਰਨਾਈਆ । ਤੈਨੂੰ ਮੰਨੀਏ ਕਲਕੀ ਅਵਤਾਰਾ, ਅਮਾਮ ਤੇਰੀ ਸਰਨਾਈਆ । ਸਜਦੇ ਕਰੀਏ ਨਿਮਸਕਾਰਾ, ਡੰਡਾਵਤ ਵਿਚ ਵਡਿਆਈਆ । ਤੇਰਾ ਵੇਖੀਏ ਸਚ ਦਵਾਰਾ, ਜਿਥੇ ਭਗਤ ਜਨ ਬੈਠੇ ਸੋਭਾ ਪਾਈਆ । ਜਿਸ ਦਾ ਮਾਣ ਹੋਣਾ ਵਿਚ ਸੰਸਾਰਾ, ਨੌ ਖੰਡ ਪ੍ਰਿਥਮੀ ਵੱਜੇ ਵਧਾਈਆ । ਦੀਨਾਂ ਮਜ਼੍ਹਬਾਂ ਰਹਿਣਾ ਨਹੀਂ ਅੰਤ ਅਖਾੜਾ, ਝਗੜਾ ਮਿਟੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ

ਕਹਿਣ ਵਸਾਖ ਆਇਆ ਅੱਜ, ਸੰਮਤ ਸ਼ਹਿਨਸ਼ਾਹੀ ਪੰਜ ਨਾਲ ਵਡਿਆਈਆ । ਸਾਡਾ ਪੂਰਾ ਕਰ ਦੇ ਹੱਜ, ਹਾਜਤ ਅੱਗੇ ਰਹੇ ਨਾ ਰਾਈਆ । ਤੇਰੀ ਸ੍ਰਿਸ਼ਟੀ ਤੇਰਾ ਜਗ, ਜਗਜੀਵਣ ਦਾਤੇ ਤੇਰੀ ਝੋਲੀ ਪਾਈਆ । ਸਾਡੀ ਦੀਨਾਂ ਮਜ਼੍ਹਬਾਂ ਮਿਟੀ ਹੱਦ, ਹਦੂਦ ਅੱਗੇ ਨਾ ਕੋਇ ਰਖਾਈਆ । ਕ਼ਦਮਬੋਸੀ ਕਰੀਏ ਅੱਗੇ ਵਧ, ਚਰਨ ਕਵਲ ਸਰਨਾਈਆ । ਤੇਰੇ ਨਾਲੋਂ ਹੋਈਏ ਨਾ ਕਦੇ ਅਲਗ, ਵਖਰਾ ਰਾਹ ਨਾ ਕੋਇ ਚਲਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਛਦ, ਸੋਹੰ ਢੋਲਾ ਅਗੰਮ ਅਥਾਹੀਆ । ਆਪਣੀ ਸ਼ਰਅ ਵਿਚੋਂ ਆਪੇ ਕੱਢ, ਕੱਢਣਹਾਰ ਇਕ ਹੋ ਆਈਆ । ਕਲਜੁਗ ਕੂੜੀ ਕਿਰਿਆ ਜ਼ੰਜੀਰ ਵੱਢ, ਅੱਗੇ ਹੋ ਨਾ ਕੋਇ ਅਟਕਾਈਆ । ਅਸੀਂ ਹੋਈਏ ਗਦ ਗਦ, ਖ਼ੁਸ਼ੀਆਂ ਵਿਚੋਂ ਖ਼ੁਸ਼ੀ ਬਣਾਈਆ । ਜਾਂ ਤੱਕੀਏ ਵਿਸ਼ਵ ਧਾਰ ਤੇਰੀ ਯੱਦ, ਨੂਰ ਨੂਰ ਵਿਚੋਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਵਸਾਖ ਕਹੇ ਗੁਰ ਅਵਤਾਰ ਪੈਗ਼ੰਬਰੋ ਧਰਮ ਦਵਾਰੇ ਖਾਓ ਸੁਗੰਦ, ਹਲਫ਼ ਧੁਰ ਦਾ ਨਾਮ ਲਓ ਉਠਾਈਆ । ਇਕ ਹੁਕਮ ਅੰਦਰ ਰਹਿਣਾ ਪਾਬੰਦ, ਆਪਣੀ ਆਪਣੀ ਧਾਰ ਨਾ ਕੋਇ ਜਣਾਈਆ । ਪੁਰਖ ਅਕਾਲ ਦਾ ਮੰਗਣਾ ਸੰਗ, ਕਰਨੀ ਨਾ ਕੋਇ ਵਡਿਆਈਆ । ਨਿਰਗੁਣ ਧਾਰ ਮਾਨਣਾ ਅਨੰਦ, ਸਰਗੁਣ ਮੇਲ ਨਾ ਕੋਇ ਮਿਲਾਈਆ । ਜੋਤ ਅਗੰਮੀ ਤੱਕਣਾ ਚੰਦ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਪ੍ਰਭ ਦੇ ਨਾਮ ਤੋਂ ਕਰਨਾ ਨਹੀਂ ਕੋਈ ਜੰਗ, ਸ਼ਰਅ ਵਿਚ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਮਨਜ਼ੂਰ, ਸੀਸ ਸਰਬ ਝੁਕਾਈਆ । ਇਕੋ ਸਾਂਝਾ ਸਭ ਦਾ ਹਜ਼ੂਰ, ਜੋ ਹਜ਼ਰਤਾਂ ਦਏ ਵਡਿਆਈਆ । ਜਿਸ ਦਾ ਅਗੰਮੀ ਨੂਰ, ਜਨਮੇ ਕੋਇ ਨਾ ਮਾਈਆ । ਮੰਨੀਏ ਸਚ ਦਸਤੂਰ, ਸਿਰ ਸਕੇ ਨਾ ਕੋਇ ਉਠਾਈਆ । ਗੜ੍ਹ ਨਾ ਰਹੇ ਗ਼ਰੂਰ, ਗ਼ੁਰਬਤ ਡੇਰਾ ਢਾਹੀਆ । ਸਿਰ ਸਜਦੇ ਵਿਚ ਝੁਕੇ ਜ਼ਰੂਰ, ਨਿਉਂ ਨਿਉਂ ਲਾਗੇ ਪਾਈਆਂ । ਵਡਿਆਈ ਰਹੇ ਨਾ ਕੋਇ ਕੋਹਤੂਰ, ਜਲਵਾਗਰ ਇਕ ਗੁਸਾਈਆਂ । ਜਿਸ ਦਾ ਨਾਮ ਕ਼ਲਮਾ ਕਰ ਕੇ ਆਏ ਮਸ਼ਹੂਰ, ਮਸ਼ਵਰਾ ਧੁਰ ਦੇ ਨਾਲ ਪਕਾਈਆ । ਜੋ ਸਭ ਦੇ ਪਾਰ ਕਰਾਏ ਦੀਨਾਂ ਮਜ਼੍ਹਬਾਂ ਵਾਲੇ ਬੇੜੇ ਪੂਰ, ਪੂਰਨ ਆਸਾ ਵੇਖ ਵਖਾਈਆ । ਵੇਖੋ ਹੁਕਮ ਮੰਨਣ ਵਿਚ ਹੋਇਓ ਨਾ ਕੋਇ ਮਜਬੂਰ, ਮਜਬੂਰੀ ਰਹਿਣ ਕੋਇ ਨਾ ਪਾਈਆ । ਜਿਸ ਨਾਮ ਕਲਮੇ ਤੋਂ ਪਵਾਇਆ ਫ਼ਤੂਰ, ਦੀਨ ਦੁਨੀ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਇਕ ਸਰਨਾਈਆ । ਵਸਾਖ ਕਹੇ ਵਿਸਰ ਨਾ ਜਾਇਓ ਕੰਤ, ਜੋ ਦੇਵੇ ਮਾਣ ਵਡਿਆਈਆ । ਜਿਸ ਦੀ ਕਿਰਪਾ ਬਿਨਾ ਕੋਈ ਬਣ ਨਹੀਂ ਸਕਦਾ ਸੰਤ, ਸੂਫ਼ੀ ਮਿਲੇ ਨਾ ਕੋਇ ਵਡਿਆਈਆ । ਬਿਨਾ ਮਿਹਰ ਤੋਂ ਲੇਖੇ ਲੱਗੇ ਨਾ ਜਪਿਆ ਮੰਤ, ਮੰਤਵ ਹਲ ਨਾ ਕੋਇ ਕਰਾਈਆ । ਜਿਸ ਨੇ ਸਭ ਦਾ ਕੀਤਾ ਅੰਤ, ਅੰਤਸ਼ਕਰਨ ਵੇਖੇ ਲੋਕਾਈਆ । ਜਨ ਭਗਤੋ ਤੁਸੀਂ ਬੋਧ ਅਗਾਧੇ ਪੰਡਤ, ਜਿਨ੍ਹਾਂ ਭੇਵ ਲਿਆ ਪ੍ਰਭ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਨੂੰ ਸਚਖੰਡ ਦਵਾਰ ਦੇ ਬਣਾ ਕੇ ਮਹੰਤ, ਸਚ ਦਵਾਰ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਵਸਾਖ ਕਹੇ ਗੋਬਿੰਦ ਪਿਆਇਆ ਅੰਮ੍ਰਿਤ ਜਲ, ਖੰਡੇ ਧਾਰ ਵਡਿਆਈਆ । ਪੁਰਖ ਅਬਿਨਾਸ਼ੀ ਕਿਰਪਾ ਕੀਤੀ ਪਰਬਲ, ਬਲੀ ਬਲਵਾਨ ਹੋਇਆ ਸਹਾਈਆ । ਜਨ ਭਗਤੋ ਜਿਸ ਨੂੰ ਤਾਰਨ ਲੱਗਿਆਂ ਘੜੀ

ਨਾ ਲਗਦਾ ਪਲ, ਪਲਕ ਦੇ ਅੰਦਰ ਪਾਰ ਕਰਾਈਆ । ਤੁਸੀਂ ਓਸ ਦੇ ਓਸ ਨੇ ਤੁਹਾਡਾ ਦਵਾਰ ਲਿਆ ਮੱਲ, ਅੱਗੇ ਫ਼ਰਕ ਰਿਹਾ ਨਾ ਰਾਈਆ । ਓਹ ਆਤਮਾ ਤੇ ਤੁਸੀਂ ਪੰਜ ਤੱਤ ਕਾਇਆ ਮਾਟੀ ਖੱਲ, ਦੋਹਾਂ ਦਾ ਮਿਲ ਕੇ ਬਣਿਆ ਨਿਹਚਲ ਧਾਮ ਅਟਲ, ਘਰ ਵਿਚ ਘਰ ਵੱਜੀ ਵਧਾਈਆ । ਤੁਸੀਂ ਐਥੇ ਵੇਖੋ ਕਿੱਥੋਂ ਆਇਆ ਚਲ, ਨਿਹਚਲ ਆਪਣਾ ਫੇਰਾ ਪਾਈਆ । ਤੁਸੀਂ ਅਜੇ ਨਹੀਂ ਹੋਏ ਤੇ ਓਹ ਹੋ ਗਿਆ ਤੁਹਾਡੇ ਵੱਲ, ਵਲਵਲੇ ਸਾਰੇ ਦਿਓ ਕਢਾਈਆ । ਤੁਹਾਨੂੰ ਪਿਆਰ ਕੀਤਾ ਸਤਿਕਾਰ ਕੀਤਾ ਇਤਬਾਰ ਕੀਤਾ ਵਿਹਾਰ ਕੀਤਾ ਦੀਨ ਦੁਨੀਆ ਨਾਲ ਕੀਤਾ ਛਲ, ਅਛਲ ਛਲਧਾਰੀ ਆਪਣੀ ਕਾਰ ਕਮਾਈਆ । ਜਿਸ ਦਾ ਨੂਰ ਓਸੇ ਦੀ ਜੋਤ ਨਾਲ ਜਾਓ ਹੁਣ ਬਲ, ਅੰਧ ਅੰਧੇਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਵਸਾਖ ਕਹੇ ਮੈਂ ਤੱਕਾਂ ਕਿਹੜੀ ਨੁੱਕਰੇ, ਬਹੁੜੀ ਮੇਰੀ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਏਥੇ ਉਤਰੇ, ਉੱਤਰ ਪੂਰਬ ਪੱਛਮ ਦੱਖਣ ਚਾਰੇ ਕੁੰਟ ਵੇਖ ਵਖਾਈਆ । ਸੁਹੰਞਣੀ ਹੋਏ ਰੁਤੜੇ, ਰੁਤੜੀ ਆਪਣੇ ਨਾਲ ਮਹਿਕਾਈਆ । ਜਿਧਰ ਵੇਖਾਂ ਓਧਰ ਭਗਤਾਂ ਨੂੰ ਕਹੇ ਆਓ ਮੇਰੇ ਪੁੱਤਰੇ, ਪਿਤਾ ਪੂਤ ਗੋਦ ਸੁਹਾਈਆ । ਵੇਖਿਓ ਕਦੇ ਬਣ ਨਾ ਜਾਇਓ ਨਾਸ਼ੁਕਰੇ, ਸ਼ੁਕਰੀਆ ਕਹਿ ਕੇ ਖ਼ੁਸ਼ੀ ਮਨਾਈਆ । ਜਿਸ ਨੇ ਜਨਮ ਜਨਮ ਦੇ ਕਰਮ ਕਰਮ ਦੇ ਮੇਟ ਦੇਣੇ ਦੁਖੜੇ, ਦਰਦਾਂ ਡੇਰਾ ਢਾਹੀਆ । ਹੁਣ ਤੇ ਤੁਸੀਂ ਪ੍ਰਭ ਦਾ ਦਰਸ ਕਰਦੇ ਫੇਰ ਦੁਨੀਆ ਨੇ ਤੁਹਾਡੇ ਤਕਣੇ ਮੁਖੜੇ, ਹੱਥ ਮੱਥਿਆਂ ਉਤੇ ਟਿਕਾਈਆ । ਪ੍ਰਭੂ ਦੇ ਹੁਕਮ ਕਦੇ ਨਾ ਰੁਕਦੇ, ਰੋਕਣ ਵਾਲਾ ਨਜ਼ਰ ਕੋਇ ਨਾ ਆਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਝੁਕਦੇ, ਧੂੜੀ ਖ਼ਾਕ ਰਮਾਈਆ । ਜਨ ਭਗਤੋ ਤੁਹਾਡੇ ਲੇਖੇ ਲਗਦੇ ਇਕੋ ਨਾਲ ਤੁਕ ਦੇ, ਢੋਲਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਵਸਾਖ ਕਹੇ ਮੈਂ ਕੀ ਖੇਲ ਵੇਖਦਾ ਨਿਆਰੀ, ਨਿਆਂਕਾਰ ਕੀ ਜਣਾਈਆ । ਸਵਾਧਾਨ ਰਹਿਣਾ ਪੰਜੇ ਲਿਖਾਰੀ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਪਤਾ ਨਹੀਂ ਕਿਹੜੇ ਵੇਲੇ ਮਾਪਿਆਂ ਨਾਲੋਂ ਤੋੜ ਦੇਵੇ ਯਾਰੀ, ਸੱਜਣ ਸਾਕ ਸੈਣ ਨਾ ਕੋਇ ਬਣਾਈਆ । ਤੁਸੀਂ ਪ੍ਰਭ ਦੇ ਭਗਤ ਤੁਹਾਨੂੰ ਦੇ ਦੇਣੀ ਮੁਖ਼ਤਿਆਰੀ, ਮੁਫ਼ਤ ਆਪਣਾ ਨਾਮ ਵਰਤਾਈਆ । ਇਹ ਕਿਸੇ ਦੀ ਵਸਤ ਨਹੀਂ ਉਧਾਰੀ, ਜੋ ਕਰਨਾ ਸੋ ਕਰ ਕੇ ਦੇਣਾ ਦਰਸਾਈਆ । ਜਾਂ ਸਾਥ ਰਹੋਗੇ ਜਾਂ ਛੱਡ ਜਾਓਗੇ ਯਾਰੀ, ਕੂੜਾ ਯਾਰਾਨਾ ਨਾ ਕੋਇ ਨਿਭਾਈਆ । ਜਾਂ ਆ ਲੈਣ ਦਿਓ ਇਹੋ ਸਤਾਰਾਂ ਹਾੜੀ, ਦੀਨ ਦੁਨੀਆ ਦੇ ਪ੍ਰਧਾਨਾਂ ਨੂੰ ਦਿਆਂ ਉਠਾਈਆ । ਇਹ ਖੇਲ ਪਹਿਲੀ ਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸਾਖ ਕਹੇ ਕੁਛ ਮੈਂ ਵੀ ਵਿਸਰ ਗਿਆ, ਸਚ ਦਿਆਂ ਸੁਣਾਈਆ । ਦੀਨ ਦੁਨੀ ਵਿਚ ਨਿਸਲ ਪਿਆ, ਭੁੱਲਿਆ ਬੇਪ੍ਰਵਾਹੀਆ । ਕਲਜੁਗ ਦੇ ਜਾਲ ਵਿਚ ਫਿਸਲ ਗਿਆ, ਚਲੀ ਨਾ ਕੋਇ ਚਤੁਰਾਈਆ । ਚਾਰੇ ਕੁੰਟ ਫਿਰਦਾ ਰਿਹਾ, ਭੱਜਿਆ ਵਾਹੋ ਦਾਹੀਆ । ਜਿਹੜਾ ਗੋਬਿੰਦ ਹੁਕਮ ਕਿਹਾ, ਓਹ ਅੰਦਰੋਂ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਵਸਾਖ ਕਹੇ ਗੋਬਿੰਦ ਨੇ ਖੰਡੇ ਨਾਲ ਪੰਜ ਵੇਰਾਂ ਧਰਤੀ ਨੂੰ ਮਾਰੀ ਚੋਭ, ਨੋਕ ਦਿਤੀ ਖੁਭਾਈਆ । ਗ਼ੁੱਸੇ ਵਿਚ ਕਿਹਾ ਨਾਲ ਰੋਬ, ਵੇਖੀਂ ਕਿਤੇ ਰੌਲਾ ਨਾ ਦੇਵੀਂ ਪਾਈਆ । ਮੈਂ ਤੇਰਾ ਹਿਰਦਾ ਰਿਹਾ ਸੋਧ, ਤੇਰੇ ਅੰਦਰੋਂ ਕਰਾਂ ਸਫ਼ਾਈਆ । ਕਿਉਂ ਤੂੰ ਕਲਜੁਗ ਵਿਚ ਮੇਰੇ ਭਗਤ ਚੁਕਣੇ ਗੋਦ, ਗੋਦੀ ਆਪਣੀ ਲੈਣੇ ਟਿਕਾਈਆ । ਮੇਰੇ ਪ੍ਰਭੂ ਨੇ ਵੇਖਣ

ਔਣਾ ਚੋਜ, ਚੋਜੀ ਆਪਣਾ ਫੇਰਾ ਪਾਈਆ । ਕਮਲੀਏ ਕਿਤੇ ਕਰੀਂ ਹਰਖ ਨਾ ਸੋਗ, ਏਸੇ ਕਰ ਕੇ ਤੇਰੀ ਨੀਹਾਂ ਹੇਠਾਂ ਬੱਚੇ ਗਿਆ ਦਬਾਈਆ । ਮੇਰੇ ਸਿੱਖਾਂ ਭਗਤਾਂ ਨੂੰ ਕਰਨਾ ਪਏ ਕੋਈ ਨਾ ਜੋਗ, ਤਪੱਸਵੀਆਂ ਵਾਲੀ ਕਾਰ ਨਾ ਕੋਇ ਕਮਾਈਆ । ਕਿਸੇ ਦੇ ਉਤੇ ਸੁੱਟਣਾ ਪਏ ਨਾ ਬੋਝ, ਜਨਮ ਕਰਮ ਧਰਮ ਦਾ ਲੇਖਾ ਪ੍ਰਭ ਦੀ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਦੇਵੇ ਮਾਣ ਵਡਿਆਈਆ । ਧਰਨੀ ਰੋ ਰੋ ਕੇ ਕੰਬੀ, ਸਹਿਮ ਸਹਿਮ ਸੁਣਾਈਆ । ਗੋਬਿੰਦ ਕਿਰਪਾ ਕਰੀਂ ਜੇ ਪੁਰਖ ਅਕਾਲ ਆਵੇ ਤੇ ਆਵੀਂ ਨਹੀਂ ਤੇ ਬਣ ਕੇ ਨਾ ਆਵੀਂ ਡੰਭੀ, ਡੰਭੀਆਂ ਦੀ ਲੋੜ ਰਹੇ ਨਾ ਰਾਈਆ । ਨਾ ਸਲਵਾਰ ਪਾਈਂ ਨਾ ਧੋਤੀ ਪਹਿਨੀਂ ਨਾ ਕਛਹਿਰਾ ਪਾਈਂ ਨਾ ਤੰਬੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਵੇਖੀਂ ਦੀਨ ਮਜ਼੍ਹਬ ਦੀ ਗੱਲ ਕੋਈ ਨਾ ਮੰਨੀਂ, ਮਨਸਾ ਆਪਣੀ ਇਕ ਵਧਾਈਆ । ਚਾਰ ਵਰਨਾਂ ਨਾਲ ਸਾਂਝੀ ਕਰਨੀ ਕੰਨੀ, ਕੰਨੇ ਦਾ ਲੇਖਾ ਦੇਣਾ ਮੁਕਾਈਆ । ਓਸ ਵੇਲੇ ਭਾਵੇਂ ਸ੍ਰਿਸ਼ਟੀ ਹੋਵੇ ਅੰਨ੍ਹੀ, ਤੇਰਾ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਰਿਹਾ ਸੁਣਾਈਆ । ਵਸਾਖ ਕਹੇ ਗੋਬਿੰਦ ਨੇ ਤਿੰਨ ਵੇਰਾਂ ਭਾਰ ਰੱਖਿਆ ਉਤੇ ਪੱਬਾਂ, ਕਮਰ ਉਪਰ ਨੂੰ ਖਿਚਾਈਆ । ਰਸਨਾ ਕਿਹਾ ਕੂੜੀ ਕਿਰਿਆ ਦੱਬਾਂ, ਫੇਰ ਬਾਹਰ ਨਾ ਕੋਇ ਕਢਾਈਆ । ਜਿਸ ਵੇਲੇ ਜਗਤ ਮਲੇਛ ਹੋਵੇ ਸਭਾ, ਸਭਾਪਤੀ ਰਹਿਣ ਕੋਇ ਨਾ ਪਾਈਆ । ਦੁਨੀਆ ਭੁੱਲ ਜਾਏ ਆਪਣਾ ਅੱਬਾ, ਪਿਤਾ ਪੁਰਖ ਅਕਾਲ ਨਾ ਕੋਇ ਮਨਾਈਆ । ਕੂੜੀ ਕਿਰਿਆ ਵੱਜੇ ਡੱਗਾ, ਚਾਰੋਂ ਕੁੰਟ ਪਏ ਦੁਹਾਈਆ । ਝਗੜਾ ਪਏ ਨਾੜ ਮਾਸ ਹੱਡਾ, ਤਨ ਵਜੂਦ ਦਏ ਗਵਾਹੀਆ । ਓਸ ਵੇਲੇ ਸਤਿ ਧਰਮ

੧੨੯੨ ੧੨੯੨

੨੧ ੨੧

ਦਾ ਦਿਸੇ ਕੋਈ ਨਾ ਅੱਗਾ, ਆਗੂ ਬੈਠਣ ਮੁਖ ਛੁਪਾਈਆ । ਪਵਿਤ੍ਰ ਰਹੇ ਕੋਈ ਨਾ ਜਗਹ, ਥਾਨ ਥਨੰਤਰ ਦੇਣ ਦੁਹਾਈਆ । ਮੈਂ ਪ੍ਰਭ ਦੀ ਚਲਣਾ ਰਜ਼ਾ, ਭਾਣੇ ਵਿਚ ਸੀਸ ਨਿਵਾਈਆ । ਕੋਟਾਂ ਵਿਚੋਂ ਜਨ ਭਗਤਾਂ ਨੂੰ ਦੇਣਾ ਮਜ਼ਾ, ਧੁਰ ਦਾ ਨਾਮ ਚਖਾਈਆ । ਜੇ ਕੋਈ ਪੁੱਛਣ ਆਵੇ ਵਜਹ, ਅਗਲਾ ਭੇਵ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਵਸਾਖ ਕਹੇ ਮੇਰਾ ਗੋਬਿੰਦ ਆਇਆ, ਖੁਸ਼ੀਆਂ ਨਾਲ ਵਡਿਆਈਆ । ਜਿਸ ਨੇ ਗੁਰਸਿੱਖ ਦੁਲਾਰਾ ਜਾਇਆ, ਜੰਮਣ ਵਾਲੀ ਪਿਤਾ ਮਾਈਆ । ਪੁਰਖ ਅਕਾਲਾ ਦਾਈ ਦਾਇਆ, ਸਾਚੀ ਸੇਵ ਕਮਾਈਆ । ਮੇਰਾ ਸੋਹਣਾ ਵਕ਼ਤ ਸੁਹਾਇਆ, ਸੁਹੰਜਣੀ ਖ਼ੁਸ਼ੀ ਬਣਾਈਆ । ਜਨ ਭਗਤਾਂ ਗੋਦ ਉਠਾਇਆ, ਆਪਣਾ ਰੰਗ ਰੰਗਾਈਆ । ਲੋਕ ਪਰਲੋਕ ਡੰਕ ਵਜਾਇਆ, ਸੰਦੇਸ਼ਾ ਖ਼ਬਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਵਸਾਖ ਕਹੇ ਜਨ ਭਗਤੋ ਹੱਥ ਮਾਰੋ ਉਤੇ ਛਾਤੀ, ਸਾਹਿਬ ਸੁਲਤਾਨ ਇਕ ਸਰਨਾਈਆ । ਪੁਰਖ ਅਕਾਲਾ ਮੰਨਣਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਸਚ ਦਵਾਰ ਦਾ ਆਦਿ ਜੁਗਾਦੀ ਸਾਥੀ, ਸਗਲਾ ਸੰਗ ਨਿਭਾਈਆ । ਜੀਵਤ ਮਰਤ ਕਰੇ ਰਾਖੀ, ਏਥੇ ਓਥੇ ਹੋਏ ਸਹਾਈਆ । ਤੁਹਾਡੀ ਲੇਖੇ ਲਾਵੇ ਜ਼ਿੰਦਗੀ ਹਯਾਤੀ, ਜੀਵਣ ਆਪਣੇ ਵਿਚ ਟਿਕਾਈਆ । ਤੁਹਾਡੀ ਗੋਬਿੰਦ ਵਾਲੀ ਵਸਾਖੀ, ਸ੍ਰਿਸ਼ਟੀ ਦੁੱਖਾਂ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬੂੰਦ ਦੇਵੇ ਸਵਾਂਤੀ, ਧੁਰ ਦਾ ਰਸ ਬਿਨ ਰਸਨਾ ਆਪ ਚਖਾਈਆ ।

ਵਸਾਖ ਕਹੇ ਮੇਰੀ ਸਚ ਸਚ ਅਰਦਾਸ, ਅਰਜ਼ ਦਿਆਂ ਦ੍ਰਿੜਾਈਆ । ਪ੍ਰਭ ਦਾ ਭਗਤਾਂ ਅੰਦਰ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਜੋ ਗੋਬਿੰਦ ਗਿਆ ਆਖ, ਆਖ਼ਰ ਓਹੋ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੀ ਸ਼ਾਖ਼, ਸਾਰੇ ਆਪਣੇ ਵਿਚ ਮਿਲਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਚਾਰ ਵਰਨ ਇਕ ਜਮਾਤ, ਇਕੋ ਨਾਮ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਅੰਦਰ ਦੇਵੇ ਵਿਸ਼ਵਾਸ, ਵਿਸ਼ਾ ਕੂੜ ਦਏ ਗਵਾਈਆ ।

## ❋ ੨ ਵਸਾਖ ਸ਼ਹਿਨਸ਼ਾਹੀ ਸੰਮਤ ੫ ਰਜਨੀਸ਼ ਜੀ ਨਾਲ ਅੰਮ੍ਰਿਤਸਰ ❋

ਬੜੀ ਖ਼ੁਸ਼ੀ ਹੋਈ ਪਹਿਲੀ ਹੋਈ ਭੇਟ, ਅੰਤਰ ਅੰਤਰ ਵੇਖ ਵਖਾਈਆ । ਆਤਮ ਧਾਰ ਹੋਵੇ ਹੇਤ, ਪਰਮਾਤਮ ਪਿਆਰ ਮੁਹੱਬਤ ਵਿਚ ਵਡਿਆਈਆ । ਜੋਤੀ ਦਰਸ ਹੋਵੇ ਨਿਜ ਨੇਤਰ ਨੇਤ, ਨਿਜ ਨੈਣ ਜੋਤ ਨੂਰ ਰੁਸ਼ਨਾਈਆ । ਜਗਤ ਵਿਕਾਰਾ ਹੋਵੇ ਖੇਤ, ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਅਗੰਮੀ ਖੁਲ੍ਹੇ ਭੇਤ, ਭਾਂਡਾ ਭਰਮ ਭੌ ਭੰਨਾਈਆ । ਸਚ ਗ੍ਰਿਹ ਮੰਦਰ ਦਿਸੇ ਦਰਗਾਹ ਸਾਚੀ ਸਚਖੰਡ ਦਵਾਰਾ ਦੇਸ, ਜਿਥੇ ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪਹਿਲਾ ਸਮਾਂ ਪਹਿਲਾ ਵਕਤ, ਘੜੀ ਵਾਰ ਥਿਤ ਦਏ ਗਵਾਹੀਆ । ਕੀ ਅੱਗੇ ਦਸ਼ਾ ਹੋਣੀ ਸ੍ਰਿਸ਼ਟੀ ਜਗਤ, ਦੁਨੀਆ ਕਾਇਨਾਤ ਕੀ ਕਾਰ ਕਮਾਈਆ । ੧੨੯੩ ਕੀ ਹੁਕਮ ਦੇਣਾ ਪ੍ਰੀਤਮ ਅਰਸ਼, ਪਾਰਬ੍ਰਹਮ ਪ੍ਰਭ ਆਪਣਾ ਸੰਦੇਸ਼ ਜਣਾਈਆ । ਕੀ ਝਗੜਾ ਪੈਣਾ ਉਪਰ ਧਰਤ, ਉੱਤਰ ਪੂਰਬ ਪੱਛਮ ਢੱਖਣ ਦੇਣਾ ਦ੍ਰਿੜਾਈਆ । ਕੀ ਅਵਤਾਰ ਪੈਗ਼ੰਬਰਾਂ ਗੁਰੂਆਂ ਜੋਤੀ ਧਾਰ ਕੀਤੀ ਸ਼ਰਤ, ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝਾ ਯਾਰ ਸ਼ਬਦੀ ਕੌਲ ਇਕ਼ਰਾਰ ਬਣਾਈਆ । ਕਿਸ ਬਿਧ ਮਾਇਆ ਮਮਤਾ ਮੋਹ ਮਿਟਣੀ ਹਰਸ, ਕਾਮ ਕਰੋਧ ਲੋਭ ਮੋਹ ਹੰਕਾਰ ਰਹੇ ਨਾ ਰਾਈਆ । ਕਿਸ ਬਿਧ ਜੀਵਾਂ ਜੰਤਾਂ ਉਤੇ ਸਾਧਾਂ ਸੰਤਾਂ ਕਰਨਾ ਤਰਸ, ਰਹਿਮਤ ਹੱਕ ਕਮਾਈਆ । ਮਨ ਕਲਪਣਾ ਕੂੜੀ ਕਿਰਿਆ ਰਹੇ ਕੋਈ ਨਾ ਗ਼ਰਜ਼, ਆਸਾ ਤ੍ਰਿਸ਼ਨਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਧਰਨੀ ਕਹੇ ਕੀ ਅੱਗੇ ਹੋਣਾ ਮਹਾਂਰਿਸ਼ੀ ਰਜਨੀਸ਼, ਰਾਜਨੀਤੀ ਸਮਝ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨਾਂ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਕਰਨਹਾਰਾ ਤਫ਼ਤੀਸ਼, ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਜ਼ਾਤ ਪਾਤੀ ਵੇਖ ਵਖਾਈਆ । ਕੀ ਪੈਗ਼ੰਬਰਾਂ ਕੀਤੀ ਤਸ਼ਵੀਸ਼, ਵਾਹਦ ਕਲਮੇ ਵਿਚ ਜਣਾਈਆ । ਕੀ ਅੰਤਮ ਰੱਖੀ ਉਮੀਦ, ਕਲਜੁਗ ਅੰਤਮ ਦਏ ਦੁਹਾਈਆ । ਬਿਨਾ ਮਹਾਂਪੁਰਸ਼ ਸੰਤਾਂ ਤੋਂ ਕਰੇ ਨਾ ਕੋਇ ਤਸਦੀਕ, ਸ਼ਹਾਦਤ ਵਾਲਾ ਨਜ਼ਰ ਕੋਇ ਨਾ ਆਈਆ । ਕਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਰਦੀ ਗਈ ਉਮੀਦ, ਆਸਾ ਤ੍ਰਿਸ਼ਨਾ ਵਿਚ ਵਧਾਈਆ । ਕਿਸ ਨੇ ਅੰਤ ਅਖ਼ੀਰ ਪਿਛਲੀ ਕੀਤੀ ਉਤੇ ਮਾਰਨੀ ਲੀਕ, ਸਤਿਜੁਗ ਸੱਚਾ ਸਚ ਧਰਮ ਸਮਝਾਈਆ । ਦੀਨ ਦੁਨੀ ਅੰਤਰ ਨਿਰੰਤਰ ਨਿਰਾਕਾਰ ਨਿਰੰਕਾਰ ਨਿਰਵੈਰ ਹੋ ਕੇ ਬਦਲ ਦੇਵੇ ਨੀਤ, ਨੀਤੀਵਾਨ ਆਪਣਾ ਰੰਗ ਰੰਗਾਈਆ । ਮਾਨਵ ਮਾਨਵ ਮਾਨਵ

ਇਕ ਦੂਜੇ ਨਾਲ ਕਰਨ ਪ੍ਰੀਤ, ਇਨਸਾਨ ਇਨਸਾਨ ਇਨਸਾਨ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਇਕ ਰੰਗਾਈਆ । ਮਹਾਂਰਿਸ਼ੀ ਜੀ ਕਿਸ ਬਿਧ ਅੰਦਰ ਖੁਲ੍ਹੇ ਤਾਕੀ, ਪੂਜਾ ਪਾਠ ਸਿਮਰਨ ਜੋਗ ਅਭਿਆਸ ਦੀ ਲੋੜ ਰਹੇ ਨਾ ਰਾਈਆ । ਕਿਸ ਬਿਧ ਅੰਮ੍ਰਿਤ ਜਾਮ ਮਿਲੇ ਸਾਕੀ, ਭਰ ਪਿਆਲਾ ਨਿਝਰ ਧਾਰ ਦਏ ਪਿਆਈਆ । ਕਵਣ ਦਵਾਰ ਨਿਰਗੁਣ ਨੂਰ ਜੋਤ ਹੋਏ ਪਰਕਾਸ਼ੀ, ਅੰਧ ਅੰਧੇਰ ਰਹਿਣ ਨਾ ਪਾਈਆ । ਕਵਣ ਗ੍ਰਿਹਿ ਲੇਖਾ ਮੁਕੇ ਪਵਣ ਸਵਾਸੀ, ਸਾਹ ਸਾਹ ਨਾ ਕੋਇ ਵਡਿਆਈਆ । ਕਵਣ ਦਵਾਰਾ ਜਿਥੇ ਅਗੰਮੀ ਪਏ ਰਾਸੀ, ਸੁਰਤੀ ਸ਼ਬਦੀ ਗੋਪੀ ਕਾਹਨ ਆਪਣਾ ਰੂਪ ਬਦਲਾਈਆ । ਕਵਣ ਮੰਦਰ ਜਿਥੇ ਮਿਲੇ ਨਾਥ ਅਨਾਥੀ, ਦੀਨ ਦਿਆਲ ਠਾਕਰ ਪ੍ਰਭ ਆਪਣਾ ਘਰ ਵਖਾਈਆ । ਕਵਣ ਰਾਸਤਾ ਕਵਣ ਬਰਾਸਤਾ ਕਵਣ ਸੱਜਣ ਕਵਣ ਸਾਥੀ, ਸਚਖੰਡ ਦਵਾਰ ਦਰਗਾਹ ਸਾਚੀ ਦਏ ਪੁਚਾਈਆ । ਕੋਟਨ ਕੋਟ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਅੱਖਰਾਂ ਵਿਚ ਸਿਫ਼ਤਾਂ ਵਿਚ ਧੁਰ ਦੀ ਮਹਿਮਾ ਰਹੇ ਆਖੀ, ਰਸਨਾ ਜਿਹਵਾ ਬੱਤੀ ਦੰਦ ਢੋਲਿਆਂ ਵਿਚ ਗਾਈਆ । ਕੀ ਖੇਲ ਹੋਣਾ ਅੱਗੇ ਝਗੜਾ ਪੈਣਾ ਲੋਕਮਾਤੀ, ਧਰਨੀ ਧਰਤ ਧਵਲ ਆਪਣੀ ਧਾਰ ਵਖਾਈਆ । ਸਚ ਦੱਸਣਾ ਕਿਸ ਮੰਜ਼ਲ ਉਤੇ ਮਿਲੇ ਮਹਿਬੂਬ ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼ੀ, ਜਨਮ ਮਰਨ ਮਰਨ ਜਨਮ ਵਿਚ ਕਦੇ ਨਾ ਆਈਆ । ਤੁਹਾਡਾ ਹੱਥ ਕਹੇ ਮੈਂ ਲੱਗਾ ਉਤੇ ਬਾਜ਼ੂ, ਉਂਗਲੀ ਅੰਗੂਠੇ ਨਾਲ ਮਿਲਾਈਆ । ਇਹ ਹੱਥ ਓਹ ਜਿਸ ਕੋਲ ਸਚ ਦਾ ਤਰਾਜ਼ੂ, ਨਾਮ ਕੰਡਾ ਇਕ ਵਖਾਈਆ । ਕਿਸ ਬਿਧ ਦੀਨ ਦੁਨੀ ਅੰਦਰੋਂ ਬਣੇ ਸਾਧੂ, ਸਾਧਨਾ ਸਚ ਵਿਚ ਵਡਿਆਈਆ । ਇਕ ਸਰਨਾਈ ਇਕ ਪਿਆਰ ਇਕ ਮੁਹੱਬਤ ਇਕ ਇਸ਼ਟ ਵਿਚ ਲਾਗੂ, ਦੇਵ ਸਵਾਮੀ ਇਕੋ ਸੋਭਾ ਪਾਈਆ । ਕਵਣ ਬਿਨ ਜਗਤ ਨੈਣਾਂ ਨਿਜ ਨੇਤਰ ਸੋਇਆ ਜਾਗੂ, ਜਾਗਰਤ ਜੋਤ ਬਿਨ ਵਰਨ ਗੋਤ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹਿੰਦੂ ਮੁਸਲਿਮ ਸਿੱਖ ਈਸਾਈ ਪਾਰਸੀ ਬੋਧੀ ਜੈਨੀ ਸਭ ਦਾ ਅੱਗੇ ਕਿਹੜਾ ਬਣਨਾ ਆਗੂ, ਜੋ ਹੁਕਮ ਧੁਰ ਸੰਦੇਸ਼ਾ ਨਾਮ ਕਲਮਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਸ਼ਟੀ ਹੋ ਕੇ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਏਕੰਕਾਰਾ ਵਿਚ ਸੰਸਾਰਾ ਇਕੋ ਇਕ ਵਖਾਈਆ ।

## ❋ ੧੦ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਮਾਝਾ ਸੰਗਤ ❋

ਨਾਰਦ ਕਹੇ ਵਾਹ ਪੁਰਖ ਸਮਰੱਥੇ, ਸਮਰਥ ਤੇਰੀ ਬੇਪਰਵਾਹੀਆ । ਜੁਗ ਚੌਕੜੀ ਤੈਨੂੰ ਰਗੜਦੇ ਰਹੇ ਮੱਥੇ, ਇੱਟਾਂ ਪੱਥਰਾਂ ਉਤੇ ਘਸਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰਾ ਗਾਵੇ ਜਸੇ, ਸਿਫ਼ਤ ਸਾਲਾਹ ਵਿਚ ਵਡਿਆਈਆ । ਸਤਿ ਸਰੂਪ ਤੇਰਾ ਕਿਸੇ ਨਾ ਵਖਾਇਆ ਪ੍ਰਤੱਖ ਰੂਪ ਅੱਖੇ, ਲੋਚਣ ਮਿਲੇ ਨਾ ਕੋਇ ਵਡਿਆਈਆ । ਮੇਰੀ ਅੰਤਰ ਆਸਾ ਹੱਸੇ, ਖ਼ੁਸ਼ੀਆਂ ਵਿਚ ਖ਼ੁਸ਼ੀ ਮਨਾਈਆ । ਅਵਤਾਰ ਪੈਗ਼ੰਬਰ ਗੁਰ ਹੋਏ ਹੱਕੇ ਬੱਕੇ, ਹੈਰਾਨੀ ਵਿਚ ਧਿਆਨ ਲਗਾਈਆ । ਜਿਥੇ ਕਿਸੇ ਦਾ ਕੋਈ ਚਾਰਾ ਨਹੀਂ ਚਲਦਾ ਵੱਸੇ, ਤਾਕ਼ਤ ਵਿਚ ਨਾ ਕੋਇ ਚਤੁਰਾਈਆ । ਓਥੇ ਸਾਹਿਬ ਸਵਾਮੀ ਅੰਤਰਜਾਮੀ ਜਨ ਭਗਤਾਂ ਪੈਜ ਰੱਖੇ, ਰੱਖਕ ਹੋ ਕੇ ਵੇਖ ਵਖਾਈਆ । ਪ੍ਰੇਮ ਦੀ ਧਾਰ ਵਿਚ ਪ੍ਰੇਮੀ ਫਿਰਨ

੧੨੬੪ ੨੧

ਨੱਸੇ, ਭੱਜਣ ਵਾਹੋ ਦਾਹੀਆ । ਵਿਸ਼ਨੂੰ ਫਿਰੇ ਪੈਰ ਦੱਬੇ, ਹੌਲੀ ਹੌਲੀ ਕ਼ਦਮ ਉਠਾਈਆ । ਇਹ ਖੇਲ ਬਣਦਾ ਕਦੇ ਕਦੇ, ਨੌ ਸੌ ਚੁਰਾਨਵੇ ਚੌਕੜੀ ਜੁਗ ਰਾਹ ਤਕਾਈਆ । ਬਿਨਾ ਪ੍ਰਭੂ ਤੋਂ ਬਾਕੀ ਸਾਰੇ ਕਰਦੇ ਦਗ਼ੇ, ਸਦਾ ਸਚਖੰਡ ਦਵਾਰ ਨਾ ਕੋਇ ਪਹੁੰਚਾਈਆ । ਗੁਰ ਅਵਤਾਰ ਪੈਗ਼ੰਬਰ ਇਕ ਨਾਮ ਜਪੇ, ਸੰਤ ਸਿਫ਼ਤੀ ਢੋਲੇ ਗਾਈਆ । ਨਾਰਦ ਕਹੇ ਮੈਂ ਚਾਰ ਕੁੰਟ ਦਹਿ ਦਿਸ਼ਾ ਤੱਕਿਆ ਜਗ ਮੇਦਨੀ ਤਪੇ, ਅਗਨੀ ਤੱਤ ਨਾ ਕੋਇ ਬੁਝਾਈਆ । ਮੋਹ ਵਿਕਾਰ ਵਿਚ ਮਤੀ ਬਣਦੇ ਮਤੇ, ਬੁੱਧੀ ਮਿਲੇ ਨਾ ਕੋਇ ਵਡਿਆਈਆ । ਸਤਿ ਧਰਮ ਦੀ ਰਹੀ ਕੋਈ ਨਾ ਸਤੇ, ਸਤਿ ਸਤਿਵਾਦ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਨਾਰਦ ਕਹੇ ਪ੍ਰਭ ਬਰਸ ਦੇ ਅੰਮ੍ਰਿਤ ਮੇਹੋਂ, ਅਗੰਮੀ ਧਾਰ ਵਹਾਈਆ । ਆਤਮ ਪਰਮਾਤਮ ਬਣਾ ਨੇਹੋਂ, ਭਗਤ ਭਗਵਾਨ ਮਿਲ ਕੇ ਵੱਜੇ ਵਧਾਈਆ । ਝਗੜਾ ਮੁਕਾ ਦੇ ਸਾਢੇ ਤਿੰਨ ਹੱਥ ਸੇਉਂ, ਸੀਆਂ ਕੰਮ ਕਿਸੇ ਨਾ ਆਈਆ । ਮਿਹਰਵਾਨ ਮਹਿਬੂਬ ਸਚ ਖ਼ੁਦਾ ਦੇਉ, ਦੇਵਤ ਸੁਰ ਸੀਸ ਨਿਵਾਈਆ । ਆਦਿ ਜੁਗਾਦਿ ਜੁਗ ਚੌਕੜੀ ਏਕਾ ਦੇਵੀ ਦੇਉ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਹੈਰਾਨ ਹੋ ਗਿਆ ਤੂੰ ਸਭ ਦਾ ਇਕੋ ਪਿਓ, ਪਿਤਾ ਪੁਰਖ ਅਕਾਲ ਤੇਰੀ ਸ਼ਰਨਾਈਆ । ਤੇਰੇ ਭਗਤ ਤੇਰੀ ਸੰਗਤ ਖ਼ਾਤਰ ਸਚ ਪਿਆਰ ਦਾ ਕੱਟਣ ਗੇਹੂੰ, ਗੰਦਮ ਤੇਰਾ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਵੇਖਦਾ ਰਿਹਾ ਜੋਸ਼, ਜੋਸ਼ੀਲੇ ਗੁਰਮੁਖ ਨਜ਼ਰੀ ਆਈਆ । ਮੈਨੂੰ ਆਪਣੀ ਭੁੱਲ ਗਈ ਹੋਸ਼, ਮੇਰੀ ਚਲੀ ਨਾ ਕੋਇ ਚਤੁਰਾਈਆ । ਮੈਂ ਤਿੰਨ ਵਾਰੀ ਹੋ ਕੇ ਅਲੋਪ, ਪ੍ਰਭ ਚਰਨਾਂ ਸੀਸ ਨਿਵਾਈਆ । ਫੇਰ ਵੇਖੇ ਜਾ ਕੇ ਹਜ਼ਰਤ ਈਸਾ ਵਾਲੇ ਪੋਪ, ਚਰਚਾਂ ਵਿਚ ਜਾ ਕੇ ਧਿਆਨ ਲਗਾਈਆ । ਫੇਰ ਮੁੱਲਾਂ ਸ਼ੇਖ਼ਾਂ ਕੀਤੀ ਖੋਜ, ਮੁਸਾਇਕਾਂ ਫੋਲ ਫੁਲਾਈਆ । ਫੇਰ ਗ੍ਰੰਥੀ ਤੱਕੇ ਨਾਲ ਚੋਜ, ਮਾਇਆ ਮਮਤਾ ਵਿਚ ਹਲਕਾਈਆ । ਜਾਂ ਭਗਤਾਂ ਕੋਲ ਆਇਆ ਓਨ੍ਹਾਂ ਮੈਨੂੰ ਕਿਹਾ ਕਣਕ ਵੱਢਣੀ ਸਾਡਾ ਜੋਗ, ਇਸ ਤੋਂ ਵੱਡੀ ਭਗਤੀ ਨਜ਼ਰ ਕੋਇ ਨਾ ਆਈਆ । ਜਿਸ ਨੂੰ ਭਗਤ ਭਗਵਾਨ ਦਾ ਮਿਲ ਕੇ ਲਗਦਾ ਅੰਮ੍ਰਿਤ ਭੋਗ, ਮਾਸ ਬਰਖ ਦਿਵਸ ਆਪਣੀ ਖ਼ੁਸ਼ੀ ਮਨਾਈਆ । ਰਸਨਾ ਸੁਣਿਆ ਇਕ ਸਲੋਕ, ਤੂੰ ਮੇਰਾ ਮੈਂ ਤੇਰਾ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਨਾਰਦ ਕਹੇ ਮੈਂ ਪੁਛਿਆ ਕੋਲੋਂ ਦਾਤਰੀ, ਕੀ ਦਾਤਾ ਦਇਆ ਕਮਾਈਆ । ਉਸ ਹੱਸ ਕੇ ਕਿਹਾ ਏਥੇ ਨਹੀਂ ਕੋਈ ਚਾਤਰੀ, ਵੱਡੀ ਜਗਤ ਨਾ ਕੋਇ ਵਡਿਆਈਆ । ਜਿਸ ਪਿਆਰ ਵਿਚ ਆਏ ਦਿਵਸ ਰਾਤਰੀ, ਗੁਰਮੁਖ ਬੱਚੇ ਚਾਈਂ ਚਾਈਂਆ । ਓਸ ਦਾ ਲੇਖਾ ਕੋਈ ਸਮਝੇ ਨਾ ਵਿਦਿਆ ਵਾਲਾ ਸ਼ਾਸਤਰੀ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਦਾਤਰੀ ਕਿਹਾ ਨਾਰਦਾ ਏਨ੍ਹਾਂ ਕੋਈ ਪੜ੍ਹਨਾ ਨਹੀਂ ਮੰਤਰ ਗਾਇਤਰੀ, ਗਊਆਂ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਮੇਲ ਮਿਲਾਈਆ । ਦਾਤਰੀ ਕਹੇ ਮੇਰਾ ਇਕ ਇਕ ਦੰਦਾ, ਦੰਦਾਸੇ ਵਾਲਿਆਂ ਦਏ ਰੁਲਾਈਆ । ਜਨ ਭਗਤਾਂ ਦੇ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਬਿਨ ਬੰਦਗੀਉਂ ਬਣਾ ਕੇ ਬੰਦਾ, ਬੰਧਨ ਚੁਰਾਸੀ ਵਾਲੇ ਕਟਾਈਆ । ਸੁਣਾ ਕੇ ਧੁਰ ਦਾ ਛੰਦਾ, ਢੋਲਾ ਅਗੰਮ ਅਥਾਹੀਆ । ਸਚ ਦਵਾਰ ਦਾ ਦੱਸ ਕੇ ਕੰਢਾ, ਪੱਤਨ ਇਕੋ ਇਕ ਵਖਾਈਆ । ਜਿਸ ਦਾ ਲੇਖ ਮਿਲਦਾ ਨਹੀਂ

ਵਿਚ ਬ੍ਰਹਿਮੰਡਾਂ, ਮੰਡਲਾਂ ਵਿਚ ਫੇਰਾ ਕੋਇ ਨਾ ਪਾਈਆ । ਸੋ ਦੀਨ ਦਿਆਲ ਬਣ ਬਖ਼ਸ਼ੰਦਾ, ਬਖ਼ਸ਼ਿਸ਼ ਆਪ ਕਮਾਈਆ । ਨਾਰਦ ਕਹੇ ਪ੍ਰਭ ਪ੍ਰੇਮ ਵਿਚ ਨਹੌਣਾ ਕੋਟਨ ਇਸ਼ਨਾਨ ਨਾਲੋਂ ਚੰਗਾ, ਗੰਗਾ ਜਮਨਾ ਗੋਦਾਵਰੀ ਸੁਰਸਤੀ ਸਭ ਨਿਵ ਨਿਵ ਲਾਗਣ ਪਾਈਆ । ਦੰਦਾ ਕਹੇ ਮੇਰੇ ਨਾਲ ਨਾ ਕਰ ਦੰਗਾ, ਪ੍ਰਭ ਨੇ ਚੁਰਾਸੀ ਛੁਡਾ ਜਮ ਕੀ ਫ਼ਾਸੀ ਰੱਸੇ ਸਾਰੇ ਦੇਣੇ ਤੁੜਾਈਆ । ਸਚ ਦਵਾਰ ਹਰਿਜਨ ਲੰਘਾ, ਮੰਜ਼ਲ ਆਪਣੀ ਪੰਧ ਮੁਕਾਈਆ । ਜਿਸ ਦਾ ਗ੍ਰਿਹ ਮੰਦਰ ਸਦਾ ਠੰਡਾ, ਅਗਨੀ ਤੱਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਨਾਰਦ ਕਹੇ ਮੈਂ ਵਿਚੋਂ ਚਲਾ ਗਿਆ ਮਦੀਨੇ ਮੱਕੇ, ਮਕਬਰਿਆਂ ਵਿਚ ਧਿਆਨ ਲਗਾਈਆ । ਪੈਗ਼ੰਬਰ ਵੇਖੇ ਹੱਕੇ ਬੱਕੇ, ਮੁਹੰਮਦ ਹੈਰਾਨੀ ਵਿਚ ਸੁਣਾਈਆ । ਮੇਰੀ ਉਮਤ ਹਲਕਾਈ ਹੋਈ ਮਾਇਆ ਅਗਨ ਤਪੇ, ਸਾਂਤਕ ਸਤਿ ਨਾ ਕੋਇ ਕਰਾਈਆ । ਹਿਰਦੇ ਹਰਿ ਕੋਈ ਨਾ ਜਪੇ, ਪਰਵਰਦਿਗਾਰ ਸੀਸ ਨਾ ਕੋਇ ਝੁਕਾਈਆ । ਧਰਮ ਦੀ ਧਾਰ ਨਾ ਦਿਸਣ ਸਕੇ, ਈਮਾਨ ਅਮਲ ਨਾ ਕੋਇ ਵਡਿਆਈਆ । ਜਿਧਰ ਵੇਖਾਂ ਸਾਰੇ ਮੂੰਹ ਦੇ ਭਾਰ ਢੱਠੇ, ਬਲਹੀਣ ਦੇਣ ਦੁਹਾਈਆ । ਜਾਂ ਭਗਤਾਂ ਵੇਖਿਆ ਸਾਰੇ ਕਹਿਣ ਅਸੀਂ ਅਜੇ ਨਹੀਂ ਥੱਕੇ, ਥਕਾਵਟ ਵਿਚ ਨਾ ਕੋਇ ਰਖਾਈਆ । ਮੈਂ ਫਿਰ ਕੇ ਉਚੇ ਟਿੱਲੇ ਤੱਕੇ, ਮੰਦਰਾਂ ਵਿਚ ਫੇਰਾ ਪਾਈਆ । ਅਵਤਾਰੋ ਕਿੱਥੇ ਤੁਹਾਡੇ ਨਾਮ ਪਟੇ, ਪਰਦਾ ਦੇਣਾ ਉਠਾਈਆ । ਆਪਣੇ ਆਪਣੇ ਵਖਾਓ ਪਟੇ, ਪਿਛਲੇ ਸਭ ਦੇ ਲਹਿਣੇ ਦੇਣੇ ਚੁਕਾਈਆ । ਸਾਰੇ ਕਹਿਣ ਇਹ ਖੇਲ ਪੁਰਖ ਸਮਰੱਥੇ, ਸਾਹਿਬ ਹੱਥ ਵਡਿਆਈਆ । ਜੋ ਭਗਤਾਂ ਪੈਜ ਰੱਖੇ, ਮਿਹਰ ਨਜ਼ਰ ਨਾਲ ਤਰਾਈਆ । ਦਸ ਵਸਾਖ ਸਚ ਪ੍ਰੀਤੀ ਵਿਚ ਰੱਤੇ, ਰਤਨ ਅਮੋਲਕ ਹੀਰੇ ਲਏ ਬਣਾਈਆ । ਸਚ ਨਾਮ ਦੇ ਲਾ ਕੇ ਮਤੇ, ਮਿਹਰ ਮੁਹੱਬਤ ਵਿਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹਿਰਦੇ ਵਸੇ, ਵਾਸਤਾ ਸਦ ਆਪਣੇ ਨਾਲ ਰਖਾਈਆ ।

### * ੨੧ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ *

ਜ਼ਖਨਾ ਜ਼ੂ ਕੋਜੇ ਚਾ ਜ਼ਾਨਾ ਸ਼ੀ ਮੋਵੀਜ਼ੇ ਵਾ ਖਾਨੇ ਜੀਹ ਜਾਕੂਲੇ ਲਾ ਮਨਹੇਜ਼ੀ ਸ਼ਾਹ ਵੀਤੇ ਵਾ ਦਾਜ਼ਹ ਮੀਵੀਂ ਨਜ਼ੂਲ ਤੁਅਸ ਵਿਜ਼ਨੇ ਕਾ ਚਾਜ਼ੂ ਵਿਜ਼ ਨਿਵਾਜ਼ੇ ਅਜ਼ ਮੋਜ਼ੂਜ਼ੇ ਖ਼ੁਦਾ ਖ਼ਾਦਮੇ ਇਸ ਵਜ਼ੀਉਲ ਉਜ਼ਜ਼ ਨਾਜ਼ਲਤੇ ਦੁਆ ਮਾਰਫ਼ਤੇ ਮੁਨਸਫ਼ ਅਲੀ ਜ਼ਵਸ ਜੂਨਿਸਤੇ ਜ਼ਗਾਹ ਮਨਜ਼ੂਕੇ ਜ਼ਾਨਾ ਕਵਿਜ਼ਰਿਨ ਯਾਜ਼ਿਲਲੇ ਰਹਿਨਮੇ ਲਾਇਸਤੇ ਅਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਤਾਨੂਜ਼ੇ ਇਬਾਰਤ, ਮਜ਼ੀਨਾਏ ਭਾਰਤ, ਫ਼ਰਿਸ਼ਤਾਏ ਸ਼ਰਾਰਤ, ਗੁਜ਼ਸ਼ਤਾਏ ਨਿਜ਼ਾਰਤ, ਕਾਨਾ ਜਿਖਨੇ ਮਨ ਵਿਸਚੀ ਚੋਜ਼ੂਕੇ ਮੁਹੰਮਦੇ ਨਜ਼ੀ, ਐਲੀ ਕਜ਼ੀ, ਮਦੀਨੇ ਮਦੀ, ਕਾਅਬਾ ਕਲਿਜ਼, ਰੋਸ਼ਨਾਨੇ ਇਜ਼, ਬਾਵਾਸਤੇ ਵਜ਼ੂ, ਹਜ਼ਰਤੇ ਵਜੂਹ, ਕੁਦਰਤੇ ਕਿਆਮਤ, ਰਹਿਮਤੇ ਸਲਾਮਤ, ਸਭਾ ਉਲ ਸ਼ਮਮ ਨਾਜ਼ੀਨੇ ਕਲਮ ਸੀਨਾ ਸਨ ਕਜ਼ੂਹ, ਕ਼ੁਰਾਨੇ ਮਮਨੂਅ, ਮਜ਼ੀਦੇ ਤਲੂਅ, ਤਾਲਬੇ ਅਜ਼ੀਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਕਰਾਈਆ । ਮੁਹੰਮਦੇ ਲੁਗਾਤ, ਸ਼ਾਨੀਨੇ ਅਲਜ਼ਾਤ, ਤਲੱਫ਼ਜ਼ੇ ਕਤਾਬ, ਹਾਫ਼ਜ਼ੇ ਆਦਾਬ, ਹੁਸੈਨ ਹਸਨ, ਮੋਜ਼ੂਨੇ

ਜਸ਼ਨ, ਕਾਅਬੇ ਕੁਲੰਬ, ਮਦੀਨੇ ਮੁਜੰਦ, ਹਜ਼ਰਤੇ ਫ਼ਰਜ਼ੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਜ਼ਾਕਰੇ ਜੁਲਕ, ਹੁਸੈਨੇ ਉਰਫ਼, ਮੁਵਿਜ਼ੇ ਕੁਰਸ, ਸ਼ਹਿਜ਼ਾਨੇ ਤੁਰਕ, ਮੁਮਤਾਜ਼ੇ ਖ਼ੁਰਦ, ਗੋਬਿੰਦੇ ਗੁਜ਼ੀਨੇ ਗੁਰਦ, ਚਕਸ਼ੂ ਚਵੀਹ, ਹਜ਼ੂਰੇ ਨਵੀਹ, ਰਾਸ਼ਟਰੇ ਤਵੀਹ, ਭਾਰਤੇ ਮਜੀਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਇੱਕੀ ਵਸਾਖ ਕਹੇ ਮੈਂ ਪੌਣ ਆਇਆ ਇੱਕੀ, ਏਕੰਕਾਰ ਦਿਤੀ ਵਡਿਆਈਆ । ਜ਼ਾਕਰ ਹੁਸੈਨ ਔਰੰਗੇ ਦਾ ਸਿਪਾਹੀ ਗੋਬਿੰਦ ਦੇ ਚਰਨਾਂ ਦੀ ਮੰਗੀ ਸਿੱਖੀ, ਅੰਤਰ ਅੰਤਰ ਧਿਆਨ ਲਗਾਈਆ । ਉਂਗਲ ਨਾਲ ਆਪਣੀ ਛਾਤੀ ਉਤੇ ਰਮਜ਼ਾਨ ਮਹੀਨੇ ਵਿਚ ਲਿਖਦਾ ਰਿਹਾ ਚਿੱਠੀ, ਮੁਖ਼ਾਤਬ ਗੋਬਿੰਦ ਇਕ ਕਰਾਈਆ । ਸੂਰਤ ਨੈਣਾਂ ਵਿਚ ਰਹੇ ਟਿਕੀ, ਅੱਖ ਪ੍ਰੱਤਖ ਵਲ ਲਗਾਈਆ । ਅੰਤ ਅਖ਼ੀਰ ਇੱਕੀ ਵਸਾਖ ਸੁਹੰਞਣੀ ਮਿਤੀ, ਗੋਬਿੰਦ ਨੂੰ ਮਿੱਤਰ ਕਰ ਕੇ ਅੰਤਰ ਲਿਆ ਧਿਆਈਆ । ਮੈਂ ਨਿੱਕਾ ਤੇ ਮੇਰੀ ਆਸਾ ਨਿੱਕੀ, ਔਰੰਗੇ ਅੱਗੇ ਮੇਰੀ ਚਲੇ ਨਾ ਕੋਇ ਚਤੁਰਾਈਆ । ਪੰਜ ਵਾਰ ਧਰਤੀ ਤੋਂ ਖ਼ਾਕ ਲੈ ਕੇ ਆਪਣੇ ਸੀਸ ਵਿਚ ਸੁੱਟੀ, ਮੁਖੋਂ ਕਿਹਾ ਗੋਬਿੰਦ ਤੇਰੀ ਚਰਨ ਧੂੜ ਨਜ਼ਰੀ ਆਈਆ । ਫੇਰ ਮੱਕੇ ਵਲ ਪਿਠ ਦੇ ਗੋਬਿੰਦ ਵਲ ਲਾਈ ਟਿੱਕੀ, ਟਿਕਟਿਕੀ ਆਪਣੇ ਅੰਦਰ ਜਮਾਈਆ । ਝਟ ਧਾਰ ਨਜ਼ਰ ਆਈ ਚਿੱਟੀ, ਚਿੱਟੇ ਬਾਜ਼ਾਂ ਵਾਲਾ ਸੋਭਾ ਪਾਈਆ । ਉਸ ਰੋ ਕੇ ਪੰਜ ਵਾਰ ਸੱਜਦਾ ਕੀਤਾ ਹੱਥ ਧਰਿਆ ਉਤੇ ਗਿੱਚੀ, ਥਾਪੀ ਪੁਸ਼ਤ ਪਨਾਹ ਲਗਾਈਆ । ਉਸ ਝਟ ਸੱਜੇ ਚਰਨ ਦੀ ਫੜ ਕੇ ਚੀਚੀ, ਮੁਖ ਵਿਚ ਲਈ ਦਬਾਈਆ । ਨਾਲੇ ਕਿਹਾ ਗੋਬਿੰਦ ਮੈਂ ਵੇਖਾਂ ਤੇਰੇ ਗੁਰਮੁਖਾਂ ਦੀ ਬਾਗ਼ੀਚੀ, ਬੂਟੇ ਸੋਹਣੇ ਨਜ਼ਰੀ ਆਈਆ ।
੧੨੯੭ ਮੇਰੀ ਆਯੂ ਅਜੇ ਬਹੁਤੀ ਨਹੀਂ ਬੀਤੀ, ਜੇ ਹੁਕਮ ਦੇਵੇਂ ਔਰੰਗੇ ਦਾ ਸੀਸ ਦਿਆਂ ਕਟਾਈਆ । ਗੋਬਿੰਦ ਨੇ ਕਿਹਾ ਇਹ ਮੇਰੀ ਨਹੀਂ ਨੀਤੀ, ਮੈਂ ੧੨੯੭
੨੧ ਨੀਤੀਵਾਨ ਧੁਰ ਦਾ ਮਾਹੀਆ । ਸਭ ਨੇ ਪੌਣੀ ਆਪਣੀ ਕੀਤੀ, ਲੇਖਾ ਸਭ ਦਾ ਦਿਆਂ ਚੁਕਾਈਆ । ਉਸ ਫੇਰ ਕਿਹਾ ਵੱਟ ਕੇ ਕਚੀਚੀ, ਮੈਂ ੨੧
ਚਾਹੁੰਦਾ ਮੁਗ਼ਲਾਂ ਦੀ ਜੜ੍ਹ ਦਿਆਂ ਉਖੜਾਈਆ । ਗੋਬਿੰਦ ਕਿਹਾ ਨਜ਼ਰ ਕਰ ਨੀਚੀ, ਚਰਨਾਂ ਵੱਲ ਧਿਆਨ ਟਿਕਾਈਆ । ਨਿਗਾਹ ਮਾਰੀ ਗੋਬਿੰਦ ਕਿਹਾ ਤੇਰੀ ਉਸ ਪ੍ਰਭੂ ਨਾਲ ਲੱਗੇ ਪ੍ਰੀਤੀ, ਜੋ ਪ੍ਰੀਤਮ ਹੋਵੇ ਧੁਰ ਦਾ ਸਾਈਆ । ਸਾਚਾ ਹੁਕਮ ਸੁਣ ਹਦੀਸੀ, ਹਜ਼ਰਤਾਂ ਤੋਂ ਪਰੇ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਿਪਾਹੀ ਦਾ ਨਾਮ ਸੀ ਅਸਗ਼ਰ, ਉਲਾ ਕਹਿ ਕੇ ਸਰਬ ਜਣਾਈਆ । ਸੋਹਣਾ ਜਵਾਨ ਬਾਂਕਾ ਹੁੰਦਾ ਸੀ ਵਿਚ ਲਸ਼ਕਰ, ਉਮਰ ਤੇਈ ਸਾਲ ਲਿਖਾਈਆ । ਗੋਬਿੰਦ ਦੇ ਸਦ ਵੇਖਦਾ ਸੀ ਪੀਲੇ ਬਸਤਰ, ਅੱਖਾਂ ਮੀਟ ਧਿਆਨ ਲਗਾਈਆ । ਇਕ ਦਿਨ ਆਪਣੇ ਮਸਤਕ ਵਿਚ ਮਾਰ ਕੇ ਨਸ਼ਤਰ, ਖ਼ੂਨ ਦਿਤਾ ਵਗਾਈਆ । ਗੋਬਿੰਦ ਮੇਰੀ ਰਤ ਨਾਲ ਰੰਗ ਲੈ ਆਪਣੇ ਸ਼ਸਤਰ, ਮੇਰੇ ਖ਼ੂਨ ਦਾ ਮਜ਼ਮੂਨ ਲੈ ਬਣਾਈਆ । ਗੋਬਿੰਦ ਨੇ ਹੁਕਮ ਦਿਤਾ ਸੀ ਪੇਸ਼ਤਰ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਮੈਂ ਆਵਾਂ ਅਮਾਮਾਂ ਅਮਾਮੇ ਵੇਸ ਕਰ, ਅਵੱਲੜਾ ਵੇਸ ਵਟਾਈਆ । ਤੈਨੂੰ ਏਸੇ ਭਾਰਤ ਦਾ ਨਰੇਸ਼ ਕਰ, ਦਰਸ਼ਨ ਦੇਵਾਂ ਚਾਈਂ ਚਾਈਆ । ਅਗਲਾ ਸਮਾਂ ਵਕ਼ਤ ਦਾ ਵੇਟ ਕਰ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਗੋਬਿੰਦ ਲਾਈ ਥਾਪੀ ਪਨਾਹ ਪੁਸ਼ਤ, ਪੁਸ਼ਤ ਪਨਾਹ ਦਇਆ ਕਮਾਈਆ । ਜਨਮ ਦਾ ਕਰਮ ਕਰ ਕੇ ਦਰੁਸਤ, ਸਿਰ ਆਪਣਾ

ਹੱਥ ਟਿਕਾਈਆ । ਮਾਣ ਵਡਿਆਈ ਬਖ਼ਸ਼ ਕੇ ਉਰਸ, ਧੂੜੀ ਮਸਤਕ ਖ਼ਾਕ ਰਮਾਈਆ । ਜੀਵਣ ਜਗਤ ਵਿਚ ਕਰ ਕੇ ਚੁਸਤ, ਬੁੱਧੀਵਾਨ ਬੁੱਧ ਨਾਲ ਸਮਝਾਈਆ । ਜਿਸ ਮਾਣ ਮਿਲਿਆ ਭਾਰਤ ਵਿਚ ਮੁਲਕ, ਮਾਲਕ ਦਿਤੀ ਮਾਣ ਵਡਿਆਈਆ । ਏਸ ਤੋਂ ਅੱਗੇ ਬਹੁਤ ਕੁਛ ਹੋ ਜਾਣਾ ਉਲਟ, ਇਹ ਵੀ ਗੋਬਿੰਦ ਦੀ ਬੇਪਰਵਾਹੀਆ । ਤੇਗ਼ ਦੇ ਬਦਲੇ ਖੜਕਣੇ ਬੁਲਟ, ਬੁੱਲਾਂ ਵਾਲਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਜ਼ਾਕਰ ਹੁਸੈਨ ਤੇਰਾ ਪਿਛਲਾ ਲੇਖਾ ਪੂਰਾ, ਪ੍ਰਭ ਪੂਰਨ ਦਿਤਾ ਕਰਾਈਆ । ਬਚਨ ਹੋਣ ਨਹੀਂ ਦਿਤਾ ਅਧੂਰਾ, ਆਪਣੇ ਹੱਥ ਰੱਖੀ ਵਡਿਆਈਆ । ਪਿੱਛੇ ਦਰਸ਼ਨ ਦੇ ਕੇ ਜ਼ਰੂਰਾ, ਕਰਜ਼ਾ ਆਇਆ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਤੇਰੀ ਅੰਤਰ ਚਿੱਠੀ ਦੇ ਥਾਂ ਭੇਜੀ ਚਿੱਠੀ, ਚਿੱਠੀ ਨਾਲ ਵਡਿਆਈਆ । ਲੇਖਾ ਰੱਖਿਆ ਨਹੀਂ ਪੱਥਰ ਇੱਟੀ, ਪਰਬਤ ਟਿੱਲੇ ਨਾ ਕੋਇ ਚਤੁਰਾਈਆ । ਸ਼ਬਦ ਦੀ ਧਾਰ ਜਾਣ ਕੇ ਚਿੱਟੀ, ਸਚ ਦਿਤੀ ਵਡਿਆਈਆ । ਤ੍ਰਿਪਤ ਨੂੰ ਏਸ ਕਰ ਕੇ ਕਿਹਾ ਤੂੰ ਆ ਕੇ ਲਿਖਤ ਲਿਖੀਂ, ਇਹ ਉਸ ਸਮੇਂ ਤੇਰੀ ਭੈਣ ਤੂੰ ਏਸ ਦਾ ਭਾਈਆ । ਕਿਉਂ ਅੰਤ ਸਮੇਂ ਇਸ ਨੇ ਗੱਲ ਪੁੱਛੀ ਸੀ ਨਿੱਕੀ, ਨਿੱਕੀ ਜਿਹੀ ਆਖ ਸੁਣਾਈਆ । ਤੂੰ ਕਿਉਂ ਮੰਗਦਾ ਗੋਬਿੰਦ ਦੀ ਸਿੱਖੀ, ਕੀ ਉਸ ਦੇ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਸਗ਼ਰ ਕਿਹਾ ਮੇਰੀ ਹਮਸ਼ੀਰਾ ਨਵਾਜ਼ੂ, ਸਚ ਦਿਆਂ ਜਣਾਈਆ । ਮੈਂ ਜਦੋਂ ਵੇਖਦਾ ਗੋਬਿੰਦ ਦੇ ਹੱਥ ਵਿਚ ਤਰਾਜ਼ੂ, ਦੀਨ ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਗੁਰਮੁਖਾਂ ਦੇ ਸਿਰ ਤੇ ਰੱਖ ਹੱਥ ਸਰਹਾਣੇ ਥੱਲੇ ਰੱਖੇ ਬਾਜ਼ੂ, ਖ਼ੁਸ਼ੀਆਂ ਨਾਲ ਲਟਾਈਆ । ਮੇਰੀ ਇਕੋ ਬੇਨੰਤੀ ਇਕੋ ਆਰਜ਼ੂ, ਅਰਜ਼ ਦਿਆਂ ਜਣਾਈਆ । ਕੋਈ ਬਚਨ ਨਾ ਕੀਤਾ ਫ਼ਾਲਤੂ, ਵਾਅਦੇ ਨਾਲ ਲਿਖਵਾਈਆ । ਓਹ ਮਾਲਕ ਅਦਲ ਦਾ ਜ਼ੁੰਮੇਵਾਰ ਅਦਾਲਤੂ, ਅਦਮ ਤਸ਼ੱਦਦ ਨਾ ਕੋਇ ਵਡਿਆਈਆ । ਉਸ ਦੀ ਸਦਾ ਵਖਰੀ ਚਾਲ ਹੂ, ਹੂ ਨਾਅਰਾ ਹੱਕ ਸੁਣਾਈਆ । ਭੈਣ ਨੇ ਕਾਅਬੇ ਵੱਲ ਕਰ ਕੇ ਮੂੰਹ, ਸਯਦਾ ਸੀਸ ਝੁਕਾਈਆ । ਓਸ ਹੱਸ ਕੇ ਕਿਹਾ ਵਕ਼ਤ ਦਾ ਮਾਲਕ ਇਕੋ ਸਤਿਗੁਰੂ, ਮੈਨੂੰ ਗੋਬਿੰਦ ਨਜ਼ਰੀ ਆਈਆ । ਜਿਸ ਨੇ ਸਤਿਜੁਗ ਕਰਨਾ ਸ਼ੁਰੂ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਭੈਣ ਨੇ ਕਿਹਾ ਕੀ ਕਲਮਾ ਫ਼ੁਰੂ, ਸਚ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਅਸਗ਼ਰ ਨੇ ਕਿਹਾ ਅਸੀਂ ਭੈਣ ਭਰਾ ਕਵਾਰੇ, ਸ਼ਰਅ ਕਲਮਾ ਦਿਆਂ ਸਮਝਾਈਆ । ਜਿਸ ਵੇਲੇ ਗੋਬਿੰਦ ਆਇਆ ਦੁਬਾਰੇ, ਸਿਰ ਮੇਰੇ ਹੱਥ ਟਿਕਾਈਆ । ਓਸ ਨੇ ਕਿਹਾ ਵੀਰ ਮੈਂ ਅੱਖਰ ਲਿਖ ਲਵਾਂ ਦੋ ਚਾਰੇ, ਕਿਤੇ ਚੇਤਾ ਭੁੱਲ ਨਾ ਜਾਈਆ । ਭਰਾ ਨੇ ਕਿਹਾ ਉਹ ਮਾਲਕ ਇਸਤਿਗ਼ਫ਼ਾਰੇ, ਗਹਿਰ ਗੰਭੀਰ ਅਖਵਾਈਆ । ਓਹ ਕਦੇ ਨਹੀਂ ਭੁੱਲਿਆ ਜੁਗ ਚਾਰੇ, ਲੇਖਾ ਸਭ ਦਾ ਦਏ ਮੁਕਾਈਆ । ਓਸ ਵੇਲੇ ਔਰੰਗੇ ਦਾ ਲਸ਼ਕਰ ਖੜ੍ਹਾ ਸੀ ਸਤਿਲੁਜ ਦੇ ਉਰਲੇ ਕਿਨਾਰੇ, ਹੱਦ ਦੋਆਬਾ ਚਰਨ ਰਖਾਈਆ । ਏਸੇ ਕਰ ਕੇ ਚਾਰ ਦਿਨ ਪਹਿਲੋਂ ਹੁਕਮ ਸੰਦੇਸ਼ੇ ਦਿਤੇ ਅਪਾਰੇ, ਫ਼ਰਮਾਨਾ ਇਕ ਜਣਾਈਆ । ਵਾਰ ਵਾਰ ਲਿਖਿਆ ਤ੍ਰਿਪਤ ਤੂੰ ਚਲ ਕੇ ਔਣਾ ਭਗਤ ਦਵਾਰੇ, ਇੱਕੀ ਵਸਾਖ ਦਾ ਦਿਨ ਤੇ ਮਿਲੇ ਮਾਣ ਵਡਿਆਈਆ । ਕੁਛ ਅਗਲਾ ਲੇਖਾ ਸੁਣੋ ਪਹਿਲੀ ਜੇਠ ਨੂੰ ਪੈਰ ਕਰ ਲੈਣੇ ਨੀਲੇ ਤੇ ਕਾਲੇ, ਬਿੰਦੀਆਂ ਮਸਤਕ ਵਿਚ ਲਗਾਈਆ । ਕਿਉਂ ਪੰਜ ਜੇਠ ਨੂੰ ਮੱਕੇ ਮਦੀਨੇ ਦਰਸ਼ਨ ਦੇਣੇ ਸਾਰੇ,

ਅਲੀਆਂ ਦਾ ਅਲੀ ਹੋ ਕੇ ਨਜ਼ਰੀ ਆਈਆ । ਇਹ ਖੇਲ ਅਗੰਮ ਅਪਾਰੇ, ਅਲਖ ਅਗੋਚਰ ਆਪਣੀ ਦਇਆ ਕਮਾਈਆ । ਦੋਆਬੇ ਵਾਲਿਓ ਤੁਹਾਥੋਂ ਸਦਕੇ ਤੁਹਾਥੋਂ ਵਾਰੇ, ਜਿਨ੍ਹਾਂ ਵੇਲੇ ਨਾਲ ਆਪਣੀ ਵਾਰੀ ਲਈ ਭੁਗਤਾਈਆ । ਤੁਹਾਨੂੰ ਨਹੀਂ ਸੀ ਪਤਾ ਗੋਬਿੰਦ ਨੂੰ ਪਤਾ ਸੀ ਦਿਤੇ ਲਾਰੇ, ਪਿਛਲਾ ਲਹਿਣਾ ਸਦਾ ਆਪਣੇ ਵਿਚ ਛੁਪਾਈਆ । ਤੁਸੀਂ ਵੱਡੇ ਛੋਟੇ ਬੁੱਢੇ ਨੱਢੇ ਇਕੋ ਮੰਜ਼ਲ ਚਾੜ੍ਹੇ, ਜਿਥੋਂ ਚੜ੍ਹਿਆ ਉਤਰ ਕੋਇ ਨਾ ਆਈਆ । ਵੇਖਿਓ ਖੇਲ ਸਤਾਰਾਂ ਹਾੜ੍ਹੇ, ਹਰਿਜੂ ਆਪਣਾ ਹੁਕਮ ਵਰਤਾਈਆ । ਸ਼ਬਦ ਸੰਦੇਸ਼ੇ ਜਾਣੇ ਪਰਧਾਨਾਂ ਸਾਰੇ, ਬਚਿਆ ਰਹਿਣ ਕੋਇ ਨਾ ਪਾਈਆ । ਹੁਣ ਔਣਾ ਵਿਚ ਅਖਾੜੇ, ਬਿਨਾ ਖੜਗ ਖੰਡੇ ਤੋਂ ਸਾਰੇ ਲੈਣੇ ਲੜਾਈਆ । ਇਹ ਜਗਤ ਦੇ ਖੇਲ ਸੰਸਾਰ ਦੇ ਵਣਜ ਤੁਹਾਡੇ ਨਾਲ ਕੱਟੇ ਦਿਹਾੜੇ, ਦਿਹਾੜੀ ਦੀ ਕ਼ੀਮਤ ਸਭ ਨੂੰ ਦਿਆਂ ਚੁਕਾਈਆ । ਜਿਸ ਗੋਬਿੰਦ ਨੇ ਆਪਣੇ ਘਰ ਉਜਾੜੇ, ਗੁਰਮੁਖਾਂ ਦੇ ਦਿਤੇ ਵਸਾਈਆ । ਭਗਤੋ ਗੁਰਮੁਖੋ ਤੁਸੀਂ ਨਹੀਂ ਲੱਗਦੇ ਮਾੜੇ, ਸੋਹਣੇ ਸੁਚੱਜੇ ਸੋਭਾ ਪਾਈਆ । ਮੈਨੂੰ ਭਾਵੇਂ ਸਾਰੇ ਸੁਟੋ ਵਿਚ ਚਿੱਕੜ ਗਾਰੇ, ਫਿਰ ਵੀ ਹੱਸ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਇੱਕੀ ਵਸਾਖ ਕਹੇ ਸੁਣੋ ਦੋਆਬੇ ਵਾਲੇ ਲਾਲ, ਬੱਚਿਓ ਤੁਹਾਨੂੰ ਮਿਲੇ ਮਾਣ ਵਡਿਆਈਆ । ਤੁਹਾਡੀ ਖ਼ਾਤਰ ਖੇਲ ਕੀਤਾ ਕਮਾਲ, ਆਪਣਾ ਹੁਕਮ ਵਰਤਾਈਆ । ਜਿਹੜਾ ਸ਼ਾਹ ਤੋਂ ਬਣਿਆ ਸੀ ਕੰਗਾਲ, ਓਹ ਸ਼ਾਹ ਤੋਂ ਖ਼ਾਕ ਵਿਚ ਮਿਲਾਈਆ । ਚਾਰ ਦਿਨ ਪਹਿਲੋਂ ਜ਼ਰੂਰ ਦਰਸ਼ਨ ਦਿਤਾ ਸੀ ਹੋ ਕੇ ਦਿਆਲ, ਸੂਰਤ ਵਖਾ ਕੇ ਸੂਰਤ ਫੇਰ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲਹਿਣਾ ਦੇਣਾ ਰੱਖੇ ਸੰਭਾਲ, ਸੰਬਲ ਬੈਠਾ ਆਪਣੀ ਕਾਰ ਕਮਾਈਆ ।


੧੨੯੯ ੨੧

### ✻ ੨੨ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਮੁਹੰਮਦ ਤੇਰਾ ਕਲਮਾ ਕਿੱਥੇ ਜ਼ੀਨਾ, ਸੀੜ੍ਹੀ ਜ਼ੇਬ ਕੋਇ ਨਾ ਪਾਈਆ । ਤੇਰਾ ਨੂਰ ਕਿੱਥੇ ਨਗੀਨਾ, ਨਿਆਮਤ ਕਿਆਮਤ ਹੋਏ ਸਹਾਈਆ । ਤੇਰਾ ਪਿਆਰ ਕਿੱਥੇ ਨਰ ਮਦੀਨਾ, ਮੁਜ਼ੱਕਰ ਮੁਅੱਨਸ ਇਕੋ ਰੰਗ ਰੰਗਾਈਆ । ਤੇਰਾ ਕਿੱਥੇ ਈ ਰਮਜ਼ਾਨ ਮਹੀਨਾ, ਰੋਜ਼ਾ ਰਾਜ਼ਕ ਰਹੀਮ ਸਮਝਾਈਆ । ਤੇਰਾ ਕਿੱਥੇ ਮੱਕਾ ਮਦੀਨਾ, ਕਾਅਬਾ ਕ਼ਬਰਾਂ ਤੋਂ ਪਰੇ ਸੋਭਾ ਪਾਈਆ । ਤੇਰਾ ਕਿੱਥੇ ਈ ਨੂਰ ਉਤੇ ਜ਼ਮੀਨਾ, ਖ਼ਾਕ ਪਾਕ ਕੌਣ ਕਰਾਈਆ । ਤੇਰਾ ਆਦਾਬ ਕਿੱਥੇ ਠਾਂਡਾ ਕਰੇ ਸੀਨਾ, ਅਗਨੀ ਅੱਗ ਨਾ ਕੋਇ ਜਲਾਈਆ । ਤੇਰਾ ਖ਼ੁਦਾ ਕਿਉਂ ਬਣਿਆ ਕਮੀਨਾ, ਮੰਗਤਾ ਦਰਵੇਸ਼ ਰੂਪ ਅਲਾਹੀਆ । ਮੁਹੰਮਦ ਔਣ ਲੱਗਾ ਪਸੀਨਾ, ਡੈ ਵਿਚ ਥਰਥਰਾਈਆ । ਬਹੁੜੀ ਤੇਰੇ ਹੁਕਮ ਮੈਥੋਂ ਸਭ ਕੁਛ ਛੀਨਾ, ਛਲਨੀ ਮੈਨੂੰ ਦਿਤਾ ਕਰਾਈਆ । ਮੁਸ਼ਕਲ ਹੋਇਆ ਮੇਰੀ ਉਮਤ ਦਾ ਜੀਣਾ, ਜ਼ਾਮਨੀ ਅੱਗੇ ਨਾ ਕੋਇ ਬਣਾਈਆ । ਆਬੇਹਯਾਤ ਕਿਸੇ ਨਾ ਪੀਣਾ, ਪੀਰ ਪੈਗ਼ੰਬਰ ਮੁਖ ਭਵਾਈਆ । ਮਾਣ ਰਿਹਾ ਨਾ ਜਲ ਮੀਨਾ, ਜਗਤ ਕਿਰਿਆ ਕੂੜ ਦੁਹਾਈਆ । ਨਜ਼ਰ ਕਿਸੇ ਨਾ ਆਏ ਰਹੀਮਾ, ਰਹਿਮਤ ਰਹਿਮ ਨਾ ਕੋਇ ਕਮਾਈਆ । ਖੇਲ ਰਿਹਾ ਨਾ ਅੱਖਰਾਂ ਵਾਲੀ ਮੀਮਾਂ, ਮੀਮ ਮੁੱਲਾ ਨਾ ਕੋਇ ਵਡਿਆਈਆ । ਹੱਕ ਰਿਹਾ ਨਾ ਲੋਕ ਤੀਨਾ, ਪਰਲੋਕ ਨਾ ਕੋਇ ਵਡਿਆਈਆ । ਤੇਰਾ

ਨਾਮ ਕਿਸੇ ਨਾ ਚੀਨਾ, ਚੀਨ ਵਾਲੇ ਦੇਣ ਗਵਾਹੀਆ । ਮੈਂ ਸੇਵਕ ਤੇਰਾ ਮਸਕੀਨਾ, ਖ਼ਾਦਮ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੋਭਾ ਪਾਈਆ । ਮੁਹੰਮਦ ਕਹੇ ਮੇਰੇ ਮਾਲਕ ਮੈਂ ਤੇਰਾ ਮਾਤਲੋਕ ਦਾ ਤਾਜਰ, ਸੇਵਾ ਹੱਕ ਕਮਾਈਆ । ਬਰਦਾ ਗ਼ੁਲਾਮ ਆਜਜ਼, ਨਿਮਰਤਾ ਵਿਚ ਸੀਸ ਨਿਵਾਈਆ । ਵਡਿਆਈ ਰਹੀ ਨਾ ਕੋਈ ਲਿਆਕ਼ਤ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਹੱਕ ਰਿਹਾ ਨਾ ਕੋਇ ਵਰਾਸਤ, ਮਲਕੀਅਤ ਮੁਲਕ ਨਾ ਕੋਇ ਬਣਾਈਆ । ਕਲਮੇ ਦੀ ਚਲੇ ਨਾ ਕੋਇ ਸਫ਼ਾਰਸ਼, ਸਫ਼ਾ ਸਕੇ ਨਾ ਕੋਇ ਉਠਾਈਆ । ਤੇਰਾ ਖੇਲ ਵਿਚ ਭਾਰਤ, ਭਰਮ ਅੰਦਰ ਰਹੇ ਨਾ ਰਾਈਆ । ਹੱਕ ਖ਼ੁਦਾ ਤੇਰੀ ਮਿਹਰ ਤੇਰੀ ਸ਼ਰਅ ਵਾਲੀ ਸ਼ਰਾਰਤ, ਸ਼ਰੀਰ ਸਾਨੂੰ ਦਿਤਾ ਬਣਾਈਆ । ਅਸੀਂ ਰਹੇ ਨਹੀਂ ਕਿਸੇ ਦੇ ਵਾਰਸ, ਵਿਰਸਾ ਸੰਗ ਨਾ ਕੋਇ ਰਖਾਈਆ । ਅੱਗੇ ਕਰਦੇ ਨਹੀਂ ਕੋਈ ਸਫ਼ਾਰਸ਼, ਸਫ਼ਾ ਸਾਰੇ ਆਏ ਬਦਲਾਈਆ । ਮੇਰੇ ਕਾਅਬੇ ਕਰ ਮਾਰਚ, ਮੱਕਾ ਮਦੀਨਾ ਤੇਰਾ ਰਾਹ ਤਕਾਈਆ । ਸ਼ਬਦੀ ਘੋੜਾ ਤੇਰਾ ਹਾਰਸ, ਹਰ ਹਿਰਦਾ ਵੇਖ ਵਖਾਈਆ । ਮੈਂ ਕਰੌਣ ਵਾਲਾ ਤੁਆਰਫ਼, ਮੁਰੀਦਾਂ ਮੁਰਸ਼ਦ ਹੋ ਜਣਾਈਆ । ਤੇਰੇ ਕਲਮੇ ਦੀ ਲੈਂਦਾ ਰਿਹਾ ਆੜ੍ਹਤ, ਧੜਵਾਈ ਹੋ ਕੇ ਤੋਲਾ ਬਣਿਆ ਚਾਈਂ ਚਾਈਂਆ । ਝਟ ਪ੍ਰਗਟ ਹੋ ਕੇ ਆ ਗਿਆ ਨਾਰਦ, ਨਾਦ ਰਾਗ ਢੋਲੇ ਰਿਹਾ ਸੁਣਾਈਆ । ਮੁਹੰਮਦ ਜੀ ਕਿੱਥੇ ਤੁਹਾਡੀ ਚਾਰ ਯਾਰੀ ਵਾਲੀ ਗਾਰਦ, ਗਰਦਸ਼ ਵੇਖੋ ਲੋਕਾਈਆ । ਹੁਣ ਤੁਹਾਨੂੰ ਦੇਣਾ ਪੈਣਾ ਚਾਰਜ, ਚਾਰਜ ਸਭ ਤੇ ਦਿਤਾ ਲਗਾਈਆ । ਤੁਹਾਡੀ ਕਰਨੀ ਹੋਣੀ ਖ਼ਾਰਜ, ਖ਼ਾਰਜਾ ਪਾਲੀਸੀ ਪ੍ਰਭ ਨੇ ਦੇਣੀ ਬਦਲਾਈਆ । ਇਕੋ ਦੀਨ ਦੁਨੀ ਦਾ ਬਣਨਾ ਜਾਰਜ, ਦੂਜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਖੇਲ ਖਿਲਾਈਆ । ਮੁਹੰਮਦ ਕਹੇ ਮੇਰੇ ਖ਼ੁਦਾ ਮੈਂ ਤੇਰਾ ਖ਼ਾਦਮ ਖ਼ੁਦੀ ਨਜ਼ਰ ਕੋਇ ਨਾ ਆਈਆ । ਮੈਂ ਵੇਖਾਂ ਆਦਮ ਤੇਰਾ ਆਲਮ, ਆਦਮ ਪਰਦਾ ਦੇਣਾ ਉਠਾਈਆ । ਤੇਰੇ ਨਾਮ ਦਾ ਸਮਝਿਆ ਨਾ ਕੋਇ ਮਹਾਤਮ, ਪਰਦਾ ਪਰਦਾ ਨਾ ਕੋਇ ਉਠਾਈਆ । ਕੀ ਜਲਵਾ ਤੇਰਾ ਬਾਤਨ, ਬਤੌਰ ਦੇਣਾ ਸਮਝਾਈਆ । ਝਟ ਨਾਰਦ ਕਿਹਾ ਮੈਨੂੰ ਕਰ ਲੈਣ ਦੇ ਦਾਤਣ, ਮੁਖ ਆਪਣਾ ਸਾਫ਼ ਕਰਾਈਆ । ਫੇਰ ਲੇਖਾ ਲੱਗਾ ਵਾਚਣ, ਅੰਤਰ ਅੰਤਰ ਧਿਆਨ ਲਗਾਈਆ । ਜਾਂ ਤੱਕਿਆ ਸਦੀ ਚੌਧਵੀਂ ਸਭ ਦਾ ਸਭ ਕੁਛ ਲੱਗਾ ਗਵਾਚਣ, ਮਸਲਾ ਅਸਲਾ ਹੱਥ ਕਿਸੇ ਨਾ ਆਈਆ । ਇਕੋ ਨਾਮ ਲੱਗਾ ਵਾਚਣ, ਤੂੰ ਹੀ ਤੂੰ ਹੀ ਢੋਲਾ ਗਾਈਆ । ਨਾਲੇ ਹੋਕਾ ਦੇਵੇ ਇਹ ਪਰਮ ਪੁਰਖ ਪੁਰਾਤਨ, ਪੁਰੀਆਂ ਲੋਆਂ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼ਣ, ਕਾਸਿਆਂ ਵਾਲਿਆਂ ਦਏ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਇਆ ਵਾਚਣ, ਵਾਚਕ ਹੋ ਕੇ ਵਿਚਲਾ ਲੇਖਾ ਵੇਖ ਵਖਾਈਆ ।

### ✻ ੨੩ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਬੇਪ੍ਰਵਾਹੀਆ । ਜੁਗ ਚੌਕੜੀ ਹੋ ਪਰਧਾਨ, ਸਦ ਸਦ ਆਪਣਾ ਹੁਕਮ ਵਰਤਾਈਆ । ਕਰਨੀ ਦਾ ਕਰਤਾ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਸ਼ਬਦੀ ਧਾਰ ਬਣਾ ਵਿਧਾਨ, ਹੁਕਮ ਧੁਰ ਦਾ ਇਕ ਉਪਜਾਈਆ ।

ਜਨ ਭਗਤਾਂ ਕਰ ਪਰਵਾਨ, ਪਰਵਾਨੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲਾ ਹੋਏ ਨਾ ਕਦੇ ਮੁਹਤਾਜ, ਆਸ਼ਾ ਜੀਵ ਜੰਤ ਨਾ ਕੋਇ ਰਖਾਈਆ । ਧੁਰ ਦਰਗਾਹ ਆਪਣਾ ਆਪ ਚਲਾਏ ਰਾਜ, ਹੁਕਮ ਹੁਕਮ ਵਿਚ ਜਣਾਈਆ । ਕਿਸੇ ਸਹਾਰੇ ਕਰੇ ਨਾ ਕੋਇ ਕਾਜ, ਸਹਾਇਤਾ ਮੰਗਣ ਕਦੇ ਨਾ ਜਾਈਆ । ਜਦ ਚਾਹੇ ਜੁਗ ਚੌਕੜੀ ਬਦਲ ਦੇਵੇ ਸਮਾਜ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਜਿਥੇ ਨਹੀਂ ਕੋਈ ਸਵਾਲ ਜਵਾਬ, ਜਵਾਬ ਤਲਬੀ ਨਾ ਕੋਇ ਕਰਾਈਆ । ਸਦਾ ਭਗਤਾਂ ਨੂੰ ਦੇਵੇ ਇਕੋ ਜਿਹਾ ਖ਼ਤਾਬ, ਵੱਡਾ ਛੋਟਾ ਨਾ ਕੋਇ ਰਖਾਈਆ । ਸਾਚਾ ਬਣ ਕੇ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਗੋਦ ਟਿਕਾਈਆ । ਜੁਗ ਚੌਕੜੀ ਪੂਰਾ ਕਰ ਕੇ ਵਾਕ, ਭਵਿਖਤ ਭਾਖਿਆ ਲੇਖੇ ਲਾਈਆ । ਨਾਤਾ ਤੋੜ ਕੇ ਜਗਤ ਸਾਕ, ਸੱਜਣ ਇਕੋ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਤੱਕੇ ਨਾ ਕੋਇ ਸਹਾਰਾ, ਓਟ ਜਗਤ ਨਾ ਕੋਇ ਰਖਾਈਆ । ਜੁਗ ਚੌਕੜੀ ਕਰਨੇਹਾਰਾ, ਕਰਨੀ ਆਪਣੀ ਕਾਰ ਕਮਾਈਆ । ਨਿਰਗੁਣ ਧਾਰ ਕਰੇ ਖੇਲ ਅਪਾਰਾ, ਸਰਗੁਣ ਮੇਲਾ ਸਹਿਜ ਸੁਭਾਈਆ । ਜਿਸ ਆਪਣਾ ਰੂਪ ਬਦਲਿਆ ਦੁਬਾਰਾ, ਦੋਹਰੀ ਕਾਰ ਕਮਾਈਆ । ਓਹ ਲੇਖਾ ਚੁਕਾਵੇ ਪੰਜ ਪਿਆਰਾ, ਪੰਜਾਂ ਦੇ ਪੰਜ ਅਵਰ ਲਏ ਉਪਜਾਈਆ । ਗੁਰਮੁਖ ਸਿੰਘ ਪਹਿਲੀ ਜੇਠ ਔਣਾ ਨਹੀਂ ਵਿਚ ਭਗਤ ਦਵਾਰਾ, ਸੰਦੇਸ਼ਾ ਮਿਲੇ ਧੁਰਦਰਗਾਹੀਆ । ਅਜੀਤ ਸਿੰਘ ਕ਼ਦਮ ਨਾ ਟਿਕਾਏ ਜੋ ਰਹੇ ਵਿਚ ਬਟਾਲਾ, ਭੇਵ ਆਪਣੇ ਹੱਥ ਰਖਾਈਆ । ਨਾਜ਼ਰ ਸਿੰਘ ਅਗਲੇ ਹੁਕਮ ਤਕ ਰਹਿਣਾ ਨਾਲ ਤਿਆਰਾ, ਤ੍ਰੈਗੁਣ ਅਤੀਤਾ ਆਪ ਦ੍ਰਿੜਾਈਆ । ਜੋ ਕੁਛ ਕਰੇ ਸੋ ਕਰਨੇਹਾਰਾ, ਸਹਾਇਤਾ ਸੰਗ ਨਾ ਕੋਇ ਬਣਾਈਆ । ਇਕ ਇਕੱਲਾ ਏਕੰਕਾਰਾ, ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਵਡਿਆਈਆ । ਸਤਿਗੁਰ ਨੂੰ ਦਿਤੀ ਨਹੀਂ ਕਿਸੇ ਦਾਤ, ਖੋਹਣ ਵਾਲਾ ਨਜ਼ਰ ਕੋਇ ਨਾ ਆਈਆ । ਭਾਵੇਂ ਸਾਰੇ ਛੱਡ ਜਾਣ ਸਾਥ, ਇਕ ਇਕੱਲਾ ਸੋਭਾ ਪਾਈਆ । ਫ਼ਤਵਾ ਦੇਣ ਵਾਲਿਆਂ ਦੀ ਰਹਿਣ ਨਹੀਂ ਦੇਣੀ ਜਮਾਤ, ਸਚ ਦਵਾਰੇ ਟਿਕਣ ਕੋਇ ਨਾ ਪਾਈਆ । ਮੈਂ ਮਾਲਕ ਕਾਇਨਾਤ, ਦੀਨ ਦੁਨੀ ਵਾਲਾ ਅਖਵਾਈਆ । ਮੈਨੂੰ ਲਿਖਣ ਦੀ ਵੀ ਜਾਚ, ਲਿਖਾਰੀ ਦੀ ਲੋੜ ਨਾ ਕੋਇ ਵਖਾਈਆ । ਮੈਂ ਨੰਨ੍ਹਿਆਂ ਬੱਚਿਆਂ ਨੂੰ ਦੇ ਕੇ ਆਪਣਾ ਪ੍ਰਕਾਸ਼, ਨੂਰ ਨੂਰ ਦਿਆਂ ਚਮਕਾਈਆ । ਓਹ ਸਿੱਖ ਨਹੀਂ ਜਿਹੜਾ ਗੁਰੂ ਦਾ ਮੰਗੇ ਘਾਤ, ਸਤਿਗੁਰ ਮਰਨ ਵਾਲਾ ਸਤਿਗੁਰ ਨਾ ਕਦੇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਲਏ ਮਿਲਾਈਆ । ਪ੍ਰਭ ਆਪਣੀ ਕਿਰਪਾ ਨਾਲ ਬਣਾਏ ਭਗਤ, ਜਿਸ ਨੂੰ ਚਾਹੇ ਦਏ ਵਡਿਆਈਆ । ਭਾਵੇਂ ਸ਼ੋਰ ਪਾਓ ਵਿਚ ਸਾਰੇ ਜਗਤ, ਉਚੀ ਕੂਕੋ ਦਿਓ ਦੁਹਾਈਆ । ਮੇਰੀ ਧਾਰ ਵਿਚ ਪੈਣਾ ਨਹੀਂ ਕੋਈ ਫ਼ਰਕ਼, ਫ਼ਿਕਰਾ ਸਚ ਦਾ ਦਏ ਸੁਣਾਈਆ । ਮੇਰੀ ਗੋਬਿੰਦ ਨਾਲ ਸ਼ਰਤ, ਸ਼ਰਅ ਦੇ ਲੇਖੇ ਦੇਣੇ ਬਦਲਾਈਆ । ਮੈਂ ਮਾਲਕ ਵਾਲੀ ਅਰਸ਼, ਦੋ ਜਹਾਨਾਂ ਆਪਣਾ ਖੇਲ ਖਿਲਾਈਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਸਾਚੀ ਕਾਰ ਕਰੇ ਕਰਤਾਰ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਜਿਸ ਤਰ੍ਹਾ ਭਾਰਤ ਦੀ ਬਦਲ ਜਾਣੀ ਸਰਕਾਰ, ਏਸੇ ਤਰ੍ਹਾ ਨਵਾਂ ਵਿਧਾਨ ਦੇਣਾ ਬਦਲਾਈਆ । ਅੱਗੇ ਵਾਸਤੇ

ਮੇਰੇ ਚਰਨਾਂ ਵਿਚ ਰਹਿ ਕੇ ਕਰੇ ਨਾ ਕੋਇ ਹੰਕਾਰ, ਜਿਸ ਵੇਲੇ ਚਾਹਵਾਂ ਖ਼ਾਕ ਵਿਚ ਦਿਆਂ ਮਿਲਾਈਆ । ਮੇਰੀ ਕਿਰਪਾ ਨਾਲ ਏਨ੍ਹਾਂ ਦਾ ਹੁੰਦਾ ਸਤਿਕਾਰ, ਮੇਰੇ ਬਿਨਾ ਕੋਈ ਗੁਰਸਿੱਖ ਏਨ੍ਹਾਂ ਦਾ ਦਰਸ਼ਨ ਕਦੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਸਭ ਕੁਛ ਕਰਨੇ ਯੋਗ, ਯੁਗਤੀ ਪੁੱਛਣ ਕਦੇ ਨਾ ਜਾਈਆ । ਜਿਸ ਦਾ ਪ੍ਰਭ ਦੇ ਨਾਲ ਸੰਜੋਗ, ਉਸ ਨੂੰ ਸਹਿਜੇ ਲੈਣਾ ਮਿਲਾਈਆ । ਜਿਸ ਦੇ ਚਰਨਾਂ ਹੇਠਾਂ ਚੌਦਾਂ ਲੋਕ, ਕੀ ਓਹਨੂੰ ਲਓ ਸਮਝਾਈਆ । ਗੁਰ ਗੱਦੀ ਦੀ ਕਿਸੇ ਨੂੰ ਮਿਲਣੀ ਨਹੀਂ ਮੋਖ, ਮੱਥੇ ਤਿਲਕ ਨਾ ਕਿਸੇ ਲਗਾਈਆ । ਭਾਵੇਂ ਸਾਰੇ ਛੱਡ ਜਾਓ ਮੈਨੂੰ ਫਿਰ ਵੀ ਨਹੀਂ ਕੋਈ ਸੋਗ, ਗੱਦੀ ਦਾ ਮਾਲਕ ਇਕੋ ਨਜ਼ਰੀ ਆਈਆ । ਪ੍ਰਭ ਦੇ ਹੁਕਮ ਨੂੰ ਸਕੇ ਨਾ ਕੋਈ ਰੋਕ, ਜ਼ੋਰ ਆਪਣਾ ਆਪਣਾ ਸਭ ਨੇ ਲੈਣਾ ਲਗਾਈਆ । ਤੁਹਾਡੇ ਨਾਲੋਂ ਪ੍ਰਭ ਦੀ ਜ਼ਿਆਦਾ ਸੋਚ, ਬੁੱਧੀਹੀਣ ਬੁੱਧ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਨ ਭਗਤੋ ਗੋਬਿੰਦ ਦੀ ਗੱਦੀ ਚਲੇ ਦਸ ਪੁਸ਼ਤ, ਸਿੱਖ ਆਸ ਨਾ ਕੋਇ ਰਖਾਈਆ । ਸਭ ਕੁਛ ਕਰ ਕੇ ਜਾਣਾ ਦਰੁਸਤ, ਦੀਨ ਦੁਨੀ ਦਾ ਮਾਲਕ ਆਪਣਾ ਹੁਕਮ ਵਰਤਾਈਆ । ਮੈਂ ਤੁਹਾਡੇ ਸਾਰਿਆਂ ਨਾਲੋਂ ਚੁਸਤ, ਮੇਰੇ ਅੱਗੇ ਚਾਲਾਕੀ ਚਲੇ ਨਾ ਕੋਇ ਚਤੁਰਾਈਆ । ਗੋਬਿੰਦ ਦੇ ਬੱਚਿਆਂ ਦੀ ਹੱਥ ਧਰਨਾ ਉਤੇ ਪੁਸ਼ਤ, ਇਹ ਮੇਰੀ ਬੇਪ੍ਰਵਾਹੀਆ । ਦੋਆਬੇ ਵਾਲਿਓ ਤੁਹਾਡਾ ਅੰਗੂਠਾ ਲਵਾਇਆ ਅੰਗੁਸ਼ਤ, ਕਿ ਗੋਬਿੰਦ ਦਾ ਲੇਖਾ ਕੀੜੀ ਨਾਲ ਚਲਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਕੀ ਕਲ ਕਲਕੀ ਜਾਣਾ ਮਰ, ਸਚ ਦਿਓ ਜਣਾਈਆ । ਜਿਸ ਨੂੰ ਸਤਿਗੁਰ ਦੇ ਮਰਨ ਦਾ ਡਰ, ਓਹ ਹੁਣੇ ਪੱਲੂ ਜਾਓ ਛੁਡਾਈਆ । ਓਹ ਆਪੇ ਹੋਰ ਘਾੜਨ ਲਊ ਘੜ, ਜੋ ਲੱਖ ਚੁਰਾਸੀ ਆਪਣਾ ਰੰਗ ਰੰਗਾਈਆ । ਜਿਸ ਦੀ ਚੋਟੀ ਓਸੇ ਦੀ ਜੜ੍ਹ, ਇਹ ਅਗੰਮੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਕਿਛ ਕਰਨੀ ਰਿਹਾ ਕਰ, ਕਰਤਾ ਆਪਣੀ ਕਾਰ ਕਮਾਈਆ ।

### ❊ ੨੮ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਸੰਮਤ ਪੰਜ ਕਹੇ ਮੈਂ ਲੌਣ ਆਇਆ ਪੰਜਾ, ਪੰਚਮ ਪਰਪੰਚ ਵੇਖ ਵਖਾਈਆ । ਲੇਖਾ ਜਾਨਣ ਆਇਆ ਜੋ ਸੰਦੇਸ਼ਾ ਦੇ ਕੇ ਗਿਆ ਸੰਜਾ, ਕ੍ਰਿਸ਼ਨ ਪਾਂਡਵ ਨਾਲ ਦ੍ਰਿੜਾਈਆ । ਪੜਦਾ ਖੋਲ੍ਹਣ ਆਇਆ ਜੋ ਸ਼ਬਦ ਸੁਣਿਆ ਗੁਰ ਅਰਜਨ ਜਿਸ ਦਿਨ ਹਰਿਮੰਦਰ ਗੁਰੂ ਗ੍ਰੰਥ ਦਾ ਡਾਹਿਆ ਮੰਜਾ, ਮਜਲਸ ਗੁਰਸਿੱਖਾਂ ਨਾਲ ਬਣਾਈਆ । ਭੇਤ ਖੋਲ੍ਹਣ ਆਇਆ ਕਿਸ ਬਿਧ ਮਾਧੋ ਨੂੰ ਗੋਬਿੰਦ ਬਣਾਇਆ ਬੰਦਾ, ਬੰਦਗੀ ਆਪਣੀ ਇਕ ਜਣਾਈਆ । ਆਖਣ ਆਇਆ ਸਤਿਗੁਰ ਸਰਨ ਰਹੇ ਕੋਈ ਨਾ ਗੰਦਾ, ਜਗਤ ਵਿਕਾਰ ਨਾ ਕੋਇ ਰਖਾਈਆ । ਜਣੌਣ ਆਇਆ ਪੁਰਖ ਅਕਾਲ ਕੋਲ ਇਕੋ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਦ੍ਰਿੜੌਣ ਆਇਆ ਆਤਮ ਪਰਮਾਤਮ ਧੁਰ ਦਾ ਛੰਦਾ, ਮੁਛੰਦਗੀ ਅਵਰ ਨਾ ਕੋਇ ਰਖਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਬੇਪਰਵਾਹੀਆ । ਸੰਮਤ ਪੰਜ ਕਹੇ ਸਤਿਗੁਰ ਸ਼ਬਦ ਸਦਾ ਨਿਰਲੇਪ, ਦੁਰਮਤ ਮੈਲ ਨਾ ਕੋਇ ਰਖਾਈਆ । ਜਿਸ ਦਾ ਲੇਖਾ ਦੱਸ ਸਕੇ ਨਾ ਕੋਇ ਸੰਖੇਪ, ਸੰਕਟ ਵਿਚ ਸਾਰੇ ਰਹੇ ਕੁਰਲਾਈਆ । ਬਿਨਾ ਸਤਿਗੁਰ ਤੋਂ ਦਿਸੇ ਕੋਈ ਨਾ ਨੇਕ, ਨੇਕੀ ਬਦੀ ਹੱਥ ਕਿਸੇ ਨਾ ਆਈਆ । ਸੋ ਸਤਿਗੁਰ ਜੋ ਆਦਿ ਜੁਗਾਦਿ ਧਾਰੇ ਭੇਖ, ਜੁਗ ਚੌਕੜੀ ਆਪਣਾ ਵੇਸ ਵਟਾਈਆ । ਜਿਸ ਗੋਬਿੰਦ ਦੇ ਲੇਖੇ ਲਾਏ ਬੇਟ, ਪਿਤਾ ਪੂਤ ਆਪਣੀ ਗੋਦ ਸੁਹਾਈਆ । ਸੋ ਲਹਿਣਾ ਦੇਣਾ ਦੇਵੇ ਧੁਰ ਦੇ ਸੰਬਲ ਦੇਸ, ਦਿਸ਼ਾ ਆਪਣੀ ਡੇਰਾ ਲਾਈਆ । ਜਗਤ ਬੁੱਧੀ ਹੋਏ ਨਾ ਕੋਇ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਨਜ਼ਰ ਕੋਇ ਨਾ ਆਈਆ । ਜਿਸ ਕਾਰਨ ਅਜੀਤ ਸਿੰਘ ਹੋਇਆ ਪੇਸ਼, ਸਨਮੁਖ ਹੋ ਕੇ ਮੰਗ ਮੰਗਾਈਆ । ਤੂੰ ਮਾਲਕ ਇਕ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਜੀਵਾਂ ਚਲੇ ਨਾ ਕੋਇ ਪੇਸ਼, ਪੇਸ਼ੀਨਗੋਈ ਸਮਝ ਕਿਸੇ ਨਾ ਆਈਆ । ਤੂੰ ਵਸਾ ਕੇ ਆਪਣੇ ਸਚਖੰਡ ਦੇਸ, ਸਚ ਦਵਾਰੇ ਕਾਇਆ ਬੰਕ ਇਕ ਸੁਹਾਈਆ । ਜੋ ਜਾਮਾ ਧਰ ਕੇ ਭੇਖ, ਜਨਮ ਮਰਨ ਦਾ ਝਗੜਾ ਦਿਤਾ ਮੁਕਾਈਆ । ਆਦਿ ਤੋਂ ਅੰਤ ਦਾ ਸਤਿਗੁਰ ਬਣ ਕੇ ਏਕ, ਮੱਧ ਦਾ ਲੇਖਾ ਦਿਤਾ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸਾਚੇ ਨਾਮ ਦੀ ਚਲਦੇ ਰਹੇ ਸੇਧ, ਇਧਰ ਉਧਰ ਕ਼ਦਮ ਨਾ ਕੋਇ ਟਿਕਾਈਆ । ਜਿਸ ਸਤਿਗੁਰ ਦਾ ਭੇਵ ਪਾ ਨਾ ਸਕਣ ਵੇਦ ਕਤੇਬ, ਸ਼ਾਸਤਰ ਸਿਮਰਤ ਖਾਣੀ ਬਾਣੀ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਚਮ ਸੰਮਤ ਕਹੇ ਮੈਂ ਕੂੜੀ ਕਿਰਿਆ ਕਰਨੀ ਸਮਾਪਤ, ਸ਼ਬਦ ਗੁਰੂ ਸ਼ਬਦ ਸ਼ਬਦ ਅਖਵਾਈਆ । ਬਿਨਾ ਸਤਿਗੁਰ ਸ਼ਬਦ ਤੋਂ ਹੋਣ ਨਹੀਂ ਦੇਣਾ ਕਿਸੇ ਪਰਮਾਤਮ, ਬੰਦਿਆਂ ਵਰਗਾ ਬੰਦਾ, ਪੂਰਨ ਪਰਮੇਸ਼ਵਰ ਦੱਸਣਾ ਸਭ ਦਾ ਪਿਤਾ ਮਾਈਆ । ਜਿਸ ਦੇ ਹੱਥ ਲੱਖ ਚੁਰਾਸੀ ਦਾ ਜਿੰਦਾ, ਸਾਧ ਸੰਤ ਸਕੇ ਨਾ ਕੋਇ ਖੁਲ੍ਹਾਈਆ । ਜਿਸ ਨੂੰ ਚਾਹੇ ਆਪ ਮਿਹਰ ਕਿਰਪਾ ਨਾਲ ਸੇਵਾ ਦਿੰਦਾ, ਕਰਨ ਵਾਲਾ ਨਜ਼ਰ ਕੋਇ ਨਾ ਆਈਆ । ਸਤਿਗੁਰੂ ਦੀ ਚਾਰ ਜੁਗ ਕਰ ਨਾ ਸਕਣ ਨਿੰਦਾ, ਨਿੰਦਿਆ ਜਾਣ ਵਾਲਾ ਸਤਿਗੁਰ ਕੰਮ ਕਿਸੇ ਨਾ ਆਈਆ । ਜਿਸ ਸਤਿਗੁਰੂ ਦੀ ਲੱਖ ਚੁਰਾਸੀ ਧਾਰ ਬਿੰਦਾ, ਬਿੰਦਰਾਬਨ ਵਾਲੇ ਬੈਠੇ ਸੀਸ ਨਿਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦਾ, ਇੰਦਰਾਸਣ ਸਿੰਘਾਸਣ ਮੁਨ ਜਨ ਸੀਸ ਝੁਕਾਈਆ । ਸੋ ਮਾਲਕ ਆਪ ਨਾਮ ਦੀ ਵਸਤ ਜਿਸ ਨੂੰ ਚਾਹੇ ਓਸੇ ਨੂੰ ਦੇਂਦਾ, ਸ਼ਰੀਕ ਨਜ਼ਰ ਕੋਇ ਨਾ ਆਈਆ । ਬਿਨਾ ਸਤਿਗੁਰ ਕਿਰਪਾ ਤੋਂ ਗੁਰਮੁਖ ਲੋਕਮਾਤ ਕੋਇ ਨਹੀਂ ਜ਼ਿੰਦਾ, ਸਾਲ ਬਰਖ਼ਾਂ ਵਾਲੀ ਆਯੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪਹਿਲੀ ਜੇਠ ਪ੍ਰਭ ਪੈਰ ਕਰਨੇ ਕਾਲੇ ਨੀਲੇ, ਚਰਨ ਚਰਨ ਨਾਲ ਬਦਲਾਈਆ । ਜਿਸ ਦੇ ਆਦਿ ਜੁਗਾਦਿ ਸਾਰੇ ਜਗਤ ਵਸੀਲੇ, ਹੀਲੇ ਆਪਣੇ ਨਾਲ ਬਣਾਈਆ । ਸੋ ਖੇਲ ਕਰੇ ਉਪਰ ਜ਼ਮੀਨੇ, ਧਰਨੀ ਧਰਤ ਧਵਲ ਵੇਖ ਵਖਾਈਆ । ਜਿਸ ਨੇ ਮਾਣ ਮਿਟੌਣਾ ਜਲ ਮੀਨੇ, ਹਰਿਜਨ ਧੁਰ ਦੇ ਰੰਗ ਰੰਗਾਈਆ । ਮਾਣ ਗਵਾ ਕੇ ਲੋਕ ਤੀਨੇ, ਤ੍ਰੈਲੋਕੀ ਤੋਂ ਪਰੇ ਖੇਲ ਖਿਲਾਈਆ । ਜੇ ਗੁਰਮੁਖ ਸਿੰਘ ਨੇ ਔਣਾ ਜੇਠ ਮਹੀਨੇ, ਪਹਿਲੀ ਜੇਠ ਆਪਣਾ ਪੰਧ ਮੁਕਾਈਆ । ਪੰਜ ਵੇਰਾਂ ਸੋਹੰ ਲਿਖ ਕੇ ਲੌਣਾ ਆਪਣੇ ਉਪਰ ਸੀਨੇ, ਛਾਤੀ ਕਮਲਾਪਾਤੀ ਵੇਖ ਵਖਾਈਆ ।

ਅਗਲਾ ਲੇਖਾ ਬੁੱਧੀ ਨਾਲ ਕੋਈ ਨਾ ਚੀਨੇ, ਅਕਲ ਨਾਲ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰਮੁਖ ਸਿੰਘ ਪੰਜ ਵਾਰ ਸੋਹੰ ਲਿਖਿਆ ਹੋਵੇ ਉਪਰ ਛਾਤੀ, ਛਤਰਧਾਰੀ ਵੇਖ ਵਖਾਈਆ । ਨਾਲ ਹੱਥ ਵਿਚ ਫੜੀ ਹੋਵੇ ਇਕ ਦਾਤੀ, ਦੰਦੇ ਪੁੱਠੇ ਪਾਸੇ ਕਢਾਈਆ । ਸੱਜੇ ਗੁੱਟ ਉਤੇ ਨੀਲੇ ਰੰਗ ਦੀ ਬੱਧੀ ਹੋਵੇ ਟਾਕੀ, ਟਕੇ ਪੰਜ ਨਾਲ ਰਖਾਈਆ । ਨਾਲ ਲੈ ਕੇ ਔਣੀ ਨਿੱਕੀ ਜਿਹੀ ਪੁਰਾਣੀ ਬਾਟੀ, ਵੱਡੀ ਛੋਟੀ ਨਾ ਕੋਇ ਸਮਝਾਈਆ । ਫੇਰ ਦੱਸਾਂ ਕੀ ਸਤਾਰਾਂ ਹਾੜ ਹੋਣੀ ਸਾਖੀ, ਸਾਖਿਆਤ ਦਿਆਂ ਜਣਾਈਆ । ਪੰਜਾਂ ਲਿਖਾਰੀਆਂ ਆਪਣੇ ਕੋਲ ਰੱਖਣੀ ਕ਼ਲਮ ਦਵਾਤੀ, ਕ਼ੀਮਤ ਆਪਣੇ ਨਾਲ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਹੋਵੇ ਵਿਸ਼ਵਾਸ਼ ਘਾਤੀ, ਵਿਸ਼ਾ ਵਿਸ਼ੇਸ਼ ਵਿਸ਼ਵ ਦਾ ਆਪਣੇ ਵਿਚ ਛੁਪਾਈਆ ।

✱ ੨੯ ਵਸਾਖ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✱

ਝਾੜੂ ਕਹੇ ਮੈਂ ਗੁਰਮੁਖਾਂ ਅੰਦਰੋਂ ਦੁਰਮਤ ਮੈਲ ਦੇਣੀ ਝਾੜ, ਸਤਿਗੁਰ ਸ਼ਬਦ ਦੇਵੇ ਵਡਿਆਈਆ । ਮਾਇਆ ਮਮਤਾ ਮੋਹ ਵਿਕਾਰ ਹੰਕਾਰ ਮੇਟਣੀ ਧਾੜ, ਧੜਾ ਕੂੜ ਦੇਣਾ ਗਵਾਈਆ । ਹੁਕਮ ਸੰਦੇਸ਼ਾ ਮਿਲਣਾ ਸਤਾਰਾਂ ਹਾੜ, ਪ੍ਰਧਾਨ ਪ੍ਰਧਾਨਾਂ ਦਏ ਹਿਲਾਈਆ । ਖੇਲ ਤੱਕਣਾ ਜੰਗਲ ਜੂਹ ਉਜਾੜ ਪਹਾੜ, ਟਿੱਲੇ ਪਰਬਤ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਪੌਣੀ ਸਾਰ, ਗ੍ਰਿਹਿ ਮੰਦਰ ਫੋਲ ਫੁਲਾਈਆ । ਕਰੇ ਖੇਲ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸਜਦਿਆਂ ਸੀਸ ਨਿਵਾਈਆ । ਸਚਖੰਡ ਨਿਵਾਸੀ ਏਕੰਕਾਰ, ਇਕ ਇਕੱਲਾ ਆਪਣੀ ਕਾਰ ਕਮਾਈਆ । ਜਨ ਭਗਤਾਂ ਬਣ ਕੇ ਸੇਵਾਦਾਰ, ਜੁਗ ਜੁਗ ਸਾਚੀ ਸੇਵ ਕਮਾਈਆ । ਜਿਸ ਕਾਰਨ ਅੱਜ ਦਾ ਵਿਵਹਾਰ, ਸੋ ਲਹਿਣਾ ਦਏ ਦ੍ਰਿੜਾਈਆ । ਮੁੱਖ ਰੱਖ ਕਪੂਰ ਸਿੰਘ ਬਰਾੜ, ਕਾਇਆ ਕਾਅਬਾ ਖੋਜ ਖੁਜਾਈਆ । ਦੂਈ ਦਵੈਤੀ ਦੀ ਰਹਿਣ ਨਾ ਦੇਵੇ ਦਰਾੜ, ਪਰਦਾ ਅੰਦਰੋਂ ਦਏ ਚੁਕਾਈਆ । ਸਚ ਪ੍ਰੇਮ ਦਾ ਬਖ਼ਸ਼ ਪਿਆਰ, ਪ੍ਰੀਤਮ ਆਪਣਾ ਰੰਗ ਵਖਾਈਆ । ਨਾਲ ਸੰਤ ਸੁਹੇਲੇ ਮੀਤ ਮੁਰਾਰ, ਵੇਖੇ ਚਾਈਂ ਚਾਈਆ । ਜੇ ਸੰਤ ਸਮਾਗਮ ਕਰਨਾ ਵਿਚ ਸੰਸਾਰ, ਪਹਿਲਾਂ ਅੰਦਰ ਸਭ ਨੇ ਕਰਨੀ ਸਫ਼ਾਈਆ । ਝਾੜੂ ਕਹੇ ਮੈਂ ਏਸੇ ਕਰ ਕੇ ਮੰਜ਼ਲ ਚੜ੍ਹਿਆ ਸੱਚੀ ਸਰਕਾਰ, ਤਖ਼ਤ ਉਤੇ ਆਪਣਾ ਆਸਣ ਲਾਈਆ । ਜਿਸ ਵੇਲੇ ਤੁਸੀਂ ਮੋਗੇ ਤੋਂ ਚਲੇ ਸੋ ਬਾਹਰ, ਪਹਿਲੇ ਮੀਲ ਉਤੇ ਮਨ ਆਪਣਾ ਧਿਆਨ ਲਗਾਈਆ । ਓਸ ਵੇਲੇ ਖੇਲ ਕੀਤਾ ਅਪਾਰ, ਆਪਣੀ ਕਲਾ ਆਪ ਭੁਗਤਾਈਆ । ਝਾੜੂ ਫੇਰਿਆ ਭਗਤਾਂ ਦੇ ਦਵਾਰ, ਕੂੜੀ ਕਿਰਿਆ ਕੀਤੀ ਸਫ਼ਾਈਆ । ਨੀਚਾਂ ਦਾ ਨੀਚ ਚੰਡਾਲਾਂ ਦਾ ਚੰਡਾਲ ਬਣ ਕੇ ਹੋਇਆ ਸੇਵਾਦਾਰ, ਸੇਵਾ ਆਪਣੀ ਸਚ ਜਣਾਈਆ । ਮੰਗ ਕੇ ਖਾਧਾ ਟੁਕੜੇ ਦਿਓ ਦੋ ਚਾਰ, ਆਪਣੀ ਖ਼ੁਸ਼ੀ ਬਣਾਈਆ । ਸਿਖਿਆ ਦੇਣ ਲਈ ਇਹ ਸਭ ਨੂੰ ਕੀਤਾ ਇਸ਼ਾਰ, ਇਸ਼ਾਰੇ ਨਾਲ ਜਣਾਈਆ । ਜੇ ਸੰਤ ਬਣਨਾ ਅੰਦਰੋਂ ਕੱਢੋ ਮਾਣ ਹੰਕਾਰ, ਵਿਕਾਰ ਵਿਸ਼ਾ ਨਾ ਕੋਇ ਰਖਾਈਆ । ਜਗਤ ਵਾਲਾ ਨਹੀਂ ਕੋਈ ਤਕਰਾਰ, ਝਗੜਾ ਕੂੜ ਨਾ ਕੋਇ ਲੋਕਾਈਆ । ਤੁਸੀਂ ਪ੍ਰੇਮ ਨਾਲ ਆਏ ਤੁਹਾਡੇ ਔਣ ਤੋਂ ਪਹਿਲੇ ਪਾਈ ਸਾਰ, ਸਤਿਗੁਰ ਸ਼ਬਦ ਆਪਣੀ ਕਾਰ ਕਮਾਈਆ । ਇਹ ਝਾੜੂ ਸਭ ਨੂੰ ਕਰੇ ਖ਼ਬਰਦਾਰ,

ਸੋਇਆ ਮਾਤ ਲੋਕ ਰਹਿਣ ਕੋਇ ਨਾ ਪਾਈਆ । ਸੰਤ ਬਿਨਾ ਪੁਰਖ ਅਕਾਲ ਤੋਂ ਹੋਏ ਨਹੀਂ ਕਿਸੇ ਦੇ ਗ੍ਰਿਫ਼ਤਾਰ, ਜਗਤ ਵਰੰਟ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਕਰਨੀ ਕਾਰ ਕਮਾਈਆ । ਝਾੜੂ ਕਹੇ ਮੈਂ ਦੀਨ ਦੁਨੀ ਦਾ ਵੇਖਣਾ ਝਗੜਾ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਵਰਨਾਂ ਬਰਨਾਂ ਲੱਗਣਾ ਰਗੜਾ, ਦੀਨ ਦੁਨੀ ਦਏ ਦੁਹਾਈਆ । ਕਿਸੇ ਨੂੰ ਭੇਤ ਨਹੀਂ ਅਗਲਾ, ਕੀ ਕਰਤਾ ਕਲ ਵਰਤਾਈਆ । ਸ਼ਾਹ ਸੁਲਤਾਨ ਫਿਰਨਾ ਵਿਚ ਜੰਗਲਾਂ, ਪਰਧਾਨਾਂ ਮਿਲੇ ਨਾ ਕੋਇ ਵਡਿਆਈਆ । ਜਗਤ ਸਾਧੂਆਂ ਕੂੜੀ ਵੇਖਣੀ ਰੰਗਣਾ, ਰੰਗਤ ਅੰਤਰ ਫੋਲ ਫੁਲਾਈਆ । ਪ੍ਰਭ ਦਾ ਸੰਤ ਸਦਾ ਨੂਰੀ ਚੰਦਨਾ, ਚੰਦ ਨੂਰ ਜੋਤ ਰੁਸ਼ਨਾਈਆ । ਜਿਸ ਦੀ ਇਕੋ ਦਵਾਰੇ ਬੰਦਨਾ, ਬੰਦਗੀ ਸੀਸ ਜਗਦੀਸ਼ ਸਯਦਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਝਾੜੂ ਕਹੇ ਮੈਂ ਕੂੜੀ ਕਿਰਿਆ ਕਰਦਾ ਸਾਫ਼, ਸੁਥਰੇ ਦਿਆਂ ਬਣਾਈਆ । ਮੇਰਾ ਸਾਹਿਬ ਸਤਿਗੁਰ ਕੋਟ ਜਨਮ ਦੇ ਪਾਪੀਆਂ ਕਰੇ ਮੁਆਫ਼, ਮਿਹਰ ਨਜ਼ਰ ਇਕ ਉਠਾਈਆ । ਆਤਮ ਪਰਮਾਤਮ ਜਣਾਵੇ ਸਾਕ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਘਰ ਸਵਾਮੀ ਖੋਲ੍ਹ ਕੇ ਤਾਕ, ਪਰਦਾ ਅੰਦਰੋਂ ਦਏ ਉਠਾਈਆ । ਸ਼ਬਦ ਅਗੰਮੀ ਦੇ ਆਵਾਜ਼, ਸੋਈ ਸੁਰਤ ਲਏ ਜਗਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਅੰਤਰ ਬਾਹਰ ਗੁਪਤ ਜਾਹਰ ਰੱਖੇ ਸਾਥ, ਸਗਲਾ ਸੰਗ ਨਿਭਾਈਆ । ਦਰਸ਼ਨ ਦੇਵੇ ਸਾਖਿਆਤ, ਸਵਛ ਸਰੂਪੀ ਸੋਭਾ ਪਾਈਆ । ਗੁਰਮੁਖਾਂ ਲੇਖੇ ਲਾ ਸੁਹੰਜਣੀ ਰਾਤ, ਭਿੰਨੜੀ ਦੇਵੇ ਮਾਣ ਵਡਿਆਈਆ । ਮਨਮਤ ਰਹੇ ਨਾ ਨਾਰ ਕਮਜ਼ਾਤ, ਕੁਲੱਖਣੀ ਕੂੜ ਦੇਵੇ ਮਿਟਾਈਆ । ਧੁਰ ਸੰਦੇਸ਼ਾ ਦੇ ਕੇ ਵਾਕ, ਵਾਕਫ਼ਕਾਰ ਲਏ ਕਰਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਪਰਤਾਪ, ਪਰਮ ਪੁਰਖ ਬੇਪਰਵਾਹੀਆ । ਸਭ ਦਾ ਸਾਂਝਾ ਦੱਸੇ ਜਾਪ, ਆਤਮ ਪਰਮਾਤਮ ਜੋੜ ਜੁੜਾਈਆ । ਤਨ ਵਜੂਦ ਮਾਟੀ ਖ਼ਾਕ ਕਰ ਕੇ ਪਾਕ, ਪਤਤ ਪੁਨੀਤ ਦਏ ਕਰਾਈਆ । ਭਗਤ ਭਗਵਾਨ ਦਾ ਮੇਲ ਹੁੰਦਾ ਨਾਲ ਇਤਫ਼ਾਕ, ਜੁਗ ਚੌਕੜੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਦਏ ਗਵਾਹੀਆ । ਸਤਿ ਦਾ ਸਚ ਨਾਲ ਵਿਸ਼ਵਾਸ, ਵਿਸ਼ਾ ਵਿਸ਼ਵ ਦਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਰਨਾਈਆ । ਝਾੜੂ ਕਹੇ ਮੈਨੂੰ ਕਿਹੋ ਨਾ ਕੋਇ ਪਲੀਤ, ਕੂੜ ਕਿਰਿਆ ਨਾ ਕੋਇ ਜਣਾਈਆ । ਮੈਂ ਸਤਿ ਦੀ ਦੱਸਣੀ ਰੀਤ, ਜੋ ਅੰਦਰ ਬਾਹਰ ਕਰੇ ਸਫ਼ਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬੇ ਇਕ ਰੁਸ਼ਨਾਈਆ । ਤ੍ਰੈਗੁਣ ਤੋਂ ਹੋ ਅਤੀਤ, ਤ੍ਰੈਭਵਨ ਧਨੀ ਬੈਠਾ ਸੋਭਾ ਪਾਈਆ । ਜਨ ਭਗਤਾਂ ਆਸਾ ਮਨਸਾ ਪੂਰੀ ਕਰ ਉਮੀਦ, ਆਲਸ ਤ੍ਰਿਸ਼ਨਾ ਦਏ ਗਵਾਈਆ । ਸਤਿ ਧਾਰ ਦੀ ਦੱਸ ਤਮਹੀਦ, ਤਮਅ ਤਮੰਨਾ ਵੇਖ ਵਖਾਈਆ । ਗੁਰਮੁਖਾਂ ਦੀ ਹਰ ਸਮੇਂ ਕਰੇ ਉਡੀਕ, ਵੇਲਾ ਵਕ਼ਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਝਾੜੂ ਕਹੇ ਮੈਂ ਦੱਸਾਂ ਸ੍ਰਿਸ਼ਟੀ ਵਾਲੇ ਸੰਤ, ਸੰਤ ਸਤਿ ਬੇਪਰਵਾਹੀਆ । ਜਿਸ ਦਾ ਮੇਲਾ ਆਦਿ ਅੰਤ, ਜੁਗ ਚੌਕੜੀ ਵਿਛੜ ਕਦੇ ਨਾ ਜਾਈਆ । ਏਥੇ ਓਥੇ ਬਣ ਕੇ ਕੰਤ, ਕੰਤ ਕੰਤੂਹਲ ਸੇਜ ਸੁਹਾਈਆ । ਸਾਚਾ ਚਾੜ੍ਹ ਕੇ ਰੰਗ ਬਸੰਤ, ਪਰਾ ਪਸੰਤੀ ਮਧਮ ਬੈਖਰੀ ਤੋਂ ਅਗਲਾ ਲੇਖਾ ਦਏ

ਜਣਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਗੁਰਮੁਖੋ ਸਦਾ ਕਰਨੀ ਆਪ ਹਿੰਮਤ, ਹੌਸਲਾ ਪ੍ਰੇਮ ਵਾਲਾ ਵਧਾਈਆ । ਸੰਤ ਸਮਾਗਮ ਵਿਚ ਰਹੇ ਕੋਈ ਨਾ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਭਾਵੇਂ ਸਾਰੀ ਸ੍ਰਿਸ਼ਟੀ ਬਣ ਜਾਏ ਨਿੰਦਕ, ਦ੍ਰਿਸ਼ਟੀ ਵਿਚ ਇਸ਼ਟ ਰੱਖੋ ਬੇਪਰਵਾਹੀਆ । ਸਟੇਜ ਦਾ ਮੁਖ ਰੱਖਣਾ ਚੜ੍ਹਦੀ ਪਹਾੜ ਵਾਲੀ ਸਿੰਮਤ, ਦੋਹਾਂ ਦਾ ਅੱਧ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਕਰਨੀ ਕਾਰ ਕਮਾਈਆ । ਝਾੜੂ ਕਹੇ ਸੰਤ ਸਮਾਗਮ ਵਿਚ ਜੇ ਸੰਤਾਂ ਨੂੰ ਫੇਰਨਾ ਪੈ ਗਿਆ ਝਾੜੂ, ਕਰੇ ਸਚ ਸਫ਼ਾਈਆ । ਫੇਰ ਓਥੇ ਸ਼ੇਖ਼ੀ ਕੌਣ ਮਾਰੂ, ਆਸਣ ਗੱਦੀਆਂ ਉਤੇ ਟਿਕਾਈਆ । ਮਨ ਹੰਕਾਰ ਅੰਤਰ ਹਾਰੂ, ਜੋ ਹਿਰਦੇ ਹਰਿ ਭੁਲਾਈਆ । ਜਿਹੜੇ ਸੰਤ ਜਗਤ ਦੇ ਤਾਰੂ, ਤਾਰਨਹਾਰ ਦੀ ਓਟ ਤਕਾਈਆ । ਓਹ ਸਾਰੇ ਖ਼ੁਸ਼ੀਆਂ ਵਿਚ ਮਾਰਨ ਨਾਅਰੂ, ਗੀਤ ਗਾਵਣ ਥਾਈਂ ਥਾਈਂਆ । ਸਟੇਜ ਕੋਲ ਗਿਆਰਾਂ ਸਿੱਖ ਰੱਖਿਓ ਪਾਹਰੂ, ਰੀਤੀ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਝਾੜੂ ਕਹੇ ਮੈਂ ਇਸ ਵਾਸਤੇ ਆਇਆ, ਤੁਹਾਨੂੰ ਦਿਆਂ ਸੁਣਾਈਆ । ਸੰਤਾਂ ਅੰਦਰ ਅਜੇ ਕਲਜੁਗ ਵਾਲੀ ਮਾਇਆ, ਮਮਤਾ ਮੋਹ ਨਾ ਕੋਇ ਮਿਟਾਈਆ । ਮੈਂ ਕੂਕ ਦਿਆਂ ਦੁਹਾਇਆ, ਦਰੋਹੀ ਬਹੁੜੀ ਕਰ ਸੁਣਾਈਆ । ਪਹਿਲੋਂ ਸਾਰਿਆਂ ਦੇ ਅੰਦਰ ਕਰਿਓ ਸਫ਼ਾਇਆ, ਵਿਕਾਰ ਹੰਕਾਰ ਨਾ ਕੋਇ ਰਖਾਈਆ । ਇਕੋ ਰੂਪ ਇਕੋ ਰੰਗ ਇਕੋ ਨੂਰ ਜੋ ਹਰ ਘਟ ਬੈਠਾ ਡੇਰਾ ਲਾਇਆ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਵਿਸ਼ਾ ਵਿਸ਼ੇਸ਼ ਵਿਸ਼ਵ ਵਿਚ ਉਪਜਾਇਆ, ਵਿਸ਼ਿਆਂ ਵਾਲਾ ਸਮਝ ਕੋਇ ਨਾ ਪਾਈਆ । ਜਿਸ ਨੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਮਹਿਖਾਸਰ ਸੇਵ ਲਗਾਇਆ, ਗੁਰ ਅਵਤਾਰ ਪੈਗ਼ੰਬਰ ਝਾੜੂ ਬਰਦਾਰ ਲਏ ਬਣਾਇਆ, ਸੋ ਗੁਰਮੁਖਾਂ ਦੇ ਅੰਦਰ ਕਰੇ ਆਪ ਸਫ਼ਾਈਆ । ਸ੍ਰੀ ਭਗਵਾਨ ਸ੍ਰੀ ਸਰ ਵੇਖ ਵਖਾਇਆ, ਜਿਸ ਕਾਰਨ ਗੁਰਮੁਖ ਗੁਰਮੁਖ ਚਲ ਕੇ ਆਇਆ, ਆਪਣਾ ਪੰਧ ਮੁਕਾਈਆ । ਤਿਸ ਦਾ ਲਹਿਣਾ ਦੇਣਾ ਪੂਰਬ ਝੋਲੀ ਪਾਇਆ, ਪਿਛਲੀ ਕੀਤੀ ਸਫ਼ਾਈਆ । ਝਾੜੂ ਕਹੇ ਜੋ ਝਾੜੂ ਨਾਲ ਹਰਿ ਭਗਤ ਦਵਾਰੇ ਜਿਸ ਸੇਵ ਕਮਾਇਆ, ਤਿਸ ਨੂੰ ਬੰਦਗੀ ਵਾਲੇ ਸਾਰੇ ਸੀਸ ਨਿਵਾਈਆ । ਇਹ ਮਾਰਗ ਅਗੰਮ ਅਥਾਹਿਆ, ਅਲਖ ਅਗੋਚਰ ਦਿਤਾ ਚਲਾਈਆ । ਜਿਸ ਨੂੰ ਮੇਟ ਸਕੇ ਨਾ ਕੋਇ ਸ਼ਹਿਨਸ਼ਾਹਿਆ, ਸ਼ਾਹ ਪਾਤਸ਼ਾਹ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਏਕਾ ਨੂਰ ਜੋਤ ਰੁਸ਼ਨਾਇਆ, ਗੁਰ ਅਵਤਾਰ ਪੈਗ਼ੰਬਰ ਨਿਰਗੁਣ ਸਰਗੁਣ ਆਪਣੀ ਖੇਲ ਖਿਲਾਈਆ ।

### ✻ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਸੰਮਤ ਪੰਜ ਕਹੇ ਚੜ੍ਹਿਆ ਜੇਠ ਮਹੀਨਾ, ਮੀਨਾ ਜਲ ਵੇਖ ਵਖਾਈਆ । ਕਲਜੁਗ ਰੋਵੇ ਕੂੜ ਕਮੀਨਾ, ਕਾਮ ਕਰੋਧ ਲੋਭ ਮੋਹ ਹੰਕਾਰ ਦੁਹਾਈਆ । ਜਨ ਭਗਤਾਂ ਠਾਂਡਾ ਕਰੇ ਸੀਨਾ, ਸੀਨਾ ਸਾਹਿਬ ਵੇਖ ਵਖਾਈਆ । ਖੇਲੇ ਖੇਲ ਮੱਕਾ ਮਦੀਨਾ, ਮਾਧਵ ਆਪਣੀ ਕਾਰ ਕਮਾਈਆ । ਲੇਖਾ ਜਾਣੇ

ਰੂਸਾ ਚੀਨਾ, ਚਿੰਤਾ ਸਭ ਨੂੰ ਆਪ ਰਖਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਸੰਤ ਲੱਭੇ ਨਗ਼ੀਨਾ, ਨਰ ਨਿਰੰਕਾਰ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਔਣ ਲੱਗਾ ਪਸੀਨਾ, ਪੇਸ਼ਾਨੀ ਉਤੇ ਹੱਥ ਟਿਕਾਈਆ । ਕੀ ਹੁਕਮ ਮਿਲੇ ਨਵੀਨਾ, ਨਵ ਨੌ ਚਾਰ ਕਾਰ ਕਮਾਈਆ । ਖੇਲੇ ਖੇਲ ਖ਼ਲਕ ਰਹੀਮਾ, ਰਹਿਮਾਨ ਆਪਣਾ ਵੇਸ ਵਟਾਈਆ । ਜਿਸ ਨੇ ਸਭ ਦੀ ਬਦਲ ਦੇਣੀ ਤਾਲੀਮਾ, ਸਿਖਿਆ ਧੁਰ ਦੀ ਇਕ ਦ੍ਰਿੜਾਈਆ । ਕਰੇ ਖੇਲ ਆਲੀਸ਼ਾਨ ਅਜ਼ੀਮਾ, ਆਜ਼ਮ ਆਪਣਾ ਹੁਕਮ ਵਰਤਾਈਆ । ਜਿਸ ਦੀ ਯਾਦ ਕਰਦੇ ਰਹੇ ਕ਼ਦੀਮਾ, ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਸੋ ਸਭ ਦਾ ਵੇਖੇ ਮਰਨਾ ਜੀਣਾ, ਲੱਖ ਚੁਰਾਸੀ ਖੋਜ ਖੁਜਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਕਰੇ ਅਧੀਨਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸੰਮਤ ਪੰਜ ਕਹੇ ਮੇਰਾ ਆ ਗਿਆ ਜੇਠ ਪਿਆਰਾ, ਮੀਤਾ ਇਕ ਅਖਵਾਈਆ । ਜਿਸ ਨੇ ਬੋਲਣਾ ਇਕ ਜੈਕਾਰਾ, ਜਗਤ ਜਹਾਨ ਦੇਣਾ ਸੁਣਾਈਆ । ਪ੍ਰਗਟ ਹੋਇਆ ਚਵੀਆਂ ਅਵਤਾਰਾ, ਪਰਦਾ ਉਹਲਾ ਰਹੇ ਨਾ ਰਾਈਆ । ਜਿਸ ਦਾ ਖੇਲ ਜਗਤ ਤੋਂ ਨਿਆਰਾ, ਨਰ ਨਰਾਇਣ ਆਪ ਕਰਾਈਆ । ਸਜਦੇ ਕਰਨ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਜੋ ਗੋਬਿੰਦ ਧਾਰ ਬਦਲ ਦੁਬਾਰਾ, ਦੋ ਜਹਾਨਾਂ ਵੇਖ ਵਖਾਈਆ । ਸ਼ਬਦੀ ਹੁਕਮ ਇਕ ਇਸ਼ਾਰਾ, ਆਲੀਸ਼ਾਨ ਕਾਰ ਕਮਾਈਆ । ਲੇਖਾ ਜਾਣੇ ਜਗਤ ਗ਼ਦਾਰਾ, ਗਦਾਗਰ ਫੋਲ ਫੁਲਾਈਆ । ਇਕੋ ਨੂਰ ਜੋਤ ਦੇ ਚਮਤਕਾਰਾ, ਅੰਧ ਅੰਧੇਰ ਦਏ ਮਿਟਾਈਆ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਜਿਸ ਦਾ ਲਹਿਣਾ ਦੇਣਾ ਕਾਗ਼ਜ਼ ਕ਼ਲਮ ਨਾ ਲਿਖਣਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਜਿਸ ਦਾ ਰਾਹ ਤਕਦੇ ਜੁਗ ਚੌਕੜੀ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਖੇਲ ਖਿਲਾਈਆ । ਸੰਮਤ ਪੰਜ ਕਹੇ ਮੇਰਾ ਜੇਠ ਪਿਆਰਾ ਸੰਗੀ, ਸੱਜਣ ਸਚ ਸੁਣਾਈਆ । ਜਿਸ ਦਾ ਜੁਗ ਚੌਕੜੀ ਇਕ ਅਨੰਦੀ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਓਹ ਖੇਲੇ ਖੇਲ ਵਿਚ ਵਰਭੰਡੀ, ਬ੍ਰਹਿਮੰਡੀ ਪਰਦਾ ਲਾਹੀਆ । ਜਿਸ ਦੀ ਯਾਦ ਵਿਚ ਗੋਬਿੰਦ ਚਮਕਾਈ ਚੰਡੀ, ਚੰਡਾਲਾਂ ਕਰ ਸਫ਼ਾਈਆ । ਸੋ ਸਾਹਿਬ ਸੂਰਾ ਸਰਬੰਗੀ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਦੀਨਾਂ ਮਜ਼੍ਹਬਾਂ ਤੋੜ ਪਾਬੰਦੀ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਧੁਰ ਸੰਦੇਸ਼ਾ ਦੇ ਕੇ ਸ਼ਬਦ ਜਣਾਏ ਅਗੰਮ ਛੰਦੀ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਸ਼ਬਦੀ ਸਤਿਗੁਰ ਜੋਧਾ ਸੂਰਬੀਰ ਇਕੋ ਜੰਗੀ, ਜਗਤ ਜਹਾਨ ਕਰੇ ਲੜਾਈਆ । ਨਾਮ ਨਗਾਰਾ ਵਜਾ ਮਰਦੰਗੀ, ਮਰਦ ਮਰਦਾਨਾ ਲਏ ਉਠਾਈਆ । ਨੌ ਖੰਡ ਪ੍ਰਿਥਮੀ ਸਾਚਾ ਮਾਰਗ ਕਰੇ ਸਿੱਧੀ ਡੰਡੀ, ਡੰਡਾਵਤ ਇਕੋ ਇਕ ਸਮਝਾਈਆ । ਮਾਇਆ ਮਮਤਾ ਮੋਹ ਵਿਕਾਰੀ ਰਹਿਣ ਦੇਵੇ ਨਾ ਕੋਇ ਘਮੰਡੀ, ਹਉਮੇ ਹੰਗਤਾ ਵੇਖ ਵਖਾਈਆ । ਜਿਸ ਦੇ ਕੋਲ ਚਾਰ ਜੁਗ ਦੀ ਸੰਧੀ, ਸਨਦ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਈਆ । ਸੰਮਤ ਕਹੇ ਮੈਨੂੰ ਜੇਠ ਉਤੇ ਭਰੋਸਾ, ਯਕੀਨ ਇਕ ਜਣਾਈਆ । ਜਿਸ ਨੇ ਸੰਭਾਲਿਆ ਆਪਣਾ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਗੋਬਿੰਦ ਦਾ ਪੂਰਾ ਕਰ ਕੇ ਢੱਈਏ ਵਾਲਾ ਢੌਂਕਾ, ਢੋਲ ਮਰਦੰਗ ਦਿਤਾ ਵਜਾਈਆ । ਸਚ ਦਵਾਰੇ ਆ ਕੇ ਪਹੁੰਚਾ, ਜਿਥੇ ਮਿਲੇ ਮਾਣ ਵਡਿਆਈਆ । ਉਚੀ ਕੂਕ ਸੁਣਾਏ

ਹਰਿ ਭਗਤ ਕਦੇ ਨਾ ਜਾਏ ਔਤਾ, ਸੌਤ ਪ੍ਰਭ ਦੇ ਨਾਲ ਬਣਾਈਆ । ਜਿਸ ਦਾ ਪੁਰਖ ਅਕਾਲ ਇਕੋ ਖ਼ੌਤਾ, ਸੋ ਲੱਖ ਚੁਰਾਸੀ ਆਤਮ ਨਾਰੀ ਲਏ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਪੰਜ ਕਹੇ ਮੇਰਾ ਜੇਠ ਅਗੰਮ ਨਿਰਾਲਾ ਮਿੱਤਰ, ਮਿਤਰੋ ਦਿਆਂ ਜਣਾਈਆ । ਜਿਸ ਨੂੰ ਸਾਹਿਬ ਸਵਾਮੀ ਗਿਆ ਨਾ ਵਿਸਰ, ਜੁਗ ਚੌਕੜੀ ਯਾਦ ਨਾ ਕੋਇ ਭੁਲਾਈਆ । ਜਿਸ ਦਿਨ ਗੋਬਿੰਦ ਨੇ ਬਾਜ਼ ਕੋਲੋਂ ਤੁੜਾਇਆ ਸੀ ਤਿੱਤਰ, ਪਹਿਲੀ ਜੇਠ ਵਕ਼ਤ ਸੁਹਾਈਆ । ਤਿੱਤਰ ਦੀ ਆਤਮਾ ਤਨ ਵਜੂਦ ਵਿਚੋਂ ਨਿੱਕਲ, ਗੋਬਿੰਦ ਚਰਨਾਂ ਸੀਸ ਨਿਵਾਈਆ । ਮੈਂ ਤੇਰਾ ਨੂਰ ਕੋਈ ਵਿਕਾਰ ਧਾਰ ਨਹੀਂ ਪਿਤਲ, ਪਿਤਾ ਪੁਰਖ ਅਕਾਲ ਦੇਣਾ ਮਿਲਾਈਆ । ਗੋਬਿੰਦ ਵੇਖ ਕੇ ਓਸ ਦੀ ਸ਼ਕਲ, ਸ਼ਿਕਵਾ ਅੰਦਰੋਂ ਦਿਤਾ ਕਢਾਈਆ । ਪਿਠ ਤੇ ਹੱਥ ਮਾਰਿਆ ਬਿਨਾ ਤੱਤ ਤੋਂ ਤੇਰੀ ਬਦਲ ਦੇਵਾਂ ਅਕ਼ਲ, ਅਕ਼ਲ ਬੁੱਧੀ ਨਾ ਕੋਇ ਚਤੁਰਾਈਆ । ਜਿਸ ਵੇਲੇ ਮੈਂ ਜਾਮਾ ਧਾਰ ਆਵਾਂ ਬਦਲ, ਬਦਲਾ ਤੇਰਾ ਦਿਆਂ ਚੁਕਾਈਆ । ਤੈਨੂੰ ਕੋਈ ਕਰ ਨਾ ਸਕੇ ਕ਼ਤਲ, ਛੁਰੀ ਕਰਦ ਨਾ ਕੋਇ ਉਠਾਈਆ । ਤੂੰ ਬਹਿਣਾ ਓਸ ਪ੍ਰਭੂ ਦੇ ਪੱਤਨ, ਜਿਥੇ ਬੈਠਾ ਧੁਰਦਰਗਾਹੀਆ । ਤੈਨੂੰ ਕਰਨਾ ਪਏ ਕੋਈ ਨਾ ਯਤਨ, ਯਥਾਰਥ ਆਪੇ ਲਵਾਂ ਮਿਲਾਈਆ । ਓਹ ਖ਼ੁਸ਼ੀਆਂ ਨਾਲ ਲੱਗਾ ਹੱਸਣ, ਹੱਸ ਕੇ ਦਿਤਾ ਸੁਣਾਈਆ । ਮੈਂ ਜਾਣਦਾ ਗੋਬਿੰਦ ਸਦਾ ਗੁਰਸਿੱਖ ਤੇਰੇ ਨਾਲ ਵਸਣ, ਤੇਰਾ ਸੰਗ ਬਣਾਈਆ । ਜ਼ਰਾ ਮੇਰੇ ਵਲ ਕਰ ਲਾ ਅੱਖਨ, ਤੇਰਾ ਦਰਸ਼ਨ ਲਵਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਤੱਕਿਆ ਨੈਣ ਉਘਾੜੀ, ਆਪਣੀ ਦਇਆ ਕਮਾਈਆ । ਤਿੱਤਰ ਆਤਮਾ ਨਿਉਂ ਕੇ ਕਰੀ ਨਿਮਸਕਾਰੀ, ਛੂਹ ਛੂਹ ਲਾਗੀ ਪਾਈਆਂ । ਹੱਸ ਕੇ ਕਿਹਾ ਗੋਬਿੰਦ ਮੈਂ ਪੁਰਖ ਕਿ ਨਾਰੀ, ਮੈਨੂੰ ਦੇ ਸਮਝਾਈਆ । ਗੋਬਿੰਦ ਕਿਹਾ ਤੇਰਾ ਜੋਤ ਨੂਰ ਨਿਰੰਕਾਰੀ, ਦੂਜਾ ਨਜ਼ਰ ਕੋਇ ਨਾ ਆਈਆ । ਓਸ ਰੋ ਕੇ ਕਿਹਾ ਮੈਂ ਚਾਹੁੰਦਾ ਤੇਰੀ ਸੇਵਾ ਕਰਾਂ ਅਪਾਰੀ, ਅਪਰੰਪਰ ਦੇ ਵਡਿਆਈਆ । ਮੇਰੇ ਅੰਤਰ ਨਿਰੰਤਰ ਤੇਰੇ ਪਿਆਰ ਦੀ ਹੋਵੇ ਯਾਰੀ, ਯਾਰਾਨਾ ਅਵਰ ਨਾ ਕੋਇ ਲਗਾਈਆ । ਗੋਬਿੰਦ ਖੰਡਾ ਖਿੱਚ ਕੇ ਤਿੱਖੀ ਵਖਾਈ ਧਾਰੀ, ਮੁੱਠੀ ਧਰਨੀ ਉਤੇ ਟਿਕਾਈਆ । ਓਸ ਖ਼ੁਸ਼ੀ ਵਿਚ ਕਿਹਾ ਮੇਰੀ ਗਰਦਨ ਕੱਟ ਦੇ ਸਾਰੀ, ਸਰ ਤੇਰੇ ਅੱਗੇ ਝੁਕਾਈਆ । ਕਿਉਂ ਬਾਜ਼ਾਂ ਕੋਲੋਂ ਕਰਾਏਂ ਖ਼ੁਆਰੀ, ਮਾਸ ਚੁੰਜਾਂ ਨਾਲ ਤੁੜਾਈਆ । ਗੋਬਿੰਦ ਫੜ ਕੇ ਗੋਦ ਲਿਆ ਉਠਾਲੀ, ਨੂਰ ਨੂਰ ਵਿਚ ਚਮਕਾਈਆ । ਤੈਨੂੰ ਮਾਣ ਵਡਿਆਈ ਦੇਵਾਂ ਬਾਹਲੀ, ਬਾਜ਼ਾਂ ਵਾਲਾ ਆਖ ਸੁਣਾਈਆ । ਜਿਸ ਵੇਲੇ ਕਲਜੁਗ ਹੋਵੇ ਰਾਤ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਤਿੱਤਰ ਨੇ ਕਿਹਾ ਕੀ ਓਸ ਵੇਲੇ ਆਪਣਿਆਂ ਗੁਰਸਿੱਖਾਂ ਕਰੇਂ ਰਖਵਾਲੀ, ਆਪੇ ਹੋਏਂ ਸਹਾਈਆ । ਗੋਬਿੰਦ ਕਿਹਾ ਮੇਰਾ ਪੁਰਖ ਅਕਾਲ ਹੋਵੇ ਬਾਗ਼ ਦਾ ਮਾਲੀ, ਮੈਂ ਸੇਵਕ ਸੇਵਾ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਤਿੱਤਰ ਕਹੇ ਮੇਰੀ ਅਗੰਮੀ ਭਾਖਾ, ਬਿਨ ਰਸਨਾ ਰਸ ਜਣਾਈਆ । ਤੇਰਾ ਦਾਸੀ ਦਾਸਾ, ਸੇਵਕ ਸੇਵਕ ਰੂਪ ਵਟਾਈਆ । ਗੋਬਿੰਦ ਕਹੇ ਮੈਂ ਮੰਨਾ ਤੇਰਾ ਆਖਾ, ਆਖ਼ਰ ਦਿਆਂ ਜਣਾਈਆ । ਤੇਰੇ ਪਿਆਰ ਪਿਛੇ ਸਾਰੀ ਸੰਗਤ ਦਾ ਬਣਾਂ ਰਾਖਾ, ਕੌਲ ਇਕ਼ਰਾਰ ਤੇਰਾ ਪੂਰ ਕਰਾਈਆ । ਤਿੱਤਰ ਨੇ ਕਿਹਾ ਮੇਰੀ ਨਿਗਾਹ ਪੈ ਗਈ ਵਿਚ ਮੱਕਾ ਕਾਅਬਾ, ਮਦੀਨੇ ਮੁੱਦਾ ਵੇਖ ਵਖਾਈਆ । ਗੋਬਿੰਦ ਨੇ ਝਟ ਬਦਲ ਕੇ ਪਾਸਾ, ਹੁਕਮ ਦਿਤਾ ਸੁਣਾਈਆ । ਮੇਰਾ ਨੂਰ ਜੋਤ

ਪ੍ਰਭੂ ਪਰਕਾਸ਼ਾ, ਸ਼ਬਦੀ ਧਾਰ ਗੁਰੂ ਵਡਿਆਈਆ । ਸਭ ਦਾ ਲਹਿਣਾ ਦੇਣਾ ਪੂਰ ਕਰਾਏ ਹਿਸਾਬਾ, ਬਚਿਆ ਰਹਿਣ ਕੋਇ ਨਾ ਪਾਈਆ । ਤੇਰਾ ਲੇਖ ਮੁਕਾਵਾਂ ਸੰਮਤ ਸ਼ਹਿਨਸ਼ਾਹੀ ਪੰਜ ਜਾ ਕੇ ਵਿਚ ਦੋਆਬਾ, ਦੋਹਰੀ ਧਾਰ ਪ੍ਰਗਟਾਈਆ । ਪੰਜਾਂ ਲਿਖਾਰੀਆਂ ਹੋਣਾ ਸਾਥਾ, ਕ਼ਲਮ ਗੋਬਿੰਦ ਵਾਲੀ ਚਲਾਈਆ । ਨਾਲ ਰਲੌਣਾ ਸੁਰਜੀਤ ਸਿੰਘ ਕਾਕਾ, ਰਣਜੀਤ ਕੌਰ ਜਿਸ ਦੀ ਮਾਈਆ । ਅੱਗੇ ਤੋਂ ਬਦਲ ਜਾਣਾ ਪਾਸਾ, ਪੜਦਾ ਭੇਵ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਸਾਚੇ ਜੇਠ ਮੈਂ ਤੈਥੋਂ ਵਾਰੀ, ਵਾਰਤਾ ਦਿਤੀ ਜਣਾਈਆ । ਕਰੇ ਖੇਲ ਆਪ ਨਿਰੰਕਾਰੀ, ਨਿਰਵੈਰ ਧੁਰਦਰਗਾਹੀਆ । ਮੱਕਾ ਮਦੀਨਾ ਪਾਵੇ ਸਾਰੀ, ਪੇਸ਼ੀਨਗੋਈ ਸਭ ਦੀ ਪੂਰ ਕਰਾਈਆ । ਦਰਸ਼ਨ ਦੇਵੇ ਨੂਰ ਉਜਿਆਰੀ, ਪਰਦਾ ਆਪ ਚੁਕਾਈਆ । ਲੇਖਾ ਜਾਣੇ ਜਗਤ ਇਸ਼ਤਿਹਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਹਿਨਸ਼ਾਹੀ ਸੰਮਤ ਪੰਜ ਕਹੇ ਪੰਜ ਜੇਠ ਅੰਮ੍ਰਿਤ ਵੇਲਾ ਹੋਵੇ ਪੰਜ, ਪੰਜਾਂ ਲਿਖਾਰੀਆਂ ਮਿਲੇ ਵਡਿਆਈਆ । ਲਾਲ ਸਿੰਘ ਨੇ ਸਿਰ ਤੋਂ ਨੰਗਾ ਰੱਖਣਾ ਗੰਜ, ਪਗੜੀ ਸੀਸ ਨਾ ਕੋਇ ਟਿਕਾਈਆ । ਸਾਰੀ ਸੰਗਤ ਨੇ ਉਂਗਲੀਆਂ ਰੱਖਣੀਆਂ ਉਪਰ ਦੰਦ, ਦੰਦਾਂ ਹੇਠ ਦਬਾਈਆ । ਫੇਰ ਬਾਹਰ ਲੈਣੀਆਂ ਕੱਢ, ਨੇਤਰ ਚਰਨਾਂ ਉਤੇ ਟਿਕਾਈਆ । ਫੇਰ ਸਭ ਨੇ ਗਾਉਣਾ ਸੋਹੰ ਛੰਦ, ਢੋਲਾ ਅਗੰਮ ਅਥਾਹੀਆ । ਫੇਰ ਮੁਖ ਕਰ ਕੇ ਬੰਦ, ਨੈਣਾਂ ਨੀਰ ਦੇਣਾ ਵਹਾਈਆ । ਫੇਰ ਗੋਬਿੰਦ ਤਕਣਾ ਚੰਦ, ਜਿਸ ਦਾ ਜਲਵਾ ਨੂਰ ਅਲਾਹੀਆ । ਫੇਰ ਪਿਛਾ ਦੇ ਕੇ ਕਰ ਲੈਣੀ ਕੰਡ, ਮੁਖ ਸਾਰੇ ਲੈਣ ਬਦਲਾਈਆ । ਫੇਰ ਉਚੀ ਕੂਕ ਕੇ ਪੌਣੀ ਡੰਡ, ਤੇਰੀ ਮੇਰੀ ਹੋਈ ਜੁਦਾਈਆ । ਫੇਰ ਪੰਜ ਕ਼ਦਮ ਅੱਗੇ ਨੂੰ ਕਰਨਾ ਪੰਧ, ਕ਼ਦਮ ਕ਼ਦਮ ਨਾਲ ਉਠਾਈਆ । ਫੇਰ ਇਕ ਦੂਜੇ ਨਾਲ ਕੰਨੀ ਲੈਣੀ ਗੰਢ, ਪੱਲੂ ਪੱਲੂ ਨਾਲ ਜੁੜਾਈਆ । ਫੇਰ ਇਕ ਇਕ ਲਾਚੀ ਇਕ ਦੂਜੇ ਨੂੰ ਦੇਣੀ ਵੰਡ, ਸਾਚਾ ਸਗਨ ਬਣਾਈਆ । ਫੇਰ ਆਪਣੇ ਮੂੰਹ ਵਿਚ ਸਭ ਨੇ ਪੌਣੀ ਥੋੜ੍ਹੀ ਥੋੜ੍ਹੀ ਖੰਡ, ਰਸ ਰਸਨਾ ਨਾਲ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਲਾਲ ਸਿੰਘ ਦਾ ਸਿਰ ਹੋਣਾ ਨੰਗਾ, ਸੋਹਣਾ ਰੂਪ ਬਣਾਈਆ । ਸਭ ਨੇ ਵਾਰੀ ਵਾਰੀ ਉਸ ਦੇ ਉਤੇ ਲੌਣਾ ਪੰਜਾ, ਸੱਜੇ ਹੱਥ ਨਾਲ ਵਡਿਆਈਆ । ਫੇਰ ਰਸਨਾ ਗਾਉਣਾ ਸੋਹੰ ਛੰਦਾ, ਢੋਲਾ ਕੂਕ ਸੁਣਾਈਆ । ਫੇਰ ਮਾਲਵੇ ਵਾਲਿਆਂ ਲਿਔਣਾ ਇਕ ਕੰਘਾ, ਸੀਸ ਭੇਟ ਦੇਣਾ ਕਰਾਈਆ । ਫੇਰ ਲਾਲ ਸਿੰਘ ਖਲੋਣਾ ਇਕ ਟੰਗਾ, ਭਾਰ ਇਕੋ ਉਤੇ ਰਖਾਈਆ । ਫੇਰ ਮੰਗਣੀ ਇਕ ਮੰਗਾ, ਉਚੀ ਕੂਕ ਕੂਕ ਸੁਣਾਈਆ । ਮੁਖੋਂ ਕਹਿਣਾ ਸਤਿਗੁਰੂ ਤੇਰੇ ਨਾਲੋਂ ਤੇਰਾ ਗੁਰਮੁਖ ਚੰਗਾ, ਜਿਸ ਦੇ ਪਿੱਛੇ ਤੂੰ ਮਾਤਲੋਕ ਫੇਰਾ ਪਾਈਆ । ਤੇਰਾ ਸਮਝੇ ਨਾ ਕੋਈ ਭੇਖ ਪਖੰਡਾ, ਤੇਰੀ ਬੇਪਰਵਾਹੀਆ । ਬਿਨ ਤੇਰੀ ਕਿਰਪਾ ਚੜ੍ਹੇ ਨਾ ਕੋਈ ਮੰਜ਼ਲ ਡੰਡਾ, ਡੰਡਾਵਤ ਕਰਨ ਕੋਇ ਨਾ ਆਈਆ । ਬੇਸ਼ਕ ਤੂੰ ਤੱਤਾਂ ਵਾਲਾ ਬੰਦਾ, ਵਜੂਦ ਜਗਤ ਵਿਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸੰਮਤ ਪੰਜ ਕਹੇ ਜੇਠ ਕੁਛ ਯਾਦ ਕਰ ਲੈ ਕੀਤਾ ਕੌਲ ਇਕਰਾਰ, ਇਕਰਾਰਨਾਮਾ ਦਿਆਂ ਵਖਾਈਆ । ਜਿਸ ਦਾ ਚਾਰ ਜੁਗ ਹੁੰਦਾ ਰਿਹਾ ਤਕਰਾਰ, ਝਗੜਾ ਝਗੜੇ ਵਿਚੋਂ ਪਰਗਟਾਈਆ । ਜਿਸ ਦਾ ਕਰਦੇ ਰਹੇ ਇਜ਼ਹਾਰ, ਸਿਫ਼ਤਾਂ ਵਿਚ ਸਾਲਾਹੀਆ । ਜਿਸ ਨੂੰ ਕਹਿੰਦੇ

ਰਹੇ ਨਿਰੰਕਾਰ, ਪਰਵਰਦਿਗਾਰ ਨੂਰ ਇਲਾਹੀਆ । ਜਿਸ ਦੀਆਂ ਆਸਾਂ ਮਨਸਾਂ ਰੱਖਦੇ ਰਹੇ ਵਿਚ ਸੰਸਾਰ, ਲੋਕਮਾਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਜੇਠ ਕਹੇ ਸੁਣ ਸੰਮਤ ਪੰਜ, ਪੰਚ ਦਿਆਂ ਜਣਾਈਆ । ਸਤਿਗੁਰ ਸ਼ਬਦ ਦਾ ਸ਼ੁਰੂ ਹੋਣਾ ਜੰਗ, ਤਰਫ਼ ਸਿੰਮਤ ਸਮਝ ਕੋਇ ਨਾ ਪਾਈਆ । ਅਨੋਖਾ ਨਿਰਾਲਾ ਕਰਨਾ ਢੰਗ, ਤਰੀਕਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਖੇਲ ਆਪ ਖਿਲਾਈਆ । ਜੇਠ ਕਹੇ ਸੁਣ ਮਿੱਤਰ ਯਾਰ, ਪੰਚਮ ਦਿਆਂ ਜਣਾਈਆ । ਕੀ ਕਹਿਣ ਗੁਰ ਅਵਤਾਰ, ਪੈਗ਼ੰਬਰ ਕੀ ਸੁਣਾਈਆ । ਕੁਛ ਭੇਵ ਖੋਲ੍ਹ ਅਪਾਰ, ਅਪਰੰਪਰ ਇਕ ਦ੍ਰਿੜਾਈਆ । ਕੀ ਕਰਨੀ ਕਰਤਾ ਕਰੇ ਕਰਤਾਰ, ਕ਼ੁਦਰਤ ਦਾ ਮਾਲਕ ਕਾਰ ਕਮਾਈਆ । ਕੀ ਦੀਨ ਦੁਨੀ ਨਾਲੋਂ ਹੋਵੇ ਗ਼ਦਾਰ, ਗਦਾਗਰ ਵੇਸ ਵਟਾਈਆ । ਕੀ ਸਭ ਦਾ ਚੁਕਾ ਦੇਵੇ ਇਤਬਾਰ, ਬੇਇਤਬਾਰੀ ਵਿਚ ਦੁਹਾਈਆ । ਕੀ ਸਤਿਗੁਰੂ ਸ਼ਬਦ ਲੱਖ ਚੁਰਾਸੀ ਭੋਗੇ ਨਾਰ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦਾ ਨੂਰ ਜਿਸ ਦਾ ਤੱਤ ਜਿਸ ਦਾ ਆਕਾਰ, ਸਾਕਾਰ ਰੂਪ ਦਰਸਾਈਆ । ਸੋ ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਵਡ ਵਡਿਆਈਆ । ਸੰਮਤ ਪੰਜ ਦੱਸ ਕੀ ਤੇਰੇ ਵਿਚ ਹੋਣਾ ਬਿਵਹਾਰ, ਕੀ ਤੇਰੀ ਸੇਵਾ ਮਾਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸੰਮਤ ਪੰਜ ਕਹੇ ਮੈਂ ਵੇਖਿਆ ਮਾਰ ਧਿਆਨ, ਅਨਡਿੱਠੜੀ ਅੱਖ ਖੁਲ੍ਹਾਈਆ । ਮੈਨੂੰ ਉਪਜਿਆ ਅਗੰਮ ਗਿਆਨ, ਪੜ੍ਹਨ ਦੀ ਲੋੜ ਰਹੀ ਨਾ ਰਾਈਆ । ਤੱਕਿਆ ਸ੍ਰੀ ਭਗਵਾਨ, ਜੋਤੀ ਜਾਤਾ ਡਗਮਗਾਈਆ । ਝੁੱਲਿਆ ਧਰਮ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਤੱਕਿਆ ਅਨੋਖਾ ਕਾਹਨ, ਨਿਰਗੁਣ ਨੂਰ ਨੂਰ ਪ੍ਰਗਟਾਈਆ । ਸ਼ਬਦ ਸੰਦੇਸ਼ਾ ਸੁਣਿਆ ਬਿਨਾ ਕਾਨ, ਅਨਰਾਗੀ ਰਾਗ ਅਲਾਈਆ । ਮੇਰੀ ਆਇਆ ਨਾ ਵਿਚ ਪਹਿਚਾਨ, ਭਰਮੇ ਭੁੱਲੀ ਸਰਬ ਲੋਕਾਈਆ । ਕੀ ਕਰੇ ਜਗਤ ਵਿਦਵਾਨ, ਅਕ਼ਲ ਬੁੱਧੀ ਨਾ ਕੋਇ ਚਤੁਰਾਈਆ । ਮੈਂ ਵੇਖ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਓਹ ਸਾਹਿਬ ਕਿਰਪਾਲੂ ਬੜਾ ਦਇਆਵਾਨ, ਦੀਨਾਂ ਬੰਧਪ ਇਕ ਅਖਵਾਈਆ । ਜਿਸ ਨੂੰ ਚਾਹੇ ਦੇਵੇ ਮਾਣ, ਮਿਹਰ ਨਜ਼ਰ ਇਕ ਉਠਾਈਆ । ਉਸ ਦਾ ਲੇਖਾ ਜਾਣੇ ਨਾ ਕੋਇ ਇਨਸਾਨ, ਗੁਰ ਅਵਤਾਰ ਪੈਗ਼ੰਬਰ ਸਮਝ ਕੋਇ ਨਾ ਪਾਈਆ । ਮੈਂ ਦੇਵਾਂ ਇਕ ਬਿਆਨ, ਆਸ਼ਾ ਆਪਣੀ ਇਕ ਪ੍ਰਗਟਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਹੇ ਮੇਰੇ ਪ੍ਰਭੂ ਦਾ ਸੋਹਣਾ ਹੋਣਾ ਦਰਬਾਰ, ਹਾੜ ਸਤਾਰਾਂ ਸੋਭਾ ਪਾਈਆ । ਬ੍ਰਹਿਮੰਡ ਖੰਡ ਹੋਣੇ ਸੇਵਾਦਾਰ, ਦੋ ਜਹਾਨ ਭੱਜਣ ਚਾਈਂ ਚਾਈਆ । ਪੁਰੀ ਲੋਅ ਕਰਨ ਨਿਮਸਕਾਰ, ਗਗਨ ਗਗਨੰਤਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਧੂੜੀ ਲਾਵਣ ਛਾਰ, ਟਿੱਕੇ ਖ਼ਾਕ ਰਮਾਈਆ । ਹੁਕਮ ਮਿਲੇ ਸੱਚੀ ਸਰਕਾਰ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਮੈਂ ਸੰਦੇਸ਼ਾ ਦੇਵਾਂ ਸਤਿਜੁਗ ਦੀ ਸਾਚੀ ਬੰਨ੍ਹੇ ਧਾਰ, ਧਰਮ ਦਵਾਰਾ ਇਕ ਸੁਹਾਈਆ । ਮਾਣ ਦੇ ਕੇ ਪੁਰਖ ਨਾਰ, ਇਕੋ ਰੰਗ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੇਰੇ ਅੰਦਰ ਜਗਦੇ ਹੋਣ ਸ਼ਮਾਦਾਨ ਇੱਕੀ, ਇੱਕੀ ਗੁਰਮੁਖ ਹੱਥ ਉਠਾਈਆ । ਸਭ ਦੇ ਮੱਥੇ ਉਤੇ ਲਿਖੀ ਹੋਵੇ ਸਿੱਖੀ, ਸਿਖਿਆ

ਅਵਰ ਨਾ ਕੋਇ ਜਣਾਈਆ । ਸਭ ਦੀ ਨਿਗਾਹ ਗੋਬਿੰਦ ਉਤੇ ਹੋਵੇ ਟਿਕੀ, ਟਿਕਟਿਕੀ ਇਕੋ ਇਕ ਬੰਧਾਈਆ । ਆਸ਼ਾ ਇਕੋ ਉਤੇ ਹੋਵੇ ਸਿੱਟੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਸਭ ਦੇ ਅੰਦਰੋਂ ਆਵਾਜ਼ ਨਿਕਲੇ ਮਿੱਠੀ, ਤੂੰ ਮਾਲਕ ਧੁਰਦਰਗਾਹੀਆ । ਮੇਰੀ ਆਤਮਾ ਤੇਰੇ ਦਵਾਰੇ ਵਿਕੀ, ਕ਼ੀਮਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਇੱਕੀ ਹੋਣ ਚੋਬਦਾਰ, ਨੇਜ਼ੇ ਹੱਥਾਂ ਵਿਚ ਉਠਾਈਆ । ਸਾਚਾ ਬੋਲਣ ਇਕ ਜੈਕਾਰ, ਉਚੀ ਕੂਕ ਕੂਕ ਸੁਣਾਈਆ । ਓਨ੍ਹਾਂ ਦੇ ਕੋਲ ਹੋਣ ਇਸ਼ਤਿਹਾਰ, ਜਿਸ ਦਾ ਲੇਖਾ ਜਗਤ ਨਾ ਕੋਇ ਵਡਿਆਈਆ । ਸਾਰੇ ਫਿਰਨ ਵਿਚ ਇਕ ਕਤਾਰ, ਏਧਰ ਓਧਰ ਨਾ ਕ਼ਦਮ ਟਿਕਾਈਆ । ਅੰਦਰ ਆਸ਼ਾ ਇਕ ਦਾਤਾਰ, ਪ੍ਰਭ ਮਿਲਣ ਦੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੇਰੀ ਪ੍ਰਭ ਦੇ ਅੱਗੇ ਨਿਮਸਕਾਰੀ, ਨਿਉਂ ਨਿਉਂ ਸੀਸ ਨਿਵਾਈਆ । ਜਿਸ ਦੀ ਸਦਾ ਸਦਾ ਸਿਕਦਾਰੀ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਵਰਨਾਂ ਕਰੇ ਪਿਆਰੀ, ਯਾਰੀ ਸਭ ਦੇ ਨਾਲ ਰਖਾਈਆ । ਸਤਿ ਧਰਮ ਦੀ ਕਰ ਤਿਆਰੀ, ਤ੍ਰੈਗੁਣ ਅਤੀਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਸੰਦੇਸ਼ਾ ਦੇਵਾਂ ਪੰਜ ਪਿਆਰੇ, ਪੰਚਮ ਵਿਚ ਜਣਾਈਆ । ਤੁਸਾਂ ਯੋਧੇ ਸੂਰਬੀਰ ਬਣਨਾ ਵਿਚ ਸੰਸਾਰੇ, ਆਪਣਾ ਬਲ ਧਰਾਈਆ । ਬਸਤਰ ਸਭ ਦੇ ਹੋਣੇ ਇਕ ਧਾਰੇ, ਪੀਲਾ ਰੰਗ ਰੰਗਾਈਆ । ਸਾਢੇ ਤਿੰਨ ਹੱਥ ਰੱਸੀ ਸਭ ਨੇ ਰੱਖਣੀ ਆਪਣੇ ਨਾਲੇ, ਆਪਣਾ ਸਾਥ ਬਣਾਈਆ । ਜਿਸ ਵੇਲੇ ਹੁਕਮ ਮਿਲੇ ਆਪਣੇ ਸਤਿਗੁਰ ਨੂੰ ਕਰ ਲੈਣਾ ਗ੍ਰਿਫ਼ਤਾਰੇ, ਹੱਥਕੜੀ ਹੱਥਾਂ ਨਾਲ ਲਗਾਈਆ । ਪੰਜਾਂ ਨੇ ਫਿਰਨਾ ਵਿਚ ਭਗਤਾਂ ਵਾਲੇ ਅਖਾੜੇ, ਸਭ ਨੂੰ ਦੇਣਾ ਵਖਾਈਆ । ਇਹ ਪੁਰਖ ਅਕਾਲ, ਇਹ ਸਤਿਗੁਰ ਦਿਆਲ, ਜਨ ਭਗਤੋ ਧੋਖੇ ਵਿਚ ਮਾਰੇ ਧਾੜੇ, ਧਾੜਵੀ ਵੇਸ ਵਟਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰਾਂ ਦੇ ਘਰ ਉਜਾੜੇ, ਵਸਦਾ ਰਹਿਣ ਕੋਇ ਨਾ ਪਾਈਆ । ਸਭ ਨੂੰ ਫੇਰਿਆ ਵਿਚ ਉਜਾੜੇ, ਗੋਬਿੰਦ ਮਾਛੂਵਾੜੇ ਸੱਥਰ ਸੇਜ ਸੁਹਾਈਆ । ਇਸ ਤੋਂ ਬਦਲੇ ਲੈ ਲਓ ਸਾਰੇ, ਪਿਛਲਾ ਲਹਿਣਾ ਲਓ ਮੁਕਾਈਆ । ਇਹ ਖੇਲ ਅਪਰ ਅਪਾਰੇ, ਅਪਰੰਪਰ ਸਵਾਮੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਸਚ ਜਣਾਵਾਂ, ਭੁੱਲ ਕੋਇ ਨਾ ਜਾਈਆ । ਜਿਸ ਵੇਲੇ ਸਾਹਿਬ ਸਤਿਗੁਰੂ ਦੀਆਂ ਬੱਧੀਆਂ ਹੋਣੀਆਂ ਬਾਹਵਾਂ, ਹੱਥਕੜੀ ਤੁਹਾਡੇ ਹੱਥ ਫੜਾਈਆ । ਫੇਰ ਗੀਤ ਖ਼ੁਸ਼ੀ ਦੇ ਗਾਵਾਂ, ਅਗਲਾ ਭੇਵ ਖੁਲ੍ਹਾਈਆ । ਬਾਕੀ ਸਭ ਨੇ ਰੌਲਾ ਪੌਣਾ ਵਾਂਗ ਕਾਵਾਂ, ਉਚੀ ਕੂਕ ਕੂਕ ਸੁਣਾਈਆ । ਨਾਲੇ ਕਹਿਣਾ ਇਹ ਵੇਖੋ ਨਿਥਾਵਾਂ, ਬਿਨਾ ਭਗਤ ਦਵਾਰਿਉਂ ਘਰ ਨਜ਼ਰ ਕੋਇ ਨਾ ਆਈਆ । ਨਾਲੇ ਕਿਹੋ ਇਹਦੇ ਨਾਲ ਲਿਓ ਕੋਈ ਨਾ ਲਾਵਾਂ, ਉਚੀ ਕੂਕ ਕੂਕ ਸੁਣਾਈਆ । ਸੰਮਤ ਪੰਜ ਕਹੇ ਫੇਰ ਮੇਰੇ ਸਤਿਗੁਰ ਨੇ ਕਹਿਣਾ ਮੈਂ ਆਪਣੀ ਕਿਰਪਾ ਨਾਲ ਬੱਚਿਆਂ ਤੋਂ ਛੁਡਾ ਦੇਵਾਂ ਮਾਵਾਂ, ਗੁਰਮੁਖ ਆਪਣੀ ਗੋਦ ਬਿਠਾਈਆ । ਨਾਤਾ ਤੋੜ ਕੇ ਭੈਣ ਭਰਾਵਾਂ, ਰੀਤੀ ਅਗਲੀ ਇਕ ਸਮਝਾਈਆ । ਜਿਥੇ ਚਾਹਾਂ ਸਿਰ ਦੇਵਾਂ ਠੰਡੀਆਂ ਛਾਵਾਂ, ਅਗਨੀ ਤੱਤ ਗਵਾਈਆ । ਜਿਥੇ ਚਾਹਾਂ ਓਥੇ ਬਹਾਵਾਂ, ਦੋ ਜਹਾਨਾਂ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ ।

੧੩੧੨
੨੧

ਸੰਮਤ ਪੰਜ ਕਹੇ ਸਤਾਰਾਂ ਹਾੜ ਨੂੰ ਪੰਜ ਫੁਟ ਪੰਜ ਉਚੇ ਬਹਿਣ ਲਿਖਾਰੀ, ਲੇਖਾ ਜ਼ਿਮੀਂ ਅਸਮਾਨ ਤਜਾਈਆ । ਪੰਜਾਂ ਦਾ ਰੂਪ ਹੋਵੇ ਇਕ ਸਾਰੀ, ਨਾਰੀ ਪੁਰਸ਼ ਨਾ ਵੰਡ ਵੰਡਾਈਆ । ਸਿਰ ਪੀਲੀ ਬੱਧੀ ਹੋਵੇ ਦਸਤਾਰੀ, ਸੋਹੰ ਮੱਥੇ ਉਤੇ ਲਟਕਾਈਆ । ਪੰਜ ਪੰਜ ਕ਼ਲਮਾਂ ਦੀ ਕਰ ਕੇ ਰੱਖਣੀ ਤਿਆਰੀ, ਤ੍ਰੈਗੁਣ ਅਤੀਤਾ ਆਪ ਜਣਾਈਆ । ਗੋਬਿੰਦ ਨੇ ਪੰਜਾਬੀ ਨੂੰ ਪੰਜਾਬ ਵਿਚ ਲਿਖੌਣਾ ਪਹਿਲੀ ਵਾਰੀ, ਵਾਰਤਾ ਸਭ ਦੀ ਦੇਣੀ ਬਦਲਾਈਆ । ਖੇਲ ਖੇਲਣੀ ਬਣ ਖਿਡਾਰੀ, ਆਪ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜਾਂ ਲਿਖਾਰੀਆਂ ਦਾ ਗਲ ਕ਼ਮੀਜ਼ ਹੋਵੇ ਚਿੱਟਾ, ਪਜਾਮਾ ਚਿੱਟੇ ਨਾਲ ਵਡਿਆਈਆ । ਲਾਲ ਗਾਨਾ ਬੱਧਾ ਹੋਵੇ ਖੱਬਾ ਗਿੱਟਾ, ਮੌਲੀ ਤੰਦ ਸੋਭਾ ਪਾਈਆ । ਸੱਜੇ ਗੁੱਟ ਰੁਮਾਲ ਹੋਵੇ ਚਿੱਟਾ, ਗੰਢਾਂ ਤਿੰਨ ਨਾਲ ਬੰਧਾਈਆ । ਸਭ ਦੇ ਕੋਲ ਆਪਣੀ ਆਪਣੀ ਬੇਨੰਤੀ ਦਾ ਲਿਖਿਆ ਹੋਵੇ ਚਿੱਠਾ, ਜੇਬਾਂ ਵਿਚ ਟਿਕਾਈਆ । ਸਤਿਗੁਰ ਸਰਨ ਹੋਵੇ ਵਿਕਾ, ਕ਼ੀਮਤ ਜਗਤ ਵਾਲੀ ਗਵਾਈਆ । ਸਭ ਦਾ ਸਾਂਝਾ ਹੋਵੇ ਹਿੱਸਾ, ਵਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪ੍ਰਭੂ ਦੇ ਪੰਜ ਹੋਣੇ ਦਰਬਾਰੀ, ਤਨ ਸੋਹਣਾ ਲਬਾਸ ਸੁਹਾਈਆ । ਪੰਜੇ ਕਰ ਕੇ ਔਣ ਤਿਆਰੀ, ਆਪਣਾ ਰੰਗ ਰੰਗਾਈਆ । ਹੱਥ ਵਿਚ ਹੋਵੇ ਨੰਗੀ ਕਟਾਰੀ, ਨਾਤਾ ਕੁਟੰਬ ਨਾਲੋਂ ਤੁੜਾਈਆ । ਪੂਰਬ ਲਹਿਣਾ ਵੇਖੇ ਉਧਾਰੀ, ਹਰਿ ਕਰਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪੰਜ ਦਰਬਾਰੀ ਹੋਣੇ ਕਿਹੜੇ, ਸੰਮਤ ਦੇ ਜਣਾਈਆ । ਖਲੋਵਣ ਕਿਸ ਵਿਹੜੇ, ਧਰਨੀ ਕਵਣ ਸੁਹਾਈਆ । ਮੇਟਣ ਕਿਸ ਬਿਧ ਝੇੜੇ, ਝਗੜਾ ਕੂੜ ਚੁਕਾਈਆ । ਵਸਣਾ ਸਾਚੇ ਖੇੜੇ, ਘਰ ਇਕ ਬਣਾਈਆ । ਇਕ ਦੂਜੇ ਨੂੰ ਕਹਿਣ ਅਸੀਂ ਸਾਰੇ ਪ੍ਰਭੂ ਦੇ ਚੇਰੇ, ਦੂਜਾ ਰਹਿਣ ਕੋਇ ਨਾ ਪਾਈਆ । ਜਿਸ ਮਾਤਲੋਕ ਮਾਰੇ ਫੇਰੇ, ਫਿਰਤ ਫਿਰਤ ਖੋਜ ਖੁਜਾਈਆ । ਉਹ ਕੱਢੇ ਵਿਚੋਂ ਅੰਧੇਰੇ, ਕੂੜੀ ਕਿਰਿਆ ਡੇਰਾ ਢਾਹੀਆ । ਓਹ ਫਿਰਨ ਚਾਰ ਚੁਫੇਰੇ, ਆਪਣੀ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜਾਂ ਦਰਬਾਰੀਆਂ ਦੇ ਲੱਕ ਨੂੰ ਹੋਵੇ ਪੇਟੀ, ਪਟਨੇ ਵਾਲਾ ਗਿਆ ਦ੍ਰਿੜਾਈਆ । ਉਨ੍ਹਾਂ ਵਿਚ ਗੁਰਦਰਸ਼ਨ ਹੋਵੇ ਬੇਟੀ, ਜਿਸ ਦਾ ਲਹਿਣਾ ਪੂਰਾ ਪੂਰ ਕਰਾਈਆ । ਕਪੂਰ ਸਿੰਘ ਨਾਲ ਰਲਣਾ ਛੇਤੀ, ਕੇਹਰ ਸਿੰਘ ਪੱਲੂ ਲੈਣਾ ਗੰਢਾਈਆ । ਮੇਲਾ ਸਿੰਘ ਪਿਛਲਾ ਭੇਤੀ, ਗੰਢ ਆਪਣੀ ਜੋੜ ਜੁੜਾਈਆ । ਚੇਲਾ ਸਿੰਘ ਦੀ ਯਾਦ ਆਈ ਨੇਕੀ, ਨਿੱਕਿਆਂ ਵੱਡਿਆਂ ਵੇਖ ਵਖਾਈਆ । ਗੁਰਮੀਤ ਸਿੰਘ ਮਿਲੇ ਨਾਲ ਤੇਜ਼ੀ, ਤੇਜ਼ ਧਾਰ ਇਕ ਚਮਕਾਈਆ । ਗੁਰਦਰਸ਼ਨ ਸ਼ਬਦ ਸੁਣੌਣਾ ਪੰਜ ਅੱਖਰਾਂ ਵਾਲਾ ਵਿਚ ਅੰਗਰੇਜ਼ੀ, ਸੰਦੇਸ਼ਾ ਸਚ ਸਚ ਜਣਾਈਆ । ਪਹਿਲੀ ਹਾੜ ਨੂੰ ਇਨ੍ਹਾਂ ਪੰਜਾਂ ਦੀ ਪਹਿਲੀ ਪੇਸ਼ੀ, ਪੇਸ਼ੀਨਗੋਈ ਇਕ ਸੁਣਾਈਆ । ਅੱਗੇ ਖੇਲ ਹੋਣੀ ਵਿਦੇਸ਼ੀ, ਦੇਸ਼ ਦਿਸ਼ਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪੰਜ ਪ੍ਰਭ ਦੇ ਹੋਣੇ ਪੁਜਾਰੀ, ਮਸਤਕ ਖ਼ਾਕ ਰਮਾਈਆ । ਮਲ ਸਿੰਘ ਕਰ ਕੇ ਆਉਣਾ ਤਿਆਰੀ, ਤਾਰਾ ਚੰਦ ਨਿਸ਼ਾਨ ਬਣਾਈਆ । ਅਮਰੀਕ ਸਿੰਘ ਤਿੰਨ ਰੰਗ ਦੀ ਲਾ ਕੇ ਔਣਾ ਧਾਰੀ, ਸੂਹਾ ਪੀਲਾ ਨੀਲਾ ਜੋੜ ਜੁੜਾਈਆ । ਕਿਸ਼ਨ ਸਿੰਘ

ਨੇਤਰ ਨੀਰ ਵਹੌਣਾ ਜ਼ਾਰੋ ਜ਼ਾਰੀ, ਅੱਖੀਆਂ ਛਹਿਬਰ ਲਾਈਆ । ਪਰਗਟ ਸਿੰਘ ਖੁਲ੍ਹੀ ਛੱਡ ਕੇ ਦਾੜ੍ਹੀ, ਹੱਥ ਛਾਤੀ ਉਤੇ ਟਿਕਾਈਆ । ਦਿਆਲ ਸਿੰਘ ਨੇ ਲੌਣੀ ਤਾੜੀ, ਡੱਡਾਂ ਵਾਲੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਹਾੜ ਸਤਾਰਾਂ ਕਹੇ ਪੰਜ ਬੈਠੇ ਹੋਣ ਮੁਸਾਹਿਬ, ਸਾਲਸ ਰੂਪ ਬਣਾਈਆ । ਜਿਨ੍ਹਾਂ ਵਿਚੋਂ ਇਕ ਹੋਵੇ ਸਿੰਘ ਅਜਾਇਬ, ਗੱਗੋਬੂਏ ਵਿਚੋਂ ਉਠਾਈਆ । ਪਿਛਲਾ ਲੇਖਾ ਪੂਰਾ ਕਰਨਾ ਵਾਹਦ, ਕਾਂਸ਼ੀਰਾਮ ਮਿਲੇ ਧੁਰ ਦੇ ਮਾਹੀਆ । ਅਗਲਾ ਹੁਕਮ ਹੋਣਾ ਰਾਇਜ, ਗੁਰਨਾਮ ਸਿੰਘ ਜੋੜ ਜੁੜਾਈਆ । ਸਾਚਾ ਮਿਲੇ ਹੁਕਮ ਜਾਇਜ਼, ਜਸਵੰਤ ਸਿੰਘ ਜਿਸਮ ਜ਼ਮੀਰ ਬਦਲਾਈਆ । ਕੂੜੀ ਕਿਰਿਆ ਕਰਨੀ ਗ਼ਾਇਬ, ਹਰਬੰਸ ਸਿੰਘ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਹਾੜ ਸਤਾਰਾਂ ਕਹੇ ਪ੍ਰਭ ਦੀ ਸੋਹਣੀ ਵੇਖਣੀ ਸਭਾ, ਸਰਬ ਸੁਖ ਵਡਿਆਈਆ । ਇੱਕੀ ਗੁਰਮੁਖਾਂ ਆਪਣੀ ਬਦਲਣੀ ਤਬਾ, ਇੱਕੀ ਬੀਬੀਆਂ ਨਾਲ ਰਲਾਈਆ । ਸਭ ਨੇ ਇਕੋ ਮੰਨਣਾ ਅੱਬਾ, ਇਕੋ ਪਿਤਾ ਇਕੋ ਮਾਈਆ । ਜਿਸ ਦੇ ਹੁਕਮ ਅੰਦਰ ਦੋ ਜਹਾਨ ਬੱਧਾ, ਬੰਦਗੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਹਾੜ ਸਤਾਰਾਂ ਕਹੇ ਪੰਜਾਂ ਨੇ ਰੰਗੇ ਹੋਣ ਨੀਲੇ ਪੰਜੇ, ਸੱਜੇ ਹੱਥ ਵਡਿਆਈਆ । ਜਿਹੜੇ ਗੁਰਮੁਖ ਜੀਵਣ ਨਾਲੋਂ ਮਰਨ ਸਮਝਣ ਚੰਗੇ, ਚੰਗੀ ਤਰਾ ਸਮਝਾਈਆ । ਇਕੋ ਪ੍ਰਭ ਦਾ ਲੈਣ ਅਨੰਦੇ, ਰਸ ਵਿਚ ਸਮਾਈਆ । ਪੁੱਜ ਕੇ ਅਖੀਰੀ ਕੰਢੇ, ਆਪਣਾ ਪੱਤਨ ਲੈਣ ਸੁਹਾਈਆ । ਮੰਜ਼ਲ ਚੜ੍ਹ ਕੇ ਡੰਡੇ, ਡੰਡਾਵਤ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਂ ਇਕ ਖੇਲ ਵੇਖਣਾ ਖ਼ਾਸ, ਸਭ ਨੂੰ ਦਿਆਂ ਜਣਾਈਆ । ਰਾਤ ਦੇ ਬਾਰਾਂ ਵਜੇ ਪ੍ਰਭ ਨੇ ਅਨੋਖਾ ਲੌਣਾ ਇਜਲਾਸ, ਗੁਰਮੁਖ ਆਪਣੇ ਨਾਲ ਮਿਲਾਈਆ । ਦੱਸਣੀ ਉਹ ਬਾਤ, ਜਿਹੜੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਸਮਝ ਕਿਸੇ ਨਾ ਆਈਆ । ਸੰਦੇਸ਼ਾ ਦੇਣਾ ਸਤਿਜੁਗ ਦੀ ਰੀਤੀ ਦੀ ਸਿਖ ਲਓ ਜਾਚ, ਯਾਚਕ ਆਪਣੇ ਲੈਣੇ ਬਣਾਈਆ । ਇਕੋ ਹੁਕਮ ਤੇ ਇਕੋ ਬਾਤ, ਬਾਤਨ ਪਰਦਾ ਦੇਣਾ ਖੁਲ੍ਹਾਈਆ । ਸ੍ਰਿਸ਼ਟੀ ਦੇ ਪਰਧਾਨਾਂ ਨੂੰ ਲਿਖਣਾ ਨਾਲ ਕ਼ਲਮ ਦਵਾਤ, ਕ਼ਲਮੇ ਵਾਲਿਆਂ ਦੇਣਾ ਜਗਾਈਆ । ਉਠੋ ਵੇਖੋ ਮਾਰੋ ਝਾਕ, ਝਾਕੀ ਇਕ ਦਰਸਾਈਆ । ਜਿਸ ਨੇ ਸਭ ਨੂੰ ਕਰਨਾ ਰਾਖ, ਰੱਖਕ ਹੋਵੇ ਥਾਉਂ ਥਾਈਂਆ । ਫੇਰ ਕਰਿਓ ਨਾ ਕੋਇ ਪਸਚਾਤਾਪ, ਚਿੰਤਾ ਚਿਖਾ ਨਾ ਕੋਇ ਜਲਾਈਆ । ਸਭ ਨੂੰ ਕਰਨਾ ਪਏ ਇਕੋ ਜਾਪ, ਜਗਜੀਵਣ ਦਾਤਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹਾੜ ਸਤਾਰਾਂ ਕਹੇ ਸਭ ਦੇ ਹਿਰਦੇ ਵਿਚ ਹੋਵੇ ਹਿਰਦਾ, ਹਿਰਦਾ ਹਿਰਦੇ ਵਿਚੋਂ ਪ੍ਰਗਟਾਈਆ । ਜਿਹੜਾ ਸਾਹਿਬ ਵਿਛੜਿਆ ਚਿਰ ਦਾ, ਚਿਰੀ ਵਿਛੁੰਨੇ ਲਏ ਮਿਲਾਈਆ । ਗੁਰਮੁਖ ਪਿਆਰ ਵਿਚ ਦਾਤਾਰ ਹੋਵੇ ਫਿਰਦਾ, ਫਿਰਤ ਫਿਰਤ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਜਨ ਭਗਤਾਂ ਮਸਤਕ ਤਿਲਕ ਲਗੌਣਾ ਕੇਸਰ, ਕੇਸ਼ਵ ਵੇਖ ਵਖਾਈਆ । ਹੁਕਮ ਸੰਦੇਸ਼ਾ ਦੇਣਾ ਪੇਸ਼ਤਰ, ਪੇਸ਼ੀਨਗੋਈ ਇਕ ਦ੍ਰਿੜਾਈਆ । ਪ੍ਰਭ ਦਾ ਖੇਲ ਹੋਣਾ ਦੇਸ਼ ਦੇਸ਼ਾਂਤਰ, ਦਿਸ਼ਾ ਕੂਟ ਫੇਲ ਫੁਲਾਈਆ । ਸਭ ਨੇ ਸਤਿਗੁਰੂ ਮੰਨਣਾ ਨੈਣੀ ਵੇਖ ਕਰ, ਬਿਨ ਡਿੱਠਿਆਂ ਸੀਸ ਨਾ ਕੋਇ

੧੩੧੩
੨੧

ਨਿਵਾਈਆ । ਗੁਰੂ ਮੰਨਿਉਂ ਨਾ ਕਦੇ ਕੇਸ ਸੀਸ ਧੜ, ਬਿਨਾ ਸ਼ਬਦ ਨਾ ਕੋਇ ਚਤੁਰਾਈਆ । ਜਿਸ ਦਾ ਖੇਲ ਸਦਾ ਚੋਟੀ ਜੜ੍ਹ, ਚੇਤਨ ਆਪਣੀ ਕਾਰ ਕਮਾਈਆ । ਜਿਸ ਵਿਚ ਚਾਹੇ ਓਸੇ ਅੰਦਰ ਜਾਏ ਵੜ, ਔਂਦਾ ਜਾਂਦਾ ਨਜ਼ਰ ਕੋਇ ਨਾ ਆਈਆ । ਜਿਹੜੀ ਵਿਦਿਆ ਚਾਹੇ ਬਿਨਾ ਅੱਖਰਾਂ ਤੋਂ ਲਏ ਪੜ੍ਹ, ਲਿਖਣ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਨਾ ਜਨਮੇ ਨਾ ਜਾਏ ਮਰ, ਮਰ ਜੀਵਤ ਨਾ ਰੂਪ ਵਟਾਈਆ । ਜਨ ਭਗਤੋ ਗੋਬਿੰਦ ਵਡਿਆਈ ਮਿਲਣੀ ਦਸ ਜਾਮੇ ਐਸ ਦਰ, ਦੂਜੀ ਵੰਡ ਨਾ ਕੋਇ ਵੰਡਾਈਆ । ਗੁਰੂ ਗੱਦੀ ਦੀ ਆਸ ਕੋਈ ਨਾ ਰੱਖਿਓ ਆਪਣੀ ਕਰ, ਕਰਾਮਾਤ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਤੁਹਾਨੂੰ ਸਭ ਨੂੰ ਲਿਆ ਵਰ, ਧੁਰ ਦੇ ਮਾਲਕ ਚਰਨ ਕਵਲ ਦਿਤੀ ਸਰਨਾਈਆ । ਜਿਸ ਮੰਜ਼ਲ ਨੂੰ ਗੁਰ ਅਵਤਾਰ ਪੈਗੰਬਰ ਦੱਸ ਕੇ ਗਏ ਪ੍ਰਭੂ ਦਾ ਘਰ, ਓਹ ਘਰਾਨਾ ਤੁਹਾਡਾ ਦਿਤਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਣਾ ਓਸ ਸਾਹਿਬ ਦਾ ਰਾਜ, ਜਿਸ ਨੂੰ ਰਾਜਾਨ ਸੀਸ ਨਿਵਾਈਆ । ਜਿਸ ਦਾ ਮੁਕਟ ਤੋਂ ਬਣਾ ਕੇ ਤਾਜ, ਤਖ਼ਤ ਨਿਵਾਸੀ ਸੀਸ ਸੁਹਾਈਆ । ਚਾਰ ਜੁਗ ਦਾ ਬਦਲ ਰਿਵਾਜ, ਰਹਿਮਤ ਹੱਕ ਕਮਾਈਆ । ਸਤਿ ਦਾ ਕਰ ਕੇ ਕਾਜ, ਸਚ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਮੇਰੀ ਅਰਦਾਸ, ਬੰਦਨਾ ਇਕ ਜਣਾਈਆ । ਪੂਰਬ ਦੀ ਖ਼ਾਹਸ਼, ਆਸ਼ਾ ਵਿਚ ਦੁਹਾਈਆ । ਪੰਜ ਜੇਠ ਸੋਹਣੀ ਪਰਭਾਤ, ਪਰਭਾਤੀ ਵੇਖ ਵਖਾਈਆ । ਗੁਰਮੁਖੋ ਸਭ ਨੇ ਨਹਾ ਕੇ ਹੋਣਾ ਸਾਫ਼, ਫੇਰ ਸਭਾ ਭਗਤਾਂ ਬੈਠਣਾ ਚਾਈਂ ਚਾਈਆ । ਕਿਰਪਾ ਕਰੇ ਪ੍ਰਭੂ ਪ੍ਰਭ ਆਪ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਜੇਠ ਕਹੇ ਕਿਉਂ ਗੁਰਮੁਖ ਸਿੰਘ ਸੋਹੰ ਲਿਖਿਆ ਉਪਰ ਛਾਤੀ, ਛਤਰਧਾਰੀ ਦਏ ਸਮਝਾਈਆ । ਇਕ ਦਿਨ ਰਵਿਦਾਸ ਨਾਲੋਂ ਵਿਛੋੜੇ ਵਾਲੀ ਪ੍ਰਭ ਨੇ ਚੰਗੀ ਸਮਝੀ ਰਾਤੀ, ਆਪਣਾ ਆਪ ਛੁਪਾਈਆ । ਉਸ ਨੇ ਹੱਸ ਕੇ ਕਿਹਾ ਵਾਹ ਮੇਰੇ ਕਮਲਾਪਾਤੀ, ਤੇਰੀ ਬੇਪਰਵਾਹੀਆ । ਤੂੰ ਚੜ੍ਹ ਜਾ ਆਪਣੀ ਘਾਟੀ, ਮੈਂ ਤੇਰੀ ਮੰਜ਼ਲ ਡੇਰਾ ਲਾਈਆ । ਧੁਰ ਦਾ ਬਣ ਕੇ ਸਾਥੀ, ਕਿਉਂ ਬੈਠਾ ਮੁਖ ਛੁਪਾਈਆ । ਮੇਰਾ ਝਗੜਾ ਨਹੀਂ ਕਾਗ਼ਜ਼ਾਤੀ, ਅੱਖਰਾਂ ਵਾਲੀ ਨਾ ਕੋਇ ਲੜਾਈਆ । ਸ਼ਬਦੀ ਧਾਰ ਸ਼ਬਦ ਸਮਾਜੀ, ਸ਼ਬਦੀ ਸ਼ਬਦ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਰਵਿਦਾਸ ਕਿਹਾ ਮੈਥੋਂ ਵਿਛੜ ਕੇ ਮੇਰੇ ਭੂਪ, ਕੀ ਮਿਲੀ ਵਡਿਆਈਆ । ਕਿਥੇ ਕਰ ਕੇ ਗਿਉਂ ਕੂਚ, ਆਪਣਾ ਪੰਧ ਮੁਕਾਈਆ । ਕਿ ਬਣ ਕੇ ਮੋਹਣੀ ਰੂਪ, ਭੋਲੇ ਨਾਥ ਆਇਆ ਭੁਲਾਈਆ । ਕਿ ਫਿਰ ਕੇ ਚਾਰੇ ਕੂਟ, ਚਾਰੇ ਖਾਣੀ ਫੋਲ ਫੁਲਾਈਆ । ਪੁਰਖ ਅਕਾਲ ਕਿਹਾ ਮੇਰਾ ਖੇਲ ਜਿਸ ਦਾ ਦੇਵੇ ਨਾ ਕੋਇ ਸਬੂਤ, ਸਮਝ ਵਿਚ ਕਿਸੇ ਨਾ ਆਈਆ । ਮੈਂ ਮਾਲਕ ਕਾਇਆ ਕਲਬੂਤ, ਲੱਖ ਚੁਰਾਸੀ ਮੇਰੀ ਬਣਤ ਬਣਾਈਆ । ਰਵਿਦਾਸ ਕਿਹਾ ਕੀ ਲੇਖਾ ਪੰਜ ਭੂਤ, ਪੜਦਾ ਦੇ ਉਠਾਈਆ । ਪੁਰਖ ਅਕਾਲ ਕਿਹਾ ਜ਼ਰਾ ਅੱਖਾਂ ਨੂਟ, ਨੇਤਰ ਬੰਦ ਕਰਾਈਆ । ਜਾਂ ਵੇਖਿਆ ਤੇ ਕਲਜੁਗ ਜੂਠ ਝੂਠ, ਭਰਮਾਂ ਵਿਚ ਭਰਮਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਰਹੇ ਨਾ ਕੋਇ ਸਬੂਤ, ਸਪੂਤ ਨਜ਼ਰ ਕੋਇ ਨਾ ਆਈਆ । ਬਿਨਾ ਦਇਆ ਤੋਂ ਰਵਿਦਾਸਾ ਟੁੱਟੇ ਗੰਢੇ ਨਾ ਜਾਣ ਜੂਤ, ਚੰਮ ਦ੍ਰਿਸ਼ਟੀ

ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਈਆ । ਰਵਿਦਾਸ ਕਿਹਾ ਵਾਹ ਮੇਰੇ ਕਿਰਪਾ ਨਿਧਾਨ ਸ਼ਬਦੀ ਧਾਰ ਸ਼ਾਸਤਰੀ, ਤੇਰੀ ਅਕਲ ਬੁੱਧੀ ਨਜ਼ਰ ਕੋਇ ਨਾ ਆਈਆ । ਵੇਖ ਅੰਧੇਰੀ ਰਾਤਰੀ, ਅੰਧ ਅੰਧੇਰਾ ਛਾਈਆ । ਪੁਰਖ ਅਕਾਲ ਕਿਹਾ ਰਵਿਦਾਸ ਕਲਜੁਗ ਲਹਿਣਾ ਬਾਤਨੀ, ਭੇਵ ਕੋਇ ਨਾ ਆਈਆ । ਮੇਰੀ ਧਾਰ ਕਿਸੇ ਨਾ ਵਾਚਣੀ, ਵਾਚਕ ਕਰੇ ਨਾ ਕੋਇ ਪੜ੍ਹਾਈਆ । ਪਹਿਲੋਂ ਤੈਨੂੰ ਕਲਜੁਗ ਚੜ੍ਹੌਣਾ ਉਪਰ ਸਾਂਡਨੀ, ਨੀਲੇ ਰੰਗ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਫੇਰ ਪ੍ਰਭੂ ਨੇ ਹੱਥ ਰੱਖਿਆ ਉਪਰ ਕੰਧੇ, ਠਕੋਰ ਕੇ ਦਿਤਾ ਹਿਲਾਈਆ । ਕਲਜੁਗ ਅੰਤ ਪ੍ਰਭੂ ਦਾ ਭੇਵ ਨਾ ਪਾਵਣ ਬੰਦੇ, ਬੰਦਗੀ ਵਾਲਾ ਸਮਝ ਕੋਇ ਨਾ ਪਾਈਆ । ਓਸ ਵੇਲੇ ਰਵਿਦਾਸ ਤੇਰੇ ਕੋਲੋਂ ਦਾਤਰੀ ਨੂੰ ਕਢੌਣੇ ਪੁੱਠੇ ਦੰਦੇ, ਪੁੱਠੀ ਮਤ ਬਣਾਈਆ । ਬਿਨ ਕਿਰਪਾ ਤੋਂ ਟੁੱਟੀ ਕੋਇ ਨਾ ਗੰਢੇ, ਗੰਢਣਹਾਰ ਨਾ ਕੋਇ ਅਖਵਾਈਆ । ਫੇਰ ਤੂੰ ਚੰਮ ਵੇਖਣੇ ਨਹੀਂ ਕਿਸੇ ਢੋਰ ਸੰਢੇ, ਰੰਬੀ ਆਰ ਦੇ ਥਾਂ ਕ਼ਲਮ ਦੇਣੀ ਚਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਭਗਤਾਂ ਦੇ ਚਰਨ ਚੁੰਮੇ, ਨਿਉਂ ਨਿਉਂ ਸੀਸ ਨਿਵਾਈਆ । ਮੈਂ ਸੰਤ ਸੁਹੇਲੇ ਓਹ ਲੱਭਣੇ ਜਿਹੜੇ ਚਾਰ ਜੁਗ ਦੇ ਗੁੰਮੇ, ਲੱਖ ਚੁਰਾਸੀ ਵਿਚੋਂ ਫੋਲ ਫੁਲਾਈਆ । ਅੰਮ੍ਰਿਤ ਰਸ ਬਣੌਣੇ ਕਾਮੀ ਕਰੋਧੀ ਹੰਕਾਰੀ ਵਿਕਾਰੀ ਕੌੜੇ ਵਾਂਗ ਤੁੰਮੇ, ਤੁਖ਼ਮ ਤਾਸੀਰ ਦੇਣਾ ਬਦਲਾਈਆ । ਰਵਿਦਾਸ ਨਿਉਂ ਕੇ ਚਰਨ ਚੁੰਮੇ, ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਰਵਿਦਾਸ ਫੇਰ ਵੇਖਿਆ ਉਪਰ ਨੀਲੇ ਅਸਮਾਨ, ਇਸਮ ਇਕੋ ਨਜ਼ਰੀ ਆਈਆ । ਜਿਸ ਦਾ ਨੀਲੀ ਟਾਕੀ ਇਕ ਨਿਸ਼ਾਨ, ਸੱਜੇ ਗੁੱਟ ਉਤੇ ਸੁਹਾਈਆ ।

੧੩੧੫ ੨੧

ਗੋਬਿੰਦ ਦੇ ਕੇ ਗਿਆ ਬਿਆਨ, ਉਚੀ ਕੂਕ ਕੂਕ ਜਣਾਈਆ । ਜਿਸ ਵੇਲੇ ਕਲਜੁਗ ਕਿਰਿਆ ਮੱਚਿਆ ਘਮਸਾਨ, ਕਾਮ ਕਰੋਧ ਲੋਭ ਮੋਹ ਹੰਕਾਰ ਲੜਾਈਆ । ਬਚਿਆ ਰਹੇ ਨਾ ਕੋਇ ਜਵਾਨ, ਸੂਰਬੀਰ ਨਾ ਕੋਇ ਅਖਵਾਈਆ । ਪਰਗਟ ਹੋਏ ਸ੍ਰੀ ਭਗਵਾਨ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅੰਮ੍ਰਿਤ ਗੋਬਿੰਦ ਪੀਣ ਵਾਲੇ ਅੰਦਰੋਂ ਹੋਵਣ ਬੇਈਮਾਨ, ਸਤਿ ਧਰਮ ਨਾ ਕੋਇ ਕਮਾਈਆ । ਓਹ ਪੁਰਾਣੇ ਬਾਟੇ ਦੀ ਬਾਟੀ ਸਭ ਦਾ ਲੇਖਾ ਵੇਖੇ ਵਿਚ ਜਹਾਨ, ਜਹਾਲਤ ਕੂੜੀ ਕੂੜ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੇਰੀ ਬਦਲ ਚਲੀ ਆਦਤ, ਅਦਲੀ ਦਿਆਂ ਜਣਾਈਆ । ਤੇਰੀ ਸਮਝ ਕੇ ਇਕ ਇਬਾਦਤ, ਅਦਬ ਨਾਲ ਸੀਸ ਝੁਕਾਈਆ । ਨਾਮ ਤੇਰਾ ਨਿਆਮਤ, ਰਸ ਅਨੋਖਾ ਨਜ਼ਰੀ ਆਈਆ । ਸਦੀ ਚੌਧਵੀਂ ਦਿਸੇ ਕਿਆਮਤ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸੰਮਤ ਪੰਜ ਕਹੇ ਜਿਨ੍ਹਾਂ ਭਗਤਾਂ ਪਿਛੇ ਭਗਤ ਦਵਾਰ ਦਾ ਰੱਖਿਆ ਨਾਂ, ਨਿਰੰਕਾਰ ਦਿਤੀ ਵਡਿਆਈਆ । ਮਨਜੀਤ ਜਗਦੀਸ਼ ਦੀ ਰਣਜੀਤ ਕੌਰ ਮਾਂ, ਬੇਟੀ ਪ੍ਰਭ ਦੀ ਇਕ ਵਡਿਆਈਆ । ਜਿਸ ਨੇ ਸਭ ਨੂੰ ਦਿਤੀ ਥਾਂ, ਨਿਥਾਵਿਆਂ ਓਟ ਬਣਾਈਆ । ਸਭ ਨੂੰ ਰਹੀ ਸਮਝਾ, ਬੱਚਿਆਂ ਬਾਲਿਆਂ ਇਕ ਦ੍ਰਿੜਾਈਆ । ਇਹ ਭੂਮਿਕਾ ਅਗੰਮ ਗਰਾਂ, ਜਿਥੇ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਾਰਾਂ ਹਾੜ ਕਹੇ ਮੈਂ ਮਨਜੀਤ ਜਗਦੀਸ਼ ਦੀ ਕਰਨੀ ਸ਼ਾਦੀ, ਸ਼ਾਦਿਆਨਾ ਇਕ ਵਜਾਈਆ । ਜਨ ਭਗਤੋ ਤੁਹਾਡੀ ਵਧਣੀ ਆਬਾਦੀ, ਪ੍ਰਭ ਲੇਖਾ ਲੇਖੇ ਨਾਲ ਮਿਲਾਈਆ । ਕੂੜੀ ਸ੍ਰਿਸ਼ਟੀ ਦੀ ਹੋਣੀ

ਬਰਬਾਦੀ, ਬੰਦਗੀ ਵਾਲੇ ਦੇਣ ਦੁਹਾਈਆ । ਜਿਨ੍ਹਾਂ ਦੀ ਆਤਮ ਸੋਈ ਜਾਗੀ, ਜਾਗਰਤ ਜੋਤ ਵਿਚ ਰੁਸ਼ਨਾਈਆ । ਹੰਸ ਬੁੱਧੀ ਹੋਈ ਕਾਗੀ, ਕੂੜ ਕਲਪਣਾ ਡੇਰਾ ਢਾਹੀਆ । ਸਚ ਦਵਾਰ ਹੋਏ ਵਡਭਾਗੀ, ਦਰਗਾਹ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਾਰਾਂ ਹਾੜ ਕਹੇ ਰਣਜੀਤ ਨੇ ਕਪੜੇ ਪੌਣੇ ਸੂਹੇ, ਸੋਹਣਾ ਰੰਗ ਰੰਗਾਈਆ । ਭਗਤ ਦਵਾਰ ਦੇ ਖੁਲ੍ਹੇ ਰੱਖਣੇ ਬੂਹੇ, ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਨੌ ਗੁਰਸਿਖ ਬੜੇ ਸੁਚੱਜੇ ਪਹਿਰੇਦਾਰ ਹੋਣੇ ਸੂਹੇ, ਖ਼ਬਰ ਸੁਣਨ ਥਾਉਂ ਥਾਈਂਆ । ਨੌ ਗੁਰਸਿੱਖ ਫਿਰਨ ਭਗਤਾਂ ਦੀ ਵਿਚ ਜੂਹੇ, ਸੇਵਾਦਾਰ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਰੰਗ ਇਕੋ ਇਕ ਰੰਗਾਈਆ । ਸਤਾਰਾਂ ਹਾੜ ਕਹੇ ਸੰਦੇਸ਼ਾ ਦੇਵਾਂ ਲੀਲਾਵੰਤੀ, ਫ਼ਰਮਾਨਾ ਇਕ ਜਣਾਈਆ । ਹੱਥ ਵਿਚ ਉਠਾਈ ਹੋਵੇ ਮੋਮਬੱਤੀ, ਲੰਮੀ ਸਵਾ ਹੱਥ ਜਣਾਈਆ । ਕੇਸਰ ਹੋਵੇ ਨੌ ਰਤੀ, ਵਜ਼ਨ ਇਕੋ ਵਾਰ ਤੁਲਾਈਆ । ਸੋਹੰ ਮਸਤਕ ਹੋਵੇ ਪੱਟੀ, ਅੱਖਰਾਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪੰਜ ਲਿਖਾਰੀ ਆਪੋ ਆਪਣੀ ਲਿਖਣ ਕਿਤਾਬ, ਦੂਸਰ ਮੰਗ ਨਾ ਕੋਇ ਮੰਗਾਈਆ । ਆਪਣੇ ਆਪਣੇ ਕੰਨੀ ਸੁਣਨ ਆਵਾਜ਼, ਦੂਸਰ ਪੁੱਛਣ ਕੋਇ ਨਾ ਪਾਈਆ । ਆਪ ਆਪਣਾ ਦੇਵਣ ਸਾਥ, ਸੰਗੀ ਵਲ ਨਾ ਧਿਆਨ ਜਣਾਈਆ । ਸਾਫ਼ ਸੁਥਰੇ ਹੋ ਕੇ ਬੈਠਣ ਪਾਕ, ਕੂੜੀ ਕਿਰਿਆ ਨਾ ਅੰਦਰ ਵਸਾਈਆ । ਇਕ ਇਕ ਕੋਲ ਰੱਖਣ ਚਿੱਟਾ ਚਾਕ, ਚਾਕਰ ਆਪਣਾ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਸੋਹੰ ਸਭ ਦੀ ਲਿਖਿਆ ਹੋਵੇ ਉਪਰ ਛਾਤੀ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਸਾਰੇ ਵਿਕਣੇ ਪ੍ਰਭ ਦੀ ਹਾਟੀ, ਨਾਮ ਕੰਡੇ ਤਰਾਜੂ ਤੋਲ ਤੁਲਾਈਆ । ਮਾਣ ਰਹੇ ਨਾ ਕਿਸੇ ਵੱਡੀ ਛੋਟੀ ਜ਼ਾਤੀ, ਚਾਰ ਵਰਨ ਇਕੋ ਰੰਗ ਰੰਗਾਈਆ । ਸਤਿਗੁਰੂ ਦਵਾਰੇ ਸਭ ਦੀ ਸਾਂਝੀ ਹੋਵੇ ਹਯਾਤੀ, ਜੀਵਣ ਵੰਡ ਨਾ ਕੋਇ ਕਰਾਈਆ । ਆਤਮ ਪਰਮਾਤਮ ਬਣੌਣਾ ਸੱਚਾ ਸਾਥੀ, ਸਗਲਾ ਸੰਗ ਰਖਾਈਆ । ਜਿਹੜਾ ਸਤਿਗੁਰ ਦੀ ਮੰਨੇ ਨਾ ਆਖੀ, ਓਸ ਦਾ ਲੇਖਾ ਗੁਰਮੁਖੋ ਤੁਹਾਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੰਮਤ ਪੰਜ ਕਹੇ ਪ੍ਰਭ ਦਾ ਸੁਣੋ ਸ਼ਬਦ ਨਗਾਰਾ, ਅਗੰਮ ਅਥਾਹ ਵਜਾਈਆ । ਜਿਸ ਦਾ ਆਦਿ ਜੁਗਾਦੀ ਇਕ ਦਵਾਰਾ, ਦਵਾਰਕਾ ਵਾਸੀ ਸੀਸ ਨਿਵਾਈਆ । ਜਿਸ ਨੂੰ ਆਦਿ ਅੰਤ ਭਗਤ ਪਿਆਰਾ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਇਕੋ ਰੰਗ ਰੰਗਾਏ ਵਿਆਹਿਆ ਕਵਾਰਾ, ਦੂਸਰ ਵੰਡ ਨਾ ਕੋਇ ਕਰਾਈਆ । ਪ੍ਰਭ ਦੀ ਮੰਜ਼ਲ ਸ਼ਬਦ ਗੁਰੂ ਦਾ ਇਸ਼ਾਰਾ, ਪੂਜਾ ਪਾਠ ਨਾ ਕੋਇ ਚਤੁਰਾਈਆ । ਜਿਸ ਨੂੰ ਚਾਹੇ ਕਿਰਪਾ ਕਰ ਦੇਵੇ ਆਪ ਨਿਰੰਕਾਰਾ, ਨਿਰਵੈਰ ਆਪਣਾ ਰੰਗ ਰੰਗਾਈਆ । ਜਨ ਭਗਤੋ ਲੇਖਾ ਸੋਹਣਾ ਦੱਸਾਂ ਸਤਾਰਾਂ ਹਾੜਾ, ਇਕ ਸੱਤ ਸਤਾਰਾਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਚਵੀਆਂ ਅਵਤਾਰਾ, ਅਵਤਰ ਆਪਣਾ ਹੁਕਮ ਵਰਤਾਈਆ ।

## ੫ ਜੇਠ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ

ਪੰਜ ਜੇਠ ਕਹੇ ਸੁਣ ਸ਼ਹਿਨਸ਼ਾਹੀ ਪੰਜ ਸੰਮਤ, ਸਮੇਂ ਦੀ ਧਾਰ ਸਮੇਂ ਵਿਚੋਂ ਦ੍ਰਿੜਾਈਆ । ਹਰਿਜਨ ਹਰਿਭਗਤ ਗੁਰਮੁਖ ਬਣੇ ਨਾ ਕੋਇ ਹਰਾਮ ਨਿਮਕ, ਸ਼ਬਦ ਸੰਦੇਸ਼ਾ ਧੁਰਦਰਗਾਹੀਆ । ਇਹ ਆਸਾ ਰੱਖੀ ਜਿਸ ਵੇਲੇ ਖੱਲ ਲੱਥੀ ਤਬਰੇਜ਼ ਸ਼ੱਮਸ਼, ਸ਼ਮਅ ਨੂਰ ਜੋਤ ਚਮਕਾਈਆ । ਪਰਵਰਦਿਗਾਰ ਮਾਰੀ ਰਮਜ਼, ਅਲਾਹੀ ਕਲਮੇ ਨਾਲ ਦ੍ਰਿੜਾਈਆ । ਬੁੱਧੀ ਤੋਂ ਪਰੇ ਦੇ ਕੇ ਸਮਝ, ਪਰਦਾ ਪਰਦਾਨਸ਼ੀਂ ਦਿਤਾ ਉਠਾਈਆ । ਤੇਰੀ ਮਨਜ਼ੂਰ ਕਰਾਂ ਅਰਜ਼, ਆਰਜ਼ੂ ਆਪਣੇ ਲੇਖੇ ਲਾਈਆ । ਪੂਰਾ ਨਿਭਾਵਾਂ ਫ਼ਰਜ਼, ਫ਼ਰਜ਼ੀ ਧਾਰ ਨਾ ਕੋਇ ਵਖਾਈਆ । ਜਨ ਭਗਤਾਂ ਮਿਲਣ ਦੀ ਮੈਨੂੰ ਹੋਵੇ ਗ਼ਰਜ਼, ਗ਼ਰਜ਼ ਆਪਣੀ ਇਕ ਉਪਜਾਈਆ । ਜਿਹੜੀ ਤੇਰੇ ਅੰਦਰ ਸਚ ਪ੍ਰੇਮ ਦੀ ਦਿਤੀ ਤਰਜ਼, ਸੋ ਸੋਹਣੀ ਦਿਆਂ ਦ੍ਰਿੜਾਈਆ । ਕਰਾਂ ਖੇਲ ਜਗਤ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦਗੀਰ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟਾਂ ਤਸ਼ੱਦਦ, ਚਾਰੋਂ ਕੁੰਟ ਖੋਜ ਖੁਜਾਈਆ । ਲੇਖਾ ਰਹੇ ਨਾ ਕਿਸੇ ਮੌਲਵੀ ਸੱਯਦ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਸਭ ਦਾ ਲੇਖਾ ਲਹਿਣਾ ਦੇਣਾ ਦੇਵਾਂ ਨਕ਼ਦ, ਜਗਤ ਉਧਾਰ ਨਾ ਕੋਇ ਵਡਿਆਈਆ । ਮੈਂ ਪ੍ਰਗਟ ਹੋਵਾਂ ਭਗਤਾਂ ਕਾਰਨ ਫ਼ਕ਼ਤ, ਫ਼ਿਕਰਾ ਇਕੋ ਦੇਣਾ ਸਮਝਾਈਆ । ਪੰਜ ਜੇਠ ਸੁਹੰਜਣਾ ਹੋਵੇ ਵਕ਼ਤ, ਥਿਤ ਪਲ ਘੜੀ ਮਿਲੇ ਵਡਿਆਈਆ । ਕਰਾਂ ਖੇਲ ਧਰਨੀ ਉਤੇ ਜਗਤ, ਜਾਗਰਤ ਜੋਤ ਡਗਮਗਾਈਆ । ਫੇਰ ਨਿਰਗੁਣ ਧਾਰ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਸਭ ਦੀ ਪੂਰੀ ਕਰਾਂ ਸ਼ਰਤ, ਗੁਰ ਅਵਤਾਰ ਪੈਗ਼ੰਬਰਾਂ ਲੇਖਾ ਦਿਆਂ ਚੁਕਾਈਆ । ਲਹਿਣਾ ਦੇਣਾ ਜਾਣਾਂ ਉਤੇ ਅਰਸ਼, ਅਰਸ਼ੀ ਹੋ ਕੇ ਪਰਦਾ ਲਾਹੀਆ । ਜਨ ਭਗਤਾਂ ਦੇਵਾਂ ਆਪਣਾ ਦਰਸ, ਦਰਸ ਦੀਦਾਰ ਇਕ ਕਰਾਈਆ । ਗ਼ਰੀਬ ਨਿਮਾਣਿਆਂ ਉਤੇ ਕਰਾਂ ਤਰਸ, ਰਹਿਮਤ ਨਾਮ ਸਚ ਕਮਾਈਆ । ਜਨਮ ਜਨਮ ਦੀ ਮੇਟਾਂ ਹਰਸ, ਹਵਸ ਕੂੜੀ ਦਿਆਂ ਗਵਾਈਆ । ਗੋਬਿੰਦ ਦੀ ਪੂਰੀ ਕਰਾਂ ਸ਼ਰਤ, ਸ਼ਹਿਨਸ਼ਾਹ ਹੋ ਕੇ ਫੇਰਾ ਪਾਈਆ । ਪੁੱਠੀ ਸਿੱਧੀ ਕਰ ਕੇ ਨਰਦ, ਨਰ ਨਰਾਇਣ ਹੋ ਕੇ ਵੇਖ ਵਖਾਈਆ । ਚਾਰੋਂ ਕੁੰਟ ਮੇਟ ਅੰਧੇਰਾ ਗਰਦ, ਸਤਿ ਸਚ ਕਰਾਂ ਰੁਸ਼ਨਾਈਆ । ਕੋੜ੍ਹਿਆਂ ਕਮਲਿਆਂ ਵੰਡਾਂ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਪੂਰਬ ਜਨਮ ਦੀ ਵੇਖਾਂ ਫ਼ਰਦ, ਪਿਛਲਾ ਲੇਖਾ ਆਪ ਕਢਾਈਆ । ਚਲੇ ਧਾਰ ਇਕ ਅਸਚਰਜ, ਅਚਰਜ ਲੀਲਾ ਆਪ ਬਣਾਈਆ । ਜਨ ਭਗਤਾਂ ਲਹਿਣਾ ਮੁਕੇ ਬਹਿਸ਼ਤ ਸਵਰਗ, ਸਚਖੰਡ ਸਾਚੇ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਪੰਚਮ ਸ਼ਹਿਨਸ਼ਾਹੀ ਸੰਮਤ ਦੀ ਧਾਰ, ਧਰਨੀ ਧਰਤ ਧਵਲ ਦ੍ਰਿੜਾਈਆ । ਪ੍ਰਭ ਦਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਹਿਣ ਕੋਇ ਨਾ ਪਾਈਆ । ਸਭ ਦੀ ਪੈਜ ਰਿਹਾ ਸਵਾਰ, ਜੁਗ ਜੁਗ ਵੇਖੇ ਚਾਈਂ ਚਾਈਂਆ । ਕਰਨੀ ਦਾ ਕਰਤਾ ਕ਼ੁਦਰਤ ਦਾ ਆਧਾਰ, ਅੰਦਰ ਉਦਰ ਵੇਖ ਵਖਾਈਆ । ਜੁਗ ਚੌਕੜੀ ਲੈ ਅਵਤਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਸ਼ਬਦ ਅਗੰਮੀ ਕਰੇ ਗੁਫ਼ਤਾਰ, ਬਿਨ ਅੱਖਰਾਂ ਰਾਗ ਅਲਾਈਆ । ਤਖ਼ਤ ਨਿਵਾਸੀ ਹੋ ਉਜਿਆਰ, ਨੂਰੋ ਨੂਰ ਕਰੇ ਰੁਸ਼ਨਾਈਆ । ਸੋ ਸਾਹਿਬ ਸਵਾਮੀ ਹੋਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸੰਤ ਸੁਹੇਲੇ ਮੀਤ ਮੁਰਾਰ, ਭਗਤ ਭਗਵੰਤ ਲਏ ਜੁੜਾਈਆ । ਇਕੱਠੇ ਹੋ ਇਕ ਦਰਬਾਰ, ਦਰ ਦਰਵਾਜ਼ਾ ਕੁੰਡਾ ਲਾਹੀਆ । ਕਰ ਦਰਸ ਅਗੰਮ

ਅਪਾਰ, ਨਿਰਗੁਣ ਜੋਤ ਡਗਮਗਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਪੁਰਖ ਅਕਾਲਾ ਹੋਵਣ ਲੱਗਾ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸੰਤ ਸੁਹੇਲੇ ਕਰ ਤਿਆਰ, ਤ੍ਰੈਭਵਨ ਧਨੀ ਦਏ ਵਡਿਆਈਆ । ਆਪਣੇ ਰੱਖ ਸਰਬ ਅਖ਼ਤਿਆਰ, ਮੁਫ਼ਤ ਆਪਣਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਸ਼ਮਸ ਨੇ ਰੱਖੀ ਅਗੰਮੀ ਆਸਾ, ਆਸ਼ਾ ਇਕ ਉਪਜਾਈਆ । ਤੇਰਾ ਖੇਲ ਪੁਰਖ ਅਬਿਨਾਸ਼ਾ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਦਇਆਵਾਨ ਦਾਤਾ, ਦੀਨ ਦਿਆਲ ਤੇਰੀ ਵਡਿਆਈਆ । ਤੇਰਾ ਮੂਲ ਨਾ ਕਿਸੇ ਪਛਾਤਾ, ਪਰਦਾ ਸਕਿਆ ਨਾ ਕੋਇ ਉਠਾਈਆ । ਸਿਫ਼ਤਾਂ ਵਾਲੀ ਗਾ ਗਾ ਗਾਥਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਦਿਤੀ ਉਪਜਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਕੂੜੀ ਕਿਰਿਆ ਮਾਰੇ ਹਾਕਾਂ, ਉਚੀ ਕੂਕ ਕੂਕ ਸੁਣਾਈਆ । ਬੰਦ ਕਵਾੜੀ ਖੁਲ੍ਹੇ ਕਿਸੇ ਨਾ ਤਾਕਾ, ਬਜਰ ਕਪਾਟੀ ਪਰਦਾ ਨਾ ਕੋਇ ਚੁਕਾਈਆ । ਪ੍ਰਭੁ ਪ੍ਰੀਤੀ ਜੁੜੇ ਕੋਈ ਨਾ ਨਾਤਾ, ਸਗਲਾ ਸੰਗ ਨਾ ਕੋਇ ਬਣਾਈਆ । ਰਾਏ ਧਰਮ ਦਾ ਫੋਲੇ ਕੋਈ ਨਾ ਖਾਤਾ, ਜਨਮ ਕਰਮ ਦਾ ਲਹਿਣਾ ਨਾ ਕੋਇ ਚੁਕਾਈਆ । ਪਰਵਰਦਿਗਾਰ ਮੰਨ ਆਇਆ ਆਖਾ, ਆਖ਼ਰ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਪੰਜਵਾਂ ਸ਼ਹਿਨਸ਼ਾਹੀ ਸੰਮਤ ਬੋਲ ਅਗੰਮਾ ਰਾਗ, ਅਨਰਾਗੀ ਦੇ ਜਣਾਈਆ । ਕੂੜੀ ਕਿਰਿਆ ਦੇ ਤਿਆਗ, ਤ੍ਰੈਗੁਣ ਮਮਤਾ ਡੇਰਾ ਢਾਹੀਆ । ਸਚ ਦਵਾਰੇ ਬਣ ਸੱਜਣ ਸਾਕ, ਮਿੱਤਰ ਇਕੋ ਵੇਖ ਵਖਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਈਆ । ਨਿਰਗੁਣ ਨੂਰ ਹੋਵੇ ਪਰਕਾਸ਼, ਜੋਤੀ ਜੋਤ ਡਗਮਗਾਈਆ । ਸ਼ਮਸ ਕਹੇ ਮੇਰੀ ਆਸ਼ਾ ਤੇਰਾ ਲੇਖਾ ਲਿਖਣ ਜਨ ਭਗਤ ਨਾਲ ਕ਼ਲਮ ਦਵਾਤ, ਦੂਆ ਖ਼ੁਦ ਖ਼ੁਦਾ ਅੱਗੇ ਕਰਾਈਆ । ਸਿਫ਼ਤੀ ਧਾਰ ਚਲੇ ਕਾਗ਼ਜ਼ਾਤ, ਕਾਗਦ ਕ਼ਲਮ ਮਿਲੇ ਵਡਿਆਈਆ । ਤੇਰਾ ਤੇਰੇ ਨਾਲੋਂ ਰਹੇ ਨਾ ਕੋਇ ਨਾਰਾਜ਼, ਗ਼ਮੀ ਗ਼ਮਖ਼ਾਰ ਦੇਣੀ ਗਵਾਈਆ । ਅੰਦਰੋਂ ਪਰਦਾ ਖੋਲ੍ਹ ਕੇ ਰਾਜ਼, ਓਹਲਾ ਦੇਣਾ ਚੁਕਾਈਆ । ਤੇਰੇ ਚਰਨਾਂ ਹੋਵੇ ਹਕ਼ੀਕ਼ੀ ਨਮਾਜ਼, ਸਜਦਾ ਸੀਸ ਜਗਦੀਸ਼ ਨਿਵਾਈਆ । ਖੇਲ ਵੇਖੇ ਮੰਡਲ ਆਕਾਸ਼, ਧਰਨੀ ਧਰਤ ਧਵਲ ਧਿਆਨ ਲਗਾਈਆ । ਹੈਰਾਨੀ ਵਿਚ ਜਨ ਭਗਤ ਦਸੇ ਉਂਗਲਾਂ ਮੁਖ ਵਿਚ ਪਾ ਕੇ ਰੋਕ ਆਪਣਾ ਸਵਾਸ, ਸਾਹ ਸਾਹ ਤੇਰੀ ਸਰਨਾਈਆ । ਬਾਹਰ ਕੱਢ ਕੇ ਚਰਨਾਂ ਉਪਰ ਮਾਰਨ ਝਾਕ, ਝਲਕ ਤੇਰੀ ਨਜ਼ਰੀ ਆਈਆ । ਇਹ ਬਦਨ ਮਾਟੀ ਖ਼ਾਕ, ਤਨ ਸ਼ਰੀਰ ਕੂੜ ਲੋਕਾਈਆ । ਚਾਰੋਂ ਕੁੰਟ ਲੱਗੀ ਆਗ, ਤ੍ਰੈਗੁਣ ਸਕੇ ਨਾ ਕੋਇ ਬੁਝਾਈਆ । ਪਰਵਰਦਿਗਾਰ ਪੂਰਾ ਕਰਨਾ ਵਾਕ, ਵਾਕਿਆ ਤੇਰੇ ਹੱਥ ਵਡਿਆਈਆ । ਸਾਚੇ ਭਗਤਾਂ ਬਣੌਣੀ ਇਕ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਜਿਧਰ ਤੱਕਾਂ ਤੇਰਾ ਹੋਵੇ ਪਰਕਾਸ਼, ਅੰਧ ਅੰਧੇਰਾ ਦੇਣਾ ਗਵਾਈਆ । ਸਾਹਿਬ ਸਤਿਗੁਰ ਵਸਣਾ ਸਾਥ, ਵਿਛੋੜਾ ਨਜ਼ਰ ਕੋਇ ਨਾ ਆਈਆ । ਗੁਰਮੁਖਾਂ ਪਿੱਠ ਦੇ ਕੇ ਦੇਣਾ ਜਵਾਬ, ਰਸਨਾ ਜਿਹਵਾ ਨਾਲ ਹਿਲਾਈਆ । ਇਹ ਗੋਬਿੰਦ ਲਿਖ ਕੇ ਗਿਆ ਹਿਸਾਬ, ਬਿਨ ਅੱਖਰਾਂ ਅੱਖਰ ਲਿਖਾਈਆ । ਦਰਜ ਕਰ ਗੋਬਿੰਦ ਪੁਰਖ ਅਕਾਲ ਵਾਲੀ ਕਿਤਾਬ, ਕੁਤਬਖ਼ਾਨੇ ਨਾ ਕੋਇ ਜਣਾਈਆ । ਓਸ ਦਾ ਲੇਖਾ ਹੋਵੇ ਬੇਬਾਕ, ਬਚਿਆ ਰਹਿਣ ਕੋਇ ਨਾ ਪਾਈਆ ।

ਜਨ ਭਗਤਾਂ ਗੰਢ ਪਵਾਈ ਧਰਮ ਦਾ ਧਰਮ ਬਣਾਇਆ ਸਾਕ, ਕਰਮ ਦਾ ਕਰਮ ਦਿਤਾ ਬਦਲਾਈਆ । ਭਗਤਾਂ ਕੋਲੋਂ ਭਗਤਾਂ ਲਿਆ ਪ੍ਰਸ਼ਾਦ, ਲਾਚੀ ਲਾਚੀ ਨਾਲ ਬਦਲਾਈਆ । ਮਿੱਠਾ ਮੁਖ ਕਰ ਸਵਾਦ, ਸੋਹਣਾ ਰਸ ਲਿਆ ਚਖਾਈਆ । ਸਯਦਾ ਸੀਸ ਕਰ ਆਦਾਬ, ਨਮਸਤੇ ਡੰਡਾਵਤ ਇਕ ਸਮਝਾਈਆ । ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਸੰਮਤ ਸ਼ਹਿਨਸ਼ਾਹੀ ਪੰਜ ਦਾ ਵੇਖੋ ਰੁਤਬਾ, ਰੁਸਤਮ ਦੇਵੇ ਮਾਣ ਵਡਿਆਈਆ । ਲੇਖਾ ਰਹੇ ਨਾ ਕਿਸੇ ਕੁਤਬਾ, ਕ਼ੁਦਰਤ ਕ਼ਾਦਰ ਦਇਆ ਕਮਾਈਆ । ਜਿਸ ਨੂੰ ਉਡੀਕਦਿਆਂ ਲੰਘ ਗਈਆਂ ਮੁੱਦਤਾਂ, ਜੁਗ ਚੌਕੜੀ ਰਾਹ ਤਕਾਈਆ । ਜਿਸ ਦਾ ਲੇਖਾ ਗੋਬਿੰਦ ਨਾਲ ਅਨੰਦਪੁਰ ਦਾ, ਪੁਰੀਆਂ ਲੋਆਂ ਖੋਜ ਖੁਜਾਈਆ । ਓਹ ਮਾਲਕ ਖ਼ਾਲਕ ਧੁਰ ਦਾ, ਦਰਗਾਹ ਸਾਚੀ ਸੋਭਾ ਪਾਈਆ । ਖੇਲ ਦੱਸੇ ਸੱਚੇ ਸਤਿਗੁਰ ਦਾ, ਜੋ ਸਤਿਗੁਰ ਜਨਮ ਮਰਨ ਵਿਚ ਕਦੇ ਨਾ ਆਈਆ । ਸ਼ੌਹ ਦਰਿਆ ਕਦੇ ਨਹੀਂ ਰੁੜ੍ਹਦਾ, ਮੜ੍ਹੀ ਗੋਰ ਨਾ ਕੋਇ ਟਿਕਾਈਆ । ਜਿਸ ਦਾ ਮੰਤਰ ਇਕੋ ਫੁਰਨਾ ਫੁਰਦਾ, ਮਨ ਕਲਪਣਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਈਆ । ਸ਼ਮਸ ਕਹੇ ਲਾਲ ਸਿੰਘ ਨੇ ਸੀਸ ਰੱਖਿਆ ਨੰਗਾ, ਓਢਨ ਉਪਰ ਨਾ ਕੋਇ ਟਿਕਾਈਆ । ਮਾਲਵੇ ਵਾਲਿਆਂ ਦਿਤਾ ਕੰਘਾ, ਗੋਬਿੰਦ ਗੰਢ ਪਵਾਈਆ । ਖਲੋ ਕੇ ਇਕ ਟੰਗਾ, ਪਿਛਲਾ ਲਹਿਣਾ ਯਾਦ ਕਰਾਈਆ । ਕਿੱਥੇ ਤੇਰਾ ਖੜਗ ਖੰਡਾ, ਤਰਕਸ਼ ਤੀਰ ਕਮਾਨ ਨਜ਼ਰ ਕੋਇ ਨਾ ਆਈਆ । ਕੀ ਖੇਲ ਕਰੇਂ ਸੂਰੇ ਸਰਬੰਗਾ, ਸਗਲੀ ਆਪਣੀ ਕਾਰ ਕਮਾਈਆ । ਕਿਸ ਕੂਟੇ ਪਾਵੇਂ ਦੰਗਾ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਪੰਜ ਕਹੇ ਪੰਚਮ ਜੇਠ ਵੇਖ ਅਗੰਮ ਮਿਲਾਵਾ, ਮਿਲਣੀ ਹਰਿ ਜਗਦੀਸ਼ ਕਰਾਈਆ । ਸਭ ਦਾ ਇਕੋ ਜਿਹਾ ਦਾਅਵਾ, ਬਿਰਧ ਬਾਲ ਨਾ ਵੰਡ ਵੰਡਾਈਆ । ਸਚ ਦਵਾਰੇ ਇਕੋ ਨਾਵਾਂ, ਊਚ ਨੀਚ ਨਾ ਕੋਇ ਰਖਾਈਆ । ਸਭ ਦਾ ਤਰਾਜ਼ੂ ਕਰ ਕੇ ਸਾਵਾਂ, ਸ਼ਾਹ ਕੰਗਾਲਾਂ ਇਕੋ ਦਰ ਟਿਕਾਈਆ । ਸਾਚਾ ਮੇਲਾ ਕਰ ਕੇ ਭਗਤ ਭਰਾਵਾਂ, ਧੁਰ ਦਾ ਸੰਗ ਦਿਤਾ ਜਣਾਈਆ । ਅਗਲਾ ਖੇਲ ਵੇਖਣਾ ਨਾਲ ਚਾਵਾਂ, ਚਾਓ ਘਨੇਰਾ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਸੁਣ ਸ਼ਹਿਨਸ਼ਾਹੀ ਸੰਮਤ ਮੀਤ, ਮਿੱਤਰਾ ਦਿਆਂ ਜਣਾਈਆ । ਪ੍ਰਭ ਚਲੌਣੀ ਇਕ ਰੀਤ, ਰੀਤੀ ਪਿਛਲੀ ਦੇਣੀ ਤਜਾਈਆ । ਸ੍ਰਿਸ਼ਟੀ ਰਸਨਾ ਜਿਹਵਾ ਗੌਣਾ ਗੀਤ, ਢੋਲੇ ਗੋਬਿੰਦ ਵਾਲੇ ਦ੍ਰਿੜਾਈਆ । ਕਿਸੇ ਦੀ ਆਸਾ ਪੂਰੀ ਨਾ ਹੋਵੇ ਉਮੀਦ, ਮਨਸਾ ਮਨ ਹੀ ਵਿਚ ਰਖਾਈਆ । ਬਿਨਾ ਸ਼ਬਦ ਤੋਂ ਕਰੇ ਨਾ ਕੋਇ ਤਾਕੀਦ, ਧੁਰ ਦਾ ਹੁਕਮ ਨਾ ਕੋਇ ਦ੍ਰਿੜਾਈਆ । ਜਿਸ ਦੀ ਸਿਫ਼ਤ ਕਰੇ ਕ਼ੁਰਾਨ ਮਜੀਦ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਪੰਚਮ ਜੇਠ ਕਹੇ ਮੇਰੇ ਸੰਮਤ ਸ਼ਹਿਨਸ਼ਾਹੀ ਦਰ ਠਾਂਡੇ ਸਾਚੇ ਆ ਜਾ, ਅੱਜ ਕਲ੍ਹ ਵੇਖ ਵਖਾਈਆ । ਕੀ ਖੇਲ ਕਰੇ ਪ੍ਰਭੂ ਮਹਾਰਾਜਾ, ਰਾਜਨ ਰਾਜ ਨੂਰ ਅਲਾਹੀਆ । ਜਿਸ ਨੇ ਲੱਖ ਚੁਰਾਸੀ ਸਾਜਨ ਸਾਜਾ, ਘਟ ਘਟ ਅੰਤਰ ਫੋਲ ਫੁਲਾਈਆ । ਸੋ ਮਾਲਕ ਗ਼ਰੀਬ ਨਿਵਾਜਾ, ਨਿਰਗੁਣ ਆਪਣੀ ਕਾਰ ਕਮਾਈਆ । ਪਰਗਟ ਹੋ ਕੇ ਦੇਸ ਮਾਝਾ,

ਮਜਲਸ ਦੋਆਬੇ ਵਿਚ ਵਖਾਈਆ । ਫੇਰ ਜਾਣਾ ਮਦੀਨਾ ਮੱਕਾ ਕਾਅਬਾ, ਮਕ਼ਬਰਿਆਂ ਫੋਲ ਫੁਲਾਈਆ । ਲੇਖਾ ਮੁਕਾ ਕੇ ਪੁੰਨ ਸਵਾਬਾ, ਅਗਲਾ ਝਗੜਾ ਦੇਣਾ ਗਵਾਈਆ । ਸਭ ਦਾ ਇਕੋ ਸੱਜਦਾ ਹੋਵੇ ਆਦਾਬਾ, ਡੰਡਾਵਤ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਹੁਕਮ ਮੰਨਾ ਸਰਕਾਰ, ਸਰੋਕਾਰ ਨਾ ਕੋਇ ਜਣਾਈਆ । ਨਿਉਂ ਨਿਉਂ ਕਰਾਂ ਨਿਮਸਕਾਰ, ਨਮਸਤੇ ਵਿਚ ਦੁਹਾਈਆ । ਜਿਥੋਂ ਸਾਂਝਾ ਮਿਲੇ ਪਿਆਰ, ਨਾਤਾ ਗੁਰਮੁਖਾਂ ਨਾਲ ਜੁੜਾਈਆ । ਇਕੋ ਦਵਾਰਾ ਦੱਸ ਦਰਬਾਰ, ਦਰਗਾਹ ਸਾਚੀ ਇਕ ਦਰਸਾਈਆ । ਨੇਤਰ ਲੋਚਣ ਨੈਣ ਵੇਖੋ ਉਘਾੜ, ਨੈਣ ਮੂੰਦ ਮੂੰਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮਾਲਵੇ ਵਾਲਿਆਂ ਦਿਤਾ ਕੰਘਾ, ਸੋਹਣਾ ਸੀਸ ਸੁਹਾਈਆ । ਮੈਂ ਮੰਗ ਅਗੰਮੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਦੋਆਬਾ ਮਾਲਵਾ ਹੋਵਣ ਵਾਲਾ ਸੀ ਕੁਛ ਦੰਗਾ, ਜੰਗ ਆਪੋ ਵਿਚ ਰਖਾਈਆ । ਲਾਲ ਸਿੰਘ ਖਲੋ ਕੇ ਇਕ ਟੰਗਾ, ਪ੍ਰਭ ਦੇ ਕੋਲੋਂ ਮੰਗ ਮੰਗਾਈਆ । ਪ੍ਰਭੂ ਗੁਰਮੁਖ ਤੇਰਾ ਸਭ ਤੋਂ ਚੰਗਾ, ਚੰਗੀ ਤੇਰੀ ਵਡਿਆਈਆ । ਜਿਸ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਛੂਹ ਕੇ ਖ਼ੁਸ਼ੀ ਬਣਾਈਆ । ਏਨ੍ਹਾਂ ਅੰਤਰ ਇਕ ਅਨੰਦਾ, ਜੋ ਪੁਰੀ ਅਨੰਦ ਵਾਲਾ ਗਿਆ ਟਿਕਾਈਆ । ਹਰਿਜਨ ਚਾੜ੍ਹ ਕੇ ਸਾਚੇ ਚੰਦਾ, ਆਪਣਾ ਨੂਰ ਕਰ ਰੁਸ਼ਨਾਈਆ । ਮਾਣ ਰਹੇ ਨਾ ਕਿਸੇ ਪੰਡਾ, ਮੁੱਲਾਂ ਸ਼ੇਖ਼ਾਂ ਪੰਧ ਮੁਕਾਈਆ । ਏਕਾ ਸ਼ਬਦ ਗੁਰੂ ਦਾ ਡੰਡਾ, ਬ੍ਰਹਿਮੰਡਾਂ ਦਏ ਚਮਕਾਈਆ । ਮਾਣ ਤੋੜ ਹੰਕਾਰੀ ਗੰਢਾ, ਦੂਈ ਦਵੈਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਜਨ ਭਗਤੋ ਸਾਰੇ ਕਰੋ ਸਲਾਹ, ਮਸ਼ਵਰਾ ਆਪਣੇ ਨਾਲ ਬਣਾਈਆ । ਪੰਜ ਲਿਖਾਰੀ ਹੋਵਣ ਗਵਾਹ, ਸ਼ਹਾਦਤ ਪੰਚਮ ਵਿਚ ਭੁਗਤਾਈਆ । ਇਕੋ ਪ੍ਰਭੂ ਲੈਣਾ ਮਨਾ, ਦੂਜੀ ਓਟ ਨਾ ਕੋਇ ਜਣਾਈਆ । ਮਲਣੀ ਪਵੇ ਨਾ ਕਦੇ ਸਵਾਹ, ਤੇੜ ਲੰਗੋਟ ਨਾ ਕੋਇ ਰਖਾਈਆ । ਸਭ ਦਾ ਲੇਖਾ ਪੂਰਾ ਦਏ ਕਰਾ, ਕਰਨੀ ਦਾ ਕਰਤਾ ਨੂਰ ਖ਼ੁਦਾਈਆ । ਸੂਫ਼ੀਆਂ ਹੋਵੇ ਨਾ ਕਦੇ ਜੁਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਸਚ ਪ੍ਰੇਮ ਦਾ ਲਓ ਮਜ਼ਾ, ਮਜ਼ਾਕ ਪਿਛਲਾ ਦੇਣਾ ਚੁਕਾਈਆ । ਸਭ ਦੇ ਸਿਰ ਤੇ ਕੂਕਦੀ ਕ਼ਜ਼ਾ, ਚਾਰੋਂ ਕੁੰਟ ਪੰਧ ਮੁਕਾਈਆ । ਵੇਖਿਓ ਚੁਰਾਸੀ ਵਾਲੀ ਰਹੇ ਕਿਸੇ ਨਾ ਸਜ਼ਾ, ਆਵਣ ਜਾਵਣ ਲੈਣਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਪੰਚਮ ਜੇਠ ਕਹੇ ਇਹ ਲਹਿਣਾ ਗੋਬਿੰਦ ਵਾਲੀ ਕੀੜੀ, ਕਰਮ ਕਾਂਡ ਝੋਲੀ ਪਾਈਆ । ਪ੍ਰਭ ਨੂੰ ਮਿਲਣਾ ਮਾਰਗ ਗਲੀ ਭੀੜੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਗੁਰ ਕਿਰਪਾ ਚੜ੍ਹੋ ਸੀੜ੍ਹੀ, ਮੰਜ਼ਲ ਮੰਜ਼ਲ ਦਏ ਸਮਝਾਈਆ । ਗਲੋਂ ਕਟ ਸ਼ਰਅ ਜ਼ੰਜੀਰੀ, ਨੂਰੇ ਨਜ਼ਰ ਕਰ ਰੁਸ਼ਨਾਈਆ । ਲੈ ਕੇ ਜਾਏ ਘਰ ਅਖ਼ੀਰੀ, ਆਖ਼ਰ ਆਪਣੇ ਗ੍ਰਹਿ ਟਿਕਾਈਆ । ਜਿਥੋਂ ਮਿਲਦੀ ਮੀਰੀ ਪੀਰੀ, ਪਾਤਸ਼ਾਹਾਂ ਵਡਿਆਈਆ । ਝਗੜਾ ਪੈਂਦਾ ਹਕੀਰ ਹਕੀਰੀ, ਗ਼ਰੀਬ ਗ਼ਰੀਬਾਂ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਜਨ ਭਗਤੋ ਪ੍ਰਭ ਦੇਵੇ ਕਦੇ ਨਾ ਪਿੱਛਾ, ਪੇਸ਼ੀਨਗੋਈ ਵਿਚ ਸਮਝਾਈਆ । ਕਲਜੁਗ ਕੂੜੀ ਕਿਰਿਆ ਵੇਖ ਕੇ ਇੱਛਾ, ਤੁਹਾਡਾ ਮੁਖ ਦਿਤਾ ਬਦਲਾਈਆ । ਫੇਰ ਮਾਣ ਦੇ ਕੇ ਪੂਰੇ ਸਿੱਖਾ, ਸਿੱਖ ਸਤਿਗੁਰ ਵਿਚ ਸਮਾਈਆ ।

੧੩੨੦
੨੧

ਜਿਸ ਦਾ ਨਾਮ ਸੰਦੇਸ਼ਾ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਮਾਣ ਮਿਲੇ ਵੱਡਾ ਨਿੱਕਾ, ਬਿਰਧ ਬਾਲਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਹੇ ਮੇਰਾ ਪੰਚ ਹੋਵੇ ਪ੍ਰਬੰਧ, ਪ੍ਰਬੰਧਕਾਂ ਦਿਆਂ ਦ੍ਰਿੜਾਈਆ । ਜੂਠ ਝੂਠ ਛੱਡਣਾ ਗੰਦ, ਸਚ ਸੁੱਚ ਇਕ ਉਪਜਾਈਆ । ਭਾਗਹੀਣ ਰਹੇ ਕੋਈ ਨਾ ਮੰਦ, ਮੰਦਭਾਗ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਦੁਆਬੇ ਵਾਲਿਓ ਦਿਓ ਦਸਤਾਰ, ਦਸਤ ਦੇਣੀ ਫੜਾਈਆ । ਤੁਹਾਡਾ ਪਿਛਲਾ ਕ਼ਰਜ਼ ਦੇਵਾਂ ਉਤਾਰ, ਲਹਿਣਾ ਸਭ ਦਾ ਝੋਲੀ ਪਾਈਆ । ਤੁਸੀਂ ਆਪਣੇ ਤਨ ਦੇ ਸਾਰੇ ਸਰਦਾਰ, ਆਤਮ ਮਾਲਕ ਇਕ ਉਪਜਾਈਆ । ਖ਼ਾਲਕ ਮੰਨਣਾ ਇਕ ਏਕੰਕਾਰ, ਦੂਜੀ ਓਟ ਨਾ ਕੋਇ ਰਖਾਈਆ । ਤੁਹਾਡੇ ਵਿਚੋਂ ਤੁਹਾਡਾ ਵੀਰ ਬਣਾ ਕੇ ਸੇਵਾਦਾਰ, ਸੇਵਾ ਸਚ ਸਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਲਾਲ ਸਿੰਘ ਸਿਰ ਬੰਨ੍ਹਣੀ ਪੱਗ, ਆਪਣੇ ਹੱਥ ਉਠਾਈਆ । ਗੁਰਮੁਖਾਂ ਪਿੱਛੇ ਭਾਵੇਂ ਛਡਣਾ ਪਏ ਜਗ, ਨਾਤਾ ਦੀਨ ਦੁਨੀ ਤੁੜਾਈਆ । ਦੀਨ ਮਜ਼੍ਹਬ ਦੀ ਤੋੜਨੀ ਹੱਦ, ਸ਼ਰਅ ਵੰਡ ਨਾ ਕੋਇ ਵੰਡਾਈਆ । ਉਚੀ ਕੂਕ ਕਹਿਣਾ ਵੱਜ, ਵਜਹ ਧੁਰ ਦੀ ਦੇਣੀ ਸਮਝਾਈਆ । ਜਨ ਭਗਤ ਪ੍ਰਭ ਤੋਂ ਰਹੇ ਨਾ ਕੋਈ ਅਲੱਗ, ਵਖਰਾ ਗ੍ਰਿਹ ਨਾ ਕੋਇ ਸੁਹਾਈਆ । ਹੰਸ ਬਣੇ ਕੋਈ ਨਾ ਕਗ, ਵਿਸ਼ਟਾ ਕੂੜ ਨਾ ਕੋਇ ਫੁਲਾਈਆ । ਤ੍ਰੈਗੁਣ ਸੜੇ ਕੋਈ ਨਾ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਸਭ ਦਾ ਸਾਂਝਾ ਇਕੋ ਪਦ, ਪਦਵੀ ਦੇਵੇ ਧੁਰਦਰਗਾਹੀਆ । ਜਨ ਭਗਤ ਪ੍ਰਭੂ ਦੀ ਯਦ, ਯਾਦਦਾਸ਼ਤ ਨਾ ਕਦੇ ਭੁਲਾਈਆ । ਸਾਰੇ ਵਾਅਦਾ ਕਰ ਲਓ ਅੱਜ, ਪੰਚਮ ਜੇਠ ਰਿਹਾ ਸੁਣਾਈਆ । ਇਕ ਪਾਸੇ ਫਾਸੀ ਦਾ ਹੁਕਮ ਦੇਵੇ ਜੱਜ, ਦੂਜੇ ਪਾਸੇ ਸਤਿਗੁਰ ਨਾਲੋਂ ਕੰਨੀ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਸਭ ਨੇ ਕਰਨਾ ਇਕ ਇਕਰਾਰ, ਪਿਛਲਾ ਦਿਆਂ ਜਣਾਈਆ । ਪੰਜੇ ਲਿਖਣ ਵਾਲੇ ਲਿਖਾਰ, ਲੇਖਾ ਲਿਖਣ ਚਾਈਂ ਚਾਈਂਆ । ਜਿਸ ਦਾ ਸਭ ਦੇ ਨਾਲ ਪਿਆਰ, ਪ੍ਰੀਤਮ ਇਕੋ ਬੇਪ੍ਰਵਾਹੀਆ । ਬਿਨਾ ਪੁਰਖ ਅਕਾਲ ਤੋਂ ਭਗਤਾਂ ਕਰਨੀ ਨਹੀਂ ਕੋਈ ਨਿਮਸਕਾਰ, ਨਮੋਂ ਨਮੋਂ ਨਾ ਸੀਸ ਨਿਵਾਈਆ । ਤੁਹਾਡਾ ਸੋਹਣਾ ਲੱਗਣਾ ਦਰਬਾਰ, ਚਾਰ ਜੁਗ ਦੇ ਦਰਬਾਰੀ ਵੇਖਣ ਚਾਈਂ ਚਾਈਂਆ । ਹੌਲੀ ਹੌਲੀ ਧਰਮ ਦਾ ਦੇ ਦੇਣਾ ਇਖ਼ਤਿਆਰ, ਮੁਖ਼ਤਿਆਰ ਗੁਰਮੁਖ ਲੈਣੇ ਉਪਜਾਈਆ । ਹਰਿਜਨ ਰਹੇ ਨਾ ਕੋਇ ਗ਼ਦਾਰ, ਕੂੜ ਕੁੜਿਆਰਾ ਦੇਣਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਪੰਚਮ ਜੇਠ ਕਹੇ ਕਿਉਂ ਵਕ਼ਤ ਰੱਖਿਆ ਪੰਜ, ਅੰਮ੍ਰਿਤ ਵੇਲਾ ਰੰਗ ਰੰਗਾਈਆ । ਜਿਸ ਵੇਲੇ ਨਾਨਕ ਦੀ ਜਗਤ ਰੀਤੀ ਚੜ੍ਹਨੀ ਸੀ ਜੰਵ, ਅੰਮ੍ਰਿਤ ਵੇਲੇ ਉਠ ਕੇ ਪ੍ਰਭ ਨੂੰ ਲਿਆ ਧਿਆਈਆ । ਓਸ ਵੇਲੇ ਪੁਰਖ ਅਕਾਲ ਦੀਨ ਦਿਆਲ ਸ਼ਬਦੀ ਧਾਰ ਲਿਖਾਰੀ ਜਣਾਏ ਪੰਜ, ਪੰਚਮ ਵਡ ਵਡਿਆਈਆ । ਜਿਨ੍ਹਾਂ ਦੀ ਧਾਰ ਵਿਚ ਹੋਵੇ ਕਾਰਜ ਅਨੰਦ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਅਗੰਮ ਸੁਣਾਇਆ ਛੰਦ, ਸੋਹੰ ਢੋਲਾ ਇਕ ਅਲਾਹੀਆ । ਚਾਰ ਵਰਨਾਂ ਢਾਹ ਕੇ ਕੰਧ, ਭਾਂਡਾ ਭਰਮ ਭੰਨਾਈਆ । ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਇਕ ਸਮਝਾਈਆ । ਸੋਹਰੇ ਪੇਈਏ ਹੋਏ ਕਦੇ ਨਾ ਰੰਜ, ਸੰਗੀ ਸਾਥੀ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਗੋਬਿੰਦ ਪੰਜ ਵੇਰ ਕੀਤੇ ਅਰਦਾਸੇ, ਵੇਲਾ ਪੰਜ ਪੰਜ ਸੁਹਾਈਆ । ਪੰਜ ਵਾਰੀ ਬਦਲ ਕੇ ਆਪਣੇ ਪਾਸੇ, ਕਰਵਟ ਕਰਵਟ ਵਿਚ ਰਖਾਈਆ । ਪੰਜ ਵਾਰੀ ਪਾਣੀ ਪੀਤਾ ਵਿਚ ਗਲਾਸੇ, ਵੇਲਾ ਪੰਜ ਪੰਜ ਸੁਹਾਈਆ । ਪੰਜ ਵਜੇ ਪਾਣੀ ਵਿਚ ਘੋਲੇ ਸੀ ਪਤਾਸੇ, ਬਾਟੇ ਦਿਤੀ ਮਾਣ ਵਡਿਆਈਆ । ਪੰਜ ਵਜੇ ਤਨ ਛੁਹਾ ਕੇ ਗਾਤੇ, ਖੰਡਾ ਖੜਗ ਵਡਿਆਈਆ । ਪੰਜ ਵਾਰੀ ਗੋਬਿੰਦ ਫੜ ਉਠਾਇਆ ਪੁਰਖ ਅਕਾਲ ਦਾਤੇ, ਆਪਣੀ ਗੋਦ ਟਿਕਾਈਆ । ਪੰਜ ਵਜੇ ਪੰਜਾਂ ਪਿਆਰਿਆਂ ਹੁਕਮ ਦਿਤਾ ਖ਼ੁਸ਼ੀਆਂ ਨਾਲ ਨਹਾਤੇ, ਜਗਤ ਮੈਲ ਧਵਾਈਆ । ਪੰਜ ਵਾਰ ਗੋਬਿੰਦ ਪਿਛਲੇ ਵੇਖ ਕੇ ਖਾਤੇ, ਪੂਰਬ ਲਹਿਣਾ ਦਿਤਾ ਮੁਕਾਈਆ । ਪੰਜ ਵਾਰ ਗੋਬਿੰਦ ਗੁਰਮੁਖਾਂ ਵਲ ਝਾਕੇ, ਮਸਤੀ ਵਿਚ ਨੈਣ ਉਠਾਈਆ । ਪੰਜ ਵਾਰ ਮਿੱਠੀ ਮਿੱਠੀ ਕਰ ਕੇ ਬਾਤੇ, ਸੋਹਣਾ ਰਸ ਬਣਾਈਆ । ਪੰਜ ਵਾਰ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਆਖੇ, ਗੋਬਿੰਦ ਰਸਨਾ ਜਿਹਵਾ ਅਲਾਈਆ । ਪੰਜ ਵਾਰ ਸਭ ਦੇ ਪੜ੍ਹ ਕੇ ਫ਼ਾਤੇ, ਫ਼ਤਵਾ ਅੰਤਮ ਦਿਤਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਪੰਜ ਵਜੇ ਗੁਜਰੀ ਕੁੱਖ ਸੀ ਗੋਬਿਦ ਨਿੰਮਿਆ, ਤਨ ਵਜੂਦ ਮਿਲੀ ਵਡਿਆਈਆ । ਅੰਮ੍ਰਿਤ ਸੋਮਾ ਧੁਰ ਦਾ ਸਿੰਮਿਆ, ਸਰ ਸਰੋਵਰ ਸੋਭਾ ਪਾਈਆ । ਦੁਸ਼ਟ ਦਮਨ ਪੰਜ ਵਜੇ ਯਾਦ ਕੀਤਾ ਸੀ ਕੁੰਟ ਹੇਮਿਆ, ਕੁੰਡ ਧਿਆਨ ਲਗਾਈਆ । ਪੰਜ ਵੇਰਾਂ ਆਪਣੇ ਜੀਵਣ ਵਿਚ ਗੁਜਰੀ ਨੇ ਗੋਬਿੰਦ ਦਾ ਮੁਖ ਚੁੰਮਿਆ, ਪਿਆਰ ਨਾਲ ਵਡਿਆਈਆ । ਪੰਜ ਵੇਰਾਂ ਗੋਬਿੰਦ ਨੇ ਆਪਣੀਆਂ ਪੰਜਾਂ ਉਂਗਲੀਆਂ ਵਾਲਾ ਕੱਢਿਆ ਖ਼ੂਨਿਆ, ਤਿਲਕ ਗੁਰਮੁਖਾਂ ਵਾਲਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੰਜ ਜੇਠ ਕਹੇ ਪੰਜ ਵਜੇ ਗੋਬਿੰਦ ਪੰਜ ਵਾਰ ਗੋਦਾਵਰੀ ਵਿਚ ਨਹਾਤਾ, ਪੰਜਾਂ ਪਿਆਰਿਆਂ ਨਾਲ ਰਖਾਈਆ । ਪੰਜ ਵਾਰ ਤਕ ਉਪਰ ਆਕਾਸ਼ਾ, ਪੁਰਖ ਅਕਾਲ ਵੇਖ ਵਖਾਈਆ । ਪੰਜ ਵਾਰ ਗੋਬਿੰਦ ਖੇਲਿਆ ਸਾਰ ਪਾਸ਼ਾ, ਚੌਪਟ ਬਾਜ਼ੀ ਇਕ ਜਣਾਈਆ । ਪੰਜ ਵਾਰ ਮੁਖ ਤਿਨਕਾ ਪਾਇਆ ਘਾਸਾ, ਕੱਖਾਂ ਰੰਗ ਰੰਗਾਈਆ । ਪੰਜ ਵਾਰ ਬਿਨਾ ਜ਼ਬਾਨ ਤੋਂ ਗਾਈ ਗਾਥਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਵਾਰ ਗੋਬਿੰਦ ਪੰਜਾਂ ਪਿਆਰਿਆਂ ਡਾਟਾ, ਬਾਹੋਂ ਫੜ ਕੇ ਚਰਨਾਂ ਪਰੇ ਕਰਾਈਆ । ਪੰਜ ਵਾਰ ਬੇਦਾਅਵਾ ਲਿਖ ਕੇ ਪੰਜਵੀਂ ਵਾਰ ਪਾਟਾ, ਪੰਚਮ ਮਿਲੇ ਮਾਣ ਵਡਿਆਈਆ । ਪੰਜ ਵਾਰ ਗੋਬਿੰਦ ਅੰਮ੍ਰਿਤ ਵੇਲਾ ਪੰਜ ਵਜੇ ਆਪਣੇ ਲੰਗਰ ਵਿਚ ਪੰਜ ਮੁੱਠਾਂ ਪਾਈਆਂ ਸੀ ਆਟਾ, ਲੋਹ ਲੰਗਰ ਦਿਤਾ ਚਲਾਈਆ । ਪੰਜ ਵੇਰਾਂ ਗੋਬਿੰਦ ਨੇ ਢਾਈ ਸਾਲ ਅੰਦਰ ਆਪਣਾ ਅੰਗੂਠਾ ਚਾਟਾ, ਸੱਜਾ ਹੱਥ ਮੁਖ ਛੁਹਾਈਆ । ਪੰਜ ਵੇਰਾਂ ਬਾਲ ਅਵਸਥਾ ਰੋਇਆ ਸੀ ਮਾਰ ਕੇ ਡਾਡਾਂ, ਉਚੀ ਕੂਕ ਕੂਕ ਸੁਣਾਈਆ । ਪੰਜ ਵੇਰਾਂ ਗੁਰ ਤੇਗ਼ ਬਹਾਦਰ ਦੀ ਕੰਡ ਤੇ ਚੜ੍ਹਿਆ ਸੀ ਨਾਲ ਲਾਡਾ, ਆਪ ਆਪਣਾ ਬਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪੰਚਮ ਜੇਠ ਕਹੇ ਮੇਰੀ ਸਭ ਦੇ ਅੱਗੇ ਦੁਆ, ਦੋਆਬੇ ਵਾਲਿਓ ਦਿਆਂ ਜਣਾਈਆ । ਤੁਹਾਡੀ ਆਤਮਾ ਪ੍ਰਭ ਦੇ ਨਾਲੋਂ ਹੋਵੇ ਨਾ ਕਦੇ ਜੁਦਾ, ਵਖਰਾ ਘਰ ਨਾ ਕੋਇ ਸੁਹਾਈਆ । ਸਭ ਦੀ ਇਕੋ ਹੋਏ ਅਦਾ, ਆਦਾਬ ਇਕੋ ਸੀਸ ਨਿਵਾਈਆ । ਸਭ ਦੀ ਮੰਗਣ ਵਾਲੀ ਸਦਾ, ਸਦਾਕਤ ਵਿਚ ਰਾਗ ਅਲਾਈਆ । ਸਤਿਗੁਰ ਮਿਲਣਾ ਛੱਡਣੀ ਜਗਤ ਸ਼ਰਮ ਹਯਾ, ਹਯਾਤੀ ਆਪਣੀ ਲੈਣੀ ਬਦਲਾਈਆ ।

ਜੋ ਮਾਲਕ ਖ਼ਾਲਕ ਪ੍ਰਿਤਪਾਲਕ ਦਿਲਰੁਬਾ, ਰਹਿਮਤ ਹੱਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਜਨ ਭਗਤੋ ਮੈਂ ਤੁਹਾਨੂੰ ਕਰਨ ਆਇਆ ਮਜ਼ਬੂਤ, ਹੌਸਲੇ ਦਿਆਂ ਵਧਾਈਆ । ਵੇਖਿਓ ਡਰ ਨਾ ਜਾਇਓ ਵਿਚ ਕਾਇਆ ਕਲਬੂਤ, ਮਨ ਮਨਸਾ ਨਾ ਕੋਇ ਚਤੁਰਾਈਆ । ਤੁਹਾਡਾ ਓਸ ਦੇ ਕੋਲ ਸਬੂਤ, ਜੋ ਸਭ ਦਾ ਪਿਤਾ ਮਾਈਆ । ਜਿਧਰ ਤੱਕੋ ਓਧਰ ਮੌਜੂਦ, ਹਰ ਘਟ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨਾਂ ਕਰੇ ਮਹਿਫ਼ੂਜ਼, ਸਿਰ ਆਪਣਾ ਹੱਥ ਰਖਾਈਆ । ਇਹ ਸ਼ਬਦ ਇਸ਼ਾਰਾ ਅਗੰਮੀ ਰਮਜ਼ ਜਾਣਾ ਬੂਝ, ਬੁਝਾਰਤ ਜਗਤ ਨਾ ਕੋਇ ਜਣਾਈਆ । ਅੰਦਰੋਂ ਕੱਢ ਦੇਣੀ ਦੂਜ, ਦਵੈਤੀ ਡੇਰਾ ਢਾਹੀਆ । ਜਿਹੜਾ ਪੰਜ ਪੰਜ ਕ਼ਦਮ ਪਿਛੇ ਨੂੰ ਕੀਤਾ ਕੂਚ, ਪੰਚਮ ਕੂੜ ਦਾ ਨਾਤਾ ਦਿਤਾ ਤੁੜਾਈਆ । ਪਿਛਲਾ ਜਨਮ ਕਰਮ ਕਰ ਮਨਸੂਖ਼, ਅਗਲਾ ਲੇਖਾ ਸਤਿਗੁਰ ਘਰ ਬਣਾਈਆ । ਤੁਸੀਂ ਓਸ ਪ੍ਰਭੂ ਦੇ ਪੂਤ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਪੰਚਮ ਜੇਠ ਕਹੇ ਮੈਂ ਦੱਸਾਂ ਅਕਥ ਕਹਾਣੀ, ਕਥਨੀ ਕਥ ਕੋਇ ਨਾ ਪਾਈਆ । ਜਿਸ ਦੀ ਸਾਰੇ ਗੌਂਦੇ ਬਾਣੀ, ਸਿਫ਼ਤਾਂ ਵਿਚ ਸਾਲਾਹੀਆ । ਓਹ ਸ਼ਹਿਨਸ਼ਾਹ ਸੁਲਤਾਨੀ, ਨਿਰਗੁਣ ਨੂਰ ਅਲਾਹੀਆ । ਕਲਜੁਗ ਅੰਤ ਕਰ ਮਿਹਰਵਾਨੀ, ਮਹਿਬੂਬ ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਰਸ ਦੇ ਕੇ ਪਾਣੀ, ਨਿਝਰ ਝਿਰਨਾ ਇਕ ਝਿਰਾਈਆ । ਝਗੜਾ ਮੁਕਾ ਕੇ ਚਾਰੇ ਖਾਣੀ, ਖਹਿੜਾ ਅਗਲਾ ਦਏ ਛੁਡਾਈਆ । ਮੰਜ਼ਲ ਦੱਸ ਇਕ ਰੁਹਾਨੀ, ਆਤਮ ਪਰਮਾਤਮ ਜੋੜ ਜੁੜਾਈਆ । ਸਭ ਦਾ ਇਕੋ ਘਰ ਇਕੋ ਗ੍ਰਿਹਿ ਮਹਿਮਾਨੀ, ਦੂਜਾ ਦਰ ਨਾ ਕੋਇ ਵਖਾਈਆ । ਸ਼ਰਅ ਵਿਚ ਦੇਣੀ ਪਏ ਨਾ ਕੋਇ ਕ਼ੁਰਬਾਨੀ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਮੇਰੀ ਅੰਤ ਅਖ਼ੀਰੀ ਅਰਦਾਸ, ਬੇਨਤੀ ਦਿਆਂ ਜਣਾਈਆ । ਤੁਹਾਡਾ ਪ੍ਰਭ ਦੇ ਲੇਖੇ ਸਵਾਸ, ਸਾਹ ਸਾਹ ਵਿਚ ਸਮਾਈਆ । ਸਦ ਵਸੋ ਓਸ ਦੇ ਪਾਸ, ਜੋ ਪਰਮੇਸ਼ਵਰ ਧੁਰਦਰਗਾਹੀਆ । ਜਨਮ ਵਿਚ ਹੋਣਾ ਨਾ ਪਏ ਨਿਰਾਸ, ਨਿਰਾਸਤਾ ਕੂੜ ਨਾ ਕੋਇ ਜਣਾਈਆ । ਸਭ ਦਾ ਇਕੋ ਜਿਹਾ ਕਰੇ ਵਿਸ਼ਵਾਸ, ਧੀਰਜ ਧੀਰ ਆਪ ਧਰਾਈਆ । ਸਚ ਨੂਰ ਦਾ ਕਰ ਪ੍ਰਕਾਸ਼, ਅੰਧ ਅੰਧੇਰਾ ਦਏ ਮਿਟਾਈਆ । ਜਿਸ ਕਾਰਨ ਇਕੱਠੇ ਕੀਤੇ ਆਜ, ਮੇਲਾ ਸਹਿਜ ਸੁਭਾਈਆ । ਜਨ ਭਗਤੋ ਤੁਹਾਡੀ ਧਾਰ ਧਰਮ ਦਾ ਹੋਵੇ ਕਾਜ, ਕਰਨੀ ਦਾ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਵੇਖ ਵਖਾਈਆ । ਪੰਚਮ ਜੇਠ ਕਹੇ ਮੈਂ ਆਇਆ ਕਿਉਂ ਦੁਆਬੇ, ਆਪਣਾ ਫੇਰਾ ਪਾਈਆ । ਸੰਦੇਸ਼ਾ ਦਿਤਾ ਨਾਨਕ ਨਿਰਗੁਣ ਬਾਬੇ, ਸਰਗੁਣ ਤੱਤ ਜਣਾਈਆ । ਜਿਸ ਵੇਲੇ ਕਲ ਕਲਕੀ ਆਇਆ ਮਾਝੇ, ਸੰਬਲ ਆਪਣਾ ਡੇਰਾ ਲਾਈਆ । ਨਵੀਂ ਸਾਜਨਾ ਸਾਜੇ, ਪਰਦਾ ਅਗੰਮ ਖੁਲ੍ਹਾਈਆ । ਜਨ ਭਗਤਾਂ ਮਾਰ ਕੇ ਆਵਾਜ਼ੇ, ਸੁੱਤਿਆਂ ਲਏ ਉਠਾਈਆ । ਗੁਰਮੁਖੋ ਤੁਸੀਂ ਜਨਮ ਜਨਮ ਦੇ ਸਿੱਧੇ ਕਰਮ ਕਰਮ ਦੇ ਸਾਦੇ, ਸਿੱਧੀ ਇਕ ਵਖਾਈਆ । ਜੋ ਤੂੰ ਮੇਰਾ ਮੈਂ ਤੇਰਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਅਰਾਧੇ, ਆਵਣ ਜਾਵਣ ਰਹੇ ਨਾ ਰਾਈਆ । ਗੋਬਿੰਦ ਪਿਤਾ ਤੇ ਨਾਲ ਮਿਲੋ ਪੁਰਖ ਅਕਾਲ ਦਾਦੇ, ਜੋ ਦਾਅਵੇ ਨਾਲ ਆਪਣੇ ਗ੍ਰਿਹਿ ਟਿਕਾਈਆ । ਕੋਟਾਂ ਵਿਚੋਂ ਪ੍ਰਭ ਕਿਰਪਾ ਨਾਲ ਥੋੜ੍ਹੇ ਜਿਹੇ ਜਾਗੇ, ਜਾਗਰਤ ਜੋਤ ਕਰੀ ਰੁਸ਼ਨਾਈਆ ।

੧੩੨੩ ੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਕਰੇ ਵਡਭਾਗੇ, ਵਡਭਾਗੀ ਆਪਣੀ ਦਇਆ ਕਮਾਈਆ । ਵਡਭਾਗੀ ਹਰਿ ਭਗਤਨ ਜੋੜ, ਮੇਲਾ ਸਹਿਜ ਸੁਭਾਈਆ । ਸਚ ਪ੍ਰੀਤੀ ਨਿਭੇ ਤੋੜ, ਅੱਧਵਿਚਕਾਰ ਨਾ ਕੋਇ ਤੁੜਾਈਆ । ਕਲਜੁਗ ਵੇਖ ਅੰਧੇਰਾ ਘੋਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੁਰਮੁਖੋ ਸਤਿਗੁਰ ਘਰ ਦੇ ਬਣਿਓ ਕਦੇ ਨਾ ਚੋਰ, ਚੋਰੀ ਸਤਿਗੁਰ ਨਾਲ ਨਾ ਕੋਇ ਕਮਾਈਆ । ਸਚ ਪ੍ਰੇਮ ਦੀ ਬੰਨ੍ਹਣੀ ਡੋਰ, ਨਾਤਾ ਧੁਰ ਦਾ ਲੈਣਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਸਦਾ ਕੋਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ ।

### ✻ ੫ ਜੇਠ ਸ਼ਹਿਨਸ਼ਾਹੀ ਸੰਮਤ ੫ ਸਰਵਣ ਸਿੰਘ ਦੇ ਗ੍ਰਿਹਿ ਪਿੰਡ ਹੇਰ ✻

ਪੰਚਮ ਜੇਠ ਕਹੇ ਪ੍ਰਭ ਸਦਾ ਦਿਆਲੂ, ਦੀਨ ਦਿਆਲ ਦਇਆ ਕਮਾਈਆ । ਪੂਰਬ ਲਹਿਣਾ ਜਾਣੇ ਕੀ ਆਸ਼ਾ ਰੱਖੀ ਨਾਨਕ ਪਿਤਾ ਕਾਲੂ, ਅੰਤ ਸਵਾਸਾ ਜਗਤ ਤਜਾਈਆ । ਬਿਨ ਨੈਣਾਂ ਨਜ਼ਰ ਆਈ ਰੇਤ ਬਾਲੂ, ਅਗਨੀ ਤੱਤ ਵਾਂਗ ਤਪਾਈਆ । ਹੁਕਮ ਸੰਦੇਸ਼ਾ ਸੁਣਿਆ ਤੇਰੀ ਬਿੰਦ ਧਾਰ ਹੋਣੀ ਚਾਲੂ, ਚਾਰ ਵਰਨ ਵਰਨ ਵਡਿਆਈਆ । ਧਰਨੀ ਧਰਤ ਧਵਲ ਧੌਲ ਆਪਣੇ ਕਰਮ ਕਾਂਡ ਦਾ ਬਦਲ ਲੈਣਾ ਸਾਲੂ, ਸਾਲਗਿਰਹ ਸਮਝ ਕਿਸੇ ਨਾ ਆਈਆ । ਜਿਸ ਵੇਲੇ ਸਤਿ ਧਰਮ ਦਾ ਮਾਰਗ ਹੋਣਾ ਚਾਲੂ, ਚਾਰੋਂ ਕੁੰਟ ਅੰਧੇਰਾ ਛਾਈਆ । ਗੁਰ ਅਵਤਾਰ ਪੈਗ਼ੰਬਰ ਆਪਣੀ ਸੁਰਤ ਨਾ ਕੋਇ ਸੰਭਾਲੂ, ਸੰਬਲ ਵਸੇ ਬੇਪਰਵਾਹੀਆ । ਨਾਮ ਭੰਡਾਰਾ ਅਗੰਮ ਉਛਾਲੂ, ਛਹਿਬਰ ਆਪਣਾ ਪ੍ਰੇਮ ਲਗਾਈਆ । ਭਗਤ ਸੰਤ ਹੋਏ ਕਿਰਪਾਲੂ, ਕਿਰਪਾਨਿਧ ਦਇਆ ਕਮਾਈਆ । ਜੁਗ ਚੌਕੜੀ ਲਹਿਣਾ ਦੇਣਾ ਜਾਣੇ ਹਾਲੂ, ਹਾਲਤ ਵੇਖੇ ਕੂੜ ਲੋਕਾਈਆ । ਸਾਚੀ ਕਰਨੀ ਕਰ ਕੇ ਨਵੀਂ ਦੇਵੇ ਮਸਾਲੂ, ਮਿਸਲ ਪਿਛਲੀ ਦਏ ਬਦਲਾਈਆ । ਅਸਲ ਵਸਲ ਦਾ ਬਣੇ ਵਸਾਲੂ, ਵਿਸ਼ਾ ਵਿਸ਼ੇਸ਼ ਵਿਸ਼ਵ ਸਮਝਾਈਆ । ਜਨ ਭਗਤਾਂ ਘਾਲ ਆਪੇ ਘਾਲੂ, ਘਾਇਲ ਹੋਵੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਕਾਲੂ ਨੂੰ ਅੰਤਮ ਨਜ਼ਰੀ ਆਇਆ ਛੁਰਾ, ਤਿੱਖੀ ਧਾਰ ਸੋਭਾ ਪਾਈਆ । ਘਰ ਨਾਨਕ ਹੁੰਦਿਆਂ ਤੂੰ ਕਿਉਂ ਚਲਿਉਂ ਨਿਗੁਰਾ, ਸਤਿਗੁਰ ਸਮਝ ਨਾ ਸੀਸ ਨਿਵਾਈਆ । ਨਿਗਾਹ ਵਖਾਈ ਅਨੰਦ ਪੁਰਾ, ਗੋਬਿੰਦ ਨੂਰ ਜ਼ਹੂਰ ਜਣਾਈਆ । ਸਚ ਪ੍ਰੇਮ ਕਿਸੇ ਨਾ ਜੁੜਾ, ਜੋੜੀ ਜਗਤ ਨਾ ਕੋਇ ਵਡਿਆਈਆ । ਮੁਹੱਬਤ ਪਿਆਰ ਦਿਸੀ ਥੁੜਾ, ਘਾਟਾ ਪੂਰ ਨਾ ਕੋਇ ਵਖਾਈਆ । ਸਭ ਦਾ ਬੇੜਾ ਜਾਂਦਾ ਰੁੜ੍ਹਾ, ਖੇਵਟ ਖੇਟਾ ਨਜ਼ਰ ਕੋਇ ਨਾ ਆਈਆ । ਬਿਨ ਸਤਿਗੁਰ ਸ਼ਬਦ ਦੇਵੇ ਕੋਈ ਨਾ ਹੁੜਾ, ਚੱਪੂ ਵੰਝ ਮੁਹਾਣਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਇਕ ਵਖਾਈਆ । ਪੰਚਮ ਜੇਠ ਕਹੇ ਕਾਲੂ ਨੂੰ ਵੱਜਾ ਅਗੰਮੀ ਧੱਕਾ, ਅੰਤਰ ਸੁੱਧ ਰਹੀ ਨਾ ਰਾਈਆ । ਸ਼ਰੀਰ ਦੀ ਕ਼ੀਮਤ ਦਿਸੇ ਕੋਈ ਨਾ ਟਕਾ, ਤਨ ਖ਼ਾਕੀ ਦਏ ਦੁਹਾਈਆ । ਨਾਨਕ ਗੁਰ

ਨਾ ਮੰਨਿਆ ਪੱਕਾ, ਬੱਚਾ ਸਮਝ ਕੇ ਝਟ ਲੰਘਾਈਆ । ਫੇਰ ਨਜ਼ਰ ਆਇਆ ਮੱਕਾ, ਮਦੀਨੇ ਫਿਰੀ ਦੁਹਾਈਆ । ਫੇਰ ਨਜ਼ਰ ਆਇਆ ਨੂਰ ਅਲਾਹੀ ਹੱਕਾ, ਹਕੀਕਤ ਵਿਚ ਵਡਿਆਈਆ । ਫੇਰ ਨਿਰਗੁਣ ਧਾਰ ਵੇਖਿਆ ਸਕਾ, ਸਰਗੁਣ ਸੰਗ ਨਾ ਕੋਇ ਬਣਾਈਆ । ਫੇਰ ਨਾਮ ਸੰਦੇਸ਼ਾ ਸੁਣਿਆ ਪਤਾ, ਪਤਿਪਰਮੇਸ਼ਵਰ ਦਿਤਾ ਦ੍ਰਿੜਾਈਆ । ਗੋਬਿੰਦ ਅੰਤ ਜੈਕਾਰਾ ਬੋਲਣਾ ਫ਼ਤਹ, ਫ਼ਤਿਹ ਇਕ ਵਡਿਆਈਆ । ਧਰਮ ਦੀ ਧਾਰ ਬਣੌਣਾ ਜਥਾ, ਗੁਰਮੁਖ ਪੰਜ ਮਿਲੇ ਵਡਿਆਈਆ । ਪ੍ਰਭ ਦੇ ਨਾਮ ਦ੍ਰਿੜੌਣੀ ਕਥਾ, ਕਹਾਣੀ ਆਪਣੀ ਨਾ ਕੋਇ ਸੁਣਾਈਆ । ਲੇਖਾ ਜਣੌਣਾ ਐਜ਼ਨ ਤੱਥਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੀਰ ਕਮਾਨ ਉਠਾ ਕੇ ਭੱਥਾ, ਭਾਂਡਾ ਭਰਮ ਭੌ ਭੰਨਾਈਆ । ਘੋੜਾ ਚਾੜ੍ਹ ਕੇ ਉਪਰ ਭੱਠਾ, ਅਗਨੀ ਅੱਗ ਦੇਣੀ ਬੁਝਾਈਆ । ਚਾਰ ਵਰਨ ਕਰ ਇਕੱਠਾ, ਝੀਵਰ ਛੀਬੇ ਨਾਈ ਜੱਟ ਮੇਲ ਮਿਲਾਈਆ । ਦੀਨ ਮਜ਼੍ਹਬ ਦਾ ਪਾ ਕੇ ਰੱਟਾ, ਰੱਟਾ ਵੇਖੇ ਥਾਉਂ ਥਾਈਆ । ਝਗੜਾ ਮੁਕਾਵੇ ਜੋ ਖਾਵੇ ਵੱਛਾ ਕੱਟਾ, ਕਟਾਕਸ਼ ਆਪਣਾ ਇਕ ਲਗਾਈਆ । ਸਾਚੇ ਨਾਮ ਦਾ ਦੱਸ ਕੇ ਟੱਪਾ, ਟਿੱਪੀ ਬਿੰਦੀ ਸੋਭਾ ਪਾਈਆ । ਜ਼ਾਤ ਪਾਤ ਮੇਟ ਕੇ ਵੱਟਾ, ਰਾਹ ਇਕੋ ਦਏ ਵਖਾਈਆ । ਅੰਤ ਸ਼ਰੀਰ ਛੱਡ ਕੇ ਦਿਸੇ ਨੱਠਾ, ਲੋਕਮਾਤ ਰਹਿਣ ਨਾ ਪਾਈਆ । ਪੁਰਖ ਅਕਾਲ ਨਾਲ ਕਰ ਕੇ ਮਤਾ, ਮਤ ਮਤਾਂਤਰ ਦਏ ਗਵਾਈਆ । ਸਚ ਪ੍ਰੀਤੀ ਵਿਚ ਰੱਤਾ, ਰੰਗ ਇਕੋ ਇਕ ਰੰਗਾਈਆ । ਸਚ ਦਵਾਰੇ ਸਚ ਵਸਾ, ਘਰ ਇਕੋ ਇਕ ਸੁਹਾਈਆ । ਸਦੀ ਚੌਧਵੀਂ ਫੇਰ ਆਵੇ ਨੱਸਾ, ਨਿਰਗੁਣ ਸਰਗੁਣ ਵੇਸ ਵਟਾਈਆ । ਮੇਟੇ ਰੈਣ ਅੰਧੇਰੀ ਮੱਸਾ, ਸਤਿਜੁਗ ਸਚ ਚੰਦ ਚਮਕਾਈਆ । ਜਨ ਭਗਤਾਂ ਕਰੇ ਜਸਾ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਗ਼ਰੀਬ ਨਿਮਾਣਿਆਂ ਕਰੇ ਰੱਛਾ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਾਰ ਚੜ੍ਹਾ ਕੇ ਰਥਾ, ਰਥ ਰਥਵਾਹੀ ਕਾਰ ਕਮਾਈਆ । ਸਭ ਦੇ ਲੇਖੇ ਲਾਵੇ ਮਸਤਕ ਮੱਥਾ, ਧੂੜੀ ਚਰਨ ਖ਼ਾਕ ਰਮਾਈਆ । ਹਰ ਹਿਰਦੇ ਅੰਦਰ ਹੋਵੇ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਕਾਲੂ ਵੇਖ ਕੇ ਹੋ ਗਿਆ ਹੱਕਾ ਬੱਕਾ, ਹੈਰਾਨੀ ਅੰਦਰ ਆਈਆ । ਮੈਂ ਸਮਝਿਆ ਨਾਨਕ ਪੰਜ ਤੱਤਾ ਬੰਦਾ, ਬੰਦਿਆਂ ਵਰਗਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਪੰਜ ਜੇਠ ਕਹੇ ਕਾਲੂ ਨੂੰ ਅੰਤਮ ਆਈ ਸੋਝੀ, ਅਖ਼ੀਰੀ ਸਵਾਸ ਦਿਤਾ ਤਜਾਈਆ । ਖਹਿੜਾ ਛੁਟਿਆ ਢਾਈ ਮਹੀਨੇ ਦਾ ਰੋਗੀ, ਦੁੱਖ ਦਰਦ ਰਿਹਾ ਨਾ ਰਾਈਆ । ਭਰਮ ਰਿਹਾ ਨਾ ਜੰਞੂ ਬੋਦੀ, ਮਸਤਕ ਤਿਲਕ ਨਾ ਕੋਇ ਵਡਿਆਈਆ । ਨਜ਼ਾਰਾ ਤੱਕਿਆ ਵੇਦੀ ਸੋਢੀ, ਕੁਲ ਕੁਲ ਵਿਚੋਂ ਬਦਲਾਈਆ । ਨੇਤਰ ਤੱਕੀ ਅਗੰਮੀ ਡੋਡੀ, ਜਿਥੋਂ ਵਿਸ਼ਨ ਬ੍ਰਹਮਾ ਸ਼ਿਵ ਉਪਜਾਈਆ । ਗੁਰ ਅਵਤਾਰ ਪੈਗ਼ੰਬਰ ਔਂਦੇ ਜੋਗੀ, ਭਗਤ ਸੰਤ ਮਿਲੇ ਵਡਿਆਈਆ । ਸ਼ਬਦ ਅਨਾਦ ਸੁਣਿਆ ਬੋਧੀ, ਅਗੰਮ ਕੀਤੀ ਪੜ੍ਹਾਈਆ । ਇਸ਼ਾਰਾ ਦਿਤਾ ਚੌਦਾਂ ਲੋਕੀ, ਚੌਦਾਂ ਤਬਕ ਭੇਵ ਖੁਲ੍ਹਾਈਆ । ਸੁਰਤੀ ਰਹੇ ਕੋਈ ਨਾ ਸੋਤੀ, ਹਰਿ ਸੁੱਤਿਆਂ ਆਪ ਉਠਾਈਆ । ਸਾਥੀ ਮਿਲਿਆ ਕੋਈ ਨਾ ਗੋਤੀ, ਸੰਗੀ ਸੰਗ ਨਾ ਕੋਇ ਨਿਭਾਈਆ । ਨਾਲ ਚਲੀ ਨਾ ਜੰਞੂ ਧੋਤੀ, ਅਗਲਾ ਰੰਗ ਨਾ ਕੋਇ ਰੰਗਾਈਆ । ਖਾਣ ਪੀਣ ਮੁਕੀ ਰੋਜ਼ੀ, ਵਸਤ ਹੱਥ ਕੋਇ ਨਾ ਆਈਆ । ਮੂਰਖ ਮਤ ਰਹੀ ਨਾ ਹੋਛੀ, ਮਮਤਾ ਮੋਹ ਮਿਟਾਈਆ । ਬੁੱਧੀ ਅਕਲ ਸੋਚ ਨਾ ਸੋਚੀ, ਚਲੇ ਨਾ ਕੋਇ ਚਤੁਰਾਈਆ । ਜਾਂ ਨਿਗਾਹ ਪਈ ਨਜ਼ਰੀ ਆਇਆ ਰਵਿਦਾਸ ਚਮਾਰਾ ਮੋਚੀ, ਰੰਬੀ ਆਰ ਹੱਥ ਉਠਾਈਆ । ਅੰਤਰ ਆਸਾ ਇਕੋ ਲੋਚੀ, ਲੋਚਣ ਨੈਣ ਨਿਜ ਖੁਲ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਜ ਜੇਠ ਕਹੇ ਕਾਲੂ ਦਾ ਅੰਤਮ ਛੁਟਿਆ ਸ਼ਰੀਰ, ਕਲਾ ਕਲ ਦਿਤੀ ਵਰਤਾਈਆ । ਅਖ਼ੀਰੀ ਸਵਾਸ ਤੇ ਨਾਨਕ ਨੇ ਬਦਲ ਦਿਤੀ ਤਕਦੀਰ, ਨਾਤਾ ਪਿਤਾ ਪੂਤ ਤੁੜਾਈਆ । ਮਿਹਰ ਨਿਗਾਹ ਕਰ ਤਾਸੀਰ, ਨੇਤਰ ਨੈਣ ਇਕ ਖੁਲ੍ਹਾਈਆ । ਪਿਛਲੇ ਕੀਤੇ ਉਤੇ ਮਾਰ ਲਕੀਰ, ਅਗਲੇ ਮਾਰਗ ਇਕੋ ਪਾਈਆ । ਜਿਥੇ ਝਗੜਾ ਨਹੀਂ ਗ਼ਰੀਬ ਅਮੀਰ, ਊਚ ਨੀਚ ਨਾ ਕੋਇ ਰਖਾਈਆ । ਸਾਚੀ ਆਸਾ ਵੇਖ ਉਮੀਦ, ਅਮਲ ਦਿਤਾ ਦ੍ਰਿੜਾਈਆ । ਮੈਂ ਤੇਰਾ ਤੱਤਾਂ ਵਾਲਾ ਅਜ਼ੀਜ਼, ਜਗਤ ਵਿਚ ਸੁਹਾਈਆ । ਮੈਨੂੰ ਪੁਰਖ ਅਕਾਲ ਨਾਲ ਮਿਲੌਣ ਦੀ ਰੀਝ, ਤੇਰਾ ਨਾਤਾ ਦਿਆਂ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਕਾਲੂ ਅੰਤਰ ਕੀਤਾ ਧਿਆਨ, ਧਰਨੀ ਧਰਤ ਧਵਲ ਸੁਹਾਈਆ । ਸ਼ਬਦੀ ਮਿਲਿਆ ਗਿਆਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਵੇਖਿਆ ਹੱਕ ਮਕਾਨ, ਸੰਬਲ ਇਕ ਵਡਿਆਈਆ । ਜਿਥੇ ਜਗੇ ਜੋਤ ਮਹਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਸੀਸ ਝੁਕਾਣ, ਨਿਉਂ ਨਿਉਂ ਲਾਗਣ ਪਾਈਂਆ । ਸਯਦਾ ਕਰੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਧੂੜੀ ਖ਼ਾਕ ਰਮਾਈਆ । ਦੋ ਜਹਾਨ ਤੋਂ ਵਖਰਾ ਵਿਧਾਨ, ਹੁਕਮ ਇਕੋ ਇਕ ਅਲਾਹੀਆ । ਸਾਚੀ ਕਰਨੀ ਕਰੇ ਵਿਚ ਜਹਾਨ, ਕਰਤਾ ਬੇਪਰਵਾਹੀਆ । ਭਗਤ ਸੁਹੇਲੇ ਆਪ ਪਹਿਚਾਨ, ਦਰ ਠਾਂਡੇ ਮੇਲ ਮਿਲਾਈਆ । ਸਤਿ ਸਚ ਦਾ ਦੇ ਕੇ ਦਾਨ, ਵਸਤ ਅਗੰਮ ਆਪ ਵਰਤਾਈਆ । ਝਗੜਾ ਮੁਕਾ ਜ਼ਿਮੀਂ ਅਸਮਾਨ, ਜ਼ਾਮਨ ਹੋ ਕੇ ਹੋਏ ਸਹਾਈਆ । ਕਲਜੁਗ ਕੂੜ ਮੇਟ ਤੁਫ਼ਾਨ, ਤੋਹਫ਼ਾ ਨਾਮ ਨਿਧਾਨਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਪੰਚਮ ਜੇਠ ਕਹੇ ਕਾਲੂ ਨੂੰ ਮਿਲੀ ਅੰਤਮ ਥਾਪੀ, ਹਰਿ ਪੁਸ਼ਤ ਪਨਾਹ ਲਗਾਈਆ । ਤੂੰ ਇਕੋ ਨਾਮ ਜਾਪੀ, ਜਪਤ ਜਪਤ ਵਡਿਆਈਆ । ਪ੍ਰਭ ਖੇਲ ਕਰੇ ਪ੍ਰਤਾਪੀ, ਹਰਿ ਵੱਡਾ ਵਡ ਵਡਿਆਈਆ । ਜਿਸ ਵੇਲੇ ਕਲਜੁਗ ਅੰਤਮ ਗੁਰ ਅਵਤਾਰ ਪੈਗੰਬਰਾਂ ਦੀ ਉਮਤ ਸਿੱਖੀ ਹੋਈ ਪਾਪੀ, ਪਤਤ ਪੁਨੀਤ ਨਾ ਕੋਇ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਵੇਖਣ ਸਚ ਨਾਮ ਦੀ ਕਾਪੀ, ਅਸਲ ਹੱਥ ਕਿਛ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਿਫ਼ਤਾਂ ਵਾਲੇ ਬਣਨ ਭਾਟੀ, ਭਾਵ ਭੇਵ ਨਾ ਕੋਇ ਦ੍ਰਿੜਾਈਆ । ਸਚ ਸਿੰਘਾਸਣ ਸੋਹੇ ਕੋਈ ਨਾ ਖਾਟੀ, ਖਟਕਾ ਹੋਵੇ ਕੂੜ ਲੋਕਾਈਆ । ਮੰਜ਼ਲ ਚੜ੍ਹੇ ਕੋਈ ਨਾ ਘਾਟੀ, ਦਰਗਾਹ ਸਚ ਨਾ ਕੋਇ ਸੁਹਾਈਆ । ਚਾਰੋਂ ਕੁੰਟ ਹੋਏ ਅੰਧੇਰੀ ਰਾਤੀ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਸਾਚਾ ਦਿਸੇ ਕੋਈ ਨਾ ਸਾਥੀ, ਸਗਲਾ ਸੰਗ ਨਾ ਕੋਇ ਬਣਾਈਆ । ਓਸ ਵੇਲੇ ਕਿਰਪਾ ਕਰੇ ਪੁਰਖ ਅਬਿਨਾਸ਼ੀ, ਹਰਿ ਕਰਤਾ ਦਇਆ ਕਮਾਈਆ । ਜਿਸ ਨੂੰ ਸਭ ਨੇ ਕਹਿਣਾ ਘਨਕਪੁਰ ਵਾਸੀ, ਪੰਚਮ ਜੇਠ ਮਾਤਲੋਕ ਮਿਲੇ ਵਡਿਆਈਆ । ਜਨ ਭਗਤਾਂ ਮੇਟੇ ਉਦਾਸੀ, ਸੰਸਾ ਅੰਦਰੋਂ ਦਏ ਕਢਾਈਆ । ਸਚ ਘਰ ਦਾ ਹੋਵੇ ਦਾਸੀ, ਦਰ ਇਕੋ ਡੇਰਾ ਲਾਈਆ । ਕਾਲੂ ਕਿਹਾ ਮੈਂ ਨਾਨਕ ਦਾ ਪਿਤਾ ਮੇਰੀ ਕੱਟੀ ਜਾਏ ਜਮ ਫਾਸੀ, ਆਵਣ ਜਾਵਣ ਰਹੇ ਨਾ ਰਾਈਆ । ਪਿਛਲੀ ਭੁੱਲ ਦੀ ਮੰਗ ਮੁਆਫ਼ੀ, ਨੇਤਰ ਨੈਣਾਂ ਨੀਰ ਵਹਾਈਆ । ਨਾਨਕ ਨੂੰ ਮਾਰਿਆ ਕੁਟਿਆ ਕੀਤੀ ਜਗਤ ਗੁਸਤਾਖ਼ੀ, ਗ਼ੁੱਸਾ ਗਿਲਾ ਦੇਣਾ ਗਵਾਈਆ । ਮੇਰੇ ਸਾਹਿਬ ਸਤਿਗੁਰ ਪੁਰਖ ਅਕਾਲ ਮੇਰੀ ਸਦਾ ਕਰਨੀ ਰਾਖੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਕਥਾ ਕਿਸੇ ਨਾ ਵਾਚੀ, ਵਾਚਕ ਹੋ ਕੇ ਕਹਿਣ ਕੋਇ ਨਾ ਪਾਈਆ ।

### ੭ ਜੇਠ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾ

ਸੂਰੀਆ ਕਹੇ ਸੁਣੋ ਚੰਦ ਸਤਾਰ, ਸਤਿ ਸਤਿਵਾਦੀ ਦਿਆਂ ਜਣਾਈਆ । ਵੇਖੋ ਖੇਲ ਅਗੰਮ ਅਪਾਰ, ਹਰਿ ਕਰਤਾ ਆਪ ਕਰਾਈਆ । ਜਿਸ ਦੀ ਆਸਾ ਰੱਖ ਕੇ ਗਏ ਗੁਰ ਅਵਤਾਰ, ਪੈਗ਼ੰਬਰ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਪਾਵੇ ਸਾਰ, ਹਰਿ ਸੱਜਣ ਵੇਖ ਵਖਾਈਆ । ਜੁਗ ਚੌਕੜੀ ਲਹਿਣਾ ਦੇਣਾ ਦਏ ਉਧਾਰ, ਲੇਖਾ ਸਭ ਦਾ ਪੂਰ ਕਰਾਈਆ । ਧਰਨੀ ਧਰਤ ਧਵਲ ਸੁਣ ਪੁਕਾਰ, ਪਾਰਬ੍ਰਹਮ ਪ੍ਰਭ ਮਿਹਰ ਨਜ਼ਰ ਉਠਾਈਆ । ਚਾਰ ਕੁੰਟ ਬਣੇ ਸਹਾਰ, ਸਾਹਿਬ ਸੁਲਤਾਨ ਹੋ ਸਹਾਈਆ । ਸਭ ਕੁਛ ਆਪਣੇ ਰਖਣਾ ਅਖ਼ਤਿਆਰ, ਮੁਖ਼ਤਿਆਰਨਾਮਾ ਹੱਥ ਨਾ ਕਿਸੇ ਫੜਾਈਆ । ਕਲਜੁਗ ਬਦਲ ਦੇਵੇ ਧਾਰ, ਸਤਿਜੁਗ ਸਚ ਰੰਗ ਰੰਗਾਈਆ । ਸੰਮਤ ਪੰਜ ਖੇਲੇ ਖੇਲ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਸੂਰੀਆ ਕਹੇ ਵੇਖੋ ਚੰਦ ਸਿਤਾਰ ਮੀਤ, ਮਿੱਤਰੋ ਦਿਆਂ ਜਣਾਈਆ । ਚਾਰ ਕੁੰਟ ਰਿਹਾ ਚੀਕ, ਧੀਰਜ ਧੀਰ ਨਾ ਕੋਇ ਰਖਾਈਆ । ਕਾਇਆ ਹੋਏ ਨਾ ਠਾਂਡੀ ਸੀਤ, ਅਗਨੀ ਤੱਤ ਨਾ ਕੋਇ ਬੁਝਾਈਆ । ਆਤਮ ਪਰਮਾਤਮ ਬਣੇ ਨਾ ਕੋਈ ਪ੍ਰੀਤ, ਪ੍ਰੀਤਮ ਹੱਕ ਨਾ ਕੋਇ ਮਿਲਾਈਆ । ਰਸਨਾ ਰਸ ਲਏ ਕੋਇ ਨਾ ਮੀਠ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਤ੍ਰੈਗੁਣ ਹੋਏ ਨਾ ਕੋਇ ਅਤੀਤ, ਤ੍ਰੈਭਵਨ ਲਏ ਨਾ ਕੋਇ ਮਿਲਾਈਆ । ਜਿਸ ਸਾਹਿਬ ਦੀ ਕਰਨ ਉਡੀਕ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਸੋ ਸਭ ਦੀ ਕਰੇ ਤਸਦੀਕ, ਕਲਜੁਗ ਅੰਤਮ ਵੇਸ ਵਟਾਈਆ । ਅੰਧ ਅੰਧੇਰ ਮਿਟੇ ਤਾਰੀਕ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਾਚਾ ਨਾਮ ਦੱਸ ਹਦੀਸ, ਹਜ਼ੂਰ ਹਾਜ਼ਰ ਹੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸੂਰੀਆ ਕਹੇ ਵੇਖੋ ਚੰਦ ਸਿਤਾਰ ਮੇਰੇ ਸੱਜਣ, ਕੀ ਕਰਤਾ ਕਾਰ ਕਮਾਈਆ । ਨਾਮ ਨਗਾਰੇ ਦੋ ਜਹਾਨ ਕੀ ਵੱਜਣ, ਬ੍ਰਹਿਮੰਡ ਖੰਡ ਕਰਨ ਕੀ ਸ਼ਨਵਾਈਆ । ਸ੍ਰਿਸ਼ਟੀ ਦਾ ਇਕੋ ਕਰਨਾ ਭਜਨ, ਬੰਦਗੀ ਇਕ ਸਮਝਾਈਆ । ਲੱਖ ਚੁਰਾਸੀ ਤੋਲੇ ਸਭ ਦਾ ਵਜ਼ਨ, ਕੰਡਾ ਨਾਮ ਤਰਾਜ਼ੂ ਹੱਥ ਉਠਾਈਆ । ਸਤਿਜੁਗ ਸਾਚੀ ਕਰੇ ਰਚਨ, ਰਚਨਾ ਆਪਣੀ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਬਚਨ, ਬੱਚਿਆਂ ਵਾਂਗ ਗੋਦ ਉਠਾਈਆ । ਸਚ ਦਵਾਰ ਸੁਹਾ ਕੇ ਵਤਨ, ਗ੍ਰਿਹ ਮੰਦਰ ਦਏ ਵਡਿਆਈਆ । ਚਾਰ ਵਰਨ ਦਾ ਸਾਂਝਾ ਕਰ ਕੇ ਪੱਤਨ, ਦਵਾਰਾ ਇਕੋ ਇਕ ਵਖਾਈਆ । ਜਿਥੇ ਦੂਸਰ ਚਲੇ ਨਾ ਕੋਇ ਯਤਨ, ਯਥਾਰਥ ਆਪਣਾ ਰੰਗ ਰੰਗਾਈਆ । ਭਗਤ ਸੁਹੇਲੇ ਸਾਚੇ ਵਸਣ, ਦਰਗਾਹ ਸਾਚੀ ਸੋਭਾ ਪਾਈਆ । ਲੱਖ ਚੁਰਾਸੀ ਕਾਇਆ ਕੱਟਣ, ਕਟਾਕਸ਼ ਆਪਣਾ ਨਾਮ ਲਗਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਆਇਆ ਪੱਟਣ, ਪਟਨੇ ਵਾਲਾ ਸ਼ਬਦੀ ਧਾਰ ਖੇਲ ਖਿਲਾਈਆ । ਨਵ ਸੱਤ ਖੋਲ੍ਹ ਕੇ ਹੱਟਨ, ਵਸਤ ਅਮੋਲਕ ਇਕ ਵਰਤਾਈਆ ।

ਸਚ ਦਵਾਰ ਕਰ ਕੇ ਜਸ਼ਨ, ਖ਼ੁਸ਼ੀਆਂ ਰੰਗ ਦਏ ਰੰਗਾਈਆ । ਭਗਤ ਭਗਵਾਨ ਦਾ ਸਾਂਝਾ ਹੋਵੇ ਮਿਸ਼ਨ, ਮਸਲਾ ਅਵਰ ਨਾ ਕੋਇ ਚਤੁਰਾਈਆ । ਜਿਸ ਨੂੰ ਸਿਰ ਝੁਕਾਵਣ ਬ੍ਰਹਮਾ ਰਾਮ ਕ੍ਰਿਸ਼ਨ, ਸ਼ੰਕਰ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਵੇਖੋ ਨੈਣ ਉਘਾੜ, ਉਗਣ ਆਥਣ ਧਿਆਨ ਲਗਾਈਆ । ਦਿਸ਼ਾ ਵੇਖੋ ਇਕ ਪਹਾੜ, ਪਰਦਾ ਅੰਦਰ ਰਹੇ ਨਾ ਰਾਈਆ । ਚਾਰੋਂ ਕੁੰਟ ਦਿਸੇ ਉਜਾੜ, ਖੇੜਾ ਗ੍ਰਿਹਿ ਨਾ ਕੋਇ ਵਡਿਆਈਆ । ਮਨ ਹੰਕਾਰੀ ਦਿਸੇ ਧਾੜ, ਧਾੜਵੀ ਕਲਜੁਗ ਨਾਲ ਰਲਾਈਆ । ਸਾਚੀ ਮੰਜ਼ਲ ਸਕੇ ਕੋਈ ਨਾ ਚਾੜ੍ਹ, ਚੜ੍ਹਦਾ ਲਹਿੰਦਾ ਰਿਹਾ ਕੁਰਲਾਈਆ । ਸੋਹਣਾ ਖੇਲ ਖਿਲਾਉਣਾ ਸਤਾਰਾਂ ਹਾੜ, ਹੜ੍ਹਦੀ ਵੇਖੇ ਕੂੜ ਲੋਕਾਈਆ । ਸ੍ਰਿਸ਼ਟੀ ਚਬਾਏ ਆਪਣੀ ਦਾੜ੍ਹ, ਦੂਸਰ ਸਮਝ ਕਿਸੇ ਨਾ ਆਈਆ । ਗੁਰਮੁਖ ਦੁਲਾਰੇ ਉਠਾਉਣੇ ਚਾਰ, ਚਾਰੇ ਵਰਨਾਂ ਵਿਚੋਂ ਜਗਾਈਆ । ਚਾਰੇ ਪਾਣੀ ਬਰਸਣ ਧਾਰ, ਅੰਮ੍ਰਿਤ ਕਿਉੜਾ ਨਾਲ ਸੁਹਾਈਆ । ਚਾਰ ਸਿੱਖ ਬਣ ਕੇ ਰੂਪ ਨਾਰ, ਸੋਹਣਾ ਤਨ ਸ਼ਿੰਗਾਰ ਬਣਾਈਆ । ਹੱਥ ਖਿੱਚ ਨੰਗੀ ਕਟਾਰ, ਕੰਧਿਆਂ ਉਤੇ ਲੈਣ ਉਠਾਈਆ । ਨੌ ਚੱਕਰ ਲਾਉਣ ਵਿਚ ਦਰਬਾਰ, ਆਰ ਪਾਰ ਆਪਣਾ ਪੰਧ ਮੁਕਾਈਆ । ਨੌ ਵਾਰ ਬੋਲਣ ਜੈਕਾਰ, ਜੈ ਜੈਕਾਰ ਤੇਰੀ ਸ਼ਰਨਾਈਆ । ਫੇਰ ਗੁਰਮੁਖ ਸਿੰਘ ਉਠ ਕੇ ਉਨ੍ਹਾਂ ਦੇ ਸਿਰ ਦਏ ਪਿਆਰ, ਸਿਰ ਆਪਣਾ ਹੱਥ ਰਖਾਈਆ । ਫਿਰ ਕਰ ਪ੍ਰਭੂ ਨਿਮਸਕਾਰ, ਲਿਖਾਰੀਆਂ ਦੇ ਪਿੱਛੇ ਬੈਠਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਮਾਰ ਲਓ ਝਾਕੀ, ਅਗਲਾ ਝਾਕਾ ਰਹੇ ਨਾ ਰਾਈਆ । ਚਾਰ ਇਕੱਠੇ ਹੋਵਣ ਚਾਰੇ ਜ਼ਾਤੀ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਸੋਭਾ ਪਾਈਆ । ਚੌਂਹਾਂ ਦੇ ਹੱਥ ਵਿਚ ਹੋਵੇ ਇਕ ਇਕ ਲਾਠੀ, ਝੰਡੀਆਂ ਕਾਲੀਆਂ ਨਾਲ ਸੁਹਾਈਆ । ਨਾਲ ਲਿਖੀ ਹੋਵੇ ਪਾਤੀ, ਸਭ ਦਾ ਇਕੋ ਪਿਤਾ ਮਾਈਆ । ਓਨ੍ਹਾਂ ਦੇ ਬਸਤਰ ਹੋਵਣ ਖ਼ਾਕੀ, ਤਨ ਪੋਸ਼ਾਕ ਇਕ ਸੁਹਾਈਆ । ਖੇਲ ਹੋਣਾ ਸਤਾਰਾਂ ਹਾੜ ਦੀ ਰਾਤੀ, ਰੁਤ ਆਪਣੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੂਰੀਆਂ ਕਹੇ ਚੰਦ ਸਿਤਾਰ ਖੋਲ੍ਹ ਕੇ ਵੇਖੋ ਆਪਣੀਆਂ ਅੱਖਾਂ, ਨੇਤਰ ਨੈਣ ਉਠਾਈਆ । ਇਕ ਗੁਰਮੁਖ ਸੂਰਾ ਪ੍ਰਭ ਬਣਾਉਣਾ ਆਪਣਾ ਬੱਚਾ, ਬਚਨ ਗੋਬਿੰਦ ਪੂਰ ਕਰਾਈਆ । ਉਹਦੇ ਗਲ ਤੰਦ ਹੋਵੇ ਕੱਚਾ, ਕ਼ਮੀਜ਼ ਨਾਲ ਨਾ ਕੋਇ ਛੁਹਾਈਆ । ਮੁਖੋਂ ਬਚਨ ਕਹੇ ਸੱਚਾ, ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਚੰਦ ਸਿਤਾਰ ਵੇਲਾ ਵਕ਼ਤ ਜਾਗੋ, ਆਪਣੀ ਲਓ ਅੰਗੜਾਈਆ । ਇਕੋ ਪੁਰਖ ਅਕਾਲ ਅਰਾਧੋ, ਦੂਜਾ ਰਾਗ ਨਾ ਕੋਇ ਸੁਣਾਈਆ । ਮੰਡਲ ਉਤੇ ਆਪਣਾ ਆਪ ਸਾਧੋ, ਸਾਧਨਾ ਸਚ ਰਿਹਾ ਜਣਾਈਆ । ਜਿਸ ਨੂੰ ਕਹਿੰਦੇ ਰਹਿਣ ਮਾਧਵ ਮਾਧੋ, ਮਧੁਰ ਧੁਨ ਰਾਗ ਦ੍ਰਿੜਾਈਆ । ਜਿਸ ਨੇ ਲੇਖਾ ਪੂਰ ਕਰਾਇਆ ਕ੍ਰਿਸ਼ਨ ਯਾਦੋ, ਸੋ ਬੰਸਰੀ ਹੱਕ ਸਚ ਸੁਣਾਈਆ । ਸਚ ਸਰਨਾਈ ਉਸ ਦੀ ਲਾਗੋ, ਜੋ ਲਗ ਮਾਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਵੇਖੋ ਗੋਬਿੰਦ ਵਾਲਾ ਪੱਤਰ, ਪਤ੍ਰਕਾ ਦਿਆਂ ਉਲਟਾਈਆ । ਪੰਜਾਂ ਗੁਰਮਖਾਂ ਦੇ ਹੱਥ ਵਿਚ ਹੋਣਾ ਛਤ੍ਰ, ਛਤ੍ਰਧਾਰੀ ਦਏ ਵਡਿਆਈਆ । ਪੰਜਾਂ ਦਾ ਨਾਮ ਲਿਖਿਆ ਹੋਵੇ ਵਿਚ

ਇਕੋ ਸਤਰ, ਲਾਈਨ ਇਕੋ ਇਕ ਜਣਾਈਆ । ਓਨ੍ਹਾਂ ਵਿਚੋਂ ਬਣੇ ਕੋਈ ਨਾ ਚਤੁਰ, ਮੂਰਖ ਮੂੜ੍ਹ ਨਾ ਕਿਸੇ ਸੁਣਾਈਆ । ਲਾਲ ਰੰਗ ਦੀ ਬੰਨ੍ਹੀ ਹੋਵੇ ਗਲ ਵਿਚ ਕਤਰ, ਨੋਕ ਤਿੱਖੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਤਾਰ ਵੇਖੋ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਆਪ ਦ੍ਰਿੜਾਈਆ । ਇੱਕੀ ਬੀਬੀਆਂ ਵੇਸ ਕਰਨਾ ਮਰਦਾਨਾ, ਮਰਦਾਂ ਵਾਂਗ ਆਪਣਾ ਬਲ ਪ੍ਰਗਟਾਈਆ । ਹੱਥ ਵਿਚ ਉਠਾਉਣਾ ਧਰਮ ਨਿਸ਼ਾਨਾ, ਨਿਸ਼ਾਨਾ ਧੁਰ ਦਾ ਇਕ ਵਖਾਈਆ । ਸਾਹਿਬ ਸੁਲਤਾਨ ਦਾ ਗਾਉਣਾ ਗਾਣਾ, ਤੂੰ ਦਾਤਾ ਬੇਪਰਵਾਹੀਆ । ਮੋਢਿਆਂ ਉਤੇ ਉਠਾਉਣ ਤੀਰ ਕਮਾਨਾ, ਰੰਗ ਇਕੋ ਇਕ ਬਣਾਈਆ । ਸਭ ਦਾ ਚਿੱਟਾ ਹੋਵੇ ਬਾਣਾ, ਬਾਣੀ ਧੁਰ ਦੀ ਧਾਰ ਸਮਝਾਈਆ । ਕਿਸੇ ਦਾ ਬਸਤਰ ਨਾ ਹੋਵੇ ਪੁਰਾਣਾ, ਪਾਰਬ੍ਰਹਮ ਭੇਵ ਖੁਲ੍ਹਾਈਆ । ਹਿਰਦੇ ਅੰਦਰ ਨਾ ਹੋਵੇ ਮਾਣਾ, ਨਿਰਮਾਣਤਾ ਵਿਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਚੰਦ ਸਿਤਾਰ ਨਿਗਾਹ ਮਾਰੋ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਸਚ ਦਵਾਰਾ ਵੇਖੋ ਰਿਹਾ ਸਜ, ਹਰਿ ਸੱਜਣ ਆਪ ਸੁਹਾਈਆ । ਸਭ ਦਾ ਲਹਿਣਾ ਅਲਗ ਅਲਗ, ਵਖ ਵਖਰੀ ਸੇਵ ਲਗਾਈਆ । ਪੰਜਾਂ ਗੁਰਮੁਖਾਂ ਪੱਗ ਨੂੰ ਪਾਏ ਹੋਣ ਡੱਬ, ਰੰਗ ਇਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਤਾਰਾ ਚੰਦ ਵੇਖਣਾ ਪ੍ਰਭ ਦਾ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਸੋਹਣਾ ਸੁਹੰਵਣਾ ਸੁਹਾਏ ਦਰਬਾਰਾ, ਦਰਗਾਹ ਸਾਚੀ ਸਚ ਬਣਾਈਆ । ਇਕ ਗੁਰਮੁਖ ਦਿੰਦਾ ਹੋਵੇ ਇਸ਼ਾਰਾ, ਇਸ਼ਾਰੇ ਝੰਡੇ ਨਾਲ ਜਣਾਈਆ । ਇਕ ਬੈਠਾ ਹੋਵੇ ਦੂਰ ਕਿਨਾਰਾ, ਭਗਤ ਦਵਾਰੇ ਚੋਟੀ ਚੜ੍ਹ ਕੇ ਰਾਗ ਅਲਾਈਆ । ਇਕ ਦਰਵਾਜ਼ੇ ਉਤੇ ਮਾਰੇ ਲਲਕਾਰਾ, ਖ਼ਬਰਦਾਰ ਹੋਵੇ ਲੋਕਾਈਆ । ਇਕ ਗੁਰਮੁਖ ਪੀਲੇ ਬਸਤਰ ਪਾ ਕੇ ਚੜ੍ਹੇ ਖਾਰਾ, ਜੋ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸੂਰੀਆ ਕਹੇ ਤਾਰਾ ਚੰਦ ਪ੍ਰਭ ਨੇ ਪੂਰੀ ਕਰਨੀ ਸ਼ਰਤ, ਸ਼ਰਅ ਦੇਣੀ ਚੁਕਾਈਆ । ਜੋ ਨਿਰਗੁਣ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਭਾਗ ਲਗਾਵੇ ਧਰਨੀ ਧਰਤ, ਧਵਲ ਹੋਏ ਸਹਾਈਆ । ਪੰਜਾਂ ਪਿਆਰਿਆਂ ਦੇ ਕੰਧੇ ਉਤੇ ਸੁਨਿਹਰੀ ਰੰਗ ਦਾ ਲੱਗਾ ਹੋਵੇ ਵਰਕ, ਸੱਜਾ ਪਾਸਾ ਮਿਲੇ ਵਡਿਆਈਆ । ਖੱਬੀ ਨੰਗੀ ਰੱਖਣੀ ਅਰਕ, ਪਰਦਾ ਉਪਰ ਨਾ ਕੋਇ ਕਰਾਈਆ । ਕਮਰਕਸੇ ਵਿਚ ਛੁਪਾ ਕੇ ਰੱਖਣੀ ਇਕ ਇਕ ਕਰਦ, ਖੰਜਰ ਗੋਬਿੰਦ ਨਾਲ ਵਡਿਆਈਆ । ਇਕ ਕੋਲ ਰੱਖਣਾ ਚਰਚ, ਗਿਰਜਾ ਸੋਹਣਾ ਰੂਪ ਬਣਾਈਆ । ਟਿਕਾਉਣਾ ਆ ਕੇ ਉਤੇ ਅਰਸ਼, ਪ੍ਰਭ ਚਰਨਾਂ ਭੇਟ ਚੜ੍ਹਾਈਆ । ਜੈਕਾਰਾ ਬੋਲਣਾ ਗਰਜ, ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇਹ ਖੇਲ ਹੋਣਾ ਭਾਰਤੀ, ਹਰਿ ਕਰਤਾ ਆਪ ਕਰਾਈਆ । ਨੌਆਂ ਬੀਬੀਆਂ ਕਰਨੀ ਆਰਤੀ, ਪੰਜ ਪੰਜ ਸ਼ਮਾਂਦਾਨ ਥਾਲੀਆਂ ਵਿਚ ਟਿਕਾਈਆ । ਧਾਰ ਗਾਉਣੀ ਇਕ ਏਕੰਕਾਰ ਦੀ, ਅਗੰਮ ਅਥਾਹ ਪੜ੍ਹਾਈਆ । ਅੱਗੇ ਰੀਤੀ ਬਦਲਣੀ ਸੰਸਾਰ ਦੀ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਮੰਜ਼ਲ ਮੁਕਣੀ ਚਾਰ ਯਾਰ ਦੀ, ਮੁਹੰਮਦ ਨਿਉਂ ਨਿਉਂ ਲਾਗੇ ਪਾਈਆ । ਖੇਲ ਵੇਖਣੀ ਇਕ

ਦਾਤਾਰ ਦੀ, ਦਇਆਵਾਨ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਪੰਜ ਗੁਰਮੁਖ ਇਕੱਠੇ ਹੋਵਣ ਗਾਉਂਦੇ, ਗਾ ਗਾ ਸ਼ੁਕਰ ਮਨਾਈਆ । ਬਾਂਹ ਕੱਢ ਕੇ ਹੋਣ ਸੁਣਾਉਂਦੇ, ਪ੍ਰਭ ਤੇਰੀ ਬੇਪਰਵਾਹੀਆ । ਗੋਬਿੰਦ ਰਾਹ ਹੋਵਣ ਤਕਾਉਂਦੇ, ਨੇਤਰ ਲੋਚਣ ਅੱਖ ਉਠਾਈਆ । ਖੱਬਾ ਹੱਥ ਕੰਨਾਂ ਉਤੇ ਹੋਣ ਰਖਾਉਂਦੇ, ਗਰਦਨ ਟੇਢੀ ਕਰ ਟਿਕਾਈਆ । ਗੀਤ ਗਾਉਣ ਆਪਣੇ ਮਨ ਭਾਉਂਦੇ, ਜਗਤ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇੱਕੀ ਬੀਬੀਆਂ ਗੀਤ ਗਾਉਣਾ ਸੁਹਾਗ, ਸੋਹਣਾ ਰਾਗ ਅਲਾਈਆ । ਪ੍ਰੇਮ ਵਿਚ ਆਵੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਸਵਾਧਾਨੀ ਵਿਚ ਜਾਣਾ ਜਾਗ, ਆਲਸ ਨਿੰਦਰਾ ਨਾ ਕੋਇ ਰਖਾਈਆ । ਮਾਝਾ ਮਾਲਵਾ ਦੁਆਬਾ ਜੰਮੂ ਆਪਣੀ ਆਪਣੀ ਕਢਣੀ ਆਵਾਜ਼, ਢੋਲੇ ਸੋਹਣੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜ ਗੁਰਮੁਖ ਫਿਰਦੇ ਹੋਣ ਜਵਾਨ, ਜੋਬਨਵੰਤੇ ਨਜ਼ਰੀ ਆਈਆ । ਹੱਥਾਂ ਵਿਚ ਫੜੇ ਹੋਣ ਵਦਾਨ, ਮੋਢੇ ਸੱਜੇ ਉਤੇ ਛੁਹਾਈਆ । ਮੁਖੋਂ ਕਹਿਣ ਯੁੱਧ ਕਰਨਾ ਘਮਸਾਨ, ਚਾਰੋਂ ਕੁੰਟ ਜਗਤ ਲੜਾਈਆ । ਸੂਰਮਾ ਰਹੇ ਕੋਇ ਨਾ ਵਿਚ ਮੈਦਾਨ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਹੋਣੀ ਹੈਰਾਨ, ਹੈਰਾਨੀ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜ ਬੁੱਢੜੀਆਂ ਮਾਈਆਂ ਕਪੜੇ ਪਾਉਣੇ ਸੂਹੇ, ਇਕੋ ਰੰਗ ਰੰਗਾਈਆ । ਹੱਥ ਵਿਚ ਫੜੇ ਹੋਣ ਮਰੇ ਹੋਏ ਚੂਹੇ, ਰੱਸੀ ਲੰਮੀ ਉਂਗਲ ਨਾਲ ਟਿਕਾਈਆ । ਉਨ੍ਹਾਂ ਵਿਚੋ ਇਕ ਇਕ ਵਾਰੀ ਵਾਰੀ ਕਹੇ, ਬਹੁੜੀ ਬਹੁੜੀ ਤੇਰੀ ਦੁਹਾਈਆ । ਬਿਨ ਤੇਰੀ ਕਿਰਪਾ ਜਗਤ ਜਹਾਨ ਸਾਰਾ ਰੁੜ੍ਹੇ, ਜੀਵਣ ਹੱਥ ਕਿਸੇ ਨਾ ਆਈਆ । ਅਸੀਂ ਅੰਤ ਸਮੇਂ ਪ੍ਰਭੂ ਸਭ ਆਈਆਂ ਤੇਰੀ ਜੂਹੇ, ਘਰ ਬਾਰ ਤਜਾਈਆ । ਸਭ ਦੀ ਲੇਖੇ ਲਾ ਲੈ ਰੂਹੇ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇਕ ਦੂਜੇ ਦੇ ਫੜ ਲਓ ਮੋਢੇ, ਮੁਢਲਾ ਹਾਲ ਸੁਣਾਈਆ । ਪੰਜਾਂ ਗੁਰਮੁਖਾਂ ਬੈਠਣਾ ਭਾਰ ਗੋਡੇ, ਕਮਰ ਸਿੱਧੀ ਸਚ ਰਖਾਈਆ । ਓਨ੍ਹਾਂ ਦੇ ਕੋਲ ਹੋਵਣ ਪੰਜ ਪੰਜ ਡੋਡੇ, ਪੋਸਤ ਵਾਲੇ ਉਠਾਈਆ । ਸਿਰ ਤੇ ਰੱਖੇ ਹੋਵਣ ਬੋਦੇ, ਜੰਞੂ ਕੇਸ ਨਾ ਬੋਦੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜਾਂ ਬੀਬੀਆਂ ਆਪਣੀ ਮਰਜੀ ਦੇ ਪਾਉਣੇ ਬਸਤਰ, ਹਿੱਸਾ ਰੰਗ ਨਾ ਕੋਇ ਵਡਿਆਈਆ । ਆਪਣੀ ਖ਼ੁਸ਼ੀ ਦੇ ਉਠਾਉਣੇ ਸ਼ਸਤਰ, ਤਨ ਹੱਥਾਂ ਨਾਲ ਸੁਹਾਈਆ । ਸ਼ਾਹੀ ਫ਼ੌਜ ਦਾ ਬਣ ਕੇ ਲਸ਼ਕਰ, ਆਪਣਾ ਬਲ ਪ੍ਰਗਟਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਪੁਸ਼ਕਰ, ਸੋ ਪੂਰਾ ਦੇਣਾ ਕਰਾਈਆ । ਅੰਤਰ ਸਭ ਦਾ ਹੋਵੇ ਖ਼ੁਸ਼ੀ ਦਿਲ, ਗ਼ਮੀ ਨੇੜ ਕੋਇ ਨਾ ਆਈਆ । ਓਨ੍ਹਾਂ ਵਿਚੋਂ ਹੋਵੇ ਕੋਈ ਨਾ ਬੁਜ਼ਦਿਲ, ਲੋਕ ਲੱਜਿਆ ਵਿਚ ਜੋ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ ।



੧੩੩੦ ੨੧

ਸੂਰੀਆ ਕਹੇ ਚੰਦ ਸਿਤਾਰ ਪੰਜਾਂ ਗੁਰਮੁਖਾਂ ਹੋਵੇ ਇਕ ਜਮਾਤ, ਉਮਰ ਇਕੋ ਨਜ਼ਰੀ ਆਈਆ । ਇਕੋ ਹੋਵੇ ਜ਼ਾਤ, ਇਕੋ ਕੁਲ ਵਡਿਆਈਆ । ਇਕੋ ਹੋਵੇ ਘਾਟ, ਮੰਜ਼ਲ ਇਕੋ ਰਾਹ ਤਕਾਈਆ । ਇਕੋ ਹੋਵੇ ਨਾਤ, ਨਾਤਾ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਸੁਣ ਚੰਦ ਸਿਤਾਰ, ਚੰਨਾਂ ਦਿਆਂ ਜਣਾਈਆ । ਅਗਲਾ ਲੇਖਾ ਅਗੰਮ ਅਪਾਰ, ਸਹਿਜ ਸਹਿਜ ਸਮਝਾਈਆ । ਕੀ ਖੇਲ ਕਰੇ ਸੱਚੀ ਸਰਕਾਰ, ਹਰਿ ਕਰਤਾ ਧੁਰਦਰਗਾਹੀਆ । ਜਿਤਨਾ ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਦਿਆਂ ਦ੍ਰਿੜਾਈਆ । ਅੰਤ ਕਰ ਕੇ ਨਿਮਸਕਾਰ, ਚਰਨ ਕਵਲ ਸੀਸ ਝੁਕਾਈਆ । ਸਤਿ ਧਰਮ ਦਾ ਬੋਲ ਜੈਕਾਰ, ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਗੁਰਮੁਖਾਂ ਤੇੜ ਪਵਾ ਸਲਵਾਰ, ਚਲਾਏ ਨਾਲ ਤਿੱਖੀ ਰਫ਼ਤਾਰ, ਕ਼ਦਮ ਕ਼ਦਮ ਨਾਲ ਬਦਲਾਈਆ ।

### ❊ ੧੪ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਸੰਮਤ ਪੰਜ ਕਹੇ ਜੋ ਪ੍ਰਭ ਦੇ ਸੇਵਾਦਾਰ, ਸੇਵਾ ਸਚ ਧਰਮ ਕਮਾਈਆ । ਮਾਨਸ ਜਨਮ ਰਹੇ ਸਵਾਰ, ਸਵਾਰਥ ਅਵਰ ਨਾ ਕੋਇ ਰਖਾਈਆ । ਦਿਵਸ ਰੈਣ ਪ੍ਰੇਮ ਦੀ ਕਾਰ, ਕਰਮ ਕਾਂਡ ਦਾ ਡੇਰਾ ਢਾਹੀਆ । ਨਾਤਾ ਤੋੜ ਕੂੜ ਸੰਸਾਰ, ਜਗਤ ਵਿਕਾਰ ਪਰੇ ਹਟਾਈਆ । ਪਿਆਰ ਮੁਹੱਬਤ ਵਿਚ ਸਦਾ ਰਹਿਣ ਹੁਸ਼ਿਆਰ, ਖ਼ੁਸ਼ੀ ਗ਼ਮੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਾਂ ਅਗੰਮ ਕਿਤਾਬ, ਹਰਿ ਕਰਤਾ ਆਪ ਜਣਾਈਆ । ਜਿਸ ਵਿਚ ਭਗਤਾਂ ਦਾ ਹਿਸਾਬ, ਚੁਰਾਸੀ ਨਜ਼ਰ ਕੋਇ ਨਾ ਆਈਆ । ਮੰਦਰ ਮਹੱਲ ਸੁਹਾਏ ਮਹਿਰਾਬ, ਮਹਿਬੂਬ ਇਕੋ ਨਜ਼ਰੀ ਆਈਆ । ਸਚ ਪਿਆਰਿਆਂ ਦੇਵੇ ਖ਼ਿਤਾਬ, ਮੁਖ਼ਾਤਬ ਹੋ ਕੇ ਆਪ ਜਣਾਈਆ । ਸਤਿ ਸਚ ਦੱਸ ਅਦਾਬ, ਸਿਖਿਆ ਸਿੱਖ ਇਕ ਇਕ ਨਾਲ ਰਖਾਈਆ । ਕਿਰਪਾ ਕਰ ਗੁਰੂ ਮਹਾਰਾਜ, ਮਿਹਰ ਨਜ਼ਰ ਇਕ ਉਠਾਈਆ । ਪ੍ਰੇਮ ਭਗਤੀ ਦੇ ਕੇ ਦਾਜ, ਦੌਲਤ ਧੁਰ ਦੀ ਝੋਲੀ ਪਾਈਆ । ਚਾਰ ਜੁਗ ਦਾ ਬਦਲ ਰਿਵਾਜ, ਰਸਤਾ ਆਪਣਾ ਇਕ ਸਮਝਾਈਆ । ਨਾਤਾ ਤੋੜ ਕੂੜ ਸਮਾਜ, ਬੰਧਨ ਵਿਚੋਂ ਬਾਹਰ ਕਢਾਈਆ । ਬਿਨਾ ਪ੍ਰਭੂ ਤੋਂ ਦੂਸਰ ਅਵਰ ਨਾ ਕੋਇ ਸਾਕ, ਸੱਜਣ ਸੰਗ ਨਾ ਕੋਇ ਨਿਭਾਈਆ । ਜੋ ਉਪਜਿਆ ਸੋ ਅੰਤ ਹੋਏ ਖ਼ਾਕ, ਥਿਰ ਰਹਿਣ ਕੋਇ ਨਾ ਪਾਈਆ । ਗੁਰਮੁਖਾਂ ਹਿਰਦਾ ਕਰੇ ਪਵਿਤ੍ਰ ਪਾਕ, ਪਤਤ ਪੁਨੀਤ ਆਪ ਬਣਾਈਆ । ਝਗੜਾ ਮੇਟ ਜਗਤ ਜ਼ਾਤ, ਦੀਨ ਦੁਨੀ ਪੰਧ ਮੁਕਾਈਆ । ਸਤਿ ਸਚ ਦੇ ਇਖ਼ਲਾਕ, ਧਰਮ ਧਾਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਪੰਜ ਵੇਖਾਂ ਪੰਚਾਇਣ, ਪੰਚ ਪਰਪੰਚ ਖੋਜ ਖੁਜਾਈਆ । ਖੇਲ ਤੱਕਾਂ ਪ੍ਰਭੂ ਨਰਾਇਣ, ਜੋ ਨਰ ਨਿਰੰਕਾਰ ਰਿਹਾ ਕਰਾਈਆ । ਜਗਤ ਵਿਕਾਰ ਵੇਖਾਂ ਵਹਿਣ, ਦੀਨ ਦੁਨੀ ਰਿਹਾ ਰੁੜ੍ਹਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਦਿਸੇ ਪ੍ਰਭ ਦਾ ਸੈਣ, ਸੱਜਣ ਆਪ ਬਣਾਈਆ । ਜਗਤ ਨਾਤਾ ਵੇਖ


੧੩੩੧ ੨੧

ਤਰਫ਼ੈਣ, ਪਾਸਾ ਪੁਸ਼ਤ ਗਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਕੀ ਰਾਮ ਰਿਹਾ ਦੱਸ, ਤਰੇਤਾ ਅੱਖ ਖੁਲ੍ਹਾਈਆ । ਪ੍ਰਭੂ ਮੇਰਾ ਦੇ ਦੇ ਹੱਕ, ਮੇਰੇ ਰਾਮ ਰਾਮ ਦੀ ਦੁਹਾਈਆ । ਵੇਲਾ ਵਕ਼ਤ ਪਹੁੰਚਿਆ ਸਚ, ਸਚ ਦਿਆਂ ਸਮਝਾਈਆ । ਮੈਂ ਵੇਖਿਆ ਆਪਣੀ ਅੱਖ, ਪ੍ਰਤਖ ਧਿਆਨ ਲਗਾਈਆ । ਜਿਸ ਵੇਲੇ ਅਯੁੱਧਿਆ ਵਿਚੋਂ ਬਨਵਾਸੀ ਹੋ ਕੇ ਹੋਇਆ ਵਖ, ਭਰਤ ਸ਼ਤਰੂਗਨ ਤਜਾਈਆ । ਕੈਕਈ ਪਈ ਹੱਸ, ਕੁਸ਼ਲਿਆ ਸੁਮਿਤਰਾ ਨੈਣਾਂ ਨੀਰ ਵਹਾਈਆ । ਉਸ ਵੇਲੇ ਪਿਆਰ ਕਰਨ ਵਾਲੇ ਭਗਤ ਸੁਹੇਲੇ ਜਿਨ੍ਹਾਂ ਅੰਤਰ ਮੇਰਾ ਤਤ, ਤੱਤ ਆਪਣਾ ਗਏ ਬਦਲਾਈਆ । ਨੇਤਰ ਰੋ ਕੇ ਚਰਨੀਂ ਡਿੱਗੇ ਝਟ, ਬਹੁੜੀ ਬਹੁੜੀ ਕਰ ਸੁਣਾਈਆ । ਅਸੀਂ ਕਿਰਸਾਣ ਤੇਰੇ ਪਿਆਰ ਵਾਲੇ ਜੱਟ, ਦੂਜਾ ਘਰ ਨਾ ਕੋਇ ਵਖਾਈਆ । ਰਸਨਾ ਨਾਲ ਚਰਨ ਲਏ ਚੱਟ, ਖ਼ੁਦੀ ਖ਼ੁਦੀ ਵਿਚੋਂ ਪ੍ਰਭ ਕਢਾਈਆ । ਸਾਨੂੰ ਦੇ ਦੇ ਨਾਮ ਦਾ ਹੱਟ, ਖ਼ਜ਼ਾਨਾ ਧੁਰ ਦਰਸਾਈਆ । ਰਾਮ ਨੇ ਕਿਹਾ ਮੇਰਾ ਰਾਮ ਵਸੇ ਘਟ ਘਟ, ਹਰ ਘਟ ਰਿਹਾ ਸਮਾਈਆ । ਉਂਗਲ ਨਾਲ ਦਿਤਾ ਦੱਸ, ਇਸ਼ਾਰਾ ਜ਼ਿਮੀਂ ਅਸਮਾਨ ਕਰਾਈਆ । ਤਰੇਤਾ ਦਵਾਪਰ ਲੰਘ ਜਾਏ ਝਟ, ਕਲਜੁਗ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਹੋਵੇ ਪ੍ਰਗਟ, ਨਿਰਗੁਣ ਆਪਣਾ ਫੇਰਾ ਪਾਈਆ । ਲੇਖਾ ਵੇਖ ਪੁਰਖ ਸਮਰਥ, ਪਰਦਾ ਉਹਲਾ ਦਏ ਚੁਕਾਈਆ । ਜੋਤ ਨੂਰ ਕਰੇ ਲਟ ਲਟ, ਦੋ ਜਹਾਨ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਿਰਸਾਣਾਂ ਕਿਹਾ ਹੇ ਰਾਮ ਸਾਡੇ ਸਵਾਮੀ, ਸਚ ਤੇਰੀ ਸਰਨਾਈਆ । ਤੂੰ ਸਭ ਦਾ ਅੰਤਰਜਾਮੀ, ਬੇਪਰਵਾਹ ਅਖਵਾਈਆ । ਕਿਉਂ ਅਯੁਧਿਆ ਕੀਤੀ ਬੇਗਾਨੀ, ਆਪਣਾ ਘਰ ਤਜਾਈਆ । ਜੇ ਕੈਕਈ ਕੀਤੀ ਬੇਈਮਾਨੀ, ਧਰਮ ਦੀ ਧਾਰ ਦੇ ਜਣਾਈਆ । ਤੇਰੀ ਜੋਬਨ ਵਾਲੀ ਜਵਾਨੀ, ਰਾਜਗੱਦੀ ਰਿਹਾ ਤਜਾਈਆ । ਅਸੀਂ ਤੇਰੇ ਪਿੱਛੇ ਕਰੀਏ ਕ਼ੁਰਬਾਨੀ, ਮਰ ਜੀਵਤ ਰੂਪ ਵਟਾਈਆ । ਰਾਮ ਹੱਸ ਕੇ ਕਿਹਾ ਮੇਰੀ ਨਿੱਕੀ ਜਿਹੀ ਮਿਹਰਵਾਨੀ, ਮਿਹਰ ਨਜ਼ਰ ਇਕ ਉਠਾਈਆ । ਸਾਰੇ ਹੱਥ ਰੱਖੇ ਉਤੇ ਪੇਸ਼ਾਨੀ, ਪਿੱਛਾ ਅੱਗਾ ਦਿਆਂ ਸਮਝਾਈਆ । ਜਲਵਾ ਤੱਕੋ ਜੋਤ ਨੁਰਾਨੀ, ਨੂਰ ਨੁਰਾਨਾ ਸੋਭਾ ਪਾਈਆ । ਜਿਸ ਦੀ ਮੁਹੱਬਤ ਨਾ ਹੋਵੇ ਪੁਰਾਣੀ, ਪ੍ਰਾਣ ਅਧਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਰਾਮ ਕਿਹਾ ਸੁਣੋ ਸਤਿ ਸਚ ਦੀ ਬਾਤ, ਬਾਤਨ ਦਿਆਂ ਜਣਾਈਆ । ਜਿਸ ਵੇਲੇ ਆਵੇ ਅੰਧੇਰੀ ਰਾਤ, ਕਲਜੁਗ ਅੰਧੇਰਾ ਛਾਈਆ । ਪ੍ਰਗਟ ਹੋਵੇ ਪੁਰਖ ਅਬਿਨਾਸ਼, ਮਿਹਰ ਨਜ਼ਰ ਇਕ ਉਠਾਈਆ । ਸਚ ਸਰਬੰਸ ਕਰ ਵਾਸ, ਬੰਸ ਆਪਣਾ ਇਕ ਵਡਿਆਈਆ । ਤੁਸਾਂ ਸਭ ਨੇ ਹੋਣਾ ਪਾਸ, ਸਗਲਾ ਸੰਗ ਰਖਾਈਆ । ਸੇਵਾ ਕਰਨੀ ਨਾਲ ਵਿਸ਼ਵਾਸ, ਵਿਸ਼ਵ ਦਾ ਮਾਲਕ ਵਿਸਰ ਕਦੇ ਨਾ ਜਾਈਆ । ਤੁਹਾਨੂੰ ਸਦਾ ਰੱਖੇ ਯਾਦ, ਜੁਗ ਚੌਕੜੀ ਹੋਏ ਸਹਾਈਆ । ਤੁਹਾਡਾ ਸਭ ਦਾ ਹੋਵੇ ਇਕ ਸਮਾਜ, ਇਕੋ ਘਰ ਮਿਲੇ ਵਡਿਆਈਆ । ਇਕੋ ਬਣੇ ਧੁਰ ਦਾ ਬਾਪ, ਇਕੋ ਜੰਮਣ ਵਾਲੀ ਮਾਈਆ । ਸਤਿ ਸਚ ਦਾ ਦਏ ਇਤਫ਼ਾਕ, ਨਾਤਾ ਪ੍ਰੇਮ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਿਰਸਾਣਾਂ ਕਿਹਾ ਕਿਸ ਬਿਧ ਸਾਡਾ ਹੋਵੇ ਮੇਲ, ਸਚ ਦੇ ਸਮਝਾਈਆ । ਰਾਮ ਕਿਹਾ ਇਹ ਮੇਰੇ ਰਾਮ ਦਾ ਖੇਲ, ਜੋ ਅਭੁੱਲ ਭੁੱਲ ਕਦੇ ਨਾ ਜਾਈਆ । ਜਿਸ ਦਾ ਨਾਤਾ

ਗੁਰੂ ਗੁਰ ਚੇਲ, ਚੇਲਾ ਗੁਰ ਵੇਖ ਵਖਾਈਆ । ਆਦਿ ਜੁਗਾਦਿ ਸੱਜਣ ਸੁਹੇਲ, ਸਾਹਿਬ ਸਵਾਮੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪ੍ਰਭ ਨੇ ਰਾਮ ਦੇ ਅੰਦਰ ਦਿਤਾ ਹਲੂਣਾ, ਤਿੰਨ ਵਾਰ ਹਿਲਾਈਆ । ਰਾਮ ਨੇ ਰਾਮ ਤੈਨੂੰ ਰੱਖਿਆ ਊਣਾ, ਬਿਨਾ ਰਾਮ ਤੋਂ ਰਾਮ ਪੂਰਨ ਨਜ਼ਰ ਕੋਇ ਨਾ ਆਈਆ । ਤੇਰਾ ਰਸਨਾ ਜਿਹਵਾ ਨਾਲ ਕੂਣਾ, ਜਗਤ ਵਾਲੀ ਸਿਖਲਾਈਆ । ਮੇਰਾ ਖੇਲ ਸਿਲ ਅਲੂਣਾ, ਬਿਨਾ ਕਿਰਪਾ ਤੋਂ ਚੱਟਣ ਵਾਲਾ ਨਾ ਕੋਇ ਅਖਵਾਈਆ । ਜਿਸ ਵੇਲੇ ਤਰੇਤੇ ਤੋਂ ਬਾਦ ਦੁਆਪਰ ਕੁਕਰਮ ਹੋਵੇ ਦੂਣਾ, ਕੂੜੀ ਕਿਰਿਆ ਵੱਜੇ ਵਧਾਈਆ । ਦੁਆਪਰ ਤੋਂ ਬਾਦ ਕਲਜੁਗ ਸਤਿ ਧਰਮ ਦਾ ਰਹੇ ਕੋਇ ਨਾ ਧੂਣਾ, ਸਾਧੂ ਸਿੱਧ ਨਾ ਕੋਇ ਵਖਾਈਆ । ਸਤਿਗੁਰ ਦੀ ਨਿੰਦਿਆ ਗੁਰਸਿੱਖ ਕਰਨ ਮੂੰਹਨਾ, ਰਾਮ ਦੀ ਰਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਰਾਮ ਕਹੇ ਮੇਰੇ ਅੰਤਰ ਸੁਰਤ ਸੰਦੇਸ਼ਾ ਰਿਹਾ ਆ, ਮੇਰਾ ਰਾਮ ਰਿਹਾ ਜਣਾਈਆ । ਮੈਂ ਅਯੁਧਿਆ ਚਲਿਆ ਤਜਾ, ਭਾਣੇ ਵਿਚ ਆਪਣਾ ਝਟ ਲੰਘਾਈਆ । ਤੁਹਾਡੀ ਯਾਦ ਰਹੀ ਸਤਾ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਰਾਮ ਨੇ ਪੰਜ ਹੰਝੂ ਵਹਾਏ ਕਿਹਾ ਇਹ ਮੇਰੇ ਤੁਹਾਡੇ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਅਜੇ ਰਾਮ, ਰਾਮ ਤੋਂ ਕ੍ਰਿਸ਼ਨ, ਕ੍ਰਿਸ਼ਨ ਤੋਂ ਹੋਣਾ ਖ਼ੁਦਾ, ਖ਼ੁਦਾ ਤੋਂ ਸਤਿਨਾਮ ਵਾਹਿਗੁਰੂ ਨਾਮ ਪ੍ਰਗਟਾਈਆ । ਸਭ ਦਾ ਮਾਰਗ ਹੋਣਾ ਜੁਦਾ ਜੁਦਾ, ਵੱਖ ਵੱਖ ਰਾਹ ਤਕਾਈਆ । ਅੰਤ ਫਿਰਨੀ ਦਰੋਹੀ ਉਤੇ ਬਸੁੱਧਾ, ਧਰਨੀ ਧਰਤ ਦਏ ਦੁਹਾਈਆ । ਝੂਠ ਦਾ ਹੋਣਾ ਯੁੱਧਾ, ਸਚ ਸਿਰ ਸਕੇ ਨਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਹੋਣਾ ਬੁੱਢਾ, ਸਦੀ ਸਦੀਵੀ ਨਾਲ ਮਿਲਾਈਆ । ਫੇਰ ਪ੍ਰਭ ਨੇ ਬਦਲਣਾ ਜੁਗਾ, ਜੁਗ ਕਲਜੁਗ ਅੰਤਮ ਵੇਸ ਵਟਾਈਆ । ਜਿਸ ਨੂੰ ਯਾਦ ਕਰ ਕੇ ਜਾਏ ਬੁੱਧਾ, ਨੇਤਰ ਰੋ ਰੋ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਨੂੰ ਨਜ਼ਰ ਆਈ ਉਤੇ ਤਸਵੀਰ, ਸਚ ਦਿਆਂ ਜਣਾਈਆ । ਜਿਸ ਵੇਲੇ ਰਾਮ ਨੇ ਘੱਤਿਆ ਵਹੀਰ, ਲਛਮਣ ਸੀਤਾ ਨਾਲ ਮਿਲਾਈਆ । ਸਭ ਦੇ ਨੈਣਾਂ ਵਗਿਆ ਨੀਰ, ਛਹਿਬਰ ਇਕ ਲਗਾਈਆ । ਕਿਰਸਾਣਾਂ ਹੱਥ ਮਾਰਿਆ ਮਸਤਕ ਜਾਂਦੇ ਰਾਮ ਸਾਡੀ ਬਦਲ ਜਾਹ ਤਕਦੀਰ, ਫਿਰ ਸ਼ਾਇਦ ਦਰਸ ਕੋਇ ਨਾ ਪਾਈਆ । ਰਾਮ ਨੇ ਪਰਤ ਕੇ ਸੱਜੇ ਚਰਨ ਦੇ ਅੰਗੂਠੇ ਨਾਲ ਮਾਰੀ ਲਕੀਰ, ਉੱਤਰ ਪੂਰਬ ਦਿਤੀ ਖਿਚਾਈਆ । ਤੁਹਾਡੀ ਮੰਗ ਕੁਛ ਕਲਜੁਗ ਵਿਚ ਮੰਗੇ ਕਬੀਰ, ਗ਼ਰੀਬ ਨਿਮਾਣਾ ਹੋ ਕੇ ਵਾਸਤਾ ਪਾਈਆ । ਤੁਸਾਂ ਬੈਠਣਾ ਨਾਲ ਧੀਰਜ ਧੀਰ, ਧਰਵਾਸ ਲੈਣਾ ਰਖਾਈਆ । ਮੇਰੀ ਇਕੋ ਬਾਦਅਸ਼ੀਰ, ਇਸ਼ਾਰੇ ਨਾਲ ਸਮਝਾਈਆ । ਤੁਹਾਡਾ ਵਾਸਾ ਹੋਣਾ ਕੋਲ ਕਸ਼ਮੀਰ, ਪੰਜ ਦੀ ਧਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੰਮਤ ਪੰਜ ਕਹੇ ਜਨ ਭਗਤੋ ਮੈਨੂੰ ਆ ਗਿਆ ਪਿਛਲਾ ਚੇਤਾ, ਅੱਖਾਂ ਖੋਲ੍ਹ ਕੇ ਵੇਖ ਵਖਾਈਆ । ਜਿਹੜੇ ਕੰਮ ਕਰਦੇ ਵਿਚ ਖੇਤਾਂ, ਦਿਵਸ ਰੈਣ ਸੇਵ ਕਮਾਈਆ । ਇਨ੍ਹਾਂ ਦਾ ਰਾਮ ਵਾਲਾ ਹੇਤਾ, ਪੂਰਬ ਪਿਛਲਾ ਸੋਭਾ ਪਾਈਆ । ਪੁਰਖ ਅਕਾਲ ਬਣ ਕੇ ਨੇਤਾ, ਨਰ ਨਰਾਇਣ ਦਏ ਵਡਿਆਈਆ । ਰਾਮ ਮੁਹੱਬਤ ਵਾਲੀ ਭੇਟਾ, ਲੇਖੇ ਆਪਣੀ ਝੋਲੀ ਪਾਈਆ । ਜਨ ਭਗਤ ਬਣਾ ਕੇ ਧੁਰ ਦਾ ਬੇਟਾ, ਸਿਰ ਆਪਣਾ ਹੱਥ ਟਿਕਾਈਆ । ਤ੍ਰੇਤਾ ਦੁਆਪਰ ਜਰਮ ਦਾ ਬਦਲਿਆ ਠੇਕਾ, ਕਲਜੁਗ ਠਾਕਰ ਹੋਏ

ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਰਾਮ ਦੇ ਵੈਰਾਗੀ, ਗੁਰਸਿੱਖ ਨਜ਼ਰੀ ਆਈਆ । ਜਿਨ੍ਹਾਂ ਦੀ ਸੋਈ ਸੁਰਤੀ ਜਾਗੀ, ਅੰਤਰ ਹੋਈ ਰੁਸ਼ਨਾਈਆ । ਜਗਤ ਤ੍ਰਿਸ਼ਨਾ ਤਿਆਗੀ, ਤ੍ਰੈਗੁਣ ਡੇਰਾ ਢਾਹੀਆ । ਓਨ੍ਹਾਂ ਵਿਚੋਂ ਪ੍ਰੇਮ ਸਿੰਘ ਹੋਇਆ ਵਡਭਾਗੀ, ਭਾਗ ਆਪਣਾ ਝੋਲੀ ਪਾਈਆ । ਈਸ਼ਰ ਸਿੰਘ ਬਣ ਕੇ ਆਦੀ, ਹਿੱਸਾ ਰਿਹਾ ਵੰਡਾਈਆ । ਇੰਦਰ ਸਿੰਘ ਵਸਤ ਅਮੋਲਕ ਲਾਧੀ, ਘਰ ਸਾਚੇ ਵੱਜੀ ਵਧਾਈਆ । ਨਾਜ਼ਰ ਸਿੰਘ ਸੇਵਾ ਕੀਤੀ ਡਾਢ੍ਹੀ, ਸਗਲਾ ਸੰਗ ਵਖਾਈਆ । ਸੁਰਜੀਤ ਕੌਰ ਸੀਸ ਦੀ ਲਾ ਕੇ ਬਾਜ਼ੀ, ਬਾਜ਼ਾਂ ਵਾਲਾ ਵੇਖ ਵਖਾਈਆ । ਗੁਰਮੀਤ ਕੌਰ ਬੱਚਿਆਂ ਹਿਰਦਾ ਸਾਧੀ, ਬਲਵਿੰਦਰ ਆਪਣਾ ਜੋੜ ਜੁੜਾਈਆ । ਜਗਜੀਤ ਸਿੰਘ ਮਨ ਮਮਤਾ ਮਾਰ ਕੇ ਗ਼ਾਜ਼ੀ, ਗੁਰਮੀਤ ਸਿੰਘ ਆਪਣਾ ਰੰਗ ਰੰਗਾਈਆ । ਭਜਨ ਸਿੰਘ ਛੱਡ ਕੇ ਭਾਈ ਭੈਣ ਸਾਥੀ, ਨਾਤਾ ਆਇਆ ਤੁੜਾਈਆ । ਪ੍ਰਕਾਸ਼ ਕੌਰ ਜਾਗ ਕੇ ਰਾਤੀ, ਅੰਤਰ ਅੰਤਰ ਰਹੀ ਧਿਆਈਆ । ਇਕੋ ਬੱਚੀ ਜਿਸ ਨੇ ਮਰਨਾ ਸੀ ਔਣ ਵਾਲੀ ਏਸ ਵਸਾਖੀ, ਉਸ ਦੀ ਜ਼ਿੰਦਗੀ ਰਿਹਾ ਬਦਲਾਈਆ । ਬਿੰਦਰ ਨੂੰ ਦੇ ਕੇ ਫੇਰ ਹਯਾਤੀ, ਜੀਵਣ ਜੀਵਣ ਵਿਚੋਂ ਵਖਾਈਆ । ਜਰਨੈਲ ਸਿੰਘ ਚੜ੍ਹ ਕੇ ਮੰਜ਼ਲ ਘਾਟੀ, ਆਪਣਾ ਪੈਂਡਾ ਲਿਆ ਮੁਕਾਈਆ । ਸੁੱਚਾ ਸਿੰਘ ਮੇਟ ਕੇ ਵਾਟੀ, ਲੱਖ ਚੁਰਾਸੀ ਡੇਰਾ ਢਾਹੀਆ । ਮਹਿੰਦਰ ਰੱਖ ਕੇ ਆਸੀ, ਅਸਲ ਆਪਣਾ ਰਾਹ ਤਕਾਈਆ । ਹਰਨਾਮ ਕੌਰ ਚੜ੍ਹੇ ਨਾ ਫਾਸੀ, ਭੁੱਲੀ ਭਟਕੀ ਪਾਰ ਲੰਘਾਈਆ । ਛੋਟੀ ਨੰਨ੍ਹੀ ਜਿਹੜੀ ਆਯੂ ਆਯੂ ਵਿਚੋਂ ਸਾਧੀ, ਸਾਧਨਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸੰਮਤ ਪੰਜ ਕਹੇ ਮੈਂ ਤਕਦਾ ਰਿਹਾ ਰਾਹ, ਜੁਗ ਜੁਗ ਧਿਆਨ ਲਗਾਈਆ । ਰਾਮ ਬਣਾਉਂਦਾ ਰਿਹਾ ਗਵਾਹ, ਸ਼ਹਾਦਤ ਦਿਆਂ ਭੁਗਤਾਈਆ । ਹਰਜੀਤ ਜੋ ਮਾਤਾ ਪਿਤਾ ਛੱਡ ਕੇ ਗਿਆ ਆ, ਧਨਾਢ ਪਿਛਲਾ ਨਜ਼ਰੀ ਆਈਆ । ਸੁਖਵੰਤ ਪਿਛਲੇ ਬਖ਼ਸ਼ਾ ਕੇ ਗੁਨਾਹ, ਰਾਮ ਦੀ ਨਿਗਾਹ ਰਾਮ ਵਿਚ ਟਿਕਾਈਆ । ਛੋਟੀ ਨੰਨ੍ਹੀ ਜਿਸ ਦਾ ਹੋਰ ਨਹੀਂ ਕੋਈ ਸਾਥੀ, ਪਿਛਲੇ ਜਨਮ ਦੀ ਮਾਈਆ । ਮੰਜ਼ਲ ਪੰਧ ਮੁਕਾ ਕੇ ਵਾਟੀ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਦੱਸਾਂ ਹਾਲ ਤਮਾਮ, ਭੇਵ ਅਭੇਦ ਖੁਲ੍ਹਾਈਆ । ਜਿਹੜੀ ਸੇਵਾ ਕਰੇ ਕੌਰ ਵਰਿਆਮ, ਪ੍ਰੀਤਮ ਸਿੰਘ ਦੀ ਪਿਛਲੇ ਜਨਮ ਦੀ ਮਾਈਆ । ਇਹਨੇ ਰਾਮ ਨੂੰ ਜਾਣ ਲੱਗਿਆਂ ਤਿੰਨ ਵੇਰ ਕੀਤਾ ਪ੍ਰਨਾਮ, ਤਿੰਨ ਜੁਗਾਂ ਦਾ ਲੇਖਾ ਦਿਤਾ ਚੁਕਾਈਆ । ਓਸ ਵੇਲੇ ਇਹਦੇ ਕੁਛੜ ਸੀ ਬੱਚਾ ਨਾਦਾਨ, ਜਿਹਦੇ ਮਸਤਕ ਜ਼ਿਮੀਂ ਤੋਂ ਧੂੜੀ ਦਿਤੀ ਲਗਾਈਆ । ਨਾਲੇ ਰੋ ਕੇ ਕਿਹਾ ਮੇਰੇ ਰਾਮ, ਆਪਣਾ ਰਾਮ ਦੇਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਸੰਮਤ ਪੰਜ ਕਹੇ ਮਲ ਸਿੰਘ ਹੁੰਦਾ ਸੀ ਪੁਜਾਰੀ, ਬਿਸ਼ਨ ਸਿੰਘ ਧੂਪੀਆ ਨਾਲ ਮਿਲਾਈਆ । ਜੁਗਿੰਦਰ ਹੁੰਦੀ ਸੀ ਕੰਨਿਆ ਕਵਾਰੀ, ਇਸ਼ਟ ਰਾਮ ਦਾ ਆਪਣੇ ਇਸ਼ਟ ਵਿਚ ਰਖਾਈਆ । ਭਾਨ ਸਿੰਘ ਲੌਂਦਾ ਹੁੰਦਾ ਸੀ ਤਾੜੀ, ਨੌ ਮਿੰਟ ਅੱਖ ਦਬਾਈਆ । ਅਮੀਰ ਚੰਦ ਫਿਰਦਾ ਹੁੰਦਾ ਸੀ ਵਿਚ ਉਜਾੜੀ, ਰਾਮ ਰਾਮ ਰਾਮ ਕੂਕ ਕੂਕ ਸੁਣਾਈਆ । ਸੁਲੱਖਣ ਸਿੰਘ ਨੌ ਵਾਰ ਰਾਮ ਦੇ ਅੱਗੇ ਪਿੱਛੇ ਹੋਇਆ ਪਿਛਾੜੀ, ਪਿੱਛਾ ਅੱਗੇ ਅੱਗੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ

੧੩੩੪
੨੧

ਪੰਜ ਕਹੇ ਦਲੀਪ ਸਿੰਘ ਹੁੰਦਾ ਸੀ ਦੋਹਰਾ ਮੋਟਾ, ਵੇਸ ਕਿਰਸਾਨਾ ਵਾਲਾ ਰਖਾਈਆ । ਤੇੜ ਰੱਖਦਾ ਹੁੰਦਾ ਸੀ ਲੰਗੋਟਾ, ਚੀਥੜ ਪੁਰਾਣੇ ਸੋਭਾ ਪਾਈਆ । ਅੰਨ ਖਾਂਦਾ ਸੀ ਇਕ ਟੋਪਾ, ਚੌਦਾਂ ਘੰਟੇ ਸੌਂ ਕੇ ਝਟ ਲੰਘਾਈਆ । ਰਾਮ ਵਿਛੜਨ ਲੱਗਿਆਂ ਇਸ ਨੇ ਭਰਿਆ ਜ਼ੋਰ ਦਾ ਹੌਕਾ, ਹਾਏ ਰਾਮ ਕਰ ਸੁਣਾਈਆ । ਫੇਰ ਕਦੋਂ ਮਿਲੇਗਾ ਮੌਕਾ, ਮਿਹਰਵਾਨ ਦੇਣਾ ਜਣਾਈਆ । ਰਾਮ ਖ਼ੁਸ਼ੀ ਨਾਲ ਕਿਹਾ ਮੇਰਾ ਰਾਮ ਤੁਹਾਡਾ ਸਭ ਦਾ ਸੰਭਾਲੇ ਮੌਕਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਸੰਮਤ ਪੰਜ ਕਹੇ ਰਤਨ ਸਿੰਘ ਹੁੰਦਾ ਸੀ ਸਾਧੂ ਰੱਤਾ, ਰੱਤੂ ਕਹਿ ਕੇ ਸਾਰੇ ਗਾਈਆ । ਅੰਦਰੇ ਅੰਦਰ ਪਕਾਂਦਾ ਸੀ ਮਤਾ, ਰਸਨਾ ਕਹਿ ਨਾ ਕੁਝ ਸੁਣਾਈਆ । ਅੰਤ ਅਖ਼ੀਰ ਰਾਮ ਨੂੰ ਟੇਕ ਕੇ ਮੱਥਾ, ਧੂੜੀ ਚਰਨ ਖ਼ਾਕ ਰਮਾਈਆ । ਭੇਟਾ ਕਰ ਕੇ ਇਕ ਟਕਾ, ਨੈਣਾਂ ਨੀਰ ਵਹਾਈਆ । ਰਾਮ ਹੱਸ ਕੇ ਕਿਹਾ ਉਠ ਕਿਰਸਾਣ ਜੱਟਾ, ਤੈਨੂੰ ਦਿਆਂ ਦ੍ਰਿੜਾਈਆ । ਤੇਰੀ ਭੇਟ ਦਾ ਮੇਰਾ ਰਾਮ ਦੇਵੇ ਵੱਟਾ, ਬਦਲਾ ਤੇਰੀ ਝੋਲੀ ਪਾਈਆ । ਜਨਮ ਜਨਮ ਦਾ ਲਾਹਾ ਖਟਾ, ਕਰਮ ਕਰਮ ਦਾ ਲੇਖ ਮੁਕਾਈਆ । ਕਿਰਪਾ ਕਰੇ ਪੁਰਖ ਸਮਰੱਥਾ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਚੜ੍ਹਾਈਆ । ਸੰਮਤ ਪੰਜ ਕਹੇ ਕਸ਼ਮੀਰ ਸਿੰਘ ਹੁੰਦਾ ਸੀ ਭੋਲਾ ਭਾਲਾ, ਉਮਰ ਸਤਾਰਾਂ ਸਾਲ ਵਖਾਈਆ । ਕਦੀ ਹੱਸ ਪਏ ਕਦੀ ਕੱਢੇ ਗਾਲਾਂ, ਚਾਰੋਂ ਕੁੰਟ ਵੇਖ ਵਖਾਈਆ । ਫੇਰ ਅੱਗੇ ਭੱਜ ਕੇ ਸਭ ਨੂੰ ਕਿਹਾ ਮੇਰਾ ਤੁਹਾਡੇ ਨਾਲੋਂ ਰਾਮ ਬਾਹਲਾ, ਘੁੱਟ ਕੇ ਜਫੀ ਲਈ ਪਾਈਆ । ਫੇਰ ਪਿੱਛੇ ਆ ਗਿਆ ਮਾਰ ਕੇ ਛਾਲਾ, ਆਪਣਾ ਪੰਧ ਮੁਕਾਈਆ । ਫੇਰ ਰੋ ਕੇ ਕਿਹਾ ਮੈਂ ਤੇਰਾ ਬਾਲਾ, ਤੇਰੀ ਓਟ ਤਕਾਈਆ । ਰਾਮ ਨੇ ਕਿਹਾ ਤੁਹਾਡਾ ਮਾਲਕ ਪੁਰਖ ਅਕਾਲਾ, ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਿਆ ਕਰਤਾਰ ਸਿੰਘ ਦਾ ਲੇਖਾ, ਪਿਛਲਾ ਖੋਜ ਖੁਜਾਈਆ । ਜਿਸ ਵੇਲੇ ਰਾਮ ਛੱਡਿਆ ਦੇਸਾ, ਅਯੁੱਧਿਆ ਰਿਹਾ ਤਜਾਈਆ । ਇਸ ਬਦਲ ਕੇ ਆਪਣਾ ਵੇਸਾ, ਰੂਪ ਰੰਗ ਲਿਆ ਵਟਾਈਆ । ਖੋਲ੍ਹ ਕੇ ਆਪਣਿਆਂ ਕੇਸਾਂ, ਸਿਰ ਘੱਟਾ ਲਿਆ ਪਾਈਆ । ਮੁਖੋਂ ਕਿਹਾ ਰਾਮ ਸਾਚੇ ਰਾਮ ਦਾ ਬਣਾ ਦੇ ਬੇਟਾ, ਜਿਥੇ ਅਵਰ ਕੋਇ ਨਾ ਮਾਈਆ । ਰਾਮ ਕਿਹਾ ਤੁਹਾਡਾ ਬੰਸ ਹੋਵੇ ਏਕਾ, ਏਕੰਕਾਰ ਹੋਵੇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਜਿਸ ਵੇਲੇ ਪਹਿਲਾ ਕ਼ਦਮ ਚੁੱਕਿਆ ਰਾਮ ਅਵਤਾਰ, ਨਿਗਾਹ ਸਭ ਦੇ ਵੱਲ ਟਿਕਾਈਆ । ਉਸ ਵੇਲੇ ਰਾਮ ਦਾ ਸੇਵਕ ਹੁੰਦਾ ਸੀ ਸਿੰਘ ਬਲਕਾਰ, ਨੇਤਰ ਰੋ ਕੇ ਨੀਰ ਵਹਾਈਆ । ਨਾਲੇ ਗੁਰੂ ਮੇਰੇ ਨਾਲੇ ਯਾਰ, ਕਿਉਂ ਯਾਰਾਨਾ ਚਲਿਆ ਤੁੜਾਈਆ । ਰਾਮ ਨੇ ਕਿਹਾ ਮੇਰਾ ਰਾਮ ਸਭ ਨੂੰ ਲਏ ਸੰਭਾਲ, ਸੰਬਲ ਆਪਣਾ ਫੇਰਾ ਪਾਈਆ । ਲੇਖਾ ਵੇਖੇ ਸ਼ਾਹ ਕੰਗਾਲ, ਕੋਝੇ ਕਮਲੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਉਸ ਵੇਲੇ ਬਰਖਾ ਬਰਸੀ ਥੋੜ੍ਹੀ ਇੰਦਰ, ਇੰਦਰਾਸਣ ਧਿਆਨ ਲਗਾਈਆ । ਖ਼ੁਸ਼ੀ ਵਿਚ ਹੱਸ ਪਈ ਉਸ ਵੇਲੇ ਦੀ ਕੰਨਿਆਂ ਐਸ ਵੇਲੇ ਦੀ ਛਿੰਦਰ, ਖ਼ੁਸ਼ੀ ਖ਼ੁਸ਼ੀ ਪ੍ਰਗਟਾਈਆ । ਮਸਤਕ ਲਾਈ ਬਿੰਦਨ, ਧੂੜੀ ਖ਼ਾਕ ਬਣਾਈਆ । ਸ੍ਰਿਸ਼ਟੀ ਨੂੰ ਲੱਗੀ ਨਿੰਦਣ, ਕੂਕ ਕੂਕ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੩੩੫
੨੧

ਕਰ, ਸਦ ਆਪਣੀ ਕਾਰ ਕਮਾਈਆ । ਸੰਮਤ ਪੰਜ ਕਹੇ ਰਾਮ ਦੇ ਤੁਰਨ ਲੱਗਿਆਂ ਆਸਾ ਰੱਖੀ ਇਕ ਤਿਆਗੀ, ਜੋ ਕਿਰਸਾਣਾਂ ਵਿਚ ਸੋਭਾ ਪਾਈਆ । ਰਾਮ ਸਾਡੀ ਸੁਰਤ ਜਾਈਂ ਸਾਧੀ, ਸਾਧਨਾ ਇਕ ਰਖਾਈਆ । ਮੇਲਾ ਮੇਲੀਂ ਰਾਮ ਆਦੀ, ਜੋ ਆਦਿ ਅੰਤ ਵੇਖ ਵਖਾਈਆ । ਜਿਸ ਦੀ ਖੇਲ ਸਦਾ ਜੁਗਾਦੀ, ਜੁਗ ਜੁਗ ਕਾਰ ਕਮਾਈਆ । ਜਿਸ ਤਰਾ ਤੂੰ ਘਰ ਦੀ ਕਰ ਚੱਲਿਆ ਬਰਬਾਦੀ, ਆਪਣੇ ਰਾਮ ਪਿੱਛੇ ਅਰਾਮ ਆਪਣਾ ਤਜਾਈਆ । ਇਹੋ ਜਿਹੀ ਸਾਡੀ ਵੀ ਕਰ ਦੇ ਵਾਦੀ, ਮੋਹ ਮੁਹੱਬਤ ਕੂੜ ਰਹੇ ਨਾ ਰਾਈਆ । ਰਾਮ ਨੇ ਕਿਹਾ ਇਕ ਵਾਰ ਲਗਾ ਸਮਾਧੀ, ਨੇਤਰ ਨੈਣ ਬੰਦ ਕਰਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਤੇਰੀ ਜ਼ਰੂਰ ਹੋਵੇ ਸ਼ਾਦੀ, ਤਿਆਗੀ ਕੰਨਿਆਂ ਰੂਪ ਵਟਾਈਆ । ਤੇਰੀ ਜ਼ਿੰਦਗੀ ਦੀ ਵੇਖ ਕੇ ਬਾਜ਼ੀ, ਬਾਜ਼ਾਂ ਵਾਲਾ ਹੋਏ ਸਹਾਈਆ । ਤੇਰੀ ਆਤਮ ਜਾਏ ਸਾਧੀ, ਪੱਤਤ ਪੁਨੀਤ ਕਰਾਈਆ । ਤੇਰੀ ਲੇਖੇ ਲੱਗੇ ਇਕ ਇਕ ਹਾਡੀ, ਨਾੜੀ ਨਾੜੀ ਖੋਜ ਖੁਜਾਈਆ । ਪਰ ਯਾਦ ਰੱਖੀਂ ਸ੍ਰਿਸ਼ਟੀ ਛੱਡਣੀ ਬੜੀ ਡਾਹਢੀ, ਮੰਜ਼ਲ ਬੇਪਰਵਾਹੀਆ । ਉਸ ਹੱਸ ਕੇ ਕਿਹਾ ਜਿਸ ਵੇਲੇ ਪ੍ਰੀਤ ਪ੍ਰਭੂ ਨਾਲ ਲਾਗੀ, ਲਗ ਮਾਤਰ ਫਰਕ ਰਹੇ ਨਾ ਰਾਈਆ । ਬੰਸ ਸਰਬੰਸ ਦਿਸੇ ਕੋਈ ਨਾ ਸਾਥੀ, ਜਗਤ ਸੰਗ ਨਾ ਕੋਇ ਬਣਾਈਆ । ਰਾਮ ਨੇ ਪੁਸ਼ਤ ਪਨਾਹ ਦਿਤੀ ਥਾਪੀ, ਸਿਰ ਆਪਣਾ ਹੱਥ ਟਿਕਾਈਆ । ਉਂਗਲ ਨਾਲ ਲਿਖੀ ਪਾਤੀ, ਅੱਖਰ ਅੱਖਰਾਂ ਉਤੇ ਸੁਹਾਈਆ । ਤੇਰਾ ਜੀਵਨ ਬਦਲੇ ਬਦਲੇ ਹਯਾਤੀ, ਜਨਮ ਕਰਮ ਦਾ ਡੇਰਾ ਢਾਹੀਆ । ਧੁਰ ਦੇ ਰਾਮ ਦੀ ਸੇਵਾ ਕਰਨੀ ਹੱਥ ਮਾਰ ਕੇ ਛਾਤੀ, ਸ਼ਹਿਨਸ਼ਾਹ ਹੋ ਸਹਾਈਆ । ਏਸੇ ਕਰ ਕੇ ਚਰਨੀ ਦੀ ਪੂਰੀ ਕੀਤੀ ਆਸੀ, ਆਸਾ ਪਿਛਲੀ ਨਾਲ ਮਿਲਾਈਆ । ਗੁਰਸਿੱਖ ਸਤਿਗੁਰ ਪਿੱਛੇ ਭਾਵੇਂ ਕੋਟਨ ਵਾਰ ਚੜ੍ਹ ਜਾਏ ਫਾਸੀ, ਫਾਸੀ ਦੀ ਮੌਤ ਸਜ਼ਾ ਦੇਵੇ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਜਿਸ ਵੇਲੇ ਸਭ ਨੇ ਕੀਤਾ ਸ਼ੋਕ, ਸੋਗ ਵਿਚ ਕੁਰਲਾਈਆ । ਰਾਮ ਦਾ ਹੁੰਦਾ ਸੀ ਇਕ ਪਰੋਹਤ, ਜੋ ਦੱਛਣਾ ਲੈ ਕੇ ਝਟ ਲੰਘਾਈਆ । ਓਹ ਹੱਥ ਵਿਚ ਫੜ ਕੇ ਜਗਤ ਵਾਲੀ ਜੋਤ, ਸਭ ਨੂੰ ਰਿਹਾ ਵਖਾਈਆ । ਵੇਖਿਓ ਰਾਮ ਦੀ ਰਾਮ ਕੋਲੋਂ ਛੱਡਿਓ ਕਦੇ ਨਾ ਮੌਜ, ਮਜਲਸ ਆਪਣੇ ਅੰਦਰ ਰਖਾਈਆ । ਬੇਸ਼ਕ ਛੱਡ ਚਲਿਆ ਲਸ਼ਕਰ ਸ਼ਾਹੀ ਤਖ਼ਤ ਤਾਜ ਤੇ ਫ਼ੌਜ, ਜਨ ਭਗਤਾਂ ਵਿਸਰ ਕਦੇ ਨਾ ਜਾਈਆ । ਏਸ ਜਨਮ ਵਿਚ ਜਿਸ ਦਾ ਨਾਮ ਅਸ਼ੋਕ, ਛੋਹਰ ਬਾਂਕਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਸੁਣਾਵਾਂ ਵਰਨੋਂ ਬਰਨੋਂ, ਬ੍ਰਹਮ ਧਾਰ ਜਣਾਈਆ । ਪ੍ਰਭ ਦੀ ਮੰਗੋ ਇਕੋ ਸਰਨੋਂ, ਸਰਨਗਤ ਸਰਨਾਈਆ । ਜਿਸ ਵੇਲੇ ਰਾਮ ਵਿਛੜਿਆ ਚਰਨੋ ਹਟੀ ਨਾ ਲੜਨੋਂ, ਕੂਕ ਦਿਤਾ ਸੁਣਾਈਆ । ਮੈਂ ਡਰਨਾ ਨਹੀਂ ਮਰਨੋਂ, ਇਕੋ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸੰਮਤ ਪੰਜ ਕਹੇ ਜਿਸ ਵੇਲੇ ਰਾਮ ਪੁਟਿਆ ਕ਼ਦਮ, ਬਨਬਾਸ ਵੱਲ ਉਠਾਈਆ । ਨੰਗੀਂ ਪੈਰੀਂ ਨਜ਼ਰੀ ਆਇਆ ਪਦਮ, ਸਾਰੇ ਸੀਸ ਨਿਵਾਈਆ । ਸਭ ਦਾ ਕੰਬ ਗਿਆ ਬਦਨ, ਉਫ਼ ਹਾਏ ਦੁਹਾਈਆ । ਰਾਮ ਛੱਡ ਗਿਆ ਵਤਨ, ਬੇਵਤਨ ਆਪਣਾ ਫੇਰਾ ਪਾਈਆ । ਛੋਟਾ ਬੱਚਾ ਜੋਗਾ ਜਿਸ ਨੇ ਕਿਹਾ ਇਕ ਵਾਰੀ ਫੇਰ ਕਰ ਲਓ ਯਤਨ, ਸਾਰੇ ਸੀਸ ਨਿਵਾਈਆ । ਨੇਤਰ ਰੋਵੇ ਅੱਖਣ, ਨੀਰ ਦਿਓ ਵਹਾਈਆ । ਰਾਮ ਸਾਡੇ ਆ ਜਾ

ਵਤਨ, ਕਿਨਾਰਾ ਤਟ ਇਕ ਸੁਹਾਈਆ । ਤੇਰੇ ਦਵਾਰੇ ਸਾਚੇ ਵਸਣ, ਅਯੁੱਧਿਆ ਸੋਭਾ ਪਾਈਆ । ਸਾਰੇ ਲੱਗ ਪਏ ਆਖਣ, ਉਚੀ ਸੋਭਾ ਪਾਈਆ । ਰਾਮ ਨੇ ਕਿਹਾ ਮੈਂ ਸਦਾ ਤੁਹਾਡਾ ਸਾਥਣ, ਧੁਰ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਜੋ ਗੁਰਮੁਖ ਸੇਵਾ ਕਰਦੇ, ਦਿਵਸ ਰੈਣ ਸੇਵ ਕਮਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦੇ, ਸੋਹੰ ਰਾਗ ਅਗੰਮ ਅਥਾਹੀਆ । ਨਿਤ ਸਵੇਰੇ ਦਰਸ਼ਨ ਕਰਦੇ, ਸੰਧਿਆ ਵੱਜੇ ਵਧਾਈਆ । ਮਾਲਕ ਬਣ ਕੇ ਸਾਚੇ ਘਰ ਦੇ, ਦਰਗਾਹ ਸਾਚੀ ਸੋਭਾ ਪਾਈਆ । ਮੰਜ਼ਲ ਓਸ ਅਗੰਮੀ ਚੜ੍ਹਦੇ, ਜਿਥੇ ਜਗੇ ਜੋਤ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਮਤ ਪੰਜ ਕਹੇ ਰਾਮ ਨੇ ਪਹਿਲਾ ਕ਼ਦਮ ਪੁਟਿਆ, ਪਟਨੇ ਵਾਲਾ ਨਜ਼ਰੀ ਆਈਆ । ਫੇਰ ਮੁੜਿਆ ਪੁੱਠਿਆ, ਸਾਢੇ ਤਿੰਨ ਕ਼ਦਮ ਪੰਧ ਮੁਕਾਈਆ । ਓਸ ਵੇਲੇ ਸਚ ਪ੍ਰੇਮ ਵਿਚ ਨੰਨ੍ਹੀ ਬੱਚੀ ਫੜਿਆ ਗੁਟਿਆ, ਜਿਸ ਨੂੰ ਦਵਿੰਦਰ ਕਹਿ ਕੇ ਨਾਮ ਲਿਆ ਰਖਾਈਆ । ਬਲਵਿੰਦਰ ਫੜ ਕੇ ਹੱਥ ਦੀ ਮੁੱਠਿਆ, ਉਂਗਲਾਂ ਲਈਆਂ ਦਬਾਈਆ । ਸਾਨੂੰ ਦੇ ਦੇ ਕੁਛਿਆ, ਮਿਹਰ ਨਜ਼ਰ ਉਠਾਈਆ । ਰਾਮ ਕਿਹਾ ਮੇਰੇ ਪੁੱਤਿਆ, ਤੁਹਾਡਾ ਰਾਮ ਹੋਵੇ ਸਹਾਈਆ । ਫੜ ਕੇ ਗੋਬਿੰਦ ਚੁੱਕਿਆ, ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਦਿਆਂ ਜਣਾਈਆ । ਜਿਸ ਵੇਲੇ ਰਾਮ ਨੇ ਪਿੱਛਾ ਪਰਤਿਆ ਦੁਬਾਰਾ, ਆਪਣਾ ਮੁਖ ਭਵਾਈਆ । ਓਸ ਵੇਲੇ ਜੋ ਧਰਮ ਦੀ ਧਾਰ ਹੁੰਦਾ ਸੀ ਸੱਚਿਆਰਾ, ਬ੍ਰਹਮ ਵਿਦਿਆ ਵਿਚ ਚਤੁਰਾਈਆ । ਓਸ ਕਰ ਕੇ ਨਿਮਸਕਾਰਾ,
੧੩੩੭ ਸੀਸ ਦਿਤਾ ਨਿਵਾਈਆ । ਰਾਮ ਆਹ ਵੇਖ ਰੋਂਦੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਰਾਮ ਨੇ ਕੀਤਾ ਅਗੰਮ ਇਸ਼ਾਰਾ, ਅੰਦਰੇ ਅੰਦਰ ੧੩੩੭
ਦਿਤਾ ਜਣਾਈਆ । ਸਭ ਦਾ ਮਾਲਕ ਏਕੰਕਾਰਾ, ਇਕ ਇਕੱਲਾ ਸੋਭਾ ਪਾਈਆ । ਜੋ ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਓਹ ਤੁਹਾਡਾ ਬਣੇ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਏਸੇ ਕਾਰਨ ਅਮਰਜੀਤ ਹੋਇਆ ਦੁਲਾਰਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਓਸ ਵੇਲੇ ਇਹਦੀਆਂ ਹੁੰਦੀਆਂ ਸੀ ਦੋ ਨਾਰਾਂ, ਜਗੀਰ ਕੌਰ ਮਨਜੀਤ ਰੂਪ ਵਟਾਈਆ । ਇਹਨਾਂ ਸਮਝਿਆ ਨਾ ਕੋਇ ਇਸ਼ਾਰਾ, ਸੀਸ ਜਗਦੀਸ਼ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਾਮ ਕਿਹਾ ਸਾਡਾ ਕਰ ਸ਼ੁਕਰ, ਸ਼ੁਕਰਾਨਾ ਧੁਰਦਰਗਾਹੀਆ । ਜਿਸ ਨੇ ਆਪਣੀ ਧਾਰੋਂ ਆਉਣਾ ਉਤਰ, ਉੱਤਰ ਪੂਰਬ ਪੱਛਮ ਦੱਖਣ ਨਜ਼ਰ ਕਿਸੇ ਨਾ ਆਈਆ । ਉਸ ਦਾ ਗੋਬਿੰਦ ਹੋਣਾ ਪੁੱਤਰ, ਸੂਰਬੀਰ ਵਡਿਆਈਆ । ਸਭ ਨੂੰ ਆਏ ਗੋਦੀ ਚੁੱਕਣ, ਆਪਣਾ ਫੇਰਾ ਪਾਈਆ । ਜਿਸ ਵੇਲੇ ਕਲਜੁਗ ਪੈਂਡਾ ਹੋਵੇ ਮੁੱਕਣ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਿਸ ਵੇਲੇ ਰਾਮ ਨੇ ਕ਼ਦਮ ਅੱਗੇ ਲਏ ਨੌਂ, ਪੈਰ ਪੈਰ ਨਾਲ ਬਦਲਾਈਆ । ਫੇਰ ਪਿੱਛਾ ਵੇਖਿਆ ਭੌਂ, ਨੈਣ ਨੈਣ ਆਪ ਉਠਾਈਆ । ਅੰਤਰ ਅੰਤਰ ਆਇਆ ਚਾਓ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਸਾਰੇ ਪ੍ਰਭ ਦੇ ਢੋਲੇ ਗਾਓ, ਸੋਹਣਾ ਰਾਗ ਅਲਾਈਆ । ਘਰਾਂ ਨੂੰ ਜਾਣਾ ਨਾਲ ਚਾਓ, ਗ਼ਮੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਓਸ ਵੇਲੇ

ਅਯੁੱਧਿਆ ਵਿਚ ਇਕ ਹੁੰਦਾ ਸੀ ਅਤੀਤ, ਤ੍ਰੈਗੁਣ ਦਾ ਡੇਰਾ ਢਾਹੀਆ । ਰਾਮ ਨਾਲ ਓਸ ਦੀ ਪ੍ਰੀਤ, ਤਿੰਨ ਵੇਰਾਂ ਰੋਜ਼ ਮਿਲ ਕੇ ਝਟ ਲੰਘਾਈਆ । ਰਾਮ ਹੱਥ ਰੱਖ ਕੇ ਸੀਸ, ਸਿਰ ਛਾਤੀ ਨਾਲ ਟਿਕਾਈਆ । ਖ਼ੁਸ਼ੀ ਨਾਲ ਕਿਹਾ ਮੈਂ ਕਰਾਂ ਬਖ਼ਸ਼ੀਸ਼, ਰਹਿਮਤ ਝੋਲੀ ਪਾਈਆ । ਜਿਸ ਵੇਲੇ ਮੇਰਾ ਰਾਮ ਆਵੇ ਜਗਦੀਸ਼, ਲੋਕਮਾਤ ਵੇਸ ਵਟਾਈਆ । ਗੋਬਿੰਦ ਧਾਰ ਬਦਲ ਕੇ ਰੀਤ, ਲੇਖਾ ਜਾਣੇ ਥਾਉਂ ਥਾਈਂਆ । ਤੇਰਾ ਨਾਉਂ ਹੋਵੇ ਸੁਰਜੀਤ, ਸਿੰਘ ਸਾਹਿਬ ਦੇਵੇ ਸਰਨਾਈਆ । ਕਿਸੇ ਕੋਲੋਂ ਮੰਗਣੀ ਨਾ ਪਏ ਭੀਖ, ਮਿਹਰ ਨਜ਼ਰ ਇਕ ਉਠਾਈਆ । ਫੇਰ ਰਾਮ ਨੇ ਨਿਗਾਹ ਮਾਰ ਕੇ ਕਿਹਾ ਮੈਂ ਕਰਾਂ ਤਸਦੀਕ਼, ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਮ ਨੇ ਕਿਹਾ ਤੇਰਾ ਲਹਿਣਾ ਮੇਰਾ ਉਧਾਰ, ਸਚ ਦਿਆਂ ਜਣਾਈਆ । ਤੇਰਾ ਨਾਮ ਹੋਣਾ ਜੁਝਾਰ, ਜੂਝ ਕੇ ਦੇਣਾ ਵਖਾਈਆ । ਫੇਰ ਪੁਰਖ ਅਕਾਲ ਪਾਵੇ ਸਾਰ, ਦੀਨ ਦਿਆਲ ਦਇਆ ਕਮਾਈਆ । ਮਾਤਲੋਕ ਕਰ ਉਜਿਆਰ, ਸਿਰ ਆਪਣਾ ਹੱਥ ਟਿਕਾਈਆ । ਪਿਛਲਾ ਲੇਖਾ ਲੈ ਵਿਚਾਰ, ਜੁਗ ਚੌਕੜੀ ਖੋਜ ਖੁਜਾਈਆ । ਬਲ ਬਾਵਨ ਪਾਵੇ ਸਾਰ, ਸਤਿਜੁਗ ਆਪਣਾ ਰੰਗ ਰੰਗਾਈਆ । ਜਿਸ ਕੰਨਿਆ ਕੀਤਾ ਪਿਆਰ, ਭੋਜਨ ਭਾਵ ਵਿਚ ਵਡਿਆਈਆ । ਉਸ ਦਾ ਲੇਖਾ ਤੇਰੇ ਨਾਲ ਸੰਸਾਰ, ਨਾਤਾ ਮੇਲੇ ਸਹਿਜ ਸੁਭਾਈਆ । ਏਸੇ ਕਾਰਨ ਗੁਰਦਰਸ਼ਨ ਬਣੀ ਧਰਮ ਦੀ ਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । ਸੰਮਤ ਪੰਜ ਕਹੇ ਜਿਸ ਵੇਲੇ ਰਾਮ ਨੇ ਅੰਤ ਕੀਤੀ ਸਭ ਨੂੰ ਪ੍ਰਨਾਮ, ਹੱਥ ਜੋੜ ਕੇ ਸੀਸ ਨਿਵਾਈਆ । ਜਾਓ ਆਪਣੇ ਘਰ ਕਰੋ ਆਰਾਮ, ਸੁਖ ਸਾਗਰ ਵਿਚ ਸਮਾਈਆ । ਛੋਟੇ ਬੱਚੇ ਹੁੰਦੇ ਬੜੇ ਸ਼ੈਤਾਨ, ਉਨ੍ਹਾਂ ਰੌਲਾ ਦਿਤਾ ਪਾਈਆ । ਵਾਹ ਸਾਡੇ ਭਗਵਾਨ, ਨਿੱਕਿਆਂ ਨਾਲੋਂ ਕਰ ਕੇ ਚਲਿਆ ਜੁਦਾਈਆ । ਸਾਨੂੰ ਕੁਛ ਦੇ ਦੇ ਪੀਣ ਖਾਣ, ਰਸਨਾ ਰਸ ਚਖਾਈਆ । ਨਹੀਂ ਤੇ ਤੇਰਾ ਗਾਵਾਂਗੇ ਗਾਣ, ਰਾਮ ਰਾਮ ਸਾਡਾ ਪਿਤਾ ਮਾਈਆ । ਓਨ੍ਹਾਂ ਵਿਚੋਂ ਛੇ ਹੋਏ ਪ੍ਰਧਾਨ, ਭੱਜ ਕੇ ਅੱਗੇ ਗਏ ਆਈਆ । ਰਾਮ ਨੇ ਖ਼ੁਸ਼ੀ ਨਾਲ ਫੜ ਕੇ ਕਾਨ, ਚਾਰੋਂ ਕੁੰਟ ਦਿਤੇ ਭਵਾਈਆ । ਓਹ ਰੋ ਕੇ ਲੱਗੇ ਸ਼ੋਰ ਮਚਾਣ, ਉਚੀ ਕੂਕ ਕੂਕ ਸੁਣਾਈਆ । ਅਸੀਂ ਤਾਂ ਤੇਰੇ ਕੋਲੋਂ ਲੈਣਾ ਪੀਣ ਖਾਣ, ਦੂਜੇ ਦਰ ਮੰਗਣ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਕੁਛ ਸਾਨੂੰ ਦੇ ਦੇ ਝੂੰਗੇ, ਆਪਣੇ ਕੋਲੋਂ ਆਪ ਵਰਤਾਈਆ । ਅਸੀਂ ਚਾਰ ਕੁੜੀਆਂ ਤੇ ਦੋ ਮੁੰਡੇ, ਬਹੁਤੇ ਨਜ਼ਰ ਕੋਇ ਨਾ ਆਈਆ । ਤੇਰਾ ਨਾਮ ਗੌਂਦੇ, ਢੋਲਾ ਸਿਫ਼ਤ ਸਾਲਾਹੀਆ । ਉਚੀ ਉਚੀ ਸ਼ੋਰ ਮਚਾਉਂਦੇ, ਕਰਨ ਹਾਲ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਮ ਨੇ ਕਿਹਾ ਆਓ ਤੁਹਾਨੂੰ ਦਿਆਂ ਖਵਾ, ਸੋਹਣਾ ਰਸ ਚਖਾਈਆ । ਬੱਚਿਆਂ ਕਿਹਾ ਸਾਨੂੰ ਪਹਿਲੋਂ ਵਖਾ, ਆਪਣੇ ਹੱਥ ਉਠਾਈਆ । ਰਾਮ ਕਿਹਾ ਤੁਸੀਂ ਨੈਣ ਬੰਦ ਲਓ ਕਰਾ, ਅੱਖੀਂ ਵੇਖਣ ਕੋਇ ਨਾ ਪਾਈਆ । ਬੱਚੇ ਕਹਿਣ ਕਿਤੇ ਦੇਵੀਂ ਨਾ ਕੋਇ ਦਵਾ, ਮੁਖ ਕੌੜਾ ਦਏਂ ਕਰਾਈਆ । ਰਾਮ ਕਿਹਾ ਨਹੀਂ ਮੈਂ ਮੁਰਦਿਆਂ ਦਿਆਂ ਜਗਾ, ਜਾਗਰਤ ਜੋਤ ਰੁਸ਼ਨਾਈਆ । ਸਿਰ ਤੁਹਾਡੇ ਹੱਥ ਟਿਕਾ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਆਵੇ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਉਸ ਦੀ ਝੋਲੀ ਦੇਵਾਂ ਪਾ, ਜੋ ਲੇਖਾ ਵੇਖੇ ਥਾਉਂ ਥਾਈਆ । ਸਚ ਭੋਜਨ ਨਾਮ ਅਧਾਰ ਤੁਹਾਡੇ ਰਸਨਾ ਦੇਵੇ ਲਗਾ, ਜਨਮ ਤੋਂ ਪਹਿਲੋਂ ਨਾਮ

ਪ੍ਰਭ ਦਾ ਜਪੇ ਤੁਹਾਡੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਏਸੇ ਕਰ ਕੇ ਅੱਜ ਦੇ ਲੇਖੇ ਵਿਚ ਬੱਚੇ ਓਹ ਛੇ, ਛੇ ਦਰ ਸੋਭਾ ਪਾਈਆ । ਪਰਮਜੀਤ ਸਤਬੀਰ ਪੁਰਾਣਾ ਨੇਂਹ, ਨਰ ਨਰਾਇਣ ਹੋਏ ਸਹਾਈਆ । ਜਿੰਦਰ ਬਲਜੀਤ ਵੈਰਾਗ ਬਿਰੇਂਹ, ਬਿਰਹੋਂ ਵੈਰਾਗੀ ਦਏ ਮਿਲਾਈਆ । ਗੁਲਜ਼ਾਰ ਲੇਖਾ ਗੁਲਜ਼ਾਰ ਸਿਹ, ਪੂਰਬ ਕ੍ਰਿਸ਼ਨ ਰੰਗ ਚੜ੍ਹਾਈਆ । ਭੋਲੀ ਭੋਲੀ ਭਾਲਾ ਜਿਸ ਦਾ ਉਸ ਸਮੇਂ ਇਕੋ ਦਿਓ, ਦੂਜਾ ਨਜ਼ਰ ਕੋਇ ਨਾ ਆਈਆ । ਰਾਮ ਕਿਹਾ ਰਾਮ ਪਿਆਰਿਓ ਤੁਹਾਡਾ ਮੇਰਾ ਰਾਮ ਅਗੰਮ ਪਿਓ, ਪਿਤਾ ਇਕੋ ਨਜ਼ਰੀ ਆਈਆ । ਇਕੋ ਦਵਾਰ ਸਾਰੇ ਰਿਹੋ, ਵੱਡਾ ਛੋਟਾ ਨਾ ਕੋਇ ਰਖਾਈਆ । ਸੰਮਤ ਪੰਜ ਕਹੇ ਇਹ ਖੇਲ ਅਲਖ ਅਭਿਓ, ਪ੍ਰਭ ਸਾਚਾ ਆਪ ਜਣਾਈਆ । ਆਪਣਾ ਲਹਿਣਾ ਸਾਰੇ ਲਿਓ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਸਰਨ ਸਰਨਗਤ ਸਦਾ ਰਿਹੋ, ਰਹਿਬਰ ਆਦਿ ਅੰਤ ਦਾ ਨਜ਼ਰੀ ਆਈਆ ।



ਪ੍ਰਸ਼ਾਦਿ ਕਹੇ ਮੈਨੂੰ ਆ ਗਈ ਗੱਲ ਚੇਤੇ, ਚਿਤਵਨੀ ਸਭ ਦੀ ਦਿਆਂ ਮਿਟਾਈਆ । ਰਾਮ ਵਿਛੜਿਆਂ ਸਭ ਨੂੰ ਭੁੱਲ ਗਏ ਸੌਹਰੇ ਪੇਕੇ, ਸਈਆਂ ਨਜ਼ਰ ਕੋਇ ਨਾ ਆਈਆ । ਇਕ ਦੂਜੇ ਵਲ ਸਾਰੇ ਰਹੇ ਵੇਖੇ, ਅੱਖਾਂ ਅੱਖਾਂ ਨੀਰ ਵਹਾਈਆ । ਅਯੁੱਧਿਆ ਦਾ ਠੇਕੇਦਾਰ ਜਿਹੜਾ ਵੱਡੇ ਛੋਟੇ ਲੈਂਦਾ ਸੀ ਠੇਕੇ, ਠੇਕੇਦਾਰੀ ਵਿਚ ਆਪਣਾ ਝਟ ਲੰਘਾਈਆ । ਓਹ ਲੈ ਕੇ ਪੰਜ ਮੋਹਰਾਂ ਭੇਟੇ, ਰਾਹ ਅੱਗੇ ਦਿਤੀਆਂ ਟਿਕਾਈਆ । ਰਾਮ ਨੇ ਆਪਣੀ ਕਮਰ ਵਿਚ ਲਈਆਂ ਲਪੇਟੇ, ਵਲ ਬਸਤਰ ਵਾਲਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਰਾਮ ਕਿਹਾ ਠੇਕੇਦਾਰ ਤੇਰਾ ਮੇਲਾ ਠਾਕਰ, ਜਗਤ ਠਾਕਰਾਂ ਦੀ ਪੂਜਾ ਰਹੇ ਨਾ ਰਾਈਆ । ਜਿਹੜਾ ਸਾਡਾ ਸਭ ਦਾ ਸਾਗਰ, ਗਹਿਰ ਗੰਭੀਰ ਅਖਵਾਈਆ । ਜਨਮ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਜੁਗ ਜੁਗ ਨਾਮ ਦਾ ਬਣੇ ਸੁਦਾਗਰ, ਵਣਜ ਵਣਜਾਰਾ ਧੁਰ ਦਰਗਾਹੀਆ । ਸੂਰਬੀਰ ਹੋਏ ਬਹਾਦਰ, ਤੇਜ ਆਪਣਾ ਪ੍ਰਗਟਾਈਆ । ਓਸੇ ਨੂੰ ਕਹਿਣ ਕਰੀਮ ਕ਼ਾਦਰ, ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚਾ ਵੇਖ ਵਖਾਈਆ । ਰਾਮ ਕਹੇ ਮੈਂ ਕੀਤੀ ਮਿਹਰ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਮੇਰਾ ਰਾਮ ਬਣ ਕੇ ਆਇਆ ਧੁਰ ਦਾ ਸ਼ੇਰ, ਭਬਕ ਦੋ ਜਹਾਨ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਲਏ ਘੇਰ, ਚਾਰੋਂ ਕੁੰਟ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਦਏ ਨਿਬੇੜ, ਬਾਕੀ ਅਵਰ ਰਹੇ ਨਾ ਰਾਈਆ । ਏਸੇ ਲਹਿਣੇ ਵਿਚ ਸੇਵਾ ਕਰਦਾ ਸਿੰਘ ਕੇਹਰ, ਕੇਹਰ ਸਿੰਘ ਆਪਣਾ ਰੰਗ ਚੜ੍ਹਾਈਆ । ਜੁਗ ਬਦਲਣਾ ਪ੍ਰਭ ਦਾ ਹੇਰ ਫੇਰ, ਭੇਵ ਅਭੇਦ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੇਲਾ ਰਿਹਾ ਮਿਲਾਈਆ ।

ਪ੍ਰੇਮ ਸਿੰਘ ਕਹੇ ਗੁਰਸਿੱਖੋ ਮੈਂ ਆਇਆ ਹੱਸਦਾ, ਹੱਸਦਾ ਹੱਸਦਾ ਸੀਸ ਨਿਵਾਈਆ । ਮੈਂ ਸ਼ਬਦ ਸੁਣਿਆ ਭਗਤਾਂ ਦੇ ਜਸ ਦਾ, ਜਿਸ ਨੂੰ ਸਮਝ ਨਾ ਸਕਣ ਵੇਦ ਪੁਰਾਣ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਮੈਨੂੰ ਸਹਿਜੇ ਸਹਿਜੇ ਦੱਸਦਾ, ਕੀ ਕਰਤਾ ਕਾਰ ਕਮਾਈਆ । ਮੈਂ ਕਿਹਾ ਖੇਲ ਵੇਖੇ ਉਸ ਸਮਰਥ ਦਾ, ਜਿਸ ਤੁਹਾਡੀ ਬਣਤ ਬਣਾਈਆ । ਰੂਪ ਧਾਰ ਕੇ ਜੱਟ ਦਾ, ਜਟਾ ਜੂਟਾਂ ਡੇਰਾ ਢਾਹਿਆ । ਝਗੜਾ ਰਹਿਣ ਨਹੀਂ ਦੇਣਾ ਦੀਨ ਮਜ਼੍ਹਬ ਵਟ ਦਾ, ਲੇਖਾ ਸਭ ਦਾ ਸਾਫ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪ੍ਰੇਮ ਸਿੰਘ ਕਹੇ ਗੁਰਮੁਖੋ ਕਰਿਓ ਨਾ ਕੋਇ ਉਦਾਸੀ, ਚਿੰਤਾ ਨਾ ਕੋਇ ਬਣਾਈਆ । ਮੈਨੂੰ ਜਨ ਭਗਤ ਸਾਰੇ ਮਿਲ ਗਏ ਸਾਥੀ, ਸਚਖੰਡ ਬੈਠੇ ਡੇਰਾ ਲਾਈਆ । ਇੱਕੀਆਂ ਵਿਚੋਂ ਮੈਨੂੰ ਪਹਿਲੋਂ ਮਿਲੀ ਥਾਪੀ, ਸੇਵਾ ਮੇਰੀ ਆਪਣੇ ਲੇਖੇ ਪਾਈਆ । ਅੱਗੇ ਗੁਰਮੁਖ ਵੀਹ ਰਹਿੰਦੇ ਬਾਕੀ, ਜੇ ਨਾਂ ਦੱਸਾਂ ਸ਼ਾਇਦ ਡਰ ਕੇ ਸਾਰੇ ਬੇਨੰਤੀ ਦੇਣ ਸੁਣਾਈਆ । ਮੈਂ ਚਾਹੁੰਦਾ ਓਹ ਛੱਡ ਜਗਤ ਵਾਲੀ ਹਯਾਤੀ, ਸਚਖੰਡ ਆਵਣ ਚਾਈਂ ਚਾਈਆ । ਜਿਥੇ ਇਕੋ ਜੋਤ ਨੂਰ ਪ੍ਰਕਾਸ਼ੀ, ਅੰਧ ਅੰਧੇਰ ਰਿਹਾ ਨਾ ਰਾਈਆ । ਗ੍ਰਹਿ ਮੰਦਰ ਬਹਿ ਕੇ ਆਪਣੇ ਖਾਟੀ, ਸੇਜ ਸੁਹੰਜਣੀ ਡੇਰਾ ਲਾਈਆ । ਮੈਂ ਸੰਦੇਸ਼ਾ ਦੇਵਾਂ ਸਚ ਸੰਦੇਸ਼ ਪਾਤੀ, ਪਤ੍ਰਕਾ ਇਕ ਸੁਣਾਈਆ । ਜਨ ਭਗਤੋ ਸਾਹਿਬ ਸਤਿਗੁਰ ਦੀ ਸਦਾ ਮੰਨਿਓ ਆਖੀ, ਇਸ ਤੋਂ ਵੱਡੀ ਭਗਤੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਧੁਰ ਦਾ ਵਰ, ਮੇਰਾ ਲਹਿਣਾ ਦੇਣਾ ਲੇਖਾ ਸਭ ਤੋਂ ਪਹਿਲਾਂ ਮੇਰੀ ਝੋਲੀ ਪਾਈਆ ।



੧੩੪੦ ੨੧

### ✻ ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✻

ਸੰਮਤ ਪੰਜ ਕਹੇ ਮੇਰਾ ਮਿਹਰਵਾਨ ਖ਼ੁਦਾ, ਜੁਗ ਚੌਕੜੀ ਵੇਸ ਵਟਾ, ਕਰਨੀ ਕਰਤਾ ਕਾਰ ਕਮਾਈਆ । ਧੁਰ ਸੰਦੇਸ਼ਾ ਦਏ ਸੁਣਾ, ਹੱਕ ਹਕ਼ੀਕਤ ਸਮਝਾਈਆ । ਜਿਸ ਦਾ ਮੈਂ ਤਕਦਾ ਰਿਹਾ ਰਾਹ, ਨਿਤ ਨਵਿਤ ਧਿਆਨ ਲਗਾਈਆ । ਸੋ ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜੁਗ ਜਨਮ ਦੇ ਵਿਛੜਿਆਂ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਪਤਤ ਪੁਨੀਤ ਦਏ ਕਰਾਈਆ । ਜਿਸ ਨੂੰ ਕਹਿੰਦੇ ਹੱਕ ਅਲਾਹ, ਆਦਿ ਜੁਗਾਦਿ ਨੂਰ ਖ਼ੁਦਾਈਆ । ਸੋ ਹੁਕਮ ਸੰਦੇਸ਼ਾ ਰਿਹਾ ਸੁਣਾ, ਧੁਰ ਦੀ ਧਾਰ ਇਕ ਜਣਾਈਆ । ਤੇਜਭਾਨ ਬਣਿਆ ਹੋਵੇ ਬਹਾਦਰ ਸ਼ਾਹ, ਲੇਖਾ ਗੋਬਿੰਦ ਵਾਲਾ ਦ੍ਰਿੜਾਈਆ । ਚੋਬਦਾਰ ਤਿੰਨ ਰਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਬਹਾਦਰ ਸ਼ਾਹ ਚੁਕਾਉਣਾ ਲੇਖ, ਭਵਿਖਤ ਦਏ ਗਵਾਹੀਆ । ਹਰਿ ਗੋਬਿੰਦ ਲਏ ਵੇਖ, ਗੋਬਿੰਦ ਸਤਿਗੁਰ ਪਰਦਾ ਲਾਹੀਆ । ਪੂਰਬ ਜਾਣੇ ਭੇਤ, ਅਗਲਾ ਆਪ ਖੁਲ੍ਹਾਈਆ । ਸਾਚਾ ਕਰ ਕੇ ਹੇਤ, ਲਹਿਣਾ ਝੋਲੀ ਪਾਈਆ । ਦੇਵੇ ਨਾਮ ਸੰਦੇਸ਼, ਕਲਮਾ ਸਚ ਜਣਾਈਆ । ਰਾਮ ਦਵਾਰੇ ਹੋਣਾ ਪੇਸ਼, ਪੇਸ਼ਤਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖ ਹੋਇਆ

ਮਮਨੂਨ, ਕੀ ਕਰਤਾ ਕਾਰ ਕਮਾਈਆ । ਜਿਸ ਦਾ ਜੁਗ ਚੌਕੜੀ ਕ਼ਾਨੂੰਨ, ਕਾਇਦਾ ਬਾਕਾਇਦਾ ਇਕ ਸਮਝਾਈਆ । ਸੰਦੇਸ਼ਾ ਦੇਵੇ ਨਾਮਾਲੂਮ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਦੀਨ ਦੁਨੀ ਹੋਈ ਮਾਸੂਮ, ਮਸਲਾ ਹੱਲ ਨਾ ਕੋਇ ਕਰਾਈਆ । ਭੇਵ ਅਭੇਦਾ ਜਣਾਏ ਮਜ਼ਮੂਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਕਹੇ ਜਿਸ ਵੇਲੇ ਬਹਾਦਰ ਸ਼ਾਹ ਕੀਤੀ ਪੁਕਾਰ, ਗੋਬਿੰਦ ਸੀਸ ਨਿਵਾਈਆ । ਉਸ ਵੇਲੇ ਕੀਤਾ ਅਗੰਮ ਇਕਰਾਰ, ਆਪਣਾ ਲੇਖ ਨਾ ਕੋਇ ਬਣਾਈਆ । ਜਗਤ ਸ਼ਹਿਨਸ਼ਾਹ ਰਹਿਣਾ ਖ਼ਬਰਦਾਰ, ਨੇਤਰ ਬੰਦ ਨਾ ਵੇਖ ਵਖਾਈਆ । ਸੋਹਣਾ ਹੁਕਮ ਉਸ ਪਰਵਰਦਿਗਾਰ, ਜਿਸ ਨੂੰ ਮੁਹੰਮਦ ਸਯਦਾ ਸੀਸ ਝੁਕਾਈਆ । ਭੁੱਲ ਨਾ ਜਾਣਾ ਵਿਚ ਸੰਸਾਰ, ਸਹਿਸਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਗੋਬਿੰਦ ਕਿਹਾ ਸ਼ਾਹ ਬਹਾਦਰ, ਸ਼ਹਿਨਸ਼ਾਹ ਦਏ ਵਡਿਆਈਆ । ਅੰਤ ਰਹੇ ਕੋਈ ਨਾ ਸਾਬਤ, ਸਬੂਰੀ ਹੱਥ ਕਿਸੇ ਨਾ ਆਈਆ । ਜਿਸ ਨੂੰ ਲਿਖੇ ਕੋਈ ਨਾ ਕਾਤਬ, ਓਹ ਲੇਖਾ ਆਪਣੇ ਵਿਚ ਛੁਪਾਈਆ । ਕਲਜੁਗ ਅੰਤਮ ਕਰੇ ਮੁਖ਼ਾਤਬ, ਸਚ ਸਵਾਮੀ ਪਰਦਾ ਲਾਹੀਆ । ਜਿਸ ਵੇਲੇ ਅਵਤਾਰ ਪੈਗ਼ੰਬਰਾਂ ਗੁਰੂਆਂ ਰਿਹਾ ਨਾ ਕੋਇ ਤਆਕ਼ਬ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਮਨ ਅਫ਼ਗਾਨੀ ਕਰੇ ਬਗ਼ਾਵਤ, ਮਰਦ ਜਵਾਨ ਕੰਮ ਕਿਸੇ ਨਾ ਆਈਆ । ਫੀਲ ਚਲਾਵੇ ਨਾ ਕੋਇ ਮਹਾਬਤ, ਗਜ ਕ਼ਦਮ ਨਾ ਕੋਇ ਉਠਾਈਆ । ਸਚ ਕਰੇ ਨਾ ਕੋਇ ਸਖ਼ਾਵਤ, ਰਹਿਮਤ ਹੱਕ ਨਾ ਕੋਇ ਕਮਾਈਆ । ਦੀਨ ਦੁਨੀ ਰਹੇ ਨਾ ਸਚ ਬਨਾਵਟ, ਕੂੜੀ ਦਿਸੇ ਸ਼ਹਿਨਸ਼ਾਹੀਆ । ਕਰਮ ਕਰਮ ਕਰੇ ਅਦਾਵਤ, ਧਰਮ ਧਰਮ ਨਾਲ ਲੜਾਈਆ । ਉਸ ਵੇਲੇ ਤੇਰੀ ਭੁਗਤਾਉਣੀ ਇਕ ਸ਼ਹਾਦਤ, ਗੋਬਿੰਦ ਸ਼ਬਦ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਗੋਬਿੰਦ ਕਿਹਾ ਸੁਣ ਸ਼ਾਹ ਬਹਾਦਰ ਬੰਧੂ, ਬਿਨ ਬੰਦਗੀ ਦਿਆਂ ਜਣਾਈਆ । ਪ੍ਰਭ ਦਾ ਲਹਿਣਾ ਦੇਣਾ ਧਾਰ ਸਿੰਧੂ, ਸਿੰਧ ਸਾਗਰ ਸੀਸ ਨਿਵਾਈਆ । ਲਹਿਣਾ ਪੂਰਾ ਕਰਨਾ ਚੰਦੂ, ਤੇਰਾ ਲੇਖਾ ਅੰਤ ਗਣਾਈਆ । ਜੋ ਦਰਵੇਸ਼ ਬਣਿਆ ਚੰਦੂ, ਚੰਦ ਚਾਂਦਨਾ ਨੂਰ ਚਮਕਾਈਆ । ਨਿਮਕ ਹਰਾਮ ਵੇਖਣਾ ਗੰਗੂ, ਚਾਰੇ ਕੁੰਟ ਵੇਖ ਵਖਾਈਆ । ਪਰਦਾ ਲਾਹੁਣਾ ਜੋ ਨਾਨਕ ਚਾਰੀਆਂ ਮੱਝੂ, ਪਾਲੀ ਬਣ ਕੇ ਸੇਵ ਕਮਾਈਆ । ਸੁਣ ਹੁਕਮ ਅਨੋਖਾ ਛੰਦੂ, ਜਗਤ ਸ਼ਾਹ ਰਿਹਾ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਲੰਘੂ, ਅੰਤ ਅਖ਼ੀਰ ਵਖਾਈਆ । ਬਿਨਾ ਖ਼ੁਦਾ ਤੋਂ ਰਹੇ ਕੋਈ ਨਾ ਦੀਨਾ ਬੰਧੂ, ਬੰਧਨ ਸਕੇ ਨਾ ਕੋਇ ਤੁੜਾਈਆ । ਧੁਰ ਦਾ ਕਲਮਾ ਕੋਇ ਨਾ ਵੰਡੂ, ਵੰਡਾਂ ਹਿੱਸੇ ਸਭ ਦੇ ਦਏ ਕਰਾਈਆ । ਸਾਚੀ ਮੰਜ਼ਲ ਕੋਇ ਨਾ ਲੰਘੂ, ਧਰਮ ਦਾ ਕ਼ਦਮ ਨਾ ਕੋਇ ਉਠਾਈਆ । ਪੁਰਖ ਅਕਾਲਾ ਗੁਰ ਅਵਤਾਰ ਪੈਗ਼ੰਬਰਾਂ ਲੇਖਾ ਮੰਗੂ, ਬਚਿਆ ਰਹਿਣ ਕੋਇ ਨਾ ਪਾਈਆ । ਲੇਖਾ ਚੁਕਾਏ ਇਸਾਈ ਸਿੱਖ ਮੁਸਲਿਮ ਹਿੰਦੂ, ਹਿੰਦਵਾਇਣ ਪਰਦਾ ਲਾਹੀਆ । ਜਗਤ ਵਸੇਰਾ ਕਰ ਕੇ ਪਿੰਡੂ, ਪਿੰਡ ਇੰਡ ਬ੍ਰਹਿਮੰਡ ਖੋਜ ਖੁਜਾਈਆ । ਜਗਤ ਜਹਾਨ ਸ਼ਾਹ ਸੁਲਤਾਨ ਵੇਖ ਕੇ ਟਿੰਗੂ, ਟਿੰਗਾਂ ਵਾਲਿਆਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪੰਜ ਬਣੇ ਹੋਵਣ ਮੁਗ਼ਲ, ਮੁਗਲੀਆ ਖ਼ਾਨਦਾਨ ਵਡਿਆਈਆ । ਜਿਨ੍ਹਾਂ ਦੇ ਮਸਤਕ ਅੰਤਮ ਗੋਬਿੰਦ ਲਾਈ ਉਂਗਲ, ਇਸ਼ਾਰਾ ਗਿਆ ਕਰਾਈਆ ।

ਜਿਸ ਵੇਲੇ ਕਲਜੁਗ ਆਇਆ ਮੁੱਕਣ, ਅੰਤਮ ਪੰਧ ਮੁਕਾਈਆ । ਪੁਰਖ ਅਕਾਲਾ ਭਗਤਾਂ ਆਵੇ ਗੋਦੀ ਚੁੱਕਣ, ਫੜ ਬਾਹੋਂ ਗੋਦ ਉਠਾਈਆ । ਜਗਤ ਜਹਾਨ ਆਵੇ ਲੁਕਣ, ਨੇਤਰ ਨਜ਼ਰ ਕੋਇ ਨਾ ਆਈਆ । ਬਹਾਦਰ ਸ਼ਾਹ ਤੇਰੀ ਖੁਲ੍ਹਾਵੇ ਬੁੱਕਲ, ਪਰਦਾ ਦਏ ਲਾਹੀਆ । ਗੋਬਿੰਦ ਸੂਰਾ ਨਾਲ ਹੋਵੇ ਪੁੱਤਰ, ਪਿਤਾ ਪੂਤ ਰੰਗ ਸਮਾਈਆ । ਦਰਗਾਹੋਂ ਸਾਚੀ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਸਮਝ ਕਿਸੇ ਨਾ ਪਾਈਆ । ਤੁਸਾਂ ਸਭ ਨੇ ਕਰਨਾ ਸ਼ੁਕਰ, ਸ਼ੁਕਰਾਨੇ ਵਿਚ ਵਡਿਆਈਆ । ਨਾਲ ਫੜ ਕੇ ਲਿਆਉਣਾ ਕੁੱਕੜ, ਰੰਗ ਚਿੱਟਾ ਸੋਭਾ ਪਾਈਆ । ਇਕ ਕਸਾਈ ਹੋਵੇ ਨਾਲ ਬੁੱਚੜ, ਡਰਾਉਣੀ ਆਪਣੀ ਸ਼ਕਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਵਖਾਈਆ । ਸੰਮਤ ਪੰਜ ਕਹੇ ਹਾੜ ਸਤਾਰਾਂ ਆਉਂਦਾ, ਆਵਤ ਆਵਤ ਖ਼ੁਸ਼ੀ ਮਨਾਈਆ । ਪ੍ਰਭੂ ਕਰੇ ਖੇਲ ਜਗ ਭਾਉਂਦਾ, ਜੁਗ ਕਰਤਾ ਕਾਰ ਕਮਾਈਆ । ਜੋ ਕ਼ਲਮਾ ਹੱਕ ਸੁਣਾਉਂਦਾ, ਧੁਰ ਦੀ ਕਰੇ ਪੜ੍ਹਾਈਆ । ਸੋ ਵਿਛੜਿਆਂ ਮੇਲ ਮਿਲਾਉਂਦਾ, ਫੜ ਬਾਹੋਂ ਗੋਦ ਟਿਕਾਈਆ । ਸਾਚਾ ਸਮਾਂ ਵਕ਼ਤ ਸੁਹਾਉਂਦਾ, ਸੁਹੰਜਣੀ ਰੈਣ ਨਾਲ ਮਿਲਾਈਆ । ਭਗਤ ਸੁਹੇਲੇ ਨਾਲ ਰਲਾਉਂਦਾ, ਹਰਿਜਨ ਧੁਰ ਦਾ ਜੋੜ ਜੁੜਾਈਆ । ਕਰੇ ਕਰਾਵੇ ਜੋ ਹਰਿ ਭਾਉਂਦਾ, ਮਨ ਮਨਸਾ ਨਾ ਕੋਇ ਵਖਾਈਆ । ਪਤਤ ਪਾਪੀਆਂ ਪੁਨੀਤ ਆਪ ਕਰਾਉਂਦਾ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਧਰਤ ਧਵਲ ਹਿਲਾਉਂਦਾ, ਬ੍ਰਹਿਮੰਡ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਹਾੜ ਸਤਾਰਾਂ ਕਹੇ ਬਹਾਦਰ ਸ਼ਾਹ ਗੋਬਿੰਦ ਅੱਗੇ ਝੁਕਣਾ, ਝੁਕ ਝੁਕ ਸੀਸ ਨਿਵਾਈਆ । ਤੇਰੇ ਕੋਲੋਂ ਬਚਨ ਓਹ ਪੁਛਣਾ, ਜੋ ਅੰਤਮ ਦਿਤਾ ਸੁਣਾਈਆ । ਸਤਿ ਦਵਾਰਿਉਂ ਕਦੇ ਨਾ ਰੁਠਣਾ, ਗੋਬਿੰਦ ਗਿਆ ਦ੍ਰਿੜਾਈਆ । ਮਿਹਰਵਾਨ ਕੋਲੋਂ ਨਾ ਲੁਕਣਾ, ਜੋ ਨਿਗਾਹ ਮਿਹਰ ਨਾਲ ਤਰਾਈਆ । ਝਗੜਾ ਮੇਟੇ ਕਾਇਆ ਬੁਤਨਾ, ਬੁਤਖ਼ਾਨੇ ਵੇਖ ਵਖਾਈਆ । ਅੰਤ ਅਖ਼ੀਰ ਉਸ ਨੇ ਪੁੱਜਣਾ ਲੇਖਾ ਸਭ ਦੇ ਕੋਲੋਂ ਪੁਛਣਾ, ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਸਤਾਰਾਂ ਹਾੜ ਕਹੇ ਗੋਬਿੰਦ ਹੁਕਮ ਹੋਇਆ ਕ਼ਲਮਬੰਦ, ਬਾਹਰ ਸਕੇ ਨਾ ਕੋਇ ਸਮਝਾਈਆ । ਬਹਾਦਰ ਸ਼ਾਹ ਤੇਰੇ ਪਿੱਛੇ ਕਰ ਕੇ ਜੰਗ, ਜਗਹ ਬਜਗਹ ਕੀਤੀ ਸਫ਼ਾਈਆ । ਮੇਰੇ ਨੀਲੇ ਦਾ ਵੇਖ ਤੰਗ, ਜੋ ਸ਼ਹਾਦਤ ਰਿਹਾ ਭੁਗਤਾਈਆ । ਕੁਛ ਅੰਦਰੇ ਅੰਦਰ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਉਸ ਰੋ ਕੇ ਮੰਗਿਆ ਅੰਤਮ ਸੰਗ, ਧੁਰ ਦਾ ਸੰਗ ਬਣਾਈਆ । ਤੱਕਿਆ ਵਲ ਚੰਦ, ਤਾਰਿਆਂ ਅੱਖ ਉਠਾਈਆ । ਗੋਬਿੰਦ ਕਿਹਾ ਏਸ ਤੋਂ ਪਰੇ ਲੰਘ, ਇਨ੍ਹਾਂ ਕੀ ਚਤੁਰਾਈਆ । ਹੈਰਾਨ ਨਾ ਹੋਈਂ ਦੰਗ, ਪਰੇਸ਼ਾਨੀ ਨਾ ਕੋਇ ਵਖਾਈਆ । ਖੇਲ ਸਾਹਿਬ ਸੂਰਾ ਸਰਬੰਗ, ਸਤਿਗੁਰੂ ਨੂਰ ਅਲਾਹੀਆ । ਕੋਈ ਜਗਤ ਸ਼ਾਹ ਦਾ ਚੰਦ, ਜੋ ਜੰਮੇ ਅੰਤ ਮਰ ਜਾਈਆ । ਮੈਂ ਧਰਮ ਧਾਰ ਪਾਬੰਦ, ਨਿਤ ਨਿਤ ਵੇਖ ਵਖਾਈਆ । ਮੇਰਾ ਖੇਲ ਵਿਚ ਬ੍ਰਹਿਮੰਡ, ਵਰਭੰਡ ਕਾਰ ਕਮਾਈਆ । ਜਿਸ ਵੇਲੇ ਸਦੀ ਚੌਧਵੀਂ ਜਾਏ ਲੰਘ, ਮੁਹੱਬਤ ਆਸਾ ਮੁਹੰਮਦ ਵੇਖ ਵਖਾਈਆ । ਨਾਮ ਸੰਦੇਸ਼ਾ ਦੇਵੇ ਬਰੰਗ, ਮੋਹਰ ਮਹਿਰ ਨਾ ਕੋਇ ਲਗਾਈਆ । ਸੰਦੇਸ਼ਾ ਦੇਣਾ ਸ਼ਾਹੀ ਧਾਰ ਪਲੰਘ, ਤਿਲਕਧਾਰੀ ਨਾ ਕਲਮਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਸੰਮਤ ਪੰਜ ਕਹੇ ਬਹਾਦਰ ਸ਼ਾਹ ਉਧਾਰ,

ਗੋਬਿੰਦ ਦਏ ਚੁਕਾਈਆ । ਫੇਰ ਨੀਤੀ ਬਦਲੇ ਵਿਚ ਸੰਸਾਰ, ਹੁਕਮ ਅਗੰਮ ਅਥਾਹੀਆ । ਪੂਰਬ ਕ਼ਰਜ਼ ਉਤਾਰ, ਤਰਜ ਕਰੇ ਸਫ਼ਾਈਆ । ਸੋਹਣਾ ਲੱਗਾ ਦਰਬਾਰ, ਦਰਵਾਜ਼ਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰ ਕੇ ਖ਼ਬਰਦਾਰ, ਹੁਸ਼ਿਆਰੀ ਵਿਚ ਦਏ ਜਣਾਈਆ । ਤੁਹਾਡੇ ਉਤੇ ਰਿਹਾ ਨਾ ਕਿਸੇ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਅੱਗੇ ਸਭ ਕੁਛ ਉਸ ਦੇ ਅਖ਼ਤਿਆਰ, ਜੋ ਮੁਖ਼ਤਾਰਨਾਮੇ ਤੁਹਾਡੇ ਹੱਥ ਫੜਾਈਆ । ਆਓ ਕਰ ਲਓ ਦੀਦਾਰ, ਦੀਦਾ ਦੀਦ ਖ਼ੁਸ਼ੀ ਮਨਾਈਆ । ਜਾਓ ਚਰਨ ਕਵਲ ਬਲਿਹਾਰ, ਬਲਿਹਾਰੀ ਸੀਸ ਨਿਵਾਈਆ । ਖ਼ੁਸ਼ੀਆਂ ਨਾਲ ਵੇਖਣਾ ਸਤਾਰਾਂ ਹਾੜ੍ਹ, ਹਰ ਹਿਰਦੇ ਦੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਲਾ ਦਰਬਾਰ, ਜਗਤ ਸ਼ਾਹੀ ਦਾ ਲੇਖਾ ਪੂਰਾ ਕਰੇ ਸੰਸਾਰ, ਸਮੇਂ ਸਾਰ ਵੇਖਣਹਾਰਾ ਥਾਉਂ ਥਾਈਆ ।

### * ੧੮ ਜੇਠ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਘਰ ਪਿੰਡ ਬਾਊਪੁਰ ਜ਼ਿਲਾ ਗੁਰਦਾਸਪੁਰ *

ਸੰਮਤ ਪੰਜ ਕਹੇ ਬਹਾਦਰ ਸ਼ਾਹ ਦੇ ਨਾਲ ਇਕ ਚੁਗ਼ਲ ਹੋਵੇ ਖ਼ਾਨਦਾਨੀ, ਖ਼ਾਲਸ ਆਪਣਾ ਰੂਪ ਬਣਾਈਆ । ਚੁਗ਼ਲੀ ਮਾਰਨੀ ਉਸ ਦੀ ਮੰਜ਼ਲ ਹੋਵੇ ਰੁਹਾਨੀ, ਜਗਤ ਕਾਰ ਕਮਾਈਆ । ਮਜ਼੍ਹਬ ਸ਼ਰਅ ਦੀ ਅੰਤਰ ਹੋਵੇ ਬੇਈਮਾਨੀ, ਮੁਤੱਸਬ ਵਿਚ ਕੁਰਲਾਈਆ । ਜਗਤ ਦੁਨੀ ਦਿਸੇ ਬੇਗਾਨੀ, ਸੰਗੀ ਸਚ ਨਾ ਕੋਇ ਜਣਾਈਆ । ਫਿਰਦਾ ਹੋਵੇ ਵਿਚ ਮੈਦਾਨੀ, ਚਾਰੋਂ ਕੁੰਟ ਵੇਖ ਵਖਾਈਆ । ਉਸ ਦਾ ਲਹਿਣਾ ਦੱਸਣਾ ਗੋਬਿੰਦ ਨਾਲ ਆਸਾਨੀ, ਅਸਲ ਆਪਣਾ ਭੇਵ ਖੁਲ੍ਹਾਈਆ । ਇਹ ਕਥਾ ਕਹਾਣੀ ਪੁਰਾਣੀ, ਪੁਰਾਣ ਵੇਦ ਨਾ ਕੋਇ ਜਣਾਈਆ । ਪੁਰਖ ਅਕਾਲ ਸਭ ਦਾ ਜਾਣ ਜਾਣੀ, ਜਾਨਣਹਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਣੇ ਪੰਜ ਧਰਮ ਸ਼ਹਿਜ਼ਾਦੇ, ਜਿਸ ਨੂੰ ਸ਼ਹਿਨਸ਼ਾਹ ਦਏ ਵਡਿਆਈਆ । ਓਹ ਹੋਵਣ ਇਕੋ ਨਾਂ ਦੇ, ਨਾਮ ਨਾਮ ਵਿਚ ਵਡਿਆਈਆ । ਬਲਧਾਰੀ ਹੋਵਣ ਆਪਣੀ ਬਾਂਹ ਦੇ, ਭਓ ਵਿਚ ਨਾ ਭੈ ਰਖਾਈਆ । ਸੁਖ ਲੈਂਦੇ ਹੋਣ ਆਪਣੀ ਮਾਂ ਦੇ, ਮਾਂ ਮਿਹਟਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਂ ਵੇਖਣੇ ਪੰਜ ਪ੍ਰਭ ਮੀਤੇ, ਮਿੱਤਰ ਮਿੱਤਰਾਂ ਵੇਖ ਵਖਾਈਆ । ਜਿਨ੍ਹਾਂ ਦੇ ਵੇਸ ਇਕੋ ਜਿਹੇ ਹੋਣ ਕੀਤੇ, ਕਰਨੀ ਪ੍ਰਭ ਦੇ ਨਾਲ ਰਖਾਈਆ । ਤੀਹ ਸਾਲ ਦੀ ਆਯੂ ਸਭ ਦੀ ਹੋਵੇ ਬੀਤੇ, ਛੋਟਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦਾ ਗਾਵਣ ਗੀਤੇ, ਗੋਬਿੰਦ ਤੇਰੀ ਬੇਪਰਵਾਹੀਆ । ਹੱਥ ਰੱਖਣ ਵਿਚ ਖੀਸੇ, ਸੱਜਾ ਸਹਿਜ ਨਾਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਂ ਹੋਣਾ ਤਾਂ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦੇ ਵਡਿਆਈਆ । ਚਾਰ ਵਰਨ ਦੇ ਗੁਰਮੁਖ ਚਲਾਵਣ ਆਤਸ਼ਬਾਜ਼ੀ, ਅਗਨੀ ਅੱਗ ਨਾਲ ਵਡਿਆਈਆ । ਸਾਰੀ ਸੰਗਤ ਹੋਵੇ ਜਾਗੀ, ਸੋਇਆ ਰਹਿਣ ਕੋਇ ਨਾ ਪਾਈਆ । ਇਕ ਗੁਰਮੁਖ ਬਣਿਆ ਹੋਵੇ ਢਾਡੀ, ਸੋਹਣਾ ਆਪਣਾ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਂ ਹੁੰਦਾ ਜਾਂਦਾ ਖ਼ੁਸ਼ਹਾਲ, ਖ਼ੁਸ਼ੀ ਦਿਆਂ ਦ੍ਰਿੜਾਈਆ । ਸਾਹਿਬ ਵੇਖੇ ਮੁਰੀਦਾਂ ਹਾਲ, ਗੋਬਿੰਦ ਗੁਰ ਗੁਰ ਖੋਜ ਖੁਜਾਈਆ । ਦੀਨ ਦਿਆਲ ਹੋ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਦਇਆ ਕਮਾਈਆ । ਸਭ ਦੀ ਸੁਰਤੀ ਲਏ ਸੰਭਾਲ, ਸੰਬਲ ਆਪਣਾ ਡੇਰਾ ਲਾਈਆ । ਭਗਤ ਦਵਾਰੇ ਉਤੇ ਦੀਪਕ ਦੀਆ ਦੀਵਾਲੀ ਲੈਣੀ ਬਾਲ, ਘਿਰਤ ਜੋਤ ਨਾਲ ਵਡਿਆਈਆ । ਇਹ ਖੇਲ ਸੱਚੀ ਧਰਮਸਾਲ, ਧਰਮ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਨੂੰ ਪ੍ਰਭ ਨੇ ਦਿਤਾ ਇਸ਼ਾਰਾ, ਅਗੰਮ ਆਪਣਾ ਹੁਕਮ ਸੁਣਾਈਆ । ਉਠ ਵੇਖ ਜਗਤ ਸੰਸਾਰਾ, ਦੀਨ ਦਿਆਲ ਖੋਜ ਖੁਜਾਈਆ । ਚਾਰੋਂ ਕੁੰਟ ਧੂੰਆਂਧਾਰਾ, ਧਰਮ ਦੀ ਧਾਰ ਨਾ ਕੋਇ ਉਪਜਾਈਆ । ਇਸ਼ਟ ਭੁੱਲਿਆ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਾ ਕੋਇ ਨਿਵਾਈਆ । ਮਨ ਕਲਪਣਾ ਹਾਹਾਕਾਰਾ, ਹਿਰਦੇ ਹਰਿ ਨਾ ਕੋਇ ਧਿਆਈਆ । ਮਿਲੇ ਮੇਲ ਨਾ ਏਕੰਕਾਰਾ, ਅਕਲ ਕਲਧਾਰੀ ਨਜ਼ਰ ਕਿਸੇ ਨਾ ਆਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਵੇ ਕਿਸੇ ਨਾ ਸਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਚਮ ਜੇਠ ਕਹੇ ਮੈਂ ਪਿਛਲਾ ਕਰਾਂ ਯਾਦ, ਸਭ ਨੂੰ ਦਿਆਂ ਜਣਾਈਆ । ਕਲਜੁਗ ਅੰਤਮ ਖ਼ੁਸ਼ੀਆਂ ਵਾਲਾ ਸੁਹਾਗ, ਪ੍ਰਭ ਏਕਾ ਏਕ ਸੋਭਾ ਪਾਈਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਪਕੜੀ ਵਾਗ, ਡੋਰੀ ਆਪਣੇ ਨਾਲ ਬੰਧਾਈਆ । ਨਿਰਗੁਣ ਧਾਰ ਪਿਆ ਜਾਗ, ਸਰਗੁਣ ਦੇਵੇ ਮਾਣ ਵਡਿਆਈਆ । ਗੁਰਮੁਖ ਹੰਸ ਬਣਾ ਕੇ ਕਾਗ, ਮਾਣਕ ਮੋਤੀ ਚੋਗ ਦਏ ਚੁਗਾਈਆ । ਪਿਛਲਾ ਲੇਖਾ ਸਭ ਦਾ ਕਰ ਬੇਬਾਕ, ਅੱਗੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਸ਼ਹਿਨਸ਼ਾਹੀ ਪੰਜ ਕਹੇ ਮੈਂ ਆਇਆ ਜੇਠ ਅਠਾਰਾਂ, ਦਸ ਅੱਠ ਵੇਖ ਵਖਾਈਆ । ਸ਼ਬਦ ਸੰਦੇਸ਼ਾ ਦੇ ਅਪਾਰਾ, ਅਪਰੰਪਰ ਦਿਆਂ ਦ੍ਰਿੜਾਈਆ । ਸਵਾਧਾਨ ਹੋਣਾ ਪੁਰਖ ਨਾਰਾ, ਬਾਲ ਬਿਰਧ ਲਏ ਅੰਗੜਾਈਆ । ਜਿਹੜਾ ਨਿਰਗੁਣ ਧਾਰ ਆਇਆ ਦੁਬਾਰਾ, ਜੋਤੀ ਜੋਤ ਡਗਮਗਾਈਆ । ਸ਼ਬਦੀ ਗੁਰ ਦੇ ਇਸ਼ਾਰਾ, ਆਲੀਸ਼ਾਨ ਪਰਦਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੀ ਧਾਰ ਇਕ ਸਮਝਾਈਆ । ਧਰਮ ਦੀ ਧਾਰ ਕਹੇ ਮੈਂ ਹੋਈ ਭਗਤਾਂ ਦੀ ਦਾਸੀ, ਦਾਸੀ ਦਾਸ ਸੇਵ ਕਮਾਈਆ । ਜਿਥੇ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਅੰਧ ਅੰਧੇਰ ਰਿਹਾ ਨਾ ਰਾਈਆ । ਪ੍ਰਭ ਮਿਲਿਆ ਸਚਖੰਡ ਨਿਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਮੇਰੀ ਪੁੰਨੀ ਆਸੀ, ਤ੍ਰਿਸ਼ਨਾ ਰਹੀ ਨਾ ਰਾਈਆ । ਲੇਖਾ ਰਿਹਾ ਨਾ ਪਵਣ ਸਵਾਸੀ, ਸਾਹ ਸਾਹ ਨਾ ਕੋਇ ਗਿਣਾਈਆ । ਝਗੜਾ ਮੁਕਿਆ ਲੋਕਮਾਤੀ, ਮੋਹ ਦਿਤਾ ਗਵਾਈਆ । ਪੁਰਖ ਅਕਾਲਾ ਬਣ ਕੇ ਸਾਥੀ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਦੱਸਾਂ ਪੁਰਾਤਨ ਧਾਰ, ਧਰਮ ਧਰਮ ਧਰਮ ਦ੍ਰਿੜਾਈਆ । ਬਲ ਬਾਵਨ ਖੇਲ ਅਪਾਰ, ਸਤਿਜੁਗ ਸਚ ਦਏ ਵਡਿਆਈਆ । ਲਹਿਣਾ ਦੇਣਾ ਅਪਰ ਅਪਾਰ, ਅਪਰੰਪਰ ਆਪ ਸਮਝਾਈਆ । ਜਿਸ ਵੇਲੇ ਸਮਗਰੀ ਹੋਈ ਤਿਆਰ, ਬਲ ਰਾਜਾ ਵੇਖੇ ਚਾਈਂ ਚਾਈਆ । ਰਿਸ਼ੀ ਮੁਨੀਆਂ

ਦੇਵਾਂ ਖਵਾਲ, ਗ਼ਰੀਬ ਨਿਮਾਨਿਆਂ ਤ੍ਰਿਸ਼ਨ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਬਲ ਨੇ ਅੰਤਰ ਕੀਤਾ ਧਿਆਨ, ਅੰਤਸ਼ਕਰਨ ਬਦਲਾਈਆ । ਕਿਰਪਾ ਕਰ ਮੇਰੇ ਭਗਵਾਨ, ਤੇਰੇ ਹੱਥ ਵਡਿਆਈਆ । ਮੇਰੀ ਸੇਵਾ ਤੇਰਾ ਦਾਨ, ਦੇਵਤ ਸੁਰ ਵੱਜੇ ਵਧਾਈਆ । ਮੈਨੂੰ ਬਖ਼ਸ਼ ਨਿਮਾਨਿਆਂ ਮਾਣ, ਹੰਕਾਰ ਵਿਕਾਰ ਡੇਰਾ ਢਾਹੀਆ । ਤੇਰਾ ਭੰਡਾਰਾ ਪੀਣ ਖਾਣ, ਤੇਰੀ ਝੋਲੀ ਦਿਤਾ ਰਖਾਈਆ । ਤੂੰ ਸਰਬ ਕਲਾ ਮਿਹਰਵਾਨ, ਮਿਹਰਵਾਨ ਤੇਰੀ ਸਰਨਾਈਆ । ਬਿਨ ਡਿੱਠਿਆਂ ਕਰ ਪ੍ਰਵਾਨ, ਸੀਸ ਦਿਤਾ ਝੁਕਾਈਆ । ਹੁਕਮ ਕੀਤਾ ਫ਼ਰਮਾਨ, ਸਭ ਨੂੰ ਦਿਓ ਖਵਾਈਆ । ਜਿਹੜੇ ਪਹਿਲੀ ਪੰਗਤ ਬੈਠੇ ਆਣ, ਹਿਰਦੇ ਹਰਿ ਧਿਆਈਆ । ਰਸਨਾ ਰਸ ਰਸ ਚਖਾਣ, ਖਾ ਖਾ ਸ਼ੁਕਰ ਮਨਾਈਆ । ਬਾਵਨ ਬੈਠਾ ਬਣ ਨਾਦਾਨ, ਦਰ ਦਰਵੇਸ਼ ਡੇਰਾ ਲਾਈਆ । ਜਿਸ ਵੇਲੇ ਕੰਨਿਆ ਦੇ ਨਾਲ ਛੋਟਾ ਕਾਕਾ ਲੈ ਕੇ ਆਇਆ ਪਕਵਾਨ, ਖ਼ੁਸ਼ੀਆਂ ਭੇਟ ਚੜ੍ਹਾਈਆ । ਬਲ ਦਵਾਰੇ ਬਾਵਨ ਕੀਤਾ ਪ੍ਰਵਾਨ, ਹੁਕਮ ਇਕ ਜਣਾਈਆ । ਜਿਸ ਵੇਲੇ ਆਵਾਂ ਵਿਚ ਜਹਾਨ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਈਆ । ਬੱਚੇ ਕਿਹਾ ਮੇਰੇ ਨਾਲ ਕਰ ਲੈ ਵਾਅਦਾ, ਵਾਅਦਾ ਇਕ ਜਣਾਈਆ । ਜਿਨ੍ਹਾਂ ਪਕਵਾਨ ਪਹਿਲੋਂ ਖਾਧਾ, ਆਪਣਾ ਰੰਗ ਦੇਣਾ ਚੜ੍ਹਾਈਆ । ਤੂੰ ਗੁਰੂ ਪੁਰਖ ਅਕਾਲ ਮੇਲਣਾ ਦਾਦਾ, ਅੱਗੇ ਵਿਛੋੜਾ ਰਹੇ ਨਾ ਰਾਈਆ । ਫੇਰ ਮੇਲ ਹੋਵੇ ਸਾਡਾ, ਸਹਿਜੇ ਦੇਣਾ ਮਿਲਾਈਆ । ਬਾਵਨ ਕਿਹਾ ਪੱਕਾ ਮੇਰਾ ਇਰਾਦਾ, ਸਚ ਦਿਆਂ ਸਮਝਾਈਆ । ਹੁਕਮ ਬੋਧ ਅਗਾਧਾ, ਬੁੱਧੀ ਤੋਂ ਪਰੇ ਸੁਣਾਈਆ । ਹੁਣ ਪਕਵਾਨ ਦੇਵੇ ਬਲ ਰਾਜਾ, ਆਪਣੀ ਸੇਵ ਕਮਾਈਆ । ਫੇਰ ਬਦਲ ਦੇਵਾਂ ਸਮਾਜਾ, ਕਲ ਆਪਣੀ ਕਾਰ ਕਮਾਈਆ । ਇਨ੍ਹਾਂ ਵਿਚ ਪ੍ਰੇਮ ਦਾ ਕਰ ਕੇ ਵਾਧਾ, ਅੰਮ੍ਰਿਤ ਰਸ ਭਰਾਈਆ । ਸਾਚਾ ਦੇ ਸਵਾਦਾ, ਪਰਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕਾਕੇ ਕਿਹਾ ਮੇਰੀ ਛੋਟੀ ਇਕ ਅਰਦਾਸ, ਹੱਸ ਕੇ ਦਿਆਂ ਜਣਾਈਆ । ਕੀ ਤੂੰ ਬਿਰਧ ਮੇਰਾ ਦੇਵੇਂ ਸਾਥ, ਸਗਲਾ ਸੰਗ ਬਣਾਈਆ । ਬਾਵਨ ਫੜ ਕੇ ਹਾਥ, ਹੱਥ ਹੱਥਾਂ ਨਾਲ ਛੁਹਾਈਆ । ਸਭ ਤੋਂ ਪੁੱਛਿਆ ਜਿਸ ਨੂੰ ਭਗਵਾਨ ਉਤੇ ਵਿਸ਼ਵਾਸ, ਉਂਗਲਾਂ ਲਓ ਉਠਾਈਆ । ਓਨ੍ਹਾਂ ਵਿਚੋਂ ਇਕ ਸੌ ਤੇਰਾਂ ਜਿਹੜੇ ਪ੍ਰੇਮੀ ਖ਼ਾਸ, ਪਿਆਰ ਵਿਚ ਸਮਾਈਆ । ਜਗਤ ਨਾਲੋਂ ਹੋ ਉਦਾਸ, ਉਨ੍ਹਾਂ ਲਈ ਅੰਗੜਾਈਆ । ਅਸੀਂ ਓਸ ਪ੍ਰਭੂ ਨੂੰ ਮੰਨਿਆ ਬਾਪ, ਜਿਹੜਾ ਆਦਿ ਜੁਗਾਦਿ ਜੰਮਣ ਵਾਲਾ ਪਿਤਾ ਮਾਈਆ । ਸਦਾ ਸੁਹੇਲਾ ਰਹੇ ਪਵਿਤ੍ਰ ਪਾਕ, ਪੁਨੀਤ ਸਭ ਨੂੰ ਦਏ ਕਰਾਈਆ । ਲੇਖੇ ਲਾਵੇ ਮਾਟੀ ਖ਼ਾਕ, ਤਨ ਵਜੂਦ ਰੰਗ ਚੜ੍ਹਾਈਆ । ਬਾਵਨ ਖ਼ੁਸ਼ੀ ਨਾਲ ਦਿਤਾ ਆਖ, ਸ਼ਬਦ ਰਾਗ ਅਲਾਈਆ । ਪੁਰਖ ਅਕਾਲਾ ਦੀਨ ਦਿਆਲਾ ਦਰਸ਼ਨ ਦੇਵੇ ਪ੍ਰਗਟ ਹੋ ਕੇ ਸਾਖਿਆਤ, ਸਨਮੁਖ ਸਾਚਾ ਸੋਭਾ ਪਾਈਆ । ਜਿਸ ਦੇ ਕੋਲ ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਭ ਦਾ ਲਹਿਣਾ ਦੇਣਾ ਵੇਖੇ ਹਿਸਾਬ, ਪੂਰਬ ਲਹਿਣਾ ਵੇਖ ਵਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਰਾਗ, ਸਾਚਾ ਢੋਲਾ ਦਏ ਜਣਾਈਆ । ਦੀਨ ਦੁਨੀ ਦਾ ਕਰ ਤਿਆਗ, ਵੈਰਾਗ ਅੰਦਰ ਇਕ ਉਪਜਾਈਆ । ਨਾਤਾ ਤੋੜ ਕੇ ਕੂੜ ਸਾਕ, ਮਾਇਆ ਮਮਤਾ ਮੋਹ ਮਿਟਾਈਆ । ਸਚ ਪ੍ਰੀਤੀ ਬਖ਼ਸ਼ ਕੇ ਪੁਰਖ ਸਮਰਾਥ, ਸਿਰ ਆਪਣਾ ਹੱਥ ਰਖਾਈਆ । ਪੂਰਾ ਕਰੇ ਭਵਿਖਤ ਵਾਕ, ਨਾ ਕੋਈ ਮੇਟੇ ਮੇਟ

ਮਿਟਾਈਆ । ਬਾਬੂਪੁਰ ਵਾਲਿਓ ਏਸੇ ਕਰ ਕੇ ਤੁਹਾਨੂੰ ਦਿਤੀ ਪਿਛਲੀ ਰਾਤ, ਪੂਰਬ ਲੇਖਾ ਭੁੱਲ ਨਾ ਜਾਈਆ । ਦਵਿੰਦਰ ਨੇ ਅੰਦਰੇ ਅੰਦਰ ਯਾਦ ਰੱਖੀ ਓਹ ਬਾਤ, ਭੁੱਲ ਵਿਚ ਭੁੱਲ ਨਾ ਕੋਇ ਭੁਲਾਈਆ । ਜ਼ੋਰ ਨਾਲ ਮਾਰ ਆਵਾਜ਼, ਸਭ ਨੂੰ ਦਿਤਾ ਸਮਝਾਈਆ । ਤੁਹਾਡੇ ਕੋਲ ਜ਼ਰੂਰ ਔਣਾ ਇਹੋ ਮੇਰੀ ਆਸ, ਆਸਾ ਤੁਹਾਡੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਦਵਿੰਦਰ ਕਹੇ ਮੈਂ ਤੁਹਾਡਾ ਓਹ ਪਿਛਲਾ ਵੀਰ, ਜਿਸ ਵਾਰਤਾ ਦਿਤੀ ਦੁਹਰਾਈਆ । ਆਇਆ ਪੰਧ ਚੀਰ, ਪੈਂਡਾ ਜਨਮ ਕਰਮ ਮੁਕਾਈਆ । ਮੈਂ ਮੰਗ ਮੰਗੀ ਪ੍ਰਭ ਇਨ੍ਹਾਂ ਦੀ ਬਦਲ ਜਾਵੀਂ ਤਕਦੀਰ, ਤਦਬੀਰ ਦੀ ਲੋੜ ਰਹੇ ਨਾ ਰਾਈਆ । ਲੇਖੇ ਲਾਉਣੇ ਸ਼ਾਹ ਹਕੀਰ, ਗ਼ਰੀਬ ਨਿਮਾਣੇ ਗੋਦ ਉਠਾਈਆ । ਪਿਛਲੇ ਕਰਮਾਂ ਉਤੇ ਮਾਰ ਲਕੀਰ, ਅੱਗੇ ਆਪਣਾ ਸੰਗ ਬਣਾਈਆ । ਅੰਤਰ ਅੰਤਰ ਰਹੇ ਧੀਰ, ਮਨ ਮਮਤਾ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਮੇਲਾ ਲਿਆ ਮਿਲਾਈਆ । ਦਵਿੰਦਰ ਕਹੇ ਮੇਰੀਆਂ ਗੱਲਾਂ ਨੂੰ ਕਰਦੇ ਰਹੇ ਹਾਸਾ, ਹੱਸ ਹੱਸ ਆਪ ਸੁਣਾਈਆ । ਮੈਨੂੰ ਪਿਛਲਾ ਲਹਿਣਾ ਯਾਦ ਖ਼ਾਸਾ, ਅੰਦਰੇ ਅੰਦਰ ਪ੍ਰਭੂ ਦਿਤਾ ਦ੍ਰਿੜਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਘਾਟਾ, ਪੂਰਬ ਝੋਲੀ ਪਾਈਆ । ਮੰਜ਼ਲ ਪੂਰੀ ਹੋਵੇ ਵਾਟਾ, ਅਧਵਾਟੇ ਨਾ ਕੋਇ ਦੁਹਾਈਆ । ਖ਼ੁਸ਼ੀਆਂ ਵਾਲੀ ਰਾਤਾ, ਮਿਲ ਕੇ ਵੱਜੇ ਵਧਾਈਆ । ਏਸੇ ਕਰ ਕੇ ਘਰ ਘਰ ਫਿਰ ਕੇ ਸਭ ਦਾ ਪ੍ਰੇਮ ਪਛਾਤਾ, ਪੱਛਮ ਦੱਖਣ ਉੱਤਰ ਪੂਰਬ ਆਪਣਾ ਰੰਗ ਰੰਗਾਈਆ । ਸਾਡਾ ਸਭ ਦਾ ਇਕੋ ਪਿਤਾ ਤੇ ਇਕੋ ਮਾਤਾ, ਦੂਜੀ ਅਵਰ ਨਾ ਕੋਇ ਮਾਈਆ । ਸਾਰੇ ਬਣ ਗਏ ਭੈਣ ਭਰਾਤਾ, ਵੱਡਾ ਛੋਟਾ ਨਾ ਕੋਇ ਅਖਵਾਈਆ । ਮੇਰੀ ਪੂਰੀ ਹੋਈ ਆਸਾ, ਅਸਲ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਵਖਾਈਆ । ਦਵਿੰਦਰ ਕਹੇ ਓਹ ਬੁੱਢਾ ਬੁੱਢਾ ਬ੍ਰਾਹਮਣ ਬਾਵਨ, ਆਪਣਾ ਰੂਪ ਬਦਲਾਈਆ । ਜਿਹੜਾ ਮੇਰਾ ਹੋਇਆ ਜ਼ਾਮਨ, ਜ਼ੁੰਮੇਂਵਾਰੀ ਆਪ ਉਠਾਈਆ । ਪ੍ਰਭ ਪਰਗਟ ਕਰ ਕੇ ਸਾਹਮਣ, ਸਨਮੁਖ ਦਿਤਾ ਵਖਾਈਆ । ਗੁਰਮੁਖੋ ਤੁਹਾਡੇ ਅੰਦਰ ਕਰ ਕੇ ਚਾਨਣ, ਅੰਧ ਅੰਧੇਰ ਰਿਹਾ ਗਵਾਈਆ । ਸੁਣ ਲਓ ਸ਼ਬਦ ਸੰਦੇਸ਼ਾ ਕਾਨਣ, ਕੰਨਿਆ ਰਹੀ ਦ੍ਰਿੜਾਈਆ । ਸਾਹਿਬ ਸਤਿਗੁਰ ਦਾ ਛਡਿਓ ਕਦੇ ਨਾ ਦਾਮਨ, ਦਾਮਨਗੀਰ ਇਕ ਅਖਵਾਈਆ । ਜਿਸ ਹੰਕਾਰੀ ਮਾਰਿਆ ਰਾਵਣ, ਲੰਕਾ ਗੜ੍ਹ ਤੁੜਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮਣ, ਸਤਿਜੁਗ ਸੱਚਾ ਚੰਦ ਚਮਕਾਈਆ । ਤੁਹਾਡੇ ਗ੍ਰਿਹ ਦਾ ਖਾ ਕੇ ਤਾਮਨ, ਤ੍ਰਿਸ਼ਨਾ ਦਿਤੀ ਮੁਕਾਈਆ । ਬਿਨ ਪ੍ਰਭ ਕਿਰਪਾ ਤੋਂ ਕੋਈ ਨਾ ਆਏ ਪਹਿਚਾਨਣ, ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਏ ਤੁਹਾਡੇ ਧੁਰ ਦੇ ਗਰਾਮਣ, ਗਾਉਂ ਗਰਾਮ ਪਿੰਡ ਜੂਹ ਆਪ ਆਪਣਾ ਰੰਗ ਰੰਗਾਈਆ ।



### ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਮੇਲਾ ਸਿੰਘ ਸਰਪੰਚ ਦੇ ਗ੍ਰਿਹ ਪਿੰਡ ਬਾਬੂਪੁਰ

ਜੇਠ ਕਹੇ ਹਾਲਤ ਵੇਖੀ ਗ਼ਰੀਬ ਗਊ, ਗੌਰਵ ਵਿਚ ਗਹਿਰ ਗੰਭੀਰ ਧਿਆਨ ਲਗਾਈਆ । ਕਲਜੁਗ ਸਭ ਦਾ ਪੀਤਾ ਲਹੂ, ਸਤਿ ਧਰਮ ਪ੍ਰੇਮ ਨਜ਼ਰ ਕੋਇ ਨਾ ਆਈਆ । ਧੁਰ ਦਾ ਹੁਕਮ ਸਾਚਾ ਭਾਣਾ ਬਿਨ ਗੁਰਮੁਖਾਂ ਕੋਇ ਨਾ ਸਹੂ, ਚਾਰ ਵਰਨ ਰਿਹਾ ਕੁਰਲਾਈਆ । ਕੋਟਾਂ ਵਿਚੋਂ

੧੩੪੭
੨੧

ਸੰਤ ਸੁਹੇਲਾ ਕੋਈ ਕਹੂ, ਸਚ ਸੰਦੇਸ਼ਾ ਨਾਮ ਜਣਾਈਆ । ਧਰਮ ਦੀ ਧਾਰ ਵਿਚ ਗਾਂ ਸੂਰ ਬਣਿਆ ਹਊ, ਹਿੰਦੂ ਮੁਸਲਿਮ ਸਿੱਖ ਰਿਹਾ ਤੜਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,, ਧੁਰ ਦਾ ਲੇਖਾ ਵੇਖ ਵਖਾਈਆ । ਜੇਠ ਕਹੇ ਮੈਨੂੰ ਆ ਗਈ ਯਾਦ, ਪੂਰਬ ਲੇਖ ਜਣਾਈਆ । ਕਿਸ ਬਿਧ ਕ੍ਰਿਸ਼ਨ ਜਗਤ ਸੁਣੀ ਫ਼ਰਿਆਦ, ਗੋਪਾਲਾ ਗਵਾਲਾ ਹੋ ਕੇ ਸੇਵ ਕਮਾਈਆ । ਅੰਤਰ ਅੰਤਰ ਸੁਣੀ ਅਗੰਮ ਆਵਾਜ਼, ਅੰਤਰਜਾਮੀ ਹੋ ਕੇ ਖੋਜ ਖੁਜਾਈਆ । ਸਾਚਾ ਦਿਸੇ ਕੋਈ ਨਾ ਸਾਕ, ਸੱਜਣ ਨਜ਼ਰ ਕੋਇ ਨਾ ਆਈਆ । ਸੀਰ ਸ਼ੀਰ ਵਾਲੀ ਕਿਉਂ ਹੋਈ ਪਾਕ, ਬਛੜਿਆਂ ਰੰਗ ਰੰਗਾਈਆ । ਧਰਮ ਦੀ ਧਾਰ ਵੇਖੀ ਆਸ, ਤ੍ਰਿਸ਼ਨਾ ਆਪਣੀ ਆਪ ਉਪਜਾਈਆ । ਕ੍ਰਿਸ਼ਨ ਨੇ ਤਕ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਫੇਰ ਫੇਰ ਕੇ ਉਪਰ ਹਾਥ, ਗਊ ਗ਼ਰੀਬ ਦਿਤਾ ਜਣਾਈਆ । ਇਹ ਖੇਲ ਅਲੱਖਣਾ ਅਲਾਖ, ਅਲਖ ਅਗੋਚਰ ਆਪ ਕਰਾਈਆ । ਮੈਨੂੰ ਬਣਾ ਤ੍ਰੈਲੋਕੀ ਨਾਥ, ਸਿਰ ਆਪਣਾ ਹੱਥ ਟਿਕਾਈਆ । ਮੈਂ ਦੱਸ ਕੇ ਜਾਵਾਂ ਗਾਥ, ਧੁਰ ਸੰਦੇਸ਼ਾ ਇਕ ਸਮਝਾਈਆ । ਤੁਹਾਡੇ ਪਿੱਛੇ ਮੈਂ ਫਿਰਦਾ ਵਿਚ ਭਰਵਾਸ, ਜਮਨ ਕਿਨਾਰੇ ਗੋਕਲ ਬਿੰਦਰਾਬਨ ਸੁਹਾਈਆ । ਤੁਹਾਡੀ ਆਦਿ ਦੀ ਵੇਖਾਂ ਸਾਖ, ਭੋਲਾਨਾਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜੇਠ ਕਹੇ ਗਊ ਦੇ ਨੇਤਰ ਵਗਿਆ ਨੀਰ, ਕ੍ਰਿਸ਼ਨ ਚਰਨ ਟਪਕਾਈਆ । ਤੁਧ ਬਿਨ ਕੋਇ ਨਾ ਦਸਤਗੀਰ, ਦਾਮਨ ਪੱਲੂ ਨਾ ਕੋਇ ਫੜਾਈਆ । ਦੱਸ ਖੇਲ ਬੇਨਜ਼ੀਰ, ਜਿਹੜਾ ਨਜ਼ਰ ਕਿਸੇ ਨਾ ਆਈਆ । ਕ੍ਰਿਸ਼ਨ ਹੱਸ ਕੇ ਕਿਹਾ ਤੁਹਾਡੀ ਇਹ ਨਹੀਂ ਰਹਿਣੀ ਤਕਦੀਰ, ਤਦਬੀਰ ਪ੍ਰਭੂ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਲਕੀਰ ਮਕੀਰ ਮਾਰ ਕੇ ਇਕ ਕ਼ਦਮ ਉਤੋਂ ਗਿਆ ਲੰਘ, ਆਪਣਾ ਪੰਧ ਮੁਕਾਈਆ । ਮੈਂ ਕੌਰੋ ਪਾਂਡਵ ਕਰਾਉਣਾ ਜੰਗ, ਹਸਦ ਦੀਨ ਦੁਨੀ ਮਿਟਾਈਆ । ਫੇਰ ਮਿਲ ਕੇ ਓਸ ਕਾਹਨ ਦੇ ਸੰਗ, ਜੋ ਕਾਹਨਾ ਕਾਹਨ ਉਪਜਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਅੰਤ ਓਸੇ ਵਿਚ ਸਮਾਈਆ । ਓਹ ਸਾਹਿਬ ਸੂਰਾ ਸਰਬੰਗ, ਬੇਅੰਤ ਇਕ ਅਖਵਾਈਆ । ਹੁਣ ਦੀਨ ਦੁਨੀ ਦਾ ਬਦਲ ਦੇ ਢੰਗ, ਕਰਨੀ ਕਰਤਾ ਇਕ ਉਪਜਾਈਆ । ਤੁਹਾਡਾ ਲੇਖਾ ਹੋਣਾ ਮੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਲੇਖਾ ਦਏ ਜਣਾਈਆ । ਕ੍ਰਿਸ਼ਨ ਕਿਹਾ ਮੈਂ ਦੇਵਾਂ ਪ੍ਰੇਮ ਦੀ ਦਾਤਾ, ਦਇਆਵਾਨ ਅਖਵਾਈਆ । ਧਰਮ ਦੇ ਨਾਲ ਤੁਹਾਨੂੰ ਕਹਿੰਦਾ ਗਊ ਮਾਤਾ, ਸੀਰ ਸਭ ਦੇ ਮੁਖ ਚੁਆਈਆ । ਮੈਂ ਵੇਖਾਂ ਉਪਰ ਆਕਾਸ਼ਾ, ਸਚਖੰਡ ਸਾਚੇ ਧਿਆਨ ਲਗਾਈਆ । ਜਿਥੇ ਵਸੇ ਪੁਰਖ ਅਬਿਨਾਸ਼ਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋ ਜੁਗ ਚੌਕੜੀ ਵੇਖਣਹਾਰ ਤਮਾਸ਼ਾ, ਸਤਿਜੁਗ ਤਰੇਤਾ ਦੁਆਪਰ ਪਾਰ ਕਰਾਈਆ । ਕਲਜੁਗ ਰੱਖੀ ਬੈਠਾ ਆਸਾ, ਤ੍ਰਿਸ਼ਨਾ ਆਪਣੇ ਵਿਚ ਵਧਾਈਆ । ਸਾਹਿਬ ਸਵਾਮੀ ਓਸ ਦਾ ਥਾਪਣ ਲੱਗਾ ਥਾਪਾ, ਲੋਕਮਾਤ ਦਏ ਵਡਿਆਈਆ । ਦੁਨੀਆ ਭੁੱਲੀ ਰਾਮ ਕ੍ਰਿਸ਼ਨ ਦਾ ਜਾਪਾ, ਢੋਲਾ ਧੁਰ ਦਾ ਦੇਣਾ ਸੁਣਾਈਆ । ਪੈਗ਼ੰਬਰਾਂ ਦੱਸ ਕੇ ਭੇਵ ਆਪਾ, ਪਰਦਾ ਦੇਣਾ ਉਠਾਈਆ । ਮੂਸਾ ਈਸਾ ਮੁਹੰਮਦ ਬਣੌਣਾ ਸਾਥਾ, ਸਗਲਾ ਸੰਗ ਜਣਾਈਆ । ਸਾਡਾ ਮੰਨੇ ਕੋਈ ਨਾ ਆਖਾ, ਆਖ਼ਰ ਦਿਆਂ ਦ੍ਰਿੜਾਈਆ । ਤੁਹਾਡਾ ਰਹਿਣਾ ਨਹੀਂ ਕੋਈ ਰਾਖਾ, ਮਾਨਵ ਬਣੇ ਰੂਪ ਕਸਾਈਆ । ਕਲਜੁਗ ਬਦਲ ਜਾਣਾ ਪਾਸਾ, ਕਰਵਟ ਆਪਣੀ ਲਏ ਅੰਗੜਾਈਆ । ਅੱਗੇ ਨੇੜੇ ਦਿਸੇ ਵਾਟਾ, ਪਿਛਲਾ ਪੰਧ

ਮੁਕਾਈਆ । ਤੁਹਾਨੂੰ ਚਾਰੋਂ ਕੁੰਟ ਪੈਣਾ ਘਾਟਾ, ਵਾਧਾ ਅੱਗੇ ਨਾ ਕੋਇ ਵਧਾਈਆ । ਹੋਣਾ ਸਹਾਈ ਨਾ ਕੋਇ ਅਨਾਥਾ, ਦੀਨਾਂ ਦਇਆ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਿਹਾ ਕਲਜੁਗ ਅੰਤ ਕਰੇ ਖੇਲ ਆਪ ਨਿਰੰਕਾਰ, ਹਰਿ ਕਰਤਾ ਕਾਰ ਕਮਾਈਆ । ਆਪ ਬਣ ਪਰਵਰਦਿਗਾਰ, ਜਲਵਾਗਰ ਨੂਰ ਖ਼ੁਦਾਈਆ । ਪੈਗ਼ੰਬਰਾਂ ਦੇ ਇਕ ਆਧਾਰ, ਪੰਜ ਤੱਤ ਨੂਰ ਰੁਸ਼ਨਾਈਆ । ਜਗਤ ਸ਼ਰਅ ਦੇਣੀ ਸਿਖਾਲ, ਧੁਰ ਦਾ ਕ਼ਲਮਾ ਇਕ ਪੜ੍ਹਾਈਆ । ਤੁਹਾਡੀ ਕਰੇ ਨਾ ਕੋਇ ਸੰਭਾਲ, ਸਿਰ ਹੱਥ ਨਾ ਕੋਇ ਟਿਕਾਈਆ । ਤੁਹਾਡੀ ਕੰਮ ਨਾ ਆਵੇ ਖਾਲ, ਹੱਡ ਮਾਸ ਨਾੜੀ ਦਏ ਦੁਹਾਈਆ । ਤੁਹਾਡੇ ਉਤੇ ਦੀਨ ਦੀ ਬੰਨ੍ਹਣੀ ਚਾਲ, ਮਜ਼੍ਹਬ ਵੰਡ ਵੰਡਾਈਆ । ਤੁਹਾਡੇ ਛੋਟੇ ਛੋਟੇ ਹੋਣੇ ਬਾਲ, ਬਛੜੇ ਵੇਖ ਵਖਾਈਆ । ਓਨ੍ਹਾਂ ਦਾ ਕਰਨਾ ਹਾਲ ਬੇਹਾਲ, ਮਰਦ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਗਊ ਖਿੜ ਖਿੜਾ ਕੇ ਹੱਸੀ, ਕ੍ਰਿਸ਼ਨ ਅੱਗੇ ਜਣਾਈਆ । ਮੈਂ ਸੁਣਿਆ ਧੁਰ ਦਾ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਕੀ ਸਾਡੇ ਉਤੇ ਤਰਸ ਕਰੇ ਨਾ ਰਤੀ, ਮਿਹਰ ਨਜ਼ਰ ਉਠਾਈਆ । ਜਿਹੜਾ ਮਾਲਕ ਲੱਖ ਚਾਰ ਅੱਸੀ, ਆਦਿ ਜੁਗਾਦਿ ਇਕ ਅਖਵਾਈਆ । ਕਿਉਂ ਸਾਡੇ ਬਚੜੇ ਕਰੇ ਖ਼ੁੱਸੀ, ਜਗਤ ਨਾ ਹੋਏ ਜੁਦਾਈਆ । ਕ੍ਰਿਸ਼ਨ ਕਿਹਾ ਮੇਰੇ ਇਸ਼ਾਰੇ ਨਾਲ ਤੁਹਾਡੇ ਬੱਚਿਆਂ ਦੀ ਥੋੜ੍ਹੀ ਥੋੜ੍ਹੀ ਰਹਿ ਜਾਣੀ ਹਿੱਸਾ ਪੱਤੀ, ਵਿਰਲਾ ਵਿਰਲਾ ਨਜ਼ਰੀ ਆਈਆ । ਇਹ ਖੇਲ ਪੁਰਖ ਸਮਰਥੀ, ਨਾ ਕੋਇ ਮੇਟੇ ਮੇਟ ਮਿਟਾਈਆ । ਪੈਗ਼ੰਬਰਾਂ ਜਿਬਹ ਕਰੌਣਾ ਆਪਣੇ ਹੱਥੀਂ, ਜਗਤ ਅੱਖੀਂ ਵੇਖ ਵਖਾਈਆ । ਓਨ੍ਹਾਂ ਹਕੀਕ਼ਤ ਦੱਸਣੀ ਹੱਕੀ, ਹੁਕਮ

੧੩੪੮ ਮੰਨੋ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਦ੍ਰਿੜਾਈਆ । ੧੩੪੮

੨੧ ਗਊ ਨੇਤਰ ਰੋਈ ਜ਼ਾਰੋ ਜ਼ਾਰ, ਨੈਣਾਂ ਨੀਰ ਵਹਾਈਆ । ਕ੍ਰਿਸ਼ਨ ਕੀਤਾ ਅਗੰਮ ਪਿਆਰ, ਮਿਹਰ ਨਜ਼ਰ ਉਠਾਈਆ । ਗਊ ਕੀਤੀ ਹਾਹਾਕਾਰ, ੨੧

ਤੇਰੇ ਨਾਮ ਦੁਹਾਈਆ । ਕ੍ਰਿਸ਼ਨ ਦਿਤਾ ਇਕ ਅਧਾਰ, ਭੇਵ ਅਭੇਦਾ ਦਿਤਾ ਜਣਾਈਆ । ਤੂੰ ਰਹਿਣਾ ਖ਼ਬਰਦਾਰ, ਸਚ ਦਿਆਂ ਸੁਣਾਈਆ । ਜਿਸ ਵੇਲੇ ਚਾਰੋਂ ਕੁੰਟ ਹੋਵੇ ਹਾਹਾਕਾਰ, ਕ਼ਤਲਗਾਹ ਬਣੇ ਲੋਕਾਈਆ । ਉਸ ਵੇਲੇ ਸ਼ਬਦੀ ਸਤਿਗੁਰ ਨਾਨਕ ਧਾਰ ਗੋਬਿੰਦ ਜੋਧਾ ਪ੍ਰਗਟ ਹੋਵੇ ਇਕ ਬਲਕਾਰ, ਖੰਡਾ ਖੜਗ ਖੜਗ ਉਠਾਈਆ । ਸ਼ਰਅ ਕੂੜ ਮੇਟੇ ਨਾਲ ਕਟਾਰ, ਚਾਰੋਂ ਕੁੰਟ ਵੇਖ ਵਖਾਈਆ । ਸਾਚਾ ਮਾਰਗ ਦੱਸ ਇਕ ਸੰਸਾਰ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਅੰਮ੍ਰਿਤ ਜਾਮ ਜਾਏ ਪਿਆਲ, ਰਸ ਇਕੋ ਇਕ ਚਖਾਈਆ । ਰੰਗ ਰੰਗਾਏ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਤੁਹਾਡੀ ਕਰਨੀ ਕਰੇ ਬਹਾਲ, ਗਊ ਗ਼ਰੀਬ ਵੇਖ ਵਖਾਈਆ । ਤੁਹਾਡੇ ਪਿੱਛੇ ਆਪਣੇ ਵਾਰ ਕੇ ਲਾਲ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਵੇਖਣਹਾਰ ਮੁਰੀਦਾਂ ਹਾਲ, ਮੁਰਸ਼ਦ ਮਿਲੇ ਧੁਰਦਰਗਾਹੀਆ । ਸਭ ਦਾ ਹੱਲ ਕਰੇ ਸਵਾਲ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਕ੍ਰਿਸ਼ਨ ਕਿਹਾ ਗੋਬਿੰਦ ਹੋਵੇ ਸੂਰਬੀਰ ਬਹਾਦਰ, ਯੋਧਾ ਇਕ ਅਖਵਾਈਆ । ਪੁਰਖ ਅਕਾਲ ਦੇਵੇ ਆਦਰ, ਪਾਰਬ੍ਰਹਮ ਦਏ ਵਡਿਆਈਆ । ਤੁਹਾਡਾ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਈਆ । ਸਾਚਾ ਵਣਜ ਕਰਾਏ ਬਣ ਸੁਦਾਗਰ, ਵਸਤ ਇਕੋ ਹੱਟ ਨਾਮ ਵਿਕਾਈਆ । ਭਾਗ

ਲਗਾ ਕਾਇਆ ਗਾਗਰ, ਤਨ ਵਜੂਦ ਕਰੇ ਸਫ਼ਾਈਆ । ਕੂੜੀ ਮੇਟੇ ਨਿੰਦਰਾ ਆਲਸ, ਤਾਮਸ ਤ੍ਰਿਸ਼ਨਾ ਦਏ ਗਵਾਈਆ । ਪੰਥ ਬਣਾ ਆਪਣਾ ਖ਼ਾਲਸ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਜੋੜ ਜੁੜਾਈਆ । ਦੀਨ ਦੁਨੀ ਦਾ ਬਣ ਕੇ ਸਾਲਸ, ਹੱਕ ਹਕ਼ੀਕਤ ਇਕ ਸਮਝਾਈਆ । ਤੁਹਾਡੇ ਨੰਨ੍ਹੇ ਵੇਖੇ ਬਾਲਕ, ਜੋ ਦੁਖੀ ਹੋ ਕੇ ਦੇਣ ਦੁਹਾਈਆ । ਫਿਰ ਅਰਦਾਸ ਕਰੇ ਅੱਗੇ ਖ਼ਾਲਕ, ਪੁਰਖ ਅਕਾਲ ਤੇਰੀ ਸਰਨਾਈਆ । ਕਲਜੁਗ ਕੂੜੇ ਵਿਚੋਂ ਕੱਢ ਜਹਾਲਤ, ਜਹਾਂ ਤਹਾਂ ਵੇਖ ਵਖਾਈਆ । ਤੇਰੀ ਹੋਵੇ ਸਚ ਅਦਾਲਤ, ਹੁਕਮ ਧੁਰ ਦਾ ਇਕ ਸੁਣਾਈਆ । ਤੂੰ ਆਦਿ ਜੁਗਾਦਿ ਸਹੀ ਸਲਾਮਤ, ਜਨਮ ਮਰਨ ਵਿਚ ਨਾ ਆਈਆ । ਗ਼ਰੀਬ ਨਿਮਾਣਿਆਂ ਦੇਵਾਂ ਮੈਂ ਜ਼ਮਾਨਤ, ਬਰੀ ਤੇਰੇ ਕੋਲੋਂ ਕਰਾਈਆ । ਕ੍ਰਿਸ਼ਨ ਕਿਹਾ ਸ੍ਰੀ ਭਗਵਾਨ ਕਹੇ ਗੋਬਿੰਦ ਮੈਂ ਦੇਵਾਂ ਓਹ ਨਿਆਮਤ, ਜਿਹੜੀ ਵਸਤ ਚਾਰ ਜੁਗ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਸੁਤ ਦੁਲਾਰੇ, ਸ਼ਬਦੀ ਧਾਰ ਦਿਆਂ ਜਣਾਈਆ । ਮੇਰਾ ਖੇਲ ਸਦਾ ਜੁਗ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੰਗ ਰੰਗਾਈਆ । ਮੇਰੇ ਹੁਕਮੇ ਅੰਦਰ ਪੈਗ਼ੰਬਰ ਗੁਰੂ ਅਵਤਾਰੇ, ਹੁਕਮੇ ਅੰਦਰ ਕਾਰ ਕਮਾਈਆ । ਕਲਜੁਗ ਕੀਤੇ ਖੇਲ ਨਿਆਰੇ, ਅੱਲਾ ਰਾਮ ਦਿਤਾ ਲੜਾਈਆ । ਮਜ਼੍ਹਬ ਵੰਡ ਵਿਚ ਸੰਸਾਰੇ, ਮਾਨਵ ਮਾਨਵ ਦਿਤੇ ਟਕਰਾਈਆ । ਸਦੀ ਚੌਧਵੀਂ ਸਭ ਨੇ ਚੜ੍ਹਨਾ ਖਾਰੇ, ਅੰਤ ਰਹਿਣ ਕੋਇ ਨਾ ਪਾਈਆ । ਏਕਾ ਕਲਕੀ ਹੋਏ ਅਵਤਾਰੇ, ਨਿਹਕਲੰਕਾ ਨਾਉਂ ਧਰਾਈਆ । ਗੋਬਿੰਦ ਸ਼ਬਦ ਗੁਰੂ ਤੇਰਾ ਰੂਪ ਹੋਏ ਅਪਾਰੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਢਈਆ ਨਾ ਸਮਝੇ ਕੋਇ ਵਿਚ ਸੰਸਾਰੇ, ਬੁੱਧੀ ਜਗਤ ਨਾ ਕੋਇ ਜਣਾਈਆ । ਫੇਰ ਹੋਣਾ ਮਾਤ ਉਜਿਆਰੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਪਾਉਣੀ ਸਾਰੇ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਤੇਰੇ ਨਾਮ ਦਾ ਹੋਵੇ ਇਕ ਜੈਕਾਰੇ, ਜੈ ਜੈਕਾਰ ਕਰੇ ਲੋਕਾਈਆ । ਤੁਧ ਬਿਨ ਦੁਖੀਆਂ ਦੁੱਖ ਨਾ ਕੋਇ ਨਿਵਾਰੇ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗੋਬਿੰਦ ਕਰ ਕੇ ਨਿਮਸਕਾਰੇ, ਪੁਰਖ ਅਕਾਲ ਸੀਸ ਦਿਤਾ ਨਿਵਾਈਆ । ਸ੍ਰੀ ਭਗਵਾਨ ਕਿਹਾ ਤੇਰਾ ਨੂਰ ਚਮਕੇ ਦੁਬਾਰੇ, ਦੋ ਜਹਾਨਾਂ ਡਗਮਗਾਈਆ । ਜਿਸ ਦਾ ਲੇਖਾ ਕਾਗ਼ਜ਼ ਕ਼ਲਮ ਨਾ ਲਿਖਣਹਾਰੇ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਮੇਟਣਾ ਅੰਧ ਅੰਧਿਆਰੇ, ਚਾਰ ਲੱਖ ਬੱਤੀ ਹਜ਼ਾਰ ਆਯੂ ਨਾ ਕੋਇ ਭੁਗਤਾਈਆ । ਕੂੜੀ ਕਿਰਿਆ ਕਰਨੀ ਗ੍ਰਿਫ਼ਤਾਰੇ, ਸ਼ਬਦੀ ਸ਼ਬਦ ਸ਼ਬਦ ਹੁਕਮ ਸ਼ਨਵਾਈਆ । ਸਭ ਦੀ ਸੁਣਨੀ ਪੁਕਾਰੇ, ਗਊ ਗ਼ਰੀਬ ਵੇਖ ਵਖਾਈਆ । ਜਿਹੜੇ ਬਛੜੇ ਸਦਾ ਰਹੇ ਕਵਾਰੇ, ਜਗਤ ਵਿਚ ਆਪਣਾ ਜਨਮ ਪਾਈਆ । ਓਨ੍ਹਾਂ ਨੇ ਸਿੰਧ ਤੋਂ ਪਾਰ ਸਦੀ ਚੌਧਵੀਂ ਸਭ ਨੇ ਜਨਮ ਧਾਰੇ, ਆਪਣੀ ਆਪ ਲੈਣ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਸਦੀ ਚੌਧਵੀਂ ਆਇਆ ਅੰਤ, ਅੰਤਸ਼ਕਰਨ ਵੇਖ ਵਖਾਈਆ । ਕਿਰਪਾ ਕਰੇ ਸ੍ਰੀ ਭਗਵੰਤ, ਪਾਰਬ੍ਰਹਮ ਨੂਰ ਖ਼ੁਦਾਈਆ । ਲਹਿਣਾ ਦੇਣਾ ਚੁਕਾਏ ਜੀਵ ਜੰਤ, ਸਾਧ ਸੰਤ ਭੇਵ ਰਹੇ ਨਾ ਰਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰ ਕੇ ਇਕੋ ਮੰਤ, ਇਕੋ ਨਾਮ ਦਏ ਜਣਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਪਾਰਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦਾ ਨਾਮ ਕਰੇ ਪੜ੍ਹਾਈਆ । ਪੁਰਖ ਅਕਾਲ ਦੀ ਇਕੋ ਮੰਨਤ, ਦੂਜਾ ਇਸ਼ਟ ਰਹਿਣ



੧੩੪੯
੨੧

ਕੋਇ ਨਾ ਪਾਈਆ । ਗੋਬਿੰਦ ਤੇਰੇ ਹੱਥ ਵਖਾਉਣੀ ਸਨਦ, ਚਾਰ ਜੁਗ ਦਾ ਲਹਿਣਾ ਦੇਣਾ ਚੁਕਾਈਆ । ਤੇਰੇ ਨਾਲ ਕਰੇ ਕੋਈ ਨਾ ਹਸਦ, ਦੂਈ ਦਵੈਤ ਨਾ ਕੋਇ ਰਖਾਈਆ । ਨਾਮ ਖ਼ੁਮਾਰੀ ਦੇ ਕੇ ਮਸਤ, ਨਿਰਗੁਣ ਨੂਰ ਜੋਤ ਡਗਮਗਾਈਆ । ਝਗੜਾ ਮੁਕਾਉਣਾ ਉਤੇ ਫ਼ਰਸ਼, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਤੁਧ ਬਿਨ ਗਊਆਂ ਉਤੇ ਕਰੇ ਕੋਈ ਨਾ ਤਰਸ, ਗ਼ਰੀਬਾਂ ਹੋਏ ਨਾ ਕੋਇ ਸਹਾਈਆ । ਗ਼ਰੀਬਾਂ ਕੀਤੀ ਇਕ ਅਰਜ਼, ਪ੍ਰਭ ਅੱਗੇ ਸੀਸ ਨਿਵਾਈਆ । ਕਿਸ ਬਿਧ ਪੁੱਠੀ ਸਿੱਧੀ ਹੋਵੇ ਨਰਦ, ਨਰ ਨਰਾਇਣ ਦੇਣਾ ਜਣਾਈਆ । ਪੁਰਖ ਅਕਾਲ ਕਿਉਂ ਸੰਮਤ ਸ਼ਹਿਨਸ਼ਾਹੀ ਪੰਜ ਤੇਰਿਆਂ ਪੰਜਾਂ ਪਿਆਰਿਆਂ ਦੇ ਕਮਰਕਸੇ ਵਿਚ ਹੋਣੀ ਕਰਦ, ਕ਼ਾਤਲ ਮਕ਼ਤੂਲ ਦਾ ਡੇਰਾ ਢਾਹੀਆ । ਤੁਧ ਬਿਨ ਦੂਜਾ ਸੂਰਬੀਰ ਮਰਦਾਨਾ ਬਣੇ ਕੋਈ ਨਾ ਮਰਦ, ਮੱਦਦ ਵਾਲਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਚਾਰ ਕੁੰਟ ਦਹਿ ਦਿਸ਼ਾ ਸਭ ਦਾ ਸੀਨਾ ਕਰਨਾ ਸਰਦ, ਅਗਨੀ ਤੱਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਦ੍ਰਿੜ੍ਹਾਈਆ । ਗੋਬਿੰਦ ਕਹੇ ਵੇਖੋ ਹੁਕਮ ਸਾਹਿਬ ਸੁਲਤਾਨ, ਹਰਿ ਕਰਤਾ ਆਪ ਜਣਾਈਆ । ਜਿਸ ਨੂੰ ਮੰਨੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੁਣੇ ਬਿਨ ਕਾਨ, ਅਨਾਦੀ ਨਾਦ ਧੁਨ ਸ਼ਨਵਾਈਆ । ਧਰਨੀ ਧਰਤ ਧਵਲ ਧੌਲ ਹੋਏ ਪ੍ਰਧਾਨ, ਉੱਤਰ ਪੂਰਬ ਪੱਛਮ ਦੱਖਣ ਸੋਭਾ ਪਾਈਆ । ਜਿਸ ਨੂੰ ਹਿੰਦੂ ਮੁਸਲਿਮ ਸਿੱਖ ਈਸਾਈ ਕਰਨ ਪ੍ਰਵਾਨ, ਅਵਤਾਰ ਪੈਗ਼ੰਬਰ ਗੁਰੂ ਹੱਦ ਨਾ ਕੋਇ ਵਖਾਈਆ । ਸਭ ਨੇ ਮੰਨਣਾ ਇਕੋ ਪੁਰਖ ਅਕਾਲ ਭਗਵਾਨ, ਭਗਵਨ ਸੀਸ ਝੁਕਾਈਆ । ਜਗਤ ਦਾ ਬਦਲ ਜਾਣਾ ਵਿਧਾਨ, ਸ਼ਰਅ ਮਜ਼੍ਹਬ ਨਾ ਕੋਇ ਲੜਾਈਆ । ਮੁਹੱਬਤ ਨਾਤਾ ਜੁੜੇ ਇਨਸਾਨ, ਇਨਸਾਨੀਅਤ ਇਨਸਾਨਾਂ ਵਿਚ ਭਰਾਈਆ । ਸਭ ਦਾ ਸਾਂਝਾ ਹੋਵੇ ਖ਼ਾਨਦਾਨ, ਸੂਰ ਗਾਂ ਕੱਟ ਕੋਇ ਨਾ ਖਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਫੇਰ ਰੀਤੀ ਨੀਤੀ ਬਦਲ ਜਗਤ ਜਹਾਨ, ਜਹਾਲਤ ਮਿਟੇ ਕੂੜ ਲੋਕਾਈਆ । ਏਸੇ ਕਰ ਕੇ ਸੰਤ ਦੇ ਕੇ ਗਏ ਬਲੀਦਾਨ, ਆਪਣੀ ਸੇਵ ਕਮਾਈਆ । ਰਾਮ ਸਿੰਘ ਹੁਕਮ ਕੀਤਾ ਪਰਵਾਨ, ਆਪ ਆਪਣੇ ਲੇਖੇ ਪਾਈਆ । ਅੱਗੇ ਖੇਲ ਵੇਖ ਨਾਲ ਧਿਆਨ, ਕੀ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦਵਾਰਾ ਇਕ ਵਖਾਈਆ । ਜੇਠ ਕਹੇ ਪ੍ਰਭ ਕਰੇ ਆਪ ਕਿਰਪਾ, ਕਿਰਪਾ ਨਿਧਾਨ ਦਇਆ ਕਮਾਈਆ । ਗਊ ਗ਼ਰੀਬ ਕਟੇ ਬਿਪਤਾ, ਦੁੱਖ ਦਰਦ ਦਏ ਗਵਾਈਆ । ਜਿਸ ਵੇਲੇ ਸਾਰੀ ਸ੍ਰਿਸ਼ਟੀ ਨੇ ਰੂਪ ਧਾਰ ਲਿਆ ਸਾਚੇ ਸਿੱਖ ਦਾ, ਅੰਦਰੋਂ ਰਹੇ ਨਾ ਕੋਇ ਕਸਾਈਆ । ਇਹ ਕੋਈ ਸਮਝਾਉਣਾ ਨਹੀਂ ਇਕ ਦਾ, ਬਾਬੂਪੁਰੇ ਦੇ ਸਮਝਾਇਆਂ ਨੂੰ ਨੌ ਖੰਡ ਪ੍ਰਿਥਮੀ ਸਮਝ ਕਿਸੇ ਨਾ ਆਈਆ । ਅਬਿਨਾਸ਼ੀ ਕਰਤਾ ਮਾਲਕ ਸਾਰੀ ਸ੍ਰਿਸ਼ਟ ਦਾ, ਲੱਖ ਚੁਰਾਸੀ ਮੇਲ ਮਿਲਾਈਆ । ਜਿਸ ਵੇਲੇ ਪਰਦਾ ਖੋਲ੍ਹੇ ਅੰਦਰਲੀ ਦ੍ਰਿਸ਼ਟ ਦਾ, ਦਇਆਵਾਨ ਹੋ ਸਹਾਈਆ । ਉਸ ਵੇਲੇ ਨਜ਼ਾਰਾ ਮਿਲਦਾ ਉਸ ਇਕ ਦਾ, ਜਿਸ ਨੂੰ ਅੱਲਾ ਵਾਹਿਗੁਰੂ ਰਾਮ ਓਮ ਕ੍ਰਿਸ਼ਨ ਕਹਿ ਕੇ ਸਾਰੇ ਗਾਈਆ । ਹੁਣ ਸਮਾਂ ਕਲਜੁਗ ਮਿਟਣਾ ਕੂੜੀ ਨਿੰਦ ਦਾ, ਝਗੜਾ ਰਹੇ ਨਾ ਰਾਈਆ । ਸਤਿਜੁਗ ਵਿਚ ਗਾਂ ਸੂਰ ਦਾ ਮਾਸ ਹੱਟ ਵਿਚ ਕਦੇ ਨਾ ਵਿਕਦਾ, ਛੁਰੀ ਸ਼ਰਅ ਕਰਦ ਨਾ ਕੋਇ ਉਠਾਈਆ । ਤੁਸੀਂ ਸਾਰੇ ਹੁਕਮ ਮੰਨੋ ਗੋਬਿੰਦ ਸੱਚੇ ਪਿਤ ਦਾ, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਝਗੜਾ ਰਹੇ ਨਾ ਪੱਥਰ ਇੱਟ ਦਾ,

੧੩੫੦
੨੧

ਅੱਖਰਾਂ ਵਾਲੀ ਨਾ ਕੋਇ ਲੜਾਈਆ । ਜਿਧਰ ਵੇਖੋ ਓਧਰ ਪੁਰਖ ਅਕਾਲਾ ਦੀਨ ਦਿਆਲਾ ਦਿਸਦਾ, ਹਰ ਘਟ ਆਪਣਾ ਡੇਰਾ ਲਾਈਆ । ਅੱਗੇ ਝਗੜਾ ਮੁਕਾਉਣਾ ਜਿਸ ਨੇ ਨਿਤ ਦਾ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜੇਠ ਕਹੇ ਪ੍ਰਭ ਨੇ ਦੀਨ ਦੁਨੀ ਬਦਲ ਦੇਣਾ ਸਮਾਜ, ਸਾਚੀ ਸਿਖਿਆ ਨਾਲ ਜਣਾਈਆ । ਧਰਮ ਦੀ ਧਾਰ ਹੋਣਾ ਰਿਵਾਜ, ਰਈਅਤ ਹੋਵੇ ਬੇਗੁਨਾਹੀਆ । ਅੱਗੇ ਸਭ ਦੀ ਰੱਖਣੀ ਲਾਜ, ਦੂਰ ਦੁਰਾਡਾ ਵੇਖ ਵਖਾਈਆ । ਤੁਸੀਂ ਸਾਰੇ ਜਾਓ ਜਾਗ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਗੁਰਮੁਖ ਬਣੋ ਹੰਸ ਨਾ ਬਣਿਓ ਕਾਗ, ਆਪਣਾ ਰੰਗ ਬਦਲਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤ ਜਗਾਓ ਚਰਾਗ਼, ਘਰ ਘਰ ਵਿਚ ਕਰੇ ਰੁਸ਼ਨਾਈਆ । ਤ੍ਰੈਗੁਣ ਬੁਝਾਓ ਆਗ, ਅਗਨੀ ਤੱਤ ਨਾ ਕੋਇ ਤਪਾਈਆ । ਜਿਹੜਾ ਸਤਿਗੁਰੂ ਸਦਾ ਰਹੇ ਆਦਿ, ਜੁਗਾਦਿ ਦਾ ਮਾਲਕ ਇਕ ਅਖਵਾਈਆ । ਉਸ ਦੀ ਸ਼ਬਦ ਸੁਣੇ ਆਵਾਜ਼, ਜੋ ਧੁਨ ਆਤਮਕ ਰਾਗ ਸੁਣਾਈਆ । ਜਿਸ ਨੇ ਸ੍ਰਿਸ਼ਟੀ ਦ੍ਰਿਸ਼ਟੀ ਦੇਣੀ ਸਾਧ, ਸਾਧਨਾ ਆਪਣੀ ਇਕ ਵਖਾਈਆ । ਸਭ ਦੀ ਪਵਿਤ੍ਰ ਰਹੇ ਔਲਾਦ, ਗਊ ਗ਼ਰੀਬ ਨਾ ਕੋਇ ਸਤਾਈਆ । ਇਹ ਛੇਤੀ ਹੋਣ ਵਾਲਾ ਕਾਜ, ਕਰਨੀ ਕਰਤਾ ਆਪ ਕਰਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਬੇੜਾ ਡੋਬਣਾ ਜਹਾਜ਼, ਸਤਿਜੁਗ ਨਈਆ ਨੌਕਾ ਨਾਮ ਜਹਾਜ਼ ਇਕੋ ਇਕ ਜਣਾਈਆ । ਗੋਬਿੰਦ ਦਾ ਸ਼ਬਦ ਅਗੰਮੀ ਬਾਜ਼, ਦੋ ਜਹਾਨ ਝਪਟ ਲਗਾਈਆ । ਹਉਮੇ ਹੰਗਤਾ ਕਰੇ ਬਰਬਾਦ, ਸਤਿ ਸਚ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਨਕ ਦਾ ਬਚਨ ਪੂਰਾ ਕਰੇ ਜੋ ਸੰਦੇਸ਼ਾ ਦਿਤਾ ਵਿਚ ਬਗ਼ਦਾਦ, ਬਗ਼ਲੀਆਂ ਵਾਲਿਆਂ ਬਗ਼ਲਗੀਰ ਇਕ ਸਮਝਾਈਆ ।

### ❊ ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਗ੍ਰਿਹ ਬਾਬੂਪੁਰ ਜ਼ਿਲਾ ਗੁਰਦਾਸਪੁਰ ❊

ਸੰਮਤ ਸ਼ਹਿਨਸ਼ਾਹੀ ਕਹੇ ਸਾਢੇ ਨੌ ਦਾ ਹੋਵੇ ਵਕਤ, ਸਤਾਰਾਂ ਹਾੜ ਰੈਣ ਸੁਹਾਈਆ । ਧਰਮ ਦੀ ਧਾਰ ਸਜਿਆ ਹੋਵੇ ਤਖ਼ਤ, ਤਖ਼ਤ ਨਿਵਾਸੀ ਦਇਆ ਕਮਾਈਆ । ਸੱਤ ਸੀਤਲ ਸੁਭਾਵ ਸੇਵਾਦਾਰ ਹੋਣ ਭਗਤ, ਭਗਵਾਨ ਮਿਲ ਕੇ ਵੱਜੇ ਵਧਾਈਆ । ਸੋਹਣਿਆਂ ਬਸਤਰਾਂ ਵਿਚ ਹੋਵੇ ਜਿਗਰੇ ਲਖ਼ਤ, ਅਮਰਜੀਤ ਸਿੰਘ ਰੰਗ ਰੰਗਾਈਆ । ਸਾਰੀ ਸੰਗਤ ਇਕੇ ਵਾਰ ਨੇਤਰ ਖੋਲ੍ਹ ਕੇ ਕਰੇ ਦਰਸ, ਅੱਖ ਸਕੇ ਨਾ ਕੋਇ ਝਮਕਾਈਆ । ਫੇਰ ਜੈਕਾਰਾ ਬੋਲਣਾ ਅਸੀਂ ਤੇਰੇ ਹੋ ਗਏ ਵਿਚੋਂ ਜਗਤ, ਦੀਨ ਦੁਨੀ ਦਿਤੀ ਤਜਾਈਆ । ਸਾਡੇ ਸਿਰ ਦੀ ਬਾਜ਼ੀ ਤੇ ਆਤਮਾ ਦੀ ਸ਼ਰਤ, ਸ਼ਰਅ ਵਿਚੋਂ ਬਾਹਰ ਦੇਣਾ ਕਢਾਈਆ । ਫੇਰ ਬੋਲਣਾ ਕੂਕ ਗਰਜ, ਜ਼ੋਰ ਨਾਲ ਸੁਣਾਈਆ । ਤੂੰ ਸਾਹਿਬ ਸੁਲਤਾਨਾ ਮਰਦ, ਮਰਦ ਮਰਦਾਨਾ ਦੋ ਜਹਾਨਾਂ ਨਜ਼ਰੀ ਆਈਆ । ਓਸ ਵੇਲੇ ਪੰਜਾਂ ਪਿਆਰਿਆਂ ਕਮਰਕਸੇ ਵਿਚੋਂ ਕੱਢਣੀ ਇਕ ਇਕ ਕਰਦ, ਕ਼ਦਮ ਅੱਗੇ ਕ਼ਦਮ ਪਿੱਛੇ ਆਪਣਾ ਆਪ ਲੈਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਤਖ਼ਤ ਕਹੇ ਸੇਵਾਦਾਰ ਹੋਣ ਚਾਰੇ ਵਰਨ, ਚੌਕੜੀ ਆਪਣਾ ਮੂਲ ਜਣਾਈਆ । ਓਨ੍ਹਾਂ ਦੇ ਨੰਗੇ ਹੋਣ ਪੈਰ ਪ੍ਰਭ ਦੇ ਚੁੰਮਣ ਚਰਨ, ਰਸਨਾ ਰਸ ਨਾਲ ਚਖਾਈਆ । ਸਚ

ਜੈਕਾਰਾ ਇਕੋ ਪੜ੍ਹਨ, ਆਵਾਜ਼ ਪ੍ਰੇਮ ਨਾਲ ਉਠਾਈਆ । ਫੇਰ ਹਰਿ ਸੰਗਤ ਵਿਚ ਵੜਨ, ਚਾਰੋਂ ਕੁੰਟ ਨਿਉਂ ਨਿਉਂ ਸੀਸ ਝੁਕਾਈਆ । ਫੇਰ ਇਕੱਠੇ ਹੋ ਕੇ ਮੁਖੋਂ ਕਹਿਣ ਅਸੀਂ ਛੱਡੇ ਬਰਨ, ਝਗੜਾ ਦੂਨੀ ਵਾਲਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਉਪਜਾਈਆ । ਤਖ਼ਤ ਕਹੇ ਉੱਤਰ ਹੋਵੇ ਰਾਮ ਤਸਵੀਰ, ਪੂਰਬ ਕ੍ਰਿਸ਼ਨ ਦੇਣਾ ਬਿਠਾਈਆ । ਪੱਛਮ ਦਿਸ਼ਾ ਹੋਵੇ ਕਬੀਰ, ਦੱਖਣ ਹਜ਼ਰਤ ਈਸਾ ਮੂਸਾ ਮੁਹੰਮਦ ਨਾਮ ਦੇਣਾ ਲਟਕਾਈਆ । ਸਾਹਮਣੇ ਹੋਵੇ ਨਾਨਕ ਗੋਬਿੰਦ ਹੱਥ ਸ਼ਮਸ਼ੀਰ, ਸ਼ਮਾਂਦਾਨ ਕਰਨ ਰੁਸ਼ਨਾਈਆ । ਹਰਿਸੰਗਤ ਅੰਦਰੋਂ ਹੋਏ ਨਾ ਕੋਇ ਦਿਲਗੀਰ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਆਪਣੇ ਅੱਗੇ ਸੱਜੀ ਉਂਗਲ ਨਾਲ ਹਰ ਇਕ ਕੱਢੇ ਲਕੀਰ, ਲਾਈਨ ਸਿੱਧੀ ਸਿੱਧੀ ਬਣਾਈਆ । ਹਿਰਦੇ ਅੰਦਰ ਕਹਿਣ ਸਾਡੀ ਬਦਲ ਜਾਏ ਤਕ਼ਦੀਰ, ਜਨਮ ਮਰਨ ਵਿਚ ਫੇਰ ਕਦੇ ਨਾ ਆਈਆ । ਪ੍ਰਭੂ ਕਟੇ ਚੁਰਾਸੀ ਭੀੜ, ਚਾਰੇ ਖਾਣੀ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਸਮਝਾਈਆ । ਤਖ਼ਤ ਕਹੇ ਪਿੱਛੇ ਦੁਰਗਾ ਹੋਵੇ ਸਿੰਘ ਅਸਵਾਰ, ਆਪਣਾ ਆਪ ਟਿਕਾਈਆ । ਅੱਗੇ ਪੰਜ ਪਿਆਰੇ ਹੋਵਣ ਖ਼ਬਰਦਾਰ, ਧਰਮ ਧਾਰ ਲੈਣ ਅੰਗੜਾਈਆ । ਉਚੇ ਪੰਜ ਲਿਖਾਰੀ ਰਹਿਣ ਤਿਆਰ, ਤ੍ਰੈਗੁਣ ਦਾ ਡੇਰਾ ਢਾਹੀਆ । ਦੋ ਗੁਰਮੁਖ ਹੋਰ ਬਣੌਣੇ ਸਿਪਹਸਾਲਾਰ, ਸਤਿ ਵਰਦੀ ਸੋਭਾ ਪਾਈਆ । ਇਕ ਹੋਵੇ ਕਲਾਕਾਰ, ਜੋ ਆਪਣਾ ਕਰਤੱਬ ਦਏ ਜਣਾਈਆ । ਇਕ ਬਣਿਆ ਹੋਵੇ ਜਲਾਦ, ਹੱਥ ਖੜਗ ਕਟਾਰ ਉਠਾਈਆ । ਇਕ ਮਾਰਨ ਵਾਲਾ ਹੋਵੇ ਆਵਾਜ਼, ਹੁਕਮ ਸਭ ਨੂੰ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਪ੍ਰਗਟਾਈਆ । ਤਖ਼ਤ ਕਹੇ ਸੁਣਨਾ ਹੁਕਮ ਅਗੰਮ ਸਰਕਾਰੀ, ਹਰਿ ਸਤਿਗੁਰ ਆਪ ਜਣਾਈਆ । ਸਭ ਨੇ ਕ਼ਬੂਲ ਕਰਨੀ ਤਾਬਿਆਦਾਰੀ, ਦਾਰਾ ਸ਼ਿਕੋਹ ਦਾ ਲੇਖਾ ਦੇਣਾ ਚੁਕਾਈਆ । ਅੱਗੇ ਕਰੇ ਨਾ ਕੋਇ ਗ਼ਦਾਰੀ, ਗਦਾ ਚੱਕਰ ਨਾ ਕੋਇ ਉਠਾਈਆ । ਸਭ ਦੀ ਧਰਮ ਦੀ ਹੋਵੇ ਤਿਆਰੀ, ਤ੍ਰੈਗੁਣ ਦਾ ਡੇਰਾ ਢਾਹੀਆ । ਪੁਰਖ ਅਕਾਲ ਨਾਲ ਪੱਕੀ ਕਰਨੀ ਯਾਰੀ, ਯਰਾਨੇ ਕੂੜੇ ਜਗਤ ਦੇਣੇ ਤੁੜਾਈਆ । ਕਿਸੇ ਚੁਰਾਸੀ ਵਾਲੀ ਕੱਟਣੀ ਨਾ ਪਏ ਖ਼ੁਆਰੀ, ਖਾਣੀ ਵਿਚ ਨਾ ਕੋਇ ਭਵਾਈਆ । ਜਨਮ ਲੈਣਾ ਨਾ ਪਏ ਦੁਬਾਰੀ, ਮਰਨ ਵੰਡ ਨਾ ਕੋਇ ਵੰਡਾਈਆ । ਮੰਜ਼ਲ ਚੜ੍ਹਨਾ ਓਸ ਅਟਾਰੀ, ਜੋ ਮਹੱਲ ਅਟੱਲ ਸੋਭਾ ਪਾਈਆ । ਭਗਤ ਭਗਵਾਨ ਵਿਚ ਰਹੇ ਨਾ ਬੇਇਤਬਾਰੀ, ਧੁਰ ਦਾ ਹੁਕਮ ਦੇਣਾ ਦਰਸਾਈਆ । ਸਤਾਰਾਂ ਹਾੜ ਕਹੇ ਧਰਮ ਦੀ ਧਾਰ ਵੇਖਣਾ ਇਕ ਤਰਾਜ਼ੂ, ਕੰਡਾ ਗੋਬਿੰਦ ਹੱਥ ਉਠਾਈਆ । ਜਿਸ ਉਤੇ ਦੋਵੇਂ ਰੱਖਣੇ ਬਾਜ਼ੂ, ਜੋ ਬਾਜ਼ਾਂ ਵਾਲਾ ਗਿਆ ਜਣਾਈਆ । ਜਨ ਭਗਤਾਂ ਲੇਖੇ ਲੌਣੀ ਆਯੂ, ਜਨਮ ਮਰਨ ਆਪਣੇ ਵਿਚ ਟਿਕਾਈਆ । ਸਤਿ ਧਰਮ ਬਣਾ ਕੇ ਸਾਧੂ, ਸੰਤ ਸੱਜਣ ਲੈਣੇ ਸਮਝਾਈਆ । ਬਿਨਾ ਭਗਤ ਭਗਵਾਨ ਤੋਂ ਦੂਜਾ ਰਹੇ ਕੋਈ ਨਾ ਵਾਧੂ, ਵਾਅਦਾ ਇਕੋ ਪੂਰ ਕਰਾਈਆ । ਲੇਖਾ ਦੱਸਣਾ ਜੋ ਗੋਬਿੰਦ ਨਾਲ ਕੀਤਾ ਦਾਦੂ, ਦਾਅਵੇ ਨਾਲ ਦ੍ਰਿੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬਿਨ ਪੁਰਖ ਅਕਾਲ ਤੋਂ ਰਹਿਣਾ ਕੋਈ ਨਹੀਂ ਆਗੂ, ਆਗਿਆ ਵਿਚ ਸਾਰੇ ਸੀਸ ਨਿਵਾਈਆ । ਕੋਟਾਂ ਵਿਚੋਂ ਕੋਇ ਭਗਤ ਸੁਹੇਲਾ ਜਾਗੂ, ਜਿਸ ਜਨ ਨੇਤਰ ਅੱਖ ਖੁਲ੍ਹਾਈਆ । ਬਿਨਾ ਸ਼ਬਦ ਤੋਂ ਮਨ ਹੋਣਾ ਨਹੀਂ ਕਿਸੇ ਦਾ ਕ਼ਾਬੂ, ਕ਼ਾਬਲ ਕ਼ੰਧਾਰੀ ਦਏ ਦੁਹਾਈਆ । ਕਲਜੁਗ ਮਾਇਆ ਮਮਤਾ ਦਾ ਚਲਣਾ ਜਾਦੂ, ਯਾਦਵਾਂ ਕ੍ਰਿਸ਼ਨ ਗਿਆ ਸਮਝਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਾਰਾਂ ਹਾੜ ਕਹੇ ਮੈਂ ਵੇਖਣਾ ਇਕ ਹਾਕਮ, ਜੋ ਹੁਕਮ ਧੁਰ ਸੁਣਾਈਆ । ਭੇਵ ਚੁਕਾਏ ਪੁਰਾਤਨ, ਪਰਦਾ ਦਏ ਉਠਾਈਆ । ਲੇਖਾ ਦੱਸੇ ਬਾਤਨ, ਆਪਣਾ ਰੰਗ ਰੰਗਾਈਆ । ਜਿਸ ਨੂੰ ਸਾਰੇ ਸਭ ਦਾ ਮਾਹੀ ਆਖਣ, ਆਖ਼ਰ ਧੁਰਦਰਗਾਹੀਆ । ਓਸ ਦਾ ਲੈਣਾ ਸਾਥਣ, ਸਗਲਾ ਸੰਗ ਬਣਾਈਆ । ਕੂੜੇ ਮਿੱਤਰ ਸਰਬ ਗਵਾਚਣ, ਦੂਨੀ ਵਿਚ ਨਾ ਕੋਇ ਵਡਿਆਈਆ । ਜੋ ਧੁਰ ਦਾ ਨਾਮ ਵਾਚਣ, ਸੰਦੇਸਿਆਂ ਵਿਚ ਸਮਝਾਈਆ । ਇਕੋ ਵੇਖਣ ਪੁਰਖ ਅਬਿਨਾਸ਼ਣ, ਜੋ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਸੱਤ ਰੰਗ ਦੀ ਹੋਵੇ ਡੋਰੀ, ਸਾਢੇ ਤਿੰਨ ਹੱਥ ਲੰਬੀ ਨਜ਼ਰੀ ਆਈਆ । ਪਾਣੀ ਦੀ ਹੋਵੇ ਨਾਲ ਕਟੋਰੀ, ਸਾਫ਼ ਸੁਥਰਾ ਸੋਭਾ ਪਾਈਆ । ਦਵਿੰਦਰ ਹੋਵੇ ਛੋਟੀ ਛੋਹਰੀ, ਦੋਹਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵਾਨ ਦੀ ਆਪ ਬਣਾਏ ਜੋੜੀ, ਜੋੜੀ ਦਾ ਸੱਜਣ ਲੋੜੀਂਦਾ ਆਪਣਾ ਮੇਲ ਮਿਲਾਈਆ ।

### ❋ ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਬੀਬੀ ਚੰਨੀ ਦੇ ਗ੍ਰਿਹ ਅੱਲੜਪਿੰਡੀ ❋

ਸੰਮਤ ਪੰਜ ਕਹੇ ਹਰਿਸੰਗਤ ਸੋਹੰ ਲਿਖਣਾ ਆਪਣੀ ਸੱਜੀ ਤਲੀ, ਤਲਬ ਸਭ ਦੀ ਵੇਖ ਵਖਾਈਆ । ਆਤਮ ਰਹੇ ਕੋਇ ਨਾ ਇਕੱਲੀ, ਕੁੱਲ ਮਾਲਕ ਹੋਏ ਸਹਾਈਆ । ਯਾਰ ਮਿਲੇ ਓਸ ਗਲੀ, ਜਿਸ ਨੂੰ ਭੀੜੀ ਕਹਿ ਕੇ ਸਾਰੇ ਗਏ ਗਾਈਆ । ਧੁਰ ਦਾ ਮਾਲਕ ਬਣ ਕੇ ਵਲੀ, ਵਲੀ ਅੱਲਾ ਨੂਰ ਖ਼ੁਦਾਈਆ । ਜੋਧਾ ਸੂਰਬੀਰ ਹੋ ਕੇ ਬਲੀ, ਬਲਧਾਰੀ ਫੇਰਾ ਪਾਈਆ । ਜਿਸ ਦੀ ਧਾਰ ਨਵੀਂ ਚਲੀ, ਚਾਰ ਵਰਨ ਰਿਹਾ ਮਿਲਾਈਆ । ਏਸੇ ਦੀ ਯਾਦ ਕੀਤੀ ਹਜ਼ਰਤ ਅਲੀ, ਅੱਲਾ ਤੇਰੀ ਬੇਪ੍ਰਵਾਹੀਆ । ਜਿਸ ਨੇ ਸਭ ਦੀ ਕਰਨੀ ਭਲੀ, ਭੁੱਲਿਆਂ ਭਟਕਿਆਂ ਗਲੇ ਲਗਾਈਆ । ਫ਼ਕੀਰਾਂ ਦੇ ਚਿਰਾਗ਼ਾਂ ਵਿਚ ਚਿਰਾਂ ਦੀ ਪੈਂਦੀ ਤੇਲ ਦੀ ਪਲੀ, ਪਲਕ ਵਿਚ ਲੇਖੇ ਦਏ ਚੁਕਾਈਆ । ਜਿਹੜੀ ਦੁਹਾਈ ਦਿਤੀ ਹਸਨ ਹੁਸੈਨ ਵਿਚ ਥਲੀਂ, ਬਾਲੂ ਰੇਤ ਬਾਲਮ ਰਹੀ ਜਣਾਈਆ । ਓਸ ਦੀ ਖੇਲ ਅਨੋਖੀ ਚਲੀ, ਚਾਰੋਂ ਕੁੰਟ ਪਰਦਾ ਲਾਹੀਆ । ਗੁਰ ਅਵਤਾਰ ਪੈਗ਼ੰਬਰਾਂ ਝਗੜਾ ਰਿਹਾ ਦਲੀਂ, ਦਲਦਲ ਦੀਨਾਂ ਮਜ਼੍ਹਬਾਂ ਵਿਚ ਫਸਾਈਆ । ਪੁਰਖ ਅਕਾਲ ਬਣ ਕੇ ਛਲੀ, ਵਲ ਛਲ ਆਪਣਾ ਖੇਲ ਖਿਲਾਈਆ । ਜੋ ਗੁਰਸਿੱਖ ਸਵਾਣੀ ਸਾਹਿਬ ਸਤਿਗੁਰ ਨਾਲ ਰਲੀ, ਦਰਗਾਹ ਸਾਚੀ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਫੁਲੀ ਫਲੀ, ਮਾਨਸ ਜਨਮ ਲੇਖੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ਾ ਰਿਹਾ ਘੱਲੀ, ਧੁਰ ਫ਼ਰਮਾਨਾ ਧੁਰਦਰਬਾਰੀ ਇਕ ਸੁਣਾਈਆ ।

### ❋ ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਗ੍ਰਿਹ ਅੱਲੜਪਿੰਡੀ ❋

ਸੰਮਤ ਪੰਜ ਕਹੇ ਸੋ ਪੁਰਖ ਨਿਰੰਜਣ ਸੁਹੌਣਾ ਤਖ਼ਤ, ਹਰਿ ਪੁਰਖ ਨਿਰੰਜਣ ਦਇਆ ਕਮਾਈਆ । ਏਕੰਕਾਰ ਹੁਕਮ ਦੇਣਾ ਸਖ਼ਤ, ਆਦਿ

੧੩੫੪
੨੧

ਨਿਰੰਜਣ ਆਪ ਮਨਾਈਆ । ਸ੍ਰੀ ਭਗਵਾਨ ਖੇਲ ਕਰਨਾ ਉਪਰ ਅਰਸ਼, ਅਬਿਨਾਸ਼ੀ ਕਰਤਾ ਧਾਰ ਬੰਧਾਈਆ । ਪਾਰਬ੍ਰਹਮ ਵੇਖਣਾ ਵਕਤ, ਵੇਲਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਵਖਾਈਆ । ਸੰਮਤ ਪੰਜ ਕਹੇ ਸਵਾਧਾਨ ਹੋਣਾ ਸ਼ਬਦੀ ਸ਼ਬਦ ਏਕ, ਸ਼ਬਦ ਸ਼ਬਦ ਵਡਿਆਈਆ । ਸਾਚੇ ਦਰ ਦੀ ਇਕ ਟੇਕ, ਇਕੋ ਓਟ ਬਣਾਈਆ । ਇਕੋ ਰੂਪ ਇਕੋ ਭੇਖ, ਇਕੋ ਕਰਨੀ ਕਾਰ ਕਮਾਈਆ । ਇਕੋ ਹੁਕਮ ਇਕ ਸੰਦੇਸ਼, ਇਕੋ ਕਲਮਾ ਨਾਮ ਪੜ੍ਹਾਈਆ । ਇਕੋ ਬਣ ਨਰ ਨਰੇਸ਼, ਹੁਕਮ ਇਕੋ ਇਕ ਸੁਣਾਈਆ । ਇਕੋ ਦੇ ਹੋਣਾ ਸਭ ਨੇ ਪੇਸ਼, ਪੇਸ਼ੀਨਗੋਈ ਦਏ ਜਣਾਈਆ । ਜੋ ਸਤਿਗੁਰ ਸ਼ਬਦ ਰਹੇ ਹਮੇਸ਼, ਆਦਿ ਅੰਤ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸੰਮਤ ਪੰਜ ਕਹੇ ਸ਼ਬਦ ਗੁਰੂ ਹੋਣਾ ਸਵਾਧਾਨ, ਸਚਖੰਡ ਸਾਚੇ ਲਏ ਅੰਗੜਾਈਆ । ਆਪਣੀ ਕਰਨੀ ਮਾਰ ਧਿਆਨ, ਆਪ ਆਪਾ ਵੇਖ ਵਖਾਈਆ । ਸੰਦੇਸ਼ਾ ਸੁਣ ਸ੍ਰੀ ਭਗਵਾਨ, ਹੁਕਮ ਮੰਨੇ ਚਾਈਂ ਚਾਈਂਆ । ਕਿਸ ਬਿਧ ਖੇਲ ਕਰਨਾ ਜਹਾਨ, ਲੋਕਮਾਤ ਕਾਰ ਕਮਾਈਆ । ਤਖ਼ਤ ਨਿਵਾਸੀ ਹੋ ਨੌਜਵਾਨ, ਨੌਬਤ ਨਾਮ ਹੱਕ ਸੁਣਾਈਆ । ਕਰਨਾ ਖੇਲ ਮਾਲਕ ਕੁੱਲ ਜਹਾਨ, ਖ਼ਾਲਕ ਖ਼ਲਕ ਆਪ ਦ੍ਰਿੜਾਈਆ । ਜਿਸ ਦੀ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਾਹਿਬ ਸੱਚਾ ਦਰਬਾਰੀ, ਆਦਿ ਜੁਗਾਦੀ ਇਕ ਅਖਵਾਈਆ । ਜਿਸ ਦੀ ਧਾਰ ਦੋ ਜਹਾਨਾਂ ਨਿਆਰੀ, ਨਿਰਗੁਣ ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਪੁਜਾਰੀ, ਜੁਗ ਜੁਗ ਸੀਸ ਝੁਕਾਈਆ । ਸਾਰੇ ਆਸਾ ਰੱਖ ਕੇ ਗਏ ਵਾਰੋ ਵਾਰੀ, ਭਵਿਖਤਾਂ ਵਿਚ ਜਣਾਈਆ । ਕਲ ਕਲਕੀ ਹੋਏ ਅਵਤਾਰੀ, ਜੋਤੀ ਜਾਤਾ ਡਗਮਗਾਈਆ । ਸੰਬਲ ਵਸੇ ਧਾਮ ਨਿਆਰੀ, ਇਕ ਇਕੱਲਾ ਡੇਰਾ ਲਾਈਆ । ਅੰਤ ਓਸ ਦੀ ਆ ਗਈ ਵਾਰੀ, ਵਾਰਸ ਹੋਵੇ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਜਗ ਹੋਣਾ ਵਕਤ ਸੁਹੰਜਣਾ, ਸੋਭਾਵੰਤ ਸੁਹਾਈਆ । ਕਰੇ ਖੇਲ ਦਰਦ ਦੁੱਖ ਭੈ ਭੰਜਨਾ, ਪ੍ਰਭ ਠਾਕਰ ਬੇਪ੍ਰਵਾਹੀਆ । ਨਿਰਗੁਣ ਸਰਗੁਣ ਬਣ ਕੇ ਸੱਜਣਾ, ਸਗਲੀ ਕਾਰ ਕਮਾਈਆ । ਜਿਸ ਦਾ ਅਗੰਮੀ ਦਰਬਾਰ ਲੱਗਣਾ, ਜੁਗ ਚੌਕੜੀ ਵੰਡ ਨਾ ਕੋਇ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਧੁਰ ਦੇ ਹੁਕਮ ਸੱਦਣਾ, ਸੰਦੇਸ਼ਾ ਇਕ ਜਣਾਈਆ । ਤੇਈ ਅਵਤਾਰ ਉਠ ਉਠ ਭੱਜਣਾ, ਬਣ ਬਣ ਪਾਂਧੀ ਰਾਹੀਆ । ਈਸਾ ਮੂਸਾ ਮੁਹੰਮਦ ਸਰਨੀ ਲੱਗਣਾ, ਨਿਉਂ ਨਿਉਂ ਲਾਗਣ ਪਾਈਂਆ । ਨਾਨਕ ਗੋਬਿੰਦ ਖੇਲ ਵੇਖਣਾ ਸੂਰੇ ਸਰਬਗਣਾ, ਜੋਤੀ ਜਾਤਾ ਜੋਤ ਕਰੇ ਰੁਸ਼ਨਾਈਆ । ਨਾਮ ਦਮਾਮਾ ਏਕਾ ਵੱਜਣਾ, ਬ੍ਰਹਿਮੰਡ ਖੰਡ ਦਏ ਉਠਾਈਆ । ਕਲਜੁਗ ਕੂੜ ਕੁੜਿਆਰਾ ਦਗਣਾ, ਚਾਰੋਂ ਕੁੰਟ ਤੱਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨੂੰ ਕਰਨੀ ਸਚ ਤਿਆਰੀ, ਤ੍ਰੈਗੁਣ ਅਤੀਤਾ ਦਏ ਜਣਾਈਆ । ਕਿਉਂ ਸ੍ਰਿਸ਼ਟੀ ਹੋਏ ਖ਼ੁਆਰੀ, ਗ਼ਰੀਬ ਨਿਮਾਣੇ ਦੇਣ ਦੁਹਾਈਆ । ਕਿਉਂ ਨਾ ਬਣਿਆ ਜਗਤ ਅਧਾਰੀ, ਤ੍ਰਿਸ਼ਨਾ ਭੁੱਖ ਗਵਾਈਆ । ਅੰਤਮ ਵੇਖ ਖੇਲ ਅਪਾਰੀ, ਅਪਰੰਪਰ ਸਵਾਮੀ ਦਏ ਜਣਾਈਆ । ਓਸ ਦੀ ਆਈ ਵਾਰੀ, ਜਿਸ ਦੀ ਵਾਰਤਾ ਸਾਰੇ ਗਏ ਗਾਈਆ । ਜਿਸ

ਆਪਣੀ ਕਲ ਧਾਰੀ, ਕਲ ਰਾਖੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਬ੍ਰਹਮੇ ਚਲ ਵੇਖ ਪਾਰਬ੍ਰਹਮ, ਬ੍ਰਹਮ ਵੇਤੇ ਦਿਆਂ ਜਣਾਈਆ । ਜਿਸ ਦੀ ਧਾਰੋਂ ਤੇਰਾ ਹੋਇਆ ਜਰਮ, ਜਨਮ ਦਿਤਾ ਖ਼ਲਕ ਲੋਕਾਈਆ । ਅੱਗੇ ਕੋਇ ਨਾ ਰਹੇ ਭਰਮ, ਭਾਂਡਾ ਭਰਮ ਭੰਨਾਈਆ । ਇਕ ਬ੍ਰਹਮ ਕਿਉਂ ਬਣੇ ਵਰਨ, ਬਰਨ ਕਿਉਂ ਰੰਗ ਰੰਗਾਈਆ । ਕਿਉਂ ਨਹੀਂ ਪ੍ਰਭ ਦੇ ਪੂਜੇ ਸਭ ਨੇ ਚਰਨ, ਇਸ਼ਟ ਇਕ ਨਾ ਕੋਇ ਰਖਾਈਆ । ਕਿਉਂ ਨਾ ਮੰਜ਼ਲ ਸਾਚੀ ਚੜ੍ਹਨ, ਪੈਂਡਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਉਠ ਸ਼ੰਕਰ ਭੋਲੇ ਨਾਥ, ਸਚ ਦਿਆਂ ਜਣਾਈਆ । ਛੱਡ ਦੇ ਖਹਿੜਾ ਕੈਲਾਸ਼, ਪਰਬਤ ਸਾਰੇ ਦੇਣ ਦੁਹਾਈਆ । ਕੂੜ ਕੁੜਿਆਰਿਆਂ ਖ਼ਾਲੀ ਹੋਈ ਲਾਸ਼, ਤਨ ਵਜੂਦ ਨਾ ਮਾਟੀ ਖ਼ਾਕ ਰੁਲਾਈਆ । ਕਿਉਂ ਮਾਇਆ ਮਮਤਾ ਖੇੜਾ ਹੋਇਆ ਆਬਾਦ, ਚਾਰੋਂ ਕੁੰਟ ਜੂਠ ਝੂਠ ਲਹਿਰਾਈਆ । ਕਿਉਂ ਗੁਰ ਅਵਤਾਰ ਪੈਗ਼ੰਬਰ ਹੋਏ ਆਜ਼ਾਦ, ਏਕਾ ਇਸ਼ਟ ਨਾ ਕੋਇ ਮਨਾਈਆ । ਕਿਉਂ ਤਨ ਭਬੂਤੀ ਲਾਈ ਖ਼ਾਕ, ਬਾਸ਼ਕ ਤਸ਼ਕਾ ਗਲ ਲਟਕਾਈਆ । ਕਿਉਂ ਬੰਦ ਕਵਾੜੀ ਖੁਲ੍ਹਿਆ ਕਿਸੇ ਨਾ ਤਾਕ, ਸ਼ੰਭੂ ਤੇਰਾ ਨਾਮ ਧਿਆਈਆ । ਉਠ ਵੇਖ ਆਪਣਾ ਭਵਿਖਤ ਵਾਕ, ਜੋ ਬ੍ਰਹਮੇ ਨਾਲ ਦਿਤਾ ਸਮਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿੱਛੋਂ ਸਤਾਰਾਂ ਹਾੜ ਦੀ ਆਉਣੀ ਉਹ ਰਾਤ, ਰੁਤੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਤੇਈ ਅਵਤਾਰ ਹੋਣਾ ਸਵਾਧਾਨ, ਬਿਨ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । 
ਲੋਕਮਾਤ ਸਭ ਨੇ ਧਰਨਾ ਧਿਆਨ, ਦੂਸਰ ਰਾਹ ਨਾ ਕੋਇ ਤਕਾਈਆ । ਸਾਚੇ ਪ੍ਰਭ ਦਾ ਨੂਰ ਵੇਖਣਾ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਜਿਸ ਬਣਾਏ ਕ੍ਰਿਸ਼ਨ ਰਾਮ, ਕਾਹਨਾ ਬੰਸਰੀਆਂ ਧੁੰਨ ਸੁਣਾਈਆ । ਸੋ ਖੇਲ ਕਰੇ ਵਿਚ ਜਹਾਨ, ਜੋਤੀ ਜਾਤਾ ਵੇਸ ਵਟਾਈਆ । ਹੁਕਮ ਸੰਦੇਸ਼ਾ ਦੇਵੇ ਫ਼ਰਮਾਨ, ਕਲਮਾ ਇਕੋ ਇਕ ਪੜ੍ਹਾਈਆ । ਜਾ ਕੇ ਸਾਰੇ ਕਰੋ ਪ੍ਰਵਾਨ, ਅੱਗੇ ਹੁਕਮ ਨਾ ਕੋਇ ਸੁਣਾਈਆ । ਬਰਦੇ ਬਣੋ ਗ਼ੁਲਾਮ, ਨਿਉਂ ਨਿਉਂ ਸੀਸ ਝੁਕਾਈਆ । ਪਿਛਲਾ ਲੇਖਾ ਛੱਡੋ ਤਮਾਮ, ਤਮੰਨਾ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣੋ ਪੈਗ਼ੰਬਰ ਹਜ਼ਰਤ, ਹਜ਼ੂਰ ਹਾਜ਼ਰ ਰਿਹਾ ਜਣਾਈਆ । ਜਿਸ ਦੀ ਰਹਿਮਤ ਨਾਲ ਕੀਤਾ ਐਸ਼ੋ ਇਸ਼ਰਤ, ਰਸ ਕਲਮੇ ਵਾਲਾ ਖਾਈਆ । ਜੀਵਣ ਜ਼ਿੰਦਗੀ ਕੀਤੀ ਬਸਰਤ, ਲੋਕਮਾਤ ਮਿਲੀ ਵਡਿਆਈਆ । ਦੀਨਾਂ ਮਜ਼੍ਹਬਾਂ ਨਾਲ ਕੀਤੀ ਕਸਰਤ, ਬਲ ਬਲ ਵਿਚੋਂ ਪ੍ਰਗਟਾਈਆ । ਹੁਣ ਕਿਉਂ ਹੋਈ ਲੋਕਮਾਤ ਨਫ਼ਰਤ, ਨੇਤਰ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਧੁਰ ਇਜਲਾਸ, ਹਰਿ ਕਰਤਾ ਆਪ ਲਗਾਈਆ । ਹੁਕਮ ਸੰਦੇਸ਼ਾ ਸੁਣਨਾ ਖ਼ਾਸ, ਖ਼ਸੂਸੀਅਤ ਨਾਲ ਦ੍ਰਿੜਾਈਆ । ਜਿਸ ਦੇ ਉਤੇ ਤੁਹਾਨੂੰ ਵਿਸ਼ਵਾਸ, ਵਿਸ਼ਾ ਪਿਛਲਾ ਦਏ ਮੁਕਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਤੁਹਾਨੂੰ ਦੀਨ ਮਜ਼੍ਹਬ ਦੀ ਛੱਡਣੀ ਪਏ ਜਮਾਤ, ਕਲਮਾ ਕਾਇਨਾਤ ਨਾ ਕੋਇ ਸੁਣਾਈਆ । ਸਚ ਦਵਾਰੇ ਹੋਣਾ ਪੈਣਾ ਦਾਸੀ ਦਾਸ, ਸੇਵਕ ਸੇਵਕ ਰੂਪ ਵਖਾਈਆ । ਜ਼ਰਾ ਨਿਗਾਹ ਮਾਰੋ ਉਪਰ

ਆਕਾਸ਼, ਆਕਾਸ਼ ਆਕਾਸ਼ਾਂ ਖੋਜ ਖੁਜਾਈਆ । ਫੇਰ ਧਰਨੀ ਤੱਕੋ ਜਿਥੇ ਨਿਰਗੁਣ ਨੂਰ ਜੋਤ ਪ੍ਰਕਾਸ਼, ਜੋਤੀ ਜਾਤਾ ਨਜ਼ਰੀ ਆਈਆ । ਜੋ ਸਭ ਦੀ ਸੁਣੇ ਬਾਤ, ਬਾਤਨ ਭੇਵ ਖੁਲ੍ਹਾਈਆ । ਦਰਸ਼ਨ ਦੇਵੇ ਸਾਖਿਆਤ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਆਪ ਜਣਾਈਆ । ਸਤਿਗੁਰ ਸ਼ਬਦ ਕਹੇ ਗੁਰੂ ਦਸ ਕਰੋ ਤਿਆਰੀ, ਤਰ੍ਹਾ ਤਰ੍ਹਾ ਵਡਿਆਈਆ । ਖੇਲ ਵੇਖਣਾ ਜੋਤ ਨਿਰੰਕਾਰੀ, ਨਿਰਵੈਰ ਨਿਰਾਕਾਰ ਆਪ ਕਰਾਈਆ । ਅੰਤਮ ਆਈ ਜਿਸ ਦੀ ਵਾਰੀ, ਵਾਰਸ ਹੋਏ ਸਰਬ ਲੋਕਾਈਆ । ਆਪਣੀ ਕਲਾ ਵਰਤੋ ਜ਼ਾਹਰੀ, ਪਰਦਾ ਓਹਲਾ ਦਿਓ ਉਠਾਈਆ । ਜਿਸ ਨੂੰ ਗ੍ਰੰਥਾਂ ਸ਼ਾਸਤਰਾਂ ਵੇਦਾਂ ਪੁਰਾਣਾਂ ਅੰਜੀਲਾਂ ਕੁਰਾਨਾਂ ਵਿਚ ਤੁਸਾਂ ਕੀਤਾ ਇਸ਼ਤਿਹਾਰੀ, ਲੱਭਿਆਂ ਹੱਥ ਕਿਸੇ ਨਾ ਆਈਆ । ਓਹ ਸ਼ਹਿਨਸ਼ਾਹ ਬਣ ਸਿਕਦਾਰੀ, ਲੋਕਮਾਤ ਫੇਰਾ ਪਾਈਆ । ਜਿਸ ਦੀ ਸਭ ਨੇ ਮੰਨਣੀ ਤਾਬਿਆਦਾਰੀ, ਤਬਾ ਤਬੀਅਤ ਦਏ ਬਦਲਾਈਆ । ਕਿਸੇ ਦੀ ਰਹਿਣ ਨਾ ਦੇਵੇ ਕੋਇ ਮੁਖ਼ਤਿਆਰੀ, ਮੁਖ਼ਤਾਰਨਾਮੇ ਸਭ ਦੇ ਲਏ ਕਢਾਈਆ । ਸਭ ਦੀ ਲਾ ਕੇ ਇਕ ਨਾਲ ਯਾਰੀ, ਯਰਾਨਾ ਪਿਛਲਾ ਦਏ ਚੁਕਾਈਆ । ਓਹ ਵੇਖਣਾ ਧੁਰਦਰਬਾਰੀ, ਦਰਗਾਹ ਸਾਚੀ ਦਾ ਮਾਲਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਰਦਾ ਉਹਲਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਸਤਿ ਸਚ ਸੰਦੇਸ਼ਾ, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਤਲੋਕ ਦਾ ਵੇਖੋ ਦੇਸਾ, ਪੁਰੀ ਲੋਅ ਬ੍ਰਹਿਮੰਡ ਖੰਡ ਪੰਧ ਮੁਕਾਈਆ । ਤੇਈ ਅਵਤਾਰ ਆਪਣਾ ਪੂਰਾ ਕਰੋ ਲੇਖਾ, ਬਾਕੀ ਨਜ਼ਰ ਕੋਇ ਨਾ ਆਈਆ । ਪੈਗ਼ੰਬਰ ਝਗੜਾ ਛੱਡੋ ਸ਼ੇਖ਼ਾ, ਮੁੱਲਾ ਰੋ ਰੋ ਮਾਰਨ ਧਾਈਆ । ਦਸ ਗੁਰੂ ਨਿਗਾਹ ਮਾਰੋ ਤੁਹਾਡਾ ਸਾਚਾ ਦਿਸੇ ਕੋਇ ਨਾ ਬੇਟਾ, ਗੁਰਮੁਖ ਗੋਬਿੰਦ ਵਿਚ ਨਾ ਕੋਇ ਸਮਾਈਆ । ਕੌਲ ਇਕਰਾਰ ਕਰ ਲਓ ਚੇਤਾ, ਚੇਤਨ ਦਿਆਂ ਕਰਾਈਆ । ਅੰਤਮ ਸਭ ਦਾ ਹੋਣਾ ਇਕੋ ਨੇਤਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਦੀ ਸਭ ਨੇ ਦੇਣੀ ਭੇਟਾ, ਭਜਨ ਬੰਦਗੀ ਵਿਚ ਸੀਸ ਨਿਵਾਈਆ । ਓਹ ਦੋ ਜਹਾਨਾਂ ਬਣੇ ਖੇਵਟ ਖੇਟਾ, ਬੇਪ੍ਰਵਾਹ ਦਇਆ ਕਮਾਈਆ । ਲੇਖਾ ਜਾਣੇ ਮੂੰਡ ਮੁੰਡਾਏ ਧਾਰੀ ਕੇਸਾ, ਦਸ ਦਸਮੇਸ਼ਾ ਫੇਰਾ ਪਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਨਾ ਕੋਇ ਰਖਾਈਆ । ਓਹ ਕਰ ਅਗੰਮੀ ਵੇਸਾ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਆਪਣੀ ਕਰੋ ਹਾਂ, ਸਚ ਦਿਆਂ ਜਣਾਈਆ । ਸਾਰੇ ਕਹਿਣ ਪ੍ਰਭੂ ਇਕੋ ਪਿਤਾ ਤੇ ਇਕੋ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਸਾਡੀ ਦਰੋਹੀ ਅਸੀਂ ਵੰਡਾਂ ਆਏ ਪਾ, ਪਾਰਬ੍ਰਹਮ ਬ੍ਰਹਮ ਰੰਗ ਰੰਗਾਈਆ । ਕਿਸੇ ਨੇ ਰਾਮ ਕਿਸੇ ਨੇ ਕਿਹਾ ਕ੍ਰਿਸ਼ਨ ਕੋਈ ਕਹਿ ਕੇ ਆਇਆ ਖ਼ੁਦਾ, ਸਤਿਨਾਮ ਵਾਹਿਗੁਰੂ ਸਿਫ਼ਤਾਂ ਵਿਚ ਸਾਲਾਹੀਆ । ਕਿਸੇ ਨੇ ਸ਼ਰਅ ਸੂਰ ਬਣਾਈ ਕਿਸੇ ਬਣਾਈ ਗਾਂ, ਪਸ਼ੂਆਂ ਉਤੇ ਧਰਮ ਆਏ ਟਿਕਾਈਆ । ਜੇ ਸਾਰਿਆਂ ਦੱਸਿਆ ਪ੍ਰਭੂ ਦਾ ਇਕੋ ਕਲਮਾ ਤੇ ਇਕੋ ਨਾਂ, ਨਰ ਨਰਾਇਣ ਇਕ ਅਖਵਾਈਆ । ਫਿਰ ਕਿਉਂ ਵੰਡ ਰਖਾਈ ਕਾਇਆ ਸਾਢੇ ਤਿੰਨ ਹੱਥ ਗਰਾਂ, ਪਰਦਾ ਸਚ ਨਾ ਕੋਇ ਖੁਲ੍ਹਾਈਆ । ਮੁਹੱਬਤ ਵਿਚ ਪਕੜੀ ਕਿਸੇ ਨਾ ਬਾਂਹ, ਉਲਫ਼ਤ ਵਿਚ ਨਾ ਕੋਇ ਚਤੁਰਾਈਆ । ਸਾਂਝਾ ਕੀਤਾ ਨਾ ਕਿਸੇ ਨਿਆਂ, ਮਜ਼੍ਹਬਾਂ ਵਾਲੀ ਆਪਣੀ ਹੱਦ ਬਣਾਈਆ । ਏਸੇ ਕਾਰਨ ਆਏ ਲਿਖਾ, ਭਵਿਖਤਾਂ ਵਿਚ

੧੩੫੬
੨੧

ਜਣਾਈਆ । ਜਿਸ ਵੇਲੇ ਸਾਰੀ ਦੁਨੀਆ ਹੋਈ ਬੇਵਫ਼ਾ, ਵਫ਼ਾਦਾਰ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਹਕਲੰਕਾ ਕਲਕਲਕੀ ਅਮਾਮ ਅਮਾਮਾ ਜਾਵੇ ਆ, ਧੁਰ ਦਾ ਮਾਲਕ ਫੇਰਾ ਪਾਈਆ । ਸਭ ਦਾ ਲਹਿਣਾ ਦੇਣਾ ਦਏ ਚੁਕਾ, ਚੁਕੰਨਾ ਕਰੇ ਲੋਕਾਈਆ । ਸੋ ਵਕਤ ਪਹੁੰਚਿਆ ਆ, ਵੇਲਾ ਦਏ ਗਵਾਹੀਆ । ਪੁਰਖ ਅਬਿਨਾਸ਼ੀ ਦਇਆ ਰਿਹਾ ਕਮਾ, ਮਿਹਰ ਨਜ਼ਰ ਇਕ ਉਠਾਈਆ । ਸਚ ਦਰਬਾਰਾ ਰਿਹਾ ਲਗਾ, ਸੰਬਲ ਸੋਭਾ ਆਪੇ ਪਾਈਆ । ਭਗਤ ਭਗਵਾਨ ਰਿਹਾ ਵਡਿਆ, ਵੱਡਾ ਛੋਟਾ ਨਾ ਕੋਇ ਅਖਵਾਈਆ । ਗੁਰ ਅਵਤਾਰ ਪੈਗ਼ੰਬਰੋ ਇਕੱਠੇ ਹੋਣਾ ਆ, ਆਪਣਾ ਪੰਧ ਚੁਕਾਈਆ । ਦੀਨ ਮਜ਼੍ਹਬ ਦਾ ਅੱਗੇ ਲੱਗਣਾ ਨਹੀਂ ਕਿਸੇ ਦਾ ਦਾਅ, ਦਾਅਵਤ ਵਾਲੇ ਖਾਣੇ ਸਭ ਦੇ ਬੰਦ ਕਰਾਈਆ । ਮੇਰੇ ਨਾਂ ਦੀ ਜਿਹੜੀ ਮਨੁੱਖਾਂ ਵਿਚ ਲਾਈ ਵਬਾ, ਬੀਮਾਰੀ ਅੰਦਰੋਂ ਦੇਣੀ ਕਢਾਈਆ । ਸਭ ਦਾ ਸਾਂਝਾ ਬਣ ਕੇ ਇਕ ਖ਼ੁਦਾ, ਪਰਮਾਤਮ ਆਤਮ ਜੋੜ ਜੁੜਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਨੂੰ ਧੁਰ ਦਾ ਹੋਵੇ ਚਾਅ, ਚਾਓ ਘਨੇਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੀ ਆਸ ਪੁਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ, ਖ਼ੁਸ਼ੀਆਂ ਨਾਲ ਆਵਾਂਗੇ । ਤੇਈ ਅਵਤਾਰ ਕਹਿਣ ਸਾਡੀ ਪਤਿ ਰਹੇ, ਪਤਿਪਰਮੇਸ਼ਵਰ ਸੀਸ ਨਿਵਾਵਾਂਗੇ । ਪੈਗ਼ੰਬਰ ਕਹਿਣ ਜੋ ਸਭ ਨੂੰ ਦਾਤ ਦਏ, ਦਰ ਉਸ ਦੇ ਅਲਖ ਜਗਾਵਾਂਗੇ । ਗੁਰ ਦਸ ਕਹਿਣ ਜੋ ਹਰ ਘਟ ਅੰਦਰ ਰਹੇ, ਸੋ ਸਵਾਮੀ ਵੇਖ ਵਖਾਵਾਂਗੇ । ਜੋ ਆਦਿ ਜੁਗਾਦਿ ਜੁਗ ਚੌਕੜੀ ਸ੍ਰਿਸ਼ਟੀ ਕਰਦਾ ਲਯ, ਉਤਪਤ ਵਿਚ ਉਸ ਦੀ ਸੇਵ ਕਮਾਵਾਂਗੇ । ਜੋ ਭਗਤਾਂ ਆਇਆ ਗ੍ਰਿਹਿ, ਘਰ ਉਸ ਦੇ ਡੇਰਾ ਲਾਵਾਂਗੇ । ਜੋ ਪਿਆਰ ਮੁਹੱਬਤ ਦੀ ਵਹਾਵੇ ਨੈਂ, ਰਸ ਅੰਮ੍ਰਿਤ ਵੇਖ ਵਖਾਵਾਂਗੇ । ਜਿਸ ਦਾ ਜੁਗ ਜੁਗ ਮੰਨਦੇ ਆਏ ਭੈ, ਭਜਨ ਉਸੇ ਦਾ ਗੀਤ ਸੁਣਾਵਾਂਗੇ । ਜਿਸ ਦਾ ਮੰਦਰ ਕਦੇ ਨਾ ਢਹੇ, ਦਵਾਰਾ ਇਕੋ ਇਕ ਵਡਿਆਵਾਂਗੇ । ਜਿਥੇ ਤਖ਼ਤ ਨਿਵਾਸੀ ਤਖ਼ਤ ਬਹੇ, ਸੋ ਸਿੰਘਾਸਣ ਵੇਖ ਖ਼ੁਸ਼ੀ ਉਪਜਾਵਾਂਗੇ । ਹੰਕਾਰੀ ਰਹੇ ਕੋਈ ਨਾ ਮੈਂ, ਮਮਤਾ ਮੋਹ ਸਰਬ ਤਜਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗੇ । ਰਾਮ ਕਹੇ ਸਭ ਦਾ ਮਾਲਕ ਸਭ ਕਿਛ ਸਭ ਨੂੰ ਦਏ, ਦੇਵਤ ਸੁਰ ਵਡਿਆਵਾਂਗੇ । ਮੈਂ ਚਾਹੁੰਦਾ ਪ੍ਰਭੂ ਦੇ ਚਰਨਾਂ ਵਿਚ ਹਰਿਸੰਗਤ ਮੇਰੀ ਆਸ਼ਾ ਕਾਰਨ ਸੀਤਾ ਰਾਮ ਦੀ ਜੈ ਕਹੈ, ਤਿੰਨ ਵਾਰ ਸੁਣਾਈਆ । ਕ੍ਰਿਸ਼ਨ ਕਿਹਾ ਮੇਰਾ ਕਾਹਨ ਹੈ, ਕਾਹਨ ਕਾਹਨ ਇਕ ਅਖਵਾਈਆ । ਜਿਸ ਦੇ ਨਾਲ ਰਾਧਾ ਰਹੇ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਕ੍ਰਿਸ਼ਨ ਕਹੇ ਮੇਰਾ ਕਾਹਨ ਪਿਆਰਾ, ਪ੍ਰੇਮੀ ਇਕ ਅਖਵਾਈਆ । ਜਿਸ ਨੂੰ ਕਹਿਣ ਚੌਵੀਆਂ ਅਵਤਾਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਭ ਦੀ ਪਾਵੇ ਸਾਰਾ, ਮਹਾਂਸਾਰਥੀ ਵੇਸ ਵਟਾਈਆ । ਮੈਂ ਵੀ ਕਰਦਾ ਰਿਹਾ ਇੰਤਜ਼ਾਰਾ, ਧਿਆਨ ਧਿਆਨ ਵਿਚ ਲਗਾਈਆ । ਤ੍ਰੈਲੋਕੀ ਤੋਂ ਬਾਹਰਾ ਜਿਸ ਦਾ ਖੇਲ ਨਿਆਰਾ, ਜੁਗ ਚੌਕੜੀ ਸਮਝ ਕਿਸੇ ਨਾ ਪਾਈਆ । ਮੈਂ ਚਾਹੁੰਦਾ ਉਹਦਿਆਂ ਕ਼ਦਮਾਂ ਵਿਚ ਰਾਧਾ ਕ੍ਰਿਸ਼ਨ ਦਾ ਲੱਗੇ ਨਾਅਰਾ, ਹਰਿ ਸੰਗਤ ਦੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਦਏ ਉਠਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹੇ ਸਾਡਾ ਇਸਲਾਮੀਆ ਟੱਬਰ, ਦੀਨ ਦੁਨੀ ਕਾਇਨਾਤ ਨਜ਼ਰੀ ਆਈਆ । ਅਸੀਂ ਸੰਤੋਖ ਕੀਤਾ

ਸਬਰ, ਸ਼ੁਕਰਾਨੇ ਵਿਚ ਦੁਹਾਈਆ । ਦਰੋਹੀ ਦਰੋਹੀ ਦਰੋਹੀ ਵਾਸਤਾ ਪਾਇਆ ਵਿਚ ਕ਼ਬਰ, ਮਕਬਰੇ ਦੇਣ ਦੁਹਾਈਆ । ਜਿਸ ਵੇਲੇ ਆਇਆ ਅਗੰਮੀ ਬੱਬਰ, ਸ਼ੇਰ ਸ਼ੇਰਾ ਰੂਪ ਵਟਾਈਆ । ਸਭ ਦੀ ਕਰੇ ਕ਼ਦਰ, ਕੁਦਰਤ ਦਾ ਮਾਲਕ ਨੂਰ ਖ਼ੁਦਾਈਆ । ਸਦੀ ਚੌਧਵੀਂ ਵੇਖੇ ਅਦਲ, ਇਨਸਾਫ਼ ਆਪਣਾ ਇਕ ਜਣਾਈਆ । ਦੀਨ ਦੁਨੀ ਦਾ ਸਮਾਜ ਦੇਵੇ ਬਦਲ, ਬਦਲਾ ਰਹੇ ਨਾ ਰਾਈਆ । ਸਭ ਦਾ ਬਣ ਕੇ ਸਾਂਝਾ ਸੱਜਣ, ਮਿੱਤਰ ਇਕ ਅਖਵਾਈਆ । ਨਾਮ ਕਲਮਾ ਜਣਾ ਕੇ ਭਜਨ, ਬੰਦਗੀ ਇਕ ਦ੍ਰਿੜਾਈਆ । ਚਾਰ ਵਰਨ ਤੋਲ ਕੇ ਵਜ਼ਨ, ਕੰਡਾ ਆਪਣੇ ਹੱਥ ਉਠਾਈਆ । ਸਾਡਾ ਸਾਰਿਆਂ ਦਾ ਸਾਂਝਾ ਕਰ ਕੇ ਵਤਨ, ਬੇਵਤਨਾਂ ਲਏ ਮਿਲਾਈਆ । ਵਖਾ ਅਗੰਮੀ ਪੱਤਨ, ਬੇੜੇ ਲਏ ਚੜ੍ਹਾਈਆ । ਸਭ ਦੀ ਲੱਜਿਆ ਆਵੇ ਰੱਖਣ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਸਾਰੇ ਤੱਕਣ, ਚਾਰੋਂ ਕੁੰਟ ਵੇਖ ਵਖਾਈਆ । ਅਸੀਂ ਚਾਹੁੰਦੇ ਜਨ ਭਗਤ ਸੁਹੇਲੇ ਸੂਫ਼ੀ ਫ਼ਕੀਰ ਨਾਅਰਾ ਲਾਵਣ ਅੱਲਾ ਹੂ ਅਕਬਰ, ਉਚੀ ਇਕ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਨਾਨਕ ਨਿਰਗੁਣ ਕਹੇ ਮੈਂ ਵੇਖਣਾ ਓਹ ਅਮਾਮ, ਜੋ ਅਮਲਾਂ ਤੋਂ ਰਹਿਤ ਨਜ਼ਰੀ ਆਈਆ । ਜਿਸ ਦੇ ਅੰਤਰ ਦਿਸਿਆ ਸਤਿਨਾਮ, ਕਲਮਾ ਕਲਮੇ ਵਿਚ ਬਦਲਾਈਆ । ਸੰਦੇਸ਼ਾ ਦੇ ਪੈਗ਼ਾਮ, ਕੀਤੀ ਸ਼ਬਦ ਪੜ੍ਹਾਈਆ । ਨਿਰਗੁਣ ਨੂਰ ਦੱਸ ਪਹਿਚਾਨ, ਪਰਦਾ ਦਿਤਾ ਉਠਾਈਆ । ਸਾਂਝਾ ਦੇ ਗਿਆਨ, ਸਿਖਿਆ ਇਕ ਵਖਾਈਆ । ਬਖ਼ਸ਼ ਕੇ ਚਰਨ ਧਿਆਨ, ਮੇਲਾ ਲਿਆ ਮਿਲਾਈਆ । ਏਕਾ ਜੋਤ ਕਰ ਪਰਧਾਨ, ਦਸ ਜਾਮੇ ਲਏ ਭੁਗਤਾਈਆ । ਗੋਬਿੰਦ ਸੂਰਾ ਨੌਜਵਾਨ, ਸ਼ਬਦੀ ਡੰਕ ਸੁਣਾਈਆ । ਦੇ ਕੇ ਧੁਰ ਫ਼ਰਮਾਨ, ਭੇਵ ਅਭੇਦਾ ਇਕ ਜਣਾਈਆ । ਕਲ ਕਲਕੀ ਹੋਵੇ ਪ੍ਰਧਾਨ, ਨਿਹਕਲੰਕਾ ਨਾਉਂ ਧਰਾਈਆ । ਸੰਬਲ ਵਸੇ ਆਣ, ਸਿੰਘਾਸਣ ਆਸਣ ਇਕ ਰਖਾਈਆ । ਸਭ ਦਾ ਕਰੇ ਕਲਿਆਣ, ਜੋ ਸਰਨ ਲੱਗੇ ਸਰਨਾਈਆ । ਕਲਜੁਗ ਮੇਟੇ ਕੂੜ ਤੁਫ਼ਾਨ, ਸਤਿਜੁਗ ਸਚ ਲਏ ਪ੍ਰਗਟਾਈਆ । ਨਾਨਕ ਕਹੇ ਮੈਂ ਚਾਹੁੰਦਾ ਚਾਰ ਵੇਰਾਂ ਹਰਿਸੰਗਤ ਬੋਲਣਾ ਸਤਿਨਾਮ, ਸਤਿ ਸਤਿ ਵਿਚ ਸਮਾਈਆ । ਗੋਬਿੰਦ ਕਹੇ ਮੇਰਾ ਫ਼ਤਿਹ ਜੈਕਾਰਾ ਸੁਣੇ ਵਿਚ ਜਹਾਨ, ਚਾਰ ਵਰਨ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰਾ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ, ਪ੍ਰਭ ਸਚ ਦਰਬਾਰ ਲਗਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਬਿਨ ਨੈਣ, ਜੋਤੀ ਜਾਤਾ ਡਗਮਗਾਵੇਗਾ । ਜਿਸ ਦੇ ਕੋਲ ਨਾਮ ਰਸੈਣ, ਬਿਨ ਰਸਨਾ ਜਿਹਵਾ ਸਰਬ ਪੜ੍ਹਾਵੇਗਾ । ਜਿਸ ਦਾ ਨੂਰ ਐਨ ਦਾ ਐਨ, ਜਲਵਾ ਇਕੋ ਇਕ ਵਖਾਵੇਗਾ । ਓਹ ਸਭ ਦਾ ਲੇਖਾ ਆਵੇ ਲੈਣ, ਲਹਿਣਾ ਸਭ ਦਾ ਮੂਲ ਚੁਕਾਵੇਗਾ । ਨਾਤਾ ਤੋੜ ਭਾਈ ਭੈਣ, ਜਨ ਭਗਤਾਂ ਆਪ ਪ੍ਰਗਟਾਵੇਗਾ । ਕੂੜੀ ਕਿਰਿਆ ਮੂਲ ਨਾ ਵਹਿਣ, ਮਾਇਆ ਮਮਤਾ ਮੋਹ ਮਿਟਾਵੇਗਾ । ਭਗਤ ਦਵਾਰੇ ਸਾਚੇ ਬਹਿਣ, ਭਗਵਨ ਆਸਣ ਇਕ ਸੁਹਾਵੇਗਾ । ਧੁਰ ਦਾ ਭਾਣਾ ਸਦਾ ਸਹਿਣ, ਸਿਰ ਅੱਗੇ ਨਾ ਕੋਇ ਉਠਾਵੇਗਾ । ਜੋ ਝਗੜਾ ਪਿਆ ਮੱਤ ਜੈਨ, ਪੱਟੀ ਸਭ ਦਾ ਮੁਖ ਖੁਲ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਆਪ ਰੰਗਾਵੇਗਾ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸੁਣਨਾ ਨਾਮ ਅਨਾਦੀ, ਅਨਹਦ ਧੁਨ ਸ਼ਨਵਾਈਆ । ਜਨ ਭਗਤਾਂ ਵੇਖ ਆਬਾਦੀ, ਦਰ ਸੋਹਣੇ ਸੋਭਾ ਪਾਈਆ । ਭਗਤ ਭਗਵਾਨ ਦੀ ਤੱਕਣੀ ਸ਼ਾਦੀ, ਘਰ ਮੇਲਾ ਸਹਿਜ ਸੁਭਾਈਆ । ਸਭ ਨੇ

ਇਕ ਦੇ ਬਣਨਾ ਸਮਾਜੀ, ਸਮਾਂ ਸ਼ਹਾਦਤ ਦਏ ਗਵਾਹੀਆ । ਬਿਨਾ ਪ੍ਰਭੂ ਤੋਂ ਵਡਿਆਈ ਕਾਹਦੀ, ਤਨ ਵਜੂਦ ਕੰਮ ਕਿਸੇ ਨਾ ਆਈਆ । ਵਸਤ ਮਿਲੇ ਕਿਸੇ ਨਾ ਹਾਜੀ, ਹੁਜਰਿਆਂ ਸੀਸ ਨਾ ਕੋਇ ਨਿਵਾਈਆ । ਬਿਨ ਧੁਰ ਦੇ ਨਾਮ ਤੋਂ ਸਾਰੇ ਹੋਏ ਦਾਗ਼ੀ, ਦਗ਼ਾ ਕਰੇ ਲੋਕਾਈਆ । ਸੋਈ ਸੁਰਤੀ ਕਿਸੇ ਨਾ ਜਾਗੀ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਖੇਲ ਵੇਖਣਾ ਕਲਜੁਗ ਅੰਤਮ ਬਾਜ਼ੀ, ਬਾਜ਼ਾਂ ਵਾਲਾ ਦਏ ਵਖਾਈਆ । ਜਨ ਭਗਤੋ ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੇ ਵਾਸਤੇ ਸਭ ਨੇ ਇਕ ਇਕ ਵਸਤ ਲਿਔਣੀ ਘਰੋਂ ਭਾਜੀ, ਲਾਚੀ ਦਾਣਾ ਜੇਬ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਚ ਮੇਲਾ ਆਪ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਸਾਡਾ ਪਕਵਾਨ ਪਕਾਇਓ ਪੱਕਾ, ਪੱਕੀ ਤਰ੍ਹਾ ਜਣਾਈਆ । ਚਾਰ ਵਰਨ ਬਣਾਇਓ ਸਕਾ, ਦਵੈਤ ਅੰਦਰ ਰਹੇ ਨਾ ਰਾਈਆ । ਝਗੜਾ ਮੇਟਣਾ ਬੂਰਾ ਕੱਕਾ, ਕਾਲੇ ਗੋਰੇ ਕੋਝੇ ਕਮਲੇ ਗਲ ਲਗਾਈਆ । ਦੂਸਰ ਰਹੇ ਕੋਈ ਨਾ ਵੱਖਾ, ਵਖਰੀ ਵੰਡ ਨਾ ਕੋਇ ਵੰਡਾਈਆ । ਸਭ ਕੁਛ ਵੇਖਿਓ ਨਾਲ ਅੱਖਾਂ, ਅੱਖੀ ਦੇਣ ਦ੍ਰਿੜਾਈਆ । ਜਿਹੜਾ ਸਾਢੇ ਤਿੰਨ ਹੱਥ ਰੱਖਿਆ ਰੱਸਾ, ਪੰਜ ਪਿਆਰਿਆਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਨੇ ਮਲੇਛਾਂ ਉਠੌਣੀ ਸਫਾ, ਸਫਾ ਆਪਣੀ ਦਏ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਚਾਰ ਥਾਲ ਹੋਣ ਪਰੋਸੇ, ਮਾਝਾ ਮਾਲਵਾ ਜੰਮੂ ਦੁਆਬਾ ਵਾਲੇ ਲਿਆਈਆ । ਪਾਣੀ ਦੇ ਗਲਾਸ ਰੱਖਣੇ ਨਾਲ ਕੋਸੇ, ਠੰਡਾ ਜਲ ਨਾ ਕੋਇ ਭਰਾਈਆ । ਪੰਜਾਂ ਤੋਂ ਵੱਧ ਖਾਣੇ ਹੋਣ ਨਾ ਬਹੁਤੇ, ਸਚ ਦਈਏ ਦ੍ਰਿੜਾਈਆ । ਅਸੀਂ ਹੋਣਾ ਨਹੀਂ ਕੋਈ ਮੋਟੇ, ਤਨ ਰਹਿਣ ਕੋਇ ਨਾ ਪਾਈਆ । ਅੱਗੇ ਤੋਂ ਗੁਰਮੁਖ ਜੀਉਂਦਾ ਦੇਵੇ ਕੋਈ ਨਾ ਮੋਛੇ, ਪੀਰਾਂ ਭੇਟ ਨਾ ਕੋਇ ਚੜ੍ਹਾਈਆ । ਪਿਛਲੀ ਰੀਤੀ ਬਿਨਾ ਪ੍ਰਭੂ ਤੋਂ ਕੋਈ ਨਾ ਰੋਕੇ, ਰੁਕਮਣੀ ਕ੍ਰਿਸ਼ਨ ਗਿਆ ਸਮਝਾਈਆ । ਜਿਸ ਵੇਲੇ ਗਨਕਾ ਗਿਆਨ ਦਿਤਾ ਸੀ ਤੋਤੇ, ਸ਼ਬਦੀ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖਾਣਾ ਹੋਵੇ ਵਿਚ ਪੰਜ ਬਰਤਨ, ਪੰਜਾਂ ਦਿਆਂ ਜਣਾਈਆ । ਪ੍ਰਭ ਨੇ ਸਾਡੀ ਪੂਰੀ ਕਰਨੀ ਸ਼ਰਤਨ, ਜੋ ਸ਼ਰਅ ਵਿਚ ਸਮਝਾਈਆ । ਮਾਲਕ ਹੋ ਕੇ ਅਰਸ਼ਨ, ਫ਼ਰਸ਼ਨ ਸੋਭਾ ਪਾਈਆ । ਜਨ ਭਗਤੋ ਤੁਹਾਡਾ ਸਾਂਝਾ ਕਰਨਾ ਮਿਲਨ ਵਰਤਨ, ਊਚ ਨੀਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਚ ਦਰਬਾਰਾ ਵੇਖ ਵਖਾਵਾਂਗੇ । ਜੋ ਹੁਕਮ ਦੱਸੇ ਨਰ ਨਿਰੰਕਾਰ, ਸੋ ਸੁਣ ਕੇ ਖ਼ੁਸ਼ੀ ਮਨਾਵਾਂਗੇ । ਜੋ ਖਾਣਾ ਲੈ ਕੇ ਆਉਣ ਜਨ ਭਗਤ ਨਾਲ ਪਿਆਰ, ਸੋ ਪ੍ਰੇਮ ਵਿਚ ਮਿਲ ਖਾਵਾਂਗੇ । ਇਹ ਸਭ ਦੀ ਸਾਚੀ ਕਾਰ, ਸਚ ਕਰਨੀ ਕਾਰ ਕਮਾਵਾਂਗੇ । ਅਗਲਾ ਮੇਲ ਅਗੰਮ ਅਪਾਰ, ਪ੍ਰਭ ਅੱਗੇ ਸੀਸ ਨਿਵਾਵਾਂਗੇ । ਸਾਡਾ ਰਹੇ ਨਾ ਕੋਇ ਅਖ਼ਤਿਆਰ, ਤੇਰੇ ਹੁਕਮੇ ਅੰਦਰ ਸੇਵ ਕਮਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਪੂਰੇ ਕਰੇ ਕੌਲ ਇਕਰਾਰ, ਇਕਰਾਰਨਾਮੇ ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਅੱਗੇ ਟਿਕਾਵਾਂਗੇ ।

## ✱ ੨੦ ਜੇਠ ਸ਼ਹਿਨਸ਼ਾਹੀ ਸੰਮਤ ੫ ਆਸਾ ਸਿੰਘ ਦੇ ਗ੍ਰਿਹਿ ਅੱਲੜ ਪਿੰਡੀ ਗੁਰਦਾਸਪੁਰ ✱

ਸਤਿਗੁਰ ਸ਼ਬਦ ਕਹੇ ਮੇਰਾ ਸਮਝਿਆ ਨਾ ਕਿਸੇ ਖਰੜਾ, ਬੇਅੰਤ ਦਾ ਅੰਤ ਕੋਇ ਨਾ ਪਾਈਆ । ਜੁਗ ਜੁਗ ਮੈਂ ਪੁਆਉਂਦਾ ਰਿਹਾ ਝਗੜਾ, ਸਤਿਗੁਰ ਹੁਕਮ ਸੰਦੇਸ਼ ਸੁਣਾਈਆ । ਵਡਿਆਈ ਵਿਚ ਇਕ ਦੂਜੇ ਨੂੰ ਕਰਦਾ ਰਿਹਾ ਤਕੜਾ, ਥਾਪੀ ਪੁਸ਼ਤ ਪਨਾਹ ਲਗਾਈਆ । ਹੁਕਮੇ ਅੰਦਰ ਸਭ ਨੂੰ ਰਿਹਾ ਰਗੜਾ, ਰਗ ਪੱਠੇ ਵਾਲਿਆਂ ਕੀਤੀ ਸਫ਼ਾਈਆ । ਸਿਫ਼ਤਾਂ ਵਾਲਾ ਦੱਸਦਾ ਰਿਹਾ ਚਾਰ ਮੰਗਲਾ, ਮਹਿੰਮਾ ਵਾਲੀ ਪੜ੍ਹਾਈਆ । ਕਾਇਆ ਵਾਲਾ ਸੁਹਾਉਂਦਾ ਰਿਹਾ ਬੰਗਲਾ, ਵਜੂਦ ਅੰਦਰ ਕਰ ਰੁਸ਼ਨਾਈਆ । ਆਪਣਾ ਭੇਤ ਰੱਖ ਕੇ ਗੰਧਲਾ, ਆਖ਼ਰ ਸਮਝ ਨਾ ਕਿਸੇ ਸਮਝਾਈਆ । ਕਿਸੇ ਨੂੰ ਸ਼ਾਹ ਬਣਾਇਆ ਕਿਸੇ ਨੂੰ ਕੰਗਲਾ, ਕਾਮਲ ਨਜ਼ਰ ਕੋਇ ਨਾ ਆਈਆ । ਕਿਸੇ ਡੰਡੌਤ ਦੱਸੀ ਕਿਸੇ ਬੰਦਨਾ, ਕੋਈ ਸਜਦਿਆਂ ਵਿਚ ਸੀਸ ਝੁਕਾਈਆ । ਸਭ ਨੂੰ ਦੱਸਿਆ ਬੜਾ ਚੰਗਾ ਸਤਿਗੁਰ ਦੇ ਚਰਨਾਂ ਲੱਗਣਾ, ਲਗ ਮਾਤਰ ਅਗਲੀ ਨਾ ਕੋਇ ਦ੍ਰਿੜ੍ਹਾਈਆ । ਪਿਆਰ ਕਰੌਂਦਾ ਰਿਹਾ ਤਨ ਮਾਟੀ ਬਦਨਾ, ਸਰੀਰ ਨਾਲ ਸੋਭਾ ਪਾਈਆ । ਹਿੱਸਾ ਵੰਡਾ ਕੇ ਆਅਲਾ ਅਦਨਾ, ਖੇਲ ਦਿਤਾ ਕਰਾਈਆ । ਗੁਰ ਅਵਤਾਰ ਪੈਗ਼ੰਬਰ ਲਗਦਾ ਰਿਹਾ ਸਗਣਾ, ਗੱਦੀਦਾਰ ਗੱਦੀਦਾਰ ਗੱਦੀਦਾਰ ਜਗਤ ਅਖਵਾਈਆ । ਤਖ਼ਤ ਬਹਿ ਕੇ ਵੰਡਦੇ ਰਹੇ ਹੱਦਨਾ, ਮਜ਼੍ਹਬਾਂ ਵਾਲੀ ਲਾਈਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਉਪਜਾਈਆ । ਸਤਿਗੁਰ ਸ਼ਬਦ ਕਹੇ ਮੈਂ ਨਾਮ ਦੇ ਦੇਂਦਾ ਰਿਹਾ ਡਗਰੂ, ਲੋਕਮਾਤ ਹੱਥ ਫੜਾਈਆ । ਨੰਨ੍ਹੇ ਬੱਚੇ ਕਰ ਕੇ ਗੱਭਰੂ, ਗੁਰ ਅਵਤਾਰ ਪੈਗ਼ੰਬਰ ਦਿਤੇ ਲੜਾਈਆ । ਸਾਚਾ ਰਹਿਣ ਨਾ ਕੋਇ ਦਿਤਾ ਅਦਲੂ, ਇਨਸਾਫ਼ ਹੱਕ ਨਾ ਕੋਇ ਕਮਾਈਆ । ਏਸੇ ਤਰ੍ਹਾਂ ਹੁਣ ਵੀ ਕਲਜੁਗ ਬਦਲੂ, ਅੱਗੇ ਹੋ ਨਾ ਕੋਇ ਅਟਕਾਈਆ । ਗੁਰਮੁਖ ਵਿਰਲਾ ਪ੍ਰਭ ਦਾ ਸੰਗ ਮੰਗ ਲਊ, ਮੰਗਤਾ ਹੋ ਕੇ ਝੋਲੀ ਡਾਹੀਆ । ਸਚ ਦਵਾਰੇ ਇਕ ਅਨੰਦ ਲਊ, ਸੁਖ ਸਾਗਰ ਵਿਚ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਮੰਨ ਲਊ, ਮਾਇਆ ਮਮਤਾ ਮੋਹ ਗਵਾਈਆ । ਸਚ ਖ਼ਜ਼ੀਨਾ ਅਗੰਮਾ ਧਨ ਲਊ, ਨਾਮ ਨਿਧਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰੋ ਸਤਿਗੁਰ ਸ਼ਬਦ ਕਹੇ, ਕਿਸ ਦੀ ਕਰਦੇ ਭਗਤੀ, ਨਾਮ ਸਿਮਰਨ ਪੂਜਾ ਕਿਸ ਜਣਾਈਆ । ਮਾਣ ਵਡਿਆਈ ਪੌਂਦੇ ਰਹੇ ਬਣ ਕੇ ਵਿਅਕਤੀ, ਵਾਕਿਆ ਆਪਣੀ ਕਾਰ ਕਮਾਈਆ । ਪ੍ਰਸਿੱਧ ਹੁੰਦੀ ਰਹੀ ਤੱਤਾਂ ਵਾਲੀ ਹੱਸਤੀ, ਹਸਤ ਕੀਟ ਰੰਗ ਰੰਗਾਈਆ । ਲਹਿਣਾ ਦੇਣਾ ਮਿਲਦਾ ਰਿਹਾ ਦਸਤੀ, ਲੋਕਮਾਤ ਵੱਜੀ ਵਧਾਈਆ । ਨਾਮ ਸੰਦੇਸ਼ਾ ਦੇਂਦੇ ਰਹੇ ਸ਼ਰਤੀ, ਸ਼ਰਅ ਵੰਡ ਵੰਡਾਈਆ । ਸ਼ਬਦ ਗੁਰੂ ਦੇ ਬਣੇ ਰਹੇ ਗ਼ਰਜ਼ੀ, ਦਿਵਸ ਰੈਣ ਸੇਵ ਕਮਾਈਆ । ਸਤਿ ਧਾਰ ਦੀ ਦੇਂਦੇ ਰਹੇ ਅਰਜ਼ੀ, ਬਿਨ ਅੱਖਰਾਂ ਲੇਖ ਬਣਾਈਆ । ਫਿਰ ਵੀ ਸਤਿਗੁਰ ਸ਼ਬਦ ਕਰਦਾ ਰਿਹਾ ਆਪਣੀ ਮਰਜ਼ੀ, ਮਜ਼ਾ ਥੋੜ੍ਹਾ ਥੋੜ੍ਹਾ ਚਖਾਈਆ । ਖੇਲ ਦੱਸਦਾ ਰਿਹਾ ਨਰਾਇਣ ਨਰ ਦੀ, ਜਿਸ ਦੀ ਸਿਫ਼ਤ ਵਿਚ ਸਿਫ਼ਤਾਂ ਸਾਰੇ ਗਏ ਗਾਈਆ । ਸਭ ਦੀ ਅੰਤਰ ਧਾਰ ਢੋਲਾ ਰਹੀ ਪੜ੍ਹਦੀ, ਨਾਮ ਕਲਮਾ ਅਗੰਮ ਅਥਾਹੀਆ । ਤੱਤ ਸ਼ਰੀਰ ਪਹਿਨਾ ਕੇ ਵਰਦੀ, ਜਗਤ ਸਿਪਾਹੀ ਦਿਤੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸਮਝਿਆ ਨਾ ਕਿਸੇ

ਰਾਜ਼, ਰਾਜ਼ਕ ਰਿਜ਼ਕ ਰਹੀਮ ਨਾ ਕੋਇ ਦ੍ਰਿੜਾਈਆ । ਮੇਰਾ ਜਾਣਿਆ ਕਿਸੇ ਨਾ ਸਾਜ਼, ਕਹਾਂ ਕਹਾਂ ਨੌਬਤ ਨਾਮ ਵਜਾਈਆ । ਮੇਰਾ ਵੇਖਿਆ ਕਿਸੇ ਨਾ ਸਮਾਜ, ਸਮਗਰੀ ਹੱਥ ਨਾ ਕੋਇ ਉਠਾਈਆ । ਮੇਰਾ ਤੱਕਿਆ ਕਿਸੇ ਨਾ ਕਾਜ, ਕਿਸ ਬਿਧ ਆਪਣੀ ਕਾਰ ਹੱਥ ਕਮਾਈਆ । ਮੇਰੇ ਚੜ੍ਹਿਆ ਨਾ ਕੋਇ ਜਹਾਜ਼, ਮੰਜ਼ਲ ਚੜ੍ਹਨ ਅੰਤ ਕੋਇ ਨਾ ਪਾਈਆ । ਜਿਸ ਨੂੰ ਕਿਰਪਾ ਕਰ ਕੇ ਥੋੜ੍ਹੀ ਦਿਤੀ ਦਾਤ, ਲੋਕਮਾਤ ਦਇਆ ਕਮਾਈਆ । ਉਹ ਦੱਸਣ ਲੱਗਾ ਸ੍ਰਿਸ਼ਟੀ ਕਰਾਮਾਤ, ਮੇਰਾ ਭੇਵ ਖੁਲ੍ਹਾਈਆ । ਚਰਨ ਕਵਲਾਂ ਜੁੜਾ ਕੇ ਨਾਤ, ਡੋਰੀ ਤੰਦ ਬੰਧਾਈਆ । ਧੁਰ ਦਾ ਦੇ ਕੇ ਸਾਥ, ਸਿਖਿਆ ਇਕ ਸਮਝਾਈਆ । ਪ੍ਰੇਮ ਦਾ ਦੇ ਕੇ ਪਰਕਾਸ਼, ਅੰਧ ਅੰਧੇਰਾ ਦਿਤਾ ਚੁਕਾਈਆ । ਅੰਤ ਤੋਰ ਕੇ ਖਾਲੀ ਹਾਥ, ਕਾਇਆ ਮਾਟੀ ਖ਼ਾਕ ਮੜ੍ਹੀ ਗੋਰ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਘੱਲੇ, ਹੁਕਮ ਇਕ ਜਣਾਈਆ । ਨਾਮ ਵਸਤ ਬੰਨ੍ਹ ਕੇ ਪੱਲੇ, ਪਲਕਾਂ ਪਿੱਛੇ ਕੀਤੀ ਰੁਸ਼ਨਾਈਆ । ਬਿਰਹੋਂ ਵੈਰਾਗ ਵਿਚ ਕਰ ਕੇ ਝੱਲੇ, ਝਲਕ ਆਪਣੀ ਇਕ ਦ੍ਰਿੜਾਈਆ । ਸਚ ਦਵਾਰਿਉਂ ਆਏ ਥੱਲੇ, ਧਰਨੀ ਧਰਤ ਧਵਲ ਡੇਰਾ ਲਾਈਆ । ਦੀਨ ਮਜ਼੍ਹਬ ਬਣਾ ਕੇ ਮਹੱਲੇ, ਘਰ ਆਪਣਾ ਗਏ ਸੁਹਾਈਆ । ਨਾਮ ਕਲਮੇ ਸਾਗਰ ਵਿਚੋਂ ਉਛੱਲੇ, ਲਹਿਰਾਂ ਜਗਤ ਨਾਲ ਲਹਿਰਾਈਆ । ਸਿੱਖਾਂ ਮੁਰੀਦਾਂ ਕਿਹਾ ਬੱਲੇ ਬੱਲੇ, ਸਤਿਗੁਰ ਮੁਰਸ਼ਦ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਕਰਦਾ ਰਿਹਾ ਰੁਹਾਨੀ, ਆਪਣਾ ਹੁਕਮ ਜਣਾਈਆ । ਕਰਦਾ ਰਿਹਾ ਬੇਈਮਾਨੀ, ਸ਼ਰਅ ਵੰਡ ਵੰਡਾਈਆ । ਚੜ੍ਹੌਂਦਾ ਰਿਹਾ ਤੁਗ਼ਿਆਨੀ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਖੇਲ ਖੇਲਦਾ ਰਿਹਾ ਤੂਫ਼ਾਨੀ, ਦੀਨ ਦੁਨੀ ਦਿਤੀ ਲੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਬਣਾ ਕਥਾ ਕਹਾਣੀ, ਕਥਾ ਕਬੀਰ ਕੋਲੋਂ ਸੁਣਾਈਆ । ਨਾਮ ਸਿਫ਼ਤ ਬਣਾ ਕੇ ਬਾਣੀ, ਮਹਿੰਮਾ ਜਗਤ ਵਿਚ ਬਣਾਈਆ । ਆਪ ਸਦਾ ਸੁੱਤਾ ਰਿਹਾ ਆਪਣਾ ਓਢਣ ਤਾਣੀ, ਲੋਕਮਾਤ ਨਾ ਲਈ ਅੰਗੜਾਈਆ । ਗੁਰ ਅਵਤਾਰ ਪੈਗ਼ੰਬਰ ਸਭ ਦਾ ਜਾਣ ਜਾਣੀ, ਹਰ ਘਟ ਵੇਖੇ ਥਾਉਂ ਥਾਈਂਆ । ਮੰਜ਼ਲ ਉਸ ਦੀ ਪਦ ਨਿਰਬਾਣੀ, ਨਿਰਗੁਣ ਆਪਣਾ ਆਸਣ ਲਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਮੇਰੇ ਰਸ ਦਾ ਮੰਗਦੇ ਰਹੇ ਪਾਣੀ, ਆਬੇਹਯਾਤ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਉਪਜਾਈਆ । ਸਤਿਗੁਰ ਸ਼ਬਦ ਕਹੇ ਮੈਂ ਖੇਲਾਂ ਖੇਲ ਬਹੁ ਬਿਧ ਭੱਟੀਆਂ, ਭਟਨਾਗਰ ਰੂਪ ਵਟਾਈਆ । ਮੈਂ ਲੋਕ ਪ੍ਰਲੋਕ ਚਲਾਵਾਂ ਹੱਟੀਆਂ, ਤਬਕਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਬਣਾਵਾਂ ਪੱਤੀਆਂ, ਹਿੱਸੇਦਾਰ ਅਖਵਾਈਆ । ਕੋਟਨ ਕੋਟ ਹੰਢਾਵਾਂ ਸਖ਼ੀਆਂ, ਨਾਰੀ ਕੰਤ ਸੋਭਾ ਪਾਈਆ । ਲੱਖ ਚੁਰਾਸੀ ਜਗਾਵਾਂ ਮੋਮਬੱਤੀਆਂ, ਆਤਮ ਨੂਰ ਕਰ ਰੁਸ਼ਨਾਈਆ । ਗੁਰੂ ਬਹਾਵਾਂ ਲੋਹ ਤੱਤੀਆਂ, ਰੇਤਾ ਸੀਸ ਵਿਚ ਪਵਾਈਆ । ਮਾਣ ਗਵਾਵਾਂ ਲਛਮਣ ਜਤੀਆਂ, ਸਤਿ ਵਿਚ ਨਾ ਕੋਇ ਸਮਾਈਆ । ਪੈਗ਼ੰਬਰਾਂ ਦੀ ਹਾਲਤ ਵੇਖਾਂ ਅੱਖੀਆਂ, ਮੁਰੀਦ ਮੁਰਸ਼ਦ ਕਰਨ ਲੜਾਈਆ । ਅਵਤਾਰਾਂ ਦੀਆਂ ਵੇਖਾਂ ਪੱਟੀਆਂ, ਜੋ ਅੱਖਰਾਂ ਕਰਨ ਪੜ੍ਹਾਈਆ । ਗੁਰਮੁਖਾਂ ਦੀਆਂ ਰੂਹਾਂ ਵੇਖਾਂ ਜਿਹੜੀਆਂ ਜਗਤ ਹੱਦੋਂ ਟੱਪੀਆਂ, ਮੰਜ਼ਲ ਇਕੋ ਰਾਹ ਤਕਾਈਆ । ਜੁਗ ਜੁਗ ਸਾਰੇ ਕਰਦੇ ਗਏ ਮੇਰੇ ਨਾਲ ਪੱਕੀਆਂ, ਪੱਕਾ ਵਾਅਦਾ ਸਭ ਦੇ ਨਾਲ ਰਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਮੇਰੇ ਸਿਫ਼ਤ ਨਾਮ ਦੇ ਢਾਡੀ, ਢੋਲਾ ਜਗਤ ਸੁਣਾਈਆ । ਪਿਆਰ ਮੁਹੱਬਤ ਦੇ ਰਾਗੀ, ਨਾਦਾਂ ਰਹੇ ਅਲਾਈਆ । ਕਿਰਪਾ ਦ੍ਰਿਸ਼ਟੀ ਸੁਰਤੀ ਜਾਗੀ, ਨੇਤਰ ਅੱਖ ਖੁਲ੍ਹਾਈਆ । ਜਦ ਭੈ ਵਿਚ ਕਹਾਂ ਤੇ ਸਾਰੇ ਕਹਿਣ ਹਾਂ ਜੀ, ਸਿਰ ਸਕੇ ਨਾ ਕੋਇ ਉਠਾਈਆ । ਜਾਂ ਮੈਂ ਸ਼ਰਾਰਤ ਵਿਚ ਇਬਾਦਤ ਵਿਚ ਸਿਫ਼ਾਰਸ਼ ਵਿਚ ਵੇਸ ਵਟਾਇਆ, ਅਸ਼ਟਭੁਜ ਕਹੇ, ਸਾਰੇ ਮੈਨੂੰ ਕਹਿਣ ਡਹਿ ਪਏ ਮਾਂ ਜੀ, ਮਾਤਾ ਕਹਿ ਕੇ ਸੀਸ ਨਿਵਾਈਆ । ਮੈਂ ਹੱਸ ਕੇ ਕਿਹਾ ਇਕ ਵਡਿਆਈ ਮੇਰੇ ਨਾਂ ਦੀ, ਦੂਜੀ ਅਵਰ ਨਾ ਕੋਇ ਚਤੁਰਾਈਆ । ਜਦ ਲੋੜ ਪਏ ਭਗਤਾਂ ਨੂੰ ਮੇਰੀ ਮਿਹਰ ਛਾਂ ਦੀ, ਆਸਰਾ ਅਵਰ ਨਾ ਕੋਇ ਰਖਾਈਆ । ਏਸੇ ਕਰ ਕੇ ਗੁਰ ਅਵਤਾਰ ਪੈਗ਼ੰਬਰਾਂ ਵੰਡ ਕਰਾਈ ਸੂਰ ਗਾਂ ਦੀ, ਦੋਹਾਂ ਤੋਂ ਵਖਰਾ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਮਨਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਮੇਰੇ ਗੋਲੇ, ਗੋਲੀ ਬਣ ਕੇ ਸੇਵ ਕਮਾਈਆ । ਜਿਹੜਾ ਨਾਮ ਕਲਮਾ ਦੱਸਾਂ ਓਸੇ ਦੇ ਗੌਂਦੇ ਢੋਲੇ, ਖ਼ੁਸ਼ੀਆਂ ਵਿਚ ਸੁਣਾਈਆ । ਜਿਸ ਉਤੇ ਕਿਰਪਾ ਕਰਾਂ ਭਾਗ ਲੱਗੇ ਕਾਇਆ ਚੋਲੇ, ਚੋਲੀ ਤੱਤ ਵਜੂਦ ਬਦਲਾਈਆ । ਬਿਨਾ ਸ਼ਬਦ ਗੁਰੂ ਤੋਂ ਕਿਸੇ ਦੇ ਅੰਦਰ ਸਤਿਗੁਰ ਰੂਪ ਕੋਇ ਨਾ ਬੋਲੇ, ਬਿਨਾ ਸ਼ਬਦ ਤੋਂ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਪਾਈਆ । ਇਹ ਆਦਿ ਅੰਤ ਜੁਗਾ ਜੁਗੰਤ ਮੇਰੇ ਉਹਲੇ, ਪਰਦਾ ਸਕਿਆ ਨਾ ਕੋਇ ਉਠਾਈਆ । ਸਾਰੇ ਕਹਿੰਦੇ ਗਏ ਵਸੇ ਕੋਲੇ, ਕੋਲ ਵਸਿਆ ਨਜ਼ਰ ਕਿਸੇ ਨਾ ਆਈਆ । ਜੇ ਸਮਝ ਲੈਂਦੇ ਹਰ ਘਟ ਅੰਦਰ ਪ੍ਰਭੂ ਸਵਾਮੀ ਮੌਲੇ, ਕਿਉਂ ਮੌਲਾ ਅੱਲਾ ਕਹਿ ਕੇ ਰੱਟੇ ਜਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਦ ਚਾਹੇ ਵਡਿਆਈ ਦੇਵੇ ਭਾਵੇਂ ਕੋਈ ਵੇਚਣ ਵਾਲਾ ਹੋਵੇ ਛੋਲੇ, ਸਿਰ ਆਪਣਾ ਹੱਥ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਵੱਡਾ ਗੁਣ ਨਿਧਾਨੀ, ਗਹਿਰ ਗੰਭੀਰ ਅਖਵਾਈਆ । ਜੁਗ ਜੁਗ ਖੇਲਾਂ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਧਾਰ ਚਲਾਈਆ । ਜਿਸ ਵੇਲੇ ਮੇਰੇ ਅੰਦਰ ਸ਼ਰਅ ਦੀ ਆਵੇ ਬੇਈਮਾਨੀ, ਸਮਾਜ ਦਾ ਰਾਜ ਦਿਆਂ ਬਦਲਾਈਆ । ਤੱਤਾਂ ਅੰਦਰ ਨਾਮ ਦੀ ਦੇ ਨਿਸ਼ਾਨੀ, ਕਲਮਿਆਂ ਦੀ ਕਰਾਂ ਪੜ੍ਹਾਈਆ । ਓਹੋ ਵਜੂਦ ਓਹੋ ਸਰੀਰ ਜੋ ਅਵਤਾਰ ਬਣੇ ਪੈਗ਼ੰਬਰ ਬਣੇ ਗੁਰੂ ਬਣੇ ਦੱਸਣ ਆਪਣੀ ਜ਼ਬਾਨੀ, ਕਥਾ ਕਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਚੁਕਾ ਰੀਤ ਪੁਰਾਣੀ, ਪੂਰਨ ਬ੍ਰਹਮ ਦਏ ਵਡਿਆਈਆ ।

## ✳ ੨੩ ਜੇਠ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✳

ਸੰਮਤ ਪੰਜ ਕਹੇ ਪੰਜ ਗੁਰਮੁਖ ਕਰਨ ਫੂਲਨ ਬਰਖਾ, ਵਰਖ ਮਾਸ ਵੰਡ ਨਾ ਕੋਇ ਵੰਡਾਈਆ । ਅੰਦਰ ਹਰਖ ਸੋਗ ਨਾ ਹੋਵੇ ਕੋਈ ਹਿਰਸਾ, ਚਿੰਤਾ ਗ਼ਮ ਨਾ ਕੋਇ ਜਣਾਈਆ । ਹੋਵਣ ਉਹ ਜਿਨ੍ਹਾਂ ਯਾਦ ਕੀਤਾ ਗੋਬਿੰਦ ਸਰਸਾ, ਸਾਹ ਸਾਹ ਨਾਲ ਧਿਆਈਆ । ਜਨਮ ਕਰਮ ਦਾ ਕੋਲ

ਹੋਵੇ ਪਰਚਾ, ਪਰਾਚੀਨ ਵੇਖ ਵਖਾਈਆ । ਜਿਨ੍ਹਾਂ ਦਾ ਲੇਖਾ ਹੋਵੇ ਉਪਰ ਅਰਸ਼ਾ, ਦਰਗਾਹ ਸਾਚੀ ਸੋਭਾ ਪਾਈਆ । ਜਨਮ ਜਨਮ ਦੀ ਰਹੇ ਕੋਈ ਨਾ ਹਿਰਸਾ, ਹਿਰਸ ਹਵਸ ਦੂਰ ਕਰਾਈਆ । ਮਾਨਸ ਜਨਮ ਜਾਏ ਨਾ ਬਿਰਥਾ, ਸਾਹਿਬ ਸਤਿਗੁਰ ਰੰਗ ਰੰਗਾਈਆ । ਲੇਖਾ ਜਾਣ ਪ੍ਰੀਤਮ ਪਿਰ ਕਾ, ਪਤਿਪਰਮੇਸ਼ਵਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪੰਜਾਂ ਬੀਬੀਆਂ ਦੇ ਹੱਥ ਵਿਚ ਹੋਵਣ ਹਾਰ, ਹਿਰਦੇ ਹਰਿ ਹਰਿ ਧਿਆਈਆ । ਪੰਜੇ ਇਕੇ ਵਾਰ ਗਲ ਵਿਚ ਦੇਣ ਡਾਰ, ਵਖਰੀ ਵੰਡ ਨਾ ਕੋਇ ਵੰਡਾਈਆ । ਫੇਰ ਨਿਉਂ ਕੇ ਕਰਨ ਨਿਮਸਕਾਰ, ਚਰਨ ਬੰਦਨਾ ਸੀਸ ਨਿਵਾਈਆ । ਮੁਖੋਂ ਕਹਿਣ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਮੈਂ ਸੰਦੇਸ਼ਾ ਦੇਵਾਂ ਅਵਤਾਰ ਗੁਰ ਦਾ, ਪੈਗ਼ੰਬਰਾਂ ਹਾਲ ਜਣਾਈਆ । ਜੋ ਕਹਿ ਕੇ ਗਏ ਗੁਰਮੁਖ ਕਦੇ ਨਾ ਹੋਵੇ ਮੁਰਦਾ, ਮੁਰੀਦ ਮੁਰਸ਼ਦ ਵਿਚ ਸਮਾਈਆ । ਜੋ ਆਇਆ ਸੋ ਗਿਆ ਤੁਰਦਾ, ਪੰਜ ਤੱਤ ਕਾਇਆ ਚੋਲੀ ਜਗਤ ਤਜਾਈਆ । ਜਿਨ੍ਹਾਂ ਮਾਰਗ ਮਿਲਿਆ ਧੁਰ ਦਾ, ਦਰਗਾਹ ਸਾਚੀ ਦਰ ਖੁਲ੍ਹਾਈਆ । ਓਹ ਮੋੜਿਆ ਕਦੇ ਨਾ ਮੁੜਦਾ, ਲੱਖ ਚੁਰਾਸੀ ਦਏ ਠੁਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਗੁਰਮੁਖ ਕਦੇ ਨਾ ਮਰਿਆ, ਮਰ ਜੀਵਤ ਰੂਪ ਵਟਾਈਆ । ਸਾਚੀ ਮੰਜ਼ਲ ਧੁਰ ਦੀ ਚੜ੍ਹਿਆ, ਅਗੰਮ ਅਥਾਹ ਦਏ ਵਡਿਆਈਆ । ਜਿਸ ਨੇ ਸੋਹੰ ਢੋਲਾ ਪੜ੍ਹਿਆ, ਰਸਨਾ ਜਿਹਵਾ ਨਾਲ ਗਾਈਆ । ਓਹ ਜਾਵੇ ਆਪਣੇ ਘਰਿਆ, ਦਰਗਾਹ ਸਾਚੀ ਸੋਭਾ ਪਾਈਆ । ਪੁਰਖ ਅਕਾਲ ਦੀਨ ਦਿਆਲ ਲਏ ਵਰਿਆ, ਵਾਰਸ ਹੋ ਕੇ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਸੰਮਤ ਪੰਜ ਕਹੇ ਜਿਸ ਨੂੰ ਕਿਹਾ ਭੁੱਲੀ ਭਟਕੀ, ਭਰਮ ਦਿਤਾ ਗਵਾਈਆ । ਸਚਖੰਡ ਜਾਂਦਿਆਂ ਰਾਹ ਵਿਚ ਮੂਲ ਨਾ ਅਟਕੀ, ਅਟਕਣ ਅੱਗੇ ਰਹੀ ਨਾ ਰਾਈਆ । ਦਰਸ਼ਨ ਪਾ ਕੇ ਪ੍ਰੀਤਮ ਅਰਸ਼ੀ, ਅਰਸ਼ਾਂ ਉਪਰ ਸੋਭਾ ਪਾਈਆ । ਸੰਦੇਸ਼ਾ ਦੇਵੇ ਸਦਾ ਪੁਰਖ ਅਕਾਲ ਕਰੇ ਆਪਣੀ ਮਰਜ਼ੀ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਮਾਨਸ ਜਨਮ ਨਾਤਾ ਜਗਤ ਫ਼ਰਜ਼ੀ, ਥਿਰ ਰਹਿਣ ਕੋਇ ਨਾ ਪਾਈਆ । ਪ੍ਰੇਮ ਸਿੰਘ ਦੇ ਪਿਛੋਂ ਮੇਰੀ ਮਨਜ਼ੂਰ ਹੋਈ ਅਰਜ਼ੀ, ਹੱਸਦਿਆਂ ਹੱਸਦਿਆਂ ਮੁਖੋਂ ਬਚਨ ਦਿਤਾ ਕਢਾਈਆ । ਵੇਖ ਖੇਲ ਨਰਾਇਣ ਨਰ ਦੀ, ਹੈਰਾਨੀ ਮੇਰੇ ਅੰਦਰ ਆਈਆ । ਤੂੰਹੀ ਤੂੰਹੀ ਤੇਰਾ ਢੋਲਾ ਆਈ ਪੜ੍ਹਦੀ, ਸੋਹੰ ਰਾਗ ਅਲਾਈਆ । ਸੌਂਪਣਾ ਕੀਤੀ ਨਹੀਂ ਕੋਈ ਘਰ ਦੀ, ਲਾਲਚ ਮੋਹ ਨਾ ਕੋਇ ਵਖਾਈਆ । ਅੰਦਰੇ ਅੰਦਰ ਰਹੀ ਡਰਦੀ, ਭੈ ਵਿਚ ਸੀਸ ਝੁਕਾਈਆ । ਇਕ ਬੇਨੰਤੀ ਕੀਤੀ ਜਿਸ ਵੇਲੇ ਮੇਰੀ ਅੰਤ ਖ਼ਾਹਿਸ਼ ਮਰਦੀ, ਮੁਰਦਾ ਮੁਰੀਦ ਵਿਚ ਸਮਾਈਆ । ਸਚ ਦਵਾਰੇ ਬਣਾ ਲੈ ਬਰਦੀ, ਬੰਦੀਖ਼ਾਨਾ ਦੇ ਤੁੜਾਈਆ । ਇਕ ਓਟ ਤੇਰੀ ਹਰਿ ਜੀ, ਹਿਰਦੇ ਅੰਦਰ ਧਿਆਨ ਰਖਾਈਆ । ਮੈਨੂੰ ਆਸ ਰਹੀ ਨਾ ਘਰ ਦੀ, ਘਰਾਨੇ ਦਿਤੇ ਤਜਾਈਆ । ਬੰਸ ਸਰਬੰਸ ਤੇਰੇ ਚਰਨਾਂ ਧਰਦੀ, ਦੂਜੀ ਓਟ ਨਾ ਕੋਇ ਜਣਾਈਆ । ਤੇਰੀ ਮਿਹਰ ਨਜ਼ਰ ਨਾਲ ਤਰਦੀ, ਨਜ਼ਰੀਆ ਲੈਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਦਏ ਰੰਗਾਈਆ । ਸੰਮਤ ਪੰਜ ਕਹੇ ਜੋ ਗੁਰਮੁਖ


੧੩੬੩
੨੧

ਮੇਰੇ ਵਿਚ ਜਾਵੇ, ਸਚਖੰਡ ਸਾਚੇ ਸੋਭਾ ਪਾਈਆ । ਪ੍ਰਭੂ ਚਰਨ ਧੂੜੀ ਨਹਾਵੇ, ਦੁਰਮਤ ਮੈਲ ਗਵਾਈਆ । ਆਪਣੇ ਪੱਲੇ ਕਰੇ ਸਾਵੇਂ, ਪਿਛਲਾ ਲੇਖਾ ਰਹੇ ਨਾ ਰਾਈਆ । ਹਉਕਿਆਂ ਵਿਚ ਭਰੇ ਕੋਈ ਨਾ ਹਾਵੇ, ਸਿਸਕੀਆਂ ਵਿਚ ਨਾ ਕੋਇ ਕੁਰਲਾਈਆ । ਸਾਹਿਬ ਸਤਿਗੁਰ ਸਚ ਦਵਾਰੇ ਆਪ ਬਹਾਵੇ, ਫੜ ਬਾਹੋਂ ਗਲੇ ਲਗਾਈਆ । ਦੀਨ ਦੁਨੀ ਦੇ ਕੂੜੇ ਦਾਅਵੇ, ਅੰਤਮ ਨਜ਼ਰ ਕੋਇ ਨਾ ਆਈਆ । ਹਰ ਹਿਰਦੇ ਅੰਦਰ ਹਰ ਪੁਰਖ ਨਿਰੰਜਣ ਗੁਰਮੁਖ ਸਦਾ ਰਾਵੇ, ਰਾਗ ਆਪਣਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮੋਂ ਨੂੰ ਨਾਮ ਦੇ ਪਾਵੇ ਛਾਬੇ, ਤੱਕੜ ਆਪਣੇ ਤੋਲ ਤੁਲਾਈਆ ।

## ✻ ੧ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਸੰਮਤ ਪੰਜ ਕਹੇ ਕੀ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਸ਼ਬਦੀ ਸੁਤ ਉਠੇ ਸੂਰਬੀਰ ਮਰਦਾਨਾ, ਜੋਧੇ ਦਿਆਂ ਵਡਿਆਈਆ । ਪੂਰਬ ਲੇਖਾ ਵੇਖ ਦੋ ਜਹਾਨਾਂ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਹੁਕਮ ਸੰਦੇਸ਼ਾ ਦੇਵੇ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਧੁਰਦਰਗਾਹੀਆ । ਖੇਲ ਵੇਖਣਾ ਨਿਰਗੁਣ ਧਾਰ ਦੋ ਜਹਾਨਾਂ, ਨਿਰਵੈਰ ਹੋ ਕੇ ਫੇਰਾ ਪਾਈਆ । ਧਰਮ ਦੀ ਧਾਰ ਦਿਸੇ ਨਾ ਕੋਇ ਬੇਗਾਨਾ, ਵੈਰੀ ਮੀਤ ਵੰਡ ਨਾ ਕੋਇ ਵੰਡਾਈਆ । ਸਭ ਦਾ ਸਾਂਝਾ ਹੋਣਾ ਕਾਹਨਾ, ਲੱਖ ਚੁਰਾਸੀ ਗੋਪੀ ਸਹਿਜ ਸੁਭਾਈਆ । ਹੁਕਮ ਸੰਦੇਸ਼ਾ ਸੁਣ ਅਗੰਮ ਪੁਰਾਣਾ, ਜਿਸ ਦਾ ਪੁਰਾਣ ਵੇਦ ਭੇਵ ਕੋਇ ਨਾ ਪਾਈਆ । ਤੇਈ ਅਵਤਾਰ ਜਿਸ ਦਾ ਨਿਸ਼ਾਨਾ, ਨਿਛਾਵਰ ਆਪਣਾ ਆਪ ਕਰਾਈਆ । ਜਿਸ ਦੀ ਯਾਦ ਵਿਚ ਯਾਦ ਰੱਖ ਕੇ ਗਿਆ ਰਾਮਾ, ਰਾਮ ਰਾਮ ਵੇਖ ਵਖਾਈਆ । ਜਿਸ ਦਾ ਰਾਹ ਤਕਦਾ ਗਿਆ ਕਾਹਨਾ, ਘਨਈਆ ਆਪਣਾ ਭੇਵ ਖੁਲ੍ਹਾਈਆ । ਜਿਸ ਨੂੰ ਪੈਗ਼ੰਬਰਾਂ ਮੰਨਿਆ ਅਮਾਮਾ, ਬੇਪ੍ਰਵਾਹ ਨੂਰ ਖ਼ੁਦਾਈਆ । ਜਿਸ ਨੂੰ ਝੁਕ ਝੁਕ ਕਰਦੇ ਰਹੇ ਸਲਾਮਾਂ, ਸਯਦਿਆਂ ਸੀਸ ਨਿਵਾਈਆ । ਜਿਸ ਦਾ ਮੰਤਰ ਗਾਇਆ ਸਤਿਨਾਮਾ, ਨਾਨਕ ਵੱਜੀ ਵਧਾਈਆ । ਜਿਸ ਨੂੰ ਗੋਬਿੰਦ ਕੀਤਾ ਪ੍ਰਨਾਮਾ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪ੍ਰਵਾਹੀਆ । ਓਹ ਲੇਖਾ ਜਾਣੇ ਜੀਵ ਜਹਾਨਾ, ਲੱਖ ਚੁਰਾਸੀ ਖੋਜ ਖੁਜਾਈਆ । ਕਲਜੁਗ ਅੰਤਮ ਪਹਿਰ ਕੇ ਬਾਣਾ, ਨਿਰਗੁਣ ਆਪਣਾ ਵੇਸ ਵਟਾਈਆ । ਸ਼ਬਦ ਅਗੰਮ ਦੱਸ ਤਰਾਨਾ, ਤੁਰੀਆ ਤੋਂ ਪਰੇ ਕਰੇ ਪੜ੍ਹਾਈਆ । ਖੇਲ ਵੇਖ ਜ਼ਿਮੀਂ ਅਸਮਾਨਾ, ਪੁਰੀਆਂ ਲੋਆਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਸਤਿਗੁਰ ਸ਼ਬਦ ਹੋਵੇ ਸਾਵਧਾਨ, ਦਰ ਸਾਚੇ ਲਏ ਅੰਗੜਾਈਆ । ਲੇਖਾ ਵੇਖ ਜਗਤ ਜਹਾਨ, ਆਤਮ ਬ੍ਰਹਮ ਭੇਵ ਖੁਲ੍ਹਾਈਆ । ਚਾਰ ਜੁਗ ਦਾ ਤਕ ਵਿਧਾਨ, ਹੁਕਮ ਕਲਮੇ ਖੋਜ ਖੁਜਾਈਆ । ਦੀਨ ਮਜ਼੍ਹਬ ਸ਼ਰਅ ਜਗਤ ਦੀ ਜਾਨ, ਨਵ ਸੱਤ ਫੋਲੇ ਥਾਉਂ ਥਾਈਂਆ । ਜਿਧਰ ਤੱਕੇ ਹੋਏ ਹੈਰਾਨ, ਹਿਰਦੇ ਹਰਿ ਨਾ ਕੋਇ ਵਖਾਈਆ । ਮਨ ਕਲਪਣਾ ਦਿਸੇ ਸ਼ੈਤਾਨ, ਸ਼ਰਅ ਦਏ ਲੜਾਈਆ । ਅਵਤਾਰ ਪੈਗ਼ੰਬਰ ਦਰਗਾਹ ਸਾਚੀ ਦਰ ਠਾਂਡੇ ਸੀਸ ਝੁਕਾਣ, ਸਿਰ ਸਰ ਸਕੇ ਨਾ ਕੋਇ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵੇ ਅਗੰਮ ਫ਼ਰਮਾਨ, ਜਿਸ ਦੀ ਚਾਰ ਜੁਗ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ,

੧੩੬੪ ੨੧

ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਸੰਮਤ ਪੰਜ ਕਹੇ ਸ਼ਬਦ ਗੁਰੂ ਹੱਸ ਕੇ ਕਹੇ, ਬਿਨ ਹਸਤੀ ਹਸਤੀ ਨਜ਼ਰ ਕੋਇ ਨਾ ਆਈਆ । ਬਿਨ ਸ਼ਬਦ ਤੋਂ ਗੁਰੂ ਕੋਈ ਨਾ ਰਹੇ, ਰਹਿਮਤ ਹੱਕ ਨਾ ਕੋਇ ਕਮਾਈਆ । ਬਿਨ ਸਤਿਗੁਰ ਸ਼ਬਦ ਤੋਂ ਸਚ ਦਵਾਰ ਕੋਇ ਨਾ ਬਹੇ, ਸਿੰਘਾਸਣ ਆਸਣ ਡੇਰਾ ਕੋਇ ਨਾ ਲਾਈਆ । ਬਿਨਾ ਸ਼ਬਦ ਗੁਰੂ ਤੋਂ ਕੋਈ ਨਾ ਕਰੇ ਲਯ, ਉਤਪਤ ਵਾਲਾ ਸਮਝ ਕੋਇ ਨਾ ਪਾਈਆ । ਬਿਨ ਸ਼ਬਦ ਗੁਰੂ ਤੋਂ ਲਹਿਣਾ ਮਾਤ ਕੋਈ ਨਾ ਦਏ, ਦੇਵਣਹਾਰਾ ਨਜ਼ਰ ਕੋਇ ਨਾ ਆਈਆ । ਬਿਨਾ ਸ਼ਬਦ ਗੁਰੂ ਤੋਂ ਸਾਚੇ ਮੰਦਰ ਵਸੇ ਕੋਈ ਨਾ ਗ੍ਰਿਹਿ, ਦਰ ਠਾਂਡਾ ਨਾ ਕੋਇ ਸੁਹਾਈਆ । ਬਿਨਾ ਸ਼ਬਦ ਗੁਰੂ ਤੋਂ ਹੋਏ ਨਾ ਕੋਈ ਨਿਰਭੈ, ਗੁਰ ਅਵਤਾਰ ਪੈਗੰਬਰ ਭੈ ਵਿਚ ਆਪਣਾ ਝਟ ਲੰਘਾਈਆ । ਆਦਿ ਅੰਤ ਕੋਈ ਨਾ ਰਹੈ, ਤੱਤਾਂ ਵਾਲਾ ਗੁਰੂ ਜੰਮੇ ਤੇ ਮਰ ਜਾਈਆ । ਸ਼ਬਦ ਗੁਰੂ ਕਹੇ ਆਦਿ ਜੁਗਾਦਿ ਸਭ ਦਾ ਮਾਲਕ ਮੈਂ, ਮਮਤਾ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਵੱਡਾ ਵਡ ਵਡਿਆਈਆ । ਸ਼ਬਦ ਗੁਰੂ ਕਹੇ ਮੇਰੇ ਵਿਚ ਨਹੀਂ ਕੋਈ ਬੁੱਧੀ, ਅਕਲ ਵਾਲੀ ਨਾ ਕੋਇ ਚਤੁਰਾਈਆ । ਮੇਰੀ ਮਤ ਨਹੀਂ ਕੋਈ ਉਚੀ, ਮੰਜ਼ਲ ਜਗਤ ਨਾ ਕੋਇ ਜਣਾਈਆ । ਮੇਰੀ ਆਸ਼ਾ ਵਾਲੀ ਨਹੀਂ ਰੁਚੀ, ਧਿਆਨ ਧਿਆਨ ਵਿਚ ਟਿਕਾਈਆ । ਮੈਂ ਕਾਇਆ ਮਾਟੀ ਕੋਈ ਬਣੌਣੀ ਨਹੀਂ ਸੁੱਚੀ, ਤਨ ਵਜੂਦ ਕਰ ਸਫ਼ਾਈਆ । ਮੇਰੀ ਬਦਲਣੀ ਨਹੀਂ ਰੁਤੀ, ਰੁਤੜੀ ਜਗਤ ਨਾ ਕੋਇ ਮਹਿਕਾਈਆ । ਮੇਰੀ ਸੁਰਤੀ ਨਹੀਂ ਸੁੱਤੀ, ਸੋਏ ਨਾ ਕੋਇ ਉਠਾਈਆ । ਮੇਰੀ ਖੇਲ ਨਹੀਂ ਕੋਈ ਲੁੱਕੀ, ਪਰਦਿਆਂ ਵਿਚ ਨਾ ਕੋਇ ਛੁਪਾਈਆ । ਮੇਰੀ ਆਦਿ ਤੋਂ ਧਾਰ ਸਦਾ ਦੋ ਤੁਕੀ, ਬਹੁ ਵਿਦਿਆ ਮੇਰੀ ਸਿਫ਼ਤਾਂ ਵਾਲੀ ਪੜ੍ਹਾਈਆ । ਮੈਨੂੰ ਕੀ ਜਾਨਣ ਜਿਹੜੇ ਫਿਰਦੇ ਵਿਚ ਤ੍ਰੈਕੁਟੀ, ਦਸਮ ਦਵਾਰੀ ਵਾਲਾ ਕਹਿਣ ਕਿਛ ਨਾ ਪਾਈਆ । ਕੀ ਹੋਇਆ ਜੇ ਗੁਰ ਅਵਤਾਰ ਪੈਗੰਬਰਾਂ ਮੇਰੀ ਜੋਤ ਦੀ ਪੌਹ ਫੁੱਟੀ, ਪ੍ਰਕਾਸ਼ ਵਿਚੋਂ ਪ੍ਰਕਾਸ਼ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ । ਸੰਮਤ ਪੰਜ ਕਹੇ ਸ਼ਬਦ ਗੁਰੂ ਕਿਉਂ ਉਠਿਆ, ਆਪਣੀ ਲੈ ਅੰਗੜਾਈਆ । ਕਿਉਂ ਗੁਰ ਅਵਤਾਰ ਪੈਗੰਬਰਾਂ ਪੈਂਡਾ ਮੁੱਕਿਆ, ਅਗਲਾ ਪੰਧ ਨਾ ਕੋਇ ਵਖਾਈਆ । ਕਿਉਂ ਅੰਮ੍ਰਿਤ ਧਾਰ ਸੋਮਾ ਸੁਕਿਆ, ਸਚ ਸਰੋਵਰ ਨਾ ਕੋਇ ਨੁਹਾਈਆ । ਕਿਉਂ ਹਉਮੇ ਮੇਟੇ ਕੋਇ ਨਾ ਦੁਖਿਆ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਕਿਉਂ ਸਾਹਿਬ ਸਤਿਗੁਰ ਬੈਠਾ ਲੁਕਿਆ, ਨਿਰਗੁਣ ਨੂਰ ਕਰ ਰੁਸ਼ਨਾਈਆ । ਕਿਉਂ ਕਲਜੁਗ ਕੂੜ ਕੁੜਿਆਰਾ ਰੁੱਸਿਆ, ਪੱਲੂ ਸਚ ਨਾ ਕੋਇ ਗੰਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਬੇਪਰਵਾਹੀਆ । ਸ਼ਬਦ ਗੁਰੂ ਕਹੇ ਗੁਰ ਅਵਤਾਰ ਪੈਗੰਬਰ ਆਓ ਅਗਾਂਹ, ਆਂਗਣ ਆਪਣਾ ਦਿਆਂ ਵਖਾਈਆ । ਬਸਤਰ ਭੂਸ਼ਣ ਖਾਟ ਸੌਣਾ ਨਹੀਂ ਕੋਈ ਮੰਜਾ, ਤਨ ਸ਼ਿੰਗਾਰ ਨਾ ਕੋਇ ਕਰਾਈਆ । ਮੁੱਛ ਦਾੜ੍ਹੀ ਕੇਸ ਬੋਦੀ ਨਾ ਹੋਵੇ ਸੀਸ ਗੰਜਾ, ਤੱਤਾਂ ਵਾਲੀ ਨਾ ਕੋਇ ਚਤੁਰਾਈਆ । ਨਾ ਸੁਖ ਦੁੱਖ ਨਾ ਕੋਇ ਅਨੰਦਾ, ਰਸ ਵੇਖਣ ਕੋਇ ਨਾ ਪਾਈਆ । ਨਾ ਤਨ ਵਜੂਦ ਪੰਚਮ ਮੀਤਾ ਬੰਦਾ, ਬੰਦਗੀ ਵਿਚ ਧਿਆਨ ਨਾ ਕੋਇ ਲਗਾਈਆ । ਨਾ ਮੰਜ਼ਲ ਪੌੜੀ ਡੰਡਾ, ਨਾ ਡੰਡਾਵਤ ਵਿਚ ਸੀਸ ਝੁਕਾਈਆ । ਨਾ ਕੋਈ ਆਰ ਪਾਰ ਕੰਢਾ, ਨਾ ਘਾਟ ਰਿਹਾ ਵਖਾਈਆ । ਆਦਿ ਦਾ ਅੰਤ ਅੰਤ ਦਾ ਆਦਿ ਸਦਾ ਇਕੋ ਰੰਗਾ, ਰੂਪ ਰੰਗ ਰੇਖ ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਪੈਗੰਬਰਾਂ ਆਪਣੀ

ਸਿਫ਼ਤ ਦੱਸ ਕੇ ਛੰਦਾ, ਨਾਮ ਕਲਮੇ ਦਿਤੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਠਾਂਡਾ ਇਕ ਸੁਹਾਈਆ । ਸ਼ਬਦ ਗੁਰੂ ਕਹੇ ਆਦਿ ਜੁਗਾਦਿ ਮੇਰਾ ਇਕ ਪਰਵਾਰ, ਪਾਰਬ੍ਰਹਮ ਪ੍ਰਭ ਦਿਤੀ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਮੇਰਾ ਆਧਾਰ, ਬਿਨ ਕਿਰਪਾ ਨਜ਼ਰ ਕੋਇ ਨਾ ਆਈਆ । ਮੈਂ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੋ ਜਹਾਨ ਸੱਚੀ ਸਰਕਾਰ, ਸਤਿ ਸਤਿਵਾਦੀ ਇਕ ਅਖਵਾਈਆ । ਜੁਗ ਬਦਲਣਾ ਮੇਰੀ ਕਾਰ, ਕਰਨੀ ਦਾ ਕਰਤਾ ਸਾਚੀ ਸੇਵ ਲਗਾਈਆ । ਮੈਂ ਆਦਿ ਦਾ ਜੁਗਾਦਿ ਦਾ ਇਕ ਬਰਖ਼ੁਰਦਾਰ, ਦੂਜਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਖੇਲ ਕਰਾਂ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਨਿਰਗੁਣ ਜੋਤ ਲਿਆ ਅਵਤਾਰ, ਜੋਤੀ ਜਾਤਾ ਡਗਮਗਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਆਸਾਂ ਵਿਚ ਪਿਆਸਾਂ ਵਿਚ ਵਾਜਾਂ ਗਏ ਮਾਰ, ਕੂਕ ਕੂਕ ਸੁਣਾਈਆ । ਸਦੀ ਚੌਧਵੀਂ ਕਲ ਕਲਕੀ ਲਏ ਅਵਤਾਰ, ਅਮਾਮ ਅਮਾਮਾ ਫੇਰਾ ਪਾਈਆ । ਜਿਸ ਦਾ ਸੁਹੰਜਣਾ ਹੋਣਾ ਇਕ ਦਵਾਰ, ਭਗਤ ਦਵਾਰ ਵੱਜੇ ਵਧਾਈਆ । ਸੋਹਣਾ ਸੁਹੰਵਣਾ ਲੌਣਾ ਦਰਬਾਰ, ਦਰਬਾਰੀ ਇਕੋ ਨਜ਼ਰੀ ਆਈਆ । ਸਾਰੇ ਹੋਣੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਸਹਿਜ ਸੁਖਦਾਈਆ । ਸੰਮਤ ਪੰਜ ਕਹੇ ਸਤਿਗੁਰ ਸ਼ਬਦ ਦਾ ਸੋਹਣਾ ਲੱਗੇ ਦਰਬਾਰ, ਦਰਬਾਰੀ ਪੰਜੇ ਅੱਗੇ ਆਈਆ । ਸੰਦੇਸ਼ੇ ਵਿਚ ਕਰੇ ਖ਼ਬਰਦਾਰ, ਸੋਇਆ ਰਹਿਣ ਕੋਇ ਨਾ ਪਾਈਆ । ਸਤਾਰਾਂ ਹਾੜ ਰਹਿਣਾ ਹੁਸ਼ਿਆਰ, ਗ਼ਫ਼ਲਤ ਅੰਦਰੋਂ ਦੇਣੀ ਕਢਾਈਆ । ਮਸਤਕ ਵਿਚ ਚਿੱਟੀ ਮਾਰਨੀ ਇਕ ਲਕਾਰ, ਇੰਚ ਢਾਈ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸ਼ਬਦ ਗੁਰੂ ਕਹੇ ਮੇਰੇ ਸਾਹਿਬ ਪੰਜ ਦਰਬਾਰੀ, ਪੰਚਮ ਰੰਗ ਰੰਗਾਈਆ । ਗੁਰਮੀਤ ਸਿੰਘ ਨਾਲ ਕਰ ਕੇ ਰੱਖਣੀ ਤਿਆਰੀ, ਤ੍ਰੈਗੁਣ ਡੇਰਾ ਢਾਹੀਆ । ਤੇਰੇ ਕੋਲ ਇਕ ਲਿਸਟ ਹੋਵੇ ਭਾਰੀ, ਜੋ ਖੱਬੇ ਹੱਥ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਸੁਣੋ ਸਚ ਏਕ, ਏਕਾ ਇਕ ਜਣਾਈਆ । ਇਕੋ ਰੱਖਣੀ ਟੇਕ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਪ੍ਰਭੂ ਦਾ ਵੇਖਣਾ ਦੇਸ, ਦੂਸਰ ਅੱਖ ਨਾ ਕੋਇ ਤਕਾਈਆ । ਤੁਹਾਡਾ ਮਾਲਕ ਸਚ ਨਰੇਸ਼, ਨਰ ਨਰਾਇਣ ਦਏ ਵਡਿਆਈਆ । ਜਿਸ ਕਾਰਨ ਪਹਿਲੀ ਹਾੜ ਹੋਏ ਪੇਸ਼, ਪੇਸ਼ਤਰ ਦਿਆਂ ਸਮਝਾਈਆ । ਤੁਸਾਂ ਨੌ ਸਾਲ ਪੂਜਾ ਕੀਤੀ ਸੀ ਗਣੇਸ਼, ਨੌ ਨੌਂ ਵਾਰ ਰੋਜ਼ ਸੀਸ ਝੁਕਾਈਆ । ਤਿੰਨ ਵਾਰ ਦਰਸ਼ਨ ਕੀਤਾ ਸੀ ਸ਼ੇਸ਼, ਸਾਂਗੋ ਪਾਂਗ ਸੇਜ ਨਾਲ ਸੁਹਾਈਆ । ਤੁਹਾਡੇ ਲੰਬੇ ਹੁੰਦੇ ਸੀ ਕੇਸ, ਕਾਲਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਤੁਸਾਂ ਚਲਣਾ ਸਾਥ ਸਾਥ, ਸਵਾਧਾਨ ਆਪਣਾ ਆਪ ਕਰਾਈਆ । ਜਿਸ ਵੇਲੇ ਚਾਹੇ ਪ੍ਰਭੂ ਤੁਹਾਡੇ ਨਾਲ ਕਰੇ ਟਾਕ, ਬੋਲੀ ਅਗੰਮ ਅਥਾਹ ਦ੍ਰਿੜਾਈਆ । ਤੁਸੀਂ ਛੇਤੀ ਦੇਣਾ ਜਵਾਬ, ਸਮਝ ਦੀ ਲੋੜ ਰਹੇ ਨਾ ਰਾਈਆ । ਸਭ ਨੇ ਆਪਣੇ ਕੋਲ ਰੱਖਣੀ ਇਕ ਇਕ ਵਾਚ, ਘੜੀ ਕਲਾਕ ਸੋਭਾ ਪਾਈਆ । ਜਿਸ ਵੇਲੇ ਈਸਾ ਬੋਲੇ ਨਾਲ ਇਤਫ਼ਾਕ, ਬਾਂਹ ਖੱਬੀ ਉਪਰ ਦੇਣੀ ਉਠਾਈਆ । ਜਿਸ ਵੇਲੇ ਮੂਸਾ ਮਾਰੇ ਹਾਕ, ਦੋਵੇਂ ਹੱਥ ਦੇਣੇ ਦਰਸਾਈਆ । ਜਿਸ ਵੇਲੇ ਸਾਹਿਬ ਸਤਿਗੁਰ

ਪੁੱਛੇ ਤੁਹਾਡੀ ਵਾਤ, ਨਿਉਂ ਨਿਉਂ ਕੇ ਸੀਸ ਦੇਣਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸੰਮਤ ਪੰਜ ਕਹੇ ਪੰਜ ਦਰਬਾਰੀ ਆਪਣਾ ਆਪ ਲੈਣਾ ਸੰਭਾਲ, ਬਲਧਾਰੀ ਰੂਪ ਵਟਾਈਆ । ਪਤਾ ਨਹੀਂ ਲੱਗਣਾ ਕਿਸ ਵੇਲੇ ਪ੍ਰਭੂ ਮਾਰ ਕੇ ਆਪਣੀ ਛਾਲ, ਤੁਹਾਡੇ ਉਤੇ ਬੈਠੇ ਚਾਈਂ ਚਾਈਂਆ । ਫੇਰ ਪੁੱਛੇ ਅੰਦਰਲਾ ਹਾਲ, ਸ਼ਬਦ ਸ਼ਬਦ ਨਾਲ ਜਣਾਈਆ । ਤੁਸਾਂ ਇਕ ਇਕ ਕੋਲ ਦਾਣਾ ਰੱਖਣਾ ਦਾਲ, ਜੋ ਮਾਸ਼ ਦਾ ਬਾਵਨ ਗਿਆ ਸਮਝਾਈਆ । ਜਿਸ ਵੇਲੇ ਹੁਕਮ ਨਾਲ ਦੋਹਾਂ ਹੱਥਾਂ ਦਾ ਵੱਜੇ ਤਾਲ, ਤਾਲੀ ਦੇਣੀ ਵਜਾਈਆ । ਤੁੱਟੇ ਤ੍ਰੈਗੁਣ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪਣਾ ਆਪ ਚਲਣਾ ਸੰਭਾਲ, ਸੰਬਲ ਵਿਚ ਸੰਭਲ ਕੇ ਆਪਣਾ ਕ਼ਦਮ ਟਿਕਾਈਆ । ਲਹਿਣਾ ਦੇਣਾ ਦੱਸਣਾ ਕੀ ਗੋਬਿੰਦ ਨਾਲ ਸਰ ਰਵਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਸੋਹਣਾ ਸਿੰਘਾਸਣ ਹੋਵੇ ਸਜਿਆ, ਤਖ਼ਤ ਨਿਵਾਸੀ ਸੋਭਾ ਪਾਈਆ । ਨਾਮ ਖ਼ੁਮਾਰੀ ਵਿਚ ਜਨ ਭਗਤ ਸੁਹੇਲਾ ਹੋਵੇ ਰੱਜਿਆ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਹਾੜ ਸਤਾਰਾਂ ਨੂੰ ਮਾਤ ਪਿਤ ਨੂੰ ਛੱਡ ਕੇ ਆਵੇ ਭੱਜਿਆ, ਜੋ ਗੁਰ ਸਤਿਗੁਰ ਦਾ ਅਖਵਾਈਆ । ਦੀਨ ਦੁਨੀ ਦੀ ਲਾਹ ਕੇ ਲੱਜਿਆ, ਢੋਲਾ ਗਾਵੇ ਚਾਈਂ ਚਾਈਂਆ । ਜਿਹੜਾ ਮਿਲੇ ਉਹਨੂੰ ਕਹਿਣਾ ਮੈਨੂੰ ਪੁਰਖ ਅਕਾਲ ਲੱਭਿਆ, ਪਰਦਾ ਉਹਲਾ ਰਹੇ ਨਾ ਰਾਈਆ । ਜਿਸ ਦਾ ਤਖ਼ਤ ਅਗੰਮਾ ਸਜਿਆ, ਤਖ਼ਤ ਨਿਵਾਸੀ ਡੇਰਾ ਲਾਈਆ । ਜਿਸ ਦਾ ਭਗਤ ਪਰਿਵਾਰ ਵਧਿਆ, ਚਾਰ ਜੁਗ ਨਾਲੋਂ ਅਨਗਿਣਤ ਦਿਤੇ ਵਧਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰਾਂ ਸੱਦੇ ਦੇ ਕੇ ਸੱਦਿਆ, ਭਵਿਖਤਾਂ ਵਿਚ ਆਪਣੀ ਆਸ ਰਖਾਈਆ । ਓਹ ਕਰੇ ਖੇਲ ਸੂਰਾ ਸਰਬੱਗਿਆ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਦੀਪਕ ਇਕੋ ਜਗਿਆ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣੋ ਭਗਤ ਸੁਹੇਲੇ ਮੀਤ, ਧਰਮ ਦੀ ਧਾਰ ਦਿਆਂ ਜਣਾਈਆ । ਤੁਹਾਡੀ ਤੁਹਾਡੇ ਨਾਲ ਪ੍ਰੀਤ, ਪ੍ਰੀਤ ਵਿਚੋਂ ਪ੍ਰੀਤਮ ਲੈਣਾ ਪਾਈਆ । ਗੁਰਮੁਖ ਰਹੇ ਕੋਈ ਨਾ ਨੀਚ, ਵਰਨਾਂ ਵੰਡ ਨਾ ਕੋਇ ਵੰਡਾਈਆ । ਸਭ ਦਾ ਇਕੋ ਆਤਮ ਪਰਮਾਤਮ ਮੀਤ, ਢੋਲਾ ਧੁਰਦਰਗਾਹੀਆ । ਕਿਸੇ ਠਗੌਰੀ ਪਾਏ ਕੋਇ ਨਾ ਚੀਤ, ਚੇਤਨ ਸਭ ਨੂੰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਇੱਕੀਆਂ ਕਸੇ ਹੋਣ ਕਮਰਕੱਸੇ, ਕ਼ਸਮ ਆਪਣੀ ਆਪ ਖਾਈਆ । ਲੱਕ ਬੱਧੇ ਹੋਣ ਨਾਲ ਰੱਸੇ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਦੋਵੇਂ ਹੱਥ ਹੋਣ ਬੱਧੇ, ਬੰਦਨਾਂ ਵਿਚ ਸੀਸ ਝੁਕਾਈਆ । ਓਹ ਕਮਰੋਂ ਝੁਕਣ ਅੱਧੇ, ਘੁਟਨੇ ਟੇਢੇ ਨਾ ਕੋਇ ਕਰਾਈਆ । ਪੰਜ ਜੈਕਾਰੇ ਬੋਲਣ ਗੱਜੇ, ਜ਼ੋਰ ਜ਼ੋਰ ਸੁਣਾਈਆ । ਹਰਿ ਸੰਗਤ ਉਨ੍ਹਾਂ ਪਿੱਛੇ ਲੱਗੇ, ਢੋਲਾ ਗਾਉਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਇੱਕੀ ਬੀਬੀਆਂ ਕਮਰ ਨੂੰ ਬੱਧੇ ਹੋਣ ਦੁੱਪਟੇ, ਦੁਪੱਟਾ ਸੀਸ ਉਤੇ ਟਿਕਾਈਆ । ਸਾਰੀਆਂ ਹੋਵਣ ਇਕੋ ਉਮਰ ਤੇ ਇਕੋ ਵੱਤੇ, ਇਕੋ ਰੰਗ ਰੰਗਾਈਆ । ਜੋ ਨਾਤਾ ਤੋੜਨ ਭਾਈ ਭੈਣ ਸਕੇ, ਪਿਛਲੀ ਯਾਦ ਨਾ ਕੋਇ ਕਰਾਈਆ । ਜੇ ਭਾਵੇ ਪ੍ਰਭ ਆਪਣੇ ਕੋਲ ਰੱਖੇ, ਸਭ ਨਾਲੋਂ ਕਰੇ ਜੁਦਾਈਆ । ਸਚ ਦਰਬਾਰ ਹੁਕਮ ਦੇਵੇ ਸੱਚੇ, ਸੀਸ ਧੜ ਲੈਣਾ ਨਿਵਾਈਆ । ਜਨ ਭਗਤ ਭਗਤੀ ਵਿਚ ਰਹਿਣ ਨਾ ਕੱਚੇ, ਕੰਚਨ ਗੜ੍ਹ ਆਪ ਸੁਹਾਈਆ । ਜੋਤੀ

੧੩੬੭ ੨੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੰਮਤ ਪੰਜ ਕਹੇ ਸਚ ਦਰਬਾਰਾ ਲੱਗਣਾ, ਲੱਗੇ ਜਗਤ ਜਹਾਨ । ਨਾਮ ਦਮਾਮਾ ਵੱਜਣਾ, ਵਜਾਏ ਸ੍ਰੀ ਭਗਵਾਨ । ਗੁਰ ਅਵਤਾਰ ਪੈਗ਼ੰਬਰ ਸੱਦਣਾ, ਸੱਦਾ ਦੇ ਕੇ ਧੁਰ ਫ਼ਰਮਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਚਾਰ ਜੁਗ ਦੇ ਭਗਤ ਹੋਵਣ ਮੇਰੇ ਚਾਰ ਚੁਫੇਰੇ, ਚਾਰੋਂ ਕੁੰਟ ਸੋਭਾ ਪਾਈਆ । ਪਿਆਰ ਮੁਹੱਬਤ ਵਾਲੇ ਪਾਵਣ ਘੇਰੇ, ਚਾਰੇ ਕੂਟਾਂ ਵੱਜੇ ਵਧਾਈਆ । ਦੂਰ ਦੁਰਾਡੇ ਆਵਣ ਨੇੜੇ, ਸਚ ਦਵਾਰੇ ਸੋਭਾ ਪਾਈਆ । ਦੀਨ ਮਜ਼੍ਹਬ ਦਾ ਕਰੇ ਕੋਇ ਨਾ ਝੇੜੇ, ਝਗੜਾ ਛੱਡੇ ਕੂੜ ਲੋਕਾਈਆ । ਸਾਰੇ ਕਹਿਣ ਅਸੀਂ ਵਸੀਏ ਭਗਤ ਜਨਾਂ ਦੇ ਖੇੜੇ, ਖੰਡ ਬ੍ਰਹਿਮੰਡ ਤਜਾਈਆ । ਕਲਜੁਗ ਮਿਲੇ ਪ੍ਰਭੂ ਨੂੰ ਜਿਹੜੇ, ਜੀਵਣ ਜੁਗਤ ਜਗਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਦਏ ਮਿਲਾਈਆ । ਸਚ ਮੇਲਾ ਆਪ ਮਿਲਾਵਾਂਗਾ । ਭਗਤ ਸੁਹੇਲੇ ਰੰਗ ਰੰਗਾਵਾਂਗਾ । ਹਾੜ ਸਤਾਰਾਂ ਨੂਰ ਚਮਕਾਵਾਂਗਾ । ਜੋਤੀ ਜੋਤ ਡਗਮਗਾਵਾਂਗਾ । ਪੁਰਖ ਬਿਧਾਤਾ ਨਾਉਂ ਧਰਾਵਾਂਗਾ । ਜਗਤ ਗਿਆਤਾ ਇਕ ਅਖਵਾਵਾਂਗਾ । ਭਗਤ ਸੁਹੇਲੇ ਗੋਦ ਟਿਕਾਵਾਂਗਾ । ਮਾਤ ਪਿਤ ਨਾਮ ਉਪਜਾਵਾਂਗਾ । ਕਰ ਕੇ ਸਾਚਾ ਹਿਤ, ਰੰਗ ਰੰਗਾਵਾਂਗਾ । ਕਰ ਕੇ ਖੇਲ ਨਿਤ, ਨਵਿਤ ਵੇਸ ਵਟਾਵਾਂਗਾ । ਅਗਲਾ ਲੇਖਾ ਸਭ ਦਾ ਲਿਖ, ਪਿਛਲਾ ਜਨਮ ਕਰਮ ਗਵਾਵਾਂਗਾ । ਜਨ ਭਗਤ ਸੁਹੇਲੇ ਬਣਾ ਕੇ ਧੁਰ ਦੇ ਸਿੱਖ, ਸਿੱਖੀ ਮਸਤਕ ਉਤੇ ਟਿਕਾਵਾਂਗਾ । ਜਨ ਭਗਤੋ ਪੂਜਣਾ ਨਹੀਂ ਕੋਈ ਪੱਥਰ ਇੱਟ, ਸਿਲ ਪਾਹਨ ਕੋਲੋਂ ਛੁਡਾਵਾਂਗਾ । ਪੁਰਖ ਅਕਾਲ ਮੰਨਣਾ ਇਕ, ਦੂਜਾ ਇਸ਼ਟ ਨਾ ਕੋਇ ਦਰਸਾਵਾਂਗਾ । ਜੋ ਹਰ ਘਟ ਰਿਹਾ ਦਿਸ, ਜੋਤ ਨੂਰ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਸਤਿਗੁਰ ਸ਼ਬਦ ਕਹੇ ਨੌਂ ਵਾਰ ਬਰਸਾਉਣੇ ਫੂਲ, ਗੁਲ ਗੁਲਸ਼ਨ ਨਾਲ ਮਹਿਕਾਈਆ । ਮੁਖੋਂ ਕਹਿਣਾ ਧਰਮ ਦਾ ਹੋਏ ਅਸੂਲ, ਅਸਲ ਅਸਲ ਮਿਲੇ ਵਡਿਆਈਆ । ਸਾਹਿਬ ਸਤਿਗੁਰ ਨਾ ਜਾਏ ਭੂਲ, ਅਭੁੱਲ ਦਇਆ ਕਮਾਈਆ । ਸਭ ਨੇ ਲਹਿਣਾ ਕਰਨਾ ਵਸੂਲ, ਵਸਲ ਯਾਰ ਦੇਵੇ ਖ਼ੁਦਾਈਆ । ਹੁਕਮ ਸੁਣਨਾ ਇਕ ਮਾਕੂਲ, ਮਿਹਰਵਾਨ ਆਪ ਦ੍ਰਿੜਾਈਆ । ਸਿੰਘਾਸਣ ਓਹ ਨਾ ਡਾਹਿਓ ਜਿਸ ਦਾ ਹੋਵੇ ਪਾਵਾ ਚੂਲ, ਹਿੱਸਿਆਂ ਵਿਚ ਵੰਡ ਵੰਡਾਈਆ । ਸਚ ਦਰਬਾਰ ਦਾ ਨਾ ਕੋਈ ਅਰਜ਼ ਤੇ ਨਾ ਕੋਈ ਤੂਲ, ਮੁਸਤਤੀਲ ਹੱਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਨਾ ਕੋਈ ਬਣਾਇਓ ਥੜ੍ਹਾ, ਪੱਥਰ ਇੱਟਾਂ ਵੰਡ ਵੰਡਾਈਆ । ਨਾ ਕੋਈ ਖੋਦਿਓ ਗੜ੍ਹਾ, ਧੂਣੀਆਂ ਵਾਲਾ ਰੂਪ ਦਰਸਾਈਆ । ਨਾ ਕੋਈ ਬਣਾਇਓ ਮੱਠ ਮੜ੍ਹਾ, ਆਪਣੀ ਸ਼ਾਨ ਜਣਾਈਆ । ਇਕ ਥਾਂ ਸੁਹਾਉਣਾ ਰੜਾ, ਸੋਹਣਾ ਸੁਥਰਾ ਸਾਫ਼ ਬਣਾਈਆ । ਗਿਆਰਾਂ ਹਾੜ ਨੂੰ ਓਥੇ ਪੁਰਖ ਅਕਾਲ ਹੋਵੇ ਖੜ੍ਹਾ, ਅਗਲਾ ਹੁਕਮ ਫੇਰ ਸਮਝਾਈਆ । ਇਕ ਫੜ ਕੇ ਲਿਆਉਣਾ ਕੋਲ ਚਿੜੀ ਚਿੜਾ, ਜਿਸ ਦੀ ਰਾਮ ਦਏ ਗਵਾਹੀਆ । ਨੌਂ ਹੱਥ ਦਾ ਹੋਵੇ ਪਿੜਾ, ਚਾਰੋਂ ਕੁੰਟ ਸੋਭਾ ਪਾਈਆ । ਫੂਲਨ ਗੁਲਦਸਤਾ ਹੋਵੇ ਖਿੜਾ, ਇੱਕੀ ਗੁਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰੀ ਖੇਲ ਨਿਆਰੀ, ਸਮਝ ਕਿਸੇ ਨਾ ਆਈਆ । ਗਿਆਰਾਂ

ਹਾੜ ਨੂੰ ਪੰਜਾਂ ਲਿਖਾਰੀਆਂ ਕਰ ਕੇ ਆਉਣਾ ਤਿਆਰੀ, ਤ੍ਰੈਗੁਣ ਡੇਰਾ ਢਾਹੀਆ । ਮਾਤ ਪਿਤਾ ਦੀ ਛੱਡ ਕੇ ਯਾਰੀ, ਨਾਤਾ ਇਕੋ ਨਾਲ ਜੁੜਾਈਆ । ਸਵਾ ਘੰਟਾ ਹੋਵੇ ਰੋਜ਼ ਵਿਹਾਰੀ, ਵਿਵਹਾਰੀ ਦਏ ਸੁਣਾਈਆ । ਵਿਚੋਂ ਕਰੇ ਨਾ ਕੋਈ ਗ਼ਦਾਰੀ, ਧੁਰ ਫ਼ਰਮਾਨਾ ਦੇਵੇ ਧੁਰਦਰਗਾਹੀਆ । ਜਿਹੜਾ ਬਚਨ ਗਿਆ ਹਾਰੀ, ਪੂਰਾ ਕੌਲ ਨਾ ਤੋੜ ਨਿਭਾਈਆ । ਅਠਾਰਾਂ ਹਾੜ ਨੂੰ ਉਸ ਨੂੰ ਲੱਗੇ ਬੀਮਾਰੀ, ਅੱਗੇ ਸਕੇ ਨਾ ਕੋਇ ਬਚਾਈਆ । ਨਾਰੀ ਕਰੇ ਨਾ ਕੋਇ ਪਿਆਰੀ, ਭੈਣ ਭਾਈ ਨਾ ਸੰਗ ਨਿਭਾਈਆ । ਇਹ ਹੁਕਮ ਜੋਤ ਨਿਰੰਕਾਰੀ, ਜਗਤ ਵਾਲੀ ਨਾ ਕੋਇ ਸਮਝਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਭਗਤੋ ਆਈ ਤੁਹਾਡੀ ਵਾਰੀ, ਵਾਰਸ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਵੱਡਾ ਵਡ ਵਡਿਆਈਆ । ਗਿਆਰਾਂ ਹਾੜ ਕਹੇ ਪੰਜਾਂ ਪਿਆਰਿਆਂ ਨੂੰ ਪੈਣਾ ਆਉਣਾ, ਮੈਂ ਸਚ ਦਿਆਂ ਸਮਝਾਈਆ । ਪੰਜਾਂ ਨੂੰ ਇਕੱਠਾ ਪਏ ਸੌਣਾ, ਘਰ ਘਰ ਦੇਣਾ ਤਜਾਈਆ । ਪੰਜਾਂ ਨੂੰ ਪੰਜ ਵਾਰ ਰੋਜ਼ ਸੀਸ ਪਏ ਨਿਵਾਉਣਾ, ਗ਼ੈਰਹਾਜ਼ਰ ਰਹਿਣ ਕੋਇ ਨਾ ਪਾਈਆ । ਪੰਜਾਂ ਨੇ ਕਿਸੇ ਦੇ ਘਰ ਨਹੀਂ ਜਾਣਾ ਬਣ ਪ੍ਰਾਹੁਣਾ, ਜਗਤ ਨਾਤਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗਿਆਰਾਂ ਹਾੜ ਕਹੇ ਮੇਰਾ ਵਕ਼ਤ ਹੋਣਾ ਸੁਹਾਵਾ, ਸੋਹਣੀ ਰੁਤ ਸੁਹਾਈਆ । ਮੇਰਾ ਪੂਰਾ ਹੋਣਾ ਦਾਅਵਾ, ਜੋ ਆਸਾ ਇਕ ਜਣਾਈਆ । ਗੋਬਿੰਦ ਨੇ ਕਿਹਾ ਮੇਰਾ ਪੁਰਖ ਅਕਾਲ ਕਿਸੇ ਨੇ ਤੋਲ ਤੋਲਿਆ ਨਹੀਂ ਸਾਂਵਾਂ, ਤੱਕੜ ਹੱਥ ਨਾ ਕੋਇ ਉਠਾਈਆ । ਓਹ ਖੇਲ ਕਰੇ ਜਨ ਭਗਤ ਗੋਦ ਉਠਾਏ ਜਿਉਂ ਪੁੱਤਰ ਮਾਂਵਾਂ, ਪਿਤਾ ਆਪੇ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਜਨ ਭਗਤੋ ਖੋਲ੍ਹੋ ਆਪਣੇ ਪੜਦੇ, ਪੜਦਾ ਦਿਆਂ ਉਠਾਈਆ । ਮਾਲਕ ਬਣੋ ਆਪਣੇ ਘਰ ਦੇ, ਕਿਉਂ ਘਰੋਂ ਹੋਈ ਜੁਦਾਈਆ । ਦਰਵੇਸ਼ ਹੋਇਓ ਨਾ ਕਿਸੇ ਦੇ ਦਰ ਦੇ, ਮੰਗਤੇ ਜਗਤ ਰੂਪ ਵਟਾਈਆ । ਤੁਸੀਂ ਪਿਆਰੇ ਉਸ ਹਰਿ ਦੇ, ਜੋ ਹਰ ਹਿਰਦੇ ਰਿਹਾ ਸਮਾਈਆ । ਜੁਗ ਜੁਗ ਤੁਸੀਂ ਪ੍ਰਭੂ ਦੀ ਭਗਤੀ ਰਹੇ ਕਰਦੇ, ਕਲਜੁਗ ਅੰਤਮ ਮੇਲ ਮਿਲਾਈਆ । ਜਿਸ ਸਾਹਿਬ ਨੂੰ ਰਹੇ ਲੱਭਦੇ, ਓਹ ਸਹਿਜੇ ਲਏ ਮਿਲਾਈਆ । ਨਾਮ ਪਿਆਲੇ ਦੇਵੇ ਅੰਮ੍ਰਿਤ ਮਦਿ ਦੇ, ਮਧੁਰ ਰਸ ਵਖਾਈਆ । ਤੁਸੀਂ ਪੁਜਾਰੀ ਨਹੀਂ ਬਣਨਾ ਸ਼ੰਕਰ ਵਾਲੀ ਅੱਗ ਦੇ, ਧੂਣੀ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਸਹਿਜ ਸੁਭਾਈਆ । ਸਤਿਗੁਰ ਸ਼ਬਦ ਕਹੇ ਮੈਂ ਹੁਕਮ ਦੇਣਾ ਸਖ਼ਤ, ਸਖ਼ਤੀ ਨਾਲ ਦ੍ਰਿੜਾਈਆ । ਕਿਹੋ ਜਿਹਾ ਬਣੌਣਾ ਤਖ਼ਤ, ਕਵਣ ਧਾਰ ਸੁਹਾਈਆ । ਕਿਸ ਬਿਧ ਸੁਹੌਣਾ ਵਕ਼ਤ, ਵੇਲਾ ਦਏ ਗਵਾਹੀਆ । ਜਨ ਭਗਤੋ ਇਹ ਇਕੋ ਦਿਨ ਨਵ ਨੌ ਚਾਰ ਪਿਛੋਂ ਆਇਆ ਜਗਤ, ਜਗ ਜੀਵਣ ਦਾਤਾ ਦਏ ਦ੍ਰਿੜਾਈਆ । ਤੁਹਾਡੇ ਸਾਹਮਣੇ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਨੀ ਸ਼ਰਤ, ਸ਼ਰਅ ਦੇਣੀ ਬਦਲਾਈਆ । ਤੁਹਾਡਾ ਮੇਲਾ ਮੇਲ ਕੇ ਉਪਰ ਧਰਤ, ਧਰਤ ਤੋਂ ਅਰਸ਼ ਦੇਣਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਦਏ ਵਡਿਆਈਆ । ਸੰਮਤ ਪੰਜ ਕਹੇ ਤਖ਼ਤ ਸੁਹਾਏ ਇਕ, ਇਕ ਇਕ ਜਣਾਈਆ । ਜਿਸ ਦੀ ਧਾਰ ਨੂੰ ਗੋਬਿੰਦ ਗਿਆ ਲਿਖ, ਨੌ ਅੱਖਰਾਂ ਵੰਡ ਵੰਡਾਈਆ । ਰਾਮ ਪਾ ਕੇ ਹਿੱਸ, ਬਾਲਿਸ਼ਤਾਂ ਵਿਚ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

ਸਤਿਗੁਰ ਸ਼ਬਦ ਕਹੇ ਮੇਰੀ ਧਾਰ ਨੇ ਜਿਥੇ ਬਹਿਣਾ, ਜੋਤ ਨੂਰ ਰੁਸ਼ਨਾਈਆ । ਉਸ ਦਾ ਲੇਖਾ ਰਸਨਾ ਕਿਸੇ ਨਾ ਕਹਿਣਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਲਹਿਣਾ ਲੈਣਾ, ਦੇਵਣਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕ ਸੈਣਾ, ਸੱਜਣ ਧੁਰ ਦੀ ਧਾਰ ਅਖਵਾਈਆ ।

## ❋ ੨ ਹਾੜ ਸ਼ਹਿਨਸ਼ਾਹੀ ਸੰਮਤ ੫ ਮੋਤਾ ਸਿੰਘ ਦੇ ਗ੍ਰਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ❋

ਸੰਮਤ ਪੰਜ ਕਹੇ ਪ੍ਰਭ ਵੇਖਿਆ ਸਰਬ ਵਿਆਪੀ, ਵਿਆਪਕ ਹੋ ਕੇ ਆਪਣੀ ਕਾਰ ਕਮਾਈਆ । ਦੋ ਜਹਾਨਾਂ ਬਣਿਆ ਸ਼ਾਹ ਪਾਤਸ਼ਾਹ ਵਡ ਪ੍ਰਤਾਪੀ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਦੇਵੇ ਸਭ ਦਾ ਬਾਕੀ, ਨਿਰਗੁਣ ਸਰਗੁਣ ਆਪਣੀ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਨਾਮ ਸੰਦੇਸ਼ਾ ਧੁਰ ਦਾ ਕਲਮਾ ਦੇਵੇ ਕਥਾ ਕਹਾਣੀ ਦੱਸੇ ਸਾਚੀ, ਸਚ ਸੁਚ ਸੰਜਮ ਇਕ ਸਮਝਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਅੰਤਮ ਵੇਖੇ ਅੰਧੇਰੀ ਰਾਤੀ, ਚਾਰ ਕੁੰਟ ਦਹਿ ਦਿਸ਼ਾ ਨਵ ਸੱਤ ਖੋਜ ਖੁਜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਬਦਲ ਦੇਵੇ ਹਯਾਤੀ, ਜ਼ਿੰਦਗੀ ਵਿਚੋਂ ਜ਼ਿੰਦਗੀ ਆਪ ਸਮਝਾਈਆ । ਭਗਤ ਸੁਹੇਲਾ ਇਕ ਅਕੇਲਾ ਏਕੰਕਾਰਾ ਹਰਿ ਨਿਰੰਕਾਰਾ ਜਨ ਭਗਤਾਂ ਦੇ ਕੇ ਅੰਮ੍ਰਿਤ ਬੂੰਦ ਸਵਾਂਤੀ, ਅਗਨੀ ਤੱਤ ਦਏ ਬੁਝਾਈਆ । ਏਥੇ ਓਥੇ ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖੇ ਖੇਲ ਪੁਰਖ ਅਬਿਨਾਸ਼ੀ, ਕਰਨੀ ਦਾ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਚ ਦਾ ਮਾਲਕ ਏਕੰਕਾਰਾ, ਹਰਿ ਕਰਤਾ ਵਡ ਵਡਿਆਈਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਨਿਰਗੁਣ ਨਿਰਵੈਰ ਬੇਪਰਵਾਹੀਆ । ਸੰਬਲ ਵਸੇ ਧਾਮ ਨਿਆਰਾ, ਅਲਖ ਅਗੋਚਰ ਡੇਰਾ ਲਾਈਆ । ਜਿਸ ਨੂੰ ਝੁਕਦੇ ਗੁਰੂ ਅਵਤਾਰਾ, ਪੈਗ਼ੰਬਰ ਸੱਯਦਿਆਂ ਸੀਸ ਝੁਕਾਈਆ । ਜਿਸ ਦਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰਾ, ਸ਼ਾਹੀ ਮਿਲੇ ਨਾ ਕੋਇ ਵਡਿਆਈਆ । ਸੋ ਸਵਾਮੀ ਅੰਤਰਜਾਮੀ ਘਟ ਨਿਵਾਸੀ ਪਾਵੇ ਸਭ ਦੀ ਸਾਰਾ, ਸਾਰ ਸ਼ਬਦ ਦੀ ਧਾਰ ਇਕ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਸੁਣਾਈਆ । ਧੁਰ ਦਾ ਹੁਕਮ ਅਗੰਮ ਅਥਾਹ, ਨਿਰਗੁਣ ਨਿਰਵੈਰ ਆਪ ਜਣਾਈਆ । ਜਿਸ ਦਾ ਖੇਲ ਜਲ ਥਲ ਅਸਗਾਹ, ਮਹੀਅਲ ਵੇਖੇ ਪਰਦਾ ਲਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਂ, ਰਵ ਸਸ ਸੀਸ ਨਿਵਾਈਆ । ਲੇਖਾ ਜਾਣੇ ਦੋ ਜਹਾਂ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਨਾਂ, ਕਲਮਾ ਕਾਇਨਾਤ ਪੜ੍ਹਾਈਆ । ਲੇਖਾ ਜਾਣੇ ਨੌਜਵਾਂ, ਬਿਰਧ ਬਾਲ ਨਾ ਰੂਪ ਵਟਾਈਆ । ਪ੍ਰਗਟ ਹੋ ਕੇ ਵਾਲੀ ਦੋ ਜਹਾਂ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜਨ ਭਗਤਾਂ ਬਣ ਕੇ ਪਿਤਾ ਮਾਂ, ਸੰਤ ਸੁਹੇਲੇ ਗੋਦ ਉਠਾਈਆ । ਕਲਜੁਗ ਕੂੜੀ ਕਲਪਣਾ ਵੇਖੇ ਕਾਂ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੋਜ ਖੁਜਾਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਹਰਿ ਕਾ ਭੇਵ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ

ਨੌਜਵਾਨਾ ਮਰਦ ਮਰਦਾਨਾ ਅੰਤ ਅਖ਼ੀਰ ਬੇਨਜ਼ੀਰ ਸਦੀ ਚੌਧਵੀਂ ਕਰੇ ਹੱਕ ਨਿਆਂ, ਹਕ਼ੀਕ਼ਤ ਦਾ ਮਾਲਕ ਖ਼ਲਕ ਦਾ ਖ਼ਾਲਕ ਪਰਦਾ ਉਹਲਾ ਆਪ ਉਠਾਈਆ । ਸੰਮਤ ਪੰਜ ਕਹੇ ਮੈਂ ਸੁਣਿਆ ਸੰਦੇਸ਼ਾ ਅਗੰਮ, ਹਰਿ ਕਰਤਾ ਆਪ ਜਣਾਈਆ । ਕਲਜੁਗ ਝਗੜਾ ਮੇਟਣਾ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਮਾਇਆ ਮਮਤਾ ਮੋਹ ਵਿਕਾਰ ਰਹੇ ਨਾ ਗ਼ਮ, ਤਾਮਸ ਅੰਦਰੋਂ ਦੇਣੀ ਕਢਾਈਆ । ਹਰਖ ਸੋਗ ਰਹੇ ਨਾ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਚਾਰ ਵਰਨਾਂ ਬੇੜਾ ਬੰਨ੍ਹ, ਨਈਆ ਨੌਕਾ ਇਕੋ ਨਾਮ ਚੜ੍ਹਾਈਆ । ਆਤਮ ਭੇਵ ਖੁਲੌਣਾ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਸ਼ਬਦ ਸੁਨੌਣਾ ਬਿਨਾ ਕੰਨ, ਧੁਨ ਅਨਾਦੀ ਨਾਦ ਵਜਾਈਆ । ਸੰਤ ਸੁਹੇਲੇ ਬਣਾ ਕੇ ਜਨ, ਜਨ ਜਣੇਂਦੀ ਹੋਏ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਵਡਿਆਈਆ । ਧਰਮ ਦਵਾਰਾ ਆਦਿ ਅੰਤ, ਹਰਿ ਕਰਤਾ ਇਕ ਦ੍ਰਿੜਾਇੰਦਾ । ਜਿਥੇ ਮਿਲੇ ਵਡਿਆਈ ਧੁਰ ਦੇ ਸੰਤ, ਸਾਜਣ ਮੀਤ ਸੋਭਾ ਪਾਇੰਦਾ । ਹੋਏ ਮਿਲਾਵਾ ਨਾਲ ਕੰਤ, ਆਤਮ ਪਰਮਾਤਮ ਰੰਗ ਚੜ੍ਹਾਇੰਦਾ । ਗੜ੍ਹ ਰਹੇ ਨਾ ਹਉਮੇ ਹੰਗਤ, ਹੰ ਬ੍ਰਹਮ ਭੇਵ ਖੁਲ੍ਹਾਇੰਦਾ । ਪੰਧ ਮੁਕਾਏ ਬਹਿਸ਼ਤ ਜੱਨਤ, ਸਵਰਗ ਚਰਨਾਂ ਹੇਠ ਦਬਾਇੰਦਾ । ਬੋਧ ਅਗਾਧਾ ਬਣ ਕੇ ਪੰਡਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਨਾਤਾ ਤੋੜ ਕੇ ਜੇਰਜ ਅੰਡਜ, ਉਤਭੁਜ ਸੇਤਜ ਡੇਰਾ ਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕ ਵਡਿਆਇੰਦਾ । ਧਰਮ ਦਵਾਰਾ ਕਹੇ ਮੇਰਾ ਮਾਲਕ ਏਕੰਕਾਰ, ਇਕ ਇਕੱਲਾ ਨਜ਼ਰੀ ਆਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ ।



ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਸ ਨੇ ਪੌਣੀ ਸਾਰ, ਮਹਾਂਸਾਰਥੀ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸੋ ਧਰਨੀ ਧਰਤ ਧਵਲ ਨਿਰਗੁਣ ਨੂਰ ਜੋਤ ਕਰ ਉਜਿਆਰ, ਅੰਧ ਅੰਧੇਰ ਦਏ ਗਵਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌ ਚਾਰ ਪਾਵੇ ਸਾਰ, ਭੇਵ ਅਭੇਦਾ ਅਛਲ ਅਛੇਦਾ ਦਏ ਖੁਲ੍ਹਾਈਆ । ਜਿਸ ਨੂੰ ਰਵ ਸਸ ਸੂਰੀਆ ਚੰਦ ਮੰਡਲ ਮੰਡਪ ਕਰਨ ਨਿਮਸਕਾਰ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਿਉਂ ਨਿਉਂ ਲਾਗਣ ਪਾਈਆ । ਸੋ ਕਲ ਕਲਕੀ ਲਏ ਅਵਤਾਰ, ਲੇਖਾ ਜਾਣੇ ਧਰਮ ਦੀ ਧਾਰ, ਅਮਾਮ ਅਮਾਮਾ ਆਪਣਾ ਹੁਕਮ ਵਰਤਾਈਆ । ਕੁਦਰਤ ਦਾ ਕ਼ਾਦਰ ਕਾਇਨਾਤ ਦਾ ਸਿਕਦਾਰ, ਦ੍ਰਿਸ਼ਟੀ ਦਾ ਇਸ਼ਟ ਸ੍ਰਿਸ਼ਟ ਦਾ ਸਾਹਿਬ ਸਵਾਮੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਭੇਵ ਅਭੇਦ ਖੁਲ੍ਹਾਈਆ । ਸੰਮਤ ਪੰਜ ਕਹੇ ਮੇਰਾ ਆਇਆ ਵਕ਼ਤ ਸੁਹੰਞਣਾ, ਪ੍ਰਭ ਦੇਵੇ ਮਾਣ ਵਡਿਆਈਆ । ਦੀਪਕ ਜਗਾ ਕੇ ਆਦਿ ਨਿਰੰਜਣਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਦੀਨਾਂ ਨਾਥ ਹੋ ਕੇ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਈਆ । ਭਗਤ ਜਨਾਂ ਬਣ ਕੇ ਸੱਜਣਾ, ਮੀਤ ਮੁਰਾਰਾ ਹੋ ਕੇ ਵੇਖ ਵਖਾਈਆ । ਨਾਮ ਨੇਤਰ ਪਾਵੇ ਅੰਜਣਾ, ਅੰਧ ਅੰਧੇਰ ਦਏ ਗਵਾਈਆ । ਦਰਸ ਵਖਾਏ ਗੋਪਾਲ ਮੂਰਤ ਮਦਨਾ, ਅਨੁਭਵ ਪ੍ਰਕਾਸ਼ ਆਪਣਾ ਇਕ ਦ੍ਰਿੜਾਈਆ । ਜਿਸ ਦਾ ਨਾਮ ਦਮਾਮਾ ਦੋ ਜਹਾਨਾਂ ਵੱਜਣਾ, ਡੰਕਾ ਰਾਓ ਰੰਕ ਸੁਣਾਈਆ । ਖੇਲੇ ਖੇਲ ਚੰਡ ਪਰਚੰਡਣਾ, ਬ੍ਰਹਿਮੰਡ ਖੰਡ ਸੋਇਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਵਾਰਾ ਇਕ ਵਖਾਈਆ । ਸਚ ਦਵਾਰਾ

੧੩੭੧ ੨੧

ਆਦਿ ਜੁਗਾਦੀ ਇਕ, ਜੁਗ ਜੁਗ ਆਪ ਜਣਾਈਆ । ਜਗਤ ਨੇਤਰ ਕਿਸੇ ਨਾ ਆਵੇ ਦਿਸ, ਦੋਏ ਲੋਚਣ ਨੈਣਾਂ ਨੀਰ ਵਹਾਈਆ । ਜਿਸ ਉਤੇ ਕਿਰਪਾ ਕਰ ਕਰੇ ਆਪਣਾ ਹਿੱਤ, ਹਿੱਤਕਾਰੀ ਹੋ ਕੇ ਦਇਆ ਕਮਾਈਆ । ਸਾਹਿਬ ਸਵਾਮੀ ਹੋ ਕੇ ਵਸੇ ਵਿਚ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਤਿਨ੍ਹਾਂ ਦਰਸ਼ਨ ਦੇਵੇ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਸ਼ਬਦ ਅਗੰਮਾ ਦੱਸੇ ਮਿੱਠ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਸੋ ਸੰਤ ਸੁਹੇਲਾ ਮਾਨਸ ਜਨਮ ਜਾਏ ਜਿੱਤ, ਲੱਖ ਚੁਰਾਸੀ ਆਪਣਾ ਫੰਦ ਕਟਾਈਆ । ਪੁਰਖ ਅਕਾਲਾ ਦੀਨ ਦਿਆਲਾ ਮਰਦ ਮਰਦਾਨਾ ਨੌਜਵਾਨਾ ਬਣੇ ਮਿਤ, ਮਿੱਤਰ ਪਿਆਰਾ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਸੰਮਤ ਪੰਜ ਕਹੇ ਮੇਰਾ ਸੰਮਤ ਪੰਜ ਸੁਹਾਵਣਾ, ਸੋਭਾਵੰਤ ਸੁਹਾਏ । ਪ੍ਰਭ ਆਪਣਾ ਹੁਕਮ ਵਰਤਾਵਣਾ, ਨਾ ਕੋਈ ਮੇਟੇ ਮੇਟ ਮਿਟਾਏ । ਗੁਰ ਅਵਤਾਰ ਪੈਗ਼ੰਬਰ ਉਠਾਵਣਾ, ਜੋਤੀ ਜੋਤ ਕਰ ਰੁਸ਼ਨਾਏ । ਸ਼ਬਦ ਸੰਦੇਸ਼ਾ ਇਕ ਸੁਣਾਵਣਾ, ਅਗੰਮ ਅਥਾਹ ਦਏ ਪੜ੍ਹਾਏ । ਲੋਕਮਾਤ ਦਾ ਰਾਹ ਤਕਾਵਣਾ, ਬ੍ਰਹਿਮੰਡ ਖੰਡ ਪੁਰੀ ਲੋਅ ਨਾ ਕੋਇ ਉਠਾਏ । ਸਚ ਦਵਾਰਾ ਇਕ ਸੁਹਾਵਣਾ, ਸਚ ਸਵਾਮੀ ਦਏ ਸਮਝਾਏ । ਭਗਤ ਦਵਾਰੇ ਡੇਰਾ ਲਾਵਣਾ, ਜਿਥੇ ਪੁਰਖ ਅਬਿਨਾਸ਼ੀ ਸੋਭਾ ਪਾਏ । ਦੀਨ ਮਜ਼੍ਹਬ ਨਾ ਵੰਡ ਵੰਡਾਵਣਾ, ਜ਼ਾਤ ਪਾਤ ਨਾ ਕੋਇ ਰਖਾਏ । ਸਭ ਨੇ ਇਕੋ ਢੋਲਾ ਗਾਵਣਾ, ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਆਪਣਾ ਤੱਤ ਜਣਾਏ । ਸਾਚੇ ਕਲਮਾ ਸੀਸ ਝੁਕਾਵਣਾ, ਡੰਡਾਵਤ ਇਕੋ ਘਰ ਦ੍ਰਿੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ਼ਾ ਇਕ ਸੁਣਾਏ । ਸਚ ਸੰਦੇਸ਼ਾ ਦੇਵੇ ਸਾਹਿਬ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਸੁਣਨਾ ਬਿਨਾ ਕਾਨ, ਤਨ ਵਜੂਦ ਮਾਟੀ ਖ਼ਾਕ ਨਾ ਕੋਇ ਰਖਾਈਆ । ਅਗੰਮ ਅਥਾਹ ਇਕ ਫ਼ਰਮਾਨ, ਫ਼ਰਮਾਂਬਰਦਾਰਾਂ ਦਿਆਂ ਜਣਾਈਆ । ਬਿਨਾ ਬੁੱਧੀ ਤੋਂ ਹੋਵੇ ਗਿਆਨ, ਅਨੁਭਵ ਦ੍ਰਿਸ਼ਟੀ ਇਕ ਖੁਲ੍ਹਾਈਆ । ਹਾੜ ਸਤਾਰਾਂ ਸਭ ਨੇ ਬਣਨਾ ਮਹਿਮਾਨ, ਮਿਹਰਵਾਨੀ ਮਿਹਰ ਨਜ਼ਰ ਟਿਕਾਈਆ । ਸਚ ਦਵਾਰੇ ਪਹੁੰਚਣਾ ਆਣ, ਮੰਜ਼ਲ ਆਪਣਾ ਪੰਧ ਮੁਕਾਈਆ । ਅੰਤ ਅਖ਼ੀਰੀ ਤੁਹਾਨੂੰ ਮਿਲੇ ਪਕਵਾਨ, ਭੇਟਾ ਭੇਟ ਚੜ੍ਹਾਈਆ । ਫਿਰ ਨਾਤਾ ਤੋੜਨਾ ਨਾਲੋਂ ਜਹਾਨ, ਸ੍ਰਿਸ਼ਟੀ ਵਿਚ ਨਾ ਕੋਇ ਵਡਿਆਈਆ । ਸਭ ਨੇ ਮੰਨਣਾ ਇਕ ਈਮਾਨ, ਧਰਮ ਇਕ ਦਰਸਾਈਆ । ਇਕੋ ਨੂਰ ਜੋਤ ਭਗਵਾਨ, ਇਕੋ ਅੱਲਾ ਆਲਮੀਨ ਅਖਵਾਈਆ । ਇਕੋ ਕਲਮਾ ਗਾਉਣਾ ਨਾਮ, ਢੋਲਾ ਧੁਰਦਰਗਾਹੀਆ । ਜਿਸ ਨੇ ਦੀਨ ਦੁਨੀ ਦਾ ਬਦਲ ਦੇਣਾ ਨਿਜ਼ਾਮ, ਨੌਬਤ ਨਾਮ ਹੱਕ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਦੇ ਕੇ ਧਰਮ ਦਾ ਦਾਨ, ਦਰ ਦਵਾਰਾ ਇਕ ਵਖਾਈਆ । ਜਿਥੇ ਰਾਓ ਰੰਕ ਬੈਠੇ ਸੀਸ ਝੁਕਾਣ, ਦਰਗਾਹ ਸਾਚੀ ਵੱਜੇ ਵਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਗਾਣ, ਅਨਰਾਗੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰੋ ਤਨ ਵਜੂਦ ਨਹੀਂ ਕੋਈ ਬਸਤਰ, ਖ਼ਾਕੀ ਖ਼ਾਕ ਨਾ ਕੋਇ ਵਡਿਆਈਆ । ਸ਼ਰਅ ਸ਼ਰੀਅਤ ਹਥਿਆਰ ਨਹੀਂ ਕੋਈ ਸ਼ਸਤਰ, ਤਿੱਖੀ ਧਾਰ ਨਾ ਕੋਇ ਬਣਾਈਆ । ਵਖ ਵਖ ਨਹੀਂ ਕੋਈ ਮੰਤਰ, ਚਾਰ ਜੁਗ ਦਾ ਰਾਗ ਅਲਾਈਆ । ਸਭ ਦੀ ਧਾਰ ਵੇਖਾਂ ਅੰਤਰ, ਅੰਤਰ ਅੰਤਰੀਵ ਖੋਜ ਖੁਜਾਈਆ । ਜਿਸ ਦਾ ਲੇਖਾ ਜੁਗਾ ਜੁਗੰਤਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ

੧੩੭੨
੨੧

ਹੰਢਾਈਆ । ਓਹ ਸਚ ਬਣਾਏ ਬਣਤਰ, ਕੂੜੀ ਕਿਰਿਆ ਡੇਰਾ ਢਾਹੀਆ । ਕਰ ਪ੍ਰਕਾਸ਼ ਗਗਨ ਗਗਨੰਤਰ, ਅੰਧ ਅੰਧੇਰਾ ਦਏ ਗਵਾਈਆ । ਸਿਸ਼ਟੀ ਦ੍ਰਿਸ਼ਟੀ ਬਣ ਕੇ ਹੇਤਨ, ਲੱਖ ਚੁਰਾਸੀ ਨਾਰ ਹੰਢਾਈਆ । ਗੁਰਮੁਖ ਸੁਹੇਲੇ ਉਠਾ ਕੇ ਸੰਤਨ, ਜਨ ਭਗਤ ਲਏ ਮਿਲਾਈਆ । ਲੇਖਾ ਜਾਣੇ ਦੀਨ ਦੁਨੀ ਮਨ ਤਨ, ਮਮਤਾ ਮੋਹ ਖੋਜ ਖੁਜਾਈਆ । ਗੁਰਮੁਖ ਵੇਖੇ ਹੀਰੇ ਅਨਮੁਲੇ ਆਪਣੇ ਰਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦੀ ਧਾਰ ਇਕ ਵਡਿਆਈਆ । ਧੁਰ ਦੀ ਧਾਰ ਕਹੇ ਮੈਂ ਧਰਨੀ ਧਰਤ ਸੁਹਾਵਾਂ, ਸੋਭਾਵੰਤ ਵਡਿਆਈਆ । ਪਤਿਪਰਮੇਸ਼ਵਰ ਢੋਲਾ ਗਾਵਾਂ, ਪਰਵਰਦਿਗਾਰ ਇਕੋ ਮਾਹੀਆ । ਚਰਨ ਕਵਲ ਬਲ ਬਲ ਜਾਵਾਂ, ਕਦਮਬੋਸੀ ਸੀਸ ਨਿਵਾਈਆ । ਚਾਰੋਂ ਕੁੰਟ ਫਿਰਾਂ ਚਾਵਾਂ, ਭੱਜਾਂ ਵਾਹੋ ਦਾਹੀਆ । ਦੀਨ ਦੁਨੀ ਆਖ ਸੁਣਾਵਾਂ, ਸਚ ਸੰਦੇਸ਼ਾ ਇਕ ਅਲਾਹੀਆ । ਪ੍ਰਭੂ ਦਵਾਰੇ ਰਹੇ ਨਾ ਕੋਈ ਨਿਥਾਵਾਂ, ਜੋ ਸਰਨ ਆਇਆ ਸੋ ਸਚਖੰਡ ਸਾਚੇ ਦਏ ਪੁਚਾਈਆ । ਸਭ ਦਾ ਤੋਲ ਕਰ ਕੇ ਸਾਂਵਾਂ, ਤਰਾਜ਼ੂ ਆਪਣੇ ਹੱਥ ਉਠਾਈਆ । ਗੁਰਮੁਖਾਂ ਫੜ ਕੇ ਦੋਵੇਂ ਬਾਹਵਾਂ, ਬਲਧਾਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਦਰਸਾਈਆ । ਸੰਮਤ ਪੰਜ ਕਹੇ ਮੇਰੀ ਸੁਹੰਞਣੀ ਹੋਈ ਰੁੱਤੀ, ਰੁਤੜੀ ਪ੍ਰਭ ਮਹਿਕਾਈਆ । ਦੂਨੀ ਉਠਾਉਣੀ ਸੁੱਤੀ, ਜਾਗਰਤ ਜੋਤ ਕਰ ਰੁਸ਼ਨਾਈਆ । ਭਾਗ ਲਗਾਉਣਾ ਕਾਇਆ ਬੁੱਤੀਂ, ਬੁਤਖ਼ਾਨੇ ਕਰ ਸਫ਼ਾਈਆ । ਕਲਪਣਾ ਰਹਿਣ ਨਹੀਂ ਦੇਣੀ ਦੂਜੀ, ਦਵੈਤੀ ਪੰਧ ਮੁਕਾਈਆ ।
੧੩੭੩ ਆਤਮ ਪਰਮਾਤਮ ਸਭ ਦੀ ਖੋਲ੍ਹਣੀ ਰੁਚੀ, ਰਚਨਾ ਅੰਦਰੋਂ ਦੇਣੀ ਵਖਾਈਆ । ਤਨ ਕਾਇਆ ਮਾਟੀ ਕਰ ਕੇ ਸੁੱਚੀ, ਸਚ ਦਵਾਰੇ ਦਏ ਵਡਿਆਈਆ । ੧੩੭੩
ਜਗਤ ਸੁਹੰਜਣੀ ਹੋਵੇ ਰੁੱਤੀ, ਪੱਤ ਟਹਿਣੀ ਆਪ ਮਹਿਕਾਈਆ । ਭਗਤ ਆਤਮਾ ਰਹੇ ਕੋਈ ਨਾ ਰੁੱਸੀ, ਰਸਤਾ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਦਰ ਤੇਰੇ ਇਕ ਅਲੱਖ, ਅਲਖ ਅਗੋਚਰ ਦਿਆਂ ਜਣਾਈਆ । ਆਪਣਾ ਭੇਵ ਖੋਲ੍ਹਣਾ ਸੱਚ, ਸਚ ਸਵਾਮੀ ਦੇਣਾ ਸਮਝਾਈਆ । ਕੀ ਖੇਲ ਕਰੌਣਾ ਕਾਇਆ ਮਾਟੀ ਕੱਚ, ਪੰਚਮ ਤੱਤ ਤੱਤ ਵਡਿਆਈਆ । ਨਿਰਗੁਣ ਧਾਰ ਹੋ ਪ੍ਰਗਟ, ਜੋਤੀ ਜਾਤੇ ਡਗਮਗਾਈਆ । ਖੇਲ ਦੱਸ ਪੁਰਖ ਸਮਰਥ, ਕੀ ਤੇਰੀ ਬੇਪਰਵਾਹੀਆ । ਸਤਿਜੁਗ ਕਿਸ ਬਿਧ ਚਲੌਣਾ ਰਥ, ਮਹਾਂਸਾਰਥੀ ਆਪਣਾ ਹੁਕਮ ਵਰਤਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਦੇਣਾ ਰਸ, ਰਸਤਾ ਅੰਦਰੋਂ ਇਕ ਖੁਲ੍ਹਾਈਆ । ਸ਼ਬਦ ਅਣਿਆਲਾ ਤੀਰ ਮਾਰੇਂ ਕਸ, ਬਜਰ ਕਪਾਟੀ ਡੇਰਾ ਢਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਂਝਾ ਹੋਵੇ ਜਸ, ਵੇਦ ਪੁਰਾਨਾਂ ਲੋੜ ਰਹੇ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਪਿਆ ਹੱਸ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਸੰਮਤ ਪੰਜ ਵੇਖਣਾ ਆਪਣੀ ਅੱਖ, ਬਿਨਾ ਅੱਖ ਦਿਆਂ ਦਰਸਾਈਆ । ਸਤਾਰਾਂ ਹਾੜ ਖੇਲ ਪ੍ਰਤੱਖ, ਪਰਦਾ ਉਹਲਾ ਦਿਆਂ ਚੁਕਾਈਆ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਦਵਾਰਾ ਇਕੋ ਇਕ ਵਡਿਆਈਆ । ਸੰਤ ਸੁਹੇਲੇ ਲਾਹਾ ਲੈਣ ਖੱਟ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੂੰ ਲੂੰ ਅੰਦਰ ਜਾਏ ਰਚ, ਅੰਤਰ ਨਿਰੰਤਰ ਨਿਰਾਕਾਰ ਨਿਰੰਕਾਰ ਨਿਰਵੈਰ ਆਪਣਾ ਖੇਲ ਖਿਲਾਈਆ ।

❋ ੫ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਭਜਨ ਕੌਰ ਸੁਪਤਨੀ ਪਿਸ਼ੌਰਾ ਸਿੰਘ ਵੇਰਕਾ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ❋

ਸੰਮਤ ਪੰਜ ਕਹੇ ਗੁਰ ਅਵਤਾਰ ਪੈਗ਼ੰਬਰ ਫਿਰਦੇ ਨੱਠੇ, ਦਰਗਾਹ ਸਾਚੀ ਸਚਖੰਡ ਦਵਾਰੇ ਵਾਹੋ ਦਾਹੀਆ । ਸਦੀ ਚੌਧਵੀਂ ਅੰਤ ਅਖ਼ੀਰੀ ਭਗਤ ਭਗਵਾਨ ਹੁੰਦੇ ਜਾਂਦੇ ਇਕੱਠੇ, ਸਰਗੁਣ ਧਾਰ ਨਿਰਗੁਣ ਰੂਪ ਬਦਲਾਈਆ । ਸਚ ਦਵਾਰੇ ਬਹਿੰਦੇ ਜਾਂਦੇ ਸਾਚੇ ਹੱਟੇ, ਸਚਖੰਡ ਦਵਾਰੇ ਸਾਚੇ ਸੋਭਾ ਪਾਈਆ । ਜਨਮ ਕਰਮ ਦੇ ਮੇਟਦੇ ਔਂਦੇ ਰੱਟੇ, ਰੱਟਾ ਇਕੋ ਨਾਮ ਲਗਾਈਆ । ਗੁਰ ਅਵਤਾਰ ਪੈਗ਼ੰਬਰਾਂ ਲੇਖ ਚੁਕਾਉਂਦੇ ਆਏ ਪਟੇ, ਪਟਨੇ ਵਾਲਾ ਪਾਟਲ ਦਏ ਗਵਾਹੀਆ । ਸਚ ਸਵਾਮੀ ਅੰਤਰਜਾਮੀ ਜੋਤ ਵੇਖ ਲਟ ਲਟੇ, ਨੂਰ ਨੂਰ ਵਿਚ ਸਮਾਈਆ । ਸਚ ਪ੍ਰੇਮ ਪ੍ਰੀਤੀ ਭਗਤੀ ਵਿਚ ਰੱਤੇ, ਰਤਨ ਅਮੋਲਕ ਨਜ਼ਰੀ ਆਈਆ । ਬੀਜ ਬੀਜਦੇ ਆਪਣੇ ਵੱਤੇ, ਮਾਨਸ ਜਨਮ ਫਲ ਫੁੱਲ ਵੇਖ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਸਤਿ ਸਵਾਮੀ ਪਤ ਰੱਖੇ, ਰੱਖਿਅਕ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਗੁਰ ਅਵਤਾਰ ਫਿਰਨ ਭੌਂਦੇ, ਭਵਸਾਗਰ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਫਿਰਦੇ ਗਾਉਂਦੇ, ਗ੍ਰਿਹ ਮੰਦਰ ਇਕੋ ਰਾਗ ਅਲਾਈਆ । ਚਾਰ ਜੁਗ ਦਾ ਲੇਖ ਪਏ ਵਖਾਉਂਦੇ, ਫਿਰ ਫਿਰ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਦੀਨ ਦਿਆਲ ਰਾਹ ਤਕਾਉਂਦੇ, ਤਕਵਾ ਇਕੋ ਉਤੇ ਟਿਕਾਈਆ । ਸਚ ਸੰਦੇਸ਼ਾ ਨਰ ਨਰੇਸ਼ ਸੁਣਾਉਂਦੇ, ਢੋਲਾ ਅਗੰਮ ਅਥਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਨਿਵਾਉਂਦੇ, ਨਿਉਂ ਨਿਉਂ ਲਾਗਣ ਪਾਈਆ । ਦਰ ਘਰ ਸਾਚੇ ਅਲਖ ਜਗਾਉਂਦੇ, ਅਲਖ ਅਗੋਚਰ ਤੇਰੀ ਵੱਡ ਵਡਿਆਈਆ । ਸਾਚੀ ਵਸਤ ਅਗੰਮ ਮੰਗ ਮੰਗਾਉਂਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਸੰਮਤ ਪੰਜ ਕਹੇ ਗੁਰ ਅਵਤਾਰ ਪੈਗ਼ੰਬਰ ਲਾਵਣ ਚੱਕਰ, ਚਕ੍ਰਵਰਤੀ ਵੇਖ ਵਖਾਈਆ । ਨਿਰਅੱਖਰ ਧਾਰ ਵੇਖਣ ਸਤਰ, ਇਲਮ ਵੰਡ ਨਾ ਕੋਇ ਵੰਡਾਈਆ । ਸੰਦੇਸ਼ਾ ਨਾਮ ਵੇਖਣ ਪੱਤਰ, ਪਤ੍ਰਕਾ ਬੇਪ੍ਰਵਾਹੀਆ । ਦੀਨ ਦੁਨੀ ਦਾ ਵੇਖਣ ਗ੍ਰਿਹ ਨਛੱਤਰ, ਕੁੰਡਲੀਆਂ ਲੇਖਾ ਫੋਲ ਫੁਲਾਈਆ । ਯਾਦ ਕਰਨ ਨਾਮੇ ਬਹੱਤਰ, ਸੱਤਰ ਗੋਬਿੰਦ ਰੰਗ ਰੰਗਾਈਆ । ਚੁਹੱਤਰ ਸਤਿ ਸ਼ਬਦ ਦੀ ਧਾਰ ਸ਼ਬਦੀ ਸ਼ਬਦ ਚੁਅੱਖਰ, ਚਾਰੋਂ ਕੁੰਟ ਖੋਜ ਖੁਜਾਈਆ । ਜਨ ਭਗਤ ਸੁਹੇਲੇ ਵੇਖਣੇ ਅਮੋਲਕ ਰਤਨ, ਜਿਸ ਦੀ ਕ਼ੀਮਤ ਵੰਡ ਨਾ ਕੋਇ ਵੰਡਾਈਆ । ਘਰ ਕਿਨਾਰੇ ਛੱਡ ਕੇ ਪੱਤਨ, ਤਟ ਇਕੋ ਸੋਭਾ ਪਾਈਆ । ਕਵਣ ਵੇਲਾ ਪ੍ਰਭ ਪੈਜ ਆਏ ਰੱਖਣ, ਹਰਿ ਕਰਤਾ ਹੋਏ ਸਹਾਈਆ । ਏਥੇ ਓਥੇ ਦੋ ਜਹਾਨਾਂ ਬਣ ਕੇ ਸੱਜਣ, ਸਤਿ ਸਵਾਮੀ ਅੰਤਰਜਾਮੀ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਸੰਮਤ ਪੰਜ ਕਹੇ ਗੁਰ ਅਵਤਾਰ ਪੈਗ਼ੰਬਰ ਰਹੇ ਤਕ, ਤਕਵਾ ਇਕੋ ਉਪਰ ਰਖਾਈਆ । ਕਿਰਪਾ ਕਰ ਪੁਰਖ ਸਮਰਥ, ਬੇਪਰਵਾਹ ਤੇਰੀ ਬੇਪਰਵਾਹੀਆ । ਜਨ ਭਗਤ ਸੁਹੇਲੇ ਦੇ ਆਪਣਾ ਰਸ, ਰਸਤਾ ਅੰਦਰੋਂ ਦੇ ਦ੍ਰਿੜਾਈਆ । ਸਭ ਦੀ ਪੂਰੀ ਹੋਵੇ ਅਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ

ਇਕ ਸਮਝਾਈਆ । ਸੰਮਤ ਪੰਜ ਕਹੇ ਗੁਰ ਅਵਤਾਰ ਪੈਗ਼ੰਬਰ ਗੌਂਦੇ ਫਿਰਨ ਗੀਤ, ਢੋਲਾ ਸਿਫ਼ਤ ਸਾਲਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਤੱਕਣ ਮਸੀਤ, ਮਸਲਾ ਹਲ ਨਾ ਕੋਇ ਕਰਾਈਆ । ਲੇਖਾ ਤੱਕਣ ਨਾਲ ਤਰਤੀਬ, ਤਬਾ ਤਬੀਅਤ ਜਗਤ ਬਦਲਾਈਆ । ਪ੍ਰਭ ਦਾ ਖੇਲ ਅਜਬ ਅਜੀਬ, ਨਿਰਾਲਾ ਅਕਾਲਾ ਆਪ ਦ੍ਰਿੜਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਰਹਿਣ ਕੋਇ ਨਾ ਪਾਈਆ । ਜਨ ਭਗਤ ਸਤਿਗੁਰ ਸ਼ਬਦ ਸਦਾ ਹੋਵੇ ਸ਼ਹੀਦ, ਸ਼ਹਾਦਤ ਅਵਰ ਨਾ ਕੋਇ ਭੁਗਤਾਈਆ । ਜੋ ਅੰਤ ਕੰਤ ਪ੍ਰਭ ਮਿਲਣ ਦਾ ਗਾਵੇ ਗੀਤ, ਸੋਹੰ ਢੋਲਾ ਚਾਈਂ ਚਾਈਂਆ । ਸੋ ਮਾਨਸ ਜਨਮ ਜਾਏ ਜੀਤ, ਹਿਰਦੇ ਹੋਰ ਨਾ ਕੋਇ ਰਖਾਈਆ । ਪੁਰਖ ਅਕਾਲ ਬਦਲ ਕੇ ਨੀਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਜਨ ਭਗਤ ਸੁਹੇਲਾ ਆਦਿ ਅੰਤ ਕਦੇ ਨਾ ਮਰਦਾ, ਮੁਰਦਾ ਮੁਰੀਦ ਮੁਰਸ਼ਦ ਵਿਚ ਸਮਾਈਆ । ਓਹ ਨਜ਼ਾਰਾ ਤੱਕੇ ਆਪਣੇ ਘਰ ਦਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਸਭ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਦਾ, ਅਵਰ ਰਾਗ ਨਾ ਕੋਇ ਅਲਾਈਆ । ਪ੍ਰਭ ਸਰਨਾਈ ਸਰਨ ਵਿਚ ਤਰਦਾ, ਤਾਰਨਹਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲ ਕਾਇਲ ਹੋ ਕੇ ਸਚ ਭਗਤ ਦਵਾਰੇ ਚੜ੍ਹਦਾ, ਜਿਥੇ ਚੜ੍ਹਦਾ ਲਹਿੰਦਾ ਦੱਖਣ ਪਹਾੜ ਸਿੰਮਤ ਵੰਡ ਨਾ ਕੋਇ ਵੰਡਾਈਆ ।



੧੩੭੫ ੨੧

## ✻ ੧੧ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਗਿਆਰਾਂ ਹਾੜ ਕਹੇ ਇਕ ਦਾ ਇਕ ਨਾਲ ਹੋਇਆ ਮਿਲਾਪ, ਮਿਲ ਮਿਲ ਵੱਜੀ ਵਧਾਈਆ । ਇਕ ਦਾ ਇਕ ਬਣਿਆ ਬਾਪ, ਇਕ ਦਾ ਇਕ ਪਿਤਾ ਪੂਤ ਅਖਵਾਈਆ । ਇਕ ਦਾ ਇਕ ਹੋਇਆ ਜਾਪ, ਇਕ ਦਾ ਇਕ ਢੋਲਾ ਗਾਈਆ । ਇਕ ਦਾ ਇਕ ਹੋਇਆ ਪ੍ਰਤਾਪ, ਇਕ ਦਾ ਇਕ ਵੇਖ ਵਖਾਈਆ । ਇਕ ਦਾ ਇਕ ਹੋਇਆ ਸਾਕ, ਇਕ ਦਾ ਇਕ ਸੱਜਣ ਮੀਤ ਵਡਿਆਈਆ । ਇਕ ਦਾ ਇਕ ਹੋਇਆ ਨਾਤ, ਇਕ ਦਾ ਇਕ ਨਜ਼ਰੀ ਆਈਆ । ਇਕ ਦਾ ਇਕ ਰੂਪ ਸਾਖਿਆਤ, ਇਕ ਦਾ ਇਕ ਸੋਭਾ ਪਾਈਆ । ਇਕ ਦਾ ਇਕ ਹੋਵੇ ਵਾਕ, ਇਕ ਦਾ ਇਕ ਪੂਰ ਕਰਾਈਆ । ਇਕ ਦਾ ਇਕ ਹੋਵੇ ਦਾਸ, ਇਕ ਦਾ ਇਕ ਸੀਸ ਨਿਵਾਈਆ । ਇਕ ਦਾ ਇਕ ਹੋਇਆ ਪ੍ਰਕਾਸ਼, ਇਕ ਦਾ ਇਕ ਦਏ ਵਡਿਆਈਆ । ਇਕ ਦਾ ਇਕ ਹੋਇਆ ਸਾਥ, ਇਕ ਦਾ ਇਕ ਸੰਗ ਨਿਭਾਈਆ । ਇਕ ਦਾ ਇਕ ਹੋਇਆ ਵਿਸ਼ਵਾਸ਼, ਇਕ ਦਾ ਇਕ ਵਿਸਰ ਕਦੇ ਨਾ ਜਾਈਆ । ਇਕ ਦਾ ਇਕ ਹੋਇਆ ਆਪ, ਇਕ ਦਾ ਇਕ ਆਪਣੇ ਵਿਚੋਂ ਪ੍ਰਗਟਾਈਆ । ਗਿਆਰਾਂ ਹਾੜ ਕਹੇ ਇਕ ਦਾ ਇਕ ਕਦੇ ਨਾ ਹੋਵੇ ਨਾਸ, ਇਕ ਦਾ ਇਕ ਸਦਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਗਿਆਰਾਂ ਹਾੜ ਕਹੇ ਇਕ ਦਾ ਇਕ ਹੋਇਆ ਏਕ, ਇਕ ਏਕ ਨਜ਼ਰੀ ਆਈਆ । ਇਕ

ਇਕ ਦਾ ਇਕ ਹੋਇਆ ਬੇਟ, ਪਿਤਾ ਇਕ ਦਾ ਇਕ ਅਖਵਾਈਆ । ਇਕ ਦਾ ਇਕ ਹੋਇਆ ਖੇਵਟ ਖੇਟ, ਇਕ ਦਾ ਮਾਰਗ ਇਕ ਚਲਾਈਆ । ਇਕ ਦਾ ਇਕ ਹੋਇਆ ਨੇਤਨ ਨੇਤ, ਇਕ ਦਾ ਇਕ ਨੇਤਰ ਨੈਣ ਦਏ ਬਦਲਾਈਆ । ਇਕ ਦਾ ਇਕ ਖੋਲ੍ਹੇ ਭੇਤ, ਇਕ ਦਾ ਇਕ ਪਰਦਾ ਦਏ ਉਠਾਈਆ । ਇਕ ਦਾ ਇਕ ਵਸਾਏ ਦੇਸ, ਇਕ ਦਾ ਇਕ ਨੂਰ ਚਮਕਾਈਆ । ਇਕ ਦਾ ਇਕ ਕਰ ਕੇ ਹੇਤ, ਇਕ ਦਾ ਇਕ ਮਾਲਕ ਜੋੜ ਜੁੜਾਈਆ । ਇਕ ਦਾ ਇਕ ਵਸਿਆ ਦੇਸ, ਇਕ ਦਾ ਇਕ ਨਗਰ ਸੋਭਾ ਪਾਈਆ । ਇਕ ਦਾ ਇਕ ਹੋ ਗਿਆ ਭੇਟ, ਇਕ ਦਾ ਇਕ ਆਪਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗਿਆਰਾਂ ਹਾੜ ਕਹੇ ਇਕ ਦਾ ਇਕ ਬਣਿਆ ਮੀਤਾ, ਮਿੱਤਰ ਪਿਆਰਾ ਇਕ ਅਖਵਾਈਆ । ਇਕ ਦਾ ਇਕ ਬਣ ਅਤੀਤਾ, ਇਕ ਦਾ ਇਕ ਤ੍ਰੈਗੁਣ ਲੇਖਾ ਰਿਹਾ ਮੁਕਾਈਆ । ਇਕ ਦਾ ਇਕ ਬਣ ਕੇ ਠਾਂਡਾ ਸੀਤਾ, ਇਕ ਦਾ ਇਕ ਅਗਨੀ ਤੱਤ ਗਵਾਈਆ । ਇਕ ਦਾ ਇਕ ਚਲਾ ਕੇ ਰੀਤਾ, ਇਕ ਦਾ ਇਕ ਮਾਰਗ ਰਿਹਾ ਵਖਾਈਆ । ਇਕ ਦਾ ਇਕ ਰੂਪ ਅਨਡੀਠਾ, ਇਕ ਦਾ ਇਕ ਨਜ਼ਰ ਕਿਸੇ ਨਾ ਆਈਆ । ਇਕ ਦਾ ਇਕ ਸਦਾ ਸਦ ਜੀਤਾ, ਇਕ ਦਾ ਇਕ ਇਕੋ ਨਜ਼ਰੀ ਆਈਆ । ਇਕ ਦਾ ਇਕ ਲੇਖਾ ਜਾਣੇ ਬੀਤਾ, ਇਕ ਦਾ ਇਕ ਪੂਰਬ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਗਿਆਰਾਂ ਹਾੜ ਕਹੇ ਮੈਂ ਸਿਫ਼ਤ ਕਰਾਂ ਇਕਾ, ਏਕੰਕਾਰ ਵੱਡ ਵਡਿਆਈਆ । ਜਿਸ ਦਾ ਆਦਿ ਜੁਗਾਦਿ ਦਾ ਸਿੱਕਾ, ਨਾਮ ਨਿਧਾਨਾ ਮੋਹਰ ਲਗਾਈਆ । ਜਗਤ ਹੱਟ ਕਦੇ ਨਾ ਵਿਕਾ, ਕ਼ੀਮਤ ਦੁਨੀ ਨਾ ਕੋਇ ਵਖਾਈਆ । ਜਗ ਨੇਤਰ ਕਿਸੇ ਨਾ ਦਿਸਾ, ਦਹਿ ਦਿਸ਼ਾ ਨਾ ਰੂਪ ਬਦਲਾਈਆ । ਜਿਸ ਦਾ ਲੇਖ ਕਿਸੇ ਨਾ ਲਿਖਾ, ਦੇਵਣਹਾਰ ਨਾ ਕੋਇ ਗਵਾਹੀਆ । ਓਹ ਬਣ ਕੇ ਸਭ ਦਾ ਪਿਤਾ, ਪਤਿਪਰਮੇਸ਼ਵਰ ਆਪਣਾ ਨਾਉਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,          । ਗਿਆਰਾਂ ਹਾੜ ਕਹੇ ਇਕ ਦਾ ਇਕ ਹੋਇਆ ਸਾਥੀ, ਸਗਲਾ ਸੰਗ ਬਣਾਈਆ । ਇਕ ਦਾ ਇਕ ਬਣਿਆ ਰਘੁਨਾਥੀ, ਰਘੁਪਤ ਆਪਣੀ ਖੇਲ ਖਿਲਾਈਆ । ਇਕ ਦਾ ਇਕ ਹੋਇਆ ਜਮਾਤੀ, ਇਕ ਦਾ ਇਕ ਪੜ੍ਹ ਪੜ੍ਹ ਸਦਾ ਸੁਣਾਈਆ । ਇਕ ਦਾ ਇਕ ਬਣਿਆ ਜ਼ਾਤੀ, ਇਕ ਦਾ ਇਕੋ ਨਜ਼ਰੀ ਆਈਆ । ਇਕ ਦਾ ਇਕ ਮੰਨੇ ਆਖੀ, ਇਕ ਦਾ ਇਕ ਸੀਸ ਨਿਵਾਈਆ । ਇਕ ਦਾ ਇਕ ਰੂਪ ਅਬਿਨਾਸ਼ੀ, ਇਕ ਦਾ ਇਕ ਸੋਭਾ ਪਾਈਆ । ਇਕ ਦਾ ਇਕ ਖੇਲ ਕਰੇ ਬਹੁਭਾਤੀ, ਇਕ ਦਾ ਇਕ ਵੇਸ ਵਟਾਈਆ । ਇਕ ਦਾ ਇਕ ਦਾਤਾ ਹੋਵੇ ਦਾਤੀ, ਇਕ ਦਾ ਇਕ ਦੇਵਣਹਾਰ ਅਖਵਾਈਆ । ਇਕ ਦਾ ਇਕ ਸੰਦੇਸ਼ਾ ਦੇਵੇ ਪਾਤੀ, ਇਕ ਦਾ ਇਕ ਸ਼ਬਦ ਨਾਮ ਸ਼ਨਵਾਈਆ । ਇਕ ਦਾ ਇਕ ਮੰਜ਼ਲ ਚੜ੍ਹੇ ਘਾਟੀ, ਇਕ ਦਾ ਇਕ ਪੰਧ ਮੁਕਾਈਆ । ਇਕ ਦਾ ਇਕ ਦੱਸੇ ਬਾਤੀ, ਇਕ ਦਾ ਇਕ ਪਰਦਾ ਦਏ ਉਠਾਈਆ । ਇਕ ਨੇ ਇਕ ਨੂੰ ਸ਼ਬਦ ਕਹਾਣੀ ਆਖੀ, ਬਿਨ ਅੱਖਰਾਂ ਆਪ ਜਣਾਈਆ । ਇਕ ਦਾ ਇਕੋ ਪਿਤਾ ਮਾਤੀ, ਇਕੋ ਜਨ ਜਣੇਂਦੀ ਮਾਈਆ । ਇਕੋ ਗ੍ਰਿਹ ਮੰਦਰ ਇਕੋ ਘਰ ਇਕੋ ਦਾਤਾ ਦਾਤੀ, ਇਕੋ ਦੇਵਣਹਾਰ ਇਕ ਅਖਵਾਈਆ । ਨਵ ਨੌ ਚਾਰ ਦੀ ਖੇਲ ਵਖਾਈ ਬਹੁਭਾਂਤੀ, ਭਰਮ ਰਿਹਾ ਨਾ ਰਾਈਆ । ਜਿਸ ਵੇਲੇ ਕਲਜੁਗ ਅੰਤਮ ਆਵੇ ਅੰਧੇਰੀ ਰਾਤੀ, ਰੁਤੜੀ ਚੰਦ ਨਾ ਕੋਇ ਚਮਕਾਈਆ ।

੧੩੭੯ ੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਸਚ ਇਕ ਦਰਸਾਈਆ । ਗਿਆਰਾਂ ਹਾੜ ਕਹੇ ਇਕ ਨੇ ਇਕ ਨੂੰ ਦਿਤੀ ਖ਼ਬਰ, ਬੇਖ਼ਬਰ ਖ਼ਬਰ ਸੁਣਾਈਆ । ਇਕ ਦਾ ਇਕ ਬਣਨਾ ਟੱਬਰ, ਇਕ ਇਕ ਨਾਲ ਵਡਿਆਈਆ । ਇਕ ਦਾ ਇਕ ਨਾਲ ਹੋਣਾ ਸਬਰ, ਇਕ ਇਕ ਵਿਚ ਸਮਾਈਆ । ਇਕ ਇਕ ਨਾ ਜਾਏ ਵਿਚ ਕ਼ਬਰ, ਇਕ ਇਕ ਨਾ ਗੋਰ ਸਮਾਈਆ । ਇਕ ਇਕ ਦੀ ਪੂਰੀ ਕਰੇ ਸੱਧਰ, ਇਕ ਇਕ ਦੀ ਆਸ ਪੁਜਾਈਆ । ਇਕ ਇਕ ਦਾ ਕਰੇ ਕ਼ਦਰ, ਇਕ ਇਕ ਦਾ ਹੋਏ ਸਹਾਈਆ । ਇਕ ਇਕ ਦਾ ਵੇਖੇ ਅਦਲ, ਇਕ ਇਕ ਦਾ ਪਰਦਾ ਲਾਹੀਆ । ਇਕ ਨੇ ਕਿਹਾ ਮੈਂ ਇਕ ਦਾ ਰੂਪ ਆਵਾਂ ਬਦਲ, ਬਦਲੀ ਇਕ ਦੀ ਇਕ ਨਾਲ ਕਰਾਈਆ । ਇਕ ਦਾ ਇਕ ਹੋਵੇ ਵਤਨ, ਇਕ ਦਾ ਇਕੋ ਘਰ ਸੁਹਾਈਆ । ਇਕ ਦਾ ਇਕੋ ਜਣਾਏ ਪੱਤਨ, ਇਕ ਦਾ ਇਕੋ ਘਾਟ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ ਸਚ ਪਰਦਾ ਆਪ ਉਠਾਈਆ । ਇਕ ਦਾ ਇਕ ਕਹੇ ਮੈਂ ਏਕਾ, ਏਕਾ ਨਜ਼ਰੀ ਆਈਆ । ਇਕ ਦਾ ਇਕ ਕਹੇ ਮੈਨੂੰ ਏਕਾ ਟੇਕਾ, ਦੂਜਾ ਰੂਪ ਨਾ ਕੋਇ ਦਰਸਾਈਆ । ਇਕ ਦਾ ਇਕ ਕਹੇ ਮੈਂ ਵਸਾਂ ਤੇਰੇ ਦੇਸਾ, ਘਰ ਸਾਚਾ ਇਕ ਸੁਹਾਈਆ । ਇਕ ਦਾ ਇਕ ਕਹੇ ਤੇਰੀ ਸੇਵਾ ਕਰਨੀ ਮੇਰਾ ਹੋਵੇ ਪੇਸ਼ਾ, ਪੇਸ਼ਤਰ ਦਿਆਂ ਦ੍ਰਿੜਾਈਆ । ਇਕ ਦਾ ਇਕ ਕਹੇ ਤੂੰ ਮਾਲਕ ਰਹੇਂ ਹਮੇਸ਼ਾ, ਇਕ ਦਾ ਇਕ ਵਿਛੜ ਕਦੇ ਨਾ ਜਾਈਆ । ਇਕ ਦਾ ਇਕ ਕਹੇ ਦੇਵਾਂ ਸਦਾ ਸੰਦੇਸ਼ਾ, ਸਦ ਤੇਰੀ ਸਿਫ਼ਤ ਸਾਲਾਹੀਆ । ਇਕ ਦਾ ਇਕ ਹੋਵੇ ਨਰੇਸ਼ਾ, ਦੂਸਰ ਸੀਸ ਨਾ ਕਦੇ ਝੁਕਾਈਆ । ਇਕ ਦਾ ਇਕ ਕਰਾਏ ਲੇਖਾ, ਇਕ ਦਾ ਇਕ ਕਰੇ ਵਡਿਆਈਆ । ਇਕ ਦਾ ਇਕ ਕਰੇ ਚੇਤਾ, ਇਕ ਦਾ ਇਕ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਲਾ ਲਏ ਮਿਲਾਈਆ । ਇਕ ਦਾ ਇਕ ਕਹੇ ਮੈਂ ਤੇਰਾ ਸੁਤ ਦੁਲਾਰਾ, ਸਤਿਗੁਰ ਸਾਰ ਸ਼ਬਦ ਅਖਵਾਈਆ । ਆਦਿ ਜੁਗਾਦਿ ਤੇਰਾ ਪਿਆਰਾ, ਪ੍ਰੀਤਮ ਇਕੋ ਇਕ ਮਨਾਈਆ । ਇਕੋ ਗ੍ਰਿਹਿ ਵੇਖ ਦਵਾਰਾ, ਇਕੋ ਘਰ ਸੋਭਾ ਪਾਈਆ । ਇਕੋ ਨੂਰ ਕਰ ਉਜਿਆਰਾ, ਇਕੋ ਦਰ ਮਿਲੇ ਵਡਿਆਈਆ । ਇਕੋ ਤੇਰਾ ਹੋਏ ਜੈਕਾਰਾ, ਦੂਜਾ ਰਾਗ ਨਾ ਕੋਇ ਅਲਾਈਆ । ਇਕੋ ਖੇਲ ਤੇਰਾ ਵੇਖਾਂ ਅਪਰ ਅਪਾਰਾ, ਅਪਰੰਪਰ ਸਵਾਮੀ ਸੀਸ ਨਿਵਾਈਆ । ਇਕੋ ਤੇਰੇ ਚਰਨ ਹੋਵੇ ਨਿਮਸਕਾਰਾ, ਦੂਸਰ ਸੀਸ ਨਾ ਕੋਇ ਨਿਵਾਈਆ । ਇਕ ਦਾ ਇਕ ਜੇ ਆਵੇ ਦੁਬਾਰਾ, ਦੋਹਰੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਇਕ ਨੇ ਕਿਹਾ ਮੇਰੇ ਸ਼ਬਦ ਦੁਲਾਰੇ ਦੂਹਲੇ, ਸਤਿ ਦਿਆਂ ਵਡਿਆਈਆ । ਤੇਰਾ ਪਿਆਰ ਕਦੇ ਨਾ ਭੁਲੇ, ਅਨਭੁੱਲ ਦਇਆ ਕਮਾਈਆ । ਸਤਿ ਧਾਰ ਜਣਾ ਅਸੂਲੇ, ਅਸਲ ਦਿਆਂ ਦ੍ਰਿੜਾਈਆ । ਹੁਕਮ ਦੇ ਮਾਅਕੂਲੇ, ਮੁਕੰਮਲ ਕਾਰ ਕਮਾਈਆ । ਧੁਰ ਚਰਨ ਦੇ ਕੇ ਧੂਲੇ, ਅਗੰਮੀ ਖ਼ਾਕ ਰਮਾਈਆ । ਬਣ ਕੇ ਆਦਿ ਦਾ ਕੰਤ ਕੰਤੂਹਲੇ, ਅੰਤ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਇਕ ਕਹੇ ਸੁਤ ਦੁਲਾਰੇ ਸ਼ਬਦ ਮੇਰਾ ਹੁਕਮ ਹੋਣਾ ਸਖ਼ਤ, ਸਖ਼ਤੀ ਨਾਲ ਜਣਾਈਆ । ਮੈਂ ਤਖ਼ਤ ਨਿਵਾਸੀ ਸੋਹਾਂ ਅਗੰਮੇ ਤਖ਼ਤ, ਜਿਸ ਦੀ ਧਾਰ ਨਾ ਕੋਇ ਜਣਾਈਆ । ਜਿਸ ਦਾ ਆਦਿ ਨਾ ਜਾਣੇ ਕੋਈ ਵਕ਼ਤ, ਭੇਵ ਸਕਿਆ ਨਾ ਕੋਇ ਖੁਲ੍ਹਾਈਆ । ਬਿਨ ਤੇਰੇ ਦਿਤਾ ਕਿਸੇ ਨਹੀਂ ਦਰਸ, ਸਤਿ ਸਰੂਪ ਨਾ ਕੋਇ ਵਖਾਈਆ ।

ਇਕੋ ਵਾਰ ਮੇਟ ਲੈ ਹਰਸ, ਹਵਸ ਅੱਗੇ ਰਹੇ ਨਾ ਰਾਈਆ । ਇਕੋ ਵਾਰ ਕਰਾਂ ਤਰਸ, ਇਕੋ ਵਾਰ ਦਇਆ ਕਮਾਈਆ । ਮੇਰੇ ਸੁੱਤ ਦੁਲਾਰੇ ਬੱਚਿਆ ਹੁਣ ਵੇਖ ਲੈ ਮੇਰਾ ਅਰਸ਼, ਅਰਸ਼ੀ ਹੋ ਕੇ ਦਿਆਂ ਜਣਾਈਆ । ਜਦ ਚਾਹਵਾਂ ਤੇ ਤੈਨੂੰ ਭੇਜਾਂ ਉਤੇ ਫ਼ਰਸ਼, ਧਰਨੀ ਧਰਤ ਧਵਲ ਧਾਰ ਬਣਾਈਆ । ਮੇਰੇ ਪਿਆਰ ਦਾ ਹੋਵੇ ਤੇਰੇ ਕੋਲ ਖਰਚ, ਵਸਤ ਅਗੰਮ ਅਥਾਹ ਵਰਤਾਈਆ । ਮੇਰੀ ਸਿਫ਼ਤ ਨਾਲ ਜਾਵੇਂ ਪਰਚ, ਖ਼ੁਸ਼ੀ ਖ਼ੁਸ਼ੀ ਨਾਲ ਵਡਿਆਈਆ । ਸੁਤ ਦੁਲਾਰੇ ਕੀਤੀ ਅਰਜ਼, ਨਿਉਂ ਕੇ ਸੀਸ ਨਿਵਾਈਆ । ਇਕ ਤੈਨੂੰ ਮੇਰੀ ਗ਼ਰਜ਼, ਤੇਰੀ ਬੇਪਰਵਾਹੀਆ । ਇਕ ਕਿਹਾ ਮੇਰਾ ਖੇਲ ਅਸਚਰਜ, ਇਕ ਦਿਆਂ ਜਣਾਈਆ । ਜਿਸ ਵਿਚ ਹੋਵੇ ਨਾ ਕੋਈ ਹਰਜ਼, ਵਾਧ ਘਾਟ ਨਾ ਕੋਇ ਰਖਾਈਆ । ਭੇਵ ਖੁਲ੍ਹਾਵਾਂ ਮੁੜ ਮੁੜ ਪਰਤ, ਪਰਤੀਨਿਧ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰੇ ਇਕ ਅਕੇਲੇ ਆਕ਼ਾ, ਇਕ ਦੇ ਦ੍ਰਿੜਾਈਆ । ਕੀ ਤੇਰਾ ਹੋਵੇ ਸਾਕਾ, ਕੀ ਸਿਫ਼ਤ ਸਾਲਾਹੀਆ । ਮੈਂ ਨਿੱਕਾ ਤੇਰਾ ਕਾਕਾ, ਆਯੂ ਸਮਝ ਕੋਇ ਨਾ ਪਾਈਆ । ਮੈਨੂੰ ਦਿਸਦਾ ਕੋਈ ਨਹੀਂ ਚਾਚਾ, ਸਾਕ ਅਵਰ ਨਾ ਕੋਇ ਵਡਿਆਈਆ । ਤੂੰ ਇਕੋ ਪਿਤਾ ਮਾਤਾ, ਦਰ ਤੇਰੇ ਸੀਸ ਨਿਵਾਈਆ । ਪੁਰਖ ਅਕਾਲ ਖੋਲ੍ਹ ਕੇ ਤਾਕਾ, ਪਰਦਾ ਦਿਤਾ ਚੁਕਾਈਆ । ਜਿਧਰ ਤੱਕਿਆ ਨੂਰ ਪ੍ਰਕਾਸ਼ਾ, ਏਕਾ ਇਕੋ ਵਿਚ ਸਮਾਈਆ । ਸਤਿ ਦਾ ਖੇਲ ਤਮਾਸ਼ਾ, ਦੂਸਰ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰੂ ਬਦਲ ਕੇ ਪਾਸਾ, ਕਰਵਟ ਲਈ ਬਦਲਾਈਆ । ਜਾਂ ਤੱਕਿਆ ਤੇ ਓਹੋ ਨੂਰ ਅਬਿਨਾਸ਼ਾ, ਦੂਸਰ ਰੰਗ ਨਾ ਕੋਇ ਰੰਗਾਈਆ । ਜਾਂ ਵੇਖਿਆ ਸੰਦੇਸ਼ਿਆਂ ਵਿਚ ਕਰੇ ਬਾਤਾ, ਅਗੰਮ ਅਗੰਮ ਜਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖ਼ੁਸ਼ੀ ਵਿਚ ਨਿਕਲ ਗਿਆ ਹਾਸਾ, ਹੱਸ ਕੇ ਦਿਤਾ ਦ੍ਰਿੜਾਈਆ । ਪੁਰਖ ਅਕਾਲ ਝਟ ਵਖਾਇਆ ਅਗੰਮ ਖਾਤਾ, ਬਿਨਾ ਰਚਨਾਂ ਤੋਂ ਰਚਨਾ ਦਿਤੀ ਵਖਾਈਆ । ਹੁਕਮ ਸੰਦੇਸ਼ਾ ਦੇ ਕੇ ਖ਼ਾਸਾ, ਖ਼ਸੂਸੀਅਤ ਦਿਤੀ ਦ੍ਰਿੜਾਈਆ । ਹੁਣ ਮੇਰੇ ਚਰਨਾਂ ਵਿਚ ਤੇਰਾ ਵਾਸਾ, ਇਕੋ ਦਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸ਼ਹਿਨਸ਼ਾਹ ਸੁਲਤਾਨ, ਦਰ ਤੇਰੇ ਸੀਸ ਨਿਵਾਈਆ । ਪੁਰਖ ਅਕਾਲ ਕਹੇ ਮੈਂ ਸਦਾ ਨਿਗਾਹਬਾਨ, ਆਦਿ ਜੁਗਾਦਿ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਪੁਰਖ ਅਕਾਲ ਕਹੇ ਮੈਂ ਬੱਚੂ ਤੇਰਾ ਹੁਕਮਰਾਨ, ਬਿਨ ਮੇਰੇ ਹੁਕਮ ਤੇਰੀ ਚਲੇ ਨਾ ਕੋਇ ਚਤੁਰਾਈਆ । ਮੈਂ ਆਦਿ ਜੁਗਾਦਿ ਨੌਜਵਾਨ, ਜਿਸ ਦਾ ਰੂਪ ਰੰਗ ਨਾ ਕੋਇ ਬਦਲਾਈਆ । ਸਤਿਗੁਰ ਸ਼ਬਦ ਕਿਹਾ ਵਾਹ ਮੇਰੇ ਭਗਵਾਨ, ਤੇਰੀ ਬੇਪਰਵਾਹੀਆ । ਮੈਂ ਤੇਰਾ ਬੱਚਾ ਨਾਦਾਨ, ਬਾਲਾ ਧੁਰ ਦਾ ਸੋਭਾ ਪਾਈਆ । ਮੇਰੇ ਬਿਨਾ ਦੱਸ ਹੋਰ ਕਿਹੜਾ ਤੇਰਾ ਖ਼ਾਨਦਾਨ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਜੋਤੀ ਧਾਰ ਬੇਪਹਿਚਾਨ, ਕੀ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਆਹ ਵੇਖ ਮੇਰਾ ਘਰਾਨਾ, ਸਚ ਦਿਆਂ ਵਖਾਈਆ । ਜਿਥੇ ਹੋਣਾ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਤੈਨੂੰ ਕਰਾਂ ਪ੍ਰਵਾਨਾ, ਆਪਣੇ ਰੰਗ ਰੰਗਾਈਆ । ਦੇ ਅਗੰਮ ਫ਼ਰਮਾਨਾ, ਸੰਦੇਸ਼ਾ ਇਕ ਸਮਝਾਈਆ । ਸਦਾ ਮੰਨਣਾ ਮੇਰਾ ਭਾਣਾ, ਨੇਤਰ ਨੈਣ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਿਹਾ ਮੇਰੇ ਸੁਤ ਦੁਲਾਰੇ, ਆਹ ਵੇਖ ਲੈ ਮੇਰੀ ਝਲਕ, ਝੱਲਿਆ ਦਿਆਂ ਜਣਾਈਆ । ਆਹ ਵੇਖ ਲੈ ਮੇਰਾ ਪਲਕ, ਕੋਟਨ ਜੁਗ ਦਿਤੇ ਦ੍ਰਿੜਾਈਆ । ਆਹ ਵੇਖ ਲੈ ਮੇਰੀ ਖ਼ਲਕ, ਚੁਰਾਸੀ ਲੱਖ ਰੰਗ ਰੰਗਾਈਆ । ਆਹ ਵੇਖ ਲੈ ਮੇਰਾ ਫ਼ਲਕ, ਬ੍ਰਹਿਮੰਡ ਖੰਡ ਜ਼ਿਮੀਂ ਅਸਮਾਨਾਂ ਖੇਲ ਖਿਲਾਈਆ । ਆਹ ਵੇਖ ਲੈ ਮੇਰਾ ਧਰਤ, ਧਰਨੀ ਇਕ ਸੁਹਾਈਆ । ਮੈਂ ਸੂਰਬੀਰ ਮਰਦਾਨਾ ਮਰਦ, ਏਕੰਕਾਰ ਇਕੋ ਨੂਰ ਅਲਾਹੀਆ । ਮੈਨੂੰ ਤੇਰੀ ਸਦਾ ਦਰਦ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੁਰਖ ਅਕਾਲ ਕਹੇ ਵੇਖ ਲੈ ਮੇਰਾ ਨੂਰ ਨੁਰਾਨਾ, ਨਰ ਨਾਰੀ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਤੱਕਿਆ ਮੇਰਾ ਸਾਹਿਬ ਇਹੋ ਮਿਹਰਵਾਨਾ, ਮਹਿਬੂਬ ਨੂਰ ਖ਼ੁਦਾਈਆ । ਪੁਰਖ ਅਕਾਲ ਕਿਹਾ ਅੱਗੇ ਹੋਰ ਮਾਰ ਧਿਆਨਾ, ਬਿਨ ਅੱਖਾਂ ਅੱਖ ਉਠਾਈਆ । ਜਾਂ ਤੱਕਿਆ ਸ਼ਹਿਨਸ਼ਾਹ ਸੁਲਤਾਨਾ, ਤਖ਼ਤ ਨਿਵਾਸੀ ਸੋਭਾ ਪਾਈਆ । ਜਿਥੇ ਝੁਲੇ ਅਗੰਮ ਨਿਸ਼ਾਨਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਦੂਸਰ ਦਿਸੇ ਨਾ ਕੋਇ ਬੇਗਾਨਾ, ਏਕਾ ਇਕੋ ਨਜ਼ਰੀ ਆਈਆ । ਇਕ ਦਾ ਇਕ ਜੁਗ ਜੁਗ ਧਾਰੇ ਜਾਮਾ, ਵੇਸ ਅਨੇਕਾ ਆਪ ਕਰਾਈਆ । ਸ਼ਬਦ ਸੰਦੇਸ਼ੇ ਦਏ ਪੈਗ਼ਾਮਾ, ਸੁਨੇਹੜਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪਰਦਾ ਆਪ ਉਠਾਈਆ । ਸ਼ਬਦ ਸੁਤ ਕਹੇ ਮੈਂ ਤੱਕਿਆ ਤਖ਼ਤ ਅਨੋਖਾ, ਤਖ਼ਤ ਨਿਵਾਸੀ ਸੋਭਾ ਪਾਈਆ । ਛੱਪਰ ਛੰਨ ਕੋਇ ਨਾ ਕੋਠਾ, ਮੰਜ਼ਲ ਰੂਪ ਨਾ ਕੋਇ ਬਦਲਾਈਆ । ਨਾਦ ਧੁਨ ਨਾ ਕੋਇ ਸਲੋਕਾ, ਰਾਗੀ ਰਾਗ ਨਾ ਕੋਇ ਸੁਣਾਈਆ । ਉਸ ਸਮੇਂ ਦਾ ਕੋਈ ਨਾ ਜਾਣੇ ਮੌਕਾ, ਬਿਨ ਸਤਿਗੁਰ ਸ਼ਬਦ ਤੋਂ ਵੇਖਣ ਕੋਇ ਨਾ ਪਾਈਆ । ਪੁਰਖ ਅਕਾਲ ਨੇ ਫੇਰ ਵਖਾਇਆ ਚਾਰ ਜੁਗ ਮੈਂ ਸਭ ਨਾਲ ਕਰਨਾ ਧੋਖਾ, ਭਰਮਾਂ ਵਿਚ ਭੁਲਾਈਆ । ਮੇਰੇ ਕੋਲ ਸ਼ਬਦ ਭੰਡਾਰਾ ਬਹੁਤਾ, ਅਤੋਟ ਅਤੁਟ ਰਖਾਈਆ । ਮੇਰਾ ਨੂਰ ਅਗੰਮੀ ਜੋਤਾ, ਜੋਤੀ ਵੇਖਾਂ ਖੇਲ ਖ਼ੁਦਾਈਆ । ਸਤਿਗੁਰ ਸ਼ਬਦ ਕਹੇ ਮੈਂ ਪੈ ਗਿਆ ਵਿਚ ਸੋਚਾ, ਕੀ ਮੈਨੂੰ ਰਿਹਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਓ ਸਤਿਗੁਰ ਸ਼ਬਦ ਬੱਚੇ, ਤੁਧ ਬਿਨ ਮੇਰਾ ਨਾ ਕੋਈ ਪੁੱਤ ਤੇ ਨਾ ਕੋਈ ਪੋਤਾ, ਪੁੱਤਰ ਧੀ ਨਾ ਕੋਇ ਵਡਿਆਈਆ । ਤੂੰ ਖ਼ਬਰਦਾਰ ਰਹਿਣਾ ਮੇਰਾ ਹੁਕਮ ਸੁਣਾਉਂਣਾ ਹੋਕਾ, ਜੁਗ ਜੁਗ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਤਖ਼ਤ ਤੱਕਿਆ ਅਜਬ ਨਜ਼ਾਰਾ, ਨਜ਼ਰ ਨਾ ਕੋਇ ਵਡਿਆਈਆ । ਜਿਸ ਦਾ ਮੈਂ ਚਾਰ ਕੁੰਟ ਫਿਰ ਕੇ ਵੇਖਿਆ ਕਿਨਾਰਾ, ਆਰ ਪਾਰ ਨਾ ਕੋਇ ਸਮਝਾਈਆ । ਮੈਂ ਫੇਰ ਵੇਖਿਆ ਦੁਬਾਰਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੈਂ ਸਮਝ ਨਾ ਸਕਿਆ ਵਿਸਥਾਰਾ, ਜਿਥੇ ਬੈਠਾ ਨੂਰ ਅਲਾਹੀਆ । ਮੈਂ ਕੂਕ ਕੂਕ ਪੁਕਾਰਾ, ਰੋ ਕੇ ਦਿਤੀ ਦੁਹਾਈਆ । ਗ਼ੁੱਸੇ ਵਿਚ ਕਿਹਾ ਦੁਬਾਰਾ, ਜ਼ੋਰ ਨਾਲ ਸੁਣਾਈਆ । ਜਿੰਨਾਂ ਚਿਰ ਭੇਵ ਨਾ ਦਏਂ ਸਾਰਾ, ਪਰਦਾ ਆਪ ਉਠਾਈਆ । ਓਨਾਂ ਚਿਰ ਨਾ ਕੋਇ ਸਹਾਰਾ, ਸਿਰ ਹੱਥ ਨਾ ਕੋਇ ਟਿਕਾਈਆ । ਪੁਰਖ ਅਕਾਲ ਕਿਹਾ ਸਤਿਗੁਰ ਸ਼ਬਦ ਵੇਖ ਨਜ਼ਾਰਾ, ਨਜ਼ਰੀਆ ਦਿਆਂ ਬਦਲਾਈਆ । ਚਾਰ ਜੁਗ ਦਾ ਖੇਲ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਤੇਰੀ ਵਡਿਆਈਆ । ਰੂਪ ਦਰਸਾ ਤੇਈ ਅਵਤਾਰਾ, ਲੱਖ ਚੁਰਾਸੀ ਦਿਤੀ ਜਣਾਈਆ । ਪੈਗ਼ੰਬਰਾਂ ਵਲ ਕਰ ਇਸ਼ਾਰਾ, ਬਿਨ ਤੱਤਾਂ ਤੋਂ ਤੱਤ ਜਣਾਈਆ । ਗੁਰੂਆਂ ਦਾ ਵਖਾ ਅਖਾੜਾ, ਇਕ ਦਸ ਦੀ


੧੩੭੯
੨੧

ਧਾਰ ਜਣਾਈਆ । ਚਾਰ ਜੁਗ ਦਾ ਬੋਧ ਦੱਸ ਕੇ ਸਾਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਪਰਦਾ ਲਾਹੀਆ । ਫੇਰ ਲੱਫੜ ਮਾਰ ਕੇ ਨਾਲ ਪਿਆਰਾ, ਹਲੂਣਾ ਦਿਤਾ ਲਗਾਈਆ । ਉਠ ਵੇਖ ਜਿਸ ਵੇਲੇ ਤੇਰੇ ਅਵਤਾਰ ਪੈਗ਼ੰਬਰ ਗੁਰੂ ਕਰ ਗਏ ਕਿਨਾਰਾ, ਸ੍ਰਿਸ਼ਟੀ ਦੀ ਸਾਰ ਕੋਇ ਨਾ ਪਾਈਆ । ਉਸ ਵੇਲੇ ਜਾਵਾਂ ਮੈਂ ਦੁਬਾਰਾ, ਸਰਗੁਣ ਨਿਰਗੁਣ ਖੇਲ ਕਰਾਈਆ । ਮੇਰਾ ਕਿਸੇ ਨਾਲ ਨਹੀਂ ਲਹਿਣਾ ਤੱਤਾਂ ਵਾਲਾ, ਮੈਨੂੰ ਸਭ ਨੇ ਕਹਿਣਾ ਨਿਹਕਲੰਕ ਕਲ ਕਲਕੀ ਅਵਤਾਰਾ, ਜਿਸ ਦਾ ਗੁਰ ਅਵਤਾਰ ਪੈਗ਼ੰਬਰ ਭੇਵ ਕੋਇ ਨਾ ਪਾਈਆ । ਹੁਣ ਤੈਨੂੰ ਦੇਵਾਂ ਛੋਟਾ ਜਿਹਾ ਇਸ਼ਾਰਾ, ਸ੍ਰਿਸ਼ਟੀ ਰਚਨ ਤੋਂ ਪਹਿਲਾਂ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਪ੍ਰਭ ਮੇਰੇ ਵਾਹ, ਵਾਹਵਾ ਤੇਰੀ ਸਰਨਾਈਆ । ਮੈਂ ਵੇਖੇ ਤੇਰੇ ਥਲ ਅਸਗਾਹ, ਦੋ ਜਹਾਨਾਂ ਅੱਖ ਉਠਾਈਆ । ਵਖ ਵਖ ਤੇਰੇ ਤੱਕੇ ਰਾਹ, ਜੋ ਰਹਿਬਰਾਂ ਦਿਤੇ ਜਣਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾ, ਕਲਮੇ ਜਗਤ ਦਿਤੇ ਪੜ੍ਹਾਈਆ । ਰਾਮ ਕ੍ਰਿਸ਼ਨ ਬਣ ਖ਼ੁਦਾ, ਅੱਲਾ ਵਾਹਿਗੁਰੂ ਵੰਡ ਵੰਡਾਈਆ । ਓ ਪ੍ਰਭੂ ਤੂੰ ਇਕ ਤੇ ਮੈਂ ਇਕ ਕਿਉਂ ਬਾਕੀ ਕੀਤੇ ਜੁਦਾ, ਜੁਜ਼ ਵਖਰੇ ਵਖਰੇ ਬਣਾਈਆ । ਇਹਦੇ ਵਿਚੋਂ ਤੈਨੂੰ ਕੀ ਲੱਭਾ, ਮੈਨੂੰ ਦੇ ਸਮਝਾਈਆ । ਪੁਰਖ ਅਕਾਲ ਕਿਹਾ ਇਹੋ ਮੇਰੇ ਨਾਮ ਦਾ ਸਭ ਦੇ ਉਤੇ ਦੱਬਾ, ਭੈ ਵਿਚ ਰਖਾਈਆ । ਜਿਸ ਦੇ ਅੰਦਰ ਥੋੜ੍ਹਾ ਨੂਰ ਚਮਕਾਵਾਂ ਉਹ ਫਿਰੇ ਉਤੇ ਪੱਬਾਂ, ਪਾਰਬ੍ਰਹਮ ਤੇਰੀ ਵਡਿਆਈਆ । ਮੈਂ ਆਦਿ ਜੁਗਾਦੀ ਬਣ ਕੇ ਕੱਬਾ, ਅਚਰਜ ਖੇਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰੇ ਜੁਗ ਵੇਖੇ ਮੁਕਦੇ, ਬਿਨਾ ਰਚਨਾ ਰਚਣ ਤੋਂ ਦਿਤੇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਵੇਖੇ ਝੁਕਦੇ, ਨਿਉਂ ਨਿਉਂ ਲਾਗਣ ਪਾਈਆ । ਵਣਜਾਰੇ ਬਣੇ ਤੇਰੀ ਤੁਕ ਦੇ, ਨਾਮ ਕਲਮੇ ਰਹੇ ਗਾਈਆ । ਰੂਪ ਬਣ ਮਾਨਸ ਮਾਨੁਖ ਦੇ, ਪੰਜਾਂ ਤੱਤਾਂ ਵਿਚ ਸਮਾਈਆ । ਸ਼ਰਅ ਸ਼ਰੀਅਤ ਰਹੇ ਟੁਟਦੇ, ਅੱਖਰਾਂ ਵੰਡ ਵੰਡਾਈਆ । ਅੰਤਮ ਸਭ ਦੇ ਪੈਂਡੇ ਮੁਕਦੇ, ਥਿਰ ਰਹਿਣ ਕੋਇ ਨਾ ਪਾਈਆ । ਤੇਰੇ ਕੋਲੋਂ ਤੇਰਾ ਭੇਤ ਰਹੇ ਪੁਛਦੇ, ਨਿਤ ਨਵਿਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਖੁਲ੍ਹਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦੀ ਦੁਲਾਰੇ, ਦੋ ਜਹਾਨ ਦਿਆਂ ਜਣਾਈਆ । ਜੁਗ ਚੌਕੜੀ ਖੇਲ ਕਰਾਂ ਅਪਾਰੇ, ਅਪਰੰਪਰ ਹੋ ਕੇ ਵੇਖ ਵਖਾਈਆ । ਕਲਜੁਗ ਅੰਤਮ ਲੈ ਅਵਤਾਰੇ, ਨਿਰਗੁਣ ਨੂਰ ਜੋਤ ਕਰਾਂ ਰੁਸ਼ਨਾਈਆ । ਜਿਹੜੇ ਸਚਖੰਡ ਤੱਕੇ ਤੂੰ ਨਜ਼ਾਰੇ, ਮਾਤਲੋਕ ਦਿਆਂ ਵਖਾਈਆ । ਜਿਸ ਵੇਲੇ ਅਵਤਾਰ ਪੈਗ਼ੰਬਰ ਗੁਰੂ ਪਾਵੇ ਕੋਇ ਨਾ ਸਾਰੇ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਜਿਸ ਵੇਲੇ ਦੀਨ ਦੁਨੀ ਨੂੰ ਹੋਇਆ ਸਦਮਾ, ਧੀਰਜ ਧੀਰ ਨਾ ਕੋਇ ਧਰਾਈਆ । ਸਿਰ ਝੁਕੇ ਕਿਸੇ ਨਾ ਕਦਮਾ, ਹਿਰਦੇ ਹਰਿ ਨਾ ਕੋਇ ਵਸਾਈਆ । ਧਰਮ ਦੀ ਰਹੇ ਕੋਇ ਨਾ ਬੰਦਨਾ, ਨਮੋਂ ਨਮੋਂ ਨਾ ਕੋਇ ਸਰਨਾਈਆ । ਕੂੜਾ ਤੋੜੇ ਕੋਇ ਨਾ ਫੰਦਨਾ, ਮਮਤਾ ਮੋਹ ਨਾ ਕੋਇ ਮਿਟਾਈਆ । ਉਸ ਵੇਲੇ ਇਕ ਦਾ ਇਕੋ ਦੀਪਕ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੂਰਬ ਜਨਮ ਦਾ ਭਗਤ ਸੁਹੇਲਾ ਸੱਦਣਾ, ਸਦ ਆਪਣਾ ਰੰਗ ਰੰਗਾਈਆ । ਇਕੋ ਮੇਲ ਮਿਲਾ ਕੇ ਆਅਲਾ ਅਦਨਾ, ਦਰ ਠਾਂਡੇ ਦਏ ਵਡਿਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਕੀ ਕਰੇਂ ਖੇਲ ਨਿਰੰਕਾਰ, ਨਿਰਗੁਣ ਦੇ ਜਣਾਈਆ । ਪੁਰਖ ਅਕਾਲ ਕਿਹਾ ਮੇਰੀ ਹੋਵੇ ਅਗੰਮੀ ਧਾਰ, ਧਰਨੀ ਧਰਤ ਧਵਲ ਵੱਜੇ ਵਧਾਈਆ । ਮੈਂ ਦੋ ਜਹਾਨਾਂ ਪਿਛਲੀ ਬਦਲ ਦੇਣੀ ਸਰਕਾਰ, ਸਰੋਕਾਰ ਨਾ ਕੋਇ ਵਡਿਆਈਆ । ਸਤਿ ਧਰਮ ਦਾ ਲਾਵਾਂ ਇਕ ਦਰਬਾਰ, ਦਰ ਦਰਬਾਰੀ ਵੇਖ ਵਖਾਈਆ । ਤਖ਼ਤ ਨਿਵਾਸੀ ਹੋ ਕੇ ਸ਼ਾਹਕਾਰ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਤੂੰ ਹੋਣਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਖੇਲ ਅਗੰਮ ਅਪਾਰ, ਅਗੰਮ ਅਗੰਮੜਾ ਦਏ ਸਮਝਾਈਆ । ਰਹਿਣਾ ਖ਼ਬਰਦਾਰ, ਭੁੱਲ ਵਿਚ ਕਦੇ ਨਾ ਆਈਆ । ਤੂੰ ਮੇਰਾ ਬਰਖ਼ੁਰਦਾਰ, ਨੰਨ੍ਹਾ ਨੱਢਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਤਿ ਧਰਮ ਦਏ ਵਡਿਆਈਆ । ਪੁਰਖ ਅਕਾਲ ਕਹੇ ਜਿਸ ਵੇਲੇ ਸਭ ਤੇ ਹੋਏ ਬੇਇਤਬਾਰੀ, ਇਤਬਾਰ ਨਜ਼ਰ ਕੋਇ ਨਾ ਆਈਆ । ਉਸ ਵੇਲੇ ਜਗੇ ਜੋਤ ਨਿਰੰਕਾਰੀ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਗੋਬਿੰਦ ਖੇਲ ਕਰੇ ਦੁਬਾਰੀ, ਪੂਰਬ ਲਹਿਣਾ ਝੋਲੀ ਪਾਈਆ । ਪੰਜ ਪਿਆਰੇ ਦੇ ਸਰਦਾਰੀ, ਸਿਰ ਆਪਣਾ ਹੱਥ ਟਿਕਾਈਆ । ਪੰਜ ਭਗਤ ਸੁਹੇਲੇ ਬਣਾ ਲਿਖਾਰੀ, ਲਿਖਤ ਭਵਿਖਤ ਦਿਆਂ ਦ੍ਰਿੜਾਈਆ । ਭਗਤ ਆਤਮਾ ਰਹੇ ਨਾ ਕੋਇ ਕਵਾਰੀ, ਨਿਰਗੁਣ ਧਾਰ ਸਰਬ ਪ੍ਰਨਾਈਆ । ਸਭ ਦੇ ਨਾਲੋਂ ਤੋੜ ਕੇ ਯਾਰੀ, ਯਰਾਨਾ ਇਕੋ ਨਾਲ ਲਗਾਈਆ । ਸਤਿਗੁਰ ਸ਼ਬਦ ਕਰੀ ਨਿਮਸਕਾਰੀ, ਨਿਉਂ ਨਿਉਂ ਲਾਗਾ ਪਾਈਆ ਪ੍ਰਭੂ ਤੇਰੀ ਖੇਲ ਨਿਆਰੀ, ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਕਿਹਾ ਜਨ ਭਗਤ ਇਕੋ ਵਾਰ ਬਣਾ ਪੁਜਾਰੀ, ਜੁਗ ਜਨਮ ਦੀ ਪੂਜਾ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕੀ ਦਿਤਾ ਹੋਰ ਸੰਦੇਸ਼ਾ, ਪ੍ਰਭੂ ਰਿਹਾ ਜਣਾਈਆ । ਜ਼ਰਾ ਵੇਖ ਜੁਗ ਤਰੇਤਾ, ਪਰਦਾ ਲੈ ਉਠਾਈਆ । ਜਿਸ ਵੇਲੇ ਰਾਮ ਸੀ ਨੇਤਾ, ਦਸਰਥ ਬੇਟਾ ਨਾਉਂ ਧਰਾਈਆ । ਉਸ ਦਾ ਅਜੇ ਨਾ ਭੁਲਿਆ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਰਾਮ ਫਿਰਦਾ ਸੀ ਦਰਬਾਰ, ਅਯੁੱਧਿਆ ਜਗਤ ਸੁਹਾਈਆ । ਓਹ ਦਿਨ ਸੀ ਗਿਆਰਾਂ ਹਾੜ੍ਹ, ਇਕ ਇਕ ਨਾਲ ਮਿਲਾਈਆ । ਉਸ ਦਿਨ ਹੁੰਦੀ ਸੀ ਉਸ ਦੇ ਪੀੜ ਦਾੜ੍ਹ, ਦੰਦ ਦੰਦਾਂ ਹੇਠ ਦਬਾਈਆ । ਤਿੰਨ ਵਾਰ ਉਂਗਲੀ ਲਾ ਕੇ ਪਾਇਆ ਭਾਰ, ਸਹਿਜ ਸਹਿਜ ਦਬਾਈਆ । ਓਨੇ ਚਿਰ ਨੂੰ ਉਹਦਾ ਆ ਗਿਆ ਸੇਵਾਦਾਰ, ਬਿੰਦੂ ਆਪਣਾ ਪੰਧ ਮੁਕਾਈਆ । ਉਸ ਦੇ ਨਾਲ ਸੀ ਉਸ ਦੀ ਨਾਰ, ਧੀਮਾ ਕਹਿ ਕੇ ਸਾਰੇ ਸੁਣਾਈਆ । ਉਹ ਕਰ ਕੇ ਨਿਮਸਕਾਰ, ਨਮਸਤੇ ਵਿਚ ਆਪਣੀ ਖ਼ੁਸ਼ੀ ਬਣਾਈਆ । ਓਨੇ ਚਿਰ ਨੂੰ ਚਿੜੀ ਚਿੜਾ ਡਿੱਗੇ ਮੂੰਹ ਦੇ ਭਾਰ, ਰਾਮ ਚਰਨਾਂ ਆਸਣ ਲਾਈਆ । ਰਾਮ ਨੇ ਹੱਥ ਨਾਲ ਦਿਤਾ ਪਿਆਰ, ਦੋਹਾਂ ਨੂੰ ਫੜ ਕੇ ਲਿਆ ਉਠਾਈਆ । ਕੁਛ ਕੋਲੋਂ ਦਿਤਾ ਖਵਾਲ, ਮੁਖ ਵਿਚ ਥੁੱਕ ਕੇ ਜਨਮ ਮਰਨ ਦਿਤਾ ਬਦਲਾਈਆ । ਦਾਸੀ ਦਾਸ ਨੂੰ ਆਈ ਵਿਚਾਰ, ਹਾਏ ਹਾਏ ਕਹਿ ਸੁਣਾਈਆ । ਸਾਡੇ ਨਾਲੋਂ ਇਹ ਚੰਗੇ ਜਿਹੜੇ ਪਰ ਆਏ ਮਾਰ, ਆਪਣਾ ਪੰਧ ਮੁਕਾਈਆ । ਨਾ ਕੋਈ ਹੱਥਾਂ ਵਾਲੀ ਕੀਤੀ ਕਾਰ, ਨਾ ਕੋਈ ਦਰ ਤੇ ਸੇਵ ਕਮਾਈਆ । ਉਹਲੇ ਹੋ ਕੇ ਇਕ ਦੂਜੇ ਨੂੰ ਬਾਹਵਾਂ ਰਹੇ ਮਾਰ, ਪਤਿ ਪਤਨੀ ਰਹੇ ਸਮਝਾਈਆ । ਜੇ ਅਸੀਂ ਵੀ ਚਿੜੀ ਚਿੜਾ


੧੩੮੧ ੨੧

ਹੁੰਦੇ ਰਾਮ ਦੇ ਹੱਥਾਂ ਦਾ ਲੈਂਦੇ ਪਿਆਰ, ਮਾਨਸ ਜਨਮ ਨਾਲੋਂ ਇਹ ਜਨਮ ਸੋਹਣਾ ਨਜ਼ਰੀ ਆਈਆ । ਰਾਮ ਨੇ ਹੱਸ ਕੇ ਕਿਹਾ ਤੁਸੀਂ ਫੇਰ ਝੁਕੋ ਇਕ ਵਾਰ, ਚਰਨਾਂ ਉਤੇ ਸੀਸ ਨਿਵਾਈਆ । ਓਹ ਡਿੱਗ ਪਏ ਮੂੰਹ ਦੇ ਭਾਰ, ਪਿੱਛਾ ਯਾਦ ਨਾ ਕੋਇ ਰਖਾਈਆ । ਰਾਮ ਨੇ ਹੱਸ ਕੇ ਕਿਹਾ ਜਿਸ ਵੇਲੇ ਤੁਹਾਡੇ ਰਾਮ ਦਾ ਰਾਮ ਲਏ ਅਵਤਾਰ, ਨਿਰਗੁਣ ਆਪਣਾ ਫੇਰਾ ਪਾਈਆ । ਤੁਹਾਡਾ ਦੋਹਾਂ ਦਾ ਕਰੇ ਉਧਾਰ, ਸਚ ਦਵਾਰੇ ਹੋਏ ਸਹਾਈਆ । ਤੁਸੀਂ ਏਸੇ ਤਰਾ ਪੁਰਖ ਤੇ ਨਾਰ, ਤੁਹਾਡੇ ਬੱਚੇ ਪਹਿਲੋਂ ਆਪਣੇ ਹੱਥਾਂ ਵਿਚ ਉਠਾਈਆ । ਫੇਰ ਤੁਹਾਨੂੰ ਲਏ ਸੰਭਾਲ, ਸੰਬਲ ਬੈਠਾ ਵੇਖ ਵਖਾਈਆ । ਹੁਣ ਤੁਸੀਂ ਰਾਮ ਦੇ ਦਵਾਰ, ਫੇਰ ਭਗਤਾਂ ਦੇ ਦਵਾਰੇ ਲੇਖਾ ਦਏ ਮੁਕਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚਿੜਾ ਚਿੜੀ ਕਹੇ ਅਸੀਂ ਨਾ ਕੋਈ ਪੰਜਾਂ ਤੱਤਾਂ ਵਾਲੇ ਨਾਰੀ ਪੁਰਸ਼, ਜਗਤ ਭਗਤ ਦ੍ਰਿੜਾਈਆ । ਨਾ ਕੋਈ ਵਾਧਾ ਕੀਤਾ ਦਰਜਨ ਗੁਰਸ, ਕੌੜੀਆਂ ਵਿਚ ਨਾ ਗਣਤ ਗਣਾਈਆ । ਸਾਨੂੰ ਸਿੱਧਾ ਜਨਮ ਮਿਲਿਆ ਤੁਰਤ, ਚੁਰਾਸੀ ਵਿਚ ਨਾ ਕੋਇ ਭਵਾਈਆ । ਅਸੀਂ ਮੁੜ ਮੁੜ ਆਏ ਨਹੀਂ ਮਾਂ ਦੇ ਉਦਰ, ਅਗਨੀ ਤੱਤ ਨਾ ਕੋਇ ਤਪਾਈਆ । ਜਨ ਭਗਤੋ ਤੁਸੀਂ ਖੋਲ੍ਹ ਲਓ ਆਪਣੀ ਸੁਰਤ, ਪਰਦਾ ਦਏ ਉਠਾਈਆ । ਸਭ ਨੇ ਰਹਿਣਾ ਚੁਸਤ, ਆਲਸ ਨਿੰਦਰਾ ਦੇਣੀ ਗਵਾਈਆ । ਪ੍ਰਭੂ ਜਦੋਂ ਤਾਰਦਾ ਬਿਨਾ ਭਗਤੀ ਤੋਂ ਮੁਫ਼ਤ, ਚਰਨਾਂ ਤੇ ਸੀਸ ਨਿਵਾਇਆ ਲੇਖਾ ਦਏ ਮੁਕਾਈਆ । ਵੇਖੋ ਸਾਨੂੰ ਕੀ ਮਿਲਦਾ ਲੁਤਫ਼, ਆਪਣਿਆਂ ਹੱਥਾ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਚਿੜੀ ਚਿੜਾ ਕਹੇ ਅਸਾਂ ਸਤਾਰਾਂ ਹਾੜ ਨੂੰ ਛਡਣੀ ਦੇਹ, ਦਿਹੁਰੇ ਮਸੀਤ ਜਾਣੇ ਤਜਾਈਆ । ਜਨ ਭਗਤੋ ਇਕੋ ਪ੍ਰਭੂ ਨਾਲ ਲਾਇਓ ਨੇਂਹ, ਨਿਉਂ ਨਿਉਂ ਸੀਸ ਨਿਵਾਈਆ । ਕਿਸੇ ਵਿਚ ਮੈਂ ਨਾ ਰਹੇ, ਮੈਂ ਮਮਤਾ ਦੇਣੀ ਮਿਟਾਈਆ । ਸਭ ਦਾ ਤਨ ਮਾਟੀ ਹੋਣਾ ਖੇਹ, ਵਿਸ਼ਿਆਂ ਵਾਲਾ ਕੰਮ ਕਿਸੇ ਨਾ ਆਈਆ । ਧੁਰਦਰਗਾਹੀ ਮੰਨਣਾ ਪੇ, ਪਿਤਾ ਪੁਰਖ ਅਕਾਲ ਸੋਭਾ ਪਾਈਆ । ਕਿਤੇ ਨਾ ਸਮਝਿਓ ਅਸੀਂ ਵੱਡੇ ਹੁੰਦੇ ਜੇ, ਅਮੀਰਾਂ ਘਰ ਸੋਭਾ ਪਾਈਆ । ਸ਼ਾਹ ਸੁਲਤਾਨਾਂ ਮੰਦਰ ਹੁੰਦੇ ਖੇਹ, ਭਗਤਾਂ ਦੀ ਕੁਲੀ ਮਿਲੇ ਵਡਿਆਈਆ । ਮੁਹੱਬਤ ਵਾਲਾ ਮੰਗਿਓ ਬ੍ਰੇਹ, ਬਿਰਹੋਂ ਮੰਗ ਮੰਗਾਈਆ । ਜੇ ਕਿਰਪਾ ਕਰੇ ਤੇ ਬਰਖੇ ਮੇਂਹ, ਅਮ੍ਰਿਤ ਦਏ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚਿੜੀ ਚਿੜਾ ਕਹੇ ਓਏ ਰਾਮ ਆ ਕੇ ਦੇ ਦੇ ਸ਼ਹਾਦਤ, ਤੇਰੀ ਓਟ ਤਕਾਈਆ । ਸਾਡੀ ਲੇਖੇ ਲੱਗੀ ਇਬਾਦਤ, ਪਿਛਲੀ ਤੇਰੀ ਵੰਡ ਵੰਡਾਈਆ । ਪ੍ਰਭੂ ਨੂੰ ਕਹੋ ਆਪਣਿਆਂ ਭਗਤਾਂ ਦੀ ਬਦਲ ਦੇ ਆਦਤ, ਬਿਨਾ ਪ੍ਰਭੂ ਦੇ ਸੀਸ ਨਾ ਕਿਸੇ ਝੁਕਾਈਆ । ਕਰ ਦੇ ਸਚ ਸਖ਼ਾਵਤ, ਰਹਿਮਤ ਨਾਮ ਵਰਤਾਈਆ । ਇਕ ਦੂਜੇ ਦੀ ਛੱਡ ਦੇਣ ਅਦਾਵਤ, ਘਰ ਘਰ ਨਾ ਕੋਇ ਲੜਾਈਆ । ਜੇ ਤੂੰ ਲੇਖਾ ਬਦਲ ਦਿਤਾ ਬੋਦੀ ਜੰਞੂ ਹਜਾਮਤ, ਹੁਜਰਾ ਇਕੋ ਇਕ ਵਸਾਈਆ । ਕੂੜੀ ਕਿਰਿਆ ਮੇਟ ਅਲਾਮਤ, ਦੁੱਖ ਰੋਗ ਰਹੇ ਨਾ ਰਾਈਆ । ਤੇਰਾ ਨਾਮ ਪਿਆਰਾ ਇਕੋ ਇਕ ਨਿਆਮਤ, ਨਰ ਨਰਾਇਣ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦਵਾਰਾ ਇਕ ਸੁਹਾਈਆ । ਧਰਮ ਦਵਾਰਾ ਇਕ ਸਜਣਾ, ਸੋਭਾਵੰਤ ਸੁਹਾਏ । ਜਨ ਭਗਤ ਸੁਹੇਲਾ ਸੱਦਣਾ, ਸ਼ਬਦੀ ਹੁਕਮ ਦ੍ਰਿੜਾਏ । ਸਭ ਨੇ ਕਰਨੀ ਬੰਦਨਾ, ਨਿਵ ਨਿਵ ਸੀਸ

੧੩੮੨
੨੧

ਝੁਕਾਏ । ਨੇਤਰ ਪਾ ਕੇ ਔਣਾ ਅੰਜਣਾ, ਚਿੱਟੀ ਧਾਰ ਵਡਿਆਏ । ਸੱਜਾ ਅੰਗੂਠਾ ਸਭ ਨੇ ਰੰਗਣਾ, ਗੋਬਿੰਦ ਰੰਗ ਚੜ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਸੂਹਾ ਵੇਖ ਵਖਾਏ । ਸੂਹਾ ਰੰਗ ਕਹੇ ਮੈਂ ਹੋਣਾ ਸੁਹਾਗੀ, ਸੁਹਾਗ ਵਾਲਿਓ ਦਿਆਂ ਜਣਾਈਆ । ਪੰਜ ਗੁਰਮੁਖ ਲੈਣੇ ਤਿਆਗੀ, ਜੋ ਨਾਤਾ ਕੂੜ ਤੁੜਾਈਆ । ਜਿਨ੍ਹਾਂ ਦਾ ਕਰਮ ਨਾ ਹੋਵੇ ਦਾਗ਼ੀ, ਦੁਰਮਤ ਮੈਲ ਸਫ਼ਾਈਆ । ਤੇੜ ਬੱਧੀ ਹੋਵੇ ਤੜਾਗੀ, ਬਸਤਰ ਤਨ ਛੁਹਾਈਆ । ਓਹ ਹੋਵਣ ਇਕ ਨਗਰ ਦੇ ਗਵਾਂਢੀ, ਖੇੜਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਚਿੜੀ ਚਿੜਾ ਕਹੇ ਪੰਜ ਪਿਆਰੇ ਲਾ ਦਿਓ ਪੰਜਾ, ਪੰਚ ਮਿਲੇ ਵਡਿਆਈਆ । ਅੱਜ ਤੋਂ ਸੌਣਾ ਨਹੀਂ ਤੁਸੀਂ ਉਤੇ ਮੰਜਾ, ਬਹੁੜੀ ਮੇਰੀ ਦੁਹਾਈਆ । ਪਹਿਲੋਂ ਸੌਣਾ ਕਰ ਕੇ ਹੇਠਾਂ ਸੱਜਾ ਕੰਧਾ, ਫੇਰ ਜਿਹੜਾ ਚਾਹੋ ਪਾਸਾ ਲੈਣਾ ਬਦਲਾਈਆ । ਬਸਤਰ ਰੱਖਣਾ ਨਹੀਂ ਗੰਦਾ, ਸਵੇਰੇ ਉਠ ਕੇ ਲੈਣਾ ਬਦਲਾਈਆ । ਨਵਾਂ ਸਿਰ ਵਿਚ ਟਿਕੌਣਾ ਕੰਘਾ, ਗੋਬਿੰਦ ਗੁਰ ਵਡਿਆਈਆ । ਸ਼ਾਮ ਦੇ ਪੰਜ ਵਜੇ ਤੋਂ ਬਾਦ ਕਰਨਾ ਨਹੀਂ ਕੋਈ ਧੰਦਾ, ਧਿਆਨ ਚਰਨ ਕਵਲ ਰਖਾਈਆ । ਨਹੀਂ ਤੇ ਵੇਖ ਲਿਓ ਸੱਤ ਰੰਗ ਦਾ ਡੰਡਾ, ਲਿਹਾਜ ਕਰੇ ਪ੍ਰਭੂ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਚਿੜੀ ਚਿੜਾ ਕਹੇ ਪੰਜ ਲਿਖਾਰੀ ਸਾਢੇ ਪੰਜ ਵਜੇ ਸਵੇਰੇ ਨਾਹ ਧੋ ਕੇ ਸਾਫ਼ ਕਰਨਾ ਜੁੱਸਾ, ਜਿਸਮ ਜ਼ਮੀਰ ਬਦਲਾਈਆ । ਸਤਾਰਾਂ ਹਾੜ ਤੱਕ ਅੰਦਰ ਔਣ ਨਹੀਂ ਦੇਣਾ ਗ਼ੁੱਸਾ, ਭਾਵੇਂ ਕੋਈ ਦੁੱਖ ਨਾਲ ਸਤਾਈਆ । ਕਿਸੇ ਨੇ ਵਟ ਨਹੀਂ ਦੇਣਾ ਤਾਅ ਮੁੱਛਾਂ, ਨਿਰਮਾਣਤਾ ਵਿਚ ਝਟ ਲੰਘਾਈਆ । ਸਾਢੇ ਪੰਜ ਵਜੇ ਤੋਂ ਬਾਅਦ ਰਹੇ ਕੋਈ ਨਾ ਸੁੱਤਾ, ਆਪਣੀ ਆਪ ਲੈਣ ਅੰਗੜਾਈਆ । ਗਾਨਾ ਬੰਨ੍ਹ ਕੇ ਰੱਖਣਾ ਨਾਲ ਗੁੱਟਾ, ਮੌਲੀ ਆਪਣਾ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਕਹੇ ਪ੍ਰਭ ਦਾ ਤਖ਼ਤ ਸੁਹੌਣ ਓਹ, ਜੋ ਓੜਕ ਆਪਣਾ ਆਪ ਭੇਟ ਕਰਾਈਆ । ਜਿਨ੍ਹਾਂ ਦਾ ਲੇਖਾ ਸੀ ਛੱਬੀ ਪੋਹ, ਪੋਹ ਦਿਤੀ ਵਡਿਆਈਆ । ਓਹ ਪੰਜਾਂ ਦਾ ਹੋਣਾ ਗ੍ਰੋਹ, ਪੰਜਾਂ ਹਿੱਸਿਆਂ ਵਿਚੋਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਸਤਿਗੁਰ ਸ਼ਬਦ ਕਹੇ ਤਖ਼ਤ ਲੱਗਣ ਤੋਂ ਪਹਿਲਾਂ ਪੰਜ ਪਿਆਰੇ ਕਰਨ ਨਿਮਸਕਾਰ, ਨਿਰਮਾਣਤਾ ਵਿਚ ਮੰਗ ਮੰਗਾਈਆ । ਪੰਜੇ ਦਰਬਾਰੀ ਹੋਵਣ ਨਾਲ, ਸੋਹਣਾ ਰੂਪ ਸੁਹਾਈਆ । ਪੰਜੇ ਲਿਖਾਰੀ ਹੋ ਕੇ ਤਿਆਰ, ਕਲਮਾਂ ਪੰਜ ਪੰਜ ਨਾਲ ਉਠਾਈਆ । ਪ੍ਰਦੱਖਣਾ ਲੈਣ ਨਾਲ ਵਾਰ ਚਾਰ, ਚਾਰੋਂ ਕੁੰਟ ਘੁੰਮ ਘੁੰਮਾਈਆ । ਮੁਖੋਂ ਕਹਿਣ ਅਸੀਂ ਛੱਡ ਦਿਤਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਆਪ ਖਿਲਾਈਆ । ਪੁਰਖ ਅਕਾਲ ਕਹੇ ਸਿੰਘਾਸਣ ਦਾ ਆਪਣਾ ਹੋਵੇ ਘੇਰਾ, ਘਿਰਤ ਚਾਰੋਂ ਕੁੰਟ ਦੇਣਾ ਪਾਈਆ । ਜਿਥੇ ਭਗਤਾਂ ਦਾ ਲਗਣਾ ਡੇਰਾ, ਸਚ ਸਿੰਘਾਸਣ ਇਕ ਵਖਾਈਆ । ਓਥੇ ਤਿੰਨਾਂ ਬੀਬੀਆਂ ਨੇ ਉਠ ਕੇ ਪੌਣਾ ਫੇਰਾ, ਜਿਨ੍ਹਾਂ ਵਿਧਵਾ ਦੀ ਆਪਣੇ ਕੰਤ ਨਾਲੋਂ ਹੋਈ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪ ਹੋ ਆਈਆ । ਸਤਿਗੁਰ ਸ਼ਬਦ ਕਹੇ ਤਖ਼ਤ ਦਾ ਵੇਖਣਾ ਰਾਜਾ, ਜੋ ਰਾਜਨ ਰਾਜਾ ਨਜ਼ਰ ਕਦੇ ਨਾ ਆਈਆ । ਜਿਸ ਨੇ ਖੇਲ ਕਰਨਾ

ਵਿਚ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਮੇਲ ਮਿਲਾ ਕੇ ਦੋਆਬਾ, ਗੋਬਿੰਦ ਲਹਿਣਾ ਚੁਕਾਈਆ । ਹੱਕ ਵਖਾ ਕੇ ਕਾਅਬਾ, ਕ਼ਬਰਾਂ ਤੋਂ ਦਏ ਛੁਡਾਈਆ । ਸੰਬਲ ਜਿਸ ਨੇ ਸਾਜਣ ਸਾਜਾ, ਸੱਜਣ ਹੋ ਕੇ ਡੇਰਾ ਲਾਈਆ । ਸ਼ਬਦੀ ਹੁਕਮ ਸਵਾਰੇ ਕਾਜਾ, ਕਰਨੀ ਕਰਤਾ ਕਾਰ ਕਮਾਈਆ । ਸਤਿਜੁਗ ਦਾ ਦੱਸੇ ਰਿਵਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਗਿਆਰਾਂ ਹਾੜ ਕਹੇ ਮੈਂ ਰੀਤੀ ਕੀਤੀ ਸ਼ੁਰੂ, ਸ਼ਰਅ ਵਾਲਿਓ ਦਿਆਂ ਜਣਾਈਆ । ਸਭ ਦਾ ਇਕੋ ਖ਼ੁਦਾ, ਇਕੋ ਰਾਮ ਤੇ ਇਕੋ ਸਤਿਗੁਰੂ, ਗੁਰੂ ਗਰੋਹ ਨਾ ਕੋਇ ਵਖਾਈਆ । ਜਿਸ ਦਾ ਨਾਮ ਮੰਤਰ ਕਲਮਾ ਇਕੋ ਫੁਰੂ, ਫੁਰਨੇ ਬੰਦ ਕਰਾਈਆ । ਜਿਸ ਦੀ ਰਜ਼ਾ ਵਿਚ ਜਨ ਭਗਤ ਸੁਹੇਲਾ ਵਿਰਲਾ ਤੁਰੂ, ਤੁਰਕ ਹਿੰਦੂ ਵੰਡ ਨਾ ਕੋਇ ਵੰਡਾਈਆ । ਜੁਗ ਜਨਮ ਦਾ ਵਿਛੜਿਆ ਗੁਰਮੁਖ ਸੱਚਾ ਜੁੜੂ, ਜੋੜੀ ਆਪਣੇ ਨਾਲ ਰਖਾਈਆ । ਸੰਤ ਸੁਹੇਲਾ ਚਰਨ ਪ੍ਰੀਤੀ ਕਰਦਾ ਕਦੇ ਨਾ ਮੁੜੂ, ਮੋੜਾ ਸਕੇ ਨਾ ਕੋਇ ਲਗਾਈਆ । ਕਲਜੁਗ ਕੂੜ ਕੁੜਿਆਰਾ ਅੰਤਮ ਰੁੜੂ, ਵਹਿੰਦੇ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰਾ ਕੇ ਦੂਰੂ ਦੂਰੂ, ਦੋਹਰਾ ਆਪਣਾ ਹੁਕਮ ਵਰਤਾਈਆ ।


੧੩੮੪

## * ੧੨ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ *


੨੧

ਧਰਨੀ ਕਹੇ ਮੈਂ ਦੇਵਾਂ ਆਦਰ, ਜਿਥੇ ਪ੍ਰਭੂ ਦਾ ਤਖ਼ਤ ਸੁਹਾਈਆ । ਮੇਰੇ ਉਤੇ ਸੱਤ ਰੰਗ ਦੀ ਹੋਵੇ ਚਾਦਰ, ਚਾਰੋਂ ਕੁੰਟ ਸੋਭਾ ਪਾਈਆ । ਆਸਾ ਪੂਰੀ ਕਰਨੀ ਤੇਗ਼ ਬਹਾਦਰ, ਜਦੋਂ ਤੇਗ਼ ਨਾਲ ਤੇਗ਼ ਬਹਾਦਰ ਦਿਤਾ ਮਿਟਾਈਆ । ਖੇਲ ਵੇਖਣਾ ਕਰੀਮ ਕ਼ਾਦਰ, ਹਰਿ ਕਰਤਾ ਕੀ ਕਾਰ ਕਮਾਈਆ । ਸਤਿ ਧਰਮ ਦਾ ਬਖ਼ਸ਼ੇ ਕੀ ਸਾਧਨ, ਤਰੀਕਾ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਧਰਨੀ ਕਹੇ ਮੈਂ ਵੇਖਣਾ ਸਤਿ ਸਰੂਪ, ਸਤਿ ਪੁਰਖ ਨਿਰੰਜਣ ਨਜ਼ਰੀ ਆਈਆ । ਚਾਰੋਂ ਕੁੰਟ ਕਰ ਕੇ ਕੂਚ, ਕੂਚਾ ਗਲੀ ਫੋਲ ਫੁਲਾਈਆ । ਤਾਣਾ ਪੇਟਾ ਦੱਸ ਕੇ ਸੂਤ, ਸੂਤਰਧਾਰੀ ਦੇਣਾ ਦ੍ਰਿੜਾਈਆ । ਜਿਸ ਦਾ ਲਹਿਣਾ ਪੰਜ ਭੂਤ, ਤੱਤਵ ਤੱਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਚਾਦਰ ਉਤੇ ਹੋਵਣ ਚਾਰ ਗੁਲਦਸਤੇ, ਚਾਰੋਂ ਕੁੰਟ ਸੋਭਾ ਪਾਈਆ । ਗੁਰਮੁਖ ਚਾਰ ਹੋਵਣ ਹੱਸਦੇ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਢੋਲੇ ਗਾਵਣ ਪ੍ਰਭੂ ਦੇ ਜੱਸ ਦੇ, ਤਾਲੀ ਹੱਥਾਂ ਨਾਲ ਵਜਾਈਆ । ਨਿਰਗੁਣ ਧਾਰ ਹੋਵਣ ਸੱਦਦੇ, ਹੋਕਾ ਹੱਕ ਹੱਕ ਦ੍ਰਿੜਾਈਆ । ਚਰਨ ਪ੍ਰੀਤੀ ਹੋਵਣ ਵਧਦੇ, ਅੱਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਆਪ ਪ੍ਰਗਟਾਈਆ । ਧਰਨੀ ਕਹੇ ਗੁਲਦਸਤਿਆਂ ਕੋਲ ਹੋਵੇ ਗੋਲਕ, ਚਾਰ ਜੁਗ ਦਾ ਲੇਖ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਹੋਵੇ ਮੁਹਲਤ, ਮੁਹਰ ਆਪਣਾ ਨਾਮ ਲਗਾਈਆ । ਲੋਕਮਾਤ ਜਿਸ ਦੀ ਆਉਂਦੇ ਰਹੇ ਬਦੌਲਤ, ਬੰਦਨਾ ਵਿਚ ਸੀਸ ਨਿਵਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਨਾ ਮਰਦ ਨਾ ਔਰਤ, ਰੂਪ ਰੰਗ ਰੇਖ

ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਧਰਨੀ ਕਹੇ ਮੇਰੇ ਉਤੇ ਧਰਮ ਦਾ ਹੋਵੇ ਪਰਚਾਰ, ਪਰਚਾ ਇਕੋ ਇਕ ਵਖਾਈਆ । ਇਕੋ ਨਾਮ ਹੋਵੇ ਜੈਕਾਰ, ਨਾਅਰਾ ਇਕੋ ਇਕ ਸੁਣਾਈਆ । ਇਕੋ ਖ਼ਾਦਮ ਹੋਵੇ ਖ਼ਿਦਮਤਗਾਰ, ਇਕੋ ਸੱਯਦਾ ਸੀਸ ਝੁਕਾਈਆ । ਕਰੇ ਖੇਲ ਸਰਬ ਸੰਸਾਰ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਇਕ ਅਖਵਾਈਆ । ਧਰਨੀ ਕਹੇ ਜਿਥੇ ਸਿੰਘਾਸਣ ਦੇ ਮੇਰੇ ਉਤੇ ਆਵਣ ਪਾਵੇ, ਪਾਰਬ੍ਰਹਮ ਪ੍ਰਭ ਵੇਖ ਵਖਾਈਆ । ਸਾਚੇ ਭਗਤਾਂ ਬਦਲ ਕੇ ਪਿਛਲੇ ਨਾਵੇਂ, ਨਾਉਂ ਨਿਰੰਕਾਰ ਦਏ ਦ੍ਰਿੜਾਈਆ । ਸਤਿ ਸੰਦੇਸ਼ਾ ਇਕ ਸੁਣਾਵੇ, ਹਰਿ ਕਰਤਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਦਇਆ ਕਮਾਈਆ । ਧਰਨੀ ਕਹੇ ਜਿਥੇ ਸਿੰਘਾਸਣ ਦਾ ਸੁਹੌਣਾ ਥਾਂ, ਮੈਨੂੰ ਮਿਲੇ ਵਡਿਆਈਆ । ਓਥੇ ਪਹਿਲੋਂ ਖਲੋਵੇ ਬਿਸ਼ਨ ਕੌਰ ਸਭ ਦੀ ਮਾਂ, ਮਮਤਾ ਮਾਇਆ ਮੋਹ ਚੁਕਾਈਆ । ਜਿਸ ਦੇ ਨੂਰ ਦਾ ਚਮਕਿਆ ਥਾਂ, ਜ਼ਹੂਰ ਵਿਚ ਰੁਸ਼ਨਾਈਆ । ਸਰੀਰ ਦਾ ਬਣ ਕੇ ਸੰਬਲ ਗਰਾਂ, ਪੁਰਖ ਅਕਾਲ ਲਿਆ ਵਸਾਈਆ । ਝਗੜਾ ਮੁਕਾ ਕੇ ਸੂਰ ਗਾਂ, ਮਾਰਗ ਇਕੋ ਇਕ ਦ੍ਰਿੜਾਈਆ । ਮਾਨਵ ਜਾਤੀ ਸਾਂਝਾ ਨਾਂ, ਤੂੰ ਮੇਰਾ ਮੈਂ ਤੇਰਾ ਲਿਆ ਸਮਝਾਈਆ । ਸੁਹੇਲਾ ਬਣ ਕੇ ਦੇਵਾਂ ਛਾਂ, ਅਗਨੀ ਅੱਗ ਨਾ ਕੋਇ ਤਪਾਈਆ । ਠਾਂਡੇ ਘਰ ਕਰੇ ਨਿਆਂ, ਅਦਲ ਇਨਸਾਫ਼ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਕਵਲ ਬਲ ਬਲ ਜਾਂ, ਜਾਣਨਹਾਰ ਤੇਰੀ ਸਰਨਾਈਆ ।

### ✻ ੧੩ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਪਰਵਰਦਿਗਾਰ ਕਹੇ ਅਲਾਹੀ ਕਲਮੇ ਤਖਲੱਲਾ ਵਲਲੇਜ਼ੂ ਜ਼ਾਮਨੀਜ਼ਾ ਜ਼ੁਕੋਜ਼ੂ ਆਜ਼ੀਨੁਜ਼ ਕਜ਼ੀਨੇ ਕਮੱਕ ਮਜ਼ਹਿਤੇ ਮਸੀਹ ਗੁਲੀਜ਼ਾਨੇ ਗੁਲ ਪੈਗ਼ੰਬਰ ਜ਼ਖਨਾਏ ਜ਼ਰ ਦਵੀਉਲੇ ਦੌਲਤ ਦਮੀਮੇ ਰਸ਼ਾਂ ਅਜ਼ੀਮੇ ਨਿਸ਼ਾਂ ਸ਼ਾਨੇ ਸ਼ਾਹ ਸੋਭਾ ਪਾਈਆ । ਮਖਤਲੂਜ਼ਾ ਮੁਹਕਜ਼ਿਮਾ ਤਹਨੀਜ਼ੇ ਉਮਾ ਜੇਉਮਾ ਮੁਹੱਬਤੇ ਅਵਾਂ ਪਾਸਤੇ ਖ਼ੁਦਾ ਲੌਂਗੁਸਗ਼ੂ ਨੇਜ਼ੀਵਿਕ ਵਜ਼ਾਹੇ ਵਜ਼ਾ ਵਜ਼ੂਉਲ ਰਫ਼ਾ ਨਖ਼ਤੇ ਮੌਜ਼ੁਕ ਵਹਦਿਤੇ ਦਵਾ ਦੋ ਜਹਾਨਾਂ ਨੂਰ ਅਲਾਹੀਆ । ਮਾਜ਼ੀਉਲ ਮਜ਼ਾ ਹਾਲਉਲ ਕ਼ਜ਼ਾ ਨੂਰੇ ਨਵਜ਼ਾ ਦਸਤੇ ਦਜ਼ੂ ਹਜ਼ਰਤੇ ਮਹਿਬੂ ਮੁਹੱਬਤੇ ਮੌਜ਼ਿਨ ਕਲਾਮੇ ਕੁਨ ਕੁੱਲ ਮਾਲਕ ਨੂਰ ਅਲਾਹੀਆ । ਦਖ਼ਲਸੀਨੇ ਮਲਉਲਾ ਚਸ਼ਮੇ ਚੇਸ਼ਤ ਨੂਰੇ ਨਜ਼ੀਂ ਜ਼ਾਹਰੇ ਜ਼ਕੂ ਮਹਿਵੇ ਕਦੂ ਕ਼ਾਦਰੇ ਕ਼ੁਦਰਤ ਕ਼ੁਦਰਤ ਕ਼ਾਦਰ ਸੋਭਾ ਪਾਈਆ । ਜ਼ਨਖ਼ਾਨੇ ਜ਼ਹਿਦ ਮਹਿਵਖ਼ਾਨੇ ਰਿੰਦ ਸਾਹਿਬੇ ਬਖ਼ਸ਼ਿੰਦ ਨੂਰੇ ਨਿਸ਼ਾਨੇ ਹਿੰਦ ਗ਼ਜ਼ੀਨੇ ਗਵਿਦ ਜ਼ੀਨੇ ਅਜ਼ਹਿਦ ਸੀਨੇ ਪ੍ਰਸਿੱਧ ਪਰਸਜ਼ਾਲੂ ਆਲਮੇ ਆਅਲਾ ਖ਼ੁਦਾਏ ਤਾਅਲਾ, ਤਲਬ ਸਭ ਦੀ ਵੇਖ ਵਖਾਈਆ । ਪੈਗ਼ੰਬਰੇ ਬਹੁਜ਼ੂਨਾ ਮੁਹੰਮਦੇ ਮਮਨੂਨਾ ਮੂਸਾ ਮੁਸਲਸਲ ਕ਼ਦੀਮੇ ਕ਼ਦਮ ਕਜ਼ੂਨਾ ਈਸਾ ਆਸਮਾਨੇ ਨਜ਼ੀਨਾ ਜ਼ਾਗੁਰੇ ਕੋਜ਼ਤੇ ਮੁਅੱਜ਼ਜੇ ਨਾਰੀ ਮਦੀਨਾ ਮੁੱਦਤੇ ਆਜ਼ੀਉਲ ਵਲਜ਼ੀਨਾ ਵਾਹਦੇ ਵਾਹਦ ਕਲਮਾ ਆਇਦ ਹੁਕਮੇ ਜ਼ਨਾਂ ਮਿਹਰਵਾਨੇ ਗੁਨਾਂਹ ਤਾਰੀਕੇ ਰੌਸ਼ਨਾ ਨੂਰੇ ਨੌਗ਼ੁਸ ਜ਼ਾਹਰੇ ਬਾਖ਼ੁਜ਼ ਖ਼ੁਫ਼ੀਆ ਖ਼ਸਿਸ

ਜ਼ਮਾਨਾ ਨਵਿਸ ਚਸ਼ਮੇ ਚਅਜ਼ੀਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਾਰ ਜਣਾ ਉਪਰ ਬਸੁਧਾ, ਬਹਸ ਮੁਬਾਹਸ ਦਾ ਝਗੜਾ ਦਏ ਗਵਾਈਆ ।

❊ ੧੪ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਸਤਿਗੁਰ ਸ਼ਬਦ ਕਹੇ ਤੇਰਾ ਲੇਖਾ ਪਿਤਾ ਪੁੱਤ ਦਾ, ਪ੍ਰੀਤਮ ਪਰਮ ਪੁਰਖ ਤੇਰੀ ਸਰਨਾਈਆ । ਨਿਰਗੁਣ ਧਾਰ ਨਿਰਵੈਰ ਨਿਰਾਕਾਰ ਹੋ ਕੇ ਰਿਹੋਂ ਲੁਕਦਾ, ਲੋਚਣ ਨੈਣ ਨਜ਼ਰ ਨਾ ਆਈਆ । ਪੋਸ਼ੀਦਾ ਹੋ ਕੇ ਰਿਹੋਂ ਛੁਪਦਾ, ਛੱਪਰ ਛੰਨ ਨਾ ਕੋਇ ਦ੍ਰਿੜਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਕੀਤਾ ਚੁਪ ਦਾ, ਆਪਣਾ ਸ਼ਬਦ ਆਪ ਨਾ ਗਾਈਆ । ਅਵਤਾਰ ਪੈਗ਼ੰਬਰ ਗੁਰ ਸੰਦੇਸ਼ਾ ਦੇ ਕੇ ਆਪਣੀ ਤੁਕ ਦਾ, ਜਗਤ ਜਹਾਨ ਖੇਲ ਖਿਲਾਈਆ । ਵਕ਼ਤ ਸੁਹੰਜਣਾ ਸੁਹਾਉਂਦਾ ਰਿਹੋਂ ਦੀਨ ਮਜ਼੍ਹਬ ਰੁਤ ਦਾ, ਨਿਤ ਨਵਿਤ ਆਪਣੀ ਖੇਲ ਖਿਲਾਈਆ । ਹਿੱਸਾ ਪਾਉਂਦਾ ਰਿਹੋਂ ਕਾਇਆ ਮਾਟੀ ਪੰਜ ਤੱਤ ਬੁਤ ਦਾ, ਬੁਤਖ਼ਾਨੇ ਫਿਰੀ ਦੁਹਾਈਆ । ਜਗਤ ਜਹਾਨ ਰਿਹੋਂ ਲੁਟਦਾ, ਲੁਟੇਰਾ ਹੋ ਕੇ ਬਲ ਵਧਾਈਆ । ਖੇਲ ਖਲਾਇਆ ਮੁੱਛ ਦਾੜ੍ਹੀ ਕੇਸ ਜੰਞੂ ਬੋਦੀ ਗੁੱਤ ਦਾ, ਮੇਂਢੀ ਚੂੰਡੀ ਸੀਸ ਬਣਾਈਆ । ਮਾਣਸ ਰੂਪ ਬਣਾਇਆ ਉਲਟੇ ਰੁੱਖ ਦਾ, ਅਗਨੀ ਗਰਭ ਤੱਤ ਤਪਾਈਆ ।
੧੩੮੬ ਖੇਲ ਵਖਾਇਆ ਸੁੱਖ ਦੁੱਖ ਦਾ, ਜੀਵ ਜਗਤ ਜਹਾਨ ਭਵਾਈਆ । ਤੇਰਾ ਭੇਵ ਸਮਝਿਆ ਕਿਸੇ ਨਾ ਸੁੱਚ ਦਾ, ਸੰਜਮ ਹੱਥ ਕਿਸੇ ਨਾ ਆਈਆ । ੧੩੮੬
ਮੈਂ ਅੰਤ ਨਿਮਾਣਾ ਹੋ ਕੇ ਪੁਛਦਾ, ਮੇਰੀ ਪੁਸ਼ਤ ਪਨਾਹ ਹੱਥ ਦੇਣਾ ਟਿਕਾਈਆ । ਹੁਣ ਕਿਉਂ ਚਾਰ ਜੁਗ ਦਾ ਮਾਤਲੋਕ ਬੂਟਾ ਪੁੱਟਦਾ, ਜੜ੍ਹ ਕਿਰਿਆ ਕੂੜ ਉਖੜਾਈਆ । ਸਚ ਦੱਸ ਕੀ ਵੇਲਾ ਉਹੋ ਢੁਕਦਾ, ਜਿਸ ਦਾ ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਕਿਉਂ ਦੋ ਜਹਾਨਾਂ ਅਗੰਮੀ ਧਾਰ ਬੁੱਕਦਾ, ਬੁੱਕਲ ਸਭ ਦੀ ਰਿਹਾ ਖੁਲ੍ਹਾਈਆ । ਕਿਉਂ ਝਗੜਾ ਮਿਟਾਇਆ ਰਸਨਾ ਜਿਹਵਾ ਨਾਮ ਬੁੱਟ ਦਾ, ਹੋਠਾਂ ਵੰਡ ਨਾ ਕੋਇ ਵੰਡਾਈਆ । ਕਿਉਂ ਸਗਣ ਮਨਾਇਆ ਪੰਜਾਂ ਲਿਖਾਰੀਆਂ ਗਾਨਾ ਬੰਨ੍ਹਿਆ ਗੁੱਟ ਦਾ, ਗੁਰਮੁਖ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਿਉਂ ਮੌਲੀ ਬੱਧਾ ਤੰਦ, ਤੰਦ ਤੱਤ ਵਡਿਆਈਆ । ਮੇਰੇ ਦੀਨ ਦਿਆਲ ਬਖ਼ਸ਼ੰਦ, ਸਾਹਿਬ ਦੇਣਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਯਾਦ ਕਰ ਜਿਸ ਵੇਲੇ ਗੋਬਿੰਦ ਛੱਡਿਆ ਪੁਰੀ ਅਨੰਦ, ਅਨੰਦ ਜਗਤ ਵਾਲਾ ਤਜਾਈਆ । ਬਣ ਕੇ ਮੇਰਾ ਧੁਰ ਦਾ ਚੰਦ, ਚੰਦ ਨੂਰ ਦਿਤਾ ਚਮਕਾਈਆ । ਜਿਸ ਵੇਲੇ ਸਰਸੇ ਤੇ ਕੀਤਾ ਜੰਗ, ਜੰਗਲਾਂ ਪਈ ਦੁਹਾਈਆ । ਸੱਜਣ ਰਿਹਾ ਕੋਈ ਨਾ ਸੰਗ, ਸਾਥੀ ਸਾਥ ਨਾ ਕੋਇ ਵਡਿਆਈਆ । ਧੁਰ ਦੀ ਮਹਿੰਮਾ ਦੇ ਲਿਖੇ ਗੰਜ, ਨੌਂ ਤਿੰਨ ਚਾਰ ਆਪ ਉਠਾਈਆ । ਨਾ ਵੇਲਾ ਸਵੇਰ ਨਾ ਸੰਝ, ਰਾਤ ਅੱਧੀ ਸੋਭਾ ਪਾਈਆ । ਨਿਗਾਹ ਮਾਰੀ ਅਜੀਤ ਜੁਝਾਰ ਦੀ ਚੜ੍ਹਿਆ ਨਹੀਂ ਜੰਞ, ਖ਼ੁਸ਼ੀਆਂ ਵਿਚ ਵਧਾਈਆ । ਓਧਰੋਂ ਸ਼ਬਦ ਸੁਣਿਆ ਅਗੰਮੀ ਬਿਨਾ ਕੰਨ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਗੋਬਿੰਦ ਤੇਰਾ ਨਾ ਕੋਈ ਮਾਲ ਨਾ ਕੋਈ ਧਨ, ਜਗਤ ਖ਼ਜ਼ੀਨਾ ਨਾ ਕੋਇ ਰਖਾਈਆ । ਨਾ ਕੋਈ ਮੰਦਰ ਛੱਪਰ ਛੰਨ, ਮਹੱਲ ਅਟਲ ਨਾ ਕੋਇ ਦਰਸਾਈਆ । ਤੇਰਾ ਲੇਖਾ ਨਾਲ ਤਨ, ਪੰਚਮ

ਰੰਗ ਰੰਗਾਈਆ । ਧੁਰ ਦਾ ਭਾਣਾ ਲੈਣਾ ਮੰਨ, ਮਮਤਾ ਮੋਹ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਸਰਸੇ ਆਇਆ ਕੰਢਾ, ਕੰਢੀ ਵਾਲਾ ਵੇਖ ਵਖਾਈਆ । ਨਾਲ ਲੈ ਕੇ ਸੁੱਕਾ ਮੰਡਾ, ਭੋਜਨ ਆਪਣਾ ਆਪ ਵਰਤਾਈਆ । ਪ੍ਰੇਮ ਰਸ ਸਮਝ ਕੇ ਚੰਗਾ, ਆਪਣੇ ਮੁਖ ਵਿਚ ਪਾਈਆ । ਨੌ ਵਾਰ ਟੁੱਕ ਕੇ ਖਾਧਾ ਨਾਲ ਦੰਦਾ, ਦੰਦ ਦੰਦਾਂ ਨਾਲ ਦਬਾਈਆ । ਓਸ ਵੇਲੇ ਵਰ ਦਿਤਾ ਬੈਰਾਗੀ ਬੰਦਾ, ਮਾਧੋ ਮਧੁਰ ਧੁਨ ਸੁਣਾਈਆ । ਚਰਨ ਛੁਹਾ ਕੇ ਵਿਚ ਨੰਗਾ, ਸਰਸੇ ਧਾਰ ਦਿਤੀ ਵਡਿਆਈਆ । ਫੇਰ ਖਿੱਚ ਮਿਆਨੋਂ ਖੰਡਾ, ਪਾਣੀ ਵਿਚ ਭਵਾਈਆ । ਤੂੰ ਪਵਿਤ੍ਰ ਹੋਇਉਂ ਗੰਦਾ, ਸਤਿ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਰਸੇ ਕੰਢੇ ਗੋਬਿੰਦ ਤੱਕਿਆ ਆਪਣਾ ਪੰਥ, ਪੰਥ ਵਾਲਾ ਤਕਾਈਆ । ਜਾਂ ਵੇਖੇ ਪ੍ਰਭੂ ਦੀ ਸਿਫ਼ਤਾਂ ਵਾਲੇ ਗ੍ਰੰਥ, ਅੱਖਰਾਂ ਨਾਲ ਅੱਖਰ ਵਡਿਆਈਆ । ਬੇਨੰਤੀ ਕੀਤੀ ਵਾਰ ਅਨਕ, ਬੇਅੰਤ ਤੇਰੀ ਸਰਨਾਈਆ । ਅਗੰਮੀ ਧਾਰ ਮੰਨ ਮਿੰਨਤ, ਸਾਹਿਬ ਤੇਰੀ ਵਡਿਆਈਆ । ਮੇਰਾ ਲੇਖਾ ਵੇਖ ਲਿਖਿਆ ਨਾਲ ਹਿੰਮਤ, ਹੌਸਲਾ ਸਚ ਵਧਾਈਆ । ਜਿਸ ਵਿਚ ਲੇਖਾ ਨਹੀਂ ਕਿਸੇ ਨਿੰਦਕ, ਗੁਰਮੁਖਾਂ ਦਿਤੀ ਵਡਿਆਈਆ । ਪੁਰਖ ਅਕਾਲ ਕਿਹਾ ਨਾ ਕਰ ਚਿੰਨਤ, ਚਿੰਤਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਤੂੰ ਗੋਬਿੰਦੇ ਗੋਬਿੰਦ ਬੇਟਾ, ਗੋਬਿੰਦ ਤੇਰੀ ਵਡਿਆਈਆ । ਮੇਰਾ ਲੇਖਾ ਕਰ ਦੇ ਮੇਰੀ ਭੇਟਾ, ਸਰਸੇ ਵਿਚ ਟਿਕਾਈਆ । ਜੈਕਾਰੇ ਵਿਚ ਰੱਖ ਲੈ ਟੇਕਾ, ਟਿੱਕਾ ਧੂਲ ਰਮਾਈਆ । ਮੈਂ ਆਦਿ ਅੰਤ ਦਾ ਏਕਾ, ਇਕੋ ਇਕ ਅਖਵਾਈਆ । ਵਸਾਂ ਸਚਖੰਡ ਦੇਸਾ, ਦਰਗਾਹ ਸੋਭਾ ਪਾਈਆ । ਰੂਪ ਨੂਰ ਹਮੇਸ਼ਾ, ਨਾ ਮਰਾਂ ਨਾ ਜਾਈਆ । ਤੇਰਾ ਰੱਖਾਂ ਚੇਤਾ, ਅਭੁੱਲ ਭੁੱਲ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਗੋਬਿੰਦ ਕਿਹਾ ਮੈਂ ਲੇਖ ਲਿਖਿਆ ਮਸਾਂ, ਮੱਸ ਨਾਲ ਵਡਿਆਈਆ । ਹੁਣ ਤੇਰੇ ਚਰਨ ਰੱਖਾਂ, ਸਰਸੇ ਵਿਚ ਟਿਕਾਈਆ । ਖੋਲ੍ਹ ਕੇ ਦੋਵੇਂ ਅੱਖਾਂ, ਆਖ਼ਰ ਦਿਤਾ ਜਣਾਈਆ । ਤੁਹਾਨੂੰ ਲੱਭਣ ਕੋਟਨ ਲੱਖਾਂ, ਲੱਭਿਆਂ ਹੱਥ ਕਿਸੇ ਨਾ ਆਈਆ । ਓਸ ਵੇਲੇ ਜੁਝਾਰ ਬੋਲਿਆ ਗੋਬਿੰਦ ਦਾ ਬੱਚਾ, ਸਹਿਜ ਨਾਲ ਸੁਣਾਈਆ । ਕੀ ਸਤਿਗੁਰ ਤੂੰ ਵੀ ਤੱਤਾ ਵਾਲਾ ਬੰਦਾ, ਬੰਦਗੀ ਕਰ ਕੇ ਝਟ ਲੰਘਾਈਆ । ਕੀ ਝਗੜਾ ਕਰੇਂ ਦੰਗਾ, ਫ਼ਸਾਦਾਂ ਵਿਚ ਦੁਹਾਈਆ । ਖਲੋ ਕੇ ਇਕ ਟੰਗਾ, ਬੇਨੰਤੀ ਦਿਤੀ ਜਣਾਈਆ । ਜਿਹੜਾ ਲੇਖ ਲਿਖਿਆ ਪੰਜ ਸਾਲ ਤ੍ਰੇਠ ਦਿਨ ਪੁਰੀ ਅਨੰਦਾ, ਅੰਦਰ ਵੜ ਕੇ ਕ਼ਲਮ ਚਲਾਈਆ । ਓਨ੍ਹਾਂ ਵਿਚੋਂ ਇਕ ਦੱਸ ਦੇ ਛੰਦਾ, ਬਾਕੀ ਸਰਸਾ ਭੇਟ ਕਰਾਈਆ । ਸਰਨ ਸਰਨਾਈ ਮੰਗ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਬਚਨ ਕੋਇ ਨਾ ਬੋਲਾ, ਹੱਸ ਕੇ ਦਿਤਾ ਵਖਾਈਆ । ਪੁਰਖ ਅਕਾਲ ਅਗੰਮੀ ਸੁਣਾਇਆ ਢੋਲਾ, ਸੁਤ ਦੁਲਾਰੇ ਦਿਤਾ ਦ੍ਰਿੜਾਈਆ । ਜਿਸ ਘਰ ਦਾ ਨਾਨਕ ਬਣਿਆ ਗੋਲਾ, ਗੋਬਿੰਦ ਵਿਚੋਲਾ ਲੈਣਾ ਬਣਾਈਆ । ਮੇਰਾ ਪਿਆਰ ਸਦਾ ਅਨਮੋਲਾ, ਕ਼ੀਮਤ ਜਗਤ ਨਾ ਕੋਇ ਜਣਾਈਆ । ਪਰਦਾ ਲਾਹਵਾਂ ਓਹਲਾ, ਭੇਵ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਾਚਾ

ਢੋਲਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਿਹਾ ਇਹ ਖੇਲ ਅਗੰਮ ਨਿਆਰੀ, ਹਰਿ ਕਰਤਾ ਆਪ ਕਰਾਈਆ । ਤੈਨੂੰ ਚਿੰਤਾ ਰਹੇ ਨਾ ਭਾਰੀ, ਸਹਿਸਾ ਨਾ ਕੋਇ ਵਡਿਆਈਆ । ਜਿਹੜੀ ਭਵਿਖਤ ਲਿਖਤ ਸਰਸੇ ਰੋੜ੍ਹੀ ਸਾਰੀ, ਧਰਮ ਧਾਰ ਕਮਾਈਆ । ਜਿਸ ਦਾ ਲਹਿਣਾ ਦੇਣਾ ਦੇਵੇ ਆਪ ਨਿਰੰਕਾਰੀ, ਨਿਰਾਕਾਰ ਹੋਏ ਸਹਾਈਆ । ਪ੍ਰਭ ਦੇ ਦਰ ਖੇਲ ਅਪਾਰੀ, ਅਪਰੰਪਰ ਆਪ ਕਰਾਈਆ । ਜਿਸ ਵੇਲੇ ਧਰਮ ਦਾ ਰਿਹਾ ਨਾ ਕੋਇ ਵਪਾਰੀ, ਸਚ ਹੱਟ ਨਾ ਕੋਇ ਵਿਕਾਈਆ । ਗੁਰ ਅਵਤਾਰ ਪੈਗੰਬਰ ਆਏ ਨਾ ਕੋਇ ਦਵਾਰੀ, ਨਿਰਗੁਣ ਧਾਰ ਨਾ ਰੂਪ ਚਮਕਾਈਆ । ਪੁਰਖ ਅਕਾਲਾ ਜੋਤ ਕਰੇ ਉਜਿਆਰੀ, ਅੰਧ ਅਗਿਆਨ ਦਏ ਮਿਟਾਈਆ । ਸ਼ਬਦ ਧਾਰ ਦੇ ਹੋਣੇ ਪੰਜ ਲਿਖਾਰੀ, ਗੋਬਿੰਦ ਮਿਲ ਕੇ ਵੱਜੇ ਵਧਾਈਆ । ਜਿਨ੍ਹਾਂ ਨੂੰ ਝੁਕਣ ਸੰਸਾਰੀ, ਭੰਡਾਰੀ ਸੰਘਾਰੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਨੇ ਮਾਰੀ ਤਾੜੀ, ਜੁਝਾਰ ਨੂੰ ਹੱਸ ਕੇ ਦਿਤਾ ਜਣਾਈਆ । ਬੱਚਿਆ ਅੱਧੀ ਰਾਤ ਵੇਖ ਲੈ ਅੰਧੇਰੀ ਕਾਲੀ, ਸਾਚਾ ਚੰਦ ਨਾ ਕੋਇ ਚਮਕਾਈਆ । ਪਿਛਲਾ ਲੇਖ ਲਿਖਿਆ ਰੱਖਿਆ ਅਗਾੜੀ, ਸਹਿਜ ਨਾਲ ਰੁੜ੍ਹਾਈਆ । ਸਿਰ ਨਿਵਾ ਜੋਤ ਨਿਰੰਕਾਰੀ, ਸੀਸ ਦਿਤਾ ਝੁਕਾਈਆ । ਗੋਬਿੰਦ ਨੇ ਦੋਵੇਂ ਹੱਥ ਫੇਰ ਕੇ ਉਤੇ ਦਾੜ੍ਹੀ, ਆਪਣੀ ਲਈ ਅੰਗੜਾਈਆ । ਤੇਰੀ ਖੇਲ ਪ੍ਰਭੂ ਨਿਆਰੀ, ਨਿਰੰਕਾਰ ਤੇਰੀ ਬੇਪ੍ਰਵਾਹੀਆ । ਪੁਰਖ ਅਕਾਲ ਆਵਾਜ਼ ਅਗੰਮੀ ਅਗੰਮ ਮਾਰੀ, ਅੰਤਰ ਅੰਤਰ ਦਿਤੀ ਜਣਾਈਆ । ਸਦਾ ਰਹਵਾਂ ਪਿੱਛੇ ਅਗਾੜੀ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਿਹਾ ਮੈਂ ਸਦਕੇ ਘੋਲੀ ਵਾਰੀ, ਨਮੋਂ ਨਮੋਂ ਸੀਸ ਝੁਕਾਈਆ । ਮੇਰੇ ਪਰਮ ਪੁਰਖ ਮੈਂ ਪ੍ਰੀਤਮ ਤੇਰਾ ਅਧਾਰੀ, ਉਦਰ ਦਾ ਲੇਖਾ ਰਹੇ ਨਾ ਰਾਈਆ । ਮੈਂ ਸਿੱਖਾਂ ਦਾ ਵਪਾਰੀ, ਦੂਜਾ ਵਣਜ ਨਾ ਕੋਇ ਕਰਾਈਆ । ਪੁਰਖ ਅਕਾਲ ਕਿਹਾ ਜ਼ਰਾ ਵੇਖ ਲੈ ਨੈਣ ਉਘਾੜੀ, ਬਿਨ ਨੇਤਰ ਅੱਖ ਖੁਲ੍ਹਾਈਆ । ਜਿਸ ਵੇਲੇ ਮੇਰੇ ਪੰਜਵੇਂ ਸੰਮਤ ਦੀ ਆਵੇ ਹਾੜ੍ਹੀ, ਹਿਰਦਾ ਸਭ ਦਾ ਵੇਖ ਵਖਾਈਆ । ਪੰਜਾਂ ਦੀ ਸੇਵਾ ਲਾ ਕੇ ਭਾਰੀ, ਤੇਰਾ ਭਵਿਖਤ ਦਿਆਂ ਪ੍ਰਗਟਾਈਆ । ਸ਼ਹਿਨਸ਼ਾਹ ਬਣ ਦਰਬਾਰੀ, ਦਰਵੇਸ਼ਾਂ ਵੇਖ ਵਖਾਈਆ । ਪੰਜਾਂ ਪਿਆਰਿਆਂ ਨਾਲ ਹੋਵਣ ਪੰਜ ਲਿਖਾਰੀ, ਲੇਖਾ ਆਪਣੇ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਜੁਝਾਰ ਦਾ ਹੁੰਦਾ ਸੀ ਇਕ ਸਾਥੀ, ਆਯੂ ਚੌਦਾਂ ਸਾਲ ਵਡਿਆਈਆ । ਸਦਾ ਪ੍ਰੇਮ ਵਿਚ ਮੰਨਦਾ ਸੀ ਆਖੀ, ਮੁਹੱਬਤ ਵਿਚ ਰਹੇ ਸਰਨਾਈਆ । ਸਾਲ ਵਿਚ ਤਿੰਨ ਵੇਰਾਂ ਉਹਦੇ ਅੰਦਰ ਆਉਂਦੀ ਸੀ ਉਦਾਸੀ, ਚਿੰਤਾ ਵਿਚ ਘਬਰਾਈਆ । ਗੋਬਿੰਦ ਦਰਸ ਨਾਲ ਕੱਟੀ ਜਾਂਦੀ ਸੀ ਫਾਂਸੀ, ਮਮਤਾ ਮੋਹ ਕੂੜ ਗਵਾਈਆ । ਸਰਸੇ ਕੰਢੇ ਨਾਲ ਸੀ ਕਿਨਾਰੇ ਘਾਟੀ, ਤਟ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਜਿਸ ਵੇਲੇ ਮਨਜ਼ੂਰ ਹੋਏ ਪੰਜ ਲਿਖਾਰੀ, ਸਰਸੇ ਵੱਜੀ ਵਧਾਈਆ । ਜੁਝਾਰ ਸਿੰਘ ਨੂੰ ਸੈਨਤ ਮਾਰੀ, ਸੱਜਣ ਹੋ ਕੇ ਸੀਸ ਨਿਵਾਈਆ । ਮੇਰੀ ਸਫ਼ਾਰਸ਼ ਕਰ ਭਾਰੀ, ਗੋਬਿੰਦ ਅੱਗੇ ਝੋਲੀ ਡਾਹੀਆ । ਤੇਰੇ ਨਾਲ ਮੇਰੀ ਰਹੇ ਯਾਰੀ, ਜੁਗ ਜੁਗ ਸਾਚਾ ਸੰਗ ਬਣਾਈਆ । ਇਹ ਆਸਾ ਮੇਰੀ ਆਹ ਨਾਲ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ ।

੧੩੮੮ ੨੧

ਗੋਬਿੰਦ ਗਿਆ ਤਾੜੀ, ਚੋਰੀ ਯਾਰੀ ਦੋਵੇਂ ਵੇਖ ਵਖਾਈਆ । ਹੱਸ ਕੇ ਕਿਹਾ ਬੱਚੂ ਆ ਜਾ ਅਗਾੜੀ, ਖੰਡਾ ਪਿਠ ਉਤੇ ਠੁਕਰਾਈਆ । ਕਟਾਰ ਵਖਾ ਕੇ ਤਿੱਖੀ ਧਾਰੀ, ਧਰਮ ਦੀ ਧਾਰ ਦਿਤੀ ਜਣਾਈਆ । ਜੇ ਸਚ ਦੀ ਲਾਉਣੀ ਯਾਰੀ, ਮਾਤ ਪਿਆਰੀ ਦੇਣੀ ਤਜਾਈਆ । ਐਸ਼ੋ ਇਸ਼ਰਤ ਛੱਡਣੀ ਸਾਰੀ, ਸੇਵਾ ਸਤਿਗੁਰ ਸਚ ਕਮਾਈਆ । ਮਨ ਮਨਸਾ ਰਹੇ ਨਾ ਹੰਕਾਰੀ, ਹਉਮੇ ਗੜ੍ਹ ਤੁੜਾਈਆ । ਜੁਝਾਰ ਦੇ ਮਿਤ੍ਰ ਭਗਤੂ ਨੇ ਕਿਹਾ ਤੇਰੇ ਚਰਨ ਬਲਿਹਾਰੀ, ਬਲ ਬਲ ਸੀਸ ਨਿਵਾਈਆ । ਗੋਬਿੰਦ ਕਿਹਾ ਭਗਤੂ ਤੇਰੀ ਭਗਤਾਂ ਨਾਲ ਬੰਧਾਵਾਂ ਧਾਰੀ, ਧਰਮ ਦੀ ਧਾਰ ਇਕ ਰਖਾਈਆ । ਜਿਸ ਵੇਲੇ ਪ੍ਰਭ ਦੇ ਪੰਜ ਪ੍ਰਸਿੱਧ ਹੋਏ ਲਿਖਾਰੀ, ਨਾਤਾ ਦੀਨ ਦੁਨੀ ਤੁੜਾਈਆ । ਤੇਰੀ ਵੀ ਉਨ੍ਹਾਂ ਨਾਲ ਰੱਖਾਂ ਵਾਰੀ, ਆਪਣਾ ਹਿੱਸਾ ਤੇਰੀ ਝੋਲੀ ਪਾਈਆ । ਤੂੰ ਵੀ ਕਰ ਕੇ ਰੱਖੀਂ ਤਿਆਰੀ, ਤ੍ਰੈਗੁਣ ਡੇਰਾ ਢਾਹੀਆ । ਸੰਮਤ ਸ਼ਹਿਨਸ਼ਾਹੀ ਪੰਜ ਛੱਬੀ ਪੋਹ ਨੂੰ ਤੇਰੀ ਪੈਜ ਜਾਏ ਸਵਾਰੀ, ਲੇਖਾ ਪੰਜਾਂ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਜੀਤ ਸਿੰਘ ਦੀ ਪਿਛਲੀ ਸੇਵਾ ਲੇਖੇ ਲਾ ਕੇ ਸਾਰੀ, ਸਾਰ ਸ਼ਬਦ ਦੇ ਨਾਲ ਕ਼ਲਮ ਦੀ ਧਾਰ ਦਏ ਦ੍ਰਿੜਾਈਆ ।

### ✻ ੧੫ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✻

ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਜੂਹਾਂ ਕੰਦਰਾਂ, ਜੰਗਲ ਪਹਾੜ ਟਿੱਲੇ ਪਰਬਤ ਫੋਲ ਫੁਲਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ

ਵੇਖਾਂ ਅੰਦਰਾਂ, ਤਨ ਵਜੂਦ ਮਾਟੀ ਖ਼ਾਕ ਫੋਲ ਫੁਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧਰਮ ਦੀ ਧਾਰ ਵੇਖਾਂ ਮੰਦਰਾਂ, ਨਵ ਨੌ ਚਾਰ ਦਾ ਡੇਰਾ ਢਾਹੀਆ । ਸਚ ਦਵਾਰ ਵਿਚ ਮਿਹਰਵਾਨ ਹੋ ਕੇ ਲੰਘਣਾ, ਦੋ ਜਹਾਨ ਮਰਦ ਮਰਦਾਨ ਨੌਜਵਾਨ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਡੰਡਾਵਤ ਵੇਖਾਂ ਬੰਦਨਾ, ਸਯਦਿਆਂ ਵਾਲਾ ਪਰਦਾ ਲਾਹੀਆ । ਕਵਣ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਗਾਵੇ ਛੰਦਨਾ, ਧੁਰ ਦਾ ਕਲਮਾ ਨਾਮ ਅਗੰਮ ਅਥਾਹੀਆ । ਨਿਰਗੁਣ ਸਰਗੁਣ ਧਾਰ ਵੇਖਾਂ ਨੂਰੀ ਚੰਦਨਾ, ਜੋਤੀ ਜਾਤਾ ਹੋ ਕੇ ਫੋਲ ਫੁਲਾਈਆ । ਹਰ ਹਿਰਦਾ ਤੱਕਾਂ ਵਰਭੰਡਣਾ, ਬ੍ਰਹਿਮੰਡਾਂ ਖੋਜ ਖੁਜਾਈਆ । ਕਵਣ ਦਵਾਰੇ ਮਿਲੇ ਅਨੰਦਨਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਕਲਜੁਗ ਕੂੜੀ ਕਿਰਿਆ ਕਰਮ ਕਾਂਡ ਕਰਾਂ ਖੰਡਨਾ, ਖੰਡਾ ਖੜਗ ਗੋਬਿੰਦ ਨਾਮ ਚਮਕਾਈਆ । ਜਨ ਭਗਤਾਂ ਧੁਰ ਦੀ ਧੂੜੀ ਮਸਤਕ ਲਾਵਾਂ ਚੰਦਨਾ, ਅਗੰਮੀ ਖ਼ਾਕ ਰਮਾਈਆ । ਸਾਚੇ ਸੰਤਾਂ ਚਰਨ ਧੂੜ ਕਰਾਵਾਂ ਮਜਨਾ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਖੇਲ ਦੱਸਾਂ ਹੱਕ ਖ਼ੁਦਾ, ਖ਼ੁਦ ਮਾਲਕ ਪ੍ਰਿਤਪਾਲਕ ਰਿਹਾ ਜਣਾਈਆ । ਜਿਸ ਦੀ ਕਲਮਿਆਂ ਵਿਚ ਸੱਯਦਿਆਂ ਵਿਚ ਕਰਦੇ ਗਏ ਦੁਆ, ਨਿਉਂ ਨਿਉਂ ਸੀਸ ਝੁਕਾਈਆ । ਤਨ ਵਜੂਦ ਹੱਕ ਮਹਿਬੂਬ ਤੋਂ ਕਰ ਕੇ ਗਏ ਫ਼ਿਦਾ, ਫ਼ੈਸਲਾ ਆਪਣਾ ਅੰਤ ਜਣਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਜਾਵੇ ਆ, ਆਮਦ ਵਿਚ ਆਪਣਾ ਨੂਰ ਕਰੇ ਰੁਸ਼ਨਾਈਆ । ਬੀਸ ਬੀਸਾ ਹਰਿ ਜਗਦੀਸ਼ਾ ਸਭ ਦਾ ਲਹਿਣਾ ਦੇਣਾ ਦਏ ਚੁਕਾ, ਚੁਕੰਨੀ ਕਰੇ ਲੋਕਾਈਆ । ਵਕ਼ਤ ਸੁਹੰਜਣਾ ਆਦਿ ਨਿਰੰਜਣਾ ਦਏ ਸੁਹਾ, ਪਰਵਰਦਿਗਾਰ

ਸਾਂਝਾ ਯਾਰ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਲਏ ਬੁਲਾ, ਧੁਰ ਸੰਦੇਸ਼ਾ ਇਕ ਸੁਣਾ, ਸ਼ਬਦ ਅਨਾਦੀ ਨਾਦ ਜਣਾਈਆ । ਭੇਵ ਅਭੇਦਾ ਦਏ ਖੁਲ੍ਹਾ, ਨਿਰਗੁਣ ਸਰਗੁਣ ਪਰਦਾ ਲਾਹ, ਵਾਹਦ ਲਾਸ਼ਰੀਕ ਪੁਰਖ ਅਕਾਲਾ ਆਪਣੀ ਕਾਰ ਕਮਾਈਆ । ਸਚ ਸਵਾਮੀ ਅੰਤਰਜਾਮੀ ਬਣ ਮਲਾਹ, ਖੇਵਟ ਖੇਟਾ ਨਈਆ ਨੌਕਾ ਇਕੋ ਨਾਮ ਚਲਾਈਆ । ਸਚ ਦਵਾਰਾ ਏਕੰਕਾਰਾ ਏਕ ਏਕਾ ਦਏ ਸੁਹਾ, ਸੋਭਾਵੰਤ ਵੱਡੀ ਵਡਿਆਈਆ । ਚਾਰ ਵਰਨ ਅਠਾਰਾਂ ਬਰਨ ਏਕੋ ਨੂਰ ਦਏ ਚਮਕਾ, ਅੰਧ ਅੰਧੇਰਾ ਤਨ ਵਜੂਦ ਮਾਟੀ ਖ਼ਾਕ ਬਾਹਰ ਕਢਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਜਿਸ ਨੂੰ ਬੈਠੇ ਸੀਸ ਝੁਕਾ, ਓਹ ਮਾਲਕ ਹੋਕੇ ਦਿਲਰੁਬਾ, ਵਹਦਤ ਵਿਚ ਵਾਹਵਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਰੋ ਤਿਆਰੀ, ਤ੍ਰੈਗੁਣ ਅਤੀਤਾ ਆਪ ਜਣਾਈਆ । ਨਿਰਗੁਣ ਨੂਰ ਜੋਤ ਹੋਵੇ ਉਜਿਆਰੀ, ਤਨ ਵਜੂਦ ਨਾ ਕੋਇ ਵਖਾਈਆ । ਮਾਤਲੋਕ ਵੇਖੇ ਬਿਨ ਨੇਤਰ ਲੋਚਨ ਨੈਣ ਉਘਾੜੀ, ਅੱਖ ਪ੍ਰੱਖ ਇਕ ਉਠਾਈਆ । ਝਗੜਾ ਪਿਆ ਜੰਞੂ ਬੋਦੀ ਮੁੱਛ ਕੇਸ ਦਾੜ੍ਹੀ, ਸੁੰਨਤ ਵਾਲੇ ਦੇਣ ਦੁਹਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪ੍ਰਭ ਦੇ ਸੰਮਤ ਦੀ ਆਏ ਸਤਾਰਾਂ ਹਾੜ੍ਹੀ, ਹਾੜਾ ਕੱਢੇ ਖ਼ਲਕ ਖ਼ੁਦਾਈਆ । ਦੀਨ ਦੁਨੀ ਹੋਈ ਤੱਤ ਪੁਜਾਰੀ, ਨਿਰਗੁਣ ਇਸ਼ਟ ਨਾ ਕੋਇ ਮਨਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਖ਼ੁਆਰੀ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਮਨ ਮਮਤਾ ਮੋਹ ਮਾਇਆ ਜਗਤ ਗੁਲਸ਼ਨ ਬਹਾਰੀ, ਭੈ ਭੌ ਨਾ ਕੋਇ ਜਣਾਈਆ । ਸਾਚੀ ਮੰਜ਼ਲ ਚੜ੍ਹੇ ਨਾ ਕੋਇ ਅਟਾਰੀ, ਅਟਲ ਪਦਵੀ ਨਾ ਕੋਇ ਪਾਈਆ । ਜਿਧਰ ਵੇਖੋ ਚਾਰ ਕੁੰਟ ੧੩੯੦
੧੩੯੦ ਬਦਕਾਰੀ, ਬਦਕਾਰਾਂ ਦਾ ਬਦਲਾ ਨਾ ਕੋਇ ਚੁਕਾਈਆ । ਘਰ ਘਰ ਅੰਦਰ ਮਨ ਮਨਸਾ ਹੋਈ ਮੁਖ਼ਤਿਆਰੀ, ਮੁਫ਼ਤੀ ਬਣ ਕੇ ਲੈਣ ਅੰਗੜਾਈਆ । ਤੁਹਾਡੀ ਚਲੇ ਨਾ ਕੋਇ ਤਾਬਿਆਦਾਰੀ, ਤਬਾ ਤਬੀਅਤ ਨਾ ਕੋਇ ਬਦਲਾਈਆ । ਝਗੜਾ ਵੇਖੋ ਪੁਰਖ ਨਾਰੀ, ਪਿਤਾ ਪੂਤ ਕਰੇ ਲੜਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਕਰਨ ਵਿਭਚਾਰੀ, ਕੁਕਰਮ ਕਲਜੁਗ ਜੀਵ ਰਹੇ ਕਮਾਈਆ । ਹਕ਼ੀਕ਼ਤ ਵਾਲੀ ਰਹੀ ਨਾ ਕੋਈ ਯਾਰੀ, ਯਾਰਾਨੇ ਕੂੜੇ ਜਗਤ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਆਪਣਾ ਕਲਮਾ ਵੇਖੋ ਕਿਤਾਬ, ਬਿਨ ਅੱਖਾਂ ਲੇਖ ਦ੍ਰਿੜਾਈਆ । ਜੋ ਸਭ ਨੂੰ ਦੇਵੇ ਦਾਦ, ਦੌਲਤ ਧੁਰ ਦਾ ਨਾਮ ਵਰਤਾਈਆ । ਜਿਸ ਦੀਨ ਮਜ਼੍ਹਬ ਦੇ ਤੁਹਾਡੇ ਖੇੜੇ ਕੀਤੇ ਆਬਾਦ, ਅੰਤਮ ਲੇਖਾ ਦਏ ਮੁਕਾਈਆ । ਜਿਸ ਦਾ ਕਲਮਾ ਪੜ੍ਹੇ ਨਿਮਾਜ਼, ਰੋਜ਼ੇ ਰੱਖ ਕੇ ਝਟ ਲੰਘਾਈਆ । ਉਸ ਦੀ ਸੁਣੋ ਅਗੰਮੀ ਆਵਾਜ਼, ਜੋ ਹੱਕ ਹੱਕ ਸੁਣਾਈਆ । ਤੇਈ ਅਵਤਾਰ ਜਾਓ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਜਿਸ ਨੇ ਸਭ ਦਾ ਬਦਲ ਦੇਣਾ ਮਿਜ਼ਾਜ, ਤਬੀਅਤ ਤਬਾ ਦੇਣੀ ਬਦਲਾਈਆ । ਦੀਨ ਦੁਨੀ ਦਾ ਬਦਲ ਦੇਣਾ ਸਮਾਜ, ਸਮਗਰੀ ਇਕੋ ਨਾਮ ਵਰਤਾਈਆ । ਦੀਨ ਦੁਨੀ ਦਾ ਬਦਲ ਦੇਣਾ ਰਾਜ, ਰਈਅਤ ਇਕੋ ਹੋਵੇ ਸ਼ਹਿਨਸ਼ਾਹੀਆ । ਚਾਰ ਵਰਨ ਦੀ ਸਾਂਝੀ ਕਰ ਜਮਾਤ, ਸਾਚਾ ਅੱਖਰ ਦਏ ਪੜ੍ਹਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਚਮਕਾਈਆ । ਸ਼ਾਹੋ ਭੂਪ ਬਣ ਨਵਾਬ, ਨੌਬਤ ਨਾਮ ਹੱਕ ਸੁਣਾਈਆ । ਜਿਸ ਦਾ ਭਵਿਖਤਾਂ ਵਿਚ ਲੈਂਦੇ ਗਏ ਖ਼ੁਆਬ, ਸੋ ਖ਼ਾਲਕ ਖ਼ਲਕ ਫੇਰਾ ਪਾਈਆ । ਜਿਸ ਦਾ ਸੰਦੇਸ਼ਾ ਨਾਨਕ ਦੇ ਕੇ ਆਇਆ

ਵਿਚ ਬਗ਼ਦਾਦ, ਬਗ਼ਲੀਆਂ ਹੱਥਾਂ ਉਤੇ ਟਿਕਾਈਆ । ਜਿਸ ਨੇ ਦੀਨ ਦੁਨੀ ਦਾ ਸਾਂਝਾ ਕਰਨਾ ਜਾਪ, ਆਤਮ ਪਰਮਾਤਮ ਰੰਗ ਰੰਗਾਈਆ । ਜਨ ਭਗਤਾਂ ਜਨਮ ਕਰਮ ਦੇ ਮੇਟ ਕੇ ਪਾਪ, ਪਤਤ ਪਾਪੀਆਂ ਕਰੇ ਸਫ਼ਾਈਆ । ਸਭ ਦਾ ਸਾਂਝਾ ਬਣ ਕੇ ਬਾਪ, ਪਿਤਾ ਪੁਰਖ ਅਕਾਲ ਦਏ ਵਡਿਆਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਰ ਨਰਾਇਣ ਲਏ ਮਿਲਾਈਆ । ਤੁਹਾਡਾ ਪੂਰਾ ਕਰੇ ਭਵਿਖਤ ਵਾਕ, ਪੇਸ਼ੀਨਗੋਈ ਆਪਣੇ ਲੇਖੇ ਲਾਈਆ । ਸਚ ਸੰਦੇਸ਼ ਦੇ ਸ਼ਾਬਾਸ਼, ਸ਼ਾਲਾ ਆਪਣਾ ਰੰਗ ਰੰਗਾਈਆ । ਸਭ ਦੀ ਪੂਰੀ ਕਰ ਕੇ ਆਸ, ਆਲਸ ਨਿੰਦਰਾ ਦਏ ਗਵਾਈਆ । ਇਹ ਖੇਲ ਪ੍ਰਭੂ ਦਾ ਖ਼ਾਸ, ਖ਼ਸੂਸੀਅਤ ਸਮਝ ਕੋਇ ਨਾ ਪਾਈਆ । ਜਿਸ ਸੰਬਲ ਕੀਤਾ ਵਾਸ, ਸਾਢੇ ਤਿੰਨ ਹੱਥ ਜੋਤੀ ਜੋਤ ਡਗਮਗਾਈਆ । ਪਾਰਬ੍ਰਹਮ ਬ੍ਰਹਮ ਕਰ ਪ੍ਰਕਾਸ਼, ਅੰਧ ਅੰਧੇਰਾ ਦਿਤਾ ਗਵਾਈਆ । ਸਭ ਦਾ ਸੱਜਣ ਬਣ ਕੇ ਸਾਕ, ਸਗਲਾ ਸੰਗ ਨਿਭਾਈਆ । ਗੁਰਮੁਖਾਂ ਖੋਲ੍ਹ ਕੇ ਅੰਦਰੋਂ ਤਾਕ, ਨਿਜ ਪਰਦਾ ਰਿਹਾ ਉਠਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਨਾ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰੋ ਸਭ ਨੇ ਪਹੁੰਚਣਾ ਖ਼ਾਸ, ਖ਼ਾਲਸ ਆਪਣਾ ਖੇਲ ਖਿਲਾਈਆ । ਸਤਾਰਾਂ ਪ੍ਰਵਿਸ਼ਟਾ ਹਾੜ ਮਹੀਨਾ ਆਉਣਾ ਮਾਸ, ਮਸਲਾ ਸਭ ਦਾ ਹੱਲ ਕਰਾਈਆ । ਕਿਸੇ ਨੂੰ ਕਰਨਾ ਨਾ ਪਏ ਤਲਾਸ਼, ਜੰਗਲ ਜੂਹਾਂ ਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਆਉਣਗੇ । ਵਕ਼ਤ ਸੁਹੰਜਣਾ ਮਾਤ ਸੁਹਾਉਣਗੇ । ਨਿਰਗੁਣ ਧਾਰ ਜੋਤ ਜਗਾਉਣਗੇ । ਸ਼ਬਦੀ ਧਾਰ ਡੰਕ ਵਜਾਉਣਗੇ । ਬਿਨ ਨੇਤਰ ਲੋਚਣ ਨੈਣ ਦਰਸ਼ਨ ਪਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਰੰਗ ਰੰਗਾਉਣਗੇ । ਸਤਿਗੁਰ ਸ਼ਬਦ ਕਹੇ ਜਨ ਭਗਤੋ ਦੱਸਾਂ ਹੱਕ ਸਲਾਹ, ਸਾਹਿਬ ਰਿਹਾ ਸਮਝਾਈਆ । ਧੁਰ ਦਾ ਮੰਨੋ ਇਕ ਮਲਾਹ, ਖੇਵਟ ਖੇਟਾ ਨੂਰ ਅਲਾਹੀਆ । ਜੋ ਦੋ ਜਹਾਨਾਂ ਹੋਏ ਸਹਾ, ਏਥੇ ਓਥੇ ਵੇਖ ਵਖਾਈਆ । ਸੋ ਖੇਲ ਰਿਹਾ ਖਿਲਾ, ਖ਼ਾਲਕ ਖ਼ਲਕ ਬੇਪਰਵਾਹੀਆ । ਉਸ ਮਹਿਬੂਬ ਦਾ ਦਰਸ਼ਨ ਲੈਣਾ ਪਾ, ਜੋ ਪਾਕ ਪਾਕੀਜ਼ਾ ਸੋਭਾ ਪਾਈਆ । ਜਿਸ ਨੂੰ ਪੈਗ਼ੰਬਰਾਂ ਮੰਨਿਆਂ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਸਾਰੇ ਕਰਿਓ ਇਕ ਦੁਆ, ਦੋਆਬੇ ਵਾਲੇ ਨਾਲ ਰਲਾਈਆ । ਸਭ ਦੇ ਅੰਦਰੋਂ ਕੂੜੀ ਕਿਰਿਆ ਕੱਢੇ ਵਬਾ, ਦੁਰਮਤ ਮੈਲ ਕਰੇ ਸਫ਼ਾਈਆ । ਪੰਜਾਂ ਗੁਰਮੁਖਾਂ ਨੇ ਦੋਹਾਂ ਹੱਥਾਂ ਨੂੰ ਮਹਿੰਦੀ ਲੈਣੀ ਲਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਜਲ ਥਲ ਅਸਗਾਹ, ਮਹੀਅਲ ਆਪਣੇ ਖੋਜ ਖੁਜਾਈਆ ।



### ੧੬ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ

ਸਤਾਰਾਂ ਹਾੜ ਕਹੇ ਮੈਂ ਆਇਆ ਨਚਦਾ ਟਪਦਾ, ਨਵ ਨੌ ਚਾਰ ਚੌਕੜੀ ਪੰਧ ਮੁਕਾਈਆ । ਨਵ ਖੰਡ ਪ੍ਰਿਥਮੀ ਸੱਤ ਦੀਪ ਜਗਤ ਜਹਾਨ ਵੇਖਿਆ ਤਪਦਾ, ਸਾਂਤਕ ਸਤਿ ਨਾ ਕੋਇ ਕਰਾਈਆ । ਮਿਲਿਆ ਮੇਲ ਨਾ ਕਿਸੇ ਕਮਲਾਪਤਿ ਦਾ, ਪਤਿਪਰਮੇਸ਼ਵਰ ਦਰਸ ਕੋਇ ਨਾ ਪਾਈਆ ।

ਕੋਟਾਂ ਵਿਚੋਂ ਜਨ ਭਗਤ ਸੁਹੇਲਾ ਸੋਹੰ ਨਾਮ ਜਪਦਾ, ਆਤਮ ਪਰਮਾਤਮ ਰੰਗ ਰੰਗਾਈਆ । ਨਾਤਾ ਜੋੜ ਪਾਰਬ੍ਰਹਮ ਬ੍ਰਹਮ ਨਤ ਦਾ, ਨਰ ਨਰਾਇਣ ਵੇਖ ਵਖਾਈਆ । ਜਿਸ ਲਹਿਣਾ ਦੇਣਾ ਦੇਣਾ ਹੱਕ ਦਾ, ਹਕੀਕਤ ਪਰਦਾ ਦਏ ਚੁਕਾਈਆ । ਲੇਖਾ ਮੁਕਾ ਜਗਤ ਜਹਾਨ ਮਤ ਦਾ, ਬ੍ਰਹਮ ਵਿਦਿਆ ਇਕ ਦ੍ਰਿੜਾਈਆ । ਵਕ਼ਤ ਸੁਹਾ ਕੇ ਸਾਚੇ ਸਤਿ ਦਾ, ਧਰਮ ਦਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਂ ਦੋ ਜਹਾਨਾਂ ਆਇਆ ਭੱਜਾ, ਭਜਨ ਬੰਦਗੀ ਸਭ ਦੀ ਵੇਖ ਵਖਾਈਆ । ਪ੍ਰਭ ਦੇ ਹੁਕਮੇ ਅੰਦਰ ਬੱਧਾ, ਬੰਦਗੀ ਕਰ ਕਰ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਕੇ ਆਇਆ ਸੱਦਾ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਆਪਣੀ ਆਪਣੀ ਬਿਆਨ ਕਰੋ ਵਜਹ, ਕਿਉਂ ਕੂੜੀ ਕਿਰਿਆ ਭਰੀ ਲੋਕਾਈਆ । ਉਫ਼ ! ਹਾਏ, ਕਹਿਣ ਸਾਰੇ ਰੱਬਾ, ਰਹਿਮਤ ਵਿਚ ਮੰਗ ਮੰਗਾਈਆ । ਤੁਹਾਡਾ ਰਿਹਾ ਕੋਈ ਨਾ ਦੱਬਾ, ਭੈ ਭੌ ਨਾ ਕੋਇ ਜਣਾਈਆ । ਸਚ ਨਾਮ ਨਾ ਵੱਜੇ ਨੱਦਾ, ਕਲਮਾ ਅਗੰਮ ਨਾ ਕੋਇ ਦ੍ਰਿੜਾਈਆ । ਚਾਰ ਵਰਨ ਪੀਂਦੇ ਮਧਾ, ਮਧੁਰ ਧੁਨ ਨਾ ਕੋਇ ਸੁਣਾਈਆ । ਪੁਰਖ ਅਕਾਲ ਚਰਨ ਕੋਇ ਨਾ ਲੱਗਾ, ਭਗਤ ਭਗਵਾਨ ਰੂਪ ਨਾ ਕੋਇ ਬਣਾਈਆ । ਵੇਖੇ ਖੇਲ ਸੂਰਾ ਸਰਬਗਾ, ਕੀ ਕਰਤਾ ਕਾਰ ਕਮਾਈਆ । ਜੋ ਹੰਸ ਬਣਾਏ ਕੱਗਾ, ਕਾਗ ਹੰਸ ਦਰਸਾਈਆ । ਕਲਜੁਗ ਬੁਝਾਏ ਅਗਨੀ ਅੱਗਾ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਕਰਾਈਆ । ਸਤਾਰਾਂ ਹਾੜ ਕਹੇ ਮੈਂ ਆਇਆ ਨਾਲ ਸ਼ੌਂਕ, ਸ਼ਾਇਦ ਦਾ ਲੇਖਾ ਦਿਆਂ ਮੁਕਾਈਆ । ਸਭ ਦਾ ਸਾਂਝਾ ਦੱਸ ਕੇ ਖੌਂਤ, ਕੰਤ ਕੰਤੂਹਲ ਇਕ ਪ੍ਰਗਟਾਈਆ । ਜਿਹੜਾ ਕਦੇ ਨਾ ਜਾਵੇ ਔਂਤ, ਭਗਤ ਸੁਹੇਲੇ ਗੋਦ ਉਠਾਈਆ । ਜਿਸ ਦੀ ਮੰਜ਼ਲ ਸਕੇ ਨਾ ਕੋਈ ਪਹੁੰਚ, ਓਹ ਨਿਰਗੁਣ ਹੋ ਕੇ ਫੇਰਾ ਪਾਈਆ । ਸਤਿ ਦੀ ਸਚ ਜਣਾਏ ਮੌਜ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਮੈਂ ਆਉਣਾ ਉਤੇ ਧਰਤ, ਧਵਲ ਦਿਆਂ ਜਣਾਈਆ । ਪੁਰਖ ਅਕਾਲਾ ਵੇਖਣਾ ਜੋ ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਸ਼ਰਅ ਵਿਚੋਂ ਸਮਝਾਈਆ । ਨਿਰਗੁਣ ਧਾਰ ਆਵੇ ਪਰਤ, ਪਤਿਪਰਮੇਸ਼ਵਰ ਬੇਪ੍ਰਵਾਹੀਆ । ਸਭ ਦੀ ਪੁੱਠੀ ਕਰ ਕੇ ਨਰਦ, ਨਰ ਨਰਾਇਣ ਦਏ ਸਜ਼ਾਈਆ । ਸ਼ਰਅ ਛੁਰੀ ਪੈਗ਼ੰਬਰਾਂ ਵਾਲੀ ਕਰਦ, ਕ਼ਜ਼ਾ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਮੈਂ ਵੇਖਿਆ ਪਤਤ ਪੁਨੀਤ, ਪੀਆ ਪ੍ਰੀਤਮ ਸੀਸ ਨਿਵਾਈਆ । ਜਿਸ ਦੀ ਅਗੰਮ ਅਥਾਹ ਰੀਤ, ਭੇਵ ਅਭੇਦ ਨਾ ਕੋਇ ਜਣਾਈਆ । ਕਰਨਹਾਰਾ ਠਾਂਡਾ ਸੀਤ, ਅਗਨੀ ਤੱਤ ਬੁਝਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਰੱਖੀ ਉਡੀਕ, ਭਵਿਖਤਾਂ ਵਿਚ ਧਿਆਨ ਲਗਾਈਆ । ਓਹ ਸਭ ਦਾ ਲਹਿਣਾ ਦੇਣਾ ਕਰਨ ਆਇਆ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਜਿਸ ਨੇ ਛੁਡਾਉਣੇ ਮੰਦਰ ਮਸੀਤ, ਕਾਇਆ ਕਾਅਬਾ ਇਕ ਦ੍ਰਿੜਾਈਆ । ਉਸ ਦਾ ਇੱਕੀ ਬੀਬੀਆਂ ਰਲ ਕੇ ਗਾਉਣਾ ਗੀਤ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਚੌਵੀ ਸਾਲ ਤੋਂ ਹੋਏ ਨਾ ਕੋਈ ਵਧੀਕ, ਸਤਾਰਾਂ ਸਾਲ ਤੋਂ ਨਿੱਕੀ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਨੌ ਗੁਰਮੁਖ

੧੩੯੨
੨੧

ਹੋਣੇ ਬੂਰੇ ਕੱਕੇ ਬੱਗੇ, ਏਕਾ ਦਰ ਵਡਿਆਈਆ । ਗਲੋਂ ਲਾਹੇ ਹੋਵਣ ਝੱਗੇ, ਕ਼ਮੀਜ਼ ਤਨ ਨਾ ਕੋਇ ਰਖਾਈਆ । ਢਿੱਡ ਤੇ ਹੱਥ ਮਾਰ ਕੇ ਕਹਿਣ ਅਸੀਂ ਭੁੱਖੇ ਬੜੇ ਅੱਗੇ, ਭੁੱਖਿਆਂ ਭੁੱਖ ਦੇ ਗਵਾਈਆ । ਦੀਨ ਦੁਨੀ ਨੂੰ ਛੱਡ ਕੇ ਤੇਰੀ ਸਰਨਾਈ ਲੱਗੇ, ਸਿਰ ਆਪਣਾ ਹੱਥ ਟਿਕਾਈਆ । ਚਾਲੀ ਸਾਲ ਤੋਂ ਹੋਵਣ ਮੂਲ ਨਾ ਵੱਡੇ, ਤੀਸ ਦੇ ਵਿਚ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਜਿਸ ਵੇਲੇ ਮੇਰੇ ਵੱਜਣੇ ਢਾਈ, ਢਈਆ ਗੋਬਿੰਦ ਵਾਲਾ ਪੂਰ ਕਰਾਈਆ । ਸਭ ਨੇ ਇਕੱਠੇ ਹੋਣਾ ਭੈਣ ਭਾਈ, ਦਰ ਸਾਚੇ ਸੋਭਾ ਪਾਈਆ । ਪੁਰਖ ਅਕਾਲ ਦਏ ਵਧਾਈ, ਮਿਹਰ ਨਜ਼ਰ ਟਿਕਾਈਆ । ਸਾਚੀ ਸਿਖਿਆ ਦਏ ਸਮਝਾਈ, ਸਾਜਨ ਹੋ ਕੇ ਆਪ ਦ੍ਰਿੜ੍ਹਾਈਆ । ਕੀ ਕੁਝ ਕਰਨਾ ਕੀ ਕੀਤੀ ਪਿੱਛੇ ਕਮਾਈ, ਕੀ ਲਹਿਣਾ ਝੋਲੀ ਪਾਈਆ । ਸਤਾਰਾਂ ਹਾੜ ਕਹੇ ਮੈਂ ਦੇਵਾਂ ਕੂਕ ਦੁਹਾਈ, ਸੰਮਤ ਪੰਜ ਵਿਚ ਸੁਣਾਈਆ । ਜਿਸ ਨੂੰ ਗੁਰ ਅਵਤਾਰ ਪੈਗੰਬਰਾਂ ਮੰਨਿਆ ਧੁਰ ਦਾ ਮਾਹੀ, ਮਾਲਕ ਇਕ ਹੋ ਆਈਆ । ਜਨ ਭਗਤੋ ਜਦ ਮੰਗੋ ਤੇ ਮੰਗੋ ਤੇਰੀ ਹੋਏ ਨਾ ਕਦੀ ਜੁਦਾਈ, ਵਿਛੋੜੇ ਵਿਚ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਆਪਣੇ ਹੱਥ ਰਖਾਈਆ । ਢਈਆ ਕਹੇ ਗੁਰਮੁਖ ਸਿੰਘ ਪੋਤਾ ਚੁੱਕਿਆ ਹੋਵੇ ਢਾਕੇ, ਨੌ ਮਿੰਟ ਆਪ ਉਠਾਈਆ । ਜਿਸ ਦਾ ਲੇਖ ਕਤੇ ਨਾ ਜਾਪੇ, ਪੜ੍ਹਨ ਵਿਚ ਨਾ ਕੋਇ ਪੜ੍ਹਾਈਆ । ਜਨ ਭਗਤ ਸੁਹੇਲੇ ਸਾਰੇ ਹੋਣੇ ਸਾਚੇ, ਸਗਲਾ ਸੰਗ ਬਣਾਈਆ । ਰਣਜੀਤ ਕੌਰ ਨੇ ਸੰਧੂਰ ਲਗੌਣਾ ਮਾਥੇ, ਹੁਕਮ ਮਿਲੇ ਬੇਪਰਵਾਹੀਆ । ਜਿਸ ਕਾਰਨ ਖੇਲ ਕਰੇ ਪ੍ਰਭ ਆਪੇ, ਆਪਣਾ ਰੰਗ ਰੰਗਾਈਆ । ਲੇਖਾ ਪੂਰਾ ਕਰਨਾ ਮਨਜੀਤ ਜਗਦੀਸ਼ ਅਗੰਮੇ ਕਾਕੇ, ਕਲਾ ਆਪਣੀ ਕਲ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਸਤਾਰਾਂ ਹਾੜ ਕਹੇ ਢਾਈ ਵਜੇ ਮੈਂ ਗੁਰਮੁਖ ਵੇਖਣੇ ਪੰਜ ਗ਼ਰੀਬ, ਮੁਫ਼ਲਸਾਂ ਵਿਚੋਂ ਮੁਫ਼ਲਸ ਨਜ਼ਰੀ ਆਈਆ । ਦਰਸ ਕਰਾਂ ਆਪਣੀ ਦੀਦ, ਬਿਨ ਨੈਣਾਂ ਨੈਣ ਉਠਾਈਆ । ਆਸਾ ਮਨਸਾ ਵੇਖ ਉਮੀਦ, ਖਾਹਿਸ਼ ਵਿਚ ਜਣਾਈਆ । ਓਹ ਪੇਟ ਤੇ ਕਾਲੀ ਮਾਰਨ ਲੀਕ, ਉਂਗਲਾਂ ਦਸ ਵਿਚ ਲੰਬਾਈਆ । ਅਗਲਾ ਲੇਖਾ ਫੇਰ ਦੱਸੇ ਪ੍ਰਭ ਠੀਕ, ਠਾਕਰ ਆਪ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕਰੇ ਆਪ ਤਸਦੀਕ਼, ਸ਼ਹਾਦਤ ਸ਼ਰਅ ਅਵਰ ਨਾ ਕੋਇ ਭੁਗਤਾਈਆ ।

### ✳ ੧੭ ਹਾੜ ਸ਼ਹਿਨਸ਼ਾਹੀ ਸੰਮਤ ੫ ਸਵੇਰੇ ਢਾਈ ਵਜੇ ਹਰਿ ਭਗਤ ਦਵਾਰ ਜੇਠੂਵਾਲ ✳

ਸਤਾਰਾਂ ਹਾੜ ਕਹੇ ਜਿਥੇ ਖੜ੍ਹੀ ਮਾਤਾ ਬਿਸ਼ਨ ਕੌਰ, ਕੌਰਵਾਂ ਪਾਂਡਵਾਂ ਕ੍ਰਿਸ਼ਨ ਇਸ਼ਾਰੇ ਨਾਲ ਗਿਆ ਜਣਾਈਆ । ਮੂਸਾ ਈਸਾ ਮੁਹੰਮਦ ਕਰ ਕੇ ਗ਼ੌਰ, ਮਕ਼ਬਰਿਆਂ ਤੋਂ ਪਰੇ ਗਿਆ ਜਣਾਈਆ । ਨਾਨਕ ਨਿਰਗੁਣ ਸਮਝ ਕੇ ਅਵਰ ਕਾ ਔਰ, ਔਰਤ ਮਰਦ ਗਿਆ ਦ੍ਰਿੜ੍ਹਾਈਆ । ਗੋਬਿੰਦ ਪੁਰਖ ਅਕਾਲ ਦੀ ਫੜ ਕੇ ਡੋਰ, ਪ੍ਰੇਮ ਪ੍ਰੀਤੀ ਨਾਲ ਜੁੜਾਈਆ । ਸ਼ਬਦੀ ਧਾਰ ਪਾ ਕੇ ਸ਼ੋਰ, ਸ਼ਾਹ ਸੁਲਤਾਨ ਇਕ ਜਣਾਈਆ । ਬਿਆਸਾ

ਤੋਂ ਅੱਗੇ ਕ਼ਦਮ ਲੈਣਾ ਤੋਰ, ਚਰਨ ਚਰਨ ਨਾ ਕੋਇ ਟਿਕਾਈਆ । ਚਾਰ ਜੁਗ ਦੀ ਮਾਲਾ ਤਸਬੀ ਫੜ ਕੇ ਦੋਵੇਂ ਹੱਥ ਦਿਤੇ ਜੋੜ, ਪੁਨਹ ਪੁਨਹ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਤੇਰੀ ਲੋੜ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਫਿਰ ਕੇ ਵੇਖਿਆ ਜਗਤ ਜਹਾਨ ਤੱਤਾਂ ਵਾਲੇ ਪੌੜ, ਨੀਲਾ ਜ਼ੇਬੋ ਜ਼ੀਨਤ ਨਾਲ ਸੁਹਾਈਆ । ਚਾਰੋਂ ਕੁੰਟ ਅੰਧੇਰਾ ਘੋਰ, ਸਾਚਾ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਖੇਲ ਆਪ ਖਿਲਾਈਆ । ਸਤਾਰਾਂ ਹਾੜ ਕਹੇ ਗੋਬਿੰਦ ਕੀਤੀ ਆਪਣੀ ਉਂਗਲ, ਅੰਤਰ ਵੇਖ ਵਖਾਈਆ । ਬਿਨ ਪੁਰਖ ਅਕਾਲ ਤੋਂ ਖੋਲ੍ਹੇ ਕੋਈ ਨਾ ਗੁੰਝਲ, ਪਰਦਾ ਸਕੇ ਨਾ ਕੋਇ ਉਠਾਈਆ । ਚਾਰ ਵਰਨ ਹੋਣਾ ਚੁਗਲ, ਨਿੰਦਕ ਨਿੰਦਿਆ ਵਿਚ ਵਡਿਆਈਆ । ਨਜ਼ਰੀ ਆਏ ਨਾ ਨੈਣ ਮੂੰਦਨ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਚਾਰ ਜੁਗ ਦੇ ਸ਼ਾਸਤਰ ਕੂਕਣ, ਉਚੀ ਕੂਕ ਕੂਕ ਸੁਣਾਈਆ । ਪਵਿਤ੍ਰ ਜਨਮ ਕਰੇ ਨਾ ਕੋਇ ਮਲ ਮੂਤਨ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਝਗੜਾ ਪੈਣਾ ਪੰਜ ਭੂਤਨ, ਦੀਨ ਮਜ਼੍ਹਬ ਫਿਰੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਗੋਬਿੰਦ ਨਿਗਾਹ ਕੀਤੀ ਆਪ, ਸਚ ਧਿਆਨ ਲਗਾਈਆ । ਪਵਿਤ੍ਰ ਹੋਵੇ ਓਹ ਖ਼ਾਕ, ਧੂੜ ਮਿਲੇ ਵਡਿਆਈਆ । ਜਿਥੇ ਮਿਟੇ ਅੰਧੇਰੀ ਰਾਤ, ਸਚ ਚੰਦ ਚਮਕਾਈਆ । ਰੂਹ ਬੁਤ ਹੋਵੇ ਪਾਕ, ਦੁਰਮਤ ਮੈਲ ਧਵਾਈਆ । ਪੁਰਖ ਅਕਾਲਾ ਪ੍ਰਗਟ ਹੋਵੇ ਸਾਖਿਆਤ, ਨਿਰਗੁਣ ਨਿਰਾਕਾਰ ਆਪਣਾ ਰੂਪ ਬਦਲਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕ, ਭਗਤ ਦਵਾਰਾ ਇਕ ਵਡਿਆਈਆ । ਝਗੜਾ ਮੇਟ ਕੇ ਜ਼ਾਤ ਪਾਤ, ਦੀਨ ਦੁਨੀ ਦਾ ਡੇਰਾ ਢਾਹੀਆ । ਸਚ ਸੰਦੇਸ਼ਾ ਦੇਵੇ ਆਪ, ਧੁਰ ਫ਼ਰਮਾਨਾ ਹੱਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪ੍ਰਭ ਚਰਨਾਂ ਉਤੇ ਪੈਰ, ਪੈਰਾਂ ਹੇਠ ਚਰਨ ਦਬਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਕਹਿਰ, ਸਤਿ ਸਤਿ ਨਾ ਕੋਇ ਜਣਾਈਆ । ਮਾਤਾ ਪੁੱਤਰਾਂ ਦੇਵੇ ਜ਼ਹਿਰ, ਦੁਹਾਗਣ ਹੋ ਕੇ ਦਏ ਦੁਹਾਈਆ । ਮਾਤ ਪਿਤਾ ਦਾ ਹੋਵੇ ਵੈਰ, ਗੋਦੀ ਸੁਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਸਦਾ ਮਾਤਾ ਪੁੱਤਰ ਨੂੰ ਚੁਕਦੀ ਗੋਦੀ, ਗੋਦਾਵਰੀ ਕੰਢੇ ਗਿਆ ਜਣਾਈਆ । ਮਾਤਾ ਦੇ ਪੁੱਤਰ ਹੁੰਦੇ ਗੁਰੂ ਜਗਤ ਜੁਗੀਸ਼ਰ ਜੋਗੀ, ਤਪੀਸ਼ਰ ਰੂਪ ਵਟਾਈਆ । ਮਾਤਾ ਦਾ ਪੁੱਤਰ ਹੁੰਦੇ ਕੂੜ ਕਲਪਣਾ ਕਾਮਨਾ ਵਸ ਭੋਗੀ, ਮਮਤਾ ਮੋਹ ਹਲਕਾਈਆ । ਮਾਤਾ ਦੇ ਪੁੱਤਰ ਹੁੰਦੇ ਧੁਰ ਸੰਜੋਗੀ, ਦਰਗਾਹ ਸਾਚੀ ਮੇਲ ਮਿਲਾਈਆ । ਮਾਤਾ ਦੇ ਪੁੱਤਰ ਹੁੰਦੇ ਜਨਮ ਜਨਮ ਦੇ ਰੋਗੀ, ਕਰਮ ਕਰਮ ਵਿਚ ਚੁਰਾਸੀ ਖੇਲ ਖਿਲਾਈਆ । ਮਾਤਾ ਦੇ ਪੁੱਤਰ ਹੋ ਕੇ ਗਏ ਵੇਦੀ ਸੋਢੀ, ਨਿਰਗੁਣ ਸਰਗੁਣ ਕਾਰ ਕਮਾਈਆ । ਮਾਤਾ ਦਾ ਪੁੱਤਰ ਸੁਹਵੇ ਮਾਤਾ ਕੋਲ, ਘਰ ਮਿਲੇ ਵਡਿਆਈਆ । ਮਾਤਾ ਦਾ ਪੁੱਤਰ ਮਾਤਾ ਨਾਲ ਬੋਲੇ ਬੋਲ, ਸਾਚੀ ਸਿਖਿਆ ਝੋਲੀ ਪਾਈਆ । ਮਾਤਾ ਨਾਲ ਕਰੇ ਚੋਹਲ, ਸੋਹਣਾ ਰੰਗ ਵਖਾਈਆ । ਮਾਤਾ ਵਾਸਤੇ ਸਦਾ ਅਨਭੋਲ, ਆਯੂ ਵੱਡ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਖੇਲ ਖਿਲਾਈਆ । ਗੋਬਿੰਦ ਕਹੇ ਮਾਤਾ ਛੱਡ ਦੇ ਪਿਛਲਾ ਖ਼ਿਆਲ, ਅੰਤਸ਼ ਲੈ ਬਦਲਾਈਆ । ਜਿਹੜਾ ਗੋਦੀ ਚੁੱਕਿਆ ਬਾਲ, ਨੰਨ੍ਹਾ ਆਪ ਉਠਾਈਆ । ਜਿਸ

੧੩੯੪
੨੧

ਨੂੰ ਕਹਿੰਦੀ ਰਹੀ ਲਾਲ, ਖ਼ੁਸ਼ੀਆਂ ਨਾਲ ਬੁਲਾਈਆ । ਓਹ ਬਣ ਕੇ ਪੁਰਖ ਅਕਾਲ, ਆਪਣਾ ਰੂਪ ਆਇਆ ਬਦਲਾਈਆ । ਸਾਚੀ ਗੋਦੀ ਲਏ ਸਵਾਲ, ਸੁੱਤਿਆਂ ਫੇਰ ਨਾ ਕੋਇ ਉਠਾਈਆ । ਏਥੇ ਓਥੇ ਪੁੱਛੇ ਹਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਾਰਾਂ ਹਾੜ ਕਹੇ ਪੁੱਤ ਦੀ ਮਾਤਾ ਬੈਠ ਗਈ ਗੋਦੀ, ਪਿਤਾ ਪੁਰਖ ਅਕਾਲ ਆਇਆ ਰੂਪ ਬਦਲਾਈਆ । ਜਿਸ ਨੂੰ ਕਹਿੰਦੀ ਪੂਰਨ ਜੋਤੀ, ਓਹ ਜੋਤੀ ਜਾਤਾ ਵੇਖ ਵਖਾਈਆ । ਮਾਤਾ ਜਗਤ ਦੀ ਇਹ ਬੱਚੇ ਸਾਰੇ ਤੇਰੇ ਗੋਤੀ, ਸਭ ਨੂੰ ਦਿਆਂ ਵਖਾਈਆ । ਨਾ ਕੋਈ ਹਿਰਖ ਤੇ ਨਾ ਕੋਈ ਸੋਗੀ, ਚਿੰਤਾ ਦੇਣੀ ਕਢਾਈਆ । ਸਾਰੇ ਬੱਚੇ ਤੇਰੇ ਜੋਗੀ, ਜਨ ਭਗਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਕਹੇ ਸ਼ਬਦੀ ਧਾਰ ਅਗੰਮੀ ਬੱਚੀ, ਬਚਪਨ ਵਿਚ ਵਡਿਆਈਆ । ਜਿਸ ਦੀ ਡੋਰ ਰਹੀ ਨਾ ਕੱਚੀ, ਤੰਦਨ ਤੰਦ ਬੰਧਾਈਆ । ਇਕ ਖ਼ਬਰ ਸੁਣਨੀ ਸੱਚੀ, ਸਚ ਸਚ ਜਣਾਈਆ । ਭਰਮ ਰਹੇ ਨਾ ਰਤੀ, ਭਾਂਡਾ ਕੂੜਾ ਦੇਣਾ ਭੰਨਾਈਆ । ਬਿਸ਼ਨ ਕੌਰ ਕਹੇ ਜਿਸ ਪੂਰਨ ਨੇ ਮੈਨੂੰ ਚੁੱਕਿਆ ਆਪਣੀ ਪੱਟੀਂ, ਪਟਨੇ ਵਾਲਾ ਵੇਸ ਵਟਾਈਆ । ਓਹ ਜਨ ਭਗਤੋ ਤੁਹਾਨੂੰ ਸੱਦ ਸਦਾ ਸਦ ਆਪਣੇ ਨਾਲ ਰਿਹਾ ਰੱਖੀ, ਵਿਛੋੜਾ ਰਹਿਣ ਕੋਇ ਨਾ ਪਾਈਆ । ਕਿਉਂ ਤੁਸਾਂ ਤੂੰ ਮੇਰਾ ਮੈਂ ਤੇਰਾ ਧਾਰ ਜਪੀ, ਦੂਜਾ ਨਾਤਾ ਦਿਤਾ ਤੁੜਾਈਆ । ਸਤਾਰਾਂ ਹਾੜ ਕਹੇ ਮੈਂ ਜਨ ਭਗਤ ਰਹਿਣ ਨਹੀਂ ਦੇਣਾ ਕੋਈ ਛੁੱਟੜ, ਵਿਧਵਾ ਨਜ਼ਰ ਕੋਇ ਨਾ ਆਈਆ । ਗੁਰਮੁਖ ਸਿੰਘ ਆਪਣਾ ਪੋਤਰਾ ਚੁਕ ਲੈ ਕੁੱਛੜ, ਧੁਰ ਫ਼ਰਮਾਨਾ ਇਕ ਜਣਾਈਆ । ਗੋਬਿੰਦ ਨਾਲ ਕੀਤਾ ਕੌਲ ਸਾਹਿਬ ਸਵਾਮੀ ਨਾ ਜਾਏ ਮੁਕਰ, ਆਦਿ ਜੁਗਾਦਿ ਪੂਰ ਕਰਾਈਆ । ਬਿਸ਼ਨ ਕੌਰ ਅੱਜ ਆਪਣਾ ਕਰ ਲੈ ਸ਼ੁਕਰ, ਸ਼ੁਕਰਾਨੇ ਵਿਚ ਆਪਣੀ ਖ਼ੁਸ਼ੀ ਬਣਾਈਆ । ਜਿਹੜਾ ਅਗੰਮੀ ਧਾਰੋਂ ਆਇਆ ਉਤਰ, ਉੱਤਰ ਪੂਰਬ ਪੱਛਮ ਦੱਖਣ ਪੰਧ ਮੁਕਾਈਆ । ਜਿਸ ਪੂਰਨ ਨੂੰ ਕਹਿੰਦੀ ਰਹੀ ਪੁੱਤਰ, ਓਹ ਪੂਰਨ ਪਰਮੇਸ਼ਵਰ ਹੋ ਕੇ ਆਪਣੀ ਗੋਦ ਉਠਾਈਆ । ਗੁਰਮੁਖਾਂ ਕਦੇ ਨਾ ਦੇਵੇ ਲੁੱਕਣ, ਚਾਰੋਂ ਕੁੰਟਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਦਾਤਾ ਧੁਰਦਰਗਾਹੀਆ । ਹਾੜ ਸਤਾਰਾਂ ਕਹੇ ਪਿਤਾ ਪੂਤ ਨਾਤਾ ਗੁਰਮੁਖ ਪੋਤਰਾ, ਜੋਤ ਸ਼ਬਦ ਧਾਰ ਆਤਮ ਬ੍ਰਹਮ ਵਡਿਆਈਆ । ਸਚ ਸੰਦੇਸ਼ਾ ਨਾਮ ਅਗੰਮ ਹੋਕਰਾ, ਹੁਕਮ ਇਕੋ ਇਕ ਸੁਣਾਈਆ । ਜਨ ਭਗਤਾਂ ਮਾਰਗ ਦੇ ਕੇ ਮੋਕਲਾ, ਭੀੜੀ ਗਲੀ ਨਾ ਪੰਧ ਜਣਾਈਆ । ਵੇਲੇ ਅੰਤ ਕੱਟ ਕੇ ਔਕੜਾ, ਓੜਕ ਆਪਣਾ ਰੰਗ ਰੰਗਾਈਆ । ਜਨ ਭਗਤੋ ਝਗੜਾ ਕਰਿਓ ਨਾ ਵਾਂਗ ਸੌਕਣਾ, ਸੌਹਰਾ ਪੇਕਾ ਇਕੋ ਪਿਤਾ ਮਾਈਆ । ਸਚਖੰਡ ਦਵਾਰੇ ਇਕ ਘਰ ਸਭ ਨੇ ਪਹੁੰਚਣਾ, ਦੂਜਾ ਦਰ ਨਾ ਕੋਇ ਵਡਿਆਈਆ । ਦੋ ਜਹਾਨ ਕਿਸੇ ਨਾ ਰੋਕਣਾ, ਰੁਕਮਣੀ ਰਾਧਾ ਨੂੰ ਕ੍ਰਿਸ਼ਨ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਹਾੜ ਕਹੇ ਮੈਂ ਪ੍ਰਭ ਦਾ ਭਰਿਆ ਵੇਖਾਂ ਪੂਰ, ਪੂਰਨ ਪੁਰਖ ਦਏ ਜਣਾਈਆ । ਹਾਜ਼ਰ ਹੋ ਹਜ਼ੂਰ, ਲੇਖਾ ਪੂਰਬ ਫੋਲ ਫੁਲਾਈਆ । ਰਣਜੀਤ ਕੌਰ ਲਾ ਕੇ ਮਸਤਕ ਸੰਧੂਰ, ਸੰਧਿਆ ਦਾ ਵਕਤ ਇਕ ਸੁਹਾਈਆ । ਅੰਤਰ ਵਿਕਾਰ ਰਹੇ ਨਾ ਕੂੜ, ਕਿਰਿਆ ਕੂੜ ਦੇਣੀ ਮਿਟਾਈਆ । ਜਿਸ ਜਨ ਭਗਤ ਪ੍ਰਭ ਚਰਨ ਲਾ ਲਈ ਧੂੜ, ਓਸ ਦਾ ਇਕੋ ਪਿਤਾ ਮਾਈਆ । ਸ਼ਰੀਰ ਵਾਸਤੇ ਮਾਤਾ ਪਿਤਾ ਜਗਤ ਜ਼ਰੂਰ,

ਆਤਮ ਦਾ ਪਰਮਾਤਮ ਆਦਿ ਅੰਤ ਸਦਾ ਅਖਵਾਈਆ । ਜਿਸ ਕੂੜੀ ਕਿਰਿਆ ਕਲਜੁਗ ਮੇਟਣੀ ਜ਼ਰੂਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਨ ਭਗਤ ਕਰੇ ਮਸ਼ਹੂਰ, ਮਸ਼ਵਰਾ ਲੈਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਪ੍ਰਭ ਦਾ ਸ਼ਬਦ ਧਾਰ ਮਜ਼ਮੂਨ, ਲੇਖਾ ਕ਼ਲਮ ਸ਼ਾਹੀ ਵਡਿਆਈਆ । ਭਗਤ ਦਵਾਰੇ ਜਿਸ ਮਾਤਾ ਦਾ ਲੱਗਾ ਖ਼ੂਨ, ਸ਼ਹਾਦਤ ਬੱਚਿਆਂ ਵਾਲੀ ਭੁਗਤਾਈਆ । ਓਸ ਦਾ ਨੁਕ਼ਤਾ ਸਮਝ ਨਾ ਸਕੇ ਕੋਇ ਨੂਨ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਆਦਿ ਅੰਤ ਆਪਣੇ ਹੱਥ ਰੱਖੇ ਕ਼ਾਨੂੰਨ, ਕਾਇਦਾ ਬਾਕਾਇਦਾ ਆਪ ਦ੍ਰਿੜਾਈਆ । ਜੋ ਲੇਖੇ ਲਾਏ ਮਾਸੂਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਜਿਥੇ ਭਗਤਾਂ ਦੀ ਆਬਾਦੀ, ਭਗਤ ਦਵਾਰਾ ਸੋਭਾ ਪਾਈਆ । ਸਾਡੇ ਪਿਤਾ ਦੀ ਗੋਦੀ ਬੈਠ ਗਈ ਸਾਡੀ ਦਾਦੀ, ਦਾਅਵੇ ਨਾਲ ਜਣਾਈਆ । ਮਾਤਾ ਸੰਧੂਰ ਲਗਾ ਕੇ ਰਸਮ ਕਰੇ ਸਮਾਜੀ, ਸਮਾਜ ਵਾਲਿਆਂ ਦਏ ਜਣਾਈਆ । ਬਿਨਾ ਪ੍ਰਭੂ ਦੀ ਕ੍ਰਿਪਾ ਸਦਾ ਰਹੇ ਕੋਈ ਨਾ ਰਾਜ਼ੀ, ਸਤਿ ਸਤਿ ਨਾ ਕੋਇ ਸਮਾਈਆ । ਕੀ ਸ਼ਰਅ ਸ਼ਰੀਅਤ ਕਰੇ ਕ਼ਾਜ਼ੀ, ਕ਼ਜ਼ਾ ਸਕਿਆ ਨਾ ਕੋਇ ਬਦਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅਗੰਮੀ ਸਾਜਣ ਸਾਜੀ, ਸਾਜਣਹਾਰ ਦਇਆ ਕਮਾਈਆ । ਸੰਮਤ ਸ਼ਹਿਨਸ਼ਾਹੀ ਪੰਜ ਜਗਦੀਸ਼ ਮਨਜੀਤ ਦੀ ਹੋਣੀ ਸ਼ਾਦੀ, ਖ਼ੁਸ਼ੀਆਂ ਭਗਤਾਂ ਨਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਮਨਜੀਤ ਜਗਦੀਸ਼ ਕਹੇ ਅਸੀਂ ਆਏ ਧਰਮ ਦੀ ਧਾਰ ਆਖਣ, ਨਿਉਂ ਨਿਉਂ ਸੀਸ ਨਿਵਾਈਆ । ਜਿਥੇ ਲੱਗੇ ਸਚ ਸਿੰਘਾਸਣ, ਸੋਭਾਵੰਤ ਵਡਿਆਈਆ । ਧਰਨੀ ਹੋਵੇ ਵਡ ਵਡ ਭਾਗਣ, ਧਵਲ ਖ਼ੁਸ਼ੀ ਰਖਾਈਆ । ਕਿਰਪਾ ਕਰੇ ਮਾਧਵ ਮਾਧਨ, ਮੋਹਣ ਮੋਹਣੀ ਰੂਪ ਦਰਸਾਈਆ । ਜਿਸ ਰਚਨਾ ਰਚੀ ਆਦਨ, ਅੰਤ ਆਪੇ ਵੇਖ ਵਖਾਈਆ । ਜਨ ਭਗਤੋ ਤੁਸੀਂ ਸਾਰੇ ਹੋਏ ਸੁਹਾਗਣ, ਰੰਡੇਪਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਪਰ ਸੁਹੰਞਣੀ ਹੋਵੇ ਜਗਹ, ਜਾਗਰਤ ਜੋਤ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰ ਚਾਰ ਜੁਗ ਦਾ ਇਸ਼ਟ ਮਜ਼੍ਹਬਾਂ ਦਾ ਸਕਾ, ਦੀਨਾਂ ਰੰਗ ਰੰਗਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਬਣਨ ਲੱਗਾ ਅੱਬਾ, ਪਤਿਪਰਮੇਸ਼ਵਰ ਫੇਰਾ ਪਾਈਆ । ਵਕਤ ਸੁਹੰਞਣਾ ਸੁਹਾਵਾ ਸੋਹਣਾ ਸਜਾ, ਮਿਲੇ ਮਾਣ ਵਡਿਆਈਆ । ਚਾਰੇ ਦਿਸ਼ਾ ਅੱਗਾ ਪਿੱਛਾ ਸੱਜਾ ਖੱਬਾ, ਗੁਰ ਅਵਤਾਰ ਪੈਗ਼ੰਬਰ ਰੰਗ ਰੰਗਾਈਆ । ਪੂਰਬ ਲੇਖਾ ਮੇਟੇ ਹੱਭਾ, ਅੱਗੇ ਆਪਣਾ ਹੁਕਮ ਜਣਾਈਆ । ਜਨ ਭਗਤੋ ਸਾਢੇ ਨੌਂ ਵਜੇ ਰੈਣ ਰਾਤੀਂ ਭਗਤ ਦਵਾਰੇ ਉਤੇ ਢੋਲ ਦਾ ਲੱਗੇ ਡੱਗਾ, ਖ਼ੁਸ਼ੀ ਨਾਲ ਖੜਕਾਈਆ । ਸ਼ਮਾਂਦਾਨ ਹੋਵੇ ਜਗਾ, ਆਪਣਾ ਆਪ ਚਮਕਾਈਆ । ਗੁਰ ਅਵਤਾਰ ਪੈਗ਼ੰਬਰ ਹੋਵੇ ਸੱਦਾ, ਆਵਣ ਚਾਈਂ ਚਾਈਆ । ਖਾਣੇ ਨਾਲ ਦੁੱਧ ਗਲਾਸ ਲਿਔਣਾ ਅੱਧਾ ਅੱਧਾ, ਪੂਰਾ ਭਰ ਨਾ ਕੋਇ ਟਿਕਾਈਆ । ਇਕ ਇਕ ਵਿਚ ਰਖ ਕੇ ਟਕਾ, ਅੰਤਮ ਲਹਿਣਾ ਦੇਣਾ ਮੁਕਾਈਆ । ਮੁਖੋਂ ਕਹਿਣਾ ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਆਇਆ ਤੁਹਾਡੇ ਵੱਟਾ, ਵਟਣਾ ਸਭ ਨੂੰ ਦਏ ਲਗਾਈਆ । ਤੁਹਾਡਾ ਪੂਰਾ ਕਰ ਕੇ ਪੱਟਾ, ਪਟਨੇ ਵਾਲਾ ਇਕੋ ਨਾਲ ਰਖਾਈਆ । ਅੱਗੇ ਸਾਚਾ ਦੱਸ ਕੇ ਟੱਪਾ, ਸੋਹੰ ਕਰੇ ਪੜ੍ਹਾਈਆ । ਤੁਸੀਂ ਵਸੋ ਇਕੋ ਇਕ ਟਿਕਾਣਾ ਇਕੋ ਤੁਹਾਡਾ ਪਤਾ,

ਜਿਥੇ ਪਤਿਪਰਮੇਸ਼ਵਰ ਸੋਭਾ ਪਾਈਆ । ਜਗਤ ਜਹਾਨ ਰਿਹਾ ਕੋਈ ਨਾ ਸਕਾ, ਸਾਜਣ ਮੀਤ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਰਣਜੀਤ ਕੌਰ ਤਿਲਕ ਲਗਾਇਆ ਕਿਹੜੇ ਮਸਤਕ, ਮਸਤਕ ਚਰਨਾਂ ਉਤੇ ਟਿਕਾਈਆ । ਕਿਹੜਾ ਸੁਹੰਜਣਾ ਹੋਇਆ ਵਰਸ਼ਕ, ਬਰਸ ਬਰਸੀ ਵੇਖ ਵਖਾਈਆ । ਸਤਿਗੁਰ ਦਵਾਰਾ ਕਦੇ ਨਾ ਬਣੇ ਮਰਘਟ, ਮਸਾਣਾ ਵਾਲਾ ਨਾ ਰੂਪ ਜਣਾਈਆ । ਜਗਤ ਜਹਾਨ ਵਾਸਤੇ ਤੀਰਥ ਤਟ, ਘਾਟ ਕਿਨਾਰਾ ਇਕੋ ਇਕ ਰਖਾਈਆ । ਚਾਰ ਵਰਨ ਦੇ ਇਕੱਠੇ ਝੀਵਰ ਛੀਂਬੇ ਨਾਈ ਜੱਟ, ਜੱਟਾਂ ਦਾ ਮਾਲਕ ਜੱਟ ਨਜ਼ਰੀ ਆਈਆ । ਤੁਸੀਂ ਜਗਤ ਜ਼ਾਤੀਆਂ ਸਾਰੇ ਗਏ ਟਪ, ਅੱਗੇ ਸਕੇ ਨਾ ਕੋਇ ਅਟਕਾਈਆ । ਮਿਲ ਗਏ ਓਸ ਪ੍ਰਭੂ ਦੇ ਹੱਕ, ਜੋ ਹਕੀਕਤ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਸਮਰਥ ਸਵਾਮੀ ਇਕ ਅਖਵਾਈਆ ।

ਜਨ ਭਗਤ ਕਦੇ ਨਾ ਹੋਵੇ ਰੰਡਾ, ਰੰਡੇਪਾ ਨਜ਼ਰ ਕੋਇ ਨਾ ਆਈਆ । ਜੋ ਸਤਿਗੁਰ ਮੰਜ਼ਲ ਚੜ੍ਹੇ ਡੰਡਾ, ਪੌੜੀ ਪੌੜੀ ਪੰਧ ਮੁਕਾਈਆ । ਦੀਨ ਦੁਨੀ ਦਾ ਕੂੜਾ ਸਮਝਣਾ ਧੰਦਾ, ਮਾਇਆ ਮਮਤਾ ਜਗਤ ਹਲਕਾਈਆ । ਮਾਇਆ ਮੋਹ ਵਿਕਾਰ ਹੰਕਾਰ ਵਿਸ਼ਾ ਵਿਸ਼ੇਸ਼ ਨਹੀਂ ਗੰਦਾ, ਪੱਤਤ ਪੁਨੀਤ ਨਾ ਕੋਇ ਕਰਾਈਆ । ਜਿਨ੍ਹਾਂ ਦਾ ਲੇਖਾ ਸਾਹਿਬ ਸਵਾਮੀ ਸੰਦਾ, ਸੰਧਿਆ ਆਪਣਾ ਰੰਗ ਰੰਗਾਈਆ । ਮਿਹਰ ਕਰ ਸੂਰਾ ਸਰਬੰਗਾ, ਸਿਰ ਆਪਣਾ ਹੱਥ ਟਿਕਾਈਆ । ਅੰਗੀਕਾਰ ਕਰਾਏ ਅੰਗਾ, ਆਂਗਨ ਆਪਣਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦੀ ਸਾਚਾ ਛੰਦਾ, ਆਤਮ ਪਰਮਾਤਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਧਰਨੀ ਉਤੇ ਸਿੰਘਾਸਣ ਵਾਲਾ ਡਾਹੇ ਪਲੰਘਾ, ਆਸਣ ਭਗਤਾਂ ਨਾਲ ਰਖਾਈਆ ।



### ੧੭ ਹਾੜ ਸ਼ਹਿਨਸ਼ਾਹੀ ਸੰਮਤ ੫ ਸਾਢੇ ਨੌ ਵਜੇ ਹਰਿ ਭਗਤ ਦਵਾਰ ਜੇਠੂਵਾਲ

ਸਤਾਰਾਂ ਹਾੜ ਕਹੇ ਮੇਰਾ ਲੇਖਾ ਅਗੰਮ ਅਪਾਰ, ਅਲਖ ਅਗੋਚਰ ਦਿਆਂ ਦ੍ਰਿੜਾਈਆ । ਹੁਕਮ ਦਿਤਾ ਸੋ ਪੁਰਖ ਨਿਰੰਜਣ ਸੱਚੀ ਸਰਕਾਰ, ਹਰਿ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਰਿਹਾ ਉਠਾਈਆ । ਏਕੰਕਾਰ ਕੀਤਾ ਖ਼ਬਰਦਾਰ, ਆਦਿ ਨਿਰੰਜਣ ਦਰਦ ਦੁੱਖ ਭੈ ਭੰਜਣ, ਪਰਦਾ ਦਿਤਾ ਉਠਾਈਆ । ਅਬਿਨਾਸ਼ੀ ਕਰਤੇ ਸੰਦੇਸ਼ਾ ਦਿਤਾ ਆਪਣੀ ਧਾਰ, ਸ੍ਰੀ ਭਗਵਾਨ ਸ਼ਾਹ ਸੁਲਤਾਨ ਰਿਹਾ ਦ੍ਰਿੜਾਈਆ । ਪਾਰਬ੍ਰਹਮ ਬ੍ਰਹਮ ਕਰਨਾ ਖ਼ਬਰਦਾਰ, ਆਲਸ ਨਿੰਦਰਾ ਰਹੇ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਧੁਰ ਦੀ ਦੱਸਣ ਅਗੰਮੀ ਕਾਰ, ਹਰਿ ਕਰਤਾ ਆਪ ਦ੍ਰਿੜਾਈਆ । ਜੋਤੀ ਜਾਤੇ ਕਰ ਉਜਿਆਰ, ਗੁਰ ਅਵਤਾਰ ਪੈਗ਼ੰਬਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪਰਵਾਹੀਆ । ਸਤਾਰਾਂ ਹਾੜ ਕਹੇ ਹੁਕਮ ਦਿਤਾ ਸ੍ਰੀ ਭਗਵੰਤ, ਹਰਿ ਕਰਤਾ ਆਪ ਜਣਾਈਆ । ਚਾਰ ਜੁਗ ਦਾ ਨਾਮ

ਕਲਮਾ ਵੇਖ ਮਣੀਆਂ ਮੰਤ, ਘਟ ਅੰਤਰ ਨਿਰੰਤਰ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖੇ ਸੰਤ, ਧਰਨੀ ਧਰਤ ਧੌਲ ਧਵਲ ਗ੍ਰਿਹਿ ਮੰਦਰ ਫੋਲ ਫੁਲਾਈਆ । ਆਤਮ ਪਰਮਾਤਮ ਵੇਖ ਕਵਣ ਨਾਰ ਸੁਹਾਗੀ ਕੰਤ, ਸਚ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਵਣ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਏ ਵਡਿਆਈਆ । ਸਤਾਰਾਂ ਹਾੜ ਕਹੇ ਸੁਣਿਆ ਸ਼ਬਦ ਅਵੱਲਾ, ਹਰਿ ਕਰਤਾ ਆਪ ਦ੍ਰਿੜਾਈਆ । ਜੋ ਵਸਿਆ ਦਰਗਾਹ ਸਾਚੀ ਸਚਖੰਡ ਮਹੱਲਾ, ਮੁਕਾਮੇ ਹੱਕ ਸੋਭਾ ਪਾਈਆ । ਜਿਥੇ ਨੂਰ ਅਲਾਹੀ ਏਕੰਕਾਰਾ ਅੱਲਾ, ਅਲਾਹ ਆਪਣਾ ਆਪ ਕਰੇ ਰੁਸ਼ਨਾਈਆ । ਸਚ ਦਰਬਾਰਾ ਏਕੰਕਾਰਾ ਸੁਹਾਏ ਅਟਲ ਅਟੱਲਾ, ਨਿਹਚਲ ਸੋਭਾ ਪਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦੇ ਦੀਪਕ ਅਗੰਮੀ ਜਲਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਓਹ ਕਰੇ ਖੇਲ ਇਕ ਇਕੱਲਾ, ਅਕਲ ਕਲਧਾਰੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਚੁਕਾਈਆ । ਸਤਾਰਾਂ ਹਾੜ ਕਹੇ ਪੁਰਖ ਅਕਾਲ ਦੇਵੇ ਖ਼ਬਰ, ਬੇਖ਼ਬਰਾਂ ਖ਼ਬਰ ਜਣਾਈਆ । ਗੁਰ ਅਵਤਾਰ ਪੈਗ਼ੰਬਰ ਉਠੋ ਮੇਰਾ ਟੱਬਰ, ਪਿਤਾ ਪੂਤ ਦਏ ਵਡਿਆਈਆ । ਦੀਨ ਦੁਨੀ ਕਾਇਨਾਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਬੇਸਬਰ, ਸਿਦਕ ਸਬੂਰੀ ਨਜ਼ਰ ਕੋਇ ਨਾ ਆਈਆ । ਤੁਸੀਂ ਮੜ੍ਹੀ ਗੋਰ ਸਮਾਏ ਆਸਣ ਲਾਇਆ ਵਿਚ ਕ਼ਬਰ, ਮਕ਼ਬਰਿਆਂ ਰੰਗ ਰੰਗਾਈਆ । ਸਦੀ ਚੌਧਵੀਂ ਚਾਰੋਂ ਕੁੰਟ ਤੁਹਾਡੇ ਦੀਨਾਂ ਮਜ਼੍ਹਬਾਂ ਪਾਇਆ ਗ਼ਦਰ, ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਜੁਗ ਦਾ ਨਾਮ ਕਲਮਾ ਕਰੇ ਕੋਈ ਨਾ ਅਦਲ, ਇਨਸਾਫ਼ ਹੱਕ ਨਾ ਕੋਇ ਕਰਾਈਆ । ਪਿਤਾ ਪੂਤ ਕਰੇ ਕ਼ਤਲ, ਮਕ਼ਤੂਲ ਕ਼ਾਤਲ ਵੰਡ ਨਾ ਕੋਇ ਵੰਡਾਈਆ । ਤੁਹਾਡੇ ਸ਼ਾਸਤਰ ਸਿਮਰਤ ਵੇਦ ਪੁਰਾਨਾਂ ਅੰਜੀਲ ਕ਼ੁਰਾਨਾਂ ਖਾਣੀ ਬਾਣੀ ਚਾਰਾ ਚਲੇ ਨਾ ਕੋਈ ਯਤਨ, ਯਥਾਰਥ ਭੇਵ ਨਾ ਕੋਇ ਖੁਲ੍ਹਾਈਆ । ਆਤਮ ਪਰਮਾਤਮ ਨਾਲੋਂ ਵਿਛੜ ਲੋਕਮਾਤ ਹੋਈ ਬੇਵਤਨ, ਘਰ ਸਚ ਨਾ ਕੋਇ ਮਿਲਾਈਆ । ਜੀਵ ਜੰਤ ਸਾਧ ਸੰਤ ਪਤ ਆਏ ਕੋਈ ਨਾ ਰੱਖਣ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਆਪਣਾ ਘਾਟ ਦੀਨ ਮਜ਼੍ਹਬ ਦਾ ਵੇਖੋ ਪੱਤਨ, ਪੱਤਰੇ ਅੱਖਰਾਂ ਵਾਲੇ ਫੋਲ ਫੁਲਾਈਆ । ਚਾਰ ਵਰਨ ਅਠਾਰਾਂ ਬਰਨ ਮਨ ਕਲਪਣਾ ਵਿਚ ਤਪਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਰਸਨਾ ਜਿਹਵਾ ਬੱਤੀ ਦੰਦ ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਤੱਤ ਸਤਿ ਸਾਰੇ ਜਪਣ, ਹਿਰਦੇ ਹਰਿ ਨਾ ਕੋਇ ਵਸਾਈਆ । ਸੱਯਦੇ ਕਰਦੇ ਜਾਂਦੇ ਮੱਕੇ ਕਾਅਬੇ ਕਰਨ ਹੱਜਣ, ਮਹਿਬੂਬ ਮਿਲਣ ਕੋਇ ਨਾ ਪਾਈਆ । ਅੱਠ ਸੱਠ ਤੀਰਥ ਸਾਰੇ ਨੱਠਣ, ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਆਪਣੀਆਂ ਫੇਰੀਆਂ ਪਾਈਆ । ਮਨ ਕਲਪਣਾ ਅੰਦਰ ਕਾਇਆ ਮਾਟੀ ਨੱਚਣ, ਨੌ ਦਵਾਰੇ ਪੰਧ ਨਾ ਕੋਇ ਮੁਕਾਈਆ । ਕਾਮ ਕਰੋਧ ਲੋਭ ਮੋਹ ਮਾਇਆ ਮਮਤਾ ਆਸਾ ਤ੍ਰਿਸ਼ਨਾ ਵਿਚ ਹੱਸਣ, ਹਸਤੀ ਮਿਲੇ ਨਾ ਬੇਪਰਵਾਹੀਆ । ਚੁਰਾਸੀ ਕੋਈ ਨਾ ਆਵੇ ਕੱਟਣ, ਕਟਾਕਸ਼ ਨਾਮ ਤੀਰ ਨਾ ਕੋਇ ਲਗਾਈਆ । ਕੰਮ ਨਾ ਆਏ ਚੌਦਾਂ ਲੋਕ ਹੱਟਣ, ਚੌਦਾਂ ਤਬਕ ਸਬਕ ਹਕ਼ੀਕ਼ੀ ਨਾ ਕੋਇ ਪੜ੍ਹਾਈਆ । ਧਰਮ ਦੀ ਧਾਰ ਚਲੇ ਕੋਈ ਨਾ ਮੱਤਨ, ਮਨ ਮਨਸਾ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਲੋਕਮਾਤ, ਬਿਨ ਅੱਖਾਂ ਅੱਖ ਖੁਲ੍ਹਾਈਆ । ਨੂਰੀ

੧੩੯੮ ੨੧

ਧਾਰ ਮਾਰੋ ਝਾਕ, ਝਲਕ ਦੇਵੇ ਬੇਪਰਵਾਹੀਆ । ਆਪਣਾ ਵੇਖੇ ਭਵਿਖਤ ਵਾਕ, ਜੋ ਨਾਮ ਕਲਮਿਆਂ ਵਿਚ ਸਾਲਾਹੀਆ । ਅੱਖਰਾਂ ਵਾਲੀ ਵੇਖੇ ਲੁਗ਼ਾਤ, ਨਿਰਅੱਖਰ ਵਿਚੋਂ ਸਮਝਾਈਆ । ਕਿਉਂ ਝਗੜਾ ਪਾਇਆ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਵੰਡਾਈਆ । ਮੇਰਾ ਭੇਵ ਭੇਦ ਨਾ ਦੱਸਿਆ ਖ਼ਾਸ, ਖ਼ਸੂਸੀਅਤ ਹੱਕ ਨਾ ਕੋਇ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਕਰੇ ਕੋਈ ਨਾ ਜਾਪ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਰੂਹ ਬੁਤ ਹੋਏ ਕਿਸੇ ਨਾ ਪਾਕ, ਪਤਿਤ ਪੁਨੀਤ ਨਾ ਕੋਇ ਕਰਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਤੁਸੀਂ ਨੰਨ੍ਹੇ ਬੱਚੇ ਮੇਰੀ ਅਗੰਮੀ ਸ਼ਾਖ਼, ਸ਼ਨਾਖ਼ਤ ਵਿਚ ਤਨ ਵਜੂਦ ਦਿਤੇ ਬਣਾਈਆ । ਅੰਤ ਕੋਈ ਨਾ ਨਿਭਿਆ ਸਾਥ, ਸਗਲਾ ਸੰਗ ਨਾ ਕੋਇ ਜਣਾਈਆ । ਆਪਣੀ ਮੰਜ਼ਲ ਵੇਖੇ ਘਾਟ, ਪੌੜੀ ਪੌੜੀ ਕ਼ਦਮ ਟਿਕਾਈਆ । ਸਾਚੀ ਮਿਲੇ ਕਿਸੇ ਨਾ ਵਾਟ, ਦਰਗਾਹ ਸਚ ਨਾ ਕੋਇ ਸੁਹਾਈਆ । ਅੰਤ ਮਿਲੇ ਨਾ ਕਿਸੇ ਨਜਾਤ, ਪੁਸ਼ਤ ਪਨਾਹ ਹੱਥ ਨਾ ਕੋਇ ਰਖਾਈਆ । ਹੁਕਮ ਦੇਵੇ ਪੁਰਖ ਅਬਿਨਾਸ਼, ਪਰਵਰਦਿਗਾਰ ਧੁਰਦਰਗਾਹੀਆ । ਤੁਹਾਡੇ ਉਤੋਂ ਤੁਹਾਡਿਆਂ ਮੁਰੀਦਾਂ ਸਿੱਖਾਂ ਦਾ ਗਿਆ ਵਿਸ਼ਵਾਸ, ਵਿਸ਼ਿਆਂ ਵਿਚ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਤੇਈ ਅਵਤਾਰ ਕਰੋ ਸਵਾਧਾਨੀ, ਜੋਤੀ ਜੋਤ ਜੋਤ ਲਓ ਅੰਗੜਾਈਆ । ਜਾ ਕੇ ਵੇਖੋ ਆਪਣੀ ਜੂਹ ਬੇਗਾਨੀ, ਜੋ ਮਾਤਲੋਕ ਛੱਡ ਕੇ ਆਈਆ । ਮੰਜ਼ਲ ਵੇਖੋ ਜੀਵ ਰੂਹਾਨੀ, ਅੰਦਰ ਮੰਦਰ ਫੋਲ ਫੁਲਾਈਆ । ਜਗਹ ਛੱਡੋ ਅਰਸ਼ ਅਸਮਾਨੀ, ਜਿਸਮਾਨੀ ਪਰਦਾ ਦਿਓ ਉਠਾਈਆ । ਜਿਹੜੀ ਅੱਖਰਾਂ ਵਾਲੀ ਲਿਖ ਕੇ ਆਏ ਬਾਣੀ, ਅਣਿਆਲਾ ਤੀਰ ਨਾ ਕੋਇ ਚਲਾਈਆ । ਸਦੀ ਚੌਧਵੀਂ ਬਣ ਗਈ ਜਗਤ ਕਹਾਣੀ, ਆਤਮ ਬ੍ਰਹਮ ਨਾ ਕੋਇ ਵਡਿਆਈਆ । ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਸਤਿ ਸਚ ਨਾ ਕੋਇ ਜਣਾਈਆ । ਧਰਮ ਦਵਾਰੇ ਦਿਸਦੇ ਖ਼ਾਲੀ, ਨਾਮ ਭੰਡਾਰਾ ਨਾ ਕੋਇ ਵਰਤਾਈਆ । ਜਗਤ ਬਾਗ਼ ਦਾ ਰਿਹਾ ਕੋਇ ਨਾ ਮਾਲੀ, ਹਰਿਆ ਸਿੰਚ ਨਾ ਕੋਇ ਕਰਾਈਆ । ਮੰਦਰ ਦਿਸੇ ਨਾ ਕੋਇ ਸ਼ਾਨੇ ਆਲੀ, ਆਲਮ ਇਲਮ ਉਲਮਾ ਸਕੇ ਨਾ ਕੋਇ ਸਮਝਾਈਆ । ਓਹ ਗੁਰਮੁਖ ਉਠੋ ਜਿਨ੍ਹਾਂ ਚੌਹਾਂ ਨੇ ਦੋ ਹੱਥਾਂ ਨਾਲ ਵਜੌਣੀ ਤਾਲੀ, ਕਲਜੁਗ ਕਾਇਆ ਵੇਖ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਹਜ਼ਰਤ ਈਸਾ ਮੂਸਾ ਮੁਹੰਮਦ ਖੋਲ੍ਹੋ ਅੱਖ, ਲਾਸ਼ਰੀਕ ਆਪ ਜਣਾਈਆ । ਜੋ ਨਿਰਗੁਣ ਧਾਰ ਆਏ ਦੱਸ, ਕਲਮਾ ਵਾਹਦ ਇਕ ਪੜ੍ਹਾਈਆ । ਹਕ਼ੀਕ਼ੀ ਜਣਾ ਕੇ ਆਏ ਹੱਜ, ਹੁਜਰਾ ਇਕੋ ਇਕ ਦ੍ਰਿੜਾਈਆ । ਜਿਥੇ ਨੂਰ ਅਗੰਮੀ ਜੋਤ ਰਹੀ ਜਗ, ਅੰਧ ਅੰਧੇਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਵਡ ਵਡਿਆਈਆ । ਪਰਵਰਦਿਗਾਰ ਕਹੇ ਗੁਜ਼ਲੇ ਜੂਜ਼ਕਜ਼ਾ ਜ਼ੌਬੋ ਜ਼ਗੀ ਨੂਰੇ ਚਸ਼ਾਂ ਚਸ਼ਮੇ ਦੀਦ ਚੂਜ਼ੇ ਮੁਜ਼ੂ ਨੂਰੇ ਨੂਰ ਨੂਰ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਬੇਪ੍ਰਵਾਹੀਆ । ਪਰਵਰਦਿਗਾਰ ਕਹੇ ਕੀ ਪੈਗ਼ੰਬਰੋ ਦਿਤਾ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦੇਣਾ ਦ੍ਰਿੜਾਈਆ । ਕੀ ਕਲਮਾ ਦੱਸਿਆ ਕਲਾਮ, ਕਾਇਨਾਤ ਕੀ ਜਣਾਈਆ । ਕੀ ਸ਼ਰਅ ਦੱਸੀ ਅਵਾਮ, ਉਮਤ ਪਰਦਾ ਕੀ ਉਠਾਈਆ । ਕੀ ਹੱਕ ਦਾ ਦੱਸਿਆ ਨਜ਼ਾਮ, ਨੌਬਤ ਨਾਮ ਵਜਾਈਆ । ਕੀ ਹਕ਼ੀਕ਼ੀ ਦਿਤਾ ਜਾਮ, ਮਧੁਰ ਰਸ ਰਸ ਚਖਾਈਆ ।

ਆਪਣੀ ਉਮਤ ਵੇਖੇ ਤਮਾਮ, ਤਮਅ ਵਿਚ ਲੋਕਾਈਆ । ਤੁਹਾਡਾ ਰਿਹਾ ਨਾ ਕੋਇ ਗ਼ੁਲਾਮ, ਗ਼ੁਰਬਤ ਵਿਚ ਪਈ ਦੁਹਾਈਆ । ਸਚ ਦੀ ਰਹੀ ਕੋਈ ਨਾ ਸ਼ਾਨ, ਸ਼ਮਅ ਨੂਰ ਨਾ ਕੋਇ ਚਮਕਾਈਆ । ਚਾਰੋਂ ਕੁੰਟ ਬੇਈਮਾਨ, ਧਰਮ ਦੀ ਧਾਰ ਨਾ ਕੋਇ ਰਖਾਈਆ । ਸਦੀ ਚੌਧਵੀਂ ਹੋਈ ਹਰਾਮ, ਹੈਰਾਨੀ ਹਰ ਘਟ ਅੰਦਰ ਆਈਆ । ਪਵਿਤ੍ਰ ਰਿਹਾ ਨਾ ਪੀਣ ਖਾਣ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕਿਉਂ ਦਰਗਾਹ ਸਾਚੀ ਸਚਖੰਡ ਲੁਕੇ ਆਣ, ਆਪਣਾ ਆਪ ਛੁਪਾਈਆ । ਜਾ ਕੇ ਵੇਖੇ ਜੀਵ ਜਹਾਨ, ਚਾਰੋਂ ਕੁੰਟ ਰਿਹਾ ਕੁਰਲਾਈਆ । ਪਿਆਰ ਰਿਹਾ ਨਾ ਕਿਸੇ ਵਿਚ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੁਰਖ ਅਕਾਲ ਕਹੇ ਵੇਖੋ ਸਤਿਗੁਰ ਦਸ, ਨਾਨਕ ਗੋਬਿੰਦ ਭੇਵ ਖੁਲ੍ਹਾਈਆ । ਅੰਮ੍ਰਿਤ ਮਿਲੇ ਕੋਇ ਨਾ ਰਸ, ਰਸਨਾ ਕੂੜ ਜਗਤ ਹਲਕਾਈਆ । ਧੀਰਜ ਰਿਹਾ ਕੋਈ ਨਾ ਹੱਠ, ਸਾਧ ਸੰਤ ਦੇਣ ਦੁਹਾਈਆ । ਸੁਹਾਏ ਕੋਈ ਨਾ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਈਆ । ਦੀਨਾਂ ਮਜ਼੍ਹਬਾਂ ਪਾਈ ਵਟ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਨਾ ਕੋਇ ਵਸਾਈਆ । ਸਤਿ ਧਰਮ ਨਾ ਦਿਸੇ ਹੱਟ, ਵਸਤ ਅਗੰਮ ਨਾ ਕੋਇ ਰਖਾਈਆ । ਮਨ ਕਲਪਣਾ ਜਗਤ ਜਗਿਆਸੂ ਰਹੇ ਨੱਠ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਦੁਰਮਤ ਮੈਲ ਕੋਈ ਨਾ ਸਕੇ ਕਟ, ਪੜਦਾ ਦੂਈ ਨਾ ਕੋਇ ਚੁਕਾਈਆ । ਮਾਤਲੋਕ ਵੇਖੋ ਛੇਤੀ ਝੱਟ, ਝਟਕਾ ਖਾ ਕੇ ਬਣੇ ਕਸਾਈਆ । ਅੱਖਰਾਂ ਵਾਲੀ ਬਾਣੀ ਤੁਹਾਡੀ ਦਿਤੀ ਠੱਪ, ਮੋਹਰ ਕਲਜੁਗ ਨਾਮ ਲਗਾਈਆ । ਹੋਛੀ ਸਭ ਦੀ ਹੋਈ ਮਤ, ਬ੍ਰਹਮਮਤ ਨਾ ਕੋਇ ਰਖਾਈਆ । ਝਗੜਾ ਪਿਆ ਪੰਜ ਤੱਤ, ਤ੍ਰੈਗੁਣ ਅਗਨੀ ਰਹੀ ਤਪਾਈਆ । ਜੋ ਦੱਸ ਕੇ ਆਏ ਸੱਚ, ਸੋ ਬੈਠਾ ਮੁਖ ਛੁਪਾਈਆ । ਲੂੰ ਲੂੰ ਅੰਦਰ ਪ੍ਰਭੂ ਜਾਏ ਕਿਸੇ ਨਾ ਰਚ, ਸਾਢੇ ਤਿੰਨ ਕਰੋੜ ਨੇਤਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਵੇਖੋ ਵਕ਼ਤ ਆ ਗਿਆ ਸਮਾਂ, ਸਹਿਜ ਨਾਲ ਸਮਝਾਈਆ । ਅੱਗੇ ਜੁਗ ਚਲਣਾ ਨਵਾਂ, ਨਵ ਨੌਂ ਚਾਰ ਦਏ ਵਡਿਆਈਆ । ਕੂੜੀ ਕਿਰਿਆ ਮੇਟਣਾ ਗ਼ਮਾ, ਮਾਇਆ ਮਮਤਾ ਮੋਹ ਗਵਾਈਆ । ਜਨ ਭਗਤਾਂ ਜਗਾਉਣੀ ਸ਼ਮਾਂ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕੂੜ ਕਲਪਣਾ ਮੇਟ ਕੇ ਮਨਾਂ, ਮਨਸਾ ਦੂਰ ਦੇਣੀ ਕਰਾਈਆ । ਸਚ ਨੂਰ ਚਮਕਾ ਕੇ ਚੰਨਾ, ਤਾਰਾ ਚੰਦ ਮੁਖ ਭਵਾਈਆ । ਜੋ ਦੀਨਾਂ ਮਜ਼੍ਹਬਾਂ ਤੁਸਾਂ ਬਣਾਇਆ ਬੰਨਾ, ਕਲਜੁਗ ਕਰਨੀ ਅੰਤ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਉਠੋ ਵਿਚੋਂ ਮੇਰੀ ਧਾਰ, ਹਰਿ ਕਰਤਾ ਆਪ ਦ੍ਰਿੜਾਈਆ । ਜਾ ਕੇ ਵੇਖੋ ਆਪਣਾ ਸੰਸਾਰ, ਦੀਨ ਦੁਨੀ ਫੋਲ ਫੁਲਾਈਆ । ਚਾਰੋਂ ਕੁੰਟ ਹਾਹਾਕਾਰ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਧਰਮ ਦਵਾਰਿਆਂ ਹੋਏ ਵਿਭਚਾਰ, ਚਾਰੋਂ ਕੁੰਟ ਕੂੜ ਦਿਸਾਈਆ । ਦੀਨ ਮਜ਼੍ਹਬ ਆਪਣੇ ਕਰੋ ਖ਼ਬਰਦਾਰ, ਸੁੱਤਿਆਂ ਸੋਇਆਂ ਲਓ ਉਠਾਈਆ । ਇਹ ਅੰਤ ਅਖ਼ੀਰੀ ਵਾਰ, ਸੰਮਤ ਸੰਮਤੀ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਕਰਨ ਸਲਾਹ, ਸਚਖੰਡ ਲੈ ਅੰਗੜਾਈਆ । ਸਾਡੇ ਗ੍ਰੰਥ ਸਾਡੇ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਜਿਸ ਨੂੰ ਦੱਸਦੇ ਆਏ ਬੇਪ੍ਰਵਾਹ, ਬੇਪ੍ਰਵਾਹੀ ਵਿਚ ਸਮਾਈਆ । ਓਮ ਰਾਮ ਕ੍ਰਿਸ਼ਨ ਅੱਲਾ ਵਾਹਿਗੁਰੂ

ਕਹਿ ਕੇ ਆਏ ਗਾ, ਨਾਮ ਸਤਿ ਸਤਿ ਸਮਝਾਈਆ । ਨਿਰਗੁਣ ਨੂਰੀ ਨੂਰ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜਿਸ ਦੇ ਉਤੇ ਹੋ ਕੇ ਆਏ ਫ਼ਿਦਾ, ਆਪ ਆਪਣੇ ਲੇਖੇ ਲਾਈਆ । ਸੋ ਮਾਰਗ ਦੱਸੇ ਸਿੱਧਾ, ਸਚ ਸਵਾਮੀ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਪੁਰਖ ਅਕਾਲ ਕਹੇ ਕਰੋ ਸਚ ਤਿਆਰੀ, ਤ੍ਰੈਗੁਣ ਅਤੀਤਾ ਰਿਹਾ ਦ੍ਰਿੜਾਈਆ । ਤੁਸੀਂ ਨਿਰਗੁਣ ਨੂਰ ਜੋਤ ਪ੍ਰਭੂ ਨਿਰੰਕਾਰੀ, ਨਿਰਾਕਾਰ ਨਿਰਵੈਰ ਉਪਜਾਈਆ । ਪੰਜ ਤੱਤ ਤੱਤ ਸ਼ੰਗਾਰੀ, ਤਨ ਵਜੂਦ ਦਿਤੀ ਵਡਿਆਈਆ । ਜਾ ਕੇ ਓਨ੍ਹਾਂ ਪਾਓ ਸਾਰੀ, ਜਿਨ੍ਹਾਂ ਨੂੰ ਆਪਣਾ ਇਸ਼ਟ ਆਏ ਦ੍ਰਿੜਾਈਆ । ਮਜ਼੍ਹਬਾਂ ਦੀ ਮੁਖ਼ਤਿਆਰੀ, ਆਲਮ ਹੱਥ ਨਾ ਕਿਸੇ ਫੜਾਈਆ । ਮੇਰਾ ਨਾਮ ਕਲਮਾ ਤੁਹਾਡੀ ਜਗਤ ਵਾਲੀ ਰੋਜ਼ਗਾਰੀ, ਲੇਖਾ ਧੁਰ ਸਮਝਾਈਆ । ਅੰਤਮ ਮਿਹਨਤ ਜਾਏ ਬੇਕਾਰੀ, ਧੁਰ ਦੀ ਧਾਰ ਨਾ ਕੋਇ ਵਖਾਈਆ । ਚਾਰੋਂ ਕੁੰਟ ਦਿਸੇ ਜਵਾਰੀ, ਜ਼ਾਹਰ ਜ਼ਹੂਰ ਨਜ਼ਰ ਕੋਇ ਨਾ ਪਾਈਆ । ਭਰਮੇ ਭੁੱਲੇ ਨਰ ਨਾਰੀ, ਨਰ ਨਰਾਇਣ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਸੀਸ ਨਿਵਾਉਂਦੇ ਹਾਂ । ਦੀਨ ਦਿਆਲ ਸਾਹਿਬ ਸੁਲਤਾਨ, ਦਰ ਠਾਂਡੇ ਅਲਖ ਜਗਾਉਂਦੇ ਹਾਂ । ਤੂੰ ਸ਼ਹਿਨਸ਼ਾਹ ਸ਼ਾਹ ਸੁਲਤਾਨ, ਖ਼ਾਲੀ ਝੋਲੀ ਅੱਗੇ ਡਾਉਂਦੇ ਹਾਂ । ਤੂੰ ਵਾਲੀ ਦੋ ਜਹਾਨ, ਹਉਂ ਬਾਲਕ ਮੰਗ ਮੰਗਾਉਂਦੇ ਹਾਂ । ਜੋ ਦੱਸ ਕੇ ਆਏ ਜਹਾਨ, ਉਸ ਦਾ ਪਰਦਾ ਆਪ ਉਠਾਉਂਦੇ ਹਾਂ । ਦੀਨਾਂ ਮਜ਼੍ਹਬਾਂ ਕਰ ਕੇ ਆਏ ਕਲਿਆਣ, ਕਲਮਾ ਤੇਰਾ ਇਕ ਜਣਾਉਂਦੇ ਹਾਂ । ਅੰਤ ਵੇਖੀਏ ਮਾਰ ਧਿਆਨ, ਚੌਦਾਂ ਤਬਕਾਂ ਪੰਧ ਮੁਕਾਉਂਦੇ ਹਾਂ । ਖੇਲ ਮੁਕੇ ਜ਼ਿਮੀਂ ਅਸਮਾਨ, ਦੋ ਜਹਾਨਾਂ ਵੰਡ ਨਾ ਕੋਇ ਵੰਡਾਉਂਦੇ ਹਾਂ । ਤੇਰਾ ਹੁਕਮ ਇਕ ਫ਼ਰਮਾਨ, ਪਰਵਰਦਿਗਾਰ ਸੀਸ ਟਿਕਾਉਂਦੇ ਹਾਂ । ਚਾਰ ਦਿਨ ਰਹਿ ਕੇ ਆਏ ਜਹਾਨ, ਅੰਤਮ ਤੇਰੇ ਦਰ ਸੁਹਾਉਂਦੇ ਹਾਂ । ਤੂੰ ਸਾਹਿਬ ਸਦਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਉਂਦੇ ਹਾਂ । ਦਰ ਤੇਰੇ ਅਲਖ ਜਗਾਵਾਂਗੇ । ਦਰਗਾਹ ਸਾਚੀ ਮੰਗ ਮੰਗਾਵਾਂਗੇ । ਲੋਕਮਾਤ ਰਾਹ ਤਕਾਵਾਂਗੇ । ਹਾੜ ਸਤਾਰਾਂ ਵੇਖ ਵਖਾਵਾਂਗੇ । ਜੋਤੀ ਜੋਤ ਵਿਚੋਂ ਪ੍ਰਗਟਾਵਾਂਗੇ । ਵਰਨ ਗੋਤ ਨਾ ਕੋਇ ਰਖਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਵਾਂਗੇ । ਗੁਰ ਅਵਤਾਰ ਪੈਗ਼ੰਬਰ ਝੁਕਦੇ, ਦਰ ਦਰ ਸੀਸ ਨਿਵਾਈਆ । ਸਾਡੇ ਪੈਂਡੇ ਸਭ ਦੇ ਮੁਕਦੇ, ਅੰਤ ਰਿਹਾ ਨਾ ਰਾਈਆ । ਅਸੀਂ ਵਣਜਾਰੇ ਤੇਰੇ ਨਾਮ ਤੁਕ ਦੇ, ਆਪਣਾ ਢੋਲਾ ਦੇ ਦ੍ਰਿੜਾਈਆ । ਅਸੀਂ ਵਣਜਾਰੇ ਨਹੀਂ ਸੁਖ ਦੇ, ਸਾਗਰਾਂ ਵਿਚ ਨਾ ਕੋਇ ਸਮਾਈਆ । ਅਸੀਂ ਪੁੱਜੇ ਤੇਰੇ ਦਵਾਰੇ ਉਚ ਦੇ, ਉਚ ਅਗੰਮ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਅਵਤਾਰ ਪੈਗ਼ੰਬਰ ਕਹਿਣ ਸਤਿਗੁਰੂ ਤੇਰੇ ਚਰਨ ਬਲਿਹਾਰੀ, ਬਿਨ ਚਰਨਾਂ ਸੀਸ ਨਿਵਾਈਆ । ਤੂੰ ਆਦਿ ਜੁਗਾਦਿ ਇਕ ਅਵਤਾਰੀ, ਜੁਗ ਜੁਗ ਵੇਸ ਵਟਾਈਆ । ਸਭ ਨੂੰ ਨਾਮ ਦੀ ਦੇ ਖ਼ੁਮਾਰੀ, ਲੋਕਮਾਤ ਦਿਤੀ ਵਡਿਆਈਆ । ਪੰਜ ਤੱਤ ਕਰ ਸ਼ਿੰਗਾਰੀ, ਤੱਤਾਂ ਵਿਚ ਭਵਾਈਆ । ਦੀਨਾਂ ਮਜ਼੍ਹਬਾਂ ਦੇ ਅਖ਼ਤਿਆਰੀ, ਕਲਮਿਆਂ ਨਾਮ ਸੁਣਾਈਆ । ਅੰਤਮ ਛੱਡ ਕੇ ਆਏ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਸੰਦੇਸ਼ਾ ਦੇ ਕੇ ਆਏ ਕਲਜੁਗ ਅੰਤਮ ਕਲ ਕਲਕੀ ਲਏ ਅਵਤਾਰੀ, ਅਮਾਮ

ਅਮਾਮਾਂ ਫੇਰਾ ਪਾਈਆ । ਜਿਸ ਦੀ ਕਰਨੀ ਵਫ਼ਾਦਾਰੀ, ਦਰ ਠਾਂਡੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰਦਾਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਖੋਲ੍ਹ ਦੇ ਧੁਰ ਦਰਵਾਜ਼ਾ, ਦਰ ਤੇਰੇ ਮੰਗ ਮੰਗਾਈਆ । ਤੂੰ ਗ਼ਰੀਬਾਂ ਦਾ ਗ਼ਰੀਬ ਨਿਵਾਜ਼ਾ, ਕਰਨੈਲ ਸਿੰਘ ਅੱਗੇ ਜਾਣਾ ਆਈਆ । ਤੇਰਾ ਮੁਹੰਮਦ ਦਾ ਪਿਛਲਾ ਸਾਕਾ, ਸਾਹਿਬ ਦਏ ਸਮਝਾਈਆ । ਜਿਸ ਵੇਲੇ ਮੱਕਿਉਂ ਮਦੀਨਾ ਝਾਕਾ, ਆਪਣਾ ਪੰਧ ਮੁਕਾਈਆ । ਓਹ ਕਿਸੇ ਤੋਂ ਖਿਚਿਆ ਨਹੀਂ ਗਿਆ ਖ਼ਾਕਾ, ਮੁਸੱਵਰ ਤਸੱਵਰ ਨਾ ਕੋਇ ਕਰਾਈਆ । ਕੋਈ ਗਾ ਨਾ ਸਕਿਆ ਭਾਟਾ, ਕਾਤਬ ਕ਼ਲਮ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਜੇ ਸਾਰੇ ਜਾਈਏ ਜਗ, ਜਗਜੀਵਣ ਦਾਤੇ ਤੇਰੀ ਵਡ ਵਡਿਆਈਆ । ਕੀ ਜਾ ਕੇ ਕਰੀਏ ਹੱਜ, ਕਾਅਬਿਆਂ ਸੀਸ ਨਿਵਾਈਆ । ਕੀ ਵੜੀਏ ਮੰਦਰ ਮਠ, ਸ਼ਿਵਦਵਾਲਿਆਂ ਸੋਭਾ ਪਾਈਆ । ਕੀ ਗੁਰੂਦਵਾਰ ਵੇਖੀਏ ਨਠ ਨਠ, ਜਿਥੇ ਧਰਮ ਰਿਹਾ ਨਾ ਰਾਈਆ । ਨੌ ਖੰਡ ਪ੍ਰਿਥਮੀ ਤੇਰਾ ਤੱਕੀਏ ਹੱਟ, ਸੱਤਾਂ ਦੀਪਾਂ ਵੰਡ ਕੀ ਵੰਡਾਈਆ । ਸਾਧੂ ਦਿਸੇ ਨਾ ਕੋਈ ਜਿਸ ਦੇ ਅੰਦਰ ਜਤ ਸਤਿ, ਧਰਮ ਦੀ ਧਾਰ ਨਾ ਕੋਇ ਦ੍ਰਿੜਾਈਆ । ਤੇਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਖਾਣੀ ਬਾਣੀ ਰਸਨਾ ਜਿਹਵਾ ਬੱਤੀ ਦੰਦ ਦੀਨ ਦੁਨੀ ਪੜ੍ਹ ਪੜ੍ਹ ਗਈ ਥੱਕ, ਪੜ੍ਹਿਆਂ ਹੱਥ ਕਿਛ ਨਾ ਆਈਆ । ਅੰਤਮ ਸਾਰੇ ਗਏ ਅੱਕ, ਧੁਰ ਦਾ ਪ੍ਰੇਮ ਨਾ ਕੋਇ ਬਣਾਈਆ । ਕੁਛ ਸੰਦੇਸ਼ਾ ਦੇਵੇਂ ਬਿਨ ਅੱਖਰਾਂ ਵਾਲੀ ਪੱਤ, ਪਤਿਪਰਮੇਸ਼ਵਰ ਦਇਆ ਕਮਾਈਆ । ਅਸੀਂ ਇਕੱਠੇ ਜਾਈਏ ਗੁਰ ਅਵਤਾਰ ਪੈਗ਼ੰਬਰ ਦੀਨ ਮਜ਼੍ਹਬ ਛੱਡ, ਜਗਤ ਵੰਡ ਨਾ ਕੋਇ ਵੰਡਾਈਆ । ਤੇਰੇ ਨਾਮ ਦਾ ਧਰਮ ਨਿਸ਼ਾਨਾ ਦਈਏ ਗੱਡ, ਗਾਡ ਗਾਈਡ ਗੁਡ ਦਈਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅੰਤ ਪ੍ਰਭੂ ਨਿਮਸਕਾਰੇ, ਨਮੋਂ ਨਮੋਂ ਸੀਸ ਨਿਵਾਈਆ । ਅਸੀਂ ਚਾਹੁੰਦੇ ਜਾਈਏ ਓਸ ਦਵਾਰੇ, ਜਿਥੇ ਤੇਰਾ ਨਾਮ ਵਡਿਆਈਆ । ਮਜ਼੍ਹਬ ਦਾ ਦੇਵੇ ਨਾ ਕੋਇ ਇਸ਼ਾਰੇ, ਜ਼ਾਤ ਪਾਤ ਨਾ ਕੋਇ ਰਖਾਈਆ । ਚਾਰੋਂ ਕੁੰਟ ਤੱਕੀਏ ਵਾਰੋ ਵਾਰੇ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਾਂ ਵੇਖਿਆ ਸਚ ਨਜ਼ਰ ਆਇਆ ਤੇਰਿਆਂ ਭਗਤਾਂ ਦੇ ਦਵਾਰੇ, ਜਿਥੇ ਚਾਰ ਵਰਨ ਬੈਠੇ ਸੋਭਾ ਪਾਈਆ । ਅਸੀਂ ਚਾਹੁੰਦੇ ਅੱਜ ਦਿਨ ਸਤਾਰਾਂ ਹਾੜੇ, ਜਿਸ ਦਾ ਗੁਰ ਅਵਤਾਰ ਪੈਗ਼ੰਬਰ ਭਵਿਖਤ ਗਏ ਸਮਝਾਈਆ । ਪ੍ਰੇਮ ਪ੍ਰੀਤੀ ਵਿਚ ਜਾਈਏ ਜਗਤ ਸੰਸਾਰੇ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲੈਣਾ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਬਿਨਾਸ਼ਣ, ਅਬਿਨਾਸ਼ੀ ਤੇਰੀ ਬੇਪ੍ਰਵਾਹੀਆ । ਅਸੀਂ ਤੇਰੇ ਦਾਸੀ ਦਾਸਨ, ਜੁਗ ਜੁਗ ਸੇਵ ਕਮਾਈਆ । ਅਸੀਂ ਚਾਹੁੰਦੇ ਤੇਰਾ ਨੂਰ ਜ਼ਹੂਰ ਚਮਕੇ ਓਸ ਜਗਹ ਜਿਥੇ ਨਾ ਕੋਈ ਪ੍ਰਿਥਮੀ ਨਾ ਆਕਾਸ਼ਣ, ਜ਼ਿਮੀਂ ਅਸਮਾਨ ਨਜ਼ਰ ਕੋਇ ਨਾ ਆਈਆ । ਤੇਰਾ ਜਲਵਾ ਵੇਖੀਏ ਬਾਤਨ, ਬੇਪ੍ਰਵਾਹ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਪੁਰਖ ਅਕਾਲ ਕਹੇ ਮੈਂ ਦੀਨ ਦਿਆਲਾ, ਦੀਨਾਂ ਬੰਧਪ ਅਖਵਾਈਆ । ਜੁਗ ਚੌਕੜੀ ਖੇਲ ਨਿਰਾਲਾ, ਸਤਿਜੁਗ ਤਰੇਤਾ ਦਵਾਪਰ ਕਲਜੁਗ ਸਮਝ ਕਿਸੇ ਨਾ ਆਈਆ, ਕਿਸੇ ਨੂੰ ਰਾਮ ਕਿਸੇ ਨੂੰ ਬਣਾ ਕਾਹਨ ਗਵਾਲਾ,

ਕਿਸੇ ਨੂੰ ਈਸਾ ਮੂਸਾ ਕਿਸੇ ਨੂੰ ਨਾਨਕ ਕਿਸੇ ਨੂੰ ਗੋਬਿੰਦ ਬਣਾ ਕੇ ਬਾਲਾ, ਸ਼ਬਦ ਸੁਤ ਸਮਝਾਈਆ । ਜਦ ਵੇਖੇ ਪਾਰਬ੍ਰਹਮ ਪਤਿਪਰਮੇਸ਼ਵਰ ਰੂਪ ਸਦਾ ਸਭ ਤੋਂ ਨਿਰਾਲਾ, ਏਕੰਕਾਰ ਸੋਭਾ ਪਾਈਆ । ਅਸੀਂ ਹੈਰਾਨ ਹੋ ਗਏ ਗੁਰ ਅਵਤਾਰ ਪੈਗ਼ੰਬਰ ਕਹਿਣ, ਜੁਗ ਜੁਗ ਭਗਤਾਂ ਦੇ ਕੇ ਰਾਹ ਸੁਖਾਲਾ, ਸਿੱਧਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਐ ਸਾਡੇ ਗੁਰਦੇਵਾ, ਤੇਰੇ ਚਰਨ ਕਵਲ ਸਰਨਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦਿ ਅਲਖ ਅਭੇਵਾ, ਆਦਿ ਨਿਰੰਜਣ ਤੇਰੀ ਵਡ ਵਡਿਆਈਆ । ਅਸੀਂ ਬਾਲਕ ਤੇਰੇ ਨੰਨ੍ਹੇ ਕਰਨ ਵਾਲੇ ਸੇਵਾ, ਸੇਵਕ ਜੁਗ ਜੁਗ ਸੇਵ ਕਮਾਈਆ । ਤੇਰਾ ਨਾਮ ਰਸ ਅੰਮ੍ਰਿਤ ਮੇਵਾ ਵਡ ਦੇਵੀ ਦੇਵਾ, ਦੇਵਤ ਸੁਰ ਤੇਰੀ ਸਰਨਾਈਆ । ਤੈਨੂੰ ਜਿਸ ਗਾਇਆ ਰਸਨਾ ਜਿਹਵਾ, ਅਜਪਾ ਜਾਪ ਵਿਚ ਬਿਨ ਭਗਤਾਂ ਤੋਂ ਨਜ਼ਰ ਕੋਇ ਨਾ ਆਈਆ । ਤੇਰਾ ਧਾਮ ਨਿਹਚਲ ਨਿਹਕੇਵਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਅਸੀਂ ਤੇਰੇ ਪੁਜਾਰੀ, ਪੂਜਨੀਕ ਇਕ ਅਖਵਾਈਆ । ਨਿਰਗੁਣ ਸਰਗੁਣ ਵਿਸ਼ਨੂੰ ਬ੍ਰਹਮਾ ਸ਼ਿਵ ਭੰਡਾਰੀ ਸੰਘਾਰੀ, ਉਤਭੁਜ ਵਾਲਾ ਨਜ਼ਰ ਕੋਇ ਨਾ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋਂ ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਤਿਪਰਮੇਸ਼ਵਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਆਈ ਲੋਕਮਾਤ ਵਾਰੀ, ਵਾਰਸ ਹੋ ਕੇ ਵਿਰਸਾ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਠੋ ਪੰਜ ਦਰਬਾਰੀ, ਦਰੇ ਦਰਬਾਰ ਸੋਭਾ ਪਾਈਆ । ਗੁਰਦਰਸ਼ਨ ਬੋਲੇ ਓਹ ਜੈਕਾਰੀ, ਜੋ ਈਸਾ ਇਸਮ ਆਜ਼ਮ ਵਿਚ ਸਮਝਾਈਆ । ਪੰਜ ਅੱਖਰਾਂ ਦੀ ਪੰਚਮ ਨਾਲ ਧਾਰੀ, ਧਰਨੀ ਧਰਤ ਧਵਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਮੰਗ ਮੰਗਾਈਆ । ਦਰਬਾਰੀ ਕਹਿਣ ਤੇਰਾ ਦਰਬਾਰਾ, ਦਰ ਠਾਂਡਾ ਨਜ਼ਰੀ ਆਈਆ । ਜਿਥੇ ਪੁੱਜਣ ਗੁਰੂ ਅਵਤਾਰਾ, ਪੈਗ਼ੰਬਰ ਪੰਧ ਮੁਕਾਈਆ । ਜਿਨ੍ਹਾਂ ਦੀ ਆਸ਼ਾ ਜਗਤ ਅਹਾਰਾ, ਚਾਰੇ ਬਾਲ ਮੰਗ ਮੰਗਾਈਆ । ਇਹ ਭੇਟਾ ਅੰਤਮ ਵਾਰਾ, ਦੂਜੀ ਲੋੜ ਰਹੇ ਨਾ ਰਾਈਆ । ਤੇਰਾ ਹੁਕਮ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਕਰਨ ਹਾਰ ਇਕ ਅਖਵਾਈਆ । ਬਾਲ ਕਹਿਣ ਅਸੀਂ ਜਗਤ ਪਰੋਸੇ, ਪੰਚਮ ਪੰਚ ਨਾਲ ਵਡਿਆਈਆ । ਨਾਲ ਪਾਣੀ ਗਲਾਸ ਕੋਸੇ, ਈਸਾ ਮੂਸਾ ਮੁਹੰਮਦ ਮੰਗ ਮੰਗਾਈਆ । ਦੁੱਧ ਨਾਲ ਪੂਰੇ ਕੀਤੇ ਰੋਜ਼ੇ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਤਨ ਵਜੂਦ ਸੁਹਾਏ ਚੋਗੇ, ਮਾਟੀ ਖ਼ਾਕ ਵੱਜੇ ਵਧਾਈਆ । ਮਨ ਕਲਪਣਾ ਹਿਰਦੇ ਸੋਧੇ, ਸਚ ਸੁੱਚ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਮਿਲੇ ਤੇਰੀ ਜੋਤੇ, ਜੋਤ ਜੋਤ ਵਿਚ ਰਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਵਸਤੂ ਵਿਚ ਥਾਲ, ਗਗਨ ਮੰਡਲ ਵਡਿਆਈਆ । ਸਮਰਥ ਪੁਰਖ ਤੇਰੀ ਧਰਮਸਾਲ, ਸਚ ਦਵਾਰਾ ਨਜ਼ਰੀ ਆਈਆ । ਜਿਥੇ ਭਗਤ ਸੁਹੇਲੇ ਇਕੱਠੇ ਹੋਏ ਆਣ, ਦੂਜਾ ਨਜ਼ਰ ਕੋਇ ਨਾ ਆਈਆ । ਕਾਲੀਆਂ ਝੰਡੀਆਂ ਵਾਲਿਓ ਉਪਰ ਕਰ ਦਿਓ ਕਾਲੇ ਨਿਸ਼ਾਨ, ਬੇਮੁਖਾਂ ਨਾਲੋਂ

ਕਰੋ ਜੁਦਾਈਆ । ਤੁਹਾਡਾ ਓਹ ਮਿੱਤਰ ਜਿਹੜਾ ਮੰਨੇ ਸ੍ਰੀ ਭਗਵਾਨ, ਪੁਰਖ ਅਕਾਲ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਨ੍ਹਾਂ ਹੱਥ ਕੀਤੇ ਨੀਲੇ, ਅੱਗੇ ਜਾਓ ਆਈਆ । ਜਿਸ ਬੁੱਢੇ ਨੇ ਬਸਤਰ ਪਾਏ ਪੀਲੇ, ਗੋਬਿੰਦ ਵੇਖੇ ਚਾਈਂ ਚਾਈਂਆ । ਪ੍ਰਭ ਮਿਲਣ ਦੇ ਸਚ ਵਸੀਲੇ, ਵਸਲ ਮਿਲੇ ਨੂਰ ਅਲਾਹੀਆ । ਤੁਸੀਂ ਓਸ ਪ੍ਰਭੂ ਦੇ ਕ਼ਬੀਲੇ, ਜੋ ਕ਼ਿਬਲੇ ਅਜ਼ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਿਨ੍ਹਾਂ ਪੱਗਾਂ ਨੂੰ ਪਾਏ ਡੱਬ, ਦੋ ਦੋ ਰੰਗ ਰੰਗਾਈਆ । ਓਹ ਅੱਗੇ ਆਓ ਝਬ, ਆਪਣਾ ਪੰਧ ਚੁਕਾਈਆ । ਸਭ ਨੂੰ ਦੱਸੋ ਦੀਨ ਮਜ਼੍ਹਬ ਦੀ ਛੱਡਣੀ ਹੱਦ, ਮਾਨਵ ਮਾਨਵ ਇਕੋ ਰੂਪ ਦਰਸਾਈਆ । ਝਗੜਾ ਦੂਨੀ ਰਹੇ ਨਾ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਦਵੈਤੀ ਸੜਨਾ ਨਹੀਂ ਅੱਗ, ਤਾਮਸ ਤਮਅ ਨਾ ਕੋਇ ਤਪਾਈਆ । ਵਿਕਾਰ ਦੀ ਪੀਣੀ ਨਹੀਂ ਮਦਿ, ਨਾਮ ਖ਼ੁਮਾਰੀ ਲੈਣੀ ਚੜ੍ਹਾਈਆ । ਬਿਨਾ ਕਾਅਬਿਉਂ ਕਰਨਾ ਹੱਜ, ਕਾਇਆ ਮਿਲੇ ਨੂਰ ਅਲਾਹੀਆ । ਸਭ ਨੇ ਪ੍ਰਣ ਕਰਨਾ ਅੱਜ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਓਹ ਸਭ ਦਾ ਮਾਲਕ ਸੂਰਾ ਸਰਬਗ, ਜਿਸ ਨੇ ਗੁਰ ਅਵਤਾਰ ਪੈਗ਼ੰਬਰ ਲਏ ਉਪਜਾਈਆ । ਉਸ ਦਾ ਨਾਮ ਕਲਮਾ ਇਕੋ ਅਗੰਮੀ ਮਦਿ, ਧੁਨ ਆਤਮਕ ਰਾਗ ਸੁਣਾਈਆ । ਪਿਛਲੀ ਰੀਤੀ ਸਭ ਨੇ ਜਾਣੀ ਛੱਡ, ਛੱਡਣੀ ਕੂੜ ਲੋਕਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਕਾਇਆ ਮੰਦਰ ਅੰਦਰ ਲੈਣਾ ਲੱਭ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਅਗੰਮੀ ਵਰ, ਜਿਸ ਦਾ ਲੇਖ ਨਾ ਕੋਇ ਦ੍ਰਿੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਆਦਿ ਜੁਗਾਦਿ ਦੀ ਮਨਸਾ, ਅੰਤ ਦਈਏ ਦ੍ਰਿੜ੍ਹਾਈਆ । ਆਤਮ ਨਾਰੀ ਮਿਲੇ ਕੰਤਾ, ਪਰਮਾਤਮ ਸੋਭਾ ਪਾਈਆ । ਲੇਖਾ ਰਹੇ ਨਾ ਬਹਿਸ਼ਤ ਜੱਨਤਾ, ਸਵਰਗ ਅੱਖ ਨਾ ਕੋਇ ਉਠਾਈਆ । ਗੜ੍ਹ ਤੁੱਟੇ ਹਉਮੇ ਹੰਗਤਾ, ਹੰ ਬ੍ਰਹਮ ਵਡਿਆਈਆ । ਮੰਨਣਾ ਪਏ ਨਾ ਕੋਈ ਪੰਡਤਾ, ਬੋਧ ਅਗਾਧ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਸਚ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਅੰਤ ਵਿਹਾਰਾ, ਵਿਵਹਾਰੀ ਰਿਹਾ ਜਣਾਈਆ । ਅਸੀਂ ਕਰ ਕੇ ਨਿਮਸਕਾਰਾ, ਅੱਗੇ ਪੱਲੂ ਲੈਣਾ ਛੁਡਾਈਆ । ਵੱਸ ਕੇ ਸਚਖੰਡ ਦਵਾਰਾ, ਸਚਖੰਡ ਸਾਚੇ ਡੇਰਾ ਲਾਈਆ । ਬੋਲ ਕੇ ਇਕ ਜੈਕਾਰਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪੁਰਖ ਅਕਾਲ ਦਾ ਖੇਲ ਵੇਖ ਦੁਬਾਰਾ, ਦੋਹਰੀ ਧਾਰ ਵੱਜੇ ਵਧਾਈਆ । ਜਨ ਭਗਤਾਂ ਮਿਲੇ ਸਹਾਰਾ, ਸਹਾਇਕ ਇਕੋ ਇਕ ਅਖਵਾਈਆ । ਜਿਸ ਨੂੰ ਕਿਹਾ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੇਰਾ ਖੇਲ ਅਪਰ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਭੇਜਦਾ ਰਿਹਾ ਗੁਰੂ ਅਵਤਾਰ, ਪੈਗ਼ੰਬਰਾਂ ਹੁਕਮ ਮਨਾਈਆ । ਸੰਦੇਸੇ ਦਿੰਦਾ ਰਿਹਾ ਵਾਰੋ ਵਾਰ, ਜੁਗ ਚੌਕੜੀ ਕਰ ਪੜ੍ਹਾਈਆ । ਕਿਸੇ ਹੱਥ ਨਾ ਆਇਆ ਨੇਤਰ ਨੈਣ ਸਕਿਆ ਨਾ ਕੋਇ ਵਖਾਲ, ਤਨ ਵਜੂਦ ਨਾ ਕੋਇ ਵਡਿਆਈਆ । ਬਣਿਆ ਰਿਹਾ ਸ਼ਾਹ ਕੰਗਾਲ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ

੧੪੦੪
੨੧

ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਕਰੀਏ ਹੱਕ ਨਿਮਸਕਾਰੀ, ਸੱਯਦਾ ਸੀਸ ਝੁਕਾਈਆ । ਜੁਗ ਜੁਗ ਕੀਤੀ ਖੇਲ ਨਿਆਰੀ, ਨਿਰਾਕਾਰ ਆਪਣੀ ਕਾਰ ਕਮਾਈਆ । ਸਾਨੂੰ ਸਮਝ ਨਹੀਂ ਦਿਤੀ ਸਾਰੀ, ਸਾਰ ਸ਼ਬਦ ਨਾ ਕੋਇ ਦ੍ਰਿੜਾਈਆ । ਦੀਨ ਮਜ਼੍ਹਬ ਦੀ ਲਾ ਕੇ ਕਾਰੀ, ਧੰਦੇ ਜਗਤ ਵਾਲੇ ਵਖਾਈਆ । ਕਿਸੇ ਦਾ ਮੁੰਡ ਮੁੰਡਾ ਕਿਸੇ ਦੀ ਬੋਦੀ ਕਿਸੇ ਦੀ ਮੁੱਛ ਕੇਸ ਦਾੜ੍ਹੀ, ਜੁਗ ਜੁਗ ਹੁਕਮ ਵਰਤਾਈਆ । ਆਪ ਨਾ ਪੁਰਖ ਨਾ ਨਾਰੀ, ਨਰ ਨਰਾਇਣ ਨੂਰ ਨਜ਼ਰੀ ਆਈਆ । ਤੱਤਾਂ ਵਾਲੇ ਗੁਰੂਆਂ ਦੀ ਕਰਦਾ ਰਿਹਾ ਖ਼ੁਆਰੀ, ਹੁਕਮੇ ਅੰਦਰ ਹੁਕਮ ਭਵਾਈਆ । ਜਨ ਭਗਤੋ ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਦੇ ਉਤੇ ਸਦਾ ਸਦਾ ਬੇਇਤਬਾਰੀ, ਇਤਬਾਰ ਸਕੇ ਨਾ ਕੋਇ ਜਮਾਈਆ । ਇਹ ਚਾਰ ਜੁਗ ਦਾ ਜੁਆਰੀ, ਸਾਰ ਪਾਸ਼ਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਧੋਖੇਬਾਜ਼, ਸਤਿ ਸਚ ਜਣਾਈਆ । ਸਾਨੂੰ ਭੇਵ ਨਾ ਦੱਸਿਆ ਆਪਣਾ ਰਾਜ਼, ਨਾਮ ਕਲਮੇ ਦੇ ਕੇ ਦਿਤਾ ਪ੍ਰਚਾਈਆ । ਮੁਖ਼ਤਲਿਫ਼ ਸੁਣਾ ਕੇ ਆਪਣੀ ਆਵਾਜ਼, ਇਖ਼ਤਲਾਫ਼ ਵਿਚ ਕੀਤੀ ਲੜਾਈਆ । ਥੋੜ੍ਹਾ ਜਿਹਾ ਅੰਦਰੋਂ ਲਾਹ ਕੇ ਗਿਲਾਫ਼, ਨੂਰ ਦਿਤਾ ਚਮਕਾਈਆ । ਮੰਡਲ ਵਖਾ ਕੇ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਨਾਚ ਨਚਾਈਆ । ਪਵਣ ਚਲਾ ਕੇ ਸਵਾਸ, ਸਾਹ ਸਾਹ ਦਰਸਾਈਆ । ਖ਼ੁਸ਼ੀ ਸੰਦੇਸ਼ਾ ਆਖ, ਅਗੰਮ ਕਰੀ ਪੜ੍ਹਾਈਆ । ਖੋਲ੍ਹ ਕੇ ਨਿੱਕਾ ਜਿਹਾ ਤਾਕ, ਬਾਹਰ ਦਿਤਾ ਕਢਾਈਆ । ਬਣਾ ਕੇ ਆਪਣਾ ਚਾਕ, ਸੇਵਕ ਸੇਵਾ ਸਚ ਜਣਾਈਆ । ਅੰਤ ਬਣਾ ਕੇ ਖ਼ਾਕ, ਮਿੱਟੀ ਤਨ ਵਜੂਦ ਰਹੀ ਨਾ ਰਾਈਆ । ਓਸ ਪ੍ਰਭੂ ਦੀ ਕਰੀਏ ਕੀ ਬਾਤ, ਜੋ ਜੁਗ ਜੁਗ ਆਪਣਾ ਹੁਕਮ ਜਣਾਈਆ । ਅਸੀਂ ਵੀ ਰੱਖਦੇ ਰਹੇ ਆਸ, ਆਸਾ ਇਕ ਉਪਜਾਈਆ । ਜਿਸ ਵੇਲੇ ਕਰੇ ਨਿਰਗੁਣ ਨੂਰ ਜੋਤ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਝਗੜਾ ਮੇਟੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਾਡਾ ਪੂਰਾ ਕਰੇ ਵਾਕ, ਭਵਿਖਤ ਦੇਣ ਗਵਾਹੀਆ । ਸੋ ਸਤਾਰਾਂ ਹਾੜ ਆ ਗਿਆ ਨਾਲ ਇਤਫ਼ਾਕ, ਇਤਫ਼ਾਕੀਆ ਦਿਤਾ ਜਣਾਈਆ । ਸ਼ਬਦੀ ਸੱਦਾ ਦੇ ਕੇ ਆਪ, ਆਪ ਆਪਣੇ ਦਰ ਮੰਗਾਈਆ । ਆਦਿ ਅੰਤ ਦਾ ਬਣ ਕੇ ਬਾਪ, ਪਿਤਾ ਪੂਤ ਗੋਦ ਸੁਹਾਈਆ । ਵੇਖਣਹਾਰ ਅੰਧੇਰੀ ਰਾਤ, ਕਲਜੁਗ ਅੰਤਮ ਖੋਜ ਖੁਜਾਈਆ । ਧਰਮ ਦਾ ਦਿਸੇ ਕੋਈ ਨਾ ਸਾਧ, ਸਾਧਨਾ ਸਚ ਨਾ ਕੋਇ ਕਮਾਈਆ । ਜਿਧਰ ਤੱਕੋ ਵਾਦ ਵਿਵਾਦ, ਵਿਖ ਕੂੜ ਭਰੀ ਲੋਕਾਈਆ । ਨਾਮ ਮਿਲੇ ਨਾ ਬੋਧ ਅਗਾਧ, ਬੁੱਧੀ ਤੋਂ ਪਰੇ ਨਾ ਕੋਇ ਸਮਝਾਈਆ । ਅੱਖਰਾਂ ਵਾਲੀ ਬਾਣੀ ਸਾਰੇ ਕਰ ਕੇ ਯਾਦ, ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਤੁਹਾਨੂੰ ਦਈਏ ਅਗੰਮੀ ਤਾਰ, ਤਾਰਾ ਮੰਡਲ ਨਾ ਕੋਇ ਅਟਕਾਈਆ । ਪ੍ਰਭੂ ਬਣਿਆ ਨਹੀਂ ਕਿਸੇ ਦਾ ਯਾਰ, ਯਾਰਾਨਾ ਸਕੇ ਨਾ ਕੋਇ ਸਮਝਾਈਆ । ਉਸ ਜਿਸ ਨੂੰ ਉਪਜਾਇਆ ਓਸੇ ਨੂੰ ਦਿਤਾ ਮਾਰ, ਗੁਰ ਅਵਤਾਰ ਪੈਗ਼ੰਬਰ ਬਚਿਆ ਨਜ਼ਰ ਕੋਇ ਨਾ ਆਈਆ । ਜਿਸ ਨੇ ਉਸ ਦਾ ਕਲਮਾ ਗਾਇਆ ਓਸੇ ਨੂੰ ਦਿਤਾ ਉਜਾੜ, ਗੋਬਿੰਦ ਦਏ ਗਵਾਹੀਆ । ਇਹੋ ਆਸਾ ਰੱਖੀ ਸਤਾਰਾਂ ਹਾੜ, ਹਾੜਾ ਕਰ ਕੇ ਰਹੇ ਸੁਣਾਈਆ । ਪੰਜੇ ਦਰਬਾਰੀ ਹੋਵੋ ਖ਼ਬਰਦਾਰ, ਅੱਗੇ ਜਾਣਾ ਆਈਆ । ਇਹ ਖੇਲ ਸੱਚੀ ਸਰਕਾਰ, ਸੱਜੇ ਖੱਬੇ ਲਏ ਲਗਾਈਆ । ਕੋਈ

੧੪੦੫
੨੧

ਚਲੇ ਨਾ ਅਗੰਮੀ ਆਪਣੀ ਧਾਰ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਵੇਖੇ ਖੇਲ ਅਪਰ ਅਪਾਰ, ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਜਿਸ ਦਾ ਸਚ ਸੱਚਾ ਦਰਬਾਰ, ਦਰਗਾਹ ਸਾਚੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪੰਜ ਦਰਬਾਰੀ ਵੇਖੇ ਦਰ ਦਰਬਾਰਾ, ਹਰਿ ਕਰਤਾ ਆਪ ਜਣਾਈਆ । ਓਧਰੋਂ ਈਸਾ ਮਾਰੇ ਨਾਅਰਾ, ਕੂਕ ਕੂਕ ਸੁਣਾਈਆ । ਵਾਹ ਮੇਰੇ ਪਰਵਰਦਿਗਾਰਾ, ਤੇਰੀ ਬੇਪਰਵਾਹੀਆ । ਮੈਂ ਸਲੀਵ ਦਾ ਲਿਆ ਹੁਲਾਰਾ, ਫਾਂਸੀ ਗਲ ਲਟਕਾਈਆ । ਤੇਰਾ ਜਲਵਾ ਤੱਕਿਆ ਸਚ ਨੂਰ ਉਜਿਆਰਾ, ਉਜਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਮੂਸਾ ਕਹੇ ਮੈਂ ਵੇਖਿਆ ਮੁਕਾਮੇ ਹੱਕ, ਨੂਰੋ ਨੂਰ ਨੂਰ ਰੁਸ਼ਨਾਈਆ । ਜਿਸ ਦੇ ਵਿਚ ਨਹੀਂ ਕੋਈ ਸ਼ੱਕ, ਸ਼ਿਕਵਾ ਸਭ ਦਾ ਰਿਹਾ ਮਿਟਾਈਆ । ਮੇਰੇ ਨਾਲ ਮੇਰੇ ਖ਼ੁਦਾ ਵਾਹਵਾ ਕੀਤਾ ਪੱਕ, ਪੱਕੀ ਰਿਹਾ ਪਕਾਈਆ । ਕਲਜੁਗ ਅੰਤਮ ਆਵਾਂ ਝਟ, ਨਿਰਗੁਣ ਨੂਰ ਵੇਸ ਵਟਾਈਆ । ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਜ਼ਿਮੀਂ ਅਸਮਾਨਾਂ ਆਵਾਂ ਟੱਪ, ਅੱਗੇ ਹੋ ਨਾ ਕੋਇ ਅਟਕਾਈਆ । ਧੁਰ ਦਾ ਹੁਕਮ ਦੇ ਕੇ ਯੱਕ, ਸਚ ਸੰਦੇਸ਼ਾ ਇਕ ਸੁਣਾਈਆ । ਪਿਛਲੀ ਕੀਤੀ ਚਾਰ ਜੁਗ ਦੀ ਹੁਕਮੇ ਨਾਲ ਕਰੇ ਰਫ਼, ਰਸਤਾ ਸਭ ਦਾ ਸਾਫ਼ ਕਰਾਈਆ । ਚਾਰੋਂ ਕੁੰਟ ਮਲੇਛਾਂ ਰਹੇ ਕੋਈ ਨਾ ਸਫ਼, ਧਰਨੀ ਧਰਤ ਧਵਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਮੂਸਾ ਕਹੇ ਮੇਰਾ ਪਰਵਰਦਿਗਾਰ ਹੱਕ ਮੁਰੀਦਾਂ ਕਰੇ ਪਿਆਰ, ਜਨ ਭਗਤਾਂ ਦਇਆ ਕਮਾਈਆ । ਜਨਮ ਕਰਮ ਦੇ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਬਣਾ ਕੇ ਬਰਖ਼ੁਰਦਾਰ, ਖ਼ੁਦੀ ਤਕੱਬਰ ਦਏ ਗਵਾਈਆ । ਮਸਤਕ ਧੂੜ ਲਾ ਕੇ ਛਾਰ, ਟਿੱਕੇ ਖ਼ਾਕ ਦਏ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਇਕ ਵਖਾਈਆ । ਮੂਸਾ ਕਹੇ ਮੈਂ ਖੇਲ ਦੱਸਣਾ ਪ੍ਰੈਜ਼ੈਂਟ ਹਾਲੀ, ਹਾਲਤ ਦੀਨ ਦੁਨੀ ਜਣਾਈਆ । ਚਾਰੋਂ ਕੁੰਟ ਹੋਣੀ ਰੈਣ ਅੰਧੇਰੀ ਕਾਲੀ, ਕਲਮੇ ਵਾਲਾ ਨਜ਼ਰ ਕੋਇ ਨਾ ਆਈਆ । ਪ੍ਰਭੂ ਦਾ ਖੇਲ ਵੇਖਣਾ ਬੇਮਿਸਾਲੀ, ਜਿਸ ਦੀ ਮਿਸਲ ਨਾ ਕੋਇ ਸਮਝਾਈਆ । ਪ੍ਰਗਟ ਹੋ ਕੇ ਦੋ ਜਹਾਨ ਵਾਲੀ, ਵਾਹਵਾ ਆਪਣਾ ਹੁਕਮ ਵਰਤਾਈਆ । ਪੰਜ ਭਗਤ ਪਿਆਰਿਓ ਵਜਾ ਦਿਓ ਤਾਲੀ, ਜਿਸ ਦੇ ਨਾਲ ਤਬਅ ਤਬੀਅਤ ਸਭ ਦੀ ਦਏ ਬਦਲਾਈਆ । ਜਨ ਭਗਤੋ ਤੁਹਾਡੇ ਭਗਤ ਦਵਾਰ ਤੇ ਦੀਵਾਲੀ, ਤੁਹਾਡੀ ਕਾਇਆ ਅੰਦਰ ਨਿਰਗੁਣ ਨੂਰ ਜੋਤ ਕਰਾਂ ਰੁਸ਼ਨਾਈਆ । ਅੱਜ ਦੀ ਰਾਤ ਤੁਸੀਂ ਬਣ ਜਾਇਓ ਸਵਾਲੀ, ਮੁੜ ਕੇ ਮੰਗਣ ਦੀ ਲੋੜ ਰਹੇ ਨਾ ਰਾਈਆ । ਭਾਗ ਲਗਾਵਾਂ ਤੁਹਾਡੀ ਕਾਇਆ ਪੱਤ ਡਾਲੀ, ਮਾਨਸ ਮਾਨੁਖ ਮਾਨੁਸ਼ ਆਪਣਾ ਰੰਗ ਰੰਗਾਈਆ । ਕਿਸੇ ਦੀ ਰਹਿਣ ਨਹੀਂ ਦੇਣੀ ਦਲਾਲੀ, ਦਿਲਾਂ ਦਾ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਉਠੋ ਪੁਜਾਰੀ, ਪੰਜੇ ਲਓ ਅੰਗੜਾਈਆ । ਤੇਰਾ ਤਾਰਾ ਚੰਦ ਨਿਸ਼ਾਨ ਮੁਹੰਮਦ ਦੀ ਯਾਰੀ, ਯਾਦ ਪਿਛਲੀ ਰਿਹਾ ਕਰਾਈਆ । ਇਹ ਖੇਲ ਅਪਰ ਅਪਾਰੀ, ਸਪਾਰਿਆਂ ਵਿਚੋਂ ਹੱਥ ਕਿਸੇ ਨਾ ਆਈਆ । ਧੁਰ ਹੁਕਮ ਕਹੇ ਜਨ ਭਗਤੋ ਕਰਿਓ ਨਾ ਕਦੇ ਕੋਇ ਗ਼ੱਦਾਰੀ, ਗ਼ਦਾਗਰ ਹੋ ਕੇ ਪ੍ਰਭ ਵੇਖੇ ਥਾਉਂ ਥਾਈਂਆ । ਇਹ ਸਦੀ ਚੌਧਵੀਂ ਸਭ ਨੇ ਰਹਿਣਾ ਨਾਲ ਹੁਸ਼ਿਆਰੀ, ਹੋਛੀ ਮਤ ਨਾ ਕੋਇ ਬਣਾਈਆ । ਓਏ ਤੇਰੇ ਰੋਣ ਦੀ ਕਿਉਂ ਨਹੀਂ ਆਈ ਵਾਰੀ, ਚੌਥੇ ਜੁਗ ਵਿਚ ਚਾਰ ਦਿਨ ਦਿਤਾ ਰੁਵਾਈਆ ।

੧੪੦੬ ੨੧

ਇਹ ਖੇਲ ਸਭ ਤੋਂ ਨਿਆਰੀ, ਨਾਨਕ ਦਾ ਲੇਖਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਤੇਰੇ ਮਸਤਕ ਵਿਚ ਤਿੰਨ ਲਕੀਰ, ਸੂਹੀ ਪੀਲੀ ਨੀਲੀ ਨਜ਼ਰੀ ਆਈਆ । ਤੂੰ ਗੋਬਿੰਦ ਵੇਲੇ ਦਾ ਦਰਵੇਸ਼ ਤੇ ਫ਼ਕੀਰ, ਤਿੰਨ ਵੇਰਾਂ ਸੱਜਦਾ ਕਰ ਕੇ ਗੋਬਿੰਦ ਸੀਸ ਦਿਤਾ ਝੁਕਾਈਆ । ਓਸ ਬਦਲ ਕੇ ਤੇਰੀ ਤਕਦੀਰ, ਮਾਣਸ ਤੋਂ ਮਾਣਸ ਦਿਤਾ ਵਖਾਈਆ । ਜਿਸ ਦੇ ਹੱਥ ਸ਼ਬਦ ਸ਼ਮਸ਼ੀਰ, ਸ਼ਰਅ ਦਏ ਬਦਲਾਈਆ । ਓ ਤੂੰ ਸਾਥੀ ਨਾਲ ਕਬੀਰ, ਕ਼ਬਰ ਦੇ ਉਤੇ ਬਹਿ ਕੇ ਨੂਰ ਤੱਕਿਆ ਸਚ ਖ਼ੁਦਾਈਆ । ਨਾਲੇ ਪੜ੍ਹੀ ਤਕਬੀਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਖੇਲ ਵਖਾਇਆ ਬੇਨਜ਼ੀਰ, ਨਜ਼ਰ ਦਿਤੀ ਬਦਲਾਈਆ । ਤੈਨੂੰ ਮਿਲੌਣਾ ਅੰਤ ਓਸ ਦੇ ਨਾਲ ਅਖ਼ੀਰ, ਜੋ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਤੂੰ ਵਜਾ ਦੇ ਦੋ ਹੱਥਾਂ ਦੀ ਤਾਲੀ, ਤਲਬ ਪਿਛਲੀ ਯਾਦ ਕਰਾਈਆ । ਤੂੰ ਫਲ ਖਵਾਇਆ ਸੀ ਸੀਤਾ ਨੂੰ ਵਿਚੋਂ ਤੋੜ ਕੇ ਬਾਗ਼ ਦੀ ਡਾਲੀ, ਲੰਕਾ ਗੜ੍ਹ ਵੱਜੀ ਵਧਾਈਆ । ਓਸ ਕਿਹਾ ਮੇਰਾ ਰਾਮ ਹੋਵੇ ਤੇਰਾ ਮਾਲੀ, ਮਾਲਕ ਇਕ ਅਖਵਾਈਆ । ਤੈਨੂੰ ਸੇਵਾ ਦੇਵੇ ਬਾਹਲੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਕਿੱਥੇ ਪੰਜ ਪਤਵੰਤੇ, ਸਤਿਗੁਰੂ ਦੇ ਮੀਤੇ, ਮਿੱਤਰ ਪਿਆਰੇ ਵੇਖ ਵਖਾਈਆ । ਕੁਛ ਯਾਦ ਕਰ ਲਓ ਗੁਰੂ ਅਰਜਨ ਨਾਲ ਦਿਨ ਬੀਤੇ, ਰਾਵੀ ਕੰਢਾ ਦਏ ਦੁਹਾਈਆ । ਤੁਹਾਡੇ ਕੋਲੋਂ ਪੰਜ ਪੰਜ ਇਕੱਠੇ ਕਰਾਏ ਸੀ ਗੀਟੇ, ਧੁਰ ਦਾ ਹੁਕਮ ਇਕ ਸਮਝਾਈਆ । ਮਿਹਰਵਾਨ ਕਿਹਾ ਤੁਸੀਂ ਸਦਾ ਰਹੋ ਜਗ ਜੀਤੇ, ਗੋਬਿੰਦ ਮਿਲੇ ਇਕ ਸਰਨਾਈਆ । ਏਸੇ ਕਰ ਕੇ ਇਕੱਠੇ ਕੀਤੇ, ਲੇਖਾ ਪਿਛਲਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਭੁਗਤਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਣਾ ਸ਼ਹਿਨਸ਼ਾਹ ਨਿਰੰਕਾਰੀ, ਨਿਰਾਕਾਰ ਨਜ਼ਰੀ ਆਈਆ । ਜਿਸ ਦੇ ਸੱਜੇ ਖੱਬੇ ਹੋਣ ਓਹ ਸਿਪਾਹਸਾਲਾਰੀ, ਜਿਹੜੇ ਰਾਮ ਭਗਤ ਰਾਮ ਵਿਚ ਸਮਾਈਆ । ਤ੍ਰੇਤਾ ਛੱਡਿਆ ਦਵਾਪਰ ਛੱਡਿਆ ਕਲਜੁਗ ਆ ਗਈ ਵਾਰੀ, ਵਾਰਤਾ ਪਿਛਲੀ ਇਕ ਸੁਣਾਈਆ । ਪੰਚਬਟੀ ਦੀ ਖੇਲ ਨਿਆਰੀ, ਜਿਸ ਨੂੰ ਨੇਤਰ ਵੇਖਣ ਕੋਇ ਨਾ ਆਈਆ । ਇਹ ਦੋਵੇਂ ਸੀ ਸ਼ਿਕਾਰੀ, ਰਾਜ ਰਾਜਾਨੇ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਰਾਮ ਸੁੱਤਾ ਸੀ ਬਨਵਾਸ, ਦਸਰਥ ਬੇਟਾ ਆਸਣ ਲਾਈਆ । ਦੋਵੇਂ ਆ ਗਏ ਪਾਸ, ਭੱਜੇ ਵਾਹੋ ਦਾਹੀਆ । ਲੱਗੀ ਸੀ ਪਿਆਸ, ਬਿਹਬਲ ਹੋ ਸੁਣਾਈਆ । ਸਾਡੀ ਪੂਰੀ ਕਰ ਦੇ ਆਸ, ਤੇਰਾ ਨਾਮ ਦੁਹਾਈਆ । ਹੱਸ ਕੇ ਰਾਮ ਨੇ ਕਿਹਾ ਮੇਰਾ ਰਾਮ ਸਭ ਦਾ ਬਾਪ, ਜੋ ਰਾਮ ਦਾ ਰਾਮ ਸੋਭਾ ਪਾਈਆ । ਜਿਸ ਵੇਲੇ ਕਲਜੁਗ ਅੰਤ ਨਿਰਗੁਣ ਧਾਰ ਆਵੇ ਆਪ, ਆਪਣਾ ਫੇਰਾ ਪਾਈਆ । ਤੁਹਾਡਾ ਦੋਹਾਂ ਦਾ ਮੇਲ ਕੇ ਸਾਥ, ਸਗਲਾ ਸੰਗ ਜਣਾਈਆ । ਦਰ ਦਵਾਰੇ ਪੁੱਛੇ ਬਾਤ, ਮਿਹਰ ਨਜ਼ਰ ਇਕ ਉਠਾਈਆ । ਸੋ ਲਹਿਣਾ ਪੂਰਾ ਕਰਨਾ ਅੱਜ ਦੀ ਰਾਤ, ਹਾੜ ਸਤਾਰਾਂ ਦਏ ਗਵਾਹੀਆ । ਸਚ ਦੱਸੋ ਕੀ ਵਕ਼ਤ ਹੋਇਆ ਉਤੇ ਕਲਾਕ, ਟਕ ਟਕ ਕੀ ਆਵਾਜ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜਨ ਭਗਤੋ ਵੇਖੋ ਵੱਜ ਗਏ

ਬਾਰਾਂ ਘੜੀ ਕਲਾਕ ਵਾਚ, ਪੰਜ ਦਰਬਾਰੀ ਵੇਖ ਵਖਾਈਆ । ਹੋ ਗਈ ਅੱਧੀ ਰਾਤ, ਦੁਨੀਆ ਸੁੰਞ ਮਸਾਣ ਆਸਣ ਲਾਈਆ । ਤੁਸੀਂ ਛੱਡ ਕੇ ਸੱਜਣ ਸਾਕ, ਨਾਤਾ ਭੈਣ ਭਾਈ ਤੁੜਾਈਆ । ਮੇਟ ਕੇ ਜ਼ਾਤ ਪਾਤ, ਦੀਨ ਦੁਨੀ ਹੱਦ ਗਵਾਈਆ । ਮਸਤਕ ਧੂੜੀ ਲਾ ਕੇ ਖ਼ਾਕ, ਟਿੱਕੇ ਇਕ ਰਮਾਈਆ । ਪੂਰਬ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਰਿਹਾ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸੁਣੋ ਅਗੰਮ ਫ਼ਰਮਾਨਾ, ਸਭ ਨੂੰ ਦਈਏ ਜਣਾਈਆ । ਪ੍ਰਭੂ ਸ਼ਰਅ ਦਾ ਸ਼ੈਤਾਨਾ, ਜੁਗ ਜੁਗ ਕਰੇ ਲੜਾਈਆ । ਸ਼ਬਦਾਂ ਦਾ ਮਸਤਾਨਾ, ਨਾਮ ਕਲਮੇ ਰਿਹਾ ਪੜ੍ਹਾਈਆ । ਦੱਸ ਕੇ ਧੁਨ ਆਤਮਕ ਦਾ ਗਾਣਾ, ਅਗੰਮੀ ਰਾਗ ਸੁਣਾਈਆ । ਅਛਲ ਛਲ ਕਰੇ ਵਿਚ ਜਹਾਨਾਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਦ ਆਵੇ ਗੁਰ ਅਵਤਾਰ ਪੈਗ਼ੰਬਰਾਂ ਲਾ ਕੇ ਬਹਾਨਾ, ਆਪਣਾ ਪੱਲੂ ਜਾਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਓ ਗੁਰ ਅਵਤਾਰ ਪੈਗ਼ੰਬਰੋ, ਕਲਜੁਗ ਕਹੇ ਮੈਂ ਆਇਆ, ਆਪਣਾ ਫੇਰਾ ਪਾਈਆ । ਮੇਰੇ ਨਾਲ ਤ੍ਰੈਗੁਣ ਮਾਇਆ, ਭੱਜੀ ਚਾਈਂ ਚਾਈਂਆ । ਪੰਜਾਂ ਤੱਤਾਂ ਰੰਗ ਰੰਗਾਇਆ, ਆਪਣਾ ਖੇਲ ਵਖਾਈਆ । ਮਨ ਮਨੂਆ ਡੰਕ ਰਿਹਾ ਵਜਾਇਆ, ਵਜਹ ਸਕੇ ਨਾ ਕੋਇ ਸਮਝਾਈਆ । ਕਲਜੁਗ ਕਹੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕੰਮ ਕਿਸੇ ਨਾ ਆਇਆ, ਬਿਨ ਸਤਿਗੁਰ ਸੱਚੇ ਪਾਰ ਨਾ ਕੋਇ ਕਰਾਈਆ । ਸਤਿਗੁਰ ਸੱਚਾ ਇਕੋ ਸ਼ਬਦ ਅਖਵਾਇਆ, ਜਿਸ ਨੇ ਅਵਤਾਰ ਪੈਗੰਬਰ ਗੁਰ ਦਿਤੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਸਤਿਗੁਰ ਸ਼ਬਦ ਕਹੇ ਗੁਰਮੁਖੋ ਤੱਤਾਂ ਦੇ ਕਦੇ ਨਾ ਬਣਿਓ ਪੁਜਾਰੀ, ਪੂਜਾ ਕੰਮ ਕਿਸੇ ਨਾ ਆਈਆ । ਜਦ ਮੰਨੋ ਤੇ ਮੰਨੋ ਜੋਤ ਨਿਰੰਕਾਰੀ, ਜੋ ਘਟ ਘਟ ਰਿਹਾ ਸਮਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਸਿਫ਼ਤਾਂ ਵਿਚ ਸਿਫ਼ਤ ਲਿਖੀ ਭਾਰੀ, ਭਾਰਤ ਵਰਸ਼ ਦਏ ਗਵਾਹੀਆ । ਪਰ ਸਤਾਰਾਂ ਹਾੜ ਕਹੇ ਅੱਜ ਓਹ ਦਿਹਾੜੀ, ਜਿਸ ਦਾ ਰਾਹ ਚਾਰ ਜੁਗ ਰਹੇ ਤਕਾਈਆ । ਪੰਜੇ ਪਿਆਰੇ ਖ਼ਬਰਦਾਰ ਹੋ ਜਾਓ ਏਸ ਨੂੰ ਕਰ ਲਓ ਗ੍ਰਿਫ਼ਤਾਰੀ, ਜਿਹੜਾ ਗਿਫ਼ਟ ਵਿਚ ਨਾਮ ਕਲਮੇ ਦੇ ਕੇ ਸਭ ਨੂੰ ਦਏ ਪਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹਾੜ ਕਹੇ ਮੈਂ ਵੇਖੇ ਸੂਰਬੀਰ ਬਹਾਦਰ, ਬਹਾਦਰ ਸ਼ਾਹ ਅੱਗੇ ਜਾਣਾ ਆਈਆ । ਵੇਖੋ ਜਿਸ ਨੂੰ ਕਹਿੰਦੇ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਜਿਹੜਾ ਗਾਡ ਹੋ ਕੇ ਦੇਂਦਾ ਰਿਹਾ ਆਡਰ, ਆਇਦ ਆਪਣਾ ਨਾਮ ਕਰਾਈਆ । ਦੀਨਾਂ ਮਜ਼੍ਹਬਾਂ ਦੀ ਬਣਾ ਕੇ ਬਾਡਰ, ਬਾਡੀ ਨਾਲ ਬਾਡੀ ਦਿਤੀ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਦੀ ਚੌਧਵੀਂ ਕਹੇ ਓਏ ਪੀਰ ਮੁਰੀਦੋ ਪੈਗ਼ੰਬਰੋ ਜਿਸ ਨੂੰ ਕਹਿੰਦੇ ਮੌਲਾ, ਆਲਮੀਨ ਵਡਿਆਈਆ । ਓਹ ਫੜਿਆ ਸ਼ੇਰ ਕਿਉਂ ਨਹੀਂ ਪਾਉਂਦੇ ਰੌਲਾ, ਉਚੀ ਕੂਕ ਕੂਕ ਸੁਣਾਈਆ । ਸਭ ਦਾ ਪੂਰਾ ਹੋਇਆ ਕੌਲਾ, ਇਕ਼ਰਾਰ ਰਹਿਣ ਕੋਇ ਨਾ ਪਾਈਆ । ਜਨ ਭਗਤੋ ਤੁਹਾਡਾ ਫੜਕਣ ਲੱਗਾ ਡੌਲਾ, ਆਪਣਾ ਬਲ ਲੈਣਾ ਪ੍ਰਗਟਾਈਆ । ਧਰਨੀ ਦਾ ਭਾਰ ਕਰਨਾ ਹੌਲਾ, ਹੌਲੀ ਹੌਲੀ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਜਨ ਭਗਤੋ ਤੁਹਾਨੂੰ ਖ਼ੁਸ਼ੀ ਬੜੀ, ਮਾਝੇ ਵਾਲਿਓ ਬੜ੍ਹਕਾਂ

੧੪੦੮ ੨੧

ਦਿਓ ਲਗਾਈਆ । ਸਾਡੇ ਵਿਚ ਹਿੰਮਤ ਬੜੀ, ਪ੍ਰਭ ਨੂੰ ਫੜ ਕੇ ਆਪਣੇ ਵਿਚ ਰਖਾਈਆ । ਭਗਤ ਦਵਾਰੇ ਵਿਚ ਆਇਆ ਤੇ ਮਾਰ ਲਈ ਹੱਥਕੜੀ, ਕੜੀ ਕੜੀ ਨਾਲ ਜੁੜਾਈਆ । ਅੱਜ ਮਨਾ ਲਓ ਤੁਹਾਨੂੰ ਦਰਸ਼ਨ ਦੇਣ ਲੱਗਿਆਂ ਕਦੇ ਨਾ ਕਰੇ ਅੜੀ, ਅੜਿੱਕਾ ਅੱਗੇ ਨਾ ਕੋਇ ਰਖਾਈਆ । ਤੁਹਾਡੀ ਪ੍ਰੀਤੀ ਖਰੀ, ਖਰਿਆਂ ਦੇ ਖਰੇ ਲਏ ਉਪਾਈਆ । ਸਚ ਪੁਛੋ ਤੁਹਾਨੂੰ ਚੁਰਾਸੀ ਵਿਚੋਂ ਕੀਤਾ ਅੱਜ ਤੋਂ ਬਰੀ, ਆਪਣੇ ਬੰਧਨ ਲਏ ਬੰਧਾਈਆ । ਪੰਜਾਂ ਬੀਬੀਆਂ ਨੇ ਜਿਨ੍ਹਾਂ ਕੱਪੜੇ ਚੰਗੇ ਪਹਿਨੇ ਜ਼ਰੀ, ਸ਼ਸਤਰ ਕੰਧਿਆਂ ਉਤੇ ਉਠਾਈਆ । ਅੱਗੇ ਆ ਜਾਓ ਤੁਸੀਂ ਸ਼ਾਹੀ ਲਸ਼ਕਰ ਤੁਹਾਡੇ ਵਿਚ ਕੋਈ ਨਹੀਂ ਸ਼ਰਅਈ, ਸ਼ਰਅ ਵਾਲਾ ਨਜ਼ਰ ਕੋਇ ਨਾ ਆਈਆ । ਤੁਸੀਂ ਕੂੜੀ ਕਿਰਿਆ ਪੈਰਾਂ ਹੇਠਾਂ ਦੇਣੀ ਮਲੀ, ਮਾਇਆ ਮਮਤਾ ਦੇਣੀ ਗਵਾਈਆ । ਅੱਜ ਤੋਂ ਭਗਤੋਂ ਤੁਹਾਡੀ ਲੜੀ ਚਲੀ, ਚਾਰ ਜੁਗ ਦਾ ਰਸਤਾ ਦਿਤਾ ਬਦਲਾਈਆ । ਇਹ ਭਗਤ ਦਵਾਰੇ ਦੀ ਗਲੀ, ਜਿਥੇ ਇਸਤਰੀ ਪੁਰਸ਼ ਵੰਡ ਨਾ ਕੋਇ ਵੰਡਾਈਆ । ਇਕ ਗੋਬਿੰਦ ਨੇ ਆਪਣੇ ਬੱਚਿਆਂ ਦੀ ਦੇ ਕੇ ਬਲੀ, ਗੁਰਸਿੱਖਾਂ ਦਾ ਲਹਿਣਾ ਦਿਤਾ ਮੁਕਾਈਆ । ਬੇਸ਼ਕ ਪੁਰਖ ਅਕਾਲ ਬੜਾ ਛਲੀ, ਲੱਖ ਚੁਰਾਸੀ ਨੂੰ ਛਲ ਕੇ ਤੁਹਾਨੂੰ ਲਿਆ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਉਹ ਗੁਰਮੁਖ ਅੱਗੇ ਆਓ ਜਿਹੜੇ ਚਾਰ ਬਣੇ ਕੰਨਿਆਂ, ਨਾਰੀ ਰੂਪ ਵਟਾਈਆ । ਸਚ ਦਾ ਹੁਕਮ ਮੰਨਿਆਂ, ਮਨਸਾ ਮੋਹ ਮਿਟਾਈਆ । ਪ੍ਰਭ ਦਾ ਖੇਲ ਨਜ਼ਰ ਨਾ ਆਵੇ ਨੇਤਰ ਅੰਨ੍ਹਿਆਂ, ਨੈਣਹੀਣ ਹੋਈ ਲੋਕਾਈਆ । ਜਿਸ ਨੇ ਭਰਮ ਦਾ ਭਾਂਡਾ ਭੰਨਿਆ, ਬੁੱਢੇ ਨੱਢੇ ਦਿਤੇ ਉਠਾਈਆ । ਗੋਬਿੰਦ ਦਾ ਚੌਦਾਂ ਸੌ ਤੀਹ ਅੰਕ ਦਾ ਇਕ ਪੂਰਾ ਕਰ ਕੇ ਕੰਨਿਆ, ਏਕੇ ਦਾ ਏਕਾ ਦਿਤਾ ਸਮਝਾਈਆ । ਉਠ ਓਏ ਜਰਨੈਲ ਸਿੰਘ ਮੇਰੇ ਚੰਨਿਆ, ਚੰਨਾਂ ਤੈਨੂੰ ਦਿਆਂ ਵਡਿਆਈਆ । ਤੇਰਾ ਨੰਗਾ ਵੇਖ ਕੇ ਤਨਿਆਂ, ਉਚ ਦਾ ਪੀਰ ਹੋਏ ਸਹਾਈਆ । ਜਿਸ ਨੇ ਗੋਬਿੰਦ ਨੂੰ ਚੁੱਕਿਆ ਕੰਧਿਆ, ਨਿਉਂ ਕੇ ਚਰਨਾਂ ਸੀਸ ਨਿਵਾਈਆ । ਖ਼ੁਸ਼ੀਆਂ ਵਿਚ ਮੂਲ ਨਾ ਹੰਬਿਆ, ਹਿਰਦੇ ਗਾਇਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਹਾੜ ਸਤਾਰਾਂ ਕਹੇ ਓ ਪ੍ਰਭੂ ਬੀਤਦੀ ਜਾਂਦੀ ਅੱਧੀ ਰਾਤ, ਅੱਧੇ ਅੱਧ ਵੰਡ ਵੰਡਾਈਆ । ਕੁਛ ਭਗਤ ਭਗਵਾਨ ਦੀ ਦੱਸ ਦੇ ਗਾਥ, ਸਤਿਜੁਗ ਰਾਹ ਸਮਝਾਈਆ । ਸਾਨੂੰ ਯਾਦ ਆ ਗਿਆ ਗੁਰ ਅਵਤਾਰ ਪੈਗ਼ੰਬਰ ਸਚਖੰਡ ਦਵਾਰਿਉਂ ਆਏ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਜਿਸ ਦਾ ਹੋਏ ਆਦਿ ਜੁਗਾਦੀ ਇਕ ਤਾਜ, ਤਖ਼ਤ ਨਿਵਾਸੀ ਨੂਰ ਅਲਾਹੀਆ । ਜੁਗ ਜੁਗ ਆਪਣਾ ਕਰੇ ਕਾਜ, ਕਰਨੀ ਕਰਤਾ ਇਕ ਕਮਾਈਆ । ਸ਼ਬਦ ਸੰਦੇਸ਼ੇ ਦੇ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਦੀਨ ਮਜ਼੍ਹਬ ਦੇ ਬਣਾ ਸਮਾਜ, ਸਮਾਂ ਸਮੇਂ ਵਿਚੋਂ ਉਲਟਾਈਆ । ਅਜਬ ਖੇਲ ਕਰੇ ਤਮਾਸ਼, ਤਮਅ ਸਭ ਦੀ ਰਿਹਾ ਗਵਾਈਆ । ਸਾਰੇ ਜਾਓ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਨਾਲੇ ਸ਼ਬਦ ਦੀ ਮਾਰੇ ਆਵਾਜ਼, ਧੁਨ ਆਤਮਕ ਰਾਗ ਸੁਣਾਈਆ । ਕਦੇ ਹੱਥ ਉਤੇ ਉਡਦਾ ਸੀ ਬਾਜ਼, ਅੱਜ ਹੱਥਕੜੀ ਲਈ ਲਗਾਈਆ । ਇਹ ਕਲਜੁਗ ਦੀ ਕੂੜੀ ਕਿਰਿਆ ਦਾ ਰਿਵਾਜ, ਸਾਹਿਬ ਸਤਿਗੁਰ ਆਪਣੇ ਉਤੇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰੈਣ ਅੱਧੀ ਕਹੇ ਭਗਤ ਭਗਵਾਨ ਲੱਗਾ ਦਰਬਾਰਾ, ਹਰਿ ਦਰਬਾਰੀ ਲਿਆ ਲਗਾਈਆ । ਕਲਜੁਗ ਕੂੜ ਮਿਟੇ ਅੰਧਿਆਰਾ, ਅੰਧ ਅਗਿਆਨ ਰਹੇ ਨਾ ਰਾਈਆ ।

ਸਤਿਜੁਗ ਸਚ ਉਪਜੇ ਉਜਿਆਰਾ, ਧਰਮ ਧਾਰ ਪ੍ਰਗਟਾਈਆ । ਚਾਰ ਵਰਨਾਂ ਦਿਸੇ ਇਕ ਦਵਾਰਾ, ਸਤਿਗੁਰ ਇਕੋ ਸੋਭਾ ਪਾਈਆ । ਇਕੋ ਨਾਮ ਹੋਵੇ ਜੈਕਾਰਾ, ਇਕੋ ਇਸ਼ਟ ਦੇਵ ਮਨਾਈਆ । ਇਕੋ ਚਰਨ ਕਵਲ ਸਹਾਰਾ, ਇਕੋ ਧੂੜੀ ਖ਼ਾਕ ਰਮਾਈਆ । ਇਕੋ ਨੂਰ ਪਰਵਰਦਿਗਾਰਾ, ਇਕੋ ਰਹਿਮਤ ਸਚ ਕਮਾਈਆ । ਇਕੋ ਘਰ ਸੱਚਾ ਘਰ ਬਾਰਾ, ਇਕੋ ਦਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅੱਧੀ ਰਾਤ ਕਹੇ ਔਹ ਵੇਖੋ ਆ ਗਿਆ ਦਾਦੂ, ਦਾਅਵੇ ਨਾਲ ਜਗਾਈਆ । ਗੋਬਿੰਦ ਸ਼ਬਦ ਇਕੋ ਆਗੂ, ਗੋਬਿੰਦ ਗੋਬਿੰਦ ਗਿਆ ਦ੍ਰਿੜਾਈਆ । ਓਹ ਗੁਰਮੁਖ ਅੱਗੇ ਆਵਣ ਜਿਨ੍ਹਾਂ ਵਿਚ ਸਿੰਘ ਭਾਗੂ, ਪੰਜੇ ਕ਼ਦਮ ਉਠਾਈਆ । ਓਹ ਨੇੜੇ ਆਵੇ ਜਿਹੜਾ ਕਸਾਈ ਬਣਿਆ ਫੜ ਕੇ ਕਰਦ ਚਾਕੂ, ਖੰਡਾ ਹੱਥ ਵਿਚ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਗੋਬਿੰਦ ਕਹੇ ਇਹ ਦਾਦੂ ਤੇਰੇ ਮੀਤ ਜਿਹੜੇ ਪੀਂਦੇ ਸੀ ਤਮਾਕੂ, ਤਮਅ ਵਿਚ ਤੇਰੀ ਸੇਵ ਕਮਾਈਆ । ਦਾਦੂ ਕਹੇ ਮੈਂ ਕਰ ਕੇ ਕੌਲ ਨਾ ਜਾਵਾਂ ਮੁਕਰ, ਗੋਬਿੰਦ ਦਿਆਂ ਜਣਾਈਆ । ਜਿਹੜਾ ਮੇਰੇ ਨਾਲੇ ਖਾਂਦਾ ਸੀ ਟੁੱਕਰ, ਸਚ ਮੀਤ ਅਖਵਾਈਆ । ਇਕ ਦਿਨ ਓਸ ਤੋਂ ਮਰ ਗਿਆ ਕੁੱਕੜ, ਮੇਰੇ ਪੁੱਛਿਆਂ ਮੰਨਣ ਵਿਚ ਮੂਲ ਨਾ ਆਈਆ । ਮੈਂ ਬਥੇਰਾ ਚੁਕਿਆ ਕੁੱਛੜ, ਪਿਆਰ ਨਾਲ ਵਰਚਾਈਆ । ਓਸ ਕੀਤਾ ਨਾ ਤੇਰਾ ਸ਼ੁਕਰ, ਸਚ ਸਚ ਨਾ ਕੋਇ ਦਰਸਾਈਆ । ਮੈਂ ਤੱਕਿਆ ਦੱਖਣ ਪੂਰਬ ਪੱਛਮ ਉੱਤਰ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਦਾਦੂ ਕਹੇ ਗੋਬਿੰਦ ਜਿਸ ਨੇ ਕੁੱਕੜ ਫੜਿਆ ਹੱਥ, ਆਇਆ ਚਾਈਂ ਚਾਈਂਆ । ਇਹ ਤੈਨੂੰ ਟੇਕਦਾ ਸੀ ਅੰਦਰੇ ਅੰਦਰ ਮੱਥ, ਬਾਹਰੋਂ ਮੇਰੀ ਸੇਵ ਕਮਾਈਆ । ਇਕ ਦਿਨ ਮੈਂ ਸੁਣ ਲਿਆ ਤੇਰਾ ਜਸ, ਅੰਦਰ ਬੈਠਾ ਧਿਆਨ ਲਗਾਈਆ । ਮੈਂ ਬਾਹਰੋਂ ਪਿਆ ਹੱਸ, ਤਾਲੀ ਦਿਤੀ ਵਜਾਈਆ । ਖ਼ੁਸ਼ੀ ਵਿਚ ਕਿਹਾ ਤੈਨੂੰ ਓਹੋ ਲਏ ਰੱਖ, ਸਿਰ ਤੇਰੇ ਹੱਥ ਟਿਕਾਈਆ । ਏਸ ਨਿਉਂ ਕੇ ਕਿਹਾ ਤੇਰਾ ਆਖਾ ਹੋਵੇ ਸੱਚ, ਸਚ ਮਿਲੇ ਵਡਿਆਈਆ । ਕੌਲ ਇਕ਼ਰਾਰ ਪੂਰਾ ਕੀਤਾ ਪੱਕ, ਏਸੇ ਕਾਰਨ ਕਰਤਾਰ ਸਿੰਘ ਕੁੱਕੜ ਲੈ ਕੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਦਾਦੂ ਕਹੇ ਮੈਂ ਤੇਰਾ ਦਾਅਵੇਦਾਰ, ਸਚ ਸੱਚ ਸੁਣਾਈਆ । ਜਿਨ੍ਹਾਂ ਪਿਆਰਿਆਂ ਕੀਤਾ ਗ੍ਰਿਫ਼ਤਾਰ, ਹੱਥਕੜੀ ਹੱਥਾਂ ਨਾਲ ਛੁਹਾਈਆ । ਅੰਦਰੋਂ ਕਰ ਕੇ ਹੱਕ ਪਿਆਰ, ਇਹ ਖੇਲ ਦਿਤਾ ਬਣਾਈਆ । ਤੇਰੀ ਕ਼ੁਦਰਤ ਮੇਰੇ ਮਾਲਕ ਤੇਰਾ ਖੇਲ ਤੇਰੇ ਦਰਬਾਰ, ਦਰਗਾਹ ਸਾਚੀ ਵੱਜੀ ਵਧਾਈਆ । ਅੱਜ ਆਏ ਗੁਰੂ ਅਵਤਾਰ, ਪੈਗ਼ੰਬਰ ਵੇਖਣ ਕੂੜ ਕਸਾਈਆ । ਜਿਨ੍ਹਾਂ ਮਹਿੰਦੀ ਨਾਲ ਹੱਥ ਕੀਤੇ ਲਾਲ, ਦੋਵੇਂ ਹੱਥ ਲਓ ਉਠਾਈਆ । ਜਿਨ੍ਹਾਂ ਚੌਂਹ ਵਰਨਾਂ ਵਿਚ ਵਰਖਾ ਕੀਤੀ ਮਹਾਨ, ਕਿਉੜਾ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਸਤਿਗੁਰ ਹੋਣਾ ਨਹੀਂ ਕਦੇ ਨਿਰਮੋਹ, ਮੁਹੱਬਤ ਵਿਚ ਸਮਾਈਆ । ਤੇਰਾ ਰੂਪ ਨਹੀਂ ਕੋਈ ਦੋ, ਏਕਾ ਇਕਾ ਸੋਭਾ ਪਾਈਆ । ਯਾਦ ਕਰ ਲਾ ਜੋ ਵਾਅਦਾ ਕੀਤਾ ਸ਼ਾਹ ਬਹਾਦਰ ਨਾਲ ਓਹ, ਓੜਕ ਦੇਣਾ ਦ੍ਰਿੜਾਈਆ । ਜਿਸ ਦੇ ਨਾਲ ਤਿੰਨਾਂ ਦਾ ਗਰੋਹ, ਚੋਬਦਾਰ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇਣਾ ਲਿਖਾਈਆ । ਗੋਬਿੰਦ ਕਹੇ ਇਹ ਬਹਾਦਰ ਸ਼ਾਹ,

ਸ਼ਾਹ ਸ਼ਹਿਨਸ਼ਾਹ ਜਗਤ ਅਖਵਾਈਆ । ਮੈਂ ਪਾਤਸ਼ਾਹ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਚਾਹਵਾਂ ਲਵਾਂ ਬਚਾ, ਅਗਨੀ ਅੱਗ ਨਾ ਲਾਗੇ ਰਾਈਆ । ਜਿਸ ਨੂੰ ਚਾਹਵਾਂ ਲਵਾਂ ਰੁੜ੍ਹਾ, ਬੇੜਾ ਸ਼ੌਹ ਦਰਿਆ ਡੁਬਾਈਆ । ਏਸ ਨੇ ਇਕ ਵਾਰ ਮੈਨੂੰ ਮੰਨਿਆ ਖ਼ੁਦਾ, ਖ਼ੁਦੀ ਅੰਦਰੋਂ ਬਾਹਰ ਕਢਾਈਆ । ਮੈਂ ਪਿੱਠ ਉਤੇ ਹੱਥ ਟਿਕਾ, ਪੁਸ਼ਤ ਪਨਾਹ ਤਲੀ ਤਲੀ ਨਾਲ ਛੁਹਾਈਆ । ਤੇਰਾ ਬਖ਼ਸ਼ਿਆ ਸਰਬ ਗੁਨਾਹ, ਪਾਪਾਂ ਕੀਤੀ ਸਫ਼ਾਈਆ । ਮੈਂ ਸ਼ਬਦ ਗੁਰੂ ਤੇ ਮੇਰਾ ਮਾਲਕ ਇਕ ਅੱਲਾਹ, ਜਿਸ ਨੂੰ ਅੱਲਾ ਕਹਿ ਕੇ ਸਾਰੇ ਗਾਈਆ । ਜਿਸ ਸਦੀ ਚੌਧਵੀਂ ਜਾਣਾ ਆ, ਆਪ ਆਪਣਾ ਫੇਰਾ ਪਾਈਆ । ਹਿੰਦੂ ਮੁਸਲਮਾਨਾਂ ਬਣਨਾ ਮਲਾਹ, ਬੇੜਾ ਆਪਣੇ ਕੰਧ ਟਿਕਾਈਆ । ਓਸ ਵੇਲੇ ਤੇਰਾ ਲਹਿਣਾ ਦੇਣਾ ਦਏ ਚੁਕਾ, ਜਨਮ ਜਨਮ ਵਿਚੋਂ ਬਦਲਾਈਆ । ਤੂੰ ਉਠ ਕੇ ਸੀਸ ਚਰਨ ਦੇਣਾ ਝੁਕਾ, ਕਲਗੀ ਤੋੜਾ ਪਰੇ ਸੁਟਾਈਆ । ਮਸਤਕ ਧੂੜੀ ਲੈਣੀ ਰਮਾ, ਰਹਿਮਤ ਦਏ ਕਮਾਈਆ । ਸਚ ਦਵਾਰੇ ਦਏ ਵਸਾ, ਜਿਥੇ ਮਿਲੇ ਵਸਲ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਸਤਿਗੁਰ ਸ਼ਬਦ ਕਹੇ ਪੰਜ ਆਓ ਮੁਗ਼ਲ ਖ਼ਾਨਦਾਨ, ਆਪਣੀ ਲੈ ਅੰਗੜਾਈਆ । ਜਿਨ੍ਹਾਂ ਗੋਬਿੰਦ ਧਰਿਆ ਸੀ ਧਿਆਨ, ਨਿਉਂ ਨਿਉਂ ਲਾਗੇ ਪਾਈਂਆ । ਸਤਾਰਾਂ ਸੌ ਸੱਠ ਬਿਕ੍ਰਮੀ ਮਹੀਨਾ ਸੀ ਰਮਜ਼ਾਨ, ਰੋਜ਼ਿਆਂ ਵਿਚ ਰਹਿਬਰ ਸੀਸ ਨਿਵਾਈਆ । ਮੁਖੋਂ ਗਾਇਆ ਸੀ ਗਾਨ, ਤੇਰਾ ਮੇਰਾ ਭੇਵ ਨਾ ਰਾਈਆ । ਗੋਬਿੰਦ ਹੋ ਕੇ ਮਿਹਰਵਾਨ, ਸਿਰ ਆਪਣਾ ਹੱਥ ਟਿਕਾਈਆ । ਤੁਹਾਡਾ ਲੇਖਾ ਨਾਲ ਸ੍ਰੀ ਭਗਵਾਨ, ਭਗਵਨ ਹੋਵੇ ਆਪ ਸਹਾਈਆ । ਸਦੀ ਚੌਧਵੀਂ ਮਿਲੇ ਆਣ, ਆਨਨ ਫ਼ਾਨਨ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



ਧੁਰ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਹੁਕਮੇ ਅੰਦਰ ਆਓ ਸੱਦੇ, ਸਦਾ ਸਚ ਸੁਣਾਈਆ । ਜਿਨ੍ਹਾਂ ਇੱਕੀਆਂ ਨੇ ਲੱਕ ਨੂੰ ਰੱਸੇ ਬੱਧੇ, ਆਪਣਾ ਸੀਸ ਦਿਓ ਨਿਵਾਈਆ । ਜਿਹੜੇ ਗੁਰਮੁਖ ਚਾਰ ਹੱਸਦੇ ਫਿਰਨ ਭੱਜੇ, ਹਾਸੀ ਖ਼ੁਸ਼ੀਆਂ ਵਿਚ ਸੁਣਾਈਆ । ਜਿਹੜੇ ਗੁਰਮੁਖ ਨੌ ਭਗਤ ਦਵਾਰੇ ਸੇਵਾ ਲੱਗੇ, ਸੋਹਣੀ ਸੇਵ ਕਮਾਈਆ । ਜਿਹੜੇ ਗੁਰਮੁਖ ਨੌ ਫਿਰਨ ਭੱਜੇ, ਚਾਰੋਂ ਕੁੰਟ ਵਾਹੋ ਦਾਹੀਆ । ਜਿਹੜੇ ਸੱਤ ਸੀਤਲ ਸੁਭਾਉ ਸਜੇ, ਸਚ ਆਪਣੀ ਕਾਰ ਕਮਾਈਆ । ਜਿਹੜੇ ਗੁਰਮੁਖ ਇਕ ਇਕ ਅਲੱਗ ਅਲੱਗੇ, ਅਗਲਾ ਲੇਖਾ ਗਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਜਿਨ੍ਹਾਂ ਇੱਕੀ ਬੀਬੀਆਂ ਕੀਤੇ ਕਮਰਕਸੇ, ਦੁਪੱਟੇ ਦੋਹਰੇ ਨਾਲ ਰਖਾਈਆ । ਓਹ ਸਚ ਦਵਾਰੇ ਬਹਿਣ ਸੱਜੇ, ਸੋਹਣਾ ਰੰਗ ਰੰਗਾਈਆ । ਕਲਜੁਗ ਵਾ ਵਗੀ ਤੱਤੇ, ਅਗਨੀ ਤੱਤ ਰਹੀ ਤਪਾਈਆ । ਤੁਹਾਡੀ ਸਾਹਿਬ ਸਤਿਗੁਰ ਪਤ ਰੱਖੇ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਸਭ ਦੇ ਨਾਤੇ ਹੋਏ ਪੱਕੇ, ਅੱਗੇ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਸਤਿਗੁਰ ਸ਼ਬਦ ਕਹੇ ਰੱਸਿਆਂ ਵਾਲਿਓ ਜਾਣਾ ਜਾਗ, ਜਾਗਣ ਵੇਲਾ ਆਇਆ । ਘਰ ਘਰ ਜਗਦਾ ਵੇਖੋ ਚਰਾਗ਼, ਹਰਿ ਕਰਤਾ ਆਪ ਜਗਾਇਆ । ਸਭ ਦਾ ਉਦੇ ਹੋਵੇ ਭਾਗ, ਅੰਧ ਅੰਧੇਰਾ ਦਏ ਮਿਟਾਇਆ । ਜਿਹੜੇ ਬਚ ਗਏ ਗੁਰਮੀਤ ਸਿੰਘ ਓਨ੍ਹਾਂ ਨੂੰ ਮਾਰ ਆਵਾਜ਼, ਲਿਸਟ ਉਤੋਂ ਵੇਖ ਵਖਾਇਆ । ਨਹੀਂ ਤੇ ਦੇਣਾ ਪਊ ਜਵਾਬ, ਸੱਤ ਰੰਗਾ ਹੱਥ ਉਠਾਇਆ । ਇਹ ਕੋਈ ਮੁਰਗੇ ਖਾਣ ਵਾਲਾ ਨਹੀਂ ਨਵਾਬ, ਜਿਸ ਨੂੰ ਕੀਮਿਆਂ ਨਾਲ ਲਏ ਪਰਚਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਕੋਲੋਂ ਮੰਗੇ ਹਿਸਾਬ, ਲੇਖਾ ਸਚ ਦੇਣਾ ਸੁਣਾਇਆ । ਨਾਲ ਪੜ੍ਹ ਲਾ ਸਤਰ ਕਤਾਰ, ਅੱਖਰ ਅੱਖਰ ਫੋਲ ਫੁਲਾਈਆ । ਕੋਈ ਦੁਆਬੇ ਵਿਚੋਂ ਸੱਦ ਲਾ ਯਾਰ, ਜਿਹੜਾ ਤੈਨੂੰ ਦਏ ਸਮਝਾਈਆ । ਮਾਲਵੇ ਵਿਚੋਂ ਮਾਰ ਲਾ ਵਾਜ, ਜੋ ਅੱਖਰ ਦਏ ਦ੍ਰਿੜ੍ਹਾਈਆ । ਮਾਝੇ ਵਿਚੋਂ ਲੱਭ ਲੈ ਸਾਕ, ਜਿਹੜਾ ਤੇਰਾ ਹੋਏ ਸਹਾਈਆ । ਜੰਮੂ ਵਾਲਿਆਂ ਨੂੰ ਲੈ ਆਖ, ਤੇਰਾ ਪੱਲੂ ਲੈਣ ਛੁਡਾਈਆ । ਦਿੱਲੀ ਵਾਲਿਆਂ ਨੂੰ ਕਰ ਲਾ ਯਾਦ, ਜੇ ਕੋਈ ਪੱਲੂ ਲਏ ਛੁਡਾਈਆ । ਇਟਾਰਸੀ ਵਿਚੋਂ ਲੱਭ ਲਾ ਕੋਈ ਸਾਧ, ਜੋ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਕੁਝ ਖੁਲ੍ਹਦੀ ਜਾਂਦੀ ਸੁਰਤੀ, ਹਲੂਣਾ ਜ਼ੋਰ ਨਾਲ ਲਗਾਈਆ । ਹੁਣ ਓਨੂੰ ਸੱਦ ਲਾ ਜਿਸ ਨੇ ਜੰਮਿਆਂ ਨੂੰ ਦਿਤੀ ਸੀ ਗੁੜ੍ਹਤੀ, ਕਿੱਥੇ ਜੰਮਣ ਵਾਲੀ ਮਾਈਆ । ਕੁਛ ਸਮਾਂ ਵੇਖ ਲਾ ਬੱਚੂ ਤੇਰਾ ਜਨਮ ਹੁੰਦਾ ਸੀ ਵਿਚ ਤੁਰਕੀ, ਤੁਰਤ ਦਿਆਂ ਦ੍ਰਿੜ੍ਹਾਈਆ । ਤੂੰ ਤੇਗ਼ ਬਹਾਦਰ ਨੂੰ ਨਿਮਸਕਾਰ ਕੀਤੀ ਸੀ ਨਾਲ ਫੁਰਤੀ, ਫੁਰਨਾ ਮਨ ਦਾ ਅੱਗੇ ਰਖਾਈਆ । ਮੈਨੂੰ ਕ਼ਸਮ ਸੱਚੇ ਸਤਿਗੁਰ ਦੀ, ਜੇ ਹਿੰਦੂਆਂ ਨਾਲ ਕਰਾਂ ਲੜਾਈਆ । ਓਹ ਹੱਦ ਸੀ ਅਨੰਦ ਪੁਰ ਦੀ, ਸਰਸੇ ਤੋਂ ਪੰਜ ਮੀਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਕੁਛ ਯਾਦ ਕਰ ਲੈ ਸਰਸੇ ਦੇ ਕੋਲ ਵਾਲੇ ਖੂਹੇ, ਲਹਿੰਦੀ ਦਿਸ਼ਾ ਵਖਾਈਆ । ਜਿਨ੍ਹਾਂ ਬੀਬੀਆਂ ਦੇ ਕੱਪੜੇ ਸੂਹੇ, ਓਹ ਅੱਗੇ ਜਾਵਣ ਆਈਆ । ਤੂੰ ਗਿਆ ਸੈਂ ਉਨ੍ਹਾਂ ਦੇ ਬੂਹੇ, ਆਪਣੀ ਆਵਾਜ਼ ਦਿਤੀ ਸੁਣਾਈਆ । ਜਿਨ੍ਹਾਂ ਨੇ ਸਾਫ਼ ਕਰਨੇ ਬੁੱਤ ਰੂਹੇ, ਓਹ ਗੋਬਿੰਦ ਨੂੰ ਮਿਲਣ ਚਾਈਂ ਚਾਈਆ । ਉਥੇ ਪੰਜ ਮਾਈਆਂ ਸੀ ਜਿਨ੍ਹਾਂ ਨੇ ਤੈਨੂੰ ਮਖ਼ੌਲ ਕੀਤਾ ਓਏ ਮੁਸਲਿਆ ਤੂੰ ਨੱਕ ਵਿਚੋਂ ਕੱਢ ਲੈ ਚੂਹੇ, ਤੂੰ ਗੋਬਿੰਦ ਦਾ ਸਾਕ ਕਿੱਧਰੋਂ ਆਈਆ । ਤੂੰ ਰੋ ਕੇ ਕਿਹਾ ਜਿਹੜੇ ਨੌ ਭਗਤ ਦਵਾਰੇ ਦੇ ਸੂਹੇ, ਇਹ ਇਹਨਾਂ ਦੇ ਪੁੱਤ ਪੋਤੇ ਨਜ਼ਰੀ ਆਈਆ । ਇਹ ਬੁੱਢੜੀਆਂ ਜਿਨ੍ਹਾਂ ਨੇ ਆਪਣੇ ਆਪ ਦੇ ਨਾ ਖੋਲ੍ਹੇ ਬੂਹੇ, ਕੁੰਡਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸਤਿਗੁਰ ਸ਼ਬਦ ਕਹੇ ਓਨੇ ਚਿਰ ਨੂੰ ਗੋਬਿੰਦ ਆ ਗਿਆ ਉਡੌਂਦਾ ਬਾਜ਼, ਬਾਜ਼ਾਂ ਵਾਲਾ ਫੇਰਾ ਪਾਈਆ । ਉਸ ਵੇਲੇ ਸਿਰ ਤੇ ਕਲਗੀ ਨਹੀਂ ਸੀ ਤੇ ਨਾਹੀਂ ਸੀ ਕੋਈ ਤਾਜ, ਕਲਗੀ ਵਾਲਾ ਸੋਭਾ ਪਾਈਆ । ਹੱਸ ਕੇ ਕਹਿੰਦਾ ਮਾਈਓ ਜਾਓ ਜਾਗ, ਜਾਗਣ ਵੇਲਾ ਆਈਆ । ਜਿਹੜੇ ਪੀਰ ਦਾ ਜਗੌਂਦੀਆਂ ਚਰਾਗ਼, ਚਰਾਗਾਹਾਂ ਵਿਚ ਫੇਰਾ ਪਾਈਆ । ਓਹ ਤੁਹਾਡੀ ਬੁਝਾਵਣ ਆ ਗਿਆ ਆਗ, ਅਗਨੀ ਲੇਖਾ ਦਏ ਦ੍ਰਿੜ੍ਹਾਈਆ । ਤੁਹਾਨੂੰ ਫੇਰ ਜਨਮ ਦੇਵੇ ਵਿਚ ਪੰਜਾਬ, ਪੰਜਾ ਆਪਣਾ ਦਏ ਲਗਾਈਆ । ਸਭ ਦਾ ਸਾਂਝਾ ਬਣ ਕੇ ਬਾਪ, ਪਿਤਾ ਪੁਰਖ ਅਕਾਲ ਵੇਸ ਵਟਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਨਾਤਵਾਂ ਆਪਣਾ ਰੰਗ ਰੰਗਾਈਆ । ਇਹ ਵੇਖ ਲੈ ਆਪਣੇ ਵਿਛੜੇ ਹੋਏ ਸਾਥ, ਸਾਥੀਆਂ ਦਿਆਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਇਹ ਚੂਹੇ ਪਿਛਲੇ ਚੌਂਹ ਜੁਗਾਂ ਦੇ ਚੋਰ, ਚੋਰੀ ਸਤਿਗੁਰ ਨਾਲ ਕਮਾਈਆ । ਇਹ ਰਹਿੰਦੇ ਸੀ ਗੰਗੂ ਦੇ ਕੋਲ, ਹਰਾਮ ਖਾ ਕੇ ਝਟ ਲੰਘਾਈਆ । ਮਾਤਾ ਗੁਜਰੀ ਨੂੰ ਕੱਢਿਆ ਸੀ ਬੋਲ ਕਬੋਲ, ਸਰਸੇ ਪਾਰ ਦਿਤਾ ਸੁਣਾਈਆ । ਗੁਜਰੀ ਨੇ ਕਿਹਾ ਮੇਰਾ ਪੁਰਖ ਅਕਾਲ ਤੋਲੇ ਪੂਰੇ ਤੋਲ, ਕੰਡਾ ਧਰਮ ਹੱਥ ਉਠਾਈਆ । ਆਪਣਿਆਂ ਭਗਤਾਂ ਸਦਾ ਰੱਖੇ ਅਡੋਲ, ਅਡੁਲ ਡੁਲ ਕਦੇ ਨਾ

ਜਾਈਆ । ਜਿਸ ਨੇ ਭਗਤ ਦਵਾਰਾ ਦੇਣਾ ਖੋਲ੍ਹ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਘਰ ਵਸਾਈਆ । ਕਿਸੇ ਨਾਲ ਨਹੀਂ ਮਾਰਨਾ ਰੋਲ, ਦਗ਼ਿਆਂ ਵਾਲਾ ਡੇਰਾ ਢਾਹੀਆ । ਹਰ ਹਿਰਦੇ ਵਸਣਾ ਕੋਲ, ਨੌ ਦਵਾਰ ਪੰਧ ਚੁਕਾਈਆ । ਸ਼ਬਦ ਅਨਾਦ ਸੁਣਾ ਕੇ ਬੋਲ, ਅਗੰਮੀ ਰਾਗ ਉਪਜਾਈਆ । ਹਰ ਘਟ ਅੰਦਰ ਜਾਣਾ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਓਹ ਜ਼ਰੂਰ ਮੇਰਾ ਪੂਰਾ ਕਰੇ ਕੌਲ, ਇਕਰਾਰਨਾਮਾ ਆਪਣੇ ਨਾਲ ਵਖਾਈਆ । ਪ੍ਰਗਟ ਹੋ ਕੇ ਉਪਰ ਧੌਲ, ਧਰਨੀ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਤੱਕੜੀ ਕਹੇ ਮੇਰਾ ਵੇਖ ਲਓ ਤਰਾਜ਼ੂ, ਸਾਹਿਬ ਹੱਥ ਵਡਿਆਈਆ । ਲੀਲਾਵੰਤੀ ਅੱਗੇ ਆਵੇ ਮੋਮਬੱਤੀ ਜਗਾ ਕੇ ਆਪਣੇ ਪਤੀ ਦਾ ਫੜ ਕੇ ਬਾਜ਼ੂ, ਬਾਜ਼ਾਂ ਵਾਲਾ ਅੱਗੇ ਨਜ਼ਰੀ ਆਈਆ । ਜਿਸ ਨੇ ਗੋਬਿੰਦ ਨੂੰ ਭੇਟਾ ਕੀਤਾ ਸੀ ਦਾਣਾ ਪੰਜ ਕਾਜੂ, ਕਜ਼ਾ ਦਾ ਡੇਰਾ ਢਾਹੀਆ । ਉਸ ਦੀ ਮਨਜ਼ੂਰ ਹੋ ਗਈ ਆਰਜ਼ੂ, ਅਰਜ਼ ਲੇਖੇ ਲਾਈਆ । ਜਨਮ ਦਿਤਾ ਦੂਜੀ ਵਾਰ ਜੂ, ਵਾਹਵਾ ਆਪਣਾ ਹੁਕਮ ਵਰਤਾਈਆ । ਫੜ ਕੇ ਬਾਹੋਂ ਜਗਤ ਤਾਰ ਦਊ, ਦੋ ਜਹਾਨਾਂ ਪਾਰ ਕਰਾਈਆ । ਦਸਮ ਦਵਾਰੀ ਆਪਣੀ ਸਾਰ ਦਊ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਆਪਣਾ ਖੇਲ ਖਿਲਾਈਆ । ਮੋਮਬੱਤੀ ਕਹੇ ਮੈਂ ਆਈ ਜਗਦੀ, ਸੋਹਣੀ ਲਾਟ ਵਖਾਈਆ । ਮੈਂ ਭਗਤੋ ਵੇਖੋ ਤਪਦੀ, ਅਗਨੀ ਅੱਗ ਸਤਾਈਆ । ਮੈਂ ਖ਼ਬਰ ਦੱਸਾਂ ਸਚ ਦੀ, ਸੁਨੇਹੜਾ ਇਕ ਵਖਾਈਆ । ਪ੍ਰਭ ਦੀ ਜੋਤ ਜਿਸ ਦੇ ਅੰਦਰ ਰੱਚ ਦੀ, ਸਾਂਤਕ ਸਤਿ ਦਏ ਵਰਤਾਈਆ । ਧਾਰ ਰਹਿਣ ਨਾ ਦੇਵੇ ਪਾਪ ਦੀ, ਪਤਤ ਪੁਨੀਤ ਬਣਾਈਆ । ਤੁਸੀਂ ਓਟ ਰੱਖਣੀ ਪੁਰਖ ਅਕਾਲ ਬਾਪ ਦੀ, ਜੋ ਸਭ ਦਾ ਪਿਤਾ ਮਾਈਆ । ਜਿਸ ਦੀ ਖੇਲ ਆਪਣੇ ਜਾਪ ਦੀ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਸਤਿਗੁਰ ਸ਼ਬਦ ਕਹੇ ਇਹ ਦੋਵੇਂ ਪਤਨੀ ਪਤਿ, ਪਤਿਪਰਮੇਸ਼ਵਰ ਦਏ ਵਡਿਆਈਆ । ਖੋਲ੍ਹ ਕੇ ਅੰਦਰੋਂ ਅੱਖ, ਪ੍ਰਤੱਖ ਮਿਲੇ ਗੁਸਾਈਆ । ਮਨੂਆ ਕਰ ਕੇ ਵਸ, ਮਮਤਾ ਦਏ ਮਿਟਾਈਆ । ਨਾਮ ਚੜ੍ਹਾ ਕੇ ਰਥ, ਪੈਂਡਾ ਪੰਧ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਰੱਖ ਕੇ ਆਪਣਾ ਹੱਥ, ਬਿਨ ਹੱਥਾਂ ਬੱਧੀ ਪਾਰ ਲੰਘਾਈਆ । ਸਤਿਗੁਰ ਸ਼ਬਦ ਕਹੇ ਓ ਗੁਰਮੀਤ ਕਿਉਂ ਬੈਠਾ ਲੁਕ, ਅੱਗੇ ਆ ਜਾ ਚਾਈਂ ਚਾਈਂਆ । ਏਸ ਲਿਸਟ ਕੋਲੋਂ ਹੋਰ ਕੁਝ ਪੁਛ, ਜੋ ਤੈਨੂੰ ਦਏ ਸਮਝਾਈਆ । ਕਿਉਂ ਤੇਰੇ ਸਾਥੀ ਕੀਤੇ ਚੁੱਪ, ਉਨ੍ਹਾਂ ਲੈ ਉਠਾਈਆ । ਜਿਨ੍ਹਾਂ ਸ਼ਬਦ ਪੜ੍ਹਨੇ ਓਹ ਕਿਉਂ ਓਹਲੇ ਹੋਏ ਗੁੱਠ, ਰਾਮ ਪਿਆਰੇ ਆਓ ਚਾਈਂ ਚਾਈਂਆ । ਗੁਰਮੁਖ ਬੀਬੀਆਂ ਕਹਿਣ ਸਾਡੀ ਦਲੀਲ ਬਦਲੀ ਅੰਦਰ, ਅੰਦਰੇ ਅੰਦਰ ਜਣਾਈਆ । ਸਾਡਾ ਪ੍ਰਭੂ ਤੂੰ ਹੈਂ ਸ਼ਿਵਦਵਾਲਾ ਮੰਦਰ, ਗੁਰੂਦਵਾਰ ਨਜ਼ਰੀ ਆਈਆ । ਸਾਡਾ ਖੋਲ੍ਹ ਦੇ ਆਪੇ ਜੰਦਰ, ਕੁੰਜੀ ਨਾਮ ਵਾਲੀ ਲਗਾਈਆ । ਮਨੂਆ ਭਵੇ ਨਾ ਦਹਿ ਦਿਸ਼ਾ ਬੰਦਰ, ਡੋਰੀ ਸ਼ਬਦ ਨਾਮ ਬੰਧਾਈਆ । ਭਾਗ ਲਗਾ ਦੇ ਕੰਦਰ, ਨਿਰਗੁਣ ਜੋਤ ਰੁਸ਼ਨਾਈਆ । ਤੇਰੇ ਦਰ ਮੂਲ ਨਾ ਸੰਗਣ, ਨਿਉਂ ਨਿਉਂ ਸੀਸ ਝੁਕਾਈਆ । ਸਤਿ ਸਚ ਦੀ ਚਾੜ੍ਹ ਦੇ ਰੰਗਣ, ਬੁੱਢੇ ਨੱਢੇ ਮੰਗ ਮੰਗਾਈਆ । ਹੋਏ ਵਧਾਈ ਵਿਚ ਵਰਭੰਡਣ, ਬ੍ਰਹਿਮੰਡ ਕਰੇ ਸ਼ਨਵਾਈਆ । ਜਿਸ ਕਾਰਨ ਚਿੱਟਾ ਸਭ ਦੇ ਨੇਤਰ ਪਵਾਇਆ ਅੰਵਣ, ਅੰਗੂਠਾ ਸੂਹਾ ਰੰਗ ਰੰਗਾਈਆ । ਸੋਹੰ ਦਸਤ ਬਣਾਇਆ ਸੱਜਣ, ਦਸਤ ਮੁਬਾਰਕ ਆਪਣਾ ਨਾਮ ਲਗਾਈਆ । ਸੀਨੇ ਉਤੇ ਛੁਹਾ ਕੇ ਦੱਸਿਆ

ਭਜਨ, ਮਸਤਕ ਸਿੱਖੀ ਨਾਲ ਵਡਿਆਈਆ । ਤੇਰਾ ਨੂਰ ਆਦਿ ਨਿਰੰਜਣ, ਨਿਰਾਕਾਰ ਨਿਰਵੈਰ ਸੀਸ ਨਿਵਾਈਆ । ਸਚ ਪ੍ਰੀਤੀ ਸਾਰੇ ਮੰਗਣ, ਦੇਵਣਹਾਰ ਤੇਰੀ ਸਰਨਾਈਆ । ਲੇਖੇ ਲਾਵੀਂ ਕਾਇਆ ਮਾਟੀ ਬਦਨ, ਬਦੀ ਦਾ ਡੇਰਾ ਦੇਣਾ ਢਾਹੀਆ । ਤੇਰੇ ਸ਼ਮਾਂਦਾਨ ਜਗਣ, ਭਗਤ ਦਵਾਰ ਤੇਰੇ ਰੁਸ਼ਨਾਈਆ । ਸਭ ਦੇ ਅੰਦਰ ਬਖ਼ਸ਼ੀਂ ਲਗਣ, ਲਗ ਮਾਤਰ ਵੇਖ ਵਖਾਈਆ । ਚਰਨ ਧੂੜ ਕਰਾਵੀਂ ਮਜਨ, ਦੁਰਮਤ ਮੈਲ ਧਵਾਈਆ । ਪੋਹ ਨਾ ਸਕੇ ਕਲਜੁਗ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਤੂੰ ਸਾਹਿਬ ਸੂਰਾ ਸਰਬੱਗਣ, ਸੁਲਤਾਨ ਤੇਰੀ ਸ਼ਹਿਨਸ਼ਾਹੀਆ । ਤੂੰ ਵਸੇਂ ਉਪਰ ਸ਼ਾਹਰਗਣ, ਨੌਂ ਦਵਾਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਇੱਕੀ ਸਿੱਖ ਕਹਿਣ ਸਾਡੀ ਦਲੀਲ ਕਹੇ ਸਾਡਾ ਅੰਦਰੋਂ ਕੱਢ ਦੇ ਰੋਗ, ਰੋਗ ਰਹੇ ਨਾ ਰਾਈਆ । ਸਾਡਾ ਤੇਰੇ ਨਾਲ ਸੰਜੋਗ, ਪ੍ਰਭ ਤੇਰੇ ਨਾਲ ਕੁੜਮਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਹੁੰਦਿਆਂ ਲਾ ਸਕੇ ਕੋਈ ਨਾ ਭੋਗ, ਸਾਰੇ ਬੈਠੇ ਸੀਸ ਨਿਵਾਈਆ । ਤੇਰਾ ਖੇਲ ਅਗੰਮੀ ਚੋਜ, ਚੋਜੀ ਪ੍ਰੀਤਮ ਤੇਰੀ ਬੇਪਰਵਾਹੀਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਦਇਆ ਕਮਾਈਆ । ਇੱਕੀ ਬੀਬੀਆਂ ਕਹਿਣ ਸਾਡੀ ਸਭ ਦੀ ਇਹੋ ਆਸ, ਹਰਿ ਸੰਗਤ ਨਾਲ ਮਿਲਾਈਆ । ਪ੍ਰਭੂ ਭੋਗ ਲਗਾ ਦੇ ਚੌਹਾਂ ਥਾਲਾਂ ਕੋਸੇ ਪਾਣੀ ਵਾਲੇ ਗਲਾਸ, ਠੰਡਾ ਗੁਰਮੁਖਾਂ ਦੇ ਕਰਾਈਆ । ਸਾਚਾ ਖਾਣਾ ਤੇਰੇ ਦਰ ਪ੍ਰਵਾਨ ਹੋਵੇ ਖ਼ਾਸ, ਦੂਸਰ ਭੇਟ ਨਾ ਕਦੇ ਚੜ੍ਹਾਈਆ । ਅੱਜ ਤੋਂ ਤੇਰੇ ਉਤੇ ਹੋਇਆ ਵਿਸ਼ਵਾਸ, ਦੂਜਾ ਵਿਸ਼ਾ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਰਸਨਾ ਲਾ ਕੇ ਭਾਤ, ਭਾਂਡਾ ਭਰਮ ਦੇਣਾ ਭੰਨਾਈਆ । ਗਲਾਸ ਕਹੇ ਮੈਂ ਕੋਸੇ ਤੋਂ ਹੋਵਾਂ ਠੰਡਾ ਪਾਣੀ, ਅੰਮ੍ਰਿਤ ਨਜ਼ਰੀ ਆਈਆ । ਦੁੱਧ ਮੇਰਾ ਸਦਾ ਦਾ ਹਾਣੀ, ਜੁਗ ਜੁਗ ਸੰਗ ਨਿਭਾਈਆ । ਮੇਰਾ ਖੇਲ ਚਾਰੇ ਖਾਣੀ, ਖ਼ਾਲਸ ਪ੍ਰਭ ਦਏ ਵਡਿਆਈਆ । ਜਿਸ ਵੇਲੇ ਅਰਜਨ ਰਚਣ ਲੱਗਾ ਸੀ ਬਾਣੀ, ਦੁੱਧ ਪਾਣੀ ਮੇਲ ਮਿਲਾਈਆ । ਸਤਿਗੁਰ ਸ਼ਬਦ ਤੇ ਗੁਰਮੁਖ ਹਾਣੀ, ਨਾਤਾ ਧੁਰ ਦਾ ਜੋੜ ਜੁੜਾਈਆ । ਮੇਲ ਮਿਲਾ ਕੇ ਪਾਤਸ਼ਾਹ ਤੇ ਰਾਣੀ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਲ ਕਹੇ ਮੈਂ ਆਦਿ ਜੁਗਾਦੀ ਠੰਡਾ, ਠੰਡਕ ਦਿਆਂ ਵਰਤਾਈਆ । ਮੈਨੂੰ ਗੰਗਾ ਵਿਚ ਸਮਝ ਸਕਿਆ ਕੋਇ ਨਾ ਪੰਡਾ, ਪਿੰਡ ਇੰਡ ਨਾ ਕੋਇ ਦ੍ਰਿੜਾਈਆ । ਕੋਟਨ ਨਹਾ ਨਹਾ ਗਏ ਮੇਰੇ ਕੰਢਾ, ਘਾਟਾਂ ਉਤੇ ਫੇਰਾ ਪਾਈਆ । ਮੇਰਾ ਖੇਲ ਸਮਝਿਆ ਕਿਸੇ ਨਾ ਚੰਗਾ, ਗੰਗਾ ਗੋਦਾਵਰੀ ਰਹੀ ਕੁਰਲਾਈਆ । ਜਿਸ ਵੇਲੇ ਪੁਰਖ ਅਕਾਲ ਨੇ ਗੋਬਿੰਦ ਲਾਇਆ ਅੰਗਾ, ਅੰਮ੍ਰਿਤ ਰਸ ਸੋਹਣਾ ਮੁਖ ਚੁਆਈਆ । ਇਹ ਖੇਲ ਸੂਰਾ ਸਰਬੰਗਾ, ਜੁਗ ਜੁਗ ਆਪਣੀ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਗੁਰਮੁਖ ਕਹਿਣ ਜਿਸ ਵੇਲੇ ਗੋਬਿੰਦ ਤਾਰਿਆ ਬੰਦਾ, ਮਿਹਰ ਨਜ਼ਰ ਉਠਾਈਆ । ਮੋਹ ਕੱਢਿਆ ਗੰਦਾ, ਸਚ ਰਸ ਚਖਾਈਆ । ਵਖਾ ਕੇ ਤਾਰਾ ਚੰਦਾ, ਨਿਸ਼ਾਨ ਦਿਤਾ ਮਿਟਾਈਆ । ਸੱਤ ਰੰਗ ਵਖਾ ਕੇ ਡੰਡਾ, ਪੁਰਖ ਅਕਾਲ ਦਿਤਾ ਦ੍ਰਿੜਾਈਆ । ਜਿਸ ਸਭ ਦੀਆਂ ਮੇਟਣੀਆਂ ਵੰਡਾ, ਪਿਛਲਾ ਝਗੜਾ ਦਏ ਗਵਾਈਆ । ਸਚ ਪ੍ਰੇਮ ਦਾ ਦਏ ਅਨੰਦਾ, ਰਸ ਆਪਣਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੪੧੪ ੨੧

ਕਰ, ਸਿਰ ਆਪਣਾ ਹੱਥ ਟਿਕਾਈਆ । ਜਲ ਕਹੇ ਮੇਰਾ ਤਨ ਮਨ ਠਰਿਆ, ਠੰਡਕ ਨਜ਼ਰੀ ਆਈਆ । ਜਿਸ ਵੇਲੇ ਗੋਦਾਵਰੀ ਗੋਬਿੰਦ ਚਰਨ ਧਰਿਆ, ਧਰਨੀ ਧਰਤ ਵੱਜੀ ਵਧਾਈਆ । ਮੈਂ ਨਿਉਂ ਕੇ ਸਰਨ ਸਰਨਾਈ ਪੜਿਆ, ਨਿਉਂ ਨਿਉਂ ਸੀਸ ਝੁਕਾਈਆ । ਮੇਰੇ ਮਾਹੀ ਦੱਸ ਅੜਿਆ, ਆਪਣਾ ਮਾਹੀ ਕਦੋਂ ਮਿਲਾਈਆ । ਗੋਬਿੰਦ ਬਿਨ ਅੱਖਰਾਂ ਤੋਂ ਅੱਖਰ ਪੜ੍ਹਿਆ, ਸਹਿਜ ਨਾਲ ਸਮਝਾਈਆ । ਜਿਹੜਾ ਉਪਰ ਅਕਾਸ਼ਾਂ ਚੜ੍ਹਿਆ, ਧਰਨੀ ਉਪਰ ਵੇਸ ਵਟਾਈਆ । ਉਸ ਨੂੰ ਕਹਿਣਾ ਨਿਹਕਲੰਕ ਨਰਾਇਣ ਨਰਿਆ, ਨਿਹਕਲੰਕ ਵੱਜੇ ਵਧਾਈਆ । ਮੈਂ ਉਸ ਦੀ ਸਰਨੀ ਪੜਿਆ, ਜੋ ਸਭ ਦਾ ਪਿਤਾ ਮਾਈਆ । ਜਿਸ ਨੇ ਭਗਤ ਸੁਹੇਲਾ ਵਰਿਆ, ਵਾਹਵਾ ਖ਼ੁਸ਼ੀ ਵਖਾਈਆ । ਜ਼ਾਲਮ ਹੋ ਕੇ ਜ਼ਾਲਮਾਂ ਨਾਲ ਲੜਿਆ, ਖੰਡਾ ਖੜਗ ਨਾਲ ਟਕਰਾਈਆ । ਜਿਸ ਪੈਗ਼ੰਬਰ ਦਬਾਏ ਵਿਚ ਗੜ੍ਹਿਆ, ਕ਼ਬਰਾਂ ਵਿਚ ਟਿਕਾਈਆ । ਆਦਿ ਜੁਗਾਦਿ ਕਦੇ ਨਾ ਮਰਿਆ, ਮਰਨ ਜਨਮ ਨਾ ਰੂਪ ਧਰਾਈਆ । ਓਸ ਨੇ ਖੇਲ ਅਗੰਮਾ ਕਰਿਆ, ਹਰਿ ਕਰਤਾ ਇਕ ਕਰਾਈਆ । ਤਪਦਾ ਪਾਣੀ ਓਸ ਦੀ ਨਿਗਾਹ ਠਰਿਆ, ਆਪਣਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਜਲ ਕਹੇ ਜੇ ਰਸਨਾ ਜਾਵਾਂ ਲੱਗ, ਰਸਤਾ ਮਿਲੇ ਅਲਾਹੀਆ । ਹੋਵਾਂ ਕਦੇ ਨਾ ਅੱਡ, ਵਖਰੇ ਦਰ ਨਾ ਡੇਰਾ ਲਾਈਆ । ਭਗਤ ਦਵਾਰੇ ਨਿਸ਼ਾਨਾ ਦੇਣਾ ਗੱਡ,

। ਭਗਤ ਭਗਵਾਨ ਦੀ ਵੇਖ ਕੇ ਯਦ, ਮੇਰੇ ਅੰਦਰ ਵੱਜੇ ਵਧਾਈਆ । ਜਨ ਭਗਤੋ ਪ੍ਰਭ ਦਾ ਹਿੱਸਾ ਲੈ ਲਿਓ ਅੱਧ, ਆਪਣੀ ਗੰਢ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਨੂਰ ਅਲਾਹੀਆ ।



ਜਲ ਕਹੇ ਮੈਨੂੰ ਸਾਹਿਬ ਸਤਿਗੁਰ ਪੀਣਾ, ਪੀਆ ਪੀਆ ਤੇਰੀ ਸਰਨਾਈਆ । ਗੁਰਮੁਖ ਹੋਇਓ ਕੋਇ ਨਾ ਹੀਣਾ, ਭੈ ਵਿਚ ਸੀਸ ਨਾ ਕੋਇ ਝੁਕਾਈਆ । ਜਲ ਵਾਲੀ ਬਣਿਓ ਕੋਇ ਨਾ ਮੀਨਾ, ਤੜਫ ਤੜਫ ਮਰ ਜਾਈਆ । ਸਤਿਗੁਰ ਪਿਆਰ ਵਿਚ ਸਦਾ ਠੰਡਾ ਰੱਖਿਓ ਸੀਨਾ, ਅਗਨੀ ਤੱਤ ਨਾ ਕੋਇ ਤਪਾਈਆ । ਖ਼ੁਸ਼ੀਆਂ ਵਾਲਾ ਆਇਆ ਹਾੜ ਮਹੀਨਾ, ਇਕ ਸੱਤ ਮਿਲ ਕੇ ਵੱਜੇ ਵਧਾਈਆ । ਤੁਹਾਡਾ ਲੇਖੇ ਲੱਗੇ ਜੀਣਾ, ਮਰਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਖੁਲ੍ਹਾਈਆ । ਜਲ ਕਹੇ ਮੇਰੇ ਵਿਚ ਹੱਕ ਤੌਫ਼ੀਕ, ਸਚ ਦਿਆਂ ਸਮਝਾਈਆ । ਜਨ ਭਗਤੋ ਕਰਿਓ ਪ੍ਰਭ ਪ੍ਰੀਤ, ਪ੍ਰੀਤਮ ਮਿਲ ਕੇ ਵੱਜੇ ਵਧਾਈਆ । ਗੁਰਮੁਖ ਬਣਿਓ ਨਾ ਕੋਇ ਸ਼ਰੀਕ, ਸ਼ਰਕਤ ਵਿਚ ਲੜਾਈਆ । ਮੰਨਿਓ ਇਕ ਹਦੀਸ, ਹਜ਼ਰਤ ਇਕੋ ਇਕ ਸਮਝਾਈਆ । ਲੇਖਾ ਵੇਖਣਾ ਸਦੀ ਬੀਸ, ਬੀਸ ਬੀਸਾ ਫੇਰਾ ਪਾਈਆ । ਹੁਕਮ ਦੇਵੇ ਇਕ ਜਗਦੀਸ਼, ਜਾਗਰਤ ਜੋਤ ਰੁਸ਼ਨਾਈਆ । ਜਿਸ ਦੀ ਕਰਦੇ ਰਹੇ ਉਡੀਕ, ਓੜਕ ਓਹੋ ਆਇਆ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਇਕ ਕੁਲ ਦੇ ਇਕੱਠੇ ਹੋ ਜਾਣ ਪੰਜੇ ਭੈਣ ਭਰਾ, ਪੰਜਾਂ ਉਤੇ ਦਇਆ ਕਮਾਈਆ । ਓਨ੍ਹਾਂ ਵਿਚੋਂ ਬਲਦੇਵ ਸਿੰਘ ਅੱਜ ਹੋਣਾ ਸੀ ਜੁਦਾ, ਲੋਕਮਾਤ ਰਹਿਣ ਨਾ ਪਾਈਆ । ਉਸ ਦਾ ਹੁਕਮ ਵਿਚ ਨਾਮ ਲਿਖਾ, ਭਗਤਾਂ ਵਿਚ ਦਿਤਾ ਟਿਕਾਈਆ । ਜਨਮ ਦੇ ਵਿਚੋਂ ਜਨਮ ਬਦਲਾ, ਜੀਵਣ ਜੀਵਣ ਝੋਲੀ ਪਾਈਆ । ਆਯੂ ਹੋਰ ਦਿਤੀ ਵਧਾ, ਖ਼ੁਸ਼ੀ ਖ਼ੁਸ਼ੀ ਨਾਲ ਰਖਾਈਆ । ਦੁੱਖ ਦਰਦ ਰਹੇ ਨਾ ਰਾ, ਮਿਹਰ ਨਜ਼ਰ ਨਾਲ ਤਰਾਈਆ । ਵਡ ਦਾਤਾ ਬੇਪਰਵਾਹ, ਪਾਰਬ੍ਰਹਮ ਪ੍ਰਭ ਗੁਸਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਚ ਦਏ ਵਡਿਆਈਆ । ਸਤਿਗੁਰ ਸ਼ਬਦ ਕਹੇ ਪੰਜੇ ਆ ਜਾਓ ਭਜਨ ਸਿੰਘ, ਮਾਂ ਮਹਿੰਟਰ ਨਜ਼ਰ ਨਾ ਆਈਆ । ਤੁਹਾਡਾ ਲਹਿਣਾ ਨਾਲ ਸੁਰਪਤ ਇੰਦ, ਇੰਦ ਇੰਦਰਾਸਣ ਵੇਖ ਵਖਾਈਆ । ਨੌ ਜਨਮ ਪਿਛੇ ਰਹੀ ਚਿੰਦ, ਚਿੰਤਾ ਚਿਖਾ ਜਗਤ ਤਪਾਈਆ । ਇਕ ਦਿਨ ਮਿਲਿਆ ਗੋਬਿੰਦ ਮਰਗਿੰਦ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਸਾਂ ਪਾਣੀ ਪਿਆਇਆ ਸੀ ਵਿਚ ਟਿੰਡ, ਕੱਚੀ ਮਿੱਟੀ ਹੱਥ ਉਠਾਈਆ । ਹੱਸ ਕੇ ਕਿਹਾ ਅਸੀਂ ਹੋਈਏ ਤੇਰੀ ਬਿੰਦ, ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਕਿਹਾ ਜਿਸ ਵੇਲੇ ਮੇਰਾ ਮਾਲਕ ਆਵੇ ਹਿੰਦ, ਹਿੰਦਸਾ ਪਿਛਲਾ ਵੇਖ ਵਖਾਈਆ । ਤੁਹਾਡੀ ਸਰਬ ਮੇਟ ਕੇ ਚਿੰਦ, ਚਿੰਤਾ ਚਿਖਾ ਦਏ ਗਵਾਈਆ । ਓਦੋਂ ਪੂਜਦੇ ਸੀ ਸ਼ਿਵ ਲਿੰਗ, ਸ਼ੰਕਰ ਕਹਿ ਕੇ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਇਕ ਸਰਨਾਈਆ । ਸਤਿਗੁਰ ਸ਼ਬਦ ਕਹੇ ਨੌ ਆ ਜਾਓ ਬੂਰੇ ਕੱਕੇ, ਕ ਖ ਦੇਣਾ ਪੜ੍ਹਾਈਆ । ਤੁਸਾਂ ਨੇਤਰ ਨੀਰ ਵਹਾਇਆ ਸੀ ਵਿਚ ਮੱਕੇ, ਜਦੋਂ ਮੁਹੰਮਦ ਕੀਤੀ ਜੁਦਾਈਆ । ਚਾਚੇ ਤਾਏ ਮਾਸੀ ਦੇ ਭਰਾ ਸੀ ਸਕੇ, ਨਾਤਾ ਬਾਹਮੀ ਵੇਖ ਵਖਾਈਆ । ਤੁਸਾਂ ਮੰਗ ਮੰਗੀ ਹੱਕੇ, ਨਿਉਂ ਕੇ ਸਯਦਾ ਸੀਸ ਝੁਕਾਈਆ । ਮੁਹੰਮਦ ਕਿਹਾ ਮੇਰਾ ਖ਼ੁਦਾ ਸਭ ਨੂੰ ਤੱਕੇ, ਵੇਖਣਹਾਰਾ ਥਾਉਂ ਥਾਈਂਆ । ਅਸੀਂ ਆਈਏ ਦੀਗਰੇ ਬਾਦ ਯਕੇ, ਨਿਤ ਨਿਤ ਵੇਸ ਵਟਾਈਆ । ਓਹ ਸਭ ਦੇ ਅੰਦਰ ਵਸੇ, ਘਰ ਘਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਦਏ ਚੁਕਾਈਆ । ਸਤਾਰਾਂ ਹਾੜ ਕਹੇ ਹੋਰ ਜਿਹੜੇ ਰਹਿੰਦੇ ਬਾਕੀ, ਆਪਣੀ ਲਉ ਅੰਗੜਾਈਆ । ਜਿਨ੍ਹਾਂ ਬਸਤਰ ਪਹਿਨੇ ਖ਼ਾਕੀ, ਚਾਰੇ ਵਰਨ ਚਾਰੇ ਝੰਡੀਆਂ ਲਓ ਉਠਾਈਆ । ਉਚੀ ਕੂਕ ਕਹੋ ਬਾਕੀ, ਸੰਦੇਸ਼ਾ ਸਚ ਸੁਣਾਈਆ । ਅਸੀਂ ਪ੍ਰਭ ਦੇ ਭੁੱਲਿਆਂ ਦੇ ਰਹਿਣਾ ਨਹੀਂ ਸਾਥੀ, ਕੂੜਾ ਸੰਗ ਜਾਣਾ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਹਾੜ ਕਹੇ ਗੁਰਮੀਤ ਸਿੰਘ ਹੋਰ ਰਹਿ ਗਏ ਕਿਹੜੇ, ਉਠ ਕੇ ਦੇ ਸੁਣਾਈਆ । ਸਤਾਰਾਂ ਹਾੜ ਕਹੇ ਜਨ ਭਗਤ ਬੋਲੇ ਜੈਕਾਰਾ, ਭਗਤ ਦਵਾਰੇ ਉਤੇ ਰਿਹਾ ਸੁਣਾਈਆ । ਖ਼ਬਰਦਾਰੀ ਦਾ ਲਲਕਾਰਾ, ਲਾਇਕ ਨਾਲਾਇਕਾਂ ਦਿਆਂ ਸਮਝਾਈਆ । ਦੁਨੀਆਦਾਰੋ ਆ ਗਿਆ ਚੌਵੀਆਂ ਅਵਤਾਰਾ, ਜਿਸ ਦਾ ਸਾਰੇ ਰਾਹ ਤਕਾਈਆ । ਜਿਸ ਨੇ ਪਹਿਲੋਂ ਮਨਜੀਤ ਜਗਦੀਸ਼ ਦਾ ਪਾਇਆ ਛੁਹਾਰਾ, ਸਗਣ ਤਨ ਵਾਲਾ ਮਨਾਈਆ । ਅੱਜ ਸ਼ਾਦੀ ਦਾ ਕਰੇ ਵਿਹਾਰਾ, ਸ਼ਾਦਿਆਨੇ ਰਿਹਾ ਖੜਕਾਈਆ । ਸੋ ਗੁਰਮੁਖ ਵਿਆਹਿਆ ਸਮਝੋ ਜੋ ਗਿਆ ਹਰੀ ਕੇ ਦਵਾਰਾ, ਪ੍ਰਭੂ ਕੰਤ ਹੰਢਾਈਆ । ਓਹ ਸੁਹਾਗੀ ਕਾਹਦਾ, ਜੋ ਜੰਮੇ ਤੇ ਮਰ ਜਾਈਆ । ਪੂਰਾ ਕਰੇ ਕੌਲ ਵਾਅਦਾ, ਲੇਖਾ ਸਰਬ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਾਰਾਂ ਹਾੜ ਕਹੇ ਕਿਉਂ ਸੂਹੇ ਕਪੜੇ ਪਹਿਨਾਏ ਰਣਜੀਤ ਕੌਰ, ਕਾਰੀ ਖ਼ਬਰ ਦਿਆਂ ਸੁਣਾਈਆ । ਕਲਜੁਗ ਵਿਚ ਸਤਿਜੁਗ ਚਲਣਾ ਦੌਰ, ਹੁਕਮ ਹੁਕਮ ਵਿਚੋਂ ਪ੍ਰਗਟਾਈਆ । ਜਨ ਭਗਤਾਂ ਕਾਰਜ ਜਾਣਾ ਸੌਰ, ਸੌਹਰਾ ਪੇਈਆ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਹਾੜ ਕਹੇ ਅੱਜ ਓਨ੍ਹਾਂ ਦਾ ਵਿਵਾਹ, ਜੋ ਇਕੋ ਕੰਤ ਪ੍ਰਨਾਈਆ । ਨਾਤੇ ਛੱਡ ਕੇ ਭੈਣ ਭਰਾ, ਮਾਤਾ ਪਿਤਾ ਜਗਤ ਤਜਾਈਆ । ਵੇਖਿਆ ਧੁਰ ਦਾ ਥਾਂ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ ।

ਪੁਰਖ ਅਕਾਲਾ ਮੰਨ ਕੇ ਪਿਤਾ ਮਾਂ, ਗੋਦ ਸੁਹੰਜਣੀ ਸੋਭਾ ਪਾਈਆ । ਸੋ ਮਾਲਕ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਚ ਵਿਆਹ ਦੀ ਸਾਚੀ ਖ਼ੁਸ਼ੀ, ਖ਼ੁਸ਼ੀਆਂ ਵਿਚ ਵਡਿਆਈਆ । ਧਰਮ ਦੀ ਦੇ ਕੇ ਰੁਚੀ, ਰਚਨਾ ਦਏ ਸਮਝਾਈਆ । ਜਨ ਭਗਤੋ ਤੁਸੀਂ ਕੱਟਣ ਨਹੀਂ ਆਏ ਬੁੱਤੀ, ਬੁਤਖ਼ਾਨਿਆਂ ਡੇਰਾ ਲਾਈਆ । ਮੈਂ ਕੂਕ ਸੁਣਾਵਾਂ ਉਚੀ, ਧੁਰ ਸੰਦੇਸ਼ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਦਰਸਾਈਆ । ਸਤਾਰਾਂ ਹਾੜ ਕਹੇ ਕਿਉਂ ਅਮਰਜੀਤ ਪਵਾਏ ਕਪੜੇ ਚੰਗੇ, ਸੂਰੀਆ ਚੰਦ ਰੁਸ਼ਨਾਈਆ । ਅੱਗੇ ਕਰਨਾ ਪਏ ਕੋਇ ਨਾ ਜੰਗੇ, ਖੰਡਾ ਖੜਗ ਨਾ ਕੋਇ ਲੜਾਈਆ । ਭੈ ਵਿਚ ਕੋਇ ਨਾ ਕੰਬੇ, ਮਿਹਰਵਾਨ ਹੋਏ ਸਹਾਈਆ । ਜਨਮ ਕਰਮ ਦੇ ਪਾਉਣੇ ਪੈਣ ਫੇਰ ਨਾ ਤੰਬੇ, ਗਲਾਫ਼ ਮਾਫ਼ ਦਏ ਕਰਾਈਆ । ਜਿਹੜੇ ਪੰਜ ਇਕੱਠੇ ਹੋਏ ਵਿਚੋਂ ਛੰਬੇ, ਅੱਗੇ ਆਪਣਾ ਧਾਮ ਬਦਲਾਈਆ । ਪੰਜੇ ਪੋਸਤ ਡੋਡੇ ਜਿਨ੍ਹਾਂ ਕੋਲ ਕੰਨ੍ਹੇ, ਕੰਨਾਂ ਨਾਲ ਸੁਣਾਈਆ । ਕਦੇ ਦਾਦੂ ਦੇ ਦਿਉਹਰੇ ਪੋਸਤ ਪੀ ਕੇ ਹੁੰਦੇ ਸੋ ਅੰਨ੍ਹੇ, ਮਸਤੀ ਵਿਚ ਆਪਣਾ ਰੰਗ ਰੰਗਾਈਆ । ਜਿਨ੍ਹਾਂ ਪੰਜਾਂ ਗ਼ਰੀਬਾਂ ਨੇ ਕਾਲੇ ਨਿਸ਼ਾਨ ਲਾਏ ਉਪਰ ਤਨੇ, ਅੱਗੇ ਜਾਣਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਜਿਨ੍ਹਾਂ ਲਕੀਰ ਮਾਰੀ ਉਤੇ ਪੇਟ, ਲੈਨ ਲਈ ਬਣਾਈਆ । ਇਹ ਪੰਜੇ ਸੰਤਰੀ ਹੁੰਦੇ ਸੀ ਉਤੇ ਗੇਟ, ਜਿਸ ਬੁਰਜ ਵਿਚ ਮਾਤਾ ਗੁਜਰੀ ਬੰਦ ਰਖਾਈਆ । ਇਹ ਚੋਰੀ ਚੋਰੀ ਮੱਥਾ ਲੈਂਦੇ ਸੀ ਟੇਕ, ਦੂਰੋਂ ਦੂਰੋਂ ਸੀਸ ਨਿਵਾਈਆ । ਅਸੀਂ ਸਤਿਗੁਰ ਤੇਰੀ ਭੇਟ, ਤੁਧ ਬਿਨ ਅਵਰ ਨਾ ਕੋਇ ਅਖਵਾਈਆ । ਸਾਨੂੰ ਲੈ ਜਾ ਆਪਣੇ ਦੇਸ, ਜਿਥੇ ਮਿਲੇ ਬੇਪਰਵਾਹੀਆ । ਗੋਬਿੰਦ ਕਿਹਾ ਤੁਹਾਨੂੰ ਆਉਣਾ ਪੈਣਾ ਵਾਰ ਫੇਰ ਏਕ, ਏਕੰਕਾਰ ਨਾਲ ਮਿਲਾਈਆ । ਸਾਚੀ ਰੱਖਣੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤੁਗ਼ਲਕ ਖ਼ਾਨਦਾਨ ਦਾ ਪਿਛਲਾ ਨਜ਼ੀਰ, ਨਸੀਰ ਹੁਸੈਨ ਸਾਰੇ ਗਾਈਆ । ਇਹ ਹੁੰਦਾ ਸੀ ਘਰ ਵਜ਼ੀਰ, ਵਜ਼ਾਰਤ ਇਕ ਵਡਿਆਈਆ । ਕਰਦਾ ਹੁੰਦਾ ਸੀ ਤਕ਼ਰੀਰ, ਤਰਾ ਤਰਾ ਸਮਝਾਈਆ । ਚਿੱਟੇ ਉਤੇ ਕਾਲੀ ਮਾਰਦਾ ਸੀ ਲਕੀਰ, ਲਾਇਕ ਆਪਣਾ ਆਪ ਬਣਾਈਆ । ਇਕ ਦਿਨ ਮਿਲ ਗਿਆ ਰਸਤੇ ਵਿਚ ਕਬੀਰ, ਕਾਇਆ ਤੋਂ ਬਾਹਰ ਜਣਾਈਆ । ਕਿਉਂ ਹੱਥ ਫੜੀ ਸ਼ਮਸ਼ੀਰ, ਕੀ ਸ਼ਰਅ ਨਾਲ ਲੜਾਈਆ । ਸਭ ਦਾ ਖ਼ੁਦਾ ਇਕੋ ਪੀਰ, ਪਾਰਬ੍ਰਹਮ ਅਖਵਾਈਆ । ਜੇ ਬਦਲ ਦੇਵੇ ਤਕਦੀਰ, ਹੋਏ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪਰਦਾ ਆਪ ਚੁਕਾਈਆ । ਨਸੀਰ ਕਿਹਾ ਮੇਰਾ ਲੇਖਾ ਨਹੀ ਵਿਚ ਨਸਰ, ਅੱਖਰਾਂ ਨਾ ਵੰਡ ਵੰਡਾਈਆ । ਮੈਂ ਵੇਖਾਂ ਕਲਜੁਗ ਕੀ ਕੂੜ ਕੁੜਿਆਰੇ ਹੁੰਦਾ ਹਸ਼ਰ, ਹੈਰਤ ਵਿਚ ਦੁਹਾਈਆ । ਚਾਰੋਂ ਕੁੰਟ ਦਿਸੇ ਅਸਰ, ਬਚਿਆ ਰਹਿਣ ਕੋਇ ਨਾ ਪਾਈਆ । ਚੁਗ਼ਲੀ ਮਾਰਨੀ ਜਿਸ ਦਾ ਹੁੰਦਾ ਸੀ ਜਸ਼ਨ, ਖ਼ੁਸ਼ੀ ਵਿਚ ਵਡਿਆਈਆ । ਇਸ ਦਾ ਸੋਹਣਾ ਹੁੰਦਾ ਸੀ ਮਿਸ਼ਨ, ਮਸਲਾ ਅੱਗੇ ਅੱਗੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸਮਝਾਈਆ । ਇਹ ਗੁਰਮੁਖ ਜਿਹੜਾ ਢਾਡੀ, ਢੱਡ ਰਿਹਾ ਖੜਕਾਈਆ । ਇਹ ਤਲਵੰਡੀ ਦਾ ਗਾਡੀ, ਨਾਨਕ ਨੂੰ ਸੀਸ ਨਿਵਾਈਆ । ਇਹਦੀ ਬ੍ਰਾਹਮਣੀ ਹੁੰਦੀ ਸੀ ਦਾਦੀ, ਜੋ ਤਿਲਕ


੧੪੧੭ ੨੧

ਮੱਥੇ ਵਿਚ ਲਗਾਈਆ । ਇਹਦੀ ਸੁਰਤੀ ਅੰਦਰੋਂ ਜਾਗੀ, ਭਰਮ ਰਿਹਾ ਨਾ ਰਾਈਆ । ਇਸ ਨੇ ਜ਼ਾਤ ਪਾਤ ਤਿਆਗੀ, ਵਰਨ ਬਰਨ ਦਿਤਾ ਗਵਾਈਆ । ਮੈਲ ਧੋ ਕੇ ਦਾਗ਼ੀ, ਸੀਸ ਸੀਸ ਦਿਤਾ ਝੁਕਾਈਆ । ਨਾਨਕ ਹੱਸ ਕੇ ਕਿਹਾ ਤੇਰਾ ਲੇਖਾ ਅੰਤਮ ਬਾਕੀ, ਪ੍ਰਭ ਦੇ ਹੱਥ ਫੜਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤੀ, ਨਿਰਗੁਣ ਆਪਣਾ ਫੇਰਾ ਪਾਈਆ । ਤੇਰੀ ਲੇਖੇ ਲਾਵੇ ਹਯਾਤੀ, ਜੀਵਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਮੁਸਾਹਿਬੋ ਆਓ ਕਰੀਏ ਸਲਾਹ, ਪੰਜਾਂ ਸਚ ਦੇਣਾ ਜਣਾਈਆ । ਕਿਹੜਾ ਸਤਿਗੁਰੂ ਬਣੇ ਮਲਾਹ, ਬੇੜਾ ਪਾਰ ਕਰਾਈਆ । ਦੱਸੇ ਧੁਰ ਦਾ ਰਾਹ, ਨੇਤਰ ਅੱਖ ਖੁਲ੍ਹਾਈਆ । ਕੰਨੀ ਨਾ ਜਾਏ ਕਤਰਾ, ਪੱਲੂ ਲਏ ਛੁਡਾਈਆ । ਉਸ ਦਾ ਭੇਤ ਦਿਓ ਸਮਝਾ, ਆਪਣਾ ਬਚਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਪੰਜੇ ਦੱਸੋ ਕੋਈ ਬਾਤ, ਪਰਦਾ ਇਕ ਉਠਾਈਆ । ਕਿਹੜਾ ਸਤਿਗੁਰੂ ਜਿਹੜਾ ਮੇਟੇ ਕਲਜੁਗ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਝਗੜਾ ਮਿਟਾ ਕੇ ਜ਼ਾਤ ਪਾਤ, ਦੀਨਾਂ ਆਪਣਾ ਰੰਗ ਰੰਗਾਈਆ । ਹਿੱਸਾ ਰਹੇ ਨਾ ਕਾਗ਼ਜ਼ਾਤ, ਨਾਮ ਕ਼ਲਮਾ ਇਕੋ ਇਕ ਸੁਣਾਈਆ । ਸਦਾ ਸੁਹੇਲਾ ਹੋ ਕੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਸਭ ਦੀ ਸਾਂਝੀ ਕਰੇ ਜਮਾਤ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਉਪਜਾਈਆ । ਮੁਸਾਹਿਬ ਕਹਿਣ ਸਤਿਗੁਰ ਸ਼ਬਦ ਮੰਨੀਏ ਸੱਚਾ, ਸਚ ਦਏ ਸਮਝਾਈਆ । ਕਾਇਆ ਅੰਦਰ ਵਖਾ ਕੇ ਮਦੀਨਾ ਮੱਕਾ, ਕਾਅਬਾ ਅੰਦਰੇ ਅੰਦਰ ਦਏ ਪ੍ਰਗਟਾਈਆ । ਦਰ ਆਇਆਂ ਕਦੇ ਨਾ ਦੇਵੇ ਧੱਕਾ, ਜੁਗ ਜੁਗ ਲਏ ਉਠਾਈਆ । ਦਾਤਾ ਦਾਨੀ ਬਣ ਕੇ ਸਕਾ, ਸਚ ਰਹਿਮਤ ਨਾਮ ਕਮਾਈਆ । ਸੋ ਸਤਿਗੁਰੂ ਵੇਖਿਆ ਨਾਲ ਅੱਖਾਂ, ਸਨਮੁਖ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਪੰਜੇ ਆ ਜਾਓ ਇਕ ਪਿੰਡ ਦੇ ਗਵਾਂਢੀ, ਇਕੱਠੇ ਰੰਗ ਰੰਗਾਈਆ । ਤੁਸਾਂ ਕਸਾਈਆਂ ਕੋਲੋਂ ਛੁਡਾ ਕੇ ਢਾਂਡੀ, ਨਾਨਕ ਦੀਆਂ ਮੱਝਾਂ ਵਿਚ ਦਿਤਾ ਰਲਾਈਆ । ਇਕ ਇਕ ਰੁਪਈਆ ਮੱਥਾ ਟੇਕ ਕੇ ਚਾਂਦੀ, ਧੂੜ ਮਸਤਕ ਨਾਲ ਛੁਹਾਈਆ । ਰੋ ਕੇ ਕਿਹਾ ਸਾਨੂੰ ਬਣਾ ਲੈ ਆਪਣੀ ਬਾਂਦੀ, ਬੰਦਨਾ ਕਰ ਕੇ ਆਪਣੀ ਮੰਗ ਮੰਗਾਈਆ । ਨਾਨਕ ਕਿਹਾ ਮੇਰਾ ਪੁਰਖ ਅਕਾਲ ਬਣਨਾ ਸਵਾਂਗੀ, ਆਪਣਾ ਵੇਸ ਵਟਾਈਆ । ਤੁਸਾਂ ਉਸ ਦੀ ਰੱਖਣੀ ਤਾਂਘੀ, ਓੜਕ ਆਪੇ ਹੋਵੇ ਸਹਾਈਆ । ਸੋ ਵੇਲਾ ਵਕ਼ਤ ਸੁਹੰਜਣਾ ਕੀਤਾ ਕਲਜੁਗ ਮੇਟ ਕੇ ਕੂੜ ਆਂਧੀ, ਅੰਧ ਅੰਧੇਰਾ ਦਿਤਾ ਗਵਾਈਆ । ਜਿਹੜੀ ਧਾਰਾ ਸਾਹਿਬ ਸਤਿਗੁਰ ਅਖਵਾਂਦੀ, ਓਹ ਸ਼ਬਦ ਜੋਤ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਿਜੁਗ ਕਹੇ ਮੈਂ ਸੰਦੇਸ਼ਾਂ ਦੇਵਾਂ ਦੀਪਾਂ ਸੱਤਾਂ, ਸਤਿ ਸਤਿ ਸਮਝਾਈਆ । ਜਗਤ ਪ੍ਰਧਾਨ ਬਦਲ ਲਓ ਆਪਣੀ ਮੱਤਾ, ਬੁੱਧ ਬਿਬੇਕ ਲੈਣੀ ਕਰਾਈਆ । ਚਾਰੋਂ ਕੁੰਟ ਡੁਲ੍ਹਣੀ ਰੱਤਾ, ਰੱਤੀ ਰੱਤ ਦਏ ਦੁਹਾਈਆ । ਜਿਨ੍ਹਾਂ ਨੇ ਮਹਿੰਦੀ ਲਾਈ ਹੱਥਾਂ, ਅਮਾਮ ਅਮਾਮਾ ਹੋਏ ਸਹਾਈਆ । ਪਰਮ ਪੁਰਖ ਨੂੰ ਲੱਭਦੇ ਫਿਰਦੇ ਲੱਖਾਂ, ਕੋਟਨ ਕੋਟ ਧਿਆਨ ਲਗਾਈਆ । ਉਹ ਸੌਂਦੇ ਸੇਜ ਬਣਾ ਕੇ ਕੱਖਾਂ, ਧੂੜੀ ਖ਼ਾਕ ਵਾਲੀ ਰਮਾਈਆ । ਅੰਨ ਖਾਂਦੇ ਨਹੀਂ ਭੋਜਨ ਪੱਕਾ, ਭੁੱਖੇ ਰਹਿ ਕੇ ਝਟ ਲੰਘਾਈਆ । ਪੱਲੇ ਬੰਨ੍ਹਦੇ ਨਹੀਂ ਕੋਈ ਟਕਾ, ਆਪਣੀ


੧੪੧੮
੨੧

ਦੇਣ ਸਫ਼ਾਈਆ । ਸਤਿਜੁਗ ਕਹੇ ਜਿੰਨਾਂ ਚਿਰ ਸੋਹੰ ਪੜ੍ਹਨ ਨਾ ਟੱਪਾ, ਅੱਗੇ ਪਾਰ ਨਾ ਕੋਇ ਕਰਾਈਆ । ਸਭ ਦੇ *ਉਤੋਂ* ਪਿਛਲਾ ਗਿਆ ਦੱਬਾ, ਛੱਪਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਇਕੋ ਮੰਨਣਾ ਅੱਬਾ, ਅੰਮੀ ਇਕੋ ਲੈਣੀ ਜਣਾਈਆ । ਲਹਿਣਾ ਸਭ ਦਾ ਚੁਕਣਾ ਹੱਬਾ, ਹਰਿ ਕਰਤਾ ਝੋਲੀ ਪਾਈਆ । ਸਾਚੇ ਨਾਮ ਦਾ ਲੈਣਾ ਰਸਾ, ਅਨਰਸ ਨਾ ਕੋਇ ਵਡਿਆਈਆ । ਜੋ ਹਿਰਦੇ ਅੰਦਰ ਵਸਾ, ਵਾਸਤਾ ਆਪਣੇ ਨਾਲ ਜੁੜਾਈਆ । ਜਿਸ ਨੇ ਮਾਣ ਦਿਤਾ ਸੱਸਾ, ਹੋੜਾ ਵੇਖ ਵਖਾਈਆ । ਓਹ ਹਾਹਾ ਹੰ ਬ੍ਰਹਮ ਦਾ ਕਰ ਕੇ ਪੱਖਾ, ਸਾਜਣ ਸੱਜਣ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਜੁਗ ਕਹੇ ਮੈਂ ਧਰਮ ਦਾ ਦੇਣਾ ਨੂਰ, ਨੂਰ ਨੂਰ ਉਪਜਾਈਆ । ਕੂੜਾ ਤੋੜ ਗ਼ਰੂਰ, ਹੰਗਤਾ ਦੇਣੀ ਮਿਟਾਈਆ । ਸਚ ਦਾ ਦੇ ਸਰੂਰ, ਖ਼ੁਸ਼ੀ ਦੇਣੀ ਵਖਾਈਆ । ਉਸ ਦਾ ਬਖ਼ਸ਼ਣਾ ਪ੍ਰਭ ਨੇ ਸਰਬ ਕ਼ਸੂਰ, ਜੋ ਬੈਠਾ ਸੀਸ ਨਿਵਾਈਆ । ਸਦਾ ਦਰਸ਼ਨ ਦੇਵੇ ਹਾਜ਼ਰਾ ਹਜ਼ੂਰ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਉਚੀ ਮੰਜ਼ਲ ਚੜ੍ਹ ਕੇ ਕੋਹਤੂਰ, ਤੁਰੀਆ ਤੋਂ ਪਰੇ ਲੇਖਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਾਰਾਂ ਹਾੜ ਕਹੇ ਮੈਂ ਫਿਰਦਾ ਅੱਗੇ ਅੱਗੇ, ਅਗਲਾ ਪੰਧ ਮੁਕਾਈਆ । ਪ੍ਰਭ ਸਿੰਘਾਸਣ ਧਾਰ ਬੱਗੇ, ਬਗਲਾ ਬਪੜਾ ਸਮਝ ਕੋਇ ਨਾ ਪਾਈਆ । ਜਿਥੇ ਦੀਪ ਅਨੋਖਾ ਜਗੇ, ਜਾਗਰਤ ਜੋਤ ਨੂਰ ਰੁਸ਼ਨਾਈਆ । ਸਚ ਦਵਾਰ ਸੁਹੰਝਣਾ ਸੋਹਣਾ ਸਜੇ, ਭਗਤ ਸੁਹੇਲੇ ਸੱਜਣ ਸੋਭਾ ਪਾਈਆ । ਜੋ ਹੁਕਮੇ ਅੰਦਰ ਬੱਧੇ, ਬੰਦਗੀ ਬੰਧਨਾਂ ਗਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਮਿਲੇ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਆ ਗਿਆ, ਆਪਣਾ ਪੰਧ ਮੁਕਾਈਆ । ਦੀਨ ਦੁਨੀ ਦਾ ਵੇਖਾਂ ਵਾਕਿਆ, ਘਰ ਘਰ ਫੋਲ ਫੁਲਾਈਆ । ਅੰਤਰ ਰਹੇ ਕੋਈ ਨਾ ਸ਼ੱਕਿਆ, ਸਹਿਸਾ ਦੇਣਾ ਮਿਟਾਈਆ । ਕਲਜੁਗ ਪਾਵੇ ਕੋਈ ਨਾ ਘਾਟਿਆ, ਘੜਨ ਭੰਨਣਹਾਰ ਇਕ ਸਰਨਾਈਆ । ਜੋ ਮੇਟ ਕੇ ਮਮਤਾ ਵਾਟਿਆ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੇਰਾ ਆਇਆ ਧੁਰ ਦਾ ਵਕ਼ਤ, ਵਿਅਕਤੀਆਂ ਦਿਆਂ ਜਣਾਈਆ । ਪ੍ਰਭ ਨੂੰ ਮਿਲਣਾ ਵਿਚ ਜਗਤ, ਜਗ ਜੀਵਣ ਦਾਤਾ ਹੋਏ ਸਹਾਈਆ । ਜਿਸ ਦਾ ਇਕੋ ਨਾਮ ਫ਼ਕਤ, ਫਿਕਰੇ ਸਿਫ਼ਤਾਂ ਵਾਲੇ ਸਾਲਾਹੀਆ । ਜਦੋਂ ਪ੍ਰਗਟਾਵੇ ਪ੍ਰਗਟਾਏ ਆਪਣੇ ਭਗਤ, ਬਿਨਾ ਭਗਤਾਂ ਪ੍ਰਭ ਗ੍ਰਿਹਿ ਕਿਸੇ ਨਾ ਜਾਈਆ । ਜਦ ਆਵੇ ਤੇ ਆਵੇ ਉਤੋਂ ਅਰਸ਼, ਫ਼ਰਸ਼ ਆਪਣਾ ਰੰਗ ਰੰਗਾਈਆ । ਜਨ ਭਗਤਾਂ ਉਤੇ ਕਰ ਕੇ ਤਰਸ, ਰਹਿਮਤ ਆਪਣੀ ਨਾਲ ਤਰਾਈਆ । ਸਤਾਰਾਂ ਹਾੜ ਕਹੇ ਇਹ ਜਗਤ ਪ੍ਰਧਾਨਾਂ ਵਾਸਤੇ ਔਖਾ ਬਰਸ, ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਆਪ ਅਖਵਾਈਆ । ਸਤਾਰਾਂ ਹਾੜ ਕਹੇ ਮੇਰੇ ਪ੍ਰਸਿਧ ਪੰਜ ਲਿਖਾਰੀ, ਪੰਚ ਮਿਲੀ ਵਡਿਆਈਆ । ਮਿਲੇ ਮੇਲ ਜੋਤ ਨਿਰੰਕਾਰੀ, ਨਿਰਗੁਣ ਆਪਣਾ ਰੰਗ ਰੰਗਾਈਆ । ਦੁਨੀਆ ਵਿਚ ਰਹਿਣਾ ਨਾਲ ਹੁਸ਼ਿਆਰੀ, ਚਾਰ ਕੁੰਟ ਠੋਕਰਾਂ ਰਹੀ ਲਗਾਈਆ । ਬਿਨਾ ਪ੍ਰਭੂ ਤੋਂ ਦੂਸਰ ਸਚ ਨਾ ਕੋਇ ਪਿਆਰੀ, ਪ੍ਰੀਤਮ ਪਰਮ ਪੁਰਖ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਤਾਰਾਂ

੧੪੧੯
੨੧

ਹਾੜ ਕਹੇ ਹਰਿ ਭਗਤ ਬੈਠੇ ਉਤੇ ਬਸੁਧਾ, ਭਗਤ ਦਵਾਰੇ ਡੇਰਾ ਲਾਈਆ । ਜਿਥੇ ਬਸਤਰ ਪਾਏ ਈਸ਼ਰ ਸਿੰਘ ਬੁੱਢਾ, ਰੰਗਤ ਰੰਗ ਰੰਗਾਈਆ । ਇਸ ਦਾ ਲੇਖੇ ਲੌਣਾ ਪੀਤਾ ਦੁੱਧਾ, ਸ਼ੀਰ ਧਾਰ ਚੁਆਈਆ । ਮਿਲਣਾ ਮਾਣ ਚੌਥੇ ਜੁਗਾ, ਅੰਤਮ ਰੰਗ ਰੰਗਾਈਆ । ਪੂਜਣਾ ਨਹੀਂ ਕੋਈ ਗੁੱਗਾ, ਗਹਿਰ ਗੰਭੀਰ ਸਰਨਾਈਆ । ਪੰਜਾਂ ਮੁਸਾਹਿਬਾਂ ਨਾਮ ਕਰੇ ਉਘਾ, ਉਗਣ ਆਥਣ ਰੰਗ ਰੰਗਾਈਆ । ਧੁਰ ਦਾ ਸ਼ਬਦ ਸੰਦੇਸ਼ਾ ਪੁੱਜਾ, ਅਵਤਾਰ ਪੈਗ਼ੰਬਰ ਗੁਰੂ ਰਹੇ ਸੁਣਾਈਆ । ਸਾਡਾ ਅੱਗੇ ਇਕੋ ਮੁੱਦਾ, ਮੁੱਦਤ ਦਾ ਝਗੜਾ ਦੇਣਾ ਗਵਾਈਆ । ਇਕੋ ਵਸੌਣਾ ਝੁੱਗਾ, ਗ੍ਰਿਹਿ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਖੇਲ ਦਰਸਾਈਆ । ਸਤਾਰਾਂ ਹਾੜ ਕਹੇ ਮੈਂ ਖ਼ੁਸ਼ੀ ਇਕ ਜਣਾਵਾਂ, ਜਨ ਭਗਤੋ ਆਪ ਸੁਣਾਈਆ । ਸਚ ਦਵਾਰੇ ਲੱਗੇ ਨਾਵਾਂ, ਨਰ ਨਿਰੰਕਾਰ ਆਪ ਲਗਾਈਆ । ਜਿਹੜਾ ਰੌਲਾ ਪਾਇਆ ਵਾਂਗ ਕਾਵਾਂ, ਕਾਇਨਾਤ ਦਿਤੀ ਹਿਲਾਈਆ । ਤੁਹਾਨੂੰ ਇਕੱਠਾ ਕਰ ਕੇ ਵਿਚੋਂ ਗਰਾਵਾਂ, ਸ਼ਹਿਨਸ਼ਾਹਾਂ ਦੀ ਜੜ੍ਹ ਰਿਹਾ ਉਖੜਾਈਆ । ਤੁਹਾਡੀਆਂ ਭੁਜਾਂ ਵੇਖ ਕੇ ਬਾਹਵਾਂ, ਬਲ ਆਪਣਾ ਆਪ ਵਖਾਈਆ । ਧਰਮ ਦਵਾਰਾ ਦੱਸ ਕੇ ਸਾਂਵਾਂ, ਸਾਂਝਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੁਹਾਡੇ ਸੀਸ ਤੇ ਰੱਖੇ ਛਾਵਾਂ, ਛਹਿਬਰ ਆਪਣਾ ਨਾਮ ਲਗਾਈਆ ।





## ✳ ੧੮ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ✳

ਸ਼ਬਦ ਸਿੰਘਾਸਣ ਰਿਹਾ ਸਜ, ਹਰਿ ਸੱਜਣ ਆਪ ਸੁਹਾਈਆ । ਰਾਮ ਕ੍ਰਿਸ਼ਨ ਨਾ ਰਿਹਾ ਅਲਗ, ਦਰ ਠਾਂਡੇ ਸੋਭਾ ਪਾਈਆ । ਭਗਤ ਕਬੀਰਾ ਆਇਆ ਭੱਜ, ਭਜਨ ਬੰਦਗੀ ਇਕ ਸੁਣਾਈਆ । ਹਜ਼ਰਤ ਈਸਾ ਮੂਸਾ ਕਰ ਇਕੱਠ, ਦਰ ਘਰ ਸਾਚੇ ਡੇਰਾ ਲਾਈਆ । ਅਸ਼ਟਭੁਜ ਨਗਾਰਾ ਰਿਹਾ ਵੱਜ, ਸੰਖ ਨਾਦ ਧੁਨ ਸ਼ਨਵਾਈਆ । ਨਾਨਕ ਗੋਬਿੰਦ ਵੇਖ ਪੁਰਖ ਸਮਰੱਥ, ਖੰਡਾ ਖੜਗ ਇਕ ਚਮਕਾਈਆ । ਦੀਨ ਦੁਨੀ ਨੂੰ ਰਹੇ ਦੱਸ, ਦਹਿ ਦਿਸ਼ਾ ਸਮਝਾਈਆ । ਸਭ ਨੇ ਇਕ ਦਾ ਗੌਣਾ ਜਸ, ਜੋ ਆਦਿ ਅੰਤ ਦਾ ਪਿਤਾ ਮਾਈਆ । ਸਾਡਾ ਰਿਹਾ ਕੋਈ ਨਾ ਵਸ, ਕਲਜੁਗ ਅੰਤਮ ਵੇਸ ਵਟਾਈਆ । ਦੋ ਜਹਾਨਾਂ ਮਾਰਗ ਰਿਹਾ ਦੱਸ, ਮਰਦ ਮਰਦਾਨਾ ਹੁਕਮ ਸੁਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲੇ ਝੱਬ, ਮਮਤਾ ਮੋਹ ਗਵਾਈਆ । ਬਦੀ ਕਰੇ ਕੋਇ ਨਾ ਬਦ, ਬਦਲਾ ਦੇਵੇ ਥਾਉਂ ਥਾਈਂਆ । ਚਾਰ ਵਰਨ ਰਹਿਣ ਨਾ ਅੱਡ, ਨਾਤਾ ਬਾਹਮੀ ਲਏ ਮਿਲਾਈਆ । ਸੰਤ ਸੁਹੇਲੇ ਸੱਜਣ ਲਏ ਸੱਦ, ਹੋਕਾ ਆਪਣਾ ਨਾਮ ਸੁਣਾਈਆ । ਸਚ ਪ੍ਰੀਤੀ ਜਾਣਾ ਬੱਝ, ਡੋਰੀ ਤੰਦ ਇਕ ਵਖਾਈਆ । ਮੂਰਖ ਰਹੇ ਨਾ ਕੋਇ ਬਗਲਾ ਬਪੜਾ ਬਪ, ਕਾਗ ਹੰਸ ਰੂਪ ਬਣਾਈਆ । ਆਤਮ ਪਰਮਾਤਮ ਆਦਿ ਅੰਤ ਦਾ ਜਪ, ਸਿਫ਼ਤਾਂ ਵਾਲੀ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਧੁਰ ਦਾ ਭੇਵ ਖੋਲ੍ਹ ਕੇ ਭੇਦਾ, ਪਰਦਾ ਰਿਹਾ ਉਠਾਈਆ । ਕੀ ਲੇਖਾ ਚਾਰੇ ਵੇਦਾ, ਪੁਰਾਣ ਅਠਾਰਾਂ ਕੀ ਵਡਿਆਈਆ । ਕੀ ਸ਼ਾਸਤਰ ਕਹੇ ਕਿਤੇਬਾ, ਕੀ ਸਿਮਰਤੀ ਰੰਗ ਰੰਗਾਈਆ । ਕੀ ਗੀਤਾ ਗਿਆਨ

ਮਾਰੇ ਨੇਜ਼ਾ, ਨੇਤਰ ਅੱਖ ਖੁਲ੍ਹਾਈਆ । ਕੀ ਅੰਜੀਲ ਕੁਰਾਨ ਸਾਫ਼ ਕੀਤਾ ਮਿਹਦਾ, ਦੁਰਮਤ ਮੈਲ ਧਵਾਈਆ । ਕੀ ਖਾਣੀ ਬਾਣੀ ਪੂਰਾ ਕੀਤਾ ਲੇਖਾ, ਚੁਰਾਸੀ ਲੱਖ ਕਟਾਈਆ । ਜਾਂ ਤੱਕਿਆ ਪ੍ਰਭ ਨੇ ਨਾਮ ਦੇ ਵਿਚੋਂ ਨਾਮ ਦਾ ਪਾਇਆ ਭੁਲੇਖਾ, ਅਸਲ ਅਸਲ ਨਾ ਕਿਸੇ ਦ੍ਰਿੜਾਈਆ । ਵੱਖੋ ਵਖ ਦੇ ਕੇ ਠੇਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੋਲੀ ਨਾਮ ਦੀ ਦਿਤੀ ਕਰਾਈਆ । ਅੱਲਾ ਵਾਹਿਗੁਰੂ ਓਮ ਰਾਮ ਰੱਖ ਸਿਫ਼ਤ ਦਾ ਰੇਟਾ, ਕ਼ੀਮਤ ਜਗਤ ਜਣਾਈਆ । ਕਿਸੇ ਦਾ ਸਾਫ਼ ਨਾ ਹੋਇਆ ਪੇਟਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੋ ਆਇਆ ਸੋ ਪ੍ਰਭ ਦੀ ਕਰ ਕੇ ਗਿਆ ਵੇਟਾ, ਇੰਤਜ਼ਾਰੀ ਵਿਚ ਧਿਆਨ ਲਗਾਈਆ । ਇਕੋ ਸਤਿਗੁਰ ਸ਼ਬਦ ਬਣ ਕੇ ਬੇਟਾ, ਜਿਹੜਾ ਜੋਧਾ ਸੂਰਬੀਰ ਅਖਵਾਈਆ । ਨਿਤ ਨਵਿਤ ਹੋ ਕੇ ਖੇਵਟ ਖੇਟਾ, ਨਈਆ ਨੌਕਾ ਜਗਤ ਚਲਾਈਆ । ਆਦਿ ਅੰਤ ਭੁੱਲੇ ਨਾ ਚੇਤਾ, ਚੇਤਨ ਸਭ ਨੂੰ ਦਏ ਕਰਾਈਆ । ਜਿਹੜਾ ਵਸੇ ਸਚਖੰਡ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਓਹ ਧਾਰ ਕੇ ਆਪਣਾ ਵੇਸਾ, ਨਿਹਕਲੰਕਾ ਨਾਉਂ ਪ੍ਰਗਟਾਈਆ । ਜਨ ਭਗਤਾਂ ਕਰੇ ਹੇਤਾ, ਗੁਰਮੁਖ ਸੰਗ ਰਖਾਈਆ । ਦੀਨ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਝੁਕਣ ਗਣੇਸ਼ਾ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸੀਸ ਨਿਵਾਈਆ । ਓਹ ਅੰਤਮ ਮਾਰ ਕੇ ਆਪਣਾ ਪੇਚਾ, ਪਰਪੰਚ ਵੇਖੇ ਥਾਉਂ ਥਾਈਂਆ । ਜਿਨ੍ਹਾਂ ਪੁਰਖ ਅਕਾਲ ਦਾ ਨਾਉਂ ਬੇਚਾ, ਕ਼ੀਮਤ ਕਰਨੀ ਵਾਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਆਏ ਭਗਤ ਦਵਾਰੇ, ਚਾਰੇ ਕੁੰਟਾਂ ਸੋਭਾ ਪਾਈਆ । ਸ਼ਬਦੀ ਸਤਿਗੁਰ ਦੇ ਇਸ਼ਾਰੇ, ਬਿਨ

੧੪੨੧

ਅੱਖਾਂ ਸੈਨਤ ਰਿਹਾ ਲਗਾਈਆ । ਸਭ ਨੇ ਬੋਲਣੇ ਸਚ ਜੈਕਾਰੇ, ਇਕੋ ਨਾਮ ਧਿਆਈਆ । ਦੂਜਾ ਵੜੇ ਕੋਈ ਨਾ ਵਾੜੇ, ਕੰਡਾ ਖ਼ਾਰ ਰਿਹਾ ਚੁਭਾਈਆ । ਲੇਖਾ ਵੇਖ ਸਤਾਰਾਂ ਹਾੜੇ, ਸੰਮਤ ਪੰਜ ਰਿਹਾ ਵਖਾਈਆ । ਜਨ ਭਗਤਾਂ ਚਾੜ੍ਹ ਕੇ ਰੰਗ ਗਾੜ੍ਹੇ, ਕੂੜੀ ਕਿਰਿਆ ਕਰੇ ਸਫ਼ਾਈਆ । ਨਿਰਗੁਣ ਧਾਰ ਆ ਦੁਬਾਰੇ, ਦੋਹਰੀ ਕਾਰ ਕਮਾਈਆ । ਫੜ ਫੜ ਬਾਹੋਂ ਸਾਨੂੰ ਤਾਰੇ, ਤਾਰਨਹਾਰ ਨੂਰ ਅਲਾਹੀਆ । ਜੁਗ ਚੌਕੜੀ ਗੁਰ ਅਵਤਾਰ ਪੈਗ਼ੰਬਰਾਂ ਨੂੰ ਦਿਤੇ ਆਪਣੇ ਨਾਮ ਵਾਲੇ ਰੁਜ਼ਗਾਰੇ, ਨਾਮ ਜਪ ਕੇ ਰੋਜ਼ੀ ਗਏ ਕਮਾਈਆ । ਅਖ਼ੀਰੀ ਛੱਡ ਜਗਤ ਸੰਸਾਰੇ, ਨਾਤਾ ਸਿੱਖਾਂ ਮੁਰੀਦਾਂ ਨਾਲੋਂ ਤੁੜਾਈਆ । ਲਿਖ ਲਿਖ ਅੱਖਰ ਸਿਫ਼ਤਾਂ ਗਏ ਉਚਾਰੇ, ਮਹਿਮਾ ਅਕਥ ਕਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਇਕ ਰੰਗਾਈਆ । ਪੈਗ਼ੰਬਰ ਕਹਿਣ ਜਿਸ ਅੰਗਰੇਜ਼ੀ ਦੇ ਬੋਲੇ ਪੰਜ ਅੱਖਰ, ਅੱਗੇ ਜਾਵੇ ਆਈਆ । ਬਲ ਬਾਵਨ ਧਾਰ ਸਤਿ ਵੇਖਣੀ ਵੱਖਰ, ਵਖਰੀ ਕਾਰ ਕਮਾਈਆ । ਜਿਸ ਨੇਤਰ ਨੀਰ ਵਰੋਲਿਆ ਅੱਥਰ, ਹੌਕਿਆਂ ਵਿਚ ਦੁਹਾਈਆ । ਸਾਡੇ ਗ੍ਰਿਹਿਉਂ ਭੰਡਾਰ ਉਹ ਛੱਕਣ, ਜਿਨ੍ਹਾਂ ਬਲ ਦਵਾਰੇ ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਬਾਵਨ ਕਿਹਾ ਤੁਸੀਂ ਭੈਣ ਭਰਾ, ਸਚ ਸਚ ਸਮਝਾਈਆ । ਤੁਹਾਡਾ ਖਾਣਾ ਲਵਾਂ ਖਾ, ਖ਼ਾਲਸ ਆਪਣਾ ਰੰਗ ਰੰਗਾਈਆ । ਜਿਸ ਵੇਲੇ ਕਲਜੁਗ ਅੰਤਮ ਵੇਲਾ ਗਿਆ ਆ, ਚਾਰੋਂ ਕੁੰਟ ਅੰਧੇਰਾ ਛਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਨਾ ਕੋਇ ਸਹਾ, ਸਹਾਇਤਾ ਕਰਨ ਕੋਇ ਨਾ ਆਈਆ । ਸਾਢੇ ਤਿੰਨ ਹੱਥ ਤੁਹਾਨੂੰ ਦੇਵਾਂ ਵਸਾ, ਸੱਤ ਰੰਗ ਦੀ ਡੋਰੀ ਦਏ ਗਵਾਹੀਆ । ਜੇ ਤੁਸੀਂ ਹੁਣ ਭੈਣ ਭਰਾ, ਨਾਤਾ ਫੇਰ

ਦਿਆਂ ਬਦਲਾਈਆ । ਪ੍ਰਭ ਦਾ ਖੇਲ ਅਗੰਮ ਅਥਾਹ, ਸ਼ਬਦੀ ਸ਼ਬਦ ਵਿਚ ਜਣਾਈਆ । ਬੱਚੀ ਹੱਸ ਕੇ ਸੀਸ ਦਿਤਾ ਨਿਵਾ, ਧੂੜੀ ਚਰਨਾਂ ਖ਼ਾਕ ਰਮਾਈਆ । ਸਾਡਾ ਮੇਲਾ ਦੇਈਂ ਮਿਲਾ, ਆਪਣੇ ਭਗਤਾਂ ਲਈ ਪ੍ਰਗਟਾਈਆ । ਭਗਤਾਂ ਤੋਂ ਨਾਤਾ ਚੰਗਾ ਨਹੀਂ ਭੈਣ ਭਰਾ, ਦਰ ਤੇਰੇ ਮੰਗ ਮੰਗਾਈਆ । ਬਾਵਨ ਸਹਿਜ ਨਾਲ ਦਿਤਾ ਸਮਝਾ, ਸਿਰ ਆਪਣਾ ਹੱਥ ਟਿਕਾਈਆ । ਜਾਮਾ ਦੋਹਾਂ ਦਾ ਅੰਤ ਬਦਲਾ, ਦਰ ਠਾਂਡੇ ਮੇਲ ਮਿਲਾਈਆ । ਜਿਥੇ ਵਿਛੋੜਾ ਹੋਵੇ ਨਾ, ਪੱਲੂ ਨਾ ਕੋਇ ਛੁਡਾਈਆ । ਦੋਹਾਂ ਦਾ ਬਣ ਕੇ ਪਿਤਾ ਮਾਂ, ਬੱਚੇ ਆਪਣੀ ਗੋਦ ਟਿਕਾਈਆ । ਦਰਬਾਰੀਓ ਤੁਸੀਂ ਬਣ ਜਾਓ ਗਵਾਹ, ਸ਼ਹਾਦਤ ਦਿਆਂ ਭੁਗਤਾਈਆ । ਬਣ ਕੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ, ਸਿਰ ਆਪਣਾ ਹੱਥ ਟਿਕਾਈਆ । ਜਿਹੜੀ ਜਗਤ ਵਾਲੀ ਮਾਂ, ਗੋਦੀ ਉਸ ਦੀ ਦਿਤੀ ਸੁਹਾਈਆ । ਆਦਿ ਅੰਤ ਦਾ ਨਿਆਂ, ਫ਼ਰਕ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚਾ ਇਕ ਸੁਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੀ ਖੇਲ ਨਿਆਰੀ, ਨਿਰਾਕਾਰ ਤੇਰੀ ਸਰਨਾਈਆ । ਉਠ ਵੇਖ ਆਪਣੇ ਉਹ ਲਿਖਾਰੀ, ਜਿਨ੍ਹਾਂ ਦਾ ਲੇਖਾ ਥਾਉਂ ਥਾਈਂਆ । ਪ੍ਰਗਟ ਹੋ ਜਗਤ ਆਪਣੀ ਧਾਰੀ, ਧਰਨੀ ਧਰਤ ਧਵਲ ਸੁਹਾਈਆ । ਪੂਰਬ ਪੂਰਬ ਦੀ ਜਿਨ੍ਹਾਂ ਨਾਲ ਯਾਰੀ, ਓਨ੍ਹਾਂ ਦੇਣੀ ਮਾਣ ਵਡਿਆਈਆ । ਤੇਰਾ ਖੇਲ ਅਪਰ ਅਪਾਰੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਜੋ ਲਿਖਦਾ ਤੇਰਾ ਲੇਖ, ਲਿਖਤ ਵਿਚ ਵਡਿਆਈਆ । ਉਹਨੂੰ ਲੈ ਜਾ ਆਪਣੇ ਦੇਸ, ਜਿਥੇ ਤੇਰਾ ਨੂਰ ਰੁਸ਼ਨਾਈਆ । ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਨਿਉਂ ਨਿਉਂ ਲਾਗਣ ਪਾਈਂਆ । ਤੇਰਾ ਸਭ ਤੋਂ ਵਖਰਾ ਹੇਤ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਤਿਗੁਰ ਸ਼ਬਦ ਕਹੇ ਜਿਹੜੇ ਬਲ ਰਾਜੇ ਦੇ ਘਰ ਦੇ, ਦਰ ਤੇਰੇ ਸੋਭਾ ਪਾਈਆ । ਓਹ ਧੁਰ ਦੀ ਸਿਖਿਆ ਪੜ੍ਹਦੇ, ਅੰਤਰ ਕਰ ਰੁਸ਼ਨਾਈਆ । ਝਗੜਾ ਮੁਕਾ ਦੇ ਚੋਟੀ ਜੜ੍ਹ ਦੇ, ਨਿਰਗੁਣ ਨੂਰ ਕਰ ਰੁਸ਼ਨਾਈਆ । ਭੇਵ ਖੋਲ੍ਹ ਦੇ ਆਤਮ ਸਰ ਦੇ, ਸਰ ਸਰੋਵਰ ਇਕ ਸੁਹਾਈਆ । ਤੇਰੇ ਭਗਤ ਨਾ ਜੰਮਦੇ ਨਾ ਮਰਦੇ, ਜੀਵਣ ਤੇਰੇ ਨਾਲ ਰਖਾਈਆ । ਦੀਨ ਦੁਨੀ ਦੇ ਵਿਚੋਂ ਕੱਢ ਦੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਜੋ ਬਲ ਬਾਵਨ ਦੀ ਧਾਰਾ, ਧਰਨੀ ਧਰਤ ਧਵਲ ਵਡਿਆਈਆ । ਉਸ ਦਾ ਲੇਖ ਵਿਚ ਸੰਸਾਰਾ, ਸਾਹਿਬ ਸਵਾਮੀ ਦੇਣਾ ਜਣਾਈਆ । ਕਿਸੇ ਨੂੰ ਰਹੇ ਨਾ ਕੋਇ ਵਿਚਾਰਾ, ਵਿਚਲਾ ਭੇਵ ਦੇਣਾ ਖੁਲ੍ਹਾਈਆ । ਸਤਿਗੁਰ ਸ਼ਬਦ ਸਦਾ ਪਿਆਰਾ, ਪ੍ਰੇਮ ਪ੍ਰੀਤੀ ਵਿਚ ਵਡਿਆਈਆ । ਜਿਸ ਦੀ ਮੰਜ਼ਲ ਮਿਲੇ ਨਾ ਵਿਚ ਸੰਸਾਰਾ, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਜੋ ਤੇਰੇ ਦਰ ਦਾ ਬਣਿਆ ਲਿਖਾਰਾ, ਗੁਰ ਅਵਤਾਰ ਪੈਗ਼ੰਬਰ ਉਸੇ ਦਾ ਦਰਸ਼ਨ ਪਾਈਆ । ਸੱਤ ਰੰਗ ਦਾ ਤੇਰਾ ਨਜ਼ਾਰਾ, ਦੋ ਜਹਾਨਾਂ ਦੇਣਾ ਵਖਾਈਆ । ਜਿਥੇ ਭਗਤਾਂ ਦਾ ਅਖਾੜਾ, ਦੂਜਾ ਨਜ਼ਰ ਕੋਇ ਨਾ ਆਈਆ । ਜ਼ਰਾ ਨਿਗਾਹ ਮਾਰ ਪਛਾੜਾ, ਆਪਣਾ ਨਾਮ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਵੇਖ ਆਪਣੇ ਬਾਲੇ ਬੱਚੇ, ਬੱਚਿਆਂ ਨਾਲ ਸੁਹਾਈਆ । ਜਿਨ੍ਹਾਂ ਦੇ ਤਨ ਮਾਟੀ ਕੱਚੇ, ਕੰਚਨ ਰੰਗ ਰੰਗਾਈਆ । ਮਾਤਲੋਕ ਹੋਣ ਨਾ ਤੱਤੇ, ਅਗਨੀ ਦੇਣੀ ਬੁਝਾਈਆ । ਧਰਮ ਦੇਣਾ ਸੱਤੇ, ਸਤਿ ਵਿਚ

ਵਡਿਆਈਆ । ਤੇਰਾ ਲਿਖਿਆ ਲੇਖ ਕਦੇ ਨਾ ਫੱਟੇ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਸੱਤ ਰੰਗ ਕਹੇ ਮੈਂ ਖੋਲ੍ਹਣਾ ਪੜਦਾ, ਭੇਵ ਦੇਣਾ ਖੁਲ੍ਹਾਈਆ । ਰਾਮ ਕਹੇ ਮੈਂ ਵੇਖਾਂ ਬੈਠਾ ਖੜ੍ਹਦਾ, ਆਪਣੇ ਰਾਮ ਧਿਆਈਆ । ਕ੍ਰਿਸ਼ਨ ਕਹੇ ਤੀਨ ਲੋਕ ਮੈਥੋਂ ਡਰਦਾ, ਤ੍ਰੈਲੋਕੀ ਵਿਚ ਦੁਹਾਈਆ । ਗੋਬਿੰਦ ਕਹੇ ਮੈਂ ਨਾਨਕ ਦੀ ਧਾਰ ਖੰਡਾ ਫੜਦਾ, ਨੰਨ੍ਹਿਆਂ ਬੱਚਿਆਂ ਦਇਆ ਕਮਾਈਆ । ਮੇਰਾ ਗੁਰਸਿੱਖ ਕਦੇ ਨਾ ਮਰਦਾ, ਗੋਬਿੰਦ ਗਿਆ ਸਮਝਾਈਆ । ਭਾਵੇਂ ਪ੍ਰਭੂ ਸਦਾ ਖੇਲ ਵਲ ਛਲ ਵਾਲਾ ਕਰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਕਹੇ ਓ ਮੇਰੇ ਸਿਪਾਹਸਾਲਾਰ, ਬੱਚੇ ਨੰਨ੍ਹੇ ਨਜ਼ਰੀ ਆਈਆ । ਖੜ੍ਹੇ ਧਰਮ ਦਵਾਰ, ਮਿਲੇ ਮਾਣ ਵਡਿਆਈਆ । ਜਿਨ੍ਹਾਂ ਬੀਬੀਆਂ ਕੋਲ ਕਟਾਰ, ਉਤੇ ਜਾਵਣ ਆਈਆ । ਮੰਗਲ ਸਿੰਹਾ ਚਾਂਗਰ ਉਤੇ ਦੇ ਮਾਰ, ਲਲਕਾਰਾ ਜ਼ੋਰ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਦੀਨ ਦੁਨੀ ਦਾ ਵੇਖੋ ਵੱਜਦਾ ਡਮਰੂ, ਡੱਬੇ ਸਭ ਦੇ ਰਿਹਾ ਖੜਕਾਈਆ । ਪੁਰਖ ਅਕਾਲ ਆਦਿ ਅੰਤ ਦਾ ਇਕੋ ਗਭਰੂ, ਜੋਬਨਵੰਤਾ ਸੋਭਾ ਪਾਈਆ । ਜਿਸ ਨੂੰ ਚਾਹੇ ਓਸੇ ਨੂੰ ਸਦ ਲਊ, ਆਪਣੇ ਆਪ ਵਿਚੋਂ ਉਠਾਈਆ । ਜਿਸ ਵੇਲੇ ਚਾਹੇ ਪਿਛਲੀ ਕੀਤੀ ਰੱਦ ਲਊ, ਅੱਗੇ ਆਪਣਾ ਹੁਕਮ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਜੋ ਗੋਬਿੰਦ ਦੀ ਆ ਗਿਆ ਵਿਚ ਧਾਰ, ਧਰਨੀ ਮਿਲੇ ਵਡਿਆਈਆ । ਗੁਰਸਿੱਖ ਨਾ ਪੁਰਖ ਤੇ ਨਾ ਨਾਰ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਓਹ ਛੱਡ ਜਾਏ ਸੰਸਾਰ, ਨਾਤਾ ਕੂੜੇ ਕੂੜ ਤੁੜਾਈਆ । ਮੁਹੱਬਤ ਵਿਚ ਹੋ ਕੇ ਗ੍ਰਿਫ਼ਤਾਰ, ਆਪਣਾ ਆਪ ਮੇਟ ਮਿਟਾਈਆ । ਮੰਜ਼ਲ ਰਹੇ ਨਾ ਕੋਇ ਦੁਸ਼ਵਾਰ, ਜਿਸ ਦਾ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਕਹੇ ਜਿਨ੍ਹਾਂ ਬੀਬੀਆਂ ਨੇ ਕੀਤੀ ਆਰਤੀ, ਆਪਣਾ ਰੰਗ ਵਖਾਈਆ । ਓਨ੍ਹਾਂ ਦਾ ਲੇਖਾ ਲਿਖਣਾ ਨਾਲ ਇਬਾਰਤੀ, ਅੱਖਰ ਅੱਖਰਾਂ ਨਾਲ ਬਦਲਾਈਆ । ਭਗਤ ਦਵਾਰੇ ਵਿਚ ਦੀਨਾਂ ਮਜ਼੍ਹਬਾਂ ਵਾਲਾ ਆਏ ਨਾ ਕੋਇ ਸਫ਼ਾਰਸ਼ੀ, ਸ਼ਫਾਰਸ਼ ਕੰਮ ਕਿਸੇ ਨਾ ਆਈਆ । ਜਿਸ ਨੂੰ ਖ਼ਬਰ ਸ਼ਬਦ ਸਾਰ ਦੀ, ਸੋ ਸਾਹਿਬ ਸੁਲਤਾਨ ਧੁਰਦਰਗਾਹੀਆ । ਇਹ ਖ਼ੁਸ਼ੀ ਸਤਾਰਾਂ ਹਾੜ ਦੀ, ਦੋ ਜਹਾਨਾਂ ਵੇਖ ਵਖਾਈਆ । ਧਰਨੀ ਧਰਤ ਧਵਲ ਜੁਗ ਜੁਗ ਰਾਹ ਭਾਲਦੀ, ਰਹਿਬਰ ਮਿਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਰੋ ਤਵੱਜਹ, ਧਿਆਨ ਧਿਆਨ ਵਿਚੋਂ ਪ੍ਰਗਟਾਈਆ । ਕਿਸ ਕਾਰਨ ਭਗਤ ਦਵਾਰੇ ਸਚ ਸਿੰਘਾਸਣ ਸਜਾ, ਕਿਉਂ ਸੱਜੇ ਖੱਬੇ ਅੱਗੇ ਪਿੱਛੇ ਬੈਠੇ ਡੇਰਾ ਲਾਈਆ । ਸਦੀ ਚੌਧਵੀਂ ਪੈਗ਼ੰਬਰ ਆਪਣੀ ਬਿਆਨ ਕਰੋ ਵਜਹ, ਕਿਉਂ ਕਲਮਿਆਂ ਵਾਲੇ ਕ਼ਲਮਾ ਗਏ ਭੁਲਾਈਆ । ਅਵਤਾਰੋ ਧਰਮ ਦੀ ਮਿਲੇ ਕਿਸੇ ਨਾ ਜਗਹ, ਮੰਦਰ ਮਠ ਰਹੇ ਕੁਰਲਾਈਆ । ਗੁਰੂ ਸਾਹਿਬਾਨੋਂ ਕਿਉਂ ਹੰਸ ਹੋਏ ਕੱਗਾ, ਮਾਣਕ ਮੋਤੀ ਨਾਮ ਚੋਗ ਨਾ ਕੋਇ ਚੁਗਾਈਆ । ਚਾਰ ਜੁਗ ਦੀ ਬਾਣੀ ਪੜ੍ਹਦਿਆਂ ਕਿਉਂ ਪ੍ਰਕਾਸ਼ ਨਾ ਹੋਏ ਉਪਰ ਸ਼ਾਹ ਰਗਾ, ਜਗਤ ਦਵਾਰੇ ਡੇਰਾ ਢਾਹੀਆ । ਸਾਰੇ ਚਾਹੁੰਦੇ ਸ਼ਬਦ ਸੁਣੀਏ ਅਨਹਦਾ, ਧੁਨ ਆਤਮਕ ਰਾਗ ਅਲਾਹੀਆ । ਜੋਤੀ


੧੪੨੩
੨੧

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਭਗਤ ਕਹੇ ਕਬੀਰ, ਮੇਰੀ ਕ਼ਬਰਾਂ ਤੋਂ ਬਾਹਰ ਦੁਹਾਈਆ । ਮੈਂ ਛੱਡ ਕੇ ਸ਼ਰਅ ਜ਼ੰਜੀਰ, ਸੰਗਲ ਗਿਆ ਤੁੜਾਈਆ । ਜਲਵਾ ਤੱਕ ਬੇਨਜ਼ੀਰ, ਆਪਣੀ ਅੱਖ ਖੁਲ੍ਹਾਈਆ । ਦੁਨੀਆ ਪੂਜੇ ਜੰਡ ਕਰੀਰ, ਪੱਥਰਾਂ ਸੀਸ ਨਿਵਾਈਆ । ਮਕ਼ਬਰਿਆਂ ਨੂੰ ਮੰਨ ਕੇ ਪੀਰ, ਨਿਆਜ਼ਾਂ ਰਹੇ ਚੜ੍ਹਾਈਆ । ਅੱਖਰਾਂ ਦੀ ਬਣਾ ਕੇ ਬੀੜ, ਓਸੇ ਨੂੰ ਸੀਸ ਝੁਕਾਈਆ । ਮੰਜ਼ਲ ਚੜ੍ਹਿਆ ਨਾ ਕੋਇ ਅਖ਼ੀਰ, ਮਜ਼੍ਹਬਾਂ ਵੰਡ ਵੰਡਾਈਆ । ਮੈਂ ਹੋ ਕੇ ਅੰਤ ਦਿਲਗੀਰ, ਨਾਅਰਾ ਦਿਆਂ ਲਗਾਈਆ । ਮੇਰੇ ਪਾਤਸ਼ਾਹ ਤੂੰ ਸ਼ਹਿਨਸ਼ਾਹ ਮੈਂ ਆਤਮਾ ਤੇਰਾ ਵਜ਼ੀਰ, ਦੂਜੀ ਵਜ਼ਾਰਤ ਨਜ਼ਰ ਕੋਇ ਨਾ ਆਈਆ । ਤੂੰ ਮਹਿਬੂਬ ਮੈਂ ਮੁਹੱਬਤ ਕਰਨ ਵਾਲਾ ਫ਼ਕੀਰ, ਦਰ ਦਰਵੇਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਇਹ ਕ੍ਰਿਸ਼ਨ ਦੇ ਸਾਰੇ ਪੁਜਾਰੀ, ਪੂਜਾ ਕਰ ਕਰ ਧਿਆਨ ਲਗਾਈਆ । ਨੌ ਵਾਰ ਭੁੱਲੇ ਸੀ ਵਿਚ ਸੰਸਾਰੀ, ਆਪਣਾ ਆਪ ਗਵਾਈਆ । ਫੇਰ ਕਰ ਕੇ ਮਿੰਨਤਦਾਰੀ, ਭੁੱਲ ਲਈ ਬਖ਼ਸ਼ਾਈਆ । ਕ੍ਰਿਸ਼ਨ ਨੇ ਕਿਹਾ ਜਿਸ ਵੇਲੇ ਮੇਰਾ ਕਾਹਨ ਆਵੇ ਬਣ ਵਡ ਸੰਸਾਰੀ, ਲੋਕਮਾਤ ਫੇਰਾ ਪਾਈਆ । ਤੁਹਾਡੀ ਕੀਤੀ ਲੇਖੇ ਲਾਵੇ ਦਿਨ ਦਿਹਾੜੀ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਬਿਨ ਕਿਰਪਾ ਕੋਇ ਨਾ ਲਿਖਦਾ, ਲਿਖਣ ਵਾਲਾ ਨਜ਼ਰ ਕੋਇ ਨਾ ਆਈਆ । ਸਤਿਗੁਰ ਰੂਪ ਵੀ ਸੱਚੇ ਸਿੱਖ ਦਾ, ਬਿਨਾ ਸਿੱਖਾਂ ਤੋਂ ਦਰ ਕਿਸੇ ਨਾ ਜਾਈਆ । ਕ਼ੀਮਤ ਹੱਟ ਕਿਸੇ ਨਾ ਵਿਕਦਾ, ਟਕਿਆਂ ਵਾਲਾ ਨਾ ਮੁੱਲ ਕਰਾਈਆ । ਜਿਸ ਨੂੰ ਪਿਆਰ ਦੇਵੇ ਨਿਤ ਦਾ,

੧੪੨੪ ੨੧

ਸਚ ਦਏ ਸਮਝਾਈਆ । ਰੂਪ ਬਣ ਕੇ ਧੁਰ ਦੇ ਪਿਤ ਦਾ, ਪਿਤਾ ਪੁਰਖ ਅਕਾਲ ਆਪਣੀ ਗੋਦ ਸੁਹਾਈਆ । ਲਹਿਣਾ ਦੇਣਾ ਜਿਸ ਜਿਸ ਦਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਜਨ ਭਗਤੋ ਅੱਜ ਤੋਂ ਤੁਹਾਡਾ ਝਗੜਾ ਮੁਕ ਗਿਆ ਪੱਥਰ ਇੱਟ ਦਾ, ਮੰਦਰਾਂ ਸੀਸ ਨਾ ਕੋਇ ਨਿਵਾਈਆ । ਜਿਹੜਾ ਤੁਹਾਡੇ ਅੰਦਰ ਟਿਕਦਾ, ਟਿਕਟਿਕੀ ਅੰਦਰ ਦਏ ਵਖਾਈਆ । ਵੇਖੋ ਤੁਹਾਡਾ ਲੇਖ ਲਿਖਦਾ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਤੁਸੀਂ ਮੇਰੇ ਤੇ ਮੈਂ ਰੂਪ ਤੁਹਾਡਾ ਸਿੱਖ ਦਾ, ਸਿੱਖੀ ਤੁਹਾਡੇ ਮੱਥੇ ਵਿਚ ਟਿਕਾਈਆ । ਇਹ ਨਿਸ਼ਾਨਾ ਨਹੀਂ ਕਾਗ਼ਜ਼ ਚਿੱਟ ਦਾ, ਕਾਲੇ ਤੇ ਚਿੱਟਾ ਦਿਤਾ ਪਾਈਆ । ਗੋਬਿੰਦ ਦਾ ਸੀਰ ਕਦੇ ਨਹੀਂ ਫਿਟਦਾ, ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਕਹੇ ਪੁਜਾਰੀ ਆ ਜਾਓ ਪ੍ਰੇਮੀ ਪੰਜੇ, ਪੰਜੂ ਦਿਆਂ ਸਮਝਾਈਆ । ਜ਼ਰਾ ਖੜ੍ਹੇ ਹੋ ਜਾਓ ਜਿਹੜੇ ਸੁੱਤੇ ਨਹੀਂ ਉਤੇ ਮੰਜੇ, ਗੋਬਿੰਦ ਦਾ ਸੱਥਰ ਲਿਆ ਹੰਢਾਈਆ । ਚਾਰ ਸਿੰਘਾਸਣ ਅੱਗੇ ਖੜ੍ਹੇ ਹੋ ਜਾਓ ਗੰਜੇ, ਜਿਨ੍ਹਾਂ ਚਰਨ ਚੁੰਮ ਕੇ ਝਟ ਲੰਘਾਈਆ । ਇੱਕੀ ਬੀਬੀਆਂ ਆਪਣੇ ਨਿਸ਼ਾਨੇ ਉਚੇ ਲਓ ਟੰਗੇ, ਸੱਤ ਰੰਗ ਦੇਵੋ ਹਿਲਾਈਆ । ਤੀਰ ਕਮਾਨ ਰੱਖੋ ਕੰਧੇ, ਚਿੱਲੇ ਪ੍ਰਭ ਦੇ ਨਾਮ ਚੜ੍ਹਾਈਆ । ਚਿੰਤਾ ਰਹੇ ਕੋਈ ਨਾ ਚਿੰਦੇ, ਚਿਖਾ ਨਾ ਕੋਇ ਤਪਾਈਆ । ਸਾਰੇ ਪ੍ਰਨ ਕਰੋ ਅਸੀਂ ਓਸ ਪ੍ਰਭੂ ਦੀ ਬਿੰਦੇ, ਜਿਹੜਾ ਜੰਮਣ ਮਰਨ ਵਿਚ ਕਦੇ ਨਾ ਆਈਆ । ਜਿਸ ਗੁਰ ਅਵਤਾਰ ਪੈਗ਼ੰਬਰਾਂ ਰਾਹ ਦੱਸੇ ਡਿੰਗੇ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਵੰਡ ਵੰਡਾ ਕੇ ਜੀਓ ਪਿੰਡੇ, ਹਿੰਦੂ ਮੁਸਲਮ ਸਿੱਖ ਈਸਾਈ ਦਿਤੇ ਬਣਾਈਆ । ਸਚ ਪੁੱਛੋ ਬਿਨਾ ਪ੍ਰਭੂ ਤੋ ਰਹਿਣ ਮੂਲ ਨਾ ਜ਼ਿੰਦੇ, ਬਿਨਾ ਆਤਮਾ ਤੱਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਕਿਹਦੀ ਕਰੋਗੇ ਪੂਜਾ, ਕੀ ਸਿਲ ਪੂਜਸ ਝਟ ਲੰਘਾਈਆ । ਕੀ ਇਸ਼ਟ ਮੰਨੋਗੇ ਦੂਜਾ, ਪੱਥਰਾਂ ਸੀਸ ਨਿਵਾਈਆ । ਕੀ ਗੁਰੂ ਮੰਨੋਗੇ ਪੰਜ ਭੂਤਾ, ਜੋ ਜੰਮੇ ਅੰਤ ਮਰ ਜਾਈਆ । ਕੀ ਦੀਨਾਂ ਮਜ਼੍ਹਬਾਂ ਦੀਆਂ ਗਲੀਆਂ ਵੇਖੋਗੇ ਕੂਚਾ, ਦਰ ਦਰ ਅਲਖ ਜਗਾਈਆ । ਕੀ ਸਤਿਗੁਰ ਜੰਗਲੀਂ ਲੱਭੇ ਢੂੰਡਾ, ਉਚੇ ਟਿਲਿਆਂ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਜਿੰਨਾਂ ਚਿਰ ਪ੍ਰਭ ਦਾ ਨਾਮ ਕਿਸੇ ਨਾ ਬੂਝਾ, ਬੁਝਾ ਦੀਪਕ ਨਾ ਕੋਇ ਜਗਾਈਆ । ਕਵਲ ਨਾਭ ਹੋਏ ਕਦੇ ਨਾ ਮੂਧਾ, ਅੰਮ੍ਰਿਤ ਰਸ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੰਜਾ ਕਹੇ ਜਨ ਭਗਤੋ ਮੰਨਣਾ ਕਮਲਾਪਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਲੀਲਾਵੰਤੀ ਜਗਾ ਦੇ ਮੋਮਬੱਤੀ, ਕਲਜੁਗ ਅੰਧੇਰੇ ਵਿਚ ਹੋਏ ਰੁਸ਼ਨਾਈਆ । ਗੁਰਮੁਖਾਂ ਧੀਰਜ ਦੇਵੇ ਵਾ ਨਾ ਲੱਗੇ ਤੱਤੀ, ਅਗਨੀ ਤੱਤ ਤਪਾਈਆ । ਗੁਰਮੁਖੋ ਬਿਨਾ ਸ਼ਬਦ ਗੁਰੂ ਤੋਂ ਕਿਸੇ ਨਹੀਂ ਕਰਨੀ ਗਤੀ, ਚੁਰਾਸੀ ਗੇੜ ਨਾ ਕੋਇ ਕਟਾਈਆ । ਜਗਤ ਵਾਸਨਾ ਮਾਇਆ ਮਮਤਾ ਰਤੀ, ਰਤਨ ਅਮੋਲਕ ਹੀਰਾ ਨਾ ਕੋਇ ਬਣਾਈਆ । ਵੇਖੋ ਜਿਨ੍ਹਾਂ ਦੇ ਮੱਥੇ ਉਤੇ ਸੋਹੰ ਪੱਟੀ, ਸੋਹੰ ਸੀਨੇ ਉਤੇ ਟਿਕਾਈਆ । ਓਨ੍ਹਾਂ ਫ਼ਿਕਰ ਰਿਹਾ ਨਾ ਰਤੀ, ਰਾਏ ਧਰਮ ਨਾ ਦਏ ਸਜ਼ਾਈਆ । ਜਿਸ ਵਾਹਿਗੁਰੂ ਦੀ ਮਹਿੰਮਾ ਕੀਤੀ ਜੁਗ ਛੱਤੀ, ਛੰਤਾਂ ਨਾਲ ਨਾਨਕ ਗਿਆ ਗਾਈਆ । ਓਸ ਪ੍ਰਭੂ ਦਾ ਖੇਲ ਵੇਖੋ ਅੱਖੀਂ, ਭੁਲੇਖਾ ਭਰਮ ਰਹੇ ਨਾ ਰਾਈਆ । ਤੁਹਾਡੀ ਮੰਜ਼ਲ ਪਿਛਲੀ ਟੱਪੀ, ਪੰਧ ਦਿਤਾ ਮੁਕਾਈਆ । ਭਾਵੇਂ ਪ੍ਰਭੂ ਨੂੰ ਸਮਝ ਲਓ ਗੱਪੀ, ਗੱਪਾਂ ਵਿਚ ਸਭ ਨੂੰ ਪਾਰ ਲੰਘਾਈਆ । ਇਹ ਗੁਰੂ ਅਰਜਨ
ਕੀਤੀ ਪੱਕੀ, ਜਿਸ ਵੇਲੇ ਤੱਤੀ ਲੋਹ ਤਪਾਈਆ । ਫਿਰ ਗੋਬਿੰਦ ਕਿਹਾ ਗੁਰਮੁਖ ਉਬਲੇ ਵਿਚ ਕੋਇ ਨਾ ਭੱਠੀ, ਤੱਤਾਂ ਤਨ ਜਲਾਈਆ । ਜੇ ਸਤਿਗੁਰ ਸ਼ਬਦ ਕਿਰਪਾ ਕਰੇ ਤੇ ਕਲਜੁਗ ਕਰੇ ਅੱਛੀ, ਅੱਛੀ ਤਰਾ ਵੇਖ ਵਖਾਈਆ । ਗੋਬਿੰਦ ਕਹਿ ਕੇ ਗਿਆ ਮੇਰਾ ਉਹ ਸ਼ਬਦ ਗੁਰੂ ਕਿਸੇ ਨੂੰ ਖਾਣ ਨਾ ਦੇਵੇ ਡੱਡੀ ਮੱਛੀ, ਡੰਡਾਵਤ ਆਪਣੀ ਦਏ ਦ੍ਰਿੜਾਈਆ । ਧਰਮ ਦਵਾਰ ਦੀ ਖੋਲ੍ਹ ਕੇ ਹੱਟੀ, ਚਾਰ ਵਰਨਾਂ ਦਾ ਸਾਂਝਾ ਘਰ ਬਣਾਈਆ । ਕਿਸੇ ਨੂੰ ਲਿਖਣੀ ਨਾ ਪਏ ਪੱਟੀ, ਦੀਨਾਂ ਮਜ਼੍ਹਬਾਂ ਦਿਆਂ ਫਾਟਕਾਂ ਵਿਚੋਂ ਤੁਹਾਨੂੰ ਦਿਤਾ ਕਢਾਈਆ । ਵੇਖੋ ਲਿਖਾਰੀਆਂ ਦਿਆਂ ਗਿੱਟਿਆਂ ਤੇ ਬੰਨ੍ਹੀ ਮੌਲੀ ਅੱਟੀ, ਗਾਨਾ ਗੁੱਟ ਨਾਲ ਸੁਹਾਈਆ । ਪੰਜਾਂ ਪਿਆਰਿਆਂ ਅਰਕ ਰੱਖੀ ਨੰਗੀ, ਨੰਗਿਆਂ ਉਤੇ ਪਰਦਾ ਕੋਇ ਨਾ ਪਾਈਆ । ਓਹ ਪੋਸਤੀ ਪਿਆਰੇ ਭੰਗੀ, ਭੰਗ ਵਾਲਿਓ ਤੁਹਾਨੂੰ ਰਹੇ ਸੁਣਾਈਆ । ਖ਼ਬਰਦਾਰ ਹੋ ਜਾਓ ਸਤਿਗੁਰ ਸ਼ਬਦ ਇਕੋ ਜੰਗੀ, ਜੰਗਜੂ ਬਹਾਦਰ ਇਕੋ ਨਜ਼ਰੀ ਆਈਆ । ਜਿਸ ਨੇ ਗੁਰੂਆਂ ਦੀ ਲੱਗਣ ਨਹੀਂ ਦੇਣੀ ਮੰਡੀ, ਅੱਲਾ ਵਾਹਿਗੁਰੂ ਸਤਿਨਾਮ ਓਮ ਕ੍ਰਿਸ਼ਨ ਰਾਮ ਵਪਾਰੀ ਬਣ ਕੇ ਖ਼ਰੀਦਣ ਕੋਇ ਨਾ ਆਈਆ । ਤੁਹਾਨੂੰ ਔਣ ਨਹੀਂ ਦੇਣੀ ਕੋਈ ਤੰਗੀ, ਤੰਗਦਸਤੀ ਦੇਣੀ ਕਢਾਈਆ । ਤੁਹਾਡੀ ਆਤਮਾ ਹੋਵੇ ਕਦੇ ਨਾ ਰੰਡੀ, ਸਦਾ ਸੁਹਾਗਣ ਦਿਆਂ ਬਣਾਈਆ । ਅੱਜ ਤੋਂ ਗੁਰਮੁਖ ਬਣ ਜਾਓ ਇਕ ਦੂਜੇ ਦੇ ਸੰਗੀ, ਸ੍ਰਿਸ਼ਟੀ ਵਿਚ ਪੈਣੀ ਭੰਡੀ, ਵਰਭੰਡ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਪੁਜਾਰੀਓ ਚਲੋ ਥੱਲੇ, ਥੱਲਾ ਪ੍ਰਭ ਜੂ ਵੇਖ ਵਖਾਈਆ । ਜਿਸ ਨੇ ਗੁਰ ਅਵਤਾਰ ਘੱਲੇ, ਘਲੂਘਾਰਾ ਕਰੇ ਲੋਕਾਈਆ । ਜਿਸ ਦਾ ਹੁਕਮ ਕਦੇ ਨਾ ਟਲੇ, ਟੱਲੀਆਂ ਵਾਲੇ ਲਏ ਉਠਾਈਆ ।

ਕੁਛ ਯਾਦ ਬਚਨ ਕਰ ਲੈ ਡੱਲੇ, ਅੱਗੇ ਆ ਕੇ ਸੀਸ ਨਿਵਾਈਆ । ਕੀ ਹੁਕਮ ਦਿਤਾ ਕਪੂਰੇ ਵਾਲੇ ਮਹੱਲੇ, ਗੋਬਿੰਦ ਗੁਰ ਦ੍ਰਿੜਾਈਆ । ਜਿਸ ਵੇਲੇ ਪੰਜਾਂ ਕੱਕਿਆਂ ਵਾਲੇ ਹੋਏ ਝੱਲੇ, ਝਲਕ ਮਿਲੇ ਨਾ ਧੁਰਦਰਗਾਹੀਆ । ਮਾਇਆ ਨੂੰ ਕਰਨ ਬੱਲੇ ਬੱਲੇ, ਤਾੜੀ ਗੁਰ ਧਾਮਾਂ ਵਿਚ ਵਜਾਈਆ । ਹੱਥੀਂ ਕੰਗਣ ਪਾ ਕੇ ਮੇਰੇ ਛੱਲੇ, ਠੱਗੀ ਚੋਰੀ ਲੈਣ ਕਮਾਈਆ । ਦਿਨ ਨੂੰ ਗੋਲਕ ਗੁਰੂ ਦੇ ਸਿੰਘਾਸਣ ਥੱਲੇ, ਤੇ ਰਾਤ ਨੂੰ ਗੱਲੇ ਕੱਢਕੇ ਘਰਾਂ ਵਲ ਉਠ ਜਾਈਆ । ਚਾਰੋਂ ਕੁੰਟ ਵੇਖਣ ਪਲੇ ਪਲੇ, ਕਿਧਰੋਂ ਕੋਈ ਸਿੱਖ ਧਨੀ ਆਵੇ ਤੇ ਭੇਟਾ ਦਏ ਰਖਾਈਆ । ਮਾਇਆ ਕਾਰਨ ਸਭ ਨੇ ਗੁਰੂ ਘਰ ਮੱਲੇ, ਸਤਿਗੁਰ ਪ੍ਰੇਮ ਨਾ ਕੋਇ ਰਖਾਈਆ । ਗੋਬਿੰਦ ਕਹੇ ਮੈਂ ਸਭ ਤੋਂ ਛੁਡਾਉਣੇ ਪੱਲੇ, ਪਲਕ ਵਿਚ ਕਰਾਂ ਜੁਦਾਈਆ । ਮੇਰੀ ਝਾਲ ਕੋਇ ਨਾ ਝੱਲੇ, ਮੇਰੀ ਸਿੱਖੀ ਸਿਰ ਨਾ ਕੋਇ ਉਠਾਈਆ । ਕਾਮ ਕਰੋਧ ਨੇ ਮਾਰਨੇ ਹੱਲੇ, ਵੈਰੀ ਘਰ ਲੈਣੇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਗੋਬਿੰਦ ਕਹੇ ਇਹ ਸ਼ਬਦ ਗੁਰੂ ਦੀ ਡੋਰੀ, ਸੋਹਣੀ ਨਜ਼ਰੀ ਆਈਆ । ਜਿਸ ਤੋਂ ਸਾਰੇ ਕਰਦੇ ਚੋਰੀ, ਓਹ ਠੱਗਾਂ ਚੋਰਾਂ ਵੇਖ ਵਖਾਈਆ । ਲੱਖ ਚੁਰਾਸੀ ਦਾ ਬਣ ਕੇ ਘੋਰੀ, ਲੁਕ ਲੁਕ ਅੰਦਰ ਵੜ ਕੇ ਵੇਖ ਵਖਾਈਆ । ਭਾਵੇਂ ਕੋਈ ਕਰੇ ਬਹੁੜੀ ਬਹੁੜੀ, ਫ਼ਰਿਆਦ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਗੋਬਿੰਦ ਕਹੇ ਮੈਂ ਦੱਸਾਂ ਸ਼ਬਦ ਨਿਸ਼ਾਨਾ, ਤੀਰ ਕਮਾਨ ਸ਼ਬਦ ਉਠਾਈਆ । ਤੁਸੀਂ ਮੇਰੇ ਨੌਜਵਾਨਾ, ਜੋ ਆਪਣਾ ਬਲ ਪ੍ਰਗਟਾਈਆ । ਰੂਪ ਧਰ ਮਰਦਾਨਾ, ਖੇਲ੍ਹ ਦਿਤਾ ਵਖਾਈਆ । ਤੁਹਾਡਾ ਸਤਿਗੁਰ ਕਦੇ ਨਾ ਹੋਇ ਜ਼ਨਾਨਾ, ਨਾਰੀ ਨਰ ਨਰਾਇਣ ਨਾ ਕਦੇ ਅਖਵਾਈਆ । ਇਹ ਸਾਢੇ ਤਿੰਨ ਹੱਥ ਦਾ ਕਾਨਾ, ਕਾਇਨਾਤ ਦਏ ਹਿਲਾਈਆ । ਪ੍ਰਭ ਦੇ ਕੋਲ ਸਾਢੇ ਤਿੰਨ ਹੱਥ ਦਾ ਪੈਮਾਨਾ, ਜੋ ਬਲ ਦੀ ਵੰਡ ਸਮਝਾਈਆ । ਜਨ ਭਗਤੋ ਕਿਸੇ ਨੂੰ ਸਮਝਿਓ ਨਾ ਕੋਇ ਬੇਗਾਨਾ, ਹਰਿਜਨ ਸਾਚੇ ਮੇਲ ਮਿਲਾਈਆ । ਇਹ ਬਦੀ ਵਾਲਾ ਜ਼ਮਾਨਾ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਅੱਗੇ ਆ ਜਾਓ ਪੰਜ ਅਫ਼ਗ਼ਾਨਾ, ਪੰਜ ਪਿਆਰੇ ਬਹਿ ਕੇ ਆਸਣ ਲਓ ਜਮਾਈਆ । ਤੁਸੀਂ ਵੇਖੋ ਮਾਰ ਧਿਆਨਾ, ਇਹ ਓਹੋ ਧੁਰ ਦਾ ਮਾਹੀਆ । ਜਿਸ ਨਾਲੋਂ ਤੋੜ ਗਏ ਸੀ ਯਾਰਾਨਾ, ਯਾਰੀ ਲਾ ਕੇ ਅੱਖ ਬਦਲਾਈਆ । ਕਹਿੰਦੇ ਸੀ ਤੂੰ ਸਤਿਗੁਰ ਗੁਣ ਨਿਧਾਨਾ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਓ ਬਸੀ ਦਿਓ ਪਠਾਣੋ, ਅੱਖ ਲਓ ਖੁਲ੍ਹਾਈਆ । ਜਗਤ ਦੇ ਜਵਾਨੋ, ਜੋਬਨ ਵੇਖ ਵਖਾਈਆ । ਓਦੋਂ ਭੱਜ ਗਏ ਸੀ ਵਿਚ ਮੈਦਾਨੋਂ, ਆਪਣਾ ਆਪ ਬਦਲਾਈਆ । ਅੰਦਰੇ ਅੰਦਰ ਯਾਦ ਕੀਤਾ ਤੂੰ ਸਤਿਗੁਰ ਮਿਹਰਬਾਨੋ, ਮਿਹਰ ਨਜ਼ਰ ਉਠਾਈਆ । ਅਸੀਂ ਭੁੱਲੇ ਤੂੰ ਬਖ਼ਸ਼ਿੰਦ ਸਾਡਾ ਲੇਖਾ ਮੁਕਾ ਦੇ ਜਗਤ ਜਹਾਨੋ, ਜੀਵਣ ਦੀ ਲੋੜ ਰਹੇ ਨਾ ਰਾਈਆ । ਗੋਬਿੰਦ ਸ਼ਬਦੀ ਕਿਹਾ ਤੁਸੀਂ ਸ਼ਰਅ ਵਾਲੇ ਸ਼ੈਤਾਨੋ, ਚੋਰੀ ਰਹੇ ਕਮਾਈਆ । ਦੋਵੇਂ ਹੱਥ ਲਾਓ ਕਾਨੋ, ਹੱਥ ਕੰਨਾਂ ਉਤੇ ਧਰਾਈਆ । ਜਿਸ ਵੇਲੇ ਆਏ ਸ੍ਰੀ ਭਗਵਾਨੋ, ਭਗਵਨ ਆਪਣਾ ਵੇਸ ਵਟਾਈਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰ ਦੇਵੇ ਦਰ ਗੁਣ ਨਿਧਾਨੋ, ਦਰਗਾਹ ਸਾਚੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਗੁਰ ਸ਼ਬਦ ਕਹੇ ਬਹਿ ਜਾਓ ਮੁਗ਼ਲ ਮੁਗ਼ਲੀਆ ਖ਼ਾਨਦਾਨ, ਖ਼ਾਨਾ ਦਿਤਾ ਸੁਹਾਈਆ । ਬਹਾਦਰ ਸ਼ਾਹ ਅੱਗੇ ਆ ਜਾ ਜਵਾਨ, ਸ਼ਹਿਨਸ਼ਾਹ ਤੇਰੀ ਕੀ ਵਡਿਆਈਆ । ਵਕ਼ਤ ਵੇਖ

ਵਿਚ ਜਹਾਨ, ਜਹਾਲਤ ਭਰੀ ਲੋਕਾਈਆ । ਹੁਣ ਔਰੰਗਜ਼ੇਬ ਦਾ ਨਹੀਂ ਮਕਾਨ, ਭਗਤ ਦਵਾਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਰਾਤੀ ਸੁੱਤਿਆਂ ਕੀਤਾ ਯਾਦ, ਯਾਦਦਾਸ਼ਤ ਲਈ ਬਣਾਈਆ । ਸੁਫ਼ਨੇ ਵਿਚ ਖੁਲ੍ਹੀ ਜਾਗ, ਜਾਗਰਤ ਰੂਪ ਸਮਝਾਈਆ । ਬਿਨਾ ਦੀਵੇ ਤੋਂ ਜਗਾਇਆ ਚਰਾਗ਼, ਪੀਰ ਪੀਰਾ ਸੀਸ ਨਿਵਾਈਆ । ਮੇਰੀ ਸਹਾਇਤਾ ਕਰ ਆਜ, ਆਜਜ਼ ਹੋ ਕੇ ਹੋ ਸਹਾਈਆ । ਗੋਬਿੰਦ ਤੇਰੇ ਬਿਨਾ ਮੇਰੇ ਸੀਸ ਨਹੀਂ ਆਉਂਦਾ ਤਾਜ, ਤਖ਼ਤ ਰਹਿਣ ਕੋਇ ਨਾ ਪਾਈਆ । ਤੇਰਾ ਉਡਦਾ ਵੇਖਾਂ ਬਾਜ਼, ਬਾਜ਼ਾਂ ਵਾਲੇ ਤੇਰੀ ਰੁਸ਼ਨਾਈਆ । ਗੋਬਿੰਦ ਸ਼ਬਦ ਵਿਚ ਕਿਹਾ ਤੇਰਾ ਡੁੱਬਣ ਨਹੀਂ ਦੇਂਦਾ ਜਹਾਜ਼, ਬੇੜਾ ਬੰਨੇ ਦਿਆਂ ਲਗਾਈਆ । ਤੇਰਾ ਲੇਖਾ ਅੰਤਮ ਨਾਲ ਓਸ ਗਾਡ, ਜਿਸ ਨੂੰ ਪੁਰਖ ਅਕਾਲ ਕਹਿ ਕੇ ਗਾਈਆ । ਓਹ ਕਲਜੁਗ ਅੰਤਮ ਆਵੇ ਆਪ, ਆਪ ਆਪਣਾ ਰੰਗ ਰੰਗਾਈਆ । ਗੁਰਮੁਖ ਮੀਤੇ ਰੱਖੇ ਸਾਥ, ਪੰਜੇ ਲਏ ਉਠਾਈਆ । ਤੇਰਾ ਲਹਿਣਾ ਦੇਣਾ ਲਏ ਵਾਚ, ਵਾਚਕ ਹੋ ਕੇ ਖੋਜ ਖੁਜਾਈਆ । ਵੇਖੀਂ ਭੁੱਲ ਕੇ ਕਦੇ ਵੇਸਵਾ ਦਾ ਕਰਾਉਣਾ ਨਹੀਂ ਨਾਚ, ਇਹ ਗੋਬਿੰਦ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸ਼ਬਦ ਵਿਚ ਗੋਬਿੰਦ ਬਹਾਦਰ ਸ਼ਾਹ ਦੇ ਹੱਥ ਮਾਰਿਆ ਉਤੇ ਕੰਧੇ, ਥਪਕੀ ਦਿਤੀ ਲਗਾਈਆ । ਟਾਇਮ ਵੇਖਣ ਵਾਲੇ ਰਹਿਣ ਨਹੀਂ ਦੇਣੇ ਬੰਦੇ, ਵਾਚ ਕਲਾਕ ਨਾ ਕੋਇ ਚਤੁਰਾਈਆ । ਪਤਾ ਨਹੀਂ ਓਹ ਕਿਹੜੇ ਵੇਲੇ ਲੰਘੇ, ਸਿੰਘਾਸਣ ਉਤੇ ਸੋਭਾ ਪਾਈਆ । ਓਹ ਵੇਖੇ ਓਹ ਪਿਆਰੇ ਪੰਜੇ, ਪੰਜਾਂ ਦਿਤੀ ਵਡਿਆਈਆ । ਤੇਰਾ ਸੀਸ ਬਣਾ ਕੇ ਗੰਜੇ, ਤਾਜ ਜਗਤ ਵਾਲਾ ਦਿਤਾ ਸੁਹਾਈਆ । ਮਾਣ ਦੇ ਕੇ ਧਰਮ ਦੇ ਡੰਡੇ, ਪੌੜੇ ਧੁਰ ਦੇ ਦਿਤਾ ਚੜ੍ਹਾਈਆ । ਹੁਣ ਯੁੱਧ ਕਰਨਾ ਨਹੀਂ ਕੋਈ ਖੰਡੇ, ਖੜਗ ਨਾ ਕੋਇ ਉਠਾਈਆ । ਸਤਿਗੁਰ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਲੰਘੇ, ਈਸਾ ਗਿਰਜਿਆਂ ਵਿਚੋਂ ਉਠਾਈਆ । ਮੂਸਾ ਓਸੇ ਦਾ ਨਾਮ ਮੰਗੇ, ਮੁਸ਼ਕਲ ਸਭ ਦੀ ਵੇਖ ਵਖਾਈਆ । ਮੁਹੰਮਦ ਹੋ ਕੇ ਇਕ ਟੰਗੇ, ਅੱਲਾ ਹੂ ਦਾ ਨਾਅਰਾ ਦਿਤਾ ਸੁਣਾਈਆ । ਰਾਮ ਬਨਵਾਸ ਵਿਚ ਇਕੱਲਾ ਹੋ ਕੇ ਮੰਗ ਮੰਗੇ, ਮੇਰੇ ਰਾਮ ਤੇਰੀ ਦੁਹਾਈਆ । ਕ੍ਰਿਸ਼ਨ ਕਿਹਾ ਮੇਰੇ ਕਾਹਨ ਚੰਗੇ, ਲੱਖ ਚੁਰਾਸੀ ਤੇਰੀ ਗੋਪੀ ਸੋਭਾ ਪਾਈਆ । ਮੈਂ ਤੇ ਆਇਆ ਜਮਨਾ ਦੇ ਕੰਢੇ, ਮਥਰਾ ਗੋਕਲ ਡੇਰਾ ਲਾਈਆ । ਦੋ ਜਹਾਨ ਜਿਧਰ ਵੇਖਾਂ ਤੇਰਾ ਖੇਲ ਸੂਰਾ ਸਰਬੰਗੇ, ਘਰ ਘਰ ਵਿਚ ਨਜ਼ਰੀ ਆਈਆ । ਕਬੀਰ ਕਿਹਾ ਮੈਂ ਖਾਣੇ ਨਹੀਂ ਘਿਓ ਖੰਡੇ, ਰੁੱਖੀ ਸੁੱਖੀ ਖਾਏ ਨਿਮਾਣਾ ਬਣ ਕੇ ਆਪਣਾ ਝਟ ਲੰਘਾਈਆ । ਦੁਰਗਾ ਕਿਹਾ ਮੇਰੀ ਅਸ਼ਟਭੁਜ ਤੇ ਸ਼ੇਰ ਸਿੰਘ ਅਸਵਾਰੀ ਤੇ ਮੇਰੇ ਪੈਰ ਨੰਗੇ, ਜੋੜਾ ਚਰਨ ਨਾ ਕੋਇ ਛੁਹਾਈਆ । ਗੋਬਿੰਦ ਕਿਹਾ ਮੇਰੀ ਖੜਗ ਧਾਰ ਵੇਖੋ ਖੰਡੇ, ਖੰਡਾ ਖੜਗ ਸ਼ਬਦੀ ਸ਼ਬਦ ਸੋਭਾ ਪਾਈਆ । ਬਿਨਾ ਪ੍ਰਭੂ ਤੋਂ ਆਪਣੇ ਭਗਤਾਂ ਨੂੰ ਕੋਈ ਨਾ ਗੰਢੇ, ਗੰਢਣਹਾਰ ਨਾ ਕੋਇ ਅਖਵਾਈਆ । ਇਕੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜਿਸ ਦੇ ਕੋਲੋ ਦੋ ਜਹਾਨ ਮੰਗੇ, ਵਿਸ਼ਨ ਬ੍ਰਹਮਾ ਸ਼ਿਵ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਬੇਟੀ ਰਣਜੀਤ ਕੌਰ ਆ ਜਾਏ ਨੇੜੇ, ਨੇੜਾ ਦੂਰ ਰਹੇ ਨਾ ਰਾਈਆ । ਵੇਖ ਭਗਤ ਭਗਵਾਨ ਵਸਦੇ ਖੇੜੇ, ਚਾਰੋਂ ਕੁੰਟ ਧਿਆਨ ਲਗਾਈਆ । ਏਥੇ ਕਿਸੇ ਦੇ ਨਾਲ ਨਹੀਂ ਕੋਈ ਝੇੜੇ, ਝਗੜਾ ਮਨ ਨਾ ਕੋਇ ਰਖਾਈਆ । ਇਕ ਦਾ ਮਾਲਕ ਇਕ ਤੇ ਇਕ ਆਤਮ ਸਰਬ ਚੜ੍ਹਾਵੇ ਬੇੜੇ, ਕੰਢੇ

ਰਹਿਣ ਕੋਇ ਨਾ ਪਾਈਆ । ਮੈਂ ਸਭ ਦੇ ਵਸ ਕੇ ਕਾਇਆ ਖੇੜੇ, ਖਿੜਕੀ ਅੰਦਰੋਂ ਦਿਤੀ ਖੁਲ੍ਹਾਈਆ । ਸ਼ਰਨ ਆ ਗਏ ਜਿਹੜੇ, ਤੂੰ ਮੈਂ ਦਾ ਝਗੜਾ ਦਿਤਾ ਚੁਕਾਈਆ । ਸਭ ਨੇ ਇਸ ਸਤਿਗੁਰੂ ਨਾਲ ਲੈ ਲਏ ਫੇਰੇ, ਉਹਲਾ ਲੁਕ ਰਹੇ ਨਾ ਰਾਈਆ । ਜਨ ਭਗਤੋ ਕੋਟਾਂ ਵਿਚੋਂ ਅਣਗਿਣਤਾਂ ਵਿਚੋਂ ਮੈਨੂੰ ਓਹ ਬਥੇਰੇ, ਜਿਹੜੇ ਜੁਗ ਜੁਗ ਦੇ ਮੇਰੇ ਚਲੇ ਆਈਆ । ਤੁਸੀਂ ਕੋਈ ਕਾਗ ਨਹੀਂ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਬਹਿਣ ਵਾਲੇ ਉਤੇ ਬਨੇਰੇ, ਨੈਣ ਚਾਰੋਂ ਕੁੰਟ ਉਠਾਈਆ । ਤੁਹਾਡੇ ਉਤੇ ਪੁਰਖ ਅਕਾਲ ਨੇ ਕੀਤੀ ਮਿਹਰੇ, ਮਿਹਰਵਾਨ ਦਇਆ ਕਮਾਈਆ । ਤੁਸੀਂ ਸ਼ਬਦ ਗੁਰੂ ਦੇ ਚੇਰੇ, ਚੇਲਾ ਹੋਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਕਹੇ ਤੂੰ ਬੰਨ੍ਹ ਕੇ ਹਰੇ ਰੰਗ ਦੀ ਪੇਟੀ, ਪਟਨੇ ਵਾਲਾ ਵੇਖ ਵਖਾਈਆ । ਜਿਹੜਾ ਧਰਮ ਦਵਾਰੇ ਦਾ ਗੇਟੀ, ਉਹ ਗੇਟਕੀਪਰ ਹੋ ਕੇ ਸੰਤਰੀ ਹੋ ਕੇ ਸਭ ਨੂੰ ਦਏ ਸੁਣਾਈਆ । ਜੋ ਆਇਆ ਉਹ ਸਭ ਬੇਟਾ ਬੇਟੀ, ਦੂਜਾ ਨਜ਼ਰ ਕੋਇ ਨਾ ਆਈਆ । ਵੇਖਿਓ ਭਗਤਾਂ ਵਿਚ ਰਹਿ ਕੇ ਕਦੇ ਨਾ ਕਰਿਓ ਸ਼ੇਖ਼ੀ, ਨਿਮਾਣੇ ਹੋ ਕੇ ਝਟ ਲੰਘਾਈਆ । ਧਰਮ ਦੀ ਧਾਰ ਜੁਗ ਚੌਕੜੀ ਕਿਸੇ ਦੇ ਕੋਲ ਕਦੇ ਨਹੀਂ ਬੇਚੀ, ਚੋਰਾਂ ਠੱਗਾਂ ਹੱਥ ਨਾ ਕਦੇ ਫੜਾਈਆ । ਗੁਰ ਅਵਤਾਰ ਪੈਗ਼ੰਬਰਾਂ ਦੀ ਸਦਾ ਯਾਦ ਰੱਖਾਂ ਨੇਕੀ, ਜੋ ਨਿੱਕੀਆਂ ਨਿੱਕੀਆਂ ਨਾਮ ਦੀਆਂ ਕਥਾ ਕਹਾਣੀਆਂ ਤੁਹਾਨੂੰ ਗਏ ਸੁਣਾਈਆ । ਹੁਣ ਵੇਖੋ ਮੈਂ ਸਾਢੇ ਤਿੰਨ ਹੱਥ ਦਾ ਵੇਸੀ, ਭਾਵੇਂ ਮੈਨੂੰ ਵੇਸਵਾ ਕਹੋ ਤੇ ਭਾਵੇਂ ਸਤਿਗੁਰੂ ਲਓ ਬਣਾਈਆ । ਤੁਹਾਡੇ ਦਵਾਰੇ ਜਨ ਭਗਤੋ ਆਪਣੀ ਭੁਗਤ ਕੇ ਪੇਸ਼ੀ, ਪਿਛਲਾ ਲੇਖਾ ਦਿਤਾ ਮੁਕਾਈਆ । ਤੁਸੀ ਨਹੀਂ ਜਾਣਦੇ ਸਤਿਗੁਰ ਕਦੇ ਨਾ ਹੋਵੇ ਪ੍ਰਦੇਸੀ, ਪ੍ਰਦੇਸਾਂ ਵਿਚੋਂ ਤੁਹਾਨੂੰ ਆਪਣੇ ਦੇਸ ਪਹੁੰਚਾਈਆ । ਇਹ ਦੁਨੀਆ ਵਾਸਤੇ ਕਰਦਾ ਖੇਤੀ, ਤੁਹਾਡੇ ਵਾਸਤੇ ਕਾਇਆ ਦੇ ਖੱਤਿਆਂ ਅੰਦਰ ਹੱਲ ਚਲਾਈਆ । ਤੁਹਾਡਾ ਨਾਮ ਭੰਡਾਰਾ ਤੇ ਪ੍ਰਭੂ ਤੁਹਾਡਾ ਸੇਠੀ, ਆਕੜਖਾਨ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਰਿਹਾ ਮਿਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਕਿਤੇ ਲੱਗਦੀ ਤੇ ਨਹੀਂ ਧੁੱਪ, ਸੂਰਜ ਸੰਨ ਸੰਨ ਰਿਹਾ ਤਪਾਈਆ । ਵੇਖਿਓ ਐਵੇਂ ਕਰ ਨਾ ਜਾਇਓ ਚੁਪ, ਅੰਦਰ ਦੀ ਕਥਾ ਦੇਣੀ ਸੁਣਾਈਆ । ਜੇ ਚਾਹੋ ਹੁਣੇ ਪਰਦਾ ਹੋ ਜਾਏ ਧੁੱਪ, ਇਹ ਮੇਰੇ ਹੱਥ ਵਡਿਆਈਆ । ਸੋਹਣਾ ਸੁਹੰਜਣਾ ਵਕਤ ਜਾਏ ਢੁੱਕ, ਢੁਕਵਾਂ ਰਾਗ ਸੁਣਾਈਆ । ਸਾਰੇ ਖੜ੍ਹੇ ਕਰ ਲਓ ਸੱਜੇ ਗੁੱਟ, ਮੁੱਠੀ ਮੀਟ ਕੇ ਦਿਓ ਵਖਾਈਆ । ਅਸੀ ਸ਼ਬਦ ਗੁਰੂ ਦੇ ਪੁੱਤ, ਦੂਜੀ ਜੰਮਣ ਵਾਲੀ ਕੋਇ ਨਾ ਮਾਈਆ । ਸਾਨੂੰ ਪ੍ਰਭ ਦਰਸ ਦੀ ਭੁੱਖ, ਜਗਤ ਤ੍ਰਿਸ਼ਨਾ ਗਏ ਮਿਟਾਈਆ । ਸਾਡਾ ਸਤਿਗੁਰ ਨਾ ਜਾਏ ਲੁਕ, ਦੋ ਜਹਾਨ ਕਰੇ ਰੁਸ਼ਨਾਈਆ । ਅਸੀਂ ਤਾਅ ਦਈਏ ਮੁੱਛ, ਪਾਇਆ ਪ੍ਰਭੂ ਬੇਪ੍ਰਵਾਹੀਆ । ਜਿਸ ਨਾਮ ਦੀ ਪਾਈ ਲੁੱਟ, ਖ਼ਜ਼ਾਨੇ ਰਿਹਾ ਭਰਾਈਆ । ਲੱਗੀ ਪ੍ਰੀਤ ਨਾ ਜਾਏ ਟੁੱਟ, ਟੁੱਟਿਆਂ ਰਿਹਾ ਜੁੜਾਈਆ । ਸਾਡਾ ਪੈਂਡਾ ਗਿਆ ਮੁਕ, ਰਾਏ ਧਰਮ ਨਾ ਦਏ ਸਜ਼ਾਈਆ । ਸ਼ਾਸਤਰ ਸਿਮਰਤ ਗਿਆਤਾ ਸਾਨੂੰ ਮਿਲ ਗਿਆ ਸਭ ਕੁਛ, ਕਸ਼ਮਕਸ਼ ਦਾ ਡੇਰਾ ਢਾਹੀਆ । ਅਸੀਂ ਸਾਰੇ ਹੋ ਗਏ ਖ਼ੁਸ਼, ਖ਼ੁਸ਼ੀਆਂ ਦੇ ਢੋਲੇ ਗਾਈਆ । ਸਾਡੀ ਮੰਜ਼ਲ ਜਾਏ ਨਾ ਰੁਕ, ਦਰਗਾਹ ਜਾਈਏ ਚਾਈਂ ਚਾਈਂਆ । ਸਾਨੂੰ ਮਿਲੇ ਗੋਬਿੰਦ ਮਿਤ, ਪੁਰਖ ਅਕਾਲ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਜਿਸ ਨੇ ਗਾਈ ਤੁਕ, ਤੁਖ਼ਮ ਤਾਅਸੀਰ ਲਈ ਬਦਲਾਈਆ । ਸਾਰੇ ਦੋਹ ਹੱਥਾਂ ਨਾਲ ਮੂੰਹ ਲਓ ਘੁੱਟ, ਓ ਦੰਦੋ ਓ ਜ਼ਬਾਨੇ ਤੈਨੂੰ ਨਾਮ

ਜਪਣ ਦੀ ਲੋੜ ਰਹੀ ਨਾ ਰਾਈਆ । ਸਾਨੂੰ ਉਹ ਮਿਲ ਗਿਆ ਸੁਖ, ਜੋ ਸੁਖ ਨਾਲ ਆਪਣੇ ਘਰ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਤਾਲੋਂ ਜੁਗ ਚੌਕੜੀ ਕਦੇ ਨਾ ਜਾਏ ਘੁੱਥ, ਪਗਡੰਡੀ ਰਾਹ ਖੈੜਾ ਸਕੇ ਨਾ ਕੋਇ ਭੁਲਾਈਆ ।

### ❊ ੧੮ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਗੁਰ ਅਵਤਾਰ ਪੈਗ਼ੰਬਰ ਕਹਿਣ ਵੇਖਿਆ ਹਾਲ ਬਸੁੱਧਾ, ਸੁੱਧ ਰਹੀ ਨਾ ਰਾਈਆ । ਪਾਣੀ ਧਾਰ ਸਮਝੇ ਕੋਈ ਨਾ ਦੁੱਧਾ, ਸਚ ਝੂਠ ਨਾ ਕੋਇ ਦ੍ਰਿੜਾਈਆ । ਏਕਾ ਨਾਮ ਹੋਇਆ ਨਾ ਉਘਾ, ਉਗਣ ਆਥਣ ਨਾ ਹੁਕਮ ਮੰਨਾਈਆ । ਇਕ ਦਵਾਰ ਨਾ ਵਸਿਆ ਝੁੱਗਾ, ਘਰ ਸਚ ਨਾ ਕੋਇ ਵਡਿਆਈਆ । ਭੈ ਮਿਟਿਆ ਨਾ ਕੋਇ ਦੂਜਾ, ਏਕਾ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਦੀਪਕ ਬੁੱਝਾ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਵੇਖੀ ਰੋਂਦੀ, ਨੈਣਾਂ ਨੀਰ ਵਹਾਈਆ । ਖੁਲ੍ਹੀ ਮੇਢੀ ਵੇਖੀ ਖੋਂਹਦੀ, ਸੀਸ ਸੁਹਾਗ ਨਾ ਕੋਇ ਗੁੰਦਾਈਆ । ਹਾਏ ਹਾਏ ਕਰ ਕੇ ਗਾਉਂਦੀ, ਗੀਤ ਗੋਬਿੰਦ ਨਾ ਕੋਇ ਜਣਾਈਆ । ਉਚੀ ਕੂਕ ਕੂਕ ਸੁਣਾਉਂਦੀ, ਦੋ ਜਹਾਨਾਂ ਆਪ ਦ੍ਰਿੜਾਈਆ । ਬਹੁੜੀ ਮੈਂ ਪੁਰਖ ਅਕਾਲ ਇਕੋ ਚਾਹੁੰਦੀ, ਦੂਜੀ ਲੋੜ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਪੱਲੂ ਛੁਡਾਉਂਦੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਮੈਂ ਵੇਖਾਂ ਖੇਲ ਪ੍ਰਭੂ ਪ੍ਰਭ ਭਾਉਂਦੀ, ਜਿਥੇ ਮਨੂਆ ਮਨ ਰਹੇ ਨਾ ਰਾਈਆ । ਵਿਚਾਰ ਰਹੇ ਨਾ ਕਲਜੁਗ ਕਾਉਂ ਕੀ, ਕਲਜੁਗ ਕੂੜ ਨਾ ਕੋਇ ਕੁਰਲਾਈਆ । ਜਗਤ ਖ਼ਿਆਲਾਂ ਰਹੀ ਢਾਉਂਦੀ, ਢਾਹ ਢਾਹ ਢੇਰੀ ਖ਼ਾਕ ਬਣਾਈਆ । ਇਕੋ ਮਾਹੀ ਦੀਆਂ ਔਸੀਆਂ ਪਾਉਂਦੀ, ਔਸਰ ਹੋਏ ਆਪ ਸਹਾਈਆ । ਕਰਨੀ ਹਟਾਏ ਹਉਂ ਮੈਂ ਦੀ, ਹਉਮੇ ਹੰਗਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਵੇਖਿਆ ਲੱਗਾ ਧੱਬਾ, ਧੋਬੀ ਸਾਫ਼ ਨਾ ਕੋਇ ਕਰਾਈਆ । ਰੂਪ ਨਜ਼ਰ ਨਾ ਆਏ ਬੱਗਾ, ਬਪੜੇ ਸਾਰੇ ਰਹੇ ਕੁਰਲਾਈਆ । ਸਚ ਦੇਵੇ ਨਾ ਕੋਇ ਸੱਦਾ, ਸੰਦੇਸ਼ਾ ਹੱਕ ਨਾ ਕੋਇ ਸੁਣਾਈਆ । ਅੱਗੇ ਵਧੇ ਕੋਇ ਨਾ ਅੱਗਾ, ਮਿਲੇ ਮਾਣ ਨਾ ਕੋਇ ਵਡਿਆਈਆ । ਜਿਧਰ ਤੱਕੀਏ ਮੁਰੀਦ ਮੁਰਸ਼ਦਾਂ ਕਰਦੇ ਦਗ਼ਾ, ਦਗ਼ੇਬਾਜ਼ੀ ਵਿਚ ਲੋਕਾਈਆ । ਜਗਤ ਜਹਾਨ ਫਿਰੇ ਭੱਜਾ, ਭਜਨ ਬੰਦਗੀ ਸਮਝ ਕਿਸੇ ਨਾ ਆਈਆ । ਅੰਤਮ ਪਰਦਾ ਕਿਸੇ ਨਾ ਕੱਜਾ, ਕ਼ਜ਼ਾ ਤੋਂ ਸਕੇ ਨਾ ਕੋਇ ਬਚਾਈਆ । ਮਾਇਆ ਮਮਤਾ ਨਾ ਮੇਟੇ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਕੂੜੀ ਤੋੜੇ ਨਾ ਕੋਇ ਹੱਦਾ, ਹਦੂਦ ਸਚ ਨਾ ਕੋਇ ਵਖਾਈਆ । ਆਤਮ ਪਰਮਾਤਮ ਮਿਲੇ ਨਾ ਕੋਇ ਮਜ਼ਾ, ਮਜ਼ਾਕ਼ ਵਿਚ ਖ਼ਲਕ ਖ਼ੁਦਾਈਆ । ਸਚ ਸਾਹਿਬ ਦੀ ਚਲੇ ਨਾ ਕੋਇ ਰਜ਼ਾ, ਰਾਜ਼ਕ ਰਿਜ਼ਕ ਰਹੀਮ ਨਾ ਕੋਇ ਸ਼ਰਨਾਈਆ । ਧਰਮ ਦਾ ਮਿਲੇ ਨਾ ਕਿਸੇ ਪਦਾ, ਦਰਗਾਹ ਸਚ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ

ਮਿਲਾਈਆ । ਸਤਿਗੁਰ ਸ਼ਬਦ ਕਹੇ ਧਰਨੀ ਰੋ ਰੋ ਕਹਿੰਦੀ, ਕਹਿ ਕੇ ਰਹੀ ਸੁਣਾਈਆ । ਪੈਗ਼ੰਬਰੋ ਵੇਖੋ ਦਿਸ਼ਾ ਲਹਿੰਦੀ, ਮੇਰੇ ਖ਼ੁਦਾ ਦੀ ਮੇਰੀ ਦੁਹਾਈਆ । ਜਗਤ ਨਿਸ਼ਾਨੇ ਵੇਖੋ ਢਹਿੰਦੀ, ਅੱਗੇ ਹੋ ਨਾ ਕੋਇ ਅਟਕਾਈਆ । ਉਮਤ ਉਮਤ ਨਾਲ ਖਹਿੰਦੀ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ ਸਿਰ ਆਪਣਾ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਉਤੇ ਦਿਸੇ ਧੂੜ, ਧੂੜੀ ਖ਼ਾਕ ਨਾ ਕੋਇ ਰਮਾਈਆ । ਸ੍ਰਿਸ਼ਟੀ ਹੋ ਗਈ ਮੂੜ੍ਹ, ਮੂਰਖ ਰੂਪ ਜਣਾਈਆ । ਨਾਤਾ ਤੋੜੇ ਨਾ ਕੋਇ ਕੂੜ, ਕੂੜ ਕੁਟੰਬ ਨਾ ਕੋਇ ਤੁੜਾਈਆ । ਗੁਰ ਅਵਤਾਰ ਪੈਗ਼ੰਬਰ ਹੋਏ ਮਜਬੂਰ, ਮਜਬੂਰੀ ਸਾਰੇ ਰਹੇ ਜਣਾਈਆ । ਸਾਡਾ ਮੰਨੇ ਨਾ ਕੋਇ ਦਸਤੂਰ, ਦਸਤਯਾਬ ਨਾ ਕੋਇ ਅਖਵਾਈਆ । ਚਾਰੋਂ ਕੁੰਟ ਹੋਏ ਮਗ਼ਰੂਰ, ਹੰਕਾਰ ਵਿਚ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਸਾਡੇ ਨਾਮ ਦਾ ਪੈ ਗਿਆ ਕਾਲ, ਕਾਲੀ ਰੈਣ ਦਏ ਗਵਾਹੀਆ । ਜੋ ਗੋਬਿੰਦ ਮਾਰਗ ਦੱਸ ਕੇ ਗਿਆ ਸੁਖਾਲ, ਸ਼ਬਦ ਸੰਦੇਸ਼ੇ ਵਿਚ ਦ੍ਰਿੜਾਈਆ । ਕਲਗੀ ਦੀ ਨਿਸ਼ਾਨੀ ਦੇ ਕੇ ਨਾਲ, ਨਰ ਨਾਰੀ ਆਪ ਸਮਝਾਈਆ । ਮੇਰਾ ਨਾਮ ਸਕੇ ਨਾ ਕੋਇ ਸੰਭਾਲ, ਹਿਰਦੇ ਵਿਚ ਨਾ ਕੋਇ ਵਸਾਈਆ । ਪੁਰਖ ਅਕਾਲਾ ਬਦਲ ਕੇ ਆਵੇ ਚਾਲ, ਚਾਲ ਨਿਰਾਲੀ ਆਪ ਬਣਾਈਆ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਉਤੇ ਪ੍ਰਭ ਕਰੇ ਧਰਮ ਦਾ ਰਾਜ, ਰਈਅਤ ਸਾਰੀ ਵੇਖ ਵਖਾਈਆ । ਕਲਗੀ ਦੀ ਥਾਂ ਪਹਿਨ ਕੇ ਤਾਜ, ਤਾਜਾਂ ਵਾਲਾ ਵੇਸ ਵਟਾਈਆ । ਸਭ ਦੀ ਆਲਸ ਨਿੰਦਰਾ ਖੋਲ੍ਹੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਗੁਰਮੁਖਾਂ ਕਰ ਕਰ ਵੱਡੇ ਭਾਗ, ਭਾਗਾਂ ਵਾਲੇ ਰਿਹਾ ਬਣਾਈਆ । ਈਸ਼ਰ ਸਿੰਘ ਨੂੰ ਮਾਰ ਆਵਾਜ਼, ਅੱਗੇ ਲੈਣਾ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕੀ ਗੋਬਿੰਦ ਤੇਰੀ ਰੀਤੀ, ਰੀਤੀਵਾਨ ਦੇਣਾ ਜਣਾਈਆ । ਜਿਸ ਵੇਲੇ ਭਾਉ ਰਿਹਾ ਨਾ ਮੰਦਰ ਮਸੀਤੀ, ਮਸਲਾ ਹੱਲ ਨਾ ਕੋਇ ਕਰਾਈਆ । ਧਰਮ ਦੀ ਰਹੇ ਨਾ ਕੋਇ ਬਗ਼ੀਚੀ, ਫੁੱਲ ਫੁਲਵਾੜੀ ਨਾ ਕੋਇ ਮਹਿਕਾਈਆ । ਗੋਬਿੰਦ ਲਹੂ ਕੱਢਕੇ ਆਪਣੀ ਚੀਚੀ, ਚੀਰੇ ਨਾਲ ਦਿਤਾ ਸੁਹਾਈਆ । ਮੇਰੀ ਸਿੱਖੀ ਰਹੇ ਸਦ ਜੀਤੀ, ਪ੍ਰਭ ਦੀ ਝੋਲੀ ਪਾਈਆ । ਜਿਸ ਵੇਲੇ ਸਦੀ ਚੌਧਵੀਂ ਬੀਤੀ, ਪਰਮ ਪੁਰਖ ਲਏ ਅੰਗੜਾਈਆ । ਸਾਚੀ ਦੱਸ ਇਕ ਹਦੀਸੀ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਲੇਖਾ ਜਾਣ ਤਨ ਅੰਗੀਠੀ, ਕਾਇਆ ਕੰਚਨ ਫੋਲ ਫੁਲਾਈਆ । ਧੁਰ ਦੀ ਬਾਣੀ ਦੱਸ ਕੇ ਮੀਠੀ, ਸੋਹੰ ਢੋਲਾ ਇਕ ਜਣਾਈਆ । ਹਰਿਜਨ ਸਾਚੇ ਗਾਵਣ ਬਣ ਕੇ ਮੀਤੀ, ਮਿੱਤਰ ਪਿਆਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਸਤਿਜੁਗ ਦੱਸਾਂ ਧਾਰ, ਸਚ ਨਾਲ ਸਮਝਾਈਆ । ਜਿਸ ਵੇਲੇ ਗੁਰਮੁਖ ਛੱਡੇ ਮਾਤਲੋਕ ਸੰਸਾਰ, ਤਨ ਵਜੂਦ ਨਾਤਾ ਰਹੇ ਨਾ ਰਾਈਆ । ਉਸ ਨੂੰ ਪੀਲੇ ਬਸਤਰ ਦੇਣੇ ਡਾਰ, ਧੁਰ ਦਾ ਹੁਕਮ ਹੁਕਮ ਪ੍ਰਗਟਾਈਆ । ਪੰਜ ਗੁਰਮੁਖ ਲੈਣ ਨੁਹਾਲ, ਛੇਵਾਂ ਹੱਥ ਨਾ ਕੋਇ ਲਗਾਈਆ । ਸੱਜੇ ਗੁੱਟ ਨੂੰ ਬੰਨ੍ਹਣ ਰੁਮਾਲ, ਗੰਢਾਂ ਤਿੰਨ ਤਿੰਨ ਬੰਧਾਈਆ । ਉਤੇ ਲੀੜਾ ਪਾਵਣ ਲਾਲ, ਜੋ ਗੁਰਮੁਖ

੧੪੩੦ ੨੧

ਗੁਰਮੁਖ ਵਾਸਤੇ ਲੈ ਕੇ ਆਈਆ । ਇਹ ਸ਼ਬਦੀ ਖੇਲ ਕਮਾਲ, ਲੁਧਿਆਣੇ ਵਾਲੇ ਦੇਣ ਗਵਾਹੀਆ । ਲੋਕ ਲੱਜਿਆ ਰਹੇ ਨਾ ਵਿਚ ਜਹਾਨ, ਸਮਾਜ ਰਾਜ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਤਿਜੁਗ ਕਹੇ ਜਿਸ ਉਤੇ ਹੋਵੇ ਲਾਲ ਕਪੜਾ, ਜਗਤ ਪਲੀਤੀ ਕੱਪੜ ਰਹਿਣ ਕੋਇ ਨਾ ਪਾਈਆ । ਉਹ ਹੰਸ ਬਣੇ ਬਗਲਾ ਬਪੜਾ, ਬਲਧਾਰੀ ਆਪ ਬਣਾਈਆ । ਦੀਨ ਦੁਨੀ ਤੋਂ ਕਰ ਕੇ ਵਖਰਾ, ਘਰ ਸਾਚਾ ਇਕ ਸੁਹਾਈਆ । ਗੋਬਿੰਦ ਯਾਰ ਹੰਢਾਵੇ ਸੱਥਰਾ, ਸੂਲਾਂ ਸੇਜ ਵੱਜੇ ਵਧਾਈਆ । ਸਚਖੰਡ ਵਸਾਵੇ ਜਿਥੇ ਬਿਨਾ ਭਗਤਾਂ ਕੋਇ ਨਾ ਅੱਪੜਾ, ਮੰਜ਼ਲ ਮੰਜ਼ਲ ਨਾ ਕੋਇ ਰਖਾਈਆ । ਖਾਣਾ ਪਏ ਨਾ ਰਸਨਾ ਜਿਹਵਾ ਕੋਇ ਬੱਕਰਾ, ਪਲੀਤ ਰੂਪ ਨਾ ਕੋਇ ਵਖਾਈਆ । ਧੁਰ ਦੇ ਹੁਕਮ ਵਿਚੋਂ ਹੁਕਮ ਭੁੱਲੇ ਕੋਇ ਨਾ ਕਤਰਾ, ਨਾਮ ਦਾ ਕਹਿਤ ਘਰ ਘਰ ਨਜ਼ਰੀ ਆਈਆ । ਸਾਚਾ ਨਾਮ ਜਗਤ ਜਹਾਨ ਵਖਰਾ, ਨਿਤ ਨਿਤ ਵਖਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਵੇਖੀ ਹਾਲਤ, ਮਸਲਾ ਹੱਲ ਨਾ ਕੋਇ ਕਰਾਈਆ । ਚਾਰੋਂ ਕੁੰਟ ਦਿਸੇ ਜਹਾਲਤ, ਚਾਰ ਵਰਨ ਫਿਰੀ ਦੁਹਾਈਆ । ਸਾਚੀ ਕਰੇ ਨਾ ਕੋਇ ਅਦਾਲਤ, ਇਨਸਾਫ਼ ਹੱਕ ਨਾ ਕੋਇ ਕਮਾਈਆ । ਦੀਨਾਂ ਮਜ਼੍ਹਬਾਂ ਪਾਈ ਬਗ਼ਾਵਤ, ਦੀਨ ਦੁਨੀ ਰਹੇ ਲੜਾਈਆ । ਬਿਨਾ ਪੁਰਖ ਅਕਾਲ ਦੀਨ ਦਿਆਲ ਕਰੇ ਨਾ ਕੋਇ ਸਖ਼ਾਵਤ, ਮਿਹਰ ਨਜ਼ਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡਾ ਸਭ ਦਾ ਇਕੋ ਰਾਮ, ਰਮਈਆ ਇਕੋ ਨਜ਼ਰੀ ਆਈਆ । ਸਾਡਾ ਇਕੋ ਸਭ ਦਾ ਸ਼ਾਮ, ਸ਼ਾਮ ਰੈਣ ਅੰਧੇਰੀ ਦਏ ਮਿਟਾਈਆ । ਜਿਸ ਨੇ ਰਹਿਣ ਨਹੀਂ ਦਿਤਾ ਗ਼ੁਲਾਮ, ਸ਼ਰਅ ਜ਼ੰਜੀਰ ਦਿਤੀ ਕਟਾਈਆ । ਮਾਰਗ ਦੱਸ ਸ੍ਰੀ ਭਗਵਾਨ, ਪਰਦਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪਰਦਾ ਦੇਣਾ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਉਤੇ ਵੇਖਿਆ ਧਰਮ ਦਵਾਰਾ, ਧਰਮ ਧਾਰ ਪ੍ਰਗਟਾਈਆ । ਕਰਨਾ ਖੇਲ ਜਗਤ ਨਿਆਰਾ, ਨਿਰਾਕਾਰ ਹੋ ਕੇ ਆਪਣੀ ਕਾਰ ਕਮਾਈਆ । ਜਨ ਭਗਤਾਂ ਦੇ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਵਕਤ ਸੁਹੰਜਣਾ ਹੋਇਆ ਸਤਾਰਾਂ ਹਾੜਾ, ਹਰ ਹਿਰਦੇ ਮਿਲੇ ਵਡਿਆਈਆ । ਪ੍ਰਭ ਮਾਣ ਦੇਵੇ ਪੁਰਖ ਨਾਰਾ, ਬੁੱਢੇ ਨੱਢੇ ਰੰਗ ਰੰਗਾਈਆ । ਖੇਲ ਖਿਲਾਏ ਸੱਚਾ ਸ਼ਾਹਕਾਰਾ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜਨ ਭਗਤੋ ਤੁਹਾਡਾ ਸੋਹਣਾ ਸਦਾ ਵਿਹਾਰਾ, ਵਿਵਹਾਰੀ ਕਾਰ ਕਮਾਈਆ । ਜਿਸ ਦੀਆਂ ਭਵਿਖਤਾਂ ਵਿਚ ਕਰਦੇ ਰਹੇ ਇੰਤਜ਼ਾਰਾਂ, ਇੰਤਜ਼ਾਰੀ ਸਿਰ ਤੁਹਾਡੇ ਹੱਥ ਰਖਾਈਆ । ਤੁਸੀਂ ਸਾਰੇ ਪ੍ਰਭ ਦੀਆਂ ਕੱਟਣਵਾਲੇ ਵਗਾਰਾਂ, ਥਿਰ ਰਹਿਣ ਕੋਇ ਨਾ ਪਾਈਆ । ਸ਼ਬਦੀ ਧਾਰ ਸੁਣ ਇਸ਼ਾਰਾ, ਅੰਦਰੇ ਅੰਦਰ ਰਿਹਾ ਦਰਸਾਈਆ । ਸਭ ਦਾ ਹੋਵੇ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੰਗੇ ਇਕ ਸਹਾਰਾ, ਸਹਾਇਕ ਹੋ ਕੇ ਨਾਮ ਅਨਾਇਤ ਝੋਲੀ ਦੇਣਾ ਪਾਈਆ ।


੧੪੩੧
੨੧

## ☀ ੧੯ ਹਾੜ ਸ਼ਹਿਨਸ਼ਾਹੀ ਸੰਮਤ ੫ ਫ਼ਿਰੋਜਪੁਰ ਵਾਲੇ ਰਣਜੀਤ ਸਿੰਘ ਦੇ ਸਗਣ ਪੈਣ ਸਮੇਂ ਹਰਿ ਭਗਤ ਦਵਾਰ ਜੇਠੂਵਾਲ ☀

ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੱਕਿਆ ਧੁਰ ਦਾ ਰਾਣਾ, ਰਈਅਤ ਸੰਤ ਭਗਤ ਸੋਭਾ ਪਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਦੇਵੇ ਨਾਮ ਦਾਨਾ, ਦਾਤਾ ਦਾਨੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਸਤਿ ਸਚ ਦਾ ਦੱਸ ਕੇ ਗਾਣਾ, ਗਹਿਰ ਗੰਭੀਰ ਕਰੇ ਪੜ੍ਹਾਈਆ । ਗੜ੍ਹ ਤੋੜ ਅਭਿਮਾਨਾ, ਮਾਇਆ ਮਮਤਾ ਮੋਹ ਮਿਟਾਈਆ । ਜਨ ਭਗਤੋ ਸਾਚਾ ਮੰਨਣਾ ਪ੍ਰਭ ਦਾ ਭਾਣਾ, ਭਾਣੇ ਵਿਚ ਸਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਜੋ ਪ੍ਰਭ ਦੇ ਮੀਤੇ ਸੋ ਖਾਵਣ ਲਾਚੀ ਦਾ ਇਕ ਇਕ ਦਾਣਾ, ਸਗਣ ਭਗਤ ਭਗਵਾਨ ਵੇਖ ਵਖਾਈਆ । ਅਸੀਂ ਛੱਡਿਆ ਜੀਵ ਜਹਾਨਾ, ਸਾਨੂੰ ਲੋੜ ਰਹੀ ਨਾ ਰਾਈਆ । ਜਿਥੇ ਜੋਤੀ ਧਾਰ ਪਹਿਰਿਆ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜੋ ਸੂਰਬੀਰ ਬਣ ਜਵਾਨਾ, ਜੋਬਨ ਆਪਣਾ ਇਕ ਦ੍ਰਿੜਾਈਆ । ਜਿਸ ਨੂੰ ਝੁਕਦੇ ਕ੍ਰਿਸ਼ਨਾ ਰਾਮਾ, ਪੈਗ਼ੰਬਰ ਸੀਸ ਨਿਵਾਈਆ । ਨਿਉਂ ਨਿਉਂ ਕਰਨ ਸਲਾਮਾ, ਨਮਸਤੇ ਕਹਿ ਕੇ ਝਟ ਲੰਘਾਈਆ । ਸੋ ਆ ਗਿਆ ਗੁਣ ਨਿਧਾਨਾ, ਗਹਿਰ ਗੰਭੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਰਸਨਾ ਰਸ ਜਾਣਾ ਭੁੱਲ, ਅਭੁੱਲ ਦਏ ਦ੍ਰਿੜਾਈਆ । ਭਗਤ ਬਣੋ ਪ੍ਰਭੂ ਦੀ ਕੁਲ, ਕੁਲ ਆਲਮ ਵੇਖ ਵਖਾਈਆ । ਦੀਨ ਦੁਨੀ ਦੀਵਾ ਹੋਵੇ ਗੁਲ, ਬਿਨਾ ਭਗਤਾਂ ਗੁਲਸ਼ਨ ਨਾ ਕੋਇ ਮਹਿਕਾਈਆ । ਮਾਇਆਧਾਰੀ ਜਾਣੇ ਰੁਲ, ਭਗਤ ਭਗਵਾਨ ਹੋਏ ਸਹਾਈਆ । ਸਾਚੀ ਬਖ਼ਸ਼ ਕੇ ਚਰਨ ਧੂਲ, ਦੁਰਮਤ ਮੈਲ ਦਏ ਮਿਟਾਈਆ । ਜਨ ਭਗਤੋ ਸਤਿਜੁਗ ਦਾ ਸਚ ਅਸੂਲ, ਅਸਲ ਨੂੰ ਅਸਲ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੁਰਮੁਖ ਸੱਜਣ ਮਿਲਣ ਸਾਥੀ, ਸਾਚਾ ਸੰਗ ਬਣਾਈਆ । ਮੁਹੱਬਤ ਵਿਚ ਮੰਨਣ ਆਖੀ, ਪ੍ਰੇਮ ਵਿਚ ਵਡਿਆਈਆ । ਇਹ ਅੱਗੇ ਚਾਰ ਜੁਗ ਦੀ ਸਾਖੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਜਨਮ ਕਰਮ ਰਿਹਾ ਵਾਚੀ, ਵਾਚਕਾਂ ਦਾ ਪਰਦਾ ਰਿਹਾ ਉਠਾਈਆ ।

१४३२ ੧੪੩੨

## ☀ ੧੯ ਹਾੜ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ☀

ਪੈਗ਼ੰਬਰ ਨਾ ਦਿਵਨੇ ਮਨਿਖੇ ਅਵਤਾਰ ਚੋਜ਼ੇਜ਼ੀਏ ਜਿਆ ਕੂਜ਼ ਵਿਖੇ ਗੁਰੂ ਮਹੀਵਨੇ ਮਲ ਜਿਜ਼ਾਕੂ ਜਖੀਨੇ ਸ਼ਬਦੇ ਸ਼ਮਸ਼ਾਸੀ ਕ਼ਲਮਾ ਕਲਾਮੇ ਕੁਲ ਅਲਯਾਸੀ ਹੈਜ਼ਿਨਵੇ ਕੋਇਨਸ਼ਾਤੇ ਬਜ਼ੋਤੋ ਵਜਿਜ਼ਤੇ ਕੌਮੀਨੇ ਜਾਮੇ ਨਾ ਜ਼ਿਨਹਾ ਨੂਰੇ ਫਿਵਜ਼ੀਨੇ ਅਨੀਆਨੇ ਪੀਨਾਜ਼ੂ ਪੀਰੇ ਪੀਜ਼ਾਈ ਖੁਨੰਤਾ ਖ਼ੁਜ਼ੀ ਦਹਿਲਿਜ਼ਖਾ ਮੌਜ਼ੂਨੇ ਮੁਜ਼ੀ ਤਨੁਸਵਿੱਤਤ ਤਸਕੇ ਤਾਅਬੇ ਤਾਜ਼ੀਰੇ ਸ਼ਿਨਾਹਾਊ ਵਕੀਜ਼ਾ ਮਸ਼ੋਸ਼ੋਤੂ ਫ਼ਜ਼ਲੇ ਵਜ਼ੂ ਮੁਹੰਮਦੇ ਰਜ਼ੂ ਪੈਗ਼ੰਬਰੇ ਅਜ਼ੂ ਨਾਕੂ ਜੀਵਾ ਜ਼ਨਤੇ ਜਾਖਿਤ ਖਾਕੇ ਅਲਾਹ ਅਲੀ ਵਜ਼ਿਦ ਵਲੀ ਐਹਦ ਵਾਹਦਿਆਂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਨੀ ਕਾਰ ਕਮਾਈਆ । ਪੈਗ਼ੰਬਰੋ ਗੋਸ਼ੇ ਕਜ਼ੂਨ ਅਵਤਾਰ ਵਨੌਸ਼ੇ ਵਜ਼ੂਨ ਗੁਰੂ ਚਸ਼ਮੇ ਚੋਸ਼ੇ ਚਾਲੀਜ਼ੇ ਜ਼ੂਨ ਸਤਿਗੁਰ ਸ਼ਬਦ

ਮਨਜ਼ਾ ਮਹੋਸ਼ੇ ਵੇਵੀਦੇ ਸੁਨ ਖਲਤਾਏ ਮਜ਼੍ਹਬ ਖਲਕਾਏ ਗ਼ਜ਼ਬ ਫ਼ਰਸ਼ਾਏ ਤਅਜਬ ਅਰਸ਼ਾਏ ਅਦਬ ਜ਼ਾਨੂ ਜਾਏ ਕ਼ਦਮ ਬੋਸਾਏ ਪਦਮ ਕਜ਼ੀਨਾ ਅਦਮ ਮਜ਼ਕੂਹਾ ਬਦਨ ਨੇਸਤਾਏ ਨੇਸਤੋ ਵਤਨ ਬੇਵਤਨ ਬੇਪ੍ਰਵਾਹ ਆਪਣੇ ਦਰ ਵਖਾਈਆ । ਪੈਗ਼ੰਬਰ ਕਾਅਬਾਏ ਖ਼ੁਦਾ ਅਵਤਾਰ ਵਹਦਤੇ ਦੁਆ ਗੁਰੂ ਸਲਾਹਤੇ ਜ਼ਬਾਂ ਸ਼ਬਦ ਸਤਿਗੁਰ ਅਨਾਇਤੇ ਕੁਨ ਕੁਲ ਅਜ਼ਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਦੇਸ਼ ਦੇਵੇ ਦਰੇ ਜਵਾ ਦਹਿਲੀਜ਼ੇ ਅਜ਼ੀਜ਼ੇ ਤਹਮੀਜ਼ੇ ਤਮਹੀਦ ਤਾਰੀਫ਼ ਹਰੀਫ਼ ਹਰਫ਼ ਹਰੂਫ਼ ਨਾਲ ਜਣਾਈਆ ।

### ❊ ੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਤੇਈ ਅਵਤਾਰ ਨੇਤਰ ਨੀਰ ਵਹਾਵਣ ਹੰਝੂ, ਛਹਿਬਰ ਮੁਹੱਬਤ ਪ੍ਰੇਮ ਪਿਆਰ ਰਖਾਈਆ । ਪੁਰਖ ਅਕਾਲ ਤੇਰੀ ਭੇਟਾ ਕਰਨਾ ਬੋਦੀ ਜੰਞੂ, ਦੋ ਜਹਾਨ ਨੌਜਵਾਨ ਤੇਰੀ ਇਕ ਸਰਨਾਈਆ । ਸਭ ਦਾ ਅੰਤਰ ਤੇਰਾ ਹੁਕਮ ਮੰਨੂ, ਮਨਮੁਖ ਨਜ਼ਰ ਕੋਇ ਨਾ ਆਈਆ । ਸਾਨੂੰ ਯਾਦ ਤੇਰਾ ਸੰਦੇਸ਼ਾ ਜੋ ਜੱਟ ਜਟੇ ਦਿਤਾ ਧੰਨੂ, ਧਰਮ ਦੀ ਧਾਰ ਇਕ ਸਮਝਾਈਆ । ਨਾਨਕ ਸਿਖਿਆ ਦਿਤੀ ਬਾਲੇ ਸੰਧੂ, ਸੰਧਿਆ ਵੇਲੇ ਸਤਿ ਦ੍ਰਿੜਾਈਆ । ਲੇਖਾ ਯਾਦ ਆਇਆ ਗੁਰ ਅਰਜਨ ਨਾਲ ਚੰਦੂ, ਸੂਰੀਆ ਚੰਦ ਦਏ ਗਵਾਹੀਆ । ਬਕਾਇਆ ਦਿਸਿਆ ਬ੍ਰਾਹਮਣ ਗੰਗੂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਏ ਮਾਰੇ ਧਾਹੀਆ । ਗੋਬਿੰਦ ਧਾਰ ਕਿਹਾ ਕਰੇ ਖੇਲ ਪ੍ਰਭ ਦੀਨਾ ਬੰਧੂ, ਬੰਧਨ ਵੇਖੇ ਜਗਤ ਲੋਕਾਈਆ । ਜੋ ਆਤਮ ਪਰਮਾਤਮ ਸਭ ਦਾ ਬਣੇ ਸੰਗੂ, ਸਗਲਾ ਸਾਥ ਨਿਭਾਈਆ । ਜਨ ਭਗਤਾਂ ਅੰਦਰ ਦਊ ਨਾਮ ਅਨੰਦੂ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਕਲਜੁਗ ਅੰਤਮ ਲੇਖਾ ਵੇਖੇ ਕੰਢੂ, ਕਿਨਾਰੇ ਫੋਲ ਫੁਲਾਈਆ । ਝਗੜਾ ਮੁਕਾਊ ਕਰੀਰ ਜੰਡੂ, ਮੜ੍ਹੀ ਗੋਰ ਨਾ ਕੋਇ ਵਡਿਆਈਆ । ਕੂੜੀ ਕਿਰਿਆ ਚਾਰੋਂ ਕੁੰਟ ਡੰਨੂ, ਡੰਕਾ ਆਪਣਾ ਨਾਮ ਲਗਾਈਆ । ਸਤਿ ਧਰਮ ਦਾ ਬੇੜਾ ਬੰਨੂ, ਬੰਧਨ ਦੀਨ ਮਜ਼੍ਹਬ ਕਟਾਈਆ । ਸ਼ਬਦੀ ਧਾਰ ਸਭ ਨੂੰ ਪਕੜੇ ਕੰਨੂ, ਕਰਨੀ ਦਾ ਕਰਤਾ ਧੁਰਦਰਗਾਹੀਆ । ਲੇਖਾ ਜਾਣੇ ਲੱਖ ਚੁਰਾਸੀ ਛੱਪਰ ਛੰਨੂ, ਤਨ ਮਾਟੀ ਖ਼ਾਕ ਫੋਲ ਫੁਲਾਈਆ । ਦੀਨ ਦੁਨੀ ਨੇਤਰਹੀਣ ਤੱਕੇ ਅੰਨੂ, ਘਟ ਘਟ ਅੰਤਰ ਫੋਲ ਫੁਲਾਈਆ । ਕੀ ਸੰਦੇਸ਼ਾ ਦਿਤਾ ਮਾਤਾ ਗਰਭ ਵਿਚ ਅਭਿਮੰਨੂ, ਕ੍ਰਿਸ਼ਨ ਕਾਹਨ ਵਡ ਵਡਿਆਈਆ । ਕੀ ਰਾਮ ਕਿਹਾ ਮੇਰਾ ਰਾਮ ਜਨਣੀ ਮੂਲ ਕੋਇ ਨਾ ਜਣੂ, ਜਣੇਂਦੀ ਬਣੇ ਕੋਇ ਨਾ ਮਾਈਆ । ਜੋ ਅੰਤਰ ਨਿਰੰਤਰ ਨੂਰੀ ਧਾਰ ਸਭ ਦੇ ਰਲੂ, ਨਿਰਗੁਣ ਸਰਗੁਣ ਖੇਲ ਖਿਲਾਈਆ । ਭਗਤ ਦਵਾਰਾ ਏਕਾ ਮੱਲੂ, ਮਾਲਕ ਹੋ ਕੇ ਵੇਖ ਵਖਾਈਆ । ਗੁਰਮੁਖਾਂ ਨਾਮ ਨਿਸ਼ਾਨੇ ਹਿਰਦੇ ਸਲੂ, ਸਾਹਿਬ ਸੁਲਤਾਨ ਤੀਰ ਚਲਾਈਆ । ਸਮੁੰਦ ਸਾਗਰ ਵੇਖੂ ਜਲੂ, ਜਲ ਥਲ ਮਹੀਅਲ ਖੋਜ ਖੁਜਾਈਆ । ਅਗਨੀ ਰੇਤ ਵੇਖੂ ਥਲੂ, ਪਰਬਤ ਟਿੱਲੇ ਪਰਦਾ ਲਾਹੀਆ । ਧੁਰ ਦਾ ਹੁਕਮ ਬੋਲ ਕੇ ਹੱਲੂ, ਹਾਲਤ ਬਦਲੇ ਜਗਤ ਲੋਕਾਈਆ । ਵਸ ਕੇ ਨਿਹਚਲ ਧਾਮ ਅਟੱਲੂ, ਦੋ ਜਹਾਨਾਂ ਵੇਖ ਵਖਾਈਆ । ਧੁਰ ਫ਼ਰਮਾਨਾ ਅਗੰਮ ਘੱਲੂ, ਘਾਇਲ ਕਰੇ ਥਾਉਂ ਥਾਈਂਆ । ਨਵ ਖੰਡ ਪ੍ਰਿਥਮੀ ਦਲੂ, ਸੱਤ ਦੀਪ ਸਤਿ ਸਮਝਾਈਆ । ਕੋਟਾਂ ਵਿਚੋਂ ਭਗਤ ਸੁਹੇਲਾ ਮਾਤ ਫਲੂ, ਪੱਤ ਟਹਿਣੀ ਰਹਿਣ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਜੋਤ ਹੋ ਕੇ ਬਲੂ, ਦੀਆ ਬਾਤੀ ਨਾ ਕੋਇ ਰੁਸ਼ਨਾਈਆ ।

ਕਲਜੁਗ ਕੂੜੀ ਕਿਰਿਆ ਮੇਟੂ ਕਲੂ, ਕਲ ਕਾਤੀ ਦਏ ਖਪਾਈਆ । ਜਗਤ ਵਿਦਿਆ ਸਾਰੀ ਛਲੂ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅਵਤਾਰ ਕਹਿਣ ਪ੍ਰਭ ਤੇਰੀ ਧਾਰ ਜੰਞੂ ਬੋਦੀ, ਸੂਤਰਧਾਰੀ ਵਡ ਵਡਿਆਈਆ । ਸ੍ਰਿਸ਼ਟੀ ਹੋਈ ਕਰਮ ਕਾਂਡ ਦੀ ਰੋਗੀ, ਕੂੜੀ ਕਿਰਿਆ ਨਾ ਕੋਇ ਗਵਾਈਆ । ਕਾਮ ਵਾਸਨਾ ਹੋਈ ਭੋਗੀ, ਅੰਤਰ ਰਸ ਨਾ ਕੋਇ ਚਖਾਈਆ । ਸਾਬਤ ਰਿਹਾ ਨਾ ਕੋਇ ਜੋਗੀ, ਜੋਗੀਸ਼ਰ ਨਜ਼ਰ ਕੋਇ ਨਾ ਆਈਆ । ਹਉਮੇ ਹੰਗਤਾ ਸਭ ਨੂੰ ਕੀਤਾ ਰੋਗੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਪਾਪਾਂ ਭਾਰ ਹੋਇਆ ਬੋਝੀ, ਕਲਜੁਗ ਪਾਰ ਨਾ ਕੋਇ ਕਰਾਈਆ । ਹਿਰਦਾ ਸਕੇ ਕੋਈ ਨਾ ਸੋਧੀ, ਸੁਧ ਬੁਧ ਨਾ ਕੋਇ ਚਤੁਰਾਈਆ । ਭੇਵ ਖੁਲ੍ਹੇ ਨਾ ਅਗਾਧ ਬੋਧੀ, ਬੁੱਧੀ ਤੋਂ ਪਰੇ ਨਾ ਕੋਇ ਪੜ੍ਹਾਈਆ । ਖ਼ਾਨਾਜੰਗੀ ਲੱਗੀ ਘਰੋਗੀ, ਗ੍ਰਿਹਿ ਮੰਦਰ ਨਾ ਕੋਇ ਸਫ਼ਾਈਆ । ਕੂੜੀ ਕਿਰਿਆ ਬਣੇ ਵਿਯੋਗੀ, ਬਿਰਹੋਂ ਚੋਟ ਨਾ ਕੋਇ ਲਗਾਈਆ । ਸਤਿ ਧਰਮ ਦਾ ਦਿਸੇ ਕੋਇ ਨਾ ਮੋਢੀ, ਸਾਰੇ ਬੈਠੇ ਮੁਖ ਭਵਾਈਆ । ਨਿਸ਼ਾਨਾ ਵੇਖ ਚਿੰਨ੍ਹ ਰਾਮ ਦੀ ਠੋਡੀ, ਨੌਂ ਨੱਕੇ ਸੂਈ ਸੋਭਾ ਪਾਈਆ । ਕੀ ਖੇਲ ਦੱਸਿਆ ਯੁਧਿਸ਼ਟਰ ਕ੍ਰਿਸ਼ਨ ਹੱਥ ਲਾ ਕੇ ਗੋਡੀਂ, ਕਾਹਨ ਕਾਹਨ ਦਿਤਾ ਦ੍ਰਿੜਾਈਆ । ਕੀ ਮੂਸਾ ਹੋਈ ਸੋਝੀ, ਪਰਦਾ ਅੰਤਰ ਅੰਤਰ ਉਠਾਈਆ । ਕੀ ਈਸਾ ਫੜ ਕੇ ਉਲਟੀ ਕੌਡੀ, ਧਰਨੀ ਉਤੇ ਦਿਤੀ ਰਗੜਾਈਆ । ਕੀ ਮੁਹੰਮਦ ਚੌਦਾਂ ਤਬਕਾਂ ਵਿਚ ਨਜ਼ਰ ਨਾ ਆਈ ਬੋਦੀ, ਬੁੱਧੀ ਤੋਂ ਪਰੇ ਕੀ ਜਣਾਈਆ । ਕੀ ਨਾਨਕ ਖੇਲ ਦੱਸਿਆ ਸੋਢੀ, ਵੇਦੀ ਕੁਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਤੇਰਾ ਜੰਞੂ ਬੋਦੀ ਸ਼ਿਕਾਰ, ਧਰਮ ਧਾਰ ਸਮਝਾਈਆ । ਇਸ਼ਟ ਗੁਰੂ ਅਵਤਾਰ, ਦ੍ਰਿਸ਼ਟ ਵਿਚ ਸਮਝਾਈਆ । ਨਮੋ ਨਮੋ ਨਿਮਸਕਾਰ, ਡੰਡਾਵਤ ਸਹਿਜ ਸੁਖਦਾਈਆ । ਚਰਨ ਕਵਲ ਬਲਹਾਰ, ਘੋਲੀ ਘੋਲ ਘੁਮਾਈਆ । ਧੂੜੀ ਮਸਤਕ ਛਾਰ, ਟਿੱਕੇ ਨਾਮ ਰਮਾਈਆ । ਹੋ ਕੇ ਖ਼ਿਦਮਤਗਾਰ, ਖ਼ਾਦਮ ਸੇਵ ਕਮਾਈਆ । ਦਰ ਵੇਖ ਸੱਚਾ ਦਰਬਾਰ, ਦਰ ਠਾਂਡੇ ਸੀਸ ਨਿਵਾਈਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਤੇਰੀ ਰਸਮ ਨਾਲ ਅਧਾਰ, ਤੇਰੀ ਕ਼ਸਮ ਨਾਲ ਵਡਿਆਈਆ । ਤੇਰਾ ਚਸ਼ਮ ਨਾਲ ਦੀਦਾਰ, ਤੇਰੇ ਖ਼ਸਮ ਨਾਲ ਖ਼ਾਵੰਦ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਤੇਰੀ ਧਾਰ ਜੰਞੂ ਬੋਦੀ ਟਿੱਕਾ, ਟਿਕਟਿਕੀ ਤੇਰੇ ਨਾਲ ਲਗਾਈਆ । ਪੁਰਖ ਅਕਾਲ ਬਦਲ ਦੇ ਸਿੱਕਾ, ਸਾਚੇ ਰਾਮ ਰਾਮ ਦੁਹਾਈਆ । ਲਹਿਣਾ ਦੇਣਾ ਵੇਖ ਵੱਡਾ ਨਿੱਕਾ, ਕਾਹਨਾਂ ਦੇ ਕਾਹਨ ਬੇਪਰਵਾਹੀਆ । ਸਭ ਦਾ ਮਾਲਕ ਬਣ ਪਿਤਾ, ਪਤਿਪਰਮੇਸ਼ਵਰ ਸੋਭਾ ਪਾਈਆ । ਸਾਨੂੰ ਯਾਦ ਨਾ ਆਵੇ ਪਿੱਛਾ, ਪਿਛਲਾ ਲੇਖਾ ਦੇਣਾ ਮੁਕਾਈਆ । ਸਰਬ ਸਵਾਮੀ ਕਰ ਰਿਛਾ, ਰੱਛਕ ਹੋ ਕੇ ਵੇਖ ਵਖਾਈਆ । ਕੀ ਸਤਿਜੁਗ ਤ੍ਰੇਤਾ ਦਵਾਪਰ ਦਿਤੀ ਸਿਖਾ, ਸਿਖਿਆ ਸਚ ਨਾਮ ਸਮਝਾਈਆ । ਕੀ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਲਿਖਾ, ਅੱਠ ਦਸ ਵੱਜੀ ਵਧਾਈਆ । ਕੀ ਅੰਤ ਓਸ ਦਾ ਨਿਕਲਣਾ ਸਿੱਟਾ, ਸਿੱਟੇਬਾਜ਼ੀ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਲੇਖ ਕਰ ਦੇ ਚਿੱਟਾ, ਚੇਟਕ ਆਪਣਾ ਨਾਮ ਲਗਾਈਆ । ਤੇਰਾ ਖੇਲ ਕਿਸੇ ਨਾ ਦਿਸਾ, ਨੇਤਰ ਅੱਖ ਨਾ ਕੋਇ ਸਮਝਾਈਆ । ਸਭ ਦਾ ਮਾਲਕ ਬਣ ਪਿਤਾ, ਪਤਿਪਰਮੇਸ਼ਵਰ

੧੪੩੪ ੨੧

ਹੋ ਸਹਾਈਆ । ਤੁਧ ਬਿਨ ਜੁਗ ਨਾ ਕਿਸੇ ਨਜਿੱਠਾ, ਲਹਿਣਾ ਅੰਤ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਨਾਲ ਮਿਲਾਈਆ । ਅਵਤਾਰ ਕਹਿਣ ਜੰਞੂ ਬੋਦੀ ਤੇਰੀ ਝੋਲੀ, ਝਲਕ ਦੇਣੀ ਰਾਮ ਦੁਹਾਈਆ । ਆਤਮ ਪਰਮਾਤਮ ਸਭ ਦੀ ਸਾਂਝੀ ਕਰ ਬੋਲੀ, ਅਨਬੋਲਤ ਰਾਗ ਸੁਣਾਈਆ । ਸਤਿਗੁਰ ਸ਼ਬਦ ਬਣਾ ਢੋਲੀ, ਦੋ ਜਹਾਨ ਕਰੇ ਸ਼ਨਵਾਈਆ । ਕਲਜੁਗ ਕੂੜੀ ਮੇਟ ਦੇ ਰੌਲੀ, ਰੌਣਕ ਆਪਣਾ ਨਾਮ ਲਗਾਈਆ । ਅਸਾਂ ਖੇਲ ਦੱਸਿਆ ਹੌਲੀ ਹੌਲੀ, ਜਗ ਜੁਗਤੀ ਗਏ ਜਣਾਈਆ । ਤੇਰਾ ਲੇਖਾ ਉਪਰ ਧੌਲੀ, ਧਰਨੀ ਧਰਤ ਧਵਲ ਸੀਸ ਝੁਕਾਈਆ । ਧਾਰ ਵੇਖ ਕ੍ਰਿਸ਼ਨ ਕਾਹਨ ਸੌਲੀ, ਸਾਵਲ ਸੁੰਦਰ ਰੰਗ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰੇ ਬਹੁੜੀ ਬਹੁੜੀ, ਦੁੱਖ ਦਰਦ ਵਿਚ ਕੁਰਲਾਈਆ । ਸਾਚੇ ਨਾਮ ਦੀ ਲਾ ਦੇ ਪੌੜੀ, ਡੰਡਾ ਇਕੋ ਇਕ ਵਖਾਈਆ । ਮਾਨਸ ਵੇਲ ਰਹੇ ਕੋਇ ਨਾ ਕੌੜੀ, ਅੰਮ੍ਰਿਤ ਰਸ ਦੇਣਾ ਭਰਾਈਆ । ਗਲੀ ਭੀੜੀ ਮੇਟ ਦੇ ਸੌੜੀ, ਮਾਰਗ ਪੰਥ ਇਕ ਜਣਾਈਆ । ਭਗਤ ਭਗਵਾਨ ਬਣਾ ਲੈ ਜੋੜੀ, ਆਤਮ ਪਰਮਾਤਮ ਰੰਗ ਰੰਗਾਈਆ । ਸੁਰਤੀ ਸ਼ਬਦ ਬੰਨ੍ਹ ਲੈ ਡੋਰੀ, ਤੰਦਵ ਤੰਦ ਨਾ ਕੋਇ ਕਟਾਈਆ । ਪੁਰਖ ਅਕਾਲ ਅਰਜ਼ ਮੋਰੀ, ਅਵਤਾਰ ਅਵਤਰਾ ਰਿਹਾ ਜਣਾਈਆ । ਤੇਰੇ ਨਾਮ ਦੀ ਹੋਵੇ ਚੋਰੀ, ਠੱਗੀ ਯਾਰੀ ਵੇਖ ਲੋਕਾਈਆ । ਮੰਤਰ ਫੁਰਨਾ ਫੁਰੇ ਨਾ ਕੋਈ ਫੋਰੀ, ਕਲਪਣਾ ਕੂੜ ਨਾ ਕੋਇ ਮਿਟਾਈਆ । ਸਾਚਾ ਨਾਮ ਬਖ਼ਸ਼ ਦੇ ਭੋਰੀ, ਭੋਰਿਆਂ ਵਿਚ ਪੈਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਵੇਖ ਵਖਾਈਆ । ਅਵਤਾਰ ਕਹਿਣ ਬੋਦੀ ਜੰਞੂ ਤੇਰਾ ਰਸਤਾ, ਰਾਹੇ ਰਾਸਤ ਦਿਤਾ ਦ੍ਰਿੜਾਈਆ ।

ਅੰਤਮ ਬੰਨ੍ਹ ਸਭ ਦਾ ਬਸਤਾ, ਸ਼ਬਦੀ ਧਾਰ ਗੰਢ ਪਵਾਈਆ । ਸਾਚਾ ਮਾਰਗ ਦੱਸ ਦੇ ਸਸਤਾ, ਜਿਥੇ ਕ਼ੀਮਤ ਮੂਲ ਨਾ ਲਾਗੇ ਰਾਈਆ । ਮਨ ਫਿਰੇ ਮੂਲ ਨਾ ਨੱਸਦਾ, ਕੂੜ ਕਲਪਣਾ ਨਾ ਕੋਇ ਕੁਰਲਾਈਆ । ਨਜ਼ਾਰਾ ਦੇ ਦੇ ਆਪਣੀ ਅੱਖ ਦਾ, ਨਿਜ ਨੇਤਰ ਨੈਣ ਕਰ ਰੁਸ਼ਨਾਈਆ । ਗ੍ਰਿਹਿ ਮੰਦਰ ਵਖਾ ਦੇ ਸਚ ਦਾ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਝਗੜਾ ਰਹੇ ਨਾ ਕਾਇਆ ਮਾਟੀ ਕੱਚ ਦਾ, ਕੱਚੀ ਤੰਦ ਦੇਣੀ ਤੁੜਾਈਆ । ਤੇਰਾ ਪਿਆਰ ਲੂੰ ਲੂੰ ਹੋਵੇ ਰਚਦਾ, ਰਚਨਾ ਆਪਣੀ ਦੇਣੀ ਵਖਾਈਆ । ਝਗੜਾ ਰਹੇ ਨਾ ਮਨਮਤ ਦਾ, ਗੁਰਮਤ ਇਕੋ ਇਕ ਦ੍ਰਿੜਾਈਆ । ਮੇਲ ਮਿਲ ਜਾਏ ਕਮਲਾਪਤ ਦਾ, ਪਤਿਪਰਮੇਸ਼ਵਰ ਸੋਭਾ ਪਾਈਆ । ਦਰ ਖੋਲ੍ਹ ਅਗੰਮੇ ਹੱਟ ਦਾ, ਵਣਜਾਰੇ ਗੁਰਮੁਖ ਲੈ ਬਣਾਈਆ । ਰਾਗ ਸੁਣਾ ਸ਼ਬਦੀ ਭੱਟ ਦਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਿਨਾਰਾ ਦੱਸਦੇ ਆਪਣੇ ਤਟ ਦਾ, ਜਿਥੇ ਅੰਮ੍ਰਿਤ ਧਾਰ ਵਹਾਈਆ । ਤੇਰਾ ਨਾਮ ਨਿਧਾਨਾ ਚਾਰ ਕੁੰਟ ਫਿਰੇ ਟਪਦਾ, ਟੱਪਾ ਤੇਰੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅਵਤਾਰ ਕਹਿਣ ਜੰਞੂ ਬੋਦੀ ਤੇਰੀ ਰਸਮ, ਰਸਤਾ ਦੀਨ ਦੁਨੀ ਸਮਝਾਈਆ । ਵੰਡ ਕਰ ਕੇ ਮਾਟੀ ਜਿਸਮ, ਹੁਕਮ ਨਾਮ ਦਿਤਾ ਦ੍ਰਿੜਾਈਆ । ਆਪਣੀ ਇਕੋ ਸਮਝਾ ਕੇ ਕਿਸਮ, ਨੂਰ ਜ਼ਹੂਰ ਜਗਤ ਚਮਕਾਈਆ । ਜਲਵਾ ਜਣਾ ਕੇ ਆਪਣੇ ਚਸ਼ਮ, ਚਸ਼ਮਦੀਦ ਦਰ ਸਮਝਾਈਆ । ਸਭ ਦੇ ਪੂਰੇ ਕਰ ਬਚਨ, ਭਵਿਖਤ ਲਿਖਤ ਦੇ ਵਡਿਆਈਆ । ਕਲਜੁਗ ਜੀਵ ਚਾਰੋਂ ਕੁੰਟ ਮੱਚਣ, ਅਗਨੀ ਅੱਗ ਨਾ ਕੋਇ ਬੁਝਾਈਆ । ਜਗਤ ਵਿਕਾਰੇ ਵਿਚ ਤਪਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਅੰਤ ਸਭ ਦਾ ਫਲ ਲੱਗਾ

ਪੱਕਣ, ਸਭ ਦੀ ਝੋਲੀ ਦੇਣਾ ਪਾਈਆ । ਅਸਾਂ ਛੱਡਣਾ ਲੋਕਮਾਤ ਦਾ ਵਤਨ, ਬੇਵਤਨ ਦਈਏ ਜਣਾਈਆ । ਸਚ ਦਵਾਰੇ ਤੇਰੇ ਵਸਣ, ਵਸਨੀਕ ਇਕੋ ਸੋਭਾ ਪਾਈਆ । ਤੇਰਾ ਨਾਮ ਧੁਰ ਦਾ ਹੋਵੇ ਭਜਨ, ਬੰਦਗੀ ਇਕ ਦ੍ਰਿੜਾਈਆ । ਇਕੋ ਧੂੜ ਕਰਾਉਣਾ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਪਰਮਾਤਮ ਆਤਮ ਬਣਨਾ ਸੱਜਣ, ਸਗਲਾ ਸੰਗ ਨਿਭਾਈਆ । ਤੇਰੇ ਭਗਤ ਸੁਹੇਲੇ ਦੀਪਕ ਜੋਤੀ ਜਗਣ, ਚਾਰ ਕੁੰਟ ਹੋਏ ਰੁਸ਼ਨਾਈਆ । ਸੰਤ ਸੁਹੇਲੇ ਤੈਨੂੰ ਸੱਦਣ, ਅੰਤਰ ਆਤਮ ਆਵਾਜ਼ ਲਗਾਈਆ । ਪ੍ਰੇਮ ਪ੍ਰੀਤੀ ਵਿਚ ਹੋ ਕੇ ਮਗਨ, ਮਾਇਆ ਮਮਤਾ ਮੋਹ ਗਵਾਈਆ । ਨਾਦ ਅਗੰਮੀ ਤੇਰੇ ਵੱਜਣ, ਧੁਨ ਧੁਨ ਸ਼ਨਵਾਈਆ । ਅਵਤਾਰ ਦਵਾਰੇ ਤੇਰੇ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਬਾਵਨ ਹੋ ਕੇ ਲੱਗਾ ਗੱਜਣ, ਕੂਕ ਕੂਕ ਸੁਣਾਈਆ । ਬਲ ਖਲੋ ਕੇ ਉਪਰ ਪੱਬਨ, ਨਿਗਾਹ ਜ਼ਿਮੀਂ ਅਸਮਾਨ ਜਣਾਈਆ । ਜਿਸ ਦਾ ਆਕਾਰ ਲੱਗਾ ਵਧਣ, ਸਾਕਾਰ ਦਏ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਦਿਸੇ ਨਗਨ, ਪਰਦਾ ਨਾਮ ਨਾ ਕੋਇ ਰਖਾਈਆ । ਨਿਗਾਹ ਮਾਰੀ ਉਪਰ ਗਗਨ, ਗਗਨੰਤਰ ਦਏ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਭੱਜਣ, ਚਲਣ ਵਾਹੋ ਦਾਹੀਆ । ਰਾਵੀ ਕਿਨਾਰਾ ਸਾਰੇ ਲੱਭਣ, ਆਪਣਾ ਪੰਧ ਮੁਕਾਈਆ । ਇਕ ਦੂਜੇ ਦੀਆਂ ਪੈੜਾਂ ਦੱਬਣ, ਚਾਰ ਜੁਗ ਦਾ ਖੁਰਾ ਖੋਜ ਖੁਜਾਈਆ । ਆਪਣੀਆਂ ਵਿਚਾਰਾਂ ਵਿਚੋਂ ਕੱਢਣ, ਧਿਆਨ ਧਿਆਨ ਨਾਲ ਮਿਲਾਈਆ । ਬਲ ਨੂੰ ਯਾਦ ਆ ਗਿਆ ਪਿਛਲਾ ਸਿੰਘ ਬਚਨ, ਬਚਨ ਜਿਸ ਦਾ ਪੂਰ ਕਰਾਈਆ । ਜਿਹੜਾ ਜੁਗਿੰਦਰ ਸਿੰਘ ਨੇ ਭੇਜਿਆ ਸਗਣ, ਕੌਰ ਜੁਗਿੰਦਰ ਦੀ ਝੋਲੀ ਦੇਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਅਵਤਾਰ ਕਹਿਣ ਬੋਦੀ ਜੰਞੂ

ਤੇਰਾ ਰੂਪ, ਸਾਹਿਬ ਤੇਰੀ ਸ਼ਰਨਾਈਆ । ਬਲ ਬਾਵਨ ਵਾਲਾ ਭੂਪ, ਦਾਤਾ ਦਾਨੀ ਰਿਹਾ ਵਖਾਈਆ । ਜਿਸ ਨੇ ਆਪਣਾ ਕੀਤਾ ਕੂਚ, ਕੂਚਾ ਗਲੀ ਵਖਾਈਆ । ਉਸ ਦਾ ਨੰਨ੍ਹਾ ਇਕ ਸਪੂਤ, ਰਾਵੀ ਕੰਢੇ ਡੇਰਾ ਲਾਈਆ । ਉਸ ਦੇ ਨਾਲ ਨਫ਼ਰ ਸੀ ਦੂਤ, ਨੀਦਾ ਪਿਛਲਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨੀਦਾ ਬਣ ਕੇ ਖੇਵਟ ਖੇਟਾ, ਬਲ ਸਪੁੱਤਰ ਕੰਧ ਉਠਾਈਆ । ਪ੍ਰੇਮ ਪਿਆਰ ਦੀ ਦੇ ਕੇ ਭੇਟਾ, ਕੱਪੜ ਤਨ ਛੁਹਾਈਆ । ਪੁਰਖ ਅਕਾਲ ਤੱਕਿਆ ਨੇਤਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਪਿਆਰ ਬਖ਼ਸ਼ਿਆ ਹੇਤਾ, ਅੰਦਰ ਅੰਤਰ ਦਰਸਾਈਆ । ਵੇਲਾ ਵਕ਼ਤ ਯਾਦ ਕਰ ਲਾ ਚੇਤਾ, ਚੇਤਨ ਸੁਰਤੀ ਦਿਆਂ ਕਰਾਈਆ । ਫੇਰ ਭੇਵ ਖੁਲ੍ਹਾਇਆ ਦਸ ਦਸਮੇਸ਼ਾ, ਪਰਦਾ ਆਪ ਖੁਲ੍ਹਾਈਆ । ਫਿਰ ਅੰਤ ਜਣਾਇਆ ਜਿਸ ਵੇਲੇ ਕਲਜੁਗ ਧਾਰਿਆ ਭੇਸਾ, ਕਲ ਕਲਕੀ ਨਾਉਂ ਵਡਿਆਈਆ । ਖੇਲ ਖਿਲਾਵਾਂ ਮਾਝੇ ਦੇਸਾ, ਦੇਸ ਦੇਸੰਤਰ ਡੇਰਾ ਢਾਹੀਆ । ਭਗਤ ਸੁਹੇਲੇ ਪੂਰਬ ਵੇਖਾਂ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਸਭ ਦਾ ਪੂਰਾ ਕਰਾਂ ਲੇਖਾ, ਬਚਿਆ ਰਹਿਣ ਕੋਇ ਨਾ ਪਾਈਆ । ਮਾਣ ਦਵਾਵਾਂ ਮੂੰਡ ਮੁੰਡਾਏ ਧਾਰੀ ਕੇਸਾ, ਸੁੰਨਤ ਹੁੰਨਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨੀਦੂ ਕਿਹਾ ਮੇਰੇ ਅੰਤਰ ਇਕ ਰੀਝ, ਪ੍ਰੇਮ ਨਾਲ ਜਣਾਈਆ । ਬਲ ਸਪੂਤੇ ਤੇਰੇ ਗਲ ਪਹਿਨਾਵਾਂ ਕ਼ਮੀਜ਼, ਤਨ ਵਜੂਦ ਨਾਲ ਵਡਿਆਈਆ । ਮਸਤਕ ਉਤੇ ਮਾਰ ਕੇ ਲੀਕ, ਬਿਨਾ ਨਿਸ਼ਾਨ ਉਂਗਲ ਛੁਹਾਈਆ । ਧੁਰ ਹੁਕਮ ਹੋਇਆ ਤੇਰੀ ਆਸਾ ਪੂਰੀ ਹੋਏ ਉਮੀਦ, ਮਨਸਾ ਵੇਖ ਵਖਾਈਆ । ਓਸ ਸਾਹਿਬ ਦੀ ਰੱਖ

ਉਡੀਕ, ਜੋ ਮਾਲਕ ਧੁਰਦਰਗਾਹੀਆ । ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਤਾਰੀਕ, ਨਿਰਗੁਣ ਨੂਰ ਨਾ ਕੋਇ ਚਮਕਾਈਆ । ਓਸ ਵੇਲੇ ਪ੍ਰਭ ਠਾਕਰ ਆਵੇ ਠੀਕ, ਠੋਕਰ ਆਪਣਾ ਨਾਮ ਲਗਾਈਆ । ਸਾਚਾ ਨਾਮ ਦੱਸ ਹਦੀਸ, ਧੁਰ ਦਾ ਮੰਤਰ ਦਏ ਜਣਾਈਆ । ਇਕੇ ਗ੍ਰਹਿ ਕਰ ਵਸਨੀਕ, ਵਾਸਤਾ ਆਪਣੇ ਨਾਲ ਜੁੜਾਈਆ । ਸ਼ਬਦੀ ਧਾਰ ਦੇ ਤਮੀਜ਼, ਲੇਖਾ ਪੂਰਬ ਦਏ ਦ੍ਰਿੜਾਈਆ । ਏਸੇ ਕਾਰਨ ਜੁਗਿੰਦਰ ਸਿੰਘ ਦੀ ਪੂਰੀ ਕੀਤੀ ਰੀਝ, ਰਮਜ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਅਵਤਾਰ ਕਹਿਣ ਪ੍ਰਭ ਜੰਬੂ ਬੋਦੀ ਲੈ ਸੰਭਾਲ, ਸੰਭਲ ਤੇਰੇ ਚਰਨ ਟਿਕਾਈਆ । ਤੂੰ ਸ਼ਹਿਨਸ਼ਾਹ ਅਸੀਂ ਕੰਗਾਲ, ਜੁਗ ਜੁਗ ਦੇ ਮੰਗਤੇ ਝੋਲੀ ਡਾਹੀਆ । ਤੂੰ ਪਿਤਾ ਪੁਰਖ ਅਕਾਲ, ਆਦਿ ਅੰਤ ਤੇਰੀ ਸਰਨਾਈਆ । ਹਉਂ ਬਾਲਕ ਨੱਢੇ ਤੇਰੇ ਲਾਲ, ਤੇਰੀ ਗੋਦ ਡੇਰਾ ਲਾਈਆ । ਜੁਗ ਚੌਕੜੀ ਸਮਝ ਨਾ ਸਕੇ ਚਾਲ, ਨਿਤ ਨਵਿਤ ਵੇਸ ਵਟਾਈਆ । ਸ਼ਬਦ ਸੰਦੇਸ਼ਾ ਸੁਣਦੇ ਰਹੇ ਹਾਲ, ਅੱਗੇ ਅਵਰ ਨਾ ਕੋਇ ਚਤੁਰਾਈਆ । ਤੇਰੀ ਮਹਿਮਾ ਵਿਚ ਕਰਦੇ ਰਹੇ ਭਾਲ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਖੋਜਦੇ ਰਹੇ ਕਾਇਆ ਮਾਟੀ ਖਾਲ, ਤਨ ਵਜੂਦ ਪਰਦਾ ਲਾਹੀਆ । ਜਾਂ ਤੱਕਿਆ ਤੂੰ ਦਾਤਾ ਦੀਨ ਦਿਆਲ, ਦਇਆਨਿਧ ਸਰਨਾਈਆ । ਜਹਾਂ ਤਹਾਂ ਕਰੇਂ ਪ੍ਰਿਤਪਾਲ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਅੰਤਮ ਵੇਖ ਹਾਲ, ਹਾਲਤ ਵਿਗੜੀ ਜਗਤ ਲੋਕਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕ ਰਿਹਾ ਵਜਾਈਆ । ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਸਾਚੀ ਸਿਖਿਆ ਇਕ ਸਿਖਾਲ, ਚਾਰ ਵਰਨ ਇਕ ਸਰਨਾਈਆ । ਸਤਿ ਧਰਮ ਬਣਾ ਧਰਮਸਾਲ, ਦਵਾਰਾ ਇਕੋ ਇਕ ਵਡਿਆਈਆ । ਜਿਥੇ ਬੈਠਣ ਸ਼ਾਹ ਕੰਗਾਲ, ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਰਖਾਈਆ । ਸਭ ਦਾ ਹੋਵੇ ਇਕੋ ਸਵਾਲ, ਮਾਂਗਤ ਇਕੋ ਅਲਖ ਜਗਾਈਆ । ਇਕੋ ਸ਼ਬਦ ਹੋਵੇ ਦਲਾਲ, ਦੂਜਾ ਵਿਚੋਲਾ ਨਾ ਕੋਇ ਵਡਿਆਈਆ । ਕਾਇਆ ਮੰਦਰ ਅੰਦਰ ਹੋਵੇ ਤੇਰੀ ਭਾਲ, ਬਾਹਰ ਖੋਜਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਅਵਤਾਰ ਕਹਿਣ ਪ੍ਰਭ ਜੰਬੂ ਬੋਦੀ ਰੀਤੀ ਜਗ, ਤੱਤਾਂ ਵੰਡ ਵੰਡਾਈਆ । ਤੇਰਾ ਦਰਸ ਉਪਰ ਸ਼ਾਹਰਗ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਰਮ ਦੀ ਸਾੜੇ ਕੋਇ ਨਾ ਅੱਗ, ਵਿਕਾਰ ਹੰਕਾਰ ਨਾ ਕੋਇ ਜਣਾਈਆ । ਤੇਰਾ ਸ਼ਬਦ ਸੁਣੀਏ ਅਨਹਦ, ਨਾਦੀ ਨਾਦ ਸ਼ਨਵਾਈਆ । ਪਿਛਲੇ ਝਗੜੇ ਜਾਈਏ ਛੱਡ, ਅੱਖਰਾਂ ਵਾਲੇ ਨਾਮ ਨਾ ਵੰਡ ਵੰਡਾਈਆ । ਇਕੋ ਨਿਸ਼ਾਨਾ ਦਏ ਗੱਡ, ਦੋ ਜਹਾਨਾਂ ਦਈਏ ਝੁਲਾਈਆ । ਤੈਥੋਂ ਰਹੇ ਕੋਇ ਨਾ ਅੱਡ, ਆਤਮ ਪਰਮਾਤਮ ਜੋੜ ਜੁੜਾਈਆ । ਹੁਕਮੇ ਅੰਦਰ ਸਾਰੇ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਅਸੀਂ ਸਾਰੇ ਤੇਰੀ ਯੱਦ, ਯਕੇ ਬਾਦ ਦੀਗਰੇ ਸੇਵ ਕਮਾਈਆ । ਜੁਗ ਚੌਕੜੀ ਗਏ ਲੰਘ, ਸਤਿਜੁਗ ਤਰੇਤਾ ਦੁਆਪਰ ਪੰਧ ਮੁਕਾਈਆ । ਕਲਜੁਗ ਕਿਰਪਾ ਕਰ ਝੱਬ, ਦਰ ਤੇਰੇ ਵਾਸਤਾ ਪਾਈਆ । ਚਾਰੋਂ ਕੁੰਟ ਅੰਧੇਰੀ ਖੱਡ, ਬਿਨ ਸੰਬਲ ਤੋਂ ਸੰਭਲ ਕੇ ਚਰਨ ਨਾ ਕੋਇ ਟਿਕਾਈਆ । ਸੰਤ ਸੁਹੇਲੇ ਆਪਣੇ ਲੱਭ, ਚਾਰੋਂ ਕੁੰਟ ਫੋਲ ਫੁਲਾਈਆ । ਕਲਜੁਗ ਜੀਵ ਬਗੜੇ ਬਪ, ਰਸਨਾ ਕਾਗ ਵਾਂਗ ਕੁਰਲਾਈਆ । ਬਿਨ ਹਰਿ ਨਾਮੇ ਖ਼ਾਲੀ ਹੱਡ, ਨਾੜੀ ਪਿੰਜਰ ਦਏ ਦੁਹਾਈਆ । ਅਵਤਾਰ ਕਹਿਣ ਬਹੁੜੀ ਸਾਡਾ ਨਹੀਂ ਕੋਈ ਵੱਸ, ਵਾਸਤਾ ਤੇਰੇ ਅੱਗੇ ਪਾਈਆ । ਅਸੀਂ ਤੇਰੇ ਨਾਮ

ਦਾ ਗਾ ਕੇ ਆਏ ਜਸ, ਸਿਫ਼ਤਾਂ ਵਿਚ ਸਾਲਾਹੀਆ । ਕਲਜੁਗ ਵੇਖ ਰੈਣ ਅੰਧੇਰੀ ਮੱਸ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਕੂੜ ਕਲਪਣਾ ਰਹੀ ਨਚ, ਧਰਮ ਦਵਾਰਿਆਂ ਨਾਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸੁਹੰਜਣਾ ਇਕ ਸੁਹਾਈਆ । ਅਵਤਾਰ ਕਹਿਣ ਜੰਞੂ ਬੋਦੀ ਧੋਤੀ, ਧੁਰ ਧਰਮ ਸਰਨਾਈਆ । ਸ੍ਰਿਸ਼ਟ ਸਬਾਈ ਉਠਾ ਸੋਤੀ, ਕਲਜੁਗ ਸੁੱਤਿਆਂ ਰੈਣ ਵਿਹਾਈਆ । ਕਰ ਪ੍ਰਕਾਸ਼ ਨਿਰਮਲ ਜੋਤੀ, ਅੰਧ ਅੰਧੇਰ ਮਿਟਾਈਆ । ਸਾਚਾ ਸ਼ਬਦ ਸੁਣਾ ਸਲੋਕੀ, ਸੋਹਲਾ ਅਗੰਮ ਅਥਾਹੀਆ । ਤੇਰੀ ਖੇਲ ਵੇਖੀ ਅਨੋਖੀ, ਅਚਰਜ ਦੇ ਦ੍ਰਿੜਾਈਆ । ਕਲਜੁਗ ਜੀਵਾਂ ਮਤ ਰਹੇ ਨਾ ਹੋਛੀ, ਹੁਸ਼ਿਆਰੀ ਨਾਲ ਦੇ ਬਦਲਾਈਆ । ਤੇਰੀ ਸਮਝ ਨਾ ਆਵੇ ਸੋਚੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਲੇਖਾ ਵੇਖ ਰਵਿਦਾਸ ਚਮਾਰੇ ਮੋਚੀ, ਜੋ ਮਚਲ ਕੇ ਗਿਆ ਵਖਾਈਆ । ਕਲਜੁਗ ਕਾਇਆ ਬਾਹਰੋਂ ਹੋਣੀ ਪੋਚੀ, ਅੰਤਰ ਕੂੜ ਕੁਰਲਾਈਆ । ਉਸ ਵੇਲੇ ਬਿਨਾ ਪੁਰਖ ਅਕਾਲ ਤੋਂ ਹੋਣਾ ਕੋਇ ਨਾ ਧੋਬੀ, ਨਾਮਾ ਛੀਬਾ ਦਏ ਗਵਾਹੀਆ । ਬਿਨਾ ਦੀਨ ਦਿਆਲ ਚੁੱਕੇ ਕੋਇ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਗਿਆ ਜਣਾਈਆ । ਕੰਨ ਪਾਟਾ ਰਹੇ ਕੋਇ ਨਾ ਜੋਗੀ, ਗੋਰਖ ਮਛੰਦਰ ਕੂਕ ਸੁਣਾਈਆ । ਰਾਮ ਰਸੀਆ ਰਹੇ ਕੋਇ ਨਾ ਭੋਗੀ, ਰਾਵਣ ਰਾਹ ਵਿਚ ਗਿਆ ਜਣਾਈਆ । ਸਾਬਤ ਰਹੇ ਕਿਸੇ ਨਾ ਬੋਦੀ, ਬੁੱਧ ਕੂਕ ਕੇ ਦਿਤੀ ਦੁਹਾਈਆ । ਪੰਚਬਟੀ ਰਾਮ ਨੇ ਬੰਨ੍ਹ ਕੇ ਧੋਤੀ, ਸੀਤਾ ਸਹਿਜ ਨਾਲ ਜਣਾਈਆ । ਕਲਜੁਗ ਅੰਤਮ ਸਭ ਦੀ ਵਾਸਨਾ ਹੋਣੀ ਖੋਟੀ, ਮੇਰਾ ਲਬਾਸ ਸਾਥ ਨਾ ਕੋਇ ਨਿਭਾਈਆ । ਬ੍ਰਾਹਮਣਾ ਖਾਣੀ ਬ੍ਰਹਮ ਧਾਰ ਦੀ ਬੋਟੀ, ਸਚ ਸੁਚ ਨਾ ਕੋਇ ਸਮਾਈਆ । ਵਿਦਿਆ ਫਿਰਨੀ ਮਗਰ ਰੋਟੀ, ਘਰ ਘਰ ਪਏ ਦੁਹਾਈਆ । ਬੋਦੀ ਵਾਲਿਆਂ ਪਹਿਨਣੀ ਟੋਪੀ, ਟੋਪੀਆਂ ਵਾਲਿਆਂ ਟੱਪਾ ਰਾਮ ਜਾਣਾ ਭੁਲਾਈਆ । ਸਾਧਾਂ ਬੰਨ੍ਹਣੀ ਤੇੜ ਲੰਗੋਟੀ, ਸਾਬਤ ਨਜ਼ਰ ਕੋਇ ਨਾ ਆਈਆ । ਕਲਜੁਗ ਆਯੂ ਹੋਣੀ ਛੋਟੀ, ਪੂਰੀ ਪੂਰਨ ਪ੍ਰਭ ਨਾ ਕੋਇ ਕਰਾਈਆ । ਸਾਧਾਂ ਨਾਮ ਜਪਣਾ ਹੋਠੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਚਿੰਨ੍ਹ ਬਣੌਣੇ ਠੋਡੀ, ਛਾਰ ਸੀਸ ਵਿਚ ਸੁਟਾਈਆ । ਰਸ ਰਹਿਣਾ ਨਹੀਂ ਵਿਚ ਡੋਡੀ, ਪੰਖੜੀਆਂ ਰੂਪ ਨਾ ਕੋਇ ਮਹਿਕਾਈਆ । ਪਿਉਆਂ ਪੁੱਤਰਾਂ ਦੀ ਹੱਥ ਲਾਉਣਾ ਗੋਡੀਂ, ਜਗਤ ਮਾਣ ਵਡਿਆਈਆ । ਗੋਬਿੰਦ ਪ੍ਰਗਟ ਹੋਣਾ ਕੁਲ ਸੋਢੀ, ਸੋਢ ਬੰਸ ਸਮਝਾਈਆ । ਫੇਰ ਉਸ ਨੇ ਸਭ ਨੂੰ ਜਾਣਾ ਛੋਡੀ, ਅਗਲਾ ਸੰਗ ਨਾ ਕੋਇ ਵਖਾਈਆ । ਪੁਰਖ ਅਕਾਲ ਦੀ ਬਹਿਣਾ ਗੋਦੀ, ਸਚ ਦਵਾਰ ਸੁਹਾਈਆ । ਉਸ ਦੀ ਲੈ ਕੇ ਓਟੀ, ਸੰਬਲ ਨੂਰ ਰੁਸ਼ਨਾਈਆ । ਸਭ ਦੀ ਚੜ੍ਹ ਕੇ ਚੋਟੀ, ਚੋਟਾ ਬਣ ਕੇ ਵੇਖ ਵਖਾਈਆ । ਪਿਆਰ ਵਿਚ ਨਾ ਹੋਏ ਦੋਖੀ, ਵਿਹਾਰ ਵਿਚ ਸਰਬ ਤਜਾਈਆ । ਆਤਮ ਦਾ ਬਣ ਕੇ ਸ਼ੌਕੀ, ਪਰਮਾਤਮ ਆਪਣਾ ਜੋੜ ਜੁੜਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਭਰੀ ਚੌਕੀ, ਨਿਤ ਨਿਤ ਸੇਵ ਕਮਾਈਆ । ਉਸ ਦੀ ਕੁਲ ਕਦੇ ਜਾਏ ਨਾ ਔਂਤੀ, ਜਨ ਭਗਤ ਲਏ ਪ੍ਰਗਟਾਈਆ । ਭਗਤਾਂ ਨਾਲ ਪ੍ਰਭ ਦੀ ਧਾਰ ਸੋਹਤੀ, ਸੁਖ ਸਤਿਗੁਰ ਆਪ ਦ੍ਰਿੜਾਈਆ । ਆਤਮ ਨਾਰ ਸੁਹਾਗਣ ਥੌਂਤੀ, ਖ਼ਸਮ ਇਕੋ ਇਕ ਜਣਾਈਆ । ਗੋਬਿੰਦ ਢਈਆ ਲੌਣਾ ਢੌਂਕੀ, ਅੰਤ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਹਿਬ ਵੱਡ ਵਡਿਆਈਆ । ਅਵਤਾਰ ਕਹਿਣ ਜੰਞੂ ਬੋਦੀ ਤੇਰੀ ਸ਼ਰਧਾ, ਸ਼ਰਧਾਲੂ ਸੇਵ ਕਮਾਈਆ । ਤੂੰ ਮਾਲਕ ਸਾਚੇ ਘਰ ਦਾ, ਗ੍ਰਿਹ ਤੇਰੀ ਵਡਿਆਈਆ ।

ਤੂੰ ਰੂਪ ਨਰਾਇਣ ਨਰ ਦਾ, ਨਿਰੰਕਾਰ ਤੇਰੀ ਸ਼ਰਨਾਈਆ । ਜੋ ਚਾਹੇਂ ਸੋ ਕਰਦਾ, ਕਰਤਾ ਪੁਰਖ ਵਡ ਵਡਿਆਈਆ । ਨਾ ਜਨਮੇ ਨਾ ਮਰਦਾ, ਨਿਰਗੁਣ ਨੂਰ ਜੋਤ ਚਮਕਾਈਆ । ਸ਼ਬਦੀ ਧਾਰ ਘਾੜਨ ਘੜਦਾ, ਆਦਿ ਅੰਤ ਕਾਰ ਕਮਾਈਆ । ਲੇਖਾ ਜਾਣੇ ਚੇਟੀ ਜੜ੍ਹ ਦਾ, ਜੜ੍ਹ ਚੇਤਨ ਤੇਰੀ ਸਰਨਾਈਆ । ਅਵਤਾਰ ਤੇਰਾ ਨਾਮ ਪੜ੍ਹਦਾ, ਮਹਿਮਾ ਅਗੰਮ ਅਥਾਹੀਆ । ਚਰਨ ਧੂੜੀ ਖ਼ਾਕ ਮਲਦਾ, ਆਪਣੀ ਖ਼ੁਸ਼ੀ ਮਨਾਈਆ । ਜਿਸ ਵੇਲੇ ਤੇਰਾ ਦੀਪਕ ਜੋਤ ਬਲਦਾ, ਕਾਇਆ ਮੰਦਰ ਹੋਏ ਰੁਸ਼ਨਾਈਆ । ਨਾਮ ਸੰਦੇਸ਼ਾ ਹੋਵੇ ਘੱਲਦਾ, ਧੁਰ ਦੀ ਧਾਰ ਜਣਾਈਆ । ਪਰਦਾ ਲਾਹ ਕੇ ਨਿਹਚਲ ਧਾਮ ਅਟੱਲ ਦਾ, ਘਰ ਦਏ ਵਖਾਈਆ । ਹੁਣ ਵੇਲਾ ਕਲਜੁਗ ਕਲ ਦਾ, ਕੌਰਵ ਪਾਂਡਵ ਰੋਵਣ ਮਾਰਨ ਧਾਹੀਂਆ । ਕੀ ਲੇਖਾ ਅਠਾਰਾਂ ਕਸ਼ੂਣੀ ਦਲ ਦਾ, ਅਠਾਈ ਅੱਠ ਨਾਲ ਦੁਹਾਈਆ । ਤੇਰੇ ਅੱਗੇ ਜ਼ੋਰ ਨਾ ਚਲਦਾ, ਨਿਉਂ ਨਿਉਂ ਸੀਸ ਨਿਵਾਈਆ । ਕੁਝ ਭੇਵ ਦੱਸ ਦੇ ਸਵਾਲ ਹੱਲ ਦਾ, ਹਾਲਾਂਕਿ ਤੇਰੇ ਨਾਮ ਵਿਚੋਂ ਤੇਰਾ ਭੇਵ ਕੋਇ ਨਾ ਪਾਈਆ । ਤੇਰਾ ਖੇਲ ਅਛਲ ਅਛੱਲ ਦਾ, ਛਲਧਾਰੀ ਕੀ ਚਤੁਰਾਈਆ । ਕੀ ਲੇਖਾ ਹੋਣਾ ਸੱਤ ਸਮੁੰਦਰ ਜਲ ਦਾ, ਸਤ ਸਤ ਨਾਲ ਦ੍ਰਿੜਾਈਆ । ਕੀ ਖੇਲ ਹੋਣਾ ਕਲਜੁਗ ਡੂੰਘੀ ਡਲ ਦਾ, ਡੱਲੇ ਗੋਬਿੰਦ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਅਵਤਾਰ ਕਹਿਣ ਪ੍ਰਭੂ ਜੰਬੂ ਬੋਦੀ ਤੇਰੀ ਦਾਤ, ਦਾਤੇ ਦਾਨੀ ਤੇਰੀ ਸ਼ਰਨਾਈਆ । ਸਾਡਾ ਏਸ ਨਾਲ ਨਹੀਂ ਕੋਈ ਸਾਕ, ਨਾਤਾ ਰਹੇ ਤੁੜਾਈਆ । ਤੇਰਾ ਦੱਸ ਕੇ ਇਕੋ ਵਾਕ, ਵਾਕਿਆ ਰਹੇ ਜਣਾਈਆ । ਸਭ ਨੂੰ ਕਰਨਾ ਪਏ ਇਤਫ਼ਾਕ, ਨਿਫ਼ਾਕ ਵਿਚ ਨਾ ਕੋਇ ਰਖਾਈਆ । ਅਸੀਂ ਅਵਤਾਰ ਤੇਰੇ ਅੰਤ ਹੋ ਗਏ ਮਾਟੀ ਖ਼ਾਕ, ਜਿਸਮ ਨਜ਼ਰ ਕੋਇ ਨਾ ਆਈਆ । ਸਤਿ ਵਿਚ ਸਤਿ ਮਿਲਣ ਦੀ ਸਤਿ ਦੱਸੀ ਜਾਚ, ਯਾਚਕਾਂ ਦਿਤੀ ਦ੍ਰਿੜਾਈਆ । ਕੀ ਹੋਇਆ ਜੇ ਰਾਮ ਦੀ ਮਹਿਮਾ ਬਾਲਮੀਕ ਲਿਖੀ ਨਾਲ ਕ਼ਲਮ ਦਵਾਤ, ਇਸ਼ਾਰਿਆਂ ਵਿਚ ਦ੍ਰਿੜਾਈਆ । ਅੰਤ ਫੇਰ ਰਾਮ ਦੇ ਰਾਮ ਨੂੰ ਕਰ ਕੇ ਯਾਦ, ਡੰਡਾਵਤ ਵਿਚ ਸੀਸ ਨਿਵਾਈਆ । ਬਿਨਾ ਉਸ ਤੋਂ ਪੂਰੀ ਹੋਵੇ ਕਿਸੇ ਨਾ ਖ਼ਾਹਿਸ਼, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਗਵਾਈਆ । ਜਿਸ ਰਾਮ ਨੇ ਰਾਮ ਭੇਜਣਾ ਬਨਬਾਸ, ਜੰਗਲ ਜੂਹਾਂ ਵਿਚ ਫਿਰਾਈਆ । ਉਸ ਦਾ ਖੇਲ ਅਜਬ ਤਮਾਸ਼, ਅੱਗੇ ਪਿੱਛੇ ਨਾ ਕੋਇ ਦ੍ਰਿੜਾਈਆ । ਉਸ ਨੇ ਅੰਤਮ ਆਉਣਾ ਖ਼ਾਸ, ਖ਼ਾਲਸ ਆਪਣਾ ਰੂਪ ਦ੍ਰਿੜਾਈਆ । ਸਭ ਦਾ ਲੇਖਾ ਵੇਖਣਾ ਆਪ, ਆਪਣਾ ਪਰਦਾ ਲਾਹੀਆ । ਉਸ ਨੂੰ ਸਭ ਨੇ ਮੰਨਣਾ ਬਾਪ, ਪਿਤਾ ਪੁਰਖ ਅਕਾਲ ਸਰਨਾਈਆ । ਬਿਨਾ ਉਸ ਤੋਂ ਸਾਂਝਾ ਕਿਸੇ ਨਹੀਂ ਕਰਨਾ ਜਾਪ, ਮਾਨਵ ਰੰਗ ਨਾ ਕੋਇ ਰੰਗਾਈਆ । ਉਸ ਦੀ ਤਨ ਦੀ ਸਭ ਤੋਂ ਵਖਰੀ ਹੋਣੀ ਪੋਸ਼ਾਕ, ਬਿਨਾ ਜਨਮ ਤੋਂ ਆਪਣਾ ਆਪ ਵਿਚ ਛੁਪਾਈਆ । ਜਿਥੇ ਕਦੇ ਨਾ ਹੋਵੇ ਕੋਇ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਜਨ ਭਗਤਾਂ ਦੀ ਇਕੋ ਜਮਾਤ ਤੇ ਇਕੋ ਬਣਾਏ ਕਲਾਸ, ਕਲਾ ਆਪਣੀ ਆਪ ਦਰਸਾਈਆ । ਇਕੋ ਨਾਮ ਕ਼ਲਮਾ ਸ਼ਬਦ ਹੋਵੇ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਸਾਥ, ਦੋ ਜਹਾਨ ਨਾਤਾ ਨਾ ਕੋਇ ਤੁੜਾਈਆ । ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਵਿਚੋਂ ਪ੍ਰਗਟਾਈਆ । ਅਵਤਾਰ ਕਹਿਣ ਪ੍ਰਭ ਜੰਬੂ ਬੋਦੀ ਤੇਰੇ ਹਵਾਲੇ, ਅਹਿਵਾਲ ਵਿਚ ਜਣਾਈਆ । ਤੇਰੇ ਖੇਲ ਵੇਖ ਨਿਰਾਲੇ, ਨਿਰਾਕਾਰ ਤੇਰੀ ਸਰਨਾਈਆ । ਅਸੀਂ ਸਭ

ਦੇ ਕੱਢੇ ਦਿਵਾਲੇ, ਬਾਕੀ ਹਿਸਾਬ ਨਾ ਕੋਇ ਰਖਾਈਆ । ਅੰਤਮ ਬਦਲ ਕੇ ਆਪਣੇ ਚਾਲੇ, ਚਾਲ ਨਿਰਾਲੀ ਇਕ ਰਖਾਈਆ । ਤੁਧ ਬਿਨ ਮਾਤਲੋਕ ਨਾ ਕੋਇ ਸੰਭਾਲੇ, ਸੰਬਲ ਘਰ ਨਾ ਕੋਇ ਵਸਾਈਆ । ਲੱਭਿਆਂ ਹੱਥ ਨਾ ਆਵੇ ਭਾਲੇ, ਤੇਰਾ ਨੂਰ ਨਾ ਕੋਇ ਚਮਕਾਈਆ । ਕਲਜੁਗ ਕੂੜੀ ਕਿਰਿਆ ਤੋੜ ਜੰਜਾਲੇ, ਜਾਗਰਤ ਜੋਤ ਕਰ ਰੁਸ਼ਨਾਈਆ । ਕੀ ਪੁਕਾਰ ਕੀਤੀ ਤੇਗ਼ ਬਹਾਦਰ ਕੋਲ ਦੇਗ ਉਬਲਣ ਲੱਗੇ ਦਿਆਲੇ, ਸੀਸ ਸੀਸ ਵਿਚੋਂ ਨਿਵਾਈਆ । ਤੇਰੀ ਰਹਿਮਤ ਦੇ ਮੇਰੇ ਬਦਨ ਉਤੇ ਛਾਲੇ, ਸ਼ਾਲਾ ਬਖ਼ਸ਼ਣੀ ਇਕ ਸਰਨਾਈਆ । ਕਲਜੁਗ ਅੰਤ ਸਾਚੀ ਘਾਲਣਾ ਕੋਇ ਨਾ ਘਾਲੇ, ਗੁਰਮੁਖ ਨਜ਼ਰ ਕੋਇ ਨਾ ਆਈਆ । ਭੇਖਾਧਾਰੀ ਹੋਏ ਬਾਹਲੇ, ਬਹੁ ਗਿਣਤੀ ਵਿਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਅਵਤਾਰ ਕਹਿਣ ਜੰਞੂ ਬੋਦੀ ਤੇਰਾ ਖੇਲ ਪੰਜ ਤੱਤ ਬੁਤ, ਬੁਤਖ਼ਾਨੇ ਵੇਖ ਵਖਾਈਆ । ਅਸੀਂ ਤੇਰੇ ਲਾਡਲੇ ਸੁਤ, ਸਤਿਗੁਰ ਤੇਰੀ ਓਟ ਤਕਾਈਆ । ਤੂੰ ਸਾਹਿਬ ਸਵਾਮੀ ਅਬਿਨਾਸ਼ੀ ਅਚੁਤ, ਚਾਰ ਜੁਗ ਤੇਰੀ ਸਰਨਾਈਆ । ਸਾਰਾ ਤੈਨੂੰ ਦੱਸੀਏ ਦੁੱਖ, ਦੁਖੜੇ ਵਿਚ ਕੁਰਲਾਈਆ । ਜਨਣੀ ਪਵਿਤ੍ਰ ਨਾ ਕੋਇ ਕੁੱਖ, ਭਗਤ ਜਨਮੇ ਕੋਇ ਨਾ ਮਾਈਆ । ਮਾਤ ਗਰਭ ਉਲਟਾ ਰੁੱਖ, ਦਸ ਦਸ ਮਾਸ ਅਗਨ ਤਪਾਈਆ । ਕਲਜੁਗ ਵੇਖ ਅੰਧੇਰਾ ਘੁੱਪ, ਹੈਰਾਨੀ ਸਾਡੇ ਅੰਤਰ ਆਈਆ । ਪ੍ਰਭੂ ਬੈਠ ਗਏ ਅਸੀਂ ਚੁਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਹੁਣ ਆਪ ਨਾ ਜਾਵੀਂ ਛੁਪ, ਛਾਪਾ ਮਾਰ ਥਾਉਂ ਥਾਈਂਆ । ਸਾਡੀਆਂ ਕਰਨੀਆਂ ਸਾਡੇ ਕੋਲੋਂ ਪੁਛ, ਪਿੱਛਾ ਸਭ ਨੂੰ ਯਾਦ ਕਰਾਈਆ । ਪਰਦਾ ਉਹਲਾ ਰਹੇ ਨਾ ਲੁਕ, ਲੁਕਿਆਂ ਲੈ ਉਠਾਈਆ । ਅਸੀਂ ਤੇਰੀ ਸਾਰੇ ਗਾਉਣਾ ਚਾਹੁੰਦੇ ਇਕੋ ਤੁਕ, ਸੋਹੰ ਢੋਲਾ ਬੇਪਰਵਾਹੀਆ । ਜੋ ਆਦਿ ਦਾ ਰੂਪ ਮਾਨਸ ਮਾਨੁਖ, ਮਾਨਵ ਰੰਗ ਰੰਗਾਈਆ । ਇਸ ਤੋਂ ਪਰੇ ਨਹੀਂ ਹੋਰ ਕੁਛ, ਪਾਰਬ੍ਰਹਮ ਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਕਲਜੁਗ ਅੰਤਮ ਆਪਣੀ ਗੋਦੀ ਚੁਕ, ਚਾਰੋਂ ਕੁੰਟ ਹੋ ਸਹਾਈਆ । ਜਨ ਭਗਤਾਂ ਮੇਟ ਤ੍ਰਿਸ਼ਨਾ ਭੁੱਖ, ਮਮਤਾ ਮੋਹ ਨਾ ਕੋਇ ਹਲਕਾਈਆ । ਜੋ ਜਨਮ ਕਰਮ ਦੇ ਗਏ ਰੁਠ, ਰੁਸਿਆਂ ਲੈ ਮਨਾਈਆ । ਪੁਰਖ ਅਕਾਲੇ ਆਪੇ ਤੁਠ, ਮਿਹਰ ਨਜ਼ਰ ਟਿਕਾਈਆ । ਅਵਤਾਰ ਕਹਿਣ ਪ੍ਰਭੂ ਤੇਰੀ ਸੁਹੰਜਣੀ ਵੇਖੀਏ ਰੁਤ, ਰੁਤੜੀ ਤੇਰੇ ਨਾਲ ਮਹਿਕਾਈਆ । ਸਾਡੀ ਔਧ ਰਹੀ ਪੁਗ, ਪੂਜਣਯੋਗ ਤੇਰੀ ਸਰਨਾਈਆ । ਤੈਨੂੰ ਯਾਦ ਕਰਦੇ ਆਏ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ, ਜੁਗ ਚੌਕੜੀ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਤੇਜ ਸੂਰੀਆ ਜੋਤ ਨਾਮ ਜਾਏ ਉਗ, ਉਗਣ ਆਥਣ ਤੇਰਾ ਨੂਰ ਹੋਏ ਰੁਸ਼ਨਾਈਆ ।

### ❊ ੨ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਤਾਰ ਸਿੰਘ ਤੇ ਸਰਬਜੀਤ ਦੇ ਵਿਆਹ ਨਵਿਤ ਹਰਿ ਭਗਤ ਦਵਾਰ ਜੇਠੂਵਾਲ ❊

ਸੀਤਾ ਕਹੇ ਰਾਮ ਬਨਬਾਸੀ, ਰਾਮ ਕੀ ਰਾਮ ਵਿਚ ਵਡਿਆਈਆ । ਮੈਂ ਸੇਵਕ ਤੇਰੀ ਦਾਸੀ, ਤੂੰ ਕਿਸ ਨੂੰ ਸੀਸ ਨਿਵਾਈਆ । ਮੇਰੇ ਅੰਤਰ ਆਈ ਉਦਾਸੀ, ਚਿੰਤਾ ਦੇਣੀ ਮਿਟਾਈਆ । ਰਾਮ ਜ਼ਿਮੀਂ ਅਸਮਾਨਾਂ ਮਾਰੀ ਝਾਤੀ, ਨਿਗਾਹ ਅੱਖ ਵਿਚੋਂ ਬਦਲਾਈਆ । ਦਿਵਸ ਤੱਕਿਆ ਰਾਤੀ,

ਘੜੀ ਪਲ ਖੋਜ ਖੁਜਾਈਆ । ਸਮਾਂ ਸੁਹੰਞਣਾ ਪ੍ਰਭਾਤੀ, ਅੰਮ੍ਰਿਤ ਵੇਲਾ ਵੰਡ ਵੰਡਾਈਆ । ਖੇਲ ਸਮਝਾਇਆ ਪੁਰਖ ਅਬਿਨਾਸ਼ੀ, ਹਰਿ ਕਰਤਾ ਬੇਪ੍ਰਵਾਹੀਆ । ਜਿਸ ਨੇ ਦੋ ਜਹਾਨ ਰਚਾਈ ਰਾਸੀ, ਰਸਤਾ ਆਪਣਾ ਆਪ ਵਖਾਈਆ । ਓਹ ਆਦਿ ਅੰਤ ਦਾ ਨਾਤੀ, ਨਾਤਵਾਂ ਰੂਪ ਨਾ ਕੋਇ ਦਰਸਾਈਆ । ਸਭ ਦੀ ਮੰਜ਼ਲ ਵੇਖੇ ਵਾਟੀ, ਜੁਗ ਜੁਗ ਪਰਦਾ ਲਾਹੀਆ । ਪੁਸ਼ਤ ਪਨਾਹ ਮਾਰ ਕੇ ਥਾਪੀ, ਥਪਕੀ ਨਾਲ ਦਿਤਾ ਦ੍ਰਿੜਾਈਆ । ਜਿਸ ਦੀ ਖ਼ਤਮ ਨਾ ਹੋਵੇ ਹਯਾਤੀ, ਓਹ ਰਾਮ ਮੇਰਾ ਮਾਹੀਆ । ਕਦੇ ਨਾ ਬਣੇ ਬਨਬਾਸੀ, ਹਰ ਘਟ ਅੰਦਰ ਡੇਰਾ ਲਾਈਆ । ਲੱਖ ਚੁਰਾਸੀ ਸੀਤਾ ਸੁਰਤੀ ਜਿਸ ਦੇ ਚਰਨ ਕਵਲ ਨ੍ਹਾਤੀ, ਦੁਰਮਤ ਮੈਲ ਧਵਾਈਆ । ਰਸਨਾ ਕਰੇ ਕੋਈ ਨਾ ਪਾਠੀ, ਜਿਹਵਾ ਰਾਗ ਨਾ ਕੋਇ ਅਲਾਈਆ । ਜੋਧਾ ਸੂਰਬੀਰ ਬਣੇ ਨਾ ਰਾਠੀ, ਤਰਕਸ਼ ਤੀਰ ਕਮਾਨ ਨਾ ਕੰਧ ਉਠਾਈਆ । ਪਾਖਰ ਜ਼ੀਨ ਅਸਵ ਪਾਵੇ ਨਾ ਕਾਠੀ, ਰਾਸ ਹੱਥ ਨਾ ਕੋਇ ਉਠਾਈਆ । ਸਰੋਵਰ ਲਹਿਰ ਨਾ ਮਾਰੇ ਠਾਠੀ, ਜਲ ਧਾਰ ਨਾ ਵੰਡ ਵੰਡਾਈਆ । ਮੰਜ਼ਲ ਮੰਜ਼ਲ ਨਾ ਕੋਇ ਘਾਟੀ, ਹਿੱਸਾ ਵੰਡ ਨਾ ਕੋਇ ਰਖਾਈਆ । ਜਿਧਰ ਵੇਖਿਆ ਉਧਰ ਜੋਤ ਪ੍ਰਕਾਸ਼ੀ, ਪ੍ਰਕਾਸ਼ਵਾਨ ਬੇਪ੍ਰਵਾਹੀਆ । ਜੋ ਸਭ ਦੀ ਪੁੱਛੇ ਬਾਤੀ, ਵਾਤਾਵਰਨ ਖੋਜ ਖੁਜਾਈਆ । ਬੰਦ ਨਾ ਹੋਇਆ ਕਦੀ ਮਜ਼੍ਹਬ ਬਲਾਕੀਂ, ਗਜ਼ਬ ਦੀ ਆਪਣੀ ਖੇਲ ਖਿਲਾਈਆ । ਮਿਹਰ ਵਿਚ ਸਭ ਦੀ ਬਖ਼ਸ਼ ਦੇਵੇ ਗੁਸਤਾਖ਼ੀ, ਗ਼ੁੱਸਾ ਗ਼ਮ ਨਾ ਕੋਇ ਸਮਝਾਈਆ । ਮੈਂ ਉਸ ਰਾਮ ਦੀ ਮੰਨਾਂ ਆਖੀ, ਜੋ ਰਾਮ ਰਾਮ ਵਿਚ ਸਮਾਈਆ । ਜਿਸ ਦਾ ਖੇਲ ਬਾਜ਼ੀਗਰ ਨਾਟੀ, ਜੁਗ ਜੁਗ ਆਪਣਾ ਸਵਾਂਗ ਵਰਤਾਈਆ । ਸੀਤਾ ਸਤਿ ਦੀ ਦੇਵੇ ਦਾਤੀ, ਦਾਤਾ ਦਾਨੀ ਦਇਆ ਕਮਾਈਆ । ਲੇਖਾ ਰਹਿਣ ਨਾ ਦੇਵੇ ਬਾਕੀ, ਬਾਕਾਇਦਾ ਆਪਣਾ ਹੁਕਮ ਵਰਤਾਈਆ ।



ਕਦੇ ਨਾ ਕਰੇ ਸ਼ਤਾਬੀ, ਸ਼ਰਅ ਸ਼ਰਅ ਨਾ ਕੋਇ ਟਕਰਾਈਆ । ਰਾਮ ਨੇ ਫੇਰ ਵੇਖਿਆ ਸੀਤਾ ਗੱਲ ਸੁਣਾਵਾਂ ਸਾਚੀ, ਸਚ ਦਿਆਂ ਦ੍ਰਿੜਾਈਆ । ਮੇਰਾ ਰਾਮ ਰਾਮ ਬੜਾ ਫ਼ਸਾਦੀ, ਝਗੜਾ ਰਾਮ ਰਾਵਣ ਵਿਚ ਕਰਾਈਆ । ਆਪਣਾ ਖੇਲ ਦੱਸ ਕੇ ਕਾਗ਼ਜ਼ਾਤੀ, ਕ਼ਲਮਾਂ ਨਾਲ ਲਿਖਾਈਆ । ਸਿਫ਼ਤਾਂ ਵਿਚ ਬਣ ਕੇ ਸਾਥੀ, ਸਲਾਹਾਂ ਰੰਗ ਰੰਗਾਈਆ । ਧਾਰ ਹੋਣ ਨਾ ਦੇਵੇ ਨਿਰਾਸੀ, ਪਿਆਰ ਆਪਣਾ ਨਾਮ ਵਖਾਈਆ । ਸੀਤਾ ਕੱਢ ਕੇ ਕੋਲੋਂ ਗਲਾਸੀ, ਉਂਗਲਾਂ ਪੰਜ ਹੱਥ ਉਠਾਈਆ । ਜੇ ਅੰਮ੍ਰਿਤ ਦੇਵੇਂ ਅੰਮਿਉਂ ਰਸ ਹਯਾਤੀ, ਆਪਣੀ ਦਇਆ ਕਮਾਈਆ । ਰਾਮ ਨੇ ਚਰਨ ਧੂੜ ਪਾਈ ਵਿਚ ਖ਼ਾਕੀ, ਆਪਣੇ ਹੱਥ ਉਠਾਈਆ । ਨਾਲੇ ਹੱਸ ਕੇ ਕਿਹਾ ਔਹ ਵੇਖ ਗੋਬਿੰਦ ਵਾਲੀ ਵਸਾਖੀ, ਜਿਥੇ ਰਾਮ ਰਮਿਆ ਚਾਰ ਵਰਨਾਂ ਇਕੋ ਰੰਗ ਰੰਗਾਈਆ । ਸਾਡੇ ਹਿੱਸੇ ਸਦੀ ਚੌਧਵੀਂ ਰੱਖੀ ਇਕ ਇਲਾਚੀ, ਦਾਣਾ ਸਮਝ ਕਿਸੇ ਨਾ ਆਈਆ । ਬਿਨਾ ਰਾਮ ਤੋਂ ਰਾਮ ਦੀ ਕਰੇ ਨਾ ਕੋਇ ਖ਼ੁਲਾਸੀ, ਖੁਲਾਸਾ ਖੋਲ੍ਹ ਨਾ ਕੋਇ ਸਮਝਾਈਆ । ਜਿਸ ਰਾਮ ਨੇ ਪੈਗ਼ੰਬਰਾਂ ਦੇਣਾ ਫਾਸੀ, ਕੀ ਹੋਇਆ ਜੇ ਬਨਾਂ ਵਿਚ ਭਵਾਈਆ । ਜਿਸ ਰਾਮ ਨੇ ਕਲਜੁਗ ਅੰਤਮ ਕਰਨਾ ਘਾਤੀ, ਕੌਰਵ ਪਾਂਡਵ ਦੇਣ ਦੁਹਾਈਆ । ਜਿਸ ਰਾਮ ਨੇ ਮੁਹੰਮਦ ਬਣਨਾ ਅਮਦਾਦੀ, ਕਲਮਾ ਕਾਇਨਾਤ ਦ੍ਰਿੜਾਈਆ । ਜਿਸ ਰਾਮ ਨੇ ਨਾਨਕ ਬਣਾਉਣਾ ਜਮਾਤੀ, ਅੱਖਰ ਨਿਰਅੱਖਰ ਧਾਰ ਪੜ੍ਹਾਈਆ । ਜਿਸ ਰਾਮ ਨੇ ਗੋਬਿੰਦ ਬਣਨਾ ਹਮਾਇਤੀ, ਹਮਸਾਜਣ ਹੋ ਕੇ ਵੇਖ ਵਖਾਈਆ । ਉਸ ਰਾਮ ਦੀ ਸਿਫ਼ਤ ਕਾਹਦੀ, ਜੋ ਸਿਫ਼ਤਾਂ ਤੋਂ ਪਰੇ ਡੇਰਾ ਲਾਈਆ । ਜਿਸ ਰਾਮ ਨੇ ਕਾਲਖ ਮੇਟਣੀ ਕਲਜੁਗ ਸ਼ਾਹ ਦੀ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜਿਸ ਰਾਮ ਨੇ ਧਾਰ ਚਲੌਣੀ ਬੇਪ੍ਰਵਾਹ ਦੀ, ਬੇਪ੍ਰਵਾਹੀ ਵਿਚ ਸਮਾਈਆ । ਜਿਸ ਰਾਮ ਨੇ ਗੁਰ

੧੪੪੧
੨੧

ਅਵਤਾਰ ਪੈਗ਼ੰਬਰਾਂ ਰਸਮ ਕਰਨੀ ਅਲਵਿਦਾ ਦੀ, ਲੇਖਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸੀਤਾ ਕਹੇ ਮੇਰੇ ਰਾਮ ਮੇਰੇ ਅੰਤਰ ਰਹੇ ਨਾ ਗ਼ਮ, ਗ਼ਮੀ ਦੇ ਗਵਾਈਆ । ਨੇਤਰ ਰੋਈ ਛੰਮ ਛੰਮ, ਸ਼ਮਾਂਦਾਨ ਨਾ ਕੋਇ ਰੁਸ਼ਨਾਈਆ । ਫੇਰ ਵੇਖਿਆ ਬਦਨ ਮਾਟੀ ਚੰਮ, ਸਿਰ ਪੈਰ ਖੋਜ ਖੁਜਾਈਆ । ਫੇਰ ਦੋਵੇਂ ਹੱਥ ਰੱਖੇ ਉਪਰ ਕੰਨ, ਨੈਣ ਮੁੰਦ ਧਿਆਨ ਲਗਾਈਆ । ਜਾਂ ਤੱਕਿਆ ਨੂਰੀ ਚੰਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੁਖੋਂ ਕਹਿ ਕੇ ਧੰਨ ਧੰਨ, ਧੰਨ ਰਾਮ ਤੇਰੀ ਦੁਹਾਈਆ । ਕਲਜੁਗ ਅੰਤਮ ਬੇੜਾ ਰਿਹਾ ਬੰਨ੍ਹ, ਬੰਧਨ ਤੋੜੇ ਕੂੜ ਲੋਕਾਈਆ । ਸਭ ਦਾ ਕਾਰਜ ਪੂਰਾ ਕਰੇ ਕੰਮ, ਗੁਰ ਅਵਤਾਰ ਪੈਗ਼ੰਬਰ ਸੰਗ ਵਖਾਈਆ । ਏਕਾ ਭੇਵ ਖੁਲ੍ਹਾਏ ਬ੍ਰਹਮ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਮਾਨਸ ਜ਼ਾਤ ਸਭ ਦਾ ਸਤਿ ਧਰਮ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਲੇਖੇ ਲਾਵੇ ਜਰਮ, ਜਨਮ ਜਨਮ ਦੀ ਸੇਵਾ ਝੋਲੀ ਪਾਈਆ । ਲੇਖਾ ਰਹੇ ਕੋਇ ਨਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਝਗੜਾ ਮੁਕਾ ਕੇ ਵਰਨ ਬਰਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਓਨੇ ਚਿਰ ਨੂੰ ਦੋ ਰਾਹੀ ਡਿੱਗੇ ਚਰਨ, ਸਾਥੀ ਖਰ ਦੂਖਣ ਸੋਭਾ ਪਾਈਆ । ਇਕ ਕਹੇ ਰਾਮ ਤਰਨੀ ਤਰਨ, ਤਾਰਨਹਾਰ ਅਖਵਾਈਆ । ਇਕ ਕਹੇ ਇਸ ਦੇ ਚਰਨੀ ਹੋਵੇ ਮਰਨ, ਮਰ ਜੀਵਤ ਰੂਪ ਵਟਾਈਆ । ਇਕ ਕਹੇ ਸਾਚਾ ਕਰੀਏ ਪ੍ਰਨ, ਪ੍ਰਨਾਮ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਇਕ ਕਹੇ ਮੇਰੇ ਅੰਤਰ ਆਈ ਵਿਚਾਰੀ, ਵਿਚਰ ਕੇ ਦਿਆਂ ਸੁਣਾਈਆ । ਦੂਸਰਾ ਕਹੇ ਰਾਮ ਪੁਰਖ ਤੇ ਸੀਤਾ ਨਾਰੀ, ਨਾਰ ਕੰਤ ਵੱਜੇ ਵਧਾਈਆ । ਬੈਠੇ ਜੰਗਲ ਜੂਹ ਪਹਾੜੀ, ਬਨਾਂ ਵਿਚ ਸੋਭਾ ਪਾਈਆ । ਇਕ ਕਹੇ ਰਾਮ ਦੇ ਮੁਖ ਤੇ ਨਹੀਂ ਦਾਹੜੀ, ਦੂਜਾ ਕਹੇ ਸੀਤਾ ਰੂਪ ਨਜ਼ਰੀ ਆਈਆ । ਪਤਾ ਨਹੀਂ ਇਹ ਜੁਗ ਚੌਕੜੀ ਬਦਲਦੇ ਆਪਣੀ ਵਾਰੀ, ਨਿਤ ਨਵਿਤ ਆਪਣਾ ਖੇਲ ਖਿਲਾਈਆ । ਇਕ ਕਹੇ ਅਸੀਂ ਬਣੀਏ ਏਸ ਦੇ ਪੁਜਾਰੀ, ਇਸ਼ਟ ਇਕੋ ਇਕ ਮਨਾਈਆ । ਦੂਜਾ ਕਹੇ ਜੇ ਫੇਰ ਆਵੇ ਤੇ ਆਈਏ ਨਾਲ ਦੁਬਾਰੀ, ਆਪਣਾ ਫੇਰਾ ਪਾਈਆ । ਸੀਤਾ ਅੰਤਰ ਸੁਣ ਕੇ ਆਵਾਜ਼ ਅਗੰਮੀ ਮਾਰੀ, ਸ਼ਬਦ ਨਾਲ ਸ਼ਨਵਾਈਆ । ਜਿਸ ਵੇਲੇ ਰਾਮ ਦਾ ਰਾਮ ਹੋਵੇ ਅਵਤਾਰੀ, ਕਲ ਕਲਕੀ ਫੇਰਾ ਪਾਈਆ । ਤੁਹਾਡੀ ਪੈਜ ਦੇਵੇ ਸਵਾਰੀ, ਸਵਾਰਥ ਆਪਣੇ ਨਾਲ ਰਖਾਈਆ । ਤੁਸੀਂ ਵੀ ਇਕ ਪੁਰਖ ਹੋਵੋ ਤੇ ਇਕ ਨਾਰੀ, ਨਾਤਾ ਨਿਰਗੁਣ ਧਾਰ ਜੁੜਾਈਆ । ਰਾਮ ਨੇਤਰ ਅੱਖ ਉਘਾੜੀ, ਵੇਖਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਦੇਵੇ ਮਾਣ ਵਡਿਆਈਆ । ਸੀਤਾ ਕਹੇ ਮੇਰੇ ਰਾਮ ਕਿਉਂ ਆਇਆ ਬੇਲੇ ਜੰਗਲ, ਜਗਹ ਜਗਹ ਬਦਲਾਈਆ । ਖਾ ਕੇ ਮੂਲ ਕੰਦਨ, ਆਪਣਾ ਝਟ ਲੰਘਾਈਆ । ਕਿਸ ਨੂੰ ਅੰਮ੍ਰਿਤ ਵੇਲੇ ਸਾਢੇ ਤਿੰਨ ਕਰੇਂ ਬੰਦਨ, ਸੀਸ ਸਾਢੇ ਤਿੰਨ ਵਾਰ ਝੁਕਾਈਆ । ਤੇਰਾ ਕਿਹੜਾ ਮੁਕੰਦ ਮੁਕੰਦਨ, ਨੂਰ ਨੁਰਾਨਾ ਸੋਭਾ ਪਾਈਆ । ਪੁੱਠੇ ਹੱਥ ਕਰ ਕੇ ਕਿਸ ਦੇ ਕੋਲੋਂ ਜਾਵੇਂ ਮੰਗਣ, ਆਪਣੀ ਆਸ ਵਧਾਈਆ । ਕਮਾਨ ਲਾਹ ਕੇ ਉਤੋਂ ਕੰਧਨ, ਭੱਥਾ ਜ਼ਿਮੀ ਉਤੇ ਟਿਕਾਈਆ । ਮੱਥੇ ਧੂੜ ਲਾ ਕੇ ਚੰਦਨ, ਉਂਗਲ ਤਿੰਨ ਵਾਰ ਘਸਾਈਆ । ਫਿਰ ਕੱਚੇ ਤੰਦ ਦਾ ਬੰਨ੍ਹ ਕੇ ਤੰਦਨ, ਸੱਜਾ ਗੁੱਟ ਵੇਖ ਵਖਾਈਆ । ਫੇਰ ਅੰਤਰ ਕਹੇ ਤੇਰਾ ਹੁਕਮ ਨਾ ਹੋਵੇ ਉਲੰਘਣ, ਹੁਕਮੇ ਵਿਚ ਰਖਾਈਆ ।

ਫੇਰ ਪ੍ਰੇਮ ਪ੍ਰੀਤੀ ਮੰਗੇਂ ਸਗਣ, ਸਗਲਾ ਸੰਗ ਜਣਾਈਆ । ਫੇਰ ਗੋਦੀ ਬਹੇਂ ਅੰਗਣ, ਸਚ ਦਰ ਵਡਿਆਈਆ । ਫੇਰ ਦੀਪਕ ਲੱਗੇ ਜਗਣ, ਨੂਰ ਹੋਵੇ ਰੁਸ਼ਨਾਈਆ । ਕਿਸ ਪਿਆਰ ਵਿਚ ਹੋਵੇਂ ਮਗਨ, ਮੁਹੱਬਤ ਮੇਰੇ ਨਾਲੋਂ ਤੁੜਾਈਆ । ਰਾਮ ਕਿਹਾ ਸੀਤਾ ਜਿਸ ਰਾਮ ਦਾ ਨਹੀਂ ਬਦਨ, ਤਨ ਵਜੂਦ ਨਾ ਕੋਇ ਰਖਾਈਆ । ਸੜੇ ਨਾ ਕਦੇ ਅਗਨ, ਜਲ ਨਾ ਕੋਇ ਰੁੜ੍ਹਾਈਆ । ਦੇਵੇ ਸਦ ਅਨੰਦਨ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਮੈਂ ਉਸ ਰਾਮ ਨੂੰ ਕਰਦਾ ਬੰਦਨ, ਜਿਸ ਰਾਮ ਨੂੰ ਕਲਜੁਗ ਜੀਵਾਂ ਕਹਿਣਾ ਸ਼ੌਦਾਈਆ । ਸੀਤਾ ਰੋ ਕੇ ਪਾਈ ਡੰਡਨ, ਹਾਏ ਹਾਏ ਕਰ ਕੁਰਲਾਈਆ । ਰਾਮ ਧੂੜੀ ਖ਼ਾਕ ਲੱਗਾ ਵੰਡਣ, ਦੋਹਾਂ ਬੁੱਲਾਂ ਨਾਲ ਛੁਹਾਈਆ । ਝਟ ਵਖਾਈ ਗੋਬਿੰਦ ਚੰਡ ਪ੍ਰਚੰਡਣ, ਤਿੱਖੀ ਧਾਰ ਦਰਸਾਈਆ । ਜੋ ਦੁਸ਼ਟਾਂ ਲੱਗੀ ਦੰਡਣ, ਦੁਸ਼ਟ ਦਮਨ ਰੂਪ ਬਦਲਾਈਆ । ਫੇਰ ਇਸ਼ਾਰਾ ਕੀਤਾ ਉਤੇ ਗਗਨ, ਮੰਡਲਾਂ ਪਰੇ ਪਰਦਾ ਲਾਹੀਆ । ਫੇਰ ਧਰਨੀ ਧਰਤ ਧਵਲ ਵਖਾਈ ਲੱਖ ਚੁਰਾਸੀ ਨਗਨ, ਪਰਦਾ ਸੀਸ ਨਾ ਕੋਇ ਟਿਕਾਈਆ । ਫੇਰ ਅੰਤ ਅਖ਼ੀਰ ਵਖਾਈ ਮੰਜ਼ਲ, ਮਜ਼ਮੂਨ ਬਿਨ ਅੱਖਰਾਂ ਦਿਤਾ ਪੜ੍ਹਾਈਆ । ਫੇਰ ਦੀਨ ਦੁਨੀ ਦਾ ਕਰ ਕੇ ਵਜ਼ਨ, ਕੰਡੇ ਨਾਮ ਵਾਲੇ ਤੁਲਾਈਆ । ਰਾਮ ਕਿਹਾ ਵੇਖ ਸੀਤਾ ਗੁਰੂ ਚੇਲੇ ਇਕ ਦੂਜੇ ਨੂੰ ਛਲਣ, ਵਲ ਛਲ ਵਿਚ ਖ਼ਲਕ ਖ਼ੁਦਾਈਆ । ਮਾਇਆ ਮਮਤਾ ਵਿਚ ਸਾਰੇ ਬਲਣ, ਅਗਨੀ ਤੱਤ ਨਾ ਕੋਇ ਬੁਝਾਈਆ । ਕੋਟਾਂ ਵਿਚੋਂ ਭਗਤ ਸੁਹੇਲੇ ਪ੍ਰਭ ਦੀ ਗੋਦੀ ਪਲਣ, ਜੋ ਪਲਕ ਨਾ ਝੱਲਣ ਜੁਦਾਈਆ । ਸਚ ਪ੍ਰੀਤੀ ਅੰਦਰ ਫਲਣ, ਫਲ ਫੂਲ ਪੱਤ ਟਹਿਣੀ ਲਹਿਰਾਈਆ । ਸਚ ਦਵਾਰਾ ਇਕੋ ਮੱਲਣ, ਮਾਲਕ ਮਿਲ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਸੰਦੇਸ਼ ਸੁਣਾਏ ਬਿਨਾ ਕੰਨਣ, ਅਵਤਾਰ ਪੈਗ਼ੰਬਰ ਗੁਰ ਸ਼ਬਦ ਧਾਰ ਸਮਝਾਈਆ ।



੧੪੪੩ ੨੧

### ❊ ੨ ਸਾਵਣ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਿਹ ਪਿੰਡ ਮਾਂਗਾ ਸਰਾਏ ❊

ਅਵਤਾਰ ਕਹਿਣ ਸਾਹਿਬ ਸਾਚੇ ਸੁਲਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਸਰਨਾਈਆ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦੀ ਮਿਹਰਵਾਨ ਮਹਿਬਾਨ, ਮਹਿਬੂਬ ਤੇਰੀ ਬੇਪ੍ਰਵਾਹੀਆ । ਹਉਂ ਬਾਲਕ ਤੇਰੇ ਨੰਨ੍ਹੇ ਨਾਦਾਨ, ਜੁਗ ਚੌਕੜੀ ਨਿਤ ਨਵਿਤ ਸੇਵ ਕਮਾਈਆ । ਤੇਰਾ ਨਾਮ ਸੰਦੇਸ਼ਾ ਸੁਣੀਏ ਬਿਨਾ ਕਾਨ, ਅਨਭਵ ਦ੍ਰਿਸ਼ਟੀ ਤੇਰਾ ਧਿਆਨ ਲਗਾਈਆ । ਸਤਿ ਸਰੂਪੀ ਨੌਜਵਾਨ, ਮਰਦ ਮਰਦਾਨ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਬੀਤਿਆ ਵਿਚ ਜਹਾਨ, ਕਲਜੁਗ ਕੂੜੀ ਕਿਰਿਆ ਰਹੀ ਕੁਰਲਾਈਆ । ਚਾਰੋਂ ਕੁੰਟ ਫਿਰੇ ਸ਼ੈਤਾਨ, ਸ਼ਰਅ ਛੁਰੀ ਜਗਤ ਕਸਾਈਆ । ਆਤਮ ਬ੍ਰਹਮ ਨਾ ਹੋਵੇ ਗਿਆਨ, ਅਨਦ੍ਰਿਸ਼ਟ ਪਰਦਾ ਨਾ ਕੋਇ ਉਠਾਈਆ । ਨਜ਼ਰੀ ਆਵੇ ਨਾ ਧੁਰ ਦਾ ਕਾਹਨ, ਬੰਸਰੀਆਂ ਵਾਲੀ ਨਾ ਕੋਇ ਵਡਿਆਈਆ । ਕਿਰਪਾ ਕਰ ਸ੍ਰੀ ਭਗਵਾਨ, ਸਚ ਦਵਾਰੇ ਮੰਗ ਮੰਗਾਈਆ । ਮਾਇਆ ਮਮਤਾ ਮੋਹ ਮੇਟ ਤੁਫ਼ਾਨ, ਸ਼ੌਹ ਦਰਿਆਏ ਦੇ ਰੁੜ੍ਹਾਈਆ । ਹਰ ਹਿਰਦੇ ਉਪਜੇ ਤੇਰਾ ਨਾਮ, ਨਾਮ ਨਿਰੰਕਾਰਾ ਇਕ ਜਣਾਈਆ । ਸਾਚਾ ਕਲਮਾ ਹੱਕ ਕਲਾਮ, ਕਾਇਨਾਤ ਕਰ ਸ਼ਨਵਾਈਆ । ਪੈਗ਼ੰਬਰਾਂ ਤੈਨੂੰ ਮੰਨਿਆ ਅਮਾਮ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਧੁਰ ਦੀ ਧਾਰ ਬਖ਼ਸ਼ ਤੁਆਮ, ਤਮਅ ਤਮੰਨਾ ਕੂੜ ਮਿਟਾਈਆ । ਸ਼ਰਅ

ਦਾ ਰਹੇ ਨਾ ਕੋਇ ਗ਼ੁਲਾਮ, ਬੰਧਨ ਜ਼ੰਜੀਰ ਦੇਣਾ ਕਟਾਈਆ । ਮੰਦਰ ਮਸਜਿਦ ਕਰੇ ਨਾ ਕੋਇ ਹਰਾਮ, ਸਤਿ ਧਰਮ ਦੇਣਾ ਸਮਝਾਈਆ । ਨੌ ਖੰਡ ਪ੍ਰਿਥਮੀ ਵੇਖ ਮੈਦਾਨ, ਸੱਤ ਦੀਪ ਪੜਦਾ ਆਪ ਚੁਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਹੈਰਾਨ, ਹੈਰਤ ਵਿਚ ਕੁਰਲਾਈਆ । ਜਗਤ ਜਗਿਆਸੂ ਹੋਏ ਬੇਈਮਾਨ, ਬੇਵਾ ਦਿਸੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਸਾਜਣ ਸਚ ਸਵਾਮੀ, ਸਤਿ ਸਤਿ ਤੇਰੀ ਸਰਨਾਈਆ । ਘਟ ਨਿਵਾਸੀ ਅੰਤਰਜਾਮੀ, ਪੁਰਖ ਅਬਿਨਾਸ਼ੀ ਨੂਰ ਅਲਾਹੀਆ । ਬੋਧ ਅਗਾਧ ਦੇ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਝਗੜਾ ਰਹੇ ਨਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦੇ ਸੁਣਾਈਆ । ਪ੍ਰੇਮ ਪ੍ਰੀਤੀ ਦੱਸ ਜੀਵ ਪ੍ਰਾਣੀ, ਪ੍ਰਾਣ ਅਧਾਰੀ ਹੋ ਕੇ ਵੇਖ ਵਖਾਈਆ । ਲੇਖਾ ਮੁਕਾ ਮੜ੍ਹੀ ਮਸਾਣੀਂ, ਪੌਣ ਪਾਣੀ ਅਗਨੀ ਤੱਤ ਗਵਾਈਆ । ਸਚ ਦਵਾਰ ਦੀ ਦੇ ਨਿਸ਼ਾਨੀ, ਨਿਸ਼ਾਨਾ ਅਵਰ ਨਾ ਕੋਇ ਰਖਾਈਆ । ਸਦੀ ਚੌਧਵੀਂ ਕਰ ਮਿਹਰਵਾਨੀ, ਮਿਹਰਵਾਨ ਮਹਿਬੂਬ ਤੇਰੇ ਕ਼ਦਮਾਂ ਸੀਸ ਝੁਕਾਈਆ । ਕਾਇਨਾਤ ਦਿਸੇ ਫ਼ਾਨੀ, ਫ਼ਨਾਫ਼ਿੱਲਾ ਦਿਸੇ ਲੋਕਾਈਆ । ਗੜ੍ਹ ਗ਼ਰੂਰ ਤੋੜ ਅਭਿਮਾਨੀ, ਮਾਇਆ ਮਮਤਾ ਦੇ ਮਿਟਾਈਆ । ਭੇਵ ਖੁਲ੍ਹਾਇਆ ਆਲਮੇ ਜਾਬਿਦਾਨੀ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਸ ਕਾਰਨ ਗੋਬਿੰਦ ਬੱਚਿਆਂ ਦੀ ਦੇ ਕੇ ਗਿਆ ਕ਼ੁਰਬਾਨੀ, ਕਰਬਲਾ ਲੇਖਾ ਵੇਖ ਵਖਾਈਆ । ਕਿਉਂ ਰਾਮ ਨੇ ਹੱਥ ਧਰਿਆ ਮਸਤਕ ਪੇਸ਼ਾਨੀ, ਉਂਗਲਾਂ ਢਾਈ ਤਿੰਨ ਛੁਹਾਈਆ । ਕਿਉਂ ਕ੍ਰਿਸ਼ਨ ਨੇ ਅਰਜਨ ਤੀਰ ਚਲਾਇਆ ਕਾਨੀ, ਸਤਰਾਂ ਢਾਈ ਨਾਲ ਵਡਿਆਈਆ । ਕਿਉਂ ਨਾਨਕ ਝਗੜਾ ਵੇਖਿਆ ਚਾਰ ਜੁਗ ਦੀਵਾਨੀ, ਸਤਿਜੁਗ ਤ੍ਰੇਤਾ ਦੁਆਪਰ ਫੋਲ ਫੁਲਾਈਆ । ਕਿਉਂ ਗੋਬਿੰਦ ਜੁਝਾਰ ਨੂੰ ਦਿਤਾ ਮੂਲ ਨਾ ਪਾਣੀ, ਗੜ੍ਹੀ ਚਮਕੌਰ ਦਏ ਗਵਾਹੀਆ । ਕਿਉਂ ਚਾਰ ਕੁੰਟ ਦਹਿ ਦਿਸ਼ਾ ਵਧੀ ਬੇਈਮਾਨੀ, ਸਤਿ ਸਚ ਨਾ ਕੋਇ ਕਮਾਈਆ । ਪਰਮ ਪੁਰਖ ਪਰਮਾਤਮ ਆਤਮ ਕਰ ਪ੍ਰਵਾਨੀ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਸਾਚੇ ਵੱਜੇ ਵਧਾਈਆ । ਅਵਤਾਰ ਕਹਿਣ ਪ੍ਰਭ ਸਾਹਿਬ ਸਵਾਮੀ ਠਾਕਰ, ਠੋਕਰ ਆਪਣੇ ਨਾਮ ਲਗਾਈਆ । ਗਹਿਰ ਗੰਭੀਰ ਡੂੰਘੇ ਸਾਗਰ, ਗਵਰ ਤੇਰੀ ਓਟ ਤਕਾਈਆ । ਲੇਖਾ ਵੇਖ ਸਾਢੇ ਤਿੰਨ ਹੱਥ ਗਾਗਰ, ਕਾਇਆ ਮਾਟੀ ਕਾਚੀ ਫੋਲ ਫੁਲਾਈਆ । ਤੇਰੇ ਨਾਮ ਦਾ ਰਿਹਾ ਨਾ ਕੋਇ ਸੌਦਾਗਰ, ਵਣਜ ਵਪਾਰਾ ਨਜ਼ਰ ਕੋਇ ਨਾ ਆਈਆ । ਜਿਸ ਕਾਰਨ ਸੀਸ ਦਿਤਾ ਤੇਗ ਬਹਾਦਰ, ਜਗਦੀਸ਼ ਲੇਖਾ ਦੇਣਾ ਚੁਕਾਈਆ । ਸਦੀ ਚੌਧਵੀਂ ਕਰੀਮ ਕ਼ਾਦਰ, ਕ਼ੁਦਰਤ ਕਰਤੇ ਵੇਖ ਵਖਾਈਆ । ਭਗਤਾਂ ਮਿਲੇ ਕੋਇ ਨਾ ਆਦਰ, ਸੰਤਾਂ ਸਚ ਨਾ ਕੋਇ ਵਡਿਆਈਆ । ਸਭ ਦਾ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਦ੍ਰਿਸ਼ਟੀ ਰਹੇ ਕਿਸੇ ਨਾ ਪਾਗ਼ਲ, ਪਾਰਬ੍ਰਹਮ ਲੈਣਾ ਮਿਲਾਈਆ । ਤੇਰੇ ਹੱਥ ਅੰਤ ਅਖ਼ੀਰ ਆਦਲ, ਇਨਸਾਫ਼ ਇਕੋ ਇਕ ਕਮਾਈਆ । ਕਲਜੁਗ ਅੰਧੇਰਾ ਮੇਟ ਦੇ ਬਾਦਲ, ਬਦਲੀ ਸਤਿਜੁਗ ਨਾਲ ਬਦਲਾਈਆ । ਸ਼ਰਅ ਦਾ ਰਹੇ ਕੋਇ ਨਾ ਕ਼ਾਤਲ, ਮਕ਼ਤੂਲ ਵੰਡ ਨਾ ਕੋਇ ਵੰਡਾਈਆ । ਧਾਮ ਦੱਸ ਮੁਕੱਦਸ ਬੈਤੁਲ, ਬਾਤਲ ਆਪਣਾ ਪਰਦਾ ਲਾਹੀਆ । ਤੇਰਾ ਨਾਮ ਸਾਰੇ ਵਾਚਣ, ਵਾਚਕ ਹੋ ਕੇ ਖੋਜ ਖੁਜਾਈਆ । ਕਲਜੁਗ ਅਗਨ ਬੁਝਾ ਦੇ ਆਂਚਨ, ਅੰਮ੍ਰਿਤ ਮੇਘ ਇਕ ਬਰਸਾਈਆ । ਪਰਦਾ ਭੇਵ ਰਹੇ ਨਾ ਬਾਤਨ, ਸ਼ਬਦ ਨਾਦ ਧੁਨ ਸ਼ਨਵਾਈਆ । ਖੇਲ ਵੇਖ ਪ੍ਰਿਥਮੀ ਆਕਾਸ਼ਨ,

ਗਗਨ ਗਗਨੰਤਰ ਫੋਲ ਫੁਲਾਈਆ । ਹਉਂ ਸੇਵਕ ਦਾਸੀ ਦਾਸਨ, ਦਰ ਠਾਂਡੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਪੁਰਖ ਅਬਿਨਾਸ਼ਣ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ ।

### ❋ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਬੀਬੀ ਚਰਨੋ ਦੇ ਗ੍ਰਿਹ ਪਿੰਡ ਮਾਂਗਾ ਸਰਾਏ ❋

ਅਵਤਾਰ ਕਹਿਣ ਤੇਰੇ ਨਾਮ ਦੀ ਤੱਕੀਏ ਭਗੌਤੀ, ਭਗਵਨ ਭਗਵਾਨ ਦੇਣੀ ਦਰਸਾਈਆ । ਜੋ ਝਗੜਾ ਮੇਟੇ ਦੀਨ ਦੁਨੀ ਅਦੌਤੀ, ਅਦਲ ਇਨਸਾਫ਼ ਇਕ ਕਮਾਈਆ । ਸਚ ਧਰਮ ਦੀ ਕਰੇ ਮਨੌਤੀ, ਮਨ ਮਨਸਾ ਮੇਟ ਮਿਟਾਈਆ । ਸ਼ਰਅ ਕਲਪਣਾ ਰਹੇ ਨਾ ਬਹੁਤੀ, ਬਹੁੜੀ ਬਹੁੜੀ ਨਾ ਕਰੇ ਲੋਕਾਈਆ । ਜਿਸ ਮੰਜ਼ਲ ਤੇ ਕਲਜੁਗ ਧਾਰ ਮੂਲ ਨਾ ਪਹੁੰਚੀ, ਸੋ ਦਵਾਰਾ ਦਏ ਦਰਸਾਈਆ । ਭਗਤਾਂ ਆਤਮ ਹੋਏ ਨਾ ਔਂਤੀ, ਸੌਂਤਰੇ ਸਭ ਨੂੰ ਦਏ ਬਣਾਈਆ । ਚਾਰ ਜੁਗ ਤੇਰੀ ਭਰਦੇ ਰਹੇ ਚੌਂਕੀ, ਸੇਵਕ ਹੋ ਕੇ ਸੇਵ ਕਮਾਈਆ । ਕੂੜ ਕਲਪਣਾ ਬੁੱਧੀ ਬਦਲ ਦੇ ਕਾਉਂ ਕੀ, ਹੰਸ ਗੁਰਮੁਖ ਲੈ ਬਣਾਈਆ । ਮਾਣ ਵਡਿਆਈ ਦੇ ਆਪਣੀ ਛਾਉਂ ਕੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਮੁਹੱਬਤ ਬਖ਼ਸ਼ ਪਿਤਾ ਮਾਉਂ
੧੪੪੫ ਕੀ, ਮਾਤ ਪਿਤ ਆਪ ਹੋ ਆਈਆ । ਲਾਜ ਰੱਖ ਪਕੜੀ ਬਾਹੋਂ ਕੀ, ਗੋਬਿੰਦ ਗੁਰ ਗੁਰ ਨਾਲ ਮਿਲਾਈਆ । ਵਡਿਆਈ ਰਹਿ ਜਾਏ ਸਾਢੇ ੧੪੪੫
੨੧ ਤਿੰਨ ਹੱਥ ਗਰਾਉਂ ਕੀ, ਗ੍ਰਿਹ ਮੰਦਰ ਵੱਜੇ ਵਧਾਈਆ । ਇਕੋ ਪਤ ਹੋਵੇ ਰੰਕ ਰਾਓ ਕੀ, ਅਮੀਰ ਗ਼ਰੀਬ ਨਾ ਵੰਡ ਵੰਡਾਈਆ । ਸਾਚੀ ਲਹਿਰ ੨੧
ਵਖਾ ਦੇ ਨਈਆ ਨਾਉਂ ਕੀ, ਜਗਤ ਵਹਿਣ ਨਾ ਕੋਇ ਵਹਾਈਆ । ਕੀ ਖੇਲ ਤੇਰੇ ਪਸਾਓ ਕੀ, ਪਸਰ ਪਸਾਰੀ ਦੇਣੀ ਦ੍ਰਿੜਾਈਆ । ਕੀ ਕਾਰ ਹੁਕਮ ਅਲਾਓ ਕੀ, ਅਲਾਹ ਆਲਮੀਨ ਦੇਣਾ ਜਣਾਈਆ । ਸਾਡੇ ਅੰਤਰ ਖ਼ੁਸ਼ੀ ਆਵੇ ਚਾਓ ਕੀ, ਚਾਓ ਘਨੇਰਾ ਇਕ ਉਪਜਾਈਆ । ਆਦਤ ਰਹੇ ਨਾ ਕੂੜੀ ਦਾਓ ਕੀ, ਸਾਚਾ ਮਾਰਗ ਇਕ ਦਰਸਾਈਆ । ਅਟਕਣ ਰਹੇ ਨਾ ਕਿਸੇ ਰਹਾਓ ਕੀ, ਰਹਿਰਾਸ ਇਕ ਜਣਾਈਆ । ਵਹਿਣ ਦਿਸੇ ਨਾ ਕਿਸੇ ਦਰਿਆਓ ਕੀ, ਜਲ ਥਲ ਨਾ ਕੋਇ ਪ੍ਰਗਟਾਈਆ । ਤੇਰੀ ਖੇਲ ਤੱਕੀਏ ਸ਼ਹਿਨਸ਼ਾਹੋ ਕੀ, ਸ਼ਾਹ ਪਾਤਸ਼ਾਹ ਦੇਣੀ ਵਖਾਈਆ । ਲਹਿਰ ਵੇਖੀਏ ਰਘੁਪਤ ਰਘੁਰਾਓ ਕੀ, ਰਾਮ ਰਹੀਮ ਤੇਰੀ ਸਰਨਾਈਆ । ਢਹਿੰਦੀ ਕਲਾ ਨਾ ਰਹੇ ਗਰਾਉਂ ਦੀ, ਗੁਰੂ ਗੁਰਦੇਵ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਸਚ ਅੱਲਾਹੋ ਕੀ, ਅਸਲ ਵਸਲ ਯਾਰ ਸਮਝਾਈਆ ।

### ❋ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਮਾਂਗਾ ਸਰਾਏ ❋

ਅਵਤਾਰ ਕਹਿਣ ਸਾਡਾ ਦੀਨ ਦੁਨੀ ਤੋੜ ਦੇ ਨਾਤਾ, ਨਰ ਨਰਾਇਣ ਮੰਗ ਮੰਗਾਈਆ । ਝਗੜਾ ਮੇਟ ਦੇ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ

ਕਰ ਸਫ਼ਾਈਆ । ਇਕੋ ਨਾਮ ਦੱਸ ਦੇ ਗਾਥਾ, ਗਹਿਰ ਗੰਭੀਰ ਕਰ ਪੜ੍ਹਾਈਆ । ਆਤਮ ਪਰਮਾਤਮ ਹੋਵੇ ਸਾਥਾ, ਏਥੇ ਓਥੇ ਸਗਲਾ ਸੰਗ ਬਣਾਈਆ । ਕਲਜੁਗ ਅੰਤਮ ਮੇਟ ਦੇ ਵਾਟਾ, ਵਾਹਵਾ ਤੇਰੀ ਵਡ ਵਡਿਆਈਆ । ਸਾਨੂੰ ਸਭ ਨੂੰ ਆਇਆ ਘਾਟਾ, ਪੱਲੂ ਗੰਢ ਨਾ ਕੋਇ ਰਖਾਈਆ । ਵੇਖ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਤੁਧ ਬਿਨ ਦਿਸੇ ਕੋਈ ਨਾ ਦਾਤਾ, ਦੇਵਣਹਾਰ ਨਾ ਕੋਇ ਅਖਵਾਈਆ । ਸਾਨੂੰ ਚਾਰ ਜੁਗ ਦਾ ਦਰਜਾ ਮਿਲਿਆ ਚਾਚਾ, ਪਿਤਾ ਸਕਿਆ ਨਾ ਕੋਇ ਅਖਵਾਈਆ । ਧਰਨੀ ਧਰਤ ਧਵਲ ਵੇਖ ਅਹਾਤਾ, ਨਵ ਸੱਤ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਤੇਰੀਆਂ ਪਾਵੇ ਬਾਤਾਂ, ਬਾਤਨ ਪਰਦਾ ਦਏ ਉਠਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਆਤਮ ਪਰਮਾਤਮ ਸਾਕਾ, ਸੱਜਣ ਇਕੋ ਨੂਰ ਅਲਾਹੀਆ । ਤੈਨੂੰ ਝੁਕਦੇ ਗੁਰੂ ਅਵਤਾਰ ਪੈਗ਼ੰਬਰ ਦੇਵੀ ਵਾਲੀ ਲਾਟਾ, ਦੁਰਗਾ ਅਸ਼ਟਭੁਜ ਸਰਨਾਈਆ । ਸਚ ਸਿੰਘਾਸਣ ਸੁਹਾ ਖਾਟਾ, ਖਟਕਾ ਅਵਰ ਰਹੇ ਨਾ ਰਾਈਆ । ਗੋਬਿੰਦ ਭਰਪੂਰ ਕਰ ਬਾਟਾ, ਅੰਮ੍ਰਿਤ ਧਾਰ ਜਲ ਭਰਾਈਆ । ਤੇਰਾ ਇਕੋ ਹੋਵੇ ਪੂਜਾ ਪਾਠਾ, ਸਿਮਰਨ ਇਕੋ ਨਾਮ ਵਡਿਆਈਆ । ਇਕੋ ਗ੍ਰਿਹ ਹੋਵੇ ਤੀਰਥ ਤਾਟਾ, ਅਠਸਠ ਨਾ ਵੰਡ ਵੰਡਾਈਆ । ਹਉਂ ਸੇਵਕ ਦਾਸੀ ਦਾਸਾ, ਯਾਚਕ ਹੋ ਕੇ ਸੇਵ ਕਮਾਈਆ । ਤੂੰ ਨਿਰਗੁਣ ਨੂਰ ਜੋਤ ਪ੍ਰਕਾਸ਼ਾ, ਪ੍ਰਕਾਸ਼ਵਾਨ ਵੇਖ ਵਖਾਈਆ । ਰਾਹ ਤੱਕਣ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਅੱਖ ਖੁਲ੍ਹਾਈਆ । ਦੀਨ ਦੁਨੀ ਬਦਲ ਦੇ ਪਾਸਾ, ਪੇਸ਼ਤਰ ਆਪਣਾ ਹੁਕਮ ਜਣਾਈਆ । ਤੇਰਾ ਹਰ ਘਟ ਅੰਦਰ ਵਾਸਾ, ਲੱਖ ਚੁਰਾਸੀ ਰਿਹਾ ਸਮਾਈਆ । ਕਿਉਂ ਸਦੀ ਚੌਧਵੀਂ ਵੇਖੇਂ ਖੇਲ ਤਮਾਸ਼ਾ, ਚਾਰੋਂ ਕੁੰਟ ਪਰਦਾ ਲਾਹੀਆ । ਸਚ ਪ੍ਰੀਤੀ ਜੋੜ ਦੇ ਨਾਤਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਆਕਾ, ਅਕਲ ਬੁੱਧੀ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਪਾਵੇ ਰਾਸਾ, ਰਾਸਤਾ ਬਾਵਾਸਤਾ ਹੋ ਕੇ ਇਕ ਜਣਾਈਆ ।

### ❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਸੁਰਜਨ ਸਿੰਘ ਦੇ ਗ੍ਰਿਹਿ ਪਿੰਡ ਮਾਂਗਾ ਸਰਾਏ ❊

ਅਵਤਾਰ ਕਹਿਣ ਪ੍ਰਭ ਕਿਰਪਾ ਕਰ ਉਪਰ ਬਸੁੱਧਾ, ਧਰਨੀ ਧਰਤ ਧਵਲ ਧੌਲ ਦਇਆ ਕਮਾਈਆ । ਸਭ ਦਾ ਭਓ ਮਿਟਾ ਦੇ ਦੂਜਾ, ਦੁਤੀਆ ਰਹਿਣ ਕੋਇ ਨਾ ਪਾਈਆ । ਅੰਤਰ ਪਰਦਾ ਉਠਾ ਦੇ ਗੁਝਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਸਾਚਾ ਨਾਮ ਬਖ਼ਸ਼ ਦੇ ਸੁਧਾ, ਸੁਧਾਸਰ ਅੰਮ੍ਰਿਤ ਧਾਰ ਵਹਾਈਆ । ਕਲਜੁਗ ਕੂੜ ਚਾਰੋਂ ਕੁੰਟ ਕੁੱਦਾ, ਦਹਿ ਦਿਸ਼ਾ ਕੀਤੀ ਹਲਕਾਈਆ । ਤੇਰਾ ਸਮਝ ਸਕਿਆ ਨਾ ਕੋਇ ਮੁੱਦਾ, ਮੁੱਦਤਾਂ ਦੇ ਮਾਲਕ ਵੇਖ ਵਖਾਈਆ । ਤੇਰੇ ਨਾਮ ਦਾ ਲਏ ਕੋਇ ਨਾ ਭੁੱਗਾ, ਕ਼ੀਮਤ ਹੱਟ ਨਾ ਕੋਇ ਪਵਾਈਆ । ਤੇਰਾ ਸ਼ਬਦ ਬਾਜ਼ ਆਦਿ ਜੁਗਾਦਿ ਦੋ ਜਹਾਨ ਉਡਾ, ਜ਼ਿਮੀਂ ਅਸਮਾਨਾਂ ਪਰੇ ਵਖਾਈਆ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦਾ ਖ਼ਾਲੀ ਕਰ ਹੁੱਕਾ, ਹੁਕਮ ਆਪਣਾ ਇਕ ਸੁਣਾਈਆ । ਮਜ਼੍ਹਬ ਦਾ ਰਹੇ ਕੋਇ ਨਾ ਦੁੱਖਾ, ਦਰਦੀਆਂ ਦਰਦ ਵੰਡਾਈਆ । ਸੁਫ਼ਲ ਕਰਾ ਦੇ ਧਰਤ ਮਾਤ ਦੀ ਕੁੱਖਾ, ਜਨ ਭਗਤ ਲੈ ਉਪਜਾਈਆ । ਤੈਥੋਂ

ਰਹੇ ਕੋਇ ਨਾ ਰੁੱਠਾ, ਜੁਗ ਜਨਮ ਦੇ ਵਿਛੜੇ ਗੋਦ ਟਿਕਾਈਆ । ਚਾਰ ਵਰਨ ਕਰ ਦੇ ਇਕ ਮੁੱਠਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਭਗਤ ਮਾਤ ਗਰਭ ਨਾ ਲਟਕੇ ਪੁੱਠਾ, ਦੋਜ਼ਖ਼ ਮਿਲੇ ਨਾ ਕੋਇ ਸਜ਼ਾਈਆ ।

### ❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ❊

ਅਵਤਾਰ ਕਹਿਣ ਪ੍ਰਭ ਲੋਕਮਾਤ ਹਿੱਸਾ ਮੁਕਾ ਪੱਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਤੇਰੇ ਪਿਆਰ ਵਿਚ ਫ਼ਰਕ ਰਹੇ ਨਾ ਰੱਤੀ, ਰਤਨ ਅਮੋਲਕ ਹੀਰੇ ਗੁਰਮੁਖ ਲੈ ਪ੍ਰਗਟਾਈਆ । ਆਤਮ ਜੋਤ ਜਗਾ ਅਗੰਮੀ ਬੱਤੀ, ਬਾਤਨ ਪਰਦਾ ਦੇ ਉਠਾਈਆ । ਤੇਰੇ ਚਰਨ ਸਰਨ ਤੇਰੇ ਹੋਵਣ ਸਤੀ, ਸਤਿ ਸਤਿਵਾਦੀ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਮਨਮਤੀ, ਮਾਇਆ ਮੋਹ ਨਾ ਚਲੇ ਚਤੁਰਾਈਆ । ਤੈਨੂੰ ਉਡੀਕਦਿਆਂ ਨਾਨਕ ਧਾਰ ਯਾਦ ਕੀਤਾ ਜੁਗ ਛੱਤੀ, ਛੱਤੀ ਰਾਗ ਸਿਫ਼ਤ ਸਾਲਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਫਿਰਦੀ ਨੱਠੀ, ਨਵ ਨੌ ਭੱਜੇ ਵਾਹੋ ਦਾਹੀਆ । ਤੁਧ ਬਿਨ ਚਾਰ ਖਾਣੀ ਕਰੇ ਨਾ ਕੋਇ ਇਕੱਠੀ, ਵਰਨ ਬਰਨ ਪੰਧ ਨਾ ਕੋਇ ਮੁਕਾਈਆ । ਸਚ ਨਾਮ ਪੜ੍ਹਾ ਪੱਟੀ, ਪਟਨੇ ਵਾਲੇ ਦੇ ਮਾਣ ਵਡਿਆਈਆ । ਮਿਹਰ ਨਿਗਾਹ ਨਾਲ ਸਭ ਦੀ ਕਰ ਗਤੀ, ਗਤ ਮਿਤ ਆਪਣੇ ਹੱਥ ਰਖਾਈਆ । ਚਰਨ ਪ੍ਰੀਤੀ ਜੋੜ ਨੱਤੀ, ਸਾਕ ਸੱਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੀ ਕਿਰਪਾ ਧਰਨੀ ਧਰਤ ਧਵਲ ਧਾਰ ਕਦੇ ਨਾ ਵਸੀ, ਸਚ ਰੰਗ ਨਾ ਕੋਇ ਸਮਾਈਆ ।

### ❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਬਚਨ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ❊

ਅਵਤਾਰ ਕਹਿਣ ਪ੍ਰਭ ਦੀਨ ਦੁਨੀ ਬਦਲ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਨੇਤਰ ਲੋਚਨ ਅੱਖ ਖੋਲ੍ਹ ਸਭ ਦੀ ਜਾਗ, ਆਲਸ ਨਿੰਦਰਾ ਵਿਚ ਸੋਇਆ ਰਹਿਣ ਕੋਇ ਨਾ ਪਾਈਆ । ਕਾਇਆ ਮਾਟੀ ਤਨ ਵਜੂਦ ਲਾ ਭਾਗ, ਸਾਢੇ ਤਿੰਨ ਹੱਥ ਮੰਦਰ ਅੰਦਰ ਦਇਆ ਕਮਾਈਆ । ਤੇਰਾ ਦੀਪਕ ਜੋਤ ਜਗੇ ਚਰਾਗ਼, ਅੰਧ ਅੰਧੇਰਾ ਦੇਣਾ ਗਵਾਈਆ । ਤ੍ਰੈਗੁਣ ਮਾਇਆ ਬੁਝੇ ਆਗ, ਅਗਨੀ ਤੱਤ ਨਾ ਕੋਇ ਤਪਾਈਆ । ਆਤਮ ਪਰਮਾਤਮ ਸਵਾਮੀ ਮਿਲ ਕੰਤ ਸੁਹਾਗ, ਸਚ ਸਵਾਮੀ ਵੇਸ ਵਟਾਈਆ । ਕਲਜੁਗ ਜੀਵ ਬੁੱਧੀ ਰਹੇ ਨਾ ਕਾਗ, ਹੰਸ ਗੁਰਮੁਖ ਲੈ ਪ੍ਰਗਟਾਈਆ । ਹਰ ਹਿਰਦੇ ਆਪਣਾ ਦੇ ਵੈਰਾਗ, ਵੈਰੀ ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰੋਂ ਦੇ ਕਢਾਈਆ । ਸਤਿ ਧਰਮ ਚਲਾ ਜਹਾਜ਼, ਨਈਆ ਨੌਕਾ ਕਲਜੁਗ ਕੂੜੀ ਕਿਰਿਆ ਦੇ ਡੁਬਾਈਆ । ਵਿਕਾਰੀ ਹੰਕਾਰੀ ਵਿਭਚਾਰੀ ਰਹੇ ਕੋਇ ਨਾ ਸਾਧ, ਕੁਕਰਮੀ ਕੁਕਰਮ ਨਾ ਕੋਇ ਕਮਾਈਆ । ਸਾਚੀ ਸਿਖਿਆ ਦੇ ਬੋਧ ਅਗਾਧ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਕਰ ਪੜ੍ਹਾਈਆ । ਸ੍ਰਿਸ਼ਟ ਸਬਾਈ ਤੈਨੂੰ ਲਏ ਅਰਾਧ, ਇਸ਼ਟ ਦੇਵ ਇਕੋ ਨਜ਼ਰੀ ਆਈਆ ।

ਧੁਨ ਆਤਮਕ ਤੇਰਾ ਵੱਜੇ ਨਾਦ, ਅਨਹਦ ਨਾਦੀ ਕਰ ਸ਼ਨਵਾਈਆ । ਕੂੜੀ ਕਿਰਿਆ ਰਹੇ ਨਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਲੱਖ ਚੁਰਾਸੀ ਵੇਖ ਆਪਣਾ ਬਾਗ਼, ਫੁੱਲ ਫੁਲਵਾੜੀ ਫੇਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਹਰਿ ਨਿਰੰਕਾਰ, ਪੁਰੀ ਲੋਅ ਖੰਡ ਬ੍ਰਹਿਮੰਡ ਤੇਰਾ ਦੋ ਜਹਾਨਾਂ ਹੋਵੇ ਰਾਜ, ਰਈਅਤ ਆਤਮ ਪਰਮਾਤਮ ਲੈ ਬਣਾਈਆ ।

## ❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਮਾਂਗਾ ਸਰਾਏ ❊

ਅਵਤਾਰ ਕਹਿਣ ਪ੍ਰਭ ਸਾਡਾ ਰਿਹਾ ਕੋਇ ਨਾ ਇਸ਼ਟ, ਇਸ਼ਟ ਦੇਵ ਆਤਮ ਪਰਮਾਤਮ ਨਾ ਕੋਇ ਪਰਨਾਈਆ । ਸਿਖਿਆ ਭੁੱਲੀ ਰਾਮ ਵਸ਼ਿਸ਼ਟ, ਵਿਸ਼ਿਆਂ ਵਿਚ ਕੂੜ ਲੋਕਾਈਆ । ਧਰਮ ਦੀ ਧਾਰ ਖੁਲ੍ਹੇ ਨਾ ਕਿਸੇ ਦ੍ਰਿਸ਼ਟ, ਦਿੱਬ ਨੇਤਰ ਅੱਖ ਨਾ ਕੋਇ ਉਠਾਈਆ । ਮਨ ਵਿਕਾਰੀ ਭੋਗੇ ਗ੍ਰਹਿਸਤ, ਗ੍ਰਹਿ ਗ੍ਰਹਿ ਕੂੜ ਕਮਾਈਆ । ਮਮਤਾ ਮੋਹ ਹੋਇਆ ਇਸ਼ਕ, ਹਕੀਕੀ ਮਜਾਜ਼ੀ ਦੋਵੇਂ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਜਗਤ ਰਿਹਾ ਕੋਇ ਨਾ ਮਾਣ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਸਿਰ ਝੁਕੇ ਨਾ ਕੋਇ ਸ੍ਰੀ ਭਗਵਾਨ, ਮੰਦਰ ਮਸਜਿਦ ਸ਼ਿਵਦਵਾਲੇ ਮਠ ਬੈਠੇ ਸੀਸ ਨਿਵਾਈਆ । ਨਜ਼ਰੀ ਆਏ ਨਾ ਕਿਸੇ ਕਾਹਨ, ਨਾਮ ਬੰਸਰੀ ਧੁਨ ਨਾ ਕੋਇ ਸ਼ਨਵਾਈਆ । ਮਿਲੇ ਮੇਲ ਨਾ ਰਾਮ ਦੇ ਰਾਮ, ਦਸ਼ਰਥ ਬੇਟਾ ਮੰਨ ਕੇ ਸਾਰੇ ਢੋਲਾ ਗਾਈਆ । ਕਿਰਪਾ ਕਰ ਨੌਜਵਾਨ, ਨਰ ਨਰਾਇਣ ਆਪਣਾ ਪਰਦਾ ਲਾਹੀਆ । ਕਲਜੁਗ ਕੂੜੀ ਕਿਰਿਆ ਮੇਟ ਜਹਾਨ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਸਾਰੇ ਨਾਮ ਢੋਲਾ ਗੀਤ ਤੇਰਾ ਗਾਣ, ਚਾਰ ਵਰਨ ਅਠਾਰਾਂ ਬਰਨ ਇਕ ਪੜ੍ਹਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸੀਸ ਝੁਕਾਣ, ਸ਼ਰਅ ਮਜ਼੍ਹਬ ਨਾ ਕੋਇ ਲੜਾਈਆ । ਤੇਰੀ ਸਿਫ਼ਤ ਕਰੇ ਅੰਜੀਲ ਕ਼ੁਰਾਨ, ਮਹਿਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਗਾਈਆ । ਤੂੰ ਆਦਿ ਜੁਗਾਦਿ ਸਚਖੰਡ ਨਿਵਾਸੀ ਮਿਹਬਾਨ, ਬੀਖ਼ੈਰਯਾ ਅਲਾਹ ਤੇਰੀ ਇਕ ਵਡਿਆਈਆ । ਕ਼ੁਦਰਤ ਦੇ ਕ਼ਾਦਰ ਹੋ ਨਿਗਾਹਬਾਨ, ਦੀਨ ਦੁਨੀ ਦੇ ਮਾਲਕ ਖ਼ਾਲਕ ਆਪਣਾ ਭੇਵ ਚੁਕਾਈਆ । ਸਦੀ ਚੌਧਵੀਂ ਸਾਬਤ ਰਿਹਾ ਨਾ ਕਿਸੇ ਈਮਾਨ, ਮੁੱਲਾ ਸ਼ੇਖ਼ ਮੁਸਾਇਕ ਦੇਣ ਦੁਹਾਈਆ । ਚਾਰੋਂ ਕੁੰਟ ਕੂੜ ਤੁਫ਼ਾਨ, ਸਤਿ ਧਰਮ ਗਿਆ ਰੁੜ੍ਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਫਿਰੇ ਸ਼ੈਤਾਨ, ਵਿਭਚਾਰ ਕੁਕਰਮ ਕਰੇ ਲੋਕਾਈਆ । ਜਗਤ ਸਾਧ ਸੰਤ ਹੋਏ ਬੇਈਮਾਨ, ਆਤਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਵਾਮੀ ਤੇਰੇ ਧਰਨ ਧਿਆਨ, ਧਰਨੀ ਧਰਤ ਧਵਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਕਹਿਣ ਪ੍ਰਭੂ ਸਾਡੀ ਇਕ ਅਰਜ਼ੋਈ, ਅਰਜ਼ ਆਜਜ਼ ਹੋ ਕੇ ਰਹੇ ਜਣਾਈਆ । ਤੇਰੇ ਨਾਮ ਮਿਲੇ ਕਿਤੇ ਨਾ ਢੋਈ, ਢੋਲਕ ਛੈਣੇ ਸਾਰੇ ਰਹੇ ਖੜਕਾਈਆ । ਕੋਟਾਂ ਵਿਚੋਂ ਗੁਰਮੁਖ ਵਿਰਲਾ ਕੋਈ, ਭਗਤ ਸੁਹੇਲਾ ਤੇਰਾ ਦਰਸ਼ਨ ਪਾਈਆ । ਜਾਂ ਤੱਕਿਆ ਸ੍ਰਿਸ਼ਟ ਸਬਾਈ ਸੁਰਤੀ ਸੋਈ, ਸ਼ਬਦੀ ਨਾਦ ਨਾ

ਕੋਇ ਸੁਣਾਈਆ । ਚਾਰੋਂ ਕੁੰਟ ਫਿਰੀ ਦਰੋਹੀ, ਤੋਬਾ ਤੋਬਾ ਕਰੇ ਖ਼ਲਕ ਖ਼ੁਦਾਈਆ । ਬਿਨ ਤੇਰੀ ਕਿਰਪਾ ਤੇਰੀ ਸ੍ਰਿਸ਼ਟੀ ਮੋਈ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਆਪਣੀ ਪਤ ਸਭ ਨੇ ਆਪੇ ਖੋਈ, ਖ਼ਾਲਕ ਖ਼ਲਕ ਤੇਰੀ ਮਿਲੇ ਨਾ ਕਿਸੇ ਸਰਨਾਈਆ । ਅੰਮ੍ਰਿਤ ਬੂੰਦ ਸਵਾਂਤ ਕਿਸੇ ਨਾ ਚੋਈ, ਲੋਚਣ ਨੈਣ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਅਵਤਾਰ ਕਹਿਣ ਸਾਡੀ ਔਧ ਪੁੱਗੀ, ਕਲਜੁਗ ਅੰਤਮ ਦੇਣ ਸੁਣਾਈਆ । ਤੇਰੀ ਧਾਰ ਬਦਲਦੀ ਆਈ ਜੁਗੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਤੇਰਾ ਲੇਖਾ ਸਮਝੇ ਕੋਇ ਨਾ ਵਦੀ ਸੁਦੀ, ਕਿਸ਼ਨਾ ਸ਼ੁਕਲਾ ਪੱਖ ਨਾ ਕੋਇ ਸਮਝਾਈਆ । ਅੰਤ ਖੇਲ ਮੇਟ ਦੇ ਦੂਜੀ, ਦੂਆ ਏਕਾ ਰੂਪ ਬਦਲਾਈਆ । ਆਪਣੀ ਰਮਜ਼ ਮਾਰ ਦੇ ਗੁੱਝੀ, ਸੋਈ ਸੁਰਤੀ ਲੈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਕਹਿਣ ਪੁਰਖ ਅਕਾਲੇ ਮਾਰ ਝਾਤ, ਝਾਕੀ ਆਪਣੀ ਇਕ ਰਖਾਈਆ । ਲੇਖਾ ਵੇਖ ਕ਼ਲਮ ਦਵਾਤ, ਜੋ ਕਾਗਦ ਜੋੜਿਆ ਨਾਲ ਸ਼ਾਹੀਆ । ਧਰਮ ਦੀ ਰਹੇ ਨਾ ਕੋਇ ਜਮਾਤ, ਦੀਨ ਮਜ਼੍ਹਬ ਕਰੇ ਲੜਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਪ੍ਰੇਮ ਪ੍ਰੀਤੀ ਜੁੜੇ ਕਿਸੇ ਨਾ ਨਾਤ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਤੂੰ ਮੇਰਾ ਮੈਂ ਤੇਰਾ ਦੇਵੇ ਕੋਇ ਨਾ ਸਾਥ, ਸਗਲ ਸ੍ਰਿਸ਼ਟੀ ਤੈਨੂੰ ਗਈ ਤਜਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟ, ਰਹਿਬਰ ਰਾਹ ਨਾ ਕੋਇ ਵਖਾਈਆ । ਨੇਤਰ ਰੋਂਦੇ ਜੋਗੀ ਸਿਧ ਨਾਥ, ਤਪੀਸ਼ਰ ਜੁਗੀਸ਼ਰ ਰਹੇ ਕੁਰਲਾਈਆ । ਪੈਗ਼ੰਬਰ ਧਾਰ ਆਵੇ ਨਾ ਹਾਥ, ਈਸਾ ਮੂਸਾ ਮੁਹੰਮਦ ਦਏ ਗਵਾਹੀਆ । ਤੇਰਾ ਖੇਲ ਅਗੰਮ ਅਥਾਹ ਅਬਿਨਾਸ਼, ਅਬਿਨਾਸ਼ੀ ਕਰਤੇ ਸਾਰ ਕਿਸੇ ਨਾ ਪਾਈਆ । ਹਉਂ ਸੇਵਕ ਤੇਰੇ ਦਾਸ, ਦਾਸੀ ਹੋ ਕੇ ਮੰਗ ਮੰਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪ੍ਰਗਟ ਹੋ ਆਪ, ਕਲ ਕਲਕੀ ਆਪਣਾ ਨਾਉਂ ਧਰਾਈਆ । ਸੰਬਲ ਨਗਰ ਥਾਪਣ ਥਾਪ, ਵਕ਼ਤ ਸੁਹੰਜਣਾ ਇਕ ਵਡਿਆਈਆ । ਕੂੜ ਕਲਪਣਾ ਮੇਟ ਪਾਪ, ਪੱਤਤ ਪੁਨੀਤ ਦੇ ਕਰਾਈਆ । ਸਭ ਦਾ ਸਾਂਝਾ ਹੋਵੇ ਜਾਪ, ਇਕੋ ਕਲਮਾ ਤੇਰਾ ਨਾਮ ਧਿਆਈਆ । ਤੂੰ ਲੱਖ ਚੁਰਾਸੀ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਪਿਛਲਾ ਲਹਿਣਾ ਸਭ ਦਾ ਕਾਟ, ਕਟਾਕਸ਼ ਇਕੋ ਆਪਣਾ ਹੁਕਮ ਵਖਾਈਆ । ਅਵਤਾਰ ਕਹਿਣ ਤੇਰੀ ਚਰਨ ਧੂੜ ਝੁਕ ਝੁਕ ਲਾਈਏ ਮਸਤਕ ਮਾਥ, ਟਿੱਕੇ ਟਾਈਮ ਵਾਲੇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਤ ਨਵਿਤ ਜੁਗ ਚੌਕੜੀ ਏਥੇ ਓਥੇ ਦੋ ਜਹਾਨ ਤੇਰੇ ਉਤੇ ਵਿਸ਼ਵਾਸ਼, ਵਿਸ਼ਵ ਦੇ ਮਾਲਕ ਕੂੜ ਵਿਸ਼ਿਆਂ ਦਾ ਝਗੜਾ ਦੇਣਾ ਮੁਕਾਈਆ ।



੧੪੪੯ ੨੧

❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਗੀਰ ਸਿੰਘ ਦੇ ਗ੍ਰਿਹ ਪਿੰਡ ਮੈਣੀਆਂ ❊

ਅਵਤਾਰ ਕਹਿਣ ਪ੍ਰਭ ਸਾਡੀ ਪੂਰੀ ਕਰ ਮਨਸਾ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਕਲਜੁਗ ਜੀਵ ਕਾਗ ਬਣਾ ਹੰਸਾ,

ਆਤਮ ਪਰਮਾਤਮ ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਕੂੜੀ ਕਿਰਿਆ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਆਪਣਾ ਪਰਦਾ ਲਾਹੀਆ । ਸਾਚੀ ਸਿਖਿਆ ਦੇ ਬਣ ਬੋਧ ਅਗਾਧਾ ਪੰਡਤਾ, ਅੱਖਰਾਂ ਤੋਂ ਪਰੇ ਨਿਰਅੱਖਰ ਧਾਰ ਦੇ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਮੇਲ ਕਰ ਸਾਚੀ ਸੰਗਤਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕੋ ਹੋਵੇ ਤੇਰੀ ਮੰਨਤਾ, ਦੋ ਜਹਾਨ ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਅੰਤਾ, ਅੰਤਸ਼ਕਰਨ ਬਦਲ ਖ਼ਲਕ ਖ਼ੁਦਾਈਆ । ਝਗੜਾ ਰਹੇ ਨਾ ਕੂੜਾ ਮਨ ਦਾ, ਮਮਤਾ ਮੋਹ ਵਿਕਾਰ ਦੇਣਾ ਗਵਾਈਆ । ਮੰਦਰ ਸੁਹਾ ਸਾਢੇ ਤਿੰਨ ਹੱਥ ਕਾਇਆ ਤਨ ਦਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਕਰ ਪ੍ਰਕਾਸ਼ ਅਗੰਮੀ ਚੰਨ ਦਾ, ਅੰਧ ਅਗਿਆਨ ਦੇ ਗਵਾਈਆ । ਅੰਤਰ ਨਿਰੰਤਰ ਤੇਰਾ ਨਾਦ ਵੱਜੇ ਧੰਨ ਧੰਨ ਦਾ, ਨਾਦ ਅਨਾਦੀ ਆਪਣੀ ਕਰ ਸ਼ਨਵਾਈਆ । ਝਗੜਾ ਮੁਕ ਜਾਏ ਸ਼ਬਦ ਸੁਣਨਾ ਸਰਵਣ ਕੰਨ ਦਾ, ਧੁਨ ਆਤਮਕ ਰਾਗ ਦੇ ਦ੍ਰਿੜਾਈਆ । ਕਲਜੁਗ ਅੰਤਮ ਜਾਏ ਲੰਘਦਾ, ਸਦੀ ਚੌਧਵੀਂ ਵੇਖ ਵਖਾਈਆ । ਰਸ ਦੇ ਦੇ ਨਿਝਰ ਆਪਣੇ ਅਨੰਦ ਦਾ, ਅਨੰਦਪੁਰ ਵਾਸੀ ਨਾਲ ਮਿਲਾਈਆ । ਘਰ ਸੁਹਾ ਦੇ ਆਤਮ ਸੇਜ ਪਲੰਘ ਦਾ, ਮੰਦਰ ਗ੍ਰਿਹਿ ਵੱਜੇ ਵਧਾਈਆ । ਝਗੜਾ ਮੁਕੇ ਦੁਹਾਗਣ ਰੰਡ ਦਾ, ਸਚ ਸੁਹਾਗਣ ਵੇਖ ਵਖਾਈਆ । ਵੇਖ ਖੇਲ ਆਪਣੇ ਬ੍ਰਹਿਮੰਡ ਖੰਡ ਦਾ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫੋਲ ਫੁਲਾਈਆ । ਚਾਰ ਯੁਗ ਭੇਵ ਖੁਲ੍ਹਿਆ ਨਾ ਪਰਮ ਪੁਰਖ ਤੇਰੇ ਨਾਮ ਛੰਦ ਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਤੇਰੀ ਸਿਫ਼ਤ ਸਾਲਾਹੀਆ । ਲੇਖਾ ਲਾ ਲੈ ਪਵਣ ਸਵਾਸੀ ਦਮ ਦਾ, ਦਾਮਨਗੀਰ ਆਪਣੀ ਗੰਢ ਪਵਾਈਆ । ਝਗੜਾ ਮੁਕਾ ਦੇ ਹਰਖ ਸੋਗ ਗ਼ਮ ਦਾ, ਗ਼ਮਖ਼ਾਰ ਤੇਰੀ ਬੇਪਰਵਾਹੀਆ । ਲੇਖਾ ਰਹੇ ਨਾ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਭੇਵ ਖੁਲ੍ਹਾ ਦੇ ਆਪਣੇ ਨਾਮ ਦਾ, ਕਲਮਾ ਕਾਇਨਾਤ ਜਣਾਈਆ । ਅੰਮ੍ਰਿਤ ਰਸ ਪਿਆ ਦੇ ਹਕ਼ੀਕ਼ੀ ਜਾਮ ਦਾ, ਅੱਠ ਸੱਠ ਦੀ ਲੋੜ ਰਹੇ ਨਾ ਰਾਈਆ । ਕੂੜ ਅੰਧੇਰ ਮਿਟਾ ਦੇ ਸ਼ਾਮ ਦਾ, ਸਤਿਜੁਗ ਸ਼ਮਅ ਸਚ ਰੁਸ਼ਨਾਈਆ । ਬੰਧਨ ਕੱਟ ਦੇ ਸ਼ਰਅ ਜ਼ੰਜੀਰ ਮਜ਼੍ਹਬ ਗ਼ੁਲਾਮ ਦਾ, ਮਾਨਵ ਵੰਡ ਨਾ ਕੋਇ ਵੰਡਾਈਆ । ਧਰਮ ਵਖਾ ਦੇ ਆਪਣੇ ਨਿਸ਼ਾਨ ਦਾ, ਨਿਸ਼ਾਨਾ ਇਕੋ ਇਕ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਦਵਾਰੇ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਸਾਡੀ ਅਗੰਮੀ ਅਰਦਾਸ, ਦਰ ਠਾਂਡੇ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਕਰ ਨਾਸ, ਨਾਸਤਕ ਆਸਤਕ ਰੂਪ ਬਦਲਾਈਆ । ਹਰ ਹਿਰਦੇ ਆਪਣਾ ਦੇ ਵਿਸ਼ਵਾਸ਼, ਵਿਸ਼ਿਆਂ ਵਿਚੋਂ ਕੱਢ ਲੋਕਾਈਆ । ਮਨੂਆ ਮਨ ਨਾ ਰਹੇ ਬਦਮਾਸ਼, ਬਦੀ ਦਾ ਡੇਰਾ ਦੇਣਾ ਢਾਹੀਆ । ਸਾਚੇ ਮੰਡਲ ਵਖਾ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਨਚਾਈਆ । ਤੇਰੇ ਨਾਮ ਦਾ ਵੱਜੇ ਨਾਦ, ਅਗੰਮੀ ਰਾਗ ਅਲਾਈਆ । ਤੇਰਾ ਨੂਰ ਹੋਵੇ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਕਲਜੁਗ ਅੰਤ ਮੇਟ ਦੇ ਵਾਟ, ਅੱਗੇ ਅਵਰ ਨਾ ਕੋਇ ਵਧਾਈਆ । ਸਭ ਦਾ ਚੀਥੜ ਗਿਆ ਪਾਟ, ਕਾਇਆ ਕੱਪੜ ਨਾ ਕੋਇ ਸੁਹਾਈਆ । ਜਿਧਰ ਤੱਕੀਏ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਤਿ ਧਰਮ ਦੀ ਰਹੀ ਨਾ ਕੋਈ ਜਮਾਤ, ਕੂੜੀ ਕਿਰਿਆ ਕੂੜ ਹਲਕਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਗਾਥ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਨਿਉਂ ਕੇ ਸੀਸ ਨਿਵਾ ਤ੍ਰੈਲੋਕੀ

ਨਾਥ, ਕਾਹਨਾ ਕ੍ਰਿਸ਼ਨਾ ਧੂੜੀ ਮਸਤਕ ਖ਼ਾਕ ਰਮਾਈਆ । ਰਾਮਾ ਨਿਉਂ ਨਿਉਂ ਰਿਹਾ ਝਾਕ, ਮੇਰੇ ਰਾਮ ਤੇਰੀ ਸਰਨਾਈਆ । ਪੱਲੇ ਰਿਹਾ ਕਿਸੇ ਨਾ ਸਾਚ, ਸਤਿ ਵਿਚ ਨਾ ਕੋਇ ਸਮਾਈਆ । ਝਗੜਾ ਪਿਆ ਜ਼ਾਤ ਪਾਤ, ਦੀਨਾਂ ਮਜ਼੍ਹਬਾਂ ਕਰੇ ਲੜਾਈਆ । ਜੋ ਸੰਦੇਸ਼ਾ ਗਿਆ ਆਖ, ਅੱਖਰਾਂ ਵਿਚ ਲਿਖਾਈਆ । ਤਿਸ ਦਾ ਦੇਵੇ ਕੋਇ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਸਾਡੀ ਅੰਤ ਅਖ਼ੀਰੀ ਕੱਟ ਦੇ ਵਾਟ, ਵਾਹਵਾ ਤੇਰੀ ਵੱਜੇ ਵਧਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਪਾਰਬ੍ਰਹਮ ਤੇਰੀ ਸਰਨਾਈਆ । ਆਦਿ ਨਿਰੰਜਣ ਦੇ ਦਾਤ, ਏਕੰਕਾਰ ਝੋਲੀ ਪਾਈਆ । ਹਰਿ ਪੁਰਖ ਨਿਰੰਜਣ ਪੁਛ ਵਾਤ, ਸੋ ਪੁਰਖ ਨਿਰੰਜਣ ਹੋ ਸਹਾਈਆ । ਤੇਰਾ ਖੇਲ ਜਗਤ ਤਮਾਸ਼, ਦੀਨ ਦੁਨੀ ਤੇਰੀ ਵਡਿਆਈਆ । ਸਭ ਨੂੰ ਇਕੋ ਦੱਸ ਦੇ ਜਾਪ, ਦੋ ਜਹਾਨ ਤੇਰੀ ਪੜ੍ਹਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਾਹਿਬ ਸਵਾਮੀ ਸਭ ਦਾ ਬਾਪ, ਪਤਿਪਰਮੇਸ਼ਵਰ ਸੋਭਾ ਪਾਈਆ । ਕਲਜੁਗ ਅੰਤਮ ਅਸੀਂ ਸਾਰੇ ਗਏ ਕਾਂਪ, ਸਾਡੀ ਚਲੇ ਨਾ ਕੋਇ ਚਤੁਰਾਈਆ । ਰੂਹ ਬੁਤ ਨਾ ਦਿਸੇ ਪਾਕ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਅਵਤਾਰ ਕਹਿਣ ਪੁਰਖ ਅਕਾਲੇ ਕਰ ਗ਼ੌਰ, ਗਹਿਰ ਗੰਭੀਰ ਵੇਖ ਵਖਾਈਆ । ਦੋ ਜਹਾਨਾਂ ਆਪੇ ਦੌੜ, ਨਿਰਗੁਣ ਸਰਗੁਣ ਵੇਸ ਵਟਾਈਆ । ਦਰਗਾਹ ਸਾਚੀ ਲਾ ਪੌੜ, ਨਾਮ ਡੰਡਾ ਇਕ ਵਡਿਆਈਆ । ਕਲਜੁਗ ਅੰਤਮ ਤੇਰੀ ਲੋੜ, ਦੂਜਾ ਅਵਰ ਨਾ ਕੋਇ ਸਹਾਈਆ । ਦੀਨਾਂ ਮਜ਼੍ਹਬਾਂ ਪਿਆ ਖੋਰ, ਦੂਈ ਦਵੈਤ ਵੰਡ ਵੰਡਾਈਆ । ਕਲਜੁਗ ਸਾਧ ਸੰਤ ਬਣ ਗਏ ਚੋਰ, ਠੱਗੀ ਤੇਰਾ ਨਾਮ ਕਮਾਈਆ । ਸਾਚੇ ਚੜ੍ਹੇ ਕੋਈ ਨਾ ਘੋੜ, ਸ਼ਾਹ ਸਵਾਰਾ
੧੪੫੧ ਨਜ਼ਰ ਕੋਇ ਨਾ ਆਈਆ । ਸਭ ਦੀ ਨੀਤੀ ਹੋਈ ਹੋਰ, ਹਿਰਦੇ ਹਰਿ ਨਾ ਕੋਇ ਵਸਾਈਆ । ਪਰਮ ਪੁਰਖ ਪ੍ਰਭ ਆਪੇ ਬਹੁੜ, ਬਹੁੜੀ ਬਹੁੜੀ ੧੪੫੧
੨੧ ਤੇਰੀ ਦੁਹਾਈਆ । ਮਨ ਕਲਪਣਾ ਮੇਟ ਸ਼ੋਰ, ਸ਼ੌਹਰ ਬਾਂਕੇ ਵੇਖ ਵਖਾਈਆ । ਬਲਹੀਣ ਰਿਹਾ ਨਾ ਜ਼ੋਰ, ਜੋਰੂ ਜ਼ਰ ਰਿਹਾ ਕੁਰਲਾਈਆ । ਬਿਨ ਤੇਰੀ ਕਿਰਪਾ ਭਾਗ ਹੋਵੇ ਨਾ ਕਿਸੇ ਮਥੌਰ, ਸੀਸ ਜਗਦੀਸ਼ ਹੱਥ ਨਾ ਕਿਸੇ ਟਿਕਾਈਆ । ਕਲਜੁਗ ਜੀਵਾਂ ਬੁੱਧੀ ਹੋਈ ਢੋਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਆਪਣਾ ਫ਼ੁਰਨਾ ਫੇਰ ਫੋਰ, ਧੁਰ ਦਾ ਨਾਮ ਕਰ ਸ਼ਨਵਾਈਆ । ਸਭ ਦੀ ਤੇਰੇ ਹੱਥ ਡੋਰ, ਆਤਮ ਪਰਮਾਤਮ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਕਹਿਣ ਪ੍ਰਭ ਦੀਨ ਦਿਆਲ ਸਾਡੀ ਬੰਦਨ, ਬੰਦਗੀ ਡੰਡਾਵਤ ਇਕ ਜਣਾਈਆ । ਕਲਜੁਗ ਕਿਰਿਆ ਕੱਟ ਦੇ ਬੰਧਨ, ਮਮਤਾ ਮੋਹ ਰਹੇ ਨਾ ਰਾਈਆ । ਸਾਚਾ ਧੂੜੀ ਟਿੱਕਾ ਲਾ ਚੰਦਨ, ਚੇਤਨ ਸੁਰਤੀ ਦੇ ਕਰਾਈਆ । ਨਾਮ ਖ਼ੁਮਾਰੀ ਦੇ ਅਨੰਦਨ, ਨਿਜਾਨੰਦ ਵਿਚ ਸਮਾਈਆ । ਬਿਨ ਤੇਰੇ ਕੋਈ ਨਾ ਆਵੇ ਟੁੱਟੀ ਗੰਢਣ, ਨਾਤਾ ਬਿਧਾਤਾ ਵੇਖ ਵਖਾਈਆ । ਸਤਿਗੁਰ ਸ਼ਬਦ ਉਠਾ ਚੰਡ ਪ੍ਰਚੰਡਣ, ਬ੍ਰਹਿਮੰਡ ਖੰਡ ਫੋਲ ਫੁਲਾਈਆ । ਬਿਨ ਤੇਰੇ ਦੁਸ਼ਟਾਂ ਕੋਈ ਨਾ ਆਵੇ ਦੰਡਣ, ਦਾਅਵੇਦਾਰ ਨਜ਼ਰ ਕੋਇ ਨਾ ਆਈਆ । ਦਰਵੇਸ਼ ਹੋ ਕੇ ਤੇਰੇ ਕੋਲੋਂ ਲੱਗੇ ਮੰਗਣ, ਤੇਈ ਅਵਤਾਰ ਝੋਲੀ ਡਾਹੀਆ । ਕਿਰਪਾਲ ਦਿਆਲ ਸਾਨੂੰ ਰੱਖ ਅੰਗਣ, ਅੰਗੀਕਾਰ ਇਕ ਹੋ ਜਾਈਆ । ਸਾਡਾ ਤਨ ਵਜੂਦ ਨਹੀਂ ਕੋਈ ਬਦਨ, ਜੋਤੀ ਧਾਰ ਸੀਸ ਝੁਕਾਈਆ । ਮਾਤਲੋਕ ਵੇਖ ਆਪਣਾ ਵਤਨ, ਜਿਥੇ ਬੇਵਤਨ ਬੈਠੇ ਡੇਰਾ ਲਾਈਆ । ਕਲਜੁਗ ਅੰਤਮ ਸਤਿਜੁਗ ਸਾਚਾ ਦੱਸ ਪੱਤਨ, ਤਟ ਕਿਨਾਰਾ ਇਕੋ ਇਕ

ਸੁਹਾਈਆ । ਜਨ ਭਗਤਾਂ ਦਰਸ ਦਿਖਾ ਨਿਜ ਨੇਤਰ ਅੱਖਣ, ਲੋਇਣ ਆਪਣਾ ਇਕ ਖੁਲ੍ਹਾਈਆ । ਸੰਤ ਸੁਹੇਲੇ ਤੇਰੀ ਸਰਨ ਵਸਣ, ਵਾਸਤਾ ਆਪਣੇ ਨਾਲ ਜੁੜਾਈਆ । ਗੁਰਮੁਖ ਲੱਖ ਚੁਰਾਸੀ ਵਿਚੋਂ ਵਿਰੋਲ ਮੱਖਣ, ਚਾਰੇ ਖਾਣੀ ਫੋਲ ਫੁਲਾਈਆ । ਤੇਈ ਅਵਤਾਰ ਕਹਿਣ ਤੁਧ ਬਿਨ ਜੁਗ ਜੁਗ ਕੋਈ ਨਾ ਆਵੇ ਪੈਜ ਰੱਖਣ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧੁਰ ਦੀ ਧਾਰ ਚਾੜ੍ਹ ਦੇ ਰੰਗਣ, ਰੰਗਤ ਆਪਣਾ ਨਾਮ ਰੰਗਾਈਆ ।

✻ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਮੁਖ਼ਤਿਆਰ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ✻

ਅਵਤਾਰ ਕਹਿਣ ਪ੍ਰਭ ਤੇਰੇ ਅੱਗੇ ਸਾਡੀ ਨਿਮਸਕਾਰ, ਨਮੋਂ ਨਮੋਂ ਸੀਸ ਨਿਵਾਈਆ । ਤੇਰੇ ਨਾਮ ਦਾ ਹੋਵੇ ਇਕ ਜੈਕਾਰ, ਦੀਨ ਦੁਨੀ ਇਕੋ ਨਾਮ ਧਿਆਈਆ । ਝਗੜਾ ਮਜ਼੍ਹਬ ਮੇਟ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠੇ ਸੀਸ ਨਿਵਾਈਆ । ਚਰਨ ਪ੍ਰੀਤੀ ਏਕੰਕਾਰ ਦੇ ਇਕ ਅਧਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਾਚਾ ਮੰਦਰ ਸੋਹੇ ਤੇਰਾ ਇਕ ਦਵਾਰ, ਧਰਮ ਦੀ ਧਾਰ ਦੇ ਇਕ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਹੋਵੇ ਵਾਰ, ਵਾਰਸ ਹੋ ਕੇ ਦੇ ਸਮਝਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧ ਅੰਧਿਆਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਤੇਈ ਅਵਤਾਰ ਤੇਰੇ ਸੇਵਾਦਾਰ, ਬੱਚੇ ਨੰਨ੍ਹੇ ਮੰਗ ਮੰਗਾਈਆ । ਚਾਰੋਂ ਕੁੰਟ ਵੇਖ ਹਾਹਾਕਾਰ, ਦੀਨ ਦੁਨੀ ਰਹੀ ਕੁਰਲਾਈਆ । ਪਿਤਾ ਪੂਤ ਨਾ ਰਿਹਾ ਪਿਆਰ, ਭੈਣ ਭਾਈ ਸਗਲਾ ਸੰਗ ਨਾ ਕੋਇ ਵਖਾਈਆ । ਚਾਰੋਂ ਕੁੰਟ ਧੂੰਆਂਧਾਰ, ਧਰਮ ਦਾ ਚੰਦ ਨਾ ਕੋਇ ਚਮਕਾਈਆ । ਤੁਧ ਬਿਨ ਕੋਇ ਨਾ ਪਾਵੇ ਸਾਰ, ਮਿਹਰਵਾਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਅਵਤਾਰ ਕਹਿਣ ਪ੍ਰਭ ਵੇਖ ਕਲਜੁਗ ਅੰਧ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਭਰਮਾਂ ਢਾਹੇ ਕੋਈ ਨਾ ਕੰਧ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਪੜ੍ਹ ਪੜ੍ਹ ਥੱਕੀ ਲੋਕਾਈਆ । ਆਤਮ ਪਰਮਾਤਮ ਪ੍ਰੀਤੀ ਸਕੇ ਨਾ ਕੋਇ ਗੰਢ, ਟੁੱਟੀ ਜੋੜ ਨਾ ਕੋਇ ਜੁੜਾਈਆ । ਨਿਜ ਗ੍ਰਿਹਿ ਮਿਲੇ ਨਾ ਕਿਸੇ ਅਨੰਦ, ਅਨੰਦਪੁਰ ਵਾਲਾ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰ ਵਧਿਆ ਘਮੰਡ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਇਕ ਸ਼ਰਨਾਈਆ । ਜਨ ਭਗਤ ਸੁਹੇਲੇ ਲਾ ਅੰਗ, ਅੰਗੀਕਾਰ ਆਪ ਹੋ ਜਾਈਆ । ਸਦੀ ਚੌਧਵੀਂ ਸਾਰੇ ਹੋਏ ਨੰਗ, ਨਾਮ ਪਰਦਾ ਸੀਸ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਸਾਬਤ ਰਿਹਾ ਨਾ ਕੋਇ ਸਰੀਰ, ਪੰਜ ਤੱਤ ਨਾ ਕੋਇ ਵਡਿਆਈਆ । ਸੂਫ਼ੀ ਮਿਲੇ ਨਾ ਕੋਇ ਫ਼ਕੀਰ, ਕਲਮਾ ਹੱਕ ਨਾ ਕੋਇ ਜਣਾਈਆ । ਸੰਤ ਬਦਲੇ ਨਾ ਕੋਇ ਤਕਦੀਰ, ਤਬਾ ਤਬੀਅਤ ਨਾ ਕੋਇ ਬਦਲਾਈਆ । ਝਗੜਾ ਪਿਆ ਸ਼ਾਹ ਹਕੀਰ, ਅਮੀਰ ਗ਼ਰੀਬ ਕਰੇ ਲੜਾਈਆ । ਹਉਮੇ ਘਰ


੧੪੫੨
੨੧

ਘਰ ਵਧੀ ਪੀੜ, ਦੁੱਖ ਦਰਦ ਨਾ ਕੋਇ ਮਿਟਾਈਆ । ਲੇਖਾ ਵੇਖ ਹਸਤ ਕੀਟ, ਕੀਟ ਕੀਟਾਂ ਖੋਜ ਖੁਜਾਈਆ । ਸਾਡਾ ਅੰਤਰ ਹੋਇਆ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਕਿਰਪਾ ਕਰ ਗੁਣਵੰਤ ਗਹਿਰ ਗੰਭੀਰ, ਗਵਰ ਤੇਰੀ ਓਟ ਤਕਾਈਆ । ਨਾਮ ਖੰਡਾ ਫੜ ਸ਼ਮਸ਼ੀਰ, ਸ਼ਰਅ ਜ਼ੰਜੀਰ ਦੇ ਤੁੜਾਈਆ । ਜੋ ਆਸਾ ਰੱਖ ਕੇ ਗਿਆ ਕਬੀਰ, ਬਿਨਾ ਕਾਅਬਿਆਂ ਤੇਰਾ ਨੂਰ ਚਮਕਾਈਆ । ਓਸ ਦਾ ਵੇਖ ਅੰਤ ਅਖ਼ੀਰ, ਆਖ਼ਰ ਹੋ ਸਹਾਈਆ । ਤੇਈ ਅਵਤਾਰ ਵਹਾਉਂਦੇ ਨੀਰ, ਬਿਨ ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਨਿਧਾਨ ਬਖ਼ਸ਼ ਆਪਣਾ ਸੀਰ, ਰਸ ਇਕੋ ਇਕ ਚਖਾਈਆ ।

❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ❊

ਅਵਤਾਰ ਕਹਿਣ ਸਾਡੇ ਅੰਤਰ ਆਈ ਪ੍ਰਭ ਚਿੰਦਾ, ਚਿੰਤਾ ਵੇਖੀ ਥਾਉਂ ਥਾਈਂਆ । ਜਿਧਰ ਵੇਖੀਏ ਦੀਨ ਮਜ਼੍ਹਬ ਇਕ ਦੂਜੇ ਦੀ ਕਰਨ ਨਿੰਦਾ, ਤੇਰਾ ਨਾਮ ਕਲਮਾ ਸਮਝ ਕੋਇ ਨਾ ਪਾਈਆ । ਸਤਿ ਧਰਮ ਦੀ ਸਾਚੀ ਦਿਸੇ ਕੋਈ ਨਾ ਬਿੰਦਾ, ਜਨਣੀ ਜਨ ਨੂਰ ਨਾ ਕੋਇ ਚਮਕਾਈਆ । ਪ੍ਰਕਾਸ਼ ਦਿਸੇ ਨਾ ਕਿਸੇ ਜੀਉ ਪਿੰਡਾ, ਪੰਚ ਵਿਕਾਰਾ ਅਗਨੀ ਰਹੀ ਜਲਾਈਆ । ਅੰਮ੍ਰਿਤ ਰਸ ਧਾਰ ਵਹਾਏ ਨਾ ਕੋਇ ਸਿੰਧਾ, ਕਾਇਆ ਗਾਗਰ ਡੂੰਘਾ ਸਾਗਰ ਨਾ ਕੋਇ ਵਡਿਆਈਆ । ਮੇਲ ਮਿਲੇ ਨਾ ਕਿਸੇ ਗਹਿਰ ਗੰਭੀਰ ਗੁਣੀ ਗਹਿੰਦਾ, ਪਾਰਬ੍ਰਹਮ ਬ੍ਰਹਮ ਤੇਰਾ ਜੋੜ ਨਾ ਕੋਇ ਜੁੜਾਈਆ । ਕਲਜੁਗ ਕੂੜੀ ਕਿਰਿਆ ਮਾਰਗ ਚਲੇ ਵਿੰਗਾ, ਸੁਖਮਨ ਟੇਢੀ ਬੰਕ ਪਾਰ ਨਾ ਕੋਇ ਕਰਾਈਆ । ਨੇਤਰ ਰੋਵੇ ਕਰੋੜ ਤਤੀਸਾ ਸੁਰਪਤ ਇੰਦਾ, ਵਿਸ਼ਨ ਬ੍ਰਹਮਾ ਸ਼ਿਵ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਆਦਿ ਅੰਤ ਪ੍ਰਭ ਤੇਰੇ ਹੱਥ ਵਡਿਆਈਆ । ਅਵਤਾਰ ਕਹਿਣ ਪ੍ਰਭ ਸਚ ਰਿਹਾ ਨਾ ਕੋਇ ਇਨਸਾਫ਼, ਅਦਲ ਅਦਾਲਤ ਨਾ ਕੋਇ ਕਰਾਈਆ । ਜਨਮ ਕਰਮ ਦਾ ਲੇਖਾ ਕਰੇ ਨਾ ਕੋਇ ਮੁਆਫ਼, ਸੰਤ ਸਤਿਗੁਰ ਸੀਸ ਹੱਥ ਨਾ ਕੋਇ ਟਿਕਾਈਆ । ਮਨ ਕਲਪਣਾ ਮੇਟੇ ਨਾ ਕੋਇ ਗੁਸਤਾਖ਼, ਮੋਹ ਹੰਕਾਰ ਵਿਕਾਰ ਅੰਦਰੋਂ ਬਾਹਰ ਨਾ ਕੋਇ ਕਢਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਕੇ ਨਾ ਕੋਇ ਵਾਚ, ਅੱਖਰ ਵਿਦਿਆ ਪੜ੍ਹ ਪੜ੍ਹ ਦੀਨ ਦੁਨੀ ਹੋਈ ਹਲਕਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਕਰ ਰੁਸ਼ਨਾਈਆ । ਝਗੜਾ ਰਹੇ ਨਾ ਦੀਨ ਮਜ਼੍ਹਬ ਜ਼ਾਤ ਪਾਤ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਰੰਗ ਦੇ ਰੰਗਾਈਆ । ਤੇਰਾ ਨਾਮ ਕਲਮਾ ਹੋਵੇ ਇਕ ਇਕੋ ਤੁਲਬਿਆਂ ਹੋਵੇ ਜਮਾਤ, ਨੌ ਖੰਡ ਪ੍ਰਿਥਮੀ ਇਕੋ ਕਰ ਪੜ੍ਹਾਈਆ । ਹਰ ਹਿਰਦੇ ਅੰਤਰ ਨਿਰੰਤਰ ਰੱਖ ਵਾਸ, ਵਾਸਤਾ ਆਤਮਾ ਪਰਮਾਤਮਾ ਨਾਲ ਜੁੜਾਈਆ । ਅਸੀਂ ਤੱਕੀਏ ਉਪਰ ਆਕਾਸ਼, ਤੇਰੇ ਖੇਲ ਉਪਰ ਪ੍ਰਿਥਮੀ ਜੰਗਲ ਜੂਹ ਉਜਾੜ ਪਹਾੜ ਵਿਚ ਭਰਵਾਸ, ਸਮੁੰਦ ਸਾਗਰ ਪਰਦਾ ਦੇ ਉਠਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰਾ ਨੂਰ ਹੋਵੇ ਪ੍ਰਕਾਸ਼, ਜੋਤੀ ਜਾਤੇ ਡਗਮਗਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਸਭ ਦੇ ਸਿਰ ਤੇ ਰੱਖ ਹਾਥ, ਪੁਸ਼ਤ ਪਨਾਹ ਆਪਣੀ ਦਇਆ


੧੪੫੩ ੨੧

ਕਮਾਈਆ । ਜੋ ਭਵਿਖਤਾਂ ਵਿਚ ਸਰਗੁਣ ਧਾਰ ਆਏ ਆਖ, ਨਿਰਗੁਣ ਨਿਰਵੈਰ ਪੂਰਾ ਦੇ ਕਰਾਈਆ । ਹਉਂ ਸੇਵਕ ਤੇਰੇ ਬਾਲੇ ਚਰਨ ਦਾਸ, ਯਾਚਕ ਹੋ ਕੇ ਸੇਵ ਕਮਾਈਆ । ਤੇਈ ਅਵਤਾਰ ਕਹਿਣ ਪ੍ਰਭ ਸਾਡੀ ਇਕ ਅਰਜ਼ੋਈ ਇਕੋ ਤੇਰੇ ਅੱਗੇ ਬਾਤ, ਬਾਤਨ ਪਰਦਾ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਮਨ ਕਲਪਣਾ ਰਹੇ ਨਾ ਕੋਇ ਗੁਸਤਾਖ, ਸਤਿ ਸਚ ਹਰ ਹਿਰਦੇ ਦੇ ਵਸਾਈਆ ।

### ❋ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਗੀਰ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ❋

ਅਵਤਾਰ ਕਹਿਣ ਪ੍ਰਭ ਵੇਖ ਤੱਤ ਅੱਠ, ਤਨ ਮਾਟੀ ਖੋਜ ਖੁਜਾਈਆ । ਧੀਰਜ ਰਿਹਾ ਨਾ ਕੋਇ ਹੱਠ, ਸਤਿ ਸੰਤੋਖ ਨਾ ਕੋਇ ਜਣਾਈਆ । ਭਾਗ ਲੱਗੇ ਨਾ ਕਾਇਆ ਮਠ, ਤਨ ਵਜੂਦ ਨਾ ਕੋਇ ਰੁਸ਼ਨਾਈਆ । ਫਿਰੀ ਦਰੋਹੀ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਸਚ ਨਾਮ ਦਾ ਮਿਲੇ ਨਾ ਇਕ ਹੱਟ, ਧੁਰ ਦੀ ਵਸਤ ਨਾ ਕੋਇ ਵਰਤਾਈਆ । ਅਵਤਾਰ ਪੈਗ਼ੰਬਰ ਗਏ ਥੱਕ, ਸਿਫ਼ਤਾਂ ਵਿਚ ਤੇਰੀ ਸਿਫ਼ਤ ਸਾਲਾਹੀਆ । ਅੰਤਮ ਵੇਖ ਹਕੀਕ਼ਤ ਹੱਕ, ਲਾਸ਼ਰੀਕ ਪਰਦਾ ਲਾਹੀਆ । ਨੌ ਖੰਡ ਪ੍ਰਿਥਮੀ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਕਰਾਈਆ । ਅੰਤਰ ਰਹੀ ਨਾ ਕਿਸੇ ਗੁਰਮਤ, ਮਨਮਤ ਹੋਈ ਹਲਕਾਈਆ । ਤੁਧ ਬਿਨ ਰੱਖੇ ਕੋਇ ਨਾ ਪਤਿ, ਪਤਿਪਰਮੇਸ਼ਵਰ ਹੋ ਸਹਾਈਆ । ਸਤਿਜੁਗ ਤ੍ਰੇਤਾ ਦੁਆਪਰ ਗਿਆ ਨਠ, ਕਲਜੁਗ ਵੇਲਾ ਅੰਤਮ ਆਈਆ । ਦੀਨ ਮਜ਼੍ਹਬ ਦੀ ਮੇਟੇ ਨਾ ਕੋਇ ਵੱਟ, ਹਦੂਦ ਹੱਦ ਨਾ ਕੋਇ ਗਵਾਈਆ । ਸਚ ਨਾਮ ਦਾ ਲਾਹਾ ਸਕੇ ਨਾ ਕੋਇ ਖੱਟ, ਖਟਕਾ ਅੰਦਰੋਂ ਨਾ ਕੋਇ ਚੁਕਾਈਆ । ਕਿਰਪਾ ਕਰ ਪੁਰਖ ਸਮਰਥ, ਸਾਹਿਬ ਸੁਲਤਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਕਲਜੁਗ ਵੇਖ ਕਿਨਾਰਾ, ਨਵ ਨੌ ਚਾਰ ਖੋਜ ਖੁਜਾਈਆ । ਸਤਿ ਧਰਮ ਦਾ ਦਏ ਨਾ ਕੋਇ ਸਹਾਰਾ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਘਰ ਘਰ ਵੇਖਿਆ ਹਉਮੇ ਹੰਗਤਾ ਗੜ੍ਹ ਹੰਕਾਰਾ, ਨਿਮਰਤਾ ਵਿਚ ਨਾ ਕੋਇ ਸਮਾਈਆ । ਸਤਿ ਸਚ ਤੇਰਾ ਨਾਮ ਲਾਏ ਨਾ ਕੋਇ ਅਖਾੜਾ, ਕਲਜੁਗ ਮਾਇਆ ਮਮਤਾ ਵੇਸਵਾ ਨਾਚ ਨਚਾਈਆ । ਤ੍ਰੈਗੁਣ ਮਾਇਆ ਅਗਨੀ ਅੱਗ ਲਗਾਏ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਝਗੜਾ ਪਿਆ ਪੁਰਖ ਨਾਰਾ, ਪਿਤਾ ਪੂਤ ਕਰੇ ਲੜਾਈਆ । ਕਿਸੇ ਕੰਮ ਨਾ ਸੀਤਾ ਰਾਮ ਜੈਕਾਰਾ, ਰਾਧਾ ਕ੍ਰਿਸ਼ਨਾ ਨਾ ਕੋਇ ਚਤੁਰਾਈਆ । ਨੇਤਰ ਸਾਰੇ ਰੋਵਣ ਜ਼ਾਰੋ ਜ਼ਾਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਬੇਅੰਤ ਬੇਪਰਵਾਹ ਪਾ ਸਾਰਾ, ਮਹਾਂਸਾਰਥੀ ਆਪਣਾ ਵੇਸ ਵਟਾਈਆ । ਤੈਨੂੰ ਕਹਿ ਕੇ ਆਏ ਚੌਵੀਵਾਂ ਅਵਤਾਰਾ, ਕਲ ਕਲਕੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੇਰੇ ਨਾਮ ਦੀ ਇਕ ਵਡਿਆਈਆ । ਅਵਤਾਰ ਕਹਿਣ ਦੀਨ ਦਿਆਲ ਆਪਣੀ ਦੁਨੀ ਤਕ, ਸਚਖੰਡ ਨਿਵਾਸੀ ਧਿਆਨ ਲਗਾਈਆ । ਚਾਰ ਕੁੰਟ ਨਾ ਰਿਹਾ ਸੱਚ, ਜੂਠ ਝੂਠ ਵੱਜੀ ਵਧਾਈਆ । ਗੁਰ ਅਵਤਾਰ ਪੈਗ਼ੰਬਰ ਗਏ ਛੱਡ, ਨਾਸਤਕ ਰੂਪ ਹੋਈ ਲੋਕਾਈਆ । ਆਤਮ ਪਰਮਾਤਮ ਕਰ

ਕੇ ਅੱਡ, ਪ੍ਰਭੂ ਤੈਨੂੰ ਰਹੇ ਭੁਲਾਈਆ । ਵਿਸ਼ਵ ਧਾਰ ਸਮਝੇ ਨਾ ਕੋਇ ਯੱਦ, ਭਗਤ ਭਗਵਾਨ ਨਾ ਰੰਗ ਰੰਗਾਈਆ । ਗ੍ਰਿਹ ਮੰਦਰ ਅੰਦਰ ਲਏ ਨਾ ਕੋਇ ਸੱਦ, ਕਾਇਆ ਕਾਅਬੇ ਖ਼ੁਸ਼ੀ ਨਾ ਕੋਇ ਮਨਾਈਆ । ਸਾਚੇ ਹੁਜਰੇ ਵੇਖੇ ਨਾ ਕੋਇ ਹੱਜ, ਮਹਿਬੂਬ ਮੁਹੱਬਤ ਵਿਚ ਮਿਲਣ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਸਾਰੇ ਪੜ੍ਹ ਪੜ੍ਹ ਗਏ ਥੱਕ, ਅੰਤਰ ਆਤਮ ਪਰਦਾ ਨਾ ਕੋਇ ਉਠਾਈਆ । ਮਿਹਰਵਾਨ ਮਹਿਬੂਬ ਸਦੀ ਚੌਧਵੀਂ ਕੂੜੀ ਮੇਟ ਹੱਦ, ਹਦੂਦ ਆਪਣੀ ਇਕ ਸਮਝਾਈਆ । ਤੇਰੀ ਧਾਰ ਤੇਰਾ ਆਤਮ ਤੇਰੇ ਨਾਲੋਂ ਰਹੇ ਨਾ ਕੋਇ ਅਲਗ, ਵਖਰਾ ਗ੍ਰਿਹ ਨਾ ਕੋਇ ਸੁਹਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹ ਰਗ, ਨੌ ਦਵਾਰੇ ਡੇਰਾ ਢਾਹੀਆ । ਕਲਜੁਗ ਕੂੜ ਕਲਪਣਾ ਬੁਝੇ ਅੱਗ, ਸਾਂਤਕ ਸਤਿ ਸਤਿ ਕਰਾਈਆ । ਤੇਈ ਅਵਤਾਰ ਲੋਕਮਾਤ ਰਹੇ ਸੱਦ, ਸੱਦਾ ਦੇਵਣ ਥਾਉਂ ਥਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਸਭ ਦੇ ਹੱਡ, ਨਾੜ ਬਹੱਤਰ ਰਹੀ ਕੁਰਲਾਈਆ । ਕਿਰਪਾ ਕਰ ਸਾਹਿਬ ਸਮਰਥ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਨੂਰ ਅਲਾਹੀਆ । ਅਵਤਾਰ ਕਹਿਣ ਪ੍ਰਭ ਦੇਖ ਆਪਣੀ ਦੁਨੀ, ਦਾਅਵੇ ਨਾਲ ਜਣਾਈਆ । ਸਾਚਾ ਰਿਹਾ ਨਾ ਕੋਇ ਰਿਖੀ ਮੁਨੀ, ਮੁਨੀਸ਼ਰ ਰੂਪ ਨਾ ਕੋਇ ਦਰਸਾਈਆ । ਅੰਤਰ ਸੁਣੇ ਨਾ ਕੋਇ ਧੁਨੀ, ਨਾਦ ਸ਼ਬਦ ਨਾ ਕੋਇ ਸ਼ਣਵਾਈਆ । ਧਰਮ ਦਾ ਦਿਸੇ ਕੋਇ ਨਾ ਗੁਣੀ, ਗੁਣਵੰਤ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਸ੍ਰਿਸ਼ਟੀ ਛਾਣੀ ਪੁਣੀ, ਮਾਨਵ ਮਾਨਵ ਫੋਲ ਫੁਲਾਈਆ । ਭਾਗ ਦਿਸੇ ਨਾ ਕਿਸੇ ਕੁਲੀ, ਸਾਢੇ ਤਿੰਨ ਹੱਥ ਕਾਇਆ ਖ਼ਾਲੀ ਨਜ਼ਰੀ ਆਈਆ । ਤੇਰਾ ਨਾਮ ਰਸਨਾ ਜਪਦੇ ਸਾਰੇ ਬੁੱਲੀਂ, ਹਿਰਦੇ ਅੰਦਰ ਨਾ ਕੋਇ ਵਸਾਈਆ । ਸਖ਼ੀ ਸਹੇਲੀ ਤੇਰੇ ਕੰਡੇ ਕੋਇ ਨਾ ਤੁਲੀ, ਤੁਲਸੀ ਰਮਾਇਣ ਕੰਮ ਕਿਸੇ ਨਾ ਆਈਆ । ਸਦੀ ਚੌਧਵੀਂ ਮੁਹੰਮਦ ਫੁਲਵਾੜੀ ਫੁੱਲੀ, ਈਸਾ ਮੂਸਾ ਦਏ ਗਵਾਹੀਆ । ਉਮਤ ਨਬੀਆਂ ਰਾਹ ਭੁੱਲੀ, ਰਹਿਮਤ ਹੱਕ ਨਾ ਕੋਇ ਕਮਾਈਆ । ਤੁਧ ਬਿਨ ਅਵਰ ਨਾ ਦਿਸੇ ਕੋਈ ਸੁਲਹਕੁਲੀ, ਕੁਲਮਾਲਕ ਵੇਖ ਵਖਾਈਆ । ਧਰਨੀ ਧਰਤ ਧਵਲ ਧੌਲ ਮਾਇਆ ਮਮਤਾ ਵਿਚ ਰੁਲੀ, ਮਨਸਾ ਮੋਹ ਨਾ ਕੋਇ ਮਿਟਾਈਆ । ਸਭ ਦੀ ਕਾਇਆ ਬਿਰਛ ਟਾਹਣੀ ਹੁੱਲੀ, ਫਲ ਫੁੱਲ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਆਪਣੇ ਚਰਨਾਂ ਦੇ ਧੂਲੀ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਾਹਿਬ ਤੇਰੀ ਸਰਨਾਈਆ । ਅਵਤਾਰ ਕਹਿਣ ਪੁਰਖ ਅਕਾਲ ਕਿਉਂ ਬੈਠਾ ਲੁਕ, ਕਲਜੁਗ ਅੰਤਮ ਵੇਖ ਵਖਾਈਆ । ਘਰ ਘਰ ਹਉਮੇ ਭਰਿਆ ਦੁੱਖ, ਦਰਦੀਆਂ ਦਰਦ ਨਾ ਕੋਇ ਗਵਾਈਆ । ਸੁਫਲ ਹੋਵੇ ਨਾ ਜਨਣੀ ਕੁੱਖ, ਭਗਤ ਜਨਮੇ ਨਾ ਕੋਇ ਮਾਈਆ । ਕੋਟਨ ਕੋਟ ਵੇਖ ਮਾਨਸ ਮਨੁੱਖ, ਤੱਤਾਂ ਵਾਲਾ ਸ਼ਰੀਰ ਰਹੇ ਹੰਡਾਈਆ । ਤੇਰਾ ਦਰਸ ਕੋਇ ਨਾ ਪਾਏ ਅਬਿਨਾਸ਼ੀ ਅਚੁਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਆਸਾ ਤ੍ਰਿਸ਼ਨਾ ਵਧੀ ਭੁੱਖ, ਸਾਂਤਕ ਸਤਿ ਨਾ ਕੋਇ ਜਣਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਆਪੇ ਉਠ, ਜੋਤੀ ਜਾਤੇ ਲੈ ਅੰਗੜਾਈਆ । ਗ਼ਰੀਬ ਨਿਮਾਣਿਆਂ ਉਤੇ ਤੁਠ, ਕੋਝੇ ਕਮਲੇ ਗਲੇ ਲਗਾਈਆ । ਭਗਤ ਭਗਵਾਨ ਬਣਾ ਸੁਤ, ਅਪਰਾਧੀ ਆਪਣੇ ਰੰਗ ਰੰਗਾਈਆ । ਕਲਜੁਗ ਪੈਂਡਾ ਜਾਏ ਮੁਕ, ਨਾਮ ਖੰਡਾ ਖੜਗ ਚਮਕਾਈਆ । ਝੂਠ ਅੰਧੇਰਾ ਜਾਏ ਛੁਪ, ਸਾਚਾ ਚੰਦ ਨਾਮ ਰੁਸ਼ਨਾਈਆ । ਸੰਤ ਸੁਹੇਲਿਆਂ ਆਪੇ ਪੁਛ,

੧੪੫੫
੨੧

ਕਾਇਆ ਮੰਦਰ ਅੰਦਰ ਵੜ ਕੇ ਪਰਦਾ ਲਾਹੀਆ । ਕੂੜ ਕੁੜਿਆਰਾਂ ਜੜ੍ਹ ਪੁੱਟ, ਲੋਕਮਾਤ ਰਹਿਣ ਨਾ ਪਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਫੁੱਟ, ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਇਕੋ ਘਰ ਵਸਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਸਭ ਦੀ ਸਾਂਝੀ ਹੋਵੇ ਤੁਕ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਤੇਈ ਅਵਤਾਰ ਕਹਿਣ ਤੇਰੀ ਸਰਨ ਸਰਨਾਈ ਜਾਈਏ ਝੁਕ, ਡੰਡਾਵਤ ਵਿਚ ਨਿਉਂ ਨਿਉਂ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਅੰਮ੍ਰਿਤ ਹਕ਼ੀਕ਼ੀ ਜਾਮ ਪਿਆ ਘੁਟ, ਜਨਮ ਜਨਮ ਦੀ ਕਰਮ ਕਰਮ ਦੀ ਤ੍ਰਿਸ਼ਨਾ ਰਹੇ ਨਾ ਰਾਈਆ ।

❊ ੩ ਸਾਵਣ ਸ਼ਹਿਨਸ਼ਾਹੀ ਸੰਮਤ ੫ ਗੁਰਬਖ਼ਸ਼ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ❊

ਅਵਤਾਰ ਕਹਿਣ ਪ੍ਰਭ ਵੇਖ ਕਲਜੁਗ ਰੈਣ ਅੰਧੇਰੀ ਕਾਲੀ, ਕਲੂ ਕਲ ਆਪਣੀ ਕਾਰ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਸਾਨੂੰ ਕੱਢਣ ਗਾਲੀ, ਸਤਿਕਾਰ ਵਿਚ ਸੀਸ ਨਾ ਕੋਇ ਨਿਵਾਈਆ । ਸੰਮਤ ਸੰਮਤੀ ਵਕ਼ਤ ਵੇਖ ਹਾਲੀ, ਹਰਿਜੂ ਆਪਣੀ ਦਇਆ ਕਮਾਈਆ । ਸਤਿ ਧਰਮ ਦੇ ਬਾਗ਼ ਦਾ ਰਿਹਾ ਕੋਇ ਨਾ ਮਾਲੀ, ਹਰਿਆ ਸਿੰਚ ਨਾ ਕੋਇ ਕਰਾਈਆ । ਸਾਡੇ ਨਾਮ ਦੀ ਮੁਕੀ ਦਲਾਲੀ, ਦਲੀਲ ਵਿਚੋਂ ਦਲੀਲ ਨਾ ਕੋਇ ਬਦਲਾਈਆ । ਅਸੀਂ ਦਰ ਤੇਰੇ ਸਵਾਲੀ, ਮਾਂਗਤ ਹੋ ਕੇ ਮੰਗ ਮੰਗਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲੀ, ਜਾਗਰਤ ਜੋਤ ਕਰ ਰੁਸ਼ਨਾਈਆ ।

ਤੇਰੇ ਦਵਾਰਿਉਂ ਕੋਈ ਨਾ ਜਾਏ ਖ਼ਾਲੀ, ਖ਼ਾਲਸ ਵਸਤ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਅਵਤਾਰ ਨਿਵ ਨਿਵ ਲਾਗਣ ਪਾਈਆ । ਅਵਤਾਰ ਕਹਿਣ ਪ੍ਰਭ ਦੇ ਦੇ ਇਕ ਸਹਾਰਾ, ਸਹਾਇਕ ਹੋ ਕੇ ਵੇਖ ਵਖਾਈਆ । ਮਸਤਕ ਧੂੜੀ ਲਾ ਦੇ ਛਾਰਾ, ਸ਼ਹਿਨਸ਼ਾਹ ਟਿੱਕਾ ਨਾਮ ਰਮਾਈਆ । ਤੂੰ ਸਰਗੁਣ ਨਿਰਗੁਣ ਧਰਿਆ ਰੂਪ ਦੁਬਾਰਾ, ਕਲ ਕਲਕੀ ਵੇਸ ਵਟਾਈਆ । ਆਤਮ ਬ੍ਰਹਮ ਦਾ ਸਾਂਝਾ ਯਾਰਾ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਅੰਧ ਅੰਧੇਰਾ ਮੇਟ ਗੁਬਾਰਾ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਵੇਦ ਵਿਆਸਾ ਦੇ ਰਿਹਾ ਇਸ਼ਾਰਾ, ਸ਼ਬਦੀ ਸੈਨਤ ਨਾਲ ਦ੍ਰਿੜਾਈਆ । ਤੇਰਾ ਖੇਲ ਅਲਖ ਅਗੋਚਰ ਅਗੰਮ ਅਪਾਰਾ, ਪਾਰਬ੍ਰਹਮ ਪ੍ਰਭ ਭੇਵ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਮੇਟ ਧੂੰਆਂਧਾਰਾ, ਨਿਰਗੁਣ ਦੀਆ ਇਕੋ ਇਕ ਡਗਮਗਾਈਆ । ਤੇਈ ਅਵਤਾਰ ਤੇਰਾ ਵਣਜਾਰਾ, ਵਸਤ ਇਕੋ ਦੇਣੀ ਵਰਤਾਈਆ । ਸਤਿ ਸਚ ਦਾ ਬੋਲ ਜੈਕਾਰਾ, ਜੈ ਜੈਕਾਰ ਦੇਣੀ ਸੁਣਾਈਆ । ਇਕੋ ਹੁਕਮ ਵਰਤੇ ਪੁਰਖ ਨਾਰਾ, ਬਿਰਧ ਬਾਲ ਵੰਡ ਨਾ ਕੋਇ ਵੰਡਾਈਆ । ਤੂੰ ਸਾਹਿਬ ਸਵਾਮੀ ਚੌਵੀਵਾਂ ਅਵਤਾਰਾ, ਤਾਰਨਹਾਰਾ ਧੁਰਦਰਗਾਹੀਆ । ਤੇਰਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰਾ, ਕਾਨੀ ਕ਼ਲਮ ਨਾ ਕੋਇ ਚਤੁਰਾਈਆ । ਦਰ ਠਾਂਡੇ ਕੱਢੀਏ ਸਾਰੇ ਹਾੜਾ, ਹਉਕਾ ਲੈ ਹਾਲ ਜਣਾਈਆ । ਕਲਜੁਗ ਜੀਵਾਂ ਅਗਨੀ ਲੱਗੀ ਬਹੱਤਰ ਨਾੜਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਾਂਤਕ ਸਤਿ ਨਾ ਕੋਇ ਕਰਾਈਆ । ਤੂੰ ਸ਼ਹਿਨਸ਼ਾਹ ਸੁਲਤਾਨ ਪਰਵਰਦਿਗਾਰ ਹੋ ਜ਼ਾਹਰਾ, ਜ਼ਹੂਰ ਨੂਰ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਗੰਮ ਅਥਾਹ


੧੪੫੬ ੨੧

ਵਰਤਾਈਆ । ਅਵਤਾਰ ਕਹਿਣ ਪ੍ਰਭ ਆਪਣੀ ਦੱਸ ਦੇ ਹਸਤੀ, ਹਸਤਨਾਪੁਰ ਕ੍ਰਿਸ਼ਨ ਪਾਂਡਵ ਗਿਆ ਦ੍ਰਿੜਾਈਆ । ਨਿਗਾਹ ਮਾਰ ਨਿਰਗੁਣ ਧਾਰ ਚਾੜ੍ਹ ਦੇ ਮਸਤੀ, ਮਸਤ ਮਸਤਾਨੇ ਆਪ ਪ੍ਰਗਟਾਈਆ । ਤੂੰ ਮਾਲਕ ਖ਼ਾਲਕ ਧੁਰ ਦਾ ਅਰਸ਼ੀ, ਪ੍ਰੀਤਮ ਪੁਰਾਤਨ ਨਜ਼ਰੀ ਆਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿੱਛੋਂ ਤੇਰੀ ਭਗਤਾਂ ਵਾਲੀ ਬਰਸੀ, ਦੂਸਰ ਸਮਝ ਕੋਇ ਨਾ ਪਾਈਆ । ਆਦਿ ਅੰਤ ਦੀ ਸਾਡੇ ਲੇਖੇ ਵਾਲੀ ਕੱਢ ਪਰਚੀ, ਪਰਾਚੀਨ ਦਾ ਪਰਦਾ ਦੇ ਉਠਾਈਆ । ਅਸੀਂ ਸਾਰੇ ਤੇਰੇ ਗ਼ਰਜ਼ੀ, ਗਰਜ ਕੇ ਤੈਨੂੰ ਰਹੇ ਸੁਣਾਈਆ । ਅੰਤ ਅਖ਼ੀਰੀ ਵੇਖ ਅਰਜ਼ੀ, ਜੋ ਆਰਜ਼ੂ ਤੇਰੇ ਵਿਚ ਟਿਕਾਈਆ । ਸਦੀ ਚੌਧਵੀਂ ਬਣ ਦਰਦੀ, ਦੀਨਾਂ ਅਨਾਥਾਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਧਾਮ ਦੇਣਾ ਦਰਸਾਈਆ । ਅਵਤਾਰ ਕਹਿਣ ਸਾਚਾ ਨਾਮ ਵਜਾ ਦੇ ਡੰਕਾ, ਡੌਰੂ ਇਕ ਖੜਕਾਈਆ । ਸੰਦੇਸ਼ਾ ਦੇ ਦੇ ਰਾਓ ਰੰਕਾ, ਸ਼ਾਹ ਸੁਲਤਾਨ ਲੈ ਉਠਾਈਆ । ਸਚ ਸਮਝਾ ਦੇ ਆਪਣਾ ਬੰਕਾ, ਬੰਕ ਦਵਾਰੀ ਦੇ ਖੁਲ੍ਹਾਈਆ । ਸ਼ਬਦੀ ਧਾਰ ਲਾ ਕੇ ਤਨਕਾ, ਸੋਈ ਸੁਰਤੀ ਲੈ ਜਗਾਈਆ । ਕਲਜੁਗ ਜੀਵ ਫੇਰਦੇ ਮਣਕਾ, ਮਨ ਕੀ ਮਾਲਾ ਨਾ ਕੋਇ ਭਵਾਈਆ । ਝਗੜਾ ਮਿਟਾ ਦੇ ਰਾਗ ਕੰਨ ਕਾ, ਅਨਹਦ ਨਾਦੀ ਧੁਨ ਸ਼ਨਵਾਈਆ । ਲੇਖਾ ਰਹੇ ਨਾ ਹਰਖ ਸੋਗ ਗ਼ਮ ਕਾ, ਚਿੰਤਾ ਅੰਦਰੋਂ ਦੇਣੀ ਕਢਾਈਆ । ਪ੍ਰਕਾਸ਼ ਕਰ ਦੇ ਆਪ ਗੋਬਿੰਦ ਚੰਨ ਕਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਝਗੜਾ ਮਿਟਾ ਦੇ ਮਾਇਆ ਮਮਤਾ ਤਨ ਕਾ, ਦੌਲਤ ਇਕੋ ਨਾਮ ਵਰਤਾਈਆ । ਤੁਧ ਬਿਨ ਬੇੜਾ ਕੋਇ ਨਾ ਬੰਨ੍ਹਦਾ, ਜੁਗ ਚੌਕੜੀ ਤੇਰੀ ਓਟ ਤਕਾਈਆ । ਵੇਖ ਖੇਲ ਕਲਜੁਗ ਕਲ ਦਾ, ਕਲਕਾਤੀ ਬਣੇ ਕਸਾਈਆ । ਭੇਵ ਖੁਲ੍ਹਾ ਦੇ ਆਪਣੇ ਅਗੰਮ ਮਹੱਲ ਦਾ, ਮਹਿਫ਼ਲ ਆਪਣੇ ਨਾਲ ਰਖਾਈਆ । ਵਿਛੋੜਾ ਹੋਵੇ ਨਾ ਕਦੇ ਪਲ ਦਾ, ਪਲਕਾਂ ਦੇ ਪਿਛੇ ਨਜ਼ਰੀ ਆਈਆ । ਸਚ ਸਿੰਘਾਸਣ ਤੁਧ ਬਿਨ ਕੋਇ ਨਾ ਮੱਲਦਾ, ਆਤਮ ਸੇਜ ਨਾ ਕੋਇ ਸੁਹਾਈਆ । ਵਕ਼ਤ ਸੁਹੰਞਣਾ ਕਰ ਦੇ ਆਪਣੇ ਮਹੱਲ ਅਟਲ ਦਾ, ਦਰਗਾਹ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਆਪ ਉਠਾਈਆ । ਅਵਤਾਰ ਕਹਿਣ ਸਾਡੀ ਅੰਤ ਅੰਤ ਇਹ ਮਿੰਨਤ, ਨਿਮਰਤਾ ਵਿਚ ਜਣਾਈਆ । ਸਾਡੀ ਰਹੀ ਕੋਇ ਨਾ ਹਿੰਮਤ, ਹੌਂਸਲੇ ਰਹੇ ਢਾਹੀਆ । ਪ੍ਰਗਟ ਹੋ ਚਾਰੇ ਸਿੰਮਤ, ਚਾਰੇ ਬਾਣੀ ਫੋਲ ਫੁਲਾਈਆ । ਕਲਜੁਗ ਕਲੂਆ ਕਰੇ ਇੱਲਤ, ਮਨ ਮਨਸਾ ਨਾਲ ਮਿਲਾਈਆ । ਜਗਤ ਖ਼ੁਆਰੀ ਦਿਸੇ ਜ਼ਿੱਲਤ, ਆਬਰੂ ਰਹਿਣ ਕੋਇ ਨਾ ਪਾਈਆ । ਜਿਧਰ ਤੱਕੀਏ ਤੇਰੇ ਨਿੰਦਕ, ਨਿੰਦਿਆ ਵਿਚ ਸ੍ਰਿਸ਼ਟ ਸਬਾਈਆ । ਸਾਚਾ ਸਬਰ ਸਬੂਰੀ ਦੇ ਦੇ ਸਿਦਕ, ਸਦਕੇ ਵਾਰੀ ਘੋਲ ਘੁਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਮਿੱਲਤ, ਮੇਲਾ ਹਰਿ ਜਗਦੀਸ਼ ਕਰਾਈਆ । ਹਰਖ ਸੋਗ ਗ਼ਮ ਰਹੇ ਨਾ ਚਿੰਤਕ, ਚਿੰਤਾ ਚਿਖਾ ਨਾ ਕੋਇ ਜਲਾਈਆ । ਝਗੜਾ ਰਹੇ ਨਾ ਮਜ਼੍ਹਬ ਹਿੰਸਕ, ਹੰਸ ਰੂਪ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

## ❋ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਚੰਨਣ ਸਿੰਘ ਦੇ ਗ੍ਰਹਿ ਪਿੰਡ ਗਗੋਬੂਆ ❋

ਅਵਤਾਰ ਕਹਿਣ ਪ੍ਰਭ ਤੇਰੇ ਚਰਨ ਕਵਲ ਬੰਦਨਾ, ਬੰਦਗੀ ਬੰਦਿਆਂ ਤੋਂ ਬਾਹਰ ਦੇਣੀ ਦ੍ਰਿੜਾਈਆ । ਰਾਮ ਵਸ਼ਿਸ਼ਟ ਤੂੰਹੀ ਬਖ਼ਸ਼ੰਦਨਾ, ਦੂਜਾ ਨਜ਼ਰ ਕੋਇ ਨਾ ਆਈਆ । ਸੀਸ ਝੁਕਾਏ ਕ੍ਰਿਸ਼ਨ ਕਾਹਨਾ ਨੰਦ ਮੁਕੰਦਨਾ, ਤ੍ਰੈਲੋਕੀ ਨਾਥ ਲਾਗੇ ਪਾਈਆ । ਅੰਤਮ ਸਭ ਨੇ ਏਥੋਂ ਵੰਞਣਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਮਿਲੇ ਨਾ ਕਿਸੇ ਅਨੰਦਨਾ, ਨਿਜਾਨੰਦ ਨਾ ਕੋਇ ਵਖਾਈਆ । ਆਤਮ ਸੇਜ ਸੁਹਾਏ ਨਾ ਕੋਇ ਪਲੰਘਨਾ, ਸਤਿ ਸਵਾਮੀ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਇਕੋ ਨਾਮ ਕਿਸੇ ਨਾ ਵੰਡਣਾ, ਮਾਰਗ ਇਕ ਨਾ ਕੋਇ ਦਰਸਾਈਆ । ਨੇਤਰ ਰੋਵੇ ਸੂਰੀਆ ਚੰਦਨਾ, ਮੰਡਲ ਮੰਡਪ ਦਏ ਦੁਹਾਈਆ । ਕਲਜੁਗ ਅੰਤਮ ਵੇਖ ਕੰਢਣਾ, ਤਟ ਕਿਨਾਰਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਅਵਤਾਰ ਕਹਿਣ ਪ੍ਰਭ ਤੇਰੇ ਚਰਨ ਕਵਲ ਅਰਦਾਸ, ਸੀਸ ਜਗਦੀਸ਼ ਨਿਵਾਈਆ । ਸਾਡੇ ਰਿਹਾ ਕਿਛ ਨਾ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਵੇਲਾ ਵਕ਼ਤ ਵੇਖ ਲੈ ਖ਼ਾਸ, ਖ਼ਾਲਸ ਆਪਣਾ ਰੰਗ ਰੰਗਾਈਆ । ਜੋ ਬੋਲ ਕੇ ਆਏ ਭਵਿਖਤ ਵਾਕ, ਸੰਦੇਸ਼ਾ ਧੁਰ ਦੇ ਰਾਮ ਸੁਣਾਈਆ । ਸੋ ਲਹਿਣਾ ਮੁਕਾ ਦੇ ਮਾਟੀ ਖ਼ਾਕ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਕਲਜੁਗ ਅੰਦਰ ਸਤਿਜੁਗ ਖੋਲ੍ਹ ਦੇ ਤਾਕ, ਨਾਨਕ ਗੋਬਿੰਦ ਦਏ ਗਵਾਹੀਆ । ਤੁਧ ਬਿਨ ਦੂਜਾ ਰਹੇ ਕੋਈ ਨਾ ਸਾਕ, ਆਤਮ ਪਰਮਾਤਮ ਜੋੜ ਜੁੜਾਈਆ । ਸਦੀ ਚੌਧਵੀਂ ਮੇਟ ਦੇ ਵਾਟ, ਮੁਹੰਮਦ ਹਮਦ ਵਿਚ ਸੁਣਾਈਆ । ਵੀਹਵੀ ਸਦੀ ਲੇਖੇ ਲਾਵੇ ਆਪ, ਈਸਾ ਇਸ਼ਟ ਤੇਰਾ ਇਕ ਮਨਾਈਆ । ਮੂਸਾ ਰਾਹ ਤੱਕੇ ਅਗੰਮੀ ਬਾਪ, ਨੇਤਰ ਲੋਚਨ ਨੈਣ ਅੱਖ ਉਠਾਈਆ । ਬ੍ਰਹਮਾ ਕਹੇ ਮੇਟ ਦੇ ਜ਼ਾਤ, ਆਤਮ ਬ੍ਰਹਮ ਦੇਣਾ ਜਣਾਈਆ । ਸ਼ੰਕਰ ਕਹੇ ਕੂੜੀ ਕਿਰਿਆ ਕਰ ਦੇ ਘਾਤ, ਹੁਕਮ ਫ਼ਰਮਾਨਾ ਇਕ ਸੁਣਾਈਆ । ਵਿਸ਼ਨੂੰ ਕਹੇ ਸਭ ਨੂੰ ਦੇ ਭੰਡਾਰਾ ਦਾਤ, ਦਇਆਵਾਨ ਆਪ ਵਰਤਾਈਆ । ਧੁਰ ਦਾ ਸ਼ਬਦ ਕਹੇ ਪ੍ਰਭ ਤੂੰ ਸਭ ਕੁਛ ਆਪੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਥਾਪਣ ਥਾਪ, ਤ੍ਰੈ ਪੰਜ ਜੋੜ ਜੁੜਾਈਆ । ਆਪਣਾ ਨਾਮ ਦੱਸ ਕੇ ਪੂਜਾ ਪਾਠ, ਸਿਮਰਨ ਰਸਨਾ ਵਾਲਾ ਵਖਾਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਹਰ ਘਟ ਕਰੇਂ ਰੁਸ਼ਨਾਈਆ । ਤੇਰੇ ਅੱਗੇ ਇਕ ਦਰਖ਼ਾਸਤ, ਬੇਨੰਤੀ ਚਰਨਾਂ ਵਿਚ ਸੁਣਾਈਆ । ਸਭ ਦਾ ਲੇਖਾ ਵੇਖ ਵਾਸਤਕ, ਵਾਹਵਾ ਤੇਰੀ ਓਟ ਤਕਾਈਆ । ਜੀਵ ਰਹੇ ਨਾ ਕੋਈ ਨਾਸਤਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਅਗੰਮ ਆਪ ਵਰਤਾਈਆ । ਅਵਤਾਰ ਕਹਿਣ ਸਚ ਥਾਪਣਾ ਥਾਪ, ਥਪਕੀ ਨਾਮ ਵਾਲੀ ਲਗਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਪਾਪ, ਪੱਤਤ ਪੁਨੀਤ ਦੇ ਬਣਾਈਆ । ਸਤਿਜੁਗ ਸਾਚਾ ਦੱਸ ਜਾਪ, ਜਗਜੀਵਣ ਦਾਤੇ ਆਪ ਦ੍ਰਿੜਾਈਆ । ਕਲਜੁਗ ਮੇਟ ਅੰਧੇਰੀ ਰਾਤ, ਜੂਠ ਝੂਠ ਡੇਰਾ ਢਾਹੀਆ । ਸਤਿਜੁਗ ਸਚ ਦੇ ਸੌਗਾਤ, ਵਸਤ ਅਮੋਲਕ ਆਪ ਵਰਤਾਈਆ । ਕਲਜੁਗ ਝਗੜਾ ਮੇਟ ਦੇ ਜ਼ਾਤ, ਜ਼ਾਤੀ ਨਜ਼ਰ ਕੋਇ ਨਾ ਆਈਆ । ਸਤਿਜੁਗ ਸਚ ਬਖ਼ਸ਼ ਇਤਫ਼ਾਕ, ਕਲਜੁਗ ਨਿਫ਼ਾਕ ਦੇ ਗਵਾਈਆ । ਸਾਡਾ ਪੂਰਾ ਕਰ ਭਵਿਖਤ ਵਾਕ, ਵੇਦ ਵਿਆਸਾ ਕਰਮੰਡਲੀ ਰਿਹਾ ਖੜਕਾਈਆ । ਚਾਰ ਵੇਦਾਂ ਵਲ ਝਾਕ, ਬ੍ਰਹਮਾ ਵਰਕਾ ਵਰਕਾ ਰਿਹਾ ਉਲਟਾਈਆ । ਰਾਮ ਰੋ ਰੋ ਰਿਹਾ ਆਖ, ਬਨਬਾਸੀ

ਦਏ ਦੁਹਾਈਆ । ਸ਼ੰਕਰ ਭੱਜੇ ਉਪਰ ਕੈਲਾਸ਼, ਵਿਸ਼ਨੂੰ ਵਿਸ਼ਵ ਧਾਰ ਦੁਹਾਈਆ । ਕ੍ਰਿਸ਼ਨਾ ਛੱਡ ਕੇ ਯਾਦਵ ਸਾਥ, ਬੰਸਰੀ ਨਾਤਾ ਮਾਤ ਤੁੜਾਈਆ । ਕਿਰਪਾ ਕਰ ਪ੍ਰਭੂ ਪ੍ਰਭ ਆਪ, ਕਾਹਨ ਕਾਹਨਾ ਵੇਸ ਵਟਾਈਆ । ਸਚ ਧਰਮ ਦਾ ਖੋਲ੍ਹ ਦੇ ਹਾਟ, ਦਵਾਰਾ ਇਕੋ ਇਕ ਪ੍ਰਗਟਾਈਆ । ਤੂੰ ਮੇਰਾ ਮੈਂ ਤੇਰਾ ਦੀਨ ਦੁਨੀ ਦਾ ਕਰ ਦੇ ਜਾਪ, ਆਤਮ ਪਰਮਾਤਮ ਰੰਗ ਰੰਗਾਈਆ । ਰੂਹ ਬੁਤ ਹੋਵੇ ਪਾਕ, ਤਨ ਮਾਟੀ ਖ਼ਾਕ ਕਰ ਸਫ਼ਾਈਆ । ਸਾਨੂੰ ਤੇਰੇ ਉਤੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਤੂੰ ਸਤਿਗੁਰ ਇਕੋ ਨਜ਼ਰੀ ਆਈਆ । ਤੇਰਾ ਹੱਡ ਮਾਸ ਨਾੜੀ ਨਾ ਕੋਇ ਸਰਗੁਣ ਪਾਵੇ ਰਾਸ, ਤੱਤਾਂ ਵਾਲੀ ਨਾ ਕੋਇ ਲੜਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼, ਆਦਿ ਜੁਗਾਦੀ ਇਕ ਅਖਵਾਈਆ । ਸਾਡੀ ਬੇਨੰਤੀ ਮਨਜ਼ੂਰ ਕਰ ਅਰਦਾਸ, ਨਿਮਰਤਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੀ ਵਡਿਆਈਆ । ਅਵਤਾਰ ਕਹਿਣ ਤੇਰਾ ਲੇਖਾ ਪਰਾ ਪਸੰਤੀ, ਮਧਮ ਬੈਖਰੀ ਖੋਜ ਖੁਜਾਈਆ । ਤੇਰਾ ਲਹਿਣਾ ਅੱਖਰਾਂ ਵਾਲਾ ਪੰਡਤੀ ਵਿਦਿਆ ਵਿਚ ਚਤੁਰਾਈਆ । ਤੇਰਾ ਮਾਣ ਪਿਆ ਸੰਗਤੀ, ਹਰਿਜਨ ਮੇਲਾ ਸਹਿਜ ਸੁਭਾਈਆ । ਤੇਰਾ ਝਗੜਾ ਜੇਰਜ ਅੰਡਜੀ, ਉਤਭੁਜ ਸੇਤਜ ਖੋਜ ਖੁਜਾਈਆ । ਕਿਰਪਾ ਕਰ ਸਾਹਿਬ ਬਖ਼ਸ਼ੰਦਗੀ, ਬਖ਼ਸ਼ਣਹਾਰ ਤੇਰੀ ਸਰਨਾਈਆ । ਅਵਤਾਰਾਂ ਆਸ਼ਾ ਇਹੋ ਮੰਗ ਲਈ, ਮਾਂਗਤ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਦੀ ਕਾਇਆ ਮਾਟੀ ਰੰਗ ਦਈ, ਰੰਗਣ ਆਪਣਾ ਨਾਮ ਰੰਗਾਈਆ । ਸਦੀ ਚੌਧਵੀਂ ਜਾਵੇ ਲੰਘਦੀ, ਮੁਹੰਮਦ ਵੇਖੇ ਥਾਉਂ ਥਾਈਂਆ । ਕੋਈ ਆਵਾਜ਼ ਆਵੇ ਨਾ ਧੁਨੀ ਧੰਨ ਦੀ, ਸ਼ੁਕਰਾਨੇ ਵਿਚ ਨਾ ਹੱਕ ਖ਼ੁਦਾਈਆ । ਸ੍ਰਿਸ਼ਟੀ ਭੁੱਖੀ ਹੋਈ ਅੰਨ ਦੀ, ਮਾਇਆ ਮਮਤਾ ਵਿਚ ਕੁਰਲਾਈਆ । ਕਿਸੇ ਨੂੰ ਆਸ ਨਹੀਂ ਗੋਬਿੰਦ ਚੰਨ ਦੀ, ਗੋਬਿੰਦ ਦਰਸ ਕੋਇ ਨਾ ਪਾਈਆ । ਮਨਸਾ ਨਾਨਕ ਕੋਇ ਨਾ ਮੰਨਦੀ, ਮਮਤਾ ਮੋਹ ਨਾ ਕੋਇ ਮਿਟਾਈਆ । ਜਗਤ ਘੜੀ ਦਿਸੇ ਗ਼ਮ ਦੀ, ਗ਼ਮਖ਼ਾਰ ਮਿਲੇ ਨਾ ਕੋਇ ਗੁਸਾਈਂਆ । ਦੁਨੀਆਂ ਭੋਗੀ ਹੋਈ ਦ੍ਰਿਸ਼ਟੀ ਚੰਮ ਦੀ, ਆਤਮ ਸੇਜ ਨਾ ਕੋਇ ਹੰਢਾਈਆ । ਵਣਜਾਰੀ ਹੋਈ ਨਿੰਦਿਆ ਕੰਨ ਦੀ, ਸਰਵਣ ਨਾਮ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਬਖ਼ਸ਼ ਸਰਨਾਈਆ । ਅਵਤਾਰ ਕਹਿਣ ਆਪਣੀ ਦੀਨ ਦੁਨੀ ਤੱਕ, ਚੁਰਾਸੀ ਆਪਣੀ ਵੇਖ ਵਖਾਈਆ । ਸਾਨੂੰ ਸਭ ਤੇ ਪਿਆ ਸ਼ੱਕ, ਤੇਰਾ ਪ੍ਰੇਮ ਨਾ ਕੋਇ ਵਧਾਈਆ । ਰਸਨਾ ਗੌਂਦੇ ਕੋਟਨ ਭੱਟ, ਜਿਹਵਾ ਨਾਲ ਜਣਾਈਆ । ਮਣਕੇ ਮਾਲਾ ਰਹੇ ਰਟ, ਧੂੜੀ ਖ਼ਾਕ ਸੀਸ ਰਮਾਈਆ । ਭੱਜੇ ਫਿਰਦੇ ਤੀਰਥ ਤਟ, ਅੱਠਾਂ ਸੱਠਾਂ ਵੰਡ ਵੰਡਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਗਏ ਥੱਕ, ਅੱਖਰ ਅੱਖਰਾਂ ਜੋੜ ਜੁੜਾਈਆ । ਸੀਸ ਨਿਵੌਂਦੇ ਰਹੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦੁਆਰ ਵੇਖਣ ਚਾਈਂ ਚਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਨਾਮ ਮਿਲੇ ਕਿਸੇ ਨਾ ਰਸ, ਰਸਤਾ ਅੰਦਰੋਂ ਨਾ ਕੋਇ ਖੁਲ੍ਹਾਈਆ । ਮਨ ਕਲਪਣਾ ਹੋ ਕੇ ਵੱਸ, ਭੱਜਣ ਥਾਉਂ ਥਾਈਂਆ । ਕਿਸੇ ਦੇ ਕੁਛ ਨਾ ਆਵੇ ਹੱਥ, ਖ਼ਾਲੀ ਹੱਥ ਦਿਸੇ ਲੋਕਾਈਆ । ਕਿਰਪਾਲ ਕਿਰਪਾਨਿਧ ਕਲਜੁਗ ਅੰਤਮ ਹੋ ਪ੍ਰਗਟ, ਪ੍ਰਗਣਾ ਆਪਣਾ ਦੇ ਸਮਝਾਈਆ । ਜਿਥੇ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਤੇਰਾ ਨਾਮ ਰਹੇ ਰਟ, ਇਕੋ ਸਦ ਆਵਾਜ਼ ਲਗਾਈਆ । ਓਹ ਕਲਮਾ ਕਾਇਨਾਤ ਦੱਸ, ਹਰ ਹਿਰਦੇ ਦੇ ਦਿਸਾਈਆ । ਤੇਰੀ ਸ੍ਰਿਸ਼ਟੀ ਤੇਰਾ ਕਰੇ ਜਸ, ਤੱਤਾਂ ਵਾਲਾ ਇਸ਼ਟ ਨਾ ਕੋਇ ਮਨਾਈਆ । ਸ਼ਬਦ ਸਤਿਗੁਰੂ ਹਰ ਘਟ ਅੰਦਰ

ਵਸ, ਹੋਕਾ ਦੇ ਕੇ ਲੈ ਜਗਾਈਆ । ਅੰਮ੍ਰਿਤ ਝਿਰਨਾ ਦੇਵੇ ਤੇਰਾ ਰਸ, ਰਸਨਾ ਰਸ ਚੱਖਣ ਦੀ ਲੋੜ ਰਹੇ ਨਾ ਰਾਈਆ । ਨਿਜ ਨੇਤਰ ਖੋਲ੍ਹ ਦੇ ਅੱਖ, ਅੱਠੇ ਪਹਿਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਆਪਣਾ ਇਕ ਸਮਝਾਈਆ । ਅਵਤਾਰ ਕਹਿਣ ਅਸੀਂ ਛੱਡੀਏ ਅਯੁਧਿਆ ਪਰਾਗ, ਕਾਸ਼ੀ ਕ਼ਸਮ ਨਾਲ ਤਜਾਈਆ । ਬਨ ਬਿੰਦਰਾ ਕਰ ਤਿਆਗ, ਮਥਰਾ ਗੋਕਲ ਨਾ ਵੰਡ ਵੰਡਾਈਆ । ਇਕੋ ਤੇਰਾ ਹੋਏ ਵੈਰਾਗ, ਦੂਜਾ ਪਿਆਰ ਨਾ ਕੋਇ ਵਧਾਈਆ । ਕਿਰਪਾ ਕਰ ਸਭ ਦੀ ਖੋਲ੍ਹ ਦੇ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਸਾਡੇ ਕਹਿੰਦਿਆਂ ਸ੍ਰਿਸ਼ਟੀ ਦ੍ਰਿਸ਼ਟੀ ਲੱਗੀ ਆਗ, ਤ੍ਰੈਗੁਣ ਸਕੇ ਨਾ ਕੋਇ ਬੁਝਾਈਆ । ਬ੍ਰਹਮ ਦਾ ਜਗੇ ਨਾ ਕੋਇ ਚਰਾਗ਼, ਕਾਇਆ ਮੰਦਰ ਨਾ ਕੋਇ ਰੁਸ਼ਨਾਈਆ । ਕੋਟਨ ਕੋਟ ਰਾਧਾ ਕ੍ਰਿਸ਼ਨ ਸੀਤਾ ਰਾਮ ਦਾ ਕਰਦੇ ਪਾਠ, ਸੀਤਾ ਰਾਮ ਮਿਲਣ ਕਿਸੇ ਨਾ ਆਈਆ । ਸਭ ਦੀ ਪੂਰੀ ਹੋਈ ਵਾਟ, ਪੈਂਡਾ ਮੁਕਣਾ ਥਾਉਂ ਥਾਈਂਆ । ਕਲਜੁਗ ਵੇਖ ਅੰਧੇਰੀ ਰਾਤ, ਅੰਧ ਅੰਧੇਰ ਦੇਣਾ ਗਵਾਈਆ । ਅਸੀਂ ਸਾਰੇ ਛੱਡੇ ਸਾਕ, ਸੱਜਣ ਗਏ ਤਜਾਈਆ । ਬੋਲ ਕੇ ਤੇਰਾ ਵਾਕ, ਨਾਅਰਾ ਨਾਮ ਸੁਣਾਈਆ । ਕਲਜੁਗ ਅੰਤ ਕਲ ਕਲਕੀ ਆਵੇ ਆਪ, ਆਪ ਆਪਣਾ ਫੇਰਾ ਪਾਈਆ । ਜੋ ਸਭ ਦਾ ਹੋਵੇ ਮਾਈ ਬਾਪ, ਪਿਤਾ ਪੁਰਖ ਅਕਾਲ ਵਡ ਵਡਿਆਈਆ । ਸਾਂਝਾ ਦੇਵੇ ਧੁਰ ਦਾ ਜਾਪ, ਜਗਜੀਵਣ ਦਾਤਾ ਆਪ ਵਰਤਾਈਆ । ਸੋ ਸਾਡੀ ਪੂਰੀ ਕਰ ਦੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਅਵਤਾਰ ਕਹਿਣ ਤੇਰੀ ਆਦਿ ਅੰਤ ਦੀ ਇਕੋ ਜ਼ਾਤ, ਦੂਜਾ ਰੂਪ ਨਾ ਕੋਇ ਬਦਲਾਈਆ । ਸਭ ਦੀ ਕਰਨੀ ਕਰ ਦੇ ਮੁਆਫ਼, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ ਕਰੀਏ ਸਾਖਿਆਤ, ਪਰਦਾ ਉਹਲਾ ਕਾਇਆ ਚੋਲਾ ਰਹਿਣ ਕੋਇ ਨਾ ਪਾਈਆ ।



੧੪੯੦
੨੧

## ❊ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਦਲੀਪ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ❊

ਅਵਤਾਰ ਕਹਿਣ ਪ੍ਰਭ ਤੇਰਾ ਪ੍ਰਸਿੱਧ ਹੋਵੇ ਇਕੋ ਊੜਾ, ਓਅੰਕਾਰ ਤੇਰੀ ਸਰਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਰੰਗ ਚਾੜ੍ਹ ਗੂੜ੍ਹਾ, ਦੁਤੀਆ ਭਾਓ ਦੇ ਮਿਟਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹਾ, ਅਗਿਆਨ ਅੰਧੇਰਾ ਰਹੇ ਨਾ ਰਾਈਆ । ਸਾਚੇ ਨਾਮ ਦੀ ਦੇ ਦੇ ਤੂਰਾ, ਤੁਰੀਆ ਤੋਂ ਪਰੇ ਕਰ ਸ਼ਨਵਾਈਆ । ਜੋਤੀ ਨੂਰ ਦੇ ਜ਼ਹੂਰਾ, ਜ਼ਾਹਰ ਜ਼ਹੂਰ ਦਇਆ ਕਮਾਈਆ । ਸਭ ਦਾ ਵਾਕ ਕਰ ਪੂਰਾ, ਭਵਿਖਤਾਂ ਵਿਚ ਸਿਫ਼ਤਾਂ ਵਿਚ ਮੰਗ ਮੰਗਾਈਆ । ਕਲਜੁਗ ਕੂੜੀ ਕਿਰਿਆ ਸਾਂਭ ਦੇ ਕੂੜਾ, ਗਲੀ ਕੂਚਾ ਹੋਏ ਸਫ਼ਾਈਆ । ਸਚ ਪ੍ਰੇਮ ਦੀ ਦੇ ਧੂੜਾ, ਟਿੱਕੇ ਮਸਤਕ ਨਾਮ ਰਮਾਈਆ । ਚਾਰ ਜੁਗ ਦਾ ਭਗਤ ਤੇਰਾ ਮਜ਼ਦੂਰਾ, ਚਾਕਰ ਸੇਵਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਅਵਤਾਰ ਕਹਿਣ ਪ੍ਰਭ ਸਿਧ ਕਰ ਦੇ ਊੜਾ ਅੱਖਰ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਗੋਬਿੰਦ ਲੇਖੇ ਲਾ ਲੈ ਸੱਥਰ, ਸੇਜ ਯਾਰੜਾ ਇਕ ਹੰਢਾਈਆ । ਪੂਜਾ ਰਹੇ ਨਾ ਮੜ੍ਹੀ ਗੋਰ ਪੱਥਰ, ਸਿਲ ਪਾਹਿਨ ਪੂਜਨ ਕੋਇ ਨਾ ਪਾਈਆ ।

ਨੇਤਰ ਨੀਰ ਵਹਾਵਣ ਪ੍ਰੇਮੀ ਪਿਆਰੇ ਅੱਥਰ, ਬਿਰਹੋਂ ਵੈਰਾਗੀ ਚੋਟ ਲਗਾਈਆ । ਚਾਰੋਂ ਕੁੰਟ ਤੇਰੀ ਯਾਦ ਵਿਚ ਨੱਸਣ, ਭੱਜਣ ਥਾਉਂ ਥਾਈਆ । ਚਰਨ ਦਵਾਰੇ ਤੇਰੇ ਵਸਣ, ਦੂਜਾ ਗ੍ਰਿਹਿ ਨਾ ਕੋਇ ਸੁਹਾਈਆ । ਇਕੋ ਨਾਮ ਢੋਲਾ ਜਪਣ, ਕ਼ਲਮਾ ਕਾਇਨਾਤ ਦ੍ਰਿੜਾਈਆ । ਧਰਮ ਦੀ ਧਾਰ ਕਰਾਉਣਾ ਮਜਨ, ਦੁਰਮਤ ਮੈਲ ਕਰ ਸਫ਼ਾਈਆ । ਆਤਮ ਪਰਮਾਤਮ ਬਣਨਾ ਸੱਜਣ, ਸਗਲਾ ਸੰਗ ਇਕ ਵਖਾਈਆ । ਤੁਧ ਬਿਨ ਦੂਜਾ ਕੋਇ ਨਾ ਪਰਦਾ ਕੱਜਣ, ਸਿਰ ਹੱਥ ਨਾ ਕੋਇ ਰਖਾਈਆ । ਝਗੜਾ ਮੁਕਾ ਦੇ ਮਾਟੀ ਬਦਨ, ਮਜ਼੍ਹਬਾਂ ਰਹੇ ਨਾ ਕੋਇ ਲੜਾਈਆ । ਅਵਤਾਰ ਦਰ ਸੀਸ ਨਿਵਾ ਕੇ ਤੈਨੂੰ ਸੱਦਨ, ਲੋਕਮਾਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਵੱਜੇ ਵਧਾਈਆ । ਅਵਤਾਰ ਕਹਿਣ ਆਪਣੀ ਕਰ ਦੇ ਕਿਰਪਾ, ਕਿਰਪਾਲ ਤੇਰੀ ਵਡਿਆਈਆ । ਦੀਨ ਦੁਨੀ ਦੀ ਮੇਟ ਦੇ ਬਿਪਤਾ, ਵਿਪਰੀਤ ਦਾ ਝਗੜਾ ਦੇ ਮੁਕਾਈਆ । ਮਾਨਵ ਰੂਪ ਬਣਾ ਲੈ ਸਿੱਖ ਦਾ, ਸਚ ਧਰਮ ਇਕ ਸਮਝਾਈਆ । ਇਸ਼ਟ ਪ੍ਰਗਟਾ ਦੇ ਏਕੰਕਾਰ ਇਕ ਦਾ, ਇਕ ਇਕੱਲਾ ਹੋ ਸਹਾਈਆ । ਜੋ ਗੁਰ ਅਵਤਾਰ ਪੈਗ਼ੰਬਰ ਤੇਰਾ ਲੇਖਾ ਰਿਹਾ ਲਿਖਦਾ, ਨਾਤਾ ਜੋੜ ਕਾਗ਼ਜ਼ ਕ਼ਲਮ ਸ਼ਾਹੀਆ । ਵਣਜਾਰਾ ਬਣਿਆ ਰਿਹਾ ਪੱਥਰ ਇੱਟ ਦਾ, ਖੇਲ ਜੁਗ ਜੁਗ ਮਾਤ ਕਰਾਈਆ । ਕਲਜੁਗ ਅੰਤਮ ਤੇਰਾ ਨਾਮ ਟਕਿਆਂ ਦੇ ਵਿਚ ਵਿਕਦਾ, ਬਿਨਾ ਟੱਕਿਆਂ ਤੋਂ ਗ੍ਰੰਥੀ ਪਾਠ ਕਰਨ ਕੋਇ ਨਾ ਪਾਈਆ । ਨਾਨਕ ਨਿਰਗੁਣ ਸਰਗੁਣ ਤੇਰਾ ਨਿਸ਼ਾਨਾ ਵੇਖ ਲੰਮਾ ਚਿੱਟ ਦਾ, ਜਿਸ ਦਾ ਅੱਖਰ ਪੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਮਾਂਗਤ ਮੰਗ ਮੰਗਾਈਆ । ਅਵਤਾਰ ਕਹਿਣ ਪ੍ਰਭ ਤੇਰੇ ਉੜੇ ਵਿਚ ਜਜ਼ਬ ਹੋਵੇ ਓਮ, ਵਿਸ਼ਨ ਬ੍ਰਹਮਾ ਸ਼ਿਵ ਨਾ ਕੋਇ ਵਡਿਆਈਆ । ਦੁਤੀਆ ਰਹੇ ਕੋਇ ਨਾ ਦੋਮ, ਦੂਆ ਏਕੇ ਵਿਚ ਰਲਾਈਆ । ਝਗੜਾ ਰਹੇ ਨਾ ਕੋਇ ਸੋਮ, ਸਵੈਮ ਆਪਣਾ ਰੰਗ ਰੰਗਾਈਆ । ਚੌਥਾ ਘਰ ਵੰਡ ਨਾ ਹੋਮ, ਹਰ ਘਟ ਅੰਦਰ ਨਜ਼ਰੀ ਆਈਆ । ਪੰਚਮ ਪੰਚ ਸਾਹਿਬ ਮੋਹਣ, ਮੋਹਨ ਇਕੋ ਸੋਭਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਖੋਲ੍ਹ ਦੇ ਲੋਇਣ, ਨੇਤਰ ਅੱਖ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਖੁਲ੍ਹਾਈਆ । ਅਵਤਾਰ ਕਹਿਣ ਉੜੇ ਵਿਚੋਂ ਵੇਖੀਏ ਤੇਰਾ ਇਸ਼ਟ, ਇਸ਼ਟੀ ਇਕੋ ਨਜ਼ਰੀ ਆਈਆ । ਨੌਂ ਸੱਤ ਖੋਲ੍ਹ ਦੇ ਦ੍ਰਿਸ਼ਟ, ਦਿਸ਼ਾ ਆਪਣੀ ਪਰਦਾ ਲਾਹੀਆ । ਝਗੜਾ ਮੁਕਾ ਸਵਰਗ ਬਹਿਸ਼ਤ, ਜੱਨਤ ਤੋਂ ਪਰੇ ਦੇ ਸਮਝਾਈਆ । ਝਗੜਾ ਮੁਕਾ ਮਜਾਜ਼ੀ ਹਕ਼ੀਕ਼ੀ ਇਸ਼ਕ, ਆਤਮ ਪਰਮਾਤਮ ਰੰਗ ਰੰਗਾਈਆ । ਝਗੜਾ ਰਹੇ ਨਾ ਟਾਂਕ ਜਿਸਤ, ਇਕ ਦੋ ਨਾ ਕੋਇ ਵਖਾਈਆ । ਗੁਰ ਅਵਤਾਰ ਪੈਗ਼ੰਬਰ ਰਹੇ ਬਿਸਤ, ਜੁਗ ਜੁਗ ਧਿਆਨ ਲਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਤੇਰੇ ਹੱਥ ਸਭ ਦੀ ਲਿਸਟ, ਪਰਦਾ ਖੋਲ੍ਹਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਧਾਮ ਇਕ ਪ੍ਰਗਟਾਈਆ । ਅਵਤਾਰ ਕਹਿਣ ਤੇਰਾ ਉੜਾ ਤੇਰਾ ਦਿਸੇ ਧਰਮ, ਧਰਮ ਧਾਰ ਜਣਾਈਆ । ਜਿਸ ਦੇ ਵਿਚ ਨਹੀਂ ਕੋਈ ਕਰਮ, ਕਰਮ ਕਾਂਡ ਵੰਡ ਨਾ ਕੋਇ ਕਰਾਈਆ । ਝਗੜਾ ਰਹੇ ਨਾ ਕਿਸੇ ਬਰਨ, ਵਰਨ ਰੰਗ ਨਾ ਕੋਇ ਰੰਗਾਈਆ । ਇਕੋ ਨਜ਼ਰੀ ਆਏ ਸਰਨ, ਸਰਨਗਤ ਇਕ ਅਖਵਾਈਆ । ਇਕੋ ਪੂਜਾ ਹੋਵੇ ਚਰਨ, ਚਰਨ ਧੂੜੀ ਵਡ ਵਡਿਆਈਆ । ਦੋ ਜਹਾਨ ਤੈਥੋਂ ਡਰਨ, ਸਿਰ ਸਕੇ ਨਾ ਕੋਇ ਉਠਾਈਆ ।


੧੪੬੧
੨੧

ਗੁਰ ਅਵਤਾਰ ਪੈਗ਼ੰਬਰ ਤੇਰਾ ਨਾਮ ਪੜ੍ਹਨ, ਵਖਰੀ ਕਰੇ ਨਾ ਕੋਇ ਪੜ੍ਹਾਈਆ । ਸਚ ਦਵਾਰੇ ਸਾਰੇ ਖੜ੍ਹਨ, ਹੋਕਾ ਇਕੋ ਹੱਕ ਸੁਣਾਈਆ । ਕੌਲ ਇਕਰਾਰ ਸਭ ਦਾ ਹੋਵੇ ਪਰਨ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਜਨ ਭਗਤਾਂ ਖੋਲ੍ਹ ਕੇ ਹਰਨ ਫਰਨ, ਲਹਿਣਾ ਸਭ ਨੂੰ ਦੇ ਸਮਝਾਈਆ । ਤੂੰ ਸਾਹਿਬ ਸਵਾਮੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਿਨ ਤੇਰੀ ਕਿਰਪਾ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਮੰਜ਼ਲ ਜੀਵ ਮੂਲ ਨਾ ਚੜ੍ਹਨ, ਚੜ੍ਹਦਾ ਲਹਿੰਦਾ ਦੱਖਣ ਪਹਾੜ ਨਿਰਗੁਣ ਧਾਰ ਸਮਝ ਕਿਸੇ ਨਾ ਆਈਆ ।

### ❊ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਕਰਮ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ❊

ਅਵਤਾਰ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਸ਼ਰਤ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਰਾਮ ਕਹੇ ਮੈਂ ਸੰਦੇਸ਼ਾ ਦਿਤਾ ਭਰਤ, ਅਯੁੱਧਿਆ ਤੋਂ ਬਾਹਰ ਆਪ ਸਮਝਾਈਆ । ਕਲਜੁਗ ਦੁਹਾਈ ਫਿਰਨੀ ਉਤੇ ਧਰਤ, ਚਾਰੋਂ ਕੁੰਟ ਹਾਹਾਕਾਰ ਮਚਾਈਆ । ਨਿਰਗੁਣ ਧਾਰ ਪ੍ਰਭ ਨੇ ਆਉਣਾ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਅਸੀਂ ਵੇਖਣਾ ਉਤੋਂ ਅਰਸ਼, ਅਰਸ਼ੀ ਪ੍ਰੀਤਮ ਕੀ ਕੀ ਕਾਰ ਕਮਾਈਆ । ਕਿਸ ਬਿਧ ਭਗਤਾਂ ਉਪਰ ਕਰੇ ਤਰਸ, ਰਹਿਮਤ ਸਚ ਕਮਾਈਆ । ਅੰਮ੍ਰਿਤ ਮੇਘ ਅਗੰਮਾ ਦੇਵੇ ਬਰਸ, ਬਰਖਾ ਆਪਣਾ ਨਾਮ ਬਰਸਾਈਆ । ਚਿੰਤਾ ਸੋਗ ਮਿਟੇ ਹਰਖ, ਹਵਸ ਕੂੜੀ ਦਏ ਬੁਝਾਈਆ । ਸਭ ਦਾ ਲਹਿਣਾ ਪੂਰਾ ਕਰੇ ਕ਼ਰਜ਼, ਮਕਰੂਜ਼ ਝੋਲੀ ਦਏ ਭਰਾਈਆ । ਦੀਨਾਂ ਅਨਾਥਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਸ਼ਰਅ ਛੁਰੀ ਨਾ ਕਾਟੇ ਕਰਦ, ਕ਼ਤਲਗਾਹ ਦਾ ਡੇਰਾ ਢਾਹੀਆ । ਬੇਨੰਤੀ ਮੰਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਲੇਖੇ ਪਾਈਆ । ਇਹ ਖੇਲ ਹੋਣਾ ਅਸਚਰਜ, ਜਿਸ ਨੂੰ ਸਮਝੇ ਨਾ ਕੋਇ ਰਾਈਆ । ਜੋਧਾ ਸੂਰਬੀਰ ਮਰਦਾਨਾ ਬਣਕੇ ਮਰਦ, ਮੁੱਦਾ ਆਪਣਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਕਹਿਣ ਸਾਡੀ ਪੂਰੀ ਕਰੇ ਖ਼ਾਹਿਸ਼, ਖ਼ਾਲਸ ਆਪਣਾ ਰੰਗ ਰੰਗਾਈਆ । ਜਨ ਭਗਤ ਸੁਹੇਲੇ ਕਰ ਤਲਾਸ਼, ਨਿਰਗੁਣ ਸਰਗੁਣ ਮੇਲ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਦੇ ਸ਼ਾਬਾਸ਼, ਬੱਲੇ ਬੱਲੇ ਕਰ ਵਡਿਆਈਆ । ਅੰਤਮ ਸਭ ਦਾ ਲੇਖਾ ਪੂਰਾ ਕਰੇ ਹੁਕਮ ਦੇਵੇ ਆਪ, ਆਪਣੀ ਕਾਰ ਕਮਾਈਆ । ਚਾਰ ਵਰਨ ਦਾ ਸਾਂਝਾ ਕਰ ਕੇ ਜਾਪ, ਜਗਜੀਵਣ ਦਾਤਾ ਦਏ ਸਮਝਾਈਆ । ਨੌ ਖੰਡ ਪ੍ਰਿਥਮੀ ਸ਼ਬਦ ਧਾਰ ਆਪ ਨਾਪ, ਬਿਨਾ ਕ਼ਦਮ ਕ਼ਦਮ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਣਹਾਰ ਪਲੀਤ ਪਾਕ, ਪਤਤ ਪਾਪੀ ਖੋਜ ਖੁਜਾਈਆ । ਇਹ ਖੇਲ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਕਰ ਜੋਤ ਪ੍ਰਕਾਸ਼, ਪ੍ਰਕਾਸ਼ਤ ਏਕਾ ਆਪਣਾ ਨਾਮ ਕਰਾਈਆ ।

## ❊ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਅਜੀਤ ਸਿੰਘ ਦੇ ਗ੍ਰਿਹ ਵੇਰਕਾ ❊

ਅਵਤਾਰ ਕਹਿਣ ਪ੍ਰਭ ਅਸਲੀ ਰਹੀ ਨਾ ਸਾਡੀ ਸੂਰਤ, ਪਾਥਰ ਪਾਹਨ ਰੂਪ ਗਏ ਬਦਲਾਈਆ । ਸਤਿਜੁਗ ਸਾਚੀ ਸਤਿ ਸਤਿ ਦੀ ਕਰ ਮਹੂਰਤ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਪਣੇ ਨਾਮ ਸ਼ਬਦ ਦੀ ਦੇ ਦੇ ਇਕ ਤੂਰਤ, ਤੁਰੀਆ ਤੋਂ ਪਰੇ ਤੁਰਤ ਦੇ ਸਮਝਾਈਆ । ਕਲਜੁਗ ਜੀਵ ਸਮਝਾ ਮੂੜ੍ਹ ਮੂਰਖ, ਅਗਿਆਨ ਅੰਧੇਰ ਦੇ ਗਵਾਈਆ । ਨਾਤਾ ਤੋੜ ਕੂੜੇ ਕੂੜਤ, ਸਚ ਸੁਚ ਸੰਜਮ ਇਕ ਪ੍ਰਗਟਾਈਆ । ਨਿਰਗੁਣ ਜੋਤ ਬਖ਼ਸ਼ ਨੂਰਤ, ਨੂਰ ਨੁਰਾਨਾ ਡਗਮਗਾਈਆ । ਤੂੰ ਸਰਬ ਕਲਾ ਭਰਪੂਰਤ, ਸਮਰਥ ਸਵਾਮੀ ਇਕ ਅਖਵਾਈਆ । ਹਰ ਘਟ ਹਾਜ਼ਰ ਹਜ਼ੂਰਤ, ਗ੍ਰਿਹ ਗ੍ਰਿਹ ਮੰਦਰ ਡੇਰਾ ਲਾਈਆ । ਸਾਡੀ ਆਸਾ ਮਨਸਾ ਕਰ ਪੂਰਤ, ਪੂਰਨ ਬ੍ਰਹਮ ਦੇ ਜਣਾਈਆ । ਹਉਮੇ ਰੋਗ ਸਗਲਾ ਮੇਟ ਵਸੂਰਤ, ਵਿਸ਼ੇ ਵਿਕਾਰਾਂ ਡੇਰਾ ਢਾਹੀਆ । ਕਲਜੁਗ ਅੰਤਮ ਸਭ ਨੂੰ ਤੇਰੀ ਪਈ ਜ਼ਰੂਰਤ, ਜ਼ਾਹਰ ਜ਼ਹੂਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਆਪਣਾ ਰੰਗ ਰੰਗਾਈਆ । ਅਵਤਾਰ ਕਹਿਣ ਤੇਰੇ ਨਾਮ ਦਾ ਵੱਜੇ ਡੰਕਾ, ਚਾਰ ਵਰਨ ਸ਼ਨਵਾਈਆ । ਸਤਿ ਧਰਮ ਦਾ ਇਕ ਸੁਹਾ ਬੰਕਾ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਇਕੋ ਇਸ਼ਟ ਦੇਵ ਸਵਾਮੀ ਤੇਰੀ ਹੋਵੇ ਮੰਨਤਾ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਮੁਖ ਸੰਤ ਸੁਹੇਲੇ ਪ੍ਰਗਟਾ ਗੜ੍ਹ ਤੋੜ ਹਉਮੇ ਹੰਗਤਾ, ਹੰ ਬ੍ਰਹਮ ਇਕ ਜਣਾਈਆ । ਬੋਧ ਅਗਾਧ ਬਣ ਪੰਡਤਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਨਿਸ਼ੱਖਰ ਦੇ ਸਮਝਾਈਆ । ਤੇਰਾ ਖੇਲ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਾ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਸਤਿ ਧਰਮ ਦੀ ਸਚ ਬਣਾ ਦੇ ਬਣਤਾ, ਘੜਨ ਭੰਨਣਹਾਰ ਸਮਰਥ ਤੇਰਾ ਲੇਖਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਤੇਰੀ ਆਸ ਰਖਾਈਆ । ਅਵਤਾਰ ਕਹਿਣ ਦੀਨ ਦੁਨੀ ਦੀ ਬਦਲ ਦੇ ਆਦਤ, ਅਦਲ ਇਨਸਾਫ਼ ਇਕ ਕਮਾਈਆ । ਇਕੋ ਕਲਮਾ ਦੱਸ ਇਬਾਦਤ, ਨਾਮ ਨਿਧਾਨਾ ਇਕ ਜਣਾਈਆ । ਚਾਰ ਜੁਗ ਦੇ ਸ਼ਾਸਤਰ ਦੇਣ ਸ਼ਹਾਦਤ, ਗਵਾਹ ਅੰਜੀਲ ਕੁਰਾਨ ਲੈ ਭੁਗਤਾਈਆ । ਕੂੜੀ ਕਿਰਿਆ ਹਰ ਹਿਰਦੇ ਕਰ ਮਮਾਨਤ, ਤਨ ਵਜੂਦ ਰਹਿਣ ਨਾ ਪਾਈਆ । ਸਤਿਜੁਗ ਸਚ ਸਾਚੀ ਵਸਤ ਬਖ਼ਸ਼ ਨਿਆਮਤ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਮਨੂਆ ਕਰੇ ਨਾ ਕੋਇ ਬਗ਼ਾਵਤ, ਬੁੱਧੀ ਵਿਚ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਅਵਤਾਰ ਕਹਿਣ ਪ੍ਰਭ ਸਾਚੀ ਦੱਸ ਦੇ ਸਤਿਜੁਗ ਰੀਤੀ, ਰੀਤੀਵਾਨ ਤੇਰੀ ਸਰਨਾਈਆ । ਭੇਵ ਚੁਕਾ ਦੇ ਮੰਦਰ ਮਸੀਤੀ, ਕਾਇਆ ਕਾਅਬਾ ਇਕ ਵਡਿਆਈਆ । ਦੀਨ ਦੁਨੀ ਦੀ ਬਦਲ ਦੇ ਨੀਤੀ, ਮਾਇਆ ਮਮਤਾ ਮੋਹ ਦੇ ਗਵਾਈਆ । ਕਾਇਆ ਅਗਨੀ ਕਰ ਦੇ ਠਾਂਡੀ ਸੀਤੀ, ਤ੍ਰੈਗੁਣ ਅੰਮ੍ਰਿਤ ਧਾਰ ਬੁਝਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੀਨ ਦੁਨੀ ਵੇਖ ਆਪਣੀ ਬਗ਼ੀਚੀ, ਚਾਰ ਵਰਨ ਅਠਾਰਾਂ ਬਰਨ ਖੋਜ ਖੁਜਾਈਆ । ਏਕੋ ਨਾਮ ਕਲਮਾ ਤੇਰੀ ਧਰਮ ਦੀ ਹੋਏ ਹਦੀਸੀ, ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਸਦੀ ਚੌਧਵੀਂ ਅੰਤ ਅਖ਼ੀਰੀ ਰਹੀ ਬੀਤੀ, ਬਾਤਨ ਪਰਦਾ ਦੇ ਉਠਾਈਆ । ਤੂੰ ਪਰਮਾਤਮਾ ਆਤਮਾ ਦੀ ਆਪਣੇ ਨਾਲ ਲਗਾ ਪ੍ਰੀਤੀ, ਪ੍ਰੀਤਮ ਹੋ ਕੇ ਜੋੜ ਜੁੜਾਈਆ ।

ਸਤਿਜੁਗ ਤ੍ਰੇਤਾ ਦੁਆਪਰ ਤੇਰੀ ਖੇਲ ਸਦਾ ਰਹੀ ਅਨਡੀਠੀ, ਜਗਤ ਨੇਤਰ ਜੀਵ ਜਹਾਨ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਅਵਤਾਰ ਕਹਿਣ ਸਾਡਾ ਵਕਤ ਵੇਖ ਲੈ ਪੂਰਾ, ਪਾਰਬ੍ਰਹਮ ਤੇਰੀ ਸਰਨਾਈਆ । ਇਕੋ ਬਖ਼ਸ਼ ਆਪਣਾ ਨੂਰਾ, ਜੋਤੀ ਜਾਤੇ ਕਰ ਰੁਸ਼ਨਾਈਆ । ਕਲਜੁਗ ਜੀਵ ਰਹੇ ਨਾ ਮੂਰਖ ਮੂੜ੍ਹਾ, ਚਤੁਰ ਸੁਘੜ ਸੁਚੱਜੇ ਦੇ ਬਣਾਈਆ । ਨਿਰਗੁਣ ਧਾਰ ਬਖ਼ਸ਼ ਕੇ ਧੂੜਾ, ਮਸਤਕ ਟਿੱਕੇ ਅਗੰਮ ਰਮਾਈਆ । ਨਜ਼ਰੀ ਆ ਹਾਜ਼ਰ ਹਜ਼ੂਰਾ, ਹਰ ਹਿਰਦੇ ਸੋਭਾ ਪਾਈਆ । ਅਨਹਦ ਸ਼ਬਦ ਵਜਾ ਤੂਰਾ, ਤੁਰਤ ਆਪਣਾ ਨਾਮ ਜਣਾਈਆ । ਸਾਡੀ ਅਰਜ਼ ਕਰ ਮਨਜ਼ੂਰਾ, ਦਰ ਠਾਂਡੇ ਸੀਸ ਝੁਕਾਈਆ । ਅਵਤਾਰ ਕਹਿਣ ਤੂੰ ਸਰਬ ਸਵਾਮੀ ਭਰਪੂਰਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰਾ ਨਾਮ ਸਿਫ਼ਤਾਂ ਵਿਚ ਕਰ ਕੇ ਆਏ ਮਸ਼ਹੂਰਾ, ਸ਼ਬਦ ਗੁਰੂ ਧਾਰ ਜਣਾਈਆ ।

### ❊ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਗੁਰਨਾਮ ਸਿੰਘ ਦੇ ਗ੍ਰਿਹ ਵੇਰਕਾ ❊



ਅਵਤਾਰੋ ਸੁਣੀ ਅਗੰਮੀ ਅਰਜ਼, ਪੁਰਖ ਅਕਾਲ ਅਕਾਲ ਜਣਾਈਆ । ਸਭ ਦੀ ਪੂਰਬ ਵੇਖਾਂ ਗ਼ਰਜ਼, ਲਹਿਣਾ ਦੇਵਾਂ ਥਾਉਂ ਥਾਈਆ । ਧਰਮ ਦਾ ਪੂਰਾ ਕਰਾਂ ਫ਼ਰਜ਼, ਹੁਕਮੀ ਸ਼ਬਦ ਸ਼ਬਦ ਸਮਝਾਈਆ । ਕਲਜੁਗ ਮੇਟਾਂ ਅੰਧੇਰਾ ਗਰਦ, ਗਰਦਸ਼ ਵੇਖਾਂ ਜਗਤ ਲੋਕਾਈਆ । ਛੁਰੀ ਸ਼ਰਅ ਰਹਿਣ ਨਾ ਦੇਵਾਂ ਕਰਦ, ਕ਼ਾਤਲ ਮਕ਼ਤੂਲ ਰੂਪ ਨਾ ਕੋਇ ਦਰਸਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਕਰਾਂ ਥਾਉਂ ਥਾਈਂਆ । ਅਗਲਾ ਖੇਲ ਦੱਸਾਂ ਅਸਚਰਜ, ਜਿਸ ਦੀ ਸਮਝ ਕੋਇ ਨਾ ਪਾਈਆ । ਦੋ ਜਹਾਨਾਂ ਹੋਣ ਨਾ ਦੇਵਾਂ ਹਰਜ, ਹਰ ਹਿਰਦਾ ਤੱਕਾਂ ਚਾਈਂ ਚਾਈਂਆ । ਗ਼ਰੀਬ ਨਿਮਾਣਿਆਂ ਵੰਡਾਂ ਦਰਦ, ਦੁਖੀਆਂ ਦੁੱਖ ਗਵਾਈਆ । ਸਾਚੇ ਨਾਮ ਦੀ ਬਦਲ ਦੇਵਾਂ ਤਰਜ਼, ਰਾਗ ਅਨਾਦੀ ਇਕ ਸ਼ਨਵਾਈਆ । ਸਚ ਜੈਕਾਰਾ ਬੋਲਾਂ ਗਰਜ, ਗ਼ਰਜ਼ ਸਭ ਦੀ ਵੇਖ ਵਖਾਈਆ । ਚਾਰ ਜੁਗ ਦੀ ਪੂਰਬ ਵੇਖਾਂ ਫ਼ਰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਹੁਕਮ ਇਕ ਉਪਜਾਈਆ । ਅਵਤਾਰੋ ਤੁਹਾਡਾ ਸੁਣਿਆ ਅੰਤਰ ਸੰਦੇਸ਼ਾ, ਸੰਧਿਆ ਸਰਘੀ ਧਿਆਨ ਲਗਾਈਆ । ਜੁਗ ਚੌਕੜੀ ਖ਼ਿਆਲ ਰੱਖਾਂ ਹਮੇਸ਼ਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲ ਵਿਚ ਨਾ ਆਈਆ । ਏਕੰਕਾਰਾ ਬਣ ਕੇ ਧੁਰ ਦਾ ਨੇਤਾ, ਨਰ ਨਰਾਇਣ ਹੋ ਕੇ ਖੋਜ ਖੁਜਾਈਆ । ਲੇਖਾ ਜਾਣਾਂ ਸਚਖੰਡ ਸਾਚੇ ਦੇਸਾ, ਧਰਨੀ ਧਰਤ ਧਵਲ ਪਰਦਾ ਦਿਆਂ ਉਠਾਈਆ । ਖ਼ਬਰਦਾਰ ਕਰਾਂ ਸ਼ਬਦੀ ਸੁਤ ਦੁਲਾਰਾ ਬੇਟਾ, ਹੁਕਮ ਹੁਕਮ ਨਾਲ ਉਠਾਈਆ । ਦੋ ਜਹਾਨ ਬਣਾਵਾਂ ਨੇਤਾ, ਨਿਆਂਕਾਰ ਇਕ ਅਖਵਾਈਆ । ਸਾਚੇ ਭਗਤਾਂ ਕਰੇ ਹੇਤਾ, ਗੁਰਮੁਖਾਂ ਜੋੜ ਜੁੜਾਈਆ । ਸੀਸ ਦੀ ਮੰਗੇ ਕੋਈ ਨਾ ਭੇਟਾ, ਜਗਦੀਸ਼ ਹੁਕਮੇ ਕਾਰ ਕਮਾਈਆ । ਨਿਰਗੁਣ ਧਾਰ ਹੋਵਾਂ ਖੇਵਟ ਖੇਟਾ, ਸਰਗੁਣ ਨਈਆ ਮਾਤ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਸਤ

ਅਮੋਲਕ ਅਗੰਮ ਵਰਤਾਈਆ । ਅਵਤਾਰੋ ਤੁਹਾਡੀ ਸੁਣੀ ਅੰਤਰ ਆਵਾਜ਼, ਜੋ ਬਿਨ ਰਸਨਾ ਦਿਤੀ ਸੁਣਾਈਆ । ਸਾਰਾ ਭੇਵ ਖੋਲ੍ਹਾਂ ਰਾਜ਼, ਪਰਦਾ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦਿਆਂ ਸਾਧ, ਸਾਧਨਾ ਰਹਿਣ ਕੋਇ ਨਾ ਪਾਈਆ । ਸ਼ਬਦ ਸੁਣਾਵਾਂ ਧੁਰ ਦਾ ਨਾਦ, ਅਗੰਮੀ ਰਾਗ ਅਲਾਈਆ । ਦ੍ਰਿਸ਼ਟੀ ਸਭ ਦੀ ਜਾਏ ਜਾਗ, ਸੋਈ ਸੁਰਤੀ ਲਵਾਂ ਉਠਾਈਆ । ਬੁੱਧੀ ਰਹੇ ਕੋਈ ਨਾ ਕਾਗ, ਹੰਸ ਗੁਰਮੁਖ ਲਵਾਂ ਪ੍ਰਗਟਾਈਆ । ਕਲਜੁਗ ਅਗਨ ਬੁਝਾਵਾਂ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਤੁਹਾਡੀ ਬੇਨੰਤੀ ਦਾ ਇਕ ਜਵਾਬ, ਧੁਰ ਸੰਦੇਸ਼ਾ ਦਿਆਂ ਸੁਣਾਈਆ । ਜਿਸ ਕਲ ਕਲਕੀ ਦਾ ਲੈਂਦੇ ਰਹੇ ਖ਼ਵਾਬ, ਸੁਪਨਿਆਂ ਵਿਚ ਧਿਆਨ ਲਗਾਈਆ । ਓਹ ਖੇਲ ਕਰੇ ਪ੍ਰਭ ਆਪ, ਆਪਣਾ ਪਰਦਾ ਆਪ ਚੁਕਾਈਆ । ਦੋ ਜਹਾਨਾਂ ਦੱਸ ਕੇ ਜਾਪ, ਲੱਖ ਚੁਰਾਸੀ ਕਰੇ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਪਾਪ, ਪਤਤ ਪੁਨੀਤ ਆਪ ਲਏ ਬਣਾਈਆ । ਪਾਰਬ੍ਰਹਮ ਬ੍ਰਹਮ ਬਣਾ ਕੇ ਸਾਕ, ਸੱਜਣ ਇਕੋ ਇਕ ਅਖਵਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਲਏ ਲੰਘਾਈਆ । ਪ੍ਰੇਮ ਪ੍ਰੀਤੀ ਵਿਚ ਹੋ ਕੇ ਚਾਕ, ਸੇਵਕ ਆਪਣੀ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟੇ ਖ਼ਾਕ, ਖ਼ਾਲਸ ਆਪਣਾ ਰੰਗ ਦਏ ਚੜ੍ਹਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਸਦੀ ਚੌਧਵੀਂ ਮੇਟ ਅੰਧੇਰੀ ਰਾਤ, ਨੂਰੀ ਚੰਦ ਇਕ ਰੁਸ਼ਨਾਈਆ । ਸਭ ਨੂੰ ਬਖ਼ਸ਼ ਦੇਵਾਂ ਦਾਤ, ਨਾਮ ਕਲਮਾ ਝੋਲੀ ਪਾਈਆ । ਹਿੰਦੂ ਮੁਸਲਿਮ ਸਿੱਖ ਈਸਾਈ ਬਣਾ ਕੇ ਇਕ ਜਮਾਤ, ਤੁਲਬਿਆਂ ਕਰਾਂ ਹੱਕ ਪੜ੍ਹਾਈਆ । ਤੁਹਾਡੀ ਮਨਸਾ ਪੂਰੀ ਕਰ ਕੇ ਖ਼ਾਹਿਸ਼, ਖ਼ਾਲਸ ਆਪਣਾ ਘਰ ਵਖਾਈਆ । ਪੁਰਖ ਅਕਾਲਾ ਬਾਹਰੋਂ ਕਰਨਾ ਨਾ ਪਏ ਤਲਾਸ਼, ਕਾਇਆ ਮੰਦਰ ਅੰਦਰ ਮਿਲ ਕੇ ਵੱਜੇ ਵਧਾਈਆ । ਧੁਰ ਦੀ ਮੰਜ਼ਲ ਦੇ ਕੇ ਘਾਟ, ਪੌੜੀ ਡੰਡੇ ਨਾਮ ਚੜ੍ਹਾਈਆ । ਆਵਣ ਜਾਵਣ ਮੇਟ ਕੇ ਵਾਟ, ਭਗਤ ਸੁਹੇਲੇ ਜੋਤ ਸਮਾਈਆ । ਆਤਮ ਬ੍ਰਹਮ ਦਾ ਦੇ ਕੇ ਸਾਥ, ਪਾਰਬ੍ਰਹਮ ਦਾ ਮੇਲ ਮਿਲਾਈਆ । ਨਿਜ ਗ੍ਰਿਹਿ ਕਰ ਕੇ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਸਾਚੇ ਮੰਡਲ ਪਾ ਕੇ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਨਚਾਈਆ । ਤੁਹਾਡਾ ਸੁਖਾਲਾ ਕਰਾਂ ਸਾਸ, ਜੋ ਸਾਹ ਸਾਹ ਧਿਆਈਆ । ਨਿਰਗੁਣ ਨੂਰ ਕਰ ਪ੍ਰਕਾਸ਼, ਜੋਤੀ ਜਾਤਾ ਡਗਮਗਾਈਆ । ਕਲ ਕਲਕੀ ਪ੍ਰਗਟ ਹੋ ਕੇ ਆਪ, ਆਪ ਆਪਣਾ ਰਾਹ ਚਲਾਈਆ । ਰੂਹ ਬੁਤ ਕਰ ਕੇ ਪਾਕ, ਪੈਗ਼ੰਬਰਾਂ ਤੋਂ ਪਰੇ ਕਰਾਂ ਸਫ਼ਾਈਆ । ਲੱਖ ਚੁਰਾਸੀ ਪੁੱਛਾਂ ਵਾਤ, ਚਾਰੇ ਖਾਣੀ ਵੇਖ ਵਖਾਈਆ । ਸਭ ਨੂੰ ਇਕ ਦਾ ਦੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਨ ਵਜੂਦ ਮਾਟੀ ਖ਼ਾਕ ਦਾ ਬਦਲ ਲਬਾਸ, ਜੋਤੀ ਜਾਤਾ ਹੋ ਕੇ ਵੇਖ ਵਖਾਈਆ ।

### ❊ ੪ ਸਾਵਣ ਸ਼ਹਿਨਸ਼ਾਹੀ ਸੰਮਤ ੫ ਡਾਕਟਰ ਬਲਵੰਤ ਸਿੰਘ ਦੇ ਗ੍ਰਿਹਿ ਵੇਰਕਾ ❊

ਪੁਰਖ ਅਕਾਲ ਕਹੇ ਅਵਤਾਰੋ ਹੋਵਾਂ ਮਿਹਰਵਾਨ, ਸਚਖੰਡ ਨਿਵਾਸੀ ਹੋ ਕੇ ਦਇਆ ਕਮਾਈਆ । ਸੋ ਪੁਰਖ ਨਿਰੰਜਣ ਹੋ ਕੇ ਦੇਵਾਂ ਦਾਨ, ਦਾਤਾ ਦਾਨੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਹੋ ਕੇ ਕਿਰਪਾ ਕਰਾਂ ਮਹਾਨ, ਮਹਿਮਾ ਅਕਥ ਕਥ ਦ੍ਰਿੜਾਈਆ । ਆਦਿ ਨਿਰੰਜਣ

ਹੋ ਕੇ ਦੀਪਕ ਜਗਾਵਾਂ ਮਹਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਧਾ ਸੂਰਬੀਰ ਬਣ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਅਬਿਨਾਸ਼ੀ ਕਰਤਾ ਹੋ ਕੇ ਦੇਵਾਂ ਮਾਣ, ਮਾਣ ਨਿਮਾਣਿਆਂ ਆਪ ਅਖਵਾਈਆ । ਪਾਰਬ੍ਰਹਮ ਹੋ ਕੇ ਵੇਖਾਂ ਮਾਰ ਧਿਆਨ, ਬਿਨ ਅੱਖਾਂ ਅੱਖ ਉਠਾਈਆ । ਬ੍ਰਹਮ ਦਾ ਲੇਖਾ ਕਰਾਂ ਪ੍ਰਵਾਨ, ਪਰਮ ਪੁਰਖ ਆਪਣੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸਾਰੇ ਸੀਸ ਝੁਕਾਣ, ਸਿਰ ਸਕੇ ਨਾ ਕੋਇ ਉਠਾਈਆ । ਦੋ ਜਹਾਨਾਂ ਮਰਦ ਮਰਦਾਨਾ ਨੌਜਵਾਨਾ ਸੰਦੇਸ਼ਾ ਦੇਵਾਂ ਆਣ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਦੀ ਨਿਰਗੁਣ ਸਰਗੁਣ ਖੇਲ ਮਹਾਨ, ਨਿਰਵੈਰ ਨਿਰਾਕਾਰ ਨਿਰੰਕਾਰ ਆਪਣੀ ਕਾਰ ਕਮਾਈਆ । ਪ੍ਰਗਟ ਹੋਵਾਂ ਜੋਧਾ ਸੂਰਬੀਰ ਮਰਦ ਮਰਦਾਨ, ਭੈ ਭਿਆਨਕ ਵੇਖਾਂ ਥਾਉਂ ਥਾਈਆ । ਤੇਈ ਅਵਤਾਰੋ ਸਭ ਨੂੰ ਕਰਾਂ ਸਵਾਧਾਨ, ਆਲਸ ਨਿੰਦਰਾ ਰਹੇ ਨਾ ਰਾਈਆ । ਸਚ ਦਾ ਮਾਲਕ ਹੋ ਪ੍ਰਧਾਨ, ਕੂੜੀ ਕਿਰਿਆ ਫੋਲ ਫੁਲਾਈਆ । ਕਲਜੁਗ ਮੇਟਾਂ ਝੂਠ ਨਿਸ਼ਾਨ, ਨਿਸ਼ਾਨਾ ਇਕੋ ਨਾਮ ਜਣਾਈਆ । ਸ਼ਰਅ ਦਾ ਰਹਿਣ ਨਾ ਦੇਵਾਂ ਕੋਇ ਸ਼ੈਤਾਨ, ਛੁਰੀ ਬਣੇ ਨਾ ਜਗਤ ਕਸਾਈਆ । ਹਉਮੇ ਹੰਗਤਾ ਗੜ੍ਹ ਤੋੜਾਂ ਅਭਿਮਾਨ, ਮਨ ਕਾ ਮਣਕਾ ਆਪ ਭਵਾਈਆ । ਕਰਾਂ ਖੇਲ ਵਿਚ ਜਹਾਨ, ਜਹਾਲਤ ਮੇਟਾਂ ਕੂੜ ਲੋਕਾਈਆ । ਤੁਹਾਡੀ ਕਰਨੀ ਸਭ ਦੀ ਕਰਾਂ ਪ੍ਰਵਾਨ, ਪਰਮ ਪੁਰਖ ਹੋ ਕੇ ਵੇਖ ਵਖਾਈਆ । ਸਤਿ ਧਰਮ ਦਾ ਬਣਾ ਇਕ ਵਿਧਾਨ, ਹੁਕਮ ਸੰਦੇਸ਼ਾ ਇਕ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਇਸ਼ਟ ਦਿਸੇ ਵਿਚ ਜਹਾਨ, ਦੂਸਰ ਸੀਸ ਨਾ ਕਿਸੇ ਨਿਵਾਈਆ । ਲੇਖਾ ਜਾਣਾਂ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕੁਰਾਨ ਖਾਣੀ ਬਾਣੀ ਪਰਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਪੁਰਖ ਅਕਾਲ ਕਹੇ ਅਵਤਾਰੋ ਏਕਾ ਦੇਵਾਂ ਨਾਮ ਸੰਦੇਸ਼ਾ, ਧੁਰ ਦੀ ਧਾਰ ਆਪ ਪ੍ਰਗਟਾਈਆ । ਜਿਸ ਨੂੰ ਮੰਨਣ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਸੁਰਪਤ ਨਿਉਂ ਨਿਉਂ ਸੀਸ ਨਿਵਾਈਆ । ਖੇਲ ਖਿਲਾਵਾਂ ਸਚਖੰਡ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਤੁਹਾਡਾ ਸਭ ਦਾ ਕਰ ਕੇ ਏਕਾ, ਏਕੰਕਾਰ ਹੋ ਕੇ ਵੇਖ ਵਖਾਈਆ । ਸਭ ਨੂੰ ਇਕੋ ਬਖ਼ਸ਼ ਕੇ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਦੀ ਬੁੱਧ ਕਰਾਂ ਬਿਬੇਕਾ, ਦੁਰਮਤ ਮੈਲ ਕਰਾਂ ਸਫ਼ਾਈਆ । ਨਾਲ ਰਲਾ ਸ਼ਬਦ ਗੁਰੂ ਗੋਬਿੰਦ ਆਦਿ ਜੁਗਾਦਿ ਦਾ ਬੇਟਾ, ਜਿਸ ਨੂੰ ਤੱਤਾਂ ਵਾਲੀ ਜਨਮੇ ਕੋਇ ਨਾ ਮਾਈਆ । ਓਹ ਏਥੇ ਓਥੇ ਦੋ ਜਹਾਨਾਂ ਹੋਵੇ ਖੇਵਟ ਖੇਟਾ, ਨਈਆ ਨੌਕਾ ਨਾਮ ਇਕ ਚਲਾਈਆ । ਭਗਤ ਉਧਾਰਨਾ ਜਿਸ ਦਾ ਆਦਿ ਜੁਗਾਦਿ ਪੇਸ਼ਾ, ਪੇਸ਼ੀਨਗੋਈ ਸਭ ਦੀ ਵੇਖ ਵਖਾਈਆ । ਲੇਖਾ ਜਾਣੇ ਮੂੰਡ ਮੁੰਡਾਏ ਧਾਰੀ ਕੇਸਾ, ਪਰਦਾ ਉਹਲਾ ਆਪ ਉਠਾਈਆ । ਆਤਮ ਪਰਮਾਤਮ ਪਰਮਾਤਮ ਆਤਮ ਪਾਰਬ੍ਰਹਮ ਬ੍ਰਹਮ ਦੱਸੇ ਆਪਣਾ ਹੇਤਾ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਨਿਰਗੁਣ ਸਭ ਨੇ ਮੰਨਣਾ ਨੇਤਾ, ਨਰ ਨਿਰੰਕਾਰ ਨੂਰ ਅਲਾਹੀਆ । ਸਦੀ ਚੌਧਵੀਂ ਸਭ ਦਾ ਪੂਰਾ ਹੋਣਾ ਠੇਕਾ, ਲੇਖਾ ਸਭ ਦਾ ਦਏ ਮੁਕਾਈਆ । ਅੱਗੋਂ ਦੇਵੇ ਨਾਮ ਸੰਦੇਸ਼ਾ, ਸ਼ਬਦ ਅਗੰਮੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਇਕ ਸਮਝਾਈਆ । ਪੁਰਖ ਅਕਾਲ ਕਹੇ ਅਵਤਾਰੋ ਕਰਾਂ ਖੇਲ ਮਹਾਨਾ, ਮਨਸਾ ਸਭ ਦੀ ਵੇਖ ਵਖਾਈਆ । ਸ਼ਬਦੀ ਨਾਦ ਦੇ ਤਰਾਨਾ, ਤੁਰੀਆ ਤੋਂ ਪਰੇ ਦਿਆਂ ਦ੍ਰਿੜ੍ਹਾਈਆ । ਜਿਥੇ ਨਿਰਗੁਣ ਨੂਰ ਜੋਤ ਮਹਾਨਾ, ਸੂਰੀਆ ਚੰਦ ਕਰੇ ਰੁਸ਼ਨਾਈਆ । ਤਖ਼ਤ ਨਿਵਾਸੀ ਨੌਜਵਾਨਾ,


੧੪੬੬ ੨੧

ਸ੍ਰੀ ਭਗਵਾਨ ਸੋਭਾ ਪਾਈਆ । ਜਿਸ ਨੂੰ ਝੁਕੇ ਜ਼ਿਮੀਂ ਅਸਮਾਨਾ, ਗਗਨ ਗਗਨੰਤਰ ਲਾਗਣ ਪਾਈਆ । ਸੋ ਮਾਲਕ ਪਹਿਰੇ ਅੰਤਮ ਆਪਣਾ ਜਾਮਾ, ਸੰਬਲ ਨਗਰ ਸੋਭਾ ਪਾਈਆ । ਜਿਸ ਨੂੰ ਬੁੱਧੀ ਕਰੇ ਨਾ ਕੋਇ ਪਹਿਚਾਨਾ, ਸ਼ਾਸਤਰ ਸਕੇ ਨਾ ਕੋਇ ਦ੍ਰਿੜਾਈਆ । ਲੱਭ ਸਕੇ ਨਾ ਕੋਇ ਵਿਦਵਾਨਾ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਜਿਸ ਨੇ ਦੀਨ ਦੁਨੀ ਦਾ ਕਲਜੁਗ ਅੰਤਮ ਬਦਲ ਦੇਣਾ ਜ਼ਮਾਨਾ, ਸਤਿਗੁਰ ਸਚ ਦਏ ਪ੍ਰਗਟਾਈਆ । ਸ਼ਰਅ ਦਾ ਰਹੇ ਨਾ ਕੋਈ ਬੇਈਮਾਨਾ, ਬੇਵਾ ਕਰੇ ਖ਼ਲਕ ਖ਼ੁਦਾਈਆ । ਸਾਚਾ ਨਾਮ ਸੰਦੇਸ਼ਾ ਦਏ ਪੈਗ਼ਾਮਾ, ਪੈਗ਼ੰਬਰਾਂ ਤੋਂ ਪਰੇ ਕਰੇ ਪੜ੍ਹਾਈਆ । ਜਿਸ ਨੂੰ ਮੁਹੰਮਦ ਮੰਨਿਆ ਮਹਿਦੀ ਅਮਾਮਾ, ਮਾਲਕ ਖ਼ਾਲਕ ਹੋ ਕੇ ਵੇਖ ਵਖਾਈਆ । ਜਿਸ ਦਾ ਮਹੱਲ ਅਟਲ ਅਗੰਮ ਅਥਾਹ ਆਲੀਸ਼ਾਨਾ, ਆਲਮ ਇਲਮ ਵਿਚ ਨਾ ਕਿਸੇ ਸਮਝਾਈਆ । ਓਹ ਸਾਹਿਬ ਸੁਲਤਾਨ ਵਾਲੀ ਦੋ ਜਹਾਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜਿਸ ਨੂੰ ਤੇਈ ਅਵਤਾਰ ਨਿਵ ਨਿਵ ਕਰਨ ਪ੍ਰਨਾਮਾ, ਡੰਡਾਵਤ ਵਿਚ ਸੀਸ ਨਿਵਾਈਆ । ਓਹ ਕਰੇ ਖੇਲ ਇਕ ਮਹਾਨਾ, ਮਿਹਰਵਾਨ ਆਪਣਾ ਹੁਕਮ ਵਰਤਾਈਆ । ਨਵ ਨੌਂ ਚਾਰ ਝੁਲਾ ਇਕ ਨਿਸ਼ਾਨਾ, ਨਿਸ਼ਾਨੇ ਪਿਛਲੇ ਦਏ ਬਦਲਾਈਆ । ਹਰਿਜਨ ਰਹਿਣ ਨਾ ਦੇਵੇ ਕੋਇ ਬੇਗਾਨਾ, ਗੁਰਮੁਖ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਪੁਰਖ ਅਕਾਲ ਕਹੇ ਧਰਨੀ ਧਰਤ ਧਵਲ ਤੱਕੋ ਰਾਹ, ਧੌਲ ਦਿਆਂ ਜਣਾਈਆ । ਨਿਗਾਹ ਮਾਰੋ ਜਲ ਥਲ ਅਸਗਾਹ, ਮਹੀਅਲ ਵੇਖ ਵਖਾਈਆ । ਜਿਸ ਨੇ ਰਚਨਾ ਲਈ ਰਚਾ, ਜੁਗ ਜੁਗ ਆਪਣੀ ਕਾਰ ਕਮਾਈਆ । ਸੋ ਲਹਿਣਾ ਦੇਣਾ ਸਭ ਦਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਨਿਰਗੁਣ ਨੂਰ ਕਰ ਰੁਸ਼ਨਾ, ਕਲਜੁਗ ਅੰਧ ਅੰਗਿਆਨ ਦਏ ਮਿਟਾਈਆ । ਸਾਚੇ ਮਾਰਗ ਦਏ ਲਾ, ਸਤਿਜੁਗ ਸਤਿ ਸਤਿ ਵਖਾਈਆ । ਸਭ ਦਾ ਬਣ ਕੇ ਪਿਤਾ ਮਾਂ, ਸੰਤ ਸੁਹੇਲੇ ਗੋਦ ਟਿਕਾਈਆ । ਸਾਢੇ ਤਿੰਨ ਹੱਥ ਸੁਹਾ ਕੇ ਗਰਾਂ, ਨੌਂ ਦਵਾਰੇ ਲੇਖਾ ਦਏ ਮੁਕਾਈਆ । ਆਤਮ ਜੋਤੀ ਕਰ ਰੁਸ਼ਨਾ, ਮੰਦਰ ਅੰਦਰ ਨੂਰ ਨੁਰਾਨਾ ਡਗਮਗਾਈਆ । ਜਿਸ ਨੂੰ ਪੈਗ਼ੰਬਰ ਕਹਿ ਕੇ ਆਏ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਕਿਸੇ ਨੂੰ ਰਹਿਣ ਨਾ ਦੇਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਸੋ ਸਵਾਮੀ ਬਣ ਕੇ ਦਿਲਰੁਬਾ, ਰਹਿਮਤ ਆਪਣੀ ਹੱਕ ਕਮਾਈਆ । ਉਸ ਦਾ ਇਕੋ ਕਲਮਾ ਇਕ ਹੋਣੀ ਸਦਾ, ਆਵਾਜ਼ ਇਕੋ ਇਕ ਪ੍ਰਗਟਾਈਆ । ਸੋ ਲੇਖਾ ਜਾਣੇ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਅਵਤਾਰੋ ਸਭ ਦਾ ਲੇਖਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਚਲਾਈਆ । ਕਲਜੁਗ ਅੰਤਮ ਕਰੇ ਨਿਆਂ, ਅਦਲ ਇਨਸਾਫ਼ ਆਪ ਵਖਾਈਆ । ਵੇਖਣਹਾਰਾ ਦੋ ਜਹਾਂ, ਜਹਾਂ ਤਹਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਦੇਵਣਹਾਰਾ ਦਾਨ, ਦਾਤਾ ਦਾਨੀ ਦਇਆਵਾਨ ਇਕ ਅਖਵਾਈਆ ।

## ✻ ੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਜਮਾਂਦਾਰ ਕਿਸ਼ਨ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ ✻

ਜਨਮ ਵਿਚੋਂ ਮਿਲੀ ਜਨਮ ਦੀ ਦਾਤ, ਦਾਤੇ ਦਿਤੀ ਵਰਤਾਈਆ । ਆਪਣੇ ਨਾਲ ਬਣਾ ਕੇ ਆਪਣੇ ਸਾਕ, ਸੱਜਣ ਆਪਣੇ ਲਏ ਪ੍ਰਗਟਾਈਆ । ਲਾਲੋ ਦੇ ਲੇਖੇ ਲਾ ਕੇ ਸਵਾਸ, ਨਾਨਕ ਲਹਿਣਾ ਝੋਲੀ ਪਾਈਆ । ਭਗਤਾਂ ਦੀ ਭਗਤ ਸੁਹਾ ਕੇ ਜਮਾਤ, ਸੰਗੀ ਸੰਗੀਆਂ ਨਾਲ ਰਖਾਈਆ । ਅਗਲਾ ਲੇਖਾ ਪੰਦਰਾਂ ਕੱਤਕ ਨੂੰ ਦੱਸਾਂਗਾ ਖ਼ਾਸ, ਖ਼ਾਲਸ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਕੱਤਕ ਦੇਵੇ ਮਾਣ, ਮਾਣ ਮਿਲੇ ਵਡਿਆਈਆ । ਪੰਜ ਤੱਤ ਕਰ ਪ੍ਰਵਾਨ, ਪ੍ਰਵਾਨਾ ਅਗਲਾ ਦਏ ਸਮਝਾਈਆ । ਕਰੇ ਖੇਲ ਮਹਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਾਝਾ ਮਾਲਵਾ ਦੁਆਬਾ ਜੰਮੂ ਪੰਜ ਪੰਜ ਗੁਰਮੁਖ ਆਵਣ ਨੌਜਵਾਨ, ਜੋਬਨਵੰਤੇ ਰੰਗ ਰੰਗਾਈਆ । ਬਿਰਧ ਬਾਲ ਨਾ ਕੋਇ ਪਹਿਚਾਨ, ਵੱਡਾ ਛੋਟਾ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਪੰਦਰਾਂ ਕੱਤਕ ਕਹੇ ਗੁਰਮੁਖ ਪ੍ਰੇਮ ਪਿਆਰੇ ਆਉਣਗੇ । ਮਾਝਾ ਮਾਲਵਾ ਦੁਆਬਾ ਜੰਮੂ ਇਕ ਇਕ ਪੱਗੜੀ ਨਾਲ ਰਖਾਉਣਗੇ । ਰਾਤ ਸਾਢੇ ਨੌਂ ਵਜੇ ਕਿਸ਼ਨ ਸਿੰਘ ਦੇ ਸੀਸ ਸਜਾਉਣਗੇ । ਪੁਰਖ ਅਬਿਨਾਸ਼ੀ ਮਿਲ ਕੇ ਹਰਿ ਜਗਦੀਸ਼, ਸਾਰੇ ਇਸ ਦੀ ਮੰਗ ਮੰਗਾਉਣਗੇ । ਸਾਨੂੰ ਇਸ ਦੇ ਮਿਲਣ ਦੀ ਸਦਾ ਰੀਝ, ਹੱਥ ਜੋੜ ਕੇ ਵਾਸਤਾ ਪਾਉਗੇ । ਪ੍ਰਭੂ ਬੇਸ਼ਕ ਇਹਦੀ ਆਤਮਾ ਤੇਰੀ ਚੀਜ਼, ਵਸਤ ਅਮੋਲਕ ਆਪਣੇ ਨਾਲ ਰਲਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਉਣਗੇ । ਸਾਰੀ ਸੰਗਤ ਕਰੇ ਅਰਦਾਸ, ਨਿਉਂ ਨਿਉਂ ਸੀਸ ਨਿਵਾਈਆ । ਫੇਰ ਕਿਸ਼ਨ ਸਿੰਘ ਰਹਿਣ ਦੇਵਾਂ ਸੰਗਤ ਪਾਸ, ਬਿਨਾ ਬੇਨੰਤੀ ਸਕੇ ਨਾ ਕੋਇ ਬਚਾਈਆ । ਇਸ ਦਾ ਨੌ ਮੱਘਰ ਨੂੰ ਅਖ਼ੀਰੀ ਸੀ ਸਵਾਸ, ਸਵਾਸ ਪ੍ਰਭ ਦੇ ਲੇਖੇ ਲਾਈਆ । ਇਹ ਕਿਰਪਾ ਕੀਤੀ ਖ਼ਾਸ, ਖ਼ਾਲਸ ਆਪਣਾ ਰੰਗ ਰੰਗਾਈਆ । ਪੰਜਾਂ ਲਿਖਾਰੀਆਂ ਜ਼ਰੂਰ ਹੋਣਾ ਸਾਥ, ਸਗਲਾ ਸੰਗ ਬਣਾਈਆ । ਦਰਸ਼ਨ ਸਿੰਘ ਨੂੰ ਮਾਰ ਲੈਣੀ ਆਵਾਜ਼, ਦਿੱਲੀਉਂ ਲੈਣਾ ਬੁਲਾਈਆ । ਸਭ ਨੇ ਜਾਣਾ ਜਾਗ, ਸੋਇਆ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਦਾ ਇਕ ਵੈਰਾਗ, ਵੈਰੀ ਨਜ਼ਰ ਕੋਇ ਨਾ ਆਈਆ । ਸਭ ਤੋਂ ਸ੍ਰੇਸ਼ਟ ਉਤਮ ਸਾਹਿਬ ਸਤਿਗੁਰ ਦਾ ਸਾਥ, ਗੁਰਮੁਖ ਸੋਹਣਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਪੰਦਰਾਂ ਕੱਤਕ ਕਹੇ ਪੰਜਾਂ ਪੰਜਾਂ ਪੰਜਾਂ ਪੰਜਾਂ ਦੇ ਹੋਣੇ ਸੋਹਣੇ ਬਸਤਰ, ਪੰਜ ਪੰਚਮ ਨਾਲ ਵਡਿਆਈਆ । ਨੰਗੀ ਧਾਰ ਮੋਢਿਆਂ ਤੇ ਹੋਣੇ ਸ਼ਸ਼ਤਰ, ਸੋਹਣੇ ਰੂਪ ਬਣਾਈਆ । ਸਭ ਨੇ ਜਾਣਾ ਉਪਰ ਅਸਤਰ, ਸ਼ਾਹ ਸਵਾਰਾ ਆਸਣ ਲਾਈਆ । ਖਾਣਾ ਖਾਣਾ ਨਹੀਂ ਵਿਚ ਕਿਸੇ ਨੇ ਬਰਤਨ, ਹੁਕਮ ਦਿਤਾ ਦ੍ਰਿੜਾਈਆ । ਸਭ ਦਾ ਸਾਂਝਾ ਹੋਣਾ ਖਰਚਣ, ਹਿੱਸਾ ਵੱਡਾ ਛੋਟਾ ਪਾਈਆ । ਕਰੇ ਖੇਲ ਪ੍ਰਭੂ ਪ੍ਰਭ ਮਰਦਨ, ਪਾਰਬ੍ਰਹਮ ਪ੍ਰਭ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਕੱਤਕ ਕਹੇ ਸਾਹਿਬ ਸਤਿਗੁਰ ਦੇ ਲੱਕ ਨੂੰ ਬੰਨ੍ਹਣਾ ਸੰਗਲ, ਕੁੰਡੀ ਕੁੰਡੀ ਵਿਚ ਅੜਾਈਆ । ਸਭ ਨੇ ਗਾਉਣਾ ਮੰਗਲ, ਸਿੰਘਾਸਣ ਉਤੇ ਟਿਕਾਈਆ । ਪੰਜਾਂ ਪਿਆਰਿਆਂ ਲੈਣਾ ਚੰਦਨ, ਮਸਤਕ ਨਾਲ ਛੁਹਾਈਆ । ਪੰਜਾਂ ਲਿਖਾਰੀਆਂ ਕਰ ਕੇ ਬੰਦਨ, ਆਸਣ

ਲੈਣਾ ਜਮਾਈਆ । ਮਿਆਨੋਂ ਨੰਗੇ ਕੱਢ ਕੇ ਖੰਡਨ, ਚੰਡੀ ਦੇਣੀ ਚਮਕਾਈਆ । ਸਭ ਨੇ ਢੋਲਾ ਗੌਣਾ ਛੰਦਨ, ਜੈਕਾਰਾ ਇਕੋ ਵਾਰ ਲਗਾਈਆ । ਅੱਗੇ ਸਾਹਿਬ ਸਤਿਗੁਰ ਚਾੜ੍ਹੇ ਰੰਗਣ, ਆਪਣਾ ਰੰਗ ਰੰਗਾਈਆ । ਧੂੜੀ ਚਰਨ ਦੇ ਕੇ ਸਾਚਾ ਸਗਣ, ਪਾਪਾਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਦਰਾਂ ਕੱਤਕ ਕਹੇ ਇਹ ਖੇਲ ਹੋਣਾ ਅਲ੍ਹੜ ਪਿੰਡੀ, ਪਿੰਡ ਪਿੰਡ ਦੇਣਾ ਬਖ਼ਸ਼ਾਈਆ । ਇਕ ਲਿਖਾਰੀ ਲੇਖ ਲਿਖੇ ਵਿਚੋਂ ਹਿੰਦੀ, ਹਿੰਦੋਸਤਾਨ ਦਏ ਦ੍ਰਿੜਾਈਆ । ਪੰਜਾਂ ਲਿਖਾਰੀਆਂ ਮਸਤਕ ਲੌਣੀ ਲਾਲ ਬਿੰਦੀ, ਬਿੰਦਰਾਬਨ ਦਾ ਲੇਖਾ ਦੇਣਾ ਮੁਕਾਈਆ । ਪਗੜੀ ਦੀ ਧਾਰ ਰੱਖਣੀ ਡਿੰਗੀ, ਟੇਡਾ ਰੂਪ ਦਰਸਾਈਆ । ਫੇਰ ਜ਼ਿੰਦਗਾਨੀ ਬਖ਼ਸ਼ਣੀ ਜ਼ਿੰਦੀ, ਜ਼ਿੰਦਾ ਦਏ ਕਰਾਈਆ । ਇਕ ਗੁਰਸਿੱਖ ਨੇ ਵਿਚੋਂ ਉਠ ਕੇ ਜਾਣਾ ਨਿੰਦੀ, ਇਹ ਅਪਰਾਧੀ ਨੂਰ ਖ਼ੁਦਾਈਆ । ਇਕ ਬੱਚੀ ਨਾਲ ਹੋਵੇ ਛਿੰਦੀ, ਦਵਿੰਦਰ ਕੋਲ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਕੱਤਕ ਕਹੇ ਮੇਰਾ ਲੇਖਾ ਕੋਈ ਨਾ ਜਾਣੇ ਕੱਤਕ, ਕਟਕ ਕੋਟਨ ਗਏ ਵਿਹਾਈਆ । ਕ੍ਰਿਸ਼ਨ ਨੇ ਇਕ ਬਚਨ ਸੁਣਾ ਬੱਧਕ, ਬੱਧਕ ਦਿਤਾ ਜਣਾਈਆ । ਜਿਸ ਵੇਲੇ ਧਰਮ ਸਤਿ ਰਿਹਾ ਨਾ ਅਧਿਕ, ਧੀਰਜ ਧੀਰ ਨਾ ਕੋਇ ਧਰਾਈਆ । ਚਾਰੋਂ ਕੁੰਟ ਲੱਗੀ ਆਤਸ਼, ਅਗਨੀ ਅੱਗ ਨਾ ਕੋਇ ਬੁਝਾਈਆ । ਸਾਬਤ ਰਿਹਾ ਕੋਈ ਨਾ ਸ਼ਖ਼ਸ਼, ਸ਼ਖ਼ਸੀਅਤ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਪੈਣਾ ਬਖ਼ਤ, ਧੀਰਜ ਧੀਰ ਨਾ ਕੋਇ ਧਰਾਈਆ । ਬਿਨਾ ਭਗਤਾਂ ਤੋਂ ਰਹੇ ਕੋਈ ਨਾ ਮਸਤ, ਖ਼ੁਮਾਰੀ ਨਾਮ ਦੇਣੀ ਚੜ੍ਹਾਈਆ । ਮੇਰਾ ਕਾਹਨ ਆਉਣਾ ਪਰਤ, ਨਿਰਗੁਣ

੧੪੯੯ ਨਿਰਵੈਰ ਵੇਸ ਵਟਾਈਆ । ਆਵੇ ਉਤੇ ਧਰਤ, ਧਰਨੀ ਧਵਲ ਵੇਖ ਵਖਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਅਗਲੀ ਦਏ ਜਣਾਈਆ । ੧੪੯੯

੨੧ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਕੱਤਕ ਕਹੇ ਮੈਂ ਤਕਦਾ, ਤਕਦੀਰ ਵੇਖ ਵਖਾਈਆ । ਕੀ ਹੁਕਮ ਹੋਵੇ ਯਕ ਦਾ, ਯਦੀ ਕੀ ਸਮਝਾਈਆ । ਕੀ ਇਸ਼ਾਰਾ ਮਿਲੇ ਅੱਖ ਦਾ, ਕੀ ਸ਼ਬਦ ਧੁਨ ਸ਼ਨਵਾਈਆ । ਕੀ ਸੰਦੇਸ਼ਾ ਮਿਲੇ ਸਚ ਦਾ, ਸਚ ਵਿਚ ਵਡਿਆਈਆ । ਜਾਂ ਖ਼ਬਰ ਸੁਣੀ ਪ੍ਰਭ ਜਨ ਭਗਤਾਂ ਆਪ ਰੱਖਦਾ, ਰੱਖਕ ਹੋ ਕੇ ਵੇਖ ਵਖਾਈਆ । ਮਰਨ ਵਿਚੋਂ ਜੀਵਣ ਕੱਢਦਾ, ਜੀਵਣ ਵਿਚੋਂ ਜੀਵਣ ਰਖਾਈਆ । ਜਿਸ ਨਾਲ ਪਿਆਰ ਉਸ ਨੂੰ ਕਦੇ ਨਾ ਛੱਡਦਾ, ਜੁਗ ਜਨਮ ਦੇ ਵਿਛੜੇ ਆਪਣੇ ਨਾਲ ਰਖਾਈਆ । ਸੰਸਾਰ ਭਰਮ ਮਾਸ ਨਾੜੀ ਹੱਡ ਦਾ, ਚੰਮ ਕੰਮ ਕਿਸੇ ਨਾ ਆਈਆ । ਕਦੇ ਵਸੇਰਾ ਨਹੀਂ ਭਗਤ ਭਗਵਾਨ ਅੱਡ ਦਾ, ਘਰ ਇਕੋ ਸੋਭਾ ਪਾਈਆ । ਦੋਹਾਂ ਇਕੋ ਦੀਪਕ ਜਗਦਾ, ਜਗ ਕਰੇ ਰੁਸ਼ਨਾਈਆ । ਜਿਸ ਦਾ ਲਹਿਣਾ ਉਸ ਨੂੰ ਸੱਦਦਾ, ਓਸੇ ਦੀ ਝੋਲੀ ਪਾਈਆ । ਪ੍ਰਭ ਦਾ ਪਿਆਰ ਸਦਾ ਸਦਾ ਜਾਏ ਵਧਦਾ, ਭਗਤੀ ਭਗਤਾਂ ਨਾਲ ਰਖਾਈਆ । ਇਹ ਲੇਖਾ ਵਿਸ਼ਨੂੰ ਵਿਸ਼ਵ ਯੱਦ ਦਾ, ਯਾਦਵਾਂ ਕ੍ਰਿਸ਼ਨ ਗਿਆ ਸਮਝਾਈਆ । ਪੈਗੰਬਰਾਂ ਵੇਲਾ ਰਹਿਣਾ ਨਹੀਂ ਹੱਜ ਦਾ, ਕਾਅਬੇ ਕਰਬਲਾ ਵਾਂਗ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਰਨੀ ਤੋਂ ਕਦੇ ਨਹੀਂ ਭੱਜਦਾ, ਭੱਜਿਆਂ ਆਪਣੇ ਨਾਲ ਰਖਾਈਆ ।

### ❋ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਤਰਿਪਤ ਕੌਰ ਜੁਗਿੰਦਰ ਕੌਰ ਦੇ ਪ੍ਰਸ਼ਾਦ ਕਰਾਉਣ ਤੇ ❋

ਸਤਾਰਾਂ ਸਾਵਣ ਕਹੇ ਮੇਰੀ ਨਿਮਸਕਾਰ, ਸਚਖੰਡ ਨਿਵਾਸੀ ਸੀਸ ਝੁਕਾਈਆ । ਦਸ ਅੱਠ ਅਠਾਰਾਂ ਪਿਛੋਂ ਆਈ ਮੇਰੀ ਬਹਾਰ, ਖ਼ੁਸ਼ੀਆਂ ਵਿਚ ਦਰ ਸਚ ਅਲਖ ਜਗਾਈਆ । ਨਿਉਂ ਨਿਉਂ ਮਸਤਕ ਧੂੜੀ ਲਾਵਾਂ ਛਾਰ, ਸ਼ਹਿਨਸ਼ਾਹ ਮਿਲ ਮਿਲ ਵੱਜੇ ਵਧਾਈਆ । ਜਿਸ ਹੁਕਮ ਸੰਦੇਸ਼ਾ ਦਿਤਾ ਸੀ ਆਪਣੀ ਧਾਰ, ਨਾਮ ਨਿਧਾਨਾ ਅਗੰਮ ਦ੍ਰਿੜਾਈਆ । ਜੁਗ ਚੌਕੜੀ ਸੁਣ ਪੁਕਾਰ, ਪੂਰਬ ਦਾ ਪੂਰਬ ਵੇਖ ਵਖਾਈਆ । ਜਗਦੀਸ਼ ਦਾ ਜਨਮ ਹੋਣਾ ਵਿਚ ਸੰਸਾਰ, ਜਨਮ ਤੋਂ ਪਹਿਲੇ ਏਸੇ ਦਿਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਸਾਵਣ ਕਹੇ ਸਤਾਰਾਂ ਦਿਨ ਪ੍ਰਭ ਕਿਰਪਾ ਕੀਤੀ ਆਪ, ਜੋਤੀ ਜੋਤ ਜੋਤ ਰੁਸ਼ਨਾਈਆ । ਮਾਤ ਗਰਭ ਥਾਪਣਾ ਥਾਪ, ਜਗਤ ਜਗਦੀਸ਼ ਦਿਤੀ ਵਡਿਆਈਆ । ਹੁਕਮ ਸੰਦੇਸ਼ਾ ਦੇ ਕੇ ਆਪ, ਆਪ ਆਪਣੀ ਕਾਰ ਕਮਾਈਆ । ਲੇਖਾ ਲਿਖ ਕੇ ਕਾਗ਼ਜ਼ ਕ਼ਲਮ ਦਵਾਤ, ਸਹੀ ਸਹੀ ਸਲਾਮਤ ਦਿਤੀ ਪਾਈਆ । ਜਿਸ ਨੇ ਮੇਟਣੀ ਅੰਧੇਰੀ ਰਾਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਪ੍ਰਗਟ ਹੋਣਾ ਸਾਖਿਆਤ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਵਡਿਆਈਆ । ਸਤਾਰਾਂ ਸਾਵਣ ਕਹੇ ਹਰਿ ਜਗਦੀਸ਼, ਜਗਦੀਸ਼ ਦਿਤਾ ਜਣਾਈਆ । ਸਤਿਜੁਗ ਸਾਚੀ ਚਲਣੀ ਰੀਤ, ਰੀਤ ਰੀਤੀਵਾਨ ਦ੍ਰਿੜਾਈਆ । ਝਗੜਾ ਮੁਕਣਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਕੋਇ ਚਤੁਰਾਈਆ । ਦੀਨ ਦੁਨੀ ਦੀ ਬਦਲਣੀ ਨੀਤ, ਨੀਤੀਵਾਨ ਹੋ ਕੇ ਵੇਖ ਵਖਾਈਆ । ਚਾਰ ਵਰਨਾਂ ਸਾਂਝੀ ਕਰਨੀ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਜਗਤ ਜਗਦੀਸ਼ ਤੇਰਾ ਲੇਖੇ ਲਾ ਕੇ ਸੀਸ, ਸੀਸ ਗੋਬਿੰਦ ਝੋਲੀ ਆਪ ਟਿਕਾਈਆ । ਮੁਹੰਮਦ ਕਲਮਾ ਵੇਖ ਹਦੀਸ, ਹਜ਼ਰਤਾਂ ਹਜ਼ੂਰ ਪਰਦਾ ਦਏ ਉਠਾਈਆ । ਸੋ ਸਮਾਂ ਪਹੁੰਚਿਆ ਠੀਕ, ਠਾਕਰ ਹੋ ਕੇ ਦਏ ਵਡਿਆਈਆ । ਕਲਜੁਗ ਮੇਟਣਾ ਅੰਧੇਰਾ ਤਾਰੀਕ, ਅੰਧ ਅਗਿਆਨ ਦਏ ਗਵਾਈਆ । ਤੇਰਾ ਦਰ ਸੁਹਾ ਕੇ ਠੀਕ, ਠਾਕਰ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਸਾਵਣ ਕਹੇ ਹੁਕਮ ਦਿਤਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਭਗਤ ਸੁਹੇਲਾ ਲੈਣਾ ਉਪਜਾ, ਜੀਵਣ ਜੁਗਤੀ ਜਗਤ ਪ੍ਰਗਟਾਈਆ । ਤ੍ਰੈਲੋਕੀ ਲਹਿਣਾ ਦੇਣਾ ਮੁਕਾ, ਮੂਰਖ ਮੂੜ੍ਹਾਂ ਡੇਰਾ ਢਾਹੀਆ । ਚਾਰ ਜੁਗ ਦਾ ਝਗੜਾ ਦੇਣਾ ਮੁਕਾ, ਵਰਨ ਬਰਨ ਨਾ ਕੋਇ ਲੜਾਈਆ । ਚਾਰ ਜੁਗ ਦਾ ਲਹਿਣਾ ਝੋਲੀ ਦੇਣਾ ਪਾ, ਦੋ ਜਹਾਨ ਵੇਖ ਵਖਾਈਆ । ਚਾਰ ਜੁਗ ਦਾ ਨਾਮ ਕਲਮਾ ਦੇਣਾ ਬਦਲਾ, ਬਦੀ ਬਦਕਾਰਾਂ ਵਿਚੋਂ ਬਾਹਰ ਕਢਾਈਆ । ਚਾਰ ਜੁਗ ਦਾ ਸਦਮਾ ਦੇਣਾ ਗਵਾ, ਦੁੱਖਾਂ ਦਰਦਾਂ ਡੇਰਾ ਢਾਹੀਆ । ਅਦਲ ਇਨਸਾਫ਼ ਲੈਣਾ ਕਮਾ, ਸਤਿ ਸਚ ਨਾਲ ਮਿਲਾਈਆ । ਚਾਰ ਜੁਗ ਦਾ ਲੇਖਾ ਲੇਖੇ ਲੈਣਾ ਲਾ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਵਡਿਆਈਆ । ਸਤਾਰਾਂ ਸਾਵਣ ਕਹੇ ਪ੍ਰਭ ਕਿਰਪਾ ਕੀਤੀ ਅਪਾਰ, ਅਪਰੰਪਰ ਦਿਤੀ ਵਡਿਆਈਆ । ਜਗਦੀਸ਼ ਸਿੰਘ ਜਨਮ ਦੇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਿਤੇ ਹਿਲਾਈਆ । ਗੁਰ ਅਵਤਾਰ

੧੪੭੧ ੨੧

ਪੈਗ਼ੰਬਰਾਂ ਕਰੇ ਖ਼ਬਰਦਾਰ, ਸਚ ਸੰਦੇਸ਼ਾ ਨਾਮ ਦ੍ਰਿੜਾਈਆ । ਸਾਰੇ ਕਰੋ ਅਗੰਮ ਵਿਚਾਰ, ਬਿਨ ਬੁੱਧੀ ਧਿਆਨ ਲਗਾਈਆ । ਜਿਸ ਨੂੰ ਕਹਿ ਕੇ ਆਏ ਕਲ ਕਲਕੀ ਅਵਤਾਰ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਜਿਸ ਨੇ ਭਗਤ ਦਵਾਰਾ ਕਰਨਾ ਤਿਆਰ, ਭਗਤ ਭਗਵੰਤ ਮਿਲ ਕੇ ਵੱਜੇ ਵਧਾਈਆ । ਜਗਦੀਸ਼ ਸਿੰਘ ਦੀ ਖ਼ਾਕ ਨੀਆਂ ਵਿਚ ਦੇਵੇ ਡਾਰ, ਡਾਲੀ ਪੱਤ ਆਪ ਮਹਿਕਾਈਆ । ਮੰਜ਼ਲ ਦੱਸ ਇਕ ਸੱਚੀ ਸਰਕਾਰ, ਘਰ ਸੱਚੋ ਸਚ ਵਡਿਆਈਆ । ਇਕੋ ਸ਼ਬਦ ਨਾਮ ਜੈਕਾਰ, ਢੋਲਾ ਰਾਗ ਗੀਤ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਚ ਇਕ ਦਰਸਾਈਆ । ਜਗਦੀਸ਼ ਕਹੇ ਜਨਮ ਤੋਂ ਪਹਿਲਾਂ ਮੇਰੀ ਵੇਖੀ ਆਸਾ, ਆਸਾ ਨਾਲ ਰਲਾਈਆ । ਪੁਰਖ ਅਬਿਨਾਸ਼ੀ ਦੇ ਭਰਵਾਸਾ, ਭਾਂਡਾ ਭਰਮ ਦਿਤਾ ਭੰਨਾਈਆ । ਉਠ ਵੇਖ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਦਿਆਂ ਦ੍ਰਿੜਾਈਆ । ਤੇਰਾ ਨਿਰਗੁਣ ਧਾਰ ਬਣ ਕੇ ਰਾਖਾ, ਸਰਗੁਣ ਹੋ ਕੇ ਵੇਖ ਵਖਾਈਆ । ਬ੍ਰਹਿਮੰਡ ਖੰਡ ਦਾ ਤਕ ਲੈ ਖ਼ਾਕਾ, ਖ਼ਾਕ ਮਿੱਟੀ ਡੇਰਾ ਢਾਹੀਆ । ਤੇਰਾ ਮਾਲਕ ਜੋਤੀ ਜਾਤਾ, ਜੋਤ ਜੋਤ ਰੁਸ਼ਨਾਈਆ । ਸਦਾ ਸੁਹੇਲਾ ਦੇਵੇ ਸਾਥਾ, ਸਗਲਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਜਗਦੀਸ਼ ਕਹੇ ਜਨਮ ਤੋਂ ਪਹਿਲਾਂ ਮੇਰੇ ਅੰਤਰ ਦਿਤੀ ਸੁੱਧ, ਸੂਝ ਸੂਝ ਨਾਲ ਸਮਝਾਈਆ । ਮੇਰੀ ਨਿਰਮਲ ਹੋਵੇ ਬੁੱਧ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਮੈਨੂੰ ਪਿਆਰ ਨਾਲ ਕਿਹਾ ਤੇਰੀ ਧਾਰ ਨੇ ਬਦਲਣਾ ਜੁਗ, ਕਲਜੁਗ ਡੇਰਾ ਢਾਹੀਆ । ਪ੍ਰਭ ਦਾ ਹੁਕਮ ਚਲਣਾ ਸ਼ੁੱਧ, ਅੱਗੇ ਸਕੇ ਨਾ ਕੋਇ ਮਿਟਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲ ਨਹੀਂ ਕੁਝ, ਕੋਝਿਆਂ ਕਮਲਿਆਂ ਪਾਰ ਨਾ ਕੋਇ ਕਰਾਈਆ । ਮੈਂ ਸਹਿਜ ਨਾਲ ਲਿਆ ਪੁਛ, ਚਰਨ ਕਵਲ ਧਿਆਨ ਰਖਾਈਆ । ਕਵਣ ਤੇਰਾ ਹੋਵੇ ਸੁਤ, ਅਬਿਨਾਸ਼ੀ ਕਰਤੇ ਦੇਣਾ ਦ੍ਰਿੜਾਈਆ । ਪੁਰਖ ਅਕਾਲ ਕਿਹਾ ਮੈਂ ਬਦਲ ਜਾਣਾ ਰੁਖ਼, ਰੁਖ਼ਸਤ ਦੀਨ ਦੁਨੀ ਤੋਂ ਪਾਈਆ । ਇਕੋ ਜਨਣੀ ਸੁਫ਼ਲ ਕਰ ਕੇ ਕੁੱਖ, ਭਗਤਾਂ ਦੇਵਾਂ ਮਾਣ ਵਡਿਆਈਆ । ਜਗਦੀਸ਼ ਹੱਸ ਕੇ ਕਿਹਾ ਵਿਚੋਂ ਮੁਖ, ਬਚਨ ਸਹਿਜ ਨਾਲ ਜਣਾਈਆ । ਸਾਹਿਬ ਜੇ ਮੌਲੇ ਤੇਰੀ ਰੁਤ, ਰੁਤੜੀ ਮੇਰੀ ਲੇਖੇ ਪਾਈਆ । ਤੂੰ ਮਾਲਕ ਅਬਿਨਾਸ਼ੀ ਅਚੁਤ, ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਗੋਦੀ ਚੁਕ, ਸ਼ਬਦੀ ਧਾਰ ਦਿਤਾ ਹਿਲਾਈਆ । ਤੇਰਾ ਉਜਲ ਕਰਾਂ ਮੁਖ, ਲੋਕਮਾਤ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਜਗਦੀਸ਼ ਕਹੇ ਮੈਂ ਕੀਤਾ ਹੋਰ ਧਿਆਨ, ਨਿਗਾਹ ਨਿਗਾਹ ਵਿਚੋਂ ਉਠਾਈਆ । ਪੁਰਖ ਅਕਾਲ ਫੜ ਕੇ ਮੇਰਾ ਕਾਨ, ਚਾਰੋਂ ਕੁੰਟ ਦਿਤਾ ਭਵਾਈਆ । ਉਠ ਵੇਖ ਨੌਜਵਾਨ, ਆਯੂ ਤੇਰੀ ਵਡ ਵਡਿਆਈਆ । ਚਾਰ ਯੁਗ ਝੁਲਣਾ ਸਚ ਨਿਸ਼ਾਨ, ਜਿਥੇ ਨਿਸ਼ਾਨਾ ਤੇਰਾ ਦਿਆਂ ਗਡਾਈਆ । ਝੁਕ ਜਾਣ ਜ਼ਿਮੀਂ ਅਸਮਾਨ, ਸੱਤ ਰੰਗ ਨੂਰ ਜੋਤ ਰੁਸ਼ਨਾਈਆ । ਵੇਖਣ ਆਵਣ ਸੀਤਾ ਰਾਮ, ਕਾਹਨ ਗੋਪੀਆਂ ਫੇਰਾ ਪਾਈਆ । ਪੈਗ਼ੰਬਰ ਕਰ ਸਲਾਮ, ਈਸਾ ਮੂਸਾ ਮੁਹੰਮਦ ਸੱਯਦਿਆਂ ਵਿਚ ਵਡਿਆਈਆ । ਗੁਰੂ ਕਰਨ ਪ੍ਰਨਾਮ, ਨਮੋਂ ਨਮੋਂ ਜਸ ਗਾਈਆ । ਤੇਰਾ ਮੰਦਰ ਸੋਹੇ ਮਕ਼ਾਮ, ਮਕਬਰਿਆਂ ਡੇਰਾ ਢਾਹੀਆ । ਚਾਰੇ ਵਰਨ ਇਕੱਠੇ ਹੋਵਣ ਆਣ, ਬਰਨਾਂ ਵਾਲੀ ਨਾ ਕੋਇ ਲੜਾਈਆ । ਆਤਮ ਬ੍ਰਹਮ ਕਰਨ ਪਹਿਚਾਨ, ਜ਼ਾਤ ਪਾਤੀ ਡੇਰਾ ਢਾਹੀਆ । ਸਤਿਗੁਰ ਸ਼ਬਦ ਤੇਰਾ ਮਿਹਰਵਾਨ, ਮਹਿਬੂਬ ਇਕ ਅਖਵਾਈਆ । ਤੇਰਾ ਲੇਖਾ

ਵੇਖੇ ਵਿਚ ਜਹਾਨ, ਜਹਾਲਤ ਮੇਟੇ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਗਦੀਸ਼ ਕਹੇ ਮੈਂ ਮਾਤ ਗਰਭ ਕੀਤੀ ਨਿਮਸਕਾਰੀ, ਸ਼ਬਦੀ ਧਾਰ ਨਿਉਂ ਨਿਉਂ ਲਾਗਾ ਪਾਈਆ । ਤੇਰੇ ਚਰਨ ਕਵਲ ਬਲਿਹਾਰੀ, ਸਦ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਹਉਂ ਸਦਕੇ ਘੋਲੀ ਵਾਰੀ, ਵਾਹਵਾ ਤੇਰਾ ਰੰਗ ਰੰਗਾਈਆ । ਤੇਰੇ ਪਿੱਛੇ ਭਗਤਾਂ ਪੈਜ ਦੇਣੀ ਸਵਾਰੀ, ਸਵਾਰਥ ਆਪਣਾ ਨਾ ਕੋਇ ਰਖਾਈਆ । ਸਚ ਦਵਾਰ ਬਣਾਏ ਵਡ ਦਰਬਾਰੀ, ਭਗਤ ਦਵਾਰ ਨਾਉਂ ਰਖਾਈਆ । ਸ਼ੰਕਰ ਛੱਡ ਜਾਏ ਸਿਕਦਾਰੀ, ਤੇਰਾ ਰੰਗ ਵਖਾਈਆ । ਪ੍ਰੇਮ ਪ੍ਰੀਤੀ ਇਕ ਨਿਆਰੀ, ਅਲਖ ਅਗੋਚਰ ਆਪ ਸਮਝਾਈਆ । ਜਗਦੀਸ਼ ਕਹੇ ਮੈਂ ਮਸਤਕ ਧੂੜ ਲਾਈ ਛਾਰੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕੀ ਲੇਖਾ ਦੇਵੇ ਵਿਚ ਸੰਸਾਰੀ, ਸਹਿਸਾ ਰੋਗ ਦਏ ਗਵਾਈਆ । ਪੁਰਖ ਅਕਾਲ ਕਿਹਾ ਮੇਰੀ ਖੇਲ ਅਪਰ ਅਪਾਰੀ, ਅਪਰੰਪਰ ਹੋ ਕੇ ਦਿਆਂ ਦ੍ਰਿੜਾਈਆ । ਕਲਜੁਗ ਰੈਣ ਹੋਣੀ ਅੰਧ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਚੇਲਿਆਂ ਟੁੱਟਣੀ ਯਾਰੀ, ਪਿਤਾ ਪੂਤ ਨਾ ਅੰਗ ਲਗਾਈਆ । ਦੁਹਾਗਣ ਹੋਏ ਜਗਤ ਨਾਰੀ, ਸ੍ਰਿਸ਼ਟੀ ਦ੍ਰਿਸ਼ਟੀ ਵਿਚ ਹਲਕਾਈਆ । ਚਾਰੋਂ ਕੁੰਟ ਧੂੰਆਂਧਾਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਚਾਰ ਜੁਗ ਦੇ ਸ਼ਾਸਤਰ ਰੋਵਣ ਜ਼ਾਰੋ ਜ਼ਾਰੀ, ਜ਼ਾਹਰ ਜ਼ਹੂਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਬਖ਼ਸ਼ ਫੇਰ ਸੱਚੀ ਸਿਕਦਾਰੀ, ਸਿਰ ਆਪਣਾ ਹੱਥ ਟਿਕਾਈਆ । ਭਗਤ ਦਵਾਰਾ ਸੋਹੇ ਮਹੱਲ ਅਟਾਰੀ, ਅਟਲ ਪਦਵੀ ਇਕ ਜਣਾਈਆ । ਪਰਪੰਚ ਮੇਟਣ ਨੂੰ ਮੇਰੇ ਹੋਣ ਪੰਜ ਲਿਖਾਰੀ, ਪੰਜਾਂ ਦਾ ਪੰਜਾ ਗੋਬਿੰਦ ਗਿਆ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੪੭੨ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜਗਦੀਸ਼ ਕਿਹਾ ਪ੍ਰਭੂ ਪੰਜ ਲਿਖਣ ਕੀ ਲਿਖਤ, ਲੇਖਾ ਦੇ ਦ੍ਰਿੜਾਈਆ । ਇਕ ਨਾਲ ਤੈਨੂੰ ਕਿਉਂ ੧੪੭੨

੨੧ ਨਹੀਂ ਆਇਆ ਸਿਦਕ, ਬੇਸਬਰੇ ਦੇਣਾ ਦ੍ਰਿੜਾਈਆ । ਮੇਰੀ ਤੇਰੇ ਅੱਗੇ ਮਿੰਨਤ, ਨਿਉਂ ਨਿਉਂ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਪੰਜਾਂ ੨੧

ਸ਼ਬਦਾਂ ਨਾਲੋਂ ਪੰਜਾਂ ਚੋਰਾਂ ਦੀ ਵਧ ਗਈ ਹਿੰਮਤ, ਘਰ ਘਰ ਪਈ ਦੁਹਾਈਆ । ਮਨੂਆ ਮਨ ਹੀ ਕਰੇ ਇੱਲਤ, ਇਲਮ ਆਲਮ ਨਾ ਕੋਇ ਚਤੁਰਾਈਆ । ਸਾਧਾਂ ਸੰਤਾਂ ਹੋਵੇ ਜ਼ਿੱਲਤ, ਖ਼ੁਆਰੀ ਘਰ ਘਰ ਨਜ਼ਰੀ ਆਈਆ । ਗੁਰਮੁਖਾਂ ਅੰਦਰੋਂ ਕੋਇ ਨਾ ਮੇਟੇ ਚਿੰਨਤ, ਹਰਖ ਸੋਗ ਨਾ ਕੋਇ ਗਵਾਈਆ । ਬਿਨਾ ਕਿਰਪਾ ਸਾਂਝੀ ਹੋਏ ਨਾ ਕੋਇ ਸਿੰਮਤ, ਮਾਰਗ ਇਕ ਨਾ ਕੋਇ ਪ੍ਰਗਟਾਈਆ । ਦੀਨ ਦੁਨੀ ਹੋਏ ਹਰਾਮ ਨਿਮਕ, ਨਿਮਖ ਨਿਮਖ ਆਪਣਾ ਆਪ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਪੰਜ ਲਿਖਾਰੀ ਲੇਖਾ ਲਿਖਣ ਪੰਚਮ ਧਾਰ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਭਗਤ ਭਗਵਾਨ ਦਾ ਨਾਤਾ ਰਹਿਣਾ ਜੁਗ ਚਾਰ, ਚੌਕੜੀ ਆਪਣਾ ਰੰਗ ਰੰਗਾਈਆ । ਬਿਨਾ ਲੇਖ ਲਿਖਤ ਤੋਂ ਗੰਢ ਪਏ ਨਾ ਸੰਸਾਰ, ਪਰਦਾ ਓਹਲਾ ਨਾ ਕੋਇ ਚੁਕਾਈਆ । ਜਿਸ ਦੀ ਸਿਫ਼ਤ ਕਰ ਕੇ ਗਏ ਗੁਰ ਅਵਤਾਰ, ਪੈਗ਼ੰਬਰ ਗਏ ਸੁਣਾਈਆ । ਪ੍ਰਭ ਦਾ ਹੋਣਾ ਖੇਲ ਅਪਾਰ, ਅਪਰੰਪਰ ਆਪ ਕਰਾਈਆ । ਹੁਕਮ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜਗਦੀਸ਼ ਕਹੇ ਮੈਂ ਤਕਦਾ ਰਿਹਾ ਵਾਰੋ ਵਾਰ, ਸਾਲ ਬਸਾਲਾ ਧਿਆਨ ਲਗਾਈਆ । ਮੇਰੇ ਪਿਛੇ ਮੇਰੀ ਮਾਤਾ ਅਜੇ ਤਕ ਕਰਦੀ ਰਹੀ ਗਿਰਿਆਜ਼ਾਰ, ਅੰਤਰ ਅੰਤਰ ਅੰਤਰ ਦੁੱਖ ਮਨਾਈਆ । ਮੈਂ ਤਿੰਨ ਦਿਨ ਪਹਿਲੋਂ ਰੋ ਕੇ ਕੀਤੀ ਪੁਕਾਰ, ਸਾਢੇ ਤਿੰਨ ਘੰਟੇ

ਭਗਤ ਦਵਾਰੇ ਆ ਕੇ ਸੀਸ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਤੇਰੇ ਹੱਥ ਵਡਿਆਈਆ । ਰੋਣਾ ਧੋਣਾ ਹੋਏ ਨਾ ਤੇਰੇ ਵਿਚ ਦਰਬਾਰ, ਨੇਤਰ ਨੀਰ ਨਾ ਕੋਇ ਵਹਾਈਆ । ਇਕੋ ਵਾਰ ਸਭ ਨੂੰ ਦੇ ਅਧਾਰ, ਉਦਰ ਤੋਂ ਬਾਹਰ ਦੇਣਾ ਸਮਝਾਈਆ । ਜਗਦੀਸ਼ ਕਹੇ ਏਸੇ ਕਾਰਨ ਰਣਜੀਤ ਕੌਰ ਨੂੰ ਪਈ ਮਾਰ, ਮੇਰੀ ਬੇਨੰਤੀ ਆਪਣੇ ਲੇਖੇ ਲਾਈਆ । ਅੱਗੇ ਤੋਂ ਮੇਰੇ ਬਦਲੇ ਕੋਇ ਨਾ ਰੋਵੇ ਵਿਚ ਸੰਸਾਰ, ਭੈਣਾਂ ਭਾਈਆ ਦਿਆਂ ਦ੍ਰਿੜਾਈਆ । ਮੇਰੇ ਪਿੱਛੇ ਭਗਤਾਂ ਦੀ ਲੱਗੀ ਬਹਾਰ, ਭਗਤ ਦਵਾਰਾ ਸੋਭਾ ਪਾਈਆ । ਨੀਹਾਂ ਹੇਠਾਂ ਮੈਨੂੰ ਦਿਤਾ ਸਵਾਲ, ਗੋਬਿੰਦ ਆਪਣਾ ਰੰਗ ਰੰਗਾਈਆ । ਨੌ ਦਵਾਰੇ ਖੋਲ੍ਹ ਅਪਾਰ, ਅਪਰੰਪਰ ਭੇਵ ਚੁਕਾਈਆ । ਇਹ ਖੇਲ ਸੱਚੀ ਸਰਕਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵੇ ਮਾਣ ਵਡਿਆਈਆ । ਜਗਦੀਸ਼ ਕਹੇ ਮੇਰੀ ਇਹੋ ਅਗੰਮੀ ਖ਼ਬਰ, ਬੇਖ਼ਬਰਾਂ ਦਿਆਂ ਦ੍ਰਿੜਾਈਆ । ਸਭ ਨੇ ਸਦਾ ਕਰਨਾ ਸਬਰ, ਭਾਣੇ ਵਿਚ ਸੀਸ ਨਿਵਾਈਆ । ਵੇਖੇ ਪੈਗ਼ੰਬਰ ਇਸ਼ਾਰੇ ਕਰਦੇ ਵਿਚੋਂ ਕ਼ਬਰ, ਕਾਅਬਿਆਂ ਪਰੇ ਕੁਰਲਾਈਆ । ਸਭ ਦਾ ਮਾਲਕ ਇਕੋ ਸ਼ੇਰ ਬੱਬਰ, ਭਬਕ ਨਾਮ ਵਾਲੀ ਸੁਣਾਈਆ । ਜਿਸ ਦਾ ਭਗਤ ਸੁਹੇਲਾ ਸਾਚਾ ਟੱਬਰ, ਦੂਤੀਆ ਵੰਡ ਨਾ ਕੋਇ ਵੰਡਾਈਆ । ਗੁਰ ਅਵਤਾਰ ਪੈਗ਼ੰਬਰਾਂ ਟਿਕ ਮਾਰਕ ਲਗਾਏ ਨੰਬਰ, ਹਿੰਸਿਆਂ ਵਿਚ ਸਮਝਾਈਆ । ਪੁਰਖ ਅਕਾਲ ਸਰਬ ਭਰਤੰਬਰ, ਭਰਪੂਰ ਰਿਹਾ ਸਰਬ ਠਾਈਆ । ਛੱਬੀ ਪੋਹ ਜਿਸ ਨੇ ਭਗਤਾਂ ਦਾ ਇਕੋ ਵਾਰ ਕਰਨਾ ਸਵੰਬਰ, ਨਾਰੀ ਕੰਤ ਬੁੱਢੇ ਨੱਢੇ ਜੋੜੀ ਜੋੜੀ ਦੇਣੇ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਾਰਾਂ ਸਾਵਣ ਕਹੇ ਮੈਂ ਉਠਿਆ ਸੁੱਤਾ, ਅਠਾਰਾਂ ਸਾਲ ਪਿੱਛੋਂ ਲਈ ਅੰਗੜਾਈਆ । ਜਗਤ ਸੁਹਾਵਣੀ ਵੇਖ ਕੇ ਰੁੱਤਾ, ਮੇਰੇ ਅੰਤਰ ਵੱਜੀ ਵਧਾਈਆ । ਸਭ ਦਾ ਪੂਰਬ ਲੇਖਾ ਪੁੱਜਾ, ਅੱਗੇ ਹੁਕਮ ਸ਼ਹਿਨਸ਼ਾਹੀਆ । ਰਮਜ਼ ਇਸ਼ਾਰਾ ਸਮਝੇ ਕੋਇ ਨਾ ਗੁੱਝਾ, ਬੱਚਿਆਂ ਵਾਂਗ ਸਾਰੇ ਭਰਮ ਭੁਲਾਈਆ । ਭਗਤ ਭਗਵਾਨ ਦਾ ਲੇਖਾ ਹੋ ਨਹੀਂ ਸਕਦਾ ਦੂਜਾ, ਆਦਿ ਜੁਗਾਦਿ ਇਕੋ ਰੰਗ ਸਮਾਈਆ । ਛੱਬੀ ਪੋਹ ਸਮਝਾਉਣਾ ਮੁੱਦਾ, ਮੁੱਦਤ ਦੇ ਵਿਛੜੇ ਲਏ ਕਿਉਂ ਮਨਾਈਆ । ਸਭ ਤੋਂ ਅੱਗੇ ਜੋੜਾ ਉਹ ਬਹਾਉਣਾ ਜਿਹੜਾ ਸਭ ਤੋਂ ਹੋਵੇ ਬੁੱਢਾ, ਅੰਤ ਅਖ਼ੀਰੀ ਵਕ਼ਤ ਵਖਾਈਆ । ਮਾਣ ਦਵਾਉਣਾ ਉਤੇ ਬਸੁੰਧਾ, ਬੁੱਧ ਸੁੱਧ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਸਾਵਣ ਕਹੇ ਮੈਂ ਵੇਖਣੇ ਪ੍ਰਭ ਦੇ ਜੋੜੇ, ਜੋ ਭਗਤੀ ਵਿਚ ਵਡਿਆਈਆ । ਜੋ ਇਕ ਦੂਜੇ ਨੂੰ ਰਹੇ ਲੋੜੇ, ਪਿਆਰ ਮੁਹੱਬਤ ਵਿਚ ਸਮਾਈਆ । ਭਾਵੇਂ ਬਹੁਤਿਆਂ ਨਾਲੋਂ ਰਹਿ ਜਾਣ ਥੋੜ੍ਹੇ, ਥੋੜ੍ਹੇ ਇਕੋ ਘਰ ਵਸਾਈਆ । ਮੇਰੇ ਸਾਹਿਬ ਸਤਿਗੁਰ ਚੜ੍ਹਨਾ ਉਪਰ ਘੋੜੇ, ਰਾਸਾਂ ਵਾਗਾਂ ਆਪਣੇ ਹੱਥ ਫੜਾਈਆ । ਹਰਿਸੰਗਤ ਦੇ ਹੱਥ ਵਿਚ ਹੋਣੇ ਨਿੱਕੇ ਪੰਜ ਪੰਜ ਰੋੜੇ, ਰੋੜੀ ਸੱਖਰ ਲੇਖ ਚੁਕਾਈਆ । ਦੋ ਗੁਰਮੁਖ ਇਕੱਠੇ ਹੋਣੇ ਜੋੜੇ, ਜੋੜਾ ਜੋੜ ਵੰਡ ਵੰਡਾਈਆ । ਸ਼ਬਦੀ ਹੁਕਮ ਨਾਲ ਤੋਰੇ, ਤੁਰਤ ਆਪਣੀ ਕਾਰ ਕਮਾਈਆ । ਸਤਿਗੁਰੂ ਦਵਾਰਾ ਸਭ ਨੇ ਸਮਝਣਾ ਇਹੋ ਪਈਏ ਤੇ ਇਹੋ ਸੌਹਰੇ, ਗ੍ਰਹਿ ਇਕੋ ਨਜ਼ਰੀ ਆਈਆ । ਨਾਉਂ ਨਿਰੰਕਾਰ ਗਾਉਣੇ ਦੋਹਰੇ, ਦੋਹਰੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਗਦੀਸ਼ ਕਹੇ ਮੈਂ ਵੇਖਣਾ ਅਜਬ ਨਜ਼ਾਰਾ, ਨਜ਼ਰੀਆ ਨਜ਼ਰ ਉਠਾਈਆ । ਮੈਂ ਵੀ ਜਵਾਨ ਹੋ ਕੇ ਬਣਿਆ ਲਾੜਾ,


੧੪੭੩
੨੧

ਸਤਾਰਾਂ ਹਾੜ ਵੱਜੀ ਵਧਾਈਆ । ਗੀਤ ਸੁਣਿਆ ਨਾਲ ਬਹਾਰਾ, ਖ਼ੁਸ਼ੀਆਂ ਰੰਗ ਰੰਗਾਈਆ । ਰੰਗ ਮਾਣਿਆ ਪੁਰਖ ਨਾਰਾ, ਬਾਲੇ ਨੱਢੇ ਸੰਗ ਮਿਲਾਈਆ । ਅਗਲਾ ਖੇਲ ਸੱਚੀ ਸਰਕਾਰਾ, ਸਰੋਕਾਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਗਦੀਸ਼ ਕਹੇ ਮੈਂ ਤਕਣੀ ਖੇਲ ਨਿਆਰੀ, ਨਿਰਾਕਾਰ ਦੇਣੀ ਵਖਾਈਆ । ਪ੍ਰਭ ਦੇ ਨਾਲ ਪੱਲੂ ਗੰਢਣ ਪੰਜ ਲਿਖਾਰੀ, ਇੱਕੀ ਇੱਕੀ ਹੱਥ ਡੋਰੀ ਸੋਭਾ ਪਾਈਆ । ਪੰਜ ਪਿਆਰੇ ਖਿੱਚ ਨੰਗੀ ਤਲਵਾਰੀ, ਲਾਲ ਰੰਗ ਨਾਲ ਰੰਗਾਈਆ । ਖੁਲ੍ਹੀ ਛੱਡ ਕੇ ਆਪਣੀ ਦਾਹੜੀ, ਦਾਅਵੇਦਾਰ ਜਗਤ ਹੋ ਆਈਆ । ਆਪਣੇ ਨੈਣਾਂ ਆਵਣ ਸ਼ਿੰਗਾਰੀ, ਨੇਤਰ ਨਾਮ ਟਿਕਾਈਆ । ਹੋਕਾ ਦੇਵਣ ਜਨ ਭਗਤ ਬਣਿਓ ਨਾ ਕੋਇ ਗ਼ਦਾਰੀ, ਗਦਾਗਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਸਾਵਣ ਕਹੇ ਕੀ ਖੇਲ ਦੱਸਾਂ ਹਕੀਕੀ, ਹੁਕਮ ਅਗੰਮ ਅਥਾਹੀਆ । ਪਿਛਲੀ ਪਿੱਛੇ ਧਾਰ ਬੀਤੀ, ਅਗਲੀ ਅੱਗੇ ਦੇਣੀ ਦ੍ਰਿੜਾਈਆ । ਕਿਸ ਬਿਧ ਭਗਤਾਂ ਬਦਲੇ ਨੀਤੀ, ਇਹ ਕਰਨੀ ਦੇਣੀ ਕਰਾਈਆ । ਗੁਰਮੁਖਾਂ ਪੰਜ ਕ਼ਦਮ ਚਲਣਾ ਅੱਖੀਂ ਮੀਟੀ, ਅੱਖਾਂ ਮੀਟਿਆਂ ਸਭ ਨੂੰ ਦਰਸ ਦਿਖਾਈਆ । ਸ਼ਬਦ ਦੀ ਇਕ ਗੁਰਮੁਖ ਵਿਸਲ ਵਜਾਏ ਬਣ ਕੇ ਟੀਟੀ, ਬਿਨ ਟਕਿਆਂ ਸੇਵ ਕਮਾਈਆ । ਸਭ ਨੂੰ ਅੰਮ੍ਰਿਤ ਧਾਰ ਦੇਣੀ ਮੀਠੀ, ਰਸ ਮਿੱਠਾ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣੀ ਕਾਰ ਕਮਾਈਆ । ਜਗਦੀਸ਼ ਕਹੇ ਬੁੱਢੀਆਂ ਨੱਢੀਆਂ ਬੀਬੀਆਂ ਦੇ ਸਿਰ ਤੇ ਹੋਵੇ ਲੀੜਾ ਸੂਹਾ, ਸੂਹਾ ਰੰਗ ਰੰਗਾਈਆ । ਸੱਜੇ ਹੱਥ ਨਾਲ ਆਪਣੇ ਘਰੋਂ ਮਾਰ ਕੇ ਆਵਣ ਬੂਹਾ, ਭਿਤ ਦਰਵਾਜ਼ਾ ਬੰਦ ਕਰਾਈਆ । ਅੰਦਰ ਆਸਾ ਰੱਖਣੀ ਅਸੀਂ ਇਕ ਪ੍ਰਭੂ ਦੀਆਂ ਰੂਹਾਂ, ਜੋ ਸਭ ਦਾ ਪਿਤਾ ਮਾਈਆ । ਓਸੇ ਦੀਆਂ ਧੀਆਂ ਤੇ ਓਸੇ ਦੀਆਂ ਨੂਹਾਂ, ਅੱਗੇ ਕਰੇ ਨਾ ਕੋਇ ਲੜਾਈਆ । ਸਤਿਗੁਰ ਸ਼ਬਦ ਸਭ ਦਾ ਬਣੇ ਸੂਹਾ, ਅੰਦਰੇ ਅੰਦਰ ਖੋਜ ਖੁਜਾਈਆ । ਸਭ ਨੇ ਮੁਖ ਧੋ ਕੇ ਆਉਣਾ ਨਾਲ ਪਾਣੀ ਖੂਹਾ, ਪ੍ਰੀਤੀ ਇਕ ਵਧਾਈਆ । ਮੁਖੋਂ ਕਹਿਣਾ ਅਸੀਂ ਮਾਣ ਲੈਣਾ ਵਾਂਗ ਧ੍ਰੂਆ, ਧੁਰ ਧਾਰ ਵਿਚ ਸਮਾਈਆ । ਸਾਡਾ ਪ੍ਰਭ ਦੇ ਲੇਖੇ ਸਾਢੇ ਤਿੰਨ ਕਰੋੜ ਲੂੰਆਂ, ਲੂੰ ਲੂੰ ਅੰਦਰ ਰਚਿਆ ਨਜ਼ਰੀ ਆਈਆ । ਖਹਿੜਾ ਛੱਡਿਆ ਜਗਤ ਗੁਰੂਆਂ, ਸਤਿਗੁਰੂ ਇਕੋ ਲਿਆ ਮਨਾਈਆ । ਜਿਸ ਦਾ ਲੇਖਾ ਬਾਹਰ ਲੋਆਂ ਪੁਰੀਆਂ, ਪੁਰੀ ਅਨੰਦ ਵਾਲਾ ਵਡਿਆਈਆ । ਸਾਨੂੰ ਗੋਦ ਬਹਾਏ ਕੋਝੀਆਂ ਕਮਲੀਆਂ ਬੁਰੀਆਂ, ਮਤਹੀਣ ਦਏ ਵਡਿਆਈਆ । ਸਾਨੂੰ ਕੋਹ ਨਾ ਸਕਣ ਜਗਤ ਵਿਕਾਰ ਦੀਆਂ ਛੁਰੀਆਂ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਚਾਰ ਜੁਗ ਦੀਆਂ ਵਿਛੜੀਆਂ ਰੂਹਾਂ ਤੁਰੀਆਂ, ਤੁਰ ਤੁਰ ਪੰਧ ਮੁਕਾਈਆ । ਅੰਤ ਓਸ ਦਵਾਰੇ ਮੁੜੀਆਂ, ਜਿਥੋਂ ਫੇਰ ਨਾ ਕੋਇ ਪਰਤਾਈਆ । ਨਿਰਗੁਣ ਆਤਮ ਹੋ ਕੇ ਜੁੜੀਆਂ, ਜੋੜੀ ਪ੍ਰਭ ਦੇ ਨਾਲ ਰਖਾਈਆ । ਜਿਥੇ ਇਕੋ ਮਾਣ ਮੁੰਡੇ ਕੁੜੀਆਂ, ਤੱਤਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਾਵਣ ਕਹੇ ਗੁਰਮੁਖੋ ਸਭ ਨੇ ਬਣ ਕੇ ਆਉਣਾ ਲਾੜੇ, ਸੋਹਣਾ ਰੰਗ ਬਣਾਈਆ । ਬੁੱਢੇ ਨੱਢੇ ਦਿਨ ਦਿਹਾੜੇ, ਭੱਜਣਾ ਚਾਈਂ ਚਾਈਂਆ । ਉਸ ਦਿਨ ਸਰਦੀ ਵਾਲੇ ਹੋਣੇ ਜਾੜੇ, ਪਵਣ ਆਪਣਾ ਰੰਗ ਰੰਗਾਈਆ । ਪਾਣੀ ਤੁਹਾਨੂੰ ਕੋਈ ਨਾ ਠਾਰੇ, ਸੀਤਲ ਸੀਤ ਨਾ ਕੋਇ ਵਖਾਈਆ । ਅੰਦਰੋਂ ਸਭ ਨੇ ਕਹਿਣਾ ਅਸੀਂ ਅੱਜ ਤਕ ਰਹੇ ਕਵਾਰੇ, ਸਾਚੀ ਹੋਈ ਨਾ ਕੋਇ ਕੁੜਮਾਈਆ । ਵਿਆਹ ਕੀਤੇ ਭਾਈ

੧੪੭੪ ੨੧

ਚਾਰੇ, ਸੱਜਣ ਮਿੱਤਰਾਂ ਖ਼ੁਸ਼ੀ ਮਨਾਈਆ । ਬਿਨ ਸਤਿਗੁਰ ਤੋਂ ਸਾਚੇ ਘੋੜੇ ਕੋਈ ਨਾ ਚਾੜ੍ਹੇ, ਸਾਚਾ ਰੰਗ ਨਾ ਕੋਇ ਰੰਗਾਈਆ । ਇਹ ਖੇਲ ਸੱਚੀ ਸਰਕਾਰੇ, ਹਰਿ ਕਰਤਾ ਆਪ ਕਰਾਈਆ । ਬੁੱਢਿਆਂ ਮਾਰਨੇ ਉਚੀ ਉਚੀ ਲਲਕਾਰੇ, ਕੂਕ ਕੂਕ ਸੁਣਾਈਆ । ਅਸੀਂ ਚੜ੍ਹਨਾ ਅਗੰਮੀ ਖਾਰੇ, ਜਿਥੇ ਕੰਡਾ ਖ਼ਾਰ ਨਾ ਕੋਇ ਚੁਭਾਈਆ । ਵਿਸ਼ੇ ਵਿਕਾਰਾਂ ਦੇ ਭੋਗ ਭੋਗ ਲਏ ਸਾਰੇ, ਸੁਰਤੀ ਸਾਰ ਕੋਇ ਨਾ ਆਈਆ । ਜੰਮਦੇ ਮਰਦੇ ਰਹੇ ਵਿਚ ਸੰਸਾਰੇ, ਆਵਣ ਜਾਵਣ ਖੇਲ ਖਲਾਈਆ । ਜੇ ਸਤਿਗੁਰ ਕਿਰਪਾ ਕਰੇ ਬੇੜਾ ਪਾਰ ਉਤਾਰੇ, ਨਈਆ ਨੌਕਾ ਨਾਮ ਚੜ੍ਹਾਈਆ । ਸੁਖ ਤੱਕੀਏ ਉਸ ਮਹੱਲ ਮੁਨਾਰੇ, ਜਿਥੇ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਬੀਬੀਆਂ ਸਭ ਨੇ ਵਾਹ ਕੇ ਆਉਣਾ ਕੇਸ, ਕੇਸਾਧਾਰੀ ਦਏ ਵਡਿਆਈਆ । ਅੰਦਰ ਚਾਓ ਜਾ ਕੇ ਮਿਲਣਾ ਗੁਰ ਦਸਮੇਸ਼, ਦਹਿ ਦਿਸ਼ਾ ਦਾ ਮਾਲਕ ਨਜ਼ਰੀ ਆਈਆ । ਬੁੱਢਿਆਂ ਨੱਢਿਆਂ ਹੋਣਾ ਉਸ ਦੇ ਪੇਸ਼, ਪੇਸ਼ੀਨਗੋਈ ਗੋਬਿੰਦ ਸਭ ਦੀ ਵੇਖ ਵਖਾਈਆ । ਸਭ ਦੀ ਬਦਲੀ ਕਰ ਕੇ ਰੇਖ, ਰਿਖੀਆਂ ਮੁਨੀਆਂ ਪੰਧ ਚੁਕਾਈਆ । ਇਕੋ ਦੇ ਧੁਰ ਸੰਦੇਸ਼, ਸੰਦੇਸ਼ਾ ਅਗੰਮ ਅਥਾਹੀਆ । ਤੇਰੇ ਚਰਨ ਰਹੀਏ ਹਮੇਸ਼, ਵਿਛੋੜੇ ਵਿਚ ਵਿਛੜ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਜਗਦੀਸ਼ ਕਹੇ ਮੈਂ ਹੁਕਮ ਦੱਸਣਾ ਹਰਿ ਸੱਚੀ ਸਰਕਾਰ, ਜਿਸ ਦੀ ਸਮਝ ਕੋਇ ਨਾ ਪਾਈਆ । ਛੱਬੀ ਪੋਹ ਨੂੰ ਸਭ ਤੋਂ ਵਖਰਾ ਹੋਣਾ ਵਿਹਾਰ, ਦੇਵਤ ਸੁਰ ਅਵਤਾਰ ਗੁਰੂ ਪੈਗ਼ੰਬਰ ਹੈਰਾਨੀ ਵਿਚ ਆਈਆ । ਕੀ ਖੇਲ ਕਰੇ ਕਰਤਾਰ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵੇਖਣ ਨੈਣ ਉਘਾੜ, ਅੰਜੀਲ ਕ਼ੁਰਾਨ ਰਾਹ ਤਕਾਈਆ । ਕੀ ਕਰਨੀ ਦਾ ਕਰਤਾ ਹੁਕਮ ਦੇਵੇ ਨਿਰੰਕਾਰ, ਨਿਰਵੈਰ ਆਪ ਸੁਣਾਈਆ । ਭਗਤ ਦਵਾਰਾ ਭਗਤਾਂ ਦਾ ਦਰਬਾਰ, ਦਰਬਾਰੀ ਪ੍ਰਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਜਗਦੀਸ਼ ਕਹੇ ਮੈਂ ਪ੍ਰਭ ਦਾ ਕਰਾਂ ਧੰਨਵਾਦ, ਜਿਨ੍ਹ ਵਾਦੀ ਭਗਤਾਂ ਦਿਤੀ ਸੁਹਾਈਆ । ਅਗੰਮਾ ਘਰ ਕਰ ਆਬਾਦ, ਜਗਤ ਖੇੜਾ ਦਿਤਾ ਪ੍ਰਗਟਾਈਆ । ਜਿਥੇ ਇਕੋ ਰੂਪ ਸੰਤ ਸਾਧ, ਵੱਡਾ ਛੋਟਾ ਨਾ ਕੋਇ ਅਖਵਾਈਆ । ਨਾਮ ਸੰਦੇਸ਼ਾ ਬੋਧ ਅਗਾਧ, ਸ਼ਾਸਤਰਾਂ ਵਾਲੀ ਨਾ ਕੋਇ ਪੜ੍ਹਾਈਆ । ਨਾਮ ਕ਼ਲਮਾ ਧੁਰ ਦਾ ਨਾਦ, ਅਨਾਦੀ ਆਪ ਜਣਾਈਆ । ਸਾਹਿਬ ਸਤਿਗੁਰ ਹੋ ਵਿਸਮਾਦ, ਬਿਸਮਿਲ ਆਪਣੀ ਕਾਰ ਕਮਾਈਆ । ਹੂ ਅੱਲਾ ਅੱਲਾ ਹੂ ਗਾਡ, ਗਾਡ ਗਾਈਡ ਆਪਣਾ ਪਰਦਾ ਲਾਹੀਆ । ਅਵਤਾਰ ਪੈਗ਼ੰਬਰਾਂ ਮੰਗ ਮੰਗੀ ਆਜ, ਸੁਬਹ ਅੱਠ ਵਜੇ ਵਾਸਤਾ ਪਾਈਆ । ਪੁਰਖ ਅਕਾਲੇ ਤੇਰਾ ਬਦਲਦਾ ਵੇਖਿਆ ਸਮਾਜ, ਭਗਤ ਸੁਹੇਲੇ ਰੰਗ ਰੰਗਾਈਆ । ਅੱਗੇ ਇਕ ਦਾ ਹੋਣਾ ਰਾਜ, ਰਈਅਤ ਖੁਸਣੀ ਥਾਉਂ ਥਾਈਂਆ । ਅਸੀਂ ਚਾਹੁੰਦੇ ਤੇਰੇ ਲਿਖਾਰੀ ਕਰਨ ਪ੍ਰਸ਼ਾਦ, ਪੁਰਸ਼ਾਰਥ ਆਪਣਾ ਦਿਤਾ ਦ੍ਰਿੜਾਈਆ । ਕਿਉਂ ਤੂੰ ਸਭ ਦਾ ਪਰਮਾਤਮਾ ਇਕ ਆਤਮਾ ਤੇਰੀ ਆਵਾਜ਼, ਰਾਜ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਕਰਤਾ ਆਪ ਹੋ ਆਈਆ । ਸਤਾਰਾਂ ਸਾਵਣ ਕਹੇ ਮੇਰੀ ਇਕ ਬੇਨੰਤੀ, ਨਿੱਕੀ ਜਿਹੀ ਜਣਾਈਆ । ਤੇਰਾ ਸੰਮਤ ਤੇ ਤੇਰੀ ਮਿਤੀ, ਪ੍ਰਭ ਮਿੱਤਰਾਂ ਨਾਲ ਵਡਿਆਈਆ । ਪ੍ਰੇਮ ਤੇਰੀ ਸਿੱਖੀ, ਤੇਰਾ ਰੂਪ ਨਜ਼ਰੀ ਆਈਆ । ਸਾਵਣ ਫੇਰ ਦਿਨ ਸੁਹਾ ਇੱਕੀ,

ਇੱਕੀ ਆਪਣੇ ਰੰਗ ਰੰਗਾਈਆ । ਨਾਮ ਸਤਿ ਦੀ ਲਿਖਣੀ ਚਿੱਠੀ, ਚਿੱਠੀ ਰਸੈਣ ਆਪ ਹੋ ਜਾਈਆ । ਜਿਹੜੀ ਧਾਰ ਸਦਾ ਅਨਡਿੱਠੀ, ਓਹ ਪੜਦਾ ਦੇਣਾ ਚੁਕਾਈਆ । ਭਗਤ ਦਵਾਰੇ ਪ੍ਰਭ ਨੇ ਚਰਨ ਘਸੌਣੇ ਉਤੇ ਮਿੱਟੀ, ਨੌ ਵਾਰ ਰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਇੱਕੀ ਸਾਵਣ ਨੌ ਨਾਲ ਨੌ ਦਾ ਹੋਵੇ ਟਾਈਮ, ਬਦਲੀ ਸਕੇ ਨਾ ਕੋਇ ਕਰਾਈਆ । ਲਿਖਾਰੀ ਪਹਿਲੇ ਹੋਵਣ ਕ਼ਾਇਮ, ਮੁਕ਼ਾਮ ਆਪਣੇ ਆਸਣ ਲਾਈਆ । ਆਪਣੀ ਆਪਣੀ ਚਿੱਠੀ ਲਿਖ ਕੇ ਸਤਿਗੁਰੂ ਕੋਲੋਂ ਕਰੌਣ ਸਾਈਨ, ਲੇਖਾ ਨਾਲ ਕ਼ਲਮ ਸ਼ਾਹੀਆ । ਸਾਚਾ ਹੁਕਮ ਮੰਨਣਾ ਐਨ, ਅਹਨਲਹਕ ਵਾਂਗ ਦੁਹਾਈਆ । ਨਾਤਾ ਤੁਟਣਾ ਭਾਈ ਭੈਣ, ਸਾਕ ਸੱਜਣ ਨਾ ਕੋਇ ਸਹਾਈਆ । ਸਚ ਦਵਾਰੇ ਇਕੋ ਰਹਿਣ, ਇਕੋ ਗ੍ਰਿਹਿ ਮਿਲੇ ਵਡਿਆਈਆ । ਭਗਤ ਭਗਵਾਨ ਪ੍ਰਭ ਦਾ ਵੇਖਣਾ ਮਹੈਣ, ਮਿਹਣਾ ਤਾਅਨਾ ਰਹਿਣ ਕੋਇ ਨਾ ਪਾਈਆ । ਫਿਰਨੀ ਦਰੋਹੀ ਵਿਚ ਹਿੰਦਵੈਣ, ਹਿੰਦਸਾ ਹਿੰਦ ਦੇਣਾ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਜਗਦੀਸ਼ ਕਹੇ ਮੈਂ ਹੈਰਾਨ ਹੋਇਆ ਅਤੀ, ਅਤਿਅੰਤ ਦਿਆਂ ਜਣਾਈਆ । ਪ੍ਰਭ ਨੇ ਸਤਾਰਾਂ ਹਾੜ੍ਹ ਨੂੰ ਕਿਉਂ ਨਹੀਂ ਲੇਖ ਲਿਖਾਇਆ ਜਗਤ ਰਾਸ਼ਟਰਪਤੀ, ਪ੍ਰਧਾਨਾਂ ਹੁਕਮ ਸੁਣਾਈਆ । ਇਸ ਦੀ ਸਮਝ ਨਹੀਂ ਆਈ ਕਿਸੇ ਰਤੀ, ਭੇਵ ਅਭੇਦਾ ਨਾ ਕੋਇ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰਾਂ ਉਸ ਦਿਨ ਬੇਨੰਤੀ ਕੀਤੀ ਸੀ ਵਾਰ ਛੱਤੀ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਭ ਦਾ ਮਾਲਕ ਸੂਰਬੀਰ ਸਮਰਥੀ, ਤੇਰੇ ਹੱਥ ਵਡਿਆਈਆ । ਅਸੀਂ ਚਾਹੁੰਦੇ ਤੇਰਾ ਖੇਲ ਵੇਖੀਏ ਸਾਹਿਬ ਸਵਾਮੀ ਅੱਖੀਂ, ਅੱਖਰਾਂ ਵਾਲੀ ਖੇਲ ਰਹੇ ਨਾ ਰਾਈਆ । ਜਿਸ ਵੇਲੇ ਭਗਤ ਭਗਵਾਨ ਜੋੜੇ ਬਣਾ ਕੇ ਪ੍ਰੇਮ ਪਿਆਰ ਦੀ ਬਣਾ ਲਏ ਸਖ਼ੀ, ਸਖ਼ਾਵਤ ਆਪਣਾ ਨਾਮ ਕਰਾਈਆ । ਫਿਰ ਲੇਖਾ ਲਿਖ ਦੇਵੀਂ ਪਹਿਲਾ ਅੱਖਰ ਆਪਣੇ ਹੱਥੀਂ, ਅੰਕੜਾ ਜਗਤ ਬਦਲਾਈਆ । ਅੱਗੇ ਪੜ੍ਹਨੀ ਸਭ ਨੇ ਧੁਰ ਦੀ ਪੱਟੀ, ਪਟਨੇ ਵਾਲਾ ਨਾਲ ਮਿਲਾਈਆ । ਧਰਮ ਦਵਾਰ ਦੀ ਖੋਲ੍ਹ ਕੇ ਹੱਟੀ, ਹੱਟਵਾਣੇ ਦੇਣਾ ਸਮਝਾਈਆ । ਸਿੰਘਾਸਣ ਕੋਲ ਛੱਬੀ ਪੋਹ ਨੂੰ ਭਖਾ ਕੇ ਭੱਠੀ, ਅਗਨੀ ਹੇਠਾਂ ਦੇਣੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਖੇਲ ਸਦਾ ਸਦ ਅੱਛੀ, ਅੱਛੀ ਤਰਾ ਅਛਲ ਅਛੱਲ ਦੇਣਾ ਦ੍ਰਿੜਾਈਆ ।



੧੪੭੬ ੨੧

### ❊ ੨੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❊

ਸਾਵਣ ਕਹੇ ਮੇਰੀ ਸੁਹੰਜਣੀ ਥਿਤ ਇੱਕੀ, ਵਾਰ ਵਾਰਤਾ ਦਿਆਂ ਜਣਾਈਆ । ਆਸਾ ਰੱਖ ਕੇ ਗਏ ਸਪਤ ਰਿਖੀ, ਸਤਿ ਸਤਿਵਾਦੀ ਰਾਹ ਤਕਾਈਆ । ਵੇਦ ਵਿਆਸੇ ਪੱਟੀ ਲਿਖੀ, ਅੱਖਰ ਅੱਖਰਾਂ ਨਾਲ ਜੋੜ ਜੁੜਾਈਆ । ਕ੍ਰਿਸ਼ਨ ਨੇ ਕਿਹਾ ਰਾਧਾ ਸਖ਼ੀ, ਸੁਖ਼ਨ ਅਗੰਮ ਦਿਆਂ ਦ੍ਰਿੜਾਈਆ । ਰਾਮ ਸੀਤਾ ਵਖਾਇਆ ਅੱਖੀਂ, ਨਿਜ ਨੇਤਰ ਅੱਖ ਖੁਲ੍ਹਾਈਆ । ਵਸ਼ਿਸ਼ਟ ਖੇਲ ਵੇਖਿਆ ਲੱਖ ਚਾਰ ਅੱਸੀ, ਚੁਰਾਸੀ ਪਰਦਾ ਲਾਹੀਆ । ਮੂਸਾ ਨਜ਼ਾਰਾ ਤੱਕਿਆ ਹੋ ਬੇਵਸੀ, ਵਸਲ ਵੇਖ ਨੂਰ ਅਲਾਹੀਆ । ਹਜ਼ਰਤ ਈਸਾ ਹੱਥ ਲਾਇਆ ਰੱਸੀ, ਸਲੀਵ ਫਾਂਸੀ ਨਾਲ ਛੁਹਾਈਆ । ਮੁਹੰਮਦ

ਇਕ ਉਂਗਲ ਨਾਲ ਦਾੜ੍ਹੀ ਕੀਤੀ ਰੱਤੀ, ਨੌ ਸੌ ਨੜ੍ਹਿਨਵੇ ਵਾਲ ਰੰਗ ਰੰਗਾਈਆ । ਨਾਨਕ ਮੰਨ ਕੇ ਕਮਲਾਪਤੀ, ਪਤਿਪਰਮੇਸ਼ਵਰ ਸੀਸ ਨਿਵਾਈਆ । ਗੋਬਿੰਦ ਖੜਗ ਕਟਾਰ ਫੜ ਕੇ ਹੱਥੀਂ, ਕੂੜ ਕਿਰਿਆ ਕੀਤੀ ਸਫ਼ਾਈਆ । ਧਰਨੀ ਧਰਤ ਧਵਲ ਧੌਲ ਮੰਗ ਮੰਗੀ ਅੱਛੀ, ਅੱਛੀ ਤਰਾ ਧਿਆਨ ਲਗਾਈਆ । ਜਲ ਧਾਰਾ ਵਿਚ ਆਉਂਦਾ ਰਿਹੋਂ ਬਣ ਕੇ ਕੱਛ ਮੱਛੀ, ਰੂਪ ਅਨੂਪ ਬਦਲਾਈਆ । ਮੇਰੀ ਆਸ਼ਾ ਖਿੜ ਖਿੜਾ ਹੱਸੀ, ਹੱਸਤੀ ਤਕਣੀ ਬੇਪਰਵਾਹੀਆ । ਜਿਹੜੀ ਵੰਡ ਕਰ ਕੇ ਗਿਉਂ ਸੂਰ ਗਾਂ ਵੱਛੀ, ਵਿਸ਼ਵ ਦੇ ਮਾਲਕ ਪਰਦਾ ਦੇਣਾ ਉਠਾਈਆ । ਕਥਾ ਕਹਾਣੀ ਸੁਣਾਵੀਂ ਸੱਚੀ, ਸਚ ਸੰਜਮ ਇਕ ਦ੍ਰਿੜਾਈਆ । ਤੇਰੀ ਧਾਰ ਪਿਆਰ ਹੋਵੇ ਅਗੰਮੀ ਬੱਚੀ, ਬਚਪਨ ਆਪਨੇ ਲੇਖੇ ਲਾਈਆ । ਕੌਲ ਇਕ਼ਰਾਰ ਕਰ ਨਾ ਨੱਸੀਂ, ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਧਿਆਨ ਰਖਾਈਆ । ਮਾਨਵ ਮਾਨੁਖ ਮਾਨਸ ਇਕ ਵਸਾਵੀਂ ਬਸੀ, ਖੇੜਾ ਇਕੋ ਇਕ ਵਡਿਆਈਆ । ਦੀਨਾਂ ਮਜ੍ਹਬਾਂ ਵਿਚ ਨਾ ਫਸੀਂ, ਫ਼ੈਸਲਾ ਆਪਣਾ ਹੱਕ ਸੁਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰਾ ਔਣਾ ਹੋਵੇ ਮਸੀਂ, ਮਸਲਿਆਂ ਵਿਚ ਜਣਾਈਆ । ਧਰਨੀ ਚਾਰ ਕੁੰਟ ਫਿਰੇ ਨੱਸੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਸਾਵਣ ਕਹੇ ਪ੍ਰਭ ਵੇਖਣੇ ਪਈਏ ਸਹੁਰੇ, ਸੌਂਹ ਸੁਗੰਦੀ ਤੇਰੀ ਇਕ ਵਖਾਈਆ । ਮੇਰੇ ਮਾਲਕ ਗੰਭੀਰ ਗੌਰੇ, ਗਹਿਰ ਗਵਰ ਤੇਰੀ ਵਡਿਆਈਆ । ਤੁਧ ਬਿਨ ਕਾਰਜ ਕਦੇ ਨਾ ਸੌਰੇ, ਗ਼ਮੀ ਗ਼ਮ ਨਾ ਕੋਇ ਬਣਾਈਆ । ਤੇਰਾ ਰੂਪ ਹੋਵੇ ਅਵਰ ਕਾ ਔਰੇ, ਹਰਿਜੂ ਆਪਣਾ ਫੇਰਾ ਪਾਈਆ । ਅਗੰਮੀ ਧਾਰ ਜਿਹੜੇ ਸ਼ਬਦੀ ਵਰਕੇ ਰੱਖੇ ਕੋਰੇ, ਅੱਖਰ ਸਕੇ ਨਾ ਕੋਇ ਲਿਖਾਈਆ । ਗੁਰ ਅਵਤਾਰ ਪੈਗ਼ੰਬਰਾਂ ਹਿੱਸੇ ਦਿਤੇ ਥੋੜ੍ਹੇ ਥੋੜ੍ਹੇ, ਨਾਮ ਕ਼ਲਮੇ ਝੋਲੀ

੧੪੭੭ ਪਾਈਆ । ਇਸਤਰੀ ਮਰਦ ਬਣਾ ਕੇ ਜੋੜੇ ਜੋੜੇ, ਸੀਤਾ ਰਾਮ ਕ੍ਰਿਸ਼ਨ ਕਾਹਨ ਇਸ਼ਟ ਵਖਾਈਆ । ਪੈਗ਼ੰਬਰਾਂ ਗੁਰੂਆਂ ਚੜ੍ਹਾ ਕੇ ਉਤੇ ਘੋੜੇ, ੧੪੭੭

੨੧ ਸ਼ਾਹ ਸਵਾਰੇ ਦਿਤੇ ਜਣਾਈਆ । ਧਰਤੀ ਉਤੇ ਫਿਰਦੇ ਦੌੜੇ, ਭੱਜਣ ਚਾਈਂ ਚਾਈਆ । ਤੇਰੇ ਹੁਕਮ ਦੇ ਲਾ ਕੇ ਪੌੜੇ, ਦੀਨ ਦੁਨੀ ਗਏ ਵਖਾਈਆ । ੨੧

ਅੰਤਮ ਵੇਲੇ ਕੋਈ ਨਾ ਬਹੁੜੇ, ਸਦਾ ਹੋਵੇ ਨਾ ਕੋਇ ਸਹਾਈਆ । ਜ਼ਾਤਾਂ ਪਾਤਾਂ ਦੇ ਅਟਕਾ ਰੋੜੇ, ਮੰਜ਼ਲ ਸਾਫ਼ ਨਾ ਕੋਇ ਵਖਾਈਆ । ਸਭ ਦੇ ਸਮੇਂ ਥੋੜ੍ਹੇ ਥੋੜ੍ਹੇ, ਆਦਿ ਦਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਦੀ ਕੀਤੀ ਸਾਰੇ ਗਏ ਮੋੜੇ, ਮਾਰਗ ਇਕ ਨਾ ਕੋਇ ਚਲਾਈਆ । ਤੇਰਾ ਧਰਮ ਵੰਡਿਆ ਗਿਆ ਉਪਰ ਢੋਰੇ, ਚੁਪਾਇਆਂ ਪਸ਼ੂਆਂ ਰਾਹ ਬਣਾਈਆ । ਨਸਲਾਂ ਵੰਡੀਆਂ ਕਾਲੇ ਗੋਰੇ, ਚਿੱਟੀ ਧਾਰ ਸਮਝ ਕਿਸੇ ਨਾ ਆਈਆ । ਤੇਰੇ ਨਿੱਕੇ ਨਿੱਕੇ ਬਾਂਕੇ ਛੋਹਰੇ, ਜਗਤ ਨਾਮ ਖਿਲੌਣਿਆਂ ਖੇਲ ਖਿਲਾਈਆ । ਤੀਰਥ ਤਟ ਸਰੋਵਰ ਬਣਾ ਕੇ ਜੌਹੜੇ, ਪਾਣੀ ਵਿਚ ਨਾਮ ਮਧਾਣੀ ਗਏ ਸਮਝਾਈਆ । ਜਿਥੇ ਫਿਰਦੇ ਜਲ ਹੋੜੇ, ਮੱਛ ਕੱਛ ਫੇਰੀਆਂ ਪਾਈਆ । ਬਿਨ ਤੇਰੀ ਕਿਰਪਾ ਸਾਰੇ ਫਿਰਦੇ ਦੌੜੇ, ਅਗਲਾ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਾਵਣ ਕਹੇ ਮੇਰਾ ਦੋ ਇਕ ਦਾ ਮੇਲਾ, ਇੱਕੀ ਪ੍ਰਵਿਸ਼ਟਾ ਦਏ ਗਵਾਹੀਆ । ਆਪੇ ਗੁਰੂ ਤੇ ਆਪੇ ਚੇਲਾ, ਗੋਬਿੰਦ ਦਾ ਲੇਖਾ ਪੂਰਾ ਦਿਆਂ ਕਰਾਈਆ । ਦੀਨ ਦੁਨੀ ਤੋਂ ਹੋ ਕੇ ਵਿਹਲਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਆਪਨੇ ਵਿਚ ਸਮਾਈਆ । ਆਪੇ ਬਣ ਕੇ ਸੱਜਣ ਸੁਹੇਲਾ, ਸਗਲਾ ਸੰਗ ਬਣਾਈਆ । ਅਚਰਜ ਖੇਲ ਪ੍ਰਭੂ ਕਲ ਖੇਲਾ, ਖ਼ਾਲਕ ਖ਼ਲਕ ਨਾ ਕੋਇ ਵਡਿਆਈਆ । ਦੁਨੀਆ ਵੇਖ ਕੇ ਜੰਗਲ ਬੇਲਾ, ਸਾਢੇ ਤਿੰਨ ਹੱਥ ਮੰਦਰ ਡੇਰਾ ਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸਾਵਣ ਕਹੇ ਮੈਂ ਸੁਹੰਵਣਾ, ਸੋਭਾਵੰਤ ਰਮਣੀਕ । ਮੇਰਾ ਮਾਲਕ ਆਦਿ ਨਿਰੰਜਣਾ, ਜਿਸ ਦੇ ਵਿਚ ਹੱਕ ਤੌਫ਼ੀਕ । ਮੇਰਾ ਸਾਹਿਬ ਦਰਦ ਦੁੱਖ ਭੈ ਭੰਜਣਾ, ਆਦਿ ਜੁਗਾਦੀ ਇਕ ਤਬੀਬ । ਨਿਰਗੁਣ ਧਾਰ ਸਰਗੁਣ ਸੱਜਣਾ, ਸਭ ਦੀ ਮਨਸਾ ਪੂਰੀ ਕਰੇ ਉਮੀਦ । ਨੇਤਰ ਨਾਮ ਪਾਏ ਅੰਜਣਾ, ਕੂੜ ਅੰਧੇਰ ਮਿਟਾਏ ਤਾਰੀਕ । ਹੁਕਮ ਸੰਦੇਸ਼ੇ ਗੁਰ ਅਵਤਾਰ ਪੈਗ਼ੰਬਰਾਂ ਦਿਤੇ ਸਭ ਨੇ ਵੰਞਣਾ, ਵੰਞ ਮੁਹਾਣਾ ਰਹਿਣ ਕੋਇ ਨਾ ਪਾਈਆ । ਡੰਡਾਵਤ ਬੰਦਨਾ, ਬੰਦਗੀ ਬੰਦਗੀ ਵਿਚੋਂ ਪ੍ਰਗਟਾਈਆ । ਸਯਦਿਆਂ ਵਿਚੋਂ ਸਾਹਿਬ ਲੱਭਣਾ, ਸਹਿਜ ਗਿਆ ਦ੍ਰਿੜਾਈਆ । ਦੀਨ ਮਜ਼੍ਹਬ ਬਣਾ ਕੇ ਹੱਦਨਾ, ਵੰਡ ਜਗਤ ਵਿਚ ਕਰਾਈਆ । ਜਿਸ ਦੇ ਅੰਦਰ ਸਭ ਨੇ ਬੱਝਣਾ, ਲਕੀਰ ਫ਼ਕੀਰ ਦਿਤੀ ਦ੍ਰਿੜਾਈਆ । ਨਾਮ ਬੰਸਰੀ ਬਣਾ ਕੇ ਵੰਞਣਾ, ਮੱਟੀ ਪੋਰੀ ਸੋਭਾ ਪਾਈਆ । ਮੜ੍ਹੀ ਗੋਰ ਕਿਸੇ ਨਹੀਂ ਦੱਬਣਾ, ਅਗਨੀ ਤੱਤ ਜਲਾਈਆ । ਬਿਨ ਪ੍ਰਭ ਕਿਰਪਾ ਅੱਗੇ ਕਿਸੇ ਨਾ ਵਧਣਾ, ਵੰਞ ਮੁਹਾਣਾ ਕੰਮ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਾਵਣ ਕਹੇ ਮੇਰੀ ਅਗੰਮੀ ਸੁਬਹ, ਸੁਬਹਾਨ ਅੱਲਾ ਕਹਿ ਕੇ ਦਿਆਂ ਜਣਾਈਆ । ਮੇਰੇ ਮਹਿਬੂਬ ਦਾ ਇਕੋ ਮੁੱਦਾ, ਜੋ ਮੁੱਦਤਾਂ ਵੇਖ ਵਖਾਈਆ । ਖੇਲ ਕਰੇ ਉਪਰ ਬਸੁੱਧਾ, ਧਰਨੀ ਧਰਤ ਧਵਲ ਦਏ ਵਡਿਆਈਆ । ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਗਿਆ ਜਣਾਈਆ । ਉਸ ਦਾ ਭੇਵ ਖੁਲ੍ਹਾਵੇ ਗੁੱਝਾ, ਪਰਦਾ ਅੰਤਰ ਰਹੇ ਨਾ ਰਾਈਆ । ਬਿਨਾ ਭਗਤਾਂ ਤੋਂ ਰਹੇ ਕੋਈ ਨਾ ਝੁੱਗਾ, ਝੁੱਗੀਆਂ ਵਾਲੇ ਡੇਰੇ ਢਾਹੀਆ । ਇਕੋ ਪੁਰਖ ਅਕਾਲ ਹੋਣਾ ਉਘਾ, ਉਗਣ ਆਥਣ ਕਰੇ ਰੁਸ਼ਨਾਈਆ । ਧੁਰ ਦੇ ਨਾਮ ਦਾ ਲਏ ਕੋਈ ਨਾ ਭੁੱਗਾ, ਹਿੱਸਾ ਵੰਡ ਨਾ ਕੋਇ ਵੰਡਾਈਆ । ਕੂੜੀ ਰਹੇ ਕੋਇ ਨਾ ਦੁਬਦਾ, ਨਿਰਗੁਣ ਧਾਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਾਵਣ ਕਹੇ ਮੇਰੀ ਵੇਖਣੀ ਖੇਲ ਅਪਾਰੀ, ਅਪਰੰਪਰ ਰਿਹਾ ਜਣਾਈਆ । ਜਿਸ ਦੀ ਖੇਲ ਨਿਆਰੀ, ਨਿਰਾਕਾਰ ਆਪ ਦ੍ਰਿੜਾਈਆ । ਕਰੇ ਸਚ ਵਿਵਹਾਰੀ, ਭੇਵ ਅਭੇਦਾ ਦਏ ਖੁਲ੍ਹਾਈਆ । ਲਹਿਣਾ ਦੇਣਾ ਪੂਰਾ ਕਰੇ ਨਰ ਨਾਰੀ, ਨਰ ਨਰਾਇਣ ਹੋਏ ਸਹਾਈਆ । ਬੁੱਢਿਆਂ ਨੱਢਿਆਂ ਔਂਦੀ ਜਾਂਦੀ ਵਾਰੀ, ਵੇਲਾ ਵਕਤ ਦਏ ਗਵਾਹੀਆ । ਛੱਬੀ ਪੋਹ ਨੂੰ ਸਭ ਨੇ ਕਰਨੀ ਤਿਆਰੀ, ਤ੍ਰੈਗੁਣ ਅਤੀਤਾ ਆਪ ਦ੍ਰਿੜਾਈਆ । ਇਕ ਕੋਰਾ ਭਾਂਡਾ ਲਿਔਣਾ ਪਿਆਰੋ ਘੁਮਿਆਰੀ, ਸਭ ਦੇ ਧੁਮਾਰਕ ਇਕੋ ਵਾਰ ਦਏ ਭੰਨਾਈਆ । ਚਾਰ ਗੁਰਮੁਖ ਰਹਿਣੇ ਬਣ ਹੁਸ਼ਿਆਰੀ, ਮਾਝਾ ਮਾਲਵਾ ਦੁਆਬਾ ਜੰਮੂ ਵੰਡ ਵੰਡਾਈਆ । ਜਿਨ੍ਹਾਂ ਨੇ ਕਦੀ ਮੁੰਨੀ ਹੋਵੇ ਨਾ ਦਾੜ੍ਹੀ, ਦੂਆ ਰੂਪ ਨਾ ਕੋਇ ਧਰਾਈਆ । ਓਹ ਚਾਰੇ ਕਾਹਨੀ ਬਣ ਕੇ ਚੁਕਣਗੇ ਖਾਰੀ, ਖ਼ਾਲਸ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਸਾਵਣ ਕਹੇ ਮੈਂ ਇੱਕੀ ਨੂੰ ਦਿਤਾ ਸੰਦੇਸ਼ਾ, ਸੰਧਿਆ ਦਿਤਾ ਜਣਾਈਆ । ਉਠ ਵੇਖ ਆਪਣਾ ਪੇਸ਼ਾ, ਪੇਸ਼ੀਨਗੋਈ ਪਰਦਾ ਲਾਹੀਆ । ਕੀ ਲੇਖਾ ਹੋਣਾ ਮੁੱਲਾ ਸ਼ੇਖਾ, ਸ਼ਖ਼ਸੀਅਤ ਕੀ ਕਾਰ ਕਮਾਈਆ । ਕੀ ਲਹਿਣਾ ਹੋਣਾ ਗਣਪਤ ਗਣੇਸ਼ਾ, ਗਹਿਰ ਗੰਭੀਰ ਕਾਰ ਕਮਾਈਆ । ਕੀ ਆਪਣਾ ਕਰਨਾ ਵੇਸਾ, ਨੌਂ ਰੰਗ ਦੇ ਬਸਤਰ ਲਏ ਬਦਲਾਈਆ । ਸਤਾਰਾਂ ਗਜ਼ ਦਾ ਮਾਰਨਾ ਪੇਚਾ, ਪੇਚੀਦਾ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਦ ਆਪਣਾ ਖੇਲ ਖਿਲਾਈਆ । ਸਤਾਰਾਂ ਸਾਵਣ ਕਹੇ ਸਤਾਰਾਂ ਗੁਰਮੁਖ ਹੋਣੇ ਉਘੇ, ਉਦਮ ਵਿਚ ਵਡਿਆਈਆ । ਜਿਨ੍ਹਾਂ ਦੀ ਨਿਰਮਲ ਹੋਵੇ ਬੁੱਧੇ, ਬੁੱਧੀ ਵਾਲੀ ਨਾ ਕੋਇ ਚਤੁਰਾਈਆ । ਓਨ੍ਹਾਂ ਇਕੋ ਦਵਾਰਾ ਸੁੱਝੇ, ਪੁਰਖ ਅਕਾਲ ਅਕਾਲ ਸਰਨਾਈਆ । ਨਾਤੇ ਛੱਡ ਦੇਣੇ ਦੂਜੇ, ਮੁਹੱਬਤ ਕੂੜ ਨਾ ਕੋਇ ਵਧਾਈਆ । ਅੱਠ ਜਵਾਨ ਤੇ ਨੌਂ ਹੋਵਣ ਬੁੱਢੇ, ਵੰਡ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਸਾਵਣ ਕਹੇ ਇੱਕੀ ਬਣਨੇ ਓਹ ਪੁਜਾਰੀ, ਜਿਹੜੀ ਪੂਜਾ ਗੋਬਿੰਦ ਸਿੱਖਾਂ ਗਿਆ ਸਮਝਾਈਆ । ਅੱਜ ਤੱਕ ਉਸ ਦੀ ਖ਼ਬਰ ਆਈ ਨਹੀਂ ਕਿਸੇ ਸਾਰੀ, ਸਾਰ ਸਕਿਆ ਕੋਇ ਨਾ ਪਾਈਆ । ਪੰਜਾਂ ਪਿਆਰਿਆਂ ਦੱਸੀ ਸੀ ਪੰਜ ਵਾਰੀ, ਹੌਲੀ ਹੌਲੀ ਕੰਨਾਂ ਵਿਚ ਸੁਣਾਈਆ । ਫੇਰ ਉਨ੍ਹਾਂ ਦੀ ਹੱਥ ਲਾ ਕੇ ਦੋਵੇਂ ਦਾੜ੍ਹੀ, ਮੁਖ ਆਪਣੇ ਉਤੇ ਫਿਰਾਈਆ । ਫਿਰ ਕੱਢਕੇ ਨੰਗੀ ਕਟਾਰੀ, ਆਪਣੇ ਮਸਤਕ ਉਤੇ ਛੁਹਾਈਆ । ਫੇਰ ਤਕ ਜੋਤ ਨਿਰੰਕਾਰੀ, ਦੋਏ ਜੋੜ ਵਾਸਤਾ ਪਾਈਆ । ਫੇਰ ਕਰ ਨਿਮਸਕਾਰੀ, ਚਰਨ ਕਵਲਾਂ ਸੀਸ ਝੁਕਾਈਆ । ਜੇ ਤੂੰ ਮੇਰਾ ਮੈਂ ਤੇਰਾ ਗੋਬਿੰਦ ਦੀ ਗੋਬਿੰਦ ਨਾਲ ਯਾਰੀ, ਬਿਨ ਗੋਬਿੰਦ ਤੋਂ ਗੋਬਿੰਦ ਕੰਮ ਕਿਸੇ ਨਾ ਆਈਆ । ਤੇਰੀ ਮੇਰੇ ਉਤੇ ਨਾ ਹੋਵੇ ਬੇਇਤਬਾਰੀ, ਯਕੀਨ ਭਰੋਸਾ ਦਿਆਂ ਦ੍ਰਿੜਾਈਆ । ਪੁਰਖ ਅਕਾਲ ਕਿਹਾ ਗੋਬਿੰਦ ਨਾ ਮੈਂ ਪੁਰਖ ਨਾ ਮੈਂ ਨਾਰੀ, ਰੂਪ ਅਨੂਪ ਤੇਰਾ ਮੇਰਾ ਇਕੋ ਨਜ਼ਰੀ ਆਈਆ । ਹੁਣ ਤੇਰੀ ਸ਼ਹਾਦਤ ਸਤਿਗੁਰ ਸ਼ਬਦ ਦੇਵਣ ਪੰਜ ਲਿਖਾਰੀ, ਜਿਨ੍ਹਾਂ ਦਾ ਲੇਖਾ ਨਾ ਕੋਇ ਬਦਲਾਈਆ । ਰੁਤ ਸੁਹੰਵਣੀ ਹੋਵੇ ਬਹਾਰੀ, ਮਹਿਕ ਆਪਣੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਾਰਾਂ ਸਾਵਣ ਕਹੇ ਓਹ ਇੱਕੀ ਸਾਵਣ ਜੋੜ ਦੇ ਹੱਥਾਂ, ਦੋ ਇਕ ਦਾ ਮੇਲ ਮਿਲਾਈਆ । ਮੈਂ ਕਥਾ ਕਹਾਣੀ ਦੱਸਾਂ, ਸਚ ਸੱਚ ਸਮਝਾਈਆ । ਜਿਸ ਨੇ ਤਾਰੇ ਕਰੋੜਾਂ ਲੱਖਾਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਸੇਜ ਹੰਢਾ ਕੇ ਕੱਖਾਂ, ਯਾਰੜਾ ਲਿਆ ਮੰਨਾਈਆ । ਵਸ ਕੇ ਘਟ ਘਟਾ, ਆਪਣਾ ਰੰਗ ਰੰਗਾਈਆ । ਪਿੱਠ ਉਠਾ ਕੇ ਭੱਥਾ, ਤਰਕਸ਼ ਕੰਧ ਟਿਕਾਈਆ । ਬਣ ਕੇ ਹੱਟਾ ਕੱਟਾ, ਸੂਰਬੀਰ ਸੋਭਾ ਪਾਈਆ । ਉਸ ਨੇ ਖੇਲ ਕਰਨਾ ਰੂਪ ਧਰਨਾ ਤੱਤਾਂ ਦੇ ਬਦਲੇ ਸ਼ਬਦ ਗੁਰੂ ਦਾ ਹੋਣਾ ਵੱਟਾ, ਲੇਖਾ ਸਮਝ ਨਾ ਕੋਇ ਸਮਝਾਈਆ । ਨਾਤਾ ਛੱਡ ਕੇ ਤੱਤ ਅੱਠਾ, ਆਪਣਾ ਪਰਦਾ ਦਏ ਚੁਕਾਈਆ । ਮੇਲਾ ਕਰ ਕੇ ਸਾਂਝਾ ਇਕੱਠਾ, ਗੋਬਿੰਦ ਗੋਬਿੰਦ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਮੇਰਾ ਸਾਵਲ ਸੁੰਦਰ, ਮੋਹਨ ਮੋਹਨੀ ਨਜ਼ਰੀ ਆਈਆ । ਜਿਸ ਦੀ ਕੋਈ ਨਜ਼ਰ ਨਾ ਆਏ ਉਂਗਲ, ਹਿੱਸਾ ਵੰਡ ਨਾ ਕੋਇ ਵੰਡਾਈਆ । ਚਾਰ ਜੁਗ ਗੁਰ ਅਵਤਾਰ ਪੈਗੰਬਰਾਂ ਪਾਉਂਦਾ ਰਿਹਾ ਗੁੰਝਲ, ਲੋਕਮਾਤ ਨਾ ਕੋਇ ਖੁਲ੍ਹਾਈਆ । ਉਸ ਦਾ ਨਾਮ ਕਲਮਾ ਮੂਲ ਨਾ ਬੁੱਝਣ, ਸਿਫ਼ਤੀ ਢੋਲੇ ਸਾਰੇ ਗਾਈਆ । ਅੰਤਮ ਸਭ ਦੇ ਭਾਂਡੇ ਕਰੇ ਮੂਧਨ, ਸਿਰ ਸਕੇ ਨਾ ਕੋਇ ਉਠਾਈਆ । ਸਦੀ ਚੌਧਵੀਂ ਸਾਰੇ ਲੱਗੇ ਊਂਘਣ, ਨਵ ਜੋਬਨ ਲਏ ਨਾ ਕੋਇ ਅੰਗੜਾਈਆ । ਨੇਤਰ ਅੱਖੀਆਂ ਲੱਗੇ ਪੂੰਝਣ, ਛਹਿਬਰ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਾਰਾਂ ਸਾਵਣ ਕਹੇ ਡੱਲੇ ਦੇ ਢਾਈ ਹੋਣੇ ਬਸਤਰ, ਢਾਈ ਰੰਗ ਰੰਗਾਈਆ । ਹੱਥ ਵਿਚ ਫੜੀ ਹੋਵੇ ਨਸਤਰ, ਤਿੱਖੀ ਧਾਰ ਨਾਲ ਸਮਝਾਈਆ ।

੧੪੭੯
੨੧

ਤਿੰਨ ਮੁੱਖੀ ਹੋਵੇ ਸ਼ਸਤਰ, ਚਿੱਕੜ ਮਿੱਟੀ ਨਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਾਵਣ ਕਹੇ ਪੰਜਾਂ ਪਿਆਰਿਆਂ ਬੰਨ੍ਹਣੀਆਂ ਦਸਤਾਰਾਂ ਦੋ ਦੋ, ਦੋਹਰੀ ਧਾਰ ਸਮਝਾਈਆ । ਇਕ ਪੀਲੀ ਇਕ ਚਿੱਟੀ ਜਾਏ ਹੋ, ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਇਕ ਤੇ ਸੱਸਾ ਇਕ ਤੇ ਹੋੜਾ ਅੱਖਰ ਬਣੇ ਸੋ, ਹੰ ਦੋਹਾਂ ਵਿਚ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸਾਵਣ ਕਹੇ ਮਾਨ ਸਿੰਘ ਬਣਿਆ ਹੋਵੇ ਬੁੱਲ੍ਹਾ, ਵਾਲ ਪਿੱਛੇ ਨੂੰ ਸੁਟਾਈਆ । ਨੌ ਵਾਰ ਆਣ ਕੇ ਕਹੇ ਮੈਂ ਭੁੱਲਾ, ਗੋਬਿੰਦ ਤੇਰੀ ਬੇਪ੍ਰਵਾਹੀਆ । ਭਗਤ ਦਵਾਰਾ ਵਿਹੜਾ ਹੋਵੇ ਖੁਲ੍ਹਾ, ਖ਼ਾਲਕ ਖ਼ਲਕ ਪਰਦਾ ਲਾਹੀਆ । ਸਾਚੇ ਕੰਡੇ ਹੋਵੇ ਤੁੱਲਾ, ਤੋਲ ਤਰਾਜ਼ੂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਪੰਜਾਂ ਲਿਖਾਰੀਆਂ ਕੀਤੇ ਹੋਣ ਕਮਰਕੱਸੇ, ਧੁਰ ਦੀ ਵੰਡ ਵੰਡਾਈਆ । ਖ਼ੁਸ਼ੀ ਨਾਲ ਫਿਰਨ ਨੱਸੇ, ਲਿਖਣ ਚਾਈਂ ਚਾਈਂਆ । ਗਲ ਵਿਚ ਸਾਢੇ ਤਿੰਨ ਤਿੰਨ ਹੱਥ ਧਾਗੇ ਹੋਵਣ ਕੱਚੇ, ਅੱਗੇ ਪਿੱਛੇ ਗੰਢ ਨਾ ਕੋਇ ਪੁਆਈਆ । ਮਸਤਕ ਲਿਖਿਆ ਹੋਵੇ ਅਸੀਂ ਉਸ ਪ੍ਰਭੂ ਦੇ ਬੱਚੇ, ਜੋ ਬਚਪਨ ਆਪਣੀ ਝੋਲੀ ਪਾਈਆ । ਇਸ ਤੋਂ ਅੱਗੇ ਅੱਠ ਭਾਦਰੋਂ ਫੇਰ ਦਸਾਂਗਾ ਪਤੇ, ਪਤਿਪਰਮੇਸ਼ਵਰ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਤਰ ਅੰਤਰ ਵਸੇ, ਬਿਨ ਕਿਰਪਾ ਨਜ਼ਰ ਕਿਸੇ ਨਾ ਆਈਆ ।





❋ ੨੭ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਬੀਬੀ ਚਰਨਜੀਤ ਕੌਰ ਫ਼ਰੀਦਕੋਟ ਦੇ (ਪ੍ਰਸ਼ਾਦ ਕਰਾਉਣ ਤੇ) ❋

ਸਾਵਣ ਕਹੇ ਤੱਕਣਾ ਪ੍ਰੇਮ ਪਿਆਰ ਦਾ ਬਰਸਾ, ਮਾਹ ਮਾਸ ਦਿਨ ਵੱਜੇ ਵਧਾਈਆ । ਗੋਬਿੰਦ ਨੌ ਵਾਰ ਚਰਨ ਛੁਹਾਇਆ ਵਿਚ ਸਰਸਾ, ਵਹਿਣਾਂ ਵਿਚ ਵਹਿਣ ਦਿਤਾ ਬਣਾਈਆ । ਨੌ ਅੱਖਰਾਂ ਦਾ ਲਿਖ ਕੇ ਧਰਿਆ ਵਿਚ ਪਰਚਾ, ਪ੍ਰਾਚੀਨ ਦਾ ਭੇਵ ਖੁਲ੍ਹਾਈਆ । ਜਿਸ ਵੇਲੇ ਕਲਜੁਗ ਕਲ ਕਲਕੀ ਦੀ ਹੋਵੇ ਚਰਚਾ, ਚਰਚਾਂ ਵਿਚ ਪਏ ਦੁਹਾਈਆ । ਦੀਨ ਦੁਨੀ ਰਾਹ ਤੱਕੇ ਉਪਰ ਅਰਸ਼ਾ, ਅਰਸ਼ੀ ਪ੍ਰੀਤਮ ਵੇਖ ਵਖਾਈਆ । ਓਹ ਪ੍ਰਗਟ ਹੋ ਕੇ ਉਪਰ ਫ਼ਰਸ਼ਾ, ਫ਼ੈਸਲਾ ਹੱਕੋ ਹੱਕ ਸੁਣਾਈਆ । ਜਨ ਭਗਤਾਂ ਮੇਟੇ ਜਨਮ ਜਨਮ ਦੀਆਂ ਹਰਸਾਂ, ਹਿਰਸ ਹਵਸ ਅਗਲੀ ਰਹੇ ਨਾ ਰਾਈਆ । ਨਿਰਗੁਣ ਧਾਰ ਦੇ ਕੇ ਦਰਸਾ, ਦੀਦ ਉਮੀਦ ਵਿਚ ਬਣਾਈਆ । ਭੇਵ ਖੋਲ੍ਹ ਆਪਣੇ ਘਰ ਦਾ, ਗ੍ਰਿਹ ਮੰਦਰ ਪਰਦਾ ਦਏ ਉਠਾਈਆ । ਨੂਰ ਪ੍ਰਕਾਸ਼ ਕਰ ਨਰਾਇਣ ਨਰ ਦਾ, ਨਰ ਹਰਿ ਆਪਣੀ ਕਲ ਧਰਾਈਆ । ਗੁਰਮੁਖ ਗੁਰਸਿੱਖ ਫਿਰੇ ਵਰਦਾ, ਵਾਰਸ ਹੋ ਕੇ ਆਪਣਾ ਜੋੜ ਜੁੜਾਈਆ । ਲਹਿਣਾ ਦੇਣਾ ਲੇਖਾ ਜਾਣੇ ਦੱਖਣ ਪਹਾੜ ਲਹਿੰਦਾ ਚੜ੍ਹਦਾ, ਚਾਰੋਂ ਕੁੰਟ ਖੋਜ ਖੁਜਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਜਾਏ ਪੜ੍ਹਦਾ, ਅਨਬੋਲਤ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਾਵਣ ਕਹੇ ਮੈਂ ਸੁਣਿਆ ਅਗੰਮੀ ਸਲੋਕ, ਹਰਿ ਕਰਤੇ ਦਿਤਾ ਦ੍ਰਿੜਾਈਆ । ਖੇਲ ਵੇਖਣ ਲੋਕ ਪ੍ਰਲੋਕ, ਦੋ ਜਹਾਨਾਂ ਪਰਦਾ ਲਾਹੀਆ । ਨਜ਼ਾਰਾ ਤੱਕਣਾ ਨਿਰਮਲ ਜੋਤ,

ਜੋਤੀ ਜਾਤਾ ਨੂਰ ਅਲਾਹੀਆ । ਜਿਸ ਦਾ ਅਗੰਮੀ ਹੋਵੇ ਚੋਜ, ਚੋਜੀ ਪ੍ਰੀਤਮ ਪ੍ਰੀਤੀ ਇਕ ਦ੍ਰਿੜਾਈਆ । ਸਤਿ ਧਰਮ ਦੀ ਦੱਸੇ ਖੋਜ, ਪਰਦਾ ਅੰਦਰੋਂ ਦਏ ਉਠਾਈਆ । ਨੌਂ ਖੰਡ ਪ੍ਰਿਥਮੀ ਏਕਾ ਜੋਗ, ਜੁਗਤੀ ਇਕੋ ਸਮਝਾਈਆ । ਦੂਈ ਦਾ ਰਹੇ ਕੋਈ ਨਾ ਰੋਗ, ਦਵੈਤ ਅੰਦਰੋਂ ਦਏ ਕਢਾਈਆ । ਆਤਮ ਰਸ ਦੇ ਕੇ ਭੋਗ, ਕੂੜੀ ਤ੍ਰਿਸ਼ਨਾ ਜਗਤ ਮਿਟਾਈਆ । ਆਤਮ ਪਰਮਾਤਮ ਬਣਾ ਸੰਜੋਗ, ਜੁਗਤੀ ਮੇਲਾ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਕਰਤਾ ਬੇਪ੍ਰਵਾਹੀਆ । ਸਾਵਣ ਕਹੇ ਮੈਂ ਵੇਖਣਾ ਖੇਲ ਨਿਰਾਲਾ, ਨਿਰਾਕਾਰ ਦਏ ਵਖਾਈਆ । ਜਨ ਭਗਤਾਂ ਲੇਖੇ ਲਾਏ ਘਾਲਾ, ਪੂਰਬ ਪੂਰਬ ਫੋਲ ਫੁਲਾਈਆ । ਦੋ ਗੁਰਮੁਖ ਰੂਪ ਧਰਨ ਮਰਦਾਨਾ ਬਾਲਾ, ਨਾਨਕ ਨਿਰਗੁਣ ਵੱਜੇ ਵਧਾਈਆ । ਸਤਿ ਧਰਮ ਦੀ ਸੁਹੰਜਣੀ ਸੁਹਾਉਣੀ ਧਰਮਸਾਲਾ, ਧਰਮ ਦਵਾਰਾ ਇਕ ਪ੍ਰਗਟਾਈਆ । ਵੇਖਣ ਆਏ ਸਿੰਘ ਪਾਲਾ, ਰੂਪ ਅਨੂਪਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਾਵਣ ਕਹੇ ਨੌਂ ਗੁਰਮੁਖ ਬਣੇ ਹੋਣ ਨਾਥ, ਨਾਥ ਅਨਾਥਾਂ ਵੇਖ ਵਖਾਈਆ । ਚੁਰਾਸੀ ਸਿਧ ਹੋਣ ਸਾਥ, ਸਗਲਾ ਸੰਗ ਆਪ ਬਣਾਈਆ । ਸ਼ੰਕਰ ਸ਼ੰਕਰ ਗਾਵਣ ਗਾਥ, ਓਮ ਓਮ ਦਾ ਢੋਲਾ ਸੁਣਾਈਆ । ਤ੍ਰਿਸੂਲ ਬਣਾ ਕੇ ਉਪਰ ਮਾਥ, ਮਸਤਕ ਆਪਣਾ ਰੰਗ ਰੰਗਾਈਆ । ਹੱਥ ਵਿਚ ਇਕ ਇਕ ਫੜਿਆ ਹੋਵੇ ਕਾਟ, ਕਾਰਡ ਜਿਸ ਨੂੰ ਕਹੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਾਵਣ ਕਹੇ ਮੈਂ ਵੇਖਣਾ ਅਗੰਮ ਸਮਾਗਮ, ਸਮਗਰੀ ਬੇਪ੍ਰਵਾਹੀਆ । ਜੋੜਾ ਬਣਿਆ ਹੋਵੇ ਮਾਈ ਹਵਾ ਤੇ ਬਾਵਾ ਆਦਮ, ਆਦਮੀਆਂ ਵਾਲਾ ਰੂਪ ਨਾ ਕੋਇ ਜਣਾਈਆ । ਨਾਲ ਨਜ਼ਰੀ ਆਏ ਇਕ ਕ਼ਾਤਲ, ਖੰਡਾ ਖੜਗ ਹੱਥ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸਾਵਣ ਕਹੇ ਜੋ ਭਗਤ ਸੁਹੇਲਾ ਬਣੇ ਐਲੀਸ਼ਾਹ, ਐਲੀ ਰੂਪ ਵਟਾਈਆ । ਨੌਂ ਵਾਰ ਮੁਖ ਨਾਲ ਲਏ ਲੰਬਾ ਸਾਹ, ਹੌਕਿਆਂ ਵਿਚ ਜਣਾਈਆ । ਦੋ ਹੱਥਾਂ ਰੰਗਲੀ ਮਹਿੰਦੀ ਲਵੇ ਲਾ, ਮੁਹੰਮਦ ਸ਼ਹਾਦਤ ਇਕ ਭੁਗਤਾਈਆ । ਸਯਦਿਆਂ ਵਿਚ ਸਯਦਾ ਕਰੇ ਖ਼ੁਦਾ, ਖ਼ੁਦੀ ਤਕੱਬਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਰੋਗ ਸੋਗ ਮੇਟੇ ਮਰਜ਼ ਸ਼ੁਦਾ, ਸ਼ੁਧ ਆਤਮਾ ਦਏ ਕਰਾਈਆ ।

✻ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਲੈਫ਼ਟੀਨੈਂਟ ਚੇਲਾ ਸਿੰਘ ਤੇ ਤੇਜਭਾਨ ਜੰਮੂ ਦੇ ਨਵਿਤ ✻

ਸਾਵਣ ਕਹੇ ਮੇਰੀ ਮੇਘਲਾ ਧਾਰ ਰੁਤੀ, ਰੁਤੜੀ ਜਗਤ ਰਹੀ ਬਦਲਾਈਆ । ਮੈਂ ਚਾਰ ਕੁੰਟ ਚਾਰ ਜੁਗ ਦੀ ਕੱਟੀ ਬੁੱਤੀ, ਬੁਤਖ਼ਾਨਿਆਂ ਵੇਖ ਵਖਾਈਆ । ਦੁਨੀਆ ਨੀਂਦ ਦੀ ਗ਼ਫ਼ਲਤ ਸੁੱਤੀ, ਮਜ਼੍ਹਬ ਮਹਿਬੂਬ ਨਾ ਕੋਇ ਮਿਲਾਈਆ । ਮਨ ਕਲਪਣਾ ਰੋਂਦੀ ਉਚੀ, ਕੂਕ ਕੂਕ ਸੁਣਾਈਆ । ਮੈਨੂੰ ਰਵਦਾਸ ਦੀ ਦਿਸੀ ਟੁੱਟੀ ਜੁੱਤੀ, ਗੰਢ ਪਾਣੇ ਵਾਲੇ ਰਖਾਈਆ । ਜਿਥੇ ਰਮਜ਼ ਪ੍ਰਭੂ ਦੀ ਲੁਕੀ, ਲੁਕਮਾਨ ਕਹਿ ਕੇ ਗਿਆ ਸਮਝਾਈਆ ।

ਸਿਰਫ਼ ਧਾਰ ਆਵੇ ਦੋ ਤੁੱਕੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੰਜ਼ਲ ਜਗਤ ਜਹਾਨ ਜਾਣੋ ਮੁਕੀ, ਅਗਲਾ ਪੰਧ ਨਾ ਕੋਇ ਰਖਾਈਆ । ਭਗਤ ਸੁਹੇਲਾ ਦਿਸੇ ਸੁਖੀ, ਸੁਖ ਸਾਗਰ ਡੇਰਾ ਲਾਈਆ । ਜਗਤ ਵਾਸਨਾ ਵਿਸ਼ਾ ਕਰੇ ਨਾ ਦੁੱਖੀ, ਵਿਸ਼ਵਾਸ਼ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਮੈਂ ਪਿਛਲਾ ਢੋਲਾ ਆਇਆ ਗਾਵਣ, ਗਾ ਕੇ ਦਿਆਂ ਜਣਾਈਆ । ਜਿਸ ਵੇਲੇ ਰਿਸ਼ੀਆਂ ਆਸ਼ਾ ਰੱਖੀ ਮਿਲਣਾ ਬਲ ਬਾਵਨ, ਬਾਵਨ ਅੱਖਰੀ ਧਿਆਨ ਲਗਾਈਆ । ਸ਼ਬਦੀ ਧਾਰ ਉਪਜੀ ਇਕਾਵਨ, ਅਵਤਾਰ ਪੈਗ਼ੰਬਰ ਗੁਰ ਗੁਰ ਦ੍ਰਿੜਾਈਆ । ਖੇਲ ਕਰੇ ਪੱਤਤ ਪਾਵਨ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ । ਉਸ ਵੇਲੇ ਰਿਸ਼ੀ ਜਲ ਠੰਡੇ ਨਾਲ ਨਹਾਵਣ, ਤੀਹ ਪ੍ਰਵਿਸ਼ਟਾ ਨਾਲ ਰਲਾਈਆ । ਮੁਖੋਂ ਤੂੰ ਹੀ ਤੂੰ ਗਾਵਣ, ਗਾ ਗਾ ਸ਼ੁਕਰ ਮਨਾਈਆ । ਅੰਤਰ ਆਸ਼ਾ ਰੱਖੀ ਪ੍ਰੇਮ ਮਹੀਨਾ ਚਾਵਨ, ਚਾਓ ਘਨੇਰਾ ਇਕ ਜਣਾਈਆ । ਤੇਰੀ ਯਾਦ ਵਿਚ ਖ਼ੁਸ਼ੀਆਂ ਸਰਬ ਮਨਾਵਣ, ਮਨ ਮਮਤਾ ਮੋਹ ਮਿਟਾਈਆ । ਸਾਨੂੰ ਫੜਾ ਆਪਣਾ ਦਾਮਨ, ਦਾਮਨਗੀਰ ਆਪ ਅਖਵਾਈਆ । ਦੋ ਜਹਾਨਾਂ ਬਣ ਜ਼ਾਮਨ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਸ਼ਬਦ ਸੰਦੇਸ਼ਾ ਦਿਤਾ ਬਿਨਾ ਕਾਨਨ, ਸ਼ਬਦੀ ਸੁਤ ਮਿਲਾਈਆ । ਪੁਰਖ ਅਬਿਨਾਸ਼ੀ ਘਟ ਘਟ ਜਾਨਣ, ਅੰਤਰਜਾਮੀ ਬੇਪ੍ਰਵਾਹੀਆ । ਕਰ ਪ੍ਰਕਾਸ਼ ਕੋਟ ਭਾਨਨ, ਭਾਂਡਾ ਭਰਮ ਭੌ ਭੰਨਾਈਆ । ਯਾਦ ਰੱਖਣਾ ਜਿਸ ਵੇਲੇ ਮਾਣ ਮਿਟਿਆ ਵੇਦ ਪੁਰਾਨਨ, ਸਵਾਸ ਸਾਹ ਨਾ ਕੋਇ ਚਤੁਰਾਈਆ । ਹਰਿ ਕਾ ਰੂਪ ਸਕੇ ਨਾ ਕੋਇ ਪਹਿਚਾਨਨ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਕਿਰਪਾ ਕਰੇ ਸ੍ਰੀ ਭਗਵਾਨਨ, ਭਗਵਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਆਵੇ ਛਾਨਨ, ਸ਼ਹਿਨਸ਼ਾਹ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਾਵਣ ਕਹੇ ਮੈਂ ਫਿਰਿਆ ਚਾਰੋਂ ਕੁੰਟ, ਕੂਚਾ ਗਲੀ ਵੇਖ ਵਖਾਈਆ । ਕਲੂ ਗਿਆ ਵਿਚ ਬੈਕੁੰਠ, ਪ੍ਰਭ ਅੱਗੇ ਸੀਸ ਨਿਵਾਈਆ । ਮੈਨੂੰ ਹੱਸ ਕੇ ਕਿਹਾ ਕਾਗ ਭੁਸੰਡ, ਮੁਖੋਂ ਅਗੰਮ ਅਲਾਈਆ । ਤੇਰਾ ਕਿਹੜਾ ਟਾਹਣ ਤੇ ਕਿਹੜਾ ਮੁੱਢ, ਮੈਨੂੰ ਦੇ ਜਣਾਈਆ । ਕਿਸ ਬਿਧ ਰਿਹਾ ਉਡ, ਪੁਰੀਆਂ ਲੋਆਂ ਪੰਧ ਮੁਕਾਈਆ । ਮੈਨੂੰ ਅੰਦਰੋਂ ਗਿਆ ਸੁਝ, ਪ੍ਰਭ ਸਹਿਜ ਦਿਤਾ ਸਮਝਾਈਆ । ਮੈਂ ਹੱਸ ਕੇ ਕਿਹਾ ਮੈਂ ਉਸ ਦੀ ਪ੍ਰੀਤੀ ਵਿਚ ਗਿਆ ਲੁਝ, ਜਿਹੜਾ ਲੱਜਿਆ ਰੱਖੇ ਥਾਉਂ ਥਾਈਆ । ਏਸੇ ਕਾਰਨ ਰਿਹਾ ਕੁੱਦ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਸ਼ਬਦ ਆਵਾਜ਼ ਆਈ ਜਿਸ ਬਾਵਨ ਰਿਸ਼ੀਆਂ ਧਾਰ ਪਿੱਛੇ ਬਦਲਿਆ ਯੁਗ, ਬਾਵਨ ਅਸਵਮੇਧ ਵੰਡ ਵੰਡਾਈਆ । ਓਥੇ ਜਾ ਕੇ ਪੁੱਜ, ਪਿਛਲੀ ਪੂਜਾ ਦੇ ਸਮਝਾਈਆ । ਜਿਸ ਦਾ ਆਦਿ ਤੋਂ ਲੈ ਕੇ ਜੁਗ ਚੌਕੜੀ ਮੁੱਦਾ ਮੁੱਦ, ਮੁੱਦਤ ਦਾ ਲੇਖਾ ਦਏ ਮੁਕਾਈਆ । ਸਾਵਣ ਘੜੀ ਸੁਲਖਣੀ ਅਖ਼ੀਰੀ ਦਿਵਸ ਹੋਵੇ ਸੁੱਧ, ਸੁਦੀ ਵਦੀ ਨਾ ਵੰਡ ਵੰਡਾਈਆ । ਭਗਤ ਦਵਾਰੇ ਜਾਣਾ ਪੁੱਜ, ਧਰਨੀ ਸੋਭਨੀਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਇਹ ਪੁਰਾਣੀ ਮੇਰੀ ਮੰਗਾ, ਮਾਂਗਤ ਹੋ ਕੇ ਦਿਆਂ ਜਣਾਈਆ । ਸਪਤ ਰਿਖੀਆਂ ਆਸ਼ਾ ਰੱਖੀ ਉਤੇ ਗੰਗਾ, ਤਟ ਕਿਨਾਰੇ ਧਿਆਨ ਲਗਾਈਆ । ਜਿਸ ਵੇਲੇ ਆਵੇ ਪ੍ਰਭੂ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਬਾਹਰੋਂ ਤੱਤਾਂ ਵਾਲਾ ਹੋਵੇ ਬੰਦਾ, ਅੰਤਰ ਨਿਰਗੁਣ ਨੂਰ ਜੋਤ ਰੁਸ਼ਨਾਈਆ । ਖੇਲ ਵਖਰਾ ਕਰੇ ਚੰਗਾ, ਚਾਰੋਂ ਕੁੰਟ ਡੰਕ ਵਜਾਈਆ । ਰਿਸ਼ੀਆਂ

ਦੇਵੇ ਓਹ ਅਨੰਦਾ, ਅਨੰਦ ਅਨੰਦ ਵਿਚੋਂ ਪ੍ਰਗਟਾਈਆ । ਵਿਚੋਲਾ ਰੱਖੇ ਕੋਇ ਨਾ ਪੰਡਾ, ਪੰਡਤ ਵੰਡ ਨਾ ਕੋਇ ਵੰਡਾਈਆ । ਧਾਰ ਰੱਖੇ ਕੋਇ ਨਾ ਖੰਡਾ, ਖੰਡਾ ਖੜਗ ਨਾ ਕੋਇ ਚਮਕਾਈਆ । ਸ਼ਬਦ ਧਾਰ ਸੰਦੇਸ਼ਾ ਦੇਵੇ ਸਦ ਬਖ਼ਸ਼ੰਦਾ, ਬਖ਼ਸ਼ਿਸ਼ ਆਪਣੀ ਕਾਰ ਕਮਾਈਆ । ਲਿਖਾਰੀਆਂ ਗੁੱਟ ਬੱਧਾ ਹੋਵੇ ਗਾਨਾ ਸਤਰੰਗਾ, ਸੱਤ ਸੱਤ ਨਾਲ ਜਣਾਈਆ । ਸਭ ਦੇ ਸੀਸ ਵਿਚ ਦੰਦ ਖੰਡ ਦਾ ਹੋਵੇ ਕੰਘਾ, ਕੇਸ ਚੋਟੀ ਵਿਚ ਟਿਕਾਈਆ । ਪਿਠ ਉਤੇ ਲੱਗਾ ਹੋਵੇ ਸੱਤ ਰੰਗ ਦਾ ਡੰਡਾ, ਡੰਡਾਵਤ ਅਗਲੀ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਬਾਵਨ ਖੇਲ ਦੱਸਾਂ ਬੀਤੀ, ਬਾਤਨ ਪਰਦਾ ਲਾਹੀਆ । ਰਿਸ਼ੀਆਂ ਸਾਂਝੀ ਕੀਤੀ ਰੀਤੀ, ਜਿਸ ਵੇਲੇ ਬਲ ਦਵਾਰੇ ਆਈਆ । ਧਰਮ ਦੀ ਕਰ ਪ੍ਰੀਤੀ, ਪ੍ਰੇਮ ਗੰਢ ਰਖਾਈਆ । ਸਾਫ਼ ਕਰ ਕੇ ਨੀਤੀ, ਅੰਤਰ ਲਈ ਅੰਗੜਾਈਆ । ਵਸਤ ਸਚ ਅਨਡੀਠੀ, ਪੱਲੇ ਲਈ ਬੰਧਾਈਆ । ਸਭ ਦੀ ਆਸ਼ਾ ਅੰਤਰ ਆਤਮ ਜੀਅ ਕੀ, ਜੀਵਣ ਜੁਗਤੀ ਮਿਲੇ ਵਡਿਆਈਆ । ਤ੍ਰਿਸ਼ਨਾ ਨਹੀਂ ਪੁੱਤਰ ਧੀ ਦੀ, ਧਨ ਦੌਲਤ ਅੱਖ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਸਾਵਣ ਕਹੇ ਰਿਸ਼ੀਆਂ ਦਾ ਉਹ ਪੁਰਾਣਾ ਸਗਨ, ਜੋ ਬਾਵਨ ਭੇਟ ਕਰਾਈਆ । ਬਾਵਨ ਹੋ ਕੇ ਮਗਨ, ਅੱਖ ਨਾ ਮੂਲ ਖੁਲ੍ਹਾਈਆ । ਸਾਰੇ ਲੱਗੇ ਮੰਗਣ, ਨਿਉਂ ਨਿਉਂ ਸੀਸ ਝੁਕਾਈਆ । ਬਾਵਨ ਪਾਸਾ ਪਰਤ ਕੇ ਕਿਹਾ ਮੇਰਾ ਇਹ ਨਹੀਂ ਰਹਿਣਾ ਬਦਨ, ਬਦਲਾ ਕਵਣ ਚੁਕਾਈਆ । ਹੁਣ ਤੁਹਾਨੂੰ ਰਾਜਾ ਬਲ ਗਿਆ ਸੱਦਣ, ਆਪਣਾ ਘਰ ਵਖਾਈਆ । ਤੁਸੀਂ ਜਗਤ ਦੀ ਧਾਰ ਫਿਰਦੇ ਨਗਨ, ਤਨ ਭਬੂਤ ਰਮਾਈਆ । ਸਹਾਰਾ ਰੱਖਦੇ ਅਗਨ, ਤਤਵ ਤਤ ਤਤ ਤਪਾਈਆ । ਜਿਸ ਵੇਲੇ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੰਘਣ, ਅੰਤ ਅਖ਼ੀਰ ਅਖ਼ੀਰ ਸਮਝਾਈਆ । ਫਿਰੇ ਦੁਹਾਈ ਉਤੇ ਗਗਨ, ਮੰਡਲ ਮਾਰਨ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸਾਵਣ ਕਿਹਾ ਬਾਵਨ ਦਿਤਾ ਆਖ, ਸਹਿਜ ਨਾਲ ਸੁਣਾਈਆ । ਕੋਈ ਨਾ ਕਰਿਓ ਪਸ਼ਚਾਤਾਪ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਸ ਵੇਲੇ ਪ੍ਰਭ ਪ੍ਰਗਟ ਹੋਇਆ ਆਪ, ਆਪ ਆਪਣਾ ਵੇਸ ਵਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਜਾਪ, ਜਗ ਜੀਵਣ ਦਾਤਾ ਹੋ ਕੇ ਵੇਖ ਵਖਾਈਆ । ਸਭ ਦਾ ਇਕੋ ਬਣ ਕੇ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਯਾਦ ਰੱਖਿਓ ਮੇਰਾ ਵਾਕ, ਵਾਕਫ਼ਕਾਰੋ ਦਿਆਂ ਦ੍ਰਿੜਾਈਆ । ਤੁਹਾਡਾ ਫੇਰ ਖੋਲ੍ਹੇ ਤਾਕ, ਅੰਦਰੋਂ ਪਰਦਾ ਲਾਹੀਆ । ਧਰਮ ਧਾਰ ਬਣਾ ਕੇ ਸਾਕ, ਸੱਜਣ ਲਏ ਉਠਾਈਆ । ਧੁਰਦਰਗਾਹੀ ਬਣਾ ਕੇ ਸਾਥ, ਸਗਲਾ ਸੰਗ ਵਖਾਈਆ । ਸੁਹੰਞਣੀ ਹੋਵੇ ਰਾਤ, ਭਿੰਨੜੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਬਾਵਨ ਨੇ ਮਾਰੀ ਨਿਗਾਹ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਮਾਰਗ ਵੇਖਿਆ ਸਿੱਧਾ, ਸਾਹਿਬ ਰਿਹਾ ਦ੍ਰਿੜਾਈਆ । ਜਿਸ ਦੀ ਕੋਇ ਨਾ ਜਾਣੇ ਬਿਧਾ, ਲੇਖਾ ਲਿਖਣ ਕੋਇ ਨਾ ਆਈਆ । ਜਿਸ ਵੇਲੇ ਗੁਰ ਅਵਤਾਰ ਪੈਗ਼ੰਬਰਾਂ ਕੀਤਾ ਅਲਵਿਦਾ, ਵਿਦਿਆ ਦੀ ਲੋੜ ਰਹੇ ਨਾ ਰਾਈਆ । ਭੇਵ ਖੋਲ੍ਹ ਆਤਮ ਨਿਜਾ, ਨਿਜ ਨੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਬਾਵਨ ਕਿਹਾ ਜੋ ਮੇਰੇ ਦਰ ਤੇ ਮੰਗਣ ਆਇਆ ਮੰਗ ਗ੍ਰਿਹਿ, ਗ੍ਰਿਹਿ ਬ੍ਰਹਿਸਪਤ ਵੇਖ ਵਖਾਈਆ ।

ਸ਼ੁਕਰ ਪ੍ਰੋਹਤ ਵੇਖ ਕੇ ਗਿਆ ਸ਼ਹਿ, ਦੂਰ ਦੁਰਾਡਾ ਅੱਖ ਉਠਾਈਆ । ਸਹਿਜ ਨਾਲ ਬਲ ਰਾਜੇ ਨੂੰ ਕਹਿ, ਕਹਿ ਕੇ ਦਿਤਾ ਦ੍ਰਿੜਾਈਆ । ਉਹ ਵੇਖ ਆਪਣੀ ਸ਼ੈ, ਸ਼ਹਿਨਸ਼ਾਹ ਤੋਂ ਬਿਨਾ ਬ੍ਰਾਹਮਣ ਭੇਟ ਕਰਾਈਆ । ਤੇਰੇ ਬਰਾਬਰ ਕਿਹੜਾ ਬਹਿ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਤੂੰ ਦਾਤਾ ਹੋ ਕੇ ਸਭ ਨੂੰ ਦਏ, ਦਾਨੀ ਇਕ ਅਖਵਾਈਆ । ਜੋ ਆਇਆ ਤੇਰੇ ਮੰਦਰ ਗ੍ਰਿਹਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਬਾਵਨ ਕਿਹਾ ਇਹ ਖੇਲ ਪੁਰਖ ਅਬਿਨਾਸ਼ੀ, ਧੁਰ ਕਰਤਾ ਆਪ ਕਰਾਈਆ । ਇਹ ਰਿਸ਼ੀ ਤੇਰਾਂ ਸੌ ਅਠਾਸੀ, ਧੁਰ ਦੀ ਧਾਰ ਵੰਡ ਵੰਡਾਈਆ । ਜਿਨ੍ਹਾਂ ਭਟਕਣਾ ਨਹੀਂ ਲੱਖ ਚੁਰਾਸੀ, ਜੇਰਜ ਅੰਡਜ ਉਤਭੁਜ ਸੇਤਜ ਨਾ ਫੇਰਾ ਪਾਈਆ । ਜਿਸ ਵੇਲੇ ਨੂਰ ਜੋਤ ਪ੍ਰਕਾਸ਼ੀ, ਲੋਕਮਾਤ ਵੇਸ ਵਟਾਈਆ । ਸ਼ਬਦ ਸੰਦੇਸ਼ਾ ਦੇਵੇ ਬਣਾਏ ਆਪਣੇ ਦਾਸ ਦਾਸੀ, ਸੇਵਕ ਸੇਵਾ ਰੰਗ ਰੰਗਾਈਆ । ਸਭ ਦੀ ਪੂਰੀ ਕਰੇ ਆਸੀ, ਆਹਿਸਤਾ ਆਹਿਸਤਾ ਵੇਖ ਵਖਾਈਆ । ਕਲਜੁਗ ਹੋਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਦਿਸੇ ਜ਼ਾਤੀ ਪਾਤੀ, ਮਜ਼੍ਹਬਾਂ ਵਿਚ ਦੁਹਾਈਆ । ਮਿਲੇ ਮੇਲ ਨਾ ਕਮਲਾਪਾਤੀ, ਪਤਿਪਰਮੇਸ਼ਵਰ ਨਜ਼ਰ ਕਿਸੇ ਨਾ ਆਈਆ । ਜਿਸ ਆਸਾ ਨਾਲ ਰਿਸ਼ੀਆਂ ਦੀ ਆਤਮਾ ਮਨ ਕਲਪਣਾ ਤੋਂ ਬਾਹਰ ਹੋ ਕੇ ਸੀ ਨ੍ਹਾਤੀ, ਜਲ ਠੰਡਾ ਧਾਰ ਵਹਾਈਆ । ਤੀਹ ਸਾਵਣ ਓਸੇ ਦੀ ਫੇਰ ਦੁਹਰਾਈ ਗਾਥੀ, ਪੂਰਬ ਲਹਿਣਾ ਲਹਿਣੇ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਸਾਵਣ ਕਹੇ ਮੈਨੂੰ ਯਾਦ ਆਇਆ ਵਕਤ ਸੁਹੰਵਣਾ, ਰਿਸ਼ੀਆਂ ਨਹਾ ਕੇ ਲਿਆ ਧਿਆਈਆ । ਉਸ ਇਕ ਨੇ ਓਨ੍ਹਾਂ ਪਿਛੇ ਕਲ੍ਹ ਆਪਣਾ ਕੀਤਾ ਨਹਾਉਣਾ, ਠੰਡਾ ਜਲ ਸੀਸ ਪਵਾਈਆ । ਓਧਰੋਂ ਰਿਸ਼ੀਆਂ ਨੂੰ ਹੁਕਮ ਨਾਲ ਉਠਾਉਣਾ, ਪਾਂਧੀ ਆਪ ਬਣਾਈਆ । ਪਿਛਲਾ ਸਗਨ ਨਾਲ ਲਿਔਣਾ, ਵਿਚੋਲਾ ਹੋ ਕੇ ਦਿਤਾ ਦ੍ਰਿੜਾਈਆ । ਖ਼ੁਸ਼ੀ ਨਾਲ ਦੋਹਾਂ ਨੇ ਫੜ ਕੇ ਭੇਟ ਕਰਾਉਣਾ, ਹੱਥਾਂ ਉਤੇ ਦੇਣਾ ਟਿਕਾਈਆ । ਸਭ ਨੇ ਸੋਹੰ ਢੋਲਾ ਗਾਉਣਾ, ਪੰਜ ਵਾਰ ਸੁਣਾਈਆ । ਬਾਵਨ ਬਲ ਦਵਾਰੇ ਗਿਆ ਬਣ ਪ੍ਰਾਹੁਣਾ, ਭਗਤ ਸੁਹੇਲਾ ਰੂਪ ਵਟਾਈਆ । ਪੁਰਖ ਅਬਿਨਾਸ਼ੀ ਖੇਲ ਰਚਾਉਣਾ, ਰਚਨਾ ਆਪ ਦਏ ਦ੍ਰਿੜਾਈਆ । ਚਾਲੀ ਦਿਵਸ ਸਾਚਾ ਰੰਗ ਰੰਗੌਣਾ, ਰੰਗਣ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਪ੍ਰਸਾਦ ਕਹੇ ਮੇਰਾ ਕੋਈ ਵਖਰਾ ਨਹੀਂ ਸਵਾਦਾ, ਸਚ ਦਿਆਂ ਜਣਾਈਆ । ਚਾਲੀ ਦਿਨ ਪ੍ਰਭੂ ਨੂੰ ਲੰਗਰ ਤੋਂ ਖਾਣਾ ਪਏ ਪ੍ਰਸਾਦਾ, ਦਿਵਸ ਰੈਣ ਹੱਥ ਉਤੇ ਰਖਾਈਆ । ਜਿਸ ਨੇ ਰਿਸ਼ੀਆਂ ਨੂੰ ਮਾਰ ਕੇ ਅਵਾਜ਼ਾ, ਸੁਤਿਆਂ ਆਵਾਜ਼ਾਂ ਲਿਆ ਉਠਾਈਆ । ਕਿਹਾ ਪ੍ਰੇਮੀ ਪਿਆਰਿਆ ਆ ਜਾ, ਅੱਜ ਦਾ ਦਿਨ ਵਡਿਆਈਆ । ਸਦਾ ਅਖ਼ੀਰੀ ਦਿਨ ਸਾਵਣ ਦੇ ਅੱਠ ਤੋਂ ਦਸ ਤਕ ਪ੍ਰਭ ਦਾ ਧਿਆਨ ਧਰਦਾ ਸੀ ਬਲ ਰਾਜਾ, ਬਿਨਾ ਬਾਵਨ ਤੋਂ ਸਮਝ ਕਿਸੇ ਨਾ ਆਈਆ । ਏਸੇ ਕਾਰਨ ਉਹ ਪੂਰਾ ਕੀਤਾ ਕਾਜਾ, ਪਿਛਲਾ ਪਿਛਲਿਆਂ ਨਾਲ ਰਲਾਈਆ । ਸਾਢੇ ਦਸ ਦਾ ਵਕਤ ਇਕ ਸੰਦੇਸ਼ਾ ਦਿਤਾ ਸੀ ਰਾਧਾ, ਕ੍ਰਿਸ਼ਨ ਰਾਧਾ ਗਿਆ ਸਮਝਾਈਆ । ਮੇਰੇ ਕਾਹਨ ਨੇ ਚਾਰ ਜੁਗ ਪਿਛੋਂ ਪਕਵਾਨਾਂ ਦਾ ਕਰਨਾ ਨਾਗਾ, ਨਾਗ ਡੱਸਣੀ ਮਾਇਆ ਦਾ ਡੇਰਾ ਢਾਹੀਆ । ਇਹ ਪੂਰਾ ਹੋਣਾ ਵਾਅਦਾ, ਵਾਹਦ ਆਪਣੀ ਕਾਰ ਕਮਾਈਆ । ਬਿਨਾ ਕਿਰਪਾ ਤੋਂ ਕਿਸੇ ਨੂੰ ਮਿਲੇ ਕਦੇ ਨਾ ਫ਼ਾਇਦਾ, ਕੋਟਨ ਕੋਟ ਕੋਟ ਸੇਵ ਕਮਾਈਆ । ਸਾਹਿਬ ਸਤਿਗੁਰ ਸਭ ਦੇ ਅੰਦਰੋਂ ਪ੍ਰੀਤੀ ਦਾ ਲੈਂਦਾ ਜਾਇਜ਼ਾ, ਬਾਹਰੋਂ ਹੱਥਾਂ

੧੪੮੪ ੨੧

ਪੈਰਾਂ ਵਲ ਨਾ ਵੇਖ ਵਖਾਈਆ । ਇਕ ਗੋਬਿੰਦ ਨਾਲ ਮੁਆਹਿਦਾ, ਮਾਛੂਵਾੜੇ ਸੇਜ ਸੁਹਾਈਆ । ਤੈਥੋਂ ਕਦੇ ਨਾ ਹੋਣਾ ਅਲਾਹਿਦਾ, ਵਖਰਾ ਘਰ ਨਾ ਕੋਇ ਬਣਾਈਆ । ਮੈਂ ਤੇਰੀ ਪੱਟੀ ਤੇ ਤੂੰ ਮੇਰਾ ਕਾਇਦਾ, ਦੋਹਾਂ ਦਾ ਲੇਖਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਕਰਨੀ ਕਾਰ ਕਮਾਈਆ । ਪ੍ਰਸਾਦ ਕਹੇ ਏਸ ਪ੍ਰਭੂ ਦਾ ਨਹੀਂ ਜੇ ਇਤਬਾਰ, ਜੁਗ ਚੌਕੜੀ ਸਮਝ ਕਦੇ ਨਾ ਆਈਆ । ਪਤਾ ਨਹੀਂ ਕੀ ਕੀ ਅੱਗੇ ਕਰੇ ਵਿਹਾਰ, ਵਿਵਹਾਰੀ ਹੋ ਕੇ ਖੇਲ ਖਿਲਾਈਆ । ਜਿਸ ਨੇ ਛੱਡਣੇ ਯਾਰ, ਮਿੱਤਰ ਦੇਣੇ ਤਜਾਈਆ । ਅਨਗਿਣਤਾਂ ਵਿਚੋਂ ਲੱਭ ਕੇ ਦਸ ਪੰਜ ਦੋ ਚਾਰ, ਚਾਰ ਜੁਗ ਦਾ ਰੰਗ ਰੰਗਾਈਆ । ਜੋ ਆਦਿ ਦਾ ਅੰਤ ਦਾ ਮੱਧ ਦਾ ਮਧੂ ਖ਼ਿਦਮਤਗਾਰ, ਖ਼ਾਦਮ ਖ਼ੁਦ ਵੇਖ ਵਖਾਈਆ । ਉਸ ਦਾ ਗੁਰ ਅਵਤਾਰ ਪੈਗ਼ੰਬਰ ਕਰਦੇ ਰਹੇ ਇੰਤਜ਼ਾਰ, ਜੋ ਇੰਤਜ਼ਾਮੀਆਂ ਧੁਰਦਰਗਾਹੀਆ । ਜਦ ਚਾਹੇ ਪੱਤਤ ਪਾਪੀਆਂ ਨੂੰ ਜਾਏ ਤਾਰ, ਅਪਰਾਧੀ ਪਾਰ ਲੰਘਾਈਆ । ਉਸ ਦੇ ਦਰ ਤੇ ਇਕ ਦੋ ਦੀ ਨਹੀਂ ਵਿਚਾਰ, ਏਕੰਕਾਰ ਇਕੋ ਰੰਗ ਰੰਗਾਈਆ । ਰਿਸ਼ੀਓ ਤੁਹਾਡਾ ਲਹਿਣਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣੇ ਲੇਖੇ ਪਾਈਆ । ਛੱਬੀ ਪੋਹ ਨੂੰ ਇਹੋ ਸਗਨ ਕਿਸੇ ਦੀ ਝੋਲੀ ਵਿਚ ਦੇਵੇ ਡਾਰ, ਜਿਸ ਦਾ ਨਾਤਾ ਅਵਰ ਨਾ ਕੋਇ ਬਣਾਈਆ । ਓਹ ਛੱਡ ਜਗਤ ਸੰਸਾਰ, ਮਾਇਆ ਮਮਤਾ ਮੋਹ ਮਿਟਾਈਆ । ਇਹ ਖੇਲ ਹੋਣਾ ਅਪਾਰ, ਹਿਰਦੇ ਸਭ ਦੇ ਦਏ ਹਿਲਾਈਆ । ਪਤਾ ਨਹੀਂ ਉਸ ਵੇਲੇ ਕਿਹੜਾ ਗੁਰਮੁਖ ਰਹੇ ਬਰਕਰਾਰ, ਕਿ ਸਾਰੇ ਪਿੱਠ ਜਾਣ ਭਵਾਈਆ । ਜਿਨ੍ਹਾਂ ਦੇ ਅੰਦਰ ਆਇਆ ਤਕਰਾਰ, ਓਨ੍ਹਾਂ ਨੂੰ ਦਰ ਤੋਂ ਬਾਹਰ ਕਢਾਈਆ । ਪ੍ਰਭੂ ਨੂੰ ਇਕ ਭਗਤ ਚੰਗਾ ਭਾਵੇਂ ਕੋਟਨ ਕੋਟ ਹੋਵੇ ਸੰਸਾਰ, ਬਹੁਤਿਆਂ ਦੀ ਲੋੜ ਰਹੇ ਨਾ ਰਾਈਆ । ਇਕ ਜੋਤ ਜਗਮਗ ਜਗੇ ਜਿਸ ਨੂੰ ਸਜਦੇ ਕਰਨ ਗੁਰੂ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਇਹ ਸਗਨ ਛੁਪਿਆ ਰਿਹਾ ਜੁਗ ਚਾਰ, ਚਾਰ ਕੁੰਟ ਵੇਖਣ ਕੋਇ ਨਾ ਪਾਈਆ । ਨੰਨ੍ਹੀ ਬੱਚੀ ਏਸ ਦਾ ਖੁਸ਼ੀਆਂ ਨਾਲ ਮਨਾਵੇ ਤਿਉਹਾਰ, ਤਿਉੜੀ ਮੱਥੇ ਨਾ ਕੋਇ ਟਿਕਾਈਆ । ਗੁਰਦਰਸ਼ਨ ਪੰਜ ਲੈ ਕੇ ਹੱਥ ਵਿਚ ਹਾਰ, ਹਿਰਦਾ ਸਾਫ਼ ਕਰ ਕੇ ਹਰੀ ਦਾ ਹਰੀ ਗੁਣ ਗਾਈਆ । ਗੋਲੀ ਦਾ ਲਹਿਣਾ ਅਪਰ ਅਪਾਰ, ਜਿਹੜਾ ਧੁਰ ਤੋਂ ਚਲਿਆ ਆਈਆ । ਇਹ ਸਗਨ ਜਗਤ ਜੁਗ ਦਾ ਵਿਹਾਰ, ਭਗਤ ਭਗਵਾਨ ਦੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਮੇਰੇ ਵੱਜੇ ਸਾਢੇ ਦਸ, ਦਹਿ ਦਿਸ਼ਾ ਆਵਾਂ ਸੁਣਾਈਆ । ਇੱਕੀ ਗੁਰਮੁਖਾਂ ਕਮਰਕੱਸੇ ਆਉਣਾ ਕਸ, ਛੱਬੀ ਪੋਹ ਰਾਹ ਤਕਾਈਆ । ਸਭ ਦੇ ਸਿਰ ਤੇ ਉਚਾ ਲੇਖਾ ਹੋਵੇ ਸਵਾ ਹੱਥ, ਵੱਧ ਘੱਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਇੱਕੀ ਗੁਰਮੁਖ ਬਣੇ ਹੋਣ ਬੋਧੀ, ਮਹਾਤਮਾ ਬੁੱਧ ਨਾਲ ਮਿਲਾਈਆ । ਇੱਕੀ ਗੁਰਮੁਖ ਬਣੇ ਹੋਣ ਸੋਢੀ, ਗੋਬਿੰਦ ਵਜਦੀ ਹੋਵੇ ਵਧਾਈਆ । ਇੱਕੀ ਗੁਰਮੁਖ ਨਿਸ਼ਾਨ ਲਾਵਣ ਉਪਰ ਗੋਡੀਂ, ਗਾਡ ਗੁਡ ਨਾਲ ਮਿਲਾਈਆ । ਇੱਕੀ ਗੁਰਮੁਖ ਸਿਰ ਤੇ ਵਾਲਾਂ ਵਾਲੀ ਵਖਾਵਣ ਬੋਦੀ, ਰਾਮ ਰਾਮ ਦੁਹਾਈਆ । ਇੱਕੀ ਗੁਰਮੁਖ ਨਾਲ ਹੋਵਣ ਰਵਦਾਸ ਚਮਾਰ ਮੋਚੀ, ਗ਼ਰੀਬ ਨਿਮਾਣੇ ਨਿਮਾਣੇ ਨਿਮਾਣੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਵਣ ਕਹੇ ਸੱਤਾਂ ਦੀ ਲੱਗੀ ਹੋਵੇ ਸੁਰਤੀ, ਅੱਖਾਂ ਮੁੰਦ ਧਿਆਨ ਲਗਾਈਆ । ਸੱਤਾਂ ਦੀ ਨੀਲੀ ਹੋਵੇ


੧੪੮੫ ੨੧

ਕੁੜਤੀ, ਕ਼ਮੀਜ਼ ਗਲ ਨਾ ਕੋਇ ਛੁਹਾਈਆ । ਸੱਤਾਂ ਦੀ ਇਕ ਦੂਜੇ ਨਾਲ ਸ਼ਕਲ ਹੋਵੇ ਜੁੜਦੀ, ਇਸਤ੍ਰੀ ਮਰਦ ਵੰਡ ਨਾ ਕੋਇ ਵੰਡਾਈਆ । ਸੱਤਾਂ ਦੀ ਦੁੱਖਾਂ ਵਿਚ ਬੇੜੀ ਹੋਵੇ ਰੁੜ੍ਹਦੀ, ਸਹਾਇਕ ਨਜ਼ਰ ਕੋਇ ਨਾ ਆਈਆ । ਸੱਤਾਂ ਦੀ ਕਲਪਣਾ ਹੋਵੇ ਮੁਰਦੀ, ਮੁਰਦਾ ਮੁਰੀਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਰਗ ਇਕ ਪ੍ਰਗਟਾਈਆ । ਸਾਵਣ ਕਹੇ ਮੈਂ ਸੁਜਾਖਾ, ਸੁਜਾਖਿਆਂ ਦਿਆਂ ਜਣਾਈਆ । ਪ੍ਰਭੂ ਦਾ ਸਭ ਨੇ ਮੰਨਣਾ ਆਖਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੇਰੀ ਜੁਗ ਚੌਕੜੀ ਪਿਛੋਂ ਭਾਖਾ, ਭਾਖਿਆ ਦਿਆਂ ਸੁਣਾਈਆ । ਰਿਸ਼ੀਆਂ ਦੀ ਪੂਰੀ ਆਸ਼ਾ, ਬਾਵਨ ਮਿਲੇ ਵਡਿਆਈਆ । ਬਲ ਦੀ ਸੁਹੰਜਣੀ ਗਾਥਾ, ਗਹਿਰ ਗੰਭੀਰ ਪ੍ਰਗਟਾਈਆ । ਲਹਿਣਾ ਦੇਣਾ ਦੇਵੇ ਸਾਖਿਆਤਾ, ਪਰਦਾ ਉਹਲਾ ਨਾ ਕੋਇ ਰਖਾਈਆ । ਜਿਸ ਧਾਰ ਨਾਲ ਨਹਾਤਾ, ਠੰਡ ਸਰਬ ਦਏ ਵਰਤਾਈਆ । ਜਿਸ ਪਿਆਰ ਵਿਚ ਪਕਵਾਨ ਖਾਧਾ, ਖਾ ਖਾ ਸ਼ੁਕਰ ਮਨਾਈਆ । ਸਭ ਦਾ ਪੂਰਾ ਕਰੇ ਵਾਅਦਾ, ਵਾਹਵਾ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਰੰਗ ਰੰਗਾਈਆ । ਸਗਨ ਕਹੇ ਅਸੀਂ ਆਏ ਮਿਲ ਕੇ ਤਿੰਨ, ਤਿੰਨ ਜੁਗ ਦਿਤੇ ਲੰਘਾਈਆ । ਦੁਆਪਰ ਤ੍ਰੇਤਾ ਕਲਜੁਗ ਲੇਖਾ ਲਿਆ ਗਿਣ, ਗਣਤ ਗਿਣਤੀ ਕਰ ਕਰ ਝਟ ਲੰਘਾਈਆ । ਸਮਾਂ ਸਮਝ ਵਿਚ ਲਿਆ ਮਿਣ, ਨਾਪ ਪੈਮਾਨਾ ਹੱਥ ਨਾ ਕੋਇ ਉਠਾਈਆ । ਸਾਨੂੰ ਨਜ਼ਰ ਆਇਆ ਉਹ ਅਗੰਮੀ ਚਿੰਨ੍ਹ, ਜਿਸ ਦਾ ਰੂਪ ਰੰਗ ਰੇਖ ਸਕੇ ਨਾ ਕੋਇ ਸਮਝਾਈਆ । ਇੱਕੀ ਪ੍ਰਵਿਸ਼ਟਾ ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਦਿਨ, ਦਿਵਸ ਦਿਹਾੜਾ ਸੋਭਾ ਪਾਈਆ । ਜਿਸ ਲਹਿਣਾ ਦੇਣਾ ਦੇਣਾ ਵਿਚ ਛਿੰਨ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਪਤਾ ਨਹੀਂ ਲੈਣਾ ਕਿਨ੍ਹ, ਸਾਡੀ ਰਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗਿਰੀ ਕਹੇ ਰਿਸ਼ੀਓ ਤੁਸਾਂ ਕਲ੍ਹ ਨੂੰ ਬੰਨ੍ਹਣੀ ਗਲਵਕੜੀ ਵਾਲੀ ਧੋਤੀ, ਬਸਤਰ ਅਵਰ ਨਾ ਕੋਇ ਛੁਹਾਈਆ । ਚੇਲਾ ਸਿੰਘ ਹੱਥ ਵਿਚ ਰੱਖਣੀ ਸੋਟੀ, ਸਾਢੇ ਤਿੰਨ ਹੱਥ ਲੰਬਾਈਆ । ਤੇਜ ਭਾਨ ਚਾਰ ਮੁਖੀ ਜਗਾ ਕੇ ਜੋਤੀ, ਥਾਲ ਹੱਥ ਲੈਣਾ ਟਿਕਾਈਆ । ਦੂਜੇ ਪਾਸੇ ਰਾਜ ਹੋਵੇ ਖਲੋਤੀ, ਮੋਗਿਉਂ ਚਲ ਕੇ ਆਪਣਾ ਪੰਧ ਮੁਕਾਈਆ । ਇਕ ਪ੍ਰਭ ਦੇ ਕੋਲ ਨਵੀਂ ਰੱਖਣੀ ਲੰਗੋਟੀ, ਚਿੱਟਾ ਰੰਗ ਸੋਭਾ ਪਾਈਆ । ਵਾਸਨਾ ਅੰਦਰ ਨਾ ਹੋਵੇ ਖੋਟੀ, ਪ੍ਰਭ ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਗਨ ਕਹੇ ਰਿਸ਼ੀਓ ਤੁਸਾਂ ਲਿਆਂਦਾ ਮੇਰੇ ਅੰਦਰ ਖ਼ੁਸ਼ੀ, ਖ਼ੁਸ਼ੀ ਨਾਲ ਜਣਾਈਆ । ਮੈਂ ਧਿਆਨ ਧਰਿਆ ਆਪਣਾ ਵਿਚ ਰੁਚੀ, ਰਚਨਾ ਪ੍ਰਭ ਦੀ ਵੇਖ ਵਖਾਈਆ । ਜਾਂ ਧਿਆਨ ਧਰਿਆ ਆਵਾਜ਼ ਆਈ ਉਚੀ, ਅਗੰਮ ਅਗੰਮ ਸੁਣਾਈਆ । ਇਹ ਖੇਲ ਬਹੁ ਰੁਖ਼ੀ, ਰਿਖੀ ਮੁਨੀ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਾਵਣ ਕਹੇ ਰਾਜ ਨੇ ਜਗੌਣਾ ਸਾਧਾਰਨ ਦੀਵਾ, ਚਾਰ ਮੁਖੀ ਤੇਜ ਭਾਨ ਹੱਥ ਉਠਾਈਆ । ਜਿਸ ਭਗਤ ਦਾ ਲਹਿਣਾ ਮੁਕਣਾ ਸੀ ਸਾਢੇ ਤਿੰਨ ਹੱਥ ਕਾਇਆ ਸੀਮਾ, ਤਨ ਮਾਟੀ ਮਾਤ ਰਹਿਣ ਨਾ ਪਾਈਆ । ਉਸ ਤੇ ਕਿਰਪਾ ਕਰਨੀ ਵਡਿਆਈ ਦੇਣੀ ਵਿਚੋਂ ਜੀਵਾ, ਜੀਵਣ ਜੁਗਤ ਆਪਣੇ ਲੇਖਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ ।

ਸਗਨ ਕਹੇ ਮੈਂ ਆਇਆ ਭੱਜਾ, ਆਪਣਾ ਪੰਧ ਮੁਕਾਈਆ । ਮੈਂ ਕਲ੍ਹ ਦੱਸੂੰਗਾ ਹੋਰ ਕੀ ਵਜਹ, ਵਜ਼ਾਹਤ ਨਾਲ ਦ੍ਰਿੜਾਈਆ । ਜਿਸ ਸਾਹਿਬ ਦਿਤਾ ਸੱਦਾ, ਹੁਕਮ ਇਕ ਮਨਾਈਆ । ਆਇਆ ਧਰਮ ਦੀ ਧਾਰ ਬੱਧਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸਗਣ ਕਹੇ ਮੈਂ ਦੱਸਾਂ ਅਗੰਮ ਭਵਿਖਤ, ਭਰਮ ਰਹੇ ਨਾ ਰਾਈਆ । ਹੁਕਮ ਦਿਤਾ ਸੀ ਰਾਜ ਨੂੰ ਬਿਨਾ ਲਿਖਤ, ਸੰਦੇਸ਼ੇ ਵਿਚ ਸੁਣਾਈਆ । ਮਾਤਲੋਕ ਵਿਚ ਲੇਖਾ ਮੁੱਕਿਆ ਕੌਰ ਤਰਿਪਤ, ਜਗਤ ਰਹਿਣ ਕੋਇ ਨਾ ਪਾਈਆ । ਜਿੰਨਾਂ ਚਿਰ ਤੇਰੇ ਹੱਥ ਵਿਚ ਦੀਪਕ ਫੜਿਆ ਨਾ ਹੋਵੇ ਸ੍ਰਿਸ਼ਟ, ਸ੍ਰਿਸ਼ਟੀ ਵਿਚ ਵਖਾਈਆ । ਪਿਛਲੇ ਮਹੀਨੇ ਇਸ ਕਾਰਨ ਵਿਹਾਰ ਨਹੀਂ ਭੁਗਤਾਇਆ ਰਿਸ਼ੀਓ ਅਜੇ ਤੁਸੀਂ ਬਾਕੀ ਦੋ ਰਹਿੰਦੇ ਸੀ ਵਿਚ ਲਿਸਟ, ਹੁਕਮ ਨਾਲ ਪੂਰੇ ਲਏ ਕਰਾਈਆ । ਜਿਸ ਨੂੰ ਰੱਖਣਾ ਉਸ ਵਾਸਤੇ ਭਗਤਾਂ ਦੀ ਖੋਲ੍ਹ ਦ੍ਰਿਸ਼ਟ, ਲਹਿਣਾ ਦੂਸਰੇ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਸਗਨ ਕਹੇ ਤਰਿਪਤ ਨੇ ਮਾਤ ਪਿਤਾ ਵਲੋਂ ਜਾਣਾ ਮਰ, ਗੁਰਮੁਖੋ ਗਵਾਹੀ ਤੁਹਾਡੀ ਰਹੀ ਬਣਾਈਆ । ਇਕ ਪ੍ਰਭੂ ਦਾ ਮਿਲਣਾ ਦਰ, ਜਿਥੇ ਹੋਏ ਨਾ ਕਦੇ ਜੁਦਾਈਆ । ਭਾਵੇਂ ਸਾਰੀ ਦੁਨੀਆ ਰਹੇ ਸੜ, ਅੰਦਰੇ ਅੰਦਰ ਦੁੱਖ ਵਧਾਈਆ । ਜੋ ਕਰਨਾ ਸੋ ਦੇਣਾ ਕਰ, ਪ੍ਰਭ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਆਦਿ ਅੰਤ ਜੁਗਾ ਜੁਗੰਤ ਆਤਮ ਧਾਰ ਸਦ ਲਗਾਏ ਆਪਣੇ ਲੜ, ਲੜਕਾ ਲੜਕੀ ਵੰਡ ਨਾ ਕੋਇ ਵੰਡਾਈਆ ।





## ✻ ੩੧ ਸਾਵਣ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਰਾਤ ਦੇ ਸਮੇਂ ✻

ਸਾਵਣ ਕਹੇ ਮੇਰੀ ਰੁਤ ਸੁਹੰਜਣੀ, ਹਰਿ ਸੋਭਾਵੰਤ ਸੁਹਾਈਆ । ਧਰਮ ਦੀ ਧਾਰ ਬਖ਼ਸ਼ ਕੇ ਮੱਜਨੀ, ਧੂੜੀ ਧੂੜ ਦਾ ਲਹਿਣਾ ਦਿਤਾ ਮੁਕਾਈਆ । ਇਸ਼ਟ ਦੇਵ ਆਦਿ ਨਿਰੰਜਣੀ, ਨਰ ਨਿਰੰਕਾਰਾ ਨਜ਼ਰੀ ਆਈਆ । ਠਾਕਰ ਮੀਤਾ ਦਰਦ ਦੁੱਖ ਭੈ ਭੰਜਨੀ, ਪਾਰਬ੍ਰਹਮ ਬੇਪਰਵਾਹੀਆ । ਲੇਖਾ ਜਾਣੇ ਬਾਹਮੀ ਤਮੱਦਨੀ, ਨਿਰਗੁਣ ਸਰਗੁਣ ਭੇਵ ਚੁਕਾਈਆ । ਝਗੜਾ ਮੇਟੇ ਕਾਇਆ ਬਦਨੀ, ਤਨ ਵਜੂਦ ਨਾ ਕੋਇ ਲੜਾਈਆ । ਰੰਗ ਰੰਗਾਏ ਆਅਲਾ ਅਦਨੀ, ਵਰਨ ਬਰਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਈਆ । ਸਾਵਣ ਕਹੇ ਮੇਰੀ ਸੁਹੰਜਣੀ ਬੂੰਦਾ ਬਾਂਦੀ, ਅੰਮ੍ਰਿਤ ਮੇਘ ਬਰਸਾਈਆ । ਚਾਰ ਜੁਗ ਵੇਖੇ ਪਾਂਧੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੱਲਣ ਵਾਹੋ ਦਾਹੀਆ । ਗੁਰ ਅਵਤਾਰ ਪੈਗ਼ੰਬਰ ਆਸ਼ਾ ਢੋਲਾ ਗਾਂਦੀ, ਗਹਿਰ ਗੰਭੀਰ ਵਡਿਆਈਆ । ਸਤਿ ਸਰੋਵਰ ਸ੍ਰਿਸ਼ਟੀ ਦ੍ਰਿਸ਼ਟੀ ਨਹਾਂਦੀ, ਦੁਰਮਤ ਮੈਲ ਕਰ ਸਫ਼ਾਈਆ । ਜਦ ਤੱਕਿਆ ਦੀਨ ਦੁਨੀ ਥੱਕੀ ਮਾਂਦੀ, ਬਲਹੀਣ ਹੋਈ ਲੋਕਾਈਆ । ਚਾਰੋਂ ਕੁੰਟ ਕੂੜ ਕਲਪਣਾ ਆਂਧੀ, ਸਾਚਾ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਰਸ ਵਿਕਾਰ ਖਾਂਦੀ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਸ੍ਰਿਸ਼ਟੀ ਵਣਜਾਰਨ ਸੂਰ ਗਾਂ ਦੀ, ਧਰਮ ਦੀ ਧਾਰ ਨਾ ਕੋਇ ਦ੍ਰਿੜਾਈਆ । ਵਡਿਆਈ ਕਰਨ ਸਿਫ਼ਤਾਂ ਵਾਲੇ ਨਾਂ ਦੀ, ਜੋ ਜੁਗ ਚੌਕੜੀ ਪ੍ਰਭ ਬਦਲਾਈਆ । ਪੂਜਾ ਕਰਦੇ ਧਰਤੀ ਮਾਂ

ਦੀ, ਜਿਸ ਦੀ ਮਿੱਟੀ ਖ਼ਾਕ ਸਤਿਗੁਰ ਚਰਨ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਸਾਵਣ ਕਹੇ ਮੇਰਾ ਦਿਵਸ ਸਚ ਦਿਹਾੜਾ, ਤਿਓਹਾਰ ਮਿਲੇ ਵਡਿਆਈਆ । ਜਗਤ ਜਹਾਨ ਵੇਖ ਅਖਾੜਾ, ਅੱਖੀਂ ਮੀਟ ਨੈਣ ਖੁਲ੍ਹਾਈਆ । ਜਗਤ ਦੁਨੀ ਦਿਸੇ ਅੰਧਿਆਰਾ, ਸਤਿਗੁਰ ਨੈਣ ਨੂਰ ਨਾ ਕੋਇ ਦਰਸਾਈਆ । ਸ੍ਰਿਸ਼ਟੀ ਭਰੀ ਚਿੱਕੜ ਗਾਰਾ, ਕਾਮ ਕਾਮਨਾ ਨਾ ਕੋਇ ਮਿਟਾਈਆ । ਝਗੜਾ ਵੇਖਿਆ ਜਗਤ ਦਵਾਰਾ, ਦਰਬ ਕਾਰਨ ਕਰੇ ਲੜਾਈਆ । ਖੇਲ ਕਰੇ ਆਪ ਨਿਰੰਕਾਰਾ, ਨਿਰਵੈਰ ਬੇਪਰਵਾਹੀਆ । ਸਾਵਣ ਕਹੇ ਮੈਂ ਨਿਉਂ ਕੇ ਕਰਾਂ ਨਿਮਸਕਾਰਾ, ਸੀਸ ਜਗਦੀਸ਼ ਦਿਤਾ ਝੁਕਾਈਆ । ਉਸ ਸ਼ਬਦ ਦਿਤੀ ਧੁਨਕਾਰਾ, ਆਤਮਕ ਨਾਦ ਸੁਣਾਈਆ । ਉਠ ਵੇਖ ਅਪਰ ਅਪਾਰਾ, ਅਪਰੰਪਰ ਹੋ ਕੇ ਦਿਆਂ ਦ੍ਰਿੜਾਈਆ । ਪ੍ਰਗਟ ਹੋ ਚਵੀਵਾਂ ਅਵਤਾਰਾ, ਦੋ ਚਾਰ ਜੋੜ ਜੁੜਾਈਆ । ਅੱਖਰ ਹਿੰਦਸਿਆਂ ਦੇ ਉਧਾਰਾ, ਟਿੱਪੀਆਂ ਬਿੰਦੀਆਂ ਲਹਿਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਸਾਵਣ ਕਹੇ ਮੈਂ ਖ਼ੁਸ਼ੀ ਨਾਲ ਗਿਆ ਲੰਘ, ਆਪਣਾ ਅੱਗੇ ਕ਼ਦਮ ਟਿਕਾਈਆ । ਸਾਹਿਬ ਵੇਖ ਸਚ ਸਿੰਘਾਸਣ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਬਿਨਾ ਨਾਦ ਤੋਂ ਨਾਮ ਵੱਜੇ ਮਰਦੰਗ, ਨਾਦ ਨਾਦ ਧੁੰਨ ਸ਼ਨਵਾਈਆ । ਬਿਨਾ ਸ਼ਸਤਰ ਤੋਂ ਬਿਨਾ ਸ਼ਰਅ ਸ਼ਰੀਅਤ ਤੋਂ ਪਰੇ ਹੋਵੇ ਜੰਗ, ਜਗਹ ਬਜਗਹ ਵੇਖ ਵਖਾਈਆ । ਬਿਨਾ ਅਸਵ ਤੋਂ ਘੋੜੇ ਕਸਿਆ ਤੰਗ, ਰਾਸਾਂ ਹੱਥ ਨਾ ਕੋਇ ਉਠਾਈਆ । ਮੈਂ ਵੇਖ ਕੇ ਹੋ ਗਿਆ ਦੰਗ, ਹੈਰਾਨੀ ਮੇਰੇ ਅੰਦਰ ਆਈਆ । ਕੀ ਖੇਲ ਸੂਰੇ ਸਰਬੰਗ, ਕੀ ਤੇਰੀ ਬੇਪਰਵਾਹੀਆ । ਪੁਰਖ ਅਕਾਲ ਸ਼ਬਦੀ ਧਾਰ ਮਾਰ ਕੇ ਚੰਡ, ਮੇਰੀ ਸੁਰਤੀ ਦਿਤੀ ਬਦਲਾਈਆ । ਉਠ ਵੇਖ ਨੌ ਖੰਡ, ਸੱਤ ਦੀਪ ਰਹੇ ਕੁਰਲਾਈਆ । ਆਤਮ ਮਿਲੇ ਨਾ ਕਿਸੇ ਅਨੰਦ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਭੇਵ ਖੁਲ੍ਹੇ ਨਾ ਹੰ ਬ੍ਰਹਮ, ਪਾਰਬ੍ਰਹਮ ਨਾ ਕੋਇ ਮਿਲਾਈਆ । ਚਾਰੋਂ ਕੁੰਟ ਤ੍ਰਿਸ਼ਨਾ ਤਮ, ਤਾਮਸ ਰਹੀ ਸਤਾਈਆ । ਘਰ ਘਰ ਅੰਦਰ ਹਰਖ ਸੋਗ ਗ਼ਮ, ਚਿੰਤਾ ਚਿਖਾ ਰਹੀ ਜਲਾਈਆ । ਸ੍ਰਿਸ਼ਟੀ ਦਾ ਇਸ਼ਟ ਹੋ ਗਿਆ ਕਾਇਆ ਮਾਟੀ ਚੰਮ, ਚੰਮਦ੍ਰਿਸ਼ਟੀ ਨਾ ਕੋਇ ਬਦਲਾਈਆ । ਰਸਨਾ ਗਾਉਂਦੇ ਨਾਮ ਦਮ, ਸਵਾਸਾਂ ਨਾਲ ਵਡਿਆਈਆ । ਬਿਨ ਪ੍ਰਭ ਕਿਰਪਾ ਕਿਸੇ ਨਹੀਂ ਕਿਛ ਕੰਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਰ ਦਾਤਾ ਇਕ ਅਖਵਾਈਆ । ਸਾਵਣ ਕਹੇ ਮੇਰਾ ਵਕ਼ਤ ਗਿਆ ਬੀਤ, ਬੀਤੀ ਕਹਾਣੀ ਦਿਆਂ ਜਣਾਈਆ । ਮੇਰਾ ਸਾਹਿਬ ਸਚ ਅਨਡੀਠ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਸਦ ਵਸੇ ਭਗਤਾਂ ਚੀਤ, ਚੇਤਨ ਸੁਰਤੀ ਦਏ ਕਰਾਈਆ । ਤੂੰ ਮੇਰਾ ਮੈਂ ਤੇਰਾ ਦ੍ਰਿੜਾ ਅਗੰਮ ਗੀਤ, ਗਹਿਰ ਗੰਭੀਰ ਪਰਦਾ ਆਪ ਉਠਾਈਆ । ਲਹਿਣਾ ਰਹੇ ਨਾ ਊਚ ਨੀਚ, ਜ਼ਾਤ ਪਾਤ ਨਾ ਵੰਡ ਵੰਡਾਈਆ । ਸਦਾ ਸਦ ਕਰੇ ਬਖ਼ਸ਼ੀਸ਼, ਰਹਿਮਤ ਆਪਣੀ ਆਪ ਵਰਤਾਈਆ । ਜਿਸ ਜਨ ਸਾਚਾ ਕਲਮਾ ਦਏ ਹਦੀਸ, ਹਜ਼ਰਤਾਂ ਤੋਂ ਪਾਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਾਵਣ ਕਹੇ ਮੇਰੀ ਅੰਤ ਅੰਤ ਨਮਸਤੇ, ਨਮੋਂ ਨਮੋਂ ਸਰਨਾਈਆ । ਮੈਂ ਖੇਲ ਵੇਖਾਂ ਅਗੰਮੀ ਅੱਖ ਦੇ, ਬਿਨ ਨੈਣਾਂ ਨੇਤਰ ਰੁਸ਼ਨਾਈਆ । ਢੋਲੇ ਸੁਣਾਂ ਓਸੇ ਜਸ ਦੇ, ਜਿਸ ਦੀ ਸਿਫ਼ਤ ਨਾ ਕੋਇ ਸਾਲਾਹੀਆ । ਲਹਿਣੇ ਵੇਖਾਂ ਹਕ਼ੀਕ਼ਤ ਹੱਕ ਦੇ, ਗ੍ਰਹਿ ਮੰਦਰ ਪਰਦਾ ਆਪ ਉਠਾਈਆ । ਜਿਸ

ਦਾ ਰਾਹ ਚਾਰ ਜੁਗ ਰਹੇ ਤਕਦੇ, ਗੁਰ ਅਵਤਾਰ ਪੈਗ਼ੰਬਰ ਨਾਲ ਰਲਾਈਆ । ਇਸ਼ਾਰੇ ਨਾਲ ਰਹੇ ਦੱਸਦੇ, ਸੈਨਤਾਂ ਨਾਲ ਸਮਝਾਈਆ । ਅੰਤ ਖੇਲ ਹੋਣੇ ਸੂਰੇ ਸਰਬਗ ਦੇ, ਸਾਹਿਬ ਸੁਲਤਾਨ ਫੇਰਾ ਪਾਈਆ । ਕੋਟਨ ਕੋਟ ਸੰਤ ਸਾਧ ਸੂਫ਼ੀ ਜਿਸ ਨੂੰ ਲੱਭਦੇ, ਖੋਜਿਆਂ ਹੱਥ ਕਿਸੇ ਨਾ ਆਈਆ । ਜਿਸ ਲਹਿਣੇ ਦੇਣੇ ਮੁਕਾਉਣੇ ਦੀਨ ਦੁਨੀ ਦੀ ਹੱਦ ਦੇ, ਹੱਦ ਹਦੂਦ ਆਪਣੀ ਇਕ ਦ੍ਰਿੜਾਈਆ । ਨਾਤੇ ਤੋੜ ਰਹਿਣ ਅਲੱਗ ਦੇ, ਆਲਮਾਂ ਇਲਮ ਦੇਣਾ ਜਣਾਈਆ । ਭੇਵ ਖੋਲ੍ਹ ਵਿਸ਼ਵ ਯਦ ਦੇ, ਵਿਸ਼ਵਾਸ ਘਾਤੀ ਦੇਣੇ ਮਿਟਾਈਆ । ਅੰਮ੍ਰਿਤ ਜਾਮ ਪਿਆਲੇ ਦੇਣੇ ਮਦਿ ਦੇ, ਮਧੁਰ ਧੁਨ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਵਾਮੀ ਹੋਏ ਸਹਾਈਆ । ਸਾਵਣ ਕਹੇ ਮੇਰਾ ਲੇਖ ਹੋਇਆ ਸਗਲਾ, ਸਗਲ ਸ੍ਰਿਸ਼ਟ ਵੇਖ ਵਖਾਈਆ । ਕੀ ਖੇਲ ਕਰੇ ਪ੍ਰਭ ਅਗਲਾ, ਆਗਮਨ ਵਿਚ ਗੁਰ ਅਵਤਾਰ ਪੈਗ਼ੰਬਰ ਰਾਹ ਤਕਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਸਗਲਾ, ਸਗਨ ਅੱਜ ਦਾ ਦਏ ਗਵਾਹੀਆ । ਜਿਸ ਦਾ ਤੇਜ ਪ੍ਰਕਾਸ਼ ਹੋ ਕੇ ਵਧਣਾ, ਨੂਰ ਜੋਤ ਰੁਸ਼ਨਾਈਆ । ਜਿਸ ਨੂੰ ਝੁਕਣ ਆਅਲਾ ਅਦਨਾ, ਸ਼ਾਹ ਸੁਲਤਾਨ ਸੀਸ ਨਿਵਾਈਆ । ਉਹ ਕਲਜੁਗ ਵਿਚ ਸਤਿਜੁਗ ਦੇਵੇ ਬਦਲਾ, ਬਦਲੀ ਆਪ ਕਰਾਈਆ । ਚੁਰਾਸੀ ਕਰੇ ਅਦਲਾ, ਇਨਸਾਫ਼ ਇਕ ਦ੍ਰਿੜਾਈਆ । ਛੱਬੀ ਪੋਹ ਨੂੰ ਸਫ਼ੈਦ ਫੜ ਕੇ ਲਿਆਉਣਾ ਇਕ ਬਗਲਾ, ਮਲ ਸਿੰਘ ਸੇਵਾ ਦਿਤੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧਰਮ ਦੀ ਧਾਰ ਇਕ ਵਡਿਆਈਆ । ਸਾਵਣ ਕਹੇ ਮੇਰਾ ਅੰਤਰ ਹੋਇਆ ਅਨੰਦ, ਵੱਜੀ ਸਚ ਵਧਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬੰਦਗੀ ਇਕ ਦ੍ਰਿੜਾਈਆ । ਜਨਮ ਦਾ ਮਿਟਿਆ ਪੰਧ, ਕਰਮ ਰਿਹਾ ਨਾ ਰਾਈਆ । ਆਤਮ ਗਾਇਆ ਛੰਦ, ਪਰਮਾਤਮ ਰੰਗ ਰੰਗਾਈਆ । ਹਿਲਣੋ ਰਹਿ ਗਏ ਦੰਦ, ਜਿਹਵਾ ਨਾ ਕੋਇ ਚਤੁਰਾਈਆ । ਵਿਕਾਰ ਖੰਡ ਖੰਡ, ਨਾਮ ਖੰਡਾ ਚਮਕਾਈਆ । ਸੁਰਤੀ ਸ਼ਬਦੀ ਡੋਰੀ ਗੰਢ, ਪੱਲੂ ਆਪਣਾ ਇਕ ਫੜਾਈਆ । ਭਾਗਹੀਣ ਰਹੇ ਨਾ ਮੰਦ, ਕਰਮ ਕਾਂਡ ਦਾ ਡੇਰਾ ਢਾਹੀਆ । ਝਗੜਾ ਰਹੇ ਨਾ ਜੇਰਜ ਅੰਡ, ਉਤਭੁਜ ਸੇਤਜ ਕਰੇ ਸਫ਼ਾਈਆ । ਕੋਟਨ ਕੋਟ ਮੁਕਤੀ ਦੇ ਦਵਾਰੇ ਜਨ ਭਗਤ ਜਾਵਣ ਲੰਘ, ਅੱਗੇ ਹੋ ਨਾ ਕੋਇ ਅਟਕਾਈਆ । ਜਿਥੇ ਨਾ ਕੋਈ ਢੋਲਾ ਨਾ ਮਰਦੰਗ, ਰਾਗੀ ਗੀਤ ਨਾ ਕੋਇ ਅਲਾਈਆ । ਨਾ ਕੋਈ ਗਾਵਣ ਵਾਲਾ ਛੰਦ, ਢੋਲਾ ਗੀਤ ਨਾ ਕੋਇ ਸੁਣਾਈਆ । ਜਿਸ ਉਪਰ ਕਿਰਪਾ ਕਰੇ ਸਾਹਿਬ ਬਖ਼ਸ਼ੰਦ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਸਾਵਣ ਕਹੇ ਮੇਰੀ ਆਦਿ ਤੋਂ ਇਕੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਾਵਣ ਕਹੇ ਮੇਰਾ ਦਿਵਸ ਇਕੱਤੀ, ਇਕ ਤੀਸ ਨਾਲ ਵਡਿਆਈਆ । ਗੁਰਮੁਖ ਗੁਣ ਗਾਵਣ ਬੱਤੀ, ਦੰਦ ਬੱਤੀ ਬਤੀਸਾ ਵੱਜੇ ਵਧਾਈਆ । ਰਾਗ ਹੈਰਾਨ ਹੋਏ ਛੱਤੀ, ਛੱਤੀ ਜੁਗ ਦੇਣ ਦੁਹਾਈਆ । ਸਭ ਦਾ ਮਾਲਕ ਇਕੋ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਜੋਤ ਬੱਤੀ, ਜਗਤ ਜੁਗਤ ਕੀਤੀ ਰੁਸ਼ਨਾਈਆ । ਖੇਲ ਵਖਾ ਕੇ ਲੱਖ ਚਾਰ ਅੱਸੀ, ਚੁਰਾਸੀ ਗੰਢ ਪਵਾਈਆ । ਦੀਨ ਮਜ਼੍ਹਬ ਦੀ ਬੰਨ੍ਹ ਕੇ ਰੱਸੀ, ਹੱਦਾਂ ਉਤੇ ਦਿਤਾ ਟਿਕਾਈਆ । ਨਾਮ ਨਿਧਾਨਾ ਦੇ ਕੇ ਰਤੀ, ਰਤਨ ਅਮੋਲਕ ਹੀਰੇ ਲਏ ਪ੍ਰਗਟਾਈਆ । ਸਿਫ਼ਤਾਂ ਵਾਲੀ ਦੱਸ ਕੇ ਪੱਟੀ, ਅੱਖਰਾਂ ਵਾਲੀ ਕਰੀ ਪੜ੍ਹਾਈਆ । ਅੰਤ ਅਖ਼ੀਰ ਸਭ ਦੀ ਵੇਖੇ ਹੱਟੀ, ਲੇਖਾ

ਮੰਗੇ ਥਾਉਂ ਥਾਈਂਆ । ਸਤਾਰਾਂ ਸਾਵਣ ਕਹੇ ਛੱਬੀ ਪੋਹ ਨੂੰ ਧਰਮ ਸ਼ਿੰਗਾਰ ਕਰਨਾ ਗੁਰਚਰਨ ਕੌਰ ਜੱਟੀ, ਦੁਆਬੇ ਵਿਚੋਂ ਦੋਹਰੀ ਧਾਰ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਲ ਲਿਆਵੇ ਢਾਈ ਸੇਰ ਲੱਸੀ ਖੱਟੀ, ਖਟਕਾ ਅਗਲਾ ਰਹੇ ਨਾ ਰਾਈਆ । ਸਾਵਣ ਕਹੇ ਮੈਂ ਗਿਆ ਬੀਤ, ਬੀਤੀ ਕਥਾ ਨਾ ਕੋਇ ਵਡਿਆਈਆ । ਜਨ ਭਗਤੋ ਪ੍ਰਭ ਦੇ ਨਾਲ ਕਰਿਓ ਪ੍ਰੀਤ, ਪ੍ਰੀਤਮ ਇਕ ਲੈਣਾ ਮਨਾਈਆ । ਕਾਇਆ ਮਾਟੀ ਕਰੇ ਸੀਤ, ਅਗਨੀ ਤੱਤ ਗਵਾਈਆ । ਸਚ ਧਰਮ ਦੀ ਦੱਸ ਕੇ ਲੀਕ, ਰਾਹ ਇਕੋ ਇਕ ਸਮਝਾਈਆ । ਤੁਸੀਂ ਓਸ ਦਵਾਰੇ ਦੇ ਬਣਨਾ ਵਸਨੀਕ, ਜਿਥੇ ਵਸਲ ਮਿਲੇ ਯਾਰ ਖ਼ੁਦਾਈਆ । ਗੁਰਮੁਖ ਕਦੇ ਨਾ ਹੋਵੇ ਸ਼ਹੀਦ, ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਜਨ ਭਗਤਾਂ ਪ੍ਰਭ ਮਿਲਣ ਦੀ ਸਦਾ ਉਮੀਦ, ਆਮਦ ਵਿਚ ਖ਼ੁਸ਼ਾਮਦ ਵਾਲਾ ਰਾਹ ਤਕਾਈਆ । ਜਦ ਮੰਗਣਾ ਚਰਨ ਪ੍ਰੀਤ ਭੀਖ, ਭਿਖਕਾਂ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਾਵਣ ਕਹੇ ਮੈਂ ਸਦਕੇ ਵਾਰੀ ਘੋਲੀ, ਆਪਣਾ ਆਪ ਘੋਲ ਘੁਮਾਈਆ । ਮੇਰੇ ਪ੍ਰਭ ਦੀ ਗੁਰਮੁਖ ਵਿਰਲਾ ਸਮਝੇ ਬੋਲੀ, ਅਨਬੋਲਤ ਰਾਗ ਸੁਣਾਈਆ । ਜਿਸ ਖੇਲ ਕਰਨਾ ਉਪਰ ਧੌਲੀ, ਧਰਨੀ ਧਵਲ ਪਰਦਾ ਦਏ ਉਠਾਈਆ । ਛੱਬੀ ਪੋਹ ਨੂੰ ਪੰਜ ਗੁਰਮੁਖਾਂ ਕੰਨੀ ਬੰਨ੍ਹ ਕੇ ਆਉਣਾ ਇਕ ਇਕ ਪੌਲੀ, ਚਵੰਨੀ ਚਾਰ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਹੱਥ ਰਖਾਏ ਨੌਜਵਾਨ ਕੰਨਿਆਂ ਸੋਲਾਂ ਸਾਲ ਦੀ ਹੋਵੇ ਸਾਉਲੀ, ਵੱਡੀ ਛੋਟੀ ਨਾ ਕੋਇ ਵਡਿਆਈਆ । ਸਾਵਣ ਕਹੇ ਮੈਂ ਨਹੀਂ ਸੰਗਦਾ, ਸੰਗਦਿਲ ਹੋ ਕੇ ਵੇਖ ਵਖਾਈਆ । ਮੈਂ ਵੀ ਹਿੱਸਾ ਓਸ ਪ੍ਰਭੂ ਦੇ ਅੰਗ ਦਾ, ਜੋ ਅੰਗੀਕਾਰ ਸਭ ਨੂੰ ਰਿਹਾ ਕਰਾਈਆ । ਮੇਰਾ ਲੇਖਾ ਨਹੀਂ ਕਿਸੇ ਮੰਜ਼ਲ ਪੰਧ ਦਾ, ਪਾਂਧੀ ਹੋ ਨਾ ਕਦੇ ਉਠਾਈਆ । ਮੈਂ ਸਦਾ ਪਿਆਸਾ ਭੁੱਖਾ ਉਸ ਨੂਰੀ ਚੰਦ ਦਾ, ਜੋ ਚੰਦ ਨੂਰ ਦੋ ਜਹਾਨ ਕਰੇ ਰੁਸ਼ਨਾਈਆ । ਉਹ ਲੇਖਾ ਮੁਕਾਵੇ ਭਾਗਹੀਣ ਮੰਦ ਦਾ, ਮਿਹਰ ਨਜ਼ਰ ਇਕ ਉਠਾਈਆ । ਸਦਾ ਸਦਾ ਸਦ ਭੰਡਾਰ ਰਹੇ ਵੰਡਦਾ, ਵੰਡਣਹਾਰ ਇਕ ਅਖਵਾਈਆ । ਕਲ੍ਹ ਨੂੰ ਵਿਹਾਰ ਹੋਣਾ ਸਾਵਣ ਕਹੇ ਕੁਛ ਵੇਲਾ ਸਵਾ ਪੰਜ ਦਾ, ਪੰਝੀ ਗੁਰਮੁਖ ਇਕ ਲਾਈਨ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਵੇਲਾ ਸਭ ਦੀ ਚੋਲੀ ਰੰਗ ਦਾ, ਰੰਗਤ ਵਿਚ ਰੰਗ ਆਪਣਾ ਨਾਮ ਚੜ੍ਹਾਈਆ ।

## ❊ ੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤ ਵੇਲੇ ਸਵਾ ਪੰਜ ਵੱਜੇ ❊

ਸਵਾ ਪੰਜ ਕਹੇ ਮਾਸ ਚੜ੍ਹਿਆ ਧਰਮ ਦਾ ਭਾਦੋਂ, ਭੱਦਰ ਕਾਲੀ ਸੀਸ ਨਿਵਾਈਆ । ਕ੍ਰਿਸ਼ਨ ਸੰਦੇਸ਼ਾ ਦਿਤਾ ਯਾਦੋ, ਯਾਦਵ ਬੰਸੀ ਗਿਆ ਦ੍ਰਿੜਾਈਆ । ਗੋਬਿੰਦ ਤੀਰ ਮੁੱਖੀ ਨਾਲ ਵਖਾਇਆ ਬੈਰਾਗੀ ਬੰਦਾ ਮਾਧੋ, ਮਾਧਵ ਪਾਰਬ੍ਰਹਮ ਬੇਪਰਵਾਹ ਜਣਾਈਆ । ਕਬੀਰ ਸੰਦੇਸ਼ਾ ਦਿਤਾ ਜਗਤ ਜਗਿਆਸੂ ਸੰਤ ਸਾਧੋ, ਸ਼ੁੱਭ ਲਕਸ਼ਣ ਇਕ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕ ਅਰਾਧੋ, ਅਰਾਧਨਾ ਵਿਚ ਸਾਧਨਾ ਆਪਣੀ ਦਏ

ਦ੍ਰਿੜਾਈਆ । ਜਗਤ ਜਗਿਆਸੂ ਦੀਨ ਜਾਗੋ, ਨੇਤਰ ਲੋਚਨ ਅੱਖ ਖੁਲ੍ਹਾਈਆ । ਅੰਤਰ ਉਪਜੇ ਇਕ ਵੈਰਾਗੋ, ਵੈਰੀ ਅੰਦਰੋਂ ਦੇਣੇ ਕਢਾਈਆ । ਲੱਜਿਆ ਰਹੇ ਨਾ ਸਤਿਗੁਰ ਬਾਝੋਂ, ਸਚ ਦਾ ਮਾਲਕ ਇਕ ਅਖਵਾਈਆ । ਜੀਵ ਉਠ ਹੰਸ ਬਣ ਕਾਗੋ, ਕਾਗੋਂ ਹੰਸ ਬਣਾਈਆ । ਗੋਬਿੰਦ ਖੇਲ ਕਰਨਾ ਸ਼ਬਦੀ ਧਾਰ ਬਾਜ਼ੋ, ਬਾਜ਼ਾਂ ਵਾਲਾ ਵੇਸ ਵਟਾਈਆ । ਸਰਨ ਸਰਨਾਈ ਸਾਹਿਬ ਸਵਾਮੀ ਭਾਗੋ, ਭਗਵਨ ਆਪਣਾ ਰੰਗ ਚੜ੍ਹਾਈਆ । ਤ੍ਰੈਗੁਣ ਮਾਇਆ ਡੱਸਣੀ ਡੱਸੇ ਨਾ ਨਾਗੋ, ਸਾਂਤਕ ਸਤਿ ਦਏ ਕਰਾਈਆ । ਲੇਖਾ ਦੱਸਿਆ ਮਹਾਂ ਸਿੰਘ ਨੂੰ ਢਾਈ ਚੁਲੀਆਂ ਪਾਣੀ ਦੇ ਕੇ ਢਾਬੋਂ, ਜਲ ਧਾਰਾ ਨਾਲ ਸਮਾਈਆ । ਆਸ਼ਾ ਪੂਰੀ ਕੀਤੀ ਰਾਮ ਸੀਤਾ ਵਖਾਈ ਖ਼ਾਬੋ, ਭਵਿਖ ਭਵਿਸ਼ ਵਿਚੋਂ ਪ੍ਰਗਟਾਈਆ । ਮੁਹੰਮਦ ਨਜ਼ਾਰਾ ਤੱਕਿਆ ਮਹਿਰਾਬੇ, ਮਹਿਬੂਬ ਮੁਹੱਬਤ ਵਾਲਾ ਪ੍ਰਗਟਾਈਆ । ਬਿਨਾ ਉਸ ਤੋਂ ਕਾਇਨਾਤ ਛੁੱਟਣੀ ਨਹੀਂ ਅਜ਼ਾਬੇ, ਸਜ਼ਾ ਦਾ ਮਜ਼ਾ ਸਕੇ ਨਾ ਕੋਇ ਬਦਲਾਈਆ । ਈਸਾ ਕਰ ਕੇ ਹੱਕ ਆਦਾਬੇ, ਅਦਬ ਨਾਲ ਸੀਸ ਨਿਵਾਈਆ । ਮੂਸਾ ਮੁਜਾਹਿਦ ਹੋ ਕੇ ਮਜਲਸਾਂ ਦਏ ਜੁਆਬੇ, ਹੁਕਮ ਅਗੰਮ ਇਕ ਦ੍ਰਿੜਾਈਆ । ਮਾਲਕ ਖ਼ਾਲਕ ਲਾਸ਼ਰੀਕ ਏਕਾ ਵਾਹਿਦੇ, ਵਾਹਿਦ ਆਪਣੀ ਕਾਰ ਕਮਾਈਆ । ਜਿਸ ਦੀਨ ਦੁਨੀ ਹਟਾਉਣੀ ਮਜ਼੍ਹਬ ਵਾਲੇ ਫ਼ਸਾਦੋਂ, ਫ਼ੈਸਲਾ ਆਪਣਾ ਹੱਕ ਸੁਣਾਈਆ । ਜਨ ਭਗਤ ਉਠੌਣੇ ਸਚ ਸ਼ਹਿਜ਼ਾਦੇ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਨੇਤਰ ਖੋਲ੍ਹ ਕੇ ਨਿਰਗੁਣ ਧਾਰ ਤੱਕਿਆ ਬਗ਼ਦਾਦੋ, ਹੱਥ ਬਗ਼ਲਾਂ ਵਿਚ ਟਿਕਾਈਆ । ਜਿਸ ਨੇ ਕਿਸੇ ਦੀ ਲੈਣੀ ਨਹੀਂ ਇਮਦਾਦੇ, ਸੰਗੀ ਸਾਥੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਵਾ ਪੰਜ ਕਹੇ ਭਾਦਰੋਂ ਮਹੀਨਾ ਚੜ੍ਹਿਆ, ਚੜ੍ਹਦੀ ਦਿਸ਼ਾ ਵੇਖ ਵਖਾਈਆ । ਲਹਿੰਦੀ ਦਿਸ਼ਾ ਮੁਹੰਮਦ ਧਾਰ ਅਲਿਫ਼ ਯੇ ਅੱਖਰ ਪੜ੍ਹਿਆ, ਇਬਾਰਤ ਸਫ਼ਾਰਸ਼ ਵਾਲੀ ਨਾ ਕੋਇ ਰਖਾਈਆ । ਸ਼ਰਕਣ ਸ਼ਰਅ ਜ਼ੰਜੀਰ ਕੋਇ ਨਾ ਜੜਿਆ, ਬੰਧਨ ਬੰਧ ਨਾ ਕੋਇ ਵਖਾਈਆ । ਪਹਾੜ ਦੱਖਣ ਸਤਿ ਸਵਾਮੀ ਹੋ ਕੇ ਖੜਿਆ, ਖੰਡਾ ਖੜਗ ਨਾ ਹੱਥ ਉਠਾਈਆ । ਭੈ ਵਿਚ ਭਾਓ ਵਿਚ ਭਰਮ ਭਿਆਨਕ ਡਰਿਆ, ਸਿਰ ਸਕੇ ਨਾ ਕੋਇ ਉਠਾਈਆ । ਦੋ ਜਹਾਨ ਵੇਖੇ ਨਰਾਇਣ ਨਰਿਆ, ਬ੍ਰਹਿਮੰਡ ਅੱਖ ਖੁਲ੍ਹਾਈਆ । ਜਿਹੜਾ ਸਤਿਗੁਰ ਆਦਿ ਜੁਗਾਦਿ ਕਦੇ ਨਾ ਮਰਿਆ, ਜਨਮ ਮਰਨ ਵਿਚ ਕਦੇ ਨਾ ਆਈਆ । ਜੁਗ ਚੌਕੜੀ ਸਰਨਾਈ ਕਿਸੇ ਨਾ ਪੜਿਆ, ਸ਼ਰਨਗਤ ਨਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਨਜ਼ਰੀ ਆਈਆ । ਸਵਾ ਪੰਜ ਕਹੇ ਕਿਉਂ ਗੁਰਮੁਖ ਵੇਖੇ ਪੰਜੀ, ਪੰਚ ਪੰਜ ਧਿਆਨ ਲਗਾਈਆ । ਜਿਸ ਵੇਲੇ ਅਰਜਨ ਹਰਿਮੰਦਰ ਡਾਹੀ ਸੀ ਮੰਜੀ, ਗੁਰੂ ਗ੍ਰੰਥ ਗ੍ਰੰਥ ਉਪਰ ਟਿਕਾਈਆ । ਓਸ ਵੇਲੇ ਮੰਗ ਧੁਰ ਤੋਂ ਮੰਗੀ, ਪੁਰਖ ਅਕਾਲ ਦਇਆ ਦੇਣੀ ਕਮਾਈਆ । ਜਗਤ ਸਰੋਵਰ ਅਠਸਠ ਜਮਨਾ ਸੁਰਸਤੀ ਗੋਦਾਵਰੀ ਧਾਰ ਗੰਗੀ, ਗਹਿਰ ਗੰਭੀਰ ਲੇਖਾ ਦੇਣਾ ਚੁਕਾਈਆ । ਓਸ ਵੇਲੇ ਅਰਜਨ ਪੁਰਖ ਅਕਾਲ ਨਿਮਸਕਾਰ ਕੀਤੀ ਸੀ ਵਾਰ ਪੰਜੀ, ਬਿਨ ਸੀਸ ਜਗਦੀਸ਼ ਝੁਕਾਈਆ । ਮੇਰੀ ਧਾਰ ਤੇਰੀ ਸੰਗੀ, ਸਗਲਾ ਸੰਗ ਰਖਾਈਆ । ਸ਼ਬਦ ਸੰਦੇਸ਼ਾ ਦਿਤਾ ਹੈਰਾਨ ਹੋ ਨਾ ਦੰਗੀ, ਪਰਦਾ ਦਿਆਂ ਉਠਾਈਆ । ਅੰਤ ਅਖ਼ੀਰ ਤੇਰੇ ਸ਼ਰੀਰ ਔਣੀ ਤੰਗੀ, ਤੰਗਦਸਤ ਹੋਏ ਲੋਕਾਈਆ । ਰਾਵੀ ਧਾਰ ਤੈਨੂੰ ਕਰੇ ਠੰਡੀ, ਅਗਨੀ ਅੱਗ ਬੁਝਾਈਆ । ਫੇਰ ਮੈਂ ਆਵਾਂ ਉਸ ਦੀ ਕੰਢੀ, ਨਿਰਗੁਣ ਆਪਣਾ ਫੇਰਾ ਪਾਈਆ । ਗੋਬਿੰਦ ਖੜਗ ਚਮਕਾ ਕੇ ਚੰਡੀ, ਚੰਡ ਪ੍ਰਚੰਡ ਵੇਖ ਵਖਾਈਆ । ਦੋ ਤੁਕੀ

ਧਾਰ ਦੱਸਾਂ ਛੰਦੀ, ਸ਼ਾਹ ਪਾਤਸ਼ਾਹ ਆਪਣਾ ਖੇਲ ਖਿਲਾਈਆ । ਭਗਤਾਂ ਦੀ ਪਿਛਲੀ ਵਖਾਵਾਂ ਸੰਧੀ, ਸਨਦ ਆਪਣੇ ਵਿਚੋਂ ਕਢਾਈਆ । ਸਵਾ ਪੰਜ ਕਹੇ ਪਹਿਲੀ ਭਾਦਰੋਂ ਇਹੋ ਵੇਲਾ ਇਹੋ ਵਕ਼ਤ ਗੁਰ ਅਰਜਨ ਆਪਣੀ ਆਸਾ ਕੀਤੀ ਨੰਗੀ, ਖ਼ਾਹਿਸ਼ ਖ਼ਾਲਕ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਵਾ ਪੰਜ ਕਹੇ ਮੇਰਾ ਵਕ਼ਤ ਸੁਹਾਉਣਾ, ਸੋਹਣਾ ਦਿਆਂ ਦ੍ਰਿੜਾਈਆ । ਪਹਿਲੀ ਭਾਦਰੋਂ ਬੰਸਰੀ ਵਿਚ ਕ੍ਰਿਸ਼ਨ ਨੇ ਪਹਿਲਾ ਗਾਇਆ ਸੀ ਗਾਣਾ, ਥਿਤ ਵਾਰ ਏਸੇ ਮਿਲੀ ਵਡਿਆਈਆ । ਪਹਿਲੀ ਭਾਦਰੋਂ ਰਾਮ ਨੇ ਵਸ਼ਿਸ਼ਟ ਨੂੰ ਪਹਿਲੀ ਵਾਰ ਖਵਾਇਆ ਸੀ ਖਾਣਾ, ਸੇਵਕ ਹੋ ਕੇ ਸਤਿਗੁਰ ਸੇਵ ਕਮਾਈਆ । ਪਹਿਲੀ ਭਾਦਰੋਂ ਸੀਤਾ ਨੇ ਧਨੁਸ਼ ਨਾਲ ਹੱਥ ਛੁਹਾਇਆ ਪਹਿਲੀ ਵਾਰ ਕਮਾਨਾ, ਤਰਕਸ਼ ਆਪਣੇ ਨਾਲ ਰਖਾਈਆ । ਪਹਿਲੀ ਭਾਦਰੋਂ ਮੁਹੰਮਦ ਦਿਤਾ ਇਕ ਬਿਆਨਾ, ਲੇਖਾ ਲੇਖ ਬਿਨ ਕ਼ਲਮ ਸ਼ਾਹੀਆ । ਤੇਰਾ ਨੂਰ ਤੱਕਿਆ ਚੌਦਾਂ ਤਬਕ ਜ਼ਿਮੀਂ ਅਸਮਾਨਾਂ, ਅਸਲ ਕੀ ਤੇਰੀ ਬੇਪਰਵਾਹੀਆ । ਜੋ ਵੇਖਾਂ ਸੋ ਦਿਸੇ ਬੇਗਾਨਾ, ਬੇਗਮ ਮੇਰੀ ਮੇਰੇ ਸੰਗ ਕੋਇ ਨਾ ਜਾਈਆ । ਈਸਾ ਚਾਰੋਂ ਕੁੰਟ ਵੇਖਿਆ ਤੁਫ਼ਾਨਾ, ਤੋਹਫ਼ਾ ਨਜ਼ਰ ਕੋਇ ਨਾ ਆਈਆ । ਪਰਵਰਦਿਗਾਰ ਤੇਰੇ ਕੋਲ ਕੀ ਕਰੇ ਕੋਈ ਬਹਾਨਾ, ਧੋਖਾ ਨਜ਼ਰ ਕੋਇ ਨਾ ਆਈਆ । ਮੂਸਾ ਨਾਦ ਸੁਣਿਆ ਬਿਨ ਕਾਨਾਂ, ਅਗੰਮ ਵੱਜੀ ਵਧਾਈਆ । ਉਠ ਵੇਖ ਤੇਰਾ ਖ਼ੁਦਾ ਜਗਤ ਹੋਣਾ ਬੇਗਾਨਾ, ਬੇਵਾ ਹੋਏ ਖ਼ਲਕ ਖ਼ੁਦਾਈਆ । ਨਾਨਕ ਦੱਸਿਆ ਸ਼ਬਦ ਧਾਰ ਮਰਦਾਨਾ, ਮਰਦ ਮਰਦਾਂ ਦਿਤਾ ਦ੍ਰਿੜਾਈਆ । ਜਿਸ ਨੇ ਆਉਣਾ ਬਣ ਕੇ ਨੌਜਵਾਨਾ, ਨੌਬਤ ਆਪਣਾ ਨਾਮ ਵਜਾਈਆ । ਗੋਬਿੰਦ ਨੇ ਪਹਿਲੀ ਭਾਦਰੋਂ ਨੂੰ ਖੰਡੇ ਦਾ ਦੂਜਾ ਨਾਮ ਰੱਖਿਆ ਸੀ ਕਿਰਪਾਨਾ, ਕਿਰਪਾ ਕਰ ਕੇ ਆਪਣਾ ਬਚਨ ਅਲਾਈਆ । ਜੋ ਕਰੇ ਸੋ ਕਰੇ ਸ੍ਰੀ ਭਗਵਾਨਾ, ਸ੍ਰੀ ਸਾਹਿਬ ਸਾਹਿਬ ਸ੍ਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਪਹਿਲੀ ਭਾਦਰੋਂ ਕਹੇ ਗੋਬਿੰਦ ਵਿਰੁਧ ਮਤਾ ਹੋਇਆ ਪਹਾੜੀ, ਬਾਈ ਧਾਰ ਵੰਡ ਵੰਡਾਈਆ । ਮਸ਼ਵਰਾ ਕੀਤਾ ਕਿਉਂ ਏਸ ਰਖਾਈ ਦਾੜ੍ਹੀ, ਮਜ਼੍ਹਬ ਮਜ਼੍ਹਬ ਵਿਚੋਂ ਪ੍ਰਗਟਾਈਆ । ਇਹ ਖੇਲ ਸਾਹਿਬ ਪ੍ਰਭੂ ਨਿਆਰੀ, ਨਿਰਾਕਾਰ ਨਿਰੰਕਾਰ ਆਪ ਦਿਤੀ ਵਰਤਾਈਆ । ਕੁਛ ਲੇਖਾ ਪਿਛਲਾ ਜਿਸ ਵੇਲੇ ਦਰੋਪਤ ਦੀ ਦਰੋਪਤੀ ਕੰਨਿਆ ਕਵਾਰੀ, ਦੁਆਪਰ ਸੋਭਾ ਪਾਈਆ । ਉਸ ਦੇ ਅੰਦਰ ਫੁਰਨਾ ਫੁਰਿਆ ਜੇ ਸ਼ਰੀਰ ਪੰਜ ਤੱਤਾਂ ਦਾ ਮੈਂ ਪੰਜਾਂ ਦੀ ਹੋਵਾਂ ਨਾਰੀ, ਨਰ ਨਰਾਇਣ ਵਡ ਵਡਿਆਈਆ । ਲੇਖਾ ਯਾਦ ਆਇਆ ਜਿਸ ਵੇਲੇ ਸੀਤਾ ਫਿਰਦੀ ਸੀ ਉਜਾੜੀ, ਬਨਾਂ ਵਿਚ ਫੇਰਾ ਪਾਈਆ । ਉਹ ਦਾ ਓਢਣ ਪਾਟ ਗਈ ਸਾੜ੍ਹੀ, ਬਸਤਰ ਲੀਰੋ ਲੀਰ ਵਖਾਈਆ । ਰਾਮ ਨੇ ਹੱਸ ਕੇ ਕਿਹਾ ਰਾਮ ਦੇ ਨਾਲ ਬੜੀ ਔਖੀ ਲੌਣੀ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਪਹਿਲੀ ਭਾਦਰੋਂ ਦਿਨ ਓਦੋਂ ਸੀ ਸ਼ਨਿੱਚਰਵਾਰੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਸੀਤਾ ਕਿਹਾ ਮੇਰੇ ਰਾਮ ਮੈਂ ਤੇਰੇ ਚਰਨ ਬਲਿਹਾਰੀ, ਦੂਜਾ ਇਸ਼ਟ ਨਾ ਕੋਇ ਵਖਾਈਆ । ਰਾਮ ਕਿਹਾ ਜਿਸ ਰਾਮ ਦਾ ਮੈਂ ਅਧਾਰੀ, ਓਹ ਤੇਰਾ ਪਿਤਾ ਮਾਈਆ । ਸੀਤਾ ਕਿਹਾ ਓਹ ਕਿੱਥੇ ਵਸੇ ਕਿਹੜਾ ਧਾਮ ਨਿਆਰੀ, ਕਿਸ ਬਿਧ ਵੇਖਾਂ ਚਾਈਂ ਚਾਈਂਆ । ਰਾਮ ਨੇ ਕਿਹਾ ਜ਼ਰਾ ਨੇਤਰ ਅੱਖ ਉਘਾੜੀ, ਲੋਚਨ ਦਿਆਂ ਖੁਲ੍ਹਾਈਆ । ਜਿਸ ਵੇਲੇ ਕਲਜੁਗ ਅੰਤਮ ਆਵੇ ਵਾਰੀ, ਵਾਰਸ ਹੋ ਕੇ ਫੇਰਾ ਪਾਈਆ । ਨਿਰਗੁਣ ਨੂਰ ਜੋਤ ਕਰੇ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਆਦਿ

ਤੋਂ ਲੈ ਕੇ ਅੰਤ ਤਕ ਉਹਦੀ ਭਗਤਾਂ ਦੀ ਫੁਲਵਾੜੀ, ਗੁਰਮੁਖ ਆਪਣੇ ਰੰਗ ਰੰਗਾਈਆ । ਵੇਖੀਂ ਅੱਜ ਦਾ ਬਚਨ ਨਾ ਕਦੇ ਵਿਸਾਰੀਂ, ਵਿਸਰਿਆਂ ਵਿਸਰਿਆ ਹੱਥ ਕਦੇ ਨਾ ਆਈਆ । ਸੀਤਾ ਕਰੇ ਨਿਮਸਕਾਰੀ, ਨਮੋਂ ਨਮੋਂ ਕਹਿ ਕੇ ਆਪਣਾ ਰੰਜ ਦਿਤਾ ਗਵਾਈਆ । ਸਵਾ ਪੰਜ ਕਹੇ ਮੇਰੀ ਸੋਹਣੀ ਦਿਸੇ ਘੜੀ, ਈਸਾ ਘੜਿਆਲ ਦਏ ਗਵਾਹੀਆ । ਏਸੇ ਵੇਲੇ ਸਾਹਿਬਜ਼ਾਦਿਆਂ ਦਾ ਮੁਖ ਚੁੰਮਿਆਂ ਸੀ ਗੋਬਿੰਦ ਨੇ ਚਮਕੌਰ ਗੜ੍ਹੀ, ਵੇਲਾ ਸਵਾ ਪੰਜ ਪੰਜ ਵਡਿਆਈਆ । ਪਹਿਲੀ ਭਾਦਰੋਂ ਕਹੇ ਇਹ ਗੱਲ ਸ਼ਹਾਦਤ ਤੋਂ ਪਹਿਲੋਂ ਗੋਬਿੰਦ ਨੇ ਅਨੰਦਪੁਰ ਸੀ ਕਰੀ, ਸਹਿਜ ਨਾਲ ਸੁਣਾਈਆ । ਜੀਤੋ ਤੂੰ ਆਪਣੇ ਬੱਚਿਆਂ ਦੀ ਬਣਾ ਲੈ ਵਰੀ, ਵਰ੍ਹਾ ਇਹੋ ਨਜ਼ਰੀ ਆਈਆ । ਨਹੀਂ ਤੇ ਜਗਤ ਜਹਾਨ ਤੋਂ ਮੈਂ ਕਰ ਦੇਣੇ ਬਰੀ, ਬੁਰਿਆਂ ਤੋਂ ਪੱਲਾ ਦੇਣਾ ਛੁਡਾਈਆ । ਆਪਣੇ ਚੋਲੇ ਦੀ ਫੜ ਕੇ ਜ਼ਰੀ, ਜ਼ਰਾ ਜ਼ਰਾ ਦਿਤਾ ਹਿਲਾਈਆ । ਮੈਂ ਖ਼ਬਰ ਸੁਣਾਵਾਂ ਖਰੀ, ਫੇਰ ਖਵਰੇ ਤੂੰ ਮਿਲੇਂ ਕਿ ਨਾ ਮਿਲੇਂ ਭਾਵੇਂ ਤੂੰ ਇਹਨਾਂ ਦੀ ਜੰਮਣ ਵਾਲੀ ਮਾਈਆ । ਉਸ ਨੇ ਆਪਣੀ ਆਦਤ ਪਿੱਛੇ ਕਰ ਦਿਤੀ ਅੜੀ, ਸਹਿਜ ਨਾਲ ਸਮਝਾਈਆ । ਤੁਹਾਨੂੰ ਇਹ ਕਾਹਲੀ ਬੜੀ, ਨਿੱਕਿਆਂ ਨੂੰ ਵੱਡੇ ਰਿਹਾ ਬਣਾਈਆ । ਗੋਬਿੰਦ ਆਪਣੀ ਛਾਤੀ ਤੋਂ ਕੱਢ ਕੇ ਇਕ ਵਰਕੇ ਵਾਲੀ ਇਕੋ ਚਿੱਠੀ ਪੜ੍ਹੀ, ਪੜ੍ਹ ਕੇ ਦਿਤਾ ਸੁਣਾਈਆ । ਔਹ ਵੇਖ ਸਚ ਦਵਾਰ ਵਿਛਦੀ ਦਰੀ, ਦਰਬਾਰਾ ਇਕੋ ਸੋਭਾ ਪਾਈਆ । ਜਿਥੇ ਨਾ ਕੋਈ ਸ਼ਰਅ ਨਾ ਸ਼ਰਈ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਵਖਾਈਆ । ਸਵਾ ਪੰਜ ਕਹੇ ਨਾਨਕ ਨੇ ਪਹਿਲੀ ਭਾਦਰੋਂ ਸਵਾ ਪੰਜ ਚੁੱਕੀ ਸੀ ਪੰਜਾਲੀ, ਹੱਲ ਮੋਢੇ ਉਤੇ ਟਿਕਾਈਆ । ਓਦਣ ਘਟਾ ਸੀ ਕਾਲੀ, ਘਨਘੋਰ ਰੰਗ ਵਖਾਈਆ । ਜਿਹੜਾ ਮੱਝੀਆਂ ਦਾ ਸੀ ਪਾਲੀ, ਆਪਣਾ ਪਾਸਾ ਗਿਆ ਬਦਲਾਈਆ । ਮੁਖ ਤੇ ਚੜ੍ਹ ਗਈ ਲਾਲੀ, ਅੰਦਰ ਖ਼ੁਸ਼ੀਆਂ ਵੱਜੇ ਵਧਾਈਆ । ਮੈਂ ਤੇਰੀ ਹੱਥਾਂ ਸੇਵ ਕਮਾ ਲਈ ਘਾਲ ਤੇਰੇ ਨਾਮ ਵਾਲੀ ਘਾਲੀ, ਘਰ ਤੇਰੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਵਖਾਈਆ । ਸਵਾ ਪੰਜ ਕਹੇ ਮੇਰਾ ਵਕਤ ਨਾ ਸਮਝਣਾ ਵਾਧੂ, ਵਾਇਦੇ ਨਾਲ ਜਣਾਈਆ । ਗੋਬਿੰਦ ਏਸੇ ਵੇਲੇ ਹੱਥ ਛੁਹਾਇਆ ਸੀ ਮਸਤਕ ਦਾਦੂ, ਦਾਅਵੇ ਨਾਲ ਦ੍ਰਿੜਾਈਆ । ਬਿਨਾ ਮੇਰੇ ਤੋਂ ਕਲਜੁਗ ਅੰਤ ਕੋਇ ਨਾ ਜਾਗੂ, ਸਾਧ ਸੰਤ ਅੱਖ ਨਾ ਕੋਇ ਖੁਲ੍ਹਾਈਆ । ਘਰ ਘਰ ਸਾਰੇ ਹੋਵਣ ਖ਼ਾਨ ਨਾਢੂ, ਮਨ ਹੰਕਾਰ ਵਿਚ ਚਤੁਰਾਈਆ । ਸ਼ਬਦ ਗੁਰੂ ਦਾ ਜਾਣੇ ਕੋਈ ਨਾ ਜਾਦੂ, ਯਾਦ ਸਭ ਦੀ ਦੇਣੀ ਭੁਲਾਈਆ । ਅੰਤ ਮੇਰਾ ਸਾਹਿਬ ਹੋਵੇ ਸਭ ਦਾ ਵਾਗੂ, ਅਗਲਾ ਮਾਰਗ ਆਪ ਵਖਾਈਆ । ਫੇਰ ਘੁੱਟ ਕੇ ਦੋਵੇਂ ਬਾਜ਼ੂ, ਬਾਜ਼ਾਂ ਵਾਲੇ ਪ੍ਰਭ ਅੱਗੇ ਮੰਗ ਮੰਗਾਈਆ । ਤੁਧ ਬਿਨ ਲੱਜਿਆ ਕੋਇ ਨਾ ਰਾਖੂ, ਰੱਖਕ ਹੋਏ ਨਾ ਕੋਇ ਲੋਕਾਈਆ । ਬਿਨ ਤੇਰੀ ਕਿਰਪਾ ਸ੍ਰਿਸ਼ਟੀ ਛੱਡ ਨਾ ਸਕੇ ਤਮਾਕੂ, ਤਮਅ ਨਸ਼ਾ ਨਾ ਕੋਇ ਗਵਾਈਆ । ਮੈਂ ਤੇਰਾ ਨਿੱਕਾ ਜਿਹਾ ਕਾਕੂ, ਬੱਚਾ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲ ਕਿਹਾ ਮੈਂ ਇਕ ਦਾ ਨਹੀਂ ਆਦਿ ਅੰਤ ਦਾ ਸਭ ਦਾ ਬਾਪੂ, ਪਿਤਾ ਪੁਰਖ ਅਕਾਲ ਅਖਵਾਈਆ । ਜੁਗ ਜੁਗ ਦਾ ਡਾਕੂ, ਧਾੜੇ ਮਾਰਨੇ ਇਹ ਮੇਰੀ ਬੇਪਰਵਾਹੀਆ । ਜਦ ਚਾਹਵਾਂ ਆਪਣੇ ਗੁਰਸਿਖ ਸੰਤ ਸੁਹੇਲੇ ਪ੍ਰਭ ਭਗਤ ਪ੍ਰਗਟਾਵਾਂ ਸਾਧੂ, ਸਾਧਨਾ ਦੀ ਲੋੜ ਰਹੇ ਨਾ ਰਾਈਆ । ਸ਼ਰੀਣੀਆਂ ਵਿਚ ਕਿਸੇ ਤੋਂ ਮੰਗ ਕਦੇ ਨਾ ਖਾਵਾਂ ਕਾਜੂ, ਭੇਟਾ ਵਾਲੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਲਕ ਜਗਤ ਜੁਗ ਦਾ ਆਦੂ, ਅੰਤ ਦਾ ਇਕੋ ਨਜ਼ਰੀ ਆਈਆ ।

### ❋ ੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ਰਾਤ ਦੇ ਸਮੇਂ ❋

ਭਾਦਰੋਂ ਕਹੇ ਪ੍ਰਭ ਮੇਟ ਦੇ ਆਪਣਾ ਭਰਮ, ਜੋ ਗੁਰ ਅਵਤਾਰ ਪੈਗ਼ੰਬਰ ਤੇਰੇ ਨਾਮ ਦਾ ਗਏ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਅਗੰਮੀ ਧਰਮ, ਜਿਸ ਦਾ ਰੂਪ ਰੰਗ ਰੇਖ ਜਗਤ ਨਾ ਕੋਇ ਦਰਸਾਈਆ । ਦੀਨ ਦੁਨੀ ਦਾ ਵੇਖ ਕਰਮ, ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਫੋਲ ਫੁਲਾਈਆ । ਝਗੜਾ ਪਿਆ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਰਹੇ ਨਾ ਰਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਮੰਨਣ ਸਾਰੇ ਇਕੋ ਸਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਦੂਸਰ ਰਾਗ ਨਾ ਕੋਇ ਅਲਾਈਆ । ਸਾਚੀ ਮੰਜ਼ਲ ਸਾਹਿਬ ਸੁਲਤਾਨ ਤੇਰੀ ਚੜ੍ਹਨ, ਗ੍ਰਿਹ ਮੰਦਰ ਅੰਦਰ ਮਹਿਬੂਬ ਮਿਲ ਕੇ ਆਪਣਾ ਰੰਗ ਵਖਾਈਆ । ਸਚ ਸਵਾਮੀ ਅੰਤਰਜਾਮੀ ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਨੈਣ ਕਰ ਰੁਸ਼ਨਾਈਆ । ਝਗੜਾ ਰਹੇ ਨਾ ਜ਼ਾਤ ਪਾਤ ਵਰਨ ਬਰਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਈਆ । ਜੀਵਣ ਵਿਚੋਂ ਸਚ ਦਾ ਦੱਸ ਦੇ ਮਰਨ, ਮਰ ਜੀਵਤ ਰੂਪ ਵਟਾਈਆ । ਸਦੀ ਚੌਧਵੀਂ ਆਪਣਾ ਕੌਲ ਇਕਰਾਰ ਪੂਰਾ ਕਰ ਦੇ ਪਰਨ, ਪ੍ਰਾਨਪਤ ਤੇਰੀ ਬੇਪਰਵਾਹੀਆ । ਸਚ ਦਵਾਰ ਏਕੰਕਾਰ ਨਿਮਸਕਾਰ ਸਾਰੇ ਕਰਨ, ਸੱਜਦਾ ਸੀਸ ਜਗਦੀਸ਼ ਇਕ ਦ੍ਰਿੜਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤਰਨੀ ਤਰਨ, ਤਾਰਨਹਾਰ ਆਪਣੀ ਦਇਆ ਕਮਾਈਆ । ਭਾਦਰੋਂ ਕਹੇ ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਲੱਗੀ ਲੜਨ, ਲੜ ਤੇਰਾ ਫੜ ਨਿਰਗੁਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਭਾਦਰੋਂ ਕਹੇ ਭਾਂਡਾ ਭਰਮ ਦੇਣਾ ਭੰਨ, ਭਰਾਂਤ ਰਹੇ ਨਾ ਰਾਈਆ । ਧੁਰ ਦਾ ਸ਼ਬਦ ਸੁਣੌਣਾ ਬਿਨਾ ਕੰਨ, ਅਨਹਦ ਨਾਦੀ ਨਾਦ ਜਣਾਈਆ । ਦੀਨ ਦੁਨੀ ਦਾ ਬਦਲਣਾ ਮਨ, ਮਨ ਕਾ ਮਣਕਾ ਦੇਣਾ ਭਵਾਈਆ । ਨਾਮ ਪਦਾਰਥ ਦੇਣਾ ਧਨ, ਮਾਇਆ ਮਮਤਾ ਮੋਹ ਗਵਾਈਆ । ਭਗਤ ਸੁਹੇਲੇ ਪ੍ਰਗਟੌਣੇ ਜਨ, ਜਨ ਜਣੇਂਦੀ ਬਣ ਮਾਈਆ । ਪਰਦਾ ਲਾਹੁਣਾ ਬ੍ਰਹਮ ਹੰ, ਪਾਰਬ੍ਰਹਮ ਹੋ ਸਹਾਈਆ । ਤ੍ਰਿਸ਼ਨਾ ਕੂੜੀ ਰਹੇ ਨਾ ਤਮ, ਤਾਮਸ ਅੰਦਰੋਂ ਦੇਣੀ ਕਢਾਈਆ । ਝਗੜਾ ਰਹੇ ਨਾ ਮਾਟੀ ਚੰਮ, ਆਤਮ ਬ੍ਰਹਮ ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਭਾਦਰੋਂ ਕਹੇ ਭਰਮ ਮੇਟ ਦੇ ਦੀਨ ਦੁਨੀ ਦੇ ਮਾਲਕ, ਮਿਹਰਬਾਨ ਤੇਰੀ ਸਰਨਾਈਆ । ਆਦਿ ਜੁਗਾਦੀ ਸ੍ਰਿਸ਼ਟੀ ਦੇ ਖ਼ਾਲਕ, ਸਾਹਿਬ ਸੁਲਤਾਨ ਤੇਰੀ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਮੇਟ ਦੇ ਆਲਸ, ਨਿੰਦਰਾ ਮਮਤਾ ਦੇ ਗਵਾਈਆ । ਚਾਰ ਵਰਨ ਬਣਾ ਦੇ ਖ਼ਾਲਸ, ਖ਼ਾਲਸ ਆਪਣਾ ਰੰਗ ਰੰਗਾਈਆ । ਬਿਨਾ ਸ਼ਬਦ ਗੁਰੂ ਤੋਂ ਰਹੇ ਕੋਈ ਨਾ ਸਾਲਸ, ਤੱਤਵ ਤੱਤ ਦੇਣਾ ਬੁਝਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਤੇਰੇ ਔਣ ਦਾ ਮਿਲਦਾ ਚਾਨਸ,



੧੪੯੪
੨੧

ਚਾਰ ਜੁਗ ਅਵਤਾਰ ਪੈਗ਼ੰਬਰ ਗੁਰ ਸੇਵ ਕਮਾਈਆ । ਕੂੜੀ ਕਿਰਿਆ ਮੇਟ ਜਹਾਲਤ, ਦੀਨ ਦੁਨੀ ਅੰਦਰੋਂ ਕਰ ਸਫ਼ਾਈਆ । ਮਨ ਮਮਤਾ ਰਹੇ ਨਾ ਕੋਇ ਅਲਾਮਤ, ਇਲਮ ਆਲਮਾ ਇਕ ਜਣਾਈਆ । ਸਭ ਨੂੰ ਦੱਸ ਦੇ ਮੈਂ ਇਕੋ ਮਾਲਕ ਸਹੀ ਸਲਾਮਤ, ਜਨਮ ਮਰਨ ਵਿਚ ਕਦੇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਮੇਰੇ ਨਾਮ ਦੀ ਦੇਣ ਸ਼ਹਾਦਤ, ਸਿਫ਼ਤਾਂ ਵਿਚ ਸਾਲਾਹੀਆ । ਮਹਿਮਾ ਵਾਲਾ ਕਲਮਾ ਰਸਨਾ ਵਾਲੀ ਅਬਾਦਤ, ਜਿਹਵਾ ਨਾਲ ਪ੍ਰਗਟਾਈਆ । ਅਨਰਸ ਦੇ ਕੇ ਅਗੰਮ ਨਿਆਮਤ, ਅਨਡਿੱਠ ਰਸ ਚਖਾਈਆ । ਬਖ਼ਸ਼ਿਸ਼ ਕਰ ਸਖ਼ਾਵਤ, ਰਹਿਮਤ ਆਪ ਕਮਾਈਆ । ਬਾਹਰੋਂ ਤੱਤਾਂ ਦੀ ਸਮਝਾ ਕੇ ਬਨਾਵਟ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਕਿਸੇ ਦੀ ਬੋਦੀ ਕਿਸੇ ਦੀ ਹਜਾਮਤ, ਕੇਸ ਕਿਸੇ ਸੀਸ ਸੁਹਾਈਆ । ਆਪਣੇ ਨਾਮ ਦੀ ਨਾਮ ਨਾਲ ਕਰ ਮਮਾਨਤ, ਓਮ ਰਾਮ ਕ੍ਰਿਸ਼ਨ ਅੱਲਾ ਸਤਿਨਾਮ ਵਾਹਿਗੁਰੂ ਦਿਤੇ ਜਪਾਈਆ । ਕਿਸੇ ਨੂੰ ਪਤਾ ਨਹੀਂ ਕਿਸ ਵੇਲੇ ਆਵੇ ਅੰਤ ਕਿਆਮਤ, ਕ਼ਿਆਮਗਾਹ ਸਾਰੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਭਾਦਰੋਂ ਕਹੇ ਮੈਂ ਆਦਿ ਜੁਗਾਦਿ ਦਾ ਤੇਰਾ ਮਹੀਨਾ, ਜੁਗ ਜੁਗ ਵੇਸ ਵਟਾਈਆ । ਤੇਰਾ ਖੇਲ ਵੇਖਿਆ ਲੋਕ ਤੀਨਾ, ਤ੍ਰੈਲੋਕੀ ਨਾਥ ਗਏ ਫੇਰੀਆਂ ਪਾਈਆ । ਤੇਰਾ ਨਾਮ ਰਾਮ ਨੇ ਚੀਨਾ, ਸੀਤਾ ਸੁਰਤ ਸੁਰਤ ਵਡਿਆਈਆ । ਅੱਲਾ ਕਹਿ ਕੇ ਆਲਮੀਨਾ, ਮੂਸਾ ਈਸਾ ਮੁਹੰਮਦ ਸੀਸ ਨਿਵਾਈਆ । ਨਾਨਕ ਸਤਿਨਾਮ ਦੱਸ ਕੇ ਮਰਨਾ ਜੀਣਾ, ਜੀਵਣ ਜੁਗਤ ਦਿਤੀ ਦ੍ਰਿੜਾਈਆ । ਗੋਬਿੰਦ ਵਾਹਿਗੁਰੂ ਹੋ ਅਧੀਨਾ, ਫ਼ਤਿਹ ਡੰਕਾ ਇਕ ਵਜਾਈਆ । ਭਾਦਰੋਂ ਕਹੇ ਮੈਂ ਹੈਰਾਨ ਹੋਇਆ ਸਦੀ ਚੌਧਵੀਂ ਠਾਂਡਾ ਕਰੇ ਕੋਈ ਨਾ ਸੀਨਾ, ਅਗਨੀ ਤੱਤ ਨਾ ਕੋਇ ਬੁਝਾਈਆ । ਰਸਨਾ ਜਿਹਵਾ ਬੱਤੀ ਦੰਦ ਸ੍ਰਿਸ਼ਟ ਸਬਾਈ ਚੀਨਾ, ਚਿਰੀ ਵਿਛੁੰਨੇ ਮੇਲ ਨਾ ਕੋਇ ਮਿਲਾਈਆ । ਸਾਚਾ ਰੰਗ ਚਾੜ੍ਹੇ ਕੋਇ ਨਾ ਭੀਨਾ, ਭਿੰਨੜੀ ਰੈਣ ਨਾ ਕੋਇ ਵਖਾਈਆ । ਪੁਰਖ ਅਕਾਲ ਦੀਨ ਦਿਆਲ ਮੈਂ ਕੋਈ ਤੇਰਾ ਪੁੱਤ ਨਹੀਂ ਕਮੀਨਾ, ਕੋਝਾ ਕਮਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਜੋਤੀ ਜੋਤ ਵਿਚ ਮਿਲਾਈਆ । ਭਾਦਰੋਂ ਕਹੇ ਮੈਂ ਚਾਰ ਕੁੰਟ ਭੱਜਾ, ਭਜਨ ਬੰਦਗੀ ਤੇਰੀ ਵੇਖ ਵਖਾਈਆ । ਮੈਂ ਸਾਧਾਂ ਸੰਤਾਂ ਸੂਫ਼ੀਆਂ ਅੰਦਰ ਕੀਤੀ ਗਜਾ, ਗ੍ਰਿਹ ਗ੍ਰਿਹ ਜਾ ਕੇ ਅਲਖ ਜਗਾਈਆ । ਦੱਸੋ ਕਿਹੜਾ ਨਾਮ ਕਿਹੜਾ ਕਲਮਾ ਕਿਸ ਦਾ ਆਵੇ ਮਜ਼ਾ, ਰਸ ਕਵਣ ਚਖਾਈਆ । ਕਿਸ ਦੇ ਨਾਲ ਮਿਟਦੀ ਕਜ਼ਾ, ਜੀਵਣ ਜੀਵਣ ਵਿਚ ਰਖਾਈਆ । ਕਿਉਂ ਨਾਮ ਕਲਮਾ ਪੜ੍ਹਦਿਆਂ ਜੀਵਾਂ ਮਿਲਦੀ ਸਜ਼ਾ, ਚੁਰਾਸੀ ਵਿਚ ਦੁਹਾਈਆ । ਸਚ ਦੱਸੋ ਪ੍ਰਭ ਦਾ ਪੂਰਾ ਨਾਮ ਕਿ ਅੱਧਾ, ਹਿੱਸਾ ਕੀ ਕੀ ਵੰਡਾਈਆ । ਕੀ ਸਭ ਨਾਲ ਪ੍ਰਭ ਨੇ ਚਾਰ ਜੁਗ ਕੀਤਾ ਦਗਾ, ਆਪਣਾ ਭੇਵ ਨਾ ਕੋਇ ਖੁਲ੍ਹਾਈਆ । ਕਿਸੇ ਨੂੰ ਦੱਸਿਆ ਮੈਂ ਵਸਿਆ ਉਪਰ ਸ਼ਾਹ ਰਗਾ, ਨੌਂ ਦਵਾਰੇ ਡੇਰਾ ਢਾਹੀਆ । ਕਿਸੇ ਨੂੰ ਕਿਹਾ ਮੈਂ ਦਸਮ ਦਵਾਰੀ ਵਸਾਂ, ਘਰ ਸਾਚੇ ਵੱਜੇ ਵਧਾਈਆ । ਕਿਸੇ ਨੂੰ ਕਿਹਾ ਮੇਰੀ ਇਸ ਤੋਂ ਅੱਗੇ ਜਗਹ, ਸਚ ਦਵਾਰੇ ਸੋਭਾ ਪਾਈਆ । ਕਿਸੇ ਨੂੰ ਕਿਹਾ ਮੇਰੀ ਕੋਈ ਨਾ ਜਾਣੇ ਵਜਹ, ਵਜ਼ਾਹਤ ਵਿਚ ਨਾ ਕੋਇ ਦ੍ਰਿੜਾਈਆ । ਜਾਂ ਤੱਕਿਆ ਸਭ ਨੂੰ ਦੀਨ ਮਜ਼੍ਹਬ ਦਾ ਲਾ ਕੇ ਧੱਬਾ, ਸਾਫ਼ ਰਹਿਣ ਕੋਇ ਨਾ ਪਾਈਆ । ਕਿਸੇ ਨੇ ਪਿਤਾ ਕਿਹਾ ਕਿਸੇ ਨੇ ਬਾਪ ਕਿਸੇ ਨੇ ਕਿਹਾ ਅੱਬਾ, ਅੱਬਾ ਵਾਲੇ ਅੰਮੀ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ ।

ਭਾਦਰੋਂ ਕਹੇ ਪ੍ਰਭੂ ਭਰਮ ਮੇਟ ਦੇ ਸਾਚਾ ਦੱਸ ਭਾਓ, ਭੈ ਵਿਚ ਸਰਨਾਈਆ । ਤੂੰ ਸਤਿਜੁਗ ਤਰੇਤਾ ਦੁਆਪਰ ਕਲਜੁਗ ਅਵਤਾਰ ਪੈਗ਼ੰਬਰਾਂ ਲਾਇਆ ਦਾਓ, ਲੰਗੋਟੇ ਧਰਮ ਵਾਲੇ ਬੰਧਾਈਆ । ਮਜ਼੍ਹਬਾਂ ਦਾ ਕਰ ਪਸਾਓ, ਪਹਿਲਵਾਨ ਦਿਤੇ ਵਖਾਈਆ । ਕਿਸੇ ਨੂੰ ਕਿਹਾ ਰਾਮ ਰਾਮ ਜਪਾਓ, ਰਾਮ ਮੇਰੀ ਸਰਨਾਈਆ । ਕਿਸੇ ਨੂੰ ਕਿਹਾ ਕ੍ਰਿਸ਼ਨ ਕ੍ਰਿਸ਼ਨ ਡੰਕ ਵਜਾਓ, ਤ੍ਰੈਲੋਕੀ ਤੇਰੇ ਚਰਨਾਂ ਹੇਠ ਦਬਾਈਆ । ਕਿਸੇ ਨੂੰ ਕਿਹਾ ਮੇਰੀ ਕੀਤੀ ਉਲਟਾਓ, ਅੱਲਾ ਅਲਾਹ ਰੂਪ ਵਟਾਈਆ । ਕਿਸੇ ਨੂੰ ਕਿਹਾ ਮੇਰਾ ਸਤਿਨਾਮ ਵਡਿਆਓ, ਹਰਿ ਵੱਡਾ ਵਡ ਵਡਿਆਈਆ । ਕਿਸੇ ਨੂੰ ਕਿਹਾ ਫ਼ਤਿਹ ਡੰਕ ਸੁਣਾਓ, ਵਾਹਿਗੁਰੂ ਵਾਹਵਾ ਤੇਰੀ ਬੇਪਰਵਾਹੀਆ । ਸਭ ਨੂੰ ਜਗਤ ਮੈਦਾਨ ਵਿਚ ਖਿੱਚ ਕੇ ਪਹਿਲਵਾਨਾਂ ਵਾਂਗ ਆਪਣਾ ਕੀਤਾ ਖਿਚਾਓ, ਖਿੱਚ ਵਿਚ ਸਾਰੇ ਦਿਤੇ ਹਿਲਾਈਆ । ਕੋਈ ਕਹੇ ਮੈਂ ਚੰਗਾ ਕੋਈ ਕਹੇ ਮੈਂ ਵੱਡਾ ਕੋਈ ਕਹੇ ਮੈਂ ਬਖ਼ਸ਼ੰਦਾ, ਕੋਈ ਕਹੇ ਮੈਂ ਦੇਵਾਂ ਅਨੰਦਾ, ਅਨੰਦ ਹੱਥ ਨਾ ਕਿਸੇ ਫੜਾਈਆ । ਜਾਂ ਵੇਖਿਆ ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਆਪਣੇ ਨਾਮ ਦਾ ਕਰਾ ਕੇ ਦੰਗਾ, ਲੋਕਮਾਤ ਮੈਦਾਨ ਦਿਤਾ ਵਖਾਈਆ । ਇਕ ਲੰਗੋਟਾ ਮਜ਼੍ਹਬਾਂ ਦਾ ਕਰ ਕੇ ਟੋਟਾ ਟੋਟਾ, ਆਪੇ ਬਣ ਕੇ ਖਰਾ ਤੇ ਆਪੇ ਖੋਟਾ, ਕ਼ੀਮਤ ਹੱਟ ਨਾ ਕਿਸੇ ਪਵਾਈਆ । ਏਸੇ ਕਰ ਕੇ ਨਾਨਕ ਤੋਂ ਹਲ ਦਾ ਲਵਾਇਆ ਜੋਤਾ, ਨੰਗੀਂ ਪੈਰੀਂ ਹਲ ਚਲਵਾਈਆ । ਏਸੇ ਕਰ ਕੇ ਗੋਬਿੰਦ ਤੋਂ ਬੱਚਿਆਂ ਦਾ ਨੀਹਾਂ ਹੇਠ ਦਬਾਇਆ ਲੇਖਾ ਕਰ ਕੇ ਵੱਡਾ ਛੋਟਾ, ਪੜਦਾ ਭੇਵ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਪ੍ਰਭੂ ਮੈਂ ਵੇਖਣੇ ਤੇਰੇ ਪਹਿਲਵਾਨ, ਗੁਰ ਅਵਤਾਰ ਪੈਗ਼ੰਬਰ ਲੰਗੋਟੇ ਲੈਣ ਕਸਾਈਆ । ਮੈਂ ਵੇਖਣੇ ਸਖ਼ੀਆਂ ਵਾਲੇ ਕਾਹਨ, ਬਿੰਦਰਾਬਨ ਦੇ ਵਾਸੀ ਜਮਨਾ ਤਟ ਸੁਹਾਈਆ । ਮੈਂ ਬਨਬਾਸੀ ਤੱਕਣੇ ਰਾਮ, ਸੀਤਾ ਨਾਲ ਭੱਜਣ ਵਾਹੋ ਦਾਹੀਆ । ਮੈਂ ਪੈਗ਼ੰਬਰ ਤੱਕਣੇ ਜਹਾਨ, ਜੋ ਕ਼ਲਮਾ ਕਾਇਨਾਤ ਦ੍ਰਿੜਾਈਆ । ਮੈਂ ਗੁਰੂ ਵੇਖਣੇ ਪ੍ਰਧਾਨ, ਜੋ ਡੰਕਾ ਤੇਰਾ ਨਾਮ ਸੁਣਾਈਆ । ਮੈਂ ਚਾਹੁੰਦਾ ਸਾਰੇ ਇਕੋ ਵਾਰ ਆ ਜਾਣ ਵਿਚ ਮੈਦਾਨ, ਬਚਿਆ ਰਹਿਣ ਕੋਇ ਨਾ ਪਾਈਆ । ਸਾਰੇ ਫੇਰ ਤੱਕਣ ਸਾਡੇ ਭਲਵਾਨਾਂ ਦੇ ਹੁੰਦਿਆਂ ਸਾਡਿਆਂ ਮਜ਼੍ਹਬਾਂ ਵਿਚ ਦੀਨਾਂ ਵਿਚ ਇਸਲਾਮਾਂ ਵਿਚ ਕਲਾਮਾਂ ਵਿਚ ਸਾਡੇ ਨਜਾਮਾਂ ਵਿਚ ਚਾਰ ਕੁੰਟ ਵੜ ਗਿਆ ਸ਼ੈਤਾਨ, ਸਾਡੀ ਸ਼ਰਅ ਬਾਹਰ ਨਾ ਕੋਇ ਕਢਾਈਆ । ਅਸੀਂ ਭੱਜੀਏ ਨੱਠੀਏ ਚਾਰੋਂ ਕੁੰਟ ਵੇਖੀਏ ਜੀਵ ਜਹਾਨ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਜਿਧਰ ਤੱਕੀਏ ਸਾਡੇ ਨਾਮ ਨਾਲੋਂ ਕਾਮ ਕਰੋਧ ਲੋਭ ਮੋਹ ਹੰਕਾਰ ਬਣਿਆ ਬਲਵਾਨ, ਸਾਡੀ ਚਲੇ ਨਾ ਕੋਇ ਚਤੁਰਾਈਆ । ਸਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ, ਬਾਣੀ ਕੰਮ ਕਿਸੇ ਨਾ ਆਈਆ । ਜੋ ਪੜ੍ਹਦੇ ਮੰਜ਼ਲ ਮੂਲ ਨਾ ਚੜ੍ਹਦੇ ਘਰ ਘਰ ਹੋਏ ਬੇਈਮਾਨ, ਬੇਵਾ ਹੋਈ ਕੂੜ ਲੋਕਾਈਆ । ਫੇਰ ਸਾਰੇ ਹੋਏ ਹੈਰਾਨ, ਹੈਰਾਨੀ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਕਰਤਾ ਇਕ ਅਖਵਾਈਆ । ਭਾਦਰੋਂ ਕਹੇ ਪ੍ਰਭ ਕਵਣ ਵਡਭਾਗਾ, ਮੈਨੂੰ ਦੇ ਸਮਝਾਈਆ । ਕਵਣ ਸੋਇਆ ਕਵਣ ਜਾਗਾ, ਜਾਗਰਤ ਜੋਤ ਕਵਣ ਰੁਸ਼ਨਾਈਆ । ਕਵਣ ਹੰਸ ਕਵਣ ਬਣਿਆ ਕਾਗਾ, ਦੁਰਮਤ ਮੈਲ ਕਵਣ ਧਵਾਈਆ । ਕਵਣ ਦੇਸ ਕਵਣ ਪ੍ਰਦੇਸ ਕਵਣ ਮਾਹੀ ਕਵਣ ਮਾਲਕ ਬਣਿਆ ਰਾਜਾ, ਰਈਅਤ ਕਵਣ ਵੇਖ ਵਖਾਈਆ । ਮੈਂ ਜਿਧਰ ਤੱਕਾਂ ਕੋਈ ਡੰਡਾਵਤ ਕਰੇ ਕੋਈ ਨਮਸਤੇ ਕਰੇ ਕੋਈ ਝੁਕ ਝੁਕ ਪੜ੍ਹੇ ਨਿਮਾਜ਼ਾ, ਗੁਰ ਅਵਤਾਰ ਪੈਗ਼ੰਬਰ ਸਾਰੇ ਤੇਰੇ ਚਰਨਾਂ ਧਿਆਨ ਲਗਾਈਆ ।

੧੪੯੬
੨੧

ਮੈਂ ਹੈਰਾਨ ਹੋ ਗਿਆ ਇਹ ਕੀ ਤੇਰਾ ਖੇਲ ਲੋਕਮਾਤ ਵਰਤਿਆ ਸਵਾਂਗਾ, ਸਵਾਂਗੀ ਕੀ ਆਪਣੀ ਕਾਰ ਕਮਾਈਆ । ਓਹ ਜਿਨ੍ਹਾਂ ਗੁਰੂ ਅਵਤਾਰ ਪੈਗ਼ੰਬਰਾਂ ਤੇਰੀਆਂ ਰੱਖੀਆਂ ਤਾਂਘਾਂ, ਉਨ੍ਹਾਂ ਨੂੰ ਜਪ ਕੇ ਦੀਨ ਦੁਨੀ ਕਿਸ ਤਰ੍ਹਾ ਲੈਣਾ ਝਟ ਲੰਘਾਈਆ । ਓਹ ਕਰਕੇ ਕੀ ਗਏ ਦੀਨ ਮਜ਼੍ਹਬ ਦੀਆਂ ਬਾਂਟਾਂ, ਮਾਨਵ ਮਾਨਵ ਨਾਲ ਲੜਾਈਆ । ਕਿਸੇ ਨੇ ਕੰਨ ਵਿਚ ਉਂਗਲੀਆਂ ਪਾ ਕੇ ਦਿਤੀਆਂ ਬਾਂਗਾਂ, ਮੰਬਰਾਂ ਉਤੇ ਦੁਹਾਈਆ । ਕਿਸੇ ਨੇ ਦੱਸਿਆ ਲੇਖਾ ਵਿਚ ਕਰਮ ਕਾਂਡਾਂ, ਨਛੱਤਰ ਗ੍ਰਹਿ ਵੰਡ ਵੰਡਾਈਆ । ਕਿਸੇ ਨੇ ਦੱਸਿਆ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰਾ ਠਾਂਡਾ, ਮਿਲੇ ਮਾਣ ਵਡਿਆਈਆ । ਕਿਸੇ ਨੇ ਕਿਹਾ ਸੂਰ ਖਾ ਲਓ ਕਿਸੇ ਨੇ ਕਿਹਾ ਢਾਂਡਾ, ਡੰਗਰਾਂ ਉਤੇ ਦੀਨ ਦੁਨੀ ਦਿਤੀ ਲੜਾਈਆ । ਜਿਹੜਾ ਆਇਆ ਤੇਰੇ ਨਾਲ ਤੇਰੇ ਨਾਮ ਦਾ ਕਰ ਕੇ ਗਾਂਢਾ, ਕੰਨੀ ਗੰਢ ਕੇ ਆਪਣਾ ਝਟ ਗਿਆ ਲੰਘਾਈਆ । ਤੂੰ ਕੀ ਕੀਤਾ ਸਾਢੇ ਤਿੰਨ ਤਿੰਨ ਹੱਥ ਦਾ ਕਾਇਆ ਅੰਦਰੋਂ ਖੋਜ ਕੇ ਭਾਂਡਾ, ਨਾਮ ਵਸਤੂ ਦਿਤੀ ਵਰਤਾਈਆ । ਜਾਹ ਬੱਚਿਆ ਤੂੰ ਅਵਤਾਰ ਬਣਿਆ ਤੂੰ ਗੁਰੂ ਬਣਿਆ ਤੂੰ ਪੈਗ਼ੰਬਰ ਬਣਿਆ ਤੂੰ ਏਸੇ ਨੂੰ ਰਹੀਂ ਖਾਂਦਾ, ਹੱਥ ਵਿਚ ਮਾਲਾ ਦੇ ਮਣਕੇ ਦਿਤੇ ਫੜਾਈਆ । ਪਹਿਲੋਂ ਆਪਣਾ ਨਾਮ ਸਵਰਨ ਬਣਾ ਕੇ ਫੇਰ ਓਸੇ ਨੂੰ ਬਣਾ ਕਰ ਕੇ ਤਾਂਬਾ, ਕਸਵੱਟੀ ਅਗਨੀ ਉਤੇ ਲਗਾਈਆ । ਨਾਲੇ ਕਿਹਾ ਮੇਰੇ ਪ੍ਰੇਮ ਦਾ ਮੇਰੇ ਨਾਮ ਦਾ ਪੀਓ ਦੋਸ਼ਾਂਦਾ, ਜੇ ਪੀਓਗੇ ਤੇ ਫਿਰ ਅੰਦਰੋਂ ਹੋਏ ਸਫ਼ਾਈਆ । ਏਸੇ ਕਰ ਕੇ ਮਾਨਵ ਮਾਨਸ ਪੰਜ ਤੱਤ ਦਾ ਪੁਤਲਾ ਗੁਰ ਅਵਤਾਰ ਪੈਗ਼ੰਬਰ ਦੇ ਪਿਛੇ ਲੱਗ ਕੇ ਵੱਖਰਾ ਵੱਖਰਾ ਨਾਮ ਗਾਂਦਾ, ਪ੍ਰਭ ਦਾ ਇਕ ਨਾਮ ਸਮਝ ਕਿਸੇ ਨਾ ਆਈਆ । ਕਿਉਂ ਓਹ ਬੇਪ੍ਰਵਾਹ ਸਦਾ ਅੱਖਰਾਂ ਵਾਲੀ ਸਿਫ਼ਤ ਸੁਣਾਂਦਾ, ਰਾਗਾਂ ਨਾਦਾਂ ਵਿਚ ਢੋਲੇ ਜਗਤ ਜਣਾਈਆ । ਜੇ ਕੋਈ ਓਸ ਦਾ ਭੇਤ ਪੁੱਛੇ ਤੇ ਗੁਰ ਅਵਤਾਰ ਪੈਗ਼ੰਬਰ ਦੱਸਿਆ ਓਹ ਮਾਲਕ ਸਚਖੰਡ ਥਾਂ ਦਾ, ਜਿਥੇ ਵੇਖਣ ਕੋਇ ਨਾ ਪਾਈਆ । ਪ੍ਰਭੂ ਤੂੰ ਨਾ ਦਿਸੇਂ ਤੇ ਨਾ ਕਿਸੇ ਆਏਂ ਹਿੱਸੇ, ਤੇ ਕੀ ਕੀਤਾ ਝਗੜਾ ਪਾ ਕੇ ਆਪਣੇ ਨਾਂ ਦਾ, ਨਾਨਕੇ ਦਾਦਕੇ ਸਭ ਨੂੰ ਦਿਤੇ ਭੁਲਾਈਆ । ਕਿਸੇ ਨੂੰ ਕਿਹਾ ਵਿਸ਼ਨੂੰ ਬ੍ਰਹਮਾ ਸ਼ਿਵ ਸਭ ਦੀ ਬਣਤ ਬਣਾਂਦਾ, ਕਿਸੇ ਨੂੰ ਕਿਹਾ ਆਦਮ ਹੱਵਾ ਤੁਹਾਡੀ ਰਚਨ ਰਚਾਂਦਾ, ਵਾਹ ਓਏ ਰਚਨ ਰਚਾਣ ਵਾਲਿਆ ਰਚਨ ਰਚਾ ਕੇ ਆਪਣਾ ਪੱਲਾ ਨਾ ਕਿਸੇ ਫੜਾਈਆ । ਤੈਨੂੰ ਆਦਿ ਦੀ ਆਦਤ ਤੂੰ ਸਭ ਤੋਂ ਮੱਥੇ ਰਿਹੋਂ ਟਿਕਾਂਦਾ, ਸੀਸ ਬਿਨਾ ਚਰਨਾਂ ਤੋਂ ਚਰਨਾਂ ਵੱਲ ਰਖਾਈਆ । ਗੁਰ ਅਵਤਾਰ ਬਰਦਾ ਬਣਿਆ ਰਿਹਾ ਤੇਰੀ ਹਾਂ ਵਿਚ ਹਾਂ ਦਾ, ਨਾਂਹ ਦਾ ਲਫ਼ਜ਼ ਨਾ ਕੋਇ ਉਠਾਈਆ । ਭਾਦਰੋਂ ਕਹੇ ਮੈਂ ਵੀ ਪੁੱਤ ਪੁਰਖ ਅਕਾਲ ਤੇਰੇ ਵਰਗੀ ਮਾਂ ਦਾ, ਤੇ ਪਿਓ ਤੂੰ ਹੀ ਨਜ਼ਰੀ ਆਈਆ । ਹੁਣ ਤੇਰਾ ਵੇਲਾ ਨਹੀਂ ਜਗਤ ਵਾਲੇ ਦਾਅ ਦਾ, ਦਾਓ ਪੇਚ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਭਾਦਰੋਂ ਕਹੇ ਮੈਂ ਨੱਠਾ ਆਇਆ ਦੌੜਾ, ਆਪਣਾ ਪੰਧ ਮੁਕਾਈਆ । ਫਲ ਵੇਖਿਆ ਮਿੱਠਾ ਕੌੜਾ, ਲੱਖ ਚੁਰਾਸੀ ਫੋਲ ਫੁਲਾਈਆ । ਮੈਂ ਵਰਕਾ ਉਲਟਿਆ ਜਿਸ ਵਿਚ ਲੇਖ ਲਿਖਿਆ ਓ ਵਿਆਸਿਆ ਬੇਆਸਿਆ ਕਿਹੜੀ ਤੇਰੀ ਧਾਰ ਵਿਚ ਬ੍ਰਾਹਮਣ ਗੌੜਾ, ਗੌੜ ਗਾਵੜ ਸਮਝ ਕਿਸੇ ਨਾ ਆਈਆ । ਤੇਈ ਅਵਤਾਰ ਛਾਤੀ ਤੇ ਹੱਥ ਰੱਖ ਕੇ ਕਹਿਣ ਪਤਾ ਨਹੀਂ ਓਹ ਕਿੱਡਾ ਲੰਮਾ ਤੇ ਕਿੱਡਾ ਚੌੜਾ, ਅਰਜ਼ ਤੂਲ ਸਕੇ ਨਾ ਕੋਇ ਸਮਝਾਈਆ । ਪੈਗ਼ੰਬਰ ਕਹਿਣ ਪਤਾ ਨਹੀਂ ਕਿਹੜੇ ਦੁਲਦੁਲ ਚੜ੍ਹੇ ਘੋੜਾ, ਅਸਵ ਅਸਵਾਰ ਸੋਭਾ ਪਾਈਆ । ਨਾਨਕ ਦੀ ਧਾਰ ਗੋਬਿੰਦ ਕਿਹਾ ਓਹ ਜਦ ਤਕੋ ਜੋਤ ਸ਼ਬਦ ਧਾਰ ਦਾ ਜੋੜਾ, ਦੂਜਾ

੧੪੬੭ ੨੧

ਨਜ਼ਰ ਕੋਇ ਨਾ ਆਈਆ । ਭਾਦਰੋਂ ਕਹੇ ਪ੍ਰਭੂ ਓਹ ਕਲਜੁਗ ਦਾ ਅੰਤ ਪਾ ਕੇ ਮੋੜਾ, ਵਾਗੀ ਹੋ ਕੇ ਸਭ ਦੀਆਂ ਪਿੱਠਾਂ ਦਏ ਬਦਲਾਈਆ । ਦੁਨੀਆ ਇਕ ਤੇਰਾ ਗਾਵੇ ਦੋਹਰਾ, ਦੂਜਾ ਰਾਗ ਨਾ ਕੋਇ ਸੁਣਾਈਆ । ਸਭ ਨੂੰ ਜਵਾਬ ਦੇ ਦੇ ਕੋਰਾ, ਹੁਕਮ ਇਕੋ ਇਕ ਸੁਣਾਈਆ । ਬਿਨ ਤੇਰੀ ਕਿਰਪਾ ਦੀਨ ਦੁਨੀ ਮਜ਼੍ਹਬ ਦੀ ਕੱਢੇ ਕੋਈ ਨਾ ਖੋਰਾ, ਝਗੜਾ ਕੂੜ ਨਾ ਕੋਇ ਮਿਟਾਈਆ । ਐ ਮੇਰੇ ਮਾਲਕ ਤੇਰੇ ਹੱਥ ਸਭ ਦੀਆਂ ਡੋਰਾਂ, ਆਤਮ ਪਰਮਾਤਮ ਤੇਰਾ ਨਜ਼ਰੀ ਆਈਆ । ਐ ਮੇਰੇ ਮਿਹਰਵਾਨ ਸਦ ਫਿਰਦਾ ਰਿਹੋਂ ਵਾਂਗ ਚੋਰਾਂ, ਹੁਣ ਛਾਤੀ ਕੱਢ ਕੇ ਆਪਣਾ ਆਪ ਦੇ ਵਖਾਈਆ । ਹੁਣ ਮੇਟ ਦੇ ਕਲਜੁਗ ਕੂੜ ਘਨਘੋਰਾ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਤੈਨੂੰ ਪਤਾ ਨਹੀਂ ਕਿਉਂ ਗੋਬਿੰਦ ਨੇ ਨੀਂਹਾਂ ਥੱਲੇ ਚਿਣਾਇਆ ਫ਼ਤਿਹ ਸਿੰਘ ਤੇ ਜੋਰਾ, ਜੋਰੂ ਜ਼ਰ ਦੋਵੇਂ ਦੇਣੇ ਮਿਟਾਈਆ । ਤੇਰਾ ਸ਼ਬਦ ਗੁਰੂ ਆਦਿ ਦਾ ਛੋਹਰਾ, ਨੌਜਵਾਨ ਸੋਭਾ ਪਾਈਆ । ਜਿਹੜਾ ਤਨ ਮੰਦਰ ਮਨ ਅੰਦਰ ਦੀਨ ਮਜ਼੍ਹਬ ਦਾ ਬਣ ਗਿਆ ਫੋੜਾ, ਨਾਮ ਦੀ ਠੋਕਰ ਨਾਲ ਦੇ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰਾਹ ਵਖਾਈਆ । ਭਾਦਰੋਂ ਕਹੇ ਮੇਰੇ ਭਗਵਾਨ, ਭਗੌੜੇ ਧੁਰਦੇ ਦੇ ਸਮਝਾਈਆ । ਤੈਨੂੰ ਲੱਭਦੇ ਵਿਚ ਬੀਆਬਾਨ, ਜੰਗਲਾਂ ਵਿਚ ਫੇਰੇ ਪਾਈਆ । ਤੇਰੇ ਪਿਛੇ ਧੂਣੀ ਤਾਣ, ਅਗਨੀ ਤੱਤ ਜਲਾਈਆ । ਤੇਰੇ ਪਿੱਛੇ ਸਵੇਰੇ ਉਠ ਕੇ ਕਰਨ ਇਸ਼ਨਾਨ, ਮੁਖੋਂ ਤੇਰਾ ਨਾਮ ਸਿਫ਼ਤ ਸਾਲਾਹੀਆ । ਤੇਰੇ ਪਿੱਛੇ ਕਰਦੇ ਦਾਨ, ਓ ਭੁੱਖਿਆ ਨੰਗਿਆ ਚਾਰ ਜੁਗ ਦਾ ਦਾਨ ਲੈ ਕੇ ਸਬਰ ਅਜੇ ਨਾ ਆਈਆ । ਉਠ ਵੇਖ ਸਤਿ ਧਰਮ ਦਾ ਰਿਹਾ ਨਾ ਕੋਈ ਨਿਸ਼ਾਨ, ਨਿਸ਼ਾਨਾ ਹੱਥ ਨਾ ਕੋਇ ਦ੍ਰਿੜਾਈਆ । ਸਾਬਤ ਰਿਹਾ ਨਾ ਕੋਇ ਈਮਾਨ, ਅਮਲਾਂ ਤੋਂ ਖ਼ਾਲੀ ਹੋਈ ਲੋਕਾਈਆ । ਤੇਰੇ ਨਾਮ ਦੀ ਬਣ ਗਈ ਦੁਕਾਨ, ਹੱਟਾਂ ਵਿਚ ਟਕਿਆਂ ਵਾਲੀ ਕ਼ੀਮਤ ਰਹੇ ਪਾਈਆ । ਫੇਰ ਮੈਂ ਵੇਖਿਆ ਤੇਰੇ ਗੁਰੂ ਅਵਤਾਰ ਪੈਗ਼ੰਬਰ ਬੜੇ ਬੜੇ ਪਹਿਲਵਾਨ, ਸੂਰਬੀਰ ਜੋਧੇ ਨਜ਼ਰੀ ਆਈਆ । ਕੰਧਿਆਂ ਉਤੇ ਰੁਮਾਲੀਆਂ ਸਰਬ ਸੁਟਾਨ, ਫੇਰੀਆਂ ਦੇਵਣ ਚਾਈਂ ਚਾਈਆ । ਮੈਂ ਪੁੱਛਿਆ ਤੁਸੀਂ ਕਿਧਰ ਫਿਰਦੇ ਨੌ ਖੰਡ ਪ੍ਰਿਥਮੀ ਮਾਰੋ ਧਿਆਨ, ਨਿਗਾਹ ਆਪਣੀ ਇਕ ਉਠਾਈਆ । ਸਾਰੇ ਕਹਿਣ ਅਸੀਂ ਮੰਗਣਾ ਇਕ ਜਜਮਾਨ, ਜੋ ਦਾਤਾ ਧੁਰਦਰਗਾਹੀਆ । ਜਿਸ ਦਾ ਇਕੋ ਹੋਣਾ ਫ਼ਰਮਾਨ, ਫੁਰਨੇ ਸਭ ਦੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਭਾਦਰੋਂ ਕਹੇ ਪ੍ਰਭੂ ਯਾਦ ਕਰ ਲੈ ਬਾਵਨ ਧਾਰ, ਬਲ ਦਵਾਰੇ ਕੀ ਦੁਹਾਈਆ । ਜਿਸ ਵੇਲੇ ਖ਼ਬਰ ਦਿੰਦਾ ਨਹੀਂ ਸੀ ਕੋਈ ਅਖ਼ਬਾਰ, ਸੰਦੇਸ਼ਾ ਅਵਰ ਨਾ ਕੋਇ ਜਣਾਈਆ । ਛਪਦਾ ਨਹੀਂ ਸੀ ਕੋਈ ਇਸ਼ਤਿਹਾਰ, ਅੱਖਰਾਂ ਨਾਲ ਨਾ ਕੋਇ ਵਡਿਆਈਆ । ਓਸ ਵੇਲੇ ਕੀਤਾ ਸੀ ਇਕ਼ਰਾਰ, ਕੌਲ ਪਿਛਲਾ ਵੇਖ ਵਖਾਈਆ । ਤੇਰਾਂ ਸੌ ਅਠਾਸੀ ਰਿਖੀ ਆਏ ਪੰਧ ਮਾਰ, ਆਪਣਾ ਫੇਰਾ ਪਾਈਆ । ਓਨ੍ਹਾਂ ਦਾ ਲਹਿਣਾ ਕ਼ਰਜ਼ਾ ਦੇ ਉਤਾਰ, ਪਿਛਲੀ ਆਸਾ ਪੂਰ ਕਰਾਈਆ । ਜਿਨ੍ਹਾਂ ਨੂੰ ਸ਼ਬਦ ਸੰਦੇਸ਼ੇ ਵਿਚ ਲਿਆਂਦਾ ਉਠਾਲ, ਉਠ ਕੇ ਦਿਓ ਵਖਾਈਆ । ਵੇਖੋ ਓਹ ਨਾ ਤੇ ਸ਼ਾਹ ਨਾ ਇਹ ਕੰਗਾਲ, ਇਕੋ ਰੂਪ ਦਿਤਾ ਸਮਝਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੁਹਾਡਾ ਸਤਿਜੁਗ ਦਾ ਦਿਤਾ ਹੋਇਆ ਦਾਨ, ਚਾਰ ਯੁਗ ਸਾਂਭ ਕੇ ਰੱਖਿਆ ਫੇਰ ਤੁਹਾਡੇ ਹੱਥ ਫੜਾਈਆ । ਦਾਨ ਕਹੇ ਮੈਂ ਸੌਗੀ ਮੈਂ ਗਿਰੀ ਮੈਂ ਲਾਚੀ, ਪੂਰਬ ਦੀ ਨਜ਼ਰੀ ਆਈਆ । ਇਹ ਕਥਾ ਕਹਾਣੀ

ਸਾਚੀ, ਮੈਂ ਸ਼ਹਾਦਤ ਦਿਆਂ ਭੁਗਤਾਈਆ । ਜਿਹੜੀ ਬਲ ਦੇ ਵੇਲੇ ਬਲ ਦੀ ਸੀ ਦਾਸੀ, ਤ੍ਰਿਪਤ ਕੌਰ ਨਾਲ ਲਈ ਰਖਾਈਆ । ਇਹ ਖੇਲ ਪੁਰਖ ਅਬਿਨਾਸ਼ੀ, ਜੋ ਹਰ ਘਟ ਅੰਦਰ ਘਟ ਘਟ ਦਾ ਵਾਸੀ, ਪਾਰਬ੍ਰਹਮ ਪਤਿਪਰਮੇਸ਼ਵਰ ਸੋਭਾ ਪਾਈਆ । ਇਸ ਦੇ ਨਾਲ ਇਸ ਦੀ ਭੈਣ ਨੌ ਸਾਲ ਵੱਡੀ 'ਰਾਜ' ਹੁੰਦੀ ਸੀ ਜਿਸ ਨੂੰ ਪਿਛਲੇ ਮਹੀਨੇ ਸ਼ਬਦ ਧਾਰ ਵਿਚ ਅਗੰਮੀ ਗੱਲ ਆਖੀ, ਆਖ ਕੇ ਦਿਤਾ ਦ੍ਰਿੜਾਈਆ । ਇਕ ਦੀਪਕ ਜਗੌਣਾ ਜਿਸ ਦਾ ਲੇਖਾ ਨਾਲ ਕਮਲਾਪਾਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਭਾਦਰੋਂ ਕਹੇ ਮੈਂ ਨਹੀਂ ਭੁੱਲਿਆ, ਭੁਲੇਖਾ ਭਰਮ ਕੋਇ ਨਾ ਪਾਈਆ । ਮੈਂ ਖ਼ੁਸ਼ੀਆਂ ਵਿਚ ਫੁੱਲਿਆ, ਪਰਦਾ ਦਿਆਂ ਉਠਾਈਆ । ਬਾਵਨ ਦਾ ਤੋਲ ਪੂਰੇ ਤੋਲ ਤੁਲਿਆ, ਕੰਡਾ ਤਰਾਜ਼ੂ ਨਾਮ ਨਜ਼ਰੀ ਆਈਆ । ਜਨ ਭਗਤ ਦਾ ਦੀਪਕ ਕਦੇ ਹੋਵੇ ਨਾ ਗੁਲਿਆ, ਚੌਥੇ ਜੁਗ ਵਿਚ ਚੌਮੁਖੀਆ ਦੀਵਾ ਤੇਰਾਂ ਸੌ ਅਠਾਸੀਆਂ ਦਾ ਸਾਥੀ ਲੈ ਕੇ ਆਇਆ ਚਾਈਂ ਚਾਈਆ । ਇਹ ਤਨ ਦਾ ਦੀਵਾ ਜਿਸ ਦੀ ਇਕੋ ਜੋਤ ਤੇ ਇਕੋ ਬਾਤੀ, ਸੋਭਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਚੌਮੁਖੀਆ ਕਹੇ ਮੈਂ ਚਾਰ ਜੁਗ ਦਾ ਭੇਤੀ, ਭੇਵ ਦਿਆਂ ਖੁਲ੍ਹਾਈਆ । ਨਿੱਕੀ ਭੈਣ ਨੇ ਵੱਡੀ ਭੈਣ ਨਾਲ ਕੀਤੀ ਸੀ ਨੇਕੀ, ਇਸ਼ਾਰੇ ਨਾਲ ਦੱਸ ਕੇ ਪ੍ਰਭ ਦਾ ਦਰਸ ਦਿਤਾ ਕਰਾਈਆ । ਆਪ ਦੂਰੋਂ ਨਿਮਸਕਾਰ ਕਰ ਕੇ ਛੇਤੀ, ਅੱਖੀਂ ਮੀਟ ਧਿਆਨ ਲਗਾਈਆ । ਰੋ ਕੇ ਕਿਹਾ ਮੈਂ ਇਕ ਪ੍ਰਭੂ ਦੀ ਬਣਾਂ ਬੇਟੀ, ਜਿਥੇ ਬੇਟੀ ਬੇਟੇ ਦਾ ਫ਼ਰਕ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਦੀਵਾ ਕਹੇ ਮੈਂ ਦੀਪਕ ਜਗਤ ਚਰਾਗ਼, ਚਰਾਗਾਹਾਂ ਕਰਾਂ ਰੁਸ਼ਨਾਈਆ । ਮੈਂ ਪਿਛਲਾ ਗਿਆ ਜਾਗ, ਨੇਤਰ ਲੋਚਣ ਅੱਖ ਖੁਲ੍ਹਾਈਆ । ਕਿਰਪਾ ਕਰੀ ਪ੍ਰਭੂ ਮਹਾਰਾਜ, ਮਿਹਰ ਨਜ਼ਰ ਉਠਾਈਆ । ਜਿਸ ਦਾ ਨੌ ਅੱਸੂ ਨੂੰ ਨਾਤਾ ਟੁੱਟਣਾ ਸੀ ਜਗਤ ਵਾਲੇ ਸਮਾਜ, ਦੀਨ ਦੁਨੀ ਰਹਿਣ ਨਾ ਪਾਈਆ । ਏਸ ਤ੍ਰਿਪਤ ਦੀ ਏਸ ਜੋਤੀ ਦੀ ਬੁਝਣੀ ਸੀ ਲਾਟ, ਮਾਤਾ ਪਿਤਾ ਸੰਗ ਨਾ ਕੋਇ ਨਿਭਾਈਆ । ਸ਼ਬਦ ਦੇ ਵਿਹਾਰ ਵਿਚ ਸਾਰੇ ਇਕੱਠੇ ਕੀਤੇ ਕੋਈ ਲੇਖਾ ਲਿਖਿਆ ਨਹੀਂ ਨਾਲ ਕ਼ਲਮ ਦਵਾਤ, ਸ਼ਹਾਦਤ ਸਤਿਗੁਰ ਵਾਲੀ ਭੁਗਤਾਈਆ । ਇਹ ਪ੍ਰਭੂ ਦਾ ਆਦਿ ਤੋਂ ਰਿਵਾਜ਼, ਭਗਤਾਂ ਦਾ ਹੋਵੇ ਆਪ ਸਹਾਈਆ । ਕੁਛ ਲੇਖਾ ਲਹਿਣਾ ਛੱਬੀ ਪੋਹ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਗੁਰਦਰਸ਼ਨ ਵਾਸਤੇ ਪੰਜ ਵਸਤੂ ਜੰਮੂ ਵਾਲਿਓ ਫੇਰ ਲਿਔਣੀ ਦਾਤ, ਚੇਲਾ ਸਿੰਘ ਤੇਰਾ ਸ਼ਬਦੀ ਬਚਨ ਪੂਰ ਕਰਾਈਆ । ਅੱਗੇ ਐਸਾ ਖੇਲ ਕਰੇ ਆਪ, ਆਪ ਆਪਣਾ ਪਰਦਾ ਲਾਹੀਆ । ਫੇਰ ਦੱਸਾਂਗਾ ਕਿਸ ਨੂੰ ਗੋਦ ਰੱਖਣਾ ਮਾਤ, ਕਿਸ ਦੇ ਅੰਦਰ ਆਪਣਾ ਨਿਰਗੁਣ ਨੂਰ ਕਰਾਂ ਰੁਸ਼ਨਾਈਆ । ਕਿਸ ਦੇ ਅੰਦਰ ਬਿਨ ਰਸਨਾ ਤੋਂ ਜਪਣਾ ਜਾਪ, ਆਪਣਾ ਰਾਗ ਸੁਣਾਈਆ । ਜਨ ਭਗਤੋ ਮਿਹਰ ਨਿਗਾਹ ਨਾਲ ਸਭ ਨੂੰ ਕਰ ਕੇ ਪਾਕ, ਪਤਤ ਪੁਨੀਤ ਦੇਵੇ ਵਖਾਈਆ । ਰਾਤੀਂ ਸੁਤਿਆਂ ਨੂੰ ਸੁਨੇਹੜਾ ਦੇਵੇ ਆਪ, ਚਿੱਠੀ ਚਿੱਠੀ ਰਸੈਣ ਹੱਥ ਨਾ ਕਿਸੇ ਫੜਾਈਆ । ਜ਼ਰੂਰ ਮਰਨ ਤੋਂ ਪਹਿਲੋਂ ਦਰਸ਼ਨ ਦੇਵਾਂ ਸਾਖਿਆਤ, ਕਿਉਂ ਇਹ ਗੋਬਿੰਦ ਦਾ ਵਾਕ ਨਾ ਕੋਈ ਮੇਟੇ ਮੇਟ ਮਿਟਾਈਆ । ਹੁਣ ਸਾਰਿਆਂ ਨੂੰ ਦੁੱਖ ਕਿ ਸਾਡਾ ਖੁਲ੍ਹਦਾ ਨਹੀਂ ਤਾਕ, ਐਵੇਂ ਸੋਹੰ ਸੋਹੰ ਜਪ ਕੇ ਝਟ ਲੰਘਾਈਆ । ਖ਼ਿਆਲ ਰੱਖਿਓ ਇਕ ਵਾਰ ਸਭ ਦਾ ਖੋਲ੍ਹਣਾ ਬਜਰ ਕਪਾਟ, ਪਰਦਾ ਰਹੇ ਨਾ ਰਾਈਆ । ਮੇਰੀ ਇਕੋ ਮੰਜ਼ਲ ਇਕੋ ਵਾਟ, ਦਰ ਇਕੋ ਸੋਭਾ ਪਾਈਆ ।

ਰੂਹ ਬੁਤ ਕਰ ਕੇ ਪਾਕ, ਪਤਤ ਪੁਨੀਤ ਦੇਵਾਂ ਕਰਾਈਆ । ਏਸੇ ਕਰ ਕੇ ਨੌ ਰੰਗ ਦੀ ਪੌਣੀ ਪੁਸ਼ਾਕ, ਨੌ ਦਵਾਰ ਦਾ ਡੇਰਾ ਢਾਹੀਆ । ਮੁੰਡੇ ਕੁੜੀਆਂ ਚੁੱਕ ਕੇ ਆਪਣੀ ਢਾਕ, ਗੁਰਮੁਖ ਆਪਣੇ ਰੰਗ ਰੰਗਾਈਆ । ਓਸ ਦਵਾਰੇ ਵਿਚ ਕਰ ਕੇ ਵਾਸ, ਜਿਥੇ ਨਿਰਮਲ ਨੂਰ ਜੋਤ ਪ੍ਰਕਾਸ਼ ਚੁਰਾਸੀ ਦਾ ਗੇੜ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਭਾਦਰੋਂ ਕਹੇ ਓਏ ਮੇਰੇ ਪ੍ਰਭੂ ਠਾਕਰ, ਠਾਕਰ ਮੰਦਰਾਂ ਵਿਚ ਬੜੇ ਨਜ਼ਰੀ ਆਈਆ । ਕੀ ਤੇਰਾ ਵੀ ਏ ਢਿੱਡ ਕਾਇਆ ਗਾਗਰ, ਭੁੱਖ ਤੇਹ ਵਾਲਾ ਸੋਭਾ ਪਾਈਆ । ਤਨ ਉਤੇ ਲੈ ਕੇ ਓਢਣ ਚਾਦਰ, ਆਪਣਾ ਝਟ ਲੰਘਾਈਆ । ਸਚ ਦੱਸ ਜੇ ਤੂੰ ਬੰਦਿਆਂ ਵਰਗਾ ਬੰਦਾ ਤੇ ਕਿਸ ਤਰਾ ਦੋ ਜਹਾਨ ਤਰਾਵੇਂ ਸਾਗਰ, ਗਹਿਰ ਗੰਭੀਰ ਦੇਣਾ ਦ੍ਰਿੜਾਈਆ । ਜਿਸ ਦਰ ਤੇ ਦੇਵੇਂ ਆਦਰ, ਪੀਆ ਦਰਸ ਤੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਓਏ ਭਾਦਰੋਂ ਜ਼ਰਾ ਛੱਬੀ ਪੋਹ ਔਣ ਦੇ, ਆਪਣਾ ਵਕਤ ਮੁਕਾਈਆ । ਗੁਰ ਅਵਤਾਰ ਪੈਗ਼ੰਬਰਾਂ ਲੰਗੋਟੇ ਕਸੌਣ ਦੇ, ਧੁਰ ਦਾ ਹੁਕਮ ਸੁਣਾਈਆ । ਦੀਨਾਂ ਮਜ਼੍ਹਬਾਂ ਨੂੰ ਇਕ ਇਕ ਵਾਰ ਲੜੌਣ ਦੇ, ਅੱਗੇ ਹੋ ਨਾ ਕੋਇ ਅਟਕਾਈਆ । ਲੱਗੀ ਪ੍ਰਭ ਦੀ ਪ੍ਰੀਤੀ ਸਭ ਨਾਲੋਂ ਇਕ ਵਾਰ ਤੁੜੌਣ ਦੇ, ਟੁੱਟੀ ਨਾ ਕੋਇ ਗੰਢਾਈਆ । ਆਪਣਿਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਕੀਤੀ ਜ਼ਰਾ ਅਜ਼ਮੌਣ ਦੇ, ਵੇਲਾ ਅੰਤ ਅਜ਼ਮਾਇਸ਼ ਵਾਲਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਛੱਬੀ ਪੋਹ ਵੇਖਣਾ ਯੁੱਧ, ਆਪਣਾ ਆਪਣਾ ਬਲ ਪ੍ਰਗਟਾਈਆ । ਸ਼ਬਦ ਆਵਾਜ਼ ਨਿਕਲੇ ਕਿਸੇ ਨਾ ਬੁੱਧ, ਬੁੱਧੀ ਤੋਂ ਪਰੇ ਧਾਰ ਦ੍ਰਿੜਾਈਆ । ਬ੍ਰਹਿਮੰਡਾਂ ਦੇ ਉਤੇ ਪੈਣੇ ਕੁੱਦ, ਜ਼ਿਮੀਂ ਅਸਮਾਨ ਚਰਨ ਨਾ ਕੋਇ ਟਿਕਾਈਆ । ਸਾਰਿਆਂ ਲੜ ਲੜ ਕੇ ਕਹਿਣਾ ਸਾਡੀ ਦੁਹਾਈ ਹੁਣ ਬਦਲ ਜਾਵੇ ਜੁਗ, ਕਲਜੁਗ ਕੂੜ ਰਹੇ ਨਾ ਰਾਈਆ । ਪੁਰਖ ਅਬਿਨਾਸ਼ੀ ਸਭ ਦੇ ਹਿਰਦੇ ਕਰ ਦੇ ਸ਼ੁੱਧ, ਸੁਦੀ ਵਦੀ ਨਾ ਵੰਡ ਵੰਡਾਈਆ । ਸਾਡਾ ਪੈਂਡਾ ਰਿਹਾ ਮੁਕ, ਮੰਜ਼ਲ ਆਪਣੀ ਅੰਤਮ ਗਈ ਆਈਆ । ਅਸੀਂ ਸਾਰੇ ਨਾਮ ਕ਼ਲਮੇ ਦੀ ਥਾਂ ਤੇਰੀ ਇਹ ਪੜ੍ਹੀਏ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਇਕੱਠੇ ਬਿਨ ਡੰਡਾਵਤ ਬੰਦਨਾ ਸਯਦੇ ਤੈਨੂੰ ਜਾਈਏ ਝੁਕ, ਨਿਵ ਨਿਵ ਸੀਸ ਨਿਵਾਈਆ । ਕਿਉਂ ਅਸੀਂ ਸਾਰੇ ਪ੍ਰਗਟੇ ਤੇਰੀ ਸ਼ਬਦ ਧਾਰ ਦੀ ਕੁੱਖ, ਸਾਨੂੰ ਜੰਮਣ ਵਾਲੀ ਕੋਈ ਨਾ ਮਾਈਆ । ਚਾਰ ਜੁਗ ਤੇਰੇ ਵੱਖਰੇ ਵੱਖਰੇ ਬਣੇ ਰਹੇ ਪੁੱਤ, ਸ਼ਰੀਕਾ ਜਗਤ ਵਾਲਾ ਬਣਾਈਆ । ਪ੍ਰਭੂ ਤੇਰੀ ਦੁਨੀਆ ਤੇ ਲੜਦੀ ਉਤੋਂ ਟੁੱਕ, ਅਸੀਂ ਤੇਰੇ ਨਾਮ ਦੇ ਟੁਕੜੇ ਦਿਤੇ ਕਰਾਈਆ । ਸਾਡੇ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਭ ਦੀ ਬਾਣੀ ਇਕੱਠੀ ਕਰ ਨਾ ਸਕੀ ਇਕ ਮੁੱਠ, ਪੰਜਾਂ ਤੱਤਾਂ ਉਤੇ ਪੰਜਾ ਹੱਥ ਨਾ ਕੋਇ ਟਿਕਾਈਆ । ਕਿਸੇ ਨੇ ਨਾਮ ਕਿਸੇ ਨੇ ਕਲਮਾ ਜਣਾਇਆ ਜਪਾਇਆ ਵਖਰੀ ਵਖਰੀ ਗੁੱਠ, ਹਿੱਸੇ ਛੋਟੇ ਛੋਟੇ ਪਾਈਆ । ਏਸੇ ਵਿਚ ਅਸੀਂ ਹੁੰਦੇ ਰਹੇ ਖ਼ੁਸ਼, ਖ਼ੁਸ਼ੀਆਂ ਵਿਚ ਆਪਣਾ ਰਾਹ ਚਲਾਈਆ । ਜਾਂ ਅੰਤ ਲੇਖਾ ਮੰਗਿਆ ਕਿਉਂ ਹੋਇਆ ਕਲਜੁਗ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਅਸੀਂ ਸਾਰੇ ਬੈਠੇ ਚੁਪ, ਸੀਸ ਸਕੇ ਨਾ ਕੋਇ ਉਠਾਈਆ । ਇਹ ਵੀ ਲੱਗਾ ਦੁੱਖ, ਦੀਨ ਦੁਨੀ ਦੁੱਖੀ ਰਹੀ ਕੁਰਲਾਈਆ । ਸਭ ਨੂੰ ਤੇਰੇ ਮਿਲਣ ਦੀ ਭੁੱਖ, ਨਿਰਗੁਣ ਤੇਰਾ ਰਾਹ ਤਕਾਈਆ । ਸਾਡੇ ਮਜ਼੍ਹਬਾਂ ਵਾਲੇ ਸਾਡੇ ਲਿਖਿਆਂ ਅੱਖਰਾਂ

੧੫੦੦
੨੧

ਦਾ ਕਰ ਕੇ ਰੁਖ਼, ਪੰਧ ਓਥੇ ਗਏ ਮੁਕਾਈਆ । ਅੱਗੇ ਤੁਰਿਆ ਕੋਈ ਨਾ ਉਠ, ਧੁਰ ਦਾ ਬਣਿਆ ਨਾ ਪਾਂਧੀ ਰਾਹੀਆ । ਏਸੇ ਕਰ ਕੇ ਸਭ ਦੇ ਖ਼ਾਲੀ ਠੁਠ, ਵਸਤ ਨਾਮ ਨਾ ਕੋਇ ਵਰਤਾਈਆ । ਪੁਰਖ ਅਕਾਲੇ ਦੀਨ ਦਿਆਲੇ ਅਸੀਂ ਸਾਰੇ ਤੇਰੇ ਸੁਤ, ਸੰਤਾਨ ਤੇਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਭਾਦਰੋਂ ਕਹੇ ਸੁਣ ਜਗਤ ਮੇਰਿਆ ਭਰਾਵਾ, ਭਾਈ ਦਿਆਂ ਸੁਣਾਈਆ । ਕਿਉਂ ਬੰਨ੍ਹਿਆ ਝੂਠਾ ਦਾਅਵਾ, ਦਾਅਵੇਦਾਰ ਨਾ ਕੋਈ ਅਖਵਾਈਆ । ਮੇਰੇ ਅੰਦਰੋਂ ਨਿਕਲੇ ਹਾਵਾ, ਹਾਏ ਹਾਏ ਕਰ ਸੁਣਾਈਆ । ਕਿਉਂ ਨਹੀਂ ਸਿਖਿਆ ਦਿਤੀ ਪੁੱਤਰਾਂ ਮਾਵਾਂ, ਬਿਨਾ ਪ੍ਰਭੂ ਤੋਂ ਦੂਸਰ ਓਟ ਨਾ ਕੋਇ ਰਖਾਈਆ । ਕਿਉਂ ਹੰਸ ਬੁੱਧੀ ਹੋਈ ਵਾਂਗ ਕਾਂਵਾਂ, ਕਾਗ ਵਾਂਗ ਕੁਰਲਾਈਆ । ਕਿਉਂ ਭਾਗ ਲੱਗਾ ਨਹੀਂ ਸਾਢੇ ਤਿੰਨ ਹੱਥ ਗਰਾਵਾਂ, ਗ੍ਰਹਿ ਗ੍ਰਹਿ ਨਾ ਵੱਜੀ ਵਧਾਈਆ । ਕਿਉਂ ਸਚਖੰਡ ਦਵਾਰੇ ਲੱਗਾ ਨਹੀਂ ਨਾਂਵਾਂ, ਧਰਮ ਦੀ ਧਾਰ ਨਾ ਕੋਇ ਸੁਣਾਈਆ । ਕਿਉਂ ਬਲ ਨਹੀਂ ਆਇਆ ਅੰਦਰ ਬਾਹਵਾਂ, ਕਲਜੁਗ ਕੂੜੀ ਕਿਰਿਆ ਲਏ ਢਾਹੀਆ । ਕਿਉਂ ਮਿਲੀਆਂ ਨਹੀਂ ਠੰਡੀਆਂ ਛਾਂਵਾਂ, ਤਪਿਆਂ ਸੀਸ ਹੱਥ ਨਾ ਕੋਇ ਰਖਾਈਆ । ਕਿਉਂ ਬਿਨਾ ਪ੍ਰਭੂ ਤੋਂ ਹੋਇਆ ਨਿਥਾਵਾਂ, ਗ੍ਰਹਿ ਨਜ਼ਰ ਕੋਇ ਨਾ ਆਈਆ । ਐ ਪ੍ਰਭੂ ਮੈਂ ਚਾਹੁੰਦਾ ਤੂੰ ਭਗਤਾਂ ਨੂੰ ਮਿਲ ਸਦਾ ਸਦ ਚਾਵਾਂ, ਚਾਓ ਘਨੇਰਾ ਆਪ ਜਣਾਈਆ । ਤੇਰੇ ਚਰਨਾਂ ਬਲ ਬਲ ਜਾਵਾਂ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਭਾਦਰੋਂ ਕਹੇ ਭਰਮ ਭੁਲੇਖਾ ਕਰ ਦੇ ਦੂਰ, ਦੂਰ ਦੁਰਾਡੇ ਦਇਆ ਕਮਾਈਆ । ਦੀਨ ਦੁਨੀ ਦਾ ਬਖ਼ਸ਼ ਕਸੂਰ, ਮਿਹਰ ਨਜ਼ਰ ਇਕ ਉਠਾਈਆ । ਕਿਰਪਾ ਕਰ ਸਾਹਿਬ ਹਜ਼ੂਰ, ਹਰਿ ਤੇਰੀ ਵਡਿਆਈਆ । ਛੱਬੀ ਪੋਹ ਨੂੰ ਮਾਲਵੇ ਵਾਲਿਆਂ ਬੱਚਾ ਲਿਔਣਾ ਇਕ ਸੂਰ, ਨੰਨ੍ਹਾ ਨਿੱਕਾ ਨਜ਼ਰੀ ਆਈਆ । ਇੱਕੀ ਕਦਮ ਰੱਖਣਾ ਦੂਰ, ਵੱਧ ਘੱਟ ਨਾ ਕੋਇ ਜਣਾਈਆ । ਜਲ ਦਾ ਗਿਲਾਸ ਲਿਔਣਾ ਅੰਗਦ ਦਰ ਖਡੂਰ, ਅਮਰਦਾਸ ਦਏ ਗਵਾਹੀਆ । ਸਰੋਵਰ ਰਸ ਕਰ ਭਰਪੂਰ, ਰਾਮਦਾਸ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਭਾਦਰੋਂ ਕਹੇ ਪੰਜਾਂ ਗੁਰਮੁਖਾਂ ਤੇੜ ਪੌਣਾ ਕੱਛਾ, ਤਹਿਮਤ ਨਜ਼ਰ ਕੋਇ ਨਾ ਆਈਆ । ਨਿੱਕਾ ਜਿਹਾ ਨਾਲ ਲਿਔਣਾ ਵੱਛਾ, ਮਾਝੇ ਵਾਲਿਆਂ ਵੰਡ ਵੰਡਾਈਆ । ਪੰਜਾਂ ਵਿਚ ਇਕ ਨੌਂ ਸਾਲ ਦਾ ਹੋਵੇ ਬੱਚਾ, ਜ਼ਾਤ ਪਾਤ ਨਾ ਕੋਇ ਵਖਾਈਆ । ਨਾਲ ਭਾਂਡਾ ਲਿਔਣਾ ਕੱਚਾ, ਮਾਟੀ ਬਰਤਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਵਡਿਆਈਆ । ਭਾਦਰੋਂ ਕਹੇ ਮੇਰਾ ਭਰਮ ਭੌ ਨਾਸਾ, ਨੱਸਿਆ ਕੂੜ ਵਿਚਾਰ । ਪ੍ਰਭ ਮਿਲਿਆ ਸ਼ਾਹੋ ਸ਼ਾਬਾਸ਼ਾ, ਸ਼ਾਹੋ ਭੂਪ ਸੱਚੀ ਸਰਕਾਰ । ਜਿਸ ਦਾ ਆਦਿ ਜੁਗਾਦੀ ਖੇਲ ਤਮਾਸ਼ਾ, ਲੇਖਾ ਜਾਣੇ ਸਦਾ ਜੁਗ ਚਾਰ । ਸਭ ਦੀ ਪੂਰੀ ਕਰੇ ਆਸਾ, ਵੇਖਣਹਾਰ ਆਪ ਸੰਸਾਰ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਮੰਡਲ ਦਏ ਅਧਾਰ । ਨਿਰਗੁਣ ਜੋਤ ਕਰ ਪ੍ਰਕਾਸ਼ਾ, ਕਲਜੁਗ ਮੇਟੇ ਧੂੰਆਂਧਾਰ । ਜਨ ਭਗਤਾਂ ਪੂਰਾ ਕਰੇ ਘਾਟਾ, ਦੇਵੇ ਨਾਮ ਭੰਡਾਰ । ਚੁਰਾਸੀ ਪੰਧ ਮੇਟ ਕੇ ਵਾਟਾ, ਆਵਣ ਜਾਵਣ ਦਏ ਨਿਵਾਰ । ਸਰੋਵਰ ਇਕ ਨੁਹਾਏ ਤਾਟਾ, ਤੀਰਥ ਤਟ ਛੱਡ ਕਿਨਾਰ । ਅੰਮ੍ਰਿਤ ਜਾਮ ਪਿਆਏ ਬਾਟਾ, ਨਿਝਰ ਝਿਰਨਾ ਝਿਰੇ ਅਪਾਰ । ਸੇਜ ਸੁਹੰਜਣੀ ਸੁਹਾਏ ਖਾਟਾ, ਆਤਮ ਅੰਤਰ ਇਕ ਵਿਸ਼ਾਲ । ਸੋਭਾਵੰਤ ਸੁਹਾਏ ਪੁਰਖ ਅਬਿਨਾਸ਼ਾ, ਦੀਨਾਂ ਬੰਧਪ ਦੀਨ ਦਿਆਲ । ਝਗੜਾ ਮੇਟ ਕੇ



੧੫੦੧
੨੧

ਜ਼ਾਤ ਪਾਤਾ, ਦੀਨਾਂ ਮਜ਼੍ਹਬਾਂ ਵਿਚੋਂ ਕਰੇ ਬਹਾਲ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਸਾਚਾ ਮਾਰਗ ਦੱਸੇ ਸੁਖਾਲ । ਸਚ ਦਵਾਰ ਕਰਕੇ ਵਾਸਾ, ਵਿਸ਼ਵ ਦਾ ਝਗੜਾ ਦਏ ਨਿਵਾਰ । ਇਕੋ ਬਣਕੇ ਪਿਤਾ ਮਾਤਾ, ਹਰਿਜਨ ਗੋਦੀ ਲਏ ਉਠਾਲ । ਸਾਚੇ ਨਾਮ ਦੀ ਦੇ ਕੇ ਦਾਤਾ, ਦੀਨਾਂ ਬੰਧਪ ਦੀਨ ਦਿਆਲ । ਸਿਮਰਨ ਦੱਸ ਕੇ ਪੂਜਾ ਪਾਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਵੱਡਾ ਵਡ ਮਿਹਰਵਾਨ । ਭਾਦਰੋਂ ਕਹੇ ਮੈਂ ਸੁਣਿਆ ਅਗੰਮੀ ਭਜਨ, ਭੱਜ ਭੱਜ ਪੰਧ ਮੁਕਾਈਆ । ਜਿਸ ਦਾ ਚਾਰ ਜੁਗ ਤੋਲਿਆ ਕਿਸੇ ਨਾ ਵਜ਼ਨ, ਮਹਿਸੂਸ ਸਕਿਆ ਨਾ ਕੋਇ ਕਰਾਈਆ । ਗੁਰ ਅਵਤਾਰ ਪੈਗ਼ੰਬਰ ਚਾਚਾ ਆਇਆ ਕਜ਼ਨ, ਅੰਕਲ ਬਣ ਕੇ ਝਟ ਲੰਘਾਈਆ । ਆਪ ਗਾਉਂਦੇ ਰਹੇ ਛੰਦਨ, ਸਿਖਿਆ ਜਗਤ ਵਿਚ ਸਮਝਾਈਆ । ਦੀਨਾਂ ਮਜ਼੍ਹਬਾਂ ਬੰਨ੍ਹ ਕੇ ਬੰਧਨ, ਵੰਡਣ ਵੰਡ ਵੰਡਾਈਆ । ਸਦਾ ਨਾਲ ਮੂਲ ਨਾ ਹੰਢਣ, ਜੰਮਣ ਤੇ ਮਰ ਜਾਈਆ । ਜੁਗ ਚੌਕੜੀ ਰੱਖੇ ਕੋਈ ਨਾ ਅੰਗਣ, ਪੱਥਰ ਬੁਤ ਨਾ ਕੋਇ ਸਹਾਈਆ । ਕਾਗ਼ਜ਼ ਅੱਖਰ ਮੰਜ਼ਲ ਮੂਲ ਕਦੇ ਨਾ ਲੰਘਣ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਬਿਨ ਪ੍ਰਭੂ ਤੋਂ ਸੱਚਾ ਦੇਵੇ ਨਾ ਕੋਈ ਅਨੰਦਨ, ਪਰਮਾਨੰਦ ਨਾ ਕੋਇ ਸਮਾਈਆ । ਭਗਤ ਸੁਹੇਲੇ ਜੁਗ ਜੁਗ ਜਗਣ, ਨਿਰਗੁਣ ਨੂਰ ਜੋਤ ਨੂਰ ਰੁਸ਼ਨਾਈਆ । ਕਲਜੁਗ ਅੰਤਮ ਮੇਟ ਪ੍ਰਭੂ ਪ੍ਰਭ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਨਿਮਸਕਾਰ ਤੇਰੇ ਬੰਦਨ, ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸਦ ਆਪਨੀ ਕਾਰ ਕਮਾਈਆ । ਭਾਦਰੋਂ ਕਹੇ ਪ੍ਰਭ ਸਚ ਦਾ ਦੱਸਣਾ ਧਰਮਾ, ਪਰੇਮੀਆਂ ਧਰਮ ਜਣਾਈਆ । ਦੋਆਬੇ ਵਾਲਿਆਂ ਵਿਚੋਂ ਇਕ ਬਣ ਕੇ ਔਣਾ ਬ੍ਰਹਮਾ, ਮੁਖ ਚਾਰ ਚਾਰ ਸੁਹਾਈਆ । ਜੰਮੂ ਵਾਲਿਆਂ ਸ਼ਿਵ ਪਾਰਬਤੀ ਰੂਪ ਧਰਨਾ, ਪ੍ਰਭ ਆਪਨਾ ਹੁਕਮ ਸੁਣਾਈਆ । ਲਕਛਮੀ ਵਿਸ਼ਨੂੰ ਪ੍ਰਭ ਆਪਨਾ ਮੇਲ ਆਪ ਕਰਨਾ, ਕਰਨੀ ਦਾ ਕਰਤਾ ਦਏ ਵਡਿਆਈਆ । ਸਾਚਾ ਸਗਨ ਓਸ ਵੇਲੇ ਹੱਥ ਫੜਨਾ, ਸਾਂਭ ਕੇ ਮਲ ਸਿੰਘ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਭਾਦਰੋਂ ਕਹੇ ਹੁਕਮ ਧੁਰ ਨਿਰੰਕਾਰੀ, ਨਿਰਾਕਾਰ ਰਿਹਾ ਦ੍ਰਿੜਾਈਆ । ਜਨ ਭਗਤੋ ਸਭ ਨੇ ਚੜ੍ਹਨਾ ਧਰਮ ਦੀ ਖਾਰੀ, ਖ਼ਾਲਸ ਆਪਨਾ ਹੁਕਮ ਵਰਤਾਈਆ । ਮਾਣ ਮਿਲਣਾ ਪੁਰਖ ਨਾਰੀ, ਨਰ ਨਰਾਇਣ ਦਇਆ ਕਮਾਈਆ । ਬਿਨਾ ਪ੍ਰਭੂ ਤੋਂ ਸਭ ਦੀ ਆਤਮਾ ਰਹਿੰਦੀ ਕੁਆਰੀ, ਜਗਤ ਵਿਆਹ ਕੰਮ ਕਿਸੇ ਨਾ ਆਈਆ । ਚਾਰ ਦਿਨ ਭੋਗ ਰਸ ਹਉਮੇ ਵਾਲੀ ਬੀਮਾਰੀ, ਕਾਮ ਵਿਚ ਕੁਰਲਾਈਆ । ਬਿਨਾ ਸਾਹਿਬ ਸਤਿਗੁਰ ਤੋਂ ਧਰਮ ਦੀ ਗੰਢ ਪਵੇ ਨਾ ਵਿਚ ਸੰਸਾਰੀ, ਸਗਲਾ ਸੰਗ ਨਾ ਕੋਇ ਨਿਭਾਈਆ । ਜਗਤ ਜਹਾਨ ਸਦਾ ਖ਼ੁਆਰੀ, ਭੈਣ ਭਾਈ ਮਾਤ ਪਿਤ ਨਾਰ ਕੰਤ ਸੰਗ ਨਾ ਕੋਇ ਨਿਭਾਈਆ । ਬਿਨਾ ਭਗਤਾਂ ਤੋਂ ਲਾਜ ਰਹੇ ਨਾ ਕਿਸੇ ਮੁੱਛ ਦਾੜ੍ਹੀ, ਚੂੰਡੀ ਸੀਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਬਖ਼ਸ਼ੇ ਇਕ ਸਰਨਾਈਆ । ਭਾਦਰੋਂ ਕਹੇ ਕਿਉਂ ਗੋਬਿੰਦ ਵਡਿਆਈ ਭਗੌਤੀ, ਕੀ ਭਗਤਨ ਦਿਤਾ ਸਮਝਾਈਆ । ਕਿਉਂ ਓਸ ਦੀ ਹੋਈ ਮਨੌਤੀ, ਕੀ ਮਨ ਮਤ ਬੁਧ ਚਤੁਰਾਈਆ । ਓਹ ਦਾਤੀ ਸਦਾ ਭੌਂ ਦੀ, ਦੀਨ ਦੁਨੀ ਵਖਾਈਆ । ਕਿਉਂ ਓਸ ਵੇਲੇ ਸ਼ਰਅ ਛੁਰੀ ਬਣੀ ਸੀ ਕਾਂਓ ਦੀ, ਗਊ ਗ਼ਰੀਬ ਪਈ ਦੁਹਾਈਆ । ਵਡਿਆਈ ਰਹੀ ਨਹੀਂ ਸੀ ਰੰਕ ਰਾਓ ਦੀ, ਰਈਅਤ ਹਾਹਾਕਾਰ ਕਰ ਕੁਰਲਾਈਆ । ਸ਼ਾਨ ਰਹੀ ਨਹੀਂ ਸੀ ਕਿਸੇ ਸ਼ਾਹੋ ਦੀ, ਵਸਤ ਸਚ ਨਾ ਕੋਇ ਵਰਤਾਈਆ ।

ਦਰੋਹੀ ਫਿਰੀ ਸੀ ਅਲਾਹ ਦੇ ਦਬਾਓ ਦੀ, ਦਬਦਬਾ ਸਭ ਦੇ ਉਤੇ ਪਾਈਆ । ਜਿਸ ਵੇਲੇ ਗੋਬਿੰਦ ਚੰਡੀ ਪ੍ਰਗਟਾਈ ਪ੍ਰਭ ਦੇ ਨਾਉਂ ਦੀ, ਨਾਉਂ ਨਿਰੰਕਾਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਧਾਰ ਰੱਖੇ ਬੇਪਰਵਾਹੋ ਦੀ, ਬੇਪਰਵਾਹ ਹੋ ਕੇ ਬੇਪਰਵਾਹੀ ਵਿਚ ਸਮਾਈਆ ।

## ❋ ੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਿ ਭਗਤ ਦਵਾਰ ਜੇਠੂਵਾਲ ❋

ਸਦੀ ਚੌਧਵੀਂ ਕਹੇ ਮੈਂ ਤੱਕੇ ਵੇਦੀ ਸੋਢੀ, ਸਾਉਂਡ ਸਭ ਦੀ ਸੁਣੀ ਚਾਈਂ ਚਾਈਆ । ਗ਼ੁੰਚਾ ਫੁੱਲ ਖਿੜਿਆ ਵੇਖਿਆ ਡੋਡੀ, ਮਹਿਕ ਮਹਿਬੂਬ ਮੁਹੱਬਤ ਵਾਲੀ ਮਹਿਕਾਈਆ । ਪੈਗ਼ੰਬਰਾਂ ਵੇਖਿਆ ਝੁਕਦਿਆਂ ਗੋਡੀਂ, ਘੁਟਨੇ ਜ਼ਿਮੀਂ ਜਮਾਂ ਸੁਹਾਈਆ । ਜਗਤ ਜਹਾਨ ਖੇਲ ਵੇਖ ਕਬੱਡੀ ਕੌਡੀ, ਦੀਨ ਦੁਨੀ ਭੱਜੀ ਵਾਹੋ ਦਾਹੀਆ । ਪੈਗ਼ੰਬਰਾਂ ਧਾਰ ਤੱਕੀ ਅਗੰਮੀ ਓਢੀ, ਜੋ ਓੜਕ ਇਕ ਅਖਵਾਈਆ । ਅਵਤਾਰਾਂ ਉਂਗਲਾਂ ਰੱਖ ਕੇ ਉਪਰ ਠੋਡੀ, ਚਿੰਨ੍ਹ ਚਿੰਨ੍ਹ ਵਿਚੋਂ ਬਦਲਾਈਆ । ਨਾਰਾਂ ਸਹਾਰਾ ਦੇ ਕੇ ਮੋਢੀਂ, ਰਾਧਾ ਸੀਤਾ ਸੰਗ ਰਖਾਈਆ । ਜਗਤ ਧਾਰ ਓਢਣ ਓਢੀ, ਬਸਤਰ ਭੂਸ਼ਨ ਤਨ ਛੁਹਾਈਆ । ਰਸ ਰਸੈਣ ਬਣ ਕੇ ਧੋਬੀ, ਜਗਤ ਤ੍ਰਿਸ਼ਨਾ ਰੰਗ ਰੰਗਾਈਆ । ਤਕਦੇ ਰਹੇ ਤਪੀਸ਼ਰ ਜੋਗੀ, ਜੁਗਤੀ ਜਗਤ ਵੇਖ ਵਖਾਈਆ । ਨਿਗਾਹ ਮਾਰਦੇ ਰਹੇ ਪਰਲੋਕ ਲੋਕੀ, ਲੁਕਮਾਨ ਲੁਕਮਾ ਖਾ ਕੇ ਗਿਆ ਜਣਾਈਆ । ਸਰਗੁਣ ਧਾਰ ਬਣਦੇ ਰਹੇ ਬੋਧੀ, ਜਗਤ ਦੁਰਮਤ ਮੈਲ ਧਵਾਈਆ । ਸ਼ਬਦ ਨਾਦ ਸੁਣਾਉਂਦੇ ਰਹੇ ਅਗਾਧ ਬੋਧੀ, ਬੁੱਧੀ ਤੋਂ ਬੋਧ ਕਰਾਈਆ । ਰਮਜ਼ ਦੇਂਦੇ ਰਹੇ ਗੋਝੀ, ਗੋਕਲ ਬਿੰਦਰਾਬਨ ਦੁਹਾਈਆ । ਧੁਰ ਦੀ ਧਾਰ ਕਰਦੇ ਰਹੇ ਉਘੀ, ਉਗਣ ਆਥਣ ਡੰਕ ਵਜਾਈਆ । ਅੰਤਮ ਸਭ ਦੀ ਔਧ ਪੁੱਗੀ, ਪੂਜਾ ਪਾਠ ਵੇਖੇ ਥਾਉਂ ਥਾਈਂਆ । ਜਿਸ ਖੇਲ ਖਿਲਾਇਆ ਚਹੁੰ ਜੁਗੀ, ਜੁਗ ਚੌਕੜੀ ਕਾਰ ਕਮਾਈਆ । ਓਹ ਅਗੰਮ ਅਗੰਮੜਾ ਰਿਹਾ ਕੁੱਦੀ, ਕੱਦ ਸੂਰਤ ਨਜ਼ਰ ਕਿਸੇ ਨਾ ਆਈਆ । ਲੇਖਾ ਜਾਣ ਵਦੀ ਸੁਦੀ, ਥਿਤ ਵਾਰਾਂ ਫੋਲ ਫੁਲਾਈਆ । ਮੰਜ਼ਲ ਰਹਿਣ ਨਾ ਦੇਵੇ ਲੁੱਕੀ, ਪਰਦਾ ਅੰਤਰ ਦਏ ਚੁਕਾਈਆ । ਸ੍ਰਿਸ਼ਟੀ ਚਾਰ ਵਰਨਾਂ ਵਿਚ ਘੁੱਕੀ, ਲਾਟੂ ਮਧਾਣੀਆਂ ਦੇਣ ਗਵਾਹੀਆ । ਸ਼ਬਦ ਧਾਰ ਗਾਏ ਕੋਈ ਨਾ ਦੋ ਤੁਕੀ, ਨਿਰਗੁਣ ਸਰਗੁਣ ਮੇਲ ਨਾ ਕੋਇ ਮਿਲਾਈਆ । ਭਾਗ ਲੱਗੇ ਕਿਸੇ ਨਾ ਕੁੱਖੀ, ਧਨ ਬਣੇ ਨਾ ਕੋਈ ਜਨੇਂਦੀ ਮਾਈਆ । ਐਵੇਂ ਗਰਭ ਭਾਰ ਰਹੀ ਚੁੱਕੀ, ਬਿਨ ਭਗਤਾਂ ਤੋਂ ਮਨੁੱਸ਼ ਜੰਮਿਆ ਕੰਮ ਕਿਸੇ ਨਾ ਆਈਆ । ਕਰੇ ਖੇਲ ਪ੍ਰਭ ਸਾਹਿਬ ਦੀਨ ਦੁਨੀ ਵੇਖ ਕੇ ਦੁਖੀ, ਦੀਨ ਦਿਆਲ ਦਇਆ ਕਮਾਈਆ । ਜਿਸ ਖੇਲ ਖਿਲੌਣਾ ਪੰਜ ਮੁਖੀ, ਪੰਚਮ ਆਪਣਾ ਰੰਗ ਰੰਗਾਈਆ । ਸੰਤ ਸੁਹੇਲਾ ਕਰ ਕੇ ਸੁਖੀ, ਸੁਖਸਾਗਰ ਵਿਚ ਸਮਾਈਆ । ਝਗੜਾ ਮੇਟ ਮਾਨਸ ਮਨੁੱਖੀ, ਮਮਤਾ ਕੂੜ ਦੇਣੀ ਗਵਾਹੀਆ । ਜਿਹੜੀ ਆਤਮਾ ਪਰਮਾਤਮਾ ਦਰਸ਼ਨ ਭੁੱਖੀ, ਨਿਜ ਗ੍ਰਿਹ ਮੇਲ ਮਿਲਾਈਆ । ਸਭ ਦੀ ਬਦਲ ਦੇਵੇ ਰੁਚੀ, ਰਚਨਾ ਆਪਣੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿ ਕਹੇ ਮੈਂ ਵਾਰੀ ਵਿਟੋਂ, ਵੀਟੇ ਆਪਣਾ ਅਧਿਕਾਰ ਜਮਾਈਆ । ਖਹਿੜਾ ਛੁੱਟਣ ਲੱਗਾ ਪੱਥਰ ਇੱਟੋਂ, ਸਿਲ ਪਾਹਨ ਨਾ ਸੀਸ ਨਿਵਾਈਆ । ਭਗਤ

ਭਗਵਾਨ ਪ੍ਰਗਟ ਹੋਵੇ ਵਿਚੋਂ, ਵਿਚਲਾ ਪਰਦਾ ਦਏ ਖੁਲ੍ਹਾਈਆ । ਜੋ ਆਦਿ ਜੁਗਾਦੀ ਜੁਗ ਜੁਗ ਇਕੋ, ਅੰਤ ਦਾ ਮਾਲਕ ਨੂਰ ਅਲਾਹੀਆ । ਸਾਚੀ ਸਿਖਿਆ ਉਸ ਤੋਂ ਸਿੱਖੇ, ਜੋ ਸਿਖਿਆ ਸਿੱਖ ਦਏ ਵਡਿਆਈਆ । ਓਸੇ ਦੀ ਮਹਿਮਾ ਬੋਧ ਅਗਾਧ ਲਿਖੇ, ਲੇਖਾ ਬਣੇ ਕ਼ਲਮ ਸ਼ਾਹੀਆ । ਸਰਬ ਸਵਾਮੀ ਤੱਕੋ ਮਿੱਤੇ, ਮਿੱਤਰ ਪਿਆਰਾ ਨਜ਼ਰੀ ਆਈਆ । ਜੋ ਮੁਹੱਬਤ ਕਰੇ ਕਰਾਏ ਬਾਹਿਰ ਵਿਤੋਂ, ਵਿਤਕਰਾ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਅੰਦਰ ਖਿੱਚੇ, ਪ੍ਰੇਮ ਪਿਆਰ ਗੰਢ ਰਖਾਈਆ । ਸਦ ਬਚਨ ਬੋਲਣਾ ਮਿੱਠੇ, ਰਸ ਰਸਨਾ ਨਾਲ ਵਡਿਆਈਆ । ਪ੍ਰਭ ਵਸਿਆ ਨਹੀਂ ਕਦੇ ਬਾਹਰ ਸਵਾ ਗਿੱਠੋਂ, ਮੇਰੂਡੰਡ ਦਏ ਗਵਾਹੀਆ । ਕਲਜੁਗ ਵੇਲੇ ਅੰਤ ਆਪਣਾ ਆਪ ਨਜਿੱਠੇ, ਦੂਜੇ ਸਿਖਿਆ ਨਾ ਕੋਇ ਸਮਝਾਈਆ । ਪ੍ਰਭ ਆਦਿ ਅੰਤ ਦਾ ਇਕੋ ਪਿਤੋ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਸਾਰੇ ਯਾਦ ਕਰਦੇ ਪਿਛੋਂ, ਸਨਮੁਖ ਹੋ ਕੇ ਦਰਸ ਕੋਇ ਨਾ ਪਾਈਆ । ਜੋ ਆਦਿ ਅੰਤ ਪੂਰੀ ਕਰਨ ਵਾਲਾ ਇੱਛੇ, ਆਸਾ ਸਭ ਦੀ ਵੇਖ ਵਖਾਈਆ । ਉਸ ਦੇ ਕੋਲੋਂ ਮੂਲ ਨਾ ਛਿਪੇ, ਛੱਪਰ ਛੰਨ ਦਏ ਵਡਿਆਈਆ । ਸਚ ਦਵਾਰੇ ਅਗੰਮੀ ਵਿਕੋ, ਕ਼ੀਮਤ ਕਰਤਾ ਦਏ ਚੁਕਾਈਆ । ਇਸ਼ਟ ਮੰਨਣਾ ਸਦਾ ਸਿਖੋ, ਏਕੰਕਾਰ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰੰਗ ਕਹੇ ਮੈਂ ਰੰਗਲਾ, ਰੰਗਤ ਅਗੰਮ ਅਪਾਰ । ਸੁਹਾਵਾਂ ਸੋਹਣਾ ਬੰਗਲਾ, ਸ੍ਰੀ ਸਚਖੰਡ ਦਵਾਰ । ਜਿਥੇ ਸ਼ਬਦੀ ਹੋਵੇ ਚਾਰ ਮੰਗਲਾ, ਦੂਜੀ ਅਵਰ ਨਾ ਕੋਇ ਗੁਫ਼ਤਾਰ । ਬਿਨ ਸੀਸ ਤੋਂ ਹੋਵੇ ਬੰਦਨਾ, ਬਿਨ ਚਰਨ ਕਵਲ ਨਿਮਸਕਾਰ । ਬਿਨ ਤੀਰਥ ਹੋਵੇ ਮੱਜਨਾ, ਬਿਨ ਪੂਜਾ ਮਿਲੇ ਸਚ ਧਾਰ । ਬਿਨ ਤਨ ਲਗਾਏ ਅੰਗਨਾ, ਬਿਨ ਮਨ ਸੁਣੇ ਪੁਕਾਰ । ਬਿਨ ਅੰਜਣ ਪਾਏ ਨੇਤਰ ਅੰਜਣਾ, ਨਾਮ ਨਿਧਾਨਾ ਅਗੰਮ ਅਪਾਰ । ਬਿਨ ਕੰਧੋਂ ਡਾਹੇ ਕੰਧਨਾ, ਦੂਈ ਦਵੈਤੀ ਕਰੇ ਛਾਰ । ਬਿਨ ਦਵਾਰਿਉਂ ਜਿਸ ਦਵਾਰੇ ਲੰਘਣਾ, ਝਗੜਾ ਮੁਕਾਏ ਆਰ ਪਾਰ । ਜਿਸ ਬਿਨ ਮਾਂਗਤ ਦਵਾਰਾ ਸਾਚਾ ਮੰਗਣਾ, ਭਿਖਕ ਹੋ ਕੇ ਬਣੇ ਭਿਖਾਰ । ਜਿਸ ਸਚ ਦਵਾਰੇ ਬਿਨਾ ਦਵਾਰਿਉਂ ਵੰਞਣਾ, ਵੰਞ ਮੁਹਾਣਾ ਨਾ ਕੋਇ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਇਕ ਪਿਆਰ । ਪਿਆਰ ਕਹੇ ਮੈਂ ਆਦਿ ਪ੍ਰੇਮੀ, ਪਰਮ ਪੁਰਖ ਪ੍ਰਗਟਾਈਆ । ਜੁਗ ਚੌਕੜੀ ਧੁਰ ਦਾ ਨੇਮੀ, ਅਮਲਾਂ ਵਿਚ ਸੋਭਾ ਪਾਈਆ । ਮੇਰਾ ਲੇਖਾ ਕੁੰਟ ਹੇਮੀ, ਹਮਸਾਜਣ ਦਏ ਦ੍ਰਿੜਾਈਆ । ਜਿਥੇ ਇਕੋ ਸਾਕ ਸੈਣੀ, ਦੂਜਾ ਨਜ਼ਰ ਕੋਇ ਨਾ ਆਈਆ । ਕਲਪਣਾ ਵਿਚ ਨਾ ਹੋਏ ਬੇਚੈਨੀ, ਅਗਨੀ ਤੱਤ ਨਾ ਕੋਇ ਤਪਾਈਆ । ਜ਼ਾਲਮ ਹੋ ਕੇ ਕਰੇ ਨਾ ਕੋਈ ਬੇਰਹਿਮੀ, ਸ਼ਰਅ ਛੁਰੀ ਨਾ ਕੋਇ ਚਮਕਾਈਆ । ਦ੍ਰਿਸ਼ਟੀ ਰਹੇ ਕੋਈ ਨਾ ਸਹਿਮੀ, ਭੈ ਭੌ ਨਾ ਕੋਇ ਰਖਾਈਆ । ਧੁਰ ਦਾ ਖੇਲ ਸਦਾ ਦਾਇਮੀ, ਦੀਦਾ ਦਾਨਿਸਤਾ ਦਏ ਜਣਾਈਆ । ਸਤਿਜੁਗ ਵਸੇ ਧਾਮ ਮੁਕਾਇਮੀ, ਮੁਕੰਮਲ ਆਪਣਾ ਡੇਰਾ ਲਾਈਆ । ਮਿੱਤਰ ਪਿਆਰਾ ਹੋਵੇ ਸੈਣੀ, ਸਗਲਾ ਸੰਗ ਰਖਾਈਆ । ਕਦੇ ਹੋਵਣ ਨਾ ਦੇਵੇ ਬੇਚੈਨੀ, ਚੰਦ ਸੂਰਜ ਤੋਂ ਪਰੇ ਕਰੇ ਰੁਸ਼ਨਾਈਆ । ਕੀ ਸੰਦੇਸ਼ਾ ਦੇ ਕੇ ਗਿਆ ਭਗਤ ਬੇਣੀ, ਭਗਤ ਦਵਾਰ ਧਰਮ ਪ੍ਰਗਟਾਈਆ । ਜਿਸ ਵੇਲੇ ਕਲਜੁਗ ਦੁਨੀਆ ਹੋਈ ਵਹਿਮੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਦਰਸ ਕਰੇ ਕੋਈ ਨਾ ਨੈਣੀ, ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਸਾਰੇ ਸਿਖ ਜਾਣ ਮੁਖ ਕਹਿਣੀ, ਸਹਿਣ ਵਾਲਾ ਨਜ਼ਰ ਕੋਇ ਨਾ ਆਈਆ । ਵਹਿਣ ਧਾਰ ਵੇਖਣੀ ਤ੍ਰਿਬੈਣੀ, ਤ੍ਰਿਕੁਟੀ ਤੀਨ ਲੋਕ ਖੇਲ ਕੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ

੧੫੦੪ ੨੧

ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਕਾਰ ਕਹੇ ਮੈਂ ਵੇਖਾਂ ਕੁੰਦਰਾਂ, ਕ਼ਦਮ ਕ਼ਦੀਮ ਦਾ ਫੋਲ ਫੁਲਾਈਆ । ਪੰਜਾਂ ਗੁਰਮੁਖਾਂ ਕੰਨੀ ਹੋਵਣ ਮੁੰਦਰਾਂ, ਮਛੰਦਰ ਗੋਰਖ ਵੇਸ ਵਟਾਈਆ । ਪੰਜੇ ਰੰਗੀਆਂ ਹੋਵਣ ਉਂਗਲਾਂ, ਰੰਗ ਤਿੰਨ ਤਿੰਨ ਚੜ੍ਹਾਈਆ । ਵਾਲਾਂ ਨੂੰ ਪਾਈਆ ਹੋਵਣ ਗੁੰਝਲਾਂ, ਸਿੱਧੇ ਸਾਫ਼ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਕਰਾਈਆ । ਖੇਲ ਕਹੇ ਮੈਂ ਖੇਲ ਖਲਾਉਣਾ, ਖ਼ਾਲਕ ਖ਼ਲਕ ਜਣਾਈਆ । ਛੱਬੀ ਪੋਹ ਗੁਰਮੁਖ ਸਭ ਤੋਂ ਛੋਟਾ ਵੇਖਣਾ ਇਕ ਬੌਨਾ, ਕੱਦ ਨਿੱਕਾ ਨਜ਼ਰੀ ਆਈਆ । ਉਸ ਨੇ ਦਾੜ੍ਹੀ ਕੇਸ ਵਧੌਣਾ, ਛੱਬੀ ਛੱਬੀ ਇੰਚ ਲੰਬਾਈਆ । ਗਲ ਬਸਤਰ ਇਕੋ ਪਾਉਣਾ, ਪਾਰਬ੍ਰਹਮ ਦਏ ਦ੍ਰਿੜਾਈਆ । ਮਸਤਕ ਤ੍ਰਿਸੂਲ ਨਿਸ਼ਾਨ ਬਣਾਉਣਾ, ਸੋਹਣਾ ਰੰਗ ਰੰਗਾਈਆ । ਜਿਸ ਨੇ ਸਭ ਦੇ ਉਤੇ ਅੰਮ੍ਰਿਤ ਜਲ ਛਿੜਕੌਣਾ, ਸੇਵਾ ਸਚ ਲਗਾਈਆ । ਪੰਜਾਂ ਗੁਰਮੁਖਾਂ ਡੰਕਾ ਇਕ ਵਜਾਉਣਾ, ਨੌਬਤ ਨੌ ਮਿੰਟ ਖੜਕਾਈਆ । ਬਿਨਾ ਹੁਕਮ ਤੋਂ ਕਿਸੇ ਨਹੀਂ ਸੌਣਾ, ਸਾਵਣ ਦਾ ਮਹੀਨਾ ਦਏ ਗਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਬਣ ਕੇ ਆਉਣਾ ਪਰੌਹੁਣਾ, ਨਿਰਗੁਣ ਸਰਗੁਣ ਧਾਰ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਮੇਲਾ ਕਹੇ ਮੈਂ ਕਰਾਂ ਮਿਲਾਪ, ਮਿਲਣੀ ਜਗਦੀਸ਼ ਕਰਾਈਆ । ਖੇਲੇ ਖੇਲ ਪ੍ਰਭੂ ਪ੍ਰਭ ਆਪ, ਆਪਣੀ ਦਇਆ ਕਮਾਈਆ । ਇਕ ਗੁਰਮੁਖ ਜਿਸ ਨੂੰ ਚੜ੍ਹਿਆ ਹੋਵੇ ਤਾਪ, ਤਪਦਾ ਪਿੰਡਾ ਨਾਲ ਰਖਾਈਆ । ਇਕ ਗੁਰਮੁਖ ਜਿਸ ਨੂੰ ਵੱਜਾ ਹੋਵੇ ਕਾਠ, ਬੰਧਨ ਬੰਧਨ ਵਿਚ ਬੰਧਾਈਆ । ਇਕ ਗੁਰਮੁਖ ਜਿਹੜਾ ਕੰਨਾਂ ਵਿਚ ਉਂਗਲਾਂ ਪਾ ਕੇ ਕਰੇ ਪਾਠ, ਸੋਹੰ ਢੋਲਾ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਘਰ ਕਹੇ ਮੈਂ ਹੋਵਾਂ ਸੁਹੰਞਣਾ, ਸੋਭਾਵੰਤ ਸੁਹਾਏ । ਨੇਤਰ ਪਾਉਂਣਾ ਧੁਰ ਦਾ ਅੰਜਣਾ, ਨੈਣ ਨੈਣ ਮਟਕਾਏ । ਪ੍ਰਭ ਵੇਖਣਾ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਪਾਰ ਕਰਾਏ । ਜਿਸ ਰੰਗ ਰੰਗਾਉਂਣਾ ਆਅਲਾ ਅਦਨਾ, ਅਦਲ ਇਨਸਾਫ਼ ਇਕ ਵਡਿਆਏ । ਸਭ ਦੀ ਸਾਂਝੀ ਕਰੇ ਬੰਦਨਾ, ਬੰਦੀਖ਼ਾਨੇ ਦਏ ਤੁੜਾਏ । ਨਾਮ ਨਿਧਾਨਾ ਇਕੋ ਵੰਡਨਾ, ਲੱਖ ਚੁਰਾਸੀ ਝੋਲੀ ਦਏ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਠਾਂਡਾ ਇਕ ਦਰਸਾਏ । ਦਰ ਠਾਂਡਾ ਗਹਿਰ ਗੰਭੀਰ, ਦੂਸਰ ਅਵਰ ਨਾ ਕੋਇ ਜਣਾਈਆ । ਜਿਥੇ ਝਗੜਾ ਨਹੀਂ ਤੱਤ ਸਰੀਰ, ਵੰਡਣ ਵੰਡ ਨਾ ਕੋਇ ਵੰਡਾਈਆ । ਸ਼ਹਾਦਤ ਦੇਵੇ ਰਵਦਾਸ ਕਬੀਰ, ਕ਼ਬਰਾਂ ਤੋਂ ਬਾਹਰ ਸੁਣਾਈਆ । ਮੇਰਾ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਅਮੀਰ, ਨਿਮਾਣ ਨਿਮਾਣਾ ਆਪ ਅਖਵਾਈਆ । ਜਿਸ ਦੀ ਦੋ ਜਹਾਨ ਬ੍ਰਹਿਮੰਡ ਖੰਡ ਜਾਗੀਰ, ਧਨ ਦੌਲਤ ਆਪਣੀ ਨਾਮ ਨਾਮ ਪ੍ਰਗਟਾਈਆ । ਜਿਸ ਨੇ ਲੇਖ ਜਣਾਇਆ ਅੱਖਰਾਂ ਮਾਰ ਲਕੀਰ, ਸ਼ਾਸਤਰਾਂ ਵੰਡ ਵੰਡਾਈਆ । ਖੇਲ ਖਿਲਾਇਆ ਚਿੱਲਾ ਤੀਰ, ਕਮਾਨ ਨਾਲ ਸ਼ਮਸ਼ੀਰ, ਖੜਗ ਖੰਡਾ ਖੜਗ ਖੜਗ ਟਕਰਾਈਆ । ਸੋ ਜਨ ਭਗਤ ਹੋਣ ਨਾ ਦੇਵੇ ਦਿਲਗੀਰ, ਅੰਤਰ ਅੰਤਸ਼ਕਰਨ ਫੋਲ ਫੁਲਾਈਆ । ਛੱਬੀ ਪੋਹ ਗੋਬਿੰਦ ਬਣਨਾ ਉਚ ਦਾ ਪੀਰ, ਗੁਰਮੁਖ ਕੰਧਿਆਂ ਉਤੇ ਟਿਕਾਈਆ । ਨਾਲ ਅੰਮ੍ਰਿਤ ਰੱਖਣਾ ਨੀਰ, ਚਾਰੇ ਕੁੰਟਾਂ ਨਾਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਸਰਬ ਜ਼ਮੀਰ, ਅੰਤਰ ਨਿਰੰਤਰ ਨਿਰੰਤਰ ਅੰਤਰ ਫੋਲ ਫੁਲਾਈਆ ।



੧੫੦੫ ੨੧

## ✻ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਜ਼ਾਰਾ ਸਿੰਘ ਦੇ ਗ੍ਰਿਹ ਅੰਮ੍ਰਿਤਸਰ ✻

ਭਾਦਰੋਂ ਕਹੇ ਮੇਰੇ ਭਗਵੰਤ, ਹਰਿ ਕਰਤੇ ਧੁਰਦਰਗਾਹੀਆ । ਕਿਰਪਾ ਕਰ ਸਾਹਿਬ ਗੁਣਵੰਤ, ਪਾਰਬ੍ਰਹਮ ਤੇਰੀ ਸਰਨਾਈਆ । ਲਹਿਣਾ ਦੇਣਾ ਚੁਕਾ ਜੁਗਾ ਜੁਗੰਤ, ਜੁਗ ਚੌਕੜੀ ਤੇਰੀ ਓਟ ਤਕਾਈਆ । ਕਲਜੁਗ ਕੂੜੀ ਮਾਇਆ ਵੇਖ ਬੇਅੰਤ, ਚਾਰ ਕੁੰਟ ਦਹਿ ਦਿਸ਼ਾ ਅੰਧੇਰਾ ਛਾਈਆ । ਸਤਿ ਵਿਚ ਰਿਹਾ ਕੋਈ ਨਾ ਸੰਤ, ਧਰਮ ਦੀ ਧਾਰ ਨਾ ਕੋਈ ਪ੍ਰਗਟਾਈਆ । ਚਾਰ ਵਰਨਾਂ ਗੜ੍ਹ ਬਣਿਆ ਹਉਮੇ ਹੰਗਤ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਭੇਵ ਅਭੇਦਾ ਤੇਰਾ ਸਕੇ ਨਾ ਕੋਇ ਖੁਲ੍ਹਾਈਆ । ਲਹਿਣਾ ਦੇਣਾ ਮੁਕਾ ਦੇ ਜੇਰਜ ਅੰਡਜ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਸਚਖੰਡ ਦਵਾਰ ਏਕੰਕਾਰ ਦਰ ਤੇਰੇ ਮੰਗਤ, ਮਾਂਗਤ ਹੋ ਕੇ ਝੋਲੀ ਡਾਹੀਆ । ਅੰਤਰ ਨਿਰੰਤਰ ਨਿਰਵੈਰ ਚਾੜ੍ਹ ਦੇ ਰੰਗਤ, ਅਨਡਿੱਠ ਆਪਣਾ ਰੰਗ ਰੰਗਾਈਆ । ਸਤਿ ਧਰਮ ਦੀ ਸਚ ਬਣਾ ਸੰਗਤ, ਸਗਲਾ ਸੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਸੀਸ ਨਿਵਾਈਆ । ਭਾਦਰੋਂ ਕਹੇ ਮੇਰੇ ਸਾਹਿਬ ਸਤਿਗੁਰ ਮੀਤ, ਮਿੱਤਰ ਪਿਆਰੇ ਦੇ ਦ੍ਰਿੜਾਈਆ । ਸਚ ਧਰਮ ਦੀ ਸਚ ਕਰ ਬਖ਼ਸ਼ੀਸ਼, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਤੂੰ ਮੇਰਾ ਮੈਂ ਤੇਰਾ ਧੁਰ ਦਾ ਕਲਮਾ ਹੋਵੇ ਗੀਤ, ਕਾਇਨਾਤ ਦੀਨ ਦੁਨੀ ਦ੍ਰਿਸ਼ਟੀ ਇਸ਼ਟੀ ਇਕੋ ਨਜ਼ਰੀ ਆਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨੂਰ ਕਰ ਰੁਸ਼ਨਾਈਆ । ਸਚ ਦਾ ਕਲਮਾ ਨਾਮ ਅਗੰਮਾ ਦੇ ਹਦੀਸ, ਹਜ਼ਰਤਾਂ ਤੋਂ ਪਰੇ ਕਰ ਪੜ੍ਹਾਈਆ । ਲੇਖਾ ਮੁਕਾ ਦੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਚਰਨ ਕਵਲ ਉਪਰ ਧਵਲ ਧਰਮ ਦੀ ਧਾਰ ਹੋਵੇ ਪ੍ਰੀਤ, ਪ੍ਰੀਤਮ ਪਾਰਬ੍ਰਹਮ ਪ੍ਰਭ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਅੰਤ ਕਰੇ ਤਸਦੀਕ, ਸ਼ਹਾਦਤ ਸ਼ਹਿਨਸ਼ਾਹ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਭਾਦਰੋਂ ਕਹੇ ਮੇਰੇ ਸਾਹਿਬ ਸਵਾਮੀ, ਅੰਤਰ ਅੰਤਰ ਸੀਸ ਨਿਵਾਈਆ । ਨਿਰਗੁਣ ਧਾਰ ਅੰਤਰਜਾਮੀ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਚਾਰ ਜੁਗ ਦੀ ਪਿਛਲੀ ਕਟ ਗ਼ੁਲਾਮੀ, ਗਹਿਰ ਗੰਭੀਰ ਵੇਖ ਵਖਾਈਆ । ਤੈਨੂੰ ਮਾਲਕ ਮੰਨਦੇ ਅਨਾਮੀ, ਸਚਖੰਡ ਤੋਂ ਪਰੇ ਸਚ ਤੇਰੀ ਰੁਸ਼ਨਾਈਆ । ਸਦੀ ਚੌਧਵੀਂ ਤੇਰੇ ਕਲਮਿਆਂ ਹੋਈ ਬਦਨਾਮੀ, ਬਦੀ ਦਾ ਬਦਲਾ ਦੇ ਚੁਕਾਈਆ । ਚਾਰ ਕੁੰਟ ਵੇਖ ਬਦਇੰਤਜ਼ਾਮੀ, ਨਿਗਾਹ ਨੈਣ ਆਪ ਉਠਾਈਆ । ਮਨੂਆ ਮਨ ਵਿਕਾਰ ਕਰੇ ਕਲਾਮੀ, ਕਲਮਾ ਹੱਕ ਨਾ ਕੋਇ ਸੁਣਾਈਆ । ਜਲਵਾ ਨੂਰ ਨਾ ਕੋਇ ਅਰਸ਼ਾਨੀ, ਅਗੰਮੀ ਅੱਗ ਨਾ ਕੋਇ ਬੁਝਾਈਆ । ਨਬੀ ਰਸੂਲਾਂ ਹੋਈ ਪ੍ਰੇਸ਼ਾਨੀ, ਪਰਾ ਪਸੰਤੀ ਮਧਮ ਬੈਖਰੀ ਰੋਵੇ ਮਾਰੇ ਧਾਈਆ । ਝਗੜਾ ਪਿਆ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਕਰੇ ਨਾ ਕੋਇ ਸਫ਼ਾਈਆ । ਅੰਮ੍ਰਿਤ ਰਸ ਦੇਵੇ ਨਾ ਕੋਈ ਅਗੰਮਾ ਪਾਣੀ, ਨਿਝਰ ਝਿਰਨਾ ਬੂੰਦ ਸਵਾਂਤ ਨਾ ਕੋਇ ਟਪਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਮਿਲੇ ਨਾ ਸਾਚਾ ਹਾਣੀ, ਸਗਲਾ ਸੰਗ ਨਾ ਕੋਇ ਵਖਾਈਆ । ਤੇਰੀ ਸਿਫ਼ਤ ਸੁਣੀ ਵੇਦ ਪੁਰਾਨੀ, ਸ਼ਾਸਤਰ ਸਿਮਰਤ ਅੰਜੀਲ ਕੁਰਾਨ ਗੀਤਾ ਗਿਆਨ ਢੋਲਾ ਗਾਈਆ । ਤੂੰ ਲੇਖਾ ਵੇਖ ਦੋ ਜਹਾਨੀ, ਤੇਰਾ ਖੇਲ ਸਦਾ ਆਲਮੇ ਜਾਵਦਾਨੀ, ਜ਼ਾਹਿਰ ਜ਼ਹੂਰ ਤੇਰੀ ਸਰਨਾਈਆ । ਤੂੰ ਆਦਿ ਅੰਤ ਪੈਗ਼ੰਬਰ ਇਕ ਅਮਾਮੀ, ਤੇਰਾ ਨਾਮ ਸਚ ਸਲਾਮੀ, ਸਹੀ ਸਲਾਮਤ ਨਜ਼ਰੀ ਆਈਆ ।

ਤੇਰੀ ਅਲੁੜ ਤਰਲ ਜਵਾਨੀ, ਤੇਰਾ ਨੂਰ ਜੋਤ ਮਹਾਨੀ, ਦੀਪਕ ਸਕੇ ਨਾ ਕੋਇ ਬੁਝਾਈਆ । ਅਵਤਾਰ ਪੈਗ਼ੰਬਰ ਗੁਰ ਤੇਰੇ ਨੰਨ੍ਹੇ ਬਾਲ ਨਿਧਾਨੀ, ਜੁਗ ਜੁਗ ਨਿਰਗੁਣ ਸਰਗੁਣ ਸੇਵ ਕਮਾਈਆ । ਅੰਤ ਕੰਤ ਭਗਵੰਤ ਸਾਹਿਬ ਸਤਿਗੁਰ ਕਰ ਮਿਹਰਵਾਨੀ, ਮਹਿਬੂਬ ਮੁਹੱਬਤ ਵਿਚ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਦਰ ਤੇਰਾ ਇਕ ਸੁਹੰਜਣਾ, ਮੇਰੇ ਸਾਹਿਬ ਸਚ ਸੁਲਤਾਨ । ਕਲਜੁਗ ਅੰਤਮ ਦਾਤੇ ਮੰਗਣਾ, ਨਿਰਧਨ ਬਣ ਕੇ ਬਾਲ ਅੰਜਾਣ । ਤੂੰ ਖ਼ਾਲਕ ਮਾਲਕ ਚਾੜ੍ਹੀਂ ਰੰਗਣਾ, ਮੁਹੱਬਤ ਵਿਚ ਹੋ ਮਿਹਰਵਾਨ । ਮੇਰੀ ਡੰਡਾਵਤ ਮੇਰੀ ਬੰਦਨਾ, ਹਉਂ ਵਿਟੋਂ ਕੁਰਬਾਨ । ਤੇਰਾ ਹੁਕਮ ਭਾਣਾ ਸਭ ਨੇ ਮੰਨਣਾ, ਸੀਸ ਜਗਦੀਸ਼ ਸਰਬ ਝੁਕਾਨ । ਸ਼ਬਦ ਸੁਣਾ ਬਿਨ ਕੰਨਨਾ, ਅਨਹਦ ਨਾਦੀ ਦੇ ਗਾਨ । ਗੜ੍ਹ ਹੰਕਾਰ ਕੂੜ ਭੰਨਣਾ, ਕਲਜੁਗ ਸ਼ਰਅ ਨਾ ਰਹੇ ਸ਼ੈਤਾਨ, ਨਿਰਗੁਣ ਨੂਰ ਜੋਤ ਚਾੜ੍ਹਦੇ ਚੰਦਨਾ, ਅੰਧ ਅੰਧੇਰ ਮਿਟੇ ਜਹਾਨ । ਤੇਰਾ ਨਾਉਂ ਸੂਰਾ ਸਰਬੰਗਨਾ, ਆਦਿ ਜੁਗਾਦੀ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਵੇ ਵਿਚ ਜ਼ਿਮੀਂ ਅਸਮਾਨ । ਭਾਦਰੋਂ ਕਹੇ ਮੇਰੇ ਸਾਹਿਬ ਕੰਤ ਸੁਹੇਲੇ, ਸਚ ਤੇਰੀ ਵਡਿਆਈਆ । ਏਕਾ ਰੰਗ ਰੰਗ ਦੇ ਗੁਰੂ ਗੁਰ ਚੇਲੇ, ਚੇਲਾ ਗੁਰ ਇਕੋ ਰੂਪ ਨਜ਼ਰੀ ਆਈਆ । ਆਤਮ ਪਰਮਾਤਮ ਕਰ ਦੇ ਮੇਲੇ, ਪਾਰਬ੍ਰਹਮ ਬ੍ਰਹਮ ਮਿਲ ਕੇ ਵੱਜੇ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੂੰ ਖੇਲ ਅਗੰਮੀ ਖੇਲੇ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਹੁਣ ਲੱਭਣਾ ਨਾ ਪਏ ਤੈਨੂੰ ਵਿਚ ਜੰਗਲ ਬੇਲੇ, ਜੂਹਾਂ ਖੋਜ ਨਾ ਕੋਇ ਖੁਜਾਈਆ । ਦੀਨ ਦੁਨੀ ਨਾਲੋਂ ਹੋ ਕੇ ਵਿਹਲੇ, ਵੇਲਾ ਵਕਤ ਲਏ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਭਾਦਰੋਂ ਸੁਣ ਅਗੰਮੀ ਫ਼ਰਮਾਨ, ਹਰਿ ਕਰਤਾ ਆਪ ਦ੍ਰਿੜਾਈਆ । ਖੇਲਾਂ ਖੇਲ ਵਿਚ ਜਹਾਨ, ਨਿਰਗੁਣ ਸਰਗੁਣ ਕਾਰ ਕਮਾਈਆ । ਕੂੜੀ ਕਿਰਿਆ ਮੇਟ ਸ਼ੈਤਾਨ, ਸ਼ਰਅ ਸ਼ਰੀਅਤ ਕਰਾਂ ਸਫ਼ਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੇ ਕੇ ਇਕ ਗਿਆਨ, ਮਨ ਕਾ ਮਣਕਾ ਦਿਆਂ ਭਵਾਈਆ । ਮਾਇਆ ਮਮਤਾ ਮੋਹ ਨਾ ਰਹੇ ਹਰਾਮ, ਕਲਪਣਾ ਕੂੜ ਨਾ ਕੋਇ ਹਲਕਾਈਆ । ਸਚ ਨਾਦ ਦੇ ਧੁਨਕਾਨ, ਅਨਾਦੀ ਨਾਦ ਇਕ ਸੁਣਾਈਆ । ਅੰਮ੍ਰਿਤ ਰਸ ਦੇ ਕੇ ਪੀਣ ਖਾਣ, ਤ੍ਰਿਸ਼ਨਾ ਕੂੜੀ ਦਿਆਂ ਬੁਝਾਈਆ । ਸ਼ਬਦ ਸੁਣਾ ਕੇ ਬਿਨਾ ਕਾਨ, ਗ੍ਰਿਹਿ ਮੰਦਰ ਪਰਦਾ ਆਪ ਉਠਾਈਆ । ਕਰ ਪ੍ਰਕਾਸ਼ ਬਿਨਾ ਸੂਰੀਆ ਭਾਨ, ਨਿਰਗੁਣ ਨੂਰ ਡਗਮਗਾਈਆ । ਸਚ ਸਿੰਘਾਸਣ ਦੇ ਆਰਾਮ, ਆਤਮ ਸੇਜਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਸਮਝਾਈਆ । ਸਚ ਧਰਮ ਇਕ ਦ੍ਰਿੜਾਵਾਂਗਾ । ਲੱਖ ਚੁਰਾਸੀ ਵੇਖ ਵਖਾਵਾਂਗਾ । ਭਗਤ ਸੁਹੇਲੇ ਜਗਤ ਉਠਾਵਾਂਗਾ । ਸਾਚੀ ਖੇਲ ਆਪਣੀ ਖੇਲੇ, ਖ਼ਾਲਕ ਖ਼ਲਕ ਰੂਪ ਪ੍ਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਮਾਰਗ ਇਕੋ ਇਕ ਵਖਾਵਾਂਗਾ । ਮਾਰਗ ਇਕੋ ਇਕ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਪਾਰਬ੍ਰਹਮ ਪ੍ਰਭ ਪਰਦਾ ਲਾਹੇਗਾ । ਸਾਹਿਬ ਸਤਿਗੁਰ ਵੇਸ ਵਟਾਏਗਾ । ਵਰਨ ਬਰਨ ਖੋਜ ਖੁਜਾਏਗਾ । ਜ਼ਾਤ ਪਾਤ ਦਾ ਲੇਖ ਚੁਕਾਏਗਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਏਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਆਤਮ ਗਾਥ, ਪਾਰਬ੍ਰਹਮ


੧੫੦੭
੨੧

ਪ੍ਰਭ ਢੋਲਾ ਰਾਗ ਅਲਾਏਗਾ । ਕਾਇਆ ਮੰਦਰ ਅੰਦਰ ਕਰ ਕੇ ਵਾਸ, ਵਾਸਤਾ ਆਪਣੇ ਨਾਲ ਜੁੜਾਏਗਾ । ਗੁਰ ਅਵਤਾਰ ਪੈਗ਼ੰਬਰਾਂ ਦੇ ਸ਼ਾਬਾਸ਼, ਸਿਰ ਆਪਣਾ ਹੱਥ ਰਖਾਏਗਾ । ਸਦੀ ਚੌਧਵੀਂ ਅੰਤ ਅਖ਼ੀਰ ਸਭ ਦੀ ਪੂਰੀ ਹੋਈ ਖ਼ਾਹਿਸ਼, ਪੈਗ਼ੰਬਰ ਨਬੀਆਂ ਰਸੂਲਾਂ ਰਹਿਮ ਕਮਾਏਗਾ । ਸਦੀ ਬੀਸਵੀਂ ਸੀਸ ਰਹੇ ਕੋਈ ਨਾ ਤਾਜ, ਤਖ਼ਤਾ ਦੀਨ ਦੁਨੀ ਉਲਟਾਏਗਾ । ਜੋ ਨਾਨਕ ਗੋਬਿੰਦ ਲਿਖਿਆ ਬੋਧ ਅਗਾਧ, ਬੁੱਧੀ ਤੋਂ ਪਰੇ ਭੇਵ ਖੁਲ੍ਹਾਏਗਾ । ਜਿਸ ਨੇ ਨੌ ਖੰਡ ਪ੍ਰਿਥਮੀ ਚਾਰ ਵਰਨ ਬਣਾਉਣਾ ਇਕ ਸਮਾਜ, ਸਮੇਂ ਦਾ ਮਾਲਕ ਆਪਣੀ ਕਾਰ ਭੁਗਤਾਏਗਾ । ਜਿਸ ਨੂੰ ਅੱਲਾ ਰਾਮ ਵਾਹਿਗੁਰੂ ਕਹਿੰਦੇ ਗਾਡ, ਗਾਈਡ ਇਕੋ ਨਜ਼ਰੀ ਆਏਗਾ । ਜਿਸ ਨੂੰ ਝੁਕਦੇ ਸੰਤ ਸਾਧ, ਸੱਜਣ ਬੇਪ੍ਰਵਾਹ ਆਪ ਅਖਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਕਲਮਾ ਦੇ ਕੇ ਵਾਹਿਦ, ਲਾਸ਼ਰੀਕ ਸ਼ਰਅ ਦੀਨ ਦੁਨੀ ਬਦਲਾਏਗਾ । ਭਾਦਰੋਂ ਕਹੇ ਮੈਂ ਝੁਕ ਝੁਕ ਕਰਾਂ ਪ੍ਰਨਾਮ, ਨਮਸਤੇ ਸੀਸ ਨਿਵਾਈਆ । ਕਲਜੁਗ ਅੰਤ ਪਹੁੰਚਿਆ ਆਣ, ਵੇਲਾ ਵਕਤ ਦਏ ਗਵਾਹੀਆ । ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਅੱਠ ਭਾਦਰੋਂ ਹੁਕਮ ਦੇਣਾ ਫ਼ਰਮਾਨ, ਫ਼ਰਮਾਨ ਸੰਦੇਸ਼ਾ ਅਗੰਮ ਅਥਾਹੀਆ । ਨੌ ਰੱਖਣੇ ਨਾਲ ਬਦਾਮ, ਨਵ ਖੰਡ ਦਾ ਪਰਦਾ ਲਾਹੀਆ । ਸਰਬ ਜੀਆਂ ਦਾ ਬਣ ਕੇ ਜਾਣੀ ਜਾਣ, ਕੀ ਖੇਲ ਹੋਣਾ ਉਤੇ ਅਸਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਸੁਣਾਈਆ । ਸਚ ਦਾ ਹੁਕਮ ਅਗੰਮ ਇਕ, ਏਕੰਕਾਰ ਦ੍ਰਿੜਾਈਆ । ਜਿਸ ਦਾ ਲੇਖਾ ਕੋਈ ਨਾ ਸਕੇ ਲਿਖ, ਕ਼ਲਮ ਸਿਆਹੀ ਨਾ ਕੋਇ ਚਤੁਰਾਈਆ । ਜਿਸ ਤੋਂ ਸਾਰੇ ਸਿਖਿਆ ਰਹੇ ਸਿਖ, ਗੁਰ ਅਵਤਾਰ ਪੈਗ਼ੰਬਰ ਮੁਰੀਦ ਮੁਰਸ਼ਦ ਰੂਪ ਵਟਾਈਆ । ਦਰ ਦਰਵੇਸ਼ ਮੰਗਣ ਭਿਖ, ਮਾਂਗਤ ਹੋ ਕੇ ਝੋਲੀ ਡਾਹੀਆ । ਸੋ ਸਭ ਦਾ ਲਹਿਣਾ ਦੇਣਾ ਆਦਿ ਅੰਤ ਦਾ ਲਏ ਨਜਿੱਠ, ਚਾਰ ਜੁਗ ਦਾ ਲੇਖਾ ਦਏ ਮੁਕਾਈਆ । ਅੱਠ ਭਾਦਰੋਂ ਨੂੰ ਗੋਬਿੰਦ ਵਾਲੀ ਕੱਢ ਕੇ ਚਿੱਟ, ਚਿੱਟੀ ਧਾਰ ਦੇਣੀ ਦ੍ਰਿੜਾਈਆ । ਕਿਉਂ ਰਵਦਾਸ ਨੇ ਗੋਡੇ ਥੱਲੇ ਰੱਖੀ ਇੱਟ, ਰੰਬੀ ਉਤੇ ਦਿਤੀ ਘਸਾਈਆ । ਕਿਉਂ ਦੀਨ ਦੁਨੀਆ ਕੂੜ ਵਿਕਾਰੇ ਗਈ ਵਿਕ, ਕ਼ੀਮਤ ਕਰਨੀ ਵਾਲੀ ਪਾਈਆ । ਕਿਉਂ ਸਾਹਿਬ ਸਵਾਮੀ ਪਏ ਨਾ ਦਿਸ, ਦਹਿ ਦਿਸ਼ਾ ਨਾ ਕੋਇ ਰੁਸ਼ਨਾਈਆ । ਕਿਉਂ ਸ੍ਰਿਸ਼ਟੀ ਭਰੀ ਵਿਸ, ਵਿਸ਼ਿਆਂ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਭਾਦਰੋਂ ਕਹੇ ਹੁਕਮ ਅਪਾਰਾ, ਹਰਿ ਕਰਤਾ ਆਪ ਦ੍ਰਿੜਾਈਆ । ਜਿਸ ਨੂੰ ਕਹਿੰਦੇ ਚਵੀਆਂ ਅਵਤਾਰਾ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਨੂਰ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਕਲਜੁਗ ਅੰਤਮ ਦਾ ਦਿਤਾ ਸਰਬ ਇਸ਼ਾਰਾ, ਸੈਨਤ ਨਾਲ ਦ੍ਰਿੜਾਈਆ । ਓਹ ਵੇਖੇ ਖੇਲ ਪਰਵਰਦਿਗਾਰਾ, ਸਾਂਝਾ ਯਾਰਾ ਨੂਰ ਅਲਾਹੀਆ । ਜਿਸ ਨੂੰ ਝੁਕਦੇ ਗੁਰੂ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਓਹ ਸਰਗੁਣ ਤੋਂ ਨਿਰਗੁਣ ਧਾਰ ਆਇਆ ਦੁਬਾਰਾ, ਦੋ ਜਹਾਨਾਂ ਫੋਲ ਫੁਲਾਈਆ । ਦੇਵੇ ਹੁਕਮ ਸੱਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਕਰਾਈਆ । ਭਾਦਰੋਂ ਕਹੇ ਪ੍ਰਭ ਦਾ ਖੇਲ ਅਪਾਰਾ, ਅਪਰੰਪਰ ਸਵਾਮੀ ਆਪ ਦ੍ਰਿੜਾਈਆ । ਜੁਗ ਚੌਕੜੀ ਜਿਸ ਦਾ ਵਿਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਾਰ ਕਮਾਈਆ । ਨਿਰਗੁਣ ਧਾਰ ਹੋ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਆਲਮ ਕੁੱਲ ਇਸ਼ਾਰਾ, ਇਲਮ ਨਾ ਕੋਇ ਵਡਿਆਈਆ ।

੧੫੦੮
੨੧

ਓਹ ਲੇਖਾ ਜਾਣੇ ਦੀਨ ਦੁਨੀ ਦੀ ਧਾਰਾ, ਧਰਮ ਈਮਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਭਾਦਰੋਂ ਕਹੇ ਮੈਂ ਵੇਖਣੀ ਪ੍ਰਭ ਦੀ ਰੀਤ, ਰੀਤੀਵਾਨ ਦਇਆ ਕਮਾਈਆ । ਕਿਸ ਬਿਧ ਬਖ਼ਸ਼ੇ ਸਚ ਪ੍ਰੀਤ, ਪ੍ਰੀਤਮ ਹੋ ਕੇ ਹੋਏ ਸਹਾਈਆ । ਸਾਚਾ ਦੇਵੇ ਨਾਮ ਗੀਤ, ਢੋਲਾ ਸੋਹਲਾ ਅਗੰਮ ਅਥਾਹੀਆ । ਹਰ ਹਿਰਦੇ ਵਸੇ ਚੀਤ, ਚਿਤਵਿਤ ਠਗੌਰੀ ਰਹੇ ਨਾ ਰਾਈਆ । ਝਗੜਾ ਮੇਟੇ ਊਚ ਨੀਚ, ਰਾਓ ਰੰਕ ਕਰੇ ਸਫ਼ਾਈਆ । ਕਾਇਆ ਕਰ ਕੇ ਠਾਂਡੀ ਸੀਤ, ਅਗਨੀ ਤੱਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਧਰਮ ਧਾਰ ਦਾ ਗੀਤ, ਗਹਿਰ ਗੰਭੀਰ ਕਰੇ ਪੜ੍ਹਾਈਆ । ਜੋ ਸਚਖੰਡ ਦਾ ਸਚ ਵਸਨੀਕ, ਵਸਲ ਦੇਵੇ ਨੂਰ ਅਲਾਹੀਆ । ਸਦੀ ਚੌਧਵੀਂ ਦੱਸੇ ਹੱਕ ਤੌਫ਼ੀਕ, ਤਰਫ਼ ਦੋਤਰਫ਼ ਨਾ ਵੰਡ ਵੰਡਾਈਆ । ਸਤਿ ਸਚ ਦੀ ਕਰ ਬਖ਼ਸ਼ੀਸ਼, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਚ ਕਹੇ ਮੈਂ ਆਦਿ ਅੰਤ ਦਾ ਸਾਚਾ, ਸਚ ਵਿਚ ਸਮਾਈਆ । ਮੇਰਾ ਲਹਿਣਾ ਜੀਓ ਪਿੰਡ ਕਾਚਾ, ਤਨ ਮਾਟੀ ਵੱਜੇ ਵਧਾਈਆ । ਮੈਂ ਮਨੂਆ ਹੋ ਕੇ ਨਾਚਾ, ਨਵ ਦਰ ਭੱਜਾ ਵਾਹੋ ਦਾਹੀਆ । ਮੈਂ ਨੂਰ ਨੂਰ ਪ੍ਰਕਾਸ਼ਾ, ਨੂਰ ਮੇਰਾ ਪਿਤਾ ਮਾਈਆ । ਮੈਂ ਸਾਹਿਬ ਸਤਿਗੁਰ ਦਾ ਦਾਸਾ, ਸੇਵਕ ਸੇਵਾ ਵਿਚ ਸਮਾਈਆ । ਮੈਂ ਵੇਖਾਂ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਫੋਲ ਫੁਲਾਈਆ । ਮੈਂ ਮੰਡਲ ਪਾਵਾਂ ਰਾਸਾ, ਗੋਪੀਆਂ ਕਾਹਨ ਖੇਲ ਖਿਲਾਈਆ । ਮੈਂ ਧਰਮ ਧਾਰ ਦੀਆਂ ਤੱਕਾਂ ਸ਼ਾਖ਼ਾਂ, ਸ਼ਖ਼ਸੀਅਤ ਤੋਂ ਪਰੇ ਵੇਖ ਵਖਾਈਆ । ਮੈਂ ਸਾਹਿਬ ਸਤਿਗੁਰ ਨੂੰ ਆਖਾਂ, ਨਿਉਂ ਨਿਉਂ ਸੀਸ ਨਿਵਾਈਆ । ਕਲਜੁਗ ਅੰਦਰ ਸਤਿਜੁਗ ਖੋਲ੍ਹ ਕੇ ਹਾਟਾ, ਵਸਤ ਅਮੋਲਕ ਅਗੰਮ ਵਰਤਾਈਆ । ਕਿਹੜਾ ਤੈਨੂੰ ਆਉਂਦਾ ਘਾਟਾ, ਅਤੋਟ ਅਤੁਟ ਤੇਰੀ ਸ਼ਰਨਾਈਆ । ਦੂਰ ਦੁਰਾਡਾ ਨੇੜੇ ਕਰ ਦੇ ਵਾਟਾ, ਅਗਲਾ ਪੰਧ ਮੁਕਾਈਆ । ਗੋਬਿੰਦ ਦਾ ਲੇਖੇ ਲਾ ਦੇ ਅੰਮ੍ਰਿਤ ਬਾਟਾ, ਜੋ ਚਾਰ ਵਰਨਾਂ ਰਸ ਪਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਵੇਖ ਖਾਤਾ, ਪੂਰਬ ਪਿਛਲਾ ਫੋਲ ਫੁਲਾਈਆ । ਕਿਸ ਗ੍ਰਿਹਿ ਮੰਦਰ ਅੰਦਰ ਤੇਰਾ ਵਾਸਾ, ਅਸਥਾਨ ਭੂਮਿਕਾ ਦੇ ਦ੍ਰਿੜਾਈਆ । ਤੂੰ ਸਾਹਿਬ ਸਰਬ ਕਲਾ ਸਮਰਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਵਸਤ ਵਸਤੂ ਆਪ ਵਰਤਾਈਆ । ਵਸਤੂ ਕਹੇ ਮੈਂ ਦੱਸਾਂ ਨਾਲ ਪਿਆਰ, ਪਿਆਰ ਵਿਚ ਜਣਾਈਆ । ਨੌਂ ਛਟਾਂਕ ਦਾ ਲਿਆਉਣਾ ਇਕ ਅਨਾਰ, ਜਿਹੜਾ ਰਾਧਾ ਕ੍ਰਿਸ਼ਨ ਭੇਟ ਚੜ੍ਹਾਈਆ । ਹੁਕਮ ਦਿਤਾ ਸ਼ਬਦ ਦੀ ਧਾਰ, ਸੰਦੇਸ਼ਾ ਅਗੰਮ ਅਥਾਹੀਆ । ਜਿਸ ਵੇਲੇ ਕਲ ਕਲਕੀ ਲਏ ਅਵਤਾਰ, ਵੇਦ ਵਿਆਸਾ ਦਏ ਗਵਾਹੀਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜੋਤ ਡਗਮਗਾਈਆ । ਲੇਖਾ ਜਾਣੇ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਫੋਲ ਫੁਲਾਈਆ । ਓਧਰੋਂ ਨਾਰਦ ਆ ਗਿਆ ਕਹੇ ਉਚੀ ਪੁਕਾਰ, ਵਾਹਵਾ ਤੇਰੀ ਬੇਪ੍ਰਵਾਹੀਆ । ਇਹ ਅਨਾਰ ਮੇਰੀ ਕਰਮੰਡਲੀ ਵਿਚ ਦੇ ਡਾਰ, ਮੇਰੇ ਤੋਂ ਵੱਡਾ ਭਗਵਾਨ ਨਜ਼ਰ ਕੋਇ ਨਾ ਆਈਆ । ਮੈਂ ਉਸੇ ਦਾ ਰੂਪ ਸਦਾ ਰਹਾਂ ਜੁਗ ਚਾਰ, ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਨਾ ਮਰਾਂ ਨਾ ਜੰਮਾਂ ਨਾ ਹੋਵਾਂ ਖ਼ੁਆਰ, ਹਾਹਾਕਾਰ ਨਾ ਕੋਇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਅਨਾਰ ਕਹੇ ਮੈਂ ਚਮੜੀ ਅੰਦਰ ਬੰਦ, ਦਾਣਾ ਦਾਣਾ ਨਜ਼ਰੀ ਆਈਆ । ਮੈਂ ਕਿਸ ਦੀ ਆਉਣਾ ਵੰਡ, ਕਵਣ ਹਿੱਸੇ ਰਿਹਾ ਵਖਾਈਆ । ਕਿਸ ਦਾ ਮੇਲਣਾ

੧੫੦੯
੨੧

ਸੰਗ, ਕਵਣ ਆਪਣੇ ਨਾਲ ਚਲਾਈਆ । ਕ੍ਰਿਸ਼ਨ ਨੇ ਕਿਹਾ ਤੈਨੂੰ ਉਸ ਨੇ ਲਾਉਣਾ ਅੰਗ, ਜੋ ਮਾਲਕ ਧੁਰਦਰਗਾਹੀਆ । ਨਾਰਦ ਕਿਹਾ ਮੈਂ ਕਾਹਨ ਉਸ ਕਾਹਨ ਤੋਂ ਪਹਿਲੇ ਮੈਂ ਲਿਆ ਮੰਗ, ਮੇਰੀ ਕਰਮੰਡਲੀ ਦੇ ਭਰਾਈਆ । ਓਨੇ ਚਿਰ ਨੂੰ ਇਕ ਸਖ਼ੀ ਆਈ ਉਸ ਨੇ ਚਪੇੜ ਮਾਰੀ ਵਿਚ ਕੰਡ, ਬੋਦੀ ਫੜ ਕੇ ਦਿਤਾ ਹਿਲਾਈਆ । ਨਾਰਦ ਉਚੀ ਉਚੀ ਪਾਈ ਡੰਡ, ਹਾਹਾਕਾਰ ਕਰ ਸੁਣਾਈਆ । ਨੀ ਕਾਹਨ ਦੀਏ ਸਖ਼ੀਏ ਵੇਖ ਲੈ ਅੱਖੀਏਂ ਜਿਸ ਵੇਲੇ ਓਹ ਕਾਹਨ ਆਇਆ ਮੇਰੇ ਹੁਕਮ ਨਾਲ ਤੂੰ ਵੀ ਪੈਣਾ ਜੰਮ, ਮੈਂ ਵੀ ਸੰਦੇਸ਼ਾ ਦਿਤਾ ਸੁਣਾਈਆ । ਓਸ ਵੇਲੇ ਆਵੇਂਗੇ ਫਿਰ ਵੀ ਹਮ, ਆਪਣਾ ਫੇਰਾ ਪਾਈਆ । ਧਰਮ ਧਾਰ ਲੰਗੋਟੀ ਬੰਨ੍ਹ, ਭੱਜਾਂ ਚਾਈਂ ਚਾਈਂਆ । ਤੂੰ ਸੁਣ ਲੈ ਲਾ ਕੇ ਕੰਨ, ਸਹਿਜ ਨਾਲ ਦ੍ਰਿੜਾਈਆ । ਉਸ ਵੇਲੇ ਇਹ ਤੈਨੂੰ ਮਿਲਣਾ ਡੰਨ, ਤੇਰੇ ਪੱਲਿਉਂ ਕ਼ੀਮਤ ਦੇਣੀ ਖਰਚਾਈਆ । ਮੇਰੀ ਕਰਮੰਡਲੀ ਦਾ ਤੈਨੂੰ ਲੇਖਾ ਦੇਣਾ ਪੈਣਾ ਹੁਣੇ ਜਾ ਮੰਨ, ਨਹੀ ਤੇ ਪ੍ਰਭੂ ਤੋਂ ਲਵਾਂ ਮਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣਾ ਹੁਕਮ ਮਨਾਈਆ । ਸਖ਼ੀ ਕਹੇ ਓ ਨਾਰਦ ਸ਼ੈਤਾਨ, ਕੀ ਰਿਹਾ ਸੁਣਾਈਆ । ਕ੍ਰਿਸ਼ਨ ਤੋਂ ਵੱਡਾ ਕਿਹੜਾ ਕਾਹਨ, ਬੰਸਰੀਆਂ ਧੁਨ ਅਲਾਈਆ । ਮੈਂ ਕਿਸ ਤੋਂ ਮੰਗਾਂ ਦਾਨ, ਝੋਲੀ ਕਿਸ ਦੇ ਅੱਗੇ ਰਖਾਈਆ । ਨਾਰਦ ਆਪਣਾ ਕੰਨ ਮਰੋੜਿਆ ਉਚੀ ਰੋ ਕੇ ਲੱਗਾ ਕੁਰਲਾਉਣ, ਕੂਕ ਕੂਕ ਸੁਣਾਈਆ । ਮੇਰਾ ਓਹ ਸ੍ਰੀ ਭਗਵਾਨ, ਜਿਸ ਨੂੰ ਨੰਦ ਯਸ਼ੋਦਾ ਜੰਮੇ ਕੋਇ ਨਾ ਪਿਤਾ ਮਾਈਆ । ਮੇਰਾ ਓਹ ਮਿਹਰਵਾਨ, ਜਿਹੜਾ ਜ਼ਿਮੀਂ ਅਸਮਾਨਾਂ ਨਜ਼ਰ ਕਿਸੇ ਨਾ ਆਈਆ । ਮੇਰਾ ਓਹ ਸ਼ਹਿਨਸ਼ਾਹ ਸੁਲਤਾਨ, ਜਿਸ ਦੇ ਹੁਕਮ ਅੰਦਰ ਗੋਪੀਆਂ ਕਾਹਨ ਭੱਜਣ ਥਾਉਂ ਥਾਈਂਆ । ਜਿਸ ਵੇਲੇ ਕਲਜੁਗ ਅੰਤਮ ਉਸ ਕਿਰਪਾ ਕੀਤੀ ਮਹਾਨ, ਮਿਹਰ ਨਜ਼ਰ ਉਠਾਈਆ । ਨਿਰਗੁਣ ਰੂਪ ਧਰ ਕੇ ਆਵੇ ਵਿਚ ਜਹਾਨ, ਜਗਤ ਨੇਤਰ ਦਰਸ ਕੋਇ ਨਾ ਪਾਈਆ । ਤੇਰਾ ਲਹਿਣਾ ਦੇਣਾ ਵੇਖੇ ਆਣ, ਆਪ ਆਪਣਾ ਰੰਗ ਰੰਗਾਈਆ । ਉਸ ਦਾ ਸ਼ਬਦ ਸੰਦੇਸ਼ਾ ਵਡ ਬਲਵਾਨ, ਜੁਗ ਜੁਗ ਦੇ ਸੁੱਤਿਆਂ ਲਏ ਜਗਾਈਆ । ਓਸ ਸਮੇਂ ਉਸ ਸਖ਼ੀ ਦੇ ਨਾਲ ਉਹਦੀ ਭੈਣ ਸੀ ਉਨੀ ਸਾਲ ਦੀ ਨੌਜਵਾਨ, ਜੋਬਨਵੰਤੀ ਸੋਭਾ ਪਾਈਆ । ਉਸ ਹੱਸ ਕੇ ਕਿਹਾ ਪੰਡਤ ਜੀ ਕੀ ਦਿਓ ਫ਼ਰਮਾਨ, ਕੀ ਰਹੇ ਜਣਾਈਆ । ਨਾਰਦ ਕਿਹਾ ਤੂੰ ਅਜੇ ਅਣਜਾਣ, ਤੈਨੂੰ ਸੁੱਤੀ ਨੂੰ ਸੁੱਤਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਨਾਰਦ ਕਹੇ ਵਕ਼ਤ ਆ ਗਿਆ ਕ਼ਰੀਬ, ਸਮਾਂ ਸਮੇਂ ਵਿਚੋਂ ਬਦਲਾਈਆ । ਪ੍ਰਭ ਦਾ ਖੇਲ ਅਜੀਬ, ਅਜਬ ਨਿਰਾਲਾ ਰਿਹਾ ਵਖਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਿਤੀ ਤਰਤੀਬ, ਯਕੇ ਬਾਦ ਦੀਗਰੇ ਆਪਣਾ ਹੁਕਮ ਸੁਣਾਈਆ । ਓਸੇ ਦੇ ਵਿਚ ਹੱਕ ਤੌਫ਼ੀਕ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਅੱਠ ਭਾਦਰੋਂ ਓਸੇ ਦੀ ਕਰਾਂ ਉਡੀਕ, ਜਿਸ ਦਾ ਲੇਖਾ ਕਾਹਨ ਘਨਈਆ ਗਿਆ ਦ੍ਰਿੜਾਈਆ । ਏਸੇ ਕਾਰਨ ਸ਼ਬਦੀ ਹੁਕਮ ਅੰਦਰ ਸੱਦਿਆ ਦਲਜੀਤ, ਪੂਰਬ ਲਹਿਣਾ ਝੋਲੀ ਪਾਈਆ । ਵਿਚੋਲਾ ਰੱਖਿਆ ਨਹੀਂ ਕੋਈ ਬੀਚ, ਕ਼ਲਮ ਸਿਆਹੀ ਵੰਡ ਨਾ ਕੋਇ ਵੰਡਾਈਆ । ਸਭ ਦੀ ਆਸਾ ਮਨਸਾ ਪੂਰੀ ਕਰੇ ਉਮੀਦ, ਨਿਰਾਸਾ ਰਹਿਣ ਕੋਇ ਨਾ ਪਾਈਆ । ਜੁਗ ਚੌਕੜੀ ਜਿਸ ਸਾਹਿਬ ਸਤਿਗੁਰ ਦੀ ਨਿਰਗੁਣ ਧਾਰ ਸਾਰੇ ਵੇਖਦੇ ਰਹੇ ਤਵਾਰੀਖ਼, ਤਾਰੀਖ਼ ਨਜ਼ਰ ਕਿਸੇ ਨਾ ਆਈਆ । ਉਹ ਸਾਹਿਬ ਸਵਾਮੀ ਅੰਤਰਜਾਮੀ ਨਿਰਗੁਣ ਧਾਰ ਆਪਣੀ ਕਰੇ ਬਖ਼ਸ਼ੀਸ਼, ਰਹਿਮਤ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



੧੫੭੦ ੨੧

ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਚਾੜ੍ਹੇ ਰੰਗ ਮਜੀਠ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ ।

### ❊ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਮਹਿੰਦਰ ਸਿੰਘ ਦੇ ਨਵਿਤ ਅੰਮ੍ਰਿਤਸਰ ਸ਼ਹਿਰ ❊

ਤੇਰਾ ਕਲਮਾ ਆਲੋ ਜ਼ੀਨਾ ਜ਼ੀਨਾ, ਕਾਇਨਾਤ ਨਜ਼ਰੀ ਆਈਆ । ਤੇਰਾ ਖੇਲ ਯਾਮੁਬੀਨਾ, ਮਲਜੂਮਬੀ ਮਸਰਰੇ ਬਹਿਜ਼ਾਨ ਸੋਭਾ ਪਾਈਆ । ਕਨਜ਼ਵੀ ਕੋਜ਼ਿਮ ਤਾਨੀਸਾ ਦੋਜ਼ਕੋਦੀ ਬਹਿਸ਼ਤ ਵਜ਼ੀ ਪੈਗ਼ੰਬਰੇ ਨਜ਼ੀ ਨੂਰੇ ਨਜ਼ਾਹ ਜ਼ਹੂਰੇ ਜ਼ਾਹਿਰ ਬੇਪ੍ਰਵਾਹੀਆ । ਕ਼ਦੀਮੇ ਕ਼ਦਿਸ ਆਲਮੀਨੇ ਨਵਿਸ ਸ਼ਾਹੇ ਸੁਲਤਾਨ ਮਨੀਜ਼ੀ ਸੋਜ਼ੇਵੀ ਤਾਵਿਸ ਤਮੰਨਾ, ਤਮਅ ਤਾਮਸ ਨਾ ਕੋਇ ਰਖਾਈਆ । ਜ਼ਵਾਲੇ ਅਰਜ਼ ਮਿਮਜ਼ਾਲੇ ਗ਼ਰਜ਼ ਸ਼ੈਹ ਜ਼ਵਾਲੇ ਸੁਲਤਾਨਾ ਬੂ ਨਕੋ ਸੋਇਦ ਆਦਮੇ ਆਦਮ ਦਮੇ ਦਮ ਖ਼ਾਹਿਸ਼ ਖ਼ਾਸ ਖ਼ਾਲਸ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕੋ ਸੋਭਾ ਪਾਈਆ । ਪੈਗ਼ੰਬਰੇ ਪਜ਼ਿਸਤ ਨੂਰੇ ਨਜ਼ਰੇ ਨਾਜ਼ੀਨੇ ਜ਼ਵਿਦੇ ਇਸ਼ਟ ਜ਼ਖ਼ਤਲੂ ਆਫ਼ਤਾਬ ਸਲੂ ਮੁਅਜ਼ਜ਼ੇ ਅਜ਼ੂ ਆਜਜ਼ੇ ਤਾਜਰ ਤਖ਼ਤੇ ਤਹਿਰਾਨ ਤਹਜ਼ੀਬਉਲ ਇਨਸਾਨ ਫ਼ਿਤਰੇ ਫ਼ਾਤਾ ਫ਼ਰਸ਼ੇ ਖ਼ਾਕਾ ਜ਼ਮੀਉਲ ਜ਼ਾਕਾ ਆਕਾ ਇਕ ਅਖਵਾਈਆ । ਬਹਿਸ਼ਤੇ ਬੌਜ਼ੂ ਹਾਵਿਸਤੇ ਹਰੂ ਕਾਨਿਸਤੇ ਮੌਜੂਦਾ ਮੌਜ਼ੂ ਮੁਫ਼ਸਲੇ ਮੁਫ਼ਾਦ ਸ਼ਾਹਾਨਾ ਜ਼ਵਾਦ ਸ਼ਹਿਨਸ਼ਾਹ ਅਫ਼ਰਾਦ ਜਿਸ ਦੀ ਆਫ਼ਰ ਵਿਚ ਮੁਸਾਫ਼ਰ ਗੁਰ ਅਵਤਾਰ ਪੈਗ਼ੰਬਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜਗਿਆਸੂ ਜੋਤ ਦਾ ਪ੍ਰਕਾਸੂ, ਸ਼ਬਦ ਦਾ ਸਨਿਆਸੂ, ਆਦਿ ਅੰਤ ਦਾ ਵਾਸੂ, ਵਿਸ਼ਵ ਵਾਸਵ ਦੇਵ ਆਤਮਾ ਦਰਬ ਦੀਨਾਂ ਦੀਨ ਨਾਥਾ ਦਇਆਵਾਨ ਦਾਤਾਰ ਇਕ ਅਖਵਾਈਆ ।



### ❊ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਲਾਲ ਸਿੰਘ ਦੇ ਗ੍ਰਿਹ ਅੰਮ੍ਰਿਤਸਰ ਛਾਉਣੀ ❊

ਗੁਰ ਅਵਤਾਰ ਪੈਗ਼ੰਬਰ ਆਪਣਾ ਧਾਰੇ ਬਲ, ਬਲਧਾਰੀ ਹੋ ਕੇ ਲੋਕਮਾਤ ਵੇਖ ਵਖਾਈਆ । ਕਿਉਂ ਦੀਨਾਂ ਮਜ਼੍ਹਬਾਂ ਵਿਚ ਹੋਇਆ ਛਲ, ਕੂੜੀ ਕਿਰਿਆ ਲੋਭ ਮੋਹ ਹੰਕਾਰ ਹਲਕਾਈਆ । ਅੰਮ੍ਰਿਤ ਸਰੋਵਰ ਰਿਹਾ ਕੋਇ ਨਾ ਜਲ, ਤੀਰਥ ਤਟ ਰਹੇ ਕੁਰਲਾਈਆ । ਜੀਵਣ ਜ਼ਿੰਦਗੀ ਮਸਲਾ ਹੋਏ ਕਿਸੇ ਨਾ ਹੱਲ, ਲੱਖ ਚੁਰਾਸੀ ਫੰਦ ਨਾ ਕੋਇ ਕਟਾਈਆ । ਨਿਰਗੁਣ ਨੂਰ ਜੋਤ ਪ੍ਰਕਾਸ਼ ਹੋਵੇ ਨਾ ਕਿਸੇ ਪਲ, ਪਲਕ ਦੇ ਪਿਛੇ ਮਿਲੇ ਨਾ ਨੂਰ ਅਲਾਹੀਆ । ਸਚ ਮੁਕਾਮ ਵੇਖੇ ਨਾ ਕੋਇ ਅਟੱਲ, ਸ਼ਾਸ਼ਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਪੜ੍ਹ ਪੜ੍ਹ ਥੱਕੀ ਲੋਕਾਈਆ । ਤੂੰ ਮੇਰਾ ਮੈਂ ਤੇਰਾ ਪਾਰਬ੍ਰਹਮ ਬ੍ਰਹਮ ਜਾਏ ਕੋਇ ਨਾ ਰਲ, ਨਿਰਗੁਣ ਨਿਰਗੁਣ ਵਿਚ ਨਾ ਕੋਇ ਸਮਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਝਗੜਾ ਪਿਆ ਕਾਇਆ ਮਾਟੀ ਖੱਲ, ਭੇਵ ਅਭੇਦਾ ਅੰਤਰ ਨਿਰੰਤਰ ਨਾ ਕੋਇ ਖੁਲ੍ਹਾਈਆ । ਕਿਉਂ ਦੀਨ ਦੁਨੀ ਜਗਤ ਹਿੱਸੇ ਆਏ ਮੱਲ, ਮਾਲਕ ਹੋ ਕੇ ਆਪਣੀ ਵੰਡ

ਵੰਡਾਈਆ । ਸਦੀ ਚੌਧਵੀਂ ਅੰਤ ਅਖ਼ੀਰ ਕੀ ਗ੍ਰਹਿ ਗ੍ਰਹਿ ਦੇਵੇ ਫਲ, ਵਸਤ ਅਮੋਲਕ ਅਗੰਮ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਪੈਗ਼ੰਬਰ ਉਠੋ ਨੌਜਵਾਨ, ਬਲਧਾਰੀ ਬਲ
ਪ੍ਰਗਟਾਈਆ । ਕਿਉਂ ਤੁਹਾਡਿਆਂ ਮਜ਼੍ਹਬਾਂ ਵਿਚ ਕਲਜੁਗ ਵੜਿਆ ਕੂੜ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਆਤਮ ਬ੍ਰਹਮ ਦਿਸੇ ਨਾ
ਕੋਇ ਗਿਆਨ, ਬੁੱਧੀ ਬਿਬੇਕ ਨਾ ਕੋਇ ਕਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ ਹੋਏ ਹਰਾਮ, ਹਿਰਦੇ ਹਰਿ ਨਾ ਕੋਇ ਵਸਾਈਆ ।
ਗੰਗਾ ਗੋਦਾਵਰੀ ਜਮਨਾ ਸੁਰਸਤੀ ਅੱਠਸੱਠ ਤੀਰਥ ਕਰ ਕਰ ਥੱਕੇ ਇਸ਼ਨਾਨ, ਦੁਰਮਤ ਮੈਲ ਪਾਪਾਂ ਕਰੇ ਨਾ ਕੋਇ ਸਫ਼ਾਈਆ । ਸੁਰਤੀ ਸ਼ਬਦੀ
ਮੇਲ ਹੋਏ ਨਾ ਸਾਚੇ ਸ਼ਾਮ, ਨਾਮ ਧੁਨ ਅਗੰਮੀ ਬੰਸਰੀ ਨਾਦ ਨਾ ਕੋਇ ਸੁਣਾਈਆ । ਨਿਜ ਨੇਤਰ ਲੋਚਣ ਨੈਣ ਦਰਸ ਮਿਲੇ ਨਾ ਕਿਸੇ ਅਮਾਮ,
ਅਮਲਾਂ ਕੂੜ ਕਰੇ ਨਾ ਕੋਇ ਸਫ਼ਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਡੇ ਹੁੰਦਿਆਂ ਤੁਹਾਡੇ ਸਿੱਖ ਮੁਰੀਦ ਮਾਇਆ ਮਮਤਾ ਕੀਤੇ ਗ਼ੁਲਾਮ, ਮੋਹ
ਜ਼ੰਜੀਰ ਨਾ ਕੋਇ ਤੁੜਾਈਆ । ਸਦੀ ਚੌਧਵੀਂ ਸਾਰੇ ਹੋਵੋ ਸਵਾਧਾਨ, ਸਚਖੰਡ ਦਵਾਰੇ ਦਰਗਾਹ ਸਾਚੀ ਮੁਕਾਮੇ ਹੱਕ ਲਓ ਅੰਗੜਾਈਆ । ਜੋ ਨਾਮ
ਸੰਦੇਸ਼ਾ ਕਲਮਾ ਦੇਂਦੇ ਆਏ ਵਿਚ ਜਹਾਨ, ਅੱਖਰਾਂ ਵਿਚ ਸਿਫ਼ਤਾਂ ਵਾਲੀ ਕਰ ਪੜ੍ਹਾਈਆ । ਤਿਸ ਉਤੇ ਮਾਨਵ ਜ਼ਾਤੀ ਹਿੰਦੂ ਮੁਸਲਿਮ ਸਿੱਖ ਈਸਾਈ
ਇਕ ਦੂਜੇ ਦਾ ਕਰਨ ਕ਼ਤਲੇਆਮ, ਕ਼ਤਲਗਾਹ ਬਣੀ ਖ਼ਲਕ ਖ਼ੁਦਾਈਆ । ਧੁਰ ਸੰਦੇਸ਼ਾ ਸੁਣੋ ਅਗੰਮ ਫ਼ਰਮਾਨ, ਜੋਤੀ ਜੋਤ ਸਰੂਪ ਹਰਿ, ਆਪ
੧੫੧੨ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਹਰਿ ਦਾਤਾ ਬੇਪ੍ਰਵਾਹੀਆ । ਗੁਰ ਅਵਤਾਰ ਪੈਗ਼ੰਬਰੋ ਕਲਜੁਗ ਅੰਤ ਲਓ ਅੰਗੜਾਈ, ਆਲਸ ੧੫੧੨
੨੧ ਨਿੰਦਰਾ ਰਹਿਣ ਨਾ ਪਾਈਆ । ਕਿਉਂ ਤੁਹਾਡਾ ਇਸ਼ਟ ਮੰਨਣ ਵਾਲਿਆਂ ਪ੍ਰਭ ਨਾਲੋਂ ਹੋਈ ਜੁਦਾਈ, ਆਤਮ ਪਰਮਾਤਮ ਮੇਲ ਨਾ ਕੋਇ ਕਰਾਈਆ । ੨੧
ਕਿਉਂ ਚਾਰ ਕੁੰਟ ਦਹਿ ਦਿਸ਼ਾ ਰੈਣ ਅੰਧੇਰੀ ਛਾਈ, ਸਾਚਾ ਨੂਰ ਨਾ ਕੋਇ ਚਮਕਾਈਆ । ਕਿਉਂ ਜ਼ਾਤਾਂ ਪਾਤਾਂ ਪਈ ਦੁਹਾਈ, ਦੀਨ ਮਜ਼੍ਹਬ ਕਰੇ
ਲੜਾਈਆ । ਜੇ ਸਭ ਨੇ ਦੱਸਿਆ ਅੱਲਾ ਵਾਹਿਗੁਰੂ ਰਾਮ ਇਕੋ ਨੂਰ ਅਲਾਹੀ, ਦੂਜਾ ਨਜ਼ਰ ਕੋਇ ਨਾ ਆਈਆ । ਅੱਖਰਾਂ ਵਿਚ ਲੇਖਾ ਲਿਖ
ਕੇ ਕਾਗ਼ਜ਼ ਉਤੇ ਸ਼ਾਹੀ, ਸ਼ਹਿਨਸ਼ਾਹ ਦਾ ਝਗੜਾ ਆਏ ਪਾਈਆ । ਧਰਮ ਜਣਾਇਆ ਕਿਸੇ ਨੇ ਸੂਰ ਕਿਸੇ ਨੇ ਗਾਂਈ, ਪਸ਼ੂਆਂ ਉਤੇ ਦੀਨ ਦੁਨੀ
ਵੰਡ ਵੰਡਾਈਆ । ਸਚ ਦੱਸੋ ਲੋਕਮਾਤ ਕੌਣ ਕਸਾਈ, ਸ਼ਰਅ ਦੀ ਛੁਰੀ ਕਿਸ ਉਠਾਈਆ । ਸਭ ਤੋਂ ਲੇਖਾ ਮੰਗੇ ਹਰਿ ਕਰਤਾ ਅੰਤ ਗੁਸਾਈਂ,
ਗਹਿਰ ਗੰਭੀਰ ਵੇਖ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜਿਸ ਨੇ ਜੁਗ ਚੌਕੜੀ ਖੇਲ ਖਿਲਾਈ, ਖ਼ਾਲਕ ਖ਼ਲਕ ਅਗੰਮ ਅਥਾਹੀਆ ।
ਸੋ ਸਵਾਮੀ ਅੰਤਰਜਾਮੀ ਵੇਖਣਹਾਰਾ ਥਾਉਂ ਥਾਈਂ, ਥਾਨ ਥਨੰਤਰ ਨਿਰੰਤਰ ਪਰਦਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਧੁਰ ਦਾ ਵਰ, ਸਚ ਸੰਦੇਸ਼ਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਨਾਮ ਦਾ ਪਾਇਆ ਰੌਲਾ, ਦੀਨ ਦੁਨੀ ਲੜਾਈਆ ।
ਨਾਮ ਦੱਸ ਕੇ ਅੱਲਾ ਮੌਲਾ, ਵਾਹਿਗੁਰੂ ਰਾਮ ਰਾਮ ਜਣਾਈਆ । ਫਿਰੀ ਦਰੋਹੀ ਉਪਰ ਧੌਲਾ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਸਤਿਜੁਗ
ਤਰੇਤਾ ਦਵਾਪਰ ਕਲਜੁਗ ਕਿਉਂ ਪ੍ਰਭ ਨੇ ਰੱਖਿਆ ਓਹਲਾ, ਪਰਦਾ ਆਪਣਾ ਨਾ ਹੱਕ ਖੁਲ੍ਹਾਈਆ । ਸਾਰੇ ਵੇਖੋ ਆਪਣਾ ਕੀਤਾ ਇਕਰਾਰ ਕੌਲਾ,
ਮਾਜ਼ੀ ਪੂਰਬ ਦਾ ਪਰਦਾ ਲਓ ਉਠਾਈਆ । ਕਲਜੁਗ ਅੰਤ ਕਵਣ ਕਰੇ ਭਾਰ ਹੌਲਾ, ਲੱਖ ਚੁਰਾਸੀ ਜਮ ਕੀ ਫਾਸੀ ਦਏ ਤੁੜਾਈਆ । ਸਤਿ

ਧਰਮ ਦਾ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਲਾਵੇ ਇਕੋ ਧਰਮ ਦਾ ਪੌੜਾ, ਪਾਰਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਸਚ ਦੱਸੋ ਤੁਹਾਡਾ ਵਕਤ ਕਿੰਨਾ ਬਹੁਤਾ ਤੇ ਕਿੰਨਾ ਥੋੜ੍ਹਾ, ਪੇਸ਼ੀਨਗੋਈਆਂ ਵਿਚ ਕੀ ਦ੍ਰਿੜਾਈਆ । ਕੀ ਤੁਹਾਡਾ ਦੀਨ ਮਜ਼੍ਹਬ ਮਾਇਆ ਮਮਤਾ ਵਿਚ ਹੋਇਆ ਕੌੜਾ, ਨਿਝਰ ਰਸ ਅਨਰਸ ਨਾ ਕੋਇ ਚਖਾਈਆ । ਸਦੀ ਚੌਧਵੀਂ ਪੈਗ਼ੰਬਰੋ ਕਿਉਂ ਧੁਰ ਅਮਾਮ ਦੀ ਪਏ ਲੋੜਾ, ਮੁਹੰਮਦ ਮਹਿਬੂਬ ਮੰਗ ਕਿਉਂ ਮੰਗਾਈਆ । ਤੇਈ ਅਵਤਾਰ ਦੱਸੋ ਆਪਣਾ ਦੋਹਰਾ, ਭੇਵ ਅਭੇਦਾ ਅਗੰਮ ਖੁਲ੍ਹਾਈਆ । ਦਸ ਗੁਰੂ ਨਿਰਗੁਣ ਸਰਗੁਣ ਧਾਰ ਤੱਕੋ ਜੋੜਾ, ਜੋ ਜੁਗ ਚੌਕੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦਰ ਠਾਂਡਾ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰੋ ਕਿੱਥੇ ਗਿਆ ਤੁਹਾਡਾ ਬੋਧ, ਬੁੱਧੀ ਤੋਂ ਪਰ੍ਹੇ ਪੜ੍ਹਾਈਆ । ਹਰ ਹਿਰਦਾ ਕਿਉਂ ਨਾ ਸਕੇ ਸੋਧ, ਸੁਦੀ ਵਦੀ ਕੀ ਚਤੁਰਾਈਆ । ਭੇਵ ਖੋਲ੍ਹ ਨਾ ਸਕੇ ਗੋਝ, ਰਮਜ਼ ਨਾਮ ਨਾ ਕੋਇ ਲਗਾਈਆ । ਕਿਉਂ ਦੀਨ ਦੁਨੀਆ ਮਾਇਆ ਮਮਤਾ ਕਰੇ ਚੋਜ, ਚੋਜੀ ਪ੍ਰੀਤਮ ਮਿਲਣ ਕੋਇ ਨਾ ਪਾਈਆ । ਕਿਉਂ ਮਨ ਵਾਸਨਾ ਭੋਗੇ ਭੋਗ, ਭਾਂਡਾ ਭਰਮ ਨਾ ਕੋਇ ਭੰਨਾਈਆ । ਕਿਉਂ ਹਉਮੇ ਲੱਗਾ ਰੋਗ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਕਿਉਂ ਝਗੜਾ ਪਿਆ ਚੌਦਾਂ ਲੋਕ, ਚੌਦਾਂ ਤਬਕ ਦੇਣ ਦੁਹਾਈਆ । ਕਿਉਂ ਸੁਣਾਇਆ ਨਾਮ ਨਾ ਇਕ ਸਲੋਕ, ਸੋਹਲਾ ਧੁਰਦਰਗਾਹੀਆ । ਸਾਰੇ ਬੈਠੇ ਆਪਣੀ ਆਪਣੀ ਵਿਚ ਮੌਜ, ਮਜਲਸ ਮਜ਼੍ਹਬਾਂ ਵਾਲੀ ਲਗਾਈਆ । ਸਦੀ ਚੌਧਵੀਂ ਸਾਚੀ ਮੰਜ਼ਲ ਸਕਿਆ ਕੋਇ ਨਾ ਪਹੁੰਚ, ਮੁਰੀਦ ਸਿੱਖ ਦੇਣ ਦੁਹਾਈਆ । ਅੰਤ ਅਖ਼ੀਰ ਸਵਾਮੀ ਮਿਲੇ ਕੋਇ ਨਾ ਖੌਂਤ, ਖ਼ਤਰਾ ਸਭ ਦੇ ਅੰਦਰ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਹਰਿ, ਧੁਰ ਦਰਬਾਰੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਜੋ ਤੁਹਾਡਾ ਨਾਮ ਕਲਮਾ ਪੜ੍ਹਦੇ, ਸਿਮਰਨ ਜੋਗ ਪਾਠ ਵਿਚ ਸਮਾਈਆ । ਕਿਉਂ ਨਹੀਂ ਮੰਜ਼ਲ ਧੁਰ ਦੀ ਚੜ੍ਹਦੇ, ਘਰ ਘਰ ਵਿਚ ਮੇਲਾ ਮਿਲੇ ਸਹਿਜ ਸੁਭਾਈਆ । ਕਿਉਂ ਨਹੀਂ ਲੱਖ ਚੁਰਾਸੀ ਤਰਦੇ, ਚਾਰੇ ਖਾਣੀ ਪੰਧ ਮੁਕਾਈਆ । ਕਿਉਂ ਨਹੀਂ ਦਰਸ ਪ੍ਰਭੂ ਦਾ ਕਰਦੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਿਉਂ ਨਹੀਂ ਕੰਤ ਸੁਹਾਗੀ ਵਰਦੇ, ਨਾ ਜੰਮੇ ਨਾ ਮਰ ਜਾਈਆ । ਵੇਖੋ ਖੇਲ ਕਲਕੀ ਕਲ ਦੇ, ਕਲਕਾਤੀ ਬਣੇ ਸਰਬ ਲੋਕਾਈਆ । ਝਗੜੇ ਪੈ ਗਏ ਮਾਟੀ ਖੱਲ ਦੇ, ਹਿੰਦੂ ਮੁਸਲਿਮ ਸਿੱਖ ਈਸਾਈ ਕਰਨ ਲੜਾਈਆ । ਪਿਆਸੇ ਰਹੇ ਨਾ ਅੰਮ੍ਰਿਤ ਜਲ ਦੇ, ਪੰਚ ਵਿਕਾਰ ਹੋਇਆ ਹਲਕਾਈਆ । ਤੁਸੀਂ ਕਿਉਂ ਨਹੀਂ ਉਨ੍ਹਾਂ ਦੇ ਅੰਦਰ ਆਸਣ ਮੱਲਦੇ, ਮਲਕੁਲਮੌਤ ਨਾ ਦਏ ਸਜ਼ਾਈਆ । ਗੁਰ ਅਵਤਾਰ ਪੈਗ਼ੰਬਰ ਹੋ ਕੇ ਕਿਉਂ ਆਪਣਿਆਂ ਰਹੇ ਛਲ ਦੇ, ਸਾਚਾ ਸੰਗ ਨਾ ਕੋਇ ਨਿਭਾਈਆ । ਆਵਾਜ਼ ਸੁਣਾਉਂਦੇ ਰਹੇ ਟੱਲ ਦੇ, ਬਾਂਗਾਂ ਵਿਚ ਦੁਹਾਈਆ । ਸੰਖਾਂ ਵਿਚ ਸੁਨੇਹੜੇ ਰਹੇ ਘੱਲਦੇ, ਹੁਕਮ ਅਲਾਹ ਅਲਾਹੀਆ । ਆਤਮ ਪਰਮਾਤਮ ਹੋ ਕੇ ਕਿਉਂ ਨਹੀਂ ਰਹੇ ਰਲਦੇ, ਰਲਮਿਲ ਆਪਣਾ ਸੰਗ ਨਿਭਾਈਆ । ਜ਼ਰਾ ਖੇਲ ਵੇਖੋ ਆਪਣੇ ਆਪਣੇ ਬਲ ਦੇ, ਕਲਜੁਗ ਬਲੀ ਸਭ ਨੂੰ ਰਿਹਾ ਢਾਹੀਆ । ਖਾਤੇ ਵੇਖੋ ਡੂੰਘੀ ਅੰਧੇਰੀ ਡਲ ਦੇ, ਚਾਰ ਕੁੰਟ ਪਾਰ ਨਾ ਕੋਇ ਲੰਘਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਹੱਥ ਬੰਨ੍ਹਦੇ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭੂ ਸਾਡੇ ਸ਼ੁਕਰਾਨੇ ਤੇਰੇ ਧੰਨ ਧੰਨ ਦੇ, ਧੰਨ ਤੇਰੀ ਸਰਨਾਈਆ । ਅਸੀਂ ਵਣਜਾਰੇ ਬਣੇ ਰਹੇ ਨਾਮ ਮਜ਼੍ਹਬ ਤੇਰੇ ਅੰਨ ਦੇ, ਅਨਡਿੱਠੜੀ ਕਾਰ ਕਮਾਈਆ । ਜਗਤ ਸਰੋਤਿਆਂ ਨਾਮ ਸੁਣਾਇਆ ਨਾਲ ਕੰਨ ਦੇ, ਅੰਤਰ ਕਰੀ ਨਾ ਕੋਇ ਪੜ੍ਹਾਈਆ । ਝਗੜੇ ਪਾ ਕੇ ਕਾਇਆ

ਮਾਟੀ ਤਨ ਦੇ, ਹਿੱਸਿਆਂ ਵਿਚ ਆਏ ਵੰਡਾਈਆ । ਅੰਤਮ ਸਭ ਦੇ ਭਰੇ ਭੰਡਾਰੇ ਗ਼ਮ ਦੇ, ਖ਼ੁਸ਼ੀ ਨਜ਼ਰ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਅੰਤਮ ਸਭ ਨੂੰ ਡੰਨ ਦੇ, ਅੱਗੇ ਹੋ ਨਾ ਕੋਇ ਅਟਕਾਈਆ । ਅਸੀਂ ਤੇਰੀ ਧਾਰੋਂ ਜੰਮਦੇ, ਅੰਤਮ ਤੇਰੇ ਵਿਚ ਸਮਾਈਆ । ਤੇਰੇ ਖੇਲ ਪਾਰਬ੍ਰਹਮ ਬ੍ਰਹਮ ਦੇ, ਆਤਮ ਤੇਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਲਵੇ ਤਕਣੇ ਤੇਰੇ ਅਗੰਮੀ ਨੂਰ ਚੰਨ ਦੇ, ਜਿਸ ਨੂੰ ਸੂਰੀਆ ਚੰਦ ਸਮਝ ਸਕੇ ਨਾ ਰਾਈਆ ।

### ❊ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਭਾਗ ਸਿੰਘ ਦੇ ਗ੍ਰਿਹ ਪਿੰਡ ਮਾਹਲਾਂ ਜ਼ਿਲਾ ਅੰਮ੍ਰਿਤਸਰ ❊

ਗੁਰ ਅਵਤਾਰ ਪੈਗ਼ੰਬਰੋ ਕਿਉਂ ਹੋਇਆ ਕਲਜੁਗ ਘੋਰ, ਹਰਿ ਕਰਤਾ ਸ਼ਬਦੀ ਧਾਰ ਰਿਹਾ ਜਣਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਚੋਰ, ਚਾਰ ਕੁੰਟ ਦਹਿ ਦਿਸ਼ਾ ਧਰਮ ਦੀ ਧਾਰ ਨਾ ਕੋਇ ਵਖਾਈਆ । ਕਿਉਂ ਮਾਇਆ ਮਮਤਾ ਮੋਹ ਵਿਕਾਰ ਪਾਇਆ ਜ਼ੋਰ, ਕਿਉਂ ਸ਼ਰਅ ਛੁਰੀ ਬਣੀ ਕਸਾਈਆ । ਕਿਉਂ ਮਨ ਕਲਪਣਾ ਝਗੜਾ ਪਿਆ ਤੋਰ ਮੋਰ, ਬੁੱਧ ਬਿਬੇਕੀ ਨਜ਼ਰ ਕੋਇ ਨਾ ਆਈਆ । ਕਿਉਂ ਦੀਨਾਂ ਮਜ਼੍ਹਬਾਂ ਪਾਇਆ ਸ਼ੋਰ, ਜ਼ਾਤ ਪਾਤ ਕਰੇ ਲੜਾਈਆ । ਕਿਉਂ ਆਤਮ ਪਰਮਾਤਮ ਬੰਨ੍ਹੇ ਕੋਇ ਨਾ ਡੋਰ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਕਿਉਂ ਸਦੀ ਚੌਧਵੀਂ ਚਾਰੋਂ ਕੁੰਟ ਜਗਤ ਜਗਿਆਸੂ ਰਹੇ ਦੌੜ, ਕੂੜ ਤਮੰਨਾ ਭੱਜੇ ਵਾਹੋ ਦਾਹੀਆ । ਕਿਉਂ ਸਚ ਦਵਾਰੇ ਲੱਗੇ ਕਿਸੇ ਨਾ ਪੌੜ, ਅੰਦਰ ਮੰਦਰ ਚੜ੍ਹ ਕੇ ਪ੍ਰਭੂ ਦਾ ਦਰਸ ਕੋਇ ਨਾ ਪਾਈਆ । ਕਿਉਂ ਅੰਮ੍ਰਿਤ ਰਸ ਮਿੱਠਾ ਹੋਇਆ ਕੌੜ, ਅੱਠ ਸੱਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਕਿਉਂ ਭਵਿਖਤਾਂ ਵਿਚ ਲਿਖਤਾਂ ਵਿਚ ਇਸ਼ਟਾਂ ਵਿਚ ਤੁਸਾਂ ਆਸਾ ਰੱਖੀ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਜਾਵੇ ਬਹੁੜ, ਕਲ ਕਲਕੀ ਆਪਣਾ ਵੇਸ ਵਟਾਈਆ । ਕਿਉਂ ਸ਼ਾਸਤਰ ਗਾਉਂਦੇ ਪਾਰਬ੍ਰਹਮ ਪਤਿਪਰਮੇਸ਼ਵਰ ਬ੍ਰਾਹਮਣ ਗੌੜ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਕਿਉਂ ਪੈਗ਼ੰਬਰਾਂ ਕਿਹਾ ਅਮਾਮ ਅਮਾਮਾ ਬਦਲ ਦੇਵੇ ਸਭ ਦੇ ਤੌਰ, ਤੌਰ ਤਰੀਕਾ ਨੀਕਨ ਨੀਕਾ ਆਪਣੇ ਹੱਥ ਰਖਾਈਆ । ਸਦੀ ਚੌਧਵੀਂ ਨੌ ਖੰਡ ਪ੍ਰਿਥਮੀ ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਕਰੋ ਗ਼ੌਰ, ਗਹਿਰ ਗੰਭੀਰ ਰਿਹਾ ਜਣਾਈਆ । ਮੰਬਰ ਮੁਨਾਰਿਆਂ ਉਤੇ ਤੱਕੋ ਮਜ਼ੌਰ, ਸ਼ਿਵਦਵਾਲੇ ਮਠ ਖੋਜੋ ਥਾਉਂ ਥਾਈਆ । ਕਿਉਂ ਝਗੜਾ ਪਾਇਆ ਸੂਰ ਗਾਂ ਉਤੇ ਢੋਰ, ਪਸ਼ੂਆਂ ਉਤੇ ਆਪਣੀ ਵੰਡ ਵੰਡਾਈਆ । ਕਿਉਂ ਕਾਮ ਕਰੋਧ ਲੋਭ ਮੋਹ ਹੰਕਾਰ ਦਾ ਚਲਿਆ ਜ਼ੋਰ, ਦਰ ਦਵਾਰਾ ਏਕੰਕਾਰਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣੀ ਦੀਨ ਦੁਨੀ ਦੀ ਹਾਲਤ ਹਾਲਾਂਕਿ ਸਾਰੇ ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਸਿਫ਼ਤੀ ਸਿਫ਼ਤ ਸਾਲਾਹੀਆ । ਆਤਮ ਅੰਤਰ ਨਿਰੰਤਰ ਕੋਇ ਨਾ ਜਾਵੇ ਬਹੁੜ, ਬਹੁੜੀ ਬਹੁੜੀ ਕਰੇ ਲੋਕਾਈਆ । ਮਨ ਮਨੂਆ ਜਗਤ ਕਲਪਣਾ ਵਿਚੋਂ ਸਕੇ ਨਾ ਕੋਇ ਮੋੜ, ਮੁਰਦਾ ਮੁਰੀਦ ਮੁਰਸ਼ਦ ਮਿਲਣ ਕੋਇ ਨਾ ਪਾਈਆ । ਸਾਚਾ ਮੰਤਰ ਫੁਰਨਾ ਫੁਰੇ ਕੋਇ ਨਾ ਫੋਰ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵਰਨਾਂ ਬਰਨਾਂ ਵੇਖੋ ਅੰਧੇਰਾ ਅੰਧ

ਘੋਰ, ਕਿਉਂ ਸਭ ਦਾ ਸਗਲਾ ਸਾਥ ਗਏ ਛੋੜ, ਟੁੱਟੀ ਗੰਢ ਨਾ ਕੋਇ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਦੀਨ ਮਜ਼੍ਹਬ ਵੇਖੋ ਆਪਣੇ ਮਾਤ ਕ਼ਬੀਲੇ, ਕਾਇਆ ਕਾਅਬੇ ਫੋਲ ਫੁਲਾਈਆ । ਨਾਮ ਕਲਮੇ ਜੋ ਦੱਸ ਕੇ ਆਏ ਵਸੀਲੇ, ਪ੍ਰਭ ਦੇ ਮਿਲਣ ਦਾ ਰਾਹ ਸਮਝਾਈਆ । ਬਸਤਰ ਪਹਿਨ ਕੇ ਤਨ ਵਜੂਦ ਨੀਲੇ, ਨੀਲੀ ਧਾਰੋਂ ਪਾਰ ਦ੍ਰਿੜਾਈਆ । ਅੰਤਮ ਸਭ ਦੇ ਕਿਧਰ ਗਏ ਹੀਲੇ, ਹਾਲਤ ਵਿਗੜੀ ਜਗਤ ਲੋਕਾਈਆ । ਤੁਸੀਂ ਯੋਧੇ ਨੌਜਵਾਨ ਛੈਲ ਛਬੀਲੇ, ਸ਼ਬਦ ਗੁਰੂ ਦੇ ਬਾਂਕੇ ਛੋਹਰੇ ਨਜ਼ਰੀ ਆਈਆ । ਬਲਹੀਣ ਕਿਉਂ ਕਲਜੁਗ ਅੰਤਮ ਹੋਏ ਢੀਲੇ, ਜ਼ੋਰੂ ਜ਼ਰ ਨਾ ਕੋਇ ਦਬਾਈਆ । ਕਿਉਂ ਲੇਖਾ ਲਿਖ ਕੇ ਆਏ ਕਾਗਜ਼ ਕਲਮ ਸ਼ਾਹੀ ਨਾਲ ਤੀਲੇ, ਤ੍ਰੈਲੋਕੀ ਸਲੋਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧਰਮ ਦੀ ਧਾਰ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਦੁਨੀਆ ਵੰਡੀ ਵੰਡ, ਸਤਿ ਸਚ ਦੇਣਾ ਦ੍ਰਿੜਾਈਆ । ਕਿਉਂ ਮੇਰੇ ਨਾਮ ਦਾ ਵਖਰਾ ਵਖਰਾ ਗਾਇਆ ਛੰਦ, ਰਾਮ ਕ੍ਰਿਸ਼ਨ ਵਾਹਿਗੁਰੂ ਅੱਲਾ ਕਹਿ ਕੇ ਆਏ ਸੁਣਾਈਆ । ਕਿਉਂ ਅੱਖਰਾਂ ਵਿਚ ਅੱਖਰ ਕੀਤੇ ਬੰਦ, ਬੰਦਗੀ ਕਲਮਾ ਡੰਡਾਵਤ ਸਜਦਾ ਜਗਤ ਦ੍ਰਿੜਾਈਆ । ਕਿਉਂ ਰਸਨਾ ਜਿਹਵਾ ਗੀਤ ਸੁਣਾਏ ਬੱਤੀ ਦੰਦ, ਢੋਲੇ ਰਾਗਾਂ ਵਿਚ ਸੁਣਾਈਆ । ਕਿਉਂ ਹਰ ਘਟ ਅੰਦਰ ਮਿਲੇ ਨਾ ਪਰਮਾਨੰਦ, ਨਿਜਾਨੰਦ ਨਾ ਕੋਇ ਰੁਸ਼ਨਾਈਆ । ਕਿਉਂ ਜ਼ਾਤ ਪਾਤ ਪਾਈ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਕਿਉਂ ਸ਼ਸਤਰਾਂ ਨਾਲ ਤੀਰ ਤਰਕਸ਼ਾਂ ਨਾਲ ਕੀਤਾ ਜੰਗ, ਮਾਨਵ ਮਾਨਵ ਨਾਲ ਲੜਾਈਆ । ਜੇ ਸਮਝਿਆ ਪਰਵਰਦਿਗਾਰ ਸਾਂਝਾ ਯਾਰ ਦੀਨ ਦਿਆਲ ਪੁਰਖ ਅਕਾਲ ਆਦਿ ਜੁਗਾਦਿ ਸਦਾ ਬਖ਼ਸ਼ੰਦ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਪਰਦਾ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਨਾਮ ਦਾ ਕੀਤਾ ਇਤਰਾਜ਼, ਕਲਮਾ ਕਲਮੇ ਨਾਲ ਟਕਰਾਈਆ । ਕਿਉਂ ਰਾਮ ਕ੍ਰਿਸ਼ਨ ਤੋਂ ਪੜ੍ਹੀ ਨਿਮਾਜ਼, ਸੀਸ ਸਯਦਿਆਂ ਵਿਚ ਝੁਕਾਈਆ । ਕਿਉਂ ਅੱਲਾ ਤੋਂ ਸਤਿਨਾਮ ਦਾ ਕੀਤਾ ਆਗ਼ਾਜ਼, ਸਤਿ ਸਤਿ ਸਮਝਾਈਆ । ਕਿਉਂ ਸਤਿ ਦਾ ਛੱਡ ਕੇ ਸਾਜ਼, ਵਾਹਿਗੁਰੂ ਡੰਕ ਦਿਤਾ ਸੁਣਾਈਆ । ਕਿਹੜਾ ਬੇੜਾ ਕਿਹੜਾ ਜਹਾਜ਼, ਕਿਸ ਉਤੇ ਦੀਨ ਦੁਨੀ ਆਏ ਚੜ੍ਹਾਈਆ । ਸਭ ਨੇ ਵਖ ਵਖ ਬਣਾਇਆ ਸਮਾਜ, ਮੇਰਾ ਇਕੋ ਰੰਗ ਨਾ ਕੋਇ ਰੰਗਾਈਆ । ਸ਼ਬਦੀ ਕਲਮੇ ਦੀ ਦੱਸ ਆਵਾਜ਼, ਸਿਫ਼ਤ ਸਿਫ਼ਤ ਵਾਲੀ ਅਲਾਈਆ । ਅਗੰਮ ਅਗੰਮੜਾ ਮਾਰ ਕੇ ਆਵਾਜ਼, ਕੂਕ ਕੂਕ ਸੁਣਾਈਆ । ਅੰਤ ਅਖ਼ੀਰ ਕਲਜੁਗ ਕੋਇ ਨਾ ਰੱਖੇ ਕਿਸੇ ਦੀ ਲਾਜ, ਸਿਰ ਹੱਥ ਨਾ ਕੋਇ ਰਖਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਨਿਹਕਲੰਕ ਕਲ ਕਲਕੀ ਦੇ ਹੋਏ ਮੁਹਤਾਜ, ਅਮਾਮ ਅਮਾਮਾ ਰਾਹ ਤਕਾਈਆ । ਜਿਸ ਨੇ ਬਦਲ ਦੇਣਾ ਸਰਬ ਸਮਾਜ, ਸਮਗਰੀ ਦੀਨ ਦੁਨੀ ਇਕ ਵਰਤਾਈਆ । ਸਭ ਦੀ ਨੇਤਰ ਖੋਲ੍ਹੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਅਠਾਰਾਂ ਬਰਨ ਹੰਸ ਬਣਾਏ ਕਾਗ, ਦੁਰਮਤ ਮੈਲ ਧਵਾਈਆ । ਆਤਮ ਦੀਪ ਜਗਾਏ ਚਰਾਗ਼, ਜੋਤੀ ਜਾਤਾ ਡਗਮਗਾਈਆ । ਜਨਮ ਜਨਮ ਦਾ ਕਰਮ ਕਰਮ ਦਾ ਚੁਕਾਏ ਹਿਸਾਬ, ਲੇਖਾ ਦਏ ਗਵਾਈਆ । ਸਤਿਜੁਗ ਸਾਚਾ ਦੇ ਕੇ ਨਾਮ ਸੁਆਦ, ਬਿਨ ਰਸਨਾ ਰਸ ਚਖਾਈਆ । ਸੰਦੇਸ਼ਾ ਦੇ ਕੇ ਬੋਧ ਅਗਾਧ, ਮਨ ਮਤ ਬੁਧ ਤੋਂ ਪਰੇ ਕਰੇ ਪੜ੍ਹਾਈਆ । ਭਗਤ


੧੫੧੫ ੨੧

ਸੁਹੇਲੇ ਕਰ ਬਿਸਮਾਦ, ਬਿਸਮਿਲ ਆਪਣੇ ਵਿਚ ਕਰਾਈਆ । ਝਗੜਾ ਮੇਟ ਕੇ ਸੰਤ ਸਾਧ, ਸੂਫ਼ੀ ਫ਼ਕੀਰਾਂ ਫ਼ਿਕਰਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰੋ ਕਿਉਂ ਹੋਏ ਹੱਕੇ ਬੱਕੇ, ਹੈਰਾਨੀ ਚਾਰੋਂ ਕੁੰਟ ਛਾਈਆ । ਦੀਨ ਦੁਨੀ ਵਜਦੇ ਧੱਕੇ, ਧਰਮ ਦੀ ਗੰਢ ਨਾ ਕੋਇ ਰਖਾਈਆ । ਮਜ਼੍ਹਬਾਂ ਵਿਚ ਜਗਤ ਜਗਿਆਸੂ ਰਹੇ ਮੂਲ ਨਾ ਪੱਕੇ, ਹੁਕਮੇ ਅੰਦਰ ਹੁਕਮ ਨਾ ਕੋਇ ਦ੍ਰਿੜਾਈਆ । ਡੋਰੀ ਤੰਦ ਹੋ ਗਏ ਕੱਚੇ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਨਿਗਾਹ ਮਾਰੋ ਮਦੀਨੇ ਮੱਕੇ, ਕਾਅਬਿਆਂ ਪਏ ਦੁਹਾਈਆ । ਹੁਜਰੇ ਰੰਗ ਕੋਇ ਨਾ ਰੱਤੇ, ਧੁਰ ਦਾ ਰਾਜ਼ ਨਾ ਕੋਇ ਖੁਲ੍ਹਾਈਆ । ਤੀਰਥ ਵੇਖੋ ਅੱਠ ਸੱਠੇ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਲੱਖ ਚੁਰਾਸੀ ਫਾਂਸੀ ਕੋਈ ਨਾ ਕਟੇ, ਆਵਣ ਜਾਵਣ ਨਾ ਕੋਇ ਕਟਾਈਆ । ਨਿਗਾਹ ਮਾਰੋ ਮੰਦਰ ਮੱਠੇ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਦੀਪਕ ਨੂਰੀ ਜੋਤ ਕੋਇ ਨਾ ਜਗੇ ਲਟ ਲਟੇ, ਗੁਰੂਦਵਾਰੇ ਗੁਰੂ ਦਾ ਦਰਸ ਕੋਇ ਨਾ ਪਾਈਆ । ਸਚ ਦਵਾਰੇ ਦੇ ਦੱਸੇ ਕੋਇ ਨਾ ਪਤੇ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਜਿਸ ਵਾਹਿਗੁਰੂ ਦੀ ਗੋਬਿੰਦ ਬੁਲਾਈ ਫ਼ਤਿਹ, ਉਸ ਦਾ ਡੰਕ ਸੁਣਨ ਕੋਇ ਨਾ ਪਾਈਆ । ਖ਼ਬਰਦਾਰ ਹੋ ਜਾਓ ਕੁਛ ਹਲੂਣਾ ਲੱਗਣਾ ਗੁਰ ਅਵਤਾਰ ਪੈਗ਼ੰਬਰੋ ਏਸੇ ਕੱਤੇ, ਕੱਤਕ ਕਾਤਕ ਰਾਹ ਤਕਾਈਆ । ਆਪਣੇ ਆਪਣੇ ਜਨਮ ਦੇ ਕੱਢ ਲਓ ਪੱਤਰੀ ਪੱਤੇ, ਪਤ੍ਰਕਾ ਅਗਲੀ ਦਏ ਦ੍ਰਿੜਾਈਆ । ਜਿਹੜੇ ਚਾਰ ਜੁਗ ਦੇ ਲਾਹ ਖੱਟੇ, ਨਾਮ ਕਲਮੇ ਢੋਲੇ ਗਾਈਆ । ਉਨ੍ਹਾਂ ਦਾ ਲਹਿਣਾ ਦੇਣਾ ਲੇਖਾ ਦੇਵੇ ਸਤਿ ਸਚ ਦੇ ਵੱਟੇ, ਕੂੜ ਕੁੜਿਆਰਾ ਤੋਲ ਤੁਲਾਈਆ । ਨਿਗਾਹ ਮਾਰੋ ਤੁਹਾਡੇ ਨਾਮ ਦੀ ਕ਼ੀਮਤ ਪੈ ਗਈ ਕਲਜੁਗ ਟਕੇ, ਟੱਕਿਆਂ ਵਿਚ ਹੱਟੋ ਹੱਟ ਫਿਰਾਈਆ । ਸਦੀ ਚੌਧਵੀਂ ਸਾਰੇ ਵੇਖੋ ਆਪਣੇ ਖਾਤੇ ਖੱਤੇ, ਪੜਦਾ ਉਹਲਾ ਰਹੇ ਨਾ ਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨ ਵੇਖਣਾ ਕਿਉਂ ਲੱਖ ਚੁਰਾਸੀ ਜੀਵ ਜੰਤ ਮਾਇਆ ਮਮਤਾ ਵਿਚ ਮੱਤੇ, ਪਾਰਬ੍ਰਹਮ ਦਾ ਦਰਸ ਕੋਇ ਨਾ ਪਾਈਆ । ਫੇਰ ਤੁਹਾਨੂੰ ਵਖੌਣਾ ਤੁਹਾਡੇ ਨਿਜ ਅੱਖੇ, ਲੋਚਨ ਜਗਤ ਨਾ ਕੋਇ ਵਡਿਆਈਆ । ਦੀਨ ਦੁਨੀ ਦੀ ਦਾਅਵੇ ਨਾਲ ਪਤ ਕੋਇ ਨਾ ਰੱਖੇ, ਸਾਹਿਬ ਸਵਾਮੀ ਹੋ ਕੇ ਸਿਰ ਹੱਥ ਨਾ ਕੋਇ ਟਿਕਾਈਆ । ਚਾਰ ਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਸਾਰੇ ਅੱਕੇ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਨਿਰਗਣ ਨੂਰ ਨਿਰਾਕਾਰ ਨਿਰੰਕਾਰ ਜੋ ਹਰ ਘਟ ਅੰਤਰ ਵਸੇ, ਸਚ ਸਵਾਮੀ ਦਰਸ ਕੋਇ ਨਾ ਪਾਈਆ । ਕੋਟਨ ਵਿਚੋਂ ਕੋਈ ਭਗਤ ਸੁਹੇਲਾ ਜਿਸ ਮਿਲਿਆ ਪਾਰਬ੍ਰਹਮ ਸਮਰੱਥੇ, ਧੁਰ ਦਾ ਮਾਲਕ ਨੂਰ ਅਲਾਹੀਆ । ਸਰਵਣ ਸੁਣਦੇ ਮਹਿਮਾ ਵਾਲੀ ਕਥਾ ਕਹਾਣੀ ਕੱਥੇ, ਅੱਖਰਾਂ ਵਿਚ ਸਤਰਾਂ ਵਿਚ ਰਾਗਾਂ ਨਾਦਾਂ ਵਿਚ ਵਡਿਆਈਆ । ਤੁਸੀਂ ਸਾਰੇ ਆਦਿ ਅੰਤ ਜੁਗਾ ਜੁਗੰਤ ਇਕ ਪ੍ਰਭੂ ਦੇ ਬੱਚੇ, ਬਚਪਨ ਸਭ ਦਾ ਫੋਲ ਫੁਲਾਈਆ । ਕਿਉਂ ਵਖਰੇ ਵਖਰੇ ਨਾਮ ਜਪੇ, ਜਗ ਜੀਵਣ ਦਾਤੇ ਕੀਤੀ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਪਾਰਬ੍ਰਹਮ ਪਤਿਪਰਮੇਸ਼ਵਰ ਸਚਖੰਡ ਨਿਵਾਸੀ ਲੱਖ ਚੁਰਾਸੀ ਹਰ ਘਟ ਅੰਤਰ ਵਸੇ, ਨਿਰੰਤਰ ਹੋ ਕੇ ਥਾਉਂ ਥਾਈਂਆ ।

## ✻ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਹਰਬੰਸ ਸਿੰਘ ਦੇ ਗ੍ਰਿਹ ਪਿੰਡ ਮਾਹਲਾਂ ✻

ਗੁਰ ਅਵਤਾਰ ਪੈਗ਼ੰਬਰੋ ਵੇਖੋ ਪ੍ਰਭ ਦੇ ਭਗਤ, ਹਰਿ ਭਗਵਨ ਆਪ ਵਖਾਈਆ । ਜਿਨ੍ਹਾਂ ਤੁਹਾਡੇ ਨਾਮ ਦਾ ਰੱਖਿਆ ਵਰਤ, ਢੋਲਾ ਧੁਰ ਦਾ ਇਕੋ ਗਾਈਆ । ਜਨਮ ਦੀ ਪੂਰੀ ਕਰ ਕੇ ਸ਼ਰਤ, ਸ਼ਰਅ ਦਾ ਲੇਖਾ ਦਿਤਾ ਮੁਕਾਈਆ । ਵਡਿਆਈ ਲੈ ਕੇ ਉਪਰ ਧਰਤ, ਧਵਲ ਦਾ ਭਾਰ ਵੰਡਾਈਆ । ਅੰਤਮ ਮੰਜ਼ਲ ਚੜ੍ਹ ਕੇ ਉਪਰ ਅਰਸ਼, ਅਰਸ਼ੀ ਪ੍ਰੀਤਮ ਮਿਲ ਕੇ ਖ਼ੁਸ਼ੀ ਬਣਾਈਆ । ਜਿਸ ਮਾਰਗ ਨੂੰ ਮੰਜ਼ਲ ਨੂੰ ਤੁਹਾਡੇ ਮੁਰੀਦ ਰਹੇ ਤਰਸ, ਮੈਂ ਸਹਿਜੇ ਦਿਤੀ ਵਖਾਈਆ । ਪਿਛੇ ਕੋਟਨ ਕੋਟ ਜਨਮ ਬੀਤੇ ਅਨਕ ਕਾਲ ਲੰਘੇ ਬਰਸ, ਰੁਤ ਰੁਤੜੀ ਆਪਣਾ ਰੂਪ ਬਦਲਾਈਆ । ਬਿਨਾ ਪ੍ਰਭੂ ਤੋਂ ਭਗਤਾਂ ਉਤੇ ਕਿਸੇ ਕਦੇ ਕੀਤਾ ਨਾ ਤਰਸ, ਰਹਿਮਤ ਵਿਚ ਰਹਿਮ ਨਾ ਕੋਇ ਕਮਾਈਆ । ਸਚ ਦਵਾਰੇ ਕਰੇ ਕੋਇ ਨਾ ਜੜਤ, ਨਗੀਨਾ ਗੁਰਮੁਖ ਨਾ ਕੋਇ ਉਠਾਈਆ । ਜਿਸ ਦੀ ਆਦਿ ਤੋਂ ਅੰਤ ਤਕ ਲਿਖਤ ਪੜ੍ਹਤ, ਬਿਨ ਅੱਖਰਾਂ ਅੱਖਰ ਸਮਝਾਈਆ । ਸੋ ਖੇਲੇ ਖੇਲ ਮਰਦਾਨਾ ਮਰਦ, ਮਦਦ ਅਵਰ ਨਾ ਕੋਇ ਜਣਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੀਨਾਂ ਅਨਾਥਾਂ ਹੋਏ ਸਹਾਈਆ । ਪੂਰਬ ਜਨਮ ਦੀ ਮੰਨ ਕੇ ਅਰਜ਼, ਆਰਜ਼ੂ ਪਿਛਲੀ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਭਗਤਾਂ ਰਾਹ, ਭਗਵਨ ਰਿਹਾ ਦ੍ਰਿੜਾਈਆ । ਜਿਨ੍ਹਾਂ ਦਾ ਆਦਿ ਅੰਤ ਇਕ ਮਲਾਹ, ਜੁਗ ਜੁਗ ਨਾਉਂ ਨਾ ਕੋਇ ਬਦਲਾਈਆ । ਚਾਰ ਜੁਗ ਦਿਆਂ ਭਗਤਾਂ ਇਕੋ ਸੋਹੰ ਨਾਮ ਦਿਤਾ ਜਪਾ, ਦੂਜੀ ਕੀਤੀ ਨਾ ਕੋਇ ਪੜ੍ਹਾਈਆ । ਆਤਮਾ ਪਰਮਾਤਮਾ ਵਿਚ ਮਿਲਾ, ਨੂਰ ਨੂਰ ਵਿਚ ਸਮਾਈਆ । ਸਭ ਦੀ ਕ਼ਬੂਲ ਕਰ ਦੁਆ, ਦੋ ਆਲਮ ਮਾਲਕ ਹੋਇਆ ਸਹਾਈਆ । ਜਿਸ ਨੂੰ ਸੂਫ਼ੀਆਂ ਕਿਹਾ ਖ਼ੁਦਾ, ਖ਼ਾਲਕ ਖ਼ਲਕ ਨੂਰ ਅਲਾਹੀਆ । ਸੋ ਭਗਤਾਂ ਨਾਲੋਂ ਕਦੇ ਨਾ ਹੋਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਬੇਸ਼ਕ ਪੰਜ ਤੱਤ ਸ਼ਰੀਰ ਦੁੱਖ ਸੁਖ ਵੇਖੇ ਵਬਾ, ਤਨ ਵਜੂਦ ਮਾਟੀ ਖ਼ਾਕ ਰੰਗ ਰੰਗਾਈਆ । ਨਿਰਗੁਣ ਨੂਰ ਨਿਰਾਕਾਰ ਆਪਣੇ ਲੇਖੇ ਲਾ, ਪਿਛਲਾ ਲਹਿਣਾ ਦਏ ਚੁਕਾਈਆ । ਭਗਤ ਵਛਲ ਆਪ ਅਖਵਾ, ਜੁਗ ਜੁਗ ਆਪਣਾ ਫੇਰਾ ਪਾਈਆ । ਏਸੇ ਤਰਾ ਕਲਜੁਗ ਅੰਤ ਹਰਬੰਸ ਸਿੰਘ ਦਿਤਾ ਤਰਾ, ਤਾਰਨਹਾਰ ਆਪਣੀ ਦਇਆ ਕਮਾਈਆ । ਆਵਣ ਜਾਵਣ ਲੱਖ ਚੁਰਾਸੀ ਪੈਂਡਾ ਦਿਤਾ ਮੁਕਾ, ਮੁਕੰਮਲ ਦਰਗਾਹ ਸਾਚੀ ਸਚਖੰਡ ਟਿਕਾਈਆ । ਜਿਥੇ ਨਾ ਕੋਇ ਪਵਣ ਨਾ ਹਵਾ, ਜਲ ਥਲ ਨਾ ਕੋਇ ਵਡਿਆਈਆ । ਇਕੋ ਨੂਰ ਜੋਤ ਰੁਸ਼ਨਾ, ਜਿਸ ਵਿਚ ਅਵਤਾਰ ਪੈਗ਼ੰਬਰ ਗੁਰ ਭਗਤ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਮਿਹਰਵਾਂ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ ।



## ✻ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✻

ਗੁਰ ਅਵਤਾਰ ਪੈਗ਼ੰਬਰ ਪ੍ਰਭ ਤੇਰੇ ਦਾਸੀ ਦਾਸ, ਦਾਸਤਾਨ ਪਿਛਲੀ ਸਭ ਦੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ

ਰੱਖ ਕੇ ਗਏ ਆਸ, ਆਹਿਸਤਾ ਆਹਿਸਤਾ ਨਿਤ ਨਵਿਤ ਤੇਰਾ ਰਾਹ ਤਕਾਈਆ । ਤੇਰਾ ਨਾਮ ਸੰਦੇਸਾ ਕ਼ਲਮਾ ਦੇ ਕੇ ਗਏ ਖ਼ਾਸ, ਖ਼ਾਲਸ ਤੇਰਾ ਰੂਪ ਅਨੂਪ ਸਚ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਦੱਸਿਆ ਧੁਰ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਤੇਰੇ ਹੁਕਮ ਨਾਲ ਤੇਰਾ ਬਦਲਦਾ ਰਿਹਾ ਜਾਪ, ਜਗ ਜੀਵਣ ਦਾਤੇ ਤੇਰੀ ਸਿਫ਼ਤ ਸਾਲਾਹੀਆ । ਤੇਰੀ ਮੰਜ਼ਲ ਤੇਰਾ ਦੱਸਦੇ ਰਹੇ ਘਾਟ, ਪੱਤਨ ਦਵਾਰਾ ਤੇਰਾ ਇਕ ਦ੍ਰਿੜਾਈਆ । ਭੇਵ ਅਭੇਦਾ ਖੋਲ੍ਹ ਕੇ ਸੁਣੌਂਦੇ ਰਹੇ ਗਾਥ, ਅੱਖਰਾਂ ਵਾਲੀ ਕਰ ਪੜ੍ਹਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਸਮਰਾਥ, ਗਹਿਰ ਗੰਭੀਰ ਬੇਨਜ਼ੀਰ ਤੇਰਾ ਰੰਗ ਰੰਗਾਈਆ । ਤੇਰਾ ਨਾਮ ਪੱਟੀ ਲੇਖ ਲਿਖਿਆ ਨਾਲ ਕ਼ਲਮ ਦਵਾਤ, ਸ਼ਾਹੀ ਸ਼ਹਿਨਸ਼ਾਹ ਤੇਰੀ ਸੇਵ ਕਮਾਈਆ । ਜੁਗ ਚੌਕੜੀ ਜਗਤ ਧਾਰ ਬਣਾ ਸਮਾਜ, ਸਮਗਰੀ ਤੇਰਾ ਹੁਕਮ ਵਰਤਾਈਆ । ਹੁਕਮੇ ਅੰਦਰ ਰਈਅਤ ਹੋ ਕੇ ਤੇਰਾ ਵੇਖਦੇ ਰਹੇ ਰਾਜ, ਰਾਜ ਰਾਜਾਨੇ ਸ਼ਾਹ ਸੁਲਤਾਨੇ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਨਾਮ ਦੇ ਗਾਏ ਗੀਤ, ਹਰਿ ਵੱਡੇ ਵਡ ਵਡਿਆਈਆ । ਜੁਗ ਚੌਕੜੀ ਬਦਲੀ ਰੀਤ, ਧਰਮ ਦੀ ਧਾਰ ਧਾਰ ਨਾਲ ਟਕਰਾਈਆ । ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਜਿਸ ਦੀ ਠੋਕ ਦੇਵੇਂ ਪੀਠ, ਸਿਰ ਆਪਣਾ ਹੱਥ ਟਿਕਾਈਆ । ਨਾਮ ਕਲਮਾ ਕਰ ਬਖ਼ਸ਼ੀਸ਼, ਮਿਹਰ ਨਜ਼ਰ ਟਿਕਾਈਆ । ਦੇ ਕੇ ਅਗੰਮ ਹਦੀਸ, ਕਰੇਂ ਅਥਾਹ ਪੜ੍ਹਾਈਆ । ਓਹ ਆਵੇ ਲੋਕਮਾਤ ਬੀਚ, ਧਰਨੀ ਧਰਤ ਧਵਲ ਧੌਲ ਡੇਰਾ ਲਾਈਆ । ਤੈਨੂੰ ਸੱਜਦਾ ਡੰਡਾਵਤ ਬੰਦਨਾ ਕਰ ਝੁਕਾ ਸੀਸ, ਜਗਦੀਸ਼ ਤੇਰੀ ਓਟ ਤਕਾਈਆ । ਸਰਗੁਣ ਹੋ ਕੇ ਕਰਕੇ ਗਏ ਪ੍ਰੀਤ, ਨਿਰਗੁਣ ਤੇਰਾ ਪ੍ਰੇਮ ਬਣਾਈਆ । ਤੇਰੀ ਸ਼ਰਅ ਦੀ ਦੱਸ ਕੇ ਲੀਕ, ਲਾਈਨ ਐਨ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਨਾਮ ਦੀ ਦੱਸੀ ਨਿਸ਼ਾਨੀ, ਨਿਸ਼ਾਨਾ ਇਕੋ ਇਕ ਦ੍ਰਿੜਾਈਆ । ਪਤਾ ਨਹੀਂ ਕਿਉਂ ਜੂਹ ਹੋਈ ਬੇਗਾਨੀ, ਬੇਵਾ ਦਿਸੇ ਜਗਤ ਲੋਕਾਈਆ । ਆਤਮ ਬ੍ਰਹਮ ਦਾ ਰਿਹਾ ਨਾ ਕੋਇ ਗਿਆਨੀ, ਸੂਫ਼ੀਆਂ ਸਤਿ ਨਾ ਕੋਇ ਸਮਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਸ਼ਾਸਤਰ ਪੜ੍ਹ ਕੇ ਆਪਣਾ ਝਟ ਲੰਘਾਈਆ । ਦੀਨਾਂ ਮਜ਼੍ਹਬਾਂ ਵਿਚ ਵੜੀ ਬੇਈਮਾਨੀ, ਅੰਤਰ ਨਿਰੰਤਰ ਕਰੇ ਨਾ ਕੋਇ ਸਫ਼ਾਈਆ । ਜਿਸ ਦੇ ਪਿਛੇ ਗੋਬਿੰਦ ਬੱਚਿਆਂ ਦੀ ਦੇ ਕੇ ਗਿਆ ਕੁਰਬਾਨੀ, ਕਰਬਲੇ ਵਾਲੇ ਰਹੇ ਕੁਰਲਾਈਆ । ਉਨ੍ਹਾਂ ਮਿਲਿਆ ਨਾ ਸਾਹਿਬ ਸੁਲਤਾਨੀ, ਸ਼ਹਿਨਸ਼ਾਹ ਤੇਰਾ ਦਰਸ ਕੋਇ ਨਾ ਪਾਈਆ । ਸ਼ਬਦ ਨਾਦ ਸੁਣੇ ਕੋਇ ਨਾ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਜਿਧਰ ਤੱਕੀ ਚਾਰੋਂ ਕੁੰਟ ਪ੍ਰੇਸ਼ਾਨੀ, ਪਸ਼ਚਾਤਾਪ ਵਿਚ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਸਾਂਝੇ ਯਾਰ ਕਰ ਮਿਹਰਵਾਨੀ, ਮਹਿਬੂਬ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਸਾਰੇ ਕਰੀਏ ਸਜਦਾ, ਸੀਸ ਜਗਦੀਸ਼ ਝੁਕਾਈਆ । ਤੂੰ ਮਾਲਕ ਘਰ ਘਰ ਦਾ, ਗ੍ਰਿਹ ਮੰਦਰ ਫੋਲ ਫੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਤੈਥੋਂ ਡਰਦਾ, ਦੇਵਤ ਸੁਰ ਭੱਜੇ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰ ਤੈਥੋਂ ਪੜ੍ਹਦਾ, ਤੂੰ ਸ਼ਬਦ ਗੁਰੂ ਕਰੇਂ ਸ਼ਨਵਾਈਆ ।

੧੫੧੮
੨੧

ਤੂੰ ਮਾਲਕ ਚੋਟੀ ਜੜ੍ਹ ਦਾ, ਚੇਤਨ ਤੇਰਾ ਰਾਹ ਤਕਾਈਆ । ਤੂੰ ਲੱਖ ਚੁਰਾਸੀ ਘਾੜਤ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਸੇਵਕ ਰਖਾਈਆ । ਤੂੰ ਭੇਤੀ ਦੋ ਜਹਾਨਾਂ ਘਰ ਦਾ, ਗ੍ਰਿਹਿ ਇਕੋ ਇਕ ਵਖਾਈਆ । ਤੇਰਾ ਨੂਰ ਜ਼ਹੂਰ ਨਰਾਇਣ ਨਰ ਦਾ, ਨਾਰ ਕੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਮੇਰੇ ਸਾਹਿਬ ਅਜ਼ੀਮ, ਆਲੀਸ਼ਾਨ ਤੇਰੀ ਸਰਨਾਈਆ । ਸਭ ਦੀ ਸਾਂਝੀ ਕਰ ਤਾਲੀਮ, ਸਿਖਿਆ ਇਕੋ ਇਕ ਦ੍ਰਿੜਾਈਆ । ਝਗੜਾ ਮੁਕਾ ਦੇ ਚਾਰ ਜੁਗ ਕ਼ਦੀਮ, ਕ਼ੁਦਰਤ ਦੇ ਮਾਲਕ ਕ਼ੁਤਬਖਾਨੇ ਆਪਣੇ ਦੇ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਮਨੀਮ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਲੇਖ ਗਏ ਜਣਾਈਆ । ਹੁਕਮੇ ਅੰਦਰ ਸਦਾ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਅਲਿਫ਼ ਯੇ ਦਰ ਤੇਰੇ ਮਸਕੀਨ, ਅੱਖਰਾਂ ਚਲੇ ਨਾ ਕੋਇ ਚਤੁਰਾਈਆ । ਅਗਲਾ ਮਾਰਗ ਦੱਸ ਮਹੀਨ, ਰਹਿਬਰ ਹੋ ਕੇ ਪੰਧ ਮੁਕਾਈਆ । ਤੈਨੂੰ ਅੱਲਾ ਪਾਕ ਕਹਿਣ ਯਾਮੁਬੀਨ, ਮਿਹਰਵਾਨ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਨਿਮਸਕਾਰ, ਨਮੋਂ ਨਮੋਂ ਸੀਸ ਨਿਵਾਈਆ । ਪੂਰਬ ਲਹਿਣਾ ਕ਼ਰਜ਼ ਉਤਾਰ, ਮਕਰੂਜ਼ ਝੋਲੀਆਂ ਦੇ ਭਰਾਈਆ । ਜੁਗ ਜੁਗ ਤੇਰੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਤੇਰਾ ਕਰਦੇ ਰਹੇ ਇੰਤਜ਼ਾਰ, ਨਿੱਤ ਨਵਿਤ ਤੇਰਾ ਰਾਹ ਤਕਾਈਆ । ਕਵਣ ਵੇਲਾ ਕਲ ਕਲਕੀ ਲਏ ਅਵਤਾਰ, ਅਮਾਮ ਅਮਾਮਾ ਵੇਸ ਵਟਾਈਆ । ਚਾਰ ਜੁਗ ਦੇ ਕਲਮੇ ਨਾਮ ਤੇਰਾ ਜੈਕਾਰ, ਸਿਫ਼ਤੀ ਢੋਲੇ ਗੀਤ ਅਲਾਈਆ । ਇਸ ਤੋਂ ਪਰੇ ਤੇਰਾ ਦਰਬਾਰ, ਜਿਥੇ ਨਾਦ ਧੁਨ ਨਹੀਂ ਧੁਨਕਾਰ, ਰਾਗਾਂ ਵਿਚ ਨਾ ਕੋਇ ਵਡਿਆਈਆ । ਨਾ ਕੋਈ ਹਿੱਸਾ ਵੰਡ ਗੁਰੂ ਅਵਤਾਰ, ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਇਕੋ ਜੋਤ ਨੂਰ ਉਜਿਆਰ, ਜੋਤੀ ਜਾਤੇ ਤੇਰਾ ਖੇਲ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਜੀਵ ਜੰਤ ਪਾ ਸਾਰ, ਮਹਾਂਸਾਰਥੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਅੰਤਮ ਵੇਖ ਮੌਕਾ, ਮੁਕੰਮਲ ਦਈਏ ਦ੍ਰਿੜਾਈਆ । ਅਸੀਂ ਜੁਗ ਜੁਗ ਦਿਤਾ ਹੋਕਾ, ਹੁਕਮ ਤੇਰਾ ਨਾਮ ਸੁਣਾਈਆ । ਕਿਸੇ ਦਾ ਵੇਸ ਵਟਾਇਆ ਜੰਞੂ ਬੋਦਾ, ਲੋਟਾ ਕਿਸੇ ਹੱਥ ਫੜਾਈਆ । ਕਿਸੇ ਦਾ ਰੰਗ ਰੰਗਾਇਆ ਤੇਰੀ ਧਾਰ ਤੇਰਾ ਰੂਪ ਅਨੂਪ ਜਿਸ ਦੀ ਅਵਰ ਨਾ ਕੋਇ ਸੋਚਾ, ਸਮਝ ਨਾ ਕੋਇ ਚਤੁਰਾਈਆ । ਸਭ ਦੇ ਉਤੇ ਦੀਨ ਮਜ਼੍ਹਬ ਦਾ ਭਾਰ ਟਿਕਾਇਆ ਬੋਝਾ, ਵਜ਼ਨ ਦਿਤਾ ਵਖਾਈਆ । ਕਿਸੇ ਦਾ ਪਰਦਾ ਲਾਹਿਆ ਚੌਦਾਂ ਲੋਕਾ, ਚੌਦਾਂ ਤਬਕਾਂ ਕਿਸੇ ਸ਼ਨਵਾਈਆ । ਕਿਸੇ ਸੁਣਾ ਕੇ ਅਗੰਮ ਸਲੋਕਾ, ਬੇਅੰਤ ਬੇਅੰਤ ਬੇਅੰਤ ਦਿਤਾ ਅਖਵਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਬਣਾ ਕੇ ਪੋਥਾ, ਅੱਖਰਾਂ ਨਾਲ ਅੱਖਰ ਦਿਤੇ ਮਿਲਾਈਆ । ਸਾਢੇ ਤਿੰਨ ਹੱਥ ਜਣਾ ਕੇ ਕਾਇਆ ਕੋਠਾ, ਜ਼ਿਮੀਂ ਅਸਮਾਨ ਗਗਨ ਗਗਨੰਤਰ ਏਸੇ ਵਿਚ ਸਮਾਈਆ । ਸਭ ਦੀ ਆਸਾ ਮਨਸਾ ਪੂਰੀ ਕਰਦਾ ਰਿਹਾ ਲੋਚਾ, ਨਿਜ ਲੋਚਨ ਨੈਣ ਅੱਖ ਖੁਲ੍ਹਾਈਆ । ਇਕ ਸੰਦੇਸ਼ਾ ਦੇ ਕੇ ਗਿਆ ਮਹਾਤਮ ਬੋਧਾ, ਬੁੱਧੀ ਤੋਂ ਪਰੇ ਜਗਤ ਜਣਾਈਆ । ਕਲਜੁਗ ਅੰਤ ਜਿਸ ਵੇਲੇ ਗੁਰੂ ਗੁਰ ਚੇਲੇ ਚੇਲੇ ਗੁਰੂਆਂ ਨਾਲ ਕਰਨ ਧੋਖਾ, ਸਾਬਤ ਨਜ਼ਰ ਕੋਇ ਨਾ ਆਈਆ । ਮਨੂਆ ਮਨ

ਹਰ ਘਟ ਅੰਤਰ ਹੋਵੇ ਖੋਟਾ, ਖਰਾ ਰਹਿਣ ਕੋਇ ਨਾ ਪਾਈਆ । ਸਾਧ ਸੰਤ ਦੁਖੀ ਹੋਵੇ ਬੇਦੋਸ਼ਾ, ਦੋਸ਼ੀਆਂ ਦੇਵੇ ਨਾ ਕੋਇ ਸਜ਼ਾਈਆ । ਜਗਤ ਵਿਕਾਰ ਵਿਚ ਹੋਵੇ ਮਦਹੋਸ਼ਾ, ਨਾਮ ਖ਼ੁਮਾਰੀ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਤੇਰੇ ਅੱਗੇ ਇਕ ਅਪੀਲ, ਅਪਰੰਪਰ ਸਵਾਮੀ ਦਈਏ ਜਣਾਈਆ । ਕਲਜੁਗ ਕੂੜੀ ਕਿਰਿਆ ਸਭ ਦੀ ਬਦਲ ਦੇ ਦਲੀਲ, ਦੀਨ ਦੁਨੀ ਦੇ ਮਾਲਕ ਆਪਣਾ ਰੰਗ ਰੰਗਾਈਆ । ਸਤਿ ਸੰਤੋਖ ਧਰਮ ਦੀ ਧਾਰ ਕਰ ਸ਼ੀਲ, ਅਗਨੀ ਤੱਤ ਨਾ ਕੋਇ ਤਪਾਈਆ । ਕਪਟ ਵਿਕਾਰੀ ਰਹੇ ਨਾ ਕੋਇ ਕੁਚੀਲ, ਕੰਚਨ ਗੜ੍ਹ ਦੇ ਵਡਿਆਈਆ । ਤੇਰੀ ਧਾਰ ਵੇਖਣੀ ਜਿਸ ਕਾਰਨ ਗੋਬਿੰਦ ਬਸਤਰ ਪਹਿਨੇ ਨੀਲ, ਬਸਨ ਬਨਵਾਰੀ ਆਪਣਾ ਪਰਦਾ ਲਾਹੀਆ । ਕੁਛ ਸੰਦੇਸ਼ਾ ਦੇ ਕੇ ਗਿਆ ਕ੍ਰਿਸ਼ਨ ਭੀਲ, ਤ੍ਰੈਲੋਕੀ ਨਾਥ ਅਨਾਥਾਂ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸਾਚੀ ਕਾਰ ਕਮਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਰੇ ਅੱਗੇ ਇਕੋ ਅਰਜ਼, ਅਜ਼ੀਜ਼ ਹੋ ਕੇ ਦਈਏ ਜਣਾਈਆ । ਸਾਡੀ ਸਭ ਦੀ ਸਾਂਝੀ ਗ਼ਰਜ਼, ਗਰਜ਼ੇ ਕਿ ਹੋਰ ਲੋੜ ਨਾ ਕੋਇ ਵਧਾਈਆ । ਆਪਣਾ ਪੂਰਾ ਕਰ ਦੇ ਫ਼ਰਜ਼, ਸਦੀ ਚੌਧਵੀਂ ਵੇਖ ਵਖਾਈਆ । ਸ਼ਰਅ ਛੁਰੀ ਮੇਟ ਦੇ ਕਰਦ, ਕ਼ਤਲਗਾਹ ਨਾ ਬਣੇ ਲੋਕਾਈਆ । ਗ਼ਰੀਬ ਨਿਮਾਣਿਆਂ ਵੰਡ ਦਰਦ, ਦੁਖੀਆਂ ਹੋ ਸਹਾਈਆ । ਪੁੱਠੀ ਸਿੱਧੀ ਕਰ ਦੇ ਨਰਦ, ਨਰ ਨਰਾਇਣ ਤੇਰੀ ਓਟ ਤਕਾਈਆ । ਕੂੜਾ ਮੇਟ ਅੰਧੇਰਾ ਗਰਦ, ਸਾਚਾ ਚੰਨ ਹੋਵੇ ਰੁਸ਼ਨਾਈਆ । ਚਾਰ ਜੁਗ ਦੀ ਪੂਰੀ ਕਰ ਸ਼ਰਤ, ਸ਼ਰਅ ਦੇ ਮਾਲਕ ਸ਼ਹਿਨਸ਼ਾਹੀਆ । ਨਿਰਗੁਣ ਧਾਰ ਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਤੇਰੇ ਕੋਲ ਸਭ ਦੀ ਫ਼ਰਦ, ਪੂਰਬ ਲੇਖਾ ਰਹੇ ਨਾ ਰਾਈਆ । ਤੇਰਾ ਹੁਕਮ ਹੋਵੇ ਅਸਚਰਜ, ਅਚਰਜ ਆਪਣੀ ਕਾਰ ਕਮਾਈਆ । ਯੋਧੇ ਸੂਰਬੀਰ ਮਰਦਾਨੇ ਮਰਦ, ਦਰ ਤੇਰੇ ਆਸ ਰਖਾਈਆ । ਕਿਸੇ ਦਾ ਹੋਣ ਨਾ ਦੇਵੀਂ ਹਰਜ, ਹਰਜਾਨੇ ਸਭ ਦੇ ਪੂਰ ਕਰਾਈਆ । ਤੇਰੇ ਨਾਮ ਦਾ ਖੰਡਾ ਅਗੰਮੀ ਇਕੋ ਖੜਗ, ਦੋ ਜਹਾਨ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਇਕ ਸੁਹਾਈਆ । ਦਰ ਤੇਰਾ ਹੋਏ ਸੁਹੰਞਣਾ, ਸੋਭਾਵੰਤ ਰਮਣੀਕ । ਸਚ ਸਵਾਮੀ ਦਰਦ ਦੁੱਖ ਭੈ ਭੰਜਣਾ, ਕਿਰਪਾ ਕਰ ਪਰਵਰਦਿਗਾਰ ਲਾਸ਼ਰੀਕ । ਦੀਨ ਦੁਨੀ ਪਾ ਅਗੰਮਾ ਅੰਜਣਾ, ਤੇਰੇ ਵਿਚ ਹੱਕ ਤੌਫ਼ੀਕ਼ । ਗੁਰ ਅਵਤਾਰ ਪੈਗ਼ੰਬਰਾਂ ਤੇਰਾ ਦਰ ਮੰਗਣਾ, ਸਦੀ ਚੌਧਵੀਂ ਸਾਰੇ ਕਰਨ ਉਡੀਕ । ਲੱਖ ਚੁਰਾਸੀ ਚਾੜ੍ਹ ਦੇ ਰੰਗਣਾ, ਨਿਰਗੁਣ ਸਰਗੁਣ ਧਾਰ ਬਦਲ ਦੇ ਨੀਤ । ਤੇਰਾ ਹੁਕਮ ਫਿਰੇ ਵਿਚ ਬ੍ਰਹਿਮੰਡਣਾ, ਵਰਭੰਡੀ ਅੰਧੇਰਾ ਮੇਟੇ ਤਾਰੀਕ । ਤੁਧ ਬਿਨ ਸਾਚਾ ਨਾਮ ਕਿਸੇ ਨਾ ਵੰਡਣਾ, ਮਿਹਰ ਮੁਹੱਬਤ ਕਰੇ ਨਾ ਕੋਇ ਬਖ਼ਸ਼ੀਸ਼ । ਬਿਨਾ ਸੀਸ ਬਿਨਾ ਹੱਥ ਕਰਦੇ ਬੰਦਨਾ, ਬਿਨਾ ਤੱਤ ਵਜੂਦ ਤੇਰਾ ਵੇਖਣ ਖੇਲ ਅਤੀਤ । ਤੂੰ ਸਚ ਦਵਾਰਾ ਲੰਘਣਾ, ਦੀਨਾਂ ਮਜ਼੍ਹਬਾਂ ਮੇਟਣੀ ਲੀਕ । ਤੇਰਾ ਡੰਕਾ ਇਕੋ ਵੱਜਣਾ, ਸਿਰ ਝੁਕੇ ਰਾਓ ਰੰਕਾਂ ਊਚ ਨੀਚ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਜਿਸ ਵਿਚ ਤੇਰੇ ਨਾਮ ਦੀ ਹੋਵੇ ਸਚ ਤਮਹੀਦ । ਗੁਰ ਅਵਤਾਰ ਪੈਗ਼ੰਬਰ ਕਹਿਣ ਧਰਨੀ ਧੌਲ ਵੇਖੇ ਧਰਤ, ਧਵਲ ਧਿਆਨ ਲਗਾਈਆ । ਅਰਸ਼ਾਂ ਦੇ ਮਾਲਕ ਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਤੈਨੂੰ ਉਡੀਕਦਿਆਂ ਜੁਗ ਚੌਕੜੀ ਬੀਤੇ ਬਰਸ, ਸਮੇਂ ਕਾਲ ਗਏ

ਵਕ਼ਤ ਲੰਘਾਈਆ । ਕਿਰਪਾ ਕਰ ਮਰਦਾਨੇ ਮਰਦ, ਮਦਦ ਅਵਰ ਨਾ ਕੋਇ ਰਖਾਈਆ । ਪੂਰਬ ਪੂਰਬ ਵੇਖ ਫ਼ਰਦ, ਪਰਦਾ ਪਰਦਿਆਂ ਵਿਚੋਂ ਉਠਾਈਆ । ਅਵਤਾਰ ਕਹਿਣ ਸਾਡੀ ਅਰਜ਼, ਪੈਗ਼ੰਬਰਾਂ ਆਰਜ਼ੂ ਤੇਰੇ ਅੱਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਭਾਦਰੋਂ ਕਹੇ ਮੈਂ ਵੀ ਦੱਸਾਂ ਬਾਤ, ਬਾਤਨ ਦਿਆਂ ਦ੍ਰਿੜਾਈਆ । ਅਵਤਾਰੋ ਮਾਰੋ ਪਿਛੇ ਝਾਤ, ਪਰਦਾ ਦਿਆਂ ਉਠਾਈਆ । ਧਰਨੀ ਵੇਖੋ ਮਿੱਟੀ ਖ਼ਾਕ, ਖ਼ਾਕੀ ਖ਼ਾਕ ਸਮਾਈਆ । ਜਿਥੇ ਬਾਲਮੀਕ ਰਹਿ ਕੇ ਗਿਆ ਇਕ ਰਾਤ, ਥਾਂ ਸਿੰਘਾਸਣ ਇਹੋ ਨਜ਼ਰੀ ਆਈਆ । ਸ਼ਬਦ ਸੰਦੇਸ਼ਾ ਗਿਆ ਆਖ, ਰਮਾਇਣ ਭਵਿਖਤ ਦਏ ਗਵਾਹੀਆ । ਏਥੇ ਖੇਲ ਕਰਨਾ ਪੁਰਖ ਅਬਿਨਾਸ਼, ਕਲ ਕਲਕੀ ਨੂਰ ਅਲਾਹੀਆ । ਜਿਸ ਦੀ ਸਮਝੇ ਨਾ ਕੋਇ ਜ਼ਾਤ, ਪਰਦਾ ਸਕੇ ਨਾ ਕੋਇ ਉਠਾਈਆ । ਲੇਖਾ ਲਿਖੇ ਨਾ ਕ਼ਲਮ ਦਵਾਤ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਸਭ ਦੀ ਪੁਛਣੀ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ । ਦੀਨ ਦੁਨੀ ਕਰੇ ਪਾਕ, ਪਤਤ ਪੁਨੀਤ ਆਪ ਬਣਾਈਆ । ਅੰਮ੍ਰਿਤ ਰਸ ਦੇਵੇ ਆਬੇਹਯਾਤ, ਜੀਵਣ ਜੀਵਣ ਵਿਚੋਂ ਪ੍ਰਗਟਾਈਆ । ਧੁਰ ਸਵਾਮੀ ਬਣ ਕੇ ਸਾਥ, ਸਗਲਾ ਸੰਗ ਰਖਾਈਆ । ਸਭ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਓਸ ਦਾ ਮੇਰੇ ਰਾਮ ਨੇ ਕਰਨਾ ਜਾਪ, ਰਾਮ ਰਾਮ ਰਾਮ ਸਰਨਾਈਆ । ਇਕ ਮੁੱਠੀ ਲੈ ਕੇ ਖ਼ਾਕ, ਧੂੜੀ ਮਸਤਕ ਨਾਲ ਛੁਹਾਈਆ । ਦੋਏ ਜੋੜ ਕਰ ਅਰਦਾਸ, ਬੇਨੰਤੀ ਵਿਚ ਸੀਸ ਨਿਵਾਈਆ । ਸੁਣਿਆ ਹੁਕਮ ਅਗੰਮਾ ਗਾਥ, ਕਰੀ ਅਗੰਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਵੇਖੋ ਧਾਮ ਉਤੇ ਧਰਨੀ ਮਿੱਟੀ, ਖ਼ਾਕੀ ਖ਼ਾਕ ਸਮਾਈਆ । ਜਿਸ ਦੀ ਧਾਰ ਬਾਲਮੀਕ ਰੱਖੀ ਚਿੱਟੀ, ਅੱਖਰ ਅੱਖਰ ਨਾ ਵੰਡ ਵੰਡਾਈਆ । ਸਮਾਧੀ ਵਿਚ ਆਦੀ ਦੀ ਲਾਈ ਟਿਕਟਿਕੀ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਉਹਨੂੰ ਕਲਜੁਗ ਅੰਤਮ ਧਾਰ ਦਿਸੀ, ਦਹਿ ਦਿਸ਼ਾ ਹੋਈ ਰੁਸ਼ਨਾਈਆ । ਜਿਸ ਵੇਲੇ ਸਤਿ ਧਰਮ ਦੀ ਰਹੇ ਕੋਈ ਨਾ ਸਿੱਖੀ, ਗੁਰ ਚੇਲੇ ਕਰਨ ਲੜਾਈਆ । ਓਹ ਭਾਦਰੋਂ ਮਹੀਨਾ ਸ਼ਹਿਨਸ਼ਾਹੀ ਸੰਮਤ ਅੱਠ ਪ੍ਰਵਿਸ਼ਟਾ ਦਿਸੀ ਮਿਤੀ, ਮਿੱਤਰ ਪਿਆਰੇ ਦਿਤੀ ਜਣਾਈਆ । ਫਿਰ ਹੱਥ ਰੱਖਿਆ ਉਤੇ ਗਿੱਚੀ, ਧੌਣ ਜ਼ੋਰ ਨਾਲ ਦਬਾਈਆ । ਫੇਰ ਨਜ਼ਰ ਆਈ ਹਾਹੇ ਉਤੇ ਟਿੱਪੀ, ਆਤਮ ਹੋਈ ਰੁਸ਼ਨਾਈਆ । ਫੇਰ ਅਗਲੀ ਪੱਟੀ ਲਿਖੀ, ਲਿਖਿਆ ਲੇਖ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਖਿਲਾਈਆ । ਭਾਦਰੋਂ ਕਹੇ ਬਾਲਮੀਕ ਨੇ ਤੱਕਿਆ ਅਗੰਮਾ ਰਾਮ, ਰਾਮ ਰਾਮ ਵਿਚ ਸਮਾਈਆ । ਓਧਰੋਂ ਆ ਗਿਆ ਬਾਲ ਅੰਜਾਣ, ਚੌਦਾਂ ਸਾਲ ਦੀ ਅਵਸਥਾ ਸੋਭਾ ਪਾਈਆ । ਓਸ ਸਚ ਕੀਤੀ ਪ੍ਰਨਾਮ, ਨਿਉਂ ਕੇ ਸੀਸ ਝੁਕਾਈਆ । ਕੱਢਕੇ ਨੌ ਬਾਦਾਮ, ਰਿਸ਼ੀ ਦੀ ਭੇਟਾ ਦਿਤੇ ਕਰਾਈਆ । ਬਾਲਮੀਕ ਨੇ ਸੁਣਿਆ ਹੁਕਮ ਫ਼ਰਮਾਨ, ਸੰਦੇਸ਼ਾ ਧੁਰਦਰਗਾਹੀਆ । ਅਗਲਾ ਖੇਲ ਵੇਖ ਮਹਾਨ, ਹਰਿ ਕਰਤਾ ਰਿਹਾ ਜਣਾਈਆ । ਇਹ ਬਾਲਾ ਨੱਢਾ ਜਿਸ ਕਰੀ ਪ੍ਰਨਾਮ, ਨਿਵ ਨਿਵ ਸੀਸ ਝੁਕਾਈਆ । ਇਸ ਦਾ ਲੇਖਾ ਹੋਰ ਜਹਾਨ, ਜਨਮ ਜਨਮ ਵਿਚੋਂ ਬਦਲਾਈਆ । ਤਰੇਤਾ ਦਵਾਪਰ ਕਰੇ ਨਾ ਕੋਇ ਧਿਆਨ, ਧਿਆਨੀ ਧਿਆਨ ਨਾ ਕੋਇ ਲਗਾਈਆ । ਜਿਸ ਵੇਲੇ ਹੋਵੇ ਕਲਜੁਗ ਅੰਧੇਰਾ ਸ਼ਾਮ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਨਿਰਗੁਣ ਜੋਤ ਨੂਰ ਪ੍ਰਕਾਸ਼ ਕਰੇ ਸ੍ਰੀ ਭਗਵਾਨ, ਜੋਤੀ ਜਾਤਾ ਧੁਰਦਰਗਾਹੀਆ । ਇਸ ਦਾ ਲਹਿਣਾ ਦੇਣਾ

ਦੇਵੇ ਫੇਰ ਆਣ, ਆਪ ਆਪਣਾ ਫੇਰਾ ਪਾਈਆ । ਏਸੇ ਕਾਰਨ ਖੇਲਿਆ ਖੇਲ ਮਹਾਨ, ਮਹਿਮਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਬਾਲੇ ਅੰਤਰ ਆਈ ਵਿਚਾਰ, ਵਿਚਰ ਕੇ ਦਿਤਾ ਸੁਣਾਈਆ । ਬਾਲਮੀਕ ਕਿਹਾ ਨਾਲ ਪਿਆਰ, ਪ੍ਰੀਤੀ ਵਿਚ ਸਮਝਾਈਆ । ਤੇਰਾ ਲਹਿਣਾ ਦੇਣਾ ਨਾਲ ਨਿਰੰਕਾਰ, ਨਿਰਗੁਣ ਸ਼ਬਦੀ ਹੁਕਮ ਦ੍ਰਿੜਾਈਆ । ਜਿਸ ਵੇਲੇ ਕਲ ਕਲਕੀ ਲਏ ਅਵਤਾਰ, ਜੋਤੀ ਜਾਤਾ ਫੇਰਾ ਪਾਈਆ । ਤੂੰ ਵੀ ਜਨਮ ਲੈਣਾ ਸੰਸਾਰ, ਪੰਜ ਤੱਤ ਸੋਭਾ ਪਾਈਆ । ਓਸੇ ਦਾ ਰੂਪ ਸਿੰਘ ਅਵਤਾਰ, ਜਿਸ ਦਾ ਲਹਿਣਾ ਦਿਤਾ ਮੁਕਾਈਆ । ਪੂਰਬ ਬਾਦਾਮਾਂ ਦਾ ਉਧਾਰ, ਸਾਖਿਆਤ ਨੌਂ ਨੌਂ ਵਖਾਈਆ । ਦੂਸਰ ਮੰਗੇ ਨਾ ਕਿਸੇ ਦਵਾਰ, ਝੋਲੀ ਡਾਹ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜ਼ਰਾ ਜ਼ਰਾ ਆਪਣੀ ਕਾਰ ਕਮਾਈਆ । ਭਾਦਰੋਂ ਕਹੇ ਵੇਖੋ ਜੁਗ ਦੁਆਪਰ, ਦੋਹਰੀ ਧਾਰ ਜਣਾਈਆ । ਸਾਚਾ ਖੇਲ ਰਿਹਾ ਵਾਪਰ, ਵਾਪਸ ਸਕੇ ਨਾ ਕੋਇ ਕਰਾਈਆ । ਜਨਮ ਕਰਮ ਦਾ ਜਿਸ ਦਾ ਨਾਤਨ, ਨਾਤਾ ਬਿਧਾਤਾ ਆਪ ਜੁੜਾਈਆ । ਆਤਮ ਪਰਮਾਤਮ ਬਣਾ ਕੇ ਸਾਥਨ, ਸਗਲਾ ਸੰਗ ਵਖਾਈਆ । ਨਾਰਦ ਜੀ ਆਪਣਾ ਲੇਖਾ ਲੱਗਾ ਵਾਚਣ, ਪਰਦਿਆਂ ਵਿਚੋਂ ਪਰਦਾ ਆਪ ਉਠਾਈਆ । ਕਿਸ ਬਿਧ ਪ੍ਰਭ ਪੂਰਾ ਕਰੇ ਵਾਕਨ, ਭਵਿਖਤ ਭਵਿਖਤਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਭਾਦਰੋਂ ਕਹੇ ਔਹ ਆ ਗਿਆ ਨਾਰਦ ਮੁਨੀ, ਮੁਨੀਸ਼ਰ ਫੇਰਾ ਪਾਈਆ । ਜਿਸ ਨੂੰ ਕਹਿੰਦੇ ਚਾਰ ਜੁਗ ਦਾ ਗੁਣੀ, ਗੁਣਵੰਤਾ ਮਿਲੇ ਵਡਿਆਈਆ । ਜਿਸ ਦੀ ਪੁਕਾਰ ਪ੍ਰਭੂ ਨੇ ਸੁਣੀ, ਅਣਸੁਣ ਕਰ ਲੋਕਾਈਆ । ਲੇਖਾ ਵੇਖ ਕੇ ਦੀਨ ਦੁਨੀ, ਦੋਹਰੀ ਧਾਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਸੁਣ ਦੁਆਪਰ ਦੇ ਕ੍ਰਿਸ਼ਨ ਕਾਹਨ, ਮੁਕੰਦ ਮਨੋਹਰ ਲਖਮੀ ਨਰਾਇਣ ਧਿਆਨ ਲਗਾਈਆ । ਆਪਣੀ ਸਖ਼ੀ ਦਾ ਵੇਖ ਲੈ ਦਾਨ, ਦੀਦਾ ਦਾਨਿਸਤਾ ਦਿਆਂ ਜਣਾਈਆ । ਜਿਸ ਦਾ ਵਿਚੋਲਾ ਬਣਿਆ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਹੁਕਮ ਸੰਦੇਸ਼ਾ ਦਿਤਾ ਫ਼ਰਮਾਨ, ਫ਼ਰਨਿਆਂ ਤੋਂ ਬਾਹਰ ਕਰੀ ਪੜ੍ਹਾਈਆ । ਜਿਸ ਵੇਲੇ ਕਲਜੁਗ ਅੰਤ ਲੋਕਮਾਤ ਹੋਵੇ ਵਿਚ ਜਹਾਨ, ਚਾਰੋਂ ਕੁੰਟ ਅੰਧੇਰਾ ਛਾਈਆ । ਉਸ ਵੇਲੇ ਪ੍ਰਗਟ ਹੋਵੇ ਨੌਜਵਾਨ, ਨਰ ਨਿਰੰਕਾਰ ਨੂਰ ਅਲਾਹੀਆ । ਜੋ ਲੇਖਾ ਮੁਕਾਏ ਜ਼ਿਮੀਂ ਅਸਮਾਨ, ਮੰਡਲ ਮੰਡਪ ਵੇਖ ਵਖਾਈਆ । ਲਹਿਣਾ ਦੇਣਾ ਵੇਖੇ ਸਭ ਦਾ ਆਣ, ਆਨਨ ਫ਼ਾਨਨ ਆਪਣਾ ਫੇਰਾ ਪਾਈਆ । ਸੋ ਵੇਲਾ ਵਕਤ ਪਹੁੰਚਿਆ ਆਣ, ਸਚ ਸਚ ਦ੍ਰਿੜਾਈਆ । ਬਿਨ ਅੱਖਾਂ ਤੋਂ ਕਰੇ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਦੱਸਾਂ ਨਾਲ ਪਿਆਰ, ਪ੍ਰੀਤੀ ਵਿਚ ਜਣਾਈਆ । ਜਿਹੜੀ ਵਸਤ ਮੰਗੀ ਅਪਾਰ, ਕਾਹਨ ਸਖ਼ੀ ਮੇਰੇ ਹੱਥ ਫੜਾਈਆ । ਮੈਂ ਓਸ ਦਾ ਕੀਤਾ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਜਿਸ ਕਰਮੰਡਲ ਕੀਤਾ ਤਿਆਰ, ਓਹ ਏਥੋਂ ਦਾ ਠਠਿਆਰ ਰਹਿਣ ਵਾਲਾ ਦਵਾਪਰ ਜੁਗ ਦਾ ਨਜ਼ਰੀ ਆਈਆ । ਓਸ ਦਾ ਲਹਿਣਾ ਦੇਣਾ ਉਤਾਰ, ਇਹ ਖੇਲ ਸੱਚੀ ਸਰਕਾਰ, ਜੁਗ ਜੁਗ ਰੀਤੀ ਚਲੀ ਆਈਆ । ਜਿਸ ਨੂੰ ਸਮਝੇ ਨਾ ਕੋਇ ਗਿਆਨ ਵਿਚਾਰ, ਅੱਖਰਾਂ ਪਰਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਨਾਰਦ

ਕਹੇ ਮੈਂ ਦੇਵਾਂ ਸਚ ਸ਼ਹਾਦਤ, ਗਵਾਹ ਇਕੋ ਨਜ਼ਰੀ ਆਈਆ । ਜਿਸ ਵੇਲੇ ਕੌਰਵ ਪਾਂਡਵ ਕਰੀ ਬਗ਼ਾਵਤ, ਝਗੜਾ ਜੋਰੂ ਜ਼ਰ ਵਖਾਈਆ । ਨਿਰਗੁਣ ਸਰਗੁਣ ਕਰੀ ਨਾ ਕੋਇ ਮਮਾਨਤ, ਕਾਹਨ ਸਖ਼ੀ ਨਾ ਕੋਇ ਸਮਝਾਈਆ । ਸਭ ਦੇ ਅੰਤਰ ਲੱਗੀ ਅਲਾਮਤ, ਵਬਾ ਸਕੇ ਨਾ ਕੋਇ ਮਿਟਾਈਆ । ਦੁਆਪਰ ਅੰਤਮ ਆਈ ਸ਼ਾਮਤ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਦੁਨੀਆ ਕੂੜੀ ਕੂੜ ਦਿਸੇ ਬਨਾਵਟ, ਸਜਾਵਟ ਤਨ ਵਜੂਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਵੇਖਿਆ ਖੇਲ ਅਨੋਖਾ, ਬਿਨ ਅੱਖਾਂ ਅੱਖ ਜਣਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਧਰਮ ਦੀ ਧਾਰ ਨਾਲ ਵਡਿਆਈਆ । ਯੁਧਿਸ਼ਟਰ ਸਮਝ ਕੇ ਆਪਣਾ ਮੌਕਾ, ਕ੍ਰਿਸ਼ਨ ਡੰਡਾਵਤ ਸੀਸ ਨਿਵਾਈਆ । ਚਰਨਾਂ ਨਾਲ ਛੁਹਾ ਕੇ ਅਗਲਾ ਪੋਟਾ, ਪੰਜਾ ਪੰਜੇ ਨਾਲ ਰਗੜਾਈਆ । ਨੇਤਰ ਮੀਟ ਕੇ ਪੈ ਗਿਆ ਸੋਚਾ, ਸਮਝ ਸਮਝ ਨਾਲ ਟਕਰਾਈਆ । ਕੀ ਆਸਾ ਮਨਸਾ ਲੋਚਾ, ਲੋਚਨ ਨੈਣ ਕੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਯੁਧਿਸ਼ਟਰ ਅੰਤਰ ਆਇਆ ਉਦਾਰ, ਹਰਿ ਕਰਤੇ ਦਿਤਾ ਜਣਾਈਆ । ਜੇ ਯੁੱਧ ਕਰਨਾ ਅਪਾਰ, ਅਪਰੰਪਰ ਸਵਾਮੀ ਆਪ ਸੁਣਾਈਆ । ਕ੍ਰਿਸ਼ਨ ਦੀ ਭੇਟਾ ਕਰਨਾ ਇਕ ਅਨਾਰ, ਜਿਸ ਦਾ ਦਾਣਾ ਗਣਤ ਨਾ ਕੋਇ ਗਿਣਾਈਆ । ਨੌ ਵਾਰ ਕਰਨੀ ਨਿਮਸਕਾਰ, ਨੌ ਨੌ ਦਾ ਟੰਕ ਬਣਾਈਆ । ਨੌ ਖੰਡ ਪ੍ਰਿਥਮੀ ਪੈਣੀ ਮਾਰ, ਨੌ ਦਵਾਰੇ ਹਾਹਾਕਾਰ ਕਰੇ ਲੋਕਾਈਆ । ਨੌ ਰਸਨਾ ਰਸਨ ਵਿਚਾਰ, ਰਸ ਰਸ ਨਾ ਕੋਇ ਚਖਾਈਆ । ਫੇਰ ਦਿਤਾ ਹੋਰ ਹੁਲਾਰ, ਪਰਦਾ ਪਰਦਿਉਂ ਪਰੇ ਚੁਕਾਈਆ । ਕ੍ਰਿਸ਼ਨ ਬੋਲ ਕੇ ਕਿਹਾ ਸ਼ਬਦ ਦੀ ਧਾਰ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਯੁਧਿਸ਼ਟਰ ਮੇਰਾ ਓਸ ਕਾਹਨ ਨਾਲ ਉੱਧਾਰ, ਜੋ ਕਾਹਨ ਲੱਖ ਚੁਰਾਸੀ ਗੋਪੀਆਂ ਸਦਾ ਹੰਢਾਈਆ । ਜਿਸ ਨੇ ਕਲ ਕਲਕੀ ਲੈਣਾ ਅਵਤਾਰ, ਅਮਾਮ ਅਮਾਮਾ ਹੋਏ ਸਿਕਦਾਰ, ਸਖ਼ੀ ਸੁਲਤਾਨਾ ਧੁਰਦਰਗਾਹੀਆ । ਮੇਰੀਆਂ ਸਖ਼ੀਆਂ ਓਸ ਨੂੰ ਕਰਨ ਨਿਮਸਕਾਰ, ਜਿਸ ਦਾ ਆਦਿ ਅੰਤ ਨਾ ਪਾਰਾਵਾਰ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਇਹ ਭੇਟਾ ਹੋਣਾ ਓਸ ਦੀ ਧਾਰ, ਜਿਸ ਨੂੰ ਝੁਕਣ ਗੁਰੂ ਅਵਤਾਰ, ਪੈਗ਼ੰਬਰ ਨਿਉਂ ਨਿਉਂ ਲਾਗਣ ਪਾਈਆ । ਸੋਹਣੀ ਭੂਮਿਕਾ ਸੋਹਣਾ ਹੋਵੇ ਦਵਾਰ, ਦਵਾਰਕਾ ਵਾਸੀ ਗਿਆ ਜਣਾਈਆ । ਜਿਸ ਫਲ ਬੂਟਾ ਲਗਾਇਆ ਖਿੜੀ ਮਾਤ ਗੁਲਜ਼ਾਰ, ਗੁਲਸ਼ਨ ਇਕ ਮਹਿਕਾਈਆ । ਓਹ ਮਾਲੀ ਇਥੋਂ ਦਾ ਰਹਿਣ ਵਾਲਾ ਸੀ ਪੁਰਾਤਨ ਜ਼ਿਮੀਂਦਾਰ, ਜ਼ਮਾਨੇ ਵਿਚ ਆਪਣਾ ਆਪ ਬਦਲਾਈਆ । ਸਭ ਦਾ ਲੇਖਾ ਲੇਖੇ ਦੇਵੇ ਡਾਰ, ਲਹਿਣਾ ਲਹਿਣੇ ਵਿਚ ਰਖਾਈਆ । ਅਗਲਾ ਫੇਰ ਹੋਣ ਲੱਗਾ ਵਿਹਾਰ, ਕਲਜੁਗ ਕਾਤੀ ਦਏ ਗਵਾਹੀਆ । ਗੋਬਿੰਦ ਸੂਰਾ ਹੋ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਸਦੀ ਚੌਧਵੀਂ ਕਰਨਾ ਸਰਬ ਖੁਆਰ, ਚਾਰੋਂ ਕੁੰਟ ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਕੂੜੀ ਕਿਰਿਆ ਪੈਣੀ ਮਾਰ, ਅੱਗੇ ਹੋ ਨਾ ਕੋਇ ਬਚਾਈਆ । ਸ਼ਾਹ ਸੁਲਤਾਨਾਂ ਹੋਣਾ ਖ਼ੁਆਰ, ਰਾਜ ਰਾਜਾਨ ਭੱਜਣ ਵਾਹੋ ਦਾਹੀਆ । ਭਾਦਰੋਂ ਅੱਠ ਕਹੇ ਮੇਰਾ ਆ ਗਿਆ ਦਿਵਸ ਅਪਾਰ, ਪ੍ਰਭ ਦਿਤੀ ਮਾਣ ਵਡਿਆਈਆ । ਮੈਂ ਨਿਤ ਕਰਾਂ ਚਰਨ ਨਿਮਸਕਾਰ, ਧੂੜੀ ਧੂਲ ਖ਼ਾਕ ਰਮਾਈਆ । ਜਿਸ ਕਾਰਨ ਖੇਲ ਖਿਲਾਇਆ ਆਣ, ਆਪਣਾ ਵਕਤ ਸੁਹਾਈਆ । ਦਲਜੀਤ ਦਾ ਲੇਖਾ ਪਿਛਲਾ ਪੂਰਾ ਕਰ ਜਹਾਨ, ਦਵਾਪਰ ਦਾ ਖਹਿੜਾ ਦਿਤਾ ਛੁਡਾਈਆ । ਧਰਤ ਸੁਹੰਜਣਾ ਵਕਤ ਸੁਹਾਵਾ ਧਰਮ ਦੀ ਹੋਵੇ ਕਲਿਆਣ,

ਕਰਮ ਕਾਂਡ ਰਹੇ ਨਾ ਰਾਈਆ । ਗੁਰ ਅਵਤਾਰ ਪੈਗ਼ੰਬਰ ਕਰੋ ਧਿਆਨ, ਸਚਖੰਡ ਬੈਠੇ ਸਚ ਨੈਣ ਉਠਾਈਆ । ਕਲਜੁਗ ਕੂੜਾ ਮੇਟਣਾ ਜਿਸ ਨਿਸ਼ਾਨ, ਸਤਿਜੁਗ ਸਤਿ ਸਤਿ ਪ੍ਰਗਟਾਈਆ । ਉਚਾਂ ਨੀਚਾਂ ਦੇਵੇ ਇਕੋ ਮਾਣ, ਰਾਓ ਰੰਕਾਂ ਇਕੋ ਘਰ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਿਸ ਨੇ ਦੱਸਣਾ ਗਾਣ, ਸੋਹੰ ਢੋਲਾ ਅਗੰਮ ਅਥਾਹੀਆ । ਸੋ ਮਾਲਕ ਖ਼ਾਲਕ ਵਾਲੀ ਦੋ ਜਹਾਨ, ਨਿਰਵੈਰ ਨਿਰਾਕਾਰ ਨਿਰੰਕਾਰ ਇਕ ਅਖਵਾਈਆ । ਜਿਸ ਨੂੰ ਝੁਕ ਝੁਕ ਸਾਰੇ ਸਜਦੇ ਕਰਨ ਸਲਾਮ, ਡੰਡਾਵਤ ਬੰਦਨਾ ਨਮੋਂ ਨਮੋਂ ਨਮਸਤੇ ਕਹਿ ਸੁਣਾਈਆ । ਓਹ ਹੁਕਮ ਸੰਦੇਸ਼ਾ ਦੇਵੇ ਫ਼ਰਮਾਨ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਲੇਖਾ ਸਭ ਦਾ ਦਏ ਚੁਕਾਈਆ ।

### ❊ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਮਾੜੀ ਪਨੂਆਂ ❊

ਭਾਦਰੋਂ ਕਹੇ ਮੈਂ ਚਾਰ ਕੁੰਟ ਭੱਜਿਆ ਦੌੜਾ, ਨਵ ਨੌ ਚਾਰ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਫਲ ਵੇਖਿਆ ਕੌੜਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਸਚ ਦਵਾਰ ਏਕੰਕਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੱਗਾ ਕੋਇ ਨਾ ਪੌੜਾ, ਦਰਗਾਹ ਸਾਚੀ ਚੜ੍ਹਨ ਕੋਇ ਨਾ ਪਾਈਆ । ਜਾਂ ਨਿਗਾਹ ਮਾਰੀ ਨਾਨਕ ਸੱਸੇ ਉਪਰ ਦੱਸਿਆ ਹੋੜਾ, ਹਾਹੇ ਟਿੱਪੀ ਹੰ ਜਣਾਈਆ । ਆਦਿ ਜੁਗਾਦੀ ਆਤਮ ਪਰਮਾਤਮ ਧੁਰ ਦਾ ਜੋੜਾ, ਸਚ ਦਵਾਰ ਵਿਛੜ ਕਦੇ ਨਾ ਜਾਈਆ । ਜਿਸ ਪ੍ਰਭੂ ਦੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸਭ ਨੂੰ ਲੋੜਾ, ਲੋੜੀਂਦਾ ਸਾਜਣ ਇਕ ਅਖਵਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸ਼ਬਦ ਅਗੰਮੀ ਚਾੜ੍ਹੇ ਘੋੜਾ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਨਿਰਗੁਣ ਸਰਗੁਣ ਸਭ ਦੀਆਂ ਪਕੜੇ ਡੋਰਾਂ, ਦੋ ਜਹਾਨਾਂ ਵੇਖ ਵਖਾਈਆ । ਨੌਜਵਾਨਾ ਮਰਦ ਮਰਦਾਨਾ ਬਣ ਕੇ ਬਾਂਕਾ ਛੋਹਰਾ, ਸ੍ਰੀ ਭਗਵਾਨ ਆਪਣੀ ਕਲ ਵਰਤਾਈਆ । ਜਿਸ ਝਗੜਾ ਮੇਟਣਾ ਕਾਲਾ ਗੋਰਾ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਭਗਤ ਜਨਾਂ ਰਹਿਣ ਨਾ ਦਏ ਵਿਛੋੜਾ, ਸੰਤ ਸੁਹੇਲੇ ਵਿਛੜੇ ਲਏ ਮਿਲਾਈਆ । ਭੇਵ ਚੁਕਾ ਕੇ ਤੋਰਾ ਮੇਰਾ, ਆਤਮ ਬ੍ਰਹਮ ਦਏ ਦਰਸਾਈਆ । ਕੂੜ ਕਲਪਣਾ ਵਿਕਾਰ ਹੰਕਾਰ ਮੇਟੇ ਚੋਰਾ, ਠੱਗੀ ਠਗ ਨਾ ਕੋਇ ਕਮਾਈਆ । ਸਦੀ ਚੌਧਵੀਂ ਤੱਕੇ ਵੇਲਾ ਥੋੜ੍ਹਾ, ਬੀਸ ਬੀਸਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਭਾਦਰੋਂ ਕਹੇ ਮੈਂ ਦੋ ਜਹਾਨਾਂ ਬਣਿਆ ਪਾਂਧੀ, ਮੰਜ਼ਲ ਬਾਮੰਜ਼ਲ ਪੰਧ ਮੁਕਾਈਆ । ਨਵ ਸੱਤ ਕੂੜ ਦੀ ਦਿਸੀ ਆਂਧੀ, ਅੰਧ ਅੰਧੇਰਾ ਨਾ ਕੋਇ ਮਿਟਾਈਆ । ਮਨਸਾ ਮਮਤਾ ਹੋਈ ਬਾਂਦੀ, ਬੰਧਨ ਸਕੇ ਨਾ ਕੋਇ ਤੁੜਾਈਆ । ਰਸਨਾ ਜਿਹਵਾ ਦੁਨੀਆ ਸਾਰੀ ਗਾਂਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਵਰਨਾਂ ਧਾਰ ਥੱਕੀ ਮਾਂਦੀ, ਬਲਹੀਣ ਰਹੀ ਕੁਰਲਾਈਆ । ਝਗੜਾ ਮੇਟੇ ਕੋਈ ਸੂਰ ਨਾ ਢਾਂਡੀ, ਸ਼ਰਅ ਸ਼ਰੀਅਤ ਨਾ ਕੋਇ ਬਦਲਾਈਆ । ਆਤਮਾ ਪਰਮਾਤਮਾ ਮਿਲੇ ਨਾ ਹੱਕ ਗੁਆਂਢੀ, ਕਾਇਆ ਮੰਦਰ ਨਾ ਵੱਜੇ ਵਧਾਈਆ । ਅਗੰਮੀ ਪਵਣ ਮਿਲੇ ਨਾ ਠਾਂਡੀ, ਕਲਜੁਗ ਅਗਨੀ ਤੱਤ ਬੁਝਾਈਆ । ਮਮਤਾ ਮੋਹ ਮਿਟੇ ਨਾ ਸੋਨਾ ਚਾਂਦੀ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਸਚ ਸਰੋਵਰ ਸ਼ਬਦੀ ਧਾਰ

ਆਤਮ ਨਾਰ ਕੋਇ ਨਾ ਨਹਾਂਦੀ, ਪਤੀ ਪੁਰਖ ਅਕਾਲ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਭਾਦਰੋਂ ਕਹੇ ਮੈਂ ਫਿਰਿਆ ਚੌਦਾਂ ਲੋਕ, ਪਰਲੋਕ ਖੋਜ ਖੁਜਾਈਆ । ਤੇਰਾ ਸਿਫ਼ਤੀ ਸੁਣਿਆ ਸਲੋਕ, ਅੱਖਰਾਂ ਵਾਲੀ ਪੜ੍ਹਾਈਆ । ਤੱਕਿਆ ਵਰਨ ਗੋਤ, ਜ਼ਾਤ ਪਾਤ ਦੁਹਾਈਆ । ਅਕ਼ਲ ਰਹੀ ਨਾ ਸੋਚ, ਰੋ ਕੇ ਦਿਆਂ ਜਣਾਈਆ । ਕਵਣ ਦਵਾਰੇ ਪੁਰਖ ਅਕਾਲੇ ਤੇਰੀ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਦੇ ਦ੍ਰਿੜਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰਾਂ ਰੱਖੀ ਓਟ, ਕਲਜੁਗ ਓੜਕ ਆਵੇ ਧੁਰ ਦਾ ਮਾਹੀਆ । ਲੱਖ ਚੁਰਾਸੀ ਅੰਦਰੋਂ ਕੱਢੇ ਹਉਮੇ ਖੋਟ, ਹੰਗਤਾ ਗੜ੍ਹ ਤੁੜਾਈਆ । ਜੀਵ ਜੰਤ ਉਧਾਰੇ ਕੋਟੀ ਕੋਟ, ਕੋਟਨ ਕੋਟ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਭਾਦਰੋਂ ਕਹੇ ਮੈਂ ਚੌਦਾਂ ਤਬਕ ਤੱਕਿਆ ਰਾਹ, ਰਹਿਬਰ ਤੇਰਾ ਧਿਆਨ ਲਗਾਈਆ । ਮੇਰੇ ਹਕ਼ੀਕ਼ਤ ਵਾਲੇ ਹੱਕ ਖ਼ੁਦਾ, ਖ਼ੁਦੀ ਤਕੱਬਰ ਦੇ ਮਿਟਾਈਆ । ਰਹਿਮਤ ਵਿਚ ਮੇਰੀ ਦੁਆ, ਦੋਏ ਜੋੜ ਸੀਸ ਨਿਵਾਈਆ । ਕੂੜੀ ਕਿਰਿਆ ਮੇਟ ਵਬਾ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਦੀ ਚੌਧਵੀਂ ਹੋ ਸਹਾ, ਅਮਾਮ ਅਮਾਮਾ ਵੇਸ ਵਟਾਈਆ । ਉਚੀ ਕੂਕ ਦਵਾਰੇ ਕਹਾਂ, ਕਹਿ ਕਹਿ ਰਿਹਾ ਸੁਣਾਈਆ । ਧੁਰ ਦੇ ਕ਼ਲਮੇ ਸ਼ਬਦ ਅਗੰਮੀ ਕਰ ਦੇ ਹਾਂ, ਬਿਨ ਇਸ਼ਾਰੇ ਦੇ ਦ੍ਰਿੜਾਈਆ । ਸਾਚਾ ਮਾਰਗ ਦੇ ਵਖਾ, ਵਖਰਾ ਗ੍ਰਹਿ ਨਾ ਕੋਇ ਜਣਾਈਆ । ਜੋ ਭਵਿਖਤਾਂ ਵਿਚ ਪੇਸ਼ੀਨਗੋਈਆਂ ਆਏ ਲਿਖਾ, ਕਾਗ਼ਜ਼ ਕ਼ਲਮ ਸ਼ਾਹੀ ਨਾਲ ਗਵਾਹੀਆ । ਜੋ ਸਭ ਦਾ ਲਹਿਣਾ ਪੂਰਾ ਦਏ ਕਰਾ, ਕਾਰਨ ਆਪਣਾ ਦੇਣਾ ਦ੍ਰਿੜਾਈਆ । ਨਿਉਂ ਨਿਉਂ ਸਯਦਾ ਸੀਸ ਦੇਣਾ ਝੁਕਾ, ਝੁਕ ਝੁਕ ਲਾਗਾਂ ਪਾਈਆਂ । ਮਿਹਰਵਾਨ ਮੇਰੇ ਮਿਹਰਵਾਂ, ਮਿਹਰ ਨਜ਼ਰ ਦੇ ਉਠਾਈਆ । ਕਿਸ ਬਿਧ ਸਤਿਜੁਗ ਕਲਜੁਗ ਵਿਚੋਂ ਹੋਣਾ ਰਵਾਂ, ਰਾਹ ਰਸਤਾ ਦੇਣਾ ਦਰਸਾਈਆ । ਤੇਰਾ ਨਾਮ ਨਿਧਾਨਾ ਹੋਵੇ ਨਵਾਂ, ਨੌ ਖੰਡ ਵੱਜੇ ਵਧਾਈਆ । ਸਚ ਸਰਨਾਈ ਤੇਰੀ ਢਹਵਾਂ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਭਾਦਰੋਂ ਕਹੇ ਮੈਂ ਵੇਖਿਆ ਤੇਰਾ ਨਜ਼ਾਰਾ, ਨਜ਼ਰ ਦੀਨ ਦੁਨੀ ਟਿਕਾਈਆ । ਕਲਜੁਗ ਅੰਤਮ ਦਿਸੇ ਕਿਨਾਰਾ, ਘਾਟ ਤਟ ਕਿਨਾਰਾ ਦੇਣਾ ਦ੍ਰਿੜਾਈਆ । ਦਰ ਵੇਖ ਪੈਗ਼ੰਬਰ ਗੁਰ ਅਵਤਾਰਾ, ਸਚਖੰਡ ਸਾਚੇ ਸੋਭਾ ਪਾਈਆ । ਸਾਰੇ ਮੰਗਦੇ ਇਕੋ ਵਾਰਾ, ਵਾਸਤਾ ਤੇਰੇ ਅੱਗੇ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਨੂਰ ਕਰ ਉਜਿਆਰਾ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਸਾਡਾ ਪੂਰਾ ਹੋਇਆ ਕੌਲ ਇਕਰਾਰਾ, ਵਕ਼ਤ ਬਾਵਕ਼ਤ ਦੇ ਸਮਝਾਈਆ । ਤੇਰੇ ਔਣ ਦਾ ਦੇ ਕੇ ਆਏ ਸਰਬ ਇਸ਼ਾਰਾ, ਨਾਮ ਸੰਦੇਸ਼ਿਆਂ ਵਿਚ ਜਣਾਈਆ । ਕਲ ਕਲਕੀ ਲਏ ਅਵਤਾਰਾ, ਨਿਹਕਲੰਕ ਡੰਕ ਵਜਾਈਆ । ਅਮਾਮ ਅਮਾਮਾ ਹੋਏ ਸਿਕਦਾਰਾ, ਜਲਵਾਗਰ ਨੂਰ ਅਲਾਹੀਆ । ਜਿਸ ਨੇ ਕਲਜੁਗ ਮੇਟਣਾ ਧੁੰਦੂਕਾਰਾ, ਸਤਿਜੁਗ ਸਚ ਕਰੇ ਰੁਸ਼ਨਾਈਆ । ਸਭ ਦਾ ਬਣ ਕੇ ਪਰਵਰਦਿਗਾਰਾ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਨਿਰਗੁਣ ਨੂਰ ਦਏ ਦੀਦਾਰਾ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਨਾਦ ਦਏ ਧੁਨਕਾਰਾ, ਅਨਹਦ ਨਾਦੀ ਧੁਨ ਉਪਜਾਈਆ । ਅੰਮ੍ਰਿਤ ਰਸ ਦੇਵੇ ਠੰਡਾ ਠਾਰਾ, ਅਗਨੀ ਤਤ ਤਤ ਗਵਾਈਆ । ਕਾਇਆ ਮੰਦਰ ਖੋਲ੍ਹ ਕਿਵਾੜਾ, ਸਚ ਸਿੰਘਾਸਣ ਦਏ ਦਰਸਾਈਆ । ਜਿਥੇ ਇਕੋ ਰੂਪ ਅਪਾਰਾ, ਦੂਤੀਆ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਸੱਚੀ

ਸਰਕਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਭਾਦਰੋਂ ਕਹੇ ਮੈਂ ਦੀਨ ਦੁਨੀ ਖੋਜੀ, ਖੋਜਤ ਖੋਜਤ ਵੇਖ ਵਖਾਈਆ । ਸਾਬਤ ਦਿਸਿਆ ਕੋਇ ਨਾ ਜੋਗੀ, ਜੁਗੀਸ਼ਰ ਜੁਗਤ ਨਾ ਕੋਇ ਦ੍ਰਿੜਾਈਆ । ਮੁਨੀ ਚੜ੍ਹਿਆ ਕੋਇ ਨਾ ਚੋਟੀ, ਮਨ ਮਮਤਾ ਨਾ ਕੋਇ ਮਿਟਾਈਆ । ਜਗਤ ਸਾਧੂਆਂ ਵਾਸਨਾ ਹੋਈ ਖੋਟੀ, ਅੰਤਸ਼ਕਰਨ ਕਰੇ ਨਾ ਕੋਇ ਸਫ਼ਾਈਆ । ਸੂਫ਼ੀ ਝਗੜਾ ਕਰਦੇ ਕਾਰਨ ਰੋਟੀ, ਮਜ਼੍ਹਬ ਦਾ ਮਹਿਬੂਬ ਮਿਲਣ ਕੋਇ ਨਾ ਪਾਈਆ । ਆਤਮ ਪਰਮਾਤਮ ਬਣਿਆ ਕੋਇ ਨਾ ਗੋਤੀ, ਗੌਤਮ ਬੁੱਧ ਦਏ ਗਵਾਹੀਆ । ਸਾਰੀ ਸ੍ਰਿਸ਼ਟੀ ਦਿਸਦੀ ਰੋਤੀ, ਨੇਤਰ ਨੈਣਾਂ ਨੀਰ ਵਹਾਈਆ । ਕਿਸੇ ਦਵਾਰੇ ਜਗੇ ਤੇਰੀ ਕੋਈ ਨਾ ਜੋਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਪ੍ਰਭ ਕਿਰਪਾ ਕਰ ਕੇ ਜਨ ਭਗਤ ਸੁਹੇਲੇ ਚੁਣ ਲੈ ਮਾਣਕ ਮੋਤੀ, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਬਿਨ ਤੇਰੀ ਕਿਰਪਾ ਕੰਮ ਆਵੇ ਪੜ੍ਹੀ ਨਾ ਪੋਥੀ, ਪੁਸਤਕ ਦੇਵੇ ਨਾ ਕੋਇ ਵਡਿਆਈਆ । ਤੂੰ ਆਦਿ ਜੁਗਾਦਿ ਠਾਕਰ ਧੁਰ ਦਾ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਕਲਜੁਗ ਅੰਤਮ ਦੇਰ ਕਰ ਨਾ ਬਹੁਤੀ, ਬਹੁੜੀ ਬਹੁੜੀ ਮੇਰੀ ਦੁਹਾਈਆ । ਸਾਰੀ ਦੁਨੀਆ ਉਠਾ ਸੋਤੀ, ਆਲਸ ਨਿੰਦਰਾ ਗ਼ਫ਼ਲਤ ਦੇ ਮਿਟਾਈਆ । ਝਗੜਾ ਮੁਕਾ ਕੇ ਬੋਦੀ ਜੰਞੂ ਧੋਤੀ, ਤਹਿਮਤ ਕਰੇ ਨਾ ਕੋਇ ਲੜਾਈਆ । ਆਤਮ ਬ੍ਰਹਮ ਬਣਾ ਲੈ ਗੋਤੀ, ਰੂਪ ਅਨੂਪ ਦੇ ਦਰਸਾਈਆ । ਤੇਰਾ ਇਕੋ ਨਾਮ ਇਕੋ ਕਲਮਾ ਇਕੋ ਹੋਵੇ ਸਲੋਕੀ, ਸੋਹਲਾ ਢੋਲਾ ਇਕੋ ਨਾਮ ਸ਼ਨਵਾਈਆ । ਸਦੀ ਚੌਧਵੀਂ ਦੁਨੀਆ ਹੋਈ ਬਹੁਤੀ ਔਖੀ, ਸਾਂਤਕ ਸਤਿ ਨਾ ਕੋਇ ਕਰਾਈਆ । ਤੇਰੀ ਮੰਜ਼ਲ ਹਕੀਕੀ ਤੇਰੀ ਧਾਰ ਕੋਇ ਨਾ ਪਹੁੰਚੀ, ਸਚ ਦਵਾਰ ਨਜ਼ਰ ਕਿਸੇ ਨਾ ਆਈਆ । ਮਾਲਕ ਖ਼ਾਲਕ ਪ੍ਰਿਤਪਾਲਕ ਧੁਰ ਦੇ ਖੌਂਤੀ, ਖ਼ਸਮ ਡੋਰੀ ਆਪਣੇ ਹੱਥ ਉਠਾਈਆ । ਤੇਰੇ ਪਿਆਰ ਬਿਨਾ ਸ੍ਰਿਸ਼ਟੀ ਦ੍ਰਿਸ਼ਟੀ ਜਾਏ ਔਂਤੀ, ਧਰਮ ਦੀ ਧਾਰ ਸੁਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਭਾਦਰੋਂ ਕਹੇ ਪ੍ਰਭ ਪੂਰੀ ਕਰ ਦੇ ਆਸਾ, ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਜਨ ਭਗਤਾਂ ਅੰਤਰ ਦੇ ਭਰਵਾਸਾ, ਭਾਂਡਾ ਭਰਮ ਭੰਨਾਈਆ । ਸਚ ਬੇਨੰਤੀ ਇਕੋ ਆਖਾਂ, ਆਖ਼ਰ ਦਿਆਂ ਸੁਣਾਈਆ । ਲਹਿਣਾ ਦੇਣਾ ਵੇਖ ਭਵਿਖਤ ਵਾਕਾ, ਜੋ ਨਾਨਕ ਗੋਬਿੰਦ ਗਿਆ ਜਣਾਈਆ । ਸਚ ਦਵਾਰ ਦਾ ਖੋਲ੍ਹ ਕੇ ਤਾਕਾ, ਪਰਦਾ ਆਪ ਉਠਾਈਆ । ਸੰਤ ਸੁਹੇਲਾ ਹੋ ਕੇ ਰਾਖਾ, ਰੱਖਕ ਹੋ ਕੇ ਸੇਵ ਕਮਾਈਆ । ਤੇਰਾ ਨਾਮ ਨਾ ਕੋਇ ਤੋਲਾ ਨਾ ਕੋਇ ਮਾਸਾ, ਵਜ਼ਨਾਂ ਵਿਚ ਵਜ਼ਨ ਨਾ ਕੋਇ ਜਣਾਈਆ । ਕਿਰਪਾ ਕਰ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤੇ ਤੇਰੀ ਸਰਨਾਈਆ । ਤੇਰਾ ਹਰ ਘਟ ਅੰਦਰ ਵਾਸਾ, ਵਸਲ ਦੇਣਾ ਯਾਰ ਖ਼ੁਦਾਈਆ । ਰੂਹ ਬੁਤ ਕਰਨਾ ਪਾਕਾ, ਪਤਤ ਪੁਨੀਤ ਆਪ ਹੋ ਜਾਈਆ । ਸਭ ਦੀ ਜੋਤ ਜੋਤ ਦਾ ਜਾਤਾ, ਨਿਰਗੁਣ ਧਾਰ ਤੇਰੀ ਵਡਿਆਈਆ । ਸਤਿਜੁਗ ਸਚ ਧਰਮ ਦਾ ਖੋਲ੍ਹ ਕੇ ਹਾਟਾ, ਨਾਮ ਨਿਧਾਨਾ ਇਕ ਵਿਕਾਈਆ । ਗੁਰਮੁਖਾਂ ਪੂਰਾ ਕਰ ਦੇ ਘਾਟਾ, ਮਿਹਰ ਨਜ਼ਰ ਨਾਲ ਤਰਾਈਆ । ਜਿਨ੍ਹਾਂ ਤੇਰੇ ਪਿੱਛੇ ਪੰਧ ਮਾਰੀਆਂ ਵਾਟਾਂ, ਵਾਟ ਅਗਲੀ ਦੇਣੀ ਚੁਕਾਈਆ । ਤੇਰਾ ਸਚ ਸਰੋਵਰ ਨਾਮ ਅਗੰਮੀ ਤਾਟਾ, ਤੀਰਥ ਇਕ ਵਖਾਈਆ । ਜਿਥੇ ਇਕੋ ਨੂਰ ਪ੍ਰਕਾਸ਼ਾ, ਜੋਤੀ ਜੋਤ ਡਗਮਗਾਈਆ । ਸਚਖੰਡ ਨਿਵਾਸੀ ਤੇਰਾ ਸਚ ਦਵਾਰ ਨਿਵਾਸਾ, ਦਰਗਾਹ ਸਾਚੀ ਸੋਭਾ ਪਾਈਆ । ਦੀਨ ਦੁਨੀ ਦਾ

੧੫੨੯
੨੧

ਬਦਲ ਦੇ ਪਾਸਾ, ਪੁਸ਼ਤ ਪਨਾਹ ਆਪਣਾ ਹੱਥ ਰਖਾਈਆ । ਤੂੰ ਸਾਹਿਬ ਸੁਲਤਾਨ ਅਲਖਣਾ ਅਲਾਖਾ, ਅਲਖ ਅਗੋਚਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਮਾਣ ਵਡਿਆਈਆ । ਭਾਦਰੋਂ ਕਹੇ ਪ੍ਰਭੂ ਸਭ ਦਾ ਕੱਢ ਦੇ ਭਰਮ ਭੁਲੇਖਾ, ਭੁੱਲਿਆ ਰਹਿਣ ਕੋਇ ਨਾ ਪਾਈਆ । ਨਿਰਗੁਣ ਧਾਰ ਬਦਲ ਕੇ ਵੇਸਾ, ਵੇਸਵਾ ਵਿਕਾਰ ਦੇਣਾ ਮਿਟਾਈਆ । ਭਾਗ ਲਗਾ ਕੇ ਮਾਝੇ ਦੇਸਾ, ਦੇਸ਼ ਦੇਸੰਤਰ ਦੇਣਾ ਦਰਸਾਈਆ । ਜੋ ਵਾਅਦਾ ਕੀਤਾ ਗੋਬਿੰਦ ਨਾਲ ਦਸ ਦਸਮੇਸ਼ਾ, ਦਹਿ ਦਿਸ਼ਾ ਦੇਣਾ ਭੁਗਤਾਈਆ । ਭਗਤ ਉਧਾਰਨਾ ਤੇਰਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਗਣਪਤ ਨਿਉਂ ਨਿਉਂ ਲਾਗਣ ਪਾਈਆਂ । ਸਦੀ ਚੌਧਵੀ ਸਭ ਦੇ ਨਾਲ ਕਰ ਹੇਤਾ, ਹਿੰਦੂ ਮੁਸਲਿਮ ਸਿੱਖ ਈਸਾਈ ਸਭ ਨੂੰ ਆਪਣੇ ਗਲੇ ਲਗਾਈਆ । ਤੇਰਾ ਆਦਿ ਅੰਤ ਤੱਕਿਆ ਇਕੋ ਗੋਬਿੰਦ ਬੇਟਾ, ਸ਼ਬਦ ਗੁਰ ਗੁਰ ਵਡਿਆਈਆ । ਜਿਸ ਨੇ ਦੀਨ ਦੁਨੀ ਦਾ ਵੇਖਣਾ ਅੰਤਰ ਪੇਟਾ, ਬਾਹਰੋਂ ਖੋਜ ਖੁਜਾਈਆ । ਕਲਜੁਗ ਵਿਚ ਸਤਿਜੁਗ ਬਣ ਕੇ ਖੇਵਟ ਖੇਟਾ, ਨਈਆ ਨੌਕਾ ਤੇਰਾ ਨਾਮ ਚਲਾਈਆ । ਆਦਿ ਅੰਤ ਜੋ ਸਦਾ ਰਹੇ ਹਮੇਸ਼ਾ, ਹਮ ਸਾਜਣ ਸਤਿਗੁਰ ਬੇਪਰਵਾਹੀਆ । ਜਿਸ ਨੇ ਬਣਾਏ ਪੀਰ ਐਲੀ ਗੌਂਸ ਸ਼ੇਖ਼ਾ, ਰਸੂਲ ਪੈਗ਼ੰਬਰ ਦਿਤੀ ਵਡਿਆਈਆ । ਓਹ ਮਾਲਕ ਦੋ ਜਹਾਨਾਂ ਨਰ ਨਰੇਸ਼ਾ, ਨਰ ਨਰਾਇਣ ਅਗੰਮ ਅਥਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਧਰਮ ਦੀ ਧਾਰ ਕਰਨਾ ਹੇਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਅੰਤ ਦਾ ਇਕੋ ਨਾਮ ਕਲਮਾ ਇਕੋ ਸ਼ਬਦ ਹੋਵੇ ਉਪਦੇਸ਼ਾ, ਉੱਤਰ ਪੂਰਬ ਪੱਛਮ ਦੱਖਣ ਏਕੰਕਾਰ ਤੇਰੀ ਇਕੋ ਇਕ ਪੜ੍ਹਾਈਆ ।



### ❊ ੧੬ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਮਾੜੀ ਪਨੂਆਂ ❊

ਭਾਦਰੋਂ ਕਹੇ ਮੈਂ ਵੇਖੇ ਕਲਜੁਗ ਜੀਵ ਜੰਤ, ਹਰ ਹਿਰਦੇ ਅੰਤਰ ਨਿਰੰਤਰ ਫੋਲ ਫੁਲਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਸੰਤ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਗੜ੍ਹ ਤੋੜੇ ਕੋਇ ਨਾ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਜਣਾਈਆ । ਸਤਿ ਧਰਮ ਦੀ ਰਹੀ ਕੋਈ ਨਾ ਸੰਗਤ, ਚਾਰ ਵਰਨ ਕਰਨ ਲੜਾਈਆ । ਬੋਧ ਅਗਾਧ ਦਿਸੇ ਕੋਇ ਨਾ ਪੰਡਤ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਜਿਧਰ ਤੱਕਾਂ ਦੀਨ ਦੁਨੀ ਹੋਈ ਨੰਗਤ, ਨਾਮ ਓਢਣ ਸੀਸ ਨਾ ਕੋਇ ਰਖਾਈਆ । ਜਗਤ ਵਾਸਨਾ ਮਾਇਆ ਮਮਤਾ ਸਾਰੇ ਮੰਗਤ, ਵਸਤ ਅਮੋਲਕ ਨਾਮ ਨਿਧਾਨਾ ਨਾ ਕੋਇ ਵਰਤਾਈਆ । ਮੇਰੇ ਅੰਤਰ ਆਈ ਚਿੰਦਕ, ਹੈਰਾਨੀ ਵਿਚ ਦੁਹਾਈਆ । ਸਦੀ ਚੌਧਵੀਂ ਪੁਰਖ ਅਕਾਲ ਪਰਵਰਦਿਗਾਰ ਤੇਰੇ ਸਾਰੇ ਹੋਏ ਨਿੰਦਕ, ਜੂਠ ਝੂਠ ਵਿਚ ਜਗਤ ਵਡਿਆਈਆ । ਤੇਰੀ ਮੰਜ਼ਲ ਚੜ੍ਹਨ ਦੀ ਕਿਸੇ ਅੰਦਰ ਰਹੀ ਨਾ ਹਿੰਮਤ, ਸਚਖੰਡ ਦਵਾਰ ਮਿਲਣ ਕੋਇ ਨਾ ਜਾਈਆ । ਮਨ ਮਨੂਆ ਘਰ ਘਰ ਕਰੇ ਇੱਲਤ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰੇ ਆਸ ਰਖਾਈਆ । ਧਰਮ ਦਵਾਰ ਕਰ ਮਿਹਰਵਾਨੀ, ਪ੍ਰਭ ਤੇਰੀ ਓਟ ਤਕਾਈਆ । ਚਾਰੋਂ ਕੁੰਟ ਸ਼ਰਅ ਸ਼ੈਤਾਨੀ,

ਦੀਨ ਮਜ਼੍ਹਬ ਕਰੇ ਲੜਾਈਆ । ਜਗਤ ਜਗਿਆਸੂ ਅੰਦਰ ਹੋਈ ਬੇਈਮਾਨੀ, ਸਚ ਵਿਚ ਨਾ ਕੋਇ ਸਮਾਈਆ । ਰਸਨਾ ਜਿਹਵਾ ਪੜ੍ਹਦੇ ਬਾਣੀ, ਹਿਰਦੇ ਹਰਿ ਨਾ ਕੋਇ ਵਸਾਈਆ । ਅਠਸਠ ਤੀਰਥ ਖ਼ਾਲੀ ਦਿਸਦੇ ਪਾਣੀ, ਦੁਰਮਤ ਮੈਲ ਨਾ ਕੋਇ ਧਵਾਈਆ । ਆਤਮ ਪਰਮਾਤਮ ਮਿਲੇ ਕੋਇ ਨਾ ਹਾਣੀ, ਲੱਖ ਚੁਰਾਸੀ ਨਾਰ ਕੰਤ ਰੂਪ ਵਟਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤ ਦੇਵੇ ਕੋਇ ਨਾ ਪਾਣੀ, ਕੂੜ ਤ੍ਰਿਸ਼ਨਾ ਅੱਗ ਨਾ ਕੋਇ ਬੁਝਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਤੇਰੀ ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਸਾਫ਼ ਨਾ ਕੋਇ ਕਰਾਈਆ । ਸਤਿ ਸਚ ਦਿਸੇ ਨਾ ਕੋਇ ਨਿਸ਼ਾਨੀ, ਕੂੜ ਨਿਸ਼ਾਨਾ ਜਗਤ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਾਹਿਬ ਸਤਿਗੁਰ ਦਇਆ ਕਮਾਈਆ । ਸਾਹਿਬ ਸਤਿਗੁਰ ਧੁਰ ਦੇ ਮੀਤ, ਹਰਿ ਕਰਤੇ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੀਤ, ਸਤਿਜੁਗ ਸਾਚਾ ਰਾਹ ਵਖਾਈਆ । ਝਗੜਾ ਮਿਟਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਤੇਰੇ ਆਤਮ ਪਰਮਾਤਮ ਗਾਵਣ ਗੀਤ, ਗਹਿਰ ਗੰਭੀਰ ਤੇਰਾ ਢੋਲਾ ਅਗੰਮ ਅਥਾਹੀਆ । ਮਾਨਵ ਜ਼ਾਤੀ ਸਭ ਦੀ ਕਾਇਆ ਕਰ ਦੇ ਠਾਂਡੀ ਸੀਤ, ਅਗਨੀ ਤੱਤ ਨਾ ਕੋਇ ਜਲਾਈਆ । ਝਗੜਾ ਮੇਟ ਦੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਸਦੀ ਚੌਧਵੀਂ ਰਹੀ ਬੀਤ, ਬਾਤਨ ਪਰਦਾ ਦੇ ਖੁਲ੍ਹਾਈਆ । ਤੁਧ ਬਿਨ ਦਿਸੇ ਨਾ ਕੋਇ ਅਤੀਤ, ਤ੍ਰੈਗੁਣ ਲੇਖਾ ਦੇਣਾ ਚੁਕਾਈਆ । ਪਾਪੀਆਂ ਕਰ ਪੁਨੀਤ, ਪਤਤਾਂ ਦੇ ਵਡਿਆਈਆ । ਤੂੰ ਹਰ ਘਟ ਵਸੇਂ ਬੀਚ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਾਚੇ ਨਾਮ ਦੀ ਦੱਸ ਤਮੀਜ਼, ਤਮੰਨਾ ਕੂੜੀ ਦੇਣੀ ਗਵਾਈਆ । ਗੁਰ ਅਵਤਾਰ ਪੈਗੰਬਰਾਂ ਤੇਰੀ ਰੱਖੀ ਉਮੀਦ, ਆਸਾ ਆਸ਼ਾ ਵਿਚੋਂ ਪ੍ਰਗਟਾਈਆ । ਆਪਣੀ ਸ੍ਰਿਸ਼ਟੀ ਵੇਖ ਜਿਹੜੀ ਗੂੜ੍ਹੀ ਸੁੱਤੀ ਨੀਂਦ, ਗ਼ਫ਼ਲਤ ਮਮਤਾ ਦੇ ਮਿਟਾਈਆ । ਸਚ ਦਵਾਰ ਦੀ ਸਭ ਨੂੰ ਬਖ਼ਸ਼ ਸਾਚੀ ਈਦ, ਆਦਤ ਪਿਛਲੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਮੇਰੇ ਸੁਲਤਾਨ, ਹਰਿ ਕਰਤੇ ਤੇਰੀ ਓਟ ਤਕਾਈਆ । ਕਲਜੁਗ ਅੰਤਮ ਮਾਰ ਧਿਆਨ, ਗਿਆਨੀ ਧਿਆਨੀ ਫੋਲ ਫੁਲਾਈਆ । ਸਾਚਾ ਦੇਵੇ ਨਾ ਕੋਇ ਬ੍ਰਹਮ ਗਿਆਨ, ਜਗਤ ਵਿਦਿਆ ਸ੍ਰਿਸ਼ਟੀ ਹਲਕਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਭਰਮੇ ਭੁੱਲੀ ਸਰਬ ਲੋਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਸਰਬ ਕੁਰਲਾਣ, ਖਾਣੀ ਬਾਣੀ ਦਏ ਦੁਹਾਈਆ । ਧਰਮ ਦਾ ਝੁੱਲੇ ਨਾ ਕੋਇ ਨਿਸ਼ਾਨ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਤਿ ਸਚ ਨਾ ਕੋਇ ਸਮਾਈਆ । ਮੈਂ ਚਾਰ ਕੁੰਟ ਵੇਖ ਹੋਇਆ ਹੈਰਾਨ, ਹੈਰਤ ਵਿਚ ਸੁਣਾਈਆ । ਜੂਠ ਝੂਠ ਚੜ੍ਹਿਆ ਤੁਫ਼ਾਨ, ਦੀਨ ਦੁਨੀ ਰਿਹਾ ਰੁੜ੍ਹਾਈਆ । ਗੁਰ ਅਵਤਾਰ ਪੈਗ਼ੰਬਰ ਦਰਸ ਦੇਵੇ ਕੋਇ ਨਾ ਆਣ, ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਸਾਰੇ ਤੇਰਾ ਰਾਹ ਤਕਾਣ, ਦਰਗਾਹ ਸਾਚੀ ਸਚਖੰਡ ਬੈਠੇ ਆਸ ਰਖਾਈਆ । ਕਵਣ ਵੇਲੇ ਪ੍ਰਭ ਪ੍ਰਗਟ ਹੋਵੇ ਵਾਲੀ ਦੋ ਜਹਾਨ, ਦੋਜ਼ਖ਼ ਬਹਿਸ਼ਤਾਂ ਲੇਖਾ ਦਏ ਮੁਕਾਈਆ । ਕਲ ਕਲਕੀ ਵੇਸ ਵਟਾਏ ਸੂਰਾ ਬਲਵਾਨ, ਬਲਧਾਰੀ ਆਪਣਾ ਵੇਸ ਵਟਾਈਆ । ਅਮਾਮ ਅਮਾਮਾ ਹੋਏ ਪ੍ਰਧਾਨ, ਕਲਮਾ ਕਾਇਨਾਤ ਸੁਣਾਈਆ । ਸ਼ਰਅ ਛੁਰੀ ਨਾ ਚਲੇ ਉਤੇ ਇਨਸਾਨ, ਕ਼ਾਤਲ ਮਕਤੂਲ ਲੇਖਾ ਦਏ ਮੁਕਾਈਆ । ਸਾਚਾ ਮਾਰਗ ਦੱਸੇ ਆਣ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਇਕੋ ਮੰਦਰ ਹੋਏ ਮਕਾਨ,



੧੫੨੮ ੨੧

ਗ੍ਰਿਹ ਇਕੋ ਸੋਭਾ ਪਾਈਆ । ਇਕੋ ਤੇਰਾ ਜਪਣ ਵਾਲਾ ਹੋਵੇ ਨਾਮ, ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਢੋਲਾ ਗਾਈਆ । ਇਕੋ ਸਭ ਦਾ ਸਾਂਝਾ ਹੋਵੇ ਪੀਣ ਖਾਣ, ਸੂਰ ਗਾਂ ਜ਼ਿਬਹ ਨਾ ਕੋਇ ਕਰਾਈਆ । ਚਾਰ ਵਰਨ ਕਰੇ ਨਾ ਕੋਇ ਹਰਾਮ, ਅਠਾਰਾਂ ਬਰਨ ਨਾ ਕੋਇ ਲੜਾਈਆ । ਤੇਰਾ ਹਕ਼ੀਕ਼ੀ ਕਲਮਾ ਹੋਵੇ ਹੱਕ ਕਲਾਮ, ਨਾਮ ਨਿਧਾਨਾ ਨਾਉਂ ਨਿਰੰਕਾਰਾ ਦੇਣਾ ਜਣਾਈਆ । ਸਾਚੀ ਮੰਜ਼ਲ ਦੱਸਣੀ ਆਸਾਨ, ਅਸਲ ਵਸਲ ਦੇਣਾ ਨੂਰ ਖ਼ੁਦਾਈਆ । ਧੁਰ ਸੰਦੇਸ਼ਾ ਅਗੰਮ ਪੈਗ਼ਾਮ, ਪੀਰ ਪੈਗ਼ੰਬਰਾਂ ਤੋਂ ਅੱਗੇ ਦੇਣਾ ਦ੍ਰਿੜਾਈਆ । ਰਸ ਹਕ਼ੀਕ਼ੀ ਦੇਣਾ ਜਾਮ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਕਰ ਇੰਤਜ਼ਾਮ, ਪੂਰਬ ਲੇਖਾ ਦੇ ਮੁਕਾਈਆ । ਮਜ਼੍ਹਬਾਂ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਦੇਣਾ ਕਟਾਈਆ । ਧਰਮ ਦੀ ਧਾਰ ਹੋਏ ਵਿਧਾਨ, ਧਾਰਾ ਸਕੇ ਨਾ ਕੋਇ ਬਦਲਾਈਆ । ਨਾਮ ਜੈਕਾਰਾ ਦੋ ਜਹਾਨਾਂ ਕਰ ਪ੍ਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਜੋਧੇ ਸੂਰਬੀਰ ਬਲਵਾਨ, ਬਲਧਾਰੀ ਦੇ ਵਡਿਆਈਆ । ਤੇਰਾ ਦਰ ਠਾਂਡਾ ਵਾਲੀ ਦੋ ਜਹਾਨ, ਦੋਏ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਾਮ ਦਾ ਦੇਣਾ ਦਾਨ, ਦਾਤੇ ਦਾਨੀ ਦਇਆਵਾਨ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ✻ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਵਿਰਸਾ ਸਿੰਘ ਦੇ ਗ੍ਰਿਹ ਪਿੰਡ ਸ੍ਰੀ ਹਰਿਗੋਬਿੰਦ ਪੁਰਾ ✻

ਭਾਦਰੋਂ ਕਹੇ ਪ੍ਰਭ ਗੁਰ ਅਵਤਾਰ ਪੈਗ਼ੰਬਰ ਵੇਖੇ ਝੁਕਦੇ, ਨਿਰਗੁਣ ਧਾਰ ਨੌਜਵਾਨ ਮਰਦ ਮਰਦਾਨ ਸੀਸ ਝੁਕਾਈਆ । ਨਾਮ ਕ਼ਲਮੇ ਅਗੰਮੇ ਕਹਿਣ ਸਾਡੇ ਪੈਂਡੇ ਮੁਕਦੇ, ਨਵ ਨੌ ਚਾਰ ਧਾਰ ਖੋਜ ਖੁਜਾਈਆ । ਦਰੋਹੀ ਅਸੀਂ ਵਣਜਾਰੇ ਹੋਣਾ ਇਕੋ ਤੁਕ ਦੇ, ਤੂੰ ਮੇਰਾ ਮੈਂ ਤੇਰਾ ਢੋਲਾ ਰਾਗ ਨਾਦ ਸੁਣਨਾ ਅਗੰਮ ਅਥਾਹੀਆ । ਸਹਿਜ ਸੁਭਾਓ ਇਕ ਦੂਜੇ ਨੂੰ ਪੁਛਦੇ, ਦਰਗਾਹ ਸਾਚੀ ਸਚਖੰਡ ਬੈਠੇ ਸੋਭਾ ਪਾਈਆ । ਕੀ ਮੇਲ ਹੋਣੇ ਸ਼ਬਦ ਦੁਲਾਰੇ ਸੁਤ ਦੇ, ਸਚ ਦਵਾਰ ਕੀ ਵਡਿਆਈਆ । ਪਰਦੇ ਉਹਲੇ ਰਹਿਣੇ ਨਾ ਅੱਗੇ ਲੁਕ ਦੇ, ਲੋਕਮਾਤ ਹੋਵੇ ਰੁਸ਼ਨਾਈਆ । ਜਿਸ ਨੇ ਜੀਵ ਜੰਤ ਲੇਖੇ ਪੌਣੇ ਪਰੇ ਦੁੱਖ ਦੇ, ਦੀਨਾਂ ਅਨਾਥਾਂ ਦਇਆ ਕਮਾਈਆ । ਭੇਵ ਖੁਲ੍ਹੌਣੇ ਮਾਨਵ ਮਾਨਸ ਮਾਨੁਖ ਦੇ, ਅੰਤਰ ਆਤਮ ਬ੍ਰਹਮ ਗਿਆਨ ਦ੍ਰਿੜਾਈਆ । ਭਾਗ ਵਡਿਔਣੇ ਭਗਤ ਜਨ ਜਨਣੀ ਕੁੱਖ ਦੇ, ਹਰਿਜਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਦਰ ਇਕੋ ਇਕ ਦਰਸਾਈਆ । ਭਾਦਰੋਂ ਕਹੇ ਅਵਤਾਰ ਪੈਗ਼ੰਬਰ ਗੁਰੂ ਦਰ ਸਾਚੇ ਵੇਖਿਆ ਬਰਦਾ, ਬਿਨ ਬੰਦਗੀ ਸੀਸ ਨਿਵਾਈਆ । ਨਿਉਂ ਨਿਉਂ ਸੀਸ ਸਯਦਾ ਜਗਦੀਸ ਕਰਦਾ, ਝੁਕ ਝੁਕ ਲਾਗੇ ਪਾਈਆ । ਹਉਂ ਬਾਲਕ ਸੇਵਕ ਨੱਢਾ ਤੇਰੇ ਦਰ ਦਾ, ਦਰ ਠਾਂਡੇ ਅਲਖ ਜਗਾਈਆ । ਪਰਵਰਦਿਗਾਰ ਸਾਂਝੇ ਯਾਰ ਖੇਲ ਵੇਖ ਆਪਣੀ ਲੋਕਮਾਤ ਘਰ ਦਾ, ਧਰਨੀ ਧਰਤ ਧਵਲ ਧੌਲ ਆਪਣਾ ਫੇਰਾ ਪਾਈਆ । ਤੇਰਾ ਨਾਮ ਹਕ਼ੀਕ਼ੀ ਲਾਸ਼ਰੀਕੀ ਹੱਕ ਹਕ਼ੀਕ਼ੀ ਕੋਈ ਨਾ ਪੜ੍ਹਦਾ, ਪਰਦਾ ਸਕੇ ਨਾ ਕੋਇ ਉਠਾਈਆ । ਲੇਖਾ ਜਣਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੇ ਦਰ ਦਾ, ਦਰਵੇਸ਼ਾਂ ਮੇਲਾ ਲੈ ਮਿਲਾਈਆ । ਤੇਰਾ ਖੇਲ ਵੇਖਣਾ ਨਰਾਇਣ ਨਰ ਦਾ, ਨਰ ਨਿਰੰਕਾਰ ਤੇਰੀ ਸਰਨਾਈਆ ।

੧੫੨੯
੨੧

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਭਾਦਰੋਂ ਕਹੇ ਗੁਰ ਅਵਤਾਰ ਪੈਗ਼ੰਬਰ ਕਰਨ ਸਲਾਮ, ਸਮਾਂ ਸਮਾਂ ਧਿਆਨ ਲਗਾਈਆ । ਮੇਰੇ ਰਹਿਬਰ ਹੱਕ ਅਮਾਮ, ਤੇਰੀ ਆਮਦ ਵਿਚ ਦੁਹਾਈਆ । ਕਿਰਪਾ ਕਰ ਨੌਜਵਾਨ, ਮਰਦ ਮਰਦਾਨੇ ਝੋਲੀ ਡਾਹੀਆ । ਪ੍ਰਗਟ ਹੋ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ । ਚਾਰ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਹੋਈ ਬੇਈਮਾਨ, ਬੇਵਾ ਜਗਤ ਲੋਕਾਈਆ । ਸਾਚਾ ਸੁਣੇ ਨਾ ਕੋਇ ਪੈਗ਼ਾਮ, ਪੈਗ਼ੰਬਰ ਰੋ ਕੇ ਰਹੇ ਸੁਣਾਈਆ । ਸਦੀ ਚੌਧਵੀਂ ਬਦਲ ਗਿਆ ਇੰਤਜ਼ਾਮ, ਬੰਦੋਬਸਤ ਨਾ ਕੋਇ ਰਖਾਈਆ । ਮਹਿਰਾਬਾਂ ਮਸਜਿਦਾਂ ਵਿਚ ਹੁੰਦਾ ਹਰਾਮ, ਤੇਰਾ ਭੈ ਨਾ ਕੋਇ ਦਸਾਈਆ । ਕੂੜ ਕਲਪਣਾ ਸਭ ਨੂੰ ਕੀਤਾ ਗ਼ੁਲਾਮ, ਗ਼ੁਰਬਤ ਸਕੇ ਨਾ ਕੋਇ ਕਢਾਈਆ । ਝਗੜਾ ਪਿਆ ਨਾਲ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਸਾਡੇ ਮਜ਼੍ਹਬ ਬਣੇ ਦੁਕਾਨ, ਜਗਤ ਹੱਟੋ ਹੱਟ ਚਲਾਈਆ । ਤੇਰਾ ਨਾਮ ਹੋਇਆ ਬਦਨਾਮ, ਬਦੀ ਘਰ ਘਰ ਡੇਰਾ ਲਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਹੋ ਮਿਹਰਵਾਨ, ਮਹਿਬੂਬ ਤੇਰੀ ਸ਼ਰਨਾਈਆ । ਮਨ ਕਲਪਣਾ ਕੂੜੀ ਕਿਰਿਆ ਨੌਂ ਖੰਡ ਪ੍ਰਿਥਮੀ ਕਰਦੇ ਕ਼ਤਲੇਆਮ, ਸਾਢੇ ਤਿੰਨ ਹੱਥ ਕਾਇਆ ਕ਼ਤਲਗਾਹ ਦ੍ਰਿੜਾਈਆ । ਪਵਿਤ੍ਰ ਕਰ ਦੇ ਖੇੜਾ ਸਚ ਗਰਾਮ, ਗ੍ਰਿਹਿ ਮੰਦਰ ਹੋਵੇ ਸਫ਼ਾਈਆ । ਨਿਜ ਨੇਤਰ ਨਜ਼ਰੀ ਆ ਧੁਰ ਦੇ ਰਾਮ, ਰਾਮ ਰਮਈਆ ਰਾਹ ਤਕਾਈਆ । ਨਾਮ ਬੰਸਰੀ ਸੁਣਾ ਧੁਰ ਦੇ ਕਾਹਨ, ਸਖ਼ੀ ਆਤਮਾ ਦਏ ਦੁਹਾਈਆ । ਹਜ਼ਰਤ ਪੈਗ਼ੰਬਰ ਮੂਸਾ ਈਸਾ ਮੁਹੰਮਦ ਦੇ ਪੈਗ਼ਾਮ, ਇਸਮ ਆਜ਼ਮ ਇਕ ਸਮਝਾਈਆ । ਨਾਨਕ ਨਿਰਗੁਣ ਸਰਗੁਣ ਮੰਤਰ ਸਤਿਨਾਮ, ਸਤਿ ਦਾ ਪਰਦਾ ਆਪ ਉਠਾਈਆ । ਗੋਬਿੰਦ ਵਾਹਿਗੁਰੂ ਕਹਿ ਕੇ ਫ਼ਤਿਹ ਡੰਕ ਵਜਾਇਆ ਜਵਾਨ, ਜੋਵਨਵੰਤਾ ਆਪ ਸੁਣਾਈਆ । ਸਭ ਦਾ ਮਾਲਕ ਖ਼ਾਲਕ ਪ੍ਰਿਤਪਾਲਕ ਅੰਤਮ ਪ੍ਰਗਟ ਹੋਣਾ ਸ੍ਰੀ ਭਗਵਾਨ, ਭਗਵਨ ਆਪਣੀ ਕਲ ਧਰਾਈਆ । ਜਿਸ ਦਾ ਨਿਰਗੁਣ ਨੂਰ ਜੋਤ ਬਿਨ ਵਰਨ ਗੋਤ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਸੁਣਾਈਆ । ਸੋ ਵੇਲਾ ਵਕ਼ਤ ਪਹੁੰਚਿਆ ਆਣ, ਆਨਨ ਫ਼ਾਨਣ ਪਰਦਾ ਦਏ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤੇ ਆਦਿ ਨਿਰੰਜਣ ਦੇ ਦਾਨ, ਸ੍ਰੀ ਭਗਵਾਨ ਝੋਲੀ ਅਗੰਮ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਭਾਦਰੋਂ ਕਹੇ ਗੁਰ ਅਵਤਾਰ ਪੈਗ਼ੰਬਰ ਕਰਨ ਕ਼ਦਮਬੋਸੀ, ਧੂੜੀ ਖ਼ਾਕ ਰਮਾਈਆ । ਨਾਮ ਖ਼ੁਮਾਰੀ ਸਦਾ ਮਦਹੋਸ਼ੀ, ਮਧੁਰ ਧੁਨ ਰਾਗ ਸੁਣਾਈਆ । ਸਭ ਦੀ ਆਸਾ ਮਨਸਾ ਕਲਜੁਗ ਅੰਤਮ ਇਕੋ ਲੋਚੀ, ਲੋਚਨ ਨੈਣ ਦੇ ਖੁਲ੍ਹਾਈਆ । ਸਚ ਸਲਾਹ ਧੁਰ ਮਲਾਹ ਇਕੋ ਸੋਚੀ, ਪਰਮ ਪੁਰਖ ਹੋਣਾ ਸਹਾਈਆ । ਲਹਿਣਾ ਦੇਣਾ ਲੇਖਾ ਯਾਦ ਕਰ ਰਵਦਾਸ ਚਮਾਰਾ ਮੋਚੀ, ਜੋ ਸ਼ਬਦ ਅਗੰਮ ਗਿਆ ਦ੍ਰਿੜਾਈਆ । ਲਹਿਣਾ ਦੇਣਾ ਵੇਖ ਨਾਥ ਤ੍ਰੈਲੋਕੀ, ਕਾਹਨਾ ਕ੍ਰਿਸ਼ਨ ਕੀ ਸਮਝਾਈਆ । ਦੀਨ ਦੁਨੀ ਦੀ ਵਾਸਨਾ ਹੋਣੀ ਖੋਟੀ, ਰਾਮ ਰਮਈਆ ਗਿਆ ਜਣਾਈਆ । ਕਲਜੁਗ ਅੰਤਮ ਮੰਜ਼ਲ ਚੜ੍ਹੇ ਕੋਇ ਨਾ ਚੋਟੀ, ਦਰਗਾਹ ਮਿਲਣ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਪੜ੍ਹਨ ਕਾਰਨ ਰੋਟੀ, ਧਰਮ ਦੀ ਧਾਰ ਨਾ ਕੋਇ ਸਮਾਈਆ । ਮਾਣਸ ਹੋ ਕੇ ਖਾਣ ਬੋਟੀ, ਨਾਤਾ ਆਤਮ ਪਰਮਾਤਮ ਜਗਤ ਤੁੜਾਈਆ । ਸਾਧਾਂ ਸਾਬਤ ਰਹੇ ਨਾ ਕੋਇ ਲੰਗੋਟੀ, ਧੀਰਜ ਯਤ ਨਾ ਕੋਇ ਰਖਾਈਆ । ਪੜ੍ਹੀ ਕੰਮ ਨਾ ਆਵੇ ਪੋਥੀ, ਪੁਸਤਕ ਬਗ਼ਲਾਂ

ਵਿਚ ਰਖਾਈਆ । ਮੰਜ਼ਲ ਜਾਣੇ ਕੋਇ ਨਾ ਜੋਗੀ, ਜਗਤ ਗਿਆਨ ਨਾ ਕੋਇ ਦ੍ਰਿੜਾਈਆ । ਸ੍ਰਿਸ਼ਟੀ ਕਾਮ ਵਾਸਨਾ ਹੋਣੀ ਭੋਗੀ, ਭਈਆ ਭੈਣ ਲਏ ਤਕਾਈਆ । ਹਉਮੇ ਅੰਦਰ ਹੋਣਾ ਸਭ ਨੇ ਰੋਗੀ, ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧਾ ਸਾਬਤ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀ ਬਹੇ ਕੋਈ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਗਿਆ ਜਣਾਈਆ । ਗੁਰ ਅਵਤਾਰ ਪੈਗ਼ੰਬਰ ਹਿਰਦਾ ਸਕੇ ਕੋਇ ਨਾ ਸੋਧੀ, ਵਦੀ ਸੁਦੀ ਲੇਖਾ ਨਾ ਕੋਇ ਚੁਕਾਈਆ । ਝਗੜਾ ਪੈਣਾ ਲੋਕ ਪ੍ਰਲੋਕੀ, ਪੁਰੀਆਂ ਲੋਆਂ ਦੇਣ ਦੁਹਾਈਆ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਸਭ ਨੂੰ ਦੇ ਸੋਝੀ, ਬੁੱਧ ਬਿਬੇਕ ਦੇਣੀ ਕਰਾਈਆ । ਕਲਜੁਗ ਜੀਵਾਂ ਮਤ ਰਹੇ ਨਾ ਹੋਛੀ, ਹੁਸ਼ਿਆਰੀ ਨਾਲ ਲੈਣਾ ਤਰਾਈਆ । ਕਰਮਾਂ ਵੱਲ ਨਾ ਤੱਕੀਂ ਸ੍ਰਿਸ਼ਟੀ ਸਾਰੀ ਦੋਸ਼ੀ, ਬਿਨ ਤੇਰੇ ਨਿਰਦੋਸ਼ ਨਜ਼ਰ ਕੋਇ ਨਾ ਆਈਆ । ਅੰਤ ਘੜੀ ਵੇਖ ਲੈ ਔਖੀ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਮਨ ਮਨਸਾ ਸਭ ਨੂੰ ਕੀਤਾ ਸ਼ੌਂਕੀ, ਸ਼ਹਿਨਸ਼ਾਹ ਤੇਰਾ ਰੰਗ ਨਾ ਕੋਇ ਰੰਗਾਈਆ । ਗੋਬਿੰਦ ਦਾ ਪੂਰਾ ਢਈਆ ਤੇ ਆਸਾ ਮਨਸਾ ਸਾਢੇ ਤਿੰਨ ਹੱਥ ਦੀ ਔਂਤੀ, ਅਗਲਾ ਪਰਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਸਵਾਮੀ ਬੇਪਰਵਾਹੀਆ । ਭਾਦਰੋਂ ਕਹੇ ਗੁਰ ਅਵਤਾਰ ਪੈਗ਼ੰਬਰ ਚਰਨ ਛੂੰਹਦੇ ਮੱਥਾ, ਮਸਤਕ ਧੂੜ ਰਮਾਈਆ । ਭੇਵ ਦੱਸ ਯਥਾਰਥ ਯਥਾ, ਗਹਿਰ ਗੰਭੀਰ ਤੇਰੀ ਸਰਨਾਈਆ । ਸਤਿਜੁਗ ਅੰਦਰ ਕਿਹੜੀ ਚਲਣੀ ਕਥਾ, ਕਵਣ ਨਾਮ ਸਿਫ਼ਤ ਸਾਲਾਹੀਆ । ਜਿਸ ਦਾ ਲੇਖਾ ਐਜ਼ਨ ਵਿਚ ਨਾ ਹੋਵੇ ਤਥਾ, ਤਬਦੀਲੀ ਕਰਨ ਕੋਇ ਨਾ ਪਾਈਆ । ਕੀ ਸੰਦੇਸ਼ਾ ਦਿਤਾ ਜਿਸ ਵੇਲੇ ਗੋਬਿੰਦ ਆਪਣੀ ਪਿੱਠ ਉਤੋਂ ਲਾਹਿਆ ਭੱਥਾ, ਤੀਰ ਕਮਾਨ ਟੰਕ ਹੱਥ ਸੁਟਾਈਆ । ਲਹਿਣਾ ਦੇਣਾ ਹੋਣਾ ਕੀ ਤੱਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁਧ ਕੀ ਚਤੁਰਾਈਆ । ਕੀ ਗੁਰ ਅਰਜਨ ਸੰਦੇਸ਼ਾ ਦਿਤਾ ਭੱਟਾ, ਭਠ ਖੇੜਾ ਗਿਆ ਦ੍ਰਿੜਾਈਆ । ਕੀ ਹੁਕਮ ਸੁਣਾਇਆ ਜਿਸ ਵੇਲੇ ਨਾਨਕ ਤੱਕੜੀ ਵਿਚ ਰਖਾਇਆ ਵੱਟਾ, ਭੇਵ ਅਭੇਦਾ ਅਗੰਮ ਅਲਾਈਆ । ਕੀ ਮੁਹੰਮਦ ਦੱਸਿਆ ਜਿਸ ਵੇਲੇ ਸ਼ਰਅ ਦਾ ਮਾਸ ਕੱਟਾ, ਸੁੰਨਤ ਜਗਤ ਬਣਾਈਆ । ਕੀ ਸੰਦੇਸ਼ਾ ਦਿਤਾ ਜਿਸ ਵੇਲੇ ਈਸਾ ਗਲ ਵਿਚ ਪਿਆ ਰੱਸਾ, ਸਲੀਵ ਜਗਤ ਵਾਲੀ ਜਣਾਈਆ । ਕੀ ਕੂਕ ਪੁਕਾਰਿਆ ਜਿਸ ਵੇਲੇ ਮੂਸਾ ਮੂੰਹ ਦੇ ਭਾਰ ਢੱਠਾ, ਹੋਕਾ ਹੱਕ ਹੱਕ ਦ੍ਰਿੜਾਈਆ । ਸਭ ਦਾ ਲਹਿਣਾ ਦੇਣਾ ਵੇਖ ਪੁਰਖ ਅਕਾਲ ਇਕੋ ਵਾਰ ਇਕੱਠਾ, ਦਰਗਾਹ ਸਾਚੀ ਸਚਖੰਡ ਦਵਾਰੇ ਫੋਲ ਫੁਲਾਈਆ । ਕਲਜੁਗ ਅੰਤਮ ਸਭ ਦਾ ਮਨਸੂਖ਼ ਕਰ ਦੇ ਦੀਨਾਂ ਮਜ਼੍ਹਬਾਂ ਵਾਲਾ ਪਟਾ, ਪਟਨੇ ਵਾਲਾ ਦਏ ਗਵਾਹੀਆ । ਸਤਿਜੁਗ ਸਾਚੇ ਤੂੰ ਮੇਰਾ ਮੈਂ ਤੇਰਾ ਦੱਸ ਦੇ ਟੱਪਾ, ਟੌਪਕ ਅਵਰ ਨਾ ਕੋਇ ਜਣਾਈਆ । ਦੀਨ ਮਜ਼੍ਹਬ ਦਾ ਰਹੇ ਕੋਈ ਨਾ ਰੱਟਾ, ਝਗੜਾ ਕਰੇ ਨਾ ਕੋਇ ਲੋਕਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਦੇ ਅੱਖਾ, ਗ੍ਰਿਹ ਮੰਦਰ ਕਰ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਸਖ਼ਾ ਸਹਾਈ ਸਖ਼ਾ, ਸਾਹਿਬ ਤੇਰੀ ਸਰਨਾਈਆ । ਕਲਜੁਗ ਜਗਤ ਜਹਾਨ ਵੇਖ ਤਪਾ, ਤਪਸ਼ ਅਵਰ ਨਾ ਕੋਇ ਬੁਝਾਈਆ । ਜੋ ਤੇਰਾ ਦੱਸ ਕੇ ਗਿਆ ਪਤਾ, ਪਤਿਪਰਮੇਸ਼ਵਰ ਤੇਰਾ ਭੇਵ ਖੁਲ੍ਹਾਈਆ । ਸਭ ਦੇ ਨਾਲ ਤੇਰਾ ਸਾਂਝਾ ਮਤਾ, ਮਤ ਮਤਾਂਤਰ ਰਹਿਣ ਕੋਇ ਨਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਨਿਰੰਜਣ ਸਾਂਝਾ ਖੋਲ੍ਹ ਦੇ ਹੱਟਾ, ਹਟਵਾਣਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ



੧੫੩੧
੨੧

ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਤੇਰਾ ਏਕਾ ਨਾਮ ਸੱਚਾ, ਜਿਸ ਨਾਮ ਦੀ ਮਹਿਮਾ ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰ ਅੱਖਰਾਂ ਵਿਚ ਗਏ ਗਾਈਆ ।

### ❈ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੫ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਪਿੰਡ ਕ਼ਾਦਰਾਬਾਦ ❈

ਭਾਦਰੋਂ ਕਹੇ ਪ੍ਰਭ ਨੌ ਖੰਡ ਪ੍ਰਿਥਮੀ ਫਿਰਿਆ ਪੈਰ ਦੱਬੇ, ਚਾਰ ਕੁੰਟ ਦਹਿ ਦਿਸ਼ਾ ਬਿਨ ਕ਼ਦਮਾ ਕ਼ਦਮ ਉਠਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਮਾਨਸ ਮਾਨੁਖ ਵੇਖੇ ਸਭੇ, ਸਾਢੇ ਤਿੰਨ ਹੱਥ ਕਾਇਆ ਮਾਟੀ ਫੋਲ ਫੁਲਾਈਆ । ਨਿਰਗੁਣ ਨਿਰੰਕਾਰ ਏਕੰਕਾਰ ਤੇਰਾ ਦੀਪਕ ਨੂਰ ਜੋਤੀ ਕੋਇ ਨਾ ਜਗੇ, ਜਾਗਰਤ ਜੋਤ ਬਿਨ ਵਰਨ ਗੋਤ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਤੇਰੇ ਨਾਮ ਦੇ ਪੈਂਦੇ ਸੱਦੇ, ਵਖਰੇ ਵਖਰੇ ਢੋਲੇ ਰਾਗ ਸੁਣਾਈਆ । ਦੀਨਾਂ ਮਜ਼੍ਹਬਾਂ ਵਾਲੇ ਤੱਕਦੇ ਮਜ਼ੇ, ਮਜ਼ਾਕ਼ ਕਰੇ ਜਗਤ ਲੋਕਾਈਆ । ਕਲਜੁਗ ਕੂੜ ਕੁੜਿਆਰ ਵਹਿਣ ਵਗੇ, ਅੱਗੇ ਹੋ ਨਾ ਕੋਇ ਅਟਕਾਈਆ । ਹੁਕਮੇ ਅੰਦਰ ਰਹੇ ਕੋਇ ਨਾ ਬੱਧੇ, ਬਦੀ ਜਗਤ ਰਹੇ ਕਮਾਈਆ । ਸਾਚਾ ਮਿਲੇ ਨਾ ਕਿਸੇ ਅਮਰਾ ਪਦੇ, ਪਤਿਪਰਮੇਸ਼ਵਰ ਮਿਲਣ ਕੋਇ ਨਾ ਆਈਆ । ਕਿਰਪਾ ਕਰ ਜਗਤ ਜਗਦੀਸ਼ਰ ਯਦੇ, ਯਦਿਪ ਆਪਣਾ ਰੂਪ ਪ੍ਰਗਟਾਈਆ । ਬਿਨ ਤੇਰੇ ਕੂੜ ਵਿਕਾਰ ਕੋਇ ਨਾ ਕੱਢੇ, ਕਾਇਆ ਰਹੇ ਨਾ ਕੋਇ ਸਫ਼ਾਈਆ । ਝਗੜਾ ਮੇਟ ਦੇ ਪੰਜ ਤੱਤ ਤਨ ਵਜੂਦ ਮਾਸ ਨਾੜੀ ਹੱਡੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਭਾਦਰੋਂ ਕਹੇ ਮੈਂ ਫਿਰਦਾ ਚੁਪ ਚੁਪੀਤਾ, ਚਾਰੋਂ ਕੁੰਟ ਵਾਹੋ ਦਾਹੀਆ । ਇਸ਼ਟ ਤੱਕਿਆ ਰਾਮ ਸੀਤਾ, ਬਨ ਖੰਡ ਖੋਜ ਖੁਜਾਈਆ । ਰਾਧਾ ਕ੍ਰਿਸ਼ਨ ਤੱਕਿਆ ਮੀਤਾ, ਤੀਰਥ ਤਟ ਫੋਲ ਫੁਲਾਈਆ । ਈਸਾ ਮੂਸਾ ਮੁਹੰਮਦ ਤੱਕੀਆਂ ਤੌਫ਼ੀਕ਼ਾਂ, ਤਾਕ਼ਤਵਰ ਖੋਜ ਖੁਜਾਈਆ । ਨਾਨਕ ਗੋਬਿੰਦ ਵੇਖੀਆਂ ਉਮੀਦਾਂ, ਜੋ ਆਸਾ ਗਏ ਵਧਾਈਆ । ਚਾਰ ਜੁਗ ਦੇ ਨਾਮ ਦੀਆਂ ਤੱਕੀਆਂ ਰਸੀਦਾਂ, ਜੋ ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਧੁਰ ਕਲਮਾ ਕਾਇਨਾਤ ਵੇਖੀਆਂ ਹਦੀਸਾਂ, ਜੋ ਹਜ਼ਰਤਾਂ ਕਰੀ ਪੜ੍ਹਾਈਆ । ਖੇਲ ਵੇਖਿਆ ਊਚਾਂ ਨੀਚਾਂ, ਦੀਨ ਮਜ਼੍ਹਬ ਕੀ ਵਡਿਆਈਆ । ਰਾਓ ਰੰਕਾਂ ਤਕ ਕੇ ਮੇਰੀਆਂ ਨਿਕਲੀਆਂ ਚੀਕਾਂ, ਉਚੀ ਕੂਕ ਕੂਕ ਸੁਣਾਈਆ । ਬਹੁੜੀ ਤੇਰੀਆਂ ਜੁਗ ਜੁਗ ਕਿਹੋ ਜਿਹੀਆਂ ਰੀਤਾਂ, ਰੀਤੀਵਾਨ ਦੇਣਾ ਸਮਝਾਈਆ । ਕਦੇ ਸ਼ਿਵਦਵਾਲੇ ਮਠ ਮੰਦਰ ਉਤੇ ਬਣਾਏ ਮਸੀਤਾਂ, ਮਸਲਾ ਅਗਲਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਭਾਦਰੋਂ ਕਹੇ ਮੈਂ ਫਿਰਿਆ ਚੋਰੀ ਚੋਰੀ, ਚੋਰਾਂ ਯਾਰਾਂ ਠੱਗਾਂ ਵੇਖ ਵਖਾਈਆ । ਕਲਜੁਗ ਰੈਣ ਅੰਧੇਰੀ ਵੇਖੀ ਘੋਰੀ, ਘੋਰ ਕਲਜੁਗ ਰਿਹਾ ਤਕਾਈਆ । ਝਗੜਾ ਪਿਆ ਪਸ਼ੂ ਢੋਰੀ, ਸੂਰ ਗਾਂ ਦਏ ਦੁਹਾਈਆ । ਆਤਮ ਪਰਮਾਤਮ ਬਣੇ ਕੋਈ ਨਾ ਜੋੜੀ, ਲੱਖ ਚੁਰਾਸੀ ਨਾਰ ਕੰਤ ਜੋੜ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਖੇਲ ਤੱਕੀ ਤੋਰੀ ਮੋਰੀ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਭਾਦਰੋਂ ਕਹੇ ਮੈਂ ਫਿਰਿਆ ਚਾਰੋਂ ਕੁੰਟ, ਗ੍ਰਹਿ ਗ੍ਰਹਿ ਖੋਜ ਖੁਜਾਈਆ । ਨਰਕ ਸਵਰਗ ਵੇਖੇ ਬੈਕੁੰਠ,


੧੫੩੨
੨੧

ਪਰਦਾ ਉਹਲਾ ਸਰਬ ਚੁਕਾਈਆ । ਜੰਞੂ ਬੋਦੀ ਦੀਨ ਮਜ਼੍ਹਬ ਵੇਖੇ ਵਿਚ ਸੁੰਨਤ, ਮੁੱਛ ਦਾੜ੍ਹੀ ਕੇਸ ਨਾਲ ਵਡਿਆਈਆ । ਨਬੀ ਰਸੂਲਾਂ ਤੱਕੀ ਮਾਤ ਉਮਤ, ਅਮਲਾਂ ਵਿਚ ਜਣਾਈਆ । ਸੀਸ ਜਗਦੀਸ਼ ਵੇਖੇ ਮੂਨ ਮੁੰਡਤ, ਮੁੰਡੀ ਤਨ ਵਜੂਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਹਰਿ ਵੱਡਾ ਬੇਪਰਵਾਹੀਆ । ਭਾਦਰੋਂ ਕਹੇ ਮੈਂ ਦੀਨ ਦੁਨੀ ਦਾ ਤੱਕਿਆ ਰਾਹ, ਰਸਤਾ ਰਹਿਬਰ ਹੋ ਕੇ ਵੇਖ ਵਖਾਈਆ । ਤੁਧ ਬਿਨ ਦੂਜਾ ਦਿਸੇ ਨਾ ਕੋਇ ਮਲਾਹ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਤੇਰੇ ਨਾਲੋਂ ਸਾਰੇ ਹੋਏ ਜੁਦਾ, ਜੁਜ਼ ਆਪਣਾ ਵੰਡ ਵੰਡਾਈਆ । ਜੇ ਤੂੰ ਵਾਹਦ ਇਕ ਖ਼ੁਦਾ, ਖ਼ੁਦੀ ਤਕੱਬਰ ਦੇ ਗਵਾਈਆ । ਮਾਲਕ ਖ਼ਾਲਕ ਬਣ ਦਿਲਰੁਬਾ, ਮਹਿਬੂਬ ਤੇਰੀ ਸਰਨਾਈਆ । ਦੂਈ ਦਵੈਤੀ ਕੱਢ ਵਬਾ, ਹਉਮੇ ਰੋਗ ਦੇਣਾ ਮਿਟਾਈਆ । ਤੈਨੂੰ ਕਿਹਾ ਹੱਕ ਅਲਾਹ, ਆਲੀਸ਼ਾਨ ਤੇਰੀ ਸਰਨਾਈਆ । ਤੇਰਾ ਕਲਮਾ ਇਕ ਸਦਾ, ਸਹੀ ਸਲਾਮਤ ਸੋਭਾ ਪਾਈਆ । ਸਭ ਦੀ ਕ਼ਬੂਲ ਕਰ ਦੁਆ, ਦਰ ਤੇਰੇ ਸੀਸ ਨਿਵਾਈਆ । ਸਾਚੇ ਨਾਮ ਦਾ ਦੱਸ ਇਕ ਮਜ਼ਾ, ਮਜਲਸ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਭਾਦਰੋਂ ਕਹੇ ਮੈਂ ਕਿਹਾ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਚਾਰੋਂ ਕੁੰਟ ਧੂੰਆਂਧਾਰ, ਨਿਰਗੁਣ ਨੂਰ ਨਾ ਕੋਇ ਰੁਸ਼ਨਾਈਆ । ਚਰਨ ਝੁਕਣ ਤੇਰੇ ਗੁਰ ਅਵਤਾਰ, ਪੈਗ਼ੰਬਰ ਸੀਸ ਨਿਵਾਈਆ । ਸਦੀ ਚੌਧਵੀਂ ਸਭ ਦੀ ਪੈਜ ਦੇ ਸਵਾਰ, ਕਲਜੁਗ ਅੰਤਮ ਹੋ ਸਹਾਈਆ । ਦੀਨ ਦੁਨੀ ਦੀ ਪਾ ਸਾਰ, ਮਹਾਂਸਾਰਥੀ ਵੇਸ ਵਟਾਈਆ । ਤੇਰਾ ਨੂਰ ਹੋਵੇ ਉਜਿਆਰ, ਨਿਰਾਕਾਰ ਸਾਕਾਰ ਦੇਣਾ ਦ੍ਰਿੜਾਈਆ । ਦਰਗਾਹ ਸਾਚੀ ਸਚਖੰਡ ਤੇਰਾ ਕਰਦੇ ਸਰਬ ਇੰਤਜ਼ਾਰ, ਆਸਾ ਵਿਚ ਆਸ ਵਧਾਈਆ । ਮਾਤਲੋਕ ਤੇਰਾ ਨੂਰੀ ਨੂਰ ਹੋਵੇ ਚਮਤਕਾਰ, ਪ੍ਰਕਾਸ਼ ਪ੍ਰਕਾਸ਼ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਭਾਦਰੋਂ ਕਹੇ ਮੇਰੇ ਪ੍ਰਭੂ ਆਪਣੀ ਕਰ ਦੇ ਕਿਰਪਾ, ਕਿਰਪਾ ਨਿਧਾਨ ਤੇਰੀ ਵਡਿਆਈਆ । ਦੀਨ ਦੁਨੀ ਦੀ ਮੇਟ ਦੇ ਬਿਪਤਾ, ਵਿਪਰੀਤ ਰਹਿਣ ਕੋਇ ਨਾ ਪਾਈਆ । ਮਾਨਵ ਰੂਪ ਬਣਾ ਦੇ ਸਾਚੇ ਸਿੱਖ ਦਾ, ਸਿਖਿਆ ਸਚ ਦ੍ਰਿੜਾਈਆ । ਉਪਾਸ਼ਕ ਹੋ ਜਾਏ ਇਸ਼ਟ ਇਕ ਦਾ, ਏਕੰਕਾਰ ਤੇਰੀ ਸਰਨਾਈਆ । ਝਗੜਾ ਮੁਕ ਜਾਏ ਪੱਥਰ ਇੱਟ ਦਾ, ਮੰਦਰਾਂ ਸੀਸ ਨਾ ਕੋਇ ਨਿਵਾਈਆ । ਬਿਨ ਤੇਰੀ ਕਿਰਪਾ ਮਨ ਕਿਸੇ ਨਾ ਟਿਕਦਾ, ਟਿਕਟਿਕੀ ਅੰਦਰ ਦੇ ਲਗਾਈਆ । ਤੇਰਾ ਆਤਮਾ ਤੱਤ ਸ਼ਰੀਰ ਕਦੇ ਨਾ ਭਿੱਟਦਾ, ਊਚ ਨੀਚ ਨਾ ਕੋਇ ਜਣਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਆਪਣਾ ਖੇਲ ਆਪ ਨਜਿੱਠਦਾ, ਦੂਜਾ ਨਜ਼ਰ ਕੋਇ ਨਾ ਆਈਆ । ਭੇਵ ਖੁਲ੍ਹਾ ਦੇ ਪਤਿਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਬ੍ਰਹਮ ਆਪਣਾ ਪਰਦਾ ਲਾਹੀਆ । ਅੰਤ ਅਖ਼ੀਰ ਬੇਨਜ਼ੀਰ ਤੇਰਾ ਨੂਰ ਅਗੰਮਾ ਇਕੋ ਦਿਸਦਾ, ਬਿਨ ਮਾਟੀ ਚੰਮਾ ਸੋਭਾ ਪਾਈਆ । ਲਹਿਣਾ ਦੇਣਾ ਚੁਕਾ ਦੇ ਲੋਕਮਾਤ ਜਿਸ ਜਿਸ ਦਾ, ਜਿਸਮ ਜ਼ਮੀਰ ਕਰ ਰੁਸ਼ਨਾਈਆ । ਨਾਤਾ ਜੋੜ ਦੇ ਆਤਮ ਪਰਮਾਤਮ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਮਨ ਠਗੌਰੀ ਝਗੜਾ ਰਹੇ ਨਾ ਚਿਤ ਦਾ, ਚੇਤਨ ਸੁਰਤੀ ਦੇ ਕਰਾਈਆ । ਲੇਖਾ ਮੁਕ ਜਾਏ ਲੱਖ ਚੁਰਾਸੀ ਆਵਣ ਜਾਵਣ ਨਿਤ ਦਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ,

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਅਗੰਮੀ ਇਕ ਦਾ, ਇਕ ਇਕੱਲੇ ਸਚ ਮਹੱਲੇ ਤੇਰਾ ਨੂਰ ਨੁਰਾਨਾ ਨਜ਼ਰੀ ਆਈਆ ।

* * * * * *





੧੫੩੪ ੨੧